ਜਿੰਦਗੀਨਾਮਾ ਗੁਰੂ ਨਾਨਕ

(ਸਭ ਤੋਂ ਵੱਡੀ ਇਤਿਹਾਸੀ ਜਨਮਸਾਖੀ)

ਭਬੀਸ਼ਨ ਸਿੰਘ ਗੁਰਾਇਆ
(ਸੇਵਕ: ਕਰਤਾਰਪੁਰ ਸਾਹਿਬ ਲਾਂਘਾ)

ਲਿਖਾਰੀ ਅਤੇ ਪ੍ਰਕਾਸ਼ਕ

ਭਬੀਸ਼ਨ ਸਿੰਘ ਗੁਰਾਇਆ, 60, ਡਾਇਮੰਡ ਐਵਨਿਊ, ਮਜੀਠਾ ਰੋਡ, ਅੰਮ੍ਰਿਤਸਰ।
ਫੋਨ +91- 9464545066, bsgoraya@jindaginama.com, bsgoraya@kartarpur.com,
www.jindaginama.com

ਮੁੱਲ **Price**

Rs. **500 ਰੁਪਏ** ਸਮੇਤ ਡਾਕ ਖਰਚ (10 ਕਿਤਾਬਾਂ ਤੇ 30% ਛੋਟ - ਭਾਰਤ ਅੰਦਰ। ਦਸੰਬਰ 2020 ਤਕ)

£ **15 ਪੌਂਡ** /20 ਅਮਰੀਕੀ ਡਾਲਰ. ਪ੍ਰਦੇਸਾਂ ਵਿਚ। ਡਾਕ ਖਰਚ ਵੱਖਰਾ

ਕਿਤਾਬ ਮਿੱਤ੍ਰਾਂ ਨੂੰ ਭੇਟ ਕਰੋ

10 ਕਿਤਾਬਾਂ (30% ਛੋਟ ਨਾਲ) ਆਰਡਰ ਕਰਨ ਤੇ ਤੁਹਾਡੇ ਦੱਸੇ ਪਤਿਆਂ ਤੇ ਕਿਤਾਬ ਪਹੁੰਚਾ ਦਿੱਤੀ ਜਾਵੇਗੀ। ਹਰ ਕਿਤਾਬ ਤੇ ਤੁਹਾਡੇ ਨਾਂ ਦੀ ਪਰਚੀ ਛਾਪ ਕੇ ਲਾ ਦਿੱਤੀ ਜਾਏਗੀ ਕਿ ਕਿਤਾਬ ਫਲਾਣੇ ਸੱਜਣ ਵਲੋਂ ਭੇਟ ਹੈ। ਡਾਕ ਖਰਚ ਸਾਡਾ।

Book in Punjabi

JINDGINAMA GURU NANAK
(Largest Historical Biography)
By Bhabishan Singh Goraya (B.S.Goraya)

published by himself from:
60, Diamond Avenue, Majitha Road, Amritsar, India.
Ph. 9779551550. bsgoraya@jindaginama.com,
www.jindaginama.com

ਫੋਨ ਅਤੇ ਵੱਟਸਐਪ (ਪੁੱਛ ਗਿੱਛ ਲਈ)
0091- 9779551550,
9464545066,
0183-2421915,

ਪਹਿਲੀ ਐਡੀਸ਼ਨ ਫਰਵਰੀ 2020
ਕਾਪੀਆਂ-1100

Printed at: Options Printofast, A-33/24A, Site-4, SAHIBABAD Industrial Area, Distt. Gaziabad -201301

ISBN 978-93-5396-998-1

DISTRIBUTORS

- Singh Bros, Near Bus Stand, Amritsar.
- Chattar Singh Jiwan Singh, Bazar Mai Sewan, Amritsar
- Lahore Book Shop, Clock Tower, Ludhiana
- Punjab Book Store, 22B Chandigarh,

ਕਨੂੰਨੀ ਨੋਟਿਸ (LEGAL NOTICES)

ਕਾਪੀ ਰਾਈਟ– ਪੁਸਤਕ ਦਾ ਕੋਈ ਹਿੱਸਾ ਬਿਨਾਂ ਆਗਿਆ ਤੇ ਛਾਪਣ ਦੀ ਮਨਾਹੀ ਹੈ। ਕਿਤਾਬ ਜਾਂ ਇਸ ਦੇ ਕਿਸੇ ਹਿੱਸੇ ਨੂੰ ਈਮੇਲ ਜਾਂ ਵੈਬਸਾਈਟ ਤੇ ਪਾਉਣ ਵਾਲੇ ਤੇ ਕਨੂੰਨੀ ਕਾਰਵਾਈ ਕੀਤੀ ਜਾਏਗੀ। ਜਿੰਦਗੀਨਾਮਾ ਨੇ ਜੋ ਨਵੇ ਤੱਥ ਪੇਸ਼ ਕੀਤੇ ਹਨ ਇਹ ਪੁਸਤਕ ਦੇ ਹਵਾਲਾ ਨਾਲ ਹੀ ਵਰਤੇ ਜਾਣ।

(ਅਸੀ ਪਹਿਲਾਂ ਹੀ ਕਿਤਾਬ ਦੀ ਕੀਮਤ ਬਹੁਤ ਹੀ ਘੱਟ ਰੱਖੀ ਹੈ। ਕਿਤਾਬ ਛਾਪਣ ਮੌਕੇ ਕਰਜਾ ਵੀ ਚੁੱਕਣਾ ਪਿਆ ਹੈ। ਹਾਂ ਜੇ ਕੋਈ ਸੰਗਤ ਸਾਡਾ ਲਿਆ ਕਰਜਾ ਲਾਹ ਦੇਵੇ ਤਾਂ ਕਿਤਾਬ ਓਨਲਾਈਨ ਵੀ ਕਰ ਦਿੱਤੀ ਜਾਵੇਗੀ।)

ਕਿਤਾਬ ਵਿਚ ਕਈ ਤਸਵੀਰਾਂ ਪੁਰਾਣੇ ਸਰੋਤਾਂ ਤੋਂ ਲਈਆਂ ਹਨ ਅਤੇ ਉਹਨਾਂ ਦਾ ਜਿਕਰ ਕਰ ਦਿੱਤਾ ਗਇਆ ਹੈ। ਆਮ ਲੋਕਾਂ ਲਈ ਜਾਰੀ ਕੁਝ ਇੰਟਨੈਟ ਤੋਂ ਲਈਆਂ ਗਈਆਂ ਹਨ। ਬਹੁਤੀਆਂ ਤਸਵੀਰਾਂ ਲਿਖਾਰੀ ਦੀਆਂ ਆਪਣੀਆਂ ਵੀ ਖਿੱਚੀਆਂ ਹੋਈਆਂ ਹਨ।

ਗੁਰੂ ਜੀ ਦੀਆਂ ਤਸਵੀਰਾਂ- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਕਾਲ ਦੌਰਾਨ ਕੋਈ ਅਸਲੀ ਤਸਵੀਰ ਨਹੀ ਸੀ ਬਣਾਈ ਗਈ ਜੋ ਸਾਡੇ ਤਕ ਪਹੁੰਚੀ ਹੋਵੇ। ਓਦੋਂ ਅਜੇ ਕੈਮਰਾ ਵੀ ਨਹੀ ਸੀ ਆਇਆ। ਸਾਹਿਬ ਦੀ ਪੁਰਾਣੀ ਤੋਂ ਪੁਰਾਣੀ ਹੱਥ ਬਣੀ ਤਸਵੀਰ ਵੀ ਉਨਾਂ ਦੇ ਜੋਤੀ ਜੋਤ ਸਮਾਉਣ ਤੋਂ 150 ਸਾਲ ਬਾਦ ਦੀ ਬਣਾਈ ਮਿਲਦੀ ਹੈ। ਜਿੰਦਗੀਨਾਮਾ ਵਿਚ ਗੁਰੂ ਜੀ ਦੀਆਂ ਜਿੰਨੀਆਂ ਤਸਵੀਰਾਂ ਆਈਆਂ ਹਨ ਉਹ ਸਭ ਕਲਾਕਾਰਾਂ ਦੀਆਂ ਆਪਣੀਆਂ ਕਲਪਨਾਵਾਂ ਨੇ। ਤਸਵੀਰਾਂ ਵਿਚ ਜਿਹੋ ਜਿਹੇ ਗੁਰੂ ਸਾਹਿਬ ਦਿਸਦੇ ਹਨ ਉਹ ਹਰਗਿਜ਼ ਅਜਿਹੇ ਨਹੀ ਸਨ। ਤਸਵੀਰਾਂ ਸਿਰਫ ਜਗਿਆਸਾ ਜਗਾਉਣ ਅਤੇ ਸਾਖੀ ਸਮਝਾਉਣ ਲਈ ਵਰਤੀਆਂ ਗਈਆਂ ਹਨ।

ਫਿਰਕਿਆਂ ਬਾਰੇ ਟਿੱਪਣੀਆਂ– ਗੁਰੂ ਸਾਹਿਬ ਲਈ ਹਰ ਧਰਮ, ਹਰ ਫਿਰਕਾ ਉਹਨਾਂ ਦਾ ਆਪਣਾ ਹੀ ਸੀ। ਇਤਹਾਸ ਵਿਚ ਅਸੀ ਵੇਖਦੇ ਹਾਂ ਕਿ ਉਹਨਾਂ ਦਾ ਜਗਨਨਾਥ ਪੁਰੀ, ਓਂਕਾਰੇਸ਼ਵਰ, ਪੁਸ਼ਕਰ, ਮਥੁਰਾ, ਮਟਨ ਅਤੇ ਸ੍ਰੀ ਨਗਰ ਦੇ ਮੰਦਰਾਂ ਵਿਚ ਰਸਮੀ ਸਤਿਕਾਰ ਹੁੰਦਾ ਹੈ, ਕਿਤੇ ਆਰਤੀ ਵੀ ਉਤਾਰੀ ਜਾਂਦੀ ਹੈ। ਨਿਰਾ ਇਨਾਂ ਹੀ ਨਹੀ ਇਸਲਾਮੀ ਉੱਚ ਸ਼ਰੀਫ, ਮੱਕਾ ਅਤੇ ਬਗਦਾਦ ਵਿਚ ਉਹਨਾਂ ਨੂੰ ਸਨਮਾਨਿਆ ਜਾਂਦਾ ਹੈ। ਬੋਧੀ ਵੀ ਉਹਨਾਂ ਦੇ ਸਨਮਾਨ ਵਿਚ ਮੂਰਤੀ ਘੜਦੇ ਹਨ। ਹਾਂ ਜਿੱਥੇ ਕਿਤੇ ਕੋਈ ਸਮੂਹ, ਧਰਮ ਦੇ ਨਾਂ ਤੇ ਝੂਠ, ਫਰੇਬ, ਪਾਖੰਡ ਅਤੇ ਧਰਮੀ ਹੋਣ ਦਾ ਵਿਖਾਵਾ ਕਰਦਾ ਸੀ ਉਹਦਾ ਗੁਰੂ ਜੀ ਨੇ ਜੋਰਦਾਰ ਖੰਡਣ ਕੀਤਾ। ਉਂਜ ਵੀ ਅਸੂਲਨ ਕੋਈ ਵੀ ਸਮੂਹ ਜਾਂ ਜਾਤ ਫਿਰਕਾ ਪੂਰਨ ਤੌਰ ਤੇ ਸਹੀ ਜਾਂ ਗਲਤ ਜਾਂ ਇਕਸਾਰ ਨਹੀ ਹੁੰਦਾ। ਮਿਸਾਲ ਦੇ ਤੌਰ ਤੇ ਪੁਸਤਕ ਵਿਚ 'ਬ੍ਰਾਹਮਣ' ਲਫਜ ਪੁਜਾਰੀ ਵਾਸਤੇ ਵਰਤਿਆ ਗਿਆ ਹੈ ਜਦੋਂ ਕਿ ਅੱਜ ਬ੍ਰਾਹਮਣ ਜਾਤ ਦੇ ਰੂਪ ਵਿਚ ਹਰ ਕਿੱਤੇ ਵਿਚ ਪਾਇਆ ਜਾਂਦਾ ਹੈ ਜਿਸ ਕਾਰਨ ਮੂਲ ਲਫਜ ਗੈਰ ਪ੍ਰਸੰਗਕ ਹੋ ਜਾਂਦਾ ਹੈ। ਹੋਰ ਤੇ ਹੋਰ ਇਤਹਾਸ ਵਿਚ ਆਇਆ ਹੈ ਕਿ ਕਈ ਬ੍ਰਾਹਮਣ ਸਿੱਖ ਗੁਰੂ ਸਾਹਿਬ ਦੀ ਸੋਚ ਪਿੱਛੇ ਆਪਣਾ ਜੀਵਨ ਵੀ ਨਿਸ਼ਾਵਰ ਤਕ ਕਰ ਜਾਂਦੇ ਹਨ। ਨਾਲੇ ਹੋਰ ਵੇਖੋ (ਸਫਾ 123) ਅਯੁੱਧਿਆ ਵਿਖੇ ਇਕ ਪਾਸੇ ਤਾਂ ਗੁਰੂ ਸਾਹਿਬ ਸਾਧੂਆਂ ਦੀ ਤਾਰੀਫ ਵਿਚ ਸੋਹਲਾ ਰਚਦੇ ਤੇ ਗਾਉਦੇ ਨੇ ਤੇ ਨਾਲ ਹੀ ਸੰਨਿਆਸ ਦੇ ਸਿਧਾਂਤ ਦਾ ਖੰਡਨ ਕਰਦੇ ਹਨ। ਹਰ ਫਿਰਕੇ ਵਿਚ ਚੰਗੇ, ਮਾੜੇ ਬੰਦੇ ਹੁੰਦੇ ਨੇ। ਕਿਉਕਿ ਇਹ ਪੁਸਤਕ ਪੁਰਾਣੇ ਗ੍ਰੰਥਾਂ ਦੇ ਹਵਾਲੇ ਨਾਲ ਲਿਖੀ ਗਈ ਹੈ। ਇਸ ਕਰਕੇ ਕਿਤਾਬ ਵਿਚ ਜੇ ਕਿਧਰੇ ਕਿਸੇ ਸਮੂਹ ਦੇ ਖਿਲਾਫ ਕੋਈ ਲਫਜ਼ ਆਉਦਾ ਵੀ ਹੈ ਤਾਂ ਉਹ ਸਹੀ ਪ੍ਰੀਪੇਖ ਵਿਚ ਲੈ ਕੇ ਪੜ੍ਹਿਆ ਜਾਵੇ ਭਾਵ ਉਹਨੂੰ ਅੱਜ ਦੇ ਕਿਸੇ ਸਮੂਹ ਉਤੇ ਘਟਾ ਕੇ ਨਾਂ ਵੇਖਿਆ ਜਾਵੇ। ਕਿਉਕਿ ਪ੍ਰੇਮ ਹੀ ਗੁਰੂ ਸਾਹਿਬ ਦਾ ਮਜ਼ਬ ਸੀ। ਉਹ ਕੁਦਰਤ ਦੀ ਹਰ ਰਚਨਾ ਵਿਚੋਂ ਨਿਰੰਕਾਰ ਦਾ ਸਰੂਪ ਵੇਖਦੇ ਸਨ।

ਨੋਟ– ਗੁਰੂ ਸਾਹਿਬ ਦੇ ਏਕੇ ਦੇ ਸੰਕਲਪ ਨੂੰ ਕਿਤਾਬ ਦੀ ਜਿਲਦ ਤੇ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਸਾਰੇ ਬ੍ਰਿਹਮੰਡ ਦਾ ਮੂਲ ਇਕ ਹੈ। 1. (ਹਿਸਾਬ ਵਾਲਾ ਏਕਾ, Digit 1)। ਵੱਖ ਵੱਖ ਭਾਸ਼ਾਵਾਂ ਦਾ ਏਕਾ (1) ਦਿਤਾ ਗਿਆ ਹੈ।

TITLE Concept and Design - Dilan and Riya of Canterbury, UK

ੴ

ਗੁਰੂ ਨਾਨਕ ਦਾ ਮਿਸ਼ਨ

ਨਾਮ

ਇਨਸਾਨ ਦੇ ਦੁੱਖਾਂ ਦੀ ਜੜ੍ਹ ਉਹਦੀ ਸੋਚ ਕਰਕੇ ਹੁੰਦੀ ਹੈ। ਗੁਰੂ ਸਾਹਿਬ ਦਾ ਮਿਸ਼ਨ ਬੰਦੇ ਨੂੰ 'ਚੜ੍ਹਦੀ ਕਲਾ' ਵਿਚ ਪਹੁੰਚਾਉਣਾ ਹੈ। ਇਹ ਸੋਚ ਜਾਂ ਅਵਸਥਾ ਸਿਰਫ 'ਨਾਮ' ਨਾਲ ਹੀ ਪ੍ਰਾਪਤ ਹੋ ਸਕਦੀ ਹੈ। ਨਾਮ ਤੋਂ ਭਾਵ 'ਨਾਂ' (Name) ਭਾਵ ਰੱਬ ਦੇ ਗੁਣ। ਉਹ ਰੱਬ ਜਾਂ ਨਿਰੰਕਾਰ ਜਿਹੜਾ "ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ" ਹੈ। ਓਹ ਥਾਂ ਥਾਂ ਜਾ ਦੁਹਾਈ ਦਿੰਦੇ ਹਨ ਕਿ ਲੋਕੋ ਨਿਰੰਕਾਰ ਦੀਆਂ ਰਚਨਾਵਾਂ ਜਾਂ ਮਨੁੱਖੀ ਰਚਨਾਵਾਂ ਦੀ ਪੂਜਾ ਕਰਨ ਬਿਜਾਏ ਸਿੱਧਾ ਨਿਰੰਕਾਰ ਦਾ ਨਾਮ ਜੱਪੋ।

ਸਾਹਿਬ ਕਹਿੰਦੇ ਨੇ ਕਿ ਸਾਰੀ ਸ੍ਰਿਸਟੀ, ਸਾਰਾ ਬ੍ਰਹਮੰਡ, ਇਕ ਓਸੇ ਨਿਰੰਕਾਰ ਦੀ ਰਚਨਾ ਹੈ। ਇਹ ਸੰਸਾਰੀ ਜੀਵਨ ਇਕ ਖੇਲ (ਡਰਾਮਾ) ਚਲ ਰਿਹਾ ਹੈ। ਨਿਰੰਕਾਰ ਦਾ ਜਦੋਂ ਜੀਅ ਆਉਦਾ ਸਾਰਾ ਕੁਝ ਸਮੇਟ ਵੀ ਲੈਂਦਾ ਹੈ। ਮਨੁੱਖ ਕਿਉਕਿ ਗਿਆਨਵਾਨ ਜੀਵਨ ਹੈ ਇਹਨੂੰ ਚਾਹੀਦਾ ਹੈ ਕਿ ਨਿਰੰਕਾਰ ਦੇ ਭਾਣੇ ਜਾਂ ਰਜਾ ਵਿਚ ਰਹੇ । ਆਪਣੀ ਉਪਜੀਵਕਾ ਆਪ ਕਮਾਉਣੀ ਚਾਹੀਦੀ ਹੈ। ਕਿਸੇ ਵੀ ਤਰੀਕੇ ਸਮਾਜ ਤੇ ਬੋਝ ਨਹੀ ਬਣਨਾ ਚਾਹੀਦਾ। ਉਹਨਾਂ ਨੇ ਸੰਨਿਆਸ ਦੇ ਸਿਧਾਂਤ ਦੀ ਖੰਡਣਾ ਕੀਤੀ ਤੇ ਕਿਰਤ ਕਰਨ ਦਾ ਉਪਦੇਸ਼ ਦਿੱਤਾ।

ਪਹਿਲਾਂ ਇਹ ਮੰਨਿਆ ਜਾਂਦਾ ਸੀ ਕਿ ਇਨਸਾਨਾਂ ਵਿਚ ਵੰਡੀਆਂ ਰੱਬ ਨੇ ਆਪ ਪਾਈਆਂ ਹਨ ਭਾਵ ਇਹ ਨਸਲਾਂ, ਇਹ ਜਾਤਾਂ-ਪਾਤਾਂ, ਇਹ ਸਵੱਰਨ, ਇਹ ਸ਼ੂਦਰ, ਇਹ ਕਬੀਲੇ, ਇਹ ਕਾਫਰ, ਇਹ ਮੋਮਨ। ਸਾਹਿਬ ਨੇ ਇਹ ਵੀਚਾਰ ਰੱਦ ਕਰ ਦਿੱਤਾ ਤੇ ਐਲਾਨ ਕੀਤਾ ਕਿ ਇਹ ਨਫਰਤੀ ਲਕੀਰਾਂ ਮਨੁੱਖ ਦੀਆਂ ਆਪਣੀਆਂ ਖਿੱਚੀਆਂ ਹੋਈਆਂ ਨੇ। ਸੋ ਜਦੋਂ ਸਾਡਾ ਸਭ ਦਾ ਮੂਲ ਇਕ ਹੀ ਹੈ ਫਿਰ ਸਾਰੇ ਜੀਵਾਂ ਇਥੋਂ ਤਕ ਕਿ ਕੁਦਰਤ ਅਤੇ ਵਨਾਸਪਤੀ ਨਾਲ ਵੀ ਸਨੇਹ ਕਿਓ ਨਾਂ ਹੋਵੇ ਤਾਂ ਹੀ ਤਾਂ ਉਹਨਾਂ ਨੇ ਦਇਆ ਅਤੇ ਵੰਡ ਕੇ ਖਾਣ ਦਾ ਸਿਧਾਂਤ ਦਿੱਤਾ। ਇਹ ਤਾਂ ਹਰਗਿੱਜ ਜਾਇਜ ਨਹੀ ਹੋਵੇਗਾ ਕਿ ਤੁਹਾਡਾ ਢਿੱਡ ਪਾਟਣ ਤੇ ਆਇਆ ਹੋਵੇ ਤੇ ਤੁਹਾਡਾ ਗਵਾਂਢੀ ਭੁੱਖਾ ਹੋਵੇ।

ਰਜਾ ਵਿਚ ਚਲਣ ਵਾਲੇ ਮਨੁੱਖ ਦੀ ਚੜ੍ਹਦੀ ਕਲਾ ਲਈ ਗੁਰੂ ਨੇ ਨਾਮ ਰੂਪੀ ਬਾਣੀ ਦਿੱਤੀ। ਜਪੁਜੀ ਸਾਹਿਬ ਏਕੇ ਦੀ ਅਨੰਤਤਾ ਦੀ ਹੀ ਤਾਂ ਗਲ ਹੈ। ਨਾਲ ਹੀ ਸਾਹਿਬ ਨੇ ਦੱਸਿਆ ਕਿ ਨਿਰੰਕਾਰ ਬੜਾ ਦਿਆਲੂ ਅਤੇ ਕਿਰਪਾਲੂ ਹੈ ਜੋ ਬਕਾਇਦਾ ਸਾਡੀਆਂ ਅਰਦਾਸਾਂ ਅਰਜੋਈਆਂ ਸੁਣਦਾ ਹੈ। ਸਰਬਵਿਆਪਕ ਨਿਰੰਕਾਰ ਨਾਲ ਗੱਲਾਂ ਲਈ ਅਰਦਾਸ ਦਾ ਸਿਧਾਂਤ ਦਿੱਤਾ।

ਨਿਰੰਕਾਰ ਨਾਲ ਇਕ ਮਿੱਕ ਹੋਣ ਕਰਕੇ ਫਿਰ ਇਹ ਯੋਧਾ ਲਗਪਗ ਅੱਧੀ ਦੁਨੀਆ ਹੀ ਗਾਹ ਦਿੰਦਾ ਹੈ। ਕਿਧਰੇ ਉਹ ਮੁੱਖ ਮੰਤਰੀ ਨੂੰ ਜਾ ਕਹਿੰਦਾ ਹੈ ਕਿ ਤੇਰੇ ਪੂੜਿਆਂ ਵਿਚੋਂ ਮੈਨੂੰ ਮਨੁੱਖੀ ਰੱਤ ਦੀ ਗੰਧ ਆ ਰਹੀ ਹੈ, ਕਦੀ ਉਹ ਬਾਦਸ਼ਾਹ ਸਿਕੰਦਰ ਲੋਧੀ ਦੇ ਮੂੰਹ ਤੇ ਜਾ ਕਹਿੰਦਾ ਹੈ ਕਿ ਤੇਰੀ ਇਹ ਖੈਰਾਤ ਖੁਦਾ ਨੂੰ ਪਰਵਾਨ ਨਹੀ ਕਿਉਕਿ ਰਾਜ ਕਰਨ ਵੇਲੇ ਤੂੰ ਰੱਬ ਦੀ ਰਚਨਾ, ਪੱਖਪਾਤ ਕਰਦਾ ਹੈ; ਤੇਰੀ ਨੀਤੀ ਹਿੰਦੂਆਂ ਵਾਸਤੇ ਵੱਖਰੀ ਤੇ ਮੁਸਲਮਾਨਾਂ ਲਈ ਵੱਖਰੀ ਹੈ। ਫਿਰ ਵੀ ਜਦੋਂ ਲੋਧੀ ਬਾਜ ਨਹੀ ਆਉਦਾ ਤਾਂ ਨਾਨਕ ਆਪ, ਪਾਪ ਦੀ ਸਲਤਨਤ, ਦਾ ਸਫਾਇਆ ਕਰਾਉਣ ਲਈ ਬਾਬਰ ਨੂੰ ਉਤਸ਼ਾਹ ਦਿੰਦਾ ਹੈ। ਕਦੀ ਉਹ ਮਦੀਨੇ ਜਾ ਰਾਜਾ ਹਮੀਦ ਕਾਰੂ ਦੇ ਮੂੰਹ ਤੇ ਕਹਿ ਦਿੰਦਾ ਹੈ ਕਿ ਤੇਰੀ ਇਹ ਦੌਲਤ ਨਾਲ ਨਹੀ ਨਿਭਣੀ, ਕਦੀ ਦੂਰ ਬਗਦਾਦ ਜਾ ਕੇ ਈਰਾਨ ਦੇ ਸ਼ਹਿਨਸ਼ਾਹ ਦੇ ਮੂੰਹ ਤੇ ਕਹਿੰਦਾ ਹੈ ਕਿ ਦੱਸ ਕਹਿੜਾ ਮਜ਼ਬ ਕਹਿੰਦਾ ਹੈ ਕਿ ਸੁੰਨੀ ਸ਼ੀਆ ਦੇ ਨਾਂ ਤੇ ਕਤਲੇਆਮ ਕਰੋ? ਪਰ ਗੁਰੂ ਜੀ ਦੇ ਸਮਝਾਉਣ ਦੇ ਤਰੀਕੇ ਵਿਚ ਵੀ ਸਨੇਹ ਅਤੇ ਸਦਭਾਵਨਾਂ ਹੁੰਦੀ ਸੀ। ਕਿਉਕਿ ਸਾਹਿਬ ਮੁਤਾਬਿਕ ਕਾਤਲ (ਚੋਰ, ਉਚੱਕੇ, ਠੱਗ, ਕੂੜਿਆਰ, ਮੂਰਖ ਆਦਿ) ਆਦਿ ਸਭ ਇਸ ਡਰਾਮੇ ਦੇ ਐਕਟਰ ਨੇ। ਉਹ ਹਰ ਕਿਸੇ ਨਾਲ ਪਿਆਰ ਅਤੇ ਆਪਣੇਪਣ ਨਾਲ ਪੇਸ਼ ਆਉਦੇ ਸਨ।

ਇਸ ਪ੍ਰਕਾਰ ਗੁਰੂ ਸਾਹਿਬ ਦਾ ਨਿਸ਼ਾਨਾ 'ਨਾਮ' ਨਾਲ ਜੁੜੇ ਹੋਣ ਕਰਕੇ, ਹੁਕਮ ਵਿਚ ਚਲਣ ਵਾਲੇ, ਭੇਖ ਰਹਿਤ, ਮਨੁੱਖ ਦੀ ਸਿਰਜਣਾ ਕਰਨਾਂ ਹੈ ਜਿਹਨੂੰ ਉਹਨਾਂ ਸਿੱਖ ਕਿਹਾ। ਕਿਉਕਿ ਸੱਚ ਤੇ ਚਲਣ ਵਾਲੇ ਸਿੱਖ ਨੂੰ ਖੇਲ (ਜੀਵਨ, ਮੌਤ ਅਤੇ ਜੀਵਨ-ਮੁਕਤ) ਸਮਝ ਆ ਚੁੱਕਾ ਹੁੰਦਾ ਹੈ, ਫਿਰ ਨਾਂ ਉਹ ਡਰਦਾ ਅਤੇ ਨਾਂ ਹੀ ਡਰਾਉਦਾ ਹੈ। ਸਗੋਂ ਨਾਹਰਾ ਮਾਰਦਾ ਹੈ, "ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ।" ਜਰੂਰਤ ਪੈਣ ਤੇ ਜ਼ਾਲਮ ਅੱਗੇ ਕੰਧ ਬਣ ਵੀ ਖਲੋਦਾ ਹੈ।

'ਨਾਨਕ ਨਾਮ ਚੜ੍ਹਦੀ ਕਲਾ॥ ਤੇਰੇ ਭਾਣੇ ਸਰਬਤ ਦਾ ਭਲਾ॥'

ਸਮਰਪਣ

ਗਿਆਨੀ ਗਿਆਨ ਸਿੰਘ ਜੀ ਦੇ ਤਵਾਰੀਖ ਖਾਲਸਾ ਤੋਂ ਬਿਨਾਂ 'ਜਿੰਦਗੀਨਾਮਾ ਗੁਰੂ ਨਾਨਕ' ਵਿਚ ਵੱਡੇ ਖੱਪੇ ਹੋਣੇ ਸਨ। ਕਾਲ-ਕ੍ਰਮ ਅਨੁਸਾਰ ਜਿੰਦਗੀਨਾਮਾ ਲਿਖਣਾ ਸੰਭਵ ਹੀ ਨਹੀ ਸੀ ਹੋ ਪਾਉਣਾ। ਗਿਆਨੀ ਜੀ ਨੇ ਭਾਈ ਮਨੀ ਸਿੰਘ ਸ਼ਹੀਦ ਦੇ ਪ੍ਰਵਾਰ ਵਾਲਾ ਖੂਨ ਹੋਣਾ ਸਹੀ ਢੰਗ ਨਾਲ ਸਾਬਤ ਕੀਤਾ ਹੈ। ਗੁਰੂ ਨਾਨਕ ਦੇ ਸਿੱਖ, ਗਿਆਨੀ ਜੀ ਦੇ ਸਿੱਖ ਇਤਹਾਸ ਸਮਰਪਣ ਨੂੰ ਅਸੀ ਕੋਟੀ ਕੋਟ ਪ੍ਰਣਾਮ ਕਰਦੇ ਹਾਂ।



ਗਿਆਨੀ ਗਿਆਨ ਸਿੰਘ । ਜਨਮ: 1822 ਈ. ਚਲਾਣਾ: 1922 ਈ. ਜਨਮ ਪਿੰਡ ਲੋਂਗੋਵਾਲ, ਜਿਲਾ ਸੰਗਰੂਰ। ਲਿਖਤਾਂ: ਸ੍ਰੀ ਗੁਰੂ ਪੰਥ ਪ੍ਰਕਾਸ਼, ਤਵਾਰੀਖ ਗੁਰੂ ਖਾਲਸਾ (5 ਜਿਲਤਾਂ ਵਿਚ), ਸ਼ਮਸ਼ੇਰ ਖਾਲਸਾ, ਰਾਜ ਖਾਲਸਾ, ਸਰਦਾਰ ਖਾਲਸਾ, ਪੰਥ ਖਾਲਸਾ, ਗੁਰਧਾਮ ਸੰਗ੍ਰਹਿ, ਰਿਪੁਦਮਨ ਪ੍ਰਕਾਸ਼, ਨਿਰਮਲ ਪੰਥ ਪ੍ਰਦੀਪਕਾ, ਭੁਪਿੰਦਰਾ ਨੰਦ, ਇਤਿਹਾਸ ਰਿਆਸਤ ਬਾਗੜੀਆਂ, ਇਤਿਹਾਸ ਸ੍ਰੀ ਅੰਮ੍ਰਿਤਸਰ, ਜਪੁਜੀ ਸਟੀਕ।

—▲—

ਜਿੰਨਾਂ ਹਾਲਾਤਾਂ ਥਾਂਣੀ ਇਸ ਲਿਖਾਰੀ ਦਾ ਜੀਵਨ ਲੰਘਿਆ ਹੈ, ਜੇ ਮਾਪਿਆਂ ਨੇ ਸਿੱਖੀ ਸ਼ਰਧਾ (ਜੇ ਥੋੜੀ ਬਹੁਤ ਹੈ ਤਾਂ) ਬਚਪਨ ਤੋਂ ਹੀ ਨਾਂ ਭਰੀ ਹੁੰਦੀ ਤਾਂ ਕਦੀ ਵੀ ਗੁਰੂ ਨਾਨਕ ਦੇ ਚਰਨਾਂ ਦੀ ਪੈੜ ਲੱਭਣ ਦੀ ਕੋਸ਼ਿਸ਼ ਇਸ ਲਿਖਾਰੀ ਨੇ ਨਹੀ ਸੀ ਕਰਨੀ। ਸੋ ਜਿੰਦਗੀਨਾਮੇ ਦੀ ਲਿਖਤ ਵਿਚ ਮੇਰੇ ਨਿਮਾਣੇ ਮਾਪਿਆਂ ਦਾ ਵੀ ਹਿੱਸਾ ਹੈ।

ਪਿਤਾ- ਦਫੇਦਾਰ ਮਨਸਾ ਸਿੰਘ (ਜਨਮ: 1903, ਚਲਾਣਾ: 19 ਦਸੰਬਰ 1988) ਮਾਤਾ- ਗੁਰਚਰਨ ਕੌਰ (ਜਨਮ:1917, ਚਲਾਣਾ: 18 ਸਤੰਬਰ 2011) ਪਿੰਡ ਅਲਾਵਲਪੁਰ ਨੇੜੇ ਕਲਾਨੌਰ ਜਿਲਾ ਗੁਰਦਾਸਪੁਰ। (ਨਾਨਕੇ: ਭਾਬੜਾ ਮੱਲਾ, ਜਿਲਾ ਨਾਰੋਵਾਲ, ਪਾਕਿਸਤਾਨ।)

Photo Courtesy: Karhlon Family of Toronto

ਤਤਕਰਾ

------ੴ ਸਤਿਗੁਰ ਪ੍ਰਸਾਦਿ----

ਨਕਸ਼ਾ ਜਰੂਰ ਵੇਖੋ

ਗੁਰੂ ਸਾਹਿਬ ਦੀਆਂ ਯਾਤਰਾਵਾਂ (ਉਦਾਸੀਆਂ) ਬਾਰੇ ਪੜ੍ਹਨ ਮੌਕੇ ਮਿਹਰਬਾਨੀ ਕਰਕੇ ਨਾਲ ਨਾਲ ਨਕਸ਼ਾ ਜਰੂਰ ਦੇਖੋ। ਕਿਉਕਿ ਗੂਗਲ ਮੈਪ ਆਪਾਂ ਅਸਾਨੀ ਨਾਲ ਹਰ ਮੋਬਾਈਲ ਫੋਨ ਅਤੇ ਕੰਪਿਊਟਰ ਤੇ ਖੋਲ ਸਕਦੇ ਹਾਂ। ਵੱਡਾ ਛੋਟਾ ਕਰਕੇ ਵੇਖ ਸਕਦੇ ਹਾਂ। ਜਿਸ ਕਰਕੇ ਹਾਲਾਤ ਸਮਝਣ ਵਿਚ ਅਸਾਨੀ ਰਹੇਗੀ। ਗੁਰੂ ਜੀ ਦੀਆਂ ਉਦਾਸੀਆਂ ਦੇ ਨਕਸ਼ੇ ਅਸੀ ਕਿਤਾਬ ਦੀ ਵੈਬਸਾਈਟ:

www.jindaginama.com

ਤੇ ਪਾ ਦਿਤੇ ਹਨ। ਵੈਬ ਸਾਈਟ ਤੇ Excerpts ਲਿੰਕ ਤੇ ਕਲਿਕ ਕਰਕੇ ਨਕਸ਼ੇ ਵੇਖ ਲਓ। ਮੁਖ ਨਕਸ਼ਾ ਗੂਗਲ ਮੈਪ ਤੇ ਵੀ ਪਾ ਦਿਤਾ ਹੈ। ਗੂਗਲ ਮੈਪਜ਼ ਤੇ ਸਾਈਨ ਕਰਕੇ ਵੇਖ ਸਕਦੇ ਹੋ। ਲਿੰਕ ਹੈ:

https://tinyurl.com/uahw2ul ਜਾਂ t.ly/0w0Z1

ਗੁਰੂ ਨਾਨਕ ਦਾ ਮਿਸ਼ਨ 3
ਸਮਰਪਣ 4
ਕਿਤਾਬ ਵਿਚ ਵਰਤੇ ਗਏ ਸੰਕੇਤ (Abbreviations) 16
ਪਰਚਾ (ਕਿਓ ਅਤੇ ਕਿਵੇ ਲਿਖੀ ਗਈ ਜਿੰਦਗੀਨਾਮਾ) 17

ਜਿੰਦਗੀਨਾਮਾ ਵਿਚ ਬਾਬ (ਫਾਰਸੀ) ਤੋ ਮਤਲਬ ਚੈਪਟਰ ਗੁਰੂ ਸਾਹਿਬ ਦੀ ਉਮਰ ਦੇ ਸਾਲ 'ਚ ਦਿੱਤੇ ਹਨ।

ਬਾਬ–1 (ਜਨਮ ਤੋਂ)	ਜਨਮ, ਬਚਪਨ ਅਤੇ ਪੜਾਈ	ਸਫਾ 19–29

ਬਾਲਕ ਨਾਨਕ ਦਾ ਜਨਮ। 19
ਬਾਲਪਣ ਦੀਆਂ ਖੇਡਾਂ ਤੇ ਪਛਾਣੇ ਜਾਣਾ। 21
ਪੜਾਈ। -23 ਕੀ ਗੁਰੂ ਜੀ ਪੜ੍ਹੇ ਲਿਖੇ ਨਹੀ ਸਨ? 23
ਪਾਂਧੇ ਨੂੰ ਪੜ੍ਹਨੇ ਪਾਇਆ। 24
ਬਾਲਕ ਦਾਖਲ ਹੋਇਆ ਪੰਡਤ ਬ੍ਰਿਜ ਦਾਸ ਦੀ ਪਾਠਸ਼ਾਲਾ ਵਿਚ। 26
ਮੌਲਵੀ ਕੁਤੁਬੁਦੀਨ ਦੇ ਮਦਰੱਸੇ ਵਿਚ ਬਾਬਾ 26
ਸਿੱਖਾਂ ਨੇ ਗੁਰੂ ਜੀ ਦੇ ਅਧਿਆਪਕਾਂ ਨਾਲ ਇਨਸਾਫ ਨਹੀ ਕੀਤਾ। 28

ਬਾਬ–11	ਗੁਰੂ ਜੀ ਦੇ ਲੜਕਪਣ ਦੇ ਦਿਨ	30–36

ਪਾਲੀ ਮੱਝਾਂ ਦਾ। 30
ਉਜੜਿਆ ਖੇਤ ਹੋ ਗਇਆ ਹਰਿਆ ਭਰਿਆ। 30
ਜਦੋਂ ਸੂਰਜ ਦੀ ਛਾਂ ਖਲੋ ਗਈ। 31
ਰਾਇ ਬੁਲਾਰ ਮਹਿਤਾ ਕਾਲੂ ਦੇ ਖੁਦ ਘਰ ਗਇਆ। 31
'ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ' 31
ਤੇ ਲਓ! ਹੁਣ ਸਿਆਣਾ ਆਇਆ ਉਦਾਸੀ ਦਾ ਉਪਾਅ ਕਰਨ 34
ਸੱਚਾ ਸੌਦਾ 34

ਬਾਬ–16	ਵਿਆਹ ਅਤੇ ਮਗਰੋ	ਸਫਾ 37–47

ਬਾਬੇ ਦੀ ਮੰਗਣੀ। 37
ਬਾਬੇ ਦਾ ਵਿਆਹ। 37
ਬਟਾਲੇ ਕੱਚੀ ਕੰਧ ਅਜੇ ਵੀ ਹੈਗੀ ਆ। 40
"ਨਾਮ ਹੀ ਮੇਰਾ ਕੰਮ ਧੰਧਾ" ਬਾਬਾ। 42
"ਸਾਨੂੰ ਵੀ ਭਗਤੀ 'ਚ ਲਾ ਲੈ"- ਟੱਬਰ ਦੁਆਲੇ ਹੋ ਗਿਆ। 42
ਬੇਬੇ ਨਾਨਕੀ ਨੇ ਬਾਬੇ ਨੂੰ ਗ੍ਰਿਸਤ ਬਾਬਤ ਸੁਚੇਤ ਕੀਤਾ। 42

ਬਾਬ–23	ਸੁਲਤਾਨਪੁਰ ਲੋਧੀ ਵਿਖੇ	48–71

ਮੋਦੀ ਦੀ ਪੋਸਟ ਵਾਸਤੇ ਬਾਬੇ ਦੀ ਇੰਟਰਵਿਊ। 48
ਤੇਰਾ ਤੇਰਾ ਤੋਲਣ ਵਾਲਾ ਮੋਦੀ 49
ਨਵਾਬ ਦੌਲਤ ਖਾਂ ਲੋਧੀ। 50
ਸੁਲਤਾਨਪੁਰ ਲੋਧੀ। 52
ਮਲਸੀਆਂ ਦੇ ਭਾਈ ਭਾਗੀਰਥ ਨੂੰ ਤਾਰਿਆ 52
ਮਨਸੁਖ ਕਹਿਣ ਲੱਗਾ ਮੈ ਤਾਂ ਹਰ ਚੀਜ ਠੋਕ ਵਜਾ ਕੇ ਲੈਂਦਾ ਹਾਂ। 53
ਬਾਬੇ ਦੀ ਸੱਸ ਨੇ ਆ ਉਲਾਹਮਾ ਦਿੱਤਾ। 54
ਫਕੀਰ ਖਰਬੂਜੇ ਸ਼ਾਹ। 55
ਜਦੋਂ ਤੁਰਕੀ ਬਾਣੇ ਵਿੱਚ ਬਾਬੇ ਨੂੰ ਰੱਬ ਦੇ ਇੱਕ ਬੰਦੇ ਨੇ ਆ ਟੁੰਬਿਆ। 55
ਜਦੋਂ ਬਾਬੇ ਨਾਨਕ ਨੂੰ ਕੈਦ ਕੀਤਾ ਤੇ ਹਿਸਾਬ ਕਿਤਾਬ ਚੈੱਕ ਹੋਇਆ। 56
ਬਾਬਾ ਨਾਨਕ ਹੋਇਆ ਗਾਇਬ। ਸ਼ਹਿਰ 'ਚ ਮੱਚੀ ਦੁਹਾਈ। 57
ਮੂਲ ਮੰਤਰ ਦੀ ਪ੍ਰਾਪਤੀ। 58
ਨਿਰੰਕਾਰ ਨਾਲ ਮੇਲ (ਵੇਈਂ ਵਿਚ ਡੁੱਬਣਾ) 59
ਜਦੋਂ ਬਾਬਾ ਨਮਾਜ ਪੜਨ ਮਸੀਤ ਗਇਆ। 59
'ਨ ਕੋ ਹਿੰਦੂ ਨ ਮੁਸਲਮਾਨ' 59
ਮੋਦੀਖਾਨਾ ਛੱਡਣ ਦੀ ਖਬਰ ਸੁਣ ਪਿਤਾ ਦੌੜਾ ਆਇਆ। 61
ਬਾਬੇ ਨੇ ਸਾਧੂ ਫਕੀਰਾਂ ਵਾਲਾ ਭੇਸ ਕਿਓ ਧਾਰਨ ਕੀਤਾ? 62
ਸਹੁਰਾ ਸਿਆਣਾ (ਓਜ਼ਾ ਪੰਡਤ) ਲੈ ਆਇਆ ਨਾਨਕ ਦੇ ਉਪਾਅ ਲਈ 63
ਸਹੁਰੇ ਨੇ ਨਵਾਬ ਨੂੰ ਕਿਹਾ "ਨਾਨਕ ਸ਼ੁਦਾਈ ਹੋ ਗਇਐ, ਇਨ੍ਹੂੰ ਆਪਣੇ ਬੁਰੇ ਭਲੇ ਦੀ ਸਮਝ ਨਹੀ ਰਹੀ।" 63
ਮਰਦਾਨੇ ਦੀ ਰਬਾਬ। 65
ਫੇਰੂ ਵਾਲੀ ਰਬਾਬ 66
ਜਦੋਂ ਮਰਦਾਨੇ ਨੇ ਉਦਾਸੀ ਤੇ ਜਾਣ ਤੋਂ ਨਾਹ ਕਰ ਦੱਤੀ। 68
ਮੋਦੀਖਾਨਾ ਤਿਆਗਣ ਪਿੱਛੋਂ ਭੈਣ ਨੂੰ ਮਿਲਣ ਆਉਣ ਦੀ ਮਹੱਤਤਾ। 70
ਜਦੋਂ ਗੁਰੂ ਸਾਹਿਬ ਆਪਣੇ ਜੱਦੀ ਪਿੰਡ ਪੱਠੇਵਿੰਡ ਗਏ ਤਾਂ ਸ਼ਰੀਕਾਂ ਬਾਹਰ ਕੱਢ ਤਾ। 70

ਬਾਬ – 38	ਪਹਿਲੀ ਉਦਾਸੀ। ਭਾਗ–1 ਬਾਬਾ ਨਿਕਲ ਤੁਰਿਆਂ ਘਰੋਂ। ਸੁਲਤਾਨਪੁਰ ਲੋਧੀ ਤੋ ਸੈਦਪੁਰ, ਤਲਵੰਡੀ ਅਤੇ ਦਿੱਲੀ।	72 – 90

ਬਾਬੇ ਦਾ ਪ੍ਰਚਾਰ ਦਾ ਢੰਗ ਤਰੀਕਾ, ਆਉਣ ਜਾਣ ਦਾ ਸਾਧਨ, ਰਸਤੇ/ ਸੜਕਾਂ, ਰਾਹ ਦੇ ਲੁਟੇਰੇ (ਵਾਟਮਾਰ), ਪਹਿਲਾ ਸੰਪਰਕ, ਖਾਣਾ ਦਾਣਾ। 72
ਗੁਰੂ ਜੀ ਦਾ ਲਿਬਾਸ, ਕਿਧਰੋਂ ਕਿਧਰ ਨੂੰ ਗਏ ਗੁਰੂ ਸਾਹਿਬ, ਦਿੱਲੀ ਤੱਕ ਦਾ ਰੂਟ (ਪਟੜੀ), ਸੁਲਤਾਨਪੁਰੋਂ ਚਾਲੇ, ਸਤੰਬਰ 1507 73
ਵੈਰੋਵਾਲ. 'ਰੇ ਮਨ ਡੀਗਿ ਨ ਡੋਲੀਐ ਸੀਧੈ ਮਾਰਗਿ ਧਾਉ ॥' ਮਨ ਨੂੰ ਸਮਝਾਉਦੇ ਨੇ ਕਿ ਪੈਰ ਪੁੱਟ ਲਿਆ ਵੇਖੀ ਕਿਤੇ ਪਿੱਛੇ ਨਾਂ ਮੁੜੀ। 74
ਖਡੂਰ ਦੀ ਬੀਬੀ ਭਿਰਾਈ। 75
ਸੈਦਪੁਰ ਦਾ ਧਰਮੀ ਤਰਖਾਣ। 76

ਲਾਲੋ ਦੀ ਰਸੋਈ, "ਰੇਤ ਅੱਕ ਆਹਾਰ ਕਰ ਰੋੜਾਂ ਕੀ ਗੁਰ ਕਰੀ ਵਿਛਾਈ॥" 77

ਹੰਕਾਰੀ ਮਲਿਕ ਭਾਗੋ। 78

ਰਾਜਕੁਮਾਰ ਦੇ ਇਲਾਜ ਲਈ ਸਾਧੂ ਗ੍ਰਿਫਤਾਰ ਕਰ ਲਏ। 79

ਰਾਇ ਬੁਲਾਰ ਨੂੰ ਮਿਲਣ ਬਾਬਾ ਤਲਵੰਡੀ ਆਇਆ। 80

ਜਦੋਂ ਮਰਦਾਨੇ ਦੀ ਆਰਤੀ ਉਤਾਰੀ ਗਈ। 81

ਸਰਸਵਤੀ ਤੀਰਥ ਪਿਹੋਵੇ ਆ ਦਸਤਕ ਦਿੱਤੀ ਗੁਰੂ ਬਾਬੇ ਨੇ। 82

ਕਰਾਹ- ਚੋਰ ਦਾ ਉਧਾਰ। 84

ਕੁਰੁਖੇਤਰ - 'ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ॥ 84

ਓਏ ਫਕੀਰਾ ਜਨਾਨੀ ਕਿਓ ਬਣਿਆ ਫਿਰਦੈ ? ਕਰਨਾਲ ਜਾ ਟੁੰਬਿਆ ਪੀਰ ਟਟੀਰੀ ਨੂੰ। 86

ਦਿੱਲੀ 'ਚ ਮੋਇਆ ਹਾਥੀ ਜਿਵਾ ਦਿੱਤਾ । 88

ਜਦੋਂ ਗੁਰੂ ਨਾਨਕ ਨੂੰ ਦੇਸ ਨਿਕਾਲੇ ਦੇ ਹੁਕਮ ਹੋਏ। 89

ਦਿਆਲਪੁਰ ਦਾ ਨਾਨਕ ਸਰੋਵਰ। 90

ਬਾਬ –39 | ਪਹਿਲੀ ਉਦਾਸੀ। ਭਾਗ –2 ਉਤਰਾਖੰਡ ਅਤੇ ਪੱਛਮੀ ਯੂ.ਪੀ | 91–104

ਮਹਾਂ ਕੁੰਭ ਤੇ ਗੰਗਾ ਇਸ਼ਨਾਨ ਲਈ ਹਰਦੁਆਰ ਨੂੰ ਤੁਰ ਪਿਆ ਬਾਬਾ 91

ਜਦੋਂ ਬਾਬੇ ਨੇ ਹਰਦੁਆਰੋਂ ਆਪਣੇ ਖੇਤ ਸਿੰਞੇ। 92

ਜਦੋਂ ਬ੍ਰਾਹਮਣ ਚੋਅ ਫੜ ਕੇ ਮਰਦਾਨੇ ਮਗਰ ਭੱਜਿਆ। 93

ਜਦੋਂ ਰਾਮ ਪਿਆਰੀ ਜੈ ਕੌਰ ਬਣ ਜਾਵੇ । ਫਿਰ ਗੁਰਦੁਆਰਾ ਗਿਆਨ ਗੋਦੜੀ ਹਰਦੁਆਰ ਵਿਚ ਨਹੀ ਰਹਿ ਸਕਦਾ। 94

ਪਹਿਲੀ ਪਾਤਸ਼ਾਹੀ ਦੀਆਂ ਹਰਦਵਾਰ ਵਿਖੇ ਦੋ ਯਾਦਗਾਰਾਂ। 94

ਬਾਬੇ ਨੇ ਸ੍ਰੀ ਨਗਰ ਪੌੜੀ ਗੜਵਾਲ ਦੇ ਰਾਜੇ ਅਜੇਪਾਲ ਨੂੰ ਨਿਰੰਕਾਰ ਬਾਰੇ ਗਿਆਨ ਦਿੱਤਾ। 95

ਮੇਰਠ ਵਿਖੇ ਅੜੀਅਲ ਜੋਗੀ ਨੂੰ ਰਾਹੇ ਪਾਇਆ। 95

ਮੋਹਰਾਂ ਦੇ ਕੋਲੇ ਤੇ ਸੂਲੀ ਦੀ ਸੂਲ। 95

ਜਦੋਂ ਬਾਲਕ ਬਣ ਕੇ ਬਾਬਾ ਬਾਰ ਬਾਰ ਵਿਕਿਆ। 97

ਰੇਠੇ ਕੀਤੇ ਮਿੱਠੇ। 98

ਗੋਰਖਮਤੇ (ਨਾਨਕਮਤੇ) ਪਹੁੰਚਿਆ ਬਾਬਾ। 100

ਬਾਬਾ ਅਲਮਸਤ ਨੂੰ ਜੋਗੀਆਂ ਇਥੋਂ ਭਜਾ ਦਿੱਤਾ । 101

ਕਾਸ਼ੀਪੁਰ ਦੇ ਵਸਨੀਕਾਂ ਨੂੰ ਚੋਆਂ ਦੀ ਮਾਰ ਤੋਂ ਬਚਾਇਆ। 102

ਚੰਪਾਵਤ ਦੇ ਰਾਜੇ ਪਰਤਾਪ ਚੰਦ ਨੂੰ ਮਨੁੱਖੀ ਬਲੀ ਦੇਣ ਦੇ ਘਿਨਾਉਣੇ ਕਰਮ ਤੋਂ ਮਨਾਂ ਕੀਤਾ। 103

'ਬਾਬੇ ਨਾਨਕ ਕੀ ਧੇੜੀ' ਹਲਦੌਰ। 103

ਅਸਲੀ ਰਤਨ ਤਾਂ ਨਾਮ ਹੈ - ਰਾਜਾ ਰਤਨ ਰਾਇ ਨੂੰ। 104

ਗੜ੍ਹ ਮੁਕਤੇਸ਼ਵਰ -ਮੁਕਤੀ ਦਾ ਗੜ੍ਹ ਤਾਂ ਨਾਮ ਹੀ ਹੈ। 104

ਬਾਬ–40 | ਪਹਿਲੀ ਉਦਾਸੀ –ਭਾਗ 3 ਪੂਰਬੀ ਯੂ.ਪੀ ਵਿਚ ਬਾਬਾ। | 105–126

ਨਿਸ਼ਾਨਾ ਅਲਾਹਾਬਾਦ ਦਾ ਮਹਾਂਕੁੰਭ 105

ਪ੍ਰਯਾਗ ਵਿੱਚ ਬਾਬਾ। ਕੀ ਤੀਰਥ ਸਥਾਨ ਦੇ ਉਚੈ ਰੁੱਖ ਤੋਂ ਛਾਲ ਮਾਰ ਕੇ ਮਰਨ ਨਾਲ ਮੁਕਤੀ ਮਿਲ ਜਾਏਗੀ? 106

ਹੁਕਮ ਤੋਂ ਕੀ ਮਤਲਬ? ਸਿਮਰਨ ਵੇਲੇ ਮਨ ਨਹੀ ਠਹਿਰਦਾ। 108

ਕਾਮ, ਮੋਹ, ਕ੍ਰੋਧ, ਲੋਭ, ਹੰਕਾਰ 109

ਚਿਤ੍ਰਕੂਟ ਵਲ ਕੂਚ। 110

ਬਾਬਾ ਬਨਾਰਸ ਵਿੱਚ। ਕੀ ਪੜਾਈ ਲਿਖਾਈ ਨਿਰੰਕਾਰ ਦੇ ਰਾਹ ਵਿੱਚ ਸਹਾਈ ਹੁੰਦੀ ਹੈ? 111

ਇਕ ਵਾਰ ਫਿਰ ਉਠ ਖਲੋਤਾ ਸੂਤਕ ਪਾਤਕ ਦਾ ਸਵਾਲ। 113

ਸਾਧੂਆਂ ਪੁੱਛਿਆ ਬਾਬਾ ਜੀ ਮੌਤ ਦਾ ਵੀ ਕੋਈ ਇਲਾਜ ਹੈ? 114

ਮੜੀਆਂ ਮਸਾਣਾਂ ਦੀ ਪੂਜਾ। 115

ਫਿਰ ਪੰਡਤਾਂ ਆ ਘੇਰਿਆ। ਬਾਬਾ ਗੱਲ ਤੇਰੀ ਮੰਨੀਏ ਕਿ ਵੇਦਾਂ ਦੀ? 115

"ਨਿਰੰਕਾਰ! ਨਿਰੰਕਾਰ!! ਤੇਰਾ ਭਗਵਾਨ ਤਾਂ ਫਿਰ ਕੁਝ ਵੀ ਨਾਂ ਹੋਇਆ?" 116

ਹੋਰ ਵੀ ਕਈ ਥਾਂਈ ਇਹੋ ਸਵਾਲ ਉਠਿਆ ਸੀ। 116

ਭਗਤ ਕਬੀਰ ਤੇ ਭਗਤ ਰਵਿਦਾਸ ਦੀ ਬਾਣੀ ਹਾਸਲ ਕੀਤੀ। 117

ਬਾਬਾ ਤੂੰ ਸੱਪਾਂ ਦੀ ਰੁੱਡ ਵਿੱਚ ਕਿਵੇ ਹੱਥ ਪਾ ਦਿੰਦੈ? ਤੈਨੂੰ ਡਰ ਨਹੀ ਲੱਗਦਾ? 117

ਰਾਜਾ ਬੋਲਿਆ "ਬਾਬਾ ਮੈਨੂੰ ਵੀ ਆਪਣੇ ਨਾਲ ਲੈ ਚਲ"। 118

ਬਾਬਾ ਫਿਰ ਆਇਆ ਠੱਗਾਂ ਦੇ ਕਾਬੂ। 119

ਨਿਜ਼ਾਮਾਬਾਦ ਵਿਖੇ ਬਾਬੇ ਨੇ ਮਰ ਮੁੱਕੇ ਕਾਰਦਾਰ ਨੂੰ ਜੀਵਨ ਬਖਸ਼ਿਆ। 120

ਅਜੁਧਿੰਆ ਵਿਚ ਬਾਬਾ। ਗੁਰੂ ਸਾਹਿਬ ਨੇ ਜਦੋਂ ਸਾਧੂਆਂ ਦਾ ਸੋਹਲਾ ਗਾਇਆ 120

ਕੀ ਜੋ ਘੋਰ ਤਪੱਸਿਆ ਕਰਦੇ ਨੇ ਉਨਾਂ ਨੂੰ ਵੀ ਨਿਰੰਕਾਰ ਦੀ ਪ੍ਰਾਪਤੀ ਨਹੀ ਹੁੰਦੀ ? ਸਾਧੂਆਂ ਨੇ ਬਾਬੇ ਨੂੰ ਪੁਛਿਆ 120

ਅਜੁਧਿਆ - ਸਾਧੂ ਸੰਤਾਂ ਨੇ ਪੁੱਛਿਆ ਬਾਬਾ ਜੀ ਨਾਮ ਕੀ ਹੁੰਦਾ ਹੈ? 125

ਗੋਰਖਪੁਰ ਦੇ ਸਾਧਾਂ ਨੇ ਪੁੱਛਿਆ। "ਬਾਵਾ ਤੁਮ ਕੌਨ ਹੋ- ਫਕੀਰ, ਸਨਿਆਸੀ, ਜਾਂ ਬੈਰਾਗੀ, ਉਦਾਸੀ?" 126

ਬਾਬ – 40 | ਪਹਿਲੀ ਉਦਾਸੀ। ਭਾਗ–4 ਬਿਹਾਰ ਅਤੇ ਝਾਰਖੰਡ ਦਾ ਬਾਬਾ ਤਕਰੀਬਨ ਢਾਈ ਸਾਲ ਪੂਰਬ ਵਿਚ ਗੁਜਾਰੇ। | 127 – 136

ਪਟਨੇ ਪਹੁੰਚ ਗਇਆ ਬਾਬਾ। ਸਾਲਸ ਰਾਇ ਜਵੈਹਰੀ ਨੇ ਫੱਟ ਲਾਲ ਪਛਾਣ ਲਿਆ ਜੁਲਾਈ- 1509 127

ਹਾਜੀਪੁਰੇ ਬਾਬਾ। ਵੈਸ਼ਨੋ ਪੁੱਛਦਾ "ਬਾਬਾ ਜੀ, ਜਿਉਂਦੇ ਜੀ ਮਾਇਆ ਤੋਂ ਕਿਵੇ ਛੁਟਕਾਰਾ ਪਾਈਏ?" 128

ਸਤੰਬਰ 1509 । ਗਇਆ। ਪਿੰਡ ਦਾਨ ਦਾ ਕੀਤਾ ਖੰਡਨ। 130

ਰਾਜਾ ਬਲੀ ਦੇ ਸ਼ਹਿਰ ਪਹੁੰਚਿਆ ਬਾਬਾ ਨਾਨਕ (ਰਜੌਲੀ) 132

ਰਾਜਗੀਰ ਠੰਡਾ ਚਸ਼ਮਾ ਜਾਰੀ ਕੀਤਾ 133

ਮੋਕਾਮਾ। 133

ਭੂਮੀਏ ਚੋਰ ਨੂੰ ਰਾਹੇ ਪਾਇਆ। 134

ਮੁੰਗੇਰ ਵਿੱਚ ਬਾਬਾ। ਜਦੋਂ ਬਾਬੇ ਦੇ ਨੂੰਰਾਨੀ ਚਿਹਰੇ ਦੀ ਚਾਰ ਚੁੱਫੇਰੇ ਧੁੰਮ ਪੈ ਗਈ। 134

ਬੈਦਨਾਥ ਦੇਓਗੜ ਵਿਖੇ ਬਾਬਾ। 136

ਬਾਬ – 40ੳ | ਪਹਿਲੀ ਉਦਾਸੀ ਭਾਗ –5 ਨੇਪਾਲ ਵਿਚ ਬਾਬਾ। | 137–147

ਦਾਖਲਾ, ਕਾਠਮੰਡੂ ਨਕਸ਼ਾ/ਨੇਪਾਲ ਅਤੇ ਉੱਤਰ ਪੂਰਬ ਵਿਚ। 137

ਚਸ਼ਮਾ ਜਾਰੀ ਕੀਤਾ। 138

ਕਾਠਮੰਡੂ ਵਿਚ ਗੁਰਅਸਥਾਨ। 140

ਰਾਜੇ ਨੇ ਜਮੀਨ ਅਲਾਟ ਕੀਤੀ। 141

ਲਲਿਤਪੁਰ ਤੋਂ ਹੀ ਬਣਿਆ ਹੈ ਜਨਮਸਾਖੀਆਂ ਦਾ ਅਲਾਲਾਚੀਨ। 142
ਕਾਠਮੰਡੂ ਪਾਸਿਓ ਵਾਪਸੀ। 142
ਚਤਰੇ। 142 ਵਰਾਹਖੇਤਰ। 143
ਸਿੱਕਮ ਅਤੇ ਭੂਟਾਨ ਦੀ ਉਦਾਸੀ। 143
ਚੁੰਗਥਾਂਗ। 143
ਗੁਰਦੁਆਰਾ ਗੁਰੂ ਡਾਂਗਮਾਰ ਝੀਲ, ਸਿੱਕਮ 145
ਭੂਟਾਨ। 145, ਵਾਪਸੀ। 146

ਬਾਬ – 41	ਪਹਿਲੀ ਉਦਾਸੀ ਭਾਗ –6 ਬੰਗਾਲ, ਉੱਤਰ ਪੂਰਬ ਸੂਬੇ ਅਤੇ ਬੰਗਲਾਦੇਸ	148 – 166

ਗੌੜ (ਬੰਗਾਲ) ਦੇਸ ਬਾਰੇ। 148
ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ। 149
ਬਾਬਾ ਪਹੁੰਚਿਆ ਗਾਉੜੀ ਦੇਸ। 149
ਰਾਮ ਬਾਬੂ ਦੇ ਅੰਬ ਜਗਤ ਪ੍ਰਸਿੱਧ ਹੋ ਗਏ 150
ਸੂਜਾ ਸਿੱਖ ਹੋਇਆ। ਮਕਸੂਦਾਬਾਦ (ਮੁਰਸ਼ਿਦਾਬਾਦ) ਵਿਖੇ ਬਾਬਾ। 151
ਧੁਬਰੀ ਅਸਾਮ 'ਚ ਬਾਬਾ ਨਾਨਕ। 151
ਜੋਗੀਗੁਫਾ ਪਹੁੰਚਦਾ, ਭੈ ਭੀਤ ਹੋਇਆ ਮਰਦਾਨਾ। 151
ਤੇ ਲਓ ਬਾਬਾ ਪਹੁੰਚ ਗਇਆ ਗੁਹਾਟੀ ਦੇ ਕਾਮੱਖਿਆ ਮੰਦਰ : ਵਾਮ ਮਾਰਗੀਆਂ ਨੂੰ ਸਿੱਧੇ ਰਾਹੇ ਪਾਉਣ 152
ਅਲੀਪੁਖਰੀ ਨਗਾਓ ਜਾ, ਬਾਬੇ ਨੇ ਸੰਕਰਦੇਵ ਨੂੰ ਜਾ ਨਮਸਕਾਰ ਕੀਤੀ। 154
ਅਹੋਮ ਰਾਜਾ ਸ਼ੁਨਮੁੰਗ ਨੂੰ ਉਪਦੇਸ਼। 154
ਨਾਗਾਲੈਂਡ ਵਿੱਚ ਰਾਖਸ਼ਾਂ ਨੇ ਆ ਘੇਰਿਆ। ਐਤਕਾਂ ਖੁੱਦ ਬਾਬਾ ਹੀ ਆਇਆ ਕਾਬੂ। 155
ਮਰਦਾਨਾ ਬਣਮਾਨੂ ਤੋਂ ਡਰੇ ਤੇ ਉਹ ਮਰਦਾਨੇ ਤੋਂ ਡਰਨ। 156
ਸ਼ੇਖ ਅਲੀ ਕੋਲ ਬਾਬਾ ਸਿਲਹਟ ਪਹੁੰਚ ਗਏ। 157
ਜਦੋਂ ਬੰਗਾਲਣ ਜਾਦੂਗਰਨੀਆਂ ਨੇ ਮਰਦਾਨਾ ਕੀਲ ਕੇ ਭੇਡੂ ਬਣਾ ਦਿੱਤਾ। 157
ਢਾਕੇ ਪਹੁੰਚ ਗਇਆ ਬਾਬਾ। 159
ਜਾਫਰਾਬਾਦ, ਢਾਕੇ ਵਿਚ ਵੀ ਪਾਣੀ ਦਾ ਚਸ਼ਮਾ ਜਾਰੀ ਕੀਤਾ। 160
ਚਿਟਾਗਾਂਗ ਦੇ ਝੰਡੇ ਤਰਖਾਣ ਨੂੰ ਮੰਜੀ ਬਖਸ਼ੀ, ਜਥੇਦਾਰ ਥਾਪਿਆ। 161
ਫਿਰ ਬੰਗਾਲ ਦੇ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਹਾਜਰ ਹੋਣ ਦੇ ਹੁਕਮ ਚਾੜ ਦਿੱਤੇ। 163
ਕਲਕੱਤੇ ਵਿਚ ਦੁੱਖੀ ਲੋਕਾਈ ਦਾ ਰੋਗ ਦੂਰ ਕੀਤਾ। 165
ਜਦੋਂ ਚੰਦਰਕੋਨਾ (ਮੇਦਨੀਪੁਰ) ਦੀ ਰਾਜਕੁਮਾਰੀ ਬਣ ਗਈ ਰਾਜਕੁਮਾਰ। 165

ਬਾਬ–42	ਪਹਿਲੀ ਉਦਾਸੀ। ਭਾਗ –7 ਮਾਘ ਦੇਸ ਅਤੇ ਬਰਮਾ।	167– 172

ਰਾਖਸ਼ ਦੇਸ ਮਾਘ ਪਹੁੰਚ ਗਇਆ ਬਾਬਾ- ਰਾਜਾ ਮਿੰਨ ਨਾਲ ਗੋਸਟਿ। 167
ਜਦੋਂ ਸੁਨਿਹਰੀ ਮਹੱਲ ਵੇਖ ਕੇ ਮਰਦਾਨੇ ਦੀਆਂ ਅੱਖਾਂ ਚੁੰਧਿਆਈਆਂ। 169
ਅੱਗੇ ਜੰਬੂ ਦੀਪ ਨੂੰ ਚਲੇ (ਬਾਲਾ ਪੰਨਾ 180)ਜਦੋਂ ਦੇਵਲੂਤ ਰਾਜੇ 'ਬਿਨਿਆ ਰਨ' ਨੇ ਬਾਬੇ ਤੇ ਮਰਦਾਨੇ ਦਾ ਸ਼ਿਕਾਰ ਖੇਡਣਾ ਚਾਹਿਆ। 172

ਬਾਬ–42ੳ	ਪਹਿਲੀ ਉਦਾਸੀ। ਭਾਗ –8 ਉੜੀਸਾ ਤੋਂ ਮਥੁਰਾ ਲੰਕਾ ਜਾਣ ਬਿਜਾਏ ਪੰਜਾਬ ਨੂੰ ਪਰਤੇ।	173 – 186

ਕਟਕ- ਮਹੰਤ ਗੁਰੂ ਸਾਹਿਬ ਨੂੰ ਕੁੱਟਣ ਚਲਾ ਆਇਆ 173
ਜਗਨਨਾਥ ਪੁਰੀ-ਪੱਥਰ ਦੀ ਆਰਤੀ ਕਿਓ? ਆਰਤੀ ਹੋਵੇ ਬ੍ਰਿਹਮੰਡ ਦੇ ਮਾਲਕ ਦੀ।(ਜੂਨ/ਜੁਲਾਈ 1511) 174
ਪੰਡਤ ਕਲਿਜੁਗ ਦੀ ਕੋਸ਼ਿਸ਼ ਕਿ ਸਾਹਿਬ ਪੁਰੀ ਹੀ ਪੱਕੇ ਰਹਿ ਜਾਣ। 178
ਪੁਰੀ (ਉੜੀਸਾ) ਵਿੱਚ ਗੁਰੂ ਨਾਨਕ ਦਾ ਕੀਰਤਨ ਸੁਣਨ ਵਾਲਾ ਇੱਕ ਬੰਗਾਲੀ ਚਸ਼ਮਦੀਦ ਗਵਾਹ। 178
ਚਿਲਕਾ ਝੀਲ। ਪੰਜਾਬ ਨੂੰ ਪਰਤਣਾ। 179
ਸੰਬਲਪੁਰ। ਲੋਕੋ ਛਨਿੱਛਰ ਦੀ ਪੂਜਾ ਛੱਡੋ। ਉਹਨੂੰ ਪੂਜੋ ਜਿਸ ਨੇ ਛਨਿੱਛਰ ਪੈਦਾ ਕੀਤਾ। 180
ਅਮਰਕੰਟਕ- ਲੋਕ ਅਸਮਾਨੀ ਬਿਜਲੀ ਨੂੰ ਹੀ ਭਗਵਾਨ ਮੰਨਦੇ ਸਨ 181
ਕੌਡਾ ਰਾਖਸ਼। 182
ਜਦੋਂ ਮਰਦਾਨਾ ਬਘਿਆੜ ਤੋਂ ਡਰਿਆ। 183
"ਵਣਜਾਰਿਆ ਮਿਤ੍ਰਾ" ਵਾਲਾ ਟਾਂਡਾ। 184
ਹੋਸ਼ੰਗਾਬਾਦ ਤੋਂ 70 ਕਿ.ਮੀ. ਚਲ ਕੇ ਸਾਹਿਬ ਭੋਪਾਲ ਪਹੁੰਚੇ। 185
ਨਾਚ ਗਾਣੇ ਦੇ ਹਨੇਰੇ ਵਿੱਚ ਡੁੱਬੀ ਚੰਦੇਰੀ ਤੇ ਚੜ੍ਹਿਆ ਚੰਨ 185
ਗਵਾਲੀਅਰ, ਧੌਲਪੁਰ, ਆਗਰਾ 186

ਬਾਬ–43	ਪਹਿਲੀ ਉਦਾਸੀ। ਭਾਗ 9 ਮਥੁਰਾ ਤੋਂ ਪੱਖੋਕੇ	187– 195

ਕ੍ਰਿਸ਼ਨ ਦੇ ਸ਼ਹਿਰ ਮਥੁਰਾ ਪਹੁੰਚ ਗਇਆ ਬਾਬਾ (ਅਗਸਤ 1512) 187
ਨਿਰੰਜਨੀ ਸਾਧੂਆਂ ਕਿਹਾ ਬਾਬਾ ਜੀ ਸਾਡੇ ਵੀ ਪੱਲੇ ਕੁਝ ਪਾਓ। 188
ਤੁਹਾਡਾ ਗੁਰੂ ਕੌਣ ਹੈ? 188
ਮਥਰਾ - "ਅਰੇ ਯਹ ਭੀ ਕੋਈ ਸਾਧੂ ਹੈ, ਨਾਂ ਗੀਤਾ ਮਾਨੇ ਨਾਂ ਗਾਇਤਰੀ," ਮਹੰਤ ਨੇ ਗੁਰੂ ਸਾਹਿਬ ਤੇ ਕਟਾਖ ਕਰ ਦਿੱਤਾ 188
ਮਥਰਾ- ਫਿਰ ਵੈਸ਼ਨਵ ਸਾਧੂਆਂ ਨੇ ਆ ਪੁੱਛਿਆ ਕਿ ਬਾਬਾ ਜੀ ਤੁਹਾਡੀ ਕਿਹੜੀ ਸੰਪਰਦਾ ਹੈ, ਤੁਹਾਡੇ ਪੰਥ ਦਾ ਨਾਂ ਕੀ ਹੈ? 189
"ਅਏ ਬਾਲਕ! ਤੂੰ ਵੀ ਯੋਗ ਦੀਕਸ਼ਾ ਲੈ" ਰੋਹਤਕ ਦੇ ਬੋਹਰ ਮੱਠ ਵਿੱਚ ਬਾਬੇ ਦੁਆਲੇ ਮਹੰਤ ਹੋ ਗਿਆ। 189
ਚੰਦਨ ਦਾਸ ਪਿੰਡ ਛੀਟਾਂਵਾਲੇ ਦੇ ਘਰੋਂ ਨਿਕਲੀ ਚੰਦਨ ਦੀ ਖੁਸ਼ਬੋ। 191
ਭੈਣ ਦਾ ਪਿਆਰ ਹਜਾਰਾਂ ਮੀਲਾਂ ਤੋਂ ਖਿੱਚ ਲਿਆਇਆ ਬਾਬੇ ਨੂੰ। 192
ਮਾਤਾ ਪਿਤਾ ਬਾਬੇ ਨੂੰ ਮਿਲਣ ਸੁਲਤਾਨਪੁਰ ਆਏ। 192
ਬਖਸ਼ਿਆ ਗਇਆ ਰਾਏ ਬੁਲਾਰ। 194
1512 ਬਾਬਾ ਪੱਖੋਕੇ। ਸਹੁਰਾ ਜਵਾਈ ਨੂੰ ਘਰ ਲਿਆਉਣ ਗਿਆ। 195
ਬਾਬੇ ਨੇ ਆਪਣੇ ਪੁੱਤਰ ਦੇ ਵਿਆਹ ਤੇ ਸਿਹਰਾ ਗਾਇਆ। 196

ਬਾਬ – 43 ੳ	ਦੂਸਰੀ ਉਦਾਸੀ। ਭਾਗ – 1 ਤਲਵੰਡੀ ਤੋਂ ਸ੍ਰੀ ਲੰਕਾ। ਪੰਜਾਬ (ਪਾਕਿਸਤਾਨ) ➡ ਸਿੰਧ ➡ਗੁਜਰਾਤ (ਭਾਰਤ) ➡ਮਹਾਰਾਸ਼ਟਰ ➡ ਕਰਨਾਟਕ ➡ ਕੇਰਲ ➡ ਤਮਿਲਨਾਡੂ ➡ ਸ੍ਰੀ ਲੰਕਾ	196 – 217

ਹਫਤ ਮਦਾਰ, ਭਾਈ ਫੇਰੂ, ਘੁੰਮਣਕੇ, ਛਾਂਗਾ ਮਾਂਗਾ। 196

ਚੂਹਣੀਆਂ- ਬਾਬਾ ਜੀ ਬੰਦੇ ਦੇ ਕੰਮ ਨੇਕ ਹੋਣੇ ਚਾਹੀਦੇ ਨਾਮ ਜੱਪਣ ਦਾ ਕੀ ਫਾਇਦਾ? ਹੁਜਰਾ ਸ਼ਾਹ ਮੁਕੀਮ। 197

ਦੀਪਾਲਪੁਰ- ਇਥੇ ਤਾਂ ਖੁਰਾਸਾਨ ਵਾਲੇ ਫਲ ਪੈਦਾ ਹੁੰਦੇ ਰਹਿਣਗੇ 198

ਪਾਕ ਪਟਨ: ਸ਼ੇਖ ਬ੍ਰਹਮ ਤੋਂ ਬਾਬਾ ਫਰੀਦ ਦੀ ਬਾਣੀ ਲਈ। 198

ਸ਼ੇਖ ਬ੍ਰਹਮ ਪਾਲਕੀ ਵਿਚ ਸਾਹਿਬ ਨੂੰ ਅੱਗਲਵਾਂਢੀ ਲੈਣ ਆਇਆ। 199

ਬੂਰੇਵਾਲਾ। 200

ਉੱਚ ਸ਼ਰੀਫ ਨਾਲ ਗੂੜਾ ਪਿਆਰ ਹੈ ਬਾਬੇ ਦਾ। 201

ਉੱਚ ਦੇ ਪੀਰ ਨੂੰ ਗੁਰਮੁਖ ਦੀ ਪ੍ਰੀਭਾਸ਼ਾ ਦੱਸੀ। 201

ਮਿੱਠਣ ਕੋਟ ਦਾ ਪੀਰ ਹਿੰਦੂਆਂ ਨੂੰ ਮਜਬੂਰ ਕਰਦਾ ਸੀ ਕਿ ਮੁਰਦੇ ਨੂੰ ਸਾੜੋ ਨਹੀ, ਦਫਨਾਓ। 202

ਕੰਧਕੋਟ 203

"ਸੱਖਰ - ਬਾਬਾ ਜੀ ਇਥੋਂ ਉੱਠ ਜਾਓ। ਕਦੀ ਨਦੀ ਦਾ ਪਾਣੀ ਚੜ੍ਹ ਆਉਦਾ"। 203

ਬਕਰਾਨੀ: ਪਾਲੀ ਨੂੰ ਪਾਤਸ਼ਾਹੀ ਬਖਸ਼ੀ। 204

ਬਕਰਾਨੀ - ਜਦੋਂ ਸੁੰਦਰ ਗਲੀਚਾ ਕੁੱਤੀ ਤੇ ਪਾ ਦਿੱਤਾ। 204

ਬਸਤਾ ਬੰਦਰ (ਕੋਟ ਲਖਪਤ) ਤੋਂ ਸਮੁੰਦਰ ਰਾਹੇ ਪਏ ਲੰਕਾ ਨੂੰ 205

ਅੰਜਾਰ- ਕੱਛ ਦੀ ਰਾਜਧਾਨੀ ਵਿਚ ਬਾਬਾ। 205

ਲੋਕੋ ਪੱਥਰਾਂ ਦਾ ਖਹਿੜਾ ਛੱਡੋ- ਦਵਾਰਕਾ ਵਿਚ ਬਾਬਾ। 205

ਸੋਰਠ ਦੇਸ ਦੀ ਸਾਖੀ। 207

ਜੂਨਾਗੜ੍ਹ - ਲੋਕਾਂ ਦੀ ਜੂਨ ਸਵਾਰ ਤੀ ਬਾਬੇ ਨੇ ਜੂਨਾਗੜ੍ਹ ਪਹੁੰਚ ਕੇ। 207

ਗਿਰਨਾਰ ਪਹਾੜੀ ਤੇ ਵੀ ਗੁਰਮਤ ਦਾ ਝੰਡਾ ਜਾ ਗੱਡਿਆ ਬਾਬੇ ਨੇ 208

ਨਾਰਭੀ ਸਰੇਵੜਾ। 208

ਸੋਮਨਾਥ ਮੰਦਰ ਜਿੰਨੂ ਬਾਰ ਬਾਰ ਲੁੱਟਿਆ ਗਿਆ। 210

ਭੜੋਚ ਸ਼ਹਿਰ ਜਿੱਥੇ ਬਾਬੇ ਨੇ ਚਾਦਰ ਨੂੰ ਹੀ ਬੇੜੀ ਬਣਾ ਲਿਆ। 211

ਸਾਹਿਬ ਤ੍ਰਿੰਬਕੇਸ਼ਵਰ ਮੰਦਰ (ਨਾਸਕ) ਪਹੁੰਚੇ। 211

ਭੀਮਾਸ਼ੰਕਰ -ਜਿਥੇ ਸ਼ਿਵ ਜੀ ਨੇ ਆਪਣਾ ਭਗਤ ਹੀ ਮਾਰ ਦਿਤਾ। 212

'ਆਤਮਾ ਹੀ ਪ੍ਰਮਾਤਮਾ' ਸਿਧਾਂਤ ਦਾ ਖੰਡਣ। ਬਹੁਤ ਬਾਣੀ ਰਚੀ ਸ਼੍ਰਿੰਗੇਰੀ ਵਿਚ। 213

ਬਾਬਾ ਜਾ ਉਤਰਿਆ ਕੋਚੀਨ। 213

ਜਦੋਂ ਗੁਰੂ ਸਾਹਿਬ ਕਮਲ ਫੁਲ ਨੂੰ ਵੇਖ ਵਿਸਮਾਦ ਵਿਚ ਆਏ। 214

ਕੋਟਾਯਾਮ ਦਾ ਤਿੱਲਗੀਜੀ ਗੁਰਦੁਆਰਾ 215

ਕੰਨਿਆ ਕੁਮਾਰੀ ਦੇ ਪੱਦਮਨਾਭਪੁਰ ਵਿਖੇ ਬਾਬਾ। 215

ਕੰਨਿਆ ਕਵਾਰੀ, ਥੁਥੁਕੋਡੀ। 216

ਮਦੁਰੈ- ਤਰਾਂ ਤਰਾਂ ਦੇ ਮੰਦਰ ਵੇਖ ਬਾਬੇ ਦਾ ਵੈਰਾਗ ਛੁੱਟ ਗਿਆ। 216

ਰਾਮੇਸ਼ਵਰਮ। 217

"ਤੇ ਫਿਰ ਕੀ ਸੂਰਜ, ਚੰਦਰਮਾ ਤੇ ਹੋਰ ਗ੍ਰਿਹਾਂ ਤੇ ਕਿਹੜਾ ਰੱਬ ਹੈ?"- ਸਾਧੂਆਂ ਨੇ ਪੁਛਿਆ। 217

ਬਾਬ–45 ਦੂਸਰੀ ਉਦਾਸੀ। ਭਾਗ–2 ਸਿੰਘਲਾਦੀਪ 'ਚ ਜਾ ਗਰਜਿਆ ਸਿੰਘ 218–223

ਕੋਟੇ ਦੇ ਬਾਗ ਵਿਚ ਜਾ ਉਤਰੇ 218

ਵਿਸ ਕੰਨਿਆਵਾਂ ਨੇ ਸਵਾਗਤ ਕੀਤਾ। 219

ਰਾਜੇ ਸ਼ਿਵਨਾਭ ਦੇ ਮਹਿਲਾਂ ਵਿਚ 220

ਸੰਗਲਾਦੀਪ ਫੇਰੀ। 221

ਦਸਵੇਂ ਦੁਆਰ ਸੁਆਸ ਚੜਾਉਂਦਾ ਜੋਗੀ ਚੜ੍ਹਾਈ ਕਰ ਗਿਆ। 222

ਮਰਦਾਨੇ ਦੇ ਕਹਿਣ ਤੇ ਜਾਫਨਾ ਦੇ ਸੱਤ ਦੀਪਾਂ ਦੀ ਸੈਰ ਵੀ ਕੀਤੀ। 223

ਬਾਬ –46 ਦੂਸਰੀ ਉਦਾਸੀ। ਭਾਗ–3 ਲੰਕਾ ਤੋਂ – ਬੁਰਹਾਨਪੁਰ ਤਕ 224–241

ਨਾਗਾਪਟਨਮ। ਮਹਾਤਮਾ ਜੀ ਤੁਸੀ ਇਥੇ ਕੀ ਵੇਚਣ ਆਏ ਹੋ?- ਹੁੱਜਤੀ ਲੋਕਾਂ ਪੁਛਿਆਂ। 224

ਕੁੰਭਕੋਨਮ। 224

ਥੰਜਾਵੂਰ (ਤੰਜੌਰ)। ਜਦੋਂ ਬਾਬੇ ਦੇ ਮੱਥੇ ਵਿੱਚ ਰੋੜਾ ਵੱਜਿਆ। ਸ੍ਰੀਰੰਗਮ 225

ਤੀਰੂਪਤੀ। ਮੱਛਲੀਪਟਨਮ - ਵਿਜੈਵਾੜਾ - ਮੰਗਲਾਗਿਰੀ - ਗੰਟੂਰ। 226

ਗੰਟੂਰ। ਸਾਧੂਆਂ ਨੂੰ ਕਿਹਾ ਕਿ ਇਹ ਖੇਡ ਸੱਚ ਤੇ ਪ੍ਰੇਮ ਦੀ ਹੈ। 228

ਸ੍ਰੀਸੈਲਮ ਵਿਖੇ ਮੱਥਾ, ਜੀਭ ਵਿੰਨੀਦੇ, ਹੱਥ, ਪੈਰ, ਜੁਬਾਨ ਵੱਢੀਦੀ ਵੇਖ ਗੁਰੂ ਸਾਹਿਬ ਦਾ ਹਿਰਦਾ ਤੜਫ ਉਠਿਆ। 228

ਗੁਰੂ ਸਾਹਿਬ ਦਾ ਅਗਲਾ ਟੀਚਾ ਵਿਜੈਨਗਰ ਪਹੁੰਚਣਾ। 229

ਤੇ ਲਓ! ਪੰਡਿਆਂ ਨੇ ਕਰਨੂਲ ਦੇ ਲੋਕਾਂ ਦੇ ਗਲਾਂ ਵਿੱਚ ਗਿੱਠ ਗਿੱਠ ਲੰਮੀਆਂ ਗਣੇਸ਼ ਦੀਆਂ ਮੂਰਤੀਆਂ ਪਵਾਈਆਂ ਸਨ। 229

ਬਲੱਾਰੀ ਤੋਂ ਵਿਜੈਨਗਰ (ਅੱਜ ਦਾ ਹੰਪੀ ਸ਼ਹਿਰ ਕਰਨਾਟਕ) ਪਹੁੰਚੇ। 230

ਹੰਪੀ। ਮਰੇ ਪੰਛੀ ਜਿਵਾ ਕੇ ਪਛਤਾਇਆ ਬਾਬਾ। 231

ਜਦੋਂ ਜੰਗਲੀ ਜੀਵ ਬਾਬੇ ਦੀ ਸ਼ਰਨ ਵਿੱਚ ਆਏ। 232

ਬਾਗਲਕੋਟ ਦਾ ਤਲਰੀਜੀ ਗੁਰਦੁਆਰਾ। 232
ਬਦਾਮੀ-ਆਇਹੋਲ-ਬਾਗਲਕੋਟ। ਬਦਾਮੀ-233

ਭਗਤ ਨਾਮਦੇਵ ਦੇ ਨਗਰ ਪੰਧਰਪੁਰ ਪਹੁੰਚੇ ਬਾਬਾ ਜੀ। 234

ਨਾਨਕ ਝੀਰਾ। ਬਾਹਮਣੀ ਰਿਆਸਤ ਦੇ ਵੀਰਾ ਸ਼ਾਹ ਨੂੰ ਮਿਲਣ ਗਏ ਦੋ ਜਹਾਂ ਦੇ ਵਾਲੀ 235

ਨੰਦੇੜ (ਹਜੂਰ ਸਾਹਿਬ) ਆ ਸਿੱਖੀ ਦਾ ਬੂਟਾ ਲਾਇਆ। 236

ਜਦੋਂ ਬਾਬੇ ਨੇ ਇੱਕ ਗਰੀਬ ਤਰਖਾਣ ਦੀ ਝੁੱਗੀ ਢਾਹ ਦਿੱਤੀ। 237

ਔਢਾ ਨਾਗਨਾਥ ਜੋਤੀਲਿੰਗ ਪਹੁੰਚ ਗਏ ਬਾਬਾ ਨਾਨਕ। 237

ਭਗਤ ਨਾਮਦੇਵ ਦੇ ਜਨਮ ਅਸਥਾਨ ਨਰਸੀ ਬਾਮਣੀ ਵਿਖੇ। 238

ਰਾਮਟੇਕ - ਜਦੋ ਰਾਮਭੱਜ ਪਟੇਲ ਨੇ ਗਲੋਂ ਪੱਥਰ ਲਾਹ ਮਾਰਿਆ। 239

ਅਕੋਲਾ, ਅਮਰਾਵਤੀ, ਰਸਤੇ 'ਚ ਸਤਗਾਓ ਭੁਸਾਰੀ (ਜਿਲਾ ਬੁਲਢਾਣਾ) ਦੇ ਮੰਦਰ ਵੇਖੇ। 240

ਕੌਂਡਨਿਆਪੁਰ। 240

ਅਗਲੀ ਮੰਜਿਲ ਓਂਕਾਰੇਸ਼ਵਰ ਜੋਤੀਲਿੰਗ ਮੰਦਰ। 241

ਬਾਬ–48 ਦੂਸਰੀ ਉਦਾਸੀ। ਭਾਗ–4 ਬੁਰਹਾਨਪੁਰ ਤੋਂ ਸਿਰਸਾ 242–270

ਬੁਰਹਾਨਪੁਰ (ਜਨਵਰੀ 1517 ਈ.) 242

ਫਰਵਰੀ 1515।ਮਨਧਾਤਾ ਓਂਕਾਰੇਸ਼ਵਰ ਵਿਖੇ ਬਾਬੇ ਦੀ ਆਰਤੀ ਉਤਾਰੀ ਗਈ। 241

ਦਖਣੀ ਓਅੰਕਾਰ ਦੀ ਰਚਨਾ। 242

ਓਂਕਾਰੇਸ਼ਵਰ: ਇਹ ਮਨ ਨਹੀ ਵੱਸ ਆਉਦਾ। ਕੀ ਕਰੀਏ?- ਇਕ ਸਾਧੂ ਪੁੱਛਦੈ। 245

ਮਾਂਡੋ ਦੇ ਰਾਹ -ਠੱਗ ਨਾਲ ਹੀ ਹੋ ਤੁਰੇ। 245

ਮਾਰਚ 1517:ਮਾਂਡੋ ਦਾ ਗਧੇ ਸ਼ਾਹ ਕਪੂਰ। 247

ਧਾਰ:। ਪੈਂਦੇ ਸਾਰ, ਧਾਰ ਦੇ ਜੋਗੀਆਂ ਬਿਜਾਏ ਪਾਣੀ ਧਾਣੀ ਪੁੱਛਣ ਦੇ, ਬਹਿਸਬਾਜੀ ਸ਼ੁਰੂ ਕਰ ਦਿੱਤੀ। 248

ਧਾਰ:ਸਾਧੂਆਂ ਪੁਛਿਆ, ਬਾਬਾ ਜੀ ਮਰਨ ਤੋਂ ਬਾਦ ਕੀ ਹੁੰਦੈ? 249

ਬੇਟਮਾ ਪੜਾਅ- ਜਲ ਭੰਡਾਰ ਪ੍ਰਗਟ ਕੀਤਾ। 249

ਇੰਦੌਰ ਦਾ ਇਮਲੀ ਸਾਹਿਬ। 249

ਅਪਰੈਲ 1517:ਉਜੈਨ - ਮਹਾਕਾਲ ਦੇ ਸ਼ਹਿਰ ਵਿੱਚ ਬਾਬਾ ਨਾਨਕ। ਰਾਜਾ ਭਰਥਰੀ ਦੀ ਗੁਫਾ ਲਾਗੇ ਡੇਰਾ ਲਾਇਆ ਸੀ। 250

ਰਾਜਾ ਭਰਥਰੀ ਦੀ ਕਥਾ। 251

ਮਹੰਤ ਪੁੱਛਿਆ ਕਿਓ ਬਾਬਾ ਜੀ ਆਹ ਜਿਹੜੀ ਐਨੀ ਜਨਤਾ ਮੇਲੇ ਤੇ ਇਥੇ ਆਈ ਹੈ ਕੀ ਇਹ ਸਾਰੇ ਮੁਕਤ ਹੋਣਗੇ? 252

ਭਰਥਰੀ ਗੁਫਾ: ਦੂਹਰੇ ਕਿਵਾੜ! ਜੋਗੀ ਆਖੇ "ਜੀ ਡਰ ਲੱਗਦੈ" 252

ਭਰਥਰੀ ਮਹੰਤ ਨੇ ਪੁੱਛਿਆ ਬਾਬਾ ਜੀ ਤੁਸੀ ਕਿਹੜੀ ਸੰਪਰਦਾ ਦੇ ਸਾਧੂ ਹੋ? ਗੁਰੂ ਸਾਹਿਬ ਨੇ ਕਿਹਾ ਮੇਰੀ ਸੰਪਰਦਾ 'ਨਾਮ'। 253

ਭਰਥਰੀ ਗੁਫਾ ਉਜੈਨ ਵਿਖੇ ਹੀ ਕੀਰਤਨ ਸੋਹਿਲੇ ਦੀ ਰਚਨਾ ਹੋਈ। 254

ਪੁਸ਼ਕਰ ਮੇਲਾ- ਸਾਹਿਬ ਦੀ ਅਗਲੀ ਮੰਜਿਲ। 255

ਝਾਲਰਾਪਾਟਣ ਦਾ ਰਾਜਾ ਰਾਹੂ ਕੇਤੂ ਦੀ ਪੂਜਾ ਕਰਵਾ ਰਹਿਆ ਸੀ। 255

ਚਿਤੌੜਗੜ੍ਹ ਦਾ ਸਰੇਵੜਾ ਰੱਬ ਬਣਿਆ ਫਿਰਦਾ ਸੀ। 257

ਪੁਸ਼ਕਰ ਮੇਲੇ ਤੇ।ਅਜਮੇਰ ਚਿਸ਼ਤੀ ਦਰਗਾਹ ਦੇ ਮਜੌਰਾਂ ਨੂੰ ਇਨਸਾਨੀਅਤ ਦਾ ਪਾਠ ਪੜਾਇਆ। 258

ਨਵੰਬਰ 1517:ਬ੍ਰਹਮਾ ਦੀ ਨਗਰੀ ਪੁਸ਼ਕਰ ਜਾ ਗੱਜੇ ਬਾਬਾ ਜੀ 259

ਮਾਰੂਥਲ ਗਾਹਿਆ ਬਾਬੇ ਨਾਨਕ ਨੇ। 261

ਮਰਦਾਨਿਆ ਮੈਂ ਨਾਮ ਰੂਪੀ ਕੈਂਠਾ ਪਾ ਲਿਐ। 261

ਦਸੰਬਰ/ਜਨਵਰੀ 1518:ਨਾਗੌਰ - ਵੈਸਨਵ ਸਾਧੂ ਪੁੱਛਦਾ "ਬਾਬਾ ਤੇਰੇ ਨੂਰਾਨੀ ਚਿਹਰੇ ਦਾ ਕੀ ਰਾਜ ਹੈ?' 262

'ਚਤੁਰਾਈ ਨਹ ਚੀਨਿਆ ਜਾਇ' 263

ਜਨਵਰੀ 1518:ਓਸੀਆਂ ਦਾ ਜਿਮੀਂਦਾਰ ਕਹਿੰਦਾ, "ਬਾਬਾ ਜੀ ਤੁਮ ਕੈਸੇ ਉਸ ਖਤਰਨਾਕ ਰਸਤੇ ਸੇ ਬਚ ਕਰ ਆ ਗਏ?" 264

ਬਾਬਾ ਜੀ ਕਿਥੇ ਹੈ ਹਰੀ ਦਾ ਵਾਸਾ?- ਸਾਧੂਆਂ ਪੁੱਛਿਆ। 264

ਆਪਿ ਮਰੈ, ਮਾਰੇ ਭੀ ਆਪਿ (ਮਾਰਵਾੜ ਦੀ ਰਾਜਧਾਨੀ ਮੰਡੋਰ ਵਿਖੇ) 264

ਜੋਧਪੁਰ -ਰਾਓ ਗੀਗਾ ਪੁੱਛਦਾ ''ਤੁਹਾਡਾ ਕਿਹੜਾ ਫਿਰਕਾ ਹੈ?'' 265

ਜੋਧਪੁਰ ਝੀਲ ਵਿੱਚ ਗੁਰੂ ਸਾਹਿਬ ਨੇ ਪੱਥਰ ਦਾ ਕੂੰਡਾ ਤਾਰ ਦਿੱਤਾ। 265

ਸਰਦੀਆਂ 1517/18:ਜੈਸਲਮੇਰ ਦੇ ਮਾਰੂਥਲ ਵਿੱਚ ਬਾਬਾ। 266

ਪੋਖਰਣ ਦਾ ਰਾਮ ਦੇਵਰਾ ਵੇਖਿਆ। 267

ਸਿੱਧ ਜੋਗੀਆਂ ਨੂੰ ਰਾਹੇ ਪਾਉਣ ਗੁਰੂ ਜੀ ਸਾਹਵਾ ਆਏ। 268

ਗੁੱਗਾਪੀਰ ਦਾ ਦਦਰੇਵਾ ਅਤੇ ਗੁੱਗਾਮੜੀ। 268

ਮਈ 1518। ਮਰਦਾਨੇ ਨੂੰ ਅੱਕ ਦੀਆਂ ਖੱਖੜੀਆਂ ਖਵਾ ਦਿੱਤੀਆਂ। 269

ਸਰਸੇ ਫਕੀਰ ਦਾ ਹੰਕਾਰ ਤੋੜਿਆ। ਕਹਿੰਦਾ ਅਸੀ ਤਾਂ ਜਦੋਂ ਸਫਰ ਤੇ ਜਾਣਾ ਹੁੰਦਾ ਹੈ ਤਾਂ ਅਰਸ਼ਾਂ ਤੋਂ ਘੋੜੇ ਉੱਤਰ ਆਉਦੇ ਨੇ। 270

ਬਾਬ – 49 | ਦੂਸਰੀ ਉਦਾਸੀ। ਭਾਗ–5 ਸਿਰਸਾ ਤੋਂ ਪੱਖੋਕੇ ਅਤੇ ਕਰਤਾਰਪੁਰ ਦੇ ਕੌਤਕ ਭਾਗ–1 | 271 – 279

ਹਾਜੀ ਰਤਨ ਦੇ ਸਜ਼ਦਾਨਸ਼ੀਨ ਨਾਲ ਗੋਸ਼ਟੀ। 271

ਲੱਖੀ ਜੰਗਲ ਵਿਚ ਮੰਗਲ। 272

ਸਰਾਏ ਨਾਗਾ ਜਾ ਸਿੱਖੀ ਦਾ ਬੂਟਾ ਲਾਇਆ 273

ਮਰਦਾਨਾ ਚੌਥੇ ਪੰਜਵੇਂ ਦਿਨ ਜਾ ਪਹੁੰਚਿਆ ਤਲਵੰਡੀ। 273

ਜਦੋਂ ਭੈਣ, ਰੱਬ ਰੂਪੀ ਭਰਾ ਦੇ ਗੱਲ ਲੱਗ ਰੋਈ। 274

ਸੁਲਤਾਨਪੁਰ ਲੋਧੀ ਵਿਖੇ। 274

ਨਵਾਬ ਗੁਰੂ ਸਾਹਿਬ ਨੂੰ''ਹੁਣ ਕੋਈ ਟਿਕਾਣਾ ਬਣਾ ਕੇ ਬਹਿ ਜਾਓ।'' 275

ਬਾਬਾ ਕਹਿੰਦਾ "ਬਾਬਾ ਅਲਹੁ ਅਗਮ ਅਪਾਰੁ'। 275

ਗੁਰੂ ਸਾਹਿਬ ਨੇ ਨਵਾਬ ਨੂੰ ਜਵਾਬ ਦਿੱਤਾ ਕਿ, 'ਪ੍ਰਚਾਰ ਕਰਨਾ ਹੀ ਮੇਰੀ ਕਿਰਤ'। 275

ਬਾਬਾ ਤੂੰ ਸਾਡੇ ਵਲ ਕਿਓ ਟਿੱਕ ਟਿਕੀ ਲਾਈ ਤੱਕੀ ਜਾ ਰਿਹੈ? ਪੱਟੀ ਦੇ ਕਿਰਸਾਨਾਂ ਨੇ ਪੁਛਿਆ। 276

ਮਾਤਾ ਤ੍ਰਿਪਤਾ ਨੂੰ ਜਾ ਮਿਲਿਆ ਤਲਵੰਡੀ। 277

ਮਾਤਾ ਵੀ ਬਾਬੇ ਦੇ ਨਾਲ ਹੀ ਜਾਗ ਉੱਠੀ। 277

ਕਰਤਾਰਪੁਰ ਦੇ ਕੌਤਕ। ਭਾਗ-1 277
ਦੋ ਦਰਿਆਵਾਂ ਦਾ ਮੇਲ। ਪੱਖੋਕੇ ਪਹੁੰਚ ਗਇਆ ਬਾਬਾ

ਜਦੋਂ ਭੁੰਜੇ ਹੀ ਬੈਠਾ ਰਿਹਾ ਦੋ ਦਿਨ। 278

ਮਾਤਾ ਬੋਲੀ, ''ਦੱਸ ਆ ਸ਼ਾਹਰੁਕ ਕੀ ਪਈ ਆਖਦੀ ਏ? 278

'ਬਿਨੁ ਦਮ ਕੇ ਸਉਦਾ ਨਹੀ ਹਾਟ॥' 279

ਮਾਤਾ ਨੂੰ ਆਖਿਆ ਕਿ ਮੋਹ ਛੱਡ ਦੇ। 279

ਬਾਬ– 49 | ਕਰਤਾਰਪੁਰ ਦੇ ਕੌਤਕ। ਭਾਗ–2 ਅਜਿਤੇ ਦੇ ਪ੍ਰਸ਼ਨਾਂ ਨੇ ਕੀਤਾ ਪ੍ਰਸੰਨ ਅਤੇ ਕਲਾਨੌਰ ਦਾ ਕ੍ਰੋੜੀਆ | 280 – 288

ਬਾਬਾ ਤੇਰਾ ਅਸਲੀ ਰੂਪ ਕੀ ਹੈ?- ਅਜਿਤਾ। 280

ਬਾਬਾ ਸ਼ਬਦ ਸੁਣ ਮੇਰਾ ਤਾਂ ਮੰਨ ਹੀ ਸਹਿਮ ਗਿਆ- ਅਜਿਤਾ। 280

ਬਾਬਾ ਤੇਰੀ ਯਾਰੀ ਜੋਗੀਆਂ ਨਾਲ। ਕੀ ਜੋਗ ਨਿਰੰਕਾਰ ਨਾਲ ਜੋੜਦਾ ਹੈ? ਅਜਿਤਾ 281

ਰਸੋਈਆ ਬਿਨਾਂ ਨਹਾਤੇ ਲੰਗਰ 'ਚ ਵੜ ਗਿਐ - ਅਜਿਤੇ ਦੀ ਸ਼ਕਾਇਤ। 281

ਬਾਬਾ ਜੀ ਇਹਦਾ ਕੀ ਅਰਥ?- "ਅਰਬਦ ਨਰਬਦ ਧੁੰਧੂਕਾਰਾ॥" 282

ਬਾਬਾ ਜੀ ਨਿਰੰਕਾਰ ਦਾਨਾ ਬੀਨਾ ਕਿਵੇ ਹੋ ਗਿਆ? - ਅਜਿਤਾ 282

ਬਾਬਾ ਜੀ ਤੁਹਾਡੇ ਬਾਦ ਭਰਮ ਪੈਦਾ ਹੋਣਗੇ। - ਅਜਿਤਾ। 283

ਬਾਬਾ ਜੀ ਸਦਾ ਰਹਿਣ ਵਾਲਾ ਪੈਗੰਬਰ ਹੋਵੇ - ਅਜਿਤਾ 283

ਪਰ ਬਾਬਾ ਤੂੰ ਆਪਣੇ ਆਪ ਨੂੰ ਨੀਚਾਂ ਤੋਂ ਨੀਚ ਨਾਂ ਅਖਵਾ। ਸਾਨੂੰ ਸ਼ਰਮ ਆਉਦੀ ਏ- ਅਜਿਤਾ ਰੰਧਾਵਾ। 283

ਅਜਿਤਿਆ ਕਲਿਜੁਗ ਵਿੱਚ ਲੋਕ ਲੰਗਰ ਤੇ ਸੰਗੀਤ ਦਾ ਸਵਾਦ ਲੈਣ ਗੁਰੂ ਦਰ ਤੇ ਜਾਣਗੇ। 284

ਬਾਬਾ ਜੀ ਇਹ ਕਿਵੇ ਹੋ ਸਕਦੈ ਅਖੇ ਜਿਹੜਾ ਨਾਮ ਜਪੇਗਾ ਜਮ ਉਹਦੇ ਨੇੜੇ ਨਹੀ ਆਵੇਗਾ? 284

'ਅਚਲ ਆਏ ਨਾਨਕਾ, ਨਰਕਪੁਰੀ ਵਿੱਚ ਜਾਇ॥ ' 284

ਬ੍ਰਹਮਾ ਬਿਸ਼ਨ ਮਹੇਸ਼, ਸ੍ਰੀ ਰਾਮ ਕ੍ਰਿਸ਼ਨ ਬਾਰੇ ਤੁਹਾਡਾ ਕੀ ਵੀਚਾਰ ਹੈ, ਗੁਰੂ ਜੀ? 285

ਬਾਬਾ ਜੀ ਪਰ-ਨਾਰੀ ਭੋਗ ਕਿਓ ਮਨ੍ਹਾ? ਧਰਮ ਨਾਲ ਕੀ ਸਬੰਧ? 285

ਗੁਰੂ ਜੀ ਅਸਲੀ ਨਕਲੀ ਸਾਧ ਦੀ ਕੀ ਪਛਾਣ ਹੋਵੇਗੀ? 285

ਗੁਰੂ ਜੀ ਨੇ ਬਾਬਰ ਨੂੰ ਵਰ ਕਿਓ ਦਿੱਤਾ? 286

ਕਲਾਨੌਰ-ਕ੍ਰੋੜੀਆ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਨ ਨਿਕਲਿਆ। 286

ਕਲਾਨੌਰ ਦਾ ਸੈਦੋ ਘਈ 287

ਬਾਬ–50 | ਤੀਸਰੀ ਉਦਾਸੀ। ਭਾਗ–1 ਹਿਮਾਚਲ ਤੇ ਸੁਮੇਰ | 289–309

ਬਾਬਾ ਜਾ ਚੜ੍ਹਿਆ ਦੁਨੀਆ ਦੀ ਛੱਤ ਤੇ। 289

ਲੁਧਿਆਣੇ ਨੂੰ ਆ ਤਾਰਿਆ ਬਾਬੇ ਨੇ 291

ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥ - ਪੰਜੌਰ 292

ਕੀਰਤਪੁਰ - ਬੁੱਢਣ ਸ਼ਾਹ ਤੇਰਾ ਦੁੱਧ ਅਸੀ ਫਿਰ ਪੀਵਾਂਗੇ। 293

ਦਿਓੜਸਿੱਧ ਦਾ ਬਾਬਾ ਬਾਲਕ ਨਾਥ। -ਤੁਹਾਡਾ ਨਾਚ ਤਾਂ ਸਾਰਥਕ ਜੇ ਨਾਲ ਨਿਰੰਕਾਰ ਦੇ ਜੱਸ ਦਾ ਗਾਣਾ ਵੀ ਚਲੇ। 294

ਰਿਵਾਲਸਰ ਦੇ ਤਰਦੇ ਟਿੱਬੇ 295

ਪਦਮਸੰਭਵ 296

ਗੁਰੂ ਸਾਹਿਬ ਨੂੰ ਇਸਨਾਨ ਕਰਦੇ ਵੇਖ ਜੋਗੀ ਬੋਲਿਆ, ਕਿਓ ਮਰਨ ਲੱਗਾ ਏ? 298

ਜਵਾਲਾਮੁਖੀ - ਤੁਹਾਡਾ ਹੱਠ ਵਿਅਰਥ ਹੈ। 298

ਕਾਂਗੜੇ ਦਾ ਬਾਬਾ 300

ਭਰਮੌਰ ਦੇ ਸਿੱਧ ਜੋਗੀ। 300

ਢੂਆਸ ਜਾਂ ਹਟਵਾਸ ਵਿਖੇ ਬਾਬਾ। 301

ਪਹੁੰਚ ਗਇਆ ਬਾਬਾ ਕੀੜ੍ਹੀਆਂ ਦੇ ਸ਼ਹਿਰ। 301

ਭੁੰਤਰ - ਰਾਜੇ ਨੂੰ ਕੁਕਰਮ ਤੋਂ ਵਰਜਿਆ। ਜਨਮਸਾਖੀ ਦੇ ਭੂਟੰਤ ਤੋਂ ਮਤਲਬ ਭੂਟਾਨ ਨਹੀ, ਭੂਟੰਤਰ ਹੈ। 303

ਮਨੀਕਰਣ (ਕੁੱਲੂ) ਪਹੁੰਚਿਆ ਕਲਿਤਾਰਨ 304

ਬਾਬੇ ਜਾ ਜਗਾਏ ਸੁਮੇਰ ਦੇ ਸੁੱਤੇ ਜੋਗੀ। ਸੁਮੇਰ ਜਾਂ ਕੈਲਾਸ਼ ਪਰਬਤ। 305

ਰਾਹ ਵਿੱਚ - ਡੂੰਘੀ ਸਮਾਧੀ ਵਿੱਚ ਪਿਆ ਲਾਮਾ ਵੇਖਿਆ। 306

ਚਾਰ ਧਰਮਾਂ ਦਾ ਪਵਿਤ੍ਰ ਸਥਾਨ ਕੈਲਾਸ਼। 308

ਸੁਮੇਰ ਪਰਬਤ ਦੇ ਜੋਗੀ। 308

ਬਾਬ – 50ੳ | ਤੀਸਰੀ ਉਦਾਸੀ। ਭਾਗ–2 ਵਿਆਖਿਆ। ਕੈਲਾਸ਼ ਪਰਬਤ ਤੇ ਸਿੱਧ ਗੋਸਟਿ ਅਰਥਾਤ ਨਾਮ ਦਾ ਸਿਧਾਂਤ। | 310 – 316

ਸੰਖੇਪ ਵਿਚ ਵਿਆਖਿਆ ਅਤੇ ਮੌਜੂਦਾ ਜੋਗੀ ਡੇਰਿਆਂ ਨੂੰ ਜਵਾਬ ਦਿੱਤਾ ਹੈ। 310

ਬਾਬ–50ਅ | ਤੀਸਰੀ ਉਦਾਸੀ। ਭਾਗ–3 ਸੁਮੇਰ ਪਰਬਤ ਤੋਂ ਕਸ਼ਮੀਰ | 317–327

ਨਕਸ਼ਾ- ਲੇਹ, ਲਦੱਖ ਅਤੇ ਕਸ਼ਮੀਰ ਵਿਚ ਬਾਬਾ 317

ਤਿੱਬਤ ਵਿਚ ਬਾਬਾ। 317

ਸੁਮੇਰ ਪਰਬਤ ਤੋਂ ਵਾਪਸੀ 317

ਲੇਹ ਦੇ ਲਾਮਿਆਂ ਗੁਰੂ ਜੀ ਦੀ ਤਸਵੀਰ ਪੱਥਰ 'ਚ ਘੜੀ। 317

ਸਕੱਰਦੂ ਤੇ ਕਾਰਗਿਲ ਵਿੱਚ ਬਾਬਾ 318

ਬਾਬੇ ਤਾਰਿਆ ਅਮਰਨਾਥ ਯਾਤਰੂਆਂ ਨੂੰ 319

ਬ੍ਰਹਮ ਦਾਸ ਕਹਿੰਦਾ "ਤੂੰ ਕੈਸਾ ਸਾਧੂ ਹੈਂ ਸਰੀਰ ਦੁਆਲੇ ਚੰਮ ਲਵੇਟਿਐ।'' 321

ਸ੍ਰੀ ਨਗਰ ਵਿਚ ਸ੍ਰੀ ਬਾਬਾ। 324

ਆਜੜੀ ਬਾਬੇ ਮਰਦਾਨੇ ਨੂੰ ਕਹਿੰਦਾ, ''ਤੁਸੀ ਕੋਈ ਚੋਰ ਡਾਕੂ ਲਗਦੇ ਹੋ।'' 327

ਬਾਬ–51 | ਤੀਸਰੀ ਉਦਾਸੀ। ਭਾਗ–4 ਕਸ਼ਮੀਰ ਤੋਂ ਕਾਬੁਲ | 328–340

ਕਲਿਆਣਸਰ ਜਾਣਾ। 328

ਬਾਲਾਕੋਟ ਵੀ ਚਸ਼ਮੇ ਜਾਰੀ ਕੀਤੇ। 329

ਹਸਨ ਅਬਦਾਲ ਦੇ ਪੰਜਾ ਸਾਹਿਬ ਦਾ ਕੌਤਕ। ਪੰਜਾ ਸਾਹਿਬ ਦੀ ਸੇਵਾ ਖਾਲਸਾ ਰਾਜ ਵੇਲੇ ਮੁਸਲਮਾਨਾਂ ਦੇ ਹੱਥ ਵਿੱਚ ਸੀ। 329

ਪਿੰਡ ਕਾਮਰਾ ਵਿਖੇ ਚਸ਼ਮਾ ਜਾਰੀ ਕੀਤਾ। 332

''ਗ੍ਰਿਸਤ ਮਾਰਗ ਸਭ ਤੋਂ ਉੱਤਮ'' ਗੋਰਖ ਹੱਟੜੀ ਪਹੁੰਚ ਗਇਆ ਗ੍ਰਿਸਤੀ ਬਾਬਾ। 333

ਅਬਦੁਲ ਰਹਿਮਾਨ ਨੂੰ ਜੋੜਾ ਬਖਸ਼ਿਆ। 335

ਪੇਸ਼ਾਵਰ ਤੋਂ ਪਟਿਆਲੇ ਕਿਵੇ ਪਹੁੰਚਿਆ ਪਵਿਤ੍ਰ ਜੋੜਾ। 335

ਛਿੰਪ ਨਾਂ ਸਕਿਆ ਜਲਾਲਬਾਦ ਵਿਖੇ ਬਾਬੇ ਦਾ ਜਲਾਲ। 336

ਜਦੋਂ ਬਾਬਰ ਨੇ ਬਾਬੇ ਕੋਲੋਂ ਚੱਕੀ ਪਿਸਾਈ। 336

ਪਰ ਗੁਰੂ ਸਾਹਿਬ ਅੱਗੇ ਹੋ ਕੇ ਬਾਬਰ ਨੂੰ ਕਿਓ ਮਿਲਣ ਗਏ? 336

ਗੁਰੂ ਸਾਹਿਬ ਨੇ ਬਾਬਰ ਨੂੰ ਹਿੰਦੁਸਤਾਨ ਦਾ ਤਖਤ ਬਖਸ਼ਿਆ। 337

ਬਾਬ 52 | ਤੀਸਰੀ ਉਦਾਸੀ। ਭਾਗ–5 ਬਾਬਰਬਾਣੀ | 341–345

''ਹੰਕਾਰੇ ਹੋਏ ਹੁਕਮਰਾਨ ਤੇ ਲੋਕਾਈ ਨੇ ਰੱਬ ਭੁਲਾਇਆ ਹੋਇਆ ਸੀ।''-ਗੁਰੂ ਨਾਨਕ 341

ਇਹ ਕਹਿਣਾ ਗਲਤ ਹੈ ਕਿ ਸੈਦਪੁਰ ਵਿਖੇ ਗੁਰੂ ਸਾਹਿਬ ਕੋਲੋ ਚੱਕੀ ਪਿਸਾਈ ਗਈ ਸੀ। ਚੱਕੀ ਵਾਲੀ ਘਟਨਾ ਕਾਬੁਲ ਦੀ ਹੈ। 341

ਕਾਬੁਲ ਰਹਿੰਦਿਆਂ। ਅਤੇ ਕਾਬੁਲ ਤੋਂ ਵਾਪਸੀ। 341

ਸੈਦਪੁਰ ਗੁਰਸਿੱਖਾਂ ਨੂੰ ਹਮਲੇ ਬਾਬਤ ਸੁਚੇਤ ਕਰਨਾਂ। 341

ਬਾਬਰ ਦਾ ਸੈਦਪੁਰ ਤੇ ਹਮਲਾ ਅਤੇ ਗੁਰੂ ਸਾਹਿਬ ਦੀ ਗਵਾਹੀ। 342

ਲਹੌਰ ਤੇ ਦੀਪਾਲਪੁਰ ਦੇ ਕਤਲਾਮ ਉਪਰੰਤ। 344

ਪਾਣੀਪਤ ਦੇ ਯੁੱਧ ਮਗਰੋਂ। 344

ਸੈਦਪੁਰ ਵਿਚ ਚੱਕੀ ਪੀਹਣ ਵਾਲੀ ਸਾਖੀ ਦੀ ਸਚਾਈ। 345

ਬਾਬ – 52 | ਜੋਗੀਆਂ ਦਾ ਜੋਗੀ, ਗਇਆ ਟਿੱਲਾ ਜੋਗੀਆਂ ਦੱਖਣ ਪੂਰਬੀ ਪੋਠੋਹਾਰ। ਫਰਵਰੀ 1521 | 346 – 353

ਗੁਜਰਾਂਵਾਲਾ, ਬੱਦੋ ਕੀ ਗੁਸਾਈਆਂ, ਕੇਰ ਭਾਗ ਦੀ। 346

ਡਿੰਗੇ ਦੇ ਜੋਗੀ ਦਾ ਡਿੰਗ ਕੱਢਿਆ। 347

ਟਿੱਲਾ ਜੋਗੀਆਂ। 349
ਬਾਲ ਨਾਥ ਕਹਿੰਦਾ ਬਾਬਾ ਨਾਨਕ ਇਥੇ ਕੀ ਲੈਣ ਆ ਗਿਆ? 349
ਬਾਲਨਾਥ ਵੀ ਕਹਿੰਦਾ ''ਗੁਰੂ ਜੀ ਬਥੇਰਾ ਘੁੰਮ ਲਿਆ, ਹੁਣ ਕੋਈ ਟਿਕਾਣਾ ਬਣਾ ਕੇ ਬਹਿ ਜਾਓ। 350
ਚੋਆ ਸਾਹਿਬ ਰੋਹਤਾਸ। 350
ਭਿੰਬਰ, ਜੇਹਲਮ ਸ਼ਹਿਰ। 351
ਕਟਾਸਰਾਜ, ਧਰਤੀ ਦੀ ਅੱਖ। 352

ਬਾਬ – 52 | ਮੁਕਾਮ ਦੀ ਕਾਇਮੀ ਕਰਤਾਰਪੁਰ ਦੇ ਕੌਤਕ : ਭਾਗ–3 ਧਰਮਸਾਲ ਦੋਦਾ ਤੋਂ ਪੱਖੋਕੇ ਵਾਲਾ ਡੇਰਾ ਤੇ ਫਿਰ ਕਰਤਾਰਪੁਰ। | 354 – 360

ਦੋਦਾ। 354
ਜਦੋਂ ਦੋਦੇ ਨੇ ਦੁੱਧ ਦਾ ਦਰਿਆ ਵਗਦਾ ਵੇਖਿਆ। 356
ਧਰਮਸਾਲ ਪਿੰਡ ਦੋਦਾ। 356
ਦੋਦੇ ਤੋਂ ਅਜਿਤੇ ਦੇ ਡੇਰੇ ਆਏ। 357
ਅਜਿਤੇ ਦਾ ਖੂਹ: ਪੱਖੋਕੇ। 357
ਕਰਤਾਰਪੁਰ। ਦੁਨੀ ਚੰਦ ਕ੍ਰੋੜੀਏ ਨੇ100 ਵਿਘਾ ਜਮੀਨ ਦਾ ਪੱਟਾ ਗੁਰੂ ਸਾਹਿਬ ਦੇ ਚਰਨਾਂ ਤੇ ਭੇਟ ਕੀਤਾ। 1579 ਬਿ. ਚੇਤ੍ਰ ਵਿਸਾਖ। 358
ਮਾਤਾ ਚੋਣੀ ਅਤੇ ਲਖਮੀ ਚੰਦ ਵੀ ਪੱਖੋਕੇ ਡੇਰੇ ਸ਼ਾਮਲ ਹੋ ਗਏ ਸਨ। 359
ਬਾਬਾ ਸ੍ਰੀ ਚੰਦ ਵੀ ਕਰਤਾਰਪੁਰ ਆ ਗਏ 360
ਮਾਤਾ ਪਿਤਾ ਵੀ ਕਰਤਾਰਪੁਰ ਆ ਗਏ 360

ਬਾਬ– 53 | ਕਰਤਾਰਪੁਰ ਦੇ ਕੌਤਕ: ਭਾਗ–4 (1522 ਤੋਂ 1529 ਈ.) | 361– 371

ਮਾਤਾ ਪੁੱਛਦੀ ''ਪੁੱਤਾ ਤੂੰ ਕਿਹੜੇ ਧਰਮ ਨੂੰ ਮੰਨਦੈ?'' 361
ਜਦੋਂ ਸਾਧੂਆਂ ਨੇ ਗੁਰੂ ਸਾਹਿਬ ਤੇ ਸਵਾਲਾਂ ਦੀ ਬੁਛਾੜ ਕਰ ਦਿੱਤੀ। 361
ਖਾਣੀਆਂ ਦੀ ਕਹਾਣੀ, ਅੱਗ, ਜੀਵ, ਵੱਖ ਵੱਖ ਕਿਸਮਾਂ ਦੇ ਜੀਅ ਤੇ ਕੋਈ ਵੀ ਦੂਸਰੇ ਨਾਲ ਮੇਲ ਨਹੀ ਖਾਂਦਾ। 362
ਸੁਆਦ। ਨਾਮ ਦਾ ਸਿਧਾਂਤ। ਪ੍ਰਮੇਸ਼ਰ ਨੇੜੇ ਕਿਵੇ ਹੈ ਤੇ ਦੂਰ ਕਿਵੇ? 363
ਉੱਝੜ ਕੀ ਹੈ? ਰਾਹ ਕੀ ਹੈ? 364
ਵੇਦ ਉੱਤਮ ਕਿ ਨਾਦ ਉੱਤਮ? 364
ਕਵੀ ਨੂੰ ਉਪਦੇਸ਼। ਕਵਿਤਾ ਹੌਲੀ, ਜਿਹਦੇ ਮਨ ਵਿੱਚ ਭੈ ਨਹੀ। 364
ਮਾਤਾ ਬੋਲੀ, ''ਪੁੱਤਰਾ! ਘਰਵਾਲੀ ਦਾ ਵੀ ਖਿਆਲ ਕਰਿਆ ਕਰ!'' 364
ਬਾਬਾ ਜੀ ਦੱਸੋ ਕੀ ਕਰੀਏ ਕਿ ਰੱਬ ਦੇ ਦਰ ਦੇ ਦਰਸ਼ਨ ਹੋ ਜਾਣ। 365
ਸਾਹਿਬ ਮੇਰਾ ਨੀਤ ਨਵਾ। 365
ਦਾਅਦਾ ਕਾਲੂ ਬੋਲਿਆ, 'ਸਭ ਉਜਾੜੀ ਜਾਨੈ, ਦੋ ਪੈਸੇ ਕੰਮ ਧੰਧੇ ਵਿੱਚ ਵੀ ਲਾ' 365
ਮਾਤਾ ਕ੍ਰਹਿਣ ਲੱਗੀ ''ਵੇ ਮੇਰਾ ਨਹੀਓ ਸਿਮਰਨ ਵਿੱਚ ਮਨ ਲੱਗਦਾ'' 366
ਰੱਬ ਦੇ ਰਾਹ ਤੇ ਭੇਖ, ਫਜੂਲ ਹੈ। ਇਕ ਵੈਸ਼ਨਵ ਨਾਲ। 367
ਆਪੇ ਰੱਬ ਘੜ੍ਹ ਕੇ ਉਸ ਦੀ ਪੂਜਾ ਕਰਨ ਬਹਿ ਜਾਂਦੇ ਨੇ! 368
ਜਦੋਂ ਸਾਧੂਆਂ ਗੁਰੂ ਸਾਹਿਬ ਦੀ ਤਾਰੀਫ ਕਰ ਦਿੱਤੀ। 369
ਪੰਡਤਾਂ ਨੇ ਆ ਪੁੱਛਿਆ "ਬਾਬਾ ਕੀ ਤੂੰ ਅਵਤਾਰਾਂ ਨੂੰ ਨਹੀ ਮੰਨਦਾ?'' 369
ਸਾਧੂਆਂ ਪੁੱਛਿਆ, "ਕੁਝ ਲੋਕ ਚੰਗਾ ਖਾਂਦੇ ਪੀਂਦੇ, ਪਹਿਨਦੇ, ਮਸਤ ਰਹਿੰਦੇ ਨੇ। ਅੱਗਾ ਕਿਹਨੇ ਵੇਖਿਐ?" 369
ਰਚਨਾ ਨੂੰ ਹੀ ਰੱਬ ਦਾ ਸਰੀਰ ਸਮਝੋ। 370
ਜਦੋਂ ਸ਼ਰਾਬੀਆਂ ਖਿਲਾਫ ਸਾਧੂਆਂ ਸ਼ਕਾਇਤ ਕੀਤੀ ਸੀ ਤਾਂ। 370
ਮਾਤਾ ਪਿਤਾ ਦਾ ਚਲਾਣਾ। 371

ਬਾਬ – 55 | ਛੋਟੀ ਜਿਹੀ ਉਦਾਸੀ ਸਿਆਲਕੋਟ, ਜੰਮੂ, ਵੈਸ਼ਨੋਦੇਵੀ, ਭਦਰਵਾਹ, ਚੰਬਾ, ਸੁਲਤਾਨਪੁਰ | 372 – 387

ਮੱਲਾ ਭਾਬੜਾ, ਪਸਰੂਰ ਦਾ ਦਿਓਕਾ। 372
ਸੀਓਕੇ ਦੇ ਮਸਖਰਿਆਂ ਨੇ ਗੁਰੂ ਸਾਹਿਬ ਨੂੰ ਢੀਮਾਂ ਮਾਰੀਆਂ। 373
ਫੱਤੇ ਭਿੰਡਰ। 373
ਸਾਹੋਵਾਲਾ, ਸਿਆਲਕੋਟ। 374
ਹਮਜਾ ਗੌਂਸ ਸਿਆਲਕੋਟ ਸ਼ਹਿਰ ਨੂੰ ਤਬਾਹ ਕਰਨ ਤੇ ਤੁਲਿਆ ਸੀ। 376
ਮੂਲਾ ਵੀ ਗੁਰੂ ਦਾ ਹੋ ਗਇਆ। 376
ਪਿੰਡ ਤਿਲਕਪੁਰ। 376
ਜੰਮੂ ਵਿੱਚ ਬਾਬਾ ਨਾਨਕ। 377
ਰਾਜਾ ਘੋਗੜ ਦੇਵ ਭੇਸ ਬਦਲ ਕੇ ਕਥਾ ਸੁਣਨ ਆਇਆ। 378
ਪੁਰਮੰਡਲ ਦੀ ਗਿੱਦੜੀ। 378
ਮਾਨਸਰ ਜਾਣਾ। 379
ਵੈਸ਼ਨੋ ਦੇਵੀ। ਲੋਕਾਂ ਨੂੰ ਨਿਰੰਕਾਰ ਨਾਲ ਜੋੜੋ। ਮੂਰਖ ਨਾ ਬਣਾਓ। 380
ਬਾਬੇ ਦੇ ਭਦਰਵਾਹ ਪਹੁੰਚਣ ਤੇ ਇਲਾਕਾ ਉਲਟ ਕੇ ਪੈ ਗਇਆ ਦਰਸ਼ਨਾਂ ਨੂੰ। ਰਾਤੀਂ ਫਿਰ ਬਾਸ਼ਕ ਨਾਗ ਮੰਦਰ ਵਿੱਚ ਕੀਰਤਨ ਕੀਤਾ ਬਾਬੇ ਨੇ। 381
ਬਾੜੀ ਮਰਮਤ ਦੀ 'ਨਾਨਕ ਪਿਲ' । 382
ਚੰਬੇ ਦੇ ਰਾਜੇ ਨੂੰ ਉਪਦੇਸ਼। 382
ਸਾਧੂ ਕਿਹੋ ਜਿਹਾ ਹੋਵੇ- ਚਰਪਟ ਵਣੀ ਵਿਖੇ ਬਾਬਾ 383
ਪਠਾਣਾਂ ਨੇ ਗੀਤ ਗਾਇਆ, "ਦਮਸਾਹ ਨਾਨਕ! ਦਮਸਾਹ ਨਾਨਕ! 384
ਸਠਿਆਲਾ। ਸਠਿਆ ਚੁੱਕੇ ਮੌਲਾਣੇ ਨੇ ਗੁਰੂ ਸਾਹਿਬ ਨੂੰ ਢੀਮਾਂ ਮਰਵਾਈਆਂ। 385
"ਪਿੰਡ ਠੱਠੀਆਂ ਅਤੇ ਬੁੱਢਾ ਥੇਹ (ਨੇੜੇ ਬਾਬਾ ਬਕਾਲਾ) ਯਾਦਗਾਰਾਂ ਅਲੋਪ ਹਨ। 386
ਸਤਿ ਕਰਤਾਰ ਦਾ ਅਵਾਜਾ ਸੁਣ ਭੈਣ ਨਾਨਕੀ ਗੱਦ ਗੱਦ ਹੋ ਉਠੀ। 387
''ਨਾਂ ਨਾਂ ਭੈਣੇ! ਇਹ ਆਟੇ ਦੇ ਦੀਵੇ ਨਾਲ ਗੱਲ ਨਹੀ ਬਣਨੀ"। 387

ਬਾਬ –56 | ਬਟਾਲਾ ਸਮਾਗਮ ਅਤੇ ਉਦੋਕੇ ਦੀ ਈਸਰੀ | 388– 393

ਉਦੋਕਿਆਂ ਦੀ ਬੀਬੀ ਈਸਰੀ 388
ਜਦੋਂ ਅੱਖ ਦੇ ਫੋਰ ਵਿਚ ਹੀ ਲਹੌਰ ਮਾਮਲਾ ਤਾਰ ਦਿੱਤਾ। 390
ਖੂਹ ਵਿਚ ਬਾਬੇ ਦਾ ਵੀ ਹਿੱਸਾ! 391
ਜਦੋਂ ਵਟਾਲੇ ਦੇ ਵਪਾਰੀਆਂ ਨੇ ਗੁਰੂ ਸਾਹਿਬ ਦੇ ਸਤਿਕਾਰ ਵਿਚ ਵੱਡਾ ਜੋੜ ਮੇਲਾ ਕੀਤਾ। 392
ਇਕ ਬਟਾਲਵੀ ਪੁੱਛਦਾ ਬਾਬਾ ਜੀ ਕਿਹੜੇ ਫਿਰਕੇ ਦਾ ਬੰਦਾ ਪ੍ਰਵਾਨ? 393

ਬਾਬ–57	ਕਰਤਾਰਪੁਰ ਦੇ ਕੌਤਕ: ਭਾਗ–5 (1525 ਤੋਂ 1530 ਈ. ਤਕ)	394–397

ਬਾਬੇ ਨੇ ਵਿਹਲੜ ਤਮਾਸ਼ਬੀਨ ਕਰਤਾਰਪੁਰ ਤੋਂ ਭਜਾਏ। 394
ਜਦੋਂ ਦੋ ਕਾਜੀਆਂ ਨੂੰ ਸ਼ਾਬਾਸ਼ ਦਿੱਤੀ 394
ਬ੍ਰਾਹਮਣ ਨੇ ਚੁੱਲੇ ਲਈ ਥਾਂ ਪੁੱਟੀ। ਕਰੰਗ ਨਿਕਲ ਆਇਆ। 395
ਜਦੋਂ ਸਾਲਗ੍ਰਾਮ ਦੇ ਪੁਜਾਰੀ ਬ੍ਰਾਹਮਣ ਨ੍ਰਿਉਤਰ ਹੋਏ। 396
ਜਿਸ ਤੇ ਬਖਸ਼ਸ਼ ਹੋਈ ਹੁੰਦੀ ਹੈ : ਉਹ ਸੱਚ ਤੇ ਚਲਦਾ ਹੈ। 396
ਹੀਰਾ ਤਾਂ ਘਰ ਵਿੱਚ ਹੀ ਹੈ। 396
ਬਾਬਾ ਜੀ ਜੇ ਬੰਦਾ, ਸੰਨਿਆਸੀ ਸਾਧੂ ਬਣ ਜਾਏ ਤਾਂ? 397
ਜਦੋਂ ਮੋਦੀਖਾਨੇ ਵਾਲਾ ਸਾਥੀ ਆ ਮਿਲਿਆ 397

ਬਾਬ–59	ਮੁਕਾਮੀ ਦੌਰੇ –ਭਾਗ 3 ਕਸੂਰ, ਫਿਰੋਜਪੁਰ ਵਗੈਰਾ। ਵੱਖ ਵੱਖ ਸਮਿਆਂ ਤੇ)	398–402

ਬਾਬੇ ਦੇ ਕਸੂਰ ਆਗਮਨ ਤੇ ਰਾਸਧਾਰੀਆ ਨੇ ਨੱਚ ਕੇ ਖੁੱਸ਼ੀ ਮਨਾਈ। 398
ਖੇਮਕਰਨ ਸ਼ੇਖ ਬ੍ਰਹਮ ਨਾਲ ਫਿਰ ਮੇਲ। 398
ਸਵਾਦ ਦੇ ਚੱਕ੍ਰ 'ਚ ਜੀਵ ਮਰਦੈ। 399
"ਬਾਬਰ ਨੂੰ ਸਮਝਾਉਣ ਦਾ ਕੋਈ ਫਾਇਦਾ ਨਹੀ ਹੋਇਆ"- ਫਿਰੋਜਪੁਰ ਵਿੱਚ ਬਾਬਾ। 400
ਜਦੋਂ ਖਾਲੜੇ ਦੇ ਮਹਾਜਨ ਨੇ ਗੁਰੂ ਸਾਹਿਬ ਕੋਲੋਂ ਕਪਾਹ ਵੇਲਾਈ। 400
ਖਾਲੜੇ ਤੋਂ ਗੁਰੂ ਸਾਹਿਬ ਅਮੀਂਸ਼ਾਹ ਆਏ। 401
ਜਾਹਮਣ ਦੇ ਜੈਨੀ । 401
ਕੁਝ ਸਾਖੀਆਂ ਅਤੇ ਸਥਾਨ ਜਿੰਨਾਂ ਦਾ ਵੇਰਵਾ ਸਬੰਧਤ ਉਦਾਸੀਆਂ ਵਿਚ ਨਾਂ ਆ ਸਕਿਆ:- 401 -
ਤਖਤੂਪੁਰਾ (ਮੋਗਾ),ਪੱਤੋ ਹੀਰਾ ਸਿੰਘ, ਅਕੋਈ, ਈਸਰਹੇਲ, ਨਾਨਕ ਪੁਰ ਜਗੇੜਾ,ਕਮਾਲਪੁਰ (ਸੰਗਰੂਰ), ਨਾਨਕਸਰ ਸੁਨਾਮ, ਤਲਵੰਡੀ ਸਾਬੋ, ਗਹਿਲਾਂ ਸੰਗਰੂਰ, ਕਾਂਝਲਾ (ਸੰਗਰੂਰ) 402

ਬਾਬ–61	ਚੌਥੀ ਉਦਾਸੀ। ਭਾਗ –1. ਮੱਕੇ ਵਲ ਫਰਵਰੀ 1530 ਨੂੰ ਹੱਜ ਲਈ ਰਵਾਨਾ। ਹੱਜ ਦੀ ਤਾਰੀਖ: 3 ਅਗਸਤ 1530	403–415

ਹੱਜ ਦਾ ਵੀਚਾਰ। 403
ਸਾਹਿਬ ਦਾ ਪਹਿਰਾਵਾ। 403
ਰਵਾਨਾ ਕਰਤਾਰਪੁਰ ਤੋਂ ਹੋਏ। 403
3 ਅਗੱਸਤ 1530 ਨੂੰ ਹੱਜ। 404
ਮਰਦਾਨੇ ਨੂੰ ਉਹਦੇ ਨਵੇਂ ਪਿੰਡੋਂ ਲੈਣ ਗਏ। 405
ਛਾਂਗੇ ਮਾਂਗੇ ਦੇ ਜੋਗੀ ਦਾ ਉਧਾਰ ਕੀਤਾ। 406
ਸੱਤਘਰਾ। "ਨਾਨਕ ਦੁਖੀਆ ਸਭੁ ਸੰਸਾਰੁ॥" 406
ਪਿੰਡ ਪਿੰਡੀ, ਕਮਾਲੀਆ,ਹੜੱਪਾ, ਤੁਲੰਭਾ, ਸ਼ੋਰਕੋਟ, ਝੰਗ। 407
ਜਦੋਂ ਮਰਦਾਨੇ ਨੂੰ ਗੁਰੂ ਗ੍ਰੰਥ ਸਾਹਿਬ ਬਾਰੇ ਸੁਫਨਾ ਆਇਆ। 408
ਪੀਰਾਂ ਦੇ ਸ਼ਹਿਰ ਮੁਲਤਾਨ ਪਹੁੰਚੇ। 408
ਮੁਲਤਾਨ। ਪੀਰ ਨੇ ਪੁੱਛਿਆ ਤੱਪ ਤੋਂ ਬਿਨਾਂ ਵੀ ਕੋਈ ਸਾਧਨ ਹੈਗਾ ਜਿਸ ਨਾਲ ਮਨ ਦੀਆਂ ਵਾਸ਼ਨਾਵਾਂ ਦਾ ਨਾਸ ਹੋ ਸਕੇ। 409
ਮੁਲਤਾਨ। ਪੀਰ ਪੁੱਛਦੈ ਅਸਲੀ ਦਰਵੇਸ਼ਾਂ ਦੇ ਕੀ ਲੱਛਣ ਹੁੰਦੇ ਨੇ? 410
'ਹਾਜਰਨਾਮਾ' ਉਚਾਰਿਆ। 410
ਬਾਬਾ ਜੀ ਕੋਈ ਮੁਕਾਮ ਬਣਾ ਕੇ ਬਹਿ ਜਾਓ - ਪੀਰ ਬਹਾਵਦੀ। 411
"ਪੀਰ ਜੀ ਮੈਨੂੰ ਤਾਂ ਸਭ ਪਾਸੇ ਨਿਰੰਕਾਰ ਹੀ ਨਜਰ ਆਵਦਾ ਏ। ਕਿੰਨੂ ਮਾੜਾ ਤੇ ਕਿਹਨੂੰ ਚੰਗਾ ਆਖਾਂ?" 411
ਗਲ ਲੱਗ ਰੋਂਦੀ, ਸੋਹਰੇ ਜਾਂਦੀ ਨੂੰ ਵੇਖ ਬਾਬੇ ਨੇ ਸ਼ਬਦ ਉਚਾਰਿਆ। 412
ਮੁਲਤਾਨ - ਹਿੰਦੂਆ ਪੁੱਛਿਆ ਬਾਬਾ ਤੂੰ ਕਿਹੜੇ ਫਿਰਕੇ ਦਾ ਸਾਧੂ ਐਂ? 412
"ਸਾਥੋਂ ਵੱਖਰਾ ਹੋ ਚਲ, ਤੂੰ ਮਰਨਾਂ ਹੈ ਨਾਲ ਸਾਨੂੰ ਵੀ ਮਰਵਾਏਗਾ। 413
ਹੰਗਲਾਜ ਮੰਦਰ- ਮੇਰੀ ਸੰਪਰਦਾ ਦਾ ਨਾਂ ਹੈ 'ਪ੍ਰੇਮ ਮੁਹੱਬਤ' 414
ਮਰਦਾਨੇ ਦੀ ਸਿਹਤ ਵਿਗੜੀ। 415

ਬਾਬ–61	ਚੌਥੀ ਉਦਾਸੀ। ਭਾਗ–2 ਮੱਕੇ ਦੇ ਕੌਤਕ	416–424

ਅੱਖ ਦੇ ਫੋਰ ਵਿੱਚ ਪਹੁੰਚ ਗਏ ਮੱਕਾ। 416
ਸਵਾਲ ਹਿੰਦੂ, ਮੁਸਲਮਾਨ ਦਾ ਨਹੀ,ਗੱਲ ਤੁਹਾਡੇ ਵਿਹਾਰ ਤੇ ਮੁਕਦੀ ਹੈ। 417
ਬਾਬੇ ਮੱਕਾ ਫੇਰਿਆ। 417
ਮੱਕੇ ਵਿੱਚ ਮੌਲਾਣਿਆਂ ਨਾਲ ਗੁਫਤਗੂ। (ਮੱਕੇ ਦੀ ਗੋਸ਼ਟਿ) 418
ਮੁਲਤਾਨ ਵਾਲੇ ਹਾਜੀ ਵੀ ਆ ਟਪਕੇ। 419
ਨਾਨਕ ਮਸੀਤ ਅਤੇ ਕੌਂਸ। 420
ਜਨਮ ਸਾਖੀ: ਮੱਕੇ ਮਦੀਨੇ ਦੀ ਗੋਸ਼ਟਿ। 420
ਮੱਕੇ ਮਦੀਨੇ ਦੀ ਗੋਸ਼ਟਿ ਵਿਚੋਂ 420

ਬਾਬ–62	ਚੌਥੀ ਉਦਾਸੀ। ਭਾਗ–3 ਮਦੀਨੇ ਦੇ ਕੌਤਕ। ਬਸਰਾ, ਸ਼ਾਓਸ਼ਤਰ ਜਾਣਾ। ਚਲਾਣਾ ਬੇਬੇ ਨਾਨਕੀ।	425–434

ਨਬੀ ਵਾਲੀ ਮਸੀਤ ਦੇ ਦਰਵਾਜੇ ਤੇ ਬੈਠੇ। ਲੋਕਾਂ ਇੱਟਾਂ ਰੋੜੇ ਮਾਰੇ। 425
ਮਰਦਾਨੇ ਨੇ ਹਜਰਤ ਮੁਹੰਮਦ ਦੀ ਗੋਰ ਵੇਖੀ। 426
ਮਦੀਨੇ ਦੀ ਗੋਸ਼ਟਿ ਉਥੋਂ ਦੇ ਇਮਾਮ, ਕਾਜੀਆਂ ਅਤੇ ਭਾਰਤ ਤੋਂ ਗਏ ਮੌਲਾਣਿਆਂ ਨਾਲ (ਮੱਕੇ ਮਦੀਨੇ ਦੀ ਗੋਸ਼ਟਿ ਵਿਚੋਂ) 426 -429
ਰਾਜਾ ਕਾਰੂ ਹਮੀਦਾ। ਪਿਰਾਮਿੱਡ ਪੁੱਟ ਖਜ਼ਾਨੇ ਲੱਭਿਆ ਕਰਦਾ ਸੀ। 429
ਨਸੀਹਤਨਾਮਾ॥ 432
ਬੇਬੇ ਨਾਨਕੀ ਨੇ ਵੀਰ ਦੇ ਹੱਥਾਂ ਵਿਚ ਦਮ ਤੋੜਿਆ ਸੀ। 432
ਮਦੀਨੇ ਤੋਂ ਬਸਰੇ ਗਏ ਫਿਰ ਸ਼ਓਸ਼ਤਰ ਦੇ ਰਾਜੇ ਨੂੰ ਰਾਹੇ ਪਾਇਆ। 434

ਬਾਬ–62ੳ	ਚੌਥੀ ਉਦਾਸੀ :ਭਾਗ –4 ਬਗਦਾਦ ਦੇ ਕੌਤਕ 1531 ਈ. ਦਾ ਅਖੀਰ	435–446

ਬਗਦਾਦ: ਸੁੰਨੀ ਮੁਸਲਮਾਨਾਂ ਤੇ ਹੋ ਰਹੇ ਜੁਲਮ ਨੂੰ ਰੋਕਣ ਗਏ। 435
ਬਗਦਾਦ ਪਹੁੰਚਣਾ। 436
ਹਿੰਦੁਸਤਾਨ ਦਾ ਬਗਦਾਦ ਨਾਲ ਸਬੰਧ ਕਿੱਦਾ ਦਾ ਸੀ। 436
ਵੱਖਰੀ ਬਾਂਗ ਦੇ ਦਿਤੀ। 437
ਬਾਬੇ ਨੂੰ ਇਮਾਮ ਅੱਗੇ ਪੇਸ਼ ਕੀਤਾ ਗਇਆ। 439
ਹਲਵਾ (ਕੜਾਹ ਪ੍ਰਸਾਦਿ) 440

1520 ਨਹੀ, 1531 ਵਿਚ ਗੁਰੂ ਸਾਹਿਬ ਬਗਦਾਦ ਵਿਚ ਸਨ। 440

ਕਿਥੇ ਲਿਖਿਆ ਹੈ ਕਿ ਵਿਚਾਰਾਂ ਕਰਕੇ ਬੰਦੇ ਨੂੰ ਮਾਰ ਦਿਓ? 441

ਗੁਰੂ ਸਾਹਿਬ ਨੇ ਮਹਾਰਾਜੇ ਨੂੰ ਪੁੱਤਰ ਦੀ ਦਾਤ ਬਖਸ਼ੀ। 442

ਸ਼ਾਹ ਸਰਫ ਨੂੰ ਉਪਦੇਸ਼। 443

ਮੱਕੇ ਮਦੀਨੇ ਦੀ ਗੋਸ਼ਟਿ ਅਨੁਸਾਰ ਸਵਾਲ ਜਵਾਬ। 443

ਅਨਾੜੀ ਬਾਦਸ਼ਾਹ ਤਾਹਮਾਸਬ। 444

ਸੇਵਾਦਾਰ ਨੂੰ ਬਜਾਰ ਵਿਚ ਸ਼ੇਰ, ਕੁੱਤੇ, ਬਘਿਆੜ ਨਜਰ ਆਏ। 444

ਬਹਿਲੋਲ ਦਾਨਾ ਵਾਲੀ ਯਾਦਗਾਰ ਜਿਥੇ ਗੁਰੂ ਸਾਹਿਬ ਠਹਿਰੇ ਸਨ, ਨੁਕਸਾਨੀ ਗਈ ਹੈ, ਪਰ ਮੌਜੂਦ ਹੈ। 445

ਯਾਦਗਾਰ ਦੇ ਮੌਜੂਦਾ ਹਾਲਾਤ। 446

ਬਾਬ –62 ਅ — **ਬਗਦਾਦ ਤੋਂ ਵਾਪਸੀ ਅਤੇ ਮਰਦਾਨੇ ਦਾ ਚਲਾਣਾ** (ਨਵੰਬਰ/ਦਸੰਬਰ 1531 ਈ.) — **446 – 452**

ਬਗਦਾਦ ਤੋਂ ਵਾਪਸੀ। ਖੁਰਮਾਬਾਦ ਵਿਖੇ ਭਾਈ ਮਰਦਾਨੇ ਦਾ ਚਲਾਣਾ। 446

ਇਸਫਾਹਾਨ ਵਿਖੇ ਬਾਬਾ। 449

ਕੰਧਾਰ ਪਹੁੰਚ, ਬਾਬੇ ਨੇ ਆਪਣੇ ਪੁਰਾਣੇ ਯਾਰ ਵਲੀ ਕੰਧਾਰੀ ਬਾਬਤ ਪੁੱਛ ਪੜਤਾਲ ਕੀਤੀ। 450

ਕਲਾਤ ਵਿਖੇ ਸਤਿਨਾਮ ਦਾ ਉਪਦੇਸ਼। ਮੁਲਤਾਨ ਨੂੰ ਚਲਦੇ ਰਹੇ। 451

ਸਖੀ ਸਰਵਰ ਦੇ ਮੁਕਾਮ ਤੇ। 451

ਕਰਤਾਰਪੁਰ ਪਰਤਿਆ ਬਾਬਾ। "ਭੇਖ ਉਦਾਸੀ ਸਗਲ ਉਤਾਰਾ'' 452

ਮਰਦਾਨੇ ਦੇ ਪ੍ਰਵਾਰ ਨੂੰ ਸੱਦ ਭੇਜਣਾ। 452

ਬਾਬ – 63 — **ਲਹਿਣਾ ਮਿਲਾਪ ਅਤੇ ਕਰਤਾਰਪੁਰ ਦੇ ਕੌਤਕ: ਭਾਗ–6** (1532 ਤੋਂ 1535/6 ਈ. ਅੰਦਾਜ਼ਨ) — **453 – 466**

ਕੱਚੇ ਧਾਗੇ ਦਾ ਬੱਧਾ, ਖਿੱਚਿਆ ਚਲਾ ਆਇਆ ਭਾਈ ਲਹਿਣਾ। 453

ਚੋਣੀਏ ਤੂੰ ਕੀ ਸਮਝੇ ਇਹ ਚਿੱਕੜ ਹੈ ਕਿ ਕੇਸਰ? 455

ਬਾਬੇ ਨੂੰ ਘਰ ਆਇਆ ਵੇਖ, ਮੂਲਾ ਗਹੀਰੇ ਵਿਚ ਲੁਕ ਗਿਆ। 455

ਮੁਕਤੀ ਦਾ ਰਾਹ ਕਿਹੜਾ ਹੈ?- ਸਾਧੂਆਂ ਪੁੱਛਿਆ। 457

ਜਦੋਂ ਵੱਗ ਨੂੰ ਹਿੱਕਦੇ ਪਾਲੀ ਨੂੰ ਵੇਖ ਹੀ ਗੁਰੂ ਸਾਹਿਬ ਵਿਸਮਾਦ ਵਿਚ ਆ ਗਏ। 457

"ਬਾਬਾ ਜੀ ਲੋਕਾਂ ਮੇਰਾ ਮਖੌਲ ਉਡਾਇਆ" -ਗੁਰਸਿੱਖ ਨੇ ਸ਼ਕਾਇਤ ਲਾਈ। 458

ਬਾਬੇ ਨੇ ਫਿਰ ਘਰਵਾਲੀ ਪ੍ਰਥਾਇ ਹੀ ਬਾਣੀ ਕਹਿ ਦਿੱਤੀ। 459

ਜਿਵੇ ਸ਼ਿਕਾਰ ਚੋਗਾ ਲੈਣ ਦੇ ਲਾਲਚ ਵਿਚ ਫਸਦੈ, ਐਨ ਇਹੋ ਹਾਲਤ ਬੰਦੇ ਦੀ ਹੈ 459

ਕਲਾਨੌਰੀਆ ਦੀ ਨੂੰਹ ਨੂੰ ਉਪਦੇਸ਼। 460

ਮੂਰਖ ਬੰਦੇ ਤੇ ਨਾਮ ਦਾ ਰੰਗ ਨਹੀ ਚੜ੍ਹ ਸਕਦਾ। 460

ਮਰੀ ਮੱਝ ਤੇ ਜੱਟ ਵੀ ਮਰਨੇ ਪੈ ਗਿਆ। 461

ਅਪਰਸ ਲੋਕ ਇਸ ਬਹੁਮੁੱਲੇ ਜੀਵਨ ਨੂੰ ਵਿਅੱਰਥ ਕਰ ਦਿੰਦੇ ਨੇ। 461

ਮੂਰਖ ਨੇ ਜਿਹੜੇ ਕਹਿੰਦੇ 7 ਧਰਤੀਆਂ, 7 ਦੀਪ ਤੇ 7 ਪਤਾਲ ਹਨ। 462

ਜਦੋਂ ਬੰਦਾ ਹੁੰਦਾ ਓਦੋਂ ਰੱਬ ਨਹੀ ਹੁੰਦਾ। 462

ਬਾਬਾ ਜੀ ਇਹਦਾ ਕੀ ਮਤਲਬ, 'ਸਮੁੰਦ ਸਾਹ ਸੁਲਤਾਨ'॥ 462

ਜਦੋਂ ਬੰਦੇ ਨੇ ਧੀ ਮਾਰ 'ਤੀ। 463

ਸਾਧੂਆਂ ਪੁੱਛਿਆ, "ਬਾਬਾ ਜੀ ਤੁਸੀ ਇਸ ਮਨ ਨੂੰ ਕਿਵੇ ਮਾਰਿਆ?'' 463

"ਵੱਡੇ ਵੱਡੇ ਸਮੁੰਦਰਾਂ ਵਿੱਚ ਟਾਪੂ ਵੀ ਬਰਕਰਾਰ ਰਹਿੰਦੇ ਨੇ"- ਗੁਰੂ ਜੀ ਨੇ ਅਬਦੁਲ ਰਹਿਮਾਨ ਦਾ ਹੰਕਾਰ ਭੰਨਿਆ। 463

ਬਾਬ –65 — **ਅੱਚਲ ਵਟਾਲੇ ਦੇ ਕੌਤਕ** (ਫਰਵਰੀ/ਮਾਰਚ 1534 ਈ) — **467– 471**

ਸ਼ਿਵਰਾਤਰੀ ਦੇ ਮੇਲੇ ਤੇ। 467

ਭਗਤੀਆਂ ਦੀ ਗਵਾਚੀ ਗੜ੍ਹਵੀ। 468

ਸਿੱਧਾਂ ਨੇ ਕਰਾਮਾਤ ਵਿਖਾਉਣੀਆਂ। 469

ਤੇ ਫਿਰ ਬਾਬਾ ਜੀ ਉਹ ਸੱਚਖੰਡ ਕਿਥੇ ਹੈ: ਸਵੱਰਗ? 470

ਧਰਤੀ ਧਰਮਸਾਲ। 471

ਬਾਬ – 65 — **ਮੁਕਾਮੀ ਦੌਰੇ: ਭਾਗ–4 ਕਰਤਾਰਪੁਰ ਤੋਂ ਰਮਦਾਸ, ਧਰਮਕੋਟ, ਸੌੜੀਆਂ, ਵੈਰੋਕੇ।** (1534 ਈ. ਅੰਦਾਜ਼ਾ) — **472 – 478**

ਬਾਬਾ ਬੁੱਢਾ। 472

ਫੈਲਸੂਫ (ਫਿਲਾਸਫਰ) ਸ਼ੇਖ ਮਾਲੋ। 473

ਬਾਬਾ ਕੀ ਤੈਨੂੰ ਕੋਈ ਮਜ਼ਬ ਪਸੰਦ ਹੈ ਵੀ ਸਹੀ? - ਸੌੜੀਆਂ ਦਾ ਉਮਰੇ ਖਾਨ। 474

ਵੈਰੋਕਿਆਂ ਦਾ ਪੀਰ ਸ਼ਾਹ ਅਦਰਮਾਨ। 475

'ਸੂਕੇ ਹਰੇ ਕੀਏ ਖਿਨ ਮਾਹੇ॥'- ਵੇਰਕਾ 478

ਬਾਬ – 65ੳ — **ਮੁਕਾਮੀ ਦੌਰੇ: ਭਾਗ–5 ਲਾਹੌਰ ਦੇ ਕੌਤਕ** (1534ਈ. ਕੁਝ ਪਹਿਲੋਂ ਕੁਝ ਬਾਦ ਵਿਚ) — **479 – 483**

'ਤੂੰ ਫਕੀਰ ਦਾ ਮਿਰਾਸੀ ਮੈਂ ਸ਼ਾਹੂਕਾਰ ਦਾ 479

ਜੋਗੀ ਆਸਣ ਬਦਾਮੀ ਬਾਗ ਲਹੌਰ ਵਿਖੇ। 479

ਤੂੰ ਸਰਾਧ ਕਰਾ ਰਿਹੈ। ਪਿਓ ਤੇਰਾ ਤਾਂ ਤਿੰਨ ਦਿਨਾਂ ਤੋਂ ਭੁੱਖਾ ਬੈਠਾ। 479

''ਲਾਭ ਛੱਡਿਆ, ਬਾਬਾ ਇਨੂੰ ਕਹੋ, ਮੇਰਾ ਮੂਲ ਈ ਮੋੜ ਦੇ।'' 481

ਰੱਬ ਦੇ ਦਰਬਾਰ 'ਚ ਕਿਵੇ ਪਹੁੰਚੀਏ? 481

'ਖਾਓ ਪੀਓ ਕਰੋ ਅਨੰਦ' ਦੇ ਮੁਹਾਵਰੇ ਦਾ ਖੰਡਣ। 482

ਜਦੋਂ ਫੇਰਿਆਂ ਦੇ ਤੁਰੰਤ ਬਾਦ ਲਾੜੇ ਨੇ ਪ੍ਰਾਣ ਤਿਆਗ ਦਿੱਤੇ। 482

ਕਾਹਨੂੰ ਰੋਂਦੇ ਓ? ਮਰਨ ਤੇ ਮਾਰਨ ਵਾਲਾ ਰੱਬ ਆਪ ਹੀ ਹੈ। 482

ਜਦੋਂ ਘੁੜ ਸਵਾਰ ਨੇ ਗੁਰੂ ਨਾਨਕ ਦਾ ਪੈਰ ਸਿੱਧ 'ਤਾ। 483

ਲਹੌਰ ਦੀ ਬਸੰਤ ਵੇਖ ਬਾਬਾ ਵਿਸਮਾਦ ਵਿੱਚ ਆਇਆ। 483

ਬਾਬ – 66	ਕਰਤਾਰਪੁਰ ਦੇ ਕੌਤਕ: ਭਾਗ–7 ਜਪੁਜੀ ਸਾਹਿਬ ਦਾ ਬੰਨਣਾ (1535/6 ਈ. ਲਗ ਪਗ)	484 – 486

ਵਲੂਧਰਿਆ ਪਿੰਡ। 484
ਜਪੁਜੀ ਸਾਹਿਬ ਦਾ ਬੰਨਣਾ। 484
ਜਪੁਜੀ ਦੀ ਸੁਧਾਈ ਅਤੇ ਬੰਧੇਜ 485
ਜਪੁਜੀ ਦਾ ਮਹਾਤਮ ਜਾਂ ਮਹੱਤਤਾ 485
ਜਪੁਜੀ ਦੀਆਂ ਵਿਸ਼ੇਸ਼ਤਾਈਆਂ। 485
ਸ. ਗ. ਗ. ਸ ਵਿੱਚ ਜਪੁਜੀ ਬਾਰੇ ਆਈਆਂ ਕੁਝ ਤੁਕਾਂ। 486

ਬਾਬ –67	ਕਰਤਾਰਪੁਰ ਦੇ ਕੌਤਕ: ਭਾਗ–8 (1536 ਤੋਂ '39 ਈ.)	487– 500

ਆਤਮਾ ਪ੍ਰਮਾਤਮਾ ਦੇ ਸਿਧਾਂਤ ਦਾ ਖੰਡਣ ਕੀਤਾ। 487
'ਵਿਦਿਆ ਵੀਚਾਰੀ ਤਾਂ ਪਰਉਪਕਾਰੀ॥ 487
ਬੁਰੇ ਲੋਕਾਂ ਬਾਬਤ ਜਦੋਂ ਭਾਈ ਲਹਿਣੇ ਦੇ ਸ਼ੰਕੇ ਨਵਿਰਤ ਕੀਤੇ। 487
'ਇਹ ਘਾਲ ਕਮਾਈ ਆਉਣ ਵਾਲੀਆਂ ਸਿੱਖ ਪੀੜ੍ਹੀਆਂ ਲਈ'। 488
ਪਰ ਭਾਈ ਲਹਿਣੇ ਨੇ ਮੁਸ਼ਕਲ ਸਵਾਲ ਕਰ ਦਿੱਤਾ। 488
ਅੰਤਲੇ ਦਿਨਾਂ ਵਿਚ ਤਾਂ ਬਾਬਾ ਲੁੱਕਦਾ ਫਿਰਦਾ ਸੀ। 489
ਭਾਈ ਲਹਿਣੇ ਨਾਲ ਭਾਗੋਵਾਲ ਦੀ ਛਿੰਝ ਵੇਖੀ। 489
ਨਾਮ ਜਪਦਿਆਂ ਤਾਂ ਮੰਨ ਕਿਤੇ ਦਾ ਕਿਤੇ ਚਲਾ ਜਾਂਦਾ ਹੈ। 490
ਭਾਈ ਲਹਿਣੇ ਨੇ ਪੁੱਛਿਆ ਬਾਬਾ ਜੀ 'ਨਾਮ' ਦਾ ਕੀ ਮਤਲਬ? 490
'ਏਕਲੜੀ ਬਨ ਮਾਹੇ' 491
'ਸਭਿ ਨਾਦ ਬੇਦ ਗੁਰਬਾਣੀ' 491
ਨਿਰੰਕਾਰ ਨਾਲ ਪ੍ਰੀਤ ਅਜਿਹੀ ਹੋਵੇ ਜਿਵੇ ਮੱਛੀ ਦੀ ਪਾਣੀ ਨਾਲ ਹੈ। 492
"ਬਾਬਾ ਜੀ ਅਸੀ ਜਾਂਦੈ" ਮੇਰਾ ਮੰਨ ਨਹੀ ਇਨਾਂ ਗੱਲਾਂ ਵਿਚ ਲੱਗਦਾ। 492
'ਬਾਬਾ ਸੱਚੀ ਸੱਚੀ ਦੱਸੀ ਤੂੰ ਰੱਬ ਵੇਖਿਐ? 493
"ਗੁਰੂ ਜੀ ਅੰਮ੍ਰਿਤ ਵੇਲੇ ਤੇ ਇਨਾ ਜੋਰ ਕਿਓ ਦਿੰਦੇ ਹੋ? 493
ਜਦੋਂ ਕਰਤਾਰਪੁਰ ਦੇ ਥੜੇ ਤੇ ਗਵੱਈਆਂ ਨੇ ਕਬਜ਼ਾ ਕਰ ਲਿਆ। 494
ਠਰਕੀ ਬੰਦੇ ਦੀ ਝਾੜ। 494
ਬਾਬਾ ਜੀ ਦੁੱਖ ਖਹਿੜਾ ਨਹੀ ਛੱਡ ਰਿਹਾ ਕੋਈ ਉਪਾਅ ਦੱਸੋ। 495
ਜਦੋਂ ਠੱਗ ਕਰਤਾਰਪੁਰ ਆ ਉਤਰੇ। 495
ਰੀਗਾ ਜਾਂਦਾ ਹਜ਼ਾਰਾਂ ਯਾਤਰੂਆਂ ਦਾ ਸੰਗ ਕਰਤਾਰਪੁਰ ਆ ਰੁਕਿਆ। 496
ਮੈਂ ਮਿਲਾਵਟੀ ਚੀਜ਼ ਕਿਓ ਲਵਾਂ? 497
ਅਸਲੀ ਗੁਰੂ ਦੀ ਪਛਾਣ? 497
ਸਾਧੂਆਂ ਪੁੱਛਿਆ ਗੁਰੂ ਜੀ ਅਸੀ ਸੁਣਿਐ ਤੁਸੀ ਮੁਕਤੀ ਦੇ ਸਿਧਾਂਤ ਨੂੰ ਨਹੀ ਮੰਨਦੇ? 497
ਜਦੋਂ ਸਿੱਖ ਗੁਰੂ ਸਾਹਿਬ ਲਈ ਜੋੜਾ ਕਪੜੇ ਲੈ ਕੇ ਆਇਆ 498
"ਬੰਦੇ ਦੇ ਦੁੱਖਾਂ ਦਾ ਕੀ ਕਾਰਣ? 499
ਕਾਇਆਂ ਤੇ ਵਖਿਆਨ ਅਗਲੇ ਦਿਨ ਵੀ ਜਾਰੀ ਰਿਹਾ। 499
ਹੰਕਾਰ ਤਾਂ ਨੇਕੀ ਦਾ ਵੀ ਪ੍ਰਵਾਨ ਨਹੀ 500

ਬਾਬ – 68	ਕਰਤਾਰਪੁਰ ਦੇ ਕੌਤਕ: ਭਾਗ–9 ਸਿੱਖਾਂ ਦਾ ਇਮਤਿਹਾਨ ਅਤੇ ਜਾਨਸ਼ੀਨ ਚੁੱਣਨਾ (1537 ਈ.)	501 – 506

ਰਤਨ ਕੱਢਣ ਲਈ ਗੁਰੂ ਸਾਹਿਬ ਨੇ ਸਮੁੰਦਰ ਚੰਗੀ ਤਰਾਂ ਰਿੜਕਿਆ। 501
ਭਾਈ ਲਹਿਣੇ ਦਾ ਸਬਰ ਸਿਦਕ ਅਤੇ ਭਰੋਸਾ। 502
ਗੁਰੂ-ਘਰ ਦੀ ਬਾਹਰਲੀ ਕੰਧ ਡਿੱਗ ਪਈ 502
ਮਾਤਾ ਚੋਣੀ ਨੇ ਗਿਲਾ ਕੀਤਾ। 502
ਕਿੱਕਰ ਤੋਂ ਜਲੇਬੀਆਂ ਦਾ ਮੀਂਹ ਵਰ੍ਹਾਉਣਾ। 503
ਪੱਥਰ ਦਾ ਕੋਲ ਰੀਦੀ ਨਾਲੀ ਵਿੱਚ ਡਿੱਗ ਪਿਆ। 503
ਗੁਰੂ ਸਾਹਿਬ ਨੇ ਸ਼ਿਕਾਰੀ ਸਾਂਸੀ ਵਾਲਾ ਭੇਸ ਬਣਾਇਆ। 503
ਲਹਿਣੇ ਤੋਂ ਗੁਰੂ ਅੰਗਦ। "ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ॥" 505
ਸਹਿਬਜਾਦਿਆਂ ਫੈਸਲੇ ਤੇ ਸਖਤ ਵਿਰੋਧ ਕੀਤਾ। 506

ਬਾਬ – 70	ਕਰਤਾਰਪੁਰ ਦੇ ਕੌਤਕ: ਭਾਗ–10 ਜੋਤੀ ਜੋਤ ਸਮਾਉਣਾ (22 ਸਤੰਬਰ 1539 ਈ.)	507 – 517

ਮਖਦੂਮ ਬਹਾਵਦੀ ਦਾ ਚਲਾਣਾ। 507
ਕਮਲਾ ਢੇਮ ਲੈ ਆਇਆ। 508
15 ਦਿਨ ਪਹਿਲਾਂ ਚਲਾਣੇ ਦਾ ਐਲਾਨ ਕਰ ਦਿੱਤਾ ਸੀ। 509
ਬਾਣੀ ਰਚੀ। 510
ਤਿਆਰੀ ਚਲਾਣਾ । 510
ਅਤੇ ਭਾਈ ਸਧਾਰਨ ਨੇ ਵੀ ਆਪਣੀ ਪੱਗ ਵਗਾਹ ਮਾਰੀ। 510
ਅਤੇ ਅਖੀਰ ਤੱਤਾਂ ਦਾ ਮੂਲ ਤੱਤ ਵਿਚ ਜ਼ਜ਼ਬ ਹੋਣਾ। 511
ਪਰ ਉਸ ਚਿਖਾ ਦਾ ਕੀ ਬਣਿਆ? 512

ਬਾਬ – 114	ਕਰਤਾਰਪੁਰ ਦੇ ਕੌਤਕ: ਭਾਗ–11 ਡੇਰਾ ਬਾਬਾ ਨਾਨਕ: ਗੁਰੂ ਜੀ ਦੀ ਤੀਸਰੀ ਸਮਾਧ (1583 ਈ.)	518 – 522

ਕਿਉਕਿ ਕਰਤਾਰਪੁਰ ਦਾ ਰਾਵੀ ਹੜ੍ਹ ਵਿਚ ਰੁੜਨਾ-(1583 ਈ.) 518
ਅਸਥਾਨ ਮੁੱਢ ਗੁਰੂ ਗ੍ਰੰਥ ਸਾਹਿਬ 520
ਚੋਲਾ ਸਾਹਿਬ 520
ਪੱਥੇਕੇ (ਟਾਹਲੀ ਸਾਹਿਬ) 522

ਜਮੀਮਾ/ ਜੋੜ (Annexure)

1. ਕੀ ਗੁਰੂ ਨਾਨਕ ਕੇਸਧਾਰੀ ਨਹੀ ਸਨ? 523
2. ਗੁਰੂ ਨਾਨਕ ਅਤੇ ਚਮਤਕਾਰ। ਜਿਹੜੇ ਪਾਠਕ ਚਮਤਕਾਰ ਹੋਣਾਂ ਨਹੀ ਮੰਨਦੇ ਉਹ ਇਹਨਾਂ ਤੱਥਾਂ/ਘਟਨਾਵਾਂ ਦਾ ਜਵਾਬ ਲੱਭਣ। 524

ਤਤਕਰਾ ਭਾਗ –2
ਮਹੱਤਵਪੂਰਨ ਪੈੜ–ਸਫੇ
(Important Foot Notes)
ਤੱਥ ਨੂੰ ਸਾਬਤ ਕਰਨ ਲਈ ਥਾਂ ਥਾਂ ਪੈੜ ਸਫਾ ਦਿੱਤੇ ਗਏ

ਪਰ ਸਿੱਖ ਤਾਂ ਬਾਬੇ ਦਾ ਜਨਮ ਕੱਤਕ ਪੂਰਨਮਾਸ਼ੀ ਨੂੰ ਮਨਾਉਦੇ ਨੇ, ਅਜਿਹਾ ਕਿਓ? 11

ਗੁਰੂ ਸਾਹਿਬ ਦੇ ਵਡੇਰੇ ਈਰਾਨ ਪਾਸਿਓ ਹੀ ਆਏ ਸਨ। ਵੇਖੋ ਖੱਤਰੀਆਂ ਦੇ ਗੋਤਰ ਈਰਾਨ ਦੇ ਇਲਾਕਿਆਂ 'ਚੋਂ ਨੇ। 13

ਕਾਰਸੇਵਾ ਘਪਲਾ ਪਹੁੰਚਿਆ ਪਾਕਿਸਤਾਨ ਵੀ। 25

ਸੱਚਾ ਸੌਦਾ : ਓਦੋ ਦੇ 20 ਰੁਪੱਏ ਮਤਲਬ ਅੱਜ ਦੇ 7600 ਰੁਪਏ। 28

ਨਾਨਕ ਮੜ੍ਹ ਸਾਹਿਬ ਬਟਾਲਾ। 32

ਸੱਜਣ ਠੱਗ ਦਾ ਉਦਾਰ ਉਦਾਸੀਆਂ ਤੋਂ ਪਹਿਲੋਂ ਕੀਤਾ ਸੀ। 38

ਸੁਲਤਾਨਪੁਰ ਲੋਧੀ 14 ਸਾਲ ਰਹੇ ਗੁਰੂ ਨਾਨਕ। 41

ਮੋਦੀਖਾਨਾ ਕੀ ਹੁੰਦਾ ਸੀ? 42

ਜੋਧਨ ਬ੍ਰਾਹਮਣ ਦਾ ਕਤਲ। 54

ਇਸ ਬੋਹੜ ਦੇ ਤਿੰਨ ਪੱਤਿਆਂ ਪਿੱਛੇ 16 ਕੀਮਤੀ ਜਾਨਾਂ ਗਈਆਂ। 60

ਭਾਈ ਬਾਲਾ ਦੀ ਸਮਾਧ। 68

ਸਿੱਧੋਂ ਕੀ ਬਸਤੀ ਦੀ ਪਛਾਣ। 74

ਮੁਸ਼ਕਲ ਹੈ ਪੰਜਾਬ ਵਿਚ ਗੁਰੂ ਸਾਹਿਬ ਦਾ ਰੂਟ (ਰਾਹ) ਪਛਾਨਣਾ। 75

ਨਾਸਾ ਅਨੁਸਾਰ ਸੂਰਜ ਗ੍ਰਿਹਣ ਦੀਆਂ ਤਰੀਕਾਂ। 78

ਪਾਣੀਪਤ ਦਾ ਸ਼ੇਖ ਸ਼ਰਫਉਦੀਨ ਉਰਫ ਬੋ ਅਲੀ ਬਹੁਤ ਪਹਿਲਾਂ ਹੋਇਆ ਹੈ। 79

ਉੱਤਰਾਖੰਡ ਵਿਚ ਬਾਬੇ ਦਾ ਰੂਟ। 85

ਬਾਬਾ ਅਲਮਸਤ। 94

ਸਮੁੰਦਰ ਰਿੜਕਣ ਕਥਾ। 98

ਨੇਪਾਲ ਪਹਿਲੀ ਉਦਾਸੀ ਦੌਰਾਨ ਹੀ ਆਏ ਨਾਂ ਕਿ ਤੀਸਰੀ ਵੇਲੇ। 130

ਨੇਪਾਲ, ਭੂਟਾਨ, ਸਿੱਕਮ ਬਾਰੇ ਤਵਾਰੀਖ ਗੁਰੂ ਖਾਲਸਾ ਦਾ ਨਜਰੀਆ 138

ਸਿੱਕਮ ਦੇ ਅਸਥਾਨਾਂ ਤੇ ਸ਼੍ਰੋਮਣੀ ਕਮੇਟੀ ਤੇ ਸਿੱਖ ਜਥੇਬੰਦੀਆਂ ਸੂਝਬੂਝ ਤੋਂ ਕੰਮ ਲੈਣ। 139

ਧਨਾਸਰੀ ਦੇਸ। 148 ਬਿਸੀਅਰ ਦੇਸ। 156

ਬਰਮਾ ਨਾਲ ਸਬੰਧਤ ਬਾਲੇ ਵਾਲੀਆ ਸਾਖੀਆਂ 159

ਕੀ ਸਬੂਤ ਕਿ ਇਹ ਸਾਖੀ ਆਵਾ ਅਰਥਾਤ ਅੰਗਵਾ (ਮਾਂਡਲਾ, ਬਰਮਾ) ਵਿਖੇ ਵਾਪਰੀ? 161

ਜੋ ਕਹਿੰਦੇ ਕੁੱਲ 4 ਨਹੀ 3 ਉਦਾਸੀਆਂ ਕੀਤੀਆਂ ਸਨ- ਨੂੰ ਜਵਾਬ। 165

ਗੁਰੂ ਸਾਹਿਬ ਲੰਕਾ ਸਮੁੰਦਰ ਰਸਤੇ ਗਏ। 193

ਕੌਣ ਸੀ ਰਾਜਾ ਸ਼ਿਵਨਾਭ?- ਇਤਹਾਸਿਕ ਪੱਖ: 214

ਕੀ ਤੁਹਾਨੂੰ ਪਤਾ ਹੈ ਗੁਰੂ ਨਾਨਕ/ਗੁਰੂ ਅੰਗਦ ਦੀ ਗੁਰਮੁੱਖੀ ਨੂੰ ਬਦਲਣ ਲਈ ਅੱਜ ਚੁੱਪ ਚੁੱਪੀਤੇ ਕੋਸ਼ਿਸ਼ਾਂ ਹੋ ਰਹੀਆਂ ਨੇ? 217

ਸਬੂਤ ਕਿ ਗੁਰੂ ਸਾਹਿਬ ਮਾਂਡੋ ਆਏ ਸਨ? 242

ਇੰਦੌਰ ਕਿਓ ਗਏ ਸਾਹਿਬ? 244

ਕ੍ਰੋੜੀਆ ਅਤੇ ਕਲਾਨੌਰ। 283

ਤ੍ਰਿਲੋਕਪੁਰ ਅਤੇ ਢੁਆਸ। 296

ਨਾਮ- ਗੁਰੂ ਨਾਨਕ ਦਾ ਮਿਸ਼ਨ-2 309

ਨਾਮ ਭਾਵ ਕਿਸੇ ਦਾ ਗੁਣ, ਜਸ, ਉਸਤਤ। ਬਿਨਾ ਨਾਮ/ਸ਼ਬਦ ਦੇ ਨਾਦ-ਜੋਤ ਵਾਲੀ ਸਮਾਧੀ ਸਿੱਖੀ ਵਿਚ ਪ੍ਰਵਾਨ ਨਹੀ। 309

ਗੁਰਬਾਣੀ ਹੀ ਨਾਮ ਹੈ। 311

ਸ਼ਬਦ ਕੀ ਹੈ? 311

ਗੁਰਬਾਣੀ ਦੀਆਂ ਉਹ ਤੁਕਾਂ ਜੋ ਜੋਗੀ ਡੇਰੇਦਾਰਾਂ ਦਾ ਝੂਠ ਨਪੜਦ ਕਰ ਦਿੰਦੀਆਂ ਹਨ। 312

ਗੁਰੂ ਸਾਹਿਬ ਕਾਬੁਲ ਕਸ਼ਮੀਰ ਵਾਲੇ ਪਾਸਿਓ ਗਏ ਸਨ। 323

ਲਓ ਕਿਰਪਾਲ ਸਿੰਘ ਵੀ ਲਿਖਦੈ ਪੰਜਾ ਸਾਹਿਬ ਬੋਧੀ ਸਥਾਨ ਹੈ। 328

ਅਫਗਾਨਿਸਤਾਨ ਵਿਚ ਸਿੱਖ। 333

ਇਤਹਾਸਿਕ ਸਬੂਤ ਕਿ ਗੁਰੂ ਸਾਹਿਬ ਨੇ ਬਾਬਰ ਨੂੰ ਬਾਦਸ਼ਾਹੀ ਦੀ ਬਖਸ਼ਸ਼ ਕੀਤੀ। 335

ਗੁਰੂ ਸਾਹਿਬ ਕਾਬੁਲ ਤੋਂ ਉੱਤਰ ਦੇ ਦੇਸਾਂ ਵਿੱਚ ਨਹੀ ਗਏ। 337

ਕੀ ਗੁਰੂ ਜੀ ਸਾਰਦਾ ਸ਼ਕਤੀਪੀਠ ਨਹੀ ਗਏ ? 337

ਐਮਨਾਬਾਦ ਵਾਲੀ ਚੱਕੀ ਨਕਲੀ ਹੈ। 342

ਡੇਰਾ ਬਾਬਾ ਨਾਨਕ 1512 ਈ ਵਿਚ ਹੀ ਧਰਮਸਾਲ ਬਣ ਗਿਆ ਸੀ। 357

ਹੱਜ ਵਿਚ ਕਿੰਨਾਂ ਵਕਤ ਲੱਗਦਾ ਸੀ ? 403

'ਮੱਕੇ ਮਦੀਨੇ ਦੀ ਗੋਸ਼ਟ' 409

ਕਾਜੀ ਰੁਕਨੁਦੀਨ ਤੇ ਹੋਰ ਮੁਸਲਮਾਨਾਂ ਨਾਮ। 409

ਕੌਣ ਹੈ ਪੀਰ ਬਹਾਵਦੀ? 410

ਸਾਮੀ ਮਜ਼ਹਬ ਅਤੇ ਇਨਾਂ ਦੇ ਪੈਗੰਬਰ । 418

ਹਜਰਤ ਮੁਹੰਮਦ : ਮੁਸਲਮਾਨਾਂ ਦਾ ਪੈਗੰਬਰ ਅਤੇ ਇਤਹਾਸਿਕ ਤਸਵੀਰ। 419

ਖਤਨਾ ਕਰਨਾਂ ਅਤੇ ਮੁਸਲਮਾਨ ਮੁੱਛਾਂ ਕਿਓ ਮੁੰਨਦੇ ਪਰ ਦਾਹੜੀ ਰਖਦੇ ਨੇ? 424

ਜਨਮਸਾਖੀ ਦਾ ਕਾਰੂ ਹਮੀਦ 430

ਤਾਰਾ ਚੜਿਆ ਲੰਮਾ ਅਤੇ ਬੇਬੇ ਨਾਨਕੀ ਦਾ ਚਲਾਣਾ। 434

ਮੁਹੰਮਦ ਸ਼ਰਫ ਅਲਦੀਨ ਜਨਮਸਾਖੀਆਂ ਵਿਚ। 442

ਮਰਦਾਨੇ ਦੇ ਖੁਰਮਾਬਾਦ ਵਿਖੇ ਚਲਾਣੇ ਬਾਰੇ ਕੋਈ ਸ਼ੱਕ ਰਹਿ ਹੀ ਨਹੀ ਜਾਂਦਾ। 449

ਮੀਆਂ ਮਿੱਠੇ ਦਾ ਕਠਿਆਲਾ। 467

ਬਿੱਧੀ ਚੰਦ ਹੰਦਾਲ ਨਿਰੰਜਣੀਏ ਦੀ ਕਰਤੂਤ। 477

ਪਿੰਡ ਵੈਰੋਕੇ ਦੀ ਗਲ। 478

ਗੁਰਮਤ ਮੁਤਾਬਿਕ ਚਲਾਣੇ ਦੇ ਮਤਲਬ। 508

ਦੁਵੱਲੇ ਫੁੱਲ ਰੱਖਣ ਵਾਲੀ ਗਲ ਬਾਦ 'ਚ ਜੋੜੀ ਗਈ। 513

ਕਰਤਾਰਪੁਰ ਦੀ ਇਮਾਰਤ। 514

ਲਾਂਘੇ ਦੀ ਕਹਾਣੀ। ਕਿਵੇ ਸ਼ੁਰੂ ਹੋਇਆ ਅਤੇ ਜੱਦੋਜਹਿਦ ਚਲੀ। 514

ਤੀਸਰੀ ਗੁਪਤ ਸਮਾਧ (ਥੜਾ ਸਾਹਿਬ)-ਰੱਬ ਖੈਰ ਕਰੇ। 521

ਸਾਹਿਬ ਵੇਲੇ ਦੀਆਂ ਖੂਹੀਆਂ ਕਾਰਸੇਵਾ ਵਾਲੇ ਨੇ ਢਾਹ ਦਿੱਤੀਆਂ। 522

ਹਵਾਲਿਆਂ ਦੇ ਇਸ਼ਾਰੇ (Abbreviations of references)

ਜਿੰਦਗੀਨਾਮਾ ਲਿਖਦਿਆਂ ਸਾਡੀ ਕੋਸ਼ਿਸ਼ ਰਹੀ ਹੈ ਕਿ ਆਪਣੇ ਸਰੋਤ ਨਾਲੋ ਨਾਲ ਪੈੜ ਸਫਿਆਂ ਤੇ ਦਿੱਤੇ ਜਾਣ। ਪਰ ਹੇਠ ਦਿੱਤੇ ਗ੍ਰੰਥਾਂ ਦੇ ਹਵਾਲੇ ਬਾਰ ਬਾਰ ਆਉਣੇ ਨੇ, ਇਸ ਕਰਕੇ ਅਸੀ ਇਨਾਂ ਨਾਵਾਂ ਨੂੰ ਸੰਕੋਚ ਕੇ ਇਸ਼ਾਰਿਆਂ 'ਚ ਦਿੱਤਾ ਹੈ। ਸਬੰਧਤ ਥਾਵਾਂ ਤੇ ਇਸ਼ਾਰਿਆਂ ਨਾਲ ਪੁਸਤਕ ਦਾ ਸਫਾ ਨੰਬਰ ਵੀ ਦੇ ਦਿਤਾ ਗਿਆ ਹੈ। (ਉਦਾਹਰਣ। ਬਾਲਾ-203)

ਸਗਗਸ	ਸ੍ਰੀ ਗੁਰੂ ਗ੍ਰੰਥ ਸਾਹਿਬ ਸਟੈਂਡਰਡ ਦਮਦਮਾ ਬੀੜ 1430 ਅੰਗ।
ਬਾਲਾ	ਜਨਮਸਾਖੀ ਭਾਈ ਬਾਲਾ -ਸੰਪਾਦਕ ਸੁਰਿੰਦਰ ਸਿੰਘ ਕੋਹਲੀ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਤੀਸਰੀ ਐਡੀਸ਼ਨ 2010
ਸੋਢੀ	ਜਨਮਸਾਖੀ ਸੋਢੀ ਮਿਹਰਵਾਨ ਵਾਲੀ ਭਾਗ ਪਹਿਲਾ । ਪ੍ਰਕਾਸ਼ਕ ਖਾਲਸਾ ਕਾਲਜ ਅੰਮ੍ਰਿਤਸਰ। ਸਾਲ 1969
ਸੋਢੀ:2	ਜਨਮਸਾਖੀ ਸੋਢੀ ਮਿਹਰਵਾਨ ਵਾਲੀ ਭਾਗ ਦੂਜਾ (ਪੋਥੀ ਹਰਿਜੀ ਤੇ ਪੋਥੀ ਚਤੁਰਭੁਜ) । ਪ੍ਰਕਾਸ਼ਕ ਖਾਲਸਾ ਕਾਲਜ ਅੰਮ੍ਰਿਤਸਰ। ਸਾਲ 1969
ਪੁਰਾਤਨ	ਪੁਰਾਤਨ ਜਨਮਸਾਖੀ, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀ ਦਿੱਲੀ
ਬੀ-40	ਲੇਖਕ ਦਇਆ ਰਾਮ ਅਬਰੋਲ । ਇੰਡੀਆ ਆਫਿਸ ਲਾਇਬ੍ਰੇਰੀ ਵਾਲੀ ਹੱਥ ਲਿਖਤ। ਨੰ. ਪੀ. ਬੀ-40, ਸੰਪਾਦਕ ਪਿਆਰ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
ਗਿਆਨੀ	ਗਿਆਨੀ ਗਿਆਨ ਸਿੰਘ ਜੀ, ਤਵਾਰੀਖ ਗੁਰੂ ਖਾਲਸਾ ਭਾਗ ਪਹਿਲਾ, ਭਾਸ਼ਾ ਵਿਭਾਗ, ਪੰਜਾਬ
ਮਨੀ ਸਿੰਘ	ਗਿਆਨ ਰਤਨਾਵਲੀ, ਭਾਈ ਮਨੀ ਸਿੰਘ, ਸੰਪਾਦਕ, ਜਸਬੀਰ ਸਿੰਘ ਸਾਬਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
ਮਹਿਮਾ ਪ੍ਰਕਾਸ਼	ਮਹਿਮਾ ਪ੍ਰਕਾਸ਼ (ਵਾਰਤਕ) ਸੰਪਾਦਕ, ਡਾ. ਕੁਲਵਿੰਦਰ ਸਿੰਘ, ਸਿੰਘ ਬ੍ਰਦਰਜ ਅੰਮ੍ਰਿਤਸਰ।
ਗੋਸ਼ਟਿ	ਮੱਕੇ ਮਦੀਨੇ ਦੀ ਗੋਸ਼ਟਿ, ਡਾ. ਕੁਲਵੰਤ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
ਕਿਰਪਾਲ	ਕਿਰਪਾਲ ਸਿੰਘ, ਜਨਮਸਾਖੀ ਪ੍ਰੰਪਰਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ
ਕੋਹਲੀ	Surinder Singh Kohli - Travels of Guru Nanak, Panjab University Chandigarh
ਜਵਾਹਰ	ਜਨਮਸਾਖੀ ਭਾਈ ਬਾਲਾ, ਭਾਈ ਜਵਾਹਰ ਸਿੰਘ ਕਿਰਪਾਲ ਸਿੰਘ ਪੁਸਤਕਾਂ ਵਾਲੇ, ਅੰਮ੍ਰਿਤਸਰ।
ਦੀਦਾਰ	ਗੁਰਧਾਮ ਦੀਦਾਰ, ਸ਼੍ਰੋਮਣੀ ਕਮੇਟੀ, ਅੰਮ੍ਰਿਤਸਰ
ਸੰਗ੍ਰਹਿ	ਗੁਰਧਾਮ ਸੰਗ੍ਰਹਿ, ਗਿਆਨੀ ਗਿਆਨ ਸਿੰਘ, ਸ਼ਰੋਮਣੀ ਕਮੇਟੀ ਅੰਮ੍ਰਿਤਸਰ
ਕੈਸਰ	ਇਕਬਾਲ ਕੈਸਰ, ਪਾਕਿਸਤਾਨ ਵਿਚ ਸਿੱਖਾਂ ਦੇ ਇਤਿਹਾਸਿਕ ਪਵਿੱਤਰ ਅਸਥਾਨ, ਪੰਜਾਬੀ ਤਵਾਰੀਖ ਬੋਰਡ, ਲਾਹੌਰ
ਪਪਪ	G Sources on The Life and Teachings of Guru Nanak . Guru Nanak Birth Quincentenary Volume -Punjab Past and Present, Vol. III, 1969, Punjabi University Patiala
ਦਿਲਜੀਤ	ਬਾਬਾ ਸ੍ਰੀ ਚੰਦ, ਬਾਬਾ ਦਿਲਜੀਤ ਸਿੰਘ ਬੇਦੀ, ਭਾਸ਼ਾ ਵਿਭਾਗ ਪੰਜਾਬ।
ਖਜਾਨ ਸਿੰਘ	Khazan Singh History of the Sikh Religion, Language Department, Punjab
ਤ੍ਰਿਲੋਚਣ	Guru Nanak: Founder of Sikhism written by Dr. Trilochan Singh.(Online Edition)
ਸਾਈਕਲ ਯਾਤਰੀ	ਭਾਈ ਧੰਨਾ ਸਿੰਘ ਚਹਿਲ, ਪਟਿਆਲਵੀ, ਗੁਰਤੀਰਥ ਸਾਈਕਲ ਯਾਤਰਾ (ਮਾਰਚ 1930 ਤੋਂ ਜੂਨ 1934) ਸੰਪਾਦਕ: ਚੇਤਨ ਸਿੰਘ। ਪਹਿਲੀ ਐਡੀਸ਼ਨ ਸਤੰਬਰ 2016। ਪ੍ਰਕਾਸ਼ਕ European Panjabi Sath, Walsall, UK.
ਅਸ਼ੋਕ	ਸ਼ਮਸ਼ੇਰ ਸਿੰਘ ਅਸ਼ੋਕ, ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਦੁਆਰੇ, ਸ਼੍ਰੋਮਣੀ ਕਮੇਟੀ 1970
ਬਰਵਾਲਾ	ਵਿਛੱੜੇ ਗੁਰਧਾਮ (ਗੁਰਦੁਆਰੇ) - ਸੁਖਦੇਵ ਸਿੰਘ ਬਰਵਾਲਾ, ਅੰਮ੍ਰਿਤਸਰ 2004 (ਸ਼ਬਦ ਜੋੜਾਂ ਅਤੇ ਆਮ ਗਲਤੀਆਂ ਹੋਣ ਦੇ ਬਾਵਜੂਦ ਪੁਸਤਕ ਸਹਾਈ ਹੈ)
ਬਾਬਰ-ਨਾਮਾ	ਬਾਬਰਨਾਮਾ। ਉਲਥਾ : The Life of Babur Emperor of Hindustan by Robert Marriott Caldecott (Available at www.google.com/books
ਫੌਜਾ ਸਿੰਘ	Fauja Singh and Kirpal Singh, ATLAS : Travels of Guru Nanak, Punjabi University Patiala
ਵਿੱਕੀ-ਪੈਡੀਆ	www.wikipedia.org

ਅਗਿਆਨਤਾ ਹੈ –ਗੁਰਬਾਣੀ ਵਿਚ 'ਸ' ਨੂੰ 'ਸ਼' ਕਰਕੇ ਪੜ੍ਹਨਾ

ਅੱਜ ਫਿਰ ਗੁਰੂ ਨਾਨਕ ਦੀ ਪੰਜਾਬੀ ਬੋਲੀ ਦੀ ਹਾਲਤ ਤਰਸਯੋਗ ਹੋ ਰਹੀ ਹੈ। ਲੋਕੀ ਧੜਾ ਧੜ ਹਿੰਦੀ ਦੇ ਲਫਜ਼ ਵਰਤਕੇ ਰਲਾ ਪਾ ਰਹੇ ਹਨ। ਹੋਰ ਤੇ ਹੋਰ ਅੱਜ ਖੁੱਦ ਸਿੱਖਾਂ ਨੇ ਗੁਰਬਾਣੀ ਵੀ ਵਿਗਾੜ ਕੇ ਪੜ੍ਹਨੀ ਸ਼ੁਰੂ ਕਰ ਦਿੱਤੀ ਹੈ। ਜਿਵੇ ਅੱਜ ਸ ਅੱਖਰ ਨੂੰ ਸ਼ ਕਰਕੇ ਪੜ੍ਹਨ ਦਾ ਫੈਸ਼ਨ ਸ਼ੁਰੂ ਹੋ ਗਿਆ ਹੈ।ਜਦ ਕਿ ਅੱਜ ਤੋਂ ਅੱਧੀ ਸਦੀ ਪਹਿਲਾਂ ਪੰਜਾਬ ਦੇ ਇਲਾਕੇ ਵਿਚ ਸ਼ ਬੋਲਣ ਦਾ ਚਲਨ ਨਹੀ ਸੀ। ਹੁਣ ਵੀ ਪਿਡਾਂ ਦੇ ਅਨਪੜ ਲੋਕ ਤੇ ਪਾਕਿਸਤਾਨੀ ਪੰਜਾਬ ਵਿਚ ਲੋਕ ਸ ਹੀ ਬੋਲਦੇ ਹਨ। ਪਰ ਹਿੰਦੀ ਦੇ ਰਲੇ ਦੇ ਅਸਰ ਸਦਕਾ ਹੁਣ ਉਚਾਰਨ ਗੁਰੂ ਸਹਿਬ ਵਾਲਾ ਨਹੀ ਕਰ ਰਹੇ।ਲੋਕ ਸ ਨੂੰ ਸ਼ ਕਰਕੇ ਪੜ ਰਹੇ ਹਨ :- 'ਦੇਸ਼ੀ ਘਿਓ, ਸਤ ਸ਼੍ਰੀ ਅਕਾਲ, ਪ੍ਰਸ਼ਾਦ, ਸ਼ੱਕਰ, ਆਸ਼ਾ, ਸ਼ੀਸ਼, ਸ਼ੋਭਾ, ਸ਼ਲੋਕ, ਸ਼ੁਭਚਿੰਤਕ, ਪਸ਼ੂ, ਈਸ਼ਰ, ਨਿਸ਼ਚਾ,ਪ੍ਰਦੇਸ਼, ਅਕਾਸ਼,ਅਦੇਸ਼, ਪਿਸ਼ਤਾ ਆਦਿ। ❋ ਪ੍ਰਸਿੱਧ ਭਾਸ਼ਾ ਵਿਗਿਆਨੀ ਡਾਕਟਰ ਹਰਕੀਰਤ ਸਿੰਘ ਦੀ ਬੜੀ ਨਿੱਗਰ ਖੋਜ ਹੈ ਕਿ ਉੱਤਰੀ ਭਾਰਤ ਵਿਚ ਸਦੀ ਕੁ ਪਹਿਲਾਂ ਤਕ 'ਸ਼' ਤੇ 'ਜ਼' ਦੀਆਂ ਧੁਨੀਆਂ ਬੋਲੀਆਂ ਹੀ ਨਹੀਂ ਸਨ ਜਾਂਦੀਆਂ । ਇਥੋਂ ਤਕ ਕਿ ਪੁਰਾਣੀ ਹਿੰਦੀ (ਯੂ.ਪੀ, ਮੱਧ ਪ੍ਰਦੇਸ਼ ਆਦਿ ਵਿਚ ਵੀ ਸ਼ ਦਾ ਉਚਾਰਨ ਨਹੀਂ ਸੀ। ਸੋ ਗੁਰੂ ਸਹਿਬਾਨ ਨੇ ਗੁਰਬਾਣੀ ਵਿਚ ਸ਼ ਵਰਤਿਆ ਹੀ ਨਹੀਂ। ਇਸ ਕਰਕੇ ਸਰੀਰ ਨੂੰ ਸ਼ਰੀਰ, ਆਸਾ ਨੂੰ ਆਸ਼ਾ, ਦੇਸੀ ਨੂੰ ਦੇਸ਼ੀ, ਸੀਤਲ ਨੂੰ ਸ਼ੀਤਲ, ਸੁਮ ਨੂੰ ਸ਼ੁਮ, ਪ੍ਰਸਾਦਿ ਨੂੰ ਪ੍ਰਸ਼ਾਦਿ, ਸਬਦ ਨੂੰ ਸ਼ਬਦ, ਪ੍ਰਗਾਸ ਨੂੰ ਪ੍ਰਗਾਸ਼ ਕਰਕੇ ਉਚਾਰਨਾਂ ਧਾਰਮਿਕ ਅਪਰਾਧ ਹੈ। ❋ ਖੋਜ ਉਪਰੰਤ ਪਤਾ ਲਗਦਾ ਹੈ ਕਿ ਇਸ ਗਲਤ ਰੀਤ ਦਾ ਕਾਰਨ ਪ੍ਰਿਸੀਪਲ ਸਾਹਿਬ ਸਿੰਘ ਦਾ ਟਪਲਾ ਖਾਣਾ ਹੈ। ਉਂਜ ਉਨਾਂ ਨੇ ਗੁਰਮਤ ਦੀ ਵੱਡੀ ਸੇਵਾ ਕੀਤੀ ਹੈ ਪਰ ਇਥੇ ਬਿਨਾਂ ਪਰੰਪਰਾ ਦਾ ਧਿਆਨ ਕੀਤੇ ਸੁਝਾਅ ਦੇ ਦਿਤਾ ਸੀ ਕਿ ਸ ਨੂੰ ਸ਼ ਕਰਕੇ ਪੜਿਆ ਜਾਵੇ।

ਜਿੰਦਗੀਨਾਮਾ ਗੁਰੂ ਨਾਨਕ। ਕਿਉ ਅਤੇ ਕਿਸ ਤਰਾਂ ਲਿਖੀ?

ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਪ੍ਰਚਾਰ ਅਸੀ ਮੇਲਿਆਂ, ਰਾਜਨੀਤਕ ਇਕੱਠਾਂ ਅਤੇ ਸਕੂਲਾਂ ਵਿਚ ਕਰਿਆ ਕਰਦੇ ਸੀ। ਜਦੋਂ ਉਹ ਖੂਬਸੂਰਤ ਪਰਚੇ ਅਸੀ ਸਿਰਫ 5-5 ਰੁਪਏ ਵਿਚ ਵੇਚਦੇ ਹੁੰਦੇ ਸਾਂ ਤਾਂ ਸ਼ਾਮ ਤਕ ਸਾਡਾ ਝੋਲਾ ਨੋਟਾਂ/ ਸਿੱਕਿਆਂ ਨਾਲ ਭਰ ਜਾਂਦਾ ਸੀ। ਇਹ ਉਹ ਮੌਕਾ ਵੀ ਸੀ ਜਦੋਂ "ਸਰਕਾਰੀ ਅਫਸਰੀ ਛੱਡਣ ਵਾਲਾ ਮੂਰਖ ਨਖੱਟੂ" ਕਮਾ ਵੀ ਰਿਹਾ ਸੀ। ਉਦੋਂ ਸੰਗਤਾਂ ਦੀ ਮੰਗ ਹੁੰਦੀ ਸੀ ਕਿ ਅਜਿਹੀ ਕੋਈ ਸਸਤੀ ਜਿਹੀ ਗੁਰੂ ਨਾਨਕ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਦੀ ਜੀਵਨੀ ਵੀ ਹੋਵੇ। ਅਸੀ ਸ਼੍ਰੋਮਣੀ ਕਮੇਟੀ ਜਿਹੀਆਂ ਜਥੇਬੰਦੀਆਂ ਤਕ ਪਹੁੰਚ ਕੀਤੀ ਪਰ ਅਜਿਹਾ ਕੋਈ ਪ੍ਰਕਾਸ਼ਨ ਨਹੀ ਸੀ। ਸਾਨੂੰ ਹੈਰਾਨੀ ਹੋਈ ਸਿੱਖ ਸੰਸਥਾ ਅਜਿਹਾ ਕੁਝ ਛਾਪਣ/ਵੰਡਣ/ਵੇਚਣ ਨੂੰ ਤਿਆਰ ਵੀ ਨਹੀ ਸੀ।

ਸੋ ਮਨ ਬਣਾ ਲਿਆ ਕਿ ਕੋਈ 50-100 ਸਫੇ ਦੀ ਸੰਖੇਪ ਜੀਵਨੀ ਗੁਰੂ ਨਾਨਕ ਸਾਹਿਬ ਦੀ ਲਿਖੀਏ। ਓਧਰੋਂ ਮਾਰਚ 2017 ਵਿਚ ਸਾਨੂੰ ਆਪਣੇ ਪੁੱਤ ਕੋਲ ਛੇ ਮਹੀਨਿਆਂ ਲਈ ਅਸਟ੍ਰੇਲੀਆ ਜਾਣਾ ਪੈ ਗਿਆ।

ਕਿਉਕਿ ਜਿਆਦਾ ਭਾਰ ਲਿਜਾ ਨਹੀ ਸੀ ਸਕਦੇ, ਜੀਵਨੀ ਲਿਖਣ ਦੇ ਮਕਸਦ ਲਈ ਅਸੀ ਗੁਰੂ ਸਾਹਿਬ ਨਾਲ ਸਬੰਧਿਤ ਸਿਰਫ ਮੁੱਢਲੇ ਸਰੋਤ (ਜਨਮਸਾਖੀਆਂ) ਹੀ ਨਾਲ ਲੈ ਕੇ ਗਏ। ਜਦੋਂ ਰੋਜ ਨਿਤਨੇਮ ਉਪਰੰਤ ਅਰਦਾਸ ਕਰਕੇ ਜੀਵਨੀ ਦਾ ਕੰਮ ਸ਼ੁਰੂ ਕਰਦੇ ਸੀ ਤਾਂ ਜਨਮਸਾਖੀਆਂ ਨੂੰ ਆਪਣੀ ਤੁਸ਼ ਬੁੱਧ ਅਨੁਸਾਰ ਸਮਝਣਾ ਸ਼ੁਰੂ ਕੀਤਾ (Interpretation) ਤਾਂ ਸਾਨੂੰ ਨਵੀਆਂ ਗੱਲਾਂ ਮਿਲਣੀਆਂ ਸ਼ੁਰੂ ਹੋ ਗਈਆਂ। ਮਹਿਸੂਸ ਹੋਇਆ ਕਿ ਗੁਰੂ ਸਾਹਿਬ ਦੇ ਜੀਵਨ ਤੇ ਖੋਜ ਦੀ ਵੱਡੀ ਗੁੰਜਾਇਸ਼ ਹੈ। ਫਿਰ ਤਹਿ ਕੀਤਾ ਕਿ ਸੀਮਿਤ ਸਫਿਆਂ ਵਾਲੀ ਨਾਂ ਹੋ ਕੇ ਵਿਸਥਾਰ ਵਿਚ ਕਾਲ-ਕ੍ਰਮ ਅਨੁਸਾਰ ਜੀਵਨੀ ਲਿਖੀ ਜਾਵੇ ਅਤੇ ਜੇ ਗੁਰੂ ਸਾਹਿਬ ਹੋਰ ਜੀਵਨ ਅਤੇ ਉਪਰਾਲਾ ਬਖਸ਼ਣ ਤਾਂ ਫਿਰ ਇਹਦਾ ਸਾਰ ਵੀ ਲਿਖਿਆ ਜਾਵੇ।

ਪੰਜਾਬੋਂ ਦੂਰ ਭਾਵ ਸਰੋਤਾਂ ਤੋਂ ਦੂਰ ਹੋਣ ਕਰਕੇ ਫਿਰ ਸਾਡੀ ਪਹੁੰਚ ਸਿਰਫ ਇੰਟਰਨੈੱਟ ਸੀ। ਉਂਜ ਇਕ ਪੋਟੇ ਤੇ ਸਾਡੇ ਸਾਹਮਣੇ ਗੂਗਲ ਮੈਪ ਰਾਂਹੀ ਉਸ ਇਲਾਕੇ ਦਾ ਨਕਸ਼ਾ ਅਤੇ ਵਿੱਕੀਪੈਡੀਆ ਰਾਂਹੀ ਇਤਹਾਸ ਹੁੰਦਾ ਜਿੱਥੇ ਜਿੱਥੇ ਸਾਹਿਬ ਚਰਨ ਪਾਉਦੇ ਸਨ। ਸਾਡੀ ਤਾਂ ਮੌਜ ਬੱਝ ਗਈ।

ਸੋ ਇਸ ਪ੍ਰਕਾਰ ਹਾਲਾਤਾਂ ਨੇ ਸਾਨੂੰ ਸਾਡੇ ਤੋਂ ਪਹਿਲਾਂ ਹੋ ਚੁੱਕੇ ਲਿਖਾਰੀਆਂ ਨਾਲੋਂ ਬਿਹਤ੍ਰ ਸਥਾਨ ਤੇ ਲਿਆ ਖੜਾ ਕਰ ਦਿੱਤਾ। ਭਾਵ ਜੇ ਅਸੀ ਕੁਝ ਕੀਤਾ ਹੈ ਤਾਂ ਇਸ ਵਿਚ ਸਾਡੀ ਕੋਈ ਬਹਾਦਰੀ ਨਹੀ, ਇਹ ਹਾਲਾਤਾਂ ਦੀ ਦੇਣ ਹੈ।

ਸਰੋਤਾਂ ਵਲ ਪਰਤਦਿਆ। ਅਸੀ ਵੀ ਮਹਿਸੂਸ ਕਰਦੇ ਹਾਂ ਕਿ ਮੋਢੀ ਗੁਰੂ ਦੇ ਜੀਵਨ ਤੇ ਜੋ ਜਨਮ ਸਾਖੀਆਂ ਮੌਜੂਦ ਹਨ, ਉਹਨਾਂ ਦੀ ਕੋਈ 'ਮਾਂ ਜਨਮਸਾਖੀ' ਵੀ ਸੀ। ਅੱਗੇ ਫਿਰ ਜਿਵੇ ਉਤਾਰੇ ਹੋਏ ਤਾਂ ਭਿੰਨ ਭੇਦ ਆਈ ਗਏ। ਅੱਜ ਸਾਡੇ ਕੋਲ ਸਭ ਤੋਂ ਪੁਰਾਣੀ ਜੋ ਜਨਮਸਾਖੀ ਮਿਲਦੀ ਹੈ ਉਹ ਦਇਆ ਰਾਮ ਅਬਰੋਲ ਲਿਖਤ ਸਰੂਪ ਹੈ ਜੋ 'ਬੀ-40' ਕਹਾਉਦੀ ਹੈ।

ਉਂਜ ਲਗਦਾ ਹੈ ਕਿ ਬਾਲੇ ਵਾਲੀ ਜਨਮਸਾਖੀ ਵਿਚ 'ਮਾਂ ਜਨਮਸਾਖੀ' ਦਾ ਤੱਤ ਸਭ ਤੋਂ ਵੱਧ ਹੈ। ਬਾਵਜੂਦ ਇਸ ਦੇ ਕਿ ਜੰਡਿਆਲੇ ਦੇ ਨਿਰੰਜਨੀ ਡੇਰੇ ਵਲੋਂ ਇਸ ਵਿਚ ਵਾਧੂ ਮਿਲਾਵਟ ਕੀਤੀ ਸੀ।

ਜਨਮ ਸਾਖੀ ਤੋਂ ਇਹ ਅੰਦਾਜ਼ਾ ਲਗਦਾ ਹੈ ਕਿ ਗੁਰੂ ਸਾਹਿਬ ਦੇ ਕਿਸੇ ਸਾਥੀ ਨੇ ਕਿਸੇ ਤੀਸਰੇ ਬੰਦੇ (ਬਾਲੇ ਆਦਿ) ਨੂੰ ਗੁਰੂ ਸਾਹਿਬ ਦੀਆਂ ਉਦਾਸੀਆਂ ਦੀਆਂ ਗੱਲਾਂ ਵਾਪਸੀ ਤੇ ਦੱਸੀਆਂ ਹੋਣ ਜਿਸ ਨੇ ਫਿਰ ਮਾਂ ਜਨਮਸਾਖੀ ਲਿਖਵਾਈ। ਵੱਡੀ ਸੰਭਾਵਨਾ ਹੈ ਕਿ ਬਾਲਾ ਤਲਵੰਡੀ ਜਾਂ ਸੁਲਤਾਨਪੁਰ ਦਾ ਕੋਈ ਵਸਨੀਕ ਹੋਵੇ।

ਕਿਉਕਿ ਤੀਸਰਾ ਬੰਦਾ (ਬਾਲਾ ਆਦਿ) ਅਨਪੜ੍ਹ ਤੇ ਟੋਪੋਗ੍ਰਾਫੀ ਤੋਂ ਅਣਜਾਣ ਹੋਣ ਕਰਕੇ ਸਥਾਨਾਂ ਅਤੇ ਪਾਤਰਾਂ ਦੇ ਸਹੀ ਨਾਂ ਦੇਣ ਤੋਂ ਅਸਮਰਥ ਰਿਹਾ ਹੈ। ਉਹਨਾਂ ਨਾਂਵਾਂ ਥਾਵਾਂ ਨੂੰ ਲੱਭਣਾ ਹੀ ਤਾਂ ਇਤਹਾਸਕਾਰ ਦਾ ਕੰਮ ਹੁੰਦਾ ਹੈ। ਨਾਸਤਕ ਲਿਖਾਰੀ ਜੋ ਮਰਜੀ ਲਿਖੀ ਜਾਣ, ਜਨਮਸਾਖੀਆਂ ਸਿੱਖ ਇਤਹਾਸ ਦੇ ਮਹਿਲ ਦੀ ਅਜਿਹੀ ਮਜਬੂਤ ਨੀਂਹ ਰੱਖ ਗਈਆਂ ਹਨ ਜਿਸ ਨੂੰ ਕੋਈ ਝੱਖੜ ਭੁਚਾਲ ਨਹੀ ਹਿਲਾ ਸਕਦਾ। ਜਨਮਸਾਖੀ ਲਿਖਾਰੀਆਂ ਨੂੰ ਸਾਡਾ ਕੋਟਿ ਕੋਟਿ ਪ੍ਰਨਾਮ।

ਖਡੂਰ ਸਾਹਿਬ ਵਿਖੇ ਬਾਲੇ ਦੀ ਮੜੀ ਹੋਣਾ ਇਹੋ ਇਸ਼ਾਰਾ ਕਰਦਾ ਹੈ ਕਿ ਜਨਮਸਾਖੀ ਦਾ ਵੱਡਾ ਕਾਰਜ ਗੁਰੂ ਅੰਗਦ ਦੇਵ ਜੀ ਨੇ ਸ਼ਾਇਦ ਆਪ ਹੀ ਸ਼ੁਰੂ ਕਰਵਾਇਆ ਹੋਵੇ।

ਸਿੱਖੀ ਦੀ ਮੁੱਖ ਧਾਰਾ ਭਾਵ ਗੁਰੂ ਅੰਗਦ ਦੇਵ ਜੀ ਲਈ ਇਹ ਵੱਡੀ ਜਰੂਰਤ ਵੀ ਸੀ। ਕਿਉਕਿ ਲਗਦਾ ਹੈ ਸਾਹਿਬ ਦੀਆਂ ਉਦਾਸੀਆਂ/ ਯਾਤਰਾਵਾਂ ਦਾ ਕੋਈ ਰਿਕਾਰਡ ਵੀ ਹੈਗਾ ਸੀ ਜੋ ਬਾਬਾ ਸ੍ਰੀ ਚੰਦ ਦੇ ਹੱਥ ਲੱਗ ਗਇਆ। ਜਿਸ ਕਰਕੇ ਉਦਾਸੀ ਸਾਧੂ ਦੂਰ ਦੁਰਾਡੇ ਦੇਸਾਂ ਵਿਚ ਪਹੁੰਚ ਗਏ। ਇਕ ਹੋਰ ਗਲ ਵੀ ਨੋਟ ਕਰਨ ਵਾਲੀ ਹੈ ਕਿ ਕਈ ਥਾਂਈ ਜਿਥੇ ਰਾਜੇ ਮਹਾਰਾਜੇ ਗੁਰੂ ਸਾਹਿਬ ਦੇ ਸੇਵਕ ਬਣੇ ਸਨ ਉਥੇ ਬਾਬਾ ਸ੍ਰੀ ਚੰਦ ਆਪ ਗਏ। ਇਸ ਤੋਂ ਇਹੋ ਸਾਬਤ ਹੁੰਦਾ ਹੈ ਕਿ ਉਸ ਰਿਕਾਰਡ ਦੀ ਭਿੱਣਕ ਉਦਾਸੀ ਸੰਪਰਦਾ ਨੇ ਸਿੱਖੀ ਦੀ ਮੁੱਖ ਧਾਰਾ ਨੂੰ ਲਗਣ ਨਾਂ ਦਿੱਤੀ।

ਯਾਦ ਰਹੇ ਗੁਰੂ ਸਾਹਿਬ ਦੇ ਚਲਾਣੇ ਤੋਂ ਤੁਰੰਤ ਬਾਦ ਪੰਥ ਦੋ ਸਾਖਾਵਾਂ ਵਿਚ ਵੰਡਿਆ ਗਿਆ ਸੀ, 1. ਗੁਰੂ ਅੰਗਦ ਵਾਲੀ ਮੁੱਖ ਧਾਰਾ ਤੇ 2. ਬਾਬਾ ਸ੍ਰੀ ਚੰਦ ਦੇ ਉਦਾਸੀ। ਇਹੋ ਜਿਹੀਆਂ ਵੰਡੀਆਂ ਕਿਸੇ ਵੀ ਮਜ਼ਬ ਵਾਸਤੇ ਕਦੀ ਸਹਾਈ ਵੀ ਹੁੰਦੀਆਂ ਹਨ ਕਿਉਕਿ ਮੁਕਾਬਲੇ ਦੀ ਭਾਵਨਾ ਵਿਚ ਪ੍ਰਚਾਰ ਜਿਆਦਾ ਹੁੰਦਾ ਹੈ। ਪਰ ਬਦਕਿਸਮਤੀ ਨਾਲ ਉਦਾਸੀ ਧਾਰਾ ਨੇ ਹਿੰਦੂਮਤ ਦੇ ਮੁਢਲੇ ਅਸੂਲਾਂ ਜਿਵੇ ਵਰਨਆਸ਼ਰਮ ਅਤੇ ਕਰਮਕਾਂਡਾਂ ਨੂੰ ਬਿਲਕੁਲ ਛੇੜਿਆ ਹੀ ਨਾਂ। ਇਹ ਉਹ ਲੋਕ ਸਨ ਜਿਹੜੇ ਮੱਥਾ ਗੁਰੂ ਗ੍ਰੰਥ ਸਾਹਿਬ ਨੂੰ ਟੇਕਦੇ ਪਰ ਮੰਨਦੇ ਸਨਾਤਨੀ ਪੁਰਾਣਾਂ ਸ਼ਾਸਤਰਾਂ ਨੂੰ।

ਗੁਰੂ ਸਾਹਿਬ ਦੀ ਬੇਦੀ ਸੰਤਾਨ ਜੋ ਉਦਾਸੀ ਸੰਪਰਦਾ ਦੇ ਜਿਆਦਾ ਨੇੜੇ ਰਹੀ ਹੈ ਉਹਨਾਂ ਨੂੰ ਵੀ ਅੱਜ ਆ ਕੇ ਕਿਤੇ ਅਹਿਸਾਸ ਹੋਇਆ ਹੈ ਜਦੋਂ ਉਦਾਸੀ ਸੰਪਰਦਾ ਨੇ ਐਲਾਨ ਕੀਤਾ ਹੈ ਕਿ ਉਦਾਸੀ ਸੰਪਰਦਾ ਬਾਬਾ ਸ੍ਰੀ ਚੰਦ ਤੋਂ ਪਹਿਲਾਂ ਵੀ ਹੈਗੀ ਸੀ।

ਥੋੜ 20ਵੀ ਸਦੀ ਵਿਚ ਅਕਾਲੀ ਲਹਿਰ ਨੇ ਉਦਾਸੀ ਲਹਿਰ ਦਾ ਲੱਕ ਤੋੜ ਕੇ ਰੱਖ ਦਿਤਾ ਸੀ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਉਦਾਸੀਆਂ ਨੇ ਜਿਹੜੇ ਦੂਰ ਦੇਸਾਂ ਵਿਚ ਘੋਰਨੇ ਬਣਾਏ ਹੋਏ ਸਨ ਉਹ ਮਲਕੜੇ ਹੀ ਵਾਪਸ ਸਨਾਤਨੀ ਮੁਖ ਧਾਰਾ ਵਿਚ ਸਮਾ ਗਏ ਹਨ।

ਹੁਣੇ ਹੁਣੇ (2018 ਵਿਚ) ਨਰਾਇਣ ਦਾਸ ਨਾਂ ਦੇ ਇਕ ਉਦਾਸੀ ਨੇ ਸ਼ੇ੍ਆਮ ਹੀ ਗੁਰਮਤ ਦਾ ਮਖੌਲ ਉਡਾਇਆ ਪਰ ਕਿਸੇ ਵੀ ਉਦਾਸੀ ਨੇ ਉਹਦੇ ਖਿਲਾਫ ਇਕ ਲਫਜ਼ ਨਾਂ ਬੋਲਿਆ। ਵਕਤ ਨੇ ਸਾਬਤ ਕਰ ਦਿੱਤਾ ਹੈ ਕਿ ਉਦਾਸੀ ਧਾਰਾ ਸਿੱਖੀ ਪ੍ਤੀ ਸੁਹਿਰਦ ਨਹੀ ਸੀ। ਬਾਬਾ ਸ੍ਰੀ ਚੰਦ ਤੇ ਬਜਾਰ ਵਿਚ ਮਿਲਦੀਆਂ ਜਨਮਸਾਖੀਆਂ ਅੱਜ ਸ਼ੇ੍ਆਮ ਇਹੋ ਪ੍ਭਾਵ ਦੇ ਰਹੀਆਂ ਹਨ ਕਿ ਬਾਬਾ ਸ੍ਰੀ ਚੰਦ ਦਾ ਜੀਵਨ ਮਨੋਰਥ 'ਸੰਕਟ ਗ੍ਸਤ' ਹਿੰਦੂ ਧਰਮ ਦੀ ਤਰੱਕੀ ਸੀ। (ਵੇਖੋ ਜਨਮਸਾਖੀ ਬਾਬਾ ਸ੍ਰੀ ਚੰਦ -ਗਿਆਨੀ ਪਰਤਾਪ ਸਿੰਘ ਸਫਾ 8 ਅਤੇ 77)

ਸੋ ਜੇ ਕਿਤੇ ਗੁਰੂ ਸਾਹਿਬ ਦੀਆਂ ਉਦਾਸੀਆਂ ਦਾ ਰਿਕਾਰਡ ਪੰਥ ਕੋਲ ਹੁੰਦਾ ਤਾਂ ਸ਼ਾਇਦ ਗਲ ਹੋਰ ਹੋਣੀ ਸੀ।

ਜਨਮਸਾਖੀਆਂ ਤੋਂ ਬਾਦ ਸਰੋਤ ਦੇ ਤੌਰ ਤੇ ਜਿਸ ਨੇ ਸਾਨੂੰ ਪ੍ਭਾਵਤ ਕੀਤਾ ਹੈ ਉਹ ਹੈ ਗਿਆਨੀ ਗਿਆਨ ਸਿੰਘ। ਗਿਆਨੀ ਦੀ ਲਿਖਤ ਵਿਚ ਸਾਨੂੰ ਜਨਮਸਾਖੀਆਂ ਵਰਗੇ ਕੁਝ ਥਾਂਈ ਬੁਨਿਆਦੀ ਤੱਥ ਮਿਲੇ ਹਨ ਜੋ ਗੁਰਬਾਣੀ ਦੀ ਕਸੌਟੀ ਤੇ ਵੀ ਖਰੇ ਉਤਰਦੇ ਹਨ।

ਗਿਆਨੀ ਤੋਂ ਹੀ ਸਾਨੂੰ ਪ੍ਰੇਰਨਾ ਮਿਲੀ ਹੈ ਕਿ ਇਤਹਾਸ ਨੂੰ ਗੁਰਬਾਣੀ ਵਿਚੋਂ ਖੋਜਣ ਦੀ ਕੋਸ਼ਿਸ਼ ਵੀ ਹੋਣੀ ਚਾਹੀਦੀ ਹੈ। ਇਸ਼ਾਰੇ ਮੌਜੂਦ ਹਨ। ਫਿਰ ਅਸੀ ਵੀ ਨਿਮਾਣਾ ਜਿਹਾ ਉਪਰਾਲਾ ਆਪਣੀ ਤੁਸ਼ ਬੁੱਧ ਅਨੁਸਾਰ ਕੀਤਾ ਹੈ।

ਅਸੀ ਕੋਸ਼ਿਸ਼ ਕੀਤੀ ਹੈ ਕਿ ਜਿੱਥੇ ਜਿੱਥੇ ਗੁਰਬਾਣੀ ਦਾ ਜਿੱਕਰ ਹੈ ਪੂਰਾ ਦਾ ਪੂਰਾ ਸ਼ਬਦ ਕਿਤਾਬ ਵਿਚ ਦਿੱਤਾ ਜਾਏ। ਅਕਸਰ ਲਿਖਾਰੀ ਅੰਗ ਨੰ. ਦੇ ਕੇ ਕੰਮ ਚਲਾ ਦਿੰਦੇ ਹਨ ਅਤੇ ਬਹੁਤੇ ਪਾਠਕ ਸ਼ਬਦ ਨੂੰ ਪੜ੍ਹਨ ਤੋਂ ਘੋਲ ਕਰ ਦਿੰਦੇ ਹਨ। ਗੁਰਬਾਣੀ ਦਾ ਫੋਂਟ ਵੀ ਵੱਖਰਾ ਹੈ। ਉਮੀਦ ਕਰਦੇ ਹਾਂ ਕਿ ਗੁਰਬਾਣੀ ਦਾ ਅੱਖਰ ਨਾਪ ਛੋਟਾ ਹੋਣ ਤੇ ਪਾਠਕ ਬੁਰਾ ਨਹੀ ਮਨਾਏਗਾ।

ਕਿਉਕਿ ਅਕਾਲੀ ਲੀਡਰਾਂ ਨੇ ਦੇਸੀ ਕੈਲੰਡਰ ਬਾਬਤ ਭੰਬਲਭੂਸਾ ਖੜਾ ਕਰ ਦਿੱਤਾ ਹੈ ਜਿਸ ਕਾਰਨ ਕਿਤਾਬ ਵਿਚ ਅਸੀ ਦੇਸੀ ਕੈਲੰਡਰ ਨੂੰ ਅਧਾਰ ਨਹੀ ਬਣਾ ਸਕੇ। ਸਾਨੂੰ ਦੁੱਖ ਹੈ।

ਕਿਤਾਬ ਵਿਚ ਹਿੰਦਸੇ ਵੀ ਅਸੀ ਰੋਮਨ ਹੀ ਵਰਤੇ ਹਨ। ਜੀ ਤਾਂ ਚਾਹੁੰਦਾ ਸੀ, ਗੁਰਮੁੱਖੀ ਹਿੰਦਸਿਆਂ ਨੂੰ ਪਰ ਅੱਜ ਬਹੁਤ ਘੱਟ ਪਾਠਕ ਉਹ ਵਰਤਦੇ ਅਤੇ ਸਮਝਦੇ ਹਨ।

ਇਕ ਜਿੱਲਦ ਵਿਚ ਹੀ ਕਿਤਾਬ ਨੂੰ ਸਮੇਟਣ ਦੀ ਕੋਸ਼ਿਸ਼ ਕਰਕੇ ਇਹ ਸੰਛਣੀ ਜਰੂਰ ਹੈ ਪਰ ਅੱਖਰ ਨਾਪ ਛੋਟਾ ਨਹੀ ਹੋਣ ਦਿੱਤਾ।

ਅਹਿਸਾਸ ਹੈ ਮੇਰੀ ਹਊਮੇ ਕਰਕੇ ਕਿਤਾਬ ਵਿਚ ਸ਼ਬਦ ਜੋੜਾਂ ਅਤੇ ਵਿਆਕਰਣ ਦੀਆਂ ਗਲਤੀਆਂ ਰਹਿ ਗਈਆਂ ਹਨ। ਉਂਜ ਵੀ ਇਸ ਲਿਖਾਰੀ ਨੇ ਪੰਜਾਬੀ ਸਾਹਿਤ ਨਾ ਦੇ ਬਰਾਬਰ ਪੜਿਆ ਹੈ। 10 ਵੀਂ ਤੋਂ ਬਾਦ ਦੀ ਸਾਰੀ ਸਿਖਿਆ ਪੰਜਾਬੋਂ ਬਾਹਰ ਐਮ ਪੀ ਅਤੇ ਰਾਜਸਥਾਨ ਦੀ ਹੈ। 'ਬਿੰਦੀਆਂ' 'ਟਿੱਪੀਆਂ' ਅਤੇ 'ਅਧਿਕਾਂ' ਲਈ 'ਮਾਂ ਬੋਲੀ' ਦਾ ਗੁਨਾਹਗਾਰ ਮੁਆਫੀ ਮੰਗਦਾ ਹੈ।

ਪੰਜਾਬੀ ਵਿਚ (ਗੁਰੂ ਸਾਹਿਬ ਦੀ ਬਾਣੀ ਵਿਚ ਵੀ) ਕੋਈ 25-30% ਸ਼ਬਦ ਫਾਰਸੀ ਭਾਸ਼ਾ ਦੇ ਹਨ। ਗੱਲ ਹੈ ਵੀ ਕੁਦਰਤੀ ਕਿਉਕਿ ਪੰਜਾਬੀ ਦਾ ਗਵਾਂਢ ਇਕ ਪਾਸੇ ਹਿੰਦੁਸਤਾਨੀ ਹੈ ਤੇ ਦੂਸਰੇ ਪਾਸੇ ਫਾਰਸੀ। ਸੋ ਲਿਖਾਰੀ ਦੇ ਸੀਮਤ ਭਾਸ਼ਾ ਗਿਆਨ ਨੂੰ ਜਿੱਥੇ ਕੋਈ ਢੁੱਕਵਾਂ ਸ਼ਬਦ ਨਹੀ ਸੀ ਲੱਭਦਾ ਤਾਂ ਅਸੀ ਪੱਛਮੀ ਗਵਾਂਢ ਵੀ ਜਾਣੋ ਨਾਂ ਝਕੇ।

ਸਾਡੇ ਨੌਕਰੀ ਛੱਡਣ ਤੇ ਬੱਚਿਆਂ ਅਤੇ ਘਰਵਾਲੀ ਨੂੰ ਕੁਝ ਮੁਸ਼ਕਲਾਂ ਦਾ ਸਾਹਮਣਾ ਕਰਨਾਂ ਪਿਆ, ਅਜਿਹਾ ਉਹ ਸੋਚਦੇ ਹਨ। ਫਿਰ ਵੀ ਕੁਲਵਿੰਦਰ ਕੌਰ ਨੇ ਆਪਣਾ ਫਰਜ ਨਿਭਾਉਣ ਵਿਚ ਕੋਈ ਕਸਰ ਨਹੀ ਛੱਡੀ। ਸਾਡੇ ਕਹਿਣ 'ਚ ਦੇਰ ਹੁੰਦੀ ਆ, ਕਾਫੀ ਦਾ ਕੱਪ ਸਾਡੇ ਮੇਜ ਤੇ ਪਹਿਲਾਂ ਹੁੰਦਾ ਹੈ। ਸੋ ਕੁਲਵਿੰਦਰ ਤੋਂ ਬਿਨਾਂ ਇਹ ਕੰਮ ਨਹੀ ਸੀ ਹੋ ਪਾਉਣਾ।

ਮੈਡਮ ਚਰਨਜੀਤ ਕੌਰ ਅਤੇ ਬੀਬੀ ਗੁਰਿੰਦਰ ਕੌਰ ਬ੍ਰਿਸਬੇਨ ਦਾ ਪਰੂਫ ਪੜ੍ਹਨ ਲਈ ਧੰਨਵਾਦ। ਵਾਹਿਗੁਰੂ ਚੜ੍ਹਦੀ ਕਲਾ ਬਖਸ਼ੇ।

ਵਿੱਚ ਵਿੱਚ ਤ੍ਰਲੋਚਨ ਸਿੰਘ ਦੁਸਾਂਝ ਵੀ ਪਰੂਫ ਪੜੇ, ਧੰਨਵਾਦ।

"ਬਿਨੁ ਦਮ ਕੇ ਸਉਦਾ ਨਹੀ ਹਾਟ॥ ਬਿਨੁ ਬੋਹਿਥ ਸਾਗਰ ਨਹੀ ਵਾਟ ॥"- ਅੱਜ ਕਿਤਾਬ ਛਾਪਣ ਮੌਕੇ ਅਸੀ ਫਿਰ ਉਹਨਾਂ ਹੀ ਪਿਆਰਿਆਂ ਤਕ ਪਹੁੰਚ ਕੀਤੀ, ਜਿਹੜੇ ਕਰਤਾਰਪੁਰ ਸਾਹਿਬ ਦੇ ਲਾਂਘੇ 'ਚ ਮਦਦਗਾਰ ਸਨ। ਸੱਜਣਾਂ ਨੇ ਫਿਰ ਭਰਪੂਰ ਸਹਿਯੋਗ ਦਿੱਤਾ ਹੈ। ਸੋ ਉਹਨਾਂ ਸਭ ਦਾ ਇਕ ਵਾਰ ਫਿਰ ਸ਼ੁਕਰਾਨਾ ਹੈ (ਨਾਂ ਸਫਾ 516 ਤੇ ਆ ਗਏ ਹਨ।) ਇਹਨਾਂ ਤੋਂ ਇਲਾਵਾਂ ਧੰਨਵਾਦ ਹੈ ਹੋਰ ਸਾਕਾਂ ਸਬੰਧੀਆਂ ਮਿਤ੍ਰਾਂ ਦੋਸਤਾਂ ਦਾ ਜਿੰਨਾਂ ਨੇ ਕਿਤਾਬ ਛਾਪਣ ਲਈ ਮਾਇਕ ਮਦਦ ਦਿੱਤੀ ਹੈ, ਖਾਸ ਕਰਕੇ :-

1. ਜਸਵੰਤ ਸਿੰਘ ਰੂਸੀ। ਪਿੰਡ ਬੰਡਾਲਾ। ਹਾਲ ਅਮਰੀਕਾ।

2. ਬਿਕ੍ਮ ਸਿੰਘ ਢਿੱਲੋਂ ਸਪੁੱਤ੍ ਸ. ਜੋਗਿੰਦਰ ਸਿੰਘ ਪਿੰਡ ਕੋਟ ਧਰਮ ਚੰਦ ਕਲਾਂ, ਤਰਨ ਤਾਰਨ।

3.ਗੁਰਿੰਦਰ ਸਿੰਘ ਅਤੇ ਗੁਰਜੀਤ ਕੌਰ ਦੁਸਾਂਝ ਬ੍ਰਿਸਬੇਨ ਅਸਟ੍ਰੇਲੀਆ।

4. ਭੈਣ ਜੀ ਬਲਰਾਜ ਕੌਰ ਤੇ ਧਰਮ ਸਿੰਘ ਦਾ ਕਾਹਲੋਂ ਪ੍ਵਾਰ, ਟੋਰੰਟੋ (ਕੈਨੇਡਾ)

5.ਸਾਡੇ ਨੌਕਰੀ ਦੌਰਾਨ ਦੇ ਸਾਥੀ ਟੀਕਨ ਲਾਲ ਸ਼ਰਮਾ ਜੀ।

ਕ੍ਰੋੜਾਂ ਵਾਰ ਸ਼ੁਕਰਾਨਾ ਹੈ ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਹੈ ਜਿਸ ਨੇ ਇਸ ਮੂਰਖ ਨੂੰ ਆਪਣੀ ਜੀਵਨੀ ਲਿਖਣ ਵਾਸਤੇ ਮੌਕਾ ਦਿੱਤਾ ਅਤੇ ਆਈ ਹਰ ਰੁਕਾਵਟ ਤੇ ਅਰਦਾਸ ਕਰਨ ਤੇ ਸੇਧ ਬਖਸ਼ੀ।

ਆਈਆਂ ਗਲਤੀਆਂ ਤਰੁਟੀਆਂ ਲਈ ਦੁਬਾਰਾ ਹੱਥ ਬੰਨ ਮਾਫੀ ਦੀ ਕਾਮਨਾ ਕਰਦਾ ਹਾਂ ਜੀ, ਸੰਗਤ ਬਖਸ਼ੇ, ਕਿਉਕਿ :

"ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥"

ਭਬੀਸ਼ਨ ਸਿੰਘ ਗੁਰਾਇਆ
BSc, MA, LLb-1, JD
● ਪ੍ਚਾਰ ਸੇਵਕ -ਕਰਤਾਰਪੁਰ ਸਾਹਿਬ ਲਾਂਘਾ ਲਹਿਰ (ਨਾਲੇ ਲਾਂਘਾ ਮੰਗ ਤੇ ਕੋਈ 30-35 ਪ੍ਕਾਸ਼ਨਾਵਾਂ) ● ਸਾਬਕਾ ਸੰਪਾਦਕ- ਪੰਜਾਬ ਮੋਨੀਟਰ ਰਸਾਲਾ, ● ਸਾਬਕਾ - ਸਹਾਇਕ ਡਾਇਰੈਕਟਰ, ਈ ਐਸ ਆਈ - ਕੇਂਦਰੀ ਸਰਕਾਰ (ਅਸਤੀਫਾ ਦਿੱਤਾ), ● ਹੋਰ ਲਿਖਤ- ਵੱਧ ਬੱਚੇ, ਬਚੇ ਪੰਜਾਬ, ● ਪੁਰਾਤਨਤਾ ਪ੍ਰੇਮੀ - ਭਾਰਤੀ ਅੰਗਰੇਜੀ ਅਖਬਾਰਾਂ ਵਿਚ ਆਰਕੇਓਲੋਜੀ ਤੇ ਲੇਖ

5 ਫਰਵਰੀ, 2020
ਸ੍ਰੀ ਅੰਮ੍ਰਿਤਸਰ

ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥
ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥

ਜਿੰਦਗੀਨਾਮਾ ਗੁਰੂ ਨਾਨਕ

(ਸਭ ਤੋਂ ਵੱਡੀ ਇਤਿਹਾਸੀ ਜਨਮਸਾਖੀ)

ਸਾਲ 1 ਤੋਂ: ਜਨਮ, ਬਚਪਨ ਅਤੇ ਸਕੂਲ

ਬਾਲਕ ਨਾਨਕ ਦਾ ਜਨਮ

ਪਾਕਿਸਤਾਨ ਵਿੱਚ ਲਹੌਰ ਸ਼ਹਿਰ ਦੇ ਪੱਛਮ ਵਲ ਲਗ ਪਗ 80 ਕਿਲੋਮੀਟਰ ਦੂਰ ਹੈ, ਸ਼ਹਿਰ ਨਨਕਾਣਾ ਸਾਹਿਬ। ਜਿਸ ਦਾ ਪੁਰਾਣਾ ਨਾਂ ਸੀ 'ਤਲਵੰਡੀ- ਰਾਇ ਭੋਇ' ਅੱਜ ਤੋਂ ਸਾਢੇ ਪੰਜ ਸੌ ਸਾਲ ਪਹਿਲਾਂ, ਇਸੇ ਪਿੰਡ ਵਿੱਚ ਹੀ ਪਿਤਾ ਮਹਿਤਾ ਕਾਲੂ ਤੇ ਮਾਤਾ ਤ੍ਰਿਪਤਾ ਦੀ ਪਵਿੱਤਰ ਕੁੱਖ ਤੋਂ ਇਕ ਬਾਲਕ ਨੇ ਸ਼ਨਿਛਰਵਾਰ ਵੈਸਾਖ ਸੁਦੀ 3, ਸੰਮਤ 1526 (ਮੁਤਾਬਿਕ 15 ਅਪ੍ਰੈਲ ਸੰਨ 1469) ◉ ਨੂੰ ਜਨਮ ਲਿਆ। ਜਦੋਂ ਜਨਮ ਹੋਇਆ ਪਹਿਰ ਰਾਤ ਰਹਿੰਦੀ ਸੀ ਮਤਲਬ ਸਵੇਰੇ ਕੋਈ ਤਿੰਨ ਕੁ ਵਜੇ ਦਾ ਵਕਤ ਹੋਵੇਗਾ। ਰਾਤ ਚਾਨਣੀ ਸੀ।

ਬੱਚੇ ਦਾ ਨਾਂ ਰੱਖਿਆ ਗਇਆ: ਨਾਨਕ। ਕਿਸੇ ਨੂੰ ਕੀ ਪਤਾ ਸੀ ਕਿ ਇਹ ਬਾਲਕ ਕਲ੍ਹ ਨੂੰ ਭਾਰਤੀ ਉਪਮਹਾਂਦੀਪ ਦੇ ਜੀਵਨ ਨੂੰ ਵੱਡੇ ਪੱਧਰ ਤੇ ਪ੍ਰਭਾਵਤ ਕਰ ਦੇਵੇਗਾ। ਇਸ ਨਾਨਕ ਦੀ ਖੂਬੀ ਇਹ ਸੀ ਕਿ ਇਸ ਨੇ ਡੰਕੇ ਦੀ ਚੋਟ ਤੇ ਦੁਨੀਆ ਨੂੰ ਦੱਸਿਆ ਕਿ ਸਾਰੀ ਸ੍ਰਿਸਟੀ ਦਾ ਮੂਲ ਇਕ ਹੈ। ਇਸ ਸਿਧਾਂਤ ਨੇ ਫਿਰ ਭਾਰਤੀ ਸਮਾਜ ਨੂੰ ਵੀ ਵੱਡੇ ਪੱਧਰ ਤੇ ਪ੍ਰਭਾਵਤ ਕਰ ਦਿੱਤਾ ਜਦੋਂ ਲੋਕਾਈ ਨੂੰ ਗਿਆਨ ਹੋ ਗਇਆ ਕਿ ਬ੍ਰਾਹਮਣ ਅਤੇ ਸ਼ੂਦਰ ਦੋਵਾਂ ਦਾ ਬੀਅ ਇਕ ਹੀ ਹੈ। ਨਾਨਕ ਨੇ ਸਮਾਜ ਵਿਚ ਫੈਲੇ ਭਰਮ ਭੇਦਾਂ ਅਤੇ ਅਗਿਆਨਤਾ ਖਿਲਾਫ ਲਹਿਰ ਵਿੱਢ ਦਿਤੀ। ਉਸ ਕਿਹਾ ਕਿ ਮਨੁੱਖੀ ਜੀਵਨ ਨੂੰ ਉਤਾਂਹ ਚੁੱਕਣ ਲਈ ਕੁਦਰਤ ਦੇ ਵਰਤਾਰੇ ਦੀ ਸਮਝ ਹੋਣੀ ਜਰੂਰੀ ਹੈ। ਕਿ ਸ੍ਰਿਸਟੀ ਕਰਤੇ ਦੀ ਖੇਡ ਹੈ ਅਤੇ ਇਸ ਵਿਚ ਹਉਮੈ ਨਾਂ ਦੇ ਤੱਤ ਨੂੰ ਪਛਾਣ ਕੇ ਫਿਰ ਨਾਮ ਭਾਵ ਸ੍ਰਿਸਟੀ ਦੇ ਅਸਲ ਮਾਲਕ ਦੀ ਸਿਫਤ ਸਾਲਾਹ ਕਰਕੇ ਮਨੁੱਖ ਸੁੱਖੀ ਹੋ ਸਕਦਾ ਹੈ। ਸਿਧਾਂਤ ਵਿਚੋਂ ਸਨਿਆਸ ਦੇ ਸੰਕਲਪ ਦੀ ਖੁੱਦ ਬ ਖੁਦ ਖੰਡਣਾ ਹੋ ਗਈ। ਗਲ ਕਿਰਤ ਦੀ ਚੱਲੀ। ਦਇਆ ਦੀ ਚਲੀ। ਫਿਰ ਵੰਡ ਕੇ ਖਾਣ ਦੀ ਚਲੀ। ਗੁਰੂ ਨਾਨਕ ਨੇ ਸਾਰੀ ਉਮਰ ਦੂਰ ਦੂਰ ਤਕ ਫਿਰ ਤੁਰ ਕੇ ਇਸ ਸੱਚ ਦਾ ਹੋਕਾ ਦਿਤਾ।

ਬ੍ਰਹਿਮੰਡ ਦੇ ਰਹਿਬਰ ਦਾ ਘਰ ਤਾਂ ਬਹੁਤ ਪਹਿਲਾਂ ਹੀ ਸਮਾਰਕ ਬਣਾ ਦਿੱਤਾ ਗਇਆ ਸੀ। ਕਿਤੇ ਦੁਨੀਆ ਇਹ ਨਾਂ ਕਹੇ ਕਿ ਸਿੱਖ ਵੀ ਮੂਰਤੀ ਪੂਜਕ ਬਣ ਗਏ ਨੇ। ਇਥੇ ਸਿੱਖਾਂ ਨੇ ਗੁਰੂ ਸਾਹਿਬ ਦੀ ਕੋਈ ਵੀ ਨਿਸ਼ਾਨੀ ਨਾਂ ਸਾਂਭੀ। ਜਰੂਰਤ ਸੀ ਇਤਹਾਸ ਸਾਂਭਣ ਦੀ। ਉਹਨਾਂ ਵੇਲਿਆਂ ਦੀ ਸਿਰਫ ਖੂਹੀ ਹੀ ਬਚੀ ਹੈ। ਧਿਆਨ ਰਹੇ, ਇਤਹਾਸ ਤੇ ਫਿਲਾਸਫੀ ਦੋ ਵੱਖਰੇ ਪਹਿਲੂ ਹੁੰਦੇ ਨੇ। ਮੁਸਲਮਾਨਾਂ ਨੇ ਮੁਹੰਮਦ ਸਾਬ ਦੇ 1400 ਸਾਲ ਪੁਰਾਣੇ ਘਰ ਦੀਆਂ ਨੀਹਾਂ ਅੱਜ ਤਕ ਸਾਂਭੀਆਂ ਹੋਈਆਂ ਨੇ

ਅਜਿਹੇ ਚੜ੍ਹਦੀ ਕਲ੍ਹਾਂ ਵਿਚ ਚਲਣ ਵਾਲੇ ਮਨੁੱਖ ਜਿਸ ਦੀ ਸਿਰਜਣਾ ਗੁਰੂ ਨਾਨਕ ਨੇ ਕੀਤੀ ਉਸ ਨੂੰ ਨਾਨਕ ਨੇ 'ਸਿੱਖ' ਦਾ ਨਾਮ ਦਿਤਾ। ਗੁਰੂ ਨਾਨਕ ਦੇ ਨਾਮ ਦਾ ਸਿਧਾਂਤ ਝੱਟ ਇਕ ਲਹਿਰ ਬਣ ਗਇਆ। ਦੋ ਸਦੀਆਂ ਦੇ ਵਿਚ ਹੀ ਉੱਤਰੀ ਭਾਰਤ ਵਿਚ ਗੁਰੂ ਨਾਨਕ ਦੇ ਨਾਮ ਦਾ ਸਿੱਕਾ ਵੀ ਢਲ ਗਇਆ। ਅੱਜ ਭਾਵੇ

ਪੈਰ ਸਫਾ

◈ ਨਾਨਕਸ਼ਾਹੀ ਸਾਲ ਜਾਂ ਬਾਬੇ ਦੀ ਉਮਰ ਹੀ 'ਬਾਬ' ਭਾਵ ਚੈਪਟਰ ਨੰ. ਹੈ।

◉ ਪਰ ਸਿੱਖ ਤੁਾਂ ਬਾਬੇ ਦਾ ਜਨਮ ਕੱਤਕ ਪੂਰਨਮਾਸ਼ੀ ਨੂੰ ਮਨਾਉਦੇ ਨੇ, ਅਜਿਹਾ ਕਿਓ?

ਸਭ ਤੋਂ ਪੁਰਾਣੀਆਂ ਜਨਮ ਸਾਖੀਆਂ (ਸੋਢੀ ਮਿਹਰਵਾਨ, ਪੁਰਾਤਨ, ਬੀ-40 ਆਦਿ) ਵਿੱਚ ਜਨਮ ਵੈਸਾਖ ਦਾ ਦਿੱਤਾ ਹੋਇਆ ਹੈ ਪਰ ਭਾਈ ਬਾਲੇ ਵਾਲੀ ਜਨਮ ਸਾਖੀ ਮੁਤਾਬਿਕ ਗੁਰੂ ਸਾਹਿਬ ਦਾ ਜਨਮ ਕਤਕ ਸੁਦੀ ਪੂਰਨਮਾਸੀ ਸੰਮਤ 1526 ਲਿਖਿਆ ਹੈ। ਇਸ ਜਨਮ ਸਾਖੀ ਵਿੱਚ ਦਾਵਾ ਕੀਤਾ ਹੈ ਕਿ ਸਾਖੀ ਗੁਰੂ ਅੰਗਦ ਦੇਵ ਜੀ ਨੇ ਭਾਈ ਬਾਲੇ ਕੋਲੋ ਪੁੱਛ ਪੁੱਛ ਲਿਖਵਾਈ। ਬਾਲੇ ਵਾਲੀ ਸਾਖੀ ਵਿੱਚ ਇਹ ਵੀ ਦਾਵਾ ਕੀਤਾ ਹੈ ਕਿ ਭਾਈ ਬਾਲਾ ਲੰਮਾ ਸਮਾਂ ਗੁਰੂ ਨਾਨਕ ਦੇ ਸਾਥੀ ਸਨ। ਜਦੋਂ ਕਿ ਮੂਲ ਸਿੱਖ ਇਤਹਾਸ ਵਿੱਚ ਭਾਈ ਬਾਲੇ ਦਾ ਕਿਤੇ ਵੀ ਜਿਕਰ ਨਹੀ। ਨਾਂ ਹੀ ਗੁਰੂ ਗ੍ਰੰਥ ਸਾਹਿਬ ਵਿੱਚ ਤੇ ਨਾਂ ਹੀ ਭਾਈ ਗੁਰਦਾਸ ਦੀਆਂ ਵਾਰਾਂ ਜਾਂ ਦਸਮ ਗ੍ਰੰਥ ਵਿੱਚ। ਭਾਈ ਗੁਰਦਾਸ ਨੇ ਤਾਂ ਗੁਰੂ ਨਾਨਕ ਦੇ ਪ੍ਰਸਿਧ ਸਿੱਖਾਂ ਦੀ ਫਰਿਸਤ ਵੀ ਦਿੱਤੀ ਹੈ। ਫਿਰ ਜਨਮ ਸਾਖੀ ਲਿਖਣ ਦੀ ਜੋ ਤਾਰੀਖ ਦਿੱਤੀ ਹੈ ਉਦੋਂ ਤੱਕ ਭਾਈ ਲਹਿਣੇ ਤੇ ਗੁਰੂ ਨਾਨਕ ਦਾ ਮੇਲ ਹੋਇਆ ਹੀ ਨਹੀ ਸੀ ਹੋਇਆ। ਫਿਰ ਜੇ ਗੁਰੂ ਅੰਗਦ ਪਾਤਸ਼ਾਹ ਨੇ ਲਿਖਵਾਈ ਹੁੰਦੀ ਤਾਂ ਆਪਣੇ ਜਾਂ ਆਪਣੇ ਪ੍ਰਵਾਰ ਬਾਰੇ ਗਲਤ ਜਾਣਕਾਰੀ ਨਾਂ ਲਿਖਦੇ। ਇਸ ਜਨਮ ਸਾਖੀ ਵਿੱਚ ਭਾਈ ਲਹਿਣੇ ਦੇ ਪਿਤਾ ਦਾ ਨਾਂ ਵੀ ਕਿਤੇ ਕਿਤੇ ਗਲਤ ਮਿਲਦਾ ਹੈ। ਵਿਦਵਾਨ ਇਸ ਨਤੀਜੇ ਤੇ ਪਹੁੰਚੇ ਹਨ ਕਿ ਬਾਲੇ ਵਾਲੀ ਜਨਮ ਸਾਖੀ ਗੁਰੂ ਘਰ ਦੇ ਦੋਖੀ ਜੰਡਿਆਲਾ ਗੁਰੂ ਦੇ ਹੰਦਾਲ ਨਿਰੰਜਨੀਆਂ ਨੇ ਦਸਮ ਪਾਤਸ਼ਾਹ ਦੇ ਜੀਵਨ ਕਾਲ ਦੇ ਨੇੜੇ ਤੇੜੇ ਮੰਦ ਭਾਵਨਾ ਨਾਲ ਲਿਖਾਈ ਸੀ। ਇਸ ਵਿੱਚ ਕਿਤੇ ਕਿਤੇ ਗੁਰੂ ਸਾਹਿਬ ਦੀ ਪਵਿਤ੍ਰ ਸ਼ਖਸੀਅਤ ਨੂੰ ਨੀਵਾ ਦਿਖਾਉਣ ਦੀ ਕੋਸ਼ਿਸ਼ ਵੀ ਕੀਤੀ ਗਈ ਹੈ। ਇਸ ਜਨਮ ਸਾਖੀ ਵਿੱਚ ਹੰਦਾਲ ਨੂੰ ਗੁਰੂ ਨਾਨਕ ਤੋਂ ਵੀ ਵੱਡਾ ਦੱਸਿਆ ਹੈ। 18ਵੀ ਪੈਰ ਅਗਲੇ ਸਫੇ ਤੇ **ਚਲਦਾ** ➡

ਮਹਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਪੰਡਤ ਹਰਦਿਆਲ ਨੂੰ ਬੱਚੇ ਦੇ ਦਰਸ਼ਨ ਕਰਾ ਰਹੇ ਨੇ । -ਪੁਰਾਣੀ ਪੇਂਟਿੰਗ (ਬੀ:40)

ਬਹੁਤੇ ਭਾਰਤੀ ਆਪਣੇ ਆਪ ਨੂੰ ਸਿੱਖ ਨਾਂ ਅਖਵਾਉਦੇ ਹੋਣ ਪਰ ਹਰ ਕਿਸੇ ਨੂੰ ਪਤਾ ਜਰੂਰ ਚੱਲ ਚੁੱਕਿਆ ਹੈ ਕਿ ਮੁਹੰਮਦ, ਬ੍ਰਹਮਾ, ਵਿਸ਼ਨੂੰ, ਮਹੇਸ਼, ਬੁੱਧ, ਮਹਾਂਵੀਰ ਤੋਂ ਉੱਤੇ ਵੀ ਕੋਈ ਹਸਤੀ ਹੈਗੀ ਆ ਜਿਸ ਨੇ ਇਨਾਂ ਨੂੰ ਵੀ ਪੈਦਾ ਕੀਤਾ ਸੀ। ਦੁਨਿਆਵੀ ਅਸੂਲ ਹੈ ਕਿ ਹਰ ਚੰਗੀ ਚੀਜ ਦੀ ਵਿਰੋਧਤਾ ਤਾਂ ਹੁੰਦੀ ਹੀ ਹੈ। ਜਿਸ ਕਾਰਨ ਨਾਨਕ ਦਾ ਸਿਧਾਂਤ ਵੀ ਅੱਜ ਏਸੇ ਪੜਾਅ ਜਾਂ ਮਰਹਲੇ ਥਾਂਣੀ ਲੰਘ ਰਿਹਾ ਹੈ। ਉਂਜ ਨਾਨਕ ਦਾ ਨਾਮ ਲੈਣ ਵਾਲੇ ਅੱਜ ਦੁਨੀਆ ਦੇ ਹਰ ਕੋਨੇ ਤਕ ਪਹੁੰਚ ਚੁੱਕੇ ਨੇ।

ਜਨਮਸਾਖੀ ਵਿਚ ਆਉਦਾ ਹੈ ਕਿ ਜਦੋਂ ਨਾਨਕ ਕੋਲੋਂ ਉਸ ਦਾ ਨਾਂ ਪੁੱਛਿਆ ਜਾਂਦਾ ਸੀ ਤਾਂ ਉਹ ਕਹਿੰਦੇ ਸਨ ਕਿ ਮੈਂ 'ਨਾਨਕ ਨਿਰੰਕਾਰੀ' ਉਸ ਏਕੇ ਦਾ ਸ਼ੁਦਾਈ ਜੋ ਸਾਰੇ ਬ੍ਰਿਹਮੰਡ ਦਾ ਮਾਲਕ ਹੈ। ਇਹੋ ਜਿਹੇ ਮਨੁੱਖਤਾਵਾਦੀ, ਨਹੀ ਸ੍ਰਿਸਟੀਵਾਦੀ ਪੈਗੰਬਰ ਦੀ ਜਦੋਂ ਗਲ ਚਲੇ ਤਾਂ ਉਨੂੰ ਨਿਰਾ ਨਾਨਕ ਕਿਓਂ ਕਹੀਏ? ਉਹ ਸਾਡਾ ਪਿਆਰਾ ਸ੍ਰੀ ਗੁਰੂ ਨਾਨਕ ਪਾਤਸ਼ਾਹਾਂ ਦਾ ਪਾਤਸ਼ਾਹ। ਆਓ ਉਸ ਦੇ ਅਲੌਕਿਕ ਜੀਵਨ ਤੇ ਇੱਕ ਨਿੱਕੀ ਨਿਮਾਣੀ ਜਿਹੀ ਝਾਤ ਮਾਰੀਏ।

ਗਲ ਜਨਮ ਦੀ ਚਲ ਰਹੀ ਸੀ। ਥੋੜ ਸਮਝਣ ਵਾਲੇ ਤਾਂ ਸਮਝ ਰਹੇ ਸਨ ਕਿ ਕੋਈ ਅਦੁੱਤੀ ਬਾਲ ਪੈਦਾ ਹੋਇਆ ਹੈ। ਬਾਲਕ ਨਾਨਕ ਦੇ ਜਨਮ ਲੈਣ ਤੇ ਦਾਈ ਦੌਲਤਾਂ ਨੇ ਦੁਹਾਈ ਦੇ ਦਿੱਤੀ ਸੀ:

"ਭੈਣੋ ਮੇਰੇ ਹੱਥੀ ਸੈਕੜੇਂ ਬੱਚੇ ਜੰਮੇ ਆਂ। ਪਰ ਜਰਮ ਵੇਲੇ ਇਹ ਬੱਚਾ ਕੁਝ ਵੱਖਰਾ ਹੀ ਸੀ। ਜਰਮ ਵੇਲੇ ਬੱਚੇ ਰੋਂਦੇ ਨੇ। ਪਰ ਇਹ ਤਾਂ ਇਉ ਲੱਗਾ ਜਿਵੇ ਕੋਈ ਦਾਨਾ ਬੰਦਾ, ਬੈਠੀ ਮਜਲਸ ਨੂੰ ਸਲਾਮ ਨਮਸਤੇ ਬੁਲਾਉਦਾ ਹੋਵੇ। ਹੱਸਣ ਜਿਹੀ ਅਵਾਜ ਕੱਢੀ ਇਸ ਜਨਮ ਵੇਲੇ। ਰੋਇਆ ਉਕਾ ਈ ਨਹੀ। "

ਜੱਚੇ-ਬੱਚੇ ਬਾਰੇ ਇਹ ਵੀ ਮਸ਼ਹੂਰ ਹੋ ਗਇਆ ਕਿ ਇਹ ਮਸਤ ਹੋਇਆ ਪਿਆ ਰਹਿੰਦਾ ਹੈ। ਮਾਂ ਦੁੱਧ ਚੁੰਘਾ ਦੇਵੇ ਤਾਂ ਠੀਕ, ਨਾਂ ਚੁੰਘਾਵੇ ਤਾਂ ਵੀ ਮਸਤ। ਕੋਈ ਚੀਕ ਚਿਹਾੜਾ ਨਹੀ। ਬਾਲਕ ਦੇ ਜਨਮ ਤੇ ਪਿਤਾ ਕਾਲੂ ਨੇ ਵੱਡੀ ਖੁਸ਼ੀ ਮਨਾਈ ਤੇ ਲਾਗੀਆਂ ਨੂੰ ਚੀਜ਼ਾਂ, ਵਸਤਾਂ, ਕਪੜੇ, ਨਗਦ ਦੇ ਕੇ ਖੂਬ ਪ੍ਰਸੰਨ ਕੀਤਾ।

ਕਿਉਕਿ ਮਹਿਤਾ ਕਾਲੂ ਬੇਦੀ ਗੋਤ ਦੇ ਹਿੰਦੂ ਖੱਤਰੀ ਸਨ। ਉਨਾਂ ਨੇ ਜਨਮ ਦੀਆਂ ਰਸਮਾਂ ਕਰਨ ਲਈ ਨੌਵੇ ਦਿਨ ਹਰਦਿਆਲ ਨਾਂ ਦੇ ਪੰਡਿਤ ਨੂੰ ਘਰ ਸੱਦਿਆ। ਬੱਚੇ ਦਾ ਨਾਂ ਰੱਖਿਆ ਗਿਆ, "ਨਾਨਕ"। ਨਾਨਕ ਨਾਮ ਹਿੰਦੂ ਤੇ ਮੁਸਲਮਾਨ ਦੋਵਾਂ ਕੌਮਾਂ ਵਿੱਚ ਹੁੰਦਾ ਸੀ। ਅੱਗੇ ਜਾ ਕੇ ਤੁਸੀ ਪੜ੍ਹੋਗੇ ਕਿ ਜਦੋਂ ਗੁਰੂ ਜੀ ਕੋਲੋਂ ਕੋਈ ਨਾਂ ਪੁੱਛਦਾ ਸੀ ਤਾਂ ਉਹ ਆਪਣਾ ਨਾਂ "ਨਾਨਕ ਨਿਰੰਕਾਰੀ" ਹੀ ਦਸਦੇ ਸਨ। ਕਿਹਾ ਜਾਂਦਾ ਹੈ ਕਿ ਹਰਦਿਆਲ ਨੇ ਜਦੋਂ

ਪੈੜ ਸਫਾ

➡ ਪਿਛਲੇ ਸਫੇ ਤੋਂ

ਜਨਮ ਦੇ ਪ੍ਰਸੰਗ ਲਿਖਣ ਤੇ ਜਰੂਰਤ ਤੋਂ ਕੁਝ ਜਿਆਦਾ ਜੋਰ ਲਾ ਦਿੱਤਾ ਹੈ ਜੋ ਸ਼ੱਕ ਪੈਦਾ ਕਰਦਾ ਹੈ। ਵਿਦਵਾਨਾਂ ਨੇ ਇਹ ਵੀ ਵੇਖਿਆਂ ਹੈ ਕਿ ਬਾਲੇ ਵਾਲੀ ਸਾਖੀ ਵਿੱਚ ਕਾਫੀ ਕੁਝ ਉਸ ਜਨਮ ਸਾਖੀ ਤੋਂ ਲਿਆਂ ਗਇਆ ਹੈ ਜਿਸ ਨੂੰ ਅਜਕਲ ਵਲੈਤ ਵਾਲੀ ਜਾਂ ਪੁਰਾਤਨ ਜਨਮ ਸਾਖੀ ਕਿਹਾ ਜਾਂਦਾ ਹੈ ਜੋ ਕਿ ਬਾਲੇ ਵਾਲੀ ਜਨਮ ਸਾਖੀ ਤੋਂ ਪੁਰਾਣੀ ਹੈ। ਸਾਰੀਆਂ ਜਨਮਸਾਖੀਆਂ ਨੂੰ ਘੋਖਣ ਉਪਰੰਤ ਬੰਦਾ ਏਸੇ ਨਤੀਜੇ ਤੇ ਪਹੁੰਚਦਾ ਹੈ ਕਿ ਇਹਨਾਂ ਜਨਮਸਾਖੀਆਂ ਦੀ ਮਾਂ ਵੀ ਸੀ। ਜੋ ਬਚ ਨਾਂ ਸਕੀ। ਜਿਹੜੀ ਸਭ ਤੋਂ ਪੁਰਾਤਨ ਜਨਮ ਸਾਖੀ ਮਿਲਦੀ ਹੈ ਉਹ ਵੀ ਅੰਗਰੇਜਾਂ ਨੇ ਸਾਂਭੀ ਸੀ ਅਤੇ ਜਦੋਂ ਉਨਾਂ ਨੂੰ ਦਿਸਿਆ ਕਿ ਕਾਫੀ ਪੁਰਾਣਾ ਦਸਤਾਵੇਜ ਲਗਦਾ ਹੈ ਉਹ ਲੰਡਣ ਲੈ ਗਏ। ਜੋ ਅੱਜ ਤਕ ਅਜਾਇਬ ਘਰ ਵਿਚ ਸਾਂਭੀ ਪਈ ਹੈ। ਬਦਕਿਸਮਤੀ ਨਾਲ ਆਮ ਸਿੱਖ ਜਨਤਾ ਇਤਹਾਸਕ ਵਸਤੂਆਂ ਦੀ ਜਿਆਦਾ ਕਦਰ ਨਹੀ ਕਰਦੀ।

ਬੇਦੀ-120 ਨੇ ਇਨਾਂ ਹਾਲਾਤਾਂ ਵਿਚ ਦਾਵਾ ਕੀਤਾ ਹੈ ਕਿ ਬਾਬਾ ਸ੍ਰੀ ਚੰਦ ਦਾ ਜਨਮ ਕਤਕ ਪੂਰਨਮਾਸ਼ੀ ਦਾ ਹੈ ਇਸ ਕਰਕੇ ਗੁਰੂ ਸਾਹਿਬ ਦਾ ਜਨਮ ਵੀ ਓਸੇ ਤਰੀਕ ਨੂੰ ਮਨਾਇਆ ਜਾਂਣ ਲੱਗਾ। ਇਹ ਵੀ ਵੀਚਾਰ ਦਿੱਤਾ ਹੈ ਕਿ ਕਿਉਕਿ ਗੁਰੂ ਨਾਨਕ ਦੇ ਅਸਲ ਜਨਮ ਦਿਨ ਭਾਵ ਵੈਸਾਖ ਵਿੱਚ ਲੋਕ ਅਜੇ ਵਾਢੀ ਟੋਕੀ ਤੋਂ ਵਿਹਲੇ ਨਹੀ ਹੋ ਪਾਉਦੇ ਸਨ ਇਸ ਕਰਕੇ ਬਾਬੇ ਦੇ ਜਨਮ ਤੇ ਰੌਣਕਾਂ ਨਾਂ ਹੋ ਪਾਉਦੀਆਂ। ਪਰ ਬਾਬਾ ਸ੍ਰੀ ਚੰਦ ਦਾ ਜਨਮ ਦਿਹਾੜਾ ਧੂਮ ਧਾਮ ਨਾਮ ਮਨਾਇਆ ਜਾਂਦਾ। ਹੌਲੀ ਹੌਲੀ ਲੋਕੀ ਸ੍ਰੀ ਚੰਦ ਦੇ ਜਨਮ ਦਿਹਾੜੇ ਨੂੰ ਬਾਬੇ ਦਾ ਗੁਰਪੁਰਬ ਸਮਝਣ ਲੱਗ ਗਏ ਅਤੇ ਇਹੋ ਪ੍ਰੰਪਰਾ ਪੱਕੀ ਹੋ ਗਈ। ਅਸੀ ਬੇਦੀ ਦੀ ਇਸ ਗਲ ਨੂੰ ਤਸਦੀਕ ਨਹੀ ਕਰਦੇ। ਸ੍ਰੀ ਚੰਦ ਦਾ ਜਨਮ ਕਤਕ ਪੂਰਨਮਾਸ਼ੀ ਦਾ ਨਹੀ ਹੈ ਸਗੋਂ ਭਾਦਰੋਂ ਸੁਦੀ ਨੌਵੀ ਦਾ ਹੈ।

ਕਰਮ ਸਿੰਘ ਹਿਸਟੋਰੀਅਨ ਨੇ ਲਿਖਿਆ ਹੈ ਕਿ ਬਾਲੇ ਵਾਲੀ ਜਨਮਸਾਖੀ ਨੇ ਕਤਕ ਪੂਰਨਮਾਸ਼ੀ ਜਨਮ ਦਿਨ ਇਸ ਕਰਕੇ ਲਿਖਿਆ ਕਿਉਕਿ ਇਹ ਦਿਨ ਹੰਦਾਲ ਦੇ ਜਨਮ ਦਾ ਸੀ। ਇਸ ਗਲ ਵਿਚ ਸਾਨੂੰ ਦਮ ਲਗਦਾ ਹੈ।

20 ਸਦੀ ਦੇ ਸਾਰੇ ਪ੍ਰਸਿੱਧ ਲਿਖਾਰੀਆਂ ਨੇ ਜਨਮ ਮਿਤੀ ਵੈਸਾਖ ਵਿੱਚ ਹੀ ਮੰਨੀ ਹੈ।

ਜਨਮ ਸਬੰਧੀ ਆ ਚੁੱਕੀ ਗਲਤ ਪ੍ਰੰਪਰਾ ਨੂੰ ਠੀਕ ਕਰਨ ਦਾ ਸਭ ਤੋਂ ਸੌਖਾ ਤਰੀਕਾ ਇਹ ਹੈ ਕਿ ਜਨਮ ਦਿਨ ਸਾਲ ਵਿੱਚ ਦੋ ਵਾਰ ਮਨਾ ਲਿਆ ਜਾਵੇ ਭਾਵ ਵੈਸਾਖ ਸੁਦੀ 3 ਭਾਵ 15 ਅਪ੍ਰੈਲ ਅਤੇ ਕਤਕ ਪੂਰਨਮਾਸ਼ੀ ਨੂੰ ਵੀ। ਇਸ ਪ੍ਰਕਾਰ ਸਿਰਫ ਦੋ ਚਾਰ ਸਾਲ ਦੇ ਅਰਸੇ ਵਿੱਚ ਹੀ ਪ੍ਰੰਪਰਾ ਵਿੱਚ ਸੁਧਾਰ ਆ ਜਾਏਗਾ। ਸ਼੍ਰੋਮਣੀ ਕਮੇਟੀ ਨੂੰ ਇਹ ਪਹਿਲ ਕਰਨੀ ਪਵੇਗੀ।

(ਏਥੇ ਸਿੱਖ ਸੰਗਤਾਂ ਨੂੰ ਸੁਚੇਤ ਕਰਨਾਂ ਬਣਦਾ ਹੈ ਕਿ 18ਵੀ ਸਦੀ ਵਾਲੇ ਹਾਲਾਤ ਅੱਜ ਵੀ ਬਣੇ ਹੋਏ ਹਨ। ਸਿੱਖ ਪ੍ਰੰਪਰਾਵਾਂ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਜੋਰਾਂ ਤੇ ਹਨ ਜੋ ਭਵਿਖ ਵਿਚ ਪੰਥ ਲਈ ਮੁਸੀਬਤਾਂ ਬਣਨਗੀਆਂ।)

ਦੌਲਤਾਂ ਦਾਈ ਦੀਆਂ ਗੱਲਾਂ ਸੁਣੀਆਂ ਤੇ ਟੇਵਾ ਭਾਵ ਜਨਮ ਪੱਤਰੀ ਤਿਆਰ ਕੀਤੀ ਤਾਂ ਉਸ ਨੇ ਭਵਿਖਬਾਣੀ ਕਰ ਦਿੱਤੀ ਸੀ ਕਿ ਇਹ ਕੋਈ ਪੀਰ-ਪੈਗੰਬਰ ਜਨਮਿਆ ਹੈ।

ਨਾਨਕ ਤੋਂ 5 ਸਾਲ ਵੱਡੀ ਉਹਨਾਂ ਦੀ ਇਕ ਭੈਣ ਵੀ ਸੀ। ਜਿਸ ਦਾ ਨਾਂ ਸੀ "ਨਾਨਕੀ"। ਇਤਹਾਸ ਵਿੱਚ ਇਨ੍ਹਾਂ ਦਾ ਨਾਂ ਬੇਬੇ ਨਾਨਕੀ ਮਸ਼ਹੂਰ ਹੈ। ਬੇਬੇ ਨਾਨਕੀ ਨੇ ਆਪਣੇ ਵੀਰੇ ਨਾਲ ਖੇਡਦਿਆਂ ਮਲਦਿਆਂ ਉਨਾਂ ਨੂੰ ਪਛਾਣ ਲਿਆਂ ਸੀ ਕਿ ਇਹ ਤਾਂ ਕੋਈ ਰੱਬੀ ਰੂਹ ਹੈ। ਭੈਣ ਦਾ ਆਪਣੇ ਭਰਾ ਲਈ ਅਥਾਹ ਪਿਆਰ ਸੀ। ਬਾਲਕ ਨਾਨਕ ਨੂੰ ਰੱਬੀ ਰੂਹ ਪਛਾਨਣ ਵਾਲੇ ਦੂਜੇ ਸਨ ਰਾਇ ਬੁਲਾਰ+, ਜੋ ਤਲਵੰਡੀ ਦੇ ਮਾਲਕ ਸਨ।

ਕਿੱਤੇ ਪੱਖੋ ਮਹਿਤਾ ਕਾਲੂ ਉਰਫ ਕਲਿਆਣ ਦਾਸ ਪਟਵਾਰੀ ਸਨ ਜੋ ਇਸੇ ਹੀ ਪਿੰਡ ਦੇ ਜਗੀਰਦਾਰ ਰਾਇ ਬੁਲਾਰ ਕੋਲ ਕਾਰਦਾਰ ਸਨ। ਅੱਜ ਦੀ ਬੋਲੀ ਅਨੁਸਾਰ ਪ੍ਰਬੰਧਕ ਭਾਵ ਮੈਨੇਜਰ ਸਨ। ਰਾਇ ਬੁਲਾਰ ਕਈ ਪਿੰਡਾਂ ਦੇ ਮਾਲਕ ਸਨ। ਮਹਿਤਾ ਕਾਲੂ ਹੀ ਸਾਰਾ ਜਮੀਨਾਂ ਜਾਇਦਾਦਾਂ ਤੇ ਮਾਮਲੇ ਦਾ ਹਿਸਾਬ ਕਿਤਾਬ ਰਖਦੇ ਸਨ। ਪਿੰਡ ਤੇ ਇਲਾਕੇ ਵਿੱਚ ਮਹਿਤਾ ਜੀ ਦਾ ਖਾਸਾ ਰੋਹਬ ਤੇ ਅਸਰ ਸੀ। ਮਹਿਤਾ ਕਾਲੂ, ਮਹਿਤਾ ਸ਼ਿਓ ਰਾਮ ਦੇ ਪੁੱਤ੍ਰ ਤੇ ਸ਼ਿਓ ਰਾਮ ਨਰਾਇਣ ਦਾਸ ਦੇ ਪੁੱਤ੍ਰ ਸਨ। ਗੁਰੂ ਸਾਹਿਬ ਦੀ ਦਾਦੀ ਦਾ ਨਾਂ ਮਾਤਾ ਬਨਾਰਸੀ ਸੀ। ਗੁਰੂ ਸਾਹਿਬ ਦਾ ਇਕ ਚਾਚਾ ਵੀ ਸੀ ਜਿਸ ਦਾ ਲਾਲੂ ਸੀ। ਤੁਸੀ ਅੱਗੇ ਪੜ੍ਹੋਗੇ ਕਿ ਰਾਇ ਬੁਲਾਰ ਤੇ ਮਹਿਤਾ ਕਾਲੂ ਦੇ ਵਡੇਰੇ ਪਿੰਡ ਜਾਮਾਰਾਇ ਅਤੇ ਪੱਠੇਵਿੰਡ ਨੇੜੇ ਤਰਨ ਤਾਰਨ ਤੋਂ ਉਠ ਕੇ ਤਲਵੰਡੀ ਵਸੇ ਸਨ। ਉਹਨੀ ਦਿਨੀ ਪੰਜਾਬ ਦੇ ਖੱਤਰੀ ਪੱਛਮ ਵਾਲੇ ਪਾਸਿਓ ਆਉਣ ਵਾਲੇ ਹਮਲਾਵਰ ਰਾਜਿਆਂ ਦੇ ਅਕਸਰ ਦੀਵਾਨ ਜਾਂ ਵਜੀਰ ਹੋਇਆ ਕਰਦੇ ਸਨ। ਇਹ ਭਾਰਤ ਦਾ ਅਜਿਹਾ ਕਬੀਲਾ ਸੀ ਜਿਹਨਾਂ ਨੂੰ ਫਾਰਸੀ ਭਾਸ਼ਾ ਦਾ ਵੀ ਗਿਆਨ ਹੁੰਦਾ ਸੀ। ਪ੍ਰਦੇਸੀ ਰਾਜਾ ਅਤੇ ਭਾਰਤੀ ਜਨਤਾ ਦਰਮਿਆਨ ਖੱਤਰੀ ਕੜੀ ਦਾ ਕੰਮ ਕਰਦੇ ਸਨ। ⊙

ਜਾਤ/ ਗੋਤ ਦਾ ਨਾਂ 1.	ਮੂਲ ਇਲਾਕਾ ਸ਼ਹਿਰ ਜਾਂ ਕਬੀਲਾ 2.	ਮੁਲਕ ਜਿਸ ਵਿਚ ਇਹ ਵਾਕਿਆ ਹੈ ਅਤੇ ਨਾਂ ਕਿਵੇ ਵਿਗੜਿਆ 3.
ਖੱਤਰੀ	ਖਤਰੀਟਾ	ਈਰਾਨ
ਬੇਦੀ	ਬਦਗੀਸ-ਸੂਬਾ	ਅਫਗਾਨ. (ਇਰਾਕ, ਇਰਾਨ ਵਿਚ ਬਾਇਦੀ ਕਬੀਲਾ ਵੀ)
ਤ੍ਰਿਹਨ	ਤਹਿਰਾਨ	ਈਰਾਨ
ਭੱਲਾ	ਬਾਲਾ ਬੁਲੱਕ	ਅਫਗਾਨ (ਬਾਲਾ-ਬੁਲੱਕਵਾਲਾ)
ਸੋਢੀ	ਸੋਘਧੀ	ਤਜੀਕਿਸਤਾਨ / ਈਰਾਨ
ਧਵਾਣ	ਧਮਾਵੰਦ	ਈਰਾਨ
ਕੱਕੜ	ਕਾਕੜ	ਅਫਗਾਨ
ਖੰਨਾ	ਖੁੱਜੇਸਤਾਨ	ਈਰਾਨ (ਖੁੱਜੇਸਤਾਨ ਵਾਲਾ)
ਅਨੰਦ	ਅਲਵੰਡ	ਈਰਾਨ
ਕੋਹਲੀ	ਕੋਹੇਸਤਾਨ	ਈਰਾਨ (ਕੋਹ=ਪਹਾੜ)
ਸਰਨਾ	ਸ਼ਰਵਾਨ	ਅਜ਼ਰਬਾਇਜਾਨ
ਧੀਰ	ਧੀਕਰ	ਇਰਾਕ
ਖੋਸਲਾ	ਖੋਸਤ	ਈਰਾਨ (ਖੋਸਤਵਾਲਾ)
ਸਾਹਨੀ	ਇਸਫਾ-ਹਾਨ	ਈਰਾਨ (ਇਸਫਾਹਾਨੀ)
ਵੋਹਰਾ	ਬੋਖਤਰ	ਤਜੀਕਿਸਤਾਨ (ਪਹਿਲਾਂ ਗੋਤ ਦਾ ਨਾਂ ਬੋਹਕਰ ਸੀ)
ਬਹਿਲ	ਬੇਹਾਬਾਦ	ਈਰਾਨ
ਭਸੀਨ	ਬਦਕਸ਼ਾਨ	ਈਰਾਨ (ਬਦਕਸ਼ੀਨ)
ਚੱਢਾ	ਚਰਸੱਦਾ	ਅਫਗਾਨ/ਪਾਕਿ
ਖੁਰਾਨਾ	ਖੁਰਾਸਾਨ	ਈਰਾਨ / ਅਫਗਾਨ ਇਲਾਕੇ
ਵਿੰਜ	ਅਵਾਜੀਕ	ਈਰਾਨ
ਚਾਹਲ	ਚਾਲ	ਅਫਗਾਨ
ਗੁਰਾ-ਇਆ	ਗੌਰ	ਅਫਗਾਨਿਸਤਾਨ (ਗੌਰਵਾਲਾ)

1	2	3
ਬਲ	ਬਲਖ	ਅਫਗਾਨ
ਬੱਸੀ	ਬੁਸ਼ਹਿਰ	ਈਰਾਨ
ਹੁੰਦਲ	ਹੂੰਨ	ਈਰਾਨ ਆਦਿ (ਹੂਨ +ਦਲ)
ਖੰਗੂਰਾ	ਓਖੰਗਰੋ	ਉਜ਼ਬੇਕ
ਓਸਾਹਨ	ਓਸ਼ਨਾ-ਵੀਹ	ਈਰਾਨ
ਖਾਰਾ	ਬੁਖਾਰਾ	ਉਜ਼ਬੇਕ
ਬਾਲੀ	ਅਬਾਲੀ	ਈਰਾਨ
ਮਾਂਗਿਟ	ਮਾਂਗਿਟ	ਉਜ਼ਬੇਕ
ਰੰਧਾਵਾ	ਅਰੁਧਾ-ਬਿਲ	ਈਰਾਨ (ਰਧਾਬਿਲ ਵਾਲਾ)
ਸਮਰਾ	ਸਮਰ ਕੰਦ	ਉਜ਼ਬੇਕਿਸਤਾਨ
ਮਿਨਹਾਸ	ਮਸ਼ਹਦ	ਈਰਾਨ
ਬਾਜਵਾ	ਅਜ਼ਰਬਾ-ਇਜਾਨ	ਈਰਾਨ
ਗਿੱਲ	ਗਿਲਾਨ	ਈਰਾਨ
ਬਸਰਾ	ਬਸਰਾ	ਇਰਾਕ
ਜੰਜੂਆ	ਜ਼ੰਜ਼ਨ	ਈਰਾਨ
ਕੁਨੜ	ਕੁਨਰ	ਅਫਗਾਨਿ
ਕੰਬੋਜ	ਕੰਬੋਡੀ.	ਕੰਬੋਡੀਆ
ਸਿੱਧੂ	ਸਿੰਧ	ਪਾਕਿਸਤਾਨ
ਮੱਲੀ	ਮੁਲਤਾਨ	ਪਾਕਿਸਤਾਨ
ਸੰਧੂ	ਸਿੰਧ	ਪਾਕਿਸਤਾਨ
ਮਠਾੜੂ	ਮਥਰਾ	ਭਾਰਤ
ਤਰਖਾਣ	ਤੋਰਖਾਣ	ਸ਼ਾਹੀ ਅਫਸਰ
ਮੱਲੀ	ਮੁਲਤਾਨ	ਪਾਕਿਸਤਾਨ
ਛੀਨਾ	ਚੀਨਾ	ਕਾਸ਼ਗਰ (ਯੂਟਿਊਬ ਵੇਖੋ)

ਪੈੜ ਸੱਚਾ

+ ਪਾਕਿਸਤਾਨੀ ਵਿਦਵਾਨ ਗੁਲਾਮ ਮੁਸਤਫਾ ਡੋਗਰ (ਹਰਭਜਨ ਬਰਾੜ ਦੇ ਦੋਸਤ) ਦਾ ਦਾਵਾ ਹੈ ਕਿ ਪਠਾਣਾਂ ਵਿਚ ਨਾਂ ਬੁਲਾਰ ਨਹੀ, ਬਲੋਰ ਹੁੰਦਾ ਹੈ ਅਤੇ ਇਸ ਕਰਕੇ ਰਾਇ ਬਲੋਰ ਲਿਖਿਆ ਜਾਵੇ। ਅਸੀ ਸਮਝਦੇ ਹਾਂ ਸਿੱਖਾਂ ਨੇ ਰਾਇ ਬੁਲਾਰ ਦੀ ਸਖਸ਼ੀਅਤ ਨੂੰ ਪਿੱਛਲੇ 400-500 ਸਾਲਾਂ ਵਿਚ ਉਭਾਰਿਆ ਹੈ। ਸੋ ਇਸ ਅਰਸੇ ਤੇ ਆ ਕੇ ਨਾਂ ਵਿਚ ਤਬਦੀਲੀ ਕਰਨਾਂ ਰਾਇ ਬੁਲਾਰ ਦੀ ਇਤਹਾਸਿਕ ਸ਼ਖਸੀਅਤ ਨਾਲ ਜਿਆਦਤੀ ਹੋਵੇਗੀ। ਇਹ ਵੀ ਸੰਭਾਵਨਾ ਹੈ ਕਿ ਪੰਜਾਬ ਵਿਚ ਓਦੋਂ ਨਾਂ ਬੁਲਾਰ ਹੀ ਚਲਦਾ ਹੋਵੇ।

⊙ ਗੁਰੂ ਸਾਹਿਬਾਨ ਦੇ ਵਡੇਰੇ ਈਰਾਨ ਪਾਸਿਓ ਹੀ ਆਏ ਸਨ

ਜਾਤਪਾਤ ਦੀ ਪ੍ਰਣਾਲੀ ਤੇ ਡੂੰਘੀ ਸੱਟ ਮਾਰਨ ਵਾਲੇ ਗੁਰੂ ਸਾਹਿਬ ਬੇਦੀ ਗੋਤ ਦੇ ਖੱਤਰੀ ਪ੍ਰਵਾਰ ਵਿਚ ਜਨਮੇ। ਅੱਜ ਤੋਂ 2500 ਸਾਲ ਪਹਿਲਾਂ ਈਰਾਨ ਤੋਂ ਹਿਜਰਤ ਕਰਕੇ ਪੰਜਾਬ ਆਇਆ ਕਬੀਲਾ ਹੀ ਖੱਤਰੀ ਕਹਾਇਆ ਸੀ। ਜਦੋਂ ਇਹ ਹਿਜਰਤ ਹੋਈ ਤਾਂ ਭਾਰਤ ਵਿਚ ਜਾਤ ਪਾਤ ਪ੍ਰਣਾਲੀ ਜਨਮ ਲੈ ਚੁੱਕੀ ਸੀ। ਕਿਉਕਿ ਇਹ ਹੁਕਮਰਾਨ ਕਬੀਲਾ ਸੀ ਇਸ ਕਰਕੇ ਬ੍ਰਾਹਮਣਾਂ ਨੇ ਇਨਾਂ ਨੂੰ ਵੀ ਕਸ਼ੱਤਰੀਆ ਦਰਜਾ ਦਿੱਤਾ। ਵੇਖੋ ਪੰਜਾਬਮੋਨੀਟਰ ਡਾਟ ਕਾਮ ਵੈਬਸਾਈਟ। ਪੜ੍ਹ ਕੇ ਹੈਰਾਨ ਹੋਵੋਗੇ ਕਿ ਜੱਟਾਂ ਦੇ ਕਬੀਲੇ ਜਦੋਂ ਪੰਜਾਬ ਵਿਚ ਆਏ ਬ੍ਰਾਹਮਣਾਂ ਨੇ ਇਹਨਾਂ ਨੂੰ ਵੀ ਪਹਿਲਾਂ ਸ਼ੂਦਰ ਸ਼੍ਰੇਣੀ ਵਿਚ ਰੱਖਿਆ ਸੀ।

ਜਨਮ ਸਾਖੀ ਤੇ ਕੰਮ ਕਰਨ ਦੌਰਾਨ ਇਸ ਲਿਖਾਰੀ ਨੂੰ ਪੰਜਾਬ ਦੇ ਬਹੁਤੇ ਕਬੀਲਿਆਂ ਦੇ ਪਿੱਛੋਕੜ ਬਾਰੇ ਬਹੁਤ ਹੀ ਦਿਲਚਸਪ ਜਾਣਕਾਰੀ ਹੋਈ ਕਿ ਬਹੁਤੇ ਕਬੀਲੇ ਪੱਛਮ ਵਿਚੋਂ ਹੀ ਆਉਦੇ ਹਨ। ਜਿਹੜੇ ਇਲਾਕੇ ਤੋਂ ਉਹ ਉਠ ਕੇ ਆਏ ਉਹੋ ਉਹਨਾਂ ਦੀਆਂ ਗੋਤਾਂ ਦੇ ਨਾਂਵਾਂ ਦੇ ਅਧਾਰ ਬਣੇ। ਆਹ ਸੱਜੇ ਪਾਸੇ ਦਿੱਤੀ ਸਾਰਣੀ ਤੁਹਾਡੀ ਅੱਖਾਂ ਖੋਲ ਦੇਵੇਗੀ ਕਿ ਕਿਵੇ ਪੰਜਾਬੀ ਲੋਕ ਤਾਂ ਦੂਰ ਦੇਸਾਂ ਤੋਂ ਹਿਜਰਤ ਕਰਕੇ ਆਏ ਲੋਕਾਂ ਦੀ ਖਿਚੜੀ ਆ। ਇਥੋਂ ਦੀ ਸਮਤਲ ਧਰਤੀ ਅਤੇ ਪਾਣੀ ਦੀ ਬਹੁਲਤਾ ਬਾਹਰਲਿਆਂ ਦੀ ਖਿੱਚ ਦਾ ਕਾਰਨ ਬਣੀ। ਜਿਆਦਾਤਰ ਇਹ ਹਿਜਰਤਾਂ ਅੱਜ ਤੋਂ 1000 ਤੋਂ 3000 ਸਾਲ ਪਹਿਲਾਂ ਹੋਈਆਂ ਭਾਵ ਇਸਲਾਮ ਦੇ ਜਨਮ ਤੋਂ ਪਹਿਲਾਂ। ਈਰਾਨ ਦਾ ਇਤਹਾਸ ਪੜ੍ਹਨ ਤੇ ਪਤਾ ਲਗਦਾ ਹੈ ਕਿ ਪੰਜਾਬ ਵਲ ਹਿਜਰਤਾਂ ਉਦੋਂ ਵੀ ਹੋਈਆਂ ਜਦੋਂ ਇਰਾਨ ਵਿਚ ਕੋਈ ਛੂਆ ਛੂਤ ਦੀ ਬੀਮਾਰੀ (ਤੂਨ ਹੈਜਾ ਆਦਿ) ਪਈ ਜਾਂ ਕੋਈ ਹੋਰ ਮੁਸੀਬਤ ਆਈ।

ਗੁਰਦੁਆਰਾ ਬਾਲ ਲੀਲਾ ਦੀ ਚੰਗੀ ਭਲੀ ਪੁਰਾਣੀ ਇਮਾਰਤ ਢਾਹ ਕੇ ਨਵੀਂ ਬਣ ਰਹੀ ਇਮਾਰਤ। ਇਥੇ ਗੁਰੂ ਸਾਹਿਬ ਨੇ ਬਚਪਨ ਵੇਲੇ ਖੇਡਦਿਆਂ ਬੱਚਿਆਂ ਨੂੰ ਭਾਂਤ ਭਾਂਤ ਦੀਆਂ ਮਿਠਾਈਆਂ ਖਵਾ ਦਿੱਤੀਆਂ ਸਨ ਅਤੇ ਹੋਰ ਅਨੇਕਾਂ ਕੌਤਕ ਕੀਤੇ। ਚੜਦੇ ਪਾਸੇ ਸਰੋਵਰ ਹੈ ਜਿਹੜਾ ਰਾਇ ਬੁਲਾਰ ਨੇ ਖੁਦਵਾਇਆ ਸੀ।

ਗੁਰੂ ਨਾਨਕ ਜੀ ਦਾਂ ਨਾਨਕਾ ਪਿੰਡ ਸੀ 'ਡੇਰਾ ਚਾਹਲ' ਜੋ ਅਜ ਕਲ੍ਹ ਲਹੌਰ ਸ਼ਹਿਰ ਵਿੱਚ ਹੀ ਆ ਗਇਆ ਹੈ। ਗੁਰੂ ਸਾਹਿਬ ਦੀ ਨਾਨੀ ਮਾਤਾ ਭਿਰਾਈ ਸੀ ਤੇ ਨਾਨਾ ਭਾਈ ਰਾਮਾ। ਚਾਹਲ ਪਿੰਡ ਵਿੱਚ ਅੱਜ ਵੀ ਗੁਰਦੁਆਰਾ ਬੇਬੇ ਨਾਨਕੀ ਮੌਜੂਦ ਹੈ।

ਜਦੋਂ ਗੁਰੂ ਨਾਨਕ ਦਾ ਜਨਮ ਹੋਇਆ ਹਿੰਦੁਸਤਾਨ ਦਾ ਬਾਦਸ਼ਾਹ ਬਹਿਲੋਲ ਲੋਧੀ (1451-1489 ਈ.) ਸੀ। ਯਾਦ ਰਹੇ ਲੋਧੀ ਖਾਨਦਾਨ ਦੇ ਬਾਦਸ਼ਾਹ ਬੜੇ ਫਿਰਕਾਪ੍ਰਸਤ ਗਿਣੇ ਗਏ ਹਨ ਜੋ ਗੈਰ-ਮੁਸਲਮਾਨਾਂ ਤੇ ਜੁਲਮ ਕਰਿਆ ਕਰਦੇ ਸਨ।

ਬਾਲਪਣ ਦੀਆਂ ਖੇਡਾਂ ਅਤੇ ਪਛਾਣੇ ਜਾਣਾਂ

ਬਾਬੇ ਨਾਨਕ ਦਾ ਬੱਚਿਆਂ ਨਾਲ ਖੇਡਣਾ ਮੱਲਣਾਂ ਮਸ਼ਹੂਰ ਹੈ। ਖੇਡ ਖੇਡ ਵਿੱਚ ਹੀ ਬੱਚਿਆਂ ਨਾਲ ਗਿਆਨ ਦੀਆਂ ਗੱਲਾਂ ਕਰਿਆ ਕਰਦਾ ਸੀ। ਬਾਬਾ ਬਚਪਨ ਵਿੱਚ ਹੀ ਸਾਥੀਆਂ ਵਾਸਤੇ ਸਾਧੂ ਮਹਾਤਮਾ ਸੀ। ਜਿਵੇ ਓਹਨੀ ਦਿਨੀਂ ਰਿਵਾਜ ਹੁੰਦਾ ਸੀ, ਸੋ ਜਦੋਂ ਬਾਲ ਤਿੰਨ ਸਾਲ ਦਾ ਹੋਇਆਂ ਤਾਂ ਨਾਨਕ ਦਾ ਭੱਦਣ (ਕੇਸ ਕੱਟਣ ਦੀ ਰਸਮ) ਕੀਤਾ ਗਿਆ। ਸਾਰੇ ਰਿਸਤੇ ਨਾਤੇ ਤੇ ਸ਼ਰੀਕਾ ਬਰਾਦਰੀ ਸੱਦੀ ਗਈ। ਵੱਡੀ ਖੁਸ਼ੀ ਕੀਤੀ ਗਈ। (ਅੱਗੇ ਤੁਸੀ ਪੜ੍ਹੋਗੇ ਕਿ ਕਿਵੇ ਬਾਦ ਵਿੱਚ ਗੁਰੂ ਸਾਹਿਬ ਸਾਬਤ ਸੂਰਤ ਸਾਧੂ ਫਕੀਰਾਂ ਵਾਲੇ ਭੇਸ ਵਿੱਚ ਰਹਿੰਦੇ ਸਨ ਅਤੇ ਕਰਤਾਰਪੁਰ ਪਹੁੰਚ ਕੇ ਗ੍ਰਿਸਤੀ ਬਾਣਾ ਅਖਤਿਆਰ ਕੀਤਾ।

ਪੰਜ ਸਾਲ ਦੀ ਉਮਰ ਤੱਕ ਪਹੁੰਚਦਿਆਂ ਪਹੁੰਚਦਿਆਂ ਬੱਚਿਆਂ ਨਾਲ ਕੀਤੀਆਂ ਗੱਲਾਂ ਬਾਤਾਂ ਤੋਂ ਪਿੰਡ ਵਿੱਚ ਮਸ਼ਹੂਰੀ ਹੋ ਚੁੱਕੀ ਸੀ ਕਿ ਇਹ ਬਾਲਕ ਸਾਧੂ ਰੂਪ ਹੈ। ਘਰੋਂ ਜੋ ਕੋਈ ਚੀਜ਼ ਵਸਤੂ ਬਾਹਰ ਲੈ ਕੇ ਜਾਣੀ, ਬਾਹਰ ਹੀ ਭੁੱਲ ਆਉਣੀ, ਗਵਾ ਦੇਣੀ ਜਾਂ ਦੂਸਰੇ ਬੱਚਿਆਂ ਨੂੰ ਦੇ ਦੇਣੀ। ਬਾਲਕ ਦੀ ਮਸ਼ਹੂਰੀ ਰਾਜਾ ਰਾਇ ਬੁਲਾਰ ਤੱਕ ਵੀ ਪਹੁੰਚ ਚੁੱਕੀ ਸੀ। ਗੁਰੂ ਜੀ ਨੇ ਮੁੱਖ ਰੂਪ ਵਿੱਚ ਨਿਰੰਕਾਰ ਦੇ ਭਾਣੇ ਵਿੱਚ ਰਹਿਣ ਦਾ ਉਪਦੇਸ਼ ਦਿੱਤਾ ਸੀ ਪਰ ਬਚਪਨ ਵੇਲੇ ਸਹਿਜ ਸੁਭਾਅ ਕਦੀ ਚਮਤਕਾਰ ਹੋ ਜਾਂਦੇ ਸਨ।

ਇਕ ਵੇਰ ਬੱਚੇ ਮਿੱਟੀ ਨਾਲ ਖੇਡਦੇ ਹੋਏ ਵਾਹਵਾ ਲਿੱਬੜ ਗਏ। ਬੱਚੇ ਹਲਵਾਈ ਬਣੇ ਹੋਏ ਸਨ। ਮਿਟੀ ਗਾਰੇ ਦੀਆਂ ਵੱਖ ਵੱਖ ਮਿਠਾਈਆਂ ਦੇ ਨਮੂਨੇ ਬਣਾਏ ਹੋਏ ਸਨ। ਕਿਸੇ ਲੱਡੂ ਬਣਾਇਆ, ਕਿਸੇ ਬਰਫੀ, ਕਿਸੇ ਜਲੇਬੀ। ਕਿਹਾ ਜਾਂਦਾ ਕਿ ਫਿਰ ਬਾਬੇ ਨੇ ਬਾਲਾਂ ਨੂੰ ਹੁਕਮ ਕਰ ਦਿੱਤਾ ਕਿ ਹੁਣ ਇਹ ਖਾਓ। ਮਿੱਟੀ ਦੇ ਉਹ ਨਮੂਨੇ ਸੱਚ ਮੁੱਚ ਮਿਠਾਈਆਂ ਬਣ ਗਈਆਂ। ਜੋ ਬੱਚਿਆਂ ਸਵਾਦ ਨਾਲ ਖਾਧੀਆਂ। ਗੱਲ ਪਿੰਡ ਵਿੱਚ ਅੱਗ ਦੀ ਤਰਾਂ ਫੈਲ ਗਈ। ਨਨਕਾਣਾ ਸਾਹਿਬ ਜਿਸ ਥਾਂ ਤੇ ਇਹ ਚਮਤਕਾਰ ਹੋਇਆ ਸੀ ਓਥੇ ਅੱਜ ਗੁਰਦੁਆਰਾ ਬਾਲ ਲੀਲਾ ਸੁਭਾਇਮਾਨ ਹੈ।

ਬਾਦ ਵਿੱਚ ਰਾਇ ਬੁਲਾਰ ਨੇ ਗੁਰੂ ਨਾਨਕ ਦੇ ਕਹਿਣ ਤੇ ਫਿਰ ਓਥੇ ਡੂੰਘਾ ਟੋਭਾ (ਛੱਪੜ) ਖੁਦਵਾ ਦਿੱਤਾ। 18ਵੀ ਸਦੀ ਵਿੱਚ ਫਿਰ ਕੌੜਾ ਮਲ ਨੇ ਪੱਕਾ ਸਰੋਵਰ ਬਣਾ ਦਿੱਤਾ ਜਿਹੜਾ ਅੱਜ ਵੀ ਮੌਜੂਦ ਹੈ।

ਗੁਰੂ ਜੀ ਦੀ ਪੜ੍ਹਾਈ

ਉਸ ਜਮਾਨੇ ਵਿੱਚ ਅੱਜ ਵਾਲੀ ਸਕੂਲ ਪ੍ਰਨਾਲੀ ਨਹੀ ਸੀ ਹੁੰਦੀ। ਓਦੋ ਵੱਖ ਵੱਖ ਮਜਮੂਨਾਂ ਦੇ ਮਾਹਰ ਆਪਣੇ ਘਰੀਂ ਸਿਖਿਆ ਦਿੰਦੇ ਸਨ। ਕਿਤੇ ਕਿਤੇ ਬਾਦਸ਼ਾਹ ਵਲੋਂ ਓਨਾਂ ਨੂੰ ਮਾਇਕ ਮਦਦ ਆਉਦੀ ਸੀ। ● ਮਾਪੇ ਜਿਣਸ ਰੂਪ ਵਿੱਚ ਕੁਝ ਨਾਂ ਕੁਝ ਦਿੰਦੇ। ਮੰਦਰਾਂ ਦੇ ਨਾਲ ਅਕਸਰ ਪਾਠਸ਼ਾਲਾ ਹੁੰਦੀ ਸੀ ਜਿੱਥੇ ਪੰਡਤ ਵਿਦਿਆ ਪੜ੍ਹਾਉਂਦੇ ਸਨ। ਮੁਸਲਮਾਨਾਂ ਦੇ ਸਕੂਲ ਮਦਰਸੇ ਕਹਾਉਦੇ ਸਨ ਤੇ ਅਮੂਮਨ ਮਸੀਤ ਵਿੱਚ ਹੀ ਲੱਗਿਆ ਕਰਦੇ ਸਨ।

ਗੁਰੂ ਨਾਨਕ ਦੇ ਬਚਪਨ ਵੇਲੇ ਤਿੰਨ ਕਿਸਮ ਦੇ ਸਕੂਲ ਸਨ:

1. ਲੰਡੇ -ਜਿਥੇ ਪੰਜਾਬੀ ਦੀ ਮੁਢਲੀ ਮੁਹਾਰਨੀ, ਗਿਣਤੀ, ਪਹਾੜੇ ਤੇ ਜਮੀਨ ਦੀ ਮਿਣਤੀ, ਮੁੱਢਲਾ ਹਿਸਾਬ ਭਾਵ ਜੋੜ ਘਟਾਓ ਗੁਣਾ ਤਕਸੀਮ ਆਦਿ ਸਿਖਾਏ ਜਾਂਦੇ ਸਨ। ਪੜਾਈ ਦਾ ਮੀਡੀਅਮ ਲੰਡੇ ਹੁੰਦਾ ਸੀ। ਇਹ ਗੁਰਮੁਖੀ ਪੰਜਾਬੀ ਦਾ ਉਹ ਰੂਪ ਹੈ ਜਿਸ ਵਿੱਚ ਲਗਾ ਮਾਤਰਾਂ ਨਹੀ ਲਗਾਈਆਂ ਜਾਂਦੀਆਂ। ਅੱਜ ਵੀ ਕਿਤੇ ਕਿਤੇ ਮੁਨੀਮ ਲੋਕ ਲੰਡਿਆਂ ਵਿੱਚ ਵਪਾਰੀਆਂ ਦੇ ਖਾਤੇ ਵਹੀਆਂ ਲਿਖਦੇ ਹਨ। ਜਿਵੇ ਲੰਡਿਆਂ ਵਿੱਚ ਮੂਲ ਮੰਤਰ ਕੁਝ ਇਸ ਤਰਾਂ ਲਿਖਿਆ ਜਾਏਗਾ - ੧ੴ ਸਤਨਮ ਕਰਤ ਪਰਖ ਨਰਭਉ ਨਰਵਰ ਅਕਲ ਮਰਤ ਅਜਨ ਸ ਗਰਪਰਸਦ।

2. ਸੰਸਕ੍ਰਿਤ ਦੇ ਸ਼ਾਸਤਰਾਂ ਦੀ ਪੜ੍ਹਾਈ - ਇਹ ਸ਼ਾਰਦਾ

ਪੈਂਦ ਸਫ਼ਾ

● ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਪੜ੍ਹਾਈ ਦੀ ਇਹੋ ਪ੍ਰਨਾਲੀ ਪੰਜਾਬ ਵਿਚ ਜਾਰੀ ਸੀ। ਇਕ ਅੰਗਰੇਜ ਸਿਖਿਆ ਸ਼ਾਸਤਰੀ ਗਾਟਲੀ ਵਿਲਹੈਮ ਲੀਟਨਰ ਨੇ ਆਪਣੀ ਕਿਤਾਬ History of indigenous education in the Panjab : since annexation and in 1882 / by G. W. Leitner ਪੰਜਾਬ ਵਿਚ ਪਾਠਸ਼ਾਲਾਵਾਂ ਅਤੇ ਮਦਰੱਸਿਆਂ ਦੀ ਗਿਣਤੀ ਅਤੇ ਪੜ੍ਹ ਰਹੇ ਵਿਦਿਆਰਥੀਆਂ ਦੀ ਕੁਲ ਗਿਣਤੀ ਦੇ ਕੇ ਦਾਵਾ ਕੀਤਾ ਸੀ ਕਿ ਪੰਜਾਬ ਵਿਚ ਜਿਨੀਆ ਕੁੜੀਆਂ ਪੜਾਈਆਂ ਜਾ ਰਹੀਆਂ ਸਨ ਉਹ ਪ੍ਰਤੀਸ਼ਤ ਇੰਗਲੈਂਡ ਨਾਲੋ ਵੀ ਜਿਆਦਾ ਸੀ। ਅੰਗਰੇਜਾਂ ਨੇ ਸਭ ਤੋਂ ਪਹਿਲਾਂ ਪੰਜਾਬ ਦੀ ਪੜਾਈ ਦੀ ਪ੍ਰਨਾਲੀ ਬਦਲੀ ਸੀ। ਇਸ ਗਲ ਨੂੰ ਵਿਸਥਾਰ ਵਿਚ ਇੰਟਰਨੈਟ ਤੋਂ ਪੜਿਆ ਜਾ ਸਕਦਾ ਹੈ।

(ਗੁਰਮੁਖੀ ਦਾ ਪਹਿਲਾ ਸਰੂਪ) ਟਾਕਰੀ ਜਾਂ ਦੇਵਨਾਗਰੀ ਤੇ ਵਿੱਚ ਹੁੰਦੀ ਸੀ। ਇਸ ਕੋਰਸ ਵਿੱਚ ਵੇਦ ਸ਼ਾਸਤਰ, ਜੋਤਿਸ਼ ਆਦਿ ਪੜ੍ਹਾਇਆ ਜਾਂਦਾ ਸੀ।

3.ਫਾਰਸੀ ਦੀ ਪੜ੍ਹਾਈ- ਇਸ ਵਿੱਚ ਸ਼ਾਹਮੁਖੀ (ਅੱਜ ਕਲ੍ਹ ਦੇ ਉੜਦੂ ਦੀ ਲਿਪੀ) ਸਿਖਾਈ ਜਾਂਦੀ ਸੀ। ਮਾਧਿਅਮ ਫਾਰਸੀ ਹੁੰਦਾ ਸੀ। ਕੁਰਾਨਖਾਨੀ, ਭੂਗੋਲ, ਇਤਹਾਸ, ਹਿਸਾਬ ਆਦਿ ਪੜ੍ਹਾਇਆ ਜਾਂਦਾ ਸੀ। ਧਿਆਨ ਰਹੇ ਪੰਜਾਬ ਦੇ ਗੁਆਂਢ ਵਿੱਚ ਇਕ ਪਾਸੇ ਫਾਰਸੀ ਤੇ ਦੂਸਰੇ ਪਾਸੇ ਸੰਸਕ੍ਰਿਤ ਸੀ।

ਪਿਤਾ ਜੀ ਬਾਬਾ ਨਾਨਕ ਨੂੰ ਸਕੂਲ ਦਾਖਲ ਕਰਾਉਣ ਸਮੇਂ- ਬੀ:40

ਕੀ ਗੁਰੂ ਗੁਰੂ ਸਾਹਿਬ ਪੜੇ ਲਿਖੇ ਨਹੀ ਸਨ?

ਅੰਗਰੇਜ ਲਿਖਾਰੀ ਮੈਕਾਲਿਫ ਨੇ ਬਹੁਤ ਸੋਹਣਾ ਲਿਖਿਆ ਹੈ ਕਿ ਪੁਰਾਣੀਆਂ ਜਨਮਸਾਖੀਆਂ ਲਿਖਣ ਵਾਲਿਆਂ ਫੜਾਂ ਮਾਰੀਆਂ ਹੋਈਆਂ ਨੇ ਕਿ ਗੁਰੂ ਸਾਹਿਬ ਨੂੰ ਸਕੂਲ ਭੇਜਿਆ ਗਇਆ ਪਰ ਉਹ ਤਾਂ ਪਾਂਧੇ ਨੂੰ ਪੜ੍ਹਾ ਵਾਪਸ ਘਰ ਪਰਤ ਆਇਆ। ਭਾਵ ਗੁਰੂ ਸਾਹਿਬ ਪੜ੍ਹੇ ਨਹੀ ਸਨ। ਨਿਰਾ ਇਨਾਂ ਹੀ ਨਹੀ ਆਰੀਆ ਸਮਾਜੀਆਂ ਦੇ ਮੁੱਖੀ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਅਨਪੜ੍ਹ ਸਨ। ਜਦੋਂ ਕਿ ਸਚਾਈ ਇਹ ਹੈ ਗੁਰੂ ਸਾਹਿਬ ਨੇ ਇਲਾਕੇ ਵਿੱਚ ਮਿਲਦੀ ਹਰ ਤਾਲੀਮ ਹਾਸਲ ਕੀਤੀ ਸੀ। ਮੈਕਾਲਿਫ ਨੇ ਇਸ ਬਾਬਤ ਲਿਖਿਆ ਹੈ ਕਿ:

1. ਵੇਖੋ ਜਨਮ ਸਾਖੀਆਂ ਵਾਲੇ ਆਪ ਹੀ ਮੰਨਦੇ ਹਨ ਕਿ ਇਲਾਕੇ ਵਿੱਚ ਜਿੱਥੇ ਕਿਤੇ ਵੀ ਸਾਧੂ ਸੰਤ ਆਉਦੇ ਸਨ ਬਾਲਕ ਨਾਨਕ ਪੁੱਜ ਕੇ ਉਨਾਂ ਨੂੰ ਸੁੱਣਨ ਜਾਂਦਾ ਸੀ। ਕਹਿਣ ਤੋਂ ਮਤਲਬ ਕਿ ਬਾਲਕ ਵਿੱਚ ਗਿਆਨ ਹਾਸਲ ਕਰਨ ਦੀ ਵੱਡੀ ਜਗਿਆਸਾ ਸੀ।

2. ਵੇਖੋ ਫਿਰ ਗੁਰੂ ਸਾਹਿਬ ਨੇ ਗੁਰਮੁਖੀ ਦੀ ਜਿਹੜੀ ਪੈਂਤੀ ਲਿਖੀ ਹੈ ਕੀ ਉਹ ਸਕੂਲ ਗਏ ਬਗੈਰ ਹੀ ਬਣਾ ਦਿੱਤੀ? ਫਿਰ ਉਨਾਂ ਦੀਆਂ ਫਾਰਸੀ ਤੇ ਸੰਸਕ੍ਰਿਤ ਵਿੱਚ ਵੀ ਰਚਨਾਵਾਂ ਹਨ।

3. ਖੁੱਦ ਜਨਮਸਾਖੀਆਂ ਵਿੱਚ ਹੀ ਆਇਆ ਹੈ ਕਿ 7 ਸਾਲ ਦੀ ਉਮਰ ਵਿੱਚ ਬਾਲਕ ਪੰਡਤ ਗੋਪਾਲ ਦਾਸ ਦੇ ਸਕੂਲ ਗਿਆ। ਫਿਰ 9 ਸਾਲ ਦੀ ਉਮਰ ਵਿੱਚ ਪੰਡਤ ਬ੍ਰਿਜ ਲਾਲ ਕੋਲ ਸੰਸਕ੍ਰਿਤ ਪੜ੍ਹੀ ਤੇ ਹਿੰਦੂ ਸ਼ਾਸਤਰਾਂ ਦਾ ਗਿਆਨ ਹਾਸਲ ਕੀਤਾ ਤੇ ਫਿਰ 13 ਸਾਲ ਦੀ ਉਮਰ ਵਿੱਚ ਮੌਲਵੀ ਕੁਤਬੁਦੀਨ ਦੇ ਫਾਰਸੀ ਸਕੂਲ ਵਿੱਚ ਦਾਖਲ ਹੋਇ। ਜੇ ਭਲਾ ਉਨਾਂ ਪੜ੍ਹਨ ਤੋਂ ਇਨਕਾਰ ਕੀਤਾ ਹੁੰਦਾ ਤਾਂ ਸਾਰੀ ਸਕੂਲੀ ਵਿਦਿਆ ਤੋਂ ਕਰਨਾਂ ਸੀ। ਉਹ ਤਾਂ ਬਕਾਇਦਾ ਇਕ ਸਕੂਲ ਤੋਂ ਦੂਸਰੇ ਸਕੂਲ ਵਿੱਚ ਜਾਂਦੇ ਨੇ। ਫਰਕ ਸਿਰਫ ਏਨਾਂ ਹੈ ਕਿ ਕਰਤੇ ਦੀ ਖੇਡ ਨੂੰ ਸਮਝਣ ਵਾਲੇ ਦੀ ਸਪੀਡ ਵਧ ਜਾਂਦੀ ਹੈ। ਉਹ ਛੇਤੀ ਗੱਲ ਸਮਝ ਜਾਂਦਾ ਹੈ: "ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਣ ਕੀ ਸੁਧਿ ॥ "

4. ਖੁਦ ਸਾਹਿਬ ਦੀ ਬਾਣੀ ਇਸ ਗੱਲ ਦੀ ਸ਼ਾਹਦੀ ਭਰਦੀ ਹੈ ਕਿ ਗੁਰੂ ਸਾਹਿਬ ਪੁੱਜ ਕੇ ਵਿੱਚਾਰ ਵਿਟਾਂਦਰਾ ਕਰਨ ਵਿੱਚ ਭਾਗ ਲੈਂਦੇ ਸਨ। ਸਗੋਂ ਉਨਾਂ ਦਾ ਸਾਰਾ ਜੀਵਨ ਹੀ ਆਪ ਥਾਂਈ ਥਾਂਈ ਪੁੱਜ ਕੇ ਚਰਚਾ ਵਿੱਚ ਜਾਂਦਾ ਹੈ। ਇਨਾਂ ਹੀ ਨਹੀ ਉਨਾਂ ਆਪਣੇ ਸਿੱਖਾਂ ਨੂੰ ਸਿਧਾਂਤ ਹੀ ਦੇ ਦਿੱਤਾ:- "ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥ ਭਾਲਿ ਰਹੇ ਹਮ ਰਹਣੁ ਨ ਪਾਇਆ ਜੀਵਤਿਆ ਮਰਿ ਰਹੀਐ ॥ "

5. ਗੁਰੂ ਗ੍ਰੰਥ ਸਾਹਿਬ ਵਿੱਚ 976 ਰਚਨਾਵਾਂ ਗੁਰੂ ਨਾਨਕ ਸਾਹਿਬ ਦੀਆਂ ਹਨ। ਜਿਸ ਵਿੱਚ ਉਨਾਂ ਨੇ ਪੰਜਾਬੀ, ਹਿੰਦੀ ਤੇ ਫਾਰਸੀ ਦੇ ਭੰਡਾਰ ਦਾ ਖੁੱਲ ਕੇ ਉਪਯੋਗ ਕੀਤਾ ਹੈ। ਉਨਾਂ ਦੀਆਂ ਕਈ ਤੁੱਕਾਂ ਤਾਂ ਸਾਰੇ ਅਣਵੰਡੇ ਪੰਜਾਬ ਵਿੱਚ ਮੁਹਾਵਰੇ ਦੇ ਤੌਰ ਤੇ ਵਰਤੀਆਂ ਜਾਂਦੀਆਂ ਹਨ, ਜਿਵੇ: "ਨਾਨਕ ਦੁਖੀਆ ਸਭ ਸੰਸਾਰ। " "ਨਾਨਕ ਨਾਮ ਚੜ੍ਹਦੀ ਕਲ੍ਹਾ। " ਆਦਿ।

ਬਾਬੇ ਨੇ ਪਾਂਧੇ ਨੂੰ ਪੜ੍ਹਨੇ ਪਾਇਆ

ਜਨਮ ਸਾਖੀਆਂ 'ਚ ਆਉਦਾ ਹੈ ਕਿ ਰਸਮਾਂ ਰੀਤਾਂ ਸਦਕਾ ਬਾਲਕ ਨਾਨਕ ਨੂੰ ਪੰਡਤ ਗੋਪਾਲ ਦਾਸ ਦੀ ਪਾਠਸ਼ਾਲਾ ਵਿੱਚ 7 ਸਾਲ ਦੀ ਉਮਰੇ 7 ਮੱਘਰ ਸੰਮਤ 1533 ਨੂੰ ਪੜ੍ਹਨੇ ਪਾਇਆ ਗਿਆ। ਪੰਡਤ ਦੀ ਦੱਖਣਾਂ ਵਿੱਚ ਪਿਤਾ ਕਾਲੂ ਨੇ ਰਿਵਾਜ ਅਨੁਸਾਰ ਕੇਸਰ, ਸੁਪਾਰੀ, ਚਾਵਲ ਤੇ ਕੁਝ ਨਗਦੀ ਦਿੱਤੀ।

ਪੜਾਈ ਦੀ ਸ਼ੁਰੂਆਤ ਮਹਾਜਨੀ ਲੰਡਿਆਂ ਦੀ ਮੁਹਾਰਨੀ ਤੋਂ ਹੋਈ ਜਿਵੇ ਅੱਜ ਕਲ੍ਹ ਬੱਚੇ ਕੱਕਾ ਕਬੂਤਰ, ਖੱਖਾ ਖਰਗੋਸ਼ ਪੜ੍ਹਦੇ ਨੇ। ਓਦੋਂ ਹੁੰਦੀ ਸੀ: "ਸਿੱਧੋਛਾਂਇਆ ਬੈਰਾਖੜੀ'- ਕਵਿਤਾ ਵਿੱਚ ਹੁੰਦੀ ਸੀ ਜਿਸ ਵਿੱਚ "ਓਨਮ: ਸਿਧਮ। ਅਯੋ ਅੰਕੈ ਰੀ ਰੀ ਲੱਲੀ ਸਿੱਧੋਛਾਂਇਆ।" (ਗੁਰੂ ਅਮਰਦਾਸ ਪਾਤਸ਼ਾਹ ਦੀ ਇਸ ਲੰਡੇ ਮੁਹਾਰਨੀ ਦੇ ਅਧਾਰ ਤੇ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। "ਅਯੋ ਅੰਕੈ ਸਭੁ ਜਗੁ ਆਇਆ ਕਾਖੈ ਘੰਕੈ ਕਾਲੁ ਭਇਆ ॥ ਰੀਰੀ ਲਲੀ ਪਾਪ ਕਮਾਣੇ ਪੜਿ ਅਵਗਣ ਗੁਣ ਵੀਸਰਿਆ ॥੧॥ ਮਨ ਐਸਾ ਲੇਖਾ ਤੂੰ ਕੀ ਪੜਿਆ ॥ ਲੇਖਾ ਦੇਣਾ ਤੇਰੈ ਸਿਰਿ ਰਹਿਆ ॥੧॥ ਰਹਾਉ ॥ ਸਿਧੰਕਾਇਐ ਸਿਮਰਹਿ ਨਾਹੀ ਨੰਨੈ ਨਾ ਤੁਧੁ ਨਾਮੁ ਲਇਆ॥")

ਜਨਮ ਸਾਖੀਆਂ ਤੋਂ ਇਹੋ ਲਗਦਾ ਹੈ ਕਿ ਬਾਲਕ ਨਾਨਕ ਨੇ ਦੋ ਸਾਲ ਇਸ ਮੁੱਢਲੀ ਸੰਸਾਰਕ ਪੜ੍ਹਾਈ ਤੇ ਲਾਏ। ਹੁਣ ਤੱਕ ਪਾਂਧੇ ਨੂੰ ਸਮਝ ਆ ਚੁੱਕੀ ਸੀ ਕਿ ਨਾਨਕ ਕੋਈ ਰੂਹਾਨੀ ਸ਼ਖਸੀਅਤ ਹੈ।

ਸਾਖੀਆਂ ਤੋਂ ਪਤਾ ਲਗਦਾ ਹੈ ਕਿ ਜਦੋਂ ਬਾਲਕ ਨੂੰ ਕਿਹਾ

ਗਇਆ ਕਿ ਪੜ੍ਹਾਈ ਤੇ ਮੰਨ ਲਾਓ ਤਾਂ ਨਾਨਕ ਨੇ ਉਸ ਹਿਸਾਬ ਕਿਤਾਬ ਵਾਲੀ ਵਿਦਿਆ ਨੂੰ ਕਿਹਾ ਕਿ ਇਹੀ ਸਭ ਕੁਝ ਨਹੀ। ਮਨੁਖ ਦੇ ਉਧਾਰ ਦੇ ਸਬੰਧ ਵਿੱਚ ਤਾਂ ਇਹ ਵਿਅੱਰਥ ਹੈ। ਪਾਂਧੇ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਇਸ ਵਿਦਿਆ ਕਰਕੇ ਹੀ ਵੱਡੇ ਵੱਡੇ ਅਹੁਦੇ ਮਿਲਦੇ ਹਨ, ਇਸ ਤੋਂ ਰੁਜਗਾਰ ਵੀ ਚਲਦਾ ਹੈ, ਆਦਿ ਆਦਿ। ਪਾਂਧੇ ਨੇ ਕਿਹਾ ਰੱਬ ਦੇ ਭਗਤ ਭੁੱਖੇ ਮਰਦੇ ਨੇ। ਕੋਈ ਨਹੀ ਓਨਾਂ ਨੂੰ ਜਾਣਦਾ। ਫਿਰ ਜਿੰਨਾਂ ਨੂੰ ਰੱਬ ਦਾ ਚਿੱਤ ਚੇਤਾ ਵੀ ਨਹੀ ਹੁੰਦਾ ਪਾਤਸ਼ਾਂਹੀਆਂ ਕਰਦੇ ਨੇ, ਐਸ਼ ਲੈਂਦੇ ਨੇ।

ਗੁਰੂ ਸਾਹਿਬ ਨੇ ਫਿਰ ਪਾਂਧੇ ਨੂੰ ਸਮਝਾਇਆਂ ਕਿ ਅਜਿਹੇ ਅਹੁਦਿਆਂ ਦਾ ਕੀ ਫਾਇਦਾ ਜਿਸ ਕਰਕੇ ਮੰਨ ਤੇ ਪਾਪਾਂ ਦਾ ਭਾਰ ਹੋਵੇ ਤੇ ਅੰਤ ਵੇਲੇ ਪਛਤਾਉਣਾ ਪਵੇ। ਪਾਂਧੇ ਨੇ ਫਿਰ ਸਵਾਲ ਕਰ ਦਿੱਤਾ ਕਿ ਰੱਬ ਰੱਬ ਕਰਨ ਨਾਲ ਰੋਟੀ ਨਹੀ ਮਿਲਦੀ। ਲਗਦਾ ਹੈ ਫਿਰ ਗੁਰੂ ਸਾਹਿਬ ਨੇ 'ਹੁਕਮ/ਰਜਾ' ਵਾਲੀ ਸਾਰੀ ਗੱਲ ਪਾਂਧੇ ਨੂੰ ਸਮਝਾਈ ਹੋਵੇਗੀ। ਨਾਮ ਜੱਪਣ ਜਾਂ ਰੱਬ ਦੀ ਹੋਂਦ ਨੂੰ ਦਿਲ ਵਿੱਚ ਰੱਖਣ ਦੇ ਫਾਇਦੇ ਗਿਣਾਏ ਹੋਣਗੇ ਕਿ:-

ਜਿਥੇ ਪਾਂਧਾ ਗੋਪਾਲ ਦਾਸ ਦੀ ਪਾਠਸ਼ਾਲਾ ਸੀ ਓਥੇ ਅੱਜ ਮੌਜੂਦ ਹੈ, ਗੁਰਦੁਆਰਾ ਪੱਟੀ ਸਾਹਿਬ।

1. ਕਿ ਹੁਕਮ ਦੀ ਸਮਝ ਆ ਜਾਣ ਤੇ ਬੰਦੇ ਨੂੰ ਹਉਮੈ ਦੀ ਕਾਰਸੈਤਾਨੀ ਸਮਝ ਆ ਜਾਂਦੀ ਹੈ

2. ਸਭ ਤੋਂ ਵੱਡਾ ਫਾਇਦਾ ਕਿ ਸਾਨੂੰ ਦੁੱਖਾਂ ਤਕਲੀਫਾਂ ਤੋਂ ਮੁਕਤੀ ਮਿਲ ਜਾਂਦੀ ਹੈ। ਮੰਨ ਤੇ ਹਮੇਸ਼ਾਂ ਖੇੜਾ ਰਹਿੰਦਾ ਹੈ।

3. ਕੁਦਰਤੀ ਦੇ ਖੇਡ ਦੇ ਰਾਜ ਸਾਡੇ ਸਾਹਮਣੇ ਖੁੱਲ ਜਾਂਦੇ ਹਨ: ਧਰਤੀ ਅਕਾਸ, ਦੀਪ ਲੋਅ ਪਤਾਲ ਸਮਝ ਆ ਜਾਂਦੀ ਹੈ। ਸਾਰੇ ਭਵਨਾਂ ਦਾ ਗਿਆਨ ਹੋ ਜਾਂਦਾ ਹੈ।

4. ਸਿੱਧਾਂ, ਪੀਰਾਂ, ਅਵਤਾਰਾਂ ਦੇ ਹੋਣ ਦਾ ਰਾਜ ਸਾਡੇ ਸਾਹਮਣੇ ਖੁੱਲ ਜਾਂਦਾ ਹੈ।

5. ਸਰੀਰ ਦੇ ਭੇਦ ਵੀ ਸਾਨੂੰ ਸਮਝ ਆ ਜਾਂਦੇ ਨੇ।

6. ਸਾਨੂੰ ਸਬਰ ਸੰਤੋਖ ਮਿਲ ਜਾਂਦਾ ਹੈ । ਮੰਨ ਦੀ ਤੜਫ ਮੁੱਕ ਜਾਂਦੀ ਹੈ।

7. ਹੁਣ ਤੱਕ ਹਾਸਲ ਹੋਏ ਮਨੁੱਖੀ ਗਿਆਨ ਦੀ ਜੜ੍ਹ ਸਾਨੂੰ ਹਾਸਲ ਹੋ ਜਾਂਦੀ ਹੈ ਚਾਹੇ ਉਹ ਵੇਦ ਸ਼ਾਸਤਰ ਹੋਣ ਜਾਂ ਕੁਰਾਨ ਜਾਂ ਸ਼ਰਾਅ ਦੀ ਗੱਲ ਹੋਵੇ।

8. ਬੰਦੇ ਦੀ ਸਭ ਥਾਂਈ ਸਮਾਜ ਵਿੱਚ ਇੱਜਤ ਹੁੰਦੀ ਹੈ।

9. ਉਹਨੂੰ ਕੰਮ ਵਿੱਚ ਮੁਸ਼ਕਲਾਂ ਨਹੀ ਆਉਦੀਆਂ। ਉਹਦੇ ਰਸਤੇ ਵਿੱਚ ਰੁਕਾਵਟਾਂ ਮੁੱਕ ਜਾਂਦੀਆ ਨੇ।

10. ਉਹ ਸੱਚ ਦੇ ਰਾਹ ਤੇ ਚਲਦਾ ਹੈ। ਇਤਆਦਿ।

ਪਾਂਧੇ ਨੇ ਫਿਰ ਇਕ ਦਿਨ ਜਦੋਂ ਲਿਖਣ ਪੜ੍ਹਨ ਦੀ ਗੱਲ ਕੀਤੀ ਤਾਂ ਗੁਰੂ ਸਾਹਿਬ ਨੇ ਸਮਝਾਇਆ ਕਿ ਜੇ ਲਿਖਣਾ ਹੈ ਤਾਂ ਨਾਮ ਭਾਵ ਰੱਬ ਦੀ ਸਿਫਤ ਸਾਲਾਹ ਹੀ ਲਿਖੋ। ਬਾਕੀ ਸਭ ਫਜੂਲ ਹੈ। ਜਨਮ ਸਾਖੀਆਂ ਵਿੱਚ ਆਉਦਾ ਹੈ ਕਿ ਹੇਠ ਲਿਖਿਆ ਸ਼ਬਦ ਵੀ ਓਦੋਂ ਪਾਂਧੇ ਦੇ ਪ੍ਰਥਾਇ ਹੀ ਉਚਾਰਿਆ:

ਸਿਰੀਰਾਗੁ ਮਹਲੁ ੧ ॥ ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥ ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ॥ ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥੧॥ ਬਾਬਾ ਏਹੁ ਲੇਖਾ ਲਿਖਿ ਜਾਣੁ ॥ ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥੧॥ ਰਹਾਉ ॥ ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ ॥ ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ ॥ ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ ॥੨॥ ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ ॥ ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ ॥ ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ ॥੩॥ ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ ॥ ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ ॥ ਨਾਨਕ ਓਠੀ ਚਲਿਆ ਸਭਿ ਕੂੜੇ ਤੁਟੇ ਨੇਹ ॥੪॥੬॥ (ਸ.ਗ.ਗ.ਸ -ਅੰਗ 16)

ਮਤਲਬ (ਸੰਖੇਪ ਵਿੱਚ) ਬੰਦਿਆ ਆਪਣਾ ਮੋਹ ਸਾੜ ਕੇ ਇਹਦੀ ਸਵਾਹ ਦੀ ਸਿਆਹੀ ਬਣਾ। ਆਪਣੀ ਸੋਚ ਦੇ ਕਾਗਜ ਉਤੇ ਪਿਆਰ ਰੂਪੀ ਕਲਮ ਨਾਲ ਉਸ ਪ੍ਰਮਾਤਮਾ ਦੀ ਸਿਫਤ ਸਲਾਹ ਲਿਖਣੀ ਸ਼ੁਰੂ ਕਰ ਦੇ। ਜਿੱਥੇ ਰੱਬ ਦੀਆਂ ਸਿਫਤਾਂ ਚਲਦੀਆਂ ਓਥੇ ਸਦਾ ਖੁਸ਼ੀ ਤੇ ਖੇੜਾ ਰਹਿੰਦਾ ਹੈ। ਉਹ ਸਮਾਜ ਵਿੱਚ ਸਤਿਕਾਰੇ ਜਾਂਦੇ ਹਨ। ਨਾਮ ਵਿਹੂਣੇ ਖੇਹ 'ਚ ਰਲਦੇ ਵੇਖੇ ਨੇ ਚਾਹੇ ਉਹ ਬਾਦਸ਼ਾਹ ਜਾਂ ਭਾਵੇ ਹੋਰ ਅਹੁਦੇਦਾਰ ਵੀ ਹੋਣ।

ਸੋ ਅਜਿਹੀ ਗੱਲ ਬਾਤ ਪਾਂਧੇ ਨਾਲ ਚਲਦੀ ਰਹਿੰਦੀ ਸੀ, ਬਾਲਕ ਦੀ। ਗੁਰੂ ਰਾਮਦਾਸ ਪਾਤਸ਼ਾਹ ਦੇ ਪੋਤਰੇ ਸੋਢੀ ਮਿਹਰਬਾਨ ਨੇ ਲਿਖਿਆ ਹੈ ਕਿ ਬਾਲਕ ਨਾਨਕ ਦੀ ਸਭ ਥਾਂਈ ਮਸ਼ਹੂਰੀ ਹੋ ਗਈ ਸੀ ਕਿ ਬਾਲਕ ਦਾ ਦਿਮਾਗ ਅੱਤ ਦਾ ਤੇਜ ਸੀ ਕਿ ਅਧਿਆਪਕ ਨੂੰ ਇਕ ਵੇਰ ਦਾ ਦਿੱਤਾ ਸਬਕ ਦੁਹਰਾਉਣਾ ਨਹੀ ਸੀ ਪੈਂਦਾ। ਸਕੂਲ ਦੇ ਦਿਨਾਂ ਵਿੱਚ ਹੀ ਗੁਰੂ ਸਾਹਿਬ ਨੇ ਫਿਰ ਪੰਜਾਬੀ ਦੀ ਮੁਹਾਰਨੀ ਤੇ ਗੁਰਬਾਣੀ ਰਚੀ। ਜੋ ਗੁਰੂ ਗ੍ਰੰਥ ਸਾਹਿਬ 'ਪਟੀ ਲਿਖੀ' ਦੇ ਸਿਰਲੇਖ ਹੇਠ ਅੰਗ 432 ਤੇ ਦਰਜ ਹੈ। ਇਸ ਮੁਹਾਰਨੀ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਪੰਜਾਬੀ ਦੀ ਪੈਂਤੀ ਗੁਰੂ ਸਾਹਿਬ ਦੇ ਵੇਲੇ ਨਿਰਾ ਮੌਜੂਦ ਹੀ ਨਹੀ ਸੀ ਪੜ੍ਹਾਈ ਵੀ ਜਾਂਦੀ ਸੀ। ਪੈਂਤੀ ਦਿੱਤੀ ਵੀ ਫਿਰ ਪੰਜਾਬੀ ਲਹਿਜੇ ਵਿੱਚ ਹੈ: ਭਾਵ ਕੱਕਾ, ਖੱਖਾ, ਗੱਗਾ। ਜੇ ਗੁਰੂ ਸਾਹਿਬ ਦੀ ਮੁਢਲੀ ਪੜ੍ਹਾਈ ਹਿੰਦੀ ਵਿੱਚ ਹੁੰਦੀ ਤਾਂ ਇਹ ਲਹਿਜਾ ਹੋਣਾ ਸੀ: ਕਾ, ਖਾ, ਗਾ ਵਾਲਾ। ਫਿਰ ਗੁਰਮੁਖੀ ਦਾ ਖਾਸ ਅੱਖਰ 'ੜ' ਵੀ ਦਿੱਤਾ। ਜੋ ਹਿੰਦੀ ਦੀ ਦੇਵਨਾਗਰੀ ਵਿੱਚ ਨਹੀ ਹੈ। ਇਹ ਵੀ ਸਾਬਤ ਹੁੰਦਾ ਹੈ ਗੁਰੂ ਅੰਗਦ ਦੇਵ ਨੇ ਲਿਪੀ ਨੂੰ ਗੁਰਸਿੱਖ ਸਾਹਿਤ ਲਈ

ਪ੍ਰਵਾਨਗੀ ਦਿੱਤੀ ਤੇ ਪੂਰੀ ਤਰਾਂ ਵਿਕਸਤ ਕਰ ਦਿੱਤਾ। ਮੁਹਾਰਨੀ ਦਾ ਨਮੂਨਾ ਇਸ ਤਰਾਂ ਹੈ:-

ਜਜੈ ਜਾਨੁ ਮੰਗਤ ਜਨੁ ਜਾਚੈ ਲਖ ਚਉਰਾਸੀਹ ਭੀਖ ਭਵਿਆ ॥ ਏਕੋ ਲੇਵੈ ਏਕੋ ਦੇਵੈ ਅਵਰੁ ਨ ਦੂਜਾ ਮੈ ਸੁਣਿਆ ॥੧੧॥ ਝੜੈ ਝੁਰਿ ਮਰਹੁ ਕਿਆ ਪ੍ਰਾਣੀ ਜੋ ਕਿਛੁ ਦੇਣਾ ਸੁ ਦੇ ਰਹਿਆ ॥ ਦੇ ਦੇ ਵੇਖੈ ਹੁਕਮੁ ਚਲਾਏ ਜਿਉ ਜੀਆ ਕਾ ਰਿਜਕੁ ਪਇਆ ॥

ਇਤਹਾਸ ਤੋਂ ਪਤਾ ਚਲਦਾ ਹੈ ਕਿ ਪਾਂਧਾ ਗੋਪਾਲ ਦਾਸ ਬਾਲਕ ਨਾਨਕ ਤੋਂ ਨਿਰਾ ਪ੍ਰਭਾਵਤ ਹੀ ਨਹੀ ਸੀ ਹੋਇਆਂ ਸਗੋਂ ਮੁਰੀਦ ਬਣ ਚੁੱਕਾ ਸੀ। ਪ੍ਰਸਿਧ ਅੰਗਰੇਜੀ ਲਿਖਾਰੀ ਡੰਕਨ ਗਰੀਨਲੀਸ ਨੇ ਲਿਖਿਆ ਹੈ ਕਿ ਨਾਨਕ ਜਿਹੇ ਵਿਦਿਆਰਥੀ ਅਧਿਆਪਕਾਂ ਵਾਸਤੇ ਬੜੀ ਮੁਸੀਬਤ ਹੁੰਦੇ ਹਨ। ਇਕ ਤਾਂ ਉਹ ਰੋਸ਼ਨ ਬੁੱਧ ਹੋਣ ਕਰਕੇ ਹਰ ਗੱਲ ਇਕ ਵਾਰ ਸੁਣਨ ਤੇ ਯਾਦ ਕਰ ਲੈਂਦੇ ਹਨ ਤੇ ਦੂਸਰਾ ਸਵਾਲ ਬੜੇ ਕਰਦੇ ਹਨ। ਉਹ ਲਕੀਰ ਦੇ ਫਕੀਰ ਨਹੀ ਹੁੰਦੇ। ਪੰਡਤ ਗੋਪਾਲ ਦਾਸ ਦੇ ਸਕੂਲ ਦਾ ਸਾਰਾ ਸਲੇਬਸ ਬਾਬਾ ਜੀ ਨੇ ਦੋ ਸਾਲ ਵਿੱਚ ਪੂਰਾ ਕਰ ਲਿਆ ਅਤੇ ਫਿਰ ਅਗਲੇ ਸਕੂਲ ਵਿੱਚ ਪਹੁੰਚ ਗਿਆ। ਜਨਮ ਸਾਖੀਆਂ ਤੋਂ ਇਹ ਅੰਦਾਜ਼ਾ ਵੀ ਲਗਦਾ ਹੈ ਕਿ ਗੁਰੂ ਸਾਹਿਬ ਆਪਣੇ ਅਧਿਆਪਕ ਨੂੰ ਕਹਿ ਦਿਆ ਕਰਦੇ ਸਨ ਕਿ "ਇਹ ਗੱਲ ਤਾਂ ਤੁਸੀ ਪਹਿਲਾਂ ਹੀ ਦੱਸ ਚੁੱਕੇ ਹੋ ਕੋਈ ਹੋਰ ਦੱਸੋ। "

ਓਨੀ ਦਿਨੀ ਪਿਤਾ ਕਾਲੂ ਦੀ ਫਿਰ ਪੰਡਤ ਹਰਦਿਆਲ ਨਾਲ ਮੁਲਾਕਾਤ ਹੋਈ। ਪੰਡਤ ਜੀ ਬਾਲਕ ਦੀ ਪ੍ਰਿਤਭਾ ਦੀ ਪਿੰਡ ਵਿੱਚ ਚਰਚਾ ਸੁਣ ਚੁੱਕੇ ਸਨ। ਮਹਿਤਾ ਕਾਲੂ ਨੇ ਪੰਡਤ ਨੂੰ ਉਲਾਹਮਾ ਦਿੱਤਾ ਕਿ,

"ਪੰਡਤ ਜੀ ਤੁਸੀ ਚੰਗਾ ਟੇਵਾ ਲਾਇਆ? ਤੁਸੀ ਤਾਂ ਕਹਿੰਦੇ ਸੀ ਨਾਨਕ ਦੇ ਸਿਰ ਤੇ ਕਿਸੇ ਵੇਲੇ ਛੱਤ੍ਰ ਝੁੱਲੇਗਾ। ਆਹ ਚੰਗਾ ਛਤ੍ਰ ਝੁੱਲਣ ਦੇ ਲੱਛਣ ਨੇ। ਨਾਂ ਇਹਨੂੰ ਖਾਣ ਦੀ ਪ੍ਰਵਾਹ ਨਾਂ ਪਾਉਣ ਦੀ। ਘਰੋ ਜੋ ਵੀ ਚੀਜ਼ ਲੈ ਕੇ ਜਾਂਦਾ ਸਭ ਗਵਾ ਗਦਰਾਅ ਆਉਦੈ ਜਾਂ ਫਿਰ ਵੰਡ ਤ੍ਰੰਡ ਦਿੰਦੈ। ਇੰਨੂ ਸੰਗਤ ਹੀ ਸਾਧੂ ਸੰਤਾਂ ਦੀ ਚੰਗੀ ਲਗਦੀ ਹੈ। ਫਕੀਰਾਂ ਕੋਲ ਹੀ ਢੁੱਕ ਢੁੱਕ ਬਹਿੰਦੈ।"

ਜਨਮ ਸਾਖੀਆਂ ਅਨੁਸਾਰ ਪੰਡਤ ਹਰਦਿਆਲ ਨੇ ਕਿਹਾ ਕਿ, "ਕਾਲੂ ਤੇਰੇ ਕੋਲ ਨਾਨਕ ਨੂੰ ਵੇਖਣ ਵਾਲੀ ਅੱਖ ਨਹੀ। ਤੈਨੂੰ ਨਹੀ ਅਹਿਸਾਸ ਕਿ ਤੇਰੇ ਘਰ ਕਿਸੇ ਮਹਾਨ ਸ਼ਖਸੀਅਤ ਨੇ ਜਨਮ ਲਿਆ ਹੈ।"

—◈—

ਬਾਲਕ ਨਾਨਕ ਦਾਖਲ ਹੋਇਆ ਪੰਡਤ ਬ੍ਰਿਜ ਦਾਸ ਦੇ ਸਕੂਲ ਵਿਚ

ਇਸ ਸਕੂਲ ਤੋਂ ਬਾਬੇ ਨੇ 4 ਸਾਲ ਸੰਸਕ੍ਰਿਤ ਤੇ ਹਿੰਦੂ ਧਾਰਮਿਕ ਸਾਹਿਤ ਪੜਿਆ। ਉੱਚੀ ਰੂਹਾਨੀ ਅਵਸਥਾ ਦੇ ਕਾਰਨ ਜਦੋਂ ਗੁਰੂ ਸਾਹਿਬ ਗ੍ਰੰਥਾਂ ਦਾ ਅਰਥ ਕਰਦੇ ਸਨ ਤਾਂ ਪੰਡਤ ਹੈਰਾਨ ਹੋ ਜਾਂਦੇ। ਬੱਚਿਆ ਨਾਲ ਖੇਡਦੇ ਹੋਏ ਘਰ ਵਿੱਚ ਇਕ ਮੌਕੇ ਬਾਲਕ ਨਾਨਕ ਅਧਿਆਪਕ ਦੀ ਐਕਟਿੰਗ ਕਰ ਰਿਹਾ ਸੀ। ਉਹਨਾਂ ਨੇ ਆਪਣੀ ਕਿਸੇ ਕਿਤਾਬ ਜਾਂ ਕਾਪੀ ਉਤੇ ਰੁਮਾਲੇ ਵਾਗੂ ਕੋਈ ਕਪੜਾ ਪਾ ਕੇ ਸਲੋਕ ਪੜ੍ਹਨੇ ਸ਼ੁਰੂ ਕਰ ਦਿੱਤੇ। ਮਾਂ ਤ੍ਰਿਪਤਾ ਨੇ ਜਦੋਂ ਇਹ ਘਟਨਾ ਦੇਖੀ ਤਾਂ ਵਿਸਮਾਦਿਤ ਹੋ ਉਠੀ ਤੇ ਚੁੱਪ ਚੁਪੀਤੇ ਪਤੀ ਕਾਲੂ ਨੂੰ ਕਿਹਾ ਕਿ ਵੇਖੋ ਨਾਨਕ ਕੀ ਕਰ ਰਿਹਾ ਹੈ। ਮਾਤਾ ਪਿਤਾ ਨੇ ਨਾਨਕ ਦਾ ਗੀਤਾ ਦੇ ਸਪਤ ਸਲੋਕੀ ਅਧਿਆਏ ਦਾ ਜਦੋਂ ਵਖਿਆਨ ਸੁਣਿਆ ਤਾਂ ਹੈਰਾਨ ਰਹਿ ਗਏ। ਉਨਾਂ ਨੂੰ ਭਰੋਸਾ ਨਹੀ ਸੀ ਆ ਰਿਹਾ ਕਿ ਨਾਨਕ ਜੋ ਅਰਥ ਕਰ ਰਿਹਾ ਹੈ ਉਹ ਠੀਕ ਹੋਣਗੇ। ਕਿਹਾ ਜਾਂਦਾ ਹੈ ਕਿ ਅਗਲੇ ਦਿਨ ਕਾਲੂ ਫਿਰ ਪੰਡਤ ਬ੍ਰਿਜ ਦਾਸ ਕੋਲ ਪਹੁੰਚੇ ਤੇ ਕਿਹਾ ਕਿ ਵੇਖੋ ਬਾਲਕ ਨਾਨਕ ਭਲਾ ਸੱਚੀ ਮੁੱਚੀ ਗੀਤਾ ਦੇ ਅਰਥ ਠੀਕ ਕਰ ਰਿਹਾ ਹੈ? ਪੰਡਤ ਬ੍ਰਿਜ ਦਾਸ ਨਾਨਕ ਨੂੰ ਬੁਲਾ ਕੇ ਓਹੀ ਸਲੋਕ ਤੇ ਅਰਥ ਸੁਣੇ ਤਾਂ ਉਨਾਂ ਫਖਰ ਮਹਿਸੂਸ ਕੀਤਾ ਕਿ ਉਸ ਦਾ ਵਿਦਿਆਰਥੀ ਉੱਚੀ ਅਧਿਆਤਮਕ ਗੱਲ ਸਹਿਜ ਹੀ ਦਸ ਰਿਹਾ ਹੈ।

ਮਹਿਤਾ ਕਾਲੂ ਨੂੰ ਥੋੜਾ ਅਹਿਸਾਸ ਤਾਂ ਹੋ ਚੁੱਕਾ ਸੀ ਉਸ ਦਾ ਪੁੱਤਰ ਕੋਈ ਸਧਾਰਨ ਪੁੱਤ੍ਰ ਨਹੀ ਹੈ। ਗੀਤਾ ਦੇ ਅਰਥ ਸੁਣ ਕੇ ਉਸ ਨੂੰ ਚੰਗਾ ਲਗਾ। ਪਰ ਪਿਤਾ ਦੀ ਇਹੋ ਸ਼ਕਾਇਤ ਸੀ ਕਿ ਨਾਨਕ ਵਿਹਾਰਿਕ (ਮਟੀਰੀਅਲਿਸਟ) ਨਹੀ ਹੈ। ਮਹਿਤਾ ਜੀ ਕਹਿੰਦੇ ਸੀ ਕਿ ਸ਼ਾਸਤਰਾਂ ਦਾ ਗਿਆਨ ਤਾਂ ਸਾਧੂ ਸੰਤਾਂ ਨੂੰ ਵੀ ਹੁੰਦਾ ਹੈ। ਸਭ ਮੰਗਦੇ ਫਿਰਦੇ ਆਂ। ਮਹਿਤਾ ਜੀ ਦਾ ਸੁਪਨਾ ਤਾਂ ਸੀ ਨਾਨਕ ਨੂੰ ਕਿਸੇ ਉੱਚ ਅਹੁਦੇ ਤੱਕ ਪਹੁੰਚਾਣ ਦਾ। ਕਿਸੇ ਰਾਜੇ ਦਾ ਵਜੀਰ, ਕੋਈ ਦੀਵਾਨ ਆਦਿ ਬਣੇ। ਘੱਟੋ ਘੱਟ ਕਿਸੇ ਰਿਆਸਤ ਦਾ ਕਾਰਦਾਰ ਤਾਂ ਬਣੇ।

ਪੰਡਤ ਹੁਰਾਂ ਦੀ ਵੀ ਮੁਸ਼ਕਲ ਇਹ ਸੀ ਕਿ ਨਾਨਕ ਹਰ ਗੱਲ ਦੀ ਜੜ੍ਹ ਤੇ ਜਾਂਦਾ ਹੈ। ਇਕ ਵੇਰਾਂ ਪੜ੍ਹਾਉਦਿਆਂ ਨਾਨਕ ਵਿਦਿਆਰਥੀ ਨੇ ਜਿੱਦ ਕੀਤੀ ਕਿ ਮਾਸਟਰ ਜੀ 'ਓਮ' ਲਫਜ ਦੇ ਅਰਥ ਦੱਸਣ। ਵਕਤ ਪਾ ਕੇ ਫਿਰ ਨਾਨਕ ਨੇ ਐਲਾਨ ਕਰ ਦਿੱਤਾ ਕਿ ਨਿਰਾ ਓਮ ਲਫਜ ਤੇ ਜੋਰ ਦੇਣਾ ਗਲਤ ਹੈ। ਓਮ ਹਿੰਦੂ ਧਰਮ ਦਾ ਧਾਰਮਿਕ ਚਿੰਨ ਹੈ ਜਿਸ ਦਾ ਮਤਲਬ ਕੋਈ ਸ਼ਕਤੀ ਤੇ ਕੋਈ ਕੁਝ ਦਸਦਾ ਹੈ। ਅਸਲ ਵਿੱਚ ਇਹ ਚਿੰਨ ਹੈ ਸਾਡੀ ਚੇਤੰਨਤਾ (Consciousness)। (ਜਿਵੇ ਜੀਂਦੇ ਜੀਵ ਬੇਸੁਧ ਚੀਜ਼ਾਂ ਤੋਂ ਵਖਰੇ ਹਨ। ਜਿਵੇ ਕੀੜੀ ਰੇਤ ਤੋਂ ਵਖਰੀ ਹੈ। ਕੀੜੀ ਸੁਚੇਤ ਹੈ ਜਦੋਂ ਕਿ ਮਿੱਟੀ ਜਾਂ ਪੱਥਰ ਬੇ-ਸੁਧ ਹਨ) ਗੁਰੂ ਸਾਹਿਬ ਨੇ ਕਿਹਾ ਕਿ ਧਾਰਮਿਕ ਚਿੰਨ ਤਾਂ ਓਹੀ ਬਣੇ ਜੋ ਪ੍ਰਮਾਤਮਾ ਦਾ ਸੱਚਾ ਪ੍ਰਤੀਕ ਹੋਵੇ। ਤਾਂ ਹੀ ਸਾਹਿਬ ਨੇ ਓਮ ਦੇ ਨਾਲ ਏਕਾ ਲਾ ਦਿੱਤਾ ਕਿ ਸਾਰੀ ਸ੍ਰਿਸਟੀ ਦੇ ਮੂਲ ਵਿੱਚ ਜੋ ਤਾਕਤ ਹੈ, ਜੋ ਸਾਡਾ ਜੀਆਂ ਦਾ ਬੀ ਹੈ ਜਿਸ ਤੋਂ ਸਭ ਪ੍ਰਗਟ ਹੋਏ ਹਨ ਤੇ ਤੀਸਰਾ ਗੁਰੂ ਸਾਹਿਬ ਨੇ ਲਕੀਰ ਜਾਂ 'ਕ੍ਰਾਰ' ਖਿੱਚ ਕੇ ਸਾਰੀ ਸ੍ਰਿਸਟੀ ਦਾ ਪ੍ਰਤੀਕ ਬਣਾ ਦਿੱਤਾ। ਕਿ ਇਕ ਓਹ ਤਾਕਤ ਜਾਂ ਸੁੱਧ ਜਾਂ ਚੇਤੰਨਤਾ ਜੋ ਸਾਰੀ ਸ੍ਰਿਸਟੀ, ਸਾਰੇ ਬਹ੍ਰਿਮੰਡ ਵਿੱਚ ਸਮਾਈ ਹੋਈ ਹੈ। ਤੇ ਓਮ ਦਾ ਬਣਾ ਦਿੱਤਾ ੧ਓ (ਇਕ ਓਂਕਾਰ)।

ਸਮਾਂ ਪਾ ਕੇ ਗੁਰੂ ਬਾਬਾ ਪੰਡਤ ਬ੍ਰਿਜ ਦਾਸ ਦੇ ਵਖਿਆਨਾਂ ਤੋਂ ਅੱਕਣ ਲੱਗ ਪਏ। ਬ੍ਰਿਜਦਾਸ ਨੇ ਵੀ ਉਹਨਾਂ ਨੂੰ ਅਗਲੀ ਪੌੜੀ ਤੇ ਪਹੁੰਚਣ ਲਈ ਪ੍ਰਵਾਨ ਕਰ ਦਿਤਾ (ਭਾਵ ਆਪਣੇ ਸਕੂਲ ਤੋਂ

ਗੁਰੂ ਨਾਨਕ ਦੀ ਗੁਰਮੁੱਖੀ ਲਿਪੀ ਦਾ ਮੌਜੂਦਾ ਹਾਲ ਵੇਖੋ ਸਫਾ 217 ਤੇ।

ਪਾਸ ਕਰ ਦਿਤਾ)।

ਜਨਮਸਾਖੀ ਵਿੱਚ ਆਉਦਾ ਹੈ ਕਿ 12 ਵਰਿਆਂ ਦੀ ਉਮਰ ਵਿੱਚ ਜਦੋਂ ਮਹਿਤਾ ਕਾਲੂ ਨੂੰ ਅਹਿਸਾਸ ਹੋ ਗਇਆ ਕਿ ਨਾਨਕ ਪੜ੍ਹਾਈ ਲਿਖਾਈ ਵਿੱਚ ਬਹੁਤ ਚੰਟ ਹੈ ਤਾਂ ਉਸ ਨੇ ਬਾਬੇ ਨੂੰ ਇਕ ਦਿਨ ਬੀ ਬੀਜਣ ਘੱਲ ਦਿੱਤਾ। ਬਾਬੇ ਨੇ ਬੀ ਦੇਣ ਮੌਕੇ ਲਾਪਰਵਾਈ ਵਿਖਾਈ ਤਾਂ ਉਸ ਵੇਲੇ ਪਿਤਾ ਨੇ ਫਿਰ ਆਪਣੇ ਜੱਦੀ ਪ੍ਰੋਹਤ ਹਰਦਿਆਲ ਨੂੰ ਉਲਾਂਮਾ ਦਿੱਤਾ ਕਿ ਇਹ ਬਾਲਕ ਕਾਹਦਾ ਹੁਸ਼ਿਆਰ ਹੈ? ਉਸ ਵੇਲੇ ਜੋ ਹਰਦਿਆਲ ਨੇ ਜਵਾਬ ਦਿੱਤਾ ਉਸ ਤੋਂ ਸਾਬਤ ਹੁੰਦਾ ਹੈ ਕਿ ਬਾਬਾ ਜੀ ਨੂੰ ਕਿੰਨੇ ਹੀ ਹਿੰਦੂ ਧਾਰਮਿਕ ਸ਼ਾਸਤਰ ਜਬਾਨੀ ਕੰਠ ਹੋ ਗਏ ਸਨ। ਜਿਸ ਵਿੱਚ ਚਾਰੇ ਵੇਦ, ਛੇ ਸ਼ਾਸਤਰ, 18 ਪੁਰਾਣ, ਗੀਤਾ ਤੇ ਹੋਰ ਕਈ ਸਿਮਰਿਤੀਆਂ।

—◈—

ਅੱਗੇ ਮੌਲਵੀ ਕੁਤੱਬੁਦੀਨ ਦੇ ਮਦਰੱਸੇ ਵਿੱਚ ਬਾਬੇ ਨੇ ਲਿਆ ਦਾਖਲਾ

ਜਨਮ ਸਾਖੀਆਂ ਤੋਂ ਲਗਦਾ ਹੈ ਕਿ ਮੌਲਵੀ ਜੀ ਦਾ ਮਦਰੱਸਾ ਵੀ ਮਹਿਤਾ ਕਾਲੂ ਦੇ ਘਰ ਦੇ ਨੇੜੇ ਹੀ ਸੀ। ਗੁਰੂ ਸਾਹਿਬ ਦੀ ਤੇਜ ਬੁੱਧੀ ਦੀ ਮਸ਼ਹੂਰੀ ਸਾਰੇ ਇਲਾਕੇ ਵਿੱਚ ਹੋ ਚੁੱਕੀ ਸੀ ਕਿ ਇਹ ਬਾਲਕ ਇਕ ਵਾਰੀ ਜਦੋਂ ਕੋਈ ਗੱਲ ਸੁਣ ਲੈਂਦਾ ਹੈ ਉਨੂੰ ਯਾਦ ਹੋ ਜਾਂਦੀ ਹੈ। ਮੌਲਵੀ ਜੀ ਵੀ ਇਕ ਤਰਾਂ ਨਾਲ ਉਡੀਕ ਹੀ ਰਹੇ ਸਨ ਕਿ ਬਾਲਕ ਨਾਨਕ ਉਹਦੇ ਮਦਰੱਸੇ ਵਿੱਚ ਵੀ ਆਵੇ। ਓਧਰ ਰਾਇ ਬੁਲਾਰ ਨੇ ਵੀ ਇਹੋ ਚਾਹਿਆ ਸੀ ਕਿ ਜੇ ਨਾਨਕ ਫਾਰਸੀ ਸਿੱਖ ਲਵੇ ਤਾਂ ਉਹਦੀ ਜਗੀਰ ਦਾ ਅਗਲਾ ਕਾਰਦਾਰ ਨਾਨਕ ਹੀ ਹੋਵੇਗਾ।

ਪਿਤਾ ਕਾਲੂ ਨੇ ਕੁਝ ਨਕਦ ਰੁਪੱਈਆਂ ਦੀ ਭੇਟ ਦੇਣ ਨਾਲ ਬਾਲਕ ਨੂੰ ਫਾਰਸੀ ਪੜ੍ਹਨ ਲਈ ਦਾਖਲ ਕਰਵਾਇਆ। ਓਦੋਂ ਅਜੇ ਉੜਦੂ ਭਾਸ਼ਾ ਦਾ ਜਨਮ ਨਹੀ ਸੀ ਹੋਇਆ। ਇਲਾਕੇ ਦੀ ਦਫਤਰੀ ਭਾਸ਼ਾ ਫਾਰਸੀ ਹੀ ਸੀ। ਸੋਢੀ ਮਿਹਰਵਾਨ ਨੇ ਲਿਖਿਆ ਹੈ ਕਿ ਬਾਬੇ ਨੇ ਪੰਜਾਬੀ (ਹਿੰਦਵੀ) ਸਿੱਖਣ ਉਪਰੰਤ ਮੁਸਲਮਾਨ ਭਾਸ਼ਾਵਾਂ ਅਰਬੀ ਫਾਰਸੀ ਤੇ ਤੁਰਕੀ ਸਿੱਖਣੀਆਂ ਸ਼ੁਰੂ ਕੀਤੀਆਂ।

ਮੌਲਵੀ ਜੀ ਨੇ ਬਾਲਕ ਨੂੰ ਬਸ ਇਕ ਵਾਰ ਫਾਰਸੀ ਦੀ ਮੁਹਾਰਨੀ ਫੱਟੀ ਤੇ ਲਿਖ ਦਿੱਤੀ ਭਾਵ ਪੂਰਨੇ ਪਾ ਦਿੱਤੇ:-

ਅਲਿਫ, ਬੇ, ਪੇ, ਤੇ, ਟੇ, ਸੇ, ਜੀਮ, ਚੇ, ਹੇ, ਖੇ। ਦਾਲ, ਡਾਲ, ਜਾਲ, ਰੇ, ਅੜੇ, ਜ਼ੇ, ਜ਼ਏ। ਸੀਨ, ਸ਼ੀਨ, ਸੁਆਦ, ਜੁਆਦ, ਤੋਇ, ਜੋਇ। ਐਨ, ਗੈਨ, ਫੇ, ਕਾਫ, ਕਾਫ, ਗਾਫ ਲਾਮ, ਮੀਮ, ਨੂਨ, ਵਾਓ, ਵੱਡੀ ਯੇ, ਛੋਟੀ ਯੇ। ਹੇ, ਹੈ

ਅਗਲੇ ਦਿਨ ਜਦੋਂ ਦੁਬਾਰਾ ਪੈਂਤੀ ਲਿਖਣ ਯਾਦ ਕਰਨ ਦਾ ਅਭਿਆਸ ਮੌਲਵੀ ਜੀ ਨੇ ਅਰੰਭਿਆ ਤਾਂ ਗੁਰੂ ਸਾਹਿਬ ਨੇ ਉਨਾਂ ਨੂੰ ਯਾਦ ਦਿਵਾ ਦਿੱਤਾ ਕਿ ਇਹ ਤਾਂ ਮੌਲਵੀ ਜੀ ਪਹਿਲਾਂ ਹੀ ਪੜ੍ਹਾ ਚੁੱਕੇ ਨੇ। ਮੌਲਵੀ ਜੀ ਨੇ ਫਿਰ ਨਾਨਕ ਕੋਲੋਂ ਪੁੱਛਿਆ ਕਿ ਕੀ ਤੈਨੂੰ ਯਾਦ ਹੋ ਗਇਆ ਹੈ। ਬਾਬੇ ਨੇ ਹਾਂ ਕੀਤੀ। ਮੌਲਵੀ ਜੀ ਨੇ ਸਬਕ ਸੁਣਿਆ। ਜਿਵੇ ਬਾਬੇ ਨੇ ਸਹੀ ਸਹੀ ਸਬਕ ਸੁਣਾ ਦਿੱਤਾ ਤਾਂ ਮੌਲਵੀ ਦੀ ਚੀਕ ਨਿਕਲ ਗਈ, ''ਸੁਬਹਾਨ ਯਾ ਰੱਬਲਿ ਆਲਮੀਨ'' (ਮਤਲਬ- ਵਾਹਿਗੁਰੂ, ਵਾਹਿਗੁਰੂ ਐ ਜਗਤ ਦੇ ਮਾਲਕ ਤੂੰ ਧੰਨ ਹੈਂ) "ਖੁਦਾਰਾ ਇਸ ਬਾਲਕ ਦੀ ਅੱਕਲ ਤੂੰ ਕਮਾਲ ਦੀ ਦਿੱਤੀ ਹੈ। ਆਹ ਏਥੇ ਜਿਹੜੇ ਚਿਮਨਿਆਂ ਦੀ ਭੀੜ ਬੈਠੀ ਹੋਈ ਹੈ ਇਨਾਂ ਨੂੰ ਕਈ ਕਈ ਮਹੀਨੇ ਲਗ ਜਾਂਦੇ ਨੇ ਇਨੀ ਕੁ ਪੈਂਤੀ ਯਾਦ ਕਰਨ ਵਿੱਚ।"

ਅੰਗਰੇਜ ਲਿਖਾਰੀ ਮੈਕਾਲਿਫ ਨੇ ਵੀ ਲਿਖਿਆਂ ਹੈ ਕਿ ਕਿਉਕਿ ਉਨਾਂ ਦੀ ਕੁਝ ਇਕ ਬਾਣੀ ਫਾਰਸੀ ਵਿੱਚ ਹੈ ਤੇ ਉਨਾਂ ਦੀ ਰਚਨਾ ਵਿੱਚ ਬਹੁਤ ਸਾਰੇ ਫਾਰਸੀ ਅਲਫਾਜ਼ ਹਨ ਇਸ ਤੋਂ ਸਾਬਤ ਹੋ ਜਾਂਦਾ ਹੈ ਕਿ ਗੁਰੂ ਨਾਨਕ ਨੇ ਫਾਰਸੀ ਦੀ ਪੜ੍ਹਾਈ ਤੇ ਵੀ ਚੋਖਾ ਸਮਾਂ ਲਾਇਆ ਸੀ।

ਜਗਤ ਪ੍ਰਸਿਧ ਅੰਗਰੇਜ ਇਤਹਾਸਕਾਰ ਅਲੈਗਜੈਂਡਰ ਕਨਿੰਘਮ ਨੇ ਕੁਝ ਮੁਸਲਮਾਨ ਲਿਖਾਰੀਆਂ ਦਾ ਹਵਾਲਾ ਦੇ ਕੇ ਲਿਖਿਆ ਹੈ ਕਿ ਗੁਰੂ ਸਾਹਿਬ ਦੇ ਗਵਾਂਢ ਵਿੱਚ ਹੀ ਇਕ ਮੁਸਲਮਾਨ ਸਯੱਦ ਮੀਰ ਹਸਨ ਨਾਂ ਦਾ ਔਲੀਆ ਰਹਿੰਦਾ ਸੀ। ਸਯੱਦ ਮੰਨਿਆਂ ਹੋਇਆ ਵਿਦਵਾਨ ਸੀ ਜੋ ਹੈ ਤਾਂ ਬੜਾ ਅਮੀਰ ਸੀ ਪਰ ਓਹਦੇ ਘਰ ਓਲਾਦ ਨਹੀ ਸੀ। ਕਿਹਾ ਜਾਂਦਾ ਹੈ ਕਿ ਉਸ ਦਾ ਵੀ ਬਾਲਕ ਨਾਨਕ ਨਾਲ ਵੱਡਾ ਸਨੇਹ ਸੀ। ਫਾਰਸੀ ਦਾ ਪਹਿਲਾ ਅੱਖਰ ਅਲਿਫ ਜਿਹੜਾ ਸਿਰਫ ਇਕ ਡੰਡੀ ਹੀ ਹੁੰਦਾ ਹੈ ਉਸ ਦਾ ਡੂੰਘਾ ਮਤਲਬ ਜਦੋਂ ਗੁਰੂ ਨਾਨਕ ਨੇ ਮੀਰ ਹਸਨ ਨੂੰ ਦੱਸਿਆ ਤਾਂ ਸਯੱਦ ਗੁਰੂ ਦਾ ਮੁਰੀਦ ਬਣ ਗਿਆ। ਅੰਗਰੇਜ ਇਤਹਾਸਕਾਰ ਨੇ ਲਿਖਿਆ ਹੈ ਕਿ ਸਾਡੇ ਜੱਸੂ ਮਸੀਹ ਨੇ ਵੀ ਆਪਣੇ ਅਧਿਆਪਕ ਨੂੰ 12 ਸਾਲ ਦੀ ਉਮਰ ਵਿੱਚ ਅਚੰਭੇ ਵਿੱਚ ਪਾ ਦਿੱਤਾ ਸੀ।

ਸੋਢੀ ਮਿਹਰਵਾਨ ਨੇ ਲਿਖਿਆ ਹੈ ਕਿ:

"ਤਬ ਹਿੰਦੂ ਮੁਸਲਮਾਨ ਕਾਜੀ ਮੁਲਾਂ ਜਿ ਕੋਈ ਗੁਰੂ ਬਾਬੇ ਨਾਨਕ ਜੀ ਪਾਸ ਆਵੈ ਤਿਸੁ ਦੈ ਤਾਂਈ ਗੁਰੂ ਬਾਬਾ ਨਾਨਕ ਨਸੀਹਤਿ ਦੇਵੈ, ਦੀਨ ਦੇ ਰਾਹਿ ਦੀ। ਜਹਾਨ ਸਭੁ ਸਿਫਤਿ ਲਗਾ ਕਰਨੇ ਜਿ ਬਡਾ ਖੁਦਾਇ ਦਾ ਪਿਆਰਾ ਹੈ ਨਾਨਕ ਬੇਦੀ ਕਾਲੂ ਬੇਦੀ ਦਾ ਪੁੱਤ੍ਰ। ਗੁਰੂ ਬਾਬਾ ਨਾਨਕੁ ਜੀ ਮੁਸਲਮਾਨੀ ਵਿੱਚ ਮੁਸਲਮਾਨਾਂ ਦੀ ਨਿਸ਼ਾ ਕਰੈ। ਹਿੰਦਵੀ ਵਿਚਿ ਹਿੰਦਵਾਂ ਦੀ ਨਿਸ਼ਾ ਕਰੈ। ਸਭ ਲੋਕ ਸੰਤੋਖਿਆ ਜਾਇ। ਸਭ ਕੋਈ ਆਖੇ ਜੇ ਨਾਨਕ ਜੰਮਦੇ ਹੀ ਨੋ ਮਿਹਰ ਖੁਦਾਇ ਦੀ ਹੋਈ ਹੈ। ਹਿੰਦਵੀ ਪਾਰਸੀ ਅਰਬੀ ਤੋਰਕੀ ਗੁਰੂ ਬਾਬੇ ਨਾਨਕ ਸਭ ਜਬਤਿ (ਜਬਾਨੀ ਯਾਦ ਕਰ ਲਏ) ਕੀਏ।"

ਅੱਗੇ ਲਿਖਿਆ ਹੈ ਕਿ ਮੌਲਵੀ ਕੋਲ ਪੜ੍ਹਨ ਦੇ ਸਾਲਾਂ ਦੇ ਅਖੀਰ ਵਿੱਚ ਕੁਝ ਦਿਨ ਬਾਬਾ ਮਦਰੱਸੇ ਨਾਂ ਗਿਆ। ਚੁੱਪ ਕਰਕੇ ਬੈਠਾ ਜਾਂ ਲੰਮਾ ਪਿਆ ਰਹੇ। ਪਿਤਾ ਕਾਲੂ ਨੇ ਮੌਲਵੀ ਨੂੰ ਘਰ ਸੱਦਿਆ ਕਿ ਨਾਨਕ ਚੁੱਪ ਚਾਪ ਪਿਆ ਰਹਿੰਦਾ ਹੈ, ਕਿਸੇ ਨਾਲ ਕੋਈ ਗੱਲ ਬਾਤ ਨਹੀ ਕਰਦਾ। ਮੁੱਲਾ ਨੇ ਆ ਕੇ ਕੁਝ ਟੂਣੇ ਟਪਾਣੇ ਕੀਤੇ। ਨਾਨਕ ਦੀ ਬਾਹ ਨੂੰ ਤਵੀਤ ਬੱਧਾ। ਲੋਕੀ ਵੀ ਇਕੱਠੇ ਹੋ ਗਏ ਜਦੋਂ ਮੌਲਵੀ ਦੇ ਬੁਲਾਉਣ ਤੇ ਵੀ ਨਾਨਕ ਨੇ ਜਵਾਬ ਨਾਂ ਦਿੱਤਾ। ਮੁਲਾਂ ਨੂੰ ਇਕ ਤਰਕੀਬ ਸੁਝੀ। ਤਾਂ ਉਸ ਨੇ ਨਾਨਕ ਨੂੰ ਸੰਬੋਧਨ ਕਰਕੇ ਕਿਹਾ "ਨਾਨਕ ਆ ਰਲ ਕੇ ਉਸ ਖੁਦਾ ਦੀ ਉਸਤਤ ਕਰੀਏ ਜਿਸ ਦਾ ਤੈਨੂੰ ਵੈਰਾਗ ਹੈ। ਬੋਲ ਉਸ ਜਗਤ ਦੇ ਪਿਤਾ ਦੀ ਸਿਫਤ ਸਲਾਹ ਵਿੱਚ ਦੋ ਲਫਜ਼।" ਗੁਰੂ ਸਾਹਿਬ ਨੇ ਫਿਰ

ਅੱਖਾਂ ਖੋਲੀਆਂ ਤੇ ਮੌਲਵੀ ਵਲ ਆਦਰ ਸਤਿਕਾਰ ਭਰੀ ਨਿਗਾਹ ਨਾਲ ਵੇਖਿਆ। ਮੌਲਵੀ ਨੇ ਅਸੀਸਾਂ ਦੀ ਝੜੀ ਲਾ ਦਿੱਤੀ।

"ਰਖ ਪੀਰਾਂ ਦੀ ਹੋਵੈ ਤਉ ਕੂ। ਕੂਵਤਿ ਮੁਰਤਜਾ ਅਲੀ ਦੀ ਹੋਵੈ ਤਉ ਕੂ। ਪਨਾਹ ਖੁਦਾਇ ਦੀ..। ਹੱਕ ਤਾਲਹ ਤੂੰ ਬਖਸਿਆ ਹੈ"

ਫਿਰ ਗੁਰੂ ਨਾਨਕ ਨੇ ਫਰਮਾਇਆ:

" ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥ ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥੧॥ ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥ ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ ॥੧॥ ਰਹਾਉ ॥ ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ ॥ ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ ॥੨॥ ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ ॥ ਗਾਹੇ ਨ ਨੇਕੀ ਕਾਰ ਕਰਦਮ ਮਮ ਈਂ ਚਿਨੀ ਅਹਵਾਲ ॥੩॥ ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ ॥ ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ ॥੪॥੧॥ (ਅੰਗ 721 ਸਗਗਸ)

ਨਾਨਕ ਦੀ ਹਲੀਮੀ ਭਰੀ ਸ਼ਾਇਰੀ " ਤੇਰੇ ਚਾਕਰਾਂ ਪਾ ਖਾਕ " ਸੁਣ ਕੇ ਮੌਲਵੀ ਵਿਸਮਾਦਿਤ ਹੋ ਗਇਆ । ਸਭ ਕੁਝ ਭੁੱਲ ਭੁੱਲਾ ਕੇ ਹੱਥ ਫੈਲਾ ਕੇ ਮੰਗਿਆ ਕਿ ਨਾਨਕ ਤੂੰ ਤਾਂ ਪਹਿਲਾਂ ਹੀ ਖੁਦਾ ਦੇ ਨਾਲ ਇਕ ਮਿਕ ਹੈ ਕੁਝ ਸਾਡੇ ਤੇ ਵੀ ਮਿਹਰ ਕਰ ਦੇ। ਤਾਂ ਗੁਰੂ ਸਾਹਿਬ ਨੇ ਕਿਹਾ ਕਿ ਜੋ ਕੁਝ ਮੇਰੇ ਹੱਥ ਲਗੇਗਾ ਉਹ ਸਭਨਾਂ ਵਿੱਚ ਵੰਡਾਂਗਾ। ਫਿਰ ਹਰ ਇਕ ਦੇ ਮੂੰਹੋ ਇਹੋ ਨਿਕਲਿਆ "ਵਾਹ ਖੁਦਾ" "ਵਾਹ ਨਾਨਕ"।

ਉਸ ਤੋਂ ਬਾਦ ਫਿਰ ਨਾਨਕ ਮਦਰੱਸੇ ਨਹੀ ਗਿਆ।

—◈—

ਸਿੱਖ ਕੌਮ ਨੇ ਗੁਰੂ ਨਾਨਕ ਦੇ ਅਧਿਆਪਕਾਂ ਨਾਲ ਇਨਸਾਫ ਨਹੀ ਕੀਤਾ

ਇਕ ਰੱਬ ਇਕ ਓਕਾਰ ਸਾਰੀ ਸ੍ਰਿਸਟੀ ਦਾ ਸਾਂਝਾ ਹੈ। ਉਹ ਇਸ ਧਰਤੀ ਦਾ ਹੈ ਤੇ ਉਹ ਹੋਰਨਾਂ ਧਰਤੀਆਂ, ਸੂਰਜ, ਚੰਦ ਤੇ ਹੋਰ ਗ੍ਰਿਹਿਆਂ ਤੇ ਮੌਜੂਦ ਜੀਵਨ ਦਾ ਵੀ ਰੱਬ ਹੈ। ਉਹ ਪੰਜਾਬੀਆਂ ਦਾ ਹੈ ਉਹ ਬੰਗਾਲੀਆਂ, ਜਪਾਨੀਆਂ, ਚੀਨੀਆਂ, ਰੂਸੀਆਂ, ਅਰਬਾਂ, ਪਾਕਿਸਤਾਨੀਆਂ, ਅੰਗਰੇਜਾਂ ਸਭ ਦਾ ਪ੍ਰਿਤਪਾਲਕ ਹੈ। ਉਹ ਹਾਥੀ, ਸ਼ੇਰ, ਕੀੜੀ ਤੇ ਇਥੋਂ ਤੱਕ ਸਾਡੇ ਸਰੀਰ ਅੰਦਰ ਜੋ ਬੈਕਟੇਰੀਆ ਪਲ ਰਿਹਾ ਹੈ ਉਸ ਦਾ ਵੀ ਓਨਾਂ ਹੀ ਹੈ। ਉਹ ਵੇਲ ਮੱਛੀ ਤੇ ਇਕ ਛੋਟੀ ਮੱਛੀ ਦਾ ਵੀ ਓਨਾਂ ਹੀ ਹੈ। ਉਹ ਸੱਪ ਦਾ ਵੀ ਤੇ ਨੂਹੇ ਦਾ ਵੀ ਓਨਾਂ ਹੀ ਹੈ। ਉਹਦੇ ਵਾਸਤੇ ਪੰਜਾਬ ਵਿੱਚ ਵਸਣ ਵਾਲੇ ਵੀ ਓਨੇ ਹੀ ਪਿਆਰੇ ਹਨ ਜਿੰਨੇ ਅਫਰੀਕਾ ਵਿੱਚ ਵੱਸਣ ਵਾਲੇ। ਕਿਉਕਿ ਉਹ ਸਰਬ ਵਿਆਪਕ ਹੈ ਉਹ ੧ਓ ਹੈ।

ਇਹ ਗੱਲ ਸਮਝਣ ਵਾਲੀ ਹੈ ਕਿ ਜਦੋਂ ਵੀ ਕੋਈ ਪੀਰ ਪੈਗੰਬਰ ਅਵਤਾਰ ਇਸ ਧਰਤੀ ਤੇ ਜਨਮ ਲੈਂਦਾ ਹੈ ਉਹ ਸਰਬ ਵਿਆਪਕ ਰੱਬ ਨਾਲ ਇਕ ਮਿਕ ਹੁੰਦਾ ਹੈ। ਉਹਦੇ ਵਾਸਤੇ ਸਾਰੀ ਸ੍ਰਿਸਟੀ ਇਕ ਸਮਾਨ ਹੁੰਦੀ ਹੈ।

ਫਿਰ ਪੈਗੰਬਰ ਜਦੋ ਹੌਲੀ ਹੌਲੀ ਵੱਡਾ ਹੁੰਦਾ ਹੈ ਤਾਂ ਉਸ ਦੀ ਨਿਗਾਹ ਆਲੇ ਦੁਆਲੇ ਜਾਂਦੀ ਹੈ ਉਸਦਾ ਧਿਆਨ (ਫੋਕਸ) ਉਸ ਇਲਾਕੇ ਉਨਾਂ ਲੋਕਾਂ ਵਲ ਹੁੰਦਾ ਹੈ ਜਿੰਨਾਂ ਨਾਲ ਉਹ ਘਿਰਿਆ ਹੁੰਦਾ ਹੈ।

ਇਹੋ ਕਾਰਨ ਹੈ ਜੱਸੂ ਮਸੀਹ ਦੇ ਜੀਵਨ ਨੂੰ ਜੇ ਸਮਝਣਾ ਹੈ ਤਾਂ ਫਲੱਸਤੀਨ ਦੇ ਖਿੱਤੇ ਨੂੰ ਸਮਝਣਾ ਪਏਗਾ। ਹਜਰਤ ਮੁਹੰਮਦ ਨੂੰ ਜੇ ਸਮਝਣਾ ਹੈ ਤਾਂ ਤੁਹਾਨੂੰ ਉਸ ਵੇਲੇ ਦਾ ਅਰਬ ਸਭਿਆਚਾਰ ਦੇ ਹਾਲਾਤ ਜਾਂ ਇਤਹਾਸ ਨੂੰ ਸਮਝਣਾ ਪਵੇਗਾ। ਫਿਰ ਵੇਖੋ ਗੀਤਾ ਵਿੱਚ ਭਗਵਾਨ ਕ੍ਰਿਸ਼ਨ ਸਿਰਫ ਭਾਰਤ ਦੇਸ ਦੇ ਉਧਾਰ ਦੀ ਹੀ ਗੱਲ ਕਰਦਾ ਹੈ।

ਸਾਡਾ ਕਹਿਣ ਤੋਂ ਮਤਲਬ ਹੈ ਕਿ ਪੈਗੰਬਰ ਜਿਸ ਇਲਾਕੇ ਵਿੱਚ ਜੰਮਦਾ ਹੈ ਲੋਕਾਈ ਦਾ ਦਬਾਅ ਉਸ ਦੀ ਸ਼ਬਦਾਵਲੀ ਨੂੰ ਉਸ ਇਲਾਕੇ ਤੱਕ ਸੀਮਤ ਕਰ ਦਿੰਦੀ ਹੈ। ਗੁਰੂ ਸਾਹਿਬ ਦੀ ਬਾਣੀ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਉਹ ਸਾਰੀ ਲੋਕਾਈ ਦੇ ਉਧਾਰ ਦੀ ਗੱਲ ਕਰਦਾ ਹੈ ਪਰ ਜਦੋਂ ਪੰਜਾਬੀ ਸਭਿਆਚਾਰ ਦੀ ਗੱਲ ਆਉਦੀ ਹੈ ਤਾਂ ਕਦੀ ਕਦੀ ਇਸ ਦੇ ਹੱਕ ਵਿੱਚ ਵੀ ਬੋਲ ਜਾਂਦਾ ਹੈ। ਉਸ ਵੇਲੇ ਦੇ ਫੁਕਰੇ ਲੋਕਾਂ ਦੇ ਸਬੰਧ ਵਿੱਚ ਜੋ ਲੋਕਾਂ ਨੂੰ ਪ੍ਰਭਾਵਿਤ ਕਰਨ ਵਾਸਤੇ ਫਾਰਸੀ ਬੋਲ ਬੋਲ ਦਸਦੇ ਸਨ ਜਿਵੇ ਅੱਜ ਕਲ੍ਹ ਕੁਝ ਲੋਕ ਅੰਗਰੇਜੀ ਬੋਲਦੇ ਨੇ, ਗੁਰੂ ਸਾਹਿਬ ਨੇ ਕਹਿ ਹੀ ਦਿੱਤਾ, " ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥"

ਸਿਰਫ ਏਨਾ ਹੀ ਨਹੀ ਗੁਰੂ ਸਾਹਿਬ ਨੇ ਮਰਦੀ ਜਾ ਰਹੀ ਪੰਜਾਬੀ ਦੀ ਲਿਪੀ ਨੂੰ 'ਗੁਰਮੁਖੀ' ਨਾਂ ਦੇ ਕੇ ਸੁਰਜੀਤ ਕੀਤਾ।

ਸਵਾਲ ਉਠਦਾ ਹੈ ਗੁਰੂ ਸਾਹਿਬ ਦੇ ਸਾਹਮਣੇ ਇਹ ਮਹੌਲ ਕਿਸ ਨੇ ਸਿਰਜਿਆ। ਇਹ ਗੁਰੂ ਸਾਹਿਬ ਦੇ ਅਧਿਆਪਕ ਸਨ ਜਿੰਨਾਂ ਗੁਰੂ ਸਾਹਿਬ ਦੇ ਸਾਹਮਣੇ ਸਾਰੇ ਹਾਲਾਤ ਖੋਲ ਕੇ ਰੱਖ ਦਿੱਤੇ। ਉਨਾਂ ਨੇ ਗੁਰੂ ਸਾਹਿਬ ਸਾਹਮਣੇ ਹਿੰਦੂ ਮਤ ਧਾਰਮਿਕ ਸ਼ਾਸਤਰਾਂ ਰਾਂਹੀ ਖੋਲ ਕੇ ਰੱਖ ਦਿੱਤਾ। ਮੁਸਲਮਾਨ ਅਧਿਆਪਕਾਂ ਨੇ ਇਸਲਾਮ ਦੀ ਸਾਰੀ ਵਾਕਫੀਅਤ ਗੁਰੂ ਸਾਹਿਬ ਅੱਗੇ ਰੱਖ ਦਿੱਤੀ। ਇਨਾਂ ਹਾਲਾਤਾਂ ਦੇ ਮੱਦੇ ਨਜਰ ਸਾਰਾ ਕੁਝ ਵੇਖ ਚੱਖ ਕੇ ਫਿਰ ਗੁਰੂ ਸਾਹਿਬ ਨੇ ਆਪਣਾ ਵੱਖਰਾ ਰਸਤਾ ਅਖਤਿਆਰ ਕੀਤਾ। ਦੁਨੀਆ ਨੂੰ ਉਸ ਭਗਵਾਨ ਨਾਲ ਜੋੜਿਆ ਜਿਹੜਾ ਸਾਰੀ ਲੋਕਾਈ ਦਾ ਹੈ। ਜਿਹੜਾ ਸ਼ੂਦਰ ਦਾ ਵੀ ਓਨਾ ਹੈ ਜਿੰਨਾ ਪੰਡਤ ਦਾ, ਜਾਂ ਮੋਮਨ ਦਾ ਵੀ ਓਨਾਂ ਹੀ ਜਿੰਨਾ ਕਾਫਰ ਦਾ। ਗੁਰੂ ਨੇ ਪਹਿਲੀ ਵਾਰ ਲੋਕਾਈ ਨੂੰ ਉਸ ਰੱਬ ਨਾਲ ਜੋੜਿਆ ਜੋ ਅਨੰਤ ਹੈ।

ਸੋ ਗੁਰੂ ਸਾਹਿਬ ਅੱਗੇ ਮਹੌਲ ਕਿਸ ਨੇ ਸਿਰਜਿਆ ਸੀ?

ਗੁਰੂ ਸਾਹਿਬ ਨੇ ਅੰਦਾਜਨ 10 ਸਾਲ ਸਕੂਲਾਂ 'ਚ ਲਾਏ। ਕੀ ਕਦੀ ਕਿਸੇ ਸਿੱਖ ਜਥੇਬੰਦੀ ਨੇ ਪੰਡਤ ਗੋਪਾਲ ਦਾਸ ਦਾ ਸਤਿਕਾਰ ਕੀਤਾ ਹੈ? ਕੀ ਕੋਈ ਅਜਿਹੀ ਜਥੇਬੰਦੀ, ਕੋਈ ਸਕੂਲ, ਕੋਈ ਕਾਲਜ ਹੈ ਪੰਡਤ ਬ੍ਰਿਜ ਦਾਸ ਦੇ ਨਾਂ ਤੇ? ਕੀ ਅਸੀ ਸਤਿਕਾਰ ਦਿੱਤਾ ਹੈ ਮੌਲਵੀ ਕੁਤੁਬ ਦੀਨ ਨੂੰ?

ਕੀ ਇਹ ਸਾਡਾ ਕੱਟੜਵਾਦ ਨਹੀ ਹੈ?

ਅਸੀ ਤਾਂ ਮਹਿਤਾ ਕਾਲੂ ਨੂੰ ਵੀ ਨਹੀ ਬਖਸ਼ਦੇ ਜਿਸ ਨੇ ਗੁਰੂ ਸਾਹਿਬ ਦੀ 30 ਸਾਲ ਤੱਕ ਪਾਲਣਾ ਪੋਸਣਾ ਕੀਤੀ ਪੜ੍ਹਾਇਆ

ਲਿਖਾਇਆ। ਮਾਤਾ ਤ੍ਰਿਪਤਾ ਵੀ ਸਾਨੂੰ ਯਾਦ ਨਹੀ।ਹਾਂ ਕਦੀ ਕਦੀ ਬੇਬੇ ਨਾਨਕੀ ਨੂੰ ਯਾਦ ਕਰ ਲੈਂਦੇ ਆ। ਅਸੀ ਰਾਇ ਬੁਲਾਰ ਦੇ ਨਾਂ ਤੇ ਕੋਈ ਸੰਸਥਾ ਪੰਜਾਬ ਵਿੱਚ ਚਲਦੀ ਨਹੀ ਦੇਖੀ।

ਗੁਰਦੁਆਰਾ ਡੇਰਾ ਚਾਹਲ (ਲਹੌਰ) ਬੇਬੇ ਨਾਨਕੀ ਦਾ ਜਨਮ ਅਸਥਾਨ। ਗੁਰੂ ਸਾਹਿਬ ਦੇ ਨਾਨਕੇ

ਬੇਬੇ ਨਾਨਕੀ ਦਾ ਵਿਆਹ

ਜਿਵੇਂ ਕਿ ਪਹਿਲਾਂ ਜਿਕਰ ਆ ਚੁੱਕਾ ਹੈ ਕਿ ਬੇਬੇ ਨਾਨਕੀ (1464-1518 ਈ) ਜੋ ਗੁਰੂ ਸਾਹਿਬ ਤੋਂ 5 ਸਾਲ ਵੱਡੇ ਸਨ ਗੁਰੂ ਸਾਹਿਬ ਦੀ ਰੂਹਾਨੀ ਅਵਸਥਾ ਨੂੰ ਪਛਾਨਣ ਵਾਲੇ ਪਹਿਲੇ ਸਖਸ਼ ਹੋਏ ਹਨ ਕਿ ਇਹ ਤਾਂ ਕੋਈ ਰੱਬ ਦਾ ਭੇਜਿਆ ਜੀ ਹੈ ਕੋਈ ਪੈਗੰਬਰ ਹੈ, ਅਵਤਾਰ ਹੈ। ਇਤਹਾਸ ਤੋਂ ਇਹ ਸਾਫ ਹੈ ਕਿ ਦੋਵਾਂ ਵਿੱਚ ਅਤਿਅੰਤ ਸਨੇਹ ਤੇ ਆਪਸੀ ਸੂਝ ਬੂਝ ਸੀ। ਕਿਉਕਿ ਮਾਪੇ ਖਾਸ ਕਰਕੇ ਪਿਤਾ ਜੀ ਬਾਲਕ ਨਾਨਕ ਨੂੰ ਦੁਨਿਆਵੀ ਪਾਸੇ ਲਿਆਉਣਾ ਚਾਹੁੰਦੇ ਸਨ ਜਦੋਂ ਕਿ ਗੁਰੂ ਸਾਹਿਬ ਦਾ ਸੁਭਾਅ ਸਾਧੂ ਪੱਖ ਵਲ ਸੀ, ਇਸ ਕਰਕੇ ਕਦੀ ਕਦੀ ਘਰ ਵਿੱਚ ਤਲਖੀ ਭਰਿਆ ਮਹੌਲ ਵੀ ਬਣ ਜਾਂਦਾ। ਜਦੋਂ ਵੀ ਬਾਲਕ ਨਾਨਕ ਨੂੰ ਡਾਟ ਪੈਣ ਲਗਦੀ ਭੈਣ ਮੂਹਰੇ ਹੋ ਜਾਂਦੀ।

ਕਿਉਕਿ ਪੁਰਾਣੇ ਸਮਿਆਂ ਵਿੱਚ ਧੀਆਂ ਨੂੰ ਛੋਟੀ ਉਮਰੇ ਹੀ ਵਿਆਹ ਦਿੱਤਾ ਜਾਂਦਾ ਸੀ। ਬੇਬੇ ਜੀ ਦਾ ਵਿਆਹ ਵੀ 11 ਸਾਲ ਦੀ ਉਮਰੇ ਭਾਵ ਸੰਨ 1475 ਵਿੱਚ ਹੀ ਹੋ ਗਇਆ ਸੀ। ਧਿਆਨ ਰਹੇ ਮੁਕਲਾਵਾ ਵਿਆਹ ਤੋਂ ਸਾਲਾਂ ਬਾਦ ਹੁੰਦਾ ਸੀ।

ਇਸ ਵਿਆਹ ਦਾ ਵੀ ਗੁਰੂ ਸਾਹਿਬ ਦੇ ਪਵਿਤ੍ਰ ਜੀਵਨ ਨਾਲ ਗੂੜਾ ਸਬੰਧ ਬਣਦਾ ਹੈ। ਇਕ ਤਾਂ ਦੋਵਾਂ ਭੈਣ ਭਰਾ ਦਾ ਬਹੁਤ ਪਿਆਰ ਸੀ। ਹੋਇਆ ਕੁਝ ਇਸ ਤਰਾਂ ਕਿ ਜਦੋਂ ਗੁਰੂ ਸਾਹਿਬ ਦਾ ਜਨਮ ਹੋਇਆ ਓਦੋਂ ਪੰਜਾਬ ਦੀ ਰਾਜਧਾਨੀ ਸੁਲਤਾਨਪੁਰ ਲੋਧੀ ਸੀ। ਇਸ ਸ਼ਹਿਰ ਦਾ ਪੁਰਾਣਾ ਨਾਂ ਕਿਸੇ ਨੇ ਸਰਬਮਾਨ ਪੁਰ ਤੇ ਕਿਸੇ ਨੇ ਕੁਝ ਹੋਰ ਲਿਖਿਆ ਹੈ। ਕਿਉਕਿ ਦੌਲਤ ਖਾਂ ਲੋਧੀ ਨੇ ਇਹ ਸ਼ਹਿਰ ਦੁਬਾਰਾ ਵਸਾਇਆ ਸੀ ਇਸ ਕਰਕੇ ਉਹ ਲਹੌਰ ਘੱਟ ਰਹਿੰਦਾ ਤੇ ਜਿਆਦਾ ਸੁਲਤਾਨਪੁਰ ਹੀ ਰਿਹਾ ਕਰਦਾ ਸੀ। ਓਦੋਂ ਹਿੰਦੋਸਤਾਨ ਦਾ ਬਾਦਸ਼ਾਹ ਸਿਕੰਦਰ ਲੋਧੀ ਸੀ। ਉਸ ਦੀ ਹਕੂਮਤ ਤਹਿਤ ਪੰਜਾਬ ਦਾ ਰਾਜਾ ਦੌਲਤ ਖਾਂ ਲੋਧੀ ਸੀ। ਓਨੀ ਦਿਨੀ ਟੈਕਸ (ਕਰ) ਤੇ ਮਾਮਲਾ (ਮਾਮਲੇ ਨੂੰ ਓਦੋਂ ਹਾਲਾ ਕਿਹਾ ਜਾਂਦਾ ਸੀ। ਭਾਵ ਪ੍ਰਤੀ ਹਲ) ਨਕਦ ਨਹੀ ਸੀ ਹੁੰਦਾ ਤੇ ਸਬੰਧਤ ਚੀਜ ਵਸਤੂ ਹੀ ਉਗਰਾਉਣ ਵਾਲੇ ਲੈ ਜਾਂਦੇ ਸਨ। ਮਾਮਲਾ ਨਕਦੀ ਵਿੱਚ ਅੰਗਰੇਜਾਂ ਨੇ ਆ ਕੇ ਸ਼ੁਰੂ ਕੀਤਾ ਸੀ।ਸੋ ਹਾਲਾ ਉਗਰਾਹੁਣ ਦਾ ਹਿਸਾਬ ਕੁਝ ਇਸ ਤਰਾਂ ਸੀ ਕਿ ਪਹਿਲਾਂ ਪਿੰਡ ਪੱਧਰ ਤੇ ਮਾਮਲਾ ਲੰਬਰਦਾਰ ਉਗਰਾਹੁਦਾ ਸੀ ਜੋ ਸਬੰਧਤ ਜਗੀਰਦਾਰ ਜਾਂ ਛੋਟੇ ਰਾਜੇ ਤੱਕ ਪਹੁੰਚਦਾ ਸੀ। ਛੋਟਾ ਰਾਜਾ ਫਿਰ ਮਾਮਲੇ ਦੇ ਮੁੱਖ ਹਿੱਸਾ ਬਾਦਸ਼ਾਹ ਤੱਕ ਪਹੁੰਚਾਉਦਾ ਸੀ। ਹਕੂਮਤ ਨੇ ਆਮਿਲ (ਸਰਵੇਅਰ ਜੋ ਗਰਦਾਉਰੀ ਕਰਕੇ ਮਾਮਲੇ ਦਾ ਹਿਸਾਬ ਕਰਦੇ ਸਨ) ਰੱਖੇ ਹੁੰਦੇ ਸਨ।

ਜਨਮ ਸਾਖੀ ਵਿੱਚ ਆਇਆ ਹੈ ਕਿ ਦੌਲਤ ਖਾਂ ਲੋਧੀ ਦਾ ਹੀ ਇਕ ਆਮਿਲ ਸੀ ਜੈ ਰਾਮ ਪਲਤਾ ਮੂ ਲ ਵਸਨੀਕ ਖਾਨਪੁਰ, ਜਿਸ ਦੀ ਡਿਊਟੀ ਲਗੀ ਕਿ ਉਹ ਤਲਵੰਡੀ ਰਾਇ ਭੋਇ ਦੀ ਜਮੀਨ ਕੱਛੇ ਭਾਵ ਗਰਦਾਵਰੀ ਕਰੇ ਕਿ ਰਾਇ ਬੁਲਾਰ ਠੀਕ ਠੀਕ ਹਾਲਾ ਦੇ ਰਿਹਾ ਹੈ ਕਿ ਨਹੀ।(ਕਈ ਜਨਮ ਸਾਖੀਆਂ ਵਿੱਚ ਜੈਰਾਮ ਦੀ ਗੋਤ ਉੱਪਲ ਦੱਸੀ ਹੈ ਜੋ ਗਲਤ ਹੈ। ਉਹ ਪਲਤਾ ਗੋਤ ਦੇ ਖੱਤਰੀ ਸਨ।) ਇਹ ਆਮਿਲ ਲੋਕ ਜਿੱਥੇ ਜਾਂਦੇ ਸਨ, ਕੁਦਰਤੀ ਹੈ ਕਿ ਉਨਾਂ ਨੂੰ ਰਾਤ ਵੀ ਓਥੇ ਹੀ ਗੁਜਾਰਨੀ ਹੁੰਦੀ ਸੀ।

ਰਾਇ ਬੁਲਾਰ ਨੇ ਜੈ ਰਾਮ ਕੋਲੋ ਪੁੱਛਿਆ ਕਿ ਕੀ ਉਹ ਵਿਆਹਿਆ ਹੋਇਆ ਹੈ ਕਿ ਕੁਵਾਰਾ ਹੈ। ਜੈ ਰਾਮ ਨੇ ਸਾਰੀ ਗੱਲ ਦੱਸੀ ਕਿ ਉਹ ਕਵਾਰਾ ਹੈ ਤੇ ਜਾਤ ਦਾ ਖੱਤਰੀ ਹੈ। ਰਾਇ ਬੁਲਾਰ ਨੇ ਹੀ ਫਿਰ ਮਹਿਤਾ ਕਾਲੂ ਨੂੰ ਆਪਣੇ ਕੋਲ ਸੱਦ ਕੇ ਵਿਆਹ ਦੀ ਗੱਲ ਅੱਗੇ ਤੋਰੀ। ਜਨਮ ਸਾਖੀ ਵਿੱਚ ਬੜਾ ਵਿਸਥਾਰ ਨਾਲ ਦਿੱਤਾ ਹੈ ਕਿਵੇਂ ਮਹਿਤਾ ਕਾਲੂ ਬੇਦੀ (ਗੋਤ ਸਹਿਗਲ) ਨੇ ਸ਼ੁਰੂ 'ਚ ਇਸ ਰਿਸ਼ਤੇ ਦੀ ਮੁਖਾਲਫਤ ਕੀਤੀ ਅਖੇ "ਇਹ ਗੱਲ ਮੁੰਡੇ ਵਾਲਿਆਂ ਵਲੋਂ ਚਲਣੀ ਚਾਹੀਦੀ ਹੈ। " ਜਨਮ ਸਾਖੀ 'ਚ ਆਇਆ ਹੈ ਕਿ ਜੈ

ਬੇਬੇ ਨਾਨਕੀ ਅਤੇ ਬਾਬਾ। ਅੱਜ ਕਲ ਬਣੀ ਤਸਵੀਰ। ਕਲਾਕਾਰ ਦਾ ਨਾਂ ਪਤਾ ਨਹੀ। ਇੰਟਰਨੈਟ ਤੋਂ ਡਾਊਨਲੋਡ

ਰਾਮ ਹੁਰੀ ਆਪਣਾ ਰਸੋਈਆਂ ਜੋ ਕਿ ਜਾਤ ਦਾ ਬ੍ਰਾਹਮਣ ਸੀ ਉਨ੍ਹੂੰ ਨਾਲ ਲੈ ਕੇ ਆਏ ਹੋਏ ਸਨ ਜਿਸ ਕਰਕੇ ਓਸੇ ਰਸੋਈਏ ਤੇ ਮਹਿਤਾ ਕਾਲੂ ਜੀ ਦੇ ਪੰਡਤ ਦੇ ਰਾਂਹੀ ਫਿਰ ਰਿਸਤੇ ਦੀ ਗੱਲ ਅੱਗੇ ਤੁਰੀ। ਇਹ ਵੀ ਜਿਕਰ ਆਉਦਾ ਹੈ ਕਿ ਭਾਈਏ ਜੈ ਰਾਮ ਨੇ ਬੇਬੇ ਜੀ ਨੂੰ ਖੂਹ ਤੇ ਪਾਣੀ ਭਰਦੀ ਨੂੰ ਵੇਖ ਵੀ ਲਿਆ ਸੀ। ਇਸ ਤੋਂ ਸਾਬਤ ਹੁੰਦਾ ਹੈ ਕਿ ਬੇਬੇ ਜੀ ਬਹੁਤ ਖੂਬਸੂਰਤ ਹੋਣਗੇ ਤਾਂ ਹੀ ਤਾਂ ਉਹ ਵੱਡਾ ਸਰਕਾਰੀ ਅਫਸਰ ਵਿਆਹ ਕਰਨ ਤੇ ਰਾਜੀ ਹੋਇਆ। ਅੱਗੇ ਇਸ ਗੱਲ ਤੋਂ ਸਾਬਤ ਹੁੰਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਵੀ ਸਰੀਰਕ ਤੌਰ ਤੇ ਵੀ ਸੋਹਣੀ ਸ਼ਖਸੀਅਤ ਦੇ ਮਾਲਕ ਸਨ। ਉਂਜ ਵੀ ਮੰਨਿਆ ਜਾਂਦਾ ਹੈ ਕਿ ਖੱਤਰੀ ਲੋਕ ਭਾਰਤੀ ਉਪ ਮਹਾਂਦੀਪ ਦੀ ਸਭ ਤੋਂ ਸੋਹਣੀ ਕੌਮ ਹੈ। ਸੋ ਭੈਣ ਨਾਨਕੀ ਜੀ ਸੁਲਤਾਨਪੁਰ ਲੋਧੀ ਵਿਆਹੇ ਗਏ।

—◈—

ਬਾਬੇ ਨੇ ਜਨੇਊ ਤੇ ਸਵਾਲ ਖੜਾ ਕਰ ਦਿੱਤਾ

ਹਿੰਦੂ ਸਮਾਜ ਦੀਆਂ ਚਾਰ ਸ਼੍ਰੇਣੀਆਂ ਹਨ:- ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ। ਸ਼ੂਦਰ ਤੋ ਇਲਾਵਾ ਬਾਕੀ ਦੀਆਂ ਤਿੰਨ ਸ਼੍ਰੇਣੀਆਂ ਤੇ ਸੁੱਚ (ਪਵਿਤ੍ਰ) ਭਿੱਟ (ਭ੍ਰਿਸ਼ਟ) ਦੇ ਨਿਯਮ ਲਾਗੂ ਹੁੰਦੇ ਹਨ। ਕਈ ਅਜਿਹੀਆਂ ਚੀਜ਼ਾਂ ਹਨ ਜਿੰਨਾਂ ਨੂੰ ਛੂਹ ਜਾਣ ਤੇ ਹਿੰਦੂ ਭਿੱਟਿਆ ਜਾਂਦਾ ਹੈ। ਕਿਉਕਿ ਇਹ ਨਿਯਮ ਬੱਚਾ ਨਹੀ ਪਾਲ ਸਕਦਾ, ਇਸ ਕਰਕੇ ਬੱਚੇ ਤੇ ਸਖਤਾਈ ਨਾਲ ਨਿਯਮ ਲਾਗੂ ਨਹੀ ਹੁੰਦੇ। ਜਿਸ ਕਰਕੇ ਬੱਚਾ ਸ਼ੂਦਰ ਹੀ ਗਿਣਿਆ ਜਾਂਦਾ ਹੈ। ਸੋ ਅਣੈਤ ਜਾਂ ਉਪਨਯਨ ਰਸਮ ਅਪਵਿਤ੍ਰ ਤੋਂ ਪਵਿਤ੍ਰ ਬਣਨ ਦੀ ਰਸਮ ਹੁੰਦੀ ਹੈ ਤੇ ਮੁੰਡੇ ਨੂੰ ਜਨੇਊ (ਧਾਗਾ) ਪਾਇਆ ਜਾਂਦਾ ਹੈ ਜੋ ਮੋਢੇ ਤੋਂ ਕੱਛ ਤੱਕ ਜਾਂਦਾ ਹੈ। ਜਨੇਊ ਕੁੜੀ ਨੂੰ ਨਹੀ ਪਾਇਆ ਜਾਂਦਾ।

ਅਣੈਤ ਵੇਲੇ ਹਿੰਦੂ ਮੁੰਡੇ ਨੂੰ ਸੁੱਚ ਦੇ ਨੇਮ ਦੱਸੇ ਜਾਂਦੇ ਹਨ : ਬੋਦੀ ਰੱਖਣੀ, ਤਿੱਲਕ ਲਾਉਣਾ, ਧੋਤੀ ਪਾਉਣੀ, ਸੁੱਚੇ ਚੌਂਕੇ ਵਿੱਚ ਤਿਆਰ ਹੋਇਆ ਭੋਜਨ ਹੀ ਖਾਣਾ ਹੈ, ਅਛੂਤ ਜਾਤ ਦੇ ਬੰਦੇ ਤੋਂ ਦੂਰ ਰਹਿਣਾ ਹੈ, ਸਾਲਿਗਰਾਮ (ਪੱਥਰ ਦਾ ਲਿੰਗ) ਪੂਜਣਾ ਹੈ, ਸਵੇਰੇ ਪ੍ਰਾਤਾਕਾਲ ਤਰਪਣ ਕਰਨਾਂ ਭਾਵ ਸੂਰਜ ਨੂੰ ਪਾਣੀ ਦੇਣਾ, ਸ਼ਾਮੀ ਸੰਧਿਆ ਤਰਪਣ ਕਰਨਾਂ, ਮਹੂਰਤ ਕਢਾਉਣ ਤੋਂ ਬਿਨਾਂ ਕੋਈ ਕੰਮ ਨਹੀ ਸ਼ੁਰੂ ਕਰਨਾਂ, ਦਿਨ ਵੇਲੇ ਸੌਣਾ ਨਹੀ, ਖੱਟ ਕਰਮ ਕਰਨੇ (ਛੇ ਕੰਮ: ਪੜ੍ਹਨਾ- ਪੜ੍ਹਾਉਣਾ, ਯੱਗ ਕਰਨਾਂ- ਕਰਾਉਣਾ, ਦਾਨ ਦੇਣਾ- ਲੈਣਾ) ਬ੍ਰਾਹਮਣਾਂ ਦਾ ਮੰਨਣਾ ਹੈ ਕਿ ਅਣੈਤ ਤੋਂ ਹੀ ਹਿੰਦੂ ਦਾ ਆਤਮਕ ਜੀਵਨ ਅਰੰਭ ਹੁੰਦਾ ਹੈ ਪਹਿਲਾਂ ਤਾਂ ਉਹ ਪਸ਼ੂ ਜਾਂ ਸ਼ੂਦਰ ਦੀ ਨਿਆਈ ਹੁੰਦਾ ਹੈ।

11 ਸਾਲ ਦੀ ਉਮਰ ਵਿੱਚ ਗੁਰੂ ਨਾਨਕ ਦਾ ਅਣੈਤ ਹੋਣਾ ਸੀ। ਦਿਨ ਵਾਰ ਤਹਿ ਹੋ ਗਿਆ। ਰਿਸਤੇ ਨਾਤੇਦਾਰਾਂ ਬਰਾਦਰੀ ਨੂੰ ਸੁਨੇਹੇ ਪਹੁੰਚ ਗਏ। ਵਧੀਆ ਵਧੀਆ ਪਕਵਾਨ ਵੱਖਰੇ ਬਣ ਰਹੇ ਸਨ। ਬੱਕਰੇ ਦਾ ਮਾਸ ਵੱਖਰਾ ਤਿਆਰ ਕੀਤਾ ਜਾ ਰਿਹਾ ਸੀ।

ਪ੍ਰਵਾਰ ਦਾ ਪੰਡਤ (ਹਰਦਿਆਲ) ਆ ਪਹੁੰਚਾ। ਗਾਂ ਦੇ ਗੋਹੇ ਦਾ ਪੋਚਾ ਘਰ ਵਿੱਚ ਪਹਿਲਾਂ ਹੀ ਲੱਗ ਚੁੱਕਾ ਸੀ। ਪੰਡਤ ਜੀ ਨੇ ਰਸਮ ਦੀ ਥਾਂ ਦੁਆਲੇ ਕਾਰ (ਲਕੀਰ) ਖਿੱਚ ਕੇ ਤਹਿ ਕਰ ਦਿੱਤੀ। ਵਿੱਚ ਚੌਂਕੀ ਲਾਈ ਗਈ। ਰਸਮ ਸ਼ੁਰੂ ਹੋਈ।

ਬਾਲਕ ਨੇ ਪੁੱਛ ਲਿਆ ਕੀ ਕਰਨ ਲਗੇ ਹੋ? ਪੰਡਤ ਨੇ ਕਿਹਾ ਤੁਹਾਨੂੰ ਜਨੇਊ ਪਹਿਨਾਇਆ ਜਾਵੇਗਾ। ਅੱਜ ਤੋਂ ਤੁਹਾਡਾ ਆਤਮਕ ਜੀਵਨ ਸ਼ੁਰੂ ਹੋਵੇਗਾ। ਤੁਹਾਡੇ ਤੇ ਹੁਣ ਹਿੰਦੂਮਤ ਨੇਮ ਲਾਗੂ ਹੋਣਗੇ।

ਬਾਬੇ ਨੇ ਸਵਾਲ ਕਰ ਦਿੱਤਾ ਕਿ ਇਹ ਸੂਤ ਦਾ ਧਾਗਾ ਮੇਰੀ ਆਤਮਾ ਨੂੰ ਕਿਵੇ ਪਵਿਤ੍ਰ ਰੱਖ ਸਕਦਾ ਹੈ? ਪੰਡਤ ਨੇ ਆਪਣੇ ਮੱਤ ਅਨੁਸਾਰ ਦੱਸਿਆ ਕਿ ਤੁਸਾਂ ਹੁਣ ਤੋਂ ਹਿੰਦੂ ਧਰਮ ਦੇ ਨੇਮਾਂ ਦੀ ਪਾਲਣਾ ਕਰਨੀ ਹੈ ਉਸ ਨਾਲ ਆਤਮਾ ਪਵਿਤ੍ਰ ਰਹਿੰਦੀ ਹੈ। ਗੁਰੂ ਸਾਹਿਬ ਨੇ ਸਵਾਲ ਕੀਤਾ ਕਿ ਇਹ ਕਿਵੇ ਸੰਭਵ ਹੈ, ਤੁਸਾਂ ਤੇ ਕਿਤੇ ਨਹੀ ਕਿਹਾ ਕਿ ਬਾਕੀ ਲੋਕਾਂ ਨਾਲ ਪਿਆਰ ਮੁਹੱਬਤ ਨਾਲ ਰਹਿਣਾ ਹੈ, ਜੀਆਂ ਤੇ ਦਿਆ ਕਰਨੀ ਹੈ? ਪੰਡਤ ਲਾ -ਜਵਾਬ ਹੋਇਆ ਸੋਚ ਹੀ ਰਿਹਾ ਸੀ ਕਿ ਗੁਰੂ ਸਾਹਿਬ ਨੇ ਫਿਰ ਸਵਾਲ ਕਰ ਦਿੱਤਾ ਕਿ ਕਲ੍ਹ ਨੂੰ ਇਹ ਜਨੇਊ ਟੁੱਟ ਗਇਆ ਜਾਂ ਗੰਦਾ ਹੋ ਗਇਆ ਤਾਂ ਫਿਰ ਕੀ ਬਣੂ? ਪੰਡਤ ਨੇ ਕਿਹਾ ਕਿ ਨਵਾਂ ਪਾ ਲੈਣਾ? ਗੁਰੂ ਸਾਹਿਬ ਕਿਹਾ ਕਿ ਇਸ ਦਾ ਮਤਲਬ ਹਰ ਵਾਰੀ ਇਹ ਰਸਮਾਂ ਇਹ ਅਡੰਬਰ ਹੋਇਆ ਕਰਨਗੇ? ਪੰਡਤ ਕਹਿੰਦਾ "ਨਹੀ। " ਗੁਰੂ ਸਾਹਿਬ ਕਿਹਾ ਕਿ "ਤੇ ਹੁਣ ਇਹ ਕੁਝ ਕਿਓ ਕਰ ਰਹੇ ਹੋ?" ਪੰਡਤ ਕੋਲ ਜਵਾਬ ਨਹੀ ਸੀ। ਸਾਹਿਬ ਨੇ ਫਿਰ ਫਰਮਾਇਆ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥

ਗੁਰੂ ਸਾਹਿਬ ਨੇ ਫਿਰ ਸਲੋਕ ਕਿਹਾ ਕਿ ਪੰਡਤ ਜੀ ਇਸ ਆਤਮਾ ਨੂੰ ਜੇ ਪਾਕ ਪਵਿਤ੍ਰ ਰਖਣਾ ਹੈ ਤਾਂ ਲੋਕਾਂ ਨੂੰ ਦਿਆ ਸਿਖਾਓ, ਸਬਰ ਸੰਤੋਖ ਸਿਖਾਓ, ਸੱਚ ਦੇ ਰਾਹ ਤੇ ਚਲਣਾ ਸਿਖਾਓ। ਫਿਰ ਆਤਮਾ ਪਵਿਤ੍ਰ ਰਹੇਗੀ। ਇਹ ਅਜਿਹਾ ਜੰਝੂ ਹੈ ਜੋ ਕਦੀ ਗਲਦਾ ਨਹੀ ਨਾਂ ਟੁਟੇਗਾ ਨਾਂ ਮੈਲਾ ਹੋਵੇਗਾ।

ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ ॥ ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ॥ (ਪ੍ਰਮੇਸ਼ਰ ਦੇ ਨਾਮ ਦੇ ਜੱਪਣ, ਉਹਦੀ ਸਿਫਤ ਸਲਾਹ, ਉਸਤਤ ਕਰਨ, ਉਹਦੀ ਹੋਂਦ ਨੂੰ ਮੰਨਣ ਨਾਲ ਹੀ ਸਾਡੀ ਦਰਗਾਹੇ ਇੱਜਤ ਪੈਂਦੀ। ਇਹ ਅਜਿਹੀ ਤੜਾਗੀ ਹੈ ਜੋ ਕਦੀ ਟੁਟਦੀ ਨਹੀ ਭਾਵ ਜੀਵਨ ਭਰ ਸਾਥ ਨਿਭਾਉਦੀ ਹੈ)

ਪੰਡਤ ਹਰਦਿਆਲ ਤਾਂ ਪਹਿਲਾਂ ਹੀ ਗੁਰੂ ਸਾਹਿਬ ਦੀ ਸ਼ਖਸੀਅਤ ਤੋਂ ਵਾਕਫ ਹੋ ਚੁੱਕਾ ਸੀ। ਪੂਰੇ ਇਲਾਕੇ ਵਿੱਚ ਗੁਰੂ ਸਾਹਿਬ ਦੀ ਰੂਹਾਨੀ ਸ਼ਖਸੀਅਤ ਹੋਣ ਦਾ ਲੋਕਾਂ ਨੂੰ ਪਤਾ ਲਗ ਚੁੱਕਾ ਸੀ। ਹੁਣ ਦੂਰੋ ਨੇੜਿਓ ਆਏ ਰਿਸਤੇਦਾਰਾਂ ਨੂੰ ਵੀ ਖਬਰ ਹੋ ਗਈ।

ਸੋ ਇਸ ਪ੍ਰਕਾਰ ਗੁਰੂ ਸਾਹਿਬ ਨੇ ਹਿੰਦੂ ਬਣਨ ਤੋਂ ਇਨਕਾਰ ਕਰਕੇ ਇਸ ਭੂਗੋਲਿਕ ਖਿੱਤੇ ਵਿੱਚ ਤੀਸਰੇ ਮਜ਼ਹਬ ਦੀ ਨੀਂਹ ਰੱਖ ਦਿੱਤੀ। —▲—

ਲੜਕਪਣ ਦੇ ਦਿਨ

1480 ਤੋਂ 1484 ਈ. ਤੱਕ

ਪਾਲੀ ਮੱਝਾਂ ਦੇ ਵੱਗ ਦਾ– ਬਾਬਾ ਨਾਨਕ

ਗੁਰੂ ਸਾਹਿਬ ਦੇ ਵੇਲਿਆਂ 'ਚ ਬਹੁਤੀ ਜਮੀਨ ਖਾਲੀ ਹੀ ਹੋਇਆ ਕਰਦੀ ਸੀ। ਕਿਤੇ ਜੰਗਲ ਹੋਣੇ ਤੇ ਕਿਤੇ ਘਾਹ ਫੂਸ ਦੀਆਂ ਚਰਾਦਾਂ। ਚਰਾਦਾਂ ਦੇ ਨਾਲ ਹੀ ਵਿੱਚੇ ਵਾਹੀ ਯੋਗ ਖੱਤੇ ਹੁੰਦੇ ਸਨ। ਜੋ ਨਾਲ ਲਗਦੀ ਜਮੀਨ ਤੋਂ ਜਰਾ ਨੀਂਵੇ ਹੁੰਦੇ ਸਨ। ਮਾਲ ਡੰਗਰ ਹਰ ਪ੍ਰਵਾਰ ਪਾਲਦਾ ਸੀ। ਕਮੀ ਕਮੀਨ ਗਰੀਬ ਲੋਕ ਦੂਸਰਿਆਂ ਦੇ ਡੰਗਰ ਚਾਰਦੇ ਸਨ। ਪੰਜਾਬ ਵਿੱਚ ਦੁੱਧ ਦੀ ਵਿਕਰੀ ਬਿਲਕੁਲ ਨਹੀ ਸੀ ਹੁੰਦੀ। ਇਕ ਦੂਸਰੇ ਨੂੰ ਦੁੱਧ ਮੁੱਫਤ ਹੀ ਮਿਲਦਾ ਸੀ।

ਬਹੁਤੀ ਥਾਂਈ ਜਮੀਨਾਂ ਦੀ ਮਾਲਕੀ ਖੱਤਰੀਆਂ ਦੀ ਹੁੰਦੀ ਸੀ। ਜੱਟ ਅਮੂਮਨ ਮਜਾਰੇ ਹੁੰਦੇ ਸਨ। ਰਾਇ ਬੁਲਾਰ ਦੇ ਕਾਰਦਾਰ ਮਹਿਤਾ ਕਾਲੂ ਜਮੀਨ ਦੇ ਵੀ ਮਾਲਕ ਸਨ ਤੇ ਉਹਨਾਂ ਕੋਲ ਮਾਲ ਡੰਗਰ ਵੀ ਸੀ। ਅਖੌਤੀ ਕਮੀਂ ਕਮੀਨਾਂ ਦੇ ਬੰਦੇ ਤੇ ਬੱਚੇ ਹੀ ਕਾਲੂ ਦੇ ਡੰਗਰ ਚਾਰਿਆ ਕਰਦੇ ਸਨ। ਪਰ ਗੁਰੂ ਨਾਨਕ ਨੂੰ ਪਾਲੀਆਂ ਦੇ ਨਾਲ ਡੰਗਰ ਚਾਰਨਾਂ ਚੰਗਾ ਲਗਦਾ ਸੀ। ਉਹ ਅਕਸਰ ਵੱਗ ਦੇ ਨਾਲ ਦੂਰ ਦੁਰਾਡੇ ਵੀ ਨਿਕਲ ਜਾਂਦੇ। ਬਾਬੇ ਨੂੰ ਕੁਦਰਤ ਦੇ ਨੇੜੇ ਹੋਣਾਂ ਜਿਆਦਾ ਚੰਗਾ ਲਗਦਾ ਸੀ। ਬਾਹਰ ਅਕਸਰ ਗੁਰੂ ਜੀ ਦੀ ਲਿਵ ਲੱਗ ਜਾਂਦੀ। ਵਾਪਸੀ ਤੇ ਆਉਣ ਵੇਲੇ ਫਿਰ ਪਾਲੀ ਬਾਬੇ ਨਾਨਕ ਨੂੰ ਲੱਭ ਕੇ ਨਾਲ ਲੈ ਆਉਂਦੇ ਸਨ।

---◈---

ਖੇਤ ਹੋ ਗਇਆ ਹਰਿਆ ਭਰਿਆ

ਪੈਲੀ ਵਿਚ ਅੱਜ ਗੁਰਦੁਆਰਾ ਕਿਆਰਾ ਸਾਹਿਬ ਮੌਜੂਦ ਹੈ ਜਿਥੇ ਮੱਝਾਂ ਚਾਰੀਆਂ

ਪੁਰਾਤਨ ਸਾਖੀ ਵਿੱਚ ਦਰਜ ਹੈ ਕਿ ਜਦੋਂ ਬਾਬਾ 10-12 ਸਾਲਾਂ ਦਾ ਸੀ ਇਕ ਵੇਰਾਂ ਵੱਗ ਦੇ ਪਾਲੀ ਨੇ ਛੁੱਟੀ ਕਰ ਦਿੱਤੀ। (ਕੁਦਰਤੀ ਹੈ ਵਿਆਹ ਸ਼ਾਦੀ, ਖੁਸ਼ੀ ਗਮੀ ਕਰਕੇ ਬਾਹਰ ਅੰਦਰ ਜਾਣਾ ਹੀ ਪੈਂਦੈ।) ਘਰਦਿਆਂ ਕਹਿ ਦਿੱਤਾ ਕਿ ਨਾਨਕ ਹੀ ਮੱਝਾ ਚਰਾ ਲਿਆਵੇਗਾ। ਰੋਜ ਜਾਂਦਾ ਤਾਂ ਹੈ ਪਾਲੀਆਂ ਨਾਲ। ਬਾਬੇ ਨੇ ਵੀ ਹਾਂ ਕਰ ਦਿੱਤੀ। ਬਾਬਾ ਜੀ ਪਿੰਡ ਤੋਂ ਮੀਲ ਕੁ ਹਟਵਾਂ ਮੱਝਾਂ ਚਰਾਉਣ ਲੈ ਗਏ। ਗਰਮੀਆਂ ਦੇ ਦਿਨ ਸਨ। ਹੋ ਸਕਦੈ ਕਿਸੇ ਰੁੱਖ ਹੇਠਾਂ ਬੈਠੇ ਹੋਣਗੇ। ਦੀਨ ਦੁਨੀ ਦੇ ਸ਼ਾਹ ਨਾਲ ਮੰਨ ਲਗ ਗਿਆ। ਐਸੀ ਲਿਵ ਲੱਗੀ ਕਿ ਮੱਝਾਂ ਦਾ ਧਿਆਨ ਹੀ ਨਾਂ ਰਿਹਾ। ਚਰਦੀਆਂ ਚਰਦੀਆਂ ਮੱਝਾਂ ਨਾਲ ਝੋਨੇ (ਪੁਰਾਤਨ ਸਾਖੀ ਅਨੁਸਾਰ ਖੇਤ ਕਣਕ ਦਾ ਸੀ ਪਰ ਸੋਢੀ ਮਿਹਰਬਾਨ ਨੇ ਝੋਨਾ ਲਿਖਿਆ ਹੈ) ਦੇ ਖੇਤ ਵਿੱਚ ਵੜ ਗਈਆਂ। ਸਾਰਾ ਖੇਤ ਤਬਾਹ ਕਰ ਦਿੱਤਾ। ਥੋੜਾ ਬਹੁਤ ਪਾਣੀ ਹੋਣ ਕਰਕੇ ਕੁਝ ਝੋਨੇ ਵਿੱਚ ਹੀ ਲੇਟੇ ਮਾਰਨ ਲਗ ਗਈਆਂ।

ਗਲ ਕਿਸੇ ਤਰਾਂ ਖੇਤ ਦੇ ਮਾਲਕ (ਭੱਟੀ ਮੁਸਲਮਾਨ ਰਾਜਪੂਤ) ਤੱਕ ਪਹੁੰਚ ਗਈ। ਉਹ ਦੌੜਾ ਆਇਆ ਤੇ ਨਜ਼ਾਰਾ ਵੇਖ ਅੱਗ ਬਬੂਲਾ ਹੋ ਗਿਆ। ਨਾਨਕ ਨੂੰ ਜਗਾਇਆ। ਬੁਰਾ ਭਲਾ ਕਿਹਾ। ਬਾਬੇ ਨੇ ਬਥੇਰਾ ਕਿਹਾ ਕਿ ਸਬਰ ਰੱਖ ਝੋਨਾ ਪਹਿਲਾਂ ਨਾਲੋਂ ਜਿਆਦਾ ਨਿਕਲੇਗਾ। ਪਰ ਕਿਸਾਨ ਕਦੋਂ ਖੇਤ ਦਾ ਨੁਕਸਾਨ ਬਰਦਾਸ਼ਤ ਕਰਦਾ ਹੈ। ਕਿਉਕਿ ਨਾਨਕ ਪੁੱਤਰ ਵੀ ਕਾਰਦਾਰ ਸੀ ਜਿਸ ਕਰਕੇ ਉਨੂੰ ਮਾਰਿਆ ਕੁਟਿਆ ਤਾ ਨਾਂ, ਪਰ ਕਿਸਾਨ ਨੇ ਸਿੱਧਾ ਹਾਕਮ ਰਾਇ ਬੁਲਾਰ ਕੋਲ ਫਰਿਆਦੀ ਹੋ ਕੇ ਚੀਖ ਚਿਹਾੜਾ ਪਾਇਆ ਕਿ "ਵੇਖੋ ਮੇਰਾ ਸਾਰਾ ਖੇਤ ਉਜਾੜ ਦਿੱਤਾ ਹੈ।"

ਰਾਇ ਬੁਲਾਰ ਨੇ ਮਹਿਤਾ ਕਾਲੂ ਨੂੰ ਬੁਲਾ ਲਿਆ ਤੇ ਹੁਕਮ ਕੀਤਾ ਕਿ ਕਿਸਾਨ ਦਾ ਨੁਕਸਾਨ ਭਰੋ। ਕਾਲੂ ਨੇ ਉਜਾੜਾ ਭਰਨਾਂ ਮੰਨ ਲਿਆ। ਮਹਿਤਾ ਕਾਲੂ, ਨਾਨਕ ਤੇ ਗੁੱਸਾ ਹੋ ਰਿਹਾ ਸੀ। ਨਾਨਕ ਨੇ ਦੁਹਾਈ ਦਿੱਤੀ ਕਿ ਉਜਾੜਾ ਤਾਂ ਕੋਈ ਹੋਇਆ ਹੀ ਨਹੀ ਹੈ ਕਾਹਦੀ ਭਰਪਾਈ?

ਦੂਸਰੇ ਪਾਸੇ ਕਿਸਾਨ ਕਹਿ ਰਿਹਾ ਹੈ ਕਿ ਮੈਨੂੰ ਇਨਸਾਫ ਦਿਓ ਨਹੀ ਤਾਂ ਮੈਂ ਬਾਦਸ਼ਾਹ ਦੇ ਕਾਜੀ ਕੋਲ ਫਰਿਆਦੀ ਹੋਵਾਂਗਾ।

ਪਿਤਾ ਕਾਲੂ ਨੇ ਰਾਇ ਬੁਲਾਰ ਨੂੰ ਫਰਿਆਦ ਕੀਤੀ ਕਿ ਖੇਤ ਦਾ ਮੁਆਇਨਾ ਕੀਤਾ ਜਾਵੇ। ਜੇ ਸੱਚਮੁੱਚ ਨੁਕਸਾਨ ਹੋਇਆ ਹੈ ਤਾਂ ਮੈਂ ਉਜਾੜਾ ਭਰਦਾ ਵਾ।

ਰਾਇ ਨੇ ਕੁਝ ਪੰਚ (ਮੁਨਸਫ) ਭੈਜੇ ਕਿ ਜਾ ਕੇ ਵੇਖੋ ਕਿ ਖੇਤ ਦਾ ਕਿੰਨਾ ਕੁ ਉਜਾੜਾ ਹੋਇਆ ਹੈ। ਪੰਚਾਂ ਨੇ ਖੇਤ ਜਾ ਕੇ ਵੇਖਿਆ ਤਾਂ ਹੈਰਾਨ ਰਹਿ ਗਏ। ਕਿਉਕਿ ਖੇਤ ਏਨਾ ਹਰਾ ਭਰਾ ਲਹਿ ਲਹਾਉਂਦਾ ਸੀ ਕਿ ਇਲਾਕੇ ਵਿੱਚ ਓਹੋ ਜਿਹਾ ਝੋਨਾ ਹੋਰ ਕਿਸੇ ਦਾ ਹੈ ਹੀ ਨਹੀ ਸੀ। ਕਿਸਾਨ ਵੀ ਹੱਕਾ ਬੱਕਾ ਸੀ। ਪੰਚਾਂ ਨੇ ਕਿਸਾਨ ਨੂੰ ਕਿਹਾ ਕਿ ਕੁਝ ਸ਼ਰਮ ਕਰਦੋਂ ਅਜਿਹੀ ਝੂਠੀ ਸ਼ਕਾਇਤ ਕਰਨ ਲਗਿਆਂ। ਕਿਸਾਨ ਦੁਹਾਈ ਪਾਏ, ਸੌਂਹਾਂ ਖਾਏ ਕਿ ਉਸ ਨੇ ਅੱਖੀ ਵੇਖਿਆ ਕਿ ਮੱਝਾਂ ਸਾਰਾ ਖੇਤ ਖਾ ਗਈਆਂ ਸਨ ਤੇ ਕੁਝ ਤਾਂ ਝੋਨੇ ਵਿੱਚ ਹੀ ਬੈਠੀਆਂ ਸਨ। ਥਾਂ ਥਾਂ ਤਾਜਾ ਗੋਹਾ ਪਿਆ ਸੀ। ਪੰਚ ਕਿਸਾਨ ਨੂੰ ਲੈ ਕੇ ਰਾਇ ਪਾਸ ਪਹੁੰਚੇ ਤੇ ਸਾਰਾ ਹਾਲ ਸੁਣਾਇਆ ਕਿ ਕਿਸਾਨ ਝੂਠਾ ਹੈ। ਕਿਸਾਨ ਦੁਹਾਈ ਦਈ ਜਾਏ। ਰਾਇ ਸਾਰੀ ਗੱਲ ਸਮਝਦਾ ਸੀ ਕਿ ਨਾਨਕ ਰੱਬ ਦਾ ਬੰਦਾ ਹੈ। ਰੱਬ ਆਪਣੇ ਪਿਆਰਿਆਂ ਨੂੰ ਜਲੀਲ ਨਹੀ ਹੋਣ ਦਿੰਦਾ।

ਪੈਂਡਾ ਸਫ਼ਰ

◈ ਨਾਨਕਸ਼ਾਹੀ ਸਾਲ ਜਾਂ ਬਾਬੇ ਦੀ ਉਮਰ ਹੀ 'ਬਾਬ' ਭਾਵ ਚੈਪਟਰ ਨੰ. ਹੈ।

ਇਥੇ ਗੁਰੂ ਸਾਹਿਬ ਫਿਰ ਸਬਦ ਉਚਾਰਿਆ। :-

ਸੂਹੀ ਮਹਲਾ ੧ ॥ ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ ॥ ਤਪੀਆ ਹੋਵੈ ਤਪੁ ਕਰੇ ਤੀਰਥਿ ਮਲਿ ਮਲਿ ਨਾਇ ॥੧॥ ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ ॥੧॥ ਰਹਾਉ ॥ ਜੈਸਾ ਬੀਜੈ ਸੋ ਲੁਣੇ ਜੋ ਖਟੇ ਸੁ ਖਾਇ ॥ ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ ॥੨॥ ਤੈਸੋ ਜੈਸਾ ਕਾਢੀਐ ਜੈਸੀ ਕਾਰ ਕਮਾਇ ॥ ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ ॥੩॥ ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ ॥ ਨਾਨਕ ਕੰਮਿ ਨ ਆਵਈ ਜਿਤੁ ਤਨਿ ਨਾਹੀ ਸਚਾ ਨਾਉ ॥ (ਪੰਨਾ – ੭੩੦)

ਉਹ ਖੱਤਾ ਜਿਹੜਾ ਉਜੜਿਆ ਸੀ ਓਥੇ ਅੱਜ ਵੀ ਯਾਦਗਾਰ 'ਕਿਆਰਾ ਸਾਹਿਬ' ਸ਼ੋਸ਼ੋਭਤ ਹੈ।

ਤੂੰ ਤਾਂ ਰੱਬ ਦਾ ਬਖਸ਼ਿਆ ਹੋਇਆ ਬੰਦਾਂ ਹੈ। ਮੈਂ ਕੁਰਬਾਨ। ਮੈਂ ਸਦਕੇ ਜਾਵਾਂ। "

ਫਿਰ ਗੁਰੂ ਸਾਹਿਬ ਨੇ ਗਉੜੀ ਵਿੱਚ ਸ਼ਬਦ ਉਚਾਰਨ ਕੀਤਾ:-

ਗਉੜੀ ਬੈਰਾਗਣਿ ਮਹਲਾ ੧ ॥ ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥ ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥੧॥ ਨਾਮੁ ਨ ਜਾਨਿਆ ਰਾਮ ਕਾ ॥ ਮੂੜੇ ਫਿਰਿ ਪਾਛੈ ਪਛੁਤਾਹਿ ਰੇ ॥੧॥ ਰਹਾਉ ॥ ਅਨਤਾ ਧਨੁ ਧਰਣੀ ਧਰੇ ਅਨਤ ਨ ਚਾਹਿਆ ਜਾਇ ॥ ਅਨਤ ਕਉ ਚਾਹਨ ਜੋ ਗਏ ਸੇ ਆਏ ਅਨਤ ਗਵਾਇ ॥੨॥ ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ ॥ ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ ॥੩॥ ਨਾਨਕ ਕਰਣਾ ਜਿਨਿ ਕੀਆ ਸੋਈ ਸਾਰ ਕਰੇਇ ॥ ਹੁਕਮੁ ਨ ਜਾਪੀ ਖਸਮ ਕਾ ਕਿਸੈ ਵਡਾਈ ਦੇਇ ॥੪॥੧॥੧੯ (ਪੰਨਾ-156)

ਢਲ ਸੂਰਜ ਗਇਆ ਪਰ ਰੁੱਖ ਦੀ ਛਾਂ ਨਾਂ ਢਲੀ

ਇਹ ਓਦੋਂ ਦੀ ਗੱਲ ਹੈ ਜਦੋਂ ਬਾਬਾ 13-14 ਸਾਲਾਂ ਦਾ ਸੀ। ਇਕ ਦਿਨ ਪਿਤਾ ਨੇ ਕਿਹਾ ਕਿ

"ਕਾਕਾ ਅੱਜ ਸਾਰੇ ਹਾਲੀ ਪਾਲੀ ਪੈਲੀ ਗੋਡਣ ਗਏ ਨੇ ਤੇ ਫਲਾਣੇ ਖੇਤ ਵਿੱਚ ਕਣਕ ਦਾ ਬੀਅ ਪਾਇਆ ਹੈ। ਲਾਗੇ ਰੁੱਖਾਂ ਦਾ ਝੁੰਡ ਆ। ਓਥੇ ਦੋ ਤਿੰਨ ਘੜੀਆਂ ਨਿਗਾਹ ਰੱਖ ਕਿਤੇ ਤੋਤੇ ਕਾਂ ਚਿੜ੍ਹੀਆਂ ਹੀ ਨਾਂ ਬੀਅ ਚੁੱਗ ਲੈਣ। "

ਬਰਖੁਰਦਾਰ ਨਾਨਕ ਝੱਟ ਰਵਾਨਾ ਹੋ ਗਇਆ।

ਬਾਬੇ ਨੇ ਪੈਲੀ ਕੋਲ ਪਹੁੰਚ ਵੇਖਿਆ ਕਿ ਸਭ ਠੀਕ ਹੈ। ਬਾਬਾ ਰੁੱਖ ਹੇਠ ਬੈਠ ਗਿਆ। ਅਜਿਹੀ ਬਿਰਤੀ ਨਿਰੰਕਾਰ ਨਾਲ ਲੱਗੀ ਕਿ ਨਾਲ ਹੀ ਅੱਖ ਵੀ ਲੱਗ ਗਈ। ਕੁਝ ਸਮੇਂ ਬਾਦ ਰਾਇ ਬੁਲਾਰ ਲਾਗਿਓ ਦੀ ਲੰਘਿਆ। ਆਪਣੇ ਨਫਰ (ਨੌਕਰ) ਨੂੰ ਪੁੱਛਿਆ ਕਿ ਆਹ ਕਿਹੜਾ ਸਖਸ਼ ਸੁੱਤਾ ਪਿਆ ਹੈ? ਨਫਰ ਨੇ ਵੇਖ ਕੇ ਕਿਹਾ ਕਿ ਮਾਲਕ ਇਹ ਕਾਲੂ ਦਾ ਮੁੰਡਾ ਨਾਨਕ ਹੈ।

ਦੋ ਤਿੰਨ ਘੜੀਆਂ ਬਾਦ ਰਾਇ ਬੁਲਾਰ ਜਦੋਂ ਮੁੜ ਕੇ ਆਇਆ ਤਾਂ ਕੀ ਵੇਖਦਾ ਹੈ ਕਿ ਨਾਨਕ ਅਜੇ ਵੀ ਓਥੇ ਸੁੱਤਾ ਪਿਐ। ਉਹਦੀ ਹੈਰਾਨੀ ਦੀ ਹੱਦ ਨਾਂ ਰਹੀ ਜਦੋਂ ਉਸ ਵੇਖਿਆ ਕਿ ਮਾਲ (ਸਾਲ) ਦਾ ਰੁੱਖ ਜਿਸ ਥੱਲੇ ਨਾਨਕ ਸੁੱਤਾ ਹੈ ਉਹਦੀ ਛਾਂ ਓਥੇ ਦੀ ਓਥੇ ਹੀ ਹੈ ਬਾਕੀ ਰੁੱਖਾਂ ਦੀ ਛਾਂ ਸੂਰਜ ਮੁਤਾਬਿਕ ਢਲ ਚੁੱਕੀ ਹੈ।

ਰਾਇ ਨੇ ਕਹਿ ਕੇ ਨਾਨਕ ਨੂੰ ਜਗਾਇਆ। ਜਫੀ 'ਚ ਲਿਆ। ਇਕ ਵਖਰਾ ਹੀ ਸਰੂਰ ਮਹਿਸੂਸ ਕੀਤਾ। ਮੂੰਹੋ ਸਹਿਜ ਸੁਭਾਅ ਨਿਕਲਿਆ "ਸੁਬਹਾਨ ਅੱਲਾ। ਨਾਨਕ ਤੂੰ ਤਾਂ ਕੋਈ ਵਲੀ ਆਂ।

ਰਾਇ ਬੁਲਾਰ ਨੇ ਜਦੋਂ ਖੁੱਦ ਵੇਖਿਆ ਕਿ ਬਾਬਾ ਨਾਨਕ ਨੂੰ ਛਾਂ ਦੇਣ ਲਈ ਤਾਂ ਮਾਲ ਭਾਵ ਸਾਲ ਰੁੱਖ ਦੀ ਛਾਂ ਵੀ ਖਲੋ ਹੈ ਤਾਂ ਉਸ ਦੁਹਾਈ ਦੇ ਦਿੱਤੀ ਕਿ ਇਹ ਨਾਨਕ ਕੋਈ ਰੱਬੀ ਰੂਹ ਹੈ। (ਉਤੇ ਪੁਰਾਣੀ ਪੇਂਟਿਗ ਬੀ-40 ਤੋਂ। ਹੇਠਾਂ ਜਿੱਥੇ ਛਾਂ ਖਲੋ ਗਈ ਸੀ ਉਥੇ ਗੁਰਦੁਆਰਾ ਮਾਲ ਜੀ ਸਾਹਿਬ। (ਇਸ ਇਲਾਕੇ ਵਿਚ ਸਾਲ ਨੂੰ ਮਾਲ ਕਹਿੰਦੇ ਹਨ)

ਰਾਇ ਬੁਲਾਰ ਮਹਿਤਾ ਖੁਦ ਕਾਲੂ ਘਰ ਪਹੁੰਚਿਆ

ਰਾਇ ਬੁਲਾਰ ਭੋਏ ਨੇ ਜਦੋਂ ਸੁੱਤੇ ਪਏ ਨਾਨਕ ਤੇ ਕੁਦਰਤ ਦਾ ਕ੍ਰਿਸ਼ਮਾ ਵੇਖਿਆ ਤਾਂ ਇਕ ਦਿਨ ਆਪ ਮਹਿਤਾ ਕਾਲੂ ਦੇ ਘਰ ਪਹੁੰਚ ਗਿਆ। ਮਹਿਤਾ ਕਾਲੂ ਅੱਗੇ ਹੋ ਕੇ ਰਾਏ ਭੋਇ ਨੂੰ ਮਿਲਿਆ। "ਧੰਨ ਮੇਰੇ ਭਾਗ" ਕਹਿ ਕੇ ਵਿਛਾਉਣੇ ਵਿਛਾਏ ਆਦਰ ਦੇ ਕੇ ਬੈਠਾਇਆ। ਬੁਲਾਰ ਨੇ ਕਹਿਣਾ ਸ਼ੁਰੂ ਕਰ ਦਿੱਤਾ,

"ਕਾਲੂ, ਮੇਰੇ ਕੋਲੋਂ ਉਸ ਦਿਨ ਧੱਕਾ ਹੋ ਗਇਆ ਹੈ, ਬੇਇਨਸਾਫੀ ਹੋ ਗਈ ਹੈ। ਮੇਰੇ ਮੰਨ ਤੇ ਬੋਝ ਹੈ। ਉਸ ਕਿਸਾਨ ਦੇ ਖੇਤ ਦਾ ਉਜਾੜਾ ਹੋਇਆ ਸੀ। ਪਰ ਅਸਾਂ ਉਸ ਦੀ ਇਕ ਗੱਲ ਨਾਂ ਮੰਨੀ ਤੇ ਉਲਟਾ ਉਸਨੂੰ ਡਾਟਿਆ ਫਿਟਕਾਰਿਆ ਸੀ। ਉਹ ਕਿਸਾਨ ਸੱਚਾ ਸੀ। ਮੇਰੀ ਤਸੱਲੀ ਹੋ ਗਈ ਹੈ। "

ਮਹਿਤਾ ਕਾਲੂ ਬੋਲਿਆ ਰਾਇ ਸਾਹਿਬ ਤੁਸੀ ਹੁਕਮ ਕਰੋ। ਉਜਾੜਾ ਹੋਇਆ ਜਾਂ ਨਹੀ ਅਸੀ ਤਾਂ ਤੁਹਾਡੇ ਹੁਕਮ ਮੁਤਾਬਿਕ ਭਰਨ ਨੂੰ ਤਿਆਰ ਹਾਂ। ਰਾਇ ਨੇ ਕਿਹਾ, "ਨਹੀ ਨਹੀ ਮੈਂ ਤੁਹਾਨੂੰ ਇਹ ਨਹੀ ਕਹਿਣ ਆਇਆ ਕਿ ਉਸ ਕਿਸਾਨ ਦਾ ਉਜਾੜਾ ਭਰੋ। ਮੈਂ ਕਹਿਣ ਆਇਆ ਹਾਂ ਕਿ ਉਸ ਕਿਸਾਨ ਨੂੰ ਦਿਲਾਸਾ ਦਿਓ ਕਿਉਕਿ ਉਹ ਵੀ ਸੱਚਾ ਸੀ। ਮੱਝਾਂ ਨੇ ਖੇਤ ਜਰੂਰ ਉਜਾੜਿਆ ਸੀ ਪਰ ਇਸ ਬਾਲ ਦੀ ਕਰਾਮਾਤ ਕਰਕੇ ਫਿਰ ਹਰਿਆ ਹੋ ਗਇਆ ਸੀ। ਮੈਂ ਅਜ ਫਿਰ ਆਪਣੇ ਅੱਖੀਂ ਨਾਨਕ ਦੀ ਜ਼ਾਹਿਰ ਕਰਾਮਾਤ ਵੇਖ ਲਈ ਹੈ। ਕਾਲੂ ਤੇਰਾ ਪੁੱਤ੍ਰ ਤਾਂ ਕੋਈ ਇਲਾਹੀ ਨੂਰ ਹੈ। ਤੂੰ ਤਾਂ ਭਾਗਾਂ ਵਾਲਾ ਨਿਕਲਿਓ। "

ਰਾਇ ਨੇ ਹੁਕਮ ਕਰਕੇ ਉਸ ਭੱਟੀ ਕਿਸਾਨ ਨੂੰ ਵੀ ਸੱਦਿਆ ਜਿਸ

ਦਾ ਖੇਤ ਨਾਨਕ ਨੇ ਉਜਾੜ ਦਿੱਤਾ ਸੀ। ਰਾਇ ਨੇ ਭੱਟੀ ਨੂੰ ਕਿਹਾ ਦੱਸ ਸਾਰੀ ਗੱਲ। ਕਿਸਾਨ ਕਹਿਣ ਲੱਗਾ, "ਮੈਨੂੰ ਕਸਮ ਆਪਣੇ ਖੁਦਾਵੰਦ ਦੀ, ਨਾਨਕ ਦੀਆਂ ਮੱਝਾਂ ਨੇ ਸਾਰਾ ਖੇਤ ਉਜਾੜ ਦਿੱਤਾ ਸੀ। ਪਰ ਜਦੋਂ ਮੁਨਸਫ ਵੇਖਣ ਗਏ ਤਾਂ ਖੇਤ ਫਿਰ ਹਰਿਆ ਭਰਿਆ ਨੌ ਬਰ ਨੌ ਸੀ। ਮੈਂ ਝੂਠਾ ਪੈ ਗਇਆ ਸੀ। ਫਿਰ ਐਤਕਾਂ ਉਸ ਖੇਤ ਦਾ ਝਾੜ ਵੀ ਪਹਿਲਾਂ ਨਾਲੋ ਕਈ ਗੁਣਾ ਵੱਧ ਹੋਇਆ ਹੈ। ਮੈਂ ਇਸ ਅਜਮਤ ਤੋਂ ਹੈਰਾਨ ਹਾਂ। ਰਾਇ ਜੀ ਇਹ ਤਾਂ ਰੱਬ ਨੇ ਮੇਰੇ ਨਾਲ ਕੋਈ ਠੱਠਾ ਮਖੌਲ ਕੀਤਾ ਸੀ। "

ਰਾਇ ਨੇ ਕਿਸਾਨ ਨੂੰ ਹੌਸਲਾ ਦਿੱਤਾ। "ਨਹੀ ਭਰਾਵਾ ਤੂੰ ਸੱਚਾ ਹੈ। ਇਹ ਸਭ ਨਾਨਕ ਦੀ ਕਰਾਮਾਤ ਹੈ। ਇਹ ਕੋਈ ਇਲਾਹੀ ਜੀਅ ਸਾਡੇ ਪਿੰਡ ਨੂੰ ਤਾਰਨ ਖੁਦਾਵੰਦ ਨੇ ਭੇਜਿਆ ਹੈ। ਮੈਂ ਖੁਦ ਇਹਦੀ ਕਰਾਮਾਤ ਆਪਣੇ ਅੱਖੀ ਵੇਖੀ ਹੈ। ਇਹਦੇ ਵਾਸਤੇ ਤਾਂ ਪਰਛਾਵੇ ਵੀ ਖਲੋ ਜਾਂਦੇ ਨੇ। " ਰਾਇ ਨੇ ਰੁੱਖ ਦੀ ਛਾਂ ਖਲੋਣ ਵਾਲੀ ਸਾਰੀ ਗੱਲ ਫਿਰ ਦੱਸੀ।

ਰਾਇ ਨੇ ਫਿਰ ਕਾਲੂ ਨੂੰ ਕਿਹਾ,

"ਕਾਲੂ ਮਤ ਸੋਚ ਕਿ ਤੂੰ ਇਸ ਬਾਲਕ ਨੂੰ ਪਾਲ ਰਿਹਾ ਹੈਂ। ਇਹ ਤੇਰਾ ਪੁੱਤ੍ਰ ਨਹੀ। ਇਹ ਤਾਂ ਕੋਈ ਬਜੁੱਰਗ ਆਇਆ ਹੈ ਸਾਡੇ ਵਿੱਚ ਜਿਸ ਵਿੱਚ ਐਨੀਆਂ ਅਜ਼ਮਤਾਂ ਹਨ। ਜੇ ਜੀਵਨ ਵਿੱਚ ਕੋਈ ਮਰਤਬਾ ਚਾਹੁੰਨੇ ਤਾਂ ਇਸ ਦੀ ਖਿਦਮਤ ਕਰਿਆ ਕਰ ਨਹੀ ਤਾਂ ਮਾਰਿਆ ਜਾਵੇਗਾ। ਮੈਂ ਇਸ ਦੀ ਜ਼ਾਹਰਾ ਕਰਾਮਾਤ ਵੇਖੀ ਹੈ। ਇਹ ਤਾਂ ਕੋਈ ਗਾਊਸ ਖੁਦਾ ਦਾ ਹੈ। "

"ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ"

ਮਾਇਆ ਵਿੱਚ ਮੋਹੇ ਬੰਦੇ ਨੂੰ ਰੂਹਾਨੀਅਤ ਦੀਆਂ ਰਮਜ਼ਾਂ ਦੀ ਸਮਝ ਨਹੀ ਆਉਦੀ। ਉਹ ਇਸ ਅਵਸਥਾ ਨੂੰ ਨਾਟਕਬਾਜੀ ਜਾਂ ਪਾਗਲਪਨ ਮੰਨਦਾ ਹੈ। ਪਿਤਾ ਕਾਲੂ ਦੀ ਵੀ ਇਹੋ ਹਾਲਤ ਸੀ। ਹਰ ਕੋਈ ਦੁਹਾਈ ਦੇ ਰਿਹਾ ਸੀ ਕਿ ਨਾਨਕ ਕੋਈ ਕਰਾਮਾਤੀ ਆਤਮਾ ਹੈ, ਕੋਈ ਇਲਾਹੀ ਜੀਅ ਹੈ, ਪਰ ਪਿਤਾ ਕਾਲੂ ਨੂੰ ਇਹ ਸਭ ਪਾਖੰਡ ਨਜਰ ਆਉਦਾ ਸੀ। ਜਦੋਂ ਵੀ ਗੁਰੂ ਸਾਹਿਬ ਸੱਚ ਦੀ ਗੱਲ ਕਰਦੇ, ਜਾਂ ਇਕ ਦਿਨ ਚਲੇ ਜਾਣ ਦੀ ਗੱਲ ਕਰਦੇ ਤਾਂ ਪਿਤਾ ਜੀ ਨੇ ਕਹਿ ਦੇਣਾ, "ਇਹੋ ਜਿਹੀ ਕੋਈ ਗੱਲ ਨਹੀ ਇਹ ਤਾਂ ਛੋਟਾ ਹੁੰਦਾ ਵੀ ਮਰਨ ਦੀਆਂ ਗੱਲਾਂ ਕਰਿਆ ਕਰਦਾ ਸੀ। " ਜਦੋ ਕਿਸੇ ਨੇ ਹਮਦਰਦੀ ਜਿਤਾਉਦੇ ਤਰੀਕੇ ਤਰੀਕੇ ਕਹਿਣਾ ਕਿ ਮਹਿਤਾ ਜੀ ਤੇਰਾ ਮੁੰਡਾ ਸ਼ੁਦਾਈ ਹੈ। ਉਸ ਵੇਲੇ ਪਿਤਾ ਨੇ ਕਹਿਣਾ "ਨਹੀ ਭਰਾਵਾ! ਇ੍ਹਨੇ ਤਾਂ ਪਾਠਸ਼ਾਲਾ ਤੇ ਮਦਰੱਸੇ ਵਿੱਚ ਧੂਮ ਮਚਾ ਦਿੱਤੀ ਸੀ। ਉਸਤਾਦ ਮੌਲਵੀ ਤੇ ਪੰਡਤ ਦੋਵੇ ਹੈਰਾਨ ਹੋਇਆ ਕਰਦੇ ਸਨ ਕਿ ਇਕ ਵਾਰੀ ਜਿਹੜਾ ਸਬਕ ਸੁਣ ਲੈਂਦਾ ਇਨੂੰ ਤੁਰੰਤ ਯਾਦ ਹੋ ਜਾਂਦਾ ਹੈ। ਦੂਸਰੀ ਵਾਰ ਦੱਸਣ ਦੀ ਜਰੂਰਤ ਹੀ ਨਹੀ ਪੈਂਦੀ। ਇਹ ਆਲਸੀ ਹੈ। ਨਾਟਕ ਕਰਦਾ ਹੈ। "

ਅਗਿਆਨੀ ਵੈਦ ਨੂੰ ਕੀ ਪਤਾ ਕਿ ਪੀੜ ਕਿੱਥੇ ਹੈ?

ਪਰ ਪਿਤਾ ਦੀ ਮੁਖਾਲਫਤ ਦਾ ਬਾਬਾ ਜੀ ਤੇ ਕੋਈ ਅਸਰ ਨਾਂ ਹੁੰਦਾ ਉਹ ਹਮੇਸ਼ਾਂ ਮਸਤ ਰਹਿੰਦੇ। ਅਨੰਦ ਵਿੱਚ ਹੁੰਦੇ। ਬਹੁਤਾ ਕਰਕੇ ਨਿਰੰਕਾਰ ਦਾ ਜੱਸ ਗਾ ਗਾ ਕੇ ਕਰਦੇ। ਉਹਨਾਂ ਦਾ ਗਾਉਣਾ ਤਾਂ ਮਸ਼ਹੂਰ ਹੋ ਗਇਆ ਸੀ। ਕੰਮੀਆਂ, ਮਰਾਸੀਆਂ ਦੇ ਮੁੰਡੇ ਉਹਦੇ ਯਾਰ ਸਨ। ਹਾਂ ਕਦੀ ਪਿਆਰੇ ਮਾਲਕ ਦੀ ਯਾਦ ਵਿੱਚ ਅਜਿਹਾ ਵੈਰਾਗ ਪੈਦਾ ਹੁੰਦਾ ਕਿ ਰੋ ਵੀ ਪੈਂਦੇ। ਉਨਾਂ ਵਾਸਤੇ ਫਿਕਰ ਚਿੰਤਾ ਨਾਂ ਦੀ ਕੋਈ ਚੀਜ਼ ਹੀ ਨਹੀ ਸੀ। "ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥ ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥ " ਪਰ ਜਿਆਦਾ ਚੁੱਪ ਚਾਪ ਹੀ ਪਏ ਰਹਿੰਦੇ। ਮਨ ਹੀ ਮਨ ਵਿੱਚ ਨਿਰੰਕਾਰ ਦੀ ਕੁਦਰਤ ਬਾਰੇ ਸੋਚਦੇ। ਉਹਦੇ ਹੁਕਮ ਤੇ ਅਨੰਤਤਾ ਬਾਰੇ ਸੋਚਦੇ ਸੋਚਦੇ ਅਕਸਰ ਵਿਸਮਾਦ ਵਿੱਚ ਆ ਜਾਂਦੇ।

ਖੇਡਦੇ ਮੱਲਦੇ ਕਦੀ ਮੂੰਹੋ ਕੋਈ ਗੱਲ ਸਹਿਜ ਸੁਭਾਅ ਨਿਕਲ ਜਾਣੀ ਤਾਂ ਉਹ ਸੱਚੀ ਹੋ ਜਾਂਦੀ ਸੀ। ਜਿਸ ਕਰਕੇ ਅਕਸਰ ਲੋਕ ਉਨਾਂ ਕੋਲੋ ਅਸ਼ੀਰਵਾਦ ਦੀ ਉਮੀਦ ਲੈ ਕੇ ਆਉਦੇ। ਉਨਾਂ ਦੀ ਮਿਹਰ ਦੀ ਨਿਗਾਹ ਸਦਕਾ ਅਕਸਰ ਰੋਗੀਆਂ ਦੇ ਰੋਗ ਦੂਰ ਹੋ ਜਾਂਦੇ। ਕਸ਼ਟ ਕੱਟੇ ਜਾਂਦੇ।

ਮਾਂ ਤ੍ਰਿਪਤਾ ਦੁਬਿਧਾ ਵਿੱਚ ਰਹਿੰਦੇ। ਇਕ ਪਾਸੇ ਲੋਕਾਈ ਦੀਆਂ ਗੱਲਾਂ ਸਨ ਕਿ ਨਾਨਕ ਕੋਈ ਬਖਸ਼ੀ ਰੂਹ ਹੈ ਦੂਸਰੇ ਪਾਸੇ ਰੋਜ ਪਤੀ ਦੇ ਵਖਿਆਨ ਹੁੰਦੇ ਸਨ ਕਿਉਕਿ "ਮਾਇਆਧਾਰੀ ਅਤਿ ਅੰਨਾ ਬੋਲਾ ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥ " ਪਤੀ ਨੇ ਬਾਰ ਬਾਰ ਇਹੋ ਕਹਿਣਾ ਕਿ "ਇਹੋ ਜਿਹੀ ਕੋਈ ਗੱਲ ਨਹੀ, ਮੁੰਡਾ ਆਲਸੀ ਹੈ। "

ਪੈੜ ਸਮਾਂ ਫਨੀਅਰ ਸੱਪ ਨੇ ਛਾਂ ਕਰਨੀ - ਬਾਲੇ ਵਾਲੀ ਜਨਮ ਸਾਖੀ ਵਿੱਚ ਇਹੋ ਘਟਨਾਂ ਇਸ ਤਰਾਂ ਦਿੱਤੀ ਹੈ ਕਿ ਗੁਰੂ ਸਾਹਿਬ ਦੇ ਚਿਹਰੇ ਤੇ ਫਨੀਅਰ ਸੱਪ ਨੇ ਛਾਂ ਕਰ ਦਿੱਤੀ ਜਦੋਂ ਰੁੱਖ ਦੀ ਛਾਂ ਫਿਰੀ ਤਾਂ। ਸਾਡੀ ਰਾਇ ਹੈ ਕਿ ਬਾਲੇ ਵਾਲੀ ਦੇ ਲਿਖਾਰੀ ਨੇ ਇਸ ਘਟਨਾਂ 'ਚ ਰੋਲ ਘਚੋਲਾ ਪਾ ਦਿੱਤਾ ਹੈ। ਅਸਲ ਸਾਖੀ ਰੁੱਖ ਦੀ ਸਥਿਰ ਹੋਈ ਛਾਂ ਦੀ ਹੀ ਹੈ। ਸੋਢੀ ਮਿਹਰਬਾਨ ਨੇ ਵੀ ਰੁੱਖ ਵਾਲੀ ਗੱਲ ਹੀ ਲਿਖੀ ਹੈ। ਪਰ ਜਿੰਨਾਂ ਰੁਖਾਂ ਥੱਲੇ ਇਹ ਘਟਨਾਂ ਘਟੀ ਸੀ ਉਸ ਸਥਾਨ ਨੂੰ ਵੀ ਸ਼ਰਧਾਲੂਆਂ ਨੇ ਫਨੀਅਰ ਸੱਪ ਨਾਲ ਜੋੜ ਦਿੱਤਾ ਹੈ। ਇਤਹਾਸਕਾਰਾਂ ਦਾ ਕਹਿਣਾ ਹੈ ਕਿ ਫਨੀਅਰ ਸੱਪ ਵਾਲੀ ਕਹਾਣੀ ਬਾਦ ਵਿਚ ਜੋੜੀ ਗਈ ਹੈ। ਅਸਲ ਗਲ ਛਾਂ ਦਾ ਸਥਿਰ ਹੋਣਾ ਹੈ। ਸੱਪ ਵਾਲੀ ਨਕਲੀ ਸਾਖੀ ਤੋਂ ਪ੍ਰਭਾਵਤ ਹੋ ਕੇ ਕੁਝ ਸ਼ਰਧਾਲੂਆਂ ਨੇ ਮਾਲ ਸਾਹਿਬ ਲਾਗੇ ਇਕ ਸੱਪ ਵਾਲੀ ਥਾਂ ਤੇ ਵੀ ਛੋਟੀ ਜਿਹੀ ਗੁਮਟੀ ਬਣਾ ਦਿੱਤੀ ਹੈ।

ਪਿਛਲੇ ਕੁਝ ਦਿਨਾਂ ਤੋਂ ਜਿਵੇ ਨਾਨਕ ਚੁੱਪ ਚੁੱਪ ਰਿਹਾ। ਅੰਨ ਪਾਣੀ ਦੀ ਵੀ ਪ੍ਰਵਾਹ ਨਹੀ ਸੀ ਕਰਿਆ ਕਰਦੇ ਗੁਰੂ ਸਾਹਿਬ। "ਓਨਹੀਂ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥ " ਮੰਨ ਵਿੱਚ ਵੈਰਾਗ ਭਾਰੂ ਹੋ ਰਿਹਾ ਸੀ ਤਾਂ ਮਹਿਤਾ ਕਾਲੂ ਨੂੰ ਫਿਰ ਕਿਸੇ ਸਲਾਹ ਦਿੱਤੀ ਕਿ ਕਿਸੇ ਵੈਦ ਹਕੀਮ ਦੀ ਰਾਇ ਲੈਣ 'ਚ ਕੀ ਬੁਰਾ ਹੈ? ਮਹਿਤਾ ਜੀ ਨੂੰ ਗੱਲ ਕੁਝ ਜੱਚੀ। ਵੈਦ ਹਰਦਾਸ ਨੂੰ ਘਰ ਬੁਲਾਇਆ ਗਿਆ।

ਵੈਦ ਨੇ ਘਰ ਆ ਬਾਬੇ ਦੀ ਨਬਜ਼ ਟਟੋਲਨੀ ਸ਼ੁਰੂ ਕਰ ਦਿੱਤੀ। ਗੁਰੂ ਸਾਹਿਬ ਨੇ ਵੈਦ ਕੋਲੋ ਪੁੱਛਿਆ ਕਿ ਕੀ ਕਰ ਰਹੇ ਹੋ? ਵੈਦ ਨੇ ਦੱਸਿਆ ਕਿ ਮੈਂ ਵੈਦ ਹਾਂ ਤੇਰਾ ਇਲਾਜ ਕਰਨ ਆਇਆਂ ਹਾਂ। ਤੇਰੇ ਪਿਤਾ ਜੀ ਨੇ ਮੈਨੂੰ ਸੱਦਿਆ ਹੈ। ਗੁਰੂ ਸਾਹਿਬ ਨੇ ਝੱਟ ਬਾਂਹ ਛੁਡਾ ਲਈ ਤੇ ਕਿਹਾ ਕਿ, "ਵੈਦਾ ਵੈਦੁ ਸੁਵੈਦੁ ਤੂੰ ਪਹਿਲਾਂ ਰੋਗੁ ਪਛਾਨੁ ॥ " (ਮ.2) ਕਿ ਭਾਈ ਤੂੰ ਐਵੇ ਬਾਂਹ ਮਰੋੜੀ ਪਿਆ ਜਾਂਨਾ ਏ ਪਹਿਲਾਂ ਰੋਗ ਤਾਂ ਪਛਾਣ। ਰੋਗ ਬਾਂਹ ਵਿੱਚ ਨਹੀ ਹੈ," ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥ ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥ " ਵੇਦਨ ਤਾਂ ਮੇਰੇ ਹਿਰਦੇ ਵਿੱਚ ਹੈ, ਤੂੰ ਬਾਂਹ ਟਟੋਲੀ ਜਾਨਾਂ ਏ। ਵੈਦ ਨੇ ਪੁੱਛਿਆ ਕਿ "ਨਾਨਕ ਕਿਹੜੀ ਕਰਕ (ਪੀੜ) ਹੈ ਤੇਰੇ ਕਲੇਜੇ ਵਿੱਚ?" ਗੁਰੂ ਸਾਹਿਬ ਨੇ ਨਿਰੰਕਾਰ ਤੋਂ ਵਿਛੋੜੇ ਵਾਲੀ ਸਾਰੀ ਗੱਲ ਦੱਸੀ। "ਇਕੁ ਤਿਲੁ ਪਿਆਰਾ ਵਿਸਰੈ ਦੁਖੁ ਲਾਗੈ ਸੁਖੁ ਜਾਇ ॥ ਜਿਹਵਾ ਜਲਉ ਜਲਾਵਣੀ ਨਾਮੁ ਨ ਜਪੈ ਰਸਾਇ ॥ " ਕੇ ਜੇ ਕਿਤੇ ਮੈਂ ਸਕਿੰਟ ਵਾਸਤੇ ਵੀ ਆਪਣੇ ਮਾਲਕ ਤੋਂ ਦੂਰ ਹੁੰਨਾ ਵਾਂ ਤਾਂ ਮੇਰਾ ਸਰੀਰ ਟੁੱਟਦਾ ਹੈ, ਸੜ੍ਹਦਾ ਵਾ, ਮੈਨੂੰ ਡਾਹਢਾ ਦੁੱਖ ਲਗਦਾ ਹੈ। ਇਸ ਕਰਕੇ ਮੈਂ ਕੋਸ਼ਿਸ਼ ਕਰਦਾ ਵਾਂ ਉਹਨੂੰ ਹਿਰਦੇ ਵਿੱਚ ਰੱਖਣ ਦੀ।

ਗੁਰੂ ਸਾਹਿਬ ਨੇ ਵੈਦ ਸਾਹਮਣੇ ਨਾਮ ਦੀ ਉਸਤਤ ਕੀਤੀ ਪਰ ਵੈਦ ਕਹਿਣ ਲੱਗਾ ਕਿ ਉਹ ਤਾਂ ਠੀਕ ਹੈ ਪਰ ਜੇ ਸਰੀਰਕ ਦੁੱਖ

ਪੰਥ ਸੇਵਾ

ਢਹਿ ਚੁੱਕੀਆਂ ਇਮਾਰਤਾਂ ਦੀ ਨਹੀ, ਇਹ ਤਾਂ ਚੰਗੀਆ ਭਲੀਆਂ ਦੁਆਲੇ ਹੋ ਗਏ ਨੇ

ਕਾਰਸੇਵਾ ਘਪਲਾ ਪਹੁੰਚਿਆ ਪਾਕਿਸਤਾਨ ਵੀ

ਸਿੱਖ ਧਰਮ ਵਿਚ ਕਾਰ ਸੇਵਾ ਦਾ ਸਿਧਾਂਤ ਹੈ ਬਹੁਤ ਮਾਅਰਕੇ ਦਾ ਹੈ ਜਿਸ ਅਨੁਸਾਰ ਪੁਰਾਤਨ ਵਿਰਸੇ ਨੂੰ ਬਚਾਉਣਾ ਅਤੇ ਜਰੂਰਤ ਅਨੁਸਾਰ ਨਵੀਆਂ ਇਮਾਰਤਾਂ ਦੀ ਤਾਮੀਰ ਕਰਨੀ ਹੁੰਦੀ ਹੈ। ਗੁਰੂ ਦੀ ਗੋਲਕ ਸਦਕਾ ਫਿਰ ਪੁਰਾਤਨਤਾ ਦੀ ਮੁਰੰਮਤ ਦੇ ਨਾਲ ਨਾਲ ਨਵੀਆਂ ਸਰਾਵਾਂ, ਲੰਗਰ ਹਾਲ, ਸਕੂਲ, ਹਸਪਤਾਲ ਸਾਜਣੇ ਹੁੰਦੇ ਨੇ।

ਪਰ ਬਦਕਿਸਮਤੀ ਨਾਲ ਕਾਰਸੇਵਾ ਵੀ ਅੱਜ ਵਪਾਰ ਜਾਂ ਸਨਅਤ ਹੀ ਬਣ ਗਈ ਹੈ। ਪਹਿਲਾਂ ਕਾਰਸੇਵਾ ਸੇਵਾ ਸੀ ਜਾਂ ਮਿਸ਼ਨ ਹੁੰਦਾ ਸੀ। ਅੱਜ ਕਾਰ ਸੇਵਕ ਦਾ ਨਿਸ਼ਾਨਾ ਕ੍ਰੋੜਪਤੀ ਬਣਨਾ ਹੈ। ਫਿਰ ਧਾਰਮਿਕ ਰਾਜਨੇਤਾਵਾਂ ਤੇ ਕਾਰ ਸੇਵਾ ਬਾਬਿਆਂ ਦੇ ਨਾਪਾਕ ਗੱਠ ਜੋੜ ਅੱਜ ਇਤਹਾਸ ਅਤੇ ਪੁਰਤਾਨਤਾ ਵਾਸਤੇ ਖਤਰਾ ਬਣ ਚੁੱਕੇ ਹਨ। ਸਿੱਖ ਇਤਹਾਸ ਨਾਲ ਸਬੰਧਤ ਸੈਕੜੇ ਇਮਾਰਤਾਂ ਜਿੰਨਾਂ ਨਾਲ ਪੁਰਾਣੀਆਂ ਯਾਦਾਂ ਜੁੜੀਆਂ ਹੋਈਆ ਸਨ, ਢਾਹ ਕੇ ਨਵੀਆਂ ਬਣਾ ਦਿੱਤੀਆਂ ਗਈਆਂ ਹਨ। ਇਹ ਮੰਨੀ ਹੋਈ ਗਲ ਹੈ ਕਿ ਕਾਰ ਸੇਵਾ ਵਾਲੇ ਬਾਬੇ ਪੁਰਾਤਤਵ ਨੂੰ ਕੋਈ ਅਹਿਮੀਅਤ ਨਹੀ ਦਿੰਦੇ। ਇਕ ਨਹੀ ਸੈਕੜੇ ਪੁਰਾਣੀਆਂ ਯਾਦਗਾਰਾਂ ਇਹਨਾਂ ਢਾਹੀਆਂ ਹਨ।

ਤੰਬੂ ਸਾਹਿਬ ਜਿੱਥੇ ਗੁਰੂ ਸਾਹਿਬ ਸੱਚਾ ਸੌਦਾ ਕਰਨ ਉਪਰੰਤ ਪਿਤਾ ਤੋਂ ਡਰਦੇ ਲੁਕੇ ਸਨ। ਉਹਦੀ ਕਾਰ ਸੇਵਾ ਹੋ ਰਹੀ ਹੈ ਤੇ ਖੂਬਸੂਰਤ ਬਾਲ ਲੀਲਾ ਅਸਥਾਨ ਵੀ ਢਾਹ ਦਿੱਤਾ ਗਇਆ ਹੈ।

ਮਿਸਾਲ ਦੇ ਤੌਰ ਤੇ ਸੁਲਤਾਨਪੁਰ ਲੋਧੀ ਦੀ ਉਹ ਮਸੀਤ ਢਾਹ ਕੇ ਗੁਰਦੁਆਰਾ ਬਣਾ ਦਿਤਾ ਜਿਥੇ ਬਾਬੇ ਨਾਨਕ ਨੇ ਨਮਾਜ ਪੜੀ ਸੀ। ਚਮਕੌਰ ਦੀ ਕੱਚੀ ਗੜੀ, ਸਰਹੰਦ ਦਾ ਠੰਡਾ ਬੁਰਜ, ਅੰਮ੍ਰਿਤਸਰ ਵਿਚ ਗੁਰੂ ਸਾਹਿਬ ਦੇ ਨਿਵਾਸ ਅਸਥਾਨ ਗੁਰੂ ਕੇ ਮਹਿਲ ਜਿਥੇ ਗੁਰੂ ਤੇਗ ਬਹਾਦਰ ਸਾਹਿਬ ਦਾ ਜਨਮ ਹੋਇਆ ਸੀ, ਜਿਥੇ ਪਿਆਰੀਆਂ ਪਿਆਰੀਆਂ ਛੋਟੀ ਇੱਟ ਦੀਆਂ ਕੋਠੜੀਆਂ ਸਨ ਭਾਵ ਗੁਰੂ ਕੇ ਮਹਿਲ ਨੂੰ ਢਾਹ ਕੇ ਰੁੱਖਾ ਸੰਗ ਮਰਮਰੀ ਗੁਰਦੁਆਰਾ ਸਾਹਿਬ ਬਣਾ ਦਿਤਾ ਗਿਆ ਹੈ। ਸਿੱਖਾਂ ਦਾ ਪਹਿਲਾ ਕਿਲਾ ਗੁਰੂ ਹਰਗੋਬਿੰਦ ਸਾਹਿਬ ਦਾ ਲੋਹ ਗੜ੍ਹ ਢਾਹ ਕੇ 6-6 ਫੁੱਟ ਚੌੜੀ ਕੰਧ ਦਾ ਨਾਮੋ ਨਿਸ਼ਾਨ ਮਿੱਟਾ ਦਿਤਾ ਗਿਆ ਹੈ। ਸਾਨੂੰ ਸਮਝ ਨਹੀ ਆਇਆ ਕਿ ਇਤਹਾਸਿਕ ਕੰਧ ਢਾਹੁੰਣ ਵਿਚ ਕਿਹੜੀ ਕਾਰ ਸੇਵਾ ਸੀ? ਏਸੇ ਤਰਾਂ ਅਨੰਦਪੁਰ ਸਾਹਿਬ ਦੇ ਕਈ ਅਸਥਾਨਾਂ ਦਾ ਕੁਝ ਦਾ ਕੁਝ ਬਣਾ ਦਿਤਾ ਗਿਆ ਹੈ।

ਹੁਣੇ ਹੁਣੇ (ਮਈ 2018) ਜਦੋਂ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਮਨਜੂਰੀ ਹੋਈ ਹੈ ਤਾਂ ਸ਼ਰੋਮਣੀ ਕਮੇਟੀ ਨੇ ਡੇਰਾ ਬਾਬਾ ਨਾਨਕ ਦਾ ਪ੍ਰਤੀਕ ਬਣ ਚੁੱਕੀ 50 ਸਾਲ ਪੁਰਾਣੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੀ ਇਮਾਰਤ ਢਾਹੁੰਣ ਦਾ ਠੇਕਾ ਵੀ ਦੇ ਦਿੱਤਾ ਹੈ। ਮਤਲਬ ਲਾਂਘਾ ਖੁੱਲਣ ਦੇ ਮੌਕੇ ਖਲਾਰਾ ਪਾਉਣਾ ਅਤੇ ਵੱਧ ਤੋਂ ਵੱਧ ਉਗਰਾਹੀ ਕਰਨਾਂ। ਯਾਦ ਰਹੇ ਪਾਕਿਸਤਾਨੀ ਸਿੱਖ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੇ ਦਰਸ਼ਨਾਂ ਲਈ ਤਰਲੇ ਲੈਂਦੇ ਆਏ ਹਨ।

ਇਹ ਅਨਪੜ੍ਹ ਕਾਰ ਸੇਵਾ ਬਾਬੇ ਜਿੰਨਾਂ ਨੂੰ ਇਮਾਰਤ ਦੀ ਪੁਰਾਤਤਵ ਅਹਿਮੀਅਤ ਦੀ ਕਦਰ ਨਹੀ ਹੁੰਦੀ ਅਕਸਰ ਹੀ ਹਾਸੇ ਹੀਣੇ ਕੰਮ ਵੀ ਕਰ ਜਾਂਦੇ ਹਨ। ਮਿਸਾਲ ਦੇ ਤੌਰ ਤੇ ਅੰਮ੍ਰਿਤਸਰ ਦੇ ਨੇੜੇ ਹੀ ਪਿੰਡ ਬਾਸਰਕੇ ਗਿੱਲਾਂ ਵਿਚ ਸੰਨ੍ਹ ਸਾਹਿਬ ਗੁਰਦੁਆਰਾ ਹੈ। ਇਥੇ ਬਾਬਾ ਬੁੱਢਾ ਜਿਹੇ ਗੁਰਸਿੱਖਾਂ ਨੇ ਗੁਰੂ ਅਮਰਦਾਸ ਪਾਤਸ਼ਾਹ ਦੇ ਘਰ ਦੀ ਕੰਧ ਵਿਚ ਸੰਨ੍ਹ (ਮੋਰੀ) ਲਾ ਕੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਸਨ। ਉਹ ਸੰਨ੍ਹ ਵਾਲੀ ਕੰਧ ਅੱਜ ਤੋਂ 70-80 ਸਾਲ ਤਕ ਮੌਜੂਦ ਰਹੀ। ਮੂਰਖ ਕਾਰ ਸੇਵਾ ਬਾਬੇ ਨੇ ਉਹ ਸੰਨ ਵਾਲੀ ਕੰਧ ਢਾਹ ਕੇ ਨਵੀ ਕੰਧ ਵਿਚ ਸੰਗਮਰਮਰ ਦੀ ਸਿੱਲ (ਸਲੈਬ) ਲਾ ਦਿਤੀ ਤੇ ਉਸ ਵਿਚ ਮੋਰੀ ਕਰ ਦਿਤੀ। ਇਸ ਕਾਰਸੇਵਾ ਵਰਤਾਰੇ ਦੀ ਪੜ੍ਤਾਲ ਕਰਨ ਉਪਰੰਤ ਪਤਾ ਲੱਗਾ ਹੈ ਕਿ ਕਾਰਸੇਵਾ ਵਾਲੇ ਨਵੀ ਇਮਾਰਤ (ਜਿਵੇ ਸਰਾਵਾਂ ਆਦਿ) ਸਾਜਣ ਦੇ ਮੁਕਾਬਲੇ ਮੁੱਖ ਗੁਰਦੁਆਰੇ ਨੂੰ ਢਾਹੁੰਣ ਨੂੰ ਜਿਆਦਾ ਤਰਜੀਹ ਦਿੰਦੇ ਹਨ। ਕਾਰਸੇਵਾ ਵਾਲੇ ਕਹਿੰਦੇ ਹਨ ਕਿ ਲੋਕ ਚੜਾਵਾ ਸਿਰਫ ਗੁਰਦੁਆਰਾ ਬਣਾਉਣ ਨੂੰ ਦਿੰਦੇ ਹਨ ਹੋਰ ਇਮਾਰਤ ਵਾਸਤੇ ਘੱਟ ਹੀ ਲੋਕ ਤਿਆਰ ਹੁੰਦੇ ਹਨ। ਬਾਬੇ ਅਕਸਰ ਦੇਸਾਂ ਪ੍ਰਦੇਸਾਂ ਦੀਆਂ ਸੰਗਤਾਂ ਕੋਲੋ ਉਗਰਾਹੀ ਲਈ ਨਿਕਲੇ ਹੀ ਰਹਿੰਦੇ ਹਨ।

ਸੋ ਇਹ ਕੁਝ ਪੰਜਾਬ ਵਿਚ ਤਾਂ ਪਹਿਲਾਂ ਚਲ ਹੀ ਰਿਹਾ ਸੀ, ਹੁਣ ਕਾਰਸੇਵਾ ਦੇ ਸੌਦਾਗਰ ਪਾਕਿਸਤਾਨ ਵੀ ਪਹੁੰਚ ਗਏ ਨੇ। ਪਾਕਿਸਤਾਨ ਵਿਚ ਅੱਜ ਸੈਕੜੇ ਗੁਰਦੁਆਰੇ ਢੱਠੇ ਪਏ ਨੇ ਜਿੰਨਾਂ ਦੀ ਕਾਰ ਸੇਵਾ ਦੀ ਜਰੂਰਤ ਹੈ। ਪਰ ਪਾਕਿਸਤਾਨ ਵਿਚ ਵੀ ਜੋ ਸੇਵਾ ਚਲ ਰਹੀ ਹੈ ਉਹ ਢੱਠੇ ਹੋਏ ਗੁਰਦੁਆਰਿਆਂ ਲਈ ਘੱਟ ਤੇ ਚੰਗੇ ਭਲੇ ਗੁਰਦੁਆਰਿਆਂ ਲਈ ਜਿਆਦਾ। ਮਿਸਾਲ ਦੇ ਤੌਰ ਤੇ ਲਹੌਰ ਦਾ ਪ੍ਰਸਿੱਧ ਗੁਰਦੁਆਰਾ ਡੇਰਾ ਸਾਹਿਬ ਢਾਹ ਦਿਤਾ ਗਇਆ ਹੈ। ਇਨਾਂ ਕਾਰਸੇਵਾ ਵਾਲਿਆਂ ਦਾ ਧਿਆਨ ਅੱਜ ਕਲ੍ਹ ਨਨਕਾਣਾ ਸਾਹਿਬ ਦੇ ਗੁਰਦੁਆਰਿਆਂ ਵਲ ਹੋ ਗਿਆ ਹੈ। 100 ਸਾਲ ਪੁਰਾਣੇ ਖੂਬਸੂਰਤ ਗੁਰਦੁਆਰੇ ਬਾਲ ਲੀਲਾ ਅਤੇ ਤੰਬੂ ਸਾਹਿਬ ਢਾਹ ਦਿੱਤੇ ਗਏ ਹਨ।

ਵਾਹਿਗੁਰੂ ਖਾਲਸਾ ਪੰਥ ਨੂੰ ਸੁਮੱਤ ਬਖਸ਼ੇ ਕਿ ਕਾਰਸੇਵਾ ਦੇ ਸਿਧਾਂਤ ਦਾ ਸਦਉਪਯੋਗ ਹੋਵੇ ਨਹੀ ਤਾਂ ਛੇਤੀ ਹੀ ਲੋਕ ਇਸ ਕਾਰਸੇਵਾ ਦੇ ਸਿਧਾਂਤ ਤੋਂ ਬਗਾਵਤ ਕਰ ਦੇਣਗੇ ਜਿਸ ਨਾਲ ਪੰਥ ਦਾ ਨੁਕਸਾਨ ਹੋਵੇਗਾ। ਇਸ ਮਸਲੇ ਤੇ ਜਿਆਦਾ ਜਿੰਮੇਵਾਰੀ ਖੁੱਦ ਪੁਰਾਣੇ ਕਾਰਸੇਵਾ ਵਾਲੇ ਬਾਬਿਆਂ, ਸਰਕਾਰਾਂ ਅਤੇ ਸ਼੍ਰੋਮਣੀ ਕਮੇਟੀ ਅਤੇ ਪਾਕਿਸਤਾਨ ਕਮੇਟੀ ਦੀ ਬਣਦੀ ਹੈ।

ਅੱਗੇ ਤੋਂ ਆਪਾਂ ਅਸੂਲ ਬਣਾਈਏ ਕਿ ਕੋਈ ਗੁਰਦੁਆਰਾ ਢਾਹੁੰਣਾ ਨਹੀ ਬਸ ਮੁਰੰਮਤ ਕਰਨੀ ਅਤੇ ਨਵੀਆਂ ਇਮਾਰਤਾਂ ਸਰਾਵਾਂ ਆਦਿ ਸਾਜਣੀਆਂ ਹਨ। ਜਰੂਰਤ ਹੈ ਕਾਰਸੇਵਾ ਪ੍ਰਣਾਲੀ ਨੂੰ ਵੀ ਬਚਾਉਣ ਦੀ। ਧਿਆਨ ਰਹੇ ਸਾਡੇ ਵਿਰੋਧੀ ਨੂੰ ਇਹ ਲੰਗਰ ਦੇ ਨਾਲ ਨਾਲ ਕਾਰਸੇਵਾ ਸਿਧਾਂਤ ਵੀ ਚੁੱਭਦਾ ਹੈ।

ਦਰਦ ਹੋਵੇ ਤਾਂ ਇਲਾਜ ਨਾਲ ਫਾਇਦਾ ਮਿਲਦਾ ਹੈ। ਗੁਰੂ ਸਾਹਿਬ ਨੇ ਕਿਹਾ ਨਾਮ ਹੀ ਵੱਡੀਆਂ ਤੋਂ ਵੱਡੀਆਂ ਬੀਮਾਰੀਆਂ ਦਾ ਇਲਾਜ ਹੈ। ਜਿਵੇ ਕਿ ਪੰਚਮ ਨਾਨਕ ਨੇ ਫਰਮਾਇਆ ਹੈ "ਅਨਿਕ ਉਪਾਵੀ ਰੋਗੁ ਨ ਜਾਇ॥ ਰੋਗੁ ਮਿਟੈ ਹਰਿ ਅਵਖਧੁ ਲਾਇ॥ " ਜਾਂ ਫਿਰ, " ਸਰਬ ਰੋਗ ਕਾ ਅਉਖਦੁ ਨਾਮੁ ॥ " ਪਰ ਵੈਦ ਇਸ ਗੱਲ ਨੂੰ ਮੰਨਣ ਨੂੰ ਤਿਆਰ ਨਹੀ ਸੀ।

ਫਿਰ ਸਾਹਿਬ ਨੇ ਵੈਦ ਨੂੰ ਸਮਝਾਇਆ ਕਿ ਵੇਖੋ ਸਾਰੇ ਰੋਗਾਂ ਦਾ ਮੂਲ ਕਾਰਨ ਰੱਬ ਦੀ ਰਜ਼ਾ ਦਾ ਭੰਨਣਾ ਹੈ। ਜਦੋਂ ਅਸੀ 'ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ' ਕਰਕੇ ਰਸਾਂ ਵਿੱਚ ਪੈ ਜਾਂਦੇ ਤਾਂ ਸਾਨੂੰ ਰੋਗ ਆ ਘੇਰਦੇ ਹਨ।

ਮਲਾਰ ਮਹਲਾ ੧ ॥ ਦੁਖੁ ਵੇਛੋੜਾ ਇਕੁ ਦੁਖੁ ਭੂਖ ॥ ਇਕੁ ਦੁਖੁ ਸਕਤਵਾਰ ਜਮਦੂਤ ॥ ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥ ਵੈਦ ਨ ਭੋਲੇ ਦਾਰੂ ਲਾਇ ॥੧॥ ਵੈਦ ਨ ਭੋਲੇ ਦਾਰੂ ਲਾਇ ॥ ਦਰਦੁ ਹੋਵੈ ਦੁਖੁ ਰਹੈ ਸਰੀਰ ॥ ਐਸਾ ਦਾਰੂ ਲਗੈ ਨ ਬੀਰ ॥੧॥ ਰਹਾਉ ॥ ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥ ਮਨ ਅੰਧੇ ਕਉ ਮਿਲੈ ਸਜਾਇ ॥ ਵੈਦ ਨ ਭੋਲੇ ਦਾਰੂ ਲਾਇ ॥੨॥ ਚੰਦਨ ਕਾ ਫਲੁ ਚੰਦਨ ਵਾਸੁ ॥ ਮਾਣਸ ਕਾ ਫਲੁ ਘਟ ਮਹਿ ਸਾਸੁ ॥ ਸਾਸਿ ਗਇਐ ਕਾਇਆ ਢਲਿ ਪਾਇ ॥ ਤਾ ਕੈ ਪਾਛੈ ਕੋਇ ਨ ਖਾਇ ॥੩॥ ਕੰਚਨ ਕਾਇਆ ਨਿਰਮਲ ਹੰਸੁ ॥ ਜਿਸੁ ਮਹਿ ਨਾਮੁ ਨਿਰੰਜਨ ਅੰਸੁ ॥ ਦੂਖ ਰੋਗ ਸਭਿ ਗਇਆ ਗਵਾਇ ॥ ਨਾਨਕ ਛੂਟਸਿ ਸਾਚੈ ਨਾਇ ॥੪॥੨॥

ਵੈਦ ਦੀਆਂ ਇਕ ਦਮ ਅੱਖਾਂ ਖੁੱਲ ਗਈਆਂ। "ਹਾਂ, ਹਾਂ। ਸਾਡੀਆਂ ਗਲਤੀਆ ਨਾਲ ਹੀ ਰੋਗ ਆ ਸਾਨੂੰ ਘੇਰਦੇ ਨੇ। ਜਿਆਦਾ ਖਾਣਾ, ਜਿਆਦਾ ਕਾਮ, ਜਿਆਦਾ ਗੁੱਸਾ, ਜਿਆਦਾ ਮੋਹ ਚਿੰਤਾਂ ਰੋਗਾਂ ਦੇ ਕਾਰਨ ਬਣਦੇ ਹਨ। ਨਾਨਕ ਤੁਸੀ ਠੀਕ ਹੋ। ਤੁਸਾਂ ਮੇਰੀਆਂ ਅੱਖਾਂ ਖੋਲ ਦਿੱਤੀਆਂ। "

ਵੇਦ ਨੇ ਕਿਹਾ "ਪਰ ਪਿਆਰੇ ਨਾਨਕ ਜੀ ਮੈਂ ਵੈਦ ਹਾਂ ਲੋਕਾਂ ਦੇ ਰੋਗ ਦੂਰ ਕਰਨ ਦੀ ਕੋਸ਼ਿਸ਼ ਵਿੱਚ ਰਹਿੰਦਾ ਹਾਂ। ਮੈਨੂੰ ਵੀ ਦੱਸੋ ਅੱਗੇ ਤੋਂ ਕਿਵੇ ਕਰਾਂ?"

ਮਲਾਰ ਮਹਲਾ ੧ ॥ ਦੁਖੁ ਵੇਛੋੜਾ ਇਕੁ ਦੁਖੁ ਭੂਖ ॥ ਇਕੁ ਦੁਖੁ ਸਕਤਵਾਰ ਜਮਦੂਤ ॥ ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥ ਵੈਦ ਨ ਭੋਲੇ ਦਾਰੂ ਲਾਇ ॥੧॥ ਵੈਦ ਨ ਭੋਲੇ ਦਾਰੂ ਲਾਇ ॥ ਦਰਦੁ ਹੋਵੈ ਦੁਖੁ ਰਹੈ ਸਰੀਰ ॥ ਐਸਾ ਦਾਰੂ ਲਗੈ ਨ ਬੀਰ ॥੧॥ ਰਹਾਉ ॥ ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾਂ ਤਨਿ ਉਠਿ ਖਲੋਏ ਰੋਗ ॥ ਮਨ ਅੰਧੇ ਕਉ ਮਿਲੈ ਸਜਾਇ ॥ ਵੈਦ ਨ ਭੋਲੇ ਦਾਰੂ ਲਾਇ ॥੨॥ ਚੰਦਨ ਕਾ ਫਲੁ ਚੰਦਨ ਵਾਸੁ ॥ ਮਾਣਸ ਕਾ ਫਲੁ ਘਟ ਮਹਿ ਸਾਸੁ ॥ ਸਾਸਿ ਗਇਐ ਕਾਇਆ ਢਲਿ ਪਾਇ ॥ ਤਾ ਕੈ ਪਾਛੈ ਕੋਇ ਨ ਖਾਇ ॥੩॥ ਕੰਚਨ ਕਾਇਆ ਨਿਰਮਲ ਹੰਸੁ ॥ ਜਿਸੁ ਮਹਿ ਨਾਮੁ ਨਿਰੰਜਨ ਅੰਸੁ ॥ ਦੂਖ ਰੋਗ ਸਭਿ ਗਇਆ ਗਵਾਇ ॥ ਨਾਨਕ ਛੂਟਸਿ ਸਾਚੈ ਨਾਇ ॥੪॥੨॥

ਭਾਵ ਰੋਗ ਰੂਪੀ ਦੁੱਖ ਤੋਂ ਨਿਜਾਤ ਲਈ ਨਿਰੰਕਾਰ ਦਾ ਨਾਮ ਹੀ ਸਭ ਤੋਂ ਵੱਡੀ ਦਵਾਈ ਹੈ ਨਾਲੇ ਮੰਨ 'ਚ ਸੰਤੋਖ ਰੱਖਣਾ, ਜੀਆਂ ਤੇ ਦਿਆ ਕਰਨਾਂ। ਫਿਰ ਇਸ ਤਰਾਂ ਦੇ ਜੀਵਨ 'ਚ ਸਾਡੇ ਸਰੀਰ 'ਚ ਗਿਰਾਵਟ ਨਹੀ ਆਉਦੀ।
ਵੈਦ ਨੇ ਦੁਹਾਈ ਦੇ ਦਿੱਤੀ,"ਮਹਿਤਾ ਕਾਲੂ ਤੁਸੀ ਨਾਨਕ ਨੂੰ ਰੋਗੀ ਦਸ ਰਹੇ ਹੋ ਓਹ ਤਾਂ ਲੋਕਾਈ ਦੇ ਰੋਗ ਕੱਟਣ ਆਇਆ ਹੈ। ਮੈਂ ਤਾਂ ਜਦੋ ਨਾਨਕ ਦੀ ਬਾਹ ਆਪਣੇ ਹੱਥ ਲਈ ਸੀ ਮੈਨੂੰ ਤਾਂ ਓਦੋਂ ਹੀ ਅਲੌਕਿਕ ਅਹਿਸਾਸ ਜਿਹਾ ਹੋਇਆ ਸੀ। ਝਰਨਾਹਟ ਜਿਹੀ ਮਹਿਸੂਸ ਹੋਈ ਸੀ। ਮੰਨ ਨੂੰ ਠੰਡ ਜਿਹੀ ਪੈ ਗਈ ਸੀ। ਮਹਿਤਾ ਜੀ ਤੁਸੀ ਭਾਗਾਂ ਵਾਲੇ ਹੋ। "

----◈----

ਤੇ ਲਓ ਜੀ ਹੁਣ ਬ੍ਰਾਹਮਣ ਆਇਆ ਉਦਾਸੀ ਦਾ ਉਪਾਅ ਕਰਨ

ਕਿਉਕਿ ਗੁਰੂ ਸਾਹਿਬ ਅਨੰਦ ਚਿੱਤ ਨਿਰੰਕਾਰ ਨਾਲ ਇੱਕ ਮਿੱਕ ਹੋਏ, ਇਕੱਲੇ ਹੀ, ਬੈਠੇ ਜਾਂ ਲੰਮੇ ਪਏ ਰਹਿੰਦੇ ਸਨ। ਮਾਤਾ ਤ੍ਰਿਪਤਾ ਨੂੰ ਆਂਢਣਾਂ ਗਵਾਂਢਣਾਂ ਅਕਸਰ ਸਲਾਹ ਦੇਣੀ, "ਭੈਣ ਤੂੰ ਨਾਨਕ ਦੀ ਉਦਾਸੀ ਦਾ ਕੋਈ ਇਲਾਜ ਕਰਵਾ। ਹੋਰ ਨਹੀ ਤਾਂ ਪਿੰਡ ਦਾ ਪੰਡਤ ਬੜਾ ਸਿਆਣਾ ਹੈ ਉਹਦੇ ਕੋਲੋਂ ਹੀ ਕੋਈ ਉਪਾਅ ਕਰਵਾ ਲੈ। ਕੋਈ ਬਾਹਰ ਦੀ ਈ ਸ਼ੈਅ ਨਾਂ ਹੋਵੇ?" ਮਤਲਬ ਟੂਣਾ ਟਪਾਣਾ ਜੋ ਉਹਨੀ ਦਿਨੀਂ ਆਮ ਪ੍ਰਚਲਤ ਸਨ। ਇਕ ਵੇਰਾਂ ਫਿਰ ਮਾਂ ਤ੍ਰਿਪਤਾ ਨੇ ਮਨ ਬਣਾ ਹੀ ਲਿਆ ਕਿ ਨਾਨਕ ਵਾਸਤੇ ਕੋਈ ਉਪਾਅ ਹੀ ਕਰਵਾ ਲੈਨੇ ਆ ਪੰਡਤ ਨੂੰ ਸੱਦ ਕੇ। ਪੰਡਤ ਵੇਦਾਂ ਪੁਰਾਣਾਂ ਦਾ ਵੱਡਾ ਵਿਦਵਾਨ ਸੀ ਤੇ ਮੰਦਰ ਵਿੱਚ ਪੁਰਾਣਾਂ ਤੇ ਕਥਾ ਵੀ ਕਰਦਾ ਹੁੰਦਾ ਸੀ।

ਬਾਬੇ ਕੋਲ ਬਹਾਨਾ ਬਣਾਇਆ ਕਿ "ਨਾਨਕ ਤੈਨੂੰ ਰੱਬ ਬਾਬਤ ਗੱਲਾਂ ਕਰਨੀਆਂ ਹੀ ਚੰਗੀਆ ਲਗਦੀਆਂ ਹਨ। ਹੋਰ ਕਿਸੇ ਗੱਲ ਵਿੱਚ ਤੂੰ ਦਿਲਚਸਪੀ ਨਹੀ ਲੈਂਦਾ ਇਸ ਕਰਕੇ ਪੰਡਤ ਨੂੰ ਸੱਦਿਆ ਹੈ ਜੋ ਮੰਦਰ ਵਿੱਚ ਪੁਰਾਣਾਂ ਤੇ ਕਥਾ ਕਰਦਾ ਹੈ। "

ਸੋ ਮਾਤਾ ਤ੍ਰਿਪਤਾ ਨੇ ਪੰਡਤ ਜੀ ਨੂੰ ਆਖਿਰ ਨਾਨਕ ਦੀ ਉਦਾਸੀ ਦਾ ਉਪਾਅ ਕਰਨ ਲਈ ਸੱਦ ਭੇਜਿਆ। ਬ੍ਰਾਹਮਣ ਇਲਾਜ ਵਜੋਂ ਕਦੀ ਮੰਤਰਾਂ ਦਾ ਉਚਾਰਨ ਕਰਦੇ ਹਨ ਜਾਂ ਕੁਝ ਕਰਮ ਕਾਂਡ ਜਾਂ ਫਿਰ ਕੁਝ ਖਾਸ ਚੀਜਾਂ ਦਾਨ ਕਰਨ ਵਾਸਤੇ ਹਦਾਇਤ ਕਰਦੇ ਹਨ। ਜਿਵੇ ਘਰ ਦੇ ਦਰਵਾਜੇ ਤੇ ਨਰਿਆਲ ਜਾਂ ਨਿੰਬੂ ਤੇ ਹਰੀ ਮਿਰਚ ਲਮਕਾਉਣੇ, ਮਿਰਚਾ ਵਾਰਨੀਆਂ, ਸਰਹਾਣਾ ਚੜ੍ਹਦੇ ਪਾਸੇ ਕਰਾਉਣਾ, ਸਰ੍ਹੋ ਦੇ ਤੇਲ ਨਾਲ ਚੋਪੜ ਕੇ ਰੋਟੀ ਕਾਲੇ ਕੁੱਤੇ ਨੂੰ ਖਵਾਉਣੀ, ਛਨਿਛਰਵਾਰ ਰੋਟੀ ਕਾਲੇ ਛੋਲਿਆਂ ਦੀ ਸਬਜੀ ਨਾਲ ਖਾਣੀ, ਲਾਲ ਕਪੜੇ ਵਿੱਚ ਪਾ ਕੇ ਕੁਝ ਪੈਸੇ ਰਖਣਾ, ਪਿੱਪਲ ਦੇ ਰੁੱਖ ਨੂੰ ਰੋਜ ਪਾਣੀ ਦੇਣਾ, ਕੀੜੀਆਂ ਨੂੰ ਚਾਉਲ ਪਾਉਣੇ, ਪੰਡਤ ਨੂੰ ਦਾਨ ਦੇਣਾ, ਝਾੜੂ ਨੂੰ ਪੈਰ ਨਹੀ ਲਾਉਣਾ ਆਦਿ ਆਦਿ ਅਨੇਕਾਂ ਉਪਾਅ ਪੰਡਤ ਲੋਕ ਕਰਦੇ ਹਨ।

ਕਿਉਕਿ ਪੰਡਤ ਨਾਨਕ ਦੀ ਸਿਫਤ ਸੁਣ ਚੁੱਕਾ ਸੀ ਉਸ ਨੇ ਫੂਕ ਫੂਕ ਕੇ ਕਦਮ ਰੱਖੇ। ਮਾਤਾ ਜੀ ਨੇ ਪੰਡਤ ਦੀ ਉਸਤਤ ਕਰਨੀ ਸ਼ੁਰੂ ਕਰ ਦਿੱਤੀ ਕਿ ਇਹ ਮੰਨੇ ਹੋਏ ਵੇਦਾਂ ਪੁਰਾਣਾਂ ਦੇ ਗਿਆਤਾ ਨੇ ਤੇ ਮੰਦਰ ਵਿੱਚ ਕਥਾ ਕਰਦੇ ਨੇ। ਗੁਰੂ ਸਾਹਿਬ ਨੇ ਪੰਡਤ ਨੂੰ ਜੀ ਆਇਆ ਕਿਹਾ। ਗਾਲਾਂ ਬਾਤਾਂ ਹੋਈਆਂ। ਹੌਲੀ ਹੌਲੀ ਗੱਲ ਜੀਅ ਦੀ ਉਤਪਤੀ ਤੇ ਜਾ ਪਹੁੰਚੀ। :-

ਮਲਾਰ ਮਹਲਾ ੧ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥

ਪਵਣੈ ਪਾਣੀ ਜਾਣੈ ਜਾਤਿ ॥ ਕਾਇਆਂ ਅਗਨਿ ਕਰੇ ਨਿਭਰਾਂਤਿ ॥ ਜੰਮਹਿ ਜੀਅ ਜਾਣੈ ਜੇ ਥਾਉ ॥ ਸੁਰਤਾ ਪੰਡਿਤੁ ਤਾ ਕਾ ਨਾਉ ॥੧॥ ਗੁਣ ਗੋਬਿੰਦ ਨ ਜਾਣੀਅਹਿ ਮਾਇ ॥ ਅਣਡੀਠਾ ਕਿਛੁ ਕਹਣੁ ਨ ਜਾਇ ॥ ਕਿਆ ਕਰਿ ਆਖਿ ਵਖਾਣੀਐ ਮਾਇ ॥੧॥ ਰਹਾਉ ॥ ਊਪਰਿ ਦਰਿ ਅਸਮਾਨਿ ਪਇਆਲਿ ॥ ਕਿਉ ਕਰਿ ਕਹੀਐ ਦੇਹੁ ਵੀਚਾਰਿ ॥ ਬਿਨੁ ਜਿਹਵਾ ਜੋ ਜਪੈ ਹਿਆਇ ॥ ਕੋਈ ਜਾਣੈ ਕੈਸਾ ਨਾਉ ॥੨॥ ਕਥਨੀ ਬਦਨੀ ਰਹੈ ਨਿਭਰਾਂਤਿ ॥ ਸੋ ਬੂਝੈ ਹੋਵੈ ਜਿਸੁ ਦਾਤਿ ॥ ਅਹਿਨਿਸਿ ਅੰਤਰਿ ਰਹੈ ਲਿਵ ਲਾਇ ॥ ਸੋਈ ਪੁਰਖੁ ਜਿ ਸਚਿ ਸਮਾਇ ॥੩॥

ਪੰਡਤ ਜੀ ਇਹ ਤਾਂ ਜਾਣਦੇ ਸਨ ਕਿ ਜੀ ਦੀ ਰਚਨਾ ਪੰਜ ਤੱਤਾਂ ਦੇ

ਮੇਲ ਤੋਂ ਹੋਈ ਹੈ। ਪਰ ਜੀਅ ਵਿੱਚ ਜਿਹੜੀ ਚੇਤੰਨਤਾ ਹੈ ਤੇ ਜੋ ਨਿਰੰਕਾਰ ਦਾ ਵਾਸਾ ਹੈ ਉਸ ਬਾਰੇ ਪੰਡਤ ਜੀ ਅਗਿਆਨੀ ਸਨ। ਉਹ ਤਾਂ ਪੰਡਤ ਜੀ ਨੂੰ ਦਿਸਦਾ ਹੀ ਨਹੀ ਸੀ। ਉਹ ਮਾਲਕ ਦੀ ਸਿਫਤ ਸਲਾਹ ਤੋਂ ਅਨਜਾਣ ਸੀ। ਮਾਤਾ ਨੇ ਤਾਂ ਕਿਹਾ ਸੀ ਪੰਡਤ ਬੜਾ ਗਿਆਨਵਾਨ ਹੈ, ਸੁਰਤਾ ਹੈ, ਪਰ ਅਸਲੀ ਗਿਆਨ ਦੀ ਗੱਲ ਦੀ ਤਾਂ ਉਨ੍ਹੂੰ ਸਮਝ ਹੀ ਨਹੀ ਸੀ। ਗੁਰੂ ਸਾਹਿਬ ਨੇ ਆਤਮਾ ਪ੍ਰਮਾਤਮਾ ਦੀ ਜਦੋਂ ਗੱਲ ਦੱਸੀ ਤਾਂ ਪੰਡਤ ਪੈਰਾਂ ਤੇ ਆ ਪਿਆ। ਪੰਡਤ ਨੇ ਇਹ ਵੀ ਸੁਣਿਆ ਹੋਇਆ ਸੀ ਕਿ ਨਾਨਕ ਵਰਨ ਆਸ਼ਰਮ ਦੇ ਸਿਧਾਂਤ ਤੋਂ ਬਾਗੀ ਹੈ ਤੇ ਅਕਸਰ ਸ਼ੂਦਰਾਂ ਤੇ ਅਛੂਤਾਂ ਨਾਲ ਰਹਿੰਦਾ ਹੈ। ਇਹ ਗੱਲ ਪੰਡਤ ਨੂੰ ਜਚਦੀ ਨਹੀ ਸੀ।

ਜਾਤਿ ਕੁਲੀਨੁ ਸੇਵਕੁ ਜੇ ਹੋਇ ॥ ਤਾ ਕਾ ਕਹਣਾ ਕਹਹੁ ਨ ਕੋਇ ॥ ਵਿਚਿ ਸਨਾਤੀ ਸੇਵਕੁ ਹੋਇ ॥ ਨਾਨਕ ਪਣ੍ਹੀਆ ਪਹਿਰੈ ਸੋਇ ॥੪॥੧॥੬

ਗੁਰੂ ਸਾਹਿਬ ਨੇ ਇਸ ਤੇ ਪੰਡਤ ਨੂੰ ਮਨੁੱਖੀ ਬਰਾਬਰਤਾ ਬਾਰੇ ਸਮਝਾਇਆ। ਭਾਈ ਜਿਵੇ ਤੂੰ ਕਹਿਨਾ ਕਿ ਜੀਅ ਪੰਜ ਤੱਤਾਂ ਦਾ ਪੁਤਲਾ ਹੈ ਤੇ ਅਛੂਤ ਕਿਹੜਾ ਵਖਰੇ ਤੱਤਾਂ ਤੋਂ ਬਣਿਆ ਹੈ ਉਹ ਵੀ ਤਾਂ ਓਨਾਂ ਪੰਜਾਂ ਤੱਤਾਂ ਤੇ ਰੱਬ ਦੀ ਹੀ ਓਲਾਦ ਹੈ ਤੇ ਫਿਰ ਅਛੂਤ ਨੀਵਾਂ ਕਿਵੇ ਹੋ ਗਿਆ। ਤੇ ਕਿਹਾ ਕਿ ਜੇ ਕੋਈ ਅਛੂਤ ਹੈ ਤੇ ਨਿਰੰਕਾਰ ਦਾ ਭਗਤ ਹੈ ਤਾਂ ਮੇਰੇ ਵਾਸਤੇ ਉਹ ਸਭ ਤੋਂ ਸ੍ਰੇਸ਼ਠ ਹੈ।

ਲੰਮੀਆਂ ਚੌੜੀਆਂ ਵਿੱਚਾਰਾਂ ਤੋਂ ਬਾਦ ਪੰਡਤ ਜੀ ਗੁਰੂ ਸਾਹਿਬ ਦੇ ਚਰਨੀ ਲਗੇ ਤੇ ਵੱਡੇ ਪ੍ਰਚਾਰਕ ਹੋ ਨਿਬੜੇ।

——◈——

ਸੱਚਾ ਸੌਦਾ

ਸੰ.1543 ਬਿ.(1486 ਈ)

ਜਨਮ ਸਾਖੀਆਂ ਤੋਂ ਇਹੋ ਅੰਦਾਜ਼ਾ ਲਗਦਾ ਹੈ ਕਿ ਸਕੂਲੀ ਪੜ੍ਹਾਈ ਮੁੱਕਣ ਉਪਰੰਤ ਬਾਬਾ ਜੀ ਨੂੰ ਜਾਂ ਤਾਂ ਹੱਟੀ ਤੇ ਬਹਿਣਾ ਪੈਦਾ ਜਾਂ ਫਿਰ ਖੇਤੀ ਬਾੜੀ ਦਾ ਧਿਆਨ ਰਖਣਾ ਪੈਂਦਾ। ਕਦੀ ਬਾਬਾ ਹਲ ਵਹਾਉਂਦਾ। ਕਦੀ ਗੋਡੀ ਕਰਾਉਦਾ। ਕਦੀ ਡੰਗਰ ਚਾਰਨ ਦੀ ਜਿੰਮੇਵਾਰੀ ਦੇ ਦਿੱਤੀ ਜਾਂਦੀ। ਉਂਜ ਬਾਬਾ ਜੀ ਨੂੰ ਖੇਤੀ ਵਾਹੀ ਕਰਨੀ ਜਿਆਦਾ ਪਸੰਦ ਸੀ। ਗੁਰੂ ਸਾਹਿਬ ਕਾਰ ਵਿਹਾਰ ਨੂੰ ਬਹੁਤ ਗੰਭੀਰਤਾ ਨਾਲ ਨਹੀ ਸਨ ਲੈਂਦੇ। ਉਨਾਂ ਦਾ ਮੰਨ ਨਿਰੰਕਾਰ ਨਾਲ ਜੁੜਿਆ ਰਹਿੰਦਾ ਸੀ।

ਉਨਾਂ ਦੀ ਬਾਣੀ ਤੋਂ ਸਾਫ ਅੰਦਾਜ਼ਾ ਲਗਦਾ ਹੈ ਕਿ ਸਾਹਿਬ ਨੇ ਦੋਵੇ ਕੰਮ ਕੀਤੇ। ਉਹ ਦੋਵਾਂ ਕੰਮਾਂ ਦੀ ਸ਼ਬਦਾਵਲੀ ਅਕਸਰ ਬਾਣੀ ਵਿੱਚ ਵਰਤਦੇ ਹਨ। ਉਹ ਵਪਾਰ ਦੀ 'ਰਾਸ' ਆਦਿ ਦੀ ਗੱਲ ਕਰਦੇ ਹਨ ਖੇਤੀ ਦੇ 'ਵੱਤਰ' ਦੀ ਗੱਲ ਕਰਦੇ ਹਨ। ਅੰਦਾਜ਼ਾ ਹੈ ਕਿ ਮਹਿਤਾ ਕਾਲੂ ਦੇ ਭਰਾ ਲਾਲੂ ਦੀ ਹੱਟੀ ਹੋਵੇ। ਉਂਜ ਇਤਿਹਾਸ ਤੋਂ ਸਬੂਤ ਮਿਲਦੇ ਹਨ ਕਿ ਮਹਿਤਾ ਕਾਲੂ ਦੇ ਪਿਤਾ ਮਹਿਤਾ ਸ਼ਿਓ ਨਰਾਇਣ ਵੀ ਪੜ੍ਹੇ ਲਿਖੇ ਸਨ ਤੇ ਕਾਰਦਾਰ ਦੇ ਕੰਮ ਦੀ ਮੁਹਾਰਤ ਰਖਦੇ ਹਨ ਤਾਂ ਹੀ ਤਾਂ ਉਨਾਂ ਨੂੰ ਰਾਇ ਭੋਇ ਜਦੋ ਜਾਮਾਰਾਇ ਤੋਂ ਉਠਿਆ ਸੀ ਤਾਂ ਨਾਲ ਹੀ ਲੈ ਗਇਆ ਸੀ ਜਦੋਂ ਰਾਇ ਭੋਇ ਨੂੰ ਜਗੀਰ ਮਿਲੀ ਸੀ।

ਸੋ ਹੱਟੀ ਤੇ ਬਹਿਣ ਕਾਰਨ ਇਕ ਵੇਰਾਂ (ਜਦੋਂ ਬਾਬਾ ਨਾਨਕ 17 ਸਾਲਾਂ ਦੇ ਹੋਏ) ਤਾਂ ਮਹਿਤਾ ਕਾਲੂ ਨੇ ਨਾਨਕ ਨੂੰ ਹੋਰ ਵੱਡੀ ਜਿੰਮੇਵਾਰੀ ਦੇਣੀ ਚਾਹੀ। ਗੁਰੂ ਸਾਹਿਬ ਨੂੰ 20 ਰੁਪਏ ਦੇ ਕੇ ਕਿਹਾ ਗਇਆ ਕਿ ਨੇੜੇ ਦੀ ਮੰਡੀ ਜੋ ਤਲਵੰਡੀ ਤੋਂ ਕੋਈ 12 ਮੀਲ ਦੂਰ, ਕਸਬਾ ਚੂਹੜਕਾਣੇ ਵਿੱਚ ਸੀ ਭੇਜਿਆ ਗਇਆ ਕਿ ਵਧੀਆ ਸੌਦਾ ਪੂਰੀ ਪੁੱਛ ਪਰਤੀਤ ਕਰਕੇ ਖਰੀਦ ਕੇ ਲਿਆਵੇ। ਪਿਤਾ ਨੇ ਕਿਹਾ ਕਿ "ਪੁੱਤਰਾ ਕੋਈ ਖਰਾ ਸੌਦਾ ਕਰੀ। ਐਵੇ ਮਿੱਟੀ ਘੱਟਾ ਹੀ ਨਾਂ ਚੁੱਕ ਲਿਆਵੀ। "

ਇਤਿਹਾਸ ਵਿੱਚ ਆਉਦਾ ਹੈ ਕਿ ਨਾਲ ਕੋਈ ਨਫਰ (ਨੌਕਰ) ਭੇਜਿਆ ਗਿਆ। ਸਾਫ ਅੰਦਾਜ਼ਾ ਹੈ ਕਿ ਭਾਈ ਮਰਦਾਨਾ ਗੁਰੂ ਸਾਹਿਬ ਦੇ ਨਾਲ ਗਇਆ। ਚੂਹੜਕਾਣੇ ਜਦੋਂ ਦੋਵੇ ਪਹੁੰਚੇ ਤਾਂ ਓਰੇ ਬਾਗ ਵਿੱਚ ਸਾਧੂਆਂ ਦਾ ਟੋਲਾ ਨਜ਼ਰ ਆਇਆ। ਰੱਬ ਦੀ

ਗੁਰਦੁਆਰਾ ਸੱਚਾ ਸੌਦਾ, ਚੂਹੜਕਾਣਾ

ਗੱਲ ਕਰਨ ਵਾਲੇ ਨਜ਼ਰ ਆ ਜਾਣ ਤਾਂ ਭਲਾ ਬਾਬਾ ਨਾਨਕ ਕਿਵੇ ਅੱਗੇ ਪੈਰ ਪੁੱਟੇ। ਦੋਵੇ ਬਾਗ ਵਿੱਚ ਚਲੇ ਗਏ।

ਅੱਗੇ ਨੰਗ ਧੜੰਗੇ ਸਾਧੂ ਧੂਣੀਆਂ ਲਾਈ ਬੈਠੇ ਸਨ। ਬਾਬੇ ਨੇ ਜਾ ਮੱਥਾ ਟੇਕਿਆ। ਸਾਧਾਂ ਨੇ ਅਸ਼ੀਰਵਾਦ ਦਿੱਤਾ। ਜਗਆਸੂ ਬਾਬੇ ਨੇ ਸਵਾਲਾਂ ਦੀ ਝੜੀ ਲਾ ਦਿੱਤੀ। "ਤੁਸੀ ਸਾਧ ਕਿਓ ਬਣ ਗਏ ਹੋ? ਤੁਸਾਂ ਘਰ ਬਾਰ ਕਿਓ ਤਿਆਗ ਦਿੱਤੇ? ਤੁਸੀ ਨੰਗੇ ਕਿਓ ਬੈਠੇ ਹੋ? ਤੁਸੀ ਖਾਂਦੇ ਕੀ ਹੋ? ਤੁਹਾਨੂੰ ਠੰਡ ਨਹੀ ਲਗਦੀ?" ਜਦੋਂ ਬਾਬੇ ਨੇ ਰੂਹਾਨੀਅਤ ਨਾਲ ਸਬੰਧ ਰਖਦੇ ਕੁਝ ਡੂੰਘੇ ਸਵਾਲ ਕਰ ਦਿੱਤੇ ਤਾਂ ਸਾਧ ਗੁਰੂ ਸਾਹਿਬ ਨੂੰ ਸਾਧਾਂ ਦੇ ਮੁੱਖੀ ਕੋਲ ਲੈ ਗਏ। ਉਸ ਨੇ ਆਪਣਾ ਨਾਂ ਸੰਤਰੇਣ ਦੱਸਿਆ ਭਾਵ ਸੰਤਾਂ ਦੇ ਚਰਨਾਂ ਦੀ ਧੂੜ। ਇਤਿਹਾਸ ਤੋਂ ਇਹੋ ਲਗਦਾ ਹੈ ਕਿ ਉਹ ਕੋਈ ਪਾਖੰਡੀ ਸਾਧੂ ਨਹੀ ਸੀ। ਉਹਨਾਂ ਦੇ ਹਾਲਾਤਾਂ ਬਾਰੇ ਸੁਣ ਕੇ ਗੁਰੂ ਸਾਹਿਬ ਨੂੰ ਉਨਾਂ ਤੇ ਤਰਸ ਆ ਗਿਆ, ਕਿਵੇ ਉਹ ਦੋ ਦਿਨ ਤੋਂ ਭੁੱਖੇ ਭਾਣੇ ਸਨ। ਸਾਹਿਬ ਨੂੰ ਪਤਾ ਸੀ ਕਿ ਉਹ ਗੱਲਤ ਰਸਤੇ ਤੇ ਸਨ ਕਿਉਕਿ ਉਹ ਸੰਨਿਆਸੀ ਸਨ ਤੇ ਸਮਾਜ ਤੇ ਬੋਝ ਸਨ ਪਰ ਇਹ ਉਨਾਂ ਦੇ ਵੱਸ ਵਿੱਚ ਹੀ ਨਹੀ ਸੀ। ਹਾਲਾਤਾਂ ਨੇ ਉਨਾਂ ਨੂੰ ਉਸ ਰਸਤੇ ਤੇ ਤੋਰ ਰਖਿਆ ਸੀ। ਗੁਰੂ ਸਾਹਿਬ ਦੀ ਸਿਖਿਆਂਵਾਂ ਵਿੱਚੋਂ ਮੁਢਲੀ ਸਿਖਿਆ ਹੈ 'ਦਿਆ ਕਰਨੀ'। ਉਹ ਮੰਗ ਪਿੰਨ ਕੇ ਖਾਣ ਦੇ ਖਿਲਾਫ ਸਨ। ਉਹਨਾਂ ਕਿਰਤ ਕਰਨ ਤੇ ਜੋਰ ਦਿੱਤਾ ਸੀ।

ਗੁਰਦੁਆਰਾ ਤੰਬੂ ਸਾਹਿਬ ਲਾਗੇ ਅੱਜ ਤਕ ਮੌਜੂਦ ਵਣਾਂ (ਪੀਲੂ) ਦੇ ਉਹ ਵਿਸ਼ਾਲ ਰੁੱਖ ਜਿੰਨਾਂ ਵਿਚ ਬਾਬਾ ਨਾਨਕ ਪਿਤਾ ਤੋਂ ਡਰਦਾ ਲੁੱਕਿਆ ਸੀ, ਸੱਚਾ ਸੌਦਾ ਕਰਨ ਉਪਰੰਤ।(ਖੱਬੇ) ਬਾਹਰੀ ਫੋਟੋ ਅਤੇ (ਸੱਜੇ) ਰੁੱਖਾਂ ਅੰਦਰ ਵੜ੍ਹ ਕੇ ਲਈ ਫੋਟੋ। ਰੁੱਖਾਂ ਥੱਲੇ ਜਾ ਕੇ ਪਤਾ ਲਗਦਾ ਹੈ ਕਿ ਕਿਵੇ ਰੁੱਖਾਂ ਨੇ ਤੰਬੂ ਤਾਣਿਆ ਹੋਇਆ ਹੈ।(ਵਾਹਿਗੁਰੂ ਰੁੱਖਾਂ ਨੂੰ ਕਾਰ ਸੇਵਾ ਵਾਲਿਆਂ ਤੋਂ ਬਚਾ ਕੇ ਰੱਖੇ)

ਗੁਰੂ ਸਾਹਿਬ ਕੋਲ ਜਿਹੜੀ ਮਾਇਆ 20 ਰੁਪਏ ਸੀ, ਉਹ ਓਨਾਂ ਨੇ ਮਹੰਤ ਦੇ ਚਰਨਾਂ ਤੇ ਰੱਖ ਦਿੱਤੀ ਕਿ ਇਸ ਨਾਲ ਆਪਣੇ ਲਈ ਆਟਾ ਲੂਣ ਲੈ ਆਓ। ਮਹੰਤ ਨੇ ਕਿਹਾ ਕਿ ਅਸੀ ਮਾਇਆ ਨੂੰ ਹੱਥ ਨਹੀ ਲਾਉਦੇ ਜੇ ਤੁਹਾਡੇ 'ਚ ਸ਼ਰਧਾ ਹੈ ਤਾਂ ਸਾਨੂੰ ਰੋਟੀ ਖੁਆ ਦਿਓ।

ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਚਲੋਂ ਆਪਾਂ ਮੰਡੀ ਚਲਦੇ ਹਾਂ। ਮਰਦਾਨੇ ਨੇ ਗੁਰੂ ਸਾਹਿਬ ਨੂੰ ਸੁਚੇਤ ਕੀਤਾ ਕਿ ਤੁਹਾਡੇ ਪਿਤਾ ਜੀ ਇਸ ਗੱਲ ਤੇ ਨਰਾਜ ਹੋਣਗੇ, ਜੋ 20 ਰੁਪਏ ਤੁਸੀ ਦਾਨ ਕਰਨ ਜਾ ਰਹੇ ਹੋ। ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਮਰਦਾਨਿਆ ਭਾਈਏ ਨੇ ਕਿਹਾ ਸੀ ਕਿ ਵਧੀਆ ਸੌਦਾ ਕਰੀ ਜਿਹੜਾ ਲਾਹੇਵੰਦ ਹੋਵੇ ਤੇ ਭਾਈ ਇਸ ਤੋਂ ਵਧੀਆਂ ਸੌਦਾ ਕੀ ਹੋ ਸਕਦਾ ਹੈ? ਮਰਦਾਨੇ ਕਿਹਾ ਜੀ ਜਿਵੇ ਤੁਹਾਡੀ ਮਰਜੀ ਕਰੋ ਜੀ।

ਗੁਰੂ ਸਾਹਿਬ ਨੇ ਖਾਣ ਦੀ ਰਸਦ ਤੋਂ ਇਲਾਵਾ ਕੁਝ ਖੱਦਰ ਦੇ ਥਾਨ ਲਿਆ ਸਾਧਾਂ ਦੇ ਹਵਾਲੇ ਕੀਤੇ ਤੇ ਓਥੋਂ ਹੀ ਤਲਵੰਡੀ ਨੂੰ ਵਾਪਸ ਰਵਾਨਾ ਹੋ ਗਏ।

ਜਦੋਂ ਪਿੰਡ ਲਾਗੇ ਗਏ ਤਾਂ ਅਹਿਸਾਸ ਹੋਇਆ ਕਿ ਹੁਣ ਭਾਈਏ ਨੇ ਕੁਟਾਪਾ ਚਾੜਨਾ ਵਾ। ਬਾਬਾ ਕਦੀ ਪੈਰ ਘਰ ਵਲ ਪੁੱਟੇ ਤੇ ਕਦੀ ਬਾਹਰ ਵਲ। ਆਖਿਰ ਪੀਲੂ (ਵਣਾਂ) ਦੇ ਇਕ ਝੁੰਡ ਵਿੱਚ ਜਾ ਬੈਠਾ। ਜਿੱਥੇ ਬਾਬੇ ਦੀ ਫਿਰ ਨਿਰੰਕਾਰ ਨਾਲ ਲਿਵ ਲਗ ਗਈ। ਮਰਦਾਨਾਂ ਰਵਾਂ ਰਵੀ ਘਰ ਪਹੁੰਚ ਗਇਆ ਤੇ ਬਾਦ ਵਿੱਚ ਬਾਬੇ ਦੇ ਘਰ ਜਾ ਕੇ ਸਾਰੀ ਵਿਥਿਆ ਕਹਿ ਸੁਣਾਈ।

ਜਦੋਂ ਮਹਿਤਾ ਕਾਲੂ ਨੇ ਇਹ ਸੁਣਿਆ ਤਾਂ ਉਹ ਅੱਗ ਬਬੂਲਾ ਹੋ ਉਠਿਆ। ਉਨੂੰ ਪਤਾ ਸੀ ਨਾਨਕ ਦੇ ਟਿਕਾਣਿਆ ਦਾ। ਵਣਾਂ ਦੇ ਝੁੰਡ ਵਿੱਚੋ ਆ ਫੜਿਆ। ਮਗਰ ਮਗਰ ਹੀ ਬੇਬੇ ਨਾਨਕੀ ਆ ਗਈ। ਇਸ ਤੋਂ ਪਹਿਲਾਂ ਕਿ ਬੇਬੇ ਨਾਨਕੀ ਛੁਡਾ ਪਾਉਦੀ ਬਾਪੂ ਨੇ ਦੋ ਤਿੰਨ ਚਪੇੜਾਂ ਨਿਰੰਕਾਰ ਰੂਪ ਗੁਰੂ ਨਾਨਕ ਦੇ ਜੜ੍ਹ ਦਿੱਤੀਆਂ। ਧੂਹ ਕੇ ਘਰ ਲੈ ਆਂਦਾ। ਗੁਰੂ ਸਾਹਿਬ ਦੇ ਮੰਨ ਵਿੱਚ ਫਿਰ ਆਪਣੇ ਸੱਚੇ ਪਿਤਾ ਲਈ ਪ੍ਰੇਮ ਜਾਗਿਆ ਤੇ ਫਰਮਾਇਆ:-

ਆਸਾ ਮਹਲਾ ੧ ॥ ਨ ਕਿਸ ਕਾ ਪੂਤੁ ਨ ਕਿਸ ਕੀ ਮਾਈ ॥ ਝੂਠੈ ਮੋਹਿ ਭਰਮਿ ਭੁਲਾਈ ॥੧॥ ਮੇਰੇ ਸਾਹਿਬ ਹਉ ਕੀਤਾ ਤੇਰਾ ॥ ਜਾਂ ਤੂੰ ਦੇਹਿ ਜਪੀ ਨਾਉ ਤੇਰਾ ॥੧॥ ਰਹਾਉ ॥ ਬਹੁਤੇ ਅਉਗਣ ਕੂਕੈ ਕੋਈ ॥ ਜਾ ਤਿਸੁ ਭਾਵੈ ਬਖਸੇ ਸੋਈ ॥੨॥ ਗੁਰ ਪਰਸਾਦੀ ਦੁਰਮਤਿ ਖੋਈ ॥ ਜਹ ਦੇਖਾ ਤਹ ਏਕੋ ਸੋਈ ॥੩॥ ਕਹਤ ਨਾਨਕ ਐਸੀ ਮਤਿ ਆਵੈ ॥ ਤਾਂ ਕੋ ਸਚੇ ਸਚਿ ਸਮਾਵੈ ॥੪॥੨੯

ਨਾਨਕ ਨੂੰ ਪਈ ਕੁੱਟ ਦੀ ਗੱਲ ਰਾਇ ਬੁਲਾਰ ਤੱਕ ਵੀ ਜਾ ਪਾਹੁੰਚੀ। ਰਾਇ ਨੇ ਝੱਟ ਬੰਦਾ ਭੇਜ ਕੇ ਮਹਿਤਾ ਜੀ ਨੂੰ ਸੱਦ ਲਿਆ। ਸਾਰੀ ਗੱਲ ਸੁਣੀ ਤਾਂ ਰਾਇ ਨੇ ਆਪਣੇ ਕੋਲੋਂ 20 ਰੁਪਏ ਮਹਿਤਾ ਜੀ ਨੂੰ ਦੇ ਦਿੱਤੇ ਤੇ ਅੱਗੇ ਤੋਂ ਹੁਕਮ ਕੀਤਾ ਕਿ ਬਾਬੇ ਨਾਨਕ ਨੂੰ ਹੱਥ ਨਹੀ ਲਾਉਣਾ। ਜੋ ਨੁਕਸਾਨ ਬਾਬਾ ਕਰੇ ਉਹ ਮੇਰੇ ਕੋਲ ਆ ਕੇ ਲੈ ਜਾਇਆ ਕਰੀ। "ਭੋਲਿਆ ਜਿੰਨੀ ਇਸ ਪ੍ਰਿਥਵੀ ਤੇ ਮਾਇਆ ਹੈ ਸਭ ਖੁੱਦਾ ਤੇ ਖੁਦਾ ਦੇ ਇਸ ਬੰਦੇ ਦੀ ਹੈ। ਤੈਨੂੰ ਇਸ ਗੱਲ ਦੀ ਸਾਰ ਨਹੀ। "

ਜਦੋਂ ਇਹ ਗੱਲ ਪਿੰਡ ਵਿੱਚ ਫੈਲ ਗਈ ਕਿ ਮਹਿਤੇ ਨੇ ਰਾਜੇ ਕੋਲੋ 20 ਰੁਪਏ ਲੈ ਲਏ ਨੇ ਤਾਂ ਲੋਕਾਂ ਮਹਿਤਾ ਜੀ ਨੂੰ ਹੋਇ ਹੋਇ ਕਰ ਦਿੱਤੀ। ਮਹਿਤਾ ਜੀ ਨੇ ਸ਼ਰਮ ਦੇ ਮਾਰੇ ਉਹ 20 ਰੁਪਏ ਜਾ ਰਾਜਾ ਨੂੰ ਵਾਪਸ ਕਰ ਦਿੱਤੇ। ਰਾਜਾ ਵਾਪਸ ਲਏ ਨਾਂ। ਆਖੀਰ ਮਿਨਤਾਂ ਤਰਲੇ ਕਰਕੇ ਪੈਸੇ ਵਾਪਸ ਹੋ ਗਏ।

—▲—

ਪੈਰ ਸਫਾ

ਸੱਚਾ ਸੌਦਾ : ਓਦੋ ਦੇ 20 ਰੁਪੱਏ ਮਤਲਬ ਅੱਜ ਦੇ 7600 ਰੁਪਏ।

ਵੱਖ ਵੱਖ ਕਿਸਮ ਦੇ ਸਿੱਕੇ ਚਲਦੇ ਸਨ। ਸੋਨੇ ਦਾ, ਚਾਂਦੀ ਦਾ, ਤਾਂਬੇ ਦਾ। ਜਿਹੜਾ ਚਾਂਦੀ ਦਾ ਹੁੰਦਾ ਸੀ ਉਨੂੰ ਰੁਪਿਆ ਕਿਹਾ ਜਾਂਦਾ ਸੀ। ਰੁਪਿਆ ਮਾਇਨੇ ਚਾਂਦੀ।

ਇਹ ਗੱਲ 1486 ਈ ਦੀ ਹੈ। ਉਨੀ ਦਿਨੀ ਸਭ ਤੋਂ ਸਸਤੀ ਕੌਡੀ ਹੁੰਦੀ ਸੀ ਤੇ ਮੁਢਲਾ ਸਿੱਕਾ 'ਦਾਮ' ਸੀ ਜੋ ਕਿ ਤਾਂਬੇ ਦਾ ਹੁੰਦਾ ਸੀ । ਚਾਂਦੀ ਦਾ ਸਿੱਕਾ 'ਰੁਪਿਆ' ਕਹਾਉਂਦਾ ਸੀ। ਪ੍ਰਸਿਧ ਪੁਸਤਕ ਆਇਨ ਏ ਅਕਬਰੀ ਮੁਤਾਬਿਕ 40 ਦਾਮ ਦਾ ਇਕ ਰੁਪਿਆ ਹੁੰਦਾ ਸੀ। (ਰੁਪਿਆ ਮਾਇਨੇ ਚਾਂਦੀ) ਸੋਨੇ ਦੇ ਸਿੱਕੇ ਨੂੰ 'ਮੋਹਰ' ਆਖਿਆ ਜਾਂਦਾ ਸੀ।

ਸਿਕੰਦਰ ਲੋਧੀ ਦਾ ਚਾਂਦੀ ਦਾ ਸਿੱਕਾ 9.5 ਗ੍ਰਾਮ (ਸਾਢੇ ਨੌ) ਦਾ ਹੁੰਦਾ ਸੀ। ਇਸ ਪ੍ਰਕਾਰ ਗੁਰੂ ਸਾਹਿਬ ਦੇ 20 ਸਿਕਿਆਂ ਦਾ ਵਜਨ ਹੋ ਗਇਆ ਕੋਈ 190 ਗ੍ਰਾਮ। ਅੱਜ ਚਾਂਦੀ ਦਾ ਭਾਅ ਕੋਈ 40000 ਰੁਪਏ ਕਿਲੋ ਹੈ। ਸੋ ਅੱਜ ਦੇ ਹਿਸਾਬ ਬਣ ਗਏ 7600 ਰੁਪਏ।

ਸਿਕੰਦਰ ਲੋਧੀ ਦਾ ਚਾਂਦੀ ਦਾ ਰੁਪਿਆ। ਇਹ 20 ਰੁਪਏ ਗੁਰੂ ਸਾਹਿਬ ਨੇ, ਖਰਚੇ ਸਨ, ਸੱਚਾ ਸੌਦਾ ਵੇਲੇ।

ਆਇਨ ਏ ਅਕਬਰੀ ਮੁਤਾਬਿਕ ਇਕਾਈਆਂ ਇਸ ਪ੍ਰਕਾਰ ਹਨ:-

8 ਰੱਤੀ=ਇਕ ਮਾਸਾ। 12 ਮਾਸੇ= ਇਕ ਤੋਲਾ। 80 ਤੋਲੇ= ਇਕ ਸੇਰ ਤੇ ਇਕ ਟੰਕ= 4 ਮਾਸੇ (ਪਰ ਅਕਬਰ ਨੇ ਟੰਕ 5 ਮਾਸੇ ਦਾ ਕਰ ਦਿੱਤਾ)

ਇਕ ਦਾਮ ਦਾ ਭਾਰ= 5 ਟੰਕ। ਰੁਪਈਆ (ਚਾਂਦੀ ਦਾ)- 11 ਮਾਸੇ

ਦਾਮ ਦਾ ਵਜਨ 5 ਟੰਕ ਭਾਵ ਇਕ ਤੋਲਾ ਤੇ 8 ਮਾਸੇ ਹੁੰਦਾ ਸੀ। (ਆਇਨ ਵਿੱਚ ਲਿਖਿਆ ਹੈ ਕਿ ਦਾਮ ਨੂੰ ਪਹਿਲਾਂ ਪੈਸਾ ਕਿਹਾ ਜਾਂਦਾ ਸੀ। ਰੁਪਿਆ ਚਾਂਦੀ ਦਾ ਤੇ ਗੋਲ ਸ਼ਕਲ ਵਿੱਚ ਹੁੰਦਾ ਹੈ। ਸ਼ੇਰ ਸ਼ਾਹ ਸੂਰੀ ਨੇ ਇਹਦਾ ਵਜਨ 11 ਮਾਸੇ ਦਾ ਕਰ ਦਿੱਤਾ ਹੈ।

40 ਦਾਮ = ਇਕ ਰੁਪਿਆ, ਇਕ ਦਾਮ = 2 ਧੈਲੇ

ਇਕ ਦਾਮ = 4 ਪੈਲੀਆ, ਇਕ ਦਾਮ = 8 ਦਮੜੀਆ

ਵਜਨ ਦੀਆਂ ਇਕਾਈਆਂ ਇਸ ਤਰਾਂ ਸਨ:- 8 ਰੱਤੀ (ਜੰਗਲੀ ਬੂਟੇ ਦਾ ਬੀ ਜੋ ਕੁੱਕੜ ਦੀ ਅੱਖ ਜਿੱਡਾ ਹੁੰਦਾ)= 1 ਮਾਸਾ 12 ਮਾਸੇ = ਇਕ ਤੋਲਾ 80 ਤੋਲੇ = ਇਕ ਸੇਰ (871 ਗ੍ਰਾਮ) 40 ਸੇਰ = ਇਕ ਮਣ (34.8 ਕਿਲੋ)

ਆਇਨੇ ਅਕਬਰੀ 'ਚ ਲਿਖਿਆ ਹੈ ਕਿ ਚਾਂਦੀ ਦੇ ਰੁਪਏ ਨਾਲ ਤੁਸੀ ਇਕ ਤੋਲਾ ਚਾਂਦੀ ਖਰੀਦ ਸਕਦੇ ਹੋ। ਕਿਤਾਬ ਵਿੱਚ ਬਾਕੀ ਜਿਣਸਾਂ ਦੇ ਰੇਟ ਵੀ ਦਿੱਤੇ ਨੇ। ਦੇਸੀ ਘਿਓ (ਓਦੋਂ ਵਨਾਸਪਤੀ ਘਿਓ ਹੁੰਦਾ ਹੀ ਨਹੀ ਸੀ) = ਢਾਈ ਰੁਪਏ ਮਣ, ਕਣਕ (ਮਣ)= 12 ਦਾਮ, ਛੋਲੇ (ਮਣ)=8 ਦਾਮ, ਬੱਕਰੀ= ਇਕ ਰੁੱਪਿਆ, ਭੇਡ=1.5 ਰੁੱਪਿਆ। ਲੂਣ (ਮਣ) = 6 ਦਾਮ, ਹਲਦੀ (ਸੇਰ) =10 ਦਾਮ।

ਬਾਬ-16

16- ਵਿਆਹ ਅਤੇ ਮਗਰੋ

1485- 1493 ਈ.

ਸਕੂਲੀ ਪੜ੍ਹਾਈ ਪੂਰੀ ਕਰਨ ਉਪਰੰਤ ਗੁਰੂ ਸਾਹਿਬ ਸ਼ੁਰੂ ਵਿਚ ਹੱਟੀ ਤੇ ਬੈਠਦੇ ਸਨ। ਪਰ ਸੱਚਾ ਸੌਦਾ ਵਾਲੀ ਘਟਨਾ ਤੋਂ ਬਾਦ ਪਿਤਾ ਜੀ ਸਮਝਣ ਲੱਗ ਪਏ ਸਨ ਕਿ ਨਾਨਕ ਵਪਾਰ ਦੇ ਕੰਮਾਂ ਦੇ ਬਹੁਤਾ ਯੋਗ ਨਹੀ ਹੈ ਕਿਉਕਿ ਨਾਨਕ ਨੂੰ ਖੱਟੀ ਦਾ ਲਾਲਚ ਹੁੰਦਾ ਹੀ ਨਹੀ ਸੀ। ਗੁਰੂ ਸਾਹਿਬ ਹੱਟੀ ਤੇ ਹਰ ਲੋੜਵੰਦ ਦੀ ਗਰਜ ਪੂਰੀ ਕਰ ਦਿਆ ਕਰਦੇ ਸਨ। ਪਿਤਾ ਨੇ ਫਿਰ ਗੁਰੂ ਸਾਹਿਬ ਦੀ ਜਿੰਮੇਵਾਰੀ ਕਿਸਾਨੀ ਤੇ ਪਸ਼ੂ ਪਾਲਣ ਵਲ ਲਾ ਰੱਖੀ ਸੀ। ਗੁਰੂ ਸਾਹਿਬ ਨੂੰ ਵੀ ਖੇਤੀ ਬਾੜੀ ਵਾਲਾ ਕੰਮ ਜਿਆਦਾ ਪਸੰਦ ਸੀ। ਹਾਲਾਂ ਹੱਟੀ ਤੇ ਵੀ ਉਨਾਂ ਨੂੰ ਅਕਸਰ ਬੈਠਣਾ ਪੈਂਦਾ ਸੀ। ਮਨੁੱਖਤਾਵਾਦੀ ਨਜਰੀਏ ਨਾਲ ਚਾਹੇ ਉਨਾਂ ਖੇਤੀ ਕੀਤੀ ਜਾਂ ਹੱਟੀ ਅੰਤ 'ਚ ਹਰ ਕੰਮ ਵਿਚ ਬਰਕਤ ਵੇਖੀ ਜਾਂਦੀ ਸੀ। ਪਿਤਾ ਕਾਲੂ ਨੂੰ ਕਦੀ ਨੁਕਸਾਨ ਨਹੀ ਸੀ ਝੱਲਣਾ ਪਿਆ। ਰੱਬ ਦੇ ਪਿਆਰ ਵਿਚ ਸ਼ਾਇਰੀ ਤਾਂ ਉਨਾਂ ਪਹਿਲਾਂ ਹੀ ਕਹਿਣੀ ਸ਼ੁਰੂ ਕਰ ਦਿੱਤੀ ਸੀ। ਇਹਦੇ ਨਾਲ ਹੀ ਗੁਰੂ ਸਾਹਿਬ ਇਲਾਕੇ ਦੇ ਹਰ ਧਾਰਮਿਕ ਮੇਲੇ ਜਾਂ ਇਕੱਠ ਤੇ ਪਹੁੰਚਦੇ। ਇਥੋਂ ਤੱਕ ਕਿ ਇਸ ਦੌਰ ਵਿਚ ਮਰਦਾਨਾ ਤੇ ਉਹ ਇਕ ਵੇਰਾਂ ਹਾਜੀਆਂ ਦੇ ਨਾਲ ਮੁਲਤਾਨ ਤੱਕ ਵੀ ਗਏ ਸਨ। 23-24 ਸਾਲ ਦੀ ਉਮਰ ਤਕ ਮਤਲਬ ਵਿਆਹ ਹੋਣ ਤੋਂ ਬਾਦ ਵੀ ਕੁਝ ਸਾਲ ਉਹ ਤਲਵੰਡੀ ਹੀ ਰਹੇ ਸਨ।



ਜਿੰਦਗੀਨਾਮਾ ਪੜ੍ਹਦੇ ਸਮੇਂ ਇਹ ਨਕਸ਼ਾ ਭਾਵ ਇਹ ਦੂਰੀਆਂ ਤੁਹਾਡੇ ਧਿਆਨ ਵਿਚ ਰਹਿਣੀਆਂ ਚਾਹੀਦੀਆਂ ਨੇ

ਬਾਬੇ ਦੀ ਮੰਗਣੀ

ਗੁਰੂ ਨਾਨਕ ਪਾਤਸ਼ਾਹ ਦੀ ਕੁੜਮਾਈ (ਮੰਗਣੀ) 16 ਸਾਲ ਦੀ ਉਮਰ ਵਿੱਚ 5 ਵੈਸਾਖ ਸੰਮਤ 1542 (1485 ਈ.) ਨੂੰ ਹੋਈ ਸੀ। ਗੁਰੂ ਸਾਹਿਬ ਦੇ ਵਿੱਚੋਲੇ ਓਨਾਂ ਦੇ ਭਣਵੱਈਆ ਜੈ ਰਾਮ ਹੀ ਬਣੇ ਸਨ। ਗੁਰੂ ਸਾਹਿਬ ਦੇ ਸਹੁਰਾ ਮੂਲ ਚੰਦ, ਗੋਤ ਚੋਣਾ, ਜਾਤ ਖੱਤਰੀ, ਬਟਾਲਾ ਦੇ ਰਹਿਣ ਵਾਲੇ ਸਨ ਤੇ ਉਹ ਪਿੰਡ ਪੱਖੋਕੇ, ਨੇੜੇ ਕਰਤਾਰਪੁਰ ਸਾਹਿਬ ਵਿੱਚ ਪਟਵਾਰੀ ਸਨ। (ਯਾਦ ਰਹੇ ਇਹ ਪੱਖੋਕੇ ਕਰਤਾਰਪੁਰ ਸਾਹਿਬ ਤੋਂ ਕਿਲੋ ਮੀਟਰ ਹਟਵਾਂ ਹੁੰਦਾ ਸੀ। ਇਨੂੰ ਪੱਖੋਕੇ ਰੰਧਾਵਾ ਵੀ ਕਿਹਾ ਜਾਂਦਾ ਸੀ। ਰਾਵੀ ਦਾ ਵਹਿਣ ਬਦਲਨ ਕਰਕੇ ਪਿੰਡ ਗਰਕ ਗਇਆ ਸੀ। ਇਥੋਂ ਦੇ ਵਸਨੀਕਾਂ ਉਠ ਕੇ ਫਿਰ ਚਾਰ ਪਿੰਡ ਵਸਾਏ ਸਨ ਜੋ ਅੱਜ ਕਲ੍ਹ ਭਾਰਤ ਦੀ ਸਰਹੱਦ ਅੰਦਰ ਹਨ। 1. ਡੇਰਾ ਬਾਬਾ ਨਾਨਕ (ਡ.ਬ.ਨ), 2. ਡ.ਬ.ਨ ਦੇ ਨਾਲ ਹੀ ਚੜ੍ਹਦੇ ਪਾਸੇ ਪਿੰਡ ਪੱਖੋਕੇ ਟਾਹਲੀ ਸਾਹਿਬ, 3. ਡ.ਬ.ਨ ਦੇ ਲਹਿੰਦੇ ਦੱਖਣ ਵਿੱਚ ਪੱਖੋਕੇ ਮੈਂਹਮਾਰਾਂ, 4. ਇਕ ਪੱਖੋਕੇ ਰੰਧਾਵਾ, ਡ.ਬ.ਨ ਦੇ ਪਹਾੜ ਪਾਸੇ ਹੁੰਦਾ ਸੀ ਜੋ ਧੁੱਸੀਓ ਪਾਰ ਹੋਣ ਕਰਕੇ ਲੋਕ ਛੱਡ ਆਏ ਸਨ। ਦਿਲਚਸਪ ਗੱਲ ਇਹ ਹੈ ਕਿ ਗੁਰੂ ਸਾਹਿਬ ਦੇ ਪਿਤਾ, ਭਣਵੱਈਆ ਤੇ ਸਹੁਰਾ ਇਕ ਹੀ ਕਿੱਤੇ, ਭਾਵ ਮਾਲ ਮਹਿਕਮੇ ਦੇ ਸਨ। ਇਸ ਰਿਸਤੇ ਦੀ ਕੜੀ, ਭਾਈਆ ਜੈ ਰਾਮ ਹੀ ਸਨ ਕਿਉਕਿ ਓਨਾਂ ਨੂੰ ਮਹਿਕਮੇ ਦੇ ਕੰਮ ਕਰਕੇ ਸਭ ਪਾਸੇ ਜਾਣਾ ਪੈਂਦਾ ਸੀ। ਉਹ ਸੁਲਤਾਨਪੁਰ ਲੋਧੀ ਦੇ ਕਾਰਦਾਰ ਸਨ ਤੇ ਦੌਲਤ ਖਾਂ ਲੋਧੀ ਅਧੀਨ ਹੀ ਸਾਰਾ ਪੰਜਾਬ ਸੀ। ਕੁਦਰਤੀ ਹੈ ਤਲਵੰਡੀ, ਬਟਾਲਾ ਅਤੇ ਪੱਖੋਕੇ (ਕਲਾਨੌਰ) ਵੀ ਉਸ ਤਹਿਤ ਸਨ ਜਿੱਥੇ ਉਹ ਆਉਦੇ ਜਾਂਦੇ ਰਹਿੰਦੇ ਸਨ। ਵਕਤ ਪਾ ਕੇ ਜੈ ਰਾਮ ਸੁਲਤਾਨਪੁਰ ਦੇ ਦੀਵਨ ਬਣ ਗਏ ਸਨ।

ਸੋਢੀ ਮਿਹਰਬਾਨ ਨੇ ਕੁੜਮਾਈ ਅਤੇ ਵਿਆਹ ਦਾ ਵਰਨਣ ਬੜੇ ਵਿਸਥਾਰ ਨਾਲ ਦਿੱਤਾ ਹੈ। ਜਿਹਦੇ ਤੋਂ ਉਸ ਵੇਲੇ ਦੀਆਂ ਰਸਮਾਂ ਦਾ ਪਤਾ ਲਗਦਾ ਹੈ। ਇਸ ਲਿਖਾਰੀ ਦੇ ਬਚਪਨ ਵੇਲੇ ਤੱਕ ਮੰਗਣੀ ਦੀ ਰਸਮ ਕਾਫੀ ਅਹਿਮ ਗਿਣੀ ਜਾਂਦੀ ਸੀ ਜਿਸ ਨੂੰ ਛੁਹਾਰਾ ਪੈਣਾ ਕਿਹਾ ਜਾਂਦਾ ਸੀ।

ਬਾਬੇ ਦਾ ਵਿਆਹ

ਗੁਰੂ ਸਾਹਿਬ ਦਾ ਵਿਆਹ 18 ਸਾਲ 5 ਮਹੀਨੇ ਦੀ ਉਮਰ ਵਿੱਚ 24 ਜੇਠ ਸੰਮਤ 1544 (1487 ਈ) ਨੂੰ ਹੋਇਆ। ਜੰਞ ਤਲਵੰਡੀ ਤੋਂ ਬਟਾਲਾ ਆਈ ਸੀ ਬਰਾਸਤਾ ਸੁਲਤਾਨਪੁਰ ਲੋਧੀ।

ਕਈ ਲਿਖਾਰੀਆਂ ਸ਼ੱਕ ਜ਼ਾਹਿਰ ਕੀਤਾ ਹੈ ਕਿ ਖੱਤਰੀਆਂ ਵਿਚ ਧੀ-ਜਵਾਈ ਦੇ ਘਰ ਵਿਆਹ ਨਹੀ ਕੀਤਾ ਜਾ ਸਕਦਾ। ਪਰ ਇਹ ਸ਼ੱਕ ਗਲਤ ਹੈ ਕਿਉਕਿ ਪਹਿਲੀ ਗਲ ਤਾਂ ਪਰੰਪਰਾ ਵਿਚ ਇਹੋ ਹੈ ਕਿ ਜੰਞ ਸੁਲਤਾਨਪੁਰ ਤੋਂ ਆਈ ਸੀ। ਦੂਸਰਾ ਸਬੂਤ ਇਹ ਕਿ ਜੰਞ ਪਿੰਡ ਉਦੋਕੇ ਵਿਖੇ ਰੁਕੀ ਸੀ। ਨਨਕਾਣਾ ਸਾਹਿਬ ਵਲੋਂ ਸਿੱਧੇ ਆਉਦਿਆਂ ਉਦੋਕੇ ਰਸਤੇ ਵਿਚ ਨਹੀ ਪੈਂਦਾ ਜਦੋਂ ਕਿ ਸੁਲਤਾਨਪੁਰੋਂ ਆਉਦਿਆਂ ਐਨ ਰਾਹ ਵਿਚ ਪੈਂਦਾ ਸੀ। ਉਹਨੀ ਦਿਨੀ ਜਦੋਂ ਜੰਞਾਂ ਪੈਦਲ, ਘੋੜਿਆਂ ਅਤੇ ਗੱਡਿਆਂ ਤੇ ਜਾਇਆ ਕਰਦੀਆਂ ਸਨ ਤਾਂ ਰਸਤਾ ਹਮੇਸ਼ਾਂ ਸਿੱਧਾ (ਸ਼ਾਰਟ ਕਟ)

ਅਪਣਾਇਆ ਜਾਂਦਾ ਸੀ। ਤੀਸਰਾ ਸਬੂਤ ਹੈ ਭਾਈਆ ਜੈਰਾਮ ਜੀ ਦਾ ਵਿਚੋਲਾ ਹੋਣਾਂ।

ਹਾਲਾਂ ਗੁਰੂ ਸਾਹਿਬ ਦੀ ਜੰਞ ਬਰਾਸਤਾ ਸੁਲਤਾਨਪੁਰ ਲੋਧੀ ਤੋਂ ਬਟਾਲੇ ਆਈ ਸੀ ਪਰ ਸੋਢੀ ਮਿਹਰਬਾਨ ਵਾਲੀ ਜਨਮ ਸਾਖੀ ਤੋਂ ਇਹ ਪ੍ਰਭਾਵ ਮਿਲਦਾ ਹੈ ਕਿ ਮੁੱਢਲੀਆਂ ਰਸਮਾਂ ਤਲਵੰਡੀ ਵਿਖੇ ਹੋਈਆਂ ਸਨ। ਸੋ ਜੰਞ ਲਹੌਰ ਪਾਸਿਓ ਆਉਣ ਦੀ ਬਿਜਾਏ ਕਸੂਰ ਪਾਸਿਓ ਦੀ ਆਈ ਸੀ ਅਤੇ ਪੜਾਅ ਸੁਲਤਾਨਪੁਰ ਲੋਧੀ ਕੀਤਾ ਸੀ।

ਜਨਮ ਸਾਖੀ ਸੋਢੀ ਮਿਹਰਵਾਨ ਵਿੱਚ ਗੁਰੂ ਸਾਹਿਬ ਦੀ ਕੁੜਮਾਈ ਅਤੇ ਵਿਆਹ ਦੀਆਂ ਰਸਮਾਂ ਬੜੇ ਵਿਸਥਾਰ ਨਾਲ ਦਿੱਤੀਆਂ ਹਨ। ਪਰ ਇਹ ਗੱਲ ਯਾਦ ਰਹੇ ਇਹ ਜਨਮਸਾਖੀ ਗੁਰੂ ਸਾਹਿਬ ਦੇ ਚਲਾਣੇ ਤੋਂ ਕੋਈ ਸਦੀ ਮਗਰੋਂ ਲਿਖੀ ਗਈ ਸੀ। ਗੁਰੂ ਸਾਹਿਬ ਫੋਕੀਆਂ ਰਸਮਾਂ ਅਤੇ ਕਰਮ ਕਾਂਡ ਦੇ ਖਿਲਾਫ ਸਨ। ਓਨਾਂ ਦੀ ਬਾਣੀ ਵਿੱਚ ਥਾਂ ਥਾਂ ਕਰਮ ਕਾਂਡ ਦੀ ਨਿੰਦਾ ਹੈ।

ਅੰਦਰ ਸ਼ੀਸ਼ੇ ਵਿਚ ਮੜ੍ਹੀ ਪਵਿਤ੍ਰ ਕੰਧ ਅਤੇ ਗੁਰਦੁਆਰਾ ਕੰਧ ਸਾਹਿਬ

ਮਾਤ੍ਰ ਦਿਲਚਸਪੀ ਦੇ ਅਸੀ ਸਾਖੀ ਵਿੱਚ ਆਇਆ ਇਹ ਵਿਸਥਾਰ ਪੇਸ਼ ਕਰ ਰਹੇ ਹਾਂ ਤਾਂ ਕਿ ਪਾਠਕ ਨੂੰ ਪਤਾ ਲੱਗ ਸਕੇ ਕਿ 4-500 ਸਾਲ ਪਹਿਲਾਂ ਵਿਆਹ ਦੀਆਂ ਰਸਮਾਂ ਕੀ ਸਨ:-

"ਬਾਬੇ ਨਾਨਕ ਜੀ ਕੀ ਕੁੜਮਾਈ ਆਈ ਵਟਾਲੇ ਤੇ, ਮੂਲੇ ਚੋਣੈ ਭੇਜੀ ਕੁੜਮਾਈ ਬੇਟੀ ਦੀ, ਕਾਲੂ ਵੇਦੀ ਦੇ ਪੁੱਤ੍ਰ ਨੋ ਨਾਨਕ ਕਉ ਕੁੜਮਾਈ ਵੈਸਾਖੀ ਦੈ ਦਿਨਿ ਕੁੜਮਾਈ ਆਈ, ਸੰਮਤ 1542 ਵਰਖੇ, ਮਾਹ ਵੈਸਾਖ ਵਦੀ 1 ਏਕਮ ਕੈ ਦਿਨਿ, ਨਲੀਏਰੁ, ਰੁਪਯਾ, ਕਟੋਰਾ ਮੂਲੋ ਚੋਣੇ ਭੇਜਿਆ। ਮੂਲੋ ਚੋਣੈ ਦੇ ਪੁਰੋਹਤਿ ਗੁਰੂ ਬਾਬੇ ਨਾਨਕ ਜੀ ਦੀ ਝੋਲੀ ਪਾਇਆ ਨਲੇਰ। ਨਾਲੇ ਗੁਰੂ ਬਾਬੇ ਜੀ ਪਿਤੀਅਹੁਰਾ ਥਾ, ਨਾਲੇ ਸਾਹਾ ਗਣਾਇ ਕੈ ਵੀਵਾਹੁ ਦੇ ਗਇਆ, ਪਰੋਹਤ ਚੋਣਿਆ ਕਾ।

"ਵੇਦੀ ਜਨੇਤ ਦੈ ਆਹਰਿ ਪਏ, ਤਬ ਜਿਤਨਾ ਵੇਦੀਆਂ ਕਾ ਪਰਵਾਰ ਥਾ ਸਭੁ ਗੁਰੂ ਬਾਬੇ ਨਾਨਕ ਦੈ ਵਿਆਹ ਦੈ ਉਪਰਿ ਆਇਆ। ਜੇ ਕੋਈ ਭਲਾ ਕੁੜਮ ਥਾ ਸੁ ਸਭੁ ਸਦਾਇਆ, ਬਹੁਤ ਮੇਲੁ ਹੋਆ, ਗੁਰੂ ਬਾਬੇ ਨਾਨਕ ਦੀ ਜਨੇਤ (ਜੰਞ) ਉਪਰਿ।

ਪਹਿਲਾਂ ਲਗਣੁ ਆਇਆ, ਤੇਵਰ ਬੇਵਰ, ਸੁਇਨਾ ਰੁਪਾ, ਘੋੜਾ, ਸੁਇਨੇ ਕਾ ਜਨੇਊ ਲਗਣੁ ਆਇਆ। ਉਨਹੁ ਦਿਨੋ ਅਨਾਜੁ ਸਉ ਗੁਣਾ ਸੁਕਾਲੁ (ਸਸਤਾ) ਹੋਤਾ ਥਾ, ਅਰ ਹਾਲਾ (ਮਾਮਲਾ) ਥੋੜਾ ਲੀਚਤਾ। ਅਮਰ (ਰਾਜੇ) ਨਿਆਉ ਕਰਤੇ, ਰਯਤਿ (ਜਨਤਾ) ਮਹਿ ਧਰਮ ਥਾ, ਦਿਨ ਖਰੇ ਭਲੇ ਥੇ, ਸਭੁ ਕੋਈ ਸੁਖੀ ਰਹਿਤਾ। ਤਬ ਗੁਰੂ ਬਾਬੇ ਕੀ ਜੇਵਣਹਾਰ (ਵੱਡਾ ਭੋਜ ਖਾਣਾ) ਹੋਵਣੈ ਲਾਗੀ। ਪਹਿਲਾਂ ਗਿਰਦ ਨਿਵਾਹੀ (ਆਲੇ ਦੁਆਲੇ) ਕੇ ਗਿਰਾਵ ਜਿ ਮੇਲੀ ਥੇ ਸਿ ਜਿਮਾਏ (ਖਵਾਏ), ਫਿਰ ਤਲਵੰਡੀ ਕੇ ਲੋਕ ਸਭਿ, ਤਥਾ ਚਾਕਰ ਜਿਮਾਏ (ਖਵਾਏ)।

ਫਿਰ ਮਹਾਜਨੁ ਤਲਵੰਡੀ ਕਾ ਜਿਮਾਇਆ। ਖਤ੍ਰੀ ਬ੍ਰਹਮਣ ਸਭੁ ਜਿਮਾਏ। ਫੇਰਿ ਸਕੇ ਜਿਤਨੇ ਅੰਗ ਪਰਸੰਗ ਆਪਣਾ ਪ੍ਰਵਾਰ ਬੇਦੀਆ ਕਾ ਥਾ ਓਹੁ ਜਿਮਾਏ। ਜਿਮਾਏ ਕਰ ਸਭਿ ਲੋਕ ਖੁਸੀ ਕੀਏ। ਸਭਨਹੁ ਅਸੀਰਬਾਦੁ ਦੀਆ ਜਿ ਪਰਮੇਸਰੁ ਤੂੰ ਨਾਨਕ ਜੀ ਕਾ ਭਲਾ ਕਰਿ। ਜਿਸਦੇ ਪਰਸਾਦਿ ਏਤਨੇ ਲੋਕ ਇਕਠੇ ਹੋਇ ਹੈਨਿ। ਪ੍ਰਮੇਸਰੁ ਤੂੰ ਇਸ ਕਾ ਭਲਾ ਕਰਿ।

ਤਬ ਗੁਰੂ ਬਾਬੇ ਨਾਨਕ ਜੀ ਕਉ ਨਵਾਲਣੈ ਲਾਗੈ। ਚਉਕੁ ਪੂਰਾਇ ਕਰ ਗੁਰੂ ਬਾਬਾ ਨਾਨਕੁ ਖਾਰੇ ਉਪਰਿ ਬੈਠਾਇਆ, ਨਵਾਲਿਆ, ਊਪਰ ਲਾਲ ਪਛੇਵੜਾ (ਕਪੜਾ ਜਿਹੜਾ ਤਾਣਦੇ ਨੇ, ਚੰਦੋਆ) ਤਾਣਿਆ ਅਰ ਇਸਤ੍ਰੀਅਹੁ ਸੋਹਿਲੇ ਗਾਏ। ਚਿਕਿ ਮਲ ਕਰ ਪੁਰਖਹੁ ਨਵਾਲਿਆ। ਤੇਲੁ, ਫੁਲੇਲੁ ਲਗਾਇਆ। ਜਲਿ ਇਸਨਾਨ ਕੀਆ। ਤਬ ਗੁਰੂ ਬਾਬੇ ਜੀ ਕਉ ਨਵਾਲਿ ਕਰਿ ਜਨੇਊ ਧੋਤੀ ਬ੍ਰਹਮਣ ਪਹਰਾਏ। ਭੀਨੀ ਧੋਤੀ ਉਤਾਰ ਰਾਖੀ। ਖਾਰੀ ਤੇ ਉਠਿ ਕਰ ਜੁਤੀ ਪਹਿਰਿ ਕਰ ਚਪਣੀਆਂ ਫੇਰੀਆਂ। ਫੇਰਿ ਕਰ ਜਹਾਂ ਵਿਛਾਵਣੇ ਬਾਹੇ ਥੇ ਊਹਾ ਹੀ ਗੁਰੂ ਬਾਬਾ ਨਾਨਕੁ ਜੀ ਆਇ ਬੈਠਾ। ਜੋੜਾ ਪਹਿਰਾਇਆ। ਤਿਲਕੁ ਲਗਾਇਆ। ਮੁਕਟੁ ਸਿਰਿ ਬਾਂਧਿਆ। ਸੇਹਰੇ ਸਿਰਿ ਬ੍ਰਹਮਣ ਚਾੜ੍ਹੇ। ਗਣੇਸ ਪੂਜਾ ਕਰੀ। ਕੁਲ ਪ੍ਰਵਾਰ ਜਿਤਨਾ ਥਾ ਤਥਾ ਮਹਾਜਨੁ ਸਭਨਾਹੁ ਤੰਬੋਲੁ ਪਾਇਆ। ਤਬ ਗੁਰੂ ਬਾਬੇ ਨਾਨਕ ਜੀ ਕਪੜੇ ਪਹਿਰੇ।

ਕੁਲ ਜਨੇਤ ਜਿਤਨੇ ਚਲਾਏ ਥੇ ਓਤਨਿਆਂ ਕਉ ਹੁਕਮੁ ਹੋਆ ਜਿ ਸਭਿ ਪਹੁੰਚ ਆਵਹੁ। ਕਈਕ ਸਵਾਰ, ਕਈਕ ਪਿਆਦੇ, ਗੁਰੂ ਬਾਬੇ ਕੀ ਜਨੇਤ ਚੜੇ। ਤਬ ਚਲਤੇ ਚਲਤੇ ਮਜਲ ਦਰਿ ਆਏ। ਆਇ ਵਟਾਲੇ ਦੇ ਕੋਲ ਢੁਕੇ। ਬਾਗ ਜਾਇ ਉਤਰੇ। ਅਗੈ ਖਬਰਿ ਗਈ ਜਿ ਜਨੇਤ ਬਾਗ ਉਤਰੀ ਹੈ। ਤਬ ਚੋਣੇ ਅਗੇ ਤੇ ਧੂੜੇ (?) ਹਕ ਲੈ ਆਏ। ਮੇਵਾ ਪਕਵਾਨ, ਆਟਾ, ਚਾਵਲ, ਵੜੀਆਂ, ਪਾਪੜ, ਪਕਵਾਨ, ਬਕਰੇ, ਭੰਭਰੇ (ਭਾਂਡੇ-ਮਿਠਾਈਆਂ), ਘਿਉ, ਸਕਰ ਲੈ ਆਏ। ਅਗਰ, ਤੇਲ, ਫੁਲੇਲ, ਚੋਆ, ਚੰਦਨ, ਕੇਸਰੁ, ਘਸਿ ਕਰਿ ਲੈ ਆਏ। ਵਾਜਿਆਂ ਵਜਦਿਆਂ ਸਾਥਿ ਚੋਣੈ ਵੇਦੀਆ ਕਉ ਧੂੜੇ◉ ਹਕ ਲੈ ਆਏ । ਰਾਮ ਕਿਸਨ ਕਰਿ ਕਰਿ ਮਿਲੇ। ਬਜੰਤ੍ਰ ਲਾਗੇ ਬਾਜਣ, ਗਲਿ ਮਿਲਿ ਖੇਮ ਕੁਸਲ ਕਰਿ ਕਰਿ ਬੈਠੇ। ਲਾਗਾ ਚੋਆ ਚੰਦਨ, ਅਗਰ ਲਗਾ ਲਗਾਈਯਣੇ । ਲਾਗੇ ਮਾਵੀਆਂ

ਜਾਂਵੀਆ ਨੋ ਅਗਰੁ ਪਲਟਣੇ। ਕੇਸਰੁ ਅਲਤਾ (ਲਾਲ ਰੰਗ) ਲਾਗੇ ਪਲਟਣੇ। ਕਪੜੇ ਚੋਐ ਚੰਦਨੁ ਕੇਸਰਿ ਜਨੇਤ ਚਰਚਿ ਕਰਿ ਪਾਨਾ ਦੇ ਬੀੜੇ ਖਵਾਲਿ ਕਰਿ। ਧੂੜੇ ਹਕ⊙ ਜਾਵੀਆਂ ਦੈ ਹਵਾਲੇ ਕੀਤੀ। ਹਵਾਲੈ ਕਰਿ ਕਰਿ ਮਾਂਵੀ ਘਰੀ ਗਏ। ਰਸੋਈ ਬਾਹਰਿ ਹੋਈ। ਪਰਸਾਦਿ ਲੀਏ।

ਤਬ ਸੰਵੇ ਫੇਰ ਪੈਸਕਾਰਾ (ਪੇਸ਼ ਹੋਣਾ-ਮਿਲਣੀ) ਹੁਆ। ਜਨੇਤ ਬਾਲਕ ਸਦਾਈ। ਜੰਞ ਕਉ ਭਲੀ ਭਾਤਿ ਸਉ ਭਲੇ ਭਲੇ ਲੈਣੇ ਆਏ। ਜਬ ਨਜੀਕਿ ਨਗਰਿ ਕੈ ਗਏ ਤਬ ਜਾਂਵੀ ਮਾਂਵੀ ਆਪਹਿ ਮਿਲੇ। ਮਿਲ ਕਰ ਜਾਂਵੀ ਮਾਂਵੀ ਪਾਵ ਪਿਆਦੇ (ਪੈਦਲ) ਹੋਇ ਚਲੇ। ਗੁਰੂ ਬਾਬੇ ਨਾਨਕੁ ਜੀ ਅਸਵਾਰ ਹੀ ਹੋਇ ਚਲੇ। ਮੁਕਟੁ ਬਧੇ ਸਾਥਿ ਸਾਬਾਲੇ (ਸਰਬਾਲਾ) ਸਾਥਿ ਗੁਰੂ ਬਾਬਾ ਨਾਨਕੁ ਜੀ ਚੜਿਆ ਹੀ ਅੰਦਰਿ ਜਾਇ ਵੜਿਆ। ਜਨੇਤ ਡੇਰੇ ਜਾਇ ਉਤਰੀ।

ਗੁਰਦੁਆਰਾ ਡੇਹਰਾ ਸਾਹਿਬ ਖਜੂਰੀ ਦਰਵਾਜਾ ਬਟਾਲਾ, ਭੀੜੀ ਗਲੀ ਅੰਦਰ। ਇਥੇ ਗੁਰੂ ਸਾਹਿਬ ਦੀਆਂ ਲਾਵਾਂ ਹੋਈਆਂ ਸਨ। ਕਿਹਾ ਜਾਂਦਾ ਹੈ ਕਿ ਇਹ ਘਰ ਮੂਲ ਚੰਦ ਚੋਣੇ ਦਾ ਸੀ। ਇਥੇ ਉਹ ਮੰਜੀ ਸਾਹਿਬ ਭਾਵ ਥੜਾ ਵੀ ਮੌਜੂਦ ਹੈ ਭਾਂਵ ਐਨ ਉਹ ਥਾਂ ਜਿਥੇ ਗੁਰੂ ਸਾਹਿਬ ਬਿਰਾਜੇ ਸਨ। ਪਹਿਲਾਂ ਅਜਿਹੇ ਸਥਾਨ ਨੂੰ ਮੰਜੀ ਸਾਹਿਬ ਹੀ ਕਿਹਾ ਜਾਂਦਾ ਸੀ ਪਰ ਅੱਜ ਕਲ ਦੇ ਗ੍ਰੰਥੀ ਇਹਨੂੰ ਥੜਾ ਲਿਖੀ ਜਾ ਰਹੇ ਨੇ। ਮਹਾਰਾਜਾ ਸ਼ੇਰ ਸਿੰਘ ਨੇ ਇਹ ਯਾਦਗਾਰ ਬਣਵਾਈ ਸੀ।

ਤਬ ਗੁਰੂ ਬਾਬੇ ਨਾਨਕ ਜੀ ਕਉ ਘੋੜੀ ਤੇ ਉਤਾਰਿ ਕਰਿ ਕੁਛੜਿ ਉਠਾਇ ਕਰਿ ਲੈ ਗਏ। ਤਬ ਇਸਤਰੀਆਂ ਆਪਣਾ ਅਚਾਰ ਕੀਆ। ਤਬ ਤਣੀ ਛੁਹਾਈ। ਤਣੀ ਛੁਹਾਇ ਕਰ ਲਿਜਾਇ ਜਨੇਤ ਮਹਿ ਬੈਠਾਇਆ। ਤਬ ਇਸਤ੍ਰੀਆਂ ਮਿਲਿ ਕਰ ਘੋੜਾ ਬਹੇੜਾ ਲੇ ਕਰਿ ਆਈਆਂ। ਸੋਹਲੇ ਲਗੀਆਂ ਗਾਵਣੇ। ਤਬ ਉਨਹੂ ਇਸਤ੍ਰੀਅਹ ਜਿ ਭਲੇ ਘਰਿ ਮਹਿ ਮਿਲਿ ਕਰਿ ਸੋਹਿਲੇ ਗਾਏ। ਤਬ ਗੁਰੂ ਬਾਬਾ ਨਾਨਕੁ ਜੀ ਉਨ ਕਾ ਰਾਗੁ ਸਨਿ ਕਰਿ ਖੁਸੀ ਭੈਆ ਜਿ "ਭਾਈ! ਏ ਇਸਤ੍ਰੀਆਂ ਖੁਸੀ ਹੋਇ ਮਾਨੁਖ ਕੇ ਸੋਹਿਲੇ ਕਿਉ ਗਾਂਵਦੀਆਂ ਹੈਨਿ। ਸੈ ਆਪੁਨੇ ਲਾਲਨ ਕੇ ਸੋਹਿਲੇ ਕਿਉ ਨਾਹੀ ਗਾਵਤਾ, ਜਿਸ ਸਿਉ ਮੇਰੀ ਪ੍ਰੀਤ ਹੈ।"

ਪੰਜਾਬ ਦੇ ਸਭਿਆਚਾਰ ਵਿਚ ਇਹ ਤਾਂ ਹੁਣ ਤੱਕ ਚਲਦਾ ਆਇਆ ਹੈ ਕਿ ਵਿਆਹ ਦੀਆ ਬਹੁਤੀਆਂ ਰਸਮਾਂ ਵੇਲੇ ਛੰਦ ਸੁਣਾਏ ਜਾਂਦੇ ਸਨ। ਲਾੜੀ ਵਾਲੇ ਪਾਸਿਓ ਅਮੂਮਨ ਕੁੜੀਆਂ ਛੰਦ ਬੋਲਦੀਆਂ ਸਨ ਤੇ ਜਵਾਬ ਵਿਚ ਲਾੜੇ ਦੇ ਰਿਸਤੇਦਾਰ ਛੰਦ ਵਿਚ ਹੀ ਜਵਾਬ ਦਿਆ ਕਰਦੇ ਸਨ। ਤਲਵੰਡੀ ਵਿਖੇ ਗੁਰੂ ਸਾਹਿਬ ਨੇ ਜਦੋਂ ਜਨਾਨੀਆਂ ਦੀਆਂ ਘੋੜੀਆਂ ਆਦਿ ਸੁਣੀਆਂ ਤਾਂ ਉਹ ਵੀ ਵਿਸਮਾਦ ਵਿਚ ਆਏ ਤਾਂ ਉਥੇ ਸ਼ਰੀਕੇ ਦੀਆਂ ਭੈਣਾਂ ਚਾਚੀਆਂ ਤਾਈਆਂ ਸਾਹਮਣੇ ਗੁਰੂ ਸਾਹਿਬ ਨੇ ਵੀ ਘੋੜੀਆਂ ਗਾਈਆਂ।

ਜਨਮ ਸਾਖੀ ਵਿੱਚ ਆਉਦਾ ਹੈ ਕਿ ਜਨਾਨੀਆਂ ਨੇ ਜਦੋਂ ਸਿੱਠਣੀਆਂ ਦਿੱਤੀਆਂ, ਸੋਹਿਲੇ ਗਾਏ ਤਾਂ ਗੁਰੂ ਸਾਹਿਬ ਅੰਦਰਲੇ ਸ਼ਾਇਰ ਨੇ ਤਾਂ ਰੰਗ ਹੀ ਬੰਨ ਦਿਤਾ। ਗੁਰੂ ਸਾਹਿਬ ਸੂਹੀ ਰਾਗ ਵਿੱਚ ਛੰਦ ਤੇ ਛੰਦ ਗਾਈ ਜਾਣ ਤੇ ਉਹ ਵੀ ਉੱਚੀ ਹੇਕ ਵਿਚ। ਹਰ ਛੰਦ ਪਿੱਛੇ ਹਾਸੇ ਮਖੌਲ ਦੀਆਂ ਕਿਲਕਾਰੀਆਂ ਉੱਠਣ। ਕਿਉਕਿ ਲਾੜੇ ਨੇ ਕੰਮ ਹੀ ਕੁਝ ਅਲੌਕਿਕ ਕਰ ਦਿੱਤਾ ਸੀ। ਇਕ ਪਾਸੇ ਜਨਾਨੀਆਂ ਜੰਞ ਦੇ ਸਵਾਗਤ ਵਿੱਚ ਸੋਹਲੇ ਗਾ ਰਹੀਆਂ ਸਨ ਜਾਂ ਸਿੱਠਣੀਆਂ ਦੇ ਰਹੀਆਂ ਸਨ ਦੂਜੇ ਪਾਸੇ ਗੁਰੂ ਸਾਹਿਬ ਜਵਾਬ ਵਿਚ ਛੰਦ ਗਾ ਰਹੇ ਸਨ। ਪਰ ਸਾਹਿਬ ਦੇ ਧੁਰ ਅੰਦਰ ਤਾਂ ਅਕਾਲ ਪੁਰਖ ਦੀ ਲਈ ਖਿੱਚ ਸੀ ਇਸ ਮੌਜ ਮਸਤੀ ਦੇ ਮਹੌਲ ਵਿਚ ਗੁਰੂ ਸਾਹਿਬ ਨੇ ਅਕਾਲ ਪੁਰਖ ਨੂੰ ਹੀ ਯਾਦ ਕੀਤਾ। ਜਦੋਂ ਸਾਲੀਆਂ ਨੇ ਜੀਜੇ ਦੀ ਸਿਫਤ ਸਲਾਹ ਕੀਤੀ ਤਾਂ ਗੁਰੂ ਬਾਬੇ ਨੇ ਟੋਕਿਆ ਕਿ ਬੰਦੇ ਦੀ ਸਿਫਤ ਸਲਾਹ ਕਾਹਨੂੰ ਕਰਦੀਆਂ ਜੇ। ਉਸਤਤ ਕਰਨੀ ਹੈ ਤਾਂ ਜੰਮਣ ਵਾਲੇ ਦੀ ਕਰੋ ਜਿਸਨੇ ਸਾਜਿਆ ਹੈ। ਉਸ ਮੌਕੇ ਗਾਇਆ ਪੂਰਾ ਸ਼ਬਦ ਇਹ ਹੈ:-:

ਰਾਗੁ ਸੂਹੀ ਮਹਲਾ ੧ ਛੰਤੁ ਘਰੁ ੨ ੴ ਸਤਿਗੁਰ ਪ੍ਰਸਾਦਿ ॥ ਹਮ ਘਰਿ ਸਾਜਨ ਆਏ ॥ ਸਾਚੈ ਮੇਲਿ ਮਿਲਾਏ ॥ ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ ॥ ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ ॥ ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ ॥ ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥੧॥ ਆਵਹੁ ਮੀਤ ਪਿਆਰੇ ॥ ਮੰਗਲ ਗਾਵਹੁ ਨਾਰੇ ॥ ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ ਸੋਹਿਲੜਾ ਜੁਗ ਚਾਰੇ ॥ ਅਪਨੈ ਘਰਿ ਆਇਆ ਥਾਨਿ ਸੁਹਾਇਆ ਕਾਰਜ ਸਬਦਿ ਸਵਾਰੇ ॥ ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ ॥ ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥੨॥ ਮਨੁ ਤਨੁ ਅੰਮ੍ਰਿਤਿ ਭਿੰਨਾ ॥ ਅੰਤਰਿ ਪ੍ਰੇਮੁ ਰਤੰਨਾ ॥ ਅੰਤਰਿ ਰਤਨੁ ਪਦਾਰਥੁ ਮੇਰੈ ਪਰਮ ਤਤੁ ਵੀਚਾਰੇ ॥ ਜੰਤ ਭੇਖ ਤੂ ਸਫਲਿਓ ਦਾਤਾ ਸਿਰਿ ਸਿਰਿ ਦੇਵਣਹਾਰੇ ॥ ਤੂ ਜਾਨੁ ਗਿਆਨੀ ਅੰਤਰਜਾਮੀ ਆਪੇ ਕਾਰਣੁ ਕੀਨਾ ॥ ਸੁਨਹੁ ਸਖੀ ਮਨੁ ਮੋਹਨਿ ਮੋਹਿਆ ਤਨੁ ਮਨੁ ਅੰਮ੍ਰਿਤਿ ਭੀਨਾ ॥੩॥ ਆਤਮ ਰਾਮੁ ਸੰਸਾਰਾ ॥ ਸਾਚਾ ਖੇਲੁ ਤੁਮ੍ਹਾਰਾ ॥ ਸਚੁ ਖੇਲੁ ਤੁਮ੍ਹਾਰਾ ਅਗਮ ਅਪਾਰਾ ਤੁਧੁ ਬਿਨੁ ਕਉਣੁ ਬੁਝਾਏ ॥ ਸਿਧ ਸਾਧਿਕ ਸਿਆਣੇ ਕੇਤੇ ਤੁਝ ਬਿਨੁ ਕਵਣੁ ਕਹਾਏ ॥ ਕਾਲੁ ਬਿਕਾਲੁ ਭਏ ਦੇਵਾਨੇ ਮਨੁ ਰਾਖਿਆ ਗੁਰਿ ਠਾਏ ॥ ਨਾਨਕ ਅਵਗਣ ਸਬਦਿ ਜਲਾਏ ਗੁਣ ਸੰਗਮਿ ਪ੍ਰਭੁ ਪਾਏ ॥੪॥੧॥੨॥

ਵਿਆਹ ਮੌਕੇ ਗੁਰੂ ਸਾਹਿਬ ਨੇ ਹੋਰ ਵੀ ਕਈ ਸਬਦ ਉਚਾਰਨ ਕੀਤੇ। ਜਿਵੇ:-

ਪੈਂਡਾ ਸਫਾ

⊙ ਧੂੜੇ ਹੱਕ - ਇਹ ਕਿਸੇ ਪੁਰਾਣੀ ਰਸਮ ਦਾ ਨਾਂ ਹੈ। ਲਗਦੈ ਲਾੜੇ ਦੇ ਖਾਸ ਰਿਸ਼ਤੇਦਾਰਾਂ ਨੂੰ ਕੋਈ ਸ਼ੈਅ ਭੇਟ ਕੀਤੀ ਜਾਂਦੀ ਸੀ। ਜਿਵੇ ਅੱਜ ਕਲ ਵੀ ਛਾਪਾਂ ਮੁੰਦਰੀਆਂ ਕੜ੍ਹੇ ਪਾਏ ਜਾਂਦੇ ਹਨ।

ਰਾਗੁ ਸੂਹੀ ਮਹਲਾ ੧ ਘਰੁ ੩ ੴ ਸਤਿਗੁਰ ਪ੍ਰਸਾਦਿ ॥ ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ ॥ ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ ॥ ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈ ਤੇਰਾ ਭਰਵਾਸਾ ॥ ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ ॥ ਸਗਲੀ ਜੋਤਿ ਜਾਤਾ ਤੂ ਸੋਈ ਮਿਲਿਆ ਭਾਇ ਸੁਭਾਏ ॥ ਨਾਨਕ ਸਾਜਨ ਕਉ ਬਲਿ ਜਾਈਐ ਸਾਚਿ ਮਿਲੇ ਘਰਿ ਆਏ ॥੧॥ ਘਰਿ ਆਇਅੜੇ ਸਾਜਨਾ ਤਾ ਧਨ ਖਰੀ ਸਰਸੀ ਰਾਮ ॥ ਹਰਿ ਮੋਹਿਅੜੀ ਸਾਚ ਸਬਦਿ ਠਾਕੁਰ ਦੇਖਿ ਰਹੰਸੀ ਰਾਮ ॥ ਗੁਣ ਸੰਗਿ ਰਹੰਸੀ ਖਰੀ ਸਰਸੀ ਜਾ ਰਾਵੀ ਰੰਗਿ ਰਾਤੈ ॥ ਅਵਗਣ ਮਾਰਿ ਗੁਣੀ ਘਰੁ ਛਾਇਆ ਪੂਰੈ ਪੁਰਖਿ ਬਿਧਾਤੈ ॥ ਤਸਕਰ ਮਾਰਿ ਵਸੀ ਪੰਚਾਇਣਿ ਅਦਲੁ ਕਰੇ ਵੀਚਾਰੇ ॥ ਨਾਨਕ ਰਾਮ ਨਾਮਿ ਨਿਸਤਾਰਾ ਗੁਰਮਤਿ ਮਿਲਹਿ ਪਿਆਰੇ ॥੨॥ ਵਰੁ ਪਾਇਅੜਾ ਬਾਲੜੀਏ ਆਸਾ ਮਨਸਾ ਪੂਰੀ ਰਾਮ ॥ ਪਿਰਿ ਰਾਵਿਅੜੀ ਸਬਦਿ ਰਲੀ ਰਵਿ ਰਹਿਆ ਨਹ ਦੂਰੀ ਰਾਮ ॥ ਪ੍ਰਭੁ ਦੂਰਿ ਨ ਹੋਈ ਘਟਿ ਘਟਿ ਸੋਈ ਤਿਸ ਕੀ ਨਾਰਿ ਸਬਾਈ ॥ ਆਪੇ ਰਸੀਆ ਆਪੇ ਰਾਵੇ ਜਿਉ ਤਿਸ ਦੀ ਵਡਿਆਈ ॥ ਅਮਰ ਅਡੋਲੁ ਅਮੋਲੁ ਅਪਾਰਾ ਗੁਰਿ ਪੂਰੈ ਸਚੁ ਪਾਈਐ ॥ ਨਾਨਕ ਆਪੇ ਜੋਗ ਸਜੋਗੀ ਨਦਰਿ ਕਰੇ ਲਿਵ ਲਾਈਐ ॥੩॥ ਪਿਰੁ ਉਚੜੀਐ ਮਾੜੜੀਐ ਤਿਹੁ ਲੋਆ ਸਿਰਤਾਜਾ ਰਾਮ ॥ ਹਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾ ਰਾਮ ॥ ਸਬਦੁ ਵੀਚਾਰੀ ਕਰਣੀ ਸਾਰੀ ਰਾਮ ਨਾਮੁ ਨੀਸਾਣੇ ॥ ਨਾਮ ਬਿਨਾ ਖੋਟੇ ਨਹੀ ਠਾਹਰ ਨਾਮੁ ਰਤਨੁ ਪਰਵਾਣੇ ॥ ਪਤਿ ਮਤਿ ਪੂਰੀ ਪੂਰਾ ਪਰਵਾਨਾ ਨਾ ਆਵੈ ਨਾ ਜਾਸੀ ॥ ਨਾਨਕ ਗੁਰਮੁਖਿ ਆਪੁ ਪਛਾਣੈ ਪ੍ਰਭ ਜੈਸੇ ਅਵਿਨਾਸੀ ॥੪॥੧॥੩॥

ਓਨੀ ਦਿਨੀ ਜੰਞ ਕਈ ਕਈ ਦਿਨ ਰਹਿੰਦੀ ਹੁੰਦੀ ਸੀ। ਗੁਰੂ ਸਾਹਿਬ ਓਥੇ ਹਰ ਮਾਈ ਭਾਈ ਤੇ ਆਪਣੀ ਛਾਪ ਛੱਡ ਚੁੱਕੇ ਸਨ। ਜਨਮ ਸਾਖੀ 'ਚ ਆਇਆ ਹੈ ਕਿ ਇਹ ਇਸਤ੍ਰੀਆ ਨਾਲ ਮੇਲਾਪ ਤਾਂ ਸ਼ਾਮ ਨੂੰ ਹੁੰਦਾ ਸੀ ਤੇ ਸਵੇਰੇ ਬਾਬਾ ਇਸਨਾਨ ਪਾਣੀ ਕਰਕੇ ਹੇਕ ਨਾਲ (ਅਲਾਪ) ਸਬਦ ਪੜ੍ਹਦਾ ਸੀ। ਵਜੰਤਰੀ ਨਾਲ ਸਨ। ਅੱਗੇ ਅੱਗੇ ਬਾਬਾ ਗਾਵਦਾ ਸੀ ਤੇ ਮਗਰ ਰਾਗੀ ਰਬਾਬੀ ਗਾਉਦੇ ਸਨ। ਜਰਾ ਵਿੱਚਾਰ ਕਰੋ ਉਹ ਕਿਹੋ ਜਿਹਾ ਮਹੌਲ ਹੋਵੇਗਾ। ਅਲੌਕਿਕ ਹੀ ਜੰਞ ਸੀ ਜਿੱਥੇ ਲਾੜਾ ਆਪ ਗਾਉਦਾ ਸੀ ਤੇ ਉਹ ਵੀ ਅਕਾਲ ਪੁਰਖ ਦੀ ਉਸਤਤ। ਉਨਾਂ ਦੀ ਸ਼ਖਸੀਅਤ ਮਿਕਨਾਤੀਸੀ ਤਾਂ ਹੈ ਹੀ ਸੀ। ਹਰ ਕੋਈ ਪ੍ਰਭਾਵਤ ਹੋ ਚੁੱਕਾ ਸੀ।

ਆਸਾ ਮਹਲਾ ੧ ॥ ਕਰਿ ਕਿਰਪਾ ਅਪਨੈ ਘਰਿ ਆਇਆ ਤਾ ਮਿਲਿ ਸਖੀਆ ਕਾਜੁ ਰਚਾਇਆ ॥ ਖੇਲੁ ਦੇਖਿ ਮਨਿ ਅਨਦੁ ਭਇਆ ਸਹੁ ਵੀਆਹਣ ਆਇਆ ॥੧॥ ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ ॥ ਹਮਰੈ ਘਰਿ ਆਇਆ ਜਗਜੀਵਨੁ ਭਤਾਰੁ ॥੧॥ ਰਹਾਉ ॥ ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਨਿਆ ॥ ਤਿਹੁ ਲੋਕਾ ਮਹਿ ਸਬਦੁ ਰਵਿਆ ਹੈ ਆਪੁ ਗਇਆ ਮਨੁ ਮਾਨਿਆ ॥੨॥ ਆਪਣਾ ਕਾਰਜੁ ਆਪਿ ਸਵਾਰੇ ਹੋਰਨਿ ਕਾਰਜੁ ਨ ਹੋਈ ॥ ਜਿਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ ॥੩॥ ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ ॥ ਜਿਸ ਨੋ ਨਦਰਿ ਕਰੇ ਸਾ ਸੋਹਾਗਣਿ ਹੋਇ ॥੪॥੧੦॥

ਜੰਞ ਦਾ ਉਤਾਰਾ ਵੱਖ ਵੱਖ ਘਰਾਂ 'ਚ ਕੀਤਾ ਗਇਆ ਸੀ। ਲਾੜਾ ਤੇ ਉਹਦੇ ਸਾਥੀ ਕੌਲਾ ਤੇ ਵੀਰੋ ਨਾਂ ਦੇ ਛੀਬੇ ਪ੍ਰਵਾਰ ਦੇ ਘਰ ਠਹਿਰੇ ਸਨ। ◘

ਬਟਾਲੇ ਹੀ ਜਦੋਂ ਇਕ ਕੰਧ ਤੇ ਬਹਿ ਕੇ ਉਪਦੇਸ਼ ਕਰ ਰਹੇ ਸਨ ਤਾਂ ਇਕ ਦੁਰਗੀ ਨਾਂ ਦੀ ਮਾਈ, ਗੋਤ ਭੰਡਾਰੀ ਨੇ ਸੁਚੇਤ ਕੀਤਾ ਕਿ ਲਾੜਾ ਬੇਟਾ ਜੀ ਕੱਚੀ ਕੰਧ ਤੇ ਨਾਂ ਬੈਠੋ। ਮੈਂ ਮੰਜੀ ਮੰਗਾ ਦੇਨੀ ਆਂ। ਕੰਧ ਢਿੱਗਣ ਵਾਲੀ ਹੈ। ਵਖਿਆਨ 'ਚ ਰੁੱਝੇ ਨਾਨਕ ਦੇ ਮੂੰਹੋ ਸਹਿਜ ਸੁਭਾਅ ਨਿਕਲ ਗਿਆ, ਨਹੀ ਮਾਤਾ ਜੀ ਇਹ ਕੰਧ ਤਾਂ ਜੁੱਗਾਂ ਜੁੱਗਾਂ ਤੱਕ ਸਲਾਮਤ ਰਹਿਣ ਵਾਲੀ ਹੈ।

ਇਹ ਕੱਚੀ ਕੰਧ ਅੱਜ ਵੀ ਮੌਜੂਦ ਹੈ।

ਕੋਈ 100 ਕੁ ਸਾਲ ਤੋਂ ਗੁਰਸਿੱਖਾਂ ਨੇ ਉਸ ਕੰਧ ਦੇ ਅਸਥਾਨ ਤੇ ਗੁਰਦੁਆਰਾ ਸਾਹਿਬ ਬਣਾ ਦਿੱਤਾ ਹੈ ਤੇ ਕੰਧ ਨੂੰ ਸ਼ੀਸ਼ੇ ਵਿੱਚ ਮੜ੍ਹ ਦਿੱਤਾ ਹੈ।

ਜਨਮਸਾਖੀ ਵਿੱਚ ਅੱਗੇ ਲਿਖਿਆ ਹੈ ਕਿ:◉

"ਖਤ੍ਰੀ ਬ੍ਰਹਮਣ ਸੂਦ ਵੈਸੁ ਜਿਤਨਾ ਸਾ, ਜਿਤਨਾ ਮੁਸਲਮਾਨੁ ਸਾਮ ਸਿ ਸਭ ਗੁਰੂ ਬਾਬੇ ਨਾਨਕ ਜੀ ਕੀ ਉਸਤਤਿ ਲਾਗੇ ਕਰਨੇ।

ਤਬ ਗੁਰੂ ਬਾਬੇ ਨਾਨਕ ਜੀ ਕੀ ਖੱਟ ਧਰੀ (ਮੰਜੀ ਰੱਖੀ ਭਾਵ ਵਿਖਾਵਾ ਪਾਇਆ) ਤੇਵਰ ਬੇਵਰ, ਸੁਇਨਾ ਰੁਪਾ, ਜਵੇਹਰ ਮੋਤੀ, ਕਪੜੇ ਸਬ ਪਟ ਕਰਮ ਅਨੇਕ ਅਨੇਕ ਬਸਤਰ ਪਕਵਾਨ ਹੰਡਵਾਈਆਂ (ਰਜਾਈਆਂ) ਘੋੜੇ ਜੋੜੇ, ਗਊਆਂ, ਵਾਹਣੀ ਜੋਇ ਮਿਲੀਆਂ, ਰੂਪ ਰੰਗ ਸਾਥਿ ਬੀਆਹੁ ਹੋਆ।

ਜਨੇਤ ਕੋ ਬਸਤਰ ਮੂਲੋ ਪਹਿਰਾਏ, ਐਸਾ ਧਰਮ ਕਾ ਬੀਆਹੁ ਹੂਆ। ਦਾਜ ਦਖਣਾ ਦੇ ਕਰ ਬਿਦਾ ਕੀਏ। ਬੀਆਹੁ ਕਰਿ ਕੈ ਤਲਵੰਡੀ ਆਏ। ਘਰਿ ਆਇ ਵੜੇ। ਦਾਜ ਬਿਸਤਾਰਿ ਕਰਿ ਕੁੜਮਾਂ ਪੰਚਾ ਨੋ ਦਿਖਾਇਆ। ਜਿਨ ਕੋ ਬਸਤਰ ਦੇਣੇ ਸੇ ਤਿਨ ਤਿਨ ਕਉ ਤੇਵਰ ਬੇਵਰ ਬਾਟਿ ਦੀਏ। ਲਾਗੀਅਹੁ ਲਾਗ ਲੀਏ, ਭਟਾਂ ਬ੍ਰਹਮਣਹੁ ਕਉ ਪਟੰਬਰ ਪਾਏ। ਸਰਬ ਲੋਕ ਖੁਸੀ ਹੋਏ।

ਗੁਰ. ਫਲਾਹੀ ਸਾਹਿਬ ਵਡਾਲਾ ਗ੍ਰੰਥੀਆਂ

ਸਾਈਕਲ ਯਾਤਰੀ- 624 ਗੁਰਦੁਆਰਾ ਨਾਨਕ ਮੜ੍ਹ ਸਾਹਿਬ ਬਟਾਲਾ ਦੀ ਮੌਜੂਦਗੀ ਦੀ ਗਲ ਕਰਦਾ ਹੈ। (ਹੇਠਲੀ ਤਸਵੀਰ 1933 ਈ. ਵਿੱਚ ਦੀ ਉਤਾਰੀ ਹੋਈ ਹੈ।) ਲਿਖਿਆ ਹੈ ਕਿ ਇਹ ਜਗਾ ਬਟਾਲਾ ਸ਼ਹਿਰ ਦੇ ਚੜ੍ਹਦੇ ਪਾਸੇ ਦੱਖਣ ਦੀ ਗੁੱਠ ਵਿੱਚ ਇਕ ਕਿਲੋ ਮੀਟਰ ਦੀ ਵਿੱਥ ਤੇ ਹੈ। ਲਿਖਿਆ ਹੈ ਕਿ ਇਹ ਥਾਂ ਛੀਬੇ ਸਿੱਖਾਂ ਦੇ ਕਬਜੇ ਵਿੱਚ ਹੈ। ਮੇਲਾ ਭਾਦਰੋਂ ਦੇ ਮਹੀਨੇ ਲਗਦਾ ਹੈ। ਇਥੇ ਬੋਹੜ ਦਾ ਰੁੱਖ ਖੜਾ ਹੈ। ਗੁਰਦੁਆਰੇ ਦੇ ਪਾਸ ਹੀ ਦੱਖਣ ਦੀ ਤਰਫ 50-60 ਕਰਮਾਂ ਤੇ ਮੁਸਲਮਾਨ ਬਾਬਾ ਵਜੀਰ ਸਾਹਿਬ ਫਕੀਰ ਸੱਯਦ ਦੀ ਖਾਨਗਾਹ ਹੈ। ਮੜ੍ਹ ਸਾਹਿਬ ਦੇ ਨਾਂ ਤੇ ਪਹਿਲਾਂ 16 ਘੁੰਮਾਂ ਜਮੀਨ ਸੀ, ਪਰ ਬਾਦ ਵਿੱਚ ਮੁਸਲਮਾਨਾਂ ਦਾ ਜੋਰ ਪੈਣ ਤੇ ਗੁਰਦੁਆਰੇ ਵਾਲੀ ਜਮੀਨ ਖਾਨਗਾਹ ਦੇ ਨਾਮ ਹੋ ਗਈ। ਇਸ ਅਸਥਾਨ ਤੇ 100 ਕਰਮਾਂ ਦੇ ਫਾਸਲੇ ਤੇ ਛੱਪੜ ਹੈ ਜਿੱਥੇ ਲੋਕ ਅਸ਼ਨਾਨ ਕਰਦੇ ਹਨ ਤੇ ਮੰਨਦੇ ਹਨ ਕਿ ਗੁਰੂ ਸਾਹਿਬ ਦੀ ਜਦੋਂ ਜੰਞ ਆਈ ਹੋਈ ਸੀ ਤਾਂ ਇਥੇ ਹੀ ਪੜਾਅ ਕੀਤਾ ਤੇ ਹੱਥ ਮੂੰਹ ਧੋਤੇ ਸਨ। ਬਾਦ ਵਿੱਚ ਬਟਾਲੇ ਦੀ ਮਾਝੀ ਪੰਚਾਇਤ ਜੰਞ ਨੂੰ ਸੱਦਣ ਆਈ ਤੇ ਬਟਾਲੇ ਢੁਕਾਅ ਹੋਇਆ ਸੀ। ਪਰ ਇਸ ਨਾਂ ਦਾ ਗੁਰਦੁਆਰਾ ਬਟਾਲਾ ਇਲਾਕੇ ਵਿਚ ਅੱਜ ਮੌਜੂਦ ਨਹੀ ਹੈ। ਅਸੀ ਪੁੱਛ ਪੜਤਾਲ ਕੀਤੀ ਤੇ ਪਤਾ ਲੱਗਾ ਹੈ ਕਿ ਹੋ ਸਕਦਾ ਸਾਈਕਲ ਯਾਤਰੀ ਗੁਰਦੁਆਰਾ ਫਲਾਹੀ ਸਾਹਿਬ ਦੀ ਹੀ ਗਲ ਕਰ ਰਿਹਾ ਹੋਵੇ ਜੋ ਦੀਵਾਨੀਵਾਲ ਅਤੇ ਵਡਾਲਾ ਗ੍ਰੰਥੀਆਂ ਦਰਮਿਆਨ ਮੌਜੂਦ ਹੈ ਪਰ ਫਲਾਹੀ ਸਾਹਿਬ ਤਾਂ ਕੰਧ ਸਾਹਿਬ ਬਟਾਲਾ ਤੋਂ ਸਾਢੇ ਛੇ ਕਿ. ਮੀ ਹੱਟਵਾਂ ਤੇ ਉਹ ਵੀ ਪੂਰਬ ਵਿਚ ਹੈ। ਹੋਰ ਖੋਜ ਦੀ ਜਰੂਰਤ ਹੈ।

ਗੁਰਦੁਆਰਾ ਨਾਨਕ ਮੜ੍ਹ ਸਾਹਿਬ

ਗੁਰੂ ਬਾਬੇ ਕਾ ਬਿਆਹੁ ਹੋਆ।"

ਸੋ ਇਸ ਪ੍ਰਕਾਰ ਬਾਬਾ ਨਾਨਕ ਜੀ ਵਿਆਹੇ ਗਏ ਬੀਬੀ ਘੁੰਮੀ (ਪੇਕਿਆਂ ਦਾ ਨਾਂ) ਨਾਲ। ਮਾਤਾ ਤ੍ਰਿਪਤਾ ਨੇ ਜਿਸ ਨੂੰ ਸੁਲੱਖਣੀ ਨਾਂ ਦਿੱਤਾ। ਮਾਤਾ ਸੁਲੱਖਣੀ ਦਾ ਪਿਤਾ ਮੂਲ ਚੰਦ ਚੋਨਾ ਅਤੇ ਮਾਤਾ ਚੰਦੋ ਰਾਣੀ। ਵਿਆਹ ਦੀ ਰਸਮ ਬਟਾਲੇ ਹੋਈ। ਪਿਤਾ ਮੂਲ ਚੰਦ ਪੱਖੋਕਿਆਂ ਦੇ ਪਟਵਾਰੀ ਸਨ। ਲਗਦਾ ਹੈ ਇਨਾਂ ਦਾ ਪਿੱਛਲਾ ਪਿੰਡ ਚੋਣੇ ਨੇੜੇ ਘੁਮਾਣ ਜਿਲਾ ਗੁਰਦਾਸਪੁਰ ਸੀ।

—◈—

ਨਾਮ ਹੀ ਬਾਬੇ ਦੀ ਖੇਤੀ, ਵਪਾਰ, ਸੌਦਾਗਿਰੀ ਜਾਂ ਨੌਕਰੀ

ਵਿਆਹ ਹੋ ਜਾਣ ਤੋਂ ਬਾਦ ਵੀ ਗੁਰੂ ਸਾਹਿਬ ਨਿਰੰਕਾਰ ਨਾਲ ਲਿਵਲੀਨ ਰਹਿੰਦੇ ਸਨ। ਇਨਾਂ ਦੀ ਮੁੱਖ ਜੁੰਮੇਵਾਰੀ ਖੇਤੀ ਬਾੜੀ ਦੀ ਸੀ। ਇਹ ਵੀ ਪਤਾ ਲਗਦਾ ਹੈ ਕਿ ਪ੍ਰਵਾਰ ਦੀ ਹੱਟੀ ਵੀ ਹੁੰਦੀ ਸੀ। ਚਾਚਾ ਲਾਲੂ ਮੁਖ ਤੌਰ ਤੇ ਹੱਟੀ ਦਾ ਕੰਮ ਵੇਖਦੇ ਸਨ। ਗਾਹੇ ਬਿਗਾਹੇ ਗੁਰੂ ਨਾਨਕ ਨੂੰ ਵੀ ਹੱਟੀ ਤੇ ਬੈਠਣਾ ਪੈਂਦਾ ਸੀ। ਪਰ ਗੁਰੂ ਸਾਹਿਬ ਖੇਤੀ ਦੇ ਕੰਮ ਵਿਚ ਥੋੜਾ ਸੌਖ ਮਹਿਸੂਸ ਕਰਦੇ ਸਨ। ਕਦੀ ਡੰਗਰ ਵੀ ਚਾਰਦੇ ਸਨ। ਕੁਝ ਵੀ ਕਰਨ ਧਿਆਨ ਉਹਨਾਂ ਦਾ ਦੁਨੀਆ ਦੇ ਪਾਲਣਹਾਰ ਅਕਾਲਪੁਰਖ ਨਿਰੰਕਾਰ ਵਿਚ ਹੀ ਰਹਿੰਦਾ ਸੀ।

ਇਕ ਵੇਰਾਂ ਬਾਬੇ ਦੀ ਨਿਰੰਕਾਰ ਨਾਲ ਅਜਿਹੀ ਲਿਵ ਲੱਗੀ ਕਿ ਚਾਰ ਦਿਨ ਕੁਝ ਸੁੱਧ ਬੁੱਧ ਨਾਂ ਰਹੀ। ਹਾਰ ਕੇ ਗੁਰੂ ਸਾਹਿਬ ਦੀ ਪਤਨੀ (ਮਾਤਾ ਸੁਲੱਖਣੀ) ਨੇ ਸੱਸ ਅੱਗੇ ਜਾ ਸ਼ਕਾਇਤ ਲਾਈ। "ਮਾਤਾ ਜੀ ਅੱਜ ਚੌਥਾ ਦਿਨ ਹੈ। ਨਾਂ ਕੁਝ ਖਾਧਾ ਨਾਂ ਪੀਤਾ ਹੈ। ਬਸ ਮਸਤ ਹੋਏ ਪਏ ਨੇ। ਕਦੀ ਗਾਉਦੇ ਨੇ, ਕਦੀ ਚੁੱਪ ਹੋ ਜਾਂਦੇ ਨੇ। ਮੇਰੀ ਕਿਸੇ ਗੱਲ ਦਾ ਜਵਾਬ ਨਹੀ ਦਿੰਦੇ।" ਮਾਂ ਤ੍ਰਿਪਤਾ ਤਾਂ ਪਹਿਲਾਂ ਹੀ ਅੱਕੀ ਪਈ ਸੀ। ਸਬੱਬੀ ਘਰ ਚਾਚੇ ਤਾਏ ਕਿਸੇ ਕੰਮ ਆ ਗਏ। ਪਿਤਾ ਕਾਲੂ ਵੀ ਘਰੇ ਸਨ। ਹਰ ਕਿਸੇ ਦੇ ਮੰਨ ਵਿੱਚ ਇਹੋ ਸਵਾਲ ਸੀ ਕਿ ਨਾਨਕ ਦਾ ਕੀ ਇਲਾਜ ਕੀਤਾ ਜਾਵੇ। ਮਾਤਾ ਤ੍ਰਿਪਤਾ ਨੇ ਤਾਂ ਇਥੋ ਤੱਕ ਕਹਿ ਦਿੱਤਾ ਕਿ ਕਈ ਕਹਿੰਦੇ ਨੇ ਬੇਦੀ ਦਾ ਮੁੰਡਾ ਨਿਖੱਟੂ ਹੈ। ਚਾਚੇ ਤਾਇਆਂ ਕਾਲੂ ਨੂੰ ਤਾਹਨਾ ਦੇ ਦਿੱਤਾ ਕਿ ਤੂੰ ਜਵਾਨ ਮੁੰਡੇ ਨੂੰ ਲਾਡ ਨਾਲ ਵਿਗਾੜਿਆ ਹੋਇਆ ਹੈ। ਕਿਉ ਨਹੀ ਇੰਨੂੰ ਕਿਸੇ ਆਹਰੇ ਕਾਰੇ ਲਾਉਦਾ? ਇਸ ਸੁਣਕੇ ਪਿਤਾ ਕਾਲੂ ਦਾ ਗੁੱਸਾ ਸੱਤਵੇ ਅਸਮਾਨ ਤੇ ਪੁੱਜ ਜਾਂਦਾ। ਸਾਰੇ ਇਕੱਠੇ ਹੋ ਕੇ ਨਾਨਕ ਦੇ ਕਮਰੇ ਵਿੱਚ ਗਏ।

ਇਕ ਤਾਇਆ ਬੋਲ ਉਠਿਆ, "ਓਏ ਮੁੰਡਿਆ ਤੂੰ ਕੋਈ ਕਾਰ ਵਿਹਾਰ ਕਿਓ ਨਹੀ ਕਰਦਾ?"

ਅਨੰਦ ਦੀ ਉੱਚ ਅਵਸਥਾ ਵਿੱਚ ਪਹੁੰਚੇ ਗੁਰੂ ਸਾਹਿਬ ਨੇ ਜਵਾਬ ਦਿੱਤਾ, "ਕੌਣ ਕਹਿੰਦਾ ਮੈਂ ਕਾਰ ਵਿਹਾਰ ਨਹੀ ਕਰਦਾ? ਮੈਂ ਤਾਂ ਬਹੁਤ ਨੇਕ ਕਮਾਈ ਵਿੱਚ ਲੱਗਾ ਪਿਆ ਵਾ।"

ਪਿਤਾ ਕਾਲੂ ਚੀਕ ਉਠਿਆ, "ਓਏ ਕਿਹੜੀ ਨੇਕ ਕਮਾਈ ਕਰਦੈ ਤੂ?"

ਚਾਚੇ ਨੇ ਵੀ ਕਟਾਖ ਕਰ ਦਿੱਤਾ, "ਕਾਮ ਕੇ ਨਾ ਕਾਜ ਕੇ। ਦੁਸ਼ਮਣ ਅਨਾਜ ਕੇ।"

ਮਾਤਾ ਤ੍ਰਿਪਤਾ ਨੇ ਵਿੱਚੇ ਟੋਕ ਦਿੱਤਾ, "ਨਹੀ ਲਾਲੂ ਇਹਨੂੰ ਖਾਣ ਪੀਣ ਦੀ ਵੀ ਕੋਈ ਸੁੱਧ ਨਹੀ। ਦੇ ਦਿਓ ਤਾਂ ਥੋੜਾ ਜਿਹਾ ਖਾ ਲੈਂਦਾ ਨਹੀ ਤਾਂ ਬਸ ਮਸਤ।"

ਚਾਚੇ ਤਾਏ ਫਿਰ ਬੋਲ ਉਠੇ ਕਿ ਦੱਸ ਕਿਹੜੀ ਕਮਾਈ ਤੂੰ ਪਿਆ ਕਰਦੈ? ਤੇਰੇ ਕਰਕੇ ਬੇਦੀਆ ਦੀ ਬਦਨਾਮੀ ਹੋ ਰਹੀ ਹੈ। ਤੇਰੇ ਨਾਲ ਦੇ ਕਈਆਂ ਨੇ ਅੱਜ ਮੁਰੱਬੇ ਸਾਂਭੇ ਹੋਏ ਨੇ। ਕੋਈ ਵੱਡਾ ਹੱਟ ਕਰ ਰਿਹਾ। ਕੋਈ ਅਰਬ ਕੋਈ ਬੁਖਾਰੇ ਜਾ ਜਾ ਸੌਦਾਗਰੀ ਕਰ ਰਿਹਾ। ਕੋਈ ਵੱਡੇ ਰਾਜਿਆ ਦੀ ਨੌਕਰੀ ਕਰਕੇ ਉੱਚੇ ਅਹੁਦਿਆ ਤੇ ਬਰਾਜਮਾਨ ਹੈ। ਤੂੰ ਕਿਓ ਨਹੀ ਕੰਮ ਕਰਦਾ ਹੈ?

ਬਾਬੇ ਨੇ ਕਿਹਾ ਮੈਂ ਨਿਰੰਕਾਰ ਦਾ ਨਾਮ ਜਪਦਾ ਹਾਂ। ਜਿਸ ਨੇ ਸਾਰਾ ਜਗਤ ਪੈਦਾ ਕੀਤਾ ਵਾ। ਉਹਦੀ ਤਾਰੀਫ ਵਿੱਚ ਲੱਗਾ ਰਹਿਨਾ ਵਾਂ। ਉਹਦਾ ਸ਼ੁਕਰਾਨਾ ਕਰਦਾ ਵਾਂ, ਧੰਨਵਾਦ। ਗੁਰੂ ਸਾਹਿਬ ਨੇ ਫਿਰ ਸੋਰਠ ਰਾਗ ਦੀ ਹੇਕ ਵਿੱਚ ਸ਼ਬਦ ਪੜਿਆ:-

ਸੋਰਠਿ ਮਹਲਾ ੧ ਘਰੁ ੧ ॥ ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥ ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥ ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥੧॥ ਬਾਬਾ ਮਾਇਆ ਸਾਥਿ ਨ ਹੋਇ ॥ ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥ ਰਹਾਉ ॥ ਹਾਣੂ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ॥ ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ ॥ ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ ॥੨॥ ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥ ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ ॥ ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥੩॥ ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ ॥ ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ ॥ ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ ॥੪॥੨॥

ਗੁਰੂ ਸਾਹਿਬ ਨੇ ਫਰਮਾਇਆ ਕਿ ਜਿਹੜੀ ਖੇਤੀ ਮੈਂ ਕਰਦਾ ਵਾਂ ਉਹ ਸਾਰਿਆਂ ਨੂੰ ਨਹੀ ਦਿੱਸਦੀ। ਮੈਂ ਆਪਣੇ ਮੰਨ ਨੂੰ ਹਾਲੀ ਬਣਾ ਲਿਆ ਹੈ ਤੇ ਆਪਣੇ ਸਰੀਰ ਨੂੰ ਪੈਲੀ, ਉਤੋ ਮਿਹਨਤ ਦਾ ਪਾਣੀ ਲਾਉਨਾਂ ਵਾਂ। ਨਿਰੰਕਾਰ ਦੇ ਜਸ ਜਾਂ ਉਸਤਤ ਦਾ ਬੀਅ ਪਾਉਨਾ ਵਾਂ। ਗਰੀਬੀ ਧਾਰਨ ਕੀਤੀ ਹੋਈ ਹੈ ਤੇ ਹਿਰਦੇ ਵਿੱਚ ਸੰਤੋਖ ਹੈ। ਮੇਰੇ ਹਿਰਦੇ ਵਿੱਚ ਨਿਰੰਕਾਰ ਲਈ ਪ੍ਰੇਮ ਹੈ। ਰੱਬ ਦੀ ਕਿਰਪਾ ਦ੍ਰਿਸ਼ਟੀ ਹੋਵੇਗੀ ਤਾਂ ਬੀ ਉਗੇਗਾ ਤੇ ਖੇਤ ਹਰਾ ਭਰਾ ਹੋ ਉਠੇਗਾ। ਬਾਕੀ ਇਹ ਗੱਲ ਯਾਦ ਰਖਿਓ ਜਿਹੜੀ ਮਾਇਆ ਦੀ ਤੁਸੀ ਗੱਲ ਕਰ ਰਹੇ ਹੋ ਉਸਨੇ ਸਾਥ ਨਹੀ ਦੇਣਾ। ਦੁਨੀਆ ਇਸ ਵਿੱਚ ਗ੍ਰੱਸੀ ਪਈ, ਫਸੀ ਪਈ ਹੈ।

ਏਸੇ ਤਰਾਂ ਫਿਰ ਹੱਟੀ ਕਰਨ, ਪ੍ਰਦੇਸਾਂ ਵਿੱਚ ਜਾ ਜਾ ਸੌਦਾਗਿਰੀ ਕਰਨ ਜਾਂ ਨੌਕਰੀ ਕਰਨ ਦੀ ਗੱਲ ਕਹੀ।

ਵਿਚੋਂ ਜਦੋਂ ਇਕ ਤਾਏ ਨੇ ਬਹਿਸ ਕਰਨੀ ਚਾਹੀ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਤੁਸਾਂ ਕੁਝ ਚਿਰ ਪਹਿਲਾਂ ਘਰ ਵਿੱਚ ਪੰਡਤ ਨੂੰ ਸੱਦ ਕੇ ਕਥਾ ਨਹੀ ਸੀ ਕਰਾਈ? ਤੇ ਯਾਦ ਹੈ ਪੰਡਤ ਨੇ ਕੀ ਦੱਸਿਆ ਸੀ ਕਿ ਭਗਵਾਨ ਦਾ ਨਾਂ ਲੈਣਾ ਸਭ ਤੋਂ ਉਤਮ ਕੰਮ ਹੈ। ਸੋ ਮੈਂ ਤਾਂ ਸਭ ਤੋਂ ਵਧੀਆ ਕੰਮ ਕਰਦਾ ਵਾਂ। ਇਕ ਚਾਚੇ ਨੇ ਫਿਰ ਕਹਿਆ

ਪੈਂਡਾ ਸਫ਼ਾ ◉ ਸੋਢੀ -29, ◘ ਇਸ ਗੁਰ ਅਸਥਾਨ ਤੇ ਲਗ ਪਗ 1947 ਈ. ਤੱਕ ਉਹ ਛੀਬਾ ਪ੍ਰਵਾਰ ਨਿਵਾਸ ਕਰਦਾ ਰਿਹਾ। 1933 ਈ ਵਿੱਚ ਇਸ ਪ੍ਰਵਾਰ ਦੇ ਭਾਈ ਰਲਾ ਰਾਮ ਅਤੇ ਰਖਾ ਰਾਮ ਸਨ।

ਕਿ ਨਾਮ ਨਾਲ ਢਿੱਡ ਨਹੀ ਭਰਦਾ। ਜਿੰਦਗੀ ਵਿੱਚ ਕੁਝ ਕਾਰੋਬਾਰ ਕਰਨਾ ਪਊਗਾ। ਗੁਰੂ ਸਾਹਿਬ ਨੇ ਕਿਹਾ ਕਿ ਮੈਂ ਦੁਨਿਆਈ ਕਾਰ ਵਿਹਾਰ ਵੀ ਕਰਦਾ ਵਾਂ। ਡੰਗਰ ਚਾਰਦਾ। ਹਲ੍ਹ ਵਾਹੁੰਦਾ ਵਾਂ। ਪਰ ਮੈਂ ਇਸ ਕਾਰ ਵਿਹਾਰ ਵਿੱਚ ਦੀਵਾਨਾ ਨਹੀ ਹਾਂ। ਪਰ ਜਦੋਂ ਮੈ ਆਪਣੇ ਪਿਆਰੇ ਤੋਂ ਜਿਆਦਾ ਦੇਰ ਵਿੱਛੜਦਾ ਹਾਂ ਮੇਰਾ ਸਰੀਰ ਟੁੱਟਦਾ ਹੈ। ਮੈਨੂੰ ਮੌਤ ਨਜਰ ਆਉਦੀ ਹੈ। ਫਿਰ ਕੁਝ ਸਮੇਂ ਵਾਸਤੇ ਮੇਰਾ ਦੁਨਿਆਵੀ ਕਾਰ ਵਿਹਾਰ ਤੋਂ ਮੰਨ ਹਟ ਜਾਂਦਾ ਹੈ।

ਤਾਇਆ ਕਹਿਣ ਲੱਗਾ ਕਿ ਕੰਮ ਮੰਨ ਲਾ ਕੇ ਕਰਨਾਂ ਚਾਹੀਦਾ ਹੈ। ਕੰਮ ਵਿੱਚੇ ਨਹੀ ਛੱਡਿਆ ਜਾ ਸਕਦਾ। ਜਿਸ ਤਰਾਂ ਤੂੰ ਵਿੱਚੇ ਕੰਮ ਛੱਡ ਦਿੰਨਾ ਵਾਂ ਇਸ ਤਰਾਂ ਤਾਂ ਸਭ ਬਰਬਾਦ ਹੋ ਜਾਵੇਗਾ। ਗੁਰੂ ਸਾਹਿਬ ਨੇ ਕਿਹਾ "ਸਾਡੀ ਰਾਖੀ ਨਿਰੰਕਾਰ ਕਰਦਾ ਹੈ। ਮੇਰੀਆਂ ਮੱਝਾਂ, ਮੇਰੇ ਖੇਤ, ਨਿਰੰਕਾਰ ਦੇ ਸਪੁੱਰਦ ਹਨ। ਮੈਂ ਤਾਂ ਸਿਰਫ ਅਰਦਾਸ ਕਰਨਾ ਜਾਣਦਾ ਵਾਂ। "

ਵੱਡਿਆਂ ਫਿਰ ਜੋਰ ਦੇ ਕੇ ਕਿਹਾ ਕਿ ਕੰਮ ਵਿੱਚ ਮੰਨ ਲਾ। ਗੁਰੂ ਸਾਹਿਬ ਨੇ ਕਿਹਾ ਕਿ ਉਹ ਚਾਚਾ ਭਾਨਾ ਇਸ ਦੁਨੀਆ ਤੋਂ ਕੀ ਲੈ ਗਇਆ ਜੋ 40 ਸਾਲ ਦੀ ਭਰ ਜਵਾਨੀ ਵਿੱਚ ਚਲਾ ਗਇਆ ਹੈ? ਕੀ ਉਹ ਕਾਰ ਵਿਹਾਰ ਨਹੀ ਸੀ ਕਰਦਾ? ਸਾਨੂੰ ਕਾਰੋਬਾਰ ਦੀ ਏਨੀ ਵੀ ਦਿਵਾਨਗੀ ਨਹੀ ਹੋਣੀ ਚਾਹੀਦੀ। ਭਾਨੇ ਦਾ ਜਦੋਂ ਨਾਂ ਸੁਣਿਆ ਤਾਂ ਸਾਰਿਆ ਦੇ ਹੋਸ਼ ਉੱਡ ਗਏ। ਸਭ ਨਿਰਉਤਰ ਹੋ ਗਏ ਕਿਉਕਿ ਭਾਨਾ ਦੇਵਾਨਗੀ ਦੀ ਹੱਦ ਤੱਕ ਕਾਰੋਬਾਰ ਵਿੱਚ ਰੁੱਝਾ ਸੀ ਕਿ ਮੌਤ ਦੇ ਸੌਦਾਗਰ ਨੇ ਬੁਖਾਰ ਦਾ ਰੂਪ ਧਾਰਕੇ ਆ ਭਾਨੇ ਨੂੰ ਜਗਾਇਆ।

ਸਾਰੇ ਚੁੱਪ ਸਨ। ਪਿਤਾ ਕਾਲੂ ਫਿਰ ਬੋਲ ਉਠਿਆ, "ਮੈਂ ਤਾਂ ਪਹਿਲਾਂ ਹੀ ਸਿਰ ਦੀਆਂ ਠੀਕਰੀਆਂ ਇਹਦੇ ਤੇ ਭੰਨ ਚੁੱਕਾ ਹਾਂ, ਇਹ ਅੱਗੋਂ ਇਹੋ ਜਿਹੇ ਜਵਾਬ ਦਿੰਦਾ ਵਾ। "

ਹਰ ਇਕ ਨੇ ਨਾਨਕ ਨੂੰ ਨਮਸਕਾਰ ਕੀਤੀ ਤੇ ਆਪੋ ਆਪਣੇ ਘਰਾਂ ਨੂੰ ਚਲਦੇ ਬਣੇ। ਹਰ ਕੋਈ ਘੁਸਰ ਮੁਸਰ ਕਰੇ ਕਿ ਮਹਿਤਾ ਕਾਲੂ ਦਾ ਪੁੱਤਰ ਤਾਂ ਕੋਈ ਸਾਧੂ ਫਕੀਰ ਹੈ। ਕੋਈ ਕਹੇ ਕਾਲੂ ਦੇ ਘਰ ਅਵਤਾਰ ਨੇ ਜਨਮ ਲਿਆ ਹੈ। ਕੋਈ ਕਹੇ ਕਾਲੂ ਭਾਗਾਂ ਵਾਲਾ ਹੈ। ਕੋਈ ਸ਼ਰੀਕ ਖੁਸ਼ ਹੋਵੇ ਕਿ ਕਾਲੂ ਦਾ ਘਰ ਬਰਬਾਦ ਹੋ ਗਿਆ।

—◈—

"ਨਾਨਕ ਸਾਨੂੰ ਵੀ ਭਗਤੀ 'ਚ ਲਾ ਲੈ"– ਸਾਰਾ ਪ੍ਰਵਾਰ ਦੁਆਲੇ ਹੋ ਗਿਆ।

ਜਦੋ ਗੁਰੂ ਸਾਹਿਬ 22 ਕੁ ਸਾਲਾਂ ਦੇ ਸਨ ਤਾਂ ਇਕ ਦਿਨ ਘਰ ਦੇ ਜੀ ਜਿੰਨਾਂ ਵਿੱਚ ਮਾਤਾ ਪਿਤਾ ਆਂਢ ਗਵਾਂਢ ਦੇ ਭਾਈ ਭਤੀਜੇ ਗੁਰੂ ਸਾਹਿਬ ਦੇ ਦੁਆਲੇ ਹੋ ਗਏ। ਕਹਿਣ ਲਗੇ ਨਾਨਕ ਪਹਿਲਾਂ ਤੂੰ ਕਦੀ ਖੇਡਦਾ ਹੱਸਦਾ ਗਾਉਦਾ ਵੀ ਹੁੰਦਾ ਸੀ, ਹੁਣ ਤੂੰ ਬਿਲਕੁਲ ਚੁੱਪ ਜਿਹਾ ਰਹਿੰਨਾ ਵਾ। ਹੁਣ ਕੀ ਗੱਲ ਹੋ ਗਈ?

ਜਵਾਬ ਵਿੱਚ ਗੁਰੂ ਸਾਹਿਬ ਨੇ ਸ਼ਬਦ ਗਾਉਣਾ ਸ਼ੁਰੂ ਕਰ ਦਿੱਤਾ:

ਪ੍ਰਭਾਤੀ ਮਹਲਾ ੧ ॥ ਗੀਤ ਨਾਦ ਹਰਖ ਚਤੁਰਾਈ ॥ ਰਹਸ ਰੰਗ ਫੁਰਮਾਇਸਿ ਕਾਈ ॥ ਪੈਨ੍ਹਣੁ ਖਾਣਾ ਚੀਤਿ ਨ ਪਾਈ ॥ ਸਾਚੁ ਸਹਜੁ ਸੁਖੁ ਨਾਮਿ ਵਸਾਈ ॥੧॥ ਕਿਆ ਜਾਨਾਂ ਕਿਆ ਕਰੈ ਕਰਾਵੈ ॥ ਨਾਮ ਬਿਨਾ ਤਨਿ ਕਿਛੁ ਨ ਸੁਖਾਵੈ ॥੧॥ ਰਹਾਉ ॥

ਕਿ ਇਹ ਹਸਣਾ ਗਾਉਣਾ ਨਚਣਾ ਟਪਣਾ ਠੱਠਾ ਮਜਾਕ, ਹੁਕਮ ਫਰਮਾਇਸ਼ਾਂ, ਖਾਣਾ ਪੀਣਾ ਪਹਿਨਣਾ ਇਹ ਚਿੱਤ ਵਿੱਚ ਆਉਦਾ ਹੀ ਨਹੀ। ਕੋਈ ਸ਼ੌਕ ਹੀ ਨਹੀ ਰਿਹਾ। ਮੰਨ ਵਿੱਚ ਥੋੜਾ ਖੁਸ਼ੀ ਸਿਰਫ ਓਦੋਂ ਹੁੰਦੀ ਹੈ ਜਦੋਂ ਮੈਂ ਸੱਚ ਤੇ ਨਾਮ ਨਾਲ ਜੁੜਿਆ ਹੁੰਦਾ ਹਾਂ। ਪਤਾ ਨਹੀ ਨਿਰੰਕਾਰ ਮੈਨੂੰ ਕਿੱਧਰ ਲਿਜਾ ਰਿਹਾ ਵਾ, ਨਾਮ ਤੋਂ ਬਿਨਾਂ ਕੁਝ ਚੰਗਾ ਹੀ ਨਹੀ ਲਗਦਾ। ਨਿਰੰਕਾਰ ਨੂੰ ਯਾਦ ਕੀਤੇ ਬਿਨਾਂ ਮੈਂ ਜੀ ਹੀ ਨਹੀ ਸਕਦਾ।

ਜੋਗ ਬਿਨੋਦ ਸ੍ਵਾਦ ਆਨੰਦਾ ॥ ਮਤਿ ਸਤ ਭਾਇ ਭਗਤਿ ਗੋਬਿੰਦਾ ॥ ਕੀਰਤਿ ਕਰਮ ਕਾਰ ਨਿਜ ਸੰਦਾ ॥ ਅੰਤਰਿ ਰਵਤੋਂ ਰਾਜ ਰਵਿੰਦਾ ॥੨॥ ਪ੍ਰਿਉ ਪ੍ਰਿਉ ਪ੍ਰੀਤਿ ਪ੍ਰੇਮਿ ਉਰ ਧਾਰੀ ॥ ਦੀਨਾ ਨਾਥੁ ਪੀਉ ਬਨਵਾਰੀ ॥ ਅਨਦਿਨੁ ਨਾਮੁ ਦਾਨੁ ਬ੍ਰਤਕਾਰੀ ॥ ਤ੍ਰਿਪਤਿ ਤਰੰਗ ਤਤੁ ਬੀਚਾਰੀ ॥੩॥

ਭਾਈ ਮੇਰੀ ਕਾਰ ਵਿਹਾਰ ਤਾਂ ਨਿਰੰਕਾਰ ਦੀ ਕੀਰਤੀ ਕਰਨਾਂ ਹੈ, ਉਸਤਤ ਗਾਉਣਾ ਹੈ। ਇਸ ਤਰਾਂ ਮੈਂ ਪਰਮ ਅਨੰਦ ਅਵਸਥਾ ਵਿੱਚ ਰਹਿੰਦਾ ਹਾਂ।

ਫਿਰ ਪ੍ਰਵਾਰ 'ਚੋਂ ਕਿਸੇ ਕਿਹਾ ਕਿ ਮੰਨ ਲਓ ਅਸੀ ਵੀ ਸਾਰੇ ਕੰਮ ਕਾਰ ਛੱਡ ਕੇ ਭਗਤੀ ਵਿੱਚ ਲਗ ਜਾਈਏ ਤਾਂ ਘਰ ਦਾ ਕੀ ਬਣੇਗਾ? ਜੇ ਆਪਾਂ ਅੰਨ ਦਾਣੇ ਦਾ ਪ੍ਰਬੰਧ ਨਾਂ ਕਰੀਏ ਤਾਂ ਸਾਰੇ ਭੁੱਖੇ ਨਹੀ ਮਰਨਗੇ?

ਗੁਰੂ ਸਾਹਿਬ ਨੇ ਫਿਰ ਸ਼ਬਦ ਪੂਰਾ ਕੀਤਾ ਤੇ ਫਰਮਾਇਆ:

ਅਕਥੋ ਕਥਉ ਕਿਆ ਮੈ ਜੋਰੁ ॥ ਭਗਤਿ ਕਰੀ ਕਰਾਇਹਿ ਮੋਰ ॥ ਅੰਤਰਿ ਵਸੈ ਚੂਕੈ ਮੈ ਮੋਰ ॥ ਕਿਸੁ ਸੇਵੀ ਦੂਜਾ ਨਹੀ ਹੋਰੁ ॥੪॥ ਗੁਰ ਕਾ ਸਬਦੁ ਮਹਾ ਰਸੁ ਮੀਠਾ ॥ ਐਸਾ ਅੰਮ੍ਰਿਤੁ ਅੰਤਰਿ ਡੀਠਾ ॥ ਜਿਨਿ ਚਾਖਿਆ ਪੂਰਾ ਪਦੁ ਹੋਇ ॥ ਨਾਨਕ ਧ੍ਰਾਪਿਓ ਤਨਿ ਸੁਖੁ ਹੋਇ ॥੫॥੧੪॥

ਓਹ ਨਿਰੰਕਾਰ ਜਿਸ ਦਾ ਬਿਆਨ ਕਰਨਾਂ ਹੀ ਅਸੰਭਵ ਹੈ, ਤੁਸੀ ਕੀ ਸਮਝਦੇ ਹੋ ਕਿ ਮੈਂ ਆਪਣੀ ਮਰਜੀ ਨਾਲ ਉਹਦਾ ਜੱਸ ਕਰਦਾ ਰਹਿੰਨਾ ਵਾਂ? ਨਹੀ ਓਹ ਕਰਵਾਉਂਦਾ ਤੇ ਮੈਂ ਕਰਦਾ ਹਾਂ। ਇਹ ਕੰਮ ਤੁਸੀ ਆਪਣੇ ਤਾਣ ਆਪਣੇ ਜੋਰ ਨਾਲ ਨਹੀ ਕਰ ਸਕਦੇ। ਇਹ ਤਾਂ ਜਿਸ ਤੇ ਉਸ ਦੀ ਬਖਸ਼ਸ਼ ਹੋ ਜਾਵੇ ਉਹ ਹੀ ਕਰ ਸਕਦਾ ਹੈ। ਤੁਸੀ ਚਾਹੋ ਵੀ ਤਾਂ ਉਹ ਕੰਮ ਨਹੀ ਕਰ ਸਕਦੇ ਜਿਸ ਲਈ ਹੁਕਮ ਨਾਂ ਹੋਵੇ। ਨਿਰੰਕਾਰ ਦੀ ਉਸਤਤ ਅੰਮ੍ਰਿਤ ਨਿਆਈ ਹੈ। ਇਹ ਉਹ ਅੰਮ੍ਰਿਤ ਹੈ ਜਿਸ ਨੂੰ ਜੇ ਕਿਸੇ ਚੱਖ ਲਿਆਂ ਤਾਂ ਪਰਮ ਅਨੰਦ ਵਿੱਚ ਪਹੁੰਚ ਜਾਂਦਾ ਹੈ। ਇਹ ਹਰ ਕਿਸੇ ਦੇ ਭਾਗਾਂ ਵਿਚ ਨਹੀ ਹੈ।

—◈—

ਬੇਬੇ ਨਾਨਕੀ ਨੇ ਬਾਬੇ ਨੂੰ ਗ੍ਰਿਸਤ ਬਾਬਤ ਸੁਚੇਤ ਕੀਤਾ

ਪਹਿਲਾਂ ਰਿਵਾਜ ਇਹ ਹੁੰਦਾ ਸੀ ਕਿ ਵਿਆਹ ਤੋਂ ਤੁਰੰਤ ਬਾਦ ਲਾੜੀ ਵਾਪਸ ਆਪਣੇ ਘਰ ਚਲੀ ਜਾਂਦੀ ਸੀ। ਵਾਪਸ ਜਦੋਂ ਸਹੁਰੇ ਲਿਆਂਦੀ ਜਾਦੀ ਸੀ ਤਾਂ ਉਸ ਨੂੰ ਮੁਕਲਾਵਾ ਕਿਹਾ ਜਾਂਦਾ ਸੀ। ਕਈ ਵਾਰੀ ਵਿਆਹ ਤੇ ਮੁਕਲਾਵੇ ਵਿੱਚ ਸਾਲਾਂ ਦਾ ਅਰਸਾ ਵੀ ਲੱਗ ਜਾਂਦਾ ਸੀ ਜਦੋਂ ਕਿਸੇ ਬਾਲੜੀ ਦਾ ਹੀ ਵਿਆਹ ਕਰ ਦਿੱਤਾ ਜਾਂਦਾ ਸੀ ਤਾਂ। ਅਸੀ ਹੁਣ ਤੱਕ ਹੁੰਦਾ ਆਪਣੇ ਸਾਹਮਣੇ ਵੇਖਿਆ

ਹੈ।

ਕਿਉਕਿ ਬਾਬਾ ਜੀ ਦਾ ਵਿਆਹ ਠੀਕ ਠਾਕ ਉਮਰੇ ਭਾਵ ਸਾਢੇ 18 ਸਾਲ ਵਿੱਚ ਹੋਇਆ ਸੀ। ਲੱਗਦੈ ਹੈ ਕਿ ਸਾਹਿਬ ਨੇ ਮੁਕਲਾਵਾ ਵੀ ਛੇਤੀ ਹੀ ਲੈ ਆਂਦਾ ਹੋਵੇਗਾ ਕਿਉਕਿ ਮਾਪਿਆ ਦੀ ਪੂਰੀ ਕੋਸ਼ਿਸ਼ ਸੀ ਕਿ ਨਾਨਕ ਨੂੰ ਕਿਸੇ ਤਰਾਂ ਗ੍ਰਿਸਤ ਵਿੱਚ ਜੁੜਿਆ ਜਾਵੇ। ਮੁਕਲਾਵਾ ਲੈ ਕੇ ਬਾਬਾ ਤਲਵੰਡੀ ਹੀ ਗਇਆ ਸੀ।

ਸਮਾਂ ਪਾ ਕੇ ਜਦੋਂ ਬਾਬੇ ਦੀ ਸੱਸ ਮਾਤਾ ਚੰਦੋ ਰਾਣੀ ਦਾ ਆਪਣੀ ਧੀ ਨਾਲ ਕਿਸੇ ਰਿਸਤੇਦਾਰੀ ਵਿਚ ਵਿਆਹ ਸ਼ਾਦੀ ਖੁਸ਼ੀ ਮੌਕੇ ਮੇਲ ਹੁੰਦਾ ਹੈ। ਧੀ ਨੇ ਮਾਂ ਕੋਲ ਬਾਬੇ ਨਾਨਕ ਦਾ ਸਾਰਾ ਸੁਭਾਅ ਖੋਲ ਕੇ ਰੱਖ ਦਿੱਤਾ। ਮਾਤਾ ਦੇ ਫਿਰ ਉੱਠੇ ਸੁਆਲਾਂ ਦੇ ਜਵਾਬ ਵਿੱਚ ਧੀ ਘੁੰਮੀ ਨੇ ਕਿਹਾ ਕਿ,

"ਨਹੀ ਉਹਦਾ ਕਿਸੇ ਦੂਸਰੀ ਜਨਾਨੀ ਨਾਲ ਕੋਈ ਚੱਕਰ ਵੱਕਰ ਨਹੀ ਹੈ। ਬਸ ਉਹਦੀ ਰੱਬ ਨਾਲ ਹੀ ਲਿਵ ਲੱਗੀ ਰਹਿੰਦੀ ਹੈ। ਹਾਂ ਉਹ ਮੈਨੂੰ ਬਸ ਇਨਾ ਕੁ ਪਿਆਰ ਦਿੰਦਾ ਹੈ, ਜਿੰਨਾ ਸਾਰਿਆਂ ਨੂੰ ਦਿੰਦਾ ਹੈ। ਕਦੀ ਮਾਰਦਾ ਕੁੱਟਦਾ ਨਹੀ। ਗੁੱਸੇ ਵੀ ਨਹੀ ਹੁੰਦਾ। ਮੇਰੇ ਨਾਲ ਉੱਚੇ ਉੱਚੇ ਗਿਆਨ ਧਿਆਨ ਦੀਆਂ ਗੱਲਾਂ ਕਰਦਾ ਹੈ। ਮਾਤਾ ਜੀ! ਪਤਾ ਨਹੀ ਇਹਦਾ ਕੀ ਸੁਭਾਅ ਆ। ਇੰਨੀ ਭੁੱਖ ਵੀ ਨਹੀ ਲੱਗਦੀ। ਥੱਕਦਾ ਵੀ ਨਹੀ। ਬਾਕੀ ਸਾਰੇ ਕੰਮ ਹੁੰਦੇ ਨੇ। ਮੇਰੇ ਨਾਲ ਬਹੁਤੀਆਂ ਗੱਲਾਂ, ਕੋਈ ਸਲਾਹ ਮਸ਼ਵਰਾ, ਕੋਈ ਘਰ ਦੀ, ਕੋਈ ਬਾਹਰ ਦੀ, ਕਦੀ ਕੋਈ ਗੱਲ ਬਾਤ ਹੀ ਨਹੀ ਦੱਸਦਾ। ਕਦੇ ਆਪਣੇ ਆਪ ਮੇਰੇ ਹੱਥ ਤੇ ਦਮੜੀ ਨਹੀ ਸੁ ਰੱਖੀ। ਬਸ ਮੈਂ ਆਪ ਹੀ ਇਸ ਕੋਲੋ ਪੈਸਾ ਧੇਲਾ ਖਿੱਚਦੀ ਹਾਂ। ਇਹਨੂੰ ਉਹ ਵੀ ਪ੍ਰਵਾਹ ਨਹੀ ਹੁੰਦੀ। ਇਹਦੀ ਵੱਟਕ ਵਿੱਚੋਂ ਮੈਂ ਜਿੰਨੇ ਮਰਜੀ ਪੈਸੇ ਕੱਢ ਲਵਾਂ ਕਦੀ ਨਹੀ ਪੁੱਛਦਾ। ਪਰ ਵੇਖ ਨਾਂ! ਮਨ ਹੁੱਸੜ ਜਿਹਾ ਜਾਂਦਾ। ਜਦੋਂ ਕਦੀ ਕੋਈ ਦੁੱਖ ਸੁੱਖ ਦੀ ਵਾਤ ਹੀ ਨਹੀ ਪੁੱਛਣੀ। "

ਗੱਲਾਂ ਬਾਤਾਂ ਸੁਣ ਕੇ ਚੰਦੋ ਰਾਣੀ ਨੂੰ ਜਵਾਈ ਤੇ ਗੁੱਸਾ ਆਉਦਾ। ਬਟਾਲੇ ਜਦੋਂ ਗੱਲ ਚਲਦੀ ਸੀ ਤਾਂ ਪਤੀ ਮੂਲ ਚੰਦ ਚੋਣਾ ਦਸਦਾ ਸੀ ਕਿ ਜੈਰਾਮ ਪਲਤਾ ਨਵਾਬ ਦਾ ਵੱਡਾ ਅਹਿਲਕਾਰ ਹੈ। ਨਵਾਬ ਨੂੰ ਤਾਂ ਕੁਝ ਪਤਾ ਹੀ ਨਹੀ ਹੁੰਦਾ। ਹਕੂਮਤ ਤਾਂ ਇਹੋ ਲੋਕ ਕਰਦੇ ਨੇ। ਨਵਾਬ ਤਾਂ ਬਸ ਹਥਿਆਰ ਵਰਤਣੇ ਤੇ ਘੋੜ ਸਵਾਰੀ ਤੇ ਮਗਨ ਰਹਿੰਦਾ।

ਜਵਾਈ ਤੇ ਅੱਗ ਬਬੂਲਾ ਹੋਈ ਚੰਦੋ ਰਾਣੀ ਬੋਲੀ, "ਮੈਂ ਹੁਣੇ ਖਬਰ ਲੈਨੀ ਆ ਵਿੱਚੋਲੇ ਦੀ। ਭਾਵੇ ਹੋਵੇ ਕੋਈ ਸਦਰ ਤੇ ਭਾਵੇ ਮੀਰ ਬਖਸ਼ੀ ਭਾਵੇ ਮਾਲ ਗੁਜਾਰ। ਮੈਂ ਨੀ ਕਿਸੇ ਤੋਂ ਡਰਦੀ। "

ਓਸੇ ਤਲਖੀ ਵਿੱਚ ਗੁਰੂ ਜੀ ਦੀ ਸੱਸ ਜਾ ਭਾਈਆ ਜੈਰਾਮ ਅਤੇ ਬੇਬੇ ਜੀ ਨਾਲ ਗਲ ਕਰਦੀ ਹੈ। ਬੇਬੇ ਜੀ ਨੇ ਜਿਵੇ ਰਾਮ ਰਾਮ ਕਹੀ, ਚੰਦੋ ਰਾਂਣੀ ਭੜਕ ਉਠੀ, "ਕਾਹਦੀ ਰਾਮ ਰਾਮ। ਇਹੋ ਹਕੂਮਤਾਂ ਕਰਦੇ ਹੋ? ਅਗਲਿਆਂ ਦੀਆਂ ਧੀਆਂ ਵਿਆਹ ਕੇ ਗਾਲਦੇ ਹੋ। ਸੌ ਸਰਫਿਆਂ ਦੀ ਸਾਡੀ ਧੀ ਤੁਸੀ ਰੋਲਣ ਡਹੇ ਹੋਏ ਹੋ। ਤੁਹਾਨੂੰ ਡਰ ਨਹੀ ਰੱਬ ਦਾ?"

ਬੇਬੇ ਜੀ ਨੇ ਮਾਤਾ ਨੂੰ ਕੇ ਸ਼ਾਂਤ ਕੀਤਾ। ਸਾਰੀ ਸ਼ਕਾਇਤ ਸੁਣੀ। ਬੇਬੇ ਜੀ ਨੇ ਪੁਛਿਆ, "ਮਾਸੀ ਜੀ ਕੀ ਸਾਡੀ ਭਾਬੀ ਭੁੱਖੀ, ਤਿਹਾਈ ਸਾਉਦੀ ਹੈ? ਕੀ ਉਨੂੰ ਕਪੜੇ ਲੱਤੇ ਦੀ ਕਦੀ ਤੋਟ ਆਉਦੀ ਹੈ?" ਮਾਸੀ ਕੋਲ ਜਵਾਬ ਨਹੀ ਸੀ। ਮਾਤਾ ਬੋਲੀ, "ਵੇਖੋ ਨਾਂ ਬੀਬੀ ਜੀ ਇਹ ਗੱਲ ਤਾਂ ਠੀਕ ਹੈ। ਬੰਦੇ ਜਨਾਨੀ ਦਾ ਇੱਕ ਪੜ੍ਹਦਾ ਹੁੰਦਾ ਹੈ। ਨਾਨਕ ਦਾ ਫਰਜ ਨਹੀ ਬਣਦਾ ਕਿ ਸਾਰੀ ਸਲਾਹ ਮਸ਼ਵਰਾ ਘੁੰਮੀ ਨਾਲ ਆ ਕੇ ਕਰਿਆ ਕਰੇ। ਸੌ ਦੁੱਖ ਸੁੱਖ ਹੁੰਦੈ। ਉਹ ਬਹਿੰਦਾ ਹੀ ਪੀਰਾਂ ਫਕੀਰਾਂ ਸਾਧੂਆਂ ਸੰਤਾਂ ਦੇ ਡੇਰੇ। ਜੇ ਇਹ ਸਾਧਾਂ ਨਾਲ ਹੀ ਰਹਿਣਾ ਸੀ ਤਾਂ ਵਿਆਹ ਕਿਓ ਕਰਾਇਆਂ ਸੂ?"

ਬੇਬੇ ਜੀ ਨੇ ਕਿਹਾ, "ਮਾਸੀ ਜੀ, ਇਹ ਵੀ ਸੁਲੱਖਣੀ ਦੀ ਸ਼ਕਾਇਤ ਨਜਾਇਜ ਹੈ। ਨਾਨਕ ਕਦੀ ਬਾਹਰ ਨਹੀ ਸੌਂਦਾ । ਮਾਸੀ ਤੈਨੂੰ ਤਾਂ ਪਤਾ ਹੀ ਹੈ ਆਹ ਸੁਦਾਗਰ ਜਾਂ ਵਣਜਾਰੇ ਕਦੀ ਕਦੀ ਸਾਲ ਸਾਲ ਨਹੀ ਘਰ ਆਉਦੇ। ਉਨਾਂ ਦੀਆਂ ਤ੍ਰੀਮਤਾਂ ਵੀ ਤਾਂ ਬਰਦਾਸ਼ਤ ਕਰਦੀਆਂ ਨੇ। ਨਾਨਕ ਤਾਂ ਰੋਜ ਘਰ ਹੁੰਦੈ। ਮਾਸੀ ਤੈਨੂੰ ਨਹੀ ਪਤਾ ਨਾਨਕ ਪ੍ਰਮੇਸ਼ਰ ਸਰੂਪ ਹੈ। ਅਸੀ ਤਾਂ ਸਭ ਉਸਤੋਂ ਡਰਦੇ ਹਾਂ। ਅਸੀ ਤਾਂ ਕੀ, ਰਾਇ ਬੁਲਾਰ ਸਾਬ ਵੀ ਉਸਦਾ ਅਹਿਤਰਾਮ ਕਰਦੇ ਨੇ। ਉਹਦੇ ਮੂੰਹੋ ਸਹਿਜ ਸੁਭਾਅ ਨਿਕਲੀ ਗੱਲ ਸੱਚੀ ਹੁੰਦੀ ਹੈ। ਕੀ ਤੈਨੂੰ ਸੁਲੱਖਣੀ ਨੇ ਦੱਸਿਆ ਨਹੀ? ਫਿਰ ਵੀ ਮੈਂ ਵੀਰ ਨੂੰ ਅਰਜੋਈ ਕਰਾਂਗੀ ਕਿ ਗ੍ਰਿਸਤ 'ਚੋਂ ਸ਼ਕਾਇਤ ਨਹੀ ਆਉਣੀ ਚਾਹੀਦੀ। "

ਚੰਦ ਜਿਹੀ ਸ਼ਾਂਤ ਬੇਬੇ ਨਾਨਕੀ ਦੇ ਮੇਲ ਨਾਲ ਚੰਦੋ ਰਾਣੀ ਦਾ ਹਿਰਦਾ ਸੀਤਲ ਜਲ ਵਾਗੂ ਸ਼ਾਂਤ ਹੋ ਗਿਆ। ਕਹਿਣ ਲੱਗੀ ਮੈਂ ਵੀ ਘੁੰਮੀ ਨੂੰ ਸਮਝਾ ਕੇ ਜਾਵਾਂਗੀ।

ਮੌਕਾ ਵੇਖ ਬੇਬੇ ਜੀ ਨੇ ਗੁਰੂ ਸਾਹਿਬ ਨੂੰ ਕਾਬੂ ਕਰ ਲਿਆ ਤੇ ਸਾਰਾ ਦੱਸਿਆ ਕਿ ਤੇਰੀ ਸ਼ਕਾਇਤ ਆਈ ਹੈ। ਬੇਬੇ ਜੀ ਨੇ ਕਿਹਾ ਕਿ ਇੱਕ ਪਾਸੇ ਤੁਸੀ ਗ੍ਰਿਸਤ ਧਰਮ ਦੀ ਸਿਫਤਾਂ ਕਰਦੇ ਹੋ, ਵਕਾਲਤ ਕਰਦੇ ਹੋ ਤੇ ਇਹ ਕਿਓ ਹੋਇਆ ਹੈ? ਬਾਬਾ ਜੀ ਨੇ ਬੇਬੇ ਜੀ ਨੂੰ ਭਰੋਸਾ ਦਿਵਾਇਆ ਕਿ ਮੈਂ ਘੁੰਮੀ ਨੂੰ ਸਮਝਾ ਲਵਾਂਗਾ ਤੇ ਉਹਦੀ ਸ਼ਕਾਇਤ ਦੂਰ ਕਰਾਂਗਾ।

ਗੁਰੂ ਸਾਹਿਬ ਨੇ ਫਿਰ ਮਾਤਾ ਸੁਲੱਖਣੀ ਤੇ ਵੀ ਕਿਰਪਾ ਦ੍ਰਿਸ਼ਟੀ ਕਰਕੇ ਉਨੂੰ ਵੀ ਹੁਕਮ ਦਾ ਗਿਆਨ ਕਰਵਾ ਦਿੱਤਾ। ਮਾਤਾ ਨੇ ਰਜਾ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ। ਉਸ ਨੂੰ ਵੀ ਅਹਿਸਾਸ ਹੋ ਗਇਆ ਕਿ ਉਹ ਭਾਗਾਂ ਵਾਲੀ ਹੈ ਉਹਦਾ ਪਤੀ ਨਿਰੰਕਾਰ ਨਾਲ ਇੱਕ ਮਿਕ ਹੈ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਮਾਤਾ ਤੇ ਬਖਸ਼ਸ਼ ਕੀਤੀ ਕਿ ਸਿਰਫ ਤੂੰ ਹੀ ਨਹੀ ਤੇਰੀਆਂ ਆਉਣ ਵਾਲੀਆਂ ਪੀੜੀਆਂ ਨੂੰ ਵੀ ਮਾਇਆ ਦੀ ਕਦੀ ਤੋਟ ਨਹੀ ਆਵੇਗੀ। ਇਹੋ ਕਾਰਨ ਹੈ ਗੁਰੂ ਨਾਨਕ ਨੂੰ ਮੰਨਣ ਵਾਲਾ ਹਰ ਬੇਦੀ ਅੱਜ ਮਾਲਾ ਮਾਲ ਹੈ। ਅੱਗੇ ਫਿਰ ਅਸੀ ਦੇਖਦੇ ਹਾਂ ਕਿ ਮਾਤਾ ਸੁਲੱਖਣੀ ਗੁਰੂ ਸਾਹਿਬ ਨਾਲ ਸੁਲਤਾਨਪੁਰ ਲੋਧੀ ਚਲੇ ਜਾਂਦੇ ਹਨ। ਬਾਬਾ ਸ੍ਰੀ ਚੰਦ (ਜਨਮ ਅਗਸਤ 1494 ਈ.) ਤੇ ਬਾਬਾ ਲਖਮੀ ਚੰਦ (ਮਾਰਚ 1497) ਦਾ ਜਨਮ ਹੁੰਦਾ ਹੈ। ਉਪਰੰਤ ਗੁਰੂ ਸਾਹਿਬ ਸੁਲਤਾਨਪੁਰ ਵਾਲਾ ਮੋਦੀਖਾਨਾ ਤਿਆਗ ਕੇ ਉਦਾਸੀ ਤੇ

ਨਿਕਲਦੇ ਹਨ ਤੇ ਮਾਤਾ ਸੁਲੱਖਣੀ ਅਤੇ ਬੱਚਿਆਂ ਸਹੁਰਾ ਮੂਲ ਚੰਦ ਚੋਣਾ ਪੱਖੋਕੇ ਲੈ ਜਾਂਦਾ ਹੈ। ਵਕਤ ਪਾ ਕੇ ਗੁਰੂ ਸਾਹਿਬ ਵੀ ਸਹੁਰਿਆਂ ਦੇ ਕੋਲ ਕਰਤਾਰਪੁਰ ਆ ਵੱਸਦੇ ਨੇ ਤੇ ਮਾਤਾ ਸੁਲੱਖਣੀ ਅਤੇ ਬਾਕੀ ਪ੍ਰਵਾਰ ਵੀ ਇਕੱਠਾ ਹੋ ਜਾਂਦਾ ਹੈ। ਬਾਬਾ ਸ੍ਰੀ ਚੰਦ ਹਿੰਦੂ ਰੀਤ ਅਨੁਸਾਰ ਸੰਨਿਆਸ ਲੈ ਲੈਂਦੇ ਹਨ ਤੇ 12 ਸਾਲ ਪੂਰੇ ਹੋਣ ਤੇ ਉਹ ਵੀ ਕਰਤਾਰਪੁਰ ਆ ਜਾਂਦੇ ਹਨ।

—◈—

"ਵੱਡੀ ਰਾਤ ਹੋ ਗਈ ਨਾਨਕਾ, ਹੁਣ ਤੇ ਸੌਂ ਜਾ" ਮਾਤਾ ਤ੍ਰਿਪਤਾ ਬੋਲੀ

ਇਹ ਗੱਲ ਓਦੋਂ ਦੀ ਹੈ ਜਦੋਂ ਗੁਰੂ ਨਾਨਕ 25-26 ਸਾਲ ਦੇ ਹੋ ਚੁੱਕੇ ਸਨ। ਚੁਮਾਸੇ ਦੇ ਦਿਨ ਸਨ। ਸਾਉਣ ਭਾਦਰੋਂ ਦਾ ਮਹੀਨਾ ਸੀ। ਅੱਧੀ ਰਾਤ ਹੋ ਚੁੱਕੀ ਸੀ। ਮਾਤਾ ਤ੍ਰਿੰਪਤਾ ਦੀ ਅੱਖ ਖੁੱਲੀ ਤਾਂ ਕੀ ਸੁਣਦੀ ਹੈ, ਨਾਨਕ ਨੇ ਰਾਗ ਛੇੜ ਰਖਿਆ ਸੀ ਤੇ ਲਗਾ ਸੀ ਨਿਰੰਕਾਰ ਦੀ ਉਸਤਤ ਵਿੱਚ ਸਬਦ ਗਾਉਣ।

ਮਾਤਾ ਨੇ ਕਿਹਾ ਕਿ ਨਾਨਕ ਪੁੱਤ੍ ਜੀ ਰਾਤ ਵੱਡੀ ਹੋ ਗਈ ਹੈ ਹੁਣ ਸੌ ਜਾਓ। ਅੱਗੋ ਨਾਨਕ ਬੋਲਿਆ, "ਮਾਤਾ ਮੈਂ ਕਿਵੇ ਸੌ ਜਾਵਾਂ ਜਦੋਂ ਮੇਰਾ ਸ਼ਰੀਕ ਜਾਗਣ ਡਿਹਾ ਹੋਇਆ ਵਾ।"

ਮਾਤਾ ਬੋਲੀ, "ਵੇ ਤੇਰਾ ਕਿਹੜਾ ਸ਼ਰੀਕ ਜਾਗਦਾ ਪਿਐ? ਮੈਨੂੰ ਤਾਂ ਕੋਈ ਵਾਜ ਨਹੀ ਆ ਰਹੀ।"

ਹੱਸ ਕੇ ਨਾਨਕ ਬੋਲਿਆ, "ਮਾਤਾ ਜੀ ਤੁਸੀ ਸੁਣ ਨਹੀ ਰਹੇ ਓਹ ਬਬੀਹੇ ਨੇ ਕਿਵੇਂ ਪਿਓ ਪ੍ਰਿਓ ਦੀ ਰੱਟ ਲਾਈ ਹੋਈ ਏ?"

"ਹਾਏ ਹਾਏ ਵੇ ਨਾਨਕਾ! ਤੇਰਾ ਬਬੀਹੇ ਪੰਛੀ ਨਾਲ ਕੀ ਸ਼ਰੀਕਾ?" ਮਾਤਾ ਬੋਲੀ।

"ਪ੍ਰਿਅ ਸਿਉ ਪ੍ਰੀਤਿ ਨ ਉਲਟੈ ਕਬਹੂ ਜੋ ਤੈ ਭਾਵੈ ਸਾਈ ॥"

"ਵੇਖ ਮਾਤਾ ਜੀ ਬਬੀਹੇ ਨੂੰ ਪਾਣੀ ਦੀ ਪਿਆਸ ਹੈ ਮੈਨੂੰ ਮੇਰੇ ਨਿਰੰਕਾਰ ਦੇ ਦਰਸ਼ਨਾਂ ਦੀ ਪਿਆਸ ਹੈ।"

ਮਾਤਾ ਕਹਿੰਦੀ, "ਨਾਨਕਾ ਏਹ ਬਬੀਹੇ ਨੂੰ ਜਦੋਂ ਪਾਣੀ ਮਿਲ ਗਇਆ ਇਨੇ ਸੌਂ ਜਾਣਾ ਪਰ ਤੇਰੀ ਪਿਆਸ ਕਦੀ ਮਿਟਦੀ ਹੀ ਨਹੀ?"

ਸਾਹਿਬ ਬੋਲੇ, "ਦੇਖ ਮਾਤਾ ਜੀ! ਨਿਰੰਕਾਰ ਨਾਲ ਪ੍ਰੀਤ ਓਦੋਂ ਬਣ ਆਉਂਦੀ ਹੈ ਜਦੋਂ ਸਾਡੀ ਹਉਮੈ ਮੁੱਕੀ ਹੁੰਦੀ ਹੈ। ਤ੍ਰਿਸ਼ਨਾ ਘੱਟ ਚੁੱਕੀ ਹੁੰਦੀ ਹੈ। ਫਿਰ ਇਹ ਜਿਓ ਜਿਓ ਪ੍ਰੀਤ ਬਣਦੀ ਹੈ ਤਾਂ ਮੰਨ ਹੋਰ ਅਨੰਦ 'ਚ ਹੋਈ ਜਾਂਦਾ ਹੈ।"

ਮਾਤਾ ਕਹਿੰਦੀ, "ਨਹੀ। ਗਲਤ ਗੱਲ ਆ। ਸਮੇਂ ਬਾਦ ਬੰਦੇ ਨੂੰ ਭੁੱਖ ਨੀਂਦ ਸਤਾਉਦੀ ਹੈ। ਕਹਿੰਦੇ ਇਹ ਤਾਂ ਸੂਲੀ ਤੇ ਵੀ ਆ ਜਾਂਦੀਆਂ ਨੇ।"

ਸਾਹਿਬ ਨੇ ਫਰਮਾਇਆ "ਨਹੀ। ਮੈਨੂੰ ਜੰਗਲਾਂ ਬੀਆ ਬਾਨਾਂ ਵਿੱਚ ਵੀ ਨੀਂਦ ਭੁੱਖ ਨਹੀ ਸਤਾਉਂਦੀ। ਬਸ ਮੈਨੂੰ ਨਾਮ ਦਾ ਰਸ ਮਿਲਦਾ ਰਹੇ।"

ਸਾਹਿਬ ਨੇ ਹਉਮੈ, ਤ੍ਰਿਸ਼ਨਾ ਤੇ ਨਾਮ ਵਾਲੀ ਸਾਰੀ ਗੱਲ ਦੱਸੀ। ਮਾਤਾ ਨੇ ਅਸੀਸ ਦਿੱਤੀ ਕਿ ਭਗਵਾਨ ਕਰੇ ਤੇਰੀ ਪ੍ਰੀਤ ਤੇਰੇ ਪਿਆਰੇ ਨਾਲ ਨਿੱਭ ਆਵੇ। ਸਲਾਮਤ ਰਹੇ। ਗੁਰੂ ਸਾਹਿਬ ਫਿਰ ਆਪਣੇ ਰਾਗ ਵਿੱਚ ਮਗਨ ਹੋ ਗਏ:-

ਮਲਾਰ ਮਹਲਾ ੧ ॥ ਚਾਤ੍ਰਿਕ ਮੀਨ ਜਲ ਹੀ ਤੇ ਸੁਖੁ ਪਾਵਹਿ ਸਾਰਿੰਗ ਸਬਦਿ ਸੁਹਾਈ ॥੧॥ ਰੈਨਿ ਬਬੀਹਾ ਬੋਲਿਓ ਮੇਰੀ ਮਾਈ ॥੧॥ ਰਹਾਉ ॥ ਪ੍ਰਿਅ ਸਿਉ ਪ੍ਰੀਤਿ ਨ ਉਲਟੈ ਕਬਹੂ ਜੋ ਤੈ ਭਾਵੈ ਸਾਈ ॥੨॥ ਨੀਦ ਗਈ ਹਉਮੈ ਤਨਿ ਥਾਕੀ ਸਚ ਮਤਿ ਰਿਦੈ ਸਮਾਈ ॥੩॥ ਦੂਖੀ ਬਿਰਖੀ ਊਡਉ ਭੂਖਾ ਪੀਵਾ ਨਾਮੁ ਸੁਭਾਈ ॥੪॥ ਲੋਚਨ ਤਾਰ ਲਲਤਾ ਬਿਲਲਾਤੀ ਦਰਸਨ ਪਿਆਸ ਰਜਾਈ ॥੫॥ ਪ੍ਰਿਅ ਬਿਨੁ ਸੀਗਾਰੁ ਕਰੀ ਤੇਤਾ ਤਨੁ ਤਾਪੈ ਕਾਪਰੁ ਅੰਗਿ ਨ ਸੁਹਾਈ ॥੬॥ ਅਪਨੇ ਪਿਆਰੇ ਬਿਨੁ ਇਕੁ ਖਿਨੁ ਰਹਿ ਨ ਸਕਾਂਉ ਬਿਨ ਮਿਲੇ ਨੀਂਦ ਨ ਪਾਈ ॥੭॥ ਅਪਨੇ ਪਿਆਰੇ ਬਿਨੁ ਇਕੁ ਖਿਨੁ ਰਹਿ ਨ ਸਕਾਂਉ ਬਿਨ ਮਿਲੇ ਨੀਂਦ ਨ ਪਾਈ ॥੭॥ ਪਿਰੁ ਨਜੀਕਿ ਨ ਬੂਝੈ ਬਪੁੜੀ ਸਤਿਗੁਰਿ ਦੀਆ ਦਿਖਾਈ ॥੮॥ ਸਹਜਿ ਮਿਲਿਆ ਤਬ ਹੀ ਸੁਖੁ ਪਾਇਆ ਤ੍ਰਿਸਨਾ ਸਬਦਿ ਬੁਝਾਈ ॥੯॥ ਕਹੁ ਨਾਨਕ ਤੁਝ ਤੇ ਮਨੁ ਮਾਨਿਆ ਕੀਮਤਿ ਕਹਨੁ ਨ ਜਾਈ ੧੦॥੩॥

—◈—

ਮਾਤਾ ਤ੍ਰਿਪਤਾ ਦੀ ਚਿੰਤਾ ਕਿ ਨਾਨਕ ਮੈਨੂੰ ਛੱਡ ਇੱਕ ਦਿਨ ਜੰਗਲੀਂ ਚਲਾ ਜਾਏਗਾ

ਇਕ ਦਿਨ ਇਕ ਜੋਗੀ ਮਾਂ ਤ੍ਰਿਪਤਾ ਦੇ ਘਰ ਮੰਗਣ ਆਇਆ। ਮਾਂ ਨੇ ਕੋਲ ਬਿਠਾ ਲਿਆ। ਪੁੱਛਿਆ ਸੂ ਕਿ ਕਿੰਨਾ ਚਿਰ ਹੋਇਆ ਘਰੋਂ ਨਿਕਲੇ ਨੂੰ? ਜੋਗੀ ਕਹਿਣ ਲਗਾ ਕੇ 11 ਸਾਲ ਹੋ ਗਏ ਨੇ। ਜੋਗੀ ਨੇ ਦੱਸਿਆ ਕਿ ਮਰਿਆਦਾ ਮੁਤਾਬਿਕ ਮੈਂ 12 ਸਾਲ ਤੋਂ ਪਹਿਲਾਂ ਆਪਣੇ ਇਲਾਕੇ ਵਿੱਚ ਨਹੀ ਜਾ ਸਕਦਾ। ਮਾਂ ਪਿਓ ਨੂੰ ਵੀ ਦੁਬਾਰਾ ਨਹੀ ਮਿਲਿਆ। ਇਹ ਸੁਣ ਮਾਤਾ ਤ੍ਰਿਪਤਾ ਨੂੰ ਚਿੰਤਾ ਨੇ ਆ ਘੇਰਿਆ ਕਿ ਮੇਰਾ ਨਾਨਕ ਵੀ ਇਕ ਦਿਨ ਮੈਨੂੰ ਛੱਡ ਜਾਵੇਗਾ। ਉਹਦੇ ਸਾਰੇ ਲੱਛਣ ਸਾਧ ਬਣਨ ਦੇ ਨੇ। ਯਾਦ ਰਹੇ ਉਹਨਾਂ ਜਮਾਨਿਆਂ ਵਿਚ ਸਾਧਾਂ ਦੀ ਗਿਣਤੀ ਬਹੁਤ ਹੁੰਦੀ ਸੀ। ਅਕਸਰ ਹੀ ਜਵਾਨ ਮੁੰਡੇ ਸੰਨਿਆਸ ਧਾਰਨ ਕਰ ਲੈਂਦੇ ਸਨ।

ਸ਼ਾਮੀ ਜਦੋਂ ਫਿਰ ਨਾਨਕ ਘਰ ਆਇਆ ਤਾਂ ਮਾਂ ਨੇ ਘੁੱਟ ਕੇ ਜੱਫੀ ਵਿੱਚ ਲੈ ਲਿਆ। ਖੂਬ ਵੈਰਾਗ ਕੀਤਾ। ਗੁਰੂ ਸਾਹਿਬ ਨੇ ਪੁੱਛਿਆ ਕਿ ਮਾਤਾ ਕੀ ਗੱਲ ਹੈ ਅੱਜ ਏਨਾ ਵੈਰਾਗ ਕਿਓ?

ਮਾਤਾ ਨੇ ਸਾਰੀ ਗੱਲ ਦੱਸੀ ਕਿ ਇਕ ਜੋਗੀ ਆਇਆ ਸੀ ਤੇ ਮੇਰਾ ਮੰਨ ਸਹਿਮ ਗਇਆ ਕਿ ਕਿਤੇ ਮੇਰਾ ਨਾਨਕ ਵੀ ਮੈਨੂੰ ਛੱਡ ਜੰਗਲਾਂ ਬੇਲਿਆਂ ਵਿੱਚ ਨਾਂ ਚਲਾ ਜਾਏ। ਗੁਰੂ ਸਾਹਿਬ ਨੇ ਮਾਤਾ ਨੂੰ ਦਿਲਾਸਾ ਦਿੱਤਾ ਤੇ ਕਿਹਾ ਕਿ ਮੈਂ ਕਿਨੂੰ ਜੰਗਲਾਂ ਉਦਿਆਨਾਂ ਵਿੱਚ ਲਭਣਾ ਹੈ ? ਮੇਰਾ ਨਿਰੰਕਾਰ ਤਾਂ ਮੇਰੇ ਅੰਗ ਸੰਗ ਹੈ।

ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥ ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥੧॥

ਓ ਮੇਰੀ ਪਿਆਰੀ ਮਾਤਾ ਤੇਰੇ ਪੁੱਤ ਨੂੰ ਬਾਹਰ ਜੰਗਲ ਬੇਲੇ 68 ਤੀਰਥਾਂ ਤੇ ਜਾਣ ਦੀ ਜਰੂਰਤ ਨਹੀ। ਮੇਰਾ ਤੀਰਥ ਤਾਂ ਮੇਰਾ ਇਹ ਘਰ ਮੇਰਾ ਸਰੀਰ ਹੀ ਹੈ। ਮੈਨੂੰ ਮਾਲਕ ਨੇ ਸਿਫਤ ਸਲਾਹ (ਨਾਮ) ਬਖਸ਼ ਦਿੱਤੀ ਹੈ ਤੇ ਜਨਮ ਮਰਨ ਤੋਂ ਰਹਿਤ ਹੋ ਚੁੱਕਾਂ ਹਾਂ। ਇਸ

ਪ੍ਰਕਾਰ ਸਾਰੀ ਗੱਲ ਮਾਤਾ ਨੂੰ ਸਮਝਾਈ ਕਿ ਜੇ ਨਿਰੰਕਾਰ ਅਕਾਲ ਪੁਰਖ ਨੇ ਚਾਹਿਆ ਤਾਂ ਮੈਂ ਥਾਂ ਥਾਂ ਜਾ ਕੇ ਨਾਮ ਦਾ ਪ੍ਰਚਾਰ ਵੀ ਕਰਾਂਗਾ। ਪਰ ਤੂੰ ਨਿਸਚਿੰਤ ਰਹੁ ਮੈਂ ਆਪਣਾ ਸਰੀਰ ਕੋਹਣ ਵਾਲਾ ਨਹੀ। ਮਾਤਾ ਜੀ ਫਿਰ ਵੀ ਬਹੁਤ ਵੈਰਾਗ ਕਰੇ। ਉਨਾਂ ਸੰਨਿਆਸੀਆਂ ਲਈ ਜਿਹੜੇ ਸਾਲਾਂ ਬੱਧੀ ਸਰੀਰ ਨੂੰ ਕੋਹਦੇ ਰਹਿੰਦੇ ਨੇ। ਸਾਹਿਬ ਨੇ ਮਾਂ ਨੂੰ ਫਿਰ ਟੋਕਿਆ ਕਿ ਨਹੀ ਇਹ ਨਿਰੰਕਾਰ ਦਾ ਖੇਲ ਚਲ ਰਿਹਾ ਹੈ। ਤੁਸੀ ਚਿੰਤਾ ਨਾਂ ਕਰੋ। ਨਿਰੰਕਾਰ ਨੂੰ ਹਰ ਜੀਅ ਦਾ ਫਿਕਰ ਹੈ। ਓਹ ਭਾਣੇ ਦਾ ਸਾਹਿਬ ਹੈ ਕਿਸੇ ਨੂੰ ਵੱਧ ਕਿਸੇ ਨੂੰ ਘੱਟ ਦੇ ਰਿਹਾ ਹੈ। ਕਈਆਂ ਨੂੰ ਇਸ ਜਨਮ ਵਿੱਚ ਦੁੱਖ ਤਕਲੀਫਾਂ ਕਸ਼ਟ ਮਿਲਦੇ ਨੇ ਜਿਵੇ ਤੁਸਾਂ ਜੋਗੀ ਕਲੰਦਰਾਂ ਦੀ ਗੱਲ ਕੀਤੀ ਹੈ। ਇਹੋ ਲੋਕ ਅਗਲੇ ਜਨਮ ਵਿੱਚ ਰਾਜੇ ਮਹਾਰਾਜੇ ਸ਼ਾਹੂਕਾਰ ਬਣਦੇ ਨੇ। ਤੇ ਫਿਰ ਅਗਲੀ ਵਾਰ ਕਸ਼ਟ ਭੋਗਦੇ ਨੇ। ਇਹ ਖੇਲ ਕਰਤੇ ਦਾ ਚਲਦਾ ਰਹਿੰਦਾ ਹੈ।

ਵੈਰਾਗ ਵਿੱਚ ਬਸ ਇਹ ਕਹਿੰਦਿਆਂ ਬਿਲਾਵਲ ਸੁਰ ਵਿੱਚ ਰਾਗ ਛੇੜ ਦਿੱਤਾ:-

ਬਿਲਾਵਲੁ ਮਹਲਾ ੧ ॥ ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥ ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥੧॥ ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ ॥ ਕਉਣੁ ਜਾਣੈ ਪੀਰ ਪਰਾਈ ॥ ਹਮ ਨਾਹੀ ਚਿੰਤ ਪਰਾਈ ॥੧॥ ਰਹਾਉ ॥ ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ ॥ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਘਟਿ ਘਟਿ ਜੋਤਿ ਤੁਮ੍ਹਾਰੀ ॥੨॥ ਸਿਖ ਮਤਿ ਸਭ ਬੁਧਿ ਤੁਮ੍ਹਾਰੀ ਮੰਦਿਰ ਛਾਵਾ ਤੇਰੇ ॥ ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ ॥੩॥ ਜੀਅ ਜੰਤ ਸਭਿ ਸਰਣਿ ਤੁਮ੍ਹਾਰੀ ਸਰਬ ਚਿੰਤ ਤੁਧੁ ਪਾਸੇ ॥ ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ ॥੪॥

—◈—

ਜਦੋਂ ਬਾਬੇ ਦੀ ਵਿਆਹ ਵਾਲੀ ਛਾਪ ਤੇ ਗੜ੍ਹਵੀ ਇਕ ਸਾਧੂ ਲੈ ਕੇ ਤੁਰਦਾ ਬਣਿਆ

ਇਕ ਦਿਨ ਸਵੇਰੇ ਸਵੇਰੇ ਜਦ ਗੁਰੂ ਨਾਨਕ ਜੰਗਲ ਪਾਣੀ ਨੂੰ ਗਏ ਤਾਂ ਵਾਪਸੀ ਤੇ ਪਿੰਡ ਦੇ ਛੱਪੜ ਲਾਗੇ ਉਨਾਂ ਨੂੰ ਇਕ ਸੰਨਿਆਸੀ ਸਾਧੂ ਨਜਰ ਆਇਆ। ਗੁਰੂ ਸਾਹਿਬ ਕੋਲ ਗਏ ਤੇ ਨਮਸਕਾਰ ਕੀਤੀ।

ਸਾਧੂ ਅੱਗੋ ਬੋਲਿਆ ਦੱਸੋ ਪੁੱਤ੍ਰ ਜੀ ਕਿਵੇ ਆਉਣਾ ਹੋਇਆ?

ਗੁਰੂ ਸਾਹਿਬ ਨੇ ਕਿਹਾ ਕਿ ਤੁਹਾਡੇ ਦਰਸ਼ਨ ਕਰਨ ਆਇਆ ਹਾਂ ਕੋਈ ਪ੍ਰਮੇਸ਼ਰ ਦੀ ਗੱਲ ਸੁਣਨ ਆਇਆ ਹਾਂ।

ਇਸ ਉਪਰੰਤ ਉਸ ਅਤੀਤ ਤੇ ਗੁਰੂ ਸਾਹਿਬ ਦੀਆਂ ਨਿਰੰਕਾਰ ਬਾਰੇ ਬਹੁਤ ਗੱਲਾਂ ਬਾਤਾਂ ਹੋਈਆਂ। ਉਸ ਸਾਧੂ ਦੀਆਂ ਗੱਲਾਂ ਵਿਚ ਗੁਰੂ ਸਾਹਿਬ ਨੂੰ ਅਨੰਦ ਦਾ ਅਨੁਭਵ ਹੋ ਰਿਹਾ ਸੀ।

ਵਿਚੇ ਸਾਧੂ ਨੇ ਪ੍ਰਸ਼ਨ ਕਰ ਦਿੱਤਾ ਕਿ ਕੀ ਨਾਂ ਤੇਰਾ ਤੇ ਕਿਹੜੀ ਜਾਤ ਦਾ ਵਾਂ?

ਗੁਰੂ ਸਾਹਿਬ ਨੇ ਕਿਹਾ, 'ਮੇਰਾ ਨਾਂ ਨਾਨਕ ਨਿਰੰਕਾਰੀ ਹੈ। ਜਾਤ ਪਾਤ ਨੂੰ ਮੈਂ ਮੰਨਦਾ ਨਹੀ। ਅਸੀ ਸਭ ਉਚ ਨੀਚ ਇਕ ਨਿਰੰਕਾਰ ਦੀ ਓਲਾਦ ਹਾਂ।'

ਸਾਧੂ - ਇਹਦਾ ਮਤਲਬ ਅਸੀ ਦੋਵੇ ਭਰਾ ਭਰਾ ਹਾਂ?

ਗੁਰੂ ਸਾਹਿਬ - ਜੀ ਹਾਂ।

ਸਾਧੂ- ਚੰਗਾ ਫਿਰ ਇਕ ਕੰਮ ਕਰ ਆਹ ਗੜ੍ਹਵੀ ਮੈਨੂੰ ਦੇ ਦੇ। ਮੇਰੇ ਕੋਲ ਕੋਈ ਭਾਂਡਾ ਹੈ ਨਹੀ।

ਗੁਰੂ ਸਾਹਿਬ ਨੇ ਝੱਟ ਉਹ ਗੜ੍ਹਵੀ ਸਾਧੂ ਨੂੰ ਸੌਂਪ ਦਿੱਤੀ।

ਸਾਧੂ - ਆਹ ਛਾਪ ਸੋਨੇ ਦੀ ਊ? ਗੁਰੂ ਸਾਹਿਬ - ਜੀ ਹਾਂ।

ਸਾਧੂ - ਇਹ ਵੀ ਮੈਨੂੰ ਦੇ ਦੇ। ਮੈਂ ਇਸ ਨਾਲ ਆਪਣਾ ਨਿਰਬਾਹ ਕਰ ਲਵਾਂਗਾ। ਕਦੀ ਕਦੀ ਭੋਜਨ ਨਸੀਬ ਨਹੀ ਹੁੰਦਾ। ਮੈਂ ਇਸ ਨਾਲ ਜੁਗਾੜ ਕਰ ਲਿਆ ਕਰਾਂਗਾਂ।

ਗੁਰੂ ਸਾਹਿਬ ਨੇ ਛਾਪ ਵੀ ਸਾਧੂ ਨੂੰ ਸੌਂਪ ਦਿੱਤੀ।

ਹੋਰ ਗੱਲਾਂ ਬਾਤਾਂ ਹੁੰਦੀਆਂ ਰਹੀਆਂ ਨਿਰੰਕਾਰ ਦੀ ਉਸਤਤ ਦੀਆਂ। ਅਖੀਰ 'ਚ ਸਾਧੂ ਕਹਿੰਦਾ, "ਆਹ ਲੈ! ਆਪਣੀ ਛਾਪ ਤੇ ਗੜ੍ਹਵੀ ਭਰਾਵਾ। ਮੈਂ ਤਾਂ ਤੇਰੀ ਪ੍ਰੀਖਿਆ ਲੈ ਰਿਹਾ ਸੀ।"

ਗੁਰੂ ਸਾਹਿਬ - ਨਹੀ । ਨਹੀ। ਇਹ ਨਹੀ ਹੁਣ ਮੈਂ ਲੈਣੀਆਂ। ਦਾਨ ਦਿੱਤੀ ਵਸਤੂ ਵਾਪਸ ਨਹੀ ਲਈਦੀ। ਤੁਸੀ ਰੱਖੋ। ਤੁਹਾਡੇ ਕੰਮ ਆਉਣਗੀਆਂ।

ਸਾਧੂ ਕਹਿੰਦਾ ਨਾਨਕ ਤੂੰ ਤਾਂ ਸੱਚ ਮੁੱਚ ਨਿਰੰਕਾਰੀ ਹੈ। ਅਸੀ ਤਾਂ ਐਵੇ ਸਾਰੀ ਜਿੰਦਗੀ ਜੰਗਲ ਬੇਲਿਆਂ 'ਚ ਘੁੰਮਦਿਆਂ ਕੱਢ ਦਿੱਤੀ ਹੈ। ਤੇਰਾ ਪ੍ਰਮੇਸ਼ਰ ਨਾਲ ਪਿਆਰ ਸੱਚਾ ਹੈ।

ਗੁਰੂ ਸਾਹਿਬ ਘਰ ਨੂੰ ਆ ਗਏ ਤੇ ਉਹ ਅਤੀਤ ਵੀ ਚਲਦਾ ਬਣਿਆ।

ਘਰ ਪਹੁੰਚਿਆ ਤਾਂ ਮਾਤਾ ਦੀ ਨਜ਼ਰੇ ਪਿਆ ਕਿ ਗੁਰੂ ਸਾਹਿਬ ਦੇ ਕੋਲ ਉਹ ਗੜਵੀ ਨਹੀ ਹੈ। ਗੁਰੂ ਸਾਹਿਬ ਬਾਰੇ ਪਹਿਲਾਂ ਵੀ ਮਸ਼ਹੂਰ ਸੀ ਕਿ ਉਹ ਭਾਂਡੇ ਤੇ ਹੋਰ ਵਸਤੂਆਂ ਅਕਸਰ ਗਵਾ ਆਇਆ ਕਰਦੇ ਸਨ। ਮਾਤਾ ਨੇ ਪੁੱਛਿਆ ਕਿ ਗੜਵੀ ਕਿਥੇ ਹੈ? ਤਾਂ ਗੁਰੂ ਸਾਹਿਬ ਨੇ ਸਾਰੀ ਗੱਲ ਦੱਸੀ ਕਿ ਸਾਧੂ ਨੂੰ ਛਾਪ ਤੇ ਗੜਵੀ ਦਾਨ ਕਰ ਦਿੱਤੀ ਹੈ।

ਗਲ ਪਿਤਾ ਮਹਿਤਾ ਕਾਲੂ ਕੋਲ ਪਹੁੰਚ ਗਈ। ਮਹਿਤਾ ਜੀ ਤਾਂ ਇਕ ਦਮ ਅੱਗ ਬਬੂਲਾ ਹੋ ਗਏ। ਲਗ ਪਏ ਸਾਹਿਬ ਨੂੰ ਗਾਲ ਮੰਦਾ ਕਰਨ। "ਤੂੰ ਨਿੱਜ ਜੰਮਦੋਂ।" "ਤੂੰ ਮੇਰਾ ਵੱਸਦਾ ਘਰ ਉਜਾੜਨ ਤੇ ਤੁੱਲਿਆ ਹੋਇਆ ਹੈ।" "ਨਿਕਲ ਘਰੋਂ ਬਾਹਰ।"

ਮਾਤਾ ਤ੍ਰਿਪਤਾ ਨੇ ਮਹਿਤਾ ਜੀ ਦਾ ਗੁੱਸਾ ਠੰਡਾ ਕੀਤਾ। ਪਰ ਗੱਲ ਰਾਇ ਬੁਲਾਰ ਤੱਕ ਪਹੁੰਚ ਗਈ ਕਿ ਕਾਲੂ ਨੇ ਫਿਰ ਗੁਰੂ ਨਾਨਕ ਨੂੰ ਬੁਰਾ ਭਲਾ ਕਿਹਾ ਹੈ।

ਗ੍ਰਿਹਸਤ ਵਿਚ ਅਜਿਹੀਆਂ ਬੇਪਰਵਾਹੀ ਦੀਆਂ ਘਟਨਾਵਾਂ ਗੁਰੂ ਸਾਹਿਬ ਨਾਲ ਅਕਸਰ ਹੋਈ ਰਹਿੰਦੀਆਂ ਸਨ। ਇਸ ਤੇ ਪਿਤਾ ਮਹਿਤਾ ਕਾਲੂ ਅਕਸਰ ਖਫਾ ਰਹਿੰਦੇ ਸਨ।

ਲਗਦਾ ਹੈ ਫਿਰ ਰਾਇ ਬੁਲਾਰ ਨੇ ਹੀ ਗੁਰੂ ਸਾਹਿਬ ਦੇ ਜੀਜਾ ਜੈ ਰਾਮ ਪਲਤਾ ਨੂੰ ਖਤ ਲਿਖਿਆ ਕਿ ਬਿਹਤ੍ਰ ਹੈ ਗੁਰੂ ਨਾਨਕ ਨੂੰ ਆਪਣੇ ਪਾਸ ਲੈ ਜਾਓ। ਮਹਿਤਾ ਕਾਲੂ ਗੁਰੂ ਸਾਹਿਬ ਦੀ ਰੂਹਾਨੀ ਸਖਸ਼ੀਅਤ ਨੂੰ ਨਹੀ ਸਮਝ ਪਾ ਰਿਹਾ। ਜਿਸ ਕਾਰਨ ਘਰ ਵਿੱਚ ਕਦੀ ਕਲੇਸ਼ ਰਹਿੰਦਾ ਹੈ। ਮੈਂ ਤਾਂ ਨਾਨਕ ਨੂੰ ਆਪਣੇ ਘਰ ਰੱਖਣ ਨੂੰ ਤਿਆਰ ਹਾਂ ਪਰ ਇਸ ਗੱਲ ਤੇ ਵੀ ਇਹ ਮੁਤਫਿਕ ਨਹੀ। ਹੋ ਸਕਦਾ ਇਸ ਕਰਕੇ ਹੋਵੇ ਕਿ ਮੈਂ ਮੁਸਲਮਾਨ ਹਾਂ ਇਹ ਹਿੰਦੂ

ਹਨ। ਪਰ ਨਾਨਕ ਤਾਂ ਇਲਾਹੀ ਨੂਰ ਹੈ ਉਹ ਧਰਮਾਂ ਮਜ਼ਹਬਾਂ ਤੋਂ ਉਪਰ ਹੈ।

ਜਨਮ ਸਾਖੀ ਤੋਂ ਸਬੂਤ ਮਿਲਦਾ ਹੈ ਕਿ ਜੈਰਾਮ ਨੇ ਤੁਰੰਤ ਜਵਾਬ ਦਿੱਤਾ ਕਿ ਮੇਰੇ ਵੱਡੇ ਭਾਗ ਹੋਣਗੇ ਜੇ ਨਾਨਕ ਮੇਰੇ ਕੋਲ ਆ ਕੇ ਰਹੇ। ਮੈਂ ਇਨੂੰ ਕਿਸੇ ਕਾਰੋਬਾਰ ਤੇ ਵੀ ਲਾ ਦਿਆਂਗਾ।

—◈—

ਸੱਜਣ ਠੱਗ ਦਾ ਉਧਾਰ◉

ਜਵਾਨੀ ਤਾਂ ਛੱਡੋ ਗੁਰੂ ਸਾਹਿਬ ਅਲੜ ਉਮਰੇ ਵੀ ਨੇੜੇ ਤੇੜੇ ਦਾ ਕੋਈ ਧਾਰਮਿਕ ਮੇਲਾ ਇਕੱਠ ਨਹੀ ਸਨ ਛੱਡਦੇ। ਮੁਲਤਾਨ ਵਿਚ ਤਿੰਨ ਚਾਰ ਸਾਲਾਨਾ ਮੇਲੇ ਲੱਗਦੇ ਆਏ ਨੇ। ਇਥੋਂ ਦੇ ਤਿੰਨ ਤਾਂ ਉਰਸ ਹੀ ਮਸ਼ਹੂਰ ਨੇ ਜਿਸ ਵਿਚ ਲੱਖਾਂ ਲੋਕ ਸ਼ਿਰਕਤ ਕਰਦੇ ਹਨ। ਹੋ ਸਕਦਾ 15ਵੀ ਸਦੀ ਤਕ ਓਥੇ ਕੋਈ ਹਿੰਦੂ ਜਾਂ ਸਭਿਆਚਾਰਕ ਮੇਲਾ ਵੀ ਮੁਲਤਾਨ ਦਾ ਮਸ਼ਹੂਰ ਹੋਏ ਜੋ ਬਾਦ ਵਿਚ ਇਸਲਾਮੀ ਅਸਰ ਵੱਧਣ ਕਾਰਨ ਹੌਲੀ ਹੌਲੀ ਖਤਮ ਹੀ ਹੋ ਗਇਆ ਹੋਵੇ। ਸਾਨੂੰ ਭੁਲਣਾ ਨਹੀ ਚਾਹੀਦਾ ਕਿ ਮੁਲਤਾਨ ਦਾ ਮਜ਼ਬੀ ਇਤਹਾਸ ਪੂਰੇ ਉੱਤਰੀ ਭਾਰਤ ਵਿਚ ਭਰਪੂਰ ਰਿਹਾ ਹੈ। ਗਲ ਅੰਦਾਜਨ 1492/93 ਈ ਦੀ ਹੋਵੇਗੀ ਗੁਰੂ ਸਾਹਿਬ ਵੀ ਭਾਈ ਮਰਦਾਨੇ ਨਾਲ ਮੁਲਤਾਨ ਕਿਸੇ ਮੇਲੇ ਤੇ ਚਲੇ ਗਏ।


ਸੱਜਣ ਠੱਗ ਦਾ ਸਮੱਰਪਣ -ਥੀ:40

ਲਗਦੈ ਗੁਰੂ ਸਾਹਿਬ ਅਤੇ ਮਰਦਾਨਾ ਰਾਵੀ ਦੇ ਨਾਲ ਨਾਲ ਹੀ ਗਏ ਹੋਣਗੇ। ਰਾਹ ਵਿਚ ਭਾਵ ਨਨਕਾਣਾ ਸਾਹਿਬ ਤੋਂ ਕੋਈ 210 ਕਿਲੋਮੀਟਰ ਰਾਵੀ ਦੇ ਕੰਢੇ ਤੇ ਤੁਲੰਬਾ ਸ਼ਹਿਰ ਆਇਆ। ਤੁਲੰਬਾ ਲਹੌਰ-ਮੁਲਤਾਨ ਸੜਕ ਤੇ ਰੇਲਵੇ ਲਾਈਨ ਤੇ ਪੈਂਦਾ ਹੈ। ਪੁਰਾਣੇ ਸਮਿਆਂ ਵਿੱਚ ਤੁਲੰਬਾ ਸ਼ਹਿਰ ਬਹੁਤ ਵੱਡੀ ਰਿਆਸਤ ਸੀ। ਜਦੋਂ ਬਾਦਸ਼ਾਹ ਸਿਕੰਦਰ ਨੇ ਹਮਲਾ ਕੀਤਾ ਉਦੋਂ ਉਹ ਤੁਲੰਬੇ ਵੀ ਆਇਆ। ਏਸੇ ਤਰਾਂ ਅਠਵੀ ਸਦੀ 'ਚ ਜਿਹੜਾ ਪਹਿਲਾ ਮੁਸਲਮਾਨ ਹਮਲਾਵਰ ਮੁਹੰਮਦ ਬਿਨ ਕਾਸਮ ਆਇਆ ਉਹ ਵੀ ਤੁਲੰਬੇ ਪਹੁੰਚਿਆ ਸੀ। ਸਮਾਂ ਪਾ ਕੇ ਤੁਲੰਬੇ ਦੀ ਮਹੱਤਤਾ ਘਟਦੀ ਗਈ ਤੇ ਅੱਜ ਇਹ ਛੋਟਾ ਜਿਹਾ 50 ਹਜਾਰ ਦੀ ਅਬਾਦੀ ਵਾਲਾ ਕਸਬਾ ਰਹਿ ਗਇਆ ਹੈ।

ਜਦੋਂ ਤੁਲੰਬੇ ਲਾਗੇ ਸ਼ਾਮਾਂ ਪਈਆਂ ਭਾਵ ਰਾਤ ਕੱਟਣ ਦੀ ਵਾਰੀ ਆਈ ਤਾਂ ਕਿਸੇ ਨੇ ਕਿਹਾ ਕਿ ਰਸਤੇ ਤੋਂ ਲਾਂਭੇ ਜਰੂਰ ਜਾਣਾ ਹੈ ਸੜਕ ਉੱਤੇ ਹੀ ਮਖਦੂਮ ਪੁਰ (ਅੱਜ ਪਹੌੜੇ ਪਠਾਣਾਂ ਦਾ ਸ਼ਹਿਰ) ਸੱਜਣ ਨਾਂ ਦੇ ਬੰਦੇ ਨੇ ਵੱਡੀ ਸਰਾਂ ਬਣਾਈ ਹੋਈ ਹੈ। ਓਥੇ ਰੋਟੀ ਪਾਣੀ ਸੌਣ ਤੇ ਨਹਾਉਣ ਦਾ ਸਾਰਾ ਪ੍ਰਬੰਧ ਹੈ।

ਸੋ ਬਾਬਾ ਤੇ ਮਰਦਾਨਾ ਮਖਦੂਮਪੁਰ ਸੱਜਣ ਦੀ ਸਰਾਂ ਪਹੁੰਚ ਗਏ। ਸੱਜਣ ਨੇ ਫਰੇਬ ਵਾਲਾ ਪੂਰਾ ਜਾਲ ਵਿਛਾ ਰੱਖਿਆ ਸੀ। ਮੁਸਲਮਾਨ ਰਾਹਗੀਰਾਂ ਲਈ ਮਸੀਤ ਤੇ ਹਿੰਦੂਆ ਲਈ ਬਕਾਇਦਾ ਮੰਦਰ ਬਣਾਇਆ ਹੋਇਆ ਸੀ। ਖੁੱਦ ਸੱਜਣ ਮੋਟਾ ਸਾਰਾ ਤਿਲਕ ਲਾਈ ਸੁਫੈਦ ਕਪੜਿਆ ਵਿਚ ਹੁੰਦਾ। ਅਗਲੇ ਨੂੰ ਇਹ ਲੱਗੇ ਕਿ ਕਿਸੇ ਧਰਮੀ ਪੁਰਖ ਨੇ ਸਰਾਂ ਬਣਾਈ ਹੈ। ਜਰਨੈਲੀ ਸੜ੍ਹਕ ਤੇ ਹੋਣ ਕਰਕੇ ਅਮੂਮਨ ਵਪਾਰੀ ਤੇ ਹੋਰ ਰਾਹਗੀਰ ਉਹਦੀ ਸਰਾਂ ਵਿੱਚ ਠਹਿਰ ਜਾਂਦੇ ਸਨ। ਉਹ ਆਏ ਰਾਹਗੀਰ ਦੀ ਖੂਬ ਸੇਵਾ ਕਰਦਾ। ਅੱਧੀ ਰਾਤ ਵੇਲੇ ਫਿਰ ਉਸਨੇ ਰਾਹਗੀਰ ਨੂੰ ਲੁੱਟ ਲੈਣਾ ਭਾਵ ਉਹਦਾ ਸਾਰਾ ਰੁਪਿਆ ਪੈਸਾ ਸਮਾਨ ਤੇ ਕਪੜਾ ਲੁਹਾ ਲੈਣਾ। ਕਈ ਵਾਰੀ ਕਤਲ ਕਰਕੇ ਲਾਸ਼ ਟਿਕਾਣੇ ਵੀ ਲਾ ਦੇਣੀ। ਸਵੇਰ ਵੇਲੇ ਮੁਸਾਫਿਰ ਅੱਗੇ ਭੋਲੇ ਬਣਨ ਦੀ ਅਦਾਕਾਰੀ ਜਾਂ ਨਾਟਕ ਕਰਨਾਂ ਕਿ ਰਾਤ ਇਥੇ ਲੁਟੇਰੇ ਪੈ ਗਏ ਸਨ। ਕਰਾਉਣਾ ਸਭ ਕੁਝ ਆਪ ਹੀ। ਇਸ ਨੇ ਆਪਣੇ ਨਾਲ 8-10 ਬਦਮਾਸ਼ ਰੱਖੇ ਹੋਏ ਸਨ।

ਖੈਰ ਜਿਵੇ ਬਾਬਾ ਤੇ ਮਰਦਾਨਾ ਓਥੇ ਪਹੁੰਚੇ ਤਾਂ ਸੱਜਣ ਠੱਗ ਦੇ ਨੌਕਰ ਨੇ ਮਰਦਾਨੇ ਕੋਲੋ ਸਾਰੀ ਜਾਣ ਪਛਾਣ ਲੈ ਲਈ। ਮਰਦਾਨੇ ਨੇ ਦੱਸਿਆ ਕਿ ਕਿਵੇ ਬਾਬਾ ਤਲਵੰਡੀ ਦੇ ਕਾਰਦਾਰ ਦਾ ਪੁੱਤਰ ਹੈ। ਬਾਬੇ ਦੀ ਪੁਸ਼ਾਕ ਵੀ ਰੋਹਬਦਾਰ ਸੀ। ਨੌਕਰ ਨੇ ਹੌਲੀ ਜਿਹੀ ਜਾ ਕੇ ਸੱਜਣ ਨੂੰ ਸਾਰੀ ਰਿਪੋਰਟ ਦਿੱਤੀ ਕਿ ਮੁੰਡਾ ਅਮੀਰ ਘਰ ਦਾ ਹੈ। ਸੱਜਣ ਨੇ ਗੁਰੂ ਸਾਹਿਬ ਨੂੰ ਜਦੋਂ ਵੇਖਿਆ ਤਾਂ ਚਿਹਰੇ ਦਾ ਨੂਰ ਸਹਾਰਿਆ ਨਾਂ ਗਿਆ। ਉਹ ਸਮਝ ਬੈਠਾ ਕਿ ਕੋਈ ਵੱਡਾ ਧਨੀ ਬੰਦਾ ਅੱਜ ਉਹਦੇ ਕੋਲ ਫਸਿਆ ਹੈ। ਨੌਕਰ ਨੂੰ ਹੁਕਮ ਕਰ ਦਿੱਤਾ ਕਿ ਇਨਾਂ ਮੁਸਾਫਰਾਂ ਨੂੰ ਰਹਿਣ ਦੀ ਇਜਾਜਤ ਹੈ ਤੇ ਇਨਾਂ ਦੀ ਪੂਰੀ ਆਓ ਭਗਤ ਕੀਤੀ ਜਾਵੇ ਜੋ ਵਪਾਰੀਆਂ ਦੀ ਹੁੰਦੀ ਸੀ । ਗੁਰੂ ਸਾਹਿਬ ਦੀ ਦਿੱਬ ਦ੍ਰਿਸ਼ਟੀ ਉਹਨੂੰ ਤਾੜ ਚੁੱਕੀ ਸੀ।

ਪੈੜ ਸੜ੍ਹ

◉ ਬਾਲਾ-113, ਪੁਰਾਤਨ-52, ਸੋਢੀ - 296
ਬ:40- 60। ਨਾਂ ਸੱਜਣ ਦੀ ਥਾਂ ਭੋਲਾ ਚੋਰ ਦਿੱਤਾ ਹੈ।

ਸੋਢੀ ਮਿਹਰਵਾਨ ਨੂੰ ਟਪਲਾ ਲੱਗਾ ਹੈ ਤੇ ਇਹ ਸਾਖੀ ਦੱਖਣ ਵਿੱਚ ਹੋਈ ਦੱਸੀ ਹੈ। ਤੁਲੰਬੇ ਵਿੱਚ ਸਥਾਨਕ ਰਵਾਇਤ ਜਾਂ ਪ੍ਰੰਪਰਾ ਮੌਜੂਦ ਹੈ ਤੇ ਸੱਜਣ ਦਾ ਟਿਕਾਣਾ ਵੀ ਲੋਕਾਂ ਨੂੰ ਪਤਾ ਹੈ।

◉ ਬਹੁਤੇ ਇਤਹਾਸਕਾਰਾਂ ਨੇ ਜਨਮਸਾਖੀਆਂ ਤੋਂ ਇਸ਼ਾਰਾ ਪਾ ਕੇ ਇਹ ਲਿਖ ਦਿੱਤਾ ਹੈ ਕਿ ਤੁਲੰਭੇ ਗੁਰੂ ਸਾਹਿਬ ਪਹਿਲੀ ਉਦਾਸੀ ਵੇਲੇ ਗਏ ਸਨ ਜੋ ਕਿ ਗਲਤ ਹੈ। ਕਿਉਕਿ ਕੋਈ ਤੁੱਕ ਨਹੀ ਬਣਦੀ ਕਿ ਗੁਰੂ ਸਾਹਿਬ ਤਲਵੰਡੀ ਤੋਂ ਹਰਦਵਾਰ (ਜਾਂ ਕੁਰਖੇਤਰ) ਨੂੰ ਜਾਣ ਵਾਸਤੇ ਪਹਿਲਾਂ ਤੁਲੰਬੇ ਜਾਣ। ਸਾਡੇ ਅੰਦਾਜ਼ੇ ਅਨੁਸਾਰ ਸੱਜਣ ਠੱਗ ਵਾਲੀ ਸਾਖੀ ਗੁਰੂ ਸਾਹਿਬ ਦੇ ਸੁਲਤਾਨਪੁਰ ਲੋਧੀ ਜਾਣ ਤੋਂ ਪਹਿਲਾਂ ਦੀ ਹੈ। ਉਦੋਂ ਅਜੇ ਗੁਰੂ ਸਾਹਿਬ ਨੇ ਸੰਨਿਆਸੀਆਂ/ ਫਕੀਰਾਂ ਵਾਲਾ ਲਿਬਾਸ ਧਾਰਨ ਨਹੀ ਕੀਤਾ ਸੀ। ਇਤਹਾਸ 'ਚ ਦਰਜ ਹੈ ਕਿ ਗੁਰੂ ਸਾਹਿਬ ਪਹਿਲਾਂ ਵੀ ਮਰਦਾਨੇ ਨਾਲ ਇਸ ਪਾਸੇ ਨੂੰ ਨਿਕਲੇ ਸਨ। ਧਿਆਨ ਰਹੇ ਸਾਧੂ ਸੰਤਾਂ ਨੂੰ ਠੱਗ ਲੁਟੇਰੇ ਨਹੀ ਸਨ ਪੈਂਦੇ। ਕਿਉਕਿ ਸਾਧੂ ਲੋਕ ਨੰਗ ਧੜੰਗ ਹੀ ਚਲਿਆ ਕਰਦੇ ਸਨ। ਸੋ ਇਹ ਸਾਖੀ ਉਦਾਸੀਆਂ ਸ਼ੁਰੂ ਕਰਨ ਤੋਂ ਪਹਿਲਾਂ ਦੀ ਹੈ। ਨਾਲੇ ਭਾਈ ਮਨੀ ਸਿੰਘ ਨੇ ਦਿਤਾ ਹੈ ਕਿ ਸਾਹਿਬ ਛੋਟੀ ਉਮਰੇ ਮੁਲਤਾਨ ਗਏ ਸਨ।

ਤੁਲੰਭੇ ਲਾਘੇ ਮਖਦੂਮਪੁਰ ਪਹੌੜਾਂ ਵਿਖੇ ਸੱਜਣ ਠੱਗ ਵਾਲਾ ਗੁਰਦੁਆਰਾ ਅੱਜ ਵਿਦਿਆ ਦਾ ਚਾਨਣ ਦੇ ਰਿਹਾ ਹੈ। ਅੱਜ ਹਾਈ ਸਕੂਲ ਚੱਲ ਹੈ ਇਥੇ।

ਸ਼ਾਮੀ ਲੰਗਰ ਪਾਣੀ ਖੁਆ ਕੇ ਮਰਦਾਨੇ ਨੂੰ ਤਾਂ ਉਹਦਾ ਨੌਕਰ ਆਪਣੇ ਨਾਲ ਖੱਬੇ ਸੱਜੇ ਕਿਤੇ ਲੈ ਗਇਆ ਅਤੇ ਗੱਲਾਂ ਬਾਤਾਂ ਮਾਰਨ ਲੱਗ ਪਿਆ ਅਤੇ ਮਰਦਾਨੇ ਕੋਲੋਂ ਸੂਹਾ ਲੈਣ ਲੱਗ ਪਿਆ ਕਿ ਦੱਸ ਤੇਰੇ ਅਤੇ ਤੇਰੇ ਸਾਥੀ ਕੋਲ ਕੀ ਪੈਸਾ ਧੇਲਾ ਹੈ?

ਦੂਸਰੇ ਪਾਸੇ ਸੱਜਣ ਠੱਗ ਗੁਰੂ ਸਾਹਿਬ ਨਾਲ ਗੱਲਾਂ ਮਾਰਨ ਲੱਗ ਪਿਆ। ਗੱਲਾਂ ਬਾਤਾਂ ਵਿਚ ਹੀ ਧਮਕੀਆਂ ਅਤੇ ਇਸ਼ਾਰੇ ਸ਼ੁਰੂ ਹੋ ਗਏ। ਸੱਜਣ ਦੇਖ ਰਿਹਾ ਸੀ ਕਿ ਇਸ ਮੁਸਾਫਿਰ ਦੇ ਮੰਨ ਤੇ ਜਰਾ ਖਉ ਨਹੀ ਸੀ। ਉਲਟਾ ਗੁਰੂ ਸਾਹਿਬ ਨੇ ਸੱਜਣ ਕੋਲ ਗਾਉਣਾ ਸ਼ੁਰੂ ਕਰ ਦਿੱਤਾ:

ਸੂਹੀ ਮਹਲਾ ੧ ਘਰੁ ੬

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥ ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥੧॥ ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍ ॥ ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥੧॥ ਰਹਾਉ ॥ ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ ॥ ਢਠੀਆ ਕੰਮਿ ਨ ਆਵਨ੍ਹੀ ਵਿੱਚਹੁ ਸਖਣੀਆਹਾ ॥੨॥ ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ੍ ॥ ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ੍ ॥੩॥ ਸਿੰਮਲ ਰੁਖੁ ਸਰੀਰੁ ਮੈ ਸੈਜਨ ਦੇਖਿ ਭੁਲੰਨਿ੍ ॥ ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨਿ੍ ॥੪॥ ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ ॥ ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ ॥੫॥ ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ ॥ ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥੬॥੧॥੩॥

ਸੱਜਣ ਕਹਿਣ ਲੱਗਾ ਇਹ ਕੀ ਗਾ ਰਹੇ ਹੋ। ਗੁਰੂ ਸਾਹਿਬ ਨੇ ਫਰਮਾਇਆ ਕਿ ਇਹ ਓਨਾਂ ਲੋਕਾਂ ਬਾਰੇ ਕਹਿ ਰਿਹਾ ਹਾਂ ਜੋ ਬਾਹਰੋਂ ਕੁਝ ਤੇ ਅੰਦਰ ਕੁਝ ਨੇ। ਜਿਹੜੇ ਵੇਖਣ ਨੂੰ ਹੰਸ ਨੇ ਪਰ ਅਸਲ ਵਿੱਚ ਬਗਲੇ ਭਗਤ ਨੇ ਤੇ ਉਤੋਂ ਭੋਲੇ ਭਾਲੇ ਬਣ ਕੇ ਜੀ ਘਾਤ ਕਰਦੇ ਨੇ। ਮੈਂ ਉਨਾਂ ਲੋਕਾਂ ਬਾਰੇ ਸੋਚ ਰਿਹਾ ਹਾਂ ਕਿ ਇਹ ਅੰਨੇ ਜਿਹੜੇ ਐਨਾਂ ਭਾਰ ਚੁੱਕੀ ਜਾ ਰਹੇ ਨੇ ਇਨਾਂ ਦਾ ਕੀ ਬਣੂ। ਇਨਾਂ ਨੂੰ ਮੌਤ ਭੁੱਲੀ ਹੋਈ ਹੈ।

ਬਾਬੇ ਨਾਨਕ ਦਾ ਸ਼ਬਦ ਤਾਂ ਪਹਿਲਾਂ ਹੀ ਸ਼ੇਖ ਸੱਜਣ ਦਾ ਹਿਰਦਾ ਚੀਰ ਗਇਆ ਸੀ ਫਿਰ ਜਦੋਂ ਬਾਬੇ ਨੇ ਵਿਆਖਿਆ ਕਰ ਦਿੱਤੀ ਤਾਂ ਸੇਖ ਨੂੰ ਤਾਂ ਇੱਕ ਦਮ ਮੌਤ ਸਾਹਮਣੇ ਖੜੀ ਨਜਰ ਆ ਗਈ। ਸ਼ੇਖ ਅੰਦਰੋਂ ਕੰਬ ਉਠਿਐ ਕਿ ਮੈ ਇਹ ਕੀ ਕਰਦਾ ਰਿਹਾ ਸਾਰੀ ਉਮਰ।

ਦੂਸਰੇ ਪਾਸੇ ਉਹਦਾ ਬੰਦੇ ਮਰਦਾਨੇ ਨੂੰ ਤਸੀਹੇ ਦੇ ਰਹੇ ਸਨ ਕਿ ਦਸ ਤੇਰੇ ਸਾਥੀ ਕੋਲ ਕੀ ਕੀ ਤੇ ਕਿੱਥੇ ਕਿੱਥੇ ਪੈਸਾ ਧੇਲਾ ਹੈ। ਮਰਦਾਨੇ ਦੇ ਕਪੜੇ ਲੁਹਾ ਕੇ ਤਲਾਸ਼ੀ ਲੈ ਰਹੇ ਸਨ।

ਮਰਦਾਨੇ ਦੀਆਂ ਚੀਕਾਂ ਸੁਣ ਕੇ ਸ਼ੇਖ ਉਠਿਆ ਅਤੇ ਜਾ ਕੇ ਕਹਿਣ ਲਗਾ, ਬਸ ਬੰਦ ਕਰੋ। ਛੱਡ ਦਿਓ ਇਸ ਬੰਦੇ ਨੂੰ।

ਮਰਦਾਨੇ ਨੇ ਬਾਬੇ ਕੋਲ ਆ ਕੇ ਦੁਹਾਈ ਪਾ ਦਿੱਤੀ ਕਿ ਬਾਬਾ ਕਿਥੇ ਆ ਫਸੇ ਆਪਾਂ। ਇਹ ਮੁਸਾਫਰਖਾਨਾ ਨਹੀ, ਇਹ ਤਾਂ ਲੁਟੇਰੇ ਨੇ।

ਹੋਰ ਗੱਲਾਂ ਬਾਤਾਂ ਹੋਈਆਂ। ਗੁਰੂ ਸਾਹਿਬ ਨੇ ਸੱਜਣ ਨੂੰ ਸਾਰਾ ਸ਼ੀਸ਼ਾ ਦਿਖਾ ਦਿਤਾ। ਸੱਜਣ ਗੁਰੂ ਸਾਹਿਬ ਦੇ ਪੈਰਾਂ ਤੇ ਡਿੱਗ ਪਿਆ ਕਿ ਬਾਬਾ ਬਖਸ਼ ਲਓ ਗੁਨਾਹਗਾਰ ਨੂੰ ਜੇ ਬਖਸ਼ ਸਕਦੇ ਹੋ ਤਾਂ।

ਗੁਰੂ ਸਾਹਿਬ ਨੇ ਫਿਰ ਸੱਜਣ ਨੂੰ ਗੁਰਮਤ ਸਮਝਾਈ। ਸਿੱਖ ਬਣਾਇਆ। ਰਹਿੰਦੀ ਜਿੰਦਗੀ ਫਿਰ ਸੱਜਣ ਨੇ ਧਰਮੀ ਪੁਰਖ ਦੇ ਤੌਰ ਤੇ ਬਿਤਾਈ। ਉਹਦੀ ਸਰਾਂ ਵੀ ਫਿਰ ਅਸਲੀ ਸਰਾਂ ਬਣ ਗਈ। ਕਿਹਾ ਜਾਂਦਾ ਹੈ ਗੁਰੂ ਸਾਹਿਬ ਦੀ ਸਿਖਿਆ ਦਾ ਉਸ ਤੇ ਅਜਿਹਾ ਅਸਰ ਹੋਇਆ ਕਿ ਉਸ ਨੇ ਆਪਣੀ ਸਾਰੀ ਜਾਇਦਾਦ ਸੇਵਾ ਦੇ ਕੰਮ ਵਿਚ ਲਗਾ ਦਿੱਤੀ ਸੀ। ਸਿੱਖ ਇਤਹਾਸ ਵਿੱਚ ਇਹ ਭਾਈ ਸੱਜਣ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ ਪਰ ਇਲਾਕੇ ਵਿੱਚ ਅੱਲ ਠੱਗ ਹੀ ਚਲਦੀ ਰਹੀ।

ਅੱਜ ਮਖਦੂਮ ਪੁਰ ਪਹੋੜੇ ਵਿਖੇ ਸੱਜਣ ਦੀ ਸਮਾਧ ਮੌਜੂਦ ਹੈ। ਵੰਡ ਵੇਲੇ ਇਕ ਥਾਂ ਤਿੰਨ ਸਮਾਧਾਂ ਮੌਜੂਦ ਸਨ ਜਿੰਨਾਂ ਨੂੰ ਸੱਜਣ ਠੱਗ ਦੀ ਸਮਾਧ ਕਰਕੇ ਜਾਣਿਆ ਜਾਂਦਾ ਸੀ। ਇਹ ਇੱਕ ਟਿਬੇ ਉਤੇ ਸਨ ਜਿਸ ਨੂੰ ਸੱਜਣ ਠੱਗ ਦੀ ਭਿੜਕੀ ਕਹਿ ਕੇ ਜਾਣਿਆ ਜਾਂਦਾ ਸੀ।

ਸੱਤਵੇਂ ਪਾਤਸ਼ਾਹ ਦਾ ਸਿੱਖ ਭਾਈ ਜੋਧ ਇਥੋਂ ਦਾ ਹੀ ਹੋਇਆ ਹੈ। ਦਸਮ ਪਾਤਸ਼ਾਹ ਵੇਲੇ ਫਿਰ ਭਾਈ ਸਚਿਆਰ ਮਸੰਦ ਇਥੋਂ ਸੀ ਜਿਸ ਨੇ ਗੁਰੂ ਸਾਹਿਬ ਤੋਂ ਬਹੁਤ ਬਖਸ਼ਸ਼ਾ ਹਾਸਲ ਕੀਤੀਆਂ।

ਵੰਡ ਤੋਂ ਪਹਿਲਾਂ ਭਾਈ ਜੋਧ ਦੇ ਡੇਰੇ ਤੇ 1910 ਈ. ਵਿੱਚ ਬਣਿਆ ਸੁੰਦਰ ਗੁਰਦੁਆਰਾ ਹੋਇਆ ਕਰਦਾ ਸੀ। ਉਸ ਇਮਾਰਤ ਵਿੱਚ ਅੱਜ ਕਲ੍ਹ ਸਕੂਲ ਚਲ ਰਿਹਾ ਹੈ। ਮਖਦੂਮ ਪੁਰ ਦੇ ਸਿੱਖ ਉਠ ਕੇ ਪਾਣੀਪਤ (ਹਰਿਆਣਾ) ਆ ਬੈਠੇ ਨੇ। ਇਥੇ ਵੀ ਉਹ ਪੂਰੀ ਸ਼ਰਧਾ ਨਾਲ ਅੰਮ੍ਰਿਤਸਰ-ਦਿੱਲੀ ਸੜਕ ਤੇ ਗੁਰਦੁਆਰਾ ਸਾਹਿਬ ਬਣਾ ਕੇ ਸੰਗਤਾਂ ਦੀ ਸੇਵਾ ਕਰ ਰਹੇ ਨੇ।

ਗੁਰੂ ਸਾਹਿਬ ਦਾ ਅਜਿਹਾ ਹੀ ਠੱਗਾਂ ਨਾਲ ਟਾਕਰਾ ਖਰਗੋਨ ਦੇ ਇਲਾਕੇ ਨਰਬਦਾ ਨਦੀ ਕਿਨਾਰੇ ਵੀ ਹੋਇਆ ਸੀ। ਦਰ ਅਸਲ ਹਿੰਦੁਸਤਾਨ (ਭਾਵ ਯੂਪੀ, ਬਿਹਾਰ, ਮੱਧ ਪ੍ਰਦੇਸ ਆਦਿ) ਵਿਚ ਠੱਗੀ ਇੱਕ ਕਿੱਤਾ ਹੁੰਦੀ ਸੀ ਜਿਸ ਬਾਬਤ ਸਲਤਨਤ ਤੇ ਮੁਗਲ ਹਕੂਮਤ ਦੌਰਾਨ ਮੌਜੂਦ ਹੋਣ ਦੇ ਜਿਕਰ ਮਿਲਦੇ ਹਨ। ਅੰਗਰੇਜਾਂ ਨੇ ਆ ਕੇ ਹੀ ਠੱਗਾਂ ਨੂੰ ਨੱਥ ਪਾਈ। ਇਤਹਾਸ 'ਚ ਆਉਦਾ ਹੈ ਕਿ ਸੰਨ 1831 ਈ. ਤੋਂ 1837 ਦਰਮਿਆਨ 3266 ਠੱਗ ਫੜੇ ਗਏ। ਜਿੰਨਾਂ ਵਿੱਚੋਂ 412 ਤਾਂ ਫਾਂਸੀ ਤੇ ਲਟਕਾਏ ਤੇ 483 ਨੂੰ ਮੁਖਬਰ ਬਣਾ ਕੇ ਛੱਡ ਦਿੱਤਾ ਗਇਆ ਬਾਕੀਆਂ ਨੂੰ ਜੇਲ ਹੋਈ।

—▲—

23– ਸੁਲਤਾਨਪੁਰ ਲੋਧੀ ਨੂੰ ਆ ਭਾਗ ਲਾਏ

ਬੇਬੇ ਨਾਨਕੀ ਅਤੇ ਭਾਈਆ ਜੈਰਾਮ ਦੇ ਘਰ ਉਲਾਦ ਨਹੀ ਸੀ। ਫਿਰ ਬੇਬੇ ਜੀ ਦਾ ਭਰਾ ਨਾਲ ਪਿਆਰ ਵੀ ਲੋਹੜੇ ਦਾ ਸੀ। ਓਧਰ ਪਿਤਾ ਕਾਲੂ ਗੁਰੂ ਸਾਹਿਬ ਤੇ ਖੁਸ਼ ਨਹੀ ਸੀ। ਪਿਤਾ ਸੋਚਦਾ ਸੀ ਕਿ ਇਕ ਤਾਂ 20 ਰੁਪਏ ਗੁਰੂ ਜੀ ਨੇ ਖਹੁੰ ਖਿੰਜੂ ਕੀਤੇ। ਫਿਰ ਇਕ ਸਾਧ ਨੂੰ ਕੀਮਤੀ ਛਾਪ ਅਤੇ ਗੜਵੀ ਦਾਨ ਦੇ ਦਿਤੀ। ਗੁਰੂ ਸਾਹਿਬ ਗਾਹੇ ਬਿਗਾਹੇ ਮੇਲਿਆਂ ਅਤੇ ਧਾਰਮਿਕ ਇਕੱਠਾਂ ਲਈ ਵੀ ਨਿਕਲ ਜਾਂਦੇ ਸਨ। ਪਿਤਾ ਜੀ ਸਮਝਦੇ ਸਨ ਕਿ ਨਾਨਕ ਵਪਾਰ ਧੰਧੇ ਵਿਚ ਗੈਰ ਜਿੰਮੇਵਾਰ ਹੈ। ਦੂਸਰੇ ਪਾਸੇ ਭੈਣ ਅਤੇ ਜੀਜੇ ਦੇ ਮਨਾਂ ਵਿਚ ਗੁਰੂ ਸਾਹਿਬ ਲਈ ਅਥਾਹ ਸਤਿਕਾਰ ਸੀ।

ਸੁਲਤਾਨਪੁਰ ਲੋਧੀ ਦੇ ਕਿਲੇ ਅੰਦਰ ਮੌਜੂਦ ਦੌਲਤ ਖਾਂ ਲੋਧੀ ਦਾ ਦਰਬਾਰ (ਮਹੱਲ) ਜਿਥੇ ਗੁਰੂ ਸਾਹਿਬ ਦੀ ਇੰਟਰਵਿਊ ਹੋਈ ਤੇ ਬਾਦ ਵਿਚ ਵੀ ਕਈ ਵਾਰ ਨਵਾਬ ਨਾਲ ਇਥੇ ਗੁਫਤਗੂ ਹੁੰਦੀ ਰਹੀ। ਦਰਬਾਰ ਦਾ ਗੁੰਬਦ ਅੰਗਰੇਜਾਂ ਵੇਲੇ ਡਿੱਗ ਪਇਆ ਸੀ ਪਰ ਸਿਆਣੇ ਹੁਕਮਰਾਨ ਨੇ ਨਵੀ ਛੱਤ ਪਾ ਕੇ ਇਮਾਰਤ ਸਾਂਭ ਲਈ ਸੀ।

ਇਸ ਕਰਕੇ ਸੰਨ 1492 ਦੇ ਆਸ ਪਾਸ ਰਾਇ ਬੁਲਾਰ ਦੀ ਸਲਾਹ ਤੇ ਭਾਈਆ ਜੈ ਰਾਮ ਅਤੇ ਬੇਬੇ ਨਾਨਕੀ ਗੁਰੂ ਸਾਹਿਬ ਨੂੰ ਆਪਣੇ ਕੋਲ ਸੁਲਤਾਪੁਰ ਲੋਧੀ ਹੀ ਬੁਲਾ ਲੈਂਦੇ ਨੇ। ਇਥੇ ਗੁਰੂ ਸਾਹਿਬ ਕੋਈ ਹੱਟੀ ਜਾਂ ਛੋਟਾ ਮੋਟਾ ਵਿਉਪਾਰ ਕਰਦੇ ਹਨ ਤੇ ਬਾਦ ਅਕਤੂਬਰ, 1504 ਈ ਨੂੰ ਗੁਰੂ ਸਾਹਿਬ ਸੁਲਤਾਨ ਪੁਰ ਲੋਧੀ ਦੇ ਨਵਾਬ ਦਾ ਮੋਦੀਖਾਨਾ ਸੰਭਾਲਦੇ ਨੇ।

ਰਾਇ ਬੁਲਾਰ ਦੀ ਸਲਾਹ ਤੇ ਸਹੁਰਿਆਂ ਦੀ ਵੀ ਸਹਿਮਤੀ, ਸੋ ਭਾਈਆ ਜੈ ਰਾਮ ਪਲਤਾ ਨੇ ਖੱਤ ਭੇਜ ਦਿੱਤਾ ਕਿ ਨਾਨਕ ਨੂੰ ਸਾਡੇ ਕੋਲ ਭੇਜ ਦਿਓ। ਇਤਹਾਸ 'ਚ ਆਉਦਾ ਹੈ ਕਿ ਭਾਈਆ ਜੀ ਨੇ ਇਕ ਚੀਰੀ (ਖਤ) ਆਪਣੇ ਸਹੁਰੇ ਦੇ ਨਾਂ ਤੇ ਦੂਸਰਾ ਸਿੱਧਾ ਗੁਰੂ ਨਾਨਕ ਨੂੰ ਲਿਖ ਕੇ ਆਪਣੇ ਕੋਲ ਸੱਦਿਆ ਸੀ।

ਅਸੀ ਅੱਗੇ ਵੇਖਾਂਗੇ ਕਿ ਕਿਵੇ ਓਦੋਂ ਸੁਲਤਾਨ ਪੁਰ ਲੋਧੀ ਸ਼ਹਿਰ ਦਾ ਰਾਜਨੀਤਕ ਰੁਤਬਾ ਲਹੌਰ ਤੋਂ ਵੀ ਉਤੇ ਸੀ। ਕਿਉਕਿ ਪੰਜਾਬ ਦੇ ਮਾਲਕ ਦੌਲਤ ਖਾਂ ਲੋਧੀ ਨੇ ਸੁਲਤਾਨਪੁਰ ਲੋਧੀ ਆਪਣੇ ਨਾਂ ਤੇ ਵਸਾਇਆ ਸੀ। ਲੋਧੀ ਹਰ ਤਰਾਂ ਨਾਲ ਸੁਲਤਾਨਪੁਰ ਨੂੰ ਉਤੈ ਚੁੱਕਣ ਦੀ ਕੋਸ਼ਿਸ਼ ਵਿਚ ਸੀ। ਗੱਡੇ ਤੇ ਲੱਦੇ ਘਰ ਦੇ ਨਿੱਕ ਸੁੱਕ ਸਮਾਨ ਸਮੇਤ, ਘੋੜੇ ਤੇ ਸਵਾਰ ਹੋ ਬਾਬਾ ਨਾਨਕ ਸੁਲਤਾਨ ਪੁਰ ਲੋਧੀ ਲਈ ਰਵਾਨਾ ਹੋ ਗਿਆ।

ਇਤਹਾਸ ਵਿੱਚ ਇਹ ਵੀ ਆਉਦਾ ਹੈ ਕਿ ਜਦੋਂ ਬਾਬਾ ਇਕੱਲਾ ਹੀ ਸੁਲਤਾਨਪੁਰ ਵਲ ਰਵਾਨਾ ਹੋਣ ਲੱਗਾ ਤਾਂ ਬਾਬੇ ਦੀ ਘੁੰਮੀ (ਸਿੱਖ ਜਗਤ ਦੀ ਮਾਤਾ ਸੁਲੱਖਣੀ) ਨੇ ਪੁਆੜਾ ਪਾ ਦਿੱਤਾ ਸੀ।

‘‘ਮੈਨੂੰ ਨਾਲ ਲੈ ਕੇ ਚੱਲ ਨਹੀ ਤਾਂ ਚੁੱਪ ਕਰ ਕੇ ਬਹਿ ਏਥੇ ਹੀ। ਪਹਿਲਾਂ ਮੇਰੇ ਵਲ੍ਹ ਕਿੰਨਾ ਕੁ ਧਿਆਨ ਕਰਦੇ ਹੋ। ਪ੍ਰਦੇਸਾਂ ਵਿੱਚ ਰਹਿ ਕੇ ਬਸ ਸਾਧਾਂ ਜੋਗੇ ਹੀ ਹੋ ਜਾਓਗੇ। ਮੈਂ ਨਹੀ ਪਿੱਛੇ ਇਕੱਲੀ ਨੇ ਰਹਿਣਾ।’’

ਗੁਰੂ ਸਾਹਿਬ ਨੇ ਚੋਣੀ ਨੂੰ ਕਿਹਾ ਭਲੀਏ ਲੋਕੇ ਪਹਿਲਾਂ ਮੈਨੂੰ ਜਾਣ ਦੇ। ਮੈਂ ਜਾ ਕੇ ਕੋਈ ਕਾਰੋਬਾਰ ਨੌਕਰੀ ਲਭਦਾ ਵਾਂ। ਘਰ ਲੈ ਕੇ ਫਿਰ ਤੈਨੂੰ ਆਪ ਆ ਕੇ ਲੈ ਜਾਵਾਂਗਾ। ਸੁਲਤਾਨ ਪੁਰ ਲੋਧੀ ਕਿਹੜਾ ਪ੍ਰਦੇਸ ਆ। ਰੋਜ ਲੋਕੀ ਆਉਦੇ ਜਾਂਦੇ ਰਹਿੰਦੇ ਨੇ। ਪਰ ਮਾਤਾ ਨਹੀ ਸੀ ਮੰਨੀ।

ਤਲਵੰਡੀ ਤੋਂ ਸੁਲਤਾਨਪੁਰ ਲੋਧੀ ਦਾ ਪੈਂਡਾ 40 ਕੋਹ (90 ਮੀਲ ਜਾਂ 144 ਕਿਲੋਮੀਟਰ)। ਆਮ ਯਾਤਰਾਵਾਂ ਦੌਰਾਨ ਬਾਬਾ ਮਸਤ ਮੌਲਾ ਬਾਬੇ ਨੂੰ ਕੋਈ ਕਾਹਲੀ ਨਹੀ ਸੀ ਹੁੰਦੀ। ਜਿੱਥੇ ਕਿਤੇ ਲੱਗਾ ਕਿ ਕੋਈ ਨਿਰੰਕਾਰ ਦੀ ਗੱਲ ਸੁਣਨ ਜਾਂ ਸੁਣਾਉਣ ਵਾਲਾ ਹੋਵੇ ਓਥੇ ਹੀ ਬਾਬੇ ਦੀ ਛਾਉਣੀ ਪੈ ਜਾਂਦੀ ਸੀ। ਪਰ ਐਤਕਾਂ ਜਨਾਨਾ ਸਾਥ ਨਾਲ ਸੀ। ਇਸ ਕਰਕੇ ਗੁਰੂ ਸਾਹਿਬ ਨੇ ਰਸਤੇ ਵਿਚ ਸਿਰਫ ਦੋ ਤਿੰਨ ਪੜਾਅ ਹੀ ਕੀਤੇ। ਇੱਕ ਤਾਂ ਡੇਰਾ ਚਾਹਲ ਨਾਨਕਿਆਂ ਦੇ ਕੀਤਾ।

ਮਿਹਰਵਾਨ ਸੋਢੀ ਨੇ ਬੜਾ ਸਾਫ ਸਾਫ ਲਿਖਿਆ ਹੈ ਕਿ:

"ਗੁਰੂ ਬਾਬਾ ਨਾਨਕੁ ਜੀ ਘੋੜੈ ਅਸਵਾਰ ਹੋਆ, ਸੁਲਤਾਨਪੁਰ ਕੋ ਚਲੇ। ਮਜਲ ਦਰ ਮਜਲ ਚਲਤੇ ਚਲਤੇ ਬਾਬਾ ਜੀ ਸੁਲਤਾਨਪੁਰਿ ਆਏ। ਪੈਂਤੀਸ ਬਰਸਾਂ ਕਾ ਅਰੁ ਛਿਆਂ ਸਾਢਿਆਂ ਮਾਹਾਂ ਦਾ ਜਬ ਹੋਆ ਤਬ ਆਇ, ਜੈ ਰਾਮ ਨੂੰ ਮਿਲੇ। "

ਅੱਗੇ ਲਿਖਿਆ ਹੈ ਕਿ ਬਾਬੇ ਨੂੰ ਘੋੜਿਆਂ ਤੇ, ਪੂਰੇ ਸਾਜੋ ਸਮਾਨ ਸਮੇਤ ਤਲਵੰਡੀਓ ਤੋਰਿਆ ਗਇਆ ਸੀ। । ਕਪੜੇ ਲੱਤੇ ਵਿਛੋਣਿਆਂ ਸਮੇਤ। ਹੋਰ ਛੁੱਟ-ਪੁਟ ਘਰ ਦਾ ਵਰਤੋਂ ਦਾ ਸਾਰਾ ਸਮਾਨ ਦਿੱਤਾ ਗਇਆ ਸੀ। ਪੂਰਾ ਤਲਵੰਡੀ ਪਿੰਡ, ਹਰ ਮਾਈ ਭਾਈ ਗੁਰੂ ਸਾਹਿਬ ਨੂੰ ਵਿਦਾ ਕਰਨ ਲਈ ਹਾਜਰ ਹੋਇਆ।

ਓਥੋਂ ਫਿਰ ਸਿੱਧੇ ਸੁਲਤਾਨਪੁਰ ਪੰਜਵੇ ਦਿਨ ਜਾ ਬੇਬੇ ਨਾਨਕੀ ਦੇ ਪੈਰੀ ਹੱਥ ਲਾਇਆ। ਇਤਹਾਸ ਵਿੱਚ ਆਉਦਾ ਹੈ ਕਿ ਬੇਬੇ ਨੇ ਇਸ ਗੱਲ ਤੇ ਬੁਰਾ ਮਨਾਇਆ ਤੇ ਆਪ ਗੁਰੂ ਸਾਹਿਬ ਦੇ ਚਰਨੀ ਲੱਗੀ। ਗੁਰੂ ਸਾਹਿਬ ਨੇ ਜਦੋਂ ਮਨ੍ਹਾ ਕੀਤਾ ਤਾਂ ਕਹਿਣ ਲੱਗੀ

"ਮੈਨੂੰ ਪਤਾ ਹੈ ਤੂੰ ਨਿਰਾ ਨਾਨਕ ਨਹੀ, ਤੈਨੂੰ ਤਾਂ ਨਿਰੰਕਾਰ ਨੇ ਕਿਸੇ ਕਾਰਜ ਲਈ ਭੇਜਿਆ ਹੈ। ਕਰ ਲੈਣ ਦੇ ਮੈਨੂੰ ਆਪਣਾ ਜਨਮ ਸਫਲ। ਲੱਗ ਲੈਣ ਦੇ ਮੈਨੂੰ ਤੇਰੇ ਚਰਨੀ। "

ਗੁਰੂ ਸਾਹਿਬ ਨੇ ਭੈਣ ਨੂੰ ਕਲਾਵੇ ਵਿੱਚ ਲਿਆ ਤੇ ਅਸੀਸ ਦਿੱਤੀ। ਭਾਈਆ ਜੈ ਰਾਮ ਨੇ ਵੀ ਬਾਬੇ ਨੂੰ ਪੂਰਾ ਆਦਰ ਸਤਿਕਾਰ ਦਿੱਤਾ।

ਸਾਖੀਆਂ ਵਿੱਚ ਆਉਦਾ ਹੈ ਕਿ ਭਾਈਆ ਜੀ ਨੇ ਵੀ ਗੁਰੂ ਸਾਹਿਬ ਨੂੰ ਮੱਥਾ ਟੇਕਿਆ। ਭਾਈਆ ਜੀ ਗੁਰੂ ਸਾਹਿਬ ਦੀ ਮਹਿਮਾ ਆਪਣੀ ਪਤਨੀ ਕੋਲੋ ਪਹਿਲਾਂ ਰੋਜ ਸੁਣਦਾ ਹੀ ਆਇਆ ਸੀ ਤੇ ਰਹਿੰਦੀ ਕਸਰ ਰਾਇ ਬਲੋਰ ਨੇ ਕੱਢ ਦਿੱਤੀ ਸੀ। ਭਾਈਆ ਜੀ ਨੇ ਬਾਬੇ ਨੂੰ ਦਿਲਾਸਾ ਦਿੱਤਾ ਕਿ ਇਥੇ ਵਾਧੂ ਨੌਕਰੀਆਂ ਨੇ। ਮੈਂ ਸਾਰੇ ਅਹਿਲਕਾਰਾਂ ਅਫਸਰਾਂ ਨਾਲ ਬਣਾ ਕੇ ਰੱਖੀ ਹੋਈ ਹੈ।

ਇਹ ਗੱਲਾਂ ਸੁਣ ਕੇ ਬੇਬੇ ਜੀ ਨੇ ਆਪਣਾ ਵਿਰੋਧ ਜਿਤਾ ਦਿੱਤਾ ਤੇ ਬੋਲੀ, "ਵੀਰ ਤੂੰ ਸਾਧੂ ਸੁਭਾਅ ਹੈ। ਦੋਸਤੀ ਵੀ ਤੇਰੀ ਸਾਧੂ ਸੰਤਾਂ ਨਾਲ ਹੈ। ਕਿਓ ਤੂੰ ਨੌਕਰੀ ਦੇ ਜੰਜਾਲ ਵਿੱਚ ਪੈਂਦਾ ਹੈ। ਤੇਰੇ ਜੋਗਾ ਸਾਡੇ ਕੋਲ ਵਾਧੂ ਰਿਜਕ ਹੈ। ਜੋ ਖਾਣੀ ਹੈ ਰੁੱਖੀ ਮਿੱਸੀ ਚੁੱਪ ਕਰਕੇ ਖਾਹ ਤੇ ਨਿਰੰਕਾਰ ਨਾਲ ਪ੍ਰੀਤ ਬਣਾਈ ਰੱਖ। "

ਗੁਰੂ ਸਾਹਿਬ ਤਾਂ ਬੇਬੇ ਜੀ ਦੇ ਇਸ ਸੁਝਾਅ ਤੇ ਚੁੱਪ ਰਹੇ ਪਰ ਮਾਤਾ ਸੁਲੱਖਣੀ ਨੇ ਇਸ ਦਾ ਵਿਰੋਧ ਕੀਤਾ।

ਭਾਈਏ ਜੈਰਾਮ ਨੇ ਫਿਰ ਬੇਬੇ ਨਾਨਕੀ ਨੂੰ ਸਮਝਾਇਆ ਕਿ ਭਲੀਏ ਲੋਕੇ ਨਾਨਕ ਸੋਹਣਾ ਕਾਰੋਬਾਰ ਕਰਦਾ ਹੈ। ਕੀ ਹੋਇਆ ਜੇ ਕਦੀ ਇਸ ਦੀ ਨਿਰੰਕਾਰ ਨਾਲ ਡੂੰਘੀ ਲਿਵ ਲੱਗ ਜਾਂਦੀ ਹੈ। ਵੇਖ ਨਾਂ ਇਹਦੇ ਨਾਲ ਮਰਦਾਨਾ ਹੈ ਉਹ ਆਪੇ ਮੋਕਾ ਸਾਂਭ ਲਿਆ ਕਰੇਗਾ। ਜਦੋਂ ਨਾਨਕ ਦਾ ਧਿਆਨ ਕਰਤਾਰ ਵਲ ਹੋਵੇਗਾ। ਬਾਕੀ ਮਾਲਕ ਤਾਂ ਚਾਹੁੰਦੇ ਨੇ ਕਿ ਓਨਾਂ ਦਾ ਮੁਲਾਜਮ ਇਮਾਨਦਾਰ ਹੋਵੇ। ਨਵਾਬ ਨੇ ਹੱਸ ਕੇ ਇਸ ਨੂੰ ਨੌਕਰੀ ਦੇਣੀ ਹੈ।

—◈—

ਮੋਦੀ ਦੀ ਪੋਸਟ ਵਾਸਤੇ ਬਾਬੇ ਦੀ ਇੰਟਰਵਿਊ

ਸਵੇਰੇ ਬਾਬਾ ਇੰਟਰਵਿਊ ਲਈ ਤਿਆਰ ਹੋਇਆ। ਵੇਈਂ ਵਿੱਚ ਜਾ ਕੇ ਇਸਨਾਨ ਕੀਤਾ। ਨਵੇਂ ਕਪੜੇ ਲਤੇ ਪਹਿਨੇ। ਭੈਣ ਨੇ ਭਰਾ ਦਾ ਪੂਰਾ ਟੌਹਰ ਕੱਢਿਆ। ਭਾਈਆ ਜੀ ਨੂੰ ਪਤਾ ਸੀ ਕਿ ਅੱਜ ਨਵਾਬ ਸ਼ਹਿਰ ਵਿੱਚ ਹੀ ਹੈ। ਇਤਹਾਸ ਤੋਂ ਸਾਫ ਜ਼ਾਹਿਰ ਹੈ ਕਿ ਨਵਾਬ ਦੌਲਤ ਖਾਂ ਭਾਈਆ ਜੈ ਰਾਮ ਨੂੰ ਚੰਗੀ ਤਰਾਂ ਪਛਾਣਦਾ ਸੀ। ਮਹਿਮਾ ਪ੍ਰਕਾਸ਼ ਵਿੱਚ ਤਾਂ ਲਿਖਿਆਂ ਹੈ ਕਿ ਜੈ ਰਾਮ ਦੀਵਾਨ ਸੀ ਨਵਾਬ ਦਾ। ਭਾਈਆ ਜੀ ਨੂੰ ਪਤਾ ਸੀ ਕਿ ਨਵਾਬ ਨੂੰ ਕਿਸੇ ਇਮਾਨਦਾਰ ਬੰਦੇ ਦੀ ਭਾਲ ਹੈ ਜੋ ਮੋਦੀ ਦਾ ਕੰਮ ਸੰਭਾਲ ਸਕੇ। ਸਵੇਰੇ ਸਵੇਰੇ ਹੀ ਭਾਈਆ ਜੀ ਬਾਬਾ ਨਾਨਕ ਨੂੰ ਨਾਲ ਲੈ ਕੇ ਕਿਲੇ ਅੰਦਰ ਪਹੁੰਚ ਗਏ। ਬਾਬਾ ਜੀ ਨੂੰ ਬਾਹਰ ਦਰਵਾਜੇ ਤੇ ਛੱਡ ਕੇ ਦਰਬਾਨ ਕੋਲੋ ਆਗਿਆ ਲੈ ਭਾਈਆ ਜੀ ਅੰਦਰ ਗਏ ਤੇ ਨਵਾਬ ਨੂੰ ਸਲਾਮ ਕੀਤੀ। ਸ਼ਾਹ ਨੂੰ ਬਾਬੇ ਨਾਨਕ ਬਾਰੇ ਦੱਸਿਆ। ਨਵਾਬ ਨੇ ਹੁਕਮ ਕਰ ਦਿੱਤਾ ਕਿ ਨਾਨਕ ਨੂੰ ਕਿਲੇ ਅੰਦਰ ਆਉਣ ਦਿੱਤਾ ਜਾਵੇ।

ਜਿਵੇ ਓਨੀ ਦਿਨੀ ਰਵਾਜ ਹੁੰਦਾ ਸੀ ਕਿ ਅਸਰ ਰਸੂਖ ਵਾਲੇ ਲੋਕ ਜਦੋਂ ਰਾਜੇ ਨੂੰ ਮਿਲਦੇ ਸਨ ਤਾਂ ਕੋਈ ਭੇਟ ਹਾਜਰ ਕਰਿਆ ਕਰਦੇ

ਪੈਰ ਸਫਾ

ਸੁਲਤਾਨਪੁਰ ਲੋਧੀ 14 ਸਾਲ ਰਹੇ ਗੁਰੂ ਨਾਨਕ -ਥਾਈ ਥਾਂਈ ਆਏ ਜਿਕਰਾਂ ਤੋਂ ਸਾਨੂੰ ਪਤਾ ਲਗਦਾ ਹੈ ਕਿ ਪਹਿਲੀਆਂ ਦੋ ਉਦਾਸੀਆਂ ਭਾਵ ਭਾਰਤ ਭਰਮਣ ਗੁਰੂ ਸਾਹਿਬ ਨੇ 12 ਸਾਲ ਵਿਚ ਪੂਰਾ ਕੀਤਾ। ਅੱਗੇ ਜਾ (ਪੁਰੀ, ਪੁਸ਼ਕਰ ਅਤੇ ਕਰਤਾਰਪੁਰ ਵਿਚ ਬਾਬਾ) ਵਿਚ ਅਸੀ ਦੇਖਾਂਗੇ ਕਿ 1518 ਈ ਵਿਚ ਦੂਸਰੀ ਉਦਾਸੀ ਸਮਾਪਤ ਹੁੰਦੀ ਹੈ। ਇਸ ਦਾ ਮਤਲਬ ਕਿ 1506 ਈ ਤੱਕ ਗੁਰੂ ਸਾਹਿਬ ਮੋਦੀਖਾਨੇ ਤੋਂ ਫਾਰਗ ਹੋ ਚੁੱਕੇ ਸਨ।

ਬਾਲਾ ਜਨਮਸਾਖੀ ਨੇ ਸੁਲਤਾਨਪੁਰ ਪਹੁੰਚਣ ਦੀ ਜੋ 17 ਸਾਲ ਦੀ ਉਮਰ ਦਿੱਤੀ ਹੈ ਉਹ ਕਿਸੇ ਵੀ ਤਰਾਂ ਸਹੀ ਨਹੀ। ਹਾਂ ਇਹ ਹੋ ਸਕਦਾ ਹੈ ਕਿ ਗੁਰੂ ਸਾਹਿਬ ਦਾ ਆਪਣੀ ਪਿਆਰੀ ਭੈਣ ਕੋਲ ਆਉਣਾ ਜਾਣਾ ਬਣਿਆ ਰਹਿੰਦਾ ਸੀ। ਬਾਲੇ ਵਾਲੀ ਜਨਮ ਸਾਖੀ ਵਾਲੇ ਨੇ ਲਿਖਿਆ ਹੈ ਕਿ ਬਾਬਾ ਮਾਘ ਸੁਦੀ ਤੀਜ ਸੰਮਤ 1543 (1486 ਈ.) ਨੂੰ ਹੀ ਸੁਲਤਾਨ ਪੁਰ ਲੋਧੀ ਪਹੁੰਚ ਗਇਆ ਸੀ। ਹੋ ਸਕਦੈ ਇਸ ਸਾਲ ਬਾਬਾ ਭੈਣ ਨਾਨਕੀ ਨੂੰ ਕਦੀ ਮਿਲਣ ਉਂਜ ਹੀ ਪਹਿਲਾਂ ਆਇਆ ਹੋਵੇ। ਨਾਲੇ ਏਡੀ ਛੋਟੀ ਉਮਰ ਵਿੱਚ ਗੁਰੂ ਸਾਹਿਬ ਨੂੰ ਮੋਦੀ ਦਾ ਜਿੰਮੇਵਾਰੀ ਵਾਲਾ ਅਹੁਦਾ ਬਿਨਾਂ ਤਜੱਰਬੇ ਤੋਂ ਮਿਲਣਾ ਅਸੰਭਵ ਜਿਹਾ ਲੱਗਦਾ ਹੈ। ਫਿਰ ਬਾਲਾ ਲਿਖਦਾ ਹੈ ਕਿ ਗੁਰੂ ਸਾਹਿਬ 14 ਸਾਲਾ ਸੁਲਤਾਨਪੁਰ ਰਹੇ। ਮਤਲਬ ਸੰਨ 1500 ਵਿਚ ਉਦਾਸੀਆਂ ਸ਼ੁਰੂ ਕੀਤੀਆਂ।

ਸੋਢੀ ਮਿਹਰਬਾਨ ਨੇ ਲਿਖਿਆ ਹੈ ਕਿ ਜਦੋਂ ਬਾਬੇ ਨੇ ਤਲਵੰਡੀ ਛੱਡੀ ਓਦੋਂ ਓਨਾਂ ਦੀ ਉਮਰ ਸਾਢੇ 35 ਸਾਲ ਸੀ। ਇਸ ਮੁਤਾਬਿਕ ਗੁਰੂ ਸਾਹਿਬ ਅਕਤੂਬਰ 1504 ਨੂੰ ਸੁਲਤਾਨ ਪੁਰ ਪਹੁੰਚੇ ਸਨ। ਇਸ ਨੇ ਹੋਰ ਲਿਖਿਆ ਹੈ ਓਦੋਂ ਤੱਕ ਬਾਬਾ ਸ੍ਰੀ ਚੰਦ (ਜਨਮ 1494 ਈ.) ਦਾ ਜਨਮ ਹੋ ਚੁੱਕਾ ਤੇ ਲਖਮੀ ਦਾਸ ਅਜੇ ਜੰਮਿਆ ਨਹੀ ਸੀ। ਇਥੇ ਦਿੱਤੀ ਤਾਰੀਖ ਕੁਝ ਭੰਬਲਭੂਸਾ ਖੜਾ ਕਰਦੀ ਹੈ। ਜਿਹੜਾ ਲਿਖਦਾ ਹੈ ਕਿ ਲਖਮੀ ਦਾਸ ਅਜੇ ਜੰਮਿਆ ਨਹੀ ਸੀ। ਲਖਮੀ ਦਾਸ ਦਾ ਜਨਮ ਮਾਰਚ 1497 ਦਾ ਪੰਥ ਵਿਚ ਪ੍ਰਵਾਨਤ ਹੈ। ਸੋ 1504 ਨੂੰ ਪਹੁੰਚਣ ਵਾਲਾ ਸੋਢੀ ਦਾ ਸਾਲ ਨਹੀ ਮੰਨਿਆ ਜਾ ਸਕਦਾ।

ਕੇਸਰ ਸਿੰਘ ਛਿੱਬੜ ਸਾਹਿਬ ਦਾ 14 ਸਾਲ ਦੀ ਉਮਰ (ਮਤਲਬ1483 ਈ) ਵਿਚ ਹੀ ਸੁਲਤਾਨਪੁਰ ਲੋਧੀ ਚਲੇ ਜਾਣਾ ਲਿੱਖ ਦਿੰਦਾ ਹੈ। ਜੋ ਕਿਸੇ ਵੀ ਤਰਾਂ ਮੰਨਿਆ ਨਹੀ ਜਾ ਸਕਦਾ। ਉਂਜ ਸਾਹਿਬਜਾਦਿਆਂ ਦੇ ਜਨਮ ਉਹ 1494 ਅਤੇ 1496 ਹੀ ਲਿਖਦਾ ਹੈ। ਫਿਰ ਅਗੇ ਉਹ ਅਜਿਹੀ ਗਲ ਲਿਖ ਦਿੰਦਾ ਹੈ ਜੋ ਮੰਨਣਯੋਗ ਨਹੀ ਕਿ ਗੁਰੂ ਸਾਹਿਬ ਲਖਮੀ ਚੰਦ ਦੇ ਵਿਆਹ ਤਕ ਇਕ ਉਦਾਸੀ ਵੀ ਕਰ ਆਏ ਸਨ। ਵਿਆਹ 1504 ਈ ਦਾ ਦੱਸਦਾ ਹੈ, 8 ਸਾਲ ਦੀ ਉਮਰ ਵਿਚ। ਓਸੇ ਸਾਲ ਹੀ ਉਹ ਮੱਕੇ ਮਦੀਨੇ ਵਾਲੀ ਉਦਾਸੀ ਤੇ ਜਾਣਾ ਲਿਖਦਾ ਹੈ। ਕਹਿਣ ਤੋਂ ਮਤਲਬ ਛਿੱਬੜ ਕਿਸੇ ਵੀ ਤਰਾਂ ਭਰੋਸੇਯੋਗ ਨਹੀ ਸਿਵਾਏ ਸ੍ਰੀ ਚੰਦ ਦਾ ਜਨਮ ਸਾਲ ਦੇਣ ਦੇ।

ਸਾਰੇ ਸਰੋਤ ਦੋਵਾਂ ਸਹਿਬਜਾਦਿਆਂ ਦਾ ਜਨਮ ਸੁਲਤਾਨਪੁਰ ਵਿਖੇ ਹੀ ਹੋਇਆ ਲਿਖਦੇ ਹਨ।

ਸੋਢੀ ਤੇ ਹੋਰ ਸਰੋਤਾਂ ਤੋਂ ਸਾਨੂੰ ਗੁਰੂ ਸਾਹਿਬ ਦੇ ਸੁਲਤਾਨਪੁਰ ਤੋਂ ਰਵਾਨਾ ਹੋਣ ਦਾ ਸਾਲ ਪਤਾ ਲੱਗ ਜਾਂਦਾ ਹੈ ਕਿ ਅੱਸੂ 1564 ਸੰਮਤ ਬਿ.ਮੁਤਾਬਿਕ 1507ਈ. ਹੈ। ਸੋਢੀ ਦੀ ਇਹ ਗੱਲ ਕਿ ਮੋਦੀਖਾਨਾ 1561ਬਿ. ਵਿੱਚ ਸੰਭਾਲਿਆ ਦਾ ਮਤਲਬ ਇਹ ਨਹੀ ਕਿ ਉਹ 1561ਬਿ. ਵਿੱਚ ਹੀ ਸੁਲਤਾਨ ਪੁਰ ਆਏ ਸਨ। ਸਾਹਿਬ ਸੁਲਤਾਨਪੁਰ ਪਹਿਲਾਂ ਆ ਚੁੱਕੇ ਸਨ ਜਾਂ ਆਉਣਾ ਜਾਣਾ ਬਣਿਆ ਰਹਿੰਦਾ ਸੀ। ਉਂਜ ਸਹਿਬਜਾਦਿਆਂ ਦਾ ਜਨਮ ਸੁਲਤਾਨਪੁਰ ਹੋਣਾ ਵੱਡੀ ਦਲੀਲ ਹੈ ਗੁਰੂ ਸਾਹਿਬ ਦਾ ਸੁਲਤਾਨਪੁਰ ਵਿਖੇ ਲੰਮੇ ਵਸੇਬੇ ਦਾ।

ਬੇਦੀ ਨੇ ਸਾਹਿਬਜਾਦਿਆਂ ਦਾ ਪਾਲਣ ਪੋਸਣ ਤਲਵੰਡੀ ਹੋਣਾਂ ਲਿਖਿਆ ਹੈ। ਹਾਲਾਂ ਉਹ ਮੰਨ ਰਿਹਾ ਹੈ ਕਿ ਜਨਮ ਸੁਲਤਾਨਪੁਰ ਹੋਇਆ ਸੀ। ਉਂਜ ਬੇਦੀ ਦੀ ਲਿਖਤ ਤੇ ਵੀ ਕਈ ਥਾਂਈ ਬਾਲਾ ਜਨਮਸਾਖੀ ਦਾ ਪ੍ਰਭਾਵ ਨਜਰ ਆਉਦਾ ਹੈ।

12 ਸਾਲ ਵਿਚ ਭਾਰਤ ਭਰਮਣ ਮੁੱਕਾ ਲੈਣਾ ਤੇ 1518/19 ਈ ਵਿਖੇ ਪੱਖੋਕੇ ਪਹੁੰਚਣਾ ਲੱਗ ਪੱਗ ਤਸਦੀਕ ਹੋ ਜਾਂਦਾ ਹੈ। ਸੋ ਇਸ ਪ੍ਰਕਾਰ ਗੁਰੂ ਸਾਹਿਬ ਦਾ ਸੁਲਤਾਨਪੁਰ ਛੱਡਣਾ 1507 ਦੇ ਸ਼ੁਰੂ ਵਿਚ ਹੀ ਬਣਦਾ ਹੈ।

ਗੁਰੂ ਸਾਹਿਬ ਦੀ ਜੰਞ ਦਾ ਸੁਲਤਾਨਪੁਰ ਰਾਂਹੀ ਜਾਣਾ, ਸਾਹਿਬਜਾਦਿਆਂ ਦਾ ਸੁਲਤਾਨਪੁਰ ਵਿਖੇ ਜਨਮ ਹੋਣਾ ਅਤੇ ਸੁਲਤਾਨਪੁਰ ਵਿਖੇ ਗੁਰੂ ਸਾਹਿਬ ਦਾ ਪੱਕਾ ਘਰ ਹੋਣਾ ਇਹ ਦੱਸਦਾ ਹੈ ਕਿ ਗੁਰੂ ਸਾਹਿਬ ਹਰ ਹਾਲਤ ਵਿਚ ਉਥੇ 2 ਸਾਲ ਤੋਂ ਜਿਆਦਾ ਹੀ ਰਹੇ ਹੋਣਗੇ। ਸੋ ਸਾਨੂੰ ਬਾਲੇ ਦੀ ਇਹ ਗਲ ਮੰਨਣੀ ਪਵੇਗੀ ਕਿ ਗੁਰੂ ਸਾਹਿਬ 14 ਸਾਲ ਸੁਲਤਾਨਪੁਰ ਲੋਧੀ ਰਹੇ। ਮਤਲਬ 1492 ਦੇ ਆਸ ਪਾਸ ਸਾਹਿਬ ਸੁਲਤਾਨਪੁਰ ਲੋਧੀ ਵਿਚ ਆ ਵਸੇ ਸਨ ਤੇ ਇਥੇ ਪਹਿਲਾਂ ਕੋਈ ਹੱਟੀ ਵਗੈਰਾ ਕਰਦੇ ਰਹੇ। ਹੱਟੀ ਦਾ ਚੰਗਾ ਤਜੱਰਬਾ ਹੋਣ ਦੇ ਬਾਦ ਹੀ ਫਿਰ ਸਾਹਿਬ ਨੂੰ ਮੋਦੀ ਦਾ ਜਿੰਮੇਵਾਰੀ ਵਾਲਾ ਅਹੁਦਾ ਮਿਲਦਾ ਹੈ।

ਸੁਲਤਾਨਪੁਰ ਲੋਧੀ ਵਿਖੇ ਫਿਰ ਬੜੀ ਤਾਕਤਵਰ ਪ੍ਰੰਪਰਾ ਜਿਸ ਅਨੁਸਾਰ ਗੁਰੂ ਸਾਹਿਬ ਦਾ ਵਿਆਹ ਅਤੇ ਦੋਵਾਂ ਬੱਚਿਆਂ ਦਾ ਜਨਮ ਇਥੇ ਹੋਣਾਂ ਦੱਸਿਆ ਜਾਂਦਾ ਹੈ। ਸਿਰਫ ਪ੍ਰੰਪਰਾ ਹੀ ਨਹੀ ਇਥੋਂ ਦੇ ਪੁਰਾਣੇ ਦਸਤਾਵੇਜ ਵੀ ਇਹੋ ਦਸਦੇ ਹਨ ਮਿਸਾਲ ਦੇ ਤੌਰ ਤੇ ਰਾਮ ਜਸ ਦੀ ਕਪੂਰਥਲਾ ਰਿਆਸਤ ਤੇ ਪੁਸਤਕ।

ਸੋ ਸੁਲਤਾਨਪੁਰ ਵਸੇਬਾ 1492ਈ. ਭਾਵ 23 ਸਾਲ ਦੀ ਉਮਰ ਵਿਚ ਅਤੇ ਇਥੋਂ ਰਵਾਨਗੀ 37/38 ਸਾਲ ਦੀ ਉਮਰ ਵਿਚ।

ਸਨ। ਬਾਬੇ ਨਾਨਕ ਨੇ ਫਿਰ ਅਰਬੀ ਘੋੜਾ ਪੂਰਾ ਸਜਾ ਸਵਾਰ, ਕਾਠੀ ਪਾ ਨਵਾਬ ਦੇ ਭੇਟ ਕੀਤਾ ਤੇ ਨਾਲ ਕੁਝ ਨਕਦੀ ਵੀ। ਨਵਾਬ ਨਾਨਕ ਨੂੰ ਵੇਖ ਅਤੇ ਗਲਬਾਤ ਕਰਨ ਉਪਰੰਤ ਬੜਾ ਪ੍ਰਸੰਨ ਹੋਇਆ। ਗੁਰੂ ਸਾਹਿਬ ਦੀ ਸ਼ਖਸ਼ੀਅਤ ਬਾਰੇ ਜਦੋਂ ਭਾਈਆਂ ਜੀ ਵਾਕਫੀਅਤ ਦੇ ਰਹੇ ਸਨ ਤਾਂ ਨਵਾਬ ਨੇ ਸਿੱਧੇ ਗੁਰੂ ਸਾਹਿਬ ਕੋਲੋਂ ਹੀ ਸਵਾਲ ਪੁੱਛਣੇ ਸ਼ੁਰੂ ਕਰ ਦਿੱਤੇ। ਪਰ ਓਹ ਦੋ ਜਹਾਨ ਦਾ ਵਾਲੀ ਕਦੋਂ ਸ਼ਰਮਾਉਣ ਜਾਂ ਝਕਣ ਵਾਲਾ ਸੀ। ਨਵਾਬ ਗੁਰੂ ਸਾਹਿਬ ਦੀ ਸ਼ਖਸੀਅਤ ਬਾਰੇ ਜਾਣ ਜਾਣ ਕੇ ਮੰਨ ਹੀ ਮੰਨ ਵਿੱਚ ਪ੍ਰਸੰਨ ਹੋ ਰਿਹਾ ਸੀ। ਓਹ ਮਹਿਸੂਸ ਕਰ ਰਿਹਾ ਸੀ ਕਿ ਜੇਹੋ ਜਿਹੇ ਬੰਦੇ ਦੀ ਉਨ੍ਹੂੰ ਮੋਦੀਖਾਨਾ ਸੰਭਾਲਣ ਵਾਸਤੇ ਜਰੂਰਤ ਹੈ ਉਹ ਉਹਦੇ ਸਾਹਮਣੇ ਖੜਾ ਹੈ। ਉਮੀਦਵਾਰ ਰਿਸ਼ਟ ਪੁਸ਼ਟ ਜਵਾਨ ਹੈ। ਪੜਿਆ ਲਿਖਿਆ ਹੈ ਫਾਰਸੀ, ਹਿੰਦਵੀ (ਪੰਜਾਬੀ), ਸੰਸਕ੍ਰਿਤ ਦਾ ਜਾਣੂ ਹੈ। ਕਾਰਦਾਰ ਦਾ ਪੂਰਾ ਕੰਮ ਜਾਣਦਾ ਹੈ। ਪਹਿਲਾਂ ਹੱਟੀ ਕਰਦਾ ਰਿਹਾ ਹੈ ਨਾਲੇ ਖੇਤੀ ਬਾੜੀ ਵੀ ਸੰਭਾਲਦਾ ਆਇਆ ਹੈ। ਸਭ ਤੋਂ ਵੱਡੀ ਸਿਫਤ (ਕੁਆਲੀਫਿਕੇਸ਼ਨ) ਇਹ ਕਿ, ਹੈ ਇਮਾਨਦਾਰ।

ਤੇਰਾ ਤੇਰਾ ਵਾਲਾ ਮੋਦੀ

ਤੇਰਾ ਤੇਰਾ ਤੋਲਣ ਵਾਲੇ ਮੋਦੀ ਦੇ ਤੋਲ-ਵੱਟੇ

ਨਵਾਬ ਨਾਲ ਹੌਲੀ ਹੌਲੀ ਗੱਲ ਬਾਤ ਦੇ ਦੌਰਾਨ ਗੱਲ ਰੂਹਾਨੀਅਤ ਤੇ ਅਪੜ ਗਈ ਜਿਸ ਕਰਕੇ ਨਵਾਬ ਦਾ ਗੁਰੂ ਸਾਹਿਬ ਲਈ ਦਿਲੋਂ ਸਤਿਕਾਰ ਹੋ ਗਿਆ। ਗੁਰੂ ਸਾਹਿਬ ਨੂੰ ਉਸ ਵੇਲੇ ਸੁਨਿਹਰੀ ਦੁਸ਼ਾਲੇ ਦਾ ਸਿਰੋਪਾ ਦਿੱਤਾ ਗਿਆ। ਅਗਲੇ ਦਿਨ ਤੋਂ ਮੋਦੀਖਾਨੇ ਦਾ ਚਾਰਜ ਗੁਰੂ ਨਾਨਕ ਨੂੰ ਸੌਂਪ ਦਿੱਤਾ ਗਿਆ। ਬਾਦ ਵੇਲਿਆਂ 'ਚ ਗੁਰੂ ਸਾਹਿਬ ਕੋਲੋਂ ਰੂਹਾਨੀਅਤ ਦੀਆਂ ਗੱਲਾਂ ਸੁਣ ਸੁਣ, ਵਕਤ ਪਾ ਕੇ ਨਵਾਬ ਤਾਂ ਗੁਰੂ ਨਾਨਕ ਦਾ ਮੁਰੀਦ ਹੀ ਬਣ ਗਿਆ।

—◈—

ਤੇਰਾ ਤੇਰਾ ਵਾਲਾ ਮੋਦੀ

ਗੁਰੂ ਨਾਨਕ ਦੇ ਜੀਵਨ ਤੇ ਜੋ ਜਨਮ ਸਾਖੀਆਂ ਮਿਲਦੀਆਂ ਹਨ ਓਹਨਾਂ ਵਿੱਚੋਂ ਜੋ ਸਭ ਤੋਂ ਪੁਰਾਣੀ ਹੈ ਉਹ ਵੀ ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਕੋਈ 100 ਸਾਲ ਬਾਦ ਦੀ ਹੀ ਲਿਖਤ ਹੈ। ਪਰ ਬਦਕਿਸਮਤੀ ਨਾਲ ਹਰ ਜਨਮ ਸਾਖੀ ਨੇ ਗੁਰੂ ਸਾਹਿਬ ਨੂੰ ਇਸ ਤਰਾਂ ਪੇਸ਼ ਕੀਤਾ ਹੈ ਜਿਵੇ ਕਿ ਗੁਰੂ ਸਾਹਿਬ ਪੱਕਾ ਸੰਨਿਆਸੀ ਹੋਵੇ ਕਿ ਉਹ ਕੋਈ ਕੰਮ ਕਰਕੇ ਰਾਜੀ ਹੀ ਨਹੀ ਸਨ। ਹਾਲਾਂ ਹਕੀਕਤ ਇਹ ਹੈ ਕਿ ਜੋ ਵੀ ਉਨਾਂ ਨੂੰ ਕੰਮ ਕਾਰ ਸੌਂਪਿਆਂ ਜਾਦਾ ਉਹ ਕਰਦੇ ਤੇ ਨਿਭਾਉਦੇ ਪਰ ਉਹ ਉਸਨੂੰ ਦੀਵਾਨਗੀ ਦੀ ਹੱਦ ਤੱਕ ਨਿਰਾ ਪੈਸਾ ਕਮਾਉਣ ਵਲ ਹੀ ਨਹੀ ਸਨ ਲੈ ਜਾਂਦੇ। ਓਨਾਂ ਦੇ ਵਿਹਾਰ ਵਿੱਚੋਂ ਮਿੱਟ ਮਿੱਟ ਤੇ ਮਾਨਵਤਾ ਪ੍ਰਤੀ ਸਨੇਹ ਦੀ ਖੁਸ਼ਬੂ ਆਉਦੀ ਹੈ। ਫਿਰ ਹੋਰ ਵੇਖੋ ਉਨਾਂ ਗ੍ਰਿਸਤ ਵੀ ਕੀਤੀ। ਨਿਰੀ ਕੀਤੀ ਹੀ ਨਹੀ ਬੱਚੇ ਵੀ ਪੈਦਾ ਕੀਤੇ। ਅਤੇ ਮੁਖ ਗੱਲ ਇਹ ਹੈ ਕਿ ਇਹੋ ਸਿਧਾਂਤ ਉਹਨਾਂ ਦੁਨੀਆਂ ਨੂੰ ਦਿੱਤਾ ਕਿ ਸਨਿਆਸ ਨਹੀ ਲੈਣਾ। ਗ੍ਰਿਸਤ ਵਿੱਚ ਰਹਿ ਕੇ ਨਿਰੰਕਾਰ ਨਾਲ ਪ੍ਰੇਮ ਨਿਭਾਉਣਾ ਹੈ। ਉਨਾਂ ਦੀ ਸਾਰੀ ਬਾਣੀ ਇਸ ਗੱਲ ਦੀ ਸ਼ਾਹਦੀ ਭਰਦੀ ਹੈ ਪਰ ਜਨਮ ਸਾਖੀਆਂ ਨੇ ਗੁਰੂ ਸਾਹਿਬ ਦੀ ਸ਼ਖਸੀਅਤ ਉਭਾਰਨ ਮੌਕੇ ਉਨਾਂ ਨਾਲ ਇਨਸਾਫ ਨਹੀ ਕੀਤਾ।

ਗੁਰੂ ਸਾਹਿਬ ਨੇ ਆਪਣੀ ਮੋਦੀ ਵਾਲੀ ਜਿੰਮੇਵਾਰੀ ਤਨ ਦੇਹੀ ਨਾਲ ਨਿਭਾਈ। ਗੁਰੂ ਸਾਹਿਬ ਮਨ੍ਹੇਰੇ ਅੰਮ੍ਰਿਤ ਵੇਲੇ ਉਠਦੇ। ਜੰਗਲ ਪਾਣੀ ਦਾਤਨ ਉਪਰੰਤ ਵੇਈਂ ਵਿੱਚ ਹੀ ਇਸ਼ਨਾਨ ਕਰਦੇ, ਚਾਹੇ ਠੰਡ ਹੋਵੇ ਜਾਂ ਗਰਮੀ। ਵੇਈ ਕੰਢੇ ਹੀ ਬਹਿ ਨਿਰੰਕਾਰ ਦਾ ਧਿਆਨ ਕਰਦੇ। ਸ਼ੁਕਰਾਨਾ ਕਰਦੇ, ਉਹਦੇ ਗੁਣ ਗਾਉਦੇ। ਦਿਨ ਚੜੇ ਫਿਰ ਘਰ ਪਰਤ ਜਾਂਦੇ। ਘਰ ਬੱਚਿਆਂ ਨੂੰ ਕੁਝ ਵਕਤ ਦੇਣ ਉਪਰੰਤ ਲੰਗਰ ਪਾਣੀ ਛੱਕ, ਵਕਤ ਸਿਰ ਆਪਣੀ ਮੋਦੀ ਦੀ ਡਿਊਟੀ ਤੇ

ਪੈਂਡ ਸਚ

ਮੋਦੀਖਾਨਾ ਕੀ ਹੁੰਦੇ?– ਪੰਜਾਬ ਵਿੱਚ ਅੰਗਰੇਜ ਰਾਜ ਹੋਣ ਤੋਂ ਪਹਿਲਾਂ ਹਾਲਾ (ਮਾਮਲਾ/ਰੈਵੇਨਿਊ) ਤੇ ਕਰ (ਟੈਕਸ) ਜਿਨਸ ਦੇ ਰੂਪ ਵਿੱਚ ਹੀ ਲਿਆ ਜਾਂਦਾ ਸੀ। ਲੋਧੀ ਹਕੂਮਤ ਕੁੱਲ ਪੈਦਾਵਾਰ ਦਾ ਪੰਜਵਾਂ ਹਿੱਸਾ ਹਾਲੇ ਵਜੋਂ ਉਗਰਾਂਹਉਦੀ ਸੀ। ਵਪਾਰੀ ਲੋਕ ਨਾਲੋ ਨਾਲ ਜਿਨਸ ਕਰੋੜੀਆਂ (ਟੈਕਸ ਕਲੈਕਟਰਾਂ) ਕੋਲੋ ਖਰੀਦ ਲੈਂਦੇ ਸਨ। ਕੁਦਰਤੀ ਹੈ ਸਾਰੀ ਤੇ ਹਰ ਪ੍ਰਕਾਰ ਦੀ ਜਿਨਸ ਨਾਲੋ ਨਾਲ ਨਹੀ ਸੀ ਵਿਕਦੀ, ਜਿਸ ਕਰਕੇ ਹਰ ਕਰੋੜੀਏ ਕੋਲ ਜਿਨਸ ਜਾਂ ਅਨਾਜ ਇਕੱਠਾ ਵੀ ਹੋ ਜਾਂਦਾ ਸੀ। ਕ੍ਰੋੜੀਆ ਫਿਰ ਇਸ ਨੂੰ ਅੱਗੇ ਰਾਜੇ ਤੱਕ ਪਹੁੰਚਾ ਦਿੰਦਾ ਸੀ। ਇਸ ਵਿੱਚ ਕਣਕ,ਝੋਨਾ, ਜੌਂ, ਛੋਲੇ, ਦਾਲਾਂ, ਘਿਉ, ਗੁੜ ਜਿਹੀਆਂ ਵਸਤਾਂ ਦੇ ਭੰਡਾਰ ਹੁੰਦੇ। ਇਸ ਭੰਡਾਰ (ਸਟੋਰ) ਨੂੰ ਜਿਹੜਾ ਬੰਦਾ ਸਾਂਭਦਾ ਤੇ ਅੱਗੇ ਜਾਰੀ ਕਰਦਾ ਸੀ ਉਹਨੂੰ ਮੋਦੀ ਜਾਂ ਭੰਡਾਰੀ ਕਿਹਾ ਜਾਂਦਾ ਸੀ। ਸਰਕਾਰ ਦੇ ਸਬੰਧਤ ਮਹਿਕਮਿਆਂ ਫੌਜ, ਮਹਿਲ ਆਦਿ ਨੂੰ ਰਸਦ ਜਾਰੀ ਕਰਨੀ, ਵਪਾਰੀਆਂ ਨੂੰ ਤੁਲਵਾ ਕੇ ਦੇਣੀ। ਮੋਦੀ ਹੀ ਨਵਾਬ ਦੀ ਨੀਤੀ ਜਾਂ ਹੁਕਮ ਮੁਤਾਬਿਕ ਜਿਨਸ ਭਿਖਾਰੀਆਂ ਨੂੰ ਅੱਗੇ ਵੰਡਦਾ ਸੀ। ਕਿਸਾਨਾਂ ਨੂੰ ਬੀਅ ਦੀ ਜਰੂਰਤ ਪੈਣ ਤੇ ਮੋਦੀ ਕੋਲੋ ਹੀ ਆ ਕੇ ਲੈਂਦੇ ਸੀ।

ਆਪਾਂ ਅੰਦਾਜ਼ਾ ਲਾ ਸਕਦੇ ਹਾਂ ਕਿ ਸੂਬੇ ਦਾ ਮੋਦੀ ਕਿੰਨਾ ਜਿੰਮੇਵਾਰ ਬੰਦਾ ਹੁੰਦਾ ਹੋਵੇਗਾ। ਗੁਰੂ ਨਾਨਕ ਨੂੰ ਦੌਲਤ ਖਾਂ ਨੇ ਮੋਦੀ ਹੀ ਤਾਂ ਨਿਯੁਕਤ ਕੀਤਾ ਹੋਇਆ ਸੀ।

ਅਜਿਹਾ ਕੰਮ ਕੋਈ ਤਜੱਰਬੇਕਾਰ ਤੇ ਪੜ੍ਹਿਆ ਲਿਖਿਆ ਹੀ ਕਰ ਸਕਦਾ ਹੈ ਜੋ ਜਿੰਮੇਵਾਰੀ ਵੀ ਸਮਝਦਾ ਹੋਵੇ। ਇਸ ਅਹੁਦੇ ਦੀ ਜੇ ਅੱਜ ਨਾਲ ਤੁਲਨਾ ਕਰਨੀ ਹੈ ਤਾਂ ਸੁਲਤਾਨਪੁਰ ਦਾ ਮੋਦੀ ਪੰਜਾਬ ਦੇ ਅੱਜ ਦੇ ਮੰਤਰੀ ਦੇ ਬਰਾਬਰ ਸੀ। ਪਰ ਯਾਦ ਰੱਖਣਾ ਓਦੋਂ ਜੀਵਨ ਸਾਦਾ ਸੀ। ਅਬਾਦੀ ਬਹੁਤ ਥੋੜੀ ਸੀ। ਅਫਸਰ ਲੋਕ ਅਕਸਰ ਹੱਥੀ ਕੰਮ ਕਰਿਆ ਕਰਦੇ ਸਨ।

ਮੋਦੀਖਾਨੇ ਵਾਲੀ ਥਾਂ ਤੇ ਅੱਜ ਬਣਿਆ ਗੁਰਦੁਆਰਾ ਹੱਟ ਸਾਹਿਬ

ਹਾਜਰ ਹੋ ਜਾਂਦੇ।

ਸੁਲਤਾਨਪੁਰ ਲੋਧੀ ਵਿਖੇ ਗੁਰੂ ਸਾਹਿਬ ਦਾ ਆਪਣਾ ਘਰ ਸੀ। ਇਹ ਬੇਬੇ ਨਾਨਕੀ ਦੇ ਘਰ ਤੋਂ ਕੋਈ ਅੱਧਾ ਕਿਲੋਮੀਟਰ ਹਟਵਾਂ ਸੀ। ਓਥੇ ਹੁਣ ਗੁਰਦੁਆਰਾ ਸਾਹਿਬ ਗੁਰੂ ਕਾ ਬਾਗ ਦੀ ਨਵੀ ਇਮਾਰਤ ਬਣ ਰਹੀ ਹੈ। ਖੁਦਾਈ ਦੌਰਾਨ ਇੱਕ ਸਿਲਲੇਖ ਮਿਲਿਆ ਹੈ ਜਿਸ ਵਿੱਚ ਲਿਖਿਆ ਹੈ, "ਸਤਗੁਰੁ ਸਹਾਇ"। ਲਿਖਤ ਦੀ ਲਿਪੀ ਸਾਫ ਤੌਰ ਤੇ 4-5 ਸੌ ਸਾਲ ਪੁਰਾਣੀ ਲਗਦੀ ਹੈ।

ਕੁਦਰਤੀ ਹੈ ਕਿ ਨਵੇ ਮੋਦੀ ਦੀ ਕਾਰਜਸ਼ੈਲੀ ਦੀ ਖੁਸ਼ਬੂ ਤਾਂ ਦੂਰ ਦੂਰ ਉਠਣੀ ਸੀ। ਜੋਖਣ ਵੇਲੇ ਬਾਬਾ ਕੋਈ ਕਾਟ ਨਾਂ ਕਰਦਾ, ਜੋ ਓਨੀ ਦਿਨੀ ਮੋਦੀ ਕਰਦੇ ਸਨ। ਤੋਲ ਵੀ ਨੀਉਦਾ ਹੁੰਦਾ। ਸਭ ਤੋਂ ਵੱਡੀ ਗੱਲ ਇਸ ਅਫਸਰ ਦੀ ਜੁਬਾਨ ਮਾਖਿਓ ਨਾਲੋਂ ਵੀ ਮਿੱਠੀ ਹੁੰਦੀ। ਜਿੱਥੇ ਸਰਕਾਰੀ ਨਿਯਮਾਂ ਅਨੁਸਾਰ ਕਿਸੇ ਨੂੰ ਮਦਦ ਨਹੀ ਸੀ ਦਿੱਤੀ ਜਾ ਸਕਦੀ ਓਥੇ ਆਪਣੇ ਪੇਟੇ ਪਾ ਕੇ ਅਗਲੇ ਮਜਬੂਰ ਬੰਦੇ ਦਾ ਬੁੱਤਾ ਸਾਰਦੇ। ਤਨਖਾਹ ਦਾ ਬਹੁਤਾ ਹਿੱਸਾ ਅਨਾਜ ਵਿੱਚ ਹੀ ਮੁੱਕ ਜਾਂਦਾ। ਓਧਰ ਮਾਤਾ ਸੁਲੱਖਣੀ ਦੇ ਵੀ ਬਹੁਤੇ ਸ਼ੌਕ ਨਹੀ ਸਨ ਰਹਿ ਗਏ। ਉਹ ਵੀ ਰੁੱਖੀ ਸੁੱਖੀ ਖਾਣ ਵਿੱਚ ਸੰਤੁਸ਼ਟ ਸੀ। ਉਹ ਵੀ ਗੁਰੂ ਨੂੰ ਰੱਬ ਹੀ ਮੰਨਦੀ ਸੀ। ਪਰ ਨਾਲ ਹੀ ਪਤੀ ਵਲੋਂ ਜੋ ਜਿੰਮੇਵਾਰੀਆਂ ਹੁੰਦੀਆਂ ਉਨਾਂ ਦੀ ਉਮੀਦ ਰੱਖਦੀ ਸੀ।

ਭੰਡਾਰ ਵਿੱਚ ਜਦੋਂ ਆਵਾਜਾਈ ਨਾਂ ਹੋਣੀ ਤਾਂ ਫਿਰ ਬਾਬੇ ਹੁਰਾਂ ਓਥੇ ਹੀ ਨਿਰੰਕਾਰ ਦਾ ਭਜਨ ਗਾਉਣ ਲੱਗ ਜਾਣਾ। ਸਤਸੰਗੀ ਵੀ ਜੁੜੇ ਰਹਿੰਦੇ ਸਨ। ਪਤਾ ਨਹੀ ਸੀ ਲੱਗਦਾ ਕਿ ਸਤਸੰਗ ਘਰ ਹੈ ਕਿ ਭੰਡਾਰ। "ਤੂੰ ਹੀ ਨਿਰੰਕਾਰ" "ਧੰਨ ਨਿਰੰਕਾਰ" "ਸਤਿ ਕਰਤਾਰ" ਦੇ ਅਵਾਜ਼ੇ ਦੀ ਗੂੰਜ ਦੂਰ ਦੂਰ ਤੱਕ ਸੁਣਾਈ ਦਿੰਦੀ। ਕਿਲ੍ਹੇ ਵਿੱਚ ਲੋਕ ਕਈ ਹੱਸਦੇ। ਪਰ ਜਿੰਨਾਂ ਨੂੰ ਪਤਾ ਲੱਗ ਚੁੱਕਾ ਸੀ ਕਿ ਮੋਦੀ ਕੋਈ ਇਲਾਹੀ ਨੂਰ ਹੈ ਉਹ ਦੂਰੋਂ ਹੀ ਸਿਜਦਾ ਕਰਦੇ। ਕਈ ਵਾਰੀ ਲੋਕਾਂ ਨੇ ਸ਼ਕਾਇਤ ਕੀਤੀ ਕਿ ਕਦੀ ਨਾਨਕ ਜੋਖਦਾ ਜੋਖਦਾ ਗਿਣਤੀ ਹੀ ਭੁਲ ਜਾਂਦਾ ਹੈ ਤੇ ਬਸ "ਤੇਰਾ, ਤੇਰਾ" ਹੀ ਕਰੀ ਜਾਂਦਾ ਹੈ। ਮਾਲ ਪੂਰਾ ਹੋਣ ਤੇ ਅਗਲੇ ਆਪੇ ਬਸ ਕਰਾ ਦਿੰਦੇ। ਗਿਣਤੀ ਕੁਝ ਇਸ ਤਰਾਂ ਹੋਇਆ ਕਰਦੀ ਸੀ: ਬਰਕਤ (1), ਵਾਧੇ (2), 3 ਵਾਲੀ ਗਿਣਤੀ ਜਦੋਂ ਤੇਰਾਂ ਤੇ ਪਹੁੰਚਦੀ ਤਾਂ ਮੋਦੀ ਨੂੰ ਆਪਣੇ ਮਾਲਕ ਦੀ ਯਾਦ ਆ ਜਾਣੀ। ਕਿ ਮੈਂ ਤਾਂ ਤੇਰਾ ਹੀ ਹਾਂ, ਤੇਰਾ। ਤੇ ਬਸ ਤਕੜੀ ਤੇ 13 ਹੀ 13 ਤੋਲੀ ਜਾਇਆ ਕਰਨ, ਦੁਹਰਾਈ ਜਾਏ ਕਰਨ। ਧਾਰਨ ਦੀ ਗਿਣਤੀ ਅੱਗੇ ਤੁਰਿਆ ਹੀ ਨਾਂ ਕਰੇ।

ਪੂਰੇ ਇਲਾਕੇ ਵਿੱਚ ਨਾਨਕ ਮੋਦੀ ਦੀ ਸੋਹਬਤ ਫੈਲ ਗਈ। ਕਿਉਕਿ ਜੇ ਮੁਲਾਜਮ ਨੇਕ ਈਮਾਨਦਾਰ ਹੋਵੇ ਤਾਂ ਇਹਦਾ ਫਾਇਦਾ ਮਾਲਕ ਨੂੰ ਮਿਲਦਾ ਹੈ। ਨਵਾਬ ਦੌਲਤ ਖਾਂ ਨਾਨਕ ਦੇ ਵਿਹਾਰ ਤੋਂ ਬਾਗੋ ਬਾਗ ਸੀ।

—◈—

ਦੌਲਤ ਖਾ ਲੋਧੀ ●- ਮੋਟੇ ਤੌਰ ਤੇ ਹਿੰਦੁਸਤਾਨ ਤੇ ਸੰਨ 1526 ਤੋਂ 1857 ਤਕ ਮੁਗਲ ਖਾਨਦਾਨ ਦੀ ਹਕੂਮਤ ਰਹੀ ਹੈ। ਇਸ ਹਕੂਮਤ ਦਾ ਬੀ ਬੀਜਣ ਵਾਲਾ ਹੋਰ ਕੋਈ ਨਹੀ ਸਗੋਂ ਸੁਲਤਾਨਪੁਰ ਦਾ ਦੌਲਤ ਖਾਨ ਲੋਧੀ ਸੀ ਜਿਸ ਨੇ ਬਾਬਰ ਨੂੰ ਨਿਓਤਾ ਭੇਜਿਆ ਕਿ ਹਿੰਦੁਸਤਾਨ ਤੇ ਹਮਲਾ ਕਰ ਮੈਂ ਤੇਰੀ ਮਦਦ ਕਰਾਂਗਾ। ਸਿੱਖ ਇਤਹਾਸ ਦਾ ਦਾਵਾ ਹੈ ਕਿ ਦੌਲਤ ਖਾਂ ਦਾ ਧਰਮ ਗੁਰੂ, ਬਾਬਾ ਨਾਨਕ ਸੀ। ਸਿੱਖ ਇਤਹਾਸ ਆਉਦਾ ਹੈ ਕਿ ਖੁੱਦ ਗੁਰੂ ਸਾਹਿਬ 1520 ਈ. ਵਿਚ ਕਾਬੁਲ ਗਏ ਤੇ ਬਾਬਰ ਨੂੰ ਭਾਰਤ ਤੇ ਹਮਲੇ ਲਈ ਉਤਸ਼ਾਹ ਦਿੱਤਾ।

ਸੁਲਤਾਨਪੁਰ ਵਿਖੇ ਜਿਥੇ ਗੁਰੂ ਸਾਹਿਬ ਦੀ ਰਹਾਇਸ਼ ਹੋਇਆ ਕਰਦੀ ਸੀ ਭਾਵ ਗੁਰਦੁਆਰਾ ਗੁਰੂ ਕਾ ਬਾਗ ਉਥੇ ਹੁਣੇ ਹੁਣੇ ਚੰਗਾ ਭਲਾ ਗੁਰਦੁਆਰਾ ਢਾਹ ਕੇ ਦੁਬਾਰਾ ਬਣਾਇਆ ਜਾ ਰਿਹਾ ਹੈ। ਇਥੇ ਨੀਹਾਂ ਦੀ ਖੁਦਾਈ ਦੌਰਾਨ ਕੁਝ ਭਾਂਡੇ ਅਤੇ ਪੱਕੀ ਇੱਟ ਉਤੇ ਸਿਲਲੇਖ ਮਿਲਿਆ ਹੈ ਜਿਸ ਵਿੱਚ ਲਿਖਿਆ ਹੈ, "ਸਤਗੁਰੁ ਸਹਾਇ"। ਲਿਖਤ ਦੀ ਲਿੱਪੀ ਸਾਫ ਤੌਰ ਤੇ 4-5 ਸੌ ਸਾਲ ਪੁਰਾਣੀ ਲਗਦੀ ਹੈ। ਕੁਦਰਤੀ ਹੈ ਕਿ ਇਹ ਇੱਟ ਨਿਵਾਸ ਅਸਥਾਨ ਦੀ ਕੰਧ ਤੇ ਬਾਹਰਲੇ ਪਾਸੇ ਹੁੰਦੀ ਹੋਵੇਗੀ।

ਦੌਲਤ ਸਲਤਨਤ ਵੇਲੇ ਸੁਲਤਾਨਪੁਰ ਦਾ ਸੂਬਾ ਭਾਵ ਗਵਰਨਰ ਸੀ। ਸੂਬਾ ਮਤਲਬ ਪੂਰੇ ਇਲਾਕੇ ਦਾ ਉਹ ਰਾਜਾ ਸੀ ਜਿਸ ਦੇ ਮੁਤਾਹਿਤ ਕਈ ਹੋਰ ਰਾਜੇ ਤੇ ਅਨੇਕਾਂ ਜਗੀਰਦਾਰ ਸਨ। ਪਰ ਹੁੰਦਾ ਉਹ ਦਿੱਲੀ ਦੇ ਬਾਦਸ਼ਾਹ ਦੇ ਮੁਤਾਹਿਤ ਹੀ ਸੀ। ਹਕੂਮਤ ਹਰ ਤਰਾਂ ਨਾਲ ਸਥਾਨਕ ਹੁੰਦੀ ਸੀ ਤੇ ਦਿੱਲੀ ਵਾਲੇ ਨੂੰ ਉਹ ਸਲਾਨਾ ਵੱਡੀ ਰਕਮ ਭੇਜਦਾ ਤੇ ਲੜਾਈ ਮੌਕੇ ਆਪਣੀ ਫੌਜ ਤੇ ਖੁੱਦ ਨਵਾਬ ਨਾਲ ਹੋ ਕੇ ਲੜਦੇ।

ਬਾਬਰ ਦੀ ਸਵੈਜੀਵਨੀ ਅਨੁਸਾਰ ਦੌਲਤ ਖਾਨ ਲੋਧੀ ਪੰਜਾਬ ਦੇ ਹੁਕਮਰਾਨ ਤਾਤਾਰ ਖਾਂ ਲੋਧੀ ਦਾ ਪੁੱਤਰ ਸੀ। ਬਾਦਸ਼ਾਹ ਬਾਬਰ ਨੇ ਆਪਣੀ ਜੀਵਨੀ ਵਿੱਚ ਲਿਖਿਆ ਹੈ ਕਿ ਬਹਿਲੋਲ ਲੋਧੀ ਨੂੰ

ਤਸਵੀਰ ਨੈਟ ਤੋਂ ਲਈ ਹੈ। ਤਸਵੀਰ ਹੇਠਾਂ ਦੌਲਤ ਖਾਂ ਲੋਧੀ ਲਿਖਿਆ ਹੈ। ਉਮੀਦ ਹੈ ਇਹ ਸੁਲਤਾਨ ਪੁਰ ਦੇ ਨਵਾਬ ਦੀ ਹੀ ਜਵਾਨੀ ਵੇਲੇ ਦੀ ਹੀ ਤਸਵੀਰ ਹੈ। ਜਵਾਨੀ ਵੇਲੇ ਵੀ ਦੌਲਤ ਦੀ ਚੰਗੀ ਚੜ੍ਹਤ ਹੋਵੇਗੀ ਕਿਉਂਕਿ ਇਸ ਦਾ ਪਿਤਾ ਸੂਬੇ ਦਾ ਗਵਰਨਰ ਸੀ। ਬਾਬਰ ਦੇ ਹਮਲੇ ਵੇਲੇ ਦੌਲਤ ਦੀ ਵੱਡੀ ਉਮਰ ਸੀ. ਅੰਦਾਜ਼ਨ 75-80 ਸਾਲ।

ਦਿੱਲੀ ਦੇ ਤਖਤ ਤੇ ਬਿਠਾਉਣ ਵਾਲਾ ਤਾਤਾਰ ਖਾਂ ਹੀ ਸੀ। ਇਸ ਤੋਂ ਪਹਿਲਾਂ ਤਾਤਾਰ ਨੇ 1470 ਦੇ ਨੇੜੇ ਜਦੋਂ ਮੁਲਤਾਨ ਦੇ ਰਾਜੇ ਸ਼ਾਹ ਹੁਸੈਨ (ਪੁੱਤਰ ਕੁਤੁਬੁਦੀਨ ਲੰਗਾਹ) ਨੇ ਗਾਜ਼ੀ ਖਾਂ ਕੋਲੋ ਸ਼ੋਰਕੋਟ ਦੀ ਰਿਆਸਤ ਖੋਹ ਲਈ ਤਾਂ ਦਿੱਲੀ ਸੁਲਤਾਨ (ਬਹਿਲੋਲ) ਲੋਧੀ ਨੇ ਆਪਣੇ ਪੁੱਤਰ ਬਰਬਕ ਖਾਂ ਨੂੰ ਸ਼ੋਰਕੋਟ ਭੇਜਿਆ ਤੇ ਤਾਤਾਰ ਖਾਂ ਨੂੰ ਹੁਕਮ ਕੀਤਾ ਕਿ ਉਹ ਆਪਣੀ ਪੰਜਾਬ ਦੀ ਸੈਨਾ ਨਾਲ ਬਰਬਕ ਦੀ ਮਦਦ ਕਰੇ ਤੇ ਸ਼ਾਹ ਹੁਸੈਨ ਦਾ ਕੰਮ ਤਮਾਮ ਕਰ ਦੇਣ। ਪਰ ਬਰਬਕ ਤੇ ਤਾਤਾਰ ਨਾਕਾਮ ਰਹੇ ਸਨ ਤੇ ਦਿੱਲੀ ਸੁਲਤਾਨ ਨੂੰ ਸਬਰ ਦਾ ਘੁੱਟ ਪੀਣਾ ਪਿਆ ਸੀ। ਤਾਰੀਖ ਤੋਂ ਹੋਰ ਪਤਾ ਲੱਗਦਾ ਹੈ ਕਿ ਤਾਤਾਰ ਖਾਂ ਨੇ ਇਕ ਵਾਰੀ ਬਹਿਲੋਲ ਦੇ ਅੰਬਾਲੇ ਲਾਗਲੇ ਖਾਲਸਾ ਇਲਾਕੇ ਤੇ ਕਬਜਾ ਕਰ ਲਿਆ। ਬਹਿਲੋਲ ਨੇ ਆਪਣੇ ਪੁੱਤਰ ਸਿਕੰਦਰ ਦੀ ਕਮਾਂਡ ਹੇਠ 1485ਈ 'ਚ ਫੌਜ ਘੱਲੀ। ਤਾਤਾਰ ਖਾਂ ਅੰਬਾਲੇ ਲਾਗੇ ਮਾਰਿਆ ਗਿਆ।

ਇਸ ਤੋਂ ਬਾਦ ਲੱਗਦੈ ਦੌਲਤ ਖਾਂ ਲੋਧੀ ਕੋਲ ਲਹੌਰ ਦਾ ਸੂਬਾ ਵੀ ਆ ਗਿਆ। ਓਨੀ ਦਿਨੀ ਜਰੂਰੀ ਨਹੀ ਸੀ ਹੁੰਦਾ ਕਿ ਜੇ ਪਿਤਾ ਦੀ ਸੁਲਤਾਨ ਨਾਲ ਦੁਸ਼ਮਣੀ ਹੈ ਤਾਂ ਕਿ ਪੁੱਤਰ ਵੀ ਦੁਸ਼ਮਣ ਹੈ। ਕਿਉਕਿ ਏਸੇ ਦੌਲਤ ਦੇ ਪੁੱਤਰ ਨੇ ਕਿਸੇ ਵੇਲੇ ਆਪਣੇ ਪਿਤਾ ਦੇ ਖਿਲਾਫ ਬਾਬਰ ਦੀ ਮਦਦ ਕੀਤੀ ਸੀ। ਪਰ ਅੰਦਰ ਖਾਤੇ ਦੋਵੇ ਪਾਸੇ ਵਫਾਦਾਰੀ ਬਾਬਤ ਸ਼ੱਕ ਤਾਂ ਰਹਿੰਦਾ ਹੀ ਸੀ।

ਦੌਲਤ ਖਾਂ ਲੋਧੀ ਦੀ ਕਿਸਮਤ ਕੁਝ ਅਜਿਹੀ ਕਿ ਉਹਦੀ ਬਾਦਸ਼ਾਹ ਇਬਰਾਹੀਮ ਲੋਧੀ ਨਾਲ ਨਹੀ ਸੀ ਬਣਦੀ। ਉਨੂੰ ਹਮੇਸ਼ਾਂ ਸ਼ੱਕ ਰਹਿੰਦਾ ਸੀ ਕਿ ਸੁਲਤਾਨ ਕਦੀ ਵੀ ਉਹਦਾ ਤਖਤਾ ਪਲਟ ਦੇਵੇਗਾ। ਸੁਚੇਤ ਰਹਿਣ ਖਾਤਰ ਦੌਲਤ ਨੇ ਆਪਣੇ ਮੁੰਡੇ ਗਾਜ਼ੀ ਖਾਂ ਨੂੰ ਦਿੱਲੀ ਬੈਠਾਇਆ ਹੋਇਆ ਸੀ ਕਿ ਸਾਰਾ ਧਿਆਨ ਰੱਖੇ। ਗਾਜ਼ੀ ਨੇ ਇਕ ਵੇਰਾਂ ਇਤਲਾਹ ਦੇ ਦਿੱਤੀ ਕਿ ਗੁਜਰਾਤ ਤੋਂ ਪਰਤ ਕੇ ਸੁਲਤਾਨ ਨੇ ਤੁਹਾਡਾ ਤਖਤਾ ਪਲਟ ਦੇਣਾ ਹੈ ਤੇ ਕਿਸੇ ਹੋਰ ਨੂੰ ਲਹੌਰ ਦਾ ਸੂਬਾ ਬਣਾ ਦੇਣਾ ਹੈ। ਦੌਲਤ ਖਾਂ ਨੇ ਆਪਣੀ ਤਿਆਰੀ ਅਰੰਭ ਦਿੱਤੀ ਤੇ ਨਾਲ ਹੀ ਗੁਪਤ ਏਲਚੀ ਅਫਗਾਨਿਸਤਾਨ ਬਾਦਸ਼ਾਹ ਬਾਬਰ ਕੋਲ ਭੇਜੇ ਕਿ ਜੇ ਤੂੰ ਹਿੰਦੋਸਤਾਨ ਤੇ ਹਮਲਾ ਕਰੇ ਤਾਂ ਮੈ ਤੇਰੀ ਮਦਦ ਕਰਾਂਗਾ।

ਅੰਨਾ ਕੀ ਭਾਲੇ ਦੋ ਅੱਖੀਆਂ। ਬਾਦਸ਼ਾਹ ਬਾਬਰ ਨੇ ਪਹਿਲਾਂ 1519 'ਚ ਪੰਜਾਬ ਤੇ ਹਮਲਾ ਕੀਤਾ ਫਿਰ 1524 ਈ. ਨੂੰ ਆਪਣੀ ਫੌਜ ਭੇਜ ਕੇ ਦੀਪਾਲ ਪੁਰ ਤੇ ਲਹੌਰ ਤੇ ਕਬਜਾ ਕਰ ਲਿਆ। ਦੋਵੇ ਵੇਰੀ ਮੋਟੀ ਰਕਮ ਇਧਰੋਂ ਉਗਰਾਹ ਕੇ ਲੈ ਗਇਆ। ਪਰ ਬਾਬਰ ਨੇ ਦੌਲਤ ਖਾਂ ਨਾਲ ਵੀ ਬੇਇਨਸਾਫੀ ਕਰ ਦਿੱਤੀ ਤੇ ਲਹੌਰ ਆਦਿ ਵੱਡੇ ਇਲਾਕੇ ਦੌਲਤ ਕੋਲੋਂ ਖੋਹ ਸਿਰਫ ਸੁਲਤਾਨਪੁਰ ਤੇ ਜਲੰਧਰ ਹੀ ਦੌਲਤ ਕੋਲ ਰਹਿਣ ਦਿੱਤੇ। ਇਸ ਤੇ ਦੌਲਤ ਨੂੰ ਬੜਾ ਵੱਟ ਚੜਿਆ ਤੇ ਉਹ ਬਾਬਰ ਦੇ ਵਿਰੋਧ ਵਿੱਚ ਆ ਗਿਆ। ਦੂਸਰੇ ਪਾਸੇ ਦੌਲਤ ਖਾਂ ਦੇ ਇੱਕ ਹੋਰ ਪੁੱਤਰ ਦਿਲਾਵਰ ਖਾਂ ਨੇ ਪਿਓ ਨਾਲ ਹੀ ਗੱਦਾਰੀ ਕਰ ਦਿੱਤੀ ਤੇ ਉਹ ਬਾਬਰ ਦੇ ਨਾਲ ਜਾ ਮਿਲਿਆ ਤੇ ਬਾਬਰ ਨੇ ਦੌਲਤ ਦੀ ਥਾਂ ਦਿਲਾਵਰ ਨੂੰ ਹੀ ਸੁਲਤਾਨਪੁਰ ਦਾ ਗਵਰਨਰ ਨਿਯੁਕਤ ਕਰ ਦਿੱਤਾ। ਦਿਲਾਵਰ ਨੂੰ ਖਿਤਾਬ ਵੀ ਦਿੱਤਾ ਖਾਨ-ਖਾਨਾ ਭਾਵ ਖਾਨਾਂ ਦਾ ਵੀ ਖਾਨ।

ਬਾਬਰ ਦੇ ਪੰਜਾਬ ਆਉਣ ਪਿੱਛੋ ਅਫਗਾਨਿਸਤਾਨ ਵਿੱਚ ਉਜ਼ਬੇਕਾਂ ਨੇ ਬਗਾਵਤ ਕਰ ਦਿੱਤੀ। ਬਾਬਰ ਅਫਗਾਨਿਸਤਾਨ ਪਰਤ ਗਿਆ। ਪਿੱਛੇ ਲਹੌਰ ਵਾਸਤੇ ਉਸ ਨੇ ਆਲਮ ਖਾਂ ਨੂੰ ਬੈਠਾ ਦਿੱਤਾ। ਤੀਸਰਾ ਬਾਬਰ ਦੀਆਂ ਫੌਜਾਂ ਨੇ ਦਿੱਲੀ ਦੀ ਘੇਰਾਬੰਦੀ ਕੀਤੀ ਹੋਈ ਸੀ। ਆਲਮ ਖਾਂ ਨੂੰ ਦਿੱਲੀ ਵਾਲੀ ਜਿੰਮੇਵਾਰੀ ਵੀ ਸੌਪ ਦਿੱਤੀ। ਜਦੋਂ ਦੌਲਤ ਖਾਂ ਨੇ ਵੇਖਿਆਂ ਕਿ ਬਾਬਰ ਮਜਬੂਰ ਹੈ ਤਾਂ ਦੌਲਤ ਨੇ ਫਿਰ ਦੋਸਤੀ ਦਾ ਹੱਥ ਵਧਾਇਆ। ਲਹੌਰ ਦੇ ਹਾਕਮ ਆਲਮ ਖਾਂ ਨੇ ਦੌਲਤ ਨੂੰ ਸੁਲਤਾਨ ਪੁਰ ਵਾਪਸ ਕਰ ਦਿੱਤਾ ਤੇ ਉਹਦੇ ਪੁੱਤਰ ਖਾਨ ਖਾਨਾ ਤੇ ਹਾਜੀ ਖਾਂ ਨੂੰ ਦਿੱਲੀ ਦੇ ਯੁੱਧ ਵਲ ਰਵਾਨਾ ਕਰ ਦਿੱਤਾ।

ਓਧਰ ਆਲਮ ਖਾਂ ਦੀ ਫੌਜ ਸਿਆਲਕੋਟ ਵਿੱਚ ਹਾਰ ਗਈ। ਬਾਬਰ ਨੂੰ ਬਹੁਤ ਬੁਰਾ ਲੱਗਾ। ਇਸ ਸ਼ਿਕੱਸਤ ਤੇ ਬਾਬਰ ਨੂੰ ਦੌਲਤ ਤੇ ਵੀ ਸ਼ੱਕ ਹੋਇਆ। ਬਾਬਰ ਪੰਜਾਬ ਪਰਤ ਆਇਆ। ਦੌਲਤ ਤੇ ਉਹਦੇ ਪੁੱਤਰ ਗਾਜ਼ੀ ਨੇ ਲਹੌਰ ਦੇ ਚੜਦੇ ਪਾਸੇ ਕਸਬੇ ਮਿਲਵਾਤ ਦੇ ਕਿਲੇ ਵਿੱਚ ਸ਼ਰਨ ਲੈ ਲਈ। ਨਵੰਬਰ 1525 ਈ. ਬਾਬਰ ਨੇ ਕਿਲਾ ਫਤਹਿ ਕਰ ਲਿਆ ਤੇ ਦੌਲਤ ਖਾਂ ਨੂੰ ਕੈਦ ਕਰਕੇ ਭੇੜਾ ਲਿਜਾਇਆ ਜਾ ਰਿਹਾ ਸੀ ਕਿ ਰਸਤੇ ਵਿੱਚ ਹੀ 1526 ਈ. ਵਿਚ ਦੌਲਤ ਖਾਂ ਲੋਧੀ ਗੁਜਰ ਗਿਆ।

ਸੁਲਤਾਨ ਪੁਰ ਲੋਧੀ ਦੇ ਵਸਾਏ ਜਾਣ ਬਾਬਤ ਅੱਜ ਦੇ ਇਤਹਾਸਕਾਰਾਂ ਵਿਚ ਮੱਤ ਭੇਦ ਨੇ ਪਰ ਬਾਬਰ ਨੇ ਤਾਂ ਬੜਾ ਸਾਫ ਸਾਫ ਲਿਖਿਆ ਹੈ ਕਿ ਕਸਬਾ ਸੁਲਤਾਨਪੁਰ ਲੋਧੀ ਦੀ ਨੀਂਹ ਰੱਖਣ ਵਾਲਾ ਦੌਲਤ ਖਾਂ ਲੋਧੀ ਹੀ ਸੀ। ਸੋ ਇਸ ਬਾਰੇ ਕੋਈ ਸ਼ੱਕ

ਸਤੰਬਰ 2014 ਵਿਚ ਸੁਲਤਾਨਪੁਰ ਦਾ 700 ਸਾਲ ਪੁਰਾਣਾ ਦਰਵਾਜਾ ਅਕਾਲੀ ਸਰਕਾਰ ਦੀ ਨਲਾਇਕੀ ਕਰਕੇ ਡਿੱਗ ਪਿਆ। ਇਸ ਦਰਵਾਜੇ ਥਾਂਣੀ ਗੁਰੂ ਸਾਹਿਬ ਹਜਾਰਾਂ ਵਾਰੀ ਨਿਕਲੇ ਹੋਣਗੇ। 1.ਉੱਤੇ ਬਾਹਰ ਗਲੀ ਪਾਸਿਓ ਗੇਟ ਦੀ ਫੋਟੋ। 2. ਕਿਲੇ ਦੇ ਅੰਦਰ ਪਾਸਿਓ। 3.ਹੇਠਾਂ ਡਿੱਗਾ ਗੇਟ। (ਹਿੰਦੁਸਤਾਨ ਟਾਈਮਜ ਦੀ ਫੋਟੋ)

ਦੀ ਗੁੰਜਾਇਸ਼ ਰਹਿ ਹੀ ਨਹੀ ਜਾਂਦੀ।

ਸਿੱਖ ਇਤਹਾਸਕ ਗ੍ਰੰਥਾਂ ਵਿੱਚ ਆਉਦਾ ਹੈ ਕਿ ਬਾਬਰ ਨੂੰ ਹਿੰਦੋਸਤਾਨ ਸੱਦਣ ਵਿੱਚ ਬਾਬੇ ਨਾਨਕ ਦਾ ਰੋਲ ਵੀ ਹੈਗਾ। ਸ਼ੱਕ ਹੈ ਕਿ ਦੌਲਤ ਖਾਂ ਨੇ ਬਾਬੇ ਨਾਨਕ ਨੂੰ ਇਸ ਬਾਬਤ ਬੇਨਤੀ ਕੀਤੀ ਹੋਵੇ। ਪਰ ਇਹ ਤਾਂ ਪੱਕਾ ਹੈ ਕਿ ਗੁਰੂ ਸਾਹਿਬ ਦਿੱਲੀ ਦੇ ਲੋਧੀ ਬਾਦਸ਼ਾਹਾਂ ਦੀ ਇਸਲਾਮਿਕ ਫਿਰਕਾਪਰਸਤੀ ਦੇ ਖਿਲਾਫ ਸਨ ਕਿ ਕਿਵੇ ਸੁਲਤਾਨ ਮੰਦਰ ਢਾਹੁੰਦਾ ਹੈ ਤੇ ਮਜ਼ਬ ਦੇ ਨਾਂ ਤੇ ਕਦੀ ਜੁਲਮ ਵੀ ਕਰਦਾ ਹੈ।ਪੰਥ ਪ੍ਰਕਾਸ਼ (ਪੁਰਾਤਨ) ਵਿਚ ਆਉਦਾ ਹੈ ਕਿ ਲੋਧੀ ਸੁਲਤਾਨ ਨੇ ਗੁਰੂ ਸਾਹਿਬ ਦੇ ਦਿੱਲੀ ਵਿਚ ਆਉਣ ਤੇ ਪਾਬੰਦੀ ਲਾ ਦਿੱਤੀ ਸੀ। ਇਤਹਾਸ ਗਵਾਹ ਹੈ ਕਿ ਗੁਰੂ ਸਾਹਿਬ 1520 ਵਿਚ ਬਾਬਰ ਨੂੰ ਕਾਬਲ ਜਾ ਮਿਲਦੇ ਹਨ। ਸਿੱਖ ਇਤਹਾਸ ਵਿਚ ਆਉਦਾ ਹੈ ਕਿ ਗੁਰੂ ਸਾਹਿਬ ਨੇ ਬਾਬਰ ਨੂੰ ਹਿੰਦੁਸਤਾਨ ਦੀ ਬਾਦਸ਼ਾਹਤ ਦੀ ਬਖਸ਼ਸ਼ ਕੀਤੀ ਸੀ।

ਪਰ ਜਦੋਂ ਬਾਬਰ ਆਪਣੇ ਕੌਲ ਤੋਂ ਮੁੱਕਰ ਗਇਆ, ਕਤਿਲੇਆਮ ਕੀਤਾ ਤਾਂ ਗੁਰੂ ਸਾਹਿਬ ਨੇ ਬਾਬਰ ਦਾ ਹੀ ਵਿਰੋਧ ਕਰ ਦਿੱਤਾ ਤੇ ਬਾਬਰਵਾਣੀ ਲਿਖ ਦਿੱਤੀ।

(ਕਿਸੇ ਵੇਲੇ ਕਲਾਨੌਰ ਪਰਗਨਾ ਗਾਜ਼ੀ ਖਾਂ ਪੁੱਤ੍ਰ ਦੌਲਤ ਖਾਂ ਕੋਲ ਰਿਹਾ।)

—◈—

ਸੁਲਤਾਨਪੁਰ ਲੋਧੀ

1500 ਸਾਲ ਪਹਿਲਾਂ ਇਹ ਪ੍ਰਸਿੱਧ ਬੋਧੀ ਅਸਥਾਨ ਸੀ। ਚੀਨੀ ਯਾਤਰੀ ਹਿਊਨ ਸਾਂਗ ਨੇ ਆਪਣੇ ਸਫਰਨਾਮੇ ਵਿਚ ਇਸ ਦਾ ਜਿਕਰ ਕੀਤਾ ਹੈ।✚ ਪ੍ਰਸਿੱਧ ਪੁਰਾਤੱਤ ਇਤਹਾਸਕਾਰ ਅਲੈਗਜੈਂਡਰ ਕਨਿੰਘਮ ਨੇ ਹੀ ਸੁਲਤਾਨ ਪੁਰ ਦਾ ਬੋਧੀ ਸਬੰਧ ਖੋਜਿਆ ਸੀ। ਮਹਿਮੂਦ ਗਜਨਵੀ ਦੇ ਵੇਲੇ ਇਸ ਬੋਧੀ ਸ਼ਹਿਰ ਨੂੰ ਲੁੱਟ ਪੁੱਟ ਬਰਬਾਦ ਕਰ ਦਿਤਾ।

ਕਿਉਕਿ ਇਹ ਅਸਥਾਨ ਜਰਨੈਲੀ ਸੜ੍ਹਕ ਤੇ ਸੀ, ਦੌਲਤ ਖਾਂ ਲੋਧੀ ਨੇ ਇਸ ਦੀ ਅਹਿਮੀਅਤ ਨੂੰ ਸਮਝਿਆ ਤੇ ਇਥੇ ਆਪਣੇ ਨਾਂ ਤੇ ਸ਼ਹਿਰ ਵਸਾਇਆ।◘ ਇਤਹਾਸ ਵਿਚ ਆਉਦਾ ਹੈ ਕਿ ਲੋਧੀ ਨੇ ਪੁਰਾਣੇ ਬੋਧੀ ਕਿਲੇ ਦੀਆਂ ਨੀਹਾਂ ਉਤੇ ਹੀ ਮੌਜੂਦਾ ਕਿਲਾ ਉਸਾਰਿਆ ਸੀ।

ਬਾਦਸ਼ਾਹ ਸ਼ਾਹ ਜਹਾਂ ਨੇ ਆਪਣੇ ਸ਼ਹਿਜਾਦੇ ਔਰੰਗਜੇਬ ਹੁਰਾਂ ਨੂੰ ਸੁਲਤਾਨ ਪੁਰ ਦੇ ਪ੍ਰਸਿੱਧ ਮਦਰੱਸੇ ਵਿਚ ਪੜ੍ਹਾਈ ਲਈ ਭੇਜਿਆ ਹੋਇਆ ਸੀ। ਦੌਲਤ ਖਾਂ ਲੋਧੀ ਦੀ ਬਣਾਈ ਮਸੀਤ ਅੱਜ ਵੀ ਕਿਲੇ ਅੰਦਰ ਮੌਜੂਦ ਹੈ।

ਹੁਣੇ ਹੁਣੇ ਹੀ ਸਤੰਬਰ 2014 ਵਿਚ ਕਿਲੇ ਦਾ ਸ਼ਾਨਦਾਰ ਲਹੌਰੀ ਗੇਟ ਸਰਕਾਰ ਦੀ ਮੂਰਖਤਾ ਕਰਕੇ ਡਿੱਗ ਚੁੱਕਾ ਹੈ। ਇਹ ਕੋਈ ਅਕਸਮਾਤ ਨਹੀ ਹੋਇਆ। ਮਾਹਿਰਾਂ ਨੇ ਸਰਕਾਰ ਨੂੰ ਸੁਚੇਤ ਕੀਤਾ ਸੀ ਕਿ ਗੇਟ ਦੀ ਮੁਰੰਮਤ ਕਰਵਾਈ ਜਾਏ। ਸਰਕਾਰ ਨੇ ਬਲਜੀਤ ਸਿੰਘ ਨਾਂ ਦੇ ਆਪੂ ਬਣੇ ਮਾਹਿਰ ਨੂੰ ਇਹ ਕੰਮ ਸੌਂਪ ਦਿੱਤਾ। ਬਾਦ ਵਿਚ ਇਹ ਪਾਇਆ ਗਇਆ ਕਿ ਠੇਕੇਦਾਰ ਵਲੋਂ ਕੀਤਾ ਪਲੱਸਤਰ ਗੁਣਵਤਾ ਪੱਖੋ ਹਲਕਾ ਸੀ। ਸਰਕਾਰ ਨੇ ਅਗਲੀ ਮੂਰਖਤਾ ਇਹ ਕੀਤੀ ਕਿ ਉਹ ਪਲੱਸਤਰ ਉਤਾਰਨ ਦਾ ਹੁਕਮ ਦੇ ਦਿਤਾ ਜਿਸ ਕਾਰਨ ਸੱਤ ਸੌ ਸਾਲ ਪੁਰਾਣਾ ਦਰਵਾਜਾ ਡਿੱਗ ਪਿਆ। ਬਦਕਿਸਮਤੀ ਨਾਲ ਪੰਜਾਬ ਦੀਆਂ ਸਰਕਾਰਾਂ ਪੁਰਾਤੱਤ ਜਿਹੇ ਬਰੀਕ ਮਸਲਿਆ ਦੀ ਕਦਰ ਨਹੀ ਕਰਦੀਆਂ।

ਗੁਰੂ ਸਾਹਿਬ ਇਸ ਦਰਵਾਜੇ ਰਾਂਹੀ ਸੈਕੜੇ ਵਾਰੀ ਲੰਘੇ ਹੋਣਗੇ।

ਇਹ ਨਹੀ ਕਿ ਇਹ ਅਕਸਮਾਤ ਹੋਇਆ ਸੀ। ਚਾਰ ਪੰਜ ਸਾਲ ਪਹਿਲਾਂ ਅਖਬਾਰਾਂ ਵਿਚ ਖਤਰਾ ਜ਼ਾਹਿਰ ਕੀਤਾ ਗਇਆ ਸੀ। ਇਸ ਲਿਖਾਰੀ ਨੇ ਖੁੱਦ ਵੀ ਮਈ 2014 ਵਿਚ ਇਸ ਗੇਟ ਦੀ ਵੀਡੀਓਗਰਾਫੀ ਕੀਤੀ ਸੀ।

—◈—

ਮਲਸੀਆਂ ਦੇ ਭਾਈ ਭਗੀਰਥ ਨੂੰ ਤਾਰਿਆ

ਗੁਰੂ ਸਾਹਿਬ ਜਦੋਂ ਸੁਲਤਾਨਪੁਰ ਵਿਖੇ ਮੋਦੀ ਦਾ ਕੰਮ ਕਰਦੇ ਹੁੰਦੇ ਸੀ ਤਾਂ ਇਥੋ 25 ਕਿਲੋਮੀਟਰ ਦੂਰ ਪਿੰਡ ਮਲਸੀਂਆਂ ਦੇ ਭਾਈ ਭਾਗੀਰਥ ਨਾਲ ਮੇਲ ਹੋ ਗਿਆ। ਆਣੰਦ ਗੋਤ ਦੇ ਭਾਈ

ਪੈੜ ਸਫਾ

◘ ਤੁਜਕੇ ਬਾਬਰੀ ਨਾਲੇ ਵੇਖੋ ਗੁਰੂ ਨਾਨਕ ਇਨ ਹਿਸਟਰੀ - ਜੇ ਐਸ ਗਰੇਵਾਲ

✚ ਯੂਟਿਊਬ ਡਾਟ ਕਾਮ ਤੇ ਇਸ ਸ਼ਹਿਰ ਦਾ ਬੋਧੀ ਇਤਹਾਸ ਸੁਣੋ। ਸਰਚ ਕਰੋ - Sultanpur Lodhi -Bhabishan Singh Goraya

ਸਾਹਿਬ ਪਿੰਡ ਦੇ ਚੌਧਰੀ (ਨੰਬਰਦਾਰ) ਸਨ ਤੇ ਬਹੁਤ ਹੀ ਧਾਰਮਿਕ ਬਿਰਤੀ ਦੇ ਪੁਰਖ ਸਨ। ਭਾਈ ਸਾਹਿਬ ਇਲਾਕੇ ਵਿੱਚ ਮੰਨੇ ਹੋਏ ਮਾਤਾ ਕਾਲੀ ਦੇਵੀ ਦੇ ਭਗਤ ਸਨ। ਘਰ ਵਿੱਚ ਦੇਵੀ ਦੀ ਮੂਰਤੀ ਵੀ ਸਥਾਪਤ ਕੀਤੀ ਹੋਈ ਸੀ।

ਗੁਰੂ ਸਾਹਿਬ ਸੁਲਤਾਨ ਪੁਰ ਵਿਖੇ ਅਨੇਕਾਂ ਲੋਕਾਂ ਨੂੰ ਜੜ੍ਹ ਚੀਜਾਂ ਦੀ ਪੂਜਾ ਕਰਨ ਤੋਂ ਵਰਜਦੇ ਸਨ, ਜਿਸ ਕਰਕੇ ਮੜੀਆਂ ਮਸਾਣਾਂ ਕਬਰਾਂ ਦੀ ਪੂਜਾ ਕਰਨ ਤੋਂ ਲੋਕ ਹਟਣ ਲੱਗ ਪਏ ਸਨ। ਭਾਗੀਰਥ ਨੂੰ ਇਹ ਗੱਲ ਚੰਗੀ ਨਹੀ ਸੀ ਲੱਗੀ। ਗੁਰੂ ਸਾਹਿਬ ਨਾਲ ਉਹਦਾ ਮੇਲ ਮਿਲਾਪ ਵਧਿਆ। ਸਾਹਿਬ ਨੇ ਉਨ੍ਹੂੰ ਨਿਰੰਕਾਰ ਕਰਤਾਰ ਦਾ ਗਿਆਨ ਦਿੱਤਾ ਕਿ "**ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥ ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥੬॥**"

ਭਾਈ ਭਾਗੀਰਥ ਦੀ ਲਿਆਂਦੀ ਦਾਤਨ ਵਾਲੀ ਬੇਰੀ

ਕਿਵੇਂ ਅਕਾਲ ਪੁਰਖ ਅਵਤਾਰਾਂ ਦੇਵੀ ਦੇਵਤਿਆਂ ਤੋਂ ਬਾਹਰਾ ਹੈ। ਉਹ ਜਨਮ ਨਹੀ ਲੈਂਦਾ ਤੇ ਨਾਂ ਹੀ ਮਰਦਾ ਹੈ। ਸਾਰਾ ਕੁਝ ਸੁਣਨ ਦੇ ਬਾਵਜੂਦ ਵੀ ਭਾਗੀਰਥ ਦੀ ਦੇਵੀ ਦੀ ਮੂਰਤੀ ਤੋਂ ਸ਼ਰਧਾ ਨਹੀ ਸੀ ਹਟਦੀ। ਹਾਲਾਂ ਭਾਗੀਰਥ ਗੁਰੂ ਸਾਹਿਬ ਦੀ ਸਖਸ਼ੀਅਤ ਤੋਂ ਖਾਸਾ ਪ੍ਰਭਾਵਤ ਤਾਂ ਹੋ ਹੀ ਚੁੱਕਾ ਸੀ।

ਇਕ ਵੇਰਾਂ ਗੁਰੂ ਸਾਹਿਬ ਨੇ ਰਾਤ ਭਾਗੀਰਥ ਦੇ ਘਰ ਉਹਦੇ ਪਿੰਡ ਮਲਸੀਆਂ ਹੀ ਬਿਤਾਈ। ਪਹਿਰ ਕੁ ਰਾਤ ਰਹਿੰਦਿਆਂ (ਭਾਵ ਮਨ੍ਹੇਰ ਦੇ 3 ਕੁ ਵਜੇ) ਜਦੋਂ ਗੁਰੂ ਸਾਹਿਬ ਨੇ ਇਸ਼ਨਾਨ ਕਰਨਾਂ ਚਾਹਿਆ ਤਾਂ ਭਾਗੀਰਥ ਖੂਹ ਤੋਂ ਪਾਣੀ ਦਾ ਘੜਾ ਲੈਣ ਗਿਆ। ਵਾਪਸੀ ਤੇ ਵੇਖ ਕੇ ਦੰਗ ਰਹਿ ਗਇਆ ਕਿ ਗੁਰੂ ਸਾਹਿਬ ਦੇ ਮੰਜੇ ਦੇ ਲਾਗੇ ਇੱਕ ਖੂਬਸੂਰਤ ਜਨਾਨੀ ਬੋਹਕਰ ਫੇਰ ਰਹੀ ਹੈ। ਭਾਗੀਰਥ ਦੀਆਂ ਤਾਂ ਇੱਕ ਦਮ ਅੱਖਾਂ ਚੁੰਧਿਆ ਗਈਆਂ। ਗਹੁ ਨਾਲ ਤੱਕਿਆ ਤਾਂ ਇਹ ਤਾਂ ਖੁਦ ਅਸ਼ਟ ਭੁਜੀ ਕਾਲੀ ਮਾਤਾ ਹੀ ਸਨ। ਭਾਗੀਰਥ ਨੇ ਮਾਤਾ ਨੂੰ ਨਮਸਕਾਰ ਕੀਤੀ ਤੇ ਆਪਣੇ ਆਪ ਨੂੰ ਧੰਨ ਕਿਹਾ ਕਿ ਮੇਰੇ ਗਰੀਬ ਦੇ ਘਰ ਦਰਸ਼ਨ ਦਿੱਤੇ ਨੇ। ਦੇਵੀ ਨੇ ਸਾਰਾ ਦੱਸਿਆ ਕਿ ਮੈਂ ਤਾਂ ਗੁਰੂ ਨਾਨਕ ਦੇ ਦਰਸ਼ਨਾਂ ਨੂੰ ਆਈ ਹਾਂ ਜੋ ਕਿ ਸਾਰੀ ਸ੍ਰਿਸਟੀ ਦੇ ਮਾਲਕ ਨਿਰੰਕਾਰ ਵਲੋਂ ਇਸ ਦੁਨੀਆਂ ਦੇ ਉਧਾਰ ਵਾਸਤੇ ਭੇਜੇ ਗਏ ਹਨ।

ਇਸ ਘਟਨਾਂ ਤੋਂ ਬਾਦ ਫਿਰ ਭਾਈ ਸਾਹਿਬ ਗੁਰੂ ਨਾਨਕ ਦੀ ਹਾਜਰੀ ਵਿੱਚ ਬਹੁਤ ਸਮਾਂ ਬਿਤਾਉਣ ਲੱਗ ਪਏ। ਮੋਦੀ ਖਾਨੇ ਦੇ ਕੰਮ ਵਿੱਚ ਜਦੋਂ ਜੀ ਆਏ ਹੱਥ ਵਿਟਾਉਣਾ। ਕਿਉਕਿ ਇਸ਼ਨਾਨ ਸਮੇਂ ਉਸ ਨੇ ਚਮਤਕਾਰ ਵੇਖਿਆ ਸੀ ਉਸ ਨੇ ਮੰਨ ਹੀ ਮਨ ਵਿੱਚ ਤਹਿ ਕੀਤਾ ਕਿ ਜਦੋਂ ਵੀ ਮੈਂ ਗੁਰੂ ਸਾਹਿਬ ਦੀ ਹਾਜਰੀ ਹੋਵਾਂਗਾ ਇਸ਼ਨਾਨ ਮੈਂ ਹੀ ਕਰਵਾਇਆ ਕਰਾਂਗਾ।

ਗੁਰੂ ਸਾਹਿਬ ਲਈ ਦਾਤਨ ਆਦਿ ਵੀ ਭਾਈ ਸਾਹਿਬ ਹੀ ਤੋੜ ਕੇ ਲਿਆਉਦੇ ਸਨ। ਇੱਕ ਵੇਰਾਂ ਭਾਈ ਸਾਹਿਬ ਜਦੋਂ ਸੁਲਤਾਨਪੁਰ ਹੀ ਰਾਤ ਠਹਿਰੇ ਹੋਏ ਸਨ ਤਾਂ ਹਨੇਰੇ ਵਿੱਚ ਪਤਾ ਨਾਂ ਲੱਗਾ ਤਾਂ ਉਹ ਬੇਰੀ ਦੀ ਹੀ ਦਾਤਨ ਤੋੜ ਲਿਆਏ। ਸਾਹਿਬ ਨੇ ਓਹੀ ਦਾਤਨ ਵਰਤ ਲਈ ਤੇ ਬਾਦ ਵਿੱਚ ਗਲਤੀ ਦਾ ਅਹਿਸਾਸ ਹੋਣ ਕਰਕੇ ਜਦੋਂ ਸ਼ਰਮ ਮਹਿਸੂਸ ਕਰ ਰਹੇ ਸਨ ਤਾਂ ਗੁਰੂ ਸਾਹਿਬ ਨੇ ਦਿਲਾਸਾ ਦਿੱਤਾ ਤੇ ਕਿਹਾ ਕਿ ਇਹ ਦਾਤਨ ਤਾਂ ਜੁੱਗੋ ਜੁੱਗ ਅਟੱਲ ਰਹਿਣੀ ਹੈ। ਬੇਰ ਸਾਹਿਬ ਗੁਰਦੁਆਰਾ ਇਸੇ ਬੇਰੀ ਕਰਕੇ ਮਸ਼ਹੂਰ ਹੋਇਆ ਹੈ ਜਿੱਥੇ ਖਰਬੂਜੇ ਸ਼ਾਹ ਦੀ ਮਜਾਰ ਵੀ ਹੈ।

ਬੇਰ ਸਾਹਿਬ ਵਾਲੀ ਥਾਂ ਗੁਰੂ ਸਾਹਿਬ ਦਾ ਪੱਕਾ ਟਿਕਾਣਾ ਹੀ ਬਣ ਚੁੱਕਾ ਸੀ। ਜਦੋਂ ਤੱਕ ਗੁਰੂ ਸਾਹਿਬ ਨੇ ਸੁਲਤਾਨ ਪੁਰ ਲੋਧੀ ਤੋਂ ਕੂਚ ਕੀਤਾ ਇਥੇ ਬਹੁਤ ਸਾਰੇ ਲੋਕਾਂ ਨੇ ਸਿੱਖੀ ਧਾਰਨ ਕਰ ਲਈ ਸੀ। ਗਿਆਨੀ ਗਿਆਨ ਸਿੰਘ ਤਾਂ ਇਥੋਂ ਤੱਕ ਲਿਖਿਆ ਹੈ ਕਿ ਇਥੇ ਲੰਗਰ ਵੀ ਨਾਲੋ ਨਾਲ ਚਲਦਾ ਰਹਿੰਦਾ ਸੀ।

—◈—

ਭਾਈ ਮਨਸੁੱਖ ਕਹਿਣ ਲੱਗਾ ਮੈਂ ਤਾਂ ਹਰ ਚੀਜ ਠੋਕ ਵਜਾ ਕੇ ਲੈਂਦਾਂ ਹਾਂ

ਨਾਨਕ ਮੋਦੀ ਦੀ ਹਰ ਪਾਸੇ ਧੁੰਮ ਪੈ ਗਈ ਕਿ ਕਿਸੇ ਵੀ ਲੋੜਵੰਦ ਨੂੰ ਖਾਲੀ ਹੱਥ ਨਹੀ ਜਾਣ ਦਿੰਦਾ।

ਸੁਲਤਾਨਪੁਰ ਦੇ ਹੀ ਇਕ ਗਰੀਬ ਖੱਤਰੀ ਨਾਲ ਇਕ ਵੇਰਾਂ ਬ੍ਰਹਾਮਣ ਨੇ ਚਲਾਕੀ ਕੀਤੀ ਕਿ ਖੱਤਰੀ ਦੇ ਮਾਇਕ ਹਾਲਾਤਾਂ ਨੂੰ ਨਜਰਅੰਦਾਜ਼ ਕਰਦੇ ਹੋਏ ਉਹਦੀ ਧੀ ਦਾ ਲਗਨ ਕੱਢ ਕੇ ਸਾਹੇ ਚਿੱਠੀ ਮੁੰਡੇ ਵਾਲਿਆਂ ਵਲ ਤੋਰ ਦਿੱਤੀ।

ਸਾਹੇ ਦੀ ਮਿੱਥੀ ਤਾਰੀਕ ਤੱਕ ਕੁੜੀ ਦਾ ਪਿਓ ਪੈਸੇ ਦਾ ਇੰਤਜਾਮ ਨਾਂ ਕਰ ਪਾਇਆ। ਹੋ ਸਕਦੈ ਆਖੀਰ ਤੇ ਆ ਕੇ ਕਿਸੇ ਸ਼ਾਹੂਕਾਰ ਨੇ ਨਾਂਹ ਕਰ ਦਿਤੀ ਹੋਏ। ਹਰ ਪਾਸਿਓ ਹਾਰ ਚੁੱਕੇ ਪਿਓ ਨੂੰ ਕਿਸੇ ਸਨੇਹੀ ਨੇ ਸਲਾਹ ਦਿੱਤੀ ਕਿ ਨਵਾਬ ਦੇ ਮੋਦੀ ਬਾਬਾ ਨਾਨਕ ਨੂੰ

ਜਾ ਕੇ ਮਿਲੋ। ਪਤਾ ਲੱਗਾ ਹੈ ਕਿ ਉਹ ਹਰ ਗਰੀਬ ਲੋੜਵੰਦ ਦੀ ਗਰਜ ਪੂਰੀ ਕਰਵਾ ਦਿੰਦਾ ਹੈ।

ਉਸ ਖੱਤਰੀ ਨੇ ਆ ਗੁਰੂ ਸਾਹਿਬ ਅੱਗੇ ਅਰਜੋਈ ਕੀਤੀ ਕਿ ਬਾਬਾ ਜੀ ਮੈਂ ਚਾਰੇ ਪਾਸਿਓ ਹਾਰ ਗਿਆ ਵਾਂ। ਕੁੜੀ ਦਾ ਚੌਥੇ ਨੂੰ ਲਗਨ ਹੈ ਤੇ ਪੈਸੇ ਦਾ ਕੋਈ ਇੰਤਜਾਮ ਨਹੀ ਹੋ ਪਾਇਆ। ਹੋਰ ਤੇ ਹੋਰ ਵਿਆਹ ਦੀ ਸਗਨ ਸਮੱਗਰੀ ਵੀ ਨਹੀ ਖਰੀਦ ਸਕਿਆ।

ਗੁਰੂ ਸਾਹਿਬ ਨੇ ਉਸ ਖੱਤਰੀ ਨੂੰ ਕਿਹਾ ਕਿ ਭਾਈ ਤੂੰ ਆਪਣੀ ਵਿੱਤ ਅਨੁਸਾਰ ਰਿਸਤਾ ਕਰਨਾਂ ਸੀ। ਉਸ ਜਵਾਬ ਦਿੱਤਾ ਕਿ ਰਿਸਤਾ ਤਾਂ ਵਿੱਤ ਅਨੁਸਾਰ ਹੀ ਹੈ। ਅਗਲਾ ਪ੍ਰਵਾਰ ਵੀ ਕੋਈ ਅਮੀਰ ਨਹੀ ਪਰ ਕਈ ਖਰਚੇ ਤਾਂ ਰਸਮ ਅਨੁਸਾਰ ਜਰੂਰੀ ਹਨ।

ਗੁਰੂ ਸਾਹਿਬ ਨੇ ਖੱਤਰੀ ਨੂੰ ਕਿਹਾ ਕਿ ਜਿਹੜੇ ਜਿਹੜੇ ਜਰੂਰੀ ਸਮਾਨ ਚਾਹੀਦੇ ਹਨ ਉਨਾਂ ਦੀ ਫਹਰਿਸਤ (ਲਿਸਟ) ਬਣਾ ਮੈਂ ਦੇਖਦਾ ਹਾਂ ਜੇ ਕੁਝ ਹੋ ਸਕਦਾ ਹੋਵੇ ਤਾਂ।

ਖੱਤਰੀ ਨੇ ਵਿਆਹ ਦੇ ਜਰੂਰੀ ਸਮਾਨ ਦੀ ਫ੍ਰਰਿਸਤ ਲਿਖ ਕੇ ਬਹੁਤ ਹੀ ਅਧੀਨਗੀ ਸਾਹਿਤ ਗੁਰੂ ਸਾਹਿਬ ਦੇ ਪੇਸ਼ ਕੀਤੀ। ਗੁਰੂ ਸਾਹਿਬ ਨੇ ਫਹਰਿਸਤ ਤੇ ਨਿਗਾਹ ਮਾਰੀ ਤੇ ਖੱਤਰੀ ਨੂੰ ਕਿਹਾ ਕਿ ਪਰਸੋਂ ਆ ਕੇ ਆਪਣਾ ਸਮਾਨ ਲੈ ਜਾਵੀ।

ਕੁਝ ਹੀ ਦੇਰ ਬਾਦ ਗੁਰੂ ਸਾਹਿਬ ਕੋਲ ਭਾਈ ਭਾਗੀਰਥ ਅਨੰਦ ਪਹੁੰਚ ਗਿਆ। ਭਗੀਰਥ ਲਹੌਰ ਕਿਸੇ ਕਾਰ ਵਿਹਾਰ ਦੇ ਸਬੰਧ ਵਿਚ ਜਾ ਰਿਹਾ ਸੀ। ਗੁਰੂ ਜੀ ਨੇ ਭਾਗੀਰਥ ਨੂੰ ਹੁਕਮ ਲਾਇਆ ਕਿ ਭਗੀਰਥ ਆਹ ਲੈ ਸਮਾਨ ਦੀ ਫਹਰਿਸਤ ਤੇ ਛੇਤੀ ਤੋਂ ਛੇਤੀ ਪਰ ਹਰ ਹਾਲਤ ਵਿਚ ਪਰਸੋਂ ਸ਼ਾਮ ਤੱਕ ਇਹ ਸਮਾਨ ਲੈ ਕੇ ਵਾਪਸ ਇਥੇ ਪਹੁੰਚ। ਭਾਗੀਰਥ ਨੂੰ ਗਰੀਬ ਖੱਤਰੀ ਦੀ ਧੀ ਦੇ ਵਿਆਹ ਦੇ ਹਾਲਾਤਾਂ ਬਾਰੇ ਜਾਣੂ ਕਰਵਾਇਆ।

ਭਾਗੀਰਥ ਦਾ ਟਾਂਗਾ ਤਾਂ ਪਹਿਲਾਂ ਹੀ ਤਿਆਰ ਸੀ। ਯਾਦ ਰਹੇ ਓਨੀ ਦਿਨੀਂ ਮੁੱਖ ਸੜ੍ਹਕਾਂ ਤੇ ਆਮ ਸਵਾਰੀ ਵਾਸਤੇ ਟਾਂਗੇ ਚਲਦੇ ਰਹਿੰਦੇ ਸਨ। ਟਾਂਗੇ ਸਾਲਮ ਵੀ ਮਿੱਲਦੇ ਸਨ।

ਅਗਲੇ ਹੀ ਦਿਨ ਭਾਗੀਰਥ ਲਹੌਰ ਆਪਣੇ ਜਾਣ ਪਛਾਣ ਵਾਲੇ ਮਨਿਆਰ ਨਾਮ ਮਨਸੁੱਖ ਅਗਰਵਾਲ ਕੋਲ ਪਹੁੰਚ ਗਿਆ। ਮਨਸੁੱਖ ਨੇ ਸਮਾਨ ਤੇ ਨਿਗਾਹ ਮਾਰੀ ਤੇ ਕਹਿਣ ਲੱਗਾ ਕਿ ਸਾਰਾ ਸਮਾਨ ਤਿਆਰ ਹੈ ਸਿਵਾਏ ਚੂੜੇ ਦੇ। ਓਨੀ ਦਿਨੀਂ ਚੂੜਾ ਹਾਥੀ ਦੰਦ ਦਾ ਹੁੰਦਾ ਸੀ। ਮਨਸੁੱਖ ਨੇ ਦੱਸਿਆ ਕਿ ਚੂੜਾ ਸ਼ਾਮ ਤੱਕ ਕੱਟ ਰੰਗ ਕੇ ਤਿਆਰ ਹੋ ਜਾਵੇਗਾ। ਸਵੇਰੇ ਸਵੱਖਤੇ ਨੂੰ ਨਿਕਲ ਜਾਵੀ।

ਭਾਗੀਰਥ ਨੇ ਮਜਬੂਰੀ ਦੱਸੀ ਕਿ ਮੈਂ ਕਿਸੇ ਵੀ ਸੂਰਤ ਵਿਚ ਰਾਤ ਲਹੌਰ ਨਹੀ ਰਹਿ ਸਕਦਾ। ਭਾਗੀਰਥ ਨੇ ਗੁਰੂ ਸਾਹਿਬ ਦੇ ਹੁਕਮ ਬਾਰੇ ਦੱਸਿਆ।

ਮਨਸੁੱਖ ਭਾਗੀਰਥ ਦੀ ਗੱਲ ਸੁਣ ਹੱਸ ਪਿਆ ਕਿ ਇਸ ਕਲਜੁੱਗ ਵਿਚ ਜਿਆਦਾ ਸਾਧਾਂ ਫਕੀਰਾਂ ਦੀ ਗਲ ਦੀ ਪ੍ਰਵਾਹ ਨਹੀ ਕਰੀਦੀ। ਮਤਲਬ ਮਨਸੁੱਖ ਨੇ ਭਾਗੀਰਥ ਨੂੰ ਕਿਹਾ ਕਿ ਅੱਜ ਦੇ ਸਾਧੂ ਫਕੀਰ ਜਿਆਦਾ ਪਾਖੰਡੀ ਹੀ ਹਨ। ਕਹਿਣ ਲੱਗਾ ਮੈਂ ਕਈ ਸਾਧੂ ਫਕੀਰ ਵੇਖੇ ਨੇ ਸਭ ਪਾਖੰਡੀ ਨੇ। ਮੈਂ ਤਾਂ ਨਹੀ ਕਿਸੇ ਐਰੇ ਗੇਰੇ ਦੇ ਮੱਥਾ ਟੇਕਦਾ। ਖਾਸ ਕਰਕੇ ਐਂਵੇ ਹੀ ਕਿਸੇ ਨੂੰ ਗੁਰੂ ਨਹੀ ਧਾਰ ਲਵਾਂਗਾ। ਉਸ ਨੇ ਕਿਹਾ, ‘‘ਉਹ ਕਾਹਦਾ ਸਾਧੂ ਜਿਹੜਾ ਦਿੱਲ ਦੀ ਗੱਲ ਨਾਂ ਬੁੱਝ ਸਕੇ?’’

ਇਸ ਤੇ ਭਾਗੀਰਥ ਨੇ ਬਹੁਤ ਗਿਲਾ ਜਿਤਾਇਆ ਕਿ "ਨਹੀ ਤੂੰ ਬਾਬੇ ਨਾਨਕ ਨੂੰ ਜਾਣਦਾ ਨਹੀ। ਉਹ ਸਾਧੂ ਭੇਖ ਵਿਚ ਨਹੀ ਉਹ ਤਾਂ ਗ੍ਰਿਸਤੀ ਹੈ ਪਰ ਹੈ ਨਿਰੰਕਾਰ ਨਾਲ ਇੱਕ ਮਿੱਕ। "

ਭਾਗੀਰਥ ਦੀਆਂ ਗੱਲਾਂ ਸੁਣ ਕੇ ਮਨਸੁੱਖ ਦਾ ਹਿਰਦਾ ਵੀ ਪਸੀਜ ਗਿਆ ਤੇ ਉਹਦੇ ਮੰਨ ਵਿਚ ਵੀ ਆਈ ਕਿ ਅਜਿਹੇ ਅਵਤਾਰੀ ਪੁਰਖ ਦੇ ਜਰੂਰ ਦਰਸ਼ਨ ਕਰਨੇ ਚਾਹੀਦੇ ਨੇ। ਸਨਮੁੱਖ ਕਹਿਣ ਲੱਗਾ ਕਿ ਭਾਗੀਰਥ ਮੈਂ ਵੀ ਤੇਰੇ ਨਾਲ ਚਲਦਾ ਹਾਂ।

ਮਨਸੁੱਖ ਨੇ ਤਿਆਰ ਚੂੜੇ ਲਈ ਬਜਾਰ ਵਿਚੋਂ ਘੋਖ ਪੜਤਾਲ ਕੀਤੀ ਤੇ ਬਾਦ ਵਿਚ ਉਨੂੰ ਯਾਦ ਆਇਆ ਕਿ ਉਹਦੇ ਤਾਂ ਘਰ ਵਿਚ ਹੀ ਦਰਮਿਆਨੇ ਨਾਪ ਦਾ ਸੂਹੇ ਰੰਗ ਦਾ ਇਕ ਤਿਆਰ ਜੋੜਾ ਪਿਆ ਹੋਇਆ ਹੈ।

ਭਾਗੀਰਥ ਅਤੇ ਮਨਸੁੱਖ ਸਾਰਾ ਸਮਾਨ ਲੈ ਕੇ ਤੁਰੰਤ ਰਵਾਨਾ ਹੋ ਗਏ। ਰਸਤੇ ਵਿਚ ਮਨਸੁੱਖ ਮੰਨ ਹੀ ਮੰਨ ਵਿਚ ਸੋਚੇ ਕਿ ਜੇ ਗੁਰੂ ਸਾਹਿਬ ਨੇ ਮੇਰੀ ਮੰਨ ਦੀ ਗਲ ਬੁੱਝ ਲਈ ਤਾਂ ਮੈਂ ਆਪਣਾ ਆਪ ਉਸ ਦੇ ਹਵਾਲੇ ਕਰ ਦਿਆਂਗਾ।

ਜਿਵੇ ਭਾਗੀਰਥ ਵਕਤ ਸਿਰ ਗੁਰੂ ਸਾਹਿਬ ਕੋਲ ਪਹੁੰਚਾ ਤਾਂ ਗੁਰੂ ਸਾਹਿਬ ਨੇ ਭਾਗੀਰਥ ਨੂੰ ਵੇਖਦੇ ਹੀ ਫਰਮਾਇਆ, "ਸ਼ਾਬਾਸ਼ ਭਾਗੀਰਥ! ਇਸ ਤਰਾਂ ਸੇਵਾ ਨਾਲ ਹੀ ਮੰਨ ਨੂੰ ਸੁੱਖ ਮਿਲਦਾ ਹੈ, ਮੰਨ ਵਿਚ ਸਦਾ ਖੇੜਾ ਰਹਿੰਦਾ ਹੈ। "

ਜਿਵੇ ਗੁਰੂ ਸਾਹਿਬ ਨੇ ਰਮਜ਼ ਨਾਲ ਗਲ ਕੀਤੀ ਤਾਂ ਮਨਸੁੱਖ ਆਪਣੇ ਮੰਨ ਦੀ ਗੱਲ ਪਾ ਕੇ ਜਾਣੀ ਜਾਣ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਪਿਆ। ਉਹ ਹੈਰਾਨ ਸੀ ਕਿ ਗੁਰੂ ਸਾਹਿਬ ਨੇ ਜਾਂਦਿਆਂ ਹੀ ਉਹਦਾ ਨਾਮ ਲੈ ਲਿਆ।

ਇਹ ਬਾਣੀਆ ਚੋਖਾ ਸਮਾਂ ਗੁਰੂ ਸਾਹਿਬ ਦੇ ਨਾਲ ਜੁੜਿਆ ਰਿਹਾ। ਲਹੌਰ ਨੇੜੇ ਜਿੱਥੇ ਵੀ ਗੁਰੂ ਸਾਹਿਬ ਹੁੰਦੇ ਉਨਾਂ ਨੂੰ ਮਿਲਣ ਜਾਇਆ ਕਰਦਾ ਸੀ। ਲਹੌਰ ਵਿਚ ਇਹਦਾ ਘਰ ਸਮੇਂ ਦੇ ਸਮੁੰਦਰ ਵਿਚ ਗਵਾਚ ਗਿਆ ਹੈ।

ਮਨਸੁੱਖ ਵਪਾਰ ਖਾਤਰ ਕਦੀ ਦੂਰ ਦੁਰਾਡੇ ਵੀ ਨਿਕਲ ਜਾਂਦਾ ਸੀ। ਏਸੇ ਤਰਾਂ ਇਕ ਵੇਰਾਂ ਇਹ ਮਾਲ ਅਸਬਾਬ ਲੈ ਕੇ ਲੰਕਾ (ਸਿੰਗਲਾਦੀਪ) ਪਹੁੰਚਿਆ ਸੀ ਤੇ ਉਥੇ ਦੇ ਰਾਜੇ ਸ਼ਿਵਨਾਭ ਨੂੰ ਗੁਰੂ ਸਾਹਿਬ ਬਾਰੇ ਦੱਸਿਆ ਸੀ। ਉਹ ਸਾਖੀ ਅੱਗੇ ਆਏਗੀ।

—◈—

ਬਾਬੇ ਦੀ ਸੱਸ ਚੰਦੋਰਾਣੀ ਨੇ ਆ ਉਲਾਹਮਾ ਦਿੱਤਾ

ਬਾਬੇ ਦੇ ਸੁਲਤਾਨ ਪੁਰ ਲੋਧੀ ਦੇ ਵਸੇਬੇ ਦੇ ਦਿਨਾਂ ਦੀ ਹੀ ਗੱਲ ਹੈ ਕਿ ਇੱਕ ਵੇਰਾਂ ਗੁਰੂ ਸਾਹਿਬ ਦੀ ਸੱਸ ਚੰਦੋ ਰਾਣੀ ਆਪਣੀ ਧੀ ਨੂੰ ਮਿਲਣ ਆਈ ਹੋਈ ਸੀ ਕਿ ਗੁਰੂ ਸਾਹਿਬ ਰਾਂਤੀ ਘਰ ਆਏ ਹੀ

ਨਾਂ ਤੇ ਬੇਰ ਸਾਹਿਬ ਵਾਲੇ ਆਪਣੇ ਟਿਕਾਣੇ ਤੇ ਰਾਤ ਕੱਟੀ। ਗੁਰੂ ਜੀ ਨਾਲ ਜਦੋਂ ਫਿਰ ਚੰਦੋ ਰਾਣੀ ਦਾ ਮੇਲ ਹੋਇਆ ਤਾਂ ਉਹ ਬਹੁਤ ਤਲਖੀ ਨਾਲ ਪੇਸ਼ ਆਈ ਤੇ ਕਹਿਣ ਲੱਗੀ

"ਸੁਣ ਵੇ ਨਾਨਕਾ, ਜੇ ਸਾਧਾਂ ਫਕੀਰਾਂ ਦੇ ਨਾਲ ਹੀ ਰਹਿਣਾ ਸੀ ਤਾਂ ਵਿਆਹ ਕਿਓਂ ਕਰਵਾਇਆ। ਅੰਞਾਣੇ ਜੰਮ ਕੇ ਹੁਣ ਸਾਧ ਬਣਨ ਦਾ ਤੈਨੂੰ ਸ਼ੌਕ ਚੜ੍ਹ ਉਠਿਐ। ਵੇ ਏਨਾ ਨੂੰ ਰੋਟੀ ਟੁੱਕ ਕੌਣ ਦਿਊ?"

ਗੁਰੂ ਸਾਹਿਬ ਨੇ ਚੰਦੋ ਰਾਣੀ ਨੂੰ ਕਿਹਾ ਕਿ ਮਾਤਾ ਜੀ ਰਿਜਕ ਸਭ ਨੂੰ ਨਿਰੰਕਾਰ ਦਿੰਦਾ ਹੈ। ਬਾਕੀ ਇਸ ਘਰ ਵਿੱਚ ਪੱਕੀ ਇੱਟ ਕਿਸੇ ਦੀ ਵੀ ਨਹੀ ਲੱਗੀ। ਇਥੇ ਹਰ ਕੋਈ ਚਲਣਹਾਰ ਹੈ। ਸਾਹਿਬ ਨੇ ਓਦੋਂ ਸ਼ਬਦ ਉਚਾਰਿਆ:-

ਮਾਰੂ ਮਹਲਾ ੧ ॥ ਮਿਲਿ ਮਾਤ ਪਿਤਾ ਪਿੰਡੁ ਕਮਾਇਆ ॥ ਤਿਨਿ ਕਰਤੈ ਲੇਖੁ ਲਿਖਾਇਆ ॥ ਲਿਖੁ ਦਾਤਿ ਜੋਤਿ ਵਡਿਆਈ ॥ ਮਿਲਿ ਮਾਇਆ ਸੁਰਤਿ ਗਵਾਈ ॥੧॥ ਮੂਰਖ ਮਨ ਕਾਹੇ ਕਰਸਹਿ ਮਾਣਾ ॥ ਉਠਿ ਚਲਣਾ ਖਸਮੈ ਭਾਣਾ ॥੧॥ ਰਹਾਉ ॥ ਤਜਿ ਸਾਦ ਸਹਜ ਸੁਖੁ ਹੋਈ ॥ ਘਰ ਛਡਣੇ ਰਹੈ ਨ ਕੋਈ ॥ ਕਿਛੁ ਖਾਜੈ ਕਿਛੁ ਧਰਿ ਜਾਈਐ ॥ ਜੇ ਬਾਹੁੜਿ ਦੁਨੀਆ ਆਈਐ ॥੨॥ ਸਜੁ ਕਾਇਆ ਪਟੁ ਹਢਾਏ ॥ ਫੁਰਮਾਇਸਿ ਬਹੁਤੁ ਚਲਾਏ ॥ ਕਰਿ ਸੇਜ ਸੁਖਾਲੀ ਸੋਵੈ ॥ ਹਥੀ ਪਉਦੀ ਕਾਹੇ ਰੋਵੈ ॥੩॥ ਘਰ ਘੁੰਮਣਵਾਣੀ ਭਾਈ ॥ ਪਾਪ ਪਥਰ ਤਰਣੁ ਨ ਜਾਈ ॥ ਭਉ ਬੇੜਾ ਜੀਉ ਚੜਾਊ ॥ ਕਹੁ ਨਾਨਕ ਦੇਵੈ ਕਾਹੂ ॥੪॥੨॥

ਇਸ ਸ਼ਬਦ ਤੋਂ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਆਪਣੀ ਪਤਨੀ ਨੂੰ ਘੁੰਮੀ ਕਹਿ ਕੇ ਹੀ ਸੱਦਦੇ ਸਨ। ਕੁਦਰਤੀ ਹੈ ਕਿ, ਬਾਕੀ ਜਨਾਨੀਆਂ ਦਾ ਸੁਭਾਅ ਸੋਹਣਾ ਪਹਿਨਣ ਆਦਿ ਦਾ ਜੋ ਹੁੰਦਾ ਹੈ ਉਹ ਮਾਤਾ ਚੋਣੀ ਦਾ ਵੀ ਸੀ। ਗੁਰੂ ਸਾਹਿਬ ਨੇ ਵੀ ਜਿਕਰ ਕੀਤਾ ਕਿ ਬਹੁਤ ਫਰਮਾਇਸ਼ਾ ਕਰਦੀ ਹੈ। ਇਹ ਵੀ ਪਤਾ ਲੱਗਦਾ ਹੈ ਕਿ ਮਾਤਾ ਘੁੰਮੀ ਦੀਆਂ ਸਭ ਮੰਗਾਂ ਤੇ ਸ਼ੌਕ ਬੇਬੇ ਨਾਨਕੀ ਆਪ ਪੂਰੀਆਂ ਕਰਦੇ ਸਨ।

ਜਿਵੇ ਕਿ ਹਰ ਇਨਸਾਨ ਚਾਹੁੰਦਾ ਹੈ ਮਾਤਾ ਚੋਣੀ ਵੀ ਮਰਜੀ ਦੇ ਮਾਲਕ ਸਨ। ਗੁਰਬਾਣੀ ਵਿੱਚ ਆਏ ਸ਼ਬਦ ਤੋਂ ਵੀ ਪਤਾ ਲੱਗਦਾ ਹੈ ਕਿ ਓਹਨੀ ਦਿਨੀ ਮਾਤਾ ਘੁੰਮੀ ਨੇ ਕੁਝ ਬੇਬੇ ਨਾਨਕੀ ਤੇ ਗੁਰੂ ਸਾਹਿਬ ਤੇ ਕੁਝ ਝੂਠੀਆਂ ਤੋਹਮਤਾਂ ਵੀ ਲਾਈਆਂ ਸਨ। ਮਾਤਾ ਦੀ ਇਛਾ ਕਰਕੇ ਹੀ ਬਾਬਾ ਜੀ ਨੇ ਫਿਰ ਉਹਨਾਂ ਦੀ ਰਹਾਇਸ਼ ਦਾ ਪ੍ਰਬੰਧ ਬੇਬੇ ਨਾਨਕੀ ਦੇ ਘਰ ਤੋਂ ਵੱਖਰਾ ਕੀਤਾ ਹੋਇਆ ਸੀ।

—◈—

ਫਕੀਰ ਖਰਬੂਜੇ ਸ਼ਾਹ

ਮੋਦੀਖਾਨੇ ਤੋਂ ਜਦੋਂ ਵਿਹਲ ਮਿਲਣਾ ਬਾਬੇ ਨੇ ਸੰਗੀਆਂ ਨਾਲ ਮਿਲ ਨਿਰੰਕਾਰ ਦਾ ਕੀਰਤਨ ਕਰਨਾਂ। ਸ਼ਹਿਰ ਤੋਂ ਹਟਵਾਂ ਵੇਂਈ ਦਾ ਕੰਢਾ ਇਨਾਂ ਦਾ ਟਿਕਾਣਾ ਹੁੰਦਾ ਸੀ। ਕਦੀ ਚੜ੍ਹਦੇ ਪਾਸੇ ਜਾ ਬਹਿਣਾ ਕਦੀ ਲਹਿੰਦੇ ਪਾਸੇ।

ਵੇਈਂ ਦੇ ਕੰਢੇ ਜਿੱਥੇ ਅਜ ਕਲ ਗੁਰਦੁਆਰਾ ਬੇਰ ਸਾਹਿਬ ਮੌਜੂਦ ਹੈ ਓਥੇ ਇੱਕ ਮੁਸਲਮਾਨ ਫਕੀਰ ਅੱਲਾ ਦਿੱਤਾ ਰਿਹਾ ਕਰਦਾ ਸੀ। ਜਦੋਂ ਗੁਰੂ ਸਾਹਿਬ ਇਸ ਫਕੀਰ ਨੂੰ ਮਿਲੇ ਗਰਮੀਆਂ ਦੇ ਦਿਨ ਸਨ। ਫਕੀਰ ਨੇ ਗੁਰੂ ਸਾਹਿਬ ਨੂੰ ਖਰਬੂਜਾ ਭੰਨ ਕੇ ਅੱਧਾ ਖਵਾਇਆ। ਗੱਲਾਂ ਬਾਤਾਂ ਹੁੰਦੀਆਂ ਰਹੀਆਂ। ਗੁਰੂ ਸਾਹਿਬ ਤੋਂ ਗਿਆਨ ਦੀਆਂ ਗੱਲਾਂ ਸੁਣ ਫਕੀਰ ਗੰਭੀਰ ਹੋ ਗਇਆ ਤੇ ਪੁੱਛਣ ਲੱਗਾ ਭਾਈ ਤੂੰ ਕੌਣ ਹੈ, ਹਿੰਦੂ ਕਿ ਮੁਸਲਮਾਨ? ਗੁਰੂ ਸਾਹਿਬ ਨੇ ਕਿਹਾ ਨਾਂ ਮੈਂ ਹਿੰਦੂ ਨਾਂ ਮੁਸਲਮਾਨ, ਮੈਂ ਰੱਬ ਦਾ ਬੰਦਾ; ਨਾਨਕ ਨਿਰੰਕਾਰੀ। ਫਕੀਰ ਨੂੰ ਇਹ ਜਵਾਬ ਸੁਣ ਕੇ ਬੜੀ ਚਿੜ੍ਹ ਆ ਗਈ। ਉਹ ਤਾਂ ਕਿਸੇ ਤਰੀਕੇ ਗੁਰੂ ਸਾਹਿਬ ਨੂੰ ਮੁਸਲਮਾਨ ਵੇਖਣਾ ਚਾਹੁੰਦਾ ਸੀ। ਅਵਾ ਤਵਾ ਬੋਲਣ ਲੱਗਾ। ਆਖਿਰ ਕਹਿੰਦਾ, "ਕੱਢ ਮੇਰਾ ਖਰਬੂਜਾ ਜਿਹੜਾ ਖਾਧਾ ਈ।"

ਗੁਰੂ ਸਾਹਿਬ ਨੇ ਕਿਹਾ ਸਾਈ ਜੀ ਖਰਬੂਜਾ ਤੁਹਾਡੇ ਸਾਹਮਣੇ ਮੈਂ ਖਾਧਾ ਹੈ ਉਹ ਕਿਵੇ ਨਿਕਲੇਗਾ? ਫਕੀਰ ਕਹਿਣ ਲੱਗਾ "ਤੂੰ ਹੁਣੇ ਇਨੂੰ ਬਾਹਰ ਕੱਢ।" ਗੁਰੂ ਸਾਹਿਬ ਨੇ ਕਿਹਾ ਠੀਕ ਹੈ ਮੈਂ ਕੱਢ ਦਿੰਨਾ ਵਾ ਤੁਸੀ ਵੀ ਆਪਣਾ ਕੱਢ ਦਿਓ। ਫਕੀਰ ਫਿਰ ਗਲਤ ਬੋਲਦਾ ਹੋਇਆ ਕਹਿੰਦਾ ਕਿ ਮੇਰਾ ਖਰਬੂਜਾ, ਮੈਂ ਖਾਧਾ, ਮੈਂ ਕਿਓਂ ਕੱਢਾਂ।

ਗੁਰੂ ਸਾਹਿਬ ਨੇ ਕਿਹਾ "ਖਰਬੂਜਾ ਤੁਹਾਡਾ ਨਹੀ ਸੀ। ਕਿਸਾਨ ਤੁਹਾਡੇ ਕੋਲ ਚੜਾ ਕੇ ਗਇਆ ਹੈ। ਜੇ ਉਹ ਕਿਸਾਨ ਖਰਬੂਜਾ ਬਾਹਰ ਕੱਢਣ ਲਈ ਕਹੇ ਤਾਂ ਕਿਵੇ ਲਗੇਗਾ? ਸਾਈ ਜੀ ਇਹ ਨਿਆਮਤਾਂ ਖੁਦਾ ਦੀਆਂ ਨੇ। ਫਕੀਰ ਹੋ ਕੇ ਤੇਰਾ ਮੇਰਾ ਕਰਦੇ ਹੋ।" ਗੁਰੂ ਸਾਹਿਬ ਕਿਉਕਿ ਟਿਕਾਣੇ ਤੇ ਗੱਲ ਮਾਰਦੇ ਸਨ। ਫਕੀਰ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਪਿਆ। ਭੁੱਲ ਬਖਸ਼ਵਾਈ। ਗੁਰੂ ਸਾਹਿਬ ਦੇ ਪੱਕੇ ਮੁਰੀਦਾਂ ਵਿੱਚੋਂ ਹੋਇਆ ਹੈ ਇਹ ਫਕੀਰ।

ਸੁਲਤਾਨਪੁਰ ਰਹਿੰਦਿਆਂ ਸਤਿਸੰਗ ਲਈ ਗੁਰੂ ਸਾਹਿਬ ਦਾ ਇਹੋ ਟਿਕਾਣਾ ਹੁੰਦਾ ਸੀ, ਵੇਈ ਦੇ ਕੰਢੇ ਤੇ।

ਬਾਦ ਵਿਚ ਜਦੋਂ ਗੁਰੂ ਸਾਹਿਬ ਸੁਲਤਾਨਪਰੁ ਤੋਂ ਰਵਾਨਾਂ ਹੋਣ ਲੱਗੇ ਤਾਂ ਫਕੀਰ ਡਾਢਾ ਉਦਾਸ ਹੋਇਆ ਸੀ। ਗੁਰੂ ਸਾਹਿਬ ਨੇ ਉਨੂੰ ਕਿਹਾ ਇਹ ਬੇਰੀ ਤੁਹਾਨੂੰ ਮੇਰੀ ਯਾਦ ਦਿਵਾਇਆ ਕਰੇਗੀ। ਇਹਦੀ ਸੰਭਾਲ ਰੱਖਣਾ।

ਗੁਰਦੁਆਰਾ ਬੇਰ ਸਾਹਿਬ ਦੀ ਬੇਰੀ ਦੇ ਚੜ੍ਹਦੇ ਪਾਸੇ ਇਸ ਫਕੀਰ ਦੀ ਥੜਾ ਨੁੰਮਾ ਕਬਰ ਅੱਜ ਵੀ ਮੌਜੂਦ ਹੈ।

—◈—

ਜਦੋਂ ਤੁਰਕੀ ਬਾਣੇ ਵਿੱਚ ਬਾਬੇ ਨੂੰ ਰੱਬ ਦੇ ਇੱਕ ਬੰਦੇ ਨੇ ਆ ਟੁੰਬਿਆ ◉

ਬਾਬੇ ਦੀ ਪ੍ਰਸਿੱਧੀ ਸਾਰੇ ਇਲਾਕੇ ਵਿੱਚ ਫੈਲ ਚੁੱਕੀ ਸੀ ਕਿ ਨਾਨਕ ਦੇ ਰੂਪ ਵਿੱਚ ਰੱਬ ਆ ਹੱਟੀ ਕਰ ਰਿਹਾ ਹੈ। ਕਿਸੇ ਗਰੀਬ ਗੁਰਬੇ ਨੂੰ ਪੈਸੇ ਦੀ ਘਾਟ ਕਾਰਨ ਕਦੀ ਖਾਲੀ ਨਹੀ ਤੋਰਦਾ। ਹਰ ਵੇਲੇ ਰੱਬ ਦੀ ਯਾਦ ਵਿੱਚ ਮਸਤ ਹੋਇਆ ਰਹਿੰਦਾ ਹੈ। ਓਹ ਬੇਪਰਵਾਹ ਨਾਂ ਉਹਨੂੰ ਘਾਟੇ ਦਾ ਫਿਕਰ, ਨਾਂ ਉਨੂੰ ਟੱਬਰ ਦਾ ਫਿਕਰ, ਨਾਂ ਉਹਨੂੰ ਨਵਾਬ ਦਾ ਡਰ।

ਜਿਹੜਾ ਉਹਨੂੰ ਮਿਲੇ, ਉਹ ਉਹਨੂੰ ਧਾਰਮਿਕ ਸੇਧ ਦੇਵੇ ਕਿ

ਪੈਰ ਸਫਾ ◉ ਬਾਲੇ ਵਾਲੀ ਜਨਮ ਸਾਖੀ, ਲਿਖਾਰੀ ਮੈਲਕਮ ਦਾ ਸਕੈਚ ਆਫ ਸਿੱਖਜ਼ ਅਤੇ 1810ਈ. ਦੀ ਬਖਤ ਮਲ ਦੀ ਲਿੱਖਤ ਮੁਤਾਬਿਕ।

ਛੱਡੋ ਇਨਾਂ ਪੱਥਰਾਂ ਦੀਆਂ ਮੂਰਤੀਆਂ ਅੱਗੇ ਨੱਕ ਰਗੜਨਾ, ਬੱਦਲਾਂ ਦੀ ਪੂਜਾ, ਸੱਪਾਂ ਦੀ ਪੂਜਾ, ਪਿੱਪਲਾਂ ਦੀ ਪੂਜਾ। ਪੂਜਾ ਕਰਨੀ ਹੈ ਤਾਂ ਉਸ ਨਿਰੰਕਾਰ ਦੀ ਕਰੋ ਜੋ ਘੱਟ ਘੱਟ ਵਿੱਚ ਬਿਰਾਜਮਾਨ ਹੈ।

ਬਾਬੇ ਦੀ ਸ਼ੋਹਰਤ ਸੁਣ ਕੇ ਇੱਕ ਵੇਰਾਂ ਇੱਕ 'ਤੁਰਕੀ ਬਾਣੇ' (ਮੁਸਲਮਾਨੀ ਲਿਬਾਸ) ਵਿੱਚ ਬੰਦਾ ਆ ਮੋਦੀਖਾਨੇ ਪਹੁੰਚਿਆ। ਉਸ ਪਤਾ ਲੱਗ ਚੁੱਕਾ ਸੀ ਬਾਬਾ ਨਾਨਕ ਇਕ ਨਿਰੰਕਾਰ ਦੀ ਗਲ ਕਰਦਾ ਹੈ। ਜਦੋਂ ਕਿ ਬਹੁਤੀ ਹਿੰਦੂ ਲੋਕਾਈ ਪੱਥਰ ਪੂਜਣ ਲੱਗੀ ਹੋਈ ਹੈ। ਫਕੀਰ ਨੇ ਮੋਦੀ ਨਾਲ ਖੂਬ ਗੱਲਾਂ ਬਾਤਾਂ ਕੀਤੀਆਂ।

ਫਕੀਰ ਨੇ ਮੋਦੀ ਨੂੰ ਟੁੰਬਿਆ ਕਿ ਕੀ ਬਸ ਇਹੋ ਰੋਜ ਦੇ ਪੰਜ ਸੱਤ ਬੰਦਿਆਂ ਨੂੰ ਰਾਹੇ ਪਾਉਣਾ ਹੀ ਤੁਹਾਡਾ ਮਿਸ਼ਨ ਹੈ? ਕੀ ਤੁਹਾਨੂੰ ਹੋਰ ਲੱਖਾਂ ਕ੍ਰੋੜਾਂ ਗਿਣਤੀ ਦੀ ਲੋਕਾਈ ਨਾਲ ਕੋਈ ਸਰੋਕਾਰ ਨਹੀ ਹੈ? ਇਹ ਗੱਲਾਂ ਤਾਂ ਇਸ ਤਰਾਂ ਸਨ ਜਿਵੇ ਕੋਈ ਕਿਸੇ ਦੀ ਦੁੱਖਦੀ ਤੇ ਹੱਥ ਰੱਖ ਦਿੰਦਾ ਹੈ। ਹੁਣ ਮੰਨ ਹੀ ਮੰਨ ਵਿਚ ਗੁਰੂ ਸਾਹਿਬ ਨੇ ਲੋਕਾਈ ਦੇ ਉਧਾਰ ਲਈ ਘਰੋ ਨਿਕਲਣ ਦਾ ਤਹੱਈਆ ਕਰ ਲਿਆ।

ਫਿਰ ਉਸ ਫਕੀਰ ਨੇ ਉਲਾਹਮਾ ਦਿੱਤਾ ਕਿਹਾ ਕਿ ਤੁਸੀ ਨਿਰੰਕਾਰ ਦੀ ਬਖਸ਼ੀ ਇਸ ਦੇਹ (ਸਰੀਰ) ਬਾਬਤ ਕਿਓ ਲਾਪਰਵਾਹ ਹੋ? ਕਿਓ ਸਰੀਰ ਦਾ ਰੰਗ ਪੀਲਾ ਪਇਆ ਹੈ? ਕੀ ਅਕਾਲ ਪੁਰਖ ਨੇ ਤੁਹਾਨੂੰ ਹੱਟੀ ਕਰਨ ਭੇਜਿਆ ਹੈ? ਤੁਸੀ ਇਸ ਕਿਲੇ ਅੰਦਰ ਬਹਿ ਗਏ ਹੋ ਬਾਹਰ ਦੁੱਖੀ ਲੋਕਾਈ ਦਾ ਕੌਣ ਦੁੱਖ ਦੂਰ ਕਰੇਗਾ? ਤੁਸੀ ਕੀ ਸਮਝਦੇ ਹੋ ਕਿ ਇਲਾਕੇ ਦੇ ਗਿਣੇ ਚੁੱਣੇ ਲੋਕਾਂ ਨੂੰ ਉਪਦੇਸ਼ ਦੇ ਕੇ ਤੁਹਾਡੀ ਜਿੰਮੇਵਾਰੀ ਨਿੱਭ ਗਈ ਹੈ?

ਉਸ ਫਕੀਰ ਦੀ ਗੱਲ ਵਿਚ ਸਚਾਈ ਸੀ। ਬਾਬਾ ਨਾਨਕ ਦਾ ਮਿਸ਼ਨ ਸਿਰਫ ਸੁਲਤਾਨਪੁਰ ਤੱਕ ਸੀਮਿਤ ਨਹੀ ਸੀ।

ਬਾਬੇ ਨੇ ਸਭ ਕੁਝ ਛੱਡ ਛਡਾ ਲੋਕਾਈ ਦੇ ਉਧਾਰ ਖਾਤਰ ਕੂਚ ਕਰਨ ਦਾ ਸੋਚ ਲਿਆ। ਇਹ ਗੱਲ 1506 ਈ. ਦੀ ਹੈ।

—◈—

ਜਦੋਂ ਬਾਬੇ ਨਾਨਕ ਨੂੰ ਕੈਦ ਕੀਤਾ ਤੇ ਹਿਸਾਬ ਕਿਤਾਬ ਚੈੱਕ ਹੋਇਆ

ਕੋਠੜੀ ਜਿਥੇ ਗੁਰੂ ਸਾਹਿਬ ਨੂੰ ਬੰਦ ਰੱਖਿਆ ਗਇਆ। ਕੈਦਖਾਨਾ ਕਾਹਦਾ? ਛੋਟਾ ਜਿਹਾ ਡਿੱਬਾ ਹੀ ਸਮਝੋ ਜਿਸ ਵਿਚ ਬੰਦਾ ਮਸਾਂ ਬਹਿ ਹੀ ਸਕਦਾ ਸੀ : 4 × 5 ਫੁੱਟ, ਉਚਾਈ ਸਿਰਫ 5 ਫੁੱਟ। ਗੁਰਸਿੱਖਾਂ ਨੇ ਉਹਨਾਂ ਕੋਠੜੀਆਂ ਵਿਚੋਂ ਇਕ ਦਾ ਨਮੂਨਾ ਸੰਗਮਰਮਰ ਲਾ ਕੇ ਸਾਂਭ ਲਿਆ ਹੈ। (ਸੱਜੇ) ਕੋਠੜੀ ਦਾ ਬਾਹਰੀ ਦ੍ਰਿਸ਼।

ਗੁਰੂ ਨਾਨਕ ਤੋਂ ਪਹਿਲਾ ਜਿਹੜਾ ਮੋਦੀ ਸੀ ਉਸ ਦੀ ਈਮਾਨਦਾਰੀ ਤੇ ਨਵਾਬ ਨੂੰ ਸ਼ੱਕ ਸੀ। ਜਿਸ ਕਾਰਨ ਉਹਦੀ ਛੁੱਟੀ ਕਰ ਦਿੱਤੀ ਗਈ ਸੀ ਤੇ ਮੋਦੀਖਾਨਾ ਗੁਰੂ ਨਾਨਕ ਦੇ ਸਪੁੱਰਦ ਕਰ ਦਿੱਤਾ ਗਿਆ। ਪੁਰਾਣੇ ਮੋਦੀ ਦੀ ਹੋ ਸਕਦਾ ਗੁਰੂ ਨਾਨਕ ਨਾਲ ਈਰਖਾ ਹੋ ਗਈ ਹੋਵੇ। ਬਾਬੇ ਦੀ ਸ਼ਕਾਇਤ ਹੋ ਗਈ ਕਿ ਉਹ ਬਹੁਤ ਲਾਪਰਵਾਈ ਨਾਲ ਮੋਦੀਖਾਨਾ ਚਲਾ ਰਿਹਾ ਹੈ ਤੇ ਮੋਦੀਖਾਨਾ ਲੁੱਟੀਦਾ ਜਾ ਰਿਹਾ ਹੈ। ਭਿਖਾਰੀਆਂ ਫਕੀਰਾਂ ਦਾ ਜੰਮਘਟ ਲੱਗਾ ਰਹਿੰਦਾ ਹੈ।

ਇਹ ਗਲ 1506 ਈ. ਦੀ ਹੈ।

ਤੁਰੰਤ ਮੋਦੀਖਾਨੇ ਦੇ ਹਿਸਾਬ ਕਿਤਾਬ ਦੀ ਜਾਂਚ (ਔਡਿਟ) ਦੇ ਹੁਕਮ ਹੋ ਗਏ।

ਹਿਸਾਬ ਦੀ ਗੱਲ ਸੁਣ ਕੇ ਭਾਈਆ ਤੇ ਭੈਣ ਜੀ ਨੂੰ ਵੀ ਚਿੰਤਾ ਹੋਈ। ਕਿਉਕਿ ਉਨਾਂ ਨੂੰ ਵੀ ਪਤਾ ਸੀ ਕਿ ਨਾਨਕ ਗਰੀਬ ਗੁਰਬੇ, ਫਕੀਰਾਂ ਸਾਧੂਆਂ ਦਾ ਬਹੁਤ ਖਿਆਲ ਕਰਦਾ ਹੈ।

ਪਰ ਹਿਸਾਬ ਪੂਰਾ ਹੋਣ ਤੇ ਸਭ ਹੈਰਾਨ ਰਹਿ ਗਏ। ਗੁਰੂ ਨਾਨਕ ਦਾ ਹਿਸਾਬ ਇੱਕ ਦਮ ਟੱਲੀ ਨਿਕਲਿਆ ਤੇ ਹਿਸਾਬ ਮੁਤਾਬਿਕ ਸਗੋਂ ਗੁਰੂ ਨਾਨਕ ਦੇ 135 ਰੁਪਏ ਹੋਰ ਨਿਕਲ ਆਏ। ਗੁਰੂ ਨਾਨਕ ਨੇ ਓਦੋਂ ਫਿਰ ਦੁਬਾਰਾ ਨੌਕਰੀ ਤੇ ਜਾਣ ਤੋਂ ਇਨਕਾਰ ਕਰ ਦਿੱਤਾ।

ਪਰ ਭੈਣ ਤੇ ਭਣਵੱਈਏ ਦੇ ਬਹੁਤ ਜਿੱਦ ਕਰਨ ਤੇ ਗੁਰੂ ਸਾਹਿਬ ਦੁਬਾਰਾ ਮੋਦੀਖਾਨਾ ਚਲਾਉਣਾ ਮੰਨ ਗਏ।

ਬਾਲੇ ਵਾਲੀ ਜਨਮਸਾਖੀ ਵਿੱਚ ਇੱਕ ਵਾਰੀ ਫਿਰ ਜਿਕਰ ਆਉਦਾ ਹੈ ਕਿ ਮੋਦੀਖਾਨੇ ਦਾ ਦੂਸਰੀ ਵਾਰੀ ਜਦੋਂ ਹਿਸਾਬ ਲਿਆ ਗਇਆ ਤਾਂ ਪੜਤਾਲ ਪੰਜ ਦਿਨ ਚਲੀ ਸੀ। ਅਖੀਰ ਤੇ ਗੁਰੂ ਨਾਨਕ ਦੇ 310 ਰੁਪਏ ਵਧੇ ਸਨ। ਨਵਾਬ ਨੇ ਖੁਸ਼ ਹੋ ਕੇ 3000 ਰੁਪਏ ਉਤੇ ਦੇ ਦਿੱਤਾ। ਗੁਰੂ ਸਾਹਿਬ ਉਹ ਰਕਮ ਲਿਆ ਕੇ ਬੇਬੇ ਨਾਨਕੀ ਦੇ ਹੱਥ ਤੇ ਰੱਖ ਦਿੱਤੀ। ਰਿਆਸਤ ਦਾ ਖਚਾਨਚੀ ਓਦੋਂ ਭਵਾਨੀ ਦਾਸ ਲਿਖਿਆ ਹੈ। ਇਸ ਮੌਕੇ ਜਿਸ ਬੰਦੇ ਦੀ ਨਿਗਰਾਨੀ ਹੇਠ ਨਵੀਸਿੰਦੋ (ਭਾਵ ਅਕਾਉਟੈਂਟ) ਨੇ ਲੇਖਾ ਜੋਖਾ ਚੈਕ ਕੀਤਾ ਸੀ ਉਸ ਦਾ ਨਾਂ ਜਾਦੋ ਰਾਇ ਜੈਰਥ ਸੀ ਜੋ ਸੁਲਤਾਨਪੁਰ ਦਾ ਦਰੋਗਾ

ਸੀ।

ਏਸੇ ਤਰਾਂ ਕੁਝ ਸਮੇ ਬਾਦ ਫਿਰ ਗੁਰੂ ਨਾਨਕ ਮੋਦੀ ਦੀ ਬਹੁਤ ਹੀ ਸਖਤ ਸ਼ਕਾਇਤ ਨਵਾਬ ਕੋਲ ਪਹੁੰਚੀ। ਨਵਾਬ ਨੇ ਦਰੋਗੇ ਨੂੰ ਸੱਦ ਕੇ ਸਾਰੀ ਤਫਤੀਸ਼ ਕਰਨ ਦਾ ਹੁਕਮ ਦਿੱਤਾ। ਸ਼ਕਾਇਤ ਕਰਤਾ ਫਰਿਆਦੀ ਨੇ ਗੁਰੂ ਨਾਨਕ ਖਿਲਾਫ ਕੋਈ ਅਜਿਹਾ ਸਬੂਤ ਦਿਖਾਇਆ ਮਤਲਬ ਦਰੋਗਾ ਜਾਦੋ ਰਾਇ ਜੈਰਥ ਨੂੰ ਅਜਿਹਾ ਭੜਕਾਇਆ ਕਿ ਦਰੋਗੇ ਨੇ ਝੱਟ ਗੁਰੂ ਨਾਨਕ ਨੂੰ ਕੈਦ ਕਰ ਲਿਆ। ਜ਼ਾਹਿਰ ਹੈ ਕਿ ਅਹਿਲਕਾਰ ਨੇ ਅੱਖੀ ਵੇਖ ਲਿਆ ਹੋਵੇਗਾ ਕਿ ਬਾਬਾ ਬੇਪਰਵਾਹ ਹੋ ਕੇ ਮੋਦੀਖਾਨਾ ਲੁੱਟਾਈ ਜਾ ਰਿਹਾ ਹੈ। ਜੋ ਵੀ ਕੋਈ ਮੰਗਦਾ ਹੈ ਦਈ ਜਾ ਰਿਹਾ ਹੈ। ਬਸ ਇਹੋ ਦੇਖਦਾ ਹੈ ਕਿ ਬੰਦਾ ਮਜਬੂਰ ਹੈ ਕਿ ਵੈਸੇ ਹੀ ਬਹਾਨਾ ਲਾ ਰਿਹਾ ਹੈ। ਦਰੋਗੇ ਨੂੰ ਇਸ ਗਲ ਦਾ ਅਹਿਸਾਸ ਹੀ ਨਹੀ ਸੀ ਕਿ ਮੋਦੀ ਆਪਣੇ ਖੁੱਦ ਦੇ ਖਾਤੇ ਤੋਂ ਖੈਰਾਤ ਕਰਦਾ ਹੈ।

ਬਾਬਾ ਨਾਨਕ ਬੰਦ ਸੀ। ਉਦੋਂ ਕੈਦਖਾਨੇ ਹੁੰਦੇ ਵੀ ਬਹੁਤ ਸਖਤ ਸਨ।

ਭਾਈਆ ਜੀ ਅਤੇ ਭੈਣ ਜੀ ਵੀ ਡਾਹਢੇ ਫਿਕਰਮੰਦ ਹੋ ਗਏ ਕਿਉਕਿ ਆਖਿਰ ਸ਼ਕਾਇਤ ਹੈ ਤਾਂ ਸੱਚੀ ਸੀ। ਗੁਰੂ ਸਾਹਿਬ ਗਰੀਬਾਂ ਲੋੜਵੰਦਾਂ ਵਿੱਚ ਖੂਬ ਰਾਸ਼ਨ ਵੰਡਦੇ ਸਨ। ਸਰਕਾਰੇ ਦਰਬਾਰੇ ਬਦਨਾਮੀ ਹੋ ਰਹੀ ਸੀ। ਪਰ ਸ਼ਕਾਇਤ ਕਰਤਾ ਨੂੰ ਇਨਾਂ ਅਹਿਸਾਸ ਨਹੀ ਸੀ ਕਿ ਨਾਨਕ ਨੂੰ ਤਾਂ ਆਪਣੀ ਤਨਖਾਹ ਦੀ ਵੀ ਪ੍ਰਵਾਹ ਨਹੀ ਸੀ ਹੁੰਦੀ।

ਬਾਬੇ ਨੂੰ ਕੈਦ ਕਰਕੇ ਦੋ ਦਿਨ ਮੋਦੀਖਾਨੇ ਦੀ ਹਿਸਾਬਦਸੀ (ਔਡਿਟ) ਚਲੀ। ਅਖੀਰ ਹਿਸਾਬ ਕਿਤਾਬ ਦਾ ਨਤੀਜਾ ਨਿਕਲਿਆ। ਉਲਟਾ ਗੁਰੂ ਨਾਨਕ ਦੇ 760 ਰੁਪਏ ਸਰਕਾਰ ਵਲ ਵਧੇ, ਮਤਲਬ 760 ਤੋਲਾ ਸੋਨਾ।

ਗੁਰੂ ਸਾਹਿਬ ਨੂੰ ਨਵਾਬ ਅੱਗੇ ਪੇਸ਼ ਕੀਤਾ ਗਿਆ। ਨਵਾਬ ਨੇ ਇਸ ਪੜ੍ਹਤਾਲ ਪਿੱਛੇ ਮਜਬੂਰੀ ਦੱਸੀ ਕਿ ਸ਼ਕਾਇਤ ਵਿਚ ਦਮ ਸੀ। ਅੱਗੇ ਤੋਂ ਬਾਬਾ ਨਾਨਕ ਨੂੰ ਸੁਚੇਤ ਰਹਿਣ ਲਈ ਹੁਕਮ ਕੀਤਾ ਗਿਆ। ਗੁਰੂ ਸਾਹਿਬ ਨੂੰ ਕਿਹਾ ਗਇਆ ਕਿ ਆਪਣੇ 760 ਰੁਪਏ ਖਜ਼ਾਨੇ ਵਿਚੋਂ ਲੈ ਲਏ।

ਗੁਰੂ ਸਾਹਿਬ ਨੇ ਬੜੀ ਹਲੀਮੀ ਸਾਹਿਤ ਅੱਗੇ ਤੋਂ ਮੋਦੀ ਦੀ ਜਿੰਮੇਵਾਰੀ ਸਾਂਭਣ ਤੋਂ ਨਾਹ ਕਰ ਦਿੱਤੀ ਅਤੇ ਜੋ ਗੁਰੂ ਨਾਨਕ ਦਾ ਨਿਕਲਿਆ ਸੀ ਉਹ ਵੀ ਲੈਣ ਤੋਂ ਇਨਕਾਰ ਕਰ ਦਿਤਾ ਤੇ ਨਵਾਬ ਨੂੰ ਅਰਜੋਈ ਕੀਤੀ ਕਿ ਇਹ ਰਕਮ ਗਰੀਬਾਂ ਲੋੜਵੰਦਾ ਸਾਧੂ ਫਕੀਰਾਂ ਵਿੱਚ ਵੰਡ ਦਿੱਤੀ ਜਾਵੇ। ਯਾਦ ਰਹੇ ਓਨੀ ਦਿਨੀ ਸਾਧੂ ਸੰਤ ਫਕੀਰ ਅੱਜ ਵਾਗੂ ਮਾਇਆਧਾਰੀ ਨਹੀ ਸਨ ਹੁੰਦੇ। ਪੂਰਨ ਸੰਨਿਆਸੀ ਸਨ।

ਜਿਥੇ ਗੁਰੂ ਨਾਨਕ ਨੂੰ ਕੈਦ ਕਰ ਕੇ ਰੱਖਿਆ ਗਇਆ ਬਹੁਤ ਹੀ ਛੋਟੀਆਂ ਛੋਟੀਆਂ ਕੋਠੜੀਆਂ ਸਨ। ਮਸਾਂ 7×5 ਫੁੱਟ। ਉਚਾਈ 5ਫੁੱਟ। (ਫੋਟੋ ਵੇਖੋ) ਬੜੀ ਮੁਸ਼ਕਲ ਨਾਲ ਬੰਦਾ ਸਿਰਫ ਬਹਿ ਹੀ ਸਕਦਾ ਹੈ। ਮੁਰੰਮਤ ਕਰਨ ਉਪਰੰਤ ਅੱਜ ਉਹ ਕੋਠੜੀ ਸਾਂਭ ਲਈ ਗਈ ਹੈ।

ਦਰੋਗਾ ਜਾਦੋ ਰਾਇ ਜੈਰਥ ਦੇ ਟੱਬਰ ਨੂੰ ਕੋਈ ਅਜਿਹੀ ਮਾਰ ਵੱਜੀ ਹੈ ਕਿ ਅੱਜ ਵੀ ਓਨਾਂ ਦੀ ਔਲਾਦ ਦੇ ਟੱਬਰਾਂ ਵਿੱਚੋਂ ਕੋਈ ਨਾਂ ਕੋਈ ਅੰਨਾਂ ਤੇ ਕੋਈ ਔਰਤ ਵਿਧਵਾ ਜਰੂਰ ਰਹਿੰਦੀ ਹੈ। ਇਹ ਤੱਥ ਸੰਨ 1969 ਈ. ਵਿੱਚ ਵੀ ਪੜਤਾਲਿਆ ਜਾ ਚੁੱਕਾ ਹੈ।

—◈—

ਬਾਬਾ ਨਾਨਕ ਹੋਇਆ ਗਾਇਬ

ਗੁਰੂ ਨਾਨਕ ਦੀ ਗ੍ਰਿਫਤਾਰੀ ਦੀ ਖਬਰ ਸਾਰੇ ਸ਼ਹਿਰ ਵਿੱਚ ਅੱਗ ਵਾਂਙੂ ਫੈਲ ਗਈ ਸੀ। ਸਾਰੇ ਰਿਸ਼ਤੇਦਾਰਾਂ, ਯਾਰਾਂ ਦੋਸਤਾਂ, ਮੁਰੀਦਾਂ ਵਾਸਤੇ ਇਹ ਨਮੋਸ਼ੀ ਦੀ ਗੱਲ ਸੀ। ਮਿਤ੍ਰਾਂ ਦੀ ਅਵਸਥਾ ਦੇਖ ਬਾਬੇ ਨੂੰ ਵੀ ਦੁੱਖ ਹੋਇਆ। ਜਦੋਂ ਬਾਬਾ ਬੰਦੀ ਸੀ ਤਾਂ ਅਹਿਸਾਸ ਸੀ ਕਿ ਇਹ ਕੋਈ ਅਣਹੋਣੀ ਨਹੀ ਹੋ ਰਹੀ ਕਿਉਕਿ ਬਾਬੇ ਨੇ ਮੋਦੀਖਾਨਾ ਖੂਬ ਵੰਡਿਆ ਸੀ।

ਹਿਸਾਬ ਕਿਤਾਬ ਤੇ ਕੈਦ ਤੋਂ ਫਾਰਗ ਹੋ ਬਾਬਾ ਆਪਣੇ ਘਰ ਆਇਆ। ਸਾਰੇ ਘਰਦਿਆਂ ਨੇ ਸੁੱਖ ਦਾ ਸਾਹ ਲਿਆ ਸੀ। ਘਰ ਦਿਆਂ ਦੀ ਤਾਂ ਛੱਡੋ ਹਰ ਲੰਡੀ ਬੁੱਚੀ ਬਾਬਾ ਜੀ ਨੂੰ ਇਹੋ ਉਪਦੇਸ਼ ਦੇ ਰਿਹਾ ਸੀ ਕਿ ਮੋਦੀਖਾਨੇ ਵਿੱਚ ਏਨੀ ਖੁੱਲ ਨਾਂ ਵਰਤਾਇਆ ਕਰੋ।

ਬਾਬਾ ਨਾਨਕ ਤਾਂ ਸੋਚ ਸੋਚ ਕੇ ਵਿਸਮਾਦਿਤ ਹੋ ਰਿਹਾ ਸੀ ਕਿ ਨਿਰੰਕਾਰ ਨੇ ਕਿਵੇ ਆਪਣੇ ਬੰਦੇ ਦੀ ਇੱਜਤ ਪੱਤ ਰੱਖ ਲਈ।

ਆਪੇ ਖਸਮਿ ਨਿਵਾਜਿਆ ॥ ਜੀਉ ਪਿੰਡੁ ਦੇ ਸਾਜਿਆ ॥ ਆਪਣੇ ਸੇਵਕ ਕੀ ਪੈਜ ਰਖੀਆ ਦੁਇ ਕਰ ਮਸਤਕਿ ਧਾਰਿ ਜੀਉ ॥੧੬॥ ਸਭਿ ਸੰਜਮ ਰਹੇ ਸਿਆਣਪਾ ॥ ਮੇਰਾ ਪ੍ਰਭੁ ਸਭੁ ਕਿਛੁ ਜਾਣਦਾ ॥ ਪ੍ਰਗਟ ਪ੍ਰਤਾਪੁ ਵਰਤਾਇਓ ਸਭੁ ਲੋਕੁ ਕਰੈ ਜੈਕਾਰੁ ਜੀਉ ॥੧੭॥ ਮੇਰੇ ਗੁਣ ਅਵਗਨ ਨ ਬੀਚਾਰਿਆ ॥ ਪ੍ਰਭਿ ਅਪਣਾ ਬਿਰਦੁ ਸਮਾਰਿਆ ॥ ਕੰਠਿ ਲਾਇ ਕੈ ਰਖਿਓਨੁ ਲਗੈ ਨ ਤਤੀ ਵਾਉ ਜੀਉ ॥੧੮(ਪੂਰਾ ਸ਼ਬਦ ਵੇਖੋ ਸ੍ਰੀ ਰਾਗ ਅੰਗ-੭੧ ਸਗਗਸ)

ਜਿਥੋਂ ਕੁ ਜਿਹੇ ਵੇਂਈ ਵਿਚੋਂ ਤੀਸਰੇ ਦਿਨ ਗੁਰੂ ਸਾਹਿਬ ਪ੍ਰਗਟ ਹੋਏ। ਕੰਢੇ ਤੇ ਅੱਜ ਗੁਰਦੁਆਰਾ ਸੰਤ ਘਾਟ ਮੌਜੂਦ ਹੈ

ਬਾਬੇ ਨੂੰ ਵੀ ਅਹਿਸਾਸ ਸੀ ਕਿ ਉਸ ਨੇ ਕਦੀ ਕਿਸੇ ਗਰੀਬ ਗੁਰਬੇ ਲੋੜਵੰਦ ਨੂੰ ਖਾਲੀ ਨਹੀ ਸੀ ਜਾਣ ਦਿੱਤਾ। ਖੂਬ ਵੰਡਿਆ ਸੀ ਮੋਦੀਖਾਨਾ। ਸੋ ਬਰੀ ਹੋਣ ਤੇ ਬਾਬਾ ਤਾਂ ਬਾਰ ਬਾਰ ਕਰਤਾਰ ਦਾ ਸ਼ੁਕਰਾਨਾ ਹੀ ਕਰੀ ਜਾ ਰਿਹਾ ਸੀ। ਨਿਰੰਕਾਰ ਨੇ ਲਾਜ ਪੱਤ ਰੱਖ ਲਈ। ਓਦੋਂ ਬਾਬੇ ਨੇ ਸ਼ੁਕਰਾਨੇ ਦਾ ਜੋ ਸ਼ਬਦ ਕਿਹਾ ਉਹ ਪੂਰੀ ਗੁਰਬਾਣੀ ਵਿੱਚ ਸਰਬ ਉਤਮ ਧੰਨਵਾਦ ਦਾ ਸ਼ਬਦ

ਗਿਣਿਆ ਜਾਂਦਾ ਹੈ। ਬਾਬੇ ਨੇ ਜੋ ਸ਼ਬਦ ਵਰਤੇ ਹਨ ਉਹਨਾਂ ਨੂੰ ਸਮਝ ਕੇ ਅਹਿਸਾਸ ਹੁੰਦਾ ਹੈ ਕਿ ਕਿੰਨਾ ਸ਼ੁਕਰਗੁਜਾਰ ਹੋ ਰਿਹਾ ਹੈ ਨਿਰੰਕਾਰ ਦਾ ਉਪਾਸ਼ਕ :-

ਸਿਰੀਰਾਗੁ ਮਹਲਾ ੧॥ ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥ ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੧॥ ਸਾਚਾ ਨਿਰੰਕਾਰੁ ਨਿਜ ਥਾਇ ॥ ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥੧॥ ਰਹਾਉ ॥ ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥ ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੨॥ ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥ ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੩॥ ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥ ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥੨॥

ਆਪਣੇ ਸਾਥੀ ਨਾਲ ਸਵੇਰੇ ਫਿਰ ਨਾਉਣ ਧੋਣ ਵੇਈਂ ਨਦੀ ਸ਼ਹਿਰੋ ਬਾਹਰਵਾਰ ਕਿਲੇ ਦੇ ਪੱਛਮ ਵਿਚ ਚਲੇ ਗਏ, ਜਿੱਥੇ ਉਹ ਅਕਸਰ ਨਹਾਇਆ ਕਰਦੇ ਸਨ । ਨਾਲ ਵਾਲੇ ਭਾਵ ਨੌਕਰ ਨੇ ਤਾਂ ਮੌਸਮ ਮੁਤਾਬਿਕ ਨਾਉਣ ਤੋਂ ਨਾਂਹ ਕਰ ਦਿੱਤੀ। ਗੁਰੂ ਸਾਹਿਬ ਨੇ ਅਜਿਹੀ ਚੁੱਭੀ ਮਾਰੀ ਕਿ ਬਾਹਰ ਹੀ ਨਾ ਆਉਣ। ਪਲ ਦੋ ਪਲ, ਨਾਲ ਦੇ ਨਫਰ ਨੇ ਉਡੀਕ ਕੀਤੀ। ਨਹੀ ਨਿਕਲੇ ਤਾਂ ਉਸਨੇ ਦੁਹਾਈ ਪਾ ਦਿੱਤੀ ਕਿ ਬਾਬਾ ਨਾਨਕ ਡੁੱਬ ਗਇਆ ਹੈ। ਇਹ ਓਥੋਂ ਦੀ ਘਟਨਾ ਹੈ ਜਿੱਥੇ ਗੁਰੂ ਸਾਹਿਬ ਸਤਸੰਗ ਲਾਇਆ ਕਰਦੇ ਸਨ ਖਰਬੂਜੇ ਸ਼ਾਹ ਦੇ ਤਕੀਏ ਲਾਗੇ ਅੱਜ ਗੁਰਦੁਆਰਾ ਬੇਰ ਸਾਹਿਬ ਹੈ। ਸ਼ਹਿਰ 'ਚ ਦੁਹਾਈ ਪੈ ਗਈ ਕਿ ਮੋਦੀ ਨਾਨਕ ਨੇ ਖੁਦਕਸ਼ੀ ਕਰ ਲਈ ਹੈ।

ਗਲ ਨਵਾਬ ਤੱਕ ਵੀ ਪਹੁੰਚ ਗਈ। ਨਵਾਬ ਨੇ ਟੋਭੇ ਲਵਾ ਕੇ ਸਾਰੀ ਵੇਈਂ ਛਾਣ ਮਾਰੀ। ਨਾਨਕ ਨਹੀ ਮਿਲਿਆ। ਭਾਈਆ ਜੈ ਰਾਮ ਤੇ ਹੋਰ ਰਿਸਤੇਦਾਰ ਸਾਕ ਸਬੰਧੀ ਡਾਹਢੇ ਦਿਲਗੀਰ।

ਪਰ ਬੇਬੇ ਨਾਨਕੀ ਸਭ ਨੂੰ ਦਿਲਾਸਾ ਦੇਵੇ ਕਿ ਹੌਸਲਾ ਰੱਖੋ ਬਾਬਾ ਨਾਨਕ ਡੁੱਬਣ ਵਾਲਾ ਨਹੀ ਹੈ। ਉਨੂੰ ਪਾਣੀ ਨਹੀ ਡੋਬੇਗਾ। ਉਹ ਤਾਂ ਕੁਦਰਤ ਨਾਲ ਇੱਕ ਮਿੱਕ ਹੈ। ਓਹ ਤਾਂ ਜਦੋਂ ਚਾਹੇ ਪੰਜਾਂ ਤੱਤਾਂ ਵਿੱਚ ਆਪਣੇ ਆਪ ਨੂੰ ਦੁਬਾਰਾ ਖਿਲਾਰ ਲੈਂਦਾ ਹੈ। ਪਰ ਪਦਾਰਥਵਾਦੀ ਦੁਨੀਆਂ ਕੱਦੋਂ ਮੰਨਦੀ ਹੈ।

ਮੂਲ ਮੰਤਰ ਦੀ ਪ੍ਰਾਪਤੀ

ਤੀਸਰਾ ਦਿਨ ਹੋਇਆ ਤਾਂ ਕਿਸੇ ਨੇ ਵੇਖਿਆ ਕਿ ਬਾਬਾ ਨਾਨਕ ਤਾਂ ਪਹਾੜ/ਚੜ੍ਹਦੇ ਵੇਈਂ ਦੇ ਕੰਢੇ ਬੈਠੇ ਕਰਤਾਰ ਨਿਰੰਕਾਰ ਦੀਆ ਸਿਫਤਾਂ ਗਾ ਰਹੇ ਨੇ। ਇਹ ਉਹ ਜਗਾ ਹੈ ਜਿੱਥੇ ਅਜਕਲ ਗੁਰਦੁਆਰਾ ਸੰਤਘਾਟ ਹੈ। ਵਿਚੇ ਗੁਰੂ ਸਾਹਿਬ ਦੇ ਮੁਖਾਰ ਬਿੰਦ ਤੋਂ ਬਾਰ ਬਾਰ ਇਹੋ ਸ਼ਬਦ ਨਿਕਲ ਰਹੇ ਸਨ:-

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਬੰਦੇ ਨੇ ਸ਼ਹਿਰ ਵਿੱਚ ਜਾ ਫਿਰ ਬਾਬੇ ਨਾਨਕ ਦੇ ਡੁੱਬ ਕੇ ਸਵੱਰਗਵਾਸ ਹੋਣ ਦੀ ਖਬਰ ਨੂੰ ਝੂਠੀ ਦੱਸਿਆ ਤੇ ਦੁਹਾਈ ਦੇ ਦਿੱਤੀ, "ਲੈ ਕੌਣ ਕਹਿੰਦਾ ਬਾਬਾ ਨਾਨਕ ਗੁਜਰ ਗਿਆ? ਮੈਂ ਹੁਣੇ ਓਨੂੰ ਸੰਤ ਘਾਟ ਵੇਖਿਆ ਹੈ।" ਸ਼ਹਿਰ 'ਚ ਫਿਰ ਦੁਹਾਈ ਪੈ ਜਾਂਦੀ ਹੈ। ਲੋਕੀ ਸੰਤ ਘਾਟ ਵਲ ਦੌੜਦੇ ਨੇ। ਬਾਬਾ ਨਾਨਕ ਓਥੇ

ਵੇਈਂ ਕੰਢੇ ਉਹ ਥਾਂ ਜਿੱਥੇ ਗੁਰੂ ਸਾਹਿਬ ਦੇ ਕੱਪੜੇ ਪਏ ਸਨ, ਨਵਾਬ ਨੂੰ ਦਿਖਾਈ ਗਈ। ਨਵਾਬ ਨੇ ਟੋਭੇ ਲਵਾ ਕੇ ਵੇਈਂ ਪੁੱਣ ਮਾਰੀ। ਪਰ ਬਾਬਾ ਨਾਨਕ ਨਹੀ ਲੱਭੇ।

ਸਹੀ ਸਲਾਮਤ ਬੈਠਾ ਸਭ ਨੂੰ ਅਸੀਰਵਾਦ ਦੇ ਰਿਹਾ ਹੈ। ਲੋਕ ਹੈਰਾਨ ਪ੍ਰੇਸ਼ਾਨ। ਲੋਕੀ ਦੁਹਾਈ ਦੇ ਉੱਠਦੇ ਨੇ ਕਿ ਬਾਬਾ ਜੀ ਸ਼ਹਿਰ ਵਿੱਚ ਤਾਂ ਹਾਹਾਕਾਰ ਮੱਚੀ ਪਈ ਹੈ ਹਰ ਮਾਈ ਭਾਈ ਹਿੰਦੂ -ਮੁਸਲਮਾਨ ਤੁਹਾਡੇ ਵਾਸਤੇ ਚਿੰਤਾਤੁਰ ਹੋਇਆ ਪਿਆ ਹੈ ਤੁਸੀ ਏਥੇ ਮਜੇ ਨਾਲ ਬੈਠੇ ਹੋ।

ਗੁਰੂ ਸਾਹਿਬ ਨੇ ਕਿਹਾ ਮੈਨੂੰ ਤਾਂ ਇਥੇ ਕੋਈ ਹਿੰਦੂ -ਮੁਸਲਮਾਨ ਨਜਰ ਨਹੀ ਆਉਦਾ,

"ਨ ਕੋ ਹਿੰਦੂ ਨ ਮੁਸਲਮਾਨ"

ਇਹ ਨਾਹਰਾ ਵੀ ਗੁਰੂ ਸਾਹਿਬ ਬਾਰ ਬਾਰ ਦੁਹਰਾਉਂਦੇ ਨੇ।

"ਇਹ ਤਾਂ ਤਮਾਸ਼ਬੀਨ, ਬੇਈਮਾਨ ਤੇ ਸਵਾਰਥੀ ਲੋਕਾਂ ਦੀ ਦੁਨੀਆ ਹੈ। ਮੈਨੂੰ ਤਾਂ ਕਿਤੇ ਧਰਮ ਨਜਰ ਨਹੀ ਆਵਦਾ।"

ਲੋਕਾਂ ਕਿਹਾ ਕਿ ਸ਼ਾਇਦ ਬਾਬੇ ਨਾਨਕ ਨੂੰ ਆਪਣੀ ਗ੍ਰਿਫਤਾਰੀ ਤੇ ਗਿਲਾ ਹੈ।

—▲—

ਸੁਲਤਾਨਪੁਰ ਲੋਧੀ : ਮੋਦੀਖਾਨਾ ਤਿਆਗਿਆ

ਨਿਰੰਕਾਰ ਨਾਲ ਮੇਲ (ਵੇਈਂ ਵਿਚ ਡੁੱਬਣਾ)

ਗੁਰੂ ਸਾਹਿਬ ਦੇ ਜੀਵਨ ਵਿਚ ਇਹ ਉਹ ਇਤਹਾਸਿਕ ਮੌਕਾ ਸੀ ਜਦੋਂ ਗੁਰੂ ਜੀ ਦਾ ਸ਼ਾਖਸਾਤ ਨਿਰੰਕਾਰ ਅਕਾਲਪੁਰਖ ਨਾਲ ਆਹਮਣਾ ਸਾਹਮਣਾ ਹੁੰਦਾ ਹੈ। ਇਹ ਅਲੌਕਿਕ ਅਹਿਸਾਸ ਸਰੀਰਾਂ ਤੋਂ ਉੱਪਰ ਦੀ ਗੱਲ ਸੀ। ਅਕਾਲਪੁਰਖ ਵਲੋਂ ਇਸ ਆਤਮਾ ਤੇ ਬਖਸ਼ਸ਼ਾਂ ਹੁੰਦੀਆਂ ਨੇ। ਨਾਲ ਹੀ ਇਹ ਹੁਕਮ ਹੁੰਦਾ ਹੈ ਕਿ ਨਾਨਕ ਤੂੰ ਰਹਿੰਦੀ ਜਿੰਦਗੀ ਮੇਰੀ ਹੋਂਦ ਦਾ ਜੀਆਂ ਨੂੰ ਅਹਿਸਾਸ ਦੁਆਉਣਾ ਹੈ। ਅਕਾਲ ਪੁਰਖ ਦੀ ਬਖਸ਼ਸ਼ ਦਾ ਇਹ ਵੀ ਅਰਥ ਸੀ ਕਿ ਨਾਨਕ ਤੂੰ ਪਦਾਰਥਵਾਦੀ ਅਸੂਲਾਂ ਨੂੰ ਜਰੂਰਤ ਅਨੁਸਾਰ ਬਦਲ ਸਕੇਂਗਾ। ਭਾਵ ਪੰਜਾਂ ਤੱਤਾਂ ਦਾ ਬਣਿਆ ਪਦਾਰਥ ਤੈਨੂੰ ਰੋਕ ਨਹੀ ਸਕਦੇ ਮਤਲਬ ਤੈਨੂੰ ਪਰਬਤ ਰਾਹ ਦੇਣਗੇ, ਸਮੁੰਦਰ ਤੈਨੂੰ ਡੋਬ ਨਹੀ ਸਕੇਗਾ, ਅੱਗ ਤੈਨੂੰ ਸਾੜ ਨਹੀ ਸਕੇਗੀ, ਹਵਾ ਤੈਨੂੰ ਉਡਾ ਨਹੀ ਸਕੇਗੀ, ਸਮਾਂ ਜਾਂ ਵਕਤ ਤੈਨੂੰ ਮਿੱਟਾ ਨਹੀ ਸਕੇਗਾ। ਫਿਜਿਕਸ ਦੀ ਭਾਸ਼ਾ ਵਿਚ ਆਪਾਂ ਸ਼ਾਇਦ ਇਸ ਤਰਾਂ ਕਹਿ ਸਕਦੇ ਹਾਂ ਕਿ ਤੂੰ ਸਮੇਂ ਪਦਾਰਥ ਅਤੇ ਬ੍ਰਹਿਮੰਡ ਤੋਂ ਵੱਖਰੀ ਅਵਸਥਾ ਵਿਚ ਜੀਵੇਗਾਂ। You will exist beyond the parameters of Time Space and Matter)

ਜਨਮਸਾਖੀਆਂ ਤੋਂ ਇਹੋ ਲੱਗਦਾ ਹੈ ਕਿ ਗੁਰੂ ਸਾਹਿਬ ਇਥੇ ਵੀ ਅਰਜ ਕਰਦੇ ਨੇ ਕਿ ਮੇਰੇ ਮਾਲਕ ਜੀ ਮੈਨੂੰ ਬਖਸ਼ਸ਼ ਕਰੋ ਕਿ ਮੈਂ ਤੁਹਾਡੀ ਬਣਾਈ ਦੁਨਿਆਵੀ ਰਜਾ ਵਿਚ ਰਹਿ ਕੇ ਚਲ ਸਕਾਂ।

ਮਤਲਬ ਕਿ ਹੁਣ ਗੁਰੂ ਸਾਹਿਬ ਵਾਸਤੇ ਹੁਕਮ ਬਹੁਤ ਹੀ ਸਾਫ ਸੀ ਕਿ ਤੁਸੀ ਦੁਨਿਆਵੀ ਕੰਮਾਂ ਵਿਚ ਜੀਵਨ ਨਹੀ ਲਾਉਣਾ। ਤੁਸੀ ਲੋਕਾਈ ਨੂੰ ਨਿਰੰਕਾਰ ਦੀ ਹੋਂਦ ਬਾਰੇ ਦੱਸਣਾ ਤਾਂ ਕਿ ਚਾਹਵਾਨ ਨਾਮ ਦੇ ਲੜ ਲੱਗਿਆ ਚੜ੍ਹਦੀ ਕਲ੍ਹਾਂ ਵਾਲਾ ਜੀਵਨ ਜੀ ਸਕਣ।

ਹੁਣ ਗੁਰੂ ਸਾਹਿਬ ਨੇ ਤਹੱਈਆ ਕਰ ਲਿਆ ਕਿ ਉਹ ਲੋਕਾਈ ਨੂੰ ਦੱਸਣਗੇ ਜਿਹਨੂੰ ਤੁਸੀ ਪੂਜ ਰਹੇ ਹੋ ਉਹ ਤਾਂ ਖੁੱਦ ਕਿਸੇ ਦੀ ਬਣਾਈ ਹੋਈ ਹੈ, ਜਾਗੋ ਤੇ ਸਿੱਧਾ ਕਰਤੇ ਦੀ ਪੂਜਾ ਕਰੋ, ਕ੍ਰਿਤ ਦੀ ਨਹੀ। (Worship Creator not the Creation).

—◈—

ਜਦੋਂ ਬਾਬਾ ਨਮਾਜ ਪੜਨ ਮਸੀਤ ਗਇਆ

(1506-7 ਈ.)

ਬਾਬੇ ਦੇ ਪ੍ਰਗਟ ਹੋਣ ਦੀ ਗੱਲ ਨਵਾਬ ਤੱਕ ਪਹੁੰਚੀ ਅਤੇ ਇਹ ਗੱਲ ਵੀ ਫੈਲ ਗਈ ਕਿ ਬਾਬਾ ਨਾਨਕ ਇਹ ਨਾਹਰਾ ਵੀ ਮਾਰ ਰਿਹਾ ਹੈ:

'ਨ ਕੋ ਹਿੰਦੂ ਨ ਮੁਸਲਮਾਨ'

ਇਹ ਨਾਹਰਾ ਕੱਟੜ ਮੁਸਲਮਾਨਾਂ ਨੂੰ ਬਹੁਤ ਚੁੱਭ ਰਿਹਾ ਸੀ। ਅਜੇ 7 ਸਾਲ ਪਹਿਲਾਂ ਹੀ ਯੂ.ਪੀ ਦੇ ਜੋਧਨ ਨਾਂ ਦੇ ਬ੍ਰਾਹਮਣ ਨੂੰ ਦਿੱਲੀ ਸੁਲਤਾਨ ਨੇ ਮੌਤ ਦੇ ਘਾਟ ਉਤਾਰ ਦਿਤਾ ਸੀ ਜਿਸ ਨੇ

ਨਵਾਬ ਦੇ ਦਰਬਾਰ ਦੇ ਲਾਗੇ ਹੀ 550 ਸਾਲ ਪੁਰਾਣੀ ਮਸੀਤ ਹੈ। ਇਸ ਵਿਚ ਲੱਗੇ ਸਿਲਲੇਖ 'ਤੇ ਫਾਰਸੀ ਦੀ ਸ਼ਾਇਰੀ ਵਿਚ ਮਸੀਤ ਦੀ ਤਾਰੀਫ ਹੈ। ਪਰ ਯਾਦ ਰਹੇ ਗੁਰੂ ਸਾਹਿਬ ਦੀ ਜਿਹੜੀ ਨਮਾਜ ਵਾਲੀ ਸਾਖੀ ਹੈ ਉਹ ਇਸ ਮਸੀਤ ਦੀ ਨਹੀ। ਉਹ ਈਦਗਾਹ ਕਿਲੇ ਤੋਂ ਬਾਹਰ ਸੀ।

ਨਾਹਰਾ ਮਾਰਿਆ ਸੀ ਕਿ

"ਇਸਲਾਮ ਵੀ ਠੀਕ ਪਰ ਹਿੰਦੂਮਤ ਵੀ ਮਾੜਾ ਨਹੀਂ''

ਦੌਲਤ ਖਾਂ ਲੋਧੀ ਨੇ ਹੁਕਮ ਕੀਤਾ ਕਿ ਨਾਨਕ ਨੂੰ ਕਹੋ ਪੇਸ਼ ਹੋਵੇ। ਗੁਰੂ ਨਾਨਕ ਨੂੰ ਜਿਵੇ ਜਾ ਕੇ ਕਿਹਾ ਗਇਆ ਕਿ ਨਵਾਬ ਤੁਹਾਨੂੰ ਸੱਦਦਾ ਹੈ ਤਾਂ ਗੁਰੂ ਸਾਹਿਬ ਨੇ ਸੁਨੇਹਾ ਲਿਆਉਣ ਵਾਲੇ ਨੂੰ ਕਹਿ ਦਿੱਤਾ ਕਿ ਨਵਾਬ ਨੂੰ ਕਹਿ ਦਿਓ ਨਾਨਕ ਹੁਣ ਤੁਹਾਡਾ ਮੁਲਾਜਮ ਨਹੀ ਰਿਹਾ।

ਏਲਚੀ ਨੇ ਇਵੇਂ ਹੀ ਜਾ ਨਵਾਬ ਨੂੰ ਸੁਨੇਹਾ ਦੇ ਦਿੱਤਾ। ਨਵਾਬ ਨੇ ਕਿਹਾ ਕਿ ਨਾਨਕ ਨੂੰ ਪਹਿਲਾਂ ਹਲੀਮੀ ਨਾਲ ਕਹਿਣਾ ਕਿ ਨਵਾਬ ਤੁਹਾਡੇ ਦਰਸ਼ਨ ਕਰਨਾਂ ਚਾਹੁੰਦਾ ਜੇ ਨਾਂ ਆਵੇ ਤਾਂ ਬੰਨ ਕੇ ਲੈ ਆਉਣਾ।

ਗੁਰੂ ਸਾਹਿਬ ਨੂੰ ਜਿਵੇ ਕਿਹਾ ਕਿ ਨਵਾਬ ਤੁਹਾਡੇ ਦਰਸ਼ਨ ਚਾਹੁੰਦਾ ਹੈ ਤਾਂ ਗੁਰੂ ਸਾਹਿਬ ਚਲ ਪਏ ਤੇ ਨਾਲ ਹੀ ਏਲਚੀ ਨੂੰ ਕਹਿਣ ਲੱਗੇ ਭਾਈ ਤੂੰ ਸਾਨੂੰ ਬੰਨ ਵੀ ਲੈ । ਏਲਚੀ ਨੇ ਬੰਨ ਕੇ ਲਿਜਾਣ ਤੋਂ ਇਨਕਾਰ ਕਰ ਦਿੱਤਾ।

ਵੀਰਵਾਰ ਦਾ ਦਿਨ ਸੀ। ਨਵਾਬ ਦੇ ਜਿਵੇ ਪੇਸ਼ ਹੋਏ ਤਾਂ ਕੁਦਰਤੀ ਓਥੇ ਕਾਜੀ ਤੇ ਮੁੱਲਾਂ ਵੀ ਹਾਜਰ ਸਨ ਤੇ ਨਵਾਬ ਨੂੰ ਸ਼ਹਿਰ ਦੀ ਮਸੀਤ ਵਿੱਚ ਜੁੰਮੇ ਦੀ ਨਮਾਜ ਪੜਨ ਲਈ ਲੈਣ ਵਾਸਤੇ ਹਾਜਰ ਹੋਏ ਪਏ ਸਨ। ਗੁਰੂ ਸਾਹਿਬ ਨੂੰ ਜਿਵੇ ਨਵਾਬ ਨੇ ਵੇਖਿਆ ਤੇ ਫਰਮਾਇਆ ਕਿ

"ਸ਼ੁਕਰ ਹੈ ਖੁਦਾ ਦਾ ਨਾਨਕ ਤੂੰ ਸਹੀ ਸਲਾਮਤ ਹੈ। ਅਫਵਾਹ ਬਹੁਤ ਮਾੜੀ ਸੀ। ਅਸੀ ਤੈਨੂੰ ਲੱਭਣ ਵਾਸਤੇ ਤਾਂ ਟੋਭੇ ਤੱਕ ਲਾਏ ਹੋਏ ਸਨ। "

ਓਦੋ ਗੁਰੂ ਸਾਹਿਬ ਦੇ ਤੇੜ ਸਿਰਫ ਲੰਗੋਟ ਸੀ। ਦਰਬਾਰ ਵਿੱਚ ਹਰ ਕਿਸੇ ਨੂੰ ਬੁਰਾ ਲੱਗ ਰਿਹਾ ਸੀ। ਬਾਦਸ਼ਾਹ ਨੇ ਵੀ ਸਾਹਿਬ ਨੂੰ ਕਿਹਾ ਕਿ ਨਾਨਕ ਕੋਈ ਕਪੜਾ ਪਹਿਨੋ, ਕੋਈ ਕੋਪੀਨ, ਕੋਈ

ਕਮਰਬੰਦ ਹੋਵੇ। ਤਾਂ ਗੁਰੂ ਸਾਹਿਬ ਨੇ ਜਵਾਬ ਦਿੱਤਾ:

ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ ॥ ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ ॥ ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ ॥੨॥ ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥ ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥

ਖੈਰ ਦਰਬਾਰੀਆਂ ਜਦੋਂ ਜਿੱਦ ਕੀਤੀ ਤਾਂ ਗੁਰੂ ਸਾਹਿਬ ਨੇ ਕਮਰਬੰਦ ਪਹਿਨ ਲਿਆ। ਚਾਦਰ ਬੰਨ ਲਈ।

ਮੁੱਲਾਂ ਨੇ ਮੌਕਾ ਵੇਖ ਕੇ ਬਾਬਾ ਨਾਨਕ ਨੂੰ ਕਿਹਾ:

"ਨਾਨਕ ਸੁਣਿਐ ਤੂੰ ਕਹਿ ਰਿਹਾ ਸੀ ਕਿ ਇਥੇ ਕੋਈ ਮੁਸਲਮਾਨ ਨਹੀ। ਨਾਂ ਹੀ ਹਿੰਦੂ ਹੈ। ਕੀ ਨਵਾਬ ਦਾ ਰਾਜ ਇਸਲਾਮੀ ਸ਼ਾਹ ਦੇ ਮੁਤਾਬਿਕ ਨਹੀ ਹੈ? ਕੀ ਤੈਨੂੰ ਅਸੀ ਮੁਸਲਮਾਨ ਨਜ਼ਰ ਨਹੀ ਆਉਦੇ?"

ਗੁਰਦੁਆਰਾ ਨਮਾਜਗਾਹ - ਉਹ ਮਸੀਤ ਜਿਥੇ ਗੁਰੂ ਸਾਹਿਬ ਨੇ ਨਮਾਜ ਵਾਲਾ ਕੌਤਕ ਕੀਤਾ। ਤਸਵੀਰ 1969 ਦੀ ਹੈ। ਓਦੋਂ ਮਸੀਤ ਅਜੇ ਕਾਇਮ ਸੀ ਹਾਲਾ ਗੁੰਬਦ ਢੱਠ ਚੁੱਕਾ ਸੀ। ਜਰੂਰਤ ਸੀ ਉਸ ਇਤਹਾਸਕ ਸਬੂਤ ਨੂੰ ਕਾਇਮ ਰੱਖਣ ਦੀ। ਪਰ ਕਾਰ ਸੇਵਾ ਵਾਲਿਆਂ ਕੁਝ ਨਾਂ ਸਾਭਿਆ।

ਗੁਰੂ ਸਾਹਿਬ ਨੇ ਫਰਮਾਇਆ ਕਾਹਦੇ ਮੁਸਲਮਾਨ ਹੋ ਤੁਸੀ? ਤੁਹਾਨੂੰ ਤਾਂ ਮਜ਼ੂਬ ਦੇ ਨੇਮਾਂ ਤੇ ਚਲਣਾ ਹੀ ਨਾਂ ਆਇਆ:-

ਸਲੋਕੁ ਮਃ ੧ ॥ ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥ ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥ ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥ ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥ ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥੧॥

ਓਥੇ ਮੌਜੂਦ ਇੱਕ ਹਿੰਦੂ ਦਰਬਾਰੀ 'ਨਿੱਧਾ' ਜਾਤ ਬ੍ਰਾਹਮਣ ਨੇ ਨਵਾਬ ਨੂੰ ਕਿਹਾ ਜਨਾਬ ਨਾਨਕ ਹਿੱਲ ਗਇਆ ਹੈ। ਛੱਡੋ ਇਹ ਬਹਿਸ ਮੁਬਾਹਿਸਾ, ਤੁਸੀ ਮਸੀਤ ਪਹੁੰਚੋ। ਓਥੇ ਸਭ ਮੋਮਨ ਜਮਾਤ ਤੁਹਾਡੀ ਇੰਤਜਾਰ ਕਰ ਰਹੀ ਹੈ। ਕਾਜੀ ਨੇ ਹਾਮੀ ਭਰੀ ਕਿ ਸਾਨੂੰ ਮਸੀਤ ਪਹੁੰਚਣਾ ਚਾਹੀਦਾ ਹੈ।

ਇਹੋ ਜਿਹੀਆਂ ਗੱਲਾਂ ਜਦੋਂ ਚਲ ਰਹੀਆਂ ਸਨ ਤਾਂ ਮੌਲਾਨੇ ਅੰਦਰੋ ਅੰਦਰੀ ਖੁਸ਼ ਸਨ ਕਿ ਬੰਦਾ ਫਸਦਾ ਜਾ ਰਿਹਾ ਹੈ। ਇਹੋ ਇਸਲਾਮ ਵਿਚ ਦਾਖਲੇ ਦੇ ਤੌਰ ਤਰੀਕੇ ਹੁੰਦੇ ਨੇ।

ਬਾਬੇ ਦੀ ਇਹ ਸ਼ਾਇਰੀ ਸੁਣ ਕੇ ਮੁੱਲਾਂ ਨੇ ਜਿੱਦ ਕਰ ਦਿੱਤੀ ਕਿ ਠੀਕ ਹੈ ਜੇ ਸਾਡੀ ਨਮਾਜ ਠੀਕ ਨਹੀ ਤਾਂ ਆ ਸਾਨੂੰ ਦੱਸ ਕਿ ਨਮਾਜ ਕਿਵੇ ਪੜਿਆ ਕਰੀਏ। ਹਾਰ ਕੇ ਨਵਾਬ ਨੇ ਵੀ ਕਹਿ ਹੀ ਦਿੱਤਾ ਕਿ ਚੱਲ ਨਾਨਕ ਸਾਡੇ ਨਾਲ। ਆਓ ਨਮਾਜ ਪੜੀਏ।

ਸਣੇ ਗੁਰੂ ਨਾਨਕ, ਜਿਵੇ ਸਾਰੇ ਜਣੇ ਕਿਲੇ ਤੋਂ ਬਾਹਰ ਨਿਕਲੇ ਤਾਂ ਖੁਸਰ ਫੁਸਰ ਸ਼ੁਰੂ ਹੋ ਗਈ। ਹਿੰਦੂਆਂ ਨੇ ਆਪਸ ਵਿੱਚ ਕਹਿਣਾ ਸ਼ੁਰੂ ਕਰ ਦਿੱਤਾ ਕਿ ਲਓ ਭੋਲੇ ਨਾਨਕ ਨੂੰ ਅਗਲਿਆਂ ਫਸਾ ਲਿਆ ਤੇ ਹੁਣ ਮੁਸਲਮਾਨ ਬਣਿਆ ਹੀ ਸਮਝੋ। ਗੱਲ ਬੇਬੇ ਜੀ ਤੇ ਭਾਈਆ ਜੀ ਤੱਕ ਵੀ ਪਹੁੰਚ ਗਈ। ਬੇਬੇ ਜੀ ਤਾਂ ਨਿਸਚਿੰਤ ਸਨ ਪਰ ਭਾਈਆਂ ਜੀ ਨੂੰ ਥੋੜੀ ਚਿੰਤਾ ਹੋਈ।

ਬਾਬਾ ਜੀ ਨਵਾਬ ਦੇ ਸਾਰੇ ਲਾਮ ਲਸ਼ਕਰ ਨਾਲ ਮਸੀਤ ਪਹੁੰਚ ਗਏ। ਮੌਲਾਣੇ ਨੇ ਬਾਂਗ ਦੇਣ ਓਪਰੰਤ ਸਭ ਮੋਮਨਾਂ ਨੂੰ ਸੁਚੇਤ ਕਰਦੇ ਹੋਏ ਜਦ ਕਾਬੇ ਵਲ ਨੂੰ ਮੂੰਹ ਕਰਵਾਇਆ ਤਾਂ ਬਾਬਾ ਨਾਨਕ ਆਪਣੀ ਮਸਤੀ ਵਿੱਚ ਜਿੱਥੇ ਖੜੇ ਸੀ ਓਥੇ ਹੀ ਖੜੇ ਰਹੇ। ਜਦੋਂ ਸਾਰਿਆ ਕਿਹਾ, "ਅਲਾਹ ਹੂ ਅਕਬਰ' ਤਾਂ ਬਾਬੇ ਨੇ ਵੀ ਕਹਿ ਦਿੱਤਾ। ਅਗਲਿਆਂ ਦੀ ਤਸੱਲੀ ਹੋ ਗਈ ਕਿ ਨਾਨਕ ਇਸਲਾਮ ਵਲ ਤੁਰ ਪਿਆ ਹੈ। ਫਿਰ ਜਿਵੇ ਜਿਵੇ ਮੌਲਾਣਾ ਨਮਾਜ ਪੜਾਉਦਾ ਗਇਆ ਬਾਕੀ ਵੀ ਸਭ ਪੜ੍ਹਦੇ ਗਏ। ਕਦੀ ਖਲੋਣ। ਕਦੀ ਬਹਿਣ। ਕਦੀ ਕੰਨਾਂ ਨੂੰ ਹੱਥ ਲਾਉਣ। ਬਾਬਾ ਨਾਨਕ ਮਸਤੀ 'ਚ ਖਲੋ ਕੇ ਸਭ ਵੇਖਦਾ ਰਿਹਾ।

ਨਮਾਜ ਮੁੱਕੀ। ਮੁੱਲਾਂ ਨੇ ਬਾਬੇ ਨੂੰ ਕਿਹਾ, "ਨਾਨਕ ਤੂੰ ਗੱਲਾਂ ਤਾਂ ਬੜੀਆ ਉੱਚੀਆਂ ਕਰਦਾ ਸੀ, ਫਿਰ ਸਾਡੇ ਨਾਲ ਨਮਾਜ ਕਿਓ ਨਹੀ ਪੜੀ? ਇਹ ਤਾਂ ਖੁਦਾ ਦੀ ਇਬਾਦਤ ਸੀ। ਅਸੀ ਕਿਹੜੀ ਗਲ ਗਲਤ ਕਹੀ?"

ਗੁਰੂ ਸਾਹਿਬ ਮੁਸਕ੍ਰਾਏ। ਇਸ ਤੇ ਮੁਲਾਂ ਨੂੰ ਬਹੁਤ ਗੁੱਸਾ ਆਇਆ।

ਗੁਰਦੁਆਰਾ ਨਮਾਜਗਾਹ ਬਣ ਗਇਆ ਗੁਰਦੁਆਰਾ ਅੰਤਰਯਾਤਮਾ ਸਾਹਿਬ

ਗੁਰੂ ਸਾਹਿਬ ਨੇ ਕਿਹਾ ਮੈਨੂੰ ਤਾਂ ਕੋਈ ਨਮਾਜ ਪੜ੍ਹਦਾ ਦਿਸਿਆ ਹੀ ਨਹੀ।

ਮੁੱਲਾਂ ਝੱਟ ਬੋਲ ਉਠਿਆ, "ਕਿਓ ਤੈਨੂੰ ਮੈਂ ਨਮਾਜ ਪੜ੍ਹਦਾ ਨਜਰ ਨਾਂ ਆਇਆ? ਜੇ ਨਮਾਜ ਨਹੀ ਸੀ ਤੇ ਕੀ ਮੈਂ ਆਰਤੀ (ਹਿੰਦੂਆਂ

ਦੀ) ਕਰ ਰਿਹਾ ਸੀ?"

ਗੁਰੂ ਸਾਹਿਬ ਨੇ ਫਰਮਾਇਆ "ਮੌਲਾਣਾ ਜੀ ਤੁਸੀ ਕਦੋਂ ਨਮਾਜ ਪੜ੍ਹੀ ? ਤੁਹਾਨੂੰ ਤਾਂ ਆਪਣੀ ਘੋੜੀ ਦੀ ਵਛੇਰੀ ਦੀ ਫਿਕਰ ਪਈ ਹੋਈ ਸੀ। ਕਿ ਹਾਏ ਅੱਲਾਹ ਅੱਜ ਹੀ ਘੋੜੀ ਸੂਈ ਹੈ। ਵਛੇਰੀ ਬੰਨੀ ਨਹੀ। ਘਰ ਵਿੱਚ ਖੂਹੀ ਹੈ ਕਿਤੇ ਵਛੇਰੀ ਖੂਹ ਵਿੱਚ ਨਾਂ ਡਿੱਗ ਪਵੇ।"

ਮੁੱਲਾਂ ਦੇ ਤਾਂ ਪੈਰਾਂ ਥੱਲਿਓ ਜਿਵੇ ਜਮੀਨ ਹੀ ਨਿਕਲ ਗਈ ਹੋਵੇ। ਬੋਲ ਉਠਿਆ, "ਨਾਨਕ ਤੂੰ ਮੋਦੀ ਨਹੀ। ਤੂੰ ਖੁਦਾ ਦਾ ਬੰਦਾ ਏ। ਤੂੰ ਤਾਂ ਕੋਈ ਗੌਂਸ ਪਾਕ ਹੈ।"

ਨਵਾਬ ਨੇ ਕਿਹਾ ਨਾਨਕ ਜੇ ਮੌਲਾਣੇ ਦੀ ਸੁਰਤ ਨਮਾਜ ਵਿਚ ਨਹੀ ਸੀ ਤਾਂ ਤੂੰ ਮੇਰੇ ਮਗਰ ਹੀ ਨਮਾਜ ਪੜ੍ਹ ਲੈਂਦਾ?

ਗੁਰੂ ਸਾਹਿਬ ਨੇ ਕਿਹਾ ਨਵਾਬ ਸਾਹਿਬ ਮੈਂ ਤਾਂ ਤੁਹਾਡੇ ਨਾਲ ਸੀ। ਜਦੋਂ ਤੁਸੀ ਅਰਬ ਦੇਸ ਵਿੱਚ ਘੋੜੇ ਖਰੀਦ ਰਹੇ ਸੀ। ਖੁਦਾ ਵਲ ਧਿਆਨ ਤਾਂ ਤੁਹਾਡਾ ਗਇਆ ਹੀ ਨਹੀ। ਨਵਾਬ ਸਭ ਦੇ ਸਾਹਮਣੇ ਸ਼ਰਮਸਾਰ ਸੀ। ਕਿਹਾ ਜਾਂਦਾ ਹੈ ਕਿ ਸਭ ਦੇ ਸਾਹਮਣੇ ਨਵਾਬ ਬਾਬਾ ਜੀ ਤੇ ਪੈਰਾਂ ਤੇ ਢਹਿ ਪਿਆ। ਉਨੂੰ ਤਾਂ ਪਹਿਲਾਂ ਹੀ ਪਤਾ ਸੀ ਕਿ ਨਾਨਕ ਜਾਣੀ ਜਾਣ ਹੈ। ਖੁਦਾ ਦਾ ਬੰਦਾ ਹੈ। ਉਹ ਤਾਂ ਮੌਲਾਣਿਆ ਦੇ ਕਹੇ ਕਹਾਏ ਜਿੱਦ ਵਿੱਚ ਆ ਕੇ ਬਾਬੇ ਨੂੰ ਨਮਾਜ ਪੜਾਉਣ ਲੈ ਗਇਆ ਸੀ।

ਓਦੋ ਹੀ ਫਿਰ ਵਿੱਚੋਂ ਕਿਸੇ ਨੇ ਕਹਿ ਦਿੱਤਾ ਕਿ ਨਾਨਕ ਹੁਣ ਤੁਸੀ ਹੀ ਦੱਸ ਦਿਓ ਕਿ ਨਮਾਜ ਕਿਸ ਤਰਾਂ ਪੜੀਏ। ਗੁਰੂ ਸਾਹਿਬ ਨੇ ਓਦੋਂ ਸ਼ਬਦ ਉਚਾਰਿਆ:

ਸਲੋਕੁ ਮਃ ੧ ॥ ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥ ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥ ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥ ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥੧॥ ਮਃ ੧ ॥ ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥ ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥ ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥੨॥ ਮਃ ੧ ॥ ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥ ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥ ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥ ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥ ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥੩॥ ਪਉੜੀ ॥ ਇਕਿ ਰਤਨ ਪਦਾਰਥ ਵਣਜਦੇ ਇਕਿ ਕਚੈ ਦੇ ਵਾਪਾਰਾ ॥ ਸਤਿਗੁਰਿ ਤੁਠੈ ਪਾਈਅਨਿ ਅੰਦਰਿ ਰਤਨ ਭੰਡਾਰਾ ॥ ਵਿਣੁ ਗੁਰ ਕਿਨੈ ਨ ਲਧਿਆ ਅੰਧੇ ਭਉਕਿ ਮੁਏ ਕੂੜਿਆਰਾ ॥ ਮਨਮੁਖ ਦੂਜੈ ਪਚਿ ਮੁਏ ਨਾ ਬੂਝਹਿ ਵੀਚਾਰਾ ॥ ਇਕਸੁ ਬਾਝਹੁ ਦੂਜਾ ਕੋ ਨਹੀ ਕਿਸੁ ਅਗੈ ਕਰਹਿ ਪੁਕਾਰਾ ॥ ਇਕਿ ਨਿਰਧਨ ਸਦਾ ਭਉਕਦੇ ਇਕਨਾ ਭਰੇ ਤੁਜਾਰਾ ॥ ਵਿਣੁ ਨਾਵੈ ਹੋਰੁ ਧਨੁ ਨਾਹੀ ਹੋਰੁ ਬਿਖਿਆ ਸਭੁ ਛਾਰਾ ॥ ਨਾਨਕ ਆਪਿ ਕਰਾਏ ਕਰੇ ਆਪਿ ਹੁਕਮਿ ਸਵਾਰਣਹਾਰਾ ॥੭॥

ਕਿ ਨਮਾਜ ਇਹ ਹੋਣੀ ਚਾਹੀਦੀ ਹੈ ਕਿ ਦਿੱਲ ਵਿਚ ਹਮੇਸ਼ਾਂ ਰੱਬ ਦੇ ਜੀਆਂ ਲਈ ਦਿਆ ਹੋਵੇ, ਹੱਕ ਦੀ ਗੱਲ ਹੋਵੇ, ਇਨਸਾਨ ਨੇਕ ਕਰਣੀ ਤੇ ਕਿਰਤ ਦੀ ਕਦਰ ਕਰਦਾ ਹੋਵੇ, ਪਰਾਇਆ ਹੱਕ ਨਾਂ ਖਾਂਦਾ ਹੋਵੇ, ਸੱਚਾ ਚਾਲ ਚਲਣ ਹੋਵੇ, ਰੱਬ ਦਾ ਡਰ ਹਮੇਸ਼ਾ ਦਿੱਲ ਵਿਚ ਹੋਵੇ।

✚ ਜਿਥੇ ਗੁਰੂ ਸਾਹਿਬ ਨੇ ਨਮਾਜ ਪੜੀ ਸੀ ਉਸ ਮਸੀਤ ਨੂੰ ਨਮਾਜਗਾਹ ਕਿਹਾ ਜਾਂਦਾ ਸੀ। ਕੁਦਰਤੀ ਇਸ ਮਸੀਤ ਤੇ 1947 ਵੇਲੇ ਕਬਜਾ ਬਕਾਇਦਾ ਮੁਸਲਮਾਨਾਂ ਦਾ ਸੀ। ਫਿਰ ਵੀ ਮਸੀਤ ਵਿੱਚ ਗੁਰੂ ਸਾਹਿਬ ਦੀ ਯਾਦ ਵਿੱਚ ਮੰਜੀ ਸਾਹਿਬ (ਥੜਾ) ਬਣਿਆ ਹੋਇਆ ਸੀ।

ਬਦਕਿਸਮਤੀ ਨਾਲ ਬਾਦ ਵਿੱਚ ਕਾਰ ਸੇਵਾ ਵਾਲੇ ਬਾਬਾ ਜਗਤਾਰ ਸਿੰਘ ਨੇ ਉਸ ਮਸੀਤ ਦਾ ਨਾਮੋ ਨਿਸ਼ਾਨ ਮਿਟਾ ਦਿੱਤਾ ਤੇ ਮੰਜੀ ਸਾਹਿਬ ਵੀ ਗਾਇਬ ਕਰ ਦਿੱਤਾ। ਨਮਾਜਗਾਹ ਦਾ ਨਾਮ ਹੁਣ ਉਨਾਂ ਗੁਰਦਵਾਰਾ ਅੰਤਰਯਾਤਮਾ ਰੱਖ ਦਿੱਤਾ ਹੈ। ਇਹ ਸਿੱਖ ਪੰਥ ਦਾ ਨਾਂ ਪੂਰਾ ਹੋਣ ਵਾਲਾ ਨੁਕਸਾਨ ਕੀਤਾ ਇਸ ਕਾਰ ਸੇਵਾ ਵਾਲੇ ਨੇ।

ਗੁਰੂ ਸਾਹਿਬ ਨੇ ਨਵਾਬ ਦੀ ਨੌਕਰੀ ਤਾਂ ਹਾਲਾਂ ਛੱਡ ਦਿੱਤੀ ਸੀ ਪਰ ਨਵਾਬ ਤੇ ਗੁਰੂ ਸਾਹਿਬ ਦਰਮਿਆਨ ਸਬੰਧ ਮੁਰੀਦ-ਮੁਰਸ਼ਦ ਵਾਲੇ ਬਣ ਗਏ ਸਨ। ਪੂਰਬ ਦੀਆਂ ਉਦਾਸੀਆਂ ਉਪਰੰਤ ਵੀ ਗੁਰੂ ਸਾਹਿਬ ਨਵਾਬ ਨੂੰ ਆਪ ਜਾ ਕੇ ਮਿਲੇ ਸਨ।

ਗੁਰੂ ਸਾਹਿਬ ਨੇ ਸੰਮਤ 1564 ਵਿਚ ਮੋਦੀਖਾਨਾ ਤਿਆਗਿਆ। ਕੁਝ ਮਹੀਨੇ ਸੁਲਤਾਨਪੁਰ ਹੀ ਰਹੇ ਤੇ ਫਿਰ ਮਰਦਾਨੇ ਨਾਲ ਇਥੋਂ ਰਵਾਨਾ ਹੋ ਗਏ।

—◈—

ਮੋਦੀਖਾਨਾ ਛੱਡਣ ਦੀ ਖਬਰ ਸੁਣ ਪਿਤਾ ਦੌੜਾ ਆਇਆ

ਗੁਰੂ ਸਾਹਿਬ ਦੇ ਘਰ ਵਿੱਚ ਪ੍ਰਵਾਰ ਸਾਰਾ ਇਕੱਠਾ ਬੈਠਾ ਸੀ। ਮਤਲਬ ਮਾਤਾ ਸੁਲੱਖਣੀ ਦੋਨੋਂ ਸਾਹਿਬਜਾਦੇ ਸਣੇ ਭਾਈਆ ਜੈਰਾਮ ਤੇ ਭੈਣ ਨਾਨਕੀ ਜੀ। ਭੈਣ ਤੇ ਭਣਵੱਈਏ ਨੇ ਸਤਿਕਾਰ ਪੂਰਬਕ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਬਾਬਾ ਜੀ ਮੋਦੀਖਾਨਾ ਸੰਭਾਲੋ ਤੇ ਆਪਣੀ ਗ੍ਰਿਸਤ ਪਾਲੋ। ਗੁਰੂ ਸਾਹਿਬ ਨੇ ਭਾਈਆ ਜੀ ਨੂੰ ਕਿਹਾ ਕਿ ਮੇਰਾ ਪ੍ਰਵਾਰ ਤੁਸੀ ਸੰਭਾਲੋ। ਤੁਹਾਨੂੰ ਮਾਇਆ ਦੀ ਤੋਟ ਨਹੀ ਆਏਗੀ। ਗੱਲ ਨੂੰ ਸਮਝੋ ਕਿ ਮੈਨੂੰ ਨਿਰੰਕਾਰ ਦਾ ਜੋ ਹੁਕਮ ਹੈ ਉਸ ਮੁਤਾਬਿਕ ਮੈਂ ਪੂਰਾ ਸਮਾਂ ਲੋਕ ਕਲਿਆਣ ਵਾਸਤੇ ਲਾਉਣ ਜਾ ਰਿਹਾ ਹਾਂ। ਜਿਵੇ ਵੱਖ ਵੱਖ ਜੀਵਾਂ ਨੂੰ ਰੱਬ ਨੇ ਵੱਖ ਵੱਖ ਆਹਰੇ ਲਾਇਆ ਹੈ ਨਿਰੰਕਾਰ ਨੇ ਮੈਨੂੰ ਧਰਮ ਦੇ ਕੰਮ ਲਈ ਚੁਣਿਆ ਹੈ।

ਪੈੜ ਸਫਾ

⊙ ਨਾਲੇ ਵੇਖੋ - Connecting Dots in Sikh History - Harbans Singh Noor:18

1499 ਈ. ਵਿੱਚ ਯੂ.ਪੀ ਦੇ ਯੋਧਨ ਨਾਮ ਦੇ ਬ੍ਰਾਹਮਣ ਦੀ ਹੱਤਿਆ ਦਾ ਹੁਕਮ ਸਿਕੰਦਰ ਲੋਧੀ ਨੇ ਦਿੱਤਾ ਸੀ ਜਿਸ ਯੋਧਨ ਨੇ ਇਹ ਕਿਹਾ ਸੀ ਕਿ ਇਸਲਾਮ ਵੀ ਠੀਕ ਤੇ ਹਿੰਦੂ ਧਰਮ ਵੀ ਠੀਕ ਹੈ। ਇਸ ਬਿਆਨ ਤੇ ਸਮੁੱਚੀ ਮੌਲਾਣਾ ਬਰਾਦਰੀ ਬੁਖਲਾਅ ਉਠੀ ਸੀ ਕਿ ਪੱਥਰਾਂ ਦੀ ਪੂਜਾ ਕਰਨ ਵਾਲਾ ਹਿੰਦੂ ਧਰਮ ਕਿਵੇ ਸੱਚਾ ਹੋ ਗਿਆ। ਓਦੋਂ ਇਸਲਾਮ ਦੇ ਵੱਡੇ ਵੱਡੇ ਵਿਦਵਾਨਾਂ ਨੇ ਯੋਧਨ ਦੇ ਬਿਆਨ ਤੇ ਆਪਣੀ ਰਾਇ ਦਿੱਤੀ ਸੀ ਤੇ ਅਖੀਰ ਸੁਲਤਾਨ ਦੇ ਹੁਕਮ ਨਾਲ ਉਨੂੰ ਕਤਲ ਕਰ ਦਿੱਤਾ ਗਇਆ ਕਿਉਕਿ ਉਸ ਨੇ ਮੁਸਲਮਾਨ ਬਣਨ ਤੋਂ ਨਾਂਹ ਕਰ ਦਿੱਤੀ ਸੀ।

ਇਹ ਖਬਰ ਹੌਲੀ ਹੌਲੀ ਸਾਰੇ ਭਾਰਤ ਵਿੱਚ ਫੈਲ ਗਈ ਸੀ। ਕਿਉਕਿ ਵੱਡੀ ਬਹਿਸ ਤੋਂ ਬਾਦ ਹੀ ਉਨੂੰ ਕਤਲ ਕੀਤਾ ਗਇਆ ਸੀ। ਯੋਧਨ ਨੇ ਤਾਂ ਕਿਹਾ ਸੀ ਕਿ ਦੋਵੇ ਮਜ਼੍ਹਬ ਸੱਚੇ ਨੇ ਤੇ ਗੁਰੂ ਸਾਹਿਬ ਨੇ ਕਹਿ ਦਿੱਤਾ ਕਿ ਮੈਨੂੰ ਤਾਂ ਕਿਤੇ ਕੋਈ ਮੁਸਲਮਾਨ ਜਾਂ ਸੱਚਾ ਹਿੰਦੂ ਨਜਰ ਨਹੀ ਆਉਦਾ: "ਨ ਕੋ ਹਿੰਦੂ ਨ ਮੁਸਲਮਾਨ"।

ਮੌਲਵੀਆਂ ਗੁਰੂ ਸਾਹਿਬ ਦੇ ਇਸ ਬਿਆਨ ਨੂੰ ਵੀ ਝੰਡੇ ਤੇ ਚੜਾਉਣਾ ਚਾਹਿਆ। ਪਰ ਮਸੀਤ ਵਿੱਚ ਨਮਾਜ ਪੜ੍ਹਨ ਵਾਲੀ ਘਟਨਾ ਨੇ ਗੁਰੂ ਸਾਹਿਬ ਨੂੰ ਸੱਚ ਸਾਬਤ ਕਰ ਦਿੱਤਾ ਤੇ ਸਣੇ ਨਵਾਬ ਸਭ ਸ਼ਰਮਿੰਦੇ ਹੋਏ ਸਨ।

✚ ਸਾਈਕਲ ਯਾਤਰੀ- 298 ਅਨੁਸਾਰ

ਪਉੜੀ ॥ ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥ ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥ ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥ ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥

ਭਾਵ ਨਾਨਕ ਨੇ ਐਲਾਨ ਕਰ ਦਿੱਤਾ ਕਿ ਨਿਰੰਕਾਰ ਨੇ ਉਨਾਂ ਨੂੰ ਧਰਮ ਦੇ ਕਾਰਜ ਲਈ ਚੁੱਣ ਲਿਆ ਹੈ ਤੇ ਖਿਲਅਤ ਭਾਵ ਸਿਰੋਪਾ ਬਖਸ਼ ਦਿੱਤਾ ਹੈ। ਬਾਬੇ ਨੇ ਕਿਹਾ ਕਿ ਵੇਈ ਪ੍ਰਵੇਸ਼ ਦੌਰਾਨ ਉਨਾਂ ਦਾ ਨਿਰੰਕਾਰ ਨਾਲ ਮੇਲ ਹੋ ਚੁੱਕਾ ਹੈ ਤੇ ਨਿਰੰਕਾਰ ਨੇ ਬਾਬੇ ਨੂੰ ਸਿਫਤ ਸਾਲਾਹ (ਨਾਮ) ਦੀ ਦਾਤ ਬਖਸ਼ ਦਿੱਤੀ ਹੈ ਜੋ ਮੈਂ ਦੁਨੀਆਂ ਵਿੱਚ ਵੰਡਾਂਗਾ।

ਨੌਕਰੀ ਛੱਡਣ ਵਾਲੀ ਖਬਰ ਤਲਵੰਡੀ ਪਿਤਾ ਕੋਲ ਵੀ ਪਹੁੰਚ ਗਈ ਤੇ ਉਹ ਵੀ ਸੁਲਤਾਨਪੁਰ ਪਹੁੰਚ ਗਇਆ ਕਿ ਨਾਨਕ ਨੂੰ ਡਾਟ ਮਾਰਦਾ ਹਾਂ ਕਿ ਸ਼ਾਇਦ ਦੁਬਾਰਾ ਕੰਮ ਤੇ ਮੁੜ ਜਾਵੇ।

ਗੁਰੂ ਸਾਹਿਬ ਦੀ ਦਲੀਲ ਸੁਣ ਪਿਤਾ ਕਾਲੂ ਤਲਖੀ ਵਿੱਚ ਜਿਵੇ ਆਉਣ ਲੱਗੇ ਭਾਈਆ ਜੈਰਾਮ ਨੇ ਮਹਿਤਾ ਕਾਲੂ ਨੂੰ ਸਮਝਾਇਆ ਕਿ :

"ਤੁਸੀ ਭਾਗਾਂ ਵਾਲੇ ਹੋ ਤੁਹਾਡੇ ਘਰ ਵਿੱਚ ਪੈਗੰਬਰ ਦਾ ਜਨਮ ਹੋਇਆ ਹੈ। ਨਾਨਕ ਬਹੁਤ ਉੱਚ ਕੋਟੀ ਦਾ ਅਵਤਾਰ ਹੈ। ਇਥੇ ਨਵਾਬ ਜੀ ਨੇ ਕਈ ਵਾਰੀ ਬਾਬਾ ਜੀ ਦੀ ਗੱਲ ਕਈ ਆਉਲੀਆਂ ਤੇ ਪੰਡਤਾਂ ਨਾਲ ਚਲਵਾਈ ਹੈ। ਹਰ ਕੋਈ ਅੰਤ ਵਿੱਚ ਨਾਨਕ ਅੱਗੇ ਗੋਡੇ ਟੇਕ ਦਿੰਦਾ ਹੈ। ਬਾਬਾ ਜੀ ਨੂੰ ਧਰਮ ਦਾ ਕੰਮ ਕਰਨ ਦਿਓ। ਇਸ ਵਿੱਚ ਰੁਕਾਵਟ ਨਾਂ ਪਾਓ। ਕਿਤੇ ਤੁਹਾਨੂੰ ਕੋਈ ਸਰਾਪ ਨਾਂ ਲੱਗ ਜਾਏ। ਸਿਰਫ ਅਸੀ ਦੋਹਾਂ ਜੀਆਂ ਹੀ ਨਹੀ ਸਾਰੇ ਸੁਲਤਾਨ ਪੁਰ ਨੇ ਬਾਬਾ ਜੀ ਦੀਆਂ ਕਰਾਮਾਤਾਂ ਵੇਖੀਆਂ ਹਨ।"

"ਵੇਈਂ ਵਿੱਚੋਂ ਦੁਬਾਰਾ ਪ੍ਰਗਟ ਹੋ ਕੇ ਬਾਬੇ ਨੇ ਲੋਕਾਈ ਨੂੰ "ੴ ਸਤਿਨਾਮ..... ਗੁਰਪ੍ਰਸਾਦਿ" ਅਤੇ "ਆਦਿ ਸਚੁ ਜੁਗਾਦਿ ਸਚੁ" ਦਾ ਜੋ ਉਪਦੇਸ਼ ਦਿੱਤਾ ਹੈ ਉਹ ਤਾਂ ਸੁਲਤਾਨਪੁਰ ਘਰ ਘਰ ਪਹੁੰਚ ਗਇਆ ਹੈ। ਬਾਬਾ ਜੀ ਦੇ ਨੇਕ ਕੰਮ ਵਿੱਚ ਰੁਕਾਵਟ ਪਾ ਕੇ ਮਹਿਤਾ ਜੀ ਤੁਸੀ ਪਾਪਾਂ ਦੇ ਭਾਗੀ ਨਾਂ ਬਣੋ।"

"ਜਿਥੋਂ ਤਕ ਸ੍ਰੀਚੰਦ ਅਤੇ ਲਖਮੀ ਦਾਸ ਬੱਚਿਆਂ ਦਾ ਸਬੰਧ ਹੈ ਉਨਾਂ ਨੂੰ ਅਸੀ ਪਾਲਾਂਗੇ।"

ਧੀ-ਜਵਾਈ ਦੀਆਂ ਗੱਲਾਂ ਸੁਣ ਕੇ ਮਹਿਤਾ ਕਾਲੂ ਵੀ ਚੁੱਪ ਹੋ ਗਏ ਅਤੇ ਅਗਲੇ ਦਿਨ ਮਹਿਤਾ ਕਾਲੂ ਤਲਵੰਡੀ ਪਰਤ ਆਏ।

ਸੁਲਤਾਨਪੁਰ ਵਿਚ ਹਰ ਥਾਂ ਬਾਬਾ ਨਾਨਕ ਬਾਬਾ ਨਾਨਕ ਹੋ ਰਿਹਾ ਸੀ।

ਬਾਬੇ ਨੇ ਸਾਧੂ ਫਕੀਰਾਂ ਵਾਲਾ ਭੇਸ ਕਿਓ ਧਾਰਨ ਕੀਤਾ?

ਪਿਛੇ ਜਿਵੇ ਸਾਖੀ ਵਿੱਚ ਆਇਆ ਹੈ ਕਿ ਮੋਦੀ ਖਾਨੇ ਦੇ ਹਿਸਾਬ ਦਾ ਔਡਿਟ (ਹਿਸਾਬ ਦੀ ਪੜਤਾਲ) ਹੋਈ ਤਾਂ ਬਾਬੇ ਦੇ 760 ਰੁਪਏ (ਅੱਜ ਦੇ ਹਿਸਾਬ 2, 88800 ਰੁਪਏ) ਵਧੇ ਸਨ ਤੇ ਬਾਬੇ ਨੇ ਕਹਿ ਦਿੱਤਾ ਮੈਨੂੰ ਇਹ ਪੈਸੇ ਨਹੀ ਚਾਹੀਦੇ ਇਹ ਸਾਧੂ, ਫਕੀਰਾਂ, ਗਰੀਬਾਂ ਵਿੱਚ ਵੰਡ ਦਿੱਤੇ ਜਾਣ। ਤੇ ਬਾਬੇ ਨੇ ਮੋਦੀਖਾਨਾ ਵੀ ਵਾਪਸ ਨਵਾਬ ਦੇ ਸਪੁਰਦ ਕਰ ਦਿੱਤਾ ਸੀ।

ਬਾਬੇ ਨੇ ਫਕੀਰਾਂ ਵਾਲਾ ਲਿਬਾਸ ਪਾ ਲਿਆ ਤੇ ਸਾਰਾ ਦਿਨ ਸਾਧਾਂ ਫਕੀਰਾਂ ਨਾਲ ਰਿਹਾ ਕਰਨ। ਬਾਬੇ ਨੇ ਸਾਧੂਆਂ ਜਾਂ ਫਕੀਰਾਂ ਦੀ ਕਿਸੇ ਖਾਸ ਸੰਪਰਦਾਇ ਜਾਂ ਸਿਲਸਿਲੇ ਤੋਂ ਦਖਣਾ ਤਾਂ ਲਈ ਨਹੀ ਸੀ ਇਸ ਕਰਕੇ ਇਨਾਂ ਨੇ ਭੇਸ ਵੀ ਅੱਧਾ ਹਿੰਦੂ ਸਾਧੂਆਂ ਵਾਲਾ ਤੇ ਅੱਧਾ ਮੁਸਲਮਾਨ ਫਕੀਰਾਂ ਵਾਲਾ ਬਣਾਇਆ। ਇਸ ਗੱਲ ਤੇ ਦੋਵਾਂ ਫਿਰਕੇ ਦੇ ਸਾਧਾਂ ਫਕੀਰਾਂ ਨੂੰ ਵੇਖ ਗੁੱਸਾ ਆ ਜਾਂਦਾ ਸੀ ਤੇ ਗੁਰੂ ਨਾਨਕ ਫਿਰ ਸੰਵਾਦ ਰਚ ਲੈਂਦੇ ਸੀ। ਗੱਲ ਬਾਤ ਸ਼ੁਰੂ ਕਰ ਦਿੰਦੇ ਸਨ। ਜਿਵੇ ਭਾਈ ਗੁਰਦਾਸ ਨੇ ਲਿਖਿਆ ਹੈ:

ਖਾਧੀ ਖੁਣਸ ਜੋਗੀਸ਼ਰਾਂ ਗੋਸਟ ਕਰਨ ਸਭੇ ਉਠ ਆਈ॥
ਪੁਛੇ ਜੋਗੀ ਭੰਗ੍ਰ ਨਾਥ ਤੁਹਿ ਦੁਧ ਵਿਚ ਕਿਉਂ ਕਾਂਜੀ ਪਾਈ॥
ਫਿਟਿ ਆ ਚਾਟਾ ਦੁਧ ਦਾ ਰਿੜਕਿਆਂ ਮਖਣ ਹਥ ਨ ਆਈ॥
ਭੇਖ ਉਤਾਰ ਉਦਾਸ ਦਾ ਵਤ ਕਿਉਂ ਸੰਸਾਰੀ ਰੀਤ ਚਲਾਈ॥
ਨਾਨਕ ਆਖੇ ਭੰਗ੍ਰਨਾਥ ਤੇਰੀ ਮਾਉ ਕੁਚੱਜੀ ਆਈ॥
ਭਾਂਡਾ ਧੋਇ ਨ ਜਾਤਿਓਨ ਭਾਇ ਕੁਚਜੇ ਫੁਲ ਸੜਾਈ॥
ਹੋਇ ਅਤੀਤ ਗ੍ਰਿਹਸਤ ਤਜ ਫਿਰ ਉਨ੍ਹੂੰਕੇ ਘਰ ਮੰਗਨ ਜਾਈ॥
ਬਿਨ ਦਿੱਤੇ ਕਿਛ ਹਥ ਨ ਆਈ ॥

ਸਾਧੂਆਂ ਵਾਲਾ ਭੇਖ ਬਣਾਉਣਾ ਇਸ ਕਰਕੇ ਜਰੂਰੀ ਸੀ ਕਿ ਗੁਰੂ ਸਾਹਿਬ ਬਿਹੰਗਮ ਹੋ ਚੁੱਕੇ ਸਨ ਤੇ ਰੋਜ ਮ ਰੋਜ ਯਾਤਰਾ ਸਫਰ ਤੇ ਰਹਿੰਦੇ ਸਨ। ਓਨੀ ਦਿਨੀ ਸਾਧੂ ਫਕੀਰਾਂ ਵਾਸਤੇ ਯਾਤਰਾ ਕਰਨੀ ਸੌਖੀ ਸੀ, ਪਰ ਗ੍ਰਿਸਤੀ ਬੰਦੇ ਵਾਸਤੇ ਮੁਸ਼ਕਲ। ਗ੍ਰਿਸਤੀ ਅਕਸਰ ਲੁੱਟਿਆ ਜਾਂਦਾ ਸੀ। ਸਾਧੂ ਫਕੀਰ ਆਪਣੇ ਕੋਲ ਕੋਈ ਕੀਮਤੀ ਵਸਤੂ ਨਹੀ ਸਨ ਰੱਖਦੇ। ਇਥੋਂ ਤਕ ਵੀ ਕਪੜੇ ਵੀ ਘੱਟ ਤੋਂ ਘੱਟ ਹੀ ਪਹਿਨਦੇ ਸਨ। ਸਾਧੂਆਂ ਬਾਬਤ ਕਹਾਵਤ ਮਸ਼ਹੂਰ ਸੀ: 'ਪੱਲੇ ਰਿਜ਼ਕ ਨਾਂ ਬੰਨਦੇ, ਪੰਛੀ ਤੇ ਦਰਵੇਸ਼।'

ਮਾਲਾ ਵੀ ਸਾਧੂਆਂ ਦੀ ਪਛਾਣ ਹੁੰਦੀ ਸੀ। ਪਰ ਗੁਰੂ ਸਾਹਿਬ ਦੀ ਤਾਂ ਨਿਰੰਕਾਰ ਨਾਲ ਮੁਹੱਬਤ ਸੀ। ਇਸ ਕਰਕੇ ਉਹ ਰੱਬ ਦਾ ਨਾਂ ਗਿਣ ਕੇ ਨਹੀ ਸਨ ਲੈਂਦੇ। ਉਂਜ ਹੋ ਸਕਦੈ ਸਾਧੂ ਪਹਿਰਾਵੇ ਦੇ ਤੌਰ ਤੇ ਗੁਰੂ ਸਾਹਿਬ ਨੇ ਮਾਲਾ ਵੀ ਕਦੀ ਗਲ ਵਿਚ ਪਾਈ ਹੋਵੇ। ਹੱਡਾਂ ਦੀ ਮਾਲਾ ਗੱਲ ਵਿੱਚ ਪਾਉਣ ਦਾ ਤਾਂ ਸਪੱਸ਼ਟ ਸਬੂਤ ਮਿਲਦਾ ਹੈ। ਇਹ ਤਾਂ ਹੋਰ ਵੀ ਖਿੱਚ ਦਾ ਕਾਰਨ ਬਣੀ ਹੋਵੇਗੀ।

ਕਦੀ ਗੁਰੂ ਸਾਹਿਬ ਦਾ ਅੱਧਾ ਪਹਿਰਾਵਾ ਹਿੰਦੂ ਸਾਧੂਆਂ ਵਾਲਾ ਹੁੰਦਾ ਅਤੇ ਅੱਧਾ ਮੁਸਲਮਾਨ ਫਕੀਰਾਂ ਵਾਲਾ ਹੁੰਦਾ। ਕਦੀ ਇਕ ਪੈਰ ਵਿਚ ਲੱਕੜ ਦੀ ਖੜਾਂ ਤੇ ਦੂਸਰੇ ਤੇ ਜੁੱਤੀ (ਪੰਜਾਬੀ ਜੁੱਤੀ ਭਾਵ ਖੋਸਾ। ਕਈ ਥਾਂਈ ਖੋਸੇ ਕੌਂਸ ਵੀ ਲਿਖਿਆ ਮਿਲਦਾ ਹੈ।) ਪਾ ਲੈਂਦੇ।

ਸਹੁਰਾ ਲੈ ਆਇਆ ਓਜ਼ਾ ਪੰਡਤ, ਨਾਨਕ ਨੂੰ ਸਮਝਾਵਣ

ਗੁਰੂ ਸਾਹਿਬ ਦੇ ਸਹੁਰੇ ਨੂੰ ਪਤਾ ਚੱਲਿਆ ਸੀ ਕਿ ਪ੍ਰਾਹੁਣੇ ਨੇ ਮੋਦੀਖਾਨਾ ਤਿਆਗ ਦਿੱਤਾ ਹੈ ਤੇ ਸਾਧਾਂ ਫਕੀਰਾਂ ਨਾਲ ਵਕਤ ਬਿਤਾਉਦਾ ਹੈ ਤੇ ਘਰ ਗ੍ਰਿਸਤੀ ਦਾ ਉਨੂੰ ਕੋਈ ਫਿਕਰ ਨਹੀ।

ਮੂਲਾ ਸਮਝਦਾ ਸੀ ਕਿ ਜਿੰਨਾਂ ਨਾਨਕ ਸਿਆਣਾ ਹੈ ਜੇ ਕਿਤੇ ਕਾਰੋਬਾਰ ਵਲ ਧਿਆਨ ਦੇਵੇ ਤਾਂ ਇਹ ਵੱਡਾ ਵਜੀਰ ਜਾਂ ਦੀਵਾਨ ਜਾਂ ਕੋਈ ਮੀਰ ਬਖਸੀ ਬਣ ਸਕਦਾ ਹੈ। ਮੂਲੇ ਦੀ ਨਿਗਾਹ ਵਿੱਚ ਬਟਾਲੇ ਦਾ ਇੱਕ ਬਹੁਤ ਹੀ ਮਸ਼ਹੂਰ ਵਿਦਵਾਨ ਪੰਡਤ ਸ਼ਾਮ ਲਾਲ ਸੀ। ਜਿਸ ਦੀਆਂ ਵਿਦਵਤਾਂ ਦੀਆਂ ਧੂੰਮਾਂ ਦੂਰ ਦੂਰ ਤੱਕ ਪਈਆਂ ਹੋਈਆਂ ਸਨ।

ਮੂਲ ਚੰਦ ਸ਼ਾਮ ਲਾਲ ਨੂੰ ਲੈ ਕੇ ਇੱਕ ਦਿਨ ਸੁਲਤਾਨ ਪੁਰ ਆ ਪਹੁੰਚਿਆ। ਪਤਾ ਲੱਗਾ ਕਿ ਨਾਨਕ ਤਾਂ ਕਬਰਾਂ (ਜਿਥੇ ਅਜਕਲ ਬੇਰ ਸਾਹਿਬ) ਵਿਖੇ ਕੁਝ ਫਕੀਰ ਕਿਸਮ ਦੇ ਲੋਕਾਂ ਨਾਲ "ਗੱਪ ਸ਼ੱਪ" ਕਰਦਾ ਰਹਿਦਾ ਹੈ। ਦੋਵੇ ਓਥੇ ਹੀ ਪਹੁੰਚ ਗਏ। ਮੂਲੇ ਨੇ ਗੁਰੂ ਸਾਹਿਬ ਨੂੰ ਬਹੁਤ ਤਾਹਨੇ ਮਿਹਣੇ ਦਿੱਤੇ।

ਹਾਲਾਤ ਠੰਡੇ ਹੋਣ ਤੇ ਪੰਡਤ ਨੇ ਸਵਾਲ ਕਰ ਦਿੱਤਾ ਕਿ ਤੁਸੀ ਪੜੇ ਲਿਖੇ ਹੋ ਕੇ ਸ਼ਹਿਰੋ ਬਾਹਰ ਆ ਬੈਠੇ ਹੋ ਇਹ ਤੁਹਾਨੂੰ ਸੋਭਦਾ ਨਹੀ। ਤੁਸੀ ਆਪਣੀ ਕਿਰਤ ਵਲ ਧਿਆਨ ਦਿਓ। ਕਿਹਾ ਜਾਂਦਾ ਕਿ ਅੱਗੋ ਗੁਰੂ ਸਾਹਿਬ ਨੇ ਜਵਾਬ ਵਿੱਚ ਸ਼ਬਦ ਉਚਾਰਿਆ:- ⊙

ਹਿੰਡੋਲ ਮਹਲਾ ੧ ॥ ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ ॥ ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ ॥੧॥ ਸੁਆਮੀ ਪੰਡਿਤਾ ਤੁਮ੍ ਦੇਹੁ ਮਤੀ ॥ ਕਿਨ ਬਿਧਿ ਪਾਵਉ ਪ੍ਰਾਨਪਤੀ ॥੧॥ ਰਹਾਉ ॥ ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ ॥ ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ ॥੨॥ ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ ॥ ਤਾ ਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ ॥੩॥ ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਹਾ ਹੀ ਸੇਤੀ ਵਾਸਾ ॥ ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ ॥੪॥੩॥੧੧

ਸ਼ਾਮ ਲਾਲ ਪੰਡਤ ਦੀ ਗੁਰੂ ਸਾਹਿਬ ਨਾਲ ਮਾਇਆ ਦੇ ਪਸਾਰੇ ਤੇ ਪ੍ਰਭੂ ਪ੍ਰਾਪਤੀ ਦੇ ਸਾਧਨਾ ਬਾਬਤ ਵਿਸਥਾਰ ਵਿੱਚ ਚਰਚੀ ਹੋਈ। ਗੁਰੂ ਸਾਹਿਬ ਨੇ ਪੰਡਤ ਨੂੰ ਨਿਰਉਤਰ ਕਰ ਦਿੱਤਾ। ਜਿਸ ਤੇ ਮੂਲੇ ਨੂੰ ਬਹੁਤ ਗੁੱਸਾ ਆਇਆ।

ਬ੍ਰਾਹਮਣ ਨੇ ਫਿਰ ਟੇਵੇ ਲਾ ਲਾ ਮੂਲੇ ਨੂੰ ਗੁਰੂ ਸਾਹਿਬ ਬਾਰੇ ਕੁਝ ਅਜਿਹੀ ਗੱਲਾਂ ਦੱਸੀਆਂ ਅਤੇ ਭੜਕਾਇਆ ਕਿ ਮੂਲ ਚੰਦ ਆਪਣੀ ਧੀ ਨੂੰ ਆਪਣੇ ਨਾਲ ਹੀ ਬਟਾਲੇ ਲੈ ਆਇਆ।

ਜਦੋਂ ਮਾਤਾ ਘੁੰਮੀ ਵੀ ਪਤੀ ਦਾ ਘਰ ਛੱਡ ਆਪਣੇ ਪਿਤਾ ਨਾਲ ਪੇਕੇ ਪੱਕੇ ਤੌਰ ਤੇ ਜਾਣ ਲਈ ਤਿਆਰ ਹੋ ਗਈ ਤਾਂ ਇਸ ਮੌਕੇ ਗੁਰੂ ਸਾਹਿਬ ਨੇ ਸੁਲੱਖਣੀ ਪ੍ਰਥਾਇ ਸ਼ਬਦ ਵੀ ਕਿਹਾ ਸੀ:✚

ਸਿਰੀਰਾਗੁ ਮਹਲਾ ੧ ॥ ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥ ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥ ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥੧॥ ਮੁੰਧੇ ਗੁਣਹੀਣੀ ਸੁਖੁ ਕੇਹਿ ॥ ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ ॥੧॥ ਰਹਾਉ ॥ ਪਿਰੁ ਪਰਦੇਸੀ ਜੇ ਥੀਐ ਧਨ ਵਾਂਢੀ ਝੂਰੇਇ ॥ ਜਿਉ ਜਲਿ ਥੋੜੈ ਮਛੁਲੀ ਕਰਣ ਪਲਾਵ ਕਰੇਇ ॥ ਪਿਰ ਭਾਵੈ ਸੁਖੁ ਪਾਈਐ ਜਾ ਆਪੇ ਨਦਰਿ ਕਰੇਇ ॥੨॥ ਪਿਰੁ ਸਾਲਾਹੀ ਆਪਣਾ ਸਖੀ ਸਹੇਲੀ ਨਾਲਿ ॥ ਤਨਿ ਸੋਹੈ ਮਨੁ ਮੋਹਿਆ ਰਤੀ ਰੰਗਿ ਨਿਹਾਲਿ ॥ ਸਬਦਿ ਸਵਾਰੀ ਸੋਹਣੀ ਪਿਰੁ ਰਾਵੇ ਗੁਣ ਨਾਲਿ ॥੩॥ ਕਾਮਣਿ ਕਾਮਿ ਨ ਆਵਈ ਖੋਟੀ ਅਵਗਣਿਆਰਿ ॥ ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ ਵੇਕਾਰਿ ॥ ਆਵਣੁ ਵੰਞਣੁ ਡਾਖੜੋ ਛੋਡੀ ਕੰਤਿ ਵਿਸਾਰਿ ॥੪॥ ਪਿਰ ਕੀ ਨਾਰਿ ਸੁਹਾਵਣੀ ਮੁਤੀ ਸੋ ਕਿਤੁ ਸਾਦਿ ॥ ਪਿਰ ਕੈ ਕਾਮਿ ਨ ਆਵਈ ਬੋਲੇ ਫਾਦਿਲੁ ਬਾਦਿ ॥ ਦਰਿ ਘਰਿ ਢੋਈ ਨਾ ਲਹੈ ਛੂਟੀ ਦੂਜੈ ਸਾਦਿ ॥੫॥ ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥ ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥ ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥ ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥ ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥੭॥ ਸਭਿ ਗੁਣਵੰਤੀ ਆਖੀਅਹਿ ਮੈ ਗੁਣੁ ਨਾਹੀ ਕੋਇ ॥ ਹਰਿ ਵਰੁ ਨਾਰਿ ਸੁਹਾਵਣੀ ਮੈ ਭਾਵੈ ਪ੍ਰਭੁ ਸੋਇ ॥ ਨਾਨਕ ਸਬਦਿ ਮਿਲਾਵੜਾ ਨਾ ਵੇਛੋੜਾ ਹੋਇ ॥੮॥੫॥

ਸਹੁਰੇ ਨੇ ਨਵਾਬ ਨੂੰ ਕਿਹਾ "ਨਾਨਕ ਸ਼ੁਦਾਈ ਹੋ ਗਇਐ, ਇਨ੍ਹੂੰ ਆਪਣੇ ਬੁਰੇ ਭਲੇ ਦੀ ਸਮਝ ਨਹੀ ਰਹੀ।"

ਸੋ ਜਦੋਂ ਖਬਰ ਪੱਖੋਕੇ ਪਹੁੰਚੀ ਕਿ ਨਾਨਕ ਨੇ ਮੋਦੀਖਾਨਾ ਛੱਡ ਦਿੱਤਾ ਹੈ ਤੇ ਸਾਧ ਬਣ ਗਇਆ ਹੈ ਤਾਂ ਬਾਬਾ ਜੀ ਦੇ ਸਹੁਰਾ ਮੂਲ ਚੰਦ ਚੋਣਾ ਆਪਣੇ ਨਾਲ ਬਟਾਲੇ ਦੇ ਇੱਕ ਵਿਦਵਾਨ ਪੰਡਤ ਸ਼ਾਮ ਲਾਲ ਨੂੰ ਨਾਲ ਲੈ ਕੇ ਆ ਸੁਲਤਾਨਪੁਰ ਆਇਆ ਸੀ। ਨਾਨਕ ਤਾਂ ਘਰ ਵਿੱਚ ਨਹੀ ਸਨ ਮਿਲੇ ਅਤੇ ਮੜ੍ਹੀਆਂ ਲਾਗੇ ਵੇਈ ਦੇ ਕੰਢੇ ਫਿਰ ਮੇਲ ਹੋਇਆ ਸੀ।

ਅਗਲੇ ਸਵੇਰੇ ਮੂਲ ਚੰਦ ਜਾ ਨਵਾਬ ਕੋਲ ਫਰਿਆਦੀ ਹੋਏ। ਜਦੋਂ ਨਵਾਬ ਨੂੰ ਪਤਾ ਲੱਗਾ ਕਿ ਬਾਬੇ ਨਾਨਕ ਦਾ ਸਹੁਰਾ ਫਰਿਆਦੀ ਹੈ ਤਾਂ ਉਸ ਨੇ ਝੱਟ ਮੂਲ ਚੰਦ ਨੂੰ ਆਪਣੇ ਕੋਲ ਬੁਲਾ ਲਿਆ ਤੇ ਪੁੱਛਿਆ ਕਿ ਤੁਹਾਨੂੰ ਕੀ ਸ਼ਕਾਇਤ ਹੈ?

ਮੂਲ ਚੰਦ ਨੇ ਫਰਿਆਦ ਕੀਤੀ ਕਿ ਜਿਹੜੇ ਨਾਨਕ ਮੋਦੀ ਦੇ 760 ਰੁਪਏ ਨਿਕਲੇ ਹਨ ਉਹ ਨਾਨਕ ਦੇ ਪ੍ਰਵਾਰ ਨੂੰ ਦਿੱਤੇ ਜਾਣ। ਨਾਨਕ ਦੇ ਦੋ ਛੋਟੇ ਛੋਟੇ ਬੱਚੇ ਨੇ। ਨਵਾਬ ਨੇ ਮੂਲ ਚੰਦ ਨੂੰ ਕਿਹਾ ਕਿ ਮੂਲ ਚੰਦ ਜੀ ਖੁਦ ਬਾਬੇ ਨਾਨਕ ਨੇ ਮੈਨੂੰ ਕਿਹਾ ਹੈ ਕਿ ਉਹ 760 ਰੁਪਏ (ਅੱਜ ਦੇ ਹਿਸਾਬ 2, 88800 ਰੁਪਏ) ਮੈਨੂੰ ਨਹੀ ਚਾਹੀਦੇ ਤੇ ਇਹ ਸਾਧਾਂ ਫਕੀਰਾਂ ਵਿੱਚ ਵੰਡ ਦਿੱਤੇ ਜਾਣ। ਮੂਲ ਚੰਦ ਨੇ ਜਿੱਦ ਕੀਤੀ ਤੇ ਕਿਹਾ ਕਿ ਨਾਨਕ ਤਾਂ ਸ਼ੁਦਾਈ ਹੋ ਚੁੱਕਾ ਉਹਦਾ ਦਿਮਾਗ ਹਿੱਲ ਚੁੱਕਾ ਹੈ। ਕੋਈ ਕਹਿੰਦਾ ਹੈ ਕਿ ਉਨੂੰ ਕੋਈ ਭੂਤ ਪ੍ਰੇਤ ਆ ਚਿੰਬੜਿਆ ਹੈ।

ਨਵਾਬ ਨੇ ਝੱਟ ਨਾਨਕ ਦੇ ਭਣਵੱਈਏ ਜੈਰਾਮ ਨੂੰ ਦਰਬਾਰ ਵਿੱਚ ਹਾਜਰ ਹੋਣ ਲਈ ਸੱਦ ਲਿਆ ਤੇ ਨਵਾਬ ਨੇ ਪੁੱਛਿਆ ਕਿ ਦੱਸੋ ਜੈਰਾਮ ਓਨਾਂ ਪੈਸਿਆਂ ਦਾ ਕੀ ਕੀਤਾ ਜਾਵੇ? ਵਿਚਾਰਾ ਜੈਰਾਮ ਬਾਬਾ ਨਾਨਕ ਤੋਂ ਵੀ ਡਰਦਾ ਸੀ ਤੇ ਮੂਲ ਚੰਦ ਵੀ ਬੜਾ ਗੁਸੈਲ ਬੰਦਾ ਸੀ। ਜੈ ਰਾਮ ਨੇ ਸਲਾਹ ਦਿੱਤੀ ਕਿ ਜੇ ਨਾਨਕ ਸੱਚ ਮੁੱਚ ਹਿੱਲ ਗਇਆ ਹੈ ਤਾਂ ਮੂਲ ਚੰਦ ਦੀ ਗੱਲ ਮੰਨ ਲਈ ਜਾਵੇ ਅਤੇ ਜੇ ਨਾਨਕ ਬਿਲਕੁਲ ਠੀਕ ਠਾਕ, ਖਬਰਦਾਰ, ਸੁਚੇਤ ਹੈ ਤਾਂ ਜੋ ਨਾਨਕ ਕਹਿੰਦਾ ਉਹ ਕੀਤਾ ਜਾਵੇ। ਨਵਾਬ ਨੂੰ ਜੈਰਾਮ ਦੀ ਸਲਾਹ ਜੱਚ ਗਈ। ਨਵਾਬ ਨੇ ਕਿਹਾ ਕਿ ਜੇ ਤੁਹਾਨੂੰ ਸ਼ੱਕ ਹੈ ਕਿ ਨਾਨਕ ਨੂੰ ਕਿਸੇ ਬਾਹਰ ਦੀ ਸ਼ੈਅ ਚੰਬੜੀ ਹੋਈ ਹੈ ਤਾਂ ਕਿਸੇ ਸਿਆਣੇ ਨੂੰ ਵਿਖਾਓ ਤੇ ਨਾਨਕ ਨੂੰ ਮੇਰੇ ਸਾਹਮਣੇ ਪੇਸ਼ ਕਰ ਦੇਣਾ। ਫਿਰ ਉਸ ਮੁਤਾਬਿਕ ਉਸ ਪੈਸੇ ਦਾ ਫੈਸਲਾ ਹੋ ਜਾਏਗਾ।

ਨੋਟ ਸਫ਼ਾ

⊙ ਗਿਆਨੀ- 83 (ਸੋਢੀ 2-507 ਨੇ ਇਹ ਸਬਦ ਕਰਤਾਰਪੁਰ ਰਚਿਆ ਜਾਣਾ ਲਿਖਿਆ ਹੈ। ਯਾਦ ਰਹੇ ਉਦਾਸੀਆ ਉਪਰੰਤ ਜਿਹੜੀ ਬਾਣੀ ਗੁਰੂ ਸਾਹਿਬ ਨੇ ਪੰਜਾਬ ਰਹਿੰਦਿਆ ਰਚੀ ਹੈ ਉਹ ਸ਼ੁੱਧ ਵਿੱਚ ਹੈ। ਅਜਿਹਾ ਸਾਡਾ ਮੰਨਣਾ ਹੈ)

✚ ਸੋਢੀ 2- 467 ਨੇ ਹਾਲਾਂ ਇਸ ਸ਼ਬਦ ਦੀ ਰਚਨਾ ਕਰਤਾਰਪੁਰ ਹੋਣਾ ਲਿਖਿਆ ਹੈ। ਜੋ ਕਿ ਗਲਤ ਭਾਸਦਾ ਹੈ। ਕਰਤਾਰਪੁਰ ਵਿਖੇ ਸ੍ਰੀ ਰਾਗ ਵਿੱਚ ਗੁਰੂ ਸਾਹਿਬ ਨੇ ਬਾਣੀ ਘੱਟ ਹੀ ਰਚੀ ਸੀ।

ਬਾਬੇ ਦੀ ਤਲਾਸ਼ ਸ਼ੁਰੂ ਹੋ ਗਈ। ਅਖੀਰ ਨਾਲ ਦੇ ਕਿਸੇ ਪਿੰਡ ਤੋਂ ਬਾਬਾ ਜੀ ਸਾਧਾਂ ਦੇ ਟੋਲੇ ਨਾਲ ਬੈਠਾ ਮਿਲ ਗਿਆ।

ਬਾਬਾ ਜੀ ਨੂੰ ਘਰ ਜਾਣ ਵਾਸਤੇ ਮਜਬੂਰ ਕੀਤਾ ਗਿਆ। ਪਰ ਬਾਬੇ ਨੇ ਨਾਂਹ ਕਰ ਦਿੱਤੀ। ਬਾਬਾ ਜੀ ਦਾ ਸਹੁਰਾ ਬਹੁਤ ਤਾਹਨੇ ਮਿਹਣੇ ਮਾਰ ਰਿਹਾ ਸੀ, "ਕਿ ਜੇ ਤੂੰ ਸਾਧ ਬਣਨਾ ਸੀ ਤਾਂ ਮੇਰੀ ਕੁੜੀ ਦੀ ਜਿੰਦਗੀ ਕਿਓ ਖਰਾਬ ਕੀਤੀ?" ਆਦਿ ਆਦਿ। ਬਾਬਾ

ਗੁਰਦੁਆਰਾ ਗੁਰੂ ਕਾ ਬਾਗ- ਪੁਰਾਣੀ ਇਮਾਰਤ। ਇਥੇ ਇਕ ਕਮਰਾ ਗੁਰੂ ਸਾਹਿਬ ਦੇ ਵੇਲਿਆਂ ਦਾ ਵੀ ਹੁੰਦਾ ਸੀ। - (ਸੁਲਤਾਨਪੁਰ ਸਰਵੇ 1969)

ਜੀ ਦਾ ਅਸੂਲ ਸੀ ਕਿ ਉਹ ਗੁੱਸੇ ਵਿੱਚ ਆਏ ਬੰਦੇ ਤੇ ਮੂਰਖ ਨਾਲ ਕਦੀ ਬਹਿਸ ਨਹੀ ਸਨ ਕਰਦੇ, "ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥ ਮੂਰਖੈ ਨਾਲਿ ਨ ਲੁਝੀਐ ॥ "

ਸੁਲਤਾਨ ਪੁਰ ਪਹੁੰਚ ਬਾਬਾ ਜੀ ਲਈ ਕਿਸੇ ਧਾਗਾ ਤਵੀਤ ਕਰਨ ਵਾਲੇ ਸਿਆਣੇ ਨੂੰ ਸੱਦਿਆ ਗਿਆ। ਬਾਬਾ ਜੀ ਬੈਠੇ ਨਿਰੰਕਾਰ ਦੀ ਸਿਫਤ ਸਲਾਹ ਵਿੱਚ ਮਗਨ ਸਨ ਕਿ ਸਿਆਣੇ ਨੇ ਟੂਣੇ ਟਪਾਣੇ ਕਰਨੇ ਸ਼ੁਰੂ ਕੀਤੇ। ਲਾਗੇ ਜੰਤਰ ਮੰਤਰ ਪੜ੍ਹੇ ਜਾਣ ਦੇ ਬਾਵਜੂਦ ਜਦੋਂ ਬਾਬਾ ਨਾਨਕ ਮਸਤ ਰਹੇ ਤਾਂ ਬਾਬਾ ਜੀ ਦੇ ਨਾਸਾਂ ਵਿੱਚ ਕੋਈ ਤਿਖਾ ਧੂੰਅ ਦਿੱਤਾ ਗਇਆ ਜਿਸ ਕਾਰਨ ਬਾਬਾ ਜੀ ਦੀ ਸੁਰਤ ਨਿਰੰਕਾਰ ਨਾਲੋ ਟੁੱਟੀ। ਗੁਰੂ ਜੀ ਨੇ ਉਸ ਸਿਆਣੇ ਨੂੰ ਡਾਟਿਆ ਤੇ ਲਾਹਣਤ ਪਾਈ:-

ਸਲੋਕ ਮਃ ੧ ॥ ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ ॥ ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ ॥ ਸਚੈ ਸਰਮੈ ਬਾਹਰੇ ਅਗੈ ਲਹਹਿ ਨ ਦਾਦਿ ॥ ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ ॥ ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥ ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨੁ ॥ ਨਾਨਕ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥੧॥

ਗੁਰੂ ਸਾਹਿਬ ਨੇ ਉਸ ਸਿਆਣੇ ਤੇ ਵਿਅੰਗ ਕਸਿਆ ਕਿ ਤੂੰ ਚੰਗਾ ਸਿਆਣਾ ਅਕਲ ਵਾਲਾ ਏ ਜੋ ਰੱਬ ਦਾ ਨਾਂ ਵੇਚਦਾ ਪਿਆ ਏ। ਓਏ ਮੂਰਖਾ ਇਸ ਅਕਲ ਦੇ ਨਾਲ ਨੇਕ ਕੰਮ ਕਰੀਦੇ ਨੇ। ਉਸ ਨਿਰੰਕਾਰ ਦੀ ਸਿਫਤ ਸਾਲਾਹ ਵਿੱਚ ਅਕਲ ਨੂੰ ਵਰਤ।

ਉਪਰੰਤ ਓਹ ਸਿਆਣਾ ਨਵਾਬ ਕੋਲ ਰਿਪੋਰਟ ਦੇਣ ਗਇਆ ਕਿ ਨਾਨਕ ਤਾਂ ਚੰਗਾ ਭਲਾ ਹੈ, ਨਾਂ ਹੀ ਬਾਹਰ ਦਾ ਕੋਈ ਕਸੂਰ ਹੈ ਕਿ ਨਾਨਕ ਠੀਕ ਠਾਕ ਸੁਚੇਤ ਖਬਰਦਾਰ ਹੈ।

ਬਾਬਾ ਨਾਨਕ ਨੂੰ ਵੀ ਨਾਲ ਹੀ ਨਵਾਬ ਕੋਲ ਲਿਜਾਇਆ ਗਿਆ। ਦੁਆ ਸਲਾਮ ਤੋਂ ਬਾਦ ਨਵਾਬ ਨੇ ਜਦੋਂ ਬਾਬੇ ਦਾ ਹਾਲ ਚਾਲ ਪੁੱਛਿਆ ਤਾਂ ਗੁਰੂ ਸਾਹਿਬ ਨੇ ਸ਼ਬਦ ਉਚਾਰ ਦੱਸਿਆ ਕਿ ਲੋਕਾਂ ਤਾਂ ਮੈਨੂੰ ਸ਼ੁਦਾਈ ਐਲਾਨ ਦਿੱਤਾ ਹੈ:-

ਮਾਰੂ ਮਹਲਾ ੧ ॥ ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥ ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥੧॥ ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ ॥ ਹਉ ਹਰਿ ਬਿਨੁ ਅਵਰੁ ਨ ਜਾਨਾ ॥੧॥ ਰਹਾਉ ॥ ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ ॥ ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ ॥੨॥ ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ ॥ ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ ॥੩॥ ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ ॥ ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ॥੪॥੭॥

ਨਵਾਬ ਨੇ ਕਿਹਾ ਕਿ ਬਾਬਾ ਜੀ ਤੁਹਾਡੇ ਸਹੁਰੇ ਦੀ ਆਹ ਫਰਿਆਦ ਕਿ ਨਾਨਕ ਸ਼ੁਦਾਈ ਹੋ ਚੁੱਕਾ ਹੈ। ਤਾਂ ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਨਵਾਬ ਸਾਬ ਤੁਹਾਨੂੰ ਇੱਕ ਵਾਰ ਗੁਜਾਰਿਸ਼ ਕਰ ਦਿੱਤੀ ਹੈ ਉਹੀ ਕਾਫੀ ਹੈ। ਦੁਬਾਰਾ ਸਵਾਲ ਕਰਨਾ ਕੁਝ ਠੀਕ ਨਹੀ ਲੱਗਾ ਮੈਨੂੰ। ਨਵਾਬ ਨੇ ਉਲਟਾ ਸ਼ਰਮ ਮਹਿਸੂਸ ਕੀਤੀ। ਬਾਬਾ ਮੂਲ ਚੰਦ ਨੂੰ ਵੀ ਸ਼ਰਮਿੰਦੇ ਹੋਣਾ ਪਿਆ।

ਦਰਬਾਰ ਵਿੱਚ ਫਿਰ ਅਗਲਾ ਸਵਾਲ ਉਠਿਆ ਕਿ ਕੀ ਉਹਦੀ ਲੜਕੀ ਨੂੰ ਕਿਸੇ ਚੀਜ ਦੀ ਕਮੀ ਹੈ? ਮੂਲ ਚੰਦ ਇਸ ਮਸਲੇ ਤੇ ਵੀ ਨਾਕਾਮ ਰਿਹਾ ਅਤੇ ਉਹ ਸਾਬਤ ਨਹੀ ਕਰ ਸਕਿਆ ਕਿਉਕਿ

ਗੁਰਦੁਆਰਾ ਗੁਰੂ ਕਾ ਬਾਗ- ਨਵੀ ਇਮਾਰਤ

ਮਾਤਾ ਚੋਣੀ ਨੂੰ ਕਿਸੇ ਕਿਸਮ ਦੀ ਕੋਈ ਮਾਇਕ ਤੰਗੀ ਨਹੀ ਸੀ। ਮਾਤਾ ਸੁਲੱਖਣੀ ਅਤੇ ਬੱਚਿਆਂ ਨੂੰ ਪਾਲਣ ਲਈ ਤਲਵੰਡੀ ਅਤੇ ਸੁਲਤਾਨਪੁਰ ਵਾਧੂ ਧਨ ਦੌਲਤ ਸੀ।

ਗੁਰੂ ਜੀ ਨੇ ਘਰ ਲੁੱਟਾ ਦਿਤਾ

ਜਦੋਂ ਮਾਤਾ ਸੁਲੱਖਣੀ ਦੋਵੇ ਬਾਲਾਂ ਸਮੇਤ ਆਪਣੇ ਪਿਤਾ ਨਾਲ ਪੱਖੋਕੇ ਰਵਾਨਾ ਹੋ ਗਈ ਤਾਂ ਮਗਰੋਂ ਗੁਰੂ ਸਾਹਿਬ ਨੇ ਆਪਣਾ ਸਾਰਾ ਘਰ ਦਾ ਸਮਾਨ ਗਰੀਬ ਗੁਰਬਿਆਂ ਵਿਚ ਵੰਡ ਦਿਤਾ। ਖੁੱਦ ਮੜੀਆਂ ਦੇ ਲਾਗੇ ਖਰਬੂਜੇ ਸ਼ਾਹ ਵਾਲੇ ਸਥਾਨ ਤੇ ਹੀ ਰਾਤ

ਬਿਤਾਇਆ ਕਰਦੇ ਸਨ।

ਭਾਈ ਮਰਦਾਨੇ ਦੀ ਰਬਾਬ

ਪਿਤਾ ਨੇ ਮਰਾਸੀ ਭੇਜਿਆ ਕਿ ਜਾਓ ਜਾ ਕੇ ਪਤਾ ਕਰੋ - ਪੁਰਾਣੇ ਸਮਿਆਂ ਵਿੱਚ ਖਬਰ ਕੰਨ ਤੋਂ ਦੂਸਰੇ ਕੰਨ ਰਾਂਹੀ ਹਫਤੇ ਵਿੱਚ ਹੀ 500 ਕਿਲੋਮੀਟਰ ਦੂਰ ਤੱਕ ਪਹੁੰਚ ਜਾਂਦੀ ਸੀ। ਅਫਵਾਹਾਂ ਫੈਲਾਉਣ ਵਾਲਿਆਂ ਨੂੰ ਹਾਲਾਂਕਿ ਰਾਜੇ ਸਖਤ ਸਜ਼ਾਵਾਂ ਦਿੰਦੇ ਸਨ ਪਰ ਫਿਰ ਵੀ ਅਫਵਾਹਾਂ ਦਾ ਬਜ਼ਾਰ ਗਰਮ ਰਹਿੰਦਾ ਸੀ। ਜਿਸ ਕਾਰਨ ਹਕੂਮਤ ਨੇ ਆਪਣਾ ਡਾਕ ਢਾਂਚਾ ਰੱਖਿਆ ਹੁੰਦਾ ਸੀ। ਜਿਸ ਵਿੱਚ ਡਾਕ ਚੌਕੀਆਂ ਤੇ ਘੋੜ ਦੌੜਾਕ ਹੁੰਦੇ ਸਨ। ਪਰ ਦੁਨੀਆਂ ਦੇ ਇਸ ਹਿੱਸੇ ਵਿੱਚ ਲੋਕ ਆਪਣੇ ਸੁਨੇਹੇ ਪਤੇ ਖੁੱਦ ਆਜ਼ਾਦਾਨਾਂ ਤਰੀਕੇ ਪਹੁੰਚਾਉਦੇ ਸਨ। ਨਿੱਜੀ ਸੁਨੇਹਿਆਂ ਜਾਂ ਡਾਕ ਲਈ ਮਰਾਸੀ ਹੀ ਕੰਮ ਸਾਰਦਾ ਸੀ।

ਖੈਰ ਨਾਨਕ ਨੂੰ ਮੋਦੀਖਾਨਾ ਛੱਡੇ ਨੂੰ ਕੋਈ ਚਾਰ ਪੰਜ ਮਹੀਨੇ ਹੋ ਚੁੱਕੇ ਸਨ ਤਾਂ ਪਿਤਾ ਕਾਲੂ ਤੱਕ ਪੁੱਤਰ ਬਾਬਤ ਵੱਖ ਵੱਖ ਕਿਸਮ ਦੀਆਂ ਅਫਵਾਹਾਂ ਪਹੁੰਚ ਰਹੀਆ ਸਨ ਜਿੰਨਾਂ ਕਾਰਨ ਮਾਪਿਆਂ ਨੂੰ ਚਿੰਤਾ ਹੋ ਰਹੀ ਸੀ। ਸੂਰਤ ਏ ਹਾਲ ਤੇ ਨਜਰ ਰੱਖਣ ਲਈ ਓਨਾਂ ਮਰਦਾਨੇ ਨੂੰ ਹੁਕਮ ਕੀਤਾ ਕਿ "ਜਾ, ਜਾ ਕੇ ਸਾਰਾ ਪਤਾ ਲਓ ਆਪਣੇ ਯਾਰ ਦਾ ਅਤੇ ਨਾਲ ਹੀ ਨਾਨਕ ਨੂੰ ਸੁਨੇਹਾ ਦਿਓ ਕਿ ਤੁਹਾਨੂੰ ਰਾਇ ਬੁਲਾਰ ਯਾਦ ਕਰਦਾ ਹੈ। "

ਭਾਈ ਮਰਦਾਨਾ (ਬੀ:40 ਤਸਵੀਰੀ

ਮਰਦਾਨਾ ਸੁਲਤਾਨਪੁਰ ਪਹੁੰਚ ਗਿਆ। ਬੇਬੇ ਜੀ ਕੋਲੋ ਸਾਰੀ ਖਬਰ ਸੁਰਤ ਹਾਸਲ ਕੀਤੀ। ਬੇਬੇ ਜੀ ਨੇ ਮਰਦਾਨੇ ਨੂੰ ਕਿਹਾ ਕਿ ਬਾਕੀ ਦੀਆਂ ਗੱਲਾਂ ਖੁੱਦ ਨਾਨਕ ਕੋਲ ਜਾ ਕੇ ਪੁੱਛੋ ਕਿ ਕਿਓ ਮੋਦੀਖਾਨਾ ਛੱਡ ਸਿਰ ਤੇ ਖੱਫਣ ਬੰਨ ਲਿਆ ਹੈ? ਮਰਦਾਨੇ ਨੇ ਜਾ ਗੁਰੂ ਨਾਨਕ ਨੂੰ ਵੇਈਂ ਕੰਢਿਓ ਲੱਭਿਆ। ਗੁਰੂ ਸਾਹਿਬ ਦੁਆਲੇ ਭੀੜ ਲੱਗੀ ਹੋਈ ਸੀ।

ਮਰਦਾਨੇ ਨੇ ਜਦੋਂ ਪੁੱਛਿਆ ਕਿ ਮੋਦੀਖਾਨਾ ਕਿਓ ਛੱਡ ਦਿੱਤਾ। ਤਾਂ ਗੁਰੂ ਸਾਹਿਬ ਨੇ ਸਾਰਾ ਦੱਸਿਆ ਕਿ ਨਿਰੰਕਾਰ ਦਾ ਸੁਨੇਹਾ ਘਰ ਘਰ ਪਹੁੰਚਾਉਣਾ ਹੈ। ਲੋਕਾਈ ਦਾ ਉਧਾਰ ਕਰਨਾ ਹੈ। ਦੁੱਖ ਦਲਿਦਰ ਸਮਾਜ ਵਿੱਚੋਂ ਕੱਢਣਾ ਹੈ। ਵੇਖ ਨਾਂ ਲੋਕ ਤਾਂ ਬੱਦਲ ਦੀ ਹੀ ਪੂਜਾ ਕਰੀ ਜਾਦੇ ਨੇ। ਕੋਈ ਕਬਰ ਪੂਜ ਰਿਹਾ, ਕਿਓ ਮੜੀਆਂ, ਕੋਈ ਰੁੱਖਾਂ ਅੱਗੇ ਹੀ ਨੱਕ ਰਗੜੀ ਜਾ ਰਿਹਾ ਹੈ, ਕੋਈ ਸੂਰਜ ਕੋਈ ਚੰਨ ਦੀ ਪੂਜਾ ਕਰੀ ਜਾ ਰਿਹਾ ਹੈ। ਇਸ ਕੰਮ ਵਿਚ ਗੁਰੂ ਸਾਹਿਬ ਨੇ ਮਰਦਾਨੇ ਦਾ ਵੀ ਸਹਿਯੋਗ ਮੰਗਿਆ।

ਮਰਦਾਨਾ ਗੁਰੂ ਸਾਹਿਬ ਦੀ ਮਹਿਮਾ ਤੋਂ ਤਾਂ ਪ੍ਰਭਾਵਤ ਪਹਿਲਾਂ ਹੀ ਹੋ ਚੁੱਕਾ ਸੀ, ਹੁਣ ਜੁੜੀ ਹੋਈ ਭੀੜ ਨੂੰ ਵੇਖ ਕੇ ਉਹਦੀ ਸ਼ਰਧਾ ਹੋਰ ਬਲਵਾਨ ਹੋ ਗਈ। ਅੱਗੇ ਹੋ ਕਿ ਕਹਿੰਦਾ ਮੈਨੂੰ ਕੀ ਹੁਕਮ ਹੈ? ਗੁਰੂ ਸਾਹਿਬ ਨੇ ਕਿਹਾ ਇਸ ਨੇਕ ਕੰਮ ਵਿੱਚ ਤੂੰ ਸਾਡਾ ਸਾਥ ਦੇ। ਮਰਦਾਨਾ ਕਹਿੰਦਾ ਜੀ ਹੁਕਮ ਕਰੋ। ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਤੇਰੇ ਕੋਲ ਤਾਰ ਦਾ ਹੁਨਰ ਹੈ। ਅਸਾਂ ਇੱਕ ਦੋ ਵਾਰੀ ਵੇਖਿਆ ਸੀ ਤੂੰ ਸੋਹਣੀ ਰਬਾਬ ਵਜਾ ਲੈਨਾ। ਤੂੰ ਸਾਜ ਦੀ ਸੇਵਾ ਕਰ। ਮਰਦਾਨਾ ਕਹਿੰਦਾ ਕਿ ਠੀਕ ਹੈ ਮੈਂ ਆਪ ਦੇ ਨਾਲ ਹਾਂ। ਪਰ ਮੈਂ ਮਹਿਤਾ ਕਾਲੂ ਤੇ ਮਾਤਾ ਤ੍ਰਿਪਤਾ ਨੂੰ ਤੁਹਾਡੇ ਬਾਰੇ ਖਬਰ ਦੇ ਆਵਾਂ। ਗੁਰੂ ਸਾਹਿਬ ਕਿਹਾ ਤਲਵੰਡੀ ਵਲ ਫਿਰ ਆਪਾਂ ਦੋਵੇ ਚਲਾਂਗੇ। ਮਰਦਾਨੇ ਨੇ ਹਾਂ ਭਰੀ।ਤੇ ਕਹਿੰਦਾ ਕਿ ਮੈਂ ਰਬਾਬ ਖਰੀਦ ਲੈਨਾਂ ਵਾਂ।

ਮਰਦਾਨਾ ਲੱਗ ਪਿਆ ਰਬਾਬ ਲੱਭਣ। ਸ਼ਹਿਰ ਵਿੱਚ ਤਾਂ ਕਿਤੇ ਮਿਲੀ ਨਹੀ। ਇੱਕ ਢਾਢੀ ਕੋਲ ਹੈਗੀ ਸੀ। ਮਰਦਾਨਾ ਉਨੂੰ ਲੈ ਕੇ ਗੁਰੂ ਨਾਨਕ ਪਾਸ ਪਹੁੰਚਿਆ। ਗਰੀਬ ਢਾਡੀ ਨੇ ਰਬਾਬ ਗੁਰੂ ਸਾਹਿਬ ਦੇ ਭੇਟ ਕਰ ਦਿੱਤੀ। ਸਾਰੀ ਗੱਲ ਸੁੱਣਨ ਦੇ ਬਾਦ ਗੁਰੂ ਸਾਹਿਬ ਨੇ ਰਬਾਬ ਢਾਡੀ ਨੂੰ ਵਾਪਸ ਮੋੜ ਦਿੱਤੀ ਕਿਉਕਿ ਉਸ ਗਰੀਬ ਦਾ ਰੁਜਗਾਰ ਉਸ ਰਬਾਬ ਦੇ ਸਿਰ ਤੇ ਹੀ ਸੀ। ਓਦੋਂ ਮਰਦਾਨੇ ਨੇ ਫਿਰ ਰਬਾਬ ਵਜਾ ਕੇ ਗੁਰੂ ਸਾਹਿਬ ਨੂੰ ਸੁਣਾਈ। ਉਸ ਢਾਡੀ ਤੋਂ ਪਤਾ ਚਲ ਗਇਆ ਕਿ ਵਧੀਆ ਰਬਾਬ ਦਾ ਮੁਲ ਕੋਈ 5-7 ਰੁਪਏ ਹੈ।

ਬਾਬੇ ਨੇ ਮਰਦਾਨੇ ਨੂੰ ਕਿਹਾ ਕਿ ਮਰਦਾਨਿਆ ਜਾ, ਜਾ ਕੇ ਬੇਬੇ ਜੀ ਕੋਲੋ 7 ਰੁਪਏ ਲੈ ਆ। ਮਰਦਾਨਾ ਬੇਬੇ ਨਾਨਕੀ ਦੇ ਘਰ ਪਹੁੰਚਾ। ਬਾਬੇ ਨਾਲ ਹੋਈ ਸਾਰੀ ਗੱਲ ਬਾਤ ਦੱਸੀ ਕਿ ਹੁਣ ਨਹੀ ਕਰਨ ਵਾਲਾ ਬਾਬਾ ਨੌਕਰੀ। ਬਾਬੇ ਨੇ ਤਹੱਈਆ ਕਰ ਲਿਆ ਹੈ ਕਿ ਬਾਕੀ ਦਾ ਜੀਵਨ ਲੋਕ-ਉਧਾਰ ਤੇ ਹੀ ਲਾਉਣਾ ਹੈ ਤੇ ਫਿਰ ਤੁਰ ਕੇ ਨਿਰੰਕਾਰ ਕਰਤਾਰ ਦੇ ਨਾਂ ਦੀ ਦੋਹੀ ਪਾਉਣੀ ਹੈ। ਬੇਬੇ ਜੀ ਨੂੰ ਇਹ ਸੁਣ ਕੇ ਸਕੂਨ ਪਹੁੰਚਿਆ ਕਿ ਮਰਦਾਨੇ ਨੇ ਵੀ ਤਹਿ ਕੀਤਾ ਹੈ ਕਿ ਗੁਰੂ ਸਾਹਿਬ ਦਾ ਸਾਥ ਦੇਵੇਗਾ। ਮਰਦਾਨੇ ਨੇ ਬੜੀ ਅਧੀਨਗੀ ਤੇ ਨਿਮ੍ਰਤਾ ਨਾਲ ਬੇਬੇ ਜੀ ਨੂੰ ਕਿਹਾ ਕਿ ਬਾਬੇ ਨੇ 7 ਰੁਪਏ ਮੰਗਾਏ ਨੇ ਰਬਾਬ ਖਰੀਦਣ ਵਾਸਤੇ। ਬੇਬੇ ਜੀ ਦਾ ਵੈਰਾਗ ਛੁੱਟ ਪਿਆ ਤੇ ਕਹਿਣ ਲੱਗੀ ਕਿ "ਨਾਨਕ ਨੂੰ ਕਹੀ ਤੇਰੇ ਤੋਂ 7 ਰੁਪਏ ਕੀ ਚੀਜ਼ ਹੈ ਤੇਰੇ ਤੋਂ ਲੱਖਾਂ ਕੁਰਬਾਨ। ਇਹ ਜਿੰਦਗੀ ਕੁਰਬਾਨ। ਨਾਨਕ ਨੂੰ ਕਹੀ ਮੈਨੂੰ ਮੁੱਖੜਾ ਦਿਖਾ ਜਾਏ।ਕ੍ਰਿਨੇ ਹੀ ਦਿਨ ਹੋ ਗਏ ਨੇ ਮਿਲਣ ਨਹੀ ਆਇਆ। "

ਮਰਦਾਨੇ ਨੇ ਜਾ ਕੇ ਬਾਬੇ ਨੂੰ ਬੇਬੇ ਜੀ ਦਾ ਸੁਨੇਹਾ ਦਿੱਤਾ। ਬਾਬਾ ਕਹਿਣ ਲੱਗਾ "ਚੰਗਾ ਮਰਦਾਨਿਆ ਆ ਚਲੀਏ ਬੇਬੇ ਨੂੰ ਮਿਲਣ। ਇਹ ਮੇਰੇ ਨਾਲ ਬਹੁਤ ਮੋਹ ਕਰਦੀ ਹੈ। "

ਅਜੇ 15 ਸਾਲ ਪਹਿਲਾਂ ਤਕ ਭਾਈ ਜੈਰਾਮ ਅਤੇ ਬੇਬੇ ਨਾਨਕੀ ਦਾ ਘਰ ਸਹੀ ਸਲਾਮਤ ਮੌਜੂਦ ਸੀ। ਇਹ ਕਿਸੇ ਦੀ ਨਿੱਜੀ ਜਾਇਦਾਦ ਬਣ ਚੁੱਕੀ ਸੀ। ਕਾਰ ਸੇਵਾ ਵਾਲੇ ਬਾਬੇ ਜਗਤਾਰ ਸਿੰਘ ਮਕਾਨ ਮਾਲਕ ਤੇ ਹਰ ਕਿਸਮ ਦਾ ਦਬਾਅ ਪਾ ਕੇ ਮਕਾਨ ਖਰੀਦ ਲਿਆ ਤੇ ਪੈਂਦੇ ਸਾਰ ਇਹਦੀ ਕਾਰ ਸੇਵਾ ਵੀ ਕਰ ਦਿੱਤੀ। ਖੁਦ ਬਾਬੇ ਦੇ ਹੀ ਬੰਦੇ ਦਸਦੇ ਨੇ ਕਿ ਮਕਾਨ ਦੀਆਂ 6-6 ਫੁੱਟ ਚੌੜੀਆਂ ਕੰਧਾਂ ਸਨ। ਮੁਰੰਮਤ ਹੋਣ ਉਪਰੰਤ ਉਹ 500 ਸਾਲ ਹੋਰ ਕੱਢ ਜਾਂਦਾ। ਖਰੀਦਣ ਵੇਲੇ ਰਹਾਇਸ਼ ਵੀ ਸੀ। ਬਾਬੇ ਨੇ ਉਸ ਪੁਰਾਣੇ ਮਕਾਨ ਦੀ ਥਾਂਵੇ ਨਵੇ ਡੀਜਾਈਨ ਦਾ ਮਕਾਨ ਬਣਾ ਵਿਚ ਪੱਖੇ ਵੀ ਲਾ ਦਿਤੇ ਨੇ। ਨਿਰਾ ਲਾਲਚ ਹੀ ਨਹੀ ਕੁਝ ਬਾਬੇ ਆਰ ਐਸ ਐਸ ਦੇ ਅਜੈਂਟ ਵੀ ਹਨ ਤਾਂ ਕਿ ਸਿੱਖ ਵਿਰਾਸਤ ਫਨਾਹ ਕੀਤੀ ਜਾ ਸਕੇ।

ਜਿਵੇ ਬਾਬਾ ਤੇ ਮਰਦਾਨਾ ਸੁਲਤਾਨਪੁਰ ਬੇਬੇ ਜੀ ਦੇ ਘਰ ਪਹੁੰਚੇ ਤਾਂ ਤੁਲਸਾਂ ਨੌਕਰਾਣੀ ਨੇ ਬਾਬਾ ਜੀ ਨੂੰ ਆਉਦੇ ਵੇਖ ਲਿਆ। ਉਸ ਦੁਹਾਈ ਪਾ ਦਿੱਤੀ ਕਿ ਬੇਬੇ ਜੀ ਬਾਬਾ ਨਾਨਕ ਤੁਰਿਆ ਪਿਆ ਆਉਦਾ। ਬੇਬੇ ਜੀ ਵੀ ਕਾਹਲੀ ਕਾਹਲੀ ਪਉੜੀਆਂ ਉੱਤਰ ਕੇ ਵੀਰ ਨੂੰ ਹੇਠਾਂ ਮਿਲਣ ਆਈ। ਬੇਬੇ ਝੱਟ ਬਾਬੇ ਦੇ ਚਰਨਾਂ ਤੇ ਢਹਿ ਪਈ। ਬਾਬੇ ਨੇ ਬੁਰਾ ਮਨਾਇਆ ਕਿ ਤੂੰ ਮੇਰੀ ਵੱਡੀ ਭੈਣ ਹੈਂ ਪੈਰੀ ਹੱਥ ਲਾਉਣਾ ਮੇਰਾ ਬਣਦਾ। ਬੇਬੇ ਨੇ ਕਿਹਾ ਨਾਨਕ ਤੈਨੂੰ ਪਤਾ ਮੈਂ ਤੈਨੂੰ ਚਿਰੋਕਣੀ ਪਛਾਣ ਚੁੱਕੀ ਹਾਂ। ਮੇਰੇ ਵੱਡੇ ਭਾਗ ਪ੍ਰਭੂ ਨੇ ਤੇਰੇ ਜਿਹਾ ਧਰਮੀ ਪੁਰਖ ਮੇਰਾ ਭਰਾ ਬਣਾ ਕੇ ਭੇਜਿਆ ਹੈ। ਮੇਰੇ ਵਾਸਤੇ ਤੇ ਤਾਂ ਤੂੰ ਖੁੱਦ ਹੀ ਰੱਬ ਹੈਂ। ਮਨਾ ਨਾ ਕਰਿਆ ਕਰ ਜਦੋਂ ਮੈਂ ਤੇਰੇ ਚਰਨ ਛੂੰਹਦੀ ਹਾਂ। ਗੁਰੂ ਸਾਹਿਬ ਨੇ ਭੈਣ ਨੂੰ ਜੱਫੀ ਵਿੱਚ ਲਿਆ। ਤਿੰਨੇ ਉਪਰ ਚਲੇ ਗਏ। ਗੱਲਾਂ ਬਾਤਾਂ ਕੀਤੀਆਂ। ਲੰਗਰ ਪਾਣੀ ਛਕਿਆ। ਬੇਬੇ ਨੇ ਦੱਸਿਆ ਕਿ ਬੇਟੇ ਸ੍ਰੀ ਚੰਦ ਨੂੰ ਮੈਂ ਆਪਣੇ ਕੋਲ ਰੱਖ ਲਿਆ ਹੈ। ਮੂਲ ਚੰਦ ਜਿੱਦ ਕਰਕੇ ਭਰਜਾਈ ਨੂੰ ਨਾਲ ਲੈ ਗਇਆ ਹੈ।

ਬੇਬੇ ਨੇ ਜਿੱਦ ਕੀਤੀ ਕਿ "ਜਦੋਂ ਤੂੰ ਘਰੋਂ ਨਿਕਲ ਹੀ ਚੱਲਿਆਂ ਹੈ ਤੇ ਮੇਰੀ ਅਰਜੋਈ ਹੈ ਕਿ ਗਾਹੇ ਬਿਗਾਹੇ ਮੈਨੂੰ ਦੀਦ ਦੇ ਜਾਇਆ ਕਰੀ। ਗੁਰੂ ਸਾਹਿਬ ਨੇ ਕਿਹਾ ਕਿ ਭੈਣੇ ਜਦੋਂ ਵੀ ਤੂੰ ਯਾਦ ਕਰੇਗੀ ਮੈਂ ਹਾਜਰ ਹੋ ਜਾਇਆ ਕਰਾਂਗਾ। ਬੇਬੇ ਬੋਲੀ ਹਾਂ ਨਾਨਕ ਉਂਜ ਤੂੰ ਤਾਂ ਹਰ ਸ਼ੈਅ ਵਿੱਚ ਮੈਨੂੰ ਨਜ਼ਰ ਆਉਨੈ ਏ। ਮੈਂ ਜਿੱਧਰ ਵੀ ਵੇਖਾਂ ਮੈਨੂੰ ਨਾਨਕ ਦੇ ਦਰਸ਼ਨ ਹੁੰਦੇ ਨੇ। ਤੂੰ ਤਾਂ ਘੱਟ ਘੱਟ, ਜ਼ਰੇ ਜ਼ਰੇ ਵਿੱਚ ਸਮਾਇਆ ਹੋਇਆ ਏ। ਪਰ ਫਿਰ ਵੀ ਕਦੀ ਜੀ ਕਰ ਆਉਦਾ ਤੇਰੀ ਇਹ ਵਾਲੀ ਸੂਰਤ ਵੇਖਣ ਨੂੰ। ਕਿਉਕਿ ਏਨੂੰ ਮੈਂ ਆਪਣੇ ਹੱਥੀ ਪਾਲਿਆ ਹੈ, ਵੱਡਿਆਂ ਹੁੰਦਾ ਵੇਖਿਆ ਹੈ। ਇਨੂੰ ਮੈਂ ਨਹਾਇਆ ਧੁਆਇਆ ਏ। ਮੈਂ ਤੇਰੇ ਦਰਸ਼ਨ ਹਰ ਸ਼ੈਅ ਵਿੱਚੋਂ ਕਰਦੀ ਆ ਪਰ ਕਦੀ ਜੀ ਕਰ ਆਉਦੇ ਤੇਰੇ ਨਾਲ ਗੱਲਾਂ ਕਰਨ ਨੂੰ। ਇਹ ਰੁੱਖ, ਇਹ ਪੰਛੀ, ਇਹ ਜਾਨਵਰ, ਇਹ ਜੀਅ ਬੋਲਦੇ ਨਹੀ। ਸਿਰਫ ਪਿਆਰ ਦਿੰਦੇ ਨੇ। ਤੂੰ ਮੈਨੂੰ ਇਨਸਾਨਾਂ ਵਿੱਚ ਵੀ ਦਿਸਦੈਂ ਪਰ ਇਹ ਹਉਮੈ ਭਰੇ ਨੇ। ਸੋ ਦੱਸ ਤੇਰੇ ਸਿਵਾ ਮੈਂ ਕਿਹਦੇ ਨਾਲ ਗੱਲ ਕਰਾਂ? ਇਹ ਤੇਰਾ ਜਿਸਮ, ਮੇਰਾ ਮੰਦਰ ਹੈ ਜਿੱਥੇ ਅਕਾਲ ਪੁਰਖ ਨਿਰੰਕਾਰ ਪ੍ਰਗਟ ਹੋਇਆ ਹੈ। ਮੈਨੂੰ ਜਿਆਦਾ ਦੇਰ ਇਸ ਮੰਦਰ ਤੋਂ ਨਾਂ ਵਿਛੋੜੀ। "

ਗੁਰੂ ਸਾਹਿਬ ਨੇ ਕਿਹਾ ਕਿ "ਭੈਣੇ ਤੈਨੂੰ ਕਿਹਾ ਹੈ ਨਾ ਕਿ ਜਦੋਂ ਯਾਦ ਕਰੇਗੀ ਤੇਰਾ ਵੀਰ ਤੇਰੇ ਕੋਲ ਹੋਵੇਗਾ। "

ਭੈਣ ਨੇ ਮਰਦਾਨੇ ਕੋਲੋ ਵਾਇਦਾ ਲਿਆ ਕਿ ਤੂੰ ਮੇਰੇ ਭਰਾ ਦਾ ਧਿਆਨ ਰੱਖੀ। ਪਿੱਛੇ ਅਸੀ ਤੇਰੇ ਟੱਬਰ ਦਾ ਸਾਰਾ ਖਿਆਲ ਰੱਖਾਂਗੇ। ਮੈਂ ਪਿਤਾ ਤੇ ਮਾਤਾ ਨੂੰ ਵੀ ਕਹਿ ਦੇਵਾਂਗੀ।

ਗੁਰੂ ਸਾਹਿਬ ਨੇ ਭੈਣ ਕੋਲੋਂ ਵਿਦਾਈ ਲਈ।

——◈——

ਫੇਰੂ ਵਾਲੀ ਰਬਾਬ

ਖੈਰ ਬਾਬਾ ਜੀ ਨੂੰ ਯਾਦ ਆ ਗਇਆ ਕਿ ਇਕ ਵੇਰਾਂ ਜਦੋਂ ਉਹ ਮੋਦੀਖਾਨਾ ਸਾਂਭਦੇ ਸਨ ਤਾਂ ਇਕ ਫੇਰੂ ਉਰਫ ਫਿਰੰਦਾ ਨਾਂ ਦਾ ਬੰਦਾ ਆ ਕੇ ਮਿਲਿਆ ਸੀ। ਉਹਦੇ ਕੋਲ ਰਬਾਬ ਸੀ ਜੋ ਕੁਦਰਤੀ

ਕਾਰਸੇਵਾ ਵਾਲਿਆਂ ਬਣਾ ਦਿਤਾ ਬੇਬੇ ਜੀ ਦਾ ਨਵਾ ਘਰ

ਤੌਰ ਤੇ ਰਬਾਬ ਦੀ ਸ਼ਕਲ ਦੇ ਲਕੜੀ ਦੇ ਮੁੱਢ ਵਿਚੋਂ ਘੜੀ ਹੋਈ ਸੀ। ਪਰ ਰਬਾਬ ਦੀ ਅਵਾਜ ਕਮਾਲ ਦੀ ਸੀ। ਬੰਦਾ ਸੀ ਵੀ ਗਿਆਨਵਾਨ ਤੇ ਰੱਬ ਦਾ ਪ੍ਰੇਮੀ। ਉਹ ਰਬਾਬ ਤੇ ਅਜਿਹੀ ਸੁਰ ਕੱਢਦਾ ਹੈ ਜਿਸ ਨਾਲ ਪਸ਼ੂ ਪੰਛੀ ਤੱਕ ਮੋਹੇ ਜਾਂਦੇ ਨੇ। ਬਾਬਾ ਜੀ ਨੇ ਮਰਦਾਨੇ ਨੂੰ ਕਿਹਾ ਕਿ ਜਾ ਉਸ ਕੋਲੋ ਰਬਾਬ ਲੈ ਕੇ ਆ। ਗੁਰੂ ਸਾਹਿਬ ਨੇ ਦੱਸਿਆ ਕਿ ਉਹਦਾ ਪਿੰਡ ਆਸ਼ਕ ਪੁਰ ਦੋ ਦਰਿਆਵਾਂ ਸਤਲੁਜ ਅਤੇ ਬਿਆਸ ਦੇ ਮੇਲ ਦੇ ਦਰਮਿਆਨ ਹੈ। ◉

ਜਿਥੇ ਬਿਆਸ ਅਤੇ ਸਤਲੁਜ ਦਾ ਮੇਲ ਹੁੰਦਾ ਹੈ ਉਹ ਤਿਰਕੋਣੀ ਇਲਾਕਾ ਸੁਲਤਾਨ ਪੁਰ ਤੋਂ ਕੋਈ 15 ਕੁ ਕਿ. ਮੀ. ਪੱਛਮ ਵਿਚ ਹੈ। ਇਲਾਕੇ ਵਿਚ ਉੱਚਾ ਉੱਚਾ ਸਰਕੰਡਾ ਉਹਨੀ ਦਿਨੀ ਆਮ ਸੀ। ਵਿਚਾਰਾ ਮਰਦਾਨਾ ਦੋ ਦਿਨ ਇਲਾਕੇ ਵਿੱਚ ਭਟਕਦਾ ਰਿਹਾ। ਅਖੀਰ ਭਾਈ ਫੇਰੂ ਨੂੰ ਕਿਸੇ ਨੇ ਕਿਹਾ ਕਿ ਕੋਈ ਬੰਦਾ ਸ਼ਾਇਦ ਤੁਹਾਨੂੰ ਹੀ ਲੱਭ ਰਿਹਾ ਹੈ ਨਾਂ ਤਾਂ ਕੋਈ ਹੋਰ ਲੈਂਦਾ ਪਰ ਨਾਲ ਦਸਦਾ ਹੈ ਕਿ ਰਬਾਬ ਲੈਣ ਆਇਆ ਹਾਂ। ਸੋ ਸਾਡਾ ਅੰਦਾਜ਼ਾ ਹੈ ਕਿ ਉਹ ਤੁਹਾਨੂੰ ਹੀ ਲੱਭ ਰਿਹਾ ਹੋਵੇਗਾ।

ਇਹ ਸੁਣ ਕੇ ਹੁਣ ਉਲਟਾ ਭਾਈ ਫੇਰੂ ਨੇ ਜਾ ਮਰਦਾਨੇ ਨੂੰ ਲੱਭਿਆ ਤੇ ਪੁੱਛਿਆ ਭਾਈ ਕਿਹਦੀ ਤਲਾਸ਼ ਕਰ ਰਿਹਾ ਤੂੰ? ਮਰਦਾਨੇ ਨੇ ਸਾਰੀ ਗੱਲ ਦੱਸੀ ਕਿ ਮੈਂਨੂੰ ਨਵਾਬ ਦੌਲਤ ਖਾਂ ਲੋਧੀ ਦੇ ਸਾਬਕਾ ਮੋਦੀ ਨਾਨਕ ਨਿਰੰਕਾਰੀ ਨੇ ਘੱਲਿਆ ਹੈ। ਨਾਨਕ ਦਾ ਨਾਂ ਸੁਣਦਿਆਂ ਹੀ ਫੇਰੂ ਦੇ ਕਲੇਜੇ ਵਿੱਚ ਇੱਕ ਦਮ ਠੰਡ ਪੈ ਗਈ। ਕਹਿੰਦਾ ਹਾਂ ਯਾਦ ਆ ਗਇਆ ਮੈਂ ਸੁਲਤਾਨ ਪੁਰ ਮਿਲਿਆ ਸੀ ਉਹਨਾਂ ਨੂੰ। ਫੇਰੂ ਨੇ ਮਰਦਾਨੇ ਦੀ ਸੇਵਾ ਕੀਤੀ। ਲੰਗਰ ਪਾਣੀ ਛਕਾਇਆ ਤੇ ਅਰਾਮ ਕਰਵਾ ਕੇ ਥਕਾਵਟ ਲਾਹ ਕੇ ਕਹਿਣ ਲੱਗਾ ਮਰਦਾਨਿਆ ਮੈਂ ਤੇਰੇ ਨਾਲ ਚਲਦਾ। ਮੇਰਾ ਵੀ ਜੀਅ ਕਰਦਾ ਉਸ ਮਹਾਪੁਰਖ ਦੇ ਫਿਰ ਦਰਸ਼ਨ ਕਰਾਂ।

ਭਾਈ ਫੇਰੂ ਰਬਾਬ ਲੈ ਆ ਖਰਬੂਜੇ ਸ਼ਾਹ ਦੇ ਅੱਡੇ ਤੇ ਪਹੁੰਚੇ। ਬਾਬਾ ਨਾਨਕ ਤਾਂ ਪਹਿਲਾਂ ਹੀ ਉਡੀਕ ਕਰ ਰਿਹਾ ਸੀ। ਫਿਰੰਦੇ ਦੀ ਹਾਜਰੀ ਵਿੱਚ ਹੀ ਮਰਦਾਨੇ ਨੇ ਤਾਣ ਛੇੜੀ। "ਤੂੰ ਹੀ ਨਿਰੰਕਾਰ" "ਧੰਨ ਨਿਰੰਕਾਰ" "ਸਤ ਕਰਤਾਰ" "ਨਾਨਕ ਤੇਰਾ ਦਾਸ" । ਸਾਰੀ ਸੰਗਤ ਨੇ ਵੀ 'ਧੰਨ ਨਿਰੰਕਾਰ' 'ਧੰਨ ਨਿਰੰਕਾਰ' ਦਾ ਨਿਰੰਤਰ ਅਵਾਜਾ ਕੱਢਿਆ। ਅਜਿਹੀ ਧੁੰਨ ਉਠੀ ਕਿ ਸਾਰਾ ਵਾਤਾਵਰਨ

ਪੈੜ ਸਫਾ

ਜਦੋਂ ਇਸ ਬੋਹੜ ਦੇ ਤਿੰਨ ਪੱਤਿਆਂ ਪਿੱਛੇ 16 ਕੀਮਤੀ ਜਾਨਾਂ ਗਈਆਂ

ਬੇਬੇ ਨਾਨਕੀ ਦੇ ਘਰ ਜਿਹੜਾ ਬੋਹੜ ਹੈ ਉਸ ਨਾਲ ਸਬੰਧਿਤ 26 ਅਪ੍ਰੈਲ 1933 ਦੀ ਘਟਨਾ ਹੈ। ਮੁਹੱਰਮ ਦਾ ਜਲੂਸ ਨਿਕਲਣਾ ਸੀ। ਓਦੋਂ ਕਪੂਰਥਲਾ ਰਿਆਸਤ ਦਾ ਪ੍ਰਧਾਨ ਮੰਤਰੀ ਅਬਦੁਲ ਹਮੀਦ ਸੀ। ਹਿੰਦੂ ਉਸ ਦੇ ਖਿਲਾਫ ਸਨ। ਓਧਰ ਬੇਗੋਵਾਲੀਏ ਮੁਸਲਮਾਨ ਵੀ ਕਪੂਰਥਲਾ ਰਿਆਸਤ ਤੇ ਆਪਣਾ ਹੱਕ ਜਮਾ ਰਹੇ ਸਨ। ਕਹਿਣ ਤੋਂ ਮਤਲਬ ਰਿਆਸਤ ਦੇ ਰਾਜਨੀਤਕ ਹਾਲਾਤ ਚੰਗੇ ਨਹੀ ਸਨ। ਅਜਿਹੇ ਵਿਚ ਲੀਡਰ ਆਨੇ ਬਹਾਨੇ ਨਾਲ ਬਗਾਵਤ ਵਾਲੇ ਮਹੌਲ ਪੈਦਾ ਕਰ ਦਿੰਦੇ ਨੇ।

ਸੋ ਮੁਹੱਰਮ ਦੇ ਜਲੂਸ ਵਿਚ ਉੱਚੇ ਉੱਚੇ ਤਾਜੀਏ ਨਿਕਲਣੇ ਸਨ। ਐਤਕਾਂ ਮੁਸਲਮਾਨਾਂ ਨੇ ਜਲੂਸ ਦਾ ਰੂਟ ਬਦਲਕੇ ਉਸ ਗਲੀ ਥਾਂਣੀ ਕੱਢਣ ਦਾ ਵਿਚਾਰ ਕੀਤਾ ਜਿਸ ਵਿਚ ਬੇਬੇ ਨਾਨਕੀ ਦਾ ਘਰ ਆਉਦਾ ਹੈ। ਸੁਲਤਾਨ ਪੁਰ ਦੀ ਮਿਉਨਿਸਪੈਲਿਟੀ ਤੇ ਮੁਸਲਮਾਨਾਂ ਦਾ ਕਬਜ਼ਾ ਸੀ। ਜਲੂਸ ਦੇ ਰਸਤੇ ਦੀ ਜਿਵੇ ਤਿਆਰੀ ਹੋ ਰਹੀ ਸੀ ਰਾਹ ਸਾਫ ਤੇ ਪੱਧਰੇ ਕੀਤੇ ਜਾ ਰਹੇ ਸਨ ਤਾਂ ਮਿਉਨਿਸਪਲ ਮੁਲਾਜਮਾਂ ਨੇ ਮਹਿਸੂਸ ਕੀਤਾ ਕਿ ਰਸਤੇ ਵਿਚ ਬੋਹੜ ਆ ਰਿਹਾ ਹੈ ਜਿਸ ਦੇ ਘੱਟੋ ਘੱਟ ਤਿੰਨ ਢਾਹਣ ਵੱਢਣੇ ਪੈਣਗੇ। ਓਥੇ ਮੌਜੂਦ ਹਿੰਦੂ ਸਿੱਖਾਂ ਨੇ ਉਹ ਢਾਹਣ (ਸਾਖਾਂ) ਵੱਢਣ ਦਾ ਵਿਰੋਧ ਕਰ ਦਿੱਤਾ। ਅਖੇ ਇਹ ਬੇਬੇ ਨਾਨਕੀ ਦੇ ਘਰ ਦਾ ਇਤਹਾਸਿਕ ਬੋਹੜ ਹੈ ਇਸ ਨੂੰ ਹਰਗਿਜ਼ ਨਹੀ ਵੱਢਿਆ ਜਾ ਸਕਦਾ।

ਦੂਸਰੇ ਪਾਸੇ ਮੁਸਲਮਾਨਾਂ ਨੇ ਵੀ ਜਿੱਦ ਫੜ੍ਹ ਲਈ ਕਿਉਕਿ ਭੜਕਾਇਆ ਵੀ ਜਾ ਰਿਹਾ ਸੀ। ਅਖੀਰ ਤੇ ਮਸਲਾ ਹੱਲ ਕਰਨ ਲਈ ਦੋਵਾਂ ਫਿਰਕਿਆਂ ਨੂੰ ਇਕੱਠਿਆਂ ਅੰਗਰੇਜ ਅਫਸਰ ਕਰਨਲ ਫਿਸ਼ਰ ਦੇ ਦਫਤਰ ਸੱਦਿਆ ਗਇਆ।

ਓਥੇ ਮੁਸਲਮਾਨਾਂ ਨੇ ਫਿਸ਼ਰ ਨੂੰ ਸਮਝਾਇਆ ਕਿ ਵੇਖੋ ਇਹ ਜਲੂਸ ਹਰ ਸਾਲ ਨਿਕਲਦਾ ਹੈ ਇਸ ਨੂੰ ਕਿਸੇ ਕੀਮਤ ਤੇ ਰੋਕਿਆ ਨਹੀ ਜਾ ਸਕਦਾ। ਫਿਸ਼ਰ ਨੇ ਮੁਸਲਮਾਨਾਂ ਨੂੰ ਸਲਾਹ ਦਿੱਤੀ ਕਿ ਜਿਸ ਪਾਸੇ ਵਿਰੋਧਤਾ ਹੋ ਰਹੀ ਹੈ ਉਧਰ ਜਲੂਸ ਨਾਂ ਖੜਿਆ ਜਾਵੇ। ਮੁਸਲਮਾਨਾਂ ਕਿਹਾ ਕਿ ਹਰ ਸਾਲ ਜਲੂਸ ਨਿਕਲਦਾ ਹੈ ਐਤਕਾਂ ਹੀ ਹਿੰਦੂ-ਸਿੱਖਾਂ ਨੂੰ ਮੁਸ਼ਕਲ ਕੀ ਹੈ?

ਹਿੰਦੂ -ਸਿੱਖ ਇਸ ਗਲ ਤੋਂ ਮੁਨੱਕਰ ਸਨ ਕਿ ਜਲੂਸ ਇਸ ਪਾਸਿਓ ਦੀ ਨਿਕਲਦਾ ਰਿਹਾ ਹੈ। ਮੁਸਲਮਾਨ ਬਜਿੱਦ ਸਨ।

ਫਿਰ ਫਿਸ਼ਰ ਨੇ ਮੁਸਲਮਾਨਾਂ ਨੂੰ ਪੁੱਛਿਆ ਕਿ ਜਿਵੇ ਪਿਛਲੇ ਸਾਲ ਜਲੂਸ ਕੱਢਿਆ ਸੀ ਐਤਕਾਂ ਵੀ ਓਸੇ ਤਰਾਂ ਤਾਜੀਏ ਨੀਵੇ ਕਰਕੇ ਕੱਢ ਲਓ।

ਮੁਸਲਮਾਨ ਕਹਿਣ ਕੇ ਤਾਜੀਏ ਨੀਵੇ ਨਹੀ ਹੋ ਸਕਦੇ।

ਫਿਸ਼ਰ ਕਹਿੰਦਾ ਪਿੱਛਲੇ ਸਾਲ ਕਿਵੇ ਕੱਢੇ ਸਨ? ਮੁਸਲਮਾਨ ਕਹਿਣ ਲੱਗੇ ਜੀ ਓਦੋਂ ਬੋਹੜ ਦੀਆਂ ਟਹਿਣੀਆਂ ਵੱਡੀਆਂ ਨਹੀ ਸਨ।

ਓਥੇ ਸਿੱਖਾਂ ਹਿੰਦੂਆਂ ਕਿਹਾ ਕਿ "ਜਨਾਬ ਉਹ ਬਹੁਤ ਵੱਡੇ ਢਾਹਣ ਹਨ। ਜਿਹੜੇ ਘੱਟੋ ਘੱਟ 10-15 ਸਾਲਾਂ ਤੋਂ ਹੋਣਗੇ। ਉਨਾਂ ਕਿਹਾ ਕਿ ਮੁਸਲਮਾਨ ਝੂਠ ਬੋਲਦੇ ਹਨ।"

ਇਸ ਗਲ ਤੇ ਆ ਕੇ ਮੁਸਲਮਾਨ ਝੂਠੇ ਪੈ ਗਏ ਕਿਉਕਿ ਢਾਹਣ ਸੱਚ ਮੁੱਚ ਪੁਰਾਣੇ ਸਨ। ਪਰ ਇਸ ਦੇ ਬਾਵਜੂਦ ਮੁਸਲਮਾਨਾਂ ਨੇ ਜਿੱਦ ਫੜ ਲਈ ਕਿ ਜਲੂਸ ਬੇਬੇ ਨਾਨਕੀ ਘਰ ਪਾਸਿਓ ਹੀ ਕੱਢਣਾ ਹੈ। ਓਧਰ ਕਰਨਲ ਫਿਸ਼ਰ ਵੀ ਅੜ ਗਇਆ।

ਓਦੋਂ ਫਿਰ ਕੁਝ ਸੁਹਿਰਦ ਸੱਜਣਾਂ ਨੇ ਸੁਲਾਹ ਸਫਾਈ ਕਰਾਉਣ ਦੀ ਕੋਸ਼ਿਸ਼ ਕੀਤੀ। ਮੁਸਲਮਾਨ ਲੀਡਰਾਂ ਨੇ ਕਹਿ ਦਿੱਤਾ ਕਿ ਠੀਕ ਹੈ ਅਸੀ ਓਧਰ ਜਲੂਸ ਨਹੀ ਖੜਦੇ ਜੇ ਹਿੰਦੂ-ਸਿੱਖ ਸਾਨੂੰ ਇਸ ਬੋਹੜ ਦੇ ਤਿੰਨ ਪੱਤੇ ਤੋੜਨ ਦੀ ਇਜਾਜਤ ਦੇ ਦੇਣ। ਹਿੰਦੂ-ਸਿੱਖ ਇਹ ਸ਼ਰਤ ਵੀ ਮੰਨਣ ਨੂੰ ਤਿਆਰ ਨਾਂ ਹੋਏ।

ਗਲ ਸਾਫ ਸੀ ਕਿ ਇਹ ਦੋਵਾਂ ਪਾਸਿਆਂ ਦਾ ਵੱਕਾਰ ਦਾ ਮਸਲਾ ਬਣ ਚੁੱਕਾ ਸੀ।

ਮੁਹੱਰਮ ਵਾਲੇ ਦਿਨ ਫਿਰ ਜਲੂਸ ਨਿਕਲਿਆ। ਕੁਝ ਸ਼ਰਾਰਤੀਆਂ ਨੇ ਕਰਨਲ ਫਿਸ਼ਰ ਵਲ ਰੋੜੇ ਇੱਟਾਂ ਚਲਾ ਦਿੱਤੇ। ਜਿਸ ਤੇ ਮੌਕੇ ਦੇ ਮੈਜਿਸਟ੍ਰੇਟ ਨੇ ਜੋ ਖੁੱਦ ਮੁਸਲਮਾਨ ਸੀ ਲਿਖਤੀ ਹੁਕਮ ਦੇ ਦਿਤਾ ਕਿ ਇਸ ਹਾਲਤ ਵਿਚ ਪੁਲਿਸ ਭੀੜ ਤੇ ਕੰਟਰੋਲ ਕਰਨ ਲਈ ਗੋਲੀ ਚਲਾ ਸਕਦੀ ਹੈ।

ਜਿਵੇ ਫਿਰ ਜਲੂਸ ਬੇਬੇ ਨਾਨਕੀ ਦੇ ਘਰ ਵੱਲ ਵਧਣ ਲੱਗਾ ਤਾਂ ਫਿਸ਼ਰ ਨੇ ਇਕ ਰੋਕ (ਬੈਰੀਅਰ) ਲਵਾ ਦਿਤਾ ਕਿ ਇਸ ਤੋਂ ਅੱਗੇ ਜਿਹੜਾ ਵਧੇਗਾ ਉਸ ਨੂੰ ਗੋਲੀ ਮਾਰ ਦਿੱਤੀ ਜਾਵੇਗੀ।

ਇਹਦੇ ਬਾਵਜੂਦ ਹਥਿਆਰਾਂ ਨਾਲ ਲੈਸ ਮੁਸਲਮਾਨਾਂ ਨੇ ਉਹ ਰੋਕ ਟੱਪਣੀ ਸ਼ੁਰੂ ਕਰ ਦਿਤੀ। ਪੁਲਿਸ ਨੇ ਗੋਲੀ ਚਲਾ ਦਿੱਤੀ। ਜਿਸ ਵਿਚ 16 ਮੌਤਾਂ ਹੋਈਆਂ। ਉੱਜ ਸਰਕਾਰੀ ਤੌਰ ਤੇ ਸਿਰਫ 4 ਮੌਤਾਂ ਹੀ ਦੱਸੀਆਂ ਗਈਆਂ।

ਕੁਝ ਅਜਿਹੇ ਜਿਹੇ ਨਫਰਤ ਅਤੇ ਬੇਵਕੂਫੀ ਭਰੇ ਮਹੌਲ ਹੋਇਆ ਕਰਦੇ ਸਨ ਉਹਨੀ ਦਿਨੀ ਜਿਸ ਦਾ ਨਤੀਜਾ ਫਿਰ ਮੁਲਕ ਦੀ ਵੰਡ ਵਿਚ ਨਿਕਲਿਆ ਭਾਵ 10 ਲੱਖ ਲੋਕਾਂ ਦੀ ਮੌਤ ਅਤੇ ਕ੍ਰੋੜ ਲੋਕਾਂ ਦੀ ਹਿਜਰਤ। ਜਰੂਰਤ ਹੈ ਸਮਾਜ ਇਕ ਦੂਸਰੇ ਦੀਆਂ ਭਾਵਨਾਵਾਂ ਦੀ ਕਦਰ ਕਰੇ। ਬੇਗੁਨਾਹ ਇਨਸਾਨਾਂ ਦੇ ਹੱਡ ਬਾਲ ਕੇ ਲੀਡਰਾਂ ਹਮੇਸ਼ਾਂ ਰੋਟੀਆਂ ਸੇਕਦੇ ਆਏ ਹਨ।

ਗੁਰਦੁਆਰਾ ਰਬਾਬਸਰ ਭਰੋਆਣਾ

ਗੂੰਜ ਤੇ ਝੂਮ ਉਠਿਆ।

—◈—

ਜਦੋਂ ਮਰਦਾਨੇ ਨੇ ਅੱਗੇ ਜਾਣ ਤੋਂ ਨਾਹ ਕਰ ਦਿੱਤੀ

ਭੈਣ ਕੋਲੋਂ ਵਿਦਾਈ ਲੈ ਕੇ ਬਾਬਾ ਤੇ ਮਰਦਾਨਾ ਫਿਰ ਸ਼ਹਿਰੋ ਬਾਹਰ ਆ ਨਾਲ ਦੇ ਕਿਸੇ ਸ਼ਹਿਰ ਕਸਬੇ ਵਲ ਰਵਾਨਾ ਹੋ ਗਏ। ਨਾਲਦੇ ਸ਼ਹਿਰ ਵਿੱਚ ਵੀ ਮਰਦਾਨੇ ਨੇ ਰਬਾਬ ਲੱਭਣ ਦੀ ਕੋਸ਼ਿਸ਼ ਕੀਤੀ। ਪਰ ਇਸ ਇਲਾਕੇ ਵਿੱਚ ਘੱਟ ਹੀ ਕੋਈ ਰਬਾਬ ਘੜਦਾ ਸੀ। ਇੱਕ ਦਿਨ ਕਿਸੇ ਢਾਡੀ ਕੋਲ ਵੇਖੀ ਤੇ ਢਾਡੀ ਨਾਲ ਜਦੋਂ ਗੱਲ ਬਾਤ ਕੀਤੀ ਤੇ ਉਸ ਨੇ ਸਗੋਂ ਮਰਦਾਨੇ ਨੂੰ ਹੁੱਜਤਾਂ ਕੀਤੀਆਂ ਕਿ "ਕਿਹਦੇ ਮਗਰ ਲੱਗਾਂ ਫਿਰਦਾਂ ਉਹ ਕਮਲਾ ਨਾਨਕ ਜਿੰਨੇ ਮੋਦੀਖਾਨਾ ਹੀ ਲੁੱਟਾ ਦਿੱਤਾ ਸੀ। ਉਹ ਕੁਰਾਹੀਆ ਜਿਹੜਾ ਕਹਿੰਦਾ ਨਾ ਕੋਈ ਹਿੰਦੂ ਨਾ ਮੁਸਲਮਾਨ।" ਮਰਦਾਨੇ ਨੇ ਆ ਕੇ ਸਾਰੀ ਗੱਲ ਬਾਬਾ ਜੀ ਨੂੰ ਦੱਸੀ। ਗੁਰੂ ਸਾਹਿਬ ਨੇ ਬੜਾ ਸੰਤੋਖ ਜਿਤਾਇਆ ਕਿ ਮਰਦਾਨਿਆ ਇਹ ਖੁਸ਼ੀ ਦੀ ਗੱਲ ਹੈ। ਨਿਰੰਕਾਰ ਸਾਡੇ ਤੇ ਮਿਹਰਬਾਨ ਹੈ। ਸਾਡਾ ਸੁਨੇਹਾ ਦੂਰ ਦੂਰ ਤੱਕ ਪਹੁੰਚ ਰਿਹਾ ਹੈ।

ਅਗਲੇ ਦਿਨ ਸਵੇਰੇ ਬਾਬਾ ਤੇ ਮਰਦਾਨਾ ਲੱਗਦਾ ਜਲੰਧਰ ਵਾਲੇ ਪਾਸੇ ਨੂੰ ਨਿਕਲ ਗਏ। ਰਾਹ ਵਿੱਚ ਅਬਾਦੀ ਘੱਟ ਹੀ ਨਜਰ ਆਈ। ਇੱਕ ਥਾਂ ਅਰਾਮ ਕਰਨ ਲਈ ਰੁੱਖ ਥੱਲੇ ਬਹਿ ਗਏ। ਬਾਬੇ ਨੇ ਕਿਹਾ ਕਿ ਮਰਦਾਨਿਆ ਛੇੜ ਹਾਂ ਜਰਾ ਤਾਰ । ਬਾਣੀ ਆ ਰਹੀ ਹੈ।

ਮਾਰੂ ਮਹਲਾ ੧ ॥ ਮਾਇਆ ਮੁਈ ਨ ਮਨੁ ਮੁਆ ਸਰੁ ਲਹਰੀ ਮੈ ਮਤੁ ॥ ਬੋਹਿ ਨਿਰਮਲੁ ਸਾਚੋ ਮਨਿ ਵਸੈ ਸੋ ਜਾਣੈ ਅਭ ਪੀਰ ਥੁ ਜਲ ਸਿਰਿ ਤਰਿ ਟਿਕੈ ਸਾਚਾ ਵਖਰੁ ਜਿਤੁ ॥ ਮਾਣਕੁ ਮਨ ਮਹਿ ਮਨੁ ਮਾਰਸੀ ਸਚਿ ਨ ਲਾਗੈ ਕਤੁ ॥ ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ ॥੧॥ ਬਾਬਾ ਸਾਚਾ ਸਾਹਿਬੁ ਦੂਰਿ ਨ ਦੇਖੁ ॥ ਸਰਬ ਜੋਤਿ ਜਗਜੀਵਨਾ ਸਿਰਿ ਸਿਰਿ ਸਾਚਾ ਲੇਖੁ ॥੧॥ ਰਹਾਉ ॥ ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ ॥ ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ ॥ ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੈ ਵੀਚਾਰੀ ॥ ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ ॥੨॥ ਨਿਧਨਿਆ ਧਨੁ ਨਿਗੁਰਿਆ ਗੁਰੁ ਨਿੰਮਾਣਿਆ ਤੂ ਮਾਣੁ ॥ ਅੰਧੁਲੈ ਮਾਣਕੁ ਗੁਰੁ ਪਕੜਿਆ ਨਿਤਾਣਿਆ ਤੂ ਤਾਣੁ ॥ ਹੋਮ ਜਪਾ ਨਹੀ ਜਾਣਿਆ ਗੁਰਮਤੀ ਸਾਚੁ ਪਛਾਣੁ ॥ ਨਾਮ ਬਿਨਾ ਨਾਹੀ ਦਰਿ ਢੋਈ ਝੂਠਾ ਆਵਣ ਜਾਣੁ ॥੩॥ ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥ ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥ ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥ ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥੪॥੧੦॥

ਕੀਰਤਨ ਤੋਂ ਬਾਦ ਧੰਨ ਨਿਰੰਕਾਰ ਦੀ ਧੁੰਨ ਦੇ ਪਿੱਛੋ ਬਾਬੇ ਦੀ ਲਿਵ ਕਰਤਾਰ ਨਾਲ ਅਜਿਹੀ ਲੱਗੀ ਕਿ ਓਥੇ ਹੀ ਸ਼ਾਮ ਤੇ ਫਿਰ ਓਥੇ ਵੀ ਰਾਤ ਗੁਜਾਰੀ। ਭਾਈ ਮਰਦਾਨਾ ਨੇ ਲਾਗੇ ਚਾਗੇ ਦੇ ਜੰਗਲ ਵਿੱਚੋਂ ਫਲ ਫੁੱਲ ਖਾ ਕੇ ਰਾਤ ਲੰਘਾਈ। ਸਵੇਰੇ ਮੂੰਹ ਮਨ੍ਹੇਰੇ ਅੰਮ੍ਰਿਤ ਵੇਲੇ ਬਾਬੇ ਨੇ ਅਸ਼ਨਾਨ ਕੀਤਾ ਤੇ ਫਿਰ ਮਰਦਾਨੇ ਨੂੰ ਸਾਵਧਾਨ ਹੋਣ ਵਾਸਤੇ ਕਹਿ ਦਿੱਤਾ। ਦਿਨ ਚੜ੍ਹੇ ਜਲੰਧਰ ਵਲ ਚਾਲੇ ਪਾ ਦਿੱਤੇ। ਅੱਗੇ ਕੋਈ ਪਿੰਡ ਆਇਆ ਤੇ ਕਿਸੇ ਦਿਆਵਾਨ ਨੇ ਕੁਝ ਲੱਸੀ ਆਦਿ ਛਕਾਉਣੀ ਚਾਹੀ ਤਾਂ ਮਰਦਾਨੇ ਨੇ ਕਹਿ ਦਿੱਤਾ ਕੇ ਚੰਗਾ ਹੋਵੇ ਜੇ ਕਿਤੇ ਰਾਤ ਦਾ ਬਚਿਆ ਫੁੱਲਕਾ ਵੀ ਮਿਲ ਜਾਵੇ। ਅਗਲਿਆਂ ਲੰਗਰ ਬਣਾ ਕੇ ਮਰਦਾਨੇ ਦੀ ਤਸੱਲੀ ਕਰਾ ਦਿੱਤੀ। ਬਾਬੇ ਨੇ ਨਿਰੰਕਾਰ ਦਾ ਉਪਦੇਸ਼ ਦਿੱਤਾ ਤੇ ਅੱਗੇ ਚਲਦੇ ਬਣੇ।

ਜਲੰਧਰ ਵਿਖੇ ਸਾਧਾਂ ਦੇ ਕਈ ਮੱਠ ਸਨ ਜਿਸ ਕਰਕੇ ਦੋ ਚਾਰ ਦਿਨ ਬਾਬਾ ਜੀ ਦੇ ਵਖਿਆਨ ਚਲਦੇ ਰਹੇ। ਜਿਆਦਾ ਜੋਗੀਆਂ ਦੇ ਡੇਰੇ ਸਨ ਜਿਸ ਕਰਕੇ ਜੋਗਮਤ ਦੇ ਨਾਦ-ਜੋਤ ਨਾਲ ਸਬੰਧਤ ਗੱਲਾਂ ਹੋਈਆਂ। ਕਈ ਜੋਗੀ ਗੁਰੂ ਸਾਹਿਬ ਦੇ ਚਰਨੀ ਲੱਗੇ। ਫਿਰ ਕੁਝ ਦਿਨਾਂ ਬਾਦ ਘੁੰਮਦੇ ਫਿਰਦੇ ਭਾਗੀਰਥ ਆਦਿ ਸ਼ਰਧਾਲੂਆਂ ਨੂੰ ਮਿਲਦੇ ਹੋਏ ਵਾਪਸ ਸੁਲਤਾਨ ਪੁਰ ਆ ਨਿਕਲੇ। ਸੁਲਤਾਨਪੁਰ ਆਉਣ ਦੀ ਦੇਰ ਸੀ ਤਾਂ ਮਰਦਾਨੇ ਨੇ ਬਗਾਵਤ ਕਰ ਦਿੱਤੀ। ਕਹਿੰਦਾ ਕਿ "ਬਾਬਾ ਮੈਂ ਨਹੀ ਤੇਰੇ ਨਾਲ ਨਿਬਾਹ ਸਕਾਂਗਾ। ਸਾਰਾ ਸਾਰਾ ਦਿਨ ਪੈਂਡਾ ਕਰਨਾਂ ਤੇ ਰਾਤ ਨੂੰ ਭੁੱਖੇ ਸਾਉਣਾ ਉਹ ਵੀ ਉਜਾੜ ਬੀਆਬਾਨਾਂ ਵਿੱਚ। ਬਾਬਾ ਨਾਂ ਤੈਨੂੰ ਭੁੱਖ ਹੈ। ਨਾਂ ਨੀਂਦ ਹੈ। ਨਾਂ ਥਕੇਵਾਂ ਹੈ। ਪਤਾ ਨਹੀ ਬਾਬਾ ਤੂੰ ਕਾਹਦਾ ਬਣਿਐ? ਬਾਬਾ ਜਾਂ ਤਾਂ ਮੈਨੂੰ ਵੀ ਆਪਣੇ ਵਰਗਾ ਕਰ ਲੈ ਜਾਂ ਫਿਰ ਮੈਨੂੰ ਛੁੱਟੀ ਬਖਸ਼ ਦੇ।"

ਬਾਬੇ ਨੇ ਮਰਦਾਨੇ ਨੂੰ ਕਿਹਾ, "ਮਰਦਾਨਿਆ ਜੇ ਨਿਰੰਕਾਰ ਦੀ ਬਖਸ਼ਿਸ਼ ਹੋਵੇ ਤਾਂ ਇਸ ਵਿਚ ਅਨੰਦ ਹੀ ਅਨੰਦ ਹੈ, ਨਹੀ ਤਾਂ ਇਸ ਪੰਧ ਵਿੱਚ ਤਾਂ ਦੁੱਖ ਤੇ ਭੁੱਖ ਹੀ ਹੈ। ਇਨਾਂ ਤੋਂ ਛੁਟਕਾਰਾ ਤਾਂ ਨਿਰੰਕਾਰ ਦੇ ਹੱਥ ਹੈ। ਕਿਸ ਤੇ ਉਹ ਬਖਸ਼ਿਸ਼ ਕਰਦਾ ਕਿਸ ਤੇ ਨਹੀ। ਇਹ ਕਿਸੇ ਦੇ ਵੱਸ 'ਚ ਨਹੀ। ਮੇਰਾ ਸਰੀਰ ਵੀ ਹੱਡ ਮਾਸ ਦਾ ਪੁੱਤਲਾ ਹੈ। ਮੈਨੂੰ ਵੀ ਭੁੱਖ ਲੱਗਦੀ ਹੈ। ਪਰ ਕਰਤਾਰ ਨੇ ਮੈਨੂੰ ਸਬਰ ਸੰਤੋਖ ਬਖਸ਼ਿਆ ਹੈ। ਤੂੰ ਉਸ ਖੁਦਾ ਅੱਗੇ ਅਰਜੋਈ ਕਰ ਲਿਆ ਕਰ ਕਿ ਨਿਰੰਕਾਰ ਸੰਤੋਖ ਬਖਸ਼ੇ। ਪੈਂਡਾ ਬਿਖੜਾ ਹੈ, ਭੁੱਖ ਨੰਗ ਹੈ। ਪਰ ਸਾਡੇ ਕੋਲ ਅਰਦਾਸ ਦਾ ਹਥਿਆਰ ਮੌਜੂਦ ਹੈ। ਉਸ ਦੀ ਵਰਤੋਂ ਕਰਨਾਂ ਸਿੱਖਣਾ ਪਵੇਗਾ। ਬਾਕੀ ਯਾਦ ਰੱਖੀ, ਸਭ ਕੁਝ ਗੁਰਮੁਖ ਦੇ ਚਰਨਾਂ ਵਿੱਚ ਹੁੰਦਾ ਹੈ। ਰਾਜ ਭਾਗ ਮਿਲਖਾਂ ਸਰਦਾਰੀਆਂ ਸਿਕਦਾਰੀਆਂ ਸਭ ਕੁਝ।"

ਪੈਂਡਾ ਸਫ਼ਾ

◉ ਹਰੀਕੇ ਪੱਤਣ/ ਮਖੂ ਦੇ ਦੂਸਰੇ ਪਾਸੇ ਜਿੱਥੇ ਦੋਵੇਂ ਦਰਿਆ ਸਤਲੁਜ ਅਤੇ ਬਿਆਸ ਮਿਲਦੇ ਹਨ ਦੇ ਲਾਗੇ ਦੋਵਾਂ ਦਰਿਆਵਾਂ ਦਰਮਿਆਨ ਕੋਈ ਪਿੰਡ ਆਸ਼ਕ ਪੁਰ ਹੁੰਦਾ ਸੀ। ਉਹ ਪਿੰਡ ਅੱਜ ਤਾਂ ਮੌਜੂਦ ਨਹੀ ਹੈ ਪਰ ਗੁਰਸਿੱਖਾਂ ਨੇ ਸਾਰਾ ਹਿਸਾਬ ਲਾ ਪਿੰਡ ਭਰੋਆਣਾ ਵਿਖੇ ਰਬਾਬਸਰ ਗੁਰਦੁਆਰਾ ਤਾਮੀਰ ਕੀਤਾ ਹੈ। ਯਾਦ ਰਹੇ ਇਸ ਇਲਾਕੇ ਵਿਚ ਅਕਸਰ ਹੜ੍ਹ ਆਉਦੇ ਰਹਿੰਦੇ ਹਨ। ਕੁਦਰਤੀ ਹੈ ਪਿੰਡ ਵਸਦੇ ਤੇ ਤਬਾਹ ਹੁੰਦੇ ਆਏ ਹਨ। ਆਸਕ ਪੁਰ ਵੀ ਏਸੇ ਤਰਾਂ ਕਦੀ ਤਬਾਹ ਹੋ ਗਿਆ ਹੋਵੇਗਾ। ਪਿੰਡ ਭਰੋਆਣਾ ਸੁਲਤਾਨਪੁਰ ਤੋਂ ਨੱਕ ਦੀ ਸੇਧ ਤੇ 12 ਕਿ. ਮੀ. ਪੱਛਮ ਵਿਚ ਪੈਂਦਾ ਹੈ।

ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ ॥ ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ ॥ ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ ॥੫॥

ਸੋ ਜੇ ਇਹ ਮੰਨ ਨੂੰ ਮਾਰ ਸਕਦੈ ਤਾਂ ਚਲ ਨਹੀ ਤਾਂ ਰਹੁ ਭਾਈ।

ਪਉੜੀ ॥ ਆਪਣਾ ਆਪੁ ਪਛਾਣਿਆ ਨਾਮੁ ਨਿਧਾਨੁ ਪਾਇਆ ॥ ਕਿਰਪਾ ਕਰਿ ਕੈ ਆਪਣੀ ਗੁਰ ਸਬਦਿ ਮਿਲਾਇਆ ॥ ਗੁਰ ਕੀ ਬਾਣੀ ਨਿਰਮਲੀ ਹਰਿ ਰਸੁ ਪੀਆਇਆ ॥ ਹਰਿ ਰਸੁ ਜਿਨੀ ਚਾਖਿਆ ਅਨ ਰਸ ਠਾਕਿ ਰਹਾਇਆ ॥ ਹਰਿ ਰਸੁ ਪੀ ਸਦਾ ਤ੍ਰਿਪਤਿ ਭਏ ਫਿਰਿ ਤ੍ਰਿਸਨਾ ਭੁਖ ਗਵਾਇਆ ॥੫॥

ਸਾਹਿਬ ਨੇ ਫਰਮਾਇਆ ਕਿ ਮਰਦਾਨਿਆ ਜਦੋਂ ਕਿਸੇ ਨਾਲ ਮੁਹੱਬਤ ਹੋ ਜਾਏ ਤਾਂ ਭੁਖ ਤ੍ਰੇਹ ਨਹੀ ਲਗਦੀ। ਜਦੋਂ ਨਾਮ ਦਾ ਰਸ ਆਉਣਾ ਸ਼ੁਰੂ ਹੋ ਗਇਆ ਤਾਂ ਭੁੱਖ ਤ੍ਰੇਹ ਜਾਂਦੀ ਰਹੇਗੀ।

ਸਭ ਸੋਚ ਸਮਝ ਕੇ ਮਰਦਾਨਾ ਹੱਥ ਖੜੇ ਕਰ ਦਿੰਦਾ। "ਨਹੀ ਮੇਰੇ ਕੋਲੋ ਇਹ ਭੁੱਖ ਨਹੀ ਜਰੀ ਜਾਂਦੀ। ਬਾਬਾ ਮੈਨੂੰ ਮਾਫ ਕਰਦੇ। ਆਹ ਸਾਂਭ ਆਪਣੀ ਰਬਾਬ। "

ਬਾਬੇ ਨੇ ਮਰਦਾਨੇ ਨੂੰ ਕਿਹਾ, "ਚੰਗਾ ਮਰਦਾਨਿਆ। ਪਰ ਇੱਕ ਕੰਮ ਕਰ। ਆਹ ਰਬਾਬ ਬੇਬੇ ਨਾਨਕੀ ਕੋਲ ਪਹੁੰਚਾ ਦੇ। ਜੇ ਕੋਈ ਹੋਰ ਰਬਾਬੀ ਮਿਲ ਗਇਆ ਤਾਂ ਬੇਬੇ ਕੋਲੋ ਅਸੀ ਮੰਗਵਾ ਲਵਾਂਗੇ। "

ਮਰਦਾਨਾ ਗਇਆ ਬੇਬੇ ਦੇ ਘਰ। ਤੁਲਸਾਂ ਨੇ ਬੇਬੇ ਨੂੰ ਖਬਰ ਦਿੱਤੀ ਕਿ ਮਰਦਾਨਾ ਆਇਆ। ਬੇਬੇ ਨੇ ਉਤੇ ਸੱਦਿਆ ਤੇ ਪੁੱਛਿਆ ਕਿ ਮਰਦਾਨਿਆ ਇਕੱਲੇ ਕਿਓ ਆਇਓ? ਮਰਦਾਨੇ ਨੇ ਸਾਰੀ ਗੱਲ ਦੱਸੀ ਕਿ "ਭੁੱਖੇ ਰਹਿਣਾ ਮੇਰੇ ਵੱਸ ਵਿੱਚ ਨਹੀ । ਬਾਬਾ ਤਾਂ ਭੁੱਖ ਤ੍ਰੇਹ ਤੋਂ ਉਤੇ ਹੈ। "

ਇਹ ਸੁਣਦੇ ਸਾਰ ਬੇਬੇ ਜੀ ਦੇ ਦਿਲ ਨੂੰ ਧ੍ਰੂ ਪਈ। ਹਿਰਦਾ ਟੁੰਬਿਆ ਗਿਆ। "ਹਾਏ! ਕੀ ਮੇਰਾ ਵੀਰ ਇਕੱਲਾ ਹੀ ਜੰਗਲਾਂ ਬੇਲਿਆਂ ਵਿੱਚ ਫਿਰੇਗਾ? ਨਾਂ ਮਰਦਾਨਿਆ ਇਸ ਤਰਾਂ ਨਾਂ ਕਰ। ਨਾਨਕ ਨੂੰ ਇਕੱਲਾ ਨਾਂ ਛੱਡ। ਵੇਖ ਪਿੱਛੇ ਤੇਰੇ ਟੱਬਰ ਦਾ ਇੰਤਜਾਮ ਕਰਨ ਦਾ ਮੈਂ ਪਹਿਲਾਂ ਤੈਨੂੰ ਵਾਇਦਾ ਦੇ ਦਿੱਤਾ ਹੈ। ਤੂੰ ਆਪਣੇ ਵਾਸਤੇ ਵੀ ਸਾਡੇ ਕੋਲੋ ਖਰਚੀ ਲੈ ਜਾਇਆ ਕਰ। "

ਤੁਲਸਾਂ ਨੂੰ ਕਿਹਾ ਕਿ ਮਰਦਾਨੇ ਨੂੰ ਲੰਗਰ ਪਾਣੀ ਛਕਾਓ। ਬੇਬੇ ਜੀ ਨੇ ਭਾਈਆਂ ਜੈਰਾਮ ਨਾਲ ਸਾਰੀ ਗੱਲ ਕੀਤੀ ਕਿ ਮਰਦਾਨਾ ਨਾਨਕ ਦਾ ਸਾਥ ਛੱਡ ਰਿਹਾ ਹੈ। ਬੇਬੇ ਜੀ ਦੀ ਗੰਭੀਰਤਾ ਤੇ ਮਾਯੂਸੀ ਵੇਖ ਕੇ ਭਾਈਆ ਜੀ ਨੇ ਕਿਹਾ ਕਿ ਇਸ ਦਾ ਇਕੋ ਇਲਾਜ ਹੈ ਕਿ ਮਰਦਾਨੇ ਨੂੰ ਪੱਲਾ ਖਰਚਣ ਵਾਸਤੇ ਕੁਝ ਦੇ ਦਿੱਤਾ ਜਾਵੇ ਤੇ ਅਗਾਂਹ ਵਾਸਤੇ ਵੀ ਕਹਿ ਦਿੱਤਾ ਜਾਵੇ ਕਿ ਖਰਚੀ ਸਾਥੋਂ ਆ ਕੇ ਲੈ ਜਾਇਆ ਕਰੇ। ਸਾਰਾ ਸਲਾਹ ਮਸ਼ਵਰਾ ਕਰਕੇ ਉਸ ਵਕਤ ਮਰਦਾਨੇ ਨੂੰ 20 ਰੁਪਣੇ ਬੇਬੇ ਜੀ ਨੇ ਦੇ ਦਿੱਤੇ ਤੇ ਕਿਹਾ ਕਿ ਨਾਨਕ ਦਾ ਸਾਥ ਨਾਂ ਛੱਡ ਤੇਰੀ ਹਰ ਮੰਗ ਅਸੀ ਪੂਰੀ ਕਰਾਂਗੇ। ਬੇਬੇ ਜੀ ਦੇ ਸਮਝਾਉਣ ਬੁਝਾਉਣ ਤੇ ਮਰਦਾਨਾ ਮੰਨ ਗਇਆ ਕਿ ਉਹ ਬਾਬੇ ਦੇ ਨਾਲ ਹੀ ਰਹੇਗਾ ਜਿੱਥੇ ਵੀ ਓਹ ਜਾਏਗਾ।

ਰਬਾਬ ਮੋਢੇ ਤੇ ਪਾਈ ਮਰਦਾਨਾ ਫਿਰ ਬਾਬੇ ਕੋਲ ਪਹੁੰਚ ਗਿਆ। ਬਾਬੇ ਨੇ ਫਰਮਾਇਆ, "ਆ ਗਇਆ ਮਰਦਾਨਿਆਂ? ਮਨ ਟਿਕਦਾ ਨਹੀ ਤੇਰਾ। ਹੁਣ ਫਿਰ ਚੁੱਕੀ ਫਿਰਦੈ ਰਬਾਬ?"

ਮਰਦਾਨੇ ਨੇ ਸਾਰੀ ਗੱਲ ਦੱਸੀ। ਗੁਰੂ ਸਾਹਿਬ ਨੂੰ ਜਦੋਂ ਪਤਾ ਲੱਗਾ ਮਰਦਾਨਾ ਬੇਬੇ ਜੀ ਕੋਲੋਂ 20 ਰੁਪਏ ਲੈ ਕੇ ਆਇਆ ਤਾਂ ਸਾਹਿਬ ਨੇ ਮਰਦਾਨੇ ਨੂੰ ਕਿਹਾ,

"ਮਰਦਾਨਿਆਂ ਇਹ ਚੰਗਾ ਨਹੀਉ ਕੀਤਾ। ਆਪਣੀ ਅਗਿਆਨਤਾ ਵਿਖਾਈ ਤੂੰ। ਫਿਰਨਾਂ ਫਕੀਰਾਂ ਦੇ ਭੇਸ ਵਿੱਚ ਤੇ ਬੋਝੇ ਵਿੱਚ ਸੋਨਾ ਚਾਂਦੀ! ਵਾਹ ਮਰਦਾਨਿਆ ਵਾਹ! ਓਏ ਭੋਲਿਆ ਅਸੀ ਕਰਤਾਰ ਦੇ ਰਾਹ ਦੇ ਪਾਂਧੀ ਆ। ਜਿਹੜਾ ਸਾਰੀ ਸ੍ਰਿਸਟੀ ਨੂੰ ਦਿੰਦਾ। ਇਹਦਾ ਮਤਲਬ ਤੇਰਾ ਅਜੇ ਤੱਕ ਭਰੋਸਾ ਨਹੀ ਬੱਝਾ। ਭੋਲਿਆ ਜਦੋਂ ਸਾਨੂੰ ਉਹ ਭੁੱਖਾ ਰੱਖਦਾ ਹੈ ਉਹ ਉਹਦੇ ਪਿਆਰ ਦਾ ਮੁੱਲ ਅਸੀ ਤਾਰ ਰਹੇ ਹੁੰਨੇ ਆ। ਜਾਹ ਇਹ ਜਹਿਰ ਮੋੜ ਕੇ ਆ। ਤੂੰ ਇੱਕ ਵਾਰ ਫਿਰ ਸੋਚ ਲੈ। ਪਰ ਯਾਦ ਰੱਖੀ ਲੰਮੇ ਸਫਰ ਤੇ ਪੈਣ ਲਗਿਆਂ ਭਾਰ ਨਹੀ ਚੁੱਕੀਦਾ। "

ਮਰਦਾਨਾ ਸ਼ਰਮਿੰਦਾ ਹੋਇਆ। ਕਹਿਣ ਲੱਗਾ ਕਿ ਚਲੋ ਪੈਸੇ ਮੋੜ ਆਉਨੇ। ਤੁਹਾਨੂੰ ਮਿਲਣ ਵਾਸਤੇ ਬੇਬੇ ਜੀ ਨੇ ਬਹੁਤ ਜਿੱਦ ਕੀਤੀ ਹੈ ਤੁਹਾਨੂੰ ਵੀ ਨਾਲ ਜਾਣਾ ਹੀ ਪੈਣਾ। ਗੁਰੂ ਸਾਹਿਬ ਫਿਰ ਮਰਦਾਨੇ ਦੇ ਨਾਲ ਭੈਣ ਨੂੰ ਮਿਲਣ ਜਾਂਦੇ ਨੇ। ਫਿਰ ਭੈਣ ਭਰਾ ਦੇ ਪਿਆਰ ਮੁਹੱਬਤ ਦੀਆਂ ਗੱਲਾਂ। ਕੁਝ ਤਲਵੰਡੀ ਦੀਆਂ। ਕੁਝ ਭਰਜਾਈ ਦੀਆਂ ਸਹੁਰੇ ਤੇ ਸੱਸ ਦੀਆਂ। ਬਾਬਾ ਫਿਰ ਭੈਣ ਕੋਲੋ ਵਿਦਾ ਹੁੰਦਾ ਹੈ ਇਹ ਵਾਇਦਾ ਦੇ ਕੇ ਕਿ ਜਦੋਂ ਵੀ ਤੂੰ ਯਾਦ ਕਰੇਗੀ ਮੈਂ ਹਾਜਰ ਹੋਵਾਂਗਾ।

—◈—

ਮੋਦੀਖਾਨਾ ਤਿਆਗਣ ਪਿੱਛੋਂ ਭੈਣ ਨਾਨਕੀ ਨੂੰ ਮਿਲਣ ਆਉਣ ਦੀ ਮਹੱਤਤਾ–

ਹਿੰਦੂਮਤ ਵਿੱਚ ਜਦੋਂ ਕੋਈ ਸੰਨਿਆਸ ਲੈਂਦਾ ਹੈ ਤਾਂ 12 ਸਾਲ ਤੱਕ ਉਹ ਆਪਣੇ ਘਰ ਨਹੀ ਵੜ੍ਹ ਸਕਦਾ। ਇਹ ਸੰਨਿਆਸ ਦਾ ਮੁਢਲਾ ਨਿਯਮ ਜਾਂ ਸ਼ਰਤ ਹੁੰਦੀ ਹੈ। ਆਪਣੀ ਬਾਣੀ ਵਿੱਚ ਗੁਰੂ ਸਾਹਿਬ ਸੰਨਿਆਸ ਨੂੰ ਨਹਾਇਤ ਗੱਲਤ ਠਹਿਰਾਉਦੇ ਨੇ। ਜੋਗੀਆਂ ਤੇ ਕਟਾਖ ਕਰਦੇ ਨੇ ਕਿ ਇੱਕ ਪਾਸੇ ਤੂੰ ਘਰ ਨੂੰ ਤਿਆਗਿਆ ਹੈ ਤੇ ਦੂਸਰੇ ਪਾਸੇ ਜਦੋਂ ਭੁੱਖ ਲੱਗਦੀ ਹੈ ਓਸੇ ਗ੍ਰਿਸਤੀ ਦੇ ਘਰ ਮੰਗਣ ਚਲੇ ਜਾਂਦੇ ਹੋ।

ਨਾਨਕ ਆਖੇ ਭੰਗੁਨਾਥ ਤੇਰੀ ਮਾਉ ਕੁਚੱਜੀ ਆਈ॥
ਭਾਂਡਾ ਧੋਇ ਨ ਜਾਤਿਓਨ ਭਾਇ ਕੁਚਜੇ ਫੁਲ ਸੜਾਈ॥
ਹੋਇ ਅਤੀਤ ਗ੍ਰਿਹਸਤ ਤਜ ਫਿਰ ਉਨਹੁੰਕੇ ਘਰ ਮੰਗਨ ਜਾਈ॥ (ਭਾਈ ਗੁਰਦਾਸ)

ਫਿਰ ਜਿਵੇ ਉਤੇ ਆਇਆ ਹੈ, ਓਨਾਂ ਦਾ ਸੰਨਿਆਸ ਵੀ ਅਲੌਕਿਕ ਸੀ। ਅੱਧਾ ਲਿਬਾਸ ਹਿੰਦੂ ਜੋਗੀਆਂ ਵਾਲਾ ਤੇ ਅੱਧਾ ਮੁਸਲਮਾਨ ਫਕੀਰਾਂ ਵਾਲਾ। ਕਦੀ ਹੱਡੀਆਂ ਦੀ ਮਾਲਾ ਗੱਲ ਵਿੱਚ ਪਾ ਲੈਣੀ। ਸਾਨੂੰ ਇਹ ਵੀ ਨਹੀ ਭੁਲਣਾ ਚਾਹੀਦਾ ਕਿ ਉਸ ਜਮਾਨੇ ਵਿੱਚ ਦੂਰ ਦੁਰਾਡੇ ਵਿੱਚ ਸਿਰਫ ਜਾਂ ਤਾਂ ਸਾਧੂ ਫਕੀਰ ਜਾ ਸਕਦੇ ਜਾਂ ਵਣਜਾਰੇ ਜਿੰਨਾ ਕੋਲ ਸੁਰੱਖਿਆ ਦੇ ਪੁਖਤਾ ਪ੍ਰਬੰਧ ਹੁੰਦੇ ਸਨ ਤੇ ਹਰ ਇਲਾਕੇ ਵਿੱਚ ਸਰਕਾਰ ਓਨਾਂ ਦੀ ਰਾਖੀ ਕਰਦੀ ਸੀ ਤੇ ਬਦਲੇ ਵਿੱਚ ਉਹ ਟੈਕਸ ਦਿੰਦੇ ਸਨ।

ਸੋ ਮੁੜ ਮੁੜ ਕੇ ਭੈਣ ਨੂੰ ਮਿਲਣ ਆਉਣਾ ਇਹ ਸਾਬਤ ਕਰਦਾ ਹੈ ਕਿ ਗੁਰੂ ਸਾਹਿਬ ਸੰਨਿਆਸੀ ਕਿਸਮ ਦੇ ਬਿਹੰਗਮ ਨਹੀ ਸਨ। ਉਹ ਤਾਂ ਸਾਧਾਂ ਫਕੀਰਾਂ ਵਾਲਾ ਸਿਰਫ ਬਾਣਾ ਪਹਿਨਦੇ ਸਨ ਤਾਂ ਕਿ ਯਾਤਰਾ ਦੌਰਾਨ ਸੌਖ ਰਹੇ।

—◈—

ਜਦੋਂ ਗੁਰੂ ਸਾਹਿਬ ਆਪਣੇ ਜੱਦੀ ਪਿੰਡ ਪੱਠੇਵਿੰਡ ਗਏ ਤਾਂ ਸ਼ਰੀਕਾਂ ਬਾਹਰ ਕੱਢ ਤਾ ⊙

ਪਿੰਡ ਪੱਠੇਵਿੰਡ ਜੋ ਅੱਜ ਕਲ ਪੂਰੀ ਤਰਾਂ ਬੇਚਰਾਗ ਹੋ ਚੁੱਕਾ ਹੈ, ਕਿਸੇ ਵੇਲੇ ਬੇਦੀਆਂ ਦਾ ਗੜ੍ਹ ਸੀ। ਇਸ ਸਥਾਨ ਬਾਰੇ ਗੁਰੂ ਹਰਗੋਬਿੰਦ ਸਾਹਿਬ ਨੇ ਸੰਗਤਾਂ ਨੂੰ ਜਾਣੂ ਕਰਵਾਇਆ ਸੀ। ਗੁਰੂ ਸਾਹਿਬ ਦੇ ਵਡੇਰੇ ਵੀ ਇਸੇ ਪਿੰਡ ਦੇ ਸਨ। ਨਾਲ ਹੀ ਭੋਇ ਰਾਜਪੂਤਾਂ ਦਾ ਪਿੰਡ ਜ੍ਹਾਮਾਰਾਇ ਹੈ। ਭੋਇ ਜ੍ਹਾਮਾ ਰਾਇ ਦੀ ਓਲਾਦ ਵਿੱਚੋਂ ਹੀ ਰਾਇ ਬੁਲਾਰ ਹੋਇਆ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਰਾਇ ਬੁਲਾਰ ਰਾਇ ਜ੍ਹਾਮਾ ਦਾ ਹੀ ਪੁੱਤਰ ਸੀ। ਕਿਹਾ ਜਾਂਦਾ ਹੈ ਕਿ ਭੋਇ ਜ੍ਹਾਮਾ ਰਾਇ ਨੂੰ ਤਲਵੰਡੀ ਦਾ ਇਲਾਕਾ ਜਗੀਰ ਵਜੋਂ ਮਿਲਿਆ ਸੀ। ਜ੍ਹਾਮਾ ਜਦੋਂ ਪ੍ਰਵਾਰ ਸਮੇਤ ਫਿਰ ਤਲਵੰਡੀ ਹਿਜਰਤ ਕਰ ਗਇਆ ਤਾਂ ਨਾਲ ਪਟਵਾਰੀ ਮਹਿਤਾ ਕਾਲੂ ਨੂੰ ਵੀ ਲੈ ਗਿਆ।

ਜਦੋਂ ਗੁਰੂ ਸਾਹਿਬ ਸੁਲਤਾਨਪੁਰ ਰਹਿੰਦੇ ਸਨ ਤਾਂ ਗੁਰੂ ਸਾਹਿਬ ਦੇ ਸਾਧ ਬਣਨ ਦੀ ਖਬਰ ਪਿੰਡ ਪੱਠੇਵਿੰਡ ਵੀ ਪਹੁੰਚ ਚੁੱਕੀ ਸੀ।

ਸੁਲਤਾਨਪੁਰ ਤੋਂ ਰਵਾਨਾ ਹੋ ਚੁੱਕੇ ਗੁਰੂ ਸਾਹਿਬ ਇੱਕ ਦਿਨ ਇਲਾਕੇ ਵਿੱਚ ਘੁੰਮਦੇ ਫਿਰਦੇ ਆਪਣੇ ਜੱਦੀ ਪਿੰਡ ਆ ਗਏ। ਨਾਲ ਮਰਦਾਨਾ ਵੀ ਸੀ। ਨਿਵਾਸੀਆਂ ਨੇ ਸ਼ੁਰੂ ਵਿੱਚ ਲੰਗਰ ਪਾਣੀ ਛਕਾਇਆ। ਬਾਦ ਵਿੱਚ ਸਾਰੇ ਬੇਦੀ ਇਕੱਠੇ ਹੋ ਕੇ ਗੁਰੂ ਸਾਹਿਬ ਨੂੰ ਤਾਹਨੇ ਮਾਰਨ ਲੱਗ ਪਏ ਕਿ ਇੱਕ ਖੱਤਰੀ ਪੁੱਤਰ ਹੋ ਕੇ ਕੀ ਤੂੰ ਫਕੀਰੀ ਭੇਸ ਬਣਾਇਆ ਹੋਇਆ ਹੈ। ਕਿਓ ਨਹੀ ਕੋਈ ਕਾਰ ਵਿਹਾਰ ਕਰਦਾ? ਬੇਦੀ ਖੱਤਰੀਆਂ ਨੂੰ ਇੰਨਾ ਵੱਟ ਚੜ੍ਹਿਆ ਕਿ ਜਿੱਦ ਵਿੱਚ ਆ ਕੇ ਕਿ ਕਹਿਣ ਕਿ ਤੁਰੰਤ ਇਸ ਪਿੰਡ ਵਿੱਚੋਂ ਰਵਾਨਾ ਹੋਵੋ। ਗੁਰੂ ਸਾਹਿਬ ਨੂੰ ਬਹੁਤ ਬੁਰਾ ਭਲਾ ਕਿਹਾ। ਨਿਮ੍ਰਤਾ ਦੇ ਸਮੁੰਦਰ ਗੁਰੂ ਸਾਹਿਬ ਨੇ ਓਨਾਂ ਨੂੰ ਸਮਝਾਉਣਾ ਚਾਹਿਆ ਕਿ ਭਾਈ ਮੈਂ ਸਦਾ ਵਾਸਤੇ ਇਸ ਪਿੰਡ ਵਿੱਚ ਰਹਿਣ ਲਈ ਨਹੀ ਆਇਆ। ਬਸ ਇੱਕ ਦੋ ਦਿਨ ਇਲਾਕੇ ਵਿੱਚ ਰਹਿਣਾ ਹੈ ਤੇ ਚਲਦੇ ਬਣਨਾ ਹੈ। ਪਰ ਖੱਤਰੀ ਤਾਂ ਗੁਰੂ ਸਾਹਿਬ ਨੂੰ ਇੱਕ ਪਲ ਵੀ ਵੇਖਣਾ ਨਹੀ ਸਨ ਮੰਨਦੇ। ਹਾਲਾਂ ਮਰਦਾਨੇ ਨੇ ਵੀ ਤਰਲਾ ਕੱਢਿਆ ਕਿ ਸ਼ਾਮ ਦਾ ਵੇਲਾ ਹੈ ਜਿੱਦ ਨਾਂ ਕਰੋ। ਇਲਾਕਾ ਵੀ ਬੜਾ ਉਬੜ ਖੱਬੜ ਉੱਚਾ ਨੀਵਾਂ ਹੁੰਦਾ ਸੀ। ਬਿਆਸ ਨੇੜੇ ਹੋਣ ਕਰਕੇ ਉੱਚੇ ਉੱਚੇ ਧੜੇ ਬਣੇ ਹੋਏ ਸਨ।

ਗੁਰਦੁਆਰਾ ਡੇਹਰਾ ਸਾਹਿਬ ਪੱਠੇਵਿੰਡ

ਇਹ ਵੀ ਹੋ ਸਕਦਾ ਹੈ ਕਿ ਗੁਰੂ ਸਾਹਿਬ ਦੇ ਵਡੇਰਿਆਂ ਦਾ ਪੁਰਾਣਾ ਕੋਈ ਮਕਾਨ ਬਾਕੀ ਹੋਵੇ ਜਿਸ ਤੇ ਕੋਈ ਹੋਰ ਕਾਬਜ ਹੋ ਚੁੱਕਾ ਹੋਵੇ ਤੇ ਜਿਸ ਦੇ ਮੰਨ ਵਿੱਚ ਈਰਖਾ ਆ ਗਈ ਹੋਵੇ ਕਿ ਕਿਤੇ ਇਹ ਘਰ ਮੇਰੇ ਕੋਲੋ ਖਾਲੀ ਨਾਂ ਕਰਵਾ ਲਏ। ਇਥੇ ਹੀ ਹੇਠਲਾ ਸਬਦ ਗੁਰੂ ਸਾਹਿਬ ਨੇ ਉਚਾਰਨ ਕੀਤਾ ਸੀ:-

ਸਿਰੀਰਾਗੁ ਮਹਲਾ ੧ ॥ ਡੂੰਗਰੁ ਦੇਖਿ ਡਰਾਵਣੋ ਪੇਈਅੜੈ ਡਰੀਆਸੁ ॥ ਊਚਉ ਪਰਬਤੁ ਗਾਖੜੋ ਨਾ ਪਉੜੀ ਤਿਤੁ ਤਾਸੁ ॥ ਗੁਰਮੁਖਿ ਅੰਤਰਿ ਜਾਣਿਆ ਗੁਰਿ ਮੇਲੀ ਤਰੀਆਸੁ ॥੧॥ ਭਾਈ ਰੇ ਭਵਜਲੁ ਬਿਖਮੁ ਡਰਾਂਉ ॥ ਪੂਰਾ ਸਤਿਗੁਰੁ ਰਸਿ ਮਿਲੈ ਗੁਰੁ ਤਾਰੇ ਹਰਿ ਨਾਉ ॥੧॥ ਰਹਾਉ ॥ ਚਲਾ ਚਲਾ ਜੇ ਕਰੀ ਜਾਣਾ ਚਲਣਹਾਰੁ ॥ ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ ॥ ਭੀ ਸਚਾ ਸਾਲਾਹਣਾ ਸਚੈ ਥਾਨਿ ਪਿਆਰੁ ॥੨॥ ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ ॥ ਹਸਤੀ ਘੋੜੇ ਪਾਖਰੇ ਲਸਕਰ ਲਖ ਅਪਾਰ ॥ ਕਿਸ ਹੀ ਨਾਲਿ ਨ ਚਲਿਆ ਖਪਿ ਖਪਿ ਮੁਏ ਅਸਾਰ ॥੩॥ ਸੁਇਨਾ ਰੁਪਾ ਸੰਚੀਐ ਮਾਲੁ ਜਾਲੁ ਜੰਜਾਲੁ ॥ ਸਭ ਜਗ ਮਹਿ ਦੋਹੀ ਫੇਰੀਐ ਬਿਨੁ ਨਾਵੈ ਸਿਰਿ ਕਾਲੁ ॥ ਪਿੰਡੁ ਪੜੈ ਜੀਉ ਖੇਲਸੀ ਬਦਫੈਲੀ ਕਿਆ ਹਾਲੁ ॥੪॥ ਪੁਤਾ ਦੇਖਿ ਵਿਗਸੀਐ ਨਾਰੀ ਸੇਜ ਭਤਾਰ ॥ ਚੋਆ ਚੰਦਨੁ ਲਾਈਐ ਕਾਪੜੁ ਰੂਪੁ ਸੀਗਾਰੁ ॥ ਖੇਹੂ ਖੇਹ ਰਲਾਈਐ ਛੋਡਿ ਚਲੈ ਘਰ ਬਾਰੁ ॥੫॥ ਮਹਰ ਮਲੂਕ ਕਹਾਈਐ ਰਾਜਾ ਰਾਉ ਕਿ ਖਾਨੁ ॥ ਚਉਧਰੀ ਰਾਉ ਸਦਾਈਐ ਜਲਿ ਬਲੀਐ ਅਭਿਮਾਨ ॥ ਮਨਮੁਖਿ ਨਾਮੁ ਵਿਸਾਰਿਆ ਜਿਉ ਡਵਿ ਦਧਾ ਕਾਨੁ ॥੬॥ ਹਉਮੈ ਕਰਿ ਕਰਿ ਜਾਇਸੀ ਜੋ ਆਇਆ ਜਗ ਮਾਹਿ ॥ ਸਭੁ ਜਗੁ ਕਾਜਲ ਕੋਠੜੀ ਤਨੁ ਮਨੁ ਦੇਹ ਸੁਆਹਿ ॥ ਗੁਰਿ ਰਾਖੇ ਸੇ ਨਿਰਮਲੇ ਸਬਦਿ ਨਿਵਾਰੀ ਭਾਹਿ ॥੭॥ ਨਾਨਕ ਤਰੀਐ ਸਚਿ ਨਾਮਿ ਸਿਰਿ ਸਾਹਾ ਪਾਤਿਸਾਹੁ ॥ ਮੈ ਹਰਿ ਨਾਮੁ ਨ ਵੀਸਰੈ ਹਰਿ ਨਾਮੁ ਰਤਨੁ ਵੇਸਾਹੁ ॥ ਮਨਮੁਖ ਭਉਜਲਿ ਪਚਿ ਮੁਏ ਗੁਰਮੁਖਿ ਤਰੇ ਅਥਾਹੁ ॥੮॥੧੬॥

ਗੁਰੂ ਸਾਹਿਬ ਨੇ ਸਹਿਜ ਸੁਭਾਅ ਫਰਮਾ ਦਿੱਤਾ ਕਿ ਭਾਈਓ ਨਾਂ ਮਾਣ ਕਰੋ ਤੁਸਾਂ ਵੀ ਕਿਹੜਾ ਇਸ ਪਿੰਡ ਵਿੱਚ ਬੈਠੇ ਰਹਿਣਾ ਹੈ।

ਇਹ ਕਹਿ ਕੇ ਗੁਰੂ ਸਾਹਿਬ ਓਥੋਂ ਚਲਦੇ ਬਣੇ। ਛੇਤੀ ਹੀ ਪਿੰਡ ਉਜੜਨਾ ਸ਼ੁਰੂ ਹੋ ਗਇਆ । ਗੁਰੂ ਹਰਗੋਬਿੰਦ ਸਾਹਿਬ ਜਦੋਂ ਇਲਾਕੇ ਵਿੱਚ ਆਏ ਤਾਂ ਓਦੋਂ ਪਿੰਡ ਪੂਰੀ ਤਰਾਂ ਬੇਅਬਾਦ ਹੋ ਚੁੱਕਾ ਸੀ। ਅੱਜ ਕਲ ਗੁਰਸਿੱਖਾਂ ਨੇ ਮਹਿਤਾ ਕਾਲੂ ਦੇ ਨਾਂ ਤੇ ਇਥੇ ਗੁਰਦੁਆਰਾ ਸਾਹਿਬ ਬਣਾ ਦਿੱਤਾ ਹੈ। 200 ਪੁਰਾਣਾ ਖੂਹ ਵੀ ਮੌਜੂਦ ਹੈ ਜਿਸ ਵਿੱਚ ਲੱਗੀ ਸਿੱਲ ਇਸ ਗੱਲ ਦੀ ਸ਼ਾਹਦੀ ਭਰਦੀ ਹੈ।

—▲—

ਪੈੜ ਸਫਾ

⊙ ਹੋਰ ਵੀ ਨੇੜੇ ਤੇੜੇ ਦੇ ਕਸਬਿਆਂ 'ਚ ਗੁਰੂ ਸਾਹਿਬ ਸੁਲਤਾਨਪੁਰ ਲੋਧੀ ਰਹਿੰਦਿਆਂ ਹੋ ਆਏ ਸਨ। ਪਰ ਆਹ ਕਸਬੇ/ਸ਼ਹਿਰਾਂ ਨੇ ਹੈ ਜਿੱਥੇ ਗੁਰੂ ਸਾਹਿਬ ਦੀ ਆਮਦ ਦੀ ਕੋਈ ਯਾਦਗਾਰ ਨਾਂ ਬਣ ਸਕੀ:-

ਪੱਟੀ, ਗੋਇੰਦਵਾਲ, ਫਤਿਹਾਬਾਦ, ਡੱਲਾ, ਮਲਸੀਆਂ, ਨਕੋਦਰ, ਜਲੰਧਰ, ਤਲਵੰਡੀ ਚੌਧਰੀਆਂ।

ਸਾਡਾ ਕਹਿਣ ਤੋਂ ਮਤਲਬ ਹੈ ਕਿ ਇਸ ਪ੍ਰਕਾਰ ਪੰਜਾਬ ਵਿਚ ਹੀ ਹਜਾਰਾਂ ਅਜਿਹੇ ਕਸਬੇ/ਪਿੰਡ ਹਨ ਜਿਥੇ ਗੁਰੂ ਸਾਹਿਬ ਗਏ ਤਾਂ ਜਰੂਰ ਪਰ ਮੁਕਾਮੀ ਸੰਗਤ ਨੇ ਇਤਹਾਸ ਨਾਂ ਸਾਂਭਿਆ। ਅਜਿਹਾ ਹੀ ਕਸਬਾ ਕਲਾਨੌਰ ਹੈ ਜਿਥੇ ਗੁਰੂ ਸਾਹਿਬ ਕਈ ਵੇਰ ਆਏ ਪਰ ਓਥੇ ਵੀ ਕੋਈ ਯਾਦਗਾਰ ਨਹੀ ਹੈ।

ਬਾਬ-37

ਪਹਿਲੀ ਉਦਾਸੀ

ਭਾਗ ਪਹਿਲਾ

ਸਤੰਬਰ 1507 ਸੁਲਤਾਨਪੁਰ ਲੋਧੀ ਤੋ ਸੈਦਪੁਰ, ਤਲਵੰਡੀ ਅਤੇ ਦਿੱਲੀ ਤਕ

ਬਾਬੇ ਦਾ ਪ੍ਰਚਾਰ ਦਾ ਢੰਗ ਤਰੀਕਾ

ਬਾਬਾ ਤੇ ਮਰਦਾਨਾ ਸਵੇਰੇ ਸਵੇਰੇ ਹੀ ਅਗਲੇ ਪੜਾਅ ਲਈ ਨਿਕਲਦੇ।

ਨਿਸ਼ਾਨਾ - ਨੇੜੇ ਤੇੜੇ ਦੀ ਕੋਈ ਵੱਡੀ ਅਬਾਦੀ ਹੁੰਦਾ ਸੀ। ਜਿੱਥੇ ਸਾਧੂ ਸੰਤਾਂ ਦਾ ਜਮਾਵੜਾ ਹੋਵੇ, ਕੋਈ ਮੇਲਾ ਹੋਵੇ, ਕੋਈ ਕੁੰਭ ਹੋਵੇ, ਕੋਈ ਜੱਗ ਹੋਵੇ, ਤੀਰਥ ਅਸਥਾਨ, ਰਾਜਾ/ਹੁਕਮਰਾਨ/ ਜਗੀਰਦਾਰ ਅਤੇ ਇਲਾਕੇ ਦੀਆਂ ਹੋਰ ਪ੍ਰਸਿੱਧ ਸਖਸ਼ੀਅਤਾਂ ਤਕ ਉਹ ਪਹੁੰਚ ਬਣਾਉਦੇ। ਹਰ ਹਾਲਤ ਵਿਚ ਹੁਕਮਰਾਨ ਨੂੰ ਮਿਲਣ ਦੀ ਜਰੂਰ ਕੋਸ਼ਿਸ਼ ਕਰਦੇ। ਸਰਕਾਰੀ ਅਫਸਰਾਂ ਅਤੇ ਕਰਮਚਾਰੀਆਂ ਵਿਚ ਉਸ ਵੇਲੇ ਅਹੁਦੇ ਇਸ ਪ੍ਰਕਾਰ ਹੁੰਦੇ ਸਨ: ਸੂਬੇਦਾਰ- ਸਿਪਾ ਸਾਲਾਰ ਜਾਂ ਨਾਜ਼ਿਮ, ਦੀਵਾਨ, ਬਖਸ਼ੀ, ਵਾਕਿਆ ਨਵੀਸ, ਕਾਜੀ, ਕੋਤਵਾਲ, ਅਮਲ ਗੁਜਾਰ (ਜਿਲੇ ਵਿੱਚ) ਕਨੂੰਨਗੋ, ਆਮਿਲ (ਫੌਜ ਵਿੱਚ)

ਆਉਣ ਜਾਣ ਦਾ ਸਾਧਨ– ਗੁਰੂ ਸਾਹਿਬ ਹਰ ਸੰਭਵ ਸਾਧਨ ਵਰਤਦੇ ਸਨ। ਪੈਦਲ, ਟਾਂਗੇ, ਘੋੜੇ, ਗੱਡੇ, ਬੇੜੀ, ਸਮੁੰਦਰੀ ਜਹਾਜ। ਸਵਾਰੀ ਦਾ ਕਰਾਇਆ ਭਾੜਾ ਸੰਗਤ ਭਰਦੀ ਸੀ। ਸ਼ਾਮ ਨੂੰ ਹੀ ਇਹ ਤਹਿ ਹੋ ਜਾਂਦਾ ਸੀ ਕਿ ਅਗਲਾ ਪੜਾਅ ਕਿਥੇ ਹੈ। ਸੰਗਤ ਸਾਰਾ ਇੰਤਜਾਮ ਕਰਦੀ ਸੀ। ਲਗਪਗ ਹਰ ਥਾਂ ਤੇ ਗੁਰੂ ਸਾਹਿਬ ਇਲਾਕੇ ਦੇ ਮੁੱਖੀ ਤੇ ਆਪਣਾ ਅਸਰ ਛੱਡਦੇ ਸਨ। ਅਗਲਾ ਇੰਤਜਾਮ ਅਮੂਮਨ ਉਹ ਕਰਦਾ ਸੀ। ਇਹ ਧਾਰਮਿਕ ਜਾਂ ਰਾਜਨੀਤਕ ਜਾਂ ਅਫਸਰ ਵੀ ਹੋ ਸਕਦਾ ਸੀ। ਸਾਹਿਬ ਅਕਸਰ ਦੂਰ ਨੇੜੇ ਜਾਣ ਵਾਲੇ ਸੁਦਾਗਰਾਂ ਦਾ ਵੀ ਸਾਥ ਲੈਂਦੇ ਸਨ।

ਰਸਤੇ/ ਸੜਕਾਂ - ਹਰ ਇਲਾਕੇ ਵਿਚ ਪੱਕੇ ਰਾਹ ਜਾਂ ਪੱਗਡੰਡੀਆਂ ਹੁੰਦੀਆਂ ਸਨ। ਓਦੋਂ ਪੱਕੀਆਂ ਸੜਕਾਂ ਨਹੀ ਸੀ ਹੁੰਦੀਆਂ। ਚੌੜੀ ਸੜ੍ਹਕ ਨੂੰ ਗਾਡੀ ਰਾਹ ਕਿਹਾ ਜਾਂਦਾ ਸੀ ਜਿਸ ਰਾਂਹੀ, ਗੱਡਾ, ਟਾਂਗਾ ਜਾਂ ਰੱਥ ਨਿਕਲ ਸਕੇ।

ਯਾਤਰੀ ਹੀ ਅਖਬਾਰ ਹੁੰਦੇ ਸਨ ਉਹਨੀ ਦਿਨੀ। ਸਾਧੂ ਸੰਤਾਂ ਦੇ ਟੋਲਿਆਂ ਤੋਂ ਹੀ ਲੋਕਾਈ ਨੂੰ ਖਬਰਾਂ ਮਿਲਦੀਆਂ ਸਨ ਕਿ ਕਿਹੜੇ ਇਲਾਕੇ ਵਿਚ ਕੀ ਚਲ ਰਿਹਾ ਹੈ? ਕੌਣ ਹੁਕਮਰਾਨ ਹੈ? ਆਦਿ ਆਦਿ।

ਰਾਹ ਦੇ ਲੁਟੇਰੇ (ਵਾਟਮਾਰ) – ਸਰਕਾਰਾਂ ਵਾਸਤੇ ਸਭ ਤੋਂ ਵੱਡੀ ਮੁਸੀਬਤ ਰਾਹ ਲੁਟੇਰੇ ਹੁੰਦੇ ਸਨ। ਜੋ ਲੁੱਟਮਾਰ ਕਰਦੇ ਤੇ ਕਈ ਕਈ ਵਾਰ ਮੁਸਾਫਰਾਂ ਨੂੰ ਜਾਨੋਂ ਵੀ ਮਾਰ ਦਿੰਦੇ ਸਨ। ਲੁੱਟ ਮਾਰ ਵੇਲੇ ਅਗਲੇ ਦੇ ਕਪੜੇ ਲੀੜੇ ਜੁੱਤੀ ਤਕ ਵੀ ਲੁਹਾ ਲੈਂਦੇ। ਇਹੋ ਕਾਰਨ ਹੁੰਦਾ ਸੀ ਸਾਧੂ ਜਿਆਦਾ ਤਕ ਨੰਗ ਧੜੰਗੇ ਹੀ ਚਲਦੇ।

ਰਸਤੇ ਵਿਚ ਜੰਗਲੀ ਜਾਨਵਰਾਂ ਦਾ ਵੀ ਖਤਰਾ ਬਣਿਆ ਰਹਿੰਦਾ ਸੀ। ਗੁਰੂ ਸਾਹਿਬ ਜੰਗਲੀ ਯਾਤਰਾ ਮੌਕੇ ਆਪਣੇ ਕੋਲ ਬਰਛਾ ਰਖਦੇ ਸਨ।

ਪਹਿਲਾ ਸੰਪਰਕ– ਜਦੋਂ ਇਹ ਕਿਸੇ ਪਿੰਡ ਸ਼ਹਿਰ ਜਾਂ ਭੀੜ ਲਾਗੇ ਪਹੁੰਚਦੇ ਤਾਂ ਗੁਰੂ ਸਾਹਿਬ ਕਿਸੇ ਖਾਸ ਥਾਂ ਬਹਿ ਜਾਂਦੇ ਜਿਥੋਂ ਸਾਰੇ ਲੋਕਾਂ ਦਾ ਧਿਆਨ ਪਏ। ਕੀਰਤਨ ਸ਼ੁਰੂ ਹੋ ਜਾਂਦਾ। ਮਰਦਾਨੇ ਦੀ ਰਬਾਬ ਲੋਕਾਂ ਨੂੰ ਇਸ ਤਰਾਂ ਖਿੱਚਦੀ ਜਿਵੇ ਮਿਕਨਾਤੀਸ ਲੋਹੇ ਨੂੰ ਖਿੱਚ ਲੈਂਦਾ ਹੈ। ਕੀਰਤਨ ਤੋਂ ਬਾਦ ਗੁਰੂ ਸਾਹਿਬ ਵਖਿਆਨ ਕਰਦੇ। ਜਦੋਂ ਕੋਈ ਜੱਗੋ ਤੇਰਵੀ ਗੱਲ ਸੁਣਦਾ ਤਾਂ ਦੁਹਾਈ ਦੇ ਉਠਦਾ। ਗੱਲ ਇਲਾਕੇ ਦੇ ਮੁਖੀ ਜਾਂ ਮੰਦਰ ਜਾਂ ਮਸੀਤ ਦੇ ਮੁਖੀ ਤੱਕ ਪਹੁੰਚ ਜਾਂਦੀ। ਕਦੀ ਤਾਂ ਮੁਖੀ ਆਪ ਗੁਰੂ ਸਾਹਿਬ ਦੇ ਦਰਬਾਰ ਵਿੱਚ ਹਾਜਰ ਹੋ ਜਾਂਦੇ ਜਾਂ ਫਿਰ ਹੁਕਮ ਕਰਕੇ ਬਾਬੇ ਨੂੰ ਦਰਬਾਰ ਵਿੱਚ ਸੱਦ ਲੈਂਦੇ। ਗੁਰੂ ਸਾਹਿਬ ਦੀ ਦਲੀਲ ਅੱਗੇ ਹਰ ਕੋਈ ਸੀਸ ਨਿਵਾਂ ਦਿੰਦਾ। ਗੱਲ ਅੱਗੇ ਤੋਂ ਅੱਗੇ ਤੁਰਦੀ।

ਜਿਥੇ ਕੋਈ ਸਾਧਾਂ ਫਕੀਰਾਂ ਦਾ ਟਿਕਾਣਾਂ ਹੋਵੇ ਓਥੇ ਗੁਰੂ ਸਾਹਿਬ ਸਿੱਧਾ ਹੀ ਜਾ ਪਹੁੰਚਦੇ। ਅਗਲੇ ਨਾਲ ਆਦਰ ਸਤਿਕਾਰ ਨਿਮ੍ਰਤਾ ਨਾਲ ਪੇਸ਼ ਆਉਦੇ।

ਖਾਣਾ ਦਾਣਾ– ਅੱਜ ਤੋਂ 500 ਸਾਲ ਪਹਿਲਾਂ ਸਾਧੂ ਫਕੀਰਾਂ ਦਾ ਲੋਕ ਖੂਬ ਆਦਰ ਸਤਿਕਾਰ ਕਰਦੇ ਸਨ। ਆਪਣੀ ਸਮੱਰਥਾ ਅਨੁਸਾਰ ਦੁੱਧ, ਦਹੀ, ਲੱਸੀ, ਰੋਟੀ ਚਾਵਲ ਭੇਟ ਕਰਦੇ। ਸਫਰ ਦੌਰਾਨ ਰਸਤੇ ਵਿੱਚ ਗੁਰੂ ਸਾਹਿਬ ਅਤੇ ਮਰਦਾਨਾ ਮੌਸਮੀ ਫਲਾਂ ਤੇ ਹੋਰ ਫਸਲਾਂ ਤੇ ਨਿਰਭਰ ਹੁੰਦੇ। ਕਿਤੇ ਗੁਰੂ ਸਾਹਿਬ ਨੂੰ ਹੋਲਾਂ ਛਕਾਈਆਂ ਜਾਂਦੀਆ ਹਨ। ਕਿਤੇ ਛੱਲੀਆਂ ਚਬਾਈਆਂ ਜਾਂਦੀਆ ਹਨ। ਕਿਤੇ ਬੇਰ, ਕਿਤੇ ਅਮਰੂਦ, ਕਿਤੇ ਅੰਬ। ਖਾਣ ਵੇਲੇ ਗੁਰੂ ਸਾਹਿਬ ਕੋਈ ਭੇਦ ਭਾਵ ਛੂਆ ਛੂਤ ਨਹੀ ਮੰਨਦੇ। ਓਹ ਬ੍ਰਾਹਮਣ ਕੋਲੋਂ ਵੀ ਛਕਦੇ। ਸ਼ੂਦਰ ਕੋਲੋਂ ਵੀ ਤੇ ਮੁਸਲਮਾਨ ਕੋਲੋ ਵੀ। ਜੋ ਸਥਾਨਕ ਲੋਕਾਂ ਦੀ ਖੁਰਾਕ ਹੁੰਦੀ ਉਹੀ ਗੁਰੂ ਸਾਹਿਬ ਛਕਦੇ ਹਨ। ਕਿਤੇ ਉਹ ਮਾਸ ਵੀ ਛਕਦੇ ਹਨ ਕਿਤੇ ਉਨਾਂ ਨੂੰ ਖੀਰ ਵੀ ਛਕਾਈ ਜਾਂਦੀ ਹੈ। ਸ਼ਿਕਾਰੀ ਕੋਲੋਂ ਵੀ ਤੇ ਸ਼ਾਕਾਹਾਰੀ ਤੋਂ ਵੀ। ਕਿਤੇ ਮੱਢਲ ਜਾਂ ਕੋਧਰੇ ਦੀ ਰੋਟੀ ਨਸੀਬ ਹੁੰਦੀ ਹੈ। ਗੁਰੂ ਸਾਹਿਬ ਦੇ ਖਾਣ ਦਾ ਤੇ ਸਰੀਰ ਦਾ ਧਿਆਨ ਰੱਖਣਾ ਮਰਦਾਨੇ ਦੀ ਜਿੰਮੇਵਾਰੀ ਹੁੰਦੀ ਹੈ। ਬੇਬੇ ਜੀ ਨੇ ਮਰਦਾਨੇ ਨੂੰ ਪੱਕਿਆਂ ਕਰ ਕੇ ਤੋਰਿਆ ਸੀ।

ਓਹਨੀ ਦਿਨੀ ਮੰਦਰ ਦੇ ਪੁਜਾਰੀ ਦੀ ਜਿੰਮੇਵਾਰੀ ਹੁੰਦੀ ਸੀ ਕਿ

ਪਹੁੰਚੇ ਸਾਧੂਆਂ ਦੇ ਲੰਗਰ, ਪਾਣੀ, ਰਹਿਣ ਦਾ ਇੰਤਜਾਮ ਕਰੇ।

ਲਿਬਾਸ– ਗੁਰੂ ਸਾਹਿਬ ਦਾ ਪਹਿਰਾਵਾ ਸਾਧੂ ਫਕੀਰਾਂ ਵਾਲਾ ਹੁੰਦਾ। ਕੋਈ ਸਾਧੂ ਜਾਂ ਫਕੀਰ ਕਿਹੜੇ ਫਿਰਕੇ ਦਾ ਹੈ ਉਹ ਲਿਬਾਸ ਤੋਂ ਪਛਾਣ ਹੁੰਦੀ ਸੀ। ਪਰ ਗੁਰੂ ਸਾਹਿਬ ਰਲਣਾ ਮਿਲਵਾ ਜਿਹਾ ਲਿਬਾਸ ਪਾਉਂਦੇ। ਜਿਸ ਤੋਂ ਇਹ ਨਹੀ ਸੀ ਪਤਾ ਲੱਗ ਸਕਦਾ ਕਿ ਇਹ ਸਾਧੂ ਹਿੰਦੂ ਹੈ ਕਿ ਮੁਸਲਮਾਨ। ਜੇ ਨਿਰੋਲ ਹਿੰਦੁਸਤਾਨੀ ਇਲਾਕੇ ਵਿਚ ਜਾਂਦੇ ਤਾਂ ਤੁਸੀ ਇਹ ਨਹੀ ਸੀ ਕਹਿ ਸਕਦੇ ਕਿ ਇਹ ਜੋਗੀ ਹਨ ਕਿ ਦੇਵੀ ਭਗਤ ਕਿ ਕ੍ਰਿਸ਼ਨ ਭਗਤ। ਸਿਰ ਤੇ ਦਸਤਾਰ ਹੁੰਦੀ ਕਦੀ ਟੋਪੀ ਵੀ ਪਾ ਲੈਂਦੇ। ਹਾਂ ਜਦੋਂ ਸੁਲਤਾਨਪੁਰ ਲੋਧੀ ਛਡਦੇ ਹਨ ਓਦੋਂ ਸਿਰ ਤੇ ਖੱਦਰ ਦਾ ਖੱਫਣ ਬੰਨ ਲਿਆ ਸੀ। ਕਦੀ ਸਾਧਾਂ ਵਿੱਚ ਜਾ ਕੇ ਕੇਸ ਖੋਲ ਪਿੱਛੇ ਨੂੰ ਛੱਡ ਦਿੰਦੇ। ਕਦੀ ਕਦੀ ਤਾਂ ਉਹ ਆਖੀਰ ਕਰ ਦਿੰਦੇ: ਇਕ ਪੈਰ ਵਿਚ ਲਕੜ ਦੀ ਖੜਾਂਅ ਅਤੇ ਦੂਸਰੇ ਵਿਚ ਚਮੜੇ ਦੀ ਜੁੱਤੀ ਹੁੰਦੀ। ਜਿਵੇ ਪੰਚਮ ਪਾਤਸ਼ਾਹ ਨੇ ਕਿਹਾ ਹੈ " ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥ " ਇਹ ਦੱਸਣ ਲਈ, ਸਾਹਿਬ ਕੋਈ ਕਸਰ ਨਹੀ ਸਨ ਛੱਡਦੇ ਕਿ ਉਹ ਇਸਲਾਮ ਜਾਂ ਹਿੰਦੂਮਤ ਨਾਲ ਸਬੰਧ ਨਹੀ ਰੱਖਦੇ। ਪਹਾੜੀ ਅਤੇ ਠੰਡੇ ਇਲਾਕਿਆਂ ਵਿਚ ਉਹ ਜੱਤ ਵਾਲੇ ਚੰਮ ਦੇ ਬਣੇ ਲਿਬਾਸ ਪਾਉਦੇ। ਸਰਦ ਇਲਾਕੇ ਦੀ ਸੈਰ ਮੌਕੇ ਮਰਦਾਨੇ ਨੂੰ ਕੰਬਲ ਵਗੈਰਾ ਨਾਲ ਚੁੱਕਣੇ ਪੈਂਦੇ ਸਨ। ਉਹ ਅੰਮ੍ਰਿਤ ਵੇਲੇ ਦੇ ਇਸ਼ਨਾਨ ਤੇ ਬੜਾ ਜੋਰ ਦਿੰਦੇ ਸਨ। ਸਾਧੂਆਂ ਵਿੱਚ ਉਹ ਸ਼ਾਹੀ ਫਕੀਰ ਸਨ।

ਰਾਤ ਦਾ ਵਿਸ਼ਰਾਮ – ਇਹ ਹਾਲਾਤਾਂ ਅਨੁਸਾਰ ਹੁੰਦਾ ਸੀ। ਬਹੁਤ ਹੱਦ ਤੱਕ ਮੇਜਬਾਨ ਤੇ ਨਿਰਭਰ ਕਰਦਾ ਸੀ। ਕਦੀ ਸਾਹਿਬ ਮਹਿਲਾਂ ਵਿੱਚ ਸੌਂਦੇ ਤੇ ਕਦੀ ਝੌਪੜੀ ਵਿੱਚ ਤੇ ਕਦੀ ਖੁੱਲੇ ਅਸਮਾਨ ਥੱਲੇ। ਪ੍ਰਸਿੱਧ ਜਾਂ ਜਿਆਦਾ ਚਲਣ ਵਾਲੇ ਰਾਹਾਂ ਤੇ ਹਰ 25-50 ਕਿ. ਮੀ ਤੇ ਸਰਾਵਾਂ ਜਾਂ ਮੁਸਾਫਰਖਾਨੇ ਬਣੇ ਹੁੰਦੇ ਸਨ। ਜਿੱਥੇ ਰੋਟੀ, ਪਾਣੀ, ਬਾਲਣ ਅਤੇ ਡੰਗਰਾਂ ਲਈ ਪੱਠੇ ਮਿਲ ਜਾਂਦੇ ਸਨ। ਵਣਜਾਰੇ, ਵਪਾਰੀ, ਅਤੇ ਸਾਧੂ ਸੰਤਾਂ ਨੂੰ ਅਜਿਹੇ ਥਾਵਾਂ ਤੇ ਰੁਕਣ ਵਿਚ ਕੋਈ ਪ੍ਰੇਸ਼ਾਨੀ ਨਹੀ ਸੀ ਹੁੰਦੀ ਪਰ ਸ਼ੱਕੀ ਜਿਹੇ ਦਿੱਸਣ ਵਾਲੇ ਲੋਕਾਂ ਨੂੰ ਰਾਤ ਗੁਜਾਰਨ ਵਿਚ ਮੁਸ਼ਕਲ ਆਉਦੀ ਸੀ।

ਕਿਧਰੋਂ ਕਿਧਰ ਨੂੰ ਗਏ ਗੁਰੂ ਸਾਹਿਬ – ਇਸ ਗਲ ਨੂੰ ਸਮਝਣ ਲਈ ਸਾਡਾ ਤਰੀਕਾ ਕੁਝ ਇਸ ਪ੍ਰਕਾਰ ਰਿਹਾ ਹੈ:-

ਅੱਜ ਖੁਸ਼ਕਿਸਮਤੀ ਨਾਲ ਇੰਟਰਨੈੱਟ ਤੇ ਨਕਸ਼ਾ ਮੌਜੂਦ ਹੈ ਜਿੱਥੇ ਬਰੀਕ ਤੋਂ ਬਰੀਕ ਮੁਕਾਮੀ ਵੇਰਵੇ ਵੀ ਦਰਜ ਹਨ। ਅਸੀ ਗੂਗਲ ਦੇ ਨਕਸ਼ੇ ਤੇ ਉਹ ਸਥਾਨ ਅੰਕਤ ਕਰ ਦਿਤੇ ਜਿੱਥੇ ਜਿਥੇ ਗੁਰੂ ਸਾਹਿਬ ਦਾ ਜਾਣਾ ਕਿਤਾਬਾਂ ਵਿਚ ਮਿਲਦਾ ਹੈ। ਸਾਡੀ ਸਲਾਹ ਹੈ ਕਿ ਤੁਸੀ ਵੀ ਇਹ ਨਕਸ਼ਾ ਇੰਟਰਨੈਟ ਤੇ ਵਿਸਥਾਰ ਵਿਚ ਵੇਖੋ। (ਇੰਟਰਨੈਟ ਤੇ www.google.com/maps ਖੋਲੋ ਫਿਰ ਓਥੇ GURU NANAK UDASI PLACES BY JINDAGINAMA ਲਿਖੋ।)

ਫਿਰ ਉਹਨਾਂ ਨਿਸ਼ਾਨਾਂ ਤੋਂ ਗੁਰੂ ਸਾਹਿਬ ਦੇ ਰੂਟ ਦਾ ਅੰਦਾਜ਼ਾ ਲਾਇਆ ਹੈ। ਤੁਸੀ www.jindaginama.com/map ਤੇ ਵੀ ਇਹ ਥਾਵਾਂ ਵੇਖ ਸਕਦੇ ਹੋ।

ਇਸ ਪ੍ਰਕਾਰ ਇੰਟਰਨੈੱਟ, ਗੁਰੂ ਸਾਹਿਬ ਦੇ ਰੂਟ ਅੰਕਤ ਕਰਨ ਵਿਚ ਬਹੁਤ ਸਹਾਈ ਹੋਇਆ ਹੈ। ਸਾਡੇ ਤੋਂ ਪਹਿਲਾਂ ਦੇ ਲਿਖਾਰੀਆਂ ਕੋਲ ਇਹ ਸਹੂਲਤ ਮੌਜੂਦ ਨਹੀ ਸੀ। ਜਿਸ ਕਰਕੇ ਅਸੀ ਕੁਝ ਨਵੀਆਂ ਗੱਲਾਂ ਵੀ ਦੱਸ ਪਾਏ ਹਾਂ। ਸਾਨੂੰ ਉਮੀਦ ਹੈ ਆਉਣ ਵਾਲੇ ਸਮਿਆਂ ਵਿਚ ਹੋਰ ਵੀ ਸਥਿਤੀ ਸਾਫ ਹੋ ਜਾਏਗੀ।

ਇਹਨਾਂ ਹਾਲਾਤਾ ਦੇ ਮੱਦੇ ਨਜਰ ਸਾਨੂੰ ਲਗਦਾ ਹੈ ਕਿ ਗੁਰੂ ਸਾਹਿਬ ਕੁਲਸ਼ੇਤਰ (1508 ਅਤੇ 1518ਈ.), ਦਿੱਲੀ (1508ਈ. 'ਚ ਹੀ ਦੋ ਵਾਰੀ), ਅਤੇ ਹਰਦੁਆਰ (1506 ਅਤੇ 1508 ਈ) ਦੋ ਦੋ ਵਾਰੀ ਗਏ ਸਨ।

ਦਿੱਲੀ ਤੱਕ ਦਾ ਰੂਟ (ਪਟੜੀ) - ਸੁਲਤਾਨਪੁਰ ਲੋਧੀ, ਤਲਵੰਡੀ ਚੌਧਰੀਆਂ, ਗੋਇੰਦਵਾਲ, ਫਤਿਹਾਬਾਦ, ਵੈਰੋਵਾਲ, ਖਡੂਰ ਸਾਹਿਬ, ਬੰਡਾਲਾ, ਸੁਲਤਾਨ ਵਿੰਡ, ਕਲੇਰ, ਏਮਨਾਬਾਦ, ਕਾਲਾ ਖਤਾਈ, ਤਲਵੰਡੀ ਰਾਇ ਭੋਇ, ਭਾਈ ਫੇਰੂ, ਛਾਂਗਾ ਮਾਂਗਾ, ਭੀਲੇ ਰੋਸੇ, ਫਿਰੋਜਪੁਰ, ਡਰੌਲੀ ਭਾਈ, ਪੱਤੋ ਹੀਰਾ ਸਿੰਘ, ਤਖਤੂਪੁਰਾ, ਕਮਾਲਪੁਰ, ਸੰਗਰੂਰ, ਸੁਨਾਮ, ਚੀਕਾ, ਕਰਾਹ, ਪੇਹੋਵਾ, ਕੁਲਖੇੜ, ਕਰਨਾਲ, ਪਾਣੀਪਤ, ਦਿੱਲੀ।

ਸੁਲਤਾਨਪੁਰੋਂ ਚਾਲੇ

ਘਰੋਂ ਨਿਕਲ ਕੇ ਗੁਰੂ ਸਾਹਿਬ ਨੇ ਸਭ ਤੋਂ ਪਹਿਲਾ ਨਿਸ਼ਾਨਾ ਦਿੱਲੀ ਦਾ ਬਾਦਸ਼ਾਹ ਬਣਾਇਆ ਜੋ ਮਜ਼ਬੀ ਕੱਟੜਤਾ ਤੇ ਜੁਲਮ ਕਰਨ ਲਈ ਬਦਨਾਮ ਹੋ ਚੁੱਕਾ ਸੀ। ਦੌਲਤ ਖਾਂ ਲੋਧੀ ਦੇ ਦਰਬਾਰ ਵਿਚ ਰਹਿਣ ਕਰਕੇ ਗੁਰੂ ਸਾਹਿਬ ਨੇ ਦਿੱਲੀ ਦੇ ਸੁਲਤਾਨ ਦੀਆਂ ਕਈ ਕਰਤੂਤਾਂ ਬਾਰੇ ਸੁਣਿਆ ਹੋਇਆ ਸੀ।

ਕਿਉਕਿ ਮਰਦਾਨੇ ਨੇ ਲੰਮੀ ਯਾਤਰਾ ਤੇ ਨਿਕਲਣ ਤੋਂ ਪਹਿਲਾਂ ਆਪਣੇ ਘਰ ਇਤਲਾਹ ਦੇਣੀ ਸੀ ਨਾਲੇ ਮਹਿਤਾ ਕਾਲੂ ਨੇ ਹੀ ਮਰਦਾਨੇ ਨੂੰ ਬਾਬੇ ਦੀ ਖਬਰ ਲਿਆਉਣ ਵਾਸਤੇ ਭੇਜਿਆ ਸੀ। ਇਸ ਕਰਕੇ ਗੁਰੂ ਸਾਹਿਬ ਮਰਦਾਨੇ ਦੇ ਨਾਲ ਹੀ ਪਹਾੜ ਪਾਸੇ ਨੂੰ ਰਵਾਨਾ ਹੋ ਗਏ ਤੇ ਪਹਿਲਾਂ ਏਮਨਾਬਾਦ ਪਹੁੰਚੇ। ਫਿਰ ਕੁਝ ਦਿਨ ਬਾਦ ਤਲਵੰਡੀ ਗਏ।

ਸਤੰਬਰ 1507 (ਅੱਸੂ ਸੰਮਤ 1564ਬਿ.) ਨੂੰ ਬਾਬਾ ਮਰਦਾਨੇ ਨੂੰ ਲੈ ਸੁਲਤਾਨ ਪੁਰ ਤੋਂ ਰਵਾਨਾ ਹੋ ਜਾਂਦਾ ਹੈ। ਹੁਣ ਮਰਦਾਨਾ ਵੀ ਦਿਲੋਂ ਹੋ ਕੇ ਗੁਰੂ ਸਾਹਿਬ ਦਾ ਸਾਥ ਦੇਣ ਨੂੰ ਤਿਆਰ ਹੈ। ਤਲਵੰਡੀ ਚੌਧਰੀਆਂ ਹੁੰਦੇ ਹੋਏ ਗੋਇੰਦਵਾਲ ਲਾਗੋਂ ਦਰਿਆ ਬਿਆਸ ਪਾਰ ਕੀਤਾ। ਸ਼ਾਮ ਹੋਣ ਤੇ ਗੋਇੰਦਵਾਲ ਵਿਸ਼ਰਾਮ ਕੀਤਾ। ਓਦੋਂ ਅਜੇ ਗੋਇੰਦਵਾਲ ਨਹੀ ਸੀ ਵੱਸਿਆ। ਪਰ ਜਰਨੈਲੀ ਸੜ੍ਹਕ ਦਾ ਖਾਸ ਪੱਤਣ ਸੀ। ਏਥੇ ਨਿਰੰਕਾਰ ਨਾਲ ਅਜਿਹੀ ਲਿਵ ਲਗੀ ਦੋ ਤਿੰਨ ਦਿਨ ਇਥੇ ਹੀ ਗੁਜਾਰ ਦਿੱਤੇ।

ਇਥੇ ਇਕ ਜਿਮੀਦਾਰ ਨੇ ਗੁਰੂ ਸਾਹਿਬ ਤੇ ਮਰਦਾਨੇ ਨੂੰ ਛੱਲੀਆਂ ਭੁੰਨ ਕੇ ਚਬਾਈਆਂ। ਫਿਰ ਉਹ ਕਿਸਾਨ ਘਰ ਗਿਆ ਤੇ ਦੁੱਧ ਲੈ ਆਇਆ। ਅਗਲੇ ਦਿਨ ਉਸ ਜਿਮੀਦਾਰ ਦੇ ਭਰਾ ਨੇ ਗੁਰੂ ਸਾਹਿਬ ਅਤੇ ਮਰਦਾਨੇ ਨੂੰ ਭੋਜਨ ਕਰਾਇਆ। ਭਵਿਖਬਾਣੀ ਕੀਤੀ ਕਿ ਕੋਈ ਰਬ ਦਾ ਪਿਆਰਾ ਇਸ ਇਲਾਕੇ ਨੂੰ ਭਾਗ ਲਾਏਗਾ। ਗੁਰੂ ਅਮਰਦਾਸ ਨੇ ਫਿਰ ਇਥੇ ਜਰਨੈਲੀ ਸੜ੍ਹਕ ਤੇ ਆ ਵਸੇਬਾ ਕੀਤਾ। ਇਥੋਂ ਦਾ ਲੰਗਰ ਫਿਰ ਮੁਗਲ ਕਾਲ ਵਿਚ ਬਹੁਤ ਪ੍ਰਸਿੱਧ ਹੋਇਆ ਸੀ।

ਆਪਣੇ ਕਰਤਾਰ ਦੇ ਵੈਰਾਗ ਵਿੱਚ ਕਿੰਨੇ ਹੀ ਸ਼ਬਦ ਫਿਰ ਇਸ ਧਰਤੀ ਤੇ ਉਚਾਰੇ:

ਗਉੜੀ ਬੈਰਾਗਣਿ ਮਹਲਾ ੧ ॥ ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ ॥ ਗੁਰ ਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ ॥੧॥ ਮੈ ਬਨਜਾਰਨਿ ਰਾਮ ਕੀ ॥ ਤੇਰਾ ਨਾਮੁ ਵਖਰੁ ਵਾਪਾਰੁ ਜੀ ॥੧॥ ਰਹਾਉ ॥ ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ ॥ ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ ॥੨॥ ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ ॥ ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ ॥੩॥ ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ ॥ ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ ॥੪॥੨॥੧੯॥

ਮੈਂ ਤਾਂ ਨਿਰੰਕਾਰ ਦੇ ਨਾਮ ਦੀ ਵਣਜਾਰਨ ਬਣ ਗਈ ਹਾਂ। ਕਦੀ ਗੁਰੂ ਸਾਹਿਬ ਦਾ ਧਿਆਨ ਕਿਸੇ ਹਿਰਨ ਹਿਰਨੀ ਵਲ ਪੈਂਦਾ ਹੈ ਕਦੀ ਸਪ ਵਲ, ਕਦੀ ਮੱਛੀ ਵਲ ਤੇ ਕਦੀ ਕੋਇਲ ਵਲ।

ਫਿਰ ਕਿਤੇ ਆਪਣੇ ਮਨ ਨੂੰ ਸਮਝਾਉਦੇ ਹਨ ਕਿ ਭਾਈ ਤੂੰ ਪੈਰ ਤਾਂ ਪੁੱਟ ਲਿਆ ਕਿਤੇ ਪਿੱਛੇ ਨਾਂ ਮੁੜ ਜਾਈ। ਸਾਹਿਬ ਦੇ ਮਨ ਨੂੰ ਦਿਲਾਸਾ ਹੈ ਕਿਉਕਿ ਮੈਨੂੰ ਸਮਝ ਹੈ ਇਸ ਕਰਕੇ ਮੈਂ ਇਸ ਬਘਿਆੜ ਰੂਪੀ ਮਨ ਨੂੰ ਵੱਸ ਵਿੱਚ ਕਰ ਲਿਆ ਹੈ।

ਰੇ ਮਨ ਡੀਗਿ ਨ ਡੋਲੀਐ ਸੀਧੈ ਮਾਰਗਿ ਧਾਉ ॥ ਪਾਛੈ ਬਾਘੁ ਡਰਾਵਣੋ ਆਗੈ ਅਗਨਿ ਤਲਾਉ ॥ ਸਹਸੈ ਜੀਅਰਾ ਪਰਿ ਰਹਿਓ ਮਾ ਕਉ ਅਵਰੁ ਨ ਢੰਗੁ ॥ ਨਾਨਕ ਗੁਰਮੁਖਿ ਛੁਟੀਐ ਹਰਿ ਪ੍ਰੀਤਮ ਸਿਉ ਸੰਗੁ ॥੭॥ ਬਾਘੁ ਮਰੈ ਮਨੁ ਮਾਰੀਐ ਜਿਸੁ ਸਤਿਗੁਰ ਦੀਖਿਆ ਹੋਇ ॥ ਆਪੁ ਪਛਾਣੈ ਹਰਿ ਮਿਲੈ ਬਹੁੜਿ ਨ ਮਰਣਾ ਹੋਇ ॥ ਕੀਚੜਿ ਹਾਥੁ ਨ ਬੂਡਈ ਏਕਾ ਨਦਰਿ ਨਿਹਾਲਿ ॥ ਨਾਨਕ ਗੁਰਮੁਖਿ ਉਬਰੇ ਗੁਰੁ ਸਰਵਰੁ ਸਚੀ ਪਾਲਿ ॥੮॥ ਅਗਨਿ ਮਰੈ ਜਲੁ ਲੋੜਿ ਲਹੁ ਵਿਣੁ ਗੁਰ ਨਿਧਿ ਜਲੁ ਨਾਹਿ ॥ ਜਨਮਿ ਮਰੈ ਭਰਮਾਈਐ ਜੇ ਲਖ ਕਰਮ ਕਮਾਹਿ ॥ ਜਮੁ ਜਾਗਾਤਿ ਨ ਲਗਈ ਜੇ ਚਲੈ ਸਤਿਗੁਰ ਭਾਇ ॥ ਨਾਨਕ ਨਿਰਮਲੁ ਅਮਰ ਪਦੁ ਗੁਰੁ ਹਰਿ ਮੇਲੈ ਮੇਲਾਇ ॥੯॥

ਜਦੋਂ ਪਹਿਲੀ ਉਦਾਸੀ ਮੌਕੇ ਸੁਲਤਾਨਪੁਰ ਤੋਂ ਨਿਕਲੇ (ਬੀ:40 ਤਸਵੀਰ)

ਗੁਰਦੁਆਰਾ ਨਾਨਕ ਪੜਾਓ ਫਤਿਹਾਬਾਦ (ਧੰਨਵਾਦ ਅਜੀਤ ਅਖਬਾਰ)

ਤੀਸਰੇ ਦਿਨ ਫਿਰ ਸਾਹਿਬ ਗੋਇੰਦਵਾਲ ਤੋਂ ਰਵਾਨੇ ਹੋਏ ਤੇ ਕਿਸੇ ਚਲਦੇ ਕਾਫਲੇ ਨਾਲ ਜਰਨੈਲੀ ਸੜਕ ਤੇ ਮੌਜੂਦ ਕਸਬਾ ਫਤਿਹਾਬਾਦ ਆ ਠਹਿਰੇ। ਓਥੇ ਪਠਾਣਾਂ ਦੀ ਫੌਜ ਦੀ ਵੀ ਵੱਡੀ ਛਾਉਣੀ ਸੀ। ਸ਼ਹਿਰ ਤਰੱਕੀ ਵਲ ਪੁਲਾਂਗ ਪੁੱਟ ਰਿਹਾ ਸੀ। ਯਾਦ ਰਹੇ ਛੇਤੀ ਹੀ ਫਤਿਹਾਬਾਦ ਵਿੱਚ ਵੱਡਾ ਸਰੋਵਰ ਤੇ ਮਸੀਤ ਖੁਦ ਬਾਦਸ਼ਾਹ ਸ਼ੇਰ ਸ਼ਾਹ ਸੂਰੀ ਬਣਵਾਉਂਦਾ ਹੈ। ਝੱਟ ਸ਼ਹਿਰ ਵਿੱਚ ਗੱਲ ਧੁੰਮ ਗਈ ਕਿ ਨਵਾਬ ਦੌਲਤ ਖਾਂ ਦਾ ਮੋਦੀ ਜੋ ਸਾਧ ਬਣ ਗਇਆ ਹੈ ਸ਼ਹਿਰ ਵਿੱਚ ਆਇਆ ਹੈ। ਲੋਕ ਨਾਨਕ ਮੋਦੀ ਨੂੰ ਵੇਖਣ ਦੌੜ ਉਠੇ। ਸ਼ਹਿਰ ਦਾ ਕੋਤਵਾਲ ਆਪ ਹਾਜਰ ਹੋਇਆ। ਗੁਰੂ ਸਾਹਿਬ ਨੇ ਕਿਸੇ ਗਰੀਬ ਦੇ ਘਰ ਹੀ ਰਾਤ ਗੁਜਾਰੀ। ਇਥੇ ਇਕ ਦੁਖੀਏ ਦਾ ਰੋਗ ਵੀ ਦੂਰ ਕੀਤਾ। ਬਾਬੇ ਦਾ ਹੁੰਦਾ ਸਤਿਕਾਰ ਵੇਖ ਮਰਦਾਨਾ ਵੀ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਣ ਲਗਾ। ਤਰਾਂ ਤਰਾਂ ਦੇ ਪਕਵਾਨ ਲੈ ਕੇ ਅਮੀਰ ਗਰੀਬ ਗੁਰੂ ਸਾਹਿਬ ਨੂੰ ਮਿਲੇ। ਸ਼ਾਮ ਵੇਲੇ ਗੁਰੂ ਸਾਹਿਬ ਦਾ ਵਖਿਆਨ ਸੁਣ ਕੇ ਸਭ ਦੇ ਮਨ ਨੂੰ ਠੰਡ ਪਹੁੰਚੀ। ਇਥੇ ਸਾਹਿਬ ਨੇ ਸ਼ਬਦ ਬੋਲਿਆ:

ਸਲੋਕੁ ਮਃ ੧ ॥ ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥ ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥੧॥ ਬਲਿਹਾਰੀ ਕੁਦਰਤਿ ਵਸਿਆ ॥ ਤੇਰਾ ਅੰਤੁ ਨ ਜਾਈ ਲਖਿਆ ॥੧॥ ਰਹਾਉ ॥ ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ ॥ ਤੂੰ ਸਚਾ ਸਾਹਿਬੁ ਸਿਫਤਿ ਸੁਆਲ੍ਹਿਉ ਜਿਨਿ ਕੀਤੀ ਸੋ ਪਾਰਿ ਪਇਆ ॥ ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ॥੨॥

ਵੈਰੋਵਾਲ -ਫਤਿਹਾਬਾਦ ਤੋਂ ਗੁਰੂ ਸਾਹਿਬ ਲਹੌਰ ਨੂੰ ਜਾਂਦੀ ਜਰਨੈਲੀ ਸੜਕ ਛੱਡ ਕੇ ਫਿਰ ਪਹਾੜ ਪਾਸੇ ਦਰਿਆ ਬਿਆਸ ਦੇ ਕੰਢੇ ਵਲ ਨੂੰ ਹੋ ਤੁਰੇ। ਬਾਬਾ ਜੀ ਨਗਰ ਵੈਰੋਵਾਲ ਗਏ। ਵੈਰੋਵਾਲ ਵੀ ਓਦੋਂ ਹਕੂਮਤ ਦਾ ਕੇਂਦਰ ਸੀ। ਸਮਝ ਲਓ ਕਿ ਤਹਿਸੀਲ ਦੇ ਬਰਾਬਰ ਅਹੁਦੇ ਦਾ ਸ਼ਹਿਰ।

ਇਲਾਕੇ ਦਾ ਮਹੌਲ ਇਥੇ ਵੀ ਮਰਦਾਨੇ ਲਈ ਡਰਾਉਣਾ ਸੀ। ਉੱਚੇ ਉੱਚੇ ਟਿੱਲੇ, ਸੰਙਣਾ ਜੰਗਲ ਬੇਲਾ। ਗੁਰੂ ਸਾਹਿਬ ਸ਼ਹਿਰ ਦੇ ਬਾਹਰਵਾਰ ਹੀ ਕਿਸੇ ਤਕੀਏ ਕਿਸੇ ਡੇਰੇ ਤੇ ਜਾ ਬਿਰਾਜੇ। ਮਰਦਾਨੇ ਨੇ ਜਾ ਸ਼ਹਿਰ ਵਿੱਚ ਖਬਰ ਦਿੱਤੀ ਕਿ ਨਵਾਬ ਦਾ ਮੋਦੀ ਸ਼ਹਿਰ ਵਿੱਚ ਆ ਗਇਆ ਹੈ। ਲੋਕਾਂ ਨੇ ਆਦਰ ਸਤਿਕਾਰ ਕੀਤਾ। ਬਦਕਿਸਮਤੀ ਨਾਲ ਇਤਹਾਸ ਇਸ ਬਾਰੇ ਚੁੱਪ ਹੈ ਕਿ ਇਥੋਂ ਦਾ ਕਿਹੜਾ ਮੁੱਖੀ ਸਿੱਖ ਹੋਇਆ ਹੈ। ਉਂਜ ਤੀਸਰੇ ਗੁਰੂ ਸਾਹਿਬ ਨੇ ਜਿਹੜੀਆਂ ਮੰਜੀਆਂ ਥਾਪੀਆਂ ਸਨ ਉਨਾਂ ਵਿੱਚੋਂ ਮਹਿਰਾ (ਝੀਵਰ) ਜਾਤ ਦਾ ਮਾਣਕ ਚੰਦ ਸੀ। ਸੋ ਹੋ ਸਕਦਾ ਹੈ ਕਿ ਉਹਦਾ ਪਿਤਾ ਹੀ ਨਾਨਕ ਪਾਤਸ਼ਾਹ ਦਾ ਮੁੱਖ ਸ਼ਰਧਾਲੂ ਹੋਵੇ।

ਵੈਰੋਵਾਲ ਗੁਰਦੁਆਰਾ

ਖਡੂਰ ਦੀ ਬੀਬੀ ਭਿਰਾਈ

ਵੈਰੋਵਾਲ ਤੋਂ ਚੱਲ ਗੁਰੂ ਸਾਹਿਬ ਜਦੋਂ ਖਡੂਰ ਦੇ ਲਾਗੇ ਆਏ ਤਾਂ ਮਰਦਾਨੇ ਦੀ ਭੁੱਖ ਦਾ ਮਸਲਾ ਖੜਾ ਹੋ ਗਿਆ। ਗੁਰੂ ਸਾਹਿਬ ਨੇ ਪਿੰਡੋਂ ਬਾਹਰ ਕੀਰਤਨ ਅਰੰਭ ਦਿਤਾ। ਲੋਕਾਈ ਇਕੱਠੀ ਹੋਈ। ਮਰਦਾਨੇ ਤੋਂ ਲੋਕਾਈ ਨੂੰ ਪਤਾ ਲੱਗਾ ਕਿ ਇਹ ਗੁਰੂ ਨਾਨਕ ਜੋ ਮੋਦੀਖਾਨਾ ਤਿਆਗ ਦੁਨਿਆਵੀ ਦੇ ਉਧਾਰ ਲਈ ਨਿਕਲੇ ਨੇ। ਗੁਰੂ ਸਾਹਿਬ ਦੇ ਉਪਦੇਸ਼ ਤੇ ਇਲਾਕਾ ਅੱਸ਼ ਅੱਸ਼ ਕਰ ਉਠਿਆ। ਜਿਵੇ ਉਨੀਂ ਦਿਨੀ ਰਿਵਾਜ ਹੁੰਦਾ ਸੀ ਹਰ ਕੋਈ ਆਪਣੇ ਵਿੱਤ ਅਨੁਸਾਰ ਭੇਟਾਂ ਲੈ ਲੈ ਪਹੁੰਚਿਆ। ਮਰਦਾਨਾਂ ਨਾਲੋ ਨਾਲ ਸੰਗਤਾਂ ਵਿਚ ਵਰਤਾਈ ਗਿਆ।

ਇਹਨਾਂ ਸ਼ਰਧਾਲੂਆਂ ਵਿਚ ਹੀ ਸੀ ਇਕ ਬੀਬੀ, ਨਾਂ ਭਿਰਾਈ ਇਹਦੇ ਪੇਕੇ ਮੱਤੇ ਦੀ ਸਰਾਂ ਵਿਚ ਸਨ। ਇਹ ਮੱਤੇ ਦੀ ਸਰਾਂ ਦੇ ਇਲਾਕੇ ਦੇ ਜਗੀਰਦਾਰ ਚੌਧਰੀ ਤਖਤ ਮਲ ਦੀ ਧੀ ਸੀ। ਸੋ ਗੁਰੂ ਅੰਗਦ ਦੇਵ ਦੀ ਭੂਆ ਲੱਗੀ। ਗੁਰੂ ਸਾਹਿਬ ਦੇ ਬਚਨ ਇਸ ਬੀਬੀ ਦਾ ਹਿਰਦਾ ਸ਼ਾਂਤ ਕਰ ਗਏ ਅਤੇ ਇਹ ਤੇ ਇਹਦਾ ਘਰਵਾਲਾ ਚੌਧਰੀ ਮਹਿਮਾ ਗੁਰੂ ਸਾਹਿਬ ਦੇ ਪੱਕੇ ਸ਼ਰਧਾਲੂ ਬਣ ਗਏ। ਸਗੋਂ ਇਹ ਪ੍ਰਵਾਰ ਗੁਰਮਤ ਨੇ ਪਹਿਲੇ ਪ੍ਰਚਾਰਕਾਂ ਵਿਚੋਂ ਹੋਇਆ ਹੈ। ਇਹਨਾਂ ਦੋਵਾਂ ਜੀਆਂ ਦੇ ਜਿੱਦ ਕਾਰਨ ਤੇ ਗੁਰੂ ਸਾਹਿਬ ਉਨਾਂ ਦੇ ਘਰ ਵੀ ਬਿਰਾਜੇ। ਖਡੂਰ ਸਾਹਿਬ ਵਿੱਚ ਪ੍ਰੰਪਰਾ ਹੈ ਕਿ ਗੁਰੂ ਨਾਨਕ ਪਾਤਸ਼ਾਹ 5 ਵਾਰੀ ਬੀਬੀ ਭਿਰਾਈ ਦੇ ਘਰ ਬਿਰਾਜੇ ਸਨ।

ਇਕ ਵੇਰਾਂ ਬੀਬੀ ਨੇ ਜਿਆਦਾ ਹੀ ਜਿੱਦ ਕੀਤੀ ਕਿ ਪਿੰਡ ਵਿੱਚ ਕੁਝ ਦੇਰ ਹੋਰ ਠਹਿਰੋ। ਗੁਰੂ ਸਾਹਿਬ ਨੇ ਪ੍ਰਣ ਦਿੱਤਾ ਕਿ ਮੈਂ ਮਹੀਨਿਆਂ ਬੱਧੀ ਤੇਰੇ ਕੋਲ ਰਹਾਂਗਾ। ਇਹੋ ਕਾਰਨ ਹੈ ਵਕਤ ਪਾ ਕੇ ਗੁਰੂ ਸਾਹਿਬ ਗੁਰੂ ਅੰਗਦ ਦੇ ਰੂਪ ਵਿੱਚ ਫਿਰ ਮਾਈ ਭਿਰਾਈ ਦੇ ਕੋਲ 6 ਮਹੀਨੇ ਰਹੇ।

ਬੀਬੀ ਭਿਰਾਈ ਦੇ ਸੰਬੋਧਨ ਵਿੱਚ ਗੁਰੂ ਨਾਨਕ ਨੇ ਕਿੰਨੇ ਹੀ ਸ਼ਬਦ ਉਚਾਰੇ ਹਨ। ਤਿਲੰਗ ਰਾਗ ਵਿੱਚ ਜਿਹੜਾ 'ਇਆਨੜੀਏ ਮਾਨੜਾ ਕਾਇ ਕਰੇਹਿ' ਵਾਲਾ ਸ਼ਬਦ ਇਸ ਵਿੱਚ ਵੀ ਮਾਈ ਭਿਰਾਈ ਦਾ ਜਿਕਰ ਆਉਦਾ। ਜਦੋਂ ਉਹ ਮਨਮੁਖ ਇਸਤ੍ਰੀ ਨੂੰ ਸਬੰਧਨ ਕਰਕੇ ਕਹਿੰਦੇ ਹਨ ਕਿ ਭੈਣੇ ਤੂੰ ਸਭਰਾਈ ਕੋਲੋਂ ਸਿੱਖ ਪ੍ਰਮੇਸ਼ਰ ਨੂੰ ਕਿਵੇ ਪਾਉਣਾ ਹੈ:-

ਤਿਲੰਗ ਮਃ ੧ ॥ ਇਆਨੜੀਏ ਮਾਨੜਾ ਕਾਇ ਕਰੇਹਿ ॥ ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥ ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥ ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥ ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ॥੧॥ ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ ॥ ਕਰਣ ਪਲਾਹ ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ ॥ ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ ॥ ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ ॥ ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ ॥੨॥ ਜਾਇ ਪੁਛਹੁ

ਅੱਜ ਗੁਰਦੁਆਰਾ ਬਣ ਚੁੱਕਾ ਹੈ -ਬੀਬੀ ਭਿਰਾਈ ਦਾ ਘਰ

ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥ ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ॥ ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ ॥ ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ॥ ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥੩॥ ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥ ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ ॥ ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ ॥ ਐਸੇ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ ॥ ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ ॥੪॥੨॥੪॥

ਕਈ ਇਤਹਾਸਕਾਰਾਂ ਦਾ ਵਿਚਾਰ ਹੈ ਕਿ ਭਾਈ ਲਹਿਣੇ ਦੀ ਗੁਰੂ ਨਾਨਕ ਨਾਲ ਖਿੱਚ ਇਸ ਬੀਬੀ ਦੇ ਉਪਦੇਸ਼ ਕਾਰਨ ਹੀ ਬਣੀ ਸੀ।

ਖਡੂਰ ਤੋਂ ਚਲਕੇ+ ਗੁਰੂ ਸਾਹਿਬ ਬੰਡਾਲੇ ਦੇ ਜੋਗੀਆਂ ਨੂੰ ਤਾਰਦੇ ਹੋਏ, ਸ਼ੇਖ ਫੱਤੇ ਨੂੰ ਬਖਸ਼ਸ਼ਾਂ ਦਿੰਦੇ ਹੋਏ, ਸੁਲਤਾਨਵਿੰਡ ਥਾਂਣੀ ਹੁੰਦੇ ਹੋਏ ਪਿੰਡ ਕਲੇਰ ਲਾਗੇ ਮਸ਼ਹੂਰ ਜੋਗੀ ਮੱਠ ਪਹੁੰਚੇ ਜਿੱਥੇ ਅੱਜ ਰਾਮ ਤੀਰਥ ਹੈ। ਉਥੇ ਜੋਗੀਆਂ ਨੂੰ ਸਬਦ ਦੀ ਮਹੱਤਤਾ ਬਾਰੇ ਦੱਸਿਆ ਤੇ ਉਪਦੇਸ ਕੀਤਾ ਕਿ ਇਹ ਜਿਹੜੇ ਤੁਸੀ ਰੰਗ ਰੰਗ ਦੇ ਆਸਣ ਲਾਉਦੇ ਹੋ ਇਹਨਾਂ ਦਾ ਰੂਹਾਨੀਅਤ ਨਾਲ ਕੋਈ ਸਬੰਧ ਨਹੀ। ਅਕਾਲ ਪੁਰਖ ਦੀ ਉਸਤਤ ਹੀ ਸਭ ਤੋਂ ਵੱਡਾ ਧਾਰਮਿਕ ਕਾਰਜ ਹੈ। ਇਥੇ ਲੋਕਾਈ ਦਾ ਕੋਈ ਇਕੱਠ ਵੀ ਸੀ। ਸਾਹਿਬ ਦਾ ਵੱਖਰਾ ਜਿਹਾ ਹੀ ਪ੍ਰਚਾਰ ਜਿਸ ਵਿਚ ਸਨਾਤਨੀ ਰੀਤਾਂ ਦਾ ਖੰਡਣ ਸੀ, ਬਾਬਤ ਸੁਣ ਕੇ ਇਥੋ ਦੇ ਮਸ਼ਹੂਰ ਪੰਡਤ ਰਾਮ ਚਰਨ ਦਾਸ ⊙ ਨੇ ਆ ਗੁਰੂ ਸਾਹਿਬ ਨਾਲ ਆਢਾ ਲਾਇਆ। ਇਸ ਮੌਕੇ ਗੁਰੂ ਸਾਹਿਬ ਨੇ ਸ਼ਬਦ ਕਿਹਾ:-

ਬਿਲਾਵਲੁ ਮਹਲਾ ੧ ॥ ਮਨ ਕਾ ਕਹਿਆ ਮਨਸਾ ਕਰੈ ॥ ਇਹੁ ਮਨੁ ਪੁੰਨੁ ਪਾਪੁ

ਤਪਿਆਣਾ ਸਾਹਿਬ- ਖਡੂਰ ਵਿਖੇ ਜਿਥੇ ਗੁਰੂ ਸਾਹਿਬ ਆ ਡੇਰਾ ਲਾਇਆ ਸੀ।

ਉਚਰੈ ॥ ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ॥ ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ ॥੧॥ ਤਨੁ ਧਨੁ ਕਲਤੁ ਸਭੁ ਦੇਖੁ ਅਭਿਮਾਨਾ ॥ ਬਿਨੁ ਨਾਵੈ ਕਿਛੁ ਸੰਗਿ ਨ ਜਾਨਾ ॥੧॥ ਰਹਾਉ ॥ ਕੀਚਹਿ ਰਸ ਭੋਗ ਖੁਸੀਆ ਮਨ ਕੇਰੀ ॥ ਧਨੁ ਲੋਕਾਂ ਤਨੁ ਭਸਮੈ ਢੇਰੀ ॥ ਖਾਕੂ ਖਾਕੁ ਰਲੈ ਸਭੁ ਫੈਲੁ ॥ ਬਿਨੁ ਸਬਦੈ ਨਹੀ ਉਤਰੈ ਮੈਲੁ ॥੨॥ ਗੀਤ ਰਾਗ ਘਨ ਤਾਲ ਸਿ ਕੂਰੇ ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥ ਦੂਜੀ ਦੁਰਮਤਿ ਦਰਦੁ ਨ ਜਾਇ ॥ ਛੂਟੈ ਗੁਰਮੁਖਿ ਦਾਰੂ ਗੁਣ ਗਾਇ ॥੩॥ ਧੋਤੀ ਊਜਲ ਤਿਲਕੁ ਗਲਿ ਮਾਲਾ ॥ ਅੰਤਰਿ ਕ੍ਰੋਧੁ ਪੜਹਿ ਨਾਟ ਸਾਲਾ ॥ ਨਾਮੁ ਵਿਸਾਰਿ ਮਾਇਆ ਮਦੁ ਪੀਆ ॥ ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥੪॥ ਸੂਕਰ ਸੁਆਨ ਗਰਧਭ ਮੰਜਾਰਾ ॥ ਪਸੂ ਮਲੇਛ ਨੀਚ ਚੰਡਾਲਾ ॥ ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ ॥ ਬੰਧਨਿ ਬਾਧਿਆ ਆਈਐ ਜਾਈਐ ॥੫॥ ਗੁਰ ਸੇਵਾ ਤੇ ਲਹੈ ਪਦਾਰਥੁ ॥ ਹਿਰਦੈ ਨਾਮੁ ਸਦਾ ਕਿਰਤਾਰਥੁ ॥ ਸਾਚੀ ਦਰਗਹ ਪੂਛ ਨ ਹੋਇ ॥ ਮਾਨੇ ਹੁਕਮੁ ਸੀਝੈ ਦਰਿ ਸੋਇ ॥੬॥ ਸਤਿਗੁਰੁ ਮਿਲੈ ਤ ਤਿਸ ਕਉ ਜਾਣੈ ॥ ਰਹੈ ਰਜਾਈ ਹੁਕਮੁ ਪਛਾਣੈ ॥ ਹੁਕਮੁ ਪਛਾਣਿ ਸਚੈ ਦਰਿ ਵਾਸੁ ॥ ਕਾਲ ਬਿਕਾਲ ਸਬਦਿ ਭਏ ਨਾਸੁ ॥੭॥ ਰਹੈ ਅਤੀਤੁ ਜਾਣੈ ਸਭੁ ਤਿਸ ਕਾ ॥ ਤਨੁ ਮਨੁ ਅਰਪੈ ਹੈ ਇਹੁ ਜਿਸ ਕਾ ॥ ਨਾ ਓਹੁ ਆਵੈ ਨਾ ਓਹੁ ਜਾਇ ॥ ਨਾਨਕ ਸਾਚੇ ਸਾਚਿ ਸਮਾਇ ॥੮॥੨॥

ਜਦੋਂ ਪੰਡਤ ਨੂੰ ਪਾਪ ਪੁੰਨ ਦੇ ਸੰਕਲਪ ਦੀ ਸਮਝ ਲੱਗੀ ਕਿ ਇਹ ਐਵੇ ਕਹਾਵਤਾਂ ਹੀ ਨੇ ਅਤੇ ਨਾਮ ਦੇ ਸਿਧਾਂਤ ਦਾ ਪਤਾ ਲੱਗਾ ਤਾਂ ਗਿਆਨ ਹਾਸਲ ਕਰਕੇ ਇਹ ਬ੍ਰਾਹਮਣ ਗੁਰਮਤ ਦਾ ਵੱਡਾ ਪ੍ਰਚਾਰਕ ਬਣਿਆ। ਮਿਸਲਾਂ ਦੇ ਦੌਰ ਵੇਲੇ ਜਦੋਂ ਟਕਰਾਅ ਵਧੇ ਤਾਂ ਇਸ ਬ੍ਰਹਾਮਣ ਦੇ ਵੰਸਜ਼ਾਂ ਨੇ ਵੀ ਜੰਡਿਆਲੇ ਦੇ ਹੰਦਾਲੀਆਂ ਵਾਲ਼ੇ ਸਰਕਾਰ ਦਾ ਪੱਖ ਲੈ ਲਿਆ। ਇਥੇ ਹੀ ਫਿਰ ਕਲਾਨੌਰ ਦੇ ਜੰਮਪਲ ਦੀਵਾਨ ਲੱਖਪਤ ਰਾਏ ਨੇ (1735 ਈ ਦੇ ਨੇੜੇ ਤੇੜੇ) ਅੰਮ੍ਰਿਤਸਰ ਸਰੋਵਰ ਦੇ ਮੁਕਾਬਲੇ ਵੱਡੇ ਸਰੋਵਰ ਦਾ ਨਿਰਮਾਣ ਕਰਵਾਇਆ ਅਤੇ ਇਸ ਦੀ ਕਹਾਣੀ ਰਮਾਇਣ ਨਾਲ ਜੋੜ ਦਿੱਤੀ।

ਪੈਂਡਾ ਸਫ਼ਾ



ਗੁਰਦੁਆਰਾ ਤਪਿਆਣਾ ਸਾਹਿਬ ਦੇ ਬਾਹਰ ਹੀ ਹੈ **ਭਾਈ ਬਾਲਾ ਦੀ ਸਮਾਧ**। ਇਥੋਂ ਦੀ ਪ੍ਰੰਪਰਾ (ਰਵਾਇਤ) ਅਨੁਸਾਰ ਉਹ ਬਾਲਾ ਜੋ ਤਲਵੰਡੀ ਰਾਇ ਭੋਇ ਦਾ ਵਸਨੀਕ ਸੀ ਅਤੇ ਗੁਰੂ ਨਾਨਕ ਸਾਹਿਬ ਦਾ ਬਚਪਨ ਦਾ ਸਾਥੀ। ਇਸ ਨੇ ਯਾਤਰਾਵਾਂ ਵੇਲੇ ਵੀ ਕਦੀ ਇਕ ਅੱਧ ਵਾਰੀ ਸਾਹਿਬ ਦੀ ਸੰਗਤ ਕੀਤੀ ਹੋਈ ਸੀ। ਅਤੇ ਹੋਰ ਭਾਈ ਮਰਦਾਨੇ ਕੋਲੋਂ ਗੁਰੂ ਸਾਹਿਬ ਦੀਆਂ ਸਾਖੀਆਂ ਸੁਣੀਆਂ ਹੋਈਆਂ ਸਨ।

ਇਸ ਥਾਂ ਤੇ ਬਹਿ ਭਾਈ ਬਾਲਾ ਗੁਰੂ ਅੰਗਦ ਸਾਹਿਬ ਨੂੰ ਗੁਰੂ ਨਾਨਕ ਦੀਆਂ ਸਾਖੀਆਂ ਸੁਣਾਇਆ ਕਰਦੇ ਸਨ। ਜਿਸ ਅਨੁਸਾਰ ਫਿਰ ਪਹਿਲੀ ਜਨਮਸਾਖੀ ਹੋਂਦ ਵਿਚ ਆਈ। 1544 ਈ. ਵਿਚ ਫਿਰ ਭਾਈ ਬਾਲਾ 73 ਸਾਲ ਦੀ ਉਮਰ ਵਿਚ ਚਲਾਣਾ ਕਰ ਗਏ। ਗੁਰੂ ਅੰਗਦ ਦੇਵ ਜੀ ਨੇ ਹੱਥੀ ਭਾਈ ਬਾਲੇ ਦਾ ਸਸਕਾਰ ਕੀਤਾ। ਸੋ ਇਹ ਕਹਿਣਾ ਗਲਤ ਹੈ ਕਿ ਭਾਈ ਬਾਲਾ ਨਾਂ ਦਾ ਕੋਈ ਬੰਦਾ ਹੋਇਆ ਹੀ ਨਹੀ। ਹਾਂ ਇਨਾਂ ਜਰੂਰ ਹੈ ਕਿ ਜਨਮ ਸਾਖੀ ਵਿਚ ਬਾਲਾ ਆਪਣੇ ਆਪ ਨੂੰ ਬਹੁਤ ਜਿਆਦਾ ਵਧਾ ਚੜਾ ਕੇ ਦੱਸਦਾ ਹੈ।

ਏਸੇ ਭਾਈ ਬਾਲੇ ਦੀ ਜਨਮ ਸਾਖੀ ਨੂੰ ਹੀ ਜੰਡਿਆਲੇ ਵਾਲੇ ਹੰਦਾਲੀਏ ਤੋੜ ਮਰੋੜ ਕੇ ਲਿਖਦੇ ਹਨ ਤੇ ਆਪਣੇ ਵਢੇਰੇ ਭਾਈ ਹੰਦਾਲ ਜੋ ਗੁਰੂ ਅਮਰ ਦਾਸ ਦਾ ਸਿੱਖ ਸੀ ਦੀ ਵਡਿਆਈ ਕਰਦਿਆਂ ਉਸ ਦੀ ਤੁਲਨਾ ਗੁਰੂ ਨਾਨਕ ਸਾਹਿਬ ਨਾਲ ਕਰਦਿਆਂ ਉਨ੍ਹੂੰ ਗੁਰੂ ਸਾਹਿਬ ਤੋਂ ਵੱਡੇਰੀ ਸ਼ਖਸੀਅਤ ਬਿਆਨ ਕਰ ਜਾਂਦੇ ਨੇ। ਇਹ ਹੰਦਾਲੀਏ ਜਦੋਂ 18ਵੀ ਸਦੀ ਵਿਚ ਸਿੱਖਾਂ ਤੇ ਬਿਪਤਾ ਪਈ ਸੀ ਤਾਂ ਉਸ ਵੇਲੇ ਮੁਗਲ ਹਕੂਮਤ ਦੀ ਝੋਲੀ ਵਿਚ ਪੈ ਗਏ ਸਨ ਤੇ ਸਿੱਖਾਂ ਖਿਲਾਫ ਮੁਖਬਰੀ ਕਰਿਆ ਕਰਦੇ ਸਨ।

ਬਦਕਿਸਮਤੀ ਨਾਲ ਭਾਈ ਬਾਲੇ ਵਾਲੀ ਮੂਲ ਭਾਵ ਅਸਲ ਜਨਮਸਾਖੀ ਅੱਜ ਕਿਤੇ ਵੀ ਨਹੀ ਬਚੀ। ਪਰ ਉਸ ਦੀ ਨਕਲ ਭਾਵ ਹੰਦਾਲੀਆਂ ਵਾਲੀ ਜਨਮ ਸਾਖੀ ਹੀ ਮਿਲਦੀ ਹੈ। ਏਸੇ ਨਕਲੀ ਜਨਮ ਸਾਖੀ ਨੇ ਗੁਰੂ ਨਾਨਕ ਸਾਹਿਬ ਦੀ ਜਨਮ ਤਾਰੀਖ ਬਾਰੇ ਬਖੇੜਾ ਖੜਾ ਕਰ ਦਿਤਾ ਕਿ ਜਨਮ ਵੈਸਾਖ ਨਹੀ ਕਤਕ ਦਾ ਹੈ।

ਇਥੋਂ ਗੁਰੂ ਸਾਹਿਬ ਲਹੌਰ ਨੂੰ ਨਿਕਲ ਗਏ ਹੋਣ ਤੇ ਅੱਗੇ ਫਿਰ ਐਮਨਾਬਾਦ ਪਹੁੰਚੇ।

—◈—

ਏਮਨਾਬਾਦ ਦਾ ਧਰਮੀ ਤਰਖਾਣ ਭਾਈ ਲਾਲੋ

ਸੁਲਤਾਨ ਪੁਰ ਤੋਂ ਰਵਾਨਾ ਹੋਣ ਤੋਂ 17ਵੇਂ ਦਿਨ ਬਾਬਾ ਤੇ ਮਰਦਾਨਾ ਏਮਨਾਬਾਦ (ਅਜ ਕਲ ਦੇ ਗੁਜਰਾਂਵਾਲਾ ਤੋਂ 15 ਕਿਲੋਮੀਟਰ) ਦੀ ਜੂਹ ਵਿੱਚ ਜਾ ਪਹੁੰਚਿਆ। ਐਮਨਾਬਾਦ ਦਾ ਪੁਰਾਣਾ ਨਾਂ ਸੈਦਪੁਰ ਹੁੰਦਾ ਸੀ। ਇਹ ਰਿਆਸਤ ਸੀ। ਲਗਦਾ ਹੈ ਗੁਰੂ ਨਾਨਕ ਨੇ ਭਾਈ ਲਾਲੋ ਤਰਖਾਣ ਦਾ ਨਾਂ ਪਹਿਲਾਂ ਹੀ ਸੁਣਿਆ ਹੋਇਆ ਸੀ ਕਿ ਕੋਈ ਧਰਮੀ ਬੰਦਾ ਸੈਦਪੁਰ ਰਹਿੰਦਾ ਹੈ।

ਓਧਰ ਬਾਬੇ ਦੀ ਮਸ਼ਹੂਰੀ ਤਾਂ ਪਹਿਲਾਂ ਹੀ ਥਾਂ ਥਾਂ ਪਹੁੰਚ ਚੁੱਕੀ ਸੀ ਕਿ ਨਵਾਬ ਦੌਲਤ ਖਾਂ ਲੋਧੀ ਦਾ ਇੱਕ ਖੱਤਰੀ ਵਜੀਰ (ਮੋਦੀ) ਸਾਧ ਬਣ ਗਇਆ ਹੈ। ਬਾਬਾ ਤੇ ਮਰਦਾਨਾ ਸਿੱਧਾ ਭਾਈ ਲਾਲੋ ਦੇ ਕਾਰਖਾਨੇ ਜਾ ਪਹੁੰਚੇ। ਲਾਲੋ ਘਟੌੜਾ ਗੋਤ ਦਾ ਤਰਖਾਣ ਸੀ। ਅੱਗੇ ਲਾਲੋ ਕਿੱਲੇ ਘੜ ਰਿਹਾ ਸੀ। ਦੁਆ ਸਲਾਮ ਤੋਂ ਬਾਦ ਲਾਲੋ ਨੇ ਬਾਬੇ ਤੇ ਮਰਦਾਨੇ ਨੂੰ ਬਹਿਣ ਵਾਸਤੇ ਬੇਨਤੀ ਕੀਤੀ।

ਲਾਲੋ ਕਹਿਣ ਲੱਗਾ "ਜੀ ਆਇਆ ਨੂੰ। ਕਿਥੋ ਤਸ਼ਰੀਫ ਲਿਆਏ ਨੇ ਰੱਬ ਦੇ ਬੰਦੇ।" ਮਰਦਾਨੇ ਨੇ ਕਿਹਾ, "ਫਕੀਰਾਂ ਦੇ ਕਿਹੜੇ ਟਿਕਾਣੇ। ਉਂਜ ਹੁਣ ਲੋਧੀ ਦੇ ਸੁਲਤਾਨਪੁਰ ਤੋਂ ਆ ਰਹੇ ਹਾਂ।" ਲਾਲੋ ਬੋਲ ਉਠਿਆ, "ਤੁਸੀ ਕਿਤੇ ਬਾਬਾ ਨਾਨਕ ਤਾਂ ਨਹੀ ਹੋ?" ਮਰਦਾਨੇ ਨੇ ਹਾਂ ਵਿੱਚ ਸਿਰ ਹਿਲਾਇਆ ਤੇ ਕਹਿਣ ਲੱਗਾ ਲਗਦੈ ਤੁਹਾਡਾ ਵੀ ਬਾਬੇ ਨਾਨਕ ਨਾਲ ਕੋਈ ਪੁਰਾਣਾ ਰਿਸਤਾ ਨਾਤਾ ਹੈ। ਜਿਹੜਾ ਝੱਟ ਪਛਾਣ ਗਏ ਹੋ। ਤੇ ਬਸ ਫਿਰ ਕੀ ਸੀ। ਇਸ ਗੱਲ ਤੋਂ ਗੱਲ ਅੱਗੇ ਤੁਰ ਪਈ।

ਮਰਦਾਨੇ ਨੇ ਝੱਟ ਬਾਬੇ ਨੂੰ ਸਵਾਲ ਕਰ ਦਿੱਤਾ ਕਿ ਬਾਬਾ ਜੀ ਤੁਸੀ ਤਾਂ ਕਹਿੰਦੇ ਹੋ ਕਿ ਗੁਰਮੁੱਖ ਦੀ 84 ਕੱਟੀ ਜਾਂਦੀ ਹੈ (ਜਨਮ ਮਰਨ ਕੱਟਿਆ ਜਾਂਦਾ ਹੈ) ਤਾਂ ਫਿਰ ਇਹ ਪਿੱਛਲੇ ਜਨਮਾਂ ਵਾਲੀ ਗੱਲ ਕਿਵੇ ਬਣੀ? ਗੁਰੂ ਜੀ ਨੇ ਤਦ ਮਰਦਾਨੇ ਨੂੰ ਸਿਧਾਂਤ ਸਮਝਾਇਆ ਕਿ ਅਕਾਲ ਪੁਰਖ ਦਾ ਇੰਤਜਾਮ ਐਨਾ ਵਿਸ਼ਾਲ ਹੈ ਕਿ ਜਿਹੋ ਜਿਹੀ ਕੋਈ ਭਾਵ ਭਾਵਨੀ ਰੱਖਦਾ ਹੈ ਓਹੋ ਜਿਹਾ ਵਰਤਾਰਾ ਉਸ ਨਾਲ ਹੋ ਜਾਂਦਾ। ਇਥੋਂ ਤੱਕ ਕਿ ਮੁਸਲਮਾਨ ਪਹੁੰਚੇ ਹੋਏ ਫਕੀਰਾਂ ਦੀ ਰੂਹ ਮੌਤ ਤੋਂ ਬਾਦ ਪਰਲੋ ਜਾਂ ਕਿਆਮਤ ਨੂੰ ਉਡੀਕਦੀ ਰਹਿੰਦੀ ਹੈ। ਏਸੇ ਤਰਾਂ ਸਨਾਤਨੀ ਲੋਕ ਜੋ ਅਵਤਾਰਵਾਦ ਨੂੰ ਮੰਨਦੇ ਹਨ ਜੰਮਦੇ ਮਰਦੇ ਰਹਿੰਦੇ ਹਨ ਭਾਵੇ ਉਹ ਕਿੰਨੇ ਵੀ ਧਾਰਮਿਕ ਕਿਓ ਨਾਂ ਹੋਣ। ਜਨਮ ਮਰਨ ਤੋਂ ਛਟਕਾਰਾਂ ਸਿਰਫ ਅਜੂਨੀ ਨਿਰੰਕਾਰ ਦੇ ਪੁਜਾਰੀਆਂ ਦਾ ਹੀ ਹੋ ਸਕਦਾ ਹੈ। ਗੁਰੂ ਸਾਹਿਬ ਨੇ ਦਿਆਲ ਹੋ ਕੇ ਫਿਰ "ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ

ਪੈਂਡਾ ਸਫ਼ਾ

◉ਗਿਆਨੀ-88, ✚ ਗਿਆਨੀ, ਕੋਹਲੀ ਆਦਿ ਨੇ ਗੁਰੂ ਸਾਹਿਬ ਦਾ ਇਸ ਮੌਕੇ ਪੱਟੀ, ਖਾਲੜਾ, ਲਹੌਰ ਚੁਹੱਟਾ ਜਵਾਹਰ ਮੱਲ, ਕੀੜੀ ਪਠਾਣਾਂ, ਜਾਣਾ ਵੀ ਲਿਖਿਆ ਹੈ ਜੋ ਭੂਗੋਲਿਕ ਪੱਖੋ ਜਾਇਜ ਨਹੀ ਲਗਦਾ।

ਸੈਭੰ ਗੁਰ ਪ੍ਰਸਾਦਿ ॥" ਦਾ ਸਿਧਾਂਤ ਭਾਈ ਲਾਲੋ ਨੂੰ ਸਮਝਾਇਆ।

ਲਾਲੋ ਨੇ ਧਰਮੀ ਪੁਰਖਾਂ ਨੂੰ ਬੜਾ ਸੁਣਿਆ ਹੋਇਆ ਸੀ। ਪਰ ਅੱਜ ਤਾਂ ਲਗਿਆ ਕਿਸਮਤ ਉੱਘੜ ਆਈ। ਗੁਰੂ ਸਾਹਿਬ ਦੇ ਪੈਰ ਫੜ ਲਏ। "ਮੇਰੇ ਵੱਡੇ ਭਾਗ ਤੁਹਾਡੇ ਚਰਨ ਪਏ ਇਸ ਗਰੀਬ ਦੇ ਘਰ।"

ਅੱਗੇ ਗੱਲ ਤੁਰਨ ਲੱਗੀ ਸੀ ਕਿ ਲਾਲੋ ਨੇ ਅਰਜੋਈ ਕੀਤੀ ਕਿ ਸਾਹਿਬ ਪਹਿਲਾਂ ਅੰਨ-ਪਾਣੀ ਹੋ ਜਾਏ ਫਿਰ ਅਗਲੀ ਗੱਲ ਕਰਾਂਗੇ। ਮਰਦਾਨੇ ਨੇ ਹੀ ਇਸ ਗੱਲ ਦੀ ਹਾਮੀ ਭਰੀ।

ਲਾਲੋ ਦੀ ਰਸੋਈ

ਜਦੋਂ ਭੋਜਨ ਦਾ ਵਕਤ ਆਇਆ ਤਾਂ ਕਿਰਤੀ ਲਾਲੋ ਨੇ ਚੌਂਕਾ ਤਿਆਰ ਕੀਤਾ। (ਰਸੋਈ ਨੂੰ ਪਵਿਤਰ ਕਰਨ ਲਈ ਗਾਂ ਦਾ ਗੋਹੇ ਦਾ ਪੋਚਾ ਫੇਰਿਆ ਜਾਂਦਾ ਸੀ।) ਨਾਲੇ ਫਿਰ ਸਰਾਧਾਂ ਦੇ ਦਿਨ ਚਲ ਰਹੇ ਸਨ ਲਾਲੋ ਨੇ ਕਰਮ-ਕਾਂਡ ਨੇਮਾਂ ਮੁਤਾਬਿਕ ਬਕਾਇਦਾ ਚੌਂਕਾ ਕਾਰ (ਚੌਂਕੇ ਦੁਆਰੇ ਗੋਲ ਦਾਇਰਾ ਬਣਾਉਣਾ) ਕੱਢੀ। (ਵੇਦ ਜਾਂ ਸਨਾਤਨ ਧਰਮ ਅਨੁਸਾਰ ਇਸ ਤਰਾਂ ਕਰਨ ਨਾਲ ਦੁਸਟ ਆਤਮਾਵਾਂ ਤੁਹਾਡੇ ਭੋਜਨ ਨੂੰ ਚੁਰਾ ਨਹੀ ਸਕਦੀਆਂ।)

ਸੈਦਪੁਰ (ਅੱਜ ਨਾਂ ਏਮਨਾਬਾਦ) ਦੇ ਚੜ੍ਹਦੇ ਪਾਸੇ, ਮੁਹੱਲਾ ਦੀਵਾਨ ਕਰਮ ਚੰਦ ਵਿਚ ਭਾਈ ਲਾਲੋ ਦਾ ਘਰ। (ਫੋਟੋ : ਹਾਰੂਨ ਖਾਲਿਦ)

ਗੁਰੂ ਸਾਹਿਬ ਨੇ ਓਥੇ ਫਿਰ ਚੌਕਾ ਤੇ ਚੌਕਾ-ਕਾਰ ਦੇ ਫੋਕਟ ਵਹਿਮ ਨੂੰ ਦੂਰ ਕੀਤਾ। ਸਾਹਿਬ ਨੇ ਸਮਝਾਇਆ ਕਿ ਕਿਵੇ ਪੂਰੀ ਧਰਤੀ ਹੀ ਪਵਿਤਰ ਹੈ। ਧਰਮਸਾਲ ਹੈ। ਫਿਰ ਜਿੱਥੇ ਰੱਬ ਦੀ ਉਸਤਤ ਹੋ ਜਾਵੇ ਉਹ ਹੋਰ ਵੀ ਪਵਿਤ੍ਰ ਹੋ ਜਾਂਦੀ ਹੈ।

ਬਸੰਤੁ ਮਹਲਾ ੧ ॥ ਸੁਇਨੇ ਕਾ ਚਉਕਾ ਕੰਚਨ ਕੁਆਰ ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ ॥ ਗੰਗਾ ਕਾ ਉਦਕੁ ਕਰੰਤੇ ਕੀ ਆਗਿ ॥ ਗਰੁੜਾ ਖਾਣਾ ਦੁਧ ਸਿਉ ਗਾਡਿ ॥੧॥ ਰੇ ਮਨ ਲੇਖੈ ਕਬਹੂ ਨ ਪਾਇ ॥ ਜਾਮਿ ਨ ਭੀਜੈ ਸਾਚ ਨਾਇ ॥੧॥ ਰਹਾਉ ॥ ਦਸ ਅਠ ਲੀਖੇ ਹੋਵਹਿ ਪਾਸਿ ॥ ਚਾਰੇ ਬੇਦ ਮੁਖਾਗਰ ਪਾਠਿ ॥ ਪੁਰਬੀ ਨਾਵੈ ਵਰਨਾਂ ਕੀ ਦਾਤਿ ॥ ਵਰਤ ਨੇਮ ਕਰੇ ਦਿਨ ਰਾਤਿ ॥੨॥ ਕਾਜੀ ਮੁਲਾਂ ਹੋਵਹਿ ਸੇਖ ॥ ਜੋਗੀ ਜੰਗਮ ਭਗਵੇ ਭੇਖ ॥ ਕੋ ਗਿਰਹੀ ਕਰਮਾ ਕੀ ਸੰਧਿ ॥ ਬਿਨੁ ਬੂਝੇ ਸਭ ਖੜੀਅਸਿ ਬੰਧਿ ॥੩॥ ਜੇਤੇ ਜੀਅ ਲਿਖੀ ਸਿਰਿ ਕਾਰ ॥ ਕਰਣੀ ਉਪਰਿ ਹੋਵਗਿ ਸਾਰ ॥ ਹੁਕਮੁ ਕਰਹਿ ਮੂਰਖ ਗਾਵਾਰ ॥ ਨਾਨਕ ਸਾਚੇ ਕੇ ਸਿਫਤਿ ਭੰਡਾਰ ॥੪॥੩॥

ਕਿਹਾ ਜਾਂਦਾ ਹੈ ਕਿ ਲਾਲੋ ਨੇ ਜਦੋਂ ਕੋਧਰੇ ਦੀ ਰੋਟੀ ਸਰੋਂ ਦੇ ਸਾਗ ਨਾਲ ਲਿਆ ਰੱਖੀ ਤਾਂ ਮਰਦਾਨੇ ਦਾ ਮੂੰਹ ਬਣ ਗਿਆ। ਗੁਰੂ ਸਾਹਿਬ ਸਮਝ ਗਏ ਤੇ ਕਹਿਣ ਲਗੇ ਮਰਦਾਨਿਆ ਖਾ ਕੇ ਤਾਂ ਵੇਖ ਕਿਰਤ ਦੀ ਰੋਟੀ ਦਾ ਸਵਾਦ ਸਭ ਤੋਂ ਉਤਮ ਹੁੰਦਾ ਹੈ। ਮਰਦਾਨੇ ਨੇ ਜਿਵੇ ਬੁਰਕੀ ਮੂੰਹ ਪਾਈ ਤਾਂ ਅਜਿਹਾ ਸਵਾਦ ਆਇਆ ਕਿ ਹੋਸ਼ ਉਡ ਗਏ। ਅੱਸ਼ ਅੱਸ਼ ਕਰ ਉਠਿਆ।

ਅਗਲੇ ਸਵੇਰੇ ਫਿਰ ਜਦੋਂ ਬਾਬਾ ਕੂਚ ਕਰਨ ਲਗੇ ਤਾਂ ਲਾਲੋ ਹੱਥ ਬੰਨ ਕੇ ਖਲੋ ਗਇਆ ਕਿ ਪਾਤਸ਼ਾਹ ਕੀ ਮੇਰੀ ਸੇਵਾ ਵਿੱਚ ਕਸਰ ਰਹਿ ਗਈ ਹੈ ਤੁਸੀ ਰਵਾਨਾ ਹੋ ਰਹੇ। ਮੇਰੇ ਤੇ ਤਰਸ ਕਰਕੇ ਕੁਝ ਦਿਨ ਹੋਰ ਠਹਿਰ ਜਾਂਓ ਨਾਂ, ਮੇਰਾ ਵੀ ਜਨਮ ਸਫਲ ਹੋ ਜਾਵੇ। ਤੁਹਾਡੇ ਚਰਨਾਂ ਲਾਗੇ ਤਾਂ ਜੀਵਨ ਦੀ ਸੋਝੀ ਆਈ ਹੈ। ਮੈਂ ਤਾਂ ਸਾਰੀ ਉਮਰ ਰੇਤ ਹੀ ਛਾਣਦਾ ਆਇਆ ਹਾਂ। ਗੁਰੂ ਸਾਹਿਬ ਲਾਲੋ ਦੀ ਦਿਲੀ ਭਾਵਨਾ ਵੇਖ ਕੇ ਰੁੱਕ ਗਏ।

ਫਿਰ ਮਰਦਾਨੇ ਕਿਹਾ ਕਿ ਸੱਚੇ ਪਾਤਸ਼ਾਹ ਜੇ ਹੁਕਮ ਹੋਵੇ ਤਾਂ ਮੈਂ ਤਲਵੰਡੀਓ ਗੇੜਾ ਕੱਢ ਆਵਾਂ। ਗੁਰੂ ਸਾਹਿਬ ਨੇ ਕਿਹਾ ਠੀਕ ਹੈ ਮਰਦਾਨਿਆ ਪਰ ਵੇਖੀ ਕਿਤੇ ਮਿਰਾਸਣ ਪੈਰੀ ਪੈਂਖੜ ਨਾਂ ਪਾ ਦੇਵੇ। ਮਰਦਾਨਾ ਕਹਿਣ ਲੱਗਾ ਗੁਰੂ ਜੀ ਹੁਣ ਮੈ ਹੋਰ ਕਾਸੇ ਜੋਗਾ ਨਹੀ ਰਹਿ ਗਇਆ ਇਹ ਤਾਂ ਰਹਿੰਦੀ ਹੁਣ ਤੁਹਾਡੇ ਚਰਨਾਂ ਵਿੱਚ ਹੀ ਕਟਣੀ ਹੈ।

ਮਰਦਾਨਾ ਤਲਵੰਡੀ ਰਵਾਨਾ ਹੋ ਗਿਆ। ਏਮਨਾਬਾਦ ਤੋਂ ਤਲਵੰਡੀ ਕੋਈ 82 ਕਿਲੋਮੀਟਰ ਹੈ। ਸੋ ਤਿੰਨ ਕੁ ਦਿਨ ਲਾਏ ਹੋਣਗੇ ਪਹੁੰਚਣ ਵਿੱਚ।

"ਰੇਤ ਅੱਕ ਆਹਾਰ ਕਰ ਰੋੜਾਂ ਕੀ ਗੁਰ ਕਰੀ ਵਿਛਾਈ॥"

ਮਰਦਾਨਾ ਤਲਵੰਡੀ ਨੂੰ ਚਲਾ ਗਿਆ। ਹੁਣ ਕੋਈ ਨਹੀ ਸੀ ਗੁਰੂ ਨਾਨਕ ਨੂੰ ਦਿਨੇ ਕਵਾਉਣ ਵਾਲਾ। ਬਾਬੇ ਦੀ ਮੌਜ ਬੱਝ ਗਈ। ਸਾਰਾ ਦਿਨ ਸ਼ਹਿਰੋ ਬਾਹਰ ਨਿਕਲ ਜਾਣਾ। ਉਜਾੜ ਜਿਹੀ ਥਾਂ, ਰੁੱਖਾਂ ਦਾ ਝੁੰਡ ਤੇ ਓਥੇ ਬਾਬੇ ਨੇ ਬੈਠੇ ਰਹਿਣਾਂ ਅਕਾਲ ਪੁਰਖ ਦਾ ਸ਼ੁਕਰਾਨਾ ਹੀ ਕਰੀ ਜਾਣਾ। ਨਾਮ ਜਪੀ ਜਾਣਾ। ਇਤਹਾਸ ਵਿੱਚ ਥਾਂਈ ਥਾਂਈ ਆਉਦੈ ਹੈ ਕਿ ਗੁਰੂ ਸਾਹਿਬ ਨੂੰ ਨਾਮ ਵਿੱਚ ਲੋਹੜੇ ਦਾ ਅਨੰਦ ਆਉਦਾ ਸੀ। ਛੋਟੇ ਹੁੰਦਿਆਂ ਵੀ ਮਾਂ ਨੂੰ ਵੀ ਦੱਸਿਆਂ ਸੀ ਕਿ ਨਾਂਮ ਜਪਦਾ ਵਾਂ ਤਾਂ ਜੀਨਾਂ ਵਾਂ ਨਹੀ ਤਾਂ ਮੇਰਾ ਸਰੀਰ ਟੁੱਟਦਾ ਖੁੱਸਦਾ ਹੈ। "ਆਖਾ ਜੀਵਾ, ਵਿਸਰੈ ਮਰਿ ਜਾਉ ॥" ਲੋਕੀ ਕਾਰ ਵਿਹਾਰ ਵਿੱਚ ਲੱਗ ਜਾਂਦੇ ਤੇ ਬਾਬਾ ਇਕਾਂਤ ਝੰਗੀ ਵਿੱਚ ਚਲਾ ਜਾਂਦਾ ਜਿੱਥੇ ਅੱਜ ਗੁਰਦੁਆਰਾ ਰੋੜੀ ਸਾਹਿਬ ਹੈ। ਨਿਰੰਕਾਰ ਦੀ ਲਗਨ ਅਜਿਹੀ ਲਗਦੀ ਕਿ ਸਰੀਰ ਦੀ ਹੋਂਦ ਦਾ ਧਿਆਨ ਹੀ ਨਾਂ ਰਹਿੰਦਾ। ਬਾਬੇ ਨੂੰ ਰੋੜ ਗੀਟੇ ਪੱਥਰ ਕੁਝ ਨਾਂ ਚੁੱਭਦੇ। ਬਸ ਜਿੱਥੇ ਬਹਿ ਗਿਆ, ਬਹਿ ਗਿਆ। ਅਮੂਮਨ ਲਾਲੋ

ਪੈੜ ਸਫਾ

ਭਾਈ ਲਾਲੋ ਦਾ ਕੋਠਾ ਤੇ ਖੂਹੀ ਅਜੇ ਤੱਕ ਮੌਜੂਦ ਹੈ ਨਾਲੇ ਚੱਕੀ ਵੀ।

ਤਸਵੀਰਾਂ + ਲੋਧੀ ਕਾਲ ਦੀ ਮਸੀਤ

ਸਾਈਕਲ ਯਾਤਰੀ -573 ਨੇ ਆਪਣੀ ਏਮਨਾਬਾਦ ਫੇਰੀ (3 ਅਕਤੂਬਰ 1932) ਬਾਬਤ ਕੁਝ ਜੋ ਲਿਖਿਆ ਹੈ ਉਹ ਸਫਾ 342 ਤੇ ਦੇਖੋ)

ਗੁਰਦੁਆਰਾ ਰੋੜੀ ਸਾਹਿਬ ਜਿਥੇ ਸੈਦਪੁਰ ਸ਼ਹਿਰੋ ਬਾਹਰ ਆ ਗੁਰੂ ਸਾਹਿਬ ਸਾਰਾ ਸਾਰਾ ਦਿਨ ਅਕਾਲਪੁਰਖ ਨਾਲ ਜੁੜੇ ਰਿਹਾ ਕਰਦੇ ਸਨ। ਨਿਰੰਕਾਰ ਦੀ ਯਾਦ ਵਿਚ ਏਨਾ ਖੁੱਭ ਜਾਂਦੇ ਕਿ ਖਾਣਾ ਪੀਣਾ ਸੌਣਾ ਵੀ ਭੁੱਲ ਜਾਂਦੇ। ਏਸੇ ਕਰਕੇ ਭਾਰੀ ਗੁਰਦਾਸ ਨੇ ਲਿਖਿਆ ਸੀ:

ਪਹਿਲਾਂ ਬਾਬੇ ਪਾਯਾ ਬਖਸ ਦਰ ਪਿਛੋਂ ਦੇ ਫਿਰ ਘਾਲ ਕਮਾਈ॥
ਰੇਤ ਅੱਕ ਆਹਾਰ ਕਰ ਰੋੜਾਂ ਕੀ ਗੁਰ ਕਰੀ ਵਿਛਾਈ॥
ਭਾਰੀ ਕਰੀ ਤੱਪਸਿਆ ਬਡੇ ਭਾਗ ਹਰਿ ਸਿਉਂ ਬਣਿ ਆਈ॥

ਹੀ ਸ਼ਾਮੀ ਆ ਬਾਬੇ ਨੂੰ ਜਗਾਉਦਾ ਕਿ ਚਲੋ ਮਾਲਕ ਹੁਣ ਤਾਂ ਸੂਰਜ ਡੁੱਬਣ ਵਾਲਾ ਹੈ।

ਤਰਕਾਲਾਂ ਨੂੰ ਲਾਲੋ ਦੇ ਘਰ ਤਾਂ ਰੌਣਕ ਲੱਗ ਜਾਂਦੀ। ਦੁਨੀਆ ਨੂੰ ਖਬਰ ਤਾਂ ਹੋ ਹੀ ਚੁੱਕੀ ਸੀ ਕਿ ਪੰਜਾਬ ਦੇ ਹੁਕਮਰਾਨ ਦੌਲਤ ਖਾਂ ਲੋਧੀ ਦਾ ਮੋਦੀ ਅੱਜ ਕਲ ਫਕੀਰ ਬਣ ਗਰੀਬ ਲਾਲੋ ਦਾ ਮਹਿਮਾਨ ਬਣਿਆ ਹੋਇਆ ਹੈ। ਗਰੀਬ ਗੁਰਬੇ ਊਚ ਨੀਚ ਸਭ ਸ਼ਾਮੀ ਲਾਲੋ ਦੇ ਘਰ ਹਾਜਰ ਹੋ ਜਾਂਦੇ ਬਾਬੇ ਦਾ ਸੱਚ ਸੁਣਨ ਨੂੰ। ਅਕਸਰ ਆਪਣੇ ਨਿੱਜੀ ਦੁੱਖ ਤਕਲੀਫਾਂ ਵੀ ਆ ਬਾਬੇ ਦੇ ਚਰਨਾਂ 'ਚ ਰੱਖਦੇ। ਮਿਹਰਵਾਨ ਹਰ ਕਿਸੇ ਤੇ ਕਿਰਪਾ ਕਰੀ ਜਾਂਦਾ। ਖਾਲੀ ਕੋਈ ਨਾਂ ਜਾਂਦਾ। ਗਰੀਬ ਲਾਲੋ ਦਾ ਘਰ ਸਤਿਸੰਗ ਘਰ ਬਣ ਚੁੱਕਾ ਸੀ।

ਇਲਾਕੇ ਵਿੱਚ ਚਰਚਾ ਸ਼ੁਰੂ ਹੋ ਗਈ। ਇੱਕ ਫਕੀਰ, ਨਾਂ ਉਹ ਵੇਦ ਨੂੰ ਮੰਨਦਾ ਨਾਂ ਸ਼ਾਸਤਰ ਨੂੰ, ਨਾਂ ਕੁਰਾਨ ਨੂੰ ਨਾਂ ਪੁਰਾਣ ਨੂੰ। ਕਿੱਤੇ ਦੇ ਧਰਮੀ ਲੋਕ ਭਾਵ ਬ੍ਰਾਹਮਣ, ਪੁਜਾਰੀ, ਮੌਲਾਣੇ ਸਭ ਕਚੀਚੀਆਂ ਵੱਟ ਰਹੇ ਸਨ। ਉਨਾਂ ਦੇ ਭੜਕਾਉਣ ਕਰਕੇ ਕਈ ਵਾਰੀ ਨਾਡੂ ਖਾਂ ਕਿਸਮ ਦੇ ਲੋਕ ਬਾਬੇ ਦੇ ਦਰਬਾਰ ਵਿੱਚ ਪਹੁੰਚਦੇ ਕਿ ਇਸ ਕੁਰਾਹੀਏ ਨੂੰ ਇਥੋ ਭਜਾਈਏ। ਪਰ ਜਿਹੜਾ ਵੀ ਬਾਬੇ ਦੇ ਦਰ ਗਇਆ ਬਸ ਓਥੋਂ ਦਾ ਹੀ ਹੋ ਜਾਂਦਾ।

ਮਰਦਾਨੇ ਦੇ ਤਲਵੰਡੀ ਰਵਾਨਾ ਹੋਣ ਤੋਂ ਪਹਿਲਾਂ ਦੀ ਗੱਲ ਹੈ। ਇੱਕ ਦਿਨ ਮਰਦਾਨਾ ਏਮਨਾਬਾਦ ਦੇ ਬਜਾਰ ਵਿੱਚ ਸਤਿ ਕਰਤਾਰ ਸਤਿਕਾਰ, ਧੰਨ ਨਿਰੰਕਾਰ ਧੰਨ ਨਿਰੰਕਾਰ ਦੀ ਧੁੰਨ ਵਜਾਉਦਾ ਬਜਾਰ ਵਿੱਚੋਂ ਲੰਘ ਰਿਹਾ ਸੀ ਕਿ ਇੱਕ ਪਠਾਣ ਐਨਾ ਚਿੜਿਆ ਕਿ ਮਰਦਾਨੇ ਨੂੰ ਧੱਕਾ ਮਾਰ ਕੇ ਹੇਠਾਂ ਸੁੱਟ ਦਿੱਤਾ, "ਤੂ ਪਰਾਂ ਹੋ, ਮਾਮਾ ਸਤਿ ਕਰਤਾਰ ਦਾ। ਪਤਾ ਨਹੀ ਕਿਥੋਂ ਕਿਥੋ ਵੰਨਗੀਆਂ ਦੇ ਪਾਖੰਡੀ ਸਾਧ ਆ ਉਤਰਦੇ ਨੇ।"

ਮਰਦਾਨੇ ਨੇ ਆ ਸ਼ਕਾਇਤ ਕੀਤੀ ਕਿ ਬਾਬਾ ਕੋਈ ਨਹੀ ਤੇਰੇ ਨਿਰੰਕਾਰ ਨੂੰ ਮੰਨਦਾ। ਬਾਬਾ ਖੁਸ਼ ਹੋਇਆਂ ਸੁਣ ਕੇ। ਕਿਉਕਿ ਬਾਬੇ ਨੂੰ ਪਤਾ ਸੀ ਕਿ ਅਕਸਰ ਵਿਰੋਧੀ ਹੀ ਤੁਹਾਡਾ ਪ੍ਰਚਾਰਕ ਹੁੰਦਾ ਹੈ।

ਗਲ ਕੀ ਨਿਰਾ ਏਮਨਾਬਾਦ ਹੀ ਨਹੀ ਦੂਰ ਦੂਰ ਤੱਕ ਦੁਹਾਈ ਮੱਚ ਗਈ ਕਿ ਇੱਕ ਸਾਧ ਉਠਿਐ ਉਹ ਨਹੀ ਮੰਨਦਾ ਕਿਸੇ ਨੂੰ। ਨਾਂ ਇਸਲਾਮ ਨੂੰ ਮੰਨਦਾ, ਨਾਂ ਹਿੰਦੂ ਧਰਮ ਨੂੰ, ਨਾਂ ਜਾਤ ਨੂੰ, ਨਾ ਪਾਤ ਨੂੰ, ਨਾਂ ਉੱਚੇ ਨੂੰ, ਨਾਂ ਨੀਵੇ ਨੂੰ। ਉਹਦੇ ਵਾਸਤੇ ਸਭ ਬਰਾਬਰ ਨੇ। ਕੋਈ ਕਹੇ ਵਿਗੜਿਆ ਸਾਧ ਉਠਿਐ ਜਿਹੜਾ ਹਜਾਰਾਂ ਸਾਲ ਪੁਰਾਣੇ ਸਮਾਜਕ ਕਨੂੰਨ ਨੂੰ ਨਹਿਸ ਨਹਿਸ ਕਰਨਾਂ ਚਾਹੁੰਦੈ। ਕਹਿਣ, 'ਭਲਾ ਜੇ ਜਾਤ ਪਾਤ ਹੀ ਮੁੱਕ ਗਈ ਤਾਂ ਕੌਣ ਜੁੱਤੀਆ ਸੀਵੇਗਾ, ਕੌਣ ਸਫਾਈ ਕਰੂਗਾ, ਕੌਣ ਕਪੜੇ ਧੋਵੇਗਾ, ਹੈ ਹਨੇਰ ਸਾਈ ਦਾ!

—◈—

ਹੰਕਾਰੀ ਮਲਿਕ ਭਾਗੋ

ਦੇ ਮੂੰਹ ਤੇ ਕਿਹਾ ਤੇਰੀ ਕਮਾਈ ਵਿੱਚ ਤਾਂ ਗਰੀਬਾਂ ਦੇ ਖੂਨ ਦੀ ਲਾਲੀ ਹੈ

ਜਿਵੇ ਦੱਸਿਆ ਕਿ ਸੈਦਪੁਰ ਵੱਡੀ ਰਿਆਸਤ ਸੀ। ਹਾਕਮ (ਗਵਰਨਰ) ਪਠਾਣ ਸੀ। ਕਿਤੇ ਉਸਦਾ ਨਾਂ ਜ਼ਾਲਮ ਖਾਂ ਆਉਦਾ ਕਿਸੇ ਨੇ ਬਹਾਰ ਖਾਂ ਲਿਖਿਆ ਹੈ। ਉਸਦਾ ਮੰਤਰੀ ਜਾਂ ਕਾਰਦਾਰ

ਗੁਰਦੁਆਰਾ ਰੋੜੀ ਸਾਹਿਬ ਏਮਨਾਬਾਦ ਦਾ ਸ਼ਾਨਦਾਰ ਦਰਵਾਜਾ

ਜਾਂ ਮੈਨੇਜਰ ਕਹਿ ਲਓ ਮਲਕ ਭਾਗੋ* ਨਾਂ ਦਾ ਸਰੀਂ (ਅਜਕਲ ਸਰੀਨ ਲਿਖਦੇ ਨੇ) ਗੋਤ ਦਾ ਹਿੰਦੂ ਖੱਤਰੀ ਸੀ। ਸਰਾਧਾਂ ਦੇ ਦਿਹਾੜੇ ਚਲ ਰਹੇ ਸਨ। ਗੁਰੂ ਸਾਹਿਬ ਲਾਲੋ ਦੇ ਘਰ ਹੀ ਰਹਿ ਰਹੇ ਸਨ। ਮਲਕ ਭਾਗੋ ਨੇ ਆਪਣੇ ਵਢੇਰਿਆਂ ਦੇ ਸਰਾਧ ਰੱਖ ਲਏ। ਹਿੰਦੂ ਧਰਮ ਵਿੱਚ ਇਹ ਮਾਨਤਾ ਹੈ ਕਿ ਇਨਾਂ ਦਿਨਾਂ ਵਿੱਚ ਜਿਹੜਾ ਬੰਦਾ ਬ੍ਰਾਹਮਣਾਂ ਨੂੰ ਭੋਜਨ ਕਰਾਏਗਾ ਉਹ ਉਹਦੇ ਗੁਜਰ ਚੁੱਕੇ ਮਾਪਿਆਂ ਤੱਕ ਪਹੁੰਚ ਜਾਏਗਾ। ਹਿੰਦੂ ਸ਼ਰਧਾਲੂ ਫਿਰ ਸਵਾਦੀ ਤੇ ਵਧੀਆ ਭੋਜਨ ਬ੍ਰਾਹਮਣਾਂ ਨੂੰ ਕਰਾਉਂਦੇ ਹਨ।

ਭਾਗੋ ਨੇ ਇਲਾਕੇ ਦੇ ਸਾਰੇ ਬ੍ਰਾਹਮਣ ਤੇ ਹੋਰ ਸਾਧੂ ਸੰਤ ਵੀ ਬ੍ਰਹਮ ਭੋਜ ਤੇ ਸੱਦ ਲਏ। ਸੁਨੇਹਾ ਗੁਰੂ ਨਾਨਕ ਨੂੰ ਵੀ ਆਇਆ। ਪਰ ਗੁਰੂ ਜੀ ਮਸਤ ਰਹੇ।

ਸਰਾਧ ਛੱਕ ਰਹੇ ਬ੍ਰਾਹਮਣਾਂ ਵਿੱਚ ਗੁਰੂ ਨਾਨਕ ਬਾਰੇ ਚਰਚਾ ਛਿੜ ਗਈ, ਕਿ ਹਿੰਦੂ ਹੋ ਕੇ ਸਨਾਤਨੀ ਅਸੂਲਾਂ ਤੋਂ ਆਕੀ ਹੈ ਤੇ

ਸ਼ੂਦਰਾਂ ਦੇ ਘਰ ਭੋਜਨ ਵੀ ਛਕ ਲੈਂਦਾ ਹੈ, ਆਦਿ ਆਦਿ। ਰਾਜ ਬ੍ਰਾਹਮਣ ਨੇ ਕਿਹਾ ਕਿ ਕੀ ਗੁਰੂ ਨਾਨਕ ਨਹੀ ਆਇਆ ਭੋਜਨ ਤੇ। ਅਗੋ ਨੌਕਰਾਂ ਜਵਾਬ ਦਿੱਤਾ ਕਿ ਜੀ ਸੱਦਾ ਬਾਕਾਇਦਾ ਉਸ ਨੂੰ ਦੇ ਆਏ ਹਾਂ ਜੀ।

ਮਲਿਕ ਭਾਗੋ ਨੇ ਬੁਰਾ ਮਨਾਇਆ ਜਿਹੜਾ ਉਹਦੇ ਸੱਦੇ ਤੇ ਗੁਰੂ ਨਹੀ ਸੀ ਪਹੁੰਚਿਆ। ਉਹ ਜਾਨਣਾ ਚਾਹੁੰਦਾ ਸੀ ਕਿ ਇਹ ਕਿਹੜਾ ਖੱਤਰੀ ਹੈ ਜੋ ਸਨਾਤਨ ਧਰਮ ਤੋਂ ਬਾਗੀ ਹੋਇਆ ਫਿਰਦਾ ਹੈ?

ਮਲਿਕ ਤਾਂ ਪਹਿਲਾਂ ਹੀ ਭਰਿਆ ਪੀਤਾ ਪਿਆ ਸੀ। ਉਸ ਨੇ ਸਿਪਾਹੀ ਨੂੰ ਕਿਹਾ ਕਿ ਜਾਓ ਲਾਲੋ ਤਰਖਾਣ ਦੇ ਘਰ ਜਿਹੜਾ ਸਾਧ ਆਇਆ ਹੈ ਉਨੂੰ ਲੈ ਕੇ ਆਓ।

ਸਿਪਾਹੀਆਂ ਆ ਕੇ ਬਾਬੇ ਨੂੰ ਚਲਣ ਵਾਸਤੇ ਕਿਹਾ। ਬਾਬੇ ਨੇ ਕਿਹਾ ਕਿ ਮੈਨੂੰ ਭੁੱਖ ਨਹੀ ਹੈ ਬ੍ਰਹਮ ਭੋਜ ਦੀ। ਸਿਪਾਹੀਆਂ ਕਿਹਾ ਕਿ ਸਰਕਾਰ ਦਾ ਹੁਕਮ ਹੈ ਕਿ ਸਾਧ ਨੂੰ ਲੈ ਕੇ ਆਓ। ਸੋ ਚਲੋ ਸਾਡੇ ਨਾਲ। ਗੁਰੂ ਸਾਹਿਬ ਚਲ ਪਏ। ਸਿਪਾਹੀਆਂ ਦੀਆਂ ਗੱਲਾਂ ਤੋਂ ਇਹ ਵੀ ਪਤਾ ਚਲ ਗਇਆ ਕਿ ਮਲਿਕ ਗੁੱਸੇ ਵਿੱਚ ਹੈ। ਭਾਈ ਲਾਲੋ ਇਹ ਵੇਖ ਕੇ ਥੋੜਾ ਸਹਿਮ ਗਇਆ ਤੇ ਹਾਲਾਤ ਵੇਖਣ ਨੂੰ ਪਿੱਛੇ ਪਿੱਛੇ ਚਲ ਪਿਆ। ਹੋਰ ਵੀ ਤਮਾਸ਼ਬੀਨ ਨਾਲ ਵਧਦੇ ਗਏ।

ਪਹੁੰਚ ਕੇ ਗੁਰੂ ਸਾਹਿਬ ਨੇ ਮਲਿਕ ਭਾਗੋ ਨੂੰ ਨਮਸਕਾਰ ਕੀਤੀ। ਮਲਿਕ ਗੁੱਸੇ ਨਾਲ ਭਰਿਆ ਪੀਤਾ ਸੀ। ਕਹਿਣ ਲੱਗਾ ਤੁਹਾਨੂੰ ਸੁਨੇਹਾ ਭੇਜਿਆ ਸੀ ਤੁਸੀ ਭੋਜਨ ਤੇ ਆਏ ਨਹੀ ਇਹ ਪੁਰਾਣੀ ਆਕੜ ਤੁਸਾਂ ਅਜੇ ਵੀ ਨਹੀ ਛੱਡੀ। ਮੈਨੂੰ ਪਤਾ ਲਗਾ ਕਿ ਤੁਸੀ ਵੀ ਸੁਲਤਾਨ ਪੁਰ ਵਿਖੇ ਮੋਦੀ ਸੀ। ਸਾਧ ਬਣਨ ਦਾ ਫਾਇਦਾ ਕੀ ਹੋਇਆ ਜੇ ਮਨ ਵਿੱਚ ਹਲੀਮੀ ਹੀ ਨਹੀ ਆਈ?

“ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ॥ ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ॥”

ਭਾਈ ਲਾਲੋ ਦੇ ਕੋਧਰੇ ਦੀ ਰੋਟੀ ਵਿਚੋਂ ਦੁੱਧ ਅਤੇ ਮਲਿਕ ਭਾਗੋ ਦੇ ਪੂੜਿਆਂ ਵਿਚੋਂ ਲਹੂ ਸਿੰਮਦਾ ਹੋਇਆ।

ਗੁਰੂ ਸਾਹਿਬ ਨੇ ਕਿਹਾ ਮਲਿਕ ਜੀ ਮੇਰਾ ਹਕੂਮਤ ਲਈ ਆਦਰ ਸਤਿਕਾਰ ਹੈ ਪਰ ਮੈਂ ਉਹ ਕੁਝ ਨਹੀ ਖਾਂਦਾ ਜਿਸਦੇ ਖਾਣ ਨਾਲ ਮੇਰੇ ਸਰੀਰ ਵਿੱਚ ਵਿਕਾਰ ਚਲਣ।

ਮਲਿਕ ਕਹਿੰਦਾ ਅਸੀ ਕਿਹੜਾ ਜ਼ਹਿਰ ਪਾ ਦਿੱਤਾ ਹੈ ਭੋਜਨ ਵਿੱਚ?

ਗੁਰੂ ਸਾਹਿਬ ਨੇ ਕਿਹਾ ਸਾਨੂੰ ਦਸਾਂ ਨਹੁੰਆਂ ਦੇ ਕਿਰਤ ਕਰਨ ਵਾਲੇ ਦੇ ਘਰ ਦੇ ਭੋਜਨ ਵਿੱਚੋਂ ਜਿਆਦਾ ਸਵਾਦ ਆਉਦਾ ਹੈ।ਇਸ ਤੋਂ ਪਹਿਲਾਂ ਕਿ ਮਲਿਕ ਭਾਗੋ ਆਪਣਾ ਗੁੱਸਾ ਦਿਖਾਉਦਾ ਬਾਬੇ ਨੇ ਲਾਲੋ ਨੂੰ ਕਿਹਾ, “ਜਾ ਲਾਲੋ ਆਪਣੇ ਘਰੋ ਕੋਈ ਰੁੱਖੀ ਮਿੱਸੀ ਰੋਟੀ ਪਈ ਹੈ ਤਾਂ ਲੈ ਕੇ ਆ।" ਨਾਲ ਹੀ ਮਲਿਕ ਨੂੰ ਕਿਹਾ ਕਿ ਮਲਿਕ ਸਾਬ ਤੁਸੀ ਵੀ ਆਪਣਾ ਭੋਜਨ ਮੰਗਵਾਓ।

ਦੋਵਾਂ ਪਾਸਿਆਂ ਦੇ ਭੋਜਨ ਆਉਣ ਤੇ ਬਾਬੇ ਨੇ ਇੱਕ ਹੱਥ ਵਿੱਚ ਲਾਲੋ ਦੀ ਸੁੱਕੀ ਜਿਹੀ ਕੋਧਰੇ ਦੀ ਰੋਟੀ ਲੈ ਲਈ ਤੇ ਦੂਸਰੇ ਹੱਥ ਵਿੱਚ ਮਲਿਕ ਭਾਗੋ ਦਾ ਪੂੜਾ ਲੈ ਲਿਆਂ। ਆਪਣੀਆਂ ਮੁੱਠਾਂ ਵਿੱਚ ਜਦੋ ਦੋਵੇ ਭੋਜਨ ਦਬਾਏ ਤਾਂ ਕੋਧਰੇ ਦੀ ਰੋਟੀ ਵਿੱਚੋਂ ਦੁੱਧ ਸਿਮਣ ਲਗ ਪਿਆ ਤੇ ਭਾਗੋ ਦੇ ਪੂੜੇ ਵਿੱਚੋ ਲਹੂ ਦੇ ਤੁਬਕੇ ਡਿਗਣੇ ਸ਼ੁਰੂ ਹੋ ਗਏ।

ਬਾਬੇ ਨੇ ਕਿਹਾ ਮਲਿਕ ਜੀ ਤੁਹਾਡਾ ਭੋਜਨ ਹਰਾਮ ਦੀ ਕਮਾਈ ਤੋਂ ਬਣਿਆ ਹੈ। ਮਾਫ ਕਰਨਾਂ ਇਸ ਵਿੱਚ ਗਰੀਬਾਂ ਮਜਲੂਮਾਂ ਨਾਲ ਹੋਈ ਜਿਆਦਤੀ ਦੀ ਦੁਰਗੰਧ ਹੈ।

ਭਰੀ ਕਚਿਹਰੀ ਵਿੱਚ ਮਲਿਕ ਭਾਗੋ ਛਿੱਥਾ ਪੈ ਗਿਆ। ਬ੍ਰਾਹਮਣ ਕੋਈ ਫਿਰ ਕੀ ਦਲੀਲ ਦਿੰਦਾ। ਸਾਰਿਆਂ ਨੂੰ ਆਪਣਾ ਆਪਣਾ ਪਾਲਾ ਸੁੱਝਦਾ ਸੀ। ਸਾਰਿਆਂ ਨੇ ਦੰਦਾਂ ਥੱਲੇ ਜਬਾਨ ਲੈ ਲਈ।

ਗੁਰੂ ਸਾਹਿਬ ਨੇ ਧਰਮ ਦੀ ਕਿਰਤ ਬਾਰੇ ਭਰੀ ਸਭਾ ਨੂੰ ਸਮਝਾਇਆ ਕਿ ਇਹ ਸੁਖੀ ਜੀਵਨ ਦਾ ਰਾਜ ਹੈ। ⊙

—◈—

ਰਾਜੇ ਨੇ ਬੀਮਾਰ ਮੁੰਡੇ ਨੂੰ ਬਚਾਉਣ ਖਾਤਰ ਸਾਰੇ ਸਾਧੂ ਫਕੀਰ ਗ੍ਰਿਫਤਾਰ ਕਰ ਲਏ

ਸੈਦਪੁਰ ਸੰਡਿਆਲੀ ਜਾਂ ਸੈਦਪੁਰ ਸਰੋਏ (ਮਿਹਰਵਾਨ ਨੇ ਸੈਦਪੁਰ ਸਲੋਈ ਲਿਖਿਆ ਹੈ) ਜਿਹਦਾ ਬਾਦ ਵਿੱਚ ਅਕਬਰ ਨੇ ਨਾਂ ਬਦਲ ਕੇ ਏਮਨਾਬਾਦ ਕਰ ਦਿੱਤਾ ਤੇ ਜਿਸ ਨਾਮ ਨਾਲ ਇਹ ਅੱਜ ਵੀ ਜਾਣਿਆ ਜਾਂਦਾ ਹੈ ਓਥੋਂ ਦਾ ਹੁਕਮਰਾਨ ਬਹਾਰ ਖਾਂ ਪਠਾਣ ਬਹੁਤ ਜਾਲਮ ਕਿਸਮ ਦਾ ਬੰਦਾ ਸੀ। ਬਾਦ ਵਿਚ ਆਏਗਾ ਕਿ ਕਿਵੇ ਬਾਬਰ ਨੇ ਜਦੋਂ ਸੈਦਪੁਰ ਤੇ ਹਮਲਾ ਕੀਤਾ ਤਾਂ ਗੁੱਸੇ ਵਿੱਚ ਆ ਕੇ ਉਸ ਨੇ ਸ਼ਹਿਰ ਦੇ ਬਸ਼ਿੰਦਿਆਂ ਦਾ ਵੀ ਇਹਦੀ ਵਜਾ ਕਰਕੇ ਕਤਲਾਮ ਕੀਤਾ।

ਬਹਾਰ ਖਾਂ ਦਾ ਜਵਾਨ ਮੁੰਡਾ ਲੰਮੇ ਸਮੇ ਤੋਂ ਮਣਿਆਦੀ ਬੁਖਾਰ ਨਾਲ ਬੀਮਾਰ ਸੀ। ਇੱਕ ਦਿਨ ਮਲਿਕ ਭਾਗੋ ਜਦੋਂ ਨਵਾਬ ਨੂੰ

ਪੈਂਤ ਸਫਾ ⊙ ਇਹ ਸਾਖੀ ਸੋਢੀ 2-385 ਵਿੱਚ ਕੁਝ ਵੱਖਰੇ ਸਰੂਪ ਵਿੱਚ ਮਿਲਦੀ ਹੈ। ਇਥੇ ਇਕੱਲੇ ਭਾਗੋ ਦੀ ਥਾਵੇ ਦੋ ਭਾਈਵਾਲ ਭਾਗੋ ਖਹੇਰੜ ਤੇ ਗੰਗੂ ਦਿਲਾਵਰੀ ਦਿੱਤੇ ਹਨ। ਸਥਾਨ ਵੀ ਲਹੌਰ ਲਿਖਿਆ ਹੈ। ਲਾਲੋ ਦਾ ਜਿਕਰ ਨਹੀ। ਨਾਂ ਹੀ ਕਰਮਾਤ ਵਾਲੀ ਗੱਲ ਲਿਖੀ ਹੈ। ਜੇ ਸਾਖੀਆਂ ਗਹੁ ਨਾਲ ਪੜੀਏ ਤਾਂ ਪਤਾ ਲਗਦਾ ਹੈ ਬਾਲੇ ਵਾਲੀ ਸਾਖੀ ਵਿੱਚ ਲਿਖਾਰੀ ਦੀ ਘਟਨਾ ਨਾਲ ਨੇੜਤਾ ਦਿਸਦੀ ਹੈ। ਬਾਲੇ ਨੇ ਬ੍ਰਾਹਮਣ ਦਾ ਨਾਂ ਤੱਕ ਵੀ ਦਿੱਤਾ ਹੈ। ਸੋਢੀ ਵਿੱਚ ਨਾਵਾਂ ਦੀ ਘਾਟ। ਲਗਦੈ ਸੋਢੀ ਕਲਾਨੌਰ ਵਾਲੇ ਦੁਨੀ ਚੰਦ ਦੇ ਪਿਤਾ ਦੇ ਸਰਾਧ ਵਾਲੀ ਗੱਲ ਨਾਲ ਰਲ ਗੱਚ ਕਰ ਗਇਆ ਹੈ। ਵੇਖੋ ਸਫਾ 479.

ਮਿਲਣ ਗਇਆ ਤਾਂ ਨਵਾਬ ਬਹੁਤ ਮਾਯੂਸੀ ਦੇ ਆਲਮ ਵਿੱਚ ਸੀ ਕਿ ਮੁੰਡਾ ਦਿਨ ਬਦਿਨ ਹੇਠਾਂ ਹੀ ਜਾਈ ਜਾ ਰਿਹਾ ਹੈ। ਭਾਗੋ ਨੂੰ ਕਹਿੰਦਾ ਤੂੰ ਹੀ ਕੋਈ ਸਲਾਹ ਦੇ ਕੀ ਕੀਤਾ ਜਾਵੇ? ਭਾਗੋ ਨੇ ਜਿੰਨੇ ਹਕੀਮਾਂ ਵੈਦਾਂ ਦੇ ਨਾਂ ਦੱਸੇ ਪਠਾਣ ਨੇ ਜਵਾਬ ਦਿੱਤਾ ਕਿ ਉਹ ਤਾਂ ਸਾਰੇ ਪਹਿਲਾਂ ਹੀ ਮੱਥਾ ਮਾਰ ਚੁੱਕੇ ਨੇ। ਭਾਗੋ ਕਹਿੰਦਾ ਜੇ ਵੈਦ ਹਕੀਮ ਮੁੰਡੇ ਨੂੰ ਰਾਜੀ ਨਹੀ ਕਰ ਪਾਏ ਤਾਂ ਆਹ ਸਾਧਾਂ ਫਕੀਰਾਂ ਨੂੰ ਫੜੀਏ ਜਿਹੜੀਆਂ ਡਾਰਾਂ ਦੀਆਂ ਡਾਰਾਂ ਤੁਰੀਆਂ ਫਿਰਦੀਆਂ ਨੇ। ਇਤਹਾਸ ਵਿਚ ਆਉਦਾ ਹੈ ਕਿ ਬਾਦ ਵਿਚ ਬਾਬਰ ਨੇ ਵੀ ਫਕੀਰਾਂ ਤੇ ਆਪਣਾ ਗੁੱਸਾ ਝਾੜਿਆ ਸੀ ਜਦੋਂ ਉਸ ਨੇ ਪੀਰ ਕੰਨੂ ਤੇ ਉਸਦੇ ਸੇਵਕਾਂ ਦਾ ਕਤਲ ਕਰ ਦਿੱਤਾ ਸੀ।

ਐਮਨਾਬਾਦ ਦੇ ਚੜ੍ਹਦੇ ਪਾਸੇ ਅੱਜ ਵੀ ਲੋਧੀ ਪਠਾਣਾਂ ਦੀ ਬਣਾਈ ਹੋਈ ਮਸੀਤ ਖੜੀ ਹੈ। ਹੋ ਸਕਦੈ ਓਸੇ ਪਠਾਣ ਨੇ ਬਣਾਈ ਹੋਵੇ ਜਿਹਦਾ ਮੁੰਡਾ ਬੀਮਾਰ ਸੀ।

ਪਠਾਣ ਨੂੰ ਭਾਗੋ ਦੀ ਸਲਾਹ ਚੰਗੀ ਲਗੀ।

ਨਵਾਬ ਨੇ ਪੁਲਿਸ ਨੂੰ ਹੁਕਮ ਚਾੜ ਦਿੱਤਾ ਕਿ ਜਿੱਥੇ ਕਿਤੇ ਕੋਈ ਸਾਧੂ ਫਕੀਰ ਮੰਗਤਾ ਨਜਰ ਆਉਦਾ ਸਭ ਨੂੰ ਗ੍ਰਿਫਤਾਰ ਕਰ ਲਓ। ਬਾਬਾ ਵੀ ਕਾਬੂ ਆ ਗਿਆ।

ਲਾਲੋ ਨੂੰ ਜਦੋਂ ਪਤਾ ਲੱਗਾ ਕਿ ਬਾਬਾ ਬੰਦ ਹੈ ਤਾਂ ਠਾਣੇ ਵਿੱਚ ਬਾਬੇ ਨੂੰ ਮਿਲਣ ਗਇਆ ਤੇ ਵੱਡਾ ਅਫਸੋਸ ਜਾਹਰ ਕੀਤਾ। ਗੁਰੂ ਸਾਹਿਬ ਨੇ ਲਾਲੋ ਨੂੰ ਸਮਝਾਇਆ ਕਿ ਵੇਖਦੇ ਜਾਓ ਨਿਰੰਕਾਰ ਦਾ ਕੀ ਹੁਕਮ ਅਤੇ ਕਿਵੇ ਕਾਰਨ ਬਣਦਾ ਹੈ। ਕਿਹਾ ਲਾਲੋ ਤੂੰ ਉਹਦੀ ਰਜਾ ਤਾਂ ਵੇਖ ਕਿ ਉਹ ਕਿਹਨੂੰ ਵਡਿਆਈ ਬਖਸਦਾ ਹੈ:

ਕੀਤਾ ਹੋਵੈ ਕਰੇ ਕਰਾਇਆ ਤਿਸੁ ਕਿਆ ਕਹੀਐ ਭਾਈ ॥ ਜੋ ਕਿਛੁ ਕਰਣਾ ਸੋ ਕਰਿ ਰਹਿਆ ਕੀਤੇ ਕਿਆ ਚਤੁਰਾਈ ॥੧॥ ਤੇਰਾ ਹੁਕਮੁ ਭਲਾ ਤੁਧੁ ਭਾਵੈ ॥ ਨਾਨਕ ਤਾ ਕਉ ਮਿਲੈ ਵਡਾਈ ਸਾਚੇ ਨਾਮਿ ਸਮਾਵੈ ॥੧॥

ਜਦੋਂ ਇਲਾਕੇ ਦੇ ਸਾਰੇ ਫਕੀਰ ਫੜੇ ਗਏ ਤਾਂ ਨਵਾਬ ਠਾਣੇ ਵਿੱਚ ਜਾ ਕੇ ਫਕੀਰਾਂ ਅੱਗੇ ਹੱਥ ਜੋੜ ਕੇ ਬੇਨਤੀ ਕਰਨ ਲਗ ਪਿਆ ਕਿ "ਮਹਾਤਮਾ ਪੁਰਖੋ ਤੁਸੀ ਜਾਣਦੇ ਹੋ ਮੈਂ ਤਾਂ ਸੇਵਾਦਾਰ ਬੰਦਾ ਹਾਂ। ਲੋਕਾਂ ਦੀ ਸੇਵਾ ਵਿੱਚ ਤਤਪਰ ਰਹਿੰਦਾ ਹਾਂ। ਪਰ ਲੰਮੇ ਸਮੇਂ ਤੋਂ ਮੇਰਾ ਮੁੰਡਾ ਰਾਜੀ ਨਹੀ ਹੋ ਰਿਹਾ। ਮੈਂ ਤੁਹਾਨੂੰ ਖੇਚਲ ਦਿੱਤੀ ਹੈ ਕਿ ਮੇਰੇ ਤੇ ਤਰਸ ਕਰਕੇ ਆਪਣੀ ਕਲਾ ਵਰਤਾਅ ਕੇ ਮੇਰੇ ਮੁੰਡੇ ਨੂੰ ਤੰਦਰੁਸਤੀ ਬਖਸ਼ੀ ਜਾਵੇ। ਮੈਨੂੰ ਪਤਾ ਹੈ ਪੀਰ ਫਕੀਰ ਸਾਧੂ ਸੰਤ ਰੱਬ ਨੂੰ ਪਹੁੰਚੇ ਹੁੰਦੇ ਹਨ। "

ਇਹ ਸੁਣਕੇ ਸਾਰੇ ਸਾਧੂ ਸੰਤਾਂ ਪੀਰਾਂ ਫਕੀਰਾਂ ਨੇ ਉਂਦੀਆਂ ਪਾ ਲਈਆਂ। ਪਰ ਬਾਬਾ ਨਾਨਕ ਬੋਲ ਉਠਿਆ "ਨਵਾਬ ਜੀ ਇਹ ਜੋਰਾ ਜਬਰਦਸਤੀ ਦਾ ਖੇਲ ਨਹੀ ਹੁੰਦਾ। ਇਥੇ ਤਾਂ ਅਧੀਨਗੀ ਕੰਮ ਆਉਦੀ ਹੈ। "

ਆਖਣਿ ਜੋਰੁ ਚੁਪੈ ਨਹ ਜੋਰੁ ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥ ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥ ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ ਜੋਰੁ ਨ ਜੁਗਤੀ ਛੁਟੈ ਸੰਸਾਰੁ ॥ ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥

ਬਾਬੇ ਨੇ ਕਿਹਾ ਕਿ ਚੰਗਾ ਹੁੰਦਾ ਤੂੰ ਇਨਾਂ ਫਕੀਰਾਂ ਮੰਗਤਿਆਂ ਦਾ ਜੂਠਾ ਟੁੱਕੜ ਮੁੰਡੇ ਨੂੰ ਖਵਾਉਦਾ। ਆਪਣੀ ਅਧੀਨਗੀ ਜ਼ਾਹਿਰ ਕਰਦਾ।

ਨਵਾਬ ਕਹਿਣ ਲੱਗਾ ਮਹਾਂ ਪੁਰਖੋ ਹੁਣ ਹੀ ਮੇਰੇ ਤੇ ਤਰਸ ਕਰਕੇ ਆਪਣੀ ਜੂਠ ਮੇਰੇ ਮੁੰਡੇ ਨੂੰ ਬਖਸ਼ੋ।

ਗੁਰੂ ਸਾਹਿਬ ਨੇ ਕਿਹਾ ਕਿ ਇਲਾਜ ਜਿਉਂਦੇ ਬੰਦੇ ਦਾ ਹੁੰਦਾ ਹੈ। ਤੇਰਾ ਮੁੰਡਾ ਤਾਂ ਸਵੇਰ ਦਾ ਹੀ ਗੁਜਰ ਚੁੱਕਾ ਹੈ। ਹੁਣ ਕਾਹਦਾ ਇਲਾਜ ਭਾਲਦਾ ਹੈ।

ਨਵਾਬ ਨੇ ਝੱਟ ਹੁਕਮ ਕਰਕੇ ਬੰਦਾ ਕਿਲੇ ਵਲ ਦੌੜਾਇਆ। ਪਤਾ ਲੱਗਾ ਕਿ ਮੁੰਡਾ ਤਾਂ ਆਕੜਿਆ ਪਿਆ ਸੀ। ਸਵੇਰ ਤੋਂ ਮਗਰੋਂ ਉਸ ਦੀ ਕਿਸੇ ਖਬਰ ਹੀ ਨਾਂ ਲਈ।

ਨਵਾਬ ਨੇ ਸਾਰੇ ਸਾਧੂ ਫਕੀਰਾਂ ਨੂੰ ਛੱਡ ਦਿੱਤਾ।

ਜਿੰਨੇ ਸਾਧੂ ਪੀਰ ਫਕੀਰ ਫੜੇ ਹੋਏ ਸਨ ਸਭ ਗੁਰੂ ਸਾਹਿਬ ਦੇ ਸਿੱਖ ਬਣੇ।

ਰਾਇ ਬੁਲਾਰ ਨੂੰ ਮਿਲਣ ਬਾਬਾ ਤਲਵੰਡੀ ਆਇਆ

ਜਿਵੇ ਪਿੱਛੇ ਆ ਚੁੱਕਾ ਹੈ ਕਿ ਭਾਈ ਮਰਦਾਨਾ ਗੁਰੂ ਸਾਹਿਬ ਤੋਂ ਆਗਿਆ ਲੈ ਕੇ ਤਲਵੰਡੀ ਮਿਲਣ ਗਿਆ। ਮਾਤਾ ਤ੍ਰਿਪਤਾ ਨੇ ਜਿਵੇ ਸੁਣਿਆ ਕਿ ਮਰਦਾਨਾ ਆਇਆ ਹੈ ਉਹ ਖੁੱਦ ਹੀ ਮਰਾਸੀਆਂ ਦੇ ਘਰ ਜਾ ਪਹੁੰਚੀ, ਹਾਲਾਂ ਕਾਲੂ ਨੇ ਕਿਹਾ ਸੀ ਕਿ ਹੌਸਲਾ ਰੱਖ, ਮਰਦਾਨਾ ਆਵੇਗਾ ਮਿਲਣ। ਪਰ ਮਾਂ ਨੂੰ ਹੌਸਲਾ ਕਿਥੇ।

ਜਿਵੇ ਮਰਾਸੀਆਂ ਦੇ ਘਰ ਵਲ ਮਾਤਾ ਮੁੜੀ ਮਰਦਾਨਾ ਅਗਲਵਾਂਡੀ ਮਿਲਣ ਆਇਆ। ਚਰਨਾਂ ਤੇ ਸਤਿ ਕਰਤਾਰ ਕੀਤੀ। ਮਾਤਾ ਨੇ ਲਾਡ ਪਿਆਰ ਦਿੱਤਾ। ''ਵੇ ਛੇਤੀ ਦੱਸ ਕਿਥੇ ਈ ਮੇਰਾ ਨਾਨਕ?'' ਮਾਤਾ ਬੋਲੀ। ਮਰਦਾਨੇ ਆਖਿਆ ''ਅੰਮਾ ਬਾਬਾ ਨਾਨਕ ਨੇ ਅੱਜ ਕਲ ਸੈਦਪੁਰ ਡੇਰਾ ਕੀਤਾ ਹੋਇਆ ਹੈ।'' ਮਾਤਾ ਬੋਲ, ''ਉਹ ਸ਼ੁਦਾਈ ਕਿਓ ਨਹੀ ਆਇਆ?'' ਮਰਦਾਨੇ ਨੇ ਕਿਹਾ ਅੰਮਾ ਬਾਬੇ ਨੂੰ ਸ਼ੁਦਾਈ ਨਾਂ ਆਖ। ਉਹਦੇ ਅੱਗੇ ਤਾਂ ਵੱਡੇ ਵੱਡੇ ਅਕਲ ਵਾਲੇ ਪਾਣੀ ਭਰਦੇ ਨੇ। ਤੂੰ ਤਾਂ ਭਾਗਾਂ ਵਾਲੀ ਨਿਕਲੀ ਤੇਰੇ ਘਰ ਪੈਗੰਬਰ ਨੇ ਜਨਮ ਲਿਆ ਹੈ। ਉਹ ਤਾਂ ਅਵਤਾਰ ਹੈ ਇਸ ਦੁਨੀਆਂ ਨੂੰ ਤਾਰਨ ਆਇਆ ਹੈ। ਮਾਤਾ ਕਹਿੰਦੀ ਵੇ ਉਹ ਕੁਝ ਖਾਂਦਾ ਪੀਂਦਾ ਵੀ ਹੈ ਕਿ ਨਹੀ? ਮੇਰਾ ਪੁੱਤ ਲਿੱਸਾ ਹੋ ਗਇਆ ਹੋਣੈ? ਮਹੀਨਾ ਹੋ ਗਇਆ ਨੇ ਘਰੋ ਨਿਕਲੇ ਨੂੰ। ਮਰਦਾਨਾ ਕਹਿਣ ਲੱਗਾ ਅੰਮਾ ਉਹ ਤਾਂ ਸਾਰੀ ਸ੍ਰਿਸਟੀ ਨੂੰ ਰਿਜਕ ਦਿੰਦਾ ਹੈ ਉਹਨੂੰ ਖਾਣ ਦਾ ਕੀ ਘਾਟਾ। ਮਰਜੀ ਦਾ ਮਾਲਕ ਹੈ, ਜੀਅ ਆਏ ਤਾਂ ਕੁਝ ਖਾ ਲਏ ਨਹੀ ਤਾਂ 2-2, 3-3 ਦਿਨ ਤੱਕ ਉਨੂੰ ਭੁੱਖ ਹੀ ਨਹੀ ਲਗਦੀ। ਮਾਤਾ ਕਹਿੰਦੀ ਮਰਦਾਨਿਆ ਜਾ ਉਨੂੰ ਲੈ ਕੇ ਆ ਜਾਂ ਫਿਰ ਮੈਨੂੰ ਲੈ ਚਲ ਨਾਲ, ਮੈ ਆਪਣੇ ਲਾਲ ਨੂੰ ਮਿਲ ਆਵਾਂ।

ਖਬਰ ਰਾਇ ਬੁਲਾਰ ਤੱਕ ਵੀ ਪਹੁੰਚ ਗਈ। ਬੁਲਾਰ ਨੇ ਮਰਦਾਨੇ

ਨੂੰ ਸੁਨੇਹਾ ਭੇਜ ਆਪਣੇ ਕੋਲ ਬੁਲਾ ਲਿਆ। ਮਰਦਾਨੇ ਨੇ ਸਾਰੀਆਂ ਗੱਲਾਂ ਦੱਸੀਆਂ ਕਿ ਰਾਇ ਸਾਹਿਬ ਤੁਹਾਡੇ ਪਿੰਡ ਵਿੱਚ ਇਲਾਹੀ ਨੂਰ ਪੈਦਾ ਹੋਇਆ ਹੈ। ਲਗਦਾ ਹੈ ਸਾਰੀ ਦੁਨੀਆਂ ਨੂੰ ਰੁਸ਼ਨਾਅ ਦੇਵੇਗਾ। ਰਾਇ ਨੇ ਕਿਹਾ ਕਿ ਮਰਦਾਨਿਆ ਕਿਸੇ ਤਰਾਂ ਨਾਨਕ ਨੂੰ ਪਿੰਡ ਲੈ ਕੇ ਆ। ਮਰਦਾਨੇ ਨੇ ਦੱਸਿਆ ਕਿ ਬਾਬੇ ਦੇ ਮਾਪੇ ਵੀ ਬਹੁਤ ਚਾਹੁੰਦੇ ਨੇ ਪਰ ਬਾਬੇ ਦਾ ਟੱਬਰ ਨਾਲ ਕੋਈ ਮੋਹ ਨਹੀ ਹੈ। ਉਹ ਤਾਂ ਪਿਆਰ ਸ਼ਰਧਾ ਕਰਕੇ ਜਦੋਂ ਕੋਈ ਯਾਦ ਕਰਦਾ ਹੈ ਤਾਂ ਪਹੁੰਚ ਜਾਂਦਾ ਹੈ। ਰਾਇ ਨੇ ਕਿਹਾ ਮਰਦਾਨਿਆ ਤੁਸੀ ਕੋਸ਼ਿਸ਼ ਕਰੋ ਉਨੂੰ ਲਿਆਉਣ ਦੀ। ਮੈਂ ਤੇਰੇ ਨਾਲ ਬੰਦਾ ਵੀ ਦਿੰਦਾ ਹਾਂ। ਘੋੜੀ ਵੀ ਲੈ ਜਾਓ ਉਨੂੰ ਲੈ ਕੇ ਆਓ। ਜੇ ਨਾਂ ਮੰਨੇ ਤਾਂ ਮੇਰੇ ਵਲੋ ਅਧੀਨਗੀ ਵਾਲੀ ਗੁਜਾਰਿਸ਼ ਕਰਨੀ ਅਰਦਾਸ ਕਰਨੀ ਕਿ ਤੁਹਾਡਾ ਬਿਰਧ ਤੁਹਾਨੂੰ ਯਾਦ ਕਰਦਾ ਹੈ। ਮਰਦਾਨੇ ਨੇ ਕਿਹਾ ਕਿ ਰਾਇ ਸਾਹਿਬ ਘੋੜੀ ਘੱਲਣ ਦਾ ਫਾਇਦਾ ਨਹੀ। ਉਹ ਫਿਰਦਾ ਤੁਰਦਾ ਆ ਹੀ ਜਾਏਗਾ। ਰਾਇ ਨੇ ਜੱਟਾਂ ਦੇ ਮੁੰਡੇ ਬਾਲੇ ਨੂੰ ਮਰਦਾਨੇ ਦੇ ਨਾਲ ਭੇਜਣ ਦਾ ਫੈਸਲਾ ਕੀਤਾ।

2-4 ਦਿਨ ਮਰਦਾਨਾ ਤਲਵੰਡੀ ਰਿਹਾ ਤੇ ਫਿਰ ਬਾਲੇ ਨੂੰ ਨਾਲ ਲੈ ਕੇ ਦੋਵੇ ਸੈਦ ਪੁਰ ਪਹੁੰਚ ਗਏ। ਸ਼ਹਿਰੋ ਬਾਹਰਵਾਰ ਬਾਬੇ ਨੇ ਡੇਰਾ ਕੀਤਾ ਹੋਇਆ ਸੀ। ਸਿੱਧਾ ਓਥੇ ਹੀ ਪਹੁੰਚ ਗਏ। ਤਲਵੰਡੀ ਦੀ ਸਾਰੀ ਇਤਲਾਹ ਬਾਬੇ ਨੂੰ ਦਿੱਤੀ। ਕਿ ਅੰਮਾ ਤੇ ਰਾਇ ਤੁਹਾਨੂੰ ਮਿਲਣ ਲਈ ਬਹੁਤ ਬਿਹਬਲ ਹਨ।

ਅਗਲੇ ਦਿਨ ਭਾਈ ਲਾਲੋ ਕੋਲੋ ਇਜਾਜਤ ਲੈ ਕੇ ਬਾਬਾ ਤੇ ਸਾਥੀ ਤਲਵੰਡੀ ਨੂੰ ਨਿਕਲ ਤੁਰੇ। ਘੁੰਮਦੇ ਘੁੰਮਾਂਦੇ ਦਸਵੇ ਦਿਨ ਤਲਵੰਡੀ ਪਹੁੰਚੇ। ਪਿੰਡੋਂ ਬਾਹਰਵਾਰ ਇੱਕ ਖੂਹ ਆਇਆ। ਬਾਬੇ ਨੇ ਇਸ਼ਨਾਨ ਕੀਤਾ ਤੇ ਮਰਦਾਨਾ ਵਾਹੋ ਦਾਹੀ ਪਿੰਡ ਜਾ ਪਹੁੰਚਿਆ। ਮਰਦਾਨੇ ਤੋਂ ਖਬਰ ਪਾ, ਅੰਮਾਂ ਦੌੜੀ ਆਈ ਪੁੱਤ ਦੀ ਖਬਰ ਲੈਣ ਨੂੰ। ਸਰੀਰੋਂ ਪਤਲਾ ਦੁਬਲਾ ਉਹ ਜਵਾਨ, ਸਿਰ ਤੇ ਦੋ ਗਜ ਦਾ ਪਰਨਾ ਬੱਧਾ ਹੋਇਆ ਹੈ, ਇੱਕ ਚਾਦਰ ਤੇੜ ਬੱਧੀ ਹੋਈ ਹੈ ਤੇ ਇੱਕ ਖੱਦਰ ਦੀ ਚਾਦਰ ਪਿੰਡੇ ਦੁਆਲੇ ਹੈ। ਅੱਗਲਵਾਂਢੀ ਮਾਤਾ ਦੇ ਚਰਨਾਂ ਤੇ ਨਮਸਕਾਰ ਕਰਦਾ ਹੈ। ਮਾਂ ਘੁੱਟ ਕੇ ਜੱਫੀ 'ਚ ਲੈਂਦੀ ਹੈ। ਅੱਥਰੂ ਕੇਰਦੀ ਹੈ। ਫਿਰ ਗਿਲਾ ਕਰਦੀ ਹੈ ਕਿ ਪੁੱਤਾ ਤੂੰ ਮੋਦੀਖਾਨਾ ਕਿਓ ਛੱਡ ਦਿਤਾ? ਗੁਰੂ ਸਾਹਿਬ ਨੂੰ ਅੰਦਾਜ਼ਾ ਹੋ ਜਾਂਦਾ ਹੈ ਕਿ ਪਿਤਾ ਗੁੱਸੇ ਵਿਚ ਹੈ। ਮਾਤਾ ਦੇ ਜੋਰ ਪਾਉਣ ਦੇ ਬਾਵਜੂਦ ਗੁਰੂ ਸਾਹਿਬ ਘਰ ਨਹੀ ਜਾਂਦੇ।

ਬੱਚਿਆਂ ਦੀ ਢਾਣੀ ਪਹਿਲਾਂ ਹੀ ਖੂਹ ਤੇ ਬਾਬੇ ਨਾਨਕ ਨੂੰ ਵੇਖਣ ਨੂੰ ਪਹੁੰਚ ਚੁੱਕੀ ਹੋਈ ਸੀ।

ਫਿਰ ਸਾਰਿਆਂ ਗੁਰੂ ਸਾਹਿਬ ਨੂੰ ਇਹੋ ਜੋਰ ਦਿੱਤਾ ਕਿ ਬਾਬਾ ਤੂੰ ਰਾਇ ਬੁਲਾਰ ਨੂੰ ਚਲ ਕੇ ਮਿਲ। ਉਹ ਤੈਨੂੰ ਬਹੁਤ ਯਾਦ ਕਰਦਾ ਵਾ।

ਗੁਰੂ ਸਾਹਿਬ ਮਰਦਾਨੇ ਨੂੰ ਨਾਲ ਲੈ, ਜਾ ਰਾਇ ਬੁਲਾਰ ਦੀ ਹਵੇਲੀ ਪਹੁੰਚੇ। ਅਤੇ ਰਾਇ ਸਾਹਿਬ ਨੂੰ ਜਾ ਮੱਥਾ ਟੇਕਿਆ। ਰਾਇ ਨੇ ਘੁੱਟ ਕੇ ਜੱਫੀ ਵਿਚ ਲਿਆ ਤੇ ਮੋਦੀਖਾਨੇ ਵਾਲੇ ਸਾਰੇ ਹਾਲਾਤ ਪੁੱਛੇ। ਖੂਬ ਗੱਲਾਂ ਬਾਤਾਂ ਹੁੰਦੀਆਂ ਰਹੀਆਂ। ਏਨੇ ਨੂੰ ਪਿਤਾ ਕਾਲੂ ਵੀ ਰਾਇ ਸਾਹਿਬ ਦੀ ਹਵੇਲੀ ਪਹੁੰਚ ਗਏ। ਗੁਰੂ ਸਾਹਿਬ ਨੇ ਪਿਤਾ ਨੂੰ ਮੱਥਾ ਟੇਕਿਆ।

ਰਾਤ ਗੁਰੂ ਸਾਹਿਬ ਆਪਣੇ ਘਰ ਰਹੇ। ਮਾਤਾ ਸੁਲੱਖਣੀ ਅਤੇ ਬੱਚੇ ਅਜੇ ਪੱਖੋਕੇ ਹੀ ਸਨ।

ਅਗਲੇ ਦਿਨ ਮਾਤਾ ਨੇ ਫਿਰ ਮੋਹ ਦਾ ਜੰਜਾਲ ਪਾਉਣਾ ਚਾਹਿਆ। ਬਹੁਤ ਪਿਆਰ ਦੇ ਬੋਲ ਬੋਲੇ। ਬੱਚਿਆਂ ਦਾ ਵਾਸਤਾ ਪਾਇਆ। ਪਰ ਗੁਰੂ ਸਾਹਿਬ ਦੀ ਦ੍ਰਿੜਤਾ ਉਨਾਂ ਦਾ ਮੰਨ ਡੁਲਾ ਨਾਂ ਸਕੀ। ਸਗੋਂ ਗੁਰੂ ਸਾਹਿਬ ਨੇ ਰਾਗੁ ਮਾਝ ਵਿਚ ਸ਼ਬਦ ਬੋਲ ਦਿੱਤਾ:-

ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ ॥ ਵਡਭਾਗੀ ਹਰਿ ਨਾਮੁ ਧਿਆਇਆ ॥ ਗੁਰਿ ਪੂਰੈ ਹਰਿ ਨਾਮ ਸਿਧਿ ਪਾਈ ਕੋ ਵਿਰਲਾ ਗੁਰਮਤਿ ਚਲੈ ਜੀਉ ॥੧॥ ਮੈ ਹਰਿ ਹਰਿ ਖਰਚੁ ਲਇਆ ਬੰਨਿ ਪਲੈ ॥ ਮੇਰਾ ਪ੍ਰਾਣ ਸਖਾਈ ਸਦਾ ਨਾਲਿ ਚਲੈ ॥ ਗੁਰਿ ਪੂਰੈ ਹਰਿ ਨਾਮੁ ਦਿੜਾਇਆ ਹਰਿ ਨਿਹਚਲੁ ਹਰਿ ਧਨੁ ਪਲੈ ਜੀਉ ॥੨॥ ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ ॥ ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ ॥ ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ ॥੩॥ ਸਤਿਗੁਰੁ ਮਿਤ੍ਰੁ ਮੇਰਾ ਬਾਲ ਸਖਾਈ ॥ ਹਉ ਰਹਿ ਨ ਸਕਾ ਬਿਨੁ ਦੇਖੇ ਮੇਰੀ ਮਾਈ ॥ ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ ਜਨ ਨਾਨਕ ਹਰਿ ਧਨੁ ਪਲੈ ਜੀਉ ॥੪॥੧

ਉਸ ਦਿਨ ਪਿੰਡ ਦੇ ਹੋਰ ਵੀ ਮਾਈ ਭਾਈ ਗੁਰੂ ਸਾਹਿਬ ਨੂੰ ਮਿਲੇ।

ਫਿਰ ਅਗਲੇ ਸਵੇਰੇ ਸਵੱਖਤੇ ਜਦੋਂ ਜੰਗਲ ਪਾਣੀ ਨੂੰ ਜਾਈਦੈ ਮਰਦਾਨੇ ਨੂੰ ਲੈ ਫਿਰ ਚਲਦੇ ਬਣੇ। ਕਿਉਕਿ ਦੱਸ ਕੇ ਚੱਲਣ ਤੇ ਮਾਤਾ ਬਹੁਤ ਵੈਰਾਗ ਕਰਿਆ ਕਰਦੀ ਸੀ।

—◈—

ਸਿੱਧਾਂ ਦੀ ਬਸਤੀ (ਭਾਈ ਫੇਰੂ) ਵਿਖੇ ਜਦੋਂ ਮਰਦਾਨੇ ਦੀ ਆਰਤੀ ਉਤਾਰੀ ਗਈ ◉

ਤਲਵੰਡੀ ਤੋਂ ਦੱਖਣ ਕੋਈ 35 ਕਿ. ਮੀ. ਦਾ ਪੈਡਾ ਕਰਕੇ ਰਾਵੀ ਲੰਘ, ਗੁਰੂ ਸਾਹਿਬ ਲੋਂਢੇ ਵੇਲੇ ਪ੍ਰਸਿੱਧ ਜੋਗੀ ਆਸ਼ਰਮ ਜੋ ਸਿੱਧ ਬਸਤੀ ਦੇ ਨਾਂ ਨਾਲ ਮਸ਼ਹੂਰ ਸੀ ਓਥੇ ਆ ਪਹੁੰਚੇ। ਮਰਦਾਨਾ ਥੱਕ ਟੁੱਟ ਕੇ ਚੂਰ ਹੋ ਗਿਆ। ਕਹਿਣ ਲੱਗਾ ਬਾਬਾ ਜੀ ਹੁਣ ਤਾਂ ਕੁਝ ਖਾਇਆ ਪੀਤਾ ਜਾਏ। ਗੁਰੂ ਸਾਹਿਬ ਨੇ ਮਰਦਾਨਿਆ ਉਹ ਸਾਹਮਣੇ ਉੱਪਲ ਖੱਤਰੀਆਂ ਦਾ ਪਿੰਡ ਹੈ ਓਥੇ ਜਾ ਵੜ੍ਹ।

ਮਰਦਾਨੇ ਨੇ ਓਸੇ ਤਰਾਂ ਹੀ ਕੀਤਾ। ਜਿਵੇਂ ਗੁਰੂ ਸਾਹਿਬ ਬਾਰੇ ਦੱਸਿਆ ਕਿ ਕਿਵੇ ਇਕ ਖੱਤਰੀ ਪੁੱਤਰ ਸਰਕਾਰੀ ਅਹੁਦੇ ਨੂੰ ਲੱਤ ਮਾਰ ਲੋਕ ਭਲਾਈ ਲਈ ਘਰੋਂ ਬਾਹਰ ਨਿਕਲਿਆ ਹੈ। ਉੱਪਲਾਂ ਵਿਚ ਗੁਰੂ ਸਾਹਿਬ ਬਾਰੇ ਜਾਨਣ ਦੀ ਵੱਡੀ ਜਗਿਆਸਾ ਉਤਪੰਨ ਹੋਈ। ਸਾਰਾ ਪਿੰਡ ਪੁੱਛ ਗਿੱਛ ਲਈ ਮਰਦਾਨੇ ਦੁਆਲੇ ਹੋ ਗਿਆ। ਮਰਦਾਨੇ ਕਿਹਾ ਕਿ ਪਹਿਲਾਂ ਸਾਨੂੰ ਕੁਝ ਖੁਆ ਪਿਆ ਤਾਂ ਲਓ। ਖੱਤਰੀਆ ਬਹੁਤ ਆਓ ਭਗਤ ਕੀਤੀ। ਇਹ ਵੀ ਸ਼ੱਕ ਹੈ ਕਿ ਹੋ ਸਕਦਾ ਉੱਪਲਾਂ ਦਾ ਇਹ ਪਿੰਡ ਪਹਿਲਾਂ ਹੀ ਗੁਰੂ ਸਾਹਿਬ ਦੀ ਜਾਣ ਪਛਾਣ ਦਾ ਹੋਵੇ ਭਾਵ ਦੂਰੋਂ ਨੇੜਿਓ ਕੋਈ ਰਿਸਤੇਦਾਰੀ ਹੋਵੇ।

ਸ਼ਾਮੀ ਫਿਰ ਗੁਰੂ ਸਾਹਿਬ ਨੇ ਦੀਵਾਨ ਲਗਾਇਆ ਜਿਸ ਵਿਚ ਪਿੰਡ ਦਾ ਹਰ ਮਾਈ ਭਾਈ ਪਹੁੰਚਿਆ।

ਪਿੰਡ ਦੇ ਪਤਵੰਤੇ ਸੱਜਣ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਏ। ਹਰ ਕਿਸੇ ਦਾ ਸਵਾਲ ਸੀ ਕਿ ਨਾਨਕ ਤੂੰ ਚੰਗਾ ਭਲਾ ਮੋਦੀਖਾਨਾ

ਕਿਓ ਛੱਡ ਦਿੱਤਾ। ਹਰ ਕੋਈ ਆਪਣੇ ਹਿਸਾਬ ਟੀਕਾ ਟਿੱਪਣੀ ਕਰ ਰਿਹਾ ਸੀ: "ਨਾਨਕ ਤੂੰ ਮੁਸ਼ਕਲ ਰਾਹ ਚੁੱਣ ਲਿਆ ਹੈ" "ਦੁਨੀਆ ਨੂੰ ਕੌਣ ਸੁਧਾਰ ਸਕਦੈ?" ਅਗਲੇ ਦਿਨ ਫਿਰ ਪਿੰਡ ਵਿਚ ਵੱਡੀ ਸਭਾ ਰੱਖ ਲਈ ਗਈ ਜਿਸ ਵਿਚ ਪਹਿਲਾਂ ਰਸ ਭਿੰਨਾ ਕੀਰਤਨ ਹੋਇਆ। ਗੁਰੂ ਨਾਨਕ ਦੀ ਉੱਚੀ ਤੇ ਮਿੱਠੀ ਅਵਾਜ਼ ਤੇ ਮਰਦਾਨੇ ਦੀ ਰਬਾਬ ਨੇ ਰੰਗ ਬੰਨ ਦਿੱਤਾ।

ਆਸਾ ਮਹਲਾ ੧ ਤਿਤੁਕਾ ॥ ਕੋਈ ਭੀਖਕੁ ਭੀਖਿਆ ਖਾਇ ॥ ਕੋਈ ਰਾਜਾ ਰਹਿਆ ਸਮਾਇ ॥ ਕਿਸ ਹੀ ਮਾਨੁ ਕਿਸੈ ਅਪਮਾਨੁ ॥ ਢਾਹਿ ਉਸਾਰੇ ਧਰੇ ਧਿਆਨੁ ॥ ਤੁਝ ਤੇ ਵਡਾ ਨਾਹੀ ਕੋਇ ॥ ਕਿਸੁ ਵੇਖਾਲੀ ਚੰਗਾ ਹੋਇ ॥੧॥ ਮੈ ਤਾਂ ਨਾਮੁ ਤੇਰਾ ਆਧਾਰੁ ॥ ਤੂੰ ਦਾਤਾ ਕਰਣਹਾਰੁ ਕਰਤਾਰੁ ॥੧॥ ਰਹਾਉ ॥ ਵਾਟ ਨ ਪਾਵਉ ਵੀਗਾ ਜਾਉ ॥ ਦਰਗਹ ਬੈਸਣ ਨਾਹੀ ਥਾਉ ॥ ਮਨ ਕਾ ਅੰਧੁਲਾ ਮਾਇਆ ਕਾ ਬੰਧੁ ॥ ਖੀਨ ਖਰਾਬੁ ਹੋਵੈ ਨਿਤ ਕੰਧੁ ॥ ਖਾਣ ਜੀਵਣ ਕੀ ਬਹੁਤੀ ਆਸ ॥ ਲੇਖੈ ਤੇਰੈ ਸਾਸ ਗਿਰਾਸ ॥੨॥ ਅਹਿਨਿਸਿ ਅੰਧੁਲੇ ਦੀਪਕੁ ਦੇਇ ॥ ਭਉਜਲ ਡੂਬਤ ਚਿੰਤ ਕਰੇਇ ॥ ਕਹਹਿ ਸੁਣਹਿ ਜੋ ਮਾਨਹਿ ਨਾਉ ॥ ਹਉ ਬਲਿਹਾਰੈ ਤਾ ਕੈ ਜਾਉ ॥ ਨਾਨਕੁ ਏਕ ਕਹੈ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥੩॥ ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥ ਦਰਗਹ ਬੈਸਣ ਹੋਵੈ ਥਾਉ ॥ ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥ ਗਿਆਨ ਰਤਨੁ ਮਨਿ ਵਸੈ ਆਇ ॥ ਨਦਰਿ ਕਰੇ ਤਾ ਸਤਿਗੁਰੁ ਮਿਲੈ ॥ ਪ੍ਰਣਵਤਿ ਨਾਨਕੁ ਭਵਜਲੁ ਤਰੈ ॥੪॥੧੮॥

ਹਰ ਤੁਕ ਦੇ ਪਿੱਛੇ ਸਤਿ ਕਰਤਾਰ। ਧੰਨ ਨਿਰੰਕਾਰ! ਸਤਿਨਾਮ! ਵਾਹਿਗੁਰੂ! ਦੀ ਧੁੰਨ ਰਬਾਬ ਤੇ ਮਰਦਾਨੇ ਦੀ ਰਸਨਾ ਵਿੱਚੋਂ ਨਿਕਲਦੀ। ਮਗਰ ਓਸੇ ਤਰਾਂ ਸਤਿ ਕਰਤਾਰ ਦਾ ਅਵਾਜਾ ਸੰਗਤ ਵਲੋਂ ਨਿਕਲਦਾ। ਉਪਰੰਤ ਗੁਰੂ ਸਾਹਿਬ ਨੇ ਵਖਿਆਨ ਦਿਤਾ ਤੇ ਗੁਰਮਤ ਦਾ ਸਿਧਾਂਤ ਨਾਮ ਜਪਣਾ, ਵੰਡ ਛੱਕਣਾ ਤੇ ਕਿਰਤ ਕਰਨੀ ਦਾ ਉਪਦੇਸ਼ ਦ੍ਰਿੜਾਇਆ। ਆਸ਼ਰਮ ਦੇ ਸਾਰੇ ਜੋਗੀ ਵੀ ਸ਼ਾਮਲ ਹੋਏ। ਬੜੇ ਸਵਾਲ ਜਵਾਬ ਵੀ ਹੋਏ।

ਓਦੋਂ ਕੁਝ ਧਾਰਮਿਕ ਸੁਭਾਅ ਦੇ ਖੱਤਰੀਆਂ ਨੂੰ ਮਾਣ ਵੀ ਮਹਿਸੂਸ ਹੋਇਆ ਕਿ ਉਨਾਂ ਦੀ ਜਾਤ ਵਿੱਚੋਂ ਏਡਾ ਭਗਤ ਸੂਰਮਾ ਉਠਿਆ ਹੈ। ਕਈਆਂ ਨੂੰ ਚਿੜ ਵੀ ਚੜ੍ਹ ਰਹੀ ਸੀ।

ਅਗਲੇ ਦਿਨ ਫਿਰ ਸਵੇਰੇ ਜਗਿਆਸੂਆਂ ਨਾਲ ਬਚਨ ਬਿਲਾਸ ਹੋਏ।

ਸ਼ਾਮੀ ਜਦੋਂ ਮਰਦਾਨਾ ਪਿੰਡ ਵਿੱਚ ਲੰਗਰ ਲੈਣ ਗਇਆ ਤਾਂ ਖੱਤਰੀਆਂ ਨੇ ਆਪਣੀ ਵਿੱਤ ਮੁਤਾਬਿਕ ਮਰਦਾਨੇ ਦੀ ਸੇਵਾ ਕੀਤੀ ਤੇ ਚੜ੍ਹਤ ਚੜਾਵਾ ਦਿੱਤਾ। ਸਭ ਨੇ ਰਲ ਮਿਲ ਕੇ ਮਰਦਾਨੇ ਦੀ ਪੂਜਾ ਹੀ ਕਰਵਾ ਦਿੱਤੀ। ਮਤਲਬ ਬ੍ਰਾਹਮਣ ਨੇ ਮੰਤਰ ਪੜ੍ਹ ਮਰਦਾਨੇ ਤੇ ਕਰਮ ਕਾਂਡ ਕੀਤੇ। ਮਰਦਾਨੇ ਦੇ ਸਿਰ ਤੋਂ ਚੀਜ਼ਾਂ ਵਸਤੂਆਂ ਵਾਰੀਆਂ ਗਈਆਂ। ਪੈਸਾ ਧੈਲਾ, ਕਪੜਾ ਲਤਾ, ਲੀੜੇ ਲੇਫ ਤਲਾਈਆਂ ਘਿਓ ਦਾਲ ਤੇਲ ਆਦਿ ਸਭ ਮਰਦਾਨੇ ਤੋਂ ਵਾਰਿਆ ਗਿਆ। ਜਦੋਂ ਮਰਦਾਨਾ ਬਾਬਾ ਜੀ ਕੋਲ ਪਹੁੰਚਿਆ ਤਾਂ ਬਾਬਾ ਵੇਖ ਹੈਰਾਨ ਹੋ ਗਇਆ ਮਰਦਾਨਾ ਤਾਂ ਸਿਰ ਤੇ ਕਪੜੇ ਲਤੇ ਦੀ ਪੰਡ ਅਤੇ ਇਕ ਹੱਥ ਵਿਚ ਝੋਲਾ ਚੁੱਕੀ ਆਵੇ।

ਗੁਰੂ ਸਾਹਿਬ ਨੇ ਝੱਟ ਮਰਦਾਨੇ ਨੂੰ ਪੁੱਛ ਲਿਆ, "ਓਏ ਮਰਦਾਨਿਆ ਆ ਕੀ ਪੰਡ ਚੁੱਕੀ ਆਉਨੈ?" ਮਰਦਾਨੇ ਨੇ ਸਾਰੀ ਗੱਲ ਸਾਹਿਬ ਨੂੰ ਸੁਣਾਈ। ਗੁਰੂ ਸਾਹਿਬ ਨੇ ਮਰਦਾਨੇ ਨੂੰ ਸਮਝਾਇਆ ਕਿ ਭਾਈ ਇਹ ਬੋਝ ਚੁੱਕ ਕੇ ਸਫਰ ਨਹੀ ਹੁੰਦੇ। ਇਹ ਤੂੰ ਕੀ ਕੀਤੇ? ਮਰਦਾਨੇ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਇਆ ਤੇ ਝੱਟ ਵਾਪਸ ਪਿੰਡ ਜਾ ਕਿਸੇ ਲੋੜਵੰਦ ਨੂੰ ਉਹ ਗਠੜੀ ਫੜਾ ਆਇਆ। ਸਵੇਰੇ ਅਗਲੇ ਸਵੇਰੇ ਸਵੱਖਤੇ ਫਿਰ ਗੁਰੂ ਸਾਹਿਬ ਚਲਦੇ ਭਏ।

ਇਉ ਲਗਦਾ ਹੈ ਗੁਰੂ ਸਾਹਿਬ ਭਾਈ ਫੇਰੂ ਤੋਂ ਰੋਸੇ ਭੀਲੇ, ਫਿਰ ਫਿਰੋਜਪੁਰ, ਪੱਤੋ ਹੀਰਾ ਸਿੰਘ (ਬਾਘਾ ਪੁਰਾਣਾ) ਤਖਤੂਪੁਰਾ, ਸੰਗਰੂਰ, ਸੁਨਾਮ, ਕਮਾਲਪੁਰ, ਖਰੌਂਡੀ, ਚੀਕਾ (ਗੁਹਲਾ), ਭਾਗਲ, ਇਹਨਾਂ ਪਿੰਡਾਂ ਵਿਚ ਦੀ ਹੁੰਦੇ ਹੋਏ ਗੁਰੂ ਸਾਹਿਬ ਪਿਹੋਵੇ ਪਹੁੰਚੇ।◉ ਇਹਨਾਂ ਥਾਵਾਂ ਤੇ ਬਾਬੇ ਨੇ ਕੀ ਕੀ ਕੌਤਕ ਕੀਤੇ ਪੰਜਾਬ ਦੀਆਂ ਯਾਤਰਾਂਵਾਂ ਵਿਚ ਵੱਖਰੇ ਤੌਰ ਤੇ ਦਿਤਾ ਗਿਆ ਹੈ। (ਵੇਖੋ ਮੁਕਾਮੀ ਉਦਾਸੀਆਂ ਸਫੇ ਨਨਨਨਨ) ਪੇਹੋਵਾ, ਕੁਰਖੇਤਰ, ਕਰਨਾਲ, ਪਾਣੀਪਤ ਤੇ ਫਿਰ ਦਿੱਲੀ ਪਹੁੰਚੇ।

—◈—

ਸਰਸਵਤੀ ਤੀਰਥ ਪਿਹੋਵੇ ਆ ਦਸਤਕ ਦਿੱਤੀ ਗੁਰੂ ਬਾਬੇ ਨੇ।

ਤਲਵੰਡੀ ਤੋਂ ਭਾਈ ਫੇਰੂ ਅਤੇ ਪੰਜਾਬ ਦੇ ਹੋਰਨਾਂ ਪਿੰਡਾਂ ਸ਼ਹਿਰਾਂ ਦੀ ਲੋਕਾਈ ਦਾ ਉਧਾਰ ਕਰਦੇ ਹੋਏ ਗੁਰੂ ਸਾਹਿਬ ਪਿਹੋਵੇ ਪਹੁੰਚੇ।

ਕੁਲਖੇਤਰ ਤੋਂ 27 ਕਿਲੋਮੀਟਰ ਹਟਵੇ, ਹਿੰਦੂਆਂ ਦੇ ਧਰਮ ਵਿੱਚ ਪਿਹੋਵੇ (ਭੇਵੇ) ਦੀ ਵੀ ਬੜੀ ਉੱਚੀ ਥਾਂ ਹੈ। ਇਹ ਤੀਰਥ ਕਿਸੇ ਵੇਲੇ ਸਰਸਵਤੀ ਦਰਿਆ ਦੇ ਕੰਢੇ ਤੇ ਮੌਜੂਦ ਸੀ। ਵਕਤ ਪਾ ਕੇ ਹੋਈਆਂ ਕੁਦਰਤੀ ਭੂਗੋਲਿਕ ਤਬਦੀਲੀਆਂ (ਭੁਚਾਲ ਆਦਿ) ਕਾਰਨ ਸਰਸਵਤੀ ਨਦੀ ਦੇ ਵਹਿਣ ਤੇ ਜਮੀਨ ਖਿੱਸਕਣ (Land-slides) ਪਿੱਛੇ ਪਹਾੜਾਂ ਵਿੱਚ ਡੱਕਾ ਪੈ ਗਇਆ ਤੇ ਦਰਿਆ ਪੂਰੀ ਤਰਾਂ ਸੁੱਕ ਗਿਆ।

ਪਰ ਸੈਕੜੇ ਹਜ਼ਾਰਾਂ ਸਾਲ ਪੁਰਾਣਾ ਤੀਰਥ ਪਰੰਪਰਾ ਕਾਰਨ ਅੱਜ ਵੀ ਜੀਵਤ ਹੈ ਤੇ ਮਾਨਤਾ ਰੱਖਦਾ ਹੈ। ਪਿਹੋਵਾ ਪੰਜਾਬੀ ਹਿੰਦੂਆਂ

ਪੈੜ ਸਫ਼ਰ

ਸਿੱਧੋਂ ਕੀ ਬਸਤੀ ਦੀ ਪਛਾਣ

◉ ਬਾਲੀ ਵਾਲੀ ਤੇ ਪੁਰਾਤਨ ਸਾਖੀਆਂ ਨੇ ਇਥੋਂ ਭਾਵ ਤਲਵੰਡੀ ਤੋਂ ਜੰਗਲ ਬੇਲਿਆਂ ਤੇ 'ਸਿੱਧੋਂ ਕੀ ਬਸਤੀ' ਜਾਣ ਦਾ ਲਿਖਿਆ। ਪਰ ਸੋਢੀ ਮਿਹਰਬਾਨ ਨੇ ਇਹ ਨਗਰੀ ਸੁਲਤਾਨਪੁਰ ਲੋਧੀ ਤੋਂ ਨਿਕਲਣ ਉਪਰੰਤ ਲਿਖੀ ਹੈ।

ਸਿੱਧੋਂ ਕੀ ਬਸਤੀ ਦੀ ਅਗਲੀ ਪਛਾਣ ਹੈ ਕਿ ਇਥੇ ਉੱਪਲ ਖੱਤਰੀਆਂ ਦੀ ਚੋਖੀ ਅਬਾਦੀ ਹੈ। ਅੱਗੇ ਫਿਰ ਸਿੱਖ ਇਤਹਾਸ ਤੇ ਉੱਪਲ ਖਤਰੀਆਂ ਦੀਆਂ ਵੱਡੀਆਂ ਸੰਗਤਾਂ ਤੇ ਨਿਗਾਹ ਮਾਰੀਏ ਤਾਂ ਪਤਾ ਲਗਦਾ ਹੈ ਕਿ ਮਸ਼ਹੂਰ ਉਪਲ ਸਿੱਖ ਕਸਬਾ ਭਾਈ ਫੇਰੂ ਦੇ ਹੋਏ ਹਨ। ਫਿਰ ਹੋਰ ਵੇਖੋ ਭਾਈ ਫੇਰੂ ਕਸਬਾ ਉਂਜ ਵੀ ਤਲਵੰਡੀ ਤੋਂ ਦਿੱਲੀ ਨੂੰ ਚਲਦਿਆਂ ਰਸਤੇ ਵਿਚ ਪੈਂਦਾ ਹੈ।

ਕਸਬਾ ਭਾਈ ਫੇਰੂ ਦੇ ਬਹੁਤ ਮਸ਼ਹੂਰ ਉੱਪਲ ਗੋਤ ਦੇ ਖੱਤਰੀਆਂ ਕੋਲ ਹੀ ਗੁਰੂ ਸਾਹਿਬ ਦੀ ਸੇਲੀ ਟੋਪੀ ਅਤੇ ਗੋਦੜੀ ਹੋਇਆ ਕਰਦੀ ਸੀ। ਭਾਈ ਫੇਰੂ ਉਰਫ ਭਾਈ ਸੰਗਤ 1640-1706 ਈ. ਤੋਂ ਇਲਾਵਾ ਭਾਈ ਬਿੰਨਾ ਵੀ ਮਸ਼ਹੂਰ ਸਿੱਖ ਹੋਏ ਹਨ।

ਇਹਨਾਂ ਦੀ ਅਗਲੀ ਪਛਾਣ ਕਿ ਭਾਈ ਫੇਰੂ ਦੇ ਉੱਪਲ ਸਿੱਖ ਉਦਾਸੀ ਸੰਪਰਦਾ ਦੇ ਹੀ ਹੋਏ ਹਨ। ਜੋਗੀ ਅਤੇ ਸਿੱਧਾਂ ਵਿਚੋਂ ਬਣਨ ਵਾਲੇ ਬਹੁਤੇ ਸਿੱਖ ਉਦਾਸੀ ਸੰਪਰਦਾ ਵਿਚ ਹੀ ਜਾਂਦੇ ਸਨ।

ਹਾਂ ਕਿਸੇ ਪ੍ਰਵਾਰ ਵਿਚ ਜੇ ਕੋਈ ਭਗਤ ਸੂਰਮਾ ਹੋਇਆ ਹੈ ਤਾਂ ਜਰੂਰੀ ਨਹੀ ਕਿ ਆਉਣ ਵਾਲੀਆਂ ਪੀੜੀਆਂ ਵੀ ਨੇਕ ਹੀ ਨਿਕਲਣਗੀਆਂ। ਧਿਆਨ ਰਹੇ ਪ੍ਰਿਥੀ ਚੰਦ ਅਤੇ ਧੀਰ ਮੱਲ ਗੁਰੂਆਂ ਦੀ ਹੀ ਔਲਾਦ ਵਿਚੋਂ ਹੀ ਹੋਏ ਨੇ। ਮੁਕਦੀ ਗਲ ਇਹਨਾਂ ਉਪਲਾਂ ਵਿਚੋਂ ਹੀ ਹੋਇਆ ਹੈ ਨਨਕਾਣਾ ਸਾਹਿਬ ਦਾ ਕਾਤਲ ਨਰੈਣੂ ਮਹੰਤ।

ਦਾ ਹਰਦਵਾਰ ਜਾਂ ਬਨਾਰਸ ਜਾਂ ਗਇਆ ਹੈ। ਜਿਵੇ ਹਰਦੁਆਰ ਮਰਗ ਦੇ ਫੁੱਲ ਤਾਰੇ ਜਾਂਦੇ ਸਨ ਤੇ ਮਰਗ ਦੀਆਂ ਹੋਰ ਬ੍ਰਾਹਮਣੀ ਰਸਮਾਂ ਕੀਤੀਆਂ ਜਾਂਦੀਆਂ ਸਨ ਐਨ ਇਹੋ ਕੁਝ ਪਿਹੋਵੇ ਵਿਖੇ ਹੁੰਦਾ ਹੈ। ਖਾਸ ਕਰਕੇ ਇਥੇ 'ਪਿੰਡ ਦਾਨ' ਕੀਤੇ ਜਾਂਦੇ ਸਨ। ਕਿਉਕਿ ਮੌਤ ਵੇਲੇ ਪ੍ਰਵਾਰ ਵਿੱਚ ਬਹੁਤ ਸਹਿਮ ਹੁੰਦਾ ਹੈ ਜਿਸ ਕਾਰਨ ਫਿਰ ਡਰਿਆ ਬੰਦਾ ਜਿਸ ਤਰਾਂ ਕਹੋ, ਸੋਈ ਕਰਨ ਨੂੰ ਤਿਆਰ ਹੋ ਜਾਂਦਾ ਹੈ। ਇਹੋ ਕਾਰਨ ਹੈ ਮੌਤ ਨਾਲ ਸਬੰਧਤ ਅਨੇਕਾਂ ਬ੍ਰਾਹਮਣੀ ਰਸਮਾਂ ਨੇ। ਓਨਾਂ ਵਿੱਚੋਂ ਹੀ ਹੈ 'ਪਿੰਡ-ਦਾਨ' ਹੈ ਜਿਸ ਤਹਿਤ ਚੌਲਾਂ ਜਾਂ ਆਟੇ ਦੀਆਂ ਗਰੋਲੀਆਂ ਬਣਾਂ ਕੇ ਪੱਤਲ ਤੇ ਬ੍ਰਾਹਮਣ ਰੱਖ ਲੈਂਦਾ ਹੈ ਤੇ ਮਰੇ ਹੋਏ ਪ੍ਰਾਣੀ ਨੂੰ ਸੰਬੋਧਨ ਕਰਕੇ ਕਹਿੰਦਾ ਹੈ ਕਿ ਆਪਣਾ ਆਖਰੀ ਭੋਜਨ ਵੀ ਖਾ ਲੈ ਤੇ ਆਪਣੀ ਅਗਲੀ ਮੰਜਲ ਵਲ ਰਵਾਨਾ ਹੋ ਜਾਂ ਮੁੜਕੇ ਇਸ ਘਰ ਵਲ ਤੱਕੀ ਨਾਂ।

ਸੋ ਬਾਬਾ ਵੀ ਜਿਵੇ ਭੇਵੇ ਵੜਿਆ, ਬ੍ਰਾਹਮਣਾਂ ਝੁਰਮਟ ਪਾ ਲਿਆ। ਹਰ ਕੋਈ ਕਹੇ "ਤੁਹਾਡੇ ਇਲਾਕੇ ਦੇ ਅਸੀ ਹੀ ਪੰਡਤ ਹਾਂ ਸਾਡੇ ਨਾਲ ਗੱਲ ਕਰੋ।" "ਸਾਨੂੰ ਪਤਾ ਤੁਸੀ ਆਪਣੇ ਬਜੁਰਗਾਂ ਦੀ ਕ੍ਰਿਆ ਕਰਮ ਕਰਾਉਣ ਆਏ ਹੋ। ਸਾਨੂੰ ਪਤਾ ਤੁਸੀ ਸਾਧੂ ਨਹੀ ਹੋ। ਤੁਸੀ ਤਾਂ ਸਫਰ ਵਿੱਚ ਆਪਣੇ ਬਚਾਅ ਲਈ ਇਹ ਭੇਸ ਬਣਾਇਆ ਹੋਇਆ ਹੈ।" ਆਦਿ ਆਦਿ ਗੱਲਾਂ।

ਇਥੇ ਸਾਹਿਬ ਨੇ ਇਹ ਸ਼ਬਦ ਗਾਇਆ:

ਪ੍ਰਭਾਤੀ ਮਹਲਾ ੧ ॥ ਬਾਰਹ ਮਹਿ ਰਾਵਲ ਖਪਿ ਜਾਵਹਿ ਚਹੁ ਛਿਅ ਮਹਿ ਸੰਨਿਆਸੀ ॥ ਜੋਗੀ ਕਾਪੜੀਆ ਸਿਰਖੂਥੇ ਬਿਨੁ ਸਬਦੈ ਗਲਿ ਫਾਸੀ ॥੧॥ ਸਬਦਿ ਰਤੇ ਪੂਰੇ ਬੈਰਾਗੀ ॥ ਅਉਹਠਿ ਹਸਤ ਮਹਿ ਭੀਖਿਆ ਜਾਚੀ ਏਕ ਭਾਇ ਲਿਵ ਲਾਗੀ ॥੧॥ ਰਹਾਉ ॥ ਬ੍ਰਹਮਣ ਵਾਦੁ ਪੜਹਿ ਕਰਿ ਕਿਰਿਆ ਕਰਣੀ ਕਰਮ ਕਰਾਏ ॥ ਬਿਨੁ ਬੂਝੇ ਕਿਛੁ ਸੂਝੈ ਨਾਹੀ ਮਨਮੁਖੁ ਵਿਛੁੜਿ ਦੁਖੁ ਪਾਏ ॥੨॥ ਸਬਦਿ ਮਿਲੇ ਸੇ ਸੂਚਾਚਾਰੀ ਸਾਚੀ ਦਰਗਹ ਮਾਨੇ ॥ ਅਨਦਿਨੁ ਨਾਮਿ ਰਤਨਿ ਲਿਵ ਲਾਗੇ ਜੁਗਿ ਜੁਗਿ ਸਾਚਿ ਸਮਾਨੇ ॥੩॥ ਸਗਲੇ ਕਰਮ ਧਰਮ ਸੁਚਿ ਸੰਜਮ ਜਪ ਤਪ ਤੀਰਥ ਸਬਦਿ ਵਸੇ ॥ ਨਾਨਕ ਸਤਿਗੁਰ ਮਿਲੈ ਮਿਲਾਇਆ ਦੂਖ ਪਰਾਛਤ ਕਾਲ ਨਸੇ ॥੪॥੧੬॥

ਪੈੜ ਸਫਾ

◉ ਮੁਸ਼ਕਲ ਹੈ ਪੰਜਾਬ ਵਿਚ ਗੁਰੂ ਸਾਹਿਬ ਦਾ ਰੂਟ (ਰਾਹ) ਪਛਾਨਣਾ- ਇਤਹਾਸ ਵਿਚ ਕੋਈ 500 ਸਥਾਨਾਂ ਦੇ ਨਾਵਾਂ ਦਾ ਜਿਕਰ ਹੈ ਜਿੱਥੇ ਗੁਰੂ ਸਾਹਿਬ ਗਏ। ਪੂਰਬੀ ਪੰਜਾਬ ਵਿਚ ਤਕਰੀਬਨ 50 ਅਜਿਹੇ ਸਥਾਨ ਨੇ। ਇਨਾਂ ਵਿਚੋਂ ਬਹੁਤੀ ਥਾਂਈ ਤਾਂ ਗੁਰਦੁਆਰਿਆਂ ਦੇ ਰੂਪ ਵਿਚ ਯਾਦਗਾਰਾਂ ਮੌਜੂਦ ਨੇ। ਅਸਾਂ ਇਨਾਂ ਥਾਂਵਾਂ ਨੂੰ ਨਕਸ਼ੇ ਤੇ ਦਿਤਾ ਤੇ ਫਿਰ ਸੰਭਵ ਰੂਟ ਕੱਢਣ ਦੀ ਕੋਸ਼ਿਸ਼ ਕੀਤੀ ਪਰ ਜਿਥੋਂ ਤਕ ਪੰਜਾਬ ਦਾ ਸਬੰਧ ਹੈ ਇਸ ਇਲਾਕੇ ਵਿਚ ਰੂਟ ਨਿਰਧਾਰਤ ਕਰਨਾਂ ਕਾਫੀ ਮੁਸ਼ਕਲ ਲਗ ਰਿਹਾ ਹੈ (ਅਸੰਭਵ ਨਹੀ)। ਲਗਦਾ ਹੈ ਗੁਰੂ ਸਾਹਿਬ ਨੇ ਪੂਰਾ ਪੰਜਾਬ ਹੀ (ਪਾਕਿਸਤਾਨ ਪੰਜਾਬ ਸਮੇਤ) ਗਾਹਿਆ ਸੀ।

ਇਸ ਕਰਕੇ ਜਦੋਂ ਪੰਜਾਬ ਵਿਚਲੇ ਗੁਰੂ ਸਾਹਿਬ ਦੇ ਰੂਟਾਂ ਦਾ ਸਬੰਧ ਹੈ ਅਸੀ ਸਮਝਦੇ ਹਾਂ ਇਸ ਬਾਬਤ ਮੁਕਾਮੀ ਪੱਧਰ ਤੇ ਜਾ ਕੇ ਖੋਜ ਕਰਨ ਦੀ ਜਰੂਰਤ ਹੈ ਕਿ ਸਾਹਿਬ ਕਿਧਰੋਂ ਆਏ ਤੇ ਕਿਧਰ ਨੂੰ ਗਏ ਸਨ।

ਮਾਤਰ ਜਾਣਕਾਰੀ ਦੇ ਅਸੀ ਨਕਸ਼ਾ ਦੇ ਰਹੇ ਹਾਂ ਜਿੱਥੇ ਜਿਥੇ ਗੁਰੂ ਸਾਹਿਬ ਦਾ ਜਾਣਾ ਲਿਖਿਆ ਮਿਲਦਾ ਹੈ ਉਥੇ ਲਾਲ ਅਤੇ ਨੀਲੇ ਨਿਸ਼ਾਨ ਲਗਾ ਦਿਤੇ ਨੇ ਤਾਂ ਕਿ ਪਾਠਕ ਨੂੰ ਅੰਦਾਜ਼ਾ ਹੋ ਜਾਏ।

ਕਿਹੜੇ ਇਲਾਕੇ ਵਿਚ ਕਿੰਨੇ ਸਥਾਨ ਗੁਰੂ ਸਾਹਿਬ ਨਾਲ ਸਬੰਧ ਰੱਖਦੇ ਹਨ ਉਹ ਇਸ ਪ੍ਰਕਾਰ ਹਨ:-

ਪਾਕਿਸਤਾਨੀ ਪੰਜਾਬ, ਕਸ਼ਮੀਰ, ਫਰੰਟੀਅਰ -90, ਸਿੰਧ -13, ਪੂਰਬੀ ਪੰਜਾਬ- 50, ਜੰਮੂ ਕਸ਼ਮੀਰ -26, ਹਰਿਆਣਾ-12, ਹਿਮਾਚਲ ਪ੍ਰਦੇਸ- 14, ਉਤਰਾਖੰਡ- 7, ਯੂ.ਪੀ-15,

ਕੁਲ ਨਿਸ਼ਾਨ ਲਗਾਏ 403 ਜਮਾ ਅਰਬ ਦੇਸ।

ਸੋ ਭਾਈ ਫੇਰੂ ਤੋਂ ਕਿਹੜੇ ਰਸਤੇ ਗੁਰੂ ਸਾਹਿਬ ਦਿੱਲੀ ਪਹੁੰਚੇ ਕੁਝ ਨਿਸਚੇ ਨਾਲ ਨਹੀ ਕਿਹਾ ਜਾ ਸਕਦਾ।

ਜਿਥੋਂ ਤਕ ਕੁਰਖੇਤਰ ਜਾਣ ਦਾ ਸਬੰਧ ਹੈ, ਅਸੀ ਸਮਝਦੇ ਹਾਂ ਗੁਰੂ ਸਾਹਿਬ ਸੂਰਜ ਗ੍ਰਿਹਣ ਮੌਕੇ ਇਥੇ ਦੋ ਵਾਰੀ ਗਏ ਸਨ: ਪਹਿਲਾਂ 1507 ਵਿਚ ਤੇ ਦੁਬਾਰਾ 1518 ਈ ਨੂੰ।

ਗੁਰਦੁਆਰਾ ਬਾਉਲੀ ਸਾਹਿਬ ਪਿਹੋਵਾ ਗੁਰੂ ਸਾਹਿਬ ਦੀ ਭੇਵੇ ਆਉਣ ਦੀ ਯਾਦ ਵਿੱਚ ਹੈ। ਇਹ ਕੈਥਲ ਦੇ ਸਿੱਖ ਰਾਜੇ ਨੇ ਬਣਾਇਆ ਸੀ। ਸੰਤ ਜੀਵਨ ਸਿੰਘ ਨੇ 1950 ਵਿੱਚ ਗੁਰਦੁਆਰਾ ਸਾਹਿਬ ਨੂੰ ਹੋਰ ਸ਼ਿੰਗਾਰ ਦਿੱਤਾ।

ਖੈਰ ਗੁਰੂ ਸਾਹਿਬ ਇਥੇ ਕੁਝ ਦਿਨ ਟਿਕ ਗਏ। ਬ੍ਰਾਹਮਣਾਂ ਨੂੰ ਸਮਝਾਇਆ ਕਿ ਇੱਕ ਢਿੱਡ ਕਾਰਨ ਲੋਕਾਂ ਨੂੰ ਇਨਾਂ ਮੂਰਖ ਨਾਂ ਬਣਾਉ। ਤੁਸੀ ਕੌਣ ਹੁੰਦੇ ਹੋ ਕਰਤੇ ਦੇ ਕੰਮ ਵਿੱਚ ਸ਼ਰੀਕੀ ਕਰਨ ਵਾਲੇ? ਹੁਕਮ ਦੇ ਤਹਿਤ ਜੀਅ ਪੈਦਾ ਹੁੰਦਾ ਹੁਕਮ ਤਹਿਤ ਰਵਾਨਾ ਹੋ ਜਾਂਦਾ ਹੈ। ਤੁਸੀ ਰਬ ਦੇ ਵਿੱਚੋਲੇ ਕਿਸ ਤਰਾਂ ਬਣ ਗਏ।

ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥ ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ॥ ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥

ਲੋਕਾਂ ਨੂੰ ਸਮਝਾਇਆ ਕਿ ਓਏ ਭੋਲਿਓ ਮਰ ਚੁੱਕੇ ਜੀਅ ਨੂੰ ਤੁਹਾਡਾ ਦਿੱਤਾ ਕੁਝ ਨਹੀ ਪਹੁੰਚਦਾ। ਇਹ ਸਿਰਫ ਬ੍ਰਾਹਮਣਾਂ ਦਾ ਰੁਜਗਾਰ ਹੈ। ਅੱਗੇ ਜੀਅ ਨੂੰ ਸਿਰਫ ਉਹ ਕੁਝ ਹਾਸਲ ਹੁੰਦਾ ਹੈ ਜੋ ਉਸ ਨੇ ਆਪਣੇ ਖੁੱਦ ਦੇ ਜੀਵਨ ਵਿੱਚ ਚੰਗਾ ਮਾੜਾ ਕੀਤਾ ਹੁੰਦਾ ਹੈ। ਸਿਰਫ ਬੰਦੇ ਦੇ ਕੀਤੇ ਮਾੜੇ ਚੰਗੇ ਕਰਮ ਹੀ ਅੱਗੇ ਆਉਦੇ ਹਨ। ਰੱਬ ਕੋਲ ਸ਼ਿਫਾਰਸ਼ ਨਹੀ ਚਲਦੀ।

ਇਥੇ ਫਿਰ ਗੁਰੂ ਸਾਹਿਬ ਨੂੰ ਇਕ ਹੋਰ ਭਰਮਜਾਲ ਦਾ ਪਤਾ ਲੱਗਾ ਜਿਸ ਵਿਚ ਭੋਲੇ ਸ਼ਰਧਾਲੂਆਂ ਨੂੰ ਫਸਾਇਆ ਜਾਂਦਾ ਸੀ। ਕਿਉਕਿ ਬ੍ਰਾਹਮਣਾਂ ਨੂੰ ਪਿੰਡ ਭਰਕੇ ਵੀ ਸਬਰ ਨਾਂ ਆਉਦਾ। ਮਤਲਬ ਲੋਕਾਂ ਨੂੰ ਬੁੱਧੂ ਬਣਾਉਣ ਵਾਸਤੇ ਇੱਕ ਹੋਰ ਪਾਖੰਡ ਵੀ

ਰਚਿਆ ਹੋਇਆ ਸੀ। ਵੱਡਾ ਸਾਰਾ ਇੱਕ ਚੱਕਰ, ਸਮਝ ਲਓ ਰੱਥ ਦੇ ਪਹੀਏ ਬਰਾਬਰ ਦਾ ਤਾਂਬੇ ਦਾ ਬਣਾ ਕੇ ਉਤੇ ਸੋਨੇ ਦਾ ਪਾਣੀ ਫੇਰ ਕੇ ਸਰੋਵਰ ਵਿੱਚ ਸੁਟਿਆ ਹੋਇਆ ਸੀ। ਇਹ ਧੁੰਮਾਇਆ ਹੋਇਆ ਸੀ ਕਿ ਇੱਕ ਸ਼ਰਧਾਵਾਨ ਬੀਬੀ ਏਥੇ ਜਦੋਂ ਨਹਾਉਣ ਆਈ ਤਾਂ ਉਹਦੀ ਕੰਨ ਦੀ ਵਾਲੀ ਇਥੇ ਡਿਗ ਪਈ। ਇਸ ਥਾਂ ਦੀ ਰੂਹਾਨੀ ਤਾਕਤ ਨਾਲ ਉਹ ਵਾਲੀ ਹੁਣ ਰੱਥ ਦੇ ਪਹੀਏ ਬਰਾਬਰ ਵੱਡੀ ਹੋ ਗਈ ਹੈ। ਫਿਰ ਚੁਨੰਦੇ ਲੋਕਾਂ ਕੋਲੋ ਮੋਟੀ ਮਾਇਆ ਲੈ ਕਿ ਉਸ ਪਹੀਏ ਦੇ ਦਰਸ਼ਨ ਕਰਾਇਆ ਕਰਦੇ ਸਨ।

ਗੁਰੂ ਸਾਹਿਬ ਨੇ ਬ੍ਰਾਹਮਣ ਨੂੰ ਅਹਿਸਾਸ ਦੁਆਇਆ ਕਿ ਤੂੰ ਕਿੰਨਾ ਭਾਰ ਹੁਣ ਤੱਕ ਆਪਣੇ ਸਿਰ ਤੇ ਚੁੱਕੀ ਜਾਂ ਰਿਹਾ ਹੈ। ਪੈਸੇ ਖਾਤਰ ਤੂੰ ਹਜਾਰਾਂ ਲੋਕਾਂ ਨੂੰ ਮੂਰਖ ਬਣਾਇਆ ਹੈ। ਤੂੰ ਕੀ ਸਮਝਦਾ ਹੈਂ ਕਿ ਤੇਰੀ ਮੌਤ ਨਹੀ ਆਉਣੀ? ਓਥੇ ਗੁਰੂ ਸਾਹਿਬ ਨੇ ਫਿਰ ਲੋਕਾਂ ਨੂੰ ਸਤਿਨਾਮ ਵਾਹਿਗੁਰੂ ਦੇ ਸ਼ਬਦ ਨਾਲ ਜੋੜਿਆ। ਪੰਡਤਾਂ ਨੂੰ ਕਿਹਾ ਕਿ ਝੂਠ ਬੋਲਣ ਤੋਂ ਬਚੋ। ਨਾਲੇ ਪੰਡਤਾਂ ਨੂੰ ਲੰਗਰ ਆਦਿ ਲਾਉਣ ਵਾਸਤੇ ਪ੍ਰੇਰਤ ਕੀਤਾ। ਇਥੋਂ ਦੇ ਕੁਝ ਬ੍ਰਾਹਮਣ ਪ੍ਰਵਾਰਾਂ ਫਿਰ ਸਿੱਖੀ ਧਾਰਨ ਕੀਤੀ।

ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ ॥ ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ ॥੫॥ ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ ॥ ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥

ਚੋਰ ਦਾ ਉਧਾਰ-ਕਰਾਹ

ਪਿਹੋਵੇ ਤੋਂ 11 ਕਿਲੋ ਮੀਟਰ ਪਹਿਲਾਂ ਪਿੰਡ ਕਰਾਹ ਆਇਆ ਸੀ। ਕਿਹਾ ਜਾਂਦਾ ਹੈ ਕਿ ਇਸ ਪਿੰਡ ਵਿੱਚ ਇੱਕ ਬ੍ਰਾਹਮਣ ਸੀ ਜਿਸ ਨੂੰ ਆਪਣੇ ਗਿਆਨ ਦਾ ਬਹੁਤ ਗਰੂਰ ਸੀ। ਗੁਰੂ ਸਾਹਿਬ ਨੇ ਉਹਦਾ ਹੰਕਾਰ ਤੋੜਿਆ। ਸਾਡਾ ਅੰਦਾਜ਼ਾ ਹੈ ਨਾਨੂੰ ਪੰਡਤ ਇਥੋ ਦਾ ਹੀ ਹੋਇਆ ਹੈ ਜਿਸ ਨੇ ਇਲਾਕੇ ਵਿੱਚ ਗੱਲ ਧੁਮਾ ਰੱਖੀ ਸੀ ਕਿ ਭਵਿਖਤ ਪੁਰਾਣ ਵਿਚ ਜੋ ਨਾਨਕ ਕਲਕੀ ਅਵਤਾਰ ਦੱਸਿਆ ਗਿਆ ਹੈ ਉਹ ਮੈਂ ਹੀ ਹਾਂ। ✦ ਗੁਰੂ ਸਾਹਿਬ ਨੇ ਉਸ ਤੇ ਵੀ ਦਿਆ ਕਰਕੇ ਉਹਨੂੰ ਉਹਦਾ ਸੱਚ ਦਿਖਾ ਦਿੱਤਾ। ਇਥੇ ਹੀ ਕਾਲੂ ਨਾਂ ਦੇ ਚੋਰ/ਡਾਕੂ ਨੂੰ ਅਸਾਧ ਰੋਗ ਤੋਂ ਮੁਕਤ ਕਰਕੇ ਸਿੱਖੀ ਬਖਸ਼ੀ ਸੀ। ਗੁਰੂ ਸਾਹਿਬ ਦੇ ਦੱਸੇ ਮਾਰਗ ਅਨੁਸਾਰ ਕਾਲੂ ਨੇ ਲੋਕ ਹਿੱਤ ਲਈ ਇੱਕ ਬਾਉਲੀ ਪੁੱਟਵਾਈ। ਇਥੇ ਇੱਕ ਇਮਲੀ ਦਾ ਰੁੱਖ ਦਸਮ ਗੁਰੂ ਦੇ ਆਮਦ ਦੀ ਯਾਦ ਦੁਆਉਦਾ ਹੈ।

"ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ ॥" ਲਓ ਜੀ ਬਾਬਾ ਪਹੁੰਚ ਗਇਆ ਕੁਲਸ਼ੇਤਰ ◘

ਕੁਰੂਕਸ਼ੇਤ੍ਰ ਜਾਂ ਕੁਲਖੇਤ੍ਰ ਹਿੰਦੂਆਂ ਦਾ ਪ੍ਰਮੁੱਖ ਤੀਰਥ ਅਸਥਾਨ ਹੈ। ਕਿਹਾ ਜਾਂਦਾ ਹੈ ਕਿ ਇਥੇ ਹੀ ਭਗਵਾਨ ਕ੍ਰਿਸ਼ਨ ਨੇ ਅਰਜਨ ਨੂੰ ਗੀਤਾ ਦਾ ਉਪਦੇਸ਼ ਦਿੱਤਾ ਸੀ। ਸੂਰਜ ਗ੍ਰਿਹਣ ਤੇ ਇਥੇ ਬਹੁਤ ਵੱਡਾ ਮੇਲਾ ਲਗਦਾ ਹੈ।

ਕੁਲਖੇਤਰ ਗੁਰੂ ਸਾਹਿਬ ਦੋ ਵਾਰੀ ਆਏ ਸਨ। ਪਹਿਲਾਂ 2 ਜਨਵਰੀ 1508 ਅਤੇ ਦੂਸਰੀ ਵਾਰੀ 2 ਦਸੰਬਰ 1518 ਨੂੰ। ◘

ਪ੍ਰੰਪਰਾ ਕਹਿ ਲਓ ਕਿ ਇਥੇ ਵੱਡਾ ਮੇਲਾ ਸੂਰਜ ਗ੍ਰਿਹਣ ਮੌਕੇ ਹੀ ਲਗਦਾ ਹੈ। ਹਿੰਦੂ ਮਿਥਹਾਸ ਵਿੱਚ ਮਾਨਤਾ ਹੈ ਕਿ ਸੂਰਜ ਗ੍ਰਿਹਣ ਓਦੋਂ ਲਗਦਾ ਹੈ ਜਦੋਂ ਰਾਹੂ ਗ੍ਰਿਹ ਸੂਰਜ ਨੂੰ ਨਿੱਗਲ ਜਾਂਦਾ। ਇਹ ਇਸ ਕਰਕੇ ਹੁੰਦਾ ਹੈ ਕਿ ਰਾਹੂ ਦੇਵਤਿਆਂ ਦਾ ਅੰਮ੍ਰਿਤ ਚੁਰਾ ਕੇ ਪੀ ਜਾਂਦਾ ਹੈ ਤੇ ਦੇਵਤਿਆਂ ਨੂੰ ਜਦੋਂ ਪਤਾ ਲਗਦਾ ਤਾਂ ਉਹ ਗੁੱਸੇ ਵਿੱਚ ਆ ਕੇ ਰਾਹੂ ਦਾ ਸਿਰ ਲਾਹ ਦਿੰਦੇ ਹਨ। ਧੜ ਤੋਂ ਵੱਖ ਹੋਇਆ ਸਿਰ, ਫਿਰ ਇਧਰ ਉਧਰ ਭਟਕਦਾ ਹੈ ਤੇ ਸੂਰਜ ਨੂੰ ਹੀ ਨਿਗਲ ਜਾਂਦਾ ਹੈ। ਗ੍ਰਿਹਣ ਮੌਕੇ ਜੀਵਨ ਦਾ ਹਰ ਕਾਰਜ ਬੰਦ ਕਰ ਦਿੱਤਾ ਜਾਂਦਾ ਹੈ। ਖਾਣਾ ਪੀਣਾ ਪਕਾਉਣਾ ਆਦਿ। ਫਿਰ ਪੰਡਤ ਆਪਣੇ ਮੰਦਰ ਪੂਰੀ ਤਰਾਂ ਬੰਦ ਕਰ ਦਿੰਦੇ ਹਨ ਤੇ ਬਾਹਰ ਬਹਿ ਕੇ ਉੱਚੀ ਉੱਚੀ ਮੰਤਰ ਪੜ੍ਹਦੇ ਹਨ ਤਾਂ ਕਿ ਸੂਰਜ ਅਜਾਦ ਹੋ ਜਾਵੇ। ਜਿਵੇ ਗ੍ਰਿਹਣ ਹਟਦਾ ਜਾਂ ਟੱਲ ਜਾਂਦਾ ਹੈ ਤਾਂ ਬ੍ਰਾਹਮਣ ਜਿੱਤ ਦਾ ਜੈਕਾਰਾ ਗੁਜਾਉਂਦੇ ਹਨ ਤੇ ਝੱਟ ਮੰਦਰ ਦੇ ਦਰਵਾਜੇ ਖੋਲ ਦਿੱਤਾ ਜਾਂਦੇ ਹਨ। ਟੱਲ, ਘੰਟੀਆਂ ਵੱਜਣੀਆਂ ਸ਼ੁਰੂ ਹੋ ਜਾਂਦੀਆਂ ਹਨ। ਤੀਰਥ ਤੇ ਖੁਸ਼ੀ ਦਾ ਮਹੌਲ ਬਣ ਜਾਂਦਾ ਹੈ। ਇਹ ਮਾਨਤਾ ਬਣਾਈ ਹੋਈ ਹੈ ਕਿ ਗ੍ਰਿਹਣ ਮੌਕੇ ਦਾਨ ਦਿੱਤਾ ਬਹੁਤ ਵੱਧਦਾ ਫੁੱਲਦਾ ਹੈ।

ਗ੍ਰਿਹਣ ਲਗਣ ਬਾਬਤ ਹਿੰਦੂ ਜਨਤਾ ਵਿੱਚ ਓਦੋਂ ਹਾਹਾਕਾਰ

ਪੈਰ ਸਫਾ

✦ ਤਰਲੋਚਨ ਸਿੰਘ ਨੇ ਪੁਸਤਕ ਗੁਰੂ ਨਾਨਕ ਦੇਵ ਜੀ ਵਿਚ ਕੁਝ ਇਸ ਤਰਾਂ ਲਿਖਿਆ ਹੈ: ਗਿਆਨੀ ਗਿਆਨ ਸਿੰਘ ਨੇ ਤਵਾਰੀਖ ਖਾਲਸਾ ਦੇ ਸਫਾ 26 ਤੇ ਆਹ ਕੁਝ ਲਿਖਿਆ ਹੈ: "ਗੁਰੂ ਨਾਨਕ ਜੀ ਦਾ ਸਤਿਗੁਰੂ ਅਵਤਾਰ ਹੋਣਾਂ ਬਿਆਸ ਜੀ ਨੇ ਭਵਿਖਤ ਪੁਰਾਣ ਵਿਚ ਲਿਖਿਆ ਹੈ; ਦੇਖੋ ਅਧਿਆਇ 28, ਸਲੋਕ 33 ਤੋਂ ਅੱਗੇ ਬ੍ਰਹਮਾ ਅਤੇ ਸਵਾਮੀ ਕਾਰਤਕ ਦੇ ਸੰਬਾਦ ਵਿੱਚ। ਇਹ ਕਥਾ ਲਿਖੀ ਹੈ: ਜਦ ਕਲਿਜੁਗ ਦੇ ਸਮੇਂ ਮਲੇਛਾਂ ਦਾ ਰਾਜ ਹੋ ਕੇ ਪ੍ਰਜਾ ਪੀੜਤ ਹੋਵੇਗੀ ਤਦੋਂ ਲੋਕਾਂ ਦੀ ਰੱਖਯਾ ਤੇ ਮਲੇਛਾਂ ਦਾ ਨਾਸ ਕਰਨ ਵਾਸਤੇ ਪੱਛਮ ਦੇਸ ਬੇਦੀ ਬੰਸ ਵਿਚ ਨਾਨਕ ਨਾਮ ਰਾਜ ਰਿਖੀ ਬ੍ਰਹਮ ਗਿਆਨੀ ਸਤਿਗੁਰੂ ਦਸ ਰੂਪ ਧਾਰੇਗਾ। ਉਨਾਂ ਦੀ ਸੰਪਰਦਾਇ ਦੇ ਸਿੰਘ ਕੁਝ ਚਿਰ ਰਾਜ ਕਰਕੇ ਰਾਜ ਖੁਹਾ ਬਹਿਣਗੇ। ਉਪਰੰਤ ਫਿਰ ਉਨਾਂ ਦਾ ਰਾਜ ਹੋਵੇਗਾ ਜੋ 350 ਸਾਲ ਚਲੇਗਾ।"

◉ **ਤਲਵੰਡੀ ਤੋ ਸਿਰਸਾ ਤੇ ਫਿਰ ਕੁਲਸ਼ੇਤਰ-** ਬਹੁਤੇ ਅਜੋਕੇ ਲਿਖਾਰੀਆਂ ਨੇ ਜਨਮ ਸਾਖੀਆਂ ਤੋਂ ਇਸ਼ਾਰਾ ਪਾ ਕੇ ਲਿਖਿਆ ਹੈ ਕਿ ਗੁਰੂ ਸਾਹਿਬ ਸਿਰਸੇ ਤੋਂ ਹੀ ਪਿਹੋਵਾ/ਕੁਰਖੇਤਰ ਆਏ। ਇਹ ਗਲ ਸਾਨੂੰ ਜਚੀ ਨਹੀ।

ਗਿਆਨੀ- 140 ਨੇ ਲਿਖਿਆ ਹੈ ਕਿ ਗੁਰੂ ਸਾਹਿਬ 14 ਹਾੜ ਸੰ. 1567 ਬਿ. (ਮੁਤਾਬਿਕ 1510 ਈ.) ਨੂੰ ਸਿਰਸੇ ਜਾ ਰਹੇ, 4 ਮਹੀਨੇ 11 ਦਿਨ ਓਥੇ ਰਹੇ। ਅਖੇ ਇਹ ਬਾਤ ਓਥੋਂ ਦੇ ਭੱਟਾਂ ਦੀ ਵਹੀ ਵਿਚ ਹੈ। ਇਹ ਤਾਰੀਖ ਉਂਜ ਵੀ ਜਗਨ ਨਾਥ ਪੁਰੀ ਦੇ ਦਸਤਾਵੇਜ ਕਰਕੇ ਰੱਦ ਹੋ ਜਾਂਦੀ ਹੈ। ਨਕਸ਼ੇ ਦੇ ਹਿਸਾਬ ਸਿਰਸਾ ਵਾਪਸੀ ਵੇਲੇ ਦੀ ਪੱਟੀ (ਟਰੈਕ) ਤੇ ਪੈਂਦਾ ਨਜਰ ਆਉਦਾ ਹੈ।

ਉਂਜ ਵੀ ਨਨਕਾਣਾ ਸਾਹਿਬ ਤੋਂ ਦਿੱਲੀ ਨੂੰ ਜਾਂਦਿਆਂ ਸਿਰਸਾ ਚੋਖਾ ਹੱਟਵਾਂ ਪੈਂ ਜਾਂਦਾ ਹੈ।

ਸੋ ਸਿਰਸਾ ਜਾਣਾ ਅਸੀ ਦੂਜੀ ਉਦਾਸੀ ਵਿਚ ਲਿਆ ਹੈ।

ਗੁਰਦੁਆਰਾ ਸਾਹਿਬ ਪਹਿਲੀ ਪਾਤਸ਼ਾਹੀ ਸਿੱਧ ਵੱਟੀ ਕੁਲਸ਼ੇਤਰ

ਮੱਚ ਜਾਂਦੀ ਸੀ। ਕਿ ਫਲਾਣੇ ਦਿਨ ਗ੍ਰਹਿਣ ਲੱਗਣ ਜਾ ਰਿਹਾ ਹੈ। ਇਹ ਘਟਨਾ ਇੰਨੀ ਮਹੱਤਵਪੂਰਨ ਮੰਨੀ ਜਾਂਦੀ ਸੀ ਕਿ ਬਾਬਰ ਨੇ ਵੀ ਆਪਣੀ ਜੀਵਨੀ ਵਿੱਚ ਗ੍ਰਹਿਣ ਲੱਗਣ ਦਾ ਜਿਕਰ ਕੀਤਾ ਹੈ। ਜਦੋਂ ਗੁਰੂ ਸਾਹਿਬ ਨੂੰ ਪਤਾ ਲਗਾ ਕਿ ਬੜਾ ਵੱਡਾ ਗ੍ਰਹਿਣ ਲੱਗਣ ਜਾ ਰਿਹਾ ਹੈ ਤੇ ਲੋਕੀ ਧੜਾ ਧੜ ਕੁਲਸ਼ੇਤਰ ਪਹੁੰਚ ਰਹੇ ਹਨ ਤਾਂ ਗੁਰੂ ਸਾਹਿਬ ਵੀ ਸੰਗ ਨਾਲ ਹੋ ਤੁਰੇ। ਉਤਸ਼ਾਹ ਤੇ ਡਰ ਅਥਾਹ ਸੀ ਕਿਉਕਿ ਮਸਲਾ ਸੂਰਜ ਦੀ ਅਜਾਦੀ ਦਾ ਸੀ। "ਜੇ ਕਿਤੇ ਸੂਰਜ ਅਜਾਦ ਨਾਂ ਹੋ ਪਾਇਆ ਤਾਂ ਦੁਨੀਆ ਖਤਮ ਹੋ ਜਾਵੇਗੀ। ਸੋ ਹੁੰਮ ਹੁੰਮਾ ਕੇ ਪਹੁੰਚੋ।"

ਫੁਰਮਾਨ ਗੁਰਬਾਣੀ ਹੈ: "ਮੰਨੈ ਪਤਿ ਸਿਉ ਪਰਗਟੁ ਜਾਇ॥" ਜਾਂ "ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ ॥" ਗੁਰੂ ਨਾਨਕ ਨੇ ਵੀ ਆਪਣਾ ਡੇਰਾ ਜਮਾ ਦਿੱਤਾ ਮੁਖ ਤੀਰਥ ਤੋਂ ਥੋੜਾਂ ਵਿਥ ਤੇ। ਕਿਉਕਿ ਉਹ ਕੁਝ ਕਰਦੇ ਹੀ ਅਜਿਹਾ ਸੀ ਕਿ ਝੱਟ ਪ੍ਰਗਟ ਹੋ ਜਾਂਦੇ ਸਨ। ਹੁਣ ਤੱਕ ਉਂਜ ਵੀ ਓਨਾਂ ਦੀ ਚਰਚਾ ਥਾਂ ਥਾਂ ਹੋ ਚੁੱਕੀ ਸੀ ਕਿ ਸੂਬਾ ਪੰਜਾਬ ਦਾ ਇੱਕ ਵਜੀਰ ਸਾਧ ਬਣ ਗਇਆ ਹੈ ਤੇ ਬਹੁਤ ਕੌਤਕ ਕਰਦਾ ਹੈ। ਗੁਰੂ ਸਾਹਿਬ ਦੀ ਚਰਚਾ ਸੁਣਕੇ ਇੱਕ ਬਿਹਾਰੀ ਰਾਜਕੁਮਾਰ ਵੀ ਗੁਰੂ ਸਾਹਿਬ ਕੋਲ ਆ ਗਿਆ। ਤਦ ਗੁਰੂ ਸਾਹਿਬ ਨੇ ਗ੍ਰਿਹਣ ਨੂੰ ਇੱਕ ਕੁਦਰਤੀ ਵਰਤਾਰਾ ਦੱਸਿਆ ਅਤੇ ਕਿਵੇ ਬ੍ਰਾਹਮਣ ਲੋਕਾਂ ਨੂੰ ਇਸ ਬਾਬਤ ਗੁਮਰਾਹ ਕਰ ਰਹੇ ਹਨ। ਸੋ ਥੋੜੀ ਜਿਹੀ ਗੱਲਬਾਤ ਉਪਰੰਤ ਹੀ ਉਹ ਸਾਹਿਬ ਦਾ ਮੁਰੀਦ ਬਣ ਗਿਆ।

ਅਗਲੇ ਦਿਨ ਸੂਰਜ ਗ੍ਰਿਹਣ ਸੀ। ਰਾਜਕੁਮਾਰ ਆਪਣੀ ਮੌਜ ਅਨੁਸਾਰ ਸਵੇਰੇ ਸ਼ਿਕਾਰ ਤੇ ਨਿਕਲਿਆ ਤੇ ਇੱਕ ਹਿਰਨ ਮਾਰ ਲਿਆਇਆ। ਆ ਕੇ ਗੁਰੂ ਸਾਹਿਬ ਦੇ ਚਰਨਾਂ ਤੇ ਭੇਟ ਕਰ ਦਿੱਤਾ। ✦ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਫਿਰ ਇੱਕ ਵੱਡੇ ਮੱਟ ਵਿੱਚ ਮਾਸ ਰਿੰਨਣਾਂ ਰੱਖ ਦਿੱਤਾ। ਜਿਵੇ ਧੂੰਆਂ ਨਿਕਲਿਆ ਓਥੇ ਤਾਂ ਹਾਹਾਕਾਰ ਮੱਚ ਗਈ ਕਿ ਵੇਖੋ ਇੱਕ ਸਾਧ ਨੇ ਸੂਰਜ ਗ੍ਰਿਹਣ ਮੌਕੇ ਅੱਗ ਬਾਲ ਦਿੱਤੀ ਹੈ। "ਜੀ ਅਨੱਰਥ ਹੋ ਗਿਆ। ਅਨੱਰਥ ਹੋ ਗਿਆ। ਪਾਪ ਹੋ ਗਿਆ।"

ਗੁਰੂ ਸਾਹਿਬ ਦੀ ਵਿਰੋਧਤਾ ਕਰਨ ਜਿਹੜਾ ਵੀ ਜਾਏ ਉਨਾਂ ਦੀ ਦਲੀਲ ਅੱਗੇ ਝੁੱਕ ਜਾਏ। ਫਿਰ ਗੱਲ ਮੁੱਖੀ ਪਾਂਡੇ ਤੱਕ ਪਹੁੰਚ ਗਈ। ਉਹ ਆਪਣੇ ਨਾਲ ਬੰਦੇ ਲੈ ਕੇ ਗੁਰੂ ਸਾਹਿਬ ਦੇ ਡੇਰੇ ਪਹੁੰਚ ਗਿਆ। ਨਿਮ੍ਰਤਾ ਦੀ ਮੂਰਤ ਗੁਰੂ ਸਾਹਿਬ ਨੇ ਉਸ ਨੂੰ ਅਜਿਹੇ ਜਵਾਬ ਦਿੱਤੇ ਕਿ ਬ੍ਰਾਹਮਣ ਨਿਰਉਤਰ ਹੋ ਗਿਆ। ਓਥੇ ਸੂਰਜ ਗ੍ਰਿਹਣ ਜਿਹੇ ਕੁਦਰਤੀ ਵਰਤਾਰੇ ਨੂੰ ਓਨੀ ਦਿਨੀ ਸਮਝਾਉਣਾ ਤਾਂ ਮੁਸ਼ਕਲ ਸੀ ਪਰ ਗੁਰੂ ਸਾਹਿਬ ਨੇ ਦੂਸਰੀ ਗੱਲ ਭਾਵ ਗ੍ਰਿਹਣ ਵੇਲੇ ਦੀ ਮਰਯਾਦਾ ਦਾ ਮਖੌਲ ਉਡਾ ਦਿੱਤਾ ਤੇ ਸਾਬਤ ਕਰ ਦਿੱਤਾ ਕਿ ਜੋ ਗ੍ਰਿਹਣ ਮੌਕੇ ਜੋ ਕੁਝ ਵੀ ਪੁਜਾਰੀ ਕਰ ਰਹੇ ਹਨ ਨਿਰਾ ਗਲਤ ਹੀ ਨਹੀ ਇਹ ਭੋਲੇ ਭਾਲੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ।

ਖੁਸਕਿਸਮਤੀ ਨਾਲ ਓਥੇ ਸਾਹਿਬ ਨੇ ਜੋ ਗੱਲਬਾਤ ਕੀਤੀ ਉਹ ਗੁਰਬਾਣੀ ਵਿੱਚ ਦਰਜ ਹੈ। ਬ੍ਰਾਹਮਣਾਂ ਨੂੰ ਸਮਝਾਇਆ ਕਿ ਕੋਈ ਮੂਰਖ ਬੰਦਾ ਹੀ ਇਸ ਗੱਲ ਤੇ ਬਹਿਸ ਕਰੇਗਾ ਕਿ ਮਾਸ ਖਾਣਾ ਚਾਹੀਦਾ ਹੈ ਕਿ ਨਹੀ? ਸਾਹਿਬ ਨੇ ਸਮਝਾਇਆ ਕਿ ਵਨਾਸਪਤੀ ਵਿੱਚ ਵੀ ਜੀਵਨ ਹੈ। ਇਹ ਗੱਲ ਅੱਜ ਸਾਇੰਸ ਨੇ ਵੀ ਸਾਬਤ ਕਰ ਦਿੱਤੀ ਹੈ ਕਿ ਰੁੱਖ ਤੇ ਜਾਨਵਰ ਦੇ ਸੈਲ (ਕੋਸ਼ਕਾ) ਵਿੱਚ ਕੋਈ ਬਹੁਤਾ ਫਰਕ ਨਹੀ ਹੁੰਦਾ। ਗੁਰੂ ਸਾਹਿਬ ਨੇ ਪਾਣੀ ਨੂੰ ਜੀਵਨ ਦਾ ਅਧਾਰ ਦੱਸਿਆ ਤੇ ਜੀਵਤ ਚੀਜ਼ਾਂ ਪਾਣੀ ਪੀਦੀਆਂ ਹਨ। ਮਲਾਰ ਰਾਗ ਵਿੱਚ ਪੰਨਾ 1289 ਤੇ ਸੁਭਾਇਮਾਨ ਇਸ ਸ਼ਬਦ ਵਿੱਚ ਪੰਡਤ ਨੂੰ ਇਸ ਤਰਾਂ ਕੁਝ ਨਿਰਉਤਰ ਕੀਤਾ ਤੇ ਕਿਹਾ ਕਿ ਤੁਸੀ ਕਹਿੰਦੇ ਹੋ ਕਿ ਜਿਹੜਾ ਮਾਸ ਖਾਏਗਾ ਉਹ ਨਰਕਾਂ ਨੂੰ ਜਾਏਗਾ। ਪਰ ਨਾਲ ਹੀ ਤੁਸੀ ਓਨਾਂ ਲੋਕਾਂ ਕੋਲੋ ਦਾਨ ਲੈ ਲੈਂਦੇ ਹੋ ਜਿਹੜੇ ਮਾਸ ਖਾਂਦੇ ਹਨ। ਸੋ ਇਹ ਕਿਥੋਂ ਦਾ ਨਿਆਂ ਕਿ ਤੁਹਾਡੇ ਦੇਣ ਵਾਲਾ ਤਾਂ ਨਰਕ ਜਾਏਗਾ ਪਰ ਲੈਣ ਵਾਲਾ ਸਵੱਰਗਾਂ ਵਿੱਚ।

ਸਲੋਕ ਮਃ ੧ ॥ ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥ ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ ॥ ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ ॥ ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ ॥ ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ ॥ ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ ॥ ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ ॥ ਆਪਿ ਛੁਟੇ ਨਹ ਛੁਟੀਐ ਨਾਨਕ ਬਚਨਿ ਬਿਣਾਸੁ ॥੧॥ ਮਃ ੧ ॥ ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ॥ ਕਉਣੁ ਮਾਸੁ ਕਉਣੁ ਸਾਗੁ ਕਹਾਵੈ ਕਿਸੁ ਮਹਿ ਪਾਪ ਸਮਾਣੇ ॥ ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ ॥ ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ ॥ ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ ॥ ਨਾਨਕ ਅੰਧੇ ਸਿਉ ਕਿਆ ਕਹੀਐ ਕਹੈ ਨ ਕਹਿਆ ਬੂਝੈ ॥ ਅੰਧਾ ਸੋਇ ਜਿ ਅੰਧੁ ਕਮਾਵੈ ਤਿਸੁ ਰਿਦੈ ਸਿ ਲੋਚਨ ਨਾਹੀ ॥ ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ ॥ ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ ॥ ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥ ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥ ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ ॥ ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ ॥ ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ ॥ ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥ ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥ ਮਾਸੁ ਪੁਰਾਣੀ ਮਾਸੁ ਕਤੇਬੀ ਚਹੁ ਜੁਗਿ ਮਾਸੁ ਕਮਾਣਾ ॥ ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ ॥ ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ ॥ ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ੍ ਕਾ ਦਾਨੁ ਨ ਲੈਣਾ ॥ ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ ॥ ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ ॥ ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ ॥ ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ ॥ ਤੋਆ ਆਥੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ ॥ ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ ॥੨॥

ਗੁਰੂ ਸਾਹਿਬ ਦੇ ਹੁਕਮ ਅਨੁਸਾਰ ਮਾਸ ਓਨਾਂ ਗਰੀਬ ਗੁਰਬਿਆਂ ਵਿਚ ਵਰਤਾਇਆ ਗਿਆ ਜਿਹੜੇ ਛਕਦੇ ਸਨ ਅਤੇ ਜਿੰਨਾਂ ਨੂੰ ਬ੍ਰਾਹਮਣੀ ਲੰਗਰ ਵਿਚ ਵੜ੍ਨਾਂ ਮਨਾ ਸੀ। ਸਦੀਆਂ ਤੋਂ ਲਿਤਾੜੇ ਹੋਏ ਲੋਕਾਂ ਦੇ ਮੂੰਹ ਵਿਚ ਜਬਾਨ ਪੈ ਗਈ। ਆਪ ਮੁਹਾਰੇ ਮੂੰਹੋ

ਨਿਕਲ ਰਿਹਾ ਸੀ: "ਬਾਬਾ ਨਾਨਕ ਕੀ ਜੈ। "

ਮਾਸ ਵਾਲੀ ਗੱਲ ਤੋਂ ਪਾਂਡੇ ਨੂੰ ਨਿਰਉੱਤਰ ਕਰਨ ਉਪਰੰਤ ਸਾਹਿਬ ਨੇ ਸਮਝਾਇਆ ਕਿ ਗ੍ਰਿਹਣ ਜਿਹੇ ਵਰਤਾਰੇ ਬਾਰੇ ਬ੍ਰਾਹਮਣ ਲੋਕਾਂ ਨੂੰ ਮੂਰਖ ਬਣਾ ਰਹੇ ਹਨ। ਸੱਚ ਮੁੱਚ ਗੁਰੂ ਸਾਹਿਬ ਉਸ ਅੰਧਾਰ ਵਿੱਚ ਦੀਵਾ ਸਾਬਤ ਹੋਏ।

ਸਲੋਕ ਮਃ ੧ ॥ ਦੀਵਾ ਬਲੈ ਅੰਧੇਰਾ ਜਾਇ ॥ ਬੇਦ ਪਾਠ ਮਤਿ ਪਾਪਾ ਖਾਇ ॥ ਉਗਵੈ ਸੂਰੁ ਨ ਜਾਪੈ ਚੰਦੁ ॥ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥ ਬੇਦ ਪਾਠ ਸੰਸਾਰ ਕੀ ਕਾਰ ॥ ਪੜਿ ਪੜਿ ਪੰਡਿਤ ਕਰਹਿ ਬੀਚਾਰ ॥ ਬਿਨੁ ਬੂਝੇ ਸਭ ਹੋਇ ਖੁਆਰ ॥ ਨਾਨਕ ਗੁਰਮੁਖਿ ਉਤਰਸਿ ਪਾਰਿ ॥

ਗੁਰੂ ਸਾਹਿਬ ਨੇ ਕਿਹਾ ਕਿ ਇਹ ਮੂਰਖਤਾਈ ਹੈ ਕਿ ਲੋਕਾਂ ਨੂੰ ਕਿਹਾ ਜਾਏ ਕਿ ਫਲਾਣੀ ਚੀਜ਼ ਖਾਓ ਤੇ ਫਲਾਨੀ ਨਾਂ ਖਾਓ।

ਇਸ ਮੌਕੇ ਕਿਹਾ ਜਾਂਦਾ ਹੈ ਕਿ ਹਜ਼ਾਰਾਂ ਲੋਕਾਂ ਨੇ ਪਾਖੰਡ ਤਿਆਗ ਕੇ ਗੁਰੂ ਸਾਹਿਬ ਕੋਲੋ ਸਿੱਖੀ ਹਾਸਲ ਕੀਤੀ ਤੇ ਨਾਮ ਨਾਲ ਜੁੜੇ। ਓਦੋ ਫਿਰ ਗੁਰੂ ਸਾਹਿਬ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਜਦੋਂ ਇੱਕ ਦੂਜੇ ਨੂੰ ਮਿਲਦੇ ਹੋ ਤਾਂ ਜਦੋ ਤੁਹਾਨੂੰ ਕੋਈ ਨਮਸਤੇ ਕਹੇ ਤਾਂ ਤੁਸੀ 'ਸਤਿ ਕਰਤਾਰ' ਕਹਿ ਕੇ ਜਵਾਬ ਦੇਣਾ ਹੈ। ਸਾਹਿਬ ਨੇ ਜੱਪਣ ਲਈ ਗੁਰਸਿੱਖਾਂ ਨੂੰ ਸ਼ਬਦ ਦਿੱਤਾ। ਹੁਕਮ ਕੀਤਾ ਕਿ ਹਰ ਵੇਲੇ ਸਤਿਨਾਮ ਸਤਿ ਕਰਤਾਰ ਵਾਹਿਗੁਰੂ ਦਾ ਜਾਪ ਕਰਿਆ ਕਰੋ। ਚੜ੍ਹਦੀ ਕਲਾ ਹਾਸਲ ਕਰਨ ਲਈ ਗੁਰੂ ਸਾਹਿਬ ਨੇ ਉਪਦੇਸ਼ ਕੀਤਾ ਕਿ ਤਿੰਨ ਰਾਹ ਹਨ, 1. ਗੁਰਸਿੱਖਾਂ ਦੀ ਸੰਗਤ, 2.ਸੱਚ ਤੇ ਪਹਿਰਾ, 3. ਸਬਰ ਸੰਤੋਖ, 4. ਸੰਜਮ -ਵਾਸ਼ਨਾਵਾਂ ਤੇ ਕਾਬੂ ਪਾਉਣਾ।

ਪੈਰ ਸਫਾ

◘ ਅਮਰੀਕਾ ਦੀ ਨਾਸਾ ਅਜੈਸੀ ਮੁਤਾਬਿਕ 1507 ਈ. ਅਤੇ 1508 ਈ ਵਿਚ ਸੂਰਜ ਗ੍ਰਿਹਣ ਹੇਠ ਲਿਖੀਆਂ ਤਰੀਕਾਂ ਨੂੰ ਲੱਗੇ ਸਨ:-

13-1–1507, 10-7-1507, 2-1-1508, 29-5–1508, 28-7–1508, 22-11-1508,

ਜਨਮਸਾਖੀਆਂ ਵਿਚ ਦਿਤੇ ਹਾਲਾਤਾਂ ਤੋਂ ਇਹੋ ਲਗਦਾ ਹੈ ਕਿ ਪਹਿਲੀ ਵਾਰ ਗੁਰੂ ਸਾਹਿਬ 2-1-1508 ਦੇ ਗ੍ਰਿਹਣ ਵੇਲੇ ਹਾਜਰ ਸਨ। ਕਿਉਕਿ ਸਤੰਬਰ 1507 ਈ ਵਿਚ ਸਾਹਿਬ ਸੁਲਤਾਨ ਪੁਰ ਤੋਂ ਨਿਕਲੇ ਸਨ। ਉਹਨਾਂ ਦੀ ਯਾਤਰਾ ਦੀ ਗਤੀ ਨੂੰ ਧਿਆਨ ਵਿਚ ਰੱਖਦਿਆਂ ਇਹੋ ਨਤੀਜਾ ਨਿਕਲਦਾ ਹੈ।

ਇਹ ਵੀ ਦਸਣਾ ਬਣਦਾ ਹੈ ਕਿ ਪੂਰਬ ਦੀ ਉਦਾਸੀ ਤੋਂ ਪਹਿਲਾਂ ਹੀ ਸਾਹਿਬ ਇਥੇ ਆ ਚੁੱਕੇ ਸਨ ਕਿਉਕਿ ਭਾਈ ਮਨੀ ਸਿੰਘ ਵਾਲੀ ਸਾਖੀ ਕਿ ਜਿਕਰ ਆਉਦਾ ਹੈ ਕਿ ਬਿਹਾਰ ਵਿੱਚ ਗੁਰੂ ਸਾਹਿਬ ਉਸ ਰਾਜ ਕੁਮਾਰ ਨੂੰ ਦੁਬਾਰਾ ਮਿਲੇ ਜਿੰਹਨੇ ਕੁਰਸ਼ੇਤਰ ਹਰਨ ਭੇਟ ਕੀਤਾ ਸੀ।

ਜਦੋਂ ਕਿ ਬਾਲੇ ਨੇ (ਸਫਾ 277) ਦੂਸਰੀ ਉਦਾਸੀ ਤੋਂ ਬਾਦ ਕੁਲਖੇਤਰ ਆਉਣਾ ਲਿਖਿਆ ਹੈ।

ਗੁਰਦੁਆਰਾ ਸਿੱਧ ਵੱਟੀ ਦੇ ਬਾਹਰ ਜਿਹੜਾ ਬੋਰਡ ਲੱਗਾ ਹੈ ਉਸ ਤੇ ਗੁਰੂ ਸਾਹਿਬ ਦੇ ਕੁਲਖੇਤਰ ਆਉਣ ਦੀ ਤਾਰੀਖ ਵੈਸਾਖੀ ਸੰਨ 1515 ਈ. ਦਿੱਤੀ ਹੈ। ਸਾਨੂੰ ਨਹੀ ਲੱਗਦਾ ਕਿ ਗੁਰਦੁਆਰਾ ਪ੍ਰਬੰਧਕਾਂ ਨੇ ਇਹ ਤਾਰੀਖ ਸੀਨਾ ਬਸੀਨਾ ਚਲਦੀ ਰਵਾਇਤ ਵਿਚੋਂ ਲਈ ਹੋਵੇ। ਅਮੂਮਨ ਪ੍ਰਬੰਧਕ ਮੁਕਾਮੀ ਰਵਾਇਤ ਨੂੰ ਨਜਰਅੰਦਾਜ ਕਰਕੇ ਕਿਸੇ ਕਿਤਾਬ ਵਿਚ ਦਿੱਤੀ ਜਾਣਕਾਰੀ ਨੂੰ ਪਹਿਲ ਦੇ ਦਿੰਦੇ ਨੇ। ਬਦਕਿਸਮਤੀ ਨਾਲ ਸਾਡੇ ਲੋਕ ਰਵਾਇਤ ਦੀ ਕਦਰ ਨਹੀ ਕਰਦੇ। ਜਦੋਂ ਕਿ ਇਤਿਹਾਸ ਦਾ ਅਸੂਲ ਹੈ ਕਿ ਸੱਚ ਦੀ ਘੋਖ ਕਰਦਿਆਂ 'ਰਵਾਇਤ ਨੂੰ ਪਹਿਲ ਦਿੱਤੀ ਜਾਵੇ ਜੇ ਉਹ ਝੂਠੀ ਸਾਬਤ ਨਹੀ ਹੁੰਦੀ ਤਾਂ।'' ਸਾਡੇ ਲੋਕਾਂ ਨੇ ਜੇ ਰਵਾਇਤ ਵਿਚ ਦਿੱਤੀਆਂ ਤਰੀਖਾਂ ਦੀ ਕਦਰ ਕੀਤੀ ਹੁੰਦੀ ਤਾਂ ਤਰੀਖਾਂ ਬਾਰੇ ਇਨੇ ਬਖੇੜੇ ਨਹੀ ਸਨ ਪੈਣੇ। ਲੋਕਾਂ ਨੂੰ ਧਿਆਨ ਰੱਖਣਾ ਚਾਹੀਦਾ ਕਿ ਲਿਖਾਰੀ ਤਾਂ ਸੈਕੜੇ ਮੀਲ ਦੂਰ ਬੈਠਾ ਕਿਤਾਬ ਵਿਚ ਤੁਹਾਡੇ ਅਸਥਾਨ ਬਾਰੇ ਲਿਖ ਰਿਹਾ ਹੈ। ਅਸਲੀ ਜਾਣਕਾਰੀ ਤਾਂ ਸਥਾਨਕ ਲੋਕਾਂ ਨੂੰ ਹੁੰਦੀ ਹੈ।

✚ ਗਿਆਨੀ-97 ਨੇ ਲਿਖਿਆ ਕਿ ਹਿਰਨ ਹਾਂਸੀ ਦੇ ਰਾਜੇ ਦੇ ਪੁੱਤਰ ਨੇ ਚੜਾਇਆ ਸੀ ਜਦੋਂ ਕਿ ਮਨੀ ਸਿੰਘ -317 ਨੇ ਬਿਹਾਰ ਦੇ ਰਾਣੀ ਅਤੇ ਰਾਜਕੁਮਾਰ ਦੱਸਿਆ ਹੈ।

ਓਏ ਫਕੀਰਾ ਜਨਾਨੀ ਕਿਓ ਬਣਿਆ ਫਿਰਦੈ ? ਕਰਨਾਲ ਜਾ ਟੁੰਬਿਆ ਪੀਰ ਟਟੀਰੀ ਨੂੰ

ਰੱਬ ਨੂੰ ਪਾਉਣ ਦੇ ਰਾਹ ਵਿੱਚ ਬੰਦਾ ਕਾਹਲੀ ਕਰੇ ਤਾਂ ਭੇਖੀ ਬਣ ਜਾਂਦਾ ਹੈ

ਕੁਲਖੇਤਰ ਤੋਂ ਹੁੰਦੇ ਹੋਏ ਫਿਰ ਬਾਬਾ ਨਾਨਕ ਜਾ ਕਰਨਾਲ ਠਹਿਰੇ। ਓਨਾਂ ਨੂੰ ਦੱਸਿਆ ਹੋਇਆ ਸੀ ਕਿ ਓਥੇ ਵੀ ਫਕੀਰਾਂ ਦਾ ਵੱਡਾ ਅੱਡਾ ਬੋ ਅਲੀ ਸ਼ਾਹ ਕਲੰਦਰ ਦੀ ਦਰਗਾਹ ਤੇ ਹੈ। ਪੀਰ ਦਾ ਅਸਲੀ ਨਾਂ ਤਾਂ ਅਬੂ ਅਲੀ ਸੀ ਪਰ ਓਥੇ ਪ੍ਰਚਲਤ ਨਾਂ ਬਾਬਾ ਬੋ (ਸੁਗੰਧ) ਪਿਆ ਹੋਇਆ ਸੀ। ਦਰਗਾਹ ਦਾ ਗੱਦੀ ਨਸ਼ੀਨ ਪੀਰ ਉਨੀ ਦਿਨੀ ਸ਼ੇਖ ਤਾਹਿਰ ਸੀ। ਜਿਆਦਾ ਬੋਲਣ ਦੀ ਆਦਤ ਕਰਕੇ ਲੋਕਾਂ ਉਹਦਾ ਨਾਂ ਸੇਖ ਟਟੀਰੀ (ਟਟਿਆਉਲੀ) ਪਾਇਆ ਹੋਇਆ ਸੀ।

ਬੋ ਅਲੀ ਦੇ ਮਕਬਰੇ ਦੇ ਰਾਹ ਵਿੱਚ ਬਾਬਾ ਜੀ ਨੇ ਡੇਰਾ ਲਾ ਲਿਆ। ਸਬੱਬੀ ਇੱਕ ਫਕੀਰ ਆ ਨਿਕਲਿਆ। ਬਾਬੇ ਨੂੰ ਸਲਾਮ ਕੀਤੀ। ਗੁਰੂ ਸਾਹਿਬ ਨੇ ਜਵਾਬ ਦਿੱਤਾ, ''ਆਲੇਖ ਕੋ ਸਲਾਮ, ਨਿਰੰਕਾਰ ਕੋ ਸਲਾਮ, ਅਕਾਲ ਕੋ ਸਲਾਮ।''

ਫਕੀਰ ਨੂੰ ਬੜਾ ਵੱਟ ਚੜਿਆ। ਕਿਉਕਿ ਮੁਸਲਮਾਨ ਲੋਕ ਸਲਾਮ ਦੇ ਜਵਾਬ ਵਿਚ 'ਵਾਹ ਲਾਇਕਮ ਇਸਲਾਮ' ਕਹਿੰਦੇ ਨੇ। ਭਾਵ ਇਸਲਾਮ ਮਜ਼ਬ ਦੀ ਤਾਰੀਫ। ਫਕੀਰ ਨੇ ਜਾ ਸੇਖ ਟਟੀਰੀ ਕੋਲ ਸ਼ਕਾਇਤ ਕੀਤੀ ਕਿ ਹਜੂਰ ਬਾਹਰ ਬਾਗ ਕੰਢੇ ਫਕੀਰਾਂ ਦਾ ਇੱਕ ਜੋੜਾ ਬੈਠਾ। ਉਹ ਵੇਖਣ ਨੂੰ ਹਿੰਦੂ ਵੀ ਨਹੀ ਲਗਦੇ। ਮੈਂ ਜਦੋਂ ਸਲਾਮ ਕਹੀ ਤਾਂ ਓਨਾਂ ਆਹ ਜਵਾਬ ਦਿੱਤਾ. ''ਆਲੇਖ ਕੋ ਸਲਾਮ''

ਇਹ ਸੁਣ ਕੇ ਟਟੀਰੀ ਸ਼ੇਖ ਦਾ ਜਿਵੇ ਮੰਨ ਖਿੜ ਉਠਦੈ, ''ਓਏ ਕਿਤੇ ਤੂੰ ਨਾਨਕ ਦਰਵੇਸ਼ ਦੇ ਦਰਸ਼ਨ ਤਾਂ ਨਹੀ ਕਰ ਆਇਆ?'' ਫਕੀਰ ਨੇ ਸਾਰਾ ਹੁਲਿਆ ਦਸਿਆ। ਟਟੀਰੀ ਕਹਿੰਦਾ ਚਲ ਹੁਣੇ ਮੈਂਨੂੰ ਉਸ ਤੱਕ ਲੈ ਚਲ।

ਟਟੀਰੀ ਗੁਰੂ ਸਾਹਿਬ ਦੇ ਡੇਰੇ ਪਹੁੰਚਿਆ ਤੇ ਸਲਾਮ ਕੀਤੀ। ਗੁਰੂ ਸਾਹਿਬ ਨੇ ਸ਼ੇਖ ਨੂੰ ਗੱਲ ਨਾਲ ਲਾਇਆ। ਸਾਰਾ ਹਾਲ ਚਾਲ ਪੁਛਿਆ।

ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥ ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥ ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ ॥੧॥ ਕਰਤਾ ਸਭੁ ਕੋ ਤੇਰੈ ਜੋਰਿ ॥ ਏਕੁ ਸਬਦੁ ਬੀਚਾਰੀਐ ਜਾ ਤੂ ਤਾ ਕਿਆ ਹੋਰਿ ॥੧॥ ਰਹਾਉ ॥ ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ ॥ ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ ॥ ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ ॥੨॥

ਟਟੀਰੀ ਨੇ ਉਸ ਵੇਲੇ ਜਨਾਨਾ ਭੇਖ ਬਣਾਇਆ ਹੋਇਆ ਸੀ। ਸਿਰ ਤੇ ਚੁੰਨੀ, ਹੱਥਾਂ ਤੇ ਮਹਿੰਦੀ, ਚੂੜੀਆਂ, ਬੁੱਲਾਂ ਤੇ ਸੁਰਖੀ।

ਬਾਬੇ ਨੇ ਕਿਹਾ ਟਟੀਰੀ ਆਹ ਭੇਖ ਕਿਓ ਬਣਾਈਆਂ ਈ? ਅੱਗੋ ਟਟੀਰੀ ਕਹਿੰਦਾ, ''ਕੀ ਕਰੀਏ ਜੀ, ਪਤੀ ਨਹੀ ਮਿਲ ਰਿਹਾ

ਮੈਨੂੰ। ਉਹਦੇ ਵਿਛੋੜੇ ਵਿੱਚ ਇਹ ਸਭ ਕੁਝ।''

ਸਾਹਿਬ ਨੇ ਕਿਹਾ "ਨਾਂ ਭਾਈ ਨਾਂ। ਇਹ ਤਾਂ ਪਾਖੰਡ ਹੋ ਜਾਂਦਾ ਹੈ ਇਹ ਤਾਂ ਵਿਖਾਵਾ ਹੈ। ਮੁਹੱਬਤ ਤਾਂ ਦਿਲੋਂ ਹੁੰਦੀ ਹੈ। ਭੇਖ ਕੀਤਿਆਂ ਉਹ ਨਹੀ ਰੀਝਦਾ। ਕੀ ਬੱਚਾ ਆਪਣੀ ਮਾਂ ਨਾਲ ਪਿਆਰ ਮੌਕੇ ਕੋਈ ਭੇਖ ਬਣਾਉਦਾ ਹੈ? ਨਹੀ ਟਟੀਰੀ ਤੁਸਾਂ ਤਾਂ ਸਗੋ ਆਪਣੇ ਪਿਆਰੇ ਨੂੰ ਨਰਾਜ ਕੀਤਾ ਹੋਇਆ ਹੈ। ਉਸ ਨੇ ਤੁਹਾਨੂੰ ਮਰਦ ਬਣਾਇਆ ਸੀ ਤੁਸਾਂ ਉਹਦਾ ਹੁਕਮ ਅਦੂਲ ਦਿੱਤਾ ਹੈ।"

ਗੁਰੂ ਸਾਹਿਬ ਨੇ ਮਰਦਾਨੇ ਨੂੰ ਸੁਚੇਤ ਕੀਤਾ, ਮਰਦਾਨੇ ਛੇੜ ਦੇ ਤਾਰ ਬਾਣੀ ਆ ਰਹੀ ਹੈ:-

ਆਸਾ ਘਰੁ ੫ ਮਹਲਾ ੧ ॥ ੧ੴ ਸਤਿਗੁਰ ਪ੍ਰਸਾਦਿ ॥ ਭੀਤਰਿ ਪੰਚ ਗੁਪਤ ਮਨਿ ਵਾਸੇ ॥ ਥਿਰੁ ਨ ਰਹਹਿ ਜੈਸੇ ਭਵਹਿ ਉਦਾਸੇ ॥੧॥ ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ ॥ ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ ॥੧॥ ਰਹਾਉ ॥ ਫੂਲ ਮਾਲਾ ਗਲਿ ਪਹਿਰਉਗੀ ਹਾਰੋ ॥ ਮਿਲੈਗਾ ਪ੍ਰੀਤਮੁ ਤਬ ਕਰਉਗੀ ਸੀਗਾਰੋ ॥੨॥ ਪੰਚ ਸਖੀ ਹਮ ਏਕੁ ਭਤਾਰੋ ॥ ਪੇਡਿ ਲਗੀ ਹੈ ਜੀਅੜਾ ਚਾਲਣਹਾਰੋ ॥੩॥ ਪੰਚ ਸਖੀ ਮਿਲਿ ਰੁਦਨੁ ਕਰੇਹਾ ॥ ਸਾਹੁ ਪਜੂਤਾ ਪ੍ਰਣਵਤਿ ਨਾਨਕ ਲੇਖਾ ਦੇਹਾ ॥੪॥੧॥੩੪॥



(ਖੱਬੇ) ਬੀ:40 ਪੇਂਟਿਗ ਜਨਾਨੀ ਬਣਿਆ ਪੀਰ ਟਟੀਰੀ। ਪੀਰਾਂ ਫਕੀਰਾਂ ਦਾ ਜਨਾਨੀ ਬਣਨ ਦਾ ਪਾਖੰਡ ਅੱਜ ਵੀ ਬਾਦਸਤੂਰ ਜਾਰੀ ਹੈ। ਆਹ ਵੇਖੋ ਪਾਕਿਸਤਾਨ ਦੇ ਇਕ ਪੀਰ ਦਾ ਹਾਲ।

ਟਟੀਰੀ ਨੂੰ ਸਮਝਾਇਆ ਭਈ ਨਿਰੰਕਾਰ ਦੇ ਰਾਹ ਚਲਦਿਆਂ ਆਪਾਂ ਕਾਹਲੀ ਨਹੀ ਸਕਦੇ। ਸਬਰ ਸੰਤੋਖ ਹੀ ਉਹਦੇ ਪੰਧ ਦਾ ਗਹਿਣਾ ਹੈ। ਜੇ ਖੁੱਦਾ ਨੂੰ ਪਾਉਣ ਦੀ ਕਾਹਲ ਵਿੱਚ ਆਪਾਂ ਕਾਹਲ ਕਰਾਂਗੇ ਤਾਂ ਭੇਖੀ ਬਣ ਜਾਵਾਂਗੇ। ਖੁੱਦਾ ਦੀ ਮੁਹੱਬਤ ਤੁਹਾਡੇ ਹਿਰਦੇ ਵਿੱਚ ਹੋਵੇ। ਲੋਕ ਵਿਖਾਵਾ ਨਾਂ ਹੋਵੇ।

ਬਾਗ ਤੋਂ ਇਲਾਵਾ ਗੁਰੂ ਸਾਹਿਬ ਸ਼ਹਿਰ ਵਿਚ ਸਰਾਫਾ ਬਜਾਰ ਵਿਚ ਜਿਥੇ ਬਿਰਾਜੇ ਸਨ ਓਥੇ ਉਹਨਾਂ ਦੀ ਫੇਰੀ ਦੀ ਯਾਦ ਵਿੱਚ ਮੰਜੀ ਸਾਹਿਬ (ਥੜਾ) ਉਸਾਰਿਆ ਗਇਆ। ਫਿਰ 1709/10 ਵਿਚ ਜਦੋਂ ਬੰਦਾ ਸਿੰਘ ਬਹਾਦਰ ਨੇ ਕਰਨਾਲ ਫਤਹਿ ਕੀਤਾ ਤਾਂ ਇਥੇ ਵੀ ਗੁਰਦੁਆਰਾ ਮੰਜੀ ਸਾਹਿਬ ਪਹਿਲੀ ਪਾਤਸ਼ਾਹੀ ਬਣਿਆ।

ਲਗਦਾ ਹੈ ਇਹ ਕਿਸੇ ਗੁਰਸਿੱਖ ਨੇ ਕੁਝ ਹੀ ਸਮਾਂ ਪਹਿਲਾਂ ਬਣਾਇਆ ਹੋਵੇਗਾ ਕਿਉਕਿ ਗੁਰਦੁਆਰਾ ਸ਼੍ਰੋਮਣੀ ਕਮੇਟੀ ਤਹਿਤ ਆਉਦੇ ਗੁਰਦੁਆਰਿਆ ਦੀ ਲਿਸਟ ਵਿੱਚ ਨਹੀ ਮਿਲਿਆ। ਜੂਨ 2017 ਵਿੱਚ ਇਹ ਗੁਰਦੁਆਰਾ ਖਬਰਾਂ ਵਿੱਚ ਵੀ ਸੀ ਜਦੋਂ ਇਸ ਦੀ ਇਮਾਰਤ ਢਿਗਣ ਨਾਲ 5 ਬੰਦੇ ਮਾਰੇ ਗਏ ਸਨ।

ਟਟੀਰੀ ਕੋਲ ਕੁਝ ਸਮਾਂ ਰਹਿ ਕੇ ਗੁਰੂ ਸਾਹਿਬ ਅੱਗੇ ਦਿੱਲੀ ਨੂੰ

ਪੈਂਡਾ ਸਫਾ

◉ ਪੁਰਾਤਨ-53 ਨੇ ਇਸ ਸਾਖੀ ਦਾ ਪਾਣੀਪਤ ਵਾਪਰਨਾ ਲਿਖਿਆ ਹੈ। ਖਜ਼ਾਨ ਸਿੰਘ ਅਤੇ ਹੋਰ ਲਿਖਾਰੀਆਂ ਵੀ ਫਿਰ ਓਹੋ ਦੇ ਦਿਤਾ। ਅਸਲ ਸਾਖੀ ਕਰਨਾਲ ਵਿਚ ਵਾਪਰੀ ਸੀ। ਇਸ ਦਾ ਸਭ ਤੋਂ ਵੱਡਾ ਸਬੂਤ ਕਰਨਾਲ ਵਿਖੇ ਮੌਜੂਦ ਗੁਰੂ ਸਾਹਿਬ ਦਾ ਮੰਜੀ ਸਾਹਿਬ ਅਤੇ ਸਥਾਨਕ ਰਵਾਇਤ ਹੈ । ਸ਼ੇਖ ਤਾਹਿਰ ਜਾਂ ਟਟੀਰੀ ਪੀਰ ਦਰ ਅਸਲ ਬੋ ਅਲੀ ਦੀ ਦਰਗਾਹ ਦੇ ਪੀਰਾਂ ਵਿਚੋਂ ਸੀ ਜੋ ਕਰਨਾਲ ਵਿਚ ਰਹਿ ਕੇ ਇਸਲਾਮ ਦਾ ਪ੍ਰਚਾਰ ਕਰਦਾ ਸੀ। ਰਵਾਇਤ ਵਿਚ ਇਹ ਵੀ ਆਉਦਾ ਹੈ ਕਿ ਉਹ ਲੋਕਾਂ ਨੂੰ ਭਰਮਾਉਣ ਲਈ ਚਮਤਕਾਰ ਵੀ ਕਰਦਾ ਸੀ।

ਪਾਣੀਪਤ ਦਾ ਸ਼ੇਖ ਸ਼ਰਫਉਦੀਨ ਉਰਫ ਬੋ ਅਲੀ ਗੁਰੂ ਸਾਹਿਬ ਤੋਂ ਬਹੁਤ ਪਹਿਲਾਂ ਹੋਇਆ ਹੈ।(ਯੂਟਿਊਬ ਦੇ ਵੀਡੀਓ ਮੁਤਾਬਿਕ ਉਹਦਾ ਦਾ ਜਨਮ 1209 ਈ. ਅਜ਼ਰਬਾਇਜਾਨ, ਈਰਾਨ ਦਾ ਹੈ, ਦਿਹਾਂਤ 30 ਅੱਸੂ, 1332 ਸੰਮਤ ਭਾਵ 1275 ਈ.) ਇਹਨਾਂ ਦਾ ਮਕਬਰਾ ਬਾਦਸ਼ਾਹ ਜਹਾਂਗੀਰ ਦੇ ਇਕ ਜਰਨੈਲ ਨੇ ਬਣਵਾਇਆ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਬੋ ਅਲੀ ਦਰ ਅਸਲ ਕਰਨਾਲ ਦੀ ਹੀ ਪੈਦਾਇਸ਼ ਸੀ। ਜਿਸ ਨੇ ਲੰਮਾ ਸਮਾਂ ਪਾਣੀ ਵਿਚ ਖਲੋ ਕੇ ਭਗਤੀ ਕੀਤੀ ਜਿਸ ਕਾਰਨ ਉਹਦਾ ਸਰੀਰ ਬੋ ਮਾਰਦਾ ਸੀ।

ਸਾਨੂੰ ਵੀ ਸ਼ੱਕ ਹੈ ਕਿ ਜਿਹੜਾ ਉਹਨੂੰ ਅਜਰਬਾਇਜਾਨ ਨਾਲ ਜੋੜਿਆ ਜਾਂਦਾ ਹੈ ਉਹ ਗੁਰੂ ਸਾਹਿਬ ਦੀ ਬਗਦਾਦ ਫੇਰੀ ਦੇ ਰੱਲ ਗੱਡ ਹੋਣ ਕਾਰਨ ਹੈ। ਕਿਉਕਿ ਗੁਰੂ ਸਾਹਿਬ ਬਗਦਾਦ ਵਿਚ ਸ਼ਰਫਉਦੀਨ ਨੂੰ ਹੀ ਮਿਲਦੇ ਹਨ। ਇਥੇ ਵੀ ਪੀਰ ਦਾ ਨਾਂ ਸਰਫਦੀਨ ਹੀ ਹੈ।

ਇਸ ਵਿਚ ਕੋਈ ਹੈਰਾਨੀ ਨਹੀ ਕਿ ਜਨਮ ਸਾਖੀ ਨੇ ਗੁਰੂ ਸਾਹਿਬ ਦਾ ਮੇਲ ਸਿੱਧਾ ਬੋ ਅਲੀ ਨਾਲ ਵਿਖਾਇਆ ਹੈ। ਐਨ ਏਸੇ ਤਰਾਂ ਜਦੋਂ ਗੁਰੂ ਸਾਹਿਬ ਸਿੱਧ ਜੋਗੀਆਂ ਨੂੰ ਮਿਲਦੇ ਨੇ ਤਾਂ ਜਨਮਸਾਖੀ ਮੱਠ ਜਾਂ ਸੰਪਰਦਾ ਦੇ ਮੁਖੀ ਨਾਲ ਮੇਲ ਵਿਖਾਉਦੀਆਂ ਹਨ ਭਾਵੇ ਉਸ ਨੂੰ ਗੁਜਰੇ ਸੈਕੜੇ ਸਾਲ ਹੋ ਗਏ ਹੋਣ। ਕੁਦਰਤੀ ਹੈ ਜਿੰਨੀ ਕੁ ਜਨਮਸਾਖੀ ਦੇ ਕਰਤਾ ਨੇ ਗਲ ਸੁਣੀ ਹੁੰਦੀ ਹੈ, ਆਪਣੇ ਗਿਆਨ ਮੁਤਾਬਿਕ ਉਸ ਲਿਖ ਦਿੱਤੀ। ਜਿਵੇ ਕਿਤੇ ਗੋਰਖ ਨਾਥ ਨਾਲ ਗੁਰੂ ਸਾਹਿਬ ਦਾ ਮੇਲ ਦਿਖਾਇਆ ਹੈ। ਹਾਲਾਂਕਿ ਗੋਰਖ ਨਾਥ ਗੁਰੂ ਸਾਹਿਬ ਤੋਂ ਕਈ ਸਦੀਆਂ ਪਹਿਲਾਂ ਹੋਇਆ ਹੈ। ਚਾਹੇ ਨਾਂ ਗਲਤ ਹੀ ਹਨ ਪਰ ਜਨਮ ਸਾਖੀ ਦੇ ਲਿਖਾਰੀਆਂ ਨੇ ਜਿੰਨੀ ਘਟਨਾ ਦਾ ਪਤਾ ਸੀ ਲਿਖ ਕੇ ਵੱਡੀ ਸੇਵਾ ਕੀਤੀ ਹੈ। ਸੋ ਸ਼ੇਖ ਸਰਫ ਉਰਫ ਬੋ ਅਲੀ ਗੁਰੂ ਸਾਹਿਬ ਤੋਂ ਪਹਿਲਾਂ ਹੋ ਗੁਜਰਿਆ ਹੈ। ਅਤੇ ਇਹ ਸਾਖੀ ਕਰਨਾਲ ਵਾਪਰੀ ਸੀ। ਸ਼ੇਖ ਟਟੀਰੀ ਕਰਨਾਲ ਰਹਿੰਦਾ ਸੀ ਪਰ ਅਨੁਆਈ ਬੋ ਅਲੀ ਦੀ ਦਰਗਾਹ ਦਾ ਹੀ ਸੀ।

ਕਰਨਾਲ ਦੀ ਮੰਜੀ ਸਾਹਿਬ ਵਿਖੇ ਫਿਰ ਅੱਠਵੇ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਆਉਣ ਦੀ ਵੀ ਰਵਾਇਤ ਹੈ।

ਕਰਨਾਲ ਤੋਂ ਗੁਰੂ ਸਾਹਿਬ ਫਿਰ ਪਾਣੀਪਤ ਆਏ ਤੇ ਸੰਭਾਵਨਾ ਹੈ ਕਿ ਉਹ ਬੋ ਅਲੀ ਦੀ ਦਰਗਾਹ ਤੇ ਵੀ ਪਧਾਰੇ। ਪਾਣੀਪਤ ਦਾ ਗੁਰਦੁਆਰਾ ਮੌਜੂਦਾ ਦੌਰ ਵਿਚ ਹੀ ਕਿਸੇ ਨੇ ਜੀ ਟੀ ਰੋਡ ਤੇ ਬਣਾਇਆ ਹੈ ਅਤੇ ਗੁਰੂ ਸਾਹਿਬ ਦੀ ਆਮਦ ਨਾਲ ਜੋੜ ਦਿੱਤਾ ਹੈ।

ਬੋ ਅਲੀ ਦਾ ਮਕਬਰਾ - ਪਾਣੀਪਤ



ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਪਹਿਲੀ, ਹਨੂਮਾਨ ਗਲੀ, ਮੁਹੱਲਾ ਖੱਤਰੀਆਂ, ਕਰਨਾਲ।ਮੰਦਰ ਤੇ ਮਸੀਤ

ਇਸ ਫੋਟੋ ਨੂੰ ਧਿਆਨ ਨਾਲ ਵੇਖਿਆ ਜਾਵੇ। ਇਤਹਾਸਿਕ ਗੁਰਦੁਆਰੇ ਦੇ ਨਾਲ ਥੋੜੀ ਜਿਹੀ ਥਾਂ 'ਚ 4-5 ਮੰਜਲਾਂ ਉੱਚਾ ਮੰਦਰ ਬਣਾ ਦਿੱਤਾ ਹੈ। ਐਨ ਗੇਟ ਅੱਗੇ ਬਿਜਲੀ ਦਾ ਪੋਲ ਗੱਢ ਦਿਤਾ। ਗੁਰਦੁਆਰਾ ਸਾਹਿਬ ਨਾਲ ਈਰਖਾ ਸਾਫ ਨਜਰ ਆ ਰਹੀ ਹੈ।

ਇਸ ਵਰਤਾਰੇ ਨੂੰ ਸਮਝਣ ਲਈ ww.punjamonitor.com ਤੇ ਦਿੱਤਾ ਲੇਖ 'ਖੱਤਰੀ ਜਿੰਨਾਂ ਸਿੱਖੀ ਸਾਜੀ ਅਤੇ ਤਿਆਗੀ' ਪੜਿਆ ਜਾਵੇ। ਕਹਿਣ ਤੋਂ ਮਤਲਬ ਗੁਰੂ ਸਾਹਿਬਾਨ ਜਿਹਨਾਂ ਹਿੰਦੂਆਂ ਲਈ ਆਪਾ ਵਾਰਦੇ ਰਹੇ ਅੱਜ ਉਹ ਭਾਰਤ ਦੇ ਅਜਾਦ ਹੋਣ ਤੇ ਕੀ ਰਵੱਈਆ ਰੱਖਦੇ ਨੇ। ਮੁਗਲ ਅਤੇ ਸਿੱਖ ਹਕੂਮਤ ਹੋਣ ਵੇਲੇ ਸਿੱਖੀ ਦੀ ਪਾਲਣਾ ਕਰਨ ਵਾਲੇ ਬਹੁਤੇ ਖੱਤਰੀ ਅੱਜ ਮੂਹ ਫੇਰ ਗਏ ਨੇ ਅਤੇ ਵਾਪਸ ਜਾ ਹਿੰਦੂ ਧਰਮ ਦੀ ਕੱਟੜਤਾ ਅਪਣਾ ਲਈ ਹੈ। ਇਨਾਂ ਹਾਲਾਤਾਂ ਵਿਚ ਜਰੂਰੀ ਹੈ ਸਿੱਖ ਹੋਰ ਵੀ ਨਿਮ੍ਰਤਾ ਵਿਚ ਆ ਜਾਣ। ਸਿੱਖੀ ਤਾਂ ਹੈ ਹੀ ਨਿਮਾਣੇਪਣ ਦਾ ਨਾਂ। ਸਾਨੂੰ ਇਹ ਕਹਿਣ ਵਿਚ ਫਖਰ ਮਹਿਸੂਸ ਹੁੰਦਾ ਹੈ ਕਿ ਹਰਮੰਦਰ ਸਾਹਿਬ ਅੰਮ੍ਰਿਤਸਰ ਦੇ ਲਾਗੇ ਸ਼ਨੀ ਮੰਦਰ ਕਮੇਟੀ ਨੂੰ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੇ ਆਪਣੀ ਥਾਂ ਦੇ ਕੇ ਮੰਦਰ ਬਣਾਉਣਾ ਮੰਨਿਆ। ਸਾਡੇ ਗੁਰੂ ਦਾ ਹੁਕਮ ਹੈ ਬੁਰਾਈ ਦੇ ਸਾਹਮਣੇ ਆਪਣਾ ਚੰਗਿਆਈ ਦਾ ਗੁਣ ਬਰਕਰਾਰ ਰੱਖਣਾ ਹੈ: **ਹਰਿ ਜਨੁ ਰਾਮ ਨਾਮ ਗੁਨ ਗਾਵੈ ॥ ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ ॥੧॥** (ਅੰਗ 719 ਸਗਗਸ)

ਐਨ ਇਹੋ ਹਾਲਾਤ ਅਸਾਂ ਨਨਕਾਣਾ ਸਾਹਿਬ ਵੇਖੇ ਨੇ। ਓਥੇ ਵੀ ਜਨਮ ਅਸਥਾਨ ਦੇ ਮੁੱਖ ਗੇਟ ਦੇ ਲਾਗੇ ਮਸੀਤ ਬਣਾ ਕੇ 6 ਮੰਜਲੀ ਮੀਨਾਰ ਬਣਾ ਦਿੱਤੀ ਗਈ ਹੈ।

ਰਵਾਨਾ ਹੋ ਗਏ। ਸਾਖੀਆਂ 'ਚ ਆਉਦਾ ਹੈ ਕਿ ਟਟੀਰੀ ਨੇ ਅਖੀਰ 'ਚ ਗੁਰੂ ਸਾਹਿਬ ਦੇ ਪੈਰ ਚੁੰਮੇ।

—◈—

ਦਿੱਲੀ 'ਚ ਮੋਇਆ ਹਾਥੀ ਜਿਵਾ ਦਿੱਤਾ ਬਾਬੇ ਨੇ

ਜਦੋਂ ਦਿੱਲੀ ਗੁਰੂ ਸਾਹਿਬ ਪਹੁੰਚੇ ਤਾਂ ਲਾਲ ਕਿਲੇ ਤੋਂ ਕੋਈ 5 ਕਿਲੋਮੀਟਰ ਪਹਿਲਾਂ ਹੀ ਜਮਨਾ ਦਰਿਆ ਦੇ ਕੰਢੇ ਤੇ ਇੱਕ ਟਿੱਲੇ ਤੇ ਇੱਕ ਪਤਲੇ ਦੁਬਲੇ ਅਬਦੁਲੇ ਨਾਂ ਦੇ ਫਕੀਰ ਦਾ ਟਿਕਾਣਾ ਸੀ। ਇਹ ਕਰਨੀ ਵਾਲਾ ਫਕੀਰ ਖੁਦਾ ਦੀ ਯਾਦ ਵਿੱਚ ਇਨਾਂ ਦੀਵਾਨਾ ਸੀ ਕਿ ਲੋਕਾਂ ਉਹਦਾ ਨਾਂ ਮਜਨੂੰ ਰਖਿਆ ਹੋਇਆ ਸੀ। ਮਜਨੂੰ ਦੀ ਜਦੋਂ ਮੌਜ ਆਉਦੀ ਤਾਂ ਆਪਣੀ ਛੋਟੀ ਜਿਹੀ ਕਿਸ਼ਤੀ ਤੇ ਲੋਕਾਂ ਨੂੰ ਦਰਿਆ ਪਾਰ ਕਰਾ ਦਿੰਦਾ ਸੀ। ਇਸ ਟਿਕਾਣੇ ਤੇ ਹੋਰ ਫਕੀਰ ਵੀ ਰਹਿੰਦੇ ਸਨ। ਲਾਗੇ ਹੀ ਮਹਾਵਤਾਂ ਦੀ ਬਸਤੀ ਸੀ ਜਿਹੜੇ ਬਾਦਸ਼ਾਹ ਦੇ ਹਾਥੀਆਂ ਸੀ ਸੰਭਾਲ ਕਰਦੇ ਸਨ। ਯਾਦ ਰਹੇ ਲੋਧੀਆਂ ਕੋਲ 100 ਤੋਂ ਵੱਧ ਹਾਥੀ ਸਨ।

ਮਹਾਵਤਾਂ ਦਾ ਸਰਦਾਰ ਕੋਈ ਪੰਜਾਬੀ ਬੰਦਾ ਸੀ ਤੇ ਪੀਰਾਂ ਫਕੀਰਾਂ ਦਾ ਬੜਾ ਸੇਵਾਦਾਰ ਸੀ। ਇੱਕ ਦਿਨ, ਜਿੰਨੀ ਦਿਨੀ ਗੁਰੂ ਸਾਹਿਬ ਓਥੇ ਸਨ ਓਦੋਂ ਹੀ ਮਹਾਵਤਾਂ ਵਿੱਚ ਚੀਕ ਚਿਹਾੜਾ ਪੈ ਗਿਆ। ਸਭ ਲੋਕ ਇਕੱਠੇ ਹੋ ਕੇ ਮਹਾਵਤਾਂ ਦੇ ਡੇਰੇ ਗਏ ਤੇ ਕੀ ਵੇਖਦੇ ਹਨ ਕਿ ਮਹਾਵਤਾਂ ਦਾ ਇੱਕ ਹਾਥੀ ਮਰ ਗਇਆ ਹੈ। ਮਜਨੂੰ ਨੇ ਮਹਾਵਤਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਇਥੇ ਹਰ ਕੋਈ ਨਾਸ਼ਵਾਨ ਹੈ, ਮਹਿਮਾਨ ਹੈ ਹਰ ਕਿਸੇ ਨੇ ਜਾਣਾ ਹੈ। ਪਰ ਉਹ ਕਿਥੇ ਮੰਨਣ। ਕਾਰਨ ਇਹ ਸੀ ਕਿ ਇਹ ਉਹ ਸੂਝਵਾਨ ਤੇ ਸੀਲ ਹਾਥੀ ਜਿਸ ਤੇ ਬਾਦਸ਼ਾਹ ਆਪ ਸਵਾਰੀ ਕਰਦਾ ਸੀ। ਗੁਰੂ ਸਾਹਿਬ ਨੇ ਮਹਾਵਤਾਂ ਨੂੰ ਕਿਹਾ ਕਿ ਹਾਥੀ ਬਾਦਸ਼ਾਹ ਦਾ ਮਰਿਆ ਹੈ ਤੁਸੀ ਕਿਓ ਐਂਵੇ ਰੋਣਾ ਧੋਣਾ ਪਾਇਆ ਹੋਇਆ ਹੈ। ਮਹਾਵਤਾਂ ਨੇ ਦੱਸਿਆ ਕਿ ਇਸ ਹਾਥੀ ਕਾਰਨ ਹੀ ਉਨਾਂ ਦੇ ਪ੍ਰਵਾਰ ਦੀ ਰੋਜੀ ਰੋਟੀ ਚਲਦੀ ਹੈ। ਜੇ ਇਹ ਚਲਾ ਜਾਂਦਾ ਹੈ ਤਾਂ ਕਿਸੇ ਦੂਸਰੇ ਮਹਾਵਤ ਦਾ ਹਾਥੀ ਬਾਦਸ਼ਾਹ ਦੀ ਪਸੰਦ ਬਣੇਗਾ ਤੇ ਅਸੀ ਫਾਡੀ ਰਹਿ ਜਾਵਾਂਗੇ ਤੇ ਪ੍ਰਵਾਰ ਨੂੰ ਪਿੱਛੇ ਪਰਤਣਾ ਪਵੇਗਾ।

ਮਹਾਵਤ ਫਕੀਰਾਂ ਦੀ ਸੰਗਤ ਕਰਦਾ ਹੁੰਦਾ ਸੀ। ਉਨੂੰ ਪਤਾ ਸੀ ਕਿ ਮੌਜ ਆਈ ਤੇ ਫਕੀਰ ਚਮਤਕਾਰ ਕਰ ਹੀ ਦਿੰਦੇ ਸਨ। ਉਹ ਖਹਿੜੇ ਪੈ ਗਇਆ ਕਿ ਬਾਬਾ ਜੀ ਤੁਸੀ ਹੀ ਕਿਰਪਾ ਕਰੋ ਤੇ ਮੇਰੇ ਹਾਥੀ ਨੂੰ ਬਚਾ ਦਿਓ। ਗੁਰੂ ਸਾਹਿਬ ਦੇ ਸਮਝਾਉਣ ਦੇ ਬਾਵਜੂਦ ਉਹ ਆਪਣੇ ਬੱਚਿਆਂ ਵਾਲੀ ਜਿੱਦ ਤੇ ਅੜੇ ਰਹੇ। ਅਖੀਰ ਦਿਆ ਦੇ ਘਰ ਆ ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਮਰਦਾਨਾ ਜਾਂ ਸਤਿਨਾਮ ਵਾਹਿਗੁਰੂ ਕਹਿ ਕੇ ਹਾਥੀ ਤੇ ਪਾਣੀ ਦਾ ਘੜਾ ਪਾ ਦੇ। ਪਾਣੀ ਪਾਉਣ ਦੀ ਦੇਰ ਸੀ ਕਿ ਹਾਥੀ ਨੇ ਹਿਲਣਾ ਜੁਲਣਾ ਸ਼ੁਰੂ ਕਰ ਦਿੱਤਾ। ਤੇ ਆਖਿਰ ਤੇ ਉਠ ਖੜਾ ਹੋਇਆ।

ਇਹ ਖਬਰ ਓਸੇ ਦਿਨ ਬਾਦਸ਼ਾਹ ਦੇ ਕੰਨਾਂ ਤੱਕ ਪਹੁੰਚ ਗਈ।

ਅਗਲੇ ਦਿਨ ਬਾਦਸ਼ਾਹ ਆਪ ਹਾਥੀ ਤੇ ਸਵਾਰ ਹੋ ਕੇ ਨਾਲ ਪੂਰੇ ਸ਼ਾਹੀ ਠਾਠ ਬਾਠ ਨਾਲ 'ਟਿੱਲੇ' ਤੇ ਪਹੁੰਚ ਗਿਆ। ਨਾਲ ਹੀ ਉਹਦੇ ਸ਼ਾਹੀ ਕਾਜ਼ੀ ਤੇ ਹਜਰਤ ਨਿਜਾਮਉਦੀਨ ਔਲੀਏ ਦਾ ਸਜਦਾਨਸ਼ੀਨ ਪੀਰ ਹਸਨ ਬੋਦਲਾ✚ ਵੀ ਹਾਜਰ ਹੋ ਗਿਆ। ਯਾਦ ਰਹੇ ਸੂਫੀ ਪੀਰਾਂ ਨਾਲ ਗੁਰੂ ਸਾਹਿਬ ਦੇ ਸਬੰਧ ਬਹੁਤ ਗੂੜੇ ਸਨ।

ਪਰ ਇਸ ਮੌਕੇ ਕੁਝ ਹੋਰ ਕੱਟੜ ਮੁਸਲਮਾਨ ਪੀਰ ਵੀ ਹਾਜਰ ਸਨ। ਕਿਹਾ ਜਾਂਦਾ ਹੈ ਕਿ ਹਿੰਦੂ ਪੀਰ ਦੀਆਂ ਸਿਫਤਾਂ ਸੁਣ ਕੇ ਕਾਜ਼ੀ ਤਾਂ ਸੜ ਬਲ ਕੇ ਰਾਖ ਹੋ ਗਿਆ।

ਗੁਰੂ ਸਾਹਿਬ ਨੂੰ ਕਹਿਣ ਲੱਗਾ ਸੁਣਿਐ ਤੁਸੀ ਹਾਥੀ ਜਿਵਾ ਦਿੱਤਾ?

ਗੁਰੂ ਸਾਹਿਬ ਨੇ ਕਿਹਾ ਕਿ ਮਾਰਨ ਜੀਵਾਲਣ ਵਾਲਾ ਤਾਂ ਆਪ ਖੁਦਾ ਹੈ। ਪਰ 'ਦੁਆ ਇ ਫਕੀਰਾਂ। ਰਹਿਮ ਅੱਲਾ।' ਬੰਦਾ ਤਾਂ ਸਿਰਫ ਅਰਦਾਸ ਕਰ ਸਕਦਾ ਹੈ ਮੰਨਣਾ ਨਾਂ ਮੰਨਣਾ ਰੱਬ ਦੀ ਖੁਸ਼ੀ ਹੈ। ਕਾਜੀ ਕਹਿੰਦਾ ਚਲ ਫਿਰ ਹੁਣ ਦੁਆ ਕਰਕੇ ਇਹ ਹਾਥੀ ਦੁਬਾਰਾ ਮਾਰ ਦੇ। ਗੁਰੂ

ਪੈਰ ਸਫਾ

✚ ਗਿਆਨੀ -103. ਕੀ ਪੀਰ ਹਸਨ ਬੋਦਲਾ ਗੁਰੂ ਸਾਹਿਬ ਦੇ ਸਮਕਾਲੀ ਸੀ? ਤਸਦੀਕ ਹੋਣਾ ਬਾਕੀ ਹੈ।

ਗੁਰਦੁਆਰਾ ਮਜਨੂ ਕਾ ਟਿੱਲਾ, ਦਿੱਲੀ

ਸਾਹਿਬ ਨੇ ਕਿਹਾ ਨਹੀ ਹਜੂਰ ਅਸੀ ਐਹੋ ਜਿਹੇ ਕਰਮ ਨਹੀ ਕਰਦੇ। ਅਸੀ ਤਾਂ ਸਰਬਤ ਦਾ ਭਲਾ ਮੰਗਦੇ ਹਾਂ।

ਬਾਦਸ਼ਾਹ ਨੇ ਕਾਜੀ ਦੀ ਗੱਲ ਟੋਕਦਿਆਂ ਗੁਰੂ ਸਾਹਿਬ ਨੂੰ ਕਿਹਾ ਕਿ ''ਔਲੀਆ ਸਾਹਿਬ ਕੁਝ ਕਬੂਲ ਫਰਮਾਓ।''

ਗੁਰੂ ਸਾਹਿਬ ਨੇ ਕਿਹਾ ਨਹੀ ਹਜੂਰ ਸਾਨੂੰ ਤਾਂ ਤਲਬ ਸਿਰਫ ਦੀਦਾਰ ਦੀ ਰਹਿੰਦੀ ਹੈ।

ਦਰਸਨੁ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ ॥ ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ ॥

ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ ॥ ਭੂਮਿ ਦਾਨੁ ਗਉਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥ ਰਾਮ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ ॥

ਬਾਬੇ ਦੀਆਂ ਗੱਲਾਂ ਦੀ ਚਰਚਾ ਤਾਂ ਪਹਿਲਾਂ ਹੀ ਦਿੱਲੀ ਤੱਕ ਪਹੁੰਚ ਚੁੱਕੀ ਸੀ। ਫਿਰ ਇਸ ਵਾਰਦਾਤ ਨਾਲ ਚਾਰ ਚੁਫੇਰੇ ਗੁਰੂ ਸਾਹਿਬ ਦੀ ਜੈ ਜੈ ਕਾਰ ਹੋਣ ਲੱਗੀ। ਇਹੀ ਉਹ ਵੇਲਾ ਸੀ ਜਦੋਂ ਦਿੱਲੀ ਵਿੱਚ ਵੱਸਦੇ ਅਨੇਕਾਂ ਪੰਜਾਬੀ ਮੂਲ ਦੇ ਲੋਕ ਸਿੱਖੀ ਨਾਲ ਜੁੜੇ ਜਿੰਨਾ ਵਿੱਚ ਜਿਆਦਾਤਰ ਖੱਤਰੀ, ਬਾਣੀਏ ਤੇ ਅਰੋੜੇ ਸਨ। ਇਥੋ ਗੁਰੂ ਸਾਹਿਬ ਫਿਰ ਹਰਦਵਾਰ ਨੂੰ ਰਵਾਨਾ ਹੋ ਗਏ।

—◈—

ਨਾਨਕ ਪਿਆਓ

ਮਜਨੂ ਕੇ ਟਿੱਲੇ ਤੋਂ ਉਠ ਗੁਰੂ ਸਾਹਿਬ ਪੰਜਾਬ ਨੂੰ ਜਾਂਦੀ ਕਰਨਾਲ ਵਾਲੀ ਸੜ੍ਹਕ ਤੇ ਕੁਝ ਚਿਰ ਬਿਰਾਜੇ।

ਲਹੌਰ ਜਾਂਦੀ ਸੜਕ ਤੇ ਭਾਵ ਪੱਛਮੀ ਦਿਲੀ ਵਿੱਚ ਇੱਕ ਬਾਗ ਵਿੱਚ ਕਿਸੇ ਵੇਲੇ ਗੁਰੂ ਸਾਹਿਬ ਨੇ ਡੇਰਾ ਕੀਤਾ ਸੀ। ਸ਼ਰਧਾਲੂ ਸਿੱਖ ਨੇ ਫਿਰ ਉਹ ਖੂਹ ਜਿਥੋ ਬਾਬੇ ਨੂੰ ਜਲ ਛਕਾਇਆ ਸੀ। ਉਸ ਨੂੰ ਲੋਕ ਭਲਾਈ ਨੂੰ ਸਮਰਪਤ ਕਰ ਦਿੱਤਾ ਜਿਥੋਂ ਰਾਹਗੀਰਾਂ ਨੂੰ ਜਲ ਪਾਣੀ ਛਕਾਇਆ ਜਾਣ ਲੱਗਾ। ਬਾਗ ਦੇ ਉਸ ਮਾਲਕ ਦਾ ਨਾਂ ਤਾਂ ਇਤਹਾਸ ਸਾਂਭ ਨਹੀ ਸਕਿਆ ਪਰ ਉਸ ਦਾ ਖੂਹ ਉਸ ਅਨਾਮ ਬਾਗ ਮਾਲਕ ਨੂੰ ਅਮਰ ਕਰ ਗਿਆ। ਜੀਟੀ ਕਰਨਾਲ ਰੋਡ ਤੇ ਉਸ ਖੂਹ ਤੇ ਹੀ ਗੁਰਦੁਆਰਾ ਨਾਨਕ ਪਿਆਉ ਮੌਜੂਦ ਹੈ।

ਇਕ ਹੋਰ ਸਾਖੀ ਅਨੁਸਾਰ ਗੁਰੂ ਸਾਹਿਬ ਕੁਝ ਦਿਨ ਇਥੇ ਠਹਿਰੇ ਸਨ ਤੇ ਆਉਦੇ ਜਾਂਦੇ ਲੋਕਾਂ ਨੂੰ ਆਪ ਇਸ ਖੂਹ ਦਾ ਜਲ ਛਕਾਉਦੇ ਰਹੇ। ◉

—◈—

ਦਿੱਲੀ- ਜਦੋਂ ਬਾਦਸ਼ਾਹ ਦੀ ਖੈਰਾਤ ਦੀ ਪੋਲ ਖੋਲੀ ਤਾਂ

ਗੁਰੂ ਨਾਨਕ ਨੂੰ ਦੇਸ ਨਿਕਾਲੇ ਦੇ ਹੁਕਮ ਹੋਏ

■

ਬਾਦਸ਼ਾਹ ਸਿਕੰਦਰ ਲੋਧੀ ਲੋਕਾਈ ਵਿੱਚ ਕੱਟੜ ਮੁਸਲਮਾਨ ਵਜੋਂ ਬਦਨਾਮ ਸੀ। ਜਿਵੇ ਆਪਾਂ ਪਿਛੇ ਪੜ੍ਹ ਆਏ ਹਾਂ ਕਿ ਕਿਵੇ ਇਸ ਨੇ ਯੋਧਨ ਨਾਂ ਦੇ ਬ੍ਰਾਹਮਣ ਨੂੰ ਜੀਦੇ ਜੀ ਸਾੜ ਦਿਤਾ ਸੀ ਜਿਸ ਨੇ ਸਿਰਫ ਏਨਾ ਕਿਹਾ ਸੀ ਰੱਬ ਦੇ ਘਰ ਦੋਵੇ ਮਜ਼ਹਬ ਪਰਵਾਨ ਹਨ: ਇਸਲਾਮ ਵੀ ਅਤੇ ਹਿੰਦੂਮਤ ਵੀ। ਕਾਜੀਆਂ ਨੇ ਬਾਦਸ਼ਾਹ ਨੂੰ ਕਿਹਾ ਕਿ ਵੇਖੋ ਇਹ ਪੱਥਰ ਪੂਜ ਧਰਮ ਦੀ ਤੁਲਨਾ ਇਕ ਖੁਦਾ ਨੂੰ ਮੰਨਣ ਵਾਲੇ ਇਸਲਾਮ ਨਾਲ ਕਰ ਰਿਹਾ ਹੈ।

ਸਿਕੰਦਰ ਨੇ ਕਈ ਮੰਦਰ ਢਾਹ ਉਹਨਾਂ ਦੀ ਥਾਂ ਮਸੀਤਾਂ ਬਣਵਾ ਦਿੱਤੀਆਂ ਸਨ। ਜਿਵੇ: ਮੰਡਰੇਲ, ਉਦਿਗਰ, ਨਰਵਰ, ਨਗਰ ਕੋਟ ਅਤੇ ਮਥੁਰਾ ਦੇ ਪ੍ਰਸਿੱਧ ਮੰਦਰ। ਜਮੁਨਾ ਕੰਢੇ ਹਿੰਦੂ ਮੁੰਡਨ ਕਰਵਾਇਆ ਕਰਦੇ ਸਨ, ਬਾਦਸ਼ਾਹ ਨੇ ਉਹ ਵੀ ਬੰਦ ਕਰਵਾ ਦਿਤੇ ਸਨ।

ਇਹ ਬਾਦਸ਼ਾਹ ਕਦੀ ਹਿੰਦੂ ਸਾਧੂ ਸੰਨਿਆਸੀਆਂ ਨੂੰ ਫੜ੍ਹ ਕੇ ਵੱਗਾਰ ਵੀ ਲੈਂਦਾ ਸੀ।

ਦੂਸਰੇ ਪਾਸੇ ਇਹੋ ਬਾਦਸ਼ਾਹ

ਗਰੀਬ ਗੁਰਬਿਆਂ ਸਾਧੂ ਫਕੀਰਾਂ ਭਿਖਾਰੀਆਂ ਲਈ ਲਹੌਰੀ ਗੇਟ ਦੇ ਲਾਗੇ ਲੰਗਰ ਲਾਉਦਾ ਸੀ। ਗੁਰੂ ਸਾਹਿਬ ਜਿੱਥੇ ਠਹਿਰੇ ਹੋਏ ਸਨ ਓਥੋਂ ਇਹ ਦਰਵਾਜਾ ਨੇੜੇ ਹੀ ਸੀ। (ਪੰਡਤ ਤਾਰਾ ਸਿੰਘ ਨਰੋਤਮ ਨੇ ਲਿਖਿਆ ਹੈ ਕਿ ਲਹੌਰੀ ਦਰਵਾਜੇ ਲਾਗੇ ਕੋਈ ਥੜਾ ਹੈ ਜਿੱਥੇ ਸਾਹਿਬ ਬਿਰਾਜੇ ਸਨ।) ਗੁਰੂ ਸਾਹਿਬ ਨੂੰ ਵੀ ਫਕੀਰਾਂ ਨੇ ਕਿਹਾ ਕਿ ਚਲੋ ਬਾਦਸ਼ਾਹ ਕੋਲੋ ਖੈਰਾਤ ਲੈ ਆਈਏ। ਉਸ ਵੇਲੇ ਗੁਰੂ ਸਾਹਿਬ ਨੇ ਬਾਦਸ਼ਾਹ ਦੀ ਇਸ ਨੀਤ ਦੀ ਰੱਜ ਕੇ ਖੰਡਣਾ ਕੀਤੀ ਕਿ ਇੱਕ ਪਾਸੇ ਇਹ ਇਨਸਾਨੀਅਤ ਤੇ ਜੁਲਮ ਕਰਦਾ ਹੈ ਤੇ ਦੂਸਰੇ ਪਾਸੇ ਦਾਨੀ ਪੁੰਨੀ ਹੋਣ ਦਾ ਢੋਂਗ ਰਚਾਉਦਾ ਹੈ। ਬਾਬੇ ਨੇ ਕਿਹਾ ਕਿ ਅਜਿਹੇ ਪੁੰਨ ਕਰਨ ਦਾ ਕੋਈ ਫਾਇਦਾ ਨਹੀ ਜਿੰਨਾ ਚਿਰ ਬੰਦਾ ਆਪਣੇ ਪਾਪ ਤੋਂ ਤੋਬਾ ਨਾਂ ਕਰੇ। ਗੁਰੂ ਸਾਹਿਬ ਨੇ ਕਿਹਾ ਕਿ ਇਹੋ ਜਿਹੇ ਕੰਮ ਤਾਂ ਕੋਈ ਅਕਲੋ ਅੰਨਾ ਹੀ ਕਰੇਗਾ। ਸਾਹਿਬ ਨੇ ਓਥੇ ਫਿਰ ਸਬਦ ਬੋਲਿਆ:

ਮਃ ੧ ॥ ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ ॥ ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ ॥ ਬੰਧੁ ਤੁਟਾ ਬੇੜੀ ਨਹੀ ਨਾ ਤੁਲਹਾ ਨਾ ਹਾਥ ॥ ਨਾਨਕ ਸਚੇ ਨਾਮ ਵਿਣੁ ਕੇਤੇ ਡੁਬੇ ਸਾਥ ॥੩॥ ਮਃ ੧ ॥ ਲਖ ਮਣ ਸੁਇਨਾ ਲਖ ਮਣ ਰੁਪਾ ਲਖ ਸਾਹਾ ਸਿਰਿ ਸਾਹ ॥ ਲਖ ਲਸਕਰ ਲਖ ਵਾਜੇ ਨੇਜੇ ਲਖੀ ਘੋੜੀ ਪਾਤਿਸਾਹ ॥ ਜਿੱਥੇ ਸਾਇਰੁ ਲੰਘਣਾ ਅਗਨਿ ਪਾਣੀ ਅਸਗਾਹ ॥ ਕੰਧੀ ਦਿਸਿ ਨ ਆਵਈ ਧਾਹੀ ਪਵੈ ਕਹਾਹ ॥ ਨਾਨਕ ਓਥੈ ਜਾਣੀਅਹਿ ਸਾਹ ਕੇਈ ਪਾਤਿਸਾਹ ॥

ਗੁਰਸਿੱਖਾਂ ਵਾਸਤੇ ਵੀ ਸਬਕ ਹੈ ਕਿ ਪਾਪ ਦੀ ਕਮਾਈ ਨਾਲ ਤੁਸੀ ਲੰਗਰ ਲਾਓਗੇ ਤਾਂ ਪਾਪ ਵਧੇਗਾ। ਹਾਂ ਪਾਪ ਤੋਂ ਤੋਬਾ ਕਰਕੇ ਗੁਰੂ ਦੇ ਦਰ ਆਓਗੇ, ਨਾਮ ਦੇ ਲੜ ਲਗੋਗੇ ਤਾਂ ਬਖਸ਼ੇ ਜਾਓਗੇ।

ਇਥੇ ਬਾਦਸ਼ਾਹ ਨੂੰ ਸਮਝਾਉਣ ਵਾਸਤੇ ਗੁਰੂ ਸਾਹਿਬ ਨੇ ਕੀ ਕੌਤਕ ਕੀਤਾ ਇਤਹਾਸ ਵਿਚ ਸਾਂਭਿਆ ਨਹੀ ਗਿਆ। ਪਰ ਏਨਾ ਪਤਾ ਲਗਦਾ ਹੈ ਕਿ ਬਾਦਸ਼ਾਹ ਲਾਜਵਾਬ ਹੋ ਗਿਆ ਸੀ। ਗੁਰੂ ਸਾਹਿਬ ਦੇ ਕੌਤਕ ਕਰਕੇ ਪੂਰੇ ਸੁਲਤਾਨੀ ਦਰਬਾਰ ਨੂੰ ਨਮੋਸ਼ੀ ਦਾ ਸਾਹਮਣਾ ਕਰਨਾਂ ਪਿਆ ਸੀ।

ਕਾਜੀਆਂ ਨੇ ਦੁਹਾਈ ਦੇ ਦਿੱਤੀ ਕਿ ਇਹ ਦਰਵੇਸ਼ (ਗੁਰੂ ਨਾਨਕ) ਕੋਈ ਨਜੂਮੀ ਹੈ ਭਾਵ ਜਾਦੂ ਟੋਣਾ ਜਾਣਦਾ ਹੈ। ਹੁਕਮਰਾਨ ਗੁਰੂ ਸਾਹਿਬ ਤੋਂ ਭੈ ਭੀਤ ਵੀ ਹੋ ਗਏ ਸਨ। ਕਾਜੀਆਂ ਦੇ ਸਲਾਹ ਨਾਲ ਫਿਰ ਬਾਦਸ਼ਾਹ ਸਿਕੰਦਰ ਲੋਧੀ ਨੇ ਫਰਮਾਨ ਜਾਰੀ ਕਰ ਦਿਤਾ ਕਿ ਨਾਨਕ ਨਾਂ ਦਾ ਫਕੀਰ ਦਿੱਲੀ ਦੇ ਇਲਾਕੇ ਤੋਂ ਬਾਹਰ ਹੋ ਜਾਏ।*

ਉਦੋਂ ਤਕ ਗੁਰੂ ਸਾਹਿਬ ਦੀ ਚਰਚਾ ਚੁਫੇਰੇ ਛਿੜ ਚੁੱਕੀ ਸੀ। ਦਿੱਲੀ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਸੁਦਾਗਰਾਂ, ਵਪਾਰੀਆਂ (ਖੱਤਰੀ, ਅਰੋੜੇ, ਬਣੀਏ) ਦੀ ਰਹਿੰਦੀ ਸੀ। ਖੁਦ ਬਾਦਸ਼ਾਹ ਵੀ ਪੰਜਾਬੀ ਹਿੰਦੂ ਮਾਂ ਦੇ ਪੇਟ ਤੋਂ ਪੈਦਾ ਹੋਇਆ ਸੀ ਜਿਸ ਕਰਕੇ ਪੰਜਾਬੀ ਸਭਿਆਚਾਰ ਤੋਂ ਚੰਗੀ ਤਰਾਂ ਵਾਕਫ ਸੀ।

ਇਹੋ ਕਾਰਨ ਹੈ ਗੁਰੂ ਸਾਹਿਬ ਦੁਬਾਰਾ ਦਿੱਲੀ ਨਹੀ ਸਨ ਆਏ।

ਦਿਆਲਪੁਰ ਦਾ ਨਾਨਕ ਸਰੋਵਰ

ਦਿੱਲੀ ਤੋਂ 50 ਕਿ. ਮੀ. ਦੱਖਣ ਭਾਵ ਬੱਲਬਗੜ੍ਹ ਤੋਂ 8 ਕਿ. ਮੀ. ਤੇ ਪਿੰਡ ਦਿਆਲਪੁਰ ਵਿਖੇ ਪਹੁੰਚ ਗੁਰੂ ਨਾਨਕ ਪਾਤਸ਼ਾਹ ਨੇ ਕੋਈ ਅਲੌਕਿਕ ਹੀ ਕੌਤਕ ਕੀਤਾ ਸੀ। ਜਿਸ ਕਰਕੇ ਬਾਦ ਵਿੱਚ ਛੇਵੇ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਵੀ ਇਥੇ ਪਧਾਰੇ।

ਗੁਰੂ ਨਾਨਕ ਦੀ ਯਾਦ ਵਿੱਚ ਇਥੇ ਸਰੋਵਰ ਬਣਿਆ ਹੋਇਆ ਹੈ ਜਿਸ ਨੂੰ ਨਾਨਕ ਸਰੋਵਰ ਕਹਿੰਦੇ ਹਨ। ਗੈਰ ਪੰਜਾਬੀ ਸਿੱਖਾਂ ਦੀ ਇਸ ਅਸਥਾਨ ਤੇ ਕਿਸੇ ਵੇਲੇ ਡੂੰਘੀ ਸ਼ਰਧਾ ਹੁੰਦੀ ਸੀ।

ਇਲਾਕੇ ਦਾ ਪਾਣੀ ਖਾਰਾ ਹੋਣ ਕਰਕੇ ਛੇਵੇ ਪਾਤਸ਼ਾਹ ਅੱਗੇ ਲੋਕਾਂ ਨੇ ਬੇਨਤੀ ਕੀਤੀ ਕਿ ਪਾਣੀ ਦੀ ਇਥੇ ਬਹੁਤ ਤੰਗੀ ਹੈ। ਗੁਰੂ ਸਾਹਿਬ ਨੇ ਫਿਰ ਇੱਕ ਥਾਂ ਤੀਰ ਮਾਰਿਆ ਤੇ ਲੋਕਾਂ ਨੂੰ ਹੁਕਮ

ਸਰੋਵਰ ਦਿਆਲਪੁਰ

ਕੀਤਾ ਕਿ ਤੀਰ ਵਾਲੀ ਥਾਂ ਖੂਹ ਪੁੱਟੋਗੇ ਤਾਂ ਜਲ ਮਿੱਠਾ ਨਿਕਲੇਗਾ। ਓਥੇ 1930 ਈ ਤੱਕ ਤਾਂ ਖੂਹ ਮੌਜੂਦ ਸੀ।

ਸਾਡੇ ਅੰਦਾਜ਼ੇ ਅਨੁਸਾਰ ਗੁਰੂ ਸਾਹਿਬ ਨਾਨਕਮੱਤਾ, ਰੁਦਰਪੁਰ, ਮੁਰਾਦਾਬਾਦ ਗੜ੍ਹ ਮੁਕਤੇਸ਼ਵਰ ਹੁੰਦੇ ਹੋਏ ਇਥੇ ਆਏ ਸਨ।

ਪੈੜ ਸਫਾ

ਸਾਈਕਲ ਯਾਤਰੀ- 100 (ਦਿਆਲਪੁਰ ਵਿਖੇ ਗੁਰੂ ਸਾਹਿਬ ਦੀ ਯਾਦਗਾਰ ਹੋਣਾ ਇਹ ਸਾਬਤ ਕਰਦਾ ਹੈ ਕਿ ਸਾਹਿਬ ਆਗਰਾ ਮਥੁਰਾ ਨੂੰ ਇਸ ਰਸਤੇ ਥਾਂਣੀ ਲੰਘੇ ਹੋਣਗੇ।)

ਪਹਿਲੀ ਉਦਾਸੀ। ਭਾਗ -2

ਉਤਰਾਖੰਡ ਅਤੇ ਪੱਛਮੀ ਯੂ.ਪੀ ਵਿੱਚ ਬਾਬਾ

ਸੰਭਾਵਨਾ ਇਹੋ ਹੈ ਕਿ ਇਕ ਵੇਰਾਂ ਗੁਰੂ ਸਾਹਿਬ ਸੁਲਤਾਨਪੁਰ ਲੋਧੀ ਰਹਿੰਦਿਆਂ ਹੀ 1506 ਈ. ਦੇ ਹਰਦੁਆਰ ਮਹਾਂ ਕੁੰਭ ਵਿਚ ਪਹੁੰਚੇ ਸਨ। ਦੁਬਾਰਾ ਫਰਵਰੀ/ਮਾਰਚ1508 ਈ. ਵਿਚ ਜਦੋਂ ਦਿੱਲੀ ਸਨ ਤਾਂ ਓਦੋਂ ਵੀ ਗੰਗਾ ਦਾ ਸਲਾਨਾ ਵੈਸਾਖੀ ਕੁੰਭ ਗੁਰੂ ਸਾਹਿਬ ਦੇ ਨਿਸ਼ਾਨੇ ਤੇ ਸੀ। ਫਿਰ ਜਦੋਂ ਆਪਾਂ ਉਦਾਸੀ ਨਕਸ਼ਾ ਵੇਖਦੇ ਹਾਂ ਤਾਂ ਸਾਫ ਨਜਰ ਆਉਦਾ ਹੈ ਕਿ ਗੁਰੂ ਸਾਹਿਬ ਦਿੱਲੀ ਤੋਂ ਮੇਰਠ, ਹਲਦੌਰ (ਜਿਲਾ ਬਿਜਨੌਰ) ਨਜੀਬਾਬਾਦ, ਹਰਦੁਆਰ, ਸੰਤ੍ਰਸ਼ਾਹ, ਨਵਾਦਾ, ਹਰਦੁਆਰ ਤੇ ਫਿਰ ਸ੍ਰੀਨਗਰ, ਬਦਰੀਨਾਥ, ਅਲਮੋੜਾ, ਰੀਠਾ ਸਾਹਿਬ, ਨਾਨਕਮਤਾ, ਟਾਂਡਾ (ਰੁਦਰਪੁਰ), ਮੁਰਾਦਾਬਾਦ, ਗੜ੍ਹ-ਮੁਕਤੇਸ਼ਵਰ ਤੇ ਫਿਰ ਦਿੱਲੀਓ ਜਾਣ ਅਤੇ ਆਉਣ ਸਾਫ ਸਾਫ ਰੂਟ ਦਾ ਪੈਟਰਨ ਨਜਰ ਆਉਦਾ ਹੈ। ਜੋ ਸਾਬਤ ਕਰਦਾ ਹੈ ਕਿ ਗੁਰੂ ਸਾਹਿਬ ਦਿੱਲੀ ਦੁਬਾਰਾ ਪਹੁੰਚੇ ਸਨ। ਅੰਦਾਜ਼ਾ ਹੈ ਕਿ ਜਦੋਂ 1509ਈ. ਦੁਬਾਰਾ ਦਿੱਲੀ ਆਏ ਤਾਂ ਹਕੂਮਤ ਨੇ ਓਦੋ ਗੁਰੂ ਸਾਹਿਬ ਦੇ ਦਿੱਲੀ ਦਾਖਲੇ ਤੇ ਪਾਬੰਦੀ ਲਾਈ ਸੀ।●

ਮਹਾਂ ਕੁੰਭ ਤੇ ਗੰਗਾ ਇਸ਼ਨਾਨ ਲਈ ਹਰਦੁਆਰ ਨੂੰ ਤੁਰ ਪਿਆ ਬਾਬਾ ◉

ਪੂਰਬ ਦੀ ਉਦਾਸੀ ਵੇਲੇ ਵੀ ਨਾਲ ਮਰਦਾਨਾ ਸੀ। ਪਹਿਰਾਵਾ ਸੀ: ਅੱਧੇ ਕਪੜੇ ਭਗਵੇ ਤੇ ਅੱਧੇ ਚਿੱਟੇ (ਜਿਵੇ ਕਮੀਜ ਭਗਵਾ ਤੇ ਚਾਦਰ ਜਾਂ ਪਜ਼ਾਮਾ ਚਿੱਟਾ) ਇੱਕ ਪੈਰ 'ਚ ਚੰਮ ਦੀ ਜੁੱਤੀ ਦੂਸਰੇ 'ਚ ਖੜਾਂਅ, ਗੱਲ 'ਚ ਖੱਫਣ, ਸਿਰ ਦੇ ਵਾਲ ਪਿੱਛੇ ਸੁੱਟ ਕੇ ਉਤੋ ਉਹ ਟੋਪੀ ਪਾਈ ਜਿਹੜੀ ਮੁਸਲਮਾਨ ਕਲੰਧਰੀ ਦਰਵੇਸ਼ ਪਾਉਦੇ ਨੇ, ਮੱਥੇ ਤੇ ਤਿਲਕ ਤੇ ਗੱਲ ਵਿੱਚ ਹੱਡਾਂ ਦੀ ਮਾਲਾ। ਸੋ ਕੀ ਕਹੋਗੇ ਕਿ ਸਾਧੂ ਮੁਸਲਮਾਨ ਹੈ ਜਾਂ ਹਿੰਦੂ?

ਗੰਗਾ, ਹਰਦੁਆਰ ਜਿੱਥੇ ਲੋਕ ਮੋਇਆਂ ਦੇ ਫੁੱਲ ਤਾਰਨ ਜਾਂਦੇ ਸਨ ਓਥੇ 12 ਸਾਲੀ ਕੁੰਭ ਮੇਲਾ ਲੱਗਦਾ ਸੀ। ਹਿੰਦੂਆਂ 'ਚ ਮਾਨਤਾ ਹੈ ਕਿ ਅਜਿਹੇ ਮੌਕੇ ਜਿਹੜਾ ਗੰਗਾ ਇਸਨਾਨ ਕਰ ਲਏ ਉਹਦੇ ਜੁੱਗਾਂ ਜੁੱਗਾਂਤਰਾਂ ਦੇ ਕੀਤੇ ਪਾਪ ਲਹਿ ਜਾਂਦੇ ਨੇ। ਉਂਜ ਵੀ ਹਿੰਦੂ ਧਰਮ ਵਿੱਚ ਤੀਰਥ ਯਾਤਰਾ ਦਾ ਵੱਡਾ ਮਹਾਤਮ ਦੱਸਿਆ ਹੋਇਆ ਹੈ। ਹੋਰਨਾਂ ਇਲਾਕਿਆਂ ਵਾਂਙੂ ਪੰਜਾਬ ਦੇ ਸ਼ਰਧਾਵਾਨ ਹਿੰਦੂਆਂ ਵਿੱਚ ਮੇਲੇ ਤੇ ਪਹੁੰਚਣ ਲਈ ਵੱਡਾ ਉਤਸ਼ਾਹ ਸੀ। ਓਨੀ ਦਿਨੀ ਕਿਹੜੇ ਕੋਈ ਹੋਰ ਮਨੋਰੰਜਨ ਦੇ ਸਾਧਨ ਮੌਜੂਦ ਸਨ। (ਭਾਵ ਨਾਂ ਟੀ.ਵੀ ਨਾਂ ਰੇਡੀਓ, ਨਾਂ ਫਿਲਮਾਂ ਆਦਿ) ਨਾਲੇ ਹਰਦੁਆਰ ਬਾਕੀ ਦੇ ਕੁੰਭ ਮੇਲਿਆਂ ਦੇ ਤੀਰਥਾਂ ਜਿਵੇ ਪ੍ਰਯਾਗ, ਊਜੈਨ ਤੇ ਨਾਸਿਕ ਨਾਲੋਂ ਕਿਤੇ ਨੇੜੇ ਪੈਂਦਾ ਹੈ।

ਬਾਬੇ ਨਾਨਕ ਨੂੰ ਹੋਰ ਕੀ ਚਾਹੀਦਾ ਹੁੰਦਾ ਸੀ? ਮਤਲਬ ਬਾਬੇ ਨੂੰ ਇਕੋ ਥਾਂ ਤੇ ਲੱਖਾਂ ਜੀਆਂ ਦੀ ਭੀੜ ਚਾਹੀਦੀ ਹੁੰਦੀ ਸੀ ਤਾਂ ਕਿ ਉਹਦਾ 'ਨਾਮ' ਭਾਵ ਚੜ੍ਹਦੀ ਕਲ੍ਹਾ ਦਾ ਸਿਧਾਂਤ ਘਰ ਘਰ ਪਹੁੰਚ ਜਾਵੇ। ਫਿਰ ਨਿਰੰਕਾਰ ਸਰੂਪ ਬਾਬੇ ਨੂੰ ਗੱਲ ਕਹਿਣੀ ਤਾਂ ਧੁਰੋ ਬਖਸ਼ੀ ਗਈ ਸੀ।

ਹੇਠਲੀ ਸਾਖੀ 1506 ਈ ਦੇ ਮਹਾਂਕੁੰਭ ਦੀ ਹੈ ਜੋ 12 ਸਾਲੀ ਲਗਦਾ ਹੈ। ਭਾਵ ਗੁਰੂ ਸਾਹਿਬ ਸੁਲਤਾਨਪੁਰ ਲੋਧੀ ਤੋਂ ਸੰਗ ਨਾਲ ਜਾਂਦੇ ਹਨ। ਓਦੋਂ ਅਜੇ ਨਵਾਬ ਦੀ ਚਾਕਰੀ ਕਰਦੇ ਸਨ।

ਸੋ ਬਾਬੇ ਨੇ ਬਾਕੀਆਂ ਵਾਂਗ ਚਾਦਰ ਟੰਗ ਲਈ ਤੇ ਤੁਰ ਪਏ ਸੰਗ ਨਾਲ। ਸੰਗ ਚਲਦਾ ਜਾਵੇ ਜਿੱਥੇ ਕੋਈ ਚੀਜ਼ ਹੱਥ ਲੱਗੇ ਲੈਦੇ ਜਾਣ। ਉਨੀ ਦਿਨੀ ਲੰਗਰ ਵਗੈਰਾ ਦਾ ਸਿਧਾਂਤ ਤਾਂ ਹੁੰਦਾ ਨਹੀ ਸੀ। ਰਾਤ ਰਹਿਣ ਲਈ ਥਾਂ ਥਾਂ ਉਂਜ ਸਰਾਵਾਂ ਬਣੀਆਂ ਹੁੰਦੀਆਂ ਸਨ, ਜਿੱਥੇ ਖੂਹ ਲੱਗੇ ਹੁੰਦੇ ਸਨ। ਲੋਕ ਓਥੇ ਹੀ ਰਾਤ ਕੱਟ ਲੈਂਦੇ ਸਨ। ਸਫਰ ਵਾਸਤੇ ਖਾਣਾ ਦਾਣਾ ਆਪਣਾ ਆਪਣਾ ਹੁੰਦਾ ਸੀ। ਮੁਸਾਫਿਰ ਅਮੂਮਨ ਭੁੱਜੇ ਦਾਣੇ ਦੀ ਪੋਟਲੀ ਨਾਲ ਲੈ ਕੇ ਚਲਦੇ ਸਨ। ਅਮੀਰ ਲੋਕ ਭਾਂਡਾ ਬਣਾ ਲੈਂਦੇ ਸਨ।

ਦਿਨ ਬ ਦਿਨ ਸੰਗ ਦੀ ਗਿਣਤੀ ਵਧਦੀ ਜਾਵੇ। ਭੀੜ ਵਿੱਚ ਸ਼ੈਤਾਨ ਲੋਕ ਤਾਂ ਆਪਣਾ ਜਲਵਾ ਵਿਖਾਉਦੇ ਹੀ ਹਨ। ਤੇ ਬਾਕੀ ਜਦੋਂ ਜਵਾਨੀ ਮਸਤਾਨੀ ਨਾਲ ਹੋ ਜਾਂਵੇ ਫਿਰ ਤਾਂ ਕਹਿਣਾ ਹੀ ਕੀ। ਜਿੱਥੇ ਵੀ ਕੋਈ ਚੀਜ਼ ਖਾਣ ਵਾਲੀ ਆਵੇ ਸਾਰਾ ਵੱਗ ਟੁੱਟ ਕੇ ਪੈ ਜਾਵੇ। ਰਾਹ ਦੇ ਨੇੜੇ ਤੇੜੇ ਦੇ ਕਿਸਾਨ ਵੇਖਦੇ ਹੀ ਰਹਿ ਜਾਵਨ। ਇੱਕ ਤਾਂ ਓਨੀ ਦਿਨੀ ਅਬਾਦੀ ਵੀ ਸੰਛਣੀ ਨਹੀ ਸੀ ਹੁੰਦੀ । ਸੋ ਜਿੱਥੇ ਕਿਤੇ ਬਿਨਾਂ ਰਾਖਵਾਲੇ ਤੋਂ ਖੇਤ ਨਜਰ ਆਏ ਸਾਰੀ ਭੀੜ ਉਨ੍ਹੂੰ ਪੈ ਜਾਏ। ਉਂਜ ਵੀ ਵਿਦਵਾਨਾਂ ਦਾ ਮੰਨਣਾ ਹੈ ਕਿ ਭੀੜ ਦਾ ਦਿਮਾਗ ਨਹੀ ਹੁੰਦਾ ਜਿੱਧਰ ਪੈ ਜਾਏ ਫਿਰ ਵੇਖਾ ਵੇਖੀ ਹਰ ਕੋਈ ਉਹੋ ਕੰਮ ਕਰਨ ਲੱਗ ਜਾਂਦਾ ਹੈ। ਰਸਤੇ 'ਚ ਕੋਈ ਗਾਜਰ ਮੂਲੀ, ਛੋਲੇ, ਰੀਨਾ ਬਚੇ ਹੀ ਨਾਂ। ਹੋਰ ਤੇ ਹੋਰ ਲੋਕੀ ਵਾਹ ਲੱਗਦੀ ਹਰ ਚੀਜ਼ ਚੁੱਕ ਲੈਣ।

ਫਿਰ ਰਸਤੇ ਵਿੱਚ ਜਿੱਥੇ ਕਿਤੇ ਸੰਗ ਰਾਤੀ ਅਰਾਮ ਵਾਸਤੇ ਇਕੱਠਾ ਹੋਵੇ ਤਾਂ ਗੁਰੂ ਸਾਹਿਬ ਨੇ ਮਰਦਾਨੇ ਨੂੰ ਹੁਕਮ ਕਰ ਦੇਣ ਕਿ ਮਰਦਾਨਿਆ ਕੱਸ ਜਰਾ ਰਬਾਬ ਦੀਆਂ ਤਾਰਾਂ ਤੇ ਗਾਉਣਾਂ ਸ਼ੁਰੂ ਕਰ ਦਿੱਤਾ:-

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥ ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥ ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥ ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥

"ਸੂਰਜਾ ਸ਼ਾਂਤੀ ਰੱਖੀ!" ਚੜ੍ਹਦੇ ਸੂਰਜ ਨੂੰ ਪਾਣੀ ਦਿੰਦੇ ਹੋਏ ਬ੍ਰਾਹਮਣ। ਓਦੋਂ ਬਾਬੇ ਨਾਨਕ ਨੇ ਪੁੱਠੇ ਪਾਸੇ ਭਾਵ ਪੱਛਮ ਵਲ ਪਾਣੀ ਝੱਟਣਾ ਸ਼ੁਰੂ ਕਰ ਦਿੱਤਾ।

ਸੰਗ ਵਿੱਚ ਜਿੰਨੇ ਸਿਆਣੇ ਸਿਆਣੇ ਬੈਠੇ ਸਨ ਸਾਰਿਆਂ ਨੇ ਇਹ ਗੱਲ ਸੁਣ ਕੇ ਥੱਲੇ ਉਂਦੀਆਂ ਪਾ ਲਈਆਂ। ਬਾਬਾ ਜੀ ਨੇ ਫਿਰ ਸਮਝਾਇਆ ਕਿ ਭਾਈਓ ਇਸ ਅਖੌਤੀ ਤੀਰਥ ਯਾਤਰਾ ਦਾ ਤੁਹਾਨੂੰ ਧਾਰਮਿਕ ਲਾਭ ਕੋਈ ਨਹੀ। ਸਗੋਂ ਤੁਸੀ ਤਾਂ ਹੋਰ ਵੀ ਗੁਨਾਹਗਾਰ ਬਣੀ ਜਾ ਰਹੇ। ਤੁਹਾਡੇ ਤੇ ਤਾਂ ਹੋਰ ਪਾਪ ਵੀ ਚੜ੍ਹਦੇ ਜਾ ਰਹੇ ਨੇ। ਕੀ ਫਾਇਦਾ ਇਸ ਤਰਾਂ ਤੁਰ ਤੁਰ ਕੇ ਲੱਤਾਂ ਤੁੜਾਉਣ ਦਾ। ਬਾਬੇ ਦੀਆਂ ਗੱਲਾਂ ਸੁਣ ਕੇ ਸੱਭ ਨੂੰ ਕੰਨ ਹੋ ਗਏ। ਸੰਗ ਬਾਬੇ ਦੇ ਚਰਨੀ ਆ ਲੱਗਾ। ਅੱਗੇ ਤੋਂ ਸਾਰਿਆ ਤੋਬਾ ਕੀਤੀ ਕਿ ਕਿਸੇ ਕਿਸਾਨ ਦਾ ਉਜਾੜਾ ਨਹੀ ਕਰਨਾਂ ਭਾਵੇ ਕਿੰਨੀ ਭੁੱਖ ਕਿਓ ਨਾਂ ਲੱਗੀ ਹੋਵੇ।

ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਜੇ ਤੁਹਾਨੂੰ ਰੂਹਾਨੀਅਤ ਦੀ ਤਾਂਘ ਹੈ ਤਾਂ ਫਿਰ ਤੁਸੀ ਘਰ ਬੈਠੇ ਹੀ ਤੀਰਥ ਯਾਤਰਾ ਕਰ ਸਕਦੇ। ਘਟ ਘਟ ਵਿੱਚ ਬਿਰਾਜਮਾਨ ਅਕਾਲਪੁਰਖ ਦਾ ਬਸ ਨਾਮ ਜੱਪੋ।

ਰਸਤੇ ਵਿੱਚ ਚਲਦੇ ਹੋਏ ਬਾਬਾ ਸਭ ਤੇ ਦਿਆ ਕਰੀ ਗਏ। ਸੰਗ ਵਧਦਾ ਹੀ ਗਇਆ ਜਿੰਨਾ ਚਿਰ ਹਰਦੁਆਰ ਨਹੀ ਪਹੁੰਚ ਗਏ। ਹਰਦੁਆਰ ਪਹੁੰਚ ਕੇ ਇਸ ਲਹੌਰੀ ਸੰਗ ਨੇ ਆਪਣਾ ਟਿਕਾਣਾ ਮੱਲ ਲਿਆ ਤੇ ਤੰਬੂ ਲਾ ਲਏ।

—◈—

ਜਦੋਂ ਬਾਬੇ ਨੇ ਹਰਦੁਆਰੋਂ ਆਪਣੇ ਖੇਤ ਸਿੰਵੇ

ਵਿਸਾਖੀ ਤੇ ਹਰਦੁਆਰ ਦਾ ਮਹਾਂਕੁੰਭ ਭਰਿਆ ਹੋਇਆ ਸੀ। ਬ੍ਰਾਹਮਣ ਲੋਕ ਆਪਣੇ ਸਬੰਧਿਤ ਜ਼ਜ਼ਮਾਨਾਂ ਦੇ ਨਾਲ ਸਵੇਰੇ ਸਵੇਰੇ ਜਦੋਂ ਗੰਗਾ ਇਸਨਾਨ ਲਈ ਪਹੁੰਚੇ ਤਾਂ ਨਦੀ ਕੰਢੇ ਤੇ ਖਲੋ ਲੱਗੇ ਸੂਰਜ ਵਲ ਪਾਣੀ ਤਰੌਂਕਣ। ਇਹ ਰਸਮ ਅੱਜ ਵੀ ਹਰ ਸ਼ਰਧਾਵਾਨ ਹਿੰਦੂ ਸਵੇਰੇ ਸਵੇਰੇ ਕਰਦਾ ਹੈ। ਇੰਨੂ ਅਰਗ ਦੀ ਰਸਮ ਕਿਹਾ ਜਾਂਦਾ ਹੈ। ਹਿੰਦੁਸਤਾਨ ਜਿਹੇ ਗਰਮ ਮੁਲਕ ਵਿੱਚ ਹਿੰਦੂ ਪ੍ਰਾਰਥਨਾ ਕਰਦਾ ਹੈ ਕਿ ਸੂਰਜਾ ਠੰਡ ਵਰਤਾਈਂ।

ਪੈੜ ਸਰਾ

●ਸੋਢੀ ਮਿਹਰਵਾਨ ਜਨਮ ਸਾਖੀ ਪੰਨਾ-116 ਦੇ ਅਧਾਰ ਤੇ

● ਸੋ ਹਰਦੁਆਰ ਗੁਰੂ ਸਾਹਿਬ ਦੋ ਵਾਰੀ ਗਏ। ਪਹਿਲੀ ਵਾਰ ਮਹਾਂ ਕੁੰਭ 1506 ਈ ਜਦੋਂ ਸੁਲਤਾਨਪੁਰ ਹੁੰਦੇ ਸਨ ਤੇ ਦੂਸਰੀ ਵਾਰੀ ਪੂਰਬ ਦੀ ਯਾਤਰਾ ਤੇ ਸਲਾਨਾ ਕੁੰਭ ਵਸਾਖੀ 1508 ਨੂੰ। ਦੁਬਾਰਾ ਦਿੱਲੀ ਵਾਲੇ ਪਾਸਿਓ ਗਏ ਸਨ। ਹਰਦੁਆਰ ਦੇ ਨੇੜੇ ਤੇੜੇ ਦੇ ਇਲਾਕਿਆਂ ਨੂੰ ਗਹੁਣਾ ਸਾਬਤ ਕਰਦਾ ਹੈ ਕਿ ਗੁਰੂ ਸਾਹਿਬ ਨੇ ਕੁੰਭ ਦੇ ਸਮੇਂ ਤਕ ਇੰਤਜਾਰ ਕੀਤਾ ਸੀ। ਐਨ ਇਹੋ ਹਾਲਾਤ ਪ੍ਰਯਾਗਰਾਜ (ਅਲਾਹਬਾਦ) ਦੇ 1509 ਈ ਵਾਲੇ ਮਹਾਂਕੁੰਭ ਮੌਕੇ ਬਣਦੇ ਹਨ।

ਬਾਬੇ ਨਾਨਕ ਨੂੰ ਮੌਕਾ ਮਿਲ ਗਿਆ। ਬਾਬੇ ਨੇ ਝੱਟ ਦਰਿਆ ਵਿੱਚ ਉੱਤਰ ਕੇ ਪਾਣੀ ਲਹਿੰਦੇ ਪਾਸੇ ਸੁਟਣਾ ਸ਼ੁਰੂ ਕਰ ਦਿੱਤਾ। ਹਿੰਦੂ ਲੋਕ ਖਿੜ ਖਿੜਾ ਕੇ ਹੱਸ ਪਏ, "ਓਏ ਇਹ ਕਿਹੜਾ ਸ਼ਦਾਈ ਆ ਗਿਆ? ਓਏ ਮੂਰਖਾ ਪਾਣੀ ਸੂਰਜ ਨੂੰ ਦਈਦਾ ਹੈ।"

ਬਾਬਾ ਕਹਿੰਦਾ "ਮੈਂ ਪਾਣੀ ਆਪਣੇ ਖੇਤਾਂ ਨੂੰ ਦੇ ਰਿਹਾ ਹਾਂ।"

ਪੰਡਤ ਬੋਲ ਉਠੇ, "ਓਏ ਕਿੱਥੇ ਨੇ ਤੇਰੇ ਖੇਤ?"

ਭੋਲਾ ਜਿਹਾ ਬਣਕੇ ਬਾਬਾ ਬੋਲਿਆ, "ਜੀ ਲਹੌਰ ਲਾਗੇ।"

ਸਾਰੇ ਬ੍ਰਾਹਮਣ ਖਿੜ ਖਿੜਾ ਕੇ ਹੱਸ ਪਏ? "ਓਏ ਭੋਲਿਆ! ਲਹੌਰ ਇਥੋ 150 ਕੋਹ ਪੈਂਡਾ ਹੈ। ਤੇਰਾ ਪਾਣੀ ਓਥੇ ਕਿਵੇਂ ਪਹੁੰਚ ਜਾਏਗਾ?"

ਬਾਬਾ ਬੋਲਿਆ, "ਪੰਡਤ ਜੀ ਸੂਰਜ ਨੇੜੇ ਹੈ ਕਿ ਲਹੌਰ?"

ਪੰਡਤਾਂ ਦੀ ਸਾਰੀ ਢਾਣੀ ਦੀਆਂ ਅੱਖਾਂ ਅੱਡੀਆਂ ਹੀ ਰਹਿ ਗਈਆਂ। ਓਏ ਇਹ ਮੂਰਖ ਨਹੀ ਇਹ ਤਾਂ ਕੋਈ ਨਾਸਤਕ ਬੰਦਾ ਲੱਗਦਾ ਏ।

ਗੁਰੂ ਸਾਹਿਬ ਨੇ ਜਵਾਬ ਦਿੱਤਾ:-

ਨਾ ਕੋ ਪੜਿਆ ਪੰਡਿਤੁ ਬੀਨਾ ਨਾ ਕੋ ਮੂਰਖੁ ਮੰਦਾ ॥ ਬੰਦੀ ਅੰਦਰਿ ਸਿਫਤਿ ਕਰਾਏ ਤਾ ਕਉ ਕਹੀਐ ਬੰਦਾ ॥



ਪੰਡਤਾਂ ਨੂੰ ਨਾਲ ਲੈ ਕੇ ਸਾਹਿਬ ਫਿਰ ਓਥੇ ਬਹਿ ਗਏ ਜਿੱਥੇ ਨਾਨਕ ਵਾੜਾ ਜਾਂ ਗਿਆਨ ਗੋਦੜੀ ਗੁਰਦੁਆਰਾ ਹੁੰਦਾ ਸੀ। ਗੁਰੂ ਸਾਹਿਬ ਨੇ ਫਿਰ ਬ੍ਰਾਹਮਣਾਂ ਨੂੰ ਸਮਝਾਇਆ ਕਿ 'ਅਰਗ' ਜਿਹੇ ਕਰਮ ਕਾਂਡ ਜਾਂ ਰਸਮਾਂ ਧਰਮ ਦੇ ਨਾਂ ਤੇ ਵਿਅੱਰਥ ਹਨ। ਜੇ ਆਪਾਂ ਭਗਵਾਨ ਦੀ ਖੁਸ਼ੀ ਲੈਣੀ ਹੈ ਤਾਂ ਸਾਨੂੰ ਉਸ ਅਕਾਲ ਪੁਰਖ ਦਾ ਨਾਮ ਜਪਣਾ ਚਾਹੀਦਾ ਹੈ ਉਹਦੀ ਸਿਫਤ ਸਾਲਾਹ ਕੀਤੀ ਜਾਵੇ।

ਭੀਤਰਿ ਏਕੁ ਅਨੇਕ ਅਸੰਖ ॥ ਕਰਮ ਧਰਮ ਬਹੁ ਸੰਖ ਅਸੰਖ ॥ ਬਿਨੁ ਭੈ ਭਗਤੀ ਜਨਮੁ ਬਿਰੰਥ ॥ ਹਰਿ ਗੁਣ ਗਾਵਹਿ ਮਿਲਿ ਪਰਮਾਰੰਥ ॥

ਨਿਰੰਕਾਰ ਦੀ ਸਿਫਤ ਸਲਾਹ ਜਾਂ ਨਾਮ ਜਪਣ ਤੋਂ ਬਿਨਾਂ ਸਾਡੇ ਬਾਕੀ ਸਾਰੇ ਕਰਮ ਕਾਂਡ ਵਿਅੱਰਥ ਹਨ।

—◈—

ਜਦੋਂ ਬ੍ਰਾਹਮਣ ਚੋਅ ਫੜ ਕੇ ਮਰਦਾਨੇ ਮਗਰ ਭੱਜਿਆ

ਸਾਹਿਬ ਦੀ ਜੀਵਨੀ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਬਹੁਤੀ ਵਾਰ ਤਾਂ ਗੱਲ ਤੋਰਨ ਲਈ ਮਰਦਾਨੇ ਦੀ ਭੁੱਖ ਹੀ ਹਾਲਾਤ ਪੈਦਾ ਕਰਦੀ ਹੈ। ਹਰ ਥਾਂ ਖਾਣ ਪੀਣ ਦਾ ਕੋਈ ਨਾਂ ਕੋਈ ਜੁਗਾੜ ਕਰ ਹੀ ਲੈਂਦਾ ਸੀ ਮਰਦਾਨਾ। ਹਰਦੁਆਰ ਜਦੋਂ ਬੈਠੇ ਹੋਏ ਸਨ ਤਾਂ ਮਰਦਾਨਾ ਰਿੰਨਣ ਵਾਸਤੇ ਕੁਝ ਲੈ ਆਇਆ। ਸੋ ਅੱਗ ਦੀ ਜਰੂਰਤ ਪਈ। ਓਨੀ ਦਿਨੀ ਮਾਚਸ ਤਾਂ ਹੁੰਦੀ ਨਹੀ ਸੀ। ਹਰ ਪਿੰਡ ਸ਼ਹਿਰ ਵਿੱਚ ਇੱਕ ਥਾਂ ਹੁੰਦੀ ਸੀ ਜਿੱਥੇ ਅੱਗ ਹਮੇਸ਼ਾਂ ਧੁਖਦੀ ਰੱਖੀ ਜਾਂਦੀ ਸੀ। ਜਿਨੂੰ ਜਰੂਰਤ ਹੋਣੀ, ਸੁੱਕਾ ਗੋਹਾ ਲੈ ਜਾਣਾ ਤੇ ਅੱਗ ਲੈ ਆਉਣੀ।

ਤੇ ਲਓ! ਮਰਦਾਨੇ ਨੂੰ ਨੇੜੇ ਹੀ ਇੱਕ ਥਾਂ ਧੂੰ ਨਿਕਲਦਾ ਦਿਸ ਪਿਆ। ਮਰਦਾਨਾ ਗਿਆ। ਇੱਕ ਪੰਡਤ ਨੇ ਹਵਨ ਦੀ ਆਹੂਤੀ ਜਗਾਈ ਹੋਈ ਸੀ। ਮੂੰਹੋ ਸਵਾਹ ਸਵਾਹਾ ਕਰ ਰਿਹਾ ਸੀ। ਮਰਦਾਨੇ ਸਮਝਿਆ ਕਿ ਉਹ ਕਹਿ ਰਿਹਾ ਹੈ ਕਿ ਸਵਾਹ ਹਟਾ ਦਿਓ ਤੇ ਅੱਗ ਲੈ ਲਓ। ਮਰਦਾਨੇ ਨੇ ਚਲ ਰਹੇ ਹਵਨ ਤੋਂ ਆਪਣੀ ਪਾਥੀ ਸੁਲਗਾ ਲਈ। ਮਰਦਾਨੇ ਦੇ ਪਹਿਰਾਵੇ ਤੋਂ ਸਾਫ ਲੱਗ ਰਿਹਾ ਸੀ ਕਿ ਇਹ ਲਹਿੰਦੇ ਪੰਜਾਬ ਦਾ ਕੋਈ ਮੁਸਲਮਾਨ ਹੋਵੇਗਾ।

ਪੰਡਤ ਬੋਲ ਉਠਿਆ, ‘‘ਅਰੇ ਮੂਰਖ ਕੌਣ ਹੋ ਤੁਮ। ਮੇਰਾ ਹਵਨ ਭੰਗ ਕਰਨੇ ਵਾਲੇ?’’

ਅੱਗੋ ਮਰਦਾਨਾ ਬੋਲਿਆ, ‘‘ਜੀ ਮੈਂ ਮਰਦਾਨਾ ਗੁਰੂ ਨਾਨਕ ਦਾ ਮੀਰਾਸੀ।‘‘

ਪੰਡਤ ਪਿੱਟ ਉਠਿਆ। "ਅਰੇ ਯਹ ਤੋਂ ਮਲੇਸ਼ ਹੈ। ਮੇਰੇ ਫੂਟੇ ਕਰਮ।" ਪੰਡਤ ਨੇ ਸੜ੍ਹਦਾ ਬਲਦਾ ਚੋਅ ਫੜਿਆ ਤੇ ਮਰਦਾਨੇ ਮਗਰ ਦੌੜਿਆ।

ਮਰਦਾਨਾ ਦੌੜ ਕੇ ਬਾਬੇ ਨੂੰ ਕਹਿੰਦਾ "ਬਾਬਾ ਬਚਾਅ ਲੈ। ਬ੍ਰਾਮਣ ਮੇਰੇ ਮਗਰ ਪੈ ਗਏ ਈ।"

ਬ੍ਰਾਮਣ ਆਇਆ। ਗੁਰੂ ਸਾਹਿਬ ਨੇ ਉਨੂੰ ਸ਼ਾਂਤ ਹੋਣ ਵਾਸਤੇ ਕਿਹਾ। ਪੁੱਛਿਆ ਕਿ ਕੀ ਗੱਲ ਹੋ ਗਈ?

ਸਾਹਿਬ ਨੇ ਪੁੱਛਿਆ ਕਿ ਹਵਨ ਕਰਨ ਦਾ ਮਕਸਦ ਕੀ ਹੋਇਆ? ਬ੍ਰਾਮਣ ਕਹਿੰਦਾ ਜਜਮਾਨ ਦੇ ਕਿਸੇ ਸਵਾਰਥ ਸਿੱਧ ਲਈ ਕੀਤਾ ਜਾ ਰਿਹਾ ਸੀ। ਗੁਰੂ ਸਾਹਿਬ ਕਹਿੰਦੇ ਮਤਲਬ ਤੁਸੀ ਭਗਵਾਨ ਕੋਲੋਂ ਜਜਮਾਨ ਦੀ ਬਿਹਤਰੀ ਵਾਸਤੇ ਕੁਝ ਮੰਗ ਰਹੇ ਸੀ? ਬ੍ਰਾਮਣ ਕਹਿੰਦਾ ਹਾਂ।

ਤੇ ਫਿਰ ਭਗਵਾਨ ਦੇ ਹੀ ਬੰਦੇ ਨੂੰ ਤੁਸੀ ਮਾਰਨ ਤੁਲੇ ਹੋਏ ਹੋ। ਇਸ ਤਰਾਂ ਭਗਵਾਨ ਕਿਵੇ ਖੁਸ਼ ਹੋਵੇਗਾ? ਪੰਡਤ ਨੂੰ ਕੋਈ ਜਵਾਬ ਨਾਂ ਅਉੜਿਆ। ਫਿਰ ਜਿੰਨਾ ਗੁੱਸਾ ਤੁਸੀ ਦਿਖਾ ਰਹੇ ਹੋ ਕੀ ਏਨਾਂ ਧਰਮੀ ਪੁਰਖ ਨੂੰ ਕਰਨਾਂ ਚਾਹੀਦੇ? ਓਥੇ ਹਜ਼ਾਰਾਂ ਲੋਕ ਇਕੱਠੇ ਹੋ ਚੁੱਕੇ ਸਨ। ਪੰਡਤ ਨੇ ਨੀਵੀਂ ਪਾ ਲਈ। ਗੁਰੂ ਸਾਹਿਬ ਨੇ ਸ਼ਬਦ ਰਚਿਆ:

ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥ ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥ ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥ ਨਾਨਕ ਅਗੈ ਊਤਮ ਸੋਈ ਜਿ ਪਾਪਾਂ ਪੰਦਿ ਨ ਦੇਹੀ ॥੧

ਪੰਡਤ ਜੀ ਤੁਸੀ ਗਲਤ ਕਹਿੰਦੇ ਹੋ ਮੇਰਾ ਚਉਕਾ ਮੀਰਾਸੀ ਨੇ ਭਿੱਟ ਦਿੱਤਾ ਹੈ। ਤੁਹਾਡਾ ਚਉਕਾ ਤਾਂ ਤੁਸੀ ਆਪ ਹੀ ਭ੍ਰਿਸ਼ਟ ਕਰ ਲਿਆ ਹੈ। ਜਿੱਥੇ ਤੁਸੀ ਮਾੜੀ ਸੋਚ ਰੂਪੀ ਮੀਰਾਸਣ ਬੈਠਾਈ ਹੋਈ ਹੈ। ਫਿਰ ਜਾਲਮ ਸੋਚ ਰੂਪੀ ਕਸਾਇਣ ਤੇ ਨਿੰਦਾ ਰੂਪੀ ਚੂਹੜੀ ਤੇ ਨਾਲ ਤੁਸੀ ਗੁੱਸਾ ਰੂਪੀ ਚੰਡਾਲ ਬੈਠਾਇਆ ਹੋਇਆ ਹੈ। ਤੁਹਾਡਾ ਚੌਕਾਕਾਰ ਕਿਸੇ ਵੀ ਰੂਪ ਵਿੱਚ ਪਵਿਤਰ ਨਹੀ ਹੈ। ਪਹਿਲਾਂ ਇਨਾਂ ਬੁਰਾਈਆਂ ਨੂੰ ਚੌਕੇ ਤੋਂ ਬਾਹਰ ਕੱਢੋ।

ਹੋਰ ਗੁਰੂ ਸਾਹਿਬ ਨੇ ਚੌਕਾ ਕਾਰ ਜਿਹੇ ਪਾਖੰਡ ਨੂੰ ਇਥੇ ਵੀ ਉਜਾਗਰ ਕੀਤਾ। ਅਸਲੀ ਸੁੱਚ ਭਿੱਟ ਬਾਰੇ ਲੋਕਾਂ ਨੂੰ ਸੁਚੇਤ ਕੀਤਾ। ਸੱਚ ਦੀ ਅਹਿਮੀਅਤ ਦੱਸੀ।

10 ਦਿਨ ਹਰਦੁਆਰ ਰਹਿ ਕੇ ਨਿਰੰਕਾਰ ਦੇ ਨਾਮ ਦਾ ਪ੍ਰਚਾਰ ਕਰਨ ਤੇ ਲੋਕਾਂ ਨੂੰ ਪਾਖੰਡ ਤੋਂ ਰੋਕਣ ਉਪਰੰਤ ਗੁਰੂ ਸਾਹਿਬ

ਪੜ੍ਹੋ ਸਫਾ

-ਉੱਤਰਾਖੰਡ ਵਿਚ ਬਾਬਾ- ਦਿੱਲੀ, ਯੂਪੀ, ਉੱਤਰਾਖੰਡ ਵਿਚ ਬਾਬੇ ਦਾ ਰੂਟ - ਹਰਦੁਆਰ ਵਿਖੇ ਮਹਾਂ ਕੁੰਭ ਸੰਨ 1506 ਈ. ਨੂੰ ਲੱਗਾ ਸੀ। ਹਰਦੁਆਰ ਤੇ ਕੁਰਖੇਤਰ ਦੀ ਯਾਤਰਾ (ਸੂਰਜ ਗ੍ਰਿਹਣ ਮੌਕੇ) ਇਕੋ ਸਮੇਂ ਨਹੀ ਸੀ ਹੋਈ। ਮਿਹਰਬਾਨ ਤੇ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿੱਚ ਵਿਸਾਖੀ ਮੌਕੇ ਹੀ ਗੁਰੂ ਸਾਹਿਬ ਦਾ ਹਰਦੁਆਰ ਆਉਣਾ ਲਿਖਿਆ ਹੈ। ਵਿਸਾਖੀ ਹਰ ਸਾਲ ਆਉਂਦੀ ਹੈ ਪਰ ਮਹਾਂਕੁੰਭ 12 ਸਾਲਾਂ ਵਿਚ ਇਕ ਵਾਰੀ। 16 ਵੀ ਸਦੀ ਦੇ ਅਰੰਭ ਵਿਚ ਮਹਾਂਕੁੰਭ 1506 ਵਿਚ ਆਉਂਦਾ ਹੈ। ਓਦੋਂ ਗੁਰੂ ਸਾਹਿਬ ਅਜੇ ਸੁਲਤਾਨਪੁਰ ਲੋਧੀ ਸਨ। ਕੋਈ ਸੂਰਤ ਨਹੀ ਬਣਦੀ ਕਿ ਗੁਰੂ ਸਾਹਿਬ ਇਸ ਮੌਕੇ ਨੂੰ ਖੁੰਝਾਇਆ ਹੋਵੇ।

ਫਿਰ ਜਦੋਂ ਦੁਬਾਰਾ ਫਰਵਰੀ/ਮਾਰਚ1508 ਈ. ਵਿਚ ਦਿੱਲੀ ਸਨ ਤਾਂ ਓਦੋਂ ਵੀ ਗੰਗਾ ਦਾ ਸਲਾਨਾ ਵਸਾਖੀ ਮੇਲਾ ਗੁਰੂ ਸਾਹਿਬ ਦੇ ਨਿਸ਼ਾਨੇ ਤੇ ਸੀ। ਸੋ ਜਦੋਂ ਆਪਾਂ ਉਦਾਸੀ ਨਕਸ਼ਾ ਵੇਖਦੇ ਹਾਂ ਤਾਂ ਸਾਫ ਨਜਰ ਆਉਦਾ ਹੈ ਕਿ ਗੁਰੂ ਸਾਹਿਬ ਦਿੱਲੀ ਤੋਂ ਮੇਰਠ, ਹਲਦੌਰ (ਜਿਲਾ ਬਿਜਨੌਰ) ਨਜੀਬਾਬਾਦ, ਹਰਦੁਆਰ, ਸੰਤ੍ਰਸ਼ਾਹ, ਨਵਾਦਾ, ਹਰਦੁਆਰ ਤੇ ਫਿਰ ਸ੍ਰੀਨਗਰ, ਬਦਰੀਨਾਥ, ਅਲਮੋੜਾ, ਰੀਠਾ ਸਾਹਿਬ, ਨਾਨਕਮਤਾ, ਟਾਂਡਾ (ਰੁਦਰਪੁਰ), ਮੁਰਾਦਾਬਾਦ, ਗੜ੍ਹਮੁਕਤੇਸ਼ਵਰ ਤੇ ਫਿਰ ਦਿੱਲੀ ਤੱਕ ਸਾਫ ਸਾਫ ਰੂਟ ਦਾ ਪੈਟਰਨ ਨਜਰ ਆਉਦਾ ਹੈ। ਜੋ ਸਾਬਤ ਕਰਦਾ ਹੈ ਕਿ ਗੁਰੂ ਸਾਹਿਬ ਦਿੱਲੀ ਦੁਬਾਰਾ ਪਹੁੰਚੇ ਸਨ। ਅੰਦਾਜ਼ਾ ਹੈ ਕਿ ਜਦੋਂ ਦੁਬਾਰਾ ਦਿੱਲੀ ਆਏ ਤਾਂ ਹਕੂਮਤ ਵਲੋਂ ਗੁਰੂ ਸਾਹਿਬ ਦੀ ਦਿੱਲੀ ਦਾਖਲੇ ਤੇ ਪਾਬੰਦੀ ਲਗਾ ਦਿਤੀ।

ਦਿੱਲੀ ਤੋਂ ਫਿਰ ਗੁਰੂ ਸਾਹਿਬ ਸਿੱਧਾ ਅਲਾਹਾਬਾਦ ਦਾ ਰੁਖ ਕਰਦੇ ਨੇ। ਇਸ ਦਾ ਸਬੂਤ ਹੈ ਬੱਲਬਗੜ੍ਹ ਲਾਗੇ ਪਿੰਡ ਦਿਆਲਪੁਰ ਵਿਖੇ ਗੁਰੂ ਸਾਹਿਬ ਦੀ ਆਮਦ ਦੀ ਯਾਦਗਾਰ।

ਇਥੋਂ ਅੱਗੇ ਲਗਦਾ ਹੈ ਸਾਹਿਬ ਸਿੱਧਾ ਕਾਨਪੁਰ ਨੂੰ ਗਏ। ਇਟਾਵਾ ਜਾਣਾ ਸਾਬਤ ਨਹੀ ਹੁੰਦਾ। ਨਕਸ਼ਾ ਵੇਖਿਆਂ ਸਾਫ ਜ਼ਾਹਿਰ ਹੁੰਦਾ ਹੈ ਕਿ ਗੁਰੂ ਸਾਹਿਬ ਹਰਦੁਆਰ ਅਤੇ ਪ੍ਰਯਾਗਰਾਜ ਦੇ ਕੁੰਭਾਂ ਦੀ ਉਡੀਕ ਵਿਚ ਨੇੜੇ ਤੇੜੇ ਦੇ ਇਲਾਕੇ ਗਾਹੁੰਦੇ ਹਨ।

ਰਵਾਨਾ ਹੋ ਗਏ। ਪਰ ਹਰ ਪਾਸੇ ਨਾਨਕ ਨਾਨਕ ਹੋ ਗਈ।

—◈—

ਜਦੋਂ ਰਾਮ ਪਿਆਰੀ ਜੈ ਕੌਰ ਬਣ ਜਾਵੇ

ਫਿਰ ਗੁਰਦੁਆਰਾ ਗਿਆਨ ਗੋਦੜੀ ਹਰਦੁਆਰ ਵਿਚ ਨਹੀ ਰਹਿ ਸਕਦਾ

ਜਿਥੇ ਗੁਰੂ ਸਾਹਿਬ ਹਰਿ ਕੀ ਪਉੜੀ, ਹਰਦੁਆਰ ਵਿਖੇ ਬਿਰਾਜੇ ਸਨ ਉਹ ਅਸਥਾਨ ਗਿਆਨ ਗੋਦੜੀ ਨਾਨਕਵਾੜਾ ਕਹਾਉਦਾ ਹੈ। ਸੰਨ 1984 ਵਿੱਚ ਹਿੰਦੂਆਂ ਨੇ ਉਸ ਅਸਥਾਨ ਤੇ ਜਬਰੀ ਪੁਲਿਸ ਦੀ ਮਦਦ ਨਾਲ ਕਬਜ਼ਾ ਕਰ ਲਿਆ। ਓਦੋਂ ਤੋਂ ਲੈ ਕੇ ਸਿੱਖ ਸੰਗਤਾਂ ਉਹ ਥਾਂ ਛਡਵਾਉਣ ਲਈ ਸੰਘਰਸ਼ ਕਰ ਰਹੀਆਂ ਹਨ। ਕੁਦਰਤੀ ਹੈ ਕਿ ਇਸ ਇਤਹਾਸਿਕ ਗੁਰਦੁਆਰੇ ਵਾਲੀ ਥਾਂ ਵੀ ਮਾਲ ਮਹਿਕਮੇ ਦੇ ਰਿਕਾਰਡ ਅਨੁਸਾਰ ਗੁਰਦੁਆਰੇ ਦੀ ਹੈ। ਪਰ ਦਲੀਲ ਕੌਣ ਸੁਣਦਾ ਹੈ? ਗਿਆਨ ਗੋਦੜੀ ਲਈ ਚਲ ਰਹੇ ਅੰਦੋਲਨ ਨੂੰ ਠੁੱਸ ਕਰਨ ਵਾਸਤੇ ਸਰਕਾਰ ਦੇ ਗੁਪਤ ਇਸ਼ਾਰੇ ਤੇ ਗਿਆਨੀ ਗੁਰਬਚਨ ਸਿੰਘ ਅਕਾਲ ਤਖਤ ਜਥੇਦਾਰ ਨੇ ਮਈ 2017 ਨੂੰ ਇੱਕ 20 ਮੈਂਬਰੀ ਕਮੇਟੀ ਬਣਾ ਦਿੱਤੀ। ਅਖੇ ਇਹ ਕਮੇਟੀ ਅੰਦੋਲਨ ਦੀ ਅਗਵਾਈ ਕਰੇਗੀ। ਕਮੇਟੀ ਨੇ ਕਦੀ ਹੋਂਦ ਦਿਖਾਈ ਹੀ ਨਾਂ। ਇਕ ਵੀ ਬਿਆਨ ਤਕ ਨਾਂ ਆਇਆ ਇਸ ਦਾ।

ਗਿਆਨ ਗੋਦੜੀ: ਦੀ ਦੁਰਲੱਭ ਤਸਵੀਰ

ਅਕਾਲ ਤਖਤ ਨੂੰ ਅਗਲੇ ਸਿੱਖਾਂ ਖਿਲਾਫ ਹੀ ਵਰਤ ਗਏ।

ਸੋ ਗਲ ਸਿੱਧੀ ਜਿਹੀ ਹੈ ਰਾਮ ਪਿਆਰੀ ਜੇ ਤਾਂ ਈਸਾਈ ਮਰੀਅਮ ਬੀਬੀ ਬਣਦੀ ਹੈ ਫਿਰ ਤਾਂ ਕੋਈ ਦਿੱਕਤ ਨਹੀ ਜੇ ਕਿਤੇ ਉਹ ਜੈ ਕੌਰ ਬਣ ਜਾਏ ਤਾਂ ਫਿਰ ਅਗਲਿਆਂ ਨੂੰ ਮੁਸ਼ਕਲ ਹੁੰਦੀ ਹੈ। ਇਥੇ ਤਸਵੀਰ ਵਿਚ ਬੀਬੀ ਜੈ ਕੌਰ ਹਾਰ ਪਾਈ ਗੁਰੂ ਗ੍ਰੰਥ ਸਾਹਿਬ ਦੇ ਚਰਨਾਂ ਵਿਚ ਬੈਠੀ ਹੈ। ਜਦੋਂ ਕਿ ਹੋਰ ਸਹਿਜਧਾਰੀ ਸਿੱਖ ਪਾਠ ਕਰ ਰਹੇ ਹਨ। ਬਸ ਇਹ ਵਰਤਾਰਾ ਅਗਲੇ ਨੂੰ ਬਰਦਾਸ਼ਤ ਨਹੀ ਹੈ।

ਪੈੜ ਸਫਾ
- ◉ ਸਾਈਕਲ ਯਾਤਰੀ- 155
- ◘ ਕਿਰਪਾਲ -36

—◈—

ਸਾਈਕਲ ਯਾਤਰੀ ਨੇ ਜੂਨ 1931 ਅਨੁਸਾਰ

ਪਹਿਲੀ ਪਾਤਸ਼ਾਹੀ ਦੀਆਂ ਹਰਦਵਾਰ ਵਿਖੇ ਦੋ ਯਾਦਗਾਰਾਂ ਹਨ:

1. ਨਾਨਕ ਅਖਾੜਾ : ਗੁਰਦੁਆਰਾ ਪਹਿਲੀ ਪਾਤਸ਼ਾਹੀ। ਕੁਸਾਂ ਵਰਤ ਘਾਟ ਦੇ ਕੋਲ ਗੰਗਾ ਕੰਢੇ ਤੇ ਹੈ। ਬਸ ਅੱਡਾ ਲਾਗੇ

ਨਾਨਕ ਅਖਾੜਾ ਜਾਂ ਨਾਨਕਵਾੜਾ ਅੱਜ ਕਲ੍ਹ ਪ੍ਰਾਚੀਨ ਲੰਗਰ ਬਣ ਗਇਆ ਹੈ।

ਹੀ ਹੈ ਜਿਥੋਂ ਛੋਟੀ ਜਿਹੀ ਗਲੀ ਥਾਂਣੀ ਜਾਣਾ ਪੈਂਦਾ ਹੈ। ਹਰਦਵਾਰ ਜਦੋਂ ਆਏ, ਗੁਰੂ ਸਾਹਿਬ ਨੇ ਸ਼ੁਰੂ ਵਿੱਚ ਇਥੇ ਹੀ ਆਸਣ ਕੀਤਾ ਸੀ, ਬਾਦ ਵਿੱਚ ਹੋਰਨਾਂ ਥਾਵਾਂ ਤੇ ਗਏ। ਅਸਥਾਨ ਉਦਾਸੀਆਂ ਦੇ ਕਬਜੇ ਵਿੱਚ ਹੈ। ਇਥੇ ਗੁਰੂ ਸਾਹਿਬ ਦੀ ਤਸਵੀਰ ਸੰਗ ਮਰਮਰ ਤੇ ਬਣੀ ਹੈ ਜਿਸ ਦੀ ਪੂਜਾ ਹੁੰਦੀ ਹੈ।(ਸਥਾਨ ਦਾ ਦੂਸਰਾ ਨਾਂ, ਨਾਨਕ ਬਾੜਾ ਵੀ ਲਿਖਿਆ ਹੈ) ਸ੍ਰੀ ਗੁਰੂ ਹਰਿ ਰਾਇ ਸਾਹਿਬ ਨੇ ਇਸ ਅਸਥਾਨ ਦੀ ਭਾਲ ਕਰਕੇ ਭਾਈ ਭਗਤ ਭਗਵਾਨ ਨੂੰ ਇਥੋਂ ਦਾ ਮਸੰਦ ਥਾਪਿਆ ਸੀ। ਮੌਜੂਦਾ ਮਹੰਤ ਏਸੇ ਦਾ ਹੀ ਗੱਦੀ ਨਸ਼ੀਨ ਹੈ। ◘ ਅੱਜ ਇਹ ਉਦਾਸੀ ਮਹੰਤ ਹਿੰਦੂ ਧਰਮ ਦੀ ਚੜ੍ਹਤ ਕਰਕੇ ਉਧਰ ਪਾਸਾ ਵੱਟ ਗਏ ਹਨ। ਹੁਣ ਇਹ ਅਸਥਾਨ ਕੁੰਭ ਵੇਲੇ ਮਾਤਰ ਲੰਗਰ ਲਾਉਣ ਲਈ ਹੈ। ਹੌਲੀ ਹੌਲੀ ਗੁਰੂ ਨਾਨਕ ਦਾ ਨਾਂ ਅਸਥਾਨ ਤੋਂ ਮਿੱਟਦਾ ਜਾ ਰਿਹਾ ਹੈ।

2. ਗਿਆਨ ਗੋਦੜੀ: ਸਾਈਕਲ ਯਾਤਰੀ ਲਿਖਦਾ ਹੈ

"ਗੰਗਾ ਕੰਢੇ ਹਰਿ ਕੀ ਪੌੜੀ ਦੇ ਨਜਦੀਕ ਹੀ ਹੈ। ਗੁਰਦੁਆਰੇ ਵਿੱਚ ਰਹਾਇਸ਼ ਦਾ ਪ੍ਰਬੰਧ ਨਹੀ ਹੈ ਕਿਉਕਿ ਜਗਾ ਬਹੁਤ ਤੰਗ ਹੈ। ਪਹਿਲਾਂ ਇਸ ਗੁਰਦੁਆਰੇ ਦੀ ਕਾਫੀ ਖੁੱਲੀ ਥਾਂ ਹੁੰਦੀ ਸੀ। ਇੱਕ ਵੇਲਾ ਆਇਆ ਓਦੋਂ ਇਥੇ ਕੋਈ ਵਾਲੀ ਵਾਰਸ ਨਹੀ ਸੀ ਇਸ ਕਰਕੇ ਗੁਰਦੁਆਰੇ ਦੀ ਥਾਂ ਲੋਕਾਂ ਨੇ ਦੱਬ ਲਈ ਸੀ। ਖੁੱਦ ਗੁਰਦੁਆਰਾ ਵੀ ਉਹ ਅੱਜ ਸ਼ਹਿਰ ਦੀ ਰਾਣੀ ਦੇ ਕਬਜੇ ਵਿੱਚ ਹੈ।

ਹਾਲਾਤ ਇਹ ਹੈ ਕਿ ਇਥੋਂ ਦੇ ਮਹੰਤ ਖੁੱਦ ਰਾਣੀ ਨੂੰ ਗੁਰਦੁਆਰਾ ਸਾਹਿਬ ਦਾ ਕਰਾਇਆ ਦਿੰਦੇ ਹਨ: 2000 ਰੁਪਏ ਸਲਾਨਾ। ਸੋ ਐਸ ਵਕਤ ਇਹ ਗੁਰਦੁਆਰਾ ਕਿਰਾਏ ਤੇ ਹੈ। ਉਦਾਸੀ ਤੇ ਨਿਰਮਲੇ ਸਾਧਾਂ ਨੇ ਬੋਲੀ ਲਾ ਲਾ ਕਰਾਇਆ ਆਪੇ ਹੀ ਵਧਾ ਲਿਆ ਹੈ। ਇਥੇ ਕਬਜਾ ਨਿਰਮਲੇ ਸੰਤਾਂ ਦਾ ਹੈ।''◉

—◈—

ਬਾਬੇ ਨੇ ਸ੍ਰੀ ਨਗਰ ਪੌੜੀ ਗੜਵਾਲ ਦੇ ਰਾਜੇ ਅਜੇਪਾਲ ਨੂੰ ਨਿਰੰਕਾਰ ਬਾਰੇ ਗਿਆਨ ਦਿੱਤਾ। ●

ਹਰਦੁਆਰ ਦੀ ਯਾਤਰਾ ਤੋਂ ਬਾਦ ਗੁਰੂ ਸਾਹਿਬ ਕੁਝ ਚਿਰ ਉਤਰਾਖੰਡ ਦੇ ਹੋਰ ਅਸਥਾਨਾਂ ਤੇ ਲੋਕਾਂ ਦਾ ਉਧਾਰ ਕਰਦੇ ਹੋਏ ਕੋਟਦਵਾਰੇ ਥਾਂਣੀ ਉੱਚੇ ਪਹਾੜੀ ਇਲਾਕੇ ਬਦਰੀ ਨਾਥ, ਕੇਦਾਰ ਨਾਥ, ਜੋਸ਼ੀ ਮੱਠ ਜਿਹੇ ਹਿੰਦੂ ਅਸਥਾਨਾਂ ਤੇ ਗਏ।

ਇਨਾਂ ਅਸਥਾਨਾਂ ਤੇ ਸਾਹਿਬ ਨੇ ਜੋ ਕੌਤਕ ਕੀਤੇ ਉਹ ਇਤਹਾਸ ਵਿੱਚ ਸਾਂਭੇ ਨਹੀ ਜਾ ਸਕੇ। ਪਰ ਰਸਤੇ ਵਿੱਚ ਇੱਕ ਅਸਥਾਨ ਸ੍ਰੀਨਗਰ (ਪੌੜੀ ਗੜਵਾਲ) ਹੈ ਇਥੋ ਦੇ ਰਾਜਾ ਅਜੈਪਾਲ ਕੋਲ ਵੀ ਕਿਸੇ ਪੰਡਤ ਨੇ ਸ਼ਕਾਇਤ ਕਰ ਦਿੱਤੀ ਕਿ ਵੇਖੋ ਆਹ ਨਾਨਕ ਨਾਂ ਦਾ ਨਵਾਂ ਸਾਧ ਉਠਿਆ ਹੈ ਉਹ ਹਿੰਦੂਮਤ ਦੇ ਪ੍ਰਚਲਤ ਸਿਧਾਤਾਂ ਦਾ ਖੰਡਨ ਕਰ ਰਿਹਾ ਹੈ।ਓਥੇ ਫਿਰ ਗੁਰੂ ਸਾਹਿਬ ਰਾਜਾ ਅਜੈਪਾਲ ਨੂੰ ਮਿਲਦੇ ਹਨ।ਪ੍ਰਚਲਤ ਕਰਮ ਕਾਡਾਂ ਦਾ ਖੰਡਨ ਤੇ ਨਿਰੰਕਾਰ ਦਾ ਸਿਧਾਂਤ ਸਮਝਾਉਂਦੇ ਹਨ।

ਇਥੇ ਸ੍ਰੀਨਗਰ (ਗੜ੍ਹਵਾਲ) ਵਿਖੇ ਵੀ ਗੁਰੂ ਸਾਹਿਬ ਦੇ ਆਉਣ ਦੀ ਯਾਦ ਵਿਚ ਚਰਨ ਪਾਦੁਕਾ ਹੁੰਦੀ ਸੀ ਪਰ ਹੁਣ ਅਲੋਪ ਹੈ। ●

—◈—

ਮੇਰਠ ਵਿਖੇ ਅੜੀਅਲ ਜੋਗੀ ਨੂੰ ਰਾਹੇ ਪਾਇਆ ◉

ਗੁਰੂ ਸਾਹਿਬ ਦਿੱਲੀ ਤੋਂ ਚਲਕੇ ਇਥੇ ਆਏ ਸਨ। ਇਥੇ ਇੱਕ ਅੜੀਅਲ ਜੋਗੀ ਕਹਿ ਰਿਹਾ ਸੀ ਮੈਂ ਮੇਰਠ ਸ਼ਹਿਰ ਨੂੰ ਤਬਾਹ ਕਰ ਦਿਆਂਗਾ ਕਿਉਕਿ ਇੱਕ ਮਾਈ ਨੇ ਭਿਖਿਆ ਮੰਗਣ ਮੌਕੇ ਉਹਦੀ ਬੇਇਜਤੀ ਕਰ ਦਿੱਤੀ ਸੀ। ਗੁਰੂ ਸਾਹਿਬ ਨੇ ਉਸ ਜੋਗੀ ਨੂੰ ਸਮਝਾਇਆ ਕਿ ਸੰਨਿਆਸੀ ਹੋ ਕੇ ਵੀ ਹਉਮੈ ਚੁੱਕੀ ਫਿਰਦਾ ਇਹ ਤੇਰੀ ਕਿਥੋਂ ਦੀ ਅਕਲ। ਇਹ ਖੱਫਣੀ ਕਾਹਨੂੰ ਓੜੀ ਹੋਈ ਈ।

ਉਦਾਸੀਨ ਗੁਰਦੁਆਰਾ, ਸੂਰਜ ਕੁੰਡ, ਮੇਰਠ

ਨਾਲੇ ਮੰਗੇ ਤੇ ਨਾਲੇ ਟੌਹਰ ਦਿਖਾਏ। ਗੁਰੂ ਸਾਹਿਬ ਦਾ ਉਪਦੇਸ਼ ਸੁਣਕੇ ਜੋਗੀ ਦੇ ਕਵਾੜ ਖੁੱਲ ਗਏ।



ਗੁਰਦੁਆਰਾ ਗੁਰੂ ਨਾਨਕ ਸ਼ਾਹੀ ਨਜੀਬਾਬਾਦ

ਮੇਰਠ ਵਿਚ ਇਕ ਪੁਰਾਣਾ ਉਦਾਸੀ ਆਸ਼ਰਮ ਮੌਜੂਦ ਹੈ। ਇੰਟ੍ਰਨੈਟ ਤੇ ਮੌਜੂਦ ਫੋਟੋ ਤੋਂ ਇਸ ਦੀ ਪੁਰਾਤਨਤਾ ਸਾਫ ਸਾਫ ਝਲਕਦੀ ਹੈ। ਛੋਟੀ ਨਾਨਕਸ਼ਾਹੀ ਇੱਟ ਦੀ ਇਮਾਰਤ ਹੈ। ਲਗਦਾ ਹੈ ਇਹੋ ਮੂਲ ਰੂਪ ਵਿਚ ਉਸ ਜੋਗੀ ਦਾ ਟਿਕਾਣਾ ਹੋਵੇਗਾ ਜੋ ਬਾਦ ਵਿਚ ਉਦਾਸੀ ਆਸ਼ਰਮ ਬਣਿਆ। ਇਸ ਅਸਥਾਨ ਤੋ ਹੋਰ ਵੀ ਦਿਲਚਸਪ ਜਾਣਕਾਰੀ ਮਿਲਦੀ ਹੈ ਕਿ ਇਸ ਗੁਰਦੁਆਰੇ ਵਿਚ 1936-37 ਵਿਚ ਸਿੱਖਾਂ ਨੇ ਕਬਜਾ ਕਰਨ ਦੀ ਕੋਸ਼ਿਸ਼ ਕੀਤੀ। ਆਸ਼ਰਮ ਦੀ ਮਹੰਤ ਅਸਰ ਰਸੂਖ ਵਾਲਾ ਬੰਦਾ ਸੀ ਜਿਸ ਨੇ ਜਿਲੇ ਦੇ ਕਲੈਕਟਰ ਕੋਲੋ ਹੁਕਮ ਕਰਵਾ ਲਏ ਕਿ ਕੋਈ ਵੀ ਬੰਦਾ ਇਸ ਗੁਰਦੁਆਰੇ ਦੇ ਪ੍ਰਬੰਧ ਵਿਚ ਦਖਲ ਅੰਦਾਜ਼ੀ ਨਾਂ ਕਰੇ। ਕਲੈਕਟਰ ਨੇ ਇਹ ਹੁਕਮ ਜਿਲੇ ਦੀ ਪੁਲਿਸ ਤਕ ਵੀ ਪਹੁੰਚਾਏ। ਮਹੰਤ ਸੰਤ ਦਾਸ ਨੇ ਉਹਨਾਂ ਹੁਕਮਾਂ ਦੀ ਨਕਲ ਪੱਥਰ ਤੇ ਖੁਦਵਾ ਕੇ ਗੁਰਦੁਆਰਾ ਸਾਹਿਬ ਦੇ ਬਾਹਰ ਲਵਾ ਦਿੱਤੀ ਹੋਈ ਹੈ ਜੋ ਅੱਜ ਵੀ ਮੌਜੂਦ ਹੈ।

ਨਜੀਬਾਬਾਦ ਸ਼ਹਿਰ ਵਿੱਚ ਵੀ◉ ਗੁਰੂ ਸਾਹਿਬ ਦਾ ਯਾਦਗਾਰੀ ਗੁਰਦੁਆਰਾ ਮੌਜੂਦ ਹੈ। ਪਰ ਯਾਦ ਰਹੇ ਇਹ ਸ਼ਹਿਰ 1740 ਈ. ਵਿੱਚ ਹੋਂਦ ਵਿੱਚ ਆਇਆ। ਪਰ ਨਾਲ ਹੀ ਸਾਨੂੰ ਧਿਆਨ ਹੋਣਾ ਚਾਹੀਦਾ ਹੈ ਕਿ ਇਹ ਰੋਹਿਲੇ ਪਠਾਣਾਂ ਦਾ ਸ਼ਹਿਰ ਹੈ। ਇਥੋਂ ਦੀ ਸੰਗਤ ਨਾਲ ਗਲ ਬਾਤ ਕਰਨ ਤੇ ਪਤਾ ਲੱਗਾ ਕਿ ਪਠਾਣਾ ਦੇ ਇਥੇ ਆਉਣ ਤੋਂ ਪਹਿਲਾਂ ਵੀ ਅਬਾਦੀ ਮੌਜੂਦ ਸੀ ਜਿਸ ਕੋਲ ਗੁਰੂ ਸਾਹਿਬ ਠਹਿਰੇ ਸਨ। ਪਠਾਣ ਨਜੀਬੁਦੌਲਾ ਬਾਦ ਵਿਚ ਇਥੇ ਸ਼ਹਿਰ ਵਸਾਇਆ।

—◈—

ਮੋਹਰਾਂ ਦੇ ਕੋਲੇ ਤੇ ਸੂਲੀ ਦੀ ਸੂਲ

ਇਹ ਘਟਨਾ ਜਿਥੇ ਵਾਪਰੀ ਉਸ ਸਥਾਨ ਦਾ ਨਾਂ ਗੋਂਦੀਖਾਤਾ ਹੈ। ਇਹ ਹਰਦੁਆਰ ਤੋਂ 21 ਕਿ. ਮੀ ਦੱਖਣ ਅਤੇ ਨਜੀਬਾਬਾਦ ਤੋਂ 25 ਕਿ. ਮੀ. ਉਤਰ ਵਿਚ ਭਾਵ ਹਰਦੁਆਰ ਨਜੀਬਾਬਾਦ ਸੜਕ

ਪੈਰ ਸਫਾ

● ਸਾਈਕਲ ਯਾਤਰੀ- 150. ਨੇ ਲਿਖਿਆ ਹੈ ਕਿ ਸੰਨ 1895 ਈ ਤੋਂ ਪਹਿਲਾਂ ਇਥੇ ਵੀ ਗੁਰੂ ਸਾਹਿਬ ਦਾ ਯਾਦਗਾਰੀ ਗੁਰਦੁਆਰਾ ਮੌਜੂਦ ਸੀ। ਇਸ ਅਸਥਾਨ ਦੇ ਨਾਂ ਤੇ ਬਾਹਰ ਜਮੀਨ ਵੀ ਹੈ। ''ਬਾਦ ਵਿੱਚ ਗੰਗਾ ਨਦੀ ਦਾ ਵਹਾਅ ਬਦਲਣ ਕਰਕੇ ਸਾਰਾ ਸ੍ਰੀ ਨਗਰ ਸ਼ਹਿਰ ਸਮੇਤ ਗੁਰਦੁਆਰੇ ਦੇ ਵਹਿ ਗਿਆ। ਮੌਜੂਦਾ ਸ਼ਹਿਰ ਪਹਿਲੀ ਵਾਲੀ ਥਾਂ ਤੋਂ ਹਟ ਕੇ ਵਸਿਆਂ ਹੋਇਆ ਹੈ। ਮਹੰਤ ਜਮੀਨ ਤਾਂ ਖਾ ਵਰਤ ਰਿਹਾ ਹੈ ਪਰ ਗੁਰਦੁਆਰਾ ਸਾਹਿਬ ਦੁਬਾਰਾ ਤਮੀਰ ਕਰਨ ਵਾਸਤੇ ਉਨ੍ਹੰ ਕੋਈ ਸੌਕ ਨਹੀ ਹੈ।'' (10 ਮਈ 1931 ਨੂੰ ਲਿਖਿਆ।)

◉ ਸਾਈਕਲ ਯਾਤਰੀ- 153 ਨੇ ਵੀ ਗੁਰੂ ਜੀ ਦਾ ਮੇਰਠ ਅਤੇ ਨਜੀਬਾਬਾਦ ਆਉਣਾ ਵੀ ਲਿਖਿਆ ਹੈ।

ਗੁਰਦੁਆਰਾ ਬਾਉਲੀ ਸਾਹਿਬ, ਗੋਂਦੀਖਾਤਾ

ਤੇ ਹੈ। ਅੱਜ ਓਥੇ ਗੁਰਦੁਆਰਾ ਬਾਉਲੀ ਸਾਹਿਬ ਅਤੇ ਨੇੜੇ ਇਕ ਜੋਗੀ ਸਿੱਧ ਮੰਦਰ ਵੀ ਹੈ।

ਗੁਰੂ ਸਾਹਿਬ ਜਦੋਂ ਇਸ ਦੇਸ ਦਾ ਗੇੜਾ ਲਾ ਰਹੇ ਸਨ ਤਾਂ ਮਰਦਾਨੇ ਨੇ ਗੁਰੂ ਜੀ ਨੂੰ ਕਿਹਾ ਸਾਹਿਬ ਗਰਮੀ ਬੜੀ ਹੈ ਬਿਹਤ੍ ਹੈ ਦੋ ਚਾਰ ਦਿਨ ਇਥੇ ਹੀ ਕਿੱਤੇ ਇਕ ਥਾਂ ਹੀ ਬਹਿ ਕੇ ਗੁਜਾਰੀਏ। ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਠੀਕ ਹੈ।

ਇਥੇ ਲਾਗੇ ਹੀ ਜੋਗੀਆਂ ਦਾ ਕੋਈ ਪ੍ਰਸਿੱਧ ਡੇਰਾ ਸੀ। ਗੁਰੂ ਸਾਹਿਬ ਉਸ ਤੋਂ ਹਟਵੇ ਇਕ ਪੰਜਾਬੀ ਖੱਤਰੀ ਦੇ ਬਾਗ ਵਿਚ ਹੀ ਬਹਿ ਗਏ। ਹੌਲੀ ਹੌਲੀ ਲੋਕਾਈ ਨੂੰ ਪਤਾ ਲੱਗ ਗਇਆ ਕਿ ਗੁਰੂ ਨਾਨਕ ਇਥੇ ਬਿਰਾਜੇ ਹੋਏ ਹਨ। ਰੋਜ ਸ਼ਾਮ ਨੂੰ ਫਿਰ ਗੁਰੂ ਸਾਹਿਬ ਦੇ ਡੇਰੇ ਬਾਗ ਵਿਚ ਸਤਿਸੰਗ ਲਗਦਾ। ਦੂਰੋਂ ਨੇੜਿਓ ਪ੍ਰੇਮੀ ਆ ਜੁੜਦੇ। ਗੁਰੂ ਸਾਹਿਬ ਦੀ ਧੁੰਮ ਚੁਫੇਰੇ ਪੈ ਚੁੱਕੀ ਸੀ।

ਇਕ ਖੱਤਰੀ ਜਿਸ ਦੀ ਹੱਟੀ ਨੇੜੇ ਦੇ ਕਿਸੇ ਪਿੰਡ ਵਿਚ ਸੀ ਉਸ ਨੇ ਵੀ ਸੰਗਤ ਦੇ ਬਹਿਣ ਉਠਣ ਦਾ ਸਾਰਾ ਇੰਤਜਾਮ ਕਰਨਾਂ। ਕਿਉਕਿ ਗੁਰੂ ਸਾਹਿਬ ਦੇ ਉਪਦੇਸ਼ ਨਾਲ ਬੰਦਾ ਚੜ੍ਹਦੀ ਕਲ੍ਹਾ ਵਿਚ ਚਲਾ ਜਾਂਦਾ ਸੀ। ਉਸ ਖੱਤਰੀ ਨੇ ਅਜਿਹਾ ਅਨੰਦ ਮਹਿਸੂਸ ਕੀਤਾ ਕਿ ਉਹ ਕੋਈ ਤਿਰਕਾਲਾ ਖੁੰਝਦਾ ਹੀ ਨਹੀ ਸੀ। ਨੇਮ ਨਾਲ ਆ ਕੇ ਪਹਿਲਾਂ ਸਫਾਂ ਵਿਛਾਉਣੀਆਂ ਜਾਂ ਫਿਰ ਪੱਖੇ ਦੀ ਸੇਵਾ ਕਰਨੀ ਨਾਲੇ ਗੁਰੂ ਸਾਹਿਬ ਦੇ ਵਖਿਆਨ ਅਤੇ ਕੀਰਤਨ ਦਾ ਅਨੰਦ ਲੈਣਾ।

ਖੱਤਰੀ ਦੇ ਗਵਾਂਢ ਵਿਚ ਇਕ ਹੋਰ ਹੱਟੀ ਵੀ ਸੀ। ਗਵਾਂਢੀ ਦੁਰਾਚਾਰੀ ਸੀ ਤੇ ਅਕਸਰ ਉਹ ਵੇਸਵਾ ਦੇ ਕੋਠੇ ਤੇ ਜਾਂਦਾ ਹੁੰਦਾ ਸੀ। ਵੇਸਵਾ ਦਾ ਕੋਠਾ ਵੀ ਤਕਰੀਬਨ ਉਸ ਪਾਸੇ ਹੀ ਸੀ ਜਿੱਧਰ ਗੁਰੂ ਸਾਹਿਬ ਨੇ ਡੇਰਾ ਲਾਇਆ ਹੋਇਆ ਸੀ। ਗਵਾਂਢੀ ਨੂੰ ਖੱਤਰੀ ਤੇ ਸ਼ੱਕ ਹੋ ਗਿਆ ਕਿ ਖੱਤਰੀ ਵੀ ਕਿਸੇ ਚੋਰੀ ਯਾਰੀ ਦੇ ਚੱਕਰ ਵਿਚ ਸ਼ਾਮੀ ਨਿਕਲ ਜਾਂਦਾ ਹੈ। ਆਖਿਰ ਗਵਾਂਢੀ ਕੋਲੋ ਰਿਹਾ ਨਾਂ ਗਇਆ ਤਾਂ ਉਸ ਨੇ ਖੱਤਰੀ ਨੂੰ ਪੁੱਛ ਹੀ ਲਿਆ "ਭਾਈ ਤੂੰ ਰੋਜ ਸ਼ਾਮੀ ਕਿੱਥੇ ਜਾਨਾਂ ਏ?"

ਖੱਤਰੀ ਨੇ ਜਵਾਬ ਦਿੱਤਾ ਕਿ ਪੰਜਾਬ ਤੋਂ ਇਕ ਬਹੁਤ ਮਹਾਨ ਹਸਤੀ ਆਈ ਹੋਈ ਹੈ ਮੈਂ ਰੋਜ ਉਹਨਾਂ ਦੇ ਬਚਨ ਸੁਣਨ ਜਾਨਾਂ ਵਾਂ। ਖੱਤਰੀ ਗਵਾਂਢੀ ਨੂੰ ਕਹਿੰਦਾ ਕਿ ਤੂੰ ਵੀ ਕੋਠੇ ਦਾ ਚੱਕਰ ਛੱਡ, ਸੱਤ ਸੰਗਤ ਵਿਚ ਚਲਿਆ ਕਰ। ਗਵਾਂਢੀ ਨੇ ਕਿਹਾ ਆਪਾਂ ਤਾਂ ਮੌਜ ਲੈਨੇ ਆ ਰੋਜ। ਏਨਾ ਸਾਧਾਂ ਸੰਤਾਂ ਕੋਲੋਂ ਕੀ ਮਿਲਣਾ। ਕਲ੍ਹ ਕਿਹਨੇ ਵੇਖਿਆ? ਦੋਵੇ ਇਕੱਠੇ ਗੋਂਦੀਖਾਤਾ ਵਲ ਨੂੰ ਰਵਾਨਾ ਹੋ ਗਏ।

ਖੱਤਰੀ ਕਹਿਣ ਲੱਗਾ ਕਿ ਗਵਾਂਢੀਆ ਜਿਹੜੇ ਰਸਤੇ ਤੂੰ ਪਇਆ ਹੋਇਆ ਏ, ਇਹਦਾ ਨਤੀਜਾ ਤੈਨੂੰ ਬਾਦ ਵਿਚ ਪਤਾ ਲਗਣੈ। ਚਸਕਾ ਮਿੰਟ ਦਾ, ਪਰ ਦੂਸਰੇ ਪਾਸੇ ਨਾਮ ਦੀ ਖੁਮਾਰੀ ਦਾ ਅਸਰ ਜਾਂਦਾ ਹੀ ਨਹੀ। ਦੋਵਾਂ ਦੀ ਬਹਿਸ ਹੋ ਗਈ। ਅਖੀਰ ਤਹਿ ਹੋਇਆ ਕਿ ਆਪਾਂ ਵਾਪਸੀ ਤੇ ਵੀ ਸ਼ਹਿਰੋ ਇਕੱਠੇ ਚਲਾਗੇ ਤੇ ਦੱਸਾਂਗੇ ਕਿ ਇਕ ਦੂਸਰੇ ਨੂੰ ਕੀ ਹਾਸਲ ਹੋਇਆ। ਤਹਿ ਕਰ ਲਇਆ ਕਿ ਫਲਾਣੇ ਰੁੱਖ ਥੱਲੇ ਇਕ ਦੂਜੇ ਨੂੰ ਉਡੀਕਾਂਗੇ।

ਗਵਾਂਢੀ ਵੇਸਵਾ ਦੇ ਕੋਠੇ ਤੇ ਗਇਆ। ਵੇਸਵਾ ਉਸ ਦਿਨ ਬੀਮਾਰ ਸੀ। ਉਹ ਮਿਲੀ ਹੀ ਨਹੀ। ਗਵਾਂਢੀ ਨਿਰਾਸ਼ ਹੋਇਆ ਇਧਰ ਉਧਰ ਘੁੰਮ ਫਿਰ ਕੇ ਜਿਹੜਾ ਵਕਤ ਤਹਿ ਕੀਤਾ ਸੀ ਉਸ ਮੁਤਾਬਿਕ ਆ ਰੁੱਖ ਥੱਲੇ ਉਡੀਕ ਕਰਨ ਲੱਗਾ। ਵਿਹਲਾ ਬੈਠਾ ਐਵੇਂ ਜਮੀਨ ਖੁਰਚ ਰਿਹਾ ਸੀ ਕਿ ਮਿੱਟੀ 'ਚੋਂ ਉਹਨੂੰ ਇਕ ਮੋਹਰ ਮਿਲ ਗਈ। ਉਹਨੂੰ ਚਾਅ ਚੜ੍ਹ ਗਇਆ। ਉਸ ਨੇ ਉਹ ਥਾਂ ਹੋਰ ਖੁਰਚਣੀ ਸ਼ੁਰੂ ਕੀਤੀ ਤਾਂ ਥੱਲਿਓ ਇਕ ਕੁੱਜਾ ਨਿਕਲ ਆਇਆ। ਵੇਖਿਆ ਤਾਂ ਕੁੱਜਾ ਕੋਲਿਆਂ ਨਾਲ ਭਰਿਆ ਪਿਆ ਸੀ। ਗਵਾਂਢੀ ਸੋਚਦਾ ਕਿ ਕਿਤੇ ਇਹ ਵੀ ਮੋਹਰਾ ਦਾ ਹੁੰਦਾ ਤਾਂ ਮੇਰਾ ਜੀਵਨ ਬਦਲ ਜਾਂਦਾ।

ਖੈਰ ਕੁਝ ਦੇਰ ਬਾਦ ਲੰਙਾਉਦਾ ਹੋਇਆ ਖੱਤਰੀ ਵੀ ਆ ਪਹੁੰਚਿਆ। ਇਕ ਜੁੱਤੀ ਪੈਰੀ ਪਾਈ ਹੋਈ ਤੇ ਦੂਸਰੀ ਹੱਥ ਵਿਚ ਫੜੀ ਹੋਈ ਸੀ।

ਗਵਾਂਢੀ ਪੁੱਛਦਾ ਭਾਈ ਦੱਸ ਅੱਜ ਕੀ ਹਾਸਲ ਹੋਇਆ। ਖੱਤਰੀ ਨੇ ਦੱਸਿਆ ਕਿ ਗੁਰੂ ਸਾਹਿਬ ਨੇ ਅੱਜ ਫਲਾਣੀ ਗਲ ਕਹੀ। ਗਵਾਂਢੀ ਕਹਿੰਦਾ ਇਹ ਦੱਸ ਤੈਨੂੰ ਪ੍ਰਾਪਤ ਕੀ ਹੋਇਆ? ਤੂੰ ਲੰਙਾ ਕਿਓ ਰਿਹਾ ਹੈ।

ਖੱਤਰੀ ਕਹਿੰਦਾ ਕਿ ਸੇਵਾ ਕਰਦੇ ਵੇਲੇ ਮੈਂ ਨੰਗੀ ਪੈਰੀ ਸੀ ਤੇ ਮੇਰੇ ਪੈਰ 'ਚ ਸੂਲ ਵੱਜ ਗਈ ਹੈ। ਇਸ ਕਰਕੇ ਲੰਙਾ ਰਿਹਾ ਹਾਂ।

ਗਵਾਂਢੀ ਕਹਿੰਦਾ ਕਿ ਮਤਲਬ ਤੈਨੂੰ ਅੱਜ ਸੂਲ ਹਾਸਲ ਹੋਈ ਆ? ਖੱਤਰੀ ਕੋਲ ਕੋਈ ਜਵਾਬ ਨਹੀ ਸੀ।

ਗਵਾਂਢੀ ਬੜੇ ਗਰਬ ਨਾਲ ਕਹਿੰਦਾ ਕਿ ਵੇਖ ਮੈਨੂੰ ਸੋਨੇ ਦੀ ਮੋਹਰ ਮਿਲੀ ਹੈ ਇਥੋਂ। ਉਸ ਨੇ ਸਾਰੀ ਗਲ ਦੱਸੀ।

ਖੱਤਰੀ ਨੂੰ ਗੱਲ ਨਹੀ ਸੀ ਆ ਰਹੀ। ਆਖਿਰ ਦੋਵਾਂ ਨੇ ਤਹਿ ਕੀਤਾ

ਸਿੱਧ ਪੀਠ, ਉਦਾਸੀਨ ਆਸ਼ਰਮ ਇਹ ਗੋਂਦੀ ਖਾਤਾ ਤੋਂ ਐਨ 5 ਕਿ.ਮੀ. ਪੱਛਮ ਦੱਖਣ ਵਿਚ ਹੈ। ਇਥੇ ਬਾਬਾ ਸ੍ਰੀਚੰਦ ਪੂਜੀਦਾ ਹੈ

ਕਿ ਇਸ ਗਲ ਦਾ ਜਵਾਬ ਬਾਬਾ ਨਾਨਕ ਕੋਲੋਂ ਲਿਆ ਜਾਵੇ ਕਿ ਸਤਸੰਗ ਦਾ ਕੀ ਆਹ ਫਾਇਦਾ ਹੁੰਦਾ ਹੈ?

ਅਗਲੇ ਦਿਨ ਦੋਵੇ ਗੁਰੂ ਨਾਨਕ ਦੀ ਸਭਾ ਵਿਚ ਪਹੁੰਚ ਗਏ ਤੇ ਜਾ ਕੇ ਖੱਤਰੀ ਨੇ ਸਵਾਲ ਕਰ ਦਿਤਾ ਤੇ ਸਾਰੀ ਵਿਥਿਆ ਦੱਸੀ।

ਗੁਰੂ ਸਾਹਿਬ ਨੇ ਜਵਾਬ ਦਿਤਾ ਕਿ ਵੇਖ ਮੇਰੇ ਖੱਤਰੀ ਭਾਈ ਤੇਰੀ ਕਿਸਮਤ ਵਿਚ ਸੂਲੀ ਲਿਖੀ ਹੋਈ ਸੀ। ਸ਼ਾਮੀ ਤੇਰੇ ਕੋਲੋਂ ਕੋਈ ਗੁਨਾਹ ਹੋਣਾਂ ਸੀ ਜਿਸ ਤੇ ਅਦਾਲਤ ਨੇ ਤੈਨੂੰ ਫਾਂਸੀ ਦੇਣੀ ਸੀ। ਪਰ ਉਹ ਤਰਕਾਲਾਂ ਦਾ ਵੇਲਾ ਤੂੰ ਸਤਿਸੰਗ ਵਿਚ ਲਾ ਦਿਤਾ। ਜਿਸ ਕਾਰਨ ਤੇਰਾ ਗੁਨਾਹ ਟੱਲ ਗਿਆ। ਸੋ ਤੇਰੀ ਸੂਲੀ ਦੀ ਸੂਲ ਬਣ ਗਈ।

ਗਵਾਂਢੀ ਨੂੰ ਕਹਿਣ ਲੱਗੇ, ਭਾਈ ਤੇਰੇ ਪੂਰਬਲੇ ਜਨਮ ਪਵਿਤ੍ਰ ਸਨ। ਜਿਸ ਕਰਕੇ ਇਸ ਜਨਮ ਵਿਚ ਤੈਨੂੰ ਦੁਨਿਆਵੀ ਅਨੰਦ ਮਿਲੇ ਹਨ, ਜਿੰਨਾਂ ਵਿਚ ਤੂੰ ਗਵਾਚਿਆ ਹੋਇਆ ਫਿਰ ਰਿਹੈ। ਬਾਕੀ ਜਿਹੜਾ ਤੈਨੂੰ ਕੋਲਿਆਂ ਦਾ ਕੁੱਜਾ ਮਿਲਿਆ ਹੈ ਉਹ ਦਰਅਸਲ ਮੋਹਰਾਂ ਸਨ। ਤੇਰੇ ਹੁਣ ਵਾਲੇ ਕਰਮਾਂ ਕਰਕੇ ਉਹ ਮੋਹਰਾਂ ਇਕ ਇਕ ਕਰਕੇ ਕੋਲਾ ਹੋ ਗਈਆਂ। ਤੂੰ ਅੱਜ ਖੱਤਰੀ ਕੋਲੋਂ ਨੇਕੀ ਦੀਆਂ ਕੁਝ ਗੱਲਾਂ ਸੁਣੀਆਂ। ਤੇਰੇ ਮੰਨ ਵਿਚ ਵੀ ਚਾਅ ਪੈਦਾ ਹੋਇਆ ਸਤਿਸੰਗ ਸੁਣਨ ਦਾ। ਪਰ ਦੂਸਰਾ ਮੰਨ ਤੈਨੂੰ ਖੋਟੇ ਪਾਸੇ ਲੈ ਗਇਆ। ਅੱਗੇ ਫਿਰ ਤੇਰੀ ਕਿਸਮਤ ਨੇ ਸਾਥ ਦਿਤਾ ਜਿਹੜਾ ਵੇਸਵਾ ਤੈਨੂੰ ਮਿਲੀ ਨਹੀ। ਉਸ ਵਿਹਲੇ ਵੇਲੇ ਵਿਚ ਤੇਰਾ ਮੰਨ ਧਾਰਮਿਕ ਖਿਆਲਾਂ ਵਿਚ ਲੱਗਾ ਰਿਹਾ। ਜਿਸ ਕਾਰਨ ਤੇਰੀ ਅੱਜ ਤੇ ਕਲ੍ਹ ਦੀ ਸੋਚ ਕਰਕੇ ਇਕ ਮੋਹਰ ਤਾਂ ਬਚ ਗਈ ਬਾਕੀ ਸਭ ਕੋਲਾ ਹੋ ਗਈਆਂ। ◘

ਗੁਰੂ ਸਾਹਿਬ ਨੇ ਕਿਹਾ ਕਿ ਵੇਖੋ ਨਾਮ ਦੀ ਸ਼ਰਨ ਵਿਚ ਗਇਆਂ ਇਸ ਪ੍ਰਕਾਰ ਸੂਲੀ ਤੋਂ ਸੂਲ ਬਣ ਜਾਂਦੀ ਹੈ ਤੇ ਬੁਰੇ ਕਰਮਾਂ ਵਿਚ ਪੈਣ ਤੇ ਸੋਨਾ ਵੀ ਕੋਲਾ ਹੋ ਜਾਂਦਾ ਹੈ। ਸਾਹਿਬ ਨੇ ਮਰਦਾਨੇ ਨੂੰ ਸੁਚੇਤ ਕੀਤਾ ਤੇ ਕਿਹਾ ਕਿ ਭਾਈ ਮਾਰੂ ਦੀ ਤਰਜ ਤੇ ਤਾਰ ਖਿੱਚ। ਸ਼ਬਦ ਗਾਇਆ:-

ਮਾਰੂ ਮਹਲਾ ੧ ਘਰੁ ੧ ॥ ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥ ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥੧॥ ਚਿਤ ਚੇਤਸਿ ਕੀ ਨਹੀ ਬਾਵਰਿਆ ॥ ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥ ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ ॥ ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ ॥੨॥ ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ ॥ ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ ॥੩॥ ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥ ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥੪॥੩॥

—◈—

ਸਾਈਕਲ ਯਾਤਰੀ -154 ਨੇ ਰੁੜਕੀ ਤੋਂ 10 ਕਿ. ਮੀ. ਉੱਤਰ ਪੂਰਬ ਵਲ ਪਿੰਡ ਸੰਤਰਸ਼ਾਹ ਵਿਖੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਆਉਣ ਬਾਰੇ ਵੀ ਲਿਖਿਆ ਹੈ ਤੇ ਤਸਦੀਕ ਕੀਤਾ ਹੈ ਕਿ ਇਥੇ

ਪੈੜ ਸਫ਼ਾ

◘ ਬਾਲਾ- 136। ਪਹਿਲਾਂ ਇਹ ਮੰਨਿਆ ਜਾਂਦਾ ਸੀ ਕਿ ਇਹ ਘਟਨਾ ਪਟਨਾ ਦੇ ਲਾਗੇ ਚਾਗੇ ਕਿਤੇ ਵਾਪਰੀ। ਪਰ ਗੈਂਡੀਖਾਤਾ ਵਿਚ ਕਿਉਕਿ ਸੀਨਾ ਬਸੀਨਾ ਇਹ ਕਥਾ ਚਲਦੀ ਆ ਰਹੀ ਹੈ ਇਸ ਕਰਕੇ ਸਾਖੀ ਨੂੰ ਟਿਕਾਣੇ ਤੇ ਦੇ ਦਿੱਤਾ ਗਇਆ ਹੈ। ਇਸ ਅਸਥਾਨ ਤੇ ਗੁਰੂ ਸਾਹਿਬ ਨਜੀਬਾਬਾਦ ਵਾਲੇ ਪਾਸਿਓ ਆਏ ਸਨ।

ਬਾਲਕ ਬਣਿਆ ਬਾਬਾ (ਬੀ-40 ਤਸਵੀਰ)

ਉਦਾਸੀ ਸੰਤਾਂ ਨੇ ਗੁਰਦੁਆਰਾ ਵੀ ਬਣਾਇਆ ਹੋਇਆ ਹੈ।

—◈—

ਪਿੰਡ ਨਵਾਦਾ ਡੇਹਰਾਦੂਨ ਵਿਖੇ ਗੁਰੂ ਸਾਹਿਬ ਆਏ ਸਨ?

ਸਾਈਕਲ ਯਾਤਰੀ- 165. ਅਨੁਸਾਰ ਡੇਹਰਾਦੂਨ ਦੇ 9 ਕਿ.ਮੀ ਦੱਖਣ ਪਿੰਡ ਨਵਾਦਾ ਵਿਖੇ ਗੁਰੂ ਸਾਹਿਬ ਦਾ ਅਸਥਾਨ ਹੈ ਜੋ ਕਿ ਉਦਾਸੀ ਸੰਤਾਂ ਦੇ ਕਬਜੇ ਤਹਿਤ ਹੈ। ਇਸ ਬਾਬਤ ਹੋਰ ਕੋਈ ਜਾਣਕਾਰੀ ਨਹੀ ਦਿੱਤੀ।

—◈—

ਜਦੋਂ ਬਾਲਕ ਬਣ ਕੇ ਬਾਬਾ ਬਾਰ ਬਾਰ ਵਿਕਿਆ – ਟਾਂਡਾ ਜਿਲਾ ਊਧਮ ਸਿੰਘ ਨਗਰ

ਸ੍ਰੀ ਨਗਰ ਗੜ੍ਹਵਾਲ ਤੋਂ ਗੁਰੂ ਸਾਹਿਬ ਹੇਠਾਂ ਉਤਰੇ, ਕੋਟਦਵਾਰਾ, ਨਗੀਨਾ, ਕਾਂਸ਼ੀਪੁਰ, ਅਲਮੋੜਾ ਘੁੰਮਦੇ ਘੁੰਮਾਦੇ ਵਣਜਾਰਿਆਂ ਦੇ ਟਾਂਡੇ ਆ ਪਹੁੰਚੇ। ਟਾਂਡਾ ਉਸ ਨੂੰ ਕਹਿੰਦੇ ਹਨ ਜਿੱਥੇ ਪੁਰਾਣੇ ਸਮਿਆਂ ਵਿੱਚ ਸੁਦਾਗਰ ਲੋਕ ਰਾਤ ਬਿਤਾਉਂਦੇ ਸਨ। ਸਬੰਧਤ ਰਾਜਾ ਉਸ ਥਾਂ ਤੇ ਵਣਜਾਰਿਆਂ ਦੀ ਰਾਖੀ ਦੀ ਜਿੰਮੇਵਾਰੀ ਲੈਂਦਾ ਸੀ। ਅਜਿਹੇ ਥਾਂ ਵਕਤ ਪਾ ਕੇ ਅਮੂਮਨ ਸ਼ਹਿਰ ਦਾ ਰੂਪ ਧਾਰਨ ਕਰ ਜਾਂਦੇ ਸਨ। ਇਹੋ ਕਾਰਨ ਹੈ ਟਾਂਡਾ ਨਾਂ ਦੇ ਕਈ ਸ਼ਹਿਰ ਹਨ। ਪਰ ਜਿਸ ਟਾਂਡੇ ਦਾ ਇਥੇ ਜਿਕਰ ਹੈ ਇਹ ਉਤਰਾਖੰਡ ਦੇ ਜਿਲਾ ਊਧਮ ਸਿੰਘ ਨਗਰ ਦੇ ਰੁਦਰਪੁਰ ਤੋਂ ਨੱਕ ਦੀ ਸੇਧ ਹੇਠਾਂ 13 ਕਿਲੋਮੀਟਰ ਦੱਖਣ ਹੈ। ਨਾਲ ਦਾ ਪਿੰਡ ਕੀਛਾ ਹੈ। ਇਸ ਪਿੰਡ ਦੇ ਨਾਲ ਹੀ ਯੂ ਪੀ ਦਾ ਬਰੇਲੀ ਜਿਲਾ ਸ਼ੁਰੂ ਹੋ ਜਾਂਦਾ ਹੈ।

ਜਦੋਂ ਗੁਰੂ ਸਾਹਿਬ ਇਥੇ ਪਧਾਰੇ ਇਲਾਕੇ ਦਾ ਜਗੀਰਦਾਰ

ਜਿੱਥੇ ਬਾਗ ਹਰਿਆ ਕੀਤਾ ਓਥੇ ਅੱਜ ਮੌਜੂਦ ਹੈ ਗੁਰਦੁਆਰਾ ਗੁਰੂ ਕਾ ਬਾਗ।

ਰੁਹੇਲਾ ਪਠਾਣ ਸੀ। ਪਠਾਣ ਨਵੇਂ ਨਵੇਂ ਆ ਕੇ ਇਥੇ ਵਸੇ ਸਨ। ਪਰ ਇਨਾਂ ਵਿੱਚੋਂ ਕੁਝ ਇਕ ਨੇ ਨਵਾਂ ਹੀ ਕਸਬ ਅਖਤਿਆਰ ਕੀਤਾ ਹੋਇਆ ਸੀ। ਜਿਵੇਂ ਅਰਬ ਤੇ ਉਤਰੀ ਅਫਰੀਕਾ ਵਿੱਚ ਹੁੰਦਾ ਸੀ ਕਿ ਲੋਕ ਗੁਲਾਮਾਂ ਦਾ ਵਪਾਰ ਕਰਦੇ ਸਨ। ਇਥੋਂ ਦੇ ਰੁਹੇਲੇ ਪਠਾਣ ਗਰੀਬ ਗੁਰਬੇ ਲੋਕਾਂ ਦੇ ਬੱਚੇ ਚੁੱਕ ਲੈ ਜਾਂਦੇ ਤੇ ਓਨਾਂ ਨੂੰ ਅੱਗੇ ਵੇਚ ਦਿੰਦੇ ਸਨ। ਇਲਾਕੇ ਦੇ ਲੋਕ ਇਨਾਂ ਤੋਂ ਡਾਢੇ ਪ੍ਰੇਸ਼ਾਨ ਸਨ।

ਜਦੋਂ ਗੁਰੂ ਸਾਹਿਬ ਨੇ ਹਰਦੁਆਰ ਵਿਖੇ ਆਪਣੇ ਚਮਤਕਾਰ ਦਿਖਾਏ ਓਦੋਂ ਹੀ ਹਰਾ ਨਾਂ ਦਾ ਬੰਦਾ ਗੁਰੂ ਸਾਹਿਬ ਦਾ ਸਿੱਖ ਬਣ ਗਿਆ। ਹਰਾ ਇਸੇ ਟਾਂਡੇ ਦਾ ਵਸਨੀਕ ਸੀ। ਉਸ ਨੇ ਗੁਰੂ ਸਾਹਿਬ ਨੂੰ ਬੱਚਿਆਂ ਦੇ ਵਿੱਕਣ ਦੀ ਸਾਰੀ ਵਿਥਿਆ ਸੁਣਾਈ। ਗੁਰੂ ਸਾਹਿਬ ਨੇ ਹਰੇ ਨੂੰ ਕਿਹਾ ਕਿ ਉਹ ਵਕਤ ਮਿਲਣ ਤੇ ਟਾਂਡੇ ਪਹੁੰਚਣਗੇ।

ਸੋ ਸ੍ਰੀ ਨਗਰ ਤੋਂ ਚਲ ਕੇ ਗੁਰੂ ਸਾਹਿਬ ਟਾਂਡੇ ਆਏ ਤੇ ਭਾਈ ਮਰਦਾਨੇ ਨੂੰ ਭਾਈ ਹਰਾ ਦੇ ਘਰ ਭੇਜ ਦਿੱਤਾ। ਆਪ ਗੁਰੂ ਸਾਹਿਬ ਟਾਂਡੇ ਦੇ ਬਜਾਰ ਵਿੱਚ ਅਣਭੋਲ ਜਿਹੇ 12 ਸਾਲ ਦੇ ਸੁੰਦਰ ਬਾਲਕ ਬਣ ਬੈਠੇ। ਜਦੋਂ ਕਿਸੇ ਪਠਾਣ ਨੂੰ ਪਤਾ ਲੱਗਾ ਕਿ ਕੋਈ ਗਵਾਚਿਆ ਹੋਇਆ ਬੱਚਾ ਇਕੱਲਾ ਬੈਠਾ ਹੈ ਤਾਂ ਪਠਾਣ ਬਾਲਕ ਨੂੰ ਆਪਣੇ ਨਾਲ ਘਰ ਲੈ ਗਿਆ। ਪਠਾਣੀ ਨੇ ਕਿਹਾ ਸਾਫ ਸੁਥਰਾ ਲੱਗਦਾ ਆ, ਬਾਲਕ ਕੋਲੋਂ ਘਰ ਦਾ ਕੰਮ ਲੈਨੇ ਆ । ਪਠਾਣ ਕਹਿਣ ਲੱਗਾ ਭਲੀਏ ਲੋਕੇ ਇਹਦੇ ਤੋਂ ਚੋਖੇ ਪੈਸੇ ਮਿਲਣੇ ਨੇ ਵੇਚਣ ਤੇ।

ਅਗਲੇ ਦਿਨ ਪਠਾਣ ਨੇ ਬਾਲਕ ਨਾਨਕ ਨੂੰ ਬਾਗਾਂ ਦੇ ਮਾਲਕ ਕੋਲ ਵੇਚ ਦਿੱਤਾ ਤੇ ਬਦਲੇ ਵਿੱਚ ਦੋ ਘੋੜੇ ਲਏ। ਮਾਲਕ ਨੇ ਗੁਲਾਮ ਬਾਲਕ ਨੂੰ ਆਪਣੇ ਬਗੀਚੇ ਵਿੱਚ ਭੇਜ ਦਿੱਤਾ ਤਾਂ ਕਿ ਫਲਦਾਰ ਰੁੱਖਾਂ ਦੀ ਪੰਛੀਆਂ ਤੋਂ ਰਾਖੀ ਕਰੇ। ਛੇਤੀ ਹੀ ਗੁਲਾਮ (ਨਾਨਕ) ਵਾਪਸ ਮਾਲਕ ਕੋਲ ਆ ਗਇਆ ਕਿ ਓਥੇ ਤਾਂ ਕੋਈ ਫਲਦਾਰ ਬੂਟਾ ਹੀ ਨਹੀ ਕਾਹਦੀ ਰਾਖੀ ਕਰਨੀ ਆ। ਮਾਲਕ ਹੈਰਾਨ ਹੋਇਆ ਬਾਗ ਵਿੱਚ ਗਇਆ ਤਾਂ ਵੇਖ ਕੇ ਹੈਰਾਨ ਰਹਿ ਗਿਆ। ਬਾਗ ਬਰਬਾਦ ਸੀ, ਸੁੱਕ ਚੁੱਕਾ ਸੀ।

ਅਗਲੇ ਦਿਨ ਗੁਲਾਮ ਬਾਲਕ ਨੂੰ ਦੂਸਰੇ ਬਾਗ ਭੇਜਿਆ ਤਾਂ ਓਥੇ ਵੀ ਓਹੋ ਹਾਲਤ। ਆਖਿਰ ਮਾਲਕ ਨੂੰ ਅਹਿਸਾਸ ਹੋਇਆ ਕਿ ਇਹ ਗੁਲਾਮ ਹੀ ਕਲੈਹਣਾ ਬਾਲਕ ਹੈ, ਜਿੱਥੇ ਜਾਂਦਾ ਓਥੇ ਹੀ ਬਰਬਾਦੀ ਹੋ ਜਾਂਦੀ ਹੈ। ਘਰ ਦੀ ਬਰਕਤ ਵੀ ਖਤਮ ਹੋ ਗਈ ਸੀ। ਬਾਲਕ ਨੇ ਹੌਲੀ ਜਿਹੀ ਮਾਲਕ ਨੂੰ ਕਹਿ ਦਿੱਤਾ ਕਿ ਮੈਨੂੰ ਅਜਾਦ ਕਰ ਦੇ ਤੇਰਾ ਸਭ ਕੁਝ ਪਰਤ ਆਏਗਾ। ਮਾਲਕ ਨੇ ਅਗਲੇ ਸਵੇਰੇ ਗੁਲਾਮ ਅਜ਼ਾਦ ਕਰ ਦਿੱਤਾ।

ਬਾਲਕ ਦਾ ਰੂਪ ਧਾਰੀ ਬਾਬਾ ਫਿਰ ਜਾ ਓਸੇ ਥੜੇ ਤੇ ਬਿਰਾਜਮਾਨ ਹੋ ਗਿਆ। ਪਹਿਲਾਂ ਵਾਲੇ ਰੁਹੇਲੇ ਪਠਾਣ ਨੇ ਫਿਰ ਬਾਲਕ ਨੂੰ ਕਾਬੂ ਕਰ ਲਿਆ ਤੇ ਘਰ ਲੈ ਗਿਆ।

ਹੁਣ ਬਾਲਕ ਨੂੰ ਆਜੜੀ ਕੋਲ ਵੇਚ ਦਿੱਤਾ ਜਿਹਦੇ ਕੋਲ ਭੇਡਾਂ ਦਾ ਵੱਡਾ ਵੱਗ ਸੀ। ਬਾਬਾ ਲੱਗਾ ਭੇਡਾਂ ਚਾਰਨ। ਜਿਵੇ ਬਾਬੇ ਨੇ ਵੱਗ ਵਿੱਚ ਪੈਰ ਪਾਇਆ ਭੇਡਾਂ ਅਜਿਹੀਆਂ ਡਿੱਗਣੀਆਂ ਸ਼ੁਰੂ ਹੋਈਆਂ ਕੇ ਸੱਥਰਾਂ ਦੇ ਸੱਥਰ ਵਿਛ ਗਏ। ਆਜੜੀ ਲੱਗਾ ਵਰਲਾਪ ਕਰਨ। ਬਾਬੇ ਨੇ ਆਜੜੀ ਨੂੰ ਕਿਹਾ ਕਿ ਮੈਨੂੰ ਅਜ਼ਾਦ ਕਰ ਦੇ ਤੇਰੀਆਂ ਭੇਡਾਂ ਸਭ ਤੰਦਰੁਸਤ ਹੋ ਜਾਣਗੀਆ। ਆਜੜੀ ਨੇ ਅਜਿਹਾ ਹੀ ਕੀਤਾ ਤੇ ਆਪਣੀਆ ਭੇਡਾਂ ਬਚਾ ਲਈਆਂ।

ਅਗਲੇ ਸਵੇਰੇ ਬਾਲਕ ਫਿਰ ਜਾਂ ਓਸੇ ਥੜੇ ਤੇ ਬੈਠਾ। ਚਲਾਕ

ਜਿੱਥੇ ਪਾਣੀ ਲੈਣ ਗਏ ਸੀ ਓਥੇ ਗੁਰਦੁਆਰਾ ਗੁਰੂ ਘਾਟ,

ਪਠਾਣ ਨੇ ਫਿਰ ਕਾਬੂ ਕਰ ਲਿਆ। ਐਤਕਾਂ ਬਾਬਾ ਕਿਸੇ ਅਜਿਹੇ ਘਰ ਵਿਕ ਗਇਆ ਜਿੰਨਾਂ ਨੂੰ ਘਰ ਵਿੱਚ ਨੌਕਰ ਦੀ ਜਰੂਰਤ ਸੀ। ਤੇ ਲਓ ਬਾਲਕ ਨੂੰ ਆਟਾ ਪੀਹਣ ਦਾ ਹੁਕਮ ਹੋ ਗਿਆ। ਬਾਲਕ ਦੀ ਚੱਕੀ ਜੋਰ ਸ਼ੋਰ ਨਾਲ ਚਲ ਰਹੀ ਹੈ। ਘਰ ਦੇ ਵੇਖ ਵੇਖ ਵਿਸਮਾਦ ਵਿੱਚ ਆਈ ਜਾ ਰਹੇ ਨੇ ਕਿ ਨੌਕਰ ਵਧੀਆ ਮਿਲ ਗਿਆ।

ਫਿਰ ਘਰ ਦੀ ਸਵਾਣੀ ਨੇ ਵੇਖਿਆ ਕਿ ਬਾਲਕ ਚੱਕੀ ਨੂੰ ਵਾਹਵਾ

ਗੁਰਦੁਆਰਾ ਚੱਕੀ ਸਾਹਿਬ ਜਿਥੇ ਬਾਲਕ ਰੂਪ ਗੁਰੂ ਨਾਨਕ ਨੂੰ ਚੱਕੀ ਪੀਹਣ ਲਗਾਇਆ ਗਇਆ ਸੀ।

ਗੁਰਦੁਆਰਾ ਨਾਨਕਪੁਰੀ -ਜਿਥੇ ਖੂਹ ਸੁਕਾ ਦਿਤਾ ਸੀ। ਇਲਾਕੇ ਵਿਚ ਵੱਡੀ ਗਿਣਤੀ ਪੰਜਾਬੀ ਜਿਮੀਦਾਰਾਂ ਦੀ ਹੈ। ਜਿਸ ਕਾਰਨ ਯਾਦਗਾਰਾਂ ਬਹੁਤ ਸ਼ਾਨਦਾਰ ਬਣੀਆਂ ਹਨ।

ਗੇੜੀ ਦਈ ਜਾ ਰਿਹਾ ਹੈ, ਕਣਕ ਦਾ ਬੋਹਲ ਵੀ ਮੁੱਕਣ ਵਾਲਾ ਹੈ ਪਰ ਗੱਲਾ ਖਾਲੀ ਹੈ। ਉਸ ਨੇ ਦੁਹਾਈ ਦੇ ਦਿੱਤੀ ਕਿ ਹਨੇਰ ਸਾਈ ਦਾ ਆਟਾ ਸਾਰਾ ਗਾਇਬ ਹੈ। ਇਹ ਬਾਲਕ ਹੈ ਕਿ ਕੋਈ ਦੇਅ ਹੈ ਜੋ ਸਾਰਾ ਆਟਾ ਹੀ ਖਾ ਗਿਆ। ਦੁਹਾਈ ਮੱਚ ਗਈ। ਬਾਲਕ ਨੇ ਫਿਰ ਘਰ ਵਾਲਿਆ ਨੂੰ ਸਮਝਾਇਆ ਕਿ ਮੈਨੂੰ ਅਜ਼ਾਦ ਕਰੋ ਤੁਹਾਡੀ ਕਣਕ ਦਾ ਬੋਹਲ ਸਹੀ ਸਲਾਮਤ ਨਿਕਲੇਗਾ। ਓਨਾਂ ਭਰੋਸਾ ਦਿਵਾਇਆ ਤਾਂ ਕੀ ਵੇਖਦੇ ਹਨ ਸਾਰੀ ਕਣਕ ਓਥੇ ਮੌਜੂਦ ਹੈ।

ਬਾਬਾ ਅਜਾਦ ਹੋ ਕੇ ਅਗਲੇ ਸਵੇਰੇ ਫਿਰ ਓਸੇ ਥੜੇ ਤੇ ਜਾ ਬੈਠਾ ਤੇ ਰੁਹੇਲੇ ਨੇ ਫਿਰ ਬਾਬੇ ਨੂੰ ਕਾਬੂ ਕਰਕੇ ਐਤਕਾਂ ਅਜਿਹੇ ਘਰ ਦੇ ਦਿੱਤਾ ਜਿੰਨਾਂ ਬਾਬੇ ਨੂੰ ਪਾਣੀ ਢੋਣ ਤੇ ਲਾ ਦਿੱਤਾ। ਪਾਣੀ ਦੇ ਦੂਸਰੇ ਫੇਰੇ ਬਾਦ ਗੁਲਾਮ ਨੇ ਘਰ ਵਾਲਿਆਂ ਨੂੰ ਕਿਹਾ ਕਿ ਖੂਹ ਵਿੱਚ ਤਾਂ ਪਾਣੀ ਮੁੱਕ ਗਇਆ ਹੈ ਮੈਂ ਪਾਣੀ ਕਿਥੋ ਲਿਆਵਾਂ। ਮਾਲਕ ਨੇ ਜਦ ਜਾ ਕੇ ਵੇਖਿਆ ਤਾਂ ਸਚਮੁੱਚ ਪਾਣੀ ਸੁੱਕ ਚੁੱਕਾ ਸੀ। ਪਿੰਡ 'ਚ ਦੁਹਾਈ ਮੱਚ ਗਈ। ਲਾਗਲੇ ਨਦੀ ਨਾਲੇ ਤੇ ਗੁਲਾਮ ਨੂੰ ਪਾਣੀ ਲੈਣ ਭੇਜਿਆ ਗਿਆ। ਦਰਿਆ ਸੁੱਕ ਚੁੱਕਾ ਸੀ।

ਇਲਾਕੇ ਵਿੱਚ ਹਾਹਾਕਾਰ ਮੱਚ ਗਈ। ਸਭ ਲੋਕ ਮਸੀਤ ਦੇ ਲਾਗੇ ਇਕੱਠੇ ਹੋਏ ਕਿ ਦੁਆ ਕਰੋ ਕਿ ਪਾਣੀ ਆਏ। ਪਰ ਪਾਣੀ ਨਸੀਬ ਨਾਂ ਹੋਇਆ। ਓਥੇ ਫਿਰ ਗੁਰੂ ਸਾਹਿਬ ਆਪਣੇ ਅਸਲੀ ਸਰੂਪ ਵਿੱਚ ਆ ਕੇ ਹਾਜਰ ਹੋ ਕੇ ਲੋਕਾਂ ਨੂੰ ਲਾਹਣਤ ਪਾਈ ਕਿ ਤੁਸੀ ਕਿਹੜਾ ਕਿਸਬ ਫੜਿਆ ਹੋਇਆ ਹੈ, ਮਾਵਾਂ ਦੇ ਬੱਚੇ

ਵੇਚਦੇ ਹੋ। ਇਹ ਧੰਧਾ ਤੁਰੰਤ ਬੰਦ ਕਰੋ। ਖੁੱਦਾ ਤੁਹਾਡੇ ਗੁਨਾਹ ਮਾਫ ਕਰੇਗਾ ਤੇ ਪਾਣੀ ਫਿਰ ਸਿੰਮੇਗਾ।

ਲੋਕਾਂ ਨੇ ਅਗੇ ਤੋਂ ਅਜਿਹਾ ਗੁਨਾਹ ਕਰਨ ਤੋਂ ਤੋਬਾ ਕੀਤੀ। ਗੁਰੂ ਸਾਹਿਬ ਨੇ ਲੋਕਾਂ ਨੂੰ ਸੱਚ ਤੇ ਦਇਆ ਧਰਮ ਦੀ ਪਾਲਣਾ ਕਰਨ ਦਾ ਉਪਦੇਸ਼ ਦਿੱਤਾ ਤੇ ਨਾਮ ਦਾਨ ਇਸਨਾਨ ਦ੍ਰਿੜਾਇਆ। ਧਰਮ ਦੀ ਕਿਰਤ ਕਰਨ ਤੇ ਜੋਰ ਦਿੱਤਾ। ⊙

ਲਗਦੈ ਕਿ ਲਾਲੇ ਵਾਲਾ ਸ਼ਬਦ ਪਾਤਸ਼ਾਹ ਨੇ ਇਥੇ ਹੀ ਉਚਾਰਿਆ ਹੈ। ਸਬਦ ਵਿੱਚ ਲਾਲਾ ਮਤਲਬ ਗੁਲਾਮ, ਵਿਕਣ, ਪਾਣੀ, ਪੀਸਣਾ, ਲੂਣ ਹਰਾਮੀ ਆਦਿ ਦਾ ਸਾਫ ਜਿਕਰ ਹੈ।

ਮਾਰੂ ਮਹਲਾ ੧ ॥ ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥ ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥੧॥ ਤੇਰੇ ਲਾਲੇ ਕਿਆ ਚਤੁਰਾਈ ॥ ਸਾਹਿਬ ਕਾ ਹੁਕਮੁ ਨ ਕਰਣਾ ਜਾਈ ॥੧॥ ਰਹਾਉ॥ ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ ॥ ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ ॥੨॥ ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ॥ ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ ॥੩॥ ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ॥ ਆਦਿ ਜੁਗਾਦਿ ਦਇਆਪਤਿ ਦਾਤਾ ਤੁਧੁ ਵਿਣੁ ਮੁਕਤਿ ਨ ਪਾਈ ॥੪॥੬॥

ਰੇਠੇ ਕੀਤੇ ਮਿੱਠੇ

ਸ੍ਰੀਨਗਰ (ਗੜਵਾਲ) ਤੋ ਲੱਗਦੈ ਗੁਰੂ ਸਾਹਿਬ ਇਸ ਅਸਥਾਨ ਤੇ ਪਹੁੰਚੇ ਜਿੰਨੂ ਅੱਜ ਰੀਠਾ ਸਾਹਿਬ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਹੈ। ਇਥੇ ਵੀ ਗੁਰੂ ਸਾਹਿਬ ਦੀ ਜੋਗੀਆਂ ਨਾਲ ਗੋਸ਼ਟ ਹੋਈ। ਸਥਾਨ ਨਾਨਕਮਤੇ ਤੋਂ ਕੋਈ 5-6 ਘੰਟੇ (ਕਾਰ ਰਾਂਹੀ) ਦੀ ਦੂਰੀ ਤੇ ਹੈ।

ਰੇਠੇ ਦੇ ਰੁੱਖ ਦੀ ਛਾਵੇਂ ਬਹਿ ਜਦੋਂ ਸਿੱਧਾਂ ਨਾਲ ਗੱਲ ਬਾਤ ਚਲ ਰਹੀ ਸੀ ਤਾਂ ਮਰਦਾਨੇ ਨੂੰ ਭੁੱਖ ਸਤਾਉਣ ਲੱਗੀ। ਉਸ ਗੁਰੂ ਸਾਹਿਬ ਨੂੰ ਅਰਜ ਕੀਤੀ। ਲਾਗੇ ਬੈਠੇ ਜੋਗੀ ਕਹਿਣ ਲੱਗੇ ਜੀ ਇਥੇ ਪਹਾੜੀ ਇਲਾਕੇ ਵਿੱਚ ਰੋਟੀ ਪਾਣੀ ਕਿਥੇ? ਅਸੀ ਤਾਂ ਪਉਣ-ਅਹਾਰੀ ਹਾਂ। ਕਹਿਣ ਦਾ ਮਤਲਬ ਉਨਾਂ ਟਾਲ ਮਟੋਲ ਕਰ ਦਿੱਤਾ। ਦਿਆ ਦੇ ਸਮੁੰਦਰ ਗੁਰੂ ਸਾਹਿਬ ਨੇ ਮਰਦਾਨੇ ਨੂੰ ਆਖਿਆ ਭਾਈ ਇਹ ਰੁੱਖ ਤੇ ਚੜ੍ਹ ਜਾ ਤੇ ਇਹ ਫਲ ਖਾ ਕੇ ਭੁੱਖ ਮਿਟਾ ਲਓ। ਜੋਗੀ ਇਹ ਸੁਣ ਕੇ ਜੋਰ ਦੀ ਹੱਸ ਪਏ ਤੇ ਕਹਿਣ ਲੱਗੇ ਆਪਣੇ ਸੇਵਕ ਨੂੰ ਰੀਠੇ ਦਾ ਕੌੜਾ ਫਲ ਖਵਾਉਣ ਲੱਗੇ ਹੋ ਜਿਸ ਨਾਲ ਕਪੜੇ ਧੋਈਦੇ ਨੇ।

ਗੁਰੂ ਸਾਹਿਬ ਨੇ ਵਿਅੰਗਮਈ ਮੁਸਕਰਾਂਉਦੇ ਹੋਏ ਕਿਹਾ ਕਿ ਕਦੀ ਕੁੜੱਤਣ ਵੀ ਖਾਣੀ ਚਾਹੀਦੀ ਹੈ ਸਿਹਤ ਵਾਸਤੇ ਚੰਗੀ ਹੁੰਦੀ ਹੈ:-

ਸਲੋਕ ਮਃ ੧ ॥ ਲਖ ਸਿਉ ਪ੍ਰੀਤਿ ਹੋਵੈ ਲਖ ਜੀਵਣੁ ਕਿਆ

ਪੈਰ ਸਫ਼ਾ ⊙ ਪਠਾਨਾ ਨਾਲ ਸਬੰਧਤ ਹੋਣ ਕਰਕੇ ਕੁਝ ਲਿਖਾਰੀਆਂ ਨੇ (ਜਨਮ ਸਾਖੀ ਭਾਈ ਬਾਲਾ- ਜਵਾਹਰ ਸਿੰਘ ਕਿਰਪਾਲ ਸਿੰਘ) ਇਹ ਸਾਖੀ ਪੱਛਮ ਦੀ ਉਦਾਸੀ ਵੇਲੇ ਦੀ ਲਿਖੀ ਹੈ ਜੋ ਗਲਤ ਹੈ। ਕਿਉਕਿ ਟਾਂਡਾ ਜਿਲਾ ਊਧਮ ਸਿੰਘ ਨਗਰ ਵਿਖੇ ਤਾਂ ਬਾਕਾਇਦਾ ਯਾਦਗਾਰਾਂ ਨੇ।

ਖੁਸੀਆ ਕਿਆ ਚਾਉ ॥ ਵਿਛੁੜਿਆ ਵਿਸੁ ਹੋਇ ਵਿਛੋੜਾ ਏਕ ਘੜੀ ਮਹਿ ਜਾਇ ॥ ਜੋ ਸਉ ਵਰ੍ਹਿਆ ਮਿਠਾ ਖਾਜੈ ਭੀ ਫਿਰਿ ਕਉੜਾ ਖਾਇ ॥ ਮਿਠਾ ਖਾਧਾ ਚਿਤਿ ਨ ਆਵੈ ਕਉੜਤਣੁ ਧਾਇ ਜਾਇ ॥ ਮਿਠਾ ਕਉੜਾ ਦੋਵੈ ਰੋਗ ॥ ਨਾਨਕ ਅੰਤਿ ਵਿਗੁਤੇ ਭੋਗ ॥ ਝਖਿ ਝਖਿ ਝਖਣਾ ਝਗੜਾ ਝਾਖ ॥ ਝਖਿ ਝਖਿ ਜਾਹਿ ਝਖਹਿ ਤਿਨ੍ ਪਾਸਿ ॥

ਮਰਦਾਨਾ ਤਾਂ ਜਾਣਦਾ ਸੀ। ਉਸ ਨੇ ਜਿਵੇ ਉਹ ਫਲ ਮੂੰਹ ਵਿੱਚ ਪਾਇਆ ਤਾਂ ਅੱਸ਼ ਅੱਸ਼ ਕਰ ਉਠਿਆ। ਵੇਖਾ ਵੇਖੀ ਜੋਗੀਆਂ ਨੇ ਵੀ ਮੂੰਹ ਵਿੱਚ ਪਾ ਲਏ ਤਾਂ ਦੰਗ ਰਹਿ ਗਏ।

ਇਥੇ ਫਿਰ ਗੁਰੂ ਸਾਹਿਬ ਨੇ ਜੋਗੀਆਂ ਨੂੰ ਉਪਦੇਸ਼ ਦਿੱਤਾ ਕਿ ਇਹ ਸਮਾਧੀ ਦਾ ਸਿਧਾਂਤ ਨਿਰਮੂਲ ਹੈ ਤੇ ਅਸਲ ਭਗਤੀ ਅਕਾਲ ਪੁਰਖ ਦਾ ਨਾਮ ਜਪਣਾ ਰਜਾ ਵਿੱਚ ਰਹਿਣਾ ਤੇ ਵੰਡ ਛਕਣਾ ਹੈ।

ਨਾਨਕਮੱਤੇ ਤੋਂ ਹੀ ਸਿੱਧਾ ਕਾਂ ਉਡਾਰੀ 40 ਕਿਲੋਮੀਟਰ ਦੀ ਦੂਰੀ ਤੇ ਰੀਠਾ ਸਾਹਿਬ ਚੰਪਾਰਨ ਜਿਲੇ ਵਿੱਚ ਸਥਾਨ ਹੈ। ਪਹਾੜੀ ਇਲਾਕਾ ਹੋਣ ਕਰਕੇ ਸੜਕ ਦੀ ਲੰਬਾਈ 180 ਕਿਲੋਮੀਟਰ ਪੈ ਜਾਂਦੀ ਹੈ। ਇਥੋ ਹੀ ਗੁਰੂ ਸਾਹਿਬ ਫਿਰ ਨਾਨਕਮਤੇ ਪਹੁਚੇ। ◉

—◈—

ਗੋਰਖਮਤੇ (ਨਾਨਕਮਤੇ) ਪਹੁੰਚਿਆ ਬਾਬਾ

ਜੋਗੀਆਂ ਦੇ ਮੰਦਰਾਂ ਜਾਂ ਮੱਠ ਨੂੰ ਪੰਜਾਬੀ ਵਿੱਚ ਮੱਤ, ਮੱਟ ਜਾਂ ਮੱਤਾ ਕਿਹਾ ਜਾਂਦਾ ਹੈ। - ਪ੍ਰਸਿੱਧ ਮੱਠ ਇਹ ਸਨ: ਗੋਰਖ ਹੱਟੜੀ, ਮਖੜ, ਕਟਾਸ, ਜੱਖਬਰ, ਕਿਰਾਨਾ, ਕੋਹਾਟ, ਬਵਾਨਾ, ਬੋਹੜ, ਅੱਚਲ, ਕਾਹਨੂਵਾਨ, ਭੇੜਾ ਆਦਿ। ●

ਸਨਾਤਨੀ ਅਸਥਾਨਾਂ, ਬਦਰੀ ਨਾਥ ਕੇਦਾਰ ਨਾਥ ਜੋਸ਼ੀ ਮੱਠ ਦੀ ਸੈਰ ਕਰਦੇ ਕਰਦੇ ਬਾਬਾ ਜੀ ਨੂੰ ਪਤਾ ਲੱਗਾ ਸੀ ਕਿ ਹੇਠਾਂ (ਪੀਲੀਭੀਤ ਤੋਂ 50 ਕਿਲੋਮੀਟਰ ਤੇ) ਤੇ ਵੀ ਜੋਗੀਆਂ ਦਾ ਬਹੁਤ ਵੱਡਾ ਮੱਠ ਹੈ ਜਿੱਥੇ ਕਿਸੇ ਵੇਲੇ ਖੁੱਦ ਗੋਰਖਨਾਥ ਰਿਹਾ ਸੀ। ਬਾਬਾ ਟਾਂਡੇ ਤੋਂ ਉਤਾਂਹ ਰਾਮ ਨਗਰ ਨੂੰ ਗਿਆ। ਅੱਗੇ ਇਤਹਾਸਿਕ ਮਾਰਗ ਬੈਲ ਪੜਾਊ, ਕਾਲਾਦੂੰਗੀ, ਹਲਦਵਾਨੀ, ਚੋਰ ਗਲੀ, ਦੁਹਰਾ ਸਿਤਾਰਗੰਜ ਥਾਂਣੀ ਹੁੰਦੇ ਹੋਏ ਮਰਦਾਨੇ ਨੂੰ ਲੈ ਕੇ ਜਾ ਗੋਰਖਮੱਤੇ ਪਹੁੰਚੇ।

ਮੱਠ ਤੋਂ ਅਜੇ ਕੁਝ ਹਟਵੇਂ ਹੀ ਸਨ ਕਿ ਮਰਦਾਨਾ ਵਗਦੇ ਰਾਹ ਕੰਢੇ ਇੱਕ ਸੁੱਕੇ ਹੋਏ ਪਿੱਪਲ ਦੇ ਥੱਲੇ ਬਹਿ ਗਇਆ ਕਿ ਬਾਬਾ ਹੁਣ ਨਹੀ ਹੋਰ ਤੁਰਿਆ ਜਾਂਦਾ। ਬਾਬੇ ਨੇ ਓਥੇ ਹੀ ਰਾਹ ਵਿੱਚ ਕੀਰਤਨ ਸ਼ੁਰੂ ਕਰ ਦਿੱਤਾ। ਸਥਾਨਕ ਵਸਨੀਕਾਂ ਜਦੋਂ ਵੇਖਿਆ ਕਿ ਇਹ ਪਿੱਪਲ ਤਾਂ ਸਾਲਾਂ ਦਾ ਸੁੱਕ ਚੁੱਕਾ ਸੀ, ਇਹ ਕਿਵੇ ਹਰਿਆ ਹੋ ਉਠਿਐ? ਗੱਲ ਮੱਠ ਦੇ ਜੋਗੀਆਂ ਤੱਕ ਵੀ ਪਹੁੰਚ ਗਈ।

ਬਾਉਲੀ ਸਾਹਿਬ - ਗੁਰੂ ਸਾਹਿਬ ਨੇ ਲੋਕਾਈ ਦੀ ਪਿਆਸ ਬੁਝਾਈ

ਗੁਰਦੁਆਰਾ ਨਾਨਕਮਤਾ ਸਾਹਿਬ ਜਿੱਥੇ ਜੋਗੀਆਂ ਨੂੰ ਰਾਹੇ ਪਾਇਆ ਸੀ। ਪਿਛੇ ਇਤਹਾਸਿਕ ਪਿੱਪਲ ਵੀ ਨਜਰ ਆ ਰਿਹਾ ਹੈ।

ਦੋ ਬਜੁਰਗ ਜੋਗੀ ਆ ਬਾਬੇ ਨਾਨਕ ਦੇ ਦੁਆਲੇ ਹੋਏ। ਭਈ ਪੁਰਖਾ ਕੌਣ ਹੈ ਤੂੰ ? ਕਿਹੜੀ ਸੰਪਰਦਾ ਦਾ ਸਾਧੂ ਏ? ਕੀ ਤੂੰ ਮੁਸਲਮਾਨ ਫਕੀਰ ਏ ਕਿ ਹਿੰਦੂ? ਓਥੇ ਫਿਰ ਗੁਰੂ ਸਾਹਿਬ ਨੇ ਓਨਾਂ ਨੂੰ ਸਮਝਾਇਆ ਕਿ ਮੈਂ ਤਾਂ ਨਿਰੰਕਾਰ ਦਾ ਬੰਦਾ ਹਾਂ, ਨਾਂ ਮੁਸਲਮਾਨ, ਨਾਂ ਹਿੰਦੂ ਹਾਂ। ਮੇਰੇ ਵਾਸਤੇ ਤਾਂ ਦੋਨੋ ਪਿਆਰੇ ਨੇ। ਜਦੋਂ ਜੋਗੀਆਂ ਦੀ ਨਿਸ਼ਾ ਹੋ ਗਈ ਤਾਂ ਬਾਬੇ ਨੇ ਮਰਦਾਨੇ ਨੂੰ ਕਿਹਾ ਕਿ ਜਰਾ ਕੱਸ ਦੇ ਤਾਰਾਂ ਤਾਂ ਸ਼ੁਰੂ ਹੋ ਗਇਆ ਬਾਬਾ:

ਸੂਹੀ ਮਹਲਾ ੧ ॥ ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ ॥ ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ ॥੧॥ ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ ॥ ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਤੂੰ ਆਪੇ ਸਰਬ ਸਮਾਣਾ ॥੧॥ ਰਹਾਉ ॥ ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ ॥ ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ ॥੨॥ ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ ॥ ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ ॥੩॥ ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ ॥ ਤਾ ਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ ॥੪॥੨॥੯॥

ਜੋਗੀਆਂ ਨੇ ਜਾ ਮਹੰਤ ਨੂੰ ਰਿਪੋਰਟ ਦਿੱਤੀ ਕਿ ਅਲੌਕਿਕ ਜਿਹਾ ਹੀ ਸਾਧੂ ਹੈ। ਸਮਝ ਨਹੀ ਲੱਗਦੀ ਕਿ ਹਿੰਦੂ ਹੈ ਕਿ ਮੁਸਲਮਾਨ। ਮਹੰਤ ਨੇ ਜਿਹਾ ਕਿ ਜਾਓ ਸਤਿਕਾਰ ਸਹਿਤ ਨਾਨਕ ਨੂੰ ਮੱਠ ਵਿੱਚ ਲੈ ਆਓ।

ਗੁਰੂ ਸਾਹਿਬ ਮੱਠ ਵਿੱਚ ਪਹੁੰਚੇ। ਜੋਗੀਆਂ ਨੇ ਬਣਦੀ ਆਓ ਭਗਤ ਕੀਤੀ। ਕੁਝ ਦੇਰ ਅਰਾਮ ਫਰਮਾਉਣ ਤੋਂ ਬਾਦ ਫਿਰ ਗੁਰੂ ਸਾਹਿਬ ਦੀ ਮੁਲਾਕਾਤ ਮਹੰਤ ਨਾਲ ਹੋਈ। ਮਹੰਤ ਬਹੁਤ ਵਢੇਰੀ ਉਮਰ ਦਾ ਸੀ। ਗੁਰੂ ਸਾਹਿਬ ਨਾਲ ਹੋਈ ਗੱਲ ਬਾਤ ਉਪਰੰਤ ਮਹੰਤ ਨੇ ਜੋਰ ਪਾਇਆ ਕਿ ਨਾਨਕ ਤੂੰ ਕਿਸੇ ਯੋਗ ਸਾਧੂ ਫਕੀਰ ਕੋਲੋ ਦੀਖਿਆ ਲੈ। ਓਨਾਂ ਦਾ ਕਹਿਣ ਦਾ ਮਤਲਬ ਸੀ ਕਿ ਜੋਗੀ ਬਣ ਜਾ। ਇਥੇ ਫਿਰ ਗੁਰੂ ਸਾਹਿਬ ਨੇ ਸੰਨਿਆਸ ਤੇ ਜੋਗ ਪ੍ਰਣਾਲੀ ਦਾ ਖੰਡਨ ਕੀਤਾ। :-

ਪੈਰ ਸਫ਼ਾ

◉ ਸਾਈਕਲ ਯਾਤਰੀ -145 ਜੋ ਇਸ ਇਸ ਥਾਂ 1931 ਈ. ਵਿੱਚ ਪਹੁੰਚਿਆ ਨੇ ਲਿਖਿਆ ਹੈ ਕਿ ਰੇਠੇ ਦਾ ਅਸਲੀ ਰੁੱਖ ਜਿਸ ਤੇ ਗੁਰੂ ਸਾਹਿਬ ਦੀ ਬਖਸ਼ਸ਼ ਹੋਈ ਸੀ 1917 ਈ ਵਿੱਚ ਜਮੀਨ ਤੇ ਡਿੱਗ ਪਿਆ ਸੀ। ਰੁੱਖ ਦੇ ਤਣੇ ਲਾਗੋਂ ਇੱਕ ਹੋਰ ਬੂਟਾ ਉੱਗ ਖਲੋਇਆ ਜਿਸ ਨੂੰ ਪਹਿਲਾ ਫਲ 1931 ਵਿੱਚ ਲੱਗਾ। ਇਥੋਂ ਦਾ ਮਹੰਤ ਬਹੁਤ ਭਜਨੀਕ ਤੇ ਗੁਰੂ ਤੇ ਭਰੋਸਾ ਰੱਖਣ ਵਾਲਾ ਬੰਦਾ ਸੀ ਜਿਸ ਨੇ ਰੇਠੇ ਦੇ ਦੋ ਰੁੱਖ ਹੋਰ ਲਾਏ ਜਿੰਨਾਂ ਦਾ ਫਲ ਵੀ ਮਿੱਠਾ ਹੈ। ਬਾਕੀ ਸਭ ਥਾਂਈ ਰੇਠਾ ਕੌੜਾ ਹੈ।

● Guru Nanak in History- J.S.Grewal -111

ਸੂਹੀ ਮਹਲਾ ੧ ਘਰੁ ੭ ੧ੴਸਤਿਗੁਰ ਪ੍ਰਸਾਦਿ ॥ ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥ ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੧॥ ਗਲੀ ਜੋਗੁ ਨ ਹੋਈ ॥ ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥੧॥ ਰਹਾਉ ॥ ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ॥ ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੨॥ ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ॥ ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੩॥ ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥ ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ॥੪॥੧॥੮॥

ਗੁਰੂ ਸਾਹਿਬ ਨੇ ਇਸ ਪ੍ਰਕਾਰ ਜੋਗਮਤ ਦੇ ਸਾਰੇ ਸਿਧਾਂਤ ਦਾ ਖੰਡਨ ਕਰ ਦਿੱਤਾ। ਘਰ ਛੱਡ ਕੇ ਸਨਿਆਸ ਲੈ ਲੈਣਾ। ਸਰੀਰ ਤੇ ਸਵਾਹ ਮਲ ਲੈਣੀ। ਵੱਖ ਵੱਖ ਕਿਸਮ ਦੇ ਡੰਡ (ਆਸਣ) ਲਾਉਣੇ, ਸਿਰ ਮੁੰਨਾਉਣਾ, ਕੰਨ ਪੜਵਾਉਣੇ, ਉੱਚੀ ਉੱਚੀ ਸਿੰਙੀ ਜਾਂ ਸਿੰਗ ਦੀ ਬਣੀ ਤੁਰੀ ਵਜਾਉਣਾ, ਮੜੀਆਂ ਮਸਾਣਾਂ 'ਚ ਜਾ ਸਮਾਧੀਆਂ ਲਾਉਣਾ, 68 ਤੀਰਥ ਅਸਥਾਨ, ਦੇਸ ਪ੍ਰਦੇਸ ਭਰਮਣਾ ਸਭ ਵਿਅੱਰਥ ਹਨ। ਅਕਾਲ ਪੁਰਖ ਨਾਲ ਜੋਗ ਜਾਂ ਮੇਲ ਤੇ ਤਾਂ ਹੀ ਹੋਵੇਗਾ ਜੇ ਕਿਤੇ ਸੱਚਾ ਗੁਰੂ ਮਿਲ ਜਾਏ। ਫਿਰ ਤੁਹਾਨੂੰ ਭਟਕਣ ਦੀ ਜਰੂਰਤ ਨਹੀ ਰਹਿ ਜਾਏਗੀ ਘਰ ਬੈਠੇ ਹੀ ਨਿਰੰਜਨ ਮਾਲਕ ਦੇ ਦਰਸ਼ਨ ਹੋ ਜਾਣਗੇ। ਜਦੋਂ ਤੁਸੀ ਜੀਂਦੇ ਜੀ ਇਸ ਪਦਾਰਥਵਾਦੀ ਦੁਨੀਆ ਤੋਂ ਉਦਾਸ ਹੋਵੋਗੇ ਤਾਂ ਬਿਨਾਂ ਵਜਾਇਆਂ ਹੀ ਤੁਰੀ ਵੱਜੇਗੀ।

ਸਥਾਨਕ ਪਿਤਾ-ਪੁਰਖੀ ਰਵਾਇਤ ਮੁਤਾਬਿਕ ਏਸੇ ਹੀ ਇਲਾਕੇ ਵਿੱਚ ਗੁਰੂ ਸਾਹਿਬ ਨੇ ਲੋਕਾਂ ਤੇ ਦਿਆ ਕਰਕੇ ਪਾਣੀ ਦਾ ਸਰੋਤ ਵੀ ਚਾਲੂ ਕੀਤਾ। ਹੋਇਆ ਕੁਝ ਇਸ ਤਰਾਂ ਕਿ ਜੋਗੀਆਂ ਨੇ ਇਲਾਕੇ ਦੇ ਚੌਧਰੀਆਂ ਨੂੰ ਭੜਕਾਇਆ ਕਿ ਬਾਬੇ ਨੂੰ ਕਹੋ ਕਿ ਇਲਾਕੇ ਵਿੱਚ ਸੋਕਾ ਰਹਿੰਦਾ ਹੈ ਕਿਰਪਾ ਕਰਕੇ ਪਾਣੀ ਦੇ ਸਰੋਤ ਦੀ ਬਖਸ਼ਸ਼ ਕਰਨ। ਚੌਧਰੀਆਂ ਨੇ ਫਿਰ ਗੁਰੂ ਸਾਹਿਬ ਅਗੇ ਗੁਜਾਰਿਸ਼ ਕੀਤੀ ਕਿ ਇਲਾਕੇ ਦੇ ਲੋਕਾਂ ਤੇ ਤਰਸ ਕਰਦੇ ਹੋਏ ਪਾਣੀ ਦਾ ਕੋਈ ਸੋਮਾ ਪ੍ਰਗਟ ਹੋਵੇ।

ਇਹ ਸੁਣਕੇ ਗੁਰੂ ਸਾਹਿਬ ਨੇ ਮਰਦਾਨੇ ਨੂੰ ਹੁਕਮ ਕੀਤਾ ਕਿ ਮਰਦਾਨਿਆ ਫਲਾਨੀ ਪਹਾੜੀ ਹੇਠਾਂ ਜੋ ਦਿਓਹਾ ਚੋਅ ਹੈ ਓਥੋਂ ਲੈ ਕੇ ਨਾਲਦੇ ਛੱਪੜ ਤੱਕ ਕਹੀ ਧੂ ਕੇ ਲੈ ਆ। ਮਰਦਾਨੇ ਦੀ ਕਹੀ ਨੇ ਅਜਿਹੀ ਲਕੀਰ ਪਾਈ ਕਿ ਆਡ ਬਣ ਗਈ। ਕਰਨਾਂ ਕੁਦਰਤ ਦਾ, ਛੇਤੀ ਹੀ ਮੀਂਹ ਪੈ ਗਇਆ ਤੇ ਚੋਅ ਸਿੱਧਾ ਛੱਪੜ ਤੱਕ ਆ ਗਿਆ। ਛੱਪੜ ਝੀਲ ਬਣ ਗਈ। ਜੋਗੀਆਂ ਨੇ ਕਿਹਾ ਕਿ ਬਾਬਾ ਜੀ ਪਾਣੀ ਤਾਂ ਥੋੜਾ ਹਟਵਾ ਰਹਿ ਗਇਆ ਹੈ ਕਿਰਪਾ ਕਰਕੇ ਪਿੰਡ ਤੱਕ ਲਿਆਓ। ਗੁਰੂ ਸਾਹਿਬ ਨੇ ਕਿਹਾ ਕਿ ਦੂਰੋ ਪਾਣੀ ਅਸੀ ਲੈ ਆਂਦਾ ਹੈ ਬਾਕੀ ਪਿੰਡ ਤੱਕ ਹੁਣ ਤੁਸੀ ਪਹੁੰਚਾ ਦਿਓ। ਜੋਗੀਆਂ ਨੇ ਆਸਣ ਲਾ ਲਏ ਤੇ ਚਮਤਕਾਰ ਦੀ ਤਾਕ ਵਿੱਚ ਸਮਾਧੀ 'ਚ ਚਲੇ ਗਏ। ਕੁਝ ਦਿਨਾਂ ਬਾਦ ਹਾਰ ਕੇ ਗੁਰੂ ਸਾਹਿਬ ਦੀ ਚਰਨੀ ਲੱਗੇ।

ਇਥੇ ਨਾਨਕਮਤਾ ਸ਼ਹਿਰ ਲਾਗੇ ਬਾਉਲੀ ਸਾਹਿਬ ਨਾਂ ਦਾ ਅਸਥਾਨ ਗੁਰੂ ਸਾਹਿਬ ਦੇ ਏਸੇ ਚਮਤਕਾਰ ਦੀ ਯਾਦ ਦਿਵਾਉਂਦਾ ਹੈ।

ਜਨਮ ਸਾਖੀਆਂ ਅਤੇ ਪਿਤਾ ਪੁਰਖੀ ਰਵਾਇਤਾਂ ਵਿਚ ਗੁਰੂ ਸਾਹਿਬ ਦੇ ਹੋਰ ਵੀ ਕਈ ਕੌਤਕ ਦਰਜ ਨੇ। ਵਿਹਲੇ ਜੋਗੀ ਸ਼ੈਤਾਨੀਆਂ ਤਾਂ ਕਰਿਆ ਹੀ ਕਰਦੇ ਸਨ ਇਸ ਪ੍ਰਦੇਸੀ ਜੋਗੀ ਨਾਲ। ਇੱਕ ਵੇਰਾਂ ਕਹਿੰਦੇ ਕਿ ਮਰਦਾਨਾ ਜੋਗੀਆਂ ਦੀ ਧੂਣੀ ਤੋਂ ਅੱਗ ਲੈਣ ਗਇਆ ਤਾਂ ਜੋਗੀਆਂ ਨੇ ਅੱਗ ਦੇਣ ਤੋਂ ਨਾਹ ਕਰ ਦਿੱਤੀ। ਅਖੇ ਬਾਬੇ ਨਾਨਕ ਦਾ ਚੇਲਾ ਹੋ ਕੇ ਅੱਗ ਮੰਗਦੈ ਕਿ ਬਾਬੇ ਕੋਲ ਅੱਗ ਨਹੀ ਬਾਲੀ ਜਾਂਦੀ। ਆਪਣੇ ਡੇਰੇ ਆ ਕੇ ਫਿਰ ਗੁਰੂ ਸਾਹਿਬ ਦੇ ਹੁਕਮ ਮੁਤਾਬਿਕ ਮਰਦਾਨੇ ਨੇ ਦੋ ਲਕੜੀਆਂ ਰਗੜ ਕੇ ਅੱਗ ਬਾਲ ਲਈ। ਕਰਨੀ ਰੱਬ ਦੀ ਰਾਤ ਮੀਂਹ ਹਨੇਰੀ ਇਹੋ ਜਿਹੀ ਝੁੱਲੀ ਕਿ ਜੋਗੀਆਂ ਦੀ ਧੂਣੀ ਦੀ ਅੱਗ ਬੁੱਝ ਗਈ। ਓਨਾਂ ਜਮਾਨਿਆਂ 'ਚ ਅੱਗ ਬਾਲਣੀ ਕਿਹੜੀ ਸੌਖੀ ਹੁੰਦੀ ਸੀ। ਘੰਟਿਆਂ ਬੱਧੀ ਲਕੜਾਂ ਜਾਂ ਪੱਥਰਾਂ ਨੂੰ ਰਗੜਨਾ ਪੈਦਾ ਸੀ।

ਜਦੋਂ ਸਵੇਰੇ ਜੋਗੀ ਅੱਗ ਬਾਲਣ ਲਈ ਜੱਦੋਜਹਿਦ ਕਰ ਰਹੇ ਸਨ ਤਾਂ ਇੱਕ ਨੂੰ ਲਾਗੇ ਹੀ ਧੂੰਆ ਨਜਰ ਆਇਆ। ਦੇਖਦੇ ਨੇ ਕਿ ਬਾਬੇ ਨਾਨਕ ਦੇ ਡੇਰੇ ਤੋਂ ਧੂੰ ਨਿਕਲ ਰਿਹਾ ਹੈ। ਫਿਰ ਸ਼ਰਮੋ ਕਸ਼ਰਮੀ ਗਏ ਤੇ ਜਾ ਕੇ ਅੱਗ ਲਈ।

ਜਿਸ ਪਿੱਪਲ ਦੇ ਸੁੱਕ ਚੁੱਕੇ ਰੁੱਖ ਨੂੰ ਹਰਾ ਕੀਤਾ ਸੀ ਭਾਵ ਜਿਸ ਥੱਲੇ ਗੁਰੂ ਸਾਹਿਬ ਬਿਰਾਜੇ ਸਨ ਓਹਦੇ ਪੱਤੇ ਅੱਜ ਵੀ ਬਾਕੀ ਦੇ ਪਿੱਪਲਾਂ ਨਾਲੋ ਵਖਰੇ ਹਨ। ਹਰ ਪੱਤੇ ਤੇ ਨਿਸ਼ਾਨ ਹੁੰਦਾ ਹੈ। ਸਥਾਨਕ ਲੋਕ ਜਿੰਨਾਂ ਨੂੰ ਧਾਰੂ ਜਾਤੀ ਕਿਹਾ ਜਾਂਦਾ ਹੈ ਉਨਾਂ ਦਾ ਮੰਨਣਾ ਹੈ ਕਿ ਇਹ ਬਾਬੇ ਨਾਨਕ ਦੇ ਹੱਥ ਦਾ ਨਿਸ਼ਾਨ ਹੈ।

ਕਿਰਪਾਲ ਸਿੰਘ ਨੇ ਲਿਖਿਆ ਹੈ ਕਿ ਧਾਰੂ ਲੋਕ ਦੀਵਾਲੀ ਦੇ ਦਿਨਾਂ ਵਿੱਚ ਬਾਬੇ ਨਾਨਕ ਦੀ ਧੂਣੀ ਵਿੱਚੋਂ ਭਸਮ ਦੀ ਇੱਕ ਇਕ ਚੁਟਕੀ ਘਰ ਲੈ ਜਾਂਦੇ ਹਨ। ਇਨ੍ਹਾਂ ਲੋਕਾਂ ਦਾ ਜੈਕਾਰਾ ਹੁੰਦਾ ਹੈ 'ਪੰਜਾ ਸਾਹਿਬ ਕੀ ਜੈ ਹੋ'

ਜਦੋਂ ਬਾਬਾ ਅਲਮਸਤ ਨੂੰ ਜੋਗੀਆਂ ਇਥੋਂ ਭਜਾ ਦਿਤਾ

◘ - ਇਸ ਜਗਾ ਪਹਿਲੀ ਪਾਤਸ਼ਾਹੀ ਜੀ ਇੱਕ ਪਿੱਪਲ ਹੇਠਾਂ ਬੈਠੇ ਸਨ ਤੇ ਪਾਸ ਹੀ ਇੱਕ ਖੂਹ ਸੀ ਜੋ ਕਿ ਅਜ ਤੱਕ ਦੋਨੋਂ ਚੀਜ਼ਾਂ ਕਾਇਮ ਹਨ ਤੇ ਦਰਸ਼ਨ ਹੁੰਦੇ ਹਨ। ਪਿੱਛੋਂ ਇੱਕ ਅਲਮਸਤ ਨਾਮ ਦਾ ਸੇਵਕ ਗੁਰੂ ਕੇ ਪਿੱਪਲ ਤੇ ਖੂਹ ਦੇ ਅਸਥਾਨ ਦੀ ਸੇਵਾ ਕਰਦਾ ਹੁੰਦਾ ਸੀ ਜੋ ਕਿ ਕੁਝ ਦੇਰ ਬਾਦ ਜੋਗੀਆਂ ਨੇ ਜੋਰਾ ਜਬਰੀ ਕਰਕੇ ਅਲਮਸਤ ਨੂੰ ਕੁੱਟ ਮਾਰ ਕੇ ਇਸ ਥਾਂ ਤੋਂ ਭਜਾ ਦਿੱਤਾ। ਪਿੱਪਲ ਦੇ ਤਣੇ ਦੁਆਲੇ ਲਕੜੀਆਂ ਲਾ ਕੇ ਅੱਗ ਲਾ ਪਿੱਪਲ ਸਾੜ ਦਿੱਤਾ।

ਅਲਮਸਤ ਨੇ ਗੁਰੂ ਜੀ ਨੂੰ ਯਾਦ ਕੀਤਾ ਤੇ ਕੁਝ ਚਿਰ ਬਾਦ ਗੁਰੂ ਹਰਗੋਬਿੰਦ ਸਾਹਿਬ ਇਸ ਥਾਂ ਪਹੁੰਚੇ। ਗੁਰੂ ਸਾਹਿਬ ਦੇ ਇਧਰ ਆਉਣ ਦੀ ਖਬਰ ਜੋਗੀਆਂ ਨੂੰ ਲੱਗ ਗਈ। ਓਨਾਂ ਟੋਆ ਪੁੱਟ ਕੇ ਇੱਕ ਜੋਗੀ ਨੂੰ ਵਿੱਚ ਬੈਠਾ ਦਿੱਤਾ। ਗੁਰੂ ਸਾਹਿਬ ਦੇ ਆਉਣ ਦਾ ਜੋਗੀਆਂ ਉਂਜ ਉਤੋਂ ਉਤੋਂ ਸਵਾਗਤ ਕੀਤਾ। ਜਦੋਂ ਮਸਲਾ ਨਾਨਕਮਤੇ ਦੀ ਮਾਲਕੀ ਦਾ ਉਠਿਆ ਤਾਂ ਜੋਗੀਆਂ ਕਿਹਾ ਕਿ

ਇਹ ਡੇਰਾ ਸਾਡਾ ਹੈ, ਜਿੱਥੇ ਗੁਰੂ ਨਾਨਕ ਸਾਹਿਬ ਆਏ। ਬਾਬਾ ਅਲਮਸਤ ਨੇ ਕਿਹਾ ਕਿ ਇਹ ਜੋਗੀਆਂ ਦੀ ਜਿਆਦਤੀ ਹੈ ਕਿਉਕਿ ਜੋਗੀਆਂ ਦੇ ਡੇਰੇ ਤੋਂ ਹਟਵੇ ਗੁਰੂ ਸਾਹਿਬ ਪਿੱਪਲ ਹੇਠ ਬਿਰਾਜੇ ਸਨ ਜੋ ਨਿਸ਼ਾਨੀ ਜੋਗੀਆਂ ਨੇ ਸਾੜ ਦਿੱਤੀ ਹੈ। ਬਾਬਾ ਅਲਮਸਤ ਨੇ ਦਿਖਾਇਆ ਕਿ ਵੇਖੋ ਅੱਜ ਵੀ ਪਿੱਪਲ ਦਾ ਤਣਾ ਮੌਜੂਦ ਹੈ।

ਗੁਰੂ ਸਾਹਿਬ ਨੇ ਜੋਗੀਆਂ ਨੂੰ ਕਿਹਾ ਕਿ ਹੁਣ ਤੁਸੀ ਦੱਸੋ ਤੁਹਾਡੇ ਕੋਲ ਕੀ ਸਬੂਤ ਹੈ ਕਿ ਇਹ ਥਾਂ ਤੁਹਾਡੀ ਹੈ। ਜੋਗੀਆਂ ਨੇ ਕਿਹਾ ਕਿ ਸਾਡਾ ਸਬੂਤ ਧਰਤੀ ਮਾਤਾ ਹੈ। ਧਰਤੀ ਮਾਤਾ ਬੋਲ ਕੇ ਦੱਸੇਗੀ ਕਿ ਇਹ ਥਾਂ ਗੋਰਖਪੰਥੀ ਜੋਗੀਆਂ ਦੀ ਹੈ। ਜੋਗੀਆਂ ਦੇ ਮਹੰਤ ਨੇ ਉੱਚੀ ਸਾਰੀ ਅਵਾਜ ਮਾਰੀ ਕਿ "ਐਂ ਮਾਤੀ ਬਤਾਈਏ ਕਿ ਯਹ ਜਗ੍ਹ ਕਿਸ ਕੀ ਹੈ?" ਧਰਤੀ ਵਿੱਚੋਂ ਅਵਾਜ ਆਈ, "ਇਹ ਪਵਿਤ੍ਰ ਅਸਥਾਨ ਭਗਵਾਨ ਗੋਰਖ ਨਾਥ ਕੀ ਹੈ।"

ਸਿੱਖਾਂ ਨੇ ਦੁਹਾਈ ਦੇ ਦਿੱਤੀ ਕਿ ਇਹ ਧਰਤੀ ਮਾਂ ਦੀ ਅਵਾਜ ਨਹੀ ਇਹ ਤਾਂ ਕੋਈ ਮਰਦਾਨਾ ਅਵਾਜ ਹੈ। ਚਲਾਕੀ ਹੈ। ਜਿਥੋਂ ਅਵਾਜ ਆਈ ਸੀ ਸਿੱਖ ਉਹ ਥਾਂ ਪਛਾਣ ਗਏ ਕਿਉਕਿ ਉਤੇ ਘਾਹ ਫੂਸ ਤੇ ਤਾਜੀ ਤਾਜੀ ਮਿੱਟੀ ਪੁੱਟੀ ਦਿਸ ਰਹੀ ਸੀ। ਗੁਰੂ ਸਾਹਿਬ ਦੇ ਨਿਹੰਗਾਂ ਨੇ ਝੱਟ ਉਸ ਥਾਂ ਤੋਂ ਇੱਕ ਜੋਗੀ ਨੂੰ ਕੰਨੋਂ ਫੜ੍ਹ ਬਾਹਰ ਕੱਢ ਲਿਆ। ਨਿਹੰਗਾਂ ਦੀ ਫੌਜ ਵੇਖ ਜੋਗੀ ਡਰ ਗਇਆ ਤੇ ਉਸ ਨੇ ਸਾਰੀ ਗੱਲ ਕਹਿ ਦਿੱਤੀ ਕਿ ਮੈਨੂੰ ਮਹੰਤ ਜੀ ਨੇ ਹੀ ਟੋਏ ਵਿੱਚ ਲੁੱਕਣ ਲਈ ਕਿਹਾ ਸੀ।

ਸ਼ਰਮਿੰਦੇ ਹੋਏ ਮਹੰਤ ਨੂੰ ਜਵਾਬ ਨਹੀ ਸੀ ਔੜ ਰਿਹਾ। ਇਸ ਪ੍ਰਕਾਰ ਝੂਠੇ ਪੈ ਗਏ ਜੋਗੀਆਂ ਗੁਰੂ ਜੀ ਦੇ ਨਾਲ ਨਿਹੰਗਾਂ ਸਿੰਘਾਂ ਦੀ ਫੌਜ ਵੇਖਦੇ ਹੋਏ ਓਥੋਂ ਤਿੱਤਰ ਹੋਣਾ ਹੀ ਬਿਹਤ੍ਰ ਸਮਝਿਆ। ਗੁਰੂ ਸਾਹਿਬ ਨੇ ਉਸ ਪਿੱਪਲ ਤੇ ਫਿਰ ਜਲ ਦਾ ਛਿੱਟਾ ਦਿੱਤਾ। ਛੇਤੀ ਹੀ ਪਿੱਪਲ ਫਿਰ ਹਰਾ ਭਰਾ ਹੋ ਗਿਆ। ਅੱਜ ਹਰ ਪੱਤੇ ਤੇ ਛਿੱਟੇ ਦਾ ਨਿਸ਼ਾਨ ਹੁੰਦਾ ਹੈ। ਕੋਈ ਪੱਤਾ ਛਿੱਟੇ ਦੇ ਬਗੈਰ ਨਹੀ ਹੁੰਦਾ। ਗੁਰਸਿੱਖ ਇਹਨੂੰ ਗੁਰੂ ਸਾਹਿਬ ਦੀ ਕਰਾਮਾਤ ਮੰਨਦੇ ਹਨ।

ਇਸ ਇਲਾਕੇ ਵਿੱਚ ਦੂਰ ਦੂਰ ਤੱਕ ਸਿੱਖੀ ਫੈਲੀ ਹੋਈ ਸੀ। ਇਸ ਸਭ ਦਾ ਸਿਹਰਾ ਬਾਬਾ ਅਲਮਸਤ• ਨੂੰ ਜਾਂਦਾ ਹੈ। ਇਹ ਨਿਰਸੰਦੇਹ ਸਾਬਤ ਹੋ ਜਾਂਦਾ ਹੈ ਕਿ ਸਿੱਖੀ ਜਿੰਨਾਂ ਚਿਰ ਮਸੰਦਾਂ/ਮਹੰਤਾਂ ਦੇ ਤਹਿਤ ਸੀ ਪ੍ਰਫੁਲਤ ਹੋ ਰਹੀ ਸੀ। ਜਦੋਂ ਦੀਆਂ ਕਮੇਟੀਆਂ ਬਣੀਆਂ ਹਨ ਗੁਰਦੁਆਰਿਆ ਵਿੱਚੋਂ ਸ਼ਰਧਾ ਮੁੱਕ ਗਈ ਹੈ। ਤੀਰਥ ਯਾਤਰੀ ਨੇ ਨਾਨਕਮਤੇ ਦੇ ਮਹੰਤਾਂ ਦੇ ਨਾਂ ਇਸ

ਗੁਰਦੁਆਰਾ ਨਨਕਾਣਾ ਸਾਹਿਬ ਕਾਂਸ਼ੀਪੁਰ

ਪ੍ਰਕਾਰ ਦਿੱਤੇ ਹਨ: 1. ਬਾਬਾ ਅਲਮਸਤ, 2. ਬਾਬਾ ਮਿੱਠਾ, 3. ਬਾਬਾ ਮੱਕੂ, 4. ਬਾਬਾ ਨਿਮਾਣਾ, 5. ਬਾਬਾ ਗੁਰਦਾਸ (ਦੱਖਣੀ ਸਿੱਖ) 6. ਬਾਬਾ ਗਰੀਬ ਦਾਸ, 7. ਬਾਬਾ ਧਨੀ ਰਾਮ, 8. ਬਾਬਾ ਜੈਦੋ ਰਾਇ, 9. ਬਾਬਾ ਮਾਇਆ ਰਾਮ, 10. ਬਾਬਾ ਗੁਰਮੁਖ ਦਾਸ, 11. ਬਾਬਾ ਰਤਨ ਦਾਸ, 12. ਮੇਲਾ ਰਾਮ, 13. ਬਾਬਾ ਕਰਨ ਦਾਸ, 14. ਬਾਬਾ ਰਾਮਦਾਸ, 15. ਬਾਬਾ ਸੰਤ ਦਾਸ, 16. ਬਾਬਾ ਅਤਰ ਦਾਸ, 17. ਬਾਬਾ ਬਹਿਰਾਮ ਦਾਸ, 18. ਬਾਬਾ ਪ੍ਰੇਮ ਦਾਸ, 19. ਬਾਬਾ ਰਾਮਦਾਸ ਜੀ।

ਯਾਤਰੀ ਨੇ ਲਿਖਿਆ ਹੈ ਕਿ ਮੌਜੂਦਾ ਮਹੰਤ ਤੇ ਗੁਰਦੁਆਰੇ ਦੇ ਪੈਸੇ ਦੀ ਤਾਕਤ ਤੇ ਨਿੱਜੀ ਜਾਇਦਾਦ ਖੂਬ ਬਣਾ ਲਈ ਹੈ। ਦੋ ਪਿੰਡ ਹੀ ਖਰੀਦ ਲਏ ਨੇ।

ਸਾਈਕਲ ਯਾਤਰੀ ਨੇ ਅਕਤੂਬਰ 1932 ਦੀ ਦੀਵਾਲੀ ਦਾ ਮੇਲਾ ਖੁੱਦ ਵੇਖਿਆ ਜਦੋਂ ਦੂਰੋ ਨੇੜਿਓ ਬਹ੍ਮੀਏ ਮਸੰਦ ਦਸਵੰਦ ਲੈ ਕੇ ਗੁਰਦੁਆਰਾ ਸਾਹਿਬ ਦੇ ਮਹੰਤ ਦੇ ਪੇਸ਼ ਹੋਏ ਸਨ: ਕੋਈ 5 ਰੁਪਏ ਤੇ ਕੋਈ 25 ਰੁਪਏ ਤੇ ਕਿਤੇ ਵਿਰਲਾ ਕੋਈ 50 ਰੁਪਏ ਵੀ। ਯਾਤਰੀ ਨੇ ਓਨਾਂ ਬਹ੍ਮੀਆ ਮਸੰਦਾਂ ਵਿੱਚੋਂ ਕੁਝ 18 ਕੁ ਦੇ ਨਾਂ ਵੀ ਦਿੱਤੇ ਹਨ।

ਕਾਸ਼ੀਪੁਰ ਦੇ ਵਸਨੀਕਾਂ ਨੂੰ ਚੋਆਂ ਦੀ ਮਾਰ ਤੋਂ ਬਚਾਇਆ

ਟਾਂਡੇ ਤੋਂ 22 ਕਿ.ਮੀ. ਦੱਖਣ ਸ਼ਹਿਰ ਕਾਸ਼ੀਪੁਰ ਹੈ। ਇਸ ਸ਼ਹਿਰ ਦੀ ਹੋਂਦ ਹੀ ਗੁਰੂ ਨਾਨਕ ਸਾਹਿਬ ਕਰਕੇ ਹੈ। ਗਲ ਇਸ ਤਰਾਂ ਹੈ ਕਿ ਜਿਥੇ ਇਹ ਸ਼ਹਿਰ ਪਹਿਲਾ ਵਾਕਿਆ ਸੀ ਉਹ ਹਰ ਸਾਲ ਹੀ ਹੜ੍ਹਾਂ ਦੀ ਮਾਰ ਹੇਠ ਆ ਜਾਂਦਾ ਸੀ। ਧਿਆਨ ਰਹੇ ਕਾਂਸ਼ੀ ਪੁਰ

ਪੈਰ ਸਫ਼ਾ

• **ਬਾਬਾ ਅਲਮਸਤ** (1553-1643 ਈ.) ਇਹ ਕਸ਼ਮੀਰ ਦੇ ਬ੍ਰਾਹਮਣ ਸਿੱਖ ਪ੍ਰਵਾਰ ਵਿੱਚੋਂ ਸੀ: ਪਿਤਾ ਹਰਦਿੱਤ ਅਤੇ ਮਾਤਾ ਪ੍ਰਭਾ। ਇਹ ਬਾਬਾ ਸ੍ਰੀਚੰਦ ਦੀ ਪ੍ਰੇਰਨਾਂ ਸਦਕਾ ਸਿੱਖੀ ਦਾ ਪ੍ਰਚਾਰਕ ਬਣਿਆ। ਜਿਸ ਨੇ ਯੂ ਪੀ, ਬਿਹਾਰ, ਬੰਗਾਲ, ਅਸਾਮ ਅਤੇ ਓੜੀਸਾ ਤੱਕ ਗੁਰੂ ਨਾਨਕ ਦਾ ਪ੍ਰਚਾਰ ਕੀਤਾ।

ਇਨਾਂ ਦਾ ਬਚਪਨ ਦਾ ਨਾਂ ਅੱਲੂ ਸੀ। ਸਿੱਖੀ ਦੀ ਅਨੰਦ ਵਾਲੀ ਅਵਸਥਾ ਵਿੱਚ ਰਹਿਣ ਕਰਕੇ ਇਨਾਂ ਦਾ ਨਾਂ ਅਲਮਸਤ ਪੈ ਗਿਆ। ਇਨਾਂ ਨੂੰ ਕਮਲੀਆ ਜਾਂ ਗੋਦੜੀਆ ਵੀ ਕਿਹਾ ਜਾਂਦਾ ਸੀ। ਕਿਉਕਿ ਇਹ ਕੰਬਲ ਜਾਂ ਗੋਦੜੀ ਲਵੇਟੇ ਰਹਿੰਦੇ ਸਨ।

1574 ਈ. ਵਿੱਚ ਇਸ ਨੇ ਕਰਤਾਰਪੁਰ ਆ ਕੇ ਸੇਵਾ ਅਰੰਭ ਦਿੱਤੀ। ਬਾਦ ਵਿੱਚ ਬਾਬਾ ਗੁਰਦਿੱਤਾ ਜੀ ਨੇ ਇਨੂੰ ਪੂਰਬ ਵਲ ਪ੍ਰਚਾਰ ਕਰਨ ਲਈ ਭੇਜ ਦਿੱਤਾ। ਇਹ ਨਾਨਕਮਤਾ ਹੀ ਸਮਾਏ ਸਨ।

ਇਹਨਾਂ ਦਾ ਭਰਾ : ਬਾਲੂ ਹਸਨਾ ਵੀ ਸਿੱਖੀ ਦਾ ਵੱਡਾ ਪ੍ਰਚਾਰਕ ਹੋਇਆ ਹੈ।

⊙ ਪੁਰਾਤਨ-63, ਮਨੀ- 379, ਜਵਾਹਰ- 250, ਕਿਰਪਾਲ -37,

◘ ਸਾਈਕਲ ਯਾਤਰੀ -148 ਨਾਲੇ ਦੇਖੋ ਸਫਾ 593, 597

ਬਾਉਲੀ ਸਾਹਿਬ ਨਾਨਕਮਤਾ:-
https://www.thesikhencyclopedia.com

ਬੀ:40-133 ਵਿਚ ਸਾਖੀਕਾਰ ਨੇ ਚੋਅ ਦੀ ਥਾਂ ਸਮੁੰਦਰ ਲਿਖਿਐ

ਐਨ ਪਹਾੜਾਂ ਦੇ ਪੈਰਾਂ ਵਿਚ ਵਾਕਿਆ ਹੈ। ਦੁਆਲੇ ਦੋ ਚੋਅ ਜਾਂ ਪਹਾੜੀ ਬਰਸਾਤੀ ਦਰਿਆ ਹਨ। ਜਿਹੜੇ ਲੋਕ ਚੋਆਂ ਦੇ ਆਸ ਪਾਸ ਰਹਿੰਦੇ ਹਨ ਓਨਾਂ ਨੂੰ ਪਤਾ ਹੈ ਕਿ ਕਿਸੇ ਵੇਲੇ ਇਹ ਕਿੰਨੇ ਖਤਰਨਾਕ ਹੋ ਸਕਦੇ ਹਨ ਕਿਉਕਿ ਪਹਾੜਾਂ ਤੋਂ ਪਾਣੀ ਬੜੀ ਗਤੀ ਨਾਲ ਹੇਠਾਂ ਆਉਦਾ ਹੈ।

ਕੁਦਰਤੀ ਗਲ, ਕੁਝ ਇਸ ਤਰਾਂ ਬਣੀ ਕਿ ਜਦੋਂ ਗੁਰੂ ਸਾਹਿਬ ਇਸ ਕਸਬੇ ਵਿਚ ਪਹੁੰਚੇ ਤਾਂ ਬਰਸਾਤੀ ਮੌਸਮ ਸ਼ੁਰੂ ਹੋਣ ਵਾਲਾ ਸੀ। ਲੋਕ ਪਹਿਲਾਂ ਹੀ ਹੜ੍ਹਾਂ ਤੋਂ ਸੁਚੇਤ ਰਹਿੰਦੇ ਸਨ ਤੇ ਬਰਸਾਤ ਦੇ ਆਉਣ ਤੋ ਪਹਿਲਾਂ ਪਹਿਲਾਂ ਕਿਸੇ ਦੂਸਰੇ ਇਲਾਕੇ ਵਿਚ ਚਲੇ ਜਾਂਦੇ ਸਨ। ਜਮੀਨ ਜਰਖੇਜ਼ ਹੋਣ ਕਰਕੇ ਉਨਾਂ ਨੂੰ ਵਾਪਸ ਵੀ ਪਰਤਣਾ ਪੈਂਦਾ ਸੀ। ਜਦੋਂ ਗੁਰੂ ਸਾਹਿਬ ਇਸ ਸ਼ਹਿਰ ਆਏ ਤਾਂ ਲੋਕ ਇਥੋਂ ਜਾਣ ਦੀ ਤਿਆਰੀ ਕਰ ਰਹੇ ਸਨ। ਵਾਹੋ ਦਾਹੀ ਗੱਡਿਆਂ ਤੇ ਸਮਾਨ ਲੱਦਿਆ ਜਾ ਰਿਹਾ ਸੀ।

ਗੁਰੂ ਸਾਹਿਬ ਨੇ ਜਦੋਂ ਪੁੱਛਿਆ ਤਾਂ ਵਸਨੀਕਾਂ ਨੇ ਸਾਰੇ ਹਾਲਾਤ ਤੋਂ ਜਾਣੂ ਕਰਵਾਇਆ।

ਉਦੋਂ ਤਕ ਗੁਰੂ ਸਾਹਿਬ ਦੀ ਮਸ਼ਹੂਰੀ ਪੂਰੀ ਤਰਾਈ ਅਤੇ ਗੜ੍ਹਵਾਲ ਵਿਚ ਹੋ ਚੁੱਕੀ ਸੀ। ਗੁਰੂ ਸਾਹਿਬ ਨੇ ਲੋਕਾਈ ਨੂੰ ਉਪਦੇਸ ਦਿੱਤਾ ਕਿ ਆਓ ਸਾਰੇ ਰਲ ਮਿਲ ਕੇ ਸ੍ਰਿਸਟੀ ਦੇ ਮਾਲਕ ਅਕਾਲ ਪੁਰਖ ਅੱਗੇ ਅਰਦਾਸ ਕਰੀਏ। ਨਾਲ ਹੀ ਗੁਰੂ ਸਾਹਿਬ ਨੇ ਲੋਕਾਂ ਨੂੰ ਕਿਹਾ ਕਿ ਚੋਆਂ ਤੋਂ ਹਟਵੇਂ ਘਰ ਬਣਾਉਣ ਦੇ ਬਿਜਾਏ ਦੋਵਾਂ ਦੇ ਦਰਮਿਆਨ ਤੁਸੀ ਆਪਣਾ ਵਸੇਬਾ ਕਰ ਲਓ। ਲੋਕਾਂ ਨੇ ਓਸੇ ਤਰਾਂ ਉਪਦੇਸ਼ ਦੀ ਪਾਲਣਾ ਕੀਤੀ। ਹਿਜਰਤ ਤਿਆਗ ਕੇ ਓਥੇ ਹੀ ਬਹਿ ਗਏ ਜਿਥੇ ਗੁਰੂ ਸਾਹਿਬ ਨੇ ਕਿਹਾ ਸੀ।

ਗੁਰੂ ਸਾਹਿਬ ਦੀ ਅਰਦਾਸ ਨੇ ਚਮਤਕਾਰ ਕਰ ਦਿਤਾ। ਉਸ ਇਲਾਕੇ ਵਿਚ ਚੋਅ ਕਦੀ ਮਾਰ ਨਹੀ ਕਰ ਸਕੇ ਜਿਥੇ ਗੁਰੂ ਸਾਹਿਬ ਨੇ ਵਸਣ ਲਈ ਉਪਦੇਸ਼ ਕੀਤਾ ਸੀ। ਅੱਜ ਕਾਂਸ਼ੀਪੁਰ ਸ਼ਹਿਰ ਉੱਤਰਾਖੰਡ ਦੇ ਘਣੀ ਅਬਾਦੀ ਵਾਲੇ ਸ਼ਹਿਰਾਂ ਵਿਚੋਂ ਹੈ।

ਜਿਸ ਥਾਂ ਗੁਰੂ ਸਾਹਿਬ ਬਿਰਾਜੇ ਸਨ ਉਥੇ ਅੱਜ ਬਹੁਤ ਹੀ ਖੂਬਸੂਰਤ ਗੁਰਦੁਆਰਾ ਨਨਕਾਣਾ ਸਾਹਿਬ ਮੌਜੂਦ ਹੈ।

ਚੰਪਾਵਤ ਦਾ ਬਲੇਸ਼ਵਰ ਮਹਾਦੇਵ ਮੰਦਰ। ਇਸ ਦੇ ਲਾਗੇ ਹੀ ਦੁਰਗਾ ਮੰਦਰ ਹੈ। ਜਿਥੇ ਬਲੀ ਦਿੱਤੀ ਜਾਂਦੀ ਸੀ। ਕੁਦਰਤੀ ਹੈ ਗੁਰੂ ਸਾਹਿਬ ਇਸ ਮੰਦਰ ਵਿਚ ਵੀ ਪਧਾਰੇ ਸਨ।

—◈—

ਚੰਪਾਵਤ ਦੇ ਰਾਜੇ ਪਰਤਾਪ ਚੰਦ ਨੂੰ ਮਨੁੱਖੀ ਬਲੀ ਦੇਣ ਦੇ ਜਾਲਮਾਨਾ ਕਰਮ ਤੋਂ ਮਨਾਂ ਕੀਤਾ

ਬਦਰੀਨਾਥ ਵੀ ਗੁਰੂ ਜੀ ਪਧਾਰੇ ਸਨ। ਉਥੇ ਵੀ ਉਨਾਂ ਦੇ ਨਾਂ ਦੀ ਧਰਮਸਾਲਾ ਹੋਣ ਦਾ ਜਿਕਰ ਕਈ ਥਾਂਈ ਮਿਲਦਾ ਹੈ।● ਬਦਰੀਨਾਥ, ਕੇਦਾਰ ਨਾਥ ਤੋਂ ਹੇਠਾਂ ਆਉਦਿਆਂ ਇਕ ਥਾ ਮਰਦਾਨਾ ਰਾਜੇ ਦੇ ਕਰਿੰਦਿਆਂ ਦੇ ਕਾਬੂ ਆ ਗਇਆ। ਇਹ ਕਰਿੰਦੇ ਕਿਸੇ ਅਜਿਹੇ ਇਨਸਾਨ ਦੀ ਭਾਲ ਵਿਚ ਸਨ ਜਿਸ ਦੀ ਬਲੀ ਦੇਵੀ ਦੇ ਮੰਦਰ ਵਿਚ ਦਿੱਤੀ ਜਾ ਸਕੇ। ਗੁਰੂ ਸਾਹਿਬ ਨੇ ਵਕਤ ਤੇ ਪਹੁੰਚ ਕੇ ਮਰਦਾਨੇ ਦੀ ਜਾਨ ਬਚਾਈ ਅਤੇ ਰਾਜੇ ਪਰਤਾਪ ਚੰਦ ਨੂੰ ਮਨੁੱਖੀ ਬਲੀ ਦੇਣ ਦੇ ਕਾਲੇ ਕਾਰਨਾਮੇ ਤੋਂ ਵਰਜਿਆ। ਰਾਜੇ ਨੇ ਇਸ ਘਿਨਾਉਣੀ ਪ੍ਰਥਾ ਨੂੰ ਬੰਦ ਕਰਨ ਲਈ ਅੱਗੇ ਵਾਸਤੇ ਤੋਬਾ ਕੀਤੀ। ◘

ਇਸ ਰਾਜੇ ਦੇ ਪੱਤਰ ਨੇ ਬਾਦ ਵਿਚ ਰਾਜਧਾਨੀ ਅਲਮੋੜੇ ਬਣਾ ਲਈ ਸੀ ਜਿਸ ਕਰਕੇ ਕਈ ਲਿਖਾਰੀਆਂ ਇਹ ਬਲੀ ਵਾਲੀ ਸਾਖੀ ਅਲਮੋੜੇ ਹੋਣੀ ਲਿਖ ਦਿੱਤੀ ਹੈ। ਅਲਮੋੜਾ 1565 ਵਿਚ ਸਥਾਪਤ ਕੀਤਾ ਗਇਆ ਸੀ।

ਪੈਂਡਾ ਸਫ਼ਾ

● ਕੋਹਲੀ। ਅਤੇ ਜੀਵਨ ਬ੍ਰਿਤਾਂਤ ਸ੍ਰੀ ਗੁਰੂ ਨਾਨਕ ਦੇਵ- ਪ੍ਰੋ, ਸਾਹਿਬ ਸਿੰਘ -56 ।

ਤਾਰਾ ਸਿੰਘ ਨਰੋਤਮ ਪੀਪੀਪੀ-73 ਨੇ ਕੋਟਦਵਾਰ ਵਿਖੇ ਗੁਰੂ ਸਾਹਿਬ ਦੀ ਚਰਨਪਾਦੁਕਾ ਦਾ ਹੋਣਾ ਲਿਖਿਆ ਹੈ। ਪਰ ਇੰਟਰਨੈਟ ਤੋਂ ਸਾਨੂੰ ਕੋਈ ਅਜਿਹਾ ਅਸਥਾਨ ਨਹੀ ਮਿਲ ਪਾਇਆ। ਉੱਜ ਉਥੇ ਗੁਰੂ ਨਾਨਕ ਸਿੰਘ ਸਭਾ ਨਾਂ ਦਾ ਗੁਰਦੁਆਰਾ ਸਾਹਿਬ ਤਾਂ ਮੌਜੂਦ ਹੈ। ਓਧਰ ਸਾਈਕਲ ਯਾਤਰੀ-149 ਨੇ ਤਾਂ ਲਿਖਿਆ ਹੈ ਕਿ ਪੁੱਛ ਗਿੱਛ ਕਰਨ ਤੇ ਪਤਾ ਲੱਗਾ ਕਿ ਸ਼ਹਿਰ ਕੋਟਦਵਾਰਾ ਵਿਖੇ ਗੁਰੂ ਨਾਨਕ ਸਾਹਿਬ ਦਾ ਕੋਈ ਗੁਰਦੁਆਰਾ ਨਹੀ ਹੈ।

ਗੁਰਦੁਆਰਾ ਗੁਰੂ ਨਾਨਕ ਬਾਗ ਹਲਦੌਰ

ਯਾਦ ਰਹੇ ਚੰਪਾਵਤ ਨਗਰੀ ਅਲਮੋੜੇ ਤੋਂ ਨੱਕ ਦੀ ਸੇਧ 52 ਕਿ. ਮੀ. ਪੂਰਬ ਵਿਚ ਪਹਾੜਾਂ ਵਿਚ ਪੈਂਦੀ ਹੈ। —◈—

'ਬਾਬੇ ਨਾਨਕ ਕੀ ਧੇੜੀ' ਹਲਦੌਰ

ਮੇਰਠ ਤੋਂ ਗੁਰੂ ਸਾਹਿਬ ਬਿਜਨੌਰ ਹੁੰਦੇ ਹੋਏ ਹਲਦੌਰ ਗਏ। ਇਥੇ ਗੁਰੂ ਸਾਹਿਬ ਦਾ ਮੰਜੀ ਸਾਹਿਬ (ਥੜਾ) ਮੌਜੂਦ ਹੈ ਜਿਸ ਨੂੰ ਸਥਾਨਕ ਲੋਕ 'ਬਾਬੇ ਨਾਨਕ ਕੀ ਧੇੜੀ' ਕਹਿੰਦੇ ਹਨ। ਇਸ ਲਿਖਾਰੀ ਨੇ ਮੰਜੀ ਸਾਹਿਬ ਦੀ ਤਸਵੀਰ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਪਰ ਸਥਾਨਕ ਲੋਕਾਂ ਨਾਲ ਸੰਪਰਕ ਹੋਣ ਦੇ ਬਾਵਜੂਦ ਉਨਾਂ ਸਹਿਯੋਗ ਨਹੀ ਦਿੱਤਾ। ਗੁਰਦੁਆਰਾ ਸਾਹਿਬ ਦੀ ਤਸਵੀਰ ਗੂਗਲ ਤੋਂ ਹਾਸਲ ਕੀਤੀ ਹੈ। ਗੁਰਦੁਆਰਾ ਸਾਹਿਬ ਦਾ ਨਾਂ ਗੁਰੂ ਨਾਨਕ ਬਾਗ ਹੈ। ਕੁਦਰਤੀ ਹੈ ਕਿ ਸਾਹਿਬ ਇਥੇ ਕਿਸੇ ਬਗੀਚੇ ਵਿਚ ਆ ਕੇ ਠਹਿਰੇ ਸਨ।

—◈—

ਅਸਲੀ ਰਤਨ ਤਾਂ ਨਾਮ ਹੈ –ਰਤਨ ਰਾਇ ਨੂੰ+

ਮੁਰਾਦਾਬਾਦ ਰੇਲਵੇ ਸਟੇਸ਼ਨ ਤੋਂ ਨੱਕ ਦੀ ਸੇਧ ਤੇ ਪੌਣੇ ਛੇ ਕਿ.ਮੀ ਦੱਖਣ- ਪੱਛਮ ਵਿਚ ਬਸਤੀ ਹੈ ਗਜਗੋਲਾ ਨਾਨਕਵਾੜੀ। ਬਸਤੀ ਤਾਂ ਬੇਚਰਾਗ (ਬੇਅਬਾਦ) ਹੈ ਪਰ ਰੈਵੇਨਿਊ ਰਿਕਾਰਡਜ਼ ਵਿਚ ਬਕਾਇਦਾ ਬੋਲਦੀ ਹੈ। ਲਾਗੇ ਹੀ ਪਿੰਡ 'ਗੱਨੌਰ ਦਇਆ ਮਾਫੀ' ਹੈ। ਇਸ ਪਿੰਡ ਦੇ ਲਾਗੋਂ ਦੀ ਹੀ ਅੱਜ ਕਲ੍ਹ ਬਾਈਪਾਸ ਲੰਘਦਾ ਹੈ। ਇਥੇ ਹੀ ਗੁਰੂ ਨਾਨਕ ਸਾਹਿਬ ਦਾ ਆਉਣਾ ਹੋਇਆ ਸੀ ਅਤੇ ਬਾਗ ਵਿਚ ਡੇਰਾ ਕੀਤਾ ਸੀ। ਓਦੋਂ ਅਜੇ ਮੁਰਾਦਾਬਾਦ ਸ਼ਹਿਰ ਦੀ ਨੀਂਹ ਨਹੀ ਸੀ ਪਈ। ਗਜਗੋਲਾ ਨਾਨਕਵਾੜੀ ਵਿਖੇ ਹੀ ਪੁਰਾਤਨ ਛੋਟੀ ਇੱਟ ਦਾ ਬਣਿਆ ਹੋਇਆ ਉਦਾਸੀ ਡੇਰਾ ਹੈ। (ਗੂਗਲ ਮੈਪ-28.795947,78.718874)

ਇਲਾਕੇ ਵਿਚ ਜਦੋਂ ਸਾਹਿਬ ਨਾਮ ਦੇ ਸਿਧਾਂਤ ਦਾ ਪ੍ਰਚਾਰ ਕਰ ਰਹੇ ਸਨ ਤਾਂ ਇਥੇ ਹੀ ਗੁਰੂ ਸਾਹਿਬ ਦੀ ਸ਼ਰਨ ਵਿਚ ਇਕ ਰਤਨ ਰਾਇ ਨਾਂ ਦਾ ਰਾਜਾ ਆਇਆ ਸੀ ਜਿਸ ਦੇ ਉਲਾਦ ਨਹੀ ਸੀ। ਗੁਰੂ ਸਾਹਿਬ ਦੀ ਬਖਸ਼ਸ਼ ਸਦਕਾ ਉਹਦੀ ਪੀੜੀ ਚਲੀ। ਨਾਨਕਵਾੜੀ ਤੋਂ ਢਾਈ ਕਿ.ਮੀ. ਪੱਛਮ ਵਿਚ ਬਕਾਇਦਾ ਰਤਨਪੁਰ ਨਾਂ ਦਾ ਪੁਰਾਣਾ ਕਸਬਾ ਹੈ। ਕੁਦਰਤੀ ਹੈ ਕਿ ਇਹ ਪਿੰਡ ਓਸੇ ਰਾਜੇ ਦੇ ਨਾਂ ਤੇ ਹੈ।

ਵਕਤ ਪਾ ਕੇ ਬਾਬਾ ਸ੍ਰੀ ਚੰਦ ਦੇ ਉਦਾਸੀ ਸਾਧੂਆਂ ਨੇ ਆ ਇਲਾਕੇ ਵਿਚ ਪ੍ਰਚਾਰ ਦਾ ਕੰਮ ਅਰੰਭਿਆ। ਹੋ ਸਕਦਾ ਖੁਦ ਸਾਹਿਬਜਾਦਾ ਸ੍ਰੀ ਚੰਦ ਵੀ ਇਥੇ ਆਏ ਹੋਣ। ਉਸ ਰਾਜੇ ਦੇ ਅੱਗੋ ਪੁੱਤਰ ਨੇ 600 ਏਕੜ ਜਮੀਨ ਨਾਨਕਵਾੜੀ ਆਸ਼ਰਮ ਨੂੰ ਦਾਨ ਕਰ ਦਿੱਤੀ। ਫਿਰ ਲਾਗੇ ਜਿਹੜਾ ਪਿੰਡ ਹੈ ਉਸ ਦੇ ਵੀ ਨਾਂ ਤੋਂ ਲਗਦਾ ਹੈ ਕਿ ਅੰਗਰੇਜਾਂ ਨੇ ਵੀ ਮਾਮਲੇ ਦੀ ਮਾਫੀ ਇਸ ਪਿੰਡ ਨੂੰ ਜਾਰੀ ਰੱਖੀ। ਪਤਾ ਲੱਗਾ ਹੈ ਕਿ ਬਹੁਤੀ ਜਮੀਨ ਤਾਂ ਉਦਾਸੀ ਸਾਧੂਆ ਨੇ ਵੇਚ ਖਾਧੀ ਹੈ ਪਰ ਅੱਜ ਵੀ 30-32 ਏਕੜ ਨਾਨਕਵਾੜੀ ਦੇ ਨਾਂ ਤੇ ਚਲਦੀ ਹੈ।

ਬਾਬਾ ਹਰਬੰਸ ਸਿੰਘ ਕਾਰਸੇਵਾ ਜਥੇਬੰਦੀ ਇਸ ਅਸਥਾਨ ਦਾ ਸਿੱਖੀ ਨਾਲ ਰਿਸਤਾ ਬਰਕਰਾਰ ਰੱਖਣ ਲਈ ਜੱਦੋਜਹਿਦ ਕਰ ਰਹੇ ਹਨ। ਨਾਨਕਵਾੜੀ ਦੀ ਮਾਲਕੀ ਲਈ ਮਹੰਤਾਂ ਅਤੇ ਕਾਰਸੇਵਾ ਵਾਲਿਆਂ ਦਰਮਿਆਨ ਕੇਸ ਚਲ ਰਿਹਾ ਹੈ।

ਖੁੱਦ ਕਾਰਸੇਵਾ ਵਾਲਿਆਂ 18 ਏਕੜ ਜਮੀਨ ਵੀ ਰਤਨਪੁਰ ਵਿਚ ਖਰੀਦ ਲਈ ਹੈ।

ਯਾਦ ਰਹੇ ਆਰ ਐਸ ਐਸ ਦਾ ਪ੍ਰਚਾਰ ਪ੍ਰਚੰਡ ਹੋਣ ਤੇ ਉਦਾਸੀ ਡੇਰਿਆ ਨੂੰ ਹਿੰਦੂ ਧਰਮ ਵਿਚ ਸਮਿਲਿਤ ਕਰਨ ਦੇ ਪ੍ਰਬੱਲ ਯਤਨ ਜਾਰੀ ਹਨ। ਬਹੁਤੇ ਸ੍ਰੀਚੰਦੀਏ ਮਹੰਤ ਗੁਰੂ ਨਾਨਕ ਦੀ ਸਿੱਖੀ ਤੋਂ ਪਾਸਾ ਵੀ ਵੱਟ ਚੁੱਕੇ ਹਨ।

ਧੰਨਾ ਸਿੰਘ ਸਾਈਕਲ ਯਾਤਰੀ: 150-153.(ਸਾਲ 1930 ਲਗ ਪਗ) ਲਿਖਦਾ ਹੈ ਕਿ ਬਿਜਨੌਰ, ਮੁਰਾਦਾਬਾਦ, ਮੇਰਠ ਦੇ ਜਿਲਿਆ ਵਿੱਚ ਅਨੇਕਾਂ ਪਿੰਡ ਸਿੱਖਾਂ ਦੇ ਹਨ, ਜਿਹਨਾਂ ਨੂੰ ਹਿੰਦੂ ਬਣਾਉਣ ਦੀ ਤੇਜ ਮੁਹਿੰਮ ਆਰੀਆ ਸਮਾਜੀਆਂ ਵਿੱਢੀ ਹੋਈ ਹੈ।

—◈—

ਗੜ੍ਹ ਮੁਕਤੇਸ਼ਵਰ –ਮੁਕਤੀ ਦਾ ਗੜ੍ਹ ਤਾਂ ਨਾਮ ਹੀ ਹੈ !

ਮੁਰਾਦਾਬਾਦ ਵਾਲੇ ਪਾਸਿਓ ਹੀ ਗੁਰੂ ਸਾਹਿਬ ਗੜ੍ਹ ਮੁਕਤੇਸ਼ਵਰ ਆਏ ਤੇ ਇਥੇ ਲੋਕਾਈ ਨੂੰ ਦੱਸਿਆ ਕਿ ਅਸਲੀ ਮੁਕਤੀ ਦਾ ਰਾਹ ਨਾਮ ਹੈ ਨਾਂ ਕਿ ਗੰਗਾ ਇਸ਼ਨਾਨ ਜਾਂ ਮੂਰਤੀਆਂ ਅੱਗੇ ਮੱਥੇ ਰਗੜਨੇ ਤੇ ਕਰਮ ਕਾਂਡ ਕਰਨੇ।

ਸਾਹਿਬ ਦੇ ਯਾਦਗਾਰੀ ਅਸਥਾਨ ਤੇ ਇਥੇ ਵੀ ਕਬਜਾ ਸ੍ਰੀ ਚੰਦੀਏ ਉਦਾਸੀਆਂ ਦਾ ਹੀ ਹੈ। ਸਿੱਖਾਂ ਅਤੇ ਉਦਾਸੀਆਂ ਦੀ ਮੁਕੱਦਮੇਬਾਜੀ ਵੀ ਚਲ ਰਹੀ ਹੈ।

ਇਥੋਂ ਗੁਰੂ ਸਾਹਿਬ ਦਿੱਲੀ ਵਲ ਦੁਬਾਰਾ ਨਿਕਲ ਗਏ ਤਾਂ ਹੀ ਤੇ ਬਲਬਗੜ੍ਹ ਲਾਗੇ ਦਿਆਲਪੁਰ ਵਿਖੇ ਉਹਨਾਂ ਦੀ ਆਮਦ ਦੇ ਸਬੂਤ ਮਿਲਦੇ ਹਨ।

—▲—

ਪੈਂਤ ਸਰ

+ਇਹ ਵੀ ਵੀਚਾਰ ਹੈ ਕਿ ਬਨਾਰਸ ਦੇ ਜਿਹੜਾ ਰਾਜਾ ਹਰਿਨਾਥ ਵਾਲੀ ਸਾਖੀ ਹੈ ਉਹ ਅਸਲ ਵਿਚ ਇਸ ਸਥਾਨ ਨਾਲ ਹੀ ਸਬੰਧਿਤ ਹੋਵੇ। ਹੋ ਸਕਦਾ ਗੁਰੂ ਸਾਹਿਬ ਨਾਲ ਮੇਲ ਰਾਜਾ ਹਰਿਨਾਥ ਦਾ ਹੋਇਆ ਹੋਵੇ ਅਤੇ ਅੱਗੋ ਰਤਨ ਰਾਇ ਉਹਦਾ ਪੁੱਤਰ ਹੋਵੇ।

ਪੂਰਬੀ ਯੂ.ਪੀ ਵਿਚ ਬਾਬਾ

ਜਨਵਰੀ 1509

ਅਗਲਾ ਨਿਸ਼ਾਨਾ ਅਲਾਹਾਬਾਦ ਦਾ ਮਹਾਂਕੁੰਭ

ਬਾਬੇ ਦੀ ਯਾਤਰਾ ਦੇ ਮੁਤੱਲਕ ਜਦੋਂ ਅਸੀ ਓਨਾਂ ਸਥਾਨਾਂ ਨੂੰ ਜੋੜ ਕੇ ਵੇਖਦੇ ਹਾਂ ਜਿੱਥੇ ਬਾਬੇ ਦੀ ਕੋਈ ਯਾਦਗਾਰ ਜਾਂ ਸਾਖੀ ਬਚੀ ਹੋਈ ਹੈ, ਤਾਂ ਮਹਿਸੂਸ ਹੁੰਦਾ ਹੈ ਕਿ ਗੁਰੂ ਸਾਹਿਬ ਨਾਨਕਮਤੇ ਤੋਂ ਵਾਪਸ ਦਿੱਲੀ ਨੂੰ ਆ ਗਏ ਸਨ। ਬਲਬਗੜ੍ਹ ਲਾਗੇ ਦਿਆਲਪੁਰ ਵਿਖੇ ਗੁਰੂ ਸਾਹਿਬ ਅਤੇ ਛੇਵੇਂ ਪਾਤਸ਼ਾਹ ਦੀ ਯਾਦਗਾਰ ਹੋਣਾਂ ਦਿੱਲੀ ਤੋਂ ਪੂਰਬ ਵਲ ਜਾਣ ਦਾ ਸਾਫ ਇਸ਼ਾਰਾ ਹੈ।

ਅੰਦਾਜ਼ਾ ਹੈ ਕਿ 1508 ਈ. ਦੇ ਅਖੀਰ 'ਚ ਗੁਰੂ ਸਾਹਿਬ ਦਿੱਲੀ ਪਰਤੇ ਸਨ। ਸਾਹਿਬ ਦਾ ਅਗਲਾ ਨਿਸ਼ਾਨਾ ਪ੍ਰਯਾਗਰਾਜ ਦਾ ਕੁੰਭ ਸੀ ਜੋ ਮਾਘੀ ਵਾਲੇ ਦਿਨ ਹੋਣਾ ਸੀ। ਭਾਵ ਜਨਵਰੀ 1509 । ਫਿਰ ਛੇਤੀ ਬਾਦ ਹੀ ਫਰਵਰੀ ਵਿਚ ਬਨਾਰਸ ਦੀ ਸ਼ਿਵਰਾਤਰੀ ਵੀ ਵੇਖਣੀ ਸੀ। ਜਿਸ ਕਾਰਨ ਲਗਦੈ ਗੁਰੂ ਸਾਹਿਬ ਹੁਣ ਤੇਜੀ ਨਾਲ ਅਲਾਹਾਬਾਦ ਨੂੰ ਵਧੇ। ਰਸਤਾ ਵੀ ਉਹਨਾਂ ਸਿੱਧਾ (ਸ਼ਾਰਟ ਕੱਟ) ਅਪਣਾਇਆ। ਫਿਰ ਓਹਨੀ ਦਿਨੀ ਪ੍ਰਸਿੱਧ ਅਸਥਾਨਾਂ ਲਈ ਸਿੱਧੇ ਰਸਤਿਆਂ ਦਾ ਲੋਕਾਈ ਨੂੰ ਗਿਆਨ ਹੁੰਦਾ ਸੀ।

ਇਤਹਾਸਕਾਰਾਂ ਵਿਚ ਮੱਤਭੇਦ ਹਨ। ਕੁਝ ਕਹਿੰਦੇ ਹਨ ਕਿ ਗੁਰੂ ਸਾਹਿਬ ਇਟਾਵਾ ਰੁਕੇ ਸਨ ਕੁਝ ਦਾ ਕਹਿਣਾ 'ਨਹੀਂ'। ਮਿਸਾਲ ਦੇ ਤੌਰ ਤੇ ਜੇ ਅਸੀ ਦਿੱਲੀ ਅਲਾਹਾਬਾਦ ਦਾ ਸਿੱਧਾ ਰਸਤਾ ਕੱਢਦੇ ਹਾਂ ਤਾਂ ਇਟਾਵਾ ਕੋਈ 60 ਕਿ. ਮੀ. ਪਾਸੇ ਰਹਿ ਜਾਂਦਾ ਹੈ। ਆਗਰਾ -70 ਕਿ.ਮੀ., ਮਥੁਰਾ-80 ਕਿ.ਮੀ., ਲਖਨਊ -60 ਕਿ.ਮੀ.। ਸੋ ਸਾਨੂੰ ਵੀ ਨਹੀ ਲਗਦਾ ਕਿ ਗੁਰੂ ਸਾਹਿਬ ਇਟਾਵਾ ਆਏ ਹੋਣਗੇ।

ਸੋ ਦਿੱਲੀ ਤੋਂ ਅਲਾਹਾਬਾਦ ਪਹੁੰਚਣ ਲਈ ਗੁਰੂ ਸਾਹਿਬ ਕੋਲ ਸਮਾਂ ਘੱਟ ਸੀ। ਇਸ ਕਾਰਨ ਉਹ ਸਿੱਧੇ ਹੀ ਅਲਾਹਾਬਾਦ ਪਹੁੰਚੇ ਸਨ ਅਤੇ ਰਸਤੇ 'ਚ ਪੜਾਅ ਘੱਟ ਹੀ ਕੀਤੇ, ਸਿਵਾਏ ਰਾਤ ਬਿਤਾਉਣ ਦੇ। ਕਿਉਕਿ ਅਲਾਹਾਬਾਦ ਦੇ ਮਹਾਂ ਕੁੰਭ ਨੂੰ ਜਿਥੇ ਸਾਰੇ ਹਿੰਦੁਸਤਾਨ ਨੇ ਜੁੜਨਾ ਸੀ ਗੁਰੂ ਸਾਹਿਬ ਦਾ ਉਹ ਮੁੱਖ ਮਕਸਦ ਅਤੇ ਨਿਸ਼ਾਨਾ ਸੀ।

ਗੁਰੂ ਸਾਹਿਬ ਦਾ ਕਾਨਪੁਰ ਰੁਕਣਾ ਹੋ ਸਕਦਾ ਹੈ ਕਿਉਕਿ ਕਾਨਪੁਰ ਐਨ ਰਸਤੇ ਵਿਚ ਪੈਦਾ ਹੈ। ਹਾਲਾਂ 16 ਵੀ ਸਦੀ ਦੀ ਸ਼ੁਰੂਆਤ ਤੇ ਕਾਨਪੁਰ ਕੋਈ ਬਹੁਤਾ ਮਹੱਤਵਪੂਰਨ ਸਥਾਨ ਨਹੀ ਸੀ, ਮਤਲਬ ਕਿ ਸਥਾਨ ਦੀ ਧਾਰਮਿਕ ਜਾਂ ਰਾਜਨੀਤਕ ਅਹਿਮੀਅਤ ਨਹੀ ਸੀ। ਉਂਜ ਅਬਾਦੀ ਪੱਖੋ ਕਾਨਪੁਰ ਤੇਜੀ ਨਾਲ ਫੈਲ ਰਿਹਾ ਸੀ। ਪਰ ਇਹ ਮਹੱਤਵਪੂਰਨ ਹੈ ਕਿ ਗੁਰੂ ਸਾਹਿਬ ਨੇ ਇਥੇ ਪੜਾਅ ਕੀਤਾ ਹੀ ਕੀਤਾ ਸੀ।

ਫਿਰ ਸਾਈਕਲ ਯਾਤਰੀ- 141 ਅਨੁਸਾਰ ਕਾਨਪੁਰ ਦੇ ਇਲਾਕਾ ਸਰਸੱਈਆ ਘਾਟ ਵਿਖੇ ਇਤਹਾਸਿਕ ਗੁਰਦੁਆਰਾ ਹੈ ਜਿੱਥੇ

ਅਲਾਹਾਬਾਦ ਦਾ ਕੁੰਭ ਮੇਲਾ ਦੁਨੀਆ ਦੇ ਵੱਡੇ ਮੇਲਿਆਂ ਵਿਚੋ ਇਕ। ਗੁਰੂ ਨਾਨਕ ਵਾਸਤੇ ਇਹ ਸੁਨਿਹਰੀ ਮੌਕਾ ਸੀ ਪ੍ਰਚਾਰ ਕਰਨ ਲਈ

ਗੁਰੂ ਨਾਨਕ ਤੇ ਬਾਦ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦੇ ਚਰਨ ਪਏ ਨੇ। ਗੁਰਦੁਆਰਾ ਉਦਾਸੀਆਂ ਦੇ ਕਬਜੇ ਹੇਠ ਹੈ। ਲਿਖਾਰੀ ਨੂੰ ਲੱਗਦਾ ਹੈ ਕਿ ਮਹੰਤ ਇਤਹਾਸ ਛੁਪਾ ਰਿਹਾ ਹੈ ਕਿਉਕਿ ਓਨੀ ਦਿਨੀ ਇਤਹਾਸਿਕ ਥਾਵਾਂ ਤੇ ਅਕਾਲੀ ਕਬਜੇ ਕਰ ਰਹੇ ਸਨ।

ਨਾਲ ਹੀ ਇਸ ਸਰੋਤ ਤੋ ਇਹ ਵੀ ਤਸਦੀਕ ਹੋ ਜਾਂਦਾ ਹੈ ਕਿ ਲਖਨਊ ਵਿਖੇ ਗੁਰੂ ਸਾਹਿਬ ਦਾ ਆਉਣਾ ਨਹੀ ਹੋਇਆ।

ਹਾਲਾਂ ਯੂ.ਪੀ ਵਿੱਚ ਬਾਬਾ ਬਹੁਤ ਘੁੰਮਿਆ ਸੀ। ਯੂ ਪੀ ਕਿਉਕਿ ਹਿੰਦੁਸਤਾਨ ਦੀ ਰੂਹਾਨੀਅਤ ਦਾ ਇੱਕ ਤਰਾਂ ਨਾਲ ਮਰਕਜ਼ ਸੀ। ਹਰਦੁਆਰ, ਕਾਂਸ਼ੀ (ਭਗਵਾਨ ਸ਼ਿਵ ਦਾ ਸ਼ਹਿਰ) ਅਯੁੱਧਿਆ (ਰਾਮ ਦਾ ਸ਼ਹਿਰ) ਮਥੁਰਾ (ਕ੍ਰਿਸ਼ਨ ਦਾ ਸ਼ਹਿਰ) ਪ੍ਰਯਾਗ (ਗੰਗਾ ਜਮੁਨਾ ਮਿਲਣ) ਕਨੌਜ (ਕਾਨਕੁੰਬਜ), ਕੌਸੰਭੀ, ਕੁਸ਼ੀਨਗਰ, ਚਿੱਤ੍ਰਕੂਟ (ਮੱਧ ਪ੍ਰਦੇਸ), ਸਰਵਸਤੀ, ਹਸਤਨਾਪੁਰ ਸਭ ਯੂ ਪੀ ਦੇ ਇਲਾਕੇ ਵਿੱਚ ਹੀ ਤਾਂ ਸਨ। ਧਰਮ ਦੀ ਲੀਡਰਸ਼ਿਪ ਸਿਰਫ ਬ੍ਰਾਹਮਣਾਂ ਕੋਲ ਸੀ ਜਿਸ ਕਰਕੇ ਉਨਾਂ ਦੇ ਸਥਾਨ ਹੀ ਪਵਿਤ੍ਰ ਗਿਣੇ ਜਾਂਦੇ ਸਨ। ਯੂ ਪੀ ਦੀਆਂ ਨਦੀਆਂ ਗੰਗਾ, ਜਮੁਨਾ, ਸਰਜੂ, ਅਲਕਨੰਦਾ, ਰਾਮ ਗੰਗਾ ਸਭ ਇਸੇ ਕਰਕੇ ਪਵਿਤ੍ਰ ਹਨ। ਪਰ ਪੰਜਾਬ ਦੇ ਬਿਆਸ, ਸਤਲੁਜ, ਰਾਵੀ, ਚਨਾਬ, ਜਿਹਲਮ ਪਵਿਤਰ ਨਹੀ ਹਨ। ਹਾਲਾਂ ਜੁਗਾਂ ਜੁਗਾਤਰਾਂ ਤੋਂ ਇਨਸਾਨ ਦਾ ਢਿੱਡ ਜਿਆਦਾ ਇਹਨਾਂ ਦਰਿਆਵਾਂ ਨੇ ਹੀ ਭਰਿਆ ਸੀ।

ਸੋ ਯੂ ਪੀ ਦੇ ਉੱਤੇ ਦਿੱਤੇ ਸ਼ਹਿਰਾਂ ਦੀ ਅਹਿਮੀਅਤ ਤਾਂ ਅੱਜ ਤੱਕ ਬਣੀ ਹੋਈ ਹੈ ਪਰ ਕਨੌਜ ਜਿਹੇ ਦਰਜਨਾਂ ਕੇਂਦਰ ਹੋਰ ਵੀ ਸਨ ਜੋ ਵਕਤ ਦੇ ਸਮੁੰਦਰ ਵਿੱਚ ਡੁੱਬ ਗਏ। ਜਿਵੇ ਪੰਜਾਬ ਦੇ ਵੀ ਕਈ ਸ਼ਹਿਰਾਂ ਦੇ ਨਾਂ ਇਤਹਾਸ ਵਿੱਚ ਤਾਂ ਹਨ ਪਰ ਉਂਜ ਅੱਜ ਮੌਜੂਦ

ਨਹੀ ਹਨ ਜਿਵੇ ਚੀਨਾ ਪੱਟੀ (ਅੰਮ੍ਰਿਤਸਰ ਦੇ ਹਵਾਈ ਅੱਡੇ ਲਾਗੇ ਹਰਸਾ ਛੀਨਾ ਥੇਹ) ਸਗਲ (ਸਿਆਲਕੋਟ ਲਾਗੇ) ਟੈਕਸਲਾ (ਪਾਕਿਸਤਾਨ ਰਾਵਲਪਿੰਡੀ ਲਾਗੇ) ਅੰਮ੍ਰਿਤਸਰ ਜਿਲੇ ਵਿੱਚ ਹੀ ਇੱਕ ਸ਼ਹਿਰ ਹੁੰਦਾ ਸੀ ਸੋੜੀਆਂ (ਖੁਦ ਅੰਗਰੇਜਾਂ ਵੇਲੇ ਤਹਿਸੀਲ ਸੀ) ਅੱਜ ਇੱਕ ਮਾਮੂਲੀ ਪਿੰਡ ਰਹਿ ਗਇਆ ਹੈ, ਬਿਹਾਰ ਦਾ ਨਾਲੰਦਾ ਸ਼ਹਿਰ ਜੋ ਰਾਜਧਾਨੀ ਸੀ, ਸਿੰਧ ਦੀ ਰਾਜਧਾਨੀ ਅਰੋੜ (ਅਰੋੜਿਆਂ ਦਾ ਮੂਲ ਸਥਾਨ), ਫਿਰ ਮੁਲਤਾਨ ਪੱਛਮੀ ਭਾਰਤ ਦਾ ਸਭ ਤੋਂ ਵੱਡਾ ਕੇਂਦਰ ਸੀ। ਲੁੰਬਣੀ, ਕਪਿਲਵਸਤੂ (ਨੇਪਾਲ) ਖਤਮ ਹੋ ਚੁੱਕਾ ਹੈ। ਸੋ ਸਾਨੂੰ ਨਹੀ ਲੱਗਦਾ ਕਿ ਬਾਬੇ ਨੇ ਉਸ ਵੇਲੇ ਦਾ ਯੂ ਪੀ ਦਾ ਕੋਈ ਮਹੱਤਵਪੂਰਨ ਸ਼ਹਿਰ ਵੇਖਣ ਤੋਂ ਛੱਡਿਆ ਹੋਵੇ। ਆਖਿਰ 2-4 ਸਾਲ ਇਸ ਇਲਾਕੇ ਵਿੱਚ ਸਿੰਘ ਬੁੱਕਦਾ ਰਿਹਾ।

ਸੋ ਦਿੱਲੀ ਤੋਂ ਚਲਕੇ ਗੁਰੂ ਸਾਹਿਬ ਕੁਝ ਇਸ ਪ੍ਰਕਾਰ ਘੁੰਮੇ: ਕਾਨਪੁਰ, ਅਲਾਹਾਬਾਦ, ਚਿਤ੍ਰਕੂਟ, ਬਨਾਰਸ, ਨਿਜਾਮਾਬਾਦ, ਅਯੁਧਿਆ ਗੋਰਖਪੁਰ।

ਪਰ ਜਿਸ ਤੀਬਰਤਾ ਨਾਲ ਬਾਬੇ ਨੇ ਉੱਤਰਾਖੰਡ ਅਤੇ ਪੱਛਮੀ ਯੂ. ਪੀ ਗਾਹੀ ਉਸ ਤੋਂ ਲਗਦਾ ਹੈ ਕਿ ਸਾਹਿਬ ਇਕ ਸਾਲ ਤੋਂ ਜਿਆਦਾ ਸਮਾਂ ਇਸ ਇਲਾਕੇ ਵਿਚ ਰਹੇ। ਇਹ ਵੀ ਹੋ ਸਕਦਾ ਹੈ ਕਿ ਪੂਰਬੀ ਯੂ.ਪੀ ਵਿਚ ਵੀ ਉਹਨਾਂ ਬਣਦਾ ਸਮਾਂ ਲਾਇਆ ਹੋਵੇ ਪਰ ਕੁਝ ਕਾਰਨਾਂ ਕਰਕੇ ਇਧਰ ਸਿੱਖੀ ਇਨੀ ਪ੍ਰਫੁੱਲਤ ਨਾਂ ਹੋ ਪਾਈ। ਜਾਂ ਇਹ ਵੀ ਹੋ ਸਕਦਾ ਹੈ ਕਿ ਪੱਛਮ ਵਿਚ ਸਿੱਖ ਜਿਮੀਦਾਰਾਂ ਦੀ ਹਿਜਰਤ ਕਰਕੇ ਉਹ ਯਾਦਗਾਰਾਂ ਸੁਰਜੀਤ ਹੋ ਗਈਆਂ ਜਿਥੇ ਬਾਬੇ ਦੇ ਪਵਿਤ੍ਰ ਕਦਮ ਪਏ ਸਨ।

ਬਾਬੇ ਨੇ ਪ੍ਰਯਾਗਰਾਜ ਦੇ ਮਹਾਂਕੁੰਭ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਐਨ ਟਿਕਾਣੇ ਤੇ ਡੇਰਾ ਜਮਾ ਲਿਆ ਸੀ।

ਇਥੇ ਫਿਰ ਰੋਜ ਹਜਾਰਾਂ ਸਾਧੂਆਂ ਨੂੰ ਸੰਬੋਧਨ ਹੋਇਆ ਕਰਦੇ ਸਨ ਤੇ ਗੁਰਮਤ ਦਾ ਸਿਧਾਂਤ ਲੋਕਾਈ ਤੱਕ ਪਹੁੰਚਾਇਆ।

—◈—

ਪੋਥੀ ਸਾਹਿਬ

ਹਿੰਦੂ ਤੀਰਥ ਅਸਥਾਨਾਂ ਦੀ ਸਥਾਪਨਾ ਦਾ ਮੂਲ ਸਿਧਾਂਤ

(ਜਿਹਦੇ ਸਿਰ ਤੇ ਬਹੁਤੇ ਤੀਰਥ ਬਣੇ ਹੋਏ ਨੇ ਅਤੇ ਕੁੰਭ ਮੇਲਿਆਂ ਦਾ ਅਧਾਰ)

'ਸਮੁੰਦਰ ਰਿੜਕਣਾਂ, ਅੰਮ੍ਰਿਤ ਕੱਢਣਾਂ'

ਗੁਰੂ ਸਾਹਿਬ ਪੂਰੇ ਹਿੰਦੁਸਤਾਨ ਵਿੱਚ ਫਿਰੇ ਸਨ ਤੇ ਸ਼ਾਇਦ ਹੀ ਕੋਈ ਮਹੱਤਵਪੂਰਨ ਹਿੰਦੂ ਤੀਰਥ ਅਸਥਾਨ ਰਹਿ ਗਇਆ ਹੋਵੇ ਜਿੱਥੇ ਸਾਹਿਬ ਨਾਂ ਗਏ ਹੋਣ। ਕਿਉਕਿ ਹਿੰਦੂਆਂ ਦੇ ਮੁੱਖ ਅਸਥਾਨ ਅੰਮ੍ਰਿਤ ਕੱਢਣ ਦੀ ਕਹਾਣੀ ਨਾਲ ਸਬੰਧਿਤ ਹਨ। ਕੁੰਭ ਮੇਲਿਆਂ ਦਾ ਅਧਾਰ ਵੀ ਇਹੋ ਕਥਾ ਹੈ। ਇਸ ਕਰਕੇ ਅਸੀ ਸਮਝਦੇ ਹਾਂ ਕਿ ਹਿੰਦੂ ਵਰਤਾਰੇ ਨੂੰ ਸਮਝਣ ਲਈ ਇਹ ਮੁਢਲੀ ਹਿੰਦੂ ਮਿਥਹਾਸਿਕ (ਮਨਘੜਤ) ਕਥਾ ਤੋਂ ਸਾਨੂੰ ਜਾਣੂ ਹੋਣਾ ਚਾਹੀਦਾ ਹੈ। ਸਿਰਫ ਏਨਾ ਹੀ ਨਹੀ ਸਿੱਖ ਪ੍ਰਚਾਰਕਾਂ ਨੂੰ ਰਮਾਇਣ ਤੇ ਮਹਾਂਭਾਰਤ ਤੇ ਹੋਰ ਕਥਾਵਾਂ ਦਾ ਵੀ ਗਿਆਨ ਹੋਣਾ ਚਾਹੀਦਾ ਹੈ।

ਸਮੁੰਦਰ ਮੰਥਨ ਦੀ ਕਥਾ ਮਹਾਂ ਭਾਰਤ ਤੇ ਵਿਸ਼ਨੂੰ ਪੁਰਾਣ ਵਿੱਚ ਆਉਦੀ ਹੈ।

ਅੰਮ੍ਰਿਤ ਕੱਢਣਾ

ਹੋਇਆਂ ਕੁਝ ਇਸ ਤਰਾਂ ਕਿ ਇੱਕ ਵੇਰਾਂ ਸਵੱਰਗਾਂ ਦਾ ਰਾਜਾ ਇੰਦਰ ਆਪਣੇ ਹਾਥੀ ਤੇ ਚੜਿਆ ਜਾ ਰਿਹਾ ਸੀ ਕਿ ਦੁਰਭਾਸ਼ਾ ਰਿਸ਼ੀ ਨੇ ਖੁਸ਼ ਹੋ ਕੇ ਇੰਦਰ ਨੂੰ ਇੱਕ ਮਾਲਾ ਪਹਿਨਾ ਦਿੱਤੀ। ਇੰਦ੍ ਨੇ ਸੋਚਿਆ ਕਿ ਲੋਕੀ ਐਵੇ ਕਹਿਣਗੇ ਕਿ ਬੜਾ ਸ਼ੌਕੀਨ ਹੋ ਗਇਆ ਇੰਦਰ, ਇਸ ਕਰਕੇ ਉਹ ਮਾਲਾ ਉਸ ਨੇ ਹਾਥੀ ਦੇ ਗਲ ਪਾ ਦਿੱਤੀ। ਹਾਥੀ ਜਾਣਦਾ ਸੀ ਕਿ ਇੰਦ੍ ਵੱਡਾ ਦੇਵਤਾ ਬਣਿਆ ਫਿਰਦਾ ਹੈ ਪਰ ਇਸ ਦਾ ਆਪਣੀਆਂ ਵਾਸ਼ਨਾਵਾਂ ਤੇ ਕੋਈ ਕਾਬੂ ਨਹੀ ਹੈ। ਇਸ ਕਰਕੇ ਹਾਥੀ ਨੇ ਮਾਲਾ ਥੱਲੇ ਸੁੱਟ ਦਿੱਤੀ। ਇਸ ਤੇ ਦੁਰਵਾਸ਼ਾ ਰਿਸ਼ੀ ਨੇ ਆਪਣੀ ਬੇਇਜਤੀ ਸਮਝੀ ਕਿਉਕਿ ਉਹ ਮਾਲਾ 'ਸ੍ਰੀ' ਭਾਵ ਮਾਇਆ ਰੂਪੀ ਪ੍ਰਸ਼ਾਦ ਸੀ। ਰਿਸ਼ੀ ਨੇ ਦੇਵਤਿਆਂ ਨੂੰ ਸਰਾਪ ਦੇ ਦਿੱਤਾ ਕਿ ਇਹ ਬਦਕਿਸਮਤ ਤੇ ਨਿਰਬਲ ਹੀ ਰਹਿਣਗੇ।

ਬਾਦ ਵਿੱਚ ਜਦੋਂ ਰਾਖਸ਼ਾਂ ਤੇ ਦੇਵਤਿਆਂ ਵਿੱਚ ਯੁੱਧ ਹੋਇਆ ਤਾਂ ਰਾਜਾ ਬਲੀ ਦੀ ਅਗਵਾਈ ਹੇਠ ਰਾਖਸ਼ ਜਿੱਤ ਗਏ। ਘਬਰਾਏ ਹੋਏ ਦੇਵਤੇ ਫਿਰ ਵਿਸ਼ਨੂੰ ਦੀ ਸ਼ਰਨ ਵਿੱਚ ਜਾਂਦੇ ਹਨ। ਵਿਸ਼ਨੂੰ ਓਨਾਂ ਨੂੰ ਸਲਾਹ ਦਿੰਦਾ ਹੈ ਕਿ ਕਿਸੇ ਤਰਾਂ ਰਾਖਸ਼ਾਂ ਨੂੰ ਚਾਲਬਾਜੀ ਹੇਠ ਲੈ ਆਓ ਤੇ ਫਿਰ ਕੂਟਨੀਤੀ ਨਾਲ ਓਨਾਂ ਦਾ ਪੱਤਾ ਸਾਫ ਕਰ ਦਿਓ।

ਫਿਰ ਦੇਵਤਿਆ ਨੇ ਰਾਖਸ਼ਾਂ (ਅਸੁਰਾਂ) ਨੂੰ ਮਨਾਇਆ ਕਿ ਕੋਈ ਅਜਿਹੀ ਸ਼ੈਅ ਪੈਦਾ ਕੀਤੀ ਜਾਵੇ ਜਿਸ ਦੇ ਸੇਵਨ ਨਾਲ ਇਨਸਾਨ ਕਦੇ ਮਰੇ ਹੀ ਨਾਂ।ਸੋ ਆਓ ਸਹਿਯੋਗ ਕਰੋ। ਫਿਰ ਉਪਦੇਸ਼ ਮਿਲਿਆ ਕਿ ਉਹ ਤਾਂ ਹੋ ਸਕਦਾ ਹੈ ਜੇ ਸਮੁੰਦਰ ਨੂੰ ਰਿੜਕਿਆ ਜਾਵੇ ਤੇ ਜਿਵੇ ਦੁੱਧ ਰਿੜਕ ਕੇ ਮੱਖਣ ਨਿਕਲਦਾ ਹੈ ਏਸੇ ਤਰਾਂ ਸਾਗਰ ਤੋਂ ਅੰਮ੍ਰਿਤ ਨਿਕਲੇਗਾ ਜਿਸ ਨੂੰ ਪੀਣ ਵਾਲਾ ਕਦੇ ਨਹੀ ਮਰੇਗਾ। ਸੋ ਦੋਵੇ ਪਾਰਟੀਆਂ ਫਿਰ ਰਲ ਕੇ ਸਮੁੰਦਰ ਨੂੰ ਰਿੜਕਦੀਆਂ ਹਨ।

ਕਿਉਕਿ ਸਮੁੰਦਰ ਤਾਂ ਬਹੁਤ ਵਿਸ਼ਾਲ ਹੈ, ਉਹ ਸੁਮੇਰ ਪਰਬਤ ਦੀ ਹੀ ਮਦਾਣੀ ਬਣਾ ਲੈਂਦੇ ਹਨ। ਫਿਰ ਮਧਾਣੀ ਨੂੰ ਘੁੰਮਾਉਣ ਲਈ ਨੇਤ੍ਰਾ (ਰੱਸੀ) ਵੀ ਤਾਂ ਓਨੀ ਹੀ ਵਿਸ਼ਾਲ ਚਾਹੀਦੀ ਹੈ। ਸੋ ਨੇਤ੍ਰਾ ਪਾਉਦੇ ਹਨ ਮਹਾਨ ਸੱਪ ਸ਼ੇਸ਼ਨਾਗ ਦਾ ਜਿਹੜਾ ਸ਼ਿਵਜੀ ਭਗਵਾਨ



ਦੇ ਗਲ ਵਿੱਚ ਪਿਆ ਰਹਿੰਦਾ ਹੈ। ਫਿਰ ਨੇਤਰੇ ਨੂੰ ਇੱਕ ਪਾਸਿਓ ਦੇਵਤੇ ਖਿੱਚਦੇ ਤੇ ਦੂਸਰੇ ਪਾਸੇ ਤੋਂ ਰਾਖਸ਼।

ਲਓ ਜੀ! ਸੁਮੇਰ ਪਰਬਤ ਫਿਰ ਸਮੁੰਦਰ ਵਿੱਚ ਲਿਆ ਖੜਾ ਕਰਦੇ ਨੇ। ਪਰ ਪਰਬਤ ਤਾਂ ਡੁੱਬਣਾ ਸ਼ੁਰੂ ਹੋ ਜਾਂਦਾ ਹੈ। ਫਿਰ ਕੂਰਮ (ਕੱਛੂਕੰਮਾ) ਪਰਬਤ ਨੂੰ ਆਪਣੀ ਪਿੱਠ ਤੇ ਚੁੱਕ ਲੈਂਦਾ ਹੈ।

ਰਿੜਕਣਾ ਪੈ ਜਾਂਦਾ ਹੈ ਤੇ ਹੇਠ ਲਿਖੀਆਂ ਵਸਤੂਆਂ ਰਿੜਕਣਦੌਰਾਨ ਅੰਮ੍ਰਿਤ ਤੋਂ ਪਹਿਲਾਂ, ਨਿਕਲਦੀਆਂ ਸ਼ੁਰੂ ਹੋ ਜਾਂਦੀਆ ਹਨ ਭਾਵ।:-

1. ਹਲਾਹਲ - ਇਹ ਜ਼ਹਿਰ ਹੈ। ਜਦੋਂ ਸ਼ੇਸ਼ਨਾਗ ਦੇ ਮੂੰਹ ਵਿੱਚੋਂ ਜ਼ਹਿਰ ਨਿਕਲਦਾ ਹੈ

ਪੋਥੀ ਅਗਲੇ ਸਫੇ ਤੇ ਚਲਦਾ ➡

ਪ੍ਰਯਾਗ ਵਿੱਚ ਬਾਬਾ

ਕੀ ਤੀਰਥ ਸਥਾਨ ਦੇ ਉੱਚੇ ਰੁੱਖ ਤੋਂ ਛਾਲ ਮਾਰ ਕੇ ਮਰਨ ਨਾਲ ਮੁਕਤੀ ਮਿਲ ਜਾਏਗੀ?

ਹਿੰਦੂ ਸ਼ਾਸਤਰ ਪਦਮ ਪੁਰਾਣ ਅਨੁਸਾਰ ਪ੍ਰਯਾਗ (ਏਸੇ ਕਰਕੇ ਹੁਣੇ ਹੁਣੇ ਅਲਾਹਾਬਾਦ ਤੋਂ ਨਾਂ ਵਾਪਸ ਪ੍ਰਯਾਗਰਾਜ ਕਰ ਦਿੱਤਾ ਗਇਆ ਹੈ।) ਹਿੰਦੂਆਂ ਦੇ ਸਾਰੇ ਤੀਰਥਾਂ ਤੋਂ ਉਪਰ ਹੈ। ਇਸ ਕਰਕੇ ਇਨੂੰ ਪ੍ਰਯਾਗ-ਰਾਜ ਕਿਹਾ ਜਾਂਦਾ ਹੈ। ਹਿੰਦੂਆਂ ਦਾ ਮੰਨਣਾ ਹੈ ਕਿ ਸ੍ਰਿਸਟੀ ਦੀ ਸ਼ੁਰੂਆਤ ਭਗਵਾਨ ਬ੍ਰਹਮਾ ਨੇ ਇਥੋ ਹੀ ਕੀਤੀ ਸੀ। ਇਥੇ ਗੰਗਾ ਤੇ ਜਮਨਾ ਦਰਿਆਵਾਂ ਦਾ ਸੰਗਮ ਜਾਂ ਮੇਲ ਹੈ। ਹਿੰਦੂਆਂ ਦਾ ਮੰਨਣਾ ਹੈ ਕਿ ਇੱਕ ਹੋਰ ਗੁਪਤ ਦਰਿਆ (ਭਾਵ ਜੋ ਦਿਸਦਾ ਨਹੀ ਹੈ) ਸਰਸਵੱਤੀ ਵੀ ਏਥੇ ਗੰਗਾ 'ਚ ਮਿਲਦਾ ਹੈ। ਇਸ ਮਿਲਾਪ ਨੂੰ ਤ੍ਰਿਬੇਣੀ ਸੰਗਮ ਕਿਹਾ ਜਾਂਦਾ ਹੈ।

ਗੁਪਤ ਦਰਿਆ ਪਤਾ ਨਹੀ ਸੱਚ ਵਿੱਚ ਮਿਲਦਾ ਜਾਂ ਨਹੀ ਪਰ ਇਥੇ ਜੋ ਕੁੰਭ ਮੇਲਾ ਲੱਗਦਾ ਹੈ ਉਹ ਵੀ ਕਿਸੇ ਦਰਿਆ ਤੋਂ ਘੱਟ ਨਹੀ। 6 ਸਾਲਾਂ ਬਾਦ ਅਰਧ-ਕੁੰਭ ਤੇ 12 ਸਾਲੀ ਮਹਾਂ ਕੁੰਭ। ਦੁਨੀਆ ਦਾ ਸੱਭ ਤੋਂ ਵੱਡਾ ਇਕੱਠ ਇਥੇ ਜੁੜਦਾ ਹੈ। ਪ੍ਰਯਾਗ ਦਾ ਜਿਕਰ ਰਮਾਇਣ ਤੇ ਮਹਾਂ ਭਾਰਤ ਵਿੱਚ ਵੀ ਮਿਲਦਾ ਹੈ।

ਗੁਰੂ ਸਾਹਿਬ ਮਾਘੀ ਦਸੰਬਰ 1508 (ਜਾਂ ਜਨਵਰੀ 1509) ਨੂੰ ਪ੍ਰਯਾਗ ਵਿਖੇ ਬਰਾਜਮਾਨ ਸਨ ਕਿਉਕਿ ਓਦੋਂ ਓਥੇ ਮਹਾਂਕੁੰਭ ਚਲ ਰਿਹਾ ਸੀ। ਮਹਾਂਕੁੰਭ ਕੋਈ ਮਹੀਨਾ ਭਰ ਚਲਦਾ ਹੈ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਝੂਸੀ, ਪ੍ਰਯਾਗ ਵਿਖੇ ਇੱਕ ਉਦਾਸੀਨ ਆਸ਼ਰਮ ਵਿਖੇ ਨਿਵਾਸ ਕੀਤਾ।

ਇਥੇ ਪਹੁੰਚ ਕੇ ਵੀ ਗੁਰੂ ਸਾਹਿਬ ਨੇ ਵੇਖਿਆ ਕਿ ਪਾਂਡੇ ਮਨੁੱਖਤਾ ਤੇ ਵੱਡਾ ਜੁਲਮ ਕਰ ਰਹੇ ਨੇ। ਯਾਦ ਰਹੇ ਲੱਗ ਪਗ ਸਾਰੇ ਵੱਡੇ ਤੀਰਥਾਂ ਤੇ ਹਿੰਦੂ ਸ਼ਰਧਾਲੂਆਂ ਨੂੰ ਉਕਸਾਇਆ ਜਾਂਦਾ ਸੀ ਕਿ ਉਹ ਕੁਰਬਾਨੀ ਦੇਣ। ਅਖੇ ਅਜਿਹਾ ਕਰਨ ਨਾਲ ਸ਼ਰਧਾਲੂ ਦੀ ਮੁਕਤੀ ਹੋ ਜਾਵੇਗੀ। ਕੁਰਬਾਨੀ ਦੇਣ ਤੋਂ ਪਹਿਲਾਂ ਸ਼ਰਧਾਲੂ ਨੇ ਆਪਣਾ ਸਾਰਾ ਕੁਝ ਦਾਨ ਕਰਨਾਂ ਹੁੰਦਾ ਸੀ।

ਪ੍ਰਯਾਗ ਵਿਖੇ ਇੱਕ ਉੱਚਾ ਬੋਹੜ ਹੁੰਦਾ ਸੀ। ਇੱਕ ਖਾਸ ਉੱਚਾਈ ਤੇ ਪਾਂਡਿਆਂ ਨੇ ਨਿਸ਼ਾਨ ਲਾਇਆ ਹੁੰਦਾ ਸੀ ਕਿ ਇਸ ਉੱਚਾਈ ਤੋਂ ਜਿਹੜਾ ਛਾਲ ਮਾਰੇਗਾ ਉਹ ਸਵਰਗਾਂ ਨੂੰ ਪ੍ਰਾਪਤ ਹੋਵੇਗਾ। ਜੇ ਹੇਠਾਂ ਡਿੱਗਣ ਉਪਰੰਤ ਉਹ ਬਚ ਜਾਂਦਾ ਹੈ ਤਾਂ ਰਾਜੇ ਦਾ ਰਾਜ ਭਾਗ ਸੰਭਾਲਣ ਦਾ ਉਹ ਹੱਕਦਾਰ ਹੋਵੇਗਾ। (ਬਚਣ ਦੇ ਕੋਈ ਮੌਕੇ ਹੀ ਨਹੀ ਸਨ ਹੁੰਦੇ।) ਹੇਠਾਂ ਤਿੱਖੇ ਪੱਥਰ ਰੱਖੇ ਹੋਏ ਹੁੰਦੇ ਸਨ। ਪ੍ਰਯਾਗ ਵਿੱਚ ਕੁਰਬਾਨੀ ਵਾਸਤੇ ਜੋ ਰੁੱਖ ਤਹਿ ਕੀਤਾ ਹੋਇਆ ਸੀ ਉਹ ਬੋਹੜ ਦਾ ਉੱਚਾ ਦਰੱਖਤ ਸੀ ਜਿਸ ਦਾ ਨਾਂ ਪੰਡਿਆਂ ਨੇ 'ਅਕਸ਼ਯ ਵੱਟ' (ਭਾਵ ਨਾਸ ਰਹਿਤ ਬੋਹੜ) ਰੱਖਿਆ ਹੋਇਆ ਸੀ।

ਇਥੇ ਜਦੋਂ ਗੁਰੂ ਸਾਹਿਬ ਨੇ ਇਹ ਹੱਤਿਆ ਹੁੰਦੀ ਵੇਖੀ ਤਾਂ ਦੁਹਾਈ ਦੇ ਦਿੱਤੀ ਕਿ ਇਹ ਕੋਈ ਮੁਕਤੀ ਦਾ ਰਾਹ ਨਹੀ ਹੈ।

ਇਥੇ ਗੁਰੂ ਸਾਹਿਬ ਨੇ ਹੇਠਲਾ ਸ਼ਬਦ ਉਚਾਰਨਾਂ ਕੀਤਾ:

ਸਲੋਕ ਮਃ ੧ ॥ ਨਾ ਸਤਿ ਦੁਖੀਆ ਨਾ ਸਤਿ ਸੁਖੀਆ ਨਾ ਸਤਿ ਪਾਣੀ ਜੰਤ ਫਿਰਹਿ ॥ ਨਾ ਸਤਿ ਮੂੰਡ ਮੁਡਾਈ ਕੇਸੀ ਨਾ ਸਤਿ ਪੜਿਆ ਦੇਸ ਫਿਰਹਿ ॥ ਨਾ ਸਤਿ ਰੁਖੀ

ਪੈੜ ਸਫਾ ਤਾਂ ਦੋਵੇ ਪਾਰਟੀਆਂ ਬੇਹੋਸ਼ ਹੋ ਹੋ ਡਿੱਗਣੀਆਂ ਸ਼ੁਰੂ ਹੋ ਜਾਂਦੀਆਂ ਹਨ। ਦੇਵਤੇ ਫਿਰ ਦੌੜੇ ਦੌੜੇ ਵਿਸ਼ਨੂੰ ਕੋਲ ਜਾਂਦੇ ਹਨ ਕਿ ਕੋਈ ਉਪਾਅ ਦੱਸੋ। ਵਿਸ਼ਨੂੰ ਕਹਿੰਦਾ ਸ਼ਿਵ ਜੀ ਭਗਵਾਨ ਤੱਕ ਪਹੁੰਚ ਬਣਾਓ ਜੋ ਸ਼ੇਸ਼ ਨਾਗ ਦਾ ਮਾਲਕ ਹੈ। ਸ਼ਿਵ ਜੀ ਆਉਦਾ ਹੈ ਤੇ ਉਹ ਸਾਰਾ ਜ਼ਹਿਰ ਪੀ ਜਾਂਦਾ ਹੈ। ਸ਼ਿਵ ਜੀ ਦਾ ਰੰਗ ਨੀਲਾ ਪੈ ਜਾਂਦਾ ਹੈ।

ਪਰ ਨਹੀ। ਨਾਲ ਹੀ ਦੂਸਰੀ ਕਥਾ ਆ ਜਾਂਦੀ ਹੈ ਜੋ ਦਸਦੀ ਹੈ ਕਿ ਜਦੋਂ ਸ਼ਿਵ ਜੀ ਪੀਣ ਲੱਗੇ ਸਨ ਤਾਂ ਪਾਰਬਤੀ ਨੇ ਆ ਕੇ ਹੱਥ ਫੜ੍ਹ ਲਏ। ਓਤੋਂ ਤੱਕ ਜ਼ਹਿਰ ਸ਼ਿਵ ਜੀ ਦੇ ਸੰਘ (ਕੰਠ) ਤੱਕ ਜਾ ਚੁੱਕਾ ਸੀ। ਤਾਂ ਹੀ ਕਦੀ ਉਨੂੰ ਨੀਲਕੰਠ ਭਗਵਾਨ ਕਹਿੰਦੇ ਹਨ।

2. ਲਕਸ਼ਮੀ- ਖੁਸ਼ਹਾਲੀ ਦੀ ਦੇਵੀ। ਉਹ ਪੁਰਰਲਲ ਕਰਕੇ ਨਿਕਲ ਆਉਦੀ ਹੈ।

3. ਅਪਸਰਾਂ - ਮਨਮੋਹਨੀ ਸੁੰਦਰੀਆਂ ਦੇਵਤਿਆਂ ਦੀ ਸੇਵਾ ਲਈ। ਇਨਾਂ ਵਿੱਚੋਂ ਮੇਨਕਾ, ਰੰਭਾ ਤੇ ਪੰਜੀਸਥਲਾ ਮਸ਼ਹੂਰ ਹੋਈਆ ਹਨ।

4. ਵਰਨੀ- ਇਸ ਸੁੰਦਰੀ ਨੂੰ ਰਾਖਸ਼ਾਂ ਨੇ ਸਾਂਭ ਲਿਆ।

5. ਕਾਮਧੇਨੂੰ ਗਾਂ- ਜੋ ਹਰ ਇੱਛਾ ਪੂਰੀ ਕਰ ਦੇਵੇ। ਇਨੂੰ ਰਿਸ਼ੀਆਂ ਨੇ ਸਾਂਭ ਲਿਆ।

6. ਐਰਾਵਤਾ ਹਾਥੀ- ਇਨੂੰ ਇੰਦ੍ਰ ਨੇ ਕਾਬੂ ਕਰ ਲਿਆ ਜੋ ਦੇਵਤਿਆਂ ਦਾ ਨੇਤਾ ਸੀ।

7. ਉਚੈਸ਼ਰਬ ਘੋੜਾ- ਸੱਤ ਸਿਰਾਂ ਵਾਲਾ। ਇੰਦ੍ਰ ਨੇ ਕਬਜਾ ਕੀਤਾ।

8. ਕੌਸਤਬ ਰਤਨ - ਇਹ ਵਿਸ਼ਨੂੰ ਨੇ ਆਪਣੇ ਹੀ ਗਲ ਪਾ ਲਿਆ।

9. ਪਾਰਜਾਤ ਫੁੱਲ -ਜਿਹੜੇ ਕਦੇ ਕਮਲਾਉਦੇ ਹੀ ਨਹੀ ਹਨ। ਇੰਦ੍ਰ ਨੇ ਸਾਂਭ ਲਏ।

10. ਸ਼ਰੰਗ ਕਮਾਨ- ਵਿਸ਼ਨੂੰ ਨੇ ਸਾਂਭੀ। ਰਾਖਸ਼ਾਂ ਖਿਲਾਫ ਵਰਤੀ।

11. ਚੰਦ੍ਰ ਚੱਕ੍ - ਜਿਹੜਾ ਵਿਸ਼ਨੂੰ ਭਗਵਾਨ ਦੇ ਸਿਰ ਦੁਆਲੇ ਚੱਕ੍ ਹੁੰਦਾ ਹੈ।

12. ਸ਼ੰਖ - ਜਿਹੜਾ ਵਿਸ਼ਨੂੰ ਨੇ ਸਾਂਭਿਆ।

14. ਜੇਠਾ- ਬਦਕਿਸਮਤੀ ਦੀ ਦੇਵੀ। 15. ਛਤ੍- ਵਿਸ਼ਨੂੰ ਨੇ ਸਾਂਭਿਆ।

16. ਕੰਨ ਕੁੰਡਲ- ਇੰਦ੍ਰ ਨੇ ਆਪਣੀ ਮਾਂ ਆਦਿਤੀ ਨੂੰ ਦੇ ਦਿੱਤੇ।

17. ਕਲਪ ਬ੍ਰਿਖ - ਰੁੱਖ ਜੋ ਮੰਨ ਚਾਹਿਆ ਫਲ ਦਿੰਦਾ ਹੈ।

18. ਸੁਸਤੀ ਜਾਂ ਨੀਂਦ

(ਉੱਜ ਵਸਤੂਆਂ ਦੀ ਗਿਣਤੀ ਤੇ ਆ ਕੇ ਸ਼ਾਸਤਰਾਂ ਵਿੱਚ ਮੱਤਭੇਦ ਹੈ)

19. ਤੇ ਲਓ ਅਖੀਰ ਤੇ ਨਿਕਲਿਆ ਅੰਮ੍ਰਿਤ

ਧੰਨਵੰਤਰੀ ਮਹਾਰਾਜ ਨਿਕਲ ਆਏ। ਸਿਰ ਤੇ ਅੰਮ੍ਰਿਤ ਦਾ ਕੁੰਭ (ਘੜਾ ਜਾਂ ਗਾਗਰ) ਚੁੱਕੀ। ਇੰਦਰ ਨੇ ਅਡੋਲ ਹੀ ਘੜਾ ਆਪਣੇ ਪੁੱਤ੍ ਜਯੰਤ ਨੂੰ ਚੁੱਕਾ ਦਿੱਤਾ ਤੇ ਕਿਹਾ ਕਿ ਇਨੂੰ ਲੈ ਕੇ ਸਵੱਰਗਾਂ ਨੂੰ ਖਿਸਕ ਜਾ। ਫਿਰ ਖੋਹਾ ਖੁਹਾਈ ਸ਼ੁਰੂ ਹੋ ਗਈ।

ਦੇਵਤਿਆਂ ਤੇ ਰਾਖਸ਼ਾਂ ਵਿੱਚ ਤਗੜੀ ਲੜਾਈ ਹੋਈ ਅੰਮ੍ਰਿਤ ਪਿੱਛੇ। ਫਿਰ ਗਰੁੜ ਪੰਛੀ ਆਇਆ ਤੇ ਅੰਮ੍ਰਿਤ ਚੁੱਕ ਕੇ ਉੱਡਦਾ ਬਣਿਆ।

ਦੇਵਤਿਆਂ ਫਿਰ ਵਿਸ਼ਨੂੰ ਕੋਲ ਜਾ ਪੁਕਾਰ ਕੀਤੀ ਕਿ ਮਾਰੇ ਚਲੇ ਆਂ ਅਸੀ ਤਾਂ। ਵਿਸ਼ਨੂੰ ਨੇ ਰਾਖਸ਼ਾਂ ਨੂੰ ਛਲਣ ਵਾਸਤੇ ਮੋਹਿਨੀ ਸੁੰਦਰੀ ਭੇਜ ਦਿੱਤੀ। ਰਾਖਸ਼ ਉਹਦੀ ਸੁੰਦਰਤਾ ਤੇ ਹੀ ਫਿਦਾ ਹੋ ਗਏ। ਮੋਹਿਨੀ ਨੇ ਚਲਾਕੀ ਨਾਲ ਅੰਮ੍ਰਿਤ ਚੁੱਕ ਕੇ ਦੇਵਤਿਆਂ ਨੂੰ ਛਕਾ ਦਿੱਤਾ।

ਤੇ ਲਓ ਰਾਹੂ, ਕੇਤੂ ਨਾਂ ਦੇ ਰਾਖਸ਼ ਨੂੰ ਜਦੋਂ ਇਸ ਚਲਾਕੀ ਦਾ ਪਤਾ ਲੱਗਾ ਤਾਂ ਉਸ ਨੇ ਝੱਟ ਦੇਵਤਿਆਂ ਦਾ ਰੂਪ ਧਾਰਨ ਕਰ ਲਿਆ ਤੇ ਅੰਮ੍ਰਿਤ ਛੱਕ ਗਿਆ। ਭਲਾ ਇਹੋ ਜਿਹੀ ਚਲਾਕੀ ਸੂਰਜ ਤੇ ਚੰਦਰ ਦੇਵਤੇ ਤੋਂ ਕੌਣ ਛੁਪਾ ਸਕਦਾ ਹੈ? ਉਨਾਂ ਝੱਟ ਮੋਹਿਨੀ ਨੂੰ ਦੱਸ ਦਿੱਤਾ। ਅੰਮ੍ਰਿਤ ਅਜੇ ਰਾਹੂ ਕੇਤੂ ਦੇ ਸੰਘ ਤੋਂ ਥੱਲੇ ਨਹੀ ਸੀ ਉਤਰਿਆ ਕਿ ਮੋਹਿਨੀ ਨੇ ਸੁਦਰਸ਼ਨ ਚੱਕ੍ ਨਾਲ ਰਾਹੂ, ਕੇਤੂ ਦਾ ਗਲ ਵੱਢ ਦਿੱਤਾ। ਇਸ ਕਰਕੇ ਉਸ ਤੋਂ ਬਾਦ ਉਹਦੇ ਸਿਰ ਨੂੰ ਰਾਹੂ ਤੇ ਧੜ੍ਹ ਨੂੰ ਕੇਤੂ ਕਿਹਾ ਜਾਂਦਾ ਹੈ।

ਫਿਰ ਕੀ ਸੀ? ਬਸ ਅੰਮ੍ਰਿਤ ਛੱਕ ਕੇ ਦੇਵਤਿਆਂ ਨੇ ਰਾਖਸ਼ਾਂ ਦਾ ਕੰਮ ਤਮਾਮ ਕਰ ਦਿੱਤਾ।

ਕੁੰਭ ਮੇਲੇ ਦਾ ਅਰੰਭ

ਸੋ ਜਦੋਂ ਦੇਵਤੇ ਅੰਮ੍ਰਿਤ ਲੈ ਕੇ ਜਾ ਰਹੇ ਸਨ ਤਾਂ ਚਾਰ ਥਾਂਵਾ ਤੇ ਕੁਝ ਤੁਬਕੇ ਡਿੱਗ ਪਏ। ਉਹ ਚਾਰ ਥਾਵਾਂ ਹਨ:-

1. ਹਰਦੁਆਰ 2. ਪ੍ਰਯਾਗ (ਅਲਾਹਾਬਾਦ)
3. ਉਜੈਨ 4. ਤ੍ਰਿੰਬਕ (ਨਾਸਕ)

ਇਨਾਂ ਥਾਵਾਂ ਤੇ ਫਿਰ ਹਰ 4 ਸਾਲ ਬਾਦ ਮੇਲਾ ਲੱਗਦਾ ਜਿਸ ਵਿੱਚ ਜੇ ਕੋਈ ਨਹਾ ਲਏ ਤਾਂ ਅਮਰ ਹੋ ਜਾਂਦਾ ਹੈ।

(ਗੁਰੂ ਨਾਨਕ ਨੇ ਇਸ ਸਾਰੀ ਕਪੋਲ ਕਲਪਣਾ ਦਾ ਖੰਡਨ ਕੀਤਾ ਤੇ ਕਿਹਾ ਕਿ ਰੱਬ ਦੀ ਉਸਤਤ ਭਾਵ ਨਾਮ ਹੀ ਅੰਮ੍ਰਿਤ ਹੈ)

ਇਹ ਉਹ ਸਥਾਨ ਹੈ ਜਿਥੇ ਉਚਾ ਬੋਹੜ ਦਾ ਰੁੱਖ ਹੁੰਦਾ ਸੀ ਤੇ ਲੋਕ ਛਾਲ ਮਾਰਕੇ ਜਾਨ ਦੇ ਦਿੰਦੇ ਸਨ।

ਬਿਰਖੀ ਪਥਰ ਆਪੁ ਤਛਾਵਹਿ ਦੁਖ ਸਹਹਿ ॥ ਨਾ ਸਤਿ ਹਸਤੀ ਬਧੇ ਸੰਗਲ ਨਾ ਸਤਿ ਗਾਈ ਘਾਹੁ ਚਰਹਿ ॥ ਜਿਸੁ ਹਥਿ ਸਿਧਿ ਦੇਵੈ ਜੇ ਸੋਈ ਜਿਸ ਨੋ ਦੇਇ ਤਿਸੁ ਆਇ ਮਿਲੈ ॥ ਨਾਨਕ ਤਾ ਕਉ ਮਿਲੈ ਵਡਾਈ ਜਿਸੁ ਘਟ ਭੀਤਰਿ ਸਬਦੁ ਰਵੈ ॥ ਸਭਿ ਘਟ ਮੇਰੇ ਹਉ ਸਭਨਾ ਅੰਦਰਿ ਜਿਸਹਿ ਖੁਆਈ ਤਿਸੁ ਕਉਣੁ ਕਹੈ ॥ ਜਿਸਹਿ ਦਿਖਾਲਾ ਵਾਟੜੀ ਤਿਸਹਿ ਭੁਲਾਵੈ ਕਉਣੁ ॥ ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਣੁ ॥੧॥

ਥਾਂ ਥਾਂ ਹੋ ਰਹੇ ਇਸ ਜੁਲਮ ਦੇ ਖਿਲਾਫ ਜੋ ਗੁਰੂ ਸਾਹਿਬ ਨੇ ਆਵਾਜ਼ ਬੁਲੰਦ ਕੀਤੀ ਉਸ ਦਾ ਨੋਟਿਸ ਮੁਸਲਮਾਨ ਹੁਕਮਰਾਨਾਂ ਨੇ ਲੈ ਲਿਆ ਤੇ ਜਿੱਥੇ ਜਿਥੇ ਸੰਭਵ ਹੋਇਆ ਮਨੁੱਖੀ ਕੁਰਬਾਨੀ ਤੇ ਪਾਬੰਦੀ ਲਾਈ। ਪ੍ਰੋਫੈਸਰ ਸਾਹਿਬ ਸਿੰਘ ਨੇ ਲਿਖਿਆ ਹੈ ਕਿ ਬਾਦ ਵਿੱਚ ਬਾਦਸ਼ਾਹ ਜਹਾਂਗੀਰ ਨੇ ਇਹੋ ਜਿਹੇ ਕੁਰਬਾਨੀ ਦੇ ਥੜੇ/ਰੁੱਖ ਕਟਵਾ ਦਿੱਤੇ।

ਇਸ ਪ੍ਰਕਾਰ ਗੁਰੂ ਸਾਹਿਬ ਪਹਿਲੇ ਰਹਿਨੁਮਾ ਹੋਏ ਨੇ ਜਿੰਨੇ ਭਾਰਤੀ ਇਤਹਾਸ ਵਿੱਚ ਇਸ ਜੁਲਮ ਖਿਲਾਫ ਅਵਾਜ ਬੁਲੰਦ ਕੀਤੀ।

—◈—

ਬਾਬਾ ਪ੍ਰਯਾਗ ਵਿਖੇ

'ਗੁਰੂ ਜੀ ਸਿਮਰਨ ਤੇ ਬੈਠਦੇ ਹਾਂ ਪਰ ਮੰਨ ਨਹੀ ਲੱਗਦਾ' – ਸਾਧੂਆਂ ਨੇ ਪੁਛਿਆ

ਤ੍ਰਿਬੇਣੀ ਦੇ ਕੁੰਭ ਤੇ ਵੱਡੀ ਗਿਣਤੀ ਵਿੱਚ ਸਾਧੂ ਸੰਤ ਆਉਦੇ ਹਨ। ਦਰ ਅਸਲ ਕੁੰਭ ਮੇਲਿਆਂ ਤੇ ਅਸੂਲਨ ਹਰ ਹਿੰਦੂ ਸਾਧੂ ਆਪਣੀ ਆਪਣੀ ਸੰਪਰਦਾ ਦੇ ਇਕੱਠ ਵਿੱਚ ਪਹੁੰਚ ਹਾਜਰੀ ਲਵਾਉਂਦਾ ਹੈ। ਓਦੋਂ ਤੱਕ ਗੁਰੂ ਨਾਨਕ ਦੀ ਅਵਤਾਰੀ ਸ਼ਖਸੀਅਤ ਦਾ ਹਰ ਕਿਸੇ ਨੂੰ ਪਤਾ ਲੱਗ ਚੁੱਕਾ ਸੀ।

ਏਥੇ ਹੀ ਮੇਲੇ ਦੇ ਸਮੇਂ ਗੁਰੂ ਸਾਹਿਬ ਨੂੰ ਸਾਧੂ ਸੰਤਾਂ ਨੇ ਸਵਾਲ ਕੀਤਾ ਕਿ ਗੁਰੂ ਜੀ ਅਸੀ ਸਿਮਰਨ ਤੇ ਬੈਠਦੇ ਹਾਂ ਪਰ ਧਿਆਨ ਨਹੀ ਜੁੜਦਾ। ਮੰਨ ਕਿਤੇ ਦਾ ਕਿਤੇ ਪਹੁੰਚ ਜਾਂਦਾ ਹੈ। ਹਜਾਰਾਂ ਦੀ ਗਿਣਤੀ ਵਿੱਚ ਜੁੜੇ ਸਾਧੂਆਂ ਨੂੰ ਫਿਰ ਗੁਰੂ ਸਾਹਿਬ ਨੇ ਸਮਝਾਇਆ ਕਿ ਨਿਰੰਕਾਰ ਤੇ ਸਾਡੇ ਦਰਮਿਆਨ ਹਉਮੈ ਦੀ ਜਿਹੜੀ ਕੰਧ ਜਾਂ ਪੜਦਾ ਹੈ ਉਸ ਨੂੰ ਸਮਝਣ ਦੀ ਜਰੂਰਤ ਹੈ। ਹਉਮੈ ਭਾਵ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਦੀ ਖਿੱਚ ਹੀ ਸਾਡਾ ਧਿਆਨ ਨਿਰੰਕਾਰ ਜਾਂ ਸਚਾਈ ਵਲ ਨਹੀ ਲੱਗਣ ਦਿੰਦੀ।

ਸਾਧੂਆਂ ਸਵਾਲ ਕੀਤਾ ਕਿ ਇਹਦਾ ਹੱਲ ਜਾਂ ਫਿਰ ਇਲਾਜ ਕੀ ਹੈ?

ਗੁਰੂ ਸਾਹਿਬ ਨੇ ਸਮਝਾਇਆ ਕਿ ਜਦੋਂ ਤੁਸੀ ਕਰਤੇ ਦਾ ਹੁਕਮ ਸਮਝ ਜਾਓਗੇ ਤਾਂ ਇਹ ਤਰੰਗਾਂ ਤੁਹਾਨੂੰ ਤੰਗ ਨਹੀ ਕਰਨਗੀਆਂ।

ਹੁਕਮ ਤੋਂ ਕੀ ਮਤਲਬ?

ਨਿਰੰਕਾਰ ਦੇ ਨਿਜਾਮ ਜਾਂ ਸ਼ਾਸਨ ਦੇ ਜੋ ਸਿਧਾਂਤ ਜਾਂ ਅਸੂਲ ਹਨ ਓਨਾਂ ਨੂੰ ਆਪਾਂ ਨਿਰੰਕਾਰ ਦਾ ਹੁਕਮ ਕਹਿੰਦੇ ਹਨ; ਜਿੰਨਾਂ ਸਿਧਾਤਾਂ ਕਰਕੇ ਦੁਨੀਆ ਚਲ ਰਹੀ ਹੈ ਜਾਂ ਕਾਰਜਸ਼ੀਲ ਹੈ। ਉਹਨਾਂ ਸਿਧਾਂਤਾਂ ਦੇ ਮੂਲ ਵਿੱਚ ਹੈ ਹਉਮੈ। ਕਿ ਮੈਂ ਹੀ ਸਭ ਕੁਝ ਹਾਂ। ਕਿ ਹਰ ਜੀਅ ਦਾ ਆਪਣੇ ਨਾਲ ਹੀ ਲੱਗਾਅ ਹੈ। ਸਭ ਤੋਂ ਪਹਿਲਾਂ ਮੈ। 'ਡਾਕਟਰ ਜੀ ਮੈਨੂੰ ਅਜਿਹੀ ਦਵਾਈ ਦਿਓ ਜਿਹੜਾ ਮੈਂ ਐਨ ਫਿਟ ਰਹਾਂ: ਪੂਰੀ ਤਾਕਤ ਸ਼ਕਤੀ ਨਾਲ।' 'ਇਹ ਮੇਰਾ ਘਰ ਹੈ। ਇਹ ਜਮੀਨ ਮੇਰੀ ਹੈ।' ਬੰਦਾ ਅਜਿਹੇ ਨਸ਼ੇ 'ਚ ਰਹਿੰਦਾ ਹੈ ਤੇ ਕਦੀ ਅਹਿਸਾਸ ਹੀ ਨਹੀ ਕਰਦਾ ਕਿ ਜਿਸ ਜਮੀਨ ਦੀ ਮਲਕੀਅਤ ਉਹ ਜਿਤਾ ਰਿਹਾ ਹੈ ਕਿਸੇ ਦਿਨ ਓਸੇ ਮਿੱਟੀ ਵਿੱਚ ਰਲ ਜਾਣਾ ਹੁੰਦਾ ਹੈ।

ਜੇ ਇਹ ਤੱਤ ਨਾਂ ਹੋਵੇ ਤਾਂ ਬੰਦਾ ਆਪਣੀ ਖੁੱਦੀ ਬਾਬਤ ਲਾਪਰਵਾਹ ਹੋ ਜਾਏ ਤੇ ਛੇਤੀ ਮਰ ਮੁੱਕ ਜਾਏ। ਹਰ ਬੰਦੇ ਦੀ ਹੋਂਦ ਨੂੰ ਬਣਾਏ ਰੱਖਣ ਲਈ ਇਸ ਹਉਮੈ ਦਾ ਹੋਣਾ ਵੀ ਜਰੂਰੀ ਹੈ।

ਹਉਮੈ ਦੀਆਂ ਅੱਗੇ ਫਿਰ ਪੰਜ ਕਿਸਮਾਂ ਹਨ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ। ਇਨਾਂ ਦੀ ਪਿੱਠ ਪਿੱਛੇ ਜੋ ਸਿਧਾਂਤ ਕੰਮ ਕਰ ਰਿਹਾ ਹੈ ਉਨੂੰ ਸਮਝਣ ਦੀ ਲੋੜ ਹੈ:-

ਕਾਮ - ਨਿਰੰਕਾਰ ਨੇ ਕਾਮ ਦੀ ਖਿੱਚ ਜੀਆਂ ਜੰਤੂਆਂ ਤੇ ਪੌਦਿਆਂ ਵਿੱਚ ਪਾਈ ਤਾਂ ਕਿ ਦੁਨੀਆ ਚਲਦੀ ਰਹੇ। ਜੇ ਕਾਮ ਦੀ ਖਿੱਚ

ਕੁਝ ਇਸ ਤਰਾਂ ਦੀ ਬੈਠਕ ਚਲ ਰਹੀ ਸੀ, ਜਦੋਂ ਸਾਧੂ ਗੁਰੂ ਸਾਹਿਬ ਨੂੰ ਅੱਗੇ ਸਵਾਲ ਕਰ ਰਹੇ ਸਨ।

ਪੈੜ ਸਾਡਾ

ਪ੍ਰੋਫੈਸਰ ਕਿਰਪਾਲ ਸਿੰਘ ਅਨੁਸਾਰ ਝੂਸੀ ਵਿਖੇ ਗੁਰੂ ਸਾਹਿਬ ਉਸ ਅਸਥਾਨ ਤੇ ਪਧਾਰੇ ਸਨ ਜਿੱਥੇ ਅਜਕਲ ਕੋਟ ਦਇਆ ਰਾਮ ਦਾ ਨਿਰਮਲ ਉਦਾਸੀ ਅਖਾੜਾ ਹੈ। ਓਥੇ ਬਕਾਇਦਾ ਗੁਰੂ ਸਾਹਿਬ ਦੀ ਯਾਦ ਵਿੱਚ ਇੱਕ ਥੜਾ ਹੁੰਦਾ ਸੀ। ਪਹਿਲਾਂ ਦਰਿਆ ਨੇ ਓਹ ਰੋੜ ਦਿੱਤਾ ਤੇ ਬਾਦ ਵਿੱਚ ਓਥੇ ਅਜ ਇਮਾਰਤਾ ਬਣ ਗਈਆ ਹਨ।

ਨਹੀ ਹੋਵੇਗੀ ਤਾਂ ਨਰ ਮਾਦਾ ਕਿਓ ਮਿਲਣਗੇ? ਇਹ ਤਰੰਗ ਹੀ ਮੇਲ ਕਰਾਉਂਦੀ ਹੈ ਜਿਸ ਦਾ ਨਤੀਜਾ ਬੱਚਾ ਜਾਂ ਆਂਡਾ ਹੁੰਦਾ ਹੈ ਤੇ ਪੌਦਿਆਂ ਵਿੱਚ ਬੀਅ ਹੁੰਦਾ ਹੈ। ਜੇ ਇਹ ਖਿੱਚ ਖਤਮ ਹੋ ਜਾਵੇ ਤਾਂ ਦੁਨੀਆਂ ਵੀ ਮੁੱਕ ਜਾਵੇ। ਸੋ ਇਸ ਦੀ ਅਸਲੀਅਤ ਨੂੰ ਸਮਝਣ ਦੀ ਜਰੂਰਤ ਹੈ।

ਫਿਰ ਸਾਧੂਆ ਪੁੱਛਿਆ ਕਿ ਇਸ ਇੱਛਾ ਨੂੰ ਕਿਵੇ ਮਾਰਿਆ ਜਾਏ?

ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਵਿਆਹ ਕਰਵਾ ਕੇ।

ਸਾਰੇ ਸਾਧੂ ਫਿਰ ਹੱਸ ਪਏ। ਤੇ ਹੁਣ ਕੀ ਅਸੀ ਵਿਆਹ ਕਰਵਾਈਏ?

ਗੁਰੂ ਸਾਹਿਬ ਨੇ ਫਿਰ ਸਮਝਾਇਆ ਕਿ ਸੰਨਿਆਸ ਅਸੂਲਨ ਕਰਤੇ ਦੇ ਹੁਕਮ ਜਾਂ ਰਜਾ ਦੀ ਉਲੰਘਣਾ ਹੈ।

ਗੁਰੂ ਸਾਹਿਬ ਨੇ ਕਿਹਾ ਕਿ ਫਿਰ ਵੀ ਜੇ ਤੁਸਾਂ ਇਹ ਜੀਵਨ ਅਪਣਾ ਲਿਆ ਹੈ ਤਾਂ ਉਹਦਾ ਹੱਲ ਹੈ ਕਿ ਕਾਮ ਵਾਸ਼ਨਾ ਪੈਦਾ ਹੀ ਨਾਂ ਹੋਣ ਦਿਓ। ਉਹ ਕਿਸਤਰਾਂ?

ਸਰੀਰ ਨੂੰ ਸਿਰਫ ਓਨੀ ਕੁ ਖੁਰਾਕ ਦਿਓ ਜਿਸ ਨਾਲ ਇਹ ਬਸ ਤੁਰਦਾ ਫਿਰਦਾ ਰਹੇ। ਵਾਧੂ ਖੁਰਾਕ ਨੂੰ ਸਰੀਰ ਤੁਰੰਤ ਕਾਮ ਵਾਲੇ ਪਾਸੇ ਵਰਤਦਾ ਹੈ। ਵੀਰਜ ਜਾਂ ਅੰਡਾ ਬਣਨਾ ਸ਼ੁਰੂ ਹੋ ਜਾਂਦਾ ਹੈ।

ਤੇ ਅਗਲੀ ਗਲ

ਜਦੋਂ ਮੰਨ ਵਿੱਚ ਅਜਿਹਾ ਫੁਰਨਾ ਫੁਰੇ ਓਸੇ ਵੇਲੇ ਗਿਆਨ ਰਾਂਹੀ ਇਸ ਫੁਰਨੇ ਦੀ ਜੜ੍ਹ ਵਲ ਆਪੇ ਧਿਆਨ ਜਾਏਗਾ ਕਿ "ਉਹ ਇਹ ਤਾਂ ਕਰਤੇ ਦੀ ਸਾਡੇ ਨਾਲ ਚਲਾਕੀ ਹੈ।" ਜਦੋਂ ਸਾਡਾ ਮੰਨ ਸੁਚੇਤ ਹੋਵੇਗਾ ਅਸੀ ਤੁਰੰਤ ਉਸ ਚਲਾਕੀ ਨੂੰ ਭਾਂਪ ਜਾਵਾਂਗੇ ਤੇ ਲੁੱਟੇ ਜਾਣ ਤੋਂ ਬੱਚ ਜਾਵਾਂਗੇ।

ਮੋਹ - ਨਿਰੰਕਾਰ ਦੀ ਅਗਲੀ ਚਲਾਕੀ ਜੋ ਸਾਡੇ ਨਾਲ ਖੇਡੀ ਜਾ ਰਹੀ ਹੈ ਉਹ ਹੈ ਜਿਹੜਾ ਉਸਨੇ ਸਾਡੇ ਵਿੱਚ ਮੋਹ ਦੀ ਵਾਸ਼ਨਾ ਪਾਈ ਹੈ। ਇਸ ਨੂੰ ਸਮਝਣ ਦੀ ਜਰੂਰਤ ਹੈ।

ਸਮਝੋ ਕਿ ਨਰ ਤੇ ਮਾਦਾ ਵਿੱਚ ਕਾਮ ਉਤਪੰਨ ਹੋਇਆ। ਨਤੀਜਾ ਨਿਕਲਿਆ ਬੱਚਾ। ਭਾਈ ਜੇ ਇਹ ਮੋਹ ਦਾ ਤੱਤ ਨਾਂ ਹੋਵੇ ਤਾਂ ਬੱਚੇ ਨੂੰ ਕੌਣ ਪਾਲੇਗਾ। ਬੱਚੇ ਤਾਂ ਫਿਰ ਗਲੀਆਂ ਬਾਜਾਰਾਂ ਸੜ੍ਹਕਾਂ ਤੇ ਰੁਲਣਗੇ। ਇਹ ਮੋਹ ਦਾ ਹੀ ਚਮਤਕਾਰ ਹੈ ਕਿ ਮਾਂ ਬਾਪ ਆਪ ਔਖੇ ਰਹਿ ਕੇ ਬੱਚੇ ਨੂੰ ਸੁਖੀ ਕਰਨ ਦੀ ਕੋਸ਼ਿਸ਼ ਵਿੱਚ ਹੁੰਦੇ ਹਨ। ਇਹ ਮੋਹ ਨੇ ਹੀ ਸਾਰਾ ਪ੍ਰਵਾਰ ਇੱਕ ਸੂਤ ਵਿੱਚ ਪਰੋਣਾ ਹੁੰਦਾ ਹੈ।

ਕਰਤੇ ਦੀ ਖੇਡ ਨੂੰ ਸਮਝਣ ਦੀ ਲੋੜ ਹੈ। ਜਦੋਂ ਬੱਚਾ ਛੋਟਾ ਜਾਂ ਮਜਬੂਰ ਹੁੰਦਾ ਹੈ ਤਾਂ ਮਾਂ ਬਾਪ ਦੇ ਸਹਾਰੇ ਕਰਕੇ ਹੀ ਜੀਂਦਾ ਹੈ ਉਹੋ ਬੱਚਾ ਜਦੋਂ ਵੱਡਾ ਹੋ ਜਾਂਦਾ ਹੈ ਤਾਂ ਮੋਹ ਘਟ ਜਾਂਦਾ ਹੈ। ਮਾਂ ਬਾਪ ਉਨ੍ਹੂੰ ਘਰੋ ਕੱਢ ਦਿੰਦੇ ਨੇ ਕਿ ਜਾ ਕਮਾ ਤੇ ਸਾਨੂੰ ਵੀ ਮੋੜ।

ਜਿਓ ਹੀ ਬੱਚਾ ਵੱਡਾ ਹੋ ਜਾਂਦਾ ਹੈ ਤਾਂ ਬਚਪਨ ਵਾਲਾ ਮੋਹ ਮੁੱਕ ਜਾਂਦਾ ਹੈ। ਭੈਣ ਭਰਾ ਵੀ ਹੌਲੀ ਹੌਲੀ ਫਿਰ ਸ਼ਰੀਕ ਦਾ ਰੂਪ ਧਾਰਨ ਕਰਨ ਲੱਗ ਜਾਂਦੇ ਨੇ।

ਸੋ ਜਦੋਂ ਸਿਮਰਨ ਵੇਲੇ ਮੋਹ ਦੀ ਤਰੰਗ ਤੁਹਾਨੂੰ ਤੰਗ ਕਰੇ ਤਾਂ ਗਿਆਨ ਰਾਂਹੀ ਕਰਤੇ ਦੀ ਇਸ ਚਲਾਕੀ ਨੂੰ ਸਮਝ ਲੈਣਾ।

ਕ੍ਰੋਧ - ਨਿਰੰਕਾਰ ਨੇ ਅਗਲੀ ਵਾਸ਼ਨਾ ਜੋ ਪਾਈ ਉਹ ਹੈ ਕ੍ਰੋਧ ਜਾਂ ਗੁੱਸਾ। ਜੀਅ ਦੇ ਮੁਫਾਦ ਤੇ ਜਦੋਂ ਕੋਈ ਹਮਲਾ ਕਰਦਾ ਹੈ ਤਾਂ ਜੀਅ ਨੂੰ ਗੁੱਸਾ ਆਉਦਾ ਹੈ ਜਿਸ ਕਰਕੇ ਫਿਰ ਉਹ ਆਪਣਾ ਮੁਫਾਦ ਹਰ ਤਰੀਕੇ ਬਚਾਉਦਾ ਹੈ। 'ਮੇਰੇ ਬੱਚੇ ਵਲ ਤੇਰੀ ਮਾੜੀ ਨਿਗਾਹ ਕਿਓ ਹੋਵੇ?' 'ਇਹ ਮੇਰੀ ਵਹੁਟੀ ਹੈ!' ਸੋ ਕਾਮ ਰਾਂਹੀ ਜੋ ਹਉਮੇ ਤਹਿਤ ਜੋ ਚੀਜ ਹਾਸਲ ਹੋਈ ਸੀ ਉਨ੍ਹੂੰ ਬਚਾਈ ਰੱਖਣ ਵਾਸਤੇ ਫਿਰ ਕ੍ਰੋਧ ਮਹਾਰਾਜ ਹੁੰਦੇ ਨੇ। ਲੜਾਈਆਂ ਦੀ ਜੜ੍ਹ ਕ੍ਰੋਧ ਹੀ ਹੁੰਦਾ ਹੈ ਭਾਵੇ ਉਹ ਸ਼ਖਸੀ ਲੜਾਈ ਹੋਵੇ ਭਾਵੇ ਕਿਸੇ ਫਿਰਕੇ ਦੀ ਭਾਵੇ ਕੌਮਾਂ ਦੀ।

ਸੋ ਜਦੋਂ ਤੁਸੀ ਫੁਰਸਤ ਵਿੱਚ ਹੁੰਦੇ ਹੋ ਮਨ ਵਿੱਚ ਆਇਆ ਕਿ ਕਰਤੇ ਕਰਤਾਰ ਨੂੰ ਯਾਦ ਕਰ ਲਿਆ ਜਾਵੇ ਤਾਂ ਉਦੋਂ ਕਦੀ ਕ੍ਰੋਧ ਆ ਸਤਾਉਂਦਾ ਹੈ। "ਉਹ ਆਪਣੀ ਘੋੜੀ ਛੱਡ ਕੇ ਮੇਰੀ ਲੈ ਗਿਆ।" "ਆਹ ਵੇਖੋ ਗਲੀ ਵਿੱਚ ਝਾੜੂ ਲਾ ਕੇ ਕੂੜਾ ਸਾਡੇ ਵਲ ਨੂੰ ਕਰ ਦਿੱਤਾ ਹੈ" "ਉਹ ਕੌਣ ਹੋਵੇ ਮੇਰੇ ਪੱਪੂ ਨੂੰ ਹੱਥ ਲਾਉਣ ਵਾਲਾ? ਮੈਂ ਕਦੀ ਉਹਦੇ ਮੁੰਡੇ ਨੂੰ ਛੇੜਿਆ ਵਾ!"

ਸੋ ਨਿਰੰਕਾਰ ਦਾ ਤੀਸਰਾ ਮੋਹਰਾ ਹੈ ਕ੍ਰੋਧ ਜੋ ਤੁਹਾਡਾ ਧਿਆਨ ਭਟਕਾਅ ਦਿੰਦਾ ਹੈ। ਜਦੋਂ ਤੁਹਾਨੂੰ ਕ੍ਰੋਧ ਆਵੇ ਤਾਂ ਓਸੇ ਵੇਲੇ ਧਿਆਨ ਕਰਨਾਂ ਭਈ ਇਹ ਤਾਂ ਨਿਰੰਕਾਰ ਦੀ ਚਲਾਕੀ ਹੈ।

ਲੋਭ - ਬੰਦਾ ਆਪਣਾ ਭਵਿਖ ਸੰਵਾਰਨਾ ਚਾਹੁੰਦਾ ਹੈ। ਉਹ ਭਵਿਖ ਵਾਸਤੇ ਸੁਰਖਰੂ ਹੋਣਾ ਚਾਹੁੰਦਾ ਹੈ ਕਿ ਆਉਣ ਵਾਲੇ ਵਕਤ ਵਿੱਚ ਮੈਨੂੰ ਕੋਈ ਤੰਗੀ ਨਾਂ ਆਵੇ। ਮੌਕੇ ਤੇ ਜਿੰਨੀ ਉਨ੍ਹੂੰ ਜਰੂਰਤ ਹੁੰਦੀ ਹੈ ਉਸ ਤੋਂ ਵੱਧ ਲੈਣਾ ਚਾਹੁੰਦਾ ਹੈ। ਉਹ ਸਕੀਮਾਂ ਘੜਦਾ ਹੈ। ਉਹ ਬਚਤ ਕਰਦਾ ਹੈ। ਹੋਰ ਨਹੀ ਤਾਂ ਬਗਾਨੇ ਘਰ ਜਾਏ ਤਾਂ ਆਪਣਾ ਢਿੱਡ ਹੀ ਵਿਤੋਂ ਵੱਧ ਭਰ ਲੈਂਦਾ ਹੈ। ਉਂਜ ਬਾਦ ਵਿੱਚ ਬਦਹਜ਼ਮੀ ਕਾਰਨ ਤੰਗ ਹੁੰਦਾ ਹੈ। ਕਿਉਕਿ ਬੰਦਾ ਰਜਾ ਜਾਂ ਭਾਣੇ ਦਾ ਸਿਧਾਂਤ ਨਹੀ ਸਮਝਦਾ। ਓਨੂੰ ਭਰੋਸਾ ਨਹੀ ਹੁੰਦਾ ਕਿ ਕਲ ਨੂੰ ਰੋਟੀ ਮਿਲਣੀ ਹੈ ਕਿ ਨਹੀ। ਉਹ ਸਮਝਦਾ ਹੈ ਕਿ ਜੇ ਰੱਬ ਹੀ ਦਿੰਦਾ ਹੋਵੇ ਤਾਂ ਹਜ਼ਾਰਾਂ ਲੋਕ ਭੁੱਖ ਨਾਲ ਨਾਂ ਮਰਨ। ਉਹ ਕਰਤੇ ਦੀ ਖੇਡ ਨੂੰ ਸਮਝਣ ਤੋਂ ਅਸਮਰਥ ਹੈ। ਉਨ੍ਹੂੰ ਅਹਿਸਾਸ ਨਹੀ ਕਿ ਜਿੰਨਾਂ ਅਰਬਾਂ ਖਰਬਾਂ ਜੋੜੇ ਸਨ ਅੰਤ ਨੂੰ ਉਹ ਵੀ ਖਾਲੀ ਹੱਥ ਹੀ ਇਥੋ ਰਵਾਨਾ ਹੁੰਦੇ ਨੇ।

ਸੋ ਜਦੋਂ ਤੁਹਾਨੂੰ ਲੋਭ ਜਾਂ ਲਾਲਚ ਸਤਾਏ ਤਾਂ ਉਦੋਂ ਨਿਰੰਕਾਰ ਦੀ ਰਜਾ ਦੇ ਸਿਧਾਂਤ ਨੂੰ ਯਾਦ ਕਰਨਾਂ।

ਹੰਕਾਰ- ਹਉਮੇ, ਕਾਮ, ਮੋਹ, ਗੁੱਸੇ ਤੇ ਲਾਲਚ ਰਾਂਹੀ ਜੋ ਕੁਝ ਬੰਦਾ ਪੈਦਾ ਕਰਦਾ ਹੈ ਫਿਰ ਉਨ੍ਹੂੰ ਉਸ ਵਸਤੂ ਤੇ ਮਾਣ ਮਹਿਸੂਸ ਹੁੰਦਾ ਹੈ। ਜੋ ਵੀ ਉਸ ਨੇ ਪ੍ਰਾਪਤ ਕੀਤਾ ਹੁੰਦਾ ਹੈ ਉਹ ਸਮਝਦਾ ਹੈ ਕਿ ਇਹ ਉਹਦੀ ਅਕਲ ਕਰਕੇ ਹੋਇਆ ਹੈ। "ਭਾਜੀ, ਉਹ ਮੋਹਨ ਸਿੰਘ ਨੂੰ ਪਤਾ ਹੀ ਨਹੀ ਸੀ ਕਿ ਪਰਸੋਂ ਦਾ ਸੂਤ ਦਾ ਭਾਅ ਬਹੁਤ ਵੱਧ ਗਇਆ ਹੈ ਉਹਨੇ ਜਿਵੇ ਆਪਣਾ ਭਾਅ ਦੱਸਿਆ ਮੈਂ

ਉਹਦਾ ਸਾਰਾ ਸਟਾਕ ਖਰੀਦ ਲਿਆ ਜਿਸ ਕਰਕੇ ਮੋਟਾ ਮੁਨਾਫਾ ਆਪਾਂ ਨੂੰ ਹੋਇਐ। ਵਪਾਰੀ ਉਹ ਜੋ ਮੌਕੇ ਤੇ ਸੱਟ ਮਾਰੇ। "

ਸੋ ਮੋਹ ਕਾਰਨ ਉਨ੍ਹੂੰ ਆਪਣਾ ਹਰ ਫੈਸਲਾ ਜਾਂ ਆਪਣੀ ਹਰ ਚੀਜ਼ ਦੂਸਰੇ ਨਾਲੋ ਚੰਗੀ ਲੱਗਦੀ ਹੈ ਫਿਰ ਉਸ ਤੇ ਉਹ ਫਖਰ ਮਹਿਸੂਸ ਕਰਦਾ ਹੈ। ਦੁਨੀਆ ਦੇ ਬਹੁਤੇ ਪੁਆੜਿਆਂ ਦੀ ਜੜ੍ਹ ਵਿੱਚ ਇਹ ਮਾਣ ਜਾਂ ਹੰਕਾਰ ਹੀ ਹੁੰਦਾ ਹੈ।

ਸੋ ਹਉਮੈ (ਭਾਵ ਇਹ ਪੰਜ ਵਾਸ਼ਨਾਵਾਂ) ਹੀ ਸਾਡੀ ਸੁਰਤ ਨਹੀ ਬੱਝਣ ਦਿੰਦੀਆਂ। ਇਨਾਂ ਨੂੰ ਗਿਆਨ ਨਾਲ ਹੀ ਬੰਨਿਆ ਜਾ ਸਕਦਾ ਹੈ। ਗੁਰਬਾਣੀ ਰਾਂਹੀ ਹੀ ਸਾਨੂੰ ਇਹ ਰੂਹਾਨੀ ਗਿਆਨ ਮਿਲਦਾ ਹੈ ਜਦੋਂ ਉਹ ਬਾਰ ਬਾਰ ਸਾਨੂੰ ਆਖਰੀ ਸਚਾਈ ਦਸਦੀ ਹੈ ਕਿ ਬੰਦਿਆ ਇੱਕ ਦਿਨ ਇਹ ਸਭ ਕੁਝ ਛੱਡਣਾ ਪੈਣਾ ਈ।

ਯਾਦ ਰੱਖਣਾ, ਹਉਮੈ ਤੋਂ ਪੂਰੀ ਤਰਾਂ ਮੁਕਤ ਨਹੀ ਹੋਇਆ ਜਾ ਸਕਦਾ। ਇਹਦੇ ਤੇ ਸੰਜਮ ਦੀ ਜਰੂਰਤ ਹੈ। ਗੁਰੂ ਦਾ ਸਿੱਖ ਸਨਿਆਸ ਨਹੀ ਲੈ ਸਕਦਾ। ਓਹਨੇ ਮਾਇਆ ਵਿੱਚ ਰਹਿ ਕੇ ਹੀ ਆਪਣੇ ਤੇ ਕੰਟਰੋਲ ਕਰਨਾਂ ਹੈ ਸੱਚ ਦਾ ਧਾਰਨੀ ਬਣਨਾ, ਧਰਮ ਦੀ ਕਿਰਤ ਕਰਨੀ ਹੈ ਤੇ ਫਿਰ ਉਨ੍ਹੂੰ ਜਰੂਰਤ ਅਨੁਸਾਰ ਵਰਤਣਾ ਹੈ ਤੇ ਵੰਡਣ ਦੇ ਸਿਧਾਂਤ ਨੂੰ ਜੀਵਨ ਵਿੱਚ ਅਪਣਾਉਣਾ ਹੈ।

ਇਸ ਸਿਧਾਂਤ ਨੂੰ ਪੱਕਾ ਕਰਨ ਖਾਤਰ ਜਰੂਰੀ ਹੈ ਕਿ ਬੰਦਾ ਨਿਤਨੇਮ ਨਾਲ ਗੁਰਬਾਣੀ ਦਾ ਪਾਠ ਕਰੇ ਸੁਣੇ। ਬਾਰ ਬਾਰ ਇਹ ਗਲ ਸੁਣਨ, ਪੜਨ ਨਾਲ ਸਾਡੇ ਮੰਨ ਵਿੱਚ ਪਕਿਆਈ ਆਉਦੀ ਹੈ। ਉਹਦਾ ਜੱਸ ਗਾ ਗਾ ਕੇ ਕਰੋ

ਗੁਰੂ ਸਾਹਿਬ ਨੇ ਹੋਰ ਨੁਕਤਾ ਵੀ ਦੱਸਿਆ ਕਿ ਨਿਰੰਕਾਰ ਦਾ ਜੱਸ ਜਾਂ ਉਸਤਤ ਜਾਂ ਗੁਰਬਾਣੀ ਗਾ ਗਾ ਕੇ ਪੜੋ ਫਿਰ ਧਿਆਨ ਨਹੀ ਭਟਕੇਗਾ। ਯਾਦ ਰਹੇ ਜੇ ਤੁਸੀ ਇਕਾਂਤ ਵਿਚ ਚੌਕੜੀ ਮਾਰ ਕੇ ਬਹਿ ਜਾਓ ਤੇ ਸਮਝ ਕਿ ਤੁਹਾਡੀ ਸੁਰਤ ਨਿਰੰਕਾਰ ਤੇ ਕੇਂਦਰਤ ਹੋ ਜਾਏਗੀ ਤਾਂ ਇਹ ਤੁਹਾਡੀ ਭੁੱਲ ਹੈ।

ਕੁਝ ਅਜਿਹਾ ਉਪਦੇਸ਼ ਜਦੋਂ ਗੁਰੂ ਸਾਹਿਬ ਨੇ ਰੀਗਾ ਜਮਨਾ ਕਿਨਾਰੇ ਦਿੱਤਾ ਤਾਂ ਸਤਿਨਾਮ ਦਾ ਅਵਾਜਾ ਉਠਿਆ। 'ਸਤਿਨਾਮੁ, ਸਤਿ ਕਰਤਾਰ'।

ਸਾਹਿਬ ਨੇ ਫਿਰ ਮਰਦਾਨੇ ਨੂੰ ਇਸ਼ਾਰਾ ਕੀਤਾ ਕਿ ਕੱਸ ਜਰਾ ਰਬਾਬ ਦੀਆਂ ਤਾਰਾਂ ਤੇ ਸ਼ਬਦ ਉਚਾਰਿਆ।

ਸਿਰੀਰਾਗੁ ਮਹਲਾ ੧ ॥ ਲਬੁ ਕੁਤਾ ਕੂੜੁ ਚੁਹੜਾ ਠਗਿ ਖਾਧਾ ਮੁਰਦਾਰੁ ॥ ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥ ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥ ਬਾਬਾ ਬੋਲੀਐ ਪਤਿ ਹੋਇ ॥ ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥ ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥ ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥ ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥੨॥ ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥ ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ ॥੩॥ ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥ ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ ॥ ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ ॥ ੪॥੪॥

ਅੰਦਾਜ਼ਨ ਮਹੀਨਾ ਭਰ ਸਾਹਿਬ ਨੇ ਕੁੰਭ ਪ੍ਰਯਾਗਰਾਜ ਵਿਖੇ ਨਾਮ ਦੇ ਸਿਧਾਂਤ ਦਾ ਪ੍ਰਚਾਰ ਕੀਤਾ।

——◈——

ਚਿੜ੍ਕੂਟ ਵਲ ਕੂਚ

ਜਦੋਂ ਸਾਹਿਬ ਪ੍ਰਯਾਗ ਵਿਖੇ ਡੇਰਾ ਲਾਈ ਬੈਠੇ ਸਨ ਤਾਂ ਪਤਾ ਲੱਗਾ ਕਿ ਕੁਝ ਸਾਧੂ ਚਿੜ੍ਕੂਟ ਵਲ ਜਾ ਰਹੇ ਨੇ। ਚਿੜ੍ਕੂਟ ਓਥੋਂ ਪੈਦਲ ਕੋਈ 100 ਕੁ ਕਿਲੋਮੀਟਰ ਪੈਂਦਾ ਹੈ। ਮਉ ਤੱਕ ਸਾਹਿਬ ਜਮਨਾ ਵਿੱਚ ਕਿਸ਼ਤੀ ਰਾਂਹੀ ਗਏ ਤੇ ਅੱਗੇ ਪੈਦਲ।

ਚਿੜ੍ਕੂਟ (ਜਿਲਾ ਸਤਨਾ, ਮੱਧ ਪ੍ਰਦੇਸ) ਰਮਾਇਣ ਦਾ ਉਹ ਜੰਗਲੀ ਇਲਾਕਾ ਹੈ ਜਿੱਥੇ ਭਗਵਾਨ ਰਾਮ ਬਣਵਾਸ ਸਮੇ ਕਾਫੀ ਸਮਾਂ ਰਹੇ। ਇਥੇ ਹੀ ਇਨਾਂ ਦਾ ਛੋਟਾ ਭਰਾ ਭਰਤ ਇਨਾਂ ਨੂੰ ਮਨਾਉਣ ਵਾਸਤੇ ਆ ਕੇ ਮਿਲਿਆ ਸੀ। ਚਿੜ੍ਕੂਟ ਦਾ ਜੰਗਲੀ ਪਹਾੜੀ ਇਲਾਕਾ ਕੋਈ 50 ਕਿਲੋਮੀਟਰ ਦੇ ਨਿਸਫ-ਕਤਰ (ਰੇਡੀਅਸ) ਵਿੱਚ ਯੂ ਪੀ ਤੇ ਐਮ ਪੀ ਦੋਵਾਂ ਸੂਬਿਆਂ ਵਿੱਚ ਵੰਡਿਆ ਪਿਆ ਹੈ। ਵਿੱਚ ਜਿਹੜਾ ਨਾਲਾ ਨਿਕਲਦਾ ਹੈ ਉਨ੍ਹੂੰ ਇਹ ਮੰਦਾਕਨੀ ਨਦੀ ਕਹਿੰਦੇ ਹਨ। ਇਥੇ ਰਾਮ-ਘਾਟ, ਕਮੱਦਗਿਰੀ ਪਹਾੜੀ, ਭਰਤ ਮਿਲਾਪ, ਜਾਨਕੀ ਕੁੰਡ, ਹਨੂੰਮਾਨ ਧਾਰਾ, ਰਾਮ ਛਈਆ ਜਿਹੇ ਸਥਾਨ ਨੇ ਜਿੱਥੇ ਸ਼ਰਧਾਲੂ ਨਤਮਸਤਕ ਹੁੰਦੇ ਹਨ।

ਇਥੇ ਵੀ ਗੁਰੂ ਸਾਹਿਬ ਨੇ ਸਾਧੂਆਂ ਤੇ ਸ਼ਰਧਾਲੂਆਂ ਨੂੰ ਉਸ ਅਜਿਹੇ ਭਗਵਾਨ ਨਾਲ ਜੋੜਿਆ ਜਿਹਦੀ ਅਰਾਧਨਾ ਰਾਮ ਤੇ ਹੋਰ ਭਗਵਾਨ ਕਰਦੇ ਸਨ। ਉਨਾਂ ਨੂੰ ਸਮਝਾਇਆਂ ਕਿ ਨਿਰਾ ਤੀਰਥ ਯਾਤਰਾ ਨਾਲ ਮੁਕਤੀ ਨਹੀ। ਮੁਕਤੀ 'ਨਾਮ' ਹੈ ਜੋ ਗੁਰੂ ਦੇ ਦਰ ਤੋਂ ਮਿਲਦਾ ਹੈ:

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ

ਪੈਂਡ ਸਚਾ

ਗਿਆਨੀ ਜੀ ਨੇ ਗੁਰੂ ਸਾਹਿਬ ਚਿੜ੍ਕੂਟ ਪਹਿਲੀ ਉਦਾਸੀ ਦੀ ਵਾਪਸੀ ਵੇਲੇ ਅਮਰਕੰਟਕ ਤੋਂ ਆਉਣਾ ਲਿਖਿਆ ਹੈ ਜੋ ਸਾਰਥਕ ਨਹੀ ਲੱਗਦਾ।

ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਜੋਗੀ ਰਾਜ ਮਈਅਰ ਵੀ ਗਏ। ਪਰ ਜੇ ਧਿਆਨ ਦਈਏ ਤਾਂ ਇਥੇ ਜੋਗੀਆਂ ਨੂੰ ਰਾਜ 1778 ਈ ਵਿੱਚ ਹੀ ਮਿਲਦਾ ਹੈ ਉਹ ਵੀ ਓਰਛਾ ਦੇ ਰਾਜੇ ਨੇ ਉਨਾਂ ਨੂੰ ਜਗੀਰ ਦੇ ਦਿੱਤੀ ਸੀ। ਫਿਰ ਵੀ ਮਜਮੂਨ ਹੋਰ ਖੋਜ ਮੰਗਦਾ ਹੈ।

ਗਿਆਨੀ ਜੀ ਅਨੁਸਾਰ ਇਸੇ ਇਲਾਕੇ ਵਿੱਚ ਹੀ ਹੇਠ-ਸ਼ੱਸ਼ੋਭਿਤ ਸ਼ਬਦ ਰਚਿਆ ਸੀ:

ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥ ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥ ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ ॥ ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ ॥੩॥ ਜਿਨਿ ਸਿਸਟਿ ਸਾਜੀ ਸੋਈ ਹਰਿ ਜਾਣੈ ਤਾ ਕਾ ਰੂਪੁ ਅਪਾਰੋ ॥ ਨਾਨਕ ਆਪੇ ਵੇਖਿ ਹਰਿ ਬਿਗਸੈ ਗੁਰਮੁਖਿ ਬ੍ਰਹਮ ਬੀਚਾਰੋ ॥

ਇਥੇ ਗਿਆਨੀ ਜੀ ਲੱਗਦਾ ਟਪਲਾ ਖਾ ਗਏ ਹਨ ਕਿਉਕਿ ਮਈਅਰ ਵਿਖੇ ਦੱਤਾਤ੍ਰਿਆ ਮੰਦਰ ਹੈ ਹੀ ਨਹੀ ਤੇ ਦੂਸਰਾ ਜਿਹੜਾ ਸ਼ਬਦ ਉਨਾਂ ਰਚਨ ਦੀ ਗਲ ਕੀਤੀ ਹੈ ਉਹ ਚੌਥੇ ਗੁਰੂ ਸਾਹਿਬ ਦਾ ਹੈ। ਸੁਰਿੰਦਰ ਸਿੰਘ ਕੋਹਲੀ ਜੀ ਨੇ ਵੀ ਗਿਆਨੀ ਜੀ ਦੀ ਗਲ ਤੇ ਫੁਲ ਚੜਾਉਦੇ ਹੋਏ ਇਹੋ ਕੁਝ ਲਿਖ ਦਿੱਤਾ ਹੈ। ਫਿਰ ਗੁਰੂ ਸਾਹਿਬ ਦਾ ਪਿੰਡ ਫਰੀਦਵਾੜਾ ਜਾਣ ਦਾ ਲਿਖਿਆ ਹੈ। ਸਾਨੂੰ ਤਾਂ ਮੱਧ ਪ੍ਰਦੇਸ ਵਿੱਚ ਕਿਤੇ ਇਸ ਨਾਂ ਦਾ ਪਿੰਡ ਨਹੀ ਮਿਲਿਆ।

॥ ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥ ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥ ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥ ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥ (ਪੂਰਾ ਸ਼ਬਦ ਵੇਖੋ ਸਫਾ -496)

ਚਿਤ੍ਰਕੂਟ ਤੋਂ ਸਾਹਿਬ ਵਾਪਸ ਪ੍ਰਯਾਗ ਅਲਾਹਾਬਾਦ ਆ ਗਏ।

—◈—

ਬਾਬਾ ਬਨਾਰਸ ਵਿੱਚ

ਝੂਸੀ (ਪ੍ਰਯਾਗ/ਅਲਾਹਾਬਾਦ) ਤੋਂ ਕੋਈ 75 ਕਿਲੋਮੀਟਰ ਪੂਰਬ ਦਾ ਸਫਰ ਹੈ ਬਨਾਰਸ। ਬਨਾਰਸ ਜਾਂ ਕਾਂਸ਼ੀ ਜਾਂ ਵਾਰਾਨਸੀ ਨਾਂ ਦਾ ਇਹ ਸ਼ਹਿਰ ਇੱਕ ਤਰਾਂ ਨਾਲ ਹਿੰਦੂ ਧਰਮ ਦਾ ਧੁਰਾ ਹੈ ਜਿਸ ਤਰਾਂ ਸਿੱਖਾਂ ਦਾ ਅੰਮ੍ਰਿਤਸਰ ਹੈ। ਇਹ ਹਿੰਦੁਸਤਾਨ ਦਾ ਸਭ ਤੋਂ ਪੁਰਾਣਾ ਸ਼ਹਿਰ ਹੈ ਤੇ ਦੁਨੀਆ ਦੇ ਪੁਰਾਤਨ ਸ਼ਹਿਰਾਂ ਵਿੱਚੋ ਇੱਕ।

ਹਿੰਦੂ ਮਿਥਿਆਸ ਅਨੁਸਾਰ ਇਹ ਸ਼ਿਵ ਜੀ ਦੀ ਨਗਰੀ ਗਿਣੀ ਗਈ ਹੈ। ਜਿਵੇ ਬ੍ਰਹਮਾ ਪੈਦਾ ਕਰਨ ਵਾਲਾ, ਵਿਸ਼ਨੂੰ ਰਿਜਕ ਦੇਣ ਵਾਲਾ ਤੇ ਸ਼ਿਵ ਜੀ ਮੌਤ ਜਾਂ ਉਧਾਰ ਕਰਨ ਵਾਲਾ ਹੈ। ਹਿੰਦੂਆ ਦਾ ਮੰਨਣਾ ਹੈ ਕਿ ਭਗਵਾਨ ਸ਼ਿਵ ਜੀ ਨੇ ਭਗਵਾਨ ਬ੍ਰਹਮਾ ਦੇ ਚਾਰ ਸਿਰਾਂ ਵਿੱਚੋਂ ਇੱਕ ਵੱਢ ਲਿਆ ਸੀ। ਜਿਵੇ ਕਿ ਪੁਰਾਣੇ ਸਮਿਆਂ ਵਿੱਚ ਹੁੰਦਾ ਸੀ ਜੇਤੂ ਲੜਾਕਾ ਵੱਢੇ ਹੋਏ ਸਿਰ ਨੂੰ ਟਰਾਫੀ ਦੀ ਤਰਾਂ ਉੱਚਾ ਕਰ ਕੇ ਲੈ ਕੇ ਚਲਦਾ ਸੀ, ਸ਼ਿਵ ਜੀ ਵੀ ਬ੍ਰਹਮਾ ਦਾ ਸਿਰ ਤ੍ਰਿਸ਼ੂਲ ਤੇ ਟੰਗ ਕੇ ਫਿਰ ਰਹੇ ਸਨ।

ਪਰ ਜਦੋਂ ਭਗਵਾਨ ਸ਼ਿਵ, ਕਾਂਸ਼ੀ ਪਹੁੰਚੇ ਤਾਂ ਬ੍ਰਹਮਾ ਦਾ ਸਿਰ ਅਲੋਪ ਹੋ ਗਇਆ ਤੇ ਇਸ ਪ੍ਰਕਾਰ ਬ੍ਰਹਮਾ ਦਾ ਉਧਾਰ ਹੋ ਗਿਆ, ਜਿਸ ਦਾ ਭਗਵਾਨ ਸ਼ਿਵ ਨਿਰਾਦਰ ਕਰ ਰਹੇ ਸਨ। ਏਸੇ ਕਰਕੇ ਹੀ ਹਿੰਦੂਆਂ ਦਾ ਮੰਨਣਾ ਹੈ ਕਿ ਜਿਹੜਾ ਕਾਸ਼ੀ ਵਿਖੇ ਸਰੀਰ ਤਿਆਗੇਗਾ ਉਹਦਾ ਉਧਾਰ ਹੋ ਜਾਵੇਗਾ ਤੇ ਉਹ ਸਿੱਧਾ ਸਵੱਰਗਾਂ ਨੂੰ ਜਾਏਗਾ। ਏਹੋ ਕਾਰਨ ਹੈ ਕਿ ਬਨਾਰਸ ਅੱਜ ਵੀ ਹਿੰਦੂਆਂ ਦਾ ਇੱਕ ਤਰਾਂ ਨਾਲ ਸ਼ਮਸ਼ਾਨ ਘਾਟ ਹੈ।

ਕਾਂਸ਼ੀ ਦਾ ਜਿਕਰ ਸਭ ਤੋਂ ਪੁਰਾਣੇ ਭਾਵ ਰਿਗਵੇਦ ਵਿੱਚ ਵੀ ਆਉਦਾ ਹੈ।

ਇਥੋ ਹੀ 8ਵੀ ਸਦੀ ਵਿੱਚ ਆਦਿ ਸ਼ੰਕਰਾਚਾਰੀਆ ਨੇ ਭਗਵਾਨ ਸ਼ਿਵ ਦੀ ਅਰਾਧਨਾ ਦੀ ਸੰਪਰਦਾ ਖੜੀ ਕਰਕੇ ਸ਼ਿਵ ਜੀ ਦੀ ਅਰਾਧਨਾ ਸ਼ੁਰੂ ਕਰਵਾਈ।

ਇਥੇ ਹੀ ਸਾਰਨਾਥ ਨਾਂ ਦਾ ਸਥਾਨ ਹੈ ਜਿਥੋਂ 528 ਈਸਾ ਪੂਰਬ ਮਹਾਤਮਾ ਬੁੱਧ ਨੇ ਧਾਰਮਿਕ ਪ੍ਰਚਾਰ ਦੀ ਸ਼ੁਰੂਆਤ ਕੀਤੀ ਸੀ। ਭਗਤ ਕਬੀਰ ਸਾਹਿਬ ਵੀ ਏਸੇ ਸ਼ਹਿਰ ਦੇ ਹੋਏ ਹਨ। ਤੁਲਸੀ ਦਾਸ ਨੇ ਰਮਾਇਣ ਵੀ ਏਸੇ ਸ਼ਹਿਰ ਵਿੱਚ ਰਹਿੰਦਿਆਂ ਲਿਖੀ ਸੀ। ਬਨਾਰਸ ਦੀਆਂ ਲਿਖਤਾਂ ਮੁਤਾਬਿਕ ਗੁਰੂ ਸਾਹਿਬ ਇਥੇ ਸ਼ਿਵਰਾਤਰੀ ਦੇ ਮੌਕੇ ਆਏ ਸਨ।

ਕਿਉਕਿ ਸਮੇਂ ਸਮੇਂ ਬ੍ਰਾਹਮਣ ਲੋਕ ਸ਼ਰਧਾਲੂ ਦੇ ਸ਼ੋਸ਼ਣ ਵਿੱਚ ਅੱਤ ਕਰ ਦਿੰਦੇ ਸਨ ਜਿਸ ਕਰਕੇ ਮੁਸਲਮਾਨ ਹੁਕਮਰਾਨਾਂ ਨੂੰ ਬਹਾਨਾ ਮਿਲ ਜਾਂਦਾ ਸੀ ਸ਼ਹਿਰ ਦੇ ਮੰਦਰਾਂ ਨੂੰ ਲੁੱਟਣ ਪੁੱਟਣ ਦਾ। ਕਿਹਾ ਜਾਂਦਾ ਹੈ ਕਿ ਕੁਤੁਬਦੀਨ ਐਬਕ ਨੇ ਇਥੋਂ ਦੇ ਸੈਕੜੇ ਮੰਦਰ ਢਾਹ ਸੁੱਟੇ ਤੇ 1400 ਊਠ ਭਰ ਕੇ ਇਥੋਂ ਸੋਨਾ ਲੁੱਟਿਆ। ਅਕਬਰ ਨੂੰ ਛੱਡ ਬਾਕੀ ਲੱਗਪਗ ਬਹੁਤੇ ਮੁਸਲਮਾਨ ਸ਼ਾਸਕਾਂ ਨੇ ਬਨਾਰਸ ਨੂੰ ਲੁੱਟਿਆ ਤੇ ਬਰਬਾਦ ਕੀਤਾ।

ਇਥੇ ਵੀ ਗੁਰੂ ਸਾਹਿਬ ਨੇ ਬ੍ਰਾਹਮਣਾਂ ਨੂੰ ਸੁਚੇਤ ਕੀਤਾ ਕਿ ਸ਼ਰਧਾਲੂ ਦਾ ਸ਼ੋਸ਼ਣ ਤੁਹਾਡੇ ਵਾਸਤੇ ਖੁਦਕਸ਼ੀ ਨਿਆਈ ਹੈ। ਸੋ ਸਰੀਰ ਨੂੰ ਕੋਹ ਕੇ ਨਿਰੰਕਾਰ ਦੀ ਖੁਸ਼ੀ ਪ੍ਰਾਪਤ ਕਰਨ ਦੇ ਸਿਧਾਂਤ ਦਾ ਏਥੇ ਵੀ ਖੰਡਨ ਕੀਤਾ। ਕਰਮ ਕਾਂਡ ਦਾ ਖੰਡਨ ਤਾਂ ਸਾਹਿਬ ਥਾਂ ਥਾਂ ਕਰਦੇ ਹੀ ਸਨ। ਸ਼ਿਵਰਾਤਰੀ ਮੌਕੇ ਪਹੁੰਚੇ ਵੱਡੀ ਗਿਣਤੀ ਵਿੱਚ ਸਾਧੂ ਸੰਤਾਂ ਨੂੰ ਨਾਮ ਦੇ ਸਿਧਾਂਤ ਤੋਂ ਜਾਣੂ ਕਰਵਾਇਆ।

—◈—

ਬਾਬਾ ਬਨਾਰਸ ਵਿੱਚ

ਕੀ ਪੜਾਈ ਲਿਖਾਈ ਨਿਰੰਕਾਰ ਦੇ ਰਾਹ ਵਿੱਚ ਸਹਾਈ ਹੁੰਦੀ ਹੈ?

ਗੁਰੂ ਸਾਹਿਬ ਦੇ ਵੇਲੇ ਬਨਾਰਸ ਕੁਝ ਇਹੋ ਜਿਹਾ ਸੀ। ਹਾਲਾਂ ਇਹ ਹੱਥ-ਤਸਵੀਰ ਉਹਨਾਂ ਦੇ ਆਉਣ ਤੋਂ 323 ਸਾਲ ਬਾਦ ਦੀ ਹੈ। - ਜੇ ਡੀ ਹਾਰਡਿੰਗ ਨੇ ਖਿੱਚੀ ਬਨਾਰਸ ਦੀ ਪੱਥਰ ਤੇ ਤਸਵੀਰ

ਇਥੇ ਨਾਲ ਅਸਾਂ ਗੀਗੇ ਕੰਢੇ ਦੇ ਬਨਾਰਸ ਦੀ 1832 ਵਿੱਚ ਇੱਕ ਅੰਗਰੇਜ ਦੁਆਰਾ ਬਣਾਈ ਪੇਟਿੰਗ ਦੀ ਕਾਪੀ ਦਿੱਤੀ ਹੈ ਜਿਸ ਤੋਂ ਪਾਠਕ ਨੂੰ ਅੰਦਾਜ਼ਾ ਲੱਗ ਜਾਏਗਾ ਕਿ ਓਨੀ ਦਿਨੀ ਇਸ ਧਾਰਮਿਕ ਸਥਾਨ ਦਾ ਮਹੌਲ ਕਿਹੋ ਜਿਹਾ ਸੀ। ਖੱਬੇ ਹੱਥ ਉੱਚੇ ਥੜੇ ਤੇ ਪੰਡਤਾਂ ਦੇ ਅੱਡੇ ਹਨ। ਵੱਖ ਵੱਖ ਕਿਸਮ ਦੀ ਪੂਜਾ ਚਲ ਰਹੀ ਹੈ ਕੋਈ ਪਿੰਡ ਭਰਾ ਰਿਹਾ, ਕੋਈ ਕੁਝ। ਜਦੋਂ ਗੁਰੂ ਸਾਹਿਬ

ਗੰਗਾ ਕੰਢੇ ਆਏ ਇਥੇ ਸੰਸਕ੍ਰਿਤ ਦੇ ਵਿਦਿਆਰਥੀਆਂ ਦੀ ਵੱਡੀ ਜਮਾਤ ਧੁੱਪੇ ਚਲ ਰਹੀ ਸੀ। ਗੁਰੂ ਸਾਹਿਬ ਦਾ ਲਿਬਾਸ ਵੇਖਕੇ ਸਭ ਖਿੜ ਖੜਾ ਕੇ ਹੱਸ ਪਏ। "ਭਈ ਇਹ ਕਿਹੜੀ ਵੰਨਗੀ ਦਾ ਸਾਧ ਹੈ?"

ਪੰਡਤਾਂ ਨੂੰ ਮੌਕਾ ਮਿਲ ਗਇਆ, ਗੁਰੂ ਸਾਹਿਬ ਨੂੰ ਨੀਵਾ ਦਿਖਾਉਣ ਦਾ। ਕਈ ਦਿਨਾਂ ਤੋਂ ਗੁਰੂ ਸਾਹਿਬ ਬ੍ਰਾਹਮਣਾਂ ਦੇ ਕਈ ਸਿਧਾਂਤਾਂ ਦਾ ਖੰਡਨ ਜੁ ਕਰੀ ਆ ਰਹੇ ਸਨ।

ਆਖਿਰ ਵਿਦਿਆਰਥੀਆਂ ਦੇ ਅਧਿਆਪਕ ਚਤੁਰਦਾਸ ਨੇ ਗੁਰੂ ਸਾਹਿਬ ਨੂੰ ਬੇਨਤੀ ਕਰਕੇ ਪੁੱਛਿਆ ਕਿ ਜਨਾਬ ਤੁਸੀ ਕਿਹੜੀ ਸੰਪਰਦਾ ਨਾਲ ਸਬੰਧ ਰੱਖਦੇ ਹੋ? ਨਾਂ ਤੁਹਾਡੇ ਮੱਥੇ ਤੇ ਤਿਲਕ ਹੈ, ਨਾਂ ਕੋਈ ਭਸਮ ਇਸ਼ਨਾਨ ਕੀਤਾ ਹੋਇਆ, ਨਾਂ ਹੀ ਤੁਲਸੀ ਮਾਲਾ ਹੈ, ਨਾਂ ਹੀ ਸ਼ਿਵਲਿੰਗ ਤੁਹਾਡੇ ਗਲ ਹੈ, ਤੁਹਾਡਾ ਲਿਬਾਸ ਵੀ ਭਗਵਾ ਨਹੀ ਹੈ? ਨਾਂ ਹੀ ਤੁਸੀ ਮੁਸਲਮਾਨ ਫਕੀਰਾਂ ਵਾਲਾ ਹਰਾ ਰੰਗ ਪਾਇਆ ਹੈ। ਮੇਰੇ ਵਿਦਿਆਰਥੀ ਤੁਹਾਡੇ ਬਾਰੇ ਜਾਨਣ ਵਾਸਤੇ ਉਤਸੁਕ ਹਨ?

ਗੁਰੂ ਸਾਹਿਬ ਨੇ ਭਰੇ ਇਕੱਠ ਵਿੱਚ ਫਿਰ ਸਮਝਾਇਆ ਕਿ ਸਾਧੂ ਦਾ ਮਿਸ਼ਨ (ਨਿਸ਼ਾਨਾ) ਨਿਰੰਕਾਰ ਨਾਲ ਮੇਲ ਹੁੰਦਾ ਹੈ। ਇਸ ਦੇ ਵਾਸਤੇ ਰਸਤਾ ਸਿਰਫ ਤੇ ਸਿਰਫ ਸਿਫਤ ਸਾਲਾਹ ਜਾਂ ਨਿਰੰਕਾਰ ਦੀ ਉਸਤਤ ਹੀ ਹੈ। ਇਹ ਤਾਂ ਹਰੀ ਨਾਲ ਭਉ ਤੇ ਭਾਉ ਭਾਵ ਡਰ ਤੇ ਪਿਆਰ ਦਾ ਮਾਰਗ ਹੈ। ਗੁਰੂ ਸਾਹਿਬ ਨੇ ਫਿਰ ਸਵਾਲ ਕੀਤਾ ਕਿ ਜਦੋਂ ਤੁਸੀ ਕਿਸੇ ਨੂੰ ਪਿਆਰ ਕਰਦੇ ਹੋ ਤਾਂ ਕੀ ਗਿਣ ਗਿਣ ਕੇ ਆਪਣੇ ਪ੍ਰੇਮੀ ਦਾ ਨਾਂ ਲੈਂਦੇ ਹੋ? ਨਹੀ। ਤੇ ਫਿਰ ਮਾਲਾ ਰਾਂਹੀ ਰੱਬ ਦੇ ਜੱਪੇ ਨਾਮ ਦੀ ਗਿਣਤੀ ਮਿਣਤੀ ਦਾ ਹਿਸਾਬ ਕਿਓ ਕਰੀਏ? ਪ੍ਰੇਮ ਤੁਹਾਡੇ ਹਿਰਦੇ ਵਿੱਚ ਹੁੰਦਾ ਹੈ ਵਿਖਾਵੇ ਵਿੱਚ ਨਹੀ ਸੋ ਭਸਮ ਲੱਗਾਉਣ ਜਾਂ ਗਲ ਵਿੱਚ ਸਾਲੀਗ੍ਰਾਮ ਪਾਉਣ ਨਾਲ ਗੱਲ ਕਦੋਂ ਬਣਦੀ ਹੈ ਜੇ ਆਪਾਂ ਹਰੀ ਦਾ ਧਿਆਨ ਹੀ ਨਾਂ ਕਰਾਂਗੇ। ਜੇ ਸਾਡਾ ਮੰਨ ਮਾਇਆ ਦੀ ਖਿੱਚ ਤੋਂ ਆਜਾਦ ਹੀ ਨਾਂ ਹੋਇਆ ਤਾਂ ਬਾਕੀ ਦੇ ਸਭ ਕਰਮ ਕਾਂਡ ਵਿਅੱਰਥ ਨੇ। ਗੁਰੂ ਸਾਹਿਬ ਨੇ ਸਾਰਿਆਂ ਨੂੰ ਸੰਤੁਸ਼ਟ ਕਰ ਦਿੱਤਾ।

ਗੁਰੂ ਸਾਹਿਬ ਨੇ ਫਿਰ ਮਰਦਾਨੇ ਨੂੰ ਸੁਚੇਤ ਕਰ ਦਿੱਤਾ ਭਈ ਰਬਾਬ ਤੇ ਹੋ ਜਾ, ਬਾਣੀ ਆ ਰਹੀ ਹੈ:-

ਮਹਲਾ ੧ ਬਸੰਤੁ ਹਿੰਡੋਲ ਘਰੁ ੨ ੴ ਸਤਿਗੁਰ ਪ੍ਰਸਾਦਿ ॥

ਸਾਲ ਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ ॥ ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ ॥੧॥ ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ ॥ ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ ॥੧॥ ਰਹਾਉ ॥ ਕਰ ਹਰਿਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ ॥ ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ ॥੨॥ ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ ॥ ਜਿਉ ਗੋਡਹੁ ਤਿਉ ਤੁਮ੍ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ ॥੩॥ ਬਗੁਲੇ ਤੇ ਫੁਨਿ ਹੰਸੁਲਾ ਹੋਵੈ ਜੇ ਤੂ ਕਰਹਿ ਦਇਆਲਾ ॥ ਪ੍ਰਣਵਤਿ ਨਾਨਕੁ ਦਾਸਨਿ ਦਾਸਾ ਦਇਆ ਕਰਹੁ ਦਇਆਲਾ ॥੪॥੧॥੯॥

ਗੁਰੂ ਸਾਹਿਬ ਬਾਰੇ ਚਤੁਰ ਦਾਸ ਪਹਿਲਾਂ ਹੀ ਬਹੁਤ ਕੁਝ ਸੁਣ ਚੁੱਕਾ ਸੀ। ਰਹਿੰਦੀ ਬਾਕੀ ਗੁਰੂ ਸਾਹਿਬ ਨੇ ਉਹਦੇ ਸਥਾਨ ਤੇ ਆ ਕੇ ਪੂਰੀ ਕਰ ਦਿੱਤੀ। ਗੁਰੂ ਸਾਹਿਬ ਨੇ ਵੀ ਚਤੁਰ ਦਾਸ ਨੂੰ ਖੁੱਲ ਦੇ ਦਿੱਤੀ ਕਿ ਉਹ ਮੰਨ ਆਉਦਾ ਪ੍ਰਸ਼ਨ ਪੁੱਛ ਸਕਦਾ ਹੈ।

ਕਿਉਕਿ ਗੁਰੂ ਸਾਹਿਬ ਜੋ ਬਾਣੀ ਕਹਿ ਰਹੇ ਸਨ ਉਸ ਵਿੱਚ ਪੰਜਾਬੀ ਭਾਸ਼ਾ ਭਾਰੂ ਸੀ। ਚਤੁਰ ਦਾਸ ਨੇ ਗੁਰੂ ਸਾਹਿਬ ਨੂੰ ਸੁਝਾਅ ਦਿੱਤਾ ਕਿ ਗੁਰੂ ਜੀ ਤੁਸੀ ਇਥੇ ਰਹਿ ਕਿ ਸੰਸਕ੍ਰਿਤ ਸਿੱਖੋ ਤੇ ਬਿਹਤ੍ਰ ਹੋਵੇ ਜੇ ਤੁਸੀ ਆਪਣੀ ਰਚਨਾ ਸੰਸਕ੍ਰਿਤ ਵਿੱਚ ਹੀ ਰਚੋ ਤਾਂ ਕਿ ਸਭ ਵਿਦਵਾਨਾਂ ਤੱਕ ਗਲ ਜਾਵੇ। ਕਿਉਕਿ ਗੁਰੂ ਸਾਹਿਬ ਪਹਿਲਾਂ ਹੀ ਪੰਡਤ ਬ੍ਰਿਜਨਾਥ ਕੋਲੋਂ ਸੰਸਕ੍ਰਿਤ ਪੜ੍ਹ ਚੁੱਕੇ ਸਨ ਗੁਰੂ ਸਾਹਿਬ ਨੇ ਚਤੁਰ ਦਾਸ ਨਾਲ ਸੰਸਕ੍ਰਿਤ ਵਿੱਚ ਗਲ ਕਰਨੀ ਸ਼ੁਰੂ ਕਰ ਦਿੱਤੀ। ਨਾਲ ਹਾਜਰ ਲੋਕ ਸਭ ਲੱਗੇ ਗੁਰੂ ਸਾਹਿਬ ਦਾ ਮੂੰਹ ਵੇਖਣ। ਇਸ ਸਵਾਲ ਤੇ ਵੀ ਚਤੁਰ ਦਾਸ ਨੇ ਸ਼ਰਮ ਮਹਿਸੂਸ ਕੀਤੀ ਤੇ ਗੁਰੂ ਸਾਹਿਬ ਤੋਂ ਮਾਫੀ ਮੰਗੀ। ਗੁਰੂ ਸਾਹਿਬ ਨੇ ਚਤੁਰ ਦਾਸ ਨੂੰ ਸਮਝਾਇਆ ਕਿ ਉਸ ਬੋਲੀ ਵਿੱਚ ਗਲ ਕਰਨ ਦਾ ਕੀ ਫਾਇਦਾ ਜਿਸ ਨੂੰ ਲੋਕ ਸਮਝ ਹੀ ਨਾਂ ਸਕਣ। ਉਨਾਂ ਸਮਝਾਇਆ ਇੱਕ ਅਜਿਹੀ ਭਾਸ਼ਾ ਲੋਕਾਂ ਤੇ ਵਿਦਵਾਨਾਂ ਵਿੱਚ ਫਰਕ ਲਿਆ ਖੜਾ ਕਰਦੀ ਹੈ ਜਿਸ ਨਾਲ ਵਿਦਵਾਨ ਹਉਮੈਧਾਰੀ ਹੋ ਜਾਂਦਾ ਹੈ।

ਓਥੇ ਮੌਜੂਦ ਫਿਰ ਹਰ ਕਿਸੇ ਦੇ ਬੁੱਲਾਂ ਤੇ ਸਵਾਲ ਸੀ ਕਿ ਕੀ ਪਾਠਸ਼ਾਲਾ ਦੀ ਵਿਦਿਆ ਨਿਰੰਕਾਰ ਦੇ ਰਸਤੇ ਵਿੱਚ ਸਹਾਈ ਹੁੰਦੀ ਹੈ? ਗੁਰੂ ਸਾਹਿਬ ਨੇ ਫਿਰ ਆਸਾ ਦੀ ਵਾਰ ਵਾਲਾ ਸਲੋਕ ਪੜਿਆ

ਸਲੋਕੁ ਮਃ ੧ ॥ ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥ ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥ ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥ ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥ ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥ ਮਃ ੧ ॥ ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥ ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥ ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥ ਸਹੁ ਵੇ ਜੀਆ ਅਪਣਾ ਕੀਆ ॥ ਅੰਨੁ ਨ ਖਾਇਆ ਸਾਦੁ ਗਵਾਇਆ ॥ ਬਹੁ ਦੁਖੁ ਪਾਇਆ ਦੂਜਾ ਭਾਇਆ ॥ ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥ ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥ ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥ ਅਲੁ ਮਲੁ ਖਾਈ ਸਿਰਿ ਛਾਈ ਪਾਈ ॥ ਮੂਰਖਿ ਅੰਧੈ ਪਤਿ ਗਵਾਈ ॥ ਵਿਣੁ ਨਾਵੈ ਕਿਛੁ ਥਾਇ ਨ ਪਾਈ ॥ ਰਹੈ ਬੇਬਾਣੀ ਮੜੀ ਮਸਾਣੀ ॥ ਅੰਧੁ ਨ ਜਾਣੈ ਫਿਰਿ ਪਛੁਤਾਣੀ ॥ ਸਤਿਗੁਰੁ ਭੇਟੇ ਸੋ ਸੁਖੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥ ਨਾਨਕ ਨਦਰਿ ਕਰੇ ਸੋ ਪਾਏ ॥ ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥੨॥

ਸਾਹਿਬ ਨੇ ਸਮਝਾਇਆ ਕਿ ਰੂਹਾਨੀਅਤ ਦਾ ਗਿਆਨ ਤਾਂ ਸਿਰਫ ਇੱਕ ਅੱਖਰ ਦਾ ਹੈ, ਹਰੀ ਭਗਵਾਨ ਦੀ ਹੋਂਦ ਨੂੰ ਸਵੀਕਾਰ ਕਰਨ ਦਾ। ਆਪਣੀ ਔਕਾਤ ਨੂੰ ਪਛਾਨਣ ਦਾ ਹੈ। ਕਿ ਇੱਕ ਦਿਨ ਤੇਰੀ ਸਾਰੀ ਪੜ੍ਹਾਈ, ਤੇਰੀ ਸਾਰੀ ਵਿਦਿਆ ਤੇ ਸਾਰਾ ਧਨ ਖਾਕ ਨਿਆਈ ਹੋਣਾ ਹੈ ਕਿਉਕਿ ਤੂੰ ਆਪ ਇਸ ਮਿੱਟੀ ਦਾ ਹਿੱਸਾ ਹੋਣਾ ਹੈ। ਸੋ ਜਰੂਰਤ ਤਾਂ ਹੈ ਸੱਚ ਪਛਾਨਣ ਦੀ। ਸੱਚ ਦਾ ਨਾਂ ਹੀ

ਨਿਰੰਕਾਰ ਹੈ। ਸਤਿਨਾਮ ਹੈ।

ਬਾਕੀ ਜਦੋਂ ਆਪਾਂ ਹਰਿ ਜਸ ਰਾਂਹੀ ਨਿਰੰਕਾਰ ਦੀ ਖੁੱਸ਼ੀ ਪ੍ਰਾਪਤ ਕਰ ਲੈਂਦੇ ਹਾਂ ਤਾਂ ਦੁਨੀਆਵੀ ਵਰਤਾਰੇ ਦਾ ਵੀ ਗਿਆਨ ਸਾਨੂੰ ਹੋਣ ਲੱਗ ਜਾਂਦਾ ਹੈ। ਰਿਸ਼ੀ, ਮੁਨੀਆਂ, ਪੀਰਾਂ, ਫਕੀਰਾਂ, ਅਵਤਾਰਾਂ, ਪੈਗੰਬਰਾਂ ਦੀ ਕਹਾਣੀ ਸਾਨੂੰ ਸਮਝ ਆ ਜਾਂਦੀ ਹੈ। ਵੇਦਾਂ, ਸ਼ਾਸਤਰਾਂ, ਕੁਰਾਨਾਂ, ਬਾਈਬਲਾਂ ਦਾ ਸਾਨੂੰ ਗਿਆਨ ਹੋ ਜਾਂਦਾ ਹੈ। ਅਸੀ ਬ੍ਰਹਿਮੰਡ ਦੇ ਗਿਆਤਾ ਵੀ ਹੋ ਜਾਂਦੇ ਹਾਂ। ਇਹ ਧਰਤੀ, ਚੰਦਰਮਾ ਸੂਰਜ, ਧਰਤੀ ਤੇ ਮੌਜੂਦ ਸਮੁੰਦਰ ਟਾਪੂ ਦਰਿਆ ਨਾਲੇ ਪਰਬਤ ਪਹਾੜਾਂ ਬਾਰੇ ਸਾਨੂੰ ਸਹਿਜ ਸੁਭਾ ਹੀ ਗਿਆਨ ਹੋ ਜਾਂਦਾ ਹੈ। ਸਰੀਰਕ ਕ੍ਰਿਆਵਾਂ ਦੀ ਵੀ ਸਮਝ ਲੱਗ ਜਾਂਦੀ ਹੈ ਜਿਸ ਵਾਸਤੇ ਜੋਗੀ ਲੋਕ ਜੀਵਨ ਲਾ ਦਿੰਦੇ ਨੇ। ਮੌਤ ਦਾ ਡਰ ਫਿਰ ਪੋਹਦਾ ਨਹੀ।

ਸੋ ਅਨੰਦਮਈ ਜੀਵਨ ਲਈ ਸਭ ਤੋਂ ਜਰੂਰੀ ਹੈ ਹੁਕਮ ਨੂੰ ਸਮਝਣਾ। ਪਹਿਲਾਂ ਆਪਣੀ ਔਕਾਤ ਪਛਾਨਣਾ। ਉਸ ਤੋਂ ਬਾਦ ਜੇ ਤੁਸੀ ਦੁਨਿਆਵੀ ਪੜਾਈ ਕਰਦੇ ਹੋ ਤਾਂ ਸੋਨੇ ਤੇ ਸੁਹਾਗਾ ਵਾਲੀ ਗਲ। ਪਰ ਯਾਦ ਰੱਖਣਾ ਦੁਨਿਆਵੀ ਪੜਾਈ ਤੁਹਾਨੂੰ ਚੜ੍ਹਦੀ ਕਲਾ ਜਾਂ ਅਨੰਦ ਵਾਲਾ ਜੀਵਨ ਨਹੀ ਦੇ ਸਕਦੀ।

ਸੁਣਿਐ ਸਿਧ ਪੀਰ ਸੁਰਿ ਨਾਥ ॥ ਸੁਣਿਐ ਧਰਤਿ ਧਵਲ ਆਕਾਸ ॥ ਸੁਣਿਐ ਦੀਪ ਲੋਅ ਪਾਤਾਲ ॥ ਸੁਣਿਐ ਪੋਹਿ ਨ ਸਕੈ ਕਾਲੁ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੮॥ ਸੁਣਿਐ ਈਸਰੁ ਬਰਮਾ ਇੰਦੁ ॥ ਸੁਣਿਐ ਮੁਖਿ ਸਾਲਾਹਣ ਮੰਦੁ ॥ ਸੁਣਿਐ ਜੋਗ ਜੁਗਤਿ ਤਨਿ ਭੇਦ ॥ ਸੁਣਿਐ ਸਾਸਤ ਸਿਮ੍ਰਿਤਿ ਵੇਦ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੯॥ ਸੁਣਿਐ ਸਤੁ ਸੰਤੋਖੁ ਗਿਆਨੁ ॥ ਸੁਣਿਐ ਅਠਸਠਿ ਕਾ ਇਸਨਾਨੁ ॥ ਸੁਣਿਐ ਪੜਿ ਪੜਿ ਪਾਵਹਿ ਮਾਨੁ ॥ ਸੁਣਿਐ ਲਾਗੈ ਸਹਜਿ ਧਿਆਨੁ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੧੦॥ ਸੁਣਿਐ ਸਰਾ ਗੁਣਾ ਕੇ ਗਾਹ ॥ ਸੁਣਿਐ ਸੇਖ ਪੀਰ ਪਾਤਿਸਾਹ ॥ ਸੁਣਿਐ ਅੰਧੇ ਪਾਵਹਿ ਰਾਹੁ ॥ ਸੁਣਿਐ ਹਾਥ ਹੋਵੈ ਅਸਗਾਹੁ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੧੧॥ ਮੰਨੇ ਕੀ ਗਤਿ ਕਹੀ ਨ ਜਾਇ ॥ ਜੇ ਕੋ ਕਹੈ ਪਿਛੈ ਪਛੁਤਾਇ ॥ ਕਾਗਦਿ ਕਲਮ ਨ ਲਿਖਣਹਾਰੁ ॥ ਮੰਨੇ ਕਾ ਬਹਿ ਕਰਨਿ ਵੀਚਾਰੁ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥ ਮੰਨੈ ਸੁਰਤਿ ਹੋਵੈ ਮਨਿ ਬੁਧਿ ॥ ਮੰਨੈ ਸਗਲ ਭਵਣ ਕੀ ਸੁਧਿ ॥ ਮੰਨੈ ਮੁਹਿ ਚੋਟਾ ਨਾ ਖਾਇ ॥ ਮੰਨੈ ਜਮ ਕੈ ਸਾਥਿ ਨ ਜਾਇ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥ ਮੰਨੈ ਮਾਰਗਿ ਠਾਕ ਨ ਪਾਇ ॥ ਮੰਨੈ ਪਤਿ ਸਿਉ ਪਰਗਟੁ ਜਾਇ ॥ ਮੰਨੈ ਮਗੁ ਨ ਚਲੈ ਪੰਥੁ ॥ ਮੰਨੈ ਧਰਮ ਸੇਤੀ ਸਨਬੰਧੁ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੪॥ ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ ॥ ਮੰਨੈ ਤਰੈ ਤਾਰੇ ਗੁਰੁ ਸਿਖ ॥ ਮੰਨੈ ਨਾਨਕ ਭਵਹਿ ਨ ਭਿਖ ॥ ਐਸਾ ਨਾਮੁ ਨਿਰੰਜਨੁ ਹੋਇ ॥ ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥

—◈—

ਬਾਬਾ ਬਨਾਰਸ ਵਿੱਚ

ਇਕ ਵਾਰ ਫਿਰ ਉਠ ਖਲੋਤਾ ਸੂਤਕ ਪਾਤਕ ਦਾ ਸਵਾਲ

ਚਤੁਰ ਦਾਸ ਗੁਰੂ ਸਾਹਿਬ ਦੀ ਅਧੀਨਗੀ ਸਵੀਕਾਰ ਕਰ ਚੁੱਕਾ ਸੀ। ਗੁਰੂ ਸਾਹਿਬ ਦੇ ਰਹਿਣ ਵਾਸਤੇ ਉਸ ਕਿਹਾ ਕਿ ਤੁਸੀ ਸਾਡੇ ਫਲਾਣੇ ਚੇਲੇ ਦੇ ਘਰ ਚਲੋ। ਗੁਰੂ ਸਾਹਿਬ ਨੇ ਨਿਮ੍ਰਤਾ ਸਾਹਿਤ ਉਨਾਂ ਦਾ ਨਿਉਂਦਾ ਮਨਾ ਕਰ ਦਿੱਤਾ। ਗੁਰੂ ਸਾਹਿਬ ਨੇ ਕਿਹਾ ਕਿ ਅਸੀ ਫਲਾਣੇ ਥਾਂ (ਜਿੰਨੂ ਅਜ ਕਲ ਗੁਰੂ ਬਾਗ ਕਿਹਾ ਜਾਂਦਾ ਹੈ, ਰੇਲਵੇ ਸਟੇਸ਼ਨ ਲਾਗੇ) ਆਪਣਾ ਟਿਕਾਣਾ ਬਣਾ ਚੁੱਕੇ ਹਾਂ। ਸਾਧੂ ਸੰਤ ਨੇ ਆ ਕੇ ਸਾਨੂੰ ਮਿਲਣਾ ਹੁੰਦਾ ਹੈ। ਚਤੁਰ ਦਾਸ ਕਹਿਣ ਲੱਗਾ ਕਿ ਮੈਂ ਤੁਹਾਨੂੰ ਆਪਣੇ ਹੀ ਘਰ ਲਿਜਾਂਦਾ ਪਰ ਮੇਰੀ ਮੁਸ਼ਕਲ ਇਹ ਹੈ ਕਿ ਘਰ ਵਿੱਚ ਸੂਤਕ ਦੀ ਅਵਸਥਾ ਚਲ ਰਹੀ ਹੈ। ਧੀ ਦਾ ਜਣੇਪਾ ਹੋਇਆ ਹੈ। ਦੋਹਤਰੀ ਆਈ ਹੈ ਜੀ।

ਨੋਟ- ਸੂਤਕ: ਹਿੰਦੂ ਲੋਕ ਜਣੇਪੇ ਵੇਲੇ ਘਰ ਨੂੰ ਅਪਵਿਤ੍ਰ ਮੰਨਦੇ ਹਨ। ਇਸ ਅਵਸਥਾ ਨੂੰ ਸੂਤਕ ਕਹਿੰਦੇ ਹਨ। ਆਮੂਮਨ ਸਵਾ ਮਹੀਨਾ ਬੱਚੇ ਦੀ ਮਾਂ ਰਸੋਈ ਵਿੱਚ ਨਹੀ ਵੜ ਸਕਦੀ। ਘਰ ਦੇ ਜੀਆਂ ਦਾ ਮੰਦਰ ਜਾਣਾ ਮਨਾ ਹੁੰਦਾ ਹੈ। ਇਹ ਸਮਾਂ ਵੱਖ ਵੱਖ ਜਾਂਤਾਂ ਵਾਸਤੇ ਵੱਖਰਾ ਹੈ। ਬ੍ਰਾਹਮਣ ਦੇ ਘਰ -10 ਦਿਨ, ਖੱਤਰੀ- 15 ਦਿਨ, ਵੈਸ਼- 20 ਦਿਨ, ਸ਼ੂਦਰ-30 ਦਿਨ।

ਜੇ ਘਰ ਵਿੱਚ ਮੱਝ ਗਾਂ ਬਕਰੀ ਸੂਈ ਹੋਵੇ ਤਾਂ ਵੀ ਘਰ ਵਿੱਚ ਇੱਕ ਦਿਨ ਦਾ ਸੂਤਕ ਮੰਨਿਆ ਜਾਂਦਾ ਹੈ।

ਪਾਤਕ - ਜਦੋਂ ਘਰ ਵਿੱਚ ਕਿਸੇ ਮੈਂਬਰ ਦੀ ਮੌਤ ਹੋ ਜਾਵੇ ਤਾਂ ਉਸ ਅਪਵਿਤ੍ਰਤਾ ਨੂੰ ਪਾਤਕ ਕਿਹਾ ਜਾਂਦਾ ਹੈ। ਓਦੋਂ ਵੀ ਘਰ ਨੂੰ ਅਸ਼ੁਧ ਮੰਨਿਆ ਜਾਂਦਾ ਹੈ।

ਖੈਰ ਆਪਣੇ ਚੇਲੇ ਦੇ ਘਰ ਇੱਕ ਦਿਨ ਗੁਰੂ ਸਾਹਿਬ ਦੀ ਰੋਟੀ ਵਰਜੀ ਗਈ। ਚਤੁਰ ਦਾਸ ਨੇ ਗੁਰੂ ਸਾਹਿਬ ਨੂੰ ਬੜੇ ਗਰਬ ਨਾਲ ਦੱਸਿਆ ਕਿ ਸਾਡੇ ਇਥੇ ਬਨਾਰਸ ਵਿੱਚ ਜੀਵਨ ਬਿਲਕੁਲ ਸ਼ਾਸਤਰਾਂ ਅਨੁਸਾਰ ਚਲਦਾ ਹੈ। ਚਤੁਰ ਨੇ ਦਿਖਾਇਆ ਕਿ ਕਿਵੇ ਭੋਜਨ ਬਣਾਉਣ ਵੇਲੇ ਸੁੱਚ ਦਾ ਪੂਰਾ ਧਿਆਨ ਰਖਿਆ ਜਾਂਦਾ ਹੈ। ਚੌਕਾ ਕਾਰ ਕੱਢੀ ਜਾਂਦੀ ਹੈ।

ਗੁਰੂ ਸਾਹਿਬ ਨੇ ਚਤੁਰ ਦਾਸ ਦੀ ਗਲ ਵਿੱਚੋਂ ਟੋਕ ਦਿੱਤੀ। ਸਾਹਿਬ ਨੇ ਕਿਹਾ ਕਿ ਇਹ ਚੌਕਾ ਤੁਹਾਡੇ ਅਸੂਲਾਂ ਦੇ ਮੁਤਾਬਿਕ ਪਵਿਤ੍ਰ ਨਹੀ ਹੈ। ਚਤੁਰ ਕਹਿਣ ਲੱਗਾ ਜੀ ਅਜਿਹੀ ਕੋਈ ਗਲ ਨਹੀ ਹੈ। ਗੁਰੂ ਸਾਹਿਬ ਨੇ ਕਿਹਾ ਨਹੀ ਇਥੇ ਸੂਤਕ ਵਾਲੀ ਅਵਸਥਾ ਹੈ। ਚੁੱਲੇ ਵਿੱਚ ਜਿਹੜਾ ਚੋਅ ਬਲ ਰਿਹਾ ਸੀ ਗੁਰੂ ਸਾਹਿਬ ਨੇ ਉਸ ਨੂੰ ਹੱਥ ਵਿੱਚ ਲਿਆ। ਤੋੜਿਆ ਤੇ ਵਿੱਚੋਂ ਘੁੱਣ (ਮੋਟੀ ਸੁੰਡੀ) ਨਿਕਲ ਆਇਆ। ਇੱਕ ਪਾਸੇ ਘੁਣ ਦੇ ਅੰਡੇ ਵੀ ਸਾਹਿਬ ਨੇ ਦਿਖਾ ਦਿੱਤੇ। ਚਤੁਰ ਦਾਸ ਨੂੰ ਕਿਹਾ ਕਿ ਆਹ ਹੈ ਤੁਹਾਡਾ ਅਨੁਸ਼ਾਸਨ।

ਸਾਹਿਬ ਨੇ ਫਿਰ ਪੰਡਤ ਤੇ ਸਬੰਧਤ ਪ੍ਰਵਾਰ ਨੂੰ ਸਮਝਾਇਆ ਕਿ ਇਹ ਸੂਤਕ ਪਾਤਕ ਦਾ ਸਿਧਾਂਤ ਨਿਰੀ ਅਗਿਆਨਤਾ ਤੇ ਪਾਖੰਡ ਹੈ। ਜੇ ਸੂਤਕ ਦੇ ਸਿਧਾਂਤ ਨੂੰ ਮੰਨਣਾ ਸ਼ੁਰੂ ਕਰ ਦਈਏ ਫਿਰ ਤਾਂ ਸਭ ਅਸਥਾਨ ਭਿੱਟੇ ਹੋਏ ਹੋ ਗਏ। ਕਿਉਕਿ ਹਰ ਥਾਂ ਸ਼ੂਖਮ ਅਵਸਥਾ ਵਿੱਚ ਜੀਵਨ ਹੈ। ਗੋਹੇ ਤੇ ਲਕੜੀ ਜੋ ਤੁਸੀ ਬਾਲਦੇ ਹੋ ਉਹਦੇ ਵਿੱਚ ਵੀ ਜੀਵਨ ਹੈ।

ਗੁਰੂ ਸਾਹਿਬ ਤੇ ਮਰਦਾਨੇ ਨੇ ਫਿਰ ਉੱਚੀ ਸੁਰ ਵਿੱਚ ਹੇਠ ਲਿਖਿਆ ਸਬਦ ਗਾਇਆ ਤੇ ਸਭ ਨੂੰ ਨਿਹਾਲ ਕਰ ਦਿੱਤਾ:-

ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥ ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥ ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥ ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥ ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥ ਮਃ ੧ ॥ ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥ ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥ ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥ ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ ॥੨॥

ਮਃ ੧ ॥ ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥ ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥ ਖਾਣਾ ਪੀਣਾ ਪਵਿਤ੍ਰ ਹੈ ਦਿੱਤੋਨੁ ਰਿਜਕੁ ਸੰਬਾਹਿ ॥ ਨਾਨਕ ਜਿਨ੍ਹੀ ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ ॥੩॥

ਏਸੇ ਤਰਾਂ ਫਿਰ ਗੁਰੂ ਸਾਹਿਬ ਨੇ ਜਨਾਨੀਆਂ ਦੀ ਮਾਹਵਾਰੀ ਦੇ ਸਬੰਧ ਵਿੱਚ ਵੀ ਲੋਕਾਂ ਨੂੰ ਜਾਣੂ ਕਰਵਾਇਆ ਕਿ ਇਸ ਨਾਲ ਕੋਈ ਅਪਵਿਤ੍ਰ ਨਹੀ ਹੋ ਜਾਂਦਾ। ਯਾਦ ਰਹੇ ਔਰਤ ਦੀ ਮਾਹਵਾਰੀ ਮੌਕੇ ਵੀ ਪੰਡਤ ਲੋਕਾਂ ਦਾ ਬਹੁਤ ਹੀ ਸਖਤ ਅਨੁਸ਼ਾਸਨ ਹੁੰਦਾ ਸੀ। ਕਿਤੇ ਕਿਤੇ ਤਾਂ ਧੀ ਭੈਣ ਨੂੰ ਘਰ ਦੀ ਕਿਸੇ ਨੁੱਕਰ ਵਿੱਚ ਬਿਠਾ ਦਿੱਤਾ ਜਾਂਦਾ ਸੀ। ਦੱਖਣ ਵਿੱਚ ਅੱਜ ਵੀ ਰਿਵਾਜ ਹੈ ਕਿ ਧੀ ਭੈਣ ਨੂੰ ਇੱਕ ਨੁੱਕਰ ਵਿੱਚ ਝੌਂਪੜੀ ਪਾ ਦਿੱਤੀ ਜਾਂਦੀ ਹੈ।

ਗੁਰੂ ਸਾਹਿਬ ਨੇ ਸਮਝਾਇਆ ਕਿ ਅਸਲ ਸੁੱਚ ਤਾਂ ਸੱਚੇ ਹੋਇਆਂ ਹੈ। ਉਹ ਕਾਹਦੀ ਸੁੱਚ ਜੇ ਜੀਵਨ ਵਿੱਚ ਝੂਠ ਹੀ ਝੂਠ ਹੈ ਤਾਂ:

ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ ॥ ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ ॥ ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥ ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥

ਚਤੁਰ ਦਾਸ ਨੇ ਐਨੀ ਕੁ ਸ਼ਰਮ ਮਹਿਸੂਸ ਕੀਤੀ ਕਿ ਜਿੱਦ ਕਰਨ ਲੱਗ ਪਿਆ ਕਿ ਸਾਹਿਬ ਅਗਲਾ ਭੋਜਨ ਸਾਡੇ ਘਰ ਛਕੋ।

—◈—

ਬਾਬਾ ਬਨਾਰਸ ਵਿੱਚ

ਸਾਧੂਆਂ ਪੁੱਛਿਆ ਬਾਬਾ ਜੀ ਮੌਤ ਦਾ ਵੀ ਕੋਈ ਇਲਾਜ ਹੈ? ◉

ਮੌਤ ਦੇ ਸੱਚ ਨੂੰ ਸਮਝਣਾ ਜਾਂ ਹੁਕਮ ਨੂੰ ਸਮਝ ਲੈਣਾ ਹੀ ਮੌਤ ਤੇ ਜਿੱਤ ਹੈ।

ਬਨਾਰਸ ਇੱਕ ਦਿਨ ਗੁਰੂ ਸਾਹਿਬ ਕੋਲ ਕੁਝ ਸਾਧੂ ਸੰਤ ਇਕੱਠੇ ਹੋ ਕੇ ਆ ਕੇ ਲੱਗੇ ਪ੍ਰਸ਼ਨ ਕਰਨ। "ਬਾਬਾ ਜੀ ਤੁਹਾਡੇ ਤੇ ਭਗਵਾਨ ਖੁੱਸ਼ ਹੈ, ਕਿਰਪਾ ਕਰਕੇ ਮੌਤ ਬਾਰੇ ਕੁਝ ਦੱਸੋ ਬੜਾ ਡਰ ਲੱਗਦਾ ਜਦੋਂ ਧਿਆਨ ਜਾਂਦਾ ਹੈ। ਕੀ ਇਹਦਾ ਵੀ ਕੋਈ ਇਲਾਜ ਹੈਗਾ?"

ਗੁਰੂ ਸਾਹਿਬ ਨੇ ਸਾਧੂਆਂ ਦੇ ਮੂੰਹੋ ਇਹ ਸਵਾਲ ਸੁਣ ਕੇ ਹੈਰਾਨੀ ਪ੍ਰਗਟ ਕੀਤੀ। ਸਾਧੂਆਂ ਨੂੰ ਅਸੀਸ ਦਿੰਦੇ ਹੋਏ ਗੁਰੂ ਸਾਹਿਬ ਨੇ ਫਰਮਾਇਆ ਕਿ ਇਹ ਸਵਾਲ ਤਾਂ ਇੱਕ ਸਾਧੂ ਵਾਸਤੇ ਮੁੱਢਲਾ ਹੋਣਾ ਚਾਹੀਦੈ। ਜਦੋਂ ਬੰਦਾ ਸਾਧ ਬਣਦਾ ਹੈ ਉਹਦਾ ਫਰਜ ਹੈ ਕਿ ਆਪਣੇ ਗੁਰੂ ਕੋਲੋ ਸਭ ਤੋਂ ਪਹਿਲਾਂ ਇਹ ਸਵਾਲ ਕਰੇ। ਕਿ ਮੌਤ ਤੋਂ ਕਿਵੇ ਬਚਣਾ ਹੈ?

ਮੌਤ ਦੇ ਸੱਚ ਨੂੰ ਸਮਝ ਲੈਣਾ ਹੀ ਮੌਤ ਤੇ ਜਿੱਤ ਹੈ। ਗੁਰੂ ਸਾਹਿਬ ਨੇ ਕਿਹਾ ਕਿ ਜਨਮ ਮਰਨ ਦੇ ਵਰਤਾਰੇ ਦੀ ਸਮਝ ਸਾਨੂੰ ਨਿਰੰਕਾਰ ਦੇ ਹੁਕਮ ਨੂੰ ਸਮਝਣ ਉਪਰੰਤ ਪੈਂਦੀ ਹੈ। "ਸਬਦਿ ਮਰੈ ਫਿਰਿ ਮਰਣੁ ਨ ਹੋਇ ॥" ਇਥੇ ਹਰ ਜੀਅ ਜੰਤ ਨਾਸਵਾਨ ਹੈ। ਥਿਰ ਕੁਝ ਵੀ ਨਹੀ। ਸਾਡੇ ਤੋਂ ਪਹਿਲਾਂ ਵੀ ਲੱਖਾਂ ਪੀਹੜੀਆਂ ਹੋ ਚੁੱਕੀਆਂ ਨੇ। " ਐਸਾ ਸਾਚਾ ਤੂੰ ਏਕੋ ਜਾਣੁ ॥ ਜੰਮਣੁ ਮਰਣਾ ਹੁਕਮੁ ਪਛਾਣੁ ॥" ਇਹ ਅਟਲ ਸਚਾਈ ਜੀਵਨ ਦੇ ਸ਼ੁਰੂਆਤ ਵਿੱਚ ਹੀ ਇਨਸਾਨ ਨੂੰ ਪਤਾ ਹੋਣੀ ਚਾਹੀਦੀ ਹੈ। ਰੂਹਾਨੀਅਤ ਦੇ ਮਾਰਗ ਦੀ ਇਹ ਪਹਿਲੀ ਪਉੜੀ ਹੋਣੀ ਚਾਹੀਦੀ ਹੈ।

ਗੁਰੂ ਸਾਹਿਬ ਨੇ ਇਸ ਗੰਭੀਰ ਪੱਖ ਨੂੰ ਕਿਵੇ ਸਮਝਾਇਆ ਅਸੀ ਤਾਂ ਸਿਰਫ ਅੰਦਾਜ਼ਾ ਹੀ ਲਾ ਸਕਦੇ ਹਾਂ। ਗੁਰੂ ਸਾਹਿਬ ਦਾ ਜਵਾਬ ਸੁਣ ਕੇ ਸਾਧੂ ਸੰਤ ਅੱਸ਼ ਅੱਸ਼ ਕਰ ਉਠੇ। ਧੰਨ ਗੁਰੂ ਨਾਨਕ। ਧੰਨ ਉਹ ਜਨਨੀ ਜਿਸ ਨੇ ਤੈਨੂੰ ਜਾਇਆ।

ਮੌਤ ਦੇ ਮਜਮੂਨ ਤੇ ਗੁਰੂ ਸਾਹਿਬ ਨੇ ਫਿਰ ਕਈ ਸ਼ਬਦ ਭੈਰਉ ਰਾਗ ਵਿੱਚ ਉਚਾਰਨ ਕੀਤੇ। ਸਾਥ ਦਿੱਤਾ ਭਾਈ ਮਰਦਾਨੇ ਨੇ:-

ਭੈਰਉ ਮਹਲਾ ੧ ॥ ਨੈਨੀ ਦ੍ਰਿਸਟਿ ਨਹੀ ਤਨੁ ਹੀਨਾ ਜਰਿ ਜੀਤਿਆ ਸਿਰਿ ਕਾਲੋ ॥ ਰੂਪੁ ਰੰਗੁ ਰਹਸੁ ਨਹੀ ਸਾਚਾ ਕਿਉ ਛੋਡੈ ਜਮ ਜਾਲੋ ॥੧॥ ਪ੍ਰਾਣੀ ਹਰਿ ਜਪਿ ਜਨਮੁ ਗਇਓ ॥ ਸਾਚ ਸਬਦ ਬਿਨੁ ਕਬਹੁ ਨ ਛੂਟਸਿ ਬਿਰਥਾ ਜਨਮੁ ਭਇਓ ॥੧॥ ਰਹਾਉ ॥ ਤਨ ਮਹਿ ਕਾਮੁ ਕ੍ਰੋਧੁ ਹਉ ਮਮਤਾ ਕਠਿਨ ਪੀਰ ਅਤਿ ਭਾਰੀ ॥ ਗੁਰਮੁਖਿ ਰਾਮ ਜਪਹੁ ਰਸੁ ਰਸਨਾ ਇਨ ਬਿਧਿ ਤਰੁ ਤੂ ਤਾਰੀ ॥੨॥ ਬਹਰੇ ਕਰਨ ਅਕਲਿ ਭਈ ਹੋਛੀ ਸਬਦ ਸਹਜੁ ਨਹੀ ਬੂਝਿਆ ॥ ਜਨਮੁ ਪਦਾਰਥੁ ਮਨਮੁਖਿ ਹਾਰਿਆ ਬਿਨੁ ਗੁਰ ਅੰਧੁ ਨ ਸੂਝਿਆ ॥੩॥ ਰਹੈ ਉਦਾਸੁ ਆਸ ਨਿਰਾਸਾ ਸਹਜ ਧਿਆਨਿ ਬੈਰਾਗੀ ॥ ਪ੍ਰਣਵਤਿ ਨਾਨਕ ਗੁਰਮੁਖਿ ਛੂਟਸਿ ਰਾਮ ਨਾਮਿ ਲਿਵ ਲਾਗੀ ॥੪॥੨॥੩॥

(ਹੇਠਾਂ) ਗੁਰਦੁਆਰਾ ਗੁਰੂ ਨਾਨਕ ਬਾਗ ਬਨਾਰਸ।
(ਸੱਜੇ ਉਤੇ) ਗੁਰਦੁਆਰਾ ਸਾਹਿਬ ਦਾ ਦਰਵਾਜਾ

ਗੁਰੂ ਸਾਹਿਬ ਦੀ ਵਿੱਚਾਰਧਾਰਾ ਇਹ ਦਸਦੀ ਹੈ ਕਿ ਮੌਤ ਨੂੰ ਸਵੀਕਾਰ ਕਰਨ ਉਪਰੰਤ ਜੋ ਜੀਵਨ ਬਚਦਾ ਹੈ ਉਹ ਅਨੰਦ ਹੀ ਅਨੰਦ ਹੈ।

ਭੈਰਉ ਮਹਲਾ ੧ ॥ ਭੂੰਡੀ ਚਾਲ ਚਰਣ ਕਰ ਖਿਸਰੇ ਤੁਚਾ ਦੇਹ ਕੁਮਲਾਨੀ ॥ ਨੇਤ੍ਰੀ ਧੁੰਧਿ ਕਰਨ ਭਏ ਬਹਰੇ ਮਨਮੁਖਿ ਨਾਮੁ ਨ ਜਾਨੀ ॥੧॥ ਅੰਧੁਲੇ ਕਿਆ ਪਾਇਆ ਜਗਿ ਆਇ ॥ ਰਾਮੁ ਰਿਦੈ ਨਹੀ ਗੁਰ ਕੀ ਸੇਵਾ ਚਾਲੇ ਮੂਲੁ ਗਵਾਇ ॥੧॥ ਰਹਾਉ ॥ ਜਿਹਵਾ ਰੰਗਿ ਨਹੀ ਹਰਿ ਰਾਤੀ ਜਬ ਬੋਲੈ ਤਬ ਫੀਕੇ ॥ ਸੰਤ ਜਨਾ ਕੀ ਨਿੰਦਾ ਵਿਆਪਸਿ ਪਸੂ ਭਏ ਕਦੇ ਹੋਹਿ ਨ ਨੀਕੇ ॥੨॥ ਅੰਮ੍ਰਿਤ ਕਾ ਰਸੁ ਵਿਰਲੀ ਪਾਇਆ ਸਤਿਗੁਰ ਮੇਲਿ ਮਿਲਾਏ ॥ ਜਬ ਲਗੁ ਸਬਦ ਭੇਦੁ ਨਹੀ ਆਇਆ ਤਬ ਲਗੁ ਕਾਲੁ ਸੰਤਾਏ ॥੩॥ ਅਨ ਕੋ ਦਰੁ ਘਰੁ ਕਬਹੁ ਨ ਜਾਨਸਿ ਏਕੋ ਦਰੁ ਸਚਿਆਰਾ ॥ ਗੁਰ ਪਰਸਾਦਿ ਪਰਮ ਪਦੁ ਪਾਇਆ ਨਾਨਕੁ ਕਹੈ ਵਿੱਚਾਰਾ ॥੪॥੩॥

ਸੋ ਮੌਤ ਨੂੰ ਸਵੀਕਾਰ ਕਰਨਾਂ ਸੱਚ ਮਾਰਗ ਦੀ ਪਹਿਲੀ ਪੌੜੀ ਹੈ।

—◈—

ਨੋਟ ਸਫਾ

◉ ਸੋਢੀ ਮਿਹਰਵਾਨ ਅਧਾਰਤ
● ਸਾਈਕਲ ਯਾਤਰੀ- 110 ਅਨੁਸਾਰ, 1930 ਵੇਲੇ ਤਾਂ ਬਨਾਰਸ ਦੇ ਗੁਰੂ ਬਾਗ ਦੀ ਜਗ੍ਹਾ ਕਾਫੀ ਖੁੱਲੀ ਡੁਲੀ ਸੀ।

ਬਨਾਰਸ ਵਿੱਚ ਬਾਬਾ

ਮੜੀਆਂ ਮਸਾਣਾਂ ਸਮਾਧਾਂ ਦੀ ਪੂਜਾ

ਬਨਾਰਸ ਇੱਕ ਤਰਾਂ ਨਾਲ ਹਿੰਦੂਮਤ ਦੀਆਂ ਮੜੀਆਂ ਹਨ ਭਾਵ ਸ਼ਮਸ਼ਾਨ ਘਾਟ ਹੈ। ਇਥੇ ਅੱਜ ਵੀ ਹਰ ਵੰਨਗੀ ਦਾ ਧਾਰਮਿਕ ਧੰਧਾ ਚਲਦਾ ਹੈ। ਸ਼ਿਵ ਜੀ ਦੇ ਉਪਾਸ਼ਕ ਜੋਗੀ ਲੋਕ ਤਾੜੀ ਲਾਈ ਬੈਠੇ ਰਹਿੰਦੇ ਨੇ, ਮੂਰਤੀ ਪੂਜਾ ਦੇ ਉਪਾਸ਼ਕ ਜੋਰ ਸ਼ੋਰ ਨਾਲ ਟੱਲ ਵਜਾ ਰਹੇ ਹੁੰਦੇ ਨੇ, ਕੋਈ ਇਥੇ ਅਘੋਰੀ ਸਾਧੂ ਭਾਵ ਤੰਤਰ ਵਿਦਿਆਂ ਵਾਲੇ, ਇਥੇ ਤੁਹਾਨੂੰ ਸੰਗੀਤ ਸਿੱਖਾਉਣ ਵਾਲੇ ਵੀ ਮਿਲਣਗੇ, ਧਾਰਮਿਕ ਵਿਦਿਆ ਦੇਣ ਵਾਲੇ ਵੀ ਪੰਡਤ। ਗੁਰੂ ਸਾਹਿਬ ਜਦੋ ਇਥੇ ਗਏ ਤਾਂ ਜਿਵੇ ਵੱਖ ਵੱਖ ਵੰਨਗੀਆਂ ਦੇ ਡੇਰਿਆਂ ਦੇ ਟਾਊਟ ਬੰਦੇ ਨੂੰ ਆ ਘੇਰਦੇ ਹਨ ਏਸੇ ਤਰਾਂ ਗੁਰੂ ਸਾਹਿਬ ਨੂੰ ਵੀ ਆ ਘੇਰਿਆ ਸੀ। ਗੁਰੂ ਸਾਹਿਬ ਨੇ ਹਰ ਕਿਸਮ ਦੇ ਬੰਦੇ ਨਾਲ ਸੰਵਾਦ ਰਚਾਇਆ ਉਨਾਂ ਦੇ ਸਬੰਧਤ ਡੇਰੇ ਗਏ ਤੇ ਜਾ ਕੇ ਹਰ ਕਿਸੇ ਦਾ ਉਧਾਰ ਕੀਤਾ ਤੇ ਬੁਰੇ ਕਰਮ ਕਰਨ ਤੋਂ ਹਟਾ ਲੋਕਾਂ ਨੂੰ ਨਾਮ ਨਾਲ ਜੋੜਿਆਂ।

ਏਸੇ ਤਰਾਂ ਜਦੋਂ ਮਸਾਣਾਂ ਦੀ ਪੂਜਾ ਕਰਨ ਵਾਲਿਆਂ ਗੁਰੂ ਸਾਹਿਬ ਨੂੰ ਘੇਰਿਆ ਤਾਂ ਉਨਾਂ (ਸਾਹਿਬ ਨੇ) ਕਿਹਾ ਕਿ ਮੈਂ ਕਿਸੇ ਕਬਰ ਮੜੀ ਜਾਂ ਸ਼ਮਸ਼ਾਨ ਘਾਟ ਨੂੰ ਨਹੀ ਮੰਨਦਾ ਮੇਰਾ ਈਸ਼ਵਰ ਤਾਂ ਸਦਾ ਮੇਰੇ ਅੰਗ ਸੰਗ ਹੈ। ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥ ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥ ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥ ਕਿਹਾ ਜਾਂਦਾ ਕਿ ਹੇਠ ਦਿੱਤਾ ਸੋਰਠ ਰਾਗ ਵਾਲਾ ਸ਼ਬਦ ਗੁਰੂ ਸਾਹਿਬ ਨੇ ਇਥੇ ਕਾਂਸ਼ੀ ਵਿਖੇ ਹੀ ਉਚਾਰਿਆ ਸੀ:-

ਸੋਰਠਿ ਮਹਲਾ ੧ ਘਰੁ ੧ ਅਸਟਪਦੀਆ ਚਉਤੁਕੀ ੧ੴ ਸਤਿਗੁਰ ਪ੍ਰਸਾਦਿ ॥
ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ ॥ ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ ਤ੍ਰਿਸਨਾ ਨਾਮਿ ਬੁਝਾਈ ॥ ਘਰ ਭੀਤਰਿ ਘਰੁ ਗੁਰੂ ਦਿਖਾਇਆ ਸਹਜਿ ਰਤੇ ਮਨ ਭਾਈ ॥ ਤੂ ਆਪੇ ਦਾਨਾ ਆਪੇ ਬੀਨਾ ਤੂ ਦੇਵਹਿ ਮਤਿ ਸਾਈ ॥੧॥ ਮਨੁ ਬੈਰਾਗਿ ਰਤਉ ਬੈਰਾਗੀ ਸਬਦਿ ਮਨੁ ਬੇਧਿਆ ਮੇਰੀ ਮਾਈ ॥ ਅੰਤਰਿ ਜੋਤਿ ਨਿਰੰਤਰਿ ਬਾਣੀ ਸਾਚੇ ਸਾਹਿਬ ਸਿਉ ਲਿਵ ਲਾਈ ॥ ਰਹਾਉ ॥ ਅਸੰਖ ਬੈਰਾਗੀ ਕਹਹਿ ਬੈਰਾਗ ਸੋ ਬੈਰਾਗੀ ਜਿ ਖਸਮੈ ਭਾਵੈ ॥ ਹਿਰਦੈ ਸਬਦਿ ਸਦਾ ਭੈ ਰਚਿਆ ਗੁਰ ਕੀ ਕਾਰ ਕਮਾਵੈ ॥ ਏਕੋ ਚੇਤੈ ਮਨੂਆ ਨ ਡੋਲੈ ਧਾਵਤੁ ਵਰਜਿ ਰਹਾਵੈ ॥ ਸਹਜੇ ਮਾਤਾ ਸਦਾ ਰੰਗਿ ਰਾਤਾ ਸਾਚੇ ਕੇ ਗੁਣ ਗਾਵੈ ॥੨॥ ਮਨੂਆ ਪਉਣੁ ਬਿੰਦੁ ਸੁਖਵਾਸੀ ਨਾਮਿ ਵਸੈ ਸੁਖ ਭਾਈ ॥ ਜਿਹਬਾ ਨੇਤ੍ਰ ਸੋਤ੍ਰ ਸਚਿ ਰਾਤੇ ਜਲਿ ਬੂਝੀ ਤ੍ਰਿਝਹਿ ਬੁਝਾਈ ॥ ਆਸ ਨਿਰਾਸ ਰਹੈ ਬੈਰਾਗੀ ਨਿਜ ਘਰਿ ਤਾੜੀ ਲਾਈ ॥ ਭਿਖਿਆ ਨਾਮਿ ਰਜੇ ਸੰਤੋਖੀ ਅੰਮ੍ਰਿਤੁ ਸਹਜਿ ਪੀਆਈ ॥੩॥ ਦੁਬਿਧਾ ਵਿਚਿ ਬੈਰਾਗੁ ਨ ਹੋਵੀ ਜਬ ਲਗੁ ਦੂਜੀ ਰਾਈ ॥ ਸਭੁ ਜਗੁ ਤੇਰਾ ਤੂ ਏਕੋ ਦਾਤਾ ਅਵਰੁ ਨ ਦੂਜਾ ਭਾਈ ॥ ਮਨਮੁਖਿ ਜੰਤ ਦੁਖਿ ਸਦਾ ਨਿਵਾਸੀ ਗੁਰਮੁਖਿ ਦੇ ਵਡਿਆਈ ॥ ਅਪਰ ਅਪਾਰ ਅਗੰਮ ਅਗੋਚਰ ਕਹਣੈ ਕੀਮ ਨ ਪਾਈ ॥੪॥ ਸੁੰਨ ਸਮਾਧਿ ਮਹਾ ਪਰਮਾਰਥੁ ਤੀਨਿ ਭਵਣ ਪਤਿ ਨਾਮੰ ॥ ਮਸਤਕਿ ਲੇਖੁ ਜੀਆ ਜਗਿ ਜੋਨੀ ਸਿਰਿ ਸਿਰਿ ਲੇਖੁ ਸਹਾਮੰ ॥ ਕਰਮ ਸੁਕਰਮ ਕਰਾਏ ਆਪੇ ਆਪੇ ਭਗਤਿ ਦ੍ਰਿੜਮੰ ॥ ਮਨਿ ਮੁਖਿ ਜੂਠਿ ਲਹੈ ਭੈ ਮਾਨੰ ਆਪੇ ਗਿਆਨੁ ਅਗਮੰ ॥੫॥ ਜਿਨ ਚਾਖਿਆ ਸੇਈ ਸਾਦੁ ਜਾਣਨਿ ਜਿਉ ਗੁੰਗੇ ਮਿਠਿਆਈ ॥ ਅਕਥੈ ਕਾ ਕਿਆ ਕਥੀਐ ਭਾਈ ਚਾਲਉ ਸਦਾ ਰਜਾਈ ॥ ਗੁਰੁ ਦਾਤਾ ਮੇਲੇ ਤਾ ਮਤਿ ਹੋਵੈ ਨਿਗੁਰੇ ਮਤਿ ਨ ਕਾਈ ॥ ਜਿਉ ਚਲਾਏ ਤਿਉ ਚਾਲਹ ਭਾਈ ਹੋਰ ਕਿਆ ਕੋ ਕਰੇ ਚਤੁਰਾਈ ॥੬॥ ਇਕਿ ਭਰਮਿ ਭੁਲਾਏ ਇਕਿ ਭਗਤੀ ਰਾਤੇ ਤੇਰਾ ਖੇਲੁ ਅਪਾਰਾ ॥ ਜਿਤੁ ਤੁਧੁ ਲਾਏ ਤੇਹਾ ਫਲੁ ਪਾਇਆ ਤੂ ਹੁਕਮਿ ਚਲਾਵਣਹਾਰਾ ॥ ਸੇਵਾ ਕਰੀ ਜੇ ਕਿਛੁ ਹੋਵੈ ਅਪਣਾ ਜੀਉ ਪਿੰਡੁ ਤੁਮਾਰਾ ॥ ਸਤਿਗੁਰਿ ਮਿਲਿਐ ਕਿਰਪਾ ਕੀਨੀ ਅੰਮ੍ਰਿਤ ਨਾਮੁ ਅਧਾਰਾ ॥੭॥ ਗਗਨੰਤਰਿ ਵਾਸਿਆ ਗੁਣ ਪਰਗਾਸਿਆ ਗੁਣ ਮਹਿ ਗਿਆਨ ਧਿਆਨੰ ॥ ਨਾਮੁ ਮਨਿ ਭਾਵੈ ਕਹੈ ਕਹਾਵੈ ਤਤੋ ਤਤੁ ਵਖਾਨੰ ॥ ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥ ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ ॥੮॥੧॥

—◈—

ਬਨਾਰਸ ਵਿੱਚ ਬਾਬਾ

ਫਿਰ ਪੰਡਤਾਂ ਆ ਘੇਰਿਆ। ਬਾਬਾ ਗੱਲ ਤੇਰੀ ਮੰਨੀਏ ਕਿ ਵੇਦਾਂ ਦੀ?

ਗੁਰੂ ਸਾਹਿਬ ਅਜੇ ਬਨਾਰਸ ਵਿੱਚ ਹੀ ਸਨ ਕਿ ਇੱਕ ਦਿਨ ਕੁਝ ਬ੍ਰਾਹਮਣ ਤੇ ਨਾਲ ਕੁਝ ਸਾਧੂ ਵੀ ਗੁਰੂ ਸਾਹਿਬ ਦੇ ਆ ਹਾਜਰ ਹੋਏ। ਓਨਾਂ ਕਿਹਾ ਕਿ :-

ਸੈਂਕੜੇ ਸਾਲਾਂ ਤੋਂ ਵੇਦ ਮਾਨਵਤਾ ਦਾ ਮਾਰਗ-ਦਰਸ਼ਨ ਕਰ ਰਹੇ ਨੇ। ਤੁਸੀ ਜੋ ਗੱਲਾਂ ਕਹਿ ਰਹੇ ਹੋ ਉਹ ਬਿਲਕੁਲ ਉਲਟ ਹੈ। ਤੁਸੀ ਸਾਨੂੰ ਦੁਬਿਧਾ ਵਿੱਚ ਪਾ ਦਿੱਤਾ ਹੈ। ਸਾਡੀ ਪੰਡਤ ਚਤੁਰ ਦਾਸ ਨਾਲ ਗਲ ਹੋਈ ਹੈ ਉਹ ਵੀ ਤੁਹਾਡੇ ਵਾਲੀ ਗਲ ਹੀ ਕਹਿ ਰਹੇ ਨੇ। ਅਸੀ ਸਾਰੀ ਉਮਰ ਵੇਦਾਂ ਤੋਂ ਉਦਾਹਰਣਾਂ ਦੇ ਕੇ ਲੋਕਾਂ ਦਾ ਕਲਿਆਣ ਕੀਤਾ ਹੈ। ਤੁਸੀ ਸਾਨੂੰ ਦੋ ਅਖਰਾਂ ਵਿੱਚ ਜਵਾਬ ਦਿਓ ਕਿ ਵੇਦ ਅਨੁਸਾਰ ਦੱਸਿਆ ਕਰਮ ਕਾਂਡ ਸਹੀ ਹੈ ਕਿ ਗਿਆਨ ਵਾਲੀ ਗਲ ਜਿਹੜੀ ਤੁਸੀ ਕਹਿ ਰਹੇ ਹੋ?

ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ ਉਨਾਂ ਦਾ ਗੁੱਸਾ ਠੰਡਾ ਕੀਤਾ। ਉਨਾਂ ਨੇ ਮੰਨਿਆ ਕਿ ਵੇਦ ਕਰਮ ਕਾਂਡ (ਵਿਖਾਵਾ ਅੰਗਰੇਜੀ ritual or ceremony) ਤੇ ਜੋਰ ਦਿੰਦਾ ਹੈ। ਗੁਰੂ ਸਾਹਿਬ ਨੇ ਏਥੇ ਜਿਹੜੀ ਗਲ ਕਹੀ ਉਹ ਅਜੁਧਿਆਂ ਵਿਖੇ ਵਖਿਆਨ ਦੌਰਾਨ ਵੀ ਦੁਹਰਾਈ ਕਿ ਕਿਵੇ ਸਿਫਤ ਸਲਾਹ ਜਾਂ ਜੱਸ ਗਾ ਕੇ ਹੀ ਅਗਲੇ ਦੀ ਖੁੱਸ਼ੀ ਹਾਸਲ ਕਰ ਸਕਦੇ ਹਾਂ। (ਦੇਖੋ ਪੰਨਾ 125)

ਗੁਰੂ ਸਾਹਿਬ ਨੇ ਸਮਝਾਇਆ ਕਿ ਵੇਦ ਤਾਂ ਸਿਰਫ ਰਸਮਾਂ ਹੀ ਨਿਰਧਾਰਤ ਕਰਦੇ ਹਨ ਤੇ ਗਿਆਨ ਨੂੰ ਉਨਾਂ ਰਸਮਾਂ ਨੂੰ ਯੋਗ ਠਹਿਰਾਉਣ ਲਈ ਵਰਤਦੇ ਹਨ। ਵੇਦ ਹਰਗਿਜ਼ ਨਿਰੰਕਾਰ ਪ੍ਰਾਪਤੀ ਦਾ ਸਾਧਨ ਨਹੀ ਹਨ। ਵੇਦਾਂ ਨੇ ਆਪਣੇ ਹੀ ਹਿਸਾਬ ਪਾਪ ਤੇ ਪੁੰਨ ਦੀਆਂ ਪ੍ਰੀਭਾਸ਼ਾਵਾਂ ਘੜੀਆਂ ਹੋਈਆਂ ਹਨ ਤੇ ਫਿਰ ਉਨਾਂ ਦੇ ਅਨੁਸਾਰ ਨਰਕ ਤੇ ਸਵੱਰਗ ਦਾ ਝਾਂਸਾ ਦਿੱਤਾ ਜਾਂਦਾ ਹੈ ਲੋਕਾਂ ਨੂੰ। ਇੱਕ ਸਹਿਮ ਪਾਇਆ ਜਾਂਦਾ ਹੈ ਲੋਕਾਂ ਦੇ ਮਨਾਂ ਵਿੱਚ। ਸੱਚ ਤੇ ਜੋਰ ਨਹੀ ਦਿੱਤਾ ਗਿਆ। ਗਿਆਨ ਰਾਹੀ ਹੀ ਨਿਰੰਕਾਰ ਹਰੀ ਨੂੰ ਸਮਝਣਾ ਪਵੇਗਾ ਤੇ ਫਿਰ ਏਕੇ ਦੇ ਸੱਚ ਨੂੰ ਜੀਵਨ ਵਿੱਚ ਅਪਣਾਉਣਾ ਪਵੇਗਾ। ਨਿਰੰਕਾਰ ਦੀਆਂ ਕਿਰਤਾਂ ਨੂੰ ਹੀ ਵੇਦ ਪੂਜਾ ਦਾ ਸਾਧਨ ਬਣਾਈ ਜਾ ਰਹੇ ਹਨ। "ਪੰਡਿਤ ਪੜਹਿ ਵਖਾਣਹਿ ਵੇਦੁ ॥ ਅੰਤਰਿ ਵਸਤੁ ਨ ਜਾਣਹਿ ਭੇਦੁ ॥ ਗੁਰ ਬਿਨੁ ਸੋਝੀ ਬੂਝ ਨ ਹੋਇ ॥ ਸਾਚਾ ਰਵਿ ਰਹਿਆ ਪ੍ਰਭੁ ਸੋਇ ॥" ਇਹ ਅੱਗ, ਬੱਦਲ, ਸੂਰਜ, ਪਿੱਪਲ ਆਦਿ ਸਭ ਨਿਰੰਕਾਰ ਦੀਆਂ ਰਚਨਾਵਾਂ ਹਨ। ਉਹ ਨਿਰੰਕਾਰ ਰੱਬ ਨਹੀ ਹਨ। ਅਕਸਰ ਵੇਦ ਬਲੀ ਦਾ ਉਪਦੇਸ਼ ਦਿੰਦੇ ਹਨ । ਇਹ ਨਿਰੰਕਾਰ ਦੀਆਂ ਕਿਰਤਾਂ ਦਾ ਨਿਰਾਦਰ ਹੈ, ਜੁਲਮ ਹੈ। ਰੱਬ ਦੇ ਜੀਆਂ ਨੂੰ ਜਾਤਾਂ ਦੇ ਅਧਾਰ ਤੇ ਵੰਡਦੇ ਹਨ। ਪਰ ਰੱਬ ਦੇ ਰਾਹ ਦਾ ਪਾਂਧੀ ਭਾਉ ਤੇ ਭਉ ਕਰਕੇ ਹੀ ਉਸ ਦੀ ਖੁਸ਼ੀ ਹਾਸਲ ਕਰ ਸਕਦਾ ਹੈ।

ਹਾਜਰ ਪੰਡਤ ਨੇ ਸਵਾਲ ਕਰ ਦਿੱਤਾ ਕਿ ਤੁਸੀ ਕਿਵੇ ਕਹਿ ਸਕਦੇ ਹੋ ਕਿ ਵੇਦ ਗਿਆਨ ਰੱਬ ਦੀ ਪ੍ਰਾਪਤੀ ਦਾ ਰਾਹ ਨਹੀ। ਇਹ ਤਾਂ ਖੁੱਦ ਭਗਵਾਨ ਬ੍ਰਹਮਾ ਦੇ ਰਚੇ ਹੋਏ ਹਨ। ਸਾਹਿਬ ਨੇ ਫਰਮਾਇਆ " ਸਾਮ ਵੇਦੁ ਰਿਗੁ ਜੁਜਰੁ ਅਥਰਬਣੁ ॥ ਬ੍ਰਹਮੇ ਮੁਖਿ ਮਾਇਆ ਹੈ ਤ੍ਰੈ ਗੁਣ ॥ ਤਾ ਕੀ ਕੀਮਤਿ ਕਹਿ ਨ ਸਕੈ ਕੋ ਤਿਉ ਬੋਲੇ ਜਿਉ ਬੋਲਾਇਦਾ ॥" ਸਾਹਿਬ ਨੇ ਸਮਝਾਇਆ ਕਿ ਇਹ ਵੇਦ ਬਾਣੀ ਪਦਾਰਥਵਾਦ ਵਿੱਚ ਹੀ ਉਲਝੀ ਪਈ ਹੈ। ਇਨਾਂ ਨੂੰ ਨਹੀ ਅਹਿਸਾਸ ਕਿ ਨਿਰੰਕਾਰ ਪ੍ਰਭੂ ਤਾਂ ਤੁਹਾਡੇ ਅੰਗ ਸੰਗ ਹੈ। ਪੰਡਤ ਨੇ ਜਿਆਦਾ ਜਿੱਦ ਕੀਤੀ ਤਾਂ ਗੁਰੂ ਸਾਹਿਬ ਨੇ ਉਨ੍ਹੰ ਯਾਦ ਦਿਵਾਇਆ ਕਿ ਬਨਾਰਸ ਸ਼ਹਿਰ ਦੀ ਤਾਂ ਉਤਪਤੀ ਹੀ ਬ੍ਰਹਮਾ ਦੀ ਮ੍ਰਿਤੂ ਤੋ ਹੈ। ਸ਼ਿਵ ਜੀ ਨੇ ਬ੍ਰਹਮਾ ਦਾ ਸੀਸ ਕੱਟ ਲਿਆਦਾ ਸੀ। ਪੰਡਤ ਨੂੰ ਸਵਾਲ ਕੀਤਾ ਕਿ ਇਥੇ ਕੌਣ ਜਾਇਜ ਹੈ ਸ਼ਿਵ ਭਗਵਾਨ ਜਾਂ ਭਗਵਾਨ ਬ੍ਰਹਮਾ?

ਗੁਰੂ ਸਾਹਿਬ ਨੇ ਕਿਹਾ ਕਿ ਵੇਦਾਂ ਵਿੱਚ ਸੋਹਣਾ ਗਿਆਨ ਹੈ ਪਰ ਇਹ ਪ੍ਰਭੂ ਪ੍ਰਾਪਤੀ ਦੀ ਗਲ ਹਰਗਿਜ਼ ਨਹੀ।

ਓਥੇ ਹੀ ਗੁਰੂ ਸਾਹਿਬ ਨੇ ਫਿਰ ਸ਼ਬਦ ਉਚਾਰੇ ਤੇ ਮਰਦਾਨੇ ਦੀ ਹੇਕ ਨੇ ਰੰਗ ਬੰਨ ਦਿੱਤਾ:-

ਮਃ ੧ ॥ ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ ॥ ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ ॥ ਗਿਆਨੁ ਸਲਾਹੇ ਵਡਾ ਕਰਿ ਸਚੋ ਸਚਾ ਨਾਉ ॥ ਸਚੁ ਬੀਜੈ ਸਚੁ ਉਗਵੈ ਦਰਗਹ ਪਾਈਐ ਥਾਉ ॥ ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ ॥ ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ ॥

ਪੰਡਤ ਤੇ ਸਾਧੂ ਜਨ ਜਿਹੜੇ ਹਾਜਰ ਸਨ, ਸਭ ਗੁਰੂ ਸਾਹਿਬ ਦੀ ਚਰਨੀ ਲੱਗੇ ਕਿ ਸਾਡੇ ਧੰਨਭਾਗ ਹਨ ਜੋ ਤੁਸੀ ਵਾਰਾਨਸੀ ਆਏ ਹੋ। ਸਾਡੇ ਜਿਹੇ ਜੀਆਂ ਤੇ ਦਿਆ ਕੀਤੀ ਹੈ।

ਨੋਟ - ਇਸ ਸ਼ਬਦ ਦੇ ਨਾਲ ਹੀ ਫਿਰ ਗੁਰੂ ਅੰਗਦ ਪਾਤਸ਼ਾਹ ਨੇ ਹੋਰ ਦੋ ਸਤਰਾਂ ਲਾ ਕੇ ਗਲ ਸਾਫ ਜ਼ਾਹਿਰ ਕਰ ਦਿੱਤੀ ਹੈ:- ਸਲੋਕ ਮਃ ੨ ॥ ਕਥਾ ਕਹਾਣੀ ਬੇਦੀਂ ਆਣੀ ਪਾਪੁ ਪੁੰਨੁ ਬੀਚਾਰੁ ॥ ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ ॥ ਉਤਮ ਮਧਿਮ ਜਾਤੀਂ ਜਿਨਸੀ ਭਰਮਿ ਭਵੈ ਸੰਸਾਰੁ ॥ ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥ ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ ॥ ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥ ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥

ਬਨਾਰਸ ਵਿੱਚ ਬਾਬੇ ਦੀ ਧੰਨ ਧੰਨ ਹੋ ਗਈ ਸੀ। ਹਰ ਕੋਈ ਪੁੱਛ ਰਿਹਾ ਸੀ ਕਿ ਲਹੌਰ ਤੋਂ ਜੋ ਬਾਬਾ ਆਇਆ ਹੈ ਉਹਦੀ ਜਾਤ ਕੀ ਹੈ? ਉਹ ਤਾਂ ਬਹੁਤ ਹੀ ਘੱਟ ਖਾਣਾ ਖਾਂਦਾ ਹੈ। ਉਹ ਜਾਤ ਪਾਤ ਦੀ ਵੀ ਪ੍ਰਵਾਹ ਨਹੀ ਕਰਦਾ।

—◈—

ਬਨਾਰਸ ਵਿੱਚ ਬਾਬਾ

"ਨਿਰੰਕਾਰ ! ਨਿਰੰਕਾਰ ! ! ਬਾਬਾ ਤੇਰਾ ਭਗਵਾਨ ਤਾਂ ਫਿਰ ਕੁਝ ਵੀ ਨਾਂ ਹੋਇਆ ?"

ਇਕ ਵੇਲੇ ਫਿਰ ਕੁਝ ਬ੍ਰਾਹਮਣ ਬੜੇ ਸਤਿਕਾਰ ਪੂਰਬਕ ਗੁਰੂ ਸਾਹਿਬ ਨੂੰ ਕਹਿਣ ਲੱਗੇ ਕਿ ਬਾਬਾ ਜੀ ਤੁਸੀ ਮੂਰਤੀ ਪੂਜਾ ਤੋਂ ਮਨਾ ਕਰਦੇ ਹੋ, ਵੇਦ ਮੰਤਰ ਦਾ ਖੰਡਨ ਕਰਦੇ ਹੋ, ਹਰ ਪ੍ਰਚਲਤ ਸਿਧਾਂਤ ਨੂੰ ਤੁਸੀ ਨਕਾਰ ਰਹੇ ਹੋ। ਤੁਸੀ ਤਾਂ ਇਨਸਾਨ ਨੂੰ ਇੱਕ ਤਰਾਂ ਹਨੇਰੇ ਵਿੱਚ ਸੁੱਟ ਰਹੇ ਹੋ। ਅਖੇ ਉਹ ਰੱਬ ਜੋ ਹਰ ਥਾਂ ਹੈ, ਜਿਸਦਾ ਜਨਮ ਨਹੀ ਹੁੰਦਾ, ਜੋ ਮਰਦਾ ਨਹੀ, ਜੋ ਸੈਭੰ ਹੈ, ਜੋ ਨਿਰੰਕਾਰ ਹੈ। ਅਖੇ ਬਾਬਾ ਜੀ ਫਿਰ ਤਾਂ ਭਗਵਾਨ ਕੁਝ ਵੀ ਨਾਂ ਹੋਇਆ। ਤੁਸੀ ਸਿਰਫ ਨਿਰਾਕਾਰ ਦੀ ਪੂਜਾ ਕਰਵਾ ਰਹੇ ਹੋ ਇਸ ਤਰਾਂ ਬੰਦੇ ਨੂੰ ਕੀ ਸਹਾਰਾ ਮਿਲੇਗਾ?

ਓਥੇ ਫਿਰ ਗੁਰੂ ਸਾਹਿਬ ਨੇ ਬੜੇ ਪ੍ਰੇਮ ਪੂਰਬਕ ਤਰੀਕੇ ਨਾਲ ਸੰਗਤ ਨੂੰ ਸਮਝਾਇਆ ਕਿ ਮੇਰਾ ਨਿਰੰਕਾਰ ਨਿਰਾ ਨਿਰਗੁਣ ਨਹੀ ਉਹ ਸਰਗੁਣ ਹੈ। (ਹੋਰ ਵਿਆਖਿਆ ਲਈ ਵੇਖੋ ਸ਼ਿੰਗੇਰੀ ਸਾਖੀ ਸਫਾ 215)

ਸਾਹਿਬ ਨੇ ਫਿਰ ਸਮਝਾਇਆ ਕਿ ਸਾਡਾ ਮਾਲਕ ਹਰ ਜੀਅ ਦੇ ਨਾਲ ਹੈ। ਸਵਾਲ ਕਰਨ ਵਾਲੇ ਪੰਡਤ ਨੂੰ ਕਿਹਾ ਕਿ ਤੂੰ ਵੀ ਸ਼ਾਖਸਾਤ ਓਸੇ ਦਾ ਰੂਪ ਹੈਂ ਜੇ ਤੇਰੀ ਹਉਮੈ ਮਿੱਟ ਜਾਏ ਤਾਂ। ਇਹ ਸਾਰਾ ਖੇਲ ਉਸ ਏਕੇ ਦਾ ਹੀ ਹੈ। ਇਹ ਜਗਤ ਇੱਕ ਖੇਡ ਤਮਾਸ਼ਾ ਹੈ ਜਿਸ ਵਿੱਚ ਨਿਰੰਕਾਰ ਹਰਿ ਨੇ ਵੱਖ ਰੂਪ ਧਾਰੇ ਹੋਏ ਹਨ। ਬਸ ਆਪਣੀ ਹਉਮੈ ਹਟਾ ਕੇ ਵੇਖੋ ਤੁਸੀ ਉਹਦਾ ਹੀ ਰੂਪ ਹੋ।

ਓਥੇ ਫਿਰ ਗੁਰੂ ਸਾਹਿਬ ਨੇ ਵੈਰਾਗ ਵਿੱਚ ਆ ਕੇ ਸਬਦ ਉਚਾਰਿਆ ਆਪੇ ਬਹੁ ਬਿਧਿ ਰੰਗਲਾ ਸਖੀਏ ਮੇਰਾ ਲਾਲ।

ਸਿਰੀਰਾਗੁ ਮਹਲਾ ੧ ਘਰੁ ਦੂਜਾ ੨ ॥ ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥ ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥੧॥ ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥੧॥ ਰਹਾਉ ॥ ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ ॥ ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ ॥੨॥ ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ ॥ ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ ॥੩॥ ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ ॥ ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ ॥੪॥੨੫॥

ਮਰਦਾਨੇ ਦੀ ਰਬਾਬ ਨੇ ਨਾਲ ਅਜਿਹਾ ਰੰਗ ਬੰਨ ਦਿੱਤਾ ਕਿ ਹਰ ਕੋਈ ਸੁੱਧ ਬੁੱਧ ਭੁਲਾ ਬੈਠਾ। ਹਰ ਕੋਈ ਬੋਲੇ ਧੰਨ ਬਾਬਾ ਨਾਨਕ ਤੂੰ ਆਪ ਹੀ ਨਿਰੰਕਾਰ ਏ।

ਹੋਰ ਵੀ ਕਈ ਥਾਂਈ ਇਹੋ ਸਵਾਲ ਉਠਿਆ ਸੀ।

ਇਹ ਸਭ ਪਾਸੇ ਹਰੀ ਆਪ ਹੀ ਖੇਡ ਖੇਡ ਰਿਹਾ ਹੈ। ਇਸ ਫਲਸਫੇ ਤੇ ਫਿਰ ਥਾਂਈ ਥਾਂਈ ਸਵਾਲ ਉਠੇ ਸਨ। ਅਨੇਕਾਂ ਹੀ ਸਬਦ ਫਿਰ ਗੁਰੂ ਸਾਹਿਬ ਨੇ ਵੱਖ ਵੱਖ ਮੌਕਿਆਂ ਤੇ ਉਚਾਰੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਬਰਾਜਮਾਨ ਵੇਖੋ ਕੁਝ ਇਕ ਸ਼ਬਦਾਂ ਦੀਆਂ ਸਬੰਧਤ ਤੁਕਾਂ:

ਢਢੈ ਢਾਹਿ ਉਸਾਰੈ ਆਪੇ ਜਿਉ ਤਿਸੁ ਭਾਵੈ ਤਿਵੈ ਕਰੇ ॥ ਕਰਿ ਕਰਿ ਵੇਖੈ ਹੁਕਮੁ ਚਲਾਏ ਤਿਸੁ ਨਿਸਤਾਰੇ ਜਾ ਕਉ ਨਦਰਿ ਕਰੇ ॥ (ਸਗਗਸ-੪੩੩)

ਆਪੇ ਸਾਜੇ ਕਰੇ ਆਪਿ ਜਾਈ ਭਿ ਰਖੈ ਆਪਿ ॥ ਤਿਸੁ ਵਿਚਿ ਜੰਤ ਉਪਾਇ ਕੈ ਦੇਖੈ ਥਾਪਿ ਉਥਾਪਿ ॥ ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ ॥(ਸਗਗਸ-੪੭੫)

ਜੋ ਦੀਸੈ ਸੋ ਆਪੇ ਆਪਿ ॥ ਆਪਿ ਉਪਾਇ ਆਪੇ ਘਟ ਥਾਪਿ ॥(ਸਗਗਸ-੯੩੧)

ਆਪੇ ਆਪਿ ਵਰਤਦਾ ਆਪਿ ਤਾੜੀ ਲਾਈਅਨੁ ॥ ਆਪੇ ਹੀ ਉਪਦੇਸਦਾ ਗੁਰਮੁਖਿ ਪਤੀਆਈਅਨੁ ॥ ਇਕਿ ਆਪੇ ਉਝੜਿ ਪਾਇਅਨੁ ਇਕਿ ਭਗਤੀ ਲਾਇਅਨੁ ॥ ਜਿਸੁ ਆਪਿ ਬੁਝਾਏ ਸੋ ਬੁਝਸੀ ਆਪੇ ਨਾਇ ਲਾਈਅਨੁ ॥ ਨਾਨਕ ਨਾਮੁ ਧਿਆਈਐ ਸਚੀ ਵਡਿਆਈ ॥(ਸਗਗਸ-੯੫੬)

ਸਿਰੀਰਾਗੁ ਮਹਲਾ ੧ ॥ ਆਪੇ ਗੁਣ ਆਪੇ ਕਥੈ ਆਪੇ ਸੁਣਿ ਵੀਚਾਰੁ ॥ ਆਪੇ ਰਤਨੁ ਪਰਖਿ ਤੂੰ ਆਪੇ ਮੋਲੁ ਅਪਾਰੁ ॥ ਸਾਚਉ ਮਾਨੁ ਮਹਤੁ ਤੂੰ ਆਪੇ ਦੇਵਣਹਾਰੁ

॥੧॥ ਹਰਿ ਜੀਉ ਤੂੰ ਕਰਤਾ ਕਰਤਾਰੁ ॥ ਜਿਉ ਭਾਵੈ ਤਿਉ ਰਾਖੁ ਤੂੰ ਹਰਿ ਨਾਮੁ ਮਿਲੈ ਆਚਾਰੁ ॥੧॥ ਰਹਾਉ ॥ ਆਪੇ ਹੀਰਾ ਨਿਰਮਲਾ ਆਪੇ ਰੰਗੁ ਮਜੀਠ ॥ ਆਪੇ ਮੋਤੀ ਊਜਲੋ ਆਪੇ ਭਗਤ ਬਸੀਠੁ ॥ ਗੁਰ ਕੈ ਸਬਦਿ ਸਲਾਹਣਾ ਘਟਿ ਘਟਿ ਡੀਠੁ ਅਡੀਠੁ ॥੨॥ ਆਪੇ ਸਾਗਰੁ ਬੋਹਿਥਾ ਆਪੇ ਪਾਰੁ ਅਪਾਰੁ ॥ ਸਾਚੀ ਵਾਟ ਸੁਜਾਣੁ ਤੂੰ ਸਬਦਿ ਲਘਾਵਣਹਾਰੁ ॥ ਨਿਡਰਿਆ ਡਰੁ ਜਾਣੀਐ ਬਾਝੁ ਗੁਰੂ ਗੁਬਾਰੁ ॥੩॥ ਅਸਥਿਰੁ ਕਰਤਾ ਦੇਖੀਐ ਹੋਰੁ ਕੇਤੀ ਆਵੈ ਜਾਇ ॥ ਆਪੇ ਨਿਰਮਲੁ ਏਕੁ ਤੂੰ ਹੋਰ ਬੰਧੀ ਧੰਧੈ ਪਾਇ ॥ ਗੁਰਿ ਰਾਖੇ ਸੇ ਉਬਰੇ ਸਾਚੇ ਸਿਉ ਲਿਵ ਲਾਇ ॥੪॥ ਹਰਿ ਜੀਉ ਸਬਦਿ ਪਛਾਣੀਐ ਸਾਚਿ ਰਤੇ ਗੁਰ ਵਾਕਿ ॥ ਤਿਤੁ ਤਨਿ ਮੈਲੁ ਨ ਲਗਈ ਸਚ ਘਰਿ ਜਿਸੁ ਓਤਾਕੁ ॥ ਨਦਰਿ ਕਰੇ ਸਚੁ ਪਾਈਐ ਬਿਨੁ ਨਾਵੈ ਕਿਆ ਸਾਕੁ ॥੫॥ ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ ॥ ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰ ਧਾਰਿ ॥ ਜਗ ਮਹਿ ਲਾਹਾ ਏਕੁ ਨਾਮੁ ਪਾਈਐ ਗੁਰ ਵੀਚਾਰਿ ॥੬॥ ਸਾਚਉ ਵਖਰੁ ਲਾਦੀਐ ਲਾਭੁ ਸਦਾ ਸਚੁ ਰਾਸਿ ॥ ਸਾਚੀ ਦਰਗਹ ਬੈਸਣੀ ਭਗਤਿ ਸਚੀ ਅਰਦਾਸਿ ॥ ਪਤਿ ਸਿਉ ਲੇਖਾ ਨਿਬੜੈ ਰਾਮ ਨਾਮੁ ਪਰਗਾਸਿ ॥੭॥ ਊਚਾ ਊਚਉ ਆਖੀਐ ਕਹਉ ਨ ਦੇਖਿਆ ਜਾਇ ॥ ਜਹ ਦੇਖਾ ਤਹ ਏਕੁ ਤੂੰ ਸਤਿਗੁਰਿ ਦੀਆ ਦਿਖਾਇ ॥ ਜੋਤਿ ਨਿਰੰਤਰਿ ਜਾਣੀਐ ਨਾਨਕ ਸਹਜਿ ਸੁਭਾਇ ॥੮॥੩॥(ਸਗਗਸ-੫੫)

ਮਾਰੂ ਸੋਲਹੇ ਮਹਲਾ ੧ ੴਸਤਿਗੁਰ ਪ੍ਰਸਾਦਿ ॥

ਸਾਚਾ ਸਚੁ ਸੋਈ ਅਵਰੁ ਨ ਕੋਈ ॥ ਜਿਨਿ ਸਿਰਜੀ ਤਿਨ ਹੀ ਫੁਨਿ ਗੋਈ ॥ ਜਿਉ ਭਾਵੈ ਤਿਉ ਰਾਖਹੁ ਰਹਣਾ ਤੁਮ ਸਿਉ ਕਿਆ ਮੁਕਰਾਈ ਹੇ ॥੧॥ ਆਪਿ ਉਪਾਏ ਆਪਿ ਖਪਾਏ ॥ ਆਪੇ ਸਿਰਿ ਸਿਰਿ ਧੰਧੈ ਲਾਏ ॥ ਆਪੇ ਵੀਚਾਰੀ ਗੁਣਕਾਰੀ ਆਪੇ ਮਾਰਗਿ ਲਾਈ ਹੇ ॥੨॥ ਆਪੇ ਦਾਨਾ ਆਪੇ ਬੀਨਾ ॥ ਆਪੇ ਆਪੁ ਉਪਾਇ ਪਤੀਨਾ ॥ ਆਪੇ ਪਉਣੁ ਪਾਣੀ ਬੈਸੰਤਰੁ ਆਪੇ ਮੇਲਿ ਮਿਲਾਈ ਹੇ ॥੩॥ ਆਪੇ ਸਸਿ ਸੂਰਾ ਪੂਰੋ ਪੂਰਾ ॥ ਆਪੇ ਗਿਆਨਿ ਧਿਆਨਿ ਗੁਰੁ ਸੂਰਾ ॥ ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੇ ਸਿਉ ਲਿਵ ਲਾਈ ਹੇ ॥੪॥ ਆਪੇ ਪੁਰਖੁ ਆਪੇ ਹੀ ਨਾਰੀ ॥ ਆਪੇ ਪਾਸਾ ਆਪੇ ਸਾਰੀ ॥ ਆਪੇ ਪਿੜ ਬਾਧੀ ਜਗੁ ਖੇਲੈ ਆਪੇ ਕੀਮਤਿ ਪਾਈ ਹੇ ॥੫॥ ਆਪੇ ਭਵਰੁ ਫੁਲੁ ਫਲੁ ਤਰਵਰੁ ॥ ਆਪੇ ਜਲੁ ਥਲੁ ਸਾਗਰੁ ਸਰਵਰੁ ॥ ਆਪੇ ਮਛੁ ਕਛੁ ਕਰਣੀਕਰੁ ਤੇਰਾ ਰੂਪੁ ਨ ਲਖਣਾ ਜਾਈ ਹੇ ॥੬॥ ਆਪੇ ਦਿਨਸੁ ਆਪੇ ਹੀ ਰੈਣੀ ॥ ਆਪਿ ਪਤੀਜੈ ਗੁਰ ਕੀ ਬੈਣੀ ॥ ਆਦਿ ਜੁਗਾਦਿ ਅਨਾਹਦਿ ਅਨਦਿਨੁ ਘਟਿ ਘਟਿ ਸਬਦੁ ਰਜਾਈ ਹੇ ॥੭॥ ਆਪੇ ਰਤਨੁ ਅਮੋਲੋ ॥ ਆਪੇ ਪਰਖੇ ਪੂਰਾ ਤੋਲੋ ॥ ਆਪੇ ਕਿਸ ਹੀ ਕਸਿ ਬਖਸੇ ਆਪੇ ਦੇ ਲੈ ਭਾਈ ਹੇ ॥੮॥ ਆਪੇ ਧਨਖੁ ਆਪੇ ਸਰਬਾਣਾ ॥ ਆਪੇ ਸੁਘੜੁ ਸਰੂਪੁ ਸਿਆਣਾ ॥ ਕਹਤਾ ਬਕਤਾ ਸੁਣਤਾ ਸੋਈ ਆਪੇ ਬਣਤ ਬਣਾਈ ਹੇ ॥੯॥ ਪਉਣੁ ਗੁਰੂ ਪਾਣੀ ਪਿਤ ਜਾਤਾ ॥ ਉਦਰ ਸੰਜੋਗੀ ਧਰਤੀ ਮਾਤਾ ॥ ਰੈਣਿ ਦਿਨਸੁ ਦੁਇ ਦਾਈ ਦਾਇਆ ਜਗੁ ਖੇਲੈ ਖੇਲਾਈ ਹੇ ॥੧੦॥ ਆਪੇ ਮਛੁਲੀ ਆਪੇ ਜਾਲਾ ॥ ਆਪੇ ਗਊ ਆਪੇ ਰਖਵਾਲਾ ॥ ਸਰਬ ਜੀਆ ਜਗਿ ਜੋਤਿ ਤੁਮਾਰੀ ਜੈਸੀ ਪ੍ਰਭਿ ਫੁਰਮਾਈ ਹੇ ॥੧੧॥ ਆਪੇ ਜੋਗੀ ਆਪੇ ਭੋਗੀ ॥ ਆਪੇ ਰਸੀਆ ਪਰਮ ਸੰਜੋਗੀ ॥ ਆਪੇ ਵੇਬਾਣੀ ਨਿਰੰਕਾਰੀ ਨਿਰਭਉ ਤਾੜੀ ਲਾਈ ਹੇ ॥੧੨॥ ਖਾਣੀ ਬਾਣੀ ਤੁਝਹਿ ਸਮਾਣੀ ॥ ਜੋ ਦੀਸੈ ਸਭ ਆਵਣ ਜਾਣੀ ॥ ਸੋਈ ਸਾਹ ਸਚੇ ਵਾਪਾਰੀ ਸਤਿਗੁਰਿ ਬੂਝ ਬੁਝਾਈ ਹੇ ॥੧੩॥ ਸਬਦੁ ਬੁਝਾਏ ਸਤਿਗੁਰੁ ਪੂਰਾ ॥ ਸਰਬ ਕਲਾ ਸਾਚੇ ਭਰਪੂਰਾ ॥ ਅਫਰਿਓ ਵੇਪਰਵਾਹੁ ਸਦਾ ਤੂ ਨਾ ਤਿਸੁ ਤਿਲੁ ਨ ਤਮਾਈ ਹੇ ॥੧੪॥ ਕਾਲੁ ਬਿਕਾਲੁ ਭਏ ਦੇਵਾਨੇ ॥ ਸਬਦੁ ਸਹਜ ਰਸੁ ਅੰਤਰਿ ਮਾਨੇ ॥ ਆਪੇ ਮੁਕਤਿ ਤ੍ਰਿਪਤਿ ਵਰਦਾਤਾ ਭਗਤਿ ਭਾਇ ਮਨਿ ਭਾਈ ਹੇ ॥੧੫॥ ਆਪਿ ਨਿਰਾਲਮੁ ਗੁਰ ਗਮ ਗਿਆਨਾ ॥ ਜੋ ਦੀਸੈ ਤੁਝ ਮਾਹਿ ਸਮਾਨਾ ॥ ਨਾਨਕੁ ਨੀਚੁ ਭਿਖਿਆ ਦਰਿ ਜਾਚੈ ਮੈ ਦੀਜੈ ਨਾਮੁ ਵਡਾਈ ਹੇ ॥੧੬॥੧॥ (ਸਗਗਸ-੧੦੨੧)

—◈—

ਬਨਾਰਸ ਵਿੱਚ ਬਾਬਾ

ਭਗਤ ਕਬੀਰ ਤੇ ਭਗਤ ਰਵਿਦਾਸ ਦੀ ਬਾਣੀ ਇਕੱਤਰ ਕੀਤੀ

ਜਦੋਂ ਤੱਕ ਗੁਰੂ ਸਾਹਿਬ ਬਨਾਰਸ ਗਏ ਭਗਤ ਕਬੀਰ ਦੀ ਮਸ਼ਹੂਰੀ ਦੂਰ ਦੂਰ ਤੱਕ ਹੋ ਚੁੱਕੀ ਸੀ। ਗੁਰੂ ਸਾਹਿਬ ਤੇ ਭਗਤ ਕਬੀਰ ਦੀ ਵਿੱਚਾਰਧਾਰਾ ਵਿੱਚ ਵੀ ਬਹੁਤ ਹੱਦ ਤੱਕ ਸਮਾਨਤਾ ਮਿਲਦੀ ਹੈ। (ਵਿਚਾਰਧਾਰਾ ਜੋ ਮਾਮੂਲੀ ਫਰਕ ਹੈ ਉਹ ਹੈ ਭਗਤ ਜੀ ਸਨਿਆਸ ਪੱਖੀ ਸਨ ਜਦੋਂ ਕਿ ਗੁਰੂ ਸਾਹਿਬ ਨੇ ਗ੍ਰਿਸਤ ਤੇ ਜੋਰ ਦਿੱਤਾ ਹੈ, ਲੱਗਦੈ ਭਗਤ ਜੀ ਬੰਦੇ ਦੀ ਖੁਰਾਕ ਬਾਰੇ ਵੀ ਕਿਤੇ ਇਸ਼ਾਰੇ ਦਿੰਦੇ ਹਨ, ਜਦੋਂ ਕਿ ਗੁਰੂ ਸਾਹਿਬ ਦੇ ਖਾਣੇ ਆਦਿ ਵਿੱਚ ਵਹਿਮ ਨਹੀ ਸੀ ਕਰਦੇ) ਗੁਰੂ ਸਾਹਿਬ ਪੁੱਜ ਕੇ ਰੱਬ ਦੇ ਪਿਆਰਿਆਂ ਨੂੰ ਮਿਲਣ ਜਾਂਦੇ ਸਨ। ਕਈ ਲਿਖਾਰੀਆਂ ਨੇ ਗੁਰੂ ਸਾਹਿਬ ਦਾ ਭਗਤ ਕਬੀਰ ਸਾਹਿਬ ਨਾਲ ਮੇਲ ਹੋਣਾ ਵੀ ਲਿਖਿਆ ਹੈ ਜੋ ਕਿ ਅਜੋਕੀਆਂ ਖੋਜਾਂ ਨੇ ਸਾਬਤ ਕਰ ਦਿੱਤਾ ਹੈ ਕਿ ਗਲਤ ਹੈ। ਕਬੀਰ ਸਾਹਿਬ ਦਾ ਜੋਤੀ ਜੋਤ ਸਮਾਉਣਾ 1448 ਈ ਵਿੱਚ ਹੀ ਹੋ ਜਾਂਦਾ ਹੈ ਕਿਉਕਿ ਭਾਰਤੀ ਪੁਰਾਤਤਵ ਸਰਵੇ ਮੁਤਾਬਿਕ 1450 ਈ. ਵਿੱਚ ਕਬੀਰ ਸਾਹਿਬ ਦਾ ਸ਼ਰਧਾਲੂ ਨਵਾਬ ਬਿਜਲੀ ਖਾਂ ਉਨਾਂ ਦੀ ਸੰਕੇਤਕ ਕਬਰ ਮਗਹਰ ਵਿੱਚ ਬਣਾਉਦਾ ਹੈ। ਉਂਜ ਵੀ ਕਬੀਰ ਸਾਹਿਬ ਦੇ ਜਨਮ ਸੰਨ ਤੇ ਕੋਈ ਦੁਬਿਧਾ ਨਹੀ ਹੈ ਭਾਵ 1398 ਈ.। ਜੇ ਜਨਮ ਪਿੱਛੇ ਦਾ ਦਿਖਾਉਦੇ ਹਨ ਤਾਂ ਭਗਤ ਰਾਮਾਨੰਦ ਨਾਲ ਮੇਲ ਨਹੀ ਹੋ ਸਕਦਾ ਕਿਉਕਿ ਰਾਮਾਨੰਦ 1410 ਈ. ਨੂੰ ਸਮਾ ਜਾਂਦੇ ਹਨ। ਸਾਡਾ ਕਹਿਣ ਤੋਂ ਮਤਲਬ ਕਬੀਰ ਸਾਹਿਬ ਦਾ ਬਾਬੇ ਨਾਲ ਮੇਲ ਨਹੀ ਸੀ ਹੋਇਆ। ਪਰ ਗੁਰੂ ਸਾਹਿਬ ਓਨਾਂ ਦੇ ਕਾਂਸ਼ੀ ਵਿੱਚਲੇ ਸਥਾਨ ਗਏ ਤੇ ਜਾ ਕੇ ਕਬੀਰ ਸਾਹਿਬ ਦੀ ਬਾਣੀ ਦਾ ਉਤਾਰਾ ਪ੍ਰਾਪਤ ਕੀਤਾ।

ਏਸੇ ਤਰਾਂ ਗੁਰੂ ਸਾਹਿਬ ਨੇ ਭਗਤ ਰਵਿਦਾਸ ਸਾਹਿਬ ਦੀ ਬਾਣੀ ਦਾ ਉਤਾਰਾ ਵੀ ਪ੍ਰਾਪਤ ਕੀਤਾ।

ਇਹ ਗਲ ਸਾਬਿਤ ਹੋ ਚੁੱਕੀ ਹੈ ਕਿ ਭਗਤ ਬਾਣੀ (ਰਵਿਦਾਸ, ਨਾਮਦੇਵ, ਕਬੀਰ, ਤਿਰਲੋਚਨ, ਸੈਣ ਤੇ ਜੈਦੈਵ ਦੀ) ਗੁਰੂ ਨਾਨਕ ਪਾਤਸ਼ਾਹ ਖੁੱਦ ਹੀ ਇਕੱਤਰ ਕਰਕੇ ਲੈ ਆਏ ਸਨ ਕਿਉਕਿ ਆਦਿ ਪੋਥੀਆਂ ਵਿੱਚ ਦਰਜ ਹੈ ਜਿਸ ਦਾ ਉਤਾਰਾ ਗੁਰੂ ਅਮਰਦਾਸ ਪਾਤਸ਼ਾਹ ਨੇ ਕਰਵਾਇਆ ਸੀ। ਉਹ ਪੋਥੀ ਜੋ ਭਾਈ ਮੋਹਨ ਨੇ ਪੰਚਮ ਪਾਤਸ਼ਾਹ ਨੂੰ ਸੌਪੀ ਸੀ। ◉

—◈—

ਬਨਾਰਸ ਵਿੱਚ ਬਾਬਾ

ਬਾਬਾ ਤੂੰ ਸੱਪਾਂ ਦੀ ਰੁੱਡ ਵਿੱਚ ਕਿਵੇ ਹੱਥ ਪਾ ਦਿੰਦੈ? ਤੈਨੂੰ ਡਰ ਨਹੀ ਲੱਗਦਾ? ●

ਜਿਵੇ ਦੱਸਿਆ ਹੈ ਕਿ ਗੁਰੂ ਸਾਹਿਬ ਦੀ ਮਸ਼ਹੂਰੀ ਤਾਂ ਚਾਰ ਚੁਫੇਰੇ ਪਹਿਲਾਂ ਹੀ ਹੋ ਚੁੱਕੀ ਸੀ ਤੇ ਕਾਸ਼ੀ ਆ ਉਨਾਂ ਫਿਰ ਪਾਂਡਿਆਂ ਦੇ ਨਾਸਾਂ ਵਿੱਚ ਦਮ ਕਰ ਦਿੱਤਾ ਸੀ। ਇਹ ਖਬਰਾਂ ਭਗਤਾਂ ਤੇ ਜੋਗੀਆਂ ਤੱਕ ਵੀ ਪਹੁੰਚ ਚੁੱਕੀਆਂ ਸਨ। ਖੁੱਦ ਰੱਬ ਦੇ ਪਿਆਰੇ ਵੀ ਦੇਖ ਰਹੇ ਸਨ ਕਿ ਪਾਂਡੇ ਮਾਇਆ ਮੋਹ ਵਿੱਚ ਆ ਕੇ ਲੋਕਾਂ ਦਾ ਸ਼ੋਸ਼ਣ ਕਰਦੇ ਹਨ। ਪਰ ਸੰਨਿਆਸੀ ਵਿੱਚਾਰਧਾਰਾ ਕਹਿੰਦੀ ਹੈ ਕਿ ਤੁਸੀ ਪੰਗਾ ਨਾਂ ਲਓ, ਜੋ ਕਰਦਾ ਹੈ ਭੁਗਤੇਗਾ ਵੀ ਓਹੀ। ਪਰ ਗੁਰੂ ਸਾਹਿਬ ਦੀ ਜੁਅਰਤ ਸੀ ਕਿ ਬੁਰੇ ਦੇ ਮੂੰਹ ਤੇ ਜਾ ਕੇ ਉਨੂੰ ਬੁਰਾ ਕਹਿੰਦੇ ਸਨ ਪਰ ਸਾਹਿਬ ਵਿੱਚ ਗਲ ਕਹਿਣ ਦਾ ਸਲੀਕਾ ਸੀ। ਉਨਾਂ ਦੇ ਮੰਨ ਵਿੱਚ ਨਫਰਤ ਨਹੀ ਸੀ ਹੁੰਦੀ। ਉਪ ਪਾਪੀ ਨਾਲ ਵੀ ਪਿਆਰ ਤੇ ਹਮਦਰਦੀ ਨਾਲ ਪੇਸ਼ ਆਉਦੇ ਸਨ। ਨਿਮ੍ਰਤਾ ਦਾ ਉਹ ਸਾਗਰ ਸਨ।

ਪਰ ਕਾਂਸ਼ੀ ਵਿੱਚ ਜਦੋਂ ਉਹ

ਪੈਰ ਸਫ਼ਰ
◉ ਸੁਰਜੀਤ ਸਿੰਘ ਗਾਂਧੀ
● ਗਿਆਨੀ ਗਿਆਨ ਸਿੰਘ ਮੁਤਾਬਿਕ

ਭਗਤ ਰਾਮਾਨੰਦ ਦੇ ਉਤਰਾਧਿਕਾਰੀ ਸਵਾਮੀ ਪ੍ਰਮਾਨੰਦ ਨੂੰ ਮਿਲੇ ਤਾਂ ਪਰਮਾਨੰਦ ਨੇ ਪਹਿਲਾ ਸਵਾਲ ਹੀ ਇਹ ਕਰ ਦਿੱਤਾ ਕਿ ਨਾਨਕ ਤੇਰੇ 'ਚ ਐਸੀ ਕੀ ਸ਼ਕਤੀ ਹੈ ਕਿ ਤੂੰ ਤਾਂ ਸਿੱਧਾ ਸੱਪ ਦੀ ਰੁੱਡ ਵਿੱਚ ਹੱਥ ਪਾ ਦਿੰਦੈ, ਇਹ ਪਾਂਡੇ ਤਾਂ ਕਦੀ ਬੜੀ ਬਦਤਮੀਜੀ ਨਾਲ ਪੇਸ਼ ਆਉਦੇ ਨੇ?

ਓਥੇ ਗੁਰੂ ਸਾਹਿਬ ਨੇ ਆਪਣੀ ਨਿਡਰਤਾ ਦਾ ਰਾਜ ਦਸਦੇ ਹੋਏ ਕਿਹਾ ਸੀ ਕਿ ਹਰ ਵੇਲੇ ਮੇਰੇ ਹਿਰਦੇ ਵਿੱਚ ਨਿਰੰਕਾਰ ਦਾ ਡਰ ਸਮਾਇਆ ਰਹਿੰਦਾ ਹੈ। ਉਹਦੇ ਗਿਆਨ ਨੇ ਮੇਰੇ ਡਰ ਮੇਰੇ ਭਰਮ ਭੁਲੇਖੇ ਦੂਰ ਕਰ ਦਿੱਤੇ ਹਨ।

ਗਉੜੀ ਮਹਲਾ ੧ ॥ ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ ॥ ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ ॥ ਤੁਧੁ ਬਿਨੁ ਦੂਜੀ ਨਾਹੀ ਜਾਇ ॥ ਜੋ ਕਿਛੁ ਵਰਤੈ ਸਭ ਤੇਰੀ ਰਜਾਇ ॥੧॥ ਡਰੀਐ ਜੇ ਡਰੁ ਹੋਵੈ ਹੋਰੁ ॥ ਡਰਿ ਡਰਿ ਡਰਣਾ ਮਨ ਕਾ ਸੋਰੁ ॥੧॥ ਰਹਾਉ ॥ ਨਾ ਜੀਉ ਮਰੈ ਨ ਡੂਬੈ ਤਰੈ ॥ ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥ ਹੁਕਮੇ ਆਵੈ ਹੁਕਮੇ ਜਾਇ ॥ ਆਗੈ ਪਾਛੈ ਹੁਕਮਿ ਸਮਾਇ ॥੨॥ ਹੰਸੁ ਹੇਤੁ ਆਸਾ ਅਸਮਾਨੁ ॥ ਤਿਸੁ ਵਿਚਿ ਭੂਖ ਬਹੁਤੁ ਨੈ ਸਾਨੁ ॥ ਭਉ ਖਾਣਾ ਪੀਣਾ ਆਧਾਰੁ ॥ ਵਿਣੁ ਖਾਧੇ ਮਰਿ ਹੋਹਿ ਗਵਾਰ ॥੩॥ ਜਿਸ ਕਾ ਕੋਇ ਕੋਈ ਕੋਇ ਕੋਇ ॥ ਸਭੁ ਕੋ ਤੇਰਾ ਤੂੰ ਸਭਨਾ ਕਾ ਸੋਇ ॥ ਜਾ ਕੇ ਜੀਅ ਜੰਤ ਧਨੁ ਮਾਲੁ ॥ ਨਾਨਕ ਆਖਣੁ ਬਿਖਮੁ ਬੀਚਾਰੁ ॥੪

—◈—

ਬਨਾਰਸ ਵਿੱਚ ਬਾਬਾ

ਰਾਜਾ ਬੋਲਿਆ "ਬਾਬਾ ਮੈਨੂੰ ਵੀ ਆਪਣੇ ਨਾਲ ਲੈ ਚਲ"

ਜਨਮ ਸਾਖੀ ਵਿੱਚ ਆਉਦਾ ਹੈ ਕਿ ਗੁਰੂ ਨਾਨਕ ਬਨਾਰਸ ਦੇ ਨੇੜੇ ਹੀ ਕਿਸੇ ਹੋਰ ਸ਼ਹਿਰ ਵਿੱਚ ਜਾ ਪਹੁੰਚੇ ਤੇ ਚੁੱਪ ਚਾਪ ਜਾ ਕੇ ਇੱਕ ਟਿਕਾਣੇ ਤੇ ਬਹਿ ਗਏ। ਲੱਗਦਾ ਹੈ ਕਿ ਬਨਾਰਸ ਵਿੱਚ ਓਨਾਂ ਦਾ ਬਹੁਤਾ ਸਮਾਂ ਪ੍ਰਚਾਰ ਵਿੱਚ ਨਿਕਲਿਆ ਤੇ ਨਿਰੰਕਾਰ ਦੇ ਸਿਮਰਨ ਲਈ ਆਮ ਨਾਲੋਂ ਘੱਟ ਵਕਤ ਮਿਲਿਆ ਸੀ।

ਮਰਦਾਨੇ ਕੋਲੋਂ ਲੋਕਾਂ ਨੂੰ ਪਤਾ ਤਾਂ ਲੱਗ ਗਇਆ ਕਿ ਇਹੋ ਬਾਬਾ ਨਾਨਕ ਨੇ ਲਹੌਰ ਵਾਲੇ। ਹਰ ਕਿਸੇ ਦੀ ਇਛਾ ਹੋ ਰਹੀ ਸੀ ਗੁਰੂ ਬਾਬੇ ਦੇ ਬਚਨ ਸੁਣਨ ਦੀ। ਪਰ ਗੁਰੂ ਸਾਹਿਬ ਆਪਣੀ ਧੁੰਨ ਵਿੱਚ ਮਸਤ ਬਿਰਾਜੇ ਹੀ ਰਹੇ।

ਗੁਰੂ ਸਾਹਿਬ ਦਾ ਆਉਣਾ ਸੁਣ ਕੇ ਇਲਾਕੇ ਦਾ ਰਾਜਾ ਹਰਿਨਾਥ ਆਪ ਨੰਗੇ ਪੈਰੀ ਦਰਸ਼ਨਾਂ ਲਈ ਆਇਆ। ਗੁਰੂ ਸਾਹਿਬ ਕੋਲ ਅਰਜੋਈ ਕੀਤੀ ਕਿ ਸਾਹਿਬ ਬਹੁਤ ਲੋਕਾਂ ਨੂੰ ਤੁਹਾਡੇ ਬਚਨ ਸੁਣਨ ਦੀ ਤਾਂਘ ਹੈ। ਕਿਹਾ ਜਾਂਦਾ ਓਦੋਂ ਫਿਰ ਗੁਰੂ ਸਾਹਿਬ ਨੇ ਇਹ ਸ਼ਬਦ ਉਚਾਰਿਆ:-

ਧਨਾਸਰੀ ਮਹਲਾ ੧ ॥ ਜੀਉ ਤਪਤੁ ਹੈ ਬਾਰੋ ਬਾਰ ॥ ਤਪਿ ਤਪਿ ਖਪੈ ਬਹੁਤੁ ਬੇਕਾਰ ॥ ਜੈ ਤਨਿ ਬਾਣੀ ਵਿਸਰਿ ਜਾਇ ॥ ਜਿਉ ਪਕਾ ਰੋਗੀ ਵਿਲਲਾਇ ॥੧॥ ਬਹੁਤਾ ਬੋਲਣੁ ਝਖਣੁ ਹੋਇ ॥ ਵਿਣੁ ਬੋਲੇ ਜਾਣੈ ਸਭੁ ਸੋਇ ॥੧॥ ਰਹਾਉ ॥ ਜਿਨਿ ਕਨ ਕੀਤੇ ਅਖੀ ਨਾਕੁ ॥ ਜਿਨਿ ਜਿਹਵਾ ਦਿੱਤੀ ਬੋਲੇ ਤਾਤੁ ॥ ਜਿਨਿ ਮਨੁ ਰਾਖਿਆ ਅਗਨੀ ਪਾਇ ॥ ਵਾਜੈ ਪਵਣੁ ਆਖੈ ਸਭ ਜਾਇ ॥੨॥ ਜੇਤਾ ਮੋਹੁ ਪਰੀਤਿ ਸੁਆਦ ॥ ਸਭਾ ਕਾਲਖ ਦਾਗਾ ਦਾਗ ॥ ਦਾਗ ਦੋਸ ਮੁਹਿ ਚਲਿਆ ਲਾਇ ॥ ਦਰਗਹ ਬੈਸਣ ਨਾਹੀ ਜਾਇ ॥੩॥ ਕਰਮਿ ਮਿਲੈ ਆਖਣੁ ਤੇਰਾ ਨਾਉ ॥ ਜਿਤੁ ਲਗਿ ਤਰਣਾ ਹੋਰੁ ਨਹੀ ਥਾਉ ॥ ਜੇ ਕੋ ਡੂਬੈ ਫਿਰਿ ਹੋਵੈ ਸਾਰ ॥ ਨਾਨਕ ਸਾਚਾ ਸਰਬ ਦਾਤਾਰ ॥੪॥੩॥੫॥

ਰਾਜੇ ਨੂੰ ਦੱਸਿਆ ਕਿ ਮੇਰੀ ਹਾਲਤ ਤਾਂ ਰੋਗੀ ਵਰਗੀ ਹੋਈ ਪਈ ਸੀ। ਮੈਂ ਆਪਣੇ ਮਾਲਕ ਦਾ ਸ਼ੁਕਰਾਨੇ ਵਿੱਚ ਦੇਰੀ ਕਰਦਾ ਰਿਹਾ। ਨਿਰੰਕਾਰ ਦੀ ਕਿਰਪਾ ਹੁੰਦੀ ਹੈ ਜਦੋਂ ਉਹਦਾ ਨਾਉ ਆਖਣ ਦਾ ਮੌਕਾ ਮਿਲਦਾ ਹੈ।

ਰਾਜੇ ਨਾਲ ਬਹੁਤ ਗੱਲਾਂ ਬਾਤਾਂ ਹੋਈਆਂ। ਲੱਗਦੈ ਇੱਕ ਦੋ ਦਿਨ ਰੁਕੇ ਵੀ ਹੋਣਗੇ। ਆਖਿਰ ਇੱਕ ਦਿਨ ਰਾਜਾ ਖਹਿੜੇ ਪੈ ਗਇਆ ਕਿ ਬਾਬਾ ਮੈਨੂੰ ਵੀ ਆਪਣੇ ਚਰਨਾਂ ਵਿੱਚ ਥਾਂ ਦੇ ਦੇ। ਮੈਂ ਵੀ ਰਾਜ ਭਾਗ ਤਿਆਗ ਕੇ ਤੇਰੇ ਨਾਲ ਜਾਣਾ ਚਾਹੁੰਦਾ ਹਾਂ।

ਗੁਰੂ ਸਾਹਿਬ ਨੇ ਕਿਹਾ "ਨਹੀ ਰਾਜਾ, ਨਹੀ।"

"ਗ੍ਰਿਸਤ ਧਰਮ ਹੀ ਸਭ ਤੋਂ ਉਤਮ ਧਰਮ ਹੈ। ਜਰੂਰਤ ਹੈ ਇਨਸਾਨ ਮਾਲਕ ਦਾ ਹੁਕਮ ਪਛਾਣੇ ਤੇ ਭਾਣੇ ਵਾਲਾ ਜੀਵਨ ਅਖਤਿਆਰ ਕਰੇ। (ਵੇਖੋ ਸਫਾ 124 ਅਤੇ 334) ਮਨ ਵਿੱਚ ਦਇਆ, ਸਤ, ਸੰਤੋਖ ਹੋਵੇ। ਰਾਜਾ ਤੈਨੂੰ ਖੁਸ਼ੀ ਪ੍ਰਾਪਤੀ ਲਈ ਘਰ ਤਿਆਗਣ ਦੀ ਜਰੂਰਤ ਨਹੀ। ਤੈਨੂੰ ਮਾਇਆ ਵਿੱਚ ਹੀ ਉਦਾਸ ਹੋਣਾ ਪਵੇਗਾ। ਫਿਰ ਵੇਖੀ ਖੇੜਾ ਹੀ ਖੇੜਾ ਹੈ। ਫਿਰ ਚੜਦੀ ਕਲ੍ਹਾ ਦਾ ਜੀਵਨ ਹੈ। ਸਾਧੂ ਦਾ ਵੀ ਕੋਈ ਜੀਵਨ ਹੈ ਇੱਕ ਪਾਸੇ ਗ੍ਰਿਸਤ ਤਿਆਗਦਾ ਹੈ ਤੇ ਜਦੋਂ ਭੁਖ ਲੱਗਦੀ ਹੈ ਤਾਂ ਠੂਠਾ ਗ੍ਰਿਸਤੀ ਅੱਗੇ ਡਾਹ ਦਿੰਦਾ ਹੈ?

ਲਗਦੈ ਓਦੋਂ ਹੀ ਮਾਰੂ ਵਿੱਚ ਗੁਰੂ ਸਾਹਿਬ ਨੇ ਸ਼ਬਦ ਬੋਲਿਆ। ਮਰਦਾਨੇ ਦੀ ਰਬਾਬ ਨੇ ਸਾਰਾ ਸ਼ਹਿਰ ਝੂੰਮਣ ਲਾ ਦਿੱਤਾ।

ਮਾਰੂ ਮਹਲਾ ੧ ॥ ਮਨਮੁਖ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ ॥ ਗ੍ਰਿਹ ਧਰਮੁ ਗਵਾਏ ਸਤਿਗੁਰ ਨ ਭੇਟੈ ਦੁਰਮਤਿ ਘੂਮਨ ਘੇਰੈ ॥ ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ ॥ ਕਾਚੀ ਪਿੰਡੀ ਸਬਦੁ ਨ ਚੀਨੈ ਓਦਰੁ ਭਰੈ ਜੈਸੇ ਢੋਰੈ ॥੧॥ ਬਾਬਾ ਐਸੀ ਰਵਤ ਰਵੈ ਸੰਨਿਆਸੀ ॥ ਗੁਰ ਕੈ ਸਬਦਿ ਏਕ ਲਿਵ ਲਾਗੀ ਤੇਰੈ ਨਾਮਿ ਰਤੇ ਤ੍ਰਿਪਤਾਸੀ ॥੧॥ ਰਹਾਉ ॥ ਘੋਲੀ ਗੇਰੂ ਰੰਗੁ ਚੜਾਇਆ ਵਸਤ੍ਰ ਭੇਖ ਭੇਖਾਰੀ ॥ ਕਾਪੜ ਫਾਰਿ ਬਨਾਈ ਖਿੰਥਾ ਝੋਲੀ ਮਾਇਆਧਾਰੀ ॥ ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ ॥ ਭਰਮਿ ਭੁਲਾਣਾ ਸਬਦੁ ਨ ਚੀਨੈ ਜੂਐ ਬਾਜੀ ਹਾਰੀ ॥੨॥ ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ ॥ ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉ ਕਰਿ ਚੀਨਸਿ ਆਪੈ ॥ ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ ॥ ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ ॥੩॥ ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ ॥ ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ ॥ ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥ ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥੪॥ ਮੂੰਡੁ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ ॥ ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ ॥ ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ ॥ ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ ॥੫॥ ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ ॥ ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥ ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ ॥ ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ ॥੬॥ ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ ॥ ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ॥ ਬਕੈ ਨ ਬੋਲੈ ਖਿਮਾ ਧਨੁ ਸੰਗ੍ਰਹੈ ਤਾਮਸੁ ਨਾਮਿ ਜਲਾਏ ॥ ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਏ ॥੭॥ ਆਸ ਨਿਰਾਸ ਰਹੈ ਸੰਨਿਆਸੀ ਏਕਸੁ ਸਿਉ ਲਿਵ ਲਾਏ ॥ ਹਰਿ ਰਸੁ ਪੀਵੈ ਤਾ ਸਾਤਿ ਆਵੈ ਨਿਜ ਘਰਿ ਤਾੜੀ ਲਾਏ ॥ ਮਨੂਆ ਨ ਡੋਲੈ ਗੁਰਮੁਖਿ ਬੂਝੈ ਧਾਵਤੁ ਵਰਜਿ ਰਹਾਏ ॥ ਗ੍ਰਿਹੁ ਸਰੀਰੁ ਗੁਰਮਤੀ ਖੋਜੇ ਨਾਮੁ ਪਦਾਰਥੁ ਪਾਏ ॥੮॥ ਬ੍ਰਹਮਾ ਬਿਸਨੁ

ਪੈਂਡਾ ਸਫਰ

ਕਿਰਪਾਲ ਸਿੰਘ ਅਨੁਸਾਰ ਰਾਜਾ ਹਰਿਨਾਥ ਚਮੌਲੀ ਦਾ ਰਾਜਾ ਸੀ।

ਰਾਜੇ ਹਰਿਨਾਥ ਦੇ ਨਾਂ ਤੇ ਬਨਾਰਸ ਦੇ 30 ਕਿਲੋਮੀਟਰ ਉਤਰ-ਪੱਛਮ ਵਿੱਚ ਇੱਕ ਛੋਟਾ ਜਿਹਾ ਪੁਰਾਣਾ ਕਸਬਾ ਹਰਿਨਾਥਪੁਰ ਹੈ। ਇਸ ਲਿਖਾਰੀ ਨੇ ਫੋਨ ਰਾਂਹੀ ਕੁਝ ਪੜੇ ਲਿਖੇ ਲੋਕਾਂ ਨਾਲ ਓਥੇ ਗਲ ਕੀਤੀ ਉਨਾਂ ਦਾ ਮੰਨਣਾ ਹੈ ਕਿ ਇਹ ਇੱਕ ਪੁਰਾਣਾ ਕਸਬਾ ਹੈ ਜਿਥੋਂ ਖੁਦਾਈ ਦੌਰਾਨ ਪੁਰਾਣੀਆਂ ਵਸਤਾਂ ਨਿਕਲਦੀਆਂ ਰਹਿੰਦੀਆਂ ਨੇ। ਧੰਨ ਗੁਰੂ ਨਾਨਕ ਤੇ ਧੰਨ ਜਨਮ ਸਾਖੀਆਂ ਦੇ ਲਿਖਾਰੀ ਜਿੰਨਾਂ ਇਹ ਪ੍ਰਦੇਸੀ ਨਾਮ ਯਾਦ ਰੱਖ ਕੇ ਲਿਖੇ।



ਬੀ:40 ਤਸਵੀਰ। ਠੱਗ ਗੁਰੂ ਸਾਹਿਬ ਅੱਗੇ ਹੱਥ ਬੰਨੀ ਬੈਠੇ ਹਨ।

ਮਹੇਸੁ ਸਰੇਸਟ ਨਾਮਿ ਰਤੇ ਵੀਚਾਰੀ ॥ ਖਾਣੀ ਬਾਣੀ ਗਗਨ ਪਤਾਲੀ ਜੰਤਾ ਜੋਤਿ ਤੁਮਾਰੀ ॥ ਸਭਿ ਸੁਖ ਮੁਕਤਿ ਨਾਮ ਧੁਨਿ ਬਾਣੀ ਸਚੁ ਨਾਮੁ ਉਰ ਧਾਰੀ ॥ ਨਾਮ ਬਿਨਾ ਨਹੀ ਛੂਟਸਿ ਨਾਨਕ ਸਾਚੀ ਤਰੁ ਤੂ ਤਾਰੀ ॥੯॥੭॥

—◈—

ਬਨਾਰਸ ਲਾਗੇ

ਬਾਬਾ ਫਿਰ ਆਇਆ ਠੱਗਾਂ ਦੇ ਕਾਬੂ

ਬਨਾਰਸ ਤੋਂ ਚੱਲ ਕੇ ਬਾਬਾ ਅਯੁਧਿਆ ਤੀਰਥ ਵਲ ਚਲ ਰਿਹਾ ਸੀ। ਰਸਤੇ 'ਚ ਇੱਕ ਥਾਂ ਜਦੋਂ ਸ਼ਾਮਾਂ ਪੈਣ ਵਾਲੀਆਂ ਸਨ ਤਾਂ ਦਾਨਾ ਜਿਹਾ ਦਿੱਖਣ ਵਾਲਾ ਇਕ ਬੰਦਾ ਟੱਕਰ ਗਿਆ। ਉਸ ਨੇ ਗੁਰੂ ਸਾਹਿਬ ਨੂੰ ਬਹੁਤ ਗਹੁ ਨਾਲ ਵੇਖਿਆ। ਕਿਉਕਿ ਗੁਰੂ ਸਾਹਿਬ ਦੀ ਪੁਸ਼ਾਕ ਜਾਂ ਪਹਿਰਾਵਾ ਰਲਿਆ ਮਿਲਿਆ ਹੁੰਦਾ ਸੀ। ਭਾਵ ਪਤਾ ਨਹੀ ਸੀ ਲਗਦਾ ਇਹ ਕੋਈ ਸੰਨਿਆਸੀ ਹੈ ਕਿ ਮੁਸਲਮਾਨ ਫਕੀਰ। ਫਿਰ ਸਾਹਿਬ ਦਾ ਗੋਰਾ ਰੰਗ, ਭਖਦਾ ਚਿਹਰਾ। ਬੰਦੇ ਨੂੰ ਸ਼ੱਕ ਹੋ ਗਇਆ ਕਿ ਇਹ ਬੰਦਾ ਕੋਈ ਧਨਾਢ ਹੈ ਤੇ ਸਫਰ ਕਰਕੇ ਐਵੇਂ ਸਾਧੂਆਂ ਵਾਲਾ ਭੇਸ ਬਣਾਇਆ ਹੋਇਆ ਹੈ।

ਲੱਗਾ ਗੁਰੂ ਸਾਹਿਬ ਨੂੰ ਗੱਲੀ ਬਾਤੀ ਲਾਉਣ, ਨਾਲੇ ਹਮਦਰਦੀ ਪਇਆ ਜਿਤਾਵੇ ਕਿ ਅਜੇ ਤਾਂ ਤੁਹਾਡੀ ਮੰਜ਼ਲ ਦੂਰ ਹੈ। ਥੱਕੇ ਹੋਏ ਲੱਗਦੇ ਹੋ। ਨੇੜੇ ਹੀ ਸਾਡਾ ਘਰ ਹੈ, ਆਓ ਅੱਜ ਸਾਡੇ ਗਰੀਬਖਾਨੇ ਰਾਤ ਗੁਜਾਰੋ। ਗੁਰੂ ਸਾਹਿਬ ਨੇ ਹਾਂ ਕਰ ਦਿੱਤੀ। ਉਹ ਬੰਦਾ ਗੁਰੂ ਸਾਹਿਬ ਤੇ ਮਰਦਾਨੇ ਨੂੰ ਆਪਣੇ ਘਰ ਲੈ ਗਇਆ। ਆਓ ਭਗਤ ਕੀਤੀ।

ਜਿੱਥੇ ਉਹ ਲੈ ਕੇ ਗਇਆ, ਦਰ ਅਸਲ ਉਹ ਸਾਰੀ ਬਸਤੀ ਹੀ ਠੱਗਾਂ ਡਾਕੂਆਂ ਦੀ ਸੀ। (ਯਾਦ ਰਹੇ ਪੁਰਾਣੇ ਸਮਿਆਂ 'ਚ ਯੂ ਪੀ ਦੇ ਇਲਾਕੇ ਵਿੱਚ ਠੱਗੀ ਇੱਕ ਪੇਸ਼ਾ ਸੀ।) ਇਹ ਲੋਕ ਬੰਦੇ ਨੂੰ ਪਹਿਲਾਂ ਠੱਗ ਕੇ ਆਪਣੇ ਕਬਜੇ 'ਚ ਲੈ ਤੇ ਫਿਰ ਲੁੱਟ ਤੇ ਅਮੂਮਨ ਸਬੂਤ ਮਿਟਾਉਣ ਵਾਸਤੇ ਕਦੀ ਮਾਰ ਹੀ ਦਿਆ ਕਰਦੇ ਸਨ। ਇਹ ਗੋਰਖ-ਧੰਦਾ ਲੋਕ ਰਲ ਕੇ ਕਰਦੇ ਸਨ।

ਸੋ ਜਦੋਂ ਬਾਬਾ ਨਾਨਕ ਤੇ ਮਰਦਾਨਾ ਠੱਗ ਦੇ ਘਰ ਪਹੁੰਚੇ ਤਾਂ ਸਾਰੀ ਬਸਤੀ ਵਿੱਚ ਖਬਰ ਹੋ ਗਈ ਕਿ ਇੱਕ ਮਾਲਦਾਰ ਸ਼ਿਕਾਰ ਅੱਜ ਫਸਿਆ ਹੈ। ਜੋ ਉਨਾਂ ਦਾ ਵਰਤਾਰਾ ਹੁੰਦਾ ਸੀ ਕਿ ਰਾਤ ਨੂੰ ਬੰਦੇ ਦੀ ਤਲਾਸ਼ੀ ਲਈ ਜਾਂਦੀ ਸੀ ਤੇ ਫਿਰ ਲੁੱਟ ਉਪਰੰਤ ਮਾਰ ਦਿੱਤਾ ਜਾਂਦਾ ਸੀ।

ਠੱਗ ਨੇ ਉਂਜ ਗੁਰੂ ਸਾਹਿਬ ਨੂੰ ਚੰਗਾ ਚੋਖਾ ਭੋਜਨ ਕਰਵਾਇਆ। ਸਭ ਸੌ ਗਏ। ਘੱਟ ਘੱਟ ਦੀ ਜਾਨਣਹਾਰ ਗੁਰੂ ਸਾਹਿਬ ਉਹਨਾਂ ਦੀ ਸਾਰੀ ਸਕੀਮ ਸਮਝ ਗਏ। ਗੁਰੂ ਸਾਹਿਬ ਨੇ ਰਾਤ ਕੱਟੀ ਤੇ ਮਨ੍ਹੇਰੇ ਮਰਦਾਨੇ ਨੂੰ ਜਗਾ ਕੇ ਚਲਦੇ ਬਣੇ। ਕਰਨੀ ਰੱਬ ਦੀ ਕਿ ਕਿਸੇ ਠੱਗ ਦੀ ਨੀਂਦ ਹੀ ਨਾਂ ਖੁੱਲੀ।

ਜਿਵੇ ਦਿਨ ਚੜਿਆ ਤਾਂ ਠੱਗਾਂ ਦੇ ਬੱਚਿਆਂ ਨੇ ਆਪਣੇ ਵੱਡਿਆਂ ਨੂੰ ਜਗਾਇਆ। ਠੱਗ ਇਕੱਠੇ ਹੋ ਕੇ ਉਸ ਘਰ ਪਹੁੰਚੇ ਜਿੱਥੇ ਬਾਬਾ ਨਾਨਕ ਰਾਂਤੀ ਆਇਆ ਸੀ ਤੇ ਠੱਗੀ ਵਿੱਚੋਂ ਆਪਣਾ ਹਿੱਸਾ ਮੰਗਿਆ। ਮੇਜਬਾਨ ਠੱਗ ਨੇ ਦੱਸਿਆ ਕਿ ਮੈਂ ਤਾਂ ਸਾਰੀ ਰਾਤ ਅੱਜ ਸੁੱਤਾ ਹੀ ਰਹਿ ਗਇਆ, ਨੀਂਦ ਹੀ ਨਹੀ ਖੁੱਲੀ ਤੇ ਆਪਣਾ ਸ਼ਿਕਾਰ ਤਾਂ ਚੁੱਪ ਚਪੀਤੇ ਬਿਨਾਂ ਦੱਸੇ ਇਥੋਂ ਖਿਸਕ ਗਇਆ ਹੈ। ਪਰ ਬਸਤੀ ਕਿੱਥੇ ਭਰੋਸਾ ਕਰੇ, ਠੱਗ ਤੇ। ਆਖਿਰ ਉਸ ਨੇ ਆਪਣੇ ਇਸ਼ਟ ਤੇ ਆਪਣੇ ਬਾਲ ਬੱਚਿਆ ਦੀ ਸੌਂਹ ਖਾਧੀ ਤੇ ਫਿਰ ਬਸਤੀ ਨੂੰ ਯਕੀਨ ਆਇਆ।

ਉਨਾਂ ਤਹਿ ਕੀਤਾ ਕਿ ਸ਼ਿਕਾਰ (ਗੁਰੂ ਸਾਹਿਬ) ਦਾ ਪਿੱਛਾ ਘੋੜ ਸਵਾਰਾਂ ਰਾਂਹੀ ਕੀਤਾ ਜਾਵੇ। ਚਾਰ ਬੰਦੇ ਘੋੜਿਆਂ ਤੇ ਗੁਰੂ ਸਾਹਿਬ ਦਾ ਖੁਰਾ ਨੱਪਦੇ ਹੋਏ ਆ ਗਏ।

ਅੱਗੇ ਗੁਰੂ ਸਾਹਿਬ ਤੇ ਮਰਦਾਨੇ ਨੇ ਜੰਗਲ ਵਿਚ ਖੀਰ ਬਣਾਉਣ ਲਈ ਦੁੱਧ ਤੇ ਚਾਵਲਾਂ ਦਾ ਇੰਤਜਾਮ ਕੀਤਾ ਹੋਇਆ ਸੀ ਅਤੇ ਅੱਗ ਬਾਲਣ ਵਿਚ ਮਰਦਾਨਾ ਲੱਗਾ ਹੋਇਆ ਸੀ। ਜਿਵੇ ਠੱਗਾਂ ਨੇ ਆ ਘੇਰਿਆ ਤਾਂ ਧੌਂਸ ਧਮਕੀਆਂ ਦੇਣ। ਉਹਨਾਂ ਸਾਫ ਹੀ ਕਹਿ ਦਿਤਾ ਕਿ ,"ਅਸੀ ਤਾਂ ਠੱਗ ਹਾਂ। ਤੁਸੀ ਸਾਡੇ ਨਾਲ ਚਲਾਕੀ ਕਰਕੇ ਦੌੜ ਆਏ ਹੋ ਪਰ ਹੁਣ ਤੁਹਾਨੂੰ ਕੋਈ ਨਹੀ ਛੁਡਾ ਸਕਦਾ ਸਾਡੇ ਤੋਂ। ਹੁਣ ਤੁਹਾਡਾ ਅੰਤਮ ਸਮਾਂ ਆ ਗਇਆ ਹੈ। ਦੋਨੋਂ ਯਾਦ ਕਰ ਲਵੋ ਜਿਸ ਨੂੰ ਕਰਨਾਂ ਵਾ। ਬਿਹਤ੍ਰ ਹੈ ਜੀਂਦੇ ਜੀ ਜੋ ਵੀ ਤੁਹਾਡੇ ਕੋਲ ਹੈ ਸਾਡੇ ਹਵਾਲੇ ਕਰੋ। ਸ਼ਾਇਦ ਅਸੀ ਤੁਹਾਨੂੰ ਬਖਸ਼ ਦਈਏ। "

ਗੁਰੂ ਸਾਹਿਬ ਇਹ ਸੁਣ ਕੇ ਮੁਸਕਰਾ ਪਏ। ਕਹਿਣ ਲੱਗੇ ਕਿ "ਠੀਕ ਹੈ ਜੋ ਤੁਸਾਂ ਕਰਨਾਂ ਹੈ ਕਰ ਲੈਣਾ ਪਰ ਜੋ ਹੁਣੇ ਤੁਸੀ ਵਾਇਦਾ ਦਿੱਤਾ ਹੈ ਉਹ ਪੂਰਾ ਕਰ ਲਓ। ਠੱਗ ਕਹਿਣ ਲੱਗੇ ਕਿ ਕਿਹੜਾ ਵਾਇਦਾ? ਗੁਰੂ ਸਾਹਿਬ ਨੇ ਕਿਹਾ ਕਿ ਜਿਹੜਾ ਤੁਸੀ ਸਾਡੀ ਆਖਰੀ ਇੱਛਾ ਪੁੱਛੀ ਹੈ। ਸੋ ਅਸੀ ਖੀਰ ਬਣਾਉਣਾ ਚਾਹੁੰਦੇ ਹਾਂ ਉਹ ਬਣ ਲੈਣ ਦਿਓ। ਤੁਸੀ ਵੀ ਖਾਇਓ ਤੇ ਅਸੀ ਵੀ ਖਾਵਾਂਗੇ। ਇਸ ਤੋਂ ਬਾਦ ਤੁਸੀ ਆਪਣਾ ਕੰਮ ਕਰ ਲੈਣਾ ਅਤੇ

ਸਾਡੀਆਂ ਦੇਹਾਂ ਦਾ ਇਥੇ ਜੰਗਲ ਵਿਚ ਹੀ ਸਸਕਾਰ ਕਰ ਦੇਣਾ। ਸੋ ਪਹਿਲਾਂ ਇਹ ਕੰਮ ਕਰੋ ਕਿ ਤੁਹਾਡੇ ਕੋਲ ਘੋੜੇ ਨੇ ਇਕ ਜਣਾ ਜਾ ਕੇ ਲਾਗੇ ਦੀ ਬਸਤੀ ਤੋਂ ਅੱਗ ਲੈ ਆਓ। "

ਠੱਗਾਂ ਨੇ ਆਪਸ ਵਿਚ ਸਲਾਹ ਕੀਤੀ ਤੇ ਤਹਿ ਕੀਤਾ ਕਿ ਇਹ ਸ਼ਿਕਾਰ ਕਿਥੇ ਭੱਜ ਜਾਣਗੇ, ਅੱਗ ਲੈ ਹੀ ਆਉਦੇ ਹਾਂ।

ਦੂਰ ਇਕ ਥਾਂ ਧੂੰ ਵੀ ਨਜਰ ਆ ਜਾਂਦਾ ਹੈ।

ਦੋ ਠੱਗ ਅੱਗ ਲੈਣ ਜਾਂਦੇ ਨੇ। ਓਥੇ ਉਹ ਕੁਝ ਅਜਿਹਾ ਚਮਤਕਾਰ ਵੇਖਦੇ ਨੇ ਕਿ ਆ ਦੂਸਰੇ ਠੱਗਾਂ ਨੂੰ ਵੀ ਦੱਸਦੇ ਨੇ ਕਿ ਇਹ ਬੰਦੇ ਪੂਰਨ ਸੰਤ ਹਨ। ਦੂਸਰੇ ਠੱਗ ਪਹਿਲਾਂ ਹੀ ਵੇਖ ਕੇ ਹੈਰਾਨ ਸਨ ਕਿ ਇਹਨਾਂ ਬੰਦਿਆਂ ਨੂੰ ਮੌਤ ਤੋਂ ਜਰਾ ਡਰ ਨਹੀ ਲੱਗ ਰਿਹਾ। ◘

ਅਖੀਰ ਚਾਰੇ ਠੱਗ ਗੁਰੂ ਸਾਹਿਬ ਦੇ ਅੱਗੇ ਮੱਥਾ ਟੇਕ ਦਿੰਦੇ ਨੇ।

ਉਨਾਂ ਠੱਗਾਂ ਨੇ ਫਿਰ ਜਿੱਦ ਕੀਤੀ ਤੇ ਗੁਰੂ ਸਾਹਿਬ ਨੂੰ ਆਪਣੀ ਬਸਤੀ ਵਿੱਚ ਦੁਬਾਰਾ ਜਾਣ ਲਈ ਬੇਨਤੀਆਂ ਕੀਤੀਆਂ। ਓਨਾਂ ਵਿੱਚੋਂ ਇੱਕ ਅਜੇ ਵੀ ਅੜੇ। ਬਾਕੀਆਂ ਸਮਝਾਇਆ ਕਿ ਵੇਖ ਇੱਕ ਬੰਦੇ ਦੀ ਨੀਂਦ ਨਹੀ ਖੁੱਲ ਸਕਦੀ, ਦੋ ਦੀ ਨਹੀ, ਤਿੰਨ ਦੀ ਨਹੀ, ਪਰ ਸਾਡਾ ਤਾਂ ਸਾਰਾ ਪਿੰਡ ਸੁੱਤਾ ਰਹਿ ਗਇਆ। ਇਹ ਕੋਈ ਚਮਤਕਾਰੀ ਸਾਧੂ ਹੈ।

ਬਸਤੀ ਪਹੁੰਚ ਕੇ ਫਿਰ ਗੁਰੂ ਸਾਹਿਬ ਨੇ ਮੁੱਖੀਏ ਨੂੰ ਕੁਝ ਅਜਿਹਾ ਬੋਲਿਆ ਕਿ ਉਨੂੰ ਜੀਵਣ ਮੌਤ ਦੀ ਸੋਝੀ ਹੋ ਗਈ। ਮੌਤ ਦੇ ਦਰਸ਼ਨ ਕਰਕੇ ਉਹ ਵੀ ਗੁਰੂ ਸਾਹਿਬ ਦੀ ਚਰਨੀ ਆ ਲੱਗਾ।

ਗੁਰੂ ਸਾਹਿਬ ਨੇ ਓਨਾਂ ਸਭ ਨੂੰ ਨਿਰੰਕਾਰ ਦੀ ਭਗਤੀ 'ਸਤਿਨਾਮ ਸਤਿਕਾਰ' ਦੇ ਲੜ ਲਾ ਨਾਮ, ਦਾਨ, ਇਸਨਾਨ ਤੇ ਕਿਰਤ ਦਾ ਪਾਠ ਪੜਾਇਆ ਤੇ ਵਾਇਦਾ ਲਿਆ ਕਿ ਅੱਗੇ ਤੋਂ ਉਹ ਹੱਕ ਹਲਾਲ ਦੀ ਕਮਾਈ ਕਰਨਗੇ। ਕਿਹਾ ਜਾਂਦਾ ਹੈ ਕਿ ਬਾਦ ਵਿੱਚ ਉਸ ਬਸਤੀ ਨੇ ਖੇਤੀ ਬਾੜੀ ਦਾ ਧੰਧਾ ਅਪਣਾਇਆ। ਉਸ ਮੌਕੇ ਤੇ ਗੁਰੂ ਸਾਹਿਬ ਤੇ ਮਰਦਾਨੇ ਨੇ ਇਹ ਸ਼ਬਦ ਗਾਇਆ:-

ਸਿਰੀਰਾਗੁ ਮਹਲਾ ੧ ॥ ਲਬੁ ਕੁਤਾ ਕੂੜੁ ਚੁਹੜਾ ਠਗਿ ਖਾਧਾ ਮੁਰਦਾਰੁ ॥ ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥ ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥ ਬਾਬਾ ਬੋਲੀਐ ਪਤਿ ਹੋਇ ॥ ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥ ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥ ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥ ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥੨॥ ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥ ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ ॥੩॥ ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥ ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ ॥ ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ ॥ ੪॥੪॥

—◈—

ਨਿਜ਼ਾਮਾਬਾਦ ਵਿਖੇ ਬਾਬੇ ਨੇ ਮਰ ਮੁੱਕੇ ਕਾਰਦਾਰ ਨੂੰ ਜੀਵਨ ਬਖਸ਼ਿਆ

ਅਜੁਧਿਆ ਜਾਂਦੇ ਹੋਏ ਬਨਾਰਸ ਤੋਂ 85 ਕਿ. ਮੀ. ਉੱਤਰ ਗੁਰੂ ਸਾਹਿਬ ਨਿਜਾਮਾਬਾਦ ਆਏ। (ਨਕਸ਼ਾ-26.052564, 83.059703)

ਯੂ ਪੀ, ਬੰਗਾਲ ਤੇ ਹੋਰ ਭਾਰਤ ਦੇ ਕੇਂਦਰੀ ਸੂਬਿਆਂ ਵਿੱਚ ਇੱਕ ਖਾਸ ਜਾਤ ਹੁੰਦੀ ਹੈ ਉਨਾਂ ਦਾ ਪਿਤਾ ਪੁਰਖੀ ਪੇਸ਼ਾ ਹੁੰਦਾ ਹੈ ਬਾਬੂਗਿਰੀ (ਕਲੱਰਕੀ)। ਇਨਾਂ ਨੂੰ ਕਾਇਸਥ ਕਿਹਾ ਜਾਂਦਾ ਹੈ। ਅੱਜ ਵੀ ਇਹ ਜਾਤ ਸਰਕਾਰੀ ਦਫਤਰਾਂ ਵਿੱਚ ਛਾਈ ਹੋਈ ਹੈ। (ਗੋਤਰ- ਸ੍ਰੀਵਾਸਤਵ, ਮਾਥੁਰ, ਸਕਸੈਨਾ, ਨਿੱਗਮ, ਅਸਥਾਨਾ, ਕੁਲਸ਼੍ਰੇਸ਼ਠ, ਗੌੜ, ਭਟਨਾਗਰ ਆਦਿ) ਓਧਰ ਬਾਬਾ ਜੀ ਦੇ ਪਿਤਾ ਦਾ ਵੀ ਇਹੋ ਕੰਮ (ਕਾਰਦਾਰ ਭਾਵ ਮੈਨੇਜਰ) ਸੀ। ਜਿਸ ਕਰਕੇ ਗੁਰੂ ਸਾਹਿਬ ਦਾ ਇਨਾਂ ਨਾਲ ਮੇਲ ਜੋਲ ਛੇਤੀ ਹੋ ਜਾਂਦਾ ਸੀ ਤੇ ਉਨਾਂ ਨੇ ਵੀ ਗੁਰੂ ਸਾਹਿਬ ਨੂੰ ਥਾਂ ਥਾਂ ਠਹਿਰਾਇਆ। ਵਕਤ ਪਾ ਕੇ ਯੂ ਪੀ ਦੇ ਪੰਜਾਬੀ ਖੱਤਰੀ ਤੇ ਕਾਇਸਥ ਹੌਲੀ ਹੌਲੀ ਸਿੱਖੀ ਤੋਂ ਦੂਰ ਹੋ ਗਏ। ਦਰ ਅਸਲ ਜਦੋਂ ਕਿਸੇ ਪ੍ਰਵਾਰ ਵਿੱਚ ਬਾਹਰੋ ਵਹੁਟੀ ਆਉਦੀ ਹੈ ਤਾਂ ਉਹ ਆਪਣਾ ਮਜ਼ਹਬ ਨਾਲ ਲੈ ਕੇ ਆਉਦੀ ਹੈ। ਸਿੱਖੀ ਦੀ ਚੜ੍ਹਤ ਵੇਲੇ ਸਿੱਖੀ ਨੂੰ ਫੈਲਾਇਆ ਵੀ ਬਹੁਤਾ ਇਨਾਂ ਬੀਬੀਆਂ ਨੇ ਤੇ ਬਾਦ ਵਿੱਚ ਕੁਝ ਜਾਤਾਂ ਵਿੱਚ ਮੁਕਾਇਆ ਵੀ ਬੀਬੀਆਂ ਨੇ। ਪੰਜਾਬ ਤੋਂ ਦੂਰ ਹਟਵੇ ਇਲਾਕਿਆਂ ਵਿੱਚ ਜਿੱਥੇ ਕਿਤੇ ਥੋੜੀ ਬਹੁਤ ਸੰਖਿਆਂ ਗੈਰ ਪੰਜਾਬੀ ਸਿੱਖਾਂ ਦੀ ਸੀ ਓਨਾਂ ਨੂੰ ਸਿੱਖੀ ਨਾਲੋ ਤੋੜਨ ਵਿੱਚ 1984 ਸੰਨ ਨੇ ਵੱਡਾ ਰੋਲ ਨਿਭਾਇਆ। ਕੇਂਦਰੀ ਕਾਂਗਰਸ ਸਰਕਾਰ ਨੇ ਓਦੋਂ ਸਿੱਖ ਨੂੰ ਅੱਤਵਾਦੀ ਰੂਪ ਵਿੱਚ ਪੇਸ਼ ਕੀਤਾ ਸੀ।

ਪੈੜ ਸੂਹਾ

◉ ਪੁਰਾਤਨ-71, ਬੀ:40- 142, ਬਾਲਾ-138,

◘ ਧੂੰਅ ਨਿਕਲਦਾ ਵੇਖ ਜਦੋਂ ਦੋ ਠੱਗ ਅੱਗ ਲੈਣ ਜਾਂਦੇ ਹਨ ਤਾਂ ਅੱਗੇ ਤਾਂ ਇਕ ਚਿੱਤਾ ਬਲ ਰਹੀ ਹੁੰਦੀ ਹੈ। ਇਥੇ ਉਨਾਂ ਨਾਲ ਚਮਤਕਾਰ ਵਾਪਰਦਾ ਹੈ। ਜਨਮਸਾਖੀਆਂ ਵਿਚ ਕੁਝ ਇਸ ਪ੍ਰਕਾਰ ਦਿੱਤਾ ਹੈ:

"ਉਹ ਠੱਗਿ ਜੁ ਗਏ ਸੁ ਕਿਆ ਦੇਖਣਿ ਜੁ ਰਾਹੁ ਵਿਚ ਇਕੁ ਮਾਨੁਖ ਨੂੰ ਤਬਕ ਪੈੜੀ ਬੇੜੀਆ ਹਥੀ ਹਥੋੜੀਆ ਗਲ ਵਿਚ ਸੰਗਲ ਪਾਏ। ਪਿਛੇ ਕੁਠਾਰ ਦੀ ਮਾਰ ਮਾਰਦੇ ਘਸੀਟਦੇ ਲਈ ਜਾਦੇ ਆਹੇ॥ ਸੋ ਕਹਾਰ ਦੋ ਥਾਇ ਪਾਲਕੀ ਉਠਾਈ ਪੋਸ ਪੋਸ ਕਰਦੇ ਜਾਦੇ ਅਸਨਿ॥ ਇਹ ਠਗਿ ਰਹਿ ਨ ਸਕੇ॥ ਇਨਾ ਪੁਛਿਆ॥ ਭਾਈ ਜੀ ਏ ਗਲਿ ਕਿਉਕਰਿ ਹੈ ਅਸਾ ਨੂ ਇਸ ਦੀ ਵਡੀ ਹੈਰਾਨਗੀ ਲਗੀ ਹੈ॥ ਜਾਦੀ ਵਾਰੀ ਅਸਾ ਹੋਰ ਤਰਹ ਡਿਠਾ ਆਹਾ ਅਤੇ ਹੁਣਿ ਹੋਰੁ ਤਰਹ ਨਜਰਿ ਆਇਆ॥ ਉਨਾ ਆਖਿਆ ਭਾਈ ਏਹੁ ਮਨੁਖੁ ਬਡਾ ਹਤਿਆਰਾ ਪਾਪੀ ਫਾਹੇ ਗਲੁ ਆਹਾ॥ ਇਸ ਨੂੰ ਕੁੰਭੀ ਨਰਕ ਦਾ ਹੁਕਮੁ ਆਹਾ॥ ਪਰ ਇਸ ਦੇ ਮਸਾਣ ਦਾ ਧੂਅ ਜੁ ਕਿਸੇ ਸਾਧ ਦੀ ਨਜਰੀ ਆਇਆ ਹੈ॥ ਸੋ ਇਸ ਵਾਸਤੇ ਬੈਕੁੰਠਪੁਰੀ ਚਲਾਇਆ ਹੈ॥ ਉਹ ਠੱਗ ਕੁਦਰਤੁ ਦੇਖਿ ਬਹੁਤ ਹੈਰਾਨ ਹੋਏ॥ "

ਭਾਵ ਇਕ ਪਾਪੀ ਹਤਿਆਰੇ ਦੀ ਮੌਤ ਉਪਰੰਤ ਉਸ ਦੀ ਮੜ੍ਹੀ ਦੇ ਧੂੰਅ ਵਲ ਜਦੋਂ ਗੁਰੂ ਨਾਨਕ ਦੀ ਨਜਰ ਪਈ ਤਾਂ ਏਨੇ ਵਿਚ ਹੀ ਉਹ ਤਰ ਗਇਆ।

◉ ਬਨਾਰਸ ਦਾ ਇਲਾਕਾ ਠੱਗੀ ਲਈ ਮੰਨਿਆ ਹੋਇਆ ਸੀ ਕਿਉਕਿ ਇਥੇ ਠੱਗੀ ਦਾ ਚਲਨ ਕੁਝ ਜਿਆਦਾ ਹੀ ਸੀ ਤੇ ਦੂਸਰਾ ਇਸ ਤੋਂ ਬਾਦ ਜੋ ਸਾਖੀ ਆਉਦੀ ਹੈ ਉਸ ਵਿੱਚ ਕਿਰਦਾਰ ਦਾ ਨਾਂ ਭੂਮੀਆ ਹੈ। ਭੂਮੀਹਾਰ ਨਾਂ ਬਿਹਾਰ ਵਿੱਚ ਪਾਇਆ ਜਾਂਦਾ ਹੈ। ਸੋ ਇਹੋ ਅੰਦਾਜਾ ਹੈ ਕਿ ਇਹ ਘਟਨਾ ਵੀ ਬਨਾਰਸ ਦੇ ਨੇੜੇ ਤੇੜੇ ਅੱਜ ਦੇ ਯੂ ਪੀ ਇਲਾਕੇ ਦੀ ਹੀ ਹੈ।

❋ ਸਾਈਕਲ ਯਾਤਰੀ- 110 ਤੋਂ ਸ਼ੱਕ ਪੈਦਾ ਹੁੰਦਾ ਹੈ ਕਿ ਬਨਾਰਸ ਤੋਂ 45 ਕਿ. ਮੀ. ਦੱਖਣ ਵਿੱਚ ਕਸਬਾ **ਸਈਯਾਦ ਰਾਜਾ** ਵਿਖੇ ਵੀ ਗੁਰੂ ਸਾਹਿਬ ਤੇ ਨੌਵੇ ਗੁਰੂ ਸਾਹਿਬ ਨੇ ਚਰਨ ਪਾਏ ਸਨ। ਪਰ ਤਸਦੀਕ ਨਹੀ ਹੋ ਪਾਇਆ। ਏਹੋ ਅਵਸਥਾ **ਮਿਰਜਾਪੁਰ** ਸ਼ਹਿਰ ਦੀ ਹੈ ਜਿਥੇ ਇਕ ਸਿੱਖ ਸਕੂਲ ਦੇ ਪ੍ਰਿਸੀਪਲ ਕੋਲੋਂ ਪੁੱਛਣ ਤੇ ਪਤਾ ਚਲਿਆ ਕਿ ਇਥੇ ਕੋਈ ਯਾਦਗਾਰੀ ਅਸਥਾਨ ਗੁਰਦੁਆਰਾ ਨਹੀ ਹੈ ਅਤੇ ਨਾਂ ਹੀ ਗੁਰੂ ਸਾਹਿਬ ਦੇ ਇਥੇ ਆਉਣ ਦੀ ਮੁਕਾਮੀ ਰਵਾਇਤ ਹੈ। ਪਰ ਇਹ ਜਾਣਕਾਰੀਆਂ ਜਰੂਰੀ ਨਹੀ ਕਿ ਸਹੀ ਹੋਣ। ਹਰ ਬਸ਼ਿੰਦਾ ਮੁਕਾਮੀ ਇਤਹਾਸ ਦਾ ਜਾਣਕਾਰ ਨਹੀ ਹੁੰਦਾ। ਮਿਸਾਲ ਦੇ ਤੌਰ ਤੇ ਅਸੀ ਜਦੋਂ ਮੁਰਾਦਾਬਾਦ ਬਾਰੇ ਪੁੱਛ ਪੜਤਾਲ ਕਰ ਰਹੇ ਸਾਂ ਤਾਂ ਪਤਾ ਲੱਗਾ ਕਿ ਸ਼ਹਿਰ ਗੁਰੂ ਸਾਹਿਬ ਤੋਂ ਬਹੁਤ ਬਾਦ ਵਿਚ ਅਬਾਦ ਹੋਇਆ। ਪਰ ਦੂਸਰੇ ਪਾਸੇ ਭਰੋਸੇਯੋਗ ਸਰੋਤ ਦੱਸ ਰਹੇ ਸਨ ਕਿ ਇਥੇ ਸਾਹਿਬ ਆਏ ਸਨ। ਫਿਰ ਪਤਾ ਲਗਾ ਕਿ ਮੁਰਾਦਾਬਾਦ ਦੇ ਲਾਗੇ ਹੀ ਇਕ ਪੁਰਾਤਨ ਪਿੰਡ ਰਤਨਪੁਰ ਹੈ ਉਥੇ ਬਕਾਇਦਾ ਨਾਨਕਵਾੜੀ ਉਦਾਸੀਨ ਆਸ਼ਰਮ ਹੈ। ਸੋ ਜੇ ਕਿਸੇ ਸਰੋਤ ਨੇ ਕਿਸੇ ਥਾਂ ਗੁਰੂ ਸਾਹਿਬ ਦਾ ਆਉਣਾ ਲਿਖਿਆ ਹੈ ਤਾਂ ਉਸ ਦਾਵੇ ਨੂੰ ਸੱਚ ਹੀ ਮੰਨਿਆ ਜਾਵੇ ਜਦ ਤਕ ਗਲਤ ਸਾਬਤ ਨਹੀ ਹੁੰਦਾ।

ਨਿਜਾਮਾਬਾਦ ਦਾ ਗੁਰਦੁਆਰਾ ਚਰਨਪਾਦੁਕਾ ਸਾਹਿਬ ਜਿਥੇ ਗੁਰੂ ਨਾਨਕ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਖੜਾਵਾਂ ਮੌਜੂਦ ਨੇ। ਪ੍ਰਥਮ ਗੁਰੂ ਦੀਆਂ ਖੜਾਵਾਂ ਦੀ ਨਿਮ੍ਰਤਾ ਨੋਟ ਕਰਨ ਯੋਗ ਹੈ। ਕਿਹਾ ਜਾਂਦਾ ਹੈ ਕਿ ਇਹ ਉਹ ਖੜਾਵਾਂ ਨੇ ਜੋ ਸਿੰਗਲਾਦੀਪ ਦੇ ਰਾਜੇ ਸ਼ਿਵਨਾਭ ਨੂੰ ਬਖਸ਼ੀਆਂ ਸਨ।

ਥੋੜ ਨਿਜਾਮਾਬਾਦ, ਜਿਲਾ ਆਜ਼ਮਗੜ੍ਹ ਦਾ ਛੋਟਾ ਜਿਹਾ ਕਸਬਾ ਹੈ, ਗੁਰੂ ਸਾਹਿਬ ਦੇ ਵੇਲੇ ਇਹ ਜੋਬਨ ਤੇ ਸੀ। ਇਥੋ ਦੇ ਰਾਜੇ ਦਾ ਕਾਰਦਾਰ ਵੀ ਕੋਈ ਕਾਇਸਥ ਹੀ ਸੀ ਤੇ ਉਹ ਵੀ ਗੁਰੂ ਸਾਹਿਬ ਦਾ ਸ਼ਰਧਾਲੂ ਬਣ ਚੁੱਕਾ ਸੀ। ਭਾਣਾ ਰੱਬ ਦਾ ਕਿ ਕਾਰਦਾਰ ਦਾ ਕੋਈ ਰਿਸਤੇਦਾਰ ਜਾਂ ਲੜਕਾ ਜਿਸ ਦਾ ਨਾਂ ਰਾਮ ਨਿਵਾਸ ਸੀ ਅਚਾਨਕ ਕਿਸੇ ਦੁਰਘਟਨਾ ਕਰਕੇ ਚਲਾਣਾ ਕਰ ਗਿਆ। ਸ਼ਹਿਰ ਵਿੱਚ ਦੁਹਾਈ ਮੱਚ ਗਈ। ਰਾਮ ਨਿਵਾਸ ਦਾ ਵਿਆਹ ਹੋਏ ਨੂੰ ਅਜੇ ਕੁਝ ਹੀ ਸਮਾਂ ਹੋਇਆ ਸੀ। ਤਮਸਾ ਨਦੀ ਕੰਢੇ ਸਾਧੂ ਸੰਤਾ ਦਾ ਵੱਡਾ ਆਸ਼ਰਮ ਸੀ। ਪੁਰਾਣੇ ਸਮਿਆਂ ਵਿੱਚ ਸਾਧੂ ਸੰਤ ਅਕਸਰ ਜੜੀ ਬੂਟੀ ਦਾ ਕੰਮ ਵੀ ਕਰਿਆ ਕਰਦੇ ਸਨ। ਇਕੱਠੇ ਹੋਏ ਲੋਕ ਰਾਮ ਨਿਵਾਸ ਸ੍ਰੀਵਾਸਤਵ ਦੀ ਲਾਸ਼ ਨੂੰ ਨਦੀ ਕੱਢੇ ਸਾਧੂਆਂ ਵਲ ਲੈ ਆਏ। ਹਰ ਕੋਈ ਰਾਮ ਨਿਵਾਸ ਦੀ ਮੌਤ ਤੇ ਦੁੱਖੀ ਸੀ। ਅਸੂਲ ਮੁਤਾਬਿਕ ਉਹਦੀ ਨਵ ਵਿਆਈ ਲਾੜੀ ਨੂੰ ਵੀ ਹੁਣ ਲਾਸ਼ ਦੇ ਨਾਲ ਹੀ ਸਤੀ ਹੋਣਾ ਸੀ ਭਾਵ ਸੜਨਾ ਸੀ।

ਗੁਰੂ ਸਾਹਿਬ ਦੀ ਡੂੰਘੀ ਰੂਹਾਨੀ ਸ਼ਖਸੀਅਤ ਬਾਰੇ ਤਾਂ ਚਾਰ ਚੁਫੇਰੇ ਪਤਾ ਲੱਗ ਚੁੱਕਾ ਸੀ। ਸਭ ਇਲਾਕੇ ਦੇ ਲੋਕਾਂ ਨੇ ਗੁਰੂ ਸਾਹਿਬ ਅੱਗੇ ਤਰਲਾ ਮਾਰਿਆ ਕਿ ਰਾਮ ਨਿਵਾਸ ਨੂੰ ਬਚਾ ਲਿਆ ਜਾਏ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਮਰਦਾਨੇ ਨੂੰ ਹੁਕਮ ਕੀਤਾ ਜਿਸ ਨੇ ਸਤਿਨਾਮ ਵਾਹਿਗੁਰੂ ਕਹਿ ਕੇ ਤਮਸਾ ਨਦੀ ਦੇ ਜਲ ਦਾ ਤਰੌਂਕਾ ਰਾਮ ਨਿਵਾਸ ਤੇ ਦਿੱਤਾ ਤੇ ਛੇਤੀ ਹੀ ਰਾਮ ਨਿਵਾਸ ਸ੍ਰੀਵਾਸਤਵ ਅੱਖਾਂ ਮਲਦਾ ਹੋਇਆ ਉੱਠ ਬੈਠਾ। ਸਭ ਪਾਸੇ ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ, ਸਤਿਨਾਮ, ਸਤਿਨਾਮ ਦਾ ਅਵਾਜਾ ਗੂੰਜ ਉਠਿਆ।

ਇਥੇ ਸਾਹਿਬ ਨੇ ਮਰਦਾਨੇ ਦੀ ਰਬਾਬ ਤੇ ਸ਼ਬਦ ਗਾਵਿਆ:

ਸੋਰਠਿ ਮਹਲਾ ੧ ॥ ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ ॥
ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ ਹਰਿ ਦੀਜੈ ਨਾਮੁ ਪਿਆਰੀ ਜੀਉ ॥੧॥ ਘਟਿ ਘਟਿ ਰਵਿ ਰਹਿਆ ਬਨਵਾਰੀ ॥ ਜਲਿ ਥਲਿ ਮਹੀਅਲਿ ਗੁਪਤੋ ਵਰਤੈ ਗੁਰ ਸਬਦੀ ਦੇਖਿ ਨਿਹਾਰੀ ਜੀਉ ॥ ਰਹਾਉ ॥ ਮਰਤ ਪਇਆਲ ਅਕਾਸੁ ਦਿਖਾਇਓ ਗੁਰਿ ਸਤਿਗੁਰਿ ਕਿਰਪਾ ਧਾਰੀ ਜੀਉ ॥ ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ ਘਟ ਭੀਤਰਿ ਦੇਖੁ ਮੁਰਾਰੀ ਜੀਉ ॥੨॥ ਜਨਮ ਮਰਨ ਕਉ ਇਹੁ ਜਗੁ ਬਪੁੜੋ ਇਨਿ ਦੂਜੈ ਭਗਤਿ ਵਿਸਾਰੀ ਜੀਉ ॥ ਸਤਿਗੁਰੁ ਮਿਲੈ ਤ ਗੁਰਮਤਿ ਪਾਈਐ ਸਾਕਤ ਬਾਜੀ ਹਾਰੀ ਜੀਉ ॥੩॥ ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥ ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥੪॥੮॥

ਨਿਜਾਮਾਬਾਦ ਤੇ ਲਾਗੇ ਚਾਗੇ ਦੇ ਕਾਇਸਥ ਤੇ ਹੋਰ ਜਾਤਾਂ ਦੇ ਹਜ਼ਾਰਾਂ ਪ੍ਰਵਾਰਾਂ ਨੇ ਸਿੱਖੀ ਧਾਰਨ ਕਰ ਲਈ। ਇਨਾਂ ਵਿੱਚ ਮੁਖ ਤੌਰ ਤੇ ਕਾਇਸਥ ਪ੍ਰਵਾਰ ਹੀ ਸਨ। ਪਰ ਵਕਤ ਪਾ ਕੇ ਹੌਲੀ ਹੌਲੀ ਇਨਾਂ ਪ੍ਰਵਾਰਾਂ ਵਿੱਚ ਸਿੱਖੀ ਪਤਲੀ ਹੁੰਦੀ ਗਈ। ਹੁਣ ਵੀ ਇਥੋਂ ਦੇ ਕਾਇਸਥ ਪ੍ਰਵਾਰਾਂ ਵਿੱਚ ਸਿੱਖੀ ਸ਼ਰਧਾ ਤਾਂ ਥੋੜੀ ਬਹੁਤ ਹੈ ਪਰ ਥੋੜੇ ਪ੍ਰਵਾਰ ਹੀ ਹਨ ਜੋ ਗੁਰਦੁਆਰਾ ਸਾਹਿਬ ਹਾਜਰੀ ਭਰਦੇ ਹਨ। ਓਥੇ ਜੋ ਅਸਥਾਨ ਬਣਿਆ ਉਸ ਦੇ ਨਾਂ ਤੇ ਰਾਜੇ ਨੇ ਇੱਕ ਪਿੰਡ ਦੀ ਜਗੀਰ ਲਾ ਦਿੱਤੀ।

ਗੁਰੂ ਸਾਹਿਬ ਜਦੋਂ ਇਥੇ ਪਧਾਰੇ ਤਾਂ ਉਨਾਂ ਨੇ ਇੱਕ ਉੱਜੜੇ ਬਾਗ ਵਿੱਚ ਵੀ ਆਪਣਾ ਟਿਕਾਣਾ ਕੀਤਾ ਸੀ। ਇਲਾਕੇ ਵਿੱਚ ਧੰਨ ਬਾਬਾ ਨਾਨਕ ਹੋਣ ਲੱਗੀ ਜਦੋਂ ਵੇਖਿਆ ਕਿ ਸਾਲਾਂ ਦਾ ਉਜੜਿਆ ਬਾਗ ਫਿਰ ਹਰਾ ਭਰਾ ਹੋ ਚੁੱਕਾ ਸੀ।

ਇਥੇ ਗੁਰੂ ਸਾਹਿਬ 21 ਦਿਨ ਰੁਕੇ ਸਨ। ਇਥੇ ਗੁਰੂ ਸਾਹਿਬ ਦੀਆਂ ਉਹ ਖੜਾਵਾਂ ਬਿਰਾਜਮਾਨ ਹਨ ਜੋ ਉਨਾਂ ਨੇ ਲੰਕਾ ਦੇ ਰਾਜਾ ਸ਼ਿਵਨਾਭ ਨੂੰ ਬਖਸ਼ੀਆਂ ਸਨ। ਪਰ ਵਕਤ ਪਾ ਕੇ ਉਨਾਂ ਦੀ ਕਦਰ ਘਟ ਗਈ ਜਿਸ ਕਰਕੇ ਕਿਸੇ ਪ੍ਰਚਾਰਕ ਉਦਾਸੀ ਸੰਤ ਨੇ ਉਹ ਖੜਾਵਾਂ ਇਥੇ ਲਿਆ ਸਥਾਪਤ ਕਰ ਦਿੱਤੀਆਂ।

ਨੌਵੇ ਪਾਤਸ਼ਾਹ ਵੀ ਇਸ ਅਸਥਾਨ ਤੇ ਆਏ ਸਨ ਤੇ ਆਪਣੀਆਂ ਖੜਾਵਾਂ ਦਾ ਇੱਕ ਜੋੜਾ ਇਸ ਸੰਗਤ ਨੂੰ ਬਖਸ਼ਿਆ ਸੀ।

ਇਸ ਵੇਲੇ ਇਥੇ ਤਿੰਨ ਅਸਥਾਨ ਹਨ: 1. ਗੁਰਦੁਆਰਾ ਚਰਨ ਪਾਦੁਕਾ ਜਿੱਥੇ ਗੁਰੂ ਨਾਨਕ ਤੇ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਖੜਾਵਾਂ ਸਥਾਪਤ ਹਨ, 2. ਤਮਸਾ ਨਦੀ ਦੇ ਕੰਢੇ ਗੁਰਦੁਆਰਾ ਨਾਨਕ ਘਾਟ ਜਿੱਥੇ ਸੰਗਤਾਂ ਦੀ ਅਰਜੋਈ ਤੇ ਗੁਰੂ ਸਾਹਿਬ ਨੇ ਰਾਮ ਨਿਵਾਸ ਕਾਇਸਥ ਨੂੰ ਜਿੰਦਾ ਕੀਤਾ ਸੀ। 3. ਨਦੀ ਦੇ ਦੂਸਰੇ ਪਾਸੇ ਅਨੰਦ ਬਾਗ ਜਿੱਥੇ ਗੁਰੂ ਸਾਹਿਬ ਠਹਿਰੇ ਸਨ, 4. ਗੁਰਦੁਆਰਾ ਅਕਾਲ ਬੁੰਗਾ ਜਿੱਥੇ ਬਹਿ ਗੁਰੂ ਨਾਨਕ ਤੇ ਬਾਦ ਵਿਚ ਗੁਰੂ ਤੇਗ ਬਹਾਦਰ ਸਾਹਿਬ ਨੇ ਨਿਰੰਕਾਰ ਦਾ ਸਿਮਰਨ ਕੀਤਾ। ਇਥੇ ਹੀ ਇੱਕ ਪੁਰਾਣਾ ਖੂਹ ਵੀ ਹੈ।

ਵਕਤ ਪਾਕੇ ਕੇ ਇਥੋਂ ਦੀ ਧਰਮਸਾਲਾ ਉਦਾਸੀਆਂ ਹੇਠ ਗਈ ਤੇ ਬਾਦ ਵਿੱਚ ਬਾਬਾ ਕਿਰਪਾ ਦਿਆਲ ਸਿੰਘ ਭੱਲਾ ਜੋ ਬਾਬਾ ਸੁਮੇਰ ਸਿੰਘ ਹੈਡ ਗ੍ਰੰਥੀ ਪਟਨਾ ਸਾਹਿਬ ਦੇ ਦਾਦਾ ਜੀ ਸਨ ਇਸ ਇਲਾਕੇ ਵਿੱਚ ਆ ਕੇ ਪ੍ਰਚਾਰ ਕਰਨ ਲੱਗ ਪਏ। ਬਾਬਾ ਸੁਮੇਰ ਸਿੰਘ ਜੋ ਪਟਨਾ ਸਾਹਿਬ ਦੇ ਮਹੰਤ ਰਹੇ ਹਨ ਉਹ ਵੀ ਇਥੇ ਰਹੇ।

ਇਥੇ ਕੋਈ 31 ਹੱਥ ਲਿਖਤਾਂ ਤੇ ਸਿੰਘਾਂ

ਪੈਰ ਸਫ਼ਾ

✚ ਗੁਰਧਾਮ ਸੰਗ੍ਰਿਹ- ਗਿਆਨੀ ਗਿਆਨ ਸਿੰਘ ਅਤੇ ਸਥਾਨਕ ਗੁਰਧਾਮ ਮੁਲਾਜਮਾਂ ਨਾਲ ਗਲਬਾਤ ਦੇ ਅਧਾਰ ਤੇ

ਦੇ ਵੱਡੀ ਗਿਣਤੀ ਵਿੱਚ ਸ਼ਸ਼ਤਰ ਮੌਜੂਦ ਹਨ। ਹਾਲਾਂ ਇਲਾਕੇ ਵਿੱਚ ਸੰਗਤ ਦੀ ਵੱਡੀ ਘਾਟ ਹੈ ਪਰ ਆਗਰੇ ਦੇ ਗੁਰਦੁਆਰਾ ਗੁਰੂ ਕੇ ਤਾਲ ਵਾਲੇ ਸੰਤ ਨਿਰੰਜਨ ਸਿੰਘ, ਸੰਤ ਪ੍ਰੀਤਮ ਸਿੰਘ ਦੀ ਨਿਗਰਾਨੀ ਤਹਿਤ ਇੱਕ ਗੁਰਸਿਖ ਪਿਆਰਾ ਸਤਨਾਮ ਸਿੰਘ ਇਸ ਇਤਹਾਸਿਕ ਵਿਰਸੇ ਦੀ ਸਾਂਭ ਸੰਭਾਲ ਬੜੀ ਸ਼ਰਧਾ ਨਾਲ ਕਰ ਰਿਹਾ ਹੈ। ✦ ਜਰੂਰਤ ਹੈ ਸਿੱਖ ਸੰਗਤਾਂ ਇਸ ਪਵਿਤ੍ਰ ਅਸਥਾਨ ਦੇ ਦਰਸ਼ਨਾਂ ਦਾ ਲਾਹਾ ਲੈਣ। ਯਾਦ ਰੱਖਣਾ ਇਤਹਾਸ ਤਾਂ ਹੀ ਬਚਦਾ ਹੈ ਜੇ ਲੋਕਾਂ ਦੀ ਇਸ ਵਲ ਰੁਚੀ ਹੋਵੇ। ਜੇ ਗੁਰੂ ਦੇ ਪਿਆਰੇ ਹੇਮਕੁੰਟ ਜਿਹੇ ਮਿਥਹਾਸਿਕ ਸਥਾਨ ਵਲ ਵਹੀਰਾ ਘੱਤ ਸਕਦੇ ਹਨ ਤਾਂ ਇਹ ਤਾਂ ਜੀਂਦਾ ਜਾਗਦਾ ਇਤਹਾਸ ਹੈ।

ਇਥੋ ਫਿਰ ਗੁਰੂ ਸਾਹਿਬ ਟਾਂਡੇ ਥਾਂਨੀ ਅਜੁਧਿਆ ਵਲ ਨੂੰ ਹੋ ਗਏ।

—◈—

ਅਜੁਧਿਆ ਵਿਚ ਬਾਬਾ

ਗੁਰੂ ਸਾਹਿਬ ਨੇ ਜਦੋਂ ਸਾਧੂਆਂ ਦਾ ਸੋਹਲਾ ਗਾਇਆ

ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥

ਗੁਰੂ ਸਾਹਿਬ ਦੀ ਸੋਭਾ ਸੁਣਕੇ ਜਦੋਂ ਕੁਝ ਸੰਨਿਆਸੀ, ਜੋਗੀ ਅਤੇ ਹੋਰ ਫਿਰਕਿਆਂ ਦੇ ਸਾਧੂ ਆ ਗੁਰੂ ਸਾਹਿਬ ਕੋਲ ਸਵਾਲ ਜਵਾਬ ਕਰਨ ਲੱਗੇ ਤਾਂ ਦਿਆਲੂ ਬਾਬੇ ਦਾ ਮੰਨ ਸਾਧੂਆਂ ਪ੍ਰਤੀ ਪਸੀਜ ਗਿਆ। ਸਾਹਿਬ ਨੂੰ ਉਹਨਾਂ ਲੋਕਾਂ ਤੇ ਤਰਸ ਆ ਗਿਆ ਜਿੰਨਾਂ ਜੀਵਨ ਹੀ ਨਿਰੰਕਾਰ ਦੀ ਖੋਜ ਤੇ ਲਾ ਦਿਤਾ ਹੋਇਆ ਸੀ। ਇਹ ਵੱਖਰੀ ਗਲ ਸੀ ਕਿ ਇਹਨਾਂ ਵਿਚਾਰਿਆਂ ਨੇ ਮਾਰਗ ਸਹੀ ਚੁੰਣਿਆਂ ਸੀ ਜਾਂ ਨਹੀ। ਸਾਹਿਬ ਨੇ ਮਰਦਾਨੇ ਨੂੰ ਸੁਚੇਤ ਕੀਤਾ ਅਤੇ ਤਿਲੰਗ ਰਾਗ ਵਿਚ ਉੱਚੀ ਸੁਰ ਵਿਚ ਸ਼ਬਦ ਗਾਇਆ:-

ਤਿਲੰਗ ਮਹਲਾ ੧ ਘਰੁ ੩ ੴ ਸਤਿਗੁਰ ਪ੍ਰਸਾਦਿ ॥ ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ ॥ ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥੧॥ ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ ॥ ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥ ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ ॥੧॥ ਰਹਾਉ ॥ ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥ ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥੨॥ ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥ ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ ॥੩॥ ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ ॥ ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ ॥੪॥੧॥੩॥

ਸਾਧੂਆਂ ਨਾਲ ਵਰਤਾਲਾਪ ਚਲਦਾ ਰਿਹਾ। ਇਹ ਗੁਰੂ ਸਾਹਿਬ ਦੇ ਹੀ ਵੱਸ ਵਿਚ ਸੀ ਕਿ ਇਨਾਂ ਦੇ ਉਪਦੇਸ਼ ਵੇਲੇ ਪ੍ਰੇਮ ਭਾਰੂ ਹੁੰਦਾ ਸੀ। ਉਹ ਜਿਸ ਕਿਸੇ ਨੂੰ ਵੀ ਰਾਹੇ ਪਾਉਦੇ ਸਨ ਅਗਲੇ ਤੇ ਤਰਸ ਕਰਦੇ ਹੋਏ ਉਪਦੇਸ਼ ਦਿੰਦੇ ਸਨ, ਅਗਲੇ ਨੂੰ ਆਪਣਾ ਜਾਣਕੇ। ਇਹ ਗੁਰੂ ਸਾਹਿਬ ਤੇ ਅਕਾਲ ਪੁਰਖ ਦੀ ਬਖਸ਼ਸ਼ ਸੀ ਕਿ ਉਨਾਂ ਦੇ ਉਪਦੇਸ਼ ਵਿਚ ਤਲਖੀ ਨਹੀ ਸੀ ਹੁੰਦੀ। ⊙

—◈—

ਨਰਸਿੰਘ ਦਾਸ ਦਾ ਉਧਾਰ

ਇਹਨਾਂ ਸੰਤਾਂ ਵਿਚੋਂ ਹੀ ਨਰਸਿੰਘ ਦਾਸ ਨਾਂ ਦਾ ਸੰਨਿਆਸੀ ਸੀ। ਉਸਨੇ ਸ੍ਰਿਸਟੀ ਦੇ ਪਾਲਣਹਾਰ ਕਰਤਾਰ ਬਾਰੇ ਗੁਰੂ ਸਾਹਿਬ ਕੋਲ ਬਹੁਤ ਸਵਾਲ ਜਵਾਬ ਕੀਤੇ। ਉਹਦੇ ਹੀ ਇਕ ਸਵਾਲ ਤੇ ਪ੍ਰਸੰਨ ਹੋ ਕੇ ਗੁਰੂ ਸਾਹਿਬ ਨੇ ਵਡਹੰਸ ਵਿਚ ਸ਼ਬਦ ਗਾਇਆ:-

ਵਡਹੰਸੁ ਮਹਲਾ ੧ ਘਰੁ ੨ ॥ ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥ ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥ ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੇ ॥ ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੇ ॥ ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ ॥ ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ ॥ ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ ॥ ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ ॥ ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ ॥ ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ ॥ ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ ॥ ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ ॥ ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥ ਇਕੁ ਨ ਰੁਨਾ ਮੋਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥ ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ ॥ ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥ ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥ ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥ ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥ ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥੧॥੩॥

ਜਦੋਂ ਗੁਰੂ ਸਾਹਿਬ ਨੇ "ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥ " ਤੇ ਅਲਾਪ ਲਾਇਆ ਤਾਂ ਨਰਸਿੰਘ ਦਾਸ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਪਿਆ, "ਨਹੀ ਗੁਰੂ ਸਾਹਿਬ ਮੈਂ ਇਨਾਂ ਉੱਚਾ ਇਨਸਾਨ ਨਹੀ ਹਾਂ।" ਗੁਰੂ ਸਾਹਿਬ ਇਸ ਤੇ ਮੁਸਕਰਾਏ ਤੇ ਕਿਹਾ ਕਿ ਤੇਰੇ ਸਵਾਲਾਂ ਕਰਕੇ ਹੋਰ ਪਿਆਰਿਆਂ ਨੂੰ ਵੀ ਸੋਝੀ ਮਿਲੀ ਹੈ।

ਗੁਰੂ ਸਾਹਿਬ ਕਿਉਕਿ ਕੁਝ ਦਿਨ ਅਜੁਧਿਆ ਠਹਿਰੇ ਸਨ ਨਰਸਿੰਘ ਦਾਸ ਨੇ ਇਸ ਦੌਰਾਨ ਗੁਰਮਤ ਦਾ ਸਾਰਾ ਸਿਧਾਂਤ ਸਮਝ ਲਿਆ ਤੇ ਇਸ ਇਲਾਕੇ ਦੇ ਉੱਚ ਕੋਟੀ ਦੇ ਸਿੱਖਾਂ ਵਿਚੋਂ ਹੋਇਆ ਹੈ। ●

—◈—

ਬਾਬਾ ਅਜੁੱਧਿਆ ਵਿੱਚ

ਕੀ ਜੋ ਘੋਰ ਤਪੱਸਿਆ ਕਰਦੇ ਨੇ ਉਨਾਂ ਨੂੰ ਵੀ ਨਿਰੰਕਾਰ ਦੀ ਪ੍ਰਾਪਤੀ ਨਹੀ ਹੁੰਦੀ ? ਸਾਧੂਆਂ ਨੇ ਬਾਬੇ ਨੂੰ ਪੁਛਿਆ

ਬਾਬਾ ਜੀ ਸਾਵਣ ਦੇ ਮਹੀਨੇ ਅਯੁਧਿਆ ਪਹੁੰਚੇ, ਜਦੋ ਇਥੇ ਮੁੱਖ ਤਿਉਹਾਰ ਸਾਵਣ ਝੂਲਾ ਖੇਡਿਆ ਜਾਂਦਾ ਹੈ। ** ਹਾਲਾਂ ਰਾਮਨੌਮੀ ਵੀ ਬਰਾਬਰ ਦਾ ਹੀ ਵੱਡਾ ਤਿਉਹਾਰ ਹੈ ਪਰ ਰਾਮਨੌਮੀ ਕਿਉਕਿ ਚੇਤ੍ਰ ਦੇ ਮਹੀਨੇ ਆਉਦੀ ਹੈ, ਸਾਨੂੰ ਨਹੀ ਲਗਦਾ ਕਿ ਗੁਰੂ ਸਾਹਿਬ ਬਨਾਰਸ ਦੀ ਸ਼ਿਵਰਾਤਰੀ ਵਿਚ ਹਿੱਸਾ ਲੈਣ ਤੋਂ ਤੁਰੰਤ ਬਾਦ ਇਥੇ ਆਏ ਹੋਣ।

ਸੋ ਸਾਵਣ (ਜੁਲਾਈ /ਅਗਸਤ 1509) ਨੂੰ ਗੁਰੂ ਸਾਹਿਬ ਅਜੁਧਿਆ ਵਿਚ ਸਨ।

ਸੋ ਬਾਬਾ ਪਹੁੰਚ ਗਇਆ ਅਜੁੱਧਿਆ ਨਗਰੀ ਜਿੱਥੇ ਕਿਹਾ ਜਾਂਦਾ ਭਗਵਾਨ ਰਾਮ ਦਾ ਜਨਮ ਹੋਇਆ ਸੀ। ਓਥੇ ਕੀ ਦੇਖਦਾ ਵਾ? ਥਾਂ ਥਾਂ ਤੇ ਸਾਧਾਂ ਦੇ ਆਸ਼ਰਮ, ਵੱਖ ਵੱਖ ਵੰਨਗੀਆਂ ਦੇ। ਸਾਧਾਂ ਸੰਤਾਂ

ਵਿੱਚ ਬਾਬੇ ਦੀ ਮਸ਼ਹੂਰੀ ਤਾਂ ਪਹਿਲਾਂ ਹੀ ਹੋ ਚੁੱਕੀ ਸੀ। ਯਾਦ ਰਹੇ ਓਨਾਂ ਜਮਾਨਿਆਂ ਵਿੱਚ ਸਮਾਜ ਵਿੱਚ ਵੱਡੀ ਗਿਣਤੀ ਸਾਧਾਂ ਸੰਤਾਂ ਦੀ ਹੋਇਆ ਕਰਦੀ ਸੀ। ਇਹ ਅਮੂਮਨ ਚਕ੍ਵਰਤੀ ਹੀ ਰਹਿੰਦੇ ਸਨ, ਭਾਵ ਤੁਰੇ ਹੀ ਰਹਿੰਦੇ। ਕਦੀ ਕਿਸੇ ਤੀਰਥ ਤੇ, ਅਤੇ ਕਦੀ ਦੂਸਰੇ ਤਿਉਹਾਰ ਮੇਲੇ ਜਾਂ ਕੁੰਭ ਵਿੱਚ। ਅਕਸਰ ਦੇਸ ਪ੍ਰਦੇਸ ਦੀਆਂ ਖਬਰਾਂ ਵੀ ਚਕ੍ਵਰਤੀ ਸਾਧਾਂ ਰਾਂਹੀ ਜਨਤਾ ਤੱਕ ਪਹੁੰਚਦੀਆਂ ਸਨ।

ਸੋ ਹਰ ਰੱਬ ਦਾ ਪਿਆਰਾ ਉਸ ਇਲਾਹੀ ਨੂਰ ਦੇ ਦਰਸ਼ਨ ਦੀ ਤਾਂਘ 'ਚ ਸੀ। ਅਜੁੱਧਿਆ ਦੇ ਬ੍ਰਹਮ ਕੁੰਡ ਆਸ਼ਰਮ ਦੇ ਬਾਹਰ ਰਸਤੇ 'ਚ ਬਾਬਾ ਜੀ ਨੇ ਡੇਰਾ ਲਾ ਲਿਆ। ਉਂਜ ਕਈ ਸਾਧ ਗੁੱਸੇ ਵਿੱਚ ਵੀ ਸਨ ਕਿਉਕਿ ਗੁਰੂ ਸਾਹਿਬ ਨੇ ਆਪਣੇ ਪਹਿਲੇ ਵਿਖਿਆਨਾਂ ਵਿੱਚ ਇਹ ਜ਼ਾਹਰ ਕਰ ਦਿੱਤਾ ਸੀ ਕਿ ਨਿਰੰਕਾਰ ਦੀ ਪ੍ਰਾਪਤੀ ਦੇ ਮਾਰਗ ਤੇ ਆਪਣੇ ਸਰੀਰ ਨੂੰ ਤਸੀਹੇ ਦੇਣਾ ਜਾਇਜ ਨਹੀ। ਕਿ ਰੱਬ ਇਸ ਗਲ ਤੇ ਨਹੀ ਰੀਝਦਾ।

ਕੁਝ ਚਿਰ ਅਰਾਮ ਕਰਨ ਉਪਰੰਤ ਗੁਰੂ ਸਾਹਿਬ ਤੇ ਮਰਦਾਨੇ ਨੇ ਕੀਰਤਨ ਸ਼ੁਰੂ ਕਰ ਦਿੱਤਾ। ਸਾਧੂ ਸੰਤ ਜੁੜਨੇ ਸ਼ੁਰੂ ਹੋ ਗਏ। ਹੌਲੀ ਹੌਲੀ ਗਲ ਸਾਰੀ ਅਜੁੱਧਿਆ ਵਿੱਚ ਪਹੁੰਚ ਗਈ ਕਿ ਲਹੌਰ ਵਾਲਾ ਬਾਬਾ ਨਾਨਕ ਨਿਰੰਕਾਰੀ ਆਇਆ ਹੈ। ਅਗਲੇ ਦਿਨ ਸਾਧੂਆਂ ਦਾ ਇੱਕ ਵੱਡਾ ਟੋਲਾ ਵੀ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਪਹੁੰਚ ਗਿਆ।

ਭਰੀ ਸਭਾ ਵਿੱਚ ਮਹੰਤ ਨੇ ਇਹ ਸਵਾਲ ਕਰ ਦਿੱਤਾ ਕਿ "ਨਾਨਕ ਤੂੰ ਕਿਵੇ ਕਹਿੰਦਾ ਹੈ ਕਿ ਤਪੱਸਿਆ ਦਾ ਮਾਰਗ ਜਾਇਜ ਨਹੀ ਹੈ। ਸਾਡੇ ਤਾਂ ਇਥੇ ਕਈ ਸਾਧ ਨੇ ਜਿੰਨਾਂ ਨੇ ਜੀਵਨ ਭਰ ਘੋਰ ਤਪੱਸਿਆ ਕੀਤੀ ਹੈ। "

ਇਥੇ ਇਹ ਦਸਣਾ ਜਰੂਰੀ ਹੋ ਜਾਂਦਾ ਹੈ ਕਿ ਅਕਸਰ ਹੀ ਹਿੰਦੂ ਸਾਧੂ ਕੋਈ ਨਾਂ ਕੋਈ ਪ੍ਰਤਿਗਿਆ ਕਰ ਲੈਂਦੇ ਹਨ ਕਿ ਮੈ ਤਾਂ ਸਾਰੀ ਉਮਰ ਜਾਂ 12 ਸਾਲ

- ਨੰਗੇ ਰਹਿਣਾ, ਨੰਗੇ ਪੈਰੀਂ ਚਲਣਾ,
- ਸਾਰੀ ਉਮਰ ਖਲੋਤਾ ਹੀ ਰਹਾਂਗਾ (ਖੜੇਸ਼ਰੀ ਬਾਬੇ)
- ਜਾਂ ਇਕੋ ਲੱਤ ਤੇ ਖਲੋਤਾ ਰਹਾਂਗਾ,

- ਮੈਂ ਆਪਣੀ ਇੱਕ ਬਾਂਹ ਹਮੇਸ਼ਾਂ ਉਪਰ ਨੂੰ ਕਰਕੇ ਰੱਖਾਂਗਾ
- ਧੂਣੀ ਦੁਆਲੇ ਹੀ ਰਹਾਂਗਾ
- ਰੁੱਖ ਉਤੇ ਹੀ ਚੜਿਆ ਰਹਾਂਗਾ
- ਅਖੰਡ ਸਮਾਧੀ ਲਾਈ ਰੱਖਾਂਗਾ
- ਫਲਾਹਾਰੀ - ਸਿਰਫ ਫਲਾਂ ਦੇ ਆਸਰੇ ਜੀਣਾ
- ਦੁੱਧਾਧਾਰੀ - ਸਿਰਫ ਦੁੱਧ ਹੀ ਪੀਣਾਂ
- ਖਾਣਾ ਛੱਡ ਦੇਣਾ - ਪਵਣ ਅਹਾਰੀ
- ਲੰਮੇ ਪੈ ਕੇ ਚਲਣਾ
- ਮੱਧ ਪ੍ਰਦੇਸ ਦੇ ਓਕਾਰੇਸ਼ਵਰ ਮੰਦਰ ਲਾਗੇ ਸ਼ਰਧਾਲੂ ਉੱਚੀ ਪਹਾੜੀ ਤੋਂ ਜਾਨ ਦੇ ਦਿਆ ਕਰਦੇ ਸਨ। ਇਸ ਬਾਰੇ ਇੱਕ ਅੰਗਰੇਜ ਲਿਖਾਰੀ 19ਵੀ ਸਦੀ ਅੱਖੀ ਵੇਖੀ ਘਟਨਾ ਲਿਖੀ ਹੋਈ ਹੈ।

ਇਹ ਸਾਧੂ 7 ਸਾਲਾਂ ਤੋਂ ਖਲੋਤਾ ਹੀ ਪਿਆ ਹੈ। ਸੋਂਦਾ ਵੀ ਖਲੋ ਕੇ। (ਹੇਠਾਂ) ਇਸ ਨੇ ਨਿਰਾ ਦੁਆਲੇ ਹੀ ਅੱਗ ਨਹੀ ਬਾਲੀ ਸਿਰ ਤੇ ਵੀ ਅੱਗ ਹੈ। ਗੁਰੂ ਸਾਹਿਬ ਨੇ ਕਿਹਾ ਇਹ ਤਪੱਸਿਆ ਵਿਅੱਰਥ ਹੈ। ਨਿਰੰਕਾਰ ਏਨਾਂ ਗੱਲਾਂ ਤੇ ਨਹੀ ਪਸੀਚਜਦਾ।

ਕਹਿਣ ਤੋਂ ਮਤਲਬ ਸਾਧੂ ਵੱਖ ਵੱਖ ਕਿਸਮਾਂ ਦੇ ਤਸੀਹੇ ਆਪਣੇ ਸਰੀਰ ਨੂੰ ਦਿਆ ਕਰਦੇ ਹਨ। ਇਸ ਨੂੰ ਹੱਠ ਜੋਗ ਜਾਂ ਹੱਠ ਤਪੱਸਿਆ ਕਹਿੰਦੇ ਹਨ। ਲੋਕ ਇਥੇ ਜਿੱਦ ਹੀ ਕਰ ਬਹਿੰਦੇ ਹਨ ਕਿ ਅਸੀ ਤਾਂ ਰੱਬ ਨੂੰ ਪਾਉਣਾ ਹੀ ਪਾਉਣਾ ਹੈ।

ਗੁਰੂ ਸਾਹਿਬ ਨੇ ਬੜੇ ਪ੍ਰੇਮ ਅਤੇ ਠਰੰਮੇ ਨਾਲ ਸਾਧੂਆਂ ਨੂੰ ਸਮਝਾਇਆ ਕਿ ਪਹਿਲੀ ਗਲ ਮੈਂ ਨਿਰੰਕਾਰ ਦਾ ਪੁਜਾਰੀ ਹਾਂ ਜੋ ਘਟ ਘਟ ਵਿੱਚ ਬਿਰਾਜਮਾਨ ਹੈ। ਅਗੇ ਫਿਰ ਓਨਾਂ ਸਮਝਾਇਆ ਕਿ ਜਿੱਦ ਕਰਨਾਂ ਨਿਰੰਕਾਰ ਦੀ ਰਜਾ ਦਾ ਖੰਡਣ ਹੈ। (ਅੰਗਰੇਜੀ ਵਿੱਚ ਇਹਨੂੰ ਬਲੈਕਮੇਲ ਕਹਿੰਦੇ ਹਨ। ਅਕਸਰ ਬੱਚੇ ਵੀ ਮਾਪਿਆਂ ਨਾਲ ਜਿੱਦ ਕਰਦੇ ਹਨ।) ਭਗਤ ਨੇ ਮਾਲਕ ਦੀ ਖੁਸ਼ੀ ਲੈਣੀ ਹੁੰਦੀ ਹੈ। ਉਹ ਨਿਰੰਕਾਰ ਸਾਡੇ ਤੇ ਤਰਸ ਕਰੇ। ਦਿਆ ਕਰੇ।

ਜਨਮਸਾਖੀ ਅਨੁਸਾਰ ਇਥੇ ਹੀ ਹੇਠਲਾ ਸਬਦ ਰਚਿਆ:

ਭੈਰਉ ਮਹਲਾ ੧ ॥ ਜਗਨ ਹੋਮ ਪੁੰਨ ਤਪ ਪੂਜਾ ਦੇਹ

ਇਸ ਸਾਧੂ ਨੇ ਪ੍ਰਣ ਕੀਤਾ ਕਿ 12 ਸਾਲ ਬਾਂਹ ਉਤਾਂਹ ਹੀ ਕਰ ਰਖਣੀ ਹੈ। ਕੁਝ ਸਾਲਾਂ ਬਾਦ ਹੀ ਫਿਰ ਬਾਂਹ ਸੁੱਕ ਗਈ। ਹੁਣ ਤਾਂ ਥੱਲੇ ਆਉਦੀ ਹੀ ਨਹੀ। ਗੁਰੂ ਸਾਹਿਬ ਨੇ ਕਿਹਾ ਸਰੀਰ ਨੂੰ ਕੋਹਣਾ ਗਲਤ ਹੈ।

ਲਓ ਕਰ ਲਓ ਗਲ। ਇਹਨੇ ਤਾਂ ਸਿਰ ਹੀ ਜਮੀਨ ਵਿਚ ਵਾੜ ਦਿੱਤਾ। ‘‘ਬਾਬਾ ਇਹਨਾਂ ਵਿੱਧੀਆਂ ਕਰਕੇ ਮੇਲ ਨਹੀ ਹੋਣਾ। ਇਹ ਤੇਰੇ ਕਰਮ ਕਾਂਡ, ਯੋਗ ਆਸਣ, ਸਰੀਰ ਕੋਹਣਾ ਵਿਅੱਰਥ ਹੈ।

ਦੁੱਖੀ ਨਿਤ ਦੂਖ ਸਹੈ ॥ ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮੁਖਿ ਲਹੈ ॥੧॥ ਰਾਮ ਨਾਮ ਬਿਨੁ ਬਿਰਥੇ ਜਗਿ ਜਨਮਾ ॥ ਬਿਖੁ ਖਾਵੈ ਬਿਖੁ ਬੋਲੀ ਬੋਲੈ ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ ॥੧॥ ਰਹਾਉ ॥ ਪੁਸਤਕ ਪਾਠ ਬਿਆਕਰਣ ਵਖਾਣੈ ਸੰਧਿਆ ਕਰਮ ਤਿਕਾਲ ਕਰੈ ॥ ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ ਰਾਮ ਨਾਮ ਬਿਨੁ ਉਰਝਿ ਮਰੈ ॥੨॥ ਡੰਡ ਕਮੰਡਲ ਸਿਖਾ ਸੂਤ ਧੋਤੀ ਤੀਰਥਿ ਗਵਨੁ ਅਤਿ ਭ੍ਰਮਨੁ ਕਰੈ ॥ ਰਾਮ ਨਾਮ ਬਿਨੁ ਸਾਂਤਿ ਨ ਆਵੈ ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ ॥੩॥ ਜਟਾ ਮੁਕਟੁ ਤਨਿ ਭਸਮ ਲਗਾਈ ਬਸਤ੍ਰ ਛੋਡਿ ਤਨਿ ਨਗਨੁ ਭਇਆ ॥ ਰਾਮ ਨਾਮ ਬਿਨੁ ਤ੍ਰਿਪਤਿ ਨ ਆਵੈ ਕਿਰਤ ਕੈ ਬਾਂਧੈ ਭੇਖੁ ਭਇਆ ॥੪॥ ਜੇਤੇ ਜੀਅ ਜੰਤ ਜਲਿ ਥਲਿ ਮਹੀਅਲਿ ਜੜ ਕਤ੍ਰ ਤੂ ਸਰਬ ਜੀਆ ॥ ਗੁਰ ਪਰਸਾਦਿ ਰਾਖਿ ਲੇ ਜਨ ਕਉ ਹਰਿ ਰਸੁ ਨਾਨਕ ਝੋਲਿ ਪੀਆ ॥੫॥੭॥੮॥

ਇਥੇ ਗੁਰੂ ਸਾਹਿਬ ਨੇ ਅਜਿਹੀ ਜਿੱਦ ਦਾ ਖੰਡਨ ਕੀਤਾ ਤੇ ਉਪਦੇਸ਼ ਦਿੱਤਾ ਕਿ ਨਿਰੰਕਾਰ ਦੀ ਪ੍ਰਾਪਤੀ ਉਹਦੇ ਰਹਿਮ ਜਾਂ ਦਿਆ ਨਾਲ ਹੀ ਸੰਭਵ ਹੈ। "ਜਪੁ ਤਪੁ ਕਰਿ ਕਰਿ ਸੰਜਮ ਥਾਕੀ ਹਠਿ ਨਿਗ੍ਰਹਿ ਨਹੀ ਪਾਈਐ ॥ ਨਾਨਕ ਸਹਜਿ ਮਿਲੇ ਜਗਜੀਵਨ ਸਤਿਗੁਰ ਬੂਝ ਬੁਝਾਈਐ ॥" ਸਿੱਖ ਧਰਮ ਵਿੱਚ ਤਾਂ ਹੀ ਅਰਦਾਸ ਦੀ ਬਹੁਤ ਅਹਿਮੀਅਤ ਹੈ। ਮੂਲ ਮੰਤਰ ਦੇ ਅੰਤ ਵਿੱਚ ਗੁਰਪ੍ਰਸਾਦਿ ਦਾ ਸਿਧਾਂਤ ਦਿੱਤਾ ਹੈ ਕਿ ਅਸੀ ਲੱਖ ਚਾਹੀਏ ਜਿੰਨਾਂ ਚਿਰ ਉਹਦੀ ਕਿਰਪਾ ਦ੍ਰਿਸ਼ਟੀ ਨਹੀ ਹੁੰਦੀ ਅਸੀ ਉਹਦੀ ਪ੍ਰਾਪਤੀ ਨਹੀ ਕਰ ਸਕਦੇ। ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਇਹ ਜੋਰਾ ਜਬਰੀ ਦਾ ਰਸਤਾ ਨਹੀ ਹੈ।

ਆਖਣਿ ਜੋਰੁ ਚੁਪੈ ਨਹ ਜੋਰੁ ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥ ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥ ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ ਜੋਰੁ ਨ ਜੁਗਤੀ ਛੁਟੈ ਸੰਸਾਰੁ ॥ ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥

ਉਹਦੇ ਭਾਣੇ ਵਿੱਚ ਚਲਣਾ। ਰੱਬ ਕੋਲੋ ਦਇਆ ਦੀ ਭਿਖਿਆ ਮੰਗਣਾ। ਕਿਸੇ ਪਹੁੰਚੇ ਹੋਏ ਮਹਾਂਪੁਰਖ ਨੂੰ ਵੇਖ ਕਦੀ ਲੋਕ ਰੀਸ ਕਰਨ ਬਹਿ ਜਾਂਦੇ ਨੇ ਜੋ ਵਿਅੱਰਥ ਹੈ।

"ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥ ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥"

ਸਾਹਿਬ ਨੇ ਉਪਦੇਸ਼ ਦਿੱਤਾ ਭਈ ਹਿਰਦੇ ਵਿੱਚ ਸੰਤੋਖ ਹੋਏ, ਅਕਲ ਨਾਲ ਮਨ ਨੂੰ ਬੁਰਾਈਆ ਵਲ ਦੌੜਨ ਤੋਂ ਵਰਜਣਾ, ਮਨ ਵਿੱਚ ਰੱਬ ਦਾ ਡਰ, ਉਹਦੇ ਪੈਦਾ ਕੀਤੇ ਹੋਏ ਜੀਆਂ ਪ੍ਰਤੀ ਭਾਉ ਹੋਵੇ ਭਾਵ ਪਿਆਰ ਤੇ ਦਇਆ ਹੋਵੇ, ਨਿਰੰਕਾਰ ਦੀ ਸਿਫਤ ਸਲਾਹ ਦਾ ਸ਼ਬਦ ਹਮੇਸ਼ਾਂ ਬੁਲਾਂ ਤੇ ਹੋਏ ਤੇ ਸਭ ਤੋਂ ਜਰੂਰੀ ਸ਼ਰਤ ਕਿ ਨਿਰੰਕਾਰ ਦੀ ਨਜਰ ਸਵੱਲੀ ਹੋਵੇ ਤਾਂ ਸ਼ਰਧਾਲੂ ਨਿਹਾਲ ਹੋ ਜਾਵੇਗਾ।

ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥ ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥ ਘੜੀਐ ਸਬਦੁ ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ ॥੩੮॥

ਗੁਰੂ ਸਾਹਿਬ ਨੇ ਸਮਝਾਇਆ ਕਿ ਮੰਨ ਦੀਆਂ ਤਰੰਗਾਂ ਜਾਂ ਵਾਸ਼ਨਾਵਾਂ ਨੂੰ ਤੁਸੀ ਕੰਧ ਜਾਂ ਦੀਵਾਰ ਬਣਾ ਕੇ ਨਹੀ ਰੋਕ ਸਕਦੇ। ਸਗੋਂ ਅਜਿਹਾ ਕਰਨ ਨਾਲ ਮੰਨ ਜਿਆਦਾ ਉਸ ਬੁਰਾਈ ਵਲ ਦੌੜਦਾ ਹੈ। ਕਈ ਸਾਧੂਆਂ ਨੇ ਲਿੰਗ ਦੁਆਲੇ ਲੋਹੇ ਦੀਆਂ ਪੱਕੀਆਂ ਫੱਟੀਆ ਲਵਾ ਲਈਆਂ ਹਨ, ਇਹ ਵਿਅੱਰਥ ਹੈ। ਜਰੂਰਤ ਹੈ ਕਾਮ ਦੀ ਮੁਢਲੀ ਸਚਾਈ ਸਮਝਣ ਦੀ। ਕਰਤੇ ਦੇ ਹੁਕਮ ਨੂੰ ਸਮਝਣ ਦੀ। ਕਿ ਕਾਮ ਵਾਸ਼ਨਾਵਾਂ ਕਰਤਾਰ ਨੇ ਇਸ ਕਰਕੇ ਪੈਦਾ ਕੀਤੀ ਹੈ ਕਿ ਜਿਨਸ ਚਲਦੀ ਰਹੇ ਮੁੱਕ ਨਾਂ ਜਾਏ। ਜੇ ਬੱਚਾ ਪੈਦਾ ਨਹੀ ਹੋਵੇਗਾ ਤਾਂ ਇਨਸਾਨ ਜਾਤ ਖਤਮ ਹੋ ਜਾਏਗੀ। ਏਸੇ ਤਰਾਂ ਬਾਕੀ ਵਾਸ਼ਨਾਵਾਂ ਪਿੱਛੇ ਕਰਤਾਰ ਦਾ ਹੁਕਮ ਕੰਮ ਕਰ ਰਿਹਾ ਹੈ। ਜੇ ਬੱਚੇ ਨਾਲ ਮੋਹ ਹੋਵੇਗਾ ਤਾਂ ਹੀ ਤਾਂ ਮਾਂ ਬਾਪ ਬੱਚੇ ਦੀ ਪ੍ਰਵ੍ਰਿਸ਼ ਕਰਨਗੇ। ਨਹੀ ਤਾਂ ਬੱਚੇ ਨੂੰ ਕੌਣ ਪਾਲੇਗਾ? ਆਦਿ ਆਦਿ।

ਗੁਰੂ ਸਾਹਿਬ ਦੇ ਬਚਨ ਸੁਣ ਕੇ ਸੰਨਿਆਸੀ ਲੋਕ ਆ ਚਰਨੀ

ਵੇਖੋ ਇਨਾਂ ਸਾਧੂਆਂ ਦੇ ਕਿਸੇ ਦੇ ਵੀ ਚਿਹੜੇ ਤੇ ਖੇੜਾ ਨਹੀ ਹੈ। ਨਹੀ ਭਾਈਓ! ਨੰਗਿਆਂ ਰਹਿ ਕੇ ਸਰੀਰ ਕੋਹ ਕੇ ਇਹ ਗਲ ਨਹੀ ਬਣਨੀ। ਇਹ ਖੇਡ ਤਾਂ ਪ੍ਰੇਮ ਦੀ ਹੈ। ਰਜਾ ਵਿਚ ਰਹਿ ਕੇ, ਉਹਦੀ ਉਸਤਤ ਕਰਨਾਂ ਹੀ ਨਿਰੰਕਾਰ ਨੂੰ ਭਾਉਦਾ ਹੈ।



ਸਿੱਖ ਗੁਰਮਤ ਅਨੁਸਾਰ ਸਮਾਧੀਆਂ ਲਾਉਣ ਨਾਲ ਵੀ ਸੁਰਤ ਨਹੀ ਬੱਝ ਸਕਦੀ। ਸਿੱਖੀ ਵਿਚ ਸ਼ਬਦ ਦੀ ਅਹਿਮੀਅਤ ਹੈ। ਸ਼ਬਦ ਵੀ ਫਿਰ ਬੋਲਣਾ ਜਾ ਗਾਉਣਾ ਹੈ। ਆਹ ਵੇਖੋ ਸਮਾਧੀਆਂ ਲਾ ਲਾ ਕੇ ਪੈਰ ਹੀ ਪੁੱਠੇ ਹੋ ਗਏ ਨੇ।

ਲੱਗੇ। ਕਹਿਣ ਲੱਗੇ ਐ ਨਾਨਕ ਤੂੰ ਸਚਮੁੱਚ ਨਿਰੰਕਾਰ ਦੇ ਨੇੜੇ ਹੈਂ। ◉

ਸਰੀਰ ਨੂੰ ਕੋਹ ਕੇ ਨਿਰੰਕਾਰ ਦੀ ਪ੍ਰਾਪਤੀ ਦੇ ਸਿਧਾਂਤ ਦਾ ਖੰਡਣ ਕਰਦਿਆ ਗੁਰੂ ਸਾਹਿਬ ਨੇ ਹੋਰ ਵੀ ਕਈ ਥਾਂਈ ਉਪਦੇਸ਼ ਦਿਤੇ। ਕੁਝ ਇਕ ਹੋਰ ਸਬੰਧਤ ਸ਼ਬਦ ਵੀ ਨੋਟ ਕੀਤੇ ਜਾਣ:-

ਇਕਿ ਤਪਸੀ ਬਨ ਮਹਿ ਤਪੁ ਕਰਹਿ ਨਿਤ ਤੀਰਥ ਵਾਸਾ ॥ ਆਪੁ ਨ ਚੀਨਹਿ ਤਾਮਸੀ ਕਾਹੇ ਭਏ ਉਦਾਸਾ ॥੫॥ ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ ॥ ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ ॥ (ਸਗਗਸ-੪੧੯)

ਜਪ ਤਪ ਸੰਜਮ ਕਰਮ ਨ ਜਾਨਾ ਨਾਮੁ ਜਪੀ ਪ੍ਰਭ ਤੇਰਾ ॥ ਗੁਰੁ ਪਰਮੇਸਰੁ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ ॥ (ਸਗਗਸ-੮੧੮)

ਨਾਮਿ ਰਤੇ ਸਿਧ ਗੋਸਟਿ ਹੋਇ ॥ ਨਾਮਿ ਰਤੇ ਸਦਾ ਤਪੁ ਹੋਇ ॥ (ਸਗਗਸ- ੯੩੯ ਸਿਧ ਗੋਸਟਿ)

ਇਕਿ ਜਪ ਤਪ ਕਰਿ ਕਰਿ ਤੀਰਥ ਨਾਵਹਿ ॥ ਜਿਉ ਤੁਧੁ ਭਾਵੈ ਤਿਵੈ ਚਲਾਵਹਿ ॥ ਹਠਿ ਨਿਗ੍ਰਹਿ ਅਪਤੀਜੁ ਨ ਭੀਜੈ ਬਿਨੁ ਹਰਿ ਗੁਰ ਕਿਨਿ ਪਤਿ ਪਾਈ ਹੇ ॥ (ਸਗਗਸ-੧੦੨੪)

ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ ॥ ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮੁਖਿ ਲਹੈ ॥੧॥ (ਸਗਗਸ-੧੧੨੭)

ਸਗਲੇ ਕਰਮ ਧਰਮ ਸੁਚਿ ਸੰਜਮ ਜਪ ਤਪ ਤੀਰਥ ਸਬਦਿ ਵਸੇ ॥ ਨਾਨਕ ਸਤਿਗੁਰ ਮਿਲੈ ਮਿਲਾਇਆ ਦੂਖ ਪਰਾਛਤ ਕਾਲ ਨਸੇ ॥ (ਸਗਗਸ-੧੩੩੨)

ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥ ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਸਮ੍ਹਾਲਿ ॥੧੮॥ ਸਭਨੀ ਘਟੀ ਸਹੁ ਵਸੈ ਸਹ ਬਿਨੁ ਘਟੁ ਨ ਕੋਇ ॥ ਨਾਨਕ ਤੇ ਸੋਹਾਗਣੀ ਜਿਨ੍ਹਾ ਗੁਰਮੁਖਿ ਪਰਗਟੁ ਹੋਇ ॥ (ਸਗਗਸ-੧੩੮੪)

---◈---

ਅਜੁਧਿਆ – ਸਾਧੂ ਸੰਤਾਂ ਨੇ ਪੁੱਛਿਆ ਬਾਬਾ ਜੀ ਨਾਮ ਕੀ ਹੁੰਦਾ ਹੈ?◉

ਅਗਲੇ ਦਿਨ ਸ਼ਹਿਰ ਵਿੱਚ ਬਿਰਾਜਮਾਨ ਸਭ ਸੰਤ ਇਕੱਠੇ ਹੋ ਕੇ ਪੰਜ ਤੀਰਥੀ ਮੱਠ ਆ ਗਏ। ਇੱਕ ਸੇਵਕ ਨੂੰ ਭੇਜਿਆ ਕਿ ਜਾਓ ਗੁਰੂ ਨਾਨਕ ਨੂੰ ਕਹੋ ਕਿ ਗੋਬਿੰਦ (ਸਾਧੂ) ਲੋਕ ਤੁਹਾਡੇ ਦਰਸ਼ਨਾਂ ਦੀ ਤਾਂਘ ਰੱਖਦੇ ਹਨ। ਸੇਵਕ ਨੂੰ ਸੁਚੇਤ ਕਰਕੇ ਭੇਜਿਆ ਸੀ ਕਿ ਜੇ ਗੁਰੂ ਨਾਨਕ ਦੀ ਲਿਵ ਲੱਗੀ ਹੋਵੇ ਤਾਂ ਉਸ ਵਿੱਚ ਵਿਘਨ ਨਹੀ ਪਾਉਣਾ। ਓਥੇ ਉਡੀਕਣਾਂ ਜਦੋਂ ਉਹ ਖੁਸ਼ੀ ਦੇ ਆਲਮ ਵਿੱਚ ਹੋਣ ਤਾਂ ਸੁਨੇਹਾ ਦੇਣਾ।

ਕੁਦਰਤੀ ਗੁਰੂ ਸਾਹਿਬ ਕੁਝ ਸ਼ਰਧਾਲੂਆਂ ਨਾਲ ਬਚਨ ਬਿਲਾਸ ਕਰ ਰਹੇ ਸਨ। ਤਾਂ ਸੇਵਕ ਨੇ ਸਾਧੂ ਮੰਡਲੀ ਦਾ ਸੁਨੇਹਾ ਦਿੱਤਾ।

ਗੁਰੂ ਸਾਹਿਬ ਨੇ ਸੁਨੇਹਾ ਸੁਣ ਕੇ ਵੱਡਾ ਚਾਅ ਕੀਤਾ, "ਮੇਰੇ ਧੰਨ ਭਾਗ ਜੁ ਮੈਂ ਮਹਾਂ ਪੁਰਖਾਂ ਦੇ ਦਰਸ਼ਨ ਕਰਾਂ। "

ਸੇਵਾਦਾਰ ਨੇ ਜਾ ਕੇ ਸੁਨੇਹਾ ਦਿੱਤਾ ਤਾਂ ਸਭ ਰਿਸ਼ੀ ਮੁਨੀ ਸਾਧੂ ਸੰਤ ਗੁਰੂ ਸਾਹਿਬ ਦੇ ਡੇਰੇ ਆ ਹਾਜਰ ਹੋਏ। ਗੁਰੂ ਸਾਹਿਬ ਨੇ ਸੰਤ ਮੰਡਲੀ ਨੂੰ ਡੰਡਾਉਤ (ਲੰਮੇ ਪੈ ਕੇ) ਬੰਦਨਾਂ ਕੀਤੀ। ਇੱਕ ਦੂਜੇ ਦਾ ਕੁਸ਼ਲ ਮੰਗਲ (ਹਾਲ ਚਾਲ) ਪੁੱਛਣ ਉਪਰੰਤ ਸਾਧੂ ਮੰਡਲੀ ਨੇ ਗੁਰੂ ਸਾਹਿਬ ਅੱਗੇ ਪ੍ਰਸ਼ਨ ਕੀਤਾ ਕਿ ਬਾਬਾ ਜੀ ਸਾਨੂੰ ਵੀ ਦੱਸੋ ਜਿਹੜਾ ਤੁਸੀ 'ਨਾਮ ਮਾਰਗ' ਦੀ ਗਲ ਕਰ ਰਹੇ। ਇਹ ਕੀ ਅਲੌਕਿਕ ਤਰੀਕਾ ਹੈ ਭਗਵਾਨ ਨੂੰ ਪਾਉਣ ਦਾ।

ਗੁਰੂ ਸਾਹਿਬ ਨੇ ਸਮਝਾਇਆ ਕਿ ਸਾਡਾ ਤਰੀਕਾ ਐਨ ਕੁਦਰਤੀ ਹੈ। ਭਾਈ ਜਦੋਂ ਕਿਸੇ ਕੋਲੋ ਕੋਈ ਚੀਜ ਲੈਣੀ ਹੋਵੇ ਤਾਂ ਅਸੀ ਉਸ ਅੱਗੇ ਬੇਨਤੀ ਕਰਦੇ ਹਾਂ। ਅਗਲੇ ਨੂੰ ਵਡਿਆਉਂਦੇ ਹਾਂ। ਆਪਣੀ ਕਮਜੋਰੀ, ਆਪਣੀ ਊਣਤਾਈ ਅਗਲੇ ਅੱਗੇ ਰੱਖਦੇ ਹਾਂ ਤਾਂ ਹੀ ਤਾਂ ਤਰਸ ਕਰਕੇ ਉਹ ਸਾਡੀ ਮੰਗ ਪੂਰੀ ਕਰੇਗਾ। ਇਹੋ ਕੁਦਰਤੀ ਤਰੀਕਾ ਹੈ ਕੁਝ ਪਾਉਣ ਦਾ। ਬਸ ਏਸੇ ਦਾ ਨਾਂ ਅਸੀ 'ਨਾਮ' ਆਖਦੇ ਹਾਂ। ਨਾਮ ਦਾ ਮਤਲਬ ਸਿਫਤ, ਜਸ, ਵਡਿਆਈ, ਉਸਤਤ, ਕੀਰਤੀ, ਅਗਲੇ ਦੇ ਗੁਣ ਗਾਉਣਾ।

ਮਃ ੧ ॥ ਕੈਹਾ ਕੰਚਨੁ ਤੁਟੈ ਸਾਰੁ ॥ ਅਗਨੀ ਗੰਢੁ ਪਾਏ ਲੋਹਾਰੁ ॥ ਗੋਰੀ ਸੇਤੀ ਤੁਟੈ ਭਤਾਰੁ ॥ ਪੁਤੀ ਗੰਢੁ ਪਵੈ ਸੰਸਾਰਿ ॥ ਰਾਜਾ ਮੰਗੈ ਦਿੱਤੈ ਗੰਢੁ ਪਾਇ ॥ ਭੁਖਿਆ ਗੰਢੁ ਪਵੈ ਜਾ ਖਾਇ ॥ ਕਾਲਾ ਗੰਢੁ ਨਦੀਆ ਮੀਹ ਝੋਲ ॥ ਗੰਢੁ ਪਰੀਤੀ ਮਿਠੇ ਬੋਲ ॥ ਬੇਦਾ ਗੰਢੁ ਬੋਲੇ ਸਚੁ ਕੋਇ ॥ ਮੁਇਆ ਗੰਢੁ ਨੇਕੀ ਸਤੁ ਹੋਇ ॥ ਏਤੁ ਗੰਢਿ ਵਰਤੈ ਸੰਸਾਰੁ ॥ ਮੂਰਖ ਗੰਢੁ ਪਵੈ ਮੁਹਿ ਮਾਰ ॥ ਨਾਨਕੁ ਆਖੈ ਏਹੁ ਬੀਚਾਰੁ ॥ ਸਿਫਤੀ ਗੰਢੁ ਪਵੈ ਦਰਬਾਰਿ ॥੨॥

ਸੋ ਜੇ ਨਿਰੰਕਾਰ ਨਾਲ ਮੇਲ ਕਰਨਾਂ, ਆਪਣੀ ਰੀਂਢਣੀ ਹੈ ਤਾਂ ਉਹਦੀਆਂ ਸਿਫਤਾਂ ਕਰਨੀਆ ਹੋਣਗੀਆਂ।

ਮੰਨ ਲਓ ਮੈਂ ਭੁੱਖਾਂ ਹਾਂ ਪਰ ਜੇ ਕਿਤੇ ਸੜ੍ਹਕ ਕਿਨਾਰੇ ਸਮਾਧੀ ਲਾ ਕੇ ਬਹਿ ਜਾਵਾਂ ਤਾਂ ਲੋਕੀ ਕੀ ਸਮਝਣਗੇ ਕਿ ਮੈਨੂੰ ਕੀ ਚਾਹੀਦਾ ਹੈ। ਮੰਗ ਕਰਨ ਲਈ ਸਾਨੂੰ ਭਾਸ਼ਾ ਦੀ ਜਰੂਰਤ ਪੈਂਦੀ ਹੈ। ਸਾਨੂੰ ਕੁਝ ਸ਼ਬਦ ਬੋਲਣੇ ਪੈਣਗੇ। ਜੇ ਨਿਰੰਕਾਰ ਦੇ ਦਰਬਾਰ ਦੇ ਦਰਸ਼ਨ ਚਾਹੀਦੇ ਨੇ ਤਾਂ ਸਾਨੂੰ ਉਹਦੀ ਵਡਿਆਈ ਦੇ ਸਬਦ ਬੋਲਣੇ ਪੈਣਗੇ। ਮੰਗਣਾ ਪਵੇਗਾ। ਬਸ ਇਹੋ ਨਾਮ ਹੈ।

ਪੈਰ ਸਫਾ

◉ ਸੋਢੀ ਮਿਹਰਬਾਨ ਅਨੁਸਾਰ । ਸਫਾ 444- ਜੋਗਾ ਤੇ ਗੁਰਮਤ,628 ਕਰਮ ਯੋਗਾ

■ ਪ੍ਰੋਫੈਸਰ ਸਾਹਿਬ ਸਿੰਘ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਅਯੁਧਿਆ ਵਿਖੇ ਕਤਕ ਦੀ ਮੱਸਿਆ ਵਾਲੇ ਦਿਨ ਮੌਜੂਦ ਸਨ ਕਿਉਕਿ ਓਦੋਂ ਇਥੇ ਤੁਲਸੀ ਦੀ ਪੂਜਾ ਕੀਤੀ ਜਾਂਦੀ ਹੈ ਤੇ ਇਹ ਇਸ ਸ਼ਹਿਰ ਦਾ ਮੁਖ ਤਿਉਹਾਰ ਹੈ। ਇਹ ਦਾਵਾ ਅਸੀ ਗਲਤ ਸਮਝਦੇ ਹਾਂ ਕਿਉਕਿ ਤੁਲਸੀ ਪੂਜਾ ਅਯੁਧਿਆ ਦਾ ਮੁਖ ਤਿਉਹਾਰ ਨਹੀ ਹੈ। ਨਾਲੇ ਇਥੇ ਜੋ ਸਬਦ ਰਚਿਆ ਹੈ ਉਸ ਵਿਚ ਵੀ ਸਾਵਣ ਤੇ ਬਰਸਾਤਾਂ ਦਾ ਜਿਕਰ ਆਉਦਾ ਹੈ।

ਗੁਰੂ ਸਾਹਿਬ ਨੇ ਸਾਧੂ ਮੰਡਲੀ ਨੂੰ ਕੁਝ ਅਜਿਹੇ ਤਰੀਕੇ ਨਾਲ ਸਿਫਤ ਸਾਲਾਹ ਮਾਰਗ ਬਾਰੇ ਚਾਨਣਾ ਪਾਇਆ ਕਿ ਗੋਬਿੰਦ ਲੋਕ ਕੀਲੇ ਗਏ। ਹਰ ਇੱਕ ਦੇ ਮੂੰਹੋ ਇਹੋ ਲਫਜ ਨਿਕਲ ਰਿਹਾ 'ਧੰਨ ਹੈ ਤੂ ਬਾਬਾ ਨਾਨਕ'। ਅੰਤ ਵੇਲੇ ਫਿਰ ਸਾਰੇ ਸਾਧੂ ਸੰਤਾਂ ਨੇ ਗੁਰੂ ਸਾਹਿਬ ਅੱਗੇ ਡੰਡਾਉਤ ਨਮਸਕਾਰ ਕੀਤੀ।

ਜਨਮ ਸਾਖੀ ਮਿਹਰਬਾਨ ਅਨੁਸਾਰ ਹੇਠਲਾ ਸ਼ਬਦ ਇਥੇ ਹੀ ਉਚਾਰਿਆ ਗੁਰੂ ਸਾਹਿਬ ਨੇ:

ਸਿਰੀਰਾਗੁ ਮਹਲਾ ੧ ॥ ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥ ਮਿਲਿ ਕੈ ਕਰਹ ਕਹਾਣੀਆ ਸੰਮੁਖ ਕੰਤ ਕੀਆਹ ॥ ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ ॥੧॥ ਕਰਤਾ ਸਭੁ ਕੋ ਤੇਰੈ ਜੋਰਿ ॥ ਏਕੁ ਸਬਦੁ ਬੀਚਾਰੀਐ ਜਾ ਤੂ ਤਾ ਕਿਆ ਹੋਰਿ ॥੧॥ ਰਹਾਉ ॥ ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ ॥ ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ ॥ ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ ॥੨॥ ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ ॥ ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ ॥ ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ ॥੩॥ ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ ॥ ਸੁਰਤਿ ਹੋਵੈ ਪਤਿ ਊਗਵੈ ਗੁਰਬਚਨੀ ਭਉ ਖਾਇ ॥ ਨਾਨਕ ਸਚਾ ਪਾਤਿਸਾਹੁ ਆਪੇ ਲਏ ਮਿਲਾਇ ॥੪॥੧੦॥

—◈—

ਗੋਰਖਪੁਰ ਦੇ ਸਾਧਾਂ ਨੇ ਪੁੱਛਿਆ

"ਬਾਵਾ ਤੁਮ ਕੌਨ ਹੋ- ਫਕੀਰ, ਸਨਿਆਸੀ, ਜਾਂ ਬੈਰਾਗੀ, ਉਦਾਸੀ?"•

ਗੁਰੂ ਸਾਹਿਬ ਦੀ ਚਰਚਾ ਤਾਂ ਚੁਫੇਰੇ ਛਿੜ ਚੁੱਕੀ ਹੋਈ ਸੀ। ਗੋਰਖਪੁਰ ਦੇ ਜੋਗੀ ਵੀ ਗੁਰੂ ਸਾਹਿਬ ਦੀ ਉਡੀਕ ਵਿਚ ਸਨ ਕਿ ਜਦੋਂ ਉਹ ਆਏਗਾ ਤਾਂ ਉਨ੍ਹੰ ਟਿਕਾਣੇ ਤੋਂ ਫੜ੍ਹ ਕੇ ਜੋਗ ਦੀ ਮਰਿਆਦਾ ਵਿਚ ਲਿਆਵਾਂਗੇ। ਜਿਵੇ ਗੁਰੂ ਸਾਹਿਬ ਨੇ ਗੋਰਖਪੁਰ ਪਹੁੰਚ ਐਨ ਸੜਕ ਕਿਨਾਰੇ ਆਸਣ ਜਮਾਇਆ ਤਾਂ ਇਲਾਕੇ ਦੇ ਸੰਨਿਆਸੀਆਂ ਨੂੰ ਝੱਟ ਕੰਨੋ ਕੰਨੀ ਖਬਰ ਪਹੁੰਚ ਗਈ ਕਿ "ਉਹ ਲਹੌਰ ਵਾਲਾ ਬਾਬਾ ਯਹਾਂ ਭੀ ਪਹੁੰਚ ਗਿਆ ਹੈ। "

ਫਿਰ ਕੀ ਹੋਇਆ ਕਿ ਇਲਾਕੇ ਦੇ ਪ੍ਰਸਿੱਧ ਜੋਗੀ ਸਨਿਆਸੀ ਅਤੇ ਪੰਡਤਾਂ ਨੇ ਇਕੱਠੇ ਹੋ ਕੇ ਗੁਰੂ ਸਾਹਿਬ ਨਾਲ ਵਾਰਤਾਲਾਪ ਸ਼ੁਰੂ ਕੀਤਾ। ਉਹਨਾਂ ਦਾ ਮੁੱਖ ਸਵਾਲ ਸੀ ਕਿ ਬਾਬਾ ਜੀ ਤੁਸੀ ਕੌਣ ਹੋ? ਕੀ ਬਿਨਾਂ ਕਿਸੇ ਸੰਪਰਦਾ ਦੀ ਮਰਿਆਦਾ ਵਿਚ ਆਏ ਵੀ ਕੋਈ ਬੰਦਾ ਭਗਵਾਨ ਤਕ ਪਹੁੰਚ ਸਕਦਾ ਹੈ?

ਗੁਰੂ ਸਾਹਿਬ ਨੇ ਇਥੇ ਵੀ ਬੜੇ ਪ੍ਰੇਮ ਪੂਰਬਕ ਆਪਣਾ ਸਿਧਾਂਤ ਸਮਝਾਇਆ। ਸਾਧਾਂ ਨੂੰ ਦੱਸਿਆ ਕਿ ਰੱਬ ਨੂੰ ਪਾਉਣ ਲਈ ਜਰੂਰੀ ਨਹੀ ਕਿ ਤੁਸੀ ਮੂੰਹ ਸਿਰ ਮੁਨਾ ਕੇ, ਘਰ ਗ੍ਰਿਸਤ ਤਿਆਗ, ਜੰਗਲ ਬੇਲਿਆਂ ਵਿਚ ਨਿਵਾਸ ਕਰੋ। ਸਾਹਿਬ ਨੇ ਸਮਝਾਇਆ ਕਿ ਗ੍ਰਿਸਤੀ ਬੰਦਾ ਵੀ ਅਕਾਲ ਪੁਰਖ ਤਕ ਪਹੁੰਚ ਸਕਦਾ ਹੈ।

ਇਸ ਮੌਕੇ ਫਿਰ ਗੁਰੂ ਸਾਹਿਬ ਨੇ ਸ਼ਬਦ ਉਚਾਰਨ ਕੀਤਾ:-

ਸਲੋਕ ਮਃ ੧ ॥ ਨਾ ਸਤਿ ਦੁਖੀਆ ਨਾ ਸਤਿ ਸੁਖੀਆ ਨਾ ਸਤਿ ਪਾਣੀ ਜੰਤ ਫਿਰਹਿ ॥ ਨਾ ਸਤਿ ਮੂੰਡ ਮੁਡਾਈ ਕੇਸੀ ਨਾ ਸਤਿ ਪੜਿਆ ਦੇਸ ਫਿਰਹਿ ॥ ਨਾ ਸਤਿ ਰੁਖੀ ਬਿਰਖੀ ਆਪੁ ਤਛਾਵਹਿ ਦੁਖ ਸਹਹਿ ॥ ਨਾ ਸਤਿ ਹਸਤੀ ਬਧੇ ਸੰਗਲ ਨਾ ਸਤਿ ਗਾਈ ਘਾਹੁ ਚਰਹਿ ॥ ਜਿਸੁ ਹਥਿ ਸਿਧਿ ਦੇਵੈ ਜੋ ਸੋਈ ਜਿਸ ਨੋ ਦੇਇ ਤਿਸੁ ਆਇ ਮਿਲੈ ॥ ਨਾਨਕ ਤਾ ਕਉ ਮਿਲੈ ਵਡਾਈ ਜਿਸੁ ਘਟ ਭੀਤਰਿ ਸਬਦੁ ਰਵੈ ॥ ਸਭਿ ਘਟ ਮੇਰੇ ਹਉ ਸਭਨਾ ਅੰਦਰਿ ਜਿਸਹਿ ਖੁਆਈ ਤਿਸੁ ਕਉਣੁ ਕਹੈ ॥ ਜਿਸਹਿ ਦਿਖਾਲਾ ਵਾਟੜੀ ਤਿਸਹਿ ਭੁਲਾਵੈ ਕਉਣੁ ॥ ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਣੁ ॥੧॥ ਮਃ ੧ ॥ ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਜਪੁ ਤਪੁ ਸੰਜਮੁ ਭੀਖਿਆ ਕਰੈ ॥ ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥ ਬੋਲੈ ਈਸਰੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੨॥ ਮਃ ੧ ॥ ਸੋ ਅਉਧੂਤੀ ਜੋ ਧੂਪੈ ਆਪੁ ॥ ਭਿਖਿਆ ਭੋਜਨੁ ਕਰੈ ਸੰਤਾਪੁ ॥ ਅਉਹਠ ਪਟਣ ਮਹਿ ਭੀਖਿਆ ਕਰੈ ॥ ਸੋ ਅਉਧੂਤੀ ਸਿਵ ਪੁਰਿ ਚੜੈ ॥ ਬੋਲੈ ਗੋਰਖੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੩॥ ਮਃ ੧ ॥ ਸੋ ਉਦਾਸੀ ਜਿ ਪਾਲੇ ਉਦਾਸੁ ॥ ਅਰਧ ਉਰਧ ਕਰੇ ਨਿਰੰਜਨ ਵਾਸੁ ॥ ਚੰਦ ਸੂਰਜ ਕੀ ਪਾਏ ਗੰਢਿ ॥ ਤਿਸੁ ਉਦਾਸੀ ਕਾ ਪੜੈ ਨ ਕੰਧੁ ॥ ਬੋਲੈ ਗੋਪੀ ਚੰਦੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੪॥ ਮਃ ੧ ॥ ਸੋ ਪਾਖੰਡੀ ਜਿ ਕਾਇਆ ਪਖਾਲੇ ॥ ਕਾਇਆ ਕੀ ਅਗਨਿ ਬ੍ਰਹਮੁ ਪਰਜਾਲੇ ॥ ਸੁਪਨੈ ਬਿੰਦੁ ਨ ਦੇਈ ਝਰਣਾ ॥ ਤਿਸੁ ਪਾਖੰਡੀ ਜਰਾ ਨ ਮਰਣਾ ॥ ਬੋਲੈ ਚਰਪਟੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੫॥ ਮਃ ੧ ॥ ਸੋ ਬੈਰਾਗੀ ਜਿ ਉਲਟੇ ਬ੍ਰਹਮੁ ॥ ਗਗਨ ਮੰਡਲ ਮਹਿ ਰੋਪੈ ਥੰਮੁ ॥ ਅਹਿਨਿਸਿ ਅੰਤਰਿ ਰਹੈ ਧਿਆਨਿ ॥ ਤੇ ਬੈਰਾਗੀ ਸਤ ਸਮਾਨਿ ॥ ਬੋਲੈ ਭਰਥਰਿ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੬॥ ਮਃ ੧ ॥ ਕਿਉ ਮਰੈ ਮੰਦਾ ਕਿਉ ਜੀਵੈ ਜੁਗਤਿ ॥ ਕੰਨ ਪੜਾਇ ਕਿਆ ਖਾਜੈ ਭੁਗਤਿ ॥ ਆਸਤਿ ਨਾਸਤਿ ਏਕੋ ਨਾਉ ॥ ਕਉਣੁ ਸੁ ਅਖਰੁ ਜਿਤੁ ਰਹੈ ਹਿਆਉ ॥ ਧੂਪ ਛਾਵ ਜੇ ਸਮ ਕਰਿ ਸਹੈ ॥ ਤਾ ਨਾਨਕੁ ਆਖੈ ਗੁਰੁ ਕੋ ਕਹੈ ॥ ਛਿਅ ਵਰਤਾਰੇ ਵਰਤਹਿ ਪੂਤ ॥ ਨਾ ਸੰਸਾਰੀ ਨਾ ਅਉਧੂਤ ॥ ਨਿਰੰਕਾਰਿ ਜੋ ਰਹੈ ਸਮਾਇ ॥ ਕਾਹੇ ਭੀਖਿਆ ਮੰਗਣਿ ਜਾਇ ॥੭॥ ਪਉੜੀ ॥ ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥ ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ ॥ ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥ ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ ॥ ਸਭ ਮਹਿ ਇਕੁ ਵਰਤਦਾ ਗੁਰ ਸਬਦੀ ਪਾਇਆ ਜਾਈ ॥੧੨॥

ਇਥੋਂ ਗੋਰਖਪੁਰ ਤੋਂ ਗੁਰੂ ਸਾਹਿਬ ਅੱਗੇ ਘੱਘਰ ਨਦੀ ਰਸਤੇ ਬੁਧ ਗਇਆ ਨੂੰ ਰਵਾਨਾ ਹੋਏ ਬਰਾਸਤਾ ਪਟਨਾ। ਗਇਆ ਦਾ ਪਿਤਰੀਪਕਸ਼ ਮੇਲਾ ਸਤੰਬਰ ਮਹੀਨੇ ਲਗਦਾ ਹੈ।

—▲—

ਗੁਰਦੁਆਰਾ ਬ੍ਰਹਮਕੁੰਡ । ਅਜੁਧਿਆ ਵਿਖੇ ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿੱਚ ਗੁਰਦੁਆਰਾ ਮੌਜੂਦ ਹੈ। ਉਪਰੰਤ ਇਸ ਅਸਥਾਨ ਤੇ ਗੁਰੂ ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਵੀ ਬਿਰਾਜੇ। ਗੁਰਦੁਆਰਾ ਉੱਜ ਦਸਮ ਪਾਤਸ਼ਾਹ ਦੇ ਨਾਂ ਤੇ ਹੈ। 1899 ਈ. ਤੋਂ ਪਹਿਲਾਂ ਸਿਰਫ ਤਿੰਨ ਮੰਜੀ ਸਾਹਿਬ ਭਾਵ ਯਾਦਗਾਰੀ ਥੜੇ ਹੁੰਦੇ ਸਨ ਜੋ ਕਿ ਸੰਤ ਗੁਲਾਬ ਸਿੰਘ (ਕਸ਼ਮੀਰੀ ਸਿੰਘ) ਨੇ ਫਿਰ ਇੱਕ ਛੋਟਾ ਜਿਹਾ ਗੁਰਦੁਆਰਾ ਬਣਾਇਆ।

ਗੁਰਦੁਆਰਾ ਨਜਰਬਾਗ ਅਜੁਧਿਆ। ਸਾਈਕਲ ਯਾਤਰੀ-138, ਅਨੁਸਾਰ ਗੁਰੂ ਨਾਨਕ ਸਾਹਿਬ ਜਿਸ ਥਾਂ ਠਹਿਰੇ ਸਨ ਉਥੇ ਜੋ ਗੁਰਦੁਆਰਾ ਹੈ ਉਹ ਨਜਰਬਾਗ ਦੇ ਨਾਮ ਨਾਲ ਮਸ਼ਹੂਰ ਹੈ। ਇਥੇ ਗੁਰਦੁਆਰਾ ਸਾਹਿਬ ਦੇ ਨਾਂ ਤੇ ਚੋਖੀ ਜਮੀਨ ਸੀ ਜੋ ਮਹੰਤ ਆਤਮਾ ਸਿੰਘ ਨੇ 1920 ਦੇ ਆਸ ਪਾਸ ਵੇਚ ਦਿੱਤੀ। ਇੱਥੇ ਫਿਰ ਠਠਿਆਰਾਂ ਦੀ ਬਸਤੀ ਬਣੀ। ਬੰਗਾਲ ਨੂੰ ਜਾਂਦੇ ਵਕਤ ਇਥੇ ਗੁਰੂ ਸਾਹਿਬ ਠਹਿਰੇ ਸਨ। ਜਦੋਂ ਕਿ ਨੌਵੇ ਅਤੇ ਦਸਮੇ ਪਾਤਸ਼ਾਹ ਪੰਜਾਬ ਨੂੰ ਪਰਤਦੇ ਵਕਤ ਠਹਿਰੇ ਸਨ।

ਪੈੜ ਸਫ਼ਾ ◉ ਨਾਮ ਦਾ ਮਜਮੂਨ ਵਿਸਥਾਰ ਵਿਚ ਵੇਖੋ ਸਫਾ 310 ● ਗਿਆਨੀ- 213

ਪਹਿਲੀ ਉਦਾਸੀ. ਭਾਗ–4

ਬਿਹਾਰ ਅਤੇ ਝਾਰਖੰਡ ਦਾ ਬਾਬਾ

ਗੁਰੂ ਜੀ ਨੇ ਤਕਰੀਬਨ ਢਾਈ ਸਾਲ ਪੂਰਬ ਵਿਚ ਗੁਜਾਰੇ (ਇਥੇ ਪੂਰਬ ਤੋਂ ਮਤਲਬ : ਬਿਹਾਰ, ਨੇਪਾਲ, ਬੰਗਾਲ, ਬੰਗਲਾਦੇਸ਼, ਅਸਾਮ, ਅਰੁਨਾਚਲ, ਨਾਗਾਲੈਂਡ, ਤਿਰੀਪੁਰਾ, ਰਖਾਈਨ ਅਤੇ ਬਰਮਾ)

ਗੁਰੂ ਜੀ ਅਯੁਧਿਆ ਤੋਂ ਘੱਘਰ ਦਰਿਆ ਦੇ ਨਾਲ ਨਾਲ ਚਲਦੇ ਹੋਏ ਆਰਾ, ਬਕਸਰ, ਲਾਲਗੰਜ ਦੇ ਧਾਰਮਿਕ ਮੁੱਖੀਆਂ ਨੂੰ ਮਿਲਦੇ ਹੋਏ ਪਟਨਾ ਪਹੁੰਚੇ ਸਨ। ਸਾਹਿਬ ਦਾ ਮੁੱਖ ਨਿਸ਼ਾਨਾ ਉਸ ਵੇਲੇ ਦਾ ਪੂਰਬੀ ਹਿੰਦੂ ਧਰਮ ਦਾ ਮਰਕਜ਼ ਗਇਆ ਸੀ। ਹੇਠ ਉੱਤੇ ਦੋ ਤਿੰਨ ਵਾਰੀ ਬਰਬਾਦ ਹੋਣ ਉਪਰੰਤ ਪਟਨਾ ਗੁਰੂ ਸਾਹਿਬ ਦੇ ਵੇਲੇ ਛੋਟਾ ਹੀ ਸ਼ਹਿਰ ਰਹਿ ਗਇਆ ਸੀ। ਇਥੋ ਦੇ ਵਸਨੀਕਾਂ ਨੇ ਤਾਂ ਗੁਰੂ ਸਾਹਿਬ ਨੂੰ ਹੱਥਾਂ ਤੇ ਚੁੱਕ ਲਿਆ ਸੀ। ਜਿਸ ਕਾਰਨ ਗੁਰੂ ਸਾਹਿਬ ਇਥੇ ਦੋ ਤਿੰਨ ਵਾਰੀ ਆਏ। ਗਇਆ ਅਤੇ ਕਠਮੰਡੂ ਨਿਪਾਲ ਦੀ ਯਾਤਰਾ ਲਈ ਵੀ ਪਟਨੇ ਤੋਂ ਹੀ ਰਵਾਨਾ ਹੋਏ ਸਨ। ਤਕਰੀਬਨ ਦੋ ਢਾਈ ਸਾਲ ਇਸ ਇਲਾਕੇ ਵਿਚ ਰਹਿ ਲੋਕ ਉਧਾਰ ਕੀਤਾ ਗੁਰੂ ਸਾਹਿਬ ਨੇ। ਬਾਲਾ ਜਨਮਸਾਖੀ ਨੇ 2 ਸਾਲ 7 ਮਹੀਨੇ ਇਸ ਇਲਾਕੇ ਵਿਚ ਫਿਰਨ ਦਾ ਲਿਖਿਆ ਹੈ। ਭਾਵ ਅਗਸਤ 1509 ਤੋਂ ਅੰਦਾਜਨ ਆਖੀਰ 1511 ਤਕ।

ਸੋ ਮਾਰਚ 1510 ਤਕ ਗੁਰੂ ਸਾਹਿਬ ਬਿਹਾਰ ਦੇ ਇਲਾਕੇ ਵਿਚ ਘੁੰਮੇ। ਸਰਦੀ ਮੁੱਕਣ ਉਪਰੰਤ ਨੇਪਾਲ ਵਲ ਚਲੇ ਗਏ।

ਪਟਨਾ ਤੋਂ ਗਇਆ ਤੋਂ ਰਜੌਲੀ ਤੋਂ ਰਾਜਗੀਰ ਅਤੇ ਹੋਰ ਇਲਾਕੇ ਵੇਖ ਵਾਪਸੀ ਪਟਨਾ ਹੋਈ। ਪਟਨਾ ਤੋਂ ਪਹਾੜਾਂ ਨੂੰ ਜਨਕਪੁਰ ਤੋਂ ਕਾਠਮੰਡੂ। ਵਾਪਸੀ ਬਿਰਾਟਨਗਰ ਪਾਸਿਓ ਭਾਵ ਕਾਠਮੰਡੂ ਤੋ ਹੇਠਾਂ ਰਾਜ ਬਿਰਾਜ ਅਤੇ ਬਿਰਾਟਨਗਰ ਦੇ ਨੇੜੇ ਤੇੜੇ ਦੇ ਸਿੱਧ ਜੋਗੀ ਮੱਠਾਂ ਦਾ ਉਧਾਰ। ਅੱਗੇ ਇਹ ਖੋਜ ਦਾ ਮਜਮੂਨ ਹੈ ਕਿ ਮੁੜ ਸਾਹਿਬ ਪਟਨਾਂ ਆਏ ਕਿ ਨਹੀ। ਇਹ ਗਲ ਤਾਂ ਸਾਫ ਹੈ ਕਿ ਇਕ ਵਾਰੀ ਪਟਨੇ ਤੋਂ ਗੰਗਾ ਰਾਂਹੀ ਬਕ੍ਸ, ਮੋਕਾਮਾ, ਮੁੰਘੇਰ, ਭਾਗਲਪੁਰ, ਨੂੰ ਗਏ। ਕੀ ਬੈਦਨਾਥ (ਦਿਓਗੜ੍ਹ) ਆਦਿ ਝਾੜਖੰਡ ਦਾ ਇਲਾਕਾ ਇਧਰੋਂ ਦੀ ਜਾ ਕੇ ਵੇਖਿਆ ਜਾਂ ਫਿਰ ਗਇਆ ਫੇਰੀ ਵੇਲੇ ਹੀ ਓਸ ਪਾਸੇ ਨੂੰ ਨਿਕਲ ਗਏ, ਖੋਜ ਅਧੀਨ ਹੈ। ਇਹ ਤਾਂ ਸਾਫ ਹੀ ਹੈ ਕਿ ਨੇਪਾਲ ਵਾਲੇ ਪਾਸਿਓ ਜਦੋਂ ਪਰਤਦੇ ਹਨ ਤਾਂ ਬਿਰਾਟਨਗਰ, ਪੂਰਨੀਆ ਇਲਾਕੇ ਨੂੰ ਗੁਰੂ ਸਾਹਿਬ ਦੇ ਚਰਨਾਂ ਦੀ ਛੋਹ ਮਿਲਦੀ ਹੈ ਤੇ ਅੱਗੇ ਕੰਤਨਗਰ, ਸਾਹਿਬਗੰਜ, ਰਾਜਮਹਿਲ, ਮਾਲਦਾ ਆਦਿ ਨੂੰ ਨਿਕਲ ਜਾਂਦੇ ਨੇ। ਇਸ ਪਾਸਿਓ ਦੀ ਨਿਕਲ ਕੇ ਹੀ ਫਿਰ ਢਾਕੇ ਵਲ ਜਾਂਦੇ ਤੇ ਅਸਾਮ ਨਾਗਾਲੈਂਡ ਦਾ ਉਧਾਰ ਕਰਦੇ ਹੋਏ ਚਿਟਾਗਾਂਗ ਤੋਂ ਰਖਾਈਨ ਦੇਸ ਅਤੇ ਮਿਆਮੀਰ ਨੂੰ ਨਿਕਲਦੇ ਹਨ। ਸਾਨੂੰ ਲਗਦਾ ਹੈ ਕਿ ਇਧਰੋਂ ਵਾਪਸੀ ਤੇ ਹੀ ਫਿਰ ਮਿਦਨਾਪੁਰ ਅਤੇ ਕਲਕੱਤੇ ਨੂੰ ਭਾਗ ਲਾਉਦੇ ਨੇ।

—◈—

ਪਟਨੇ ਪਹੁੰਚ ਗਇਆ ਬਾਬਾ

ਸਾਲਸ ਰਾਇ ਜਵੈਹਰੀ ਨੇ ਫੱਟ ਲਾਲ ਪਛਾਣ ਲਿਆ

ਜੁਲਾਈ- 1509

ਪਟਨਾ ਪੁਰਾਣੇ ਜਮਾਨੇ ਦੇ ਪਾਟਲੀਪੁਤਰ ਸ਼ਹਿਰ ਦਾ ਹੀ ਨਵਾਂ ਰੂਪ ਹੈ। ਪਾਟਲੀਪੁਤ੍ਰ ਰਾਜੇ ਅਜਾਤਸ਼ਤਰੂ ਨੇ ਅੱਜ ਤੋਂ 2500 ਵਰੇ ਪਹਿਲਾਂ ਵਸਾਇਆ ਸੀ। ਇਸ ਸ਼ਹਿਰ ਨੇ ਇਨੀ ਤਰੱਕੀ ਕੀਤੀ ਕਿ ਮਹਾਰਾਜਾ ਅਸੋਕ ਦੇ ਸਮੇਂ ਤੱਕ ਇਹ ਦੁਨੀਆ ਦੇ ਵੱਡੇ ਸ਼ਹਿਰਾਂ ਵਿੱਚ ਹੋ ਗਇਆ ਜਿਸ ਦੀ ਅਬਾਦੀ ਓਨੀ ਦਿਨੀ ਡੇਢ ਲੱਖ ਤੋਂ ਲੈ ਕੇ 4 ਲੱਖ ਤੱਕ ਪਹੁੰਚ ਜਾਂਦੀ ਰਹੀ ਹੈ। ਗੁਰਦੁਆਰਾ ਗਊ ਘਾਟ ਤੇ ਹੋਰ ਥਾਂਵਾਂ ਤੇ ਹੋਈ ਖੁਦਾਈ ਨੇ ਵਿਦਵਾਨਾਂ ਨੂੰ ਚਕਿਤ ਕਰਕੇ ਰੱਖ ਦਿੱਤਾ ਹੈ। ਪਾਟਲੀਪੁਤਰਾ ਸ਼ਹਿਰ ਆਇਤ ਦੀ ਸ਼ਕਲ ਵਿੱਚ ਵਸਿਆ ਹੋਇਆ ਸੀ ਜਿਸ ਦੇ ਦੋ ਪਾਸੇ ਵੱਡੇ ਦਰਿਆ (ਗੰਗਾ ਤੇ ਸੋਨ) ਨਦੀਆਂ ਸਨ। ਸਿਕੰਦਰ ਮਹਾਨ ਦੇ ਵੇਲੇ ਆਏ ਯੂਨਾਨੀ ਲੇਖਕਾਂ ਨੇ ਇਸ ਦਾ ਬੜਾ ਵਿਸਥਾਰ ਨਾਲ ਵਰਨਣ ਕੀਤਾ ਹੈ ਕਿ ਇਹ ਦੁਨੀਆਂ ਦਾ ਅਲੌਕਿਕ ਸ਼ਹਿਰ ਸੀ ਜਿਸ ਦੀ ਫਸੀਲ ਲੱਕੜੀ ਤੇ ਮਿੱਟੀ ਦੀ ਸੀ। ਲਕੜੀ ਦੇ ਖੜੇ ਫੱਟੇ ਅੱਜ ਵੀ ਖੁਦਾਈ ਦੌਰਾਨ ਮਿਲਦੇ ਹਨ। ਪੰਜਾਬ ਦੇ ਬਹੁਤੇ ਥੇਹ ਅੱਜ ਤੋਂ 1200- 1000 ਸਾਲ ਪਹਿਲਾਂ ਵੱਸਦੇ ਸ਼ਹਿਰ ਸਨ ਜੋ ਪੱਛਮ ਤੋਂ ਆਏ ਹਮਲਾਵਰਾਂ ਨੇ ਬਰਬਾਦ ਕੀਤੇ ਸਨ। ਪਾਟਲੀਪੁਤਰ ਵੀ ਓਨਾਂ ਹਮਲਿਆਂ ਤੋਂ ਬਚ ਨਾਂ ਸਕਿਆ। ਪਰ ਉਹ ਪੂਰੀ ਤਰਾਂ ਬੇਅਬਾਦ ਕਦੀ ਵੀ ਨਾਂ ਹੋਇਆ। ਸ਼ੇਰ ਸ਼ਾਹ ਸੂਰੀ ਨੇ ਇਸ ਦੀ ਸ਼ਾਨ ਫਿਰ ਬਹਾਲ ਕਰ ਦਿੱਤੀ ਤੇ ਸ਼ਹਿਰ ਨੂੰ ਆਪਣੀ ਰਾਜਧਾਨੀ ਐਲਾਨ ਦਿੱਤਾ।



ਮੌਰੀਆ ਕਾਲ ਦਾ ਲੱਕੜੀ ਤੇ ਮਿੱਟੀ ਦਾ ਪਾਟਲੀਪੁਤ੍ਰ ਕਿਲਾ ਜਿਸ ਦੇ ਆਸਾਰ ਖੁਦਾਈ ਦੌਰਾਨ ਨਿਕਲਦੇ ਹਨ

ਅਯੁਧਿਆ ਤੋਂ ਪਟਨਾ 375 ਕਿਲੋ ਮੀਟਰ ਪੈਂਦਾ ਹੈ। ਗੁਰੂ ਸਾਹਿਬ ਦੇ ਵੇਲੇ ਦਰਿਆ

ਘੱਗਰ ਜਾਂ ਸਰਜੂ ਤੇ ਜਹਾਜਰਾਨੀ ਪੂਰੇ ਜੋਰ ਸ਼ੋਰ ਨਾਲ ਚਲਦੀ ਸੀ। ਸੋ ਗੁਰੂ ਸਾਹਿਬ ਅਤੇ ਭਾਈ ਮਰਦਾਨੇ ਨੇ ਇਹ ਸਫਰ ਚਾਰ ਪੰਜ ਦਿਨਾਂ ਵਿਚ ਤਹਿ ਕੀਤਾ ਹੋਵੇਗਾ।

ਪਟਨੇ ਦੀ ਬਸਤੀ ਬਿਸ਼ੰਭਰ ਪੁਰ ਦੇ ਲਾਗੇ ਜਦੋਂ ਗੁਰੂ ਸਾਹਿਬ ਪਹੁੰਚੇ ਤਾਂ ਵਿਚਾਰਾ ਮਰਦਾਨਾ ਭੁੱਖ ਨਾਲ ਬੇਹਾਲ ਸੀ। ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਪਤਾ ਇਸ ਥਾਂ ਦਾ ਨਾਂ ਕੀ ਹੈ?

ਹਰਿਮੰਦਰ ਸਾਹਿਬ ਪਟਨਾ

ਸਾਲਸ ਰਾਇ ਦਾ ਘਰ ਵਕਤ ਪਾ ਕੇ ਸੰਗਤ ਦਾ ਟਿਕਾਣਾ ਹੀ ਬਣ ਗਇਆ। ਬਾਦ ਵਿਚ ਗੁਰੂ ਤੇਗ ਬਹਾਦਰ ਸਾਹਿਬ ਇਥੇ ਠਹਿਰਦੇ ਨੇ। ਦਸਮ ਗੁਰੂ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਇਥੇ ਹੀ ਹੁੰਦਾ ਹੈ। ਸੋ ਸਾਲਸ ਰਾਇ ਦਾ ਘਰ ਪੂਰਬੀ ਸਿੱਖ ਸੰਗਤ ਦਾ ਹੈਡ ਕਵਾਟਰ ਹੀ ਬਣ ਜਾਂਦਾ ਹੈ।

ਅੱਗੋ ਖਿਝਿਆ ਹੋਇਆ ਮਰਦਾਨਾ ਬੋਲਿਆ ਕਿ ਗੁਰੂ ਜੀ ਨਾਂ ਕੁਝ ਵੀ ਹੋਵੇ ਪਰ ਇਥੇ ਦੇ ਲੋਕ ਵੀ ਰੋਟੀ ਪਾਣੀ ਤਾਂ ਖਾਂਦੇ ਹੀ ਹੋਣਗੇ। ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਜਾ ਅਸੀ ਇਥੇ ਬਾਹਰ ਹੀ ਬੈਠੇ ਹਾਂ ਤੂੰ ਬਜਾਰੋਂ ਕੁਝ ਖਾ ਪੀ ਆ। ਮਰਦਾਨਾ ਬੋਲਿਆ ਕਿ ਬਾਬਾ ਜੀ ਬਜਾਰ ਕਿਹੜੀ ਮੇਰੀ ਮਾਸੀ ਬੈਠੀ ਹੈ ਤੁਸੀ ਨਾਲ ਚਲੋਗੇ ਕੋਈ ਬਚਨ ਬਿਲਾਸ ਕਿਸੇ ਨੂੰ ਸੁਣਾਓਗੇ ਤਾਂ ਹੀ ਕੋਈ ਸੇਵਾ ਕਰੂਗਾ।

ਗੁਰੂ ਸਾਹਿਬ ਨੇ ਓਦੋਂ ਠੁੱਡ ਜਮੀਨ ਤੇ ਮਾਰਿਆ ਤਾਂ ਇੱਕ ਲਾਲ ਭਾਅ ਮਾਰਦਾ ਲਾਲ ਨਿਕਲ ਆਇਆ। ਗੁਰੂ ਸਾਹਿਬ ਨੇ ਕਿਹਾ ਲੈ ਮਰਦਾਨਿਆਂ ਤੇਰੀ ਕਿਸਮਤ ਨੂੰ ਆਹ ਕੀਮਤੀ ਪੱਥਰ ਸਾਨੂੰ ਲੱਭ ਪਿਆ ਈ। ਲੈ ਜਾ ਬਜਾਰ ਵਿੱਚ ਤੇ ਖਾ ਪੀ।

ਭੁੱਖਾ ਭਾਣਾ ਮਰਦਾਨਾ ਪੱਥਰ ਲੈ ਤੁਰਿਆ। ਜਿੱਥੇ ਕੋਈ ਖਾਣ ਵਾਲੀ ਚੀਜ਼ ਦਿਸੇ ਮਰਦਾਨਾ ਲਾਲ ਦਿਖਾਏ, ਪਰ ਕਿਥੇ। ਖਰਬੂਜਿਆਂ ਵਾਲੇ ਨੂੰ ਤੁਸੀ ਲਾਲ ਦਿਖਾਓਗੇ ਤਾਂ ਉਹਨੇ ਕਹਿਣਾ ਭਈ ਚਲਦਾ ਬਣ। ਕਿਸੇ ਨੇ ਮਰਦਾਨੇ ਨੂੰ ਕਿਹਾ ਜੇ ਕੁਝ ਲੈਣਾ ਈ ਤਾਂ ਕਿਸੇ ਸੁਨਿਆਰੇ ਕਿਸੇ ਜਵਾਹਰੀ ਨੂੰ ਇਹ ਪੱਥਰ ਦਿਖਾ।

ਮਰਦਾਨਾ ਗਇਆ ਜਵਾਹਰੀ ਦੀ ਦੁਕਾਨ ਤੇ। ਜਵਾਹਰੀ ਨੇ ਜਦੋਂ ਫਟੇ ਹਾਲ ਮਰਦਾਨਾ ਵੇਖਿਆ ਤਾਂ ਉਸ ਨੇ ਕਿਹਾ ਇਹ ਮਾਮੂਲੀ ਲਾਲ ਆ। ਇਹਦਾ ਮੁੱਲ ਸਿਰਫ ਤਿੰਨ ਪੈਸੇ। ਲੈਣੇ ਈ ਤਾਂ ਲੈ ਨਹੀ ਤਾਂ ਚਲਦਾ ਬਣ। ਮਰਦਾਨੇ ਨੇ ਸੋਚਿਆ ਕਿ ਜੇ ਲਾਲ ਹੋਵੇ ਤਾਂ ਹੋਵੇਗਾ ਕੀਮਤੀ ਜੇ ਪੱਥਰ ਹੋਵੇ ਤਾਂ ਉਹਦੇ ਕੋਈ ਤਿੰਨ ਪੈਸੇ ਵੀ ਕਿਓ ਦੇਵੇਗਾ।

ਮਰਦਾਨਾ ਵਾਪਸ ਗੁਰੂ ਸਾਹਿਬ ਕੋਲ ਪਰਤ ਆਇਆ। ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿਸੇ ਵੱਡੇ ਜਵਾਹਰੀ ਕੋਲ ਜਾ। ਪੁੱਛਦਾ ਪਛਾਂਦਾ ਮਰਦਾਨਾ ਮੁਰਲੀਧਰ ਨਾਂ ਦੇ ਜਵੈਹਰੀ ਕੋਲ ਪਹੁੰਚਿਆ। ਉਹ ਉਸ ਪੱਥਰ ਨੂੰ ਵੇਖ ਨਿਹਾਲ ਹੋ ਗਇਆ। ਉਸ ਕਿਹਾ ਕਿ ਇਸ ਲਾਲ ਨੂੰ ਖਰੀਦਣ ਦੀ ਮੇਰੇ ਵਿਚ ਪਾਂਇਆ ਨਹੀ ਹੈ ਚਲੋ ਵੱਡੇ ਸੁਨਿਆਰੇ ਸਾਲਸ ਰਾਇ ਕੋਲ ਚਲਦੇ ਹਾਂ। ਮੁਰਲੀਧਰ ਸੁਨਿਆਰਾ ਫਿਰ ਮਰਦਾਨੇ ਨੂੰ ਸਾਲਸ ਰਾਇ ਕੋਲ ਲੈ ਗਇਆ। ਸਾਲਸ ਰਾਇ ਨੂੰ ਲਹੌਰੀਆ ਵੀ ਕਹਿੰਦੇ ਸਨ। ਸਾਲਸ ਰਾਇ ਦਾ ਘਰ ਦੁਕਾਨ ਦੇ ਉਤੋ ਹੀ ਸੀ। ਮਰਦਾਨੇ ਨੇ ਜਾ ਕੁੰਡਾ ਖੜਕਾਇਆ। ਨੌਕਰ ਨੇ ਦਰਵਾਜਾ ਖੋਲਿਆ ਤਾਂ ਮਰਦਾਨੇ ਨੇ ਕਿਹਾ ਕਿ ਅਸੀ ਪੰਜਾਬੀ ਸਾਧੂ ਹਾਂ ਇਹ ਲਾਲ ਵੇਚਣਾ ਹੈ। ਸਾਲਸ ਨੇ ਕਿਹਾ ਕਿ ਮਰਦਾਨੇ ਨੂੰ ਅੰਦਰ ਆਉਣ ਦਿਓ। ਲੰਗਰ ਪਾਣੀ ਪਹਿਲਾਂ ਛਕਾਇਆ। ਲਾਲ ਵੇਖਿਆ ਤੇ 100 ਰੁਪੱਈਆ ਮਰਦਾਨੇ ਨੂੰ ਦਿੱਤਾ ਤੇ ਨਾਲੇ ਲਾਲ ਵਾਪਸ ਕਰ ਦਿੱਤਾ।

ਮਰਦਾਨੇ ਨੇ ਆ ਕੇ ਗੁਰੂ ਸਾਹਿਬ ਨੂੰ ਸਾਰੀ ਗੱਲ ਦੱਸੀ। ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਪੈਸੇ ਮੋੜ ਆ। ਆਪਾਂ ਪੈਸੇ ਕੀ ਕਰਨੇ ਆ। ਮਰਦਾਨਾ ਪੈਸੇ ਮੋੜਨ ਗਇਆ ਤੇ ਸਾਲਸ ਰਾਇ ਪੈਸੇ ਲਏ ਨਾਂ। ਉਸ ਕਿਹਾ ਕਿ ਲਾਲ ਇਨਾਂ ਕੀਮਤੀ ਹੈ ਕਿ ਇਸ ਦੇ ਦਰਸ਼ਨ ਕਰਨ ਦੇ ਹੀ 100 ਰੁਪਏ ਬਣਦੇ ਨੇ। ਪਰ ਮਰਦਾਨਾ ਮੋੜਨ ਤੇ ਬਜਿਦ। ਹਾਰ ਕੇ ਸਾਲਸ ਨੇ 100 ਰੁਪਏ ਰੱਖ ਲਏ ਤੇ ਆਪਣੇ ਮੁਨੀਮ ਅਧਰੱਖੇ ਅਰੋੜੇ ਨੂੰ ਕਿਹਾ ਕਿ ਮਰਦਾਨੇ ਦੇ

ਗੁਰਦੁਆਰਾ ਸੁਨਾਰਟੋਲੀ

ਸਾਲਸ ਰਾਇ ਨੇ ਮੁਰਲੀਧਰ ਦੀ ਕਦਰ ਕੀਤੀ। ਕਿਉਕਿ ਮਰਦਾਨੇ ਨੂੰ ਸਾਲਸ ਰਾਇ ਵਲ ਭੇਜਣ ਵਾਲਾ ਮੁਰਲੀਧਰ ਹੀ ਸੀ। ਮੁਰਲੀ ਦਾ ਘਰ ਵੀ ਵਕਤ ਪਾ ਕੇ ਸੰਗਤ ਦਾ ਕੇਂਦਰ ਬਣ ਗਇਆ। ਗੁਰਦੁਆਰਾ ਸੁਨਿਆਰਿਆਂ ਦੇ ਮੁਹੱਲੇ ਵਿਚ ਹੋਣ ਕਰਕੇ ਸੁਨਾਰਟੋਲੀ ਅਖਵਾਇਆ।

ਮਗਰ ਮਗਰ ਜਾ ਕੇ ਵੇਖ ਕੇ ਆ ਇਹ ਮੈਨੂੰ ਕੋਈ ਸੱਚੇ ਸਾਧ ਲੱਗਦੇ ਨੇ। ਜੌਹਰੀ ਲਾਲ ਪਛਾਣ ਲਿਆ ਤੇ ਨਾਲੇ ਸਾਧੂ ਵੀ:

ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ ਜਿਉ ਕੰਚਨ ਸੋਹਾਗਾ ਢਾਲੈ ॥ ਕਸਿ ਕਸਵਟੀ ਸਹੈ ਸੁ ਤਾਉ ॥ ਨਦਰਿ ਸਰਾਫ ਵੰਨੀ ਸਚੜਾਉ ॥ ਜਗਤੁ ਪਸੂ ਅਹੰ ਕਾਲੁ ਕਸਾਈ ॥ ਕਰ�ि ਕਰਤੈ ਕਰਣੀ ਕਰ�ि ਪਾਈ ॥ ਜਿਨਿ ਕੀਤੀ ਤਿਨਿ ਕੀਮਤਿ ਪਾਈ ॥ ਹੋਰ ਕਿਆ ਕਹੀਐ ਕਿਛੁ ਕਹਣੁ ਨ ਜਾਈ ॥

ਅਧਰੱਖੇ ਨੇ ਜਿਵੇ ਹੀ ਗੁਰੂ ਪਾਤਸ਼ਾਹ ਦੇ ਦਰਸ਼ਨ ਕੀਤੇ ਉਹਦਾ ਤਾਂ ਹਿਰਦਾ ਓਥੇ ਹੀ ਖਿੜ ਉਠਿਆ। ਚਾਅ ਵਿੱਚ ਪਿੱਛੇ ਦੌੜਿਆ। ਆ ਕੇ ਸ਼ਾਹੂਕਾਰ ਨੂੰ ਕਹਿੰਦਾ ਕਿ ਉਹ ਸਾਧ ਨਹੀ ਉਹ ਤਾਂ ਨਿਰਾ ਰੱਬ ਦਾ ਰੂਪ ਹੈ ਚਲ ਤੂੰ ਵੀ ਦਰਸ਼ਨ ਕਰ।

ਫਿਰ ਸਾਲਸ ਨੇ ਰੋਟੀ ਪਾਣੀ ਤੇ ਹੋਰ ਮੇਵੇ ਸੁਗਾਤਾਂ ਲਈਆਂ ਤੇ ਚਲ ਪਏ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ। ਦਰਸ਼ਨ ਕਰਕੇ ਸਾਲਸ ਵੀ ਨਿਹਾਲ ਹੋ ਗਿਆ। 100 ਰੁਪਏ ਜਿਹੜੇ ਮਰਦਾਨੇ ਨੇ ਮੋੜੇ ਸੀ ਗੁਰੂ ਸਾਹਿਬ ਅੱਗੇ ਰੱਖੇ ਕਿ ਉਸ ਲਾਲ ਦੇ ਵੇਖਣ ਦੀ ਫੀਸ ਹੀ 100 ਰੁਪਏ ਹੁੰਦੀ ਹੈ ਜੀ। ਗੁਰੂ ਸਾਹਿਬ ਨੇ ਕਿਹਾ ਵੇਖੋ ਸਾਲਸ ਅਸੀ ਠਹਿਰੇ ਫਕੀਰ ਲੋਕ, ਸਾਨੂੰ ਇਹ ਪੈਸੇ ਨਹੀ ਸੋਭਦੇ। ਪੰਛੀ ਤੇ ਦਰਵੇਸ਼ ਕਦੀ ਜੇਬ ਨਹੀ ਰੱਖਦੇ। ਜਿਹੜਾ ਚਕ੍ਰਵਰਤੀ ਸਾਧੂ ਆਪਣੇ ਨਾਲ ਪੈਸੇ ਰੱਖਦਾ ਉਹ ਆਪਣੀ ਮੌਤ ਚੁੱਕੀ ਫਿਰਦਾ ਹੈ।

ਗੁਰੂ ਸਾਹਿਬ ਨੇ ਆਪਣਾ ਸਿਰ ਵਾਲਾ ਅੰਗੋਛਾ (ਸਾਫਾ, ਜਾਂ ਪਟਕਾ, ਪਰਨਾ) ਸਾਲਸ ਰਾਇ ਨੂੰ ਸਿਰੋਪਾਓ ਦੇ ਤੌਰ ਤੇ ਬਖਸ਼ ਦਿੱਤਾ। ਸਾਲਸ ਨੇ ਜਿਵੇ ਉਹ ਸਿਰ ਤੇ ਬੱਧਾ ਤਾਂ ਉਸ ਦੇ ਕਿਵਾੜ ਖੁੱਲ ਗਏ। ਲੱਗਦਾ ਹੈ ਗੁਰੂ ਸਾਹਿਬ ਕਈ ਦਿਨ ਇਥੇ ਠਹਿਰੇ। (ਬਾਲਾ ਜਨਮ ਸਾਖੀ ਅਨੁਸਾਰ 2 ਸਾਲ 7 ਮਹੀਨੇ) ਭਾਈ ਮਰਦਾਨੇ ਨੇ ਵੀ ਆਪਣੀ ਪੁਰਾਣੀ ਰਬਾਬ ਸਾਲਸ ਰਾਇ ਨੂੰ ਬਖਸ਼ ਦਿੱਤੀ ਜੋ ਅੱਜ ਵੀ ਮੌਜੂਦ ਹੈ। ਸਾਲਸ ਤੇ ਅਧਰੱਖੇ ਦੀ ਅਧੀਨਗੀ ਦੇਖਦੇ ਹੋਏ ਗੁਰੂ ਸਾਹਿਬ ਨੇ ਉਨਾਂ ਨੂੰ ਨਾਮ ਦੀ ਦਾਤ ਬਖਸ਼ੀ। ਗੁਰੂ ਸਾਹਿਬ ਨੇ ਹਰ ਥਾਂ ਆਪਣੇ ਪ੍ਰਚਾਰਕ ਬੈਠਾਏ ਸਨ ਤਾਂ ਕਿ ਨਾਮ ਦਾ ਹੋਕਾ ਜੋ ਉਹ ਦੇ ਰਹੇ ਹਨ ਉਹ ਚਲਦਾ ਰਹੇ। ਜਿਹਨੂੰ ਪ੍ਰਤੀਨਿਧ ਥਾਪਿਆ ਜਾਂਦਾ ਸੀ ਕਿਹਾ ਜਾਂਦਾ ਸੀ ਕਿ ਉਨੂੰ ਮੰਜੀ ਬਖਸ਼ੀ ਹੈ। ਗੁਰੂ ਸਾਹਿਬ ਨੇ ਭਾਈ ਸਾਲਸ ਰਾਇ ਨੂੰ ਵੀ ਮੰਜੀ ਬਖਸ਼ ਦਿੱਤੀ ਤੇ ਨਾਲ ਹੀ ਇਹ ਹੁਕਮ ਕਰ ਦਿੱਤਾ ਕਿ ਜਦੋਂ ਤੂੰ ਇਸ ਦੁਨੀਆ ਤੋਂ ਰਵਾਨਾ ਹੋਵੇ ਤੈਨੂੰ ਪਹਿਲਾਂ ਅਹਿਸਾਸ ਹੋ ਜਾਏਗਾ ਤੇ ਮੰਜੀ ਆਪਣੇ ਪ੍ਰਵਾਰ ਵਿੱਚ ਨਹੀ ਦੇਣੀ। ਮੰਜੀ ਤੇ ਆਪਣੇ ਮੁਨੀਮ ਅਧਰੱਖੇ ਨੂੰ ਬੈਠਾ ਕੇ ਜਾਈ। ਗੁਰੂ ਸਾਹਿਬ ਨੇ ਸਾਲਸ ਨੂੰ ਅਹਿਸਾਸ ਦੁਆਇਆ ਕਿ ਅਧਿਆਤਮ ਵਿੱਚ ਅਧਰੱਖਾ ਤੇਰੇ ਤੋਂ ਅੱਗੇ ਹੈ। ਪਰ ਤੇਰਾ ਮਾਲਕ ਹੋਣ ਦਾ ਆਦਰ ਸਤਿਕਾਰ ਕੀਤਾ ਜਾ ਰਿਹਾ ਹੈ। ਇਥੇ ਹੀ ਗੁਰੂ ਸਾਹਿਬ ਨੇ ਮਾਰੂ ਰਾਗ ਵਿੱਚ ਹੇਠਲੀ ਬਾਣੀ ਰਚੀ:-

ਮਾਰੂ ਮਹਲਾ ੧ ॥ ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ ॥ ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੇਖ ਨਹੀ ਰੇ ॥੧॥ ਦਾਦਰ ਤੂ ਕਬਹਿ ਨ ਜਾਨਸਿ ਰੇ ॥ ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ ॥੧॥ ਰਹਾਉ ॥ ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ ॥ ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ ॥੨॥ ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂ ਬਨ ਚਾਤੁਰ ਰੇ ॥ ਅਪਨਾ ਆਪੁ ਤੂ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ ॥੩॥ ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਸਾਸ ਸੁਨੇ ॥ ਅਪਨਾ ਆਪੁ ਤੂ ਕਬਹੁ ਨ ਛੋਡਸਿ ਸੁਆਨ ਪੂਛਿ ਜਿਉ ਰੇ ॥੪॥ ਇਕਿ ਪਾਖੰਡੀ ਨਾਮਿ ਨ ਰਾਚਹਿ ਇਕ ਹਰਿ ਹਰਿ ਚਰਣੀ ਰੇ ॥ ਪੂਰਬਿ ਲਿਖਿਆ ਪਾਵਸਿ ਨਾਨਕ ਰਸਨਾ ਨਾਮੁ ਜਪਿ ਰੇ ॥੫॥੪॥

ਵਕਤ ਪਾ ਕੇ ਸਾਲਸ ਰਾਇ ਨੇ ਧਰਮਸਾਲ ਬਣਾਈ ਜਿਸ ਨੂੰ ਅੱਗੇ ਰਾਜੇ ਫਤਹਿ ਚੰਦ ਮੈਨੀ ਨੇ ਹੋਰ ਵਧਾਇਆ।

ਇਹ ਗੱਲ ਆਪਾਂ ਨੂੰ ਸਮਝਣੀ ਪਏਗੀ ਕਿ ਪੱਛਮ ਤੋਂ ਜਿਹੜੇ ਪਠਾਣ ਜਾਂ ਹੋਰ ਮੁਗਲ ਆਦਿ ਹੁਕਮਰਾਨ ਹਿੰਦੁਸਤਾਨ ਦੇ ਹਕੂਮਤ ਕਰਦੇ ਸਨ ਉਹਨਾਂ ਦੇ ਵਜ਼ੀਰ ਜਾਂ ਦੀਵਾਨ ਅਕਸਰ ਪੰਜਾਬੀ ਲੋਕ ਹੋਇਆ ਕਰਦੇ ਸਨ। ਇਹ ਪੰਜਾਬੀ ਹੀ ਸਨ (ਖਾਸ ਕਰਕੇ ਖੱਤਰੀ) ਜਿਹੜੇ ਫਾਰਸੀ ਤੇ ਹਿੰਦੁਸਤਾਨੀ ਦੋਵੇ ਬੋਲੀਆਂ ਸਮਝਦੇ ਸਨ। ਸਾਲਸ ਰਾਇ ਵਾਲੀ ਧਰਮਸਾਲ ਹੀ ਜਿਸ ਨੂੰ ਧਰਮਸਾਲ ਛੋਟੀ ਸੰਗਤ ਕਿਹਾ ਜਾਂਦਾ ਸੀ ਅੱਜ ਉਹ ਖਾਲਸਾ ਪੰਥ ਦੇ ਪੰਜ ਤਖਤਾਂ ਵਿੱਚੋਂ ਹੈ। ਇਥੇ ਹੀ ਦਸਮ ਪਾਤਸ਼ਾਹ ਦਾ ਜਨਮ ਹੋਇਆ ਸੀ।

ਗੁਰੂ ਨਾਨਕ ਪਾਤਸ਼ਾਹ ਦੇ ਪਟਨਾ ਵਿਖੇ ਹੋਰ ਵੀ ਸ਼ਰਧਾਲੂ ਬਣ ਗਏ ਸਨ। ਇੱਕ ਕੋਈ ਗੁਰਸਿਖ ਭਾਈ ਜੈਤਮਲ ਹੋਇਆ ਹੈ। ਉਸਨੇ ਵੀ ਪਟਨੇ ਦੇ ਬਿਸ਼ੰਭਰ ਪੁਰ ਇਲਾਕੇ ਵਿੱਚ ਧਰਮਸਾਲ ਬਣਾਈ ਜਿਨੂੰ ਅੱਜ ਗੁਰਦੁਆਰਾ ਗਊ ਘਾਟ ਕਰਕੇ ਜਾਣਿਆ ਜਾਂਦਾ ਹੈ।

—◈—

ਹਾਜੀਪੁਰੇ ਬਾਬਾ

ਵੈਸ਼ਨੋ ਪੁੱਛਦਾ "ਬਾਬਾ ਜੀ, ਜਿਉਂਦੇ ਜੀ ਮਾਇਆ ਤੋਂ ਕਿਵੇ ਛੁਟਕਾਰਾ ਪਾਈਏ?"

ਪਟਨੇ ਤੋਂ ਬਾਬੇ ਨੇ ਰੀਗਾ ਪਾਰ ਕੀਤੀ ਤੇ ਨਾਲ ਹੀ ਹਾਜੀਪੁਰ ਸ਼ਾਹਿਰ ਪਹੁੰਚ ਗਏ। ਬਾਬਾ ਜੀ ਦੀ ਮਸ਼ਹੂਰੀ ਤਾਂ ਦੂਰ ਦੂਰ ਹੋ ਹੀ ਚੁੱਕੀ ਸੀ ਜਦੋਂ ਕਿ ਹਾਜੀ ਪੁਰ ਤਾਂ ਪਟਨੇ ਦੇ ਬਿਲਕੁਲ ਲਾਗੇ ਹੀ ਹੈ। ਹਾਜੀਪੁਰ ਕੁਝ ਧਰਮੀ ਬੰਦਿਆਂ ਜਿੰਨਾਂ ਵਿੱਚ ਕੁਝ ਸਾਧੂ ਤੇ

ਪੈਰ ਸਫ਼ਾ

ਵਿਦਵਾਨਾਂ 'ਚ ਬਹਿਸ ਚਲਦੀ ਹੈ ਕਿਹੜਾ ਬਿਸ਼ੰਭਰਪੁਰ? ਜਾਂ ਉਹ ਕਿਥੇ ਹੈ? ਸਾਡਾ ਵਿੱਚਾਰ ਹੈ ਕਿ ਜਦੋਂ ਪਟਨੇ ਵਿੱਚ ਚਲੀ ਆ ਰਹੀ ਮੁਕਾਮੀ ਪਿਤਾ-ਪੁਰਖੀ (ਪ੍ਰੰਪਰਾ) ਸਾਖੀ ਨਾਲ ਮੇਲ ਖਾ ਚੁੱਕੀ ਹੈ ਤਾਂ ਫਿਰ ਦੁਬਿਧਾ ਵਾਸਤੇ ਤਾਂ ਕੋਈ ਤੁੱਕ ਬਚਦੀ ਹੀ ਨਹੀ।

'ਮੋਹਰਾਂ ਦੇ ਕੋਲੇ ਤੇ ਸੂਲੀ ਦੀ ਸੂਲ" - ਸਾਖੀ ਜੋ ਸਾਰੀਆਂ ਹੀ ਜਨਮ ਸਾਖੀ ਵਿਚ ਆਉਦੀ ਹੈ ਉਹ ਬਿਹਾਰ ਵਿਚ ਹੋਈ ਘਟਨਾ ਮੰਨੀ ਜਾਂਦੀ ਸੀ। ਦਰ ਅਸਲ ਇਹ ਘਟਨਾ ਨਜੀਬਾਬਾਦ ਲਾਗੇ ਹਰਦੁਆਰ ਇਲਾਕੇ ਵਿਚ ਵਾਪਰੀ ਸੀ ਜੋ ਸਬੰਧਤ ਇਲਾਕੇ ਵਿਚ ਦੇ ਦਿੱਤੀ ਗਈ ਹੈ। ਵੇਖੋ ਸਫਾ 96.

ਵੈਸਨਵੀ ਗ੍ਰਿਸਤੀ ਵੀ ਸਨ। ਇੱਕ ਵੈਸਨੋ ਬੰਦਾ ਬਾਬਾ ਜੀ ਨੂੰ ਪੁੱਛਣ ਲੱਗ ਪਿਆ ਕਿ ਮਹਾਤਮਾ ਜੀ ਹਰ ਸਾਧੂ ਸੰਤ ਇਹੋ ਦੁਹਾਈ ਦਈ ਜਾਂਦਾ ਹੈ ਕਿ ਬੰਦਿਆ ਧੰਨ ਦੌਲਤ ਦਾ ਮੋਹ ਤਿਆਗ ਦੇ। ਪਰ ਇਹ ਕਿਵੇ ਸੰਭਵ ਹੈ ਕਿਰਪਾ ਕਰਕੇ ਸਾਨੂੰ ਸਮਝਾ ਦਿਓ?

ਗੁਰੂ ਸਾਹਿਬ ਨੇ ਓਥੇ ਸਮਝਾਇਆ ਕਿ ਮਾਇਆ ਦੇ ਇਸ ਪਸਾਰੇ ਤੇ ਨਿਰੰਕਾਰ ਦੇ ਇਸ ਨਾਟਕ ਨੂੰ ਜੇ ਬੰਦਾ ਸਮਝ ਲਏ ਤਾਂ ਮਾਇਆ ਮੋਹ ਆਪੇ ਟਿਕਾਣੇ ਤੇ ਆ ਜਾਏਗਾ। ਸੋ ਹੁਕਮ ਸਮਝਣਾ ਜਰੂਰੀ ਹੈ। ਪਰ ਉਹ ਵੈਸ਼ਨੋ ਸੇਠ ਕਹਿੰਦਾ ਕਿ ਮੈਨੂੰ ਅਜੇ ਵੀ ਸਮਝ ਨਹੀ ਆਇਆ। ਗੁਰੂ ਸਾਹਿਬ ਨੇ ਕਿਹਾ ਕਿ ਠੀਕ ਕਿ ਇਸ ਸਰੀਰ ਨੂੰ ਪਦਾਰਥਾਂ ਦੀ ਜਰੂਰਤ ਹੈ ਭਾਵ ਸਰੀਰ ਦਾ ਸਬੰਧ ਮਾਇਆ ਨਾਲ ਹੈ। ਹੁਣ ਇਹ ਦੱਸੋ ਕਿ ਜਦੋਂ ਤੁਸੀ ਮਰ ਜਾਓਗੇ ਤਾਂ ਤੁਹਾਡੇ ਧੰਨ ਦਾ ਤੁਹਾਡੇ ਨਾਲ ਕੀ ਸਬੰਧ ਰਹਿ ਜਾਏਗਾ? ਅੱਗੋ ਲਾਲਾ ਜੀ ਕਹਿਣ ਲੱਗੇ ਜੀ ਫਿਰ ਤਾਂ ਕੋਈ ਸਬੰਧ ਰਹਿ ਹੀ ਨਹੀ ਜਾਣਾ। ਗੁਰੂ ਸਾਹਿਬ ਨੇ ਕਿਹਾ ਕਿ ਬਸ ਏਨੀ ਕੁ ਗੱਲ ਸਮਝਣ ਦੀ ਜਰੂਰਤ ਹੈ। ਇਸ ਸਚਾਈ ਨੂੰ ਬੰਦਾ ਧਿਆਨ 'ਚ ਰੱਖ ਕੇ ਜੀਵਨ ਜੀਏ। ਫਿਰ ਚੜ੍ਹਦੀ ਕਲਾ ਜਾਂ ਅਨੰਦ ਵਿੱਚ ਜਾਂ ਜੀਵਨ ਮੁਕਤ ਹੋ ਜਾਏਗਾ। ਇਹ ਗੱਲਾਂ ਤੁਹਾਨੂੰ ਗੁਰੂ ਨੇ ਸਮਝਾਉਣੀਆਂ ਨੇ ਇਸ ਕਰਕੇ ਤੁਹਾਡੇ ਵਾਸਤੇ ਜਰੂਰੀ ਹੈ ਕਿ ਕਿਸੇ ਪੂਰਨ ਗੁਰੂ ਦੇ ਚਰਨੀ ਲੱਗੋ। ਓਥੇ ਫਿਰ ਗੁਰੂ ਸਾਹਿਬ ਨੇ ਹੇਠਲਾ ਸ਼ਬਦ ਉਚਾਰਿਆ:-

ਆਸਾ ਮਹਲਾ ੧ ॥ ਤਨੁ ਬਿਨਸੈ ਧਨੁ ਕਾ ਕੋ ਕਹੀਐ ॥ ਬਿਨੁ ਗੁਰ ਰਾਮ ਨਾਮੁ ਕਤ ਲਹੀਐ ॥ ਰਾਮ ਨਾਮ ਧਨੁ ਸੰਗਿ ਸਖਾਈ ॥ ਅਹਿਨਿਸਿ ਨਿਰਮਲੁ ਹਰਿ ਲਿਵ ਲਾਈ ॥੧॥ ਰਾਮ ਨਾਮ ਬਿਨੁ ਕਵਨੁ ਹਮਾਰਾ ॥ ਸੁਖ ਦੁਖ ਸਮ ਕਰਿ ਨਾਮੁ ਨ ਛੋਡਉ ਆਪੇ ਬਖਸਿ ਮਿਲਾਵਣਹਾਰਾ ॥੧॥ ਰਹਾਉ ॥ ਕਨਿਕ ਕਾਮਨੀ ਹੋਤੁ ਗਵਾਰਾ ॥ ਦੁਬਿਧਾ ਲਾਗੇ ਨਾਮੁ ਵਿਸਾਰਾ ॥ ਜਿਸੁ ਤੂੰ ਬਖਸਹਿ ਨਾਮੁ ਜਪਾਇ ॥ ਦੂਤੁ ਨ ਲਾਗਿ ਸਕੈ ਗੁਨ ਗਾਇ ॥੨॥ ਹਰਿ ਗੁਰੁ ਦਾਤਾ ਰਾਮ ਗੁਪਾਲਾ ॥ ਜਿਉ ਭਾਵੈ ਤਿਉ ਰਾਖੁ ਦਇਆਲਾ ॥ ਗੁਰਮੁਖਿ ਰਾਮੁ ਮੇਰੈ ਮਨਿ ਭਾਇਆ ॥ ਰੋਗ ਮਿਟੇ ਦੁਖੁ ਠਾਕਿ ਰਹਾਇਆ ॥੩॥ ਅਵਰੁ ਨ ਅਉਖਧੁ ਤੰਤ ਨ ਮੰਤਾ ॥ ਹਰਿ ਹਰਿ ਸਿਮਰਣੁ ਕਿਲਵਿਖ ਹੰਤਾ ॥ ਤੂੰ ਆਪਿ ਭੁਲਾਵਹਿ ਨਾਮੁ ਵਿਸਾਰਿ ॥ ਤੂੰ ਆਪੇ ਰਾਖਹਿ ਕਿਰਪਾ ਧਾਰਿ ॥੪॥ ਰੋਗੁ ਭਰਮੁ ਭੇਦੁ ਮਨਿ ਦੂਜਾ ॥ ਗੁਰ ਬਿਨੁ ਭਰਮਿ ਜਪਹਿ ਜਪੁ ਦੂਜਾ ॥ ਆਦਿ ਪੁਰਖ ਗੁਰ ਦਰਸ ਨ ਦੇਖਹਿ ॥ ਵਿਣੁ ਗੁਰ ਸਬਦੈ ਜਨਮੁ ਕਿ ਲੇਖਹਿ ॥੫॥ ਦੇਖਿ ਅਚਰਜੁ ਰਹੇ ਬਿਸਮਾਦਿ ॥ ਘਟਿ ਘਟਿ ਸੁਰ ਨਰ ਸਹਜ ਸਮਾਧਿ ॥ ਭਰਿਪੁਰਿ ਧਾਰਿ ਰਹੇ ਮਨ ਮਾਹੀ ॥ ਤੁਮ ਸਮਸਰਿ ਅਵਰੁ ਕੋ ਨਾਹੀ ॥੬॥ ਜਾ ਕੀ ਭਗਤਿ ਹੋਤੁ ਮੁਖਿ ਨਾਮੁ ॥ ਸੰਤ ਭਗਤ ਕੀ ਸੰਗਤਿ ਰਾਮੁ ॥ ਬੰਧਨ ਤੋਰੇ ਸਹਜਿ ਧਿਆਨੁ ॥ ਛੂਟੈ ਗੁਰਮੁਖਿ ਹਰਿ ਗੁਰ ਗਿਆਨੁ ॥੭॥ ਨਾ ਜਮਦੂਤ ਦੂਖੁ ਤਿਸੁ ਲਾਗੈ ॥ ਜੋ ਜਨੁ ਰਾਮ ਨਾਮਿ ਲਿਵ ਜਾਗੈ ॥ ਭਗਤਿ ਵਛਲੁ ਭਗਤਾ ਹਰਿ ਸੰਗਿ ॥ ਨਾਨਕ ਮੁਕਤਿ ਭਏ ਹਰਿ ਰੰਗਿ ॥੮॥੯॥

ਓਥੇ ਫਿਰ ਸਾਰੇ ਹਾਜਰੀਨ ਗੁਰੂ ਸਾਹਿਬ ਦੇ ਚਰਨੀ ਲੱਗੇ।

ਵੈਸ਼ਾਲੀ ਅਤੇ ਹੋਰ ਨੇੜੇ ਤੇੜੇ ਦੇ ਮਹੱਤਵਪੂਰਨ ਟਿਕਾਣਿਆਂ ਤੇ ਗੁਰੂ ਸਾਹਿਬ ਪਟਨਾ ਤੋਂ ਗਏ। ਵੈਸ਼ਾਲੀ ਵਿਖੇ ਪੁਰਾਣੀ ਸਿੱਖ ਸੰਗਤ ਦੀ ਮੌਜੂਦਗੀ ਅੱਜ ਵੀ ਮੌਜੂਦ ਹੈ। ਅਫਸੋਸ ਅਸੀ ਵੈਸ਼ਾਲੀ ਵਾਲੇ ਅਸਥਾਨ ਦੀ ਤਫਸੀਲ ਅਤੇ ਤਸਵੀਰ ਹਾਸਲ ਨਹੀ ਕਰ ਪਾਏ।

ਪਟਨਾ ਤੋਂ 28 ਕਿ. ਮੀ.ਹੇਠਾਂ ਗੀਗਾ ਕੰਢੇ ਕਸਬਾ ਫਤੂਹਾ ਹੈ ਜਿਥੇ ਕਬੀਰ ਕੂੰਆ (ਖੂਹ) ਕਰਕੇ ਕਬੀਰ ਮੱਠ ਹੈ। ਇਥੇ ਗੁਰੂ ਸਾਹਿਬ ਨੇ ਪਧਾਰ ਕੇ ਕਬੀਰ ਪੰਥੀ ਸੰਗਤ ਨੂੰ ਸੰਬੋਧਨ ਕੀਤਾ ਸੀ।

(ਉਪਰ) ਵਿਸ਼ਨੂੰ ਚਰਨ ਪਾਦੁਕਾ ਮੰਦਰ ਗਇਆ। (ਖੱਬੇ) ਪੱਥਰ ਤੇ ਕੁਦਰਤੀ ਤੌਰ ਤੇ ਬਣੇ ਪੈਰ ਦੇ ਨਿਸ਼ਾਨ ਨੂੰ ਹਿੰਦੂ ਲੋਕ ਵਿਸ਼ਨੂ ਭਗਵਾਨ ਦੇ ਪੈਰ ਦਾ ਨਿਸ਼ਾਨ ਮੰਨਦੇ ਹਨ। ਨਿਸ਼ਾਨ 40 ਸੈ. ਮੀ. ਲੰਮਾ ਹੈ।

ਲਗਦਾ ਹੈ ਕਿ ਕੋਈ ਪ੍ਰਸਿੱਧ ਕਬੀਰ ਪੰਥੀ ਮਹਾਂਪੁਰਖ ਵੀ ਇਥੇ ਰਹਿ ਰਿਹਾ ਸੀ। ਕਿਉਕਿ ਪਟਨਾ ਸਾਹਿਬ ਦੀ ਸਿੱਖ ਰਵਾਇਤ ਅਨੁਸਾਰ ਗੁਰੂ ਸਾਹਿਬ ਇਥੇ ਕਬੀਰ ਸਾਹਿਬ ਨੂੰ ਮਿਲੇ ਸਨ। ਪਰ ਇਤਹਾਸ ਤੌਰ ਤੇ ਕਬੀਰ ਸਾਹਿਬ ਅਤੇ ਗੁਰੂ ਸਾਹਿਬ ਦਾ ਮੇਲ ਸਾਬਤ ਨਹੀ ਹੁੰਦਾ।

—◈—

ਸਤੰਬਰ 1509

ਬਾਬਾ ਪਹੁੰਚ ਗਇਆ ਬੋਧ ਗਇਆ
ਪਿੰਡ ਦਾਨ ਪ੍ਰਥਾ ਦਾ ਕੀਤਾ ਖੰਡਨ

ਪਟਨੇ ਤੋਂ ਗੁਰੂ ਸਾਹਿਬ 100 ਕਿਲੋਮੀਟਰ ਦਾ ਪੈਂਡਾ ਕਰਕੇ ਬੰਗਾਲ ਬਿਹਾਰ ਦੇ ਪ੍ਰਸਿੱਧ ਹਿੰਦੂ ਸਥਾਨ ਆ ਗਏ ਗਇਆ। ਗਇਆ ਅੱਜ ਬਿਹਾਰ ਦਾ ਦੂਸਰੇ ਨੰਬਰ ਤੇ ਵੱਡਾ ਸ਼ਹਿਰ ਹੈ। ਕਿਸੇ ਵੇਲੇ ਇਹ ਸਭ ਤੋਂ ਵੱਡਾ ਸੀ। ਲਾਗੇ ਹੀ ਬੋਧ ਗਇਆ ਹੈ ਜਿੱਥੇ ਭਗਵਾਨ ਬੁੱਧ ਨੂੰ ਗਿਆਨ ਹੋਇਆ ਸੀ: ਬੋਹੜ ਦੇ ਥੱਲੇ। ਸੋ ਅੱਜ ਵੀ ਇਹ ਦੁਨੀਆ ਭਰ ਦੇ ਬੋਧੀਆਂ ਦਾ ਸਭ ਤੋਂ ਪਵਿਤਰ ਅਸਥਾਨ ਹੈ।

ਪਰ ਮੂਲ ਵਿੱਚ ਇਹ ਸਨਾਤਨ ਹਿੰਦੂ ਸਥਾਨ ਹੈ। ਇਥੋਂ ਦਾ

ਗਇਆ ਦਾ ਪਿੰਡ ਦਾਨ- ਬਾਬੇ ਨੇ ਕਿਹਾ ਤੁਹਾਡੀਆਂ ਇਹ ਗਰੋਲੀਆਂ ਬਜੁਰਗਾਂ ਤਕ ਨਹੀ ਪਹੁੰਚਦੀਆਂ। ਕਿਓ ਲੋਕਾਈ ਨੂੰ ਮੂਰਖ ਬਣਾਉਦੇ ਹੋ।

ਵਿਸ਼ਨੂੰ ਪਦ ਮੰਦਰ ਇਸ ਕਰਕੇ ਮਸ਼ਹੂਰ ਹੈ ਕਿਉਕਿ ਇਥੇ ਪੱਥਰ ਤੇ 16 ਇੰਚ ਲੰਮੇ ਇੱਕ ਪੈਰ ਦਾ ਨਿਸ਼ਾਨ ਹੈ। ਹਿੰਦੂਆਂ ਦਾ ਮੰਨਣਾ ਹੈ ਕਿ ਇਹ ਭਗਵਾਨ ਵਿਸ਼ਨੂੰ ਦਾ ਪੈਰ ਹੈ।

ਦੂਸਰੇ ਪਾਸੇ ਕਥਾ ਮਸ਼ਹੂਰ ਹੈ ਕਿ ਇਹ ਸ਼ਹਿਰ ਗਇਆਸੁਰ ਰਾਖਸ਼ ਦਾ ਸੀ ਜਿੰਨੇ ਵਿਸ਼ਨੂੰ ਕੋਲੋ ਵਰ ਲੈ ਰਖਿਆ ਸੀ ਕਿ ਜਿਹੜਾ ਮੇਰਾ ਦਰਸ਼ਨ ਕਰੇ ਉਹਦੀ ਮੁਕਤੀ ਹੋ ਜਾਵੇ। ਇਸ ਵਜਾ ਕਰਕੇ ਗਇਆ ਹਿੰਦੂਆਂ ਦੇ ਵੱਡੇ ਤੀਰਥ ਸਥਾਨਾਂ ਵਿੱਚੋਂ ਇੱਕ ਹੈ। ਜਿਵੇ ਹਰਦੁਆਰ ਹੁੰਦਾ ਹੈ । ਇਥੇ ਵੀ ਲੋਕ ਆਪਣੇ ਬਜੁਰਗਾਂ ਦੀ ਮੁਕਤੀ ਲਈ ਆਉਦੇ ਹਨ ਤੇ ਪਿੰਡ ਦਾਨ ਕਰਦੇ ਹਨ। ਇਥੋਂ ਦੇ ਪੰਡੇ ਦਾਅਵਾ ਕਰਦੇ ਹਨ ਕਿ ਭਗਵਾਨ ਰਾਮ ਨੇ ਆਪਣੇ ਬਜੁਰਗਾਂ ਦਾ ਪਿੰਡ ਦਾਨ ਇਥੇ ਹੀ ਕਰਵਾਇਆ ਸੀ। ਇਸ ਸ਼ਹਿਰ ਦਾ ਜਿਕਰ ਮੁੱਖ ਹਿੰਦੂ ਸ਼ਾਸਤਰਾਂ ਜਿਵੇ ਰਮਾਇਣ ਮਹਾਂ ਭਾਰਤ ਤੇ ਹੋਰ ਪੁਰਾਣਾ ਵਿੱਚ ਹੈ।

ਸੋ ਐਡਾ ਵੱਡਾ ਤੀਰਥ ਹੋਵੇ ਤੇ ਭਲਾ ਬਾਬਾ ਨਾਂ ਪਹੁੰਚੇ ਇਹ ਹੋ ਹੀ ਨਹੀ ਸੀ ਸਕਦਾ। ਸੋ ਬਨਾਰਸ ਤੋਂ ਅਯੁਧਿਆਂ ਆਦਿ ਘੁੰਮਦਾ ਘੁੰਮਾਦਾ ਬਾਬਾ ਇਥੇ ਵੀ ਆ ਪਹੁੰਚਿਆ। ਬਨਾਰਸ ਸ਼ਿਵਰਾਤਰੀ ਤੇ ਸੀ ਤੇ ਇਥੇ ਵਸਾਖੀ ਤੇ ਪਹੁੰਚ ਗਿਆ। ਅੰਦਾਜਨ ਸੰਨ 2008 ਦੀ ਵਸਾਖੀ।

ਜਿਵੇ ਬਾਬਾ ਫਲਗੂ ਨਦੀ ਕਿਨਾਰੇ ਪਹੁੰਚਿਆ, ਪਾਂਡਿਆਂ ਨੇ ਬੋਚ ਲਿਆ। ਜੀ ਆਓ ਆਪਣੇ ਬਜੁਰਗਾਂ ਦਾ ਪਿੰਡ ਦਾਨ ਕਰਵਾਓ। ਬਾਬਾ ਹੋਰ ਕੀ ਚਾਹੇ? ਪੰਡੇ ਨੇ ਜਦੋਂ ਰਸਮ ਸ਼ੁਰੂ ਕੀਤੀ ਬਾਬਾ ਕਹਿਣ ਲੱਗਾ ਮੇਰੇ ਪੰਜਾਬੀ ਬਜੁਰਗ ਤੇਰੀਆਂ ਆਹ ਚਾਰ ਪੰਜ ਗਰੋਲੀਆਂ ਨਾਲ ਕਿਵੇ ਰੱਜਣਗੇ? ਪੰਡਤ ਕਹਿੰਦਾ ਨਹੀ ਜੀ ਇਹ ਰਸਮ ਹੈ। ਗੁਰੂ ਸਾਹਿਬ ਕਹਿੰਦਾ ਮੈਂ ਨਹੀ ਕਿਸੇ ਰਸਮ ਨੂੰ ਮੰਨਦਾ ਜਿੱਦੇ ਪਿੱਛੇ ਕੋਈ ਤੁੱਕ ਦਲੀਲ ਨਾਂ ਹੋਵੇ। ਨਾਲੇ ਤੇਰੇ ਇਹ ਪਿੰਡ ਜਾਂ ਗਰੋਲੀਆਂ ਮੇਰੇ ਬਜੁਰਗਾਂ ਤੱਕ ਕਿਵੇ ਪੁਹੁੰਚਣਗੇ? ਤੈਨੂੰ ਪਤਾ ਹੈ ਉਹ ਕਿਥੇ ਨੇ?

ਨਿਰੰਕਾਰ ਸਰੂਪ ਗੁਰੂ ਨਾਨਕ ਤਿੰਨਾਂ ਕਾਲਾਂ (ਭੂਤ, ਵਰਤਮਾਨ ਤੇ ਭਵਿਖ) ਦੇ ਜਾਨਣਹਾਰ ਨੇ ਜਦੋਂ ਪੰਡਤ ਦੇ ਨਿੱਜ ਤੇ ਸਵਾਲ ਉਠਾਏ ਤਾਂ ਪਾਂਡੇ ਦੀਆਂ ਤਾਂ ਅੱਖਾਂ ਖੁੱਲੀਆਂ ਦੀਆਂ ਖੁੱਲੀਆ ਹੀ ਰਹਿ ਗਈਆਂ। ਜਿਵੇ ਸਵਾਲ ਜਵਾਬ ਹੋਏ ਪੰਡਤ ਢਹਿ ਪੈਰੀ ਪੈ ਗਿਆ। "ਜੀ ਇਹ ਸਾਡੀ ਰੋਜੀ ਰੋਟੀ ਹੈ।" ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਭਾਈ ਰੋਜੀ ਰੋਟੀ ਦੇ ਹੋਰ ਵੀ ਸਾਧਨ ਹੈਗੇ ਨੇ ਕਿਓ ਰੱਬ ਦੀ ਭੋਲੀ ਭਾਲੀ ਜਨਤਾ ਨੂੰ ਬੇਵਕੂਫ ਬਣਾਉਦੇ ਹੋ? ਰੱਬ ਤੋਂ ਡਰੋ। ਪਿੰਡ ਦਾਨ ਜਾਂ ਸਰਾਧ ਵਗੈਰਾ ਦੇ ਸਾਰੇ ਸਿਧਾਂਤ ਦਾ ਇਥੇ ਵੀ ਖੰਡਣ ਕੀਤਾ (ਵੇਖੋ: ਪੇਹੋਵਾ ਸਾਖੀ ਸਫਾ-82) ਪਰ ਇਥੇ ਵੀ ਗੁਰੂ ਪਾਤਸ਼ਾਹ ਨੇ ਜੋ ਬਾਣੀ ਰਚੀ ਉਹ ਇਸ ਪ੍ਰਕਾਰ ਹੈ:

ਆਸਾ ਮਹਲਾ ੧ ॥ ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥ ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥੧॥ ਲੋਕਾ ਮਤ ਕੋ ਫਕੜਿ ਪਾਇ ॥ ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ ॥੧॥ ਰਹਾਉ ॥ ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ ॥ ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ ॥੨॥ ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ ॥ ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ ॥੩॥ ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ ॥ ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ ॥੪॥੨॥੩੨॥

ਬਾਬੇ ਨੇ ਕਿਹਾ ਹਾਂ ਮੈਂ ਵੀ ਦੀਵਾ ਵੱਟੀ ਕਰਦਾ ਵਾਂ। ਹਰੀ ਦੀ ਸਿਫਤ ਸਲਾਹ ਦਾ ਦੀਵਾ ਬਣਾਉਨੈ ਮੈ, ਉਹਦੇ ਵਿੱਚ ਜੀਆਂ ਦੇ ਸਾਰੇ ਦੁੱਖਾਂ ਨੂੰ ਤੇਲ ਵਾਙੂ ਪਾ ਫੂਕ ਦਿੰਨਾਂ ਵਾਂ। ਫਿਰ ਜਦੋਂ ਦੀਵਾ ਬਲਦਾ ਹੈ ਅਜਿਹਾ ਚਾਨਣ ਹੁੰਦਾ ਹੈ ਕਿ ਸਾਰੇ ਦੁੱਖ ਹਰਨ ਹੋ ਜਾਂਦੇ ਨੇ। ਬੰਦਾ ਚੜ੍ਹਦੀ ਕਲਾ ਵਿੱਚ ਆ ਜਾਂਦਾ ਹੈ। ਇਥੋਂ ਤੱਕ ਕਿ ਮੌਤ ਦਾ ਭੈਅ ਵੀ ਮੁੱਕ ਜਾਂਦਾ ਹੈ। ਜਿਵੇ ਲੱਖਾਂ ਮਣ ਲਕੜੀ ਹੋਵੇ ਤੇ ਇੱਕ ਚੰਗਿਆੜੀ ਉਹਦਾ ਕੰਮ ਤਮਾਮ ਕਰ ਦਿੰਦੀ ਹੈ ਨਾਮ ਦਾ ਵੀ ਇਹੋ ਹਿਸਾਬ ਹੈ। ਸਾਰੇ ਦੁੱਖ ਤਕਲੀਫਾਂ ਚਿੰਤਾਵਾਂ ਦਾ ਭਬਾਕਾ ਵੱਜ ਜਾਂਦਾ ਹੈ।

ਇਨਾਂ ਕਹਿਣਾਂ ਸੀ ਕਿ ਹਿਰਦੇ ਤੋਂ ਦੁੱਖੀ ਆਪ ਵੀ ਪੰਡਾ ਰੋ ਪਿਆ ਕਿ ਬਾਬਾ ਮੇਰਾ ਵੀ ਦੀਵਾ ਵੱਟੀ ਕਰ ਦੇ। ਸੋ ਬਾਬੇ ਨੇ ਪਾਂਡਿਆਂ ਨੂੰ ਵੀ ਨਿਰੰਕਾਰ ਦੀ ਸਿਫਤ ਸਾਲਾਹ ਵਿੱਚ ਲਾਇਆ ਤੇ ਅੱਗੇ ਤੋਂ ਵਾਇਦਾ ਲਿਆ ਕਿ ਗਰੀਬ ਜਨਤਾ ਦਾ ਸ਼ੋਸ਼ਣ ਨਹੀ ਕਰਨਗੇ, ਜਾਤ ਦੇ ਨਾਂ ਕਿਸੇ ਨੂੰ ਨਫਰਤ ਨਹੀ ਕਰਨੀ, ਧਰਮ ਦੀ ਕਿਰਤ ਕਰਨੀ, ਵਾਧੂ ਦੀਆਂ ਰਸਮਾਂ ਨਹੀ ਪਾਲਣੀਆ ਕਿ ਰੋਟੀ ਵੇਲੇ ਚੌਕਾਕਾਰ ਕੱਢਣਾ, ਵਰਤ ਰੱਖਣ ਵਾਸਤੇ ਲੋਕਾਂ ਨੂੰ ਪ੍ਰੇਰਨਾ ਦੇਣੀਆਂ, ਸਬਰ ਸੰਤੋਖ ਨਾਲ ਜੀਵਨ ਬਤੀਤ ਕਰਨਾਂ, ਰੱਬ ਦੀ ਰਜਾ ਵਿੱਚ ਰਾਜੀ ਰਹਿਣਾ। ਮਹੰਤ ਨੇ ਮੁੱਖ ਮੰਦਰ ਭਾਵ ਵਿਸ਼ਨੂੰ

ਵਿਸ਼ਨੂਪਦ ਮੰਦਰ ਦੇ ਨਾਲ ਹੀ ਮੌਜੂਦ ਹੈ ਗੁਰਦੁਆਰਾ ਦਿਓ ਘਾਟ ਸਾਹਿਬ ਜਿਥੇ ਗੁਰੂ ਸਾਹਿਬ ਨੇ ਡੇਰਾ ਕੀਤਾ ਸੀ। ਇਹ ਅੱਜ ਕਲ ਬੰਦ ਹੈ ਕਿਉਕਿ ਇਸ ਦੀ ਮਲਕੀਅਤ ਨੂੰ ਲੈ ਕੇ ਅਦਾਲਤ ਵਿਚ ਕੇਸ ਚਲ ਰਿਹਾ ਹੈ। ਯਾਦ ਰਹੇ ਬਾਬਾ ਸ੍ਰੀ ਚੰਦ ਦੇ ਉਦਾਸੀ ਅੱਜ ਵਾਪਸ ਹਿੰਦੂ ਧਰਮ ਵਲ ਪਰਤ ਰਹੇ ਨੇ।

ਪਦ ਮੰਦਰ ਦੇ ਨਾਲ ਹੀ ਧਰਮਸਾਲ ਬਣਵਾ ਦਿੱਤੀ। ਜਿੱਥੇ ਨਿਰੰਕਾਰ ਦੇ ਜਸ ਦਾ ਗਾਇਨ ਚਲਦਾ। ਇਹੋ ਮੰਨਿਆ ਜਾਦਾ ਹੈ ਕਿ ਗਇਆ ਦੀ ਯਾਤਰਾ ਮੌਕੇ ਗੁਰੂ ਸਾਹਿਬ ਨੇ ਇਥੇ ਨਿਵਾਸ ਕੀਤਾ ਸੀ।

ਬੋਧ ਗਇਆ ਦਾ ਮਹਾਂ ਬੋਧੀ ਬੋਜ਼ ਜਿਹਦੇ ਥੱਲੇ ਬੈਠ ਮਹਾਤਮਾ ਬੁੱਧ ਨੂੰ ਗਿਆਨ ਦੀ ਪ੍ਰਾਪਤੀ ਹੋਈ ਸੀ।

ਏਸੇ ਮਹੰਤ (ਮਹੰਤ ਦੇਵ ਗਿਰਿ) ਦੀ ਤੀਸਰੀ ਪੀੜ੍ਹੀ ਵਿੱਚ ਭਗਤ ਗਿਰਿ ਹੋਇਆ ਹੈ ਜਿਸ ਨੇ ਕੋਈ 360 ਹੋਰ ਮਹੰਤਾਂ ਨੂੰ ਸਿੱਖੀ ਨਾਲ ਜੋੜਿਆ। ਛੇਵੀ ਪਾਤਸ਼ਾਹੀ ਗੁਰੂ ਹਰਗੋਬਿੰਦ ਸਾਹਿਬ ਨੇ ਆਪ ਨੂੰ ਭਗਤ ਭਗਵਾਨ ਦੀ ਉਪਾਧੀ ਦਿੱਤੀ ਜਿਸ ਕਰਕੇ ਇਹ ਸੰਪਰਦਾਇ ਭਗਤ ਭਗਵਾਨੀਏ ਕਹਾਈ। ਕਈ ਲਿਖਾਰੀਆਂ ਅਨੁਸਾਰ ਇਥੇ ਵੀ ਗੁਰ ਸਿੱਖੀ ਬਾਬਾ ਅਲਮਸਤ ਦੇ ਯਤਨਾਂ ਸਦਕਾ ਹੀ ਬਰਕਰਾਰ ਰਹੀ। 1930 ਈ ਤੱਕ ਇਥੇ ਉਦਾਸੀਆਂ ਕੋਲ ਇੱਕ ਪੁਰਾਤਨ ਮੋਹਰ ਮੌਜੂਦ ਹੁੰਦੀ ਸੀ । ◘ ਜਿਸ ਤੇ ਹੇਠ ਲਿਖੀ ਇਬਾਰਤ ਲਿਖੀ ਹੈ:-

ਸ੍ਰੀ ਵਾਹਿਗੁਰੂ ਕਰਤਾਰ॥
ਨਾਨਕ ਅਲਮਸਤ॥
ਰਾਜ ਗੁਰੂ ਤਖਤ॥ ਨਾਨਕ ਸਤਿ॥

ਮੰਦਰ ਦੇ ਨਾਲ ਮੌਜੂਦ ਗੁਰਦੁਆਰਾ ਦਿਓ ਘਾਟ ਸਾਹਿਬ ਕਹਾਉਦਾ ਹੈ। ਜੋ ਅੱਜ ਉਜਾੜ ਹੈ। ਕਿਉਕਿ 1984 ਤੋਂ ਬਾਦ ਬ੍ਰਾਹਮਣ ਪੰਡਿਆਂ ਨੂੰ ਆਰ ਐਸ ਐਸ ਨੇ ਸਿੱਖੀ ਨਾਲੋਂ ਨਖੇੜ ਦਿੱਤਾ ਹੈ।

ਇਥੋਂ ਨੇੜੇ ਹੀ ਗੁਰੂ ਸਾਹਿਬ ਨੇ ਬੋਧੀਆਂ ਦਾ ਪਵਿਤਰ ਸਥਾਨ ਬੋਧ ਗਇਆ ਵੇਖਿਆ ਤੇ ਬੋਧੀ ਭਿਖਸ਼ੂਆਂ ਨਾਲ ਲੰਮੀ ਗੱਲ ਬਾਤ ਕੀਤੀ। ਬੋਧੀਆਂ ਆਤਮਿਕ ਦੁੱਖਾਂ ਬਾਰੇ ਲੰਮੀ ਚੌੜੀ ਫਿਲਾਸਫੀ ਹੈ। ਦੁੱਖ ਤੋਂ ਕਿਵੇ ਬਚਣਾ ਹੈ। ਗੁਰੂ ਸਾਹਿਬ ਨੇ ਤਾਂ ਜਟਕੀ ਗੱਲ ਕਰ ਦਿੱਤੀ । "ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥ ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥" ਕਿ ਸਿਫਤ ਸਾਲਾਹ ਜਾਂ ਨਾਮ ਦੀ ਸ਼ਰਨ ਵਿੱਚ ਗਏ ਤੇ ਮੇਰਾ ਦੁੱਖ ਐਉ ਨਸਿਆ ਜਿਵੇ ਬਲਦੇ ਦੀਵੇ ਵਿੱਚੋਂ ਤੇਲ।

ਕਿਉਕਿ ਬੋਧੀ ਨਿਰੰਕਾਰ ਦੀ ਹੋਂਦ ਤੋਂ ਆਕੀ ਹਨ ਲੱਗਦੈ ਹੈ ਕਿ ਗੁਰੂ ਸਾਹਿਬ ਨੇ ਇਥੇ ਵੀ ਚੋਖਾ ਸਮਾਂ ਬਿਤਾਇਆ ਹੋਵੇਗਾ ਉਨਾਂ ਨੂੰ ਸਮਝਾਉਣ ਤੇ। ਫਿਰ ਬੁੱਧਮਤ ਵੀ ਬੰਦੇ ਨੂੰ ਸੰਨਿਆਸ ਵਲ ਧਕਦਾ ਹੈ ਇਸ ਮਸਲੇ ਤੇ ਗੱਲਾਂ ਬਾਤਾਂ ਹੋਈਆਂ ਹੋਣਗੀਆਂ। ਇਸ ਸਬੰਧ ਵਿੱਚ ਬਹੁਤ ਸਾਰੀ ਬਾਣੀ ਮਿਲਦੀ ਹੈ ਪਰ ਸਾਫ ਤੌਰ ਤੇ ਇਹ ਕਹਿਣਾ ਕਿ ਕਿਹੜਾ ਸ਼ਬਦ ਇਥੇ ਰਚਿਆ ਕਹਿਣਾ ਮੁਸ਼ਕਲ ਹੈ। ਪਰ ਜੈਨੀ ਹਿੰਸਾ ਅਹਿੰਸਾ ਦੀ ਬੜੀ ਗੱਲ ਕਰਦੇ ਨੇ ਜੋ ਲਫਜ਼ ਪੰਜਾਬੀ ਵਿੱਚ ਜਿਆਦਾ ਪ੍ਰਚਲਤ ਨਹੀ ਹੈ। ਗੁਰੂ ਸਾਹਿਬ ਨੇ ਅਜਿਹਾ ਹੀ ਕੋਈ ਸ਼ਬਦ ਇਥੇ ਕਿਹਾ ਹੋਵੇਗਾ:-

ਸਿਰੀਰਾਗੁ ਮਹਲਾ ੧ ॥ ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ ॥ ਕਿਉ ਦਰਗਹ ਪਤਿ ਪਾਈਐ ਜਾ ਹਰਿ ਨ ਵਸੈ ਮਨ ਮਾਹਿ ॥ ਗੁਰਿ ਮਿਲਿਐ ਸੁਖੁ ਪਾਈਐ ਅਗਨਿ ਮਰੈ ਗੁਣ ਮਾਹਿ ॥੧॥ ਮਨ ਰੇ ਅਹਿਨਿਸਿ ਹਰਿ ਗੁਣ ਸਾਰਿ ॥ ਜਿਨ ਖਿਨੁ ਪਲੁ ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ ॥੧॥ ਰਹਾਉ ॥ ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ ॥ ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ ॥ ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ ॥੨॥ ਕਾਇਆ ਕਾਮਣਿ ਜੇ ਕਰੀ ਭੋਗੇ ਭੋਗਣਹਾਰੁ ॥ ਤਿਸੁ ਸਿਉ ਨੇਹੁ ਨ ਕੀਜਈ ਜੋ ਦੀਸੈ ਚਲਣਹਾਰੁ ॥ ਗੁਰਮੁਖਿ ਰਵਹਿ ਸੋਹਾਗਣੀ ਸੋ ਪ੍ਰਭੁ ਸੇਜ ਭਤਾਰੁ ॥੩॥ ਚਾਰੇ ਅਗਨਿ ਨਿਵਾਰਿ ਮਰੁ ਗੁਰਮੁਖਿ ਹਰਿ ਜਲੁ ਪਾਇ ॥ ਅੰਤਰਿ ਕਮਲੁ ਪ੍ਰਗਾਸਿਆ ਅੰਮ੍ਰਿਤੁ ਭਰਿਆ ਅਘਾਇ ॥ ਨਾਨਕ ਸਤਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ ॥੪॥੨੦॥

ਰਾਜਾ ਬਲੀ ਦੇ ਸ਼ਹਿਰ ਪਹੁੰਚਿਆ ਬਾਬਾ ਨਾਨਕ○

ਗਇਆ ਤੋਂ 65 ਕਿਲੋ ਮੀਟਰ ਚੜ੍ਹਦੇ ਵਲ ਹੈ ਇਤਹਾਸਿਕ ਕਸਬਾ ਰਜੌਲੀ। ਇਹਦਾ ਨਾਂ ਰਾਜਾ ਬਲੀ ਤੋਂ ਵਿਗੜਦਾ ਵਿਗੜਦਾ ਰਜੌਲੀ ਬਣਿਆ ਹੈ। ਇਹ ਉਹੋ ਰਾਜਾ ਬਲੀ ਹੈ ਜਿਸ ਨੂੰ ਬ੍ਰਾਹਮਣ ਬਹੁਤ ਦਾਨੀ ਗਿਣਦੇ ਨੇ। ਜਿਸ ਕੋਲੋ ਵਿਸ਼ਨੂ ਦੇ ਵੌਣੇ ਅਵਤਾਰ ਨੇ ਢਾਈ ਕਦਮਾਂ ਧਰਤੀ ਮੰਗੀ ਸੀ। ਦੋ ਕਦਮਾਂ ਵਿੱਚ ਹੀ ਬੌਣੇ ਭਗਵਾਨ ਨੇ ਸਾਰੀ ਜਮੀਨ ਨਾਪ ਲਈ ਤੇ ਬਲੀ ਵੇਖਦਾ ਹੀ ਰਹਿ ਗਿਆ। ਵੌਣਾ ਫਿਰ ਪੁੱਛਦਾ ਕਿ ਦੱਸ ਅਗਲਾ ਪੈਰ ਕਿਥੇ ਰੱਖਾਂ? ਤਾਂ ਬਲੀ ਨੇ ਕਿਹਾ ਮੇਰੇ ਸਿਰ ਤੇ ਰੱਖ ਲੈ।

ਉਨਾਂ ਦਿਨਾਂ ਵਿੱਚ ਰਜੌਲੀ (ਸਮੇਤ ਗੁਰਪਾ - ਗੁਰੂ ਦਾ ਪਾਂਵ ਭਾਵ ਪੈਰ) ਮਸ਼ਹੂਰ ਹਿੰਦੂ ਤੇ ਬੋਧੀ ਸਥਾਨ ਤੇ ਵੱਡਾ ਧਾਰਮਿਕ ਕੇਂਦਰ ਵੀ। ਗੁਰੂ ਸਾਹਿਬ ਇਸ ਇਤਹਾਸਕ ਅਸਥਾਨ ਤੇ ਜਦੋਂ ਪਧਾਰੇ ਤਾਂ ਇਨਾਂ ਦੇ ਦਰਸ਼ਨਾਂ ਨੂੰ ਦੂਰੋ ਦੂਰੋ ਲੋਕ ਆਉਣੇ ਸ਼ੁਰੂ ਹੋ ਗਏ।

ਇਲਾਕੇ ਦਾ ਇੱਕ ਮੁਸਲਮਾਨ ਫਕੀਰ ਨਾਮ ਕੱਲਣ ਸ਼ਾਹ ਵੀ ਇਨ੍ਹਾਂ ਨੂੰ ਲੁੱਕ ਛਿਪ ਕੇ ਸੁੱਣਦਾ ਹੁੰਦਾ ਸੀ। ਇੱਕ ਦਿਨ ਫਿਰ ਕੁਝ ਸ਼ੰਕੇ ਲੈ ਕੇ ਗੁਰੂ ਸਾਹਿਬ ਦੇ ਸਨਮੁਖ ਹੀ ਹੋ ਗਇਆ। ਕੀਰਤਨ ਚਲ ਰਿਹਾ ਸੀ। ਉਹ ਕੀਰਤਨ ਸੁਣ ਕੇ ਹੀ ਕੀਲਿਆ ਗਇਆ ਤੇ ਸਿੱਖੀ ਧਾਰਨ ਕੀਤੀ। ਓਹਦੇ ਅਸਥਾਨ ਤੇ ਜੋ ਇਮਾਰਤ ਹੈ ਛੋਟੀ ਸੰਗਤ ਧਰਮਸਾਲ ਕਹਾਉਦੀ ਹੈ। ਇਥੋ ਦਾ ਮਹੰਤ ਅਮੂਮਨ ਮੁਸਲਮਾਨ ਹੋਇਆ ਕਰਦੇ ਹਨ। ਜਿੱਥੇ ਗੁਰੂ ਸਾਹਿਬ ਸ਼ੁਰੂ 'ਚ ਪਧਾਰੇ ਸਨ ਉਹ ਬੜੀ ਸੰਗਤ ਕਹਾਉਦੀ ਹੈ। ਇਥੇ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ਮਾਨ ਹਨ ਤੇ ਵੱਡੀ ਇਮਾਰਤ

ਹੈ।

ਇਲਾਕੇ ਦੇ ਸਭ ਹਿੰਦੂ ਮੁਸਲਮਾਨ ਲੋਕਾਂ ਵਿੱਚ ਇਨਾਂ ਅਸਥਾਨਾਂ ਪ੍ਰਤੀ ਸ਼ਰਧਾ ਹੈ। ਉਂਜ ਲੋਕ ਸਿੱਖੀ ਸਿਧਾਂਤ ਭੁੱਲ ਚੁੱਕੇ ਹਨ। ਸਿਰਫ ਗੁਰੂ ਸਾਹਿਬ ਦਾ ਨਾਂ ਹੀ ਬਚਿਆ ਹੈ।

—◈—

ਰਜੌਲੀ ਤੋਂ ਬਾਬਾ ਗਇਆ ਰਾਜਗੀਰ

ਰਾਜਗੀਰ ਠੰਡੇ ਜਲ ਦਾ ਚਸ਼ਮਾ ਜਾਰੀ ਕੀਤਾ

ਨਾਨਕ ਚਾਤ੍ਰਿਕੁ ਅੰਮ੍ਰਿਤ ਜਲੁ ਮਾਗੈ

ਰਜੌਲੀ ਤੋਂ ਕੋਈ 50 ਕਿਲੋਮੀਟਰ ਦਾ ਸਫਰ ਕਰਕੇ ਬਾਬਾ ਪਹੁੰਚ ਗਇਆ ਰਾਜਗੀਰ। ਵਿਦਵਾਨਾਂ ਦਾ ਅੰਦਾਜ਼ਾ ਹੈ ਕਿ ਗੁਰੂ ਸਾਹਿਬ ਹੋਲੀ ਦੇ ਤਿਉਹਾਰ (24 ਫਗਣ ਭਾਵ ਅਜਕਲ ਦਾ 6 ਮਾਰਚ) ਤੇ ਇਥੇ ਪਹੁੰਚੇ ਸਨ ਜਦੋਂ ਹਜਾਰਾਂ ਸਾਧੂ ਤੇ ਹੋਰ ਭਗਤ ਜਨ ਮੇਲੇ ਤੇ ਆਏ ਹੋਏ ਸਨ ਰਾਜਗੀਰ ਜਾਂ ਰਾਜਗ੍ਰਿਹ ਬਹੁਤ ਹੀ ਪੁਰਾਣਾ ਹਿੰਦੂ, ਬੁੱਧਮਤ ਤੇ ਜੈਨਮਤ ਦਾ ਸਥਾਨ ਹੈ। ਮਹਾਂਭਾਰਤ ਵਿੱਚ ਇੱਕ ਜਰਾਸੰਧ ਰਾਜੇ ਦੀ ਕਹਾਣੀ ਆਉਦੀ ਹੈ ਜਿਸ ਨਾਲ ਭਗਵਾਨ ਕ੍ਰਿਸ਼ਨ ਦੇ 18 ਯੁਧ ਹੁੰਦੇ ਨੇ ਪਰ 18 ਵੇਂ ਯੁਧ ਵਿੱਚ ਭਗਵਾਨ ਮੈਦਾਨ ਛੱਡ ਕੇ ਭੱਜ ਜਾਂਦਾ ਹੈ ਤੇ ਇਸ ਕਰਕੇ ਭਗਵਾਨ ਕ੍ਰਿਸ਼ਨ ਦੇ ਸ਼ਰਧਾਲੂ ਉਨ੍ਹੂੰ ਭਗਵਾਨ ਰਣਛੋਡ ਵੀ ਕਹਿੰਦੇ ਨੇ।

ਇਹ ਉਹ ਥਾਂ ਹੈ ਜਿੱਥੇ ਭਗਵਾਨ ਬੁੱਧ ਨੇ ਕਈ ਮਹੀਨੇ ਭਗਤੀ ਕਰਦਿਆਂ ਬਿਤਾਏ ਤੇ ਇਥੋ ਨੇੜੇ ਹੀ (12 ਕਿਲੋਮੀਟਰ) ਮਸ਼ਹੂਰ ਪੁਰਾਤਨ ਨਲੰਦਾ ਯੂਨੀਵਰਸਿਟੀ ਮੌਜੂਦ ਸੀ।

ਇਤਹਾਸ ਅਨੁਸਾਰ ਇਹ ਬਾਦਸ਼ਾਹ ਬਿੰਬੀਸਾਰ ਤੇ ਅਜਾਤਸ਼ਤ੍ਰੂ ਦੇ ਮਗਧ ਰਾਜ ਦੀ ਰਾਜਧਾਨੀ ਸੀ। ਪਰ ਬਾਦ ਵਿੱਚ ਅਜਾਤਸ਼ਤਰੂ ਨੇ ਰਾਜਧਾਨੀ ਪਾਟਲੀਪੁਤ੍ਰ ਬਣਾ ਲਈ ਸੀ। ਜੈਨ ਧਰਮ ਦੇ ਭਗਵਾਨ ਮਹਾਂਵੀਰ ਨੇ ਇਥੇ 14 ਸਾਲ ਬਿਤਾਏ।

ਗੁਰਦੁਆਰਾ
ਸੀਤਲ ਜਲ ਚਸ਼ਮਾ, ਰਾਜਗੀਰ

ਸੀ ਇਥੇ ਗੁਰੂ ਸਾਹਿਬ ਨੇ ਮੁਖ ਤੌਰ ਤੇ ਬੋਧੀ ਤੇ ਜੈਨੀ ਸਾਧੂਆਂ ਨੂੰ ਨਿਰੰਕਾਰ ਦੀ ਹੋਂਦ ਬਾਰੇ ਦੱਸਿਆ ਤੇ ਇਹ ਸਾਬਤ ਕੀਤਾ ਕਿ ਨਾਮ ਜਪਣਾ ਹੀ ਨਿਰੰਕਾਰ ਪ੍ਰਾਪਤੀ ਦਾ ਇਕੋ ਇੱਕ ਰਾਹ। ਸਰੀਰ ਨੂੰ ਤਸੀਏ ਦੇਣੇ ਰੱਬ ਦੇ ਰਾਹ ਵਿੱਚ ਜਾਇਜ ਨਹੀ ਹਨ।

ਇਥੇ ਕੁਦਰਤੀ ਤੌਰ ਤੇ ਕੁਝ ਗਰਮ ਪਾਣੀ ਦੇ ਚਸ਼ਮੇ ਹਨ। ਓਥੇ ਮੌਜੂਦ ਲੋਕਾਂ ਨੇ ਗੁਰੂ ਸਾਹਿਬ ਨੂੰ ਦੱਸਿਆ ਕਿ ਪਾਣੀ ਦੇ ਚਸ਼ਮੇ ਗਰਮ ਹੋਣ ਕਰਕੇ ਗਰਮੀਆਂ ਦੇ ਦਿਨਾਂ ਵਿੱਚ ਮੁਸ਼ਕਲ ਆਉਦੀ ਹੈ। ਓਥੇ ਫਿਰ ਸਾਹਿਬ ਨੇ ਠੰਡੇ ਜਲ ਦਾ ਚਸ਼ਮਾ ਜਾਰੀ ਕਰ ਦਿੱਤਾ ਜੋ ਅਜ ਤੱਕ ਮੌਜੂਦ ਹੈ। ◉ ਗੁਰਸਿੱਖਾਂ ਨੇ ਇਥੇ ਗੁਰਦੁਆਰਾ ਵੀ ਬਣਾ ਦਿੱਤਾ ਹੈ।

ਨਾਨਕ ਚਾਤ੍ਰਿਕੁ ਅੰਮ੍ਰਿਤ ਜਲੁ ਮਾਗੈ ਸ਼ਬਦ ਲੱਗਦੈ ਗੁਰੂ ਸਾਹਿਬ ਨੇ ਜੈਨੀਆਂ ਤੇ ਬੋਧੀਆਂ ਨੂੰ ਮੱਦੇ ਨਜਰ ਰੱਖ ਕੇ ਇਥੇ ਹੀ ਰਚਿਆ

ਗੂਜਰੀ ਮਹਲਾ ੧ ॥ ਕਵਨ ਕਵਨ ਜਾਚਹਿ ਪ੍ਰਭ ਦਾਤੇ ਤਾ ਕੇ ਅੰਤ ਨ ਪਰਹਿ ਸੁਮਾਰ ॥ ਜੈਸੀ ਭੂਖ ਹੋਇ ਅਭ ਅੰਤਰਿ ਤੂੰ ਸਮਰਥੁ ਸਚੁ ਦੇਵਣਹਾਰ ॥੧॥ ਐ ਜੀ ਜਪੁ ਤਪੁ ਸੰਜਮੁ ਸਚੁ ਅਧਾਰ ॥ ਹਰਿ ਹਰਿ ਨਾਮੁ ਦੇਹਿ ਸੁਖੁ ਪਾਈਐ ਤੇਰੀ ਭਗਤਿ ਭਰੇ ਭੰਡਾਰ ॥੧॥ ਰਹਾਉ ॥ ਸੁੰਨ ਸਮਾਧਿ ਰਹਹਿ ਲਿਵ ਲਾਗੇ ਏਕਾ ਏਕੀ ਸਬਦੁ ਬੀਚਾਰ ॥ ਜਲੁ ਥਲੁ ਧਰਣਿ ਗਗਨੁ ਤਹ ਨਾਹੀ ਆਪੇ ਆਪੁ ਕੀਆ ਕਰਤਾਰ ॥੨॥ ਨਾ ਤਦਿ ਮਾਇਆ ਮਗਨੁ ਨ ਛਾਇਆ ਨਾ ਸੂਰਜ ਚੰਦ ਨ ਜੋਤਿ ਅਪਾਰ ॥ ਸਰਬ ਦ੍ਰਿਸਟਿ ਲੋਚਨ ਅਭ ਅੰਤਰਿ ਏਕਾ ਨਦਰਿ ਸੁ ਤ੍ਰਿਭਵਣ ਸਾਰ ॥੩॥ ਪਵਣੁ ਪਾਣੀ ਅਗਨਿ ਤਿਨਿ ਕੀਆ ਬ੍ਰਹਮਾ ਬਿਸਨੁ ਮਹੇਸ ਅਕਾਰ ॥ ਸਰਬੇ ਜਾਚਿਕ ਤੂੰ ਪ੍ਰਭੁ ਦਾਤਾ ਦਾਤਿ ਕਰੇ ਅਪੁਨੈ ਬੀਚਾਰ ॥੪॥ ਕੋਟਿ ਤੇਤੀਸ ਜਾਚਹਿ ਪ੍ਰਭ ਨਾਇਕ ਦੇਦੇ ਤੋਟਿ ਨਾਹੀ ਭੰਡਾਰ ॥ ਊਂਧੈ ਭਾਂਡੈ ਕਛੁ ਨ ਸਮਾਵੈ ਸੀਧੈ ਅੰਮ੍ਰਿਤੁ ਪਰੈ ਨਿਹਾਰ ॥੫॥ ਸਿਧ ਸਮਾਧੀ ਅੰਤਰਿ ਜਾਚਹਿ ਰਿਧਿ ਸਿਧਿ ਜਾਚਿ ਕਰਹਿ ਜੈਕਾਰ ॥ ਜੈਸੀ ਪਿਆਸ ਹੋਇ ਮਨ ਅੰਤਰਿ ਤੈਸੋ ਜਲੁ ਦੇਵਹਿ ਪਰਕਾਰ ॥੬॥ ਬਡੇ ਭਾਗ ਗੁਰੁ ਸੇਵਹਿ ਅਪੁਨਾ ਭੇਦੁ ਨਾਹੀ ਗੁਰਦੇਵ ਮੁਰਾਰ ॥ ਤਾ ਕਉ ਕਾਲੁ ਨਾਹੀ ਜਮੁ ਜੋਹੈ ਬੂਝਹਿ ਅੰਤਰਿ ਸਬਦੁ ਬੀਚਾਰ ॥੭॥ ਅਬ ਤਬ ਅਵਰੁ ਨ ਮਾਗਉ ਹਰਿ ਪਹਿ ਨਾਮੁ ਨਿਰੰਜਨ ਦੀਜੈ ਪਿਆਰਿ ॥ ਨਾਨਕ ਚਾਤ੍ਰਿਕੁ ਅੰਮ੍ਰਿਤ ਜਲੁ ਮਾਗੈ ਹਰਿ ਜਸੁ ਦੀਜੈ ਕਿਰਪਾ ਧਾਰਿ ॥੮॥੨॥

ਰਾਜਗੀਰ ਤੋਂ ਗੁਰੂ ਨਾਨਕ ਸਾਹਿਬ ਵਾਪਸ ਪਟਨਾ ਆ ਗਏ।

—◈—

ਪਟਨੇ ਤੋਂ ਫਿਰ ਗੁਰੂ ਸਾਹਿਬ ਮੁੰਘੇਰ ਗਏ ਤੇ ਓਥੋਂ ਭਾਗਲਪੁਰ। ਮੁੰਘੇਰ ਵਿਖੇ ਗੁਰੂ ਸਾਹਿਬ ਦਾ ਯਾਦਗਾਰੀ ਗੁਰਦੁਆਰਾ 1930ਈ ਤੱਕ ਤਾਂ ਮੌਜੂਦ ਸੀ। (ਅੱਜ ਵੀ ਚੜ੍ਹਦੀ ਕਲ੍ਹਾ ਵਿਚ ਹੈ) ਇਸੇ ਗੁਰਦੁਆਰੇ ਵਿੱਚ ਇੱਕ ਪਲੰਗ ਵੀ ਮੌਜੂਦ ਸੀ ਜਿਸ ਤੇ ਨੌਵੀ ਪਾਤਸ਼ਾਹੀ ਨੇ ਆਰਾਮ ਕੀਤਾ ਸੀ। ■ਗੁਰੂ ਸਾਹਿਬ ਦਾ ਸ਼ਹਿਰ ਬਾਝ ਵਿਖੇ ਜਾਣ ਦੇ ਵੀ ਸਬੂਤ ਮਿਲਦੇ ਹਨ ਜਿੱਥੇ 1920 ਈ ਤੱਕ ਬਕਾਇਦਾ ਯਾਦਗਾਰ ਰਹੀ ਹੈ। 1930 ਤੱਕ ਤਾਂ ਬਕਾਇਦਾ ਚਾਰ ਸੰਗਤਾਂ ਦੇ ਜਥੇ ਹੋਣ ਦੇ ਸਬੂਤ ਵੀ ਮਿਲਦੇ ਹਨ। ■

—◈—

ਮੋਕਾਮਾ– ● ਪਟਨਾ ਤੋਂ 90 ਕਿ. ਮੀ. ਪੂਰਬ ਗੰਗਾ ਕਿਨਾਰੇ ਹੀ ਪੁਰਾਤਨ ਕਸਬਾ ਮੋਕਾਮਾ ਹੈ ਜਿਸ ਦਾ ਸਬੰਧ ਹਿੰਦੂ ਦੇਵਤਾ ਪਰਸਰਾਮ ਨਾਲ ਜੋੜਿਆ ਜਾਂਦਾ ਹੈ। ਇਸ ਕਸਬੇ ਵੀ ਗੁਰੂ ਸਾਹਿਬ ਨੇ ਚਰਨ ਪਾਏ। ਸੰਨ 1931 ਵੇਲੇ ਜਦੋਂ ਸਾਈਕਲ ਯਾਤਰੀ ਧੰਨਾ ਸਿੰਘ* ਇਸ ਸ਼ਹਿਰ ਵਿੱਚ ਗਇਆ ਤਾਂ ਗੁਰੂ

ਪੈਡ ਸਫਾ
□ ਸਾਈਕਲ ਯਾਤਰੀ- 135, ○ ਗੁਰੂ ਨਾਨਕ ਚਮਤਕਾਰ- 190
◉ ਸਾਈਕਲ ਯਾਤਰੀ-135, ● ਸਾਈਕਲ ਯਾਤਰੀ-117. ਫੇਸਬੁੱਕ ਅਤੇ ਗੂਗਲ ਤੋਂ ਅੱਜ ਦੇ ਹਾਲਾਤਾਂ ਦਾ ਪਤਾ ਨਹੀ ਲਗ ਸਕਿਆ।
■ ਸਾਈਕਲ ਯਾਤਰੀ-134

ਸਾਹਿਬ ਦਾ ਯਾਦਗਾਰੀ ਗੁਰਦੁਆਰਾ ਮੌਜੂਦ ਸੀ। ਗੁਰਦੁਆਰਾ ਬ੍ਰਾਹਮਣਾਂ ਨੇ ਸਾਂਭਿਆ ਹੋਇਆ ਸੀ ਅਤੇ ਸ਼ਹਿਰ ਵਿੱਚ ਸਿੱਖ ਸਥਾਨ ਦੀ ਮੰਨਤਾ ਵੀ ਬਹੁਤ ਸੀ। ਇਸ ਸਿੱਖ ਅਸਥਾਨ ਦੇ ਅੱਜ ਦੇ ਹਾਲਾਤਾਂ ਦਾ ਪਤਾ ਨਹੀ ਚਲ ਪਾਇਆ।

—◈—

ਮੁੰਗੇਰ ਵਿਖੇ ਬਾਬਾ

ਭੂਮੀਏ ਚੋਰ ਨੂੰ ਰਾਹੇ ਪਾਇਆ

ਗੰਗਾ ਤੋਂ ਪਾਸੇ ਚਲਦੇ ਹੋਏ, ਜਦੋਂ ਮਰਦਾਨੇ ਦੇ ਢਿੱਡ ਨੇ ਅਵਾਜ ਦੇ ਦਿੱਤੀ ਤਾਂ ਗੁਰੂ ਸਾਹਿਬ ਇੱਕ ਪਿੰਡ ਜਾ ਬਿਰਾਜੇ। ਮਰਦਾਨੇ ਨੇ ਜਦੋਂ ਪਿੰਡ ਨਿਵਾਸੀ ਕੋਲੋ ਪਾਣੀ ਮੰਗਿਆ ਤਾਂ ਪੇਂਡੂ ਨੇ ਮਰਦਾਨੇ ਨੂੰ ਕਿਹਾ ਕਿ ਤੁਸੀ ਧਰਮਸਾਲ ਚਲੇ ਜਾਓ ਪਿੰਡ ਦੇ ਮੁਖੀਏ ਦਾ ਹੁਕਮ ਹੈ ਕਿ ਜੋ ਵੀ ਪਿੰਡ ਵਿੱਚ ਆਵੇ ਉਸ ਦੀ ਆਓ ਭਗਤ ਮੈਂ ਖੁੱਦ ਕਰਾਂਗਾ।

ਇਹ ਸੁਣਕੇ ਗੁਰੂ ਸਾਹਿਬ ਨੂੰ ਪ੍ਰਸੰਨਤਾ ਹੋਈ ਕਿ ਕੋਈ ਧਰਮੀ ਪੁਰਖ ਵੀ ਹੈਗਾ ਜਿਹੜਾ ਸੇਵਾ ਵਿੱਚ ਲੱਗਾ ਹੋਇਆ ਹੈ। ਗੁਰੂ ਸਾਹਿਬ ਤੇ ਮਰਦਾਨਾ ਭੂਮੀਏ ਮੁਖੀਏ ਦੀ ਧਰਮਸਾਲ ਚਲੇ ਗਏ। ਭੂਮੀਏ ਨੇ ਦਿਲੋਂ ਗੁਰੂ ਸਾਹਿਬ ਦੀ ਆਓ ਭਗਤ ਕੀਤੀ। ਗੁਰੂ ਸਾਹਿਬ ਦੀ ਸ਼ਖਸੀਅਤ ਤੋਂ ਪ੍ਰਭਾਵਤ ਹੋਇਆ ਭੂਮੀਏ ਸਵੇਰੇ ਅਰਜ ਕਰਨ ਲੱਗਾ ਕਿ ਮੈਨੂੰ ਵੀ ਆਪਣੇ ਚਰਨਾਂ ਨਾਲ ਲਾਓ, ਭਗਵਾਨ ਦੀ ਤੁਹਾਡੇ ਤੇ ਵੱਡੀ ਬਖਸ਼ਸ਼ ਹੈ।

ਬੀ:40 ਜਨਮ ਸਾਖੀ ਦਾ ਭੂਮੀਆ ਚੋਰ ਗੁਰੂ ਸਾਹਿਬ ਅੱਗੇ ਹੱਥ ਬੰਨੀ ਬੈਠਾ ਹੈ।

ਗੁਰੂ ਸਾਹਿਬ ਨੇ ਭੂਮੀਏ ਨੂੰ ਪੁੱਛ ਲਿਆ ਕਿ ਤੁਸੀ ਕਾਰੋਬਾਰ ਕੀ ਕਰਦੇ ਹੋ? ਅੱਗੋ ਭੂਮੀਏ ਨੇ ਸਾਫ ਲਫਜ਼ਾਂ ਵਿੱਚ ਕਹਿ ਦਿੱਤਾ ਕਿ ਮੈਂ ਤਾਂ ਚੋਰਾਂ ਦਾ ਸਰਦਾਰ ਹਾਂ, ਮੁਖੀਆਂ ਹਾਂ। ਉਂਜ ਅਸੀ ਭੂਮੀਹਾਰ ਹਾਂ ਪਰ ਚਿਰੋਕਣੇ ਇਸ ਧੰਦੇ ਵਿੱਚ ਪੈ ਚੁੱਕੇ ਹਾਂ। ਭਰੇ ਮੰਨ ਨਾਲ ਕਹਿਣ ਲੱਗਾ ਕਿ ਗੁਰੂ ਜੀ ਸਾਡਾ ਉਧਾਰ ਕਿਥੇ ਹੋ ਸਕਦਾ ਹੈ ਅਸੀ ਤਾਂ ਰੋਜ ਪਾਪ ਕਮਾਉਂਦੇ ਹਾਂ।

ਗੁਰੂ ਸਾਹਿਬ ਨੇ ਭੂਮੀਏ ਨੂੰ ਰਜਾ ਜਾਂ ਭਾਣੇ ਦਾ ਸਿਧਾਂਤ ਸਮਝਾਇਆ ਕਿ ਜੇ ਸਹਿਜ ਸੁਭਾਅ ਤੁਹਾਨੂੰ ਇਹ ਪਿਤਾ ਪੁਰਖੀ ਧੰਦਾ ਮਿਲਿਆ ਹੈ ਤਾਂ ਤੁਸੀ ਇਸ ਵਿੱਚ ਰਹਿਕੇ ਵੀ ਸੁਰਖਰੂ ਹੋ ਸਕਦੇ ਹੋ। ਭੂਮੀਆ ਇਹ ਸਭ ਸੁਣ ਕੇ ਹੈਰਾਨ ਹੋ ਗਿਆ। ਇਹ ਉਸ ਦੇ ਜੀਵਨ ਕਾਲ ਦੀ ਅਲੌਕਿਕ ਗੱਲ ਸੀ, ਕਿ ਕੋਈ ਚੋਰ ਵੀ ਪਾਪ ਮੁਕਤ ਹੋ ਸਕਦਾ ਹੈ? ਗੁਰੂ ਸਾਹਿਬ ਨੇ ਭੂਮੀਏ ਨੂੰ ਵਿਸਥਾਰ ਨਾਲ ਸਾਰਾ ਰਜਾ ਦਾ ਸਿਧਾਂਤ ਸਮਝਾਇਆ ਕਿ ਕਿਵੇ ਦੁਨੀਆਂ ਦੇ ਬਹੁਤੇ ਜੀਵ ਇੱਕ ਦੂਸਰੇ ਤੇ ਨਿਰਭਰ ਨੇ, ਕਿਵੇ ਇੱਕ ਲੜੀ ਚਲਦੀ ਹੈ ਕਿ ਇੱਕ ਜੀਅ ਦੀ ਦੂਸਰਾ ਖੁਰਾਕ ਹੈ। ਪਰ ਨਾਲ ਹੀ ਸਮਝਾਇਆ ਕਿ ਇਹ ਸਭ 84 ਦੇ ਗੇੜ ਵਿੱਚ ਹਨ ਤੇ ਇਸੇ ਤਰਾਂ ਮਰਦੇ ਖਪਦੇ ਜਨਮਦੇ ਜੀਂਦੇ ਰਹਿਣਗੇ।

ਗੁਰੂ ਸਾਹਿਬ ਨੇ ਭੂਮੀਏ ਨੂੰ ਦੱਸਿਆ ਕਿ ਇਸ ਅਵਸਥਾ ਵਿੱਚ ਰਹਿ ਕੇ ਵੀ ਮਨੁੱਖ 84 ਦੇ ਗੇੜ ਤੋਂ ਮੁੱਕਤ ਹੋ ਸਕਦਾ ਹੈ।

ਗੁਰੂ ਸਾਹਿਬ ਨੇ ਭੂਮੀਏ ਨੂੰ ਦੱਸਿਆ ਕਿ ਸੰਪੂਰਨ ਰਜਾ ਹੀ ਇਸ ਦਾ ਹੱਲ ਹੈ। ਜਿਵੇ ਜਾਨਵਰ ਪੂਰੀ ਤਰਾਂ ਭਾਣੇ ਵਿੱਚ ਹਨ। ਉਨਾਂ ਨੂੰ ਚਲਾਕੀ ਨਹੀ ਆਉਦੀ ਪਰ ਅਸੀ ਮਨੁੱਖ ਲੋਕ ਸੋਚ ਦੇ ਮਾਲਕ ਹੋਣ ਕਰਕੇ ਚਲਾਕੀ ਕਰ ਜਾਂਦੇ ਹਾਂ। ਕੋਈ ਗਲਤ ਕਰਮ ਕਰਕੇ ਝੂਠ ਕਹਿ ਦਿੰਦੇ ਹਾਂ ਕਿ ਅਸੀ ਨਹੀ ਕੀਤਾ।

ਭੂਮੀਏ ਨੇ ਕਿਹਾ ਕਿ ਗੁਰੂ ਜੀ ਮੈਨੂੰ ਦੱਸੋ ਰਾਹ ਮੈਂ ਚੋਰ ਹੁੰਦਿਆਂ ਵੀ ਰਜਾ ਦੇ ਸਿਧਾਂਤ ਤੇ ਚਲਣ ਦੀ ਕੋਸ਼ਿਸ਼ ਕਰਾਂਗਾ। ਗੁਰੂ ਸਾਹਿਬ ਨੇ ਸਮਝਾਇਆ ਮਾਨਸਿਕ ਤੌਰ ਤੇ ਇਹ ਮਾਰਗ ਕਠਨ ਹੈ। ਫਿਰ ਵੀ ਗੁਰੂ ਸਾਹਿਬ ਨੇ ਭੂਮੀਏ ਨੂੰ ਤਿੰਨ ਸ਼ਰਤਾਂ ਦੱਸੀਆਂ ਕਿ ਚਲੋ ਜੇ ਚੋਰੀ ਕਰਨੀ ਹੀ ਹੈ ਤਾਂ ਕਰੋ ਪਰ ਇਹ ਅਸੂਲ ਨਿਭਾਉਣੇ ਕਿ:

1. ਚੋਰੀ ਕਰਕੇ ਝੂਠ ਨਹੀ ਬੋਲਣਾ
2. ਗਰੀਬ ਮਾਰ ਨਹੀ ਕਰਨੀ
3. ਅਹਿਸਾਨ ਫ੍ਰਾਮੋਸ਼/ ਅਕ੍ਰਿਤਘਣ ਨਹੀ ਬਣਨਾ ਭਾਵ ਲੂਣ ਖਾਣ ਕੇ ਹਰਾਮ ਨਹੀ ਕਰਨਾਂ

ਭੂਮੀਏ ਨੇ ਗੁਰੂ ਸਾਹਿਬ ਨਾਲ ਵਾਇਦਾ ਕਰ ਦਿੱਤਾ ਕਿ ਉਹ ਰਹਿੰਦੀ ਜਿੰਦਗੀ ਏਸੇ ਤਰਾਂ ਹੀ ਕਰੇਗਾ, ਨਹੀ ਤਾਂ ਇਹ ਧੰਧਾ ਛੱਡ ਦੇਵੇਗਾ।

ਭੂਮੀਏ ਨੇ ਆਪਣੇ ਪਿੰਡ ਫਿਰ ਸਿੱਖੀ ਦੀ ਧਰਮਸਾਲ ਖੜੀ ਕੀਤੀ ਤੇ ਰਹਿੰਦਾ ਜੀਵਨ ਸਿੱਖੀ ਦੇ ਪ੍ਰਚਾਰ ਵਿੱਚ ਲਾਇਆ।

ਜਨਮ ਸਾਖੀਆਂ ਵਿੱਚ ਇਸ ਦੇ ਨਾਲ ਇੱਕ ਹੋਰ ਵੀ ਗੱਲ ਜੁੜੀ ਮਿਲਦੀ ਹੈ। ਉਹ ਇਹ ਕਿ ਗੁਰੂ ਸਾਹਿਬ ਦੇ ਬਾਦ ਇੱਕ ਮੌਕੇ ਭੂਮੀਆ ਇੱਕ ਰਾਜੇ ਦੇ ਘਰ ਚੋਰੀ ਕਰਨ ਚਲਾ ਗਿਆ। ਗਇਆ ਵੀ ਪੂਰੇ ਠਾਠ ਬਾਠ ਸੁਹਣੀ ਪੁਸ਼ਾਕ ਤੇ ਉਪਰ ਦਸਤਾਰ ਸਜ਼ਾ, ਘੋੜੇ ਤੇ ਸਵਾਰ ਹੋ।

ਕਿਲੇ ਅੰਦਰ ਜਦੋਂ ਵੜ੍ਹਨ ਲੱਗਾ ਤਾਂ ਪਹਿਰੇਦਾਰਾਂ ਪੁੱਛਿਆ ਕਿ

ਪੈੜ ਸਫਾ

ਬਦਕਿਸਮਤੀ ਨਾਲ ਵਕਤ ਪਾ ਕੇ ਭੂਮੀਏ ਦਾ ਪਤਾ ਟਿਕਾਣਾ ਇਤਹਾਸ ਵਿੱਚ ਗੁੰਮ ਹੋ ਚੁੱਕਾ ਹੈ। ਅੰਦਾਜ਼ਾ ਹੈ ਕਿ ਇਹ ਇਲਾਕੇ ਮੁੰਗੇਰ ਦੀ ਘਟਨਾ ਹੋਵੇਗੀ। ਕਿਉਕਿ ਮੁੰਗੇਰ ਦੇ ਨਾਂ ਨਾਲ ਜੋ ਸਾਖੀ ਮਿਲਦੀਹੈ ਉਸ ਵਿੱਚ ਵੀ ਬਾਬੇ ਦੀ ਖੁਰਾਕ ਬਾਰੇ ਹੀ ਗੱਲ ਹੈ। ਕਿ ਮਰਦਾਨੇ ਨੇ ਤਾਂ ਸਭ ਛੱਕ ਲਿਆ ਪਰ ਬਾਬੇ ਨੇ ਕੁਝ ਨਾਂ ਖਾਧਾ।

ਸ਼੍ਰੀਮਾਨ ਜੀ ਕੌਣ ਹੋ ?

ਭੂਮੀਏ ਨੇ ਝੱਟ ਉਤਰ ਦਿੱਤਾ ਕਿ ਮੈਂ ਚੋਰ ਹਾਂ। ਕਿਲੇਦਾਰਾਂ ਨੂੰ ਕੋਈ ਹੈਰਾਨੀ ਨਾਂ ਹੋਈ ਕਿਉਕਿ ਪਹਿਲਾਂ ਵੀ ਕਈ ਵੱਡੇ ਅਹੁਦੇਦਾਰ ਜਿੰਨਾਂ ਕੋਲੋ ਪਛਾਣ ਪੁੱਛੀਦੀ ਸੀ ਉਹ ਅਕਸਰ ਕਹਿ ਦਿਆ ਕਰਦੇ ਸਨ ਕਿ ਕੀ ਮੈਂ ਚੋਰ ਲੱਗਦਾ। ਪਹਿਰੇਦਾਰਾਂ ਕੋਈ ਸ਼ੱਕ ਨਾਂ ਕੀਤਾ ਤੇ ਨਮਸਕਾਰ ਕਰਕੇ ਭੂਮੀਏ ਨੂੰ ਅੰਦਰ ਲੰਘਾ ਦਿੱਤਾ।

ਮਹਿਲਾਂ ਵਿੱਚ ਸਭ ਸੌਂ ਚੁੱਕੇ ਸਨ।ਭੂਮੀਏ ਨੇ ਤਸੱਲੀ ਨਾਲ ਕੀਮਤੀ ਸਮਾਨ ਲੱਭਿਆ ਤੇ ਗੱਠੜੀ ਤਿਆਰ ਕਰ ਲਈ। ਫਿਰ ਮੰਨ ਵਿੱਚ ਆਇਆ ਕਿ ਮਹਿਲਾਂ ਵਿੱਚੋਂ ਕੁਝ ਚੰਗਾ ਚੋਖਾ ਖਾਂਦਾ ਜਾਵਾ। ਭੂਮੀਏ ਨੇ ਵੱਖ ਵੱਖ ਪਕਵਾਨਾਂ ਨਾਲ ਆਪਣੀ ਪੇਟ ਪੂਜਾ ਕੀਤਾ।

ਤੁਰਨ ਲੱਗਾ, ਜਦੋਂ ਗੱਠੜੀ ਨੂੰ ਹੱਥ ਪਾਇਆ ਤਾਂ ਗੁਰੂ ਨੂੰ ਦਿੱਤਾ ਵਾਇਦਾ ਯਾਦ ਆ ਗਇਆ ਕਿ ਜਿਹਦਾ ਲੂਣ ਖਾਈਏ ਉਨੂੰ ਹਰਾਮ ਨਹੀ ਕਰਨਾਂ। ਭੂਮੀਏ ਨੇ ਗਠੜੀ ਓਥੇ ਹੀ ਰਹਿਣ ਦਿੱਤੀ ਤੇ ਬਾਹਰ ਆ ਗਿਆ।

ਸਵੇਰੇ ਜਦੋਂ ਮਹੱਲਾਂ ਦੇ ਨੌਕਰ ਚਾਕਰ ਉਠੇ ਤਾਂ ਦੇਖਦੇ ਹਨ ਕਿ ਮਹਿਲਾਂ ਦਾ ਕੀਮਤੀ ਸਮਾਨ ਹੀਰੇ ਜਵਾਹਰਾਤ ਸਭ ਗੱਠੜੀ ਵਿੱਚ ਬੱਝੇ ਪਏ। ਗੱਲ ਰਾਜੇ ਤੱਕ ਪਹੁੰਚੀ। ਪੜਤਾਲ ਸ਼ੁਰੂ ਹੋਈ। ਪਤਾ ਲੱਗਾ ਕਿ ਕੋਈ ਅਜਿਹਾ ਵਿਅੱਕਤੀ ਵੀ ਮਹਿਲਾਂ ਵਿੱਚ ਆਇਆ ਸੀ ਜਿਸ ਨੇ ਪਹਿਰੇਦਾਰਾਂ ਨੂੰ ਸਾਫ ਕਹਿ ਦਿੱਤਾ ਸੀ ਕਿ ਉਹ ਚੋਰ ਹੈ।

ਰਾਜਾ ਇਹ ਸੁਣ ਕੇ ਬਹੁਤ ਪ੍ਰਭਾਵਤ ਹੋਇਆ। ਖੁਸ਼ ਵੀ ਸੀ ਕਿ ਬਹੁਤ ਵੱਡਾ ਨੁਕਸਾਨ ਹੋਣੋ ਬੱਚਿਆ ਹੈ। ਚੋਰ ਲੱਭਣ ਵਿੱਚ ਪੂਰੀ ਵਾਹ ਲਾ ਦਿੱਤੀ। ਸਫਲਤਾ ਨਾਂ ਮਿਲੀ। ਅਖੀਰ ਰਾਜੇ ਨੇ ਡਾਉਨੀ ਪਿਟਵਾ ਦਿੱਤੀ ਕਿ ਜਿਹੜਾ ਚੋਰ ਮਹਿਲਾਂ ਵਿੱਚ ਆਇਆ ਸੀ ਜੇ ਉਹ ਸਾਹਮਣੇ ਆਏ ਤਾਂ ਉਨੂੰ ਫਲਾਣਾ ਇਨਾਮ ਦਿੱਤਾ ਜਾਵੇਗਾ ਤੇ ਚੋਰੀ ਦੀ ਕੋਈ ਸਜਾ ਨਹੀ ਲੱਗੇਗੀ।

ਭੂਮੀਆ ਅੱਗੇ ਆ ਗਇਆ ਤੇ ਉਸ ਨੇ ਸਵੀਕਾਰ ਕਰ ਲਿਆ ਕਿ ਉਹ ਹੀ ਚੋਰੀ ਕਰਨ ਆਇਆ ਸੀ। ਸਾਰੀ ਗੱਲ ਤੇ ਗੁਰੂ ਸਾਹਿਬ ਦੇ ਉਪਦੇਸ ਦੀ ਸਾਰੀ ਗੱਲ ਰਾਜੇ ਨੂੰ ਸੁਣਾਈ। ਰਾਜਾ ਇੰਨਾ ਪ੍ਰਭਾਵਤ ਹੋਇਆ ਕਿ ਗੁਰੂ ਸਾਹਿਬ ਨੂੰ ਖੋਜਣਾ ਸ਼ੁਰੂ ਕਰ ਦਿੱਤਾ। ਭੂਮੀਏ ਨੇ ਰਾਜੇ ਨੂੰ ਸਮਝਾਇਆ ਕਿ ਉਹ ਤਾਂ ਸਾਡੇ ਅੰਗ ਸੰਗ ਹੈ। ਇਲਾਕੇ ਦੇ ਹੋਰ ਸਿੱਖ ਸ਼ਰਧਾਲੂ ਵੀ ਰਾਜੇ ਨੂੰ ਮਿਲਦੇ ਗਿਲਦੇ ਰਹੇ।

—◈—

ਮੁੰਗੇਰ ਵਿੱਚ ਬਾਬਾ

ਜਦੋਂ ਬਾਬੇ ਦੇ ਨੂੰਰਾਨੀ ਚਿਹਰੇ ਦੀ ਚਾਰ ਚੁੱਫੇਰੇ ਧੂੰਮ ਪੈ ਗਈ

ਪੂਰਬ ਵਲ ਜਾਣ ਦਾ ਬਾਬੇ ਦਾ ਨਿਸ਼ਾਨਾ ਗੁਹਾਟੀ ਦਾ ਕਾਮੱਖਿਆ (Sex) ਮੰਦਰ ਸੀ ਜਿਸ ਨੂੰ ਉਹਨੀ ਦਿਨੀ (1498 ਈ) ਵਿੱਚ ਇੱਕ ਮੁਸਲਮਾਨ ਹਮਲਾਵਰ ਨੇ ਢਾਹਿਆ ਸੀ। ਸੋ ਪਟਨਾ ਤੋਂ ਬਾਬਾ ਪੂਰਬ ਦੀ ਦਿਸ਼ਾ ਦੋ ਤਿੰਨ ਦਿਨ ਦੇ ਜਲ-ਮਾਰਗੀ ਸਫਰ ਬਾਦ ਮੁੰਗੇਰ (160 ਕਿਲੋਮੀਟਰ) ਆ ਪੜਾਵ ਕੀਤਾ।

ਬਚਪਨ ਵੇਲੇ ਵੀ ਬਾਬੇ ਦੀ ਜਦੋਂ ਨਿਰੰਕਾਰ ਨਾਲ ਲਿਵ ਲੱਗਦੀ ਸੀ ਤਾਂ ਕਈ ਕਈ ਘੰਟੇ ਬੋਲਦੇ ਹੀ ਨਹੀ ਸੀ ਹੁੰਦੇ। ਮਾਤਾ ਪਿਤਾ ਵੀ ਇਸ ਗੱਲ ਤੋਂ ਕਦੀ ਦੁੱਖੀ ਹੋ ਜਾਇਆ ਕਰਦੇ ਸਨ। ਮੁੰਗੇਰ ਵਿੱਚ ਜਦੋਂ ਬਾਬਾ ਜੀ ਬਿਰਾਜੇ ਹੋਏ ਸਨ ਤਾਂ ਮਰਦਾਨੇ ਨੇ ਇਹ ਖਬਰ ਦੇ ਦਿੱਤੀ ਕਿ ਬਾਬਾ ਨਾਨਕ ਮੁੰਗੇਰ ਵਿੱਚ ਪਧਾਰ ਚੁੱਕੇ ਨੇ। ਹੁੰਮ ਹੁਮਾ ਕੇ ਲੋਕ ਦਰਸ਼ਨਾਂ ਨੂੰ ਆ ਰਹੇ ਸਨ। ਭਗਤੀ ਵਿੱਚ ਲੀਨ ਬਾਬੇ ਦਾ ਚਿਹਰਾ ਅਲੌਕਿਕ ਹੀ ਡਲਕ ਮਾਰ ਰਿਹਾ ਸੀ। ਵਿੱਚੋ ਕਿਸੇ ਬੀਬੀ ਨੇ ਇਹ ਵੀ ਕਹਿ ਦਿੱਤਾ ਕਿ ਧੰਨ ਨੇ ਉਹ ਮਾਂ ਬਾਪ ਤੇ ਇਸਤਰੀ ਜਿੰਨਾਂ ਦਾ ਏਨਾ ਸੋਹਣਾ ਜਵਾਨ ਸਾਧੂ ਬਣ ਘਰ ਬਾਰ ਤਿਆਗ ਆਇਆ ਏ। ਪਰ ਨਿਰਾਸ਼ ਸਨ ਕਿ ਬਾਬੇ ਦੇ ਬਚਨ ਸੁਣਨ ਨੂੰ ਨਹੀ ਮਿਲ ਰਹੇ। ਲੋਕ ਖਾਣ ਪੀਣ ਦੀਆਂ ਵਸਤਾਂ ਵੀ ਰਿਵਾਜ ਅਨੁਸਾਰ ਲਿਆ ਰਹੇ ਸਨ ਪਰ ਗੁਰੂ ਸਾਹਿਬ ਕਈ ਕਈ ਦਿਨ ਲੰਘ ਜਾਣ ਤੇ ਵੀ ਕੁਝ ਵੀ ਖਾਂਦੇ ਨਹੀ ਸਨ।

ਬਾਬੇ ਦੀ ਘੱਟ ਖੁਰਾਕ ਬਾਬਤ - ਭਾਈ ਗੁਰਦਾਸ ਨੇ ਵੀ ਬਾਬੇ ਦੀ ਬਹੁਤ ਹੀ ਮਾਮੂਲੀ ਖੁਰਾਕ ਬਾਰੇ ਲਿਖਿਆ ਹੈ।

ਪਹਿਲਾਂ ਬਾਬੇ ਪਾਯਾ ਬਖਸ ਦਰ
ਪਿੱਛੋਂ ਦੇ ਫਿਰ ਘਾਲ ਕਮਾਈ॥
ਰੇਤ ਅੱਕ ਆਹਾਰ ਕਰ
ਰੋੜਾਂ ਕੀ ਗੁਰ ਕਰੀ ਵਿਛਾਈ॥

ਸਾਰੀਆਂ ਹੀ ਜਨਮ ਸਾਖੀਆਂ ਇਸ ਗੱਲ ਦੀ ਸ਼ਾਹਦੀ ਭਰਦੀਆਂ ਹਨ ਕਿ ਗੁਰੂ ਸਾਹਿਬ ਦੀ ਖੁਰਾਕ ਬਹੁਤ ਮਾਮੂਲੀ ਜਿਹੀ ਹੋਇਆ ਕਰਦੀ ਸੀ। ਕਈ ਲੋਕ ਇਹ ਗੱਲ ਮੰਨਣ ਨੂੰ ਤਿਆਰ ਨਹੀ ਕਿ ਜਿਹੜਾ ਬੰਦਾ ਪੈਦਲ ਸਫਰ ਵਿੱਚ ਪਿਆ ਹੋਵੇ ਉਹ ਬਿਨਾਂ ਖੁਰਾਕ ਦੇ ਕਿਵੇਂ ਰਹਿ ਸਕਦਾ ਹੈ?

ਗੱਲ ਸਮਝਣ ਵਾਲੀ ਹੈ ਜਿਹੜੇ ਬੰਦੇ ਦੀ ਹਊਮੇ ਘੱਟ ਜਾਵੇ ਉਹਨੂੰ ਜਿਆਦਾ ਖੁਰਾਕ ਦੀ ਜਰੂਰਤ ਹੀ ਨਹੀ ਰਹਿੰਦੀ। ਕਾਮੀ ਬੰਦੇ ਨੂੰ ਜਿਆਦਾ ਭੋਜਨ ਚਾਹੀਦਾ। ਲੜਨ ਭਿੜਨ ਵਾਲੇ ਨੂੰ ਉਸ ਤੋਂ ਵੀ ਜਿਆਦਾ। ਕਹਿਣ ਤੋਂ ਮਤਲਬ ਅਸੀ ਜੋ ਖੁਰਾਕ ਖਾਨੇ ਆ ਉਹ ਸਰੀਰਕ ਵਾਧੇ ਤੇ ਸਰੀਰਕ ਮੁਰੰਮਤ, ਤੇ ਸਾਡੀਆਂ ਕਿਰਿਆਵਾਂ ਵਿੱਚ ਕੰਮ ਆਉਦੀ ਹੈ; ਜਿਵੇ ਸਰੀਰਕ ਕੰਮ ਕਾਜ ਤੇ ਸਾਡੀਆਂ ਹਉਮੈ ਵਾਦੀ ਮਾਨਸਿਕ ਤਰੰਗਾਂ ਵਿੱਚ। ਸੋ ਜਿਸ ਬੰਦੇ ਨੂੰ ਕਾਮ ਨਹੀ ਵਿਆਪ ਰਿਹਾ ਜਾਂ ਕਰੋਧ ਜਾਂ ਲੋਭ ਮੋਹ ਨਹੀ ਹੈ ਉਹਦੀ ਖੁਰਾਕ ਬਹੁਤ ਘੱਟ ਜਾਏਗੀ।

ਸੋ ਇੱਕ ਦੋ ਦਿਨ ਬਾਦ ਜਦੋਂ ਬਾਬੇ ਦੀ ਸੁਰਤ ਖੁੱਲੀ ਤਾਂ ਸ਼ਹਿਰ ਦੇ ਪਤਵੰਤੇ ਸੱਜਣ ਆ ਕੇ ਮਿਲੇ ਤੇ ਗਿਲਾ ਕੀਤਾ ਕਿ ਦੇਖੋ ਮਹਾਤਮਾ ਜੀ ਤੁਸੀ ਸਾਡੇ ਨਗਰ ਪਧਾਰੇ ਹੋ ਤੁਹਾਡੀ ਸੇਵਾ ਸਾਡਾ ਫਰਜ



ਬਣਦਾ ਹੈ। ਨਹੀ ਤਾਂ ਸਾਡੇ ਮੰਨ ਤੇ ਬੋਝ ਰਹਿੰਦਾ ਹੈ। ਬੇਸ਼ੱਕ ਨਾਂ ਖਾਓ ਪਰ ਥੋੜਾ ਬਹੁਤ ਤਾਂ ਮੂੰਹ ਮਾਰ ਹੀ ਲੈਂਦੇ। ਫਿਰ ਅਸੀ ਤੁਹਾਡੀ ਖੂਬ ਚਰਚਾ ਸੁਣੀ ਹੈ ਪਰ ਇਥੇ ਤੁਸੀ ਬੋਲੇ ਵੀ ਨਹੀ। ਸਾਡੇ ਮਨਾਂ ਵਿੱਚ ਇਹ ਗੱਲ ਆ ਰਹੀ ਸੀ ਕਿ ਸ਼ਾਇਦ ਅਸੀ ਪਾਪੀ ਬੰਦੇ ਹਾਂ ਕਿ ਭਗਵਾਨ ਦਾ ਪਿਆਰਾ ਸਾਡੇ ਵਿੱਚ ਆ ਕੇ ਚੁੱਪ ਹੋ ਗਇਆ ਵਾ।

ਅੰਦਾਜ਼ਾ ਹੈ ਗੁਰੂ ਸਾਹਿਬ ਨੇ ਓਥੇ ਇਹ ਵਾਲਾ ਸ਼ਬਦ ਪੜਿਆ:

ਸਲੋਕ ਮਃ ੧ ॥ ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥ ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥ ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ ॥ ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ ॥੧॥

ਮੁੰਗੇਰ ਤੋ ਚਲ ਕੇ ਜਾਂ ਬੇੜੀ ਰਾਂਹੀ ਗੁਰੂ ਸਾਹਿਬ ਭਾਗਲਪੁਰ ਪਹੁੰਚੇ ਜਿੱਥੇ ਗੁਰੂ ਅਸਥਾਨ ਹੁਣ ਤੱਕ ਮੌਜੂਦ ਹੈ।

---◈---

ਬੈਦਨਾਥ ਦੇਓਗੜ

ਗੰਗਾ ਦੇ ਨਾਲ ਨਾਲ ਫਿਰਦੇ ਹੋਏ ਜਾਂ ਫਿਰ ਗਇਆ ਪਾਸਿਓ ਗੁਰੂ ਸਾਹਿਬ ਇਥੋ ਹਿੰਦੂਆਂ ਦੇ ਪਵਿਤ੍ਰ ਧਾਮ ਵੈਦਯਨਾਥ ਦਿਓਗੜ ਗਏ ਜੋ 12 ਜੋਤੀਲਿੰਗਾਂ ਵਿੱਚੋਂ ਇੱਕ ਹੈ। ਇਥੋਂ ਦੀ ਵੀ ਓਹੋ ਘਸੀ ਪਟੀ ਕਹਾਣੀ ਹੈ ਕਿ ਲੰਕਾ ਦੇ ਰਾਵਣ ਨੇ ਭਗਵਾਨ ਸ਼ਿਵ ਦੀ ਕਠਿਨ ਤਪੱਸਿਆ ਕੀਤੀ ਤੇ ਦਸ ਸਿਰਾਂ ਵਿਚੋਂ ਇਕ ਸਿਰ ਭਗਵਾਨ ਦੇ ਅਰਪਣ ਕਰ ਦਿਤਾ। ਸ਼ਿਵਜੀ ਖੁਸ਼ ਹੋ ਗਿਆ ਅਤੇ ਰਾਵਣ ਨੂੰ ਅਮਰ ਹੋਣ ਦਾ ਵਰ ਦੇ ਦਿਤਾ ਅਤੇ ਨਾਲ ਹੀ ਉਹਦਾ ਦਸਵਾ ਸਿਰ ਵੀ ਸੁਰਜੀਤ ਕਰ ਦਿੱਤਾ। ਰਾਵਣ ਨੇ ਇਹ ਵੀ ਵਰ ਲੈ ਲਿਆ ਕਿ ਭਗਵਾਨ ਮੇਰੇ ਨਾਲ ਲੰਕਾ ਪਹੁੰਚਣ ਗਏ। ਭਗਵਾਨ ਨੇ ਇਹ ਮੰਗ ਵੀ ਪ੍ਰਵਾਨ ਕਰ ਲਈ ਪਰ ਇਕ ਸ਼ਰਤ ਲਾਈ ਕਿ ਮੈਨੂੰ ਰਸਤੇ ਵਿਚ ਹੋਰ ਕਿਤੇ ਨਾਂ ਟਿਕਾਈ। ਯਾਦ ਰੱਖ ਜਿੱਥੇ ਤੂੰ ਮੈਨੂੰ ਟਿਕਾ ਦਿਤਾ ਮੈਂ ਓਥੋਂ ਦਾ ਹੀ ਹੋ ਜਾਵਾਂਗਾ। ਰਸਤੇ ਵਿਚ ਮਜਬੂਰਨ ਰਾਵਣ ਨੂੰ ਟੱਟੀ ਜਾਣ ਦੀ ਹਾਜਤ ਹੋ ਜਾਂਦੀ ਹੈ ਤੇ ਉਹ ਸ਼ਿਵਜੀ ਦਾ ਲਿੰਗ ਕਿਸੇ ਆਜੜੀ ਨੂੰ ਫੜਾ ਦਿੰਦਾ ਹੈ ਕਿ ਦੋ ਪਲ ਚੁੱਕ ਕੇ ਰੱਖੀ। ਆਜੜੀ ਜਿਆਦਾ ਚਿਰ ਚੁੱਕ ਕੇ ਨਹੀ ਸਕਦਾ ਤੇ ਜਮੀਨ ਤੇ ਰੱਖ ਦਿੰਦਾ ਹੈ ਤੇ ਲਿੰਗ ਇਥੋਂ ਦਾ ਹੀ ਹੋ ਕੇ ਰਹਿ ਜਾਂਦਾ ਹੈ। ਰਾਵਣ ਇਹਨੂੰ ਲੰਕਾ ਲਿਜਾ ਹੀ ਨਹੀ ਪਾਉਦਾ। ਤੇ ਬਸ ਇਹ ਜੋਤੀਰਲਿੰਗ ਅਖਵਾਉਦਾ ਹੈ ਭਾਵ ਆਪੇ ਪ੍ਰਗਟ ਹੋਇਆ ਲਿੰਗ।

ਇਹ ਕਹਾਣੀ ਫਿਰ ਤਿੰਨ ਹੋਰ ਵੱਖ ਵੱਖ ਸਥਾਨਾਂ ਦੇ ਜੋਤੀਰਲਿੰਗ ਮੰਦਰਾਂ ਦੀ ਵੀ ਮਿਲਦੀ ਹੈ:

1. ਬੈਜਨਾਥ ਹਿਮਾਚਲ ਪ੍ਰਦੇਸ
2. ਵੈਜਨਾਥ, ਪਾਰਲੀ ਮਹਾਂਰਾਸ਼ਟਰ
3. ਗੋਲਾ ਗੋਕਰਨ ਨਾਥ, ਲਖੀਮਪੁਰ ਖੀਰੀ, ਉੱਤਰ ਪ੍ਰਦੇਸ
4. ਦੱਖਣ (ਸ੍ਰੀ ਰੰਗਮ, ਸਫਾ-125)

ਇਥੇ ਵੀ ਗੁਰੂ ਸਾਹਿਬ ਸਾਉਣ ਦੇ ਮਹੀਨੇ ਹੀ ਆਏ ਸਨ ਕਿਉਕਿ ਓਦੋਂ ਹੀ ਇਥੇ ਵੱਡਾ ਮੇਲਾ ਲੱਗਦਾ ਹੈ ਜਦੋਂ ਹਜਾਰਾਂ ਲੱਖਾਂ ਸ਼ਰਧਾਲੂ ਗੰਗਾ ਤੋਂ ਪਾਣੀ ਦੀਆਂ ਬਾਲਟੀਆਂ ਮੱਟਕੇ ਚੁੱਕੀ ਆਉਦੇ ਹਨ ਵੈਦਨਾਥ ਭਗਵਾਨ ਨੂੰ ਇਸ਼ਨਾਨ ਕਰਾਉਣ ਲਈ। ਯਾਦ ਰਹੇ ਗੰਗਾ ਇਥੋਂ 200 ਕਿ. ਮੀ ਤੋਂ ਵੀ ਵੱਧ ਦੂਰੀ ਤੇ ਹੈ। ਜਿਆਦਾਤਰ ਸ਼ਰਧਾਲੂ ਪਾਣੀ ਸੁਲਤਾਨਗੰਜ ਤੋਂ ਲੈ ਕੇ ਪੈਦਲ ਆਉਦੇ ਹਨ ਜੋ ਤਕਰੀਬਨ 300 ਕਿ. ਮੀ. ਪੈ ਜਾਂਦਾ ਹੈ। ਇਹੋ ਜਿਹੇ ਵਰਤਾਰੇ ਨੂੰ ਹੀ ਗੁਰੂ ਸਾਹਿਬ ਨੇ ਫਰਮਾਇਆ:

"ਗਿਆਨ ਹੀਣੰ ਅਗਿਆਨ ਪੂਜਾ ॥ ਅੰਧ ਵਰਤਾਵਾ ਭਾਉ ਦੂਜਾ ॥"

ਇਥੇ ਹੀ ਗੁਰੂ ਸਾਹਿਬ ਨੇ ਫਿਰ ਕਰਮਕਾਂਡੀ ਬ੍ਰਾਹਮਣਾਂ ਬਾਰੇ ਸ਼ਬਦ ਕਿਹਾ:

ਸੋਰਠਿ ਮਹਲਾ ੧ ਪਹਿਲਾ ਦੁਤੁਕੀ ॥ ਤੂ ਗੁਣਦਾਤੌ ਨਿਰਮਲੋ ਭਾਈ ਨਿਰਮਲੁ ਨਾ ਮਨੁ ਹੋਇ ॥ ਹਮ ਅਪਰਾਧੀ ਨਿਰਗੁਣੇ ਭਾਈ ਤੁਝ ਹੀ ਤੇ ਗੁਣੁ ਸੋਇ ॥੧॥ ਮੇਰੇ ਪ੍ਰੀਤਮਾ ਤੂ ਕਰਤਾ ਕਰਿ ਵੇਖੁ ॥ ਹਉ ਪਾਪੀ ਪਾਖੰਡੀਆ ਭਾਈ ਮਨਿ ਤਨਿ ਨਾਮ ਵਿਸੇਖੁ ॥ ਰਹਾਉ ॥ ਬਿਖੁ ਮਾਇਆ ਚਿਤੁ ਮੋਹਿਆ ਭਾਈ ਚਤੁਰਾਈ ਪਤਿ ਖੋਇ ॥ ਚਿਤ ਮਹਿ ਠਾਕੁਰੁ ਸਚਿ ਵਸੈ ਭਾਈ ਜੇ ਗੁਰ ਗਿਆਨੁ ਸਮੋਇ ॥੨॥ ਰੂੜੌ ਰੂੜੌ ਆਖੀਐ ਭਾਈ ਰੂੜੌ ਲਾਲ ਚਲੂਲੁ ॥ ਜੇ ਮਨੁ ਹਰਿ ਸਿਉ ਬੈਰਾਗੀਐ ਭਾਈ ਦਰਿ ਘਰਿ ਸਾਚੁ ਅਭੂਲੁ ॥੩॥ ਪਾਤਾਲੀ ਆਕਾਸਿ ਤੂ ਭਾਈ ਘਰਿ ਘਰਿ ਤੂ ਗੁਣ ਗਿਆਨੁ ॥ ਗੁਰ ਮਿਲਿਐ ਸੁਖੁ ਪਾਇਆ ਭਾਈ ਚੂਕਾ ਮਨਹੁ ਗੁਮਾਨੁ ॥੪॥ ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ ॥ ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ ॥੫॥ ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥ ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥੬॥ ਗੁਰ ਬਿਨੁ ਅਲਖੁ ਨ ਲਖੀਐ ਭਾਈ ਜਗੁ ਬੂਡੈ ਪਤਿ ਖੋਇ ॥ ਮੇਰੇ ਠਾਕੁਰ ਹਾਥਿ ਵਡਾਈਆ ਭਾਈ ਜੈ ਭਾਵੈ ਤੈ ਦੇਇ ॥੭॥ ਬਈਅਰਿ ਬੋਲੈ ਮੀਠੁਲੀ ਭਾਈ ਸਾਚੁ ਕਹੈ ਪਿਰ ਭਾਇ ॥ ਬਿਰਹੈ ਬੇਧੀ ਸਚਿ ਵਸੀ ਭਾਈ ਅਧਿਕ ਰਹੀ ਹਰਿ ਨਾਇ ॥੮॥ ਸਭੁ ਕੋ ਆਖੈ ਆਪਣਾ ਭਾਈ ਗੁਰ ਤੇ ਬੁਝੈ ਸੁਜਾਨੁ ॥ ਜੋ ਬੀਧੇ ਸੇ ਊਬਰੇ ਭਾਈ ਸਬਦੁ ਸਚਾ ਨੀਸਾਨੁ ॥੯॥ ਈਧਨੁ ਅਧਿਕ ਸਕੇਲੀਐ ਭਾਈ ਪਾਵਕੁ ਰੰਚਕ ਪਾਇ ॥ ਖਿਨੁ ਪਲੁ ਨਾਮੁ ਰਿਦੈ ਵਸੈ ਭਾਈ ਨਾਨਕ ਮਿਲਣੁ ਸੁਭਾਇ ॥੧੦॥੪॥

ਇਸ ਪੂਰਬ ਦੇ ਇਲਾਕੇ ਵਿਚ ਫਿਰ ਬਲੀ ਦੇਣ (ਕੁਰਬਾਨੀ) ਦਾ ਵੀ ਬਹੁਤ ਰਿਵਾਜ ਸੀ। ਅਮੂਮਨ ਮੱਝਾਂ ਤੇ ਸੰਢਿਆਂ ਦੀ ਬਲੀ ਦਿਤੀ ਜਾਂਦੀ ਸੀ ਤੇ ਕਿਤੇ ਕਿਤੇ ਮਨੁੱਖ ਜਾਤ ਦੀ ਵੀ। ਇਸ ਖਿਲਾਫ ਗੁਰੂ ਸਾਹਿਬ ਨੇ ਮੁਹਿੰਮ ਵਿੱਢੀ।

ਵੈਦਯਨਾਥ ਵਿਖੇ 1930 ਤੱਕ ਤਾਂ ਗੁਰੂ ਕੀ ਸੰਗਤ ਗੁਰਦੁਆਰਾ ਹੁੰਦਾ ਸੀ ਜੋ ਉਦਾਸੀ ਸਾਧੂਆਂ ਦੇ ਕਬਜੇ ਵਿੱਚ ਸੀ। ◉ ਹੁਣ ਵੀ ਯਾਦਗਾਰੀ ਗੁਰਦੁਆਰਾ ਸਾਹਿਬ ਤਾਂ ਹੈ ਪਰ ਇਹ ਪਤਾ ਨਹੀ ਚਲ ਪਾਇਆ ਕਿ ਮੌਜੂਦਾ ਗੁਰਦੁਆਰਾ ਸਾਹਿਬ ਓਹੋ ਗੁਰੂ ਕੀ ਸੰਗਤ ਵਾਲੇ ਸਥਾਨ ਤੇ ਹੀ ਹੈ?

—▲—

ਪਹਿਲੀ ਉਦਾਸੀ ਭਾਗ -4*

ਨੇਪਾਲ ਵਿਚ ਬਾਬਾ

ਜਨਮਸਾਖੀਆਂ ਵਿਚ ਜੋ ਅਲਾਲਾਚੀਨ ਜਾਣਾ ਲਿਖਿਆ ਹੈ ਉਸ ਤੋਂ ਮਤਲਬ ਨੇਪਾਲ ਹੀ ਹੈ

ਦਾਖਲਾ– ਗੁਰੂ ਸਾਹਿਬ ਬਨਾਰਸ ਤੋਂ ਚਲ ਕੇ ਹਾਜੀਪੁਰ (ਪਟਨਾ) ਪਹੁੰਚਦੇ ਨੇ। ਇਥੇ ਕੁਝ ਦਿਨ ਨਾਮ ਦਾ ਪ੍ਰਚਾਰ ਕੀਤਾ ਅਤੇ ਇਲਾਕੇ (ਬਿਹਾਰ, ਬੰਗਾਲ, ਨੇਪਾਲ, ਅਸਾਮ, ਨਾਗਾਲੈਂਡ) ਦੇ ਰਾਜਨੀਤਕ ਅਤੇ ਧਾਰਮਿਕ ਹਾਲਾਤਾਂ ਨੂੰ ਸਮਝਿਆ। ਯਾਦ ਰਹੇ ਬੰਗਾਲ, ਬਿਹਾਰ ਦੀਆਂ ਕਈ ਰਿਆਸਤਾਂ ਖਿੱਚ ਦਾ ਕੇਂਦਰ ਬਣੀਆਂ ਹੋਈਆਂ ਸਨ। ਹਾਜੀਪੁਰ ਵਿਚ ਫਿਰ ਕਾਠਮੰਡੂ ਦੀ ਧਾਰਮਿਕ ਅਤੇ ਸਭਿਆਚਾਰਕ ਅਮੀਰੀ ਦੀ ਗਲ ਵੀ ਚਲ ਰਹੀ ਸੀ। ਪਟਨੇ ਤੋਂ 1510 ਈ ਦੇ ਸ਼ੁਰੂ ਵਿਚ ਗੁਰੂ ਸਾਹਿਬ ਜਨਕ ਰਾਜਿਆਂ ਦੀ ਧਰਤੀ ਮਿਥਿਲਾ ਦੇਸ ਭਾਵ ਬਿਹਾਰ ਦੇ ਉਤਰੀ ਭਾਗ ਥਾਣੀ ਭਾਵ ਪਟਣੇ ਤੋਂ ਵੈਸ਼ਾਲੀ, ਕੇਸਰੀਆ, ਅੱਜ ਦਾ ਮੋਤੀਹਾਰੀ, ਗਹਾਵਾ (ਅੱਜ ਦਾ ਬੀਰਗੰਜ), 310 ਕਿ. ਮੀ ਦਾ ਪੈਂਡਾ ਕਰਦੇ ਹੋਏ ਕਾਠਮੰਡੂ ਪਹੁੰਚੇ ਸਨ। ○

ਗੁਰਦੁਆਰਾ (ਮੱਠ) ਥਾਪਾਥਲੀ, ਕਾਠਮੰਡੂ ਦੀ ਕੰਧ ਤੇ ਗੁਰੂ ਸਾਹਿਬ ਦਾ ਪੁਰਾਣਾ ਬਣਿਆ ਹੋਇਆ ਚਿਤ੍ਰ। ਪਤਾ ਨਹੀ ਲੱਗਾ 2015 ਦੇ ਭੂਚਾਲ ਦੌਰਾਨ ਕੰਧ ਬਚੀ ਹੈ ਜਾਂ ਨਹੀ।

ਕਾਠਮੰਡੂ

ਗੁਰੂ ਸਾਹਿਬ ਜਦੋਂ ਨੇਪਾਲ ਪਹੁੰਚੇ ਤਾਂ ਉਥੋਂ ਦੇ ਰਾਜਨੀਤਕ ਹਾਲਾਤ ਬੜੇ ਦਿਲਚਸਪ ਸਨ। ਮਹਾਰਾਜਾ ਯਕਸ ਮੱਲ ਦੇ 1482 ਈ ਵਿਚ ਦਿਹਾਂਤ ਹੋਣ ਉਪਰੰਤ ਉਹਦੇ ਪੰਜ ਪੁੱਤਰ ਤਖਤ ਤੇ ਬੈਠੇ ਸਨ ਅਤੇ ਇਕੱਠੇ ਰਲ ਮਿਲ ਕੇ ਰਾਜ ਭਾਗ ਚਲਾ ਰਹੇ ਸਨ। ਹਕੂਮਤਾਂ ਵਿਚ ਅਜਿਹਾ ਘੱਟ ਹੀ ਵੇਖਣ ਨੂੰ ਮਿਲਦਾ ਹੈ। ● ਲਗਦਾ ਹੈ ਕਿ ਕੋਈ ਛੇਵਾਂ ਪ੍ਰਭਾਵ ਇਨਾਂ ਪੰਜਾਂ ਨੂੰ ਇਕੱਠਾ ਰੱਖ ਰਿਹਾ ਸੀ। ਇਹ ਹਾਲਾਤ ਲਗਪਗ 50 ਸਾਲ ਇਸੇ ਤਰਾਂ ਚਲਦੇ ਰਹੇ ਤੇ 1530 ਈ ਵਿਚ ਫਿਰ ਯਕਸ਼ ਮੱਲ ਦੇ ਪੋਤਰਿਆਂ ਨੇ ਰਾਜਭਾਗ ਦੀ ਵੰਡ ਕਰ ਲਈ ਸੀ। ਯਕਸ਼ ਮੱਲ ਤੋਂ ਬਾਦ ਦੇ ਸ਼ਹਿਜਾਦਿਆਂ ਵਿਚੋਂ ਦੋ ਦੇ ਹੀ ਨਾਂ ਸਾਨੂੰ ਮਿਲੇ ਹਨ. ਇਕ ਤਾਂ ਰਤਨ ਮੱਲ ਅਤੇ ਦੂਜਾ ਨਾਂ ਜੋ ਲੋਕ ਦੱਸਦੇ ਹਨ, ਜੈ ਜਗਤ ਮੱਲ ਹੈ। ਜੈ ਜਗਤ ਦਾ ਹੀ ਗੁਰੂ ਸਾਹਿਬ ਨਾਲ ਮੇਲ ਹੋਇਆ ਦੱਸਿਆ ਜਾਂਦਾ ਹੈ। ਪਰ ਕਿਸੇ ਇਤਹਾਸਿਕ ਹਵਾਲੇ ਤੋਂ ਇਹ ਤਸਦੀਕ ਨਹੀ ਹੋ ਪਾਇਆ ਹੈ। ਗੁਰੂ ਸਾਹਿਬ ਦੇ ਵੇਲਿਆਂ 'ਚ ਇਸ ਇਲਾਕੇ ਦਾ ਨਾਂ ਨੇਪਾਲ ਵੀ ਏਨਾ ਮਕਬੂਲ ਨਹੀ ਸੀ। ਨਾਂ ਹੀ ਸ਼ਹਿਰ ਦਾ ਨਾਂ ਕਾਠਮੰਡੂ ਮਸ਼ਹੂਰ ਸੀ।

ਉਹਨੀ ਦਿਨੀ ਕਠਮੰਡੂ ਘਾਟੀ ਦੇ ਤਿੰਨ ਕਸਬੇ ਜਾਂ ਸ਼ਹਿਰ ਮਸ਼ਹੂਰ ਸਨ: 1.ਕਾਂਤੀਪੁਰ (ਅੱਜ ਦਾ ਕਠਮੰਡੂ), 2.ਪਾਟਣ (ਪੁਰਾਣਾ ਨਾਂ ਲਲਿਤਪੁਰ) ਅਤੇ 3. ਭਾਦਗਾਓ (ਭਗਤਪੁਰ ਜਾਂ ਖਵੋਪਾ)

ਗੁਰੂ ਸਾਹਿਬ ਸ਼ਿਵਰਾਤਰੀ ਤੇ ਕਾਠਮੰਡੂ ਗਏ ਸਨ। ਕਿਉਕਿ ਨੇਪਾਲ ਦੇ ਦੋ ਮੁੱਖ ਤਿਉਹਾਰ ਸ਼ਿਵਰਾਤਰੀ ਤੇ ਦੁਸਹਿਰਾ ਸਨ। ਸੰਭਾਵਨਾ ਸ਼ਿਵਰਾਤ੍ਰੀ ਦੀ ਲਗਦੀ ਹੈ ਕਿਉਕਿ ਸਾਹਿਬ ਦੇ ਹਰ ਥਾਂ ਵੱਡੇ ਮਦਦਗਾਰ ਜੋਗੀ ਲੋਕ ਹੀ ਬਣੇ ਸਨ। ਨੇਪਾਲ ਦੀ ਯਾਤਰਾ ਦਾ ਸਭ ਤੋਂ ਪਹਿਲਾਂ ਜਿਕਰ ਕਰਨ ਵਾਲੇ ਨੇ ਵੀ ਸ਼ਿਵਾਰਤ੍ਰੀ ਤੇ ਆਉਣਾ ਹੀ ਲਿਖਿਆ ਹੈ। ◉

ਪੈਰ ਸਫਾ

* ਨੇਪਾਲ ਯਾਤਰਾ ਤੀਸਰੀ ਨਹੀ, ਪਹਿਲੀ ਉਦਾਸੀ. ਵੇਖੋ ਅਗਲਾ ਸਫਾ ਪੈੜ

◉ ਗਿਆਨੀ -213-4

●D.R. Regmi. 2007. Ancient Nepal, Medieval Nepal

ਜਨਮਸਾਖੀਆਂ ਨੇ ਸਾਫ ਸਾਫ ਨਿਪਾਲ ਜਾਂ ਕਾਠਮੰਡੂ ਜਾਣ ਦਾ ਕਿਤੇ ਕੋਈ ਜਿਕਰ ਨਹੀ ਕੀਤਾ। ਉਂਜ ਇਸ਼ਾਰਾ ਜਰੂਰ ਮਿਲਦਾ ਹੈ ਕਿਉਕਿ ਗੁਰੂ ਸਾਹਿਬ ਦੀਆਂ ਉਦਾਸੀਆਂ ਬਾਰੇ ਗੱਲਾਂ ਇਕ ਤਾਂ ਮਰਦਾਨਾ ਦੱਸਿਆ ਕਰਦਾ ਸੀ ਤੇ ਦੂਸਰਾ ਗੁਰੂ ਸਾਹਿਬ ਖੁੱਦ ਤੇ ਕਦੀ ਕਦੀ ਕੋਈ ਹੋਰ ਵੀ ਸਾਥੀ ਹੋਇਆ ਕਰਦਾ ਸੀ। ਸਾਹਿਬ ਤੋਂ ਇਲਾਵਾ ਬਾਕੀ ਦੇ ਸਾਥੀ ਪੜੇ ਲਿਖੇ ਨਹੀ ਸਨ। ਉਨਾਂ ਵਿਚਾਰਿਆਂ ਨੇ ਜਿਵੇ ਸਥਾਨਾਂ ਨੂੰ ਯਾਦ ਰੱਖਿਆ ਉਸੇ ਤਰਾਂ ਬਿਆਨ ਕੀਤਾ ਹੈ। ਜਨਮਸਾਖੀਆਂ ਵਿਚ ਇਹਨਾਂ ਪਹਾੜੀ ਇਲਾਕਿਆ ਦੇ ਵੀ ਬੜੇ ਅਸਚਰਜ ਜਿਹੇ ਨਾਂ ਲਿਖੇ ਮਿਲਦੇ ਹਨ ਜਿਵੇ: ਊਨਾ, ਕੂਨਾ, ਮੀਨਾ, ਈਨਾ, ਸਿਲਕਾ, ਸੁਮੇਰ, ਬਿਆਰ, ਅਲਾਲਾਚੀਨ, ਕਲਕਾ, ਧਰੂ, ਅਖੰਡ, ਨਿਰਬਿਕਾਰ, ਸੀਲਾ, ਉਹਾਰ, ਈਖਣ, ਉਲਕਾ। ਇਹ ਇਨਾਂ ਲਿਖਾਰੀਆਂ ਦੀ ਬਦੌਲਤ ਹੀ ਹੈ ਕਿ ਅੱਜ ਸਾਡੇ ਕੋਲ ਇਨਾਂ ਅਮੀਰ ਇਤਹਾਸ

ਪਿੱਪਲ ਦੇ ਥੱਲੇ ਗੁਰੂ ਸਾਹਿਬ ਦੀ ਚਰਨ ਪਾਦੁਕਾ। ਨਾਨਕ ਮੱਠ, ਮੰਦਰ ਸੋਭਾ ਭਾਗਵਤੀ, ਕਾਠਮੰਡੂ। ਇਥੇ ਲਾਗੇ ਹੀ ਮੰਜੀ ਸਾਹਿਬ ਹੁੰਦਾ ਸੀ ਜੋ ਹੁਣ ਢੱਠ ਚੁੱਕਾ ਹੈ। ਪੁਰਾਣੇ ਸਮਿਆਂ ਵਿਚ ਮਹਾਂ ਪੁਰਖਾਂ ਦੇ ਚਰਨਾਂ ਦੇ ਨਿਸ਼ਾਨ ਲੈਣ ਦਾ ਰਿਵਾਜ ਆਮ ਹੀ ਹੁੰਦਾ ਸੀ।

ਪਸ਼ੂਪਤੀਨਾਥ ਮੰਦਰ ਅਤੇ ਆਲਾ ਦੁਆਲਾ

ਮੌਜੂਦ ਹੈ। ਬਾਕੀ ਜਿਹੜੀਆਂ ਕਮੀਆਂ ਨੇ ਉਹ ਸਿੱਖ ਇਤਹਾਸਕਾਰਾਂ ਦਾ ਫਰਜ ਹੈ ਖੋਜ ਕਰਕੇ ਪੂਰੀਆਂ ਕਰਨ।

ਪਰ ਜਦੋਂ ਗੁਰੂ ਸਾਹਿਬ ਨੇ 1510 ਈ ਵਿਚ ਕਾਠਮੰਡੂ ਵਿਚ ਚਰਨ ਪਾਏ ਉਹ ਪੰਜ ਭਰਾਵਾਂ ਦੇ ਇਕੱਠ ਦਾ ਸਿਖਰ ਸੀ। ਸ਼ਹਿਰ ਨੂੰ ਓਦੋਂ ਕਿਤੇ ਕਾਂਤੀਪੁਰ ਤੇ ਕਿਤੇ ਕਾਸਟਮੰਡਪ ਮਹਾਂਨਗਰ ਕਿਹਾ ਜਾਂਦਾ ਸੀ। ਨੇਪਾਲ ਹਰ ਪਾਸੇ ਤਰੱਕੀ ਕਰ ਰਿਹਾ ਸੀ। ਇਸ ਯੁਗ ਵਿਚ ਬਣੇ ਖੂਬਸੂਰਤ ਮੰਦਰ, ਮੱਠ ਅਤੇ ਮੂਰਤੀਆਂ ਇਸ ਗਲ ਦੀ ਗਵਾਹੀ ਭਰਦੀਆਂ ਹਨ।

ਇਥੇ ਵੀ ਗੁਰੂ ਸਾਹਿਬ ਪਹਿਲਾਂ ਧਾਰਮਿਕ ਅਸਥਾਨਾਂ ਤੇ ਪਹੁੰਚੇ। ਇਤਹਾਸ ਤੋਂ ਤਾਂ ਇਹੀ ਲਗਦਾ ਹੈ ਕਿ 16ਵੀ ਸਦੀ ਵਿਚ ਵੀ ਪਸ਼ੂਪਤੀਨਾਥ ਮੰਦਰ ਦੀ ਖਿੱਚ ਹੀ ਸਭ ਤੋਂ ਵੱਧ ਸੀ। ਗੁਰੂ ਸਾਹਿਬ ਦੇ ਆਗਮਨ ਵੇਲੇ ਇਹ ਮੰਦਰ 1500 ਸਾਲ ਤੋਂ ਵੀ ਜਿਆਦਾ ਪੁਰਾਣਾ ਹੋ ਚੁੱਕਾ ਸੀ। ਇਹ ਮੰਦਰ ਹਿੰਦੂ ਧਰਮ ਦੇ ਪੁਰਾਤਨ ਮੰਦਰਾਂ ਵਿਚੋਂ ਗਿਣਿਆ ਜਾਂਦਾ ਹੈ। 7ਵੀ ਸਦੀ ਦੇ ਇਕ ਤਮਿਲ ਗ੍ਰੰਥ ਅਤੇ ਸ਼ਿਵ ਪੁਰਾਣ ਵਿਚ ਵੀ ਇਸ ਦਾ ਜਿਕਰ ਹੈ।

ਕਿਉਕਿ ਅਜਿਹੇ ਪ੍ਰਸਿੱਧ ਮੇਲਿਆਂ ਤੇ ਦੂਰੋ ਦੂਰੋਂ ਸਾਧੂ ਸੰਤ ਆ ਹਾਜਰ ਹੁੰਦੇ ਸਨ, ਗੁਰੂ ਸਾਹਿਬ ਦੀ ਸੋਭਾ ਓਦੋਂ ਤਕ ਜੋਗੀਆਂ ਅਤੇ ਚਕ੍ਰਵਰਤੀ ਸਾਧੂਆਂ ਰਾਂਹੀ ਸਾਰੇ ਭਾਰਤ ਦੇ ਤੀਰਥਾਂ ਤਕ

ਪੈੜ ਸਫਾ

□ ਨੇਪਾਲ ਪਹਿਲੀ ਉਦਾਸੀ ਦੌਰਾਨ ਹੀ ਆਏ ਨਾਂ ਕਿ ਤੀਸਰੀ ਵੇਲੇ–

ਇਹ ਕਹਿਣਾ ਗਲਤ ਹੈ ਕਿ ਗੁਰੂ ਸਾਹਿਬ ਤੀਸਰੀ ਉਦਾਸੀ ਮੌਕੇ ਨੇਪਾਲ ਪਧਾਰੇ ਸਨ। ਕਿਉਕਿ ਨੇਪਾਲ ਅੱਜ ਭਾਰਤ ਨਾਲੋਂ ਬਿਲਕੁਲ ਵੱਖ ਮੁਲਕ ਹੈ ਪਰ ਇਤਹਾਸ ਵਿਚ ਨੇਪਾਲ ਦੀ ਹਿੰਦੁਸਤਾਨ ਨਾਲ ਐਨ ਓਹੋ ਸਬੰਧ ਸੀ ਜਿਵੇ ਕਿਸੇ ਬਿਹਾਰ ਜਾਂ ਯੂ ਪੀ ਦੀ ਰਿਆਸਤ ਦਾ ਹੋਵੇ। 500 ਸਾਲ ਪਹਿਲਾਂ ਨੇਪਾਲ ਯਾਤਰਾ ਵੀ ਐਨ ਓਸੇ ਤਰਾਂ ਸੀ ਜਿਵੇ ਪਟਣੇ ਤੋਂ ਗੁਹਾਟੀ ਜਾਣਾਂ ਜਾਂ ਢਾਕਾ ਜਾਣਾ। ਸਗੋਂ ਬਿਹਾਰ ਦਾ ਨੇਪਾਲ ਨਾਲ ਧਾਰਮਿਕ ਅਤੇ ਸਭਿਆਚਾਰਕ ਸਬੰਧ ਜਿਆਦਾ ਗੂੜਾ ਸੀ ਅਤੇ ਅੱਜ ਵੀ ਹੈ। ਲੋਕਾਈ ਦਾ ਇਕ ਦੂਸਰੇ ਇਲਾਕੇ ਵਿਚ ਜਾਣਾ ਆਉਣਾ ਆਮ ਸੀ। ਫਿਰ ਬਿਹਾਰ ਤੇ ਉਤਰੀ ਬੰਗਾਲ ਦੇ ਲੋਕਾਂ ਦੇ ਨੇਪਾਲੀ ਲੋਕਾਂ ਨਾਲ ਅਨੇਕਾਂ ਮੇਲੇ ਤੇ ਤਿਉਹਾਰ ਸਾਂਝੇ ਹਨ। ਸੋ ਜੇ ਗੁਰੂ ਸਾਹਿਬ ਪਟਣੇ ਤੋਂ ਹੋਰ ਇਲਾਕੇ ਫਿਰਦੇ ਹਨ ਤਾਂ ਉਹ ਨੇਪਾਲ ਨੂੰ ਕਿਵੇਂ ਛੱਡ ਸਕਦੇ ਸਨ। ਨਾਲੇ ਬਾਲਾ ਜਨਮ ਸਾਖੀ ਵਿਚ ਸਾਫ ਲਿਖਿਆ ਹੈ ਕਿ ਗੁਰੂ ਸਾਹਿਬ ਇਸ ਇਲਾਕੇ ਵਿਚ 2 ਸਾਲ ਅਤੇ 7 ਮਹੀਨੇ ਰਹੇ ਸਨ। ਅਸੀ ਸਮਝਦੇ ਹਾਂ ਨੇਪਾਲ ਦਾ ਅੱਜ ਸੁਤੰਤਰ ਰਾਜ ਹੋਣਾ ਪਿਛਲੀ ਸਦੀ ਦੇ ਸਿੱਖ ਲਿਖਾਰੀਆਂ ਦੀ ਮਾਨਸਿਕਤਾ ਤੇ ਪ੍ਰਭਾਵ ਪਾ ਗਇਆ ਹੈ ਜਿੰਨਾਂ ਨੇ ਇਹ ਲਿਖਿਆ ਹੈ ਕਿ ਬਿਹਾਰ ਗੁਰੂ ਸਾਹਿਬ ਪਹਿਲੀ ਉਦਾਸੀ ਵੇਲੇ ਗਏ ਅਤੇ ਨੇਪਾਲ ਤੀਸਰੀ ਉਦਾਸੀ ਮੌਕੇ।

ਗਿਆਨੀ ਜੀ ਜੋ ਇਹ ਕਹਿੰਦੇ ਹਨ ਕਿ ਨੇਪਾਲ ਗੁਰੂ ਸਾਹਿਬ ਤੀਸਰੀ ਉਦਾਸੀ ਮੌਕੇ ਗਏ। ਫਿਰ ਖੁਦ ਹੀ ਮੰਨਦੇ ਹਨ ਕਿ ਬਿਹਾਰ ਪਾਸਿਓ ਸਾਹਿਬ ਨਿਪਾਲ ਵਿਚ ਵੜੇ ਤੇ ਫਿਰ ਏਸੇ ਯਾਤਰਾ ਮੌਕੇ ਅਸਾਮ ਦੇ ਕਈ ਇਲਾਕੇ ਫਿਰੇ ਜਿਵੇ: ਬ੍ਰਹਮਕੁੰਡ, ਗੜ੍ਹ ਦਾਉਲ। ਇਹ ਹਾਸੋਹੀਣੀ ਗਲ ਬਣ ਜਾਂਦੀ ਹੈ ਗੜ ਦਾਉਲ (ਨਕਸ਼ਾ ਸੂਚਕ 26.646142, 92.755647) ਤੀਸਰੀ ਉਦਾਸੀ ਵੇਲੇ ਜਾਂਦੇ ਨੇ ਤੇ ਯੁਬੜੀ ਪਹਿਲੀ ਉਦਾਸੀ ਮੌਕੇ।

ਕੋਹਲੀ ਗ੍ਰੇਵਾਲ ਆਦਿ ਗਿਆਨੀ ਜੀ ਦੇ ਪੈਰੋਕਾਰਾਂ ਨੇ ਵੀ ਇਹੋ ਮੰਨ ਲਿਆ ਹੈ। ਫਿਰ ਵੇਖੋ ਗਿਆਨੀ -216 ਤੇ ਲਿਖਦੇ ਨੇ

"ਓਥੋਂ ਅੱਗੇ ਸਿੰਘਾਪੁਰ ਵਿਚ ਗਏ (ਜਿਥੇ ਹੁਣ ਬਹੁਤ ਸਿੱਖ ਹਨ ਤੇ ਗੁਰਦੁਆਰਾ ਬਾਬੇ ਦਾ ਹੈ) ਜਾ ਰਹੇ.....ਓਥੋਂ ਤਿੱਬਤ ਵੰਨੀ ਤੁਰ ਪਏ।"

ਸੋ ਸੋਚੋ ਕਿਥੇ ਸਿੰਘਾਪੁਰ ਤੇ ਕਿੱਥੇ ਤਿਬਤ।

ਅਤੇ ਜਿਹੜੇ ਵਿਦਵਾਨ ਕਹਿੰਦੇ ਹਨ ਕਿ ਗੁਰੂ ਸਾਹਿਬ ਨੇ ਤੀਸਰੀ ਉਦਾਸੀ ਵੇਲੇ ਨੇਪਾਲ ਗਾਹਿਆ ਉਹ ਗਿਆਨੀ ਜੀ ਦੇ ਹੀ ਪੈਰੋਕਾਰ ਹਨ।

ਇਹ ਗਲ ਬੜੀ ਬੇਤੁੱਕੀ ਹੈ ਕਿ ਗੁਰੂ ਸਾਹਿਬ ਨੇ ਨੇਪਾਲ ਵਾਸਤੇ ਵੱਖਰੀ ਉਦਾਸੀ ਕੀਤੀ। ਦਰ ਅਸਲ ਜਨਮ ਸਾਖੀਆਂ ਨੇ ਜੋ ਲਿਖਿਆ ਹੈ ਕਿ ਤੀਸਰੀ ਉਦਾਸੀ ਮੌਕੇ ਗੁਰੂ ਸਾਹਿਬ ਨੇ ਪਹਾੜੀ ਇਲਾਕੇ ਗਾਹੇ ਉਹਦਾ ਮਤਲਬ ਹੀ ਲਿਖਾਰੀ ਵੀਰ ਗਲਤ ਲੈ ਗਏ ਹਨ। ਪਹਾੜੀ ਇਲਾਕਿਆ ਦਾ ਮਤਲਬ ਸਮੁਚਾ ਹਿਮਾਲੀਆ ਸਿਲਸਿਲਾ ਨਹੀ, ਸਗੋਂ ਪੰਜਾਬ ਦੇ ਪਹਾੜੀ ਇਲਾਕੇ ਹਨ ਭਾਵ ਨਾਲ ਲਗਦੇ ਕਸ਼ਮੀਰ, ਜੰਮੂ ਅਤੇ ਹਿਮਾਚਲ ਆਦਿ।

ਪਹੁੰਚ ਚੁੱਕੀ ਸੀ।

ਨੇਪਾਲ ਦੇ ਅਜਿਹੇ ਜੋਗੀ ਜਿਹੜੇ ਰਿੱਧੀਆਂ ਸਿੱਧੀਆਂ ਹਾਸਲ ਕਰ ਚੁੱਕੇ ਸਨ ਪਰ ਗੁਰੂ ਸਾਹਿਬ ਨਾਲ ਅਜੇ ਮੇਲ ਨਹੀ ਸੀ ਹੋਇਆ ਉਹ ਸਭ ਚਾਹੁੰਦੇ ਸਨ ਕਿ ਕਿਤੇ ਨਾਨਕ ਨਾਲ ਮੇਲ ਹੋਵੇ ਤਾਂ ਉਹਨੂੰ ਚਿੱਤ ਕਰੀਏ। ਸੋ ਕਠਮੰਡੂ ਦੀ ਸ਼ਿਵਰਾਤ੍ਰੀ ਨੇ ਅਜਿਹੇ ਨੇਪਾਲੀ ਜੋਗੀਆਂ ਨੂੰ ਵੀ ਮੌਕਾ ਦੇ ਦਿਤਾ।

ਆਗਮਨ ਮੌਕੇ ਸਾਹਿਬ ਨੇ ਪਸ਼ੂਪਤੀ ਨਾਥ ਮੰਦਰ ਦੇ ਨੇੜੇ ਬਾਗਮਤੀ ਨਦੀ ਕੰਢੇ ਡੇਰਾ ਲਾਇਆ ਸੀ। ਗੁਰੂ ਸਾਹਿਬ ਅਕਾਲ ਪੁਰਖ ਦੀ ਅਰਾਧਨਾ ਵਿਚ ਮਸਤ ਸਨ। ਘੁੰਮ ਫਿਰ ਕੇ ਜਦੋਂ ਮਰਦਾਨਾ ਡੇਰੇ ਆਵੇ ਤਾਂ ਰਬਾਬ ਦੀ ਧੁੰਨ ਗੂੰਜ ਉਠੇ। ਜਿਵੇ ਜੋਗੀਆਂ ਨੂੰ ਗੁਰੂ ਸਾਹਿਬ ਦੀ ਆਮਦ ਦਾ ਪਤਾ ਲੱਗਾ ਤਾਂ ਬਾਗੋ ਬਾਗ ਹੋ ਗਏ ਤੇ ਗੁਰੂ ਸਾਹਿਬ ਅਤੇ ਮਰਦਾਨੇ ਨੂੰ ਆਪਣੇ ਮੱਠ ਵਿਖੇ ਸਤਿਕਾਰ ਸਾਹਿਤ ਲੈ ਆਏ। ਸਾਹਿਬ ਨੇ ਜੋਗੀਆਂ ਨੂੰ ਡੰਡਾਉਤ ਪ੍ਰਣਾਮ ਕੀਤੀ।



ਇਥੇ ਕਾਠਮੰਡੂ ਵਿਚ ਗੁਏਸ਼ਵਰੀ (ਗਿਆਨੇਸ਼ਵਰ) ਮੰਦਰ ਨੇੜੇ ਵੀ ਗੁਰੂ ਸਾਹਿਬ ਨੇ ਮਿੱਠੇ ਜਲ ਦਾ ਚਸ਼ਮਾ ਜਾਰੀ ਕੀਤਾ ਸੀ ਜਿਸ ਦਾ ਲਾਭ ਅੱਜ ਵੀ ਨੇਪਾਲੀ ਲੋਕ ਉਠਾ ਰਹੇ ਨੇ। -ਹੇਠਾਂ ਚਸ਼ਮੇ ਤੋਂ ਪਾਣੀ ਭਰਦੇ ਲੋਕ

ਜੋਗੀਆਂ ਨੇ ਗੁਰੂ ਸਾਹਿਬ ਨੂੰ ਭਰਮਾਉਣ ਲਈ ਕੁਝ ਕਰਾਮਾਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਫਿਰ ਵੀ ਗੁਰੂ ਸਾਹਿਬ ਨੇ ਨਿਰੰਕਾਰ ਦੇ ਬਣਾਏ ਕੁਦਰਤ ਦੇ ਨਿਯਮਾਂ ਨੂੰ ਤੋੜਨਾਂ ਗਲਤ ਦੱਸਿਆ ਅਤੇ ਸਮਝਾਇਆ ਕਿ ਨਿਰੰਕਾਰ ਦੀ ਰਜਾ ਵਿਚ ਚਲਣਾ ਹੀ ਸਭ ਤੋਂ ਵੱਡਾ ਧਰਮ ਹੈ ਅਤੇ ਰਿੱਧੀਆਂ ਸਿੱਧੀਆਂ ਨਾਲ ਸਾਡੇ ਜੀਵਨ ਦਾ ਕਲਿਆਣ ਨਹੀ ਹੁੰਦਾ। ਸਗੋਂ ਮੰਨ ਵਿਚ ਹੰਕਾਰ ਆਉਦਾ ਹੈ। ਅਜਿਹਾ ਇਨਸਾਨ ਚੜ੍ਹਦੀ ਕਲਾ ਵਾਲਾ ਜੀਵਨ ਹਾਸਲ ਨਹੀ ਕਰ ਸਕਦਾ। ਸਾਡਾ ਮਨੋਰਥ ਜੀਵਨ ਮੁਕਤੀ ਅਤੇ ਨਿਰੰਕਾਰ ਨਾਲ ਜੋਗ ਹੋਣਾ ਚਾਹੀਦਾ ਹੈ ਨਾਂ ਕਿ ਰਿਧੀਆਂ ਸਿੱਧੀਆ ਜੋਗ।

ਕੁਦਰਤੀ ਹੈ ਇਥੇ ਵੀ ਜੋਗੀਆਂ ਨੇ ਗੁਰੂ ਸਾਹਿਬ ਨਾਲ ਗਿਲਾ ਕੀਤਾ ਕਿ ਤੁਸੀ ਹਜਾਰ ਸਾਲ ਪੁਰਾਣੇ ਜੋਗ ਅਸੂਲ ਦਾ ਕਿਓ ਖੰਡਣ ਕਰਦੇ ਹੋ। ਸਾਹਿਬ ਨੇ ਫਿਰ ਕਿਹਾ ਕਿ ਤੁਸੀ ਕਿਰਤਾਂ ਦੀ ਪੂਜਾ ਛੱਡ ਸਿੱਧਾ ਕਰਤੇ ਦੀ ਅਰਾਧਨਾ ਕਰੋ। ਸਰਬਵਿਆਪਕ ਨਿਰੰਕਾਰ ਦੀ ਹੋਂਦ ਨੂੰ ਸਵੀਕਾਰ ਕਰੋ ਅਤੇ ਉਹਦੇ ਗੁਣਗਾਨ ਗਾਓ। ਸ਼ਿਵ ਜੀ, ਗੋਰਖ ਨਾਥ ਜਾਂ ਵਿਸ਼ਨੂੰ ਸਭ ਉਸ ਨਿਰੰਕਾਰ ਦੇ ਹੀ ਕੀਤੇ ਹੋਏ ਨੇ। ਜੋਗੀਆਂ ਨੇ ਜਿੱਦ ਕੀਤੀ ਕਿ ਨਹੀ ਸ਼ਿਵ ਜੀ ਇਸ ਸ੍ਰਿਸਟੀ ਦਾ ਮਾਲਕ ਹੈ। ਸਾਹਿਬ ਨੇ ਪੁੱਛਿਆ ਕਿ ਸ਼ਿਵ ਜੀ ਨੂੰ ਕਿਸ ਨੇ ਪੈਦਾ ਕੀਤਾ? ਇਸ ਸਵਾਲ ਤੇ ਜੋਗੀਆਂ ਦਾ ਕੁਝ ਜੋਸ਼ ਥੰਮਿਆ। ਪਰ ਫਿਰ ਵੀ ਓਹਨਾਂ ਦਲੀਲ ਦਿੱਤੀ ਕਿ ਸ਼ੰਕਰ ਭਗਵਾਨ ਦੀ ਭਗਤੀ ਕਰਕੇ ਹੀ ਅਸੀ ਉਹ ਕੁਝ ਵੀ ਕਰ ਸਕਦੇ ਹਾਂ ਜਿੰਨਾਂ ਨੂੰ ਦੁਨੀਆਂ ਅਸੰਭਵ ਗਿਣਦੀ ਹੈ ਮਤਲਬ ਕਿ ਅਸੀ ਰਿੱਧੀਆਂ ਸਿੱਧੀਆਂ ਦੇ ਮਾਲਕ ਹਾਂ। ਸਾਹਿਬ ਨੇ ਓਨਾਂ ਨੂੰ ਸਮਝਾਇਆ ਕਿ ਰਿੱਧੀਆਂ ਸਿੱਧੀਆਂ ਹਾਸਲ ਕਰਕੇ ਤੁਸੀ ਆਪਣੇ ਖੁੱਦ ਨਾਲ ਧੋਖਾ ਕਰ ਰਹੇ ਹੋ। ਇਹਨਾਂ ਨਾਲ ਤੁਸੀ ਲੋਕਾਂ ਨੂੰ ਤਾਂ ਮਗਰ ਲਾ ਲਵੋਗੇ ਪਰ ਤੁਹਾਡਾ ਆਪਣਾ ਕਲਿਆਣ ਨਹੀ ਹੋਵੇਗਾ।

ਜੋਗੀਆਂ ਦੀਆਂ ਗੱਲਾਂ ਸੁਣ ਕੇ ਮਰਦਾਨਾ ਮੁਸਕ੍ਰਾਅ ਰਿਹਾ ਸੀ। ਕਾਠਮੰਡੂ ਦੇ ਸਿੱਖਾਂ ਵਿਚ ਸੀਨਾ ਬਸੀਨਾ ਗਲ ਚਲੀ ਆਉਦੀ ਹੈ ਕਿ ਉਦੋਂ ਗੁਰੂ ਸਾਹਿਬ ਤੇ ਅਰਸ਼ਾ ਤੋਂ ਫੁੱਲਾਂ ਦੀ ਵਰਖਾ ਹੋਈ ਸੀ।

ਕਿਉਕਿ ਗੁਰੂ ਸਾਹਿਬ ਨਿਰੰਕਾਰ ਨਾਲ ਇੱਕ ਮਿੱਕ ਸਨ। ਇਨਾਂ ਨੂੰ ਪ੍ਰਗਟ ਕਰਨ ਲਈ ਫਿਰ ਨਿਰੰਕਾਰੀ ਚੋਜ ਤਾਂ ਵਾਪਰਦੇ ਹੀ ਰਹਿੰਦੇ ਸਨ। ਕਿਉਂਕਿ ਗੁਰਬਾਣੀ ਵਿਚ ਵੀ ਆਉਦਾ ਹੈ "ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ ॥" ਜੇ ਕੌਤਕ ਨਾਂ ਹੁੰਦੇ ਤਾਂ ਹਜਾਰਾਂ ਥਾਵਾਂ ਤੇ ਸੁਨੇਹਾ ਪਹੁੰਚਾਣਾ ਅਸੰਭਵ ਸੀ। ਹਰ ਥਾਂ ਦਲੀਲ ਕੰਮ ਨਹੀ ਦਿੰਦੀ।

ਮਹਾਂਨਗਰ ਵਿਚ ਗੁਰੂ ਸਾਹਿਬ ਦੀ ਆਮਦ ਦੀ ਗਲ ਜੰਗਲ ਦੀ ਅੱਗ ਵਾਂਙੂ ਫੈਲ ਗਈ। ਜਿਵੇ ਗੁਰੂ ਸਾਹਿਬ ਦਾ ਪਸ਼ੂਪੱਤੀਨਾਥ ਮੰਦਰ ਵਿਚ ਸਤਿਕਾਰ ਹੋਇਆ ਤਾਂ ਗਲ ਰਾਜ ਦਰਬਾਰ ਤਕ ਵੀ ਪਹੁੰਚ ਗਈ।

ਇਕ ਰਾਜ ਕੁਮਾਰ ਦਾ ਮੇਲ ਪਹਿਲਾਂ ਹੀ ਗੁਰੂ ਸਾਹਿਬ ਨਾਲ ਕਾਂਸ਼ੀ ਵਿਖੇ ਹੋ ਵੀ ਚੁੱਕਾ ਸੀ। ਉਸ ਰਾਜੇ ਨੂੰ ਜਦੋਂ ਪਤਾ ਲੱਗਾ ਕਿ ਸਾਹਿਬ ਸ਼ਹਿਰ ਵਿਚ ਪਧਾਰ ਚੁੱਕੇ ਨੇ ਤਾਂ ਗੁਰੂ ਸਾਹਿਬ ਦੀ ਸ਼ਰਨ ਵਿਚ ਗਇਆ ਤੇ ਸਾਹਿਬ ਨੂੰ ਮਹਿਲਾਂ ਵਿਚ ਆਉਣ ਵਾਸਤੇ ਬੇਨਤੀ ਕੀਤੀ। ਗੁਰੂ ਸਾਹਿਬ ਨੇ ਸਤਿਸੰਗੀਆਂ ਦੀ ਸੰਗਤ ਵਿਚ ਰਹਿਣ ਨੂੰ ਤਰਜੀਹ ਦਿੱਤੀ ਅਤੇ ਪੂਰੀ ਹਲੀਮੀ ਨਾਲ ਰਾਜੇ ਦਾ ਸੱਦਾ ਠੁਕਰਾਅ ਦਿਤਾ। ਰਾਜੇ ਨੇ ਹੁਕਮ ਕਰਕੇ ਸਾਰੀਆਂ ਸੁੱਖ ਸਹੂਲਤਾਂ ਫਿਰ ਜੋਗੀ ਮੱਠ ਵਿਚ ਹੀ ਕਰਵਾ ਦਿੱਤੀਆਂ। ਓਧਰ ਪੰਜ

ਰਾਜਕੁਮਾਰਾਂ ਜਾਂ ਰਾਜਿਆਂ ਵਿਚੋਂ ਇਕ ਦੇ ਓਲਾਦ ਨਹੀ ਸੀ। ਕਿਹਾ ਜਾਂਦਾ ਹੈ ਗੁਰੂ ਸਾਹਿਬ ਦੀ ਬਖਸ਼ਸ਼ ਨਾਲ ਫਿਰ ਉਹਦੇ ਘਰ ਹੇਠ ਉੱਤੇ ਦੋ ਪੁੱਤਰਾਂ ਨੇ ਜਨਮ ਲਿਆ। ਪਰ ਗੁਰੂ ਸਾਹਿਬ ਤਾਂ ਉਦੋਂ ਤਕ ਇਥੋਂ ਦੂਰ ਜਾ ਚੁੱਕੇ ਸਨ।

ਰੋਜ ਸ਼ਾਮ ਨੂੰ ਫਿਰ ਮਹਾਂਨਗਰ ਦੀ ਸਭਾ ਜੁੜਦੀ ਜਿਸ ਵਿਚ ਗੁਰੂ ਸਾਹਿਬ ਨਿਰੰਕਾਰ ਦੀ ਹੋਂਦ ਬਾਰੇ ਵਖਿਆਨ ਦਿੰਦੇ। ਕੀਰਤਨ ਹੁੰਦਾ। ਲੋਕਾਈ ਦੇ ਸਵਾਲਾਂ ਦੇ ਜਵਾਬ ਦਿੰਦੇ। ਸਾਹਿਬ ਇਥੇ ਕੋਈ ਮਹੀਨਾ ਡੇਢ ਰਹੇ ਤੇ ਗੁਰਮੱਤ ਪ੍ਰਪੱਕ ਕਰਾਈ।

ਜਿਥੇ ਗੁਰੂ ਸਾਹਿਬ ਬਿਰਾਜਦੇ ਸਨ ਓਥੇ ਮੰਜੀ ਸਾਹਿਬ ਹੁਣ ਤਕ ਮੌਜੂਦ ਸੀ ਪਰ ਅੱਜ ਕੱਲ ਇਮਾਰਤ ਢੱਠ ਚੁੱਕੀ ਹੈ।

ਗੁਰੂ ਸਾਹਿਬ ਦੀ ਆਮਦ ਦੀ ਯਾਦ ਤਾਜਾ ਰੱਖਣ ਖਾਤਰ ਇਥੇ ਫਿਰ ਗੁਰੂ ਸਾਹਿਬ ਦੀ ਚਰਨ ਪਾਦੁਕਾ ਪੱਥਰ ਤੇ ਘੜੀ ਗਈ। ਇਥੇ ਵੀ ਗੁਰੂ ਸਾਹਿਬ ਦੀਆਂ ਖੜਾਵਾਂ ਹੁੰਦੀਆਂ ਸਨ ਜੋ ਕੋਈ ਸਿੱਖ ਚਲਾਕੀ ਨਾਲ ਚੁੱਕ ਲਿਆਇਆ ਹੈ ਅਤੇ ਉਹ ਪ੍ਰਵਾਰ ਖੜਾਵਾਂ ਦੀ ਉਗ ਸੁੱਗ ਹੀ ਨਹੀ ਕੱਢ ਰਿਹਾ ਕਿ ਕਿਥੇ ਮੌਜੂਦ ਨੇ। ਅਜਿਹੇ ਲੋਕਾਂ ਨੂੰ ਰੱਬ ਤੋਂ ਡਰਨਾਂ ਚਾਹੀਦਾ ਹੈ।

ਸਾਹਿਬ ਦਾ ਬਹੁਤ ਖੂਬਸੂਰਤ ਕੰਧ ਚਿਤ੍ਰ ਅੱਜ ਵੀ ਢੱਠੀ ਹੋਈ ਕੰਧ ਤੇ ਹੈਗਾ। ਪਰ ਇਹ ਤਸਦੀਕ ਨਹੀ ਹੋ ਪਾਇਆ ਕਿ ਇਹ ਕਦੋਂ ਬਣਿਆਂ ਸੀ।



“ਰਾਜ ਬਿਨਾਂ ਨਾਂ ਧਰਮ ਚਲੈ ਹੈ। ਧਰਮ ਬਿਨਾਂ ਸਭ ਦਲੈ ਮਲੈ ਹੈ” ਜਦੋਂ ਪੰਜਾਬ ਵਿਚ ਸਿੱਖਾਂ ਦਾ ਆਪਣਾ ਰਾਜ ਸੀ ਪੰਜਾਬੋਂ ਬਾਹਰ ਵੀ ਸਿੱਖੀ ਦੀ ਕਦਰ ਕੀਤੀ ਜਾਂਦੀ ਸੀ। ਨੇਪਾਲ ਦੇ ਰਾਜੇ ਗਿਰਵਾਨ ਯੁੱਧ ਬਿਕ੍ਰਮ ਸ਼ਾਹ ਨੇ ਸੰਨ 1800 ਈ. ਵਿਚ ਗੁਰੂ ਨਾਨਕ ਮੱਠ ਨੂੰ ਸੈਕੜੇ ਏਕੜ ਜਮੀਨ ਅਲਾਟ ਕੀਤੀ ਸੀ। (ਉਤੈ) ਉਹ ਸ਼ਾਹੀ ਫਰਮਾਨ ਮਹੰਤਾਂ ਨੇ ਅੱਜ ਤਕ ਸਾਂਭਿਆ ਹੋਇਆ ਹੈ।

ਇਤਹਾਸ ਵਿਚ ਇਹ ਵੀ ਆਉਦਾ ਹੈ ਕਿ ਸਾਹਿਬਜਾਦਾ ਸ੍ਰੀ ਚੰਦ ਵੀ ਨੇਪਾਲ ਗਏ ਸਨ। ✚ ਸ੍ਰੀ ਚੰਦ ਦੇ ਨੇਪਾਲ ਜਾਣ ਦਾ ਸਮਾ ਤਾਂ ਹਾਸਲ ਨਹੀ ਹੈ ਪਰ ਉਨ੍ਹਾਂ ਦੀ ਇਥੇ ਆਮਦ ਨਾਲ ਉਦਾਸੀ ਮੱਠ ਵੀ ਖੜਾ ਹੋ ਗਿਆ। ਨੇਪਾਲ ਵਿਚ ਸਿੱਖੀ ਨੂੰ ਗੁਰੂ ਸਾਹਿਬ ਪੱਕੇ ਪੈਰੀਂ ਖੜਾ ਕਰਕੇ ਗਏ ਸਨ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਉਦਾਸੀ ਮੱਠ ਬਣਨ ਤੋਂ ਬਾਦ ਕਿਸੇ ਵੇਲੇ ਇਥੇ ਨਿਰਮਲੇ ਸਾਧਾਂ ਨੇ ਵੀ ਧਰਮਸਾਲ ਬਣਾ ਲਈ। ਪ੍ਰਦੇਸਾਂ ਵਿਚ ਲਾਈ ਇਸ ਬਗੀਚੀ ਨੂੰ ਗੁਰਸਿੱਖ ਪ੍ਰਚਾਰਕਾਂ ਨੇ ਗਾਹੇ ਬਿਗਾਹੇ ਪਾਣੀ ਨਾਂ ਦਿਤਾ, ਜਿਸ ਕਾਰਨ ਹਜਾਰਾਂ ਗੋਰਖੇ ਪ੍ਰਵਾਰ ਜੋ ਸਿੱਖੀ ਨਾਲ ਜੁੜੇ ਸਨ ਹੌਲੀ ਹੌਲੀ ਸਿੱਖੀ ਤੋਂ ਟੁੱਟ ਗਏ। ਕਿਉਕਿ ਇਨਾਂ ਮੱਠਾਂ ਨਾਲ ਜਮੀਨਾਂ ਜਾਇਦਾਦਾਂ ਲੱਗੀਆਂ ਸਨ, ਕੁਝ ਇਕ ਮਹੰਤ ਤਾਂ ਜਰੂਰ ਸਿੱਖੀ ਨਾਲ ਜੁੜੇ ਰਹੇ। ਅੱਜ ਵੀ ਕਾਠਮੰਡੂ ਵਿਚ ਪੰਜ ਸਿੱਖ ਇਤਹਾਸਿਕ ਧਰਮਸਾਲ ਨੇ ਜਿੰਨਾਂ ਨੂੰ ਮੱਠ ਹੀ ਸੱਦਿਆ ਜਾਂਦਾ ਹੈ ਕਿਉਕਿ ਜੋਗੀ ਲੋਕਾਂ ਦੀ ਧਰਮਸਾਲ ਮੱਠ ਜਾਂ ਆਸਣ ਹੀ ਕਹਾਉਦੀ ਹੈ।

ਜੋ ਮੱਠ ਅੱਜ ਤਕ ਮੌਜੂਦ ਹਨ ਉਹਨਾਂ ਦੇ ਨਾਂ ਇਸ ਪ੍ਰਕਾਰ ਹਨ:

1. ਗੁਰੂ ਨਾਨਕ ਮੱਠ ਨੇੜੇ ਬਿਸ਼ਨੂਮਤੀ ਪੁਲ, ਨੇੜੇ ਪਸ਼ੂਪਤੀਨਾਥ ਮੰਦਰ, ਕਾਠਮੰਡੂ। . 100 ਵਿਘਾ ਜਮੀਨ ਹੁੰਦੀ ਸੀ। ਹੁਣ ਸਿਰਫ 4 ਵਿਘੇ ਬਚੀ ਹੈ।

2. ਨਾਨਕ ਮੱਠ, ਮੰਦਰ ਸੋਭਾ ਭਾਗਵਤੀ, ਕਾਠਮੰਡੂ। 25 ਵਿਘੇ ਜਮੀਨ ਸੀ। ਇਥੇ ਹੀ ਗੁਰੂ ਸਾਹਿਬ ਦੀ ਚਰਨ ਪਾਦੁਕਾ ਮੌਜੂਦ ਹੈ। ਇਥੇ ਹੀ ਮੰਜੀ ਸਾਹਿਬ ਭਾਵ ਥੜਾ ਮੌਜੂਦ ਹੁੰਦਾ ਸੀ ਜਿਥੇ ਗੁਰੂ ਸਾਹਿਬ ਬਿਰਾਜੇ ਸਨ। ਚਰਨ ਪਾਦੁਕਾ ਦੇ ਲਾਗੇ ਹੀ ਜੋਗੀਆਂ ਦੀ ਸਿੱਧ ਵਾਟਕਾ ਮੌਜੂਦ ਹੈ। ਇਥੇ ਵੱਡਾ ਸਾਰਾ ਟੱਲ ਹੈ ਜਿਸ ਤੇ ਗੁਰਮੁੱਖੀ ਦੇ ਅੱਖਰ ਟੱਲ ਦੀ ਢਲਾਈ 'ਚ ਉਕਰੇ ਪਏ ਹਨ। ਲਿਖਿਆ ਹੈ; '੧ਓਂਸਤਿਗੁਰੁ ਪ੍ਰਸਾਦਿ।" ਮਹੰਤ ਦਾ ਨਾਂ ਰਾਮਦਾਸ ਲਿਖਿਆ ਹੈ ਤੇ ਸਾਲ 1941 ਭਾਵ 1884 ਈ.

3. ਗੁਰਦੁਆਰਾ ਥਾਪਾਥਲੀ। ਨਦੀ ਦੇ ਲਾਗੇ । ਜਮੀਨ 50 ਵਿਘੇ ਸੀ। ਹੁਣ ਥੋੜੀ ਹੀ ਬਚੀ ਹੈ। ਖੂਹ ਦੀ ਮਣ ਤੇ ਗੁਰਮੁੱਖੀ ਵਿਚ ਮੂਲ ਮੰਤਰ ਲਿਖਿਆ ਵੀ ਮਿਲਦਾ ਹੈ। ਹੱਥ ਲਿਖਿਤ ਬੀੜਾਂ ਵੀ ਮੌਜੂਦ ਨੇ।

4. ਗੁਆਏਸ਼ਵਰੀ (ਗਿਆਨੇਸ਼ਵਰ) ਮੰਦਰ ਨੇੜੇ - ਇਥੇ ਗੁਰੂ ਸਾਹਿਬ ਨੇ ਮਿੱਠੇ ਜਲ ਦਾ ਚਸ਼ਮਾ ਜਾਰੀ ਕੀਤਾ ਸੀ ਜਿਸ ਦਾ ਲਾਭ ਅੱਜ ਵੀ ਨੇਪਾਲੀ ਉਠਾ ਰਹੇ ਨੇ। ਇਥੇ ਵੀ ਗੁਰੂ ਗ੍ਰੰਥ ਸਾਹਿਬ ਦੇ ਹੱਥ ਲਿਖਿਤ ਸਰੂਪ ਮੌਜੂਦ ਨੇ।

5. ਉਦਾਸੀਨ ਅਖਾੜਾ ਨੇੜੇ ਪਸ਼ੂਪਤੀ ਮੰਦਰ।

50-60 ਸਾਲ ਪਹਿਲਾਂ ਤਕ ਇਥੇ ਕੋਈ 500 ਘਰ ਗੋਰਖੇ ਸਿੱਖਾਂ ਦੇ ਸਨ। ਇਥੋਂ ਦੇ ਮੱਠਾਂ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਕਈ ਬੀੜਾਂ ਮੌਜੂਦ ਸਨ। ਇਕ ਅਜਿਹੀ ਬੀੜ ਵੀ ਹੈਗੀ ਸੀ ਜਿਸ ਵਿਚ ਨੌਵੇ ਪਾਤਸ਼ਾਹ ਦੀ ਬਾਣੀ ਅੰਕਤ ਨਹੀ ਸੀ। ਭਾਵ ਦਸਮ

ਪੈਰ ਸਫ਼ਾ
✚ ਬਾਬਾ ਸ੍ਰੀ ਚੰਦ ਮਹਾਰਾਜ - ਧੰਨਾ ਸਿੰਘ ਰੰਗੀਲਾ
○ https://www.youtube.com/watch?v=r9xhjK21Ia0

ਉਦਾਸੀਨ ਅਖਾੜਾ, ਪਸ਼ੂਪਤੀ ਨਾਥ ਮੰਦਰ ਦੇ ਪਿੱਛੇ

ਪਾਤਸ਼ਾਹ ਦੇ ਆਗਮਨ ਤੋਂ ਪਹਿਲਾਂ ਦੀ ਸੀ। ਇਥੇ ਇਕ ਬਹੁਤ ਹੀ ਖੂਬਸੂਰਤ ਹੱਥ ਲਿਖਤ ਬੀੜ ਸੀ ਜਿਸ ਵਿਚ ਬਾਣੀ ਦੁਆਲੇ ਸੁਨਿਹਰੀ ਵੇਲ ਬਣੀ ਹੋਈ ਸੀ। ਕੋਈ ਸਮੱਗਲਰ ਇਨਾਂ ਭੋਲੇ ਭਾਲੇ ਗੋਰਖੇ ਮਹੰਤਾਂ ਕੋਲੋ ਉਹ ਚਲਾਕੀ ਨਾਲ ਚੁੱਕ ਲੈ ਗਿਆ ਹੈ।

ਗਿਆਨੀ ਗਿਆਨ ਸਿੰਘ ਨੇ ਅੱਜ ਤੋਂ ਸਦੀ ਪਹਿਲਾਂ ਲਿਖਿਆ ਹੈ ਕਿ ਪੰਡਤ ਨਰੈਣ ਸਿੰਘ ਨਿਰਮਲੇ ਸੰਤ ਨੇ ਇਥੋਂ ਦੇ ਰਾਜੇ ਸਮੇਤ ਅਨੇਕਾਂ ਲੋਕਾਂ ਨੂੰ ਗੁਰਮੱਤ ਦੇ ਦਾਇਰੇ ਵਿਚ ਲਿਆ ਰੱਖਿਆ ਹੈ।

ਇਥੋਂ ਦੇ ਰਾਜੇ ਨੇ ਸੰਨ 1800 ਈ. ਵਿਚ ਗੁਰੂ ਨਾਨਕ ਮੱਠ ਨੂੰ ਸੈਕੜੇ ਏਕੜ ਜਮੀਨ ਅਲਾਟ ਕੀਤੀ ਸੀ। ਉਹ ਸ਼ਾਹੀ ਫਰਮਾਨ ਮਹੰਤਾਂ ਨੇ ਅੱਜ ਤਕ ਸਾਂਭਿਆ ਹੋਇਆ ਹੈ।

ਬਦਕਿਸਮਤੀ ਨਾਲ ਇਥੇ ਨੇਪਾਲ ਦੀ ਸੰਗਤ ਵੀ ਪ੍ਰਚਲਤ ਰਵਾਇਤ ਸਾਂਭ ਨਾਂ ਸਕੀ ਕਿ ਕਿਸ ਮਹੀਨੇ-ਸਾਲ ਗੁਰੂ ਸਾਹਿਬ ਇਥੇ ਪਧਾਰੇ ਸਨ। ਬਾਦ ਵਿਚ ਲਿਖੀਆਂ ਗਈਆਂ ਇਤਹਾਸਿਕ ਕਿਤਾਬਾਂ ਨੇ ਰਵਾਇਤ ਤੇ ਅਸਰ ਕਰ ਦਿਤਾ ਜਿਸ ਕਰਕੇ ਲੋਕਾਂ ਵਿਚ ਇਕ ਗਲਤਫਹਿਮੀ ਪਾਈ ਜਾਦੀ ਹੈ ਕਿ ਗੁਰੂ ਸਾਹਿਬ 1515 ਵਿਚ ਇਥੇ ਆਏ ਤੇ ਰਾਜੇ ਦਾ ਰੋਗ ਦੂਰ ਕੀਤਾ ਸੀ ਜਿਸ ਕਰਕੇ ਰਾਜੇ ਜੈ ਜਗਤ ਮੱਲ ਨੇ ਸੈਕੜੇ ਏਕੜ ਜਮੀਨ ਗੁਰੂ

ਗੁਰੂ ਨਾਨਕ ਮੱਠ, ਨੇੜੇ ਪਸ਼ੂਪਤੀ ਮੰਦਰ ਦੀ ਖਸਤਾ ਹਾਲ ਇਮਾਰਤ

ਨਾਨਕ ਮੱਠ ਨੂੰ ਅਲਾਟ ਕਰ ਦਿਤੀ। ਅਖੇ ਮੱਠ ਦੇ ਗੁਰਸਿੱਖ ਜੋਗੀਆਂ ਨੇ ਉਹ ਸ਼ਾਹੀ ਫਰਮਾਨ ਅੱਜ ਤਕ ਸਾਂਭਿਆ ਹੋਇਆ ਹੈ। ਜਦੋਂ ਕਿ ਸੱਚ ਇਹ ਹੈ ਕਿ ਜਮੀਨ ਦਾ ਪੱਟਾ 1800 ਈ. 'ਚ ਜਾਰੀ ਹੋਇਆ ਸੀ। ਉਹ ਵੀ ਉਸ ਵੇਲੇ ਜਦੋਂ ਪੰਜਾਬ ਦੇ ਇਲਾਕਿਆਂ ਵਿਚ ਉਠੀਆਂ ਸਿੱਖ ਮਿਸਲਾਂ ਦੇ ਰਾਜ ਨੇ ਪੂਰੇ ਭਾਰਤੀ ਉਪਮਹਾਂਦੀਪ ਵਿਚ ਮੁਗਲਾਂ ਦੇ ਦੰਦ ਖੱਟ ਕਰਕੇ ਤੇ ਨਿਆਂ ਦੇ ਰਾਜ ਕਰਕੇ ਨਾਮਣਾ ਖੱਟਿਆ ਸੀ ਅਤੇ ਲਹੌਰ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਇਨਸਾਨੀਅਤ ਪੱਖੀ ਹਕੂਮਤ ਖੜੀ ਕਰ ਦਿਤੀ ਸੀ। ਭਾਵ ਕਿ ਇਹ ਗੁਰੂ ਨਾਨਕ ਦੇ ਚਮਤਕਾਰ ਸਦਕਾ ਖੜੀ ਹੋਈ ਰਾਜ ਦੀ ਹੋਂਦ ਦਾ ਹੀ ਕਮਾਲ ਸੀ। ਕਹਿਣ ਤੋਂ ਮਤਲਬ ਜਦੋਂ ਕਿਸੇ ਕੌਮ ਦੀ ਰਾਜਨੀਤਕ ਹਾਲਤ ਸੁਖਾਵੀਂ ਹੁੰਦੀ ਹੈ ਤਾਂ ਗਵਾਂਢੀ ਜਾਂ ਦੂਸਰੇ ਵੀ ਕਦਰ ਕਰਦੇ ਨੇ। ਲਹੌਰ ਵਿਚ ਰਾਜ ਹੋਣ ਕਰਕੇ ਨੇਪਾਲੀ ਰਾਜੇ ਨੇ ਸਿੱਖੀ ਦੀ ਵੱਧ ਕਦਰ ਕੀਤੀ ਸੀ।

ਯਾਦ ਰਹੇ ਗੁਰੂ ਸਾਹਿਬ ਕਦੀ ਵੀ ਲੰਗਰ ਪਾਣੀ ਛੱਕਣ ਤੋਂ

ਰਘਬੀਰ ਸਿੰਘ ਖਡੂਰ ਸਾਹਿਬ ਥਾਪਾਥਲੀ ਗੁਰਦੁਆਰੇ ਦੀ ਹਾਲਤ ਬਿਆਨ ਕਰ ਰਹੇ ਹਨ ਕਿ ਓਤੇ ਪਈ ਟਿਨ ਦੀ ਛੱਤ ਵਿਚ ਮਘੋਰੇ ਹੋਏ ਪਏ ਨੇ। ਐਨ ਇਹੋ ਹਾਲ ਹੈ ਕਾਠਮੰਡੂ ਦੇ ਬਾਕੀ ਸਿੱਖ ਸਥਾਨਾਂ ਦੀਆਂ ਇਮਾਰਤਾਂ ਦਾ। ਸ.ਸ.ਮਾਨ ਦਲ ਦੇ ਕਾਰਕੁੰਨ ਰਘਬੀਰ ਆਪਣੇ ਵੀਡਿਓ ਵਿਚ ਨੇਪਾਲ ਦੇ ਸਹਿਜਧਾਰੀ ਸਿੱਖਾਂ ਖਿਲਾਫ ਨਫਰਤ ਵੀ ਉਗਲਦੇ ਹਨ। ਜਿੰਨਾਂ ਨੇ ਸਦੀਆਂ ਤਕ ਸਿੱਖੀ ਦੀਆਂ ਇਹ ਨਿਸ਼ਾਨੀਆਂ ਸਾਂਭ ਰੱਖੀਆਂ ਹਨ। ਸੂਝਵਾਨ ਸਿੱਖ ਮਾਨ ਦਲ ਦਾ ਕੱਟੜਪੰਥੀ ਵਰਤਾਰਾ ਵੀ ਸਮਝਣ ਦੀ ਕੋਸ਼ਿਸ਼ ਕਰਨ।

ਇਲਾਵਾ ਕੋਈ ਭੇਟ ਸਵੀਕਾਰ ਨਹੀ ਸੀ ਕਰਿਆ ਕਰਦੇ। ਇਤਹਾਸ ਗਵਾਹ ਹੈ ਕਿ ਉਹਨਾਂ ਨੇ ਥਾਂ ਥਾਂ ਰਾਜਿਆਂ ਜਾਂ ਅਮੀਰਾਂ, ਸ਼ਾਹਾਂ ਅਤੇ ਸੁਦਾਗਰਾਂ ਦੀਆਂ ਭੇਟਾਵਾਂ ਬੜੀ ਹਲੀਮੀ ਨਾਲ ਠੁਕਰਾਈਆਂ ਸਨ। ਹਾਂ ਕਿਤੇ ਕਿਤੇ ਰਾਜੇ ਉਹਨਾਂ ਦਾ ਟਾਂਗੇ ਜਾਂ ਬੇੜੇ (ਜਹਾਜ) ਆਦਿ ਦਾ ਕਰਾਇਆ ਜਰੂਰ ਭਰ ਦਿਆ ਕਰਦੇ ਸਨ। ਸਾਨੂੰ ਉਹ ਫੁਰਮਾਨ ਵੇਖਣ ਦਾ ਮੌਕਾ ਮਿਲਿਆ ਹੈ। ਜਿਸ ਵਿਚ ਬੜਾ ਸਾਫ ਸਾਫ ਲਿਖਿਆ ਹੈ ਕਿ ਗੁਰੂ ਨਾਨਕ ਮੱਠ ਦੀ ਬਖਸ਼ਸ਼ ਸਦਕਾ ਰਾਜੇ ਦਾ ਰੋਗ ਦੂਰ ਹੋਇਆ ਅਤੇ ਰਾਜੇ ਨੇ ਖੁਸ਼ ਹੋ ਕੇ ਜਮੀਨ ਦਾ ਪੱਟਾ ਲਿਖ ਦਿੱਤਾ ਹੈ। ਰਾਜੇ ਦਾ ਨਾਂ ਮਹਾਰਾਜਾ ਗਿਰਵਾਨ ਯੋਧਾ ਬਿਕਰਮ ਸ਼ਾਹ ਹੈ। ਤਾਰੀਕ ਪੋਹ ਸੁਦੀ 5, ਸੰਨ 1857 ਸੰਮਤ ਭਾਵ ਈਸਵੀ ਸੰਨ 1800 ਬਣਦਾ

ਹੈ। (ਉਸ ਫਰਮਾਨ ਦੀ ਫੋਟੋ ਪਿੱਛੇ ਸਫਾ 140 ਤੇ ਹੈ।)

ਲਲਿਤਪੁਰ ਤੋਂ ਹੀ ਬਣਿਆ ਹੈ ਜਨਮਸਾਖੀਆਂ ਦਾ ਅਲਾਲਾਚੀਨ

ਕਾਂਠਮੰਡੂ ਤੋਂ 8 ਕਿ. ਮੀ ਹੇਠਾਂ, ਅੱਜ ਲਲਿਤਪੁਰ ਵੀ ਇਕ ਤਰਾਂ ਨਾਲ ਕਾਠਮੰਡੂ ਦਾ ਹਿੱਸਾ ਹੀ ਬਣ ਚੁੱਕਾ ਹੈ। ਪਰ ਪਹਿਲਾਂ ਇਹਦੀ ਆਪਣੀ ਵੱਖਰੀ ਹੋਂਦ ਸੀ। ਇਹ ਤਾਂ ਕਾਠਮੰਡੂ ਤੋਂ ਵੀ ਪੁਰਾਣਾ ਨਗਰ ਹੈ। ਪਰ ਪ੍ਰਸਿੱਧ ਮੰਦਰ ਕਾਠਮੰਡੂ ਹੋਣ ਕਰਕੇ ਉਹਦਾ ਨਾਂ ਜਿਆਦਾ ਚਲ ਪਿਆ ਹੈ। ਕੁਦਰਤੀ ਆ, ਗੁਰੂ ਸਾਹਿਬ ਲਲਿਤਪੁਰ ਆਏ। ਇਹਦਾ ਨਾਂ ਪਾਟਨ ਵੀ ਚਲਦਾ ਰਿਹਾ ਹੈ। ਗੁਰੂ ਸਾਹਿਬ ਵੇਲੇ ਲਲਿਤਪੁਰ ਇਲਾਕੇ ਜਾਂ ਇਹ ਕਹਿ ਲਓ ਕਾਠਮੰਡੂ ਘਾਟੀ ਨੂੰ ਓਨੀ ਦਿਨੀ ਯਲ ਜਾਂ ਯਾਲਾ ਕਿਹਾ ਜਾਂਦਾ ਸੀ। ਹਿੰਦੁਸਤਾਨੀ ਲੋਕ ਤਿੱਬਤ, ਸਿੱਕਮ, ਭੂਟਾਨ, ਨੇਪਾਲ ਜਿਹੇ ਬੋਧੀ ਹਿੱਸਿਆਂ ਨੂੰ ਚੀਨ ਹੀ ਗਿਣਦੇ ਸਨ। ਫਿਰ ਨੇਪਾਲ ਵਿਚ ਵੀ ਬੋਧੀਮਤ ਗੁਰੂ ਸਾਹਿਬ ਦੇ ਵੇਲੇ ਪੂਰਾ ਪ੍ਰਚੰਡ ਸੀ। ਨਾਲੇ ਜੋਗੀਆਂ ਦਾ ਮਛਿੰਦਰ ਨਾਥ ਵੀ ਇਥੋਂ ਦਾ ਹੀ ਦੱਸਿਆ ਗਿਆ ਹੈ। ਇਸ ਕਰਕੇ ਜੋਗਮਤ ਵਾਸਤੇ ਯਾਲਾ ਦੀ ਅਹਿਮੀਅਤ ਹੋਰ ਵੀ ਜਿਆਦਾ ਸੀ। ਸੋ ਭਾਰਤੀਆਂ ਲਈ ਨੇਪਾਲ ਉਹਨੀ ਦਿਨੀ ਯਾਲਾਚੀਨ ਕਹਾਇਆ। ਇਸ ਕਰਕੇ ਯਾਲਾ ਜਾਂ ਆਲਾ ਹੀ ਹੋ ਸਕਦਾ ਹੈ ਅਲਾਲਾਚੀਨ। ◉

ਯਾਲਾ ਦੀ ਮੂਰਤੀ ਕਲਾ ਉਹਨੀ ਦਿਨੀ ਸਿਖਰ ਤੇ ਸੀ।

ਨੇਪਾਲ ਤੋਂ ਵਾਪਸੀ

ਇਕ ਨਿਰੰਕਾਰ ਸਰਬਵਿਆਪਕ ਦੇ ਸਤਿਨਾਮ ਦਾ ਪ੍ਰਚਾਰ ਕਰਦੇ ਹੋਏ ਸਾਹਿਬ ਫਿਰ ਪਾਟਨ ਅਤੇ ਭਕਤਪੁਰ ਹੁੰਦੇ ਹੋਏ ਅਤੇ ਰਸਤੇ ਦੇ ਹੋਰ ਨਗਰਾਂ ਦੇ ਵਸਨੀਕਾਂ ਦਾ ਉਧਾਰ ਕਰਦੇ ਹੋਏ ਫਿਰ ਮਿਥਲਾ ਇਲਾਕੇ ਵਿਚ ਦਾਖਲ ਹੋਏ ਤੇ ਜਿਥੇ ਅੱਜ ਜਨਕਪੁਰ ਹੈ ਉਸ ਤੋਂ ਉਤਾਂਹ ਪਹਾੜ ਪਾਸੇ ਜੋਗੀਆਂ ਦੇ ਮੱਠ ਸਨ ਉਹਨਾਂ ਦਾ ਕਲਿਆਣ ਕੀਤਾ।

ਭਾਵ ਜਨਕਪੁਰ ਰਾਜਬਿਰਾਜ ਅਤੇ ਬਿਰਾਟਨਗਰ ਦਾ ਪਹਾੜ ਪਾਸਾ ਗਾਹਿਆ। ਜਨਕਪੁਰ ਜਿਆਦਾ ਪੁਰਾਣਾ ਸ਼ਹਿਰ ਤਾਂ ਨਹੀ ਹੈ। ◘ ਰਾਜੇ ਜਨਕ ਦੇ ਮੂਲ ਸ਼ਹਿਰ ਦਾ ਤਾਂ ਕੋਈ ਅਤਾ ਪਤਾ ਨਹੀ ਲਗਦਾ। ਉਂਜ ਵੀ ਇਹ ਸਭ ਮਿਥਿਹਾਸ ਹੀ ਗਿਣਿਆ ਜਾਂਦਾ ਹੈ। ਯਾਦ ਰਹੇ ਹਿੰਦੂ ਮਿਥਹਾਸ ਦੀ ਸੀਤਾ ਇਥੇ ਹੀ ਰਾਜਾ ਜਨਕ ਨੂੰ ਹਲ ਵਾਹੁਦਿਆਂ ਸਿਆੜ ਵਿਚੋਂ ਮਿਲੀ ਸੀ। ਰਾਜੇ ਨੇ ਉਹਨੂੰ ਆਪਣੀ ਧੀ ਵਾਗੂ ਪਾਲਿਆ ਅਤੇ ਉਹਦੇ ਜਵਾਨ ਹੋਣ ਤੇ ਸ਼ਰਤ ਰੱਖ ਦਿਤੀ ਸੀ ਕਿ ਸੀਤਾ ਦਾ ਵਿਆਹ ਉਹਦੇ ਨਾਲ ਹੋਵੇਗਾ ਜੋ ਸੀਤਾ ਦਾ ਧਣਖ ਚੁੱਕ ਸਕੇਗਾ। ਓਦੋਂ ਫਿਰ ਅਯੁਧਿਆ ਨਗਰੀ ਦੇ ਰਾਜਕੁਮਾਰ ਰਾਮ ਨੇ ਉਹ ਧਣਖ ਬਾਣ ਚੁੱਕਿਆ ਸੀ। ਮਿਥਿਲਾ ਦੇ ਰਾਜਿਆਂ ਨੂੰ ਜਨਕ ਰਾਜੇ ਕਿਹਾ ਜਾਂਦਾ ਸੀ। ਅੱਜ ਮਿਥਿਲਾ ਦਾ ਕੁਝ ਇਲਾਕਾ ਨੇਪਾਲ ਵਿਚ ਤੇ ਬਾਕੀ ਬਿਹਾਰ ਅਤੇ ਯੂ ਪੀ ਵਿਚ ਪੈਂਦਾ ਹੈ। ਹਾਲਾਂ ਪੁਰਨੀਆ ਅਤੇ ਸੀਤਾਮੜੀ ਪੁਰਾਣੇ ਸ਼ਹਿਰ ਨੇ ਜਨਕਪੁਰ ਸਹਿਰ ਦੀ ਨੀਂਹ 200 ਸਾਲ ਪਹਿਲਾਂ ਹੀ ਰੱਖੀ ਗਈ ਸੀ ਕਿਉਕਿ ਇਥੋਂ ਸੋਨੇ ਦੀ ਜਨਾਨਾ ਮੂਰਤੀ ਨਿਕਲੀ ਸੀ ਜਿਸ ਨੂੰ

ਨਾਨਕ ਮੱਠ, ਮੰਦਰ ਸੋਭਾ ਭਾਗਵਤੀ, ਕਾਠਮੰਡੂ ਦੇ ਲਾਗੇ ਮੌਜੂਦ ਸਿੱਧ ਵਾਟਿਕਾ ਤੇ ਲਮਕਦਾ 1884 ਈ. ਦਾ ਟੱਲ ਜਿਸ ਤੇ ਗੁਰਮੁਖੀ ਦੇ ਅੱਖਰ ਢਲੇ ਹੋਏ ਹਨ।

ਮੰਨ ਲਿਆ ਗਿਆ ਸੀ ਕਿ ਇਹ ਸੀਤਾ ਦੀ ਮੂਰਤ ਹੀ ਹੈ।

ਇਸ ਇਲਾਕੇ ਦੇ ਸਾਹਿਬ ਦੇ ਪ੍ਰਚਾਰ ਬਾਬਤ ਗਿਆਨੀ ਨੇ ਲਿਖਿਆ ਹੈ:

"ਜਨਕਪੁਰ। ਇਥੋਂ ਦੇ ਲੋਕਾਂ ਨੂੰ ਪੱਥਰ ਦੇ ਬਣੇ ਧਨੁੱਖ ਬਾਣ ਦੀ ਪੂਜਾ ਕਰਨੋਂ ਵਰਜਿਆ। ਪੰਡਿਆਂ ਨੇ ਗਲ ਬਣਾਈ ਹੋਈ ਸੀ ਕਿ ਇਹ ਭਗਵਾਨ ਰਾਮ ਦਾ ਧਨੁਖ ਬਾਣ ਹੈ। "

ਚਤਰੇ

"ਚਤਰੇ ਨਗਰ ਜਾ ਠਹਿਰੇ। ਜਿਥੇ ਰਿਆਸਤ ਨੈਪਾਲ ਵੱਲੋ ਇਕ ਲੱਖ ਦੀ ਜਾਗੀਰ ਹੁਣ ਭੀ ਗੁਸਾਈਂ ਫਕੀਰਾਂ ਨੂੰ ਮਿਲਦੀ ਹੈ।" (ਨੇਪਾਲੀ ਸਿੱਖਾਂ ਨਾਲ ਗੱਲ ਬਾਤ ਕਰਨ ਤੇ ਪਤਾ ਲੱਗਾ ਹੈ ਕਿ ਇਹ ਮੱਠ ਅੱਜ ਤਕ ਮੌਜੂਦ ਹਨ। ਪਰ ਸੱਜਣ ਸਹੀ ਪਤਾ ਨਹੀ ਦੱਸ ਪਾਏ। ਇਸ ਥਾਂ ਨੂੰ ਅਸੀ ਅੱਜ ਦੇ ਹਾਲਾਤਾਂ ਮੁਤਾਬਿਕ ਜੋ ਪਛਾਣਿਆ ਹੈ ਉਹ ਪਿੰਡ ਚਤਾਰੀ (ਨਕਸ਼ਾ ਸੂਚਕ 26.725280, 86.182359) ਹੈ ਜੋ ਕਮਲਾ ਦਰਿਆ ਦੇ ਪੂਰਬੀ ਕੰਢੇ ਤੇ ਜਨਕਪੁਰ ਤੋਂ ਐਨ ਪੂਰਬ ਪਾਸੇ ਨੱਕ ਦੀ ਸੇਧ ਤੇ 25 ਕਿ. ਮੀ ਹੈ। ਸੜਕ ਰਾਂਹੀ ਜਾਣ ਲਈ ਜਨਕਪੁਰ ਤੋਂ ਉੱਤਰ ਛਿਰੇਛਵਰਨਾਥ ਤੇ ਫਿਰ ਪੂਰਬ ਮਿਰਚਈਆ ਤੇ ਫਿਰ ਹੇਠਾਂ ਪੱਛਮ ਵਲ ਚੰਦਰ ਅਯੋਧਿਆ ਪੁਰ ਤੋਂ ਚਤਾਰੀ।

ਇਥੇ ਇਸ ਵੇਲੇ ਵੀ ਤਿੰਨ ਮੱਠ ਮੌਜੂਦ ਹਨ: 1.ਧੂਣੀਆ ਮੱਠ, 2. ਤਕੀਆ ਮੱਠ ਅਤੇ 3. ਭੇੜੀਆ ਮੱਠ। ◆ "ਚਤਰੇ ਤੋਂ ਤਿੰਨ ਕੋਹ ਉਰੇ ਬਣਖੰਡੀ ਦੇ ਤਪ ਕਰਨ ਦੀ ਜਗਾ ਖਾਤਾ ਸਾਹਿਬ ਕਰਕੇ ਮਸ਼ਹੂਰ ਹੈ। ਇਥੇ ਤਿੰਨ ਪਿੰਡ ਨੈਪਾਲ ਸਰਕਾਰ ਵਲੋ ਮਿਲੇ ਹੋਏ ਹਨ। ਇੱਕ ਵਾਰੀ ਮਹੰਤੀ ਪਿਛੇ ਝਗੜਾ ਹੋਇਆ, ਖੂਨ ਹੋਏ, ਇਸ ਕਰਕੇ ਹੁਣ ਇੱਕ ਲਕੜਾ ਗੱਡ ਕੇ ਉਸਦਾ ਨਾਂ ਮੋਹਨ ਦਾਸ ਮਹੰਤ ਰਖ ਛੱਡਿਆ ਹੈ ਤੇ ਕਾਰ ਬਾਰ ਸਾਧੂ ਕਰਦੇ ਹਨ। ਚਤਰੇ ਤੋਂ 6 ਕੋਹ ਇੱਕ ਧੂਣੀ ਭੀ ਵਣਖੰਡੀ ਦੀ ਹੈ ਜਿਸ

ਪੈਰ ਸਫਾ

◉ ਦਲਵਿੰਦਰ ਗੋਵਾਲ ਦਾ ਮੰਨਣਾ ਹੈ ਕਿ ਅਲਲਾਚੀਨ ਨਾਮ ਸਿੱਕਮ ਵਿਚ ਮੌਜੂਦ ਕਸਬਾ ਲਾਚੇਨ ਕਰਕੇ ਹੈ। ਜਦੋਂ ਕਿ ਸਚਾਈ ਇਹ ਹੈ ਕਿ ਲਾਚੇਨ ਕਸਬਾ ਬਹੁਤ ਹੀ ਮਾਮੂਲੀ ਹੈ ਤੇ ਇਤਹਾਸਿਕ ਤੌਰ ਤੇ ਮਹੱਤਤਾ ਨਹੀ ਰੱਖਦਾ। ਨਾਂ ਹੀ ਲਾਚੇਨ ਨਾਂ ਦੇ ਦਰੇ ਦੀ ਪੰਜਾਬੀਆਂ ਅਤੇ ਹਿੰਦੁਸਤਾਨੀਆਂ ਲਈ 500 ਸਾਲ ਪਹਿਲਾਂ ਕੋਈ ਪ੍ਰਸੰਗਕਤਾ ਸੀ ਨਾਂ ਹੀ ਉਹਨਾਂ ਇਹ ਨਾਂ ਪਹਿਲਾਂ ਸੁਣਿਆ ਸੀ।(ਬਾਲਾ- 237 ਨੇ ਅਲਾਲ ਚੀਨ ਨਾਂ ਦਾ ਪੈਛੀ ਵੀ ਲਿਖਿਆ ਹੈ।) ◆ ਇਸ ਪਤੇ ਦੀ ਤਸਦੀਕ ਹੋਣੀ ਬਾਕੀ ਹੈ।

ਨਾਲ ਸੱਤ ਪਿੰਡ ਜਾਗੀਰ ਦੇ ਹਨ ਤੇ ਮਕਾਨ ਭੀ ਵੱਡਾ ਭਾਰੀ ਹੈ ਉਸ ਧੂਣੀ ਨੂੰ। ਉਥੇ ਇਕ ਨਾਲੇ ਨੂੰ ਫਾਹੁੜੀ ਗੰਗਾ ਅਤੇ ਚਸ਼ਮੇ ਨੂੰ ਕਰਮੰਡਲ ਚਸ਼ਮਾ ਬੋਲਦੇ ਹਨ। ਨੇਪਾਲ ਵਾਲੇ ਰਾਜੇ ਦਾ ਸਿੱਧ ਜਿਸ ਦਾ ਨਾਮ ਔਲੀਆ ਸੀ, ਉਸ ਨੇ ਵੀ ਬਾਬੇ ਕੋਲ ਆ ਕੇ ਬੜੇ ਪ੍ਰਸ਼ਨ ਉੱਤਰ ਕੀਤੇ ਅਤੇ ਅਖੀਰ ਤੇ ਉਹ ਵੀ ਚਰਨੀ ਲੱਗਾ।''

ਇਥੋਂ ਭਾਵ ਜਨਕਪੁਰ ਦੇ ਇਲਾਕੇ ਤੋਂ ਫਿਰ ਸਾਹਿਬ ਪੂਰਬ ਵਲ ਨੂੰ ਹੁੰਦੇ ਹਨ।

ਵਿਸ਼ਨੂੰ ਭਗਵਾਨ ਦਾ ਵਰਾਹ ਅਰਥਾਤ ਸੂਰ ਅਵਤਾਰ। ਪਰ ਇਹ ਵਿਸ਼ਾਲ ਮੂਰਤੀਆਂ ਸਾਗਰ ਐਮ ਪੀ (ਖੱਬੇ)ਅਤੇ ਉੜੀਸਾ (ਸੱਜੀ) ਤੋਂ।



ਵਰਾਹਖੇਤਰ

''ਬ੍ਰਾਹਖੇਤਰ - ਚਤਰੇ ਤੋ ਚਲ ਫਿਰ ਕੇ ਬਰਾਹਿ ਛੇਤ੍ਰ ਪਰ ਜਾ ਠਹਿਰੇ। ਬਰਾਹ ਕਸ਼ੇਤਰਾ (ਨਕਸ਼ਾ ਸੂਚਕ 26.827903, 87.171813, ਜਿਲਾ ਸੁੰਨਸਾਰੀ, ਨੇਪਾਲ- ਕੋਸੀ ਨਦੀ ਦਾ ਪੂਰਬੀ ਕੰਢਾ।) ਪਹੁੰਚੇ। ਇਹ ਵੀ ਉਹਨੀ ਦਿਨੀ ਹਿੰਦੂਮਤ ਦਾ ਪ੍ਰਮੁਖ ਸਥਾਨ ਸੀ। "

ਸਿਰਫ ਏਨਾ ਹੀ ਨਹੀ ਇਸ ਦਾ ਜਿਕਰ ਹਿੰਦੂਆਂ ਦੇ ਪ੍ਰਸਿੱਧ ਸਾਸ਼ਤਰ ਬ੍ਰਹਮ ਪੁਰਾਣ, ਵਰਾਹ ਪੁਰਾਣ, ਸਿਕੰਦ ਪੁਰਾਣ ਅਤੇ ਮਹਾਂ ਭਾਰਤ ਵਿਚ ਵੀ ਮਿਲਦਾ ਹੈ। ਇਥੇ ਵਿਸ਼ਨੂੰ ਦੇ ਦਸ ਅਵਤਾਰਾਂ ਵਿਚੋਂ ਜਿਹੜਾ ਬਰਾਹ ਜਾਂ ਵਰਾਹ ਭਾਵ ਸੂਰ ਅਵਤਾਰ ਹੈ ਉਹ ਪੂਜਿਆ ਜਾਂਦਾ ਹੈ। ਭੂਚਾਲ ਵਿਚ ਪੁਰਾਣਾ ਮੰਦਰ ਤਾਂ ਢਹਿ ਚੁੱਕਾ ਹੈ। ਕਿਸੇ ਵੇਲੇ ਇਥੋਂ 1500 ਸਾਲ ਪੁਰਾਣੀਆਂ ਮੂਰਤੀਆਂ ਨਿਕਲੀਆਂ ਸਨ।

ਗੁਰੂ ਜੀ ਨੇ ਇਥੇ ਪੁਜਾਰੀਆਂ ਨੂੰ ਸੱਚ ਦਾ ਗਿਆਨ ਦਿਤਾ ਤੇ ਸਮਝਾਇਆ ਉਸ ਅਕਾਲ ਪੁਰਖ ਨੂੰ ਪੂਜੋ ਜਿਸ ਨੇ ਵਿਸ਼ਨੂੰ ਜਾਂ ਵਰਾਹ ਜਿਹੇ ਅਵਤਾਰ ਪੈਦਾ ਕੀਤੇ।

ਸਿੱਕਮ ਅਤੇ ਭੂਟਾਨ ਦੀ ਉਦਾਸੀ

ਬਦਕਿਸਮਤੀ ਨਾਲ ਜਨਮ ਸਾਖੀਆਂ ਵਿਚ ਗੁਰੂ ਸਾਹਿਬ ਦੀ ਨੇਪਾਲ, ਸਿੱਕਮ, ਭੂਟਾਨ ਆਮਦ ਬਾਰੇ ਸਾਫ ਜਿਕਰ ਨਹੀ ਮਿਲਦਾ । ਇਕ ਸਾਖੀ ਮਿਲਦੀ ਹੈ, 'ਸਾਖੀ ਭੂਟੰਤ ਦੇਸ ਕੀ ਚਲੀ'। ਅਜੋਕੇ ਸਭ ਲਿਖਾਰੀ ਉਨ੍ਹੂੰ ਭੂਟਾਨ ਨਾਲ ਹੋਣਾ ਮੰਨਦੇ ਪਰ ਇਹ ਕੁਲੂ ਲਾਗਲੇ ਭੂੰਤਰ ਜਾਂ ਭੁਟੰਤਰ ਬਾਬਤ ਹੈ। (ਦੇਖੋ ਸਫਾ 303)

ਜਿਵੇ ਅਸੀ ਪਿਛੇ ਬਾਰ ਬਾਰ ਦੱਸਦੇ ਆ ਰਹੇ ਹਾਂ ਗੁਰੂ ਜੀ ਦਾ ਨਿਸ਼ਾਨਾ ਕੋਈ ਧਾਰਮਿਕ ਸਥਾਨ ਹੁੰਦਾ ਸੀ ਜਿਥੇ ਸਾਧੂ ਸੰਤਾਂ ਦਾ ਸਮੂਹ ਹੋਵੇ। ਯਾਦ ਰਹੇ ਉਹ ਸੈਰ ਜਾਂ ਤਫਰੀ ਨਹੀ ਸਨ ਕਰ ਰਹੇ ਜਿਵੇ ਗਿਆਨੀ ਜੀ ਨੇ ਲਿਖਿਆ। ਉਹਨਾਂ ਦਾ ਮਿਸ਼ਨ ਸੀ ਲੋਕਾਈ ਨੂੰ ਇਕ ਨਿਰੰਕਾਰ ਦਾ ਗਿਆਨ ਕਰਾਉਣਾ ਅਤੇ ਊਲ ਜਲੂਲ ਦੀਆਂ ਪੂਜਾ ਪ੍ਰਨਾਲੀਆਂ ਤੋਂ ਹਟਾਉਣਾ। ਸਿੱਕਮ ਭੂਟਾਨ ਦੇ ਦੁਰਗਮ ਪਹਾੜੀ ਖੇਤਰਾਂ ਵਿਚ ਕਬੀਲਿਆ ਦਾ ਰਾਜ ਸੀ। ਕਿਤੇ ਕਿਤੇ ਬੋਧੀ ਮੱਠ ਸਨ। ਅਬਾਦੀ ਬਹੁਤ ਹੀ ਘੱਟ ਸੀ। ਇਲਾਕੇ ਦੀ ਬੋਲੀ ਵੀ ਭਾਰਤੀ ਬੋਲੀਆਂ ਤੋਂ ਚੋਖੀ ਵੱਖਰੀ ਤੇ ਤਿਬਤੀ ਭਾਸ਼ਾ ਨਾਲ ਥੋੜਾ ਮੇਲ ਖਾਂਦੀ ਹੈ।

ਕਿਉਕਿ ਨੇਪਾਲ ਵਿਚ ਗੁਰੂ ਸਾਹਿਬ ਦੀ ਆਮਦ ਬਾਰੇ ਸਭ ਤੋਂ ਪਹਿਲਾ ਜਿਕਰ ਗਿਆਨੀ ਜੀ ਨੇ ਹੀ ਕੀਤਾ ਹੈ ਅਤੇ ਗਿਆਨੀ ਜੀ ਹੀ ਗੁਰੂ ਸਾਹਿਬ ਦਾ ਭੂਟਾਨ ਅਤੇ ਸਿੱਕਮ ਵੀ ਜਾਣਾ ਲਿਖਦੇ ਹਨ। ◈ ✚

ਗਿਆਨੀ ਜੀ ਅਨੁਸਾਰ ਗੁਰੂ ਸਾਹਿਬ ਧੁਮਰਾ (ਬਿਰਾਟ ਨਗਰ) ਤੋਂ ਪੂਰਬ ਸਿਲੀਗੁੜੀ ਨੂੰ ਜਾਂਦੇ ਨੇ ਤੇ ਜਿਥੇ ਅੱਜ ਦਾਰਜੀਲਿੰਗ ਹੈ ਉਥੇ ਵੀ ਕੋਈ ਮਸ਼ਹੂਰ ਬੋਧੀ ਜਾਂ ਜੋਗੀ ਮੱਠ ਸੀ ਜਿੰਨਾਂ ਨੂੰ ਨਿਰੰਕਾਰ ਦੀ ਅਰਾਧਨਾ ਦਾ ਉਪਦੇਸ਼ ਦੇ ਕੇ ਉਤਾਂਹ ਪਹਾੜਾਂ ਨੂੰ ਚੜ੍ਹਦੇ ਹਨ। ਦਾਰਜੀਲਿੰਗ ਤੋਂ ਕੋਈ 100 ਕਿ. ਮੀ ਦਾ ਪਹਾੜੀ ਪੈਂਡਾ ਤਹਿ ਕਰਕੇ ਗੰਗਟੋਕ ਪਹੁੰਚ ਬੋਧੀਆਂ ਨੂੰ ਨਿਰੰਕਾਰ ਦੀ ਹੋਂਦ ਬਾਰੇ ਦੱਸਦੇ ਨੇ। ਰਸਤੇ ਵਿਚ ਹੋਰ ਜੋ ਧਾਰਮਿਕ ਸਥਾਨ ਸਨ, ਜਾ ਕੇ, ਲੋਕਾਈ ਦਾ ਕਲਿਆਣ ਕਰਦੇ ਹਨ।

ਗੰਗਟੋਕ ਦੇ ਮੱਠਾਂ ਵਿਚ ਉਪਦੇਸ਼ ਕਰਨ ਉਪਰੰਤ ਉੱਤਰ ਦੀ ਯਾਤਰਾ ਜਾਰੀ ਰਖਦੇ ਨੇ।

ਉਂਜ ਇਹ ਤਾਂ ਬੜਾ ਸਾਫ ਹੈ ਕਿ ਸਾਹਿਬ ਨੇ ਸਿੱਕਮ-ਭੂਟਾਨ ਦੇ ਇਲਾਕੇ ਦੇ ਮੁੱਖ ਮੱਠ ਗਾਹੇ ਸਨ। ਮੌਜੂਦਾ ਹਾਲਾਤਾਂ ਤੋਂ ਬਹੁਤ ਪਹਿਲਾਂ ਹੀ ਭਾਵ 18ਵੀ ਅਤੇ 19ਵੀ ਸਦੀ ਵਿਚ ਵੀ ਬੋਧੀ ਲਾਮੇ ਅੰਮ੍ਰਿਤਸਰ ਦੀ ਯਾਤਰਾ ਕਰਦੇ ਆਏ ਹਨ। ਉਹਨਾਂ ਵਿਚੋਂ ਕਈ ਭੋਲਿਆਂ ਦਾ ਇਹ ਵੀ ਸੋਚਣਾ ਸੀ ਕਿ ਗੁਰੂ ਪਦਮਸੰਭਵ (ਰਿਮਪੋਚੇ) ਅਤੇ ਗੁਰੂ ਨਾਨਕ ਇਕ ਹੀ ਗਲ ਹੈ।

ਪਹਾੜ ਚੜ੍ਹਨ ਦੇ ਸ਼ੌਕੀਨ ਕੁਝ ਸਿੱਖ ਜਦੋਂ ਤਿੱਬਤ ਵਿਚ ਗਏ ਤਾਂ ਉਹਨਾਂ ਨੇ ਲਫਜ 'ਨਾਨਕ ਲਾਮਾ' ਓਥੋਂ ਦੇ ਬੋਧੀਆਂ ਦੇ ਮੂੰਹੋ

ਪੈਰ ਸਫਾ

◈ ਪਰ ਗਿਆਨੀ ਜੀ ਦੀ ਗਲਤੀ ਹੈ ਜਿਹੜਾ ਲਿਖਦੇ ਹਨ ਕਿ ਗੁਰੂ ਸਾਹਿਬ ਇਧਰੋਂ ਹੀ ਫਿਰ ਤਿੱਬਤ ਅਤੇ ਹਿਮਾਲੀਆ ਦੇ ਪਰਲੇ ਪਾਸਿਓ ਦੀ ਜਾ ਕੇ ਕੈਲਾਸ਼ ਪਰਬਤ ਪਹੁੰਚਦੇ ਹਨ। ਕਿਉਕਿ ਗਿਆਨੀ ਅਤੇ ਹੋਰ ਲਿਖਾਰੀ ਨੇਪਾਲ ਯਾਤਰਾ ਦੇ ਬਾਦ ਦੂਰ ਪੂਰਬ (ਸਿੰਘਾਪੁਰ ਮਲੇਸ਼ੀਆ) ਦੀ ਯਾਤਰਾ ਤੇ ਜਾਣਾ ਲਿਖ ਦਿੰਦੇ ਹਨ ਅਤੇ ਇਸ ਪ੍ਰਕਾਰ ਆਪਣੀ ਗਲ ਆਪੇ ਹੀ ਕੱਟ ਦਿੰਦੇ ਹਨ। ਇਸ ਕਰਕੇ ਅਸੀ ਉਹਨਾਂ ਇਤਹਾਸਕਾਰਾਂ ਨਾਲ ਸਹਿਮਤ ਹਾਂ ਜਿਹੜੇ ਮੰਨਦੇ ਹਨ ਕਿ ਕੈਲਾਸ਼ ਪਰਬਤ ਦੀ ਯਾਤਰਾ ਗੁਰੂ ਸਾਹਿਬ ਨੇ ਤੀਸਰੀ ਉਦਾਸੀ ਮੌਕੇ ਕੁੱਲੂ ਹਿਮਾਚਲ ਵਾਲੇ ਪਾਸਿਓ ਆ ਕੇ ਕੀਤੀ ਸੀ ਅਤੇ ਓਧਰੋਂ ਹੀ ਵਾਪਸ ਲੇਹ ਸਕਰਦੂ ਨੂੰ ਪਰਤੇ ਸਨ।

✚ ਪਰਬਤ ਆਰੋਹੀ ਕਮਾਂਡਰ ਐਮ ਐਸ ਕੋਹਲੀ (ਸਰੋਤਤ: ਤਿਰਲੋਚਨ)

ਅਤੇ ਕਰਨਲ ਐਨ ਐਸ ਈਸਰ ਸਰੋਤ ਪਪ-329

ਸੁਣਿਆ। ✚

ਕਈ ਸਿੱਖ ਵਿਦਵਾਨ ਗੁਰੂ ਸਾਹਿਬ ਦੀ ਹਿਮਾਲੀਆ ਦੇ ਇਹਨਾਂ ਇਲਾਕਿਆ ਦੀ ਉਦਾਸੀ ਮੰਨਣ ਨੂੰ ਤਿਆਰ ਨਹੀ। ਉਹਨਾਂ ਦਾ ਕਹਿਣਾ ਹੈ ਕਿ ਲਾਮੇ 'ਗੁਰੂ' ਸ਼ਬਦ ਆਪਣੇ 8ਵੀ ਸਦੀ ਦੇ ਮਹਾਨ ਬੋਧੀ ਪ੍ਰਚਾਰਕ ਰਿਮਪੋਚੇ ਵਾਸਤੇ ਵਰਤਦੇ ਹਨ। ਦੂਸਰੇ ਪਾਸੇ ਇਹ ਵੀ ਸੱਚ ਹੈ ਕਿ ਬੋਧੀ ਮੰਨਦੇ ਹਨ ਕਿ ਰਿਮਪੋਚੇ ਮੂਲ ਵਿਚ ਗੰਧਾਰ ਦੇਸ (ਰਾਵਲਪਿੰਡੀ ਇਲਾਕਾ) ਦਾ ਰਹਿਣ ਵਾਲਾ ਸੀ। ਪਰ ਫਿਰ ਵੀ ਲਾਮੇ ਬੋਧੀਆਂ ਦੇ ਮਨਾਂ ਵਿਚ ਅੰਮ੍ਰਿਤਸਰ ਬੈਠਣਾ ਸਾਫ ਸਬੂਤ ਹੈ ਕਿ ਗੁਰੂ ਨਾਨਕ ਦਾ ਸਬੰਧ ਇਸ ਇਲਾਕੇ ਨਾਲ ਹੈਗਾ। ਨਾਲੇ ਕੁਝ ਸਿੱਖ ਫੌਜੀਆਂ ਨੇ ਲਾਮਿਆਂ ਦੇ ਮੂੰਹੋ ਲਫਜ ਨਾਨਕ ਲਾਮਾ ਵੀ ਸੁਣਿਐ ਹੈ। ✚

ਗੁਰੂ ਸ਼ਬਦ ਖਾਸ ਕਰਕੇ 8 ਵੀ ਸਦੀ ਦੇ ਰਿਮਪੋਚੇ ਵਾਸਤੇ ਵੀ ਵਰਤਿਆ ਜਾਂਦਾ ਹੈ। ਤਿਬਤੀ ਲੋਕਾਂ ਦਾ ਮੰਨਣਾ ਹੈ ਕਿ ਰਿਮਪੋਚੇ ਗੁਰੂ ਮੂਲ ਵਿਚ ਪੰਜਾਬੀ ਸੀ। ਇਸ ਕਾਰਨ ਗੁਰੂ ਰਿਮਪੋਚੇ ਅਤੇ ਗੁਰੂ ਨਾਨਕ ਬਾਬਤ ਇਹਨਾਂ ਸਿੱਧੇ ਸਾਧੇ ਬੋਧੀਆਂ ਨੂੰ ਭੰਬਲ ਭੂਸਾ ਵੀ ਪਿਆ ਹੋਇਆ ਹੈ। (ਵੇਖੋ ਸਫਾ 297 ਹਿਮਾਚਲ)

ਇਕ ਹੋਰ ਫੌਜੀ ਲਿਖਾਰੀ ਕਰਨਲ ਦਲਵਿੰਦਰ ਸਿੰਘ ਗ੍ਰੇਵਾਲ ਨੇ ਸਿੱਕਮ ਭੂਟਾਨ ਦੇ ਇਲਾਕਿਆ ਵਿਚ ਆਪਣੀ ਤਾਇਨਾਤੀ ਦੌਰਾਨ ਕਾਫੀ ਅਸਥਾਨ ਲੱਭੇ ਹਨ ਜਿਥੇ ਗੁਰੂ ਨਾਨਕ ਗਏ। ਪਰ ਬਦਕਿਸਮਤੀ ਨਾਲ ਇਸ ਲਿਖਾਰੀ ਨੇ ਰਿਮਪੋਚੇ/ਗੁਰੂ ਨਾਨਕ ਦੇ ਭੰਬਲ ਭੂਸੇ ਦੇ ਮਸਲੇ ਤੇ ਕੋਈ ਗਹਿਰੀ ਪਹੁੰਚ ਨਹੀ ਦਿਖਾਈ।

ਦਲਵਿੰਦਰ ਮੁਤਾਬਿਕ ਸਿੱਕਮ ਵਿਚ ਗੁਰੂ ਸਾਹਿਬ ਹੇਠ ਦਿਤੇ ਅਸਥਾਨਾਂ ਤੇ ਪਧਾਰੇ:◘

1. ਲਾਚੇਨ - ਇਥੇ ਗੁਰੂ ਸਾਹਿਬ ਨੂੰ ਮੁਕਾਮੀ ਰਾਜੇ ਨੇ ਚੋਲੇ ਦੇ ਰੂਪ ਵਿਚ ਖਿੱਲਤ ਬਖਸ਼ੀ। ਉਹ ਚੋਲਾ ਅਤੇ ਗੁਰੂ ਸਾਹਿਬ ਦਾ ਕਰਮੰਡਲ ਅੱਜ ਵੀ ਇਥੇ ਲਾਚੇਨ ਮੱਠ ਵਿਖੇ ਸਾਂਭਿਆ ਪਿਆ ਹੈ।

2. ਮੁੰਗੂਥਾਂਗ- ਇਥੇ ਗੁਰੂ ਸਾਹਿਬ ਨੇ ਲੋਕਾਈ ਨੂੰ ਦੇਆਂ ਤੋਂ ਬਚਾਇਆ ਜਿਹੜੇ ਕਾਬੂ ਆਏ ਇਨਸਾਨ ਨੂੰ ਖਾ ਜਾਂਦੇ ਸਨ।

3. ਗੁਰੂ ਡਾਂਗਮਾਰ (ਵਿਸਥਾਰ ਅੱਗੇ ਵੇਖੋ)

4. ਚੁੰਗਥਾਂਗ (ਵਿਸਥਾਰ ਅੱਗੇ ਵੇਖੋ)

5. ਥੰਗੂ- ਇਥੇ ਗੁਰੂ ਸਾਹਿਬ ਦੀ ਪੱਥਰ ਤੇ ਚਰਨ ਪਾਦੁਕਾ ਸੀ। ਅੱਜ ਉਹ ਪੱਥਰ ਅਲੋਪ ਹੈ ਕਿਉਕਿ ਸੜ੍ਹਕ ਬਣਾਉਣ ਵੇਲੇ ਬਰੂਦ ਨਾਲ ਉਡਾ ਦਿੱਤਾ ਗਇਆ ਸੀ। ਫਿਰ ਵੀ ਚਰਨਪਾਦੁਕਾ ਵਾਲਾ ਟੁਕੜਾ ਕਿਸੇ ਨੇ ਲੱਭ ਕੇ ਸਾਂਭਿਆ ਹੋਇਆ ਹੈ।

ਚੁੰਗਥਾਂਗ –

ਗਿਆਨੀ ਜੀ ਅਨੁਸਾਰ ਗੁਰੂ ਸਾਹਿਬ ਧੁਮਰਾ (ਬਿਰਾਟ ਨਗਰ) ਤੋਂ ਪੂਰਬ ਸਿਲੀਗੁੜੀ ਨੂੰ ਜਾਂਦੇ ਨੇ ਤੇ ਜਿਥੇ ਅੱਜ ਦਾਰਜੀਲਿੰਗ ਹੈ ਉਥੇ ਵੀ ਕੋਈ ਮਸ਼ਹੂਰ ਬੋਧੀ ਜਾਂ ਜੋਗੀ ਮੱਠ ਸੀ ਜਿੰਨਾਂ ਨੂੰ ਨਿਰੰਕਾਰ ਦੀ ਅਰਾਧਨਾ ਦਾ ਉਪਦੇਸ਼ ਦੇ ਕੇ ਉਤਾਂਹ ਪਹਾੜਾਂ ਨੂੰ ਚੜ੍ਹਦੇ ਹਨ। ਦਾਰਜੀਲਿੰਗ ਤੋਂ ਕੋਈ 100 ਕਿ. ਮੀ ਦਾ ਪਹਾੜੀ ਪੈਂਡਾ ਤਹਿ ਕਰਕੇ ਗੰਗਟੋਕ ਪਹੁੰਚ ਬੋਧੀਆਂ ਨੂੰ ਨਿਰੰਕਾਰ ਦੀ ਹੋਂਦ ਬਾਰੇ ਦੱਸਦੇ ਨੇ। ਰਸਤੇ ਵਿਚ ਹੋਰ ਜੋ ਧਾਰਮਿਕ ਸਥਾਨ ਸਨ, ਜਾ ਕੇ, ਲੋਕਾਈ ਦਾ ਕਲਿਆਣ ਕਰਦੇ ਹਨ।

ਗੰਗਟੋਕ ਦੇ ਮੱਠਾਂ ਵਿਚ ਉਪਦੇਸ਼ ਕਰਨ ਉਪਰੰਤ ਉੱਤਰ ਦੀ ਯਾਤਰਾ ਜਾਰੀ ਰਖਦੇ ਨੇ ਤੇ ਚੁੰਗਥਾਂਗ ਨਾਂ ਦੇ ਸਥਾਨ ਤੇ ਜਿਥੇ ਬਿਰਾਜੇ ਹੋਏ ਸਨ ਉਥੇ ਨਾਲ ਹੀ ਚਟਾਨਾਂ ਵਿਚ ਪਾਣੀ ਦਾ ਚਸ਼ਮਾ ਜਾਰੀ ਕਰ ਦਿਤਾ। ਇਥੋਂ ਦੇ ਪਹਾੜੀ ਲੋਕਾਂ ਨੂੰ ਵੀ ਫਸਲ ਬੀਜਣ ਦਾ ਚੱਜ ਨਹੀ ਸੀ ਤੇ ਸਿਰਫ ਜੰਗਲੀ ਫਲਾਂ ਅਤੇ ਸ਼ਿਕਾਰ ਤੇ ਹੀ ਨਿਰਭਰ ਸਨ। ਇਹਨਾਂ ਨੂੰ ਖੇਤੀ ਦਾ ਵਲ ਸਿਖਾਇਆ। ਧਾਨ ਬੀਜਣਾ ਅਤੇ ਕੇਲੇ ਦੀ ਕਾਸ਼ਤ ਕਰਨੀ ਸਿਖਾਈ। ਇਥੇ ਇਕ ਉਹ ਦਰੱਖਤ ਵੀ ਹੈ ਜਿਹਦੀਆਂ ਟਹਿਣੀਆਂ ਟੇਢੀਆਂ ਮੇਢੀਆਂ ਹੁੰਦੀਆਂ ਹਨ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਹ ਰੁੱਖ ਗੁਰੂ ਸਾਹਿਬ ਦੀ ਖੁੰਡੀ ਦੀ ਯਾਦ ਦਿਵਾਉਦਾ ਹੈ।

ਚੁੰਗਥਾਂਗ - ਪਹਿਲਾਂ ਫੌਜੀਆਂ ਨੇ ਇਹ ਗੁਰਦੁਆਰਾ ਬਣਾਇਆ।

ਅਜੋਕੇ ਸਮੇਂ ਵਿਚ ਇਸ ਸਥਾਨ ਦੀ ਖੋਜ ਇਕ ਫੌਜੀ ਅਫਸਰ ਮੇਜਰ (ਬਾਦ ਵਿਚ ਕਰਨਲ) ਐਨ ਐਸ ਈਸਰ ਨੇ ਕੀਤੀ ਸੀ।● ਫਿਰ ਕੁਝ ਫੌਜੀਆਂ ਇਥੇ ਗੁਰਦੁਆਰਾ ਸਾਹਿਬ ਬਣਾ ਦਿਤਾ ਅਤੇ ਹੁਣ 10 ਕੁ ਸਾਲ

ਚੁੰਗਥਾਂਗ -ਅੱਜ ਕਾਰਸੇਵਾ ਵਾਲਿਆਂ ਨੇ ਹੋਰ ਵੀ ਸ਼ਾਨਦਾਰ ਗੁਰਦੁਆਰਾ ਬਣਾ ਕੇ ਬੋਧੀਆਂ ਨੂੰ ਹੋਰ ਵੀ ਚਿੜਾ ਦਿੱਤਾ ਹੈ।

ਪੈੜ ਸਫਾ

◘ https://www.sikhphilosophy.net/threads/guru-nanak-in-sikkim.50894/

⊙ ਗਿਆਨੀ -213-4

● ਕਰਨਲ ਐਨ ਐਸ ਈਸਰ ਸਰੋਤ ਪਪ-329

✚ https://www.youtube.com/watch?v=OIohDXqz-Kw

ਪਹਿਲਾਂ ਦਿੱਲੀ ਵਾਲੇ ਕਾਰ ਸੇਵਕ ਬਾਬਾ ਹਰਬੰਸ ਸਿੰਘ ਹੁਰਾਂ ਖੂਬਸੂਰਤ ਗੁਰਦੁਆਰਾ ਇਮਾਰਤ ਬਣਾ ਦਿੱਤੀ ਹੈ।

ਹੁਣ ਇਸ ਥਾਂ ਤੇ ਵੀ ਆਰ ਐਸ ਐਸ ਦੀ ਸਾਜਿਸ਼ ਤਹਿਤ ਬੋਧੀ ਕਬਜਾ ਕਰਵਾਉਣ ਦੀਆਂ ਤਿਆਰੀਆਂ ਨੇ। ਇਹ ਵੀ ਹੋ ਸਕਦਾ ਇਸ ਲਿਖਤ ਦੇ ਛਪਣ ਤਕ ਕਬਜਾ ਹੋ ਵੀ ਚੁੱਕਾ ਹੋਵੇ।

ਗੁਰਦੁਆਰਾ ਗੁਰੂ ਡਾਂਗਮਾਰ ਝੀਲ, ਸਿੱਕਮ•

ਕੰਚਨਜੁੰਗਾ ਪਹਾੜੀਆਂ ਦੇ ਥੱਲੇ ਭਾਵ 17000 ਫੁੱਟ ਦੀ ਉਚਾਈ ਤੇ ਇਕ ਝੀਲ ਹੈ ਡਾਂਗਮਾਰ ਜਿਥੋਂ ਤੀਸਤਾ ਨਦੀ ਨਿਕਲਦੀ ਹੈ। ਇਹ ਝੀਲ ਅਜਿਹੇ ਸਥਾਂਨ ਤੇ ਹੈ ਜਿਥੇ ਤਾਪਮਾਨ ਕਦੀ ਮਨਫੀ 40 ਡਿਗਰੀ ਤਕ ਵੀ ਪਹੁੰਚ ਜਾਂਦਾ ਹੈ। ਕੁਦਰਤੀ ਹੈ ਕਿ ਝੀਲ ਸਾਰਾ ਸਾਲ ਜੰਮੀ ਰਹਿੰਦੀ ਹੈ। ਪਰ ਇਸ ਝੀਲ ਦਾ ਇਕ ਹਿੱਸਾ ਅਜਿਹਾ ਵੀ ਹੈ ਜਿਥੋਂ ਸਾਰਾ ਸਾਲ ਪਾਣੀ ਨਹੀ ਜੰਮਦਾ।

ਪਿਛਲੇ 80 ਵੇ ਦਹਾਕੇ ਵਿਚ ਜਦੋਂ ਸਿੱਖ ਫੌਜੀ ਜਵਾਨ ਇਥੇ ਤਾਇਨਾਤ ਸਨ ਤਾਂ ਮੁਕਾਮੀ ਲਾਮਿਆਂ ਨੇ ਉਹਨਾਂ ਨੂੰ ਦੱਸਿਆ ਕਿ ਝੀਲ ਦੇ ਇਸ ਪਾਸੇ ਦਾ ਨਾਂ ਜੰਮਣਾ ਗੁਰੂ ਨਾਨਕ ਦੇ ਵਰ ਕਰਕੇ ਹੈ। ਉਹਨਾਂ ਦਾ ਮੰਨਣਾ ਹੈ ਕਿ ਗੁਰੂ ਸਾਹਿਬ ਇਸ ਇਲਾਕੇ ਵਿਚ ਜਦੋਂ ਆਏ ਤਾਂ ਸਥਾਨਕ ਲੋਕਾਂ ਨੇ ਸਾਹਿਬ ਅੱਗੇ ਬੇਨਤੀ ਕੀਤੀ ਕਿ ਪੀਣ ਵਾਲੇ ਪਾਣੀ ਦੀ ਵੱਡੀ ਕਿੱਲਤ ਹੈ। ਝੀਲ ਤਾਂ ਬਹੁਤਾ ਸਮਾਂ ਜੰਮੀ ਹੀ ਰਹਿੰਦੀ ਹੈ। ਕਿਹਾ ਜਾਂਦਾ ਹੈ ਉਦੋਂ ਫਿਰ ਗੁਰੂ ਸਾਹਿਬ ਬਰਫ ਤੇ ਆਪਣੇ ਹੱਥ ਵਿਚ ਲਈ ਜਦੋਂ ਡਾਂਗ ਮਾਰੀ ਤਾਂ ਓਥੇ ਪਾਣੀ ਹੀ ਪਾਣੀ ਸੀ। ਕਿਹਾ ਜਾਂਦਾ ਹੈ ਕਿ ਓਦੋਂ ਤੋਂ ਲੈ ਕੇ ਫਿਰ ਝੀਲ ਦਾ ਇਹ ਹਿੱਸਾ ਕਦੀ ਨਹੀ ਜੰਮਿਆ। ਇਸ ਅਸਥਾਨ ਦਾ ਨਾਂ ਹੈ ਗੁਰੂ ਡਾਂਗਮਾਰ (ਨਕਸ਼ਾ ਸੂਚਕ 28.03559, 88.711717)

ਜਦੋਂ ਸਿੱਖ ਫੌਜੀਆਂ ਇਹ ਗਲ ਸੁਣੀ ਤਾਂ ਉਥੇ ਇਕ ਅਸਥਾਈ

ਕਿਸੇ ਵੇਲੇ ਗੁਰਦੁਆਰਾ ਗੁਰੂ ਡਾਂਗਮਾਰ ਸਾਹਿਬ। ਫਿਰ ਇਸਨੂੰ ਸਰਬ ਧਰਮ ਅਸਥਾਨ ਬਣਾਇਆ ਤੇ ਅੱਜ ਨਿਰੋਲ ਬੋਧੀ ਮੱਠ ਬਣ ਚੁੱਕਾ ਹੈ। ਗੁਰੂ ਗ੍ਰੰਥ ਸਾਹਿਬ ਨੂੰ ਅਗਲਿਆਂ ਕੱਢ ਕੇ ਚੁੰਗਥਾਂਗ ਵਿਖੇ ਸੜਕ ਤੇ ਰੱਖ ਦਿੱਤਾ ਸੀ।

ਢਾਂਚਾ ਬਣਾ, ਨਿਸ਼ਾਨ ਸਾਹਿਬ ਗੱਡ ਦਿਤਾ। 1990 ਦੇ ਦਹਾਕੇ ਵਿਚ ਫਿਰ ਫੌਜੀਆਂ ਉਥੇ ਗੁਰਦੁਆਰਾ ਸਾਹਿਬ ਬਣਾ ਕੇ ਪ੍ਰਕਾਸ਼ ਕਰ ਦਿੱਤਾ। ਇਸ ਸਭ ਵਿਚ ਇਕ ਸਿੱਖ ਫੌਜੀ ਕਰਨਲ ਦਲਵਿੰਦਰ ਸਿੰਘ ਗ੍ਰੇਵਾਲ ਦਾ ਚੋਖਾ ਯੋਗਦਾਨ ਪੜ੍ਹੀਦਾ ਹੈ ਜਿਸ

ਗੁਰੂ ਡਾਂਗਮਾਰ ਝੀਲ, ਸਿੱਕਮ ਜਿਸ ਦਾ ਇਕ ਨੁੱਕਰ ਦਾ ਪਾਣੀ ਕਦੀ ਨਹੀ ਜੰਮਦਾ।

ਮੁਤੱਲਕ ਉਹਨਾਂ ਕਿਤਾਬਾਂ ਵੀ ਲਿਖੀਆਂ ਹੋਈਆ ਹਨ।

1997 ਵਿਚ ਫਿਰ ਇਸ ਅਸਥਾਨ ਨੂੰ ਸਰਬ ਧਰਮ ਸਥਾਨ ਵਿਚ ਤਬਦੀਲ ਕਰ ਦਿੱਤਾ ਗਇਆ। ਓਦੋਂ ਫਿਰ ਸਰਕਾਰ ਪੱਖੀ ਸਿੱਖਾਂ ਨੇ ਇਸ ਕਦਮ ਨੂੰ ਸਲਾਹਿਆ। ਉਹਨਾਂ ਨੂੰ ਇਸ ਗਲ ਦਾ ਅਹਿਸਾਸ ਹੀ ਨਹੀ ਸੀ ਕਿ ਇਕ ਮਿਆਨ ਵਿਚ ਦੋ ਤਿੰਨ ਤਲਵਾਰਾਂ ਕਦੀ ਨਹੀ ਸਮਾ ਸਕਦੀਆਂ। ਜਦੋਂ ਫਿਰ ਓਥੇ ਹਿੰਦੂ ਮੂਰਤੀਆਂ ਵੀ ਰੱਖ ਦਿੱਤੀਆਂ ਗਈਆਂ ਤਾਂ ਸਥਾਨਕ ਲਾਮੇ ਵੀ ਜਾਗ ਉਠੇ। ਓਧਰ 1984 ਦੀਆਂ ਘਟਨਾਵਾਂ ਕਰਕੇ ਸਿੱਖਾਂ ਖਿਲਾਫ ਨਫਰਤ ਤਾਂ ਭਰੀ ਹੀ ਜਾ ਰਹੀ ਸੀ। ਏਸੇ ਗਰੇਵਾਲ ਦੀ ਦਿੱਤੀ ਇੰਟਰਵਿਊ ਮੁਤਾਬਿਕ ਫਿਰ ਦਿੱਲੀ ਦੀ ਕਿਸੇ ਗੁਪਤ ਜਥੇਬੰਦੀ ਨੇ ਲਾਮਿਆਂ ਨੂੰ ਸਿੱਖਾਂ ਖਿਲਾਫ ਭੜਕਾਅ ਦਿਤਾ।*** ਫਿਰ ਅਪ੍ਰੈਲ 2019 ਨੂੰ ਇਸ ਸਰਬ ਧਰਮ ਅਸਥਾਨ ਵਿਚੋਂ ਗੁਰੂ ਗ੍ਰੰਥ ਸਾਹਿਬ ਚੁੱਕ ਕੇ ਚੁੰਗਥਾਂਗ ਗੁਰਦੁਆਰੇ ਦੇ ਲਾਗੇ ਸੜਕ ਤੇ ਲਿਆ ਰੱਖ ਦਿਤਾ।

ਉਪਰੰਤ ਸਿੱਖਾਂ ਦੀ ਡਾਂਗਮਾਰ ਝੀਲ ਤੇ ਆਉਣ ਤੇ ਪਾਬੰਦੀ ਲਾ ਦਿਤੀ ਗਈ। ਇਸ ਵਕਤ ਇਸ ਥਾਂ ਤੇ ਸਿਰਫ ਬੋਧੀ ਅਸਥਾਨ ਹੀ ਹੈ।

ਭੂਟਾਨ - ਗੁਰੂ ਸਾਹਿਬ ਦਾ ਭੂਟਾਨ ਦੀ ਰਾਜਧਾਨੀ ਥਿੰਪੂ ਵਿਖੇ ਜਾਣਾ ਤੇ ਉਥੇ ਸ਼ਬਦ ਰਚਨਾ ਅਤੇ ਰਾਜੇ ਨੂੰ ਗਿਆਨ ਦੇਣਾ ਗਿਆਨੀ ਨੇ ਲਿਖਿਆ ਹੈ।⊙ (ਵੇਖੋ ਪੈੜ ਅਗਲਾ ਸਫਾ) ਭਾਵ ਭੂਟਾਨ ਫੇਰੀ ਗਿਆਨੀ ਤੋਂ ਬਾਦ ਖੋਜ ਅੱਗੇ ਨਹੀ ਚਲੀ। ਉਂਜ ਇੰਟਰਨੈੱਟ ਤੇ ਗੁਰੂ ਸਾਹਿਬ ਦੀ ਹੋਰ ਥਾਵਾਂ ਤੇ ਆਮਦ ਬਾਰੇ ਜਿਕਰ ਮਿਲਦੇ ਹਨ। ਮਿਸਾਲ ਦੇ ਤੌਰ ਤੇ:

ਭੂਤਨ - ਇਹ ਸਥਾਨ ਤਿੱਬਤ-ਭੂਟਾਨ ਸਰਹੱਦ ਤੇ 18223 ਫੁੱਟ

ਪੈੜ ਸਫਾ

- http://sikhsangat.org/2014/sikhs-to-restore-guru-nanak-sahib-gurdwara-in-nepal/
- https://www.theweek.in/theweek/cover/2018/04/14/gurudongmar-gurdwara-in-sikkim-converted-into-a-buddhist-shrine.html
- https://www.sikhphilosophy.net/threads/guru-nanak-in-sikkim.50894/

https://www.youtube.com/watch?v=OIohDXqz-Kw

ਉਚਾਈ ਤੇ ਹੈ। ਇਥੇ ਇਕ ਛੋਟਾ ਜਿਹਾ ਤਲਾਬ ਜਾਂ ਝੀਲ ਗੁਰੂ ਕੰਭ ਜਾਂ ਗੁਰੂ ਕੁੰਭ ਹੈ ਅਤੇ ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਦੀ ਬਖਸ਼ਿਸ਼ ਹੈ ਕਿ ਇਸ ਦਾ ਪਾਣੀ ਵੀ ਨਹੀ ਜੰਮਦਾ ਅਤੇ ਇਸ ਕਰਕੇ ਲੋਕਾਂ ਦੇ ਪੀਣ ਦੇ ਕੰਮ ਆਉਦਾ ਹੈ। ◘

ਵਾਪਸੀ–

ਸੋ ਗੁਰੂ ਸਾਹਿਬ ਪਟਨਾ ਤੋਂ ਲਾਲਗੰਜ, ਵੈਸ਼ਾਲੀ, ਕੇਸਾਰੀਆ, ਅੱਜ ਦੇ ਬੀਰਗੰਜ ਹੁੰਦੇ ਹੋਏ ਨੇਪਾਲ ਵਿਚ ਵੜੇ। ਕਾਠਮੰਡੂ ਤਕ ਗਏ ਅਤੇ ਵਾਪਸੀ ਤੇ ਜਨਕਪੁਰ ਦਾ ਇਲਾਕਾ ਗਾਹਿਆ। ਫਿਰ ਬਿਰਾਟ ਨਗਰ, ਸਿੱਲੀਗੁੜੀ, ਦਾਰਜੀਲਿੰਗ ਪਾਸਿਓ ਉਤਾਂਹ ਸਿੱਕਮ ਵਲ ਗਏ, ਵਾਪਸ ਆਉਦਿਆਂ ਭੂਟਾਨ ਦੇ ਕੁਝ ਮੱਠ ਦੇਖੇ ਤੇ ਫਿਰ ਧੁਬੜੀ ਪਹੁੰਚੇ। ਓਥੋਂ ਫਿਰ ਬ੍ਰਹਮਪੁਤ੍ਰ ਦੇ ਨਾਲ ਨਾਲ ਹੁੰਦੇ ਹੋਏ ਬ੍ਰਹਮਕੁੰਡ ਤਕ ਗਏ ਅਤੇ ਵਾਪਸ ਨਾਗਾਲੈਂਡ ਹੁੰਦੇ ਹੋਏ ਬੰਗਾਲ ਦੇ ਸ਼ਹਿਰ ਗਾਹੁੰਦੇ ਚਿੱਟਾਗਾਂਗ ਪਹੁੰਚੇ।

—▲—

ਪੈੜ ਸਫ਼ਾ

◉ ਨੇਪਾਲ, ਭੂਟਾਨ, ਸਿੱਕਮ ਬਾਰੇ ਤਵਾਰੀਖ ਗੁਰੂ ਖਾਲਸਾ (ਸਫਾ 213 ਤੋਂ 220) ਦਾ ਨਜਰੀਆ

ਕਿਹਾ ਜਾਂਦਾ ਕਿ ਗਿਆਨੀ ਜੀ ਖੁਦ ਨੇਪਾਲ ਵੀ ਆਏ ਸਨ। ਪਰ ਨੇਪਾਲ ਉੱਤਰ-ਪੂਰਬ ਬਾਰੇ ਉਹਨਾਂ ਦੀ ਰਿਪੋਰਟ ਕਿਤੇ ਕਿਤੇ ਧਰਾਤਲੀ ਨਕਸ਼ਾ (ਟੋਪੋਗ੍ਰਾਫੀ) ਨੂੰ ਨਜਰਅੰਦਾਜ਼ ਕਰਦੀ ਨਜਰ ਆਉਦੀ ਹੈ। ਗਿਆਨੀ ਜੀ ਦੀ ਲਿਖਤ ਹੇਠਾਂ ਪੇਸ਼ ਕੀਤੀ ਜਾਂਦੀ ਹੈ। ਗਿਆਨੀ ਦੇ ਦਿਤੇ ਸਥਾਨਾਂ ਦੇ ਨਾਵਾਂ ਵਿਚ ਕਿਤੇ ਫਰਕ ਵੀ ਹੈ। ਅਸਾਂ ਉਹ ਥਾਵਾਂ ਪਛਾਨਣ ਦੀ ਕੋਸ਼ਿਸ਼ ਕੀਤੀ ਹੈ ਅਤੇ ਥਾਵਾਂ ਤੇ ਸਾਡੀ ਵਿਆਖਿਆ ਅਤੇ ਟਿੱਪਣੀ, ਬ੍ਰੈਕਟਾਂ ਵਿਚ ਦਿਤੀ ਗਈ ਹੈ।:

--(ਨੇਪਾਲ ਅਤੇ ਮਿਥਿਲਾ ਇਲਾਕਿਆਂ ਬਾਰੇ ਲਿਖਤ ਪਿਛੇ ਆ ਚੁੱਕੀ ਹੈ) ---

ਅੱਗੇ ਧੋਮਰੀ ਦਾ ਕਿਲਾ ਤੇ ਸ਼ਿਵਪੁਰ ਨੂੰ ਦੇਖਕੇ ਬ੍ਰਹਮਕੁੰਡ ਦੇ ਮੇਲੇ ਪਰ ਜਾ ਫਿਰੇ। ਉਥੋਂ ਦੇ ਲੋਕ ਜੱਖਾਂ ਦੀ ਪੂਜਾ ਕਰਦੇ ਸੇ। ਗੁਰੂ ਜੀ ਨੇ ਸਭ ਨੂੰ ਪ੍ਰਮੇਸ਼ਵਰ ਪ੍ਰਾਇਣ ਕੀਤਾ। ਸੋ ਹੁਣ ਤਕ ਨਾਨਕ ਰਿਖੀ ਨੂੰ ਮੰਨਦੇ ਹਨ। {ਇਕ ਡੁਮਰੀ ਤਾਂ ਚਤਾਰੀ ਦੇ ਰਾਹ ਵਿਚ ਭਾਵ 9 ਕਿ. ਮੀ. ਉੱਤਰ ਪੂਰਬ ਵਿਚ ਹੈ। ਜਾਂ ਫਿਰ ਹੋ ਸਕਦੇ ਧੋਮਰੀ ਤੋਂ ਮਤਲਬ ਧੁਮਰਾਹ ਹੈ ਜੋ ਸੁੰਨਸਾਰੀ ਜਿਲੇ ਵਿਚ ਕੋਸੀ ਨਦੀ ਦੇ ਕੰਢੇ ਤੇ ਹੈ।

ਅਸਾਂ ਧੁਮਰਾਹ (ਸੂਚਕ ਨਕਸ਼ਾ 26.766510, 87.136304) ਅਤੇ ਡੁਮਰੀ (ਸੂਚਕ ਨਕਸ਼ਾ 26.928172, 86.211695) ਦੋਵੇ ਨਕਸ਼ੇ ਤੇ ਦਿਖਾ ਦਿਤੇ ਹਨ।

ਸ਼ਿਵਪੁਰ ਤੋਂ ਮਤਲਬ ਸਿਬਸਾਗਰ (ਸਿਬਸਾਗਰ) ਅਸਾਮ ਹੈ ਤੇ ਜਦੋਂ ਕਿ ਬ੍ਰਹਮ ਕੁੰਡ ਧੁਰ ਪੂਰਬ ਅਸਾਮ ਵਿਚ ਹੈ ਜਿਹਦੀ ਕਥਾ ਪਰਸਰਾਮ ਨਾਲ ਮਿਲਦੀ ਹੈ। ਬ੍ਰਹਮਕੁੰਡ ਬ੍ਰਾਹਕਸ਼ੇਤਰ ਤੋਂ ਸੜਕ ਰਸਤੇ 1254 ਕਿ. ਮੀ ਹੈ। }

ਏਦੂ ਅੱਗੇ ਲਖਮ ਪੁਰ ਨੂੰ ਦੇਖ ਪਲਟੀ ਝੀਲ ਦੇ ਕਿਨਾਰੇ ਕਿਨਾਰੇ ਹਵੇਲ ਖਾਂਚੀ ਦੇ ਪਰਬਤਾਂ ਨੂੰ ਲੰਘਦੇ ਹੋਏ ਕ੍ਰਿਸ਼ਨਾ ਤਾਲ ਧੌਲਗੜ੍ਹ ਹੁੰਦੇ ਹੋਏ ਫੱਗਣ ਦੇ ਮਹੀਨੇ ਸੰਮਤ 1572 ਬਿ. ਵਿਚ ਸ਼ਹਿਰ ਖਟਮੰਡੂ ਜਾ ਉਤਰੇ। (ਇਥੇ ਗਿਆਨੀ ਜੀ ਦਾ ਲਖਮਪੁਰ ਤੋਂ ਭਾਵ ਲਖੀਮਪੁਰ ਅਸਾਮ ਹੈ। 1900 ਈ. ਦੇ ਆਸ ਪਾਸ ਅੰਗਰੇਜਾਂ ਦੇ ਭਾਰਤ ਵਿਚ ਲਖੀਮਪੁਰ ਰਿਆਸਤ ਮਸ਼ਹੂਰ ਸੀ। ਧੌਲਗੜ੍ਹ ਤੋਂ ਭਾਵ ਅਸਾਮ ਦਾ ਗੜ੍ਹ ਦੌਲ ਹੈ ਜੋ ਤੇਜਪੁਰ ਹਵਾਈ ਅੱਡੇ ਤੋਂ 6 ਕਿ. ਮੀ ਦੱਖਣ ਤੇ ਵਾਕਿਆ ਹੈ। ਪਲਟੀ ਝੀਲ, ਕ੍ਰਿਸ਼ਨਾ ਤਾਲ ਵੀ ਪਤਾ ਨਹੀ ਕਿਹਨੂੰ ਕਹਿ ਗਏ ਹਨ। ਅੱਜ ਸਾਡੇ ਕੋਲ ਇਨਾਂ ਸੂਬਿਆਂ ਦੀਆਂ ਝੀਲਾਂ ਦੀ ਲਿਸਟ ਮੌਜੂਦ ਹੈ ਪਰ ਇਹ ਨਾਂ ਕਿਤੇ ਨਹੀ ਮਿਲਦੇ। ਗਿਆਨੀ ਜੀ ਇਥੇ ਨੇਪਾਲ ਦੇ ਨਾਲ ਅਸਾਮ ਦੇ ਇਲਾਕੇ ਰਲਗੱਡ ਕਰ ਗਏ ਹਨ।)

ਇਥੋਂ ਅੱਗੇ ਨੈਪਾਲੀ ਮੁਲਕ ਦਾ ਸੈਲ ਕਰਦੇ ਹੋਏ ਦਰਿਆਇ ਟੇਲੀਆ ਉਤਰ ਕਰ ਲਲਤਾਪੱਟੀ ਦਾ ਦੇਸ ਜੋ ਖਰਾ ਸੁੰਦਰ ਮੈਦਾਨ ਹੈ ਜਾ ਦੇਖਿਆ। ਏਸ ਦੇਸ ਵਿਚ ਸੁਨੈਹਰੀ ਰੰਗ ਦਾ ਪੱਥਰ ਹੈ ਜੋ ਜਨਮ ਸਾਖੀ ਵਿਚ ਲਿਖਿਆ ਹੈ। ਮਰਦਾਨੇ ਨੇ ਆਖਿਆ ਅਸੀ ਤਾਂ ਸੋਇਨੇ ਨੂੰ ਲਤਾੜ ਰਹੇ ਹਾਂ। ਓਸ ਰੰਗ ਦਾ ਪੱਥਰ ਕਿਸੇ ਕਿਸੇ ਥਾਂ ਅੰਮ੍ਰਿਤਸਰ ਦਰਬਾਰ ਸਾਹਿਬ ਜਿਹੀਆ ਇਮਾਰਤਾਂ ਵਿੱਚ ਲੱਗਾ ਹੋਇਆ ਹੈ।..(ਇਥੇ ਸ਼ਾਇਦ ਲਲਿਤਪੁਰ ਤੋਂ ਹੇਠਾਂ ਦੱਖਣ-ਪੂਰਬ ਦੀ ਪੱਟੀ ਦੀ ਗਲ ਕਰ ਰਹੇ ਹਨ। ਟੇਲੀਆ ਨਾਂ ਦਾ ਦਰਿਆ ਨਹੀ ਲੱਭਾ ਸਾਨੂੰ।)

ਉਸ ਤੋਂ ਅੱਗੇ ਸਿਕਮ ਦੇਸ ਤਾਮਲੰਗ ਸ਼ਹਿਰ ਜੋ ਉਥੋਂ ਦੀ ਰਾਜਧਾਨੀ ਹੈ ਓਸ ਦੇ ਉਤ੍ਰ ਵੰਨੀ ਇਕ ਪਹਾੜੀ ਪਰ ਜਾ ਬੈਠੇ। (ਗੰਗਟੋਕ ਬਾਰੇ ਗਲ ਕਰ ਰਹੇ ਹਨ।) ਮਰਦਾਨੇ ਨੇ ਰਬਾਬਾ ਵਜਾਯਾ ਤੇ ਸ਼ਬਦ ਗਾਇਆ ਤਾਂ ਕਈ ਆਦਮੀਆਂ ਦੀ ਭੀੜ ਇਕੱਠੀ ਹੋ ਗਈ।.. ਗੁਰੂ ਜੀ ਦੇ ਸ਼ਬਦ ਦੀ ਸ਼ਕਤੀ ਨੂੰ ਦੇਖ ਕੇ ਓਥੋਂ ਦਾ ਰਾਜਾ ਭੀ ਸੇਵਕ ਬਣ ਗਿਆ। ਓਥੋਂ ਦੇ ਵਪਾਰੀ ਸੰਮਤ 1943 ਬਿ. (1886 ਈ.) ਨੂੰ ਸ੍ਰੀ ਅੰਮ੍ਰਿਤਸਰ ਜੀ ਵਿਖੇ ਆਏ ਸੇ ਤਾਂ ਉਹਨਾਂ ਨੇ ਇਹ ਪ੍ਰਸੰਗ ਸੁਨਾਯਾ ਸੀ।

ਇਥੋਂ ਦਾਰਜੀਲੰਗ, ਚੰਗਾ ਨਾਮ ਬਸਤੀਆਂ ਨੂੰ ਦੇਖ ਕੰਚਨ ਪਰਬਤ ਨੂੰ ਲੰਘ ਅਨੇਕ ਬਸਤੀਆਂ ਪਹਾੜਾ ਦਾ ਝਾਕਾ ਲੈ ਭੋਟਾਨ ਦੇਸ ਵਿਚ ਪ੍ਰਵੇਸ਼ ਕੀਤਾ। ਸ਼ਹਿਰ ਅਮਲੰਗ ਤੇ ਤਾਸਗਾਊ ਜੋ ਗਾਰੂ ਕੁੰਭੇ ਦੇਸ ਵਿਚ ਉੱਘੇ ਹਨ ਓਥੋਂ ਦੇ ਬਾਸ਼ਿੰਦਿਆਂ ਨੂੰ ਮੜ੍ਹੀਆਂ ਸੇਉਣੇਂ ਤੇ ਮੂਰਦਿਆਂ ਦੇ ਨਾਮ ਪੂਜਣੇਂ ਹਟਾ ਕਰ ਪ੍ਰਮੇਸ਼ਵਰ ਦਾ ਭਜਨ ਕਰਨ ਲਾਯਾ। ਓਹ ਲੋਗ ਗੁਰਪ੍ਰਨਾਲੀ ਵਾਗੂੰ ਸਵੇਰੇ ਉਠਕੇ ਆਪਣੇ ਵਡਿਆ ਦੇ ਨਾਮ ਗਿਣਦੇ ਰਹਿੰਦੇ ਸੇ। (ਦਾਰਜੀਲਿੰਗ ਸ਼ਹਿਰ 19 ਵੀ ਸਦੀ ਵਿਚ ਹੀ ਵਸਾਇਆ ਗਿਆ ਸੀ। ਪਰ ਇਸ ਇਲਾਕੇ ਵਿਚ ਕੋਈ ਮੱਠ ਹੋਵੇਗਾ। ਚੰਗਾ ਬਸਤੀ ਤੋਂ ਭਾਵ ਚੁੰਗਥਾਂਗ ਇਲਾਕਾ ਹੈ 27.603802, 88.649825। ਗਾਰੋ ਨਾਂ ਦਾ ਕਬੀਲਾ ਤੇ ਪਹਾੜੀਆ ਮੇਘਾਲਿਆ ਵਿਚ ਹਨ: ਗੁਆਲਪਾੜਾ ਤੋਂ ਦੱਖਣ ਕੁਝ ਭਾਗ ਅਸਾਮ ਨਾਗਾਲੈਂਡ ਤਿਰੀਪੁਰਾ ਦਾ ਇਸ ਹਿੱਸੇ ਆਉਦਾ ਹੈ। ਕਹਿ ਸਕਦੇ ਹਾਂ ਕਿ ਇਸ ਦਾ ਕੇਂਦਰ ਧੁਬਰੀ (ਅਸਾਮ) ਹੀ ਹੈ। ਤਾਸਗਾਓ ਤੋਂ ਭਾਵ ਭੂਟਾਨ ਦਾ ਤਰਾਸ਼ੀਗਾਂਗ ਹੈ ਜੋ ਭੂਟਾਨ ਦੇ ਪੂਰਬੀ ਭਾਗ ਵਿਚ ਹੈ। ਕੰਚਨ ਪਰਬਤ ਤੋਂ ਭਾਵ ਦੁਨੀਆ ਦੀ ਪ੍ਰਸਿੱਧ ਕੰਚਨਜੁੰਗਾ ਪਹਾੜੀ ਹੈ। ਅਮਲੰਗ ਤੋਂ ਭਾਵ ਪੁਨਾਖਾ ਦਜ਼ਾਂਗ ਹੋ ਸਕਦਾ ਹੈ।)

ਏਥੋਂ ਚਲ ਤਾਸੀ ਸੂਡਨ ਨਾਮ ਸ਼ਹਿਰ ਜੋ ਏਥੋਂ ਦੀ ਰਾਜਧਾਨੀ ਜਾ ਉਤਰੇ। ਹਰਵਰਖ ਖੰਡ ਭੀ ਏਸੇ ਦੇਸ ਦਾ ਨਾਮ ਹੈ। (ਗਿਆਨੀ ਜੀ ਦਾ ਇਸ ਤੋਂ ਮਤਲਬ ਥਿੰਪੂ ਹੈ ਕਿਉਕਿ ਓਥੇ ਤਾਸ਼ੀਛੋ ਨਾਂ ਦਾ ਮਸ਼ਹੂਰ ਕਿਲਾ ਤੇ ਮੱਠ ਹੈ) ਏਥੋਂ ਦਾ ਰਾਜਾ ਭੀ ਬਾਬਾ ਜੀ ਦੀ ਮਹਿਮਾ ਸ਼ਕਤੀ ਸੁਣ ਕੇ ਦਰਸ਼ਨਾਂ ਨੂੰ ਆਇਆ ਤਾਂ ਬਾਬਾ ਜੀ ਨੇ ਇਹ ਸ਼ਬਦ ਉਚਾਰਿਆ:

ਸਿਰੀਰਾਗੁ ਮਹਲਾ ੧ ਘਰੁ ੨ ॥ ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥ ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥੧॥ ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥ ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥੧॥ ਰਹਾਉ ॥ ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥ ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥੨॥ ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ ॥ ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ ॥੩॥ ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥ ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥੪॥੨੪॥

ਸ਼ਬਦ ਸੁਣਕੇ ਰਾਜੇ ਦਾ ਮਨ ਗਦ ਗਦ ਹੋ ਗਿਆ ਤੇ ਵਾਹਿਗੁਰੂ ਵਾਹਿਗੁਰੂ ਜਪਣ ਲੱਗਾ।

ਓਸੇ ਦੇਸ ਅਸਕਰੋਦੇ ਸ਼ਹਿਰ ਵਿਚ ਇਕ ਧਰਮਸਾਲਾ ਤੇ ਮੂਰਤਿ ਬਾਬੇ ਨਾਨਕ ਤਪੇ ਦੀ ਹੈ, ਜਿਸ ਅਗੇ ਓਥੋਂ ਦਾ ਰਾਜਾ ਹੱਥ ਜੋੜਕੇ ਬੈਠਾ ਹੋਇਆ ਹੈ। (ਅਸਕਰੋਦੇ ਨਾਂ ਦਾ ਪਿੰਡ ਜਾਂ ਸ਼ਹਿਰ ਅਸੀ ਭੂਟਾਨ ਵਿਚ ਨਹੀ ਲੱਭ ਸਕੇ। ਉਂਜ ਉਸਕ ਨਾਂ ਕਸਬਾ ਭੂਟਾਨ ਦੇ ਦਗਾਨਾ ਜਿਲੇ ਵਿਚ ਮੌਜੂਦ ਹੈ। ਪਰ ਇਸ ਦਾ ਇਤਹਾਸ ਨਹੀ ਲੱਭ ਸਕੇ।

ਇਹ ਵੀ ਹੋ ਸਕਦਾ ਗਿਆਨੀ ਜੀ ਇਥੇ ਕਸ਼ਮੀਰ (ਪਾਕਿਸਤਾਨ) ਦੇ ਸਕਰਦੂ ਸ਼ਾਹਿਰ ਦੀ ਗਲ ਕਰ ਰਹੇ ਹੋਣ।)

ਏਥੋਂ ਚਲ ਸਾਂਪੂ ਨਦੀ ਦੇ ਕਿਨਾਰੇ ਕਿਨਾਰੇ ਮੁਲਕ ਦਾ ਸੈਲ ਕਰਦੇ ਹੋਏ ਚੰਬਯਾਲ ਤੇ ਦੋਮੁਖੀਏ ਪਰਬਤ ਦੇ ਵਿਚਦੀ ਚੀਨ ਦੇ ਮੁਲਕ ਵਿਚ ਜਾ ਨਿਕਲੇ।

ਪੈੜ ਅਗਲੇ ਸਫੇ ਤੇ **ਚਲਦਾ** ➡

ਪਿਛੇ ਦੀ ਬਾਕੀ (ਸਾਨੂੰ ਭੂਟਾਨ ਵਿਚ ਸਾਂਪੂ ਨਾਂ ਦੀ ਨਦੀ ਨਹੀ ਮਿਲੀ। ਥੈਰ ਗਿਆਨੀ ਜੀ ਦਾ ਮਤਲਬ ਹੈ ਕਿ ਇਸ ਤੋਂ ਬਾਦ ਗੁਰੂ ਜੀ ਉੱਤਰ ਪਾਸੇ ਨੂੰ ਜਾ ਚੀਨ ਵਿਚ ਦਾਖਲ ਹੋਏ।)

ਜਨਮ ਸਾਖੀ ਵਿਚ ਜੋ ਅਲਾਲਾਚੀਨਾਂ ਦਾ ਮੇਲਾ ਲਿਖਯਾ ਹੈ ਸੋ ਚੀਨ

ਦੇ ਪਰਬਤਾਂ ਵਿੱਚ ਕੋਈ ਅਲਾਲਾਚੀਨ ਕੋਈ ਕੌਮ ਜਾਨਵਰਾਂ ਵਰਗੀ ਹੋਵੇਗੀ।.....(ਅਲਲਾਚੀਨ ਪੰਜਾਬੀਆਂ ਵਾਸਤੇ ਨੇਪਾਲ ਦਾ ਪੁਰਾਣਾ ਨਾਂ ਹੈ।)

ਓਥੋਂ ਅੱਗੇ ਸਿੰਘਾਪੁਰ ਵਿਚ (ਜਿਥੇ ਹੁਣ ਬਹੁਤ ਸਿੱਖ ਅਤੇ ਗੁਰਦੁਆਰਾ ਬਾਬੇ ਦਾ ਹੈ) ਜਾ ਰਹੇ ਤੇ ਓਥੋਂ ਦੇ ਲੋਗਾਂ ਨੂੰ ਮੁਰਦੇ ਪੂਜਣੋਂ ਹਟਾਕੇ ਪ੍ਰਮੇਸ਼ਵਰ ਦੀ ਭਗਤੀ ਕਰਨ ਲਾਯਾ ਤੇ ਓਥੋਂ ਤਿੱਬਤ ਵੰਨੀ ਤੁਰ ਪਏ।...ਉਸ ਤੋਂ ਪਾਰ ਹੋ ਲਾਂਬਯਾਂ ਦੇ ਦੇਸ ਵਿਚ ਪਹੁੰਚ ਗਏ। ਏਹ ਮੁਲਕ ਚੀਨ, ਤਿਬਤ, ਕੈਲਾਸ਼ ਹਿਮਾਲਯ ਦੇ ਵਿਚਕਾਰ ਹੈ।

(ਸੋ ਸਿੰਘਾਪੁਰ ਭਾਵ ਮਲੇਸ਼ੀਆ ਦੀ ਗਲ ਕਰੇ ਹਨ। ਕਿੱਥੇ ਮਲੇਸ਼ੀਆ ਅਤੇ ਕਿੱਤੇ ਤਿੱਬਤ। ਜਦੋਂ ਕਿ ਬਾਲਾ ਜਨਮਸਾਖੀ ਸਾਫ ਤੌਰ ਤੇ ਚਿਟਾਗਾਂਗ ਤੇ ਹੋਰ ਤੱਟੀ ਦੇਸਾਂ ਤੋਂ ਬਾਦ ਜਗਨਨਾਥ ਪੁਰੀ ਜਾਣ ਦੀ ਗਲ ਕਰਦੀ ਹੈ।

ਸਿੰਘਾਪੁਰ ਤੋਂ ਬਾਦ ਗਿਆਨੀ -220 ਗੁਰੂ ਸਾਹਿਬ ਦੀ ਕੈਲਾਸ ਮਾਨਸਰੋਵਰ ਦੀ ਯਾਤਰਾ ਦੀ ਗਲ ਕਰਦੇ ਹਨ। ਭਾਵ ਤੀਸਰੀ ਉਦਾਸੀ ਵਾਲੇ ਸਥਾਨ।

“ਯਾਰਕੰਦ, ਬ੍ਰਹਮਹੋਲ ਪਰਬਤ ..ਤਿਬਤ .. ਲ੍ਹਾਸਾ, ਲੱਦਾਖ ... ਜੰਕਾਰ ਨਦੀ ... ਸਰਕੋਟ ਪਸਕ ...ਗਿਲਗਿਤ .. ਆਸਕਰਦੂ ..ਸ੍ਰੀਨਗਰ . ਮਟਨ ਤੀਰਥ, ...ਕਸ਼ਤਵਾਰ .. ਭੱਦ੍ਰਵਾਹਾ ... ਮਨਕੋਟ.. ਵੈਸ਼ਨੋਦੇਵੀ.. ਜੰਮੂ ਅਤੇ ਸੁਲਤਾਨਪੁਰ ਲੋਧੀ ..ਆ ਪਹੁੰਚੇ। (ਸਫਾ-225)

ਸੋ ਇਸ ਪ੍ਰਕਾਰ ਮਹਿਸੂਸ ਹੁੰਦਾ ਹੈ ਕਿ ਗਿਆਨੀ ਜੀ ਨੇ ਨੇਪਾਲ, ਸਿੱਕਮ ਭੂਟਾਨ, ਮਲੇਸ਼ਿਆ ਦੇ ਸਿੰਘਾਪੁਰ ਆਦਿ ਦੀ ਉਦਾਸੀ ਬਾਰੇ ਲਿਖਤ ਲਾਪਰਵਾਹੀ ਅਤੇ ਭੂਗੋਲ ਨੂੰ ਨਜਰਅੰਦਾਜ ਕਰਕੇ ਦਿੱਤੀ ਹੈ। ਹੋਰ ਵੇਖੋ ਗਿਆਨੀ ਜੀ ਪਹਿਲੀ ਉਦਾਸੀ ਦੇ ਸਥਾਨਾਂ ਜਿਵੇ ਬ੍ਰਹਮਕੁੰਡ, ਗੜ੍ਹ ਦੌਲ ਤੇਜਪੁਰ (ਅਸਾਮ) , ਵੀ ਤੀਸਰੀ ਉਦਾਸੀ ‘ਚ ਦਿਖਾ ਦਿੰਦੇ ਹਨ। ਆਪੇ ਹੀ ਬ੍ਰਹਮਪੁੱਤਰ ਦੇ ਨਾਲ ਨਾਲ ਦੀ ਉਦਾਸ (ਧੁਬੜੀ ਅਸਾਮ) ਨੂੰ ਪਹਿਲੀ ਉਦਾਸੀ ਵਿਚ ਦਿੰਦੇ ਹਨ।(ਵੇਖੋ ਗਿਆਨੀ -117) ।

ਸੁਰਿੰਦਰ ਸਿੰਘ ਕੋਹਲੀ (ਕੋਹਲੀ-115) ਨੇ ਬਿਨਾਂ ਧਿਆਨ ਦਿੱਤਿਆ ਗਿਆਨੀ ਜੀ ਦੀ ਰਿਪੋਰਟ ਪ੍ਰਵਾਨ ਕੀਤੀ ਅਤੇ ਅਜੋਕੇ ਲਿਖਾਰੀ ਦਲਵਿੰਦਰ ਸਿੰਘ ਗੋਵਾਲ ਦੋ ਕਦਮ ਅੱਗੇ ਨਿਕਲ ਗਏ ਹਨ। ਗੋਵਾਲ ਜਿਹੇ ਸਰਕਾਰ ਪੱਖੀ ਲਿਖਾਰੀਆਂ ਦੀ ਪਹੁੰਚ ਕਾਰਨ ਗੁਰੂ ਡਾਂਗਮਾਰ ਗੁਰਦੁਆਰੇ ਦੇ ਮਸਲੇ ਤੇ ਪੰਥ ਨੂੰ ਨਮੋਸ਼ੀ ਸਹਿਣੀ ਪਈ ਹੈ।

◈ ਇਹ ਸਾਫ ਤੌਰ ਤੇ ਉਹਨਾਂ ਦੀ ਗਲਤੀ ਹੈ ਜਿਹੜਾ ਲਿਖਦੇ ਹਨ ਕਿ ਗੁਰੂ ਸਾਹਿਬ ਇਧਰੋਂ ਹੀ ਭਾਵ ਸਮੁੰਦਰ ਤੱਟ ਤੋਂ ਤਿੱਬਤ ਅਤੇ ਹਿਮਾਲੀਆ ਦੇ ਪਰਲੇ ਪਾਸਿਓ ਦੀ ਜਾ ਕੇ ਕੈਲਾਸ਼ ਪਰਬਤ ਪਹੁੰਚਦੇ ਹਨ। ਕਿਉਕਿ ਗਿਆਨੀ ਅਤੇ ਹੋਰ ਲਿਖਾਰੀ ਨੇਪਾਲ ਯਾਤਰਾ ਦੇ ਬਾਦ ਦੂਰ ਪੂਰਬ (ਸਿੰਘਾਪੁਰ ਮਲੇਸ਼ੀਆ) ਦੀ ਯਾਤਰਾ ਤੇ ਜਾਣਾ ਲਿਖ ਦਿੰਦੇ ਹਨ ਅਤੇ ਇਸ ਪ੍ਰਕਾਰ ਆਪਣੀ ਗਲ ਆਪੇ ਹੀ ਕੱਟ ਦਿੰਦੇ ਹਨ। ਇਸ ਕਰਕੇ ਅਸੀ ਉਹਨਾਂ ਇਤਹਾਸਕਾਰਾਂ ਨਾਲ ਸਹਿਮਤ ਹਾਂ ਜਿਹੜੇ ਮੰਨਦੇ ਹਨ ਕਿ ਕੈਲਾਸ਼ ਪਰਬਤ ਦੀ ਯਾਤਰਾ ਗੁਰੂ ਸਾਹਿਬ ਨੇ ਤੀਸਰੀ ਉਦਾਸੀ ਮੌਕੇ ਕੁੱਲੂ ਹਿਮਾਚਲ ਵਾਲੇ ਪਾਸਿਓ ਆ ਕੇ ਕੀਤੀ ਸੀ ਅਤੇ ਓਧਰੋਂ ਹੀ ਵਾਪਸ ਲੇਹ ਸਕਰਦੂ ਨੂੰ ਪਰਤੇ ਸਨ।

----◈-----

◘ ਭੂਟਾਨ ਦੇ ਮਸ਼ਹੂਰ ਅਤੇ ਇਤਹਾਸਿਕ ਬੋਧੀ ਮੱਠ ਇਸ ਪ੍ਰਕਾਰ ਹਨ: -1. ਤਕਤਸੰਗ , ਪਾਰੋ ਘਾਟੀ, 2. ਕਾਇਚੂ ਲਹਾਂਖਾਂਗ , ਪਾਰੋ ਘਾਟੀ, 3. ਰਿਨਪੁੰਗ ਜ਼ਾਂਗ , ਪਾਰੋ ਘਾਟੀ, 4. ਚੇਰੀ , ਥਿੰਪੂ, 5. ਤਾਂਗੋ , ਥਿੰਪੂ, 6. ਚੋਰਟਨ ਯਾਦਗਾਰੀ , ਥਿੰਪੂ, 7. ਕੁਰਜੇ ਲਹਾਂਖਾਂਗ , ਬੁਮਥਾਂਗ, 8. ਤਾਂਮਸ਼ਿੰਗ ਲਹਾਂਖਾਂਗ , ਬੁਮਥਾਂਗ, 9. ਪੁਨਾਖਾ ਜੋਂਗ , ਪੁਨਾਖਾ, 10.ਲਹੁੰਟਸੇ ਜ਼ੋਂਗ , ਲਹੁੰਟਸੇ, 11.ਜਾਮਬੇ ਲਹਾਖਾਂਗ , ਜਕ੍, 12. ਗੰਗਟੈਂਗ , ਫੋਡਰੈਂਗ। ਇਹ ਅਜੇ ਵੀ ਖੋਜ ਦਾ ਮਜਮੂਨ ਹੈ ਕਿ ਗੁਰੂ ਸਾਹਿਬ ਕਿਹੜੇ ਕਿੜੇ ਵਿਚ ਪਧਾਰੇ ਸਨ।

----◈-----

ਸਿੱਕਮ ਦੇ ਗੁਰ ਅਸਥਾਨਾਂ ਦੇ ਮਸਲੇ ਤੇ ਸ਼੍ਰੋਮਣੀ ਕਮੇਟੀ ਤੇ ਹੋਰ ਸਿੱਖ ਜਥੇਬੰਦੀਆਂ ਦਾ ਝੱਲਪੁਣਾ।

ਜਿਵੇ ਆਪਾਂ ਉਪਰ ਪੜ੍ਹ ਲਿਆ ਹੈ ਕਿ ਸਿੱਕਮ ਦੇ ਗੁਰਦੁਆਰਾ ਡਾਂਗਮਾਰ ਝੀਲ ਤੇ ਬੋਧੀਆਂ ਨੇ ਕਬਜਾ ਕਰ ਲਿਆ ਹੈ ਅਤੇ ਗੁਰਦੁਆਰਾ ਚੁੰਗਥਾਂਗ ਤੇ ਕਬਜੇ ਦੀ ਤਿਆਰੀ ਹੋ ਰਹੀ ਹੈ। ਭਾਵ ਸੈਂਕੜੇ ਸਾਲਾਂ ਤੋਂ ਸਿੱਧੇ ਸਾਧੇ ਬੋਧੀਆਂ ਦੀ ਵਿਰਾਸਤ ਨੇ ਗੁਰੂ ਸਾਹਿਬ ਦੇ ਸਿੱਕਮ ਆਗਮਨ ਦੇ ਸਬੂਤ ਸਾਂਭੇ ਹੋਏ ਸਨ। ਜਦੋਂ ਵੀ ਕੋਈ ਸਿੱਖ ਇਸ ਇਲਾਕੇ ਵਿਚ ਜਾਂਦਾ ਤਾਂ ਉਹ ਬੜੇ ਫਖਰ ਨਾਲ ਕਹਿੰਦੇ ਕਿ "ਗੁਰੂ ਨਾਨਕ ਸਾਹਿਬ ਇਥੇ ਵੀ ਆਏ ਸਨ। ਉਹ ਸਾਡਾ ਵੀ ਗੁਰੂ ਹਨ।" ਬਸ ਇਨੀ ਗਲ ਸੁਣਨ ਤੇ ਸਾਡੇ ਜੋਸ਼ੀਲੇ ਵੀਰ ਝੱਟ ਸੋਚ ਲੈਂਦੇ ਨੇ ਕਿ ਇਥੇ ਵੀ ਸਿੱਖੀ ਦਾ ਨਿਸ਼ਾਨ ਸਾਹਿਬ ਅਤੇ ਚਿੱਟਾ ਸੰਗਮਰਮਰੀ ਗੁਰਦੁਆਰਾ ਹੋਵੇ। ਜਦੋਂ ਕਿ ਸੱਚ ਇਹ ਹੈ ਕਿ ਸਿੱਕਮ ਵਿਚ ਸਿੱਖਾਂ ਦੀ ਅਬਾਦੀ ਤਾਂ ਬਿਲਕੁਲ ਹੈ ਹੀ ਨਹੀ। ਸੋ ਗੁਰਦੁਆਰਾ ਬਣਾ ਕੇ ਤੁਸੀ ਕੀ ਸੁਨੇਹਾ ਦੇਣਾ ਚਾਹੁੰਦੇ ਹੋ। ਝੰਡਾ ਗੱਡ ਕੇ ਅਸੀ ਉਹਨਾਂ ਬੋਧੀਆਂ ਨੂੰ ਆਪਣੇ ਉਹਨਾਂ ਦੇ ਸਮਾਜ ਵਿਚ ਪ੍ਰੇਸ਼ਾਨ (Embarrass) ਕਰ ਦਿੰਦੇ ਹਾਂ। ਸਗੋਂ ਜਰੂਰਤ ਹੁੰਦੀ ਹੈ ਅਜਿਹੇ ਬੋਧੀ ਦੀ ਸੋਚ ਨੂੰ ਪਰਪੱਕ ਕਰਾਉਣ ਦੀ। ਜਿਥੇ ਇਸ ਤਰਾਂ ਗੁਰੂ ਨਾਨਕ ਦਾ ਨਾਂ ਲਿਆ ਜਾਂਦਾ ਹੈ। ਓਥੇ ਉਹਨਾਂ ਦੀ ਬੋਲੀ ਵਿਚ ਗੁਰੂ ਸਾਹਿਬ ਅਤੇ ਸਿੱਖ ਧਰਮ ਬਾਬਤ ਕਿਤਾਬਚੇ ਛਾਪਕੇ ਵੰਡਦੇ। ਅਸੀ ਲੱਖਾਂ ਰੁਪਏ ਲਾ ਕੇ ਗੁਰਦੁਆਰਾ ਤਾਂ ਬਣਾ ਸਕਦੇ ਹਾਂ ਪਰ ਦੋ ਰੁਪਏ ਦਾ ਕਿਤਾਬਚਾ ਨਹੀ ਵੰਡ ਸਕਦੇ।

ਮੰਨ ਲਓ ਕਿਸੇ ਬੋਧੀ ਗ੍ਰੰਥ ਵਿਚ ਕਿਸੇ ਪ੍ਰਮੁੱਖ ਭਿਖਸ਼ੂ ਬਾਰੇ ਜਿਕਰ ਆ ਜਾਂਦਾ ਹੈ ਕਿ ਉਹ ਤਰਨ ਤਾਰਨ ਗਇਆ ਸੀ। ਬੋਧੀ ਤਰਨ ਤਾਰਨ ਦਰਬਾਰ ਸਾਹਿਬ ਲਾਗੇ ਆਪਣਾ ਮੱਠ ਉਸਾਰ ਲੈਂਦੇ ਹਨ। ਇਸ ਹਾਲਤ ਵਿਚ ਸ਼ਰਧਾਵਾਨ ਕੱਟੜ ਸਿੱਖ ਕੀ ਸੋਚਣਗੇ? ਬਸ ਐਨ ਇਹੋ ਕੱਟੜ ਬੋਧੀ ਪ੍ਰਚਾਰਕ ਚੁੰਗਥਾਂਗ ਜਾਂ ਡਾਂਗਮਾਰ ਵਿਖੇ ਗੁਰਦੁਆਰਾ ਸਥਾਪਤ ਕਰਨ ਮੌਕੇ ਸੋਚਦੇ ਹਨ।

ਸੋ ਪੰਥ ਨੂੰ ਬੇਨਤੀ ਹੈ ਕਿ ਸਿੱਕਮ ਦੇ ਗੁਰਦੁਆਰਿਆਂ ਦੇ ਮਸਲੇ ਤੇ ਓਥੋਂ ਦੇ ਸਥਾਨਕ ਲੋਕਾਂ ਨਾਲ ਪੰਗਾ ਨਾਂ ਜਾਰੀ ਰੱਖਿਆ ਜਾਵੇ। ਸਗੋਂ ਉਹਨਾਂ ਲੋਕਾਂ ਨਾਲ ਪ੍ਰੇਮ ਮੁਹੱਬਤ ਨਾਲ ਪੇਸ਼ ਆਇਆ ਜਾਵੇ ਖਾਸ ਕਰਕੇ ਜਦੋਂ ਓਥੇ ਕੋਈ ਸਿੱਖ ਅਬਾਦੀ ਤਾਂ ਹੈ ਹੀ ਨਹੀ। ਜੋ ਕੋਰਟਾਂ ਕਚਿਹਰੀਆਂ ਵਿਚ ਗੁਰਦੁਆਰਿਆਂ ਦੇ ਕਬਜੇ ਲਈ ਕੇਸ ਚਲ ਰਹੇ ਹਨ ਉਹ ਤੁਰੰਤ ਵਾਪਸ ਲੈ ਲਏ ਜਾਣ। ਇਤਹਾਸਕ ਥਾਵਾਂ ਲਾਮਿਆਂ ਦੇ ਸਪੁਰਦ ਕਰ ਦਿੱਤੀਆਂ ਜਾਣ। ਹਾਂ ਜੇ ਲਾਮੇ ਲੰਗਰ ਚਲਾਉਣਾ ਚਾਹੁੰਣ ਤਾਂ ਉਹਨਾਂ ਨੂੰ ਰਸਦ ਮੁਹੱਈਆ ਕਰਵਾ ਦਿਓ।

ਇਹ ਪਹੁੰਚ ਨਿਰੀ ਸਿੱਕਮ ਤਕ ਹੀ ਸੀਮਿਤ ਨਾਂ ਹੋਵੇ ਸਗੋਂ ਹਰ ਉਹ ਇਲਾਕਾ ਜਿਥੇ ਸਿੱਖਾਂ ਦੀ ਅਬਾਦੀ ਨਾਂ ਦੇ ਬਰਾਬਰ ਹੈ ਉਥੇ ਇਹ ਹੀ ਨੀਤ ਪ੍ਰਧਾਨ ਹੋਵੇ।

ਅੱਜ ਬਦਕਿਸਮਤੀ ਨਾਲ ਸਾਡੀ ਕੇਂਦਰੀ ਜਥੇਬੰਦੀ ਸ਼੍ਰੋਮਣੀ ਕਮੇਟੀ ਦੀ ਕੋਈ ਦ੍ਰਿਸ਼ਟੀ ਰਹਿ ਹੀ ਨਹੀ ਗਈ। ਸਾਫ ਤੌਰ ਤੇ ਇਹ ਇਕ ਸਰਕਾਰੀ ਅਦਾਰਾ ਬਣ ਚੁੱਕੀ ਹੈ। ਯਾਦ ਰਹੇ ਸਰਕਾਰਾਂ ਦੀ ਗੁਪਤ ਨੀਤ ਹੁੰਦੀ ਹੈ ਫਿਰਕਿਆਂ ਵਿਚ ਪਾੜ ਪਾ ਕੇ ਰੱਖਣਾ। ਗੁਪਤ ਤੌਰ ਤੇ ਸਰਕਾਰ ਨਾਲ ਮਿਲੇ ਹੋਏ ਕੁਝ ਸਿੱਖ ਏਸੇ ਅਜੰਡੇ ਨੂੰ ਅੱਗੇ ਤੋਰਦੇ ਹਨ। ਜਰੂਰਤ ਹੈ ਸਿੱਖੀ ਦੀ ਕੇਂਦਰੀ ਪੰਚਾਇਤ ਪੱਛਮੀ ਮੁੱਲਕਾਂ ਜਿਵੇ ਯੂ.ਕੇ, ਕਨੇਡਾ ਆਦਿ ਵਿਚ ਕਿਧਰੇ ਸਥਾਪਤ ਕੀਤੀ ਜਾਵੇ।

ਯਾਦ ਰਹੇ ਖੁੱਦ ਸ਼੍ਰੋਮਣੀ ਕਮੇਟੀ ਸਿੱਖਾਂ ਦੇ ਈਸਾਈ ਬਣਨ ਨੂੰ ਉਤਸ਼ਾਹ ਦੇ ਰਹੀ ਹੈ। ਸਾਡੇ ਕੋਲ ਸਬੂਤ ਹੈ ਕਿਵੇ ਰਈਏ ਦੇ ਇਲਾਕੇ ਵਿਚ ਇਕ ਸ਼੍ਰੋਮਣੀ ਕਮੇਟੀ ਮੈਂਬਰ ਨੇ ਆਪ ਚਰਚ ਦਾ ਉਦਘਾਟਨ ਕੀਤਾ ਸੀ।

▲

ਪਹਿਲੀ ਉਦਾਸੀ, ਭਾਗ -6

ਬੰਗਾਲ, ਅਸਾਮ, ਨਾਗਾਲੈਂਡ ਅਤੇ ਬੰਗਲਾਦੇਸ ਵਿਚ ਬਾਬਾ

{ਗੌੜ (ਮਾਲਦਾ) ਵਿਖੇ ਸੰਨ 1509 ਈ, ਅਸਾਮ 1510, ਪੂਰਬੀ ਬੰਗਾਲ 1511 ਈ, ਮਾਘ ਦੇਸ 1511, ਬਰਮਾ -1511}

ਪੂਰਬ ਵਿਚ ਉਦਾਸੀ ਰੂਟ - ਪਟਨਾ ➡ ਮੁੰਗੇਰ ➡ ਭਾਗਲਪੁਰ ➡ ਕੰਤ ਨਗਰ ➡ ਰਾਜ ਮਹਿਲ ➡ ਮਾਲਦਾ ➡ ਗੌੜ ॥ ਫਿਰ ਏਸੇ ਰੂਟ ਤੇ ਪਟਨਾ ਵਾਪਸੀ ॥ ਪਟਨਾ ➡ ਲਾਲਗੰਜ (ਵੈਸ਼ਾਲੀ) ➡ ਬੀਰਗੰਜ ➡ ਕਾਠਮੰਡੂ (ਸ਼ਿਵਰਾੜੀ 1510 ਈ.) ➡ ਜਨਕਪੁਰ ਇਲਾਕਾ ➡ ਬ੍ਰਾਹਖੇਤਰ ➡ ਸਿੱਕਮ ਦੇ ਮੱਠ ➡ ਭੂਟਾਨ ➡ ਦੁਬੜੀ ➡ ਜੋਗੀਗੁਫਾ ➡ ਗੁਹਾਟੀ ➡ ਗੜ੍ਹ ਦੌਲ ➡ ਬ੍ਰਹਮਕੁੰਡ ॥ ਵਾਪਸੀ ॥ ਬ੍ਰਹਮਕੁੰਡ ➡ ਸ਼ਿਵਸਾਗਰ ➡ ਦੀਮਾਪੁਰ ➡ ਸਿਲਹੱਟ ➡ ਢਾਕਾ ➡ ਦੇਵੀਪੁਰ ➡ ਚਿੱਟਾਗਾਂਗ (1511 ਈ) ➡ ਮਰਾਕ ਊ (ਮਾਘ ਦੇਸ ਅੱਜ ਬਰਮਾ ਵਿਚ) ➡ ਇੰਨ ਵਾ (ਮਾਂਡਲੇ-ਬਰਮਾ) ॥ ਵਾਪਸੀ ॥ ਜਗਨਨਾਥ ਪੁਰੀ ਬਰਾਸਤਾ ਕਲਕੱਤਾ (1512 ਈ)

ਜਿਵੇ ਪਿੱਛੇ ਵੀ ਜਿਕਰ ਆਇਆ ਹੈ ਕਿ ਦਿੱਲੀ ਦਾ ਸੁਲਤਾਨ ਸਿਕੰਦਰ ਲੋਧੀ ਮਜ਼ਬੀ ਜਨੂਨ ਕਰਕੇ ਬਦਨਾਮ ਸੀ ਅਤੇ ਗੈਰ ਮੁਸਲਮ ਲੋਕਾਂ ਤੇ ਅਥਾਹ ਜੁਲਮ ਕਰਕੇ ਅਗਲੇ ਨੂੰ ਮਜਬੂਰ ਕਰਦਾ ਸੀ ਕਿ ਉਹ ਮੁਸਲਮਾਨ ਬਣਨ। ਕਿਵੇ ਉਸ ਨੇ ਮਥੁਰਾ ਦੇ ਕ੍ਰਿਸ਼ਨ ਭਗਵਾਨ ਦੇ ਮਸ਼ਹੂਰ ਮੰਦਰ ਨੂੰ ਢੁਹਾ ਦਿੱਤਾ ਸੀ। ਫਿਰ ਇਕ ਵੇਰਾਂ ਮਥੁਰਾ ਦੇ ਘਾਟ ਤੇ ਨਾਈ ਅਤੇ ਜਿਹੜੇ ਹਿੰਦੂ ਸ਼ਰਧਾਲੂ ਮੁੰਡਨ ਕਰਵਾ ਰਹੇ ਸਨ, ਹੁਕਮ ਕਰਕੇ ਕਤਲ ਕਰਵਾ ਦਿਤੇ ਸਨ। ਇਤਹਾਸ 'ਚ ਆਉਦਾ ਹੈ ਕਿ ਇਕ ਵੇਰਾਂ ਸਿਕੰਦਰ ਲੋਧੀ ਨੂੰ ਖਬਰ ਮਿਲੀ ਕਿ ਲੱਖਾਂ ਹਿੰਦੂ ਕੁਰਖੇਤਰ ਦੇ ਮੇਲੇ ਤੇ ਹਾਜਰ ਹੋਣ ਜਾ ਰਹੇ ਨੇ। ਸੁਲਤਾਨ ਨੇ ਇਕ ਬੁੱਢੇ ਕਾਜੀ ਕੋਲੋਂ ਪੁੱਛਿਆ ਕਿ ਇਸ ਦਾ ਕੀ ਕੀਤਾ ਜਾਵੇ? ਤਾਂ ਕਾਜੀ ਕਹਿੰਦਾ ਹੈ ਬਾਦਸ਼ਾਹ ਸਲਾਮਤ ਇਹ ਵਰਤਾਰਾ ਹਿੰਦੂਆਂ ਦਾ ਮੁੱਢ ਕਦੀਮ ਤੋਂ ਚਲਦਾ ਆ ਰਿਹਾ ਹੈ ਇਹਨੂੰ ਬੰਦ ਕਰਨਾਂ ਹਕੂਮਤ ਪੱਖੋ ਗਲਤ ਹੋਵੇਗਾ। ਇਸ ਗਲ ਤੇ ਸੁਲਤਾਨ ਨੂੰ ਕਾਜੀ ਤੇ ਏਨਾ ਗੁੱਸਾ ਆ ਗਇਆ ਕਿ ਉਸਨੇ ਆਪਣਾ ਖੰਜਰ ਕਾਜੀ ਤੇ ਹੀ ਕੱਢ ਲਿਆ, ਅਖੇ "ਲਗਦਾ ਹੀ ਨਹੀ ਕਿ ਤੂੰ ਮੁਸਲਮਾਨ ਹੋਵੇ, ਜਿਹੜਾ ਤੈਨੂੰ ਕਾਫਰਾਂ ਨਾਲ ਹਮਦਰਦੀ ਹੈ।" ਕਾਜੀ ਨੇ ਮਾਫੀ ਮੰਗ ਕੇ ਜਾਨ ਛੁਡਾਈ। ਬਾਦਸ਼ਾਹ ਨੇ ਕੁਰੁਖੇਤਰ ਦਾ ਸਰੋਵਰ ਮਿੱਟੀ ਪੁਵਾ ਕੇ ਪੂਰ ਦਿੱਤਾ। ਗੁਰਬਾਣੀ ਇਸ ਗਲ ਦੀ ਸ਼ਾਹਦੀ ਭਰਦੀ ਹੈ ਕਿ ਹਿੰਦੂ ਮੇਲਿਆਂ ਅਤੇ ਕੁੰਭਾਂ ਤੇ ਜਾਣ ਵਾਲੇ ਸ਼ਰਧਾਲੂਆਂ ਕੋਲੋ ਜਜੀਆ ਲਿਆ ਜਾਂਦਾ ਸੀ। ਨਗਰਕੋਟ (ਕਾਂਗੜਾ) ਦੇ ਮੰਦਰ ਦੀ ਬੇਅਦਬੀ ਕਰਵਾ ਕੇ ਲਿੰਗ ਵਾਲਾ ਪੱਥਰ ਬੁੱਚੜਾਂ ਨੂੰ ਦੇ ਦਿਤਾ ਕਿ ਇਹਦੇ ਨਾਲ ਮੀਟ ਤੋਲਿਆ ਕਰੋ। ਮੰਦਰ ਤੇ ਜਿਹੜਾ ਖੂਬਸੂਰਤ ਤਾਂਬੇ ਦਾ ਛਤਰ ਝੁੱਲਦਾ ਹੁੰਦਾ ਸੀ ਉਹਦੇ ਕੌਲ ਬਣਵਾ ਕੇ ਮਸੀਤਾਂ 'ਚ ਰਖਾਏ ਤਾਂ ਕਿ ਨਿਮਾਜੀ ਇਨਾਂ ਵਿਚ ਪਾਣੀ ਪਾ ਕੇ ਆਪਣੇ ਹੱਥ ਪੈਰ ਧੋ ਸਕਣ। ਧੌਲਪੁਰ ਗਵਾਲੀਅਰ ਅਤੇ ਨਰਵੜ ਦੇ ਮੰਦਰ ਢੁਹਾ ਕੇ ਓਥੇ ਮਸੀਤਾਂ ਬਣਵਾ ਦਿੱਤੀਆਂ। ਜਦੋਂ ਉਹਨੇ ਧੌਲਪੁਰ ਤੇ ਜਿੱਤ ਹਾਸਲ ਕੀਤੀ ਤਾਂ ਐਨਾ ਖਰੂਦ ਕੀਤਾ ਕਿ ਲੁੱਟਮਾਰ ਦੇ ਨਾਲ ਨਾਲ ਛਾਂ-ਦਾਰ ਰੁੱਖ ਵੀ ਪੁੱਟਵਾ ਕੇ ਸੁੱਟ ਦਿਤੇ। ਜਿਹੜਾ ਬਸ਼ਿੰਦਾ ਅੱਗੇ ਆਏ ਸਭ ਨੂੰ ਅੰਨੇ ਵਾਹ ਕਤਲ ਕਰਵਾਈ ਜਾਵੇ।

ਮਨੁੱਖਤਾ ਦੇ ਪੈਗੰਬਰ ਗੁਰੂ ਨਾਨਕ ਨੂੰ ਸੁਲਤਾਨ ਦੀ ਇਹ ਸੋਚ

ਕਈ ਕਿਲੋਮੀਟਰਾਂ 'ਚ ਫੈਲੇ ਗੌੜ ਦੇ ਖੰਡਰ ਕਹਾਣੀ ਦੱਸ ਰਹੇ ਨੇ ਕਿ ਇਸ ਨਾਸਵਾਨ ਸੰਸਾਰ ਵਿਚ ਕੁਝ ਵੀ ਸਥਾਈ ਨਹੀ।(ਫੋਟੋ ਧੰਨਵਾਦ : ਵਿੱਕੀਪੈਡੀਆ)

ਬਹੁਤ ਚੁਭਦੀ ਸੀ। ਸਾਹਿਬ ਨੇ ਬਾਦਸ਼ਾਹ ਨੂੰ ਸਮਝਾਉਣ ਬੁਝਾਉਣ ਦੀ ਕੋਸ਼ਿਸ਼ ਕੀਤੀ ਪਰ ਕੱਟੜ ਮੌਲਾਣਿਆਂ ਗੁਰੂ ਸਾਹਿਬ ਦੀ ਮੁਖਾਲਫਤ ਕਰ ਦਿੱਤੀ। ਹੁਕਮ ਕਰ ਦਿੱਤਾ ਕਿ ਗੁਰੂ ਨਾਨਕ ਦੁਬਾਰਾ ਦਿੱਲੀ ਨਾਂ ਵੜੇ। ਉਹਨਾਂ ਦਾ ਵੱਸ ਚਲਦਾ ਤਾਂ ਗੁਰੂ ਸਾਹਿਬ ਨੂੰ ਖਤਮ ਕਰ ਦਿੰਦੇ ਪਰ ਸਾਹਿਬ ਦੀਆਂ ਚਮਤਕਾਰੀ ਤਾਕਤਾਂ ਅੱਗੇ ਉਹ ਨਿਹੱਥੇ ਮਹਿਸੂਸ ਕਰਦੇ ਸਨ।

ਗਉੜ ਬੰਗਾਲ- ਐਨ ਉਹਨਾਂ ਹੀ ਦਿਨਾਂ ਵਿਚ ਬੰਗਾਲ ਵਿਚ ਵੀ ਮੁਸਲਮਾਨਾ ਹਕੂਮਤ ਸੀ ਜੋ ਹਿੰਦੁਸਤਾਨ ਤੋਂ ਬਿਲਕੁਲ ਅਜਾਦ ਵੀ ਸਨ ਤੇ ਦਿੱਲੀ ਦੀ ਫਿਰਕਾਪ੍ਰਸਤ ਹਕੂਮਤ ਦੀ ਸੋਚ ਦੇ ਵੀ ਬਿਲਕੁਲ ਉਲਟ। ਬੰਗਾਲ ਵਿਚ ਓਹਨੀ ਦਿਨੀਂ ਹੁਸੈਨ ਸ਼ਾਹੀ ਖਾਨਦਾਨ ਦਾ ਰਾਜ ਸੀ। ਇਸ ਤੋਂ ਪਹਿਲਾਂ ਇਥੇ ਇਲਿਆਸ ਸ਼ਾਹੀ ਖਾਨਦਾਨ ਦਾ ਰਾਜ ਸੀ। ਉਹ ਵੀ ਹਿੰਦੁਸਤਾਨ ਤੋਂ ਅਜਾਦ ਸਨ। ਇਥੇ 320 ਸਾਲ ਹਿੰਦੁਸਤਾਨ ਤੋਂ ਵੱਖਰੀ ਹਕੂਮਤ ਚਲਦੀ ਰਹੀ ਅਤੇ ਮੁਗਲ ਬਾਦਸ਼ਾਹ ਬਾਬਰ ਨੇ ਇਨੂੰ ਪਹਿਲੀ ਵਾਰ ਫਤਹਿ ਕੀਤਾ।

ਪੂਰਬ ਵਲ ਜਦੋਂ ਗੁਰੂ ਸਾਹਿਬ ਆਏ ਤਾਂ ਇਥੇ ਆ ਕੇ ਸਾਹਿਬ ਨੂੰ ਬੰਗਾਲ ਦੇ ਸਾਂਝੇ ਹੁਕਮਰਾਨਾਂ ਬਾਰੇ ਪਤਾ ਲੱਗਾ। ਬਿਹਾਰ ਵਿਚ ਜਦੋਂ ਸਾਹਿਬ ਫਿਰ ਰਹੇ ਸਨ ਤਾਂ ਓਦੋਂ ਹੀ ਉਹ ਗੌੜ ਗਏ । ਬੰਗਾਲ ਦਾ ਪੱਛਮੀ ਸ਼ਹਿਰ ਗੌੜ ਉਸ ਵੇਲੇ ਬੰਗਾਲ ਦੀ ਰਾਜਧਾਨੀ ਸੀ। ਇਹਦਾ ਨਾਂ ਲਖਨੌਟੀ ਵੀ ਚਲਦਾ ਸੀ। ਬਾਦਸ਼ਾਹ

ਪਾਂਡੂਆ। ਫਿਰ ਕੀ ਹੋਇਆ ਸਿਰ ਤੇ ਛੱਤ ਨਹੀ ਬਚੀ। ਮਸੀਤ ਹੈ ਤਾਂ 600 ਸਾਲ ਪੁਰਾਣੀ।

ਹਮਾਯੂ ਨੇ ਨਾਂ ਜੱਨਤਬਾਗ ਰੱਖਿਆ। ਓਹਨੀ ਦਿਨੀ ਇਕ ਫਰੀਆ ਸੂਸਾ ਨਾਂ ਦੇ ਪੁਰਤਗਾਲੀ ਯਾਤਰੀ ਨੇ ਜਦੋਂ ਇਹ ਨਗਰ ਵੇਖਿਆ ਤਾਂ ਬੜੀਆਂ ਤਾਰੀਫਾਂ ਕੀਤੀਆਂ। ਓਹਨੀ ਦਿਨੀ ਇਸ ਸ਼ਹਿਰ ਦੀ ਅਬਾਦੀ 12 ਲੱਖ ਸੀ।◉ ਗੁਰਬਾਣੀ ਵਿਚ ਜਿਹੜਾ ਰਾਗ ਗਾਉੜੀ ਆਉਦਾ ਹੈ ਉਹਦਾ ਨਾਂ ਵੀ ਏਸੇ ਸ਼ਹਿਰ ਕਰਕੇ ਹੀ ਹੈ। ਉਦੋਂ ਬੰਗਾਲ ਨੂੰ ਗੌੜ ਦੇਸ ਵੀ ਕਹਿ ਦਿਤਾ ਜਾਂਦਾ ਸੀ। ਪੁਰਾਣੇ ਸਮਿਆਂ ਵਿਚ ਰਾਜਧਾਨੀ ਦੇ ਨਾਂ ਤੇ ਹੀ ਦੇਸ ਦਾ ਨਾਂ ਚਲਦਾ ਹੁੰਦਾ ਸੀ। ਜਿਵੇ ਲਹੌਰ ਸੂਬਾ, ਮੁਲਤਾਨ ਦੇਸ ਆਦਿ ਆਦਿ।

ਇਤਹਾਸਕਾਰਾਂ ਨੇ ਗੌੜ ਦੇ ਲਾਗੇ ਹੀ 30 ਕਿ.ਮੀ. ਉੱਤਰ (ਨਕਸ਼ਾ ਸੂਚਕ: 25.1333333, 88.1666667) ਹੋਰ ਵੀ ਸ਼ਾਹੀ ਖੰਡਰਾਤ ਪਾਏ ਨੇ ਤੇ ਪਤਾ ਲੱਗਾ ਹੈ ਕਿ ਗੌੜ ਦੀ ਪਹਿਲਾਂ ਰਾਜਧਾਨੀ ਪਾਂਡੂਆ (ਫਿਰੋਜਾਬਾਦ) ਦੇ ਸਥਾਨ ਤੇ ਸੀ। ਪਰ ਸੰਨ 1450 ਈ. ਵਿਚ ਦਰਿਆ ਗੰਗਾ ਦੇ ਵਹਾਅ ਨੇ ਸਿੱਧੀ ਸ਼ਾਹੀ ਮਹਿਲ ਨੂੰ ਹੀ ਆ ਟੱਕਰ ਮਾਰੀ ਤੇ ਮਹਿਲ ਦਾ ਨਾਮੋ ਨਿਸ਼ਾਨ ਮਿਟਾ ਦਿਤਾ ਸੀ। ਉਦੋਂ ਹੀ ਫਿਰ ਰਾਜਧਾਨੀ ਦੀ ਸਾਰੀ ਅਬਾਦੀ ਨੂੰ ਹਿਜਰਤ ਕਰਵਾ ਕੇ ਹੇਠਾਂ ਚੰਦਨਗੜ੍ਹ ਲਿਆਦਾ ਗਇਆ ਸੀ।

ਇਹਨਾਂ ਦੋਵਾਂ ਰਾਜਧਾਨੀ ਸ਼ਹਿਰਾਂ ਦੇ ਐਨ ਦਰਮਿਆਨ ਸੀ ਸ਼ਹਿਰ ਮਾਲਦਾ (ਪੁਰਾਣਾ)। ਪਾਂਡੂਆ ਤੋ 10 ਕਿ.ਮੀ ਦੱਖਣ ਅਤੇ ਗੌੜ ਤੋਂ 21 ਕਿ.ਮੀ. ਉੱਤਰ। ਸੋ ਨਵੀ ਤੇ ਪੁਰਾਣੀ ਰਾਜਧਾਨੀ ਦੇ ਵਿਚਕਾਰ ਹੋਣ ਕਰਕੇ ਮਾਲਦਾ ਸ਼ਹਿਰ ਦੀ ਆਪਣੀ ਅਹਿਮੀਅਤ ਹੋ ਗਈ।

ਸ਼ੇਰ ਸ਼ਾਹ ਸੂਰੀ ਨੇ ਗੌੜ ਸ਼ਹਿਰ ਨੂੰ ਲੁੱਟ ਪੁੱਟ ਫਨਾਹ ਕਰ ਦਿਤਾ ਸੀ। ਬਾਦ 1575 ਈ. ਇਥੇ ਪਲੇਗ ਫੈਲ ਗਈ ਜਿਸ ਕਰਕੇ ਲੋਕ ਇਥੋਂ ਹਿਜਰਤ ਕਰ ਗਏ। ਮਗਰੋਂ ਗੰਗਾ ਦਰਿਆ ਵੀ ਇਸ ਤੋਂ ਪਰੇ ਹਟ ਗਇਆ। ਗੌੜ ਅੱਜ ਦੇ ਮਾਲਦਾ ਸ਼ਹਿਰ ਤੋਂ ਐਨ ਦੱਖਣ ਵਿਚ 16 ਕਿ. ਮੀ ਦੀ ਦੂਰੀ ਤੇ ਸੀ। ਭਾਵ ਪੱਛਮੀ ਬੰਗਾਲ ਅਤੇ ਬੰਗਲਾਦੇਸ਼ ਦੀ ਸਰਹੱਦ ਤੇ। (ਨਕਸ਼ਾ ਸੂਚਕ 24°52′N 88°08′E)

ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ -ਗੁਰੂ ਸਾਹਿਬ ਜਦੋਂ ਗੌੜ ਗਏ ਬੰਗਾਲ ਦਾ ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ ਸੀ। ਜਨਮਸਾਖੀਆਂ ਤੋਂ ਏਨਾਂ ਤਾਂ ਪਤਾ ਨਹੀ ਲਗਦਾ ਕਿ ਸਾਹਿਬ ਦਾ ਮੇਲ ਇਥੇ ਗੌੜ ਵਿਚ ਉਹਦੇ ਨਾਲ ਹੋ ਸਕਿਆ ਕਿ ਨਹੀ। ਅੰਦਾਜ਼ਾ ਇਹੋ ਲਗਦਾ ਹੈ ਕਿ ਬਾਦਸ਼ਾਹ ਓਦੋਂ ਕਿਧਰੇ ਦੌਰੇ ਤੇ ਸੀ ਤੇ ਆਖੀਰ ਤੇ ਗੁਰੂ ਸਾਹਿਬ ਦਾ ਮੇਲ ਉਹਦੇ ਨਾਲ ਚਿੱਟਾਗਾਂਗ ਸ਼ਹਿਰ ਵਿਚ ਹੁੰਦਾ ਹੈ। ਲਗਪਗ ਉਹਨੀ ਦਿਨੀਂ ਹੀ ਚਿੱਟਾਗਾਂਗ ਵਿਖੇ ਪੁਰਤਗਾਲੀ ਸੌਦਾਗਰਾਂ ਨੂੰ ਬੰਗਾਲ ਵਿਚ ਵਪਾਰ ਦੀ ਖੁੱਲ ਦਿੱਤੀ ਗਈ ਸੀ। ਇਸ ਸੁਲਤਾਨ ਨੇ ਹਿੰਦੂ ਸਾਧੂ ਚੈਤੰਨਿਆ ਮਹਾਪ੍ਰਭੂ ਨੂੰ ਆਪਣਾ ਪ੍ਰਚਾਰ ਕਰਨ ਵਾਸਤੇ ਪੂਰੀ ਅਜਾਦੀ ਦਿੱਤੀ ਹੋਈ ਸੀ। ਇਹਦੀ ਸ਼ਖਸੀਅਤ ਤੇ ਏਨਾ ਕੁ ਦਾਗ ਲਗਦਾ ਹੈ ਕਿ ਜਦੋਂ ਇਸਨੇ ਉੜੀਸਾ ਤੇ ਹਮਲਾ ਕੀਤਾ ਤਾਂ ਇਸ ਦੇ ਕੁਝ ਜਰਨੈਲਾਂ ਨੇ ਇਕ ਦੋ ਮੰਦਰ ਢਾਹੇ ਸਨ।

ਜਨਮ ਸਾਖੀ ਬਾਲਾ ਵਿਚ ਚਿੱਟਾਗਾਂਗ ਵਿਖੇ ਜਿਸ ਬਾਦਸ਼ਾਹ ਨਾਲ ਗੁਰੂ ਸਾਹਿਬ ਦਾ ਮੇਲ ਹੁੰਦਾ ਹੈ ਉਹਦਾ ਨਾਂ ਸੁਧ੍ ਸੈਨ ਦਿੱਤਾ ਹੈ। ਯਾਦ ਰਹੇ ਕਿ ਹੋਰਨੀਂ ਥਾਂਈ ਵੀ ਜਨਮ ਸਾਖੀ ਲਿਖਾਰੀਆਂ ਨੇ ਨਾਂ ਉਲਟ ਪੁਲਟ ਹੀ ਦਿਤੇ ਹੋਏ ਹਨ। ਕਿਉਕਿ ਉਨਾਂ ਸੁਣੀਆਂ ਸੁਣਾਈਆਂ ਗੱਲਾਂ ਲਿਖੀਆਂ ਹਨ ਜਿਸ ਕਰਕੇ ਨਾਵਾਂ 'ਚ ਬਹੁਤੀ ਥਾਂਈ ਗਲਤੀਆਂ ਮਿਲਦੀਆਂ ਹਨ। ਦੇਸਾਂ ਇਲਾਕਿਆਂ ਦੇ ਨਾਂ ਜਿਸ ਤਰਾਂ ਦਿੱਤੇ ਹਨ ਉਸ ਤੋਂ ਲਗਦਾ ਹੈ ਕਿ ਇਹ ਲਿਖਾਰੀ ਵਿਚਾਰੇ ਅਨਪੜ੍ਹ ਜਿਹੇ ਲੋਕ ਸਨ।

ਜਨਮ ਸਾਖੀ ਵਿਚ ਸਾਫ ਸਾਫ ਜਿਕਰ ਆਉਦਾ ਹੈ ਕਿ ਗੁਰੂ ਸਾਹਿਬ ਹੋਰਨਾਂ ਦੇਸਾਂ ਦੇ ਰਾਜਿਆਂ ਨੂੰ ਵੀ ਕਹਿ ਰਹੇ ਹਨ ਕਿ ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ ਨਾਲ ਰਲ ਕੇ ਚਲੋ। ਇਥੋਂ ਤਕ ਕਿ ਇਕ ਥਾਂ ਇਕ ਰਾਜੇ ਨੂੰ ਉਪਦੇਸ਼ ਦਿੰਦੇ ਹਨ ਕਿ ਜੇ ਆਪਣਾ ਰਾਜ ਬਚਾਉਣਾ ਹੈ ਤਾਂ ਹੁਸੈਨ ਦੇ ਮੁਤਾਹਿਤ ਹੋ ਜਾਓ। ਇਸ ਤੋਂ ਸਾਫ ਨਜਰ ਆਉਦਾ ਹੈ ਕਿ ਗੁਰੂ ਸਾਹਿਬ ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ ਤੋਂ ਉਮੀਦ ਕਰਦੇ ਸਨ ਕਿ ਉਹ ਤਗੜਾ ਹੋ ਕੇ ਇਕ ਦਿਨ ਦਿੱਲੀ ਫਤਹਿ ਕਰੇ ਤੇ ਜਨੂੰਨੀ ਫ੍ਰਿਕਾਪ੍ਰਸਤ ਹਾਕਮ ਦਾ ਕੰਮ ਤਮਾਮ ਕਰ ਦੇਵੇ।

ਬਾਲਾ ਜਨਮਸਾਖੀ ਦੀ ਇਹ ਬਹੁਤ ਵੱਡੀ ਗਵਾਹੀ ਹੈ ਕਿ ਗੁਰੂ ਸਾਹਿਬ ਹਿੰਦੁਸਤਾਨ ਦਾ ਤਖਤਾ ਪਲਟਣ ਦੇ ਹੱਕ ਵਿਚ ਸਨ।◉ ਇਹੋ ਕਾਰਨ ਹੈ ਬਾਦ ਵਿਚ ਸਾਹਿਬ ਮੁਗਲ ਬਾਦਸ਼ਾਹ ਬਾਬਰ ਨੂੰ ਵੀ ਉਤਸ਼ਾਹ ਦਿੰਦੇ ਹਨ ਕਿ ਦਿੱਲੀ ਤੇ ਹਮਲਾ ਕਰੇ। ਪਰ ਬਾਦ ਵਿਚ ਜਦੋਂ ਬਾਬਰ ਦਾ ਜੁਲਮ ਦੇਖਦੇ ਹਨ ਤਾਂ ਵੀ ਦੁੱਖੀ ਹੁੰਦੇ ਹਨ। ਖੈਰ ਬਾਬਰ ਜਾਲਮ ਜਰੂਰ ਸੀ ਪਰ ਮਜ੍ਹਬੀ ਕੱਟੜਪਣ ਉਸ ਵਿਚ ਏਨਾ ਨਹੀ ਸੀ ਜਿੰਨਾ ਪਠਾਣ ਸੁਲਤਾਨਾਂ ਵਿਚ ਸੀ।

—◈—

ਪੈਰ ਸਫ਼ਾ ਬੰਗਾਲ ਦਾ ਇਹ ਪੱਛਮੀ ਹਿੱਸਾ ਨੇਪਾਲ ਦੀ ਉਦਾਸੀ ਤੋਂ ਪਹਿਲਾਂ ਗਾਹਿਆ ਸੀ।

ਗੌੜ ਅਤੇ ਪਾਂਡੂਆ:◉

https://en.wikipedia.org/wiki/Gau%E1%B8%8Da_(city)
https://www.livehistoryindia.com)

(ਤਸਵੀਰ ਲਈ ਧੰਨਵਾਦ: ਦੀਪਾਂਜਨ ਘੋਸ਼।

ਬਾਬਾ ਪਹੁੰਚਿਆ ਗਾਉੜੀ ਦੇਸ

ਰਾਮ ਬਾਬੂ ਦੇ ਅੰਬ ਜਗਤ ਪ੍ਰਸਿੱਧ ਹੋ ਗਏ

ਪਟਨੇ ਵਾਲੇ ਪਾਸਿਓ ਰਵਾਨਾ ਹੋ, ਗੰਗਾ ਦੇ ਨਾਲ ਚਲ, ਲੋਕਾਂ ਨੂੰ ਮਿਥਹਾਸ ਬਾਬਤ ਸੁਚੇਤ ਕਰ ਕੇ, ਇਕ ਨਿਰੰਕਾਰ ਦੀ ਹੋਂਦ ਦ੍ਰਿੜਾ ਰਹੇ ਸਨ ਅਤੇ ਦੱਖਣ ਨੂੰ ਚਲਦੇ ਹੋਏ ਸ਼ਹਿਰ ਕੰਤ ਨਗਰ ਪਹੁੰਚੇ। ਇਥੇ ਗੰਗਾ ਨਦੀ ਵਿੱਚ ਉੱਤਰ ਤੋਂ ਦਰਿਆ ਕੋਸੀ ਆ ਮਿਲਦੀ ਹੈ ਅਤੇ ਬੜਾ ਹੀ ਵਿਸ਼ਾਲ ਟਾਪੂ ਬਣਦਾ ਹੈ। ਕੰਤ ਨਗਰ ਤੋਂ ਬੇੜੀ ਰਾਂਹੀ 100 ਕਿਲੋਮੀਟਰ ਦਾ ਸਫਰ ਕਰਕੇ ਰਾਜਮਹਿਲ ਪਹੁੰਚੇ ਤੇ ਓਥੇ ਭੋਲੀ ਭਾਲੀ ਜਨਤਾ ਨੂੰ ਕਰਮ ਕਾਂਡ ਦੇ ਜਾਲ ਵਿੱਚੋਂ ਕੱਢ ਕੇ ਨਿਰੰਕਾਰ ਦੇ ਸਤਿਨਾਮ ਨਾਲ ਜੋੜਿਆ। ਓਥੋ ਫਿਰ ਬੰਗਾਲ ਦੀ ਰਾਜਧਾਨੀ ਗੌੜ ਪਹੁੰਚੇ। ਇਥੇ ਪਹੁੰਚਣ ਦਾ ਗੁਰੂ ਸਾਹਿਬ ਦਾ ਨਿਸ਼ਾਨਾ ਬੰਗਾਲ ਦੇ ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ ਨੂੰ ਮਿਲਣਾ ਸੀ ਤੇ ਨਾਲੇ ਗੌੜ ਵਿਖੇ ਦੋ ਪ੍ਰਸਿੱਧ ਸਿੱਧ-ਜੋਗੀ ਮੱਠ ਹੋਇਆ ਕਰਦੇ ਸਨ ਉਥੇ ਜਾ ਜੋਗੀਆਂ ਨੂੰ ਨਿਰੰਕਾਰ ਦੇ ਲੜ੍ਹ ਲਾਉਣਾ ਸੀ। ਗੌੜ ਵਿਖੇ ਸੂਫੀ ਮਤ ਵੀ ਜੋਰਾਂ ਤੇ ਸੀ। ਇਹ ਵੀ ਪਤਾ ਲਗਦਾ ਗੁਰੂ ਸਾਹਿਬ ਨੇ ਸੂਫੀਆਂ ਨਾਲ ਵੀ ਗੋਸਟਾਂ ਕੀਤੀਆਂ । ਜਦੋਂ ਗੁਰੂ ਸਾਹਿਬ ਇਥੇ ਪਹੁੰਚੇ ਗੌੜ ਸ਼ਹਿਰ ਪੂਰੇ ਜੋਬਨ ਤੇ ਸੀ।

ਜਦੋਂ ਗੁਰੂ ਸਾਹਿਬ ਗੌੜ ਵਿਖੇ ਬਿਰਾਜੇ ਹੋਏ ਸਨ ਤਾਂ ਰੂਹਾਨੀਅਤ ਨਾਲ ਲਗਾਅ ਰੱਖਣ ਵਾਲਾ ਇਕ ਬੰਗਾਲੀ ਨਾਮ ਰਾਮ ਬਾਬੂ ਉਹਨਾਂ ਨੂੰ ਆਪਣੇ ਸ਼ਹਿਰ ਮਾਲਦਾ ਲੈ ਆਇਆ। ਰਾਮ ਬਾਬੂ ਨੇ ਆਪਣੇ ਅੰਬਾਂ ਦੇ ਬਾਗ ਵਿਚ ਬਕਾਇਦਾ ਸਾਧੂ ਸੰਤਾਂ ਦੇ ਰਹਿਣ ਵਾਸਤੇ ਇਕ ਕੁਟੀਆ ਬਣਾਈ ਹੋਈ ਸੀ। ਰਾਮ ਬਾਬੂ ਸੀ ਵੀ ਇਲਾਕੇ ਦੀ ਪ੍ਰਸਿੱਧ ਸਖਸ਼ੀਅਤ ਸੀ, ਭਾਵ ਕੋਈ ਛੋਟਾ ਮੋਟਾ ਜਗੀਰਦਾਰ ਵਗੈਰਾ ਸਮਝ ਲਓ। ਜਿਵੇ ਲੋਕਾਈ ਨੂੰ ਪਤਾ ਲੱਗਾ ਕਿ ਇਕ ਜਾਣੀ ਜਾਣ ਮਹਾਤਮਾ ਰਾਮ ਬਾਬੂ ਦੇ ਬਾਗ ਵਿਚ ਆ ਟਿਕਿਆ ਹੈ, ਬੰਗਾਲੀ ਲੋਕ ਉਮੰਡ ਕੇ ਪੈ ਗਏ। ਰਾਮ ਬਾਬੂ ਦੀ ਕੁਟੀਆ ਵਿਖੇ ਤਾਂ ਮੇਲਾ ਹੀ ਲੱਗਾ ਰਹਿਣ ਲੱਗਾ।

ਇਤਹਾਸ ਵਿਚ ਆਉਦਾ ਹੈ ਕਿ ਓਹਨੀ ਦਿਨੀ ਬੰਗਾਲ ਖਾਸ ਕਰਕੇ ਗੌੜ ਦੀ ਕਪੜਾ ਸਨਅੱਤ ਸਿਖਰ ਤੇ ਸੀ। ਇਕ ਦਿਨ ਰਾਮ ਬਾਬੂ ਬੜੇ ਪਿਆਰ ਸਤਿਕਾਰ ਨਾਲ ਗੁਰੂ ਸਾਹਿਬ ਦੇ ਨਾਪ ਦੇ ਕਪੜੇ ਸਿਵਾ ਕੇ ਲੈ ਆਇਆ ਅਤੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਸਾਹਿਬ ਇਹ ਬਸਤ੍ਰ ਪ੍ਰਵਾਨ ਕਰੋ। ਧਿਆਨ ਰਹੇ ਗੁਰੂ ਸਾਹਿਬ ਕਦੀ ਸਿਰਫ ਲਗੋਟ 'ਚ ਹੀ ਰਹਿੰਦੇ ਸਨ। ਓਦੋਂ ਫਿਰ ਗੁਰੂ ਸਾਹਿਬ ਨੇ ਗਉੜੀ ਰਾਗ ਵਿਚ ਹੀ ਸ਼ਬਦ ਕਹਿ ਦਿਤਾ:-

ਚੋਆ ਚੰਦਨੁ ਅੰਕਿ ਚੜਾਵਉ ॥ ਪਾਟ ਪਟੰਬਰ ਪਹਿਰਿ ਹਢਾਵਉ ॥ ਬਿਨੁ ਹਰਿ ਨਾਮ ਕਹਾ ਸੁਖੁ ਪਾਵਉ ॥੧॥ ਕਿਆ ਪਹਿਰਉ ਕਿਆ ਓਢਿ ਦਿਖਾਵਉ ॥ ਬਿਨੁ ਜਗਦੀਸ ਕਹਾ ਸੁਖੁ ਪਾਵਉ ॥੧॥ ਰਹਾਉ ॥ ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ ॥ ਲਾਲ ਨਿਹਾਲੀ ਫੂਲ ਗੁਲਾਲਾ ॥ ਬਿਨੁ ਜਗਦੀਸ ਕਹਾ ਸੁਖੁ ਭਾਲਾ ॥੨॥ ਨੈਨ ਸਲੋਨੀ ਸੁੰਦਰ ਨਾਰੀ ॥ ਖੋੜ ਸੀਗਾਰ ਕਰੈ ਅਤਿ ਪਿਆਰੀ ॥ ਬਿਨੁ ਜਗਦੀਸ ਭਜੇ ਨਿਤ ਖੁਆਰੀ ॥੩॥ ਦਰ ਘਰ ਮਹਲਾ ਸੇਜ ਸੁਖਾਲੀ ॥ ਅਹਿਨਿਸਿ ਫੂਲ ਬਿਛਾਵੈ ਮਾਲੀ ॥ ਬਿਨੁ ਹਰਿ ਨਾਮ ਸੁ ਦੇਹ ਦੁਖਾਲੀ ॥੪॥ ਹੈਵਰ ਗੈਵਰ ਨੇਜੇ ਵਾਜੇ ॥ ਲਸਕਰ ਨੇਬ ਖਵਾਸੀ ਪਾਜੇ ॥ ਬਿਨੁ ਜਗਦੀਸ ਝੂਠੇ ਦਿਵਾਜੇ ॥੫॥ ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ ॥ ਤਾਜ ਕੁਲਹ ਸਿਰਿ ਛਤ੍ਰੁ ਬਨਾਵਉ ॥ ਬਿਨੁ ਜਗਦੀਸ ਕਹਾ ਸਚੁ ਪਾਵਉ ॥੬॥ ਖਾਨੁ ਮਲੂਕੁ ਕਹਾਵਉ ਰਾਜਾ ॥ ਅਬੇ ਤਬੇ ਕੂੜੇ ਹੈ ਪਾਜਾ ॥ ਬਿਨੁ ਗੁਰ ਸਬਦ ਨ ਸਵਰਸਿ ਕਾਜਾ ॥ ੭॥ ਹਉਮੈ ਮਮਤਾ ਗੁਰ ਸਬਦਿ ਵਿਸਾਰੀ ॥ ਗੁਰਮਤਿ ਜਾਨਿਆ ਰਿਦੈ ਮੁਰਾਰੀ ॥ ਪ੍ਰਣਵਤਿ ਨਾਨਕ ਸਰਣਿ ਤੁਮਾਰੀ ॥੮॥੧੦॥

ਗੁਰੂ ਸਾਹਿਬ ਤੇ ਇਸ ਪ੍ਰਕਾਰ ਰਾਮ ਬਾਬੂ ਅਤੇ ਜੁੜ ਚੁੱਕੀ ਲੋਕਾਈ ਨੂੰ ਉਪਦੇਸ਼ ਦਿਤਾ ਕਿ ਬੰਦਾ ਵਧੀਆ ਕਪੜੇ ਪਹਿਨ ਕੇ ਹੀ ਸੁੱਖੀ ਨਹੀ ਹੋ ਸਕਦਾ। ਸਾਨੂੰ ਸੁੱਖ ਦਾ ਰਾਜ ਸਮਝਣਾ ਪਾਉਗਾ। ਜਿਥੇ ਗੁਰੂ ਸਾਹਿਬ ਬਿਰਾਜੇ ਸਨ ਉਹ ਥਾਂ ਇਤਹਾਸਿਕ ਧਰਮਸਾਲ ਬਣ ਗਈ। ਰਾਮ ਬਾਬੂ ਨੇ ਇਲਾਕੇ ਵਿਚ ਗੁਰਮਤ ਦਾ ਖੂਬ ਪ੍ਰਚਾਰ ਕੀਤਾ। ਨੌਵੇ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਵੀ ਮਾਲਦਾ ਦੀ ਰਾਮ ਬਾਬੂ ਧਰਮਸਾਲ ਵਿਖੇ ਪਹੁੰਚੇ ਸਨ। ਰਾਮ ਬਾਬੂ ਦੀ ਕੁਟੀਆ ਵਾਲਾ ਸਥਾਨ ਅੱਜ ਕਲ੍ਹ ਗੁਰਦੁਆਰਾ ਗੁਰੂ ਕਾ ਬਾਗ ਕਹਾਉਦਾ ਹੈ।

ਮੰਨਿਆ ਜਾਂਦਾ ਹੈ ਕਿ ਜਿੱਦ ਕਰਕੇ ਲੰਮੇ ਸਮੇਂ ਲਈ ਰਾਮ ਬਾਬੂ ਨੇ ਗੁਰੂ ਸਾਹਿਬ ਨੂੰ ਆਪਣੇ ਕੋਲ ਰੱਖਿਆ। ਹੋ ਸਕਦੈ ਗੁਰੂ ਸਾਹਿਬ ਨੇ ਬਾਦਸ਼ਾਹ ਦੀ ਉਡੀਕ ਕੀਤੀ ਹੋਵੇ ਜੋ ਕਿਧਰੇ ਦੌਰੇ ਤੇ

ਮਾਲਦਾ (ਪੁਰਾਣਾ) ਵਿਖੇ 1.ਰਾਮ ਬਾਬੂ ਦੀ ਕੁੱਟੀਆ ਹੁਣ ਬਣ ਚੁੱਕੀ ਗੁਰਦੁਆਰਾ ਗੁਰੂ ਕਾ ਬਾਗ। 2. ਉਹ ਪੱਥਰ ਦੀ ਚੌਕੀ ਜਿਸ ਤੇ ਬਹਿ ਗੁਰੂ ਸਾਹਿਬ ਨੇ ਇਸਨਾਨ ਕੀਤਾ 3.ਪਾਣੀ ਵਾਲੀ ਗਾਗਰ ਜੋ ਸਾਹਿਬ ਨੇ ਇਸ਼ਨਾਨ ਵੇਲੇ ਵਰਤੀ। ਅੱਜ ਜਰ ਜਰ ਹੋ ਚੁੱਕੀ ਹੈ।4.ਜਿਸ ਖੂਹ ਤੇ ਇਸ਼ਨਾਨ ਕੀਤਾ ਸੀ। 5. ਨੌਵੇ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਤਿੰਨ ਤੇਗਾਂ ਭਾਵ ਕਿਰਪਾਨਾਂ।-(ਤਸਵੀਰਾਂ-ਹਰਦੀਪ ਸਿੰਘ)

ਗਇਆ ਹੋਵੇ। ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ ਕਿ ਚਾਰ ਮਾਸ ਇਥੇ ਰਹੇ।+ ਜਿਸ ਬਾਗ ਵਿੱਚ ਠਹਿਰੇ ਸੇ ਓਹੋ ਅੰਬ ਚੂਸਣ ਵਾਸਤੇ ਸੌਂਪ ਦਿੱਤਾ।ਓਹੋ ਬਾਗ ਹੁਣ ਪੁਲੀਨ ਬਾਗ ਕਹਾਉਦਾ ਹੈ ਤੇ ਅੰਬ ਵੀ ਓਥੋਂ ਦੇ ਬੜੇ ਉਘੇ ਹਨ। ⊙

ਅੱਜ ਤਕ ਉਹ ਖੂਹ ਮੌਜੂਦ ਹੈ ਜਿਥੇ ਗੁਰੂ ਸਾਹਿਬ ਨੇ ਇਸ਼ਨਾਨ

ਪੈੜ ਸਫਾ

⊙ ਕੋਹਲੀ- 51 ਵੀ ਸਹਿਮਤ ਨੇ ਕਿ ਗੁਰੂ ਸਾਹਿਬ ਨੇ ਇਥੋਂ ਦੇ ਰਾਜਿਆਂ ਨੂੰ ਇਕੱਠਿਆਂ ਕਰਨ ਦੀ ਕੋਸ਼ਿਸ਼ ਕੀਤੀ।

ਕੀਤਾ ਤੇ ਉਹ ਪੱਥਰ ਦੀ ਫੱਟੀ ਜਾਂ ਚੌਕੀ ਜਿਸ ਤੇ ਬਹਿ ਇਸਨਾਨ ਕੀਤਾ। ਰਾਮ ਬਾਬੂ ਨੇ ਉਹ ਗਾਗਰ ਸਾਂਭ ਲਈ ਜਿਸ ਦੇ ਪਾਣੀ ਨਾਲ ਗੁਰੂ ਸਾਹਿਬ ਇਸ਼ਨਾਨ ਕਰਿਆ ਕਰਦੇ ਸਨ।

ਜਿਵੇ ਗੁਰੂ ਸਾਹਿਬ ਨੇ ਪਟਨੇ ਨੂੰ ਆਪਣਾ ਹੈਡ ਕਵਾਟਰ ਕੁਝ ਚਿਰ ਲਈ ਬਣਾਇਆ ਸੀ ਏਸੇ ਤਰਾਂ ਕੁਝ ਇਕ ਨਾਲ ਦੇ ਸ਼ਹਿਰਾਂ ਵਿਚ ਇਥੋਂ ਭਾਵ ਗੌੜ (ਮਾਲਦਾ) ਤੋਂ ਹੀ ਗਏ। ਗੌੜ ਰਾਜਧਾਨੀ ਅਤੇ ਓਹਨੀ ਦਿਨੀ ਬੰਗਾਲ ਦਾ ਸਭ ਤੋਂ ਪ੍ਰਸਿੱਧ ਸ਼ਹਿਰ ਸੀ ਸੋ ਹੋ ਸਕਦਾ ਚੈਤੰਨਿਆ ਮਹਾਂ ਪ੍ਰਭੂ ਦਾ ਗੁਰੂ ਸਾਹਿਬ ਨਾਲ ਮੇਲ ਏਸੇ ਸ਼ਹਿਰ ਵਿਚ ਹੀ ਹੋਇਆ ਹੋਵੇ।

—◈—

ਸੂਜਾ ਸਿੱਖ ਹੋਇਆ

ਮਕਸੂਦਾਬਾਦ (ਮੁਰਸ਼ਿਦਾਬਾਦ) ਵਿਖੇ ਬਾਬਾ

ਗਿਆਨੀ ਜੀ ਨੇ ਲਿਖਿਆ ਹੈ ਕਿ ਓਥੋਂ ਅੱਗੇ ਫਿਰ ਮਕਸੂਦਾਬਾਦ (ਮੁਰਸ਼ਦਾਬਾਦ) "ਗੰਗਾ ਪਾਰ ਜਿੱਥੇ ਹੁਣ ਰੇਸ਼ਮ ਬੀਝਣ ਵਾਲੇ ਸਿੱਖਾਂ ਦੇ ਘਰ ਹਨ ਤੇ ਧਰਮਸਾਲਾ ਹੈ ਓਥੇ ਜਾ ਬਿਰਾਜੇ। ਬਹੁਤ ਲੋਕ ਸੇਵਕ ਬਣੇ।"

ਇਕ ਸੂਜਾ ਨਾਮੇ ਜੜੀਆ ਭਗਤ ਤਾਂ ਮਨ ਤਨ ਧੰਨ ਕਰਕੇ ਸਿੱਖ ਹੋ ਗਿਆ। ਓਸੇ ਦੀ ਓਲਾਦ ਤੇ ਸੰਗਤ ਸੂਜੇ ਭਗਤ ਦੀ ਬਣੀ ਹੋਈ ਹੈ। ਸੂਜੇ ਜੜੀਏ ਦੀ ਓਲਾਦ ਵਿਚੋਂ ਹੀ ਭਾਈ ਲੱਲੂ ਸਿੰਘ ਨੇ 1864 ਈ. ਇਕ ਮੰਜੀ, ਇਕ ਥਾਲ, 2 ਕੌਲ, ਇਕ ਗੜਵਾ, ਇਕ ਖਿਦਮਤ, ਇਕ ਗੁਲਾਬਦਾਨੀ, ਇਕ ਆਸਾ, ਇਹ ਸਭ ਚਾਂਦੀ ਦੇ ਬਣਵਾ ਕੇ ਪਟਣੇ ਗੁਰੂ ਘਰ ਵਿਚ ਅਰਦਾਸ ਕਰਵਾਏ ਸਨ।

ਕਿਹਾ ਜਾਂਦਾ ਹੈ ਕਿ ਜਦੋਂ ਸੂਜੇ ਜੜੀਏ ਨੂੰ ਗਿਆਨ ਪ੍ਰਾਪਤ ਹੋਇਆ ਤਾਂ ਉਹ ਗਾ ਉਠਿਆ

ਸਤਿਗੁਰੁ ਨਾਨਕ ਪਰਸਿਆ, ਸਭ ਪਾਪ ਬਿਨਾਸੇ॥
ਨਾਮ ਅਮੋਲਕ ਪਾਇਆ, ਕਾਰਜ ਭਏ ਰਾਸੇ॥
ਅਗਮ ਨਿਗਮ ਜਿਸ ਗਾਵਦੇ, ਸੋ ਸਤਗੁਰ ਏਹ॥
ਜਿਨ ਕੀ ਕਿਰਪਾ ਤੇ ਭਯੋ, ਮੈ ਮੁਕਤਿ ਸਦੇਹ॥
ਕਚਾ ਰੰਗ ਉਤਾਰ ਕੇ, ਸਚ ਰੰਗ ਚੜਾਇਆ॥
ਨਾਨਕ ਸਤਿਗੁਰ ਦਇਆ ਤੇ ਅਮਰਪਦ ਪਾਇਆ॥

ਸੂਜੇ ਦਾ ਇਹ ਗੀਤ ਸੁਣਕੇ ਮਕਸੂਦਾਬਾਦ ਦੀ ਸੰਗਤ ਝੂਮ ਉਠਿਆ ਕਰਦੀ ਸੀ।

ਕਿਉਕਿ ਗੌੜ ਦੀ ਯਾਤਰਾ ਗੁਰੂ ਸਾਹਿਬ ਨੇ ਬਿਹਾਰ ਦੀ ਯਾਤਰਾ ਦੇ ਨਾਲ ਕੀਤੀ, ਲਗਦਾ ਹੈ ਕਿ ਇਥੋਂ ਫਿਰ ਬਿਹਾਰ ਦੇ ਕਿਸੇ ਸ਼ਹਿਰ ਵਿਚ ਗਏ ਤੇ ਫਿਰ ਪਟਨੇ ਵਲੋਂ ਹੁੰਦੇ ਹੋਏ ਉੱਤਰ ਨੇਪਾਲ ਨੂੰ ਗਏ। ਨੇਪਾਲ ਤੋਂ ਉੱਤਰ ਕੇ ਹੀ ਧੁਬਰੀ ਅਤੇ ਫਿਰ ਧੁਬਰੀ ਤੋਂ ਹੀ ਗੁਹਾਟੀ ਨੂੰ ਗਏ ਹੋਣਗੇ।

—◈—

ਧੁਬਰੀ ਅਸਾਮ 'ਚ ਬਾਬਾ ਨਾਨਕ

ਨੇਪਾਲ ਅਤੇ ਸਿੱਕਮ-ਭੂਟਾਨ ਦੇ ਬੋਧੀਆਂ ਅਤੇ ਜੋਗੀਆ ਨੂੰ ਇਕ ਨਿਰੰਕਾਰ ਦਾ ਗਿਆਨ ਕਰਵਾ ਕੇ ਗੁਰੂ ਸਾਹਿਬ ਧੁਬਰੀ ਪਹੁੰਚੇ। ਓਥੇ ਜੋ ਓਨਾਂ ਕੌਤਕ ਵਿਖਾਏ ਉਹ ਇਤਹਾਸ ਵਿੱਚ ਜਿਆਦਾ ਸਾਂਭੇ ਨਹੀ ਗਏ। ਪਰ ਏਨਾ ਜਿਕਰ ਮਿਲਦਾ ਹੈ ਕਿ ਓਥੋਂ ਦੀ ਰਾਣੀ ਗੁਰੂ ਸਾਹਿਬ ਨੂੰ ਸੁਣ ਕੇ ਪੱਥਰ ਪੂਜਾ ਤੇ ਭਗ ਪੂਜਾ ਛੱਡ ਗਈ। ਜਿਵੇ ਕਿ ਅਸਾਂ ਪਹਿਲਾਂ ਹੀ ਲਿਖਿਆ ਹੈ ਕਿ ਓਨੀ ਦਿਨੀ ਥਾਂਈ ਥਾਂਈ ਸਾਡੇ ਖੱਤਰੀ ਵੀਰ ਰਾਜਿਆਂ ਕੋਲ ਮੰਤਰੀ ਹੋਇਆ ਕਰਦੇ ਸਨ। ਲੱਗਦਾ ਕਿ ਧੁਬਰੀ ਦੀ ਰਾਣੀ ਵੀ ਕੋਈ ਪੰਜਾਬਣ ਹੋਵੇ।

ਏਸੇ ਰਾਣੀ ਦਾ ਪੋਤਰਾ ਰਾਜਾ ਰਾਮਦੇਉ ਨੌਵੇ ਗੁਰੂ ਸਾਹਿਬ ਦਾ ਸ਼ਰਧਾਲੂ ਬਣਿਆ ਤੇ ਜਿਸਦਾ ਪੁੱਤਰ ਰਤਨ ਦੇਉ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਚਿੱਟੇ ਮੱਥੇ ਵਾਲਾ ਹਾਥੀ ਅਤੇ ਹੋਰ ਭੇਟਾਵਾਂ ਲੈ ਕੇ ਹਾਜਰ ਹੋਇਆ ਸੀ। ਏਸੇ ਦੇ ਨਾਂ ਤੇ ਨਾਗੇਸ਼ਵਰੀ ਲਾਗੇ ਕਸਬਾ ਰਤਨਪੁਰ ਮੌਜੂਦ ਹੈ।

ਧੁਬਰੀ ਤੋਂ ਗੁਰੂ ਸਾਹਿਬ ਪੂਰਬ ਵਲ ਨੂੰ ਨਿਕਲ ਗਏ।

ਕਈ ਇਤਹਾਸਕਾਰਾਂ ਨੇ ਜਾਦੂਗਰਨੀਆਂ ਦੀ ਸਾਖੀ ਧੁਬਰੀ ਵਿਖੇ ਹੋਣੀ ਦੱਸੀ ਹੈ। ਪਰ ਇਹ ਲੋਕ ਕੋਈ ਨਿਗਰ ਸਬੂਤ ਨਹੀ ਦੇ ਸਕੇ। ਇਸ ਕਰਕੇ ਧੰਨ ਪੁਰ ਮੰਨਣਾ ਹੀ ਠੀਕ ਹੈ।

—◈—

ਜੋਗੀਗੁਫਾ ਪਹੁੰਚਦਾ, ਭੈ ਭੀਤ ਹੋਇਆ ਮਰਦਾਨਾ◉

ਧੁਬਰੀ ਤੋਂ ਸਾਹਿਬ ਨੇ ਵਹਾਅ ਦੇ ਉਲਟ ਬ੍ਰਹਮਪੁਤ੍ਰ ਦਰਿਆ ਵਿਚ ਕੋਈ 60 ਕਿ. ਮੀ. ਸਫਰ ਕੀਤਾ। ਲਗਦਾ ਹੈ ਕਿ ਧੁਬਰੀ ਰਹਿੰਦਿਆਂ ਹੀ ਗੁਰੂ ਸਾਹਿਬ ਨੇ ਜੋਗੀਗੁਫਾ ਦੇ ਮਹੰਤ ਨੂੰ ਆਪਣੇ ਆਉਣ ਬਾਬਤ ਸੁਨੇਹਾ ਭੇਜ ਦਿਤਾ ਹੋਇਆ ਸੀ।

ਪੈਰ ਸਫਾ ਗਿਆਨੀ-113

ਫੌਜਾ ਸਿੰਘ / ਕਿਰਪਾਲ ਸਿੰਘ ਨੇ ਮਾਲਦਾ ਤੋਂ ਸਿੱਧਾ ਧੁਬੜੀ ਨੂੰ ਜਾਣਾ ਲਿਖਿਆ ਹੈ। ਜਦੋਂ ਕਿ ਕੋਹਲੀ ਨੇ ਗਿਆਨੀ ਦੇ ਅਧਾਰ ਤੇ ਮਾਲਦਾ ਤੋਂ ਸਿੱਧਾ ਢਾਕੇ ਵਲ ਜਾਂਣਾ ਲਿਖਿਆ ਹੈ। ਗਿਆਨੀ- 214 ਨੇ ਖੁੱਦ ਹੀ ਲਿਖਿਆ ਹੈ ਕਿ ਸਾਹਿਬ ਨੇਪਾਲ ਦੀ ਯਾਤਰਾ ਉਪਰੰਤ ਬ੍ਰਹਮਪੁੱਤਰ ਦੇ ਨਾਲ ਨਾਲ ਲਖੀਮਪੁਰ ਥਾਂਣੀ ਪੂਰਬ ਨੂੰ ਬ੍ਰਹਮ ਕੁੰਡ ਤਕ ਗਏ। ਧੁਬਰੀ ਤਾਂ ਇਸ ਪ੍ਰਕਾਰ ਰਸਤੇ ਵਿਚ ਹੀ ਪਵੇਗਾ ਤੇ ਨਾਲੇ ਗੁਹਾਟੀ। ਸੋ ਸਾਡਾ ਮੰਨਣਾ ਹੈ ਕਿ ਗੁਰੂ ਸਾਹਿਬ ਕਮੱਖਿਆ ਮੰਦਰ ਗੁਹਾਟੀ ਨੇਪਾਲ ਦੀ ਯਾਤਰਾ ਉਪਰੰਤ ਹੀ ਗਏ ਸਨ। ਸਾਹਿਬ ਦੀਆਂ ਯਾਤਰਾਵਾਂ ਨੂੰ ਸਹੀ ਸਮਝਣ ਲਈ ਮੌਜੂਦਾ ਰਾਜਨੀਤਕ ਸਰਹੱਦਾਂ ਨੂੰ ਨਜ਼ਰਅੰਦਾਜ਼ ਕਰਨਾ ਪਵੇਗਾ।।

ਗਿਆਨੀ-113 ਨੇ ਗੁਰੂ ਸਾਹਿਬ ਦਾ ਸਿਰਾਜਗੰਜ ਜਾਣਾ ਵੀ ਲਿਖਿਆ ਹੈ। ਯਾਦ ਰਹੇ ਸਿਰਾਜਗੰਜ ਸ਼ਹਿਰ ਦੀ ਨੀਂਹ ਜਿਮੀਦਾਰ ਸਿਰਾਜ ਅਲੀ 1762 ਈ. ਵਿਚ ਰੱਖੀ ਸੀ। ਏਸੇ ਤਰਾਂ ਕ੍ਰਿਸ਼ਨਾ ਨਗਰ (ਜਿਲਾ ਨਾਦੀਆ), ਮਾਣਿਕਗੰਜ ਅਤੇ ਸ਼ਹਿਜਾਦ ਪੁਰ ਕਸਬਾ ਸਾਨੂੰ ਨਹੀ ਲੱਗਦਾ ਕਿ ਗੁਰੂ ਸਾਹਿਬ ਦੇ ਵੇਲੇ ਕੋਈ ਐਨੀ ਅਹਿਮੀਅਤ ਰੱਖਦੇ ਹੋਣ ਕਿ ਗੁਰੂ ਸਾਹਿਬ ਆਪਣਾ ਰੂਟ (ਰਸਤਾ) ਬਦਲ ਕੇ ਇਧਰ ਨਦੀ ਪਾਰ ਆਉਦੇ। ਹਾ ਗਿਆਨੀ ਜੀ ਦੇ ਵੇਲਿਆਂ ਵਿਚ ਇਹ ਕਸਬੇ ਖਬਰਾਂ ਵਿਚ ਸਨ।

✚ ਗਿਆਨੀ -112 (ਔਧ ਅਮੂਮਨ ਵਧਾ ਚੜਾ ਕੇ ਹੀ ਦੱਸੀ ਜਾਂਦੀ ਹੈ। ਕਈ ਥਾਂਈ ਗੁਰੂ ਸਾਹਿਬ ਨੇ ਹਫਤਾ ਗੁਜਾਰਿਆ ਤਾਂ ਸਥਾਨਕ ਲੋਕਾਂ ਵਿਚ ਅੱਜ ਕਥਾ ਚਲਦੀ ਹੈ ਕਿ ਸਾਹਿਬ 9 ਮਹੀਨੇ ਠਹਿਰੇ ਸਨ। ਧਿਆਨ ਰਹੇ ਗੁਰੂ ਸਾਹਿਬ ਮਿਸ਼ਨ ਅਧੀਨ ਚਲ ਰਹੇ ਸਨ। ਉਹਨਾਂ ਦਾ ਨਿਸ਼ਾਨਾ ਵੱਧ ਤੋਂ ਵੱਧ ਲੋਕਾਂ ਨੂੰ ਨਿਰੰਕਾਰ ਨਾਲ ਜੋੜਨਾ ਸੀ।)

ਗੁਰਦੁਆਰਾ ਪਾਤਸ਼ਾਹੀ ਨੌਵੀ ਦੁਬਰੀ। ਇਸ ਅਸਥਾਨ ਦੇ ਮੂਲ ਵਿਚ ਗੁਰੂ ਨਾਨਕ ਪਾਤਸ਼ਾਹ ਦੀ ਆਮਦ ਹੀ ਹੈ। ਇਥੇ ਹੀ ਇਕ ਜਾਦੂਗਰਨੀ ਨੇ ਨੌਵੇ ਪਾਤਸ਼ਾਹ ਤੇ ਪੱਥਰ ਸੁੱਟਿਆ ਸੀ। ਜੋ ਅੱਜ ਤਕ ਮੌਜੂਦ ਹੈ ਤੇ ਇਤਹਾਸਿਕ ਰੁੱਖ ਵੀ।

ਧੁਬਰੀ ਤੋਂ ਜੋਗੀਗੁਫਾ ਦੇ ਰਸਤੇ ਬ੍ਰਹਮਪੁਤ੍ਰ ਦਰਿਆ ਕਿਤੇ ਕਿਤੇ 15 ਕਿ. ਮੀ ਚੌੜਾ ਹੋ ਜਾਂਦਾ ਹੈ। ਸੋ ਅੰਦਾਜ਼ਾ ਲਾਓ ਓਥੇ ਕਿੰਨਾ ਕੁ ਜਲ ਥਲ ਹੋਵੇਗਾ। ਜਰਾ ਸੋਚੋ ਇਹੋ ਜਿਹੀ ਥਾਂ ਤੇ ਜਾ ਬਾਬਾ ਪਹੁੰਚ ਜਾਏ ਤਾਂ ਵਿੱਚਾਰੇ ਮਰਦਾਨੇ ਦਾ ਜੀਅ ਤਾਂ ਡੁਬਨਾ ਹੀ ਹੋਇਆ। "ਬਾਬਾ ਕਿਥੇ ਲੈ ਆਇਐ, ਇਥੇ ਤਾਂ ਸਭ ਜਲ ਥਲ ਹੋਇਆ ਪਿਆ ਹੈ?" ਜਿਥੇ ਕੁ ਜਿਹੇ ਫਿਰ ਜੋਗੀਗੁਫਾ ਸੀ ਓਥੇ ਖੁਸ਼ਕਿਸਮਤੀ ਨਾਲ ਦਰਿਆ ਦਾ ਵਹਾਅ ਸਿਰਫ 2 ਕਿ. ਮੀ ਚੌੜਾ ਸੀ। ਮਲਾਹਾਂ ਨੇ ਗੁਰੂ ਸਾਹਿਬ ਤੇ ਮਰਦਾਨੇ ਨੂੰ ਜੋਗੀਗੁਫਾ ਪੱਤਣ ਤੇ ਲਾਹ ਦਿਤਾ। ਉਥੇ ਬੈਠੇ ਫਿਰ ਦੋਵੇ ਉਡੀਕ ਕਰ ਰਹੇ ਸਨ ਕਿ ਮਰਦਾਨਾ ਬੋਲ ਉਠਿਆ "ਬਾਬਾ ਆਪਾਂ ਚੋਰਾਂ ਡਾਕੂਆਂ ਰੁਹੇਲਿਆਂ ਤੋਂ ਤਾਂ ਕਿਸੇ ਤਰਾਂ ਬਚ ਗਏ ਸੀ, ਹੁਣ ਪਾਣੀ ਤੋਂ ਨਹੀ ਬਚਦੇ। ਇਥੇ ਜਲ ਥਲ ਤੋਂ ਸਿਵਾ ਕੁਝ ਨਜਰ ਹੀ ਨਹੀ ਆ ਰਿਹਾ। " ਯਾਦ ਰਹੇ ਇਹ ਉਹ ਥਾਂ ਹੈ ਜਿਥੋਂ ਅੱਗੇ ਫਿਰ ਬ੍ਰਹਮਪੁਤ੍ਰ ਚਾਰ ਪੰਜ ਸ਼ਰਿਆਂ ਵਿਚ ਵੰਡਿਆ ਜਾਂਦਾ ਹੈ।

ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਭਾਈ ਤੂੰ ਸਿਧਾਂਤ ਭੁੱਲ ਗਇਆ ਏ?

ਪਉੜੀ ॥ ਨਾਇ ਮੰਨਿਐ ਸੁਖੁ ਊਪਜੈ ਨਾਮੇ ਗਤਿ ਹੋਈ ॥ ਨਾਇ ਮੰਨਿਐ ਪਤਿ ਪਾਈਐ ਹਿਰਦੈ ਹਰਿ ਸੋਈ ॥ ਨਾਇ ਮੰਨਿਐ ਭਵਜਲੁ ਲੰਘੀਐ ਫਿਰਿ ਬਿਘਨੁ ਨ ਹੋਈ ॥ ਨਾਇ ਮੰਨਿਐ ਪੰਥੁ ਪਰਗਟਾ ਨਾਮੇ ਸਭ ਲੋਈ ॥ ਨਾਨਕ ਸਤਿਗੁਰਿ ਮਿਲਿਐ ਨਾਉ ਮੰਨੀਐ ਜਿਨ ਦੇਵੈ ਸੋਈ ॥

ਗੁਰੂ ਸਾਹਿਬ ਨੇ ਮਰਦਾਨੇ ਨੂੰ ਹੌਸਲਾ ਦਿੱਤਾ। ਜਿਵੇ ਦਰਿਆ ਪਾਰ ਕਰਕੇ ਪੱਤਣ ਤੇ ਬੈਠੇ ਸਨ ਕਿ ਕੁਝ ਦੇਰ ਬਾਦ ਇੱਕ ਜੋਗੀ ਸਾਧੂ ਆ ਮਿਲਿਆ। ਮਰਦਾਨੇ ਨੂੰ ਸੁੱਖ ਦਾ ਸਾਹ ਆਇਆ। ਜੋਗੀ ਕਹਿੰਦਾ ਮੇਰੇ ਪਿੱਛੇ ਪਿੱਛੇ ਆਈ ਜਾਓ।

ਸਾਧੂ ਦੇ ਪਿੱਛੇ ਚਲਦੇ ਗਏ, ਛੋਟੇ ਮੋਟੇ ਸ਼ਰੇ ਪਾਰ ਕਰਦੇ ਗਏ ਤੇ ਅਖੀਰ ਤੇ ਛੋਟੀ ਪਹਾੜੀ ਦੀ ਕੰਧਰ 'ਚ ਜਾ ਵੜੇ। ਜਿੱਥੇ ਵੱਖ ਵੱਖ ਧੂਣੀਆਂ ਮਗ ਰਹੀਆਂ ਸਨ। ਇਹ ਸਿੱਧ ਜੋਗੀਆਂ ਦਾ ਆਸ਼ਰਮ ਸੀ। ਅੱਜ ਅਸੱਮੀਆ ਲੋਕ ਇਹਨੂੰ ਜੋਗੀਘੋਪਾ ਕਹਿੰਦੇ ਨੇ (ਨਕਸ਼ਾ ਸੂਚਕ 26.232310. 90.575331)। ਇਥੋ ਦਾ ਮਹੰਤ ਸੀ ਰਾਮਦਾਸ ਸਿੱਧ। ਗੁਰੂ ਸਾਹਿਬ ਨੇ ਲੇਟ ਕੇ ਮਹੰਤ ਨੂੰ ਨਮਸਕਾਰ ਕੀਤਾ। ਅੱਗੋ ਮਹੰਤ ਵੀ ਗੁਰੂ ਸਾਹਿਬ ਦੇ ਪੈਰੀ ਪੈ ਕੇ ਮਿਲਿਆ।

ਇਥੇ ਰਹਿ ਕੇ ਮਰਦਾਨੇ ਨੇ ਬੜੇ ਰੰਗ ਰੰਗ ਦੇ ਫਲ ਫਰੂਟ ਤੇ ਕੰਦਮੂਲ ਖਾਧੇ। ਇਥੇ ਗੁਰੂ ਜੀ 8 ਦਿਨ ਠਹਿਰੇ। ਕਿਹਾ ਜਾਂਦਾ ਹੈ ਕਿ ਮਰਦਾਨੇ ਨੇ ਬਾਬੇ ਨੂੰ ਪੁੱਛਿਆ ਕਿ ਬਾਬਾ ਜੀ ਰਾਤ ਹਨੇਰੀ ਵਿੱਚ ਤੁਸੀ ਤੇ ਮਹੰਤ ਰੋਜ ਕਿਥੇ ਚਲੇ ਜਾਂਦੇ ਸੀ। ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਇਹ ਰਾਜ ਹੀ ਰਹਿਣ ਦੇ।

—◈—

ਤੇ ਲਓ ਬਾਬਾ ਪਹੁੰਚ ਗਇਆ ਗੁਹਾਟੀ ਦੇ ਕਾਮੱਖਿਆ ਮੰਦਰ : ਵਾਮ ਮਾਰਗੀਆਂ ਨੂੰ ਸਿੱਧੇ ਰਾਹੇ ਪਾਉਣ+

ਜੂਨ 1511 (ਮਹੀਨਾ ਹਾੜ, ਅੰਬੂਬਾਚੀ ਮੇਲੇ ਤੇ)

ਧੁਬਰੀ ਤੋਂ ਰਵਾਨਾ ਹੋ ਬ੍ਰਹਮਪੁਤ੍ਰ ਰਾਂਹੀ ਵਹਾਅ ਦੇ ਉਲਟ ਬੇੜੀ ਰਾਂਹੀ ਸੈਰ ਕਰਦੇ ਹੋਏ ਗੁਆਲਪਾੜਾ ਹੁੰਦੇ ਹੋਏ, ਜੋਗੀਗੁਫਾ ਦੇ ਸਥਾਨ ਤੇ ਜੋਗੀਆਂ ਨਾਲ ਗੋਸ਼ਟਾਂ ਕਰਨ ਉਪਰੰਤ ਲੱਗ ਪੱਗ 200 ਕਿਲੋਮੀਟਰ ਦਾ ਸਫਰ ਕਰਕੇ ਗੁਹਾਟੀ ਪਹੁੰਚੇ।

ਗੁਰੂ ਸਾਹਿਬ ਦੇ ਇਸ ਇਲਾਕੇ ਵਿੱਚ ਆਉਣਾ ਇਸ ਕਰਕੇ ਜਰੂਰੀ ਬਣਿਆ ਕਿਉਕਿ ਕਾਮਰੂਪ ਵਿੱਚ ਓਨੀ ਦਿਨੀ ਬਹੁਤ ਹਿਲਜੁਲ ਹੋ ਰਹੀ ਸੀ ਕਿਉਕਿ ਗੁਹਾਟੀ ਦਾ ਕਾਮੱਖਿਆ (Sex) ਮੰਦਰ ਨੂੰ ਉਹਨੀ ਦਿਨੀ (1498 ਈ) ਵਿੱਚ ਬੰਗਾਲ ਦੇ ਮੁਸਲਮਾਨ ਬਾਦਸ਼ਾਹ ਹੁਸੈਨ ਸ਼ਾਹ ਨੇ ਢਾਹਿਆ ਸੀ। ਹੁਸੈਨ ਸ਼ਾਹ ਬੜਾ ਸਹਿਨਸ਼ੀਲ ਬਾਦਸ਼ਾਹ ਗਿਣਿਆ ਜਾਂਦਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਇਸ ਮੰਦਰ ਵਿਚ ਚਲ ਰਹੇ ਗਲਤ ਕੰਮਾਂ ਕਾਰਨ ਕੁਝ ਹਿੰਦੂ ਵੀ ਵਿਰੋਧ ਵਿਚ ਆ ਗਏ ਸਨ। ਇਹਦੇ ਢਾਹੇ ਜਾਣ ਕਾਰਨ ਇਹਦੀ ਚਰਚਾ ਵੀ ਪੂਰੇ ਹਿੰਦੁਸਤਾਨ ਵਿੱਚ ਹੋਈ। ਉਂਜ ਛੇਤੀ ਹੀ ਇਕ ਹਿੰਦੂ ਰਾਜੇ ਬਿਸਵਾ ਸਿੰਘ ਨੇ ਮੰਦਰ ਦੁਬਾਰਾ ਬਣਵਾ ਦਿੱਤਾ ਸੀ।

ਯਾਦ ਰਹੇ ਇਹ ਮੰਦਰ ਪਾਰਵਤੀ ਦੀ ਯੋਨੀ (ਗੁਪਤ ਅੰਗ) ਨੂੰ ਸਮਰਪਤ ਹੈ।

ਹਰ ਪਾਸੇ ਕਾਮਰੂਪ ਦੇਸ ਦੇ ਧਰਮ ਦੀ ਚਰਚਾ ਸੀ ਕਿਉਕਿ ਇਹ ਕਾਮਵਾਸ਼ਨਾ ਤੇ ਕੇਂਦਰਤ ਸੀ। ਇਥੇ ਜੋ ਕੁਝ ਚਲ ਰਿਹਾ ਸੀ ਬਹੁਤੇ ਲੋਕਾਂ ਦੀ ਨਿਗਾਹ ਵਿਚ ਇਹ ਗੰਦ ਅਤੇ ਬੇਸ਼ਰਮੀ ਸੀ।

ਉਹਨੀ ਦਿਨੀ ਹੀ ਵਾਮ ਮਾਰਗੀਆਂ ਦਾ ਯੋਗਨੀ ਤੰਤਰ ਨਾਂ ਦਾ ਗ੍ਰੰਥ ਲਿਖਿਆ ਗਇਆ ਸੀ ਜਿਸ ਨੇ ਚਾਰ ਚੁਫੇਰੇ ਚਰਚਾ ਛੇੜੀ ਹੋਈ ਸੀ।

ਇਸ ਦੇਸ ਵਿਚ ਕਿਉਕਿ ਸਾਕਤ ਮੱਤ ਦੀ ਚੜ੍ਹਤ ਸੀ ਇਸ ਕਰਕੇ ਵੱਖ ਵੱਖ ਜਾਨਵਰਾਂ ਦੀ ਬਲੀ ਦਿੱਤੀ ਜਾਂਦੀ ਸੀ ਖਾਸ ਕਰਕੇ ਭੈਂਸਾ (ਮੈਂਇਆ ਜਾ ਸੰਢਾ) ਦੀ ਬਲੀ ਜੋਰਾਂ ਤੇ ਸੀ। ਕਿਤੇ ਕਿਤੇ ਇਨਸਾਨ ਦੀ ਬਲੀ ਵੀ ਦਿੱਤੀ ਜਾਂਦੀ ਸੀ। ਸਰੀਰ ਨੂੰ ਕੋਹਣਾਂ ਤਾਂ ਆਮ ਹੀ ਧਾਰਮਿਕ ਕਾਰਜ ਗਿਣਿਆ ਜਾ ਰਿਹਾ ਸੀ।

ਪੈਂਡਾ ਸਫਾ

◉ਗਿਆਨੀ - 115. ਨੇ ਉਂਜ ਇਹ ਥਾਂ ਢਾਕੇ ਲਾਗੇ ਦੱਸੀ ਹੈ। ਪਰ ਓਥੇ ਕੋਈ ਅਜਿਹੀ ਪਹਾੜੀ ਨਹੀ ਹੈ। ਕੋਹਲੀ ਨੇ ਵੀ ਜੋਗੀਗੁਫਾ ਪਹੁੰਚਣਾ ਹੀ ਮੰਨਿਆ ਹੈ ਜੋ ਠੀਕ ਹੈ। ਜੋਗੀਗੁਫਾ ਉਂਜ ਵੀ ਗੁਰੂ ਸਾਹਿਬ ਦੇ ਰਸਤੇ ਵਿਚ ਪੈ ਰਹੀ ਹੈ।

ਗੁਹਾਟੀ ਦਾ ਕਾਮੱਖਿਆ ਮੰਦਰ। 52 ਸ਼ਕਤੀ ਪੀਠਾਂ ਵਿਚੋਂ ਇਹ ਪ੍ਰਮੁੱਖ ਹੈ। ਇਹਦਾ ਧਾਰੀਦਾਰ ਸਿੱਖਰ ਵੀ ਅਲੌਕਿਕ ਹੈ ਪਰ ਅਸਾਮ ਦੀ ਇਮਾਰਤ ਸਾਜੀ ਵਿਚ ਇਹ ਆਮ ਹੈ।

ਬਲੀ ਦਾ ਪ੍ਰੇਰਣਾਸਰੋਤ ਖੁੱਦ ਦੁਰਗਾ ਦੀ ਕਹਾਣੀ ਹੈ। ਕਿਉਕਿ ਜਦੋਂ ਦੁਰਗਾ ਛਿਨਮਸਤਾ ਦਾ ਰੂਪ ਧਾਰਨ ਕਰਦੀ ਹੈ ਤਾਂ ਖੁੱਦ ਦੀ ਧੌਣ ਵੀ ਲਾਹ ਦਿੰਦੀ ਹੈ। ਧੌਣ ਵਿੱਚੋਂ ਲਹੂ ਦੀਆਂ ਤਿੰਨ ਤਤੀਰੀਆਂ ਨਿਕਲਦੀਆਂ ਹਨ ਜਿੰਨਾਂ ਵਿੱਚੋਂ ਦੋ ਤਾਂ ਦੇਵੀ ਦੀਆਂ ਭੈਣਾਂ ਪੀਦੀਆਂ ਹਨ ਤੇ ਇੱਕ ਧਾਰ ਖੁਦ ਦੇਵੀ ਦਾ ਕੱਟਿਆ ਹੋਇਆ ਸਿਰ ਪੀਂਦਾ ਹੈ। ਕਹਾਣੀ ਵਿਚ ਹਾਲਾਤ ਕਾਮਾਕ ਦੱਸੇ ਗਏ ਹਨ ਜਿਹਨਾਂ ਦਾ ਵਰਨਣ ਕਰਨਾਂ ਇਥੇ ਸੋਭਾ ਨਹੀ ਦਿੰਦਾ।

ਸਾਰੇ ਖੋਜੀ ਇਤਹਾਸਕਾਰ ਮੰਨਦੇ ਹਨ ਕਿ ਸ਼ਕਤੀ ਵਾਲੇ ਇਸ ਪਰਸੰਗ ਦੀ ਪ੍ਰੰਪਰਾ ਬੁੱਧ ਧਰਮ ਵਿੱਚੋਂ ਆਉਦੀ ਹੈ। ਕਿਉਕਿ ਬਿਲਕੁਲ ਓਹੋ ਕਹਾਣੀ ਤਿੱਬਤ ਦੇ ਬੁੱਧ ਧਰਮ ਵਿਚ ਹੈ ਜਿਥੇ ਦੇਵੀ ਦਾ ਨਾਂ ਦੁਰਗਾ ਦੀ ਥਾਂ ਵਜਰਾਯੋਗਿਨੀ ਹੈ ਅਤੇ ਇਸ ਅਵਸਥਾ ਨੂੰ ਓਥੇ ਛਿਨਮਸਤਾ ਦੀ ਥਾਂ ਛਿਨਮੁੰਡਾ ਕਿਹਾ ਗਇਆ ਹੈ। ਏਸੇ ਪ੍ਰੰਪਰਾ ਅਧੀਨ ਸਤੀ ਦੀ ਰਸਮ ਹਿੰਦੁਸਤਾਨ ਵਿੱਚ ਸ਼ੁਰੂ ਹੋਈ। (ਵੇਖੋ ਵਿੱਕੀ ਪੈਡੀਆ)

ਪੱਛਮ ਵਿੱਚ ਇਹ ਗੱਲ ਹਰ ਕਿਸੇ ਦੀ ਜਬਾਨ ਤੇ ਸੀ ਕਿ ਕਾਮਰੂਪ ਇਲਾਕੇ ਵਿੱਚ ਖੂਬਸੂਰਤ ਔਰਤਾਂ ਦਾ ਰਾਜ ਹੈ। (ਤਿਰੀਪੁਰਾ ਭਾਵ ਔਰਤਾਂ ਦਾ ਦੇਸ)

ਗੁਰੂ ਸਾਹਿਬ ਦਾ ਜਰੂਰੀ ਬਣਦਾ ਸੀ ਕਿ ਗੁਮਰਾਹ ਹੋ ਚੁੱਕੀ ਲੋਕਾਈ ਨੂੰ ਸੇਧ ਦਿੰਦੇ ਕਿ ਕਾਮ ਪਿੱਛੇ ਸ਼ੁਦਾਈ ਨਾਂ ਹੋਈ ਜਾਓ। ਇਹ ਤਾਂ ਦੁਨੀਆ ਨੂੰ ਸੁਚਾਰੂ ਰੱਖਣ ਵਾਸਤੇ ਨਿਰੰਕਾਰ ਦਾ ਮੋਹਰਾ ਹੈ (ਵੇਖੋ ਸਫਾ-108)

ਗੁਹਾਟੀ (ਪੁਰਾਣਾ ਨਾਂ ਪ੍ਰਾਗਜੋਤਿਸ਼ਪੁਰ) ਵੀ ਬਨਾਰਸ, ਪ੍ਰਯਾਗ, ਗਇਆ ਵਾਂਙੂ ਹਿੰਦੂਆਂ ਦਾ ਬਹੁਤ ਹੀ ਮਸ਼ਹੂਰ ਅਸਥਾਨ ਹੈ। ਕਹਾਣੀ ਇਥੋਂ ਦੀ ਵੀ ਓਹੋ ਹੀ ਕਿ ਪਾਰਬਤੀ ਦੇ ਮਾਪਿਆ ਨੇ ਪਾਰਬਤੀ ਦਾ ਕਤਲ ਕਰ ਦਿਤਾ ਅਖੇ ਤੂੰ ਸ਼ਿਵ ਜੀ ਨਾਲਾ ਵਿਆਹ ਕਿਓ ਕਰਵਾਇਆ। ਜਦੋਂ ਸ਼ਿਵ ਜੀ ਨੂੰ ਆਪਣੀ ਪਤਨੀ ਦੇ ਕਤਲ ਦਾ ਪਤਾ ਲੱਗਾ ਤਾਂ ਸਹੁਰੇ ਪਹੁੰਚ ਪਾਰਬਤੀ ਦੀ ਲਾਸ਼ ਨੂੰ ਆਪਣੇ ਤ੍ਰਿਸ਼ੂਲ ਤੇ ਚੁੱਕ ਲੈ ਤੁਰਿਆ। ਪਰਬਤ, ਨਦੀਆਂ ਨਾਲੇ, ਰੇਗਿਸਤਾਨ ਟਪਦਾ ਜਾ ਰਿਹਾ ਸੀ। ਹੌਲੀ ਹੌਲੀ ਲਾਸ਼ ਦੇ ਅੰਗ ਡਿੱਗਣੇ ਸ਼ੁਰੂ ਹੋ ਗਏ। ਕਿਤੇ ਪਾਰਬਤੀ ਦੀ ਬਾਂਹ ਡਿੱਗ ਪਈ, ਕਿਤੇ ਲੱਤ, ਕਿਤੇ ਅੱਖ, ਕਿਤੇ ਪੈਰ, ਕਿਤੇ ਸਿਰ। ਇਸ ਪ੍ਰਕਾਰ ਬ੍ਰਹਾਮਣਾਂ ਦਾ ਮੰਨਣਾ ਹੈ ਕਿ 52 ਅੰਗ ਵੱਖ ਵੱਖ ਥਾਂਈ ਡਿੱਗੇ। ਏਸੇ ਕਰਕੇ ਕੁਲ 52 ਮੰਦਿਰ ਜਾਂ ਸ਼ਕਤੀ ਪੀਠ ਮੌਜੂਦ ਹਨ। ਚਾਹੇ ਵੈਸ਼ਨੋ ਦੇਵੀ ਹੋਵੇ ਜਾਂ ਜਵਾਲਾ ਜੀ, ਸ਼ਾਰਧਾ ਪੀਠ ਹੋਵੇ ਜਾਂ ਹਿੰਗਲਾਜ ਜਾਂ ਕਟਾਸਰਾਜ। ਸਭ ਏਸੇ ਸਿਧਾਂਤ ਤੇ ਬਣੇ ਹਨ।

ਪਰ ਗੁਹਾਟੀ ਵਿਖੇ ਤਾਂ ਪਾਰਬਤੀ ਦੀ ਯੋਨੀ ਡਿੱਗੀ ਸੀ।

ਇਥੇ ਮੇਲਾ ਅਸਾਮ ਦੇ ਹਾੜ ਦੇ ਮਹੀਨੇ ਵਿੱਚ ਲੱਗਦਾ ਹੈ। ਅਜ ਕਲ ਇਹਦੀਆਂ ਤਰੀਕਾਂ ਅਮੂਮਨ ਜੂਨ 22 ਤੋਂ 25 ਤੱਕ ਹੁੰਦੀਆਂ ਹਨ।

ਕਿਹਾ ਜਾਂਦਾ ਹੈ ਕਿ ਕਲਕੀ ਪੁਰਾਣ ਇਥੇ ਹੀ ਲਿਖਿਆ ਗਇਆ ਸੀ।

ਇਥੇ ਗੁਰੂ ਸਾਹਿਬ ਨੇ ਲੋਕਾਂ ਨੂੰ ਸਮਝਾਇਆ ਕਿ ਕਿਓ ਮੂਰਖ ਬਣਦੇ ਹੋ। ਕਾਮ ਦਾ ਮਤਲਬ ਪੈਦਾਵਾਰ ਕਰਨਾਂ ਹੈ। ਇਹ ਸਵਾਦ ਵਾਸਤੇ ਨਹੀ ਹੈ। ਰਜਾ ਦਾ ਸਿਧਾਂਤ ਫਿਰ ਗੁਰੂ ਸਾਹਿਬ ਨੇ ਇਥੇ ਭੁਲੀ ਭਟਕੀ ਜਨਤਾ ਨੂੰ ਸਮਝਾਇਆ ਕਿ ਮੂਰਖੋ ਕਿਹੜੇ ਕੰਮ ਲੱਗੇ ਹੋ।

ਸਾਹਿਬ ਨੇ ਮਰਦਾਨੇ ਦੀ ਸੰਗਤ ਵਿੱਚ ਸ਼ਬਦ ਗਾਵਿਆ:-

ਸਲੋਕੁ ਮਃ ੧ ॥ ਸੁਇਨੇ ਕੈ ਪਰਬਤਿ ਗੁਫਾ ਕਰੀ ਕੈ ਪਾਣੀ ਪਇਆਲਿ ॥ ਕੈ ਵਿਚਿ ਧਰਤੀ ਕੈ ਆਕਾਸੀ ਉਰਧਿ ਰਹਾ ਸਿਰਿ ਭਾਰਿ ॥ ਪੁਰੁ ਕਰਿ ਕਾਇਆ ਕਪੜੁ ਪਹਿਰਾ ਧੋਵਾ ਸਦਾ ਕਾਰਿ ॥ ਬਗਾ ਰਤਾ ਪੀਅਲਾ ਕਾਲਾ ਬੇਦਾ ਕਰੀ ਪੁਕਾਰ ॥ ਹੋਇ ਕੁਚੀਲੁ ਰਹਾ ਮਲੁ ਧਾਰੀ ਦੁਰਮਤਿ ਮਤਿ ਵਿਕਾਰ ॥ ਨਾ ਹਉ ਨਾ ਮੈ ਨਾ ਹਉ ਹੋਵਾ ਨਾਨਕ ਸਬਦੁ ਵੀਚਾਰਿ ॥੧॥ ਮਃ ੧ ॥ ਵਸਤ੍ਰ ਪਖਾਲਿ ਪਖਾਲੇ ਕਾਇਆ ਆਪੇ ਸੰਜਮਿ ਹੋਵੈ ॥ ਅੰਤਰਿ ਮੈਲੁ ਲਗੀ ਨਹੀ ਜਾਣੈ ਬਾਹਰਹੁ ਮਲਿ ਮਲਿ ਧੋਵੈ ॥ ਅੰਧਾ ਭੂਲਿ ਪਇਆ ਜਮ ਜਾਲੇ ॥ ਵਸਤੁ ਪਰਾਈ ਅਪੁਨੀ ਕਰਿ ਜਾਨੈ ਹਉਮੈ ਵਿਚਿ ਦੁਖੁ ਘਾਲੇ ॥ ਨਾਨਕ ਗੁਰਮੁਖਿ ਹਉਮੈ ਤੁਟੈ ਤਾ ਹਰਿ ਹਰਿ ਨਾਮੁ ਧਿਆਵੈ ॥ ਨਾਮੁ ਜਪੇ ਨਾਸੋ ਆਰਾਧੇ ਨਾਸੇ ਸੁਖਿ ਸਮਾਵੈ ॥੨॥ ਪਵੜੀ ॥ ਕਾਇਆ ਹੰਸਿ ਸੰਜੋਗੁ ਮੇਲਿ ਮਿਲਾਇਆ ॥ ਤਿਨ ਹੀ ਕੀਆ ਵਿਜੋਗੁ ਜਿਨਿ ਉਪਾਇਆ ॥ ਮੂਰਖੁ ਭੋਗੇ ਭੋਗੁ ਦੁਖ

ਪਾਰਬਤੀ ਦੀ ਲਾਸ਼ ਚੁੱਕੀ ਸ਼ਿਵ ਜੀ ਜਾ ਰਹੇ ਨੇ। ਅਖੇ ਅੰਗ ਡਿੱਗਦੇ ਜਾ ਰਹੇ ਨੇ।

ਸਬਾਇਆ ॥ ਸੁਖਹੁ ਉਠੇ ਰੋਗ ਪਾਪ ਕਮਾਇਆ ॥ ਹਰਖਹੁ ਸੋਗੁ ਵਿਜੋਗੁ ਉਪਾਇ ਖਪਾਇਆ ॥ ਮੂਰਖ ਗਣਤ ਗਣਾਇ ਝਗੜਾ ਪਾਇਆ ॥ ਸਤਿਗੁਰ ਹਥਿ ਨਿਬੇੜੁ ਝਗੜੁ ਚੁਕਾਇਆ ॥ ਕਰਤਾ ਕਰੇ ਸੁ ਹੋਗੁ ਨ ਚਲੈ ਚਲਾਇਆ ॥੪॥ ੪

ਗੁਰੂ ਸਾਹਿਬ ਇਥੇ 1511 ਈ ਜੂਨ ਦੇ ਅੱਧ ਵਿੱਚ ਪਹੁੰਚੇ।*

—◈—

ਅਲੀਪੁਖਰੀ ਨਗਾਓ ਜਾ, ਬਾਬੇ ਨੇ ਸੰਕਰਦੇਵ ਨੂੰ ਜਾ ਨਮਸਕਾਰ ਕੀਤੀ○

ਗੁਹਾਟੀ ਤੋਂ ਬ੍ਰਹਮਪੁਤਰ ਰਸਤੇ 50 ਕਿਲੋਮੀਟਰ ਉਤੇ ਗੁਰੂ ਸਾਹਿਬ ਪਿੰਡ ਅਲੀਪੁਖਰੀ ਪਹੁੰਚੇ ਜਿਹਦਾ ਅਜੋਕਾ ਨਾਮ ਪੱਤੇਕੀਬੋਰੀ ਨੇੜੇ ਮੋਇਰਾਬਾਰੀ ਹੈ ਤੇ ਇਹ ਮਰੀਗਾਓ ਜਿਲੇ ਵਿੱਚ ਪੈਂਦਾ ਹੈ। (ਨਗਾਓ ਤੋਂ 65 ਕਿਲੋਮੀਟਰ ਓਰੇ ਪੱਛਮ ਵਲ ਹੈ) ਗੁਰੂ ਸਾਹਿਬ ਦੇ ਵੇਲੇ ਹੀ ਹੋਇਆ ਹੈ ਸੰਕਰਦੇਵ ਜਾਂ ਸ਼੍ਰੀਮੰਤ ਸ਼ੰਕਰਦੇਵ (1449-1568 ਈ.)। ਉਸ ਦੀ ਜੀਵਨੀ ਪੜਿਆਂ ਪਤਾ ਲੱਗਦਾ ਹੈ ਕਿ ਉਹ ਵੀ ਮੂਰਤੀ ਪੂਜਾ ਤੇ ਵਾਮ ਮਾਰਗ ਆਦਿ ਦੇ ਸਖਤ ਖਿਲਾਫ ਸੀ। ਇੱਕ ਨਿਰੰਕਾਰ ਨੂੰ ਮੰਨਦਾ ਸੀ ਪਰ ਨਾਮ ਉਹਦਾ ਸ੍ਰੀ ਕ੍ਰਿਸ਼ਨ ਗਿਣਦਾ ਸੀ। ਉਹਦੀ ਰੂਹਾਨੀਅਤ ਦੀ ਉੱਚਾਈ ਦੇਖ ਕੇ ਲੋਕਾਂ 'ਚ ਪ੍ਰਸਿਧ ਹੋ ਗਇਆ ਸੀ ਕਿ ਉਹ ਵਿਸ਼ਨੂੰ ਦਾ ਹੀ ਅਵਤਾਰ ਹੈ।

1511 ਦੇ ਨੇੜੇ ਤੇੜੇ ਸੰਕਰਦੇਵ ਆਪਣੇ ਪਿੰਡ ਅਲੀਪੁਖਰੀ ਹੀ ਬਿਰਾਜਮਾਨ ਸੀ। ਜਿੱਥੇ ਗੁਰੂ ਸਾਹਿਬ ਜਾ ਕੇ ਉਹਨੂੰ ਮਿਲੇ। ਗੁਰੂ ਸਾਹਿਬ ਤੇ ਸੰਕਰਦੇਵ ਦੀ ਮਿਲਣੀ ਦੀ ਗਵਾਹੀ ਅਸੱਮੀਆ ਲੋਕ ਅੱਜ ਤੱਕ ਭਰਦੇ ਹਨ। ਉਹ ਤਾਂ ਇਹ ਵੀ ਕਹਿੰਦੇ ਹਨ ਕਿ ਬੰਗਾਲ ਦਾ ਚੈਤੰਨਿਆ ਪ੍ਰਭੂ ਵੀ ਸੰਕਰਦੇਵ ਦਾ ਸ਼ਰਧਾਲੂ ਸੀ।

ਬ੍ਰਾਹਮਣਾਂ ਨੇ ਸੰਕਰਦੇਵ ਦੀ ਸ਼ਕਾਇਤ ਰਾਜਾ ਕੋਲ ਕਰ ਦਿੱਤੀ ਜਿਸ ਕਾਰਨ ਕੋਚ ਰਾਜਾ ਨਰ ਨਰਾਇਣ ਨੇ ਸੰਕਰਦੇਵ ਦੀ ਗ੍ਰਿਫਤਾਰੀ ਦੇ ਹੁਕਮ ਦੇ ਦਿੱਤੇ। ਪਰ ਰਾਜਾ ਦੇ ਦਰਬਾਰ ਵਿੱਚ ਵਿੱਚ ਸ਼ੰਕਰਦੇਵ ਦਾ ਕੋਈ ਸ਼ਰਧਾਲੂ ਸੀ ਜਿਸ ਨੇ ਰਾਜਾ ਨੂੰ ਮਨਾ ਲਿਆ ਕਿ ਘੱਟੋ ਘੱਟ ਸੰਕਰਦੇਵ ਦਾ ਪੱਖ ਇੱਕ ਵਾਰ ਤਾਂ ਸੁਣ ਲਓ। ਰਾਜਾ ਮੰਨ ਗਿਆ। ਸੰਕਰਦੇਵ ਨੇ ਦਰਬਾਰ ਵਿੱਚ ਅਜਿਹਾ ਕੀਰਤਨ ਕੀਤਾ ਕਿ ਰਾਜਾ ਕੀਲਿਆ ਗਿਆ। ਰਾਜੇ ਨੇ ਸੰਕਰ ਨੂੰ ਗੱਲ ਨਾਲ ਲਾ ਲਿਆ।

ਸੰਕਰਦੇਵ 'ਨਾਮ' ਸਿਧਾਂਤ ਦਾ ਪੱਕਾ ਅਨੁਆਈ ਸੀ। ਕੀਰਤਨ ਦੀ ਅਹਿਮੀਅਤ ਤੇ ਵੀ ਜੋਰ ਦਿੰਦਾ ਸੀ। ਘੱਟ ਘੱਟ ਵਿੱਚ ਬਿਰਾਜਮਾਨ ਕ੍ਰਿਸ਼ਨ ਨੂੰ ਮੰਨਦਾ ਸੀ। ਪਰ ਬ੍ਰਾਹਮਣਾਂ ਉਨੂੰ ਜੀਣ ਨਾਂ ਦਿੱਤਾ। ਇਸ ਸਿਧਾਂਤ ਤੇ ਆ ਕੇ ਗੁਰੂ ਸਾਹਿਬ ਫਾਇਦੇ ਵਿੱਚ ਸਨ ਕਿਉਕਿ ਪੰਜਾਬ ਵਿੱਚ ਰਾਜ ਮੁਸਲਮਾਨਾਂ ਦਾ ਸੀ। ਹਾਲਾਂ ਸ਼ਕਾਇਤਾਂ ਤਾਂ ਗੁਰੂ ਸਾਹਿਬ ਦੀਆਂ ਵੀ ਹੋਈਆਂ ਸਨ। ਕਲਾਨੌਰ ਦਾ ਸੂਬੇਦਾਰ ਦੁਨੀ ਚੰਦ ਕਰੋੜੀਆ ਗੁਰੂ ਸਾਹਿਬ ਨੂੰ ਸਜ਼ਾ ਦੇਣ ਦੇ ਮੰਤਵ ਨਾਲ ਹੀ ਚੜਿਆ ਸੀ। ਬਟਾਲੇ ਦੇ ਬ੍ਰਾਹਮਣਾਂ ਵੀ ਮੁਖਾਲਫਤ ਕੀਤੀ ਸੀ।

ਕਿਉਕਿ ਗੁਰੂ ਸਾਹਿਬ ਦਾ ਸਾਰਾ ਜੋਰ ਨਾਮ ਦੇ ਸਿਧਾਂਤ ਤੇ ਹੈ ਦੂਸਰੇ ਪਾਸੇ ਅਸੀ ਦੇਖਦੇ ਹਾਂ ਕਿ ਸੰਕਰਦੇਵ ਨੇ ਵੀ ਥਾਂਈ ਥਾਂਈ 'ਨਾਮ ਘਰ' ਤੇ 'ਕੀਰਤਨ ਘਰ' ਖੋਲੇ ਸਨ ਤੇ ਇਸ ਤੋਂ ਸਾਫ ਪਤਾ ਲੱਗਦਾ ਹੈ ਕਿ ਸੰਕਰਦੇਵ ਵੀ ਗੁਰੂ ਸਾਹਿਬ ਤੋਂ ਬਹੁਤ ਪ੍ਰਭਾਵਤ ਹੋ ਚੁੱਕਾ ਸੀ।

ਸ਼੍ਰੀ ਮੰਤ ਸ਼ੰਕਰਦੇਵ (1449-1568)

ਇਹ ਵੀ ਮੰਨਿਆ ਜਾਂਦਾ ਹੈ ਕਿ ਗੁਰੂ ਸਾਹਿਬ ਤੇ ਸੰਕਰਦੇਵ ਇਕੱਠੇ ਹੀ ਬ੍ਰਹਮਕੁੰਡ (ਪਰਸੂ ਰਾਮ ਦਾ ਕੁੰਡ) ਗਏ ਸਨ, ਜੋ ਤਿੰਨਸੁਖੀਆ (ਅਰਨਾਚਲ ਪ੍ਰਦੇਸ) ਤੋਂ 150 ਕਿਲੋਮੀਟਰ ਪੂਰਬ ਹੈ । ਇਸ ਗਲ ਦੀ ਚੋਖੀ ਸੰਭਾਵਨਾ ਵੀ ਬਣਦੀ ਹੈ ਕਿਉਕਿ ਅਜਿਹੇ ਧਾਰਮਿਕ ਲੀਡਰ ਅਕਸਰ ਮੇਲਿਆਂ ਤੇ ਪ੍ਰਚਾਰ ਖਾਤਰ ਪਹੁੰਚਿਆ ਕਰਦੇ ਸਨ। ਕੁਦਰਤੀ ਹੈ ਕਿ ਸੰਕਰ ਦੇਵ ਵੀ ਕਮੱਖਿਆ ਆਏ ਹੋਣ।

—◈—

ਪੂਰਬੀ ਅਸਾਮ ਜਾਂ ਜਿੰਨੂ ਅਜਕਲ ਅਰੁਨਾਚਲ ਪ੍ਰਦੇਸ ਕਹਿੰਦੇ ਹਨ ਇਥੋਂ ਦੀ ਯਾਤਰਾ ਦੌਰਾਨ ਹੀ ਕਿਸੇ ਵੇਲੇ ਦੋ ਹੋਰ ਪੰਜਾਬੀ ਸਾਧੂ ਸੈਦੋ ਘਈ ਤੇ ਦੂਜਾ ਸ਼ੀਹਾਂ ਜੱਟ ਗੁਰੂ ਸਾਹਿਬ ਨੂੰ ਇਥੇ ਮਿਲੇ ਤੇ ਸਿੱਖ ਬਣ ਗਏ। ਅਗਲੀ ਕੁਝ ਯਾਤਰਾ ਤੱਕ ਉਹ ਗੁਰੂ ਸਾਹਿਬ ਦੇ ਨਾਲ ਹੀ ਰਹੇ। ਪਰ ਫਿਰ ਢਾਕੇ ਬੰਗਾਲੇ ਜਾਂ ਚਿੱਟਾਗਾਂਗ ਤੋਂ ਉਹ ਵੱਖਰੇ ਹੋ ਪੰਜਾਬ ਨੂੰ ਰਵਾਨਾ ਹੋ ਗਏ। ਯਾਦ ਰਹੇ ਓਹਨੀ ਦਿਨੀ ਸੰਨਿਆਸੀ ਸਾਧੂਆਂ ਦੀ ਵੱਡੀ ਗਿਣਤੀ ਹੋਇਆ ਕਰਦੀ ਸੀ ਜੋ ਭਰਮਣ ਕਰਦੇ ਰਹਿੰਦੇ ਸਨ। ਗੁਰੂ ਸਾਹਿਬ ਦੀਆਂ ਖਬਰਾਂ ਵੀ ਇਹਨਾਂ ਰਾਂਹੀ ਹੀ ਪੰਜਾਬ ਜਾਂ ਹੋਰ ਥਾਵਾਂ ਤੇ ਪਹੁੰਚਦੀਆਂ ਸਨ।

—◈—

ਅਹੋਮ ਰਾਜਾ ਸ਼ੁਨਮੁੰਗ ਨੂੰ ਉਪਦੇਸ਼

ਸੰਨ 1200 ਈ. ਦੇ ਲਾਗੇ ਚਾਗੇ ਚੀਨ (ਮੌਂਗ ਮਾਓ ਇਲਾਕਾ ਜਿਹੜਾ ਮਿਆਂਮਾਰ ਦੇ ਪਹਾੜ ਬੰਨੇ ਪੈਂਦਾ ਹੈ) ਵਿੱਚੋਂ ਅਹੋਮ ਨਾਂ

ਪੈਰ ਸਫਾ

+ ਗਿਆਨੀ ਗਿਆਨ ਸਿੰਘ- ਕੋਹਲੀ, ਕਿਰਪਾਲ ਸਿੰਘ ਪੰਨਾ-64)

○ ਦਲਵਿੰਦਰ ਸਿੰਘ ਗਰੇਵਾਲ ਨੇ ਗੁਰੂ ਸਾਹਿਬ ਤੇ ਸੰਕਰਦੇਵ ਦਾ ਮਿਲਾਪ ਸਿਬਸਾਗਰ ਜਿਲੇ ਵਿੱਚ ਹੋਣਾ ਲਿਖਿਆ ਹੈ। ਗਰੇਵਾਲ ਦਾ ਕਹਿਣਾ ਹੈ ਕਿ ਕੁਝ ਸਮਾਂ ਗੁਰੂ ਸਾਹਿਬ ਗੜਗਾਓ (ਸਿਬਸਾਗਰ) ਲਾਗੇ ਨਜ਼ੀਰਾ ਵਿਖੇ ਠਹਿਰੇ ਸਨ। ਗਿਆਨੀ ਅਨੁਸਾਰ ਇੱਕ ਉਦਾਸੀ ਸਾਧੂ ਲੂਨੀਆ ਸਿੱਧ ਨੇ ਇਥੇ ਸਿੱਖੀ ਦਾ ਪ੍ਰਚਾਰ ਕੀਤਾ।

ਇਤਹਾਸ ਫੋਲਿਆਂ ਪਤਾ ਲੱਗਦਾ ਹੈ ਕਿ ਗੜਗਾਓ, ਅਹੋਮ ਰਾਜਿਆਂ ਦੀ ਰਾਜਧਾਨੀ ਗੁਰੂ ਸਾਹਿਬ ਤੋਂ ਬਾਦ ਹੀ ਬਣਿਆ। ਰਾਜਾ ਸੁਕਲੇਨਮੁੰਗ ਅਹੋਮ ਨੇ 1540 ਵਿੱਚ ਗੜਗਾਓ ਨੂੰ ਰਾਜਧਾਨੀ ਬਣਾਇਆ ਸੀ। ਉਸ ਤੋਂ ਪਹਿਲਾ ਰਾਜਧਾਨੀ ਬਕਾਟਾ (ਭਗਤ) ਸੀ ਜੋ ਦਰਿਆ ਦਹਿੰਗ ਦੇ ਕੰਢੇ ਸੀ।

ਦਾ ਕਬੀਲਾ ਬ੍ਰਹਮਪੁਤਰ ਘਾਟੀ ਵਿੱਚ ਆ ਵੜਿਆ। ਇਸ ਸਿਆਣੇ ਕਬੀਲੇ ਨੇ ਸਥਾਨਕ ਲੋਕਾਂ ਨਾਲ ਪੰਗਾ ਲੈਣ ਦੇ ਬਿਜਾਏ ਇਨਾਂ ਨਾਲ ਸਹਿਯੋਗ ਵਧਾਇਆ। ਇਨਾਂ ਦੀ ਸਭਿਅਤਾ ਨਾਗਿਆਂ ਨਾਲੋਂ ਕਿਤੇ ਜਿਆਦਾ ਵਿਕਸਤ ਸੀ। ਲੋਕਾਂ ਨੂੰ ਪਾਣੀ ਵਿੱਚ ਝੋਨਾ ਲਾਉਣਾ ਸਿੱਖਾਇਆ। ਪਹਿਲਾਂ ਭਾਰਤੀ ਉਪ ਮਹਾਂਦੀਪ ਵਿੱਚ ਲੋਕੀ ਝੋਨਾ ਵੀ ਬੀਜਿਆ ਹੀ ਕਰਦੇ ਸਨ।

ਛੇਤੀ ਹੀ 1228 ਈ. ਵਿੱਚ ਅਹੋਮ ਕਬੀਲੇ ਨੇ ਬ੍ਰਹਮਪੁਤਰ ਘਾਟੀ ਵਿੱਚ ਆਪਣਾ ਰਾਜ ਭਾਗ ਵੀ ਕਾਇਮ ਕਰ ਲਿਆ। ਇਹ ਕਬੀਲਾ ਇਨਾਂ ਅਨੁਸ਼ਾਸਤ ਸੀ ਕਿ ਇਨਾਂ ਦਾ ਰਾਜ ਪੂਰੇ 800 ਸਾਲ 1826 ਈ. ਤੱਕ ਰਿਹਾ। ਇਨਾਂ ਨੂੰ ਦਿੱਲੀ ਸਲਤਨਤ ਜਾਂ ਮੁਗਲ ਵੀ ਹਰਾ ਨਾਂ ਸਕੇ। ਇਸ ਰਾਜ ਬਾਰੇ ਤਰਾਂ ਤਰਾਂ ਦੀਆਂ ਅਫਵਾਹਾਂ ਦਿੱਲੀ ਵਿੱਚ ਹੁੰਦੀਆਂ ਸਨ ਕਿ ਉਹ ਜਾਦੂਗਰ ਲੋਕਾਂ ਦਾ ਦੇਸ ਹੈ। ਉਥੇ ਜਿਹੜਾ ਇੱਕ ਵਾਰੀ ਜਾ ਵੜੇ ਮੁੜਕੇ ਵਾਪਸ ਨਹੀ ਪਰਤ ਸਕਦਾ ਸੀ। ਅਹੋਮ ਕਬੀਲੇ ਕਰਕੇ ਹੀ ਇਸ ਇਲਾਕੇ ਦਾ ਨਾਂ ਅਹੋਮ ਜਾਂ ਅਸੋਮ ਜਾਂ ਅਸੱਮ ਦੇਸ ਪਿਆ।

ਜਦੋਂ ਗੁਰੂ ਨਾਨਕ ਇਸ ਇਲਾਕੇ ਵਿੱਚ ਆਏ ਤਾਂ ਅਹੋਮ ਕਬੀਲੇ ਦੇ ਬਹੁਤ ਹੀ ਤਾਕਤਵਰ ਬਾਦਸ਼ਾਹ ਸ਼ੁਹਨ ਮੁੰਗ (1497 - 1539 ਈ) ਦਾ ਰਾਜ ਸੀ। ਉਸ ਨੇ ਹਿੰਦੂ ਧਰਮ ਗ੍ਰਹਿਣ ਕਰ ਲਿਆ ਹੋਇਆ ਸੀ ਤੇ ਉਸਨੇ ਆਪਣਾ ਨਾਂ 'ਸਵੱਰਗ ਨਰਾਇਣ' ਰੱਖਿਆ ਹੋਇਆ ਸੀ। ਜਿਵੇ ਕਿ ਅਕਸਰ ਹੁੰਦਾ ਹੈ ਕਿ ਜਿਹੜਾ ਬੰਦਾ ਨਵਾਂ ਨਵਾਂ ਕੋਈ ਧਰਮ ਅਖਤਿਆਰ ਕਰੇ ਤਾਂ ਉਹ ਦੂਸਰਿਆਂ ਨਾਲੋਂ ਕੱਟੜ ਬਣ ਜਾਂਦਾ ਹੈ। ਇਹੋ ਕਾਰਨ ਸੀ ਕਿ ਸ਼ੁੰਨਮੁੰਗ ਵੀ ਕੱਟੜ ਬ੍ਰਾਹਮਣਾਂ ਦੇ ਵਿੱਚਾਰਾਂ ਦੇ ਅਨੁਕੂਲ ਚਲਦਾ ਸੀ। ਜਿਸ ਕਰਕੇ ਉਹ ਸ਼੍ਰੀਮੰਤ ਸੰਕਰਦੇਵ ਦੇ ਵਿਰੁਧ ਸੀ।

ਜਿਵੇਂ ਆਪਾਂ ਸ਼ੁਰੂ ਸ਼ੁਰੂ 'ਚ ਦੱਸ ਚੁੱਕੇ ਹਾਂ ਕਿ ਗੁਰੂ ਸਾਹਿਬ ਕੋਈ ਮੌਕਾ ਨਹੀ ਸੀ ਖੁੰਝਦੇ ਰਾਜੇ ਜਾਂ ਹੁਕਮਰਾਨ ਨੂੰ ਮਿਲਣ ਦਾ। ਗੁਰੂ ਸਾਹਿਬ ਨੇ ਗੁਹਾਟੀ ਦੇ ਵਾਮ ਮਾਰਗੀਆਂ ਨੂੰ ਸਿਧੇ ਰਾਹੇ ਪਾ ਫਿਰ ਸੰਕਰਦੇਵ ਦੇ ਪਿੰਡ ਗਏ। ਇਤਹਾਸ ਤੋਂ ਸਬੂਤ ਨਹੀ ਮਿਲਦਾ ਕਿ ਮੇਲ ਕਿਥੇ ਹੋਇਆ ਸੀ। ਪਰ ਉਸ ਤੋਂ ਬਾਦ ਗੁਰੂ ਸਾਹਿਬ ਬ੍ਰਹਮਪੁਤਰ ਦਰਿਆ ਰਾਂਹੀ ਚੜ੍ਹਦੇ ਨੂੰ ਚਲਦੇ ਰਹੇ।

ਥੋੜ ਗੁਰੂ ਸਾਹਿਬ ਗੁਹਾਟੀ ਤੋਂ ਕੋਈ 350 ਕਿਲੋਮੀਟਰ ਦਾ ਸਫਰ ਕਰਕੇ ਅਸਾਮ ਦੇ ਅੱਜ ਦੇ ਜਿਲੇ ਸਿਬਸਾਗਰ ਪਹੁੰਚੇ। ਇਹ ਉਹ ਇਲਾਕਾ ਹੈ ਜਿੱਥੇ ਬਾਕੀ ਦੁਨੀਆ ਦੇ ਮੁਕਾਬਲੇ ਸਭ ਤੋਂ ਵੱਧ ਬਾਰਸ਼ ਪੈਂਦੀ ਹੈ।

ਉਸ ਵੇਲੇ ਰਾਜਾ ਸਵੱਰਗ ਨਰਾਇਣ ਉਰਫ ਸ਼ੁਨਮੁੰਗ ਉਰਫ ਡਿੰਹਗੀਆ ਰਾਜਾ ਦੀ ਰਾਜਧਾਨੀ ਚਰਾਇਦਿਓ ਸੀ (ਉਂਜ ਬਾਦ ਵਿੱਚ ਉਹ ਰਾਜਧਾਨੀ ਬਕਾਤਾ ਲੈ ਗਿਆ। ਬਾਦ ਦੇ ਅਹੋਮ ਰਾਜਿਆਂ ਨੇ ਰਾਜਧਾਨੀ ਗੜ੍ਹਗਾਓ ਨੇੜੇ ਨਜ਼ੀਰਾ ਬਣਾ ਲਈ ਸੀ।) ਚਰਾਇਦਿਓ ਅੱਜ ਦੇ ਸਿਬਸਾਗਰ ਤੋਂ 30 ਕਿਲੋਮੀਟਰ ਹਟਵਾ ਹੈ ਤੇ ਅੱਜ ਜਿਲੇ ਦਾ ਮੁੱਖ ਸ਼ਹਿਰ ਹੈ।

ਗੁਰੂ ਸਾਹਿਬ ਨੇ ਰਾਜੇ ਨੂੰ ਸਿੱਖੀ ਦਾ ਅਕਾਲਪੁਰਖ ਅਜੋਨੀ ਸਿਧਾਂਤ ਸਮਝਾਇਆ : ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣਾ। ਹੋਰ ਉਨੂੰ ਦੱਸਿਆ ਕਿ ਤੁਸੀ ਰਾਜੇ ਹੋ ਤੁਹਾਡੀ ਮਜਬੂਰੀ ਹੈ ਸਭ ਨੂੰ ਨਾਲ ਲੈ ਕੇ ਚਲਣ ਦੀ ਪਰ ਕਿਸੇ ਦੇ ਕਹੇ ਕਹਾਏ ਕਿਸੇ ਤੇ ਜੁਲਮ ਨਹੀ ਕਰਨਾਂ। ਉਨਾਂ ਸਮਝਾਇਆ ਕਿ ਸਾਡਾ ਇੱਕ ਸਾਥੀ ਸੰਕਰਦੇਵ ਇੱਕ ਨਿਰੰਕਾਰ ਨੂੰ ਮੰਨਦਾ ਹੈ। ਉਹ ਜਾਤ ਪਾਤ ਨਹੀ ਮੰਨਦਾ। ਮੂਰਤੀ ਪੂਜਾ ਦਾ ਖੰਡਨ ਕਰਦਾ ਹੈ ਆਦਿ ਤੇ ਤੁਸਾਂ ਉਹਦੇ ਖਿਲਾਫ ਹੁਕਮ ਜਾਰੀ ਕੀਤੈ ਹੋਏ ਨੇ। ਅਜਿਹਾ ਨਹੀ ਹੋਣਾ ਚਾਹੀਦਾ। ਰਾਜੇ ਦਾ ਧਰਮ ਹੈ ਕਿ ਉਹ ਕੁਦਰਤ ਦੀ ਵੰਨਗੀ ਵਿੱਚ ਦਖਲ ਨਾਂ ਦੇਵੇ। ਸਭ ਨੂੰ ਇਕੋ ਜਿਹਾ ਬਣਾਉਣ ਦਾ ਯਤਨ ਨਾਂ ਕਰੇ। ਵਿਰੋਧੀ ਖਿਆਲ ਵੀ ਬਰਦਾਸ਼ਤ ਕਰੇ।

ਰਾਜੇ ਸਵੱਰਗ ਨਰਾਇਣ ਨੇ ਗੁਰੂ ਸਾਹਿਬ ਦੇ ਸਾਰੇ ਹੁਕਮ ਮੰਨਣ ਦਾ ਵਾਇਦਾ ਦੇ ਕੇ ਬੇਨਤੀ ਕੀਤੀ ਕਿ ਚਲੋਂ ਹੁਣ ਮੇਰੇ ਮਹਿਲਾਂ ਨੂੰ ਵੀ ਪਵਿਤਰ ਕਰ ਦਿਓ। ਗੁਰੂ ਸਾਹਿਬ ਰਾਜੇ ਦੇ ਮਹਿਲਾਂ ਵਿੱਚ ਗਏ ਤੇ ਹਫਤਾ ਦਸ ਦਿਨ ਉਸ ਸ਼ਹਿਰ ਦੇ ਵਸਨੀਕਾਂ ਨੂੰ ਹੀ ਸਤਿਨਾਮ ਸਤਿ ਕਰਤਾਰ ਦੇ ਨਾਮ ਨਾਲ ਜੋੜਿਆ। ਦੂਸਰੇ ਪਾਖੰਡਾਂ ਤੋਂ ਹਟਾ ਕੇ ਇੱਕ ਨਿਰਾਕਾਰ ਪ੍ਰਭੂ ਨਾਲ ਜੋੜਿਆ। ਗੁਰੂ ਸਾਹਿਬ ਨੇ ਸਵੱਰਗ ਨਰਾਇਣ ਨੂੰ ਲੰਮਾ ਸਮਾਂ ਰਾਜ ਭਾਗ ਬਖਸ਼ਿਆ ਤੇ ਖੁਸ਼ ਹੋ ਕੇ ਕਿਹਾ ਕਿ ਤੇਰੀਆਂ 18 ਪੀੜੀਆਂ ਰਾਜ ਕਰਨਗੀਆਂ।

—◈—

ਨਾਗਾਲੈਂਡ ਵਿੱਚ ਰਾਖਸ਼ਾਂ ਨੇ ਆ ਘੇਰਿਆ। ਐਤਕਾਂ ਖੁੱਦ ਬਾਬਾ ਹੀ ਆਇਆ ਕਾਬੂ

ਚਰਾਇਦਿਓ ਅੱਜ ਦੇ ਸਿਬਸਾਗਰ ਲਾਗਿਓ ਗੁਰੂ ਸਾਹਿਬ ਦੱਖਣ ਦਿਸ਼ਾ ਵਲ ਰਵਾਨਾ ਹੋ ਗਏ। ਨਿਸ਼ਾਨਾ ਸੀ ਸਿਲਹਟ, ਢਾਕਾ ਹੁੰਦੇ ਹੋਏ ਚਿੱਟਾਗਾਂਗ ਸਮੁੰਦਰ ਕਿਨਾਰੇ ਪਹੁੰਚਣਾ। ਲਗਦਾ ਇਕ ਦੋ ਸਾਧੂ ਹੋਰ ਵੀ ਨਾਲ ਸਨ।

ਪਹਿਲਾਂ 50-60 ਕਿਲੋਮੀਟਰ ਦਾ ਪੈਂਡਾ ਕਰਕੇ ਜੋਰਹਾਟ (ਜੋੜਾ ਹਾਟ- ਜੋਰ ਹਾਟ) ਪਹੁੰਚੇ। ਓਥੇ ਵੀ ਧਰਮ ਦੇ ਨਾਮ ਤੇ ਉਲਟੇ ਸਿੱਧੇ ਕੰਮ ਕਰਦੇ ਲੋਕਾਂ ਨੂੰ ਨਿਰੰਕਾਰ ਸਤਿਨਾਮ ਨਾਲ ਜੋੜਿਆ। ਕੁਝ ਸਮਾਂ ਓਥੇ ਬਿਤਾਉਣ ਦੇ ਬਾਦ 40 ਕਿਲੋਮੀਟਰ ਦਾ ਸਫਰ ਤਹਿ ਕਰ ਕੇ ਗੋਲਾਘਾਟ ਆ ਪਹੁੰਚੇ ਤੇ ਸਾਧੂ ਜਣਿਆਂ 'ਚ ਗਿਆਨ ਵੰਡਿਆਂ ਤੇ ਸਤਿ ਕਰਤਾਰ ਦਾ ਉਪਦੇਸ ਦਿੱਤਾ।

ਗੋਲਾਘਾਟ ਤੋਂ ਸਿਲਹਟ ਪਹੁੰਚਣਾ ਸੀ । ਇਲਾਕਾ ਸਾਰਾ ਹੀ ਜੰਗਲੀ। ਗੈਂਡੇ ਹਾਥੀ ਸ਼ੇਰ ਜਿਹੇ ਖਤਰਨਾਕ ਜਾਨਵਰਾਂ ਨਾਲ ਭਰਿਆ ਪਿਆ ਸੀ। ਅੱਗੇ ਲੱਗ ਪਗ 90 ਕਿਲੋਮੀਟਰ ਸਫਰ ਕਰਕੇ ਦੀਮਾਪੁਰ ਪਹੁੰਚਣਾ ਸੀ। ਚਾਰੇ ਜਣੇ ਧੰਨਸਿਰੀ ਦਰਿਆ ਦੇ ਸਮਾਨਅੰਤਰ ਚਲਦੇ ਚਲਦੇ ਹੋਏ ਜਦੋਂ ਧੰਨਸਿਰੀ ਸ਼ਹਿਰ ਦੇ ਲਾਗੇ ਪਹੁੰਚੇ ਤਾਂ ਗੁਰੂ ਸਾਹਿਬ ਅੱਗੇ ਅੱਗੇ ਚਲਦੇ ਜਾ ਰਹੇ ਸਨ ਤੇ ਪਿੱਛੇ ਮਰਦਾਨੇ ਹੁਰੀ ਤਿੰਨੇ ਜਣੇ। ਮਰਦਾਨੇ ਹੁਰੀ ਕੋਈ ਫਲ ਫਰੂਟ ਤੋੜਨ ਠਹਿਰੇ ਸਨ ਤੇ ਗੁਰੂ ਸਾਹਿਬ ਹੋਰ ਅੱਗੇ ਨਿਕਲ ਗਏ। ◉

ਓਧਰ ਜੰਗਲੀ ਨਾਗਾ ਲੋਕਾਂ ਦਾ ਇੱਕ ਜਥਾ ਸ਼ਿਕਾਰ ਕਰ ਰਿਹਾ ਸੀ। ਜਦੋਂ ਓਨਾਂ ਅਜਨਬੀ ਇਨਸਾਨ (ਗੁਰੂ ਜੀ) ਨੂੰ ਵੇਖਿਆ ਤਾਂ ਆ ਘੇਰਿਆ। ਇਨਾਂ ਲੋਕਾਂ ਵਿੱਚ ਬੰਦੇ ਨੂੰ ਮਾਰ ਕੇ ਖਾਣ ਦਾ ਰਿਵਾਜ ਹੁੰਦਾ ਸੀ। ਬੰਦੇ ਦੇ ਸਿਰ ਦਾ ਫਿਰ ਆਪਣੇ ਕਬੀਲੇ ਵਿੱਚ ਜਾ ਕੇ ਜਨਾਨੀਆਂ ਦੇ ਸਾਹਮਣੇ ਮੁਜਾਹਰਾ ਕੀਤਾ ਜਾਂਦਾ ਸੀ। ਸਾਰੇ ਜਣਿਆ ਸਲਾਹ ਕੀਤੀ ਕਿ ਇਸ ਅਜਨਬੀ ਨੂੰ ਇਥੇ ਹੀ ਖਾ ਲਿਆ ਜਾਵੇ। ਅੱਗ ਬਾਲਣੀ ਸ਼ੁਰੂ ਕੀਤੀ। ਜਿਵੇ ਹੀ ਭਾਂਬੜ ਮੱਚ ਗਇਆ ਗੁਰੂ ਸਾਹਿਬ ਨੂੰ ਮਾਰਨ ਦੀ ਤਿਆਰੀ ਹੋ ਗਈ। ਜਿਵੇ ਗੁਰੂ ਸਾਹਿਬ ਨੂੰ ਆ ਕੇ ਇੱਕ ਜਾਣੇ ਨੇ ਹੱਥ ਲਾਇਆ ਉਹ ਖੜਾ ਦਾ ਖੜਾ ਹੀ ਰਹਿ ਗਿਆ। ਓਧਰ ਅੱਗ ਦਾ ਭਾਂਬੜ ਵੀ ਸ਼ਾਤ ਹੋ ਗਿਆ। ਗੁਰੂ ਸਾਹਿਬ ਨੇ ਕਿਹਾ ਕਿ ਭਾਈ ਰੁਕ ਕਿਓ ਗਏ ਹੋ? ਸਭ ਇੱਕ ਦੂਸਰੇ ਦੇ ਮੂੰਹ ਵਲ ਤੱਕ ਰਹੇ ਦਹਿਸ਼ਤ ਵਿਚ ਸਨ। ਗੁਰੂ ਸਾਹਿਬ ਮੁਸਕਰਾ ਰਹੇ ਸਨ। ਗੁਰੂ ਸਾਹਿਬ ਨੇ ਫਿਰ ਵੀ ਪਿਆਰ ਮੁਹੱਬਤ ਅਤੇ ਦਯਾ ਦਾ ਇਸ਼ਾਰਾ ਕੀਤਾ। ਨਾਗੇ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਪਏ।

ਏਨੇ ਨੂੰ ਮਰਦਾਨਾ ਵੀ ਸਾਥੀਆਂ ਨਾਲ ਪਹੁੰਚ ਗਇਆ। ਨਾਗਾ ਰਾਖਸ਼ ਹੈਰਾਨ ਸਨ। ਗੁਰੂ ਸਾਹਿਬ ਨੇ ਓਨਾਂ ਨੂੰ ਰੱਬ ਦਾ ਖਉ ਖਾਣ ਦਾ ਉਪਦੇਸ਼ ਦਿੱਤਾ। ਗੁਰੂ ਸਾਹਿਬ ਅਤੇ ਸਾਥੀਆ ਨੂੰ ਫਿਰ ਆਦਰ ਸਤਿਕਾਰ ਨਾਲ ਨਾਗਾ ਬਸਤੀ ਵਿੱਚ ਲਿਆਂਦਾ ਗਇਆ ਤੇ ਕੁਝ ਸਮਾਂ ਨਾਗੇ ਰਾਖਸ਼ਾ ਵਿੱਚ ਰਹਿ ਕੇ ਗੁਰੂ ਸਾਹਿਬ ਨੇ ਸੱਚ ਧਰਮ ਦਾ ਪ੍ਰਚਾਰ ਕੀਤਾ।

ਸ਼ਾਮੀ ਜਦੋਂ ਚਾਰੇ ਬੈਠੇ ਸਨ ਤਾਂ ਸਾਧੂਆਂ ਪੁੱਛਿਆ ਬਾਬਾ ਜੀ ਜਦੋਂ ਤੁਹਾਨੂੰ ਉਨਾਂ ਰਾਖਸ਼ਾਂ ਨੇ ਫੜਿਆ ਹੋਇਆ ਸੀ ਤੁਹਾਡੇ ਚਿਹਰੇ ਤੇ ਓਦੋਂ ਵੀ ਮੁਸਕਰਾਹਟ ਸੀ। ਇਸ ਗਲ ਦਾ ਸਾਨੂੰ ਅਹਿਸਾਸ ਹੈ ਕਿ ਇਹ ਸਰੀਰ ਨਾਸਵਾਨ ਹੈ ਪਰ ਉਸ ਵੇਲੇ ਤੁਸੀ ਆਪਣੀ ਅਵੱਸਥਾ ਚੜ੍ਹਦੀ ਕਲਾ ਵਾਲੀ ਕਿਵੇ ਰੱਖੀ ਸੀ। ਸਾਨੂੰ ਵੀ ਉਪਦੇਸ਼ ਦਿਓ। ਸਾਡਾ ਵੀ ਡਰ ਦੂਰ ਕਰੋ।

ਓਦੋਂ ਫਿਰ ਗੁਰੂ ਸਾਹਿਬ ਨੇ ਮਰਦਾਨੇ ਨੂੰ ਸੁਚੇਤ ਕੀਤਾ। ਮਰਦਾਨੇ ਦੀ ਰਬਾਬ ਨੇ ਪਹਾੜ ਗੂੰਜਣ ਲਾ ਦਿੱਤੇ। ਸਾਹਿਬ ਨੇ ਓਦੋਂ ਫਿਰ ਗਉੜੀ ਧੁੰਨ ਵਿੱਚ ਸਬਦ ਪੜਿਆ:

ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ ॥ ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ ॥ ਤੁਧੁ ਬਿਨੁ ਦੂਜੀ ਨਾਹੀ ਜਾਇ ॥ ਜੋ ਕਿਛੁ ਵਰਤੈ ਸਭ ਤੇਰੀ ਰਜਾਇ ॥੧॥ ਡਰੀਐ ਜੇ ਡਰੁ ਹੋਵੈ ਹੋਰੁ ॥ ਡਰਿ ਡਰਿ ਡਰਣਾ ਮਨ ਕਾ ਸੋਰੁ ॥੧॥ ਰਹਾਉ ॥ ਨਾ ਜੀਉ ਮਰੈ ਨ ਡੂਬੈ ਤਰੈ ॥ ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥ ਹੁਕਮੇ ਆਵੈ ਹੁਕਮੇ ਜਾਇ ॥ ਆਗੈ ਪਾਛੈ ਹੁਕਮਿ ਸਮਾਇ ॥੨॥ ਹੰਸੁ ਹੇਤੁ ਆਸਾ ਅਸਮਾਨੁ ॥ ਤਿਸੁ ਵਿਚਿ ਭੂਖ ਬਹੁਤੁ ਨੈ ਸਾਨੁ ॥ ਭਉ ਖਾਣਾ ਪੀਣਾ ਆਧਾਰੁ ॥ ਵਿਣੁ ਖਾਧੇ ਮਰਿ ਹੋਹਿ ਗਵਾਰ ॥੩॥ ਜਿਸ ਕਾ ਕੋਇ ਕੋਈ ਕੋਇ ਕੋਇ ॥ ਸਭੁ ਕੋ ਤੇਰਾ ਤੂੰ ਸਭਨਾ ਕਾ ਸੋਇ ॥ ਜਾ ਕੇ ਜੀਅ ਜੰਤ ਧਨੁ ਮਾਲੁ ॥ ਨਾਨਕ ਆਖਣੁ ਬਿਖਮੁ ਬੀਚਾਰੁ ॥

ਕੁਝ ਵਕਤ ਨਾਗਿਆਂ ਵਿੱਚ ਰਹਿਣ ਉਪਰੰਤ ਫਿਰ ਬਾਬਾ ਜੀ ਸਿਲਹਟ ਵਲ ਰਵਾਨਾ ਹੋ ਗਏ।

ਮਰਦਾਨਾ ਬਣਮਾਣੂ ਤੋਂ ਡਰੇ ਤੇ ਉਹ ਮਰਦਾਨੇ ਤੋਂ ਡਰਨ

ਸਿਬਸਾਗਰ ਤੋਂ ਜਦੋਂ ਬਾਬਾ ਜੀ ਸਿਲਹੱਟ ਵਲ ਜਾ ਰਹੇ ਸਨ ਤਾਂ ਇੱਕ ਥਾਂ ਤੇ ਬਣਮਾਣਸਾਂ ਦੀ ਵੱਡੀ ਹੇੜ ਵੇਖੀ। ਸੈਕੜਿਆਂ ਬਣਮਾਣੂਆਂ ਜਦੋਂ ਪ੍ਰਦੇਸੀ ਜਿਹੇ ਬੰਦੇ ਵੇਖੇ ਤਾਂ ਉਨਾਂ ਨੇ ਚੀਕਾਂ ਮਾਰ ਮਾਰ ਕੇ ਅਸਮਾਨ ਸਿਰ ਦੇ ਚੁੱਕ ਲਿਆ। ਹਾਲਾਂ ਬਣਮਾਣੂ ਭਾਰਤ ਦੇ ਬਾਕੀ ਜੰਗਲਾਂ 'ਚੋਂ ਸੈਕੜੇ ਸਾਲ ਪਹਿਲਾਂ ਹੀ ਖਤਮ (Extinct) ਹੋ ਚੁੱਕੇ ਹਨ ਪਰ ਭਾਰਤ ਦੇ ਉਤਰ ਪੂਰਬ ਦੇ

ਜਿੰਨਾਂ ਨੂੰ ਵੇਖ ਮਰਦਾਨਾ ਡਰ ਗਿਆ ਸੀ। ਉੱਤਰ ਪੂਰਬ ਦੇ ਬਣਮਾਣੂ (ਗਿੱਬਨ) ਜੋ ਇਨਸਾਨਾਂ ਨੂੰ ਵੇਖ ਕੇ ਬਹੁਤ ਚੀਕ ਚਿਹਾੜਾ ਪਾਉਦੇ ਹਨ।

ਪੈੜ ਸਫ਼ਾ

⊙ ਸਰੋਤ ਸੋਢੀ ਤੇ ਕਿਰਪਾਲ ਸਿੰਘ - 65 ਪੰਨਾ

ਕੋਹਲੀ ਅਨੁਸਾਰ ਧਨਾਸਰੀ ਦੇਸ ਤੱਨਾਸਿਰਮ ਹੈ ਜੋ ਕਿ ਮਿਆਂਮਾਰ ਦਾ ਇੱਕ ਟਾਪੂ ਹੈ। ਇਹ ਤਾਂ ਕਲਕੱਤੇ ਤੋਂ ਸਮੁੰਦਰ ਰਸਤੇ ਕੋਈ 1500 ਕਿਲੋਮੀਟਰ ਹਟਵਾ ਹੈ। ਇਹ ਵੱਖਰੀ ਗਲ ਹੈ ਕਿ ਓਥੇ ਸਮੁੰਦਰ ਵਿੱਚ ਹੋਰ ਕੋਈ 40-50 ਟਾਪੂ ਜਾਂ ਦੀਪ ਨੇ। ਓਧਰ ਜਨਮ ਸਾਖੀਆਂ 'ਚ ਜਿਕਰ ਹੈ ਕਿ ਗੁਰੂ ਸਾਹਿਬ ਨੇ ਦੀਪਾਂ ਦੀ ਵੀ ਸੈਰ ਕੀਤੀ। ਇਹ ਮਜਮੂਨ ਅਜੇ ਹੋਰ ਖੋਜ ਦੀ ਮੰਗ ਕਰਦਾ ਹੈ। ਪਰ ਤਨਾਸਿਰਮ ਦਾ ਇਸ ਸਾਖੀ ਨਾਲ ਸਬੰਧ ਨਹੀ ਬਣਦਾ।

ਸੋਢੀ ਮਿਹਰਬਾਨ - ਪੰਨਾ 231 ਤੇ ਰਾਖਸ਼ਾਂ ਵਾਲੀ ਸਾਖੀ ਦੱਖਣ ਦੀ ਦੱਸੀ ਹੈ ਪਰ ਨਾਲ ਹੀ ਸ਼ਾਕਤ ਲੋਕਾਂ ਦੇ ਉਧਾਰ ਦੀ ਗਲ ਵੀ ਹੈ। ਕਾਮਰੂਪ (ਤੇ ਬੰਗਾਲ) ਸ਼ਾਕਤ ਲੋਕਾਂ ਦੀ ਧਰਤੀ ਗਿਣੀ ਗਈ ਜਿਸ ਦਾ ਵਿਸਥਾਰ ਇਸ ਤੋਂ ਪਹਿਲੀ ਵਾਲੀ ਸਾਖੀ 'ਚ ਆ ਗਇਆ ਹੈ।

ਬਾਲੀ ਵਾਲੀ ਸਾਖੀ ਨੇ ਆਸਰਾਪਨਾਹ ਦੇਸ ਲਿਖਿਆ ਹੈ।

ਪੁਰਾਤਨ ਨੇ ਧਨਾਸਰੀ ਦੇਸ ਲਿਖਿਆ ਹੈ। ਅਸੀ ਕਿਰਪਾਲ ਸਿੰਘ ਹੁਰਾਂ ਨਾਲ ਸਹਿਮਤ ਹਾਂ ਕਿ 'ਇਹ ਅਸਾਮ ਨਾਗਾਲੈਂਡ ਦੀ ਧਨਾਸਰੀ ਘਾਟੀ ਹੈ" ਅਸਾਮ ਤੇ ਨਾਗਾਲੈਂਡ ਦੀ ਸਰਹੱਦ ਹੈ ਧੰਨਸਿਰੀ ਦਰਿਆ। ਅੱਜ ਵੀ ਧੰਨਸਿਰੀ ਨਾਂ ਦਾ ਸ਼ਹਿਰ ਵੀ ਮੌਜੂਦ ਹੈ ਜੋ ਅਸਾਮ ਵਿੱਚ ਨਾਗਾਲੈਂਡ ਦੀ ਸਰਹੱਦ ਤੇ ਹੈ। ਅੰਦਾਜ਼ਾ ਹੈ ਇਹੋ ਸ਼ਹਿਰ ਹੋਵੇਗਾ ਜਿੱਥੇ ਰਾਖਸ਼ਾਂ ਨਾਲ ਬਾਬੇ ਤੇ ਮਰਦਾਨੇ ਦਾ ਟਾਕਰਾ ਹੋਇਆ। ਓਧਰ ਨਾਗਾਲੈਂਡ ਵਿੱਚ ਰਾਖਸ਼ ਅੱਜ ਤੱਕ ਦੇ ਜਮਾਨੇ ਵਿੱਚ ਰਹੇ ਨੇ। ਹੁਣ ਵੀ ਉਹ ਆਪਣੇ ਦੁਸ਼ਮਣ ਨੂੰ ਮਾਰ ਕੇ ਉਹਦਾ ਸਿਰ ਖਾਣ ਵਿੱਚ ਫਖਰ ਮਹਿਸੂਸ ਕਰਦੇ ਨੇ।

ਸੋ ਸੋਢੀ ਮਿਹਰਵਾਨ ਨੇ ਰਾਖਸ਼ਾਂ ਵਾਲੀ ਜਿਹੜੀ ਸਾਖੀ ਦਿੱਤੀ ਹੈ ਉਹ 100% ਧਨਾਸਰੀ ਸ਼ਹਿਰ ਨਾਗਾਲੈਂਡ ਦੇ ਇਲਾਕੇ ਦੀ ਹੀ ਹੈ।

ਕਿਉਕਿ ਧੰਨਸਿਰੀ ਘਾਟੀ ਸਹਿਜ ਨਾਲ ਹੀ ਪਛਾਣੀ ਜਾਂਦੀ ਹੈ ਜਿਸ ਦਾ ਜਨਮ ਸਾਖੀ ਵਿੱਚ ਜਿਕਰ ਹੈ ਸੋ ਇਸ ਬਾਰੇ ਕੋਈ ਸ਼ੱਕ ਨਹੀ ਰਹਿਣਾ ਚਾਹੀਦਾ ਕਿ ਇਹ ਘਟਨਾ ਦੀਮਾਪੁਰ ਦੇ ਲਾਗੇ ਚਾਗੇ ਕਿਤੇ ਨਾਗਾਲੈਂਡ ਵਿੱਚ ਹੀ ਵਾਪਰੀ।

ਬਾਕੀ ਕੌਡੇ ਰਾਖਸ਼ ਵਾਲੀ ਸਾਖੀ ਇਸ ਤੋਂ ਵੱਖਰੀ ਹੈ। ਯਾਦ ਰਹੇ ਕੌਡਾ ਨਾਂ ਕਦੀ ਵੀ ਉਤਰ ਪੂਰਬ ਇਲਾਕੇ ਵਿੱਚ ਨਹੀ ਵਰਤਿਆ ਗਿਆ।

ਨਾਗਾ (ਸੱਪਾਂ ਵਾਲਾ) ਦੇਸ ਨੂੰ ਜਨਮ ਸਾਖੀ ਨੇ ਬਿਸੀਅਰ ਦੇਸ ਲਿਖਿਆ ਹੈ। (ਬਿਨੁ ਗੁਰ ਬਿਸੀਅਰੁ ਡਸੈ ਮਰਿ ਵਾਟ ॥ ਨਾਨਕ ਗੁਰ ਬਿਨੁ ਘਾਟੇ ਘਾਟ ॥) ਨਾਗਾ ਤੋਂ ਮਤਲਬ ਨੰਗਾ ਨਹੀ ਸਗੋ ਨਾਗ ਸੱਪ ਵਾਸਤੇ ਜਨਮ ਸਾਖੀਆਂ ਨੇ ਲਫਜ ਵਰਤਿਆ ਹੈ। ਧਿਆਨ ਰਹੇ ਪੁਰਾਣੇ ਜਮਾਨੇ ਵਿੱਚ ਨੰਗਾ ਰਹਿਣਾ ਤਾਂ ਆਮ ਹੀ ਹੁੰਦਾ ਸੀ। ਸੰਨ 1978 ਵਿੱਚ ਅਸੀ ਬਿਹਾਰ ਦੇ ਰਾਂਚੀ ਇਲਾਕੇ ਵਿੱਚ ਵੇਖਿਆ ਸੀ ਓਥੋਂ ਦੀਆਂ ਬਜੁਰਗ ਆਦਿ ਵਾਸੀ ਜਨਾਨੀਆ ਅਜੇ ਵੀ ਛਾਤੀ ਨਹੀ ਸਨ ਢੱਕਦੀਆਂ।

ਇਲਾਕੇ ਵਿੱਚ ਅੱਜ ਤੱਕ ਵੀ ਗਿੱਬਨ ਬਣਮਾਣਸਾਂ ਦੀ ਨਸਲ ਬਚੀ ਹੋਈ ਹੈ।

ਜਦੋਂ ਗੁਰੂ ਸਾਹਿਬ ਨੇ ਮਰਦਾਨੇ ਨੂੰ ਸਮਝਾਇਆ ਕਿ ਇਹ ਜਾਨਵਰ ਇਨਸਾਨ ਨੂੰ ਨੁਕਸਾਨ ਨਹੀ ਪਹੁੰਚਾਉਂਦੇ ਤਾਂ ਮਰਦਾਨੇ ਨੇ ਉਨਾਂ ਨਾਲ ਖੂਬ ਮਨਪਰਚਾਵਾ ਕੀਤਾ। ਇਨਾਂ ਦਾ ਚੀਕਾਂ ਮਾਰਨ ਦਾ ਮਤਲਬ ਹੁੰਦਾ ਹੈ ਦੂਸਰਿਆਂ ਨੂੰ ਖਤਰੇ ਤੋਂ ਸੁਚੇਤ ਕਰਨਾਂ।

ਫਿਰ ਉਸ ਇਲਾਕੇ ਦਾ ਜਦੋਂ ਸ਼ਹਿਰ ਆਇਆ ਤਾਂ ਗੁਰੂ ਸਾਹਿਬ ਦੀ ਸ਼ਰਨ ਵਿੱਚ ਓਥੋਂ ਦਾ ਰਾਜਾ ਵੀ ਆਇਆ। ਓਥੋਂ ਦੇ ਫਲ ਫਰੂਟ ਮਰਦਾਨੇ ਨੂੰ ਬਹੁਤ ਪਸੰਦ ਆਏ। ਓਥੇ ਵੀ ਕੁਝ ਵਕਤ ਗੁਰੂ ਸਾਹਿਬ ਰੁੱਕੇ ਸਨ। ◉

—◈—

ਸ਼ੇਖ ਅਲੀ ਕੋਲ ਬਾਬਾ ਸਿਲਹਟ ਪਹੁੰਚ ਗਏ

ਅੱਜ ਦੇ ਬੰਗਲਾਦੇਸ਼ ਨੂੰ ਇਸਲਾਮ ਦੇ ਰੰਗ ਵਿੱਚ ਰੰਗਣ ਵਾਲੇ ਸੂਫੀ ਫਕੀਰ ਹੀ ਹੋਏ ਨੇ। ਇਨਾਂ ਵਿੱਚੋਂ ਹੀ 14 ਵੀ ਸਦੀ ਦਾ ਨਕਸ਼ਬੰਦੀ ਫਿਰਕੇ ਦਾ ਸ਼ਾਹ ਜਲਾਲ ਹੋਇਆ ਹੈ ਜਿਸ ਨੇ ਸਿਲਹੱਟ ਦੇ ਇਲਾਕੇ ਵਿੱਚ ਇਸਲਾਮ ਮਜ਼ਬ ਦਾ ਪ੍ਰਚਾਰ ਕੀਤਾ। ਏਸੇ ਦੇ ਜਾਨ ਨਸ਼ੀਨਾਂ ਵਿੱਚੋ ਹੋਇਆ ਹੈ ਸ਼ੇਖ ਅਲੀ ਜਿਸ ਨੇ ਸ਼ਾਹ ਜਲਾਲ ਦੀ ਜੀਵਨੀ ਲਿਖੀ ਸੀ। ਜਿਸ ਦਾ ਇੰਤਕਾਲ ਸੰਨ 1562 ਵਿੱਚ ਹੋਇਆ। ✚

ਕਿਉਕਿ ਇਹ ਵਿਦਵਾਨ ਬੰਦਾ ਸੀ ਤੇ ਇਸ ਫਿਰਕੇ ਦਾ ਪੰਜਾਬ ਦੇ ਸੂਫੀਆਂ ਨਾਲ ਗੂੜਾ ਸਬੰਧ ਸੀ। ਲੱਗਦਾ ਹੈ ਕਿ ਗੁਰੂ ਸਾਹਿਬ ਨੇ ਕੁਝ ਲਿਖਤਾਂ ਵੀ ਇਸ ਕੋਲੋ ਹਾਸਲ ਕੀਤੀਆਂ ਹੋਣ। ਜਨਮ ਸਾਖੀਆਂ ਵਿੱਚ ਉਂਜ ਨਾਮ ਸ਼ੇਖ ਬ੍ਰਹਮ ਦਿੱਤਾ ਹੈ। ਜੋ ਗਲਤ ਹੈ ਕਿਉਕਿ ਸ਼ੇਖ ਬ੍ਰਹਮ ਦੀ ਮਜ਼ਾਰ ਖੇਮਕਰਨ ਜਿਲਾ ਤਰਨ ਤਾਰਨ ਵਿਖੇ ਹੈ।

ਸਿਲਹਟ ਵਿਖੇ ਹੀ ਇੱਕ ਦੇਵੀ ਪ੍ਰਸਾਦ ਬੋਸ ਨਾਂ ਦਾ ਪ੍ਰਸਿਧ ਵਾਮਚਾਰੀ ਹੁੰਦਾ ਸੀ ਜੋ ਤੰਤਰ ਵਿਦਿਆ ਦਾ ਵੀ ਮਾਹਿਰ ਸੀ। ◘ ਆਪਣੀ ਵਿਦਿਆ ਰਾਂਹੀ ਲੋਕਾਂ ਨੂੰ ਅਚੰਭੇ ਵਿੱਚ ਪਾ ਕੇ ਤੇ ਕਦੀ ਦੁੱਖ ਤਕਲੀਫ ਦੇ ਕੇ ਅਨੰਦ ਮਹਿਸੂਸ ਕਰਿਆ ਕਰਦਾ ਸੀ। ਗੁਰੂ ਸਾਹਿਬ ਨਾਲ ਵੀ ਉਸ ਨੇ ਇਹ ਚਲਾਕੀਆਂ ਕਰਨੀਆਂ ਚਾਹੀਆਂ ਪਰ ਅੱਗੇ ਇੱਕ ਨਾਂ ਚਲੀ ਤੇ ਹਾਰ ਕੇ ਚਰਨੀ ਲੱਗਾ। ਸਿੱਖ ਪ੍ਰਚਾਰਕ ਹੋ ਨਿਬੜਿਆ।

ਸਿਲਹਟ ਵਿਖੇ ਵੀ ਵੱਡੀ ਸੰਗਤ ਹੁੰਦੀ ਸੀ। ਗੁਰੂ ਸਾਹਿਬਾਨ ਦੇ ਕਾਲ ਤੱਕ ਸੰਗਤ ਨਾਲ ਤਾਲ ਮੇਲ ਰਹਿੰਦਾ ਸੀ। ਪਰ ਬਾਦ ਵਿੱਚ ਸਿੱਖੀ ਤੇ ਜੋ ਰਾਜਨੀਤਕ ਭੀੜਾਂ ਪਈਆਂ ਓਨਾਂ ਕਰਕੇ ਦੂਰ ਦੁਰਾਡੇ ਦੀ ਸੰਗਤ ਨਾਲ ਮੇਲ ਕਾਇਮ ਨਾਂ ਰਹਿ ਸਕਿਆ ਜਿਸ ਕਾਰਨ ਉਹ ਲੋਕ ਹੌਲੀ ਹੌਲੀ ਮੁਸਲਮਾਨ ਬਣ ਗਏ।

ਸਿੱਲ੍ਹਟ ਦੇ ਲੋਕ ਅੰਬਾਂ ਕਰਕੇ ਅੱਜ ਵੀ ਗੁਰੂ ਸਾਹਿਬ ਨੂੰ ਯਾਦ ਕਰਦੇ ਹਨ। ਹੋਇਆ ਇਸ ਤਰਾਂ ਕਿ ਜਦੋਂ ਗੁਰੂ ਸਾਹਿਬ ਤੇ ਸ਼ੇਖ ਅਲੀ ਦੀ ਗੋਸ਼ਟਿ ਚਲ ਰਹੀ ਸੀ ਤਾਂ ਮਰਦਾਨੇ ਦਾ ਅੰਬ ਚੂਪਣ ਨੂੰ ਜੀਅ ਕੀਤਾ ਜੋ ਕਿ ਜਲਾਲ ਪੀਰ ਦੇ ਮਕਬਰੇ ਦੇ ਦੁਆਲੇ ਬਾਗ ਵਿੱਚ ਲੱਗੇ ਹੋਏ ਸਨ। ਪੀਰ ਦੇ ਬੰਦਿਆਂ ਨੇ ਬਹਾਨਾ ਲਾਉਦਿਆਂ ਕਹਿ ਦਿੱਤਾ ਕਿ ਇਹ ਬੇਬਹਾਰੇ ਅੰਬ ਚੂਪਣ ਲਾਇਕ ਨਹੀ ਹਨ। ਇਨਾਂ ਵਿੱਚ ਕੀੜਾ (ਸੁੰਡੀ) ਹੈ। ਕੋਈ ਅਜਿਹੀ ਕਰਨੀ ਕਿ ਅੱਜ ਤੱਕ ਇਸ ਇਲਾਕੇ ਦੇ ਅੰਬਾਂ ਵਿੱਚ ਪੱਕਣ ਦੇ ਤੁਰੰਤ ਬਾਦ ਸੁੰਡੀ ਚਲ ਜਾਂਦੀ ਹੈ। ◈

1930 ਈ. ਵੇਲੇ ਤੱਕ ਸਿਲਹਟ ਦਾ ਗੁਰਦੁਆਰਾ ਪਹਿਲੀ ਪਾਤਸ਼ਾਹੀ ਖਤਮ ਹੋ ਚੁੱਕਾ ਸੀ ਤੇ ਸਾਫ ਜਮੀਨ ਬਚੀ ਸੀ। ਬਸ ਇਨੀ ਕੁ ਪ੍ਰੰਪਰਾ ਚਲੀ ਆਉਦੀ ਸੀ ਕਿ ਇਥੇ ਇਕ ਕਮਰੇ ਵਿੱਚ ਆ ਕੇ ਗੁਰੂ ਨਾਨਕ ਬੈਠੇ ਸਨ। ਕੁਦਰਤੀ ਹੈ ਕਿ ਬਾਦ ਵਿੱਚ ਮਕਾਨ ਢੱਠ ਗਇਆ ਹੋਵੇਗਾ। ਪਰ ਯਾਦ ਬਚੀ ਹੋਈ ਹੈ। ਜਦੋਂ ਇਲਾਕੇ ਵਿੱਚ ਸਿੱਖ ਨਹੀ ਹਨ ਤਾਂ ਗੁਰਦੁਆਰਾ ਕਿਵੇ ਬਣੇਗਾ ਤੇ ਬਚੇਗਾ। ◈

ਇਹੋ ਲਗਦਾ ਹੈ ਕਿ ਸਿਲਹਟ ਤੋਂ ਗੁਰੂ ਸਾਹਿਬ ਸੋਨਾਰਗਾਓ (ਢਾਕਾ) ਵਲ ਰਵਾਨਾ ਹੋਏ। ਗਿਆਨੀ ਅਨੁਸਾਰ ਉਹ ਅੱਜ ਦੇ ਕਿਸ਼ੋਰ ਗੰਜ ਇਲਾਕੇ ਥਾਂਣੀ ਨਿਕਲੇ। ਓਹਨੀ ਦਿਨੀਂ ਓਥੇ ਇਗਾਰੋਸੰਧੂਰ ਨਾਂ ਦੀ ਛੋਟੀ ਜਿਹੀ ਰਿਆਸਤ ਸੀ। ਕੁਦਰਤੀ ਹੈ ਕਿ ਓਥੋਂ ਦੇ ਰਾਜੇ ਨੂੰ ਵੀ ਮਿਲੇ ਹੋਣਗੇ।

—◈—

ਜਦੋਂ ਬੰਗਾਲਣ ਜਾਦੂਗਰਨੀਆਂ ਨੇ ਮਰਦਾਨਾ ਕੀਲ ਕੇ ਭੇਡੂ ਬਣਾ ਦਿੱਤਾ।

ਭਾਰਤੀ ਉਪ ਮਹਾਂਦੀਪ ਵਿੱਚ ਜਦੋਂ ਜਾਦੂ ਦਾ ਜਿਕਰ ਆਉਦਾ ਹੈ ਤਾਂ ਦਿਮਾਗ ਵਿੱਚ ਇੱਕ ਦਮ ਬੰਗਾਲ ਆ ਜਾਂਦਾ ਹੈ । ਇਹ ਅੱਜ ਨਹੀ ਇਤਹਾਸ ਵਿੱਚ ਵੀ ਬੰਗਾਲ ਦਾ ਜਾਦੂ ਵਿੱਚ ਛਾਇਆ ਹੋਇਆ ਹੈ। ਪਿੱਛਲੀ ਸਦੀ 'ਚ ਇੱਕ ਪੀ ਸੀ ਸਰਕਾਰ (1923-1971ਈ.) ਨਾਂ ਦਾ ਪੜਿਆ ਲਿਖਿਆਂ ਜਾਦੂਗਰ ਹੋ ਗੁਜਰਿਆ ਹੈ ਜਿਸ ਨੇ ਦਾਵਾ ਕੀਤਾ ਸੀ ਕਿ ਉਹਦੀਆਂ ਪਿੱਛਲੀਆਂ ਸੱਤ ਪੁਸ਼ਤਾਂ ਜਾਦੂ ਦੇ ਮੈਦਾਨ ਵਿੱਚ ਰਹੀਆਂ ਹਨ। ਹਿੰਦੂਆਂ ਦਾ ਵਸ਼ੀਕਰਨ ਮੰਤਰ ਵੀ ਬੰਗਾਲੀਆਂ ਦੀ ਹੀ ਦੇਣ ਹੈ।

ਸੋ ਬੰਗਾਲ ਵਿੱਚ ਬਾਬਾ ਜਾਵੇ ਤੇ ਭਲਾ ਜਾਦੂਗਰਾਂ ਨਾਲ ਟਾਕਰਾ ਨਾਂ ਹੋਵੇ। ਇਹ ਤਾਂ ਹੋ ਹੀ ਨਹੀ ਸਕਦਾ। ○

ਕਿਸ਼ੋਰਗੰਜ ਵਾਲੇ ਪਾਸਿਓ ਆਉਦੇ ਹੋਏ ਧੰਨਪੁਰ ਦੇ ਸਥਾਨ ਤੇ ਟਾਕਰਾ ਹੋਇਆ ਵੀ ਜਨਾਨਾ ਜਾਦੂਗਰਨੀਆਂ ਨਾਲ। ਨਿਰਾ ਏਨਾ ਹੀ ਨਹੀ। ਕਾਮਰੂਪ ਵਿੱਚ ਔਰਤ ਪ੍ਰਧਾਨ ਸਮਾਜ ਹੁੰਦਾ ਸੀ। ਅੱਜ ਵੀ ਮੈਘਾਲਿਆ ਤੇ ਅਸਾਮ ਦੇ ਕੁਝ ਕਬੀਲਿਆਂ ਵਿੱਚ ਔਰਤ ਹੀ ਟੱਬਰ ਦੀ ਮੁਖੀਆ ਹੁੰਦੀ ਹੈ । ਮਤਲਬ ਵਿਆਹ ਹੋ ਕੇ ਬੰਦਾ

ਨੋਟ ਸਫ਼ਾ

◉ ਬਾਲਾ-183

✚ ਸ਼ੇਖ ਅਲੀ- ਵਿਕੀਪੀਡੀਆ ਤੋਂ ਸ਼ਾਹ ਜਲਾਲ ਤੇ ਇੰਦਰਾਜ

◘ ਬੋਸ- ਗਿਆਨੀ ਠਾਕਰ ਸਿੰਘ- ਗੁਰਦੁਆਰਾ ਦਰਸ਼ਨ (ਡਾ. ਤਰਲੋਚਨ ਸਿੰਘ)

○ ਬੰਗਾਲ ਦੇ ਇਲਾਕੇ ਦੀਆਂ ਦੋ ਤਿੰਨ ਗੱਲਾਂ ਹੀ ਤਾਂ ਮਸ਼ਹੂਰ ਹੋਇਆ ਕਰਦੀਆਂ ਸਨ। 1. ਮਖਮਲ, 2. ਜਾਦੂ ਤੇ 3.ਸਪੇਰੇ।

◈ ਸਾਈਕਲ ਯਾਤਰੀ- 128

ਆਪਣੇ ਸਹੁਰਿਆ ਦੇ ਘਰ ਜਾਂਦਾ ਹੈ। ਨਹੀ, ਸਿਰਫ ਏਨਾ ਹੀ ਨਹੀ, ਆਪਣੀ ਸੱਸ ਦੀ ਰਹਿਨੁਮਾਈ ਵਿੱਚ ਰਹਿੰਦਾ ਹੈ। ਬੱਚਿਆ ਦੀ ਵਲਦੀਅਤ ਤੇ ਵੀ ਮਾਂ ਦਾ ਨਾਂ ਹੀ ਆਉਦਾ ਹੈ। ਸੱਸ ਤੋਂ ਬਾਦ ਉਹਦੀ ਛੋਟੀ ਧੀ ਘਰਾਣੇ ਦੀ ਮੁਖੀਆ ਬਣਦੀ ਹੈ।

ਸੋ ਬਾਬਾ ਧੰਨਪੁਰ ਸ਼ਹਿਰ ਦੇ ਬਾਹਰ ਡੇਰਾ ਲਾਈ ਬੈਠਾ ਸੀ। ਮਰਦਾਨਾ ਆਖਣ ਲੱਗਾ ਬਾਬਾ ਮੈਂ ਸ਼ਹਿਰ ਹੋ ਆਵਾਂ, ਕੁਝ ਖਾ ਪੀ ਆਵਾਂ। ਗੁਰੂ ਸਾਹਿਬ ਨੇ ਮਰਦਾਨੇ ਨੂੰ ਸੁਚੇਤ ਕੀਤਾ ਕਿ ਭਾਈ ਇਥੇ ਤਿਰੀਆ ਰਾਜ ਹੈ ਜਾਣਾ ਹੈ ਤਾਂ ਜਰਾ ਧਿਆਨ ਨਾਲ।

ਮੋਢੇ ਤੇ ਰਬਾਬ ਜਦੋਂ ਮਰਦਾਨਾ ਸ਼ਹਿਰ ਵਿੱਚ ਵੜਿਆ ਹੀ ਸੀ ਕਿ ਤਿਰੀਆਂ ਦੇ ਨਿਗਾਹੇ ਪੈ ਗਿਆ। ਸੋਹਣਾ ਛਬੀਲਾ, ਲੰਮਾ ਉੱਚਾ

ਬਾਬਾ, ਨੂਰ ਸਾਹਾ ਅਤੇ ਹੋਰ ਜਾਦੂਗਰਨੀਆਂ ਅਤੇ ਹੇਠਾਂ ਭੇਡੂ ਬਣਿਆ ਭਾਈ ਮਰਦਾਨਾ। (ਬੀ:40 ਤਸਵੀਰ)

ਜਵਾਨ, ਉਹਦੀ ਰਬਾਬ ਦੀ ਧੁੰਨ ਤਾਂ ਪੰਛੀ ਕੀਲ ਦੇਵੇ। ਘੁੰਮਦਾ ਫਿਰਦਾ ਅਲਖ ਜਗਾਉਦਾ ਮਰਦਾਨਾ ਜਾਦੂਗਰਾਂ ਦੇ ਮੁਹੱਲੇ ਜਾ ਵੜਿਆ। ਤਿਰੀਆਂ ਨੇ ਮਰਦਾਨੇ ਨੂੰ ਝੱਟ ਅੰਦਰ ਬੁਲਾ ਲਿਆ। ਖਵਾਇਆ ਪਿਆਇਆ। ਫਕੀਰ ਦੀ ਖੂਬ ਆਓ ਭਗਤ ਕੀਤੀ। ਇੱਕ ਮਸਤਾਨੀ ਤਿਰੀ ਨੇ ਮਰਦਾਨੇ ਦੇ ਹੱਥ ਤੇ ਝੱਟ ਮੌਲੀ ਬੰਨ ਦਿੱਤੀ। ਮਰਦਾਨਾ ਇੱਕ ਦਮ ਇਨਸਾਨ ਤੋਂ ਭੇਡੂ ਦਾ ਰੂਪ ਹੋ ਗਿਆ। ਇਸ ਤੇ ਤਿਰੀਆਂ ਖੂਬ ਮੌਜ ਮਸਤੀ ਕਰ ਰਹੀਆਂ ਸਨ।

2-4 ਘੰਟੇ ਜਦੋਂ ਮਰਦਾਨਾ ਨਾਂ ਪਰਤਿਆ ਤਾਂ ਬਾਬੇ ਨੇ ਧਿਆਨ ਕੀਤਾ। ਆਪ ਵੀ ਨਗਰ ਵਿੱਚ ਜਾ ਵੜਿਆ। ਬੱਚਿਆ ਨੇ ਸ਼ਾਹਦੀ ਭਰੀ ਕਿ "ਹਾਂ ਰਬਾਬ ਲਈ, ਤੁਹਾਡਾ ਬੰਦਾ ਜਾਦੂਗਰਾਂ ਦੇ ਮੁਹੱਲੇ ਵੜਦਾ ਵੇਖਿਆ ਅਸਾਂ। "

ਓਹੀ ਮਸਤਾਨੀ ਤਿਰੀਆਂ ਨਾਲ ਬਾਬੇ ਦਾ ਵੀ ਮੇਲ ਹੋ ਗਿਆ। ਮਰਦਾਨੇ ਬਾਰੇ ਪੁਛਿਆ। ਉਨਾਂ ਕਿਹਾ ਕਿ ਅਸੀ ਤਾਂ ਨਹੀ ਵੇਖਿਆ ਤੁਹਾਡਾ ਬੰਦਾ । ਤੇ ਨਾਲ ਹੀ ਬਾਬੇ ਦੀ ਆਓ ਭਗਤ ਵਿੱਚ ਲੱਗ ਗਈਆਂ। ਲੰਗਰ ਪਾਣੀ ਨਿਰਾ ਪੁੱਛਿਆ ਹੀ ਨਾਂ ਛਕਾਉਣਾ ਸ਼ੁਰੂ ਕੀਤਾ। ਓਨਾਂ ਮੋਮੋਠੱਗਣੀਆਂ ਨੇ ਝੱਟ ਬਾਬੇ ਦੇ ਹੱਥ ਤੇ ਵੀ ਮੌਲੀ ਬੰਨ ਦਿੱਤੀ। ਬਾਬੇ ਤੇ ਓਨਾਂ ਦੇ ਜਾਦੂ ਦਾ ਕੀ ਅਸਰ ਹੋਣਾ ਸੀ, ਉਹਨਾਂ ਜਾਦੂਗਰਨੀਆਂ ਨੂੰ ਹੀ ਅਚਵੀ ਹੋਣੀ ਸ਼ੁਰੂ ਹੋ ਗਈ। ਤੜਫਦੀਆਂ ਭੁੜਕਦੀਆਂ ਉਹ ਝੱਟ ਆਪਣੀ ਮੁਖੀਆ ਨੂਰ ਸ਼ਾਹ ਨੂੰ ਸੱਦ ਲਿਆਈਆਂ। ਨੂਰਸ਼ਾਹ ਨੇ ਵੀ ਆਪਣਾ ਕਾਲਾ ਜਾਦੂ ਬਾਬੇ ਤੇ ਕਰਨਾਂ ਚਾਹਿਆ ਪਰ ਨਾਕਾਮ ਰਹੀ।

ਬਾਬੇ ਨੇ ਕਿਹਾ ਮੇਰਾ ਬੰਦਾ ਬਾਹਰ ਕੱਢੋ। ਉਨਾਂ ਫਿਰ ਨਾਂਹ ਕਰ ਦਿੱਤੀ ਕਿ ਸਾਡੇ ਕੋਲ ਕੋਈ ਬੰਦਾ ਨਹੀ ਤੁਹਾਡਾ। ਏਨੇ ਨੂੰ ਭੇਡੂ ਬਣੇ ਮਰਦਾਨੇ ਨੇ ਅਵਾਜ ਕੱਢੀ, "ਬੈਂਅਅਅਅਅ"। ਗੁਰੂ ਸਾਹਿਬ ਭੇਡੂ ਕੋਲ ਗਏ। ਪੁਚਕਾਰਿਆ ਤੇ ਓਹਦੇ ਗਲੋਂ ਰੱਸੀ ਖੋਲ ਦਿੱਤੀ। ਭੇਡੂ ਫਿਰ ਮਰਦਾਨੇ ਦੇ ਰੂਪ ਵਿੱਚ ਸੀ। ਮਰਦਾਨਾ ਦੁੱਖੀ ਹੋਇਆ ਬੋਲਿਆ, "ਬਾਬੇ ਕਿੱਥੇ ਕਿੱਥੇ ਤੂੰ ਮੈਨੂੰ ਲਈ ਫਿਰਦਾ ਨਰਕਾਂ ਵਿੱਚ।" ਗੁਰੂ ਸਾਹਿਬ ਨੇ ਮਰਦਾਨੇ ਨੂੰ ਯਾਦ ਦਿਵਾਇਆ ਕਿ ਤੈਨੂੰ ਸੁਚੇਤ ਕੀਤਾ ਸੀ, ਤੂੰ ਫਿਰ ਲਾਪਰਵਾਈ ਵਰਤੀ।

ਥੈਰ ਆਪਣਾ ਕਾਲਾ ਇਲਮ ਫੇਲ ਹੁੰਦਾ ਵੇਖ ਨੂਰਸ਼ਾਹ ਬਾਬੇ ਦੇ ਚਰਨੀ ਢਹਿ ਪਈ ਕਿਉਕਿ ਉਹ ਸਮਝ ਗਈ ਕਿ ਇਹ ਕੋਈ ਪੂਰਨ ਸੰਤ ਹੈ। ਗੁਰੂ ਸਾਹਿਬ ਨੇ ਉਨੂੰ ਸ਼ਰਮਿੰਦਾ ਕੀਤਾ ਕਿ ਤੁਸੀ ਕੀ ਕੀ ਰੂਪ ਬਣਾਇਆ ਹੋਇਆ ਹੈ। ਓਤੋਂ ਤੁਸੀ ਧਰਮ ਦੀ ਚਾਦਰ ਓੜੀ ਹੋਈ ਹੈ ਤੇ ਕੰਮ ਕਿਹੋ ਜਿਹੇ ਕਰਦੀਆਂ ਹੋ। ਜਿੰਨੀ ਮਿਹਨਤ ਤੁਸਾਂ ਇਹ ਜਾਦੂ ਟੂਣਾ ਕਲਾ ਨੂੰ ਪਾਉਣ ਵਿੱਚ ਲਾਈ ਹੈ ਇਹੋ ਵਕਤ ਕਿਤੇ ਰੱਬ ਦੀ ਬੰਦਗੀ ਵਿੱਚ ਲਾਇਆ ਹੁੰਦਾ ਤਾਂ ਤੁਹਾਡਾ ਇਸ ਜਹਾਨ ਤੇ ਆਉਣਾ ਸਫਲ ਸੀ।

ਓਥੇ ਫਿਰ ਗੁਰੂ ਸਾਹਿਬ ਨੇ ਮਰਦਾਨੇ ਨੂੰ ਹੁਕਮ ਕੀਤਾ ਕਿ ਚੁੱਕ ਆਪਣੀ ਰਬਾਬ ਤੇ ਕੱਸ ਜਰਾ ਤਾਰ। ਗੁਰੂ ਸਾਹਿਬ ਨੇ ਸ਼ਬਦ ਗਾਇਆ:-

ਮਃ ੧ ॥ ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ ॥ ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥ ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ ॥ ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥ ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥ ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ ॥੨॥

ਗੁਰੂ ਸਾਹਿਬ ਨੇ ਨੂਰਸ਼ਾਹ ਨੂੰ ਸਤਿਨਾਮ ਵਾਹਿਗੁਰੂ ਦਾ ਉਪਦੇਸ਼ ਦੇ ਕੇ ਸਿੱਖੀ ਦਾ ਪ੍ਰਚਾਰਕ ਥਾਪਿਆ।◈ ਆਪਣੀ ਨਿਸ਼ਾਨੀ ਵਜੋਂ ਗੁਰੂ ਸਾਹਿਬ ਦੇ ਹੱਥ ਵਿੱਚ ਜੋ ਬਰਛਾ ਸੀ ਉਹੀ ਨੂਰ ਸ਼ਾਹ ਨੂੰ ਬਖਸ਼ ਦਿੱਤਾ। ਵਕਤ ਪਾ ਕੇ ਉਹ ਬਰਛਾ ਬਾਬਾ ਅਲਮਸਤ ਦਾ ਚੇਲਾ ਬਾਬਾ ਨੱਥੇ ਸ਼ਾਹ ਆਪਣੇ ਕੋਲ ਲੈ ਆਇਆ। 125 ਸਾਲ

ਪੈਂਡਾ ਸਫਰ

◈ ਨੂਰਸ਼ਾਹ ਤੋਂ ਭਾਵ ਨੂਰ ਸਾਹਾ ਹੈ। ਸਾਹਾ ਉਂਜ ਕਾਇਸਥ ਗੋਤਰ ਹੈ ।ਪਰ ਬੰਗਾਲ ਤੇ ਬੰਗਲਾਦੇਸ਼ ਵਿਚ ਸਾਹਾ ਆਮ ਕਰਕੇ ਸ਼ੂਦਰ ਹੀ ਗਿਣੇ ਜਾਂਦੇ ਸਨ। ਗੈਰ ਕਨੂੰਨੀ ਸ਼ਰਾਬ ਕੱਢਣਾ ਇਨਾਂ ਲਈ ਅੱਜ ਮਸ਼ਹੂਰ ਹੈ।

ਪਹਿਲਾਂ ਗਿਆਨੀ ਜੀ ਦੇ ਲਿਖੇ ਅਨੁਸਾਰ ਉਹ ਬਰਛਾ ਢਾਕਾ ਦੀ ਸੰਗਤ ਕੋਲ ਸੀ। ਅੱਜ ਉਹ ਬਰਛਾ ਅਲੋਪ ਹੈ। ⊙

ਨੂਰ ਸ਼ਾਹ ਜਾਦੂਗਰਨੀ ਇਸ ਪ੍ਰਕਾਰ ਸਿੱਖੀ ਦੀ ਪਹਿਲੀ ਜਨਾਨਾ ਪ੍ਰਚਾਰਕ ਬਣੀ ਸੀ।

—◈—

ਢਾਕੇ ਪਹੁੰਚ ਗਇਆ ਬਾਬਾ

(ਸਤੰਬਰ 1511)

ਪੁਰਾਤਨ ਕਾਮਰੂਪ ਦੇਸ (ਅਸਮ ਬੰਗਾਲ ਦਾ ਵੱਡਾ ਇਲਾਕਾ ਭਾਵ ਭਾਰਤ ਦਾ ਧੁਰ ਪੂਰਬ) ਇਥੇ ਦੋ ਇਨਸਾਨੀ ਨਸਲਾਂ ਦਾ ਮੇਲ ਹੁੰਦਾ ਹੈ। ਧਿਆਨ ਰਹੇ ਐਨਥਰੋਪੋਲੋਗੀ (ਇਨਸਾਨੀ ਨਸਲਾਂ ਦੀ ਪੜਾਈ) ਨੇ ਪੂਰੀ ਮਨੁੱਖਤਾ ਨੂੰ ਤਿੰਨ ਨਸਲਾਂ ਵਿੱਚ ਵੰਡਿਆ ਹੋਇਆ ਹੈ 1. ਕੌਕੇਸ਼ੀਅਨ (ਯੂਰਪ ਤੇ ਏਸ਼ੀਆ ਦੇ ਗੋਰੇ ਅੰਗਰਜ ਲੋਕ) 2. ਨੀਗਰੋ (ਹਬਸ਼ੀ: ਕਾਲੇ ਤੇ ਘੁੰਗਰਾਲੇ ਵਾਲ) ਤੇ 3. ਮੰਗੋਲੀ (ਚਪਟਾ ਚਿਹਰਾ ਤੇ ਫੀਨਾ ਨੱਕ)। ਕਾਮਰੂਪ ਦੇ ਇਲਾਕੇ ਵਿੱਚ ਕੌਕੇਸ਼ੀਅਨ ਤੇ ਮੰਗੋਲੀ ਨਸਲ ਦਾ ਮੇਲ ਹੁੰਦਾ ਹੈ। ਪੰਜਾਬੀ ਲੋਕ ਇਸ ਕਾਮਰੂਪ ਦੇ ਸੁਹੱਪਣ ਤੋਂ ਪ੍ਰਭਾਵਤ ਹੁੰਦੇ ਹਨ।

ਢਾਕਾ ਸ਼ਹਿਰ ਜਿਹੜਾ ਅੱਜ ਬੰਗਲਾਦੇਸ਼ ਦੀ ਰਾਜਧਾਨੀ ਹੈ। ਜਿਥੋਂ ਦੀ ਮਲ ਮਲ ਬੜੀ ਮਸ਼ਹੂਰ ਹੁੰਦੀ ਸੀ। ਮਲ ਮਲ ਦੀ ਬਰੀਕੀ ਬਾਰੇ ਆਮ ਕਹਾਵਤ ਹੁੰਦੀ ਕਿ ਮੁੰਦਰੀ ਵਿੱਚੋ ਮਲ ਮਲ ਦੇ ਥਾਨ ਨਿਕਲ ਜਾਂਦੇ ਸਨ। ਉਂਜ ਜਿੰਨੀ ਦਿਨੀ ਗੁਰੂ ਸਾਹਿਬ ਇਥੇ ਆਏ ਉਦੋਂ ਢਾਕਾ ਮਾਮੂਲੀ ਕਸਬਾ ਹੋਵੇਗਾ।

ਢਾਕੇ ਤੋਂ 12 ਮੀਲ ਪਰੇ ਸੋਨਾਰਗਾਓ ਸ਼ਹਿਰ ਕਾਮਰੂਪ ਦੇਸ਼ ਦੀ ਰਾਜਧਾਨੀ ਸੀ। ਗੁਰੂ ਸਾਹਿਬ ਦੇ ਵੇਲੇ ਢਾਕਾ ਅਜੇ ਉਠ ਰਿਹਾ ਸੀ। ਇਸ ਕਾਮਰੂਪ ਦੇਸ ਦਾ ਪਹਿਲਾਂ ਨਾਂ ਪ੍ਰਾਗ-ਜੋਤਿਸ਼ ਪੁਰ ਸੀ ਤੇ ਏਸੇ ਨਾਂ ਦਾ ਸ਼ਹਿਰ ਗੁਹਾਟੀ ਦੇ ਨੇੜੇ ਤੇੜੇ ਹੁੰਦਾ ਸੀ। ਬ੍ਰਹਮਪੁਤਰ ਦਰਿਆ ਇਸ ਦੇਸ ਦੀ ਪੂਰਬੀ ਸਰਹੱਦ ਹੁੰਦਾ ਸੀ। ਅੱਜ ਦੇ ਪੂਰਬ ਦੀਆਂ ਬਹੁਤੀਆਂ ਰਿਆਸਤਾਂ ਜਿਵੇ ਬੰਗਲਾਦੇਸ਼, ਅਸਾਮ, ਤਿਰੀਪੁਰਾ ਆਦਿ ਕਾਮਰੂਪ ਦਾ ਹਿੱਸਾ ਸਨ। ਯਾਦ ਰਹੇ ਸ਼ੇਰ ਸ਼ਾਹ ਸੂਰੀ ਨੇ ਜਿਹੜੀ ਜਰਨੈਲੀ ਸੜਕ (ਜੀ ਟੀ ਰੋਡ) ਬਣਾਈ ਸੀ ਉਹਦੀ ਸ਼ੁਰੂਆਤ ਇਸੇ ਸੋਨਾਰਗਾਓ ਤੋ ਹੀ ਹੁੰਦੀ ਸੀ ਜੋ ਕਾਬੁਲ ਤੱਕ ਜਾਂਦੀ ਸੀ।

ਇਥੇ ਭਾਵ ਢਾਕੇ ਪੁਰਾਣਾ ਮਾਤਾ ਢਾਕੇਸ਼ਵਰੀ ਦਾ ਮੰਦਰ ਅੱਜ ਵੀ ਹੈ। ਗੁਰੂ ਸਾਹਿਬ ਵੇਲੇ ਏਥੇ ਵੀ ਓਹੋ ਵਾਮ-ਮਾਰਗੀ ਵਿੱਚਾਰਧਾਰਾ ਦਾ ਬੋਲ ਬਾਲਾ ਸੀ।

ਇਤਹਾਸ ਵਿੱਚ ਜੋ ਸਾਧੂ ਸੰਤਾਂ ਫਕੀਰਾਂ ਨਾਲ ਵਿੱਚਾਰ ਚਰਚਾ ਹੋਣ ਦਾ ਜਿਕਰ ਹੈ ਉਹਨਾਂ ਵਿੱਚ ਸਮਾਲ ਦਾਸ, ਸੰਤ ਰੇਵਾ ਦਾਸ, ਚੰਦਰ ਨਾਥ, ਨਰੈਣ ਦਾਸ, ਸ਼ੇਖ ਅਹਿਮਦ, ਲੂਣੀਆ

ਢਾਕੇਸ਼ਵਰੀ ਮੰਦਰ, ਢਾਕਾ

ਸਿੱਧ ਆਦਿ ਦਾ ਖਾਸ ਜਿਕਰ ਹੈ।

ਢਾਕੇਸ਼ਵਰੀ ਮੰਦਰ ਨੇੜੇ ਜਦੋਂ ਗੁਰੂ ਸਾਹਿਬ ਦੀ ਚਰਚਾ ਪੰਡਿਆਂ ਨਾਲ ਹੋਈ ਤਾਂ ਅੰਤ ਵਿੱਚ ਸੁਰ ਵਿੱਚ ਆ ਕੇ ਗੁਰੂ ਸਾਹਿਬ ਨੇ ਇਹ ਵਾਲਾ ਸ਼ਬਦ ਉਚਾਰਿਆ ਜਿਸ ਤੇ ਮਰਦਾਨੇ ਦੀ ਰਬਾਬ ਨੇ ਜਨਤਾ ਨੂੰ ਕੀਲ ਦਿੱਤਾ:

ਗਉੜੀ ਗੁਆਰੇਰੀ ਮਹਲਾ ੧ ॥ ਮਨੁ ਕੁੰਚਰੁ ਕਾਇਆ ਉਦਿਆਨੈ ॥ ਗੁਰੁ ਅੰਕਸੁ ਸਚੁ ਸਬਦੁ ਨੀਸਾਨੈ ॥ ਰਾਜ ਦੁਆਰੈ ਸੋਭ ਸੁ ਮਾਨੈ ॥੧॥ ਚਤੁਰਾਈ ਨਹ ਚੀਨਿਆ ਜਾਇ ॥ ਬਿਨੁ ਮਾਰੇ ਕਿਉ ਕੀਮਤਿ ਪਾਇ ॥੧॥ ਰਹਾਉ ॥ ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥ ਨੰਨਾਕਾਰੁ ਨ ਕੋਇ ਕਰੇਈ ॥ ਰਾਖੈ ਆਪਿ ਵਡਿਆਈ ਦੇਈ ॥੨॥

ਪੈੜ ਸਫਾ

ਬਾਲਾ ਜਨਮ ਸਾਖੀ ਨੇ ਗਲਤ ਲਿਖਿਆ ਹੈ ਕਿ ਭੇਡੂ ਵਾਲੀ ਸਾਖੀ ਕਾਰੂ ਦੇਸ ਦੀ ਹੈ। (ਲੱਗਦਾ ਕਿ ਲਿਖਾਰੀ ਕੋਲੋਂ ਗਲਤੀ ਹੋਈ ਹੋਵੇ। ਬੋਲਣ ਵਾਲੇ ਨੇ ਕਾਮਰੂਪ ਬੋਲਿਆ ਹੋਵੇ ਤੇ ਲਿਖਣ ਵਾਲੇ ਨੇ ਕਾਰੂ ਹੀ ਲਿਖ ਦਿੱਤਾ। ਕਾਰੂ (ਕਾਲਾ) ਦੇਸ ਕਰਨਾਟਕ ਦੇ ਇਲਾਕੇ ਨੂੰ ਕਿਹਾ ਜਾਂਦਾ ਸੀ। ਫਿਰ ਬੀ-40 'ਚ ਸਾਫ ਦਰਜ ਹੈ ਕਿ ਇਹ ਸਾਖੀ ਤਿਰੀਆ ਰਾਜ ਦੀ ਹੈ ਜਿੱਥੇ ਜਨਾਨੀ ਦਾ ਰਾਜ ਹੁੰਦਾ ਹੈ। ਤਿਰੀ ਤੋਂ ਭਾਵ ਇਸਤਰੀ। ਢਾਕੇ ਦੇ ਨਾਲ ਹੀ ਪੂਰਬ ਵਿੱਚ ਅਗਲਾ ਇਲਾਕਾ ਹੈ ਤਿਰੀਪੁਰਾ। ਨਾਲੇ ਸਥਾਨਕ ਪੱਧਰ ਤੇ ਇਸ ਦਾ ਇਤਹਾਸ ਹੋਣ ਕਰਕੇ ਸ਼ੱਕ ਦੀ ਕੋਈ ਗੁੰਜਾਇਸ਼ ਹੀ ਨਹੀ।

ਗਿਆਨੀ ਗਿਆਨ ਸਿੰਘ ਨੇ ਪਛਾਣਿਆ ਸੀ ਕਿ ਸਾਖੀ ਧੰਨਪੁਰ ਵਾਪਰੀ ਸੀ। ਪਰ ਲਿਖਣ ਲੱਗੇ ਗਲਤੀ ਕਰ ਦਿਤੀ ਅਖੇ ਧੰਨਪੁਰ ਢਾਕੇ ਤੋਂ ਸਿਰਫ 4 ਕੋਹ ਹੈ। ਧੰਨਪੁਰ ਤਾਂ ਢਾਕੇ ਤੋਂ ਕੋਈ 125 ਕਿ.ਮੀ. ਹੈ। ਧੰਨਪੁਰ ਪੈਂਦਾ ਵੀ ਸਿਲਹੱਟ ਦੇ ਰਾਹ ਵਿਚ ਹੀ। ਕਈ ਲਿਖਾਰੀ ਫਜੂਲ ਦਾ ਵਿਰੋਧ ਕਰਦੇ ਹਨ ਕਿ ਧੰਨਪੁਰ ਕਾਮਰੂਪ ਵਿੱਚ ਨਹੀ ਹੈ ਇਸ ਕਰਕੇ ਸਾਖੀ ਦਾ ਸਬੰਧ ਧੰਨਪੁਰ ਨਾਲ ਨਹੀ ਹੋ ਸਕਦਾ।

ਧਿਆਨ ਰਹੇ ਅੱਜ ਉਂਜ ਤਿਰੀਆ ਰਾਜ ਤਾਂ ਸਿਰਫ ਅਸਾਮ ਤੇ ਮੈਘਾਲਿਆ ਵਿੱਚ ਹੀ ਰਹਿ ਗਇਆ ਹੈ। ਇਹਦਾ ਮਤਲਬ ਇਹ ਨਹੀ ਕਿ ਇਸ ਪੂਰਬੀ ਇਲਾਕੇ ਦੇ ਹੋਰਨਾਂ ਸੂਬਿਆਂ ਵਿੱਚ ਤਿਰੀਆ ਰਾਜ ਨਹੀ ਸੀ। ਢਾਕੇ ਬੰਗਾਲੇ ਵਿੱਚ ਵੀ ਤਿਰੀਆ ਰਾਜ ਹੀ ਚਲਦਾ ਸੀ। ਵਕਤ ਨਾਲ ਹਾਲਾਤ ਬਦਲ ਗਏ। ਇਲਾਕੇ ਵਿੱਚ ਇਸਲਾਮ ਦੇ ਭਾਰੂ ਹੋਣ ਨਾਲ ਸਮਾਜ ਤੇ ਵੱਡਾ ਅਸਰ ਪਿਆ ਹੋਵੇਗਾ। ਫਿਰ ਢਾਕੇ ਤੋਂ ਅਗਰਤਲਾ (ਤਿਰੀਪੁਰਾ ਦੀ ਰਾਜਧਾਨੀ) ਸਿਰਫ 80 ਕਿਲੋਮੀਟਰ ਪੂਰਬ ਵਿੱਚ ਹੈ।

ਇਥੇ ਦਸਣਾ ਬਣਦਾ ਹੈ ਕਿ ਢਾਕਾ ਪੁਰਾਣੇ ਕਾਮਰੂਪ ਵਿੱਚ ਹੀ ਪੈਂਦਾ ਸੀ ਜਿਹਦੀ ਰਾਜਧਾਨੀ ਸੋਨਾਰਗਾਓ ਸੀ। ਫਿਰ ਕਦੀ ਕਾਮਰੂਪ ਦੀ ਹੱਦ ਪਦਮਾ ਦਰਿਆ ਵੀ ਬਣੀ। ਧੰਨਪੁਰ ਤਾਂ ਪਦਮਾ ਤੋਂ ਪਾਰ ਹੈ।

ਉਹ ਪੈਂਦਾ ਵੀ ਪੁਰਾਣੇ ਕਾਮਰੂਪ ਇਲਾਕੇ ਵਿੱਚ। ਸੋ ਆਪਾਂ ਕਹਿ ਸਕਦੇ ਹਾਂ ਕਿ ਇਹ ਧੰਨਪੁਰ ਹੀ ਹੈ ਜਿੱਥੇ ਇਹ ਸਾਖੀ ਵਾਪਰੀ। ਵਕਤ ਪਾ ਕੇ ਸਾਖੀ ਦਾ ਸਥਾਨ ਪ੍ਰਚਾਰਕਾਂ ਨੇ ਢਾਕੇ ਪਹੁੰਚਾ ਦਿੱਤਾ। ਤੇ ਜਿਹੜਾ ਬਰਛਾ ਜਾਫਰਾਬਾਦ ਬਖਸ਼ਿਆ ਸੀ ਉਹ ਤਿਰੀਆਂ ਨਾਲ ਜੋੜ ਦਿੱਤਾ। ਸਾਡੇ ਅੰਦਾਜ਼ੇ ਮੁਤਾਬਿਕ ਭੇਡੂ ਵਾਲੀ ਸਾਖੀ ਖੂਹ ਤੇ ਘੁਮਿਆਰਾਂ ਵਾਲੀਆਂ ਸਾਖੀਆਂ ਨਾਲੋ ਵੱਖਰੀ ਹੈ ਤੇ ਵੱਖ ਵੱਖ ਸਥਾਨਾਂ ਤੇ ਵਾਪਰੀ। ਭੇਡੂ ਵਾਲੀ ਜਿਆਦਾ ਪ੍ਰਚਲਤ ਹੋਣ ਕਰਕੇ ਖੂਹ ਵਾਲੀ ਨਾਲ ਜੋੜ ਦਿੱਤੀ ਗਈ।

ਸੋ ਬਾਲਾ ਤੇ ਪੁਰਾਤਨ ਜਨਮਸਾਖੀ ਦੇ ਸੰਦਰਭ ਵਿੱਚ ਆਪਾਂ ਪੂਰੇ ਉਤਰ-ਪੂਰਬ ਭਾਰਤ ਨੂੰ ਕਾਮਰੂਪ ਹੀ ਗਿਣ ਕੇ ਚਲੀਏ।

ਗੁਰ. ਨਾਨਕਸ਼ਾਹੀ ਢਾਕਾ। ਬਾਬਾ ਅਲਮਸਤ ਦੇ ਚੇਲੇ ਬਾਬਾ ਨੱਥਾ ਨੇ ਮੋਢੀ ਗੁਰੂ ਦੀ ਯਾਦਗਾਰ ਢਾਕਾ ਸਥਾਪਤ ਕੀਤੀ ਜੋ ਅੱਜ ਤਕ ਮੌਜੂਦ ਹੈ। ਛੇਵੇ ਪਾਤਸ਼ਾਹ ਦਾ ਜੋੜਾ ਵੀ ਇਥੇ ਸੁਰੱਖਿਅਤ ਹੈ। ਪਹਿਲੀ ਪਾਤਸ਼ਾਹੀ ਦਾ ਬਰਛਾ ਅਲੋਪ ਹੋ ਚੁੱਕਾ ਹੈ।

ਨੀਲ ਅਨੀਲ ਅਗਨਿ ਇਕ ਠਾਈ ॥ ਜਲਿ ਨਿਵਰੀ ਗੁਰਿ ਬੂਝ ਬੁਝਾਈ ॥ ਮਨੁ ਦੇ ਲੀਆ ਰਹਸਿ ਗੁਣ ਗਾਈ ॥੩॥ ਜੈਸਾ ਘਰਿ ਬਾਹਰਿ ਸੋ ਤੈਸਾ ॥ ਬੈਸਿ ਗੁਫਾ ਮਹਿ ਆਖਉ ਕੈਸਾ ॥ ਸਾਗਰਿ ਡੂਗਰਿ ਨਿਰਭਉ ਐਸਾ ॥੪॥ ਮੂਏ ਕਉ ਕਹੁ ਮਾਰੇ ਕਉਨੁ ॥ ਨਿਡਰੇ ਕਉ ਕੈਸਾ ਡਰੁ ਕਵਨੁ ॥ ਸਬਦਿ ਪਛਾਨੈ ਤੀਨੇ ਭਉਨ ॥੫॥ ਜਿਨਿ ਕਹਿਆ ਤਿਨਿ ਕਹਨੁ ਵਖਾਨਿਆ ॥ ਜਿਨਿ ਬੂਝਿਆ ਤਿਨਿ ਸਹਜਿ ਪਛਾਨਿਆ ॥ ਦੇਖਿ ਬੀਚਾਰਿ ਮੇਰਾ ਮਨੁ ਮਾਨਿਆ ॥੬॥ ਕੀਰਤਿ ਸੂਰਤਿ ਮੁਕਤਿ ਇਕ ਨਾਈ ॥ ਤਹੀ ਨਿਰੰਜਨੁ ਰਹਿਆ ਸਮਾਈ ॥ ਨਿਜ ਘਰਿ ਬਿਆਪਿ ਰਹਿਆ ਨਿਜ ਠਾਈ ॥੭॥ ਉਸਤਤਿ ਕਰਹਿ ਕੇਤੇ ਮੁਨਿ ਪ੍ਰੀਤਿ ॥ ਤਨਿ ਮਨਿ ਸੂਚੈ ਸਾਚੁ ਸੁ ਚੀਤਿ ॥ ਨਾਨਕ ਹਰਿ ਭਜੁ ਨੀਤਾ ਨੀਤਿ ॥੮॥੨॥

ਪੰਡਤਾਂ ਨੂੰ ਕਿਹਾ ਤੁਸੀ ਤਾਂ ਇੱਕ ਚੰਚਲ ਮੰਨ ਰੂਪੀ ਹਾਥੀ ਨੂੰ ਖੁੱਲਾ ਛੱਡ ਦਿੱਤਾ ਹੋਇਆ ਹੈ। ਇਹਦੇ ਤੇ ਅੰਕਸ ਜਰੂਰੀ ਹੈ। ਤੇ ਅਗਲੀ ਗੱਲ ਗੁਰੂ ਸਾਹਿਬ ਨੇ ਨਾਮ ਭਾਵ ਉਸਤਤੀ ਵਾਲੇ ਸ਼ਬਦ ਦੀ ਕਹੀ। ਨਿਰੇ ਪੰਡਤ ਹੀ ਨਹੀ ਸਾਰੀ ਲੋਕਾਈ ਆ ਗੁਰੂ ਸਾਹਿਬ ਦੇ ਚਰਨੀ ਲੱਗੀ।

—◈—

ਜਾਫਰਾਬਾਦ, ਢਾਕੇ ਵਿਚ ਵੀ ਪਾਣੀ ਦਾ ਚਸ਼ਮਾ ਜਾਰੀ ਕੀਤਾ

ਢਾਕੇ ਵਿੱਚ ਗੁਰੂ ਸਾਹਿਬ ਜਦੋਂ ਪਹਾੜ ਪਾਸਿਓ ਦਾਖਲ ਹੋਏ ਜਿੱਥੇ ਅਜ ਵਿਸਾਖੀ ਮਾਰਗ ਦੇ ਲਾਗੇ ਰੇਅਰ ਬਜ਼ਾਰ ਹੈ ਤਾਂ ਇਥੇ ਸ਼ੁਰੂ ਵਿੱਚ ਗੁਰੂ ਦੀ ਸ਼ਰਨ ਵਿਚ ਗਰੀਬ ਘੁਮਿਆਰ।◈

● ਪਾਣੀ ਦੀ ਤਾਂ ਢਾਕੇ ਵਿਚ ਬਹੁਤਾਤ ਹੈ ਪਰ ਪੀਣ ਵਾਲਾ ਪਾਣੀ ਲੈਣ ਇਨਾਂ ਨੂੰ ਦੂਰ ਜਾਣਾ ਪੈਦਾ ਸੀ। ਸਾਹਿਬ ਨੇ ਓਥੇ ਚਸ਼ਮਾ ਹੀ ਜਾਰੀ ਕਰ ਦਿੱਤਾ। ਕਿਹਾ ਜਾਂਦਾ ਹੈ ਕਿ ਪੀਣ ਵਾਲੇ ਪਾਣੀ ਦੀ ਘਾਟ ਬਾਰੇ ਜਦੋਂ ਲੋਕਾਂ ਬਾਰ ਬਾਰ ਸ਼ਕਾਇਤ ਕੀਤੀ ਤਾਂ ਗੁਰੂ ਸਾਹਿਬ ਦੇ ਹੱਥ ਵਿੱਚ ਜਿਹੜਾ ਬਰਛਾ ਸੀ ਉਹ ਉਹਨਾਂ ਜਮੀਨ 'ਚ ਮਾਰਿਆ ਤਾਂ ਪਾਣੀ ਦਾ ਚਸ਼ਮਾ ਪ੍ਰਗਟ ਹੋਇਆ। ਵਕਤ ਪਾ ਕੇ ਲੋਕਾਂ ਉਥੇ ਖੂਹ ਪੁਟ ਲਿਆ। ਉਹ ਬਰਛਾ ਸੰਗਤਾਂ ਨੇ ਬੇਨਤੀ ਕਰਕੇ ਯਾਦਗਾਰ ਦੇ ਤੌਰ ਤੇ ਆਪਣੇ ਕੋਲ ਰੱਖ ਲਿਆ ਸੀ।

ਦੋ ਤਿੰਨ ਸਦੀਆਂ ਤਾਂ ਗੁਰੂ ਸਾਹਿਬ ਦਾ ਨਾਂ ਚਲਿਆ ਇਸ ਕਬੀਲੇ ਵਿੱਚ, ਮਗਰੋਂ ਹੋਲੀ ਹੋਲੀ, ਪ੍ਰਚਾਰ ਦੀ ਘਾਟ ਕਾਰਨ ਇਹ ਅਲੋਪ ਹੋ ਗਿਆ। ਪਿੱਛਲੀ ਸਦੀ ਤੱਕ ਇੱਕ ਦੀਵਾਰ ਗੁਰੂ ਸਾਹਿਬ ਦੀ ਯਾਦ ਤਾਜਾ ਕਰਿਆ ਕਰਦੀ ਸੀ। ਘੱਟ ਹੀ ਉਮੀਦ ਹੈ ਹੁਣ ਤੱਕ ਉਹ ਯਾਦਗਾਰ ਬਚੀ ਹੋਵੇ। ਢਾਕੇ ਵਿੱਚ ਮਨੁੱਖੀ ਅਬਾਦੀ ਦਾ ਇੱਕ ਕਿਸਮ ਦਾ ਹੜ੍ਹ ਆਇਆ ਹੋਇਆ ਹੈ। ਸ਼ਹਿਰ ਦੁਨੀਆਂ ਦੇ ਸੰਘਣੇ ਵੱਡੇ ਸ਼ਹਿਰਾਂ ਵਿੱਚੋਂ ਅੱਜ ਇੱਕ ਹੈ।

ਰੇਅਰ ਬਜਾਰ ਢਾਕਾ ਦੇ ਗਰੀਬ ਘੁਮਿਆਰਾਂ ਦੇ ਪ੍ਰੇਮ ਸਾਹਵੇ ਗੁਰੂ ਸਾਹਿਬ ਨੇ ਇਹ ਵਾਲਾ ਸ਼ਬਦ ਗਾਇਆ:-

ਸੂਹੀ ਮਹਲਾ ੧ ॥ ਜਿਨ ਕਉ ਭਾਂਡੈ ਭਾਉ ਤਿਨਾ ਸਵਾਰਸੀ ॥ ਸੂਖੀ ਕਰੈ ਪਸਾਉ ਦੁਖ ਵਿਸਾਰਸੀ ॥ ਸਹਸਾ ਮੂਲੇ ਨਾਹਿ ਸਰਪਰ ਤਾਰਸੀ ॥੧॥ ਤਿਨ੍ਾ ਮਿਲਿਆ ਗੁਰੁ ਆਇ ਜਿਨ ਕਉ ਲੀਖਿਆ ॥ ਅੰਮ੍ਰਿਤੁ ਹਰਿ ਕਾ ਨਾਉ ਦੇਵੈ ਦੀਖਿਆ ॥ ਚਾਲਹਿ ਸਤਿਗੁਰ ਭਾਇ ਭਵਹਿ ਨ ਭੀਖਿਆ ॥੨॥ ਜਾ ਕਉ ਮਹਲੁ ਹਜੂਰਿ ਦੂਜੇ ਨਿਵੈ ਕਿਸੁ ॥ ਦਰਿ ਦਰਵਾਣੀ ਨਾਹਿ ਮੂਲੇ ਪੁਛ ਤਿਸੁ ॥ ਛੁਟੈ ਤਾ ਕੈ ਬੋਲਿ ਸਾਹਿਬ ਨਦਰਿ ਜਿਸੁ ॥੩॥ ਘਲੇ ਆਣੇ ਆਪਿ ਜਿਸੁ ਨਾਹੀ ਦੂਜਾ ਮਤੈ ਕੋਇ ॥ ਢਾਹਿ ਉਸਾਰੇ ਸਾਜਿ ਜਾਣੈ ਸਭ ਸੋਇ ॥ ਨਾਉ ਨਾਨਕ ਬਖਸੀਸ ਨਦਰੀ ਕਰਮੁ ਹੋਇ ॥

ਹੋਰ ਥਾਂਈ ਵੀ ਗੁਰੂ ਸਾਹਿਬ ਨੇ ਬਹੁਤ ਕੌਤਕ ਕੀਤੇ। ਜੋ ਦੂਰ ਦੁਰਾਡੇ ਹੋਣ ਕਰਕੇ ਸਿੱਖ ਇਤਹਾਸ ਤੇ ਪ੍ਰੰਪਰਾ ਸਾਂਭ ਤਾਂ ਨਹੀ ਸਕੀ ਪਰ ਵਿਚਾਰ ਥੋੜੀ ਕੀਤਿਆ ਮਰਦਾ ਨਹੀ। ਉਹਦੀ ਸ਼ਕਲ ਸੂਰਤ ਜਰੂਰ ਬਦਲ ਜਾਂਦੀ ਹੈ। ਕਿਉਕਿ ਕਾਮਰੂਪ ਵਿਚ ਗੁਰੂ ਸਾਹਿਬ ਦਾ ਪ੍ਰਚਾਰ ਕੁਝ ਹੇਠ ਲਿਖੇ ਮੁੱਦਿਆਂ ਤੇ ਕੇਂਦਰਤ ਸੀ:-

1. ਗੁਰੂ ਸਾਹਿਬ ਨੇ ਕਾਮ ਵਾਸ਼ਨਾ ਦਾ ਪਾਜ ਖੋਲ ਦਿੱਤਾ, 2. ਇੱਕ ਨਿਰੰਕਾਰ ਦੀ ਹੋਂਦ ਦਾ ਢੰਡੋਰਾ ਪਿਟਿਆ, 3. ਸਰੀਰ ਨੂੰ ਕੋਹਣਾ ਤੇ ਜਾਨਵਰ ਤੇ ਮਨੁੱਖੀ ਬਲੀ ਦੇਣ ਦੀ ਸਖਤ ਖੰਡਨਾ ਕੀਤੀ, 4. ਜੰਤਰ ਮੰਤਰ ਵਿੱਚ ਵਕਤ ਖਰਾਬ ਕਰਨਾਂ ਸਾਬਤ ਕੀਤਾ ਤੇ ਦੱਸਿਆ ਕਿ ਇਹ ਰੂਹਾਨੀਅਤ ਦੇ ਰਾਹ ਦੇ ਉਲਟ ਹੈ, 5. ਤੀਰਥ ਯਾਤਰਾ/ਹੱਜ ਦੇ ਸਿਧਾਂਤ ਦਾ ਖੰਡਨ ਕੀਤਾ, 6. ਜਾਤ ਪਾਤ ਤੇ ਕਰਾਰੀ ਚੋਟ ਕੀਤੀ, 7. ਛੂਆ ਛੂਤ, ਸੁੱਚ ਭਿੱਟ, ਹੋਮ, ਚੌਕਾ-ਕਾਰ, ਗੌ ਮੂਤਰ, ਜਨੇਊ ਆਦਿ ਮਾਨਤਾਵਾਂ ਦਾ ਪਾਜ ਉਧੇੜਿਆ।

ਇਹ ਇਨਕਲਾਬੀ ਸੋਚ ਭਲਾ ਕਦੋਂ ਮਰਨ ਵਾਲੀ ਸੀ। ਇਥੇ ਲੋਕਾਈ ਵਿਚ ਸਿੱਖ ਧਰਮ ਤਾਂ ਮੌਜੂਦ ਨਹੀ ਉਂਜ ਬੰਗਾਲ ਵਿੱਚ ਵੱਖ ਵੱਖ ਰੂਪਾਂ ਵਿੱਚ ਗੁਰੂ ਦਾ ਸਿਧਾਂਤ ਅੱਜ ਵੀ ਜੀਂਦਾ ਹੈ। ਧਿਆਨ ਰਹੇ ਜਦੋਂ ਕੋਈ ਚੀਜ਼ ਆਪ ਮੁਹਾਰੇ ਉਗਦੀ ਹੈ ਤਾਂ ਉਹਦੇ ਵਿੱਚ ਪਹਿਲਾਂ ਵਾਲਾ ਅਨੁਸ਼ਾਸਨ ਜਾਂ ਮਰਿਯਾਦਾ ਨਹੀ ਰਹਿੰਦੀ।

ਬੰਗਾਲ ਵਿੱਚ ਤਾਂ ਵਕਤ ਨਾਲ ਇਸਲਾਮ ਛਾ ਹੀ ਗਇਆ। ਇਸ ਪਿੱਛੇ ਗੁਰੂ ਸਾਹਿਬ ਦੀ ਫੇਰੀ ਵੀ ਇੱਕ ਕਾਰਨ ਬਣਦੀ ਹੈ। ਓਥੇ ਹੀ ਬਾਓਲ ਨਾਂ ਦਾ ਫਕੀਰਾਂ ਦਾ ਇੱਕ ਫਿਰਕਾ ਉਠਿਆ ਜਿਸ ਨੇ ਬੰਗਾਲ ਨੂੰ ਜਾਗ੍ਰਤ ਕੀਤਾ। ਬਾਓਲਾਂ (ਬਾਵਲੇ ਤੋਂ ਬਾਉਲ -ਝੱਲੇ) ਦੇ ਬਹੁਤੇ ਅਸੂਲ ਵੀ ਸਿੱਖੀ ਨਾਲ ਮਿਲਦੇ ਸਨ। ਓਨਾਂ ਨੂੰ ਮਰਦਾਨੇ ਦਾ ਕਿਰਦਾਰ ਜਿਆਦਾ ਚੰਗਾ ਲੱਗਾ। ਹਰ ਬਾਉਲ ਕੋਲ ਰਬਾਬ ਵਰਗਾ ਇੱਕ ਸੰਦ ਹੁੰਦਾ ਸੀ। ਏਸੇ ਤਰਾਂ ਦੇ ਹੋਰ ਵੀ ਕਈ ਸਿਲਸਿਲੇ ਉਠੇ ਤੇ ਬੰਗਾਲ ਤੋਂ ਕਾਮ ਵਾਲੀ ਬੁਰਾਈ ਹਾਸ਼ੀਏ ਤੇ ਆ ਗਈ। ਪੰਡਤਾਂ ਨੇ ਵੀ ਆਪਣੇ ਆਪ ਨੂੰ ਬਦਲ ਲਿਆ। ਭਾਵ ਗੁਰੂ ਸਾਹਿਬ ਨੇ ਜਿਹੜਾ ਬੀ ਬੀਜਿਆ ਉਹ ਵੱਖ

ਵੱਖ ਰੂਪਾਂ ਵਿੱਚ ਬੰਗਾਲ ਵਿੱਚ ਉਗਿਆ।

ਗਿਆਨੀ ਗਿਆਨ ਸਿੰਘ ਕਰਤਾ ਤਵਾਰੀਖ ਗੁਰੂ ਖਾਲਸਾ ਖੁੱਦ ਸੰਨ 1875 ਈ. ਵਿੱਚ ਢਾਕੇ ਗਿਆ। ਉਸ ਨੇ ਲਿਖਿਆ ਹੈ ਕਿ ਸ਼ਰਧਾਲੂਆਂ ਨੇ ਅਜੇ ਤੱਕ ਉਹ ਮੰਜਾ ਸਾਂਭਿਆ ਹੋਇਆ ਹੈ ਜਿਸ ਤੇ ਗੁਰੂ ਸਾਹਿਬ ਨੇ ਅਰਾਮ ਕੀਤਾ ਸੀ। ਗੁਰੂ ਹਰਗੋਬਿੰਦ ਸਾਹਿਬ ਦੇ ਸਮਕਾਲੀ ਬਾਬਾ ਅਲਮਸਤ ਦੇ ਚੇਲੇ ਨੱਥੇ ਸ਼ਾਹ ਨੇ ਇਸ ਇਲਾਕੇ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ। ਅੱਜ ਵੀ ਢਾਕੇ ਵਿੱਚ ਗੁਰਦੁਆਰਾ ਸਾਹਿਬ ਮੌਜੂਦ ਹੈ।

ਯਾਦ ਰਹੇ ਅੱਜ ਢਾਕਾ ਮੁਸਲਮਾਨੀ ਦੇਸ ਦੀ ਰਾਜਧਾਨੀ ਹੈ ਜਿੱਥੇ ਕੋਈ 90% ਲੋਕ ਮੁਸਲਮਾਨ ਹਨ। ਦਰ ਅਸਲ ਬੰਗਾਲ ਵਿੱਚ ਇਸਲਾਮ ਬਹੁਤ ਪਹਿਲਾਂ ਹੀ ਦਾਖਲਾ ਪਾ ਚੁੱਕਾ ਸੀ; 8-9ਵੀ ਸਦੀ ਈਸਵੀ ਵਿੱਚ। ਸਮੁੰਦਰ ਕੰਢੇ ਹੋਣ ਕਰਕੇ ਅਰਬੀ ਵਪਾਰੀਆਂ ਨੇ ਇਸਲਾਮ ਧਰਮ ਬਾਬਤ ਲੋਕਾਂ ਨੂੰ ਵਾਕਫੀਅਤ ਕਰਵਾਈ ਤੇ ਬਾਦ ਵਿੱਚ ਸੂਫੀ ਲੋਕ ਓਥੇ ਪਹੁੰਚ ਗਏ। ਕਾਮ ਦੀ ਪੂਜਾ ਵਾਲੀ ਗੱਲ ਰੂਹਾਨੀਅਤ ਦੇ ਸਾਹਮਣੇ ਟਿਕ ਨਾਂ ਪਾਈ।

ਫਿਰ ਢਾਕੇ ਦੇ ਹੀ ਜਾਫਰਾਬਾਦ ਵਿੱਚ (1960 ਤਕ) ਗੁਰੂ ਸਾਹਿਬ ਦੀ ਨਿਸ਼ਾਨੀ ਖੂਹ ਹੁੰਦਾ ਸੀ, ਡਰ ਹੈ ਉਹ ਵੀ ਹੁਣ ਅਲੋਪ ਹੋ ਚੁੱਕਾ ਹੋਵੇਗਾ।

—◈—

ਚਿਟਾਗਾਂਗ ਦੇ ਝੰਡੇ ਤਰਖਾਣ ਨੂੰ ਮੰਜੀ ਬਖਸ਼ੀ, ਜਥੇਦਾਰ ਥਾਪਿਆ

ਸਿਲਹਟ ਤੋਂ ਚਲ ਕੇ ਗੁਰੂ ਸਾਹਿਬ 350 ਕਿਲੋਮੀਟਰ ਦਾ ਸਫਰ ਕਰਕੇ ਰਸਤੇ ਵਿੱਚ ਹੋਰ ਨਗਰ ਜਿਵੇ ਬਿਜੇਪੁਰ, ਅਗਰਤਲਾ, ਕੋਮਿਲਾ ਥਾਂਣੀ ਲੋਕਾਈ ਨੂੰ ਤਾਰਦੇ ਹੋਏ 15 ਦਿਨਾਂ ਬਾਦ ਚਿਟਾਗਾਂਗ ਪਹੁੰਚੇ ਸਨ।

ਲਗਦਾ ਹੈ ਕਿ ਗੁਰੂ ਸਾਹਿਬ ਦੀਆਂ ਯੂ ਪੀ ਬਿਹਾਰ ਦੀਆਂ ਉਦਾਸੀਆਂ ਮੌਕੇ ਉਨਾਂ ਨੂੰ ਚਿੱਟਾਗਾਂਗ ਰਹਿ ਰਹੇ ਝੰਡੇ ਤਰਖਾਣ (ਬੜੱਈ ਜਾਂ ਬਾਢੀ) ਬਾਰੇ ਪਤਾ ਲੱਗਾ ਸੀ ਕਿ ਝੰਡਾ ਬਹੁਤ ਧਰਮੀ ਬੰਦਾ ਹੈ। ਝੰਡਾ ਬਾਢੀ ਨਾਂ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਉਹ ਮੂਲ ਵਿੱਚ ਹਰਿਆਣਾ ਜਾਂ ਯੂ ਪੀ ਵਗੈਰਾ ਕਿਸੇ ਇਲਾਕੇ ਦਾ ਹੋਵੇਗਾ। ਕਿਉਕਿ ਬੰਗਾਲ ਵਿੱਚ ਤਰਖਾਣ ਨੂੰ ਬਢੱਈ ਨਹੀ ਕਿਹਾ ਜਾਂਦਾ। ਉਨੂੰ ਸੁਤਰਧਰਾ ਜਾਂ ਸੁਤਾਰ ਕਿਹਾ ਜਾਂਦਾ ਹੈ। ਇਹ ਸਾਫ ਹੈ ਕਿ ਝੰਡਾ ਪਿੱਛੋ ਪੰਜਾਬ 'ਚੋਂ ਚਿਟਾਗਾਂਗ ਨਹੀ ਸੀ ਗਿਆ। ਜੇ ਪੰਜਾਬੀ ਹੁੰਦਾ ਤਾਂ ਨਾਂ ਝੰਡਾ ਤਰਖਾਣ ਹੋਣਾਂ ਸੀ।

ਜਦੋਂ ਗੁਰੂ ਸਾਹਿਬ ਚਿਟਾਗਾਂਗ ਗਏ (1511 ਈ) ਓਥੇ ਮੁਸਲਮਾਨ ਰਾਜੇ ਅਲਾਉਦੀਨ ਹੁਸੈਨ ਸ਼ਾਹ ਦਾ ਰਾਜ ਸੀ ਜਿੰਨੇ 1501 ਈ ਵਿੱਚ ਕਾਮਰੂਪ ਤੇ ਵੀ ਹਮਲਾ ਕੀਤਾ ਸੀ ਤੇ ਕਮੱਖਿਆ ਮੰਦਰ ਢੁਹਾਇਆ ਸੀ। ਇਹ ਅਰਬ ਰਾਜਾ ਸੀ। ਪਰ ਸੀ ਬੜਾ ਸਹਿਣਸ਼ੀਲ। ਇਹ ਵੱਖਰੀ ਗੱਲ ਹੈ ਕਿ ਉਸ ਨੇ ਵਾਮ ਮਾਰਗੀਆਂ ਦਾ ਮੰਦਰ ਢਾਹਿਆ ਸੀ। ਹੋ ਸਕਦਾ ਕੁਝ ਹਿੰਦੂ ਇਸ ਵਾਮ ਮਾਰਗ ਦੇ ਰੀਦ ਤੋਂ ਔਖੇ ਹੋਣ। ਇਹਦੇ ਦਰਬਾਰ ਵਿੱਚ ਬਹੁਤੇ ਹਿੰਦੂ ਹੀ ਹੁੰਦੇ ਸਨ।

ਚਿਟਾਗਾਂਗ ਪਹੁੰਚ ਕੇ ਗੁਰੂ ਸਾਹਿਬ ਨੇ ਤਾਂ ਸ਼ਹਿਰ ਦੇ ਬਾਹਰ ਹੀ ਡੇਰਾ ਲਾ ਲਿਆ। ਮਰਦਾਨਾ ਸ਼ਹਿਰ ਗਇਆ ਤੇ ਜਿਵੇਂ ਗੁਰੂ ਸਾਹਿਬ ਨੇ ਦੱਸਿਆ ਸੀ ਸ਼ਹਿਰ 'ਚ ਝੰਡੇ ਤਰਖਾਣ ਦਾ ਪਤਾ ਕੀਤਾ। ਜਦੋਂ ਮਰਦਾਨਾ ਪੁੱਛ ਗਿੱਛ ਕਰ ਰਿਹਾ ਸੀ ਤਾਂ ਉਸ ਦਾ ਮੇਲ ਇੱਕ ਪੰਜਾਬੀ ਇੰਦਰ ਸੈਨ ਨਾਲ ਹੋ ਗਿਆ। ਮਰਦਾਨੇ ਨੂੰ ਪ੍ਰਦੇਸਾਂ ਵਿੱਚ ਵੇਖ ਉਹ ਖੁਸ਼ ਹੋਇਆ ਤੇ ਸਾਰੀ ਵਾਕਫੀਅਤ ਲਈ। ਜਦੋਂ ਮਰਦਾਨੇ ਨੇ ਦੱਸਿਆ ਕਿ ਅਸੀ ਲਾਹੌਰ ਲਾਗੋਂ ਆਏ ਹਾਂ ਤੇ ਇੰਦਰ ਸੈਨ ਨੇ ਕਿਹਾ ਕਿ ਅੱਜ ਕਲ ਉਸ ਇਲਾਕੇ ਦੇ ਇੱਕ ਸਾਧੂ ਨਾਨਕ ਦਾ ਨਾਮ ਬਹੁਤ ਚਲ ਰਿਹਾ ਹੈ। ਮਰਦਾਨੇ ਨੇ ਫਿਰ ਦੱਸਿਆ ਕਿ ਮੈਂ ਓਸੇ ਨਾਨਕ ਦਾ ਹੀ ਨੌਕਰ ਹਾਂ ਮਰਾਸੀ ਹਾਂ।

ਇੰਦਰ ਸੈਨ ਨੂੰ ਵੀ ਸੁਣ ਕੇ ਖੁਸ਼ੀ ਹੋਈ ਤੇ ਆਪ ਅੱਗੇ ਹੋ ਕੇ ਝੰਡੇ ਤਰਖਾਣ ਦਾ ਪਤਾ ਕੀਤਾ ਤੇ ਅਖੀਰ ਤੇ ਝੰਡੇ ਦੇ ਘਰ ਪਹੁੰਚ ਗਏ। ਝੰਡਾ ਮੰਜੀ ਉਣਨ ਡਿਹਾ ਸੀ। ਜਦੋਂ ਵਾਕਫੀਅਤ ਲਈ ਤਾਂ ਝੰਡੇ ਨੇ ਕਿਹਾ ਕਿ ਮੈਂ ਤਾਂ ਨਹੀ ਗੁਰੂ ਨਾਨਕ ਨੂੰ ਜਾਣਦਾ। ਮਰਦਾਨੇ ਕਿਹਾ ਕਿ ਇਹ ਜਦੋਂ ਤੂੰ ਉਨੂੰ ਮਿਲੇਗਾ ਤਾਂ ਦੱਸ ਦਈ। ਫਿਲਹਾਲ ਤੂੰ ਬਾਬੇ ਨੂੰ ਮਿਲ ਲੈ। ਝੰਡੇ ਨੇ ਮਰਦਾਨੇ ਨੂੰ ਨਾਲ ਲੈ ਕੇ ਛੇਤੀ ਛੇਤੀ ਮੰਜੀ ਉਣੀ ਤੇ ਬਾਬੇ ਨਾਨਕ ਨੂੰ ਮਿਲਣ ਲਈ ਤਿਆਰ ਹੋ ਗਿਆ। ਤੁਰਨ ਲਗਿਆ ਖਿਆਲ ਆਇਆ ਕਿ ਸਾਧੂ ਸੰਤ ਨੂੰ ਮਿਲਣ ਜਾ ਰਿਹਾ ਹਾਂ ਖਾਲੀ ਹੱਥ ਜਾਣਾ ਚੰਗਾ ਨਹੀ ਲੱਗਦਾ। ਮਰਦਾਨੇ ਨੂੰ ਕਿਉਕਿ ਆਪ ਭੁੱਖ ਲੱਗੀ ਹੋਈ ਸੀ ਉਸ

ਪੈਂਡਾ ਸਾਡਾ

◉ ਗਿਆਨੀ ਗਿਆਨ ਸਿੰਘ । ◈ ਕੋਹਲੀ

● ਸਾਈਕਲ ਯਾਤਰੀ -122 ਨੇ ਖੁੱਦ ਇਸ ਖੂਹ ਦੇ ਦਰਸ਼ਨ ਕੀਤੇ। ਇਹ ਬੇਚਰਾਗ ਹੋ ਚੁੱਕੇ ਪੁਰਾਣੇ ਢਾਕੇ ਦੇ ਇਲਾਕੇ ਵਿੱਚ ਸੀ। 1930 ਵਿੱਚ ਢਾਕਾ ਸ਼ਹਿਰ ਇਸ ਥਾਂ ਤੋਂ 3-4 ਕਿ. ਮੀ. ਹਟਵਾ ਸੀ। ਉਸ ਨੇ ਲਿਖਿਆ ਹੈ ਕਿ ਉਹਦੇ ਜਾਣ ਤੋਂ ਕੁਝ ਚਿਰ ਪਹਿਲਾਂ ਇਹ ਖੂਹ ਬਰਬਾਦ ਹਾਲਤ ਵਿੱਚ ਹੋ ਚੁੱਕਾ ਸੀ। ਫਿਰ ਇੱਕ ਪੰਜਾਬੀ ਸਾਧੂ ਨੇ ਆ ਕੇ ਇਥੇ ਡੇਰਾ ਲਾ ਲਿਆ ਤੇ ਲੋਕਾਂ ਨੂੰ ਇਥੇ ਕੂੜਾ ਕਰਕਟ ਸੁੱਟਣ ਤੋਂ ਵਰਜ ਦਿੱਤਾ। ਧੰਨਾ ਸਿੰਘ ਉਸ ਸਾਧੂ ਦੀ ਗੁਰੂ ਭਗਤੀ ਤੋਂ ਪ੍ਰਭਾਵਤ ਹੋਇਆ ਕਿਉਕਿ ਉਸ ਸਾਧੂ ਨੇ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਉਸ ਯਾਦਗਾਰ ਨੂੰ ਸਾਂਭੀ ਰੱਖਿਆ। 1960 ਈ. ਤੱਕ ਇਹ ਖੂਹ ਬਰਕਰਾਰ ਰਿਹਾ ਹੈ। ਬਾਦ ਵਿੱਚ ਸ਼੍ਰੋਮਣੀ ਕਮੇਟੀ ਜਿਹੀਆਂ ਸੰਸਥਾਵਾਂ ਨੇ ਕਦੀ ਖੋਜਲ ਹੀ ਨਾਂ ਕੀਤੀ ਕਿ ਉਸ ਉਸ ਖੂਹ ਅਤੇ ਬਰਛਾ ਸਾਹਿਬ ਯਾਦਗਾਰ ਨੂੰ ਕਿਸੇ ਤਰਾਂ ਬਚਾਈ ਰੱਖਿਆ ਜਾਵੇ। ਪਟਿਆਲੇ ਦੇ ਪ੍ਰੋ. ਪਰਮਵੀਰ ਸਿੰਘ ਅਨੁਸਾਰ ਅੱਜ ਬਰਛਾ ਗਾਇਬ ਹੈ ਤੇ ਖੂਹ ਵਾਲੀ ਯਾਦਗਾਰ ਤੇ ਛੇ ਮੰਜਲੀ ਇਮਾਰਤ ਬਣੀ ਹੋਈ ਹੈ।

○ ਜਦੋਂ ਹਾਲਾਤਾਂ ਵਿਚ ਉਥਲ ਪੁਥਲ ਮੱਚਦੀ ਹੈ, ਸੂਝਵਾਨ ਸਰਕਾਰਾਂ, ਜਥੇਬੰਦੀਆਂ ਅਤੇ ਦੀਵਾਨ ਓਦੋਂ ਹਰਕਤ ਵਿਚ ਆਉਦੇ ਹਨ। 1947 ਦੀ ਵੰਡ ਹੋਈ। ਫਿਰ 1971 ਵਿਚ ਬੰਗਲਾਦੇਸ਼ ਅਜ਼ਾਦ ਹੋਇਆ। ਇਨਾਂ ਦੋਵਾਂ ਮੌਕਿਆਂ ਤੇ ਹੀ ਸ਼ਰੋਮਣੀ ਕਮੇਟੀ ਨੇ ਅਪਣਾ ਬਣਦਾ ਰੋਲ ਨਹੀ ਨਿਭਾਇਆ। ਚਾਹੇ ਪਾਕਿਸਤਾਨ ਜਾਂ ਬੰਗਲਾਦੇਸ਼ ਦੇਸ ਦੇ ਗੁਰਧਾਮ ਹੋਣ ਜਾਂ ਗੁਰੂ ਸਾਹਿਬਾਨ ਦੀਆਂ ਨਿਸ਼ਾਨੀਆਂ ਹੋਣ ਇਨਾਂ ਬਾਬਤ ਕਮੇਟੀ ਨੇ ਅੱਜ ਤਕ ਕੋਈ ਨੀਤ (ਪਾਲਿਸੀ) ਬਣਾਈ ਹੀ ਨਹੀ। ਹੁਣ ਤਾਂ ਵੈਸੇ ਹੀ ਇਹ ਸਰਕਾਰ ਦਾ ਅੰਗ ਬਣ ਚੁੱਕੀ ਹੈ। ਸੋ ਜਰੂਰਤ ਹੈ ਬਾਹਰ ਮੁਲਕੀ ਸਿੱਖਾਂ ਦੀ ਕੇਂਦਰੀ ਪੰਚਾਇਤ ਖੜੀ ਕੀਤੀ ਜਾਵੇ ਕਿਧਰੇ ਇੰਗਲੈਂਡ ਜਾਂ ਕਨੇਡਾ ਅਮਰੀਕਾ ਵਿਚ।

ਧੰਨਾ ਸਿੰਘ ਲਿਖਦਾ ਹੈ ਕਿ ਇਸ ਖੂਹ ਦਾ ਜਲ ਕਰਾਮਾਤੀ ਹੈ ਤੇ ਆਸ ਪਾਸ ਦੇ ਲੋਕ ਇਸ ਦੇ ਜਲ ਨੂੰ ਦੁੱਖ ਦੂਰ ਕਰਨ ਵਾਲਾ ਮੰਨਦੇ ਹਨ। ਲਿਖਦਾ ਹੈ ਕਿ ਮੈਂ ਆਪਣੀ ਅੱਖੀ ਵੇਖਿਆ ਖੂਹ ਦਾ ਪਾਣੀ ਦਿਨ ਵਿੱਚ ਤਿੰਨ ਰੰਗ ਬਦਲਦਾ ਹੈ ਜਿਸ ਦੀ ਇਲਾਕੇ ਵਿੱਚ ਚਰਚਾ ਹੈ।

ਨੋਟ - ਗਿਆਨੀ ਨੇ ਏਸੇ ਬਸਤੀ ਨੂੰ ਹੀ ਗਲਤੀ ਨਾਲ ਧੰਨਪੁਰ ਲਿਖਿਆ ਹੈ ਪਰ ਸਰਦਾਰ ਜੀ ਬੀ ਸਿੰਘ ਨੇ ਇਨੂੰ ਜਾਫਰਾਬਾਦ ਕਿਹਾ ਹੈ। ਅੱਜ ਵੀ ਜਾਫਰਾਬਾਦ ਬਸਤੀ ਢਾਕੇ ਵਿੱਚ

ਨੇ ਝੰਡੇ ਨੂੰ ਸਮਝਾਇਆ ਕਿ ਬਾਬਾ ਨਾਨਕ ਕੁਝ ਵੀ ਵਸਤੂ ਜਾਂ ਨਕਦੀ ਨਹੀ ਲੈਂਦਾ। ਝੰਡਾ ਬਜਾਰੋਂ ਜਾ ਕੇ ਫਿਰ ਕਟਹਲ (ਜੈਕ ਫਰੂਟ) ਦਾ ਫਲ ਲਿਆਂਦਾ ਤੇ ਉਹਦੀ ਸਬਜੀ ਬਣਵਾਈ। ਭੋਜਨ ਤਿਆਰ ਕਰਵਾ ਕੇ ਗੁਰੂ ਸਾਹਿਬ ਦੇ ਪੇਸ਼ ਹੋਇਆ।

ਝੰਡਾ ਕਰਤਾਰ ਕਰਤਾਰ ਕਹਿ ਕੇ ਗੁਰੂ ਸਾਹਿਬ ਨੂੰ ਮਿਲਿਆ। ਕਹਿਣ ਲੱਗਾ ਮਹਾਤਮਾ ਜੀ ਮੈਂ ਤੁਹਾਨੂੰ ਨਹੀ ਜਾਣਦਾ ਪਰ ਤੁਹਾਨੂੰ ਮੇਰਾ ਨਾਂ-ਪਤਾ ਕਿਹਨੇ ਦੱਸਿਆ? ਗੁਰੂ ਸਾਹਿਬ ਨੇ ਕਿਹਾ ਝੰਡਾ ਆਹ ਕੀ ਚੁੱਕੀ ਫਿਰਦੈ? ਝੰਡਾ ਕਹਿੰਦਾ ਜੀ ਤੁਹਾਡੇ ਵਾਸਤੇ ਭੋਜਨ ਲਿਆਇਆ ਹਾਂ। ਗੁਰੂ ਸਾਹਿਬ ਕਿਹਾ ਕਿ ਜੇ ਤੂੰ ਸਾਨੂੰ ਜਾਣਦਾ ਬੁੱਝਦਾ ਨਹੀ ਤਾਂ ਏਨੀ ਖੇਚਲ ਕਾਹਦੇ ਵਾਸਤੇ? ਝੰਡੇ ਕਹਿੰਦਾ ਜੀ ਜਾਣਦਾ ਤਾਂ ਨਹੀ ਹਾਂ ਪਰ ਮੈਨੂੰ ਪਤਾ ਤੁਸੀ ਵੀ ਪ੍ਰਮੇਸ਼ਰ ਦੇ ਜੀਅ ਹੋ, ਇਸ ਕਰਕੇ ਲੈ ਆਇਆ ਹਾਂ। ਗੁਰੂ ਸਾਹਿਬ ਨੇ ਕਿਹਾ ਤੂੰ ਪ੍ਰਮੇਸ਼ਰ ਨੂੰ ਜਾਣਦਾ ਵੈਂ? ਝੰਡਾ ਕਹਿੰਦਾ ਜੀ ਹਾਂ। ਗੁਰੂ ਸਾਹਿਬ ਕਿਹਾ ਭਾਈ ਉਹ ਕਿਹੋ ਜਿਹਾ ਹੈ? ਗੱਲਾਂ ਬਾਤਾਂ ਵਿੱਚ ਹੀ ਗੁਰੂ ਸਾਹਿਬ ਨੇ ਝੰਡੇ ਨੂੰ ਗੁਰਮਤ ਗਿਆਨ ਬਖਸ਼ ਦਿੱਤਾ।

ਗੁਰੂ ਸਾਹਿਬ ਨੇ ਕਿਹਾ ਝੰਡਿਆਂ ਅਸੀ 1500 ਕੋਹ ਜੁ ਆਏ ਹਾਂ ਸਾਡਾ ਮਕਸਦ ਨਿਰਾ ਭੋਜਨ ਕਰਨਾਂ ਨਹੀ। ਅਸੀ ਤੇਰੇ ਖਾਤਰ ਆਏ ਹਾਂ। ਤੈਨੂੰ ਪ੍ਰਮੇਸ਼ਵਰ ਦੀ ਮਿਲਣ ਦੀ ਤਾਂਘ ਸੀ ਉਹ ਖਿੱਚ ਲਿਆਈ ਹੈ। ਸਾਹਿਬ ਨੇ ਝੰਡੇ ਨੂੰ ਕਿਹਾ ਕਿ ਇਸ ਭੋਜਨ ਵਿੱਚ ਇੰਦਰ ਸੈਨ ਦਾ ਵੀ ਹਿੱਸਾ ਹੈ, ਉਨੂੰ ਸੱਦ ਲਿਆ ਫਿਰ ਭੋਜਨ ਕਰਾਂਗੇ।

ਝੰਡਾ ਫਿਰ ਸ਼ਹਿਰ ਪਰਤ ਆਇਆ। ਬੜੀ ਮੁਸ਼ਕਲ ਇੰਦਰ ਸੈਨ ਨੂੰ ਰਾਜੇ ਦੇ ਬਾਗ ਵਿੱਚੋਂ ਜਾ ਲੱਭਾ ਤੇ ਸਾਰੀ ਗੱਲ ਇੰਦਰ ਸੈਨ ਨੂੰ ਦੱਸੀ ਕਿ ਬਾਬੇ ਨਾਨਕ ਨੇ ਭੋਜਨ ਤਾਂ ਕਰਨਾ ਜੇ ਤੂੰ ਵੀ ਹਾਜਰ ਹੋਵੇ ਤਾਂ। ਪਹਿਲਾਂ ਤਾਂ ਇੰਦਰ ਸੈਨ ਨੇ ਜਾਣ ਤੋਂ ਨਾਂਹ ਕਰ ਦਿੱਤੀ ਫਿਰ ਝੰਡੇ ਦੇ ਜੋਰ ਪਾਉਣ ਤੇ ਉਹ ਵੀ ਤਿਆਰ ਹੋ ਗਿਆ।

ਪਹਿਰ ਰਾਤ ਹੋਈ ਨੂੰ (ਰਾਤ ਦੇ 10 ਵਜੇ ਦੇ ਕਰੀਬ) ਝੰਡਾ ਇੰਦਰ ਸੈਨ ਨੂੰ ਲੈ ਕੇ ਗੁਰੂ ਸਾਹਿਬ ਕੋਲ ਪਹੁੰਚਿਆ। ਰਸਤੇ ਵਿੱਚ ਇੰਦਰ ਸੈਨ ਨੇ ਝੰਡੇ ਕੋਲੋ ਪੁੱਛਿਆ ਕਿ ਕਿਓ ਭਾਈ ਬਾਬਾ ਨਾਨਕ ਸਾਡੀ ਬੋਲੀ ਵੀ ਸਮਝਦਾ ਹੈ ਕਿ ਨਹੀ? ਝੰਡੇ ਨੇ ਕਿਹਾ ਉਹ ਸਮਝਦਾ ਹੈ। ਬਿਹਤ੍ਰ ਹੈ ਉਨੂੰ ਨਮਸਕਾਰ ਦੀ ਥਾਂ 'ਕਰਤਾਰ' 'ਕਰਤਾਰ' ਕਹੀ।

ਇੰਦਰ ਸੈਨ ਦਾ ਗੁਰੂ ਸਾਹਿਬ ਨਾਲ ਮਿਲਾਪ ਹੋਇਆ। ਇੰਦਰ ਸੈਨ ਕਹਿੰਦਾ ਜੀ ਅਸੀ ਤੁਸੀ ਕਦੋਂ ਦੇ ਵਾਕਿਫ ਹਾਂ? ਗੁਰੂ ਸਾਹਿਬ ਨੇ ਇੰਦਰ ਸੈਨ ਦਾ ਬੀਤਿਆ ਸਮਾਂ ਜਦੋਂ ਦੱਸਣਾ ਸ਼ੁਰੂ ਕੀਤਾ ਤਾਂ ਸੈਨ ਕੁਝ ਹੀ ਗੱਲਾਂ ਸੁਣਨ ਤੋਂ ਬਾਦ 'ਜੀ ਬੱਸ ਕਰੋ, ਬੱਸ ਕਰੋ' ਕਹਿ ਕੇ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਪਿਆ ਅਤੇ ਗੁਰੂ ਜੀ ਚੁੱਪ ਕਰਵਾ ਦਿੱਤਾ। ਕਹਿਣ ਤੋਂ ਮਤਲਬ ਗੁਰੂ ਸਾਹਿਬ ਨੇ ਦੋਵਾਂ ਨੂੰ ਇਹ ਸਮਝਾਇਆ ਕਿ ਭਾਈ ਤੁਹਾਨੂੰ ਪ੍ਰਮੇਸਵਰ ਨੂੰ ਪਾਉਣ ਦੀ ਲਾਲਸਾ ਹੈ ਤੇ ਮੈਂ ਥਾਂਈ ਥਾਂਈ ਜਾ ਕੇ ਪ੍ਰਮੇਸ਼ਰ ਦਾ ਰਾਹ ਦੱਸਦਾ ਪਿਆ ਵਾਂ। ਇਥੇ ਆਉਣ ਦਾ ਮੇਰਾ ਮਨੋਰਥ ਵੀ ਇਹੋ ਹੈ।

ਇੰਦਰ ਸੈਨ ਨੇ ਝੰਡੇ ਨੂੰ ਪੁੱਛਿਆ ਕਿਉ ਭਾਈ ਕੁਝ ਸਮਝ ਲੱਗੀ। ਝੰਡਾ ਕਹਿੰਦਾ ਮੈਂ ਕੀ ਜਾਣਾ ਗੂੜ ਗਿਆਨ ਦੀਆਂ ਗੱਲਾਂ।

ਗੁਰੂ ਸਾਹਿਬ ਨੇ ਮਰਦਾਨੇ ਨੂੰ ਸੁਚੇਤ ਕੀਤਾ। ਕੁਝ ਚਿਰ ਚੁੱਪ ਰਹੇ ਤਾਂ ਮਰਦਾਨੇ ਨੇ ਤਾਰ ਛੇੜ ਦਿੱਤੀ। ਰਾਗ ਮਾਰੂ ਆਇਆ:

ਮਾਰੂ ਮਹਲਾ ੧ ॥ ਸਰਣਿ ਪਰੇ ਗੁਰਦੇਵ ਤੁਮਾਰੀ ॥ ਤੂ ਸਮਰਥੁ ਦਇਆਲੁ ਮੁਰਾਰੀ ॥ ਤੇਰੇ ਚੋਜ ਨ ਜਾਣੈ ਕੋਈ ਤੂ ਪੂਰਾ ਪੁਰਖੁ ਬਿਧਾਤਾ ਹੇ ॥੧॥ ਤੂ ਆਦਿ ਜੁਗਾਦਿ ਕਰਹਿ ਪ੍ਰਤਿਪਾਲਾ ॥ ਘਟਿ ਘਟਿ ਰੂਪੁ ਅਨੂਪੁ ਦਇਆਲਾ ॥ ਜਿਉ ਤੁਧੁ ਭਾਵੈ ਤਿਵੈ ਚਲਾਵਹਿ ਸਭੁ ਤੇਰੋ ਕੀਆ ਕਮਾਤਾ ਹੇ ॥੨॥ ਅੰਤਰਿ ਜੋਤਿ ਭਲੀ ਜਗਜੀਵਨ ॥ ਸਭਿ ਘਟ ਭੋਗੈ ਹਰਿ ਰਸੁ ਪੀਵਨ ॥ ਆਪੇ ਲੇਵੈ ਆਪੇ ਦੇਵੈ ਤਿਹੁ ਲੋਈ ਜਗਤ ਪਿਤ ਦਾਤਾ ਹੇ ॥੩॥ ਜਗਤੁ ਉਪਾਇ ਖੇਲੁ ਰਚਾਇਆ ॥ ਪਵਣੈ ਪਾਣੀ ਅਗਨੀ ਜੀਉ ਪਾਇਆ ॥ ਦੇਹੀ ਨਗਰੀ ਨਉ ਦਰਵਾਜੇ ਸੋ ਦਸਵਾ ਗੁਪਤੁ ਰਹਾਤਾ ਹੇ ॥੪॥ ਚਾਰਿ ਨਦੀ ਅਗਨੀ ਅਸਰਾਲਾ ॥ ਕੋਈ ਗੁਰਮੁਖਿ ਬੂਝੈ ਸਬਦਿ ਨਿਰਾਲਾ ॥ ਸਾਕਤ ਦੁਰਮਤਿ ਡੂਬਹਿ ਦਾਝਹਿ ਗੁਰਿ ਰਾਖੇ ਹਰਿ ਲਿਵ ਰਾਤਾ ਹੇ ॥੫॥ ਅਪੁ ਤੇਜੁ ਵਾਇ ਪ੍ਰਿਥਮੀ ਆਕਾਸਾ ॥ ਤਿਨ ਮਹਿ ਪੰਚ ਤਤੁ ਘਰਿ ਵਾਸਾ ॥ ਸਤਿਗੁਰ ਸਬਦਿ ਰਹਹਿ ਰੰਗਿ ਰਾਤਾ ਤਜਿ ਮਾਇਆ ਹਉਮੈ ਭ੍ਰਾਤਾ ਹੇ ॥੬॥ ਇਹੁ ਮਨੁ ਭੀਜੈ ਸਬਦਿ ਪਤੀਜੈ ॥ ਬਿਨੁ ਨਾਵੈ ਕਿਆ ਟੇਕ ਟਿਕੀਜੈ ॥ ਅੰਤਰਿ ਚੋਰੁ ਮੁਹੈ ਘਰੁ ਮੰਦਰੁ ਇਨਿ ਸਾਕਤਿ ਦੂਤੁ ਨ ਜਾਤਾ ਹੇ ॥੭॥ ਦੁੰਦਰ ਦੂਤ ਭੂਤ ਭੀਹਾਲੇ ॥ ਖਿੰਚੋਤਾਣਿ ਕਰਹਿ ਬੇਤਾਲੇ ॥ ਸਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੇ ॥੮॥ ਕੂੜੁ ਕਲਰੁ ਤਨੁ ਭਸਮੈ ਢੇਰੀ ॥ ਬਿਨੁ ਨਾਵੈ ਕੈਸੀ ਪਤਿ ਤੇਰੀ ॥ ਬਾਧੇ ਮੁਕਤਿ ਨਾਹੀ ਜੁਗ ਚਾਰੇ ਜਮਕੰਕਰਿ ਕਾਲਿ ਪਰਾਤਾ ਹੇ ॥੯॥ ਜਮ ਦਰਿ ਬਾਧੇ ਮਿਲਹਿ ਸਜਾਈ ॥ ਤਿਸੁ ਅਪਰਾਧੀ ਗਤਿ ਨਹੀ ਕਾਈ ॥ ਕਰਣ ਪਲਾਵ ਕਰੇ ਬਿਲਲਾਵੈ ਜਿਉ ਕੁੰਡੀ ਮੀਨੁ ਪਰਾਤਾ ਹੇ ॥੧੦॥ ਸਾਕਤੁ ਫਾਸੀ ਪੜੈ ਇਕੇਲਾ ॥ ਜਮ ਵਸਿ ਕੀਆ ਅੰਧੁ ਦੁਹੇਲਾ ॥ ਰਾਮ ਨਾਮ ਬਿਨੁ ਮੁਕਤਿ ਨ ਸੂਝੈ ਆਜੁ ਕਾਲਿ ਪਚਿ ਜਾਤਾ ਹੇ ॥੧੧॥ ਸਤਿਗੁਰ ਬਾਝੁ ਨ ਬੋਲੀ ਕੋਈ ॥ ਐਥੈ ਓਥੈ ਰਾਖਾ ਪ੍ਰਭੁ ਸੋਈ ॥ ਰਾਮ ਨਾਮੁ ਦੇਵੈ ਕਰਿ ਕਿਰਪਾ ਇਉ ਸਲਲੈ ਸਲਲ ਮਿਲਾਤਾ ਹੇ ॥੧੨॥ ਭੂਲੇ ਸਿਖ ਗੁਰੂ ਸਮਝਾਏ ॥ ਉਝੜਿ ਜਾਦੇ ਮਾਰਗਿ ਪਾਏ ॥ ਤਿਸੁ ਗੁਰ ਸੇਵਿ ਸਦਾ ਦਿਨੁ ਰਾਤੀ ਦੁਖ ਭੰਜਨ ਸੰਗਿ ਸਖਾਤਾ ਹੇ ॥੧੩॥ ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥ ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥ ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥ ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥ ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥ ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥ ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥ ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥

ਓਹ ਬੰਗਾਲੀ ਲੋਕ ਕੀ ਸਮਝਣ ਪੰਜਾਬੀਆਂ ਦਾ ਮਾਰੂ। ਪਰ ਮਰਦਾਨੇ ਦੀ ਧੁੰਨ ਤੇ ਗੁਰੂ ਸਾਹਿਬ ਦੇ ਸ਼ਬਦ ਇਉ ਕਿਰਨ ਜਿਵੇ ਤਰੇਲ ਦੇ ਮੋਤੀ ਮਸਤ ਪੋਦਿਆਂ ਤੇ ਪੈਂਦੇ ਨੇ।

ਵਿਚ ਰੋਕ ਕੇ ਗੁਰੂ ਸਾਹਿਬ ਨੇ ਪੁੱਛਿਆ ਕਿਓ ਭਾਈ ਸੰਗੀਓ ਕੁਝ ਸਮਝ ਵੀ ਲੱਗ ਰਹੀ ਹੈ? ਝੰਡਾ ਕਹਿੰਦਾ ਤੁਹਾਡੇ ਲਫਜ਼ ਬਾ ਲਫਜ਼ ਤਾਂ ਸਮਝ ਨਹੀ ਲੱਗ ਰਹੀ ਪਰ ਜਦੋਂ ਅਹਿਸਾਸ ਹੁੰਦਾ ਹੈ ਕਿ ਪ੍ਰਮੇਸ਼ਰ ਦੀ ਸਿਫਤ ਸਾਲਾਹ ਚਲ ਰਹੀ ਤਾਂ ਵੱਖਰਾ ਹੀ ਅਨੰਦ ਮਹਿਸੂਸ ਹੋ ਰਿਹਾ ਹੈ। ਗੁਰੂ ਸਾਹਿਬ ਜਾਰੀ ਰੱਖੋ।

ਸ਼ਬਦ ਪੂਰਾ ਹੋਣ ਤੇ ਫਿਰ ਗੱਲਾਂ ਬਾਤਾਂ ਸ਼ੁਰੂ ਹੋਈਆਂ। ਗੁਰੂ

ਪੈੜ ਸਫਾ ਬਾਲਾ-168, ਪੁਰਾਤਨ- 94

ਪੁਰਾਤਨ ਜਨਮ ਸਾਖੀ ਵਿਚ ਇਸ ਸਾਖੀ ਉਪਰੰਤ ਜੋ ਵਾਰਤਾ ਲਿਖੀ ਗਈ ਹੈ ਉਸ ਨੂੰ ਜੁਗਾਵਲੀ ਦਾ ਨਾ ਦਿਤਾ ਹੈ। ਇਸ ਤੋਂ ਫਿਰ ਵਿਦਵਾਨਾਂ ਨੂੰ ਜ਼ਾਹਿਰ ਹੋ ਗਿਆ ਕਿ ਪੁਰਾਤਨ ਜਨਮ ਸਾਖੀ 1635 ਈ. ਦੀ ਰਚਨਾ ਹੈ।(ਪੁਰਾਤਨ-213)

ਚਿਟਾਗਾਂਗ ਨੂੰ ਬੰਗਲਾ ਵਿੱਚ ਚਿਟਾਂਗ ਹੀ ਕਹਿੰਦੇ ਹਨ ਜੋ ਕਿ ਚਿਟਾਗਾਓ ਤੋਂ ਵਿਗੜਿਆ ਰੂਪ ਹੈ। ਪੁਰਾਤਨ ਜਨਮ ਸਾਖੀ ਵਿੱਚ ਨਗਰ ਦਾ ਨਾਂ ਛੁਟਘਾਟਕਾ ਲਿਖਿਆ ਹੈ। ਨਾਲ ਸਾਫ ਸਾਫ 'ਨਗਰ' ਲਫਜ਼ ਹੈ ਕਿ ਕਿਸੇ ਸ਼ਹਿਰ ਦੀ ਗੱਲ ਹੈ।

ਸਾਹਿਬ ਨੇ ਝੰਡੇ ਨੂੰ ਉਪਦੇਸ਼ ਕੀਤਾ ਕਿ ਝੰਡਾ ਤੂੰ ਵੀ ਪਰਮੇਸ਼ਰ ਦੇ ਨੇਕ ਕੰਮ ਵਿੱਚ ਲੱਗ ਜਾਂ। ਲੋਕਾਂ ਨੂੰ ਕੁਬੁਧ ਕਰਨ ਤੋਂ ਰੋਕ ਤੇ ਸਹੀ ਰਸਤੇ ਤੇ ਪਾ। ਭੁੱਲੀ ਭਟਕੀ ਲੋਕਾਈ ਨੂੰ ਗਿਆਨ ਵੰਡ।

ਝੰਡੇ ਨੇ ਅੱਗੋ ਉੱਤਰ ਦਿੱਤਾ ਕਿ "ਮੈਂ ਕਬੀਲਦਾਰ ਬੰਦਾ ਜੀ ਮੈਂ ਇਸ ਕੰਮ ਵਿੱਚ ਕਿਵੇ ਪੈ ਸਕਦਾ ਹਾਂ। ਮੇਰੇ ਤਾਂ ਨਿਆਣੇ ਭੁੱਖੇ ਮਰ ਜਾਣਗੇ। "

ਇਥੇ ਫਿਰ ਗੁਰੂ ਸਾਹਿਬ ਨੇ ਸ਼ਬਦ ਉਚਾਰਿਆ ਤੇ ਦੱਸਿਆ ਕਿ ਭਾਈ ਜੀਵ ਦੇ ਪੈਦਾ ਹੋਣ ਤੋਂ ਪਹਿਲਾਂ ਹੀ ਨਿਰੰਕਾਰ ਰਿਜਕ ਦਾ ਇੰਤਜਾਮ ਕਰਦਾ ਹੈ। ਤੂੰ ਕਾਹਨੂੰ ਘਬਰਾਉਂਦਾ ਵਾਂ।

ਜਦੋਂ ਝੰਡੇ ਦੀ ਤਸੱਲੀ ਹੋ ਗਈ ਤਾਂ ਇੰਦਰ ਸੈਨ ਕਹਿੰਦਾ ਭਾਈ ਝੰਡਾ ਲਿਆ ਹੁਣ ਪਰੋਸ ਜੋ ਲੈ ਕੇ ਆਇਆ ਹੈ ਸੰਤਾਂ ਵਾਸਤੇ। ਓਧਰ ਮਰਦਾਨਾ ਵੀ ਕਾਹਲਾ ਪੈ ਗਿਆ। ਅਖੇ ਜੀ ਗੱਲਾਂ ਬਾਤਾਂ ਤਾਂ ਹੁੰਦੀਆਂ ਰਹਿਣਗੀਆਂ ਭੋਜਨ ਤਾਂ ਛੱਕ ਲਓ। ਗੁਰੂ ਸਾਹਿਬ ਨੇ ਝੰਡੇ ਨੂੰ ਕਹਿ ਕੇ ਭੋਜਨ ਚਾਰ ਥਾਂਈ ਕਰਵਾ ਦਿੱਤਾ। (ਝੰਡਾ, ਮਰਦਾਨਾ, ਇੰਦਰ ਸੈਨ ਤੇ ਗੁਰੂ ਸਾਹਿਬ ਲਈ) ਝੰਡੇ ਨੇ ਫਿਰ ਕਹਿ ਦਿੱਤਾ ਕਿ ਗੁਰੂ ਸਾਹਿਬ ਜੀ ਪ੍ਰਸ਼ਾਦਿ ਛੱਕ ਲਓ।

ਝੰਡੇ ਨੇ ਜਿਵੇਂ ਗੁਰੂ ਸਾਹਿਬ ਨਾਲ ਭੋਜਨ ਛਕਿਆ ਝੰਡੇ ਨੂੰ ਖੁਮਾਰੀ ਚੜ੍ਹ ਗਈ। ਝੰਡਾ ਤਾਂ ਲੱਗਾ ਅਵਲ ਟਵਲੀਆਂ ਮਾਰਨ ਤੇ ਫਿਰ ਬੇਸੁਧ ਹੋ ਗਿਆ। ਇੰਦ੍ ਸੈਨ ਕਹਿੰਦਾ "ਲਓ ਪੈ ਗਇਆ ਪੁਆੜਾ। "

ਗੁਰੂ ਸਾਹਿਬ ਨੇ ਇੰਦਰ ਸੈਨ ਨੂੰ ਕਿਹਾ ਭਾਈ ਘਬਰਾਓ ਨਾਂ ਅਸੀ ਕਿਸੇ ਮਕਸਦ ਲਈ ਇਥੇ ਆਏ ਹਾਂ। ਮਰਦਾਨੇ ਨੂੰ ਹੁਕਮ ਕੀਤਾ ਕਿ ਤੇ ਪਾਣੀ ਮੰਗਵਾਇਆ। ਗੁਰੂ ਸਾਹਿਬ ਨੇ ਆਪ ਵੀ ਇਸ਼ਨਾਨ ਕੀਤਾ ਤੇ ਝੰਡੇ ਤੇ ਪਾਣੀ ਛਿੜਕਿਆ। ਝੰਡਾ ਹੋਸ਼ ਵਿੱਚ ਆਇਆ ਤੇ ਗੁਰੂ ਸਾਹਿਬ ਦੇ ਚਰਨਾਂ ਤੇ ਡਿੱਗ ਗਿੜਗਿੜਾਇਆ, "ਸਾਹਿਬ ਮੈਂ ਅੱਜ ਬਹਿਸ਼ਤ ਵੇਖ ਲਿਆ। "

ਗੁਰੂ ਸਾਹਿਬ ਨੇ ਐਲਾਨ ਕਰ ਦਿੱਤਾ ਕਿ ਝੰਡਾ ਤੈਨੂੰ ਅਸੀ ਗੁਰਮਤ ਦਾ ਪ੍ਰਚਾਰਕ ਥਾਪਿਆ ਹੈ ਇਸ ਇਲਾਕੇ ਵਾਸਤੇ। ਤੇਰੇ ਟੱਬਰ ਦਾ ਧਿਆਨ ਕਰਤਾਰ ਕਰੇਗਾ। ਤੂੰ ਨਹੀ ਚਿੰਤਾ ਕਰਨੀ। ਬਸ ਤੂੰ ਨਿਰੰਕਾਰ ਕਰਤਾ ਪੁਰਖ ਅਜੂਨੀ ਸੈਭੰ ਦਾ ਪ੍ਰਚਾਰ ਕਰਨਾਂ ਹੈ।

ਝੰਡੇ ਨੇ ਵੀ ਕਹਿ ਦਿੱਤਾ ਕਿ ਗੁਰੂ ਜੀ ਇਹ ਜੀਵਨ ਤੇਰੇ ਲੇਖੇ। ਜਿਵੇ ਤੂੰ ਕਹੇ ਮੈਂ ਕਰਾਂ।

ਸਵੇਰ ਹੋ ਗਈ। ਝੰਡਾ ਤੇ ਇੰਦਰ ਸੈਨ ਗੁਰਮਤ ਦੇ ਰੰਗ ਵਿੱਚ ਰੰਗੇ, ਸ਼ਹਿਰ ਆਪਣੇ ਆਪਣੀ ਘਰੀਂ ਪਹੁੰਚੇ।

—◈—

ਜਦੋਂ ਬੰਗਾਲ ਦੇ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਹਾਜਰ ਹੋਣ ਦੇ ਹੁਕਮ ਚਾੜ ਦਿੱਤੇ।

ਝੰਡੇ ਤੇ ਇੰਦਰ ਸੈਨ ਤੋਂ ਗੱਲ ਸਾਰੇ ਸ਼ਹਿਰ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ ਕਿ ਇੱਕ ਜਾਣੀ ਜਾਣ ਪ੍ਰਮੇਸ਼ਰ ਦਾ ਰੂਪ ਸੰਤ ਲਹੌਰ ਤੋਂ ਚਿੱਟਾਗਾਂਗ ਸ਼ਹਿਰ ਵਿੱਚ ਪਧਾਰਿਆ ਹੈ। ਹੁੰਮ ਹੁੰਮਾ ਕੇ ਲੋਕਾਂ ਨੇ ਗੁਰੂ ਸਾਹਿਬ ਦੇ ਚਰਨਾਂ ਵਲ ਆਉਣਾ ਸ਼ੁਰੂ ਕਰ ਦਿੱਤਾ। ਸਾਹਿਬ ਸਮੁੰਦਰ ਦੇ ਕਿਨਾਰੇ ਡੇਰਾ ਲਾਈ ਬੈਠੇ ਸਨ।

ਓਧਰ ਰਾਜੇ ਦੇ ਗੁਪਤਚਰਾਂ ਨੇ ਰਾਜੇ ਨੂੰ ਰਿਪੋਰਟ ਦਿੱਤੀ ਕਿ ਪੰਜਾਬ ਤੋਂ ਕੋਈ ਨਾਨਕ ਨਾਂ ਦਾ ਸੰਤ ਆਇਆ ਹੈ ਜਿਸ ਬਾਰੇ ਕੁਝ ਪਤਾ ਨਹੀ ਲਗਦਾ ਕਿ ਉਹ ਹਿੰਦੂ ਹੈ ਕਿ ਮੁਸਲਮਾਨ? ਲੋਕ ਹੁੰਮ ਹੁੰਮਾ ਕੇ ਪਹੁੰਚ ਰਹੇ ਨੇ। ਨਾਨਕ ਨੇ ਝੰਡੇ ਨਾਂ ਦਾ ਤਰਖਾਣ ਆਪਣਾ ਨੁੰਮਾਇਦਾ ਵੀ ਇਥੇ ਥਾਪ ਦਿੱਤਾ ਹੈ।

ਇਹ ਸੁਣ ਕੇ ਰਾਜੇ ਦੇ ਕੰਨ ਖੜੇ ਹੋ ਗਏ ਕਿਉਕਿ ਓਨੀ ਦਿਨੀ ਜਿਆਦਾਤਰ ਹਮਲੇ ਪੰਜਾਬ ਵਾਲੇ ਪਾਸਿਓ ਹੀ ਹੁੰਦੇ ਸਨ। ਸ਼ੱਕ ਹੋਇਆ ਕਿ ਅਫਗਾਨਿਸਤਾਨ ਤੋਂ ਕਿਸੇ ਰਾਜੇ ਨੇ ਆਪਣਾ ਜਸੂਸ ਨਾਂ ਭੇਜਿਆ ਹੋਵੇ। ਰਾਜੇ ਨੇ ਝੱਟ ਆਪਣੀ ਪੁਲਿਸ ਨੂੰ ਹੁਕਮ ਕਰ ਦਿੱਤਾ ਕਿ ਨਾਨਕ ਸੰਤ ਨੂੰ ਮੇਰੇ ਸਾਹਮਣੇ ਹਾਜਰ ਕੀਤਾ ਜਾਵੇ।

ਗੁਰੂ ਸਾਹਿਬ ਦੇ ਡੇਰੇ ਤੇ ਜਿਵੇ ਪੁਲਿਸ ਆਈ ਉਨਾਂ ਆਪਣੀ ਹੈਂਕੜਬਾਜੀ 'ਚ ਕਿਹਾ ਕਿ ਇਥੇ ਨਾਨਕ ਨਾਮ ਦਾ ਸੰਤ ਕੌਣ ਹੈ। ਸਬੱਬੀਂ ਓਥੇ ਇੰਦਰ ਸੈਨ ਵੀ ਹਾਜਰ ਸੀ। ਇੰਦਰ ਸੈਨ ਨੇ ਪੁਲਿਸ ਵਾਲਿਆਂ ਕੋਲੋ ਪੁੱਛਿਆ "ਭਈ ਕੀ ਗੱਲ ਹੈ ਬੜੇ ਰੋਅਬ ਝਾੜ ਰਹੇ ਹੋ। ਇਹ ਸੰਤਾਂ ਦਾ ਡੇਰਾ ਵਾ। " ਇੰਦਰ ਸੈਨ ਨੇ ਸਿਪਾਹੀਆਂ ਨੂੰ ਕਿਹਾ ਕਿ "ਤੁਸੀ ਜਾਓ ਮੈਂ ਆਪੇ ਗੁਰੂ ਮਹਾਰਾਜ ਨੂੰ ਲੈ ਆਵਾਂਗਾ। "

ਇੰਦਰ ਸੈਨ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਗੁਰੂ ਜੀ ਮੁਆਫ ਕਰਨਾਂ ਇਨਾਂ ਲੋਕਾਂ ਨੂੰ ਤੁਹਾਡਾ ਪਤਾ ਨਹੀ। ਮੇਰਾ ਮਾਮਾ ਮਹਾਰਾਜੇ ਦੇ ਦਰਬਾਰ ਵਿੱਚ ਉੱਚੇ ਅਹੁਦੇ ਤੇ ਹੈ। ਮੈਂ ਉਨੂੰ ਮਿਲ ਕੇ ਸਾਰਾ ਦੱਸ ਦਿਆਂਗਾ।

ਆਪਣੇ ਮਾਮੇ ਰਾਂਹੀ ਇੰਦਰ ਸੈਨ ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ (ਉਰਫ ਸੁਧ੍ ਸੈਨ)✚ ਨੂੰ ਜਾ ਮਿਲਿਆ। ਰਾਜੇ ਨੇ ਕਿਹਾ ਕਿ ਮੈਂ ਕੋਈ ਸਖਤ ਹੁਕਮ ਨਹੀ ਕੀਤਾ ਸੀ। ਮੈਂ ਸਿਰਫ ਉਸ ਮਹਾਂ ਪੁਰਖ ਨੂੰ ਮਿਲਣਾ ਚਾਹੁੰਦਾ ਸੀ। ਇੰਦਰ ਸੈਨ ਨੇ ਕਿਹਾ ਕਿ ਮਹਾਰਾਜ ਜੀ ਸਾਧੂ ਫਕੀਰਾਂ ਨੂੰ ਮਿਲਣ ਵਾਸਤੇ ਹੋਰ ਮਰਿਆਦਾ ਹੁੰਦੀ ਹੈ। ਗੁਰੂ ਨਾਨਕ ਪੂਰਨ ਸੰਤ ਨੇ। ਉਹ ਖੁਦਾ ਦਾ ਰੂਪ ਨੇ। ਓਨਾਂ ਨੂੰ ਕੋਈ ਲਾਲਚ ਨਹੀ। ਤੁਸੀ ਮਿਲੋਗੇ ਤਾਂ ਤੁਹਾਡੀ ਤਸੱਲੀ ਹੋ ਜਾਵੇਗੀ। ਕਿਸੇ ਸਾਧੂ ਸੰਤ ਨੂੰ ਮਿਲਣ ਜਾਓ ਜੇ ਕੁਝ ਹਾਸਲ ਕਰਨਾਂ ਹੋਵੇ ਤਾਂ ਦਿਲ ਵਿੱਚ ਹਲੀਮੀ ਲੈ ਕੇ ਜਾਓ।

ਅਗਲੇ ਹੀ ਦਿਨ ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ ਉਰਫ ਰਾਜਾ ਸੁਧਰ ਸੈਨ ਵੱਡੀ ਹਲੀਮੀ ਸਾਹਿਤ ਗੁਰੂ ਸਾਹਿਬ ਦੇ ਡੇਰੇ ਤੇ ਤਰਾਂ ਤਰਾਂ ਦੇ ਪਕਵਾਨ ਤੇ ਮੇਵੇ ਲੈ ਕੇ ਪਹੁੰਚਿਆ। ਬਾਦਸ਼ਾਹ ਨਾਲ ਖੂਬ ਗੱਲਾਂ ਬਾਤਾਂ ਹੋਈਆਂ। ਗੁਰੂ ਸਾਹਿਬ ਨੇ ਆਪਣਾ ਪਿੱਛੋਕੜ ਵੀ ਦੱਸਿਆ ਕਿ ਕਿਵੇ ਉਹ ਦੌਲਤ ਖਾਂ ਲੋਧੀ ਕੋਲ ਕਾਰਦਾਰ ਰਹੇ ਨੇ। ਦੌਲਤ ਖਾਂ ਨੇ ਹੀ ਦਿੱਲੀ ਦੇ ਤਖਤ ਤੇ ਸੁਲਤਾਨ ਇਬਰਾਹੀਮ ਨੂੰ ਬੈਠਾਇਆ ਸੀ। ਇਹ ਰਾਜਨੀਤਕ

ਹਾਲਾਤ ਸੁਣ ਕੇ ਬਾਦਸ਼ਾਹ ਦਾ ਗੁਰੂ ਸਾਹਿਬ ਵਿੱਚ ਵੱਡਾ ਭਰੋਸਾ ਬੱਝ ਗਿਆ। ਗੱਲਾਂ ਦਿੱਲੀ ਦੇ ਸੁਲਤਾਨ ਦੇ ਪਰਜਾ ਤੇ ਕੀਤੇ ਜਾ ਰਹੇ ਜੁਲਮਾਂ ਬਾਬਤ ਵੀ ਹੋਈਆਂ। ਬਾਦਸ਼ਾਹ ਨੇ ਇਸ਼ਾਰਾ ਦਿਤਾ ਕਿ ਸਹੀ ਵਕਤ ਆਉਣ ਤੇ ਉਹ ਦਿੱਲੀ ਦਾ ਕੰਮ ਤਮਾਮ ਕਰ ਦੇਵੇਗਾ।

ਓਨੀ ਦਿਨੀ ਰਾਜਨੀਤਕ ਅਸਥਿਰਤਾ ਫੈਲੀ ਹੋਈ ਸੀ। ਬੰਗਾਲ ਨੂੰ ਸਦਾ ਦਿੱਲੀ ਤੋਂ ਹਮਲੇ ਦਾ ਖਤਰਾ ਬਣਿਆ ਹੋਇਆ ਸੀ। ਗੁਰੂ ਸਾਹਿਬ ਨੇ ਪਹਿਲਾਂ ਹੀ ਹੁਸੈਨ ਸ਼ਾਹ ਦੀ ਹਲੀਮੀ ਵੇਖ ਕੇ ਉਨੂੰ ਥਾਪਣਾ ਦਿੱਤੀ ਕੋਈ ਕਿੰਨਾ ਵੀ ਤਾਕਤਵਰ ਕਿਓ ਨਾਂ ਹੋਵੇ ਤੇਰੀ ਵਾਅ ਵਲ ਨਹੀ ਵੇਖ ਸਕੇਗਾ। ਇਲਾਕੇ ਦੇ ਮੁਸਲਮਾਨ ਪੀਰਾਂ ਫਕੀਰਾਂ ਵੀ ਗੁਰੂ ਸਾਹਿਬ ਦੀ ਹਾਜਰੀ ਭਰਨੀ ਸ਼ੁਰੂ ਕਰ ਦਿੱਤੀ। ਚਾਰ ਚੁਫੇਰੇ ਝੰਡੇ ਸ਼ੁਤਾਰ ਦੀ ਜੈ ਜੈ ਕਾਰ ਵੀ ਹੋਣ ਲੱਗ ਪਈ। ਰਾਜੇ ਨੇ ਜਿੱਦ ਕੀਤੀ ਤਾਂ ਗੁਰੂ ਸਾਹਿਬ ਲੱਗ ਪਗ ਇੱਕ ਮਹੀਨਾ ਚਿਟਾਗਾਂਗ ਰਹੇ ਸਨ।

ਲਗਦਾ ਹੈ ਕਿ ਮਾਘ ਦੇਸ ਭਾਵ ਰਖੀਨ ਦੇ ਦੌਰੇ ਤੇ ਜਾਣ ਵਾਸਤੇ ਸਮੁੰਦਰੀ ਬੇੜੇ ਦਾ ਇੰਤਜਾਮ ਬਾਦਸ਼ਾਹ ਨੇ ਹੀ ਕੀਤਾ ਹੋਵੇ।

ਚਿਟਾਗਾਂਗ ਵਿਖੇ ਜਿੱਥੇ ਗੁਰੂ ਸਾਹਿਬ ਨੇ ਡੇਰਾ ਲਾਇਆ ਸੀ ਉਹ ਥਾਂ ਅੱਜ ਦੇ ਰੇਲਵੇ ਸਟੇਸ਼ਨ ਦੇ ਲਾਗੇ ਹੈ। ਕਿਉਕਿ ਜਦੋਂ ਲੋਕਾਂ ਨੇ ਦੱਸਿਆ ਸੀ ਕਿ ਪਾਣੀ ਲੈਣ ਵਾਸਤੇ ਦੂਰ ਜਾਣਾ ਪੈਦਾ ਹੈ ਤਾਂ ਦਯਾ ਦੇ ਸਮੁੰਦਰ ਗੁਰੂ ਸਾਹਿਬ ਨੇ ਇਸ਼ਾਰਾ ਕਰਕੇ ਇੱਕ ਥਾਂ ਪੁੱਟਣ ਲਈ ਕਿਹਾ ਜਿਥੋਂ ਤਾਜੇ ਜਲ ਦਾ ਫੁਹਾਰਾ ਫੁੱਟ ਉਠਿਆ। ◈

ਇਸ ਥਾਂ ਤੇ 1930 ਈ ਤੱਕ ਬਕਾਇਦਾ ਨਾਨਕ ਚੋਅ ਨਾਂ ਦਾ ਗੁਰਦੁਆਰਾ ਹੁੰਦਾ ਸੀ। ਫਿਰ ਅੰਗਰੇਜੀ ਸਰਕਾਰ ਨੇ ਗੁਰਦੁਆਰਾ ਮਹੰਤ ਨੂੰ ਵਰਤਕੇ ਇਹ ਜਲ ਸਰਕਾਰੀ ਸਪਲਾਈ

ਗੁਰੂ ਸਾਹਿਬ ਨਾਲ ਸਬੰਧਤ ਗੁਰਦੁਆਰਾ ਚੋਆ ਸਾਹਿਬ ਚਿੱਟਾਗਾਂਗ ਤੇ ਤਾਂ ਸਰਕਾਰ ਨੇ ਕਬਜਾ ਕਰ ਲਿਆ ਸੀ, ਕਿਉਕਿ ਗੁਰੂ ਸਾਹਿਬ ਦੁਆਰਾ ਜਾਰੀ ਕੀਤਾ ਚਸ਼ਮਾ 1930 ਈ. ਤਕ ਵੀ ਭਰਪੂਰ ਪਾਣੀ ਦੇ ਰਿਹਾ ਸੀ ਅਤੇ ਪਾਣੀ ਸ਼ਹਿਰ ਨੂੰ ਸਪਲਾਈ ਜੁ ਕਰਨਾ ਸੀ।

ਚਿੱਟਾਗਾਂਗ ਦੇ ਚੌਕ ਬਜ਼ਾਰ ਵਿਚ ਅੱਜ ਵੀ ਇਕ ਗੁਰਦੁਆਰਾ ਸਾਹਿਬ ਨਾਂ 'ਭੰਗ ਘੋਟਨਾ' ਮੌਜੂਦ ਹੈ। ਇਸ ਬਾਬਤ ਕਿਹਾ ਜਾਂਦਾ ਹੈ ਕਿ ਸਿੱਖੀ ਦੀ ਕਰਾਮਾਤ ਤੋਂ ਪ੍ਰਭਾਵਤ ਹੋ ਕੇ ਇਕ ਨਵਾਬ ਨੇ ਗੁਰਦੁਆਰਾ ਸਾਹਿਬ ਆਪ ਬਣਵਾਇਆ ਸੀ। ਸਾਡਾ ਅੰਦਾਜ਼ਾ ਹੈ ਕਿ ਇਹ ਵੀ ਸਿੱਖ ਰਾਜ ਦੀ ਸਥਾਪਣਾ ਵੇਲੇ ਹੀ ਬਣਿਆ ਹੋਵੇਗਾ। ਸੰਘਣੀ ਅਬਾਦੀ ਵਾਲੇ ਥਾਂ ਤੇ ਹੋਣ ਦੇ ਬਾਵਜੂਦ ਇਸ ਦੇ ਨਾਂ ਤੇ ਚੋਖੀ ਜਮੀਨ ਹੈ। (ਤਸਵੀਰ - ਡਾ.ਪਰਮਵੀਰ ਸਿੰਘ)

ਪੈੜ ਸਫਾ

ਨਕਸ਼ਿਆਂ ਦੀ ਅਣਹੋਂਦ ਦੇ ਬਾਵਜੂਦ ਜਨਮਸਾਖੀਆਂ ਚਿਟਾਗਾਂਗ ਬਾਬਤ ਇਸ਼ਾਰਾ ਦੇ ਦਿਤਾ ਕਿ ਇਹ ਬਿਸੀਅਰ ਦੇਸ (ਨਾਗਿਆਂ ਦੇ ਦੇਸ) ਵਿੱਚ ਹੈ। ਗੱਲ ਹੈ ਵੀ ਸਹੀ। ਭਾਵ ਬਰਮਾ ਦਾ ਗਵਾਂਢ।

ਬਿਸੀਅਰ ਨਾਗ- ਬਹੁਤਾ ਜ਼ਹਿਰੀਲਾ ਸੱਪ। ਨਾਗੇ ਵੀ ਆਪਣੇ ਆਪ ਨੂੰ ਨਾਗ (ਸੱਪ) ਅਖਣਾ ਕੇ ਫਖਰ ਮਹਿਸੂਸ ਕਰਦੇ ਹਨ। ਨਾਗਾਲੈਂਡ ਲਈ ਕਿਢਾ ਸੋਹਣਾ ਨਾਂ ਵਰਤਿਆ ਹੈ ਬਿਸੀਅਰ ਦੇਸ।

ਕੋਹਲੀ ਵਲੋਂ ਬਿਸੀਅਰ ਨੂੰ ਬੁਸ਼ਹਿਰ ਕਹਿਣਾ ਗਲਤ ਹੈ ਕਿਉਕਿ ਸਾਫ ਲਿਖਿਆ ਹੈ ਕਿ ਸਮੁੰਦਰ ਦੇ ਕੰਢੇ ਹੈ ਜਦੋਂ ਕਿ ਬੁਸ਼ਹਿਰ ਸ਼ਿਮਲੇ ਤੋਂ 155 ਕਿਲੋਮੀਟਰ ਪਹਾੜੀ ਉਤਰ-ਪੂਰਬ ਇਲਾਕੇ ਵਿੱਚ ਹੈ।

ਬਾਲੇ ਵਾਲੀ ਜਨਮ ਸਾਖੀ ਵਿੱਚ ਇੱਕ ਵਾਰੀ ਨਹੀ, ਦੋ ਵਾਰੀ ਲਿਖਿਆ ਹੈ ਕਿ "ਭਾਈ ਝੰਡਾ ਅਸੀ ਪੰਧਰਾਂ ਸੌ ਕੋਹਾਂ ਤੇ ਆਏ ਹਾਂ।" ਬੁਸ਼ਹਿਰ ਤਾਂ 150 ਕੋਹ ਵੀ ਨਹੀ ਬਣਦਾ।

ਬੰਗਾਲ/ਅਸਾਮ ਦੇ ਇਲਾਕੇ ਦੀਆਂ ਦੋ ਤਿੰਨ ਗੱਲਾਂ ਹੀ ਤਾਂ ਮਸ਼ਹੂਰ ਹੋਇਆ ਕਰਦੀਆਂ ਸਨ। 1. ਮਖਮਲ, 2. ਜਾਦੂ ਤੇ 3.ਸਪੇਰੇ।

ਚਿਟਾਗਾਂਗ ਨੂੰ ਬੰਗਲਾ ਵਿੱਚ ਚਿਟਾਂਗ ਹੀ ਕਹਿੰਦੇ ਹਨ ਜੋ ਕਿ ਚਿਟਾਗਾਓ ਤੋਂ ਵਿਗੜਿਆ ਰੂਪ ਹੈ। ਪੁਰਾਤਨ ਜਨਮ ਸਾਖੀ ਵਿੱਚ ਨਗਰ ਦਾ ਨਾਂ ਛੁਟਘਾਟਕਾ ਲਿਖਿਆ ਹੈ। ਨਾਲ ਸਾਫ ਸਾਫ 'ਨਗਰ' ਲਫਜ਼ ਹੈ ਕਿ ਕਿਸੇ ਸ਼ਹਿਰ ਦੀ ਗੱਲ ਹੈ।

ਕਈ ਲਿਖਾਰੀ ਝੰਡੇ ਬਾਡੀ ਵਾਲੀ ਸਾਖੀ ਨੂੰ ਮੀਆਂਮਾਰ (ਬਰਮਾ) ਦੇ ਤਨਾਸਿਰਮ ਟਾਪੂ (ਤੱਨੀਂਥਰਾਈ) ਨਾਲ ਜੋੜਦੇ ਹਨ। ਜਨਮ ਸਾਖੀ 'ਚ ਸਾਫ ਸਾਫ ਲਿਖਿਆ ਹੈ ਕਿ ਇਹ ਸ਼ਹਿਰ ਹੈ। ਓਨੀ ਦਿਨੀ ਚਿਟਾਗਾਂਗ ਹੀ ਸੋਨਾਰਗਾਓ ਤੋਂ ਬਾਦ ਵੱਡਾ ਸ਼ਹਿਰ ਸੀ। ਤਨਾਸਿਰਮ ਵਿੱਚ ਵੱਡੇ ਸ਼ਹਿਰ ਦਾ ਹੋਣਾ ਉਨੀ ਦਿਨੀ ਸੰਭਵ ਨਹੀ ਸੀ। ਅੱਜ ਜੋ ਤੱਨੀਂਥਰਾਈ ਸ਼ਹਿਰ ਮੌਜੂਦ ਹੈ ਉਹ ਓਦੋਂ ਮਸਾਂ ਹੈ ਕਿ ਕੋਈ ਪਿੰਡ ਹੋਵੇ। ਫਿਰ ਓਥੇ ਹਿੰਦੁਸਤਾਨੀ ਮੂਲ ਦੇ ਲੋਕ ਵੀ ਨਹੀ ਹਨ। ਜਿਆਦਾ ਬਰਮੀ ਤੇ ਥਾਈ ਹੀ ਹਨ। ਜਨਮ ਸਾਖੀ ਵਿੱਚ ਕਿਤੇ ਵੀ ਇਸ਼ਾਰਾ ਨਹੀ ਮਿਲਦਾ ਕਿ ਇਥੋਂ ਦੀ ਸਭਿਅਤਾ ਵੱਖਰੀ ਹੈ।

ਸਾਖੀ 'ਚ ਲਿਖਿਆ ਹੈ ਕਿ ਲੋਕਾਂ ਨੇ ਪੰਜਾਬ ਦਾ ਨਾਂ ਸੁਣਿਐ ਹੋਇਆ ਹੈ। ਓਨੀ ਦਿਨੀ ਜੰਗਲਾਂ ਵਿੱਚ ਰਹਿ ਰਹੇ ਬਰਮੀ ਲੋਕਾਂ ਨੂੰ ਪੰਜਾਬ ਦੀ ਕੀ ਸੰਨਾਸ।

ਸੋ ਝੰਡਾ ਤਰਖਾਣ ਚਿਟਾਗਾਂਗ ਦੀ ਹੀ ਸੀ।

● (ਇਸ ਗਲ ਤੋਂ ਇਹ ਲਗਦਾ ਹੈ ਕਿ ਤੋਂ ਪਹਿਲਾਂ ਗੁਰੂ ਸਾਹਿਬ ਦਾ ਮੇਲ ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ ਨਾਲ ਗੌੜ ਮਾਲਦਾ ਵਿਖੇ ਨਹੀ ਹੋ ਸਕਿਆ ਸੀ।

ਕਈ ਲਿਖਾਰੀਆ ਨੇ ਗੁਰੂ ਸਾਹਿਬ ਦਾ ਅਗਰਤਲਾ ਤੋਂ 55 ਕਿਲੋਮੀਟਰ ਦੂਰ ਉਦੇਪੁਰ ਦੀ ਪਹਾੜੀ ਤੇ ਮੌਜੂਦ ਤਿਰੀਪੁਰਾ ਸ਼ਕਤੀ ਪੀਠ ਜਾਣਾ ਵੀ ਲਿਖਿਆ ਹੈ। ਪਰ ਇਤਹਾਸ ਨੂੰ ਘੋਖਣ ਤੋਂ ਪਤਾ ਲੱਗਦਾ ਹੈ ਕਿ ਮੰਦਰ ਤਾਂ 1501 ਈ. ਵਿੱਚ ਮਹਾਰਾਜਾ ਦਾਨਿਆ ਮਨੀਕਿਆ ਨੇ ਬਣਾਇਆ ਸੀ। ਉਸ ਤੋਂ ਪਹਿਲਾਂ ਮੰਦਰ ਦੀ ਕੋਈ ਹੋਂਦ ਨਹੀ ਸੀ।

✚ ਜਨਮ ਸਾਖੀ ਦੇ ਲਿਖਾਰਿਆ ਨੇ ਜਿਹੜਾ ਰਾਜੇ ਦਾ ਨਾਂ ਸੁਧਰ ਸੈਨ ਦਿਤਾ ਹੈ ਇਹ ਇਤਹਾਸਿਕ ਤੌਰ ਤੇ ਦਰੁੱਸਤ ਨਹੀ। ਦਰ ਅਸਲ ਕਿਸੇ ਵੇਲੇ ਚਿੱਟਾਗਾਂਗ ਵਿਖੇ ਸੈਨ ਖਾਨਦਾਨ ਦੀ ਵੀ ਹਕੂਮਤ ਸੀ। ਸੈਨ ਖਾਨਦਾਨ ਤਾਂ ਗੁਰੂ ਸਾਹਿਬ ਦੀ ਆਮਦ ਤੋਂ ਚਿਰੋਕਣਾ ਪਹਿਲਾਂ ਗੱਦੀਓ ਲਹਿ ਚੁੱਕਾ ਸੀ। ਇਹ ਤਾਂ ਪੱਕਾ ਹੈ ਕਿ ਇਹ ਸੁਧ੍ਰਸੈਨ ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ ਦਾ ਜਾਂ ਤਾਂ ਵਿਸ਼ਵਾਸ਼ ਪਾਤ੍ਰ ਜਾਂ ਇਹ ਖੁੱਦ ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ ਹੋਵੇ। ਹੋ ਸਕਦੈ ਗੁਰੂ ਸਾਹਿਬ ਦਾ ਮੇਲ ਗੌੜ (ਮਾਲਦਾ) ਵਿਖੇ ਨਾਂ ਹੋ ਸਕਿਆ ਹੋਵੇ ਤੇ ਬਾਦ ਵਿਚ ਪਤਾ ਲੱਗਾ ਹੋਵੇ ਕਿ ਬਾਦਸ਼ਾਹ ਚਿੱਟਾਗਾਂਗ ਆਇਆ ਹੋਇਆ ਹੈ ਜਿਸ ਕਰਕੇ ਗੁਰੂ ਸਾਹਿਬ ਚਿਟਾਗਾਂਗ ਪਧਾਰੇ ਅਤੇ ਬਾਦਸ਼ਾਹ ਨਾਲ ਹੀ ਸਿੱਧਾ ਮੇਲ ਹੋ ਗਿਆ। ਸੋ ਸੁਧ੍ਰ ਸੈਨ ਭਾਵੇ ਕੋਈ ਮੁਤਾਹਿਤ ਰਾਜਾ ਸੀ ਜਾਂ ਜਗੀਰਦਾਰ ਜਾਂ ਮਹਾਪੌਰ ਆਪਾਂ ਇਥੇ ਮੰਨ ਲੈਂਨੇ ਕਿ ਇਹ ਖੁਦ ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ ਹੀ ਸੀ। ਕਿਉਕਿ ਜਦੋਂ ਸੁਧਰ ਸੈਨ ਦਾ ਨਾਂ ਆਉਣਾ ਤਾਂ ਮਤਲਬ ਬਾਦਸ਼ਾਹ ਤੋਂ ਹੀ ਹੈ।

◈ਸਾਈਕਲ ਯਾਤਰੀ-125

ਲਈ ਵਰਤਣਾ ਸ਼ੁਰੂ ਕਰ ਦਿੱਤਾ ਸੀ। ਸਿੱਖੀ ਨਿਸ਼ਾਨ ਮਿੱਟ ਗਇਆ।

ਚਿਟਾਗਾਂਗ ਤੋਂ 30 ਕਿ. ਮੀ ਪਹਾੜ ਪਾਸੇ ਸੀਤਾਕੁੰਡ ਨਾਮੀ ਜਗਾ ਤੇ ਵੀ ਗੁਰੂ ਸਾਹਿਬ ਠਹਿਰੇ ਸਨ। ਜਿੱਥੇ ਉਨਾਂ ਦੇ ਚਰਨਾਂ ਦੇ ਨਿਸ਼ਾਨ 1930 ਤੱਕ ਮੌਜੂਦ ਸਨ। ◈

—◈—

ਇਸ ਤੋਂ ਬਾਦ ਗੁਰੂ ਸਾਹਿਬ ਮਾਘ ਦੇਸ ਤੇ ਬਰਮਾ ਵਲ ਜਾਂਦੇ ਹਨ (ਵੇਖੋ ਅਗਲਾ ਅਧਿਆਇ ਸਫਾ 167) ਤੇ ਕੁਝ ਸਮੇਂ ਬਾਦ ਵਾਪਸ ਚਿੱਟਾਗਾਂਗ ਪਰਤ ਆਉਦੇ ਹਨ। (1511 ਈ.)। ਚਿੱਟਾਗਾਂਗ ਤੋਂ ਫਿਰ ਸਮੁੰਦਰ ਰਸਤੇ ਜਗਨ ਨਾਥ ਪੁਰੀ ਵਲ ਨੂੰ ਰਵਾਨਾ ਹੁੰਦੇ ਹਨ ਪਰ ਰਸਤੇ ਵਿਚ ਬੰਗਾਲ ਦੇ ਕੁਝ ਹੋਰ ਪ੍ਰਸਿੱਧ ਸਥਾਨ ਵੇਖਦੇ ਹਨ।

—◈—

ਕਲਕੱਤੇ ਵਿਚ ਦੁੱਖੀ ਲੋਕਾਈ ਦਾ ਰੋਗ ਦੂਰ ਕੀਤਾ○

ਅੰਦਾਜ਼ਾ ਹੈ ਕਿ ਜਦੋਂ ਗੁਰੂ ਸਾਹਿਬ ਚਿੱਟਾਗਾਂਗ ਪਰਤ ਕੇ ਜਗਨਨਾਥਪੁਰੀ ਨੂੰ ਰਵਾਨਾ ਹੋਵੇ ਤਾਂ ਹੋ ਸਕਦਾ ਕਲਕੱਤੇ ਅਤੇ ਮੇਦਿਨੀ ਪੁਰ ਇਸ ਰੂਟ ਥਾਂਣੀ ਗਏ ਹੋਣ।

ਅੱਜ ਕਲਕੱਤਾ ਵਿਖੇ ਗੁਰਦੁਆਰਾ ਬੜਾ ਸੰਗਤ ਗੁਰੂ ਸਾਹਿਬ ਦੀ ਆਮਦ ਦੀ ਯਾਦ ਦਿਵਾਉਦਾ ਹੈ। ਇਥੇ ਭੱਦ ਸਿੰਘ ਨਾਂ ਦਾ ਕੋਈ ਪੰਜਾਬੀ ਖੱਤਰੀ ਅਹਿਲਕਾਰ ਰਹਿੰਦਾ ਸੀ। ਗੁਰੂ ਸਾਹਿਬ ਦੀ ਆਮਦ ਵੇਲੇ ਉਹ ਸਖਤ ਬੀਮਾਰ ਸੀ ਅਤੇ ਵੈਦਾਂ ਹਕੀਮਾਂ ਉਨੂੰ ਜਵਾਬ ਦੇ ਦਿੱਤਾ ਹੋਇਆ ਸੀ। ਸ਼ਹਿਰ ਵਿਚ ਉਸ ਵੇਲੇ ਕੋਈ ਮਹਾਂਮਾਰੀ ਫੈਲੀ ਹੋਈ ਸੀ। ਭੱਦ ਸਿੰਘ ਦੇ ਦੀਵਾਨ ਸੁਖਪਾਲ ਨੂੰ ਜਦੋਂ ਪਤਾ ਲਗਾ ਕਿ ਗੁਰੂ ਸਾਹਿਬ ਇਥੇ ਪਧਾਰੇ ਹੋਏ ਨੇ ਤਾਂ ਉਹ ਦੌੜਾ ਦੌੜਾ ਗਇਆ ਤੇ ਜਾ ਕੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਇਲਾਕੇ ਦੇ ਲੋਕਾਂ ਤੇ ਤਰਸ ਕਰਕੇ ਇਨਾਂ ਦਾ ਰੋਗ ਦੂਰ ਕਰੋ ਅਤੇ ਰਾਜਾ ਭੱਦ ਸਿੰਘ ਨੂੰ ਵੀ ਬਚਾ ਲਓ।✚ ਕਿਹਾ ਜਾਂਦਾ ਹੈ ਕਿ ਸਾਹਿਬ ਨੇ ਨਾਮ ਦੇ ਆਸਰੇ ਦੁੱਖੀ ਲੋਕਾਈ ਦਾ ਦੁੱਖ ਦੂਰ ਕੀਤਾ। ਇਸ ਥਾਂ ਹੀ ਗੁਰੂ ਸਾਹਿਬ ਨੇ ਸ਼ਬਦ ਉਚਾਰਿਆ:-

ਬਸੰਤੁ ਮਹਲਾ ੧ ॥ ਚੰਚਲੁ ਚੀਤੁ ਨ ਪਾਵੈ ਪਾਰਾ ॥ ਆਵਤ ਜਾਤ ਨ ਲਾਗੈ ਬਾਰਾ ॥ ਦੂਖੁ ਘਣੋ ਮਰੀਐ ਕਰਤਾਰਾ ॥ ਬਿਨੁ ਪ੍ਰੀਤਮ ਕੋ ਕਰੈ ਨ ਸਾਰਾ ॥੧॥ ਸਭ ਊਤਮ ਕਿਸੁ ਆਖਉ ਹੀਨਾ ॥ ਹਰਿ ਭਗਤੀ ਸਚਿ ਨਾਮਿ ਪਤੀਨਾ ॥੧॥ ਰਹਾਉ ॥ ਅਉਖਧ ਕਰਿ ਥਾਕੀ ਬਹੁਤੇਰੇ ॥ ਕਿਉ ਦੁਖੁ ਚੂਕੈ ਬਿਨੁ ਗੁਰ ਮੇਰੇ ॥ ਬਿਨੁ ਹਰਿ ਭਗਤੀ ਦੂਖ ਘਣੇਰੇ ॥ ਦੁਖ ਸੁਖ ਦਾਤੇ ਠਾਕੁਰ ਮੇਰੇ ॥੨॥ ਰੋਗੁ ਵਡੋ ਕਿਉ ਬਾਂਧਉ ਧੀਰਾ ॥ ਰੋਗੁ ਬੁਝੈ ਸੋ ਕਾਟੈ ਪੀਰਾ ॥ ਮੈ ਅਵਗਣ ਮਨ ਮਾਹਿ ਸਰੀਰਾ ॥ ਢੂਢਤ ਖੋਜਤ ਗੁਰਿ ਮੇਲੇ ਬੀਰਾ ॥੩॥ ਗੁਰ ਕਾ ਸਬਦੁ ਦਾਰੂ ਹਰਿ ਨਾਉ ॥ ਜਿਉ ਤੂ ਰਾਖਹਿ ਤਿਵੈ ਰਹਾਉ ॥ ਜਗੁ ਰੋਗੀ ਕਹ ਦੇਖਿ ਦਿਖਾਉ ॥ ਹਰਿ ਨਿਰਮਾਇਲੁ ਨਿਰਮਲੁ ਨਾਉ ॥੪॥ ਘਰ ਮਹਿ ਘਰੁ ਜੋ ਦੇਖਿ ਦਿਖਾਵੈ ॥ ਗੁਰ ਮਹਲੀ ਸੋ ਮਹਲਿ ਬੁਲਾਵੈ ॥ ਮਨ ਮਹਿ ਮਨੂਆ ਚਿਤ ਮਹਿ ਚੀਤਾ ॥ ਐਸੇ ਹਰਿ ਕੇ ਲੋਗ ਅਤੀਤਾ ॥੫॥ ਹਰਖ ਸੋਗ ਤੇ ਰਹਹਿ ਨਿਰਾਸਾ ॥ ਅੰਮ੍ਰਿਤੁ ਚਾਖਿ ਹਰਿ ਨਾਮਿ ਨਿਵਾਸਾ ॥ ਆਪੁ ਪਛਾਣਿ ਰਹੈ ਲਿਵ ਲਾਗਾ ॥ ਜਨਮੁ ਜੀਤਿ ਗੁਰਮਤਿ ਦੁਖੁ ਭਾਗਾ ॥੬॥ ਗੁਰਿ ਦੀਆ ਸਚੁ ਅੰਮ੍ਰਿਤੁ ਪੀਵਉ ॥ ਸਹਜਿ ਮਰਉ ਜੀਵਤ ਹੀ ਜੀਵਉ ॥ ਅਪਣੇ ਕਰਿ ਰਾਖਹੁ ਗੁਰ ਭਾਵੈ ॥ ਤੁਮਰੋ ਹੋਇ ਸੁ ਤੁਝਹਿ ਸਮਾਵੈ ॥੭॥ ਭੋਗੀ ਕਉ ਦੁਖੁ ਰੋਗ ਵਿਆਪੈ ॥ ਘਟਿ ਘਟਿ ਰਵਿ ਰਹਿਆ ਪ੍ਰਭੁ ਜਾਪੈ ॥ ਸੁਖ ਦੁਖ ਹੀ ਤੇ ਗੁਰ ਸਬਦਿ ਅਤੀਤਾ ॥ ਨਾਨਕ ਰਾਮੁ ਰਵੈ ਹਿਤ ਚੀਤਾ ॥੮॥੪॥

ਜਿਥੇ ਗੁਰੂ ਸਾਹਿਬ ਨੇ ਭੱਦ ਸਿੰਘ ਰਾਜੇ ਦਾ ਰੋਗ ਦੂਰ ਕੀਤਾ :ਗੁਰਦੁਆਰਾ ਬੜਾ ਸੰਗਤ, ਕਲਕੱਤਾ

ਇਥੋਂ ਦੀ ਪ੍ਰੰਪਰਾ ਅਨੁਸਾਰ ਗੁਰੂ ਸਾਹਿਬ ਇਥੇ 12 ਦਿਨ ਰਹੇ ਸਨ। ਕਲਕੱਤੇ ਤੋਂ ਸਾਹਿਬ ਮੇਦਿਨੀਪੁਰ ਰਿਆਸਤ ਨੂੰ ਚਲੇ ਗਏ।

—◈—

ਜਦੋਂ ਚੰਦਰਕੋਨਾ (ਮੇਦਨੀਪੁਰ) ਦੀ ਰਾਜਕੁਮਾਰੀ ਬਣ ਗਈ ਰਾਜਕੁਮਾਰ ●

ਗੁਰੂ ਸਾਹਿਬ ਦੇ ਵੇਲੇ ਮੇਦਨੀਪੁਰ (ਇਸ ਨੂੰ ਅੱਜ ਕਲ੍ਹ ਮਿਦਨਾਪੁਰ ਲਿਖਦੇ ਹਨ) ਉੜੀਸਾ ਰਾਜ ਦਾ ਹਿੱਸਾ ਸੀ। ਏਥੇ ਨੇੜੇ ਹੀ ਕਸਬਾ ਚੰਦਰਕੋਨਾ ਹੈ। ਇਥੇ ਓਹਨੀ ਦਿਨੀ ਚੰਦਰ ਕੇਤੂ ਨਾਂ ਦੇ ਬਾਜਗੁਜਾਰ ਰਾਜੇ ਦਾ ਰਾਜ ਸੀ। ਗੁਰੂ ਸਾਹਿਬ ਦੀ ਇਸ ਸ਼ਹਿਰ ਵਿਚ ਆਮਦ ਤੇ ਬਹੁਤ ਆਓ ਭਗਤ ਹੋਈ। ਕਿਉਕਿ ਸਾਹਿਬ ਦੀ ਸੋਭਾ ਬਿਹਾਰ ਬੰਗਾਲ ਸਭ ਜਗ੍ਹਾ ਫੈਲ ਚੁੱਕੀ ਸੀ।

ਨੋਟ ਸਫਾ

○ ਜਿਹੜੇ ਕਹਿੰਦੇ ਨੇ ਕਿ ਗੁਰੂ ਸਾਹਿਬ ਦੇ ਵੇਲਿਆਂ ਵਿਚ ਕੱਲਕੱਤਾ ਤਾਂ ਅਜੇ ਜੰਮਿਆਂ ਵੀ ਨਹੀ ਸੀ ਉਨਾਂ ਨੂੰ ਨੋਟ ਕਰਨਾਂ ਚਾਹੀਦਾ ਹੈ ਕਿ ਅਕਬਰ ਬਾਦਸ਼ਾਹ ਦੇ ਵੇਲਿਆ ਦੇ ਮਾਮਲਾ ਦਸਤਾਵੇਜਾਂ ਵਿਚ ਕੋਲਕਤਾ ਦਾ ਜਿਕਰ ਆਉਦਾ ਹੈ। ਫਿਰ 15 ਵੀ ਸਦੀ ਦੇ ਬੰਗਲਾ ਕਵੀ ਬਿਪਰਦਾਸ ਪਿਪਲਾਈ ਦੀ ਕਵਿਤਾ ਵਿਚ ਵੀ ਸ਼ਹਿਰ ਦਾ ਜਿਕਰ ਹੈ। ਹੋ ਸਕਦਾ ਹੈ ਕਿ ਹੁਗਲੀ ਨਦੀ ਦੇ ਕੰਢੇ ਹੋਣ ਕਰਕੇ ਇਹਦੀ ਅਹਿਮੀਅਤ ਹੋਵੇ। ਓਦੋ ਹੁਗਲੀ ਵਿਚ ਬਕਾਇਦਾ ਜਹਾਜਰਾਨੀ ਹੁੰਦੀ ਸੀ।

◈ ਸਾਈਕਲ ਯਾਤਰੀ

✚ਕਲਕੱਤਾ ਸਥਿਤ ਗੁਰਦੁਆਰੇ -ਭਾਈ ਦਲੀਪ ਸਿੰਘ ਅਤੇ ਸਾਈਕਲ ਯਾਤਰੀ-120

ਚੰਦਰਕੋਨਾ ਦਾ ਇਤਹਾਸਿਕ ਅਸਥਾਨ। ਇਹ ਉਦਾਸੀ ਸਾਧੂਆਂ ਦੀ ਬਦੌਲਤ ਬਚਿਆ ਰਿਹਾ ਹੈ। ਹੇਠਾਂ ਉਦਾਸੀ ਸਾਧੂਆਂ ਦੀਆ ਸਮਾਧਾਂ ਅਤੇ ਬੇਲ ਦਾ ਪੁਰਾਣਾ ਰੁੱਖ ਜਿਸ ਥੱਲੇ ਗੁਰੂ ਸਾਹਿਬ ਬਿਰਾਜੇ ਸਨ।

ਜਦੋਂ ਕੁਝ ਦਿਨ ਇਥੇ ਰਹੇ ਤਾਂ ਇਕ ਦਿਨ ਸ਼ਹਿਰ ਦੀ ਰਾਣੀ ਚੁੱਪ ਚੁਪੀਤੀ ਆਪਣੀ ਵਿਸ਼ਵਾਸ਼ ਪਾਤਰ ਗੋਲੀ ਨਾਲ ਗੁਰੂ ਸਾਹਿਬ ਦੇ ਚਰਨਾਂ ਵਿਚ ਆ ਕੇ ਗਿੜਗਿੜਾਈ ਕਿ ਬਾਬਾ ਜੀ ਮੇਰੀ ਇੱਜਤ ਰੱਖ ਲਓ। ਰਾਣੀ ਨੇ ਕਹਾਣੀ ਦੱਸੀ ਕਿ:

"ਦੋ ਸਾਲ ਪਹਿਲਾਂ ਜਦੋਂ ਮੈਂ ਗਰਭਵਤੀ ਸੀ ਤਾਂ ਪੰਡਤਾਂ ਨੇ ਭਵਿਖਵਾਣੀ ਕੀਤੀ ਸੀ ਕਿ ਮੇਰੇ ਘਰ ਪੁੱਤਰ ਜਨਮ ਲਵੇਗਾ। ਰਾਜਾ ਨੇ ਇਹ ਸੁਣ ਕੇ ਜਨਮ ਤੋਂ ਪਹਿਲਾਂ ਹੀ ਬਹੁਤ ਖੁਸ਼ੀਆਂ ਮਨਾਈਆਂ।

ਪਰ ਜਦੋਂ ਜਨਮ ਹੋਇਆ ਤਾਂ ਮੇਰੇ ਘਰ ਪੁੱਤਰ ਨਹੀ, ਧੀ ਆਈ। ਰਾਜਾ ਕਿਤੇ ਦੂਰ ਨੇੜੇ ਮੁਹਿੰਮ ਤੇ ਗਇਆ ਹੋਇਆ ਸੀ। ਉਸ ਬ੍ਰਾਹਮਣ ਨੂੰ ਜਿਵੇ ਪਤਾ ਲੱਗਾ ਤਾਂ ਉਹ ਮੇਰੇ ਤਕ ਆਇਆ ਅਤੇ ਕਹਿਣ ਲੱਗਾ ਕਿ "ਤੂੰ ਰਾਜਾ ਨੂੰ ਝੂਠ ਬੋਲ ਦੇ ਕਿ ਮੁੰਡਾ ਹੋਇਆ

ਗੁਰੂ ਸਾਹਿਬ ਦੀ ਚਰਨ ਛੋਅ ਪ੍ਰਾਪਤ ਕਰਕੇ ਰਾਜਾ ਚੰਦਰਕੇਤੂ ਤਾਂ ਅਮਰ ਹੋ ਗਇਆ ਹੈ। ਛੋਟੇ ਜਿਹੇ ਰਾਜੇ ਨੇ ਹੋਰ ਵੀ ਧਾਰਮਿਕ ਅਸਥਾਨ ਬਣਵਾਏ। ਓਸੇ ਦਾ ਬਣਵਾਇਆ ਇਹ ਮਾਲੇਸ਼ਵਰ ਮੰਦਰ ਅੱਜ ਵੀ ਚੰਦਰਕੋਨਾ ਵਿਖੇ ਮੌਜੂਦ ਹੈ।

ਹੈ। ਬ੍ਰਾਹਮਣ ਨੇ ਮੈਨੂੰ ਡਰ ਪਾ ਦਿਤਾ ਕਿ ਜੇ ਰਾਜਾ ਨੂੰ ਪਤਾ ਲੱਗਾ ਕਿ ਕੁੜੀ ਹੋਈ ਤਾਂ ਉਹ ਤੈਨੂੰ ਛੱਡ ਦੇਵੇਗਾ ਅਤੇ ਮਹੱਲਾਂ ਤੋਂ ਬਾਹਰ ਕੱਢ ਦੇਵੇਗਾ।"

"ਇਸ ਡਰ ਕਰਕੇ ਮੈ ਝੂਠ ਬੋਲਿਆ ਅਤੇ ਰਾਜਾ ਨੂੰ ਇਹੋ ਕਿਹਾ ਕਿ ਪੁੱਤਰ ਜਨਮਿਆ ਹੈ ਅਤੇ ਅੱਜ ਦੋ ਸਾਲ ਤੋਂ ਕੁੜੀ ਨੂੰ ਮੁੰਡੇ ਦੀ ਤਰਾਂ ਹੀ ਪਾਲ ਰਹੀ ਹਾਂ। ਕਿਸੇ ਨੂੰ ਪਤਾ ਨਹੀ ਲੱਗਣ ਦਿਤਾ। ਪਰ ਮੈਂ ਅੰਦਰੋ ਅੰਦਰ ਖੁਰਦੀ ਜਾ ਰਹੀ ਹਾਂ। ਇਸ ਝੂਠ ਨੇ ਮੈਨੂੰ ਖਾ ਲਿਆ ਹੈ। ਬਾਬਾ ਜੀ ਮੇਰੀ ਇੱਜਤ ਰੱਖੋ। ਦੱਸੋ ਮੈਂ ਕੀ ਕਰਾਂ? ਕੀ ਮੈਨੂੰ ਮਰ ਜਾਣਾ ਚਾਹੀਦਾ ਹੈ?"

ਗੁਰੂ ਸਾਹਿਬ ਨੇ ਰਾਣੀ ਨੂੰ ਕਿਹਾ ਕਿ ਉਸ ਰਾਜਕੁਮਾਰੀ ਨੂੰ ਪੇਸ਼ ਕਰੋ। ਰਾਜਕੁਮਾਰੀ ਨੂੰ ਲਿਆਦਾ ਗਇਆ। ਗੁਰੂ ਸਾਹਿਬ ਨੇ ਓਦੋਂ ਇਸ਼ਨਾਨ ਕੀਤਾ ਅਤੇ ਰਹਿੰਦਾ ਪਾਣੀ ਮਰਦਾਨੇ ਨੇ ਉਸ ਰਾਜ ਕੁਮਾਰੀ ਉੱਤੇ ਛਿੜਕ ਦਿਤਾ। ਗੁਰੂ ਸਾਹਿਬ ਨੇ ਰਾਣੀ ਨੂੰ ਛੁੱਟੀ ਬਖਸ਼ੀ ਤੇ ਕਿਹਾ ਕਿ ਤੁਸੀ ਹੁਣ ਆਪਣੇ ਮਹਿਲਾਂ ਵਿਚ ਜਾਓ। ਰਾਣੀ ਨੇ ਤੁਰੰਤ ਮਹਿਲਾਂ ਵਿਚ ਜਾ, ਰਾਜਕੁਮਾਰੀ ਦੇ ਕਪੜੇ ਬਦਲਣ ਬਹਾਨੇ ਜਦੋਂ ਤੱਕਿਆ ਤਾਂ ਉਹ ਲੜਕੀ ਨਹੀ, ਸਚਮੁੱਚ ਲੜਕਾ ਹੀ ਸੀ। ਰਾਣੀ ਨੇ ਖੁਸ਼ੀ ਵਿਚ ਦੁਹਾਈ ਦੇ ਦਿੱਤੀ।

ਖਬਰ ਚੁਫੇਰੇ ਜੰਗਲ ਦੀ ਅੱਗ ਦੀ ਤਰਾਂ ਫੈਲ ਗਈ। ਕਿਉਕਿ ਨੌਕਰਾਣੀਆਂ ਨੂੰ ਤਾਂ ਪਹਿਲਾਂ ਹੀ ਪਤਾ ਸੀ। ਰਾਣੀ ਨੇ ਦੁਹਾਈ ਦੇ ਦਿੱਤੀ। ਗਲ ਰਾਜੇ ਤਕ ਵੀ ਪਹੁੰਚ ਗਈ। ਹਰ ਕੋਈ ਲੱਗਾ ਸਤਿਨਾਮ ਵਾਹਿਗੁਰੂ ਜੱਪਣ।

ਜਿਥੇ ਜਿਥੇ ਗੁਰੂ ਸਾਹਿਬ ਓਥੇ ਯਾਦਗਾਰਾਂ ਬਣੀਆਂ ਸਨ। ਪਰ ਵਕਤ ਪਾ ਕੇ ਮਿੱਟ ਗਈਆਂ ਪਰ ਇਥੇ ਚੰਦਰਕੋਨਾ ਵਿਖੇ ਅੱਜ ਵੀ ਗੁਰੂ ਸਾਹਿਬ ਦੀ ਪੁਰਾਤਨ ਯਾਦਗਾਰ ਦੇ ਤੌਰ ਤੇ ਗੁਰਦੁਆਰਾ ਸਾਹਿਬ ਮੌਜੂਦ ਹੈ। ਕਾਰਨ ਇਹ ਕਿ ਲਾਗੇ ਹੀ 62 ਕਿ. ਮੀ. ਦੀ ਦੂਰੀ ਤੇ ਖੜਗ ਪੁਰ ਵਿਖੇ ਹਜਾਰਾਂ ਸਿੱਖ ਰਹਿੰਦੇ ਹਨ। ਇਕ ਬੰਗਾਲੀ ਉਦਾਸੀ ਸਰਨ ਦਾਸ ਦੀ ਹਿੰਮਤ ਕਰਕੇ ਇਹ ਗੁਰਦੁਆਰਾ ਸਾਹਿਬ ਬਚਿਆ ਹੋਇਆ ਹੈ ਜਿਸ ਨੇ ਸਿੱਖਾਂ ਨੂੰ ਨਾਲ ਜੋੜ ਲਿਆ। ਬਹੁਤੀ ਥਾਂਈ ਭਾਵ ਪੰਜਾਬੋਂ ਸਥਾਨਕ ਸੰਗਤ ਦੀ ਅਣਹੋਂਦ ਕਰਕੇ ਬਾਹਰ ਦੇ ਹਜਾਰਾਂ ਅਸਥਾਨ ਅਲੋਪ ਹੋ ਗਏ ਹਨ।

ਚੰਦਰਕੋਨਾ ਤੋਂ ਮੇਦਿਨੀਪੁਰ 44 ਕਿ. ਮੀ. ਉੱਤਰ ਹੈ।

ਸੀਨਾ ਬਸੀਨਾ ਚਲਦੀ ਆ ਰਹੀ ਗਲ ਮੁਤਾਬਿਕ ਗੁਰੂ ਸਾਹਿਬ ਕਲਕੱਤਾ ਤੋਂ ਇਥੇ ਆਏ ਤੇ ਅੱਗੇ ਜਗਨ ਨਾਥ ਪੁਰੀ ਨੂੰ ਚਲਦੇ ਬਣੇ।

—▲—

ਨੋਟ

● ਸਾਈਕਲ ਯਾਤਰੀ - 119

● ਮਨੀ ਸਿੰਘ- 404 ਅਨੁਸਾਰ ਇਹ ਘਟਨਾ ਸਿੰਗਲਾਦੀਪ (ਲੰਕਾ) ਵਾਪਰੀ। ਪਰ ਇਤਹਾਸ ਦੇ ਅਸੂਲ ਮੁਤਾਬਿਕ ਮੁਕਾਮੀ ਅਫਸਾਨਾ (ਦੰਤ ਕਥਾ) ਦੀ ਮਕਬੂਲੀਅਤ ਦੂਰ ਬੈਠੇ ਕਿਸੇ ਇਤਹਾਸਕਾਰ ਦੇ ਲਿਖੇ ਇਤਹਾਸ ਤੋਂ ਜਿਆਦਾ ਭਰੋਸੇਮੰਦ ਹੁੰਦੀ ਹੈ। (ਚੰਦਰਕੋਨਾ ਗੁਰਦੁਆਰੇ ਦੀਆਂ ਤਸਵੀਰਾਂ ਸਾਨੂੰ ਓਥੋਂ ਦੇ ਗ੍ਰੰਥੀ ਸਿੰਘ ਸਤਨਾਮ ਸਿੰਘ ਨੇ ਭੇਜੀਆਂ ਨੇ।)

ਬਾਬ-42

ਮਾਘ ਦੇਸ ਅਤੇ ਬਰਮਾ ਦੀ ਉਦਾਸੀ

ਰਾਖਸ਼ਾਂ ਦੇ ਮਾਘ–ਦੇਸ ਪਹੁੰਚ ਗਇਆ ਬਾਬਾ– ਰਾਜਾ ਮਿੰਨ ਰਜਾ ਨਾਲ ਗੋਸਟਿ

ਆਗੇ ਸਾਖੀ ਲਿਖਤੇ। ਰਾਜੇ ਮਧੁਰਬੈਨ ਤਥਾ ਸਭ ਨਾਲ ਹੋਈ। (ਬਾਲੇ ਵਾਲੀ ਪੰਨਾ-177)

ਬਰਮਾ ਤੇ ਭਾਰਤੀ ਸੂਬਿਆਂ (ਅਰੁਨਾਚਲ, ਨਾਗਾਲੈਂਡ, ਮਨੀਪੁਰ ਤੇ ਮਿਜੋਰਮ) ਦਰਮਿਆਨ ਇੱਕ ਪਹਾੜੀ ਸਿਲਸਿਲਾ ਹੈ ਜਿਸ ਨੂੰ ਜਨਮ ਸਾਖੀ ਦੇ ਲਿਖਾਰੀਆਂ ਨੇ ਸਿਲਮਿਲਾ ਪਹਾੜੀਆਂ ਲਿਖਿਆ ਹੈ। ਇਹੋ ਸਿਲਸਿਲਾ ਫਿਰ ਚਿਟਾਗਾਂਗ ਲਾਗੇ ਬੰਗਾਲ ਦੀ ਖਾੜੀ ਤੋਂ ਥੋੜਾ ਹਟਵਾ ਰਹਿ ਕੇ ਸਮੁੰਦਰ ਦੇ ਨਾਲ ਨਾਲ ਪੂਰਬ ਨੂੰ ਮੁੜ ਜਾਂਦਾ ਹੈ। ਚਿੱਟਾਗਾਂਗ ਤੋਂ ਸ਼ੁਰੂ ਹੋ ਕੇ ਇਸ ਸਿਲਸਿਲੇ ਤੇ ਸਮੁੰਦਰ ਦਰਮਿਆਨ ਜਿਹੜੀ ਘਾਟੀ ਬਣਦੀ ਹੈ ਉਨ੍ਹੂੰ ਆਰਾਕਾਨ ਦੇਸ ਕਿਹਾ ਜਾਂਦਾ ਹੈ ਜਿਥੋਂ ਦੇ ਵਾਸੀ ਅੱਜ ਰੋਹਿੰਗਿਆ ਮੁਸਲਮਾਨ ਹਨ। ਓਹੋ ਰੋਹਿੰਗਿਆ ਜਿੰਨਾਂ ਨੂੰ ਪਿਛੇ ਬਰਮਾਂ ਵਿਚ ਵੱਡੀ ਮਾਰ ਪਈ ਸੀ। ਹਜਾਰਾਂ ਦਾ ਕਤਲਾਮ ਹੋਇਆ। ਇਹ ਦੌੜ ਕੇ ਕੁਝ ਭਾਰਤ ਆਏ ਕੁਝ ਬੰਗਲਾ ਦੇਸ। ਆਰਾਕਾਨ ਇਲਾਕਾ ਬਰਮਾ ਜਾਂ ਮਿਆਮਾਰ ਦੇ ਕੰਟਰੋਲ ਤਹਿਤ ਹੈ। ਆਰਾਕਾਨ ਦੇ ਸਾਹਮਣੇ ਅੰਡੇਮਾਨ ਸਮੁੰਦਰ ਵਿੱਚ ਵੀ ਸੈਕੜੇ ਟਾਪੂ ਵੀ ਹਨ। ਇਹ ਵੀ ਏਸੇ ਦੇਸ ਦਾ ਹਿਸਾ ਹਨ।

ਇਥੋਂ ਦੇ ਵਸਨੀਕਾਂ ਨੂੰ ਆਰਾਕਾਨੀ ਜਾਂ ਰਖਾਈਨ (ਰਾਖਸ਼) ਕਿਹਾ ਜਾਂਦਾ ਹੈ। ਉਹ ਆਪ ਹੀ ਆਪਣੇ ਬਾਰੇ ਲਿਖਦੇ ਹਨ ਕਿ ਪੁਰਾਣੇ ਜਮਾਨੇ ਵਿੱਚ ਸਾਨੂੰ ਰਾਖਸ਼ ਕਿਹਾ ਜਾਂਦਾ ਸੀ। ਉਨਾਂ ਲੋਕਾਂ ਨੂੰ ਹਿੰਦੁਸਤਾਨ ਵਿੱਚ ਮਾਘ ਲੋਕ ਕਹਿ ਕੇ ਯਾਦ ਕੀਤਾ ਜਾਂਦਾ ਸੀ।

ਬੰਗਾਲੀ ਲੋਕ ਇਨਾਂ ਨੂੰ ਆਰਾਕਾਨੀ ਕਹਿੰਦੇ ਹਨ। 15ਵੀ ਸਦੀ ਵਿੱਚ ਇਸ ਦੇਸ ਦੀ ਰਾਜਧਾਨੀ 'ਮਰਾਕ ਊ' ਸੀ। 1404-1434 ਈ ਤੱਕ ਇੱਕ ਰਾਜਾ ਹੋਇਆ 'ਨਰ ਮੇਖਲਾ' ਨਾਂ ਦਾ, ਉਸ ਨੇ ਬੰਗਾਲ ਦੇ ਸੁਲਤਾਨ ਦੀ ਈਨ ਮੰਨ ਕੇ ਮਰਾਕ ਊ ਨੂੰ ਬੰਗਾਲ ਦਾ ਹਿਸਾ ਮੰਨ ਲਿਆ ਸੀ। ਕਹਿਣ ਤੋਂ ਮਤਲਬ ਜਦੋਂ ਗੁਰੂ ਸਾਹਿਬ ਚਿੱਟਾਗਾਂਗ ਜਾਂਦੇ ਨੇ ਓਦੋਂ ਮਾਘ ਦੇਸ ਤੇ ਵੀ ਬੰਗਾਲ ਦੇ ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ (ਜਨਮ ਸਾਖੀ ਦਾ ਸੁਧ੍ਰ ਸੈਨ) ਦਾ ਰਾਜ ਸੀ। ਜਿਸ ਕਰਕੇ ਇਹ ਕਾਰਨ ਬਣਦਾ ਹੈ ਗੁਰੂ ਸਾਹਿਬ ਦਾ ਮਾਘ ਦੇਸ ਵਿਚ ਜਾਣ ਦਾ।

ਗੁਰੂ ਸਾਹਿਬ ਦੇ ਇਸ ਇਲਾਕੇ ਤੋਂ ਵਾਪਸ ਆਉਣ ਤੋਂ ਕੁਝ ਸਾਲ ਬਾਦ ਭਾਵ ਅਲਾਉਦੀਨ ਹੁਸੈਨ ਸ਼ਾਹ ਦੀ ਮੌਤ ਤੋਂ ਬਾਦ ਭਾਵ

ਪੈਂਡਾ ਸਫਾ

ਬਾਲੇ ਵਾਲੀ ਜਨਮ ਸਾਖੀ ਵਿੱਚ ਹੇਠ ਲਿਖੀਆਂ ਸਾਖੀਆਂ ਆਉਦੀਆਂ ਹਨ ਜਿੰਨਾਂ ਦਾ ਸਬੰਧ ਬਰਮਾ ਨਾਲ ਸਾਬਤ ਹੁੰਦਾ ਨਜਰ ਆ ਰਿਹਾ ਹੈ:–

1.ਪੰਨਾ 168. ਆਗੇ ਸਾਖੀ ਲਿਖਤੇ। ਸੁਧ੍ਰ ਸੈਨ ਤਥਾ ਇੰਦ੍ਰ ਸੈਨ ਤਥਾ ਝੰਡੇ ਬਾਢੀ ਨਾਲ ਹੋਈ ਗੋਸਟਿ (ਇਹ ਬਰਮਾ ਦੀ ਸਰਹੱਦ ਤੇ ਬੰਗਲਾਦੇਸ਼ ਦੇ ਸ਼ਹਿਰ ਚਿਟਾਗਾਂਗ ਵਿਖੇ ਸਾਬਤ ਹੁੰਦੀ ਹੈ। (ਸਾਖੀ ਪਿੱਛੇ ਆ ਚੁੱਕੀ ਹੈ)

2.ਪੰਨਾ-177. ਆਗੇ ਸਾਖੀ ਲਿਖਤੇ। ਰਾਜੇ ਮਧੁਰਬੈਨ ਤਥਾ ਸਭ ਨਾਲ ਹੋਈ। (ਸਿਲਮਿਲਾ ਦੀਪ, ਸ਼ਹਿਰ ਦਾ ਨਾਉ ਬ੍ਰਹਮ ਪੁਰ।) - ਅੱਜ ਪਛਾਣ - ਰਖਾਈਨ ਦੇਸ ਦੀ ਰਾਜਧਾਨੀ 'ਮਰਾਕ ਯੂ' ਸਾਬਤ ਹੁੰਦੀ ਹੈ।

3.ਪੰਨਾ-180. ਅਗੇ ਜੰਬੂ ਦੀਪ ਨੂੰ ਚਲੇ। ਆਗੇ ਸਾਖੀ ਲਿਖਤੇ ਦੇਵਲੂਤ ਤਥਾ ਹੋਰਨਾਂ ਨਾਲ ਗੋਸਟਿ ਹੋਈ।(ਜਿਥੇ ਕੜਾਹੇ ਵਿੱਚ ਤਲੀਦਾ (ਇਨਸਾਨ) ..ਸ਼ਹਿਰ ਦਾ ਨਾਂ ਨਾਓ ਦੇਉਰੀਧਾਰ। ..ਵੱਡਾ ਰਾਜਾ..ਸਤਾਰਾਂ ਲੱਖ ਦੇਉ ਇਸ ਦੇ ਸਲਾਮੀ।)– ਅੱਜ ਪਛਾਣ - ਸ਼ਹਿਰ ਦਾ ਨਾਂ ਬਾਗੋ। ਰੰਗੂਨ ਤੋਂ 91 ਕਿ.ਮੀ. ਉਤਰ ਪੂਰਬ ਵਿੱਚ।

4.ਪੰਨਾ-192. ਆਗੇ ਹੋਰ ਉਦਾਸੀ ਸਾਖੀ ਚਲੀ।(ਧਰਮ ਸਿੰਘ ਤੇ ਕਵਲ ਨੈਨ ਨਾਲ) (7 ਮਹੀਨੇ 13 ਦਿਨ ਸਮੁੰਦਰ ਵਿੱਚ ਚਲੇ ਥੇ। ਅੱਗੇ ਕੋਹਾਂ ਚੌਹਾਂ ਤੇ ਸ਼ਹਿਰ ਨਜਰ ਆਇਆ। ਸਵੱਰਨਪੁਰ। ਸਭ ਕੁਝ ਸੋਨੇ ਦਾ।- ਅੱਜ ਪਛਾਣ - ਆਵਾ ਜਾਂ ਇਨਵਾ -ਦੇਸ ਦੀ ਰਾਜਧਾਨੀ।

ਨਾਲ ਦਿੱਤਾ ਨਕਸ਼ਾ ਵੇਖੋ ਜੀ।

ਕਿਉਕਿ ਇਨਾਂ ਤਿੰਨਾਂ ਸਾਖੀਆਂ ਦਾ ਸਬੰਧ ਚਿਟਾਗਾਂਗ ਦੇ ਰਾਜੇ ਸੁਧ੍ਰ ਸੈਨ (ਬਾਦਸ਼ਾਹ ਅਲਾਉਦੀਨ ਹੁਸੈਨ ਸ਼ਾਹ) ਨਾਲ ਜੁੜਦਾ ਹੈ। ਇਸ ਕਰਕੇ ਇਹ ਪੂਰਬ ਜਾਂ ਦੂਰ ਪੂਰਬ ਤੋ ਸਿਵਾ ਹੋਰ ਕਿਸੇ ਥਾਂ ਦੀਆਂ ਨਹੀ ਹੋ ਸਕਦੀਆਂ। ਕਿਉਕਿ ਬਾਦਸ਼ਾਹ ਹੁਸੈਨ ਸ਼ਾਹ ਦਾ ਮਾਘ ਦੇਸਾਂ ਭਾਵ ਰਖਾਈਨ ਦੇਸਾਂ ਤੇ ਵੀ ਰਾਜ ਸੀ ਇਸ ਕਰਕੇ ਇਹ ਬਰਮਾਂ ਨਾਲ ਇਨਾਂ ਦਾ ਸਬੰਧ ਹੋਣਾ ਸਹਿਲਾ ਸਾਬਤ ਹੁੰਦਾ ਹੈ। ਜਦੋਂ ਗੁਰੂ ਸਾਹਿਬ ਮੀਆਂਮਾਰ ਤੇ ਰਖਾਈਨ ਦੇਸ ਵਿੱਚ ਆਏ ਮੁਲਕ ਮੁਖ ਤੌਰ ਤੇ ਤਿੰਨ ਵੱਡੀਆਂ ਰਿਆਸਤਾਂ ਵਿੱਚ ਸੀ। ਹਾਲਾਂ ਅੱਗੇ ਬਾਜਗੁਜਾਰ ਰਾਜੇ ਵੀ ਹੈ ਸਨ। ਤਿੰਨ ਮੁਖ ਭਾਗ ਸਨ:

1. ਰਖਾਈਨ- ਰਾਜਧਾਨੀ ਮਰਾਕ ਊ।

2. ਹੰਥਾਵੱਡੀ (ਹੰਸਾਵਤੀ) ਰਿਆਸਤ -ਰਾਜਧਾਨੀ ਬਾਗੋ।

3. ਆਵਾ ਰਿਆਸਤ -ਰਾਜਧਾਨੀ ਆਵਾ।

—

ਇਹ ਗੱਲ ਦਰੁਸਤ ਨਹੀ ਜਿਹੜੇ ਇਸ ਸਾਖੀ ਨੂੰ ਰਖਾਈਨ ਦੇਸ ਤੋਂ ਪਰੇ ਓਰੇ ਲੈ ਜਾਂਦੇ ਹਨ। (ਕੋਈ ਸਿੰਘ ਮਲੇਸ਼ੀਆ ਕਹਿ ਦਿੰਦਾ ਤੇ ਕੋਈ ਕੁਝ ਹੋਰ) ਸਿਲਮਿਲਾ ਦੀਪ ਜਾਂ ਪਹਾੜੀਆਂ ਦਾ ਜਿਕਰ ਹੈ। ਰਾਖਸ਼ਾਂ ਦਾ ਜਿਕਰ ਹੈ। ਫਿਰ ਸਭ ਤੋਂ ਵੱਡੀ ਗੱਲ ਸਾਖੀ ਵਿੱਚ ਗੁਰੂ ਸਾਹਿਬ ਦੇ ਮੂੰਹੋ ਰਾਜੇ ਸੁਧ੍ਰ ਸੈਨ ਦਾ ਪੱਖ ਲੈਂਦੇ ਦੱਸਿਆ ਗਿਆ। ਸੁਧ੍ਰ ਸੈਨ ਚਿਟਾਂਗਾਗ ਦਾ ਰਾਜਾ ਹੈ। ਉਸ ਦਾ ਰਾਜ ਰਖਾਈਨ ਦੇਸ ਤੱਕ ਹੈ।

ਮਿਨ ਰਜ਼ਾ 'ਮਰਾਕ ਓ' ਦਾ:-

https://en.wikipedia.org/wiki/Min_Raza_of_Mrauk-U

1539 ਈ. ਵਿੱਚ ਹੀ ਮਰਾਕ-ਯੂ ਦਾ ਰਾਜ ਉਲਟਾ ਚਿਟਾਗਾਂਗ ਤੇ ਹੋ ਗਇਆ ਸੀ। ਅੱਜ ਕਲ੍ਹ ਜੋ ਬਰਮਾ ਦੇ ਰੋਹਿੰਗਿਆਂ ਲੋਕਾਂ ਦਾ ਮਸਲਾ ਉਠਿਆ ਹੋਇਆ ਹੈ ਇਹ ਉਹੋ ਪੁਰਾਣੇ ਰਾਖਸ਼ ਲੋਕ ਹੀ ਹਨ। ਜੋ ਬਾਦ ਵਿੱਚ ਸਾਰੇ ਮੁਸਲਮਾਨ ਬਣ ਗਏ ਸਨ। ਇਨਾਂ ਵਿੱਚ ਕੁਝ ਗਿਣਤੀ ਹਿੰਦੂਆਂ ਦੀ ਵੀ ਹੈ। ਰਾਖਸ਼ ਦਾ ਮਤਲਬ ਉਹ ਲੋਕ ਜੋ ਇਨਸਾਨ ਨੂੰ ਵੀ ਖਾ ਜਾਂਦੇ ਸਨ।

ਕਿਉਕਿ ਮਾਘ ਦੇਸ ਉਦੋਂ ਬੰਗਾਲ ਦਾ ਹੀ ਹਿੱਸਾ ਸਨ। ਇਸ ਕਰਕੇ ਗੁਰੂ ਸਾਹਿਬ ਦਾ 'ਮਰਾਕ ਊ' ਜਾਣਾ ਤਾਂ ਬਣਦਾ ਹੀ ਸੀ। ਜਦੋਂ ਗੁਰੂ ਸਾਹਿਬ ਇਸ ਇਲਾਕੇ ਵਿੱਚ ਆਏ ਓਦੋਂ ਇਸ ਇਲਾਕੇ ਵਿੱਚ ਕੋਈ 17-18 ਅਧੀਨ (ਬਾਜ਼ਗੁਜਾਰ) ਛੋਟੇ ਛੋਟੇ ਰਾਜੇ ਸਨ। ਜਨਮ ਸਾਖੀ ਵਿੱਚ ਓਨਾਂ ਦੇ ਨਾਂ ਜੋ ਦਿੱਤੇ ਹਨ ਉਹ ਦਰੁਸਤ ਤਾਂ ਨਹੀ ਹਨ ਪਰ ਇੱਕ ਵੱਡਮੁੱਲਾ ਇਤਹਾਸਿਕ ਇਸ਼ਾਰਾ ਜਰੂਰ ਹੈ। ਕਿਉਕਿ ਗੁਰੂ ਸਾਹਿਬ ਦੀ ਆਮਦ ਮੌਕੇ ਇਥੇ ਵੀ ਕੋਈ ਬਹੁਤਾ ਮਹੱਤਵਪੂਰਨ ਰਾਜਾ ਨਹੀ ਸੀ। ਰਾਜ ਚਿਟਾਗਾਂਗ ਦੇ ਬਾਦਸ਼ਾਹ ਹੁਸੈਨ ਸ਼ਾਹ ਦਾ ਹੀ ਚਲਦਾ ਸੀ। ਮਰਾਕ ਊ ਵਿੱਚ ਉਸ ਵੇਲੇ ਹਕੂਮਤ ਰਾਜਾ 'ਮਿਨ ਰਜ਼ਾ' ਉਰਫ ਇਲੀਆਸ ਸ਼ਾਹ (1480-1514 ਈ) ਦੀ ਸੀ। ਇਹ ਉਹ ਰਾਜਾ ਹੈ ਜੋ ਹਮੇਸ਼ਾਂ ਸ਼ਿਕਾਰ ਖੇਡਣ ਵਿੱਚ ਹੀ ਰੁੱਝਾ ਰਹਿੰਦਾ ਸੀ। ਵਕਤ ਪਾ ਕੇ ਇਨੂੰ ਇਹਦੇ ਖੁੱਦ ਦੇ ਪੁੱਤਰ ਗਜ਼ਪਤੀ ਨੇ ਹੀ ਮਾਰ ਦਿੱਤਾ ਸੀ।

ਜਨਮ ਸਾਖੀ 'ਚ ਲਿਖਿਆ ਹੈ ਕਿ ਗੁਰੂ ਸਾਹਿਬ ਚਿਟਾਗਾਂਗ ਤੋਂ ਸਮੁੰਦਰ ਰਸਤੇ ਚਲ ਕੇ ਫਿਰ ਧਰਤੀ ਤੇ ਪਹੁੰਚ ਗਏ ਤੇ ਇੱਕ ਸ਼ਹਿਰ ਮਰਾਕ ਊ (ਸਾਖੀ 'ਚ ਨਾਂ ਬ੍ਰਹਮਪੁਰ ਦਿੱਤਾ ਹੈ। ਕੁਦਰਤੀ ਹੈ ਕਿ ਬਰਮਾ ਨਾਂ ਤੋ) ਦੇ ਬਾਹਰ ਹੀ ਜਾ ਡੇਰਾ ਕੀਤਾ। ਮਰਦਾਨਾ ਕਾਹਲਾ ਪਿਆ ਕਿ ਸਾਹਿਬ ਮੈਨੂੰ ਸ਼ਹਿਰ ਵੇਖ ਆਉਣ ਦਿਓ। ਕੁਝ ਖਾ ਪੀ ਆਵਾਂ। ਗੁਰੂ ਸਾਹਿਬ ਨੇ ਉਨੂੰ ਕਿਹਾ ਕਿ ਕੁਝ ਚਿਰ ਹੋਰ ਹੌਸਲਾ ਰੱਖ, ਫਿਰ ਚਲਾ ਜਾਵੀ।

ਸਬੱਬੀਂ ਕੁਝ ਚਿਰ ਬਾਦ ਮੁਲਕ ਦਾ ਰਾਜਾ 'ਮਿਨ ਰਜ਼ਾ' (ਜਨਮ ਸਾਖੀ 'ਚ ਨਾਂ ਮਧੁਰ ਬੈਨ ਦਿੱਤਾ ਹੈ) ਸ਼ਿਕਾਰ ਖੇਡਦਾ ਖੇਡਦਾ ਓਧਰ ਆ ਨਿਕਲਿਆ ਜਿੱਥੇ ਗੁਰੂ ਸਾਹਿਬ ਹੁਰੀ ਬਿਰਾਜੇ ਹੋਏ ਸਨ। ਮਰਦਾਨੇ ਨੇ ਰਾਜੇ ਨੂੰ ਦੱਸਿਆ ਕਿ ਅਸੀ ਪੰਜਾਬ ਦੇਸ ਤੋਂ ਆਏ ਹਾਂ। ਫਿਰ ਰਾਜੇ ਨੇ ਪੁੱਛਿਆ ਕਿ ਤੁਸੀ ਬਿਸੀਅਰ ਦੇਸ ਥਾਂਣੀ ਲੰਘੇ ਜੇ? ਮਰਦਾਨੇ ਨੇ ਬੜੇ ਫਖਰ ਨਾਲ ਕਿਹਾ ਕਿ ਬਿਸੀਅਰ ਦੇਸ ਦੇ ਰਾਜੇ ਸ਼ਾਹੁ ਹੁਸੈਨ ਨੂੰ ਗੁਰੂ ਸਾਹਿਬ ਨੇ ਹੀ ਦੂਰ ਦੇਸਾਂ ਤੱਕ ਹਕੂਮਤ ਤੇ ਬਾਦਸ਼ਾਹੀ ਦਾ ਵਰ ਦਿੱਤਾ ਹੈ। ਇੱਕ ਦੂਸਰੇ ਦੀ ਵਾਕਫੀਅਤ ਤੋਂ ਬਾਦ ਰਾਜੇ ਨੂੰ ਗੁਰੂ ਸਾਹਿਬ ਬਾਰੇ ਪਤਾ ਲੱਗਾ ਕਿ ਦੌਲਤ ਖਾਂ ਲੋਧੀ ਦੇ ਕਿਸੇ ਵੇਲੇ ਕਾਰਦਾਰ ਰਹੇ ਨੇ ਤੇ ਚਿਟਾਗਾਂਗ ਦਾ ਰਾਜਾ ਇਨਾਂ ਦਾ ਮਿਤ੍ਰ ਹੈ ਤਾਂ ਗੁਰੂ ਸਾਹਿਬ ਨੂੰ ਆਪਣੇ ਮਹੱਲਾਂ ਵਿੱਚ ਲੈ ਜਾਣ ਦੀ ਜਿੱਦ ਕੀਤੀ। ਕਿਹਾ ਕਿ ਇਲਾਕਾ ਅਣਜਾਣ ਇਨਸਾਨਾਂ ਲਈ ਠੀਕ ਨਹੀ। ਕਈ ਖਤਰੇ ਗਿਣ ਗਿਣ ਕੇ ਦੱਸੇ। ਤਾਂ ਗੁਰੂ ਸਾਹਿਬ ਨਿਰੰਕਾਰ ਦੀ ਯਾਦ ਵਿੱਚ ਇਹ ਸ਼ਬਦ ਬੋਲਿਆ:-

ਮਾਰੂ ਮਹਲਾ ੧ ॥ ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥ ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ ॥ ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ ॥੧॥ ਬਾਬਾ ਮੈ ਕੁਚੀਲੁ ਕਾਚਉ ਮਤਿਹੀਨ ॥ ਨਾਮ ਬਿਨਾ ਕੋ ਕਛੁ ਨਹੀ ਗੁਰਿ ਪੂਰੈ ਪੂਰੀ ਮਤਿ ਕੀਨ ॥੧॥ ਰਹਾਉ ॥ ਅਵਗਣਿ ਸੁਭਰ ਗੁਣ ਨਹੀ ਬਿਨੁ ਗੁਣ ਕਿਉ ਘਰਿ ਜਾਉ ॥ ਸਹਜਿ ਸਬਦਿ ਸੁਖੁ ਊਪਜੈ ਬਿਨੁ ਭਾਗਾ ਧਨੁ ਨਾਹਿ ॥ ਜਿਨ ਕੈ ਨਾਮੁ ਨ ਮਨਿ ਵਸੈ ਸੇ ਬਾਧੇ ਦੂਖ ਸਹਾਹਿ ॥੨॥ ਜਿਨੀ ਨਾਮੁ ਵਿਸਾਰਿਆ ਸੇ ਕਿਤੁ ਆਏ ਸੰਸਾਰਿ ॥ ਆਗੈ ਪਾਛੈ ਸੁਖੁ ਨਹੀ ਗਾਡੇ ਲਾਦੇ ਛਾਰੁ ॥ ਵਿੱਚੁੜਿਆ ਮੇਲਾ ਨਹੀ ਦੂਖੁ ਘਣੋ ਜਮ ਦੁਆਰਿ ॥੩॥ ਅਗੈ ਕਿਆ ਜਾਣਾ ਨਾਹਿ ਮੈ ਭੂਲੇ ਤੂ ਸਮਝਾਇ ॥ ਭੂਲੇ ਮਾਰਗੁ ਜੋ ਦਸੇ ਤਿਸ ਕੈ ਲਾਗਉ ਪਾਇ ॥ ਗੁਰ ਬਿਨੁ ਦਾਤਾ ਕੋ ਨਹੀ ਕੀਮਤਿ ਕਹਣੁ ਨ ਜਾਇ ॥੪॥ ਸਾਜਨੁ ਦੇਖਾ ਤਾ ਗਲਿ ਮਿਲਾ ਸਾਚੁ ਪਠਾਇਓ ਲੇਖੁ ॥ ਮੁਖਿ ਧਿਮਾਣੈ ਧਨ ਖੜੀ ਗੁਰਮੁਖਿ ਆਖੀ ਦੇਖੁ ॥ ਤੁਧੁ ਭਾਵੈ ਤੂ ਮਨਿ ਵਸਹਿ ਨਦਰੀ ਕਰਮਿ ਵਿਸੇਖੁ ॥੫॥ ਭੂਖ ਪਿਆਸੇ ਜੇ ਭਵੈ ਕਿਆ ਤਿਸੁ ਮਾਗਉ ਦੇਇ ॥ ਬੀਜਉ ਸੂਝੈ ਕੋ ਨਹੀ ਮਨਿ ਤਨਿ ਪੂਰਨੁ ਦੇਇ ॥ ਜਿਨਿ ਕੀਆ ਤਿਨਿ ਦੇਖਿਆ ਆਪਿ ਵਡਾਈ ਦੇਇ ॥੬॥ ਨਗਰੀ ਨਾਇਕੁ ਨਵਤਨੋ ਬਾਲਕੁ ਲੀਲ ਅਨੂਪੁ ॥ ਨਾਰਿ ਨ ਪੁਰਖੁ ਨ ਪੰਖਣੂ ਸਾਚਉ ਚਤੁਰੁ ਸਰੂਪੁ ॥ ਜੋ ਤਿਸੁ ਭਾਵੈ ਸੋ ਥੀਐ ਤੂ ਦੀਪਕੁ ਤੂ ਧੂਪੁ ॥੭॥ ਗੀਤ ਸਾਦ ਚਾਖੇ ਸੁਣੇ ਬਾਦ ਸਾਦ ਤਨਿ ਰੋਗੁ ॥ ਸਚੁ ਭਾਵੈ ਸਾਚਉ ਚਵੈ ਛੂਟੈ ਸੋਗ ਵਿਜੋਗੁ ॥ ਨਾਨਕ ਨਾਮੁ ਨ ਵੀਸਰੈ ਜੋ ਤਿਸੁ ਭਾਵੈ ਸੁ ਹੋਗੁ ॥੮॥੩॥

ਰਾਜਾ ਗੁਰੂ ਸਾਹਿਬ ਤੋਂ ਗਿਆਨ ਹਾਸਲ ਕਰ ਚਰਨਾਂ ਤੇ ਢਹਿ ਪਿਆ। ਆਖਿਰ ਗੁਰੂ ਸਾਹਿਬ ਨੂੰ ਮਹਿਲੀ ਲੈ ਹੀ ਗਿਆ। ਕਿਹਾ ਜਾਂਦਾ ਹੈ ਕਿ ਸਾਹਿਬ ਇਥੇ ਮਹੀਨਾ ਭਰ ਠਹਿਰੇ ਤੇ ਲੋਕਾਂ ਨੂੰ ਕੁਬੁੱਧ ਕਰਨੋਂ ਹਟਾ ਕੇ ਨਿਰੰਕਾਰ ਦੇ ਨਾਮ ਨਾਲ ਜੋੜਿਆ। ਇਨਸਾਨ ਤੇ ਜੁਲਮ ਕਰਨ ਤੇ ਕਰਮ ਕਾਂਡਾ ਤੋਂ ਵਰਜਿਆ।

ਜਦੋਂ ਸੁਨਿਹਰੀ ਮਹੱਲ ਵੇਖ ਕੇ ਮਰਦਾਨੇ ਦੀਆਂ ਅੱਖਾਂ ਚੁੰਧਿਆ ਗਈਆਂ ◉

ਆਵਾ ਦਾ ਰਾਜਾ ਸਵਰਨ ਮਹਿਲ ਨਰਪਤੀ ਤੇ ਧਰਮਾ ਸਿੰਘਾ ਨੂੰ ਉਪਦੇਸ਼

ਆਗੇ ਹੋਰ ਉਦਾਸੀ ਸਾਖੀ ਚਲੀ।(ਧਰਮ ਸਿੰਘ ਤੇ ਕਵਲ ਨੈਨ ਨਾਲ) ਬਾਲਾ ਪੰਨਾ-192

ਰਾਖਸ ਦੇਸ ਦੀ ਰਾਜਧਾਨੀ ਮਰਾਕ ਊ ਤੋਂ 700 ਕਿਲੋਮੀਟਰ ਦਾ ਸਫਰ ਸਮੁੰਦਰੀ ਜਹਾਜ ਜਾਂ ਬੇੜੀ ਰਾਂਹੀ ਚਲਕੇ ਗੁਰੂ ਸਾਹਿਬ ਤੇ ਮਰਦਾਨਾ ਪਹਿਲਾਂ ਇਰਾਵਡੀ ਨਦੀ ਦੇ ਮੁਹਾਨੇ ਤੇ ਪਹੁੰਚੇ ਤੇ ਓਥੋਂ ਬੇੜੀ ਰਾਂਹੀ ਹੀ ਉਤਾਂਹ ਪਹਾੜ ਪਾਸੇ ਨੂੰ ਕੋਈ 900 ਕਿਲੋਮੀਟਰ ਦਾ ਸਫਰ ਕਈ ਦਿਨ ਤੇ ਕਈ ਰਾਤਾਂ ਕਟ ਕੇ ਪੂਰਾ ਕੀਤਾ। ਅੰਤ ਨੂੰ ਮਲਾਹਾਂ ਨੇ ਬਾਬੇ ਨੂੰ ਆਵਾ ਸ਼ਹਿਰ ਦੇ ਕੰਢੇ ਲਿਆ ਲਾਹਿਆ ਜਿੰਨੂ ਇਨਵਾ ਵੀ ਕਹਿੰਦੇ ਹਨ। ਜੋ ਅੱਜ ਦੇ ਮਾਂਡਲਾ ਸ਼ਹਿਰ ਦੇ ਨੇੜੇ ਪੈਦਾ ਹੈ। ਜਿੱਥੇ ਇਰਾਵਡੀ ਨਦੀ ਵਿੱਚ ਮਾਈਟੰਗ ਨਦੀ ਮਿਲਦੀ ਹੈ।

ਮਹੀਨਿਆਂ ਬੱਧਾ ਸਫਰ ਕਰ ਕਰ ਕੇ ਅੰਤ ਨੂੰ ਮਰਦਾਨਾ ਕਾਹਲਾ ਪੈ ਗਿਆ, "ਬਾਬਾ ਕਿਹੜੇ ਫਾਹ 'ਚ ਪਾਇਆ ਈ? ਕਿੰਨੇ ਦਿਨ ਹੋ ਗਏ ਨੇ ਨਾਂ ਕੋਈ ਬੰਦਾ ਨਾਂ ਬੰਦੇ ਦੀ ਜਾਤ।" ਗੁਰੂ ਸਾਹਿਬ ਨੇ ਕਿਹਾ "ਮਰਦਾਨਿਆ ਹੌਸਲਾ ਰੱਖ ਹੁਣ ਤਾਂ ਆਪਾਂ ਪਹੁੰਚ ਗਏ ਹਾਂ। ਬਾਕੀ ਜਿਸ ਜਿਸ ਕਾਰ ਵਿੱਚ ਨਿਰੰਕਾਰ ਨੇ ਸਾਨੂੰ ਲਾਇਆ ਹੈ ਉਸ ਵਿੱਚ ਲੱਗੇ ਹਾਂ। ਓਹਦੇ ਭਾਣੇ ਵਿੱਚ ਖੁਸ਼ ਰਹੋ। ਨਿਰੰਕਾਰ ਦਾ ਸ਼ੁਕਰਾਨਾ ਅਦਾ ਕਰੀਦਾ। ਓਹ ਵੇਖ ਸਾਹਮਣੇ ਸ਼ਹਿਰ ਨਜਰ ਪਿਆ ਆਂਵਦਾ ਈ।" ਏਸੇ ਤਰਾਂ ਮਰਦਾਨੇ ਨੂੰ ਸਮਝਾਉਦੇ ਬੁਝਾਉਦੇ 4 ਕੋਹ (6-7 ਕਿਲੋਮੀਟਰ) ਪੈਂਡਾ ਕੀਤਾ। ਮਰਦਾਨੇ ਨੂੰ ਵੀ ਸੁਨਿਹਰੀ ਰਾਜਧਾਨੀ ਦੂਰੋ ਹੀ ਦਿਸ ਪਈ ਤੇ ਉਨੂੰ ਚਾਅ ਚੜ੍ਹ ਗਿਆ। ਸ਼ਹਿਰ ਦੀ ਇੱਕ ਨੁੱਕਰ ਤੇ ਜਾਂ ਉਨਾਂ ਨੇ ਬਾਹਰ ਹੀ ਕਿਸੇ ਰੁੱਖ ਥੱਲੇ ਡੇਰਾ ਲਾ ਲਿਆ। ਮਰਦਾਨੇ ਨੇ ਅਰਾਮ ਕਰਨਾਂ ਵੀ ਜਰੂਰੀ ਨਹੀ ਸਮਝਿਆ ਤੇ ਗੁਰੂ ਸਾਹਿਬ ਕੋਲੋ ਸ਼ਹਿਰ ਜਾਣ ਦੀ ਆਗਿਆ ਮੰਗੀ। ਗੁਰੂ ਸਾਹਿਬ ਨੇ ਕਿਹਾ ਜਾਓ, ਖਾਓ, ਪੀਓ। ਮਰਦਾਨਾ ਕਹਿਣ ਲੱਗਾ ਕਿ ਬਾਬਾ ਓਥੇ ਕਿਹੜੀ ਮੇਰੀ ਮਾਸੀ ਬੈਠੀ ਹੈ ਜੋ ਖਵਾਏ ਪਿਆਏਗੀ। ਮੇਰੇ ਤਾਂ ਪੱਲੇ ਦਮੜੀ ਵੀ ਨਹੀ। ਗੁਰੂ ਸਾਹਿਬ ਨੇ ਕਿਹਾ ਜਾ ਮਰਦਾਨਿਆ ਤੈਨੂੰ ਪੂਰਾ ਸ਼ਹਿਰ ਸੌਂਪਿਆ। ਮਰਦਾਨਾ ਝੱਟ ਸ਼ਹਿਰ ਜਾ ਵੜਿਆ।

ਪੈੜ ਸਫਾ

ਕੀ ਸਬੂਤ ਕਿ ਇਹ ਸਾਖੀ ਆਵਾ ਅਰਥਾਤ ਅੰਗਵਾ (ਮਾਂਡਲਾ, ਬਰਮਾ) ਵਿਖੇ ਵਾਪਰੀ?

ਸਰੋਤ –ਬਾਲੇ ਵਾਲੀ ਸਾਖੀ ਪੰਨਾ–192

ੳ. ਕੁਝ ਲੋਕਾਂ ਨੇ ਕਿਹਾ ਹੈ ਕਿ ਇਹ ਘਟਨਾ ਸੋਨਾਰਗਾਓ ਦੀ ਹੈ ਕਿਉਕਿ ਸ਼ਹਿਰ ਦਾ ਨਾਂ ਸਵੱਰਨ ਪੁਰ ਜੁ ਲਿਖਿਆ ਹੈ।

ਅ. ਕੁਝ ਦਾ ਕਹਿਣਾ ਹੈ ਕਿ ਇਹ ਘਟਨਾਂ ਚਿੱਟਾਗਾਂਗ ਵਿਖੇ ਵਾਪਰੀ ਕਿਉਕਿ ਦੱਸਿਆ ਹੈ ਕਿ ਸ਼ਹਿਰ ਸਮੁੰਦਰ ਤੋਂ 4 ਕੋਹ ਤੇ ਹੈ।

ੲ. ਇੱਕ ਲਿਖਾਰੀ ਨੇ ਇਸ ਨੂੰ ਮਿਆਂਮਾਰ ਦੇ ਟਾਪੂ (ਦੀਪ) ਤਿਨਾਸਰਮ ਵਿਖੇ ਹੋਈ ਦੱਸਿਆ ਹੈ ਤੇ ਕੋਈ ਇਹਨੂੰ ਮਲੇਸ਼ੀਆ ਵਿੱਚ ਹੋਣੀ ਲਿਖ ਰਿਹਾ ਹੈ।

ਆਵਾ ਵਿਖੇ ਵਾਪਰਨ ਦਾ ਸਬੂਤ–

1.ਸਾਖੀ ਵਿੱਚ ਸਾਫ ਲਿਖਿਆ ਹੈ ਕਿ ਇਹ ਉਹ ਜਗਾ ਹੈ ਜਿੱਥੇ "ਅਜੇ ਮੁਸਲਮਾਨ ਨਹੀ ਆਏ।" ਜਿਸ ਦਾ ਮਤਲਬ ਇਹ ਨਾਂ ਤਾਂ ਸੋਨਾਰਗਾਓ ਹੈ ਨਾਂ ਹੀ ਚਿੱਟਾਗਾਂਗ ਤੇ ਨਾਂ ਹੀ ਮਲੇਸ਼ੀਆ।

2. ਇਲਾਕੇ ਦੀ ਵਾਕਫੀਅਤ ਦਿੰਦੇ ਹੋਏ ਧਰਮਾ ਸਿੰਗਾ ਕਹਿੰਦਾ ਹੈ ਕਿ ਇਥੇ ਅੰਨ ਕੁਦਰਤੀ ਤੌਰ ਤੇ ਉਪਜਦਾ ਹੈ। ਮਤਲਬ ਝੋਨਾ, ਕਣਕ, ਜਵਾਰ ਆਦਿ ਜੋ ਆਪਣੇ ਆਪ ਉਗਦੇ ਹਨ। ਵਾਹੀ ਨਹੀ ਕਰਨੀ ਪੈਂਦੀ। ਇਹ ਗੱਲ ਅੱਜ ਦੇ ਜਮਾਨੇ ਵਿੱਚ ਵੀ ਸੱਚ ਹੈ ਕਿ ਮਾਂਡਲਾ ਦੇ ਇਲਾਕੇ ਵਿੱਚ 'ਸ਼ਿਫਟਿੰਗ ਕਲਟੀਵੇਸ਼ਨ' ਦਾ ਰਿਵਾਜ ਅੱਜ ਦਿਨ ਤੱਕ ਹੈ। ਲੋਕ ਕੁਝ ਸਮਾਂ ਜਮੀਨ ਵਾਹੁੰਦੇ ਹਨ ਫਿਰ ਛੱਡ ਦਿੰਦੇ ਹਨ। ਜਦੋਂ ਜਮੀਨ ਵਿਹਲੀ ਰਹਿੰਦੀ ਹੈ ਤਾਂ ਕੁਦਰਤੀ ਤੌਰ ਤੇ ਜੋ ਅਨਾਜ ਉਪਜਦਾ ਹੈ ਉਹ ਵੀ ਵੱਢਿਆ ਜਾਂਦਾ ਹੈ।

3. ਗੁਰੂ ਸਾਹਿਬ ਇਲਾਕੇ ਦੀ ਵਾਕਫੀਅਤ ਦਿੰਦੇ ਕਹਿੰਦੇ ਹਨ ਕਿ "ਇਥੇ ਮੈਥੁਨ ਨਹੀ ਹੁੰਦਾ ਭਾਵ ਇਹ ਵਾਮ ਮਾਰਗੀਆਂ ਦਾ ਇਲਾਕਾ ਨਹੀ ਹੈ।" ਅਸਾਮ ਜਾਂ ਉਤਰ-ਪੂਰਬ ਭਾਰਤ ਨਹੀ ਹੈ।

4. "ਲੰਮਾ ਸਮਾਂ ਸਮੁੰਦਰ (ਪਾਣੀ) ਵਿੱਚ ਚਲਣਾ।" ਚਿਟਾਗਾਂਗ ਤੋਂ ਮਰਾਕ ਊ ਤੇ ਮਰਾਕ ਊ ਤੋਂ ਦਰਿਆਂ ਇਰਾਵਡੀ ਦੇ ਮੁਹਾਨੇ ਤੋਂ ਦਰਿਆ ਰਾਂਹੀ ਆਵਾ ਪਹੁੰਚਣਾ। 1600 ਕਿਲੋਮੀਟਰ ਲੰਮਾ ਸਫਰ ਪਾਣੀ ਵਿੱਚ।

5. "ਪਾਣੀ ਮੀਹਾਂ ਦਾ ਘਰਾਂ ਤੇ ਟੋਭਿਆਂ ਵਿੱਚ ਬਹੁਤ ਹੈ" ਥਾਂ ਥਾਂ ਪਾਣੀ ਦੀ ਬਹੁਲਤਾ ਸਾਫ ਮਤਲਬ ਮਿਆਮਾਰ ਜਾਂ ਉਪਰੀ ਅਸਮ ਦਾ ਇਲਾਕਾ।

6. "ਸਵੱਰਨਪੁਰ" - ਸ਼ਹਿਰ ਦਾ ਪੁਰਾਤਨ ਨਾਂ ਰਤਨਪੁਰ ਸੀ ਭਾਵ ਰਤਨਾ ਦੀ ਨਗਰੀ। ਜਦੋ ਗੁਰੂ ਸਾਹਿਬ ਪਧਾਰੇ ਦੇਸਾਂ ਵਿੱਚ ਚਰਚਾ ਸੀ ਕਿ ਰਾਜਾ ਸੋਨ ਮਹਿਲ ਬਣਾ ਰਿਹਾ ਹੈ। ਰਾਜਾ ਮਿਨ ਸਵੇ ਨੇ ਨਿਰਾ ਮਹਿਲ ਸੋਨੇ ਦਾ ਹੀ ਨਹੀ ਬਣਵਾਇਆ, ਪਗੋਡਾ ਜਾਂ ਸਤੂਪ ਵੀ ਸੋਨੇ ਦਾ। ਇਤਹਾਸ ਵਿੱਚ ਦਰਜ ਹੈ ਕਿ ਉਸ ਨੇ ਵੱਡੀ ਕੋਸ਼ਿਸ਼ ਕਰਕੇ ਹਰ ਚੀਜ਼ ਸੁਨਿਹਰੀ ਬਣਵਾਈ। ਸੋ ਰਾਜੇ ਸਵੱਰਨ ਨਰਾਇਣ ਨਰਪਤੀ ਨੇ ਆਵਾ ਨੂੰ ਸਵਰਨ ਨਗਰੀ ਬਣਾ ਦਿੱਤਾ। (ਇਹ ਵੀ ਵੱਡਾ ਸਬੂਤ ਹੈ।)

ਸਵਰਨ ਮਹਿਲ ਦਾ ਉਦਘਾਟਨ ਫਰਵਰੀ 1511 ਈ. ਨੂੰ ਕੀਤਾ। ਇਸ ਦਾ ਮਤਲਬ ਗੁਰੂ ਸਾਹਿਬ ਉਦਘਾਟਨ ਤੋਂ ਥੋੜਾ ਹੀ ਪਿੱਛੇ ਜਾਂ ਐਨ ਉਦਘਾਟਨ ਮੌਕੈ ਪਹੁੰਚੇ ਹੋਣ। ਆਪਾਂ ਇਹੋ ਮੰਨ ਕੇ ਚਲਾਂਗੇ ਕਿ ਗੁਰੂ ਸਾਹਿਬ ਉਦਘਾਟਨ ਮੌਕੇ ਇਥੇ ਸਨ।

ਰਾਜੇ ਨੇ ਬਾਦ ਵਿੱਚ ਜੋ ਆਪਣਾ ਨਾਂ ਰੱਖਿਆ ਉਸ ਵਿੱਚ ਵੀ ਨਾਨਕ ਲਫਜ ਆਉਦਾ ਹੈ। ਇਹ ਵੀ ਹੋ ਸਕਦਾ ਹੈ ਕਿ ਇਹ ਮਹਿਜ ਇਤਫਾਕ ਸੀ ਕਿ ਬਰਮੀ ਭਾਸ਼ਾ ਦੇ ਲਫਜ ਸ਼ਵੇਨਾਨਕਿਆਸ਼ਿਨ ਜਿਸ ਦਾ ਮਤਲਬ ਹੈ ਸੋਨਮਹਿਲ ਦਾ ਮਾਲਕ ਵਿੱਚ ਦੋ ਨੰਨੇ ਤੇ ਕੱਕਾ ਆਉਦਾ ਹੋਵੇ।

7. ਸਾਫ ਜ਼ਾਹਿਰ ਹੈ ਕਿ ਗੁਰੂ ਸਾਹਿਬ ਚਿਟਾਗਾਂਗ ਤੋਂ ਬਾਦ ਇਧਰ ਬਰਮਾ ਆਏ ਹਨ। ਫਿਰ ਰਾਜਾ ਨੂੰ ਕਹਿ ਰਹੇ ਹਨ ਕਿ ਉਹ ਵੀ ਅਲਾਉਦੀਨ ਹੁਸੈਨ ਸ਼ਾਹ (ਸੁਧ੍ਰ ਸੈਨ) ਨਾਲ ਸੰਧੀ ਕਰ ਲਵੇ। ਮਤਲਬ ਚੀਨ ਜਾਂ ਮਲੇਸ਼ੀਆ ਜਾਂ ਥਾਈਲੈਂਡ ਦਾ ਇਲਾਕਾ ਨਹੀ ਹੋ ਸਕਦਾ। ਇਹ ਤਾਂ ਚਿਟਾਗਾਂਗ ਰਿਆਸਤ ਦੇ ਨਾਲ ਲੱਗਦਾ ਹੀ ਕੋਈ ਇਲਾਕਾ ਹੋ ਸਕਦਾ ਹੈ। ਜਿਹੜੇ ਲੋਕ ਇਸ ਨੂੰ ਮਲੇਸ਼ੀਆ ਜਾਂ ਥਾਈਲੈਂਡ ਨਾਲ ਜੋੜਨ ਉਹ ਉਹਨਾਂ ਦੀ ਕਪੋਲ ਕਲਪਣਾ ਤੋਂ ਸਿਵਾ ਕੁਝ ਹੋਰ ਨਹੀ ਹੋ ਸਕਦਾ।

ਜਨਮ ਸਾਖੀ 'ਚ ਸਾਫ ਦਰਜ ਹੈ ਕਿ ਗੁਰੂ ਸਾਹਿਬ ਰਾਜੇ ਨੂੰ ਸੁਚੇਤ ਕਰ ਰਹੇ ਹਨ ਕਿ ਜੇ ਬਚਣਾ ਤਾਂ ਚਿਟਾਗਾਂਗ ਦੇ ਰਾਜੇ ਨਾਲ ਸੰਧੀ ਕਰ ਲੈ। ਨਹੀ ਤਾਂ ਭਾਈ ਤੇਰੀ ਮਰਜੀ। ਸਾਫ ਜ਼ਾਹਿਰ ਹੈ ਕਿ ਰਾਜੇ ਨੇ ਹੁਸੈਨ ਸ਼ਾਹ ਦੀ ਈਨ ਨਾਂ ਮੰਨੀ ਜਿਸ ਦਾ ਨਤੀਜਾ ਇਹ ਨਿਕਲਿਆ ਕਿ 25 ਮਾਰਚ 1527 ਨੂੰ ਆਵਾ ਤੇ ਸ਼ਾਨ ਰਿਆਸਤਾਂ ਨੇ ਫਤਹਿ ਪਾ ਲਈ ਤੇ 150 ਸਾਲ ਪੁਰਾਣੀ ਆਵਾ ਰਿਆਸਤ ਤਹਿਸ ਨਹਿਸ ਕਰ ਦਿੱਤੀ ਗਈ।(ਗੁਰੂ ਸਾਹਿਬ ਆਉਣ ਵਾਲੇ ਵੇਲੇ ਨੂੰ ਵੇਖ ਰਹੇ ਸਨ।)

8. "ਇਥੋਂ ਦੇ ਲੋਕ ਜਾਤ ਵਰਨ ਵੀ ਨਹੀ ਮੰਨਦੇ।" ਭਾਵ ਭਾਰਤ ਤੋਂ ਕੋਈ ਬਾਹਰ ਦਾ ਇਲਾਕਾ। ਅਸਮ ਬੰਗਾਲ ਤੱਕ ਜਾਤ ਪਾਤ ਦੀ ਮਾਨਤਾ ਹੈ। ਪਰ ਬਰਮਾ ਵਿੱਚ ਨਹੀ ਹੈ।

9. ਅਲਾਉਦੀਨ ਹੁਸੈਨ ਸ਼ਾਹ (ਰਾਜਾ ਸੁਧਰ ਸੈਨ) ਤੇ ਮਿਨ ਸਵੇ (ਕਵਲ ਨੈਨ)- ਜਨਮ ਸਾਖੀ ਦੇ ਲਿਖਾਰੀ ਨੂੰ ਰਾਜਿਆਂ ਦੇ ਨਾਮ ਘੱਟ ਹੀ ਯਾਦ ਰਹੇ ਸਨ। ਇਥੋ ਤੱਕ ਕਿ ਉਹ ਦਿੱਲੀ ਸੁਲਤਾਨ ਦਾ ਨਾਂ ਵੀ ਗਲਤ ਦਸਦਾ ਹੈ। ਉਸ ਨੇ ਸੁਣੀਆਂ ਸੁਣਾਈਆਂ ਗੱਲਾਂ ਲਿਖੀਆਂ ਹਨ। ਅੰਦਾਜ਼ੇ ਜਾਂ ਇਸ਼ਾਰਿਆਂ ਤੋਂ ਸਾਨੂੰ ਇਤਹਾਸ ਲਭਣਾ ਪਉ। ਵੇਖੋ ਬਾਲੇ ਵਾਲੀ ਸਾਖੀ ਵਿੱਚ ਕਿਤੇ ਰਾਜਿਆਂ ਦੇ ਨਾਂ ਤੁੜ ਤਰੰਗ ਆਉਦਾ ਹੈ ਕਿਤੇ ਅਟਕਾ ਘਟਕਾ। ਕਹਿਣ ਤੋਂ ਮਤਲਬ ਲਿਖਾਰੀ ਰਾਜੇ ਮਿਨ ਸਵੇ ਦਾ ਨਾਂ ਯਾਦ ਕਰਨ ਦੀ ਕੋਸ਼ਿਸ਼ ਕਰਦਾ ਹੈ। ਸਾਨੂੰ ਜਨਮਸਾਖੀਆਂ ਦੇ ਅਧੂਰੇ ਪਣ ਤੋਂ ਜਰਾ ਵੀ ਸ਼ਿਕਵਾ ਸ਼ਕਾਇਤ ਨਹੀ ਹੈ ਜਿੰਨਾਂ ਨੇ ਕਹੀਆਂ ਕਹਾਈਆਂ ਗੱਲਾਂ ਨੂੰ ਇਤਹਾਸ ਬਣਾ ਦਿੱਤਾ। ਕਿਉਕਿ ਇਹ ਸਾਖੀਆਂ ਭਾਈ ਮਰਦਾਨੇ ਜਾਂ ਗੁਰੂ ਸਾਹਿਬ ਨੇ ਨਹੀ ਲਿਖਾਈਆਂ।

ਪੈੜ ਅਗਲੇ ਸਫੇ ਤੇ ਚਲਦਾ ➡

ਮਰਦਾਨੇ ਨੇ ਜਿਵੇਂ ਸ਼ਹਿਰ ਵਿੱਚ ਪੈਰ ਪਾਇਆ ਉਹਦੀਆਂ ਤਾਂ ਅੱਖਾਂ ਖੁੱਲੀਆਂ ਦੀਆਂ ਖੁੱਲੀਆਂ ਹੀ ਰਹਿ ਗਈਆਂ। ਚਾਰ ਚੁਫੇਰਿਓ ਜਗਮਗਾਉਦਾ ਚੀਨੀ ਬਜਾਰ। ਹਰ ਪਾਸੇ ਚਮਕ ਹੀ ਚਮਕ। ਕਈ ਦੁਕਾਨਾਂ ਸੁੰਞੀਆਂ ਹੀ ਪਈਆਂ ਸਨ। ਮਾਲਕ ਜਾਂ ਦੁਕਾਨਦਾਰ ਕਿਤੇ ਨਜ਼ਰ ਹੀ ਨਾਂ ਆਵੇ। ਮਰਦਾਨੇ ਨੇ ਹੁਣ ਤੱਕ ਹਜ਼ਾਰਾਂ ਸ਼ਹਿਰ ਵੇਖ ਲਏ ਸਨ ਪਰ ਇਹ ਤਾਂ ਵੱਖਰਾ ਹੀ ਸੀ। ਇਥੋਂ ਦਾ ਸਭਿਆਚਾਰ ਵੀ ਵਖਰਾ ਹੀ ਸੀ। ਹਰ ਪਾਸੇ ਨਵੀਆਂ ਨਕੋਰ ਸੁਨਿਹਰੀ ਇਮਾਰਤਾਂ।

ਜਿਵੇ ਮਰਦਾਨਾ ਡੌਰ ਭੌਰਾ ਹੋਈ ਬਜ਼ਾਰਾਂ ਨੂੰ ਵੇਖ ਰਿਹਾ ਸੀ ਤਾਂ ਹਿੰਦੁਸਤਾਨੀ ਸਮਝਣ ਵਾਲਾ ਇੱਕ ਸਖਸ਼ ਮਿਲ ਗਇਆ ਨਾਮ ਧਰਮਾ ਸਿੰਘਾ। ਧਰਮਾ ਸਿੰਘਾ ਮਰਦਾਨੇ ਨੂੰ ਪੁੱਛਣ ਲੱਗਾ, "ਲਗਦੈ ਪਰਦੇਸੀ ਹੋ?" ਮਰਦਾਨੇ ਨੇ ਕਿਹਾ "ਹਾਂ ਮੈਂ ਲਹੌਰ ਪੰਜਾਬ ਦੇਸ ਤੋਂ ਹਾਂ। ਦਿੱਲੀ ਤੋਂ ਵੀ ਪਰੇ। ਅਸੀ ਸਾਧੂ ਫਕੀਰ ਹਾਂ।" ਧਰਮਾ ਸਿੰਘ ਨੇ ਪਠਾਣਾਂ ਬਾਰੇ ਸੁਣਿਆ ਹੋਇਆ ਸੀ। ਸਿੰਘਾ ਨੇ ਕਿਹਾ ਕੋਈ ਮੇਰੇ ਲਾਇਕ ਖਿਦਮਤ ਹੋਵੇ ਤਾਂ ਦੱਸੋ। ਮਰਦਾਨੇ ਨੇ ਕਿਹਾ ਕਿ ਇਸ ਸ਼ਹਿਰ ਦਾ ਕੀ ਨਾਂ ਹੈ? ਧਰਮਾ ਸਿੰਘਾ ਨੇ ਕਿਹਾ ਇਹ ਆਵਾ ਰਾਜਧਾਨੀ ਸ਼ਹਿਰ ਹੈ ਇਨੂੰ ਅੰਗਵਾ ਵੀ ਕਿਹਾ ਜਾਂਦਾ ਹੈ। ਇਹਦਾ ਪੁਰਾਤਨ ਨਾਂ ਰਤਨਪੁਰਾ ਹੁੰਦਾ ਸੀ। ਸਾਡੇ ਮਹਾਰਾਜੇ ਨੇ ਇਨੂੰ ਸਵੱਰਨਪੁਰ ਬਣਾਉਣ ਦੀ ਠਾਨ ਲਈ ਹੈ। ਇਹ ਸੁਨਿਹਰੀ ਮਹਿਲ, ਸਭ ਸੁਨਿਹਰੀ ਦੁਕਾਨਾਂ, ਸਾਡਾ ਸਤੂਪ ਜਾਂ ਪਗੋਡਾ ਵੀ ਸੁਨਿਹਰੀ। ਮਰਦਾਨੇ ਨੇ ਸਿੰਘਾ ਨੂੰ ਕਿਹਾ ਅਸੀ ਭੋਜਨ ਕਰਨਾਂ ਚਾਹੁੰਦੇ ਹਾਂ।

ਸਿੰਘਾ ਮਰਦਾਨੇ ਨੂੰ ਰਾਜੇ ਦੇ ਲੰਗਰ ਵਿੱਚ ਲੈ ਗਿਆ। ਮਰਦਾਨੇ ਨੂੰ ਹੁਕਮ ਹੋਇਆ ਕਿ ਜਿੰਨੀ ਕੁ ਮਿਠਾਈ ਖਾ ਸਕਦੈ ਖਾ ਲੈ। ਓਥੋਂ ਕੁਝ ਮਿਠਾਈ ਤੇ ਲੀਚੀਆਂ ਮਰਦਾਨੇ ਦੀ ਝੋਲੀ ਵਿੱਚ ਪਾ ਦਿੱਤੀਆਂ ਕਿ ਜਾ ਆਪਣੇ ਮਹੰਤ ਤੇ ਦੂਸਰੇ ਬੰਦੇ ਵਾਸਤੇ ਲੈ ਜਾ। ਜਦੋਂ ਰਸਦ ਤੋਲੀ ਜਾ ਰਹੀ ਸੀ ਤਾਂ ਮਰਦਾਨੇ ਨੇ ਵੇਖਿਆ ਕਿ ਤਕੜੀ ਦੇ ਛਾਬੇ, ਡੰਡੀ ਤੇ ਵੱਟੇ ਵੀ ਸਭ ਸੋਨੇ ਦੇ ਹੀ ਸਨ। ਮਰਦਾਨੇ ਦੀ ਤਾਂ ਖੁਸ਼ੀ ਦਾ ਟਿਕਾਣਾ ਨਹੀ ਸੀ।

ਮਰਦਾਨਾ ਹੈਰਾਨ ਸੀ ਇਹ ਥੈਰਾਤ ਪਾ ਕੇ। ਧਰਮੇ ਨੇ ਮਰਦਾਨੇ ਨੂੰ ਕਿਹਾ ਕਿ ਭਾਈ ਇਥੇ ਅੰਨ ਕੁਦਰਤੀ ਤੌਰ ਤੇ ਆਪਣੇ ਆਪ ਬਹੁਤ ਪੈਦਾ ਹੁੰਦਾ ਹੈ। ਬੰਦੇ ਨੇ ਤਾਂ ਬਸ ਵੱਢ ਕੇ ਲਿਆਉਣਾ ਹੁੰਦਾ ਹੈ। ਬਸ ਪੀਹ ਪਕਾਉਣ ਦਾ ਹੀ ਕੰਮ ਹੈ ਇਥੇ। ਰਾਜੇ ਨੇ ਇਸ ਨੂੰ ਧਰਮ ਨਗਰੀ ਐਲਾਨ ਦਿੱਤਾ ਹੈ। ਇਥੇ ਕੋਈ ਭੁੱਖਾ ਨਹੀ ਸੌਂਦਾ।

ਵਾਹੋ ਦਾਹੀ ਆ ਕੇ ਗੁਰੂ ਸਾਹਿਬ ਨੂੰ ਰਿਪੋਰਟ ਦਿੱਤੀ ਕਿ ਬਾਬਾ ਇਥੋ ਦਾ ਸ਼ਹਿਰ ਤਾਂ ਬਹੁਤ ਅਮੀਰ ਹੈ। ਮਰਦਾਨਾ ਕਹਿਣ ਲੱਗਾ ਬਾਬਾ ਇਥੋਂ ਦਾ ਰਾਜਾ ਤਾਂ ਚਿਟਾਗਾਂਗ ਦੇ ਰਾਜੇ ਹੁਸੈਨ ਸ਼ਾਹ (ਸੁਧੂ ਸੈਨ) ਤੋਂ ਵੀ ਵੱਡਾ ਲੱਗਦਾ ਹੈ। ਬਾਬੇ ਨੇ ਕਿਹਾ ਹਾਂ ਮਰਦਾਨਿਆ ਕਿਸੇ ਵੇਲੇ ਹੁਸੈਨ ਸ਼ਾਹ ਇਸ ਦਾ ਸਲਾਮੀ ਸੀ। ਪਰ ਅੱਜ ਓਹ ਅਜਾਦ ਖੁਦਮੁਖਤਿਆਰ ਹੈ।

ਇਥੋਂ ਦੀ ਸਭਿਅਤਾ ਬਾਬਤ ਬਾਬੇ ਕੋਲੋ ਪੁੱਛਣ ਲੱਗ ਪਿਆ, "ਬਾਬਾ ਜੀ, ਕੀ ਇਥੋਂ ਦੇ ਲੋਕ ਵੀ ਗੁਹਾਟੀ ਵਰਗੇ ਬੇਸ਼ਰਮ ਹਨ ਭਾਵ ਮੈਥੁਨ ਆਮ ਕਰਦੇ ਹਨ?" ਗੁਰੂ ਸਾਹਿਬ ਨੇ ਮਰਦਾਨੇ ਨੂੰ ਦੱਸਿਆ ਕਿ ਨਹੀ ਇਹ ਵੱਖਰੀ ਸਭਿਅਤਾ ਹੈ ਇਹ ਵਾਮ ਮਾਰਗੀ ਨਹੀ। ਇਹ ਇੱਕ ਤਰਾਂ ਨਾਲ ਜੰਗਲੀ ਲੋਕ ਹਨ ਤੇ ਇਥੇ ਰਾਜ ਧਰਮ ਦਾ ਹੈ। ਬਹੁਤੇ ਗੋਬਿੰਦ (ਸਾਧੂ ਭਾਵ ਭਿਕਸ਼ੂ) ਲੋਕ ਹੀ ਹਨ। ਲੋਕਾਂ ਵਿੱਚ ਚਲਾਕੀਆਂ ਨਹੀ ਹਨ। ਇਥੇ ਅਜੇ ਤੱਕ ਮੁਸਲਮਾਨ ਹਮਲਾਵਰਾਂ ਦਾ ਪੈਰ ਨਹੀ ਪਿਆ। ਇਥੇ ਇੱਕ ਕਿਸਮ ਨਾਲ ਸਤਜੁਗ ਹੈ। ਇਸ ਰਾਜੇ ਦਾ ਰਾਜ ਬਹੁਤ ਵੱਡਾ ਹੈ ਜਿਥੋ ਆਪਾਂ ਸਮੁੰਦਰ ਤੋਂ ਆਏ ਓਥੋਂ ਲੈ ਕੇ ਅਜੇ ਓਪਰ ਚੀਨ ਦੇ ਪਹਾੜਾਂ ਤੱਕ ਏਸੇ ਦਾ ਹੀ ਰਾਜ ਹੈ।

ਹਫਤੇ ਬਾਦ ਦੁਬਾਰਾ ਧਰਮਾ ਸਿੰਘਾ ਦਾ ਮਰਦਾਨੇ ਨਾਲ ਮੇਲ ਹੋ ਗਿਆ। ਉਸ ਪੁੱਛਿਆ ਕਿ "ਮਹਾਤਮਾ ਜੀ ਤੁਸੀ ਤਾਂ ਕਿਹਾ ਸੀ ਕਿ ਤੁਸੀ ਦੋ ਜਣੇ ਹੋ ਪਰ ਇਕੱਲੇ ਹੀ ਭੋਜਨ ਖਾਣ ਕਿਓ ਆਉਦੇ ਹੋ।" ਮਰਦਾਨੇ ਨੇ ਦੱਸਿਆ ਕਿ ਮੇਰੇ ਨਾਲ ਦਾ ਮੇਰਾ ਮਾਲਕ ਬਹੁਤ ਸੰਤੋਖੀ ਹੈ। ਖਾਣ ਪੀਣ ਦੀ ਉਨੂੰ ਪਰਵਾਹ ਨਹੀ। ਨਿਰੰਕਾਰ ਨੂੰ ਧਿਆਉਣਾ ਹੀ ਉਹਦੀ ਖੁਰਾਕ ਹੈ। ਉਹ ਰੱਬ ਦਾ

ਪੈਰ ਸਫ਼ਾ

ਪਿਛੇ ਦੀ ਬਾਕੀ ➡ ਹੋ ਸਕਦਾ ਕਦੀ ਇੱਕ ਅਧੀ ਉਦਾਸੀ ਵੇਲੇ ਕਿਸੇ ਬਾਲੇ ਨੇ ਸਾਥ ਦਿੱਤਾ ਹੋਵੇ ਪਰ ਅਸਲ ਘਾਲਣਾ ਜਨਮ ਸਾਖੀਆਂ ਦੇ ਲਿਖਾਰੀਆਂ ਦੀ ਹੀ ਹੈ।

10. ਧਰਮ ਸਿੰਘ ਕਿ ਧਰਮਾ ਸਿੰਘਾ- ਬਰਮਾ ਇਲਾਕੇ ਵਿੱਚ ਓਨੀ ਦਿਨੀ ਸਿੰਘਾ ਨਾਂ ਨਾਲ ਆਮ ਵਰਤਿਆ ਜਾਂਦਾ ਸੀ। ਪਰ ਅਸੀ ਇਸ ਨਾਂ ਨੂੰ ਕੋਈ ਮਾਮਲਾ (ਇਸ਼ੂ) ਨਹੀ ਬਣਾਉਣਾ ਚਾਹੁੰਦੇ। ਜੇ ਧਰਮ ਸਿੰਘ ਵੀ ਕਿਹਾ ਜਾਵੇ ਤਾਂ ਸਾਨੂੰ ਕੋਈ ਦਿਕਤ ਨਹੀ।

11. ਬਾਕੀ ਦੇ ਨਾਂ ਤਾਂ ਜਨਮ ਸਾਖੀ ਕਰਤਾ ਨੇ ਫਰਜੀ ਪਾਏ ਪਰ ਹੋ ਸਕਦਾ ਹੈ ਕਿ ਧਰਮ ਸਿੰਘ ਜਾਂ ਧਰਮਾ ਸਿੰਘਾ ਸਿੱਖੀ ਨਾਲ ਜੁੜਿਆ ਹੋਵੇ। ਜਿਸ ਦਾ ਜਿਕਰ ਜਨਮ ਸਾਖੀ ਪੂਰੇ ਆਤਮ ਵਿਸ਼ਵਾਸ ਨਾਲ ਕਰਦੀ ਹੈ।

12. ਰਾਜੇ ਦੀ ਜਾਤ ਬ੍ਰਾਹਮਣ ਦੱਸੀ ਹੈ। ਰਾਖਸ਼ਸ਼ ਦੇਸ਼ ਵਿੱਚ ਵੀ ਓਨੀ ਦਿਨੀ ਰਾਜੇ ਆਪਣੇ ਆਪ ਨੂੰ ਬ੍ਰਾਹਮਣ ਦਸਦੇ ਹਨ। ਇਹ ਰਿਵਾਜ ਬਰਮਾ ਤੇ ਥਾਈਲੈਂਡ ਤੱਕ ਮੌਜੂਦ ਸੀ।

13. ਸਾਖੀ 'ਚ ਲਿਖਿਆ ਹੈ ਗੁਰੂ ਸਾਹਿਬ ਸਿਲਮਿਲਾ ਪਹਾੜਾਂ ਦੇ ਦਾਮਨ ਵਿੱਚ ਬੈਠੇ ਹਨ। ਮਤਲਬ ਸਾਲਮਾਲਾ ਪਰਬਤ ਮਾਲਾ। ਆਰਾਕਾਨ ਪਹਾੜੀ ਮਾਲਾ ਜਾਂ ਰਾਖੀਨ ਰੇਂਜ ਜਿਸ ਨੂੰ ਵਿਦਵਾਨਾਂ ਨੇ ਬਰੱਮਾ ਦੀਆਂ ਪਰਬਤ ਮਾਲਾ ਹੀ ਪਛਾਣਿਆ ਹੈ।

ਮਤਲਬ ਪਹਾੜੀ ਇਲਾਕਾ। ਰਾਜ ਬਹੁਤ ਵਿਸ਼ਾਲ ਹੈ। ਦੂਸਰੇ ਪਾਸੇ ਫਿਰ ਪਹਾੜ ਹਨ। ਇਹ ਬਰਮਾ ਤਾਂ ਹੋ ਸਕਦਾ ਹੈ ਪਰ ਦੀਪ ਤਨਾਸਿਰਮ ਵੀ ਨਹੀ ਹੈ। ਸੁਭਾਵਕ ਹੈ ਸੋਨਾਰਗਾਓ ਵੀ ਨਹੀ।

14. ਯਾਦ ਰਹੇ ਕਿਉਕਿ ਕੱਟਕ ਉਡੀਸਾ ਵੀ ਗੁਰੂ ਸਾਹਿਬ ਗਏ ਤੇ ਕੱਟਕ ਦੇ ਸਾਹਮਣੇ ਸਮੁੰਦਰ ਵਿੱਚ ਜਿਹੜਾ ਦੀਪ ਪੈਂਦਾ ਹੈ ਉਨੂੰ ਵੀ ਜੰਬੂ ਦੀਪ ਕਹਿੰਦੇ ਹਨ। ਇਥੋਂ ਦੀ ਵੀ ਗੁਰੂ ਸਾਹਿਬ ਲੰਘੇ ਸਨ। ਪਰ ਬਾਕੀ ਦੀਆਂ ਨਿਸ਼ਾਨੀਆਂ ਇਥੇ ਮੇਲ ਹਰਗਿਜ਼ ਨਹੀ ਖਾਂਧੀਆਂ।

14. "ਰਾਜ ਦੀ ਹੱਦ 7700 ਜੋਜਨ" (ਇਸ ਇਸ਼ਾਰੇ ਦੀ ਵਿਆਖਿਆ ਅਸੀ ਕਰਨ ਤੋਂ ਅਸਮਰਥ ਹਾਂ। ਕਿਉਕਿ ਇਹ ਦੂਰੀ ਤਾਂ ਬਹੁਤ ਜਿਆਦਾ ਹੋ ਜਾਂਦੀ ਹੈ। ਇੱਕ ਜੋਜਨ = 8 ਮੀਲ= 12.87 ਕਿਲੋਮੀਟਰ। ਕੁਲ ਦੂਰੀ ਹੋ ਗਈ 7700 ਗੁਣਾਂ 12.87=99135 ਕਿਲੋਮੀਟਰ। ਕੁਲ ਧਰਤੀ ਦਾ ਘੇਰਾ ਮਸਾਂ 25000 ਕਿਲੋ ਮੀਟਰ ਹੈ। ਇਹ ਗਲ ਕਹਿਣ ਤੋਂ ਜਨਮ ਸਾਖੀ ਕਰਤਾ ਦਾ ਮਤਲਬ ਹੈ ਬਹੁਤ ਵਿਸ਼ਾਲ।

ਸਾਡਾ ਕਹਿਣ ਦਾ ਮਤਲਬ ਇਹ ਸਾਖੀ ਮੀਆਮਾਰ ਦੇ ਸ਼ਹਿਰ ਆਵਾ ਜਾਂ ਇੰਗਵਾ ਦੀ ਹੈ ਜਿਸ ਨੂੰ ਅੱਜ ਕਲ ਮਾਂਡਲਾ ਕਿਹਾ ਜਾਂਦਾ ਹੈ।

ਬਾਕੀ ਇਹ ਗੱਲ ਮੰਨਣ ਯੋਗ ਨਹੀ ਕਿ ਗੁਰੂ ਸਾਹਿਬ 15 ਮਹੀਨੇ ਰਾਜਾ ਮਿਨ ਸਵੇ ਕੋਲ ਠਹਿਰੇ ਸਨ। ਜਨਮ ਸਾਖੀ ਵਿਚ ਥਾਂਦੀ ਥਾਂਦੀ ਸਮਾਂ ਵਧਾ ਕੇ ਲਿਖਿਆ ਹੈ।

https://en.wikipedia.org/wiki/Shwenankyawshin

ਰੂਪ ਹੈ। ਉਹ ਰੱਬ ਹੀ ਹੈ। ਰੋਟੀ ਮਿਲ ਗਈ, ਠੀਕ। ਨਹੀ ਤਾਂ ਕੋਈ ਪ੍ਰਵਾਹ ਨਹੀ। ਹਾਂ ਜੇ ਉਹ ਨਿਰੰਕਾਰ ਨੂੰ ਯਾਦ ਨਾਂ ਕਰੇ ਤਾਂ ਫਿਰ ਉਹਦੀ ਹਾਲਤ ਖਰਾਬ ਹੁੰਦੀ ਹੈ।

ਸਿੰਘਾ ਕਹਿਣ ਲੱਗਾ "ਰੋਟੀ ਖਾ ਲੈ। ਚਲ ਮੈਂ ਵੀ ਤੇਰੇ ਨਾਲ ਚਲਦਾ ਵਾਂ ਸੰਤਾਂ ਦੇ ਦਰਸ਼ਨ ਕਰਕੇ ਆਉਦਾ ਵਾਂ। "

ਗੁਰੂ ਸਾਹਿਬ ਦੇ ਡੇਰੇ ਤੇ ਦੋਵੇਂ ਪਹੁੰਚ ਗਏ। ਗੁਰੂ ਸਾਹਿਬ ਦੀ ਨਿਰੰਕਾਰ ਨਾਲ ਲਿਵ ਲੱਗੀ ਹੋਈ ਸੀ। ਜਾ ਕੇ ਬੈਠ ਗਏ। ਸਿੰਘਾ ਪੁੱਛਦਾ ਮਰਦਾਨੇ ਨੂੰ ਕਿ ਇਹ ਕਦੋਂ ਉਠਣਗੇ।? ਮਰਦਾਨੇ ਨੇ ਦੱਸਿਆ ਕਿ ਕੋਈ ਪਤਾ ਨਹੀ ਇਹ ਤਾਂ ਕਦੀ ਕਦੀ ਦਿਨ ਭਰ ਹੀ ਏਸੇ ਹਾਲਤ ਵਿੱਚ ਕੱਢ ਦਿੰਦੇ ਨੇ। ਸਿੰਘਾ ਪੁੱਛਦਾ ਫਿਰ ਕੀ ਕਰੀਏ? ਮਰਦਾਨੇ ਨੇ ਹੌਲੀ ਜਿਹੀ ਉਹਦੇ ਕੰਨ ਵਿੱਚ ਕਿਹਾ ਕਿ ਅਵਾਜ ਦੇ; ਕਰਤਾਰ, ਕਰਤਾਰ, ਸਤਿ ਕਰਤਾਰ। ਸਿੰਘਾ ਨੇ ਓਸੇ ਤਰਾਂ ਕੀਤਾ।

ਗੁਰੂ ਸਾਹਿਬ ਨੇ ਅੱਖਾਂ ਖੋਹਲੀਆਂ। ਹਾਲ ਚਾਲ, ਜਾਣ ਪਛਾਣ ਪੁੱਛੀ। ਸਿੰਘਾ ਨੇ ਕਿਹਾ ਕਿ "ਮੈਂ ਮਹਾਰਾਜ ਮਿਨ ਸਵੇ ਦਾ ਮੁਲਾਜਮ ਹਾਂ। ਰਾਜੇ ਨੇ ਮੈਨੂੰ ਹੁਕਮ ਕੀਤਾ ਹੋਇਆ ਕਿ ਰਾਜ ਵਿੱਚ ਕੋਈ ਬੰਦਾ ਭੁੱਖਾ ਨਹੀ ਰਹਿਣਾ ਚਾਹੀਦਾ। ਇਸ ਕਰਕੇ ਮੈਂ ਭੋਜਨ ਲੈ ਕੇ ਹਾਜਰ ਹੋਇਆ ਹਾਂ। ਸਵੀਕਾਰ ਕਰੋ। "

ਰਾਜਾ ਮਿਨ ਸਵੇ ਨੇ ਵੀ ਕੁਝ ਇਹੋ ਜਿਹਾ ਸੁਨਿਹਰੀ ਸਤੂਪ ਹੀ ਬਣਵਾਇਆ ਹੋਵੇਗਾ। ਪਰ ਇਹ ਤਸਵੀਰ ਸ਼ਹਿਰ ਇਨਵਾ ਵਿਖੇ ਅੱਜ ਬਣ ਰਹੇ ਸਤੂਪ ਦੀ ਹੈ। ਧਿਆਨ ਨਾਲ ਵੇਖੋ। ਬੰਦੇ ਨਜਰ ਆਉਣਗੇ। ਅੰਦਾਜ਼ਾ ਲਾਓ ਕਿੰਨਾ ਵਿਸ਼ਾਲ ਪਗੋਡਾ ਹੈ!

ਗੁਰੂ ਸਾਹਿਬ ਨੇ ਮਹਾਰਾਜ ਬਾਰੇ ਹੋਰ ਪੁੱਛਿਆ ਤਾਂ ਧਰਮਾ ਸਿੰਘਾ ਨੇ ਕਿਹਾ ਕਿ ਮਹਾਰਾਜਾ ਅੱਜ ਤੋਂ 10 ਸਾਲ ਪਹਿਲਾਂ (7 ਅਪਰੈਲ 1501 ਈ) ਗੱਦੀ ਤੇ ਬੈਠਾ ਸੀ। (ਕਿਉਕਿ ਰਾਜੇ ਨੇ ਹੁਕਮ ਕਰਕੇ ਆਵਾ ਨੂੰ ਸੋਨ ਨਗਰੀ ਬਣਾ ਦਿੱਤਾ ਸੀ ਇਤਹਾਸ ਵਿੱਚ ਇਸ ਰਾਜੇ ਦਾ ਨਾਂ 'ਮਿਨ ਸਵੇ' ਦੇ ਬਜਾਏ ਜਿਆਦਾ Shwenankyawshin ਸ਼ਵੇਨਾਨਕਿਆਸ਼ਿਨ ਪੈ ਗਇਆ ਹੈ। ਜਿਸ ਦਾ ਮਤਲਬ ਹੁੰਦਾ ਹੈ ਸੁਨਿਹਰੀ ਮਹਿਲ ਦਾ ਮਾਲਕ) ਧਰਮਾ ਸਿੰਘਾ ਨੇ ਦੱਸਿਆ ਕਿ ਰਾਜੇ ਮਿਨ ਸਵੇ ਦੇ ਤਹਿਤ ਕੋਈ 17 ਛੋਟੇ ਮੋਟੇ ਰਾਜੇ ਹਨ। ਸਿੰਘਾ ਨੇ ਕਿਹਾ ਕਿ ਰਾਜੇ ਦੇ ਸਿਰ ਛੱਤ੍ਰ ਆਪ ਨਿਰੰਕਾਰ ਨੇ ਦਿੱਤਾ ਹੈ। ਇਸ ਨੇ ਰਾਜ ਕਿਸੇ ਕੋਲੋ ਖੋਹਿਆ ਨਹੀ। ਇਤਹਾਸ ਵਿੱਚ ਦਰਜ ਹੈ ਕਿ ਰਾਜਾ ਮਿਨ ਸਵੇ ਦੂਸਰੇ ਨੰਬਰ ਦਾ ਰਾਜ ਕੁਮਾਰ ਸੀ। ਜਦੋਂ ਇਸ ਦਾ ਵੱਡਾ ਭਰਾ ਤੇ ਪਿਤਾ ਗੁਜਰ ਗਏ ਤਾਂ ਫਿਰ ਰਾਜ ਗੱਦੀ ਇਨੂੰ ਮਿਲੀ ਸੀ।

ਗੁਰੂ ਸਾਹਿਬ ਨੇ ਭੋਜਨ ਕਰਨ ਤੋਂ ਨਾਂਹ ਕਰ ਦਿੱਤੀ ਤਾਂ ਸਿੰਘਾ ਨੇ ਕਿਹਾ ਕਿ ਜੇ ਇਹ ਵਾਲਾ ਭੋਜਨ ਤੁਹਾਨੂੰ ਪਸੰਦ ਨਹੀ ਤਾਂ ਮੈਂ ਕੋਈ ਦੂਸਰੀ ਵਸਤੂ ਲੈ ਆਉਦਾ ਹਾਂ। ਬਾਬੇ ਨੇ ਕਿਹਾ ਕਿ ਨਹੀ ਅਜਿਹੀ ਕੋਈ ਗੱਲ ਨਹੀ, ਸਾਡਾ ਤੁਹਾਡੇ ਰਾਜੇ ਨਾਲ ਗਿਲਾ ਹੈ। ਕਦੀ ਰਾਜੇ ਨੂੰ ਮਿਲ ਕੇ ਗਿਲਾ ਸ਼ਿਕਵਾ ਦੂਰ ਕਰਕੇ ਫਿਰ ਤੁਹਾਡੇ ਨਾਲ ਭੋਜਨ ਕਰਾਂਗੇ।

ਸਿੰਘਾ ਕਹਿਣ ਲੱਗਾ ਕਿ ਕਿਹੜੀ ਗੱਲੋਂ ਤੁਸੀ ਰਾਜੇ ਨਾਲ ਖਫਾ ਹੋ ਸੰਤ ਜੀ। ਗੁਰੂ ਸਾਹਿਬ ਨੇ ਸਿੰਘਾ ਨੂੰ ਕਿਹਾ ਕਿ ਇਹ ਤਾਂ ਰਾਜੇ ਨੂੰ ਹੀ ਦੱਸ ਸਕਦਾ ਹਾਂ। ਉਹ ਹੀ ਸਮਝ ਪਾਏਗਾ।

ਧਰਮਾ ਸਿੰਘਾ ਨੇ ਝੱਟ ਰਾਜੇ ਨੂੰ ਗੱਲ ਦੱਸੀ ਕਿ ਬਾਹਰ ਇੱਕ ਸਾਧੂ ਆਇਆ ਹੈ ਤੇ ਉਹ ਤੁਹਾਡੇ ਤੇ ਖੁੱਸ਼ ਨਹੀ ਹੈ। ਮੈਂ ਕਾਰਨ ਪੁੱਛਿਆ ਤਾਂ ਕਹਿਣ ਲੱਗਾ ਕਿ ਇਹ ਗੱਲ ਤਾਂ ਮੈਂ ਰਾਜਾ ਨੂੰ ਹੀ ਦੱਸ ਸਕਦਾ ਹਾਂ।

ਸਬੱਬੀ ਰਾਜਾ ਵੀ ਉਸ ਵੇਲੇ ਫੁਰਸਤ ਵਿੱਚ ਸੀ। ਝੱਟ ਘੋੜੇ ਤੇ ਕਾਠੀ ਪਵਾਈ ਤੇ ਗੁਰੂ ਸਾਹਿਬ ਕੋਲ ਆ ਪਹੁੰਚਿਆ। ਜਾਣ ਪਛਾਣ ਹੋਈ ਗੁਰੂ ਸਾਹਿਬ ਕੋਲੋ ਰਾਜੇ ਨੇ ਦਿੱਲੀ ਪੰਜਾਬ ਦੀਆਂ ਗੱਲਾਂ ਪੁੱਛੀਆਂ। ਸਾਹਿਬ ਨੇ ਦੱਸਿਆ ਕਿ ਕਿਵੇ ਉਹ ਚਿਟਾਗਾਂਗ ਤੇ ਮਰਾਕ ਊ ਦੇ ਰਾਜੇ ਨੂੰ ਵੀ ਮਿਲ ਕੇ ਆਏ ਨੇ। ਰਾਜਾ ਗੁਰੂ ਸਾਹਿਬ ਦੇ ਰਾਜਨੀਤਕ ਗਿਆਨ ਤੋਂ ਬਹੁਤ ਪ੍ਰਭਾਵਿਤ ਹੋਇਆ।

ਗੁਰੂ ਸਾਹਿਬ ਨੇ ਫਿਰ ਰਾਜਾ ਦੇ ਪਿੱਛੋਕੜ ਬਾਰੇ ਗੱਲ ਬਾਤ ਸ਼ੁਰੂ ਕਰ ਦਿੱਤੀ। ਉਹਦੇ ਬੀਤੇ ਦੀਆਂ ਕਈ ਗੱਲਾਂ ਦੱਸੀਆਂ ਕਿ ਕਿਵੇ ਉਹਦੀ ਮੂਰਖਤਾ ਦੇ ਬਾਵਜੂਦ ਨਿਰੰਕਾਰ ਉਹਦੀ ਰੱਖਿਆ ਕਰਦਾ ਆਇਆ ਹੈ। ਉਹ ਗੱਲਾਂ ਤੇ ਉਹ ਰਾਜ ਸਿਰਫ ਰਾਜਾ ਹੀ ਜਾਣਦਾ ਸੀ। ਰਾਜਾ ਮਿਨ ਸਵੇ (ਕਵਲ ਨੈਨ) ਝੱਟ ਗੁਰੂ ਸਾਹਿਬ ਦੇ ਪੈਰੀ ਆ ਪਿਆ ਤੇ ਖਿਮਾ ਦੀ ਯਾਚਨਾ ਕੀਤੀ।

ਰਾਜੇ ਨੇ ਕਿਹਾ ਕਿ ਪਿੱਛੇ ਜੋ ਹੋਇਆ ਸੀ ਹੋਇਆ ਅੱਗੇ ਵਾਸਤੇ ਮੈਨੂੰ ਹੁਕਮ ਕਰੋ। ਜਿਵੇ ਤੁਸੀ ਕਹੋਗੇ ਮੈਂ ਓਵੇਂ ਹੀ ਕਰਾਂਗਾ। ਰਾਜੇ ਨੇ ਗੁਰੂ ਸਾਹਿਬ ਅੱਗੇ ਅਰਜੋਈ ਕੀਤੀ ਕਿ ਸਾਹਿਬ ਮੈਨੂੰ ਰਾਜ ਕਰਨ ਵਿੱਚ ਬਹੁਤ ਮੁਸ਼ਕਲਾਂ ਪੇਸ਼ ਆ ਰਹੀਆ ਹਨ ਕਿਰਪਾ ਕਰੋ।

ਗੁਰੂ ਸਾਹਿਬ ਨੇ ਰਾਜਾ ਮਿਨ ਸਵੇ ਨੂੰ ਸਲਾਹ ਦਿੱਤੀ ਕਿ ਜੇ ਭਲਾ ਚਾਹੁੰਦੇ ਹੋ ਤਾਂ ਚਿਟਾਗਾਂਗ ਦੇ ਰਾਜਾ ਹੁਸੈਨ ਸ਼ਾਹ ਨਾਲ ਸੰਧੀ ਕਰ ਲਓ ਤੇ ਉਸ ਦੇ ਸਲਾਮੀ ਬਣ ਜਾਓ, ਤੁਹਾਡਾ ਰਾਜ ਬਚਿਆ ਰਹੇਗਾ। (ਲਗਦੈ ਇਥੇ ਗੁਰੂ ਸਾਹਿਬ ਨੇ ਰਾਜੇ ਨੂੰ ਸਮਝਾਇਆ ਹੋਏ ਕਿ ਤੁਸੀ ਦੋਵੇ ਰਾਜੇ ਮਿਲ ਕੇ ਦਿੱਲੀ ਵੀ ਫਤਹਿ ਕਰ ਸਕਦੇ ਹੋ।) ਜੇ ਅਜਿਹਾ ਨਹੀ ਕਰੋਗੇ ਤਾਂ ਤੁਹਾਡੀ ਮਰਜੀ। ਰਾਜੇ ਨੇ ਕਿਹਾ ਕਿ ਹੁਸੈਨ ਸ਼ਾਹ ਤਾਂ ਵੱਡਾ ਰਾਜਾ ਹੈ ਜੇ ਕੋਈ ਉਸ ਤੋਂ ਵੀ ਨੀਵਾ ਹੈ ਤਾਂ ਮੈ ਉਸ ਨੂੰ ਵੀ ਨਮਸਕਾਰ ਕਰਨ ਨੂੰ ਤਿਆਰ ਹਾਂ। ਤੁਹਾਡਾ ਹੁਕਮ ਚਾਹੀਦਾ ਹੈ, ਬਸ।

ਗੁਰੂ ਸਾਹਿਬ ਨੇ ਰਾਜੇ ਨੂੰ ਸਿੱਖੀ ਦਾ ਤਿੰਨ ਥੰਮਾ ਸਿਧਾਂਤ ਸਮਝਾਇਆ : ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣਾ।

ਰਾਜੇ ਮਿਨ ਸਵੇ ਨੇ ਗੁਰੂ ਸਾਹਿਬ ਦੇ ਸਾਰੇ ਹੁਕਮ ਮੰਨਣ ਦਾ ਵਾਇਦਾ ਦੇ ਕੇ ਬੇਨਤੀ ਕੀਤੀ ਕਿ ਚਲੋਂ ਹੁਣ ਮੇਰੇ ਮਹਿਲਾਂ ਨੂੰ ਵੀ ਪਵਿਤਰ ਕਰ ਦਿਓ। ਗੁਰੂ ਸਾਹਿਬ ਰਾਜੇ ਦੇ ਮਹਿਲਾਂ ਵਿੱਚ ਗਏ ਤੇ ਹਫਤਾ ਦਸ ਦਿਨ ਉਸ ਸ਼ਹਿਰ ਦੇ ਵਸਨੀਕਾਂ ਨੂੰ ਹੀ ਸਤਿਨਾਮ ਸਤਿ ਕਰਤਾਰ ਦੇ ਨਾਮ ਨਾਲ ਜੋੜਿਆ। ਦੂਸਰੇ ਪਾਖੰਡਾਂ ਤੋਂ ਹਟਾ ਕੇ ਇੱਕ ਨਿਰਾਕਾਰ ਪ੍ਰਭੂ ਨਾਲ ਜੋੜਿਆ।

—◈—

ਅੱਗੇ ਜੰਬੂ ਦੀਪ ਨੂੰ ਚਲੇ (ਬਾਲਾ ਪੰਨਾ 180)

ਜਦੋਂ ਦੇਵਲੂਤ ਰਾਜੇ 'ਬਿਨਿਆ ਰਨ' ਨੇ ਬਾਬੇ ਤੇ ਮਰਦਾਨੇ ਦਾ ਸ਼ਿਕਾਰ ਖੇਡਣਾ ਚਾਹਿਆ◉

ਬਰਮਾ ਦੇ ਇੱਕ ਵੱਡੇ ਹਿਸੇ ਤੇ ਹੰਥਾਵੱਡੀ (ਹੰਸਾਵਤੀ: ਜੋ ਹੰਸ ਪਾਲਦੇ ਸਨ) ਖਾਨਦਾਨ ਰਾਜ ਕਰਦਾ ਸੀ। ਕਿਸੇ ਮੌਕੇ ਇੱਕ ਰਾਣੀ 'ਸ਼ੀਂ ਸਾਬੋ' ਦਾ ਰਾਜ ਬੇਗੋ ਤੇ ਹੋ ਗਿਆ। ਸ਼ੀਂ ਸਾਬੋ ਇੱਕ ਬੋਧੀ ਭਿਕਸ਼ੂ ਧੰਮਾਜੇਦੀ ਤੋਂ ਇਨੀ ਪ੍ਰਭਾਵਤ ਹੋਈ ਕਿ ਉਸ ਨੇ ਆਪਣੀ ਰਾਜਕੁਮਾਰੀ ਧੀ ਦਾ ਵਿਆਹ ਧੰਮਾਜੇਦੀ ਭਿਕਸ਼ੂ ਨਾਲ ਕਰ ਦਿੱਤਾ। 1471 ਈ. ਵਿੱਚ ਫਿਰ ਧੰਮਾਜੇਦੀ ਹੀ ਬੇਗੋ ਤੇ ਤਖਤ ਤੇ ਬਰਾਜਮਾਨ ਹੋ ਗਿਆ। ਓਹਦੇ ਧਰਮੀ ਰਾਜ ਦੀ ਚਾਰ ਚੁਫੇਰੇ ਧੁੰਮ ਪੈ ਗਈ। ਇਹਨੇ ਰਾਜ ਕਰਨ ਦੇ ਨਵੇ ਕਨੂੰਨ ਘੜ ਦਿੱਤੇ ਜੋ ਅੱਜ ਵੀ ਦਸਤਾਵੇਜ ਤੇ ਤੌਰ ਸਿਲਲੇਖ ਤੇ ਮਿਲਦੇ ਹਨ ਇਨਾਂ ਨੂੰ ਧੰਮਾਜ਼ੇਦੀ ਪਿਆਟਨ ਕਿਹਾ ਜਾਂਦਾ ਹੈ।

ਏਸੇ ਮਸ਼ਹੂਰ ਬੋਧੀ ਭਿਕਸ਼ੂ ਰਾਜੇ ਦੇ ਪੁੱਤਰ 'ਬਿਨਿਆ ਰਣ' ਦਾ ਰਾਜ (1492 ਈ. ਤੋਂ 1526) ਨੂੰ ਬੇਗੋ ਤੇ ਹੋ ਜਾਂਦਾ ਹੈ। ਇਹ ਏਨਾਂ ਝੱਲਾ ਰਾਜਾ ਸੀ ਕਿ ਦੂਸਰੀ ਰਿਆਸਤ ਵਿੱਚ ਸਥਿਤ ਸ਼ਵਾਜੀਗੌਨ ਸਤੂਪ ਤੇ ਮੱਥਾ ਟੇਕਣ ਫੌਜਾਂ ਸਮੇਤ ਚਲਾ ਗਿਆ।

ਜਨਮ ਸਾਖੀ ਅਨੁਸਾਰ ਬਾਗੋ ਸ਼ਹਿਰ ਪਹੁੰਚਣ ਵਿੱਚ ਬਾਬੇ ਤੇ ਮਰਦਾਨੇ ਨੂੰ 27 ਦਿਨ ਲੱਗੇ। ਕਿਤੇ ਧਰਤੀ ਤੇ ਕਿਤੇ ਪਹਾੜ। ਇਹ ਸ਼ਹਿਰ ਜਿੱਥੇ ਪਹੁੰਚੇ ਪਹਾੜੀ ਤੇ ਮੌਜੂਦ ਹੈ। ਰਾਜੇ ਦਾ ਨਾਂ ਦੇਵਲੂਤ ਦਿੱਤਾ ਹੈ। ਗੁਰੂ ਸਾਹਿਬ ਸ਼ਹਿਰ ਤੋਂ 2 ਕੋਹ ਉਰਾਂ ਹੀ ਡੇਰਾ ਜਮਾ ਕੇ ਬਹਿ ਗਏ। ਰਾਜੇ ਨੂੰ ਖਬਰ ਮਿਲੀ ਕਿ ਕੁਝ ਵੱਖਰੀ ਹੀ ਨਸਲ ਦੇ ਬੰਦੇ ਬਾਹਰ ਬੈਠੇ ਨੇ।

ਇਲਾਕੇ 'ਚ ਰਿਵਾਜ ਹੁੰਦਾ ਸੀ ਕਿ ਦੁਸ਼ਮਣ ਦੇ ਬੰਦਿਆ ਨੂੰ ਮਾਰ ਕੇ ਖਾ ਜਾਂਦੇ ਸਨ। ਲੱਗਦਾ ਹੈ ਕਿ ਗੁਰੂ ਸਾਹਿਬ ਤੇ ਵੀ ਸ਼ੱਕ ਹੋਇਆ ਤੇ ਰਾਜੇ ਨੇ ਬੰਦੇ ਭੇਜੇ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਨ। ਸਾਖੀ 'ਚ ਆਉਦਾ ਹੈ ਕਿ ਜਦੋਂ ਬੰਦੇ ਗੁਰੂ ਸਾਹਿਬ ਦੇ ਨਜਦੀਕ ਪਹੁੰਚਣ ਤਾਂ ਅੰਨੇ ਹੋ ਜਾਵਣ। ਦੂਰ ਹੱਟਣ ਤਾਂ ਦਿਸਣਾ ਸ਼ੁਰੂ ਹੋ ਜਾਵੇ।

ਰਾਜੇ ਨੇ ਇਸ ਤਰਾਂ 7 ਵੱਖ ਵੱਖ ਟੀਮਾਂ ਭੇਜੀਆਂ। ਪਰ ਹਰ ਵਾਰੀ ਇਹੋ ਹੋਇਆ। ਰਾਜੇ ਦੇ ਵਜੀਰ ਨੇ ਫਿਰ ਸਲਾਹ ਦਿੱਤੀ ਕਿ ਹੋ ਸਕਦਾ ਹੈ ਕਿ ਓਥੇ ਬੈਠਾ ਕੋਈ ਪੂਰਨ ਮਹਾਤਮਾ ਪੁਰਖ ਹੋਵੇ। ਉਸ ਕਿਹਾ ਕਿ ਰਾਜਾ ਜੀ ਮੈਨੂੰ ਇਜਾਜਤ ਦੇਵੋ। ਪਰ ਸ਼ੁਧ ਤੇ ਸਤਿਕਾਰ ਵਾਲੀ ਭਾਵਨਾ ਨਾਲ ਸਾਧੂਆਂ ਕੋਲ ਜਾਂਦਾ ਹਾਂ ਜੇ ਮੈਂ ਅੰਨਾ ਨਾਂ ਹੋਇਆ ਤਾਂ ਸਮਝ ਲੈਣਾ ਕਿ ਕੋਈ ਪੂਰਨ ਬ੍ਰਹਮਗਿਆਨੀ ਪੁਰਖ ਹੈ ਉਹ। ਰਾਜੇ ਨੂੰ ਇਹ ਸਲਾਹ ਚੰਗੀ ਲੱਗੀ ਤੇ ਵਜੀਰ ਭੇਟ ਲੈ ਕੇ ਗੁਰੂ ਸਾਹਿਬ ਦੇ ਹਾਜਰ ਹੋਇਆ। ਵਿਸਥਾਰ ਵਿੱਚ ਗੱਲਾਂ ਬਾਤਾਂ ਹੋਈਆਂ। ਵਜੀਰ ਨੇ ਸਰਕਾਰ ਦੇ ਪਹਿਲੇ ਨਜਰੀਏ ਤੇ ਮਾਫੀ ਮੰਗੀ ਤੇ ਸ਼ਰਮ ਮਹਿਸੂਸ ਕੀਤੀ। ਆ ਕੇ ਰਾਜੇ ਨੂੰ ਸਾਰੀ ਗੱਲ ਬਾਤ ਦੱਸੀ। ਫਿਰ ਰਾਜਾ ਆਪ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਲਾਮ ਲਸ਼ਕਰ ਸਮੇਤ ਪਹੁੰਚਿਆ। ਮਨ ਵਿੱਚ ਬੁਧਮਤ ਜਾਂ ਕੋਈ ਹੋਰ ਦਵੇਸ਼ ਭਾਵਨਾ ਹੋਣ ਕਰਕੇ ਉਹ ਵੀ ਅੰਨਾ ਹੋ ਗਇਆ ਤੇ ਵਾਪਸ ਪਰਤਿਆ। ਆ ਕੇ ਵਜੀਰ ਨਾਲ ਗੱਲ ਕੀਤੀ।

ਫਿਰ ਵਜੀਰ ਗੁਰੂ ਸਾਹਿਬ ਕੋਲ ਰਾਜੇ ਸਮੇਤ ਗਿਆ। ਪੈਰੀ ਪੈ ਕੇ ਭੁੱਲ ਬਖਸਵਾਈ। ਗੁਰੂ ਸਾਹਿਬ ਨੂੰ ਮਹਿਲਾਂ ਵਿੱਚ ਸੱਦਿਆ। ਗੁਰੂ ਸਾਹਿਬ ਨੇ ਮਹਿਲੀ ਜਾਣ ਤੋਂ ਇਨਕਾਰ ਕੀਤਾ। ਰਾਜੇ ਨੇ ਭੋਜਨ ਵਾਸਤੇ ਵੀ ਸੱਦਿਆ ਤਾਂ ਗੁਰੂ ਸਾਹਿਬ ਨੇ ਇਸ ਗੱਲ ਤੇ ਵੀ ਡੱਟ ਕੇ ਵਿਰੋਧਤਾ ਕੀਤੀ ਕਿ ਤੁਹਾਡਾ ਰਾਖਸ਼ ਖਾਣਾ ਮੈਨੂੰ ਸਵੀਕਾਰ ਨਹੀ। ਜਨਮ ਸਾਖੀ ਵਿੱਚ ਆਉਦਾ ਹੈ ਕਿ ਰਾਜੇ ਨੇ ਅੱਗੇ ਤੋਂ ਵਾਇਦਾ ਕੀਤਾ ਕਿ ਉਹ ਇਨਸਾਨੀ ਮਾਸ ਨਹੀ ਖਾਵੇਗਾ ਤੇ ਰਾਜ ਵਿੱਚ ਰਾਖਸ਼ਪੁਣੇ ਤੇ ਪਾਬੰਦੀ ਲਾਈ। ਗੁਰੂ ਸਾਹਿਬ ਕੋਲੋ ਨਾਮ ਦਾਤ ਹਾਸਲ ਕੀਤੀ ਤੇ ਆਪਣੇ ਜੀਵਨ ਵਿੱਚ ਕਾਲ ਵਿੱਚ ਸਿੱਖੀ ਦਾ ਪ੍ਰਚਾਰਕ ਹੀ ਬਣਿਆ ਰਿਹਾ।

ਕਾਫੀ ਸਮਾਂ ਓਥੇ ਗੁਰੂ ਸਾਹਿਬ ਰਹੇ ਤੇ ਫਿਰ ਸਮੁੰਦਰੀ ਜਹਾਜ ਰਾਂਹੀ ਬੰਗਾਲ ਵਾਲੇ ਪਾਸੇ ਆ ਗਏ।

—▲—

ਟਿੱਪ ਸਫ਼ਾ

◉ ਹੰਥਾਵੱਡੀ ਰਿਆਸਤ ਦਾ ਬਿਨਿਆ ਰਾਂ
https://en.wikipedia.org/wiki/Binnya_Ran_II
https://en.wikipedia.org/wiki/Bago,_Myanmar
https://en.wikipedia.org/wiki/List_of_capitals_of_Myanmar
https://en.wikipedia.org/wiki/Inwa

ਬਾਲਾ ਇਥੇ ਜੰਬੂ ਦੀਪ ਦੀ ਗੱਲ ਕਰਦਾ ਹੈ। ਹਿਊਨ ਸਾਗ ਵਰਗੇ ਬਾਹਰੀ ਯਾਤਰੂਆਂ ਜੰਬੂ ਦੀਪ ਭਾਰਤ ਨੂੰ ਕਿਹਾ। ਪਰ ਬਾਲਾ ਇਥੇ ਜੰਬੂ (ਹਾਥੀ) ਤੋਂ ਮਤਲਬ ਲੈ ਰਿਹਾ ਹੈ। ਹਾਥੀ ਥਾਈਲੈਂਡ ਵਿੱਚ ਵੀ ਖੂਬ ਸੀ ਤੇ ਬਰਮਾ ਵਿੱਚ ਵੀ ਓਨੀ ਦਿਨੀ ਆਮ ਮਿਲਦੇ ਸਨ। ਰਾਖਸ਼ ਥਾਈਲੈਂਡ ਵੀ ਹੁੰਦੇ ਸੀ। ਸੋ ਸੰਭਾਵਨਾ ਇਨਾਂ ਦੋਵਾਂ ਇਲਾਕਿਆਂ ਦੀ ਬਣ ਸਕਦੀ ਹੈ। ਪਰ ਬੰਗਾਲ ਦਾ ਰਾਜ ਓਧਰ ਹੋਣ ਦੀ ਸੰਭਾਵਨਾ ਨਹੀ ਬਣਦੀ।

ਜੇ ਤਾਂ ਥਾਈਲੈਂਡ ਦੀ ਗੱਲ ਹੁੰਦੀ ਤਾਂ ਰਾਜਧਾਨੀ ਅਯੁਥਿਆ (ਅਯੁਧਿਆ) ਜੋ ਤਿੰਨ ਦਰਿਆਂਵਾਂ ਦੇ ਦਰਮਿਆਨ ਆਉਦੀ ਹੈ ਓਹਦਾ ਜਰੂਰ ਜਿਕਰ ਹੋਣਾ ਸੀ। ਇਹ ਰਾਜਧਾਨੀ ਵੀ ਪਹਾੜੀ ਇਲਾਕਾ ਨਹੀ।

ਇਸ ਖਿੱਤੇ ਵਿੱਚ ਫਿਰ ਬੇਗੋ ਦੀ ਹੰਸਾਵਤੀ ਰਿਆਸਤ ਬਚਦੀ ਹੈ। ਜਿੱਥੇ ਹਾਥੀ ਵੀ ਹਨ ਤੇ ਲੋਕ ਵੀ ਮਾਣਸ ਖਾਣੇ ਰਾਖਸ ਸਨ ਤੇ ਅਗਲੀ ਗੱਲ ਰਾਜਾ ਵੀ ਬੋਧੀ ਦੇਵਲੂਤ।

ਬਾਕੀ ਜਿਹੜੀ ਬਾਲੇ ਨੇ ਗੱਲ ਲਿਖੀ ਹੈ ਕਿ 27 ਦਿਨਾਂ ਵਿੱਚ ਇਥੇ ਪਹੁੰਚੇ ਇਹ ਵੀ ਲੱਗ ਸੱਚੀ ਹੋ ਸਕਦੀ ਹੈ ਕਿਉਕਿ ਸਵਰਨ ਪੁਰ (ਇਨਵਾ) ਤੋਂ ਬੇਗੋ ਦਾ ਰਸਤਾ ਦੁਰਗਮ ਪਹਾੜੀ ਹੈ। ਪੈਦਲ ਕੁਲ ਮਿਲਾ ਕੇ 600 ਕਿਲੋਮੀਟਰ ਹੋ ਹੀ ਜਾਂਦਾ ਹੋਵੇਗਾ ਕਿਉਕਿ ਨੱਕ ਦੀ ਸੀਧ ਤੇ ਹੀ 510 ਕਿਲੋਮੀਟਰ ਪੈ ਜਾਂਦਾ ਹੈ।

ਬਾਬ-42ਓ

ਉੜੀਸਾ ਅਤੇ ਪੁਰੀ ਤੋਂ ਮਥੁਰਾ

ਪੁਰੀ ਤੋਂ ਅੱਗੇ ਲੰਕਾ ਨੂੰ ਜਾਣ ਦੇ ਬਿਜਾਏ ਪੰਜਾਬ ਨੂੰ ਪਰਤੇ। (1511 ਈ. ਮੱਧ)॰

ਬਾਗੋ (ਮਿਆਂਮਾਰ) ਤੋਂ ਜਹਾਜ ਰਾਂਹੀ ਚਲਕੇ ਬਾਬਾ ਸਮੁੰਦਰੀ ਤੱਟ ਦੇ ਨਾਲ ਨਾਲ ਹੁੰਦਾ ਹੋਇਆ ਰਖਾਈਨ ਦੇਸ, ਚਿਟਾਂਗਾਗ ਤੇ ਫਿਰ ਦਰਿਆ ਹੁਗਲੀ ਦੇ ਮੁਹਾਨੇ ਥਾਂਣੀ ਕਲਕੱਤਾ ਆਏ ਤੇ ਫਿਰ ਚੰਦਰਕੋਨਾ ਤੋਂ ਕੰਟਾਈ, ਭਦਰਕ, ਕੱਟਕ, ਹੁੰਦੇ ਹੋਏ ਪੁਰੀ ਪਹੁੰਚੇ। ਧਿਆਨ ਰਹੇ ਅੱਜ ਦੇ ਭੁਵਨੇਸ਼ਵਰ, ਬਾਲਾਸੋਰ, ਜਲੇਸਵਰ ਜਿਹੇ ਸ਼ਹਿਰ ਓਦੋਂ ਜਾਂ ਤਾਂ ਅਜੇ ਜੰਮੇ ਨਹੀ ਸਨ ਜਾਂ ਅਹਿਮੀਅਤ ਨਹੀ ਸਨ ਰਖਦੇ।

ਭਦਰਕ -ਓੜੀਸਾ ਦੇ ਅਫਸਾਨਿਆਂ ਵਿਚ ਵੀ ਗੁਰੂ ਨਾਨਕ ਦਾ ਨਾਂ ਚਲਦਾ ਆਇਆ ਹੈ। ਅਜਿਹੇ ਹੀ ਅਫਸਾਨੇ ਉੜੀਸਾ ਦੇ ਸ਼ਹਿਰ ਭਦਰਕ ਵਿਚਲੇ ਪਿੰਡ ਸੰਗਤ ਸਾਹਿਬ ਦੇ ਹਨ। ਵੇਖੋ ਨਾਲ ਦਿੱਤੀ ਤਸਵੀਰ ਕਿ ਕਿਵੇ 17 ਵੀ ਸਦੀ ਦੇ ਇਕ ਉੜੀਆ ਕਵੀ ਨੇ ਗੁਰੂ ਸਾਹਿਬ ਦਾ ਜਿਕਰ ਕੀਤਾ ਫਿਰ 1930 ਦੇ ਆਸ ਪਾਸ ਦੇ ਵੀ ਕਵੀ ਨੇ ਗੁਰੂ ਸਾਹਿਬ ਬਾਰੇ ਲਿਖਿਆ।

ਗੁਰੂ ਜੀ ਦੀ ਸੋਭਾ ਸੁਣ ਮਹੰਤ ਜਲ ਬਲ ਉੱਠਿਆ

ਸੋ ਮੇਦਿਨੀ ਪੁਰ ਤੋਂ ਚਲ ਗੁਰੂ ਸਾਹਿਬ ਦਾ ਟੀਚਾ ਕੱਟਕ ਪਹੁੰਚਣਾ ਸੀ ਜੋ ਕਿ ਉੜੀਸਾ (ਜਾਂ ਉਡੀਸਾ) ਰਾਜ ਦੀ ਰਾਜਧਾਨੀ ਸੀ। ਉਡੀਸਾ ਵਿੱਚ ਉਸ ਵੇਲੇ ਗਜਪਤੀ ਰਾਜਾ ਪ੍ਰਤਾਪ ਰੁਦਰ ਦੇਵ ਦਾ ਰਾਜ ਸੀ। ਧਿਆਨ ਰਹੇ ਗੁਰੂ ਸਾਹਿਬ ਦੇ ਸ਼ਰਧਾਲੂ ਅਲਾਉਦੀਨ ਹੁਸੈਨ ਸ਼ਾਹ ਦੇ ਜਰਨੈਲ ਇਸਮਾਈਲ ਗਾਜ਼ੀ ਨੇ 1509 ਈ. ਵਿਚ ਓੜੀਸਾ ਤੇ ਹਮਲਾ ਕੀਤਾ ਸੀ ਤੇ ਕੁਝ ਮੰਦਰ ਵੀ ਢਾਹੇ ਸੀ। ਸਾਲ ਪਹਿਲਾਂ ਹੀ ਉੜੀਸਾ ਵਿੱਚ ਬੜਾ ਭਿਆਨਕ

ਗੁਰਦੁਆਰਾ ਸ਼੍ਰੀ ਗੁਰੂ ਨਾਨਕ ਸੰਗਤ ਸਾਹਿਬ, ਪਿੰਡ ਸੰਗਤ(ਨਕਸ਼ਾ ਸੂਚਕ 21.045891, 86.519061) ਜਿਲਾ ਭਦਰਕ ਦੀ ਇਮਾਰਤ ਤੇ ਵੇਖੋ ਪੰਜਾਬੀ ਅੰਗਰੇਜੀ ਹਿੰਦੀ ਅਤੇ ਉੜੀਆ ਵਿਚ ਤਖਤੀਆਂ ਲੱਗੀਆਂ ਜਿੰਨਾਂ ਤੇ ਹੇਠ ਲਿਖੀ ਅਬਾਰਤ ਲਿਖੀ ਹੈ:

"ਸਿਖ ਧਰਮ ਕੇ ਬਾਨੀ ਤਥਾ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਦੇ ਸਮੇਂ .. ਭਦਰਕ ਦੇ ਪਿੰਡ ਸੰਗਤ ਵਿਚ ਇਸ ਜਗ੍ਹਾ ਤੇ ਰੁਕੇ ਸਨ ਅਤੇ ਕੁਝ ਦਿਨ ਸਾਧ ਸੰਗਤ ਕੀਤੀ ਸੀ। 18ਵੀ ਸਦੀ ਦੇ ਭਦਰਕ ਦੇ ਇਕ ਕਵੀ ਸ਼੍ਰੀ ਬੰਸ਼ੀ ਬੱਲਭ ਗੋਸਵਾਮੀ ਨੇ ਅਪਨੀ ਕਵਿਤਾ ਵਿਚ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਜਿਕਰ ਕੀਤਾ ਹੈ। 1930 ਦੇ ਇਕ ਉੜੀਆ ਲੇਖਕ ਸ਼ੀ ਰਾਜਾ ਬੱਲਭ ਮਹਾਂਤੀ ਨੇ ਅਪਨੀ ਓੜੀਆ ਕਵਿਤਾ ਭਦ੍ਕਾਲੀ ਜਣਾਣ ਵਿਚ ਸ਼੍ਰੀ ਗੁਰੂ ਨਾਨਕ ਦੇਵ ਜੀ ਅਤੇ ਸੰਗਤ ਪਿੰਡ ਦਾ ਜਿਕਰ ਕੀਤਾ ਹੈ। ਇਹ ਜਗਾ ਓੜਿਸਾ ਦੇ ਰਿਵੈਨਿਯੂ ਡਿਪਾਰਟਮੈਂਟ ਵਿਚ 'ਨਾਨਕ ਡਿਹਾ' ਕੇ ਨਾਮ ਨਾਲ ਰੇਜਿਸ਼ਟਰਡ ਹੈ। ਸ਼੍ਰੀ ਗੁਰੂ ਨਾਨਕ ਜੀ ਨੇ ਨਿੰਮ ਦੇ ਜਿਸ ਪੇੜ ਥੱਲੇ ਬੈਠ ਕਰ ਸੰਗਤ ਕੀਤੀ ਸੀ ਉਸ ਦਾ ਇਕ ਹਿੱਸਾ ਤਖਤ ਸ਼੍ਰੀ ਹਰਮੰਦਰ ਸਾਹਿਬ, ਪਟਨਾ ਸਾਹਿਬ ਵਿਖੇ ਸੁਰੱਖਿਅਤ ਰਖਿਆ ਹੋਇਆ ਹੈ।"

ਪੈੜ ਸਫਾ

ਜੋ ਕਹਿੰਦੇ ਚਾਰ ਨਹੀ ਤਿੰਨ ਉਦਾਸੀਆਂ ਕੀਤੀਆਂ ਸਨ- ਨੂੰ ਜਵਾਬ:

ਦੋ ਨਹੀ। ਤਿੰਨ ਉਦਾਸੀਆਂ 'ਚ ਗਾਹਿਆ ਸੀ ਹਿੰਦੁਸਤਾਨ। ਚੌਥੀ ਉਦਾਸੀ ਮੱਕੇ ਦੀ।

ਹਾਲਾਂ ਪੁਰਾਤਨ ਜਨਮ ਸਾਖੀ ਨੇ ਸਾਫ ਸਾਫ 4 ਉਦਾਸੀਆਂ ਦੀ ਗਲ ਕੀਤੀ ਹੈ ਪਰ ਕੁਝ ਅਜੋਕੇ ਸਿੱਖ ਇਤਹਾਸਕਾਰਾਂ ਨੇ ਕਿਹਾ ਕਿ ਗੁਰੂ ਨਾਨਕ ਦੀਆਂ ਚਾਰ ਨਹੀ ਤਿੰਨ ਉਦਾਸੀਆਂ ਸਨ। ਇਨ੍ਹਾਂ ਦਾ ਕਹਿਣਾ ਹੈ ਕਿ ਗੁਰੂ ਸਾਹਿਬ ਸੁਲਤਾਨਪੁਰ ਤੋਂ ਰਵਾਨਾ ਹੋ ਕੁਰਖੇਤਰ, ਦਿੱਲੀ, ਹਰਦੁਆਰ, ਯੂ.ਪੀ, ਬਿਹਾਰ, ਬੰਗਾਲ ਅਤੇ ਅਸਾਮ ਅਤੇ ਵਾਪਸੀ ਤੇ ਉੜੀਸਾ, ਆਂਧਰਾ, ਤਮਿਲਨਾਡੂ, ਲੰਕਾ, ਕਰਨਾਟਕ, ਕੇਰਲ, ਮਹਾਰਾਸ਼ਟਰ, ਛਤੀਸ਼ਗੜ, ਮੱਧ ਪ੍ਰਦੇਸ, ਗੁਜਰਾਤ, ਰਾਜਸਥਾਨ ਅਤੇ ਵਾਪਸੀ ਪੰਜਾਬ ਆਏ। ਸਾਡਾ ਕਹਿਣਾ ਹੈ ਕਿ ਗੁਰੂ ਸਾਹਿਬ ਪਹਿਲੀ ਉਦਾਸੀ ਵੇਲੇ ਉੜੀਸਾ ਤੋਂ ਵਾਪਸ ਪੰਜਾਬ ਆ ਗਏ ਸਨ ਅਤੇ ਦੁਬਾਰਾ ਰਵਾਨਾ ਹੋ ਕੇ ਸਮੁੰਦਰ ਤੱਟ ਦੇ ਨਾਲ ਨਾਲ ਪੈਦੇ ਇਲਾਕੇ ਦੇਖ ਕੇ ਸੰਗਲਾਦੀਪ (ਸ੍ਰੀ ਲੰਕਾ) ਪਹੁੰਚੇ ਸਨ। ਉਥੋ ਵਾਪਸੀ ਤੇ ਦੱਖਣੀ ਭਾਰਤ ਗਾਹਿਆ ਤੇ ਮੱਧ ਪ੍ਰਦੇਸ, ਰਾਜਸਥਾਨ ਦੇ ਰਹਿੰਦੇ ਇਲਾਕੇ ਗਾਹੇ। ਸਾਡੇ ਹਿਸਾਬ ਇਨਾਂ ਲਿਖਾਰੀਆਂ ਹੋਰ ਵੀ ਵੱਡੀ ਗਲਤੀ ਇਹ ਕੀਤੀ ਕਿ ਤੀਜੀ ਉਦਾਸੀ ਵੇਲੇ ਨੇਪਾਲ ਜਾਣਾ ਦੱਸਿਆ ਹੈ ਜਦੋਂ ਕਿ ਗੁਰੂ ਸਾਹਿਬ ਦੇ ਬਿਹਾਰ ਤੋਂ ਨੇਪਾਲ ਜਾਣ ਦੇ ਸਾਫ ਸਬੂਤ ਮਿਲਦੇ ਹਨ। ਫਿਰ ਕਈ ਲਿਖਾਰੀਆਂ ਨੇ ਗੁਰੂ ਸਾਹਿਬ ਦਾ ਪੂਰਬ ਵਿਚ ਸਿੰਘਾਪੁਰ ਅਤੇ ਪੱਛਮ ਵਿਚ ਰੋਮ ਤਕ ਜਾਣਾ ਲਿਖ ਦਿਤਾ ਹੈ। ਅਸੀ ਇਸ ਨੂੰ ਕਲਪਣਾ ਤੋਂ ਸਿਵਾਏ ਕੁਝ ਨਹੀ ਮੰਨਦੇ। ਸਾਡਾ ਕਹਿਣਾ ਹੈ ਕਿ ਸਾਹਿਬ ਪੂਰਬ ਵਿਚ ਮਿਆਮਾਰ ਬਰਮਾ ਦੇ ਆਵਾ ਤੇ ਬਾਗੋ ਸ਼ਹਿਰ ਤਕ ਗਏ ਅਤੇ ਪੱਛਮ ਵਿਚ ਬਗਦਾਦ ਤੋਂ ਪਰਤ ਆਏ। ਕਈ ਲਿਖਾਰੀਆਂ ਗੁਰੂ ਸਾਹਿਬ ਦਾ ਮਜਾਰ ਇ ਸ਼ਰੀਫ, ਬੁਖਾਰਾ, ਤਾਸ਼ਕੰਦ, ਸਮਰਕੰਦ ਆਦਿ ਜਾਣਾ ਲਿਖ ਦਿਤਾ ਹੈ ਜਿਸ ਨਾਲ ਅਸੀ ਸਹਿਮਤ ਨਹੀ।

ਜਗਨਨਾਥ ਪੁਰੀ ਤੋਂ ਪੰਜਾਬ ਪਰਤ ਆਏ ਸਨ।

1. ਗੁਰੂ ਸਾਹਿਬ ਦੀਆਂ ਕੁਲ ਚਾਰ ਉਦਾਸੀਆਂ (ਯਾਤਰਾਵਾਂ) ਹੋਣ ਬਾਰੇ ਪਰੰਪਰਾ (ਪਿਤਾ-ਪੁਰਖੀ ਰਵਾਇਤ) ਹੈ। ਪੁਰਾਤਨ ਜਨਮ ਸਾਖੀ ਨੇ ਵੀ ਸਾਫ ਸਾਫ ਚਾਰ ਦੱਸੀਆਂ ਹਨ। ਇਸ ਅਨੁਸਾਰ ਦੱਖਣ ਦੇਸ ਗੁਰੂ ਸਾਹਿਬ ਨੇ ਦੂਸਰੀ ਉਦਾਸੀ ਵੇਲੇ ਦੇਖਿਆ।

2. ਪਰ ਅਜੋਕੇ ਦੌਰ ਵਿੱਚ ਗੁਰੂ ਸਾਹਿਬ ਦੀ ਉਦਾਸੀਆਂ ਤੇ ਕੰਮ ਕਰਨ ਵਾਲੇ ਕਈ ਲਿਖਾਰੀਆਂ ਨੇ ਲਿਖਿਆ ਹੈ ਕਿ ਉਦਾਸੀਆਂ ਤਿੰਨ ਹੀ ਸਨ। ਓਨਾਂ ਦਾ ਕਹਿਣਾ ਹੈ ਕਿ ਪੂਰਬ ਤੇ ਦੱਖਣ ਭਾਰਤ ਦੀ ਉਦਾਸੀ ਇੱਕ ਹੀ ਸੀ।

ਉਦਾਸੀਆ ਤੇ ਸਾਡੇ ਹੱਥ ਜੋ ਪੁਸਤਕਾਂ ਲੱਗੀਆ ਹਨ ਉਹ ਇਹ ਹਨ (ੳ) ਗਿਆਨੀ ਗਿਆਨ ਸਿੰਘ, (ਅ). ਡਾ. ਤ੍ਰਿਲੋਚਨ ਸਿੰਘ, (ੲ). ਡਾ. ਸੁਰਿੰਦਰ ਸਿੰਘ ਕੋਹਲੀ, (ਸ). ਫੌਜਾ ਸਿੰਘ ਤੇ ਕਿਰਪਾਲ ਸਿੰਘ

ਦੱਖਣ ਪੂਰਬ ਦੀ ਇਕੋ ਉਦਾਸੀ ਕਹਿਣ ਵਾਲਿਆ ਦਾ ਖੰਡਨ

ਓਪਰੋਕਤ ਵਿੱਚੋਂ ਕ੍ਰਮਾਂਕ (ਅ) ਅਤੇ (ਸ) ਦਾ ਮੰਨਣਾ ਹੈ ਕਿ ਪੂਰਬ ਤੇ ਦੱਖਣ ਦੀ ਉਦਾਸੀ ਇੱਕ ਹੀ ਸੀ। ਉਹ ਲਿਖਦੇ ਹਨ ਕਿ ਇਹਦੇ ਵਿੱਚ ਕੀ ਤੁੱਕ ਹੋਈ ਕਿ ਪੁਰੀ ਤੋਂ ਗੁਰੂ ਸਾਹਿਬ ਹਜ਼ਾਰਾਂ ਕਿਲੋਮੀਟਰ ਦਾ ਸਫਰ ਕਰਕੇ ਪਹਿਲਾਂ ਪੰਜਾਬ ਆਉਣ ਤੇ ਫਿਰ ਲੰਕਾ ਜਾਣ?

(ਅ) ਦਾ ਮੰਨਣਾ ਹੈ ਕਿ ਬਾਲਾ ਸਾਖੀ ਪੂਰਬ ਤੇ ਦੱਖਣ ਦੀ ਇੱਕ ਹੀ ਉਦਾਸੀ ਮੰਨਦੀ ਹੈ।

ਸਾਡਾ ਸੋਚਣਾ ਹੈ (ਅ) ਦਾ ਅਜਿਹਾ ਸੋਚਣਾ ਗਲਤ ਹੈ ਕਿਉਕਿ ਬਾਲਾ ਤਾਂ ਟਰੈਕ (ਮਾਰਗ ਦੀ ਪੈੜ) ਦੀ ਰਤਾ ਪ੍ਰਵਾਹ ਨਹੀ ਕਰਦਾ। ਥਾਈਂ

ਪੈੜ ਅਗਲੇ ਸਫੇ ਤੇ **ਚਲਦਾ** ➡

ਕਾਲ ਵੀ ਪਿਆ ਸੀ।

ਕਟਕ- ਮਹੰਤ ਗੁਰੂ ਸਾਹਿਬ ਨੂੰ ਕੁੱਟਣ ਚਲਾ ਆਇਆ- ਇਸ ਤੋਂ ਕੁਝ ਸਮਾਂ ਬਾਦ (1511ਈ. ਦਾ ਮੱਧ) ਗੁਰੂ ਸਾਹਿਬ ਕਟਕ ਪਹੁੰਚੇ ਤੇ ਰਾਜੇ ਪ੍ਰਤਾਪ ਰੁਦ੍ਰ ਦੇਵ ਨੂੰ ਆਪਣਾ ਸਿੱਖ ਬਣਾ ਲਿਆ। ਪਹਿਲਾਂ ਰਾਜਾ ਕਾਲੀ ਮਾਤਾ ਦਾ ਭਗਤ ਸੀ ਤੇ ਵਾਮ ਮਾਰਗੀਆਂ ਦੇ ਅਸਰ ਹੇਠ ਸੀ। ਇਲਾਕੇ ਦੇ ਕੁਝ ਹੋਰ ਮਹੱਤਵਪੂਰਨ ਲੋਕ ਵੀ ਜਦੋਂ ਸਿੱਖ ਸੱਜ ਰਹੇ ਸਨ ਤਾਂ ਜਾਦੂ ਟੂਣੇ 'ਚ ਮਾਹਿਰ ਮਹੰਤ ਚੇਤਨ ਭਾਰਤੀ ਨੂੰ ਇਸ ਗਲ ਦਾ ਪਤਾ ਲੱਗਾ ਤਾਂ ਉਹ ਗੁਰੂ ਸਾਹਿਬ ਨਾਲ ਈਰਖਾ ਕਰਨ ਲੱਗਾ। ਉਸ ਨੇ ਆਪਣੇ ਜੰਤਰ ਮੰਤਰ ਰਾਂਹੀ ਗੁਰੂ ਸਾਹਿਬ ਤੇ ਹਮਲਾ

ਪੈੜ ਸਾਡੀ

ਥਾਈਂ ਉਸ ਨੇ ਲਿਖਿਆ ਹੈ "ਇਥੋਂ ਫਿਰ ਗੁਰੂ ਸਾਹਿਬ ਨੇ ਉਡਾਰੀ ਲਈ"। ਮਿਸਾਲ ਦੇ ਤੌਰ ਤੇ ਬਾਲੇ ਨੇ ਤਾਂ ਝੰਡੇ ਬਾਡੀ ਵਾਲੀ ਪੂਰਬ ਦੀ ਸਾਖੀ ਨੂੰ, ਮੱਕੇ ਦੀ ਯਾਤਰਾ ਨਾਲ ਹੀ ਵਿਖਾ ਦਿੱਤਾ ਹੈ। ਸਾਡਾ ਕਹਿਣ ਤੋਂ ਭਾਵ ਕਿ ਰੂਟ ਟਰੈਕਿੰਗ ਦੇ ਮਸਲੇ ਤੇ ਆਪਾਂ ਬਾਲੇ ਤੇ ਨਿਰਭਰ ਨਹੀ ਕਰ ਸਕਦੇ।

ਬਾਕੀ ਪੁਰੀ ਤੋਂ ਤਲਵੰਡੀ ਦਾ ਸਫਰ ਲੱਗ ਪਗ ਓਨਾਂ ਹੀ ਹੈ, ਜਿੰਨਾ ਪੁਰੀ ਤੋਂ ਕੋਲੰਬੋ (ਕੋਟੇ)। (ਹਾਂ ਪੰਜਾਬੋ ਲੰਕਾ ਪਹੁੰਚਣ ਵਿੱਚ ਫਿਰ 4000 ਕਿਲੋਮੀਟਰ ਦਾ ਵੱਖਰਾ ਸਫਰ ਸੀ। ਪਰ ਉਹ ਤਾਂ ਗੁਰੂ ਸਾਹਿਬ ਨੇ ਹਰ ਹਾਲਤ ਵਿੱਚ ਕਰਨਾ ਹੀ ਸੀ) ਨਾਲੇ ਰਵਾਇਤ ਹੈ ਤੇ ਜਨਮ ਸਾਖੀਆਂ ਵਿਚ ਅਤੇ ਬਾਰ ਬਾਰ ਲਿਖਿਆ ਮਿਲਦਾ ਹੈ ਕਿ ਗੁਰੂ ਸਾਹਿਬ ਯਾਤਰਾ ਤਿਆਗ ਬੇਬੇ ਨਾਨਕੀ ਨੂੰ ਮਿਲਣ ਆ ਜਾਂਦੇ ਸਨ। ਫਿਰ ਇਹ ਸਬੂਤ ਵੀ ਮਿਲਦਾ ਹੈ ਕਿ ਬਿਸੀਅਰ ਦੇਸ ਦੀ ਯਾਤਰਾ ਮੌਕੇ ਮਰਦਾਨਾ ਅੱਕ ਗਇਆ ਸੀ ਤੇ ਪੰਜਾਬ ਜਾਣ ਦੀ ਬਾਰ ਬਾਰ ਜਿੱਦ ਕਰ ਰਿਹਾ ਸੀ। ਇੱਕ ਦੋ ਵਾਰੀ ਇਕੱਲਾ ਵੀ ਰਵਾਨਾ ਹੋ ਪਇਆ ਸੀ। ਜਦੋਂ ਫਿਰ ਕੌਡੇ ਰਾਖਸ਼ ਕੋਲ ਫਸਦਾ ਹੈ।

ਓਹਨੀ ਦਿਨੀ ਫਿਰ ਓੜੀਸਾ ਤੇ ਨਾਲ ਲੱਗਦੇ ਇਲਾਕਿਆਂ ਵਿੱਚ ਰਾਜਨੀਤਕ ਹਾਲਾਤ ਵੀ ਖਰਾਬ ਹੋ ਚੁੱਕੇ ਸਨ। ਉੜੀਸਾ ਤੇ ਹਮਲਾ ਹੋ ਗਇਆ ਸੀ। ਲੜਾਈਆਂ ਦੇ ਦੌਰਾਨ ਰਾਜੇ ਮਹਾਰਾਜੇ ਚਕ੍ਰਵਰਤੀ ਸਾਧੂਆਂ ਨੂੰ ਵੀ ਵਰਤ ਜਾਂਦੇ ਸਨ। ਜਸੂਸੀ ਦੇ ਸ਼ੱਕ 'ਚ ਕਈ ਮਾਰੇ ਵੀ ਜਾਂਦੇ ਸਨ। ਹੋ ਸਕਦਾ ਗੁਰੂ ਸਾਹਿਬ ਦਾ ਦੱਖਣ ਦਿਸ਼ਾ ਵਲ ਉਦਾਸੀ ਜਾਰੀ ਨਾਂ ਰੱਖਣ ਦਾ ਇਹ ਵੀ ਕਾਰਨ ਹੋਵੇ।

ਫਿਰ (ਸ) ਅਤੇ (ਅ) ਦਾ ਕਹਿਣਾ ਹੈ ਕਿ ਸੋਢੀ ਮਿਹਰਬਾਨ ਤੇ ਭਾਈ ਮਨੀ ਸਿੰਘ ਨੇ ਵੀ ਮੰਨਿਆ ਹੈ ਕਿ ਦੱਖਣ ਤੇ ਪੂਰਬ ਦੀ ਯਾਤਰਾ ਇੱਕ ਹੀ ਸੀ ਭਾਵ ਪਹਿਲੀ ਉਦਾਸੀ ਵਿੱਚ ਹੀ ਉਨਾਂ ਦੀ ਦੱਖਣ ਦੀ ਸੈਰ ਨਿਪਟਾਈ।

ਉਂਜ (ਅ) ਦੂਸਰੀ ਥਾਂ ਆਪੇ ਇਹ ਗਲ ਮੰਨਦਾ ਹੈ ਸੋਢੀ ਮਿਹਰਬਾਨ ਭਰੋਸੇਯੋਗ ਨਹੀ ਅਖੇ ਉਹ ਇਸ ਬਾਬਤ ਇੱਕ ਥਾਂ ਲਿਖਦਾ ਹੈ ਕਿ ਪੂਰਬ-ਦੱਖਣ ਦੀ ਉਦਾਸੀ ਇੱਕ ਹੀ ਪਰ ਦੂਸਰੀ ਥਾਂ ਲਿਖਦਾ ਹੈ ਕਿ ਗੁਰੂ ਸਾਹਿਬ ਇੱਕ ਵੇਰਾਂ ਪਰਤ ਆਏ ਤੇ ਦੱਖਣ ਦੀ ਉਦਾਸੀ ਲਈ ਦੁਬਾਰਾ ਰਵਾਨਾ ਹੋਏ। (ਸੋ ਸਾਨੂੰ ਖੰਡਨ ਕਰਨ ਦੀ ਜਰੂਰਤ ਹੀ ਨਹੀ ਰਹਿ ਜਾਂਦੀ)

ਜਿਥੋਂ ਤੱਕ ਭਾਈ ਮਨੀ ਸਿੰਘ ਦਾ ਸਬੰਧ ਹੈ ਉਹ ਵੀ ਯਾਤਰਾ ਦੀ ਤਰਤੀਬ ਦੀ ਮਰਯਾਦਾ ਨਹੀ ਪਾਲਦੇ। ਉਹ ਮਰਦਾਨੇ ਨੂੰ ਛੱਤ੍ਰਾ ਬਣਾਉਣ ਵਾਲੀ ਸਾਖੀ ਜਗਨਾਥ ਪੁਰੀ ਦੀ ਯਾਤਰਾ ਤੋਂ ਬਾਦ ਦਿੰਦੇ ਹਨ। ਫਿਰ ਪਟਨੇ ਲਾਗਲੀ 'ਲਾਲ ਲੱਭਣ ਤੇ ਜੌਹਰੀ ਕੋਲ ਵੇਚਣ ਵਾਲੀ ਸਾਖੀ' ਉਹ ਬੀਕਾਨੇਰ ਵਿੱਚਲੀਆਂ ਸਾਖੀਆਂ ਨਾਲ ਦਿੰਦੇ ਨੇ।

ਫਿਰ ਭਾਈ ਗੁਰਦਾਸ ਦੀਆਂ ਹੇਠ ਦਿੱਤੀਆਂ ਸਤਰਾਂ ਤੋਂ ਤੁਸੀ ਸਾਫ ਅੰਦਾਜ਼ਾ ਨਹੀ ਲਾ ਸਕਦੇ ਕਿ ਦੱਖਣ ਤੇ ਪੂਰਬ ਦੀ ਉਦਾਸੀ ਇੱਕ ਸੀ:-

ਬਾਬਾ ਆਇਆ ਤੀਰਥੀਂ ਤੀਰਥ ਪੂਰਬ ਸਭੇ ਫਿਰ ਦੇਖੈ॥
ਪੂਰਬ ਧਰਮ ਬਹੁ ਕਰਮ ਕਰ ਭਾਉ ਭਗਤਿ ਬਿਨ ਕਿਤੇ ਨ ਲੇਖੈ॥
ਭਾਉ ਨ ਬ੍ਰਹਮੇ ਲਿਖਿਆ ਚਾਰ ਬੇਦ ਸਿੰਮ੍ਰਤਿ ਪੜ੍ਹ ਦੇਖੈ॥
ਢੂੰਡੀ ਸਗਲੀ ਪਿਰਥਮੀ ਸਤਿਜੁਗ ਆਦਿ ਦੁਆਪਰ ਤ੍ਰੈਤੈ॥
ਕਲਿਜੁਗ ਧੁੰਧੂਕਾਰ ਹੈ ਭਰਮ ਭੁਲਾਈ ਬਹੁ ਬਿਧਿ ਭੇਖੈ॥
ਭੇਖੀਂ ਪ੍ਰਭੂ ਨ ਪਾਈਐ ਆਪ ਗਵਾਏ ਰੂਪ ਨ ਰੇਖੈ॥
ਗੁਰਮੁਖ ਵਰਨ ਅਵਰਨ ਹੋਇ ਨਿਵ ਚਲੈ ਗੁਰਸਿਖ ਵਿਸੇਖੈ॥
ਤਾਂ ਕੁਛ ਘਾਲ ਪਵੈ ਦਰ ਲੇਖੈ ॥

ਫਿਰ ਦੇਖੋ ਡਾ. ਤ੍ਰਿਲੋਚਨ ਸਿੰਘ ਜੀ ਭਾਈ ਗੁਰਦਾਸ ਦੀਆਂ ਉਕਤ ਅਸਪੱਸ਼ਟ ਸਤਰਾਂ ਤੋਂ ਅੰਦਾਜ਼ਾ ਲਾਉਦੇ ਹਨ ਭਾਰਤ ਵਿਚਲੀ ਉਦਾਸੀ ਇੱਕ ਸੀ ਤੇ ਦੂਸਰੇ ਪਾਸੇ ਜਦੋਂ ਪੁਰਾਤਨ ਜਨਮ ਸਾਖੀ ਜਦੋਂ ਸਾਫ ਸਾਫ ਦੱਖਣ ਦੀ ਉਦਾਸੀ ਵੱਖਰੀ ਲਿਖ ਰਹੀ ਹੈ, "ਦੂਤੀਆ ਉਦਾਸੀ ਕੀਤੀ ਦੱਖਣ ਕੀ .." ਇਹਨਾਂ ਸਤਰਾਂ ਨੂੰ ਨਜਰਅੰਦਾਜ਼ ਕਰਕੇ ਪੁਰਾਤਨ ਨੂੰ ਵੀ ਆਪਣੇ ਪੱਖ ਵਿੱਚ ਮੰਨ ਰਹੇ ਹਨ।

ਡਾਕਟਰ ਸਾਹਿਬ ਇੱਕ ਦੂਰੀ ਨੂੰ ਲੈ ਕੇ ਬਹਿ ਨਹੀ ਸਕਦੇ ਕਿ ਗੁਰੂ ਸਾਹਿਬ ਦੂਣਾ ਸਫਰ ਕਿਓ ਕਰਨਗੇ? ਇਸ ਸੱਚ ਨੂੰ ਨਜਰਅੰਦਾਜ਼ ਕਰਦੇ ਹਨ ਕਿ ਜਿਹੜੇ ਅਸਥਾਨ ਗੁਰੂ ਸਾਹਿਬ ਨੇ ਪੁਰੀ ਤੋਂ ਸੁਲਤਾਨਪੁਰ ਨੂੰ ਪਰਤਦਿਆਂ ਗਾਹੇ ਉਹ ਤਾਂ ਹਰ ਹਾਲਤ ਵਿਚ ਉਹਨਾਂ ਨੇ ਵੇਖਣੇ ਹੀ ਸਨ। ਸਵਾਲ ਇਹ ਹੈ ਕਿ ਕੀ ਗੁਰੂ ਸਾਹਿਬ ਨੂੰ ਕੁਝ ਸਥਾਨਾਂ ਤੇ ਦੋ ਵਾਰੀ ਜਾਣਾ ਪਇਆ? ਪਰ ਅਜਿਹਾ ਨਹੀ ਕੀਤਾ ਗੁਰੂ ਸਾਹਿਬ ਨੇ।

ਹੁਣ ਸਵਾਲ ਉਠਦਾ ਹੈ ਕਿ ਜਦੋਂ ਦੋਹਰ ਪਾਉਣ ਦੀਆਂ ਸਾਡੇ ਕੋਲ ਮਿਸਾਲਾਂ ਹੈ ਹੀ ਨਹੀ ਤਾਂ ਫਿਰ ਅਸੀ ਰਵਾਇਤ ਨੂੰ ਕਿਓ ਰੱਦ ਕਰ ਰਹੇ ਹਾਂ? ਇਤਹਾਸ ਦੀ ਸਾਇੰਸ ਦਾ ਅਸੂਲ ਹੈ ਕਿ "ਪ੍ਰੰਪਰਾ ਨੂੰ ਹਮੇਸ਼ਾਂ ਸੱਚ ਮੰਨੋ ਜਿੰਨਾ ਚਿਰ ਤਕ ਉਹਨੂੰ ਝੂਠ ਨਾਂ ਸਾਬਤ ਕਰ ਸਕੋ?"

ਜਨਮ ਸਾਖੀਆਂ ਵਾਲਿਆਂ ਸਾਖੀਆਂ ਸਾਂਭ ਕੇ ਮਹਾਨ ਸੇਵਾ ਕੀਤੀ ਹੈ ਪਰ ਸਾਫ ਲੱਗਦਾ ਹੈ ਲਿਖਣ ਵੇਲੇ ਉਹਨਾਂ ਕੋਲ ਭੂਗੋਲਿਕ ਗਿਆਨ ਤੇ ਨਕਸ਼ਿਆਂ ਦੀ ਅਣਹੋਂਦ ਸੀ। ਸਾਨੂੰ ਕੋਈ ਹੈਰਾਨੀ ਨਹੀ ਹੁੰਦੀ ਜਦੋਂ ਅਸੀ ਦੇਖਦੇ ਹਾਂ ਕਿ ਸੋਢੀ ਮਿਹਰਬਾਨ ਨੂੰ ਇਹ ਨਹੀ ਪਤਾ ਹੁੰਦਾ ਕਿ ਜਗਨ ਨਾਥ ਪੁਰੀ ਅਯੁਧਿਆ ਦੇ ਮੁਕਾਬਲੇ ਬਨਾਰਸ ਤੋਂ ਨੇੜੇ ਹੈ। ਇਸ ਯੁਗ ਵਿੱਚ ਅਸੀ ਜਿਆਦਾ ਖੁਸ਼ਕਿਸਮਤ ਹਾਂ ਕਿਉਂਕਿ ਸਾਡੇ ਇੱਕ ਪੋਟੇ (ਕਲਿਕ) ਤੇ ਦੁਨੀਆਂ ਦਾ ਕੋਈ ਵੀ ਨਕਸ਼ਾ ਸਾਡੇ ਸਾਹਮਣੇ ਹੁੰਦਾ ਹੈ।

ਅੱਜ ਸਾਡੇ ਕੋਲ ਸਭ ਤੋਂ ਵੱਡਾ ਸਬੂਤ ਹੈ ਸੈਟੇਿਂਗ (ਨਕਸ਼ਾ ਨਿਗਾਹ)। ਹਾਲਾਂ ਸਾਡੇ ਤੋਂ ਪਹਿਲਾਂ ਇਹ ਕੰਮ ਅਸੰਭਵ ਤਾਂ ਨਹੀ ਸੀ ਪਰ ਉਸ ਵਿਚ ਅਥਾਹ ਮਿਹਨਤ ਸੀ। ਖੁਸ਼ਕਿਸਮਤੀ ਨਾਲ ਕੰਪਿਊਟਰ ਨੇ ਸੈਟੇਿਂਗ ਨੂੰ ਬਹੁਤ ਅਸਾਨ ਬਣਾ ਦਿੱਤਾ ਹੈ। ਖਾਸ ਕਰਕੇ ਗੂਗਲ ਸੈਪ ਨੇ ਤਾਂ ਇਹ ਕੰਮ ਆਟੋਮੈਟਿਕ ਹੀ ਕਰ ਦਿੱਤਾ ਹੈ। ਸੈਟੇਿਂਗ ਤੋਂ ਗੁਰੂ ਸਾਹਿਬ ਦੀਆਂ ਯਾਤਰਾਵਾਂ ਦੇ ਸਾਫ ਸਾਫ 4 ਟ੍ਰੈਕ ਜਾਂ ਪੈਟਰਨ ਉਭਰਦੇ ਹਨ।

ਜਨਮਸਾਖੀਆਂ ਤੇ ਇਤਹਾਸਕਾਰਾਂ ਨੇ ਜਿੱਥੇ ਜਿੱਥੇ ਗੁਰੂ ਸਾਹਿਬ ਦਾ ਜਾਣਾ ਲਿਖਿਆ ਹੈ ਅਸਾਂ ਉਹ ਸਥਾਨ ਨਕਸ਼ੇ ਤੇ ਭਰੇ। ਫਿਰ ਦ੍ਰਿਸ਼ (ਵਿਊ) ਨੂੰ ਘੱਟ ਵਧ ਕਰਕੇ ਜਦੋਂ ਵੇਖਿਆ ਤਾਂ ਬੜੇ ਹੀ ਸਪੱਸ਼ਟ ਤੌਰ (ਜੀ ਹਾਂ ਸਾਫ ਸਾਫ) ਗੁਰੂ ਸਾਹਿਬ ਦੀ ਭਾਰਤ ਯਾਤਰਾ ਦੇ 4 ਟਰੈਕ ਬਣਦੇ ਨਜਰ ਆਉਦੇ ਹਨ। ਚੌਥਾ ਟ੍ਰੈਕ ਸਮੁੰਦਰ ਤੱਟ ਦੇ ਨਾਲ ਨਾਲ ਬਹੁਤ ਹੀ ਸਾਫ ਤੇ ਵੱਖਰਾ ਹੈ।

(ਵੇਖੋ ਗੁਰੂ ਨਾਨਕ ਟਰੈਵਲ ਗੂਗਲ ਸੈਪ ਲਿੰਕ ਸਫਾ 5 ਤੇ)

ਸੋ ਜਿਹੜੇ ਵਿਦਵਾਨ ਪੂਰਬ ਤੇ ਦੱਖਣ ਦੀ ਉਦਾਸੀ ਨੂੰ ਇੱਕ ਮੰਨਦੇ ਹਨ, ਗੂਗਲ ਸੈਪਿੰਗ ਰਾਂਹੀ ਉਹ ਗਲਤ ਸਾਬਤ ਹੋ ਜਾਂਦੇ ਹਨ।

ਅਰਬ ਸਾਗਰ ਤੱਟ ਦੇ ਨਾਲ ਨਾਲ ਉਦਾਸੀ ਵਾਪਸੀ ਵੇਲੇ ਨਹੀ ਸਗੋਂ ਲੰਕਾ ਜਾਣ ਵੇਲੇ ਦੀ ਹੈ।

ਬਾਕੀ ਜਿਵੇ ਕਿ ਉਤੇ ਦੱਸਿਆ ਹੈ ਕ੍ਰਮਾਂਕ (ਓ) ਤੇ (ਏ) ਤਾਂ ਮੰਨਦੇ ਹੀ ਹਨ ਕਿ ਇਹ ਦੋ ਉਦਾਸੀਆਂ ਸਨ। ਪਰ ਇਹ ਦੂਸਰੀ ਉਦਾਸੀ 'ਚ ਬਾਬੇ ਦੀ ਸੁਲਤਾਨਪੁਰੋ ਰਵਾਨਗੀ ਫਿਰ ਮਾਲਵਾ (ਬਠਿੰਡਾ) ਸਿਰਸਾ, ਬੀਕਾਨੇਰ,ਮਾਰਵਾੜ, ਜੈਸਲਮੇਰ, ਉਦੇਪੁਰ, ਚਿਤੌੜ, ਸਰੋਹੀ, ਉਜੈਨ, ਓਕਾਰੇਸ਼ਵਰ, ਬੁਰਹਾਨਪੁਰ, ਨੰਦੇੜ, ਬਿਦਰ, ਗੋਲਕੁੰਡਾ, ਕਰਨੂਲ, ਅਨੰਤਪੁਰ, ਤਿਰੂਪਤੀ, ਪਾਂਡੀਚਰੀ ਅਤੇ ਲੰਕਾ (ਟਰੈਕ ਓ) ਪਹੁੰਚਣਾ।

ਅਤੇ ਵਾਪਸੀ- ਨਾਗਾਪੱਟੀਨਮ, ਥੁਥੂਕੁਡੀ (ਟੂਟੀਕਰਨ) ਕੋਜ਼ੀਕੋਡ (ਕਾਲੀਕਟ) ਪੱਦਮਨਾਭਾਪੁਰਮ, ਕੋਚੀਨ, ਬੰਗਲੌਰ, ਗੋਦਾਵਰੀ, ਸ਼੍ਰਿੰਗੇਰੀ, ਗੋਆ, ਬੰਬੇ, ਭੜੌਚ, ਬੜੋਦਾ, ਅਹਿਮਦਾਬਾਦ, ਜੂਨਾਗੜ੍ਹ, ਸੋਮਨਾਥ, ਦਵਾਰਕਾ, ਕੱਛ, ਮੁਲਤਾਨ, ਤੁਲੰਭਾ (ਸੱਜਣ ਠੱਗ), ਮੁਲਤਾਨ (ਟਰੈਕ ਅ)

ਸਾਡਾ ਗਿਆਨੀ ਜੀ ਤੇ ਡਾ. ਕੋਹਲੀ ਨਾਲ ਕਿਥੇ ਮਤਭੇਦ ਹੈ?

ਜਿਵੇ ਗਿਆਨੀ ਜੀ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਜਗਨ ਨਾਥ ਪੁਰੀ ਤੋਂ ਸਿਧੇ ਹੀ ਪੰਜਾਬ ਨੂੰ ਹੋ ਤੁਰੇ ਸਨ ਇਸ ਮਸਲੇ ਤੇ ਅਸੀ ਗਿਆਨੀ ਜੀ ਦੇ ਅਨੁਆਈ ਹਾਂ।

ਅੱਗੇ ਗਿਆਨੀ ਜੀ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਖੁਸ਼ਕ ਭਾਵ (ਟਰੈਕ ਓ) ਰਸਤੇ ਲੰਕਾ ਨੂੰ ਗਏ ਤੇ ਵਾਪਸੀ (ਟਰੈਕ ਅ) ਰਾਂਹੀ।

ਅਸੀ ਇਸ ਤੋਂ ਐਨ ਉਲਟ ਸੋਚਦੇ ਹਾਂ। ਅਸੀ ਕਹਿੰਨੇ ਆ ਕਿ ਗੁਰੂ ਸਾਹਿਬ ਤਲਵੰਡੀ ਤੋਂ ਪਹਿਲਾਂ ਸਿੱਧੇ ਲੰਕਾ ਗਏ ਉਹ ਵੀ ਸਮੁੰਦਰੀ ਰਸਤੇ ਤੇ ਵਾਪਸੀ ਖੁਸ਼ਕ ਰਸਤੇ (ਟਰੈਕ ਓ) ਰਾਂਹੀ।

ਦਰ ਅਸਲ ਸਾਡੇ ਅਧਿਐਨ ਨੂੰ ਉਂਜ ਤਾਂ ਅਧਾਰ ਤੇ ਉਤਸ਼ਾਹ ਇਨਾਂ ਇਤਹਾਸਕਾਰਾਂ ਦੀ ਲਿਖਤਾਂ ਤੋਂ ਹੀ ਮਿਲਦਾ ਹੈ ਪਰ ਹੇਠ ਲਿਖੇ ਕਾਰਨਾਂ ਕਰਕੇ ਅਸੀ ਇਨਾਂ ਵਿਦਵਾਨਾਂ ਨਾਲ ਸਹਿਮਤ ਨਹੀ ਹੋ ਪਾਏ:

ਹਾਲਾਂ ਸਾਡੇ ਇਸ ਅਧਿਐਨ ਦੌਰਾਨ ਮੁਸ਼ਕਲਾਂ ਆਈਆਂ ਕਿਉਕਿ ਡਾ. ਕੋਹਲੀ ਦੇ ਦੱਸੇ ਯਾਤਰਾ ਦੇ ਅਸਥਾਨਾਂ ਦਾ ਦੋਵਾਂ ਟਰੈਕਾਂ ਵਿੱਚ ਰਲ ਗੱਡ ਹੁੰਦਾ ਨਜਰ ਆਇਆ। ਫਿਰ ਗਹੁੰ ਨਾਲ ਵਾਚਣ ਤੇ ਪਤਾ ਲੱਗਾ ਕਿ ਸਤਿਕਾਰਤ ਵਿਦਵਾਨ ਕੋਹਲੀ ਨੇ ਰੂਟ ਟ੍ਰੈਕਿੰਗ ਲਾਪਰਵਾਹੀ ਨਾਲ ਕੀਤੀ ਹੈ। ਉਹਦੇ ਕੁਝ ਇਹ ਉਦਾਹਰਣ ਇਹ ਹਨ:-

ੳ. ਗੁਰੂ ਸਾਹਿਬ ਦਾ ਮੁੰਬਈ ਜਾਣਾ ਕੋਹਲੀ ਦੋ ਵਾਰ ਦਿਖਾਉਦਾ ਹੈ। ਜਾਣ ਵੇਲੇ ਤੇ ਵਾਪਸੀ ਵੇਲੇ ਵੀ। ਇਹੋ ਹਾਲ ਪੂਨੇ ਦਾ ਹੈ।

ਅ. ਸੈਂਗਲੂਰੂ (ਸੈਂਗਲੌਰ- ਕਰਨਾਟਕ) ਨੂੰ ਉਹ

ਪੈੜ ਅਗਲੇ ਸਫੇ ਤੇ **ਚਲਦਾ** ➡

ਕਰਨਾਂ ਚਾਹਿਆ ਪਰ ਨਾਕਾਮ ਰਿਹਾ।

ਫਿਰ ਇਕ ਦਿਨ ਖੁੱਦ ਹੀ ਡੰਡਾ ਫੜ੍ਹ ਕੇ ਗੁਰੂ ਸਾਹਿਬ ਨੂੰ ਮਾਰਨ ਦੇ ਇਰਾਦੇ ਨਾਲ ਜਦੋਂ ਗੁਰੂ ਸਾਹਿਬ ਦੇ ਡੇਰੇ ਆਇਆ ਤਾਂ ਅੱਗੋਂ ਗੁਰੂ ਸਾਹਿਬ ਤੇ ਮਰਦਾਨਾ ਕੀਰਤਨ ਕਰ ਰਹੇ ਸਨ। ਚੇਤਨ ਭਾਰਤੀ ਦਾ ਹੱਥ ਗੁਰੂ ਸਾਹਿਬ ਨੂੰ ਡੰਡਾ ਮਾਰਨ ਤੋਂ ਜਵਾਬ ਦੇ ਗਇਆ। ਹੱਥ ਉਠੇ ਹੀ ਨਾ। ਅੱਗੋ ਗੁਰੂ ਸਾਹਿਬ ਨੇ ਪ੍ਰੇਮ ਅਤੇ ਸਨੇਹ ਤੇ ਅਜਿਹੇ ਲਫਜ਼ ਬੋਲੇ ਕੇ ਮਹੰਤ ਦੀ ਸਾਰੀ ਨਫਰਤ ਤੇ ਈਰਖਾ ਹਰਨ ਹੋ ਗਈ। ਬੁੜਬੜਾਉਦਾ ਹੋਇਆ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਪਿਆ। ਹੌਲੀ ਹੌਲੀ ਗੁਰੂ ਸਾਹਿਬ ਦਾ ਸ਼ਰਧਾਵਾਨ ਸੇਵਕ ਹੀ ਬਣ ਗਿਆ।

ਗੁਰਦੁਆਰਾ ਦਾਤਨ ਸਾਹਿਬ ਜਾ ਗੁਰਦੁਆਰਾ ਕਾਲੀਆਬੋਧਾ, ਕੱਟਕ

ਕੱਟਕ ਵਿਖੇ ਜਿੱਥੇ ਗੁਰੂ ਸਾਹਿਬ ਨੇ ਦਾਤਨ ਕਰਕੇ ਬਾਕੀ ਦੀ ਟਹਿਣੀ ਜਮੀਨ ਵਿੱਚ ਗੱਡੀ ਸੀ ਉਹ ਵਕਤ ਪਾ ਕੇ ਵਿਸ਼ਾਲ ਰੁੱਖ ਦਾ ਰੂਪ ਧਾਰਨ ਕਰ ਗਈ। ਇਹ ਰੁੱਖ ਕੋਈ 400 ਕੁ ਸਾਲ ਜੀਵਿਆ ਤੇ ਬਾਦ ਵਿੱਚ ਡਿੱਗ ਪਿਆ। ਸ਼ਰਧਾਲੂਆਂ ਨੇ ਉਹਦਾ ਤਣਾ ਸਾਂਭਿਆ ਹੋਇਆ ਹੈ ਤੇ ਉਸ ਰੁੱਖ ਦੇ ਬੀਅ ਤੋਂ ਇੱਕ ਹੋਰ ਰੁੱਖ

ਪੈੜ ਸਫਾ

ਜਾਣ ਵੇਲੇ ਟਰੈਕ (ਟਰੈਕ ਓ) ਵਿੱਚ ਵਿਖਾਉਦਾ ਹੈ। ਫਿਰ ਬਿਨਾਂ ਕਿਸੇ ਠੋਸ ਅਧਾਰ ਤੇ ਗੁਰੂ ਸਾਹਿਬ ਦਾ ਰਾਮਾਗਿਰੀ (ਆਂਧਰ ਪ੍ਰਦੇਸ਼) ਸ੍ਰੀਰੰਗਪਟਨਮ (ਟਿਪੂ ਸੁਲਤਾਨ ਦੇ ਸ਼ਹਿਰ) ਵਿਖੇ ਜਾਣਾ।

ਸ. ਡਾ. ਕੋਹਲੀ ਹੁਰਾਂ ਦਾ (ਟਰੈਕ ਅ) ਵਿੱਚ ਮੁਲਤਾਨ, ਸ਼ੇਖੂਪੁਰਾ, ਕਮਾਲੀਆ ਆਦਿ ਦਾ ਸ਼ਾਮਲ ਕਰਨਾਂ ਭੂਗੋਲਿਕ ਤੌਰ ਤੇ ਵੈਸੇ ਹੀ ਗਲਤ ਹੈ।

ਕੋਹਲੀ ਦੇ ਕੰਮ ਨੂੰ ਹੋਰ ਗਹੁੰ ਨਾਲ ਵਾਚਣ ਤੇ ਪਤਾ ਲੱਗਾ ਕਿ ਉਹਨਾਂ ਨੇ ਇਹ ਕੰਮ ਕਾਹਲ ਨਾਲ ਕੀਤਾ ਹੈ ਤੇ ਸ਼ੁਰੂ ਵਿੱਚ ਹੀ ਇਹ ਬਿਆਨ ਦਿੱਤਾ ਹੈ ਕਿ ਉਹ ਇਸ ਸਬੰਧ ਵਿੱਚ ਕਿਸੇ ਖੋਜ ਦਾ ਦਾਵਾ ਨਹੀ ਕਰਦੇ ਤੇ ਸਿਰਫ ਉਨਾਂ ਜਨਮ ਸਾਖੀਆਂ ਦੇ ਦੱਸੇ ਸਥਾਨਾਂ ਨੂੰ ਜੋੜਨ ਤੇ ਪਛਾਨਣ ਦੀ ਕੋਸ਼ਿਸ਼ ਕੀਤੀ ਹੈ। ਨੇੜਿਓ ਹੋ ਕੇ ਵੇਖਣ ਤੇ ਪਤਾ ਲੱਗਦਾ ਹੈ ਕਿ ਉਨਾਂ ਟਰੈਕਿੰਗ ਦੇ ਮਾਮਲੇ ਵਿੱਚ ਹੂਬ ਹੂ ਗਿਆਨੀ ਜੀ ਦੀ ਲਿਖਤ ਹੀ ਵਰਤੀ ਹੈ।

(ਕੁਝ ਵੀ ਹੋਵੇ ਜੋ ਇਨਾਂ ਵਿਦਵਾਨਾਂ ਨੇ ਕੰਮ ਕੀਤਾ ਹੈ ਹਾਲਾਂ ਉਸ ਤੇ ਸੀਸ ਝੁਕਦਾ ਹੈ।)

ਹੋਰ ਦੇਖੋ:

1. ਜਗਨ ਨਾਥ ਪੁਰੀ ਵਿਖੇ ਭਾਈ ਮਰਦਾਨੇ ਦੀ ਵਾਪਸ ਪਰਤਣ ਦੀ ਜਿੱਦ ਅਤੇ ਮਰਦਾਨੇ ਨੂੰ ਮਨਸੁੱਖ ਬਾਣੀਏ ਵਾਲੀ ਗਲ ਯਾਦ ਕਰਾਉਣੀ ਤੇ ਲੰਕਾ ਜਾਣ ਨੂੰ ਨਿਸ਼ਾਨਾ ਬਣਾਉਣਾ ਤੇ ਅਹਿਮੀਅਤ ਦੇਣਾ।

2. (ਟਰੈਕ ਓ) (ਟਰੈਕ ਅ) ਦੇ ਮੁਕਾਬਲੇ ਘੱਟ ਸਮਾਂ ਲੈਣ ਵਾਲਾ ਹੁੰਦਾ ਹੈ।

3. ਦੂਰ ਦੱਖਣ ਤੋਂ ਸੰਗਤਾਂ ਸਿੱਖੀ ਦੇ ਧੁਰੇ (ਗੋਇੰਦਵਾਲ, ਖਡੂਰ, ਅੰਮ੍ਰਿਤਸਰ, ਕਰਤਾਰਪੁਰ (ਦੁਆਬਾ) ਘੱਟ ਆਉਦੀਆਂ ਹੋਣਗੀਆਂ। ਪਰ ਨੇੜੇ ਦੇ ਇਲਾਕਿਆਂ ਕੁਰੂਖੇਤਰ, ਦਿੱਲੀ, ਮਥੁਰਾ, ਉਜੈਨ, ਇੰਦੋਰ, ਗੁਜਰਾਤ, ਸਿੰਧ, ਬੀਕਾਨੇਰ ਤੋਂ ਤਾਂ ਗਾਹੇ ਬਿਗਾਹੇ ਵਣਜਾਰੇ ਖਤਰੀ ਤੇ ਅਰੋੜੇ ਸਿੱਖ ਆਉਦੇ ਜਾਂਦੇ ਰਹਿੰਦੇ ਸਨ। ਇਹੋ ਕਾਰਨ ਹੈ ਸੋਢੀ ਮਿਹਰਬਾਨ ਨੇ ਸਾਫ ਸਪੱਸ਼ਟ ਤੌਰ ਤੇ ਸੇਤਬੰਧ ਰਾਮੇਸ਼ਵਰ ਤੋਂ ਗੁਰੂ ਸਾਹਿਬ ਦਾ ਪਰਤਣਾ ਖੁਸ਼ਕ ਰਸਤੇ ਲਿਖਿਆ ਹੈ। ਤਰਤੀਬ ਬਣਾਈ ਹੈ ਦੂਰ ਦੱਖਣ, ਕੇਰਲ, ਮਹਾਰਾਸ਼ਟਰ, ਮੱਧ ਪ੍ਰਦੇਸ (ਮਾਲਵਾ), ਰਾਜਸਥਾਨ, ਗੁਜਰਾਤ/ਸੌਰਾਸ਼ਟਰ, ਰਾਜਸਥਾਨ, ਮਥੁਰਾ, ਕੁਰੂਖੇਤਰ ਤੇ ਸੁਲਤਾਨਪੁਰ। ਸਾਡਾ ਕਹਿਣ ਤੋਂ ਮਤਲਬ ਹੈ ਓਨੀ ਦਿਨੀ ਮਥੁਰਾ ਜਾਂ ਉਜੈਨ ਦੇ ਸਿੱਖਾਂ ਨੂੰ ਪਤਾ ਸੀ ਕਿ ਗੁਰੂ ਸਾਹਿਬ ਕਿਹੜੇ ਪਾਸਿਓ ਉਨਾਂ ਦੇ ਸ਼ਹਿਰ ਪਹੁੰਚੇ ਸਨ। ਸੋ ਸੋਢੀ ਮਿਹਰਬਾਨ ਨੇ ਓਹੋ ਤਰਤੀਬ ਲਿਖੀ ਹੈ ਜੋ ਪਿਤਾ ਪੁਰਖੀ ਦੱਸੀ ਗਈ। ਇਹੋ ਟਰੈਕ ਹੀ ਸਾਡੀ ਸਭ ਤੋਂ ਵੱਡੀ ਢੋਹ ਹੈ। ਹਾਂ ਸੋਢੀ ਨੇ ਬਰੀਕੀਆਂ ਨਹੀ ਲਿਖੀਆਂ।

4. ਤਿੰਨ ਉਦਾਸੀਆਂ ਦੱਸਣ ਵਾਲੇ ਵਿਦਵਾਨ ਖੁੱਦ ਹੀ ਫਸ ਜਾਂਦੇ ਹਨ ਜਦੋਂ ਉਹ ਗੁਰੂ ਸਾਹਿਬ ਦੇ ਰਾਜਸਥਾਨ ਦੌਰੇ ਬਾਰੇ ਲਿਖ ਰਹੇ ਹੁੰਦੇ ਹਨ। ਇਹ ਕੀ ਤੁੱਕ ਬਣੀ ਕਿ ਗੁਰੂ ਸਾਹਿਬ ਰਾਜਥਾਨ ਨੂੰ ਦੱਖਣ ਪਾਸਿਓ ਸ਼ੁਰੂ ਹੁੰਦੇ ਹਨ। ਸਿਰਸਾ (ਹਰਿਆਣਾ) ਰਾਜਸਥਾਨ ਦਾ ਉਤਰੀ ਸਿਰਾ ਜਿਸ ਵਿੱਚ ਸਾਅਰਾ (ਚੁਰੂ) ਭਟਨੇਰ, ਮਥਰਾ (ਯੂ. ਪੀ) ਦੀ ਸੈਰ ਕਰਵਾ ਕੇ ਫਿਰ ਵਾਪਸ ਕਲਿਆਤ, ਬੀਕਾਨੇਰ ਜਾਣਾ ਲਿਖਦੇ ਹਨ। ਭਾਵ ਵਾਪਸ ਖਤਰਨਾਕ ਇਲਾਕੇ ਵਲ ਕਿਉਕਿ ਜੇ ਇਹ ਨਾਂ ਦੱਸਣ ਤਾਂ ਸਿੰਧ ਤੇ ਪੱਛਮੀ ਪੰਜਾਬ ਦੇ ਇਲਾਕਿਆਂ ਵਿੱਚ ਜਾਣਾ ਸਾਬਤ ਨਹੀ ਹੁੰਦਾ। ਕਿੰਨੀ ਹਾਸੋਹੀਣੀ ਗਲ ਹੈ ਨਾਂ ਕਿ ਗੁਰੂ ਸਾਹਿਬ ਸਿਰਸੇ ਤੋਂ ਪੱਛਮੀ ਪੰਜਾਬ ਜਾਣ ਦੇ ਬਿਜਾਏ ਔਖਾ ਰਾਹ ਬੀਕਾਨੇਰ ਵਾਲਾ ਚੁਣਦੇ ਦੱਸਿਆ ਗਇਆ ਹੈ।*****

6.ਜਨਮ ਸਾਖੀਆਂ ਵਿੱਚ ਗੁਰੂ ਸਾਹਿਬ ਦਾ ਤੁਲੰਭੇ (ਸੱਜਣ ਠੱਗ) ਪਾਕਪਟਨ ਤੇ ਉੱਚ ਆਦਿ ਤੇ ਸਿੰਧ ਦੇ ਸੱਖਰ ਕੰਧਕੋਟ ਆਦਿ ਜਾਣਾ ਤਲਵੰਡੀ ਤੋਂ ਦੱਸਿਆ ਹੈ ਨਾਂ ਕਿ ਦੱਖਣ ਵਲੋ ਵਾਪਸੀ ਤੇ। ਨਿਰਾ ਜਨਮ ਸਾਖੀਆਂ ਨੇ ਹੀ ਨਹੀ ਬਾਦ ਦੇ ਅਨੇਕਾਂ ਲਿਖਾਰੀਆਂ ਨੇ ਵੀ ਤਲਵੰਡੀ ਵਲੋਂ ਹੀ ਇਨਾਂ ਥਾਵਾਂ ਨੂੰ ਜਾਣਾ ਲਿਖਿਆ ਹੈ। ਸਿਰਫ ਗਿਆਨੀ ਗਿਆਨ ਸਿੰਘ ਨੇ ਇਹ ਪ੍ਰਥਾ ਪਤਾ ਨਹੀ ਕਿਸ ਅਧਾਰ ਤੇ ਬਦਲੀ ਹੈ।

7. ਲੱਖਪੱਤ (ਗੁਜਰਾਤ) ਵਿੱਚ ਇਹ ਰਵਾਇਤ ਹੈ ਕਿ ਸਿੰਧੀ ਪ੍ਰਵਾਰ ਨੇ ਗੁਰੂ ਸਾਹਿਬ ਦੇ ਬੇੜੇ ਦਾ ਕਰਾਇਆ ਭਰਿਆ ਸੀ। ਕਈ ਲੋਕਾਂ ਦਾ ਮੰਨਣਾ ਹੈ ਕਿ ਲਖਪਤ ਤੋਂ ਗੁਰੂ ਸਾਹਿਬ ਮੱਕੇ ਵਲ ਨੂੰ ਜਾ ਰਹੇ ਸਨ। ਇਹ ਵੀ ਗਲਤ ਹੈ ਕਿਉਕਿ ਲਹੌਰ (ਪੰਜਾਬ) ਤੋਂ ਹੱਜ ਤੇ ਜਾਣ ਵਾਲੇ ਲੋਕ ਕਰਾਚੀ ਤੋਂ ਜਹਾਜ ਫੜਦੇ ਸਨ। ਵੇਖੋ ਮੁਹੰਮਦ ਬਿਨ ਕਾਸਮ ਜਦੋਂ ਸਿੰਧ ਆਇਆ ਉਹ ਵੀ ਦੇਬਾਲ (ਕਰਾਚੀ) ਹੀ ਉਤਰਿਆ। 1511 ਈ. ਇੱਕ ਅਰਬ ਜਹਾਜਰਾਨ ਸੁਲੇਮਾਨ ਮਾਹਰੀ ਨੇ ਵੀ ਕਰਾਚੀ ਬੰਦਰਗਾਹ ਦਾ ਜਿਕਰ ਕੀਤਾ ਹੈ।

8. ਫਿਰ ਬੜੋਛ (ਗੁਜਰਾਤ) ਵਿੱਚ ਵੀ ਰਵਾਇਤ ਮੌਜੂਦ ਹੈ ਕਿ ਗੁਰੂ ਸਾਹਿਬ ਨੂੰ ਰਾਜੇ ਨੇ ਬੇੜਾ ਦੇਣ ਤੋਂ ਨਾਂਹ ਕੀਤੀ ਤਾਂ ਗੁਰੂ ਸਾਹਿਬ ਤੇ ਮਰਦਾਨਾ ਚਾਦਰ ਦੀ ਬੇੜੀ ਤੇ ਸਵਾਰ ਹੋ ਗਏ। ਓਥੇ ਚਾਦਰ ਸਾਹਿਬ ਗੁਰਦੁਆਰਾ ਮੌਜੂਦ ਹੈ। ਕੁਦਰਤੀ ਹੈ ਕਿ ਗੁਰੂ ਸਾਹਿਬ ਉੱਤਰ ਦੀ ਯਾਤਰਾ ਲਈ ਬੇੜਾ ਨਹੀ ਸੀ ਚਾਹੁੰਦੇ। ਕਿਉਕਿ ਗੁਜਰਾਤ ਦੇ ਲੱਗ ਪਗ ਹਰ ਮਹੱਤਵਪੂਰਨ ਤੱਟੀ ਸਥਾਨ ਤੇ ਉਹ ਪ੍ਰਚਾਰ ਕਰ ਰਹੇ ਸਨ। 9. ਸਰਸਰੀ ਤੌਰ ਤੇ ਵੇਖਿਆਂ ਦੱਖਣੀ ਪੰਜਾਬ (ਪਾਕਿਸਤਾਨ) ਵਿੱਚ ਗੁਰੂ ਸਾਹਿਬ ਦੀਆਂ ਯਾਤਰਾਵਾਂ ਦੀਆਂ ਦੋ ਵੱਖ ਵੱਖ ਪਟੜੀਆਂ (ਟਰੈਕਜ਼) ਨਜਰ ਆਉਦੇ ਹਨ। ਹਾਲਾਂ ਇਹ ਜਰੂਰੀ ਨਹੀ ਭਾਸਦਾ ਕਿ ਗੁਰੂ ਸਾਹਿਬ ਨੇ ਲੰਕਾ ਤੇ ਮੱਕਾ ਦੀਆਂ ਯਾਤਰਾਵਾਂ ਮੋਕੇ ਇਨਾਂ ਖਾਸ ਪਟੜੀਆਂ ਤੇ ਹੀ ਸੀਮਿਤ ਰਹੇ। (ਵੇਖੋ ਨਕਸ਼ਾ)

(ਓ) ਸੋ ਲੰਕਾ ਨੂੰ ਚਲਦੇ ਵਕਤ ਗੁਰੂ ਸਾਹਿਬ ਤਲਵੰਡੀ ਤੋਂ ਚਲ ਕੇ ਹਫਤ ਮਦਾਰ, ਘੁੰਮਣਕੇ, ਛਾਂਗਾ ਮਾਂਗਾ, ਚੂੰਹਣੀਆਂ, ਹੁਜਰਾ ਸ਼ਾਹ ਮੁਕੀਮ, ਦੀਪਾਲਪੁਰ, ਪਾਕਪਟਨ, ਬੂਰੇਵਾਲਾ, ਵਿਹਾੜੀ, ਤੁਲੰਭਾ, ਉੱਚ, ਮਿੱਠਣਕੋਟ, ਕੰਧਕੋਟ, ਸੱਖਰ, ਸ਼ਿਕਾਰਪੁਰ, ਬਕਰਾਣੀ, ਮੀਰਪੁਰ-ਖਾਸ, ਲੱਖਪਤ, ਅੰਜ਼ਾਰ, ਦਵਾਰਕਾ, ਪੋਰਬੰਦਰ, ਜੂਨਾਗੜ੍ਹ, ਸੋਮਨਾਥ, ਬੜੋਚ, ਰਤਨਾਗਿਰੀ, ਗੋਆ, ਕੰਨਨੂਰ, ਕੋਜ਼ੀਕੋਡ (ਕਾਲੀਕਟ) ਕੋਚੀ, ਪਾਲਮਕੋਟਾ, ਪੱਦਮਨਾਭਾਪੁਰ, ਕੰਨਿਆਕੁਮਾਰੀ ਰਾਂਹੀ ਲੰਕਾ ਪਹੁੰਚੇ। (ਵੇਖੋ ਦਿੱਤਾ ਨਕਸ਼ਾ)

(ਅ) ਨਨਕਾਣਾ ਸਾਹਿਬ ਅਲੱਪਾ ਕਲਾਂ, ਸੱਤਘਰਾ, ਹੜੱਪਾ, ਤੁਲੰਭਾ, ਮੁਲਤਾਨ, ਫਰੀਦਵਾਲਾ ਆਦਿ

10. ਅਸਾਂ ਨਾਨਕ ਝੀਰਾ ਬਿਦਰ ਦੇ ਦਰਸ਼ਨ ਸੰਨ 1972 ਵਿੱਚ ਕੀਤੇ। (ਜਿੰਨਾ ਕੁ ਯਾਦ ਹੈ) ਓਦੋਂ ਗ੍ਰੰਥੀ ਨੇ ਇਹੋ ਦੱਸਿਆ ਕਿ ਗੁਰੂ ਸਾਹਿਬ ਲੰਕਾ ਦੀ ਯਾਤਰਾ ਕਰਕੇ ਇਥੇ ਪਹੁੰਚੇ ਸਨ। ਹੋ ਵੇਖੋ ਤਾਰਾ ਸਿੰਘ ਨਰੋਤਮ ਨੇ ਵੀ ਗੁਰੂ ਸਾਹਿਬ ਦਾ ਤਿੱਲਗੰਜੀ ਤੋਂ ਚਲਕੇ ਬਿਦਰ ਪਹੁੰਚਣਾ ਲਿਖਿਆ ਹੈ। ਉਹ ਤਿਲਗੰਜੀ ਨੂੰ ਰਮੇਸ਼ਵਰ ਦੇ ਕੋਲ ਹੀ ਗਿਣਦੇ ਹਨ।

ਕਈ ਲਿਖਾਰੀਆਂ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਜਿਆਦਾ ਯਾਤਰਾਵਾਂ ਪੈਦਲ ਕੀਤੀਆਂ। ਅਜਿਹਾ ਸੋਚਣਾ ਵੀ ਨਹਾਇਤ ਗਲਤ ਹੈ ਸਾਰੀਆਂ ਜਨਮ ਸਾਖੀਆਂ ਵਿੱਚ ਗੁਰੂ ਸਾਹਿਬ ਦੀਆਂ ਸਮੁੰਦਰ ਤੇ ਦਰਿਆਈ ਜਹਾਜਰਾਨੀ ਰਾਂਹੀ ਯਾਤਰਾ ਦਾ ਥਾਂ ਥਾਂ ਜਿਕਰ ਹੈ। ਕੁਝ ਇੱਕ ਨੇ ਤਾਂ ਗੁਰੂ ਸਾਹਿਬ ਨੂੰ ਮੱਛ ਦੀ ਸਵਾਰੀ ਕਰਦੇ ਦਿਖਾਇਆ ਹੈ।

ਤੁਲੰਭੇ ਜਾਣਾ- ਗੁਰੂ ਸਾਹਿਬ ਉਦਾਸੀਆਂ ਤੇ ਰਵਾਨਾ ਹੋਣ ਤੋਂ ਪਹਿਲਾਂ ਇਕ ਵੇਰਾਂ ਪਾਕਪੱਟਣ ਅਤੇ ਮੁਲਤਾਨ ਹੋ ਆਏ ਸਨ। ਸਾਡੇ ਹਿਸਾਬ ਸੱਜਣ ਠੱਗ ਵਾਲੀ ਘੱਟਨਾ ਇਸ ਯਾਤਰਾ ਮੌਕੇ ਵਾਪਰਦੀ ਹੈ।

ਅੱਜ ਗੁਰਦੁਆਰਾ ਸਾਹਿਬ ਦੇ ਅਹਾਤੇ ਅੰਦਰ ਖੜਾ ਹੈ।

ਉਸ ਅਸਥਾਨ ਤੇ ਅੱਜ ਗੁਰਦੁਆਰਾ ਦਾਤਨ ਸਾਹਿਬ ਜਾ ਗੁਰਦੁਆਰਾ ਕਾਲੀਆਬੋਧਾ ਸ਼ੋਭਿਤ ਹੈ।

ਕੱਟਕ ਤੋਂ ਗੁਰੂ ਸਾਹਿਬ ਜਗਨ ਨਾਥ ਪੁਰੀ ਗਏ।

—◈—

ਜਗਨਨਾਥ ਪੁਰੀ ਪਹੁੰਚਿਆ ਨਿਰੰਕਾਰੀ ਨਾਨਕ

ਪੱਥਰ ਦੀ ਆਰਤੀ ਕਿਓ? ਆਰਤੀ ਹੋਵੇ ਬ੍ਰਿਹਮੰਡ ਦੇ ਮਾਲਕ ਦੀ

(ਜੂਨ/ਜੁਲਾਈ 1511)

ਜਗਨ ਨਾਥ ਪੁਰੀ ਹਿੰਦੂਆਂ ਦਾ ਬਹੁਤ ਹੀ ਵਿਸ਼ਾਲ ਤੇ ਪ੍ਰਸਿਧ ਮੰਦਰ ਹੈ ਜਿੱਥੇ ਹਰ ਸਾਲ ਰੱਥ ਯਾਤਰਾ ਨਿਕਲਦੀ ਹੈ। ਮੂਲ ਵਿੱਚ ਇਥੇ ਬੁੱਧ ਮੱਤ ਦਾ ਬੋਲ ਬਾਲਾ ਸੀ ਤੇ ਉਹ ਲੋਕ ਭਗਵਾਨ ਬੁੱਧ ਦੇ ਦੰਦ ਦੀ ਵਿਸ਼ਾਲ ਯਾਤਰਾ ਕੱਢਿਆ ਕਰਦੇ ਸਨ। ਬੁੱਧ ਮੱਤ ਦੇ ਪਤਨ ਤੋਂ ਬਾਦ ਪੰਡਿਆਂ ਨੇ ਵੀ 11 ਸਦੀ ਈਸਵੀ ਵਿੱਚ ਉਸ ਪ੍ਰੰਪਰਾ ਨੂੰ ਦੂਸਰਾ ਰੂਪ ਦੇ ਦਿੱਤਾ। ⊙ ਇਥੇ ਭਗਵਾਨ ਕ੍ਰਿਸ਼ਨ ਨੂੰ ਸ੍ਰਿਸਟੀ ਦੇ ਮਾਲਕ ਭਾਵ ਜਗਨ ਨਾਥ ਦੇ ਰੂਪ ਵਿੱਚ ਪੂਜਿਆ ਜਾਂਦਾ ਹੈ। ਇਹ ਕਹਾਣੀ ਘੜੀ ਹੋਈ ਹੈ ਕਿ ਭਗਵਾਨ ਦੀ ਮੂਰਤੀ ਖੁੱਦ ਬ੍ਰਹਮਾ ਨੇ ਤਰਾਸ਼ੀ ਸੀ। ਸੋ ਜਿੱਥੇ ਇਹ ਗਲ ਹੋਏ ਕਿ ਮੂਰਤੀ ਖੁੱਦ ਭਗਵਾਨ ਨੇ ਬਣਾਈ ਹੈ ਤਾਂ ਸ਼ਰਧਾ ਤਾਂ ਅਥਾਹ ਹੋਵੇਗੀ ਹੀ।

ਫਿਰ ਹਰ ਸਾਲ ਜੂਨ ਜੁਲਾਈ ਦੇ ਮਹੀਨੇ ਭਗਵਾਨ ਦੀ ਮੂਰਤੀ ਨੂੰ ਉਹਦੀ ਮਾਸੀ ਦੇ ਘਰ 10 ਦਿਨ ਵਾਸਤੇ ਭੇਜਿਆ ਜਾਂਦਾ ਹੈ ਅਖੇ ਜਿੱਥੇ ਉਹ ਮਠਿਆਈਆਂ ਦਾ ਭੋਗ ਕਰਦੇ ਹਨ। ਭਗਵਾਨ ਦੀ ਇਹ ਯਾਤਰਾ ਬੜੀ ਸ਼ਾਨੋ ਸ਼ੌਕਤ ਵਾਲੀ ਹੁੰਦੀ ਹੈ। ਮੂਰਤੀ ਨੂੰ 50 ਫੁੱਟ ਉੱਚੇ ਰੱਥ ਵਿੱਚ ਬੈਠਾਇਆ ਜਾਂਦਾ ਹੈ। ਸ਼ਰਧਾਲੂ ਰੱਸਿਆਂ ਨਾਲ ਉਹ ਰੱਥ ਖਿਚਦੇ ਹਨ। ਅੱਗੇ ਅੱਗੇ ਇਲਾਕੇ ਦਾ ਰਾਜਾ ਝਾੜੂ ਲਾਉਦਾ ਹੈ। ਰਸਮ ਨੂੰ ਇਨਾ ਰੋਚਕ ਬਣਾ ਦਿੱਤਾ ਗਇਆ ਹੈ ਕਿ ਲੱਖਾਂ ਲੋਕ ਰਥ ਯਾਤਰਾ ਵਿੱਚ ਸ਼ਾਮਲ ਹੁੰਦੇ ਹਨ।

ਆਮ ਦਿਨਾਂ ਵਿੱਚ ਵੀ ਇਥੋਂ ਦੇ ਮੰਦਰ ਦੀ ਸ਼ਾਮੀ ਹੋਣ ਵਾਲੀ ਆਰਤੀ ਬਹੁਤ ਸ਼ਾਨੋ ਸ਼ੌਕਤ ਵਾਲੀ ਹੁੰਦੀ ਹੈ। ਚਾਰ ਚੁਫੇਰੇ ਰੰਗ ਰੰਗ ਦੀਆਂ ਸੁਗੰਧੀਆਂ ਦੀ ਖੁਸਬੂ, ਤੇ ਰੰਗ ਰੰਗ ਦੇ ਦੀਵਿਆਂ ਰਾਂਹੀ ਰੋਸ਼ਨੀ ਖਿਲਾਰੀ ਜਾਂਦੀ ਹੈ। ਫਿਰ ਥਾਲ ਵਿੱਚ ਸੁਗੰਧੀਆਂ ਤੇ ਚਾਰ ਦੀਵੇ ਮੂਰਤੀ ਦੇ ਸਾਹਮਣੇ ਘੁੰਮਾਏ ਜਾਂਦੇ ਹਨ: ਚਾਰ ਵਾਰੀ ਪੈਰਾਂ ਤੇ, ਦੋ ਵਾਰੀ ਧੁੰਨੀ ਦੇ ਸਾਹਮਣੇ, ਇੱਕ ਵਾਰੀ ਮੂੰਹ ਦੇ ਸਾਹਮਣੇ, ਤੇ ਫਿਰ ਸੱਤ ਗੇੜੇ ਸਾਰੇ ਸਰੀਰ ਦੇ ਦੁਆਲੇ ਦੁਆਏ ਜਾਂਦੇ ਹਨ।

ਰਥ ਯਾਤਰਾ ਮੌਕੇ ਸਾਹਿਬ 'ਸਿੰਘ ਪੌਰ' ਨਾਮੀ ਸਥਾਨ ਤੇ ਡੇਰਾ ਕੀਤਾ ਹੋਇਆ ਸੀ। ਗੁਰੂ ਸਾਹਿਬ ਦੀ ਰੂਹਾਨੀ ਤਾਕਤ ਦਾ ਲੋਕਾਂ ਨੂੰ ਪਤਾ ਲੱਗ ਚੁੱਕਾ ਸੀ। ਚਾਰ ਚੁਫੇਰੇ ਬਾਬਾ ਨਾਨਕ ਦੀ ਜੈ ਜੈ ਕਾਰ ਹੋ ਰਹੀ ਸੀ। ਏਸੇ ਤਰਾਂ ਇੱਕ ਸ਼ਾਮੀ ਆਰਤੀ ਵੇਲੇ ਬਾ ਰਸੂਖ ਲੋਕਾਂ ਦਾ ਹਜੂਮ ਗੁਰੂ ਸਾਹਿਬ ਨੂੰ ਮੰਦਰ ਦੇ ਅੰਦਰ ਲੈ ਗਇਆ ਕਿ ਤੁਸੀ ਵੀ ਆਰਤੀ ਵਿੱਚ ਸ਼ਾਮਲ ਹੋਵੋ। ਅਜੇ ਆਰਤੀ ਸ਼ੁਰੂ ਨਹੀ ਸੀ ਹੋਈ। ਪੰਡਤਾਂ ਨਾਲ ਸਰ-ਸਰੀ ਗਲ ਬਾਤ ਹੋ ਰਹੀ ਸੀ ਕਿ ਘੰਟੀਆਂ ਵੱਜਣੀਆਂ ਸ਼ੁਰੂ ਹੋ ਗਈਆਂ। ਆਰਤੀ ਸ਼ੁਰੂ ਹੋ ਗਈ। ਸਭ ਖਲੋ ਗਏ। ਗੁਰੂ ਸਾਹਿਬ ਜਿੱਥੇ ਬੈਠੇ ਸੀ ਬੈਠੇ ਹੀ ਰਹੇ।

ਆਰਤੀ ਤੋਂ ਬਾਦ ਪੰਡਿਆਂ ਨੇ ਗੁਰੂ ਸਾਹਿਬ ਅੱਗੇ ਵਿਰੋਧ ਜਿਤਾਇਆ ਕਿ ਤੁਸੀ ਸੰਤ ਮਹਾਤਮਾ ਹੋ ਕੇ ਆਰਤੀ ਦੀ ਰਸਮ ਦੀ ਬੇਅਦਬੀ ਕੀਤੀ ਹੈ। ਗੁਰੂ ਸਾਹਿਬ ਨੇ ਮੌਜੂਦ ਸਭ ਲੋਕਾਂ ਨੂੰ ਸਮਝਾਇਆ ਕਿ "ਮੈਂ ਉਸ ਭਗਵਾਨ ਨੂੰ ਮੰਨਦਾ ਹੈ ਜੋ ਸਾਰੇ ਬ੍ਰਿਹਮੰਡ ਵਿੱਚ ਮੌਜੂਦ ਹੈ ਤੇ ਘੱਟ ਘੱਟ ਦੀ ਜਾਨਣਹਾਰ ਹੈ।"

800 ਸਾਲ ਪੁਰਾਣਾ ਜਗਨ ਨਾਥ ਪੁਰੀ ਮੰਦਿਰ ਜਿਸ ਦੀ ਸਲਾਨਾ ਰਥ ਯਾਤਰਾ ਹਿੰਦੁਸਤਾਨ ਵਿਚ ਪ੍ਰਸਿੱਧ ਹੈ।

"ਮੈਂ ਜਦੋਂ ਉਸ ਭਗਵਾਨ ਦੀ ਆਰਤੀ ਕਰਦਾ ਹਾਂ ਤਾਂ ਵੇਖਦਾ ਹਾਂ ਕਿ ਇੱਕ ਵਿਸ਼ਾਲ ਬ੍ਰਿਹਮੰਡ ਰੂਪੀ ਥਾਲ ਵਿੱਚ ਸੂਰਜ, ਚੰਦ, ਧਰਤੀਆਂ, ਤਾਰੇ ਰੂਪੀ ਦੀਵੇ ਜਗ ਰਹੇ ਨੇ। ਓਸ ਭਗਵਾਨ ਦੀ ਚੌਰ ਖੁੱਦ ਵਗਦੀ ਹਵਾ ਕਰ ਰਹੀ ਹੁੰਦੀ ਹੈ, ਸਾਰੀ ਸ੍ਰਿਸਟੀ ਦੇ ਫੁੱਲਾਂ ਤੇ ਬਨਾਸਪਤੀ ਨੇ ਖੁਸ਼ਬੂ ਖਿਲਾਰੀ ਹੁੰਦੀ ਹੈ।"

ਧਨਾਸਰੀ ਮਹਲਾ ੧ ਆਰਤੀ ੴ ਸਤਿਗੁਰ ਪ੍ਰਸਾਦਿ ॥ ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥ ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥ ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥ ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ ॥ ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥ ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥ ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥ ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ ॥੪॥੧॥੭॥੯॥

ਬ੍ਰਿਹਮੰਡ ਦੇ ਮਾਲਕ ਦੀ ਆਰਤੀ ਕਰਨ ਵਾਲਾ ਇਹ ਸ਼ਖਸ ਕਿਵੇ ਕਿਸੇ ਪੱਥਰ ਦੀ ਮੂਰਤੀ ਦੀ ਆਰਤੀ ਕਰ ਸਕਦਾ ਹੈ। ਗੁਰੂ

ਗੁਰਦੁਆਰਾ ਆਰਤੀ ਸਾਹਿਬ, ਪੁਰੀ, ਉੜੀਸਾ

ਸਾਹਿਬ ਦਾ ਕਹਿਣ ਦਾ ਲਹਿਜਾ ਕੁਝ ਅਜਿਹਾ ਸੀ ਕਿ ਪੰਡਿਆਂ ਦੇ ਹੋਸ਼ ਉਡ ਗਏ। ਓਥੇ ਸਭ ਨੂੰ ਮਹਿਸੂਸ ਹੋ ਗਇਆ ਕਿ ਇਹ ਜੋ ਕੁਝ ਮੰਦਰ ਵਿਚ ਹੋ ਰਿਹਾ ਹੈ ਨਿਰਾ ਪਾਖੰਡ ਤੇ ਰਸਮ ਹੈ। ਮੁਲਕ ਦਾ ਰਾਜਾ ਪ੍ਰਤਾਪ ਰੁਦ੍ ਦੇਵ ਵੀ ਮੌਕੇ ਤੇ ਹਾਜਰ ਸੀ। ਉਹ ਵੀ ਗੁਰੂ ਸਾਹਿਬ ਦੇ ਚਰਨੀ ਲੱਗਾ। (ਸਿੱਖ ਪ੍ਰੰਪਰਾ ਵਿੱਚ ਰਾਜੇ ਦਾ ਨਾਂ ਮੰਗਲ ਦੱਤ ਆਇਆ ਹੈ)

ਧੰਨ ਸਨ ਗੁਰੂ ਸਾਹਿਬ, ਅਗਲੇ ਦੇ ਘਰ ਜਾ ਕੇ ਭਰੀ ਸਭਾ ਵਿੱਚ ਅਗਲੇ ਨੂੰ ਅਹਿਸਾਸ ਕਰਾਉਣਾ ਕਿ ਉਹ ਜੋ ਕਰ ਰਹੇ ਹਨ ਗਲਤ ਹੈ।

ਉਹਨਾਂ ਗਰਮੀਆਂ ਦੇ ਦਿਨਾਂ ਵਿਚ ਫਿਰ ਸਥਾਨਕ ਰਾਜੇ ਨੇ ਸਮੁੰਦਰ ਦੇ ਕੰਢੇ (ਬੀਚ) ਤੇ ਸ਼ਾਮੀ ਵੱਡਾ ਕੀਰਤਨ ਇਕੱਠ ਰੱਖ ਲਿਆ। ਜਿਸ ਵਿਚ ਸਿੱਧ, ਜੋਗੀ, ਮੰਡਲੀਆਂ ਅਤੇ ਬੰਗਾਲੀ ਸੰਤ ਚੈਤੰਨਿਆ ਮਹਾ ਪ੍ਰਭੂ ਦੀ ਕੀਰਤਨ ਮੰਡਲੀ ਵੀ ਸ਼ਾਮਲ ਹੋਈ। ਇਕ ਜੱਥੇ ਤੋਂ ਬਾਦ ਦੂਜੇ ਨੇ ਮਨੋਹਰ ਕੀਰਤਨ ਕੀਤੇ ਤੇ ਆਪਣੇ ਆਪਣੇ ਭਗਵਾਨਾਂ ਦੀ ਉਸਤਤ ਗਾਈ।

ਗੁਰੂ ਸਾਹਿਬ ਅਤੇ ਮਰਦਾਨੇ ਦੀ ਜਦੋਂ ਵਾਰੀ ਆਈ ਤਾਂ ਸਾਹਿਬ ਨੇ ਮਾਰੂ ਰਾਗ ਛੇੜ ਦਿੱਤਾ:

ਮਾਰੂ ਮਹਲਾ ੧ ॥ ਸਚੁ ਕਹਹੁ ਸਚੈ ਘਰਿ ਰਹਣਾ ॥ ਜੀਵਤ ਮਰਹੁ ਭਵਜਲੁ ਜਗੁ ਤਰਣਾ ॥ ਗੁਰੁ ਬੋਹਿਥੁ ਗੁਰੁ ਬੇੜੀ ਤੁਲਹਾ ਮਨ ਹਰਿ ਜਪਿ ਪਾਰਿ ਲੰਘਾਇਆ ॥੧॥ ਹਉਮੈ ਮਮਤਾ ਲੋਭ ਬਿਨਾਸਨੁ ॥ ਨਉ ਦਰ ਮੁਕਤੇ ਦਸਵੈ ਆਸਨੁ ॥ ਊਪਰਿ ਪਰੈ ਪਰੈ ਅਪਰੰਪਰੁ ਜਿਨਿ ਆਪੇ ਆਪੁ ਉਪਾਇਆ ॥੨॥ ਗੁਰਮਤਿ ਲੇਵਹੁ ਹਰਿ ਲਿਵ ਤਰੀਐ ॥ ਅਕਲੁ ਗਾਇ ਜਮ ਤੇ ਕਿਆ ਡਰੀਐ ॥ ਜਤ ਜਤ ਦੇਖਉ ਤਤ ਤਤ ਤੁਮ ਹੀ ਅਵਰੁ ਨ ਦੁਤੀਆ ਗਾਇਆ ॥੩॥ ਸਚੁ ਹਰਿ ਨਾਮੁ ਸਚੁ ਹੈ ਸਰਣਾ ॥ ਸਚੁ ਗੁਰ ਸਬਦੁ ਜਿਤੈ ਲਗਿ ਤਰਣਾ ॥ ਅਕਥੁ ਕਥੈ ਦੇਖੈ ਅਪਰੰਪਰੁ ਫੁਨਿ ਗਰਭਿ ਨ ਜੋਨੀ ਜਾਇਆ ॥੪॥ ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥ ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥ ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥੫॥ ਸਚ ਬਿਨੁ ਭਵਜਲੁ ਜਾਇ ਨ ਤਰਿਆ ॥ ਏਹੁ ਸਮੁੰਦੁ ਅਥਾਹੁ ਮਹਾ ਬਿਖੁ ਭਰਿਆ ॥ ਰਹੈ ਅਤੀਤੁ ਗੁਰਮਤਿ ਲੇ ਊਪਰਿ ਹਰਿ ਨਿਰਭਉ ਕੈ ਘਰਿ ਪਾਇਆ ॥੬॥ ਝੂਠੀ ਜਗ ਹਿਤ ਕੀ ਚਤੁਰਾਈ ॥ ਬਿਲਮ ਨ ਲਾਗੈ ਆਵੈ ਜਾਈ ॥ ਨਾਮੁ ਵਿਸਾਰਿ ਚਲਹਿ ਅਭਿਮਾਨੀ ਉਪਜੈ ਬਿਨਸਿ ਖਪਾਇਆ ॥੭॥ ਉਪਜਹਿ ਬਿਨਸਹਿ ਬੰਧਨ ਬੰਧੇ ॥ ਹਉਮੈ ਮਾਇਆ ਕੇ ਗਲਿ ਫੰਧੇ ॥ ਜਿਸੁ ਰਾਮ ਨਾਮੁ ਨਾਹੀ ਮਤਿ ਗੁਰਮਤਿ ਸੋ ਜਮ ਪੁਰਿ ਬੰਧਿ ਚਲਾਇਆ ॥੮॥ ਗੁਰ ਬਿਨੁ ਮੋਖ ਮੁਕਤਿ ਕਿਉ ਪਾਈਐ ॥ ਬਿਨੁ ਗੁਰ ਰਾਮ ਨਾਮੁ ਕਿਉ ਧਿਆਈਐ ॥ ਗੁਰਮਤਿ ਲੇਹੁ ਤਰਹੁ ਭਵ ਦੁਤਰੁ ਮੁਕਤਿ ਭਏ ਸੁਖੁ ਪਾਇਆ ॥੯॥ ਗੁਰਮਤਿ ਕ੍ਰਿਸਨਿ ਗੋਵਰਧਨ ਧਾਰੇ ॥ ਗੁਰਮਤਿ ਸਾਇਰਿ ਪਾਹਣ ਤਾਰੇ ॥ ਗੁਰਮਤਿ ਲੇਹੁ ਪਰਮ ਪਦੁ ਪਾਈਐ ਨਾਨਕ ਗੁਰਿ ਭਰਮੁ ਚੁਕਾਇਆ ॥੧੦॥ ਗੁਰਮਤਿ ਲੇਹੁ ਤਰਹੁ ਸਚੁ ਤਾਰੀ ॥ ਆਤਮ ਚੀਨਹੁ ਰਿਦੈ ਮੁਰਾਰੀ ॥ ਜਮ ਕੇ ਫਾਹੇ ਕਾਟਹਿ ਹਰਿ ਜਪਿ ਅਕੁਲ ਨਿਰੰਜਨੁ ਪਾਇਆ ॥੧੧॥ ਗੁਰਮਤਿ ਪੰਚ ਸਖੇ ਗੁਰ ਭਾਈ ॥ ਗੁਰਮਤਿ ਅਗਨਿ ਨਿਵਾਰਿ ਸਮਾਈ ॥ ਮਨਿ ਮੁਖਿ ਨਾਮੁ ਜਪਹੁ ਜਗਜੀਵਨ ਰਿਦ ਅੰਤਰਿ ਅਲਖੁ ਲਖਾਇਆ ॥੧੨॥ ਗੁਰਮੁਖਿ ਬੂਝੈ ਸਬਦਿ ਪਤੀਜੈ ॥ ਉਸਤਤਿ ਨਿੰਦਾ ਕਿਸ ਕੀ ਕੀਜੈ ॥ ਚੀਨਹੁ ਆਪੁ ਜਪਹੁ ਜਗਦੀਸਰੁ ਹਰਿ ਜਗੰਨਾਥੁ ਮਨਿ ਭਾਇਆ ॥੧੩॥ ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ॥ ਗੁਰਮੁਖਿ ਬੂਝਹੁ ਸਬਦਿ ਪਛਾਣਹੁ ॥ ਘਟਿ ਘਟਿ ਭੋਗੇ ਭੋਗਣਹਾਰਾ ਰਹੈ ਅਤੀਤੁ ਸਬਾਇਆ ॥੧੪॥ ਗੁਰਮਤਿ ਬੋਲਹੁ ਹਰਿ ਜਸੁ ਸੂਚਾ ॥ ਗੁਰਮਤਿ ਆਖੀ ਦੇਖਹੁ ਊਚਾ ॥ ਸ੍ਰਵਣੀ ਨਾਮੁ ਸੁਣੈ ਹਰਿ ਬਾਣੀ ਨਾਨਕ ਹਰਿ ਰੰਗਿ ਰੰਗਾਇਆ ॥

ਰੰਗ ਰੰਗ ਦੇ ਪ੍ਰਚਾਰਕਾਂ ਦਰਮਿਆਨ ਗੁਰੂ ਸਾਹਿਬ ਨੇ ਧਰਮ ਦੇ ਮਾਰਗ ਤੇ ਸੱਚ ਦੀ ਅਹਿਮੀਅਤ, ਗੁਰੂ ਧਾਰਨ ਕਰਨਾਂ ਅਤੇ ਇਥੋਂ ਤਕ ਕਹਿ ਦਿਤਾ ਕਿ ਗੁਰਮਤ ਰਾਂਹੀ ਤੁਹਾਨੂੰ ਭਗਵਾਨ ਰਾਮ, ਕ੍ਰਿਸ਼ਨ ਜਿਵੇ ਅਵਤਾਰਾਂ ਦੀ ਅਸਲੀਅਤ ਦਾ ਵੀ ਪਤਾ ਲਗ ਜਾਏਗਾ।

ਗੁਰੂ ਸਾਹਿਬ ਦੀ ਸਿਖਿਆਵਾਂ ਦਾ ਅਜਿਹਾ ਅਸਰ ਪਿਆ ਕਿ ਓੜੀਆ ਲੋਕ ਜਿਹੜੇ ਜਗਨ ਨਾਥ ਭਗਵਾਨ ਨੂੰ ਵਿਸ਼ਨੂੰ ਦਾ ਅਵਤਾਰ ਮੰਨਦੇ ਸਨ, ਵਿਚਾਰਧਾਰਾ ਹੀ ਛੱਡ ਗਏ ਤੇ ਹੁਣ ਰਾਜਾ ਪ੍ਰਤਾਪ ਰੁਦ੍ ਦੇਵ ਨੇ ਐਲਾਨ ਕਰ ਦਿਤਾ



ਉਦਾਸੀ ਗੁਰਦੁਆਰਾ ਮੰਗੂ ਮੱਠ। ਹੇਠਾਂ ਪ੍ਰਕਾਸ਼ ਅਸਥਾਨ, ਜਿਥੇ ਬਾਬਾ ਸ੍ਰੀ ਚੰਦ ਦੀ ਮੂਰਤੀ ਨਾਲ ਪੂਜੀ ਜਾਂਦੀ ਹੈ। ਇਥੇ ਗੁਰੂ ਗ੍ਰੰਥ ਸਾਹਿਬ ਦੇ ਨਾਲ ਇਕ ਪੁਰਾਤਨ ਤਸਵੀਰ ਰੱਖੀ ਜਾਂਦੀ ਹੈ ਜਿਸ ਵਿਚ ਗੁਰੂ ਸਾਹਿਬ ਭਾਈ ਮਰਦਾਨਾ, ਬਾਬਾ ਲਖਮੀ ਚੰਦ, ਬਾਬਾ ਸ੍ਰੀ ਚੰਦ ਅਤੇ ਭਾਈ ਬਾਲਾ ਦਿਖਾਏ ਗਏ ਹਨ। ਤਸਵੀਰ ਵਿਚ ਗੁਰੂ ਸਾਹਿਬ ਨੂੰ ਬਹੁਤ ਬਜੁਰਗ ਦਿਖਾਇਆ ਗਇਆ ਹੈ। 12 ਸਤੰਬਰ 2019 ਨੂੰ ਅਫਵਾਹ ਉਡੀ ਸੀ ਕਿ ਉੜੀਸਾ ਸਰਕਾਰ ਨੇ ਬਾਉਲੀ ਸਮੇਤ ਇਹ ਯਾਦਗਾਰਾਂ ਢੁਹਾ ਦਿੱਤੀਆਂ ਹਨ। ਆਖਰ 22 ਦਸੰਬਰ 2019 ਨੂੰ ਸੱਚ ਮੁੱਚ ਢਾਹ ਦਿੱਤੀ ਗਈ ਹੈ। ਉਂਜ ਅਖਬਾਰਾਂ ਬਿਆਨ ਆਇਆ ਹੈ ਕਿ ਉਹ ਇਸ ਦੀ ਸੁੰਦਰ ਇਮਾਰਤ ਬਣਾਏਗੀ।

ਬਾਉਲੀ ਸਾਹਿਬ, ਪੁਰੀ। ਸ਼ਹਿਰ ਨਿਵਾਸੀਆਂ ਦੀ ਬੇਨਤੀ ਤੇ ਗੁਰੂ ਸਾਹਿਬ ਨੇ ਉਹ ਜਗਾ ਪ੍ਰਗਟ ਕੀਤੀ ਜਿਥੇ ਜਮੀਨ ਵਿਚ ਮਿੱਠਾ ਜਲ ਮੌਜੂਦ ਸੀ।

ਕਿ ਜਗਨ ਨਾਥ, ਭਗਵਾਨ ਵਿਸ਼ਨੂੰ ਤੋਂ ਵੀ ਉੱਤੇ ਹੈ। ਹੁਣ ਜਗਨ ਨਾਥ ਦੀ ਪਰਿਭਾਸ਼ਾ ਕੁਝ ਇਸ ਤਰਾਂ ਦੀ ਬਣ ਗਈ:◉

"ਜਗਨ ਨਾਥ ਤਾਂ ਸੁੰਨ ਪੁਰਖ ਹੈ, ਉਹ ਨਿਰਾਕਾਰ ਹੈ, ਉਹ ਨਿਰੰਜਨ ਹੈ, ਉਹ ਪੂਰਨ ਬ੍ਰਹਮ ਹੈ, ਇਸੇ ਤੋਂ ਹੋਰਨਾਂ ਅਵਤਾਰਾਂ ਜਿਵੇ ਰਾਮ ਕ੍ਰਿਸ਼ਨ ਆਦਿ ਨੇ ਜਨਮ ਲਿਆ। "

———◈———

ਜਦੋਂ ਕਲਿਜੁਗ ਨੇ ਤਾਂ ਕੋਸ਼ਿਸ਼ ਕੀਤੀ ਕਿ ਗੁਰੂ ਸਾਹਿਬ ਪੁਰੀ ਜੋਗੇ ਹੀ ਹੋ ਜਾਣ

ਪੁਰਾਣੇ ਸਮਿਆਂ ਵਿਚ ਪ੍ਰਸਿੱਧ ਹਿੰਦੂ ਤੀਰਥਾਂ ਤੇ ਵੱਖ ਵੱਖ ਹਿੰਦੁਸਤਾਨੀ ਇਲਾਕਿਆਂ ਦੀਆਂ ਆਪਣੀਆਂ ਆਪਣੀਆਂ ਧਰਮਸਾਲਾਂ ਹੁੰਦੀਆਂ ਸਨ। ਏਸੇ ਕਰਕੇ ਹੀ ਫਿਰ ਗੁਰੂ ਸਾਹਿਬ ਦੀ ਪੁਰੀ ਫੇਰੀ ਮੌਕੇ ਓਥੇ ਵੀ ਪੰਜਾਬੀਆਂ ਦੀ ਆਪਣੀ ਧਰਮਸਾਲਾ ਸੀ। ਇਸ ਦਾ ਮਾਲਕ ਕਲਿਜੁਗ ਨਾਂ ਦਾ ਪੰਜਾਬੀ ਬ੍ਰਾਹਮਣ ਸੀ।

ਜਦੋਂ ਗੁਰੂ ਸਾਹਿਬ ਨੇ ਪੂਰਬ ਦੇ ਅਧਿਆਤਮ ਜਗਤ ਨੂੰ ਸਰ ਕਰ ਕੇ ਪੁਰੀ ਪਹੁੰਚੇ ਤੇ ਓਥੇ ਵੀ ਬਾਬੇ ਨਾਨਕ ਦੀ ਜੈ ਜੈਕਾਰ ਹੋ ਗਈ ਤਾਂ ਪੰਜਾਬੀ ਪੰਡਤ ਨੂੰ ਵੀ ਮਾਣ ਮਹਿਸੂਸ ਹੋਇਆ। ਉਹ ਵੀ ਗੁਰੂ ਸਾਹਿਬ ਦਾ ਸ਼ਰਧਾਲੂ ਬਣ ਗਿਆ। ਜਿੰਨਾ ਚਿਰ ਗੁਰੂ ਸਾਹਿਬ ਪੁਰੀ ਵਿਖੇ ਰਹੇ ਕਲਿਜੁਗ ਗੁਰੂ ਸਾਹਿਬ ਦੇ ਨਾਲ ਨਾਲ ਹੀ ਰਿਹਾ। ਗੁਰੂ ਸਾਹਿਬ ਕਰਕੇ ਕਲਿਜੁਗ ਦੀ ਵੀ ਪੁਰੀ ਵਿਖੇ ਪੁੱਛ ਗਿੱਛ ਹੋ ਰਹੀ ਸੀ।

ਇਕ ਦਿਨ ਗੁਰੂ ਸਾਹਿਬ ਨੂੰ ਪਾਂਡਾ ਆਪਣੇ ਘਰ ਲੈ ਗਿਆ। ਆਪਣੀ ਅਮੀਰੀ ਵਲ ਨਿਗਾ ਮਰਵਾ ਕੇ ਕਹਿਣ ਲੱਗਾ ਕਿ ਸਾਹਿਬ ਜੀ ਇਥੇ ਮਾਇਆ ਦਾ ਕੋਈ ਅੰਤ ਨਹੀ। ਬੇਸ਼ੱਕ ਸੋਨੇ ਦਾ ਮਹਿਲ ਪਾ ਲਓ। ਇਥੇ ਹੀ ਰਹੋ। ਕਿਤੇ ਨਾਂ ਜਾਓ। ਤੁਸੀ ਜਿਹੋ ਜਿਹਾ ਘਰ ਚਾਹੋਗੇ ਅਸੀ ਬਣਵਾ ਕੇ ਦਿਆਂਗੇ। ਓਥੇ ਫਿਰ ਗੁਰੂ ਸਾਹਿਬ ਦਾ ਵਿਰਾਗ ਛੁਟਿਆ ਤੇ ਸਬਦ ਬੋਲਿਆ:-

ੴ ਸਤਿਗੁਰ ਪ੍ਰਸਾਦਿ ॥ ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧ ॥ ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥ ਹਰਿ ਬਿਨੁ ਜੀਉ ਜਲਿ ਬਲਿ ਜਾਉ ॥ ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ ਰਹਾਉ ॥ ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥ ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੨॥ ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥ ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥ ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥ ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੪॥੧॥

ਮਰਦਾਨੇ ਨੇ ਕਲਿਜੁਗ ਨੂੰ ਸਮਝਾਇਆ ਕਿ ਪੰਡਤ ਜੀ ਅਸੀ ਨਿਰੰਕਾਰ ਅਕਾਲ ਪੁਰਖ ਦਾ ਮਿਸ਼ਨ ਲੈ ਕੇ ਨਿਕਲੇ ਹਾਂ। ਐਸ਼ੋ ਅਰਾਮ ਦੀ ਜਿੰਦਗੀ ਸਾਡਾ ਨਿਸ਼ਾਨਾ ਨਹੀ। ਇਹ ਪਾਂਡਾ ਗੁਰੂ ਸਾਹਿਬ ਦੇ ਓਥੋਂ ਆਉਣ ਤੋਂ ਬਾਦ ਸਿੱਖੀ ਦਾ ਪ੍ਰਚਾਰ ਜਗਨ ਨਾਥ ਪੁਰੀ ਵਿਖੇ ਕਰਿਆ ਕਰਦਾ ਰਿਹਾ।

ਗੁਰੂ ਸਾਹਿਬ ਦੀ ਬਖਸ਼ਸ਼ ਸਦਕਾ ਕਲਜੁਗ ਦੇ ਘਰ ਉਲਾਦ ਹੋਈ ਜਿਸ ਦੀ ਪੀੜੀ ਅਜ ਤੱਕ ਜਾਰੀ ਹੈ। 1870 ਈ. ਵਿੱਚ ਗਿਆਨੀ ਗਿਆਨ ਸਿੰਘ ਇਸੇ ਅੰਸ ਵਿੱਚੋਂ ਭਗਵਾਨ ਦਾਸ ਕਲਜੁਗ ਦੇ ਘਰ ਠਹਿਰੇ ਸਨ।

ਏਸੇ ਪਾਂਡੇ ਨੇ ਗੁਰੂ ਸਾਹਿਬ ਨੂੰ ਸਹਿਜ ਸੁਭਾਅ ਦੱਸਿਆ ਕਿ ਪੁਰੀ ਵਿੱਚ ਪੀਣ ਵਾਲੇ ਪਾਣੀ ਦੀ ਬੜੀ ਕਿੱਲਤ ਹੈ। ਸਭ ਪਾਸੇ ਪਾਣੀ ਖਾਰਾ ਹੈ। ਓਦੋਂ ਸਹਿਬ ਨੇ ਇੱਕ ਖਾਸ ਥਾਂ ਤੇ ਇਸ਼ਾਰਾ ਕਰ ਕੇ ਕਿਹਾ ਕਿ ਇਥੇ ਖੂਹ ਪੁੱਟੋ। ਪਾਣੀ ਮਿੱਠਾ ਨਿਕਲੇਗਾ। ਉਥੇ ਫਿਰ ਬਾਉਲੀ ਉਸਾਰੀ ਗਈ ਜੋ ਅੱਜ ਤੱਕ ਮੌਜੂਦ ਹੈ। ਕਿਸੇ ਵੇਲੇ ਸ਼ਹਿਰ ਦਾ ਬਹੁਤਾ ਭਾਗ ਇਸ ਬਉਲੀ ਤੇ ਹੀ ਨਿਰਭਰ ਸੀ।◈

———◈———

ਪੁਰੀ (ਉੜੀਸਾ) ਵਿੱਚ ਗੁਰੂ ਨਾਨਕ ਦਾ ਕੀਰਤਨ ਸੁਣਨ ਵਾਲਾ ਇੱਕ ਬੰਗਾਲੀ ਚਸ਼ਮਦੀਦ ਗਵਾਹ

ਬੰਗਾਲ ਦੇ ਪ੍ਰਸਿਧ ਕ੍ਰਿਸ਼ਨ ਭਗਤ ਚੇਤੰਨਿਆ ਮਹਾਪ੍ਰੱਭੂ ਦਾ ਬਾਬੇ ਨਾਲ ਮੇਲ

ਉਨਾਂ ਦਿਨਾਂ ਵਿੱਚ ਹੀ ਬੰਗਾਲ ਵਿੱਚ ਇੱਕ ਪ੍ਰਸਿਧ ਕ੍ਰਿਸ਼ਨ ਭਗਤ ਹੋਏ ਹਨ: ਚੈਤੰਨਿਆ ਮਹਾਂਪ੍ਰਭੂ। ਸ਼ਰਧਾਲੂ ਲੋਕਾਂ ਦਾ ਵਿਸ਼ਵਾਸ ਸੀ ਕਿ ਚੈਤੰਨਿਆ ਇਸ ਕਲਜੁਗ ਵਿੱਚ ਕ੍ਰਿਸ਼ਨ ਭਗਵਾਨ ਦਾ ਹੀ ਅਵਤਾਰ ਹੈ। ਚੈਤੰਨਿਆ ਦੇ ਭਗਤ ਵ੍ਰਿੰਦਾਵਨ ਦਾਸ ਠਾਕੁਰ (1507 -1589 ਈ) ਨੇ ਗ੍ਰੰਥ ਲਿਖਿਆ "ਚੇਤੰਨਿਆ ਭਾਗਵਤ" ਜਿਸ ਵਿੱਚ ਗੁਰੂ ਸਾਹਿਬ ਤੇ ਚੇਤੰਨਿਆ ਦੇ ਮੇਲ ਬਾਬਤ

ਪੈਰ ਸਫ਼ਾ

◉ https://en.wikipedia.org/wiki/Jagannath

◈ ਗਿਆਨ ਰਤਨਾਵਲੀ ਵਿੱਚ ਇਥੇ ਫਿਰ ਇੱਕ ਸਾਖੀ ਦਿੱਤੀ ਹੈ ਕਿ ਜਿੱਥੇ ਸਮੁੰਦਰ ਕਿਨਾਰੇ ਗੁਰੂ ਸਾਹਿਬ ਬੈਠੇ ਸਨ ਓਥੇ ਨੇੜੇ ਹੀ ਇੱਕ ਲਾਸ਼ ਪਈ ਸੀ। ਕੁਝ ਸਮੇਂ ਬਾਦ ਇੱਕ ਬਘਿਆੜ ਆਇਆ ਲਾਸ਼ ਸੁੰਘੀ ਪਰ ਖਾਧੀ ਨਾਂ ਤੇ ਚਲਾ ਗਿਆ। ਓਥੇ ਫਿਰ ਕਿਹਾ ਗਇਆ ਕਿ ਮਰਨ ਵਾਲਾ ਬੰਦਾ ਬੜਾ ਅਕ੍ਰਿਤਘਣ ਸੀ।

ਫਿਰ ਕਲਜੁਗ ਨਾਲ ਮੇਲ ਵੀ ਦੱਸਿਆ ਹੈ। ਕਲਜੁਗ ਦੇ ਵਰਤਾਰੇ ਬਾਰੇ ਰਤਨਾਵਲੀ ਤੇ ਹੋਰ ਸਾਖੀਆਂ ਵਿੱਚ ਲਿਖਿਆ ਹੈ ਕਿ ਕਲਜੁਗ ਨੇ ਗੁਰੂ ਸਾਹਿਬ ਨਾਲ ਵਾਇਦਾ ਕੀਤਾ ਕਿ ਜਿੱਥੇ ਸੰਗਤ ਜੁੜ ਬੈਠੀ ਹੋਵੇਗੀ ਮੈਂ ਓਥੇ ਦਾਖਲ ਨਹੀ ਹੋਵਾਂਗਾ ਹਾਂ ਅਰਦਾਸ ਉਪਰੰਤ ਜਦੋਂ ਪ੍ਰਸ਼ਾਦ ਵਰਤੀਂਦਾ ਹੋਵੇਗਾ ਕਿਰਪਾ ਕਰਕੇ ਮੈਨੂੰ ਓਥੇ ਖੁੱਲ ਦੇ ਦੇਣਾ।

ਕਈ ਜਨਮ ਸਾਖੀਆਂ ਨੇ ਫਿਰ ਬੁਧ ਧਰਮ ਵਾਲੀ ਕਹਾਣੀ ਇਥੇ ਗੁਰੂ ਸਾਹਿਬ ਨਾਲ ਜੋੜ ਦਿਤੀ ਹੈ ਜਿਥੇ ਇਕ ਪਾਖੰਡੀ ਬ੍ਰਾਹਮਣ ਦਾ ਮਾਇਆ ਵਾਲਾ ਪਿਆਲਾ ਅਲੋਪ ਹੋ ਜਾਂਦਾ ਹੈ। ਵਿਦਵਾਨਾਂ ਨੇ ਇਹ ਸਾਖੀ ਰੱਦ ਕੀਤੀ ਹੈ।



ਰੱਬ ਦੀ ਯਾਦ ਵਿਚ ਹਮੇਸ਼ਾਂ ਨੱਚਣ ਗਾਉਣ ਵਾਲਾ ਬੰਗਾਲੀ ਸੰਤ ਚੈਤੰਨਿਆ ਮਹਾਂ ਪ੍ਰਭੂ (1486-1534)

ਦਿਲਚਸਪ ਜਾਣਕਾਰੀ ਮਿਲਦੀ ਹੈ। ਇਸ ਵਿੱਚ ਲਿਖਿਆ ਹੈ ਕਿ ਚੇਤੰਨਿਆ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਪੁਰੀ ਵਿੱਚ ਆ ਪਹੁੰਚੇ ਨੇ ਤਾਂ ਉਹਨਾਂ ਨੇ ਗੁਰੂ ਸਾਹਿਬ ਦੇ ਰਹਿਣ ਠਹਿਰਨ ਦਾ ਇੰਤਜਾਮ ਕੀਤਾ। ਆਪਣੇ ਇੱਕ ਸੇਵਕ ਓਦੇ-ਅਤਾ ਦੀ ਜਿੰਮੇਵਾਰੀ ਲਾਈ ਤੂੰ ਗੁਰੂ ਸਾਹਿਬ ਦੀ ਸੇਵਾ ਟਹਿਲ ਵਿੱਚ ਹਰ ਵੇਲੇ ਹਾਜਰ ਰਹਿਣਾ ਹੈ।

ਇਸ ਗ੍ਰੰਥ ਵਿੱਚ ਇਹ ਵੀ ਜਿਕਰ ਮਿਲਦਾ ਹੈ ਕਿ ਗੁਰੂ ਸਾਹਿਬ ਤੇ ਚੇਤੰਨਿਆ ਨੇ ਰਲ ਕੇ ਕੀਰਤਨ ਕੀਤਾ। ਗੁਰੂ ਸਾਹਿਬ ਦਾ ਸਾਥ "ਸਾਰੰਗ" (ਭਾਵ ਸਾਰੰਗੀ ਵਜਾਉਣ ਵਾਲਾ ਭਾਵ ਮਰਦਾਨਾ ਦੇ ਰਿਹਾ ਸੀ) ਕੁਝ ਇਸ ਤਰਾਂ ਦਾ ਜਿਕਰ ਆਇਆ ਹੈ ਇਸ ਕਿਤਾਬ ਵਿੱਚ:

ਸ੍ਰੀਨਿਵਾਸਾ ਜੇ ਬਿਸੰਬਰ ।
ਕੀਰਤਨ ਮੱਧਯਾ ਬਿਹ੍ ।
ਨਾਨਕ, ਸਾਰੰਗ ਇਹ ਦੋਈ।
ਰੂਪ ਯ ਸਨਾਤਨ ਦੋ ਭਾਈ।
ਜਗਾਈ ਮਧਾਈ ਇਕਤਰ ।
ਕੀਰਤਨ ਕਰ ਅੰਤੀ ਐ ਨਰਿਤਿਆ।
ਨਗਰ ਪੁਰਸ਼ੋਤਮ ਦਾਸ।
ਜਾਂਗਲੀ ਯਜਸ ਨੰਦਨੀ ਤਾ ਪਾਸ।
ਨਾਨਕ ਸਾਹੇਤੀ ਗੈਹਨ।
ਗੋਪਾਲ ਗੁਰੂ ਸੰਗ ਤੈਮ।
ਸਾਹਗਤ ਮਤ ਬਲਰਾਮ।
ਬਿਹਾਰ ਨੀਲਗਿਰੀ ਧਾਮ।

(ਮਤਲਬ - ਗੁਰੂ ਨਾਨਕ ਤੇ ਰਬਾਬੀ (ਮਰਦਾਨੇ) ਦੇ ਕੀਰਤਨ ਵਿੱਚ ਚੈਤੰਨਿਆ ਮਹਾਪ੍ਰਭੂ ਆਪ ਵੀ ਸ਼ਾਮਲ ਹੋ ਗਏ। ਦੋਵੇ ਭਰਾਵਾਂ ਰੂਪ ਤੇ ਸਨਾਤਨ ਨੇ ਕੀਰਤਨ ਤੇ ਨ੍ਰਿਤ (ਨਾਚ) ਵਿੱਚ ਸਾਥ ਨਿਭਾਇਆ, ਨਾਲ ਹੀ ਹੋ ਗਈਆਂ ਭੈਣਾਂ ਜਗਾਈ ਤੇ ਮਧਾਈ। ਸ਼ਹਿਰ ਦੇ ਰਾਜਾ ਨੇ ਅਨੰਦ ਮਾਣਿਆ। ਕਿਉਕਿ ਗੁਪਾਲ ਨਾਲ ਗੁਰੂ ਨਾਨਕ ਦਾ ਬਹੁਤ ਸਨੇਹ ਹੋ ਚੁੱਕਾ ਸੀ। ਸੋ ਨਿਤਿਆਨੰਦ ਭਗਵਾਨ ਨੇ ਕੀਰਤਨ ਕੀਤਾ ਜਗਨ ਨਾਥ ਪੁਰੀ ਵਿੱਚ।- (ਅਧਿਆਇ 64, ਚੈਤੰਨਿਆ ਭਾਗਵਤ)

ਨਗਰ ਪ੍ਰਸ਼ੋਤਮ ਦਾ ਨਾਂ ਆਉਣਾ ਉਂਜ ਹੈਰਾਨੀ ਪੈਦਾ ਕਰਦਾ ਹੈ ਕਿਉਕਿ ਰਾਜਾ ਪ੍ਰਤਾਪ ਰੁਦ੍ ਦੇਵ ਤੋਂ ਪਹਿਲਾਂ ਰਾਜਾ ਪ੍ਰਸ਼ੋਤਮ ਦੇਵਾ (1467- 1497ਈ.) ਸੀ।

——◈——

ਚਿਲਕਾ ਝੀਲ

ਪੁਰੀ ਤੋਂ ਚਲਕੇ ਗੁਰੂ ਸਾਹਿਬ ਨੇ ਪਹਿਲਾਂ ਦੱਖਣ ਵਲ ਕੋਈ 30 ਕੁ ਕਿਲੋਮੀਟਰ ਚਲ ਕੇ ਚਿਲਕਾ ਝੀਲ ਵੇਖੀ। ਅੰਦਾਜ਼ਾ ਹੈ ਕਿ ਚਿਲਕਾ ਕਿਨਾਰੇ ਸਿੱਧ ਜੋਗੀਆਂ ਦਾ ਕੋਈ ਵੱਡਾ ਮੱਠ ਸੀ। ਇਥੇ ਬੁੱਧਮਤ ਦੇ ਪ੍ਰਸਿੱਧ ਵਿਹਾਰਾਂ ਦੇ ਖੰਡਰਾਤ ਅਤੇ ਜੈਨਮੱਤ ਦੇ ਮੰਦਰ ਅੱਜ ਵੀ ਮੌਜੂਦ ਨੇ। ਜਿਵੇ ਅਸੀ ਪਿੱਛੇ ਲਿਖਿਆ ਹੈ ਕਿ ਭਾਰਤ ਵਿਚ ਬੁੱਧਮਤ ਦਾ ਜਾਨਸ਼ੀਨ, ਜੋਗੀਮਤ ਹੀ ਬਣਿਆ ਸੀ। ਬੋਧੀਆਂ ਦੇ ਵਿਹਾਰਾਂ ਤੇ ਬਾਦ ਵਿਚ ਜੋਗੀ ਹੀ ਕਾਬਜ ਹੋਏ ਸਨ। ਸੋ ਇਥੇ ਗੁਰੂ ਸਾਹਿਬ ਨੇ ਜੋਗੀਆਂ ਅਤੇ ਜੈਨੀਆਂ ਨੂੰ ਨਾਮ ਦਾ ਸਿਧਾਂਤ ਸਮਝਾਇਆ।

——◈——

ਪੰਜਾਬ ਨੂੰ ਪਰਤਣਾ◈

ਕਿਉਕਿ ਮਰਦਾਨਾ ਵੀ ਨਾਗਾਲੈਂਡ ਅਤੇ ਮਾਘ ਦੇਸ ਅਤੇ ਬ੍ਰਹਮਾ ਦੀ ਯਾਤਰਾ ਵੇਲੇ ਕੁਝ ਅੱਕ ਜਿਹਾ ਗਇਆ ਸੀ ਅਤੇ ਪਿਛੇ ਪਰਤਣ ਲਈ ਜਿੱਦ ਕਰ ਰਿਹਾ ਸੀ। ਮਰਦਾਨੇ ਦੀ ਜਿੱਦ ਅਤੇ ਵਿਗੜ ਰਹੇ ਰਾਜਨੀਤਕ ਹਾਲਾਤਾਂ ਕਰਕੇ ਗੁਰੂ ਸਾਹਿਬ ਦੱਖਣ ਦੇ ਹੋਰ ਇਲਾਕੇ ਅਤੇ ਲੰਕਾ ਨੂੰ ਜਾਣ ਦੇ ਬਿਜਾਏ, ਇਥੋਂ ਹੀ ਸਿੱਧੇ ਪੰਜਾਬ ਨੂੰ ਹੋ ਤੁਰੇ।

ਪੈਰ ਸਫਾ

1. ਚੈਤੰਨਿਆ ਮਹਾਪ੍ਰਭੂ ਦੇ ਮੇਲ ਨੂੰ ਸਾਡੇ ਜਨਮ ਸਾਖੀ ਵਾਲਿਆਂ ਜੋਗੀ ਭਰਥਰੀ ਹਰੀ ਨਾਲ ਮੇਲ ਲਿਖਿਆ ਹੈ- ਸੋਢੀ ਮਿਹਰਬਾਨ

2. ਪ੍ਰਸਿਧ ਲਿਖਾਰੀ ਤ੍ਰਿਲੋਚਨ ਸਿੰਘ ਦਾ ਕਹਿਣਾ ਹੈ ਕਿ ਇਸ (ਚੈਤੰਨਿਆ ਮੇਲ) ਤੋਂ ਅੰਦਾਜ਼ਾ ਲੱਗ ਸਕਦਾ ਹੈ ਕਿ ਗੁਰੂ ਸਾਹਿਬ ਕਦੋਂ ਪੁਰੀ ਵਿਖੇ ਬਰਾਜਮਾਨ ਸਨ। ਕਿਉਕਿ ਚੈਤੰਨਿਆ ਦਾ ਪੁਰੀ ਵਿਖੇ ਹੋਣ ਦਾ ਸਮਾਂ ਇਤਹਾਸ ਵਿਚ ਪਤਾ ਹੈ। ਸੋ ਸਿੰਘ ਅਨੁਸਾਰ ਗੁਰੂ ਸਾਹਿਬ 1511 ਈ ਦੇ ਲਾਗੇ ਚਾਗੇ ਇਥੇ ਸਨ।

ਹੋਰ ਸਾਨੂੰ ਵੀ ਜੋ ਸਬੂਤ ਮਿਲਿਆ ਹੈ ਕਿ ਆਵਾ ਦੀ ਸੁਨਿਹਰੀ ਰਾਜਧਾਨੀ ਦਾ ਉਦਘਾਟਨ ਫਰਵਰੀ 1511 ਨੂੰ ਹੁੰਦਾ ਹੈ। ਇਸ ਤੋਂ ਵੀ ਅੰਦਾਜ਼ਾ ਲੱਗਦਾ ਹੈ ਕਿ ਫਰਵਰੀ 1511 ਤੋਂ ਬਾਦ ਸਾਹਿਬ ਬਰਮਾ ਵਿੱਚ ਸਨ ਜਿਥੋਂ ਉਹ ਪੁਰੀ ਨੂੰ ਆਏ ਸਨ।

ਅੰਦਾਜ਼ਾ ਹੈ ਗੁਰੂ ਸਾਹਿਬ 1512 ਈ ਦੇ ਸ਼ੁਰੂ ਸ਼ੁਰੂ ਵਿਚ ਹੀ ਓੜੀਸ਼ਾ ਤੋਂ ਪੰਜਾਬ ਨੂੰ ਪਰਤੇ ਸਨ।

◈ ਇਹ ਸਾਰੀ ਗਲ ਵਿਸਥਾਰ ਵਿਚ ਪੜ੍ਹਨ ਲਈ ਸਫਾ 174 ਦੀ ਸਫਾ ਪੈੜ ਵੇਖੋ। ਧਿਆਨ ਰਹੇ ਕੁਝ ਇਤਹਾਸਕਾਰ ਨਹੀ ਮੰਨਦੇ ਕਿ ਗੁਰੂ ਸਾਹਿਬ ਓੜੀਸਾ ਤੋਂ ਪੰਜਾਬ ਨੂੰ ਪਰਤੇ ਸਨ।

ਧਿਆਨ ਹੋਵੇ ਕਿ ਉੜੀਸਾ ਦੇ ਗਜਪਤੀ ਬਾਦਸ਼ਾਹ ਦਾ ਰਾਜ ਦੂਰ ਦੱਖਣ ਵਿਚ ਵੀ ਫੈਲਿਆ ਹੋਇਆ ਸੀ। ਫਿਰ ਦੱਖਣ ਦੀ ਪ੍ਰਸਿੱਧ ਰਿਆਸਤ ਵਿਜੇਨਗਰ ਦਾ ਪ੍ਰਸਿੱਧ ਬਾਦਸ਼ਾਹ ਕ੍ਰਿਸ਼ਨਾ ਦੇਵਾ ਰਾਇਆ ਨਵਾਂ ਨਵਾਂ ਗੱਦੀ ਤੇ ਬੈਠਾ ਸੀ। ਉਸਨੇ ਅਰੰਭ ਵਿਚ ਹੀ ਗਜਪਤੀ ਰਿਆਸਤ ਤੋਂ ਦੱਖਣ ਦੇ ਇਲਾਕੇ ਅਜਾਦ ਕਰਾਉਣ ਦੀ ਠਾਣ ਲਈ ਅਤੇ 1512 ਈ ਦੇ ਸ਼ੁਰੂ ਵਿਚ ਹੀ ਉਦੇਗਿਰੀ ਦੇ ਪ੍ਰਸਿੱਧ ਕਿਲੇ ਤੇ ਹਮਲਾ ਕਰ ਦਿਤਾ। ਧਿਆਨ ਰਹੇ ਇਹ ਉਦੇਗਿਰੀ ਤਿਰੂਪਤੀ ਤੋਂ 130 ਕਿ. ਮੀ. ਉੱਤਰ ਹੈ। (ਇਕ ਉਦੇਗਿਰੀ ਪੁਰੀ ਤੋਂ 80 ਕਿ. ਮੀ. ਸਮੁੰਦਰੀ ਤੱਟ ਤੇ ਪੱਛਮ ਦੱਖਣ ਵਿਚ ਹੈ।) ਇਸ ਹਮਲੇ ਕਰਕੇ ਕੱਟਕ ਅਤੇ ਪੁਰੀ ਵਿਚ ਭੜਥੂ ਜਿਹਾ ਪੈ ਗਿਆ। ਜਿਸ ਕਰਕੇ ਗੁਰੂ ਸਾਹਿਬ ਨੇ ਓਥੇ ਉੜੀਸਾ ਵਿਚ ਹੋਰ ਸਮਾਂ ਰਹਿਣਾ ਠੀਕ ਨਹੀ ਸਮਝਿਆ ਅਤੇ ਨਾਂ ਹੀ ਦੱਖਣ ਵਲ ਜਾਣ ਦੇ ਹਾਲਾਤ ਮਕਬੂਲ ਸਨ। ਸਾਹਿਬ ਨੇ ਉਹ ਰਸਤਾ ਅਪਣਾਇਆ ਜਿਸ ਰਸਤੇ ਸਾਧੂ ਸੰਤ ਮਥੁਰਾ ਆਦਿ ਨੂੰ ਆਮ ਤੁਰੇ ਰਹਿੰਦੇ ਸਨ। ਇਹ ਰਸਤਾ ਕੁਝ ਦੂਰੀ ਤਕ ਯੂ ਪੀ ਦੇ ਹੋਰ ਪ੍ਰਸਿੱਧ ਨਗਰਾਂ ਜਿਵੇ ਪ੍ਰਯਾਗਰਾਜ, ਅਯੋਧਿਆ ਅਤੇ ਬਨਾਰਸ ਲਈ ਸਾਂਝਾ ਸੀ।

ਸੋ ਚਿਲਕਾ ਝੀਲ ਤੋਂ ਬਾਦ ਗੁਰੂ ਸਾਹਿਬ ਪਹਾੜ ਪਾਸੇ ਨੂੰ ਹੋ ਮੁੜੇ ਤੇ ਉੜੀਸਾ ਦੀ ਰਿਆਸਤ ਰਾਜ- ਰਣਪੁਰ ਦੇ ਰਾਜੇ ਨੂੰ ਮਿਲੇ। ਰਣਪੁਰ ਜਗਨ ਨਾਥ ਪੁਰੀ ਤੋਂ ਕੋਈ 55-60 ਕਿਲੋਮੀਟਰ ਪਹਾੜ ਵਿੱਚ ਹੈ। ਗੁਰੂ ਸਾਹਿਬ ਦੇ ਮੇਲ ਬਾਰੇ ਕੁਝ ਜਿਆਦਾ ਜਾਣਕਾਰੀ ਹਾਸਲ ਨਹੀ ਹੋ ਪਾਈ। ਇਨਾਂ ਹੀ ਪਤਾ ਲੱਗਦਾ ਹੈ ਕਿ ਇਹ ਰਾਜਾ ਵੀ ਪੁਰੀ ਦੇ ਮਹਾਰਾਜੇ ਦੇ ਅਧੀਨ ਸੀ।

———◈———

ਸੰਬਲਪੁਰ○ - ਉਸ ਤੋਂ ਬਾਦ ਗੁਰੂ ਸਾਹਿਬ ਇਲਾਕੇ ਦੇ ਹੋਰ ਰਾਜਿਆਂ ਤੇ ਸਾਧੂਆਂ ਦੇ ਟਿਕਾਣਿਆਂ ਤੇ ਜੇ ਲੋਕਾਂ ਨੂੰ ਮਨਮਤ ਤੋਂ ਵਰਜਦੇ ਹੋਏ ਨਿਰੰਕਾਰ ਨਾਲ ਜੋੜਦੇ ਹੋਏ, ਮਹਾਂਨਦੀ ਦੇ ਨਾਲ ਨਾਲ ਚਲਦੇ, ਸੰਬਲਪੁਰ (ਓੜੀਸਾ) ਪਹੁੰਚੇ। ਸੰਬਲਪੁਰ ਵੀ ਉਘਾ ਇਤਹਾਸਿਕ ਨਗਰ ਹੈ ਜਿਸ ਦਾ ਜਿਕਰ ਪੁਰਾਤਨ ਗ੍ਰੰਥਾਂ ਤੇ ਟੋਲਮੀ (ਯੂਨਾਨ ਦੇ ਸਿਕੰਦਰ ਮਹਾਨ ਦੇ ਵੇਲੇ ਜੋ ਆਇਆ) ਤੇ ਹਿਊਨ ਸਾਂਗ ਜਿਹੇ ਯਾਤਰੂਆਂ ਨੇ ਕੀਤਾ ਹੈ। ਸੰਮਲਪੁਰ ਜਾਂ ਸੰਬਲ ਪੁਰ ਹੀਰਿਆਂ ਦੀ ਖਾਣ ਕਰਕੇ ਵੀ ਇਤਹਾਸ ਵਿੱਚ ਜਾਣਿਆ ਜਾਂਦਾ ਰਿਹਾ ਹੈ। ਇਥੋਂ ਦੀਆਂ ਖਾਣਾਂ ਦਾ ਜਿਕਰ ਬਕਾਇਦਾ 17ਵੀ ਸਦੀ ਦੇ ਫਰਾਂਸੀਸੀ ਵਪਾਰੀ ਜੀਨ ਬੈਪਟਿਸਟ ਤੇਵਨੀਅਰ ਨੇ ਵੀ ਕੀਤਾ ਹੈ। ਇਹ ਹਿੰਦੂ ਧਾਰਮਿਕ ਇਤਹਾਸ ਵਿੱਚ ਏਨੀ ਅਹਿਮੀਅਤ ਰਖਦਾ ਹੈ ਜਿੱਥੇ ਲਿਖਿਆ ਮਿਲਦਾ ਹੈ ਕਿ ਵਿਸ਼ਨੂੰ ਦਾ ਅਗਲਾ ਅਵਤਾਰ ਕਲਕੀ ਸੰਭਲ (ਸੰਬਲਪੁਰ) ਵਿਖੇ ਪੈਦਾ ਹੋਵੇਗਾ। ਮਹਾਤਮਾ ਬੁਧ ਨੇ ਵੀ ਕਾਲ ਚਕ੍ ਤੰਤਰ ਦਾ ਗਿਆਨ ਰਾਜਾ ਇੰਦਰਭੂਤੀ ਨੂੰ ਦੇ ਕੇ ਸੰਬਲ ਦਾ ਧਰਮਰਾਜਾ ਬਣਾ ਦਿੱਤਾ ਸੀ। ਮਹਾਭਾਰਤ ਵਿੱਚ ਵੀ ਇਸ ਦਾ ਸਾਫ ਜਿਕਰ ਹੈ।

ਕਹਿਣ ਤੋਂ ਮਤਲਬ ਏਨਾ ਮਹੱਤਵਪੂਰਨ ਧਾਰਮਿਕ ਕੇਂਦਰ ਹੋਵੇ ਤੇ ਗੁਰੂ ਸਾਹਿਬ ਪੁਰੀ ਤੋਂ ਅਮਰਕੰਟਕ ਨੂੰ ਤੇ ਸੰਮਲਪੁਰ ਜਾਂ ਸੰਬਲਪੁਰ ਜਾਂ ਸੰਬਲ ਨਾਂ ਰੁਕੇ ਹੋਣ ਇਹ ਤਾਂ ਹੋ ਹੀ ਨਹੀ ਸਕਦਾ।

ਜਦੋਂ ਗੁਰੂ ਸਾਹਿਬ ਇਸ ਨਗਰ ਵਿੱਚ ਸਨ ਤਾਂ ਸ਼ਹਿਰ ਦੇ ਕਿਸੇ ਮਹੱਤਵਪੂਰਨ ਬੰਦੇ (ਰਾਜਾ ਆਦਿ) ਦਾ ਜਵਾਨ ਮੁੰਡਾ ਮਰ ਗਇਆ ਜਿਸ ਕਾਰਨ ਉਸ ਦੀ ਮਾਂ ਬਹੁਤ ਰੁਦਨ ਕਰ ਰਹੀ ਸੀ ਤੇ ਸਾਰੇ ਸ਼ਹਿਰ ਦੀ ਹਮਦਰਦੀ ਉਸ ਬਾਬਤ ਜਾਗੀ ਹੋਈ ਸੀ। ਉਸ ਮੌਕੇ ਗੁਰੂ ਸਾਹਿਬ ਨੇ ਅਣਭੋਲ ਲੋਕਾਂ ਨੂੰ ਕਰਤਾਰ ਦੇ ਹੁਕਮ ਬਾਰੇ ਜਾਣਕਾਰ ਕਰਾਇਆ ਤੇ ਇਹ ਸ਼ਬਦ ਰਚਿਆ:-

ਆਸਾ ਮਹਲਾ ੧ ॥ ਨ ਕਿਸ ਕਾ ਪੂਤੁ ਨ ਕਿਸ ਕੀ ਮਾਈ ॥ ਝੂਠੈ ਮੋਹਿ ਭਰਮਿ ਭੁਲਾਈ ॥੧॥ ਮੇਰੇ ਸਾਹਿਬ ਹਉ ਕੀਤਾ ਤੇਰਾ ॥ ਜਾਂ ਤੂੰ ਦੇਹਿ ਜਪੀ ਨਾਉ ਤੇਰਾ ॥੧॥ ਰਹਾਉ ॥ ਬਹੁਤੇ ਅਉਗਣ ਕੂਕੈ ਕੋਈ ॥ ਜਾ ਤਿਸੁ ਭਾਵੈ ਬਖਸੇ ਸੋਈ ॥੨॥ ਗੁਰ ਪਰਸਾਦੀ ਦੁਰਮਤਿ ਖੋਈ ॥ ਜਹ ਦੇਖਾ ਤਹ ਏਕੋ ਸੋਈ ॥੩॥ ਕਹਤ ਨਾਨਕ ਐਸੀ ਮਤਿ ਆਵੈ ॥ ਤਾਂ ਕੋ ਸਚੇ ਸਚਿ ਸਮਾਵੈ ॥

———◈———

ਲੋਕੋ ਛਨਿੱਛਰ ਦੀ ਪੂਜਾ ਛੱਡੋ।

ਉਹਨੂੰ ਪੂਜੋ ਜਿਸ ਨੇ ਛਨਿੱਛਰ ਪੈਦਾ ਕੀਤਾ ਸੀ

ਸੰਮਲ ਪੁਰ ਦੇ ਸ਼ਨੀ ਮੰਦਰ ਨੂੰ ਜਦੋਂ ਗੁਰੂ ਸਾਹਿਬ ਵੇਖ ਰਹੇ ਸਨ ਪ੍ਰਦੇਸੀ ਸਾਧੂ ਵੇਖ ਕੇ ਗੁਰੂ ਸਾਹਿਬ ਦੇ ਦੁਆਲੇ ਭੀੜ ਇਕੱਠੀ ਹੋ ਗਈ। ਪੁਜਾਰੀ ਗੁਰੂ ਸਾਹਿਬ ਨੂੰ ਮੰਦਰ ਬਾਰੇ ਜਾਣਕਾਰੀ ਦੇ ਰਿਹਾ ਸੀ। ਇਕੱਠੇ ਹੋਏ ਲੋਕ ਵੀ ਦਿਲਚਸਪੀ ਨਾਲ ਸੁਣ ਰਹੇ ਸਨ। ਪੁਜਾਰੀ ਨੇ ਸ਼ਨੀ ਦੇਵਤਾ ਦੀ ਕਹਾਣੀ ਸੁਣਾਈ ਕਿ ਇੱਕ ਸੂਰਜ ਨਾਂ ਦਾ ਰਾਜਾ ਸੀ ਜਿਹਦੇ ਅੱਠ ਪੁੱਤਰ ਸਨ। ਅੱਠਾਂ ਵਿੱਚੋਂ ਸ਼ਨੀ ਨਾਂ ਦਾ ਪੁੱਤਰ ਬਹੁਤ ਹੀ ਬਦਸ਼ਕਲ ਕਾਲਾ ਕਲੂਟਾ ਤੇ ਡਰਾਵਣਾ ਜਿਹਾ ਸੀ। ਜਦੋਂ ਰਾਜਾ ਮਰਿਆ ਤਾਂ ਸ਼ਨੀ ਦੀ ਮਾਂ ਵੀ ਨਾਲ ਹੀ ਸਤੀ ਹੋ ਗਈ। ਰਾਜੇ ਦਾ ਵੱਡਾ ਪੁੱਤਰ ਤਖਤ ਤੇ ਬੈਠਾ। ਬਦਸੂਰਤ ਛਨਿਛਰ ਦੀ ਕੋਈ ਪੁੱਛ ਗਿੱਛ ਨਹੀ ਸੀ ਕਰਦਾ। ਭਰਜਾਈਆਂ ਬਚਿਆ ਖੁੱਚਿਆਂ ਭੋਜਨ ਛਨਿਛਰ ਦੇ ਸੁੱਟ ਦਿਆ ਕਰਦੀਆਂ ਸਨ। ਪੁਰਾਣੇ ਸ਼ਰਾਣੇ ਕਪੜੇ ਉਹਨੂੰ ਦੇ ਦੇਣੇ। ਕਾਲੇ ਰੰਗ ਤਾਂ ਦਾ ਪਹਿਲਾਂ ਹੀ ਸੀ ਉਤੇ ਉਸਨੇ ਤੇਲ ਦੀ ਮਾਲਸ਼ ਕਰ ਲੈਣੀ ਤੇ ਵੱਖਰੀ ਹੀ ਡਹਿਕ ਮਾਰਦਾ ਹੁੰਦਾ ਸੀ ਛਨਿਛਰ। ਜਦੋ ਉਸ ਵੇਖਿਆ ਕਿ ਹਰ ਕੋਈ ਉਨੂੰ ਘ੍ਰਿਣਾ ਦੀ ਨਿਗਾਹ ਨਾਲ ਤੱਕਦਾ ਹੈ ਤਾਂ ਕਿਸੇ ਮਹਾਂਪੁਰਖ ਦੇ ਉਪਦੇਸ਼ ਅਨੁਸਾਰ ਹਾਰ ਕੇ ਛਨਿਛਰ ਨੇ ਰੱਬ ਦੀ ਭਗਤੀ ਦਾ ਰਾਹ ਅਪਣਾਇਆ। ਛਨਿਛਰ ਮਹਾਨ ਬਣ ਗਿਆ।

ਪੈਰ ਸਾਡਾ ○ ਲਗਦੈ ਗਿਆਨੀ ਗਿਆਨ ਸਿੰਘ ਨੇ ਸੰਮਲ ਪੁਰ ਨੂੰ ਸਭਾਗ ਪੁਰ ਲਿਖ ਦਿੱਤਾ ਹੈ। ਓੜੀਸਾ ਵਿੱਚ ਸੁਭਾਗ ਪੁਰ ਨਾਂ ਦਾ ਕੋਈ ਇਤਹਾਸਿਕ ਕਸਬਾ ਜਾਂ ਸ਼ਹਿਰ ਹੈ ਹੀ ਨਹੀ। ਉੱਜ ਪੁਰੀ ਤੋਂ ਚਲਕੇ ਗੁਰੂ ਸਾਹਿਬ ਦਾ ਸੁਭਾਗ ਪੁਰ ਰੁਕਣਾ ਲਿਖਿਆ ਹੈ। ਸੰਬਲ ਪੁਰ ਵਿਖੇ ਬਕਾਇਦਾ ਸਿੱਖ ਸੰਗਤ ਤੇ ਯਾਦਗਾਰੀ ਗੁਰਦੁਆਰਾ ਵੀ ਸ਼ਸੋਭਿਤ ਹੈ। ਸੋ ਸਾਫ ਜਾਹਿਰ ਹੈ ਸੁਭਾਗਪੁਰ ਅਸਲ ਵਿੱਚ ਸੰਬਲਪੁਰ ਹੈ। ਗਿਆਨੀ ਜੀ ਵਾਲੀ ਗਲਤੀ ਸੁਰਿੰਦਰ ਸਿੰਘ ਕੋਹਲੀ ਨੇ ਵੀ ਕਰ ਦਿੱਤੀ।

ਸੰਬਲ ਪੁਰ ਦੇ ਗੁਰੂ ਨਾਨਕ ਦਰਬਾਰ ਗੁਰਦੁਆਰਾ ਤਸਵੀਰ ਤਾਂ ਪ੍ਰਾਪਤ ਹੋਈ ਹੈ ਪਰ ਇਹ ਤਸਦੀਕ ਨਹੀ ਹੋ ਪਾਇਆ ਕਿ ਗੁਰਦੁਆਰਾ ਸਾਹਿਬ ਇਤਹਾਸਿਕ ਹੈ ਜਾਂ ਵੈਸੇ ਸੰਗਤ ਨੇ ਬਣਾਇਆ।

ਪੰਡਤ ਨੇ ਬੜੇ ਮਾਣ ਨਾਲ ਕਹਾਣੀ ਸਭ ਦੇ ਸਾਹਮਣੇ ਗੁਰੂ ਸਾਹਿਬ ਨੂੰ ਸੁਣਾਈ। ਗੁਰੂ ਸਾਹਿਬ ਨੇ ਸਵਾਲ ਕੀਤਾ ਕਿ ਤੁਸੀ ਛਨਿੱਛਰ ਦੀ ਬਿਜਾਏ ਉਸ ਪ੍ਰਭੂ ਨੂੰ ਕਿਓ ਨਹੀ ਪੂਜਦੇ ਜਿਹਦੀ ਪੂਜਾ ਖੁੱਦ ਛਨਿਛਰ ਨੇ ਕੀਤੀ ਤੇ ਮਹਾਨ ਬਣ ਗਇਆ ਸੀ?

ਗੁਰੂ ਸਾਹਿਬ ਦੇ ਸਿੱਧੇ ਸਾਦੇ ਸਵਾਲ ਨੇ ਸਭ ਦੀਆਂ ਅੱਖਾਂ ਖੋਲ ਦਿੱਤੀਆਂ। ਫਿਰ ਗੁਰੂ ਸਾਹਿਬ ਨੇ ਸਰਬ ਵਿਆਪਕ ਨਿਰੰਕਾਰ ਦੀ ਸਿਫਤ ਵਿੱਚ ਸ਼ਬਦ ਗਾਇਆ:-

ਬਿਲਾਵਲੁ ਮਹਲਾ ੧ ਥਿਤੀ ਘਰੁ ੧੦ ਜਤਿ ੧ਓ ਸਤਿਗੁਰ ਪ੍ਰਸਾਦਿ ॥ ਏਕਮ ਏਕੰਕਾਰੁ ਨਿਰਾਲਾ ॥ ਅਮਰੁ ਅਜੋਨੀ ਜਾਤਿ ਨ ਜਾਲਾ ॥ ਅਗਮ ਅਗੋਚਰੁ ਰੂਪੁ ਨ ਰੇਖਿਆ ॥ ਖੋਜਤ ਖੋਜਤ ਘਟਿ ਘਟਿ ਦੇਖਿਆ ॥ ਜੋ ਦੇਖਿ ਦਿਖਾਵੈ ਤਿਸ ਕਉ ਬਲਿ ਜਾਈ ॥ ਗੁਰ ਪਰਸਾਦਿ ਪਰਮ ਪਦੁ ਪਾਈ ॥੧॥ ਕਿਆ ਜਪੁ ਜਾਪਉ ਬਿਨੁ ਜਗਦੀਸੈ ॥ ਗੁਰ ਕੈ ਸਬਦਿ ਮਹਲੁ ਘਰੁ ਦੀਸੈ ॥੧॥ (ਸਗਗਸ-੮੩੮)

———◈———

ਅਮਰਕੰਟਕ- ਜਿੱਥੇ ਲੋਕ ਅਸਮਾਨੀ ਬਿਜਲੀ ਨੂੰ ਹੀ ਭਗਵਾਨ ਮੰਨਦੇ ਸਨ

ਸੀਮਲ ਪੁਰ ਤੋਂ ਚਲ ਕੇ ਗੁਰੂ ਸਾਹਿਬ ਬਾਰਗੜ੍ਹ, ਸਾਰੰਗਗੜ, ਹੁੰਦੇ ਹੋਏ ਸ਼ਿਵਰੀਨਰਾਇਣ ਤੋਂ ਮਹਾਂਨਦੀ ਅਤੇ ਜੌਂਕ ਨਦੀ ਦੇ ਸੰਗਮ ਤੋ ਦਰਿਆ ਪਾਰ ਕੀਤਾ। ਅੱਗੇ ਇਤਹਾਸਿਕ ਨਗਰ ਮਲਹਾਰ, ਅੱਜ ਦੇ ਬਿਲਾਸਪੁਰ ਹੁੰਦੇ ਹੋਏ ਸੰਬਲ ਪੁਰ ਤੋਂ ਪਹੁੰਚੇ, 370 ਕਿਲੋਮੀਟਰ ਦਾ ਸਫਰ ਸੰਝਣਾ ਜੰਗਲੀ ਇਲਾਕਾ ਪਾਰ ਕਰਕੇ ਗੁਰੂ ਸਾਹਿਬ ਮੱਧ ਪ੍ਰਦੇਸ਼ ਦੇ ਮਸ਼ਹੂਰ ਧਾਰਮਿਕ ਸਥਾਨ ਅਮਰ-ਕੰਟਕ ਪਹੁੰਚੇ। ਇਹ ਉਹ ਪ੍ਰਸਿਧ ਸਥਾਨ ਹੈ ਜਿਥੋਂ ਨਰਮਦਾ ਦਰਿਆ ਨਿਕਲਦਾ ਹੈ। ਹਿੰਦੁਸਤਾਨ ਵਿੱਚ ਵਰਤੀਆਂ ਜਾ ਰਹੀਆਂ ਬਹੁਤੀਆਂ ਦੇਸੀ ਜੜ੍ਹੀ ਬੂਟੀਆਂ ਇਸੇ ਪਹਾੜੀ ਇਲਾਕੇ ਵਿੱਚ ਪੈਦਾ ਹੁੰਦੀਆਂ ਹਨ। ਭਾਰਤੀ ਸੈਰ ਸਪਾਟਾ ਕੇਂਦਰਾਂ ਵਿੱਚੋਂ ਇਹ ਵੀ ਪ੍ਰਮੁਖ ਹੈ। ਹਿੰਦੂ ਇਨੂੰ ਤੀਰਥਰਾਜ ਗਿਣਦੇ ਹਨ। ਪੁਰਾਣਾਂ ਤੇ ਮਹਾਭਾਰਤ ਵਿੱਚ ਵੀ ਇਹਦਾ ਜਿਕਰ ਮਿਲਦਾ ਹੈ। ਇਥੇ ਪਹੁੰਚ ਗੁਰੂ ਸਾਹਿਬ ਦਾ ਮੁੱਖ ਨਿਸ਼ਾਨਾ ਭੋਲੇ ਭਾਲੇ ਸਾਧੂਆਂ ਨੂੰ ਨਿਰੰਕਾਰ ਦੇ ਲੜ ਲਾਉਣਾ ਸੀ ਜੋ ਤਰਾਂ ਤਰਾਂ ਦੀਆਂ ਕਠਿਨ ਤਪੱਸਿਆਵਾਂ ਵਿੱਚ ਲੱਗੇ ਹੋਏ ਸਨ।

ਜਨਮਸਾਖੀਆਂ ਗੁਰੂ ਸਾਹਿਬ ਦੀ ਇਸ ਫੇਰੀ ਬਾਰੇ ਕੋਈ ਜਾਣਕਾਰੀ ਤਾਂ ਨਹੀ ਦਿੰਦੀਆਂ ਪਰ ਸਾਹਿਬ ਨੇ ਸਤਿਨਾਮ ਸਤਿਕਾਰ ਨਿਰੰਕਾਰ ਦਾ ਜੋ ਹੋਕਾ ਦਿੱਤਾ ਸੀ ਉਹ ਅੱਜ ਤੱਕ ਇਲਾਕੇ ਵਿੱਚ ਗੂੰਜਦਾ ਹੈ। ਇਥੋਂ ਤੱਕ ਕਿ ਗੁਰੂ ਸਾਹਿਬ ਦੇ ਵਾਪਸ ਆਉਣ ਤੋਂ ਕੋਈ ਸੈਕੜਾ ਸਾਲ ਬਾਦ ਇਥੇ ਇੱਕ ਧਾਰਮਿਕ ਲਹਿਰ ਉਠੀ 'ਸਤਿਨਾਮੀਏ'। ਜਿਸ ਦੇ ਬਾਨੀ ਨੇ ਵੀ ਆਪਣੇ ਆਪ ਨੂੰ ਗੁਰੂ ਕਹਾਇਆ। ਗੁਰੂ ਘਾਸੀਰਾਮ (1756-1836 ਈ) ਏਸੇ ਇਲਾਕੇ ਵਿੱਚ ਹੀ ਹੋਇਆ ਹੈ ਜੋ ਜਾਤ ਪਾਤ ਦਾ ਖੰਡਨ ਕਰਦਾ ਸੀ, ਸਤਿਨਾਮ ਦਾ ਜਾਪ ਜਪਾਉਦਾ ਸੀ, ਸੱਚ ਤੇ ਜੋਰ ਦਿੰਦਾ ਸੀ। ਕਹਿਣ ਤੋਂ ਮਤਲਬ ਬੀਜ ਕਾਫੀ ਦੇਰ ਬਾਦ ਉਗਿਆ। ਉਂਜ ਥੋੜਾ ਬਹੁਤ ਰੂਪ ਅਕਾਰ ਵਖਰਾ ਸੀ ਪਰ ਉਪਜ ਬੀਜ ਸਤਿਨਾਮ ਤੋਂ ਹੀ ਸੀ। ਧਿਆਨ ਰਹੇ ਭਗਤ ਕਬੀਰ ਸਾਹਿਬ ਨੇ ਵੀ ਇਸ ਇਲਾਕੇ ਦਾ ਦੌਰਾ ਕੀਤਾ ਸੀ।

ਗੁਰੂ ਨਾਨਕ ਮੁਕਤਦੁਆਰ, ਅਮਰਕੰਟਕ

ਏਸੇ ਹੀ ਇਲਾਕੇ ਵਿੱਚ ਇੱਕ ਪੁਜਾਰੀ ਨੇ ਲੋਕਾਂ ਨੂੰ ਬੱਦਲਾਂ ਤੇ ਅਸਮਾਨੀ ਬਿਜਲੀ ਬਾਰੇ ਗੁੰਮਰਾਹ ਕੀਤਾ ਹੋਇਆ ਸੀ। ਕਿ ਵੇਖੋ ਫਲਾਣੇ ਬੰਦੇ ਨੇ ਪੂਜਾ ਨਹੀ ਕਰਵਾਈ ਤਾਂ ਭਗਵਾਨ ਨਰਾਜ ਹੋ ਰਿਹਾ ਹੈ। ਅਖੇ ਬਿਜਲੀ ਤੇ ਗਰਜ ਭਗਵਾਨ ਦੀ ਨਿਰਾਜਗੀ ਦੀਆਂ ਨਿਸ਼ਾਨੀਆਂ ਹਨ। ਇਸ ਤਰਾਂ ਕਰਕੇ ਉਹ ਭੋਲੇ ਭਾਲੇ ਲੋਕਾਂ ਨੂੰ ਲੁੱਟਦਾ ਸੀ ਤੇ ਗੁੰਮਰਾਹ ਕਰਕੇ ਲੋਕਾਂ ਨੂੰ ਭਗਵਾਨ ਦੀ ਨਰਾਜਗੀ ਦਾ ਉਪਾਅ ਜੋ ਦਸਦਾ ਸੀ ਉਸ ਵਿੱਚ ਫਿਰ ਲੁੱਟ ਸੀ।

ਗੁਰੂ ਸਾਹਿਬ ਨੇ ਜਦੋਂ ਉਨੂੰ ਸਮਝਾਉਣਾ ਚਾਹਿਆ ਤਾਂ ਉਸ ਨੇ ਉਲਟਾ ਵਿਰੋਧ ਕੀਤਾ। ਫਿਰ ਭਰੀ ਸਭਾ ਵਿੱਚ ਉਹ ਜਲੀਲ ਹੋਇਆ ਤੇ ਗੁਰੂ ਸਾਹਿਬ ਨੇ ਲੋਕਾਂ ਨੂੰ ਬੱਦਲ ਤੇ ਬਿਜਲੀ ਜਿਹੇ ਕੁਦਰਤੀ ਵਰਤਾਰੇ ਬਾਰੇ ਗਿਆਨ ਦਿੱਤਾ। ਕਿ ਬਿਜਲੀ ਜਾਂ ਬੱਦਲ ਕੋਈ ਰੱਬ ਨਹੀ ਹੁੰਦੇ। ਰੱਬ ਤਾਂ ਤੁਹਾਡੇ ਅੰਗ ਸੰਗ ਹੈ। ਲੋਕਾਈ ਨੂੰ ਸਤਿਨਾਮ ਸਤਿ ਕਰਤਾਰ ਦੇ ਨਾਮ ਨਾਲ ਜੋੜਿਆ ਤੇ ਚੜ੍ਹਦੀ ਕਲ੍ਹਾ ਵਾਲੇ ਜੀਵਨ ਦੀ ਬਖਸ਼ਸ਼ ਕੀਤੀ। ਪਟਣੇ ਵਾਲਾ ਸ਼ਬਦ ਫਿਰ ਗੁਰੂ ਸਾਹਿਬ ਨੇ ਅਮਰਕੰਟਕ ਵਿਖੇ ਵੀ ਦੁਹਰਾਇਆ। ਸਾਹਿਬ ਨੇ ਇਲਾਕੇ ਵਾਲੀ ਬੋਲੀ ਹੀ ਵਰਤੀ ਹੈ:-

ਮਾਰੂ ਮਹਲਾ ੧ ॥ ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ ॥
(ਪੂਰਾ ਸ਼ਬਦ ਦੇਖੋ: ਸਫਾ ੧੨੯ ਜਿੰਦਗੀਨਾਮਾ)

ਇਲਾਕੇ ਦੇ ਰਾਜੇ ਸੈਨ ਪਾਲ ਨੇ ਜਦੋਂ ਗੁਰੂ ਸਾਹਿਬ ਦਾ ਜਸ ਸੁਣਿਆ ਤਾਂ ਉਹ ਵੀ ਆ ਚਰਨੀ ਲੱਗਾ।

ਮਨਮੋਹਨੇ ਅਮਰਕੰਟਕ ਵਿੱਚ ਹੀ ਹੈ ਕਪਿਲ ਧਾਰਾ ਜਿੱਥੇ ਕਿਹਾ ਜਾਂਦਾ ਹੈ ਕਿ ਪੁਰਾਤਨ ਕਪਿਲ ਰਿਸ਼ੀ ਨੇ ਸੰਖਿਅਕੀ ਪੁਰਾਣ ਦੀ ਰਚਨਾ ਕੀਤੀ।

ਇਥੇ ਮੌਜੂਦ ਸਾਧੂਆਂ ਨੂੰ ਗੁਰੂ ਸਾਹਿਬ ਨੇ ਘਟ ਘਟ ਵਿੱਚ ਬਿਰਾਜਮਾਨ ਨਿਰੰਕਾਰ ਭਗਵਾਨ ਬਾਰੇ ਦੱਸਿਆ ਜੋ ਨਿਰਾ ਬਰਾਜਮਾਨ ਹੀ ਨਹੀ ਕਿਰਪਾਲੂ ਤੇ ਦਿਆਲੂ ਵੀ ਹੈ ਇਸ ਪ੍ਰਕਾਰ ਸਾਂਖਿਅਕੀ ਸੋਚ ਦਾ ਖੰਡਨ ਕੀਤਾ।

———◈———

ਕੌਡਾ ਰਾਖਸ਼- ਬੀ:40 ਜਨਮ ਸਾਖੀ ਤਸਵੀਰ

ਕੌਡਾ ਰਾਖਸ਼

ਕਿਉਕਿ ਮਰਦਾਨਾ ਘਰ ਜਾਣ ਵਾਸਤੇ ਬਹੁਤ ਕਾਹਲਾ ਪੈ ਚੁੱਕਾ ਸੀ। ਇਹੋ ਕਾਰਨ ਹੈ ਕਿ ਪੁਰੀ ਤੋਂ ਬਾਦ ਗੁਰੂ ਸਾਹਿਬ ਨੇ ਸਿੱਧਾ ਪੰਜਾਬ ਦਾ ਰਸਤਾ ਅਪਣਾਇਆ।

ਮਰਦਾਨੇ ਦੀ ਕਾਹਲ ਕਰਕੇ ਹੀ ਅਮਰਕੰਟਕ ਵੀ ਗੁਰੂ ਸਾਹਿਬ ਜਿਆਦਾ ਨਹੀ ਟਿਕੇ। ਅਮਰਕੰਟਕ ਤੋਂ ਗੁਰੂ ਸਾਹਿਬ ਨੇ ਜਬਲ ਪੁਰ ਵਲ ਦਾ ਰੁਖ ਕੀਤਾ। ਹਾਲਾਂ ਮਰਦਾਨੇ ਨੇ ਇਥੋਂ ਦੇ ਇਲਾਕੇ ਨੂੰ ਪਸੰਦ ਕੀਤਾ। ਇਥੇ ਖਾਣ ਨੂੰ ਕਈ ਕਿਸਮਾਂ ਦੇ ਫਲ ਫਰੂਟ ਮਿਲੇ। ਪਰ ਸਫਰ ਤੋਂ ਮਨ ਅੱਕ ਚੁੱਕਾ ਸੀ। ਅਮਰਕੰਟਕ ਗੁਰੂ ਸਾਹਿਬ ਨਾਲ ਨਰਾਜ ਹੋਇਆ ਕਿ "ਤੁਹਾਨੂੰ ਜਿੱਥੇ ਸਾਧ ਸੰਤ ਮਿਲਦੇ ਨੇ ਤੁਸੀ ਓਥੇ ਹੀ ਡੇਰਾ ਜਮਾ ਬਹਿੰਦੇ ਹੋ। ਇਸ ਤਰਾਂ ਤਾਂ ਅਸੀ ਸਾਰੀ ਉਮਰ ਪੰਜਾਬ ਨਹੀ ਪਹੁੰਚ ਪਾਵਾਂਗੇ। ਮੇਰਾ ਤਾਂ ਅਜੇ ਵਿਆਹ ਦਾ ਚਾਅ ਵੀ ਨਹੀ ਲਹਿਆ। ਜੇ ਤੁਸੀ ਨਹੀ ਜਾਣਾ ਤਾਂ ਮੈਨੂੰ ਇਕੱਲੇ ਨੂੰ ਜਾਣ ਦਿਓ।"

ਗੁਰੂ ਸਾਹਿਬ ਉਹਦੀ ਜਿੱਦ ਅੱਗੇ ਮੰਨ ਗਏ।

ਸੰਙਣੇ ਜੰਗਲ ਵਿੱਚ ਜਾ ਰਹੇ ਸਨ ਕਿ ਰਸਤੇ ਵਿਚ ਇਕ ਯੋਗ ਥਾਂ ਦੇਖ ਗੁਰੂ ਸਾਹਿਬ ਬੈਠ ਨਿਰੰਕਾਰ ਦਾ ਧਿਆਨ ਕਰ ਰਹੇ ਸਨ ਕਿ ਮਰਦਾਨਾ ਫਲ ਮੇਵੇ ਦੀ ਤਲਾਸ਼ ਵਿਚ ਗਾਡੀ ਰਾਹ ਤੋਂ ਦੂਰ ਪਰੇ ਜੰਗਲ ਵਿਚ ਚਲਾ ਗਿਆ। ਜਾਣੀ ਜਾਣ ਗੁਰੂ ਨੇ ਹਾਲਾਂ ਮਰਦਾਨੇ ਨੂੰ ਵਰਜਿਆ ਸੀ ਪ੍ਰਚੱਲਤ ਰਾਹ ਤੋਂ ਹਟਵਾਂ ਨਹੀ ਜਾਣਾ, ਕਿਉਕਿ ਸੰਙਣਾ ਜੰਗਲੀ ਇਲਾਕਾ ਸੀ। ਪਰ ਚੰਚਲ ਮੰਨ ਕਿਥੇ ਮੰਨਦਾ ਹੈ। ਫਲਾਂ ਦੇ ਲਾਲਚ ਵਿੱਚ ਰਾਹ ਤੋਂ ਜਿਵੇ ਹਟਵਾ ਹੋਇਆ ਮਰਦਾਨਾ ਭੀਲ ਜੰਗਲੀ ਕਬੀਲੇ ਦੇ ਸ਼ਿਕਾਰੀਆਂ ਦੇ ਕਾਬੂ ਆ ਗਿਆ। ਇਹ ਜੰਗਲੀ ਆਦਿ ਵਾਸੀ ਲੋਕ ਅੱਜ ਵੀ ਹਰ ਜਾਨਵਰ ਖਾ ਜਾਂਦੇ ਹਨ। ਉਹਨਾਂ ਵੇਲਿਆਂ 'ਚ ਕਾਬੂ ਆਇਆ ਬੰਦਾ ਵੀ ਨਹੀ ਸਨ ਛਡਦੇ।

ਮਰਦਾਨੇ ਨੂੰ ਫੜ ਕੇ ਆਪਣੀ ਬਸਤੀ ਲੈ ਗਏ। ਜਿੱਥੇ ਉਨਾਂ ਦਾ ਕੌਡਾ ਨਾਂ ਦਾ ਮੁੱਖੀਆ ਸ਼ਿਕਾਰ ਨੂੰ ਵੇਖ ਬਹੁਤ ਪ੍ਰਸੰਨ ਹੋਇਆ। ਸ਼ਿਕਾਰ ਵੀ ਪ੍ਰਦੇਸੀ ਜਿਸ ਦਾ ਨੇੜੇ ਤੇੜੇ ਕੋਈ ਪਿੰਡ ਗਰਾਂ ਨਹੀ ਸੀ। ਸਾਰੀ ਬਸਤੀ ਵਿੱਚ ਤਿਉਹਾਰ ਜਿਹਾ ਮਹੌਲ ਬਣ ਗਿਆ। ਤਿਆਰੀਆਂ ਸ਼ੁਰੂ ਹੋ ਗਈਆਂ ਮਨੁੱਖੀ ਮਾਸ ਬਣਾਉਣ ਖਾਣ ਦੀਆਂ। ਕੜਾਹਾ ਤੇ ਅੱਗ ਤਿਆਰ ਕਰ ਲਈ ਗਈ। ਬੱਚੇ ਮਰਦਾਨੇ ਦੇ ਸਰੀਰ ਨਾਲ ਖੇਡਾਂ ਕਰ ਰਹੇ ਸਨ। ਮਸਤ ਹੋ ਰਹੇ ਸਨ। ਓਧਰ ਮਰਦਾਨੇ ਨੇ ਮੰਨ ਹੀ ਮੰਨ ਵਿੱਚ ਗੁਰੂ ਅੱਗੇ ਫਰਿਆਦ ਕੀਤੀ ਕਿ ਤੇਰਾ ਸੇਵਾਦਾਰ ਫਿਰ ਫਸ ਗਇਆ ਈ। ਅੱਜ ਰੱਖ ਲੈ ਫਿਰ ਹੁਕਮ ਅਦੂਲੀ ਨਹੀ ਕਰਾਂਗਾ।

ਓਧਰ ਜਦੋਂ ਮਰਦਾਨਾਂ ਕੁਝ ਦੇਰ ਵਾਪਸ ਨਾਂ ਪਰਤਿਆ ਤਾਂ ਗੁਰੂ ਸਾਹਿਬ ਮਰਦਾਨੇ ਦਾ ਖੁਰਾ ਨੱਪਦੇ ਹੋਏ ਜਾ ਭੀਲਾਂ ਦੀ ਬਸਤੀ ਵਿੱਚ ਸਤਿ ਕਰਤਾਰ, ਧੰਨ ਨਿਰੰਕਾਰ ਦਾ ਜੈਂਕਾਰਾ ਛੱਡ ਦਿੱਤਾ। ਭੀਲ ਇੱਕ ਦਮ ਤ੍ਰਭਕ ਗਏ ਕਿ ਜਰੂਰ ਪਿੱਛੇ ਕੋਈ ਪੁਲਸ ਜਾਂ ਫੌਜੀ ਹੋਣਗੇ, ਜਿਹੜਾ ਇਸ ਸਾਧੂ ਨੇ ਇਨੇ ਆਤਮ ਵਿਸ਼ਵਾਸ਼ ਨਾਲ ਸਾਨੂੰ ਆ ਲਲਕਾਰਿਆ ਹੈ।

ਗੁਰੂ ਸਾਹਿਬ ਦੀ ਸ਼ਖਸੀਅਤ ਵੇਖ ਕੇ ਕੌਡੇ ਨੇ ਝੱਟ ਬਹਿਣ

ਜੱਬਲ ਪੁਰ (ਮੱਧ ਪ੍ਰਦੇਸ਼) ਵਿਚ ਗੁਰਦੁਆਰਾ ਮੜਾਤਾਲ ਹੈ। ਇਥੋਂ ਦੀ ਸੰਗਤ ਦਾ ਮੁੱਖੀ ਖੁੱਦ ਭਾਈ ਕੌਡਾ ਭੀਲ ਹੋਇਆ ਹੈ। ਵਕਤ ਪਾ ਕੇ ਇਥੇ ਦਾ ਕੰਟਰੋਲ ਉਦਾਸੀ ਸਾਧੂਆਂ ਕੋਲ ਗਇਆ। ਸਥਾਨਕ ਰਵਾਇਤ ਅਨੁਸਾਰ ਇਥੇ ਹੀ ਕੌਡੇ ਰਾਖਸ਼ ਵਾਲੀ ਘਟਨਾ ਘਟੀ ਸੀ। - (ਤਸਵੀਰ ਗੁਰਦੀਪ ਸਿੰਘ ਮਲਹੋਤਰਾ)

ਪੈੜ ਸਫਾ

◉ਕਿਰਪਾਲ ਸਿੰਘ (ਪੰਨਾ 85) ਨੇ ਇਹ ਘਟਨਾ ਕੇਰਲਾ ਦੇਸ ਵਿੱਚ ਹੋਣ ਦੀ ਗਲ ਕਹੀ ਹੈ ਜੋ ਗਲਤ ਹੈ। ਪਹਿਲੀ ਗਲ ਤਾਂ ਕੌਡਾ ਨਾ ਭੀਲ ਕਬੀਲੇ ਵਿੱਚ ਘਰ ਘਰ ਵਿੱਚ ਹੈ ਤੇ ਦੂਸਰਾ ਜੱਬਲਪੁਰ ਵਿੱਚ ਇਹ ਸਥਾਨਕ ਰਵਾਇਤ ਹੈ ਕਿ ਇਹ ਘਟਨਾਂ ਜਬਲ ਪੁਰ ਵਿੱਚ ਹੀ ਵਾਪਰੀ ਸੀ। ਕਿਉਕਿ ਕੌਡਾ ਬਾਦ ਵਿਚ ਗੁਰਮਤ ਦਾ ਵੱਡਾ ਪ੍ਰਚਾਰਕ ਬਣਿਆ ਜੱਬਲਪੁਰ ਵਿਚ ਉਸ ਦੀ ਯਾਦ ਵਿਚ ਪੁਰਾਤਨ ਗੁਰਦੁਆਰਾ ਸਾਹਿਬ ਵੀ ਮੌਜੂਦ ਹੈ।

ਵਾਸਤੇ ਕਿਹਾ। ਏਨੇ ਨੂੰ ਕੌਡੇ ਦੇ ਸੇਵਕਾਂ ਨੇ ਦੁਹਾਈ ਦੇ ਦਿੱਤੀ ਕਿ ਮੱਚਦੀ ਅੱਗ ਦਾ ਭਾਂਬੜ ਇੱਕ ਦਮ ਬੁੱਝ ਗਇਆ ਹੈ। ਗੁਰੂ ਸਾਹਿਬ ਨੇ ਘਬਰਾਏ ਹੋਏ ਕੌਡੇ ਨੂੰ ਕਿਹਾ ਕਿ ਇਹ ਕੀ ਜੁਲਮ ਕਰ ਰਹੇ ਹੋ? ਕੌਡਾ ਕਹਿੰਦਾ ਕਿ ਇਥੇ ਜੰਗਲ ਵਿੱਚ ਅਸੀ ਜੀਵ ਜੰਤੂ ਤੇ ਫਲ ਫਰੂਟ ਤੇ ਹੀ ਨਿਰਭਰ ਹਾਂ। ਸਾਹਿਬ ਨੇ ਕਿਹਾ ਕਿ ਇਹ ਤਾਂ ਠੀਕ ਹੈ ਪਰ ਕਦੀ ਕੋਈ ਸ਼ਿਕਾਰੀ ਜਾਨਵਰ ਆਪਣੀ ਜਿਣਸ ਨੂੰ ਵੀ ਖਾਂਦਾ ਹੈ ? ਕੀ ਕਦੀ ਸ਼ੇਰ, ਸ਼ੇਰ ਨੂੰ ਖਾਂਦਾ ਵੇਖਿਆ? ਕੀ ਕੁੱਤਾ ਕੁੱਤੇ ਨੂੰ ਖਾਂਦਾ ਹੈ? ਕੌਡੇ ਦੀਆਂ ਅੱਖਾਂ ਖੋਲੀਆਂ ਕਿ ਤੁਸੀ ਲੋਕ ਸਵੱਰਗ ਵਿੱਚ ਰਹਿ ਕੇ ਵੀ ਨਰਕ ਵਾਲੀਆਂ ਗੱਲਾਂ ਕਰਦੇ ਹੋ। ਨਿਰੰਕਾਰ ਦੇ ਭਾਣੇ ਵਿੱਚ ਆਓ।

ਗੁਰੂ ਸਾਹਿਬ ਦੇ ਚਮਤਕਾਰੀ ਲਫਜ਼ਾਂ ਨੂੰ ਸੁਣ ਕੇ ਕੌਡਾ ਗੁਰੂ ਸਾਹਿਬ ਦੇ ਚਰਨਾਂ ਤੇ ਆ ਡਿੱਗਾ। ਸਾਰੀ ਬਸਤੀ ਹੌਲੀ ਹੌਲੀ ਗੁਰੂ ਸਾਹਿਬ ਦੇ ਚਰਨੀ ਲੱਗੀ। ਗੁਰੂ ਸਾਹਿਬ ਨੇ ਇਨਾਂ ਜੰਗਲੀ ਲੋਕਾਂ ਨੂੰ ਨਿਰੰਕਾਰ ਦੇ ਨਾਂ ਨਾਲ ਜੋੜਿਆ ਤੇ ਹੋਰ ਉਲ ਜਲੂਲ ਜਿਹੜੇ ਓਨਾਂ ਦੇ ਭਗਤੀ ਦੇ ਤਰੀਕੇ ਸੀ ਉਨਾਂ ਬਾਰੇ ਦੱਸ ਕੇ ਉਨਾਂ ਨੂੰ ਵਰਜਿਆ। ਮੰਨਿਆ ਜਾਂਦਾ ਹੈ ਕਿ ਇਸ ਕੌਡੇ ਭੀਲ ਨੂੰ ਇਲਾਕੇ ਦੀ ਮੰਜੀ ਬਖਸ਼ੀ ਤੇ ਸਿੱਖੀ ਦਾ ਪ੍ਰਚਾਰਕ ਥਾਪਿਆ।*

ਜਨਮ ਸਾਖੀਆਂ ਵਿੱਚ ਆਉਦਾ ਹੈ ਕਿ ਗੁਰੂ ਸਾਹਿਬ ਫਿਰ ਕੁਝ ਦਿਨ ਏਸੇ ਬਸਤੀ ਵਿੱਚ ਰਹੇ। ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਦੂਰੋਂ ਨੇੜਿਓ ਹੋਰ ਵੀ ਜੰਗਲੀ ਲੋਕ ਆ ਉਮਡੇ। ਇਥੇ ਹੀ ਗੁਰੂ ਸਾਹਿਬ ਦੀ ਬਾਰ ਬਾਰ ਨਿਰੰਕਾਰ ਨਾਲ ਲਿਵ ਲਗਿਆ ਕਰੇ ਤੇ ਇਥੇ ਹੀ ਅਕਾਲ ਪੁਰਖ ਦੀ ਉਸਤਤ ਵਿੱਚ ਅਨੇਕਾਂ ਸ਼ਬਦ ਰਚੇ। :-

ਗਉੜੀ ਗੁਆਰੇਰੀ ਮਹਲਾ ੧ ॥ ਮਨੁ ਕੁੰਚਰੁ ਕਾਇਆ ਉਦਿਆਨੈ ॥ ਗੁਰੁ ਅੰਕਸੁ ਸਚੁ ਸਬਦੁ ਨੀਸਾਨੈ ॥ ਰਾਜ ਦੁਆਰੈ ਸੋਭ ਸੁ ਮਾਨੈ ॥੧॥ ਚਤੁਰਾਈ ਨਹ ਚੀਨਿਆ ਜਾਇ ॥ ਬਿਨੁ ਮਾਰੇ ਕਿਉ ਕੀਮਤਿ ਪਾਇ ॥੧॥ ਰਹਾਉ ॥ ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥ ਨੰਨਾਕਾਰੁ ਨ ਕੋਇ ਕਰੇਈ ॥ ਰਾਖੈ ਆਪਿ ਵਡਿਆਈ ਦੇਈ ॥੨॥ ਨੀਲ ਅਨੀਲ ਅਗਨਿ ਇਕ ਠਾਈ ॥ ਜਲਿ ਨਿਵਰੀ ਗੁਰਿ ਬੂਝ ਬੁਝਾਈ ॥ ਮਨੁ ਦੇ ਲੀਆ ਰਹਸਿ ਗੁਣ ਗਾਈ ॥੩॥ ਜੈਸਾ ਘਰਿ ਬਾਹਰਿ ਸੋ ਤੈਸਾ ॥ ਬੈਸਿ ਗੁਫਾ ਮਹਿ ਆਖਉ ਕੈਸਾ ॥ ਸਾਗਰਿ ਡੂਗਰਿ ਨਿਰਭਉ ਐਸਾ ॥੪॥ ਮੂਏ ਕਉ ਕਹੁ ਮਾਰੇ ਕਉਨੁ ॥ ਨਿਡਰੇ ਕਉ ਕੈਸਾ ਡਰੁ ਕਵਨੁ ॥ ਸਬਦਿ ਪਛਾਨੈ ਤੀਨੇ ਭਉਨ ॥੫॥ ਜਿਨਿ ਕਹਿਆ ਤਿਨਿ ਕਹਨੁ ਵਖਾਨਿਆ ॥ ਜਿਨਿ ਬੂਝਿਆ ਤਿਨਿ ਸਹਜਿ ਪਛਾਨਿਆ ॥ ਦੇਖਿ ਬੀਚਾਰਿ ਮੇਰਾ ਮਨੁ ਮਾਨਿਆ ॥੬॥ ਕੀਰਤਿ ਸੂਰਤਿ ਮੁਕਤਿ ਇਕ ਨਾਈ ॥ ਤਹੀ ਨਿਰੰਜਨੁ ਰਹਿਆ ਸਮਾਈ ॥ ਨਿਜ ਘਰਿ ਬਿਆਪਿ ਰਹਿਆ ਨਿਜ ਠਾਈ ॥੭॥ ਉਸਤਤਿ ਕਰਹਿ ਕੇਤੇ ਮੁਨਿ ਪ੍ਰੀਤਿ ॥ ਤਨਿ ਮਨਿ ਸੂਚੈ ਸਾਚੁ ਸੁ ਚੀਤਿ ॥ ਨਾਨਕ ਹਰਿ ਭਜੁ ਨੀਤਾ ਨੀਤਿ ॥੮॥੨॥

ਸੁਭਾਵਕ ਹੈ ਕਿ ਗੁਰੂ ਸਾਹਿਬ ਦਾ ਉਪਦੇਸ਼ ਕੁਝ ਸਾਲ ਤਾਂ ਇਨਾਂ ਜੰਗਲੀ ਲੋਕਾਂ ਦੇ ਮਨਾਂ ਵਿੱਚ ਰਿਹਾ। ਕੌਡੇ ਨੇ ਨੇੜੇ ਤੇੜੇ ਪ੍ਰਚਾਰ ਕੀਤਾ। ਪਰ ਉਸ ਤੋਂ ਬਾਦ ਹੌਲੀ ਹੌਲੀ ਇਹਨਾਂ ਜੰਗਲੀ ਲੋਕਾਂ ਨੇ ਨਿਰੰਕਾਰ ਦੀ ਪੂਜਾ ਛੱਡ ਕੇ ਫਿਰ ਬੱਦਲ, ਬਿਜਲੀ, ਸੂਰਜ, ਦਰੱਖਤਾਂ ਦੀ ਪੂਜਾ ਆਦਿ ਸ਼ੁਰੂ ਕਰ ਦਿੱਤੀ। ਜਰੂਰਤ ਸੀ ਬੀਜੇ ਹੋਏ ਬੀ ਤੇ ਮੁੜ ਪਾਣੀ ਦੇਣ ਦੀ। ਜਿਥੋ ਪੰਥ ਪਛੜ ਗਿਆ। ਕੌਡੇ ਰਾਖਸ਼ ਦੀ ਯਾਦ ਵਿੱਚ ਜੱਬਲਪੁਰ ਵਿਖੇ ਬਹੁਤ ਖੂਬਸੂਰਤ ਗੁਰਦੁਆਰਾ ਮੜਾਤਾਲ ਸਾਹਿਬ ਮੌਜੂਦ ਹੈ।

ਇਥੇ ਹੀ ਨਰਮਦਾ ਦੇ ਕੰਢੇ ਇਕ ਜੋਗੀ ਮੱਠ ਵਿਚ ਸਰਬੰਗ ਜੋਗੀ ਨਾਂ ਦੇ ਇਕ ਸੰਨਿਆਸੀ ਮਹੰਤ ਨਾਲ ਗੁਰੂ ਸਾਹਿਬ ਦੀ ਗੋਸ਼ਟੀ ਹੋਈ। ਗੁਰੂ ਸਾਹਿਬ ਦੀ ਬਖਸ਼ਸ਼ ਸਦਕਾ ਫਿਰ ਜੋਗੀ ਵੀ ਸ਼ਬਦ ਵਿਹੂਣੇ ਧਿਆਨ ਲਾਉਣੇ ਛੱਡ ਕੇ ਗੁਰਮਤ ਦੇ ਲੜ ਲੱਗਾ ਤੇ ਜੀਵਨ ਪ੍ਰਚਾਰ ਵਿਚ ਗੁਜਾਰਿਆ। ਇਥੇ ਵੀ ਅੱਜ ਨਰਬਦਾ ਕੰਢੇ ਗੁਰਦੁਆਰਾ ਸਾਹਿਬ ਸ਼ੋਸ਼ੋਭਿਤ ਹੈ ਗਾਵਾਰੀ ਘਾਟ।

———◈———

ਜਦੋਂ ਮਰਦਾਨਾ ਬਘਿਆੜ ਤੋਂ ਡਰਿਆ

ਅਮਰਕੰਟਕ ਤੋਂ ਗੁਰੂ ਸਾਹਿਬ ਜਬਲਪੁਰ ਵਾਲੇ ਪਾਸੇ ਨੂੰ ਜਾ ਰਹੇ ਸਨ ਤਾਂ ਜਿਵੇ ਉਤੇ ਆਇਆ ਕਿ ਕੌਡੇ ਭੀਲ ਵਾਲੀ ਘਟਨਾ ਘਟੀ। ਇਲਾਕਾ ਘਣਾ ਜੰਗਲ ਸੀ। ਮਰਦਾਨੇ ਦੇ ਮੰਨ ਦਾ ਡਰ ਉੱਤਰ ਚੁੱਕਾ ਸੀ। ਗੁਰੂ ਸਾਹਿਬ ਮਸਤੀ 'ਚ ਗਾਉਦੇ ਆਪਣੀਆਂ ਰਚਨਾਵਾਂ ਨੂੰ ਸਵਾਰਦੇ ਚਲਦੇ। ਕਦੀ ਮਰਦਾਨਾ ਵੀ ਰਬਾਬ ਨਾਲ ਸਾਥ ਦਿੰਦਾ। ਅਕਸਰ ਮਰਦਾਨਾ ਸਫਰ 'ਚ ਗੁਰੂ ਸਾਹਿਬ ਤੋਂ ਕਦੀ ਅੱਗੇ ਨਿਕਲ ਜਾਇਆ ਕਰਦਾ ਸੀ। ਕਦੀ ਪਿੱਛੇ ਵੀ ਚਲਣਾ। ਭੋਜਨ ਤੇ ਹੋਰ ਖਾਣ ਤੇ ਪਾਣੀ ਦੀ ਜਿੰਮੇਵਾਰੀ ਮਰਦਾਨੇ ਦੀ ਹੀ ਹੁੰਦੀ। ਜੰਗਲ ਵਿੱਚ ਸਫਰ ਦੇ ਦੌਰਾਨ ਮਰਦਾਨਾ ਨੇੜੇ ਤੇੜੇ ਦੇ ਫਲ ਤੋੜਦਾ। ਅੱਜ ਵੀ ਕੁਝ ਅਜਿਹਾ ਹੀ ਹੋਇਆ। ਮਰਦਾਨਾ ਥੋੜਾ ਅੱਗੇ ਨਿਕਲ ਆਇਆ ਤੇ ਅਚਾਨਕ ਕੀ ਵੇਖਦਾ ਹੈ ਕਿ ਪਹੇ ਵਿੱਚ ਇੱਕ ਬਘਿਆੜ ਸੁੱਤਾ ਪਿਆ ਹੈ। ਮਰਦਾਨੇ ਦਾ ਸਾਹ ਅੰਦਰ ਦਾ ਅੰਦਰ ਤੇ ਬਾਹਰ ਦਾ ਬਾਹਰ ਹੀ ਖਲੋ ਗਿਆ। ਹਿੰਮਤ ਕਰਕੇ ਫਿਰ ਪਰਤਿਆਂ ਤੇ ਹੌਲੀ ਹੌਲੀ ਬਿਨਾਂ ਅਵਾਜ ਕੀਤੇ ਆ ਗੁਰੂ ਸਾਹਿਬ ਨੂੰ ਖਬਰ ਦਿੱਤੀ। ਨਾਲ ਹੀ ਫਿਰ ਸ਼ਕਾਇਤ ਕਰ ਦਿੱਤੀ ਕਿ "ਕਿਹੜੇ ਜੰਜਾਲ 'ਚ ਬਾਬਾ ਤੂੰ ਮੈਨੂੰ ਪਾਇਆ ਹੋਇਆ ਈ। ਮਰਦਾ ਮਰਦਾ ਮਸਾਂ ਹੀ ਬਚਿਆ ਮੈ। "

ਗੁਰੂ ਸਾਹਿਬ ਨੇ ਮਰਦਾਨੇ ਨੂੰ ਹੁਕਮ ਕੀਤਾ। ਬਾਲਣ ਲਈ ਤੀਲੇ ਇਕੱਠੇ ਕੀਤੇ ਤੇ ਪੱਥਰ ਨਾਲ ਅੱਗ ਬਾਲੀ। ਮਸ਼ਾਲ ਬਣਾਈ। ਗੁਰੂ ਸਾਹਿਬ ਨੇ ਖੱਬੇ ਹੱਥ ਮਸ਼ਾਲ ਫੜੀ ਤੇ ਸੱਜੇ ਹੱਥ ਬਰਛਾ ਫੜ ਮਰਦਾਨੇ ਨੂੰ ਮਗਰ ਮਗਰ ਆਉਣ ਵਾਸਤੇ ਕਿਹਾ। ਨਾਲ ਹੀ ਮਰਦਾਨੇ ਦਾ ਡਰ ਲਾਹੁੰਦਿਆਂ ਹੋਇਆਂ ਉੱਚੀ ਉੱਚੀ ਕੀਰਤਨ ਸ਼ੁਰੂ ਕਰ ਦਿੱਤਾ।

ਮਹਲਾ ੧ ॥ ਡੂੰਗਰੁ ਦੇਖਿ ਡਰਾਵਣੋ ਪੇਈਅੜੈ ਡਰੀਆਸੁ ॥ ਊਚਉ ਪਰਬਤੁ ਗਾਖੜੋ ਨਾ ਪਉੜੀ ਤਿਤੁ ਤਾਸੁ ॥ ਗੁਰਮੁਖਿ ਅੰਤਰਿ ਜਾਣਿਆ ਗੁਰਿ ਮੇਲੀ ਤਰੀਆਸੁ ॥੧॥ ਭਾਈ ਰੇ ਭਵਜਲੁ ਬਿਖਮੁ ਡਰਾਂਉ ॥ ਪੂਰਾ ਸਤਿਗੁਰੁ ਰਸਿ ਮਿਲੈ ਗੁਰੁ ਤਾਰੇ ਹਰਿ ਨਾਉ ॥੧॥ ਰਹਾਉ ॥ ਚਲਾ ਚਲਾ ਜੇ ਕਰੀ ਜਾਣਾ ਚਲਣਹਾਰੁ ॥ ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ ॥ ਭੀ ਸਚਾ ਸਾਲਾਹਣਾ ਸਚੈ ਥਾਨਿ ਪਿਆਰੁ ॥੨॥ ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ ॥ ਹਸਤੀ ਘੋੜੇ ਪਾਖਰੇ ਲਸਕਰ ਲਖ ਅਪਾਰ ॥ ਕਿਸ ਹੀ ਨਾਲਿ ਨ ਚਲਿਆ ਖਪਿ ਖਪਿ ਮੁਏ ਅਸਾਰ ॥੩॥ ਸੁਇਨਾ ਰੁਪਾ ਸੰਚੀਐ ਮਾਲੁ ਜਾਲੁ ਜੰਜਾਲੁ ॥ ਸਭ ਜਗ ਮਹਿ ਦੋਹੀ ਫੇਰੀਐ ਬਿਨੁ ਨਾਵੈ ਸਿਰਿ ਕਾਲੁ ॥ ਪਿੰਡੁ ਪੜੈ ਜੀਉ ਖੇਲਸੀ ਬਦਫੈਲੀ ਕਿਆ ਹਾਲੁ ॥੪॥ ਪੁਤਾ ਦੇਖਿ ਵਿਗਸੀਐ ਨਾਰੀ ਸੇਜ ਭਤਾਰ ॥ ਚੋਆ ਚੰਦਨੁ ਲਾਈਐ ਕਾਪੜੁ ਰੂਪੁ ਸੀਗਾਰੁ ॥ ਖੇਹੂ ਖੇਹ ਰਲਾਈਐ ਛੋਡਿ ਚਲੈ ਘਰ ਬਾਰੁ ॥੫॥ ਮਹਰ ਮਲੂਕ ਕਹਾਈਐ ਰਾਜਾ ਰਾਉ ਕਿ ਖਾਨੁ ॥ ਚਉਧਰੀ ਰਾਉ ਸਦਾਈਐ ਜਲਿ ਬਲੀਐ ਅਭਿਮਾਨ ॥ ਮਨਮੁਖਿ ਨਾਮੁ ਵਿਸਾਰਿਆ ਜਿਉ ਡਵਿ ਦਧਾ ਕਾਨੁ ॥੬॥ ਹਉਮੈ ਕਰਿ ਕਰਿ ਜਾਇਸੀ ਜੋ ਆਇਆ ਜਗ ਮਾਹਿ ॥ ਸਭੁ ਜਗੁ ਕਾਜਲ ਕੋਠੜੀ ਤਨੁ ਮਨੁ ਦੇਹ ਸੁਆਹਿ ॥ ਗੁਰਿ ਰਾਖੇ ਸੇ ਨਿਰਮਲੇ ਸਬਦਿ ਨਿਵਾਰੀ ਭਾਹਿ ॥੭॥ ਨਾਨਕ ਤਰੀਐ ਸਚਿ ਨਾਮਿ ਸਿਰਿ ਸਾਹਾ ਪਾਤਿਸਾਹੁ ॥ ਸੈ ਹਰਿ ਨਾਮੁ ਨ ਵੀਸਰੈ ਹਰਿ ਨਾਮੁ ਰਤਨੁ ਵੇਸਾਹੁ ॥ ਮਨਮੁਖ

ਭਉਜਲਿ ਪਚਿ ਮੁਏ ਗੁਰਮੁਖਿ ਤਰੇ ਅਥਾਹੁ ॥

ਬਘਿਆੜ ਨੇ ਜਦੋਂ ਅਵਾਜ ਸੁਣੀ ਤਾਂ ਡਰ ਕੇ ਪਰਾਂ ਹੋ ਗਿਆ। ਗੁਰੂ ਸਾਹਿਬ ਤੇ ਮਰਦਾਨਾ ਅੱਗੇ ਵਧਦੇ ਗਏ। ਇਸ ਮੌਕੇ ਮਰਦਾਨੇ ਨੂੰ ਆਪਣੇ ਘਰ ਦੀ ਵੀ ਬਹੁਤ ਯਾਦ ਆਈ ਸੀ। ਸਾਹਿਬ ਨੇ ਮਰਦਾਨੇ ਨੂੰ ਜੀਵਨ ਦੀ ਸੱਚਾਈ ਦੱਸੀ ਕਿ ਬੰਦਿਆ ਇੱਕ ਦਿਨ ਜਾਣਾਂ ਹੀ ਪੈਣਾ ਹੈ ਐਨਾ ਡਰਿਆ ਵੀ ਨਾਂ ਕਰ। ਮਰਦਾਨੇ ਨੂੰ ਸਮਝਾਇਆ ਕਿ ਜੋ ਇਹ ਸੱਚਾਈ ਜਾਣ ਲਏ ਗੁਰੂ ਦੇ ਲੜ੍ਹ ਲਗਿਆਂ ਉਹਦਾ ਡਰ ਲਹਿ ਜਾਂਦਾ ਹੈ। ਬਸ ਨਾਮ ਦੇ ਆਸਰੇ ਚਲਦੇ ਜਾਣਾ ਹੈ। ਜੋ ਜਿੰਮੇਵਾਰੀ ਨਿਰੰਕਾਰ ਨੇ ਲਾਈ ਹੈ ਉਹ ਨਿਭਾਉਣੀ ਹੈ। ਅੱਗਲੇ ਪੜਾਅ ਤੇ ਰੁਕੇ ਤਾਂ ਮਰਦਾਨੇ ਨੇ ਨਿਮਾਣੇ ਹੋ ਕੇ ਗੁਰੂ ਸਾਹਿਬ ਦੇ ਚਰਨ ਫੜ੍ਹ ਲਏ ਤੇ ਆਪਣੇ ਆਪ ਨੂੰ ਭਾਗਾਂ ਵਾਲਾ ਕਿਹਾ ਕਿ ਮੈਨੂੰ ਅਜਿਹੇ ਪੈਗੰਬਰ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ।

ਇਸ ਇਲਾਕੇ ਵਿੱਚ ਰਾਜਾ ਸੰਗਰਾਮ ਸ਼ਾਹ ਦਾ ਰਾਜ ਸੀ ਜਿਹਦੀ ਨੂੰਹ ਦੁਰਗਾਵਤੀ ਦੀ ਬਹਾਦਰੀ ਦੀਆਂ ਕਹਾਣੀਆਂ ਮੱਧ ਪ੍ਰਦੇਸ ਵਿੱਚ ਪੜ੍ਹਾਈਆਂ ਜਾਂਦੀਆਂ ਹਨ।

ਗੁਰੂ ਸਾਹਿਬ ਸੰਗਰਾਮ ਸ਼ਾਹ ਨੂੰ ਮਿਲੇ। ਪਰ ਸਬੂਤ ਨਹੀ ਮਿਲਦਾ ਕਿ ਉਹ ਉਨ੍ਹੂੰ ਮਾਂਡਲਾ ਮਿਲੇ ਜਾਂ ਜਬਲਪੁਰ ਜਾਂ ਨਰਸਿੰਘਪੁਰ। ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿੱਚ ਨਰਸਿੰਘਪੁਰ ਤੇ ਜਬਲ ਪੁਰ ਦੋਵੀ ਥਾਂਈ ਗੁਰਦੁਆਰਾ ਸਾਹਿਬ ਮੌਜੂਦ ਨੇ। ਸੋ ਜਬਲਪੁਰ ਤੋਂ ਨਰਸਿੰਘਪੁਰ, ਓਸ਼ੋ ਰਜਨੀਸ਼ ਦੇ ਸ਼ਹਿਰ ਗਾਡਰਵਾੜਾ, (ਅੱਜ ਦਾ) ਪਿੱਪਰੀਆ, (ਅੱਜ ਦਾ) ਹੋਸ਼ੰਗਾਬਾਦ, ਤੋਂ ਭੋਪਾਲ ਨੂੰ ਪਹੁੰਚ ਰਹੇ ਸਨ।

———◈———

"ਵਣਜਾਰਿਆ ਮਿਤ੍ਰਾ" ਵਾਲਾ ਟਾਂਡਾ

ਹੁਸ਼ੰਗਾਬਾਦ ਦੇ ਪੂਰਬ 50 ਕਿ. ਮੀ ਦੀ ਵਿੱਥ ਤੇ ਇੱਕ ਛੋਟਾ ਪੁਰਾਣਿਕ ਸ਼ਹਿਰ ਸੋਹਾਗਪੁਰ ਹੈ। ਇਥੇ ਵਣਜਾਰਿਆ ਦੀ ਬਸਤੀ ਦੇ ਲਾਗੇ ਗੁਰੂ ਸਾਹਿਬ ਬਿਰਾਜੇ ਹੋਏ ਸਨ। ਵਣਜਾਰੇ ਨੱਚ ਗਾ ਰਹੇ ਸਨ। ਢੋਲ ਢਮੱਕੇ ਵੱਜ ਰਹੇ ਸਨ। ਸੁਣ ਕੇ ਮਰਦਾਨੇ ਦਾ ਮੰਨ ਵੀ ਖੁਸ਼ ਹੋ ਗਿਆ ਕਿ ਜਰੂਰ ਕਿਤੇ ਖੁਸ਼ੀਆਂ ਮਨਾਈਆ ਜਾ ਰਹੀਆਂ ਹਨ। ਮਰਦਾਨਾ ਉਸ ਖੁਸ਼ੀ ਵਾਲੇ ਘਰ ਦੇ ਬਾਹਰ ਪਹੁੰਚ ਕੇ ਲੱਗਾ ਸਤਿਨਾਮ ਸਤਿ ਕਰਤਾਰ ਦਾ ਅਵਾਜਾ ਦੇਣ। ਖੁਸ਼ੀਆਂ ਵਿਚ ਮਸਤ ਹੋਏ ਵਣਜਾਰਿਆਂ 'ਚੋਂ ਕਿਸੇ ਨੇ ਮਰਦਾਨੇ ਵਲ ਧਿਆਨ ਨਾ ਦਿੱਤਾ। ਬਹਿ ਖਲੋ, ਅੱਕ ਕੇ ਮਰਦਾਨਾ ਖਾਲੀ ਹੱਥ ਵਾਪਸ ਆ ਗਿਆ। ਆ ਕੇ ਗੁਰੂ ਸਾਹਿਬ ਨੂੰ ਦੱਸਿਆ ਅੱਜ ਤਾਂ ਫੋਕਾ ਹੀ ਪਰਤਿਆਂ ਹਾਂ। ਉਹ ਵਣਜਾਰਿਆ ਦੀ ਬਸਤੀ ਹੈ ਤੇ ਅਗਲੇ ਮੁੰਡਾ ਜੰਮਣ ਦਾ ਧਮਾਣ ਕਰ ਰਹੇ ਹਨ। ਉਹਨਾਂ ਨੂੰ ਧਮਾਲ ਦੀ ਮਸਤੀ ਤੋਂ ਹੀ ਵਿਹਲ ਨਹੀ।

ਕਰਨੀ ਰੱਬ ਦੀ। ਅੱਗਲੇ ਹੀ ਦਿਨ ਉਹ ਮੁੰਡਾ ਮਰ ਗਿਆ ਜਿਸ ਦੇ ਜਨਮ ਦੀ ਖੁਸ਼ੀਆਂ ਮਨਾਈਆਂ ਜਾ ਰਹੀਆਂ ਸਨ। ਘਰ ਵਿਚ ਰੋਣ ਪਿੱਟਣ ਚਲ ਰਹਿਆ ਸੀ। ਲੋਕ ਆ ਆ ਅਫਸੋਸ ਕਰ ਰਹੇ ਸਨ।

ਹੁਣ ਵਣਜਾਰਿਆਂ ਨੇ ਗਵਾਂਢ ਵਿਚ ਬੈਠੇ ਸਾਧੂ ਫਕੀਰਾਂ ਦੀ ਵੀ ਸਾਰ ਲਈ। ਦੂਰ ਦੂਰ ਤਕ ਘੁੰਮਣ ਵਾਲੇ ਇਹ ਵਣਜਾਰੇ ਮੂਲ ਵਿਚ ਮਾਰਵਾੜੀ ਬਣੀਏ ਸਨ। ਇਨਾਂ ਦੇ ਮੁਖੀਆ ਸਮੇਤ ਸਭ ਨੂੰ ਗੁਰੂ ਸਾਹਿਬ ਨੇ ਭਾਣੇ ਵਿਚ ਚਲਣ ਦਾ ਉਪਦੇਸ਼ ਦਿਤਾ। ਅਕਾਲ ਪੁਰਖ ਦੀ ਖੇਡ ਬਾਰੇ ਸਮਝਾਉਦੇ ਹੋਏ ਇਥੇ ਗੁਰੂ ਸਾਹਿਬ ਨੇ ਇਹ ਸ਼ਬਦ ਕਿਹਾ:-

ੴ ਸਤਿਗੁਰ ਪ੍ਰਸਾਦਿ ॥ ਸਿਰੀਰਾਗੁ ਮਹਲਾ ੧ ਪਹਰੇ ਘਰੁ ੧ ॥

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ॥ ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ ॥ ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ ॥ ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ ॥ ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ॥ ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ ॥੧॥ ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ ॥ ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ ॥ ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ ॥ ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ ॥ ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ ਭੀਤਰਿ ਧਰਿ ਗਿਆਨੁ ॥ ਕਹੁ ਨਾਨਕ ਪ੍ਰਾਣੀ ਦੂਜੈ ਪਹਰੈ ਵਿਸਰਿ ਗਇਆ ਧਿਆਨੁ ॥੨॥ ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ ॥ ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ ॥ ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ ॥ ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ ॥ ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ ॥ ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ ॥੩॥ ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ ॥ ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ ॥ ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ ॥ ਝੂਠਾ ਰੁਦਨੁ ਹੋਆ ਦੁਆਲੈ ਖਿਨ ਮਹਿ ਭਇਆ ਪਰਾਇਆ ॥ ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ ॥ ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ ॥੪॥੧॥

ਗੁਰੂ ਸਾਹਿਬ ਸ਼ਬਦ ਗਾਉਦੇ ਸਨ ਤੇ ਹਰ ਪਹਿਰੇ ਪਿਛੇ ਵਿਆਖਿਆ ਕਰਦੇ ਸਨ।

ਵਣਜਾਰਿਆਂ ਦੀਆਂ ਹੁਣ ਅੱਖਾਂ ਖੁੱਲ ਗਈਆਂ ਸਨ। ਸਮਝ ਆ ਗਿਆ ਸੀ ਕਿ ਖੁਸ਼ੀਆਂ ਵਿਚ ਇਨਸਾਨ ਨੂੰ ਹੋਸ਼ ਹੀ ਨਹੀ ਗਵਾ ਦੇਣੀ ਚਾਹੀਦੀ। ਰੱਬ ਦੀ ਰਜਾ ਵਿਚ ਚਲਣ ਵਾਲਾ ਮਨੁੱਖ ਨਾਂ ਤਾਂ ਜਿਆਦਾ ਗਮਗੀਨ ਹੁੰਦਾ ਅਤੇ ਨਾਂ ਹੀ ਖੁਸ਼ੀਆਂ ਵਿਚ ਦੀਵਾਨਾ।

ਇਥੇ ਹੁਣ ਤਕ ਗੁਰਦੁਆਰਾ ਮੌਜੂਦ ਹੈ ਜਿੱਥੇ ਪੁਰਾਤਨ ਹੱਥ ਲਿਖਤ ਗੁਰੂ ਗਰੰਥ ਸਾਹਿਬ ਵੀ ਮੌਜੂਦ ਸਨ ਜੋ ਪਿੱਛੇ ਜਿਹੇ ਧਿਆਨ ਸਿੰਘ ਨਾਂ ਦਾ ਕੋਈ ਵਿਅੱਕਤੀ ਲੈ ਆਇਆ ਹੈ। ਇਥੇ ਸਾਹਿਬ ਦੀ ਪੱਥਰ ਤੇ ਚਰਨ ਪਾਦੁਕਾ ਵੀ ਮੌਜੂਦ ਹੈ। ਸੋਹਾਗਪੁਰ ਵਿਖੇ ਵੀ ਇੱਕ ਪਹਾੜੀ ਤੇ ਸ਼ਨੀ ਦੀ ਪੂਜਾ ਤੇ ਬੜਾ ਜੋਰ ਸੀ। ਇਥੇ ਵੀ ਗੁਰੂ ਸਾਹਿਬ ਨੇ ਲੋਕਾਂ ਨੂੰ ਸਮਝਾਇਆ ਕਿ ਮਿਥਹਾਸ ਵਿੱਚ ਨਾਂ ਪਓ। ਨਿਰੰਕਾਰ ਦੇ ਲੜ ਲੱਗੋ ਜੋ ਨਿਤ ਨਵਾਂ ਹੈ।

ਸੋਹਾਗਪੁਰ ਵਿੱਚ ਚਰਨ ਪਾਦੁਕਾ (ਤਸਵੀਰ ਗੁਰਦੀਪ ਸਿੰਘ ਮਲਹੋਤਰਾ)

ਜਿਵੇਂ ਕਿ ਪਹਿਲਾਂ ਹੁੰਦਾ ਆਇਆ ਹੈ ਵਣਜਾਰੇ ਤਾਂ ਇਥੇ ਕੁਝ ਚਿਰ ਨਿਵਾਸ ਕਰਨ ਉਪਰੰਤ ਹੋਰ ਕਿਤੇ ਹਿਜਰਤ ਕਰ ਗਏ ਉਪਰੰਤ ਨੀਵੀ ਜਾਤ ਵਾਲਿਆਂ ਨੇ ਗੁਰੂ ਸਾਹਿਬ ਦੀ ਇਥੇ ਪ੍ਰੰਪਰਾ ਸਾਂਭ ਲਈ। ਪਾਕਿਸਤਾਨ ਤੋਂ ਆ ਕੇ ਕੁਝ ਖੱਤਰੀ ਪ੍ਰਵਾਰਾਂ ਦੇ ਇਥੇ ਵੱਸਣ ਤੋਂ ਪਹਿਲਾਂ ਸਿੱਖੀ ਵਿਰਸੇ ਦੀ ਸਾਂਭ ਸਾਹੂ ਗੋਤ ਦੇ ਤੇਲੀਆਂ ਨੇ ਕੀਤੀ ਹੋਈ ਸੀ। ਪਰ ਬਦਕਿਸਮਤੀ ਨਾਲ ਸਾਡਾ ਸਿੱਖ ਗੁਰੂ ਵਾਲੀ ਸੋਚ ਨਹੀ ਪਾਲ ਸਕਿਆ। ਗੁਰੂ ਨੇ ਤਾਂ ਨੀਵਿਆਂ ਨੂੰ ਗਲ ਲਾਇਆ ਸੀ ਪਰ ਸਿੱਖ ਨੇ ਦੱਬੇ ਕੁਚਲੇ ਲੋਕਾਂ ਨੂੰ ਹੌਲੀ ਹੌਲੀ ਪਰੇ ਧੱਕ ਦਿੱਤਾ।

ਸੋਹਾਗਪੁਰ ਵਿੱਚ 19ਵੀ ਸਦੀ ਵਿਚ ਗੁਰੂ ਨਾਨਕ ਸਾਹਿਬ ਦੇ ਨਾਂ ਤੇ ਜਮੀਨ ਰਾਜੇ ਨੇ ਲਵਾਈ ਜਿਥੇ ਸਥਾਨਕ ਵਸਨੀਕਾਂ ਨੇ ਗੁਰੂ ਸਾਹਿਬ ਦੇ ਨਾਂ ਤੇ ਸਕੂਲ ਖੋਲ ਰੱਖਿਆ ਹੈ। ਪਰ ਅੱਜ ਸਿਰਫ ਦੋ ਸਿੱਖ ਪ੍ਰਵਾਰ ਇਸ ਕਸਬੇ ਵਿੱਚ ਰਹਿੰਦੇ ਹਨ। ਸੋਹਾਗਪੁਰ (ਨਰਸਿੰਗਪੁਰ) ਤੋਂ 100 ਕਿ.ਮੀ. ਤੇ ਹੋਸ਼ੰਗਾਬਾਦ 50 ਕਿ.ਮੀ. ਹੈ।(ਨਕਸ਼ਾ ਸੂਚਕ -22.701, 78.19)

———◈———

ਹੋਸ਼ੰਗਾਬਾਦ ਤੋਂ 70 ਕਿ.ਮੀ. ਚਲ ਕੇ ਸਾਹਿਬ ਭੋਪਾਲ ਪਹੁੰਚੇ।

ਜਦੋਂ ਗੁਰੂ ਸਾਹਿਬ ਨੇ ਭੋਪਾਲ ਨਗਰੀ ਵਿੱਚ ਚਰਨ ਪਾਏ ਓਦੋਂ ਇਥੋਂ ਦਾ ਰਾਜ ਕੋਈ ਜਿਆਦਾ ਮਹੱਤਵਪੂਰਨ ਨਹੀ ਸੀ। ਇਹੋ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਦੇ ਦਿਨਾਂ ਵਿੱਚ ਇਥੇ ਸੂਫੀ ਫਕੀਰ ਪਹੁੰਚ ਕੇ ਇਸਲਾਮ ਦਾ ਪ੍ਰਚਾਰ ਕਰ ਰਹੇ ਸਨ। ਓਨੀ ਦਿਨੀ ਰਾਜਾ ਭੋਜ ਦੀ ਨਗਰੀ ਭੁਪਾਲ ਵਿਖੇ ਕੋਈ ਰੋਗੀ ਕੁਰਲਾ ਰਿਹਾ ਸੀ। ਤੇ ਉਚੀ ਉਚੀ ਰੋਇਆ ਕਰਦਾ ਸੀ ਕਿ ਬਾਬਾ ਜੀ ਤੁਸੀ ਕਦੋਂ ਆਉਗੇ ਤੇ ਮੇਰੇ ਜਾਨ ਛੁੱਟੇਗੀ। ਓਥੇ ਪਹੁੰਚ ਗੁਰੂ ਸਾਹਿਬ ਨੇ ਰੋਗੀ ਦਾ ਰੋਗ ਕੱਟਿਆ। ਗੁਰੂ ਸਾਹਿਬ ਦੀ ਯਾਦ ਵਿੱਚ ਛੋਟੀ ਪਹਾੜੀ (ਟੇਕਰੀ) ਤੇ ਗੁਰਦੁਆਰਾ ਮੌਜੂਦ ਹੈ ਜਿੱਥੇ ਉਨਾਂ ਦੀ ਆਮਦ ਵਿੱਚ ਯਾਦਗਾਰ ਵਜੋਂ ਗੁਰੂ ਸਾਹਿਬ ਦੇ ਪੈਰ ਦਾ ਨਿਸ਼ਾਨ ਪੱਥਰ ਤੇ ਬਣਿਆ ਹੋਇਆ ਹੈ। ਇਸ ਲਿਖਾਰੀ ਨੇ ਇਸ ਅਸਥਾਨ ਦੇ ਦਰਸ਼ਨ ਸੰਨ 1984 ਵਿੱਚ ਕੀਤੇ ਸਨ।



ਟੇਕਰੀ ਸਾਹਿਬ ਭੋਪਾਲ ਦੀ ਦਰਸ਼ਨੀ ਡਿਓੜੀ। ਗੁਰਦੁਆਰਾ ਸਾਹਿਬ ਤੇ ਚਰਨ ਪਾਦੁਕਾ ਦੀ ਤਸਵੀਰ ਨਹੀ ਮਿਲ ਸਕੀ।

ਪੈਂਡਾ ਸਾਡਾ

◉ ਗਿਆਨੀ -155 ਤੇ ਅਧਾਰਿਤ। ਮੂਲ ਸਾਖੀ ਬਾਲਾ-134, ਪੁਰਾਤਨ-65 ਵਿਚ ਮੌਜੂਦ ਹੈ।

ਕਿਰਪਾਲ-42 ਨੇ ਇਹ ਸਾਖੀ ਰੁਹੇਲਖੰਡ ਨਾਲ ਜੋੜ ਦਿਤੀ ਕਿਉਕਿ ਇਥੇ ਹੀ ਨਗਰ ਟਾਂਡੇ ਵਿਚ ਗੁਰੂ ਸਾਹਿਬ ਬਾਲਕ ਦੇ ਰੂਪ ਵਿਚ ਤਿੰਨ ਵਾਰੀ ਵਿਕੇ ਸਨ। ਧਿਆਨ ਰਹੇ ਸੋਹਾਗਪੁਰ ਦਾ ਬਕਾਇਦਾ ਸਿੱਖੀ ਨਾਲ ਜੁੜਦਾ ਇਤਹਾਸ ਹੈ। ਓਥੇ ਬਕਾਇਦਾ ਪ੍ਰੰਪਰਾ ਅਤੇ ਗੁਰਦੁਆਰਾ ਵੀ ਹੈ (ਹੁੰਦਾ ਸੀ)।

ਸੁਚੇਤ ਰਹਿਣਾ ਇਕ ਸੋਹਾਗਪੁਰ ਸ਼ਹਿਡੋਲ ਲਾਗੇ ਵੀ ਹੈ।

ਸਰੋਤ - ਤਵਾਰੀਖ ਖਾਲਸਾ ਪੰਨਾ 132

ਗਿਆਨੀ ਜੀ ਨੇ ਗੁਰੂ ਸਾਹਿਬ ਦਾ ਸਾਗਰ (ਐਮ ਪੀ) ਵੀ ਜਾਣਾ ਲਿਖਿਆ ਹੈ ਜੋ ਦਰੁਸਤ ਨਹੀ ਲੱਗਦਾ ਕਿਉਂਕਿ ਸਾਗਰ ਨਗਰ ਦੀ ਨੀਂਹ 1660 ਈ. ਵਿੱਚ ਰਾਜਾ ਉਡੇਣ ਸ਼ਾਹ ਅਹੀਰ ਨੇ ਰੱਖੀ ਸੀ।

ਏਸੇ ਤਰਾਂ ਗੁਰੂ ਸਾਹਿਬ ਵੇਲੇ ਪਚਮੜੀ (ਪਿਪਰੀਆ) ਦੀ ਕੋਈ ਅਹਿਮੀਅਤ ਨਹੀ ਸੀ। ਕਿਉਕਿ 16ਵੀ ਸਦੀ ਵਿੱਚ ਪਚਮੜੀ ਦਾ ਕੋਈ ਇਤਹਾਸ ਨਹੀ ਮਿਲਦਾ। ਓਥੇ ਬੋਧੀ ਗੁਫਾਵਾਂ ਤਾਂ ਮੌਜੂਦ ਨੇ ਪਰ ਕੋਈ ਪ੍ਰਸਿਧ ਹਿੰਦੂ ਸਥਾਨ ਨਹੀ ਹੈ। ਕਹਿਣ ਤੋਂ ਮਤਲਬ 16ਵੀ ਸਦੀ ਵਿੱਚ ਪਚਮੜੀ ਕੋਈ ਪ੍ਰਸਿਧ ਸਥਾਨ ਨਹੀ ਸੀ ਰਹਿ ਗਿਆ। ਇਹ ਬੇਚਰਾਗ ਹੋ ਚੁੱਕਾ ਸੀ ਤੇ ਸਿਰਫ ਅੰਗਰੇਜਾਂ ਨੇ ਹੀ ਇਹਦੀ ਪਹਾੜੀ ਖੂਬਸੂਰਤੀ ਪਛਾਣ ਕੇ ਇਨੂੰ ਫਿਰ ਟੂਰਿਸਟ ਜਗਾ ਬਣਾ ਦਿੱਤਾ।

———◈———

ਨਾਚ ਗਾਣੇ ਦੇ ਹਨੇਰੇ ਵਿੱਚ ਡੁੱਬੀ ਚੰਦੇਰੀ ਤੇ ਚੜ੍ਹਿਆ ਚੰਨ

ਭੋਪਾਲ ਤੋਂ ਗੁਰੂ ਸਾਹਿਬ ਓਨਾਂ ਦਿਨਾਂ ਦੀ ਪ੍ਰਸਿਧ ਰਾਜਧਾਨੀ ਚੰਦੇਰੀ ਪਹੁੰਚੇ। ਚੰਦੇਰੀ ਭੋਪਾਲ ਤੋਂ ਕੋਈ 175 ਕਿਲੋਮੀਟਰ ਉਤਰ ਪਾਸੇ ਹੈ। ਵਕਤ ਵਕਤ ਦੀਆਂ ਗੱਲਾਂ ਨੇ ਕਿਸੇ ਵੇਲੇ ਇਸ ਸ਼ਹਿਰ ਦੀ ਅਹਿਮੀਅਤ ਦਿਲੀ ਆਗਰਾ ਦੇ ਬਰਾਬਰ ਸੀ। ਚੰਦੇਰੀ ਦਾ ਜਿਕਰ ਬਕਾਇਦਾ ਮਹਾਂਭਾਰਤ ਵਿੱਚ ਵੀ ਮਿਲਦਾ ਹੈ। 10ਵੀ ਸਦੀ ਦੇ ਪ੍ਰਸਿਧ ਇਤਹਾਸਕਾਰ ਅਲ ਬਿਰੂਨੀ ਨੇ ਵੀ ਚੰਦੇਰੀ ਬਾਰੇ ਲਿਖਿਆ ਹੈ। ਜਦੋਂ ਸਾਹਿਬ ਆਏ, ਚੰਦੇਰੀ ਤੇ ਓਦੋਂ ਲੋਧੀ ਪਠਾਣ ਰਾਜੇ ਦਾ ਰਾਜ ਸੀ।

ਜਦੋਂ ਗੁਰੂ ਸਾਹਿਬ ਨੇ ਸ਼ਹਿਰ ਵਿੱਚ ਚਰਨ ਪਾਏ ਓਦੋਂ ਇਥੇ ਇੱਕ ਵੱਖਰਾ ਹੀ ਸਭਿਆਚਾਰ ਪਣਪ ਚੁੱਕਾ ਸੀ। ਮਸਤੀ 'ਚ ਗਾਣਾ ਵਜਾਉਣਾ ਇੱਕ ਲਹਿਰ ਬਣੀ ਹੋਈ ਸੀ। ਰਾਜਾ ਤੇ ਸ਼ਾਹੀ ਪ੍ਰਵਾਰ ਇਸ ਲਹਿਰ ਵਿੱਚ ਪੂਰੀ ਤਰਾਂ ਡੁੱਬੇ ਰਹਿੰਦੇ ਸਨ। ਸ਼ਾਸਤਰੀ ਸੰਗੀਤ ਪੂਰੀ ਮਸਤੀ ਨਾਲ ਗਾਇਆ ਜਾਂਦਾ ਸੀ। ਇਹ ਮਸਤੀ ਫਿਰ ਇਸ ਹੱਦ ਤੱਕ ਪਹੁੰਚ ਗਈ ਕਿ ਗਵੱਈਆਂ ਨੇ ਸ਼ੁਦਾਈਆਂ ਵਾਲਾ ਰੂਪ ਅਖਤਿਆਰ ਕਰ ਲਿਆ। ਕਮਲ ਕੁੱਟਣਾ ਇੱਕ ਫੈਸ਼ਨ ਬਣ ਗਇਆ ਸੀ। ਪ੍ਰਸਿਧ ਗਾਇਕ ਬੈਜੂ ਬਾਵਰਾ ਜਾਂ ਬੈਜੂ ਸ਼ੁਦਾਈ ਇਨਾਂ ਦਿਨਾਂ ਵਿੱਚ ਹੀ ਇਥੇ ਚੰਦੇਰੀ ਵਿੱਚ ਹੀ ਹੋਇਆ ਹੈ। ਓਹ ਗਾਣਾ ਵਜਾਉਣਾ ਜਿਸ ਦਾ ਨਿਸ਼ਾਨਾ ਸਿਰਫ ਲੋਕਾਂ ਨੂੰ ਖੁਸ਼ ਕਰਕੇ ਪੈਸਾ ਇਕੱਠਾ ਕਰਨਾਂ ਹੈ ਵਿਅੱਰਥ ਹੈ, ਜੇ ਗਾਣੇ ਵਿੱਚ ਅਕਾਲ ਪੁਰਖ ਦਾ ਸ਼ੁਕਰਾਨਾ ਜਾਂ ਉਸਤਤ ਨਹੀ ਹੈ ਤਾਂ ਐਵੇਂ ਢਿੱਡ ਭਰਨ ਵਾਲੀ ਹੀ ਗਲ ਹੈ । ਤਾਂ ਹੀ ਤੇ ਗੁਰੂ ਸਾਹਿਬ ਨੇ ਆਸਾ ਦੀ ਵਾਰ ਦੀ ਹੇਠਲੀ ਪਉੜੀ ਚੰਦੇਰੀ ਵਿਖੇ ਹੀ ਰਚੀ।

ਮਃ ੧ ॥ ਵਾਇਨਿ ਚੇਲੇ ਨਚਨਿ ਗੁਰ ॥ ਪੈਰ ਹਲਾਇਨਿ ਫੇਰਨ੍ਹਿ ਸਿਰ ॥ ਉਡਿ ਉਡਿ ਰਾਵਾ ਝਾਟੈ ਪਾਇ ॥ ਵੇਖੈ ਲੋਕੁ ਹਸੈ ਘਰਿ ਜਾਇ ॥ ਰੋਟੀਆ ਕਾਰਣਿ ਪੂਰਹਿ ਤਾਲ ॥ ਆਪੁ ਪਛਾੜਹਿ ਧਰਤੀ ਨਾਲਿ ॥ .....(ਪੂਰਾ ਸ਼ਬਦ ਪੜੋ ਅੰਗ 465 ਸਗਗਸ)

ਨਾਚ ਗਾਣੇ ਐਸ਼ੋ ਅਰਾਮ ਵਿੱਚ ਡੁੱਬੇ ਚੰਦੇਰੀ ਨੂੰ ਫਿਰ ਛੇਤੀ ਹੀ ਰਾਣਾ ਸਾਂਗਾ ਨੇ ਆ ਕਾਬੂ ਕੀਤਾ। ਰਾਣਾ ਸਾਂਗਾ ਨੇ ਮੇਦਨੀ ਰਾਇ ਨੂੰ ਇਥੇ ਰਾਜਾ ਬਣਾ ਦਿੱਤਾ। ਮਗਰੋਂ ਜਨਵਰੀ 1528 ਈ. ਨੂੰ ਬਾਬਰ ਨੇ ਰਾਜਪੂਤ ਰਾਜੇ ਮੇਦਨੀ ਰਾਇ ਦਾ ਕੰਮ ਤਮਾਮ ਕਰ

ਦਿੱਤਾ। ਬਾਬਰ ਨੇ ਰਾਜਪੂਤਾਂ ਵਿੱਚ ਸਾਕੇ ਦੀ ਰਸਮ ਬਾਰੇ ਜੋ ਲਿਖਿਆ ਹੈ ਉਹ ਸਾਕਾ ਇਥੇ ਹੀ ਵਾਪਰਿਆ ਜਦੋਂ ਰਾਤ ਨੂੰ ਮੇਦਨੀ ਰਾਇ ਦੀਆਂ ਰਾਣੀਆਂ ਤੇ ਬੱਚਿਆਂ ਨੇ ਅਗਨ ਕੁੰਡ ਵਿੱਚ ਛਾਲਾਂ ਮਾਰ ਕੇ ਜਾਨ ਦਿੱਤੀ। ਇਸ ਰਸਮ ਨੂੰ ਜੌਹਰ ਕਹਿੰਦੇ ਨੇ। ਸਵੇਰੇ ਫਿਰ ਰਾਜਪੂਤਾਂ ਨੇ ਉਸ ਕੁੰਡ ਦੀ ਸਵਾਹ ਨੂੰ ਮੱਥੇ ਤੇ ਲਾ ਕੇ ਲੜ ਮਰਨ ਦੀ ਕਸਮ ਖਾਧੀ। ਇਸ ਸਾਰੀ ਘਟਨਾ ਨੂੰ ਸਾਕਾ ਕਿਹਾ ਜਾਂਦਾ ਹੈ।

ਯਾਦ ਰਹੇ ਪ੍ਰਸਿਧ ਕਮਲੇ ਗਾਇਕ ਬੈਜੂ ਬਾਵਰਾ ਦੀ ਸਮਾਧ ਵੀ ਇਥੇ ਚੰਦੇਰੀ ਵਿੱਚ ਹੀ ਹੈ।

ਚੰਦੇਰੀ ਦੇ ਨਾਲ ਹੀ ਪਿੰਡ ਹੈ ਜਿੱਥੇ ਗੁਰੂ ਸਾਹਿਬ ਨੇ ਡੇਰਾ ਲਾਇਆ ਓਥੇ ਅੱਜ ਪਿੰਡ ਵਸਿਆ ਹੋਇਆ ਹੈ ਤੇ ਪਿੰਡ ਦਾ ਨਾਂ ਨਾਨਕਪੁਰਾ ਹੈ।

ਚੰਦੇਰੀ ਵਿਖੇ ਗੁਰੂ ਸਾਹਿਬ ਹੋਰ ਵੀ ਇਲਾਹੀ ਕੌਤਕ ਕੀਤੇ ਹੋਣਗੇ ਜੋ ਇਤਹਾਸ ਵਿੱਚ ਦਰਜ ਨਹੀ ਹੋ ਸਕੇ।

ਚੰਦੇਰੀ ਤੋਂ ਗੁਰੂ ਸਾਹਿਬ ਗਵਾਲੀਅਰ ਗਏ। (ਚੰਦੇਰੀ ਦੇ ਨੇੜੇ ਤੇੜੇ ਪਿੰਡਾਂ ਵਿਚ ਤਾਂ ਸਿੱਖ ਵਸੋਂ ਹੈ ਪਰ ਚੰਦੇਰੀ ਵਿਚ ਗੁਰੂ ਸਾਹਿਬ ਦੀ ਕੋਈ ਯਾਦਗਾਰ ਨਹੀ ਹੈ।)

——◈——

ਗਵਾਲੀਅਰ–ਗਵਾਲੀਅਰ ਵਿਖੇ ਗੁਰੂ ਸਾਹਿਬ ਇਥੋਂ ਦੇ ਹੁਕਮਰਾਨ ਨੂੰ ਸਤਿਨਾਮ ਦੀ ਅਹਿਮੀਅਤ ਸਮਝਾਈ ਅਤੇ ਸਥਾਨਕ ਧਾਰਮਿਕ ਮੁੱਖੀਆਂ ਨੂੰ ਮਿਲ ਕੇ ਕਰਮ ਕਾਂਡ ਤਿਆਗਣ ਤੇ ਨਾਮ ਦੇ ਲੜ ਲੱਗਣ ਦਾ ਉਪਦੇਸ਼ ਦਿੱਤਾ। ਗੁਰੂ ਸਾਹਿਬ ਦਾ ਡੇਰਾ, ਕਿਲੇ ਦੇ ਪੱਛਮ ਵਾਲੇ ਦਵਾਰ ਦੇ ਕੋਲ ਸੀ। ਸੰਨ 1930 ਈ. ਵੇਲੇ ਤੱਕ ਗੁਰੂ ਸਾਹਿਬ ਦੀ ਯਾਦਗਾਰ ਮੌਜੂਦ ਸੀ। ◉

——◈——

ਧੌਲਪੁਰ - ਗਵਾਲੀਅਰ ਤੋਂ ਸਾਹਿਬ ਧੌਲਪੁਰ ਪਹੁੰਚੇ। ਧੌਲਪੁਰ ਦੀ ਰਿਆਸਤ ਤੇ ਵੀ ਗੁਰੂ ਸਾਹਿਬ ਦੇ ਪਹੁੰਚਣ ਤੋਂ ਚੋਖਾ ਚਿਰ ਪਹਿਲੋਂ ਸੁਲਤਾਨ ਸਿਕੰਦਰ ਲੋਧੀ ਦਾ ਰਾਜ ਹੋ ਚੁੱਕਾ ਸੀ । ਧੌਲਪੁਰ ਦੇ ਰਾਜਾ ਵਿਨਾਇਕ ਦੇਵ ਨੇ ਸਾਲ ਭਰ ਚੰਗਾ ਮੁਕਾਬਲਾ ਕੀਤਾ ਸੀ ਪਰ 1502 ਵਿੱਚ ਉਹ ਹਾਰ ਗਿਆ। ਸੁਲਤਾਨ ਰਾਜਿਆਂ ਦਾ ਸੋਚਣਾ ਸੀ ਕਿ ਜੇ ਮਾਲਵਾ (ਗਵਾਲੀਅਰ, ਉਜੈਨ, ਧਾਰ, ਮਾਂਡੋ) ਨੂੰ ਜਿਤਣਾ ਹੈ ਤਾਂ ਪਹਿਲਾਂ ਧੌਲਪੁਰ ਦਾ ਕੰਢਾ ਕੱਢਣਾ ਪਉ। ਚੰਬਲ ਦੇ ਕੰਢੇ ਸਥਿਤ ਇਸ ਰਿਆਸਤ ਨੂੰ ਜਿੱਤਣਾ ਓਨੀ ਦਿਨੀਂ ਮੁਸ਼ਕਲ ਗਿਣਿਆ ਜਾਂਦਾ ਸੀ। ਇਸੇ ਨੂੰ ਜਿੱਤਣ ਤੋਂ ਬਾਦ ਹੀ ਸੁਲਤਾਨ ਰਾਜਿਆਂ ਨੂੰ ਧਿਆਨ ਆਇਆ ਕਿ ਰਾਜਧਾਨੀ ਦਿੱਲੀ ਦੀ ਬਿਜਾਏ ਇਥੇ ਕਿਤੇ ਰੱਖੀ ਜਾਏ ਤਾਂ ਹੀ ਫਿਰ ਓਦੋਂ ਆਗਰਾ ਨੂੰ ਰਾਜਧਾਨੀ ਬਣਾਇਆ ਗਇਆ ਸੀ। ਆਗਰਾ ਓਦੋਂ ਇੱਕ ਪਿੰਡ ਹੀ ਸੀ।◈ ਸ਼ੇਰ ਸ਼ਾਹ ਸੂਰੀ ਨੇ ਵੀ ਧੌਲਪੁਰ ਨੂੰ ਹੀ ਅਹਿਮੀਅਤ ਦਿੱਤੀ ਸੀ ਤੇ ਓਥੇ ਹੀ ਕਿਲ੍ਹਾ ਸ਼ੇਰਗੜ੍ਹ ਬਣਾਇਆ ਸੀ। ਧੌਲਪੁਰ ਵਿਖੇ ਛੇਵੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਦਾ ਆਉਣਾ ਵੀ ਇਤਹਾਸ ਵਿੱਚ ਹੈ। ਲੱਗਦਾ ਓਦੋਂ ਤੱਕ ਗੁਰੂ ਨਾਨਕ ਦੀ ਧੌਲਪੁਰ ਵਿਖੇ ਖੜੀ ਕੀਤੀ ਗਈ ਸਿੱਖ ਸੰਗਤ ਮੌਜੂਦ ਸੀ।

——◈——

ਆਗਰਾ - ਧੌਲਪੁਰ ਤੋਂ ਗੁਰੂ ਸਾਹਿਬ ਆਗਰਾ ਕਸਬੇ ਪਹੁੰਚੇ। ਇਥੇ ਇੱਕ ਪੀਲੂ ਦੇ ਰੁੱਖ ਥੱਲੇ ਗੁਰੂ ਸਾਹਿਬ ਨੇ ਡੇਰਾ ਲਾਇਆ ਸੀ। ਇੱਕ ਬਜੁਰਗ ਮਾਈ ਜੋ ਹਰ ਆਏ ਗਏ ਸਾਧੂ ਦੀ ਸੇਵਾ ਕਰਦੀ ਸੀ ਨੇ ਗੁਰੂ ਸਾਹਿਬ ਨੂੰ ਲੰਗਰ ਪਾਣੀ ਛਕਾਇਆ। ਗੁਰੂ ਸਾਹਿਬ ਦੀ ਆਮਦ ਵੇਲੇ ਮਾਈ ਦਾ ਪੋਤਰਾ ਸੱਖਤ ਬੀਮਾਰ ਸੀ ਜੋ ਗੁਰੂ ਸਾਹਿਬ ਦੇ ਅਸ਼ੀਰਵਾਦ ਸਦਕਾ ਨੌ ਬਰ ਨੌ ਹੋ ਗਿਆ। ਇਲਾਕੇ ਵਿੱਚ ਇਸ ਗਲ ਦੀ ਦੁਹਾਈ ਪੈ ਗਈ। ਹੁੰਮ ਹੁੰਮਾ ਕੇ ਦਰਦਵੰਦ ਦੁੱਖੀ ਤੇ ਜਗਿਆਸੂ ਲੋਕ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਪਹੁੰਚੇ। ਸਾਹਿਬ ਨੇ ਸਭ ਨੂੰ ਨਾਮ ਦਾ ਓਟ ਆਸਰਾ ਲੈਣ ਦਾ ਉਪਦੇਸ਼ ਕੀਤਾ ਤੇ ਕਿਹਾ ਕਿ ਕਰਮ ਕਾਂਡ ਧਰਮ ਦੇ ਰਸਤੇ ਤੇ ਵਿਅੱਰਥ ਹਨ ਇਨਾਂ ਨੂੰ ਤਿਆਗੋ।

ਇਸ ਥਾਂ ਤੇ ਸਾਹਿਬ ਦਾ ਯਾਦਗਾਰੀ ਅਸਥਾਨ ਗੁਰਦੁਆਰਾ ਨਾਨਕ ਪਾਰਾ, ਅੱਜ ਸ਼ਹਿਰ ਦੇ ਪੁਰਾਣੇ ਅਤੇ ਤੰਗ ਇਲਾਕੇ ਵਿਚ ਮੁਜੱਫਰ ਬਾਗ ਰੋਡ ਤੇ ਮੌਜੂਦ ਹੈ (ਨਕਸ਼ਾ ਸੂਚਕ 27.194347, 78.005373)

ਇਹੋ ਲੱਗਦਾ ਹੈ ਜਗਨ ਨਾਥ ਪੁਰੀ ਤੋਂ ਗੁਰੂ ਸਾਹਿਬ ਨੇ ਤਹਿ ਕਰ ਲਿਆ ਸੀ ਕਿ ਮਥੁਰਾ ਮੇਲੇ ਤੇ ਪਹੁੰਚਣਾ ਹੈ।

—▲—

ਪੈੜ ਸਫ਼ਾ

◉ ਸਾਈਕਲ ਯਾਤਰੀ- 102 ਅਨੁਸਾਰ ਕੋਈ ਇੰਦਰ ਸਿੰਘ ਨਾਂ ਦਾ ਗਵਾਲੀਅਰ ਦਾ ਸਿੱਖ, ਬੇਈਮਾਨੀ ਕਰਕੇ, ਇਸ ਥਾਂ ਤੋਂ ਗੁਰੂ ਗ੍ਰੰਥ ਸਾਹਿਬ ਚੁੱਕ ਲਿਆਇਆ ਸੀ। ਹੋ ਸਕਦਾ ਹੈ ਬਾਦ ਵਿੱਚ ਗੁਰਦੁਆਰਾ ਬੰਦ ਕਰ ਦਿੱਤਾ ਹੋਵੇ।

ਕੋਹਲੀ ਨੇ ਗੁਰੂ ਸਾਹਿਬ ਦਾ ਬਾਰਨ (ਰਾਜਸਥਾਨ) - ਕਪਿਲ ਧਾਰਾ (ਨਕਸ਼ਾ ਸੂਚਕ: 24.971238, 76.803070) ਵੀ ਜਾਣਾ ਲਿਖਿਆ ਹੈ। ਲੱਗਦੈ ਕੋਹਲੀ ਨੂੰ ਗਲਤ ਫਹਿਮੀ ਹੋ ਗਈ। ਕਪਿਲ ਰਿਸ਼ੀ ਦਾ ਮੁੱਖ ਇਤਹਾਸਿਕ ਸਥਾਨ ਅਮਰਕੰਟਕ ਹੈ ਜਿੱਥੇ ਉਸ ਦਾ ਆਸ਼ਰਮ ਤੇ ਝਰਨਾ (ਧਾਰਾ) ਵੀ ਹੈ। ਜਿੱਥੇ ਗੁਰੂ ਸਾਹਿਬ ਪਹਿਲਾਂ ਹੋ ਆਏ ਹਨ। ਏਸੇ ਤਰਾਂ ਓਨਾਂ ਨੇ ਗੁਰੂ ਸਾਹਿਬ ਦਾ ਕਰੌਲੀ ਜਾਣਾ ਵੀ ਲਿਖਿਆ ਹੈ ਪਰ ਸਾਨੂੰ ਸਾਹਿਬ ਦੇ ਕਰੌਲੀ ਜਾਣ ਤੇ ਵੀ ਸ਼ੱਕ ਹੈ ਕਿਉਕਿ ਕਰੌਲੀ ਦੀ ਅਜੇ ਓਨੀ ਅਹਿਮੀਅਤ ਨਹੀ ਸੀ। ਨਾਲੇ ਰਾਹ ਤੋਂ ਬਿਲਕੁਲ ਇਕ ਪਾਸੇ ਪੈ ਜਾਂਦਾ ਹੈ। ਦੂਜਾ ਕੋਹਲੀ ਨੇ ਗੁਰੂ ਸਾਹਿਬ ਦੇ ਕਰੌਲੀ ਜਾਣ ਬਾਬਤ ਕਿਸੇ ਸਰੋਤ ਦਾ ਜਿਕਰ ਨਹੀ ਕੀਤਾ। ਹੋਰ ਖੋਜ ਦੀ ਜਰੂਰਤ ਹੈ।

ਕਰੌਲੀ ਰਿਆਸਤ ਓਦੋਂ 150 ਕੁ ਸਾਲ ਪੁਰਾਣੀ ਸੀ। ਪਰ ਇਥੋਂ ਦੇ ਯਾਦਵ ਰਾਜਾ ਦੀ ਮਸ਼ਹੂਰੀ ਚੰਗੀ ਸੀ। ਕਿਹਾ ਜਾਂਦਾ ਹੈ ਕਿ ਇਹ ਖਾਨਦਾਨ ਸਿੱਧਾ ਕ੍ਰਿਸ਼ਨ ਭਗਵਾਨ ਅੰਸ ਹਨ।

ਗਿਆਨੀ ਜੀ ਨੇ ਗੁਰੂ ਸਾਹਿਬ ਦਾ ਧੌਲਪੁਰ ਤੋਂ ਭਰਤਪੁਰ ਵੀ ਜਾਣਾ ਲਿਖਿਆ ਹੈ। ਕਿਉਕਿ ਗਿਆਨੀ ਜੀ ਨੇ ਖੁਦ ਹੀ ਗੁਰੂ ਸਾਹਿਬ ਦਾ ਨਾਰਨੌਲ ਤੇ ਰੋਹਤਕ ਜਾਣਾ ਲਿਖਿਆ ਹੈ। ਜਿਸ ਦਾ ਮਤਲਬ ਮਥੁਰਾ ਤੋਂ ਸਿੱਧੇ ਜਾਣ ਦੀ ਬਿਜਾਏ ਗੁਰੂ ਸਾਹਿਬ ਚੜ੍ਹਦੇ ਨੂੰ ਅਲਵਰ ਵਲ ਹੋ ਤੁਰੇ ਸਨ।

ਕਈਆਂ ਦਾ ਇਹ ਵੀ ਮੰਨਣਾ ਹੈ ਕਿ ਧੌਲਪੁਰ ਤੋਂ ਹੀ ਗੁਰੂ ਸਾਹਿਬ ਇਟਾਵਾ (ਯੂ ਪੀ) ਹੋ ਕੇ ਮਥੁਰਾ ਗਏ ਸਨ। ਇਸ ਬਾਬਤ ਅਜੇ ਹੋਰ ਖੋਜ ਦੀ ਜਰੂਰਤ ਹੈ। ਇਟਾਵਾ ਵਿਖੇ ਉਦਾਸੀ ਸਾਧੂਆਂ ਦੇ ਸਥਾਨ ਤਾਂ ਹੈਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਅਸਥਾਨ ਵੀ ਇਟਾਵਾ ਵਿੱਚ ਹੈ। ਇਹ ਗੁਰੂ ਨਾਨਕ ਦੀ ਫੇਰੀ ਬਾਰੇ ਅਜੇ ਤਸੱਲੀ ਨਹੀ ਹੁੰਦੀ। ਫਿਰ ਇਟਾਵਾ ਵਿਖੇ ਸਾਹਿਬ ਦੀ ਯਾਤਰਾ ਦੀ ਪ੍ਰੰਪਰਾ ਮੌਜੂਦ ਨਹੀ ਹੈ।

◈ Page 49- Early English Travellors in India - Ram Chander Parsad (Moti Lal Banarasi Das)

ਮਥੁਰਾ ਤੋਂ ਪੱਖੋਕੇ

ਕ੍ਰਿਸ਼ਨ ਕਨੱਈਆ ਦੇ ਸ਼ਹਿਰ ਮਥੁਰਾ ਪਹੁੰਚ ਗਇਆ ਬਾਬਾ ਨਾਨਕ (ਅਗਸਤ 1512)

ਲੁੱਚਪੁੱਣੇ ਨੂੰ ਜਾਇਜ ਠਹਿਰਾਉਦਿਆਂ ਪੰਡਤਾਂ ਨੇ ਕਿਹਾ "ਕੀ ਕਰੀਏ ਜੀ ਕਲਜੁਗ ਦਾ ਪਹਿਰਾ ਹੈ। "

ਜਗਨ ਨਾਥ ਪੁਰੀ ਵਿਖੇ ਹੀ ਚੈਤੰਨਿਆ ਮਹਾਂਪ੍ਰਭੂ ਨੇ ਗੁਰੂ ਸਾਹਿਬ ਨੂੰ ਖਬਰ ਦਿੱਤੀ ਕਿ ਪੰਡਿਆਂ ਦੀਆਂ ਰੀਦੀਆਂ ਕਰਤੂਤਾਂ ਕਰਕੇ ਬਾਦਸ਼ਾਹ ਸਿਕੰਦਰ ਲੋਧੀ ਨੂੰ ਬਹਾਨਾ ਮਿਲ ਗਇਆ ਮਥੁਰਾ ਸ਼ਹਿਰ ਲੁੱਟਣ ਤੇ ਤਬਾਹ ਕਰਨ ਦਾ। ਚੈਤੰਨਿਆ ਨੇ ਦੱਸਿਆ ਕਿ ਕਿਵੇ ਕ੍ਰਿਸ਼ਨ ਜਨਮ ਭੂੰਮੀ ਦਾ ਮੁਖ ਮੰਦਰ ਕੇਸ਼ਵਕੁੰਜ (?) ਤਬਾਹ ਕਰ ਦਿੱਤਾ ਗਇਆ ਹੈ। ਜਗਨ ਨਾਥ ਪੁਰੀ ਗੁਰੂ ਸਾਹਿਬ ਮਾਰਚ ਦੇ ਮਹੀਨੇ ਵਿੱਚ ਸਨ ਤੇ ਮਥੁਰਾ ਦਾ ਮੇਲਾ ਭਾਦਰੋਂ ਦੇ ਮਹੀਨੇ (ਅਗਸਤ) ਜਨਮ ਅਸ਼ਟਮੀ ਤੇ ਲੱਗਦਾ ਹੈ। ਉਂਜ ਮਥੁਰਾ ਦੀ ਲੱਠ ਮਾਰ ਹੋਲੀ (ਮਾਰਚ ਮਹੀਨਾ) ਵੀ ਮਸ਼ਹੂਰ ਹੈ।

ਇਥੇ ਪਹੁੰਚ ਪੰਡਿਆਂ ਨਾਲ ਅਫਸੋਸ ਵੀ ਕੀਤਾ ਤੇ ਓਨਾਂ ਨੂੰ ਅਹਿਸਾਸ ਦੁਆਇਆ ਕਿ " ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥ " ਇਹ ਪੰਡੇ ਕਾਮ ਵਾਸ਼ਨਾ ਵਿੱਚ ਅੰਨੇ ਹੋਏ, ਕ੍ਰਿਸ਼ਨਾ ਲੀਲਾ ਦੇ ਨਾਮ ਹੇਠ ਕਾਮ ਨੂੰ ਮੰਦਰ ਦੇ ਗਰਭ ਗ੍ਰਿਹ ਤੱਕ ਲੈ ਗਏ ਸਨ। ਹੱਦ ਦਰਜੇ ਦਾ ਲੁੱਚਪੁਣਾ ਲੀਲਾ ਦੇ ਨਾਂ ਹੇਠ ਚਲ ਰਿਹਾ ਸੀ। ਓਦੋਂ ਇੱਕ ਤਾਂ ਮੰਦਰਾਂ ਵਿੱਚ ਦਾਸੀਆਂ ਰੱਖੀਆਂ ਹੁੰਦੀਆਂ ਸਨ । ਫਿਰ ਪੰਡਿਆਂ ਨੇ ਆਮ ਸ਼ਰਧਾਲੂਆਂ ਦੀਆਂ ਧੀਆਂ ਭੈਣਾਂ ਨਾਲ ਵੀ ਮਾੜਾ ਸਲੂਕ ਅਰੰਭਿਆ ਹੋਇਆ ਸੀ। ਅਜਿਹੇ ਹਾਲਾਤਾਂ ਵਿੱਚ ਫਿਰ ਹੁਕਮਰਾਨ ਨੂੰ ਤਾਂ ਬਹਾਨਾ ਮਿਲਦਾ ਹੈ। (ਜਿਵੇ ਸੰਨ 2017 ਵਿੱਚ ਸਿਰਸੇ ਵਾਲੇ ਸਾਧ ਨਾਲ ਹੋਇਆ) ਜਿਵੇ ਕਹਿੰਦੇ ਕਿ ਅੰਨਾ ਕੀ ਭਾਲੇ ਦੋ ਅੱਖੀਆਂ, ਸਿਕੰਦਰ ਲੋਧੀ (1489 ਤੋਂ 1517 ਈ.) ਨੇ 1509-1510 ਈ 'ਚ ਕ੍ਰਿਸ਼ਨ ਮੰਦਰ ਤੁੜਵਾ ਕੇ ਇਥੇ ਮਸੀਤ ਬਣਵਾ ਦਿੱਤੀ ਸੀ।

ਕਿਉਕਿ ਬੁਰਾਈ ਦੀ ਜਦੋਂ ਆਦਤ ਪੈ ਜਾਵੇ ਤਾਂ ਥੋੜੀ ਕੀਤਿਆਂ ਸੁਧਰਦੀ ਨਹੀ। ਗੁਰੂ ਸਾਹਿਬ ਨੇ ਇਨਾਂ ਹਾਲਾਤਾਂ ਤੇ ਜਦੋਂ ਬਜੁਰਗ ਪੰਡਿਆਂ ਨਾਲ ਗਲ ਕੀਤੀ ਤਾਂ ਹਰ ਕਿਸੇ ਦਾ ਇਹੋ ਕਹਿਣਾ ਸੀ ਕਿ ਇਹ ਕਲਜੁਗ ਦਾ ਪਹਿਰਾ ਚਲ ਰਿਹਾ ਹੈ। ਹੁਣ ਤਾਂ ਇਹ ਕੁਝ ਹੀ ਹੋਵੇਗਾ। ਗੁਰੂ ਸਾਹਿਬ ਨੇ ਪੰਡਿਆਂ ਦੀ ਇਸ ਵਿਆਖਿਆ ਤੇ ਸਵਾਲ ਉਠਾਇਆ ਕਿ ਦੱਸੋ ਕਿਥੇ ਹੈ ਤੁਹਾਡਾ ਕਲਜੁਗ? ਮੈਨੂੰ ਤਾਂ ਸਭ ਕੁਝ ਪਹਿਲਾਂ ਵਾਲਾ ਕੁਦਰਤੀ ਨਿਜਾਮ ਹੀ ਨਜਰ ਆ ਰਿਹਾ ਹੈ। ਮੈਨੂੰ ਤਾਂ ਸਿਰਫ ਤੁਹਾਡੀ ਸੋਚ ਬਦਲੀ ਨਜਰ ਆ ਰਹੀ ਹੈ। ਮਰਦਾਨੇ ਨੇ ਰਬਾਬ ਛੇੜ ਦਿੱਤੀ ਤੇ ਸ਼ਬਦ ਆਇਆ:-

ਰਾਮਕਲੀ ਮਹਲਾ ੧ ਅਸਟਪਦੀਆ ੧ੴ ਸਤਿਗੁਰ ਪ੍ਰਸਾਦਿ ॥

ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ ॥ ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ ॥੧॥ ਜੀਵਨ ਤਲਬ ਨਿਵਾਰਿ ॥ ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ ॥੧॥ ਰਹਾਉ ॥ ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ॥ ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ ॥੨॥ ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥ ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥੩॥ ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ ॥ ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ ॥੪॥ ਆਖੁ

ਜਮਨਾ ਘਾਟ। ਜਿਥੇ ਹਿੰਦੂ ਯਾਤਰੀ ਸਮਰਪਣ ਦੇ ਤੌਰ ਤੇ ਮੁੰਡਨ ਕਰਵਾਇਆ ਕਰਦੇ ਸਨ। ਬਾਦਸ਼ਾਹ ਸਿਕੰਦਰ ਲੋਧੀ ਨੇ ਮਥੁਰਾ ਦੇ ਮੁਖ ਮੰਦਰ ਨੂੰ ਢਾਹੁੰਣ ਉਪਰੰਤ ਫਰਮਾਨ ਜਾਰੀ ਕੀਤਾ ਕਿ ਜਮਨਾ ਦੇ ਕੰਢੇ ਕੋਈ ਮੁੰਡਨ ਸ਼ੁੰਡਨ ਨਹੀ ਕਰੇਗਾ। ਕੁਝ ਸਮੇਂ ਬਾਦ ਵੇਖਿਆ ਗਇਆ ਕਿ ਨਾਈਆਂ ਨੇ ਅਜੇ ਵੀ ਮੁੰਡਨ ਜਾਰੀ ਰੱਖਿਆ ਹੋਇਆ ਹੈ ਤੇ ਵਾਲ ਜਮਨਾ ਵਿਚ ਹੀ ਸੁੱਟ ਦਿੰਦੇ ਹਨ। ਇਹ ਸੁਣ ਕੇ ਬਾਦਸ਼ਾਹ ਨੂੰ ਬਹੁਤ ਗੁੱਸਾ ਆਇਆ ਤੇ ਉਸ ਨੇ ਮਥੁਰਾ ਵਿਖੇ ਮੁੰਡਨ ਕਰਦੇ ਸਾਰੇ ਨਾਈ ਹੀ ਕਤਲ ਕਰਵਾ ਦਿੱਤੇ।
ਇਥੇ ਹੀ ਘਾਟ ਤੇ ਗੁਰੂ ਸਾਹਿਬ ਦਾ ਯਾਦਗਾਰੀ ਸਥਾਨ ਗੁਰਦੁਆਰਾ ਗਊ ਘਾਟ ਹੁੰਦਾ ਸੀ ਜਿਸ ਨੂੰ 1984 'ਚ ਸਾੜ ਫੂਕ ਦਿੱਤਾ ਗਇਆ। ਵਿਡੰਬਣਾ ਵੇਖੋ ਕਿ ਓਸੇ ਗੁਰੂ ਨਾਨਕ ਦਾ ਸਥਾਨ ਢਾਹ ਦਿਤਾ ਗਇਆ ਜਿਸ ਨੇ ਸਿਕੰਦਰ ਲੋਧੀ ਦੇ ਜੁਲਮਾਂ ਖਿਲਾਫ ਮੁਹਿੰਮ ਛੇੜੀ ਹੋਈ ਸੀ।
ਦਰ ਅਸੱਲ ਕਿਸੇ ਕੌਮ ਦਾ ਅਸਲੀ ਕਿਰਦਾਰ ਉਦੋਂ ਪਤਾ ਲਗਦਾ ਹੈ ਜਦੋਂ ਉਹ ਤਾਕਤ ਵਿਚ ਹੁੰਦੀ ਹੈ।

ਗੁਣਾ ਕਲਿ ਆਈਐ ॥ ਤਿਹੁ ਜੁਗ ਕੇਰਾ ਰਹਿਆ ਤਪਾਵਸੁ ਜੇ ਗੁਣ ਦੇਹਿ ਤ ਪਾਈਐ ॥੧॥ ਰਹਾਉ ॥ ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ ॥ ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ ॥੫॥ ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥ ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥੬॥ ਕਲਿ ਪਰਵਾਣੁ ਕਤੇਬ ਕੁਰਾਣੁ ॥ ਪੋਥੀ ਪੰਡਿਤ ਰਹੇ ਪੁਰਾਣ ॥ ਨਾਨਕ ਨਾਉ ਭਇਆ ਰਹਮਾਣੁ ॥ ਕਰਿ ਕਰਤਾ ਤੂ ਏਕੋ ਜਾਣੁ ॥੭॥ ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥ ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ ॥੮॥੧॥

ਇਥੇ ਵੇਖੋ ਪੰਡਤਾਂ ਦੀ ਤਾਂ ਖਬਰ ਲਈ ਹੀ ਹੈ ਨਾਲ ਸੁਲਤਾਨ ਸਿਕੰਦਰ ਲੋਧੀ ਬਾਰੇ ਵੀ ਇਸ਼ਾਰਾ ਦੇ ਦਿੱਤਾ ਹੈ। ਇਥੋ ਇਹ ਵੀ ਇਸ਼ਾਰਾ ਮਿਲਦਾ ਹੈ ਕਿ ਸ਼ਹਿਰ ਦਾ ਕੋਈ ਵੱਡਾ ਪੰਡਾ ਮੁਸਲਮਾਨ ਬਣ ਕੇ ਕਾਜੀ ਦੇ ਅਹੁਦੇ ਤੇ ਬੈਠਾ ਹੋਇਆ ਹੈ। ਧੁਰ ਗਰਮੀਆਂ ਦੇ ਦਿਨਾਂ ਵਿਚ ਆਉਣਾ ਵੀ ਤਸਦੀਕ ਹੋ ਰਿਹਾ ਹੈ; 'ਸੋਈ ਦਿਨੀਅਰੁ ਤਪਤ ਰਹੈ॥'

ਕੋਈ ਕ੍ਰਿਸ਼ਨ ਕੁਮਾਰ ਨਾਂ ਦਾ ਚੌਬੇ ਗੋਤ ਦਾ ਪੰਡਾ ਗੁਰੂ ਸਾਹਿਬ ਦੀ ਚਰਨੀ ਆ ਲੱਗਾ ਤੇ ਸਿੱਖੀ ਦਾ ਪ੍ਰਚਾਰਕ ਬਣਿਆ। ਇੱਕ ਸਦੀ ਪਹਿਲਾਂ ਤੱਕ ਇਸ ਦੇ ਪ੍ਰਵਾਰ ਦੇ ਲੋਕ ਸਿੱਖੀ ਦੇ ਧਾਰਨੀ ਸਨ। ਇਹਨਾਂ ਦੇ ਘਰ/ ਮੁਹੱਲੇ ਗੁਰਦੁਆਰਾ ਸਾਹਿਬ ਵੀ ਹੁੰਦਾ ਸੀ ਜੋ ਹੁਣ ਅਲੋਪ ਹੈ।

ਮਥਰਾ– ਨਿਰੰਜਨੀ ਸਾਧੂਆਂ ਕਿਹਾ ਬਾਬਾ ਜੀ ਸਾਡੇ ਵੀ ਪੱਲੇ ਕੁਝ ਪਾਓ

ਸੋਢੀ ਮਿਹਰਵਾਨ ਨੇ ਲਿਖਿਆ ਹੈ ਕਿ ਜਦੋਂ ਬਾਬਾ ਮਥਰਾ ਪਹੁੰਚਿਆ ਕੇਸ਼ਵ ਕੁੰਜ ਮੰਦਰ ਲਾਗੇ ਡੇਰਾ ਕੀਤਾ। ਇਲਾਕੇ ਵਿੱਚ ਦੁਹਾਈ ਮਚ ਗਈ ਕਿ ਅਮੀਰ ਘਰ ਦਾ ਸਾਧ ਹੋਇਆ ਓਹ

ਵਾਲਾ ਨਾਨਕ ਆ ਗਇਆ ਜੇ ਜਿਸ ਨੇ ਹਰਦੁਆਰ ਕਾਂਸ਼ੀ ਤੇ ਪ੍ਰਯਾਗ ਤੇ ਹੋਰਨੀ ਥਾਂਈ ਪੰਡਿਆਂ ਨੂੰ ਰਾਹੇ ਪਾਇਆ ਸੀ। ਸਭ ਸੰਤ ਮਹੰਤ ਗੁਰੂ ਨਾਨਕ ਨੂੰ ਸੁਣਨ ਨੂੰ ਇਕੱਠੇ ਹੋ ਗਏ। ਓਦੋਂ ਗੁਰੂ ਸਾਹਿਬ ਨੇ ਤੇੜ ਚਾਦਰ ਬੰਨੀ ਹੋਈ ਸੀ ਤੇ ਇੱਕ ਚਾਦਰ

ਮਥਰਾ – ਖਾਰੇ ਪਾਣੀ ਦਾ ਖੂਹ ਮਿੱਠਾ ਕੀਤਾ। ਇਥੇ ਗੁਰੂ ਸਾਹਿਬ ਜਿੱਥੇ ਰੁਕੇ ਸਨ ਉਹ ਥਾਂ ਗੁਰੂ ਨਾਨਕ ਬਗੀਚੀ ਕਹਾਈ। ਇਥੇ ਹੀ ਇੱਕ ਖੂਹ ਦਾ ਖਾਰਾ ਜਲ ਆਪ ਦੇ ਚੱਖਣ ਨਾਲ ਮਿਠਾ ਹੋਇਆ। ਇਹ ਥਾਂ ਮੁਖ ਕ੍ਰਿਸ਼ਨ ਜਨਮ ਅਸਥਾਨ ਦੇ ਲਾਗੇ ਹੀ ਹੈ ਤੇ ਜਮਨਾ ਦਰਿਆ ਕੋਈ ਡੇਢ ਕਿਲੋਮੀਟਰ ਹਟਵਾ ਵਹਿੰਦਾ ਹੈ। ਅੱਜ ਇਥੇ ਸੁੰਦਰ ਗੁਰਦੁਆਰਾ ਸਾਹਿਬ 'ਗੁਰੂ ਨਾਨਕ ਬਗੀਚੀ' ਮੌਜੂਦ ਹੈ ਤੇ ਉਹ ਖੂਹ ਵੀ ਮੌਜੂਦ ਹੈ ਜਿਸ ਦਾ

ਉਤੇ ਸੀ ਅਤੇ ਸਿਰ ਤੇ ਪਰਨਾ ਬੱਧਾ ਹੋਇਆ ਸੀ।

ਸੰਗਤ ਵਿੱਚ ਬੈਠੇ ਇੱਕ ਮਹੰਤ ਨੇ ਗੁਰੂ ਸਾਹਿਬ ਕੋਲੋ ਪੁੱਛਿਆ ਕਿ ਬਾਬਾ ਜੀ ਤੁਹਾਡਾ ਅਕਾਲ ਪੁਰਖ ਨਿਰੰਕਾਰ ਨਾਲ ਮੇਲ ਕਿਵੇ ਹੋਇਆ ਹੈ?

ਗੁਰੂ ਸਾਹਿਬ ਨੇ ਕਿਹਾ ਕਿ ਮਹੰਤ ਜੀ ਮੈਂ ਤਾਂ ਉਹਦੀ ਰਜਾ ਵਿੱਚ ਰਹਿਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਤਾਂ ਬਸ ਉਹਦਾ ਜਸ ਗਾਇਆ ਹੈ। ਮੈਂ ਤਾਂ ਨਿਰੰਕਾਰ ਦਾ ਮਰਾਸੀ ਬਣ ਗਇਆ ਵਾਂ। ਸਾਹਿਬ ਨੇ ਓਥੇ ਧਨਾਸਰੀ ਰਾਗ ਵਿੱਚ ਸ਼ਬਦ ਬੋਲਿਆ:-

ਸਹਜਿ ਮਿਲੈ ਮਿਲਿਆ ਪਰਵਾਣੁ ॥ ਨਾ ਤਿਸੁ ਮਰਣੁ ਨ ਆਵਣੁ ਜਾਣੁ ॥ ਠਾਕੁਰ ਮਹਿ ਦਾਸੁ ਦਾਸ ਮਹਿ ਸੋਇ ॥ ਜਹ ਦੇਖਾ ਤਹ ਅਵਰੁ ਨ ਕੋਇ ॥੧॥ ਗੁਰਮੁਖਿ ਭਗਤਿ ਸਹਜ ਘਰੁ ਪਾਈਐ ॥ ਬਿਨੁ ਗੁਰ ਭੇਟੇ ਮਰਿ ਆਈਐ ਜਾਈਐ ॥੧॥ ਰਹਾਉ ॥ ਸੋ ਗੁਰੁ ਕਰਉ ਜਿ ਸਾਚੁ ਦ੍ਰਿੜਾਵੈ ॥ ਅਕਥੁ ਕਥਾਵੈ ਸਬਦਿ ਮਿਲਾਵੈ ॥ ਹਰਿ ਕੇ ਲੋਗ ਅਵਰ ਨਹੀ ਕਾਰਾ ॥ ਸਾਚਉ ਠਾਕੁਰੁ ਸਾਚੁ ਪਿਆਰਾ ॥੨॥ ਤਨ ਮਹਿ ਮਨੂਆ ਮਨ ਮਹਿ ਸਾਚਾ ॥ ਸੋ ਸਾਚਾ ਮਿਲਿ ਸਾਚੇ ਰਾਚਾ ॥ ਸੇਵਕੁ ਪ੍ਰਭ ਕੈ ਲਾਗੈ ਪਾਇ ॥ ਸਤਿਗੁਰੁ ਪੂਰਾ ਮਿਲੈ ਮਿਲਾਇ ॥੩॥ ਆਪਿ ਦਿਖਾਵੈ ਆਪੇ ਦੇਖੈ ॥ ਹਠਿ ਨ ਪਤੀਜੈ ਨਾ ਬਹੁ ਭੇਖੈ ॥ ਘੜਿ ਭਾਂਡੇ ਜਿਨਿ ਅੰਮ੍ਰਿਤੁ ਪਾਇਆ ॥ ਪ੍ਰੇਮ ਭਗਤਿ ਪ੍ਰਭਿ ਮਨੁ ਪਤੀਆਇਆ ॥੪॥ ਪੜਿ ਪੜਿ ਭੂਲਹਿ ਚੋਟਾ ਖਾਹਿ ॥ ਬਹੁਤੁ ਸਿਆਣਪ ਆਵਹਿ ਜਾਹਿ ॥ ਨਾਮੁ ਜਪੈ ਭਉ ਭੋਜਨੁ ਖਾਇ ॥ ਗੁਰਮੁਖਿ ਸੇਵਕ ਰਹੇ ਸਮਾਇ ॥੫॥ ਪੂਜਿ ਸਿਲਾ ਤੀਰਥ ਬਨ ਵਾਸਾ ॥ ਭਰਮਤ ਡੋਲਤ ਭਏ ਉਦਾਸਾ ॥ ਮਨਿ ਮੈਲੈ ਸੂਚਾ ਕਿਉ ਹੋਇ ॥ ਸਾਚਿ ਮਿਲੈ ਪਾਵੈ ਪਤਿ ਸੋਇ ॥੬॥ ਆਚਾਰਾ ਵੀਚਾਰੁ ਸਰੀਰਿ ॥ ਆਦਿ ਜੁਗਾਦਿ ਸਹਜਿ ਮਨੁ ਧੀਰਿ ॥ ਪਲ ਪੰਕਜ ਮਹਿ ਕੋਟਿ ਉਧਾਰੇ ॥ ਕਰਿ ਕਿਰਪਾ ਗੁਰੁ ਮੇਲਿ ਪਿਆਰੇ ॥੭॥ ਕਿਸੁ ਆਗੈ ਪ੍ਰਭ ਤੁਧੁ ਸਾਲਾਹੀ ॥ ਤੁਧੁ ਬਿਨੁ ਦੂਜਾ ਮੈ ਕੋ ਨਾਹੀ ॥ ਜਿਉ ਤੁਧੁ ਭਾਵੈ ਤਿਉ ਰਾਖੁ ਰਜਾਇ ॥ ਨਾਨਕ ਸਹਜਿ ਭਾਇ ਗੁਣ ਗਾਇ ॥੮॥੨॥

ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਨਿਰੰਕਾਰ ਦਾ ਮਾਰਗ ਸੱਚ ਦਾ ਮਾਰਗ ਹੈ। ਜਿੱਥੇ ਆਪਣੇ ਸਰੀਰ ਨੂੰ ਕੋਹਣਾ, ਹੱਠ ਕਰਨਾਂ ਜਾਂ ਰੱਬ ਨੂੰ ਮਿਲਣ ਦੀ ਜਿਦ ਕਰਨਾਂ, ਜੰਗਲਾਂ ਬੇਲਿਆਂ ਵਿੱਚ ਭਰਮਣਾਂ, ਪੱਥਰ ਪੂਜਣੇ ਆਦਿ ਸਭ ਵਿਅੱਰਥ ਨੇ। ਸੱਚੇ ਸਤਿਗੁਰੂ ਦੇ ਉਪਦੇਸ਼ ਤਹਿਤ ਸੱਚ ਤੇ ਚਲਦਿਆਂ ਸਹਿਜ ਦੇ ਮਾਰਗ ਦੇ ਧਾਰਨੀ ਰਹਿੰਦਿਆਂ ਸਿਰਫ ਅਕਾਲ ਪੁਰਖ ਦੀ ਉਸਤਤ ਕਰਨੀ ਹੈ ਜਾਂ ਗੁਣ ਗਾਉਣੇ ਨੇ। ਉਹਦੇ ਬਾਰੇ ਵੀਚਾਰਾਂ ਕਰਨੀਆਂ ਨੇ। ਕੋਈ ਪਾਖੰਡ ਨਹੀ ਕਰਨੇ। ਵਿਖਾਵੇ ਨਹੀ ਕਰਨੇ।

—◈—

ਤੁਹਾਡਾ ਗੁਰੂ ਕੌਣ ਹੈ? -- ਓਥੇ ਸੰਤਾਂ ਮਹਾਂ ਪੁਰਖਾਂ ਨੇ ਫਿਰ ਗੁਰੂ ਸਾਹਿਬ ਨੂੰ ਪੁੱਛ ਲਿਆ ਕਿ ਤੁਹਾਡਾ ਗੁਰੂ ਕੌਣ ਹੈ? ਗੁਰੂ ਸਾਹਿਬ ਨੇ ਮੈਨੂੰ ਜੋ ਗਿਆਨ ਹਾਸਲ ਹੋਇਆ ਹੈ ਨਿਰੰਕਾਰ ਦੀ ਸਿੱਧੀ ਬਖਸ਼ਸ਼ ਕਰਕੇ ਹੋਇਆ ਹੈ। ਸੋ ਓਹੀ ਮੇਰਾ ਗੁਰੂ ਹੈ।

ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥ ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥

ਸਾਹਿਬ ਨੇ ਫਰਮਾਇਆ ਕਿ ਜੇ ਮੈਨੂੰ ਕੋਈ ਸੱਚ ਵਿੱਚ ਰਮਿਆ, ਨਿਰੰਕਾਰ ਦੀ ਉਸਤਤ ਵਿੱਚ ਲੀਨ ਕੋਈ ਪੁਰਖ ਮਿਲ ਜਾਵੇ ਤਾਂ ਮੈਂ ਵੀ ਉਸ ਦੇ ਚਰਨੀ ਲੱਗਾ। ਸੋ ਗੁਰੁ ਕਰਉ ਜਿ ਸਾਚੁ ਦ੍ਰਿੜਾਵੈ ॥ ਅਕਥੁ ਕਥਾਵੈ ਸਬਦਿ ਮਿਲਾਵੈ ॥

ਓਥੇ ਫਿਰ ਬਾਬੇ ਦੀ ਧੰਨ ਧੰਨ ਹੋ ਗਈ। ਹਰ ਕੋਈ ਦਰਸ਼ਨਾਂ ਨੂੰ ਪਹੁੰਚ ਰਿਹਾ ਸੀ।

ਯਾਦ ਰਹੇ ਇਨਾਂ ਸੰਤਾਂ ਮਹੰਤਾਂ ਵਿੱਚੋਂ ਜਿਸ ਨੇ ਜਿਆਦਾ ਸਵਾਲ ਜਵਾਬ ਕੀਤੇ ਸਨ ਉਹ ਨਿਰੰਜਣੀ ਫਿਰਕੇ ਦੇ ਸੰਤ ਮਹੰਤ ਸਨ। ਇਹ ਫਿਰਕਾ ਰਾਜਸਥਾਨ, ਗੁਜਰਾਤ ਤੇ ਦੱਖਣੀ ਭਾਰਤ ਵਿੱਚ ਪਰਚਲਤ ਸੀ।

—◈—

ਮਥਰਾ – "ਅਰੇ ਯਹ ਭੀ ਕੋਈ ਸਾਧੂ ਹੈ, ਨਾਂ ਗੀਤਾ ਮਾਨੇ ਨਾਂ ਗਾਇਤਰੀ," ਇੱਕ ਮਹੰਤ ਨੇ ਗੁਰੂ ਸਾਹਿਬ ਤੇ ਕਟਾਖ ਕਰ ਦਿੱਤਾ

ਓਦੋ ਗੁਰੂ ਸਾਹਿਬ ਨੂੰ ਨਿਰੰਕਾਰ ਦਾ ਵੈਰਾਗ ਛੁੱਟਾ ਤੇ ਰਾਮਕਲੀ ਦੇ ਚਉਪਦੇ ਫਿਰ ਮਰਦਾਨੇ ਦੀ ਤੇ ਰਬਾਬ ਗਾਏ:-

ਕੋਈ ਪੜਤਾ ਸਹਸਾਕਿਰਤਾ ਕੋਈ ਪੜੈ ਪੁਰਾਨਾ ॥ ਕੋਈ ਨਾਮੁ ਜਪੈ ਜਪਮਾਲੀ ਲਾਗੈ ਤਿਸੈ ਧਿਆਨਾ ॥ ਅਬ ਹੀ ਕਬ ਹੀ ਕਿਛੂ ਨ ਜਾਨਾ ਤੇਰਾ ਏਕੋ ਨਾਮੁ ਪਛਾਨਾ ॥੧॥ ਨ ਜਾਣਾ ਹਰੇ ਮੇਰੀ ਕਵਨ ਗਤੇ ॥ ਹਮ ਮੂਰਖ ਅਗਿਆਨ ਸਰਨਿ ਪ੍ਰਭ ਤੇਰੀ ਕਰਿ ਕਿਰਪਾ ਰਾਖਹੁ ਮੇਰੀ ਲਾਜ ਪਤੇ ॥੧॥ ਰਹਾਉ ॥ ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥ ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥੨॥ ਮਰਣੁ ਲਿਖਾਇ ਮੰਡਲ ਮਹਿ ਆਏ ਜੀਵਣੁ ਸਾਜਹਿ ਮਾਈ ॥ ਏਕਿ ਚਲੇ ਹਮ ਦੇਖਹ ਸੁਆਮੀ ਭਾਹਿ ਬਲੰਤੀ ਆਈ ॥੩॥ ਨ ਕਿਸੀ ਕਾ ਮੀਤੁ ਨ ਕਿਸੀ ਕਾ ਭਾਈ ਨਾ ਕਿਸੈ ਬਾਪੁ ਨ ਮਾਈ ॥ ਪ੍ਰਣਵਤਿ ਨਾਨਕ ਜੇ ਤੂ ਦੇਵਹਿ ਅੰਤੇ ਹੋਇ ਸਖਾਈ ॥੪॥੧॥

ਸਾਹਿਬ ਨੇ ਡੰਕੇ ਦੀ ਚੋਟ ਤੇ ਫਿਰ ਐਲਾਨ ਕੀਤਾ ਕਿ ਮੈਂ ਕਿਸੇ ਸੰਸਕ੍ਰਿਤ (ਜਾਂ ਸਹਿਸਕ੍ਰਿਤੀ) ਨੂੰ ਪਵਿਤਰ ਨਹੀ ਮੰਨਦਾ, ਨਾਂ ਕੋਈ ਜੋਗਾ ਧਿਆਨ ਲਾਉਦਾ ਨਾਂ ਮਾਲਾ ਫੇਰਦਾ ਹਾਂ। ਮੈਂ ਤਾਂ ਨਿਰੰਕਾਰ ਸਿਰਫ ਤੇਰੀ ਉਸਤਤ ਹੀ ਪਾਈ ਹੈ। ਐ ਅਕਾਲ ਪੁਰਖ ਜੇ ਤੁਠਾਂ ਹੈ ਤਾਂ ਇਸ ਸਮਾਜ ਵਿੱਚ ਮੇਰੀ ਲਾਜ ਪਤ ਰੱਖੀ।

—◈—

ਮਥਰਾ– ਫਿਰ ਵੈਸ਼ਨਵ ਸਾਧੂਆਂ ਨੇ ਆ ਪੁੱਛਿਆ ਕਿ ਬਾਬਾ ਜੀ ਤੁਹਾਡੀ ਕਿਹੜੀ ਸੰਪਰਦਾ ਹੈ ਤੁਹਾਡੇ ਪੰਥ ਦਾ

ਨਾਂ ਕੀ ਹੈ?

ਇਸ ਦੇ ਜਵਾਬ ਵਿੱਚ ਫਿਰ ਗੁਰੂ ਸਾਹਿਬ ਨੇ ਰਾਗੁ ਸਾਰਗ ਵਿੱਚ ਆ ਕੇ ਸ਼ਬਦ ਗਾਇਆ:-

ਅਪੁਨੇ ਠਾਕੁਰ ਕੀ ਹਉ ਚੇਰੀ ॥ ਚਰਨ ਗਹੇ ਜਗਜੀਵਨ ਪ੍ਰਭ ਕੇ ਹਉਮੈ ਮਾਰਿ ਨਿਬੇਰੀ ॥੧॥ ਰਹਾਉ ॥ ਪੂਰਨ ਪਰਮ ਜੋਤਿ ਪਰਮੇਸਰ ਪ੍ਰੀਤਮ ਪ੍ਰਾਨ ਹਮਾਰੇ ॥

ਗੁਰਦੁਆਰਾ ਗੁਰੁ ਨਾਨਕ ਟਿੱਲਾ, ਬਿੰਦਰਾਬਣ (ਸੱਜੇ 1978 ਤੋਂ ਪਹਿਲਾਂ

ਮੋਹਨ ਮੋਹਿ ਲੀਆ ਮਨੁ ਮੇਰਾ ਸਮਝਸਿ ਸਬਦੁ ਬੀਚਾਰੇ ॥੧॥ ਮਨਮੁਖ ਹੀਨ ਹੋਛੀ ਮਤਿ ਝੂਠੀ ਮਨਿ ਤਨਿ ਪੀਰ ਸਰੀਰੇ ॥ ਜਬ ਕੀ ਰਾਮ ਰੰਗੀਲੈ ਰਾਤੀ ਰਾਮ ਜਪਤ ਮਨ ਧੀਰੇ ॥੨॥ ਹਉਮੈ ਛੋਡਿ ਭਈ ਬੈਰਾਗਨਿ ਤਬ ਸਾਚੀ ਸੁਰਤਿ ਸਮਾਨੀ ॥ ਅਕੁਲ ਨਿਰੰਜਨ ਸਿਉ ਮਨੁ ਮਾਨਿਆ ਬਿਸਰੀ ਲਾਜ ਲੋਕਾਨੀ ॥੩॥ ਭੂਰ ਭਵਿਖ ਨਾਹੀ ਤੁਮ ਜੈਸੇ ਮੇਰੇ ਪ੍ਰੀਤਮ ਪ੍ਰਾਨ ਅਧਾਰਾ ॥ ਹਰਿ ਕੈ ਨਾਮਿ ਰਤੀ ਸੋਹਾਗਨਿ ਨਾਨਕ ਰਾਮ ਭਤਾਰਾ ॥

ਨਿਮ੍ਰਤਾ ਦੇ ਪੁੰਜ ਗੁਰੂ ਨੇ ਫਿਰ ਜਵਾਬ ਦਿੱਤਾ ਕਿ ਮੇਰਾ ਪੰਥ ਤਾਂ ਉਹ ਨਿਰੰਕਾਰ ਹੈ। ਉਹਦਾ ਹੀ ਨੌਕਰ ਹਾਂ ਮੈਂ। ਨਿਰੰਕਾਰ ਦੀ ਉਸਤਤ ਕਰਦਿਆ ਮੇਰੇ ਕਵਾੜ ਖੁੱਲ ਗਏ ਨੇ। ਮੈਂ ਤਾਂ ਬਸ ਉਸ ਰੰਗੀਲੇ ਰਾਮ ਨਿਰੰਕਾਰ ਦਾ ਹੀ ਹੋ ਗਇਆ ਹਾਂ। ਉਹ ਰਾਮ ਜਿਹੜਾ ਜੰਮਦਾ ਮਰਦਾ ਨਹੀ। ਉਹਦੀ ਕਿਰਪਾ ਸਦਕਾ ਮੈਨੂੰ ਹੁਣ ਸਮਾਜ ਵਿੱਚ ਆਪਣੀ ਪੱਤ ਦੀ ਕੋਈ ਪ੍ਰਵਾਹ ਨਹੀ ਰਹੀ। ਸੋ ਤੁਸੀ ਆਪਣੇ ਅੰਦਾਜਾ ਲਾ ਲਓ ਕਿ ਮੇਰਾ ਫਿਰਕਾ ਕਿਹੜਾ ਹੈ?

—◈—

ਮਥਰਾ ਦੇ ਮੇਲੇ ਦੌਰਾਨ ਹੀ ਗੁਰੂ ਸਾਹਿਬ ਨੇ ਮਥਰਾ ਦੇ ਸਹਾਇਕ ਸਥਾਨਾਂ ਜਿਵੇ ਬਿੰਦ੍ਰਾਬਨ, ਬ੍ਰਿਜ ਭੂਮੀ, ਗੋਕਲ, ਗੋਵਰਧਨ ਦੇ ਸੈਰ ਕੀਤੇ। ਬਿੰਦ੍ਰਾਬਨ ਵੀ ਓਨਾਂ ਨੇ ਮਥੁਰਾ ਵਾਲਾ ਲੁੱਚਪੁਣਾ ਵੇਖਿਆ। "ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ ਕ੍ਰਿਸਨੁ ਜਾਦਮੁ ਭਇਆ ॥ ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ॥" ਜੇ ਕ੍ਰਿਸ਼ਨ ਭਗਵਾਨ ਨੇ ਗੋਪੀਆਂ ਨਾਲ ਰੰਗ ਤਮਾਸ਼ੇ ਕੀਤੇ ਸਨ ਤੇ ਚੇਲੇ ਤਾਂ ਸਾਰੇ ਹੱਦ ਬੰਨੇ ਟੱਪ ਗਏ ਸਨ। ਅੱਗੋ ਬਹਾਨੇ ਕਲਜੁਗ ਦੇ ਲਾ ਰਹੇ ਸਨ, "ਜੀ ਕੀ ਕਰੀਏ ਕਲਿਜੁਗ ਦਾ ਪਹਿਰਾ ਹੈ।"

ਕੁਝ ਇਸ ਪ੍ਰਕਾਰ ਪਿਆਰ ਦਾ ਜਾਲ ਪਾ ਕੇ ਗੁਰੂ ਸਾਹਿਬ ਨੇ ਸਮੁਚੀ ਮਥੁਰਾ ਜਿੱਤ ਲਈ ਸੀ। ◈

ਇਨਾਂ ਥਾਵਾਂ ਦੇ ਪੰਡਿਆਂ ਨੂੰ ਸੁਚੇਤ ਕਰਨ ਉਪਰੰਤ ਗੁਰੂ ਸਾਹਿਬ ਫਿਰ ਆਪਣੇ ਸੁਲਤਾਨਪੁਰ ਦੇ ਪੰਧ ਤੇ ਰਵਾਨਾ ਹੋ ਗਏ। ਗੋਵਰਧਨ ਤੋਂ ਗੁਰੂ ਸਾਹਿਬ ਨੇ ਰਸਤਾ ਦਿੱਲੀ ਦੇ ਪੱਛਮ ਪਾਸਿਓ ਦੀ ਹੋ ਕੇ ਰੋਹਤਕ ਰਾਂਹੀ ਜਾਣ ਦਾ ਚੁੱਣਿਆ। ਇਨਾਂ ਸਭ ਇਲਾਕਿਆਂ ਵਿੱਚ ਇੱਕ ਅਕਾਲ ਦਾ ਹੋਕਾ ਦੇਈ ਗਏ ਤੇ ਭਰਮਾਂ 'ਚ ਪਈ ਲੋਕਾਈ ਨੂੰ ਮੁਕਤ ਕਰੀ ਗਏ।

—◈—

"ਅਏ ਬਾਲਕ! ਤੂੰ ਵੀ ਯੋਗ ਦੀਕਸ਼ਾ ਲੈ" ਰੋਹਤਕ ਦੇ ਬੋਹਰ ਮੱਠ ਵਿੱਚ ਬਾਬੇ ਦੁਆਲੇ ਮਹੰਤ ਹੋ ਗਿਆ

ਮਥੁਰਾ ਤੋਂ ਵੱਖ ਵੱਖ ਇਲਾਕਿਆ ਦੇ ਲੋਕਾਂ ਨੂੰ ਤਾਰਦੇ ਹੋਏ ਗੁਰੂ ਸਾਹਿਬ ਬੋਹਰ ਜਾਂ ਬਹੋਰ ਮੱਠ ਜਾਂ ਅਸਥੱਲ ਬੋਹਰ ਕੰਨਪਾਟੇ ਜੋਗੀਆਂ ਦੇ ਮੱਠ ਵਿੱਚ ਪਹੁੰਚ ਗਏ। ਲੰਗਰ ਪਾਣੀ ਛਕਿਆ। ਅਰਾਮ ਕੀਤਾ ਤੇ ਫਿਰ ਮੱਠ ਵਿੱਚ ਹਾਜਰ ਜੋਗੀਆਂ ਦੇ ਪ੍ਰਵਚਨ ਸੁਣਨੇ ਸ਼ੁਰੂ ਕੀਤੇ। ਗੁਰੂ ਸਾਹਿਬ ਦੀ ਕਰਾਮਾਤੀ ਸ਼ਖਸੀਅਤ ਦੀ ਤਾਂ ਪਹਿਲਾਂ ਹੀ ਦੂਰ ਦੂਰ ਤੱਕ ਖਬਰ ਪਹੁੰਚ ਚੁੱਕੀ ਸੀ।

ਮੱਠ ਦੇ ਬਜੁਰਗ ਮਹੰਤ ਨੇ ਗੁਰੂ ਸਾਹਿਬ ਨਾਲ ਗਲ ਬਾਤ ਸ਼ੁਰੂ ਕਰ ਦਿੱਤੀ। ਅੱਜ ਕਿਧਰ ਕਿਧਰ ਦੀ ਸੈਲ ਕਰਕੇ ਆਏ ਹੋ? ਕਿ ਤੁਸੀ ਕਿਹੜੇ ਇਲਾਕੇ ਦੇ ਹੋ? ਕਿਹੜਾ ਸੰਪਰਦਾ ਦੇ ਹੋ? ਜਦੋਂ ਗੁਰੂ ਸਾਹਿਬ ਨੇ ਕਿਹਾ ਕਿ ਉਹ ਕਿਸੇ ਸੰਪਰਦਾ ਦੇ ਨਹੀ ਹਨ ਤਾਂ ਮਹੰਤ ਨੇ ਸਖਤ ਲਫਜ ਵਰਤਦਿਆਂ ਕਿਹਾ ਕਿ ਅਜੇ ਤੱਕ ਨਿਗੁਰੇ ਹੀ ਘੁੰਮ ਰਹੇ ਹੋ। ਗੁਰੂ ਸਾਹਿਬ ਨੇ ਮਹੰਤ ਦੀ ਨਿਸ਼ਾ ਕਰਾਈ ਕਿ ਮੇਰਾ ਤਾਂ ਗੁਰੂ ਨਿਰੰਕਾਰ ਆਪ ਖੁੱਦ ਹੀ ਹੈ। ਮਹੰਤ ਨੂੰ ਦੱਸਿਆ ਕਿ ਤੁਸੀ ਨਿਰੰਕਾਰ ਨੂੰ ਮਿਲਣ ਦਾ ਜਿਹੜਾ ਰਸਤਾ ਅਖਤਿਆਰ ਕੀਤਾ ਹੋਇਆ ਹੈ ਉਹ ਠੀਕ ਨਹੀ, ਜਿਹੜਾ ਤੁਸੀ ਸਮਾਧੀ ਲਾ ਕੇ ਬਹਿ ਜਾਂਦੇ ਹੋ ਤੇ ਸੁਰਤ ਨੂੰ ਖੁੱਲੀ ਛੱਡ ਦਿੰਦੇ ਹੋ। ਮੇਰਾ ਰਸਤਾ

ਪੈਂਡਾ ਸਫ਼ਾ

◈ ਮਥਰਾ ਦੀਆਂ ਸਾਖੀਆਂ -ਸੋਢੀ ਮਿਹਰਬਾਨ ਤੇ ਭਾਈ ਮਨੀ ਸਿੰਘ ਅਧਾਰਿਤ। ਸੋਢੀ ਨੇ ਇਥੇ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਦੱਖਣ ਦੀ ਯਾਤਰਾ ਵਿੱਚ ਪੰਜ ਸਾਲ ਲਾਏ ਸਨ।

ਅਲਵਰ ਵਿੱਚ ਇਤਹਾਸਿਕ ਸਿੱਖ ਅਸਥਾਨ ਤਾਂ ਸ਼ਾਇਦ ਨਹੀ ਹੈ ਜਿਸ ਤੋਂ ਸਾਬਤ ਹੁੰਦਾ ਹੋਵੇ ਕਿ ਇਥੇ ਵੀ ਸਿੱਖ ਸੰਗਤ ਮੌਜੂਦ ਸੀ। ਨਾਰਨੌਲ ਵਿਖੇ ਜਰੂਰ ਸੰਗਤ ਦਾ ਪ੍ਰਵਾਹ ਅੱਜ ਤੱਕ ਚਲਦਾ ਆ ਰਿਹਾ ਹੈ। ਪਰ ਸਥਾਨਕ ਲੋਕਾਂ ਦੀ ਸੰਗਤ ਹੋਲੀ ਹੋਲੀ ਘਟਦੀ ਗਈ ਤੇ ਸਿਰਫ ਪੰਜਾਬੀ ਮੂਲ ਦੇ ਲੋਕ ਹੀ ਅੱਜ ਸੰਗਤ ਦਾ ਧੁਰਾ ਹਨ।

◉ ਗਿਆਨੀ- 141

ਗੁਰੂ ਸਾਹਿਬ ਦੇ ਦਦਰੇਵਾ ਜਾਣ ਬਾਬਤ ਕੁਝ ਦੁਬਿਧਾ ਬਣਦੀ ਸੀ ਕਿ ਕੀ ਉਹ ਦੂਸਰੀ ਉਦਾਸੀ ਵੇਲੇ ਬੀਕਾਨੇਰ ਵਲੋਂ ਦਦਰੇਵਾ ਗਏ ਜਾਂ ਫਿਰ ਇਧਰੋਂ ਮਥੁਰਾ ਅਲਵਰ ਹੁੰਦੇ ਹੋਏ। ਹਾਲਾਂ ਨਾਰਨੌਲ ਵਿਖੇ ਗੁਰੂ ਸਾਹਿਬ ਦੇ ਜਾਣ ਬਾਰੇ ਗਿਆਨੀ ਪਹਿਲਾਂ ਲਿਖ ਹੀ ਚੁੱਕੇ ਸਨ। ਪਰ ਨਾਰਨੌਲ ਕੋਈ ਗੁਰੂ ਸਾਹਿਬ ਦੀ ਯਾਦਗਾਰ ਨਹੀ ਹੈ ਤੇ ਨਾਂ ਹੀ ਉਨਾਂ ਦੇ ਆਉਣ ਬਾਬਤ ਕੋਈ ਸਥਾਨਕ ਰਵਾਇਤ ਹੈ। ਸਿੱਖਾਂ ਦੀ ਅਬਾਦੀ ਵੀ ਸ਼ਹਿਰ ਵਿਚ ਚੋਖੀ ਹੈ। ਫਿਰ ਵੀ ਨਾਰਨੌਲ ਦੇ ਮੁੱਖ ਗੁਰਦੁਆਰੇ ਦੇ ਗ੍ਰੰਥੀ ਸਵਿੰਦਰ ਸਿੰਘ ਨੇ ਸ਼ੱਕ ਜ਼ਾਹਿਰ ਕਰ ਦਿਤਾ ਜਦੋਂ ਉਸ ਨੇ ਦੱਸਿਆ ਕਿ ਅੱਜ ਤੋਂ 20 ਸਾਲ ਪਹਿਲਾਂ ਨਾਰਨੌਲ ਦੇ ਲਾਗਲੇ ਕਸਬੇ ਅਟੇਲੀ ਮੰਡੀ (ਨਕਸ਼ਾ ਸੂਚਕ 28.105, 76.278) ਵਿਚੋਂ ਪੱਥਰ ਦੀ ਚਰਨ ਪਾਦੁਕਾ ਮਿਲੀ ਸੀ ਜੋ ਪੁਰਾਤਤਵ ਮਹਿਕਮੇ ਨੇ ਸਾਂਭ ਲਈ ਸੀ। ਉਦੋਂ ਸ਼ੱਕ ਜ਼ਾਹਿਰ ਕੀਤਾ ਗਿਆ ਸੀ ਕਿ ਹੋ ਸਕਦਾ ਹੈ ਇਹ ਗੁਰੂ ਨਾਨਕ ਦੀ ਹੋਵੇ। ਕਹਿਣ ਤੋਂ ਮਤਲਬ ਨਾਰਨੌਲ ਬਾਬਤ ਹੋਰ ਖੋਜ ਦੀ ਗੁੰਜਾਇਸ਼ ਹੈਗੀ ਆ।

ਹਾਂ ਜੇ ਨਾਰਨੌਲ ਜਾਣਾ ਸਾਬਤ ਹੁੰਦਾ ਹੈ ਤਾਂ ਫਿਰ ਦਦਰੇਵਾ, ਸਾਅਵਾ ਅਤੇ ਸਿਰਸਾ ਇਸ ਪਾਸਿਓ ਜਾਣਾ ਮੰਨਿਆ ਜਾਵੇਗਾ। ਫਿਲਹਾਲ ਅਸੀ ਇਹ ਸ਼ਹਿਰ ਦੂਸਰੀ ਉਦਾਸੀ ਦੀ ਵਾਪਸੀ ਵਿਚ ਲਏ ਹਨ।

ਤਾਂ ਨਿਰੰਕਾਰ ਦੀ ਸਿਫਤ ਸਲਾਹ ਹੈ। ਮੱਠ ਦੀ ਪੂਰੀ ਮੰਡਲੀ ਸਾਹਮਣੇ ਫਿਰ ਗੁਰੂ ਸਾਹਿਬ ਨੇ ਮਰਦਾਨੇ ਦੀ ਰਬਾਬ ਤੇ ਰਾਮਕਲੀ ਵਿੱਚ ਦੋ ਸ਼ਬਦ ਗਾਏ:

ਰਾਮਕਲੀ ਮਹਲਾ ੧ ॥ ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੈ ਲੋਕੁ ਸੁਣੇ ॥ ਪਤੁ ਝੋਲੀ ਮੰਗਣ ਕੈ ਤਾਈ ਭੀਖਿਆ ਨਾਮੁ ਪੜੇ ॥੧॥ ਬਾਬਾ ਗੋਰਖੁ ਜਾਗੈ ॥ ਗੋਰਖੁ ਸੋ ਜਿਨਿ ਗੋਇ ਉਠਾਲੀ ਕਰਤੇ ਬਾਰ ਨ ਲਾਗੈ ॥੧॥ ਰਹਾਉ ॥ ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ ॥ ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ ॥੨॥ ਸਿਧ ਸਾਧਿਕ ਅਰੁ ਜੋਗੀ ਜੰਗਮ ਪੀਰ ਪੁਰਸ ਬਹੁਤੇਰੇ ॥ ਜੇ ਤਿਨ ਮਿਲਾ ਤ ਕੀਰਤਿ ਆਖਾ ਤਾ ਮਨੁ ਸੋਵ ਕਰੇ ॥੩॥ ਕਾਗਦੁ ਲੂਣੁ ਰਹੈ ਘ੍ਰਿਤ ਸੰਗੇ ਪਾਣੀ ਕਮਲੁ ਰਹੈ ॥ ਐਸੇ ਭਗਤ ਮਿਲਹਿ ਜਨ ਨਾਨਕ ਤਿਨ ਜਮੁ ਕਿਆ ਕਰੈ ॥੪॥੪॥ ਰਾਮਕਲੀ ਮਹਲਾ ੧ ॥ ਸੁਣਿ ਮਾਛਿੰਦ੍ਰਾ ਨਾਨਕੁ ਬੋਲੈ ॥ ਵਸਗਤਿ ਪੰਚ ਕਰੇ ਨਹ ਡੋਲੈ ॥ ਐਸੀ ਜੁਗਤਿ ਜੋਗ ਕਉ ਪਾਲੇ ॥ ਆਪਿ ਤਰੈ ਸਗਲੇ ਕੁਲ ਤਾਰੇ ॥੧॥ ਸੋ ਅਉਧੂਤੁ ਐਸੀ ਮਤਿ ਪਾਵੈ ॥ ਅਹਿਨਿਸਿ ਸੁੰਨਿ ਸਮਾਧਿ ਸਮਾਵੈ ॥੧॥ ਰਹਾਉ ॥ ਭਿਖਿਆ ਭਾਇ ਭਗਤਿ ਭੈ ਚਲੈ ॥ ਹੋਵੈ ਸੁ ਤ੍ਰਿਪਤਿ ਸੰਤੋਖਿ ਅਮੁਲੈ ॥ ਧਿਆਨ ਰੂਪਿ ਹੋਇ ਆਸਣੁ ਪਾਵੈ ॥ ਸਚਿ ਨਾਮਿ ਤਾੜੀ ਚਿਤੁ ਲਾਵੈ ॥੨॥ ਨਾਨਕੁ ਬੋਲੈ ਅੰਮ੍ਰਿਤ ਬਾਣੀ ॥ ਸੁਣਿ ਮਾਛਿੰਦ੍ਰਾ ਅਉਧੂ ਨੀਸਾਣੀ ॥ ਆਸਾ ਮਾਹਿ ਨਿਰਾਸੁ ਵਲਾਏ ॥ ਨਿਹਚਉ ਨਾਨਕ ਕਰਤੇ ਪਾਏ ॥੩॥ ਪ੍ਰਣਵਤਿ ਨਾਨਕੁ ਅਗਮੁ ਸੁਣਾਏ ॥ ਗੁਰ ਚੇਲੇ ਕੀ ਸੰਧਿ ਮਿਲਾਏ ॥ ਦੀਖਿਆ ਦਾਰੂ ਭੋਜਨੁ ਖਾਇ ॥ ਛਿਅ ਦਰਸਨ ਕੀ ਸੋਝੀ ਪਾਇ ॥੪॥੫॥

ਗੁਰੂ ਸਾਹਿਬ ਦੇ ਜਵਾਬ ਸੁਣ ਕੇ ਮਹੰਤ ਤਾਂ ਨਿਰਉਤਰ ਹੋ ਗਿਆ। ਅਗਲੇ ਨੂੰ ਗੁੱਸਾ ਵੀ ਆਇਆ ਹੋਵੇਗਾ ਕਿ ਸਾਡੇ ਕੋਲ ਰਹਿ ਕੇ ਸਾਡੇ ਹੀ ਚੇਲਿਆਂ ਵਿੱਚ ਸਾਡੇ ਸਿਧਾਂਤ ਖਿਲਾਫ ਪ੍ਰਚਾਰ ਕਰ ਚਲਿਆ ਹੈ। ਪਰ ਓਨੀ ਦਿਨੀ ਲੋਕਾਂ ਵਿੱਚ ਧਾਰਮਿਕ ਸ਼ਹਿਣਸ਼ੀਲਤਾ ਬਹੁਤ ਹੁੰਦੀ ਸੀ। ਉਹਦੇ ਚੇਲਿਆਂ ਵਿੱਚੋਂ ਹੀ ਇੱਕ "ਪਾਈ ਨਾਥ" ਨਾਂ ਦੇ ਜੋਗੀ ਨੇ ਗੁਰੂ ਸਾਹਿਬ ਦੇ ਚਰਨ ਫੜ ਲਏ ਕਿ ਬਾਬਾ ਮੈਂ ਤਾਂ ਅੱਜ ਤੋਂ ਤੇਰਾ।

ਲਗਦਾ ਦੋ ਚਾਰ ਦਿਨ ਗੁਰੂ ਸਾਹਿਬ ਨੇ ਨਿਰੰਕਾਰ ਦੀ ਕਥਾ ਕੀਤੀ ਹੋਵੇਗੀ। ਜਦੋਂ ਓਥੋ ਰਵਾਨਾ ਹੋਣ ਲੱਗੇ ਤਾਂ ਪਾਈ ਨਾਥ ਨੇ ਵਿਛੋੜੇ ਦਾ ਦੁੱਖ ਜ਼ਾਹਿਰ ਕੀਤਾ। ਹੋ ਸਕਦੈ ਨਾਲ ਚਲਣ ਲਈ ਵੀ ਜਿੱਦ ਕੀਤੀ ਹੋਵੇ ਪਰ ਗੁਰੂ ਸਾਹਿਬ ਜਿੱਥੇ ਕੋਈ ਹੁੰਦਾ ਸੀ ਓਨੂੰ ਓਥੇ ਹੀ ਪ੍ਰਚਾਰਕ ਬਣਨ ਦੀ ਹਦਾਇਤ ਕਰਦੇ ਸਨ। ਪਾਈ ਨਾਥ ਦਾ ਪ੍ਰੇਮ ਵੇਖ ਕੇ ਗੁਰੂ ਸਾਹਿਬ ਨੇ ਫਿਰ ਸ਼ਬਦ ਗਾਵਿਆ:

ਸੂਹੀ ਮਹਲਾ ੧ ॥ ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ ॥ ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ ॥੧॥ ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ ॥੧॥ ਰਹਾਉ ॥ ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥ ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥੨॥ ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ ॥ ਆਵਾ ਗਉਣੁ ਨਿਵਾਰਿਆ ਹੈ ਸਾਚਾ ਸੋਈ ॥੩॥ ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ ॥ ਗੁਰ ਬਚਨੀ ਫਲੁ ਪਾਇਆ ਸਹ ਕੇ ਅੰਮ੍ਰਿਤ ਬੋਲਾ ॥੪॥ ਨਾਨਕੁ ਕਹੈ ਸਹੇਲੀਹੋ ਸਹੁ ਖਰਾ ਪਿਆਰਾ॥ ਹਮ ਸਹ ਕੇਰੀਆ ਦਾਸੀਆ ਸਾਚਾ ਖਸਮੁ ਹਮਾਰਾ ॥

ਪਾਈ ਨਾਥ ਨੂੰ ਸਮਝਾਇਆ ਕਿ ਨਾਮ ਰੂਪੀ ਜਹਾਜ ਤਿਆਰ ਕਰ ਲੈ। ਫਿਰ ਵਿਛੋੜੇ ਦਾ ਮਤਲਬ ਹੀ ਨਹੀ ਰਹਿ ਜਾਏਗਾ। ਜਿੱਥੇ ਯਾਦ ਕਰੇਂਗਾ ਨਿਰੰਕਾਰ ਓਥੇ ਹੀ ਹਾਜਰ ਮਿਲੇਗਾ। ਅਸੀ ਤਾਂ ਸਭ ਉਸ ਨਿਰੰਕਾਰ ਦੇ ਛੋਟੇ ਛੋਟੇ ਜੀਅ ਹਾਂ।

ਸ਼ਬਦ ਸੁਣ ਕੇ ਪਾਈ ਨਾਥ ਨਿਹਾਲ ਹੋ ਗਿਆ। ਦੂਰ ਤੱਕ ਗੁਰੂ ਸਾਹਿਬ ਨੂੰ ਛੱਡਣ ਆਇਆ।

ਰੋਹਤਕ ਤੋਂ ਫਿਰ ਸਾਹਿਬ ਜੀਂਦ ਆ ਪਹੁੰਚੇ ਤੇ ਓਥੇ ਵੀ ਪੁਰਾਣਕ ਕਥਾਵਾਂ ਨਾਲ ਸਬੰਧਤ ਨੇੜੇ ਤੇੜੇ ਕਈ ਅਸਥਾਨ ਹਨ। ਜਿਵੇਂ ਜੀਂਦ ਗੋਹਾਨਾ ਸੜਕ ਤੇ ਪਾਂਡੋ ਪਿੰਡਾਰਾ, ਹਿਸਾਰ ਸੜਕ ਤੇ ਰਾਈ ਰਾਇ, ਨਰਵਾਣਾ ਸੜਕ ਤੇ ਹੰਸਦੇਹਰ ਜਿੱਥੇ ਕਪਿਲ ਮੁਨੀ ਦੇ ਪਿਤਾ ਨੇ ਭਗਤੀ ਕੀਤੀ, ਸਫੀਦੋਂ ਰੋਡ ਤੇ ਜਾਮਨੀ ਜਿੱਥੇ ਜਗਦਮਨੀ ਰਿਸ਼ੀ ਨੇ ਭਗਤੀ ਕੀਤੀ, ਬਰਾਹ ਪਿੰਡ ਜਿੱਥੇ ਇਨਾਂ ਦੇ ਸੂਰ-ਭਗਵਾਨ ਵਰਾਹ ਦਾ ਜਨਮ ਹੋਇਆ।

ਇਹ ਅੰਦਾਜ਼ਾ ਲਾਉਣਾ ਕਠਿਨ ਹੈ ਕਿ ਗੁਰੂ ਸਾਹਿਬ ਜੀਂਦ ਵਿੱਚ ਕਿਹੜੇ ਸਥਾਨ ਤੇ ਠਹਿਰੇ ਸਨ।

ਜੀਂਦ ਤੋਂ ਫਿਰ ਭਾਗਲ, ਚੀਕਾ, ਖਰੋਂਦੀ ਹੁੰਦੇ ਹੋਏ ਕਮਾਲਪੁਰ ਪਹੁੰਚੇ ਜਿੱਥੇ ਗੁਰਦੁਆਰੇ ਦੇ ਰੂਪ ਵਿੱਚ ਸਾਹਿਬ ਦੀ ਯਾਦਗਾਰ ਮੌਜੂਦ ਹੈ। ਖਰੋਂਦੀ ਵਿੱਚ ਜਿਸ ਮਾਈ ਕਾਨੀ ਨੇ ਗੁਰੂ ਸਾਹਿਬ ਨੂੰ ਪ੍ਰਸ਼ਾਦਾ ਛਕਾਇਆ ਸੀ ਉਹ ਮਾਈ ਅੱਜ ਵੀ ਇਲਾਕੇ ਵਿੱਚ ਪੂਜੀ ਜਾਂਦੀ ਹੈ। ਇਲਾਕੇ ਦੇ ਲੋਕ ਮਾਈ ਕਾਨੀ ਦੇ ਨਾਂ ਦੀ ਸੌਂਹ ਤੇ ਵਿਸ਼ਵਾਸ਼ ਕਰਦੇ ਹਨ। ਓਥੇ ਗੁਰਦੁਆਰਾ ਸਾਹਿਬ ਮੌਜੂਦ ਹੈ।

—◈—

ਚੰਦਨ ਦਾਸ ਪਿੰਡ ਛੀਟਾਂਵਾਲੇ ਦੇ ਘਰੋਂ ਨਿਕਲੀ ਚੰਦਨ ਦੀ ਖੁਸ਼ਬੋ ਚੁਫੇਰੇ ਫੈਲ ਗਈ

ਗੁਰੂ ਸਾਹਿਬ ਦਾ ਸ਼ਰਧਾਵਾਨ ਸਿੱਖ ਚੰਦਨ ਦਾਸ (ਖਤਰੀ ਜਾਤ ਗੋਤ ਜੋਹਰ ਜਾਂ ਜਾੜਾ) ਚਿਰਾਂ ਤੋਂ ਗੁਰੂ ਸਾਹਿਬ ਨੂੰ ਯਾਦ ਕਰਦਾ ਰਹਿੰਦਾ ਸੀ। ਕਮਾਲ ਪੁਰ ਤੋਂ ਚਲਕੇ ਗੁਰੂ ਸਾਹਿਬ ਨੇ ਅੱਜ ਆ ਚੰਦਨ ਦਾਸ ਦੇ ਘਰ ਚਰਨ ਪਾਏ। (ਪਿੰਡ ਛੀਟਾਂਵਾਲੀ ਜਿਲਾ ਪਟਿਆਲਾ ਦੀ ਨਾਭਾ ਤਸੀਲ ਵਿੱਚ ਨਾਭਾ ਸੰਗਰੂਰ ਸੜਕ ਤੇ ਮੌਜੂਦ ਹੈ।)

ਓਧਰ ਉਸ ਦੇ ਘਰ ਦੋ ਦਿਨ ਪਹਿਲਾਂ ਬੱਚੇ ਦਾ ਜਨਮ ਹੋਇਆ ਸੀ। ਚੰਦਨ ਦਾਸ ਦੇ ਤਾਂ ਹਰ ਪਾਸਿਓ ਭਾਗ ਖੁੱਲ ਗਏ।

ਚੰਦਨ ਨੇ ਗੁਰੂ ਸਾਹਿਬ ਅੱਗੇ ਅਰਜ ਕੀਤੀ ਕਿ ਸਾਹਿਬ ਹੁਣ ਸਾਲ ਛੇ ਮਹੀਨੇ ਇਥੇ ਹੀ ਰਹੋ ਤੇ ਇਲਾਕੇ ਦੇ ਲੋਕਾਂ ਨੂੰ ਮੁਕਤ

ਪੈੜ ਸਫ਼ਾ

◉ ਗਿਆਨੀ- 140 ਨੇ ਸਿਰਸੇ ਵਿਖੇ ਗੁਰੂ ਜੀ ਦਾ ਆਉਣਾ ਦੂਜੀ ਉਦਾਸੀ ਵੇਲੇ ਹੀ ਲਿਖਿਆ ਹੈ।

○ ਰੋਹਤਕ ਗੁਰੂ ਸਾਹਿਬ ਕਿਹੜੇ ਪਾਸਿਓ ਪਹੁੰਚੇ ਇਸ ਗਲ ਤੇ ਸਾਡੀ ਕੋਈ ਪੱਕੀ ਰਾਇ ਨਹੀ ਬਣ ਸਕੀ। ਗਿਆਨੀ ਜੀ ਨੇ ਨਾਰਨੌਲ ਤੋਂ ਰੋਹਤਕ ਪਹੁੰਚਣਾ ਲਿਖਿਆ ਹੈ। ਕਿਉਕਿ ਇਸ ਗਲ ਦੇ ਪੱਕੇ ਸਬੂਤ ਹਨ ਕਿ ਗੁਰੂ ਸਾਹਿਬ ਸਾਹਵਾ (ਚੁਰੂ) ਵੀ ਗਏ ਸਨ। ਦੂਸਰੀ ਉਦਾਸੀ ਵੇਲੇ ਸਾਹਵਾ, ਦਦਰੇਵਾ ਜਾਣਾ ਕੁਝ ਪਾਸੇ ਪੈ ਜਾਂਦਾ ਹੈ। ਸਾਨੂੰ ਲਗਦਾ ਹੈ ਕਿ ਪਹਿਲੀ ਉਦਾਸੀ ਦੇ ਵਾਪਸੀ ਵੇਲੇ ਹੀ ਨਿਪਟਾਇਆ ਹੋਵੇਗਾ। ਉਂਜ ਗੁਰੂ ਸਾਹਿਬ ਜਦੋਂ ਕਿਸੇ ਇਲਾਕੇ ਵਿਚ ਵੜਦੇ ਸਨ ਤਾਂ ਨੇੜੇ ਤੇੜੇ ਦੇ ਸਾਰੇ ਸਬੰਧਤ ਸਥਾਨ ਨਿਪਟਾਉਦੇ ਸਨ। ਕਈ ਵਾਰੀ ਉਹਨਾਂ ਨੂੰ ਅੱਗੇ ਪਿਛੇ ਵੀ ਜਾਣਾ ਪੈਂਦਾ ਸੀ। ਕਿਸੇ ਕਿਸੇ ਅਸਥਾਨ ਤੇ ਉਹ ਦੋ ਦੋ ਤਿੰਨ ਤਿੰਨ ਵਾਰੀ ਵੀ ਗਏ। ਮਿਸਾਲ ਦੇ ਤੌਰ ਤੇ ਪਟਣਾ, ਮਾਲਦਾ, ਚਿਟਾਗਾਂਗ ਆਦਿ। ਸੋ ਸਾਡਾ ਅੰਦਾਜ਼ਾ ਹੈ ਇਹ ਸਾਰੇ ਇਲਾਕੇ ਗੁਰੂ ਸਾਹਿਬ ਨੇ ਇਸ ਉਦਾਸੀ ਵੇਲੇ ਹੀ ਨਿਪਟਾਏ ਹੋਣਗੇ। ਖੈਰ ਇਹ ਇਨਾਂ ਮਹੱਤਵਪੂਰਨ ਵੀ ਨਹੀ ਹੈ ਕਿ ਕਿਹੜੇ ਥਾਂ ਤੋਂ ਕਿਥੇ ਗਏ। ਕਿਸੇ ਥਾਂ ਤੇ ਜਾਣ ਦਾ ਸਬੂਤ ਜਿਆਦਾ ਮਹੱਤਵ ਰੱਖਦਾ ਹੈ। ਸੋ ਇਹ ਵੀ ਹੋ ਸਕਦੈ ਸਾਹਿਬ ਸਿਰਸੇ ਤੋਂ ਵਾਪਸ ਰੋਹਤਕ ਨੂੰ ਆਏ ਹੋਣ ਕੁਝ ਹੋਰ ਮਹੱਤਵਪੂਰਨ ਥਾਵਾਂ ਨੂੰ ਨਿਪਟਾਉਣ। ਇਹ ਵੀ ਸੰਭਵ ਹੈ ਕਿ ਸਿਰਸਾ, ਰੋਹਤਕ ਜਿਹੀਆਂ ਥਾਵਾਂ ਗੁਰੂ ਸਾਹਿਬ ਨੇ ਮੁਕਾਮੀ ਦੌਰਿਆਂ ਦੌਰਾਨ ਨਿਪਟਾਈਆਂ ਹੋਣ। ਸੋ ਇਹ ਗੱਲ ਆਪਾਂ ਭਵਿਖ ਦੇ ਖੋਜੀਆਂ ਤੇ ਛੱਡਦੇ ਹਾਂ।

ਖੈਰ ਨਕਸ਼ੇ ਫੋਲਦਿਆ ਸਾਨੂੰ ਨਾਰਨੌਲ ਤੋਂ ਰੋਹਤਕ ਦੇ ਐਨ ਪੈਦਲ ਰਸਤੇ ਵਿੱਚ ਹੀ ਇੱਕ ਪਿੰਡ ਨਜਰ ਆਇਆ ਹੈ ਨਾਨਕਵਾਸ ਜਾਂ ਨਾਨਗਵਾਸ। ਅੰਦਾਜ਼ਾ ਹੈ ਇਹ ਵੀ ਗੁਰੂ ਸਾਹਿਬ ਦੀ ਕੋਈ ਠਾਉਰ ਹੋਵੇਗੀ। ਇਹ ਪਿੰਡ ਨਾਰਨੌਲ ਤੋਂ 11 ਕਿਲੋਮੀਟਰ ਪਹਾੜ ਹੈ। ਇਹਦੇ ਚੜ੍ਹਦੇ ਵਲ ਪਿੰਡ ਨੰਗਲ ਸਿਰੋਹੀ ਤੇ ਲਹਿੰਦੇ ਵਿੱਚ ਪਿੰਡ ਡੋਂਗਰਾ ਅਹੀਰ ਹੈ। (ਨਕਸ਼ਾ ਸੂਚਕ : 28.182949,76.174761) ਏਸੇ ਨਾਂ ਦਾ ਹੀ ਪਿੰਡ ਚੜ੍ਹਦੇ ਪਾਸੇ ਰਾਜਸਥਾਨ ਵਿਚ ਵੀ ਹੈ (ਨਕਸ਼ਾ ਸੂਚਕ: 280109155, 76.421550) ਕੋਈ ਗੁਰਸਿੱਖ ਵਿਦਵਾਨ ਇਸ ਪਿੰਡ ਪਹੁੰਚ ਕੇ ਖੋਜ ਬੀਨ ਕਰ ਸਕਦਾ ਹੈ। ਇਹ ਵੀ ਸੰਭਾਵਨਾ ਹੋ ਸਕਦੀ ਹੈ ਕਿ ਪਿੰਡ ਦਾ ਨਾਂ ਨਾਨਕਿਆਂ ਤੋਂ ਪਿਆ ਹੋਵੇ ਜਿਵੇ ਨਾਨਾ ਕਾ ਵਾਸ।

ਬਾਕੀ ਰੋਹਤਕ ਦੇ ਲਾਗੇ 28 ਕਿ. ਮੀ . ਹਟਵਾ ਸਿੱਖ ਕੇਂਦਰ ਲੱਖਣ ਮਾਜਰਾ ਤਾਂ ਹੈ ਹੀ।

ਕਰੋ। ਗੁਰੂ ਸਾਹਿਬ ਨੇ ਕਿਹਾ ਕਿ ਚੰਦਨ ਜੀ ਭਾਈ ਮਰਦਾਨਾ ਪਿੰਡ ਜਾਣ ਵਾਸਤੇ ਕਾਹਲ 'ਚ ਹੈ। ਪੰਜ ਸਾਲ ਹੋ ਗਏ ਨੇ ਘਰੋਂ ਨਿਕਲੇ ਨੂੰ। ਚੰਦਨ ਕਹਿਣ ਲੱਗਾ ਬਾਬਾ ਜੀ ਘੱਟੋ ਘੱਟ ਸਵਾ ਮਹੀਨਾ ਤਾਂ ਠਹਿਰ ਜਾਓ। ਬੱਚੇ ਦਾ ਧਮਾਣ ਕਰ ਲਈਏ। ਗੁਰੂ ਸਾਹਿਬ ਨੇ ਚੰਦਨ ਨੂੰ ਸਲਾਹ ਦਿੱਤੀ ਕਿ ਬੇਸ਼ੱਕ ਜਸ਼ਨ ਤੁਸੀ ਹੁਣੇ ਮਨਾ ਲਓ। ਸਵਾ ਮਹੀਨਾ ਜਾਂ ਸੂਤਕ ਪਾਤਕ ਦਾ ਵਹਿਮ ਨਹੀ ਕਰਨਾਂ।

ਚੰਦਨ ਨੇ ਓਸੇ ਤਰਾਂ ਗੁਰੂ ਸਾਹਿਬ ਦੇ ਉਪਦੇਸ਼ ਮੁਤਾਬਿਕ ਧਮਾਣ ਦੇ ਸੱਦੇ ਸਭ ਥਾਂ ਭੇਜ ਦਿੱਤੇ। ਹੋਰ ਤੇ ਹੋਰ ਜਿੰਨਾਂ ਨੂੰ ਕਮੀ ਕਮੀਣ ਕਹਿੰਦੇ ਸਨ ਉਨਾਂ ਨੂੰ ਵੀ ਸੱਦ ਲਿਆ। ਜਦੋਂ ਲੰਗਰਾਂ ਲਈ ਪੰਗਤਾਂ ਲੱਗ ਰਹੀਆਂ ਸਨ ਤਾਂ ਕੁਝ ਨੀਵੀਆਂ ਜਾਤਾਂ ਵਾਲੇ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ ਤਾਂ ਚੰਦਨ ਨੇ ਓਨਾਂ ਨੂੰ ਵੀ ਪੰਗਤ ਵਿੱਚ ਨਾਲ ਹੀ ਬਿਠਾ ਲਿਆ।

ਧਮਾਣ ਤੇ ਹਾਜਰ ਹੋਏ ਬ੍ਰਾਹਮਣਾਂ ਵਿੱਚ ਤਾਂ ਪਹਿਲਾਂ ਹੀ ਖੁਸਰ ਫੁਸਰ ਚਲ ਰਹੀ ਸੀ ਕਿ ਚੰਦਨ ਦਾਸ ਨੇ ਜੱਚਾ ਬੱਚਾ ਦਾ ਸਵਾ ਮਹੀਨਾ ਵੀ ਨਹੀ ਹੋਣ ਦਿੱਤਾ ਪਹਿਲਾਂ ਹੀ ਧਮਾਣ ਰੱਖ ਲਿਆ ਹੈ। ਓਨਾਂ ਨੇ ਇਹ ਕੁਝ ਵੇਖ ਕੇ ਦੁਹਾਈ ਦੇ ਦਿੱਤੀ ਕਿ ਇਹ ਲੰਗਰ ਭਿੱਟ ਚੁੱਕਾ ਹੈ। ਘਰ 'ਚ ਸੂਤਕ ਹੈ। ਚੰਦਨ ਦਾਸ ਨੂੰ ਲੰਗਰ ਨਹੀ ਸੀ ਲਾਉਣਾ ਚਾਹੀਦਾ।

ਓਦੋਂ ਫਿਰ ਗੁਰੂ ਸਾਹਿਬ ਨੇ ਸਭ ਨੂੰ ਸਮਝਾਉਣਾ ਕੀਤਾ ਕਿ ਭਾਈ ਇਹ ਸੂਤਕ ਪਾਤਕ ਦੀ ਵਿਚਾਰਧਾਰਾ ਨਿਰਾ ਵਹਿਮ ਹੈ। ਜੀਵਾਂ ਦਾ ਜੰਮਣਾਂ ਮਰਨਾਂ ਤਾਂ ਨਿਰੰਤਰ ਚਲਦਾ ਰਹਿੰਦਾ ਹੈ। ਤੁਸੀ ਕਹਿੰਦੇ ਹੋ ਸੂਤਕ ਹੈ। ਪਰ ਕਦੀ ਅਹਿਸਾਸ ਕੀਤਾ ਜੇ ਕਿ ਜੋ ਲਕੜੀ ਜਾਂ ਸੁੱਕਾ ਗੋਹਾ ਤੁਸੀ ਬਾਲਦੇ ਹੋ ਉਸ ਵਿੱਚ ਵੀ ਸੂਤਕ ਦੀ ਕ੍ਰਿਆ ਚਲ ਰਹੀ ਹੁੰਦੀ ਹੈ। ਲਕੜੀ ਬਾਲਣ ਤੋਂ ਪਹਿਲਾਂ ਕਦੀ ਸੋਚਿਐ ਕਿ ਘੁਣ ਦੇ ਘਰ ਸੂਤਕ ਹੈ ਕਿ ਨਹੀ। ਬਾਲਣ ਵਾਲੇ ਗੋਹੇ ਦੇ ਅੰਦਰ ਜਿਹੜੇ ਕੀੜੇ ਨੇ ਓਨਾਂ ਦਾ ਸੂਤਕ ਚਲ ਰਿਹਾ ਕਿ ਨਹੀ। ਇਹ ਨਿਰਾ ਤੁਹਾਡਾ ਵਹਿਮ ਹੈ। ਓਥੇ ਫਿਰ ਮਰਦਾਨ ਦੀ ਰਬਾਬ ਨੇ ਰੰਗ ਬੰਨ ਦਿੱਤਾ ਜਦੋਂ ਸਾਹਿਬ ਨੇ ਇਹ ਸ਼ਬਦ ਪੜਿਆ:

ਜੇ ਕਰਿ ਸੂਤਕੁ ਮੰਨੀਐ ..(ਪੂਰਾ ਸ਼ਬਦ ਵੇਖੋ ਸਫਾ-113 ਬਨਾਰਸ ਵਿਚ)

ਬ੍ਰਾਹਮਣ ਦਲੀਲ ਪੱਖੋਂ ਚਾਰੇ ਖਾਨੇ ਚਿੱਤ ਹੋ ਚੁੱਕੇ ਸਨ। ਹਾਲਾਤ ਵੇਖ ਕੇ ਉਨਾਂ ਖਿਸਕਣਾ ਬਿਹਤ੍ਰ ਸਮਝਿਆਂ।

ਛੀਟਾਂਵਾਲੀ ਚੰਦਨ ਦਾਸ ਦੇ ਘਰ ਜਿਸ ਚੁਬਾਰੇ ਵਿੱਚ ਸਾਹਿਬ ਨੇ ਚਰਨ ਪਾਏ ਸਨ। ਉਹ ਚੁਬਾਰਾ ਹੀ ਲੋਕਾਂ ਵਾਸਤੇ ਪੂਜਣ ਜੋਗ ਹੋ ਗਿਆ। ਵਕਤ ਪਾ ਕੇ ਚੁਬਾਰਾ ਢੱਠਣ ਤੇ ਸੰਗਤਾਂ ਨੇ ਸੁੰਦਰ ਗੁਰਦੁਆਰਾ ਬਣਾ ਦਿੱਤਾ ਹੈ ਓਥੇ। ◈

ਛੀਟਾਂਵਾਲੀ ਤੋਂ ਚਲਕੇ ਗੁਰੂ ਸਾਹਿਬ ਮਾਲੇਰਕੋਟਲਾ ਆਏ। (ਜਾਂ ਇਹ ਵੀ ਹੋ ਸਕਦਾ ਹੈ ਕਿ ਮਾਲੇਰਕੋਟਲਾ ਤੋਂ ਛੀਂਟਾਵਾਲੀ ਵਲ ਗਏ ਹੋਣ। ਇਸ ਮਸਲੇ ਤੇ ਖੋਜ ਹੋਣੀ ਬਾਕੀ ਹੈ) ਮਾਲੇਰਕੋਟਲਾ ਓਦੋਂ ਅਜੇ ਨਵਾਂ ਨਵਾਂ ਭਾਵ 60 ਕੁ ਸਾਲ ਪਹਿਲਾਂ ਅਫਗਾਨੀ ਪਠਾਣ ਸ਼ੇਖ ਸਦਰੁਦੀਨ ਨੇ ਵਸਾਇਆ ਸੀ। ਲੱਗਦਾ ਗੁਰੂ ਸਾਹਿਬ ਦੀ ਉਸ ਨਾਲ ਸੁਲਤਾਨਪੁਰ ਵਿਖੇ ਪਹਿਲਾਂ ਹੀ ਭੇਟ ਹੋ ਚੁੱਕੀ ਸੀ।

ਚੌਬਾਰਾ ਸਾਹਿਬ, ਛੀਂਟਾਵਾਲੀ, ਮਨਸੂਰਪੁਰ। ਚੰਦਨ ਦਾਸ ਨੂੰ ਗੁਰੂ ਸਾਹਿਬ ਨੇ ਆਪਣੇ ਪਉਏ (ਖੜਾਵਾਂ) ਬਖਸ਼ੀਆਂ ਸਨ। ਅਜਕਲ ਇਹ ਪਿੰਡ ਛੀਟਾਂਵਾਲੀ ਦੇ ਇਕ ਬ੍ਰਾਹਮਣ ਪ੍ਰਵਾਰ ਕੋਲ ਹਨ। ਇਹ ਖੜਾਵਾਂ ਵੀ ਕਿਸੇ ਵੱਡੇ ਸ਼ਰਧਾਵਾਨ ਸਿੱਖ ਨੇ ਗੁਰੂ ਸਾਹਿਬ ਨੂੰ ਭੇਟ ਕੀਤੀਆਂ ਹੋਣਗੀਆਂ। ਮੱਛੀ ਦੀ ਸ਼ਕਲ ਵਿਚ ਬਣੇ, ਉਤਮ ਕਾਰੀਗਰੀ ਦਾ ਨਮੂਨਾ ਹਨ, ਇਹ ਪਉਏ।

◘ ਕੁਝ ਲਿਖਾਰੀਆਂ ਦਾ ਮੰਨਣਾ ਹੈ ਕਿ ਇਸ ਪਠਾਣ ਨਾਲ ਗੁਰੂ ਸਾਹਿਬ ਦਾ ਮੇਲ ਕਾਦਰਾਬਾਦ ਵਿਖੇ ਹੋਇਆ ਉਹ ਪਿੰਡ ਜੋ ਅੱਜ ਬੇ ਚਰਾਗ ਹੋ ਚੁੱਕਾ ਹੈ ਤੇ ਲਾਗੇ ਪਿੰਡ ਭਸੌੜ ਵਸਦਾ ਹੈ। ਕਾਦਰਾਬਾਦ ਪਠਾਣਾਂ ਨੇ ਹੀ ਵਸਾਇਆ ਸੀ ਜਿੱਥੇ ਕੱਚਾ/ ਪੱਕਾ ਕਿਲਾ ਵੀ ਸੀ। ਪਰ ਬਾਦ ਵਿੱਚ ਪਠਾਣਾਂ ਨੇ ਕਾਦਰਾਬਾਦ ਦੀ ਥਾਂ ਮਲੇਰਕੋਟਲਾ ਨੂੰ ਵਸਾਇਆ ਤੇ ਇਸੇ ਨਗਰ ਨੂੰ ਅਹਿਮੀਅਤ ਦਿੱਤੀ। ਕਾਦਰਾਬਾਦ ਹੌਲੀ ਹੌਲੀ ਖਤਮ ਹੋ ਗਿਆ। ਇਹੋ ਕਾਰਨ ਕੁਝ ਲੋਕ ਗੁਰੂ ਸਾਹਿਬ ਦੀ ਭਸੌੜ ਵਿਖੇ ਆਮਦ ਲਿਖਦੇ ਹਨ।

ਸੋ ਭਸੌੜ (ਕਾਦਰਾਬਾਦ) ਤੋਂ ਗੁਰੂ ਸਾਹਿਬ ਬਾਂਗਾਵਾਲੀ ਗਏ। 1931 ਈ. ਵਿੱਚ ਬਾਂਗਾਵਾਲੀ ਦੇ ਇੱਕ ਫਰਲਾਂਗ ਚੜ੍ਹਦੇ ਪਾਸੇ ਦੋ ਬੋਹੜ ਦੇ ਰੁੱਖਾਂ ਦਰਮਿਆਨ ਖੰਡਰ ਅਵਸਥਾ ਵਿੱਚ ਗੁਰੂ ਸਾਹਿਬ ਦੀ ਯਾਦਗਾਰ ਹੁੰਦੀ ਸੀ। ਨਾਲ ਹੀ ਕੱਚਾ ਸਰੋਵਰ ਵੀ ਹੁੰਦਾ ਸੀ। ਅੱਜ ਦੇ ਹਾਲਾਤਾਂ ਦਾ ਪਤਾ ਨਹੀ। ◘

ਇਥੋਂ ਗੁਰੂ ਸਾਹਿਬ ਪਿੰਡ ਬਨ ਭਾਉਰਾ ਗਏ ਜਿੱਥੇ ਪਿੰਡ ਤੋਂ ਫਰਲਾਂਗ ਦੀ ਦੂਰੀ ਤੇ ਉੱਤਰ ਪੱਛਮ ਵਲ ਗੁਰੂ ਸਾਹਿਬ ਦੀ ਯਾਦਗਾਰੀ ਹੈ। ਕਈ ਗ੍ਰੰਥਾਂ ਮੁਤਾਬਿਕ ਇਥੋਂ ਹੀ ਗੁਰੂ ਸਾਹਿਬ ਛੀਂਟਾਵਾਲੀ ਗਏ।

ਮਾਲੇਰਕੋਟਲੇ ਤੋਂ ਬਾਦ ਗੁਰੂ ਸਾਹਿਬ ਰਾਇਕੋਟ ਕੁਝ ਚਿਰ ਠਹਿਰ ਕੇ ਜਗਰਾਓ ਆਏ। ਜਗਰਾਵਾਂ ਤੋਂ ਪਿੰਡ ਤਿਹਾੜਾ ਲਾਗਿਓ ਸਿੱਧੇ ਸੁਲਤਾਨਪੁਰ ਲੋਧੀ ਲਈ ਦਰਿਆ ਸਤਲੁਜ ਪਾਰ ਕੀਤਾ ਤੇ ਜਾ ਭੈਣ ਨਾਨਕੀ ਨੂੰ ਗਲਵਕੜੀ ਪਾਈ।

—◈—

ਜਦੋਂ ਭੈਣ ਦਾ ਪਿਆਰ ਹਜਾਰਾਂ ਮੀਲਾਂ ਤੋਂ ਖਿੱਚ ਲਿਆਇਆ ਬਾਬੇ ਨੂੰ

ਗੁਰੂ ਸਾਹਿਬ ਓਦੋਂ ਬਰੱਮਾ (ਮਿਆਂਮਾਰ) ਵਿੱਚ ਸਨ ਜਦੋਂ ਮਰਦਾਨੇ ਦੀ ਗਲ ਮੰਨ ਕੇ ਪਿੱਛੇ ਪਰਤਣ ਦਾ ਫੈਸਲਾ ਲਿਆ। ਚਲ ਮਰਦਾਨਿਆ ਚਲਦੇ ਆਂ। ਮਰਦਾਨਾ ਕਹਿਣ ਲੱਗਾ ਬਾਬਾ ਮੈਂ ਕਿੰਨੀ ਵਾਰੀ ਪਰਤਣ ਲਈ ਕਿਹਾ ਪਰ ਤੂੰ ਨਹੀ ਮੰਨਿਆ। ਅੱਜ ਭੈਣ ਦੀ ਯਾਦ ਆਈ ਤਾਂ ਸਾਰੇ ਅਸੂਲ ਭੰਨ ਦਿੱਤੇ ਈ। ਆ

ਗਇਆ ਨਾਂ ਮੋਹ।

ਗੁਰੂ ਸਾਹਿਬ ਨੇ ਕਿਹਾ ਓਏ ਮਰਦਾਨਿਆਂ ਤੂੰ ਇਨਾਂ ਸਿਆਣਾ ਕਿਥੋਂ ਹੋ ਗਿਓ? ਮਰਦਾਨਾ ਕਹਿੰਦਾ ਬਾਬਾ ਤੂੰ ਹੀ ਤਾਂ ਸਭ ਸਿਖਾਇਆ ਏ। ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਗੁਰਮਤ, ਮਾਰੂਥਲ ਵਿੱਚ ਉਗਿਆ ਠੋਹਰ ਨਹੀ ਹੈ। ਗੁਰਮਤ ਤਾਂ ਹੈ ਹੀ ਸਾਰੀ ਪਿਆਰ ਦੀ ਖੇਡ। ਸਾਡਾ ਨਿਰੰਕਾਰ ਕਿਰਪਾਲੂ ਹੈ ਦਿਆਲੂ ਹੈ। ਜਿਸ ਮੁਹੱਬਤ ਵਿੱਚ ਸੁਆਰਥ ਨਹੀ। ਕਾਮ ਵਾਲੀ ਮੁਹੱਬਤ ਨਹੀ। ਉਹ ਉਹਦੀ ਭਗਤੀ ਤੁਲ ਹੀ ਹੈ। ਮਰਦਾਨਾ ਕਹਿਣ ਲੱਗਾ ਹਾਂ ਬਾਬਾ ਮੈਨੂੰ ਪਤਾ ਹੈ ਬੇਬੇ ਤੈਨੂੰ ਰੱਬ ਜਾਣਦੀ ਹੈ।

ਸੋ ਬਾਬਾ ਜਦੋਂ ਸੁਲਤਾਨਪੁਰ ਲੋਧੀ ਵੜਿਆ ਸ਼ਹਿਰ ਵਿੱਚ ਦੁਹਾਈ ਮਚ ਗਈ। "ਬਾਬਾ ਨਾਨਕ ਆ ਗਿਆ।" "ਬਾਬਾ ਨਾਨਕ ਆ ਗਿਆ।" ਭੈਣ ਦੇ ਆਪਣੇ ਰੱਬ ਰੂਪੀ ਭਰਾ ਨਾਲ ਮੇਲ ਨੂੰ ਕਿਸੇ ਵੀ ਲਿਖਾਰੀ ਨੇ ਲਿਖਣ ਦੀ ਜੁਰਅਤ ਨਹੀ ਕੀਤੀ। ਤੇ ਸ਼ਾਇਦ ਇਹ ਵਾਲੀ ਮੁਹੱਬਤ ਬਿਆਨ ਤੋਂ ਪਰੇ ਹੈ।

ਗੁਰੂ ਸਾਹਿਬ ਲਗ ਪਗ 6 ਸਾਲਾਂ ਬਾਦ ਘਰ ਆਏ। ●

ਮਾਤਾ ਪਿਤਾ ਬਾਬੇ ਨੂੰ ਮਿਲਣ ਸੁਲਤਾਨਪੁਰ ਆਏ

ਗੁਰੂ ਸਾਹਿਬ ਦੇ ਸੁਲਤਾਨਪੁਰ ਪਹੁੰਚਣ ਤੇ ਅਗਲੀ ਸਵੇਰ ਹੀ ਮਰਦਾਨੇ ਨੇ ਕਾਹਲੀ ਪਾ ਦਿੱਤੀ ਸੀ ਕਿ ਬਾਬਾ ਮੈਨੂੰ ਤਾਂ ਤਲਵੰਡੀ ਜਾਣ ਦੇ। ਗੁਰੂ ਸਾਹਿਬ ਨੇ ਆਗਿਆ ਦੇ ਦਿੱਤੀ ਤੇ ਮਰਦਾਨਾ ਤਲਵੰਡੀ ਪਹੁੰਚ ਗਿਆ। ਮਰਦਾਨੇ ਦੇ ਪਹੁੰਚਣ ਤੇ ਪਿੰਡ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਕਿ ਬਾਬਾ ਨਾਨਕ ਜੀਂਦਾ ਜਾਗਦਾ ਹੈ। ਪਿੰਡ ਵਿੱਚ ਦੀਵਾਲੀ /ਈਦ ਵਾਲਾ ਮਹੌਲ ਬਣ ਗਿਆ। ਸਾਰੇ ਪਿੰਡ ਨੂੰ ਚਾਅ ਚੜ੍ਹ ਗਿਆ। ਮਾਤਾ ਪਿਤਾ ਨੇ ਜਿਵੇ ਸੁਣਿਆ ਦੋਵਾਂ ਦਾ ਹਿਰਦਾ ਖਿੜ ਉਠਿਆ। ਮਾਤਾ ਤ੍ਰਿਪਤਾ ਕਹਿੰਦੀ ਮੈਂ ਹੁਣੇ ਜਾਨੀ ਆ ਮਰਾਸੀਆਂ ਦੇ ਘਰ। ਕਾਲੂ ਨੇ ਕਿਹਾ ਹੌਸਲਾ ਰੱਖ, ਮਰਦਾਨਾ ਆਵੇਗਾ ਮਿਲਣ। ਪਰ ਮਾਂ ਨੂੰ ਹੌਸਲਾ ਕਿਥੇ।

ਜਿਵੇ ਮਰਾਸੀਆਂ ਦੇ ਘਰ ਵਲ ਮਾਤਾ ਮੁੜੀ ਮਰਦਾਨਾ ਅਗਲਵਾਂਡੀ ਮਿਲਣ ਆਇਆ। ਚਰਨਾਂ ਤੇ ਸਤਿ ਕਰਤਾਰ ਕੀਤੀ। ਮਾਤਾ ਨੇ ਲਾਡ ਪਿਆਰ ਦਿੱਤਾ। "ਵੇ ਛੇਤੀ ਦੱਸ, ਕਿਥੇ ਈ ਮੇਰਾ ਨਾਨਕ," ਮਾਤਾ ਬੋਲੀ। ਮਰਦਾਨੇ ਆਖਿਆ "ਅੰਮਾ ਬਾਬਾ ਜੀ ਸੁਲਤਾਨਪੁਰ ਆ। ਓਨਾਂ ਕੁਝ ਦਿਨ ਬਾਦ ਤਲਵੰਡੀ ਆਉਣਾ ਹੈ। ਅਜੇ ਨਵਾਬ ਤੇ ਹੋਰ ਸੱਜਣਾਂ ਨੂੰ ਮਿਲੇ ਨਹੀ। ਮੈਂ ਤਾਂ ਛੇਤੀ ਅਗਲੇ ਹੀ ਦਿਨ ਆ ਗਿਆ।" ਮਾਤਾ ਬੋਲੀ, "ਉਹ ਸ਼ੁਦਾਈ ਕਿਓ ਨਹੀ ਆਇਆ?" ਮਰਦਾਨੇ ਨੇ ਕਿਹਾ ਅੰਮਾ ਬਾਬੇ ਨੂੰ ਸ਼ੁਦਾਈ ਨਾਂ ਕਹੋ। ਉਹਦੇ ਅੱਗੇ ਤਾਂ ਵੱਡੇ ਵੱਡੇ ਅਕਲ ਵਾਲੇ ਪਾਣੀ ਭਰਦੇ ਨੇ। ਤੂੰ ਤਾਂ ਭਾਗਾਂ ਵਾਲੀ ਨਿਕਲੀ, ਤੇਰੇ ਘਰ ਪੈਗੰਬਰ ਨੇ ਜਨਮ ਲਿਆ ਹੈ। ਉਹ ਤਾਂ ਅਵਤਾਰ ਹੈ ਇਸ ਦੁਨੀਆਂ ਨੂੰ ਤਾਰਨ ਆਇਆ ਹੈ। ਮਾਤਾ ਦਾ ਮੰਨ ਭਰ ਆਇਆ। ਕਹਿੰਦੀ ਵੇ ਉਹ ਕੁਝ ਖਾਂਦਾ ਪੀਂਦਾ ਵੀ ਹੈ ਕਿ ਨਹੀ? ਮੇਰਾ ਪੁੱਤ ਲਿੱਸਾ ਹੋ ਗਇਆ ਹੋਣੈ? 6 ਸਾਲ ਹੋ ਗਏ ਨੇ ਘਰੋ ਨਿਕਲੇ ਨੂੰ। ਉਨੂੰ ਤਾਂ ਘਰ ਵੀ ਕੁਝ ਖਾਣ ਪੀਣ ਦੀ ਪ੍ਰਵਾਹ ਨਹੀ ਸੀ ਹੁੰਦੀ, ਹੁਣ ਕਿਥੇ ਉਹ ਖਾਂਦਾ ਹੋਵੇਗਾ? ਮਰਦਾਨਾ ਕਹਿਣ ਲੱਗਾ ਅੰਮਾ ਉਹ ਤਾਂ ਸਾਰੀ ਸ੍ਰਿਸਟੀ ਨੂੰ ਰਿਜਕ ਦਿੰਦਾ ਹੈ ਉਹਨੂੰ ਖਾਣ ਦਾ ਕੀ ਘਾਟਾ। ਬਾਕੀ ਬੇਬੇ ਨੂੰ ਮੈਂ ਵਾਇਦਾ ਕਰਕੇ ਨਿਕਲਿਆ ਸੀ ਕਿ ਆਪ ਰੋਟੀ ਮਗਰੋਂ ਖਾਵਾਂਗਾ ਪਹਿਲਾਂ ਬਾਬੇ ਨੂੰ ਖੁਆਂਵਾਂਗਾ। ਪਰ ਉਹ ਮਰਜੀ ਦਾ ਮਾਲਕ ਹੈ, ਜੀਅ ਆਏ ਤਾਂ ਕੁਝ ਖਾ ਲਏ ਨਹੀ ਤਾਂ 2-2, 3-3 ਦਿਨ ਤੱਕ ਉਨੂੰ ਭੁੱਖ ਹੀ ਨਹੀ ਲੱਗਦੀ। ਮਾਤਾ ਕਹਿੰਦੀ ਮਰਦਾਨਿਆ ਜਾ ਉਨੂੰ ਲੈ ਕੇ ਆ। ਪਿਤਾ ਕਾਲੂ ਨੇ ਕਿਹਾ ਹੌਸਲਾ ਰੱਖ ਅਜੇ ਮਰਦਾਨਾ ਆਇਆ ਹੈ ਇਨੂੰ ਕੁਝ ਖੁਆਓ ਪਿਆਓ।

ਅੰਮਾਂ ਨੇ ਰੋਟੀ ਪਾਣੀ ਤੋਂ ਬਾਦ ਮਰਦਾਨੇ ਨੂੰ ਮਠਿਆਈ ਦਾ ਥਾਲ ਤੇ ਨਾਲ ਰੇਜਾ ਦਿੱਤਾ। ਮਰਦਾਨਿਆ ਭਲਕੇ ਫਿਰ ਆਵੀ ਮੇਰੇ ਪੁੱਤ ਦੀਆਂ ਮੈਨੂੰ ਗੱਲਾਂ ਦੱਸੀ।

ਮਾਂ ਕੋਲੋ ਰਿਹਾ ਨਾਂ ਗਇਆ ਤੇ ਕਹਿਣ ਲੱਗੀ ਮੈਂ ਤਾਂ ਆਪੇ ਜਾਂਨੀ ਆਂ ਸੁਲਤਾਨਪੁਰ। ਸੋਚ ਵਿੱਚਾਰ ਕੇ ਕਾਲੂ ਵੀ ਤਿਆਰ ਹੋ ਗਿਆ, "ਚਲ ਮੈਂ ਨਾਲ ਜਾਨੈ। ਉਸ ਨਾਲਾਇਕ ਦਾ ਕੋਈ ਪਤਾ ਨਹੀ। ਕਿਤੇ ਫਿਰ ਨਾਂ ਨਿਕਲ ਜਾਏ।"

ਓਧਰ ਖਬਰ ਰਾਇ ਬੁਲਾਰ ਤੱਕ ਵੀ ਪਹੁੰਚ ਗਈ। ਬੁਲਾਰ ਨੇ ਮਰਦਾਨੇ ਨੂੰ ਸੁਨੇਹਾ ਭੇਜ ਆਪਣੇ ਕੋਲ ਬੁਲਾ ਲਿਆ। ਮਰਦਾਨੇ ਨੇ ਸਾਰੀਆਂ ਗੱਲਾਂ ਦੱਸੀਆਂ ਕਿ ਰਾਇ ਸਾਹਿਬ ਤੁਹਾਡੇ ਪਿੰਡ ਵਿੱਚ ਇਲਾਹੀ ਨੂਰ ਪੈਦਾ ਹੋਇਆ ਹੈ। ਉਹ ਸਾਰੀ ਦੁਨੀਆਂ ਨੂੰ ਰੁਸ਼ਨਾਅ ਦੇਵੇਗਾ। ਰਾਇ ਨੇ ਕਿਹਾ ਕਿ ਮਰਦਾਨਿਆ ਕਿਸੇ ਤਰਾਂ ਨਾਨਕ ਨੂੰ ਪਿੰਡ ਲੈ ਕੇ ਆ। ਮਰਦਾਨੇ ਨੇ ਦੱਸਿਆ ਕਿ "ਬਾਬੇ ਦੇ ਮਾਪੇ ਵੀ ਕਲ੍ਹ ਨੂੰ ਜਾ ਰਹੇ ਨੇ ਸੁਲਤਾਨ ਪੁਰ ਉਨੂੰ ਮਿਲਣ। ਪਰ ਜਜਮਾਨ! ਬਾਬੇ ਦਾ ਟੱਬਰ ਨਾਲ ਕੋਈ ਮੋਹ ਨਹੀ ਹੈ। ਉਹ ਤਾਂ ਪਿਆਰ ਸ਼ਰਧਾ ਕਰਕੇ ਜਦੋਂ ਕੋਈ ਯਾਦ ਕਰਦਾ ਹੈ ਤਾਂ ਪਹੁੰਚ ਜਾਂਦਾ ਹੈ।"

ਰਾਇ ਨੇ ਕਿਹਾ ਮਰਦਾਨਿਆ ਜਾ ਕਾਲੂ ਨੂੰ ਸੱਦ ਲਿਆ। ਕਾਲੂ ਆਇਆ ਤੇ ਉਨੂੰ ਰਾਇ ਨੇ ਕਿਹਾ ਕਿ ਕਾਲੂ ਜਾ ਨਾਨਕ ਕੋਲ ਤੇ ਮੇਰਾ ਸੁਨੇਹਾ ਦੇਈ ਕਿ ਰਾਇ ਤੈਨੂੰ ਮਿਲਣਾ ਚਾਹੁੰਦਾ ਹੈ। ਮੇਰੇ ਵਲੋ ਅਧੀਨਗੀ ਵਾਲੀ ਗੁਜਾਰਿਸ਼ ਕਰਨੀ, ਅਰਦਾਸ ਕਰਨੀ ਕਿ ਤੁਹਾਡਾ ਬਿਰਧ ਤੁਹਾਨੂੰ ਯਾਦ ਕਰਦਾ ਹੈ। ਮੈਂ ਬਿਰਧ ਹੋ ਚੁੱਕਾ ਹਾਂ ਸਰੀਰ ਦਾ ਕੋਈ ਪਤਾ ਨਹੀ।"

ਤੀਸਰੇ ਦਿਨ ਦੋਵੇ ਜੀ ਘੋੜੀ ਚੜ੍ਹ ਸਿੱਧਾ ਸੁਲਤਾਨਪੁਰ ਰਵਾਨਾ ਹੋ ਗਏ। 150 ਕਿਲੋ ਮੀਟਰ ਦਾ ਪੈਂਡਾ, ਦੋ ਦਰਿਆ ਪਾਰ ਕਰਕੇ, ਤਲਵੰਡੀ ਪਹੁੰਚੇ। ਪਤਾ ਲੱਗਾ ਨਾਨਕ ਤਾਂ ਵੇਈਂ ਕਿਨਾਰੇ ਆਪਣੇ ਪੁਰਾਣੇ ਬੇਲੀਆਂ ਨਾਲ ਬੈਠਾ ਹੋਵੇਗਾ। ਮਾਂ ਤ੍ਰਿਪਤਾ ਨੇ ਗਵਾਂਢ ਦੇ ਬੱਚਿਆ ਨੂੰ ਨਾਲ ਲਿਆ ਤੇ ਓਥੇ ਪਹੁੰਚ ਗਈ ਜਿੱਥੇ ਅਜ ਕਲ੍ਹ ਬੇਰ ਸਾਹਿਬ ਗੁਰਦੁਆਰਾ ਹੈ।

ਜਦੋਂ ਕਿਸੇ ਨੇ ਦੱਸਿਆ ਕਿ ਕੋਈ ਮਾਤਾ ਮੁੰਡਿਆਂ ਦੇ ਨਾਲ ਇਧਰ ਨੂੰ ਆ ਰਹੀ ਹੈ ਤਾਂ ਬਾਬਾ ਨਾਨਕ ਅਗਲਵਾਂਢੀ ਹੋ ਕੇ ਮਾਂ ਨੂੰ ਮਿਲੇ। ਮਾਂ ਨੇ ਮੱਥਾ ਚੁੰਮਿਆ। ਗਲ ਨਾਲ ਲਾਇਆ। ਉੱਚੀ ਉੱਚੀ ਰੋਈ। ਬਾਬੇ ਦੇ ਵੀ ਦੋ ਅਥਰੂ ਕਿਰੇ। "ਵੇ ਆ ਕੀ ਹਾਲ ਬਣਾ ਲਿਆ ਈ ਸਰੀਰ ਦਾ। ਮੈਂ ਮਲਾਈਆਂ ਮੱਖਣਾਂ ਨਾਲ ਪੁੱਤ

ਪੈਡ ਸਫ਼ਰ ◈ ਸਾਈਕਲ ਯਾਤਰੀ -213. ਜਿੱਥੇ ਗੁਰੂ ਸਾਹਿਬ ਨੇ ਆਰਾਮ ਕੀਤਾ ਸੀ ਉਹ ਚੁੱਬਾਰਾ ਸੰਨ 1931ਈ ਤੱਕ ਬਿਲਕੁਲ ਠੀਕ ਠਾਕ ਖੜਾ ਸੀ।

ਸੁਭਾਵਕ ਹੈ ਬਾਦ ਵਿੱਚ ਕਾਰ ਸੇਵਾ ਵਾਲੇ ਮੂਰਖਾਂ ਨੇ ਉਸ ਦੀ ਵੀ ਕਾਰ ਸੇਵਾ ਕਰ ਦਿੱਤੀ। ◘ ਸਾਈਕਲ ਯਾਤਰੀ -214.

ਪਾਲਿਆ ਸੀ।"

ਮਾਤਾ ਦੇ ਸਾਹਮਣੇ ਸਰੀਰੋਂ ਪਤਲਾ ਦੁਬਲਾ 43 ਸਾਲਾਂ ਦਾ ਇੱਕ ਜਵਾਨ, ਸਿਰ ਤੇ ਦੋ ਗਜ ਦਾ ਪਰਨਾ ਬੱਧਾ ਹੋਇਆ ਹੈ, ਇੱਕ ਚਾਦਰ ਤੇੜ ਬੱਧੀ ਹੋਈ ਹੈ ਤੇ ਇੱਕ ਖੱਦਰ ਦੀ ਚਾਦਰ ਪਿੰਡੇ ਦੁਆਲੇ ਹੈ।

ਸਾਰੀ ਢਾਣੀ ਜੈਰਾਮ ਦੇ ਘਰ ਵਲ ਹੋ ਤੁਰੀ।

ਘਰ ਪਹੁੰਚੇ। ਪਿਤਾ ਨੇ ਜੱਫੀ ਵਿੱਚ ਲਿਆ। ਕੁਝ ਵੀ ਬੋਲਣ ਦੀ ਹਾਲਤ ਵਿੱਚ ਨਹੀ ਸੀ। ਲੰਮਾਂ ਚਿਰ ਚੁੱਪ ਛਾਈ ਰਹੀ। ਅਖੀਰ ਬਾਬੇ ਨੇ ਪਿਤਾ ਨੂੰ ਕਿਹਾ ਕਿ ਸਰੀਰ ਦਾ ਕੀ ਹਾਲ ਚਾਲ ਹੈ? ਪਿਤਾ ਨੇ ਫਿਰ ਉਲਾਹਮਾ ਮਾਰ ਦਿੱਤਾ, "ਤੈਨੂੰ ਸਾਡੇ ਸਰੀਰ ਨਾਲ ਕੀ?" ਠੀਕ ਆ ਅਸੀ ਤੈਨੂੰ ਕਾਰੋਬਾਰ ਕਰਨ ਵਾਸਤੇ ਨਹੀ ਕਹਿੰਦੇ ਪਰ ਰਹੋ ਤਾਂ ਨੇੜੇ। 5 ਸਾਲ ਬਾਦ ਆਇਓ। ਤੈਨੂੰ ਕੀ ਕੋਈ ਮਰੇ ਕੋਈ ਜੀਵੇ।" ਗੁਰੂ ਸਾਹਿਬ ਚੁੱਪ ਰਹੇ।

ਪਿਤਾ ਨੇ ਪੁਛਿਆ, "ਅੰਵਾਂਣਿਆਂ ਨੂੰ ਮਿਲਿਓਂ?" ਗੁਰੂ ਸਾਹਿਬ ਨੇ ਕਿਹਾ ਕਿ ਬੇਬੇ ਜੀ ਨੇ ਪੱਖੋਕੇ ਸੁਨੇਹਾ ਭੇਜ ਦਿੱਤਾ ਕਿ ਆ ਕੇ ਮਿਲ ਲਓ। ਪਿਤਾ ਨੂੰ ਫਿਰ ਗੁੱਸਾ ਆ ਗਿਆ, "ਤੂੰ ਕੀ ਸਮਝਦੈ ਕਿ ਮੂਲਾ ਬੱਚਿਆਂ ਨੂੰ ਇਸ ਤਰਾਂ ਘੱਲ ਦੇਵੇਗਾ? ਜਾ ਕੇ ਆਪ ਲੈ ਕੇ ਆ ਆਪਣਾ ਟੱਬਰ।"

ਪਿਤਾ ਨੇ ਕਿਹਾ ਰਾਇ ਬੁਲਾਰ ਨੇ ਸੁਨੇਹਾ ਦਿੱਤਾ ਕਿ ਮੇਰਾ ਸਰੀਰ ਬਿਰਧ ਹੋ ਚੁੱਕੈ ਮੇਰੀ ਗੁਜਾਰਿਸ਼ ਹੈ ਮੈਨੂੰ ਇੱਕ ਵਾਰ ਆ ਕੇ ਮਿਲ ਜਾ।" ਬਾਬੇ ਨੇ ਪਿਤਾ ਨੂੰ ਕਿਹਾ ਕਿ "ਅਜੇ ਮੈਂ ਨਵਾਬ ਸਾਹਿਬ ਨੂੰ ਵੀ ਨਹੀ ਮਿਲਿਆ। ਰਾਇ ਸਾਹਿਬ ਨੂੰ ਕਹਿਣਾ ਮੈਂ ਆਉਨਾਂ ਕਿਸੇ ਦਿਨ।" ਇੱਕ ਦੋ ਦਿਨ ਬਾਦ ਮਾਤਾ ਪਿਤਾ ਪਰਤ ਆਏ।

ਬੇਬੇ ਜੀ ਦੇ ਭੇਜੇ ਸੁਨੇਹੇ ਦੇ ਬਾਵਜੂਦ ਮਾਤਾ ਸੁਲੱਖਣੀ ਤੇ ਸਹਿਬਜਾਦੇ ਗੁਰੂ ਸਾਹਿਬ ਨੂੰ ਸੁਲਤਾਨਪੁਰ ਮਿਲਣ ਨਾਂ ਆਏ। ਸਹੁਰੇ ਮੂਲੇ ਚੋਣੇ ਨੇ ਜਿੱਦ ਜਾਰੀ ਰੱਖੀ ਕਿ ਪ੍ਰਾਹੁਣਾ ਆਪ ਆ ਕੇ ਬੱਚਿਆ ਨੂੰ ਲੈ ਕੇ ਜਾਏ। ਚੋਣਿਆ ਦਾ ਤਲਵੰਡੀ ਵਾਲਿਆਂ ਤੇ ਗਿੱਲਾ ਸੀ ਕਿ ਓਨਾਂ ਨੂੰ ਪਤਾ ਸੀ ਕਿ "ਨਾਨਕ ਸਾਧੂ ਸੁਭਾਅ ਦਾ ਹੈ ਓਨਾਂ ਨੇ ਸਾਡੀ ਧੀ ਕਿਓ ਰੋੜੀ। ਓਨਾਂ ਸਾਡੇ ਨਾਲ ਧੋਖਾ ਕੀਤਾ ਹੈ।" ਨਾਲੇ ਛੋਟੇ ਸਹਿਬਜਾਦੇ ਲਖਮੀ ਚੰਦ ਦਾ ਵਿਆਹ ਚੋਣਿਆਂ ਨੇ ਆਪ ਰੱਖਿਆ ਸੀ। ਧਿਆਨ ਰਹੇ ਪਹਿਲਾਂ ਲਖਮੀ ਚੰਦ ਦਾ ਵਿਆਹ (1503 ਈ.) ਸਿਆਲ ਕੁੜਮਾਂ ਦੇ ਘਰ ਗੁਰੂ ਸਾਹਿਬ ਹੱਥੀਂ ਕਰ ਗਏ ਸਨ। ਬਦਕਿਸਮਤੀ ਨਾਲ ਉਹ ਸਿਆਲੀ ਨੂੰਹ ਸੂਤਕ ਵਿਚ ਹੀ ਗੁਜਰ ਗਈ ਸੀ। ਐਤਕਾਂ ਲਖਮੀ ਚੰਦ ਦਾ ਵਿਆਹ ਬਟਾਲੇ ਦੇ ਭੰਡਾਰੀ ਪ੍ਰਵਾਰ 'ਚ ਰੱਖਿਆ ਸੀ।

ਓਧਰ ਗੁਰੂ ਸਾਹਿਬ ਨੇ ਸੁਨੇਹਾ ਭੇਜ ਕੇ ਭਾਈ ਸਨਮੁਖ ਨੂੰ ਵੀ ਲਹੌਰੋਂ ਸੱਦਿਆ। ਸਨਮੁੱਖ ਕੋਲੋ ਪੁੱਛਿਆ ਕਿ ਕੀ ਉਹ ਸ੍ਰੀ ਲੰਕਾ ਜਾਣ ਲਈ ਬਾਬੇ ਦਾ ਸਾਥ ਦੇਵੇਗਾ? ਸਨਮੁੱਖ ਅਗਰਵਾਲ ਨੇ ਆਪਣੀਆਂ ਕਾਰੋਬਾਰੀ ਮਜਬੂਰੀਆਂ ਦਸੀਆਂ। ਸਨਮੁੱਖ ਨੇ ਗੁਰੂ ਸਾਹਿਬ ਨੂੰ ਰਸਤੇ ਬਾਰੇ ਸਾਰਾ ਵਿਸਥਾਰ ਦੱਸਿਆ ਕਿ ਬੇਸ਼ੱਕ ਤੁਸੀ ਇਥੋਂ ਹੀ ਬੇੜੀ ਲੈ ਲਓ ਜਾਂ ਲਖਪਤ ਬੰਦਰ ਤੋਂ ਲਓ। ਪੰਜਾਬ ਦੇ ਦਰਿਆਵਾਂ ਤੇ ਓਨੀ ਦਿਨੀ ਬੇੜੀ ਪੈਂਦੀ ਸੀ ਭਾਵ ਜਹਾਜਰਾਨੀ ਪ੍ਰਚਲਤ ਸੀ।

ਬਖਸ਼ਿਆ ਗਇਆ ਰਾਏ ਬੁਲਾਰ

ਕੁਝ ਦਿਨ ਪੱਖੋਕੇ ਇਲਾਕੇ ਵਿੱਚ ਪ੍ਰਚਾਰ ਕਰਕੇ ਗੁਰੂ ਸਾਹਿਬ ਲਹੌਰ ਰਸਤੇ ਤਲਵੰਡੀ ਪਹੁੰਚੇ। ਲੱਗਦੈ ਲਹੌਰ ਨਵਾਬ ਨਾਲ ਵੀ ਮੇਲ ਹੋਇਆ ਹੋਵੇਗਾ। ਤਲਵੰਡੀ ਆਪਣੇ ਘਰ ਜਾਣ ਦੇ ਬਿਜਾਏ ਬਾਲੇ ਦੇ ਖੂਹ ਤੇ ਪਹਿਲਾਂ ਪਹੁੰਚੇ। ਫਿਰ ਓਥੋਂ ਸਿੱਧੇ ਰਾਇ ਬੁਲਾਰ ਦੇ ਘਰ ਉਨੂੰ ਜਾ ਮਿਲੇ। ਸਲਾਮ ਕੀਤਾ। ਰਾਇ ਮੰਜੇ ਤੋਂ ਉਠਣ ਲੱਗਾ ਸੀ ਕਿ ਬਾਬੇ ਨੇ ਰਾਇ ਦੇ ਪੈਰ ਫੜ ਕੇ ਕਿਹਾ 'ਨਹੀ ਰਾਇ ਸਾਹਿਬ ਤੁਸੀ ਬੈਠੋ।' ਬਾਬੇ ਨੂੰ ਰਾਇ ਨੇ ਮੰਜੇ ਤੇ ਬੈਠਾ ਲਿਆ। ਰਾਇ ਬੇਚੈਨ ਹੋ ਗਿਆ। ਕਹਿਣ ਲੱਗਾ "ਨਾਨਕ ਤੇਰੇ ਪੈਰਾਂ ਤੇ ਸਿਰ ਰੱਖਣ ਵਾਸਤੇ ਤਾਂ ਤੈਨੂੰ ਸੱਦਿਆਂ ਹੈ। ਤੂੰ ਮੇਰੇ ਪੈਰੀ ਹੱਥ ਲਾ ਕੇ ਮੇਰੇ ਤੇ ਜੁਲਮ ਕੀਤਾ ਈ। ਮੈਨੂੰ ਤੇਰੇ ਅਸ਼ੀਰਵਾਦ, ਤੇਰੀ ਰਹਿਮਤ ਦੀ ਭੁੱਖ ਹੈ। ਮੇਰਾ ਦਿਲ ਤਾਂ ਚਾਹੁੰਦਾ ਸੀ ਤੈਨੂੰ ਆਪ ਜਾ ਸੁਲਤਾਨਪੁਰ ਮਿਲਦਾ ਪਰ ਇਹ ਉਮਰ ਦਾ ਤਕਾਜ਼ਾ ਇਜਾਜਤ ਨਹੀ ਦਿੰਦਾ। ਨਾਨਕ ਮੇਰੇ ਤੇ ਮਿਹਰ ਕਰ। ਮੈਨੂੰ ਬਖਸ਼ ਲਓ। ਮੇਰੇ ਨਾਲ ਧੋਖਾ ਨਾਂ ਕਰ। ਮੈਂ ਤੈਨੂੰ ਪਛਾਣਦਾ ਵਾਂ। ਮੇਰੇ ਤੇ ਤਰਸ ਕਰ।"

ਗੁਰੂ ਸਾਹਿਬ ਨੇ ਕਿਹਾ ਰਾਇ ਸਾਹਿਬ ਤੁਸੀ ਧੁਰ ਦਰਗਾਹੋਂ ਬਖਸ਼ੇ ਹੋਏ ਹੋ।

ਰਾਇ ਕਿਹਾ ਮੈਨੂੰ ਉਸ ਦਾ ਪਤਾ ਨਹੀ ਮੈਨੂੰ ਤੇਰੀ ਬਖਸ਼ਸ਼ ਚਾਹੀਦੀ ਹੈ। ਬਾਬੇ ਨੇ ਕਿਹਾ ਖੁੱਦਾ ਤੁਹਾਡੇ ਨਾਲ ਹੈ।

ਰਾਇ ਕਹਿਣ ਲੱਗਾ ਨਾਨਕ ਨਾਂਹ ਨਾਂ ਕਰੀ ਮੈਨੂੰ ਇੱਕ ਵਾਰ ਤੇਰੇ ਪੈਰਾਂ ਤੇ ਸਿਰ ਰੱਖ ਲੈਣਦੇ। ਜਨਮ ਸਾਖੀ ਵਿੱਚ ਆਉਦਾ ਹੈ ਕਿ ਬਾਬੇ ਨੇ ਫਿਰ ਬਖਸ਼ ਦਰ ਰਾਇ ਬੁਲਾਰ ਲਈ ਖੋਲ ਦਿੱਤਾ।

ਏਨੇ ਨੂੰ ਮਾਤਾ ਤ੍ਰਿਪਤਾ ਆ ਗਈ। ਬਾਬੇ ਨੂੰ ਗਲਵਕੜੀ ਵਿੱਚ ਲੈ ਲਿਆ। ਫਿਰ ਉਚੀ ਉਚੀ ਰੋਣਾ ਸ਼ੁਰੂ ਹੋ ਗਿਆ।

ਰਾਇ ਬੁਲਾਰ ਨੇ ਹੁਕਮ ਦੇ ਦਿੱਤਾ ਕਿ ਅੱਜ ਨਾਨਕ ਖਾਣਾ ਸਾਡੇ ਨਾਲ ਖਾਏਗਾ। ਮੁਸਲਮਾਨਾਂ ਤੇ ਹਿੰਦੂਆਂ ਦਾ ਖਾਣਾ ਉਦੋਂ ਵੀ ਸਾਂਝਾ ਨਹੀ ਸੀ ਹੁੰਦਾ। ਸੋ ਰਾਇ ਬੁਲਾਰ ਨੇ ਹੁਕਮ ਦਿੱਤਾ ਕਿ ਬਾਬੇ ਨਾਨਕ ਲਈ ਅੱਜ ਬੱਕਰਾ ਵੱਢਿਆ ਜਾਵੇ। ਮਠਿਆਈਆਂ ਲਿਆਂਦੀਆਂ ਜਾਣ। ਨਿਧੇ ਬ੍ਰਾਹਮਣ ਨੂੰ ਹੁਕਮ ਕਰਕੇ ਸੱਦਿਆ ਗਇਆ ਕਿ ਉਹ ਗੁਰੂ ਸਾਹਿਬ ਲਈ ਰਸੋਈ ਤਿਆਰ ਕਰੇ।

ਪੈੜ ਸਫਾ

● ਬਾਕੀ ਲਿਖਾਰੀਆਂ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਪੂਰੇ ਭਾਰਤ ਤੇ ਲੰਕਾ ਦਾ ਭਰਮਣ ਕਰਕੇ ਪਰਤਣਾ ਕੀਤਾ। ਪਰ ਰਵਾਇਤ ਇਹ ਦਸਦੀ ਹੈ ਕਿ ਗੁਰੂ ਸਾਹਿਬ ਭੈਣ ਨੂੰ ਮਿਲਣ ਨੂੰ ਸਫਰ ਵਿੱਚੇ ਛੱਡ ਆ ਜਾਂਦੇ ਸਨ। ਦੂਸਰੇ ਪਾਸੇ ਜਗਨ ਨਾਥ ਪੁਰੀ ਤੋਂ ਇਸ ਪਾਸੇ ਦਾ ਰੂਟ ਗਹੁ ਨਾਲ ਵਾਚੀਏ ਤਾਂ ਇਹੋ ਸਮਝ ਪੈਂਦੀ ਹੈ ਕਿ ਗੁਰੂ ਸਾਹਿਬ ਵਾਪਸੀ ਤੇ ਸੇਧ ਵਿੱਚ ਚਲ ਰਹੇ ਸਨ। ਇਸ ਪ੍ਰਕਾਰ ਸਾਨੂੰ ਗਿਆਨੀ ਜੀ ਦੀ ਖੋਜ ਜਿਆਦਾ ਜਚੀ ਹੈ। ਬਹੁਤੀ ਥਾਂਈ ਤਾਂ ਗਿਆਨੀ ਜੀ ਆਪ ਵੀ ਪਹੁੰਚੇ ਤੇ ਸਥਾਨਕ ਰਵਾਇਤ ਦੀ ਖੋਜ ਕੀਤੀ। ਪ੍ਰਸਿਧ ਇਤਹਾਸਕਾਰ ਸੁਰਿੰਦਰ ਸਿੰਘ ਕੋਹਲੀ ਨੇ ਤਾਂ ਕਈ ਥਾਂਈ ਅੱਖਾਂ ਬੰਦ ਕਰਕੇ ਗਿਆਨੀ ਨੂੰ ਅਪਣਾਇਆ ਹੈ।

ਗਿਆਨੀ ਨੇ ਪਰਤਣ ਦਾ ਪੋਹ 1566 ਬਿਕ੍ਰਮੀ ਮੁਤਾਬਿਕ ਦਸੰਬਰ 1509 ਈ. ਕੱਢਿਆ ਹੈ। ਜਿਸ ਦਾ ਮਤਲਬ ਹੈ ਰਵਾਨਾ 1561ਬਿ. ਮੁਤਾਬਿਕ 1504 ਨੂੰ ਹੋਏ ਸਨ। ਦੂਸਰੇ ਪਾਸੇ ਜੋ ਪੱਕੇ ਇਤਹਾਸ ਸਬੂਤ ਹਨ ਉਹਨਾਂ ਮੁਤਾਬਿਕ ਗੁਰੂ ਸਾਹਿਬ ਦਾ ਪਰਤਣਾ 1512 ਈ. ਵਿਚ ਬਣਦਾ ਹੈ। ਕਿਉਕਿ ਪੁਰੀ ਵਿਚ ਚੈਤੰਨਿੱਆ ਮਹਾਂਪ੍ਰਭੂ ਨਾਲ ਮੇਲ 1511 ਈ ਤੋਂ ਪਹਿਲਾਂ ਸੰਭਵ ਨਹੀ। ਦੂਸਰਾ ਬ੍ਰਹਮਾ ਵਿਚ ਆਵਾ ਦੇ ਸੁਨਿਹਰੀ ਮਹਿਲ ਦਾ ਉਦਘਾਟਨ ਛਨਿਛਰਵਾਰ 22 ਫਰਵਰੀ 1511ਈ. ਨੂੰ ਹੁੰਦਾ ਹੈ। ਇਹੋ ਤਰੀਖਾਂ ਹੀ ਫਿਰ ਆਉਣ ਵਾਲੀਆਂ ਘਟਨਾਵਾਂ ਨਾਲ ਵੀ ਮੇਲ ਖਾਂਦੀਆਂ ਹਨ। ਪੱਖੋਕੇ ਗੁਰੂ ਸਾਹਿਬ ਅਖੀਰ1512 ਈ. ਵਿਚ ਪਹੁੰਚਦੇ ਹਨ।



ਘੋੜੇ ਤੇ ਸਵਾਰ ਹੋ ਮਾਤਾ ਪਿਤਾ ਗੁਰੂ ਸਾਹਿਬ ਨੂੰ ਮਿਲਣ ਆਏ। ਬੀ:40 ਨੇ ਨਾਲ ਮਰਦਾਨਾ ਵੀ ਦਿਖਾ ਦਿੱਤਾ ਹੈ ਜੋ ਗਲਤ ਹੈ।

ਇਸ ਮੌਕੇ ਤੇ ਫਿਰ ਗੁਰੂ ਸਾਹਿਬ ਨੇ ਸਵਾਦੂ ਭੋਜਨ ਬਾਬਤ ਸ਼ਬਦ ਉਚਾਰਿਆ।

ਨਗਰੀ ਨਾਇਕੁ ਨਵਤਨੋ ਬਾਲਕੁ ਲੀਲ ਅਨੂਪੁ ॥ ਨਾਰਿ ਨ ਪੁਰਖੁ ਨ ਪੰਖਣੂ ਸਾਚਉ ਚਤੁਰੁ ਸਰੂਪੁ ॥ ਜੋ ਤਿਸੁ ਭਾਵੈ ਸੋ ਥੀਐ ਤੂ ਦੀਪਕੁ ਤੂ ਧੂਪੁ ॥੭॥ ਗੀਤ ਸਾਦ ਚਾਖੇ ਸੁਣੇ ਬਾਦ ਸਾਦ ਤਨਿ ਰੋਗੁ ॥ ਸਚੁ ਭਾਵੈ ਸਾਚਉ ਚਵੈ ਛੂਟੈ ਸੋਗ ਵਿਜੋਗੁ ॥ ਨਾਨਕ ਨਾਮੁ ਨ ਵੀਸਰੈ ਜੋ ਤਿਸੁ ਭਾਵੈ ਸੁ ਹੋਗੁ ॥

ਗੁਰੂ ਸਾਹਿਬ ਕੁਲ ਮਿਲਾਕੇ ਕੋਈ ਤਿੰਨ ਮਹੀਨੇ ਪੰਜਾਬ (ਤਲਵੰਡੀ ਜਾਂ ਪੱਖੋਕੇ) ਰਹੇ। ਪਿੰਡ ਵਿੱਚ ਤਾਂ ਮੇਲਾ ਹੀ ਲੱਗਾ ਰਹਿੰਦਾ। ਸਾਧੂ ਸੰਤ, ਰੋਗੀ, ਦੁੱਖੀ ਬੇਚੈਨ ਲੋਕ ਦੂਰੋਂ ਢੁੱਕ ਰਹੇ ਸਨ। ਹੁਣ ਮਹਿਤਾ ਕਾਲੂ ਨੂੰ ਵੀ ਕੁਝ ਅਹਿਸਾਸ ਹੋ ਰਿਹਾ ਸੀ ਕਿ ਸਾਰੀ ਦੁਨੀਆ ਗਲਤ ਨਹੀ ਹੋ ਸਕਦੀ। ਮਾਤਾ ਤ੍ਰਿਪਤਾ ਰੋਜ ਲੰਗਰ ਵਿੱਚ ਰੁਝੀ ਰਹਿੰਦੀ ਸੀ। ਕਦੀ ਮਹਿਤਾ ਜੀ ਨੂੰ ਖਿੱਝ ਵੀ ਆ ਜਾਂਦੀ ਸੀ।

ਰਾਇ ਬੁਲਾਰ ਨੇ ਫਿਰ ਬੜੀ ਅਧੀਨਗੀ ਸਾਹਿਤ ਅਰਜ ਕੀਤੀ ਕਿ ਮੈਨੂੰ ਕੋਈ ਸੇਵਾ ਬਖਸ਼ੋ। ਗੁਰੂ ਸਾਹਿਬ ਨੇ ਕਿਹਾ ਕਿ ਨਿਰੰਕਾਰ ਹਰ ਜੀਅ ਦੀ ਸੇਵਾ ਧੁਰੋ ਲਾ ਕੇ ਭੇਜਦਾ ਹੈ। ਰਾਇ ਦੇ ਬਾਰ ਬਾਰ ਅਰਜ ਕਰਨ ਤੇ ਗੁਰੂ ਸਾਹਿਬ ਨੇ ਕਿਹਾ ਕਿ ਮੈਨੂੰ ਅੰਮ੍ਰਿਤ ਵੇਲੇ ਇਸ਼ਨਾਨ ਕਰਨ ਦੀ ਲੋੜ ਹੁੰਦੀ ਹੈ ਪਰ ਮੈਂ ਅਕਸਰ ਵੇਖਦਾ ਹਾਂ ਮਨੇਰੇ ਕੋਈ ਟੋਬਾ ਖੂਹ ਨਹੀ ਚਲ ਰਿਹਾ ਹੁੰਦਾ।

ਰਾਇ ਤੁਰੰਤ ਤਾੜ ਗਇਆ ਤੇ ਅਰਜ ਕੀਤੀ ਕਿ ਤਲਵੰਡੀ ਵਿੱਚ ਤੁਹਾਡੇ ਨਾਂ ਦਾ ਟੋਭਾ (ਤਲਾਬ) ਹੋਵੇਗਾ। (ਗੁਰਦੁਆਰਾ ਬਾਲ ਲੀਲਾ ਨਾਲ ਜੋ ਤਲਾਬ ਹੈ ਇਹ ਓਹੋ ਟੋਭਾ ਹੀ ਹੈ ਜੋ ਰਾਇ ਬੁਲਾਰ ਨੇ ਪੁਟਵਾਇਆ ਸੀ।)

ਗੁਰੂ ਸਾਹਿਬ ਤਲਵੰਡੀ ਤੋਂ ਘੁੰਮਦੇ ਘੁੰਮਾਦੇ ਪੱਖੋਕੇ ਅਜਿੱਤੇ ਦੇ ਖੂਹ ਤੇ ਪਰਤ ਆਏ।

ਮਰਦਾਨਾ ਪਹਿਲਾਂ ਤਾਂ ਸੋਚ ਕੇ ਪਰਤਿਆ ਸੀ ਕਿ ਅੱਗੇ ਤੋਂ ਬਾਬੇ ਨਾਲ ਨਹੀ ਜਾਣਾ। ਤਿੰਨ ਮਹੀਨੇ ਘਰ ਰਹਿ ਕੇ ਤੇ ਜੋ ਸਤਿਕਾਰ ਲੋਕਾਂ ਤੋਂ ਉਸਨੂੰ ਮਿਲਿਆ ਸੀ ਉਹਦਾ ਮੰਨ ਫਿਰ ਸੈਲ ਕਰਨ ਲਈ ਤਿਆਰ ਹੋ ਗਿਆ। ਇਕੱਠੇ ਹੋਏ ਲੋਕਾਂ ਨੂੰ ਉਹ ਦੂਰ ਦੇਸ਼ਾਂ ਵਿੱਚ ਕੀਤੀ ਸੈਰ ਬਾਰੇ ਦਸਦਾ ਸੀ। ਲੋਕ ਸੁਣ ਸੁਣ ਹੈਰਾਨ ਸਨ ਕਿ ਬਾਬਾ ਕਦੀ ਬਾਦਸ਼ਾਹਾਂ ਦਾ ਪ੍ਰਾਹੁਣਾ ਹੁੰਦਾ ਕਦੀ ਫਕੀਰਾਂ ਦਾ ਤੇ ਕਦੀ ਨੰਗੇ ਆਸਮਾਨ ਥੱਲੇ ਫੋਕੇ ਹੀ ਕੱਟਦਾ ਹੈ। ਮਰਦਾਨੇ ਦੀਆਂ ਗੱਲਾ ਸੁਣ ਹੋਰ ਵੀ ਕਈ ਜਵਾਨ ਬਾਬੇ ਨਾਲ ਸੈਲ ਤੇ ਜਾਣ ਲਈ ਤਿਆਰ ਸਨ। ਪਰ ਲੰਕਾ ਦੀ ਉਦਾਸੀ ਮੌਕੇ ਨਾਲ ਜਾਣ ਲਈ ਬਾਬੇ ਨੇ ਬਾਕੀ ਜਵਾਨਾਂ ਨੂੰ ਮਨਾ ਕਰ ਦਿੱਤਾ।

1512– ਪੱਖੋਕੇ ਪਹੁੰਚ ਗਿਆ ਬਾਬਾ ਸਹੁਰਾ ਜਵਾਈ ਨੂੰ ਘਰ ਲਿਆਉਣ ਗਿਆ

ਗੁਰੂ ਸਾਹਿਬ ਸੁਲਤਾਨਪੁਰ ਤੋਂ ਚਲਕੇ ਵੱਖ ਵੱਖ ਥਾਂਈ ਗੁਰਮਤ ਦਾ ਪ੍ਰਚਾਰ ਕਰਦੇ ਹੋਏ ਪੱਖੋਕੇ ਤੋਂ 4 ਕਿ.ਮੀ ਉਰਾਂ ਅਜਿੱਤੇ ਰੰਧਾਵੇ ਦੇ ਖੂਹ ਤੇ ਆ ਬਿਰਾਜੇ। ਓਦੋਂ ਅਜੇ ਦਰਿਆ ਰਾਵੀ ਪਿੰਡ ਦੋਦੇ ਦੇ ਪਰਲੇ ਪਾਸੇ ਭਾਵ ਪਹਾੜ 'ਚ ਵਹਿੰਦਾ ਸੀ। ਲਗਦਾ ਹੈ ਕਿ ਜਿਸ ਵੇਲੇ ਗੁਰੂ ਸਾਹਿਬ ਅਜਿੱਤੇ ਦੇ ਖੂਹ ਤੇ ਪਹੁੰਚੇ ਅਜਿੱਤਾ ਓਥੇ ਹਾਜਰ ਸੀ। ਅਜਿਤੇ ਨੇ ਛੇਤੀ ਹੀ ਪਿੰਡ ਵੀ ਖਬਰ ਪਹੁੰਚਾ ਦਿਤੀ ਕਿ ਗੁਰੂ ਸਾਹਿਬ ਆਏ ਨੇ।

ਪਹਿਲਾਂ ਤਾਂ ਗੁਰੂ ਸਾਹਿਬ ਦੇ ਸਹੁਰਿਆਂ ਉਡੀਕਿਆ ਕਿ ਸ਼ਾਇਦ ਪ੍ਰਵਾਰ ਨੂੰ ਮਿਲਣ ਪੱਖੋਕੇ ਆਵੇਗਾ। ਜਦੋਂ ਰਾਤੀ ਵੀ ਗੁਰੂ ਸਾਹਿਬ ਪਿੰਡ ਨਾਂ ਗਏ ਤਾਂ ਅਗਲੇ ਸਵੇਰੇ ਸਹੁਰਾ ਮੂਲ ਚੰਦ ਚੋਣਾ ਅਜਿਤੇ ਰੰਧਾਵੇ ਜੋ ਇਲਾਕੇ ਦਾ ਮੁਹਤਬਰ ਬੰਦਾ, ਨੂੰ ਨਾਲ ਲਿਆ ਤੇ ਅਜਿਤੇ ਦੇ ਖੂਹ ਤੇ ਪਹੁੰਚ ਗਏ। ਗੁਰੂ ਸਾਹਿਬ ਨੇ ਬਹੁਤ ਹੀ ਸਾਦ ਮੁਰਾਦੇ ਕਪੜੇ ਪਹਿਨੇ ਹੋਏ ਸਨ। ਸਾਹਿਬ ਨੇ ਆਪਣੇ ਸਹੁਰਾ ਦੇ ਪੈਰੀ ਹੱਥ ਲਾਇਆ ਤੇ ਸਤਿ ਕਰਤਾਰ ਕਿਹਾ। ਸਹੁਰਾ ਸਾਹਿਬ ਅੱਗੋ ਅਸੀਸ ਦੇਣ ਦੀ ਬਿਜਾਏ ਚੁੱਪ ਰਹੇ।

ਅਜਿਤੇ ਨੇ ਫਿਰ ਗੁਰੂ ਸਾਹਿਬ ਤੇ ਸਵਾਲਾਂ ਦੀ ਝੜੀ ਲਾ ਦਿੱਤੀ। ਕਿ ਬੰਗਾਲ ਸੁਣਿਐ ਅਜੇ ਵੀ ਕਾਲ ਪਿਆ ਹੋਇਆ ਆ। ਮਥੁਰਾ ਵਾਲਾ ਮੰਦਰ ਭਲਾ ਢਾਹ ਦਿਤਾ ਵਾ? ਅਤੇ ਹੋਰ ਅਨੇਕਾਂ ਸਵਾਲ ਕਿ ਸੁਲਤਾਨਪੁਰ ਛੱਡਣ ਉਪਰੰਤ ਕਿਹੜੇ ਕਿਹੜੇ ਇਲਾਕੇ ਵੇਖੇ ਹਨ, ਆਦਿ, ਆਦਿ? ਗੁਰੂ ਸਾਹਿਬ ਬੜੀ ਹਲੀਮੀ ਤੇ ਠਰੱਮੇ ਨਾਲ ਅਜਿਤੇ ਦੇ ਸਵਾਲਾਂ ਦੇ ਜਵਾਬ ਦਿੰਦੇ ਰਹੇ। ਮੂਲ ਚੰਦ ਭਰਿਆ ਪੀਤਾ ਸਭ ਸੁਣਦਾ ਰਿਹਾ।

ਅਖੀਰ ਮੂਲਾ ਬੋਲ ਉਠਿਆ, "ਉਠ, ਚਲ ਹੁਣ ਘਰ, ਕਿ ਇਹ ਕਥਾ ਕਹਾਣੀਆਂ ਹੀ ਕਹੀ ਜਾਏਗਾ?"

ਗੁਰੂ ਸਾਹਿਬ ਨੇ ਕਿਹਾ ਕਿ ਮੈਂ ਇਥੇ ਹੀ ਠੀਕ ਹਾਂ।

ਮੂਲਾ ਕੜ੍ਹਕ ਕੇ ਬੋਲ ਉਠਿਆਂ, "ਜਿਤਿਆ ਵੇਖ ਇਹ ਛੇਈਂ ਸਾਲੀ ਆਇਆ, ਤੇ ਹੈ ਸੂ ਪੁੱਛਿਆ ਪ੍ਰਵਾਰ ਦੀ ਸੁੱਖ ਸਾਂਦ।"

ਸ਼ਾਂਤੀ, ਸਬਰ ਸੰਤੋਖ ਦੇ ਸਮੁੰਦਰ ਗੁਰੂ ਸਾਹਿਬ ਚੁੱਪ ਰਹੇ।

ਅਜਿਤਾ ਵੀ ਬੋਲ ਉਠਿਆ ਕਿ ਬਾਬਾ ਜੀ ਪ੍ਰਵਾਰ ਦੀ ਖਬਰ ਤੁਹਾਨੂੰ ਲੈਣੀ ਚਾਹੀਦੀ ਹੈ।

ਗੁਰੂ ਸਾਹਿਬ ਨੇ ਕਿਹਾ, "ਜਿਤਿਆ ਜਿਸ ਕਰਤਾਰ ਨੇ ਪੈਦਾ ਕੀਤੇ ਹਨ, ਪ੍ਰਿਤਪਾਲਣਾ ਵੀ ਉਹ ਕਰ ਰਿਹਾ ਹੈ। ਕਲ੍ਹ ਆਉਦਿਆਂ ਹੀ ਮੈਂ ਸਭ ਖਬਰ ਸੁਰਤ ਲੈ ਲਈ ਸੀ। "

ਮੂਲੇ ਨੇ ਫਿਰ ਗੁੱਸੇ ਵਿੱਚ ਆ ਓਹੀ ਪੁਰਾਣਾ ਸਵਾਲ ਕਰ ਦੁਹਰਾਅ ਦਿੱਤਾ, "ਵਿਆਹ ਕਾਹਨੂੰ ਕਰਵਾਇਆ ਤੂੰ? ਮੇਰੀ ਧੀ ਦੀ ਜਿੰਦਗੀ ਕਿਓ ਖਰਾਬ ਕੀਤੀ?"

ਗੁਰੂ ਸਾਹਿਬ ਨੇ ਸਵਾਲ ਦਾ ਕੋਈ ਜਵਾਬ ਨਾਂ ਦਿੱਤਾ।

ਅਖੀਰ ਅਜਿਤੇ ਰੰਧਾਵੇ ਨੇ ਬੜੀ ਅਧੀਨਗੀ ਸਹਿਤ ਬੇਨਤੀ ਕੀਤੀ ਕਿ ਬਾਬਾ ਜੀ ਜੇ ਤੁਸੀ ਪੱਖੋਕੇ ਨਹੀ ਜਾਣਾ ਤਾਂ ਕਿਰਪਾ ਕਰੋ ਮੇਰੇ ਖੂਹ ਨੂੰ ਹੀ ਭਾਗ ਲਾਈ ਰੱਖੋ।

ਮੂਲਾ ਇੱਕ ਦਿਨ ਗੁਰੂ ਸਾਹਿਬ ਲਈ ਰੋਟੀ ਲੈ ਕੇ ਖੂਹ ਤੇ ਆਇਆ ਪਰ ਗੁਰੂ ਸਾਹਿਬ ਨੇ ਰੋਟੀ ਨਾਂ ਖਾਧੀ। ਪਰ ਅਜਿਤੇ ਦੇ ਘਰੋ ਜੋ ਆਉਦਾ ਸੀ ਉਹਦਾ ਸੇਵਨ ਕਰ ਲੈਂਦੇ ਸਨ।

ਇਥੇ ਹੀ ਫਿਰ ਮਾਤਾ ਸੁਲੱਖਣੀ (ਪੇਕਾ ਨਾਂ ਘੁੰਮੀ) ਆਪਣੀ ਮਾਤਾ ਭਾਵ ਚੰਦੋ ਰਾਣੀ ਨਾਲ ਗੁਰੂ ਸਾਹਿਬ ਨੂੰ ਮੱਥਾ ਟੇਕਣ ਆਈ। ਚੰਦੋ ਰਾਣੀ ਨੇ ਕੇ ਬਥੇਰੀਆਂ ਸਿਰ ਦੀਆਂ ਠੀਕਰੀਆਂ ਭੰਨੀਆਂ ਕਿ "ਪਰਾਹੁਣਿਆ ਘਰ ਚਲ।" ਪਰ ਗੁਰੂ ਸਾਹਿਬ ਸ਼ਾਂਤ ਰਹੇ ਤੇ ਉਹਦੇ ਗੁੱਸੇ ਭਰੀਆਂ ਗੱਲਾਂ ਦਾ ਕੋਈ ਜਵਾਬ ਨਾਂ ਦਿੱਤਾ।

ਕਿਉਕਿ ਗੁਰੂ ਸਾਹਿਬ ਦੀ ਆਮਦ ਦੀ ਖਬਰ ਇਲਾਕੇ ਨੂੰ ਲਗ ਚੁੱਕੀ ਸੀ ਇਸ ਕਰਕੇ ਹੁੰਮ ਹੁੰਮਾ ਕੇ ਲੋਕਾਈ ਅਜਿੱਤੇ ਦੇ ਖੂਹ ਤੇ ਪਹੁੰਚ ਰਹੀ ਸੀ। ਸੰਗਤਾਂ ਦੀ ਭੀੜ ਕਰਕੇ ਪ੍ਰਵਾਰਕ ਮਿਲਣੀ ਜਿਆਦਾ ਲੰਮੀ ਨਹੀ ਸੀ ਚਲੀ। ਛੇਤੀ ਹੀ ਮਾਤਾ ਸੁਲੱਖਣੀ ਸੰਗਤ ਦੀ ਸੇਵਾ ਵਿਚ ਪਾਣੀ ਧਾਣੀ ਪੁੱਛਣ ਵਿਚ ਰੁੱਝ ਗਈ।

ਪੁੱਤਰ ਲਖਮੀ ਚੰਦ ਪਿਤਾ ਨੂੰ ਮਿਲਣ ਨਹੀ ਆਇਆ। ਸ੍ਰੀ ਚੰਦ ਪਹਿਲਾਂ ਹੀ ਸਨਿਆਸ ਲੈ ਚੁੱਕਾ ਸੀ ਤੇ ਕਿਤੇ ਦੂਰ ਦੁਰਾਡੇ ਗਇਆ ਹੋਇਆ ਸੀ।

ਅਜਿਤੇ ਦਾ ਖੂਹ ਮੁਕੱਦਸ ਅਸਥਾਨ ਬਣ ਚੁੱਕਾ ਸੀ। ਸਾਰਾ ਦਿਨ ਸੰਗਤਾਂ ਦੀ ਰੌਣਕ ਲੱਗੀ ਰਹਿੰਦੀ ਸੀ। ਹੌਲੀ ਹੌਲੀ ਫਿਰ ਸਹੁਰਿਆਂ ਦੇ ਸਾਰੇ ਪ੍ਰਵਾਰ ਨੇ ਮਿਲਣਾ ਸ਼ੁਰੂ ਕਰ ਦਿਤਾ। ਲਖਮੀ ਦਾਸ ਵੀ ਇਕ ਦਿਨ ਆ ਮਿਲਿਆ। ਕਈ ਅਜੋਕੇ ਇਤਹਾਸਕਾਰਾਂ ਨੇ ਗੁਰੂ ਸਾਹਿਬ ਦਾ ਪਹਿਲਾਂ ਦੋਦੇ ਦੇ ਪਿੰਡ ਜਾਣਾ ਲਿਖਿਆ ਹੈ ਜੋ ਗਲਤ ਹੈ ਪਿੰਡ ਦੋਦਾ ਪੱਖੋਕਿਆਂ ਦੇ ਬਿਲਕੁਲ ਨੇੜੇ ਹੀ ਹੁੰਦਾ ਸੀ। ਦਰਿਆ ਰਾਵੀ ਇਹਨਾਂ ਦੋਵਾਂ ਪਿੰਡਾਂ ਦੇ ਪਹਾੜ ਵਿਚ ਵਹਿੰਦਾ ਸੀ। ਇਤਹਾਸ ਅਨੁਸਾਰ ਜਿਆਦਾ ਸਮਾਂ ਸਾਹਿਬ ਅਜਿਤੇ ਦੇ ਡੇਰੇ ਤੇ ਰਹੇ ਤੇ ਕੁਝ ਸਮਾਂ ਦੋਦੇ ਦੇ ਡੇਰੇ ਨੇੜੇ। ਦੋਦੇ ਦਾ ਖੂਹ ਪੱਖੋਕਿਆ ਦੇ ਨੇੜੇ ਹੀ ਪੈਂਦਾ ਸੀ। ਇਹ ਵੱਖਰੀ ਗਲ ਹੈ ਬਾਦ ਵਿਚ ਦੁਨੀ ਚੰਦ ਕ੍ਰੋੜੀਏ ਨੇ ਜੋ ਜਮੀਨ ਅਲਾਟ ਕੀਤੀ ਉਹ ਪਿੰਡ ਦੋਦੇ ਦੇ ਲਾਗੇ ਸੀ। ਜਿਥੇ ਕਰਤਾਰਪੁਰ ਸਾਹਿਬ ਬੱਝਾ।

—◈—

ਬਾਬੇ ਨੇ ਪੁੱਤਰ ਦੇ ਵਿਆਹ ਤੇ ਸਿਹਰਾ ਗਾਇਆ

(1512ਈ.) ਗੁਰੂ ਸਾਹਿਬ ਓਦੋਂ ਪੂਰਬ ਵਿਚ ਗੌੜ ਜਾਂ ਪੁਰੀ (ਉਡੀਸ਼ਾ) ਸਨ ਜਦੋਂ ਉਨਾਂ ਨੂੰ ਸੁਨੇਹਾ ਮਿਲਿਆ ਕਿ ਅਗਲੇ ਸਾਲ ਲਖਮੀ ਚੰਦ ਦਾ ਵਿਆਹ ਹੈ ਇਸ ਕਰਕੇ ਹਰ ਹਾਲਤ ਵਿੱਚ ਪੱਖੋਕੇ ਪਹੁੰਚੋ।

ਹੇਠਾਂ ਜੋ ਸ਼ਬਦ ਦਿਤਾ ਇਸ ਤੋਂ ਇਹੋ ਪ੍ਰਤੀਤ ਹੁੰਦਾ ਹੈ ਕਿ ਗੁਰੂ ਸਾਹਿਬ ਵਿਆਹ ਵਿੱਚ ਸ਼ਾਮਲ ਹੋਏ। ਖੁੱਦ ਦੇ ਫਕੀਰੀ ਭੇਸ ਵਿੱਚ ਹੋਣ ਦੇ ਬਾਵਜੂਦ ਜਿਹੜਾ ਕੁੜਮਾਂ ਨੇ ਗੁਰੂ ਸਾਹਿਬ ਦੇ ਪ੍ਰਵਾਰ ਨੂੰ ਪ੍ਰਵਾਨ ਕੀਤਾ ਸੀ ਇਸ ਤੇ ਗੁਰੂ ਸਾਹਿਬ ਅਹਿਸਾਨ ਵੀ ਜਿਤਾ ਰਹੇ ਨੇ। ਇਹ ਵੀ ਇਸ਼ਾਰਾ ਮਿਲਦਾ ਹੈ ਕਿ ਵਿਆਹ ਨਾਨੀ ਚੰਦੋ ਰਾਣੀ ਚੋਣੀ ਨੇ ਹੀ ਕੀਤਾ ਸੀ। ਮੂਲ ਵਿੱਚ ਤਾਂ ਗੁਰੂ ਸਾਹਿਬ ਕਰਤਾਰ ਦਾ ਹੀ ਸ਼ੁਕਰਾਨਾ ਕਰਦੇ ਹਨ ਕਿ ਜਿਸ ਨੇ ਪੈਦਾ ਕੀਤਾ ਹੈ ਉਹ ਹੀ ਸਾਰਾ ਇੰਤਜਾਮ ਕਰਦਾ ਹੈ। ਗੁਰੂ ਸਾਹਿਬ ਨੇ ਸੱਜਣਾ ਮਿਤ੍ਰਾ ਰਿਸ਼ਤੇਦਾਰਾਂ ਦਾ ਵੀ ਧੰਨਵਾਦ ਕੀਤਾ ਹੈ।

ਯਾਦ ਰਹੇ ਬਾਬਾ ਲਖਮੀ ਦਾਸ ਦਾ ਪਹਿਲਾ ਵਿਆਹ ਸਿਆਲ ਗੋਤ ਦੇ ਖੱਤਰੀਆਂ ਵਿੱਚ ਹੋਇਆ ਸੀ। ਐਤਕਾਂ ਵਿਆਹ ਬਟਾਲੇ ਦੇ ਭੰਡਾਰੀਆਂ ਵਿਚ ਹੈ। ਸ਼ਬਦ ਤੋਂ ਇਹ ਵੀ ਲੱਗਦਾ ਹੈ ਕਿ ਦੋਵਾਂ ਪ੍ਰਵਾਰਾਂ ਵਿੱਚੋਂ ਕਿਸੇ ਦਾ ਕੋਈ ਔਗੁਣ ਵੀ ਸਮਾਜ ਦੇ ਵਿੱਚਾਰ ਗੋਚਰਾ ਸੀ। ਸਾਹਿਬ ਨੇ ਕਿਹਾ ਕਿ ਅਗਲੇ ਦਾ ਗੁਣ ਲੈ ਲਓ।

ੴ ਸਤਿਗੁਰ ਪ੍ਰਸਾਦਿ ॥ ਰਾਗੁ ਸੂਹੀ ਛੰਤ ਮਹਲਾ ੧ ਘਰੁ ੪ ॥ ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥ ਦਾਨਿ ਤੇਰੈ ਘਟਿ ਚਾਨਣਾ ਤਨਿ ਚੰਦੁ ਦੀਪਾਇਆ ॥ ਚੰਦੋ ਦੀਪਾਇਆ ਦਾਨਿ ਹਰਿ ਕੈ ਦੁਖੁ ਅੰਧੇਰਾ ਉਠਿ ਗਇਆ ॥ ਗੁਣ ਜੰਞ ਲਾੜੇ ਨਾਲਿ ਸੋਹੈ ਪਰਖਿ ਮੋਹਣੀਐ ਲਇਆ ॥ ਵੀਵਾਹੁ ਹੋਆ ਸੋਭ ਸੇਤੀ ਪੰਚ ਸਬਦੀ ਆਇਆ ॥ ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥੧॥ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥ ਇਹੁ ਤਨੁ ਜਿਨ ਸਿਉ ਗਾਡਿਆ ਮਨੁ ਲੀਅੜਾ ਦੀਤਾ ॥ ਲੀਆ ਤ ਦੀਆ ਮਾਨੁ ਜਿਨ੍ ਸਿਉ ਸੇ ਸਜਨ ਕਿਉ ਵੀਸਰਹਿ ॥ ਜਿਨ੍ ਦਿਸਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ ॥ ਸਗਲ ਗੁਣ ਅਵਗਣੁ ਨ ਕੋਈ ਹੋਹਿ ਨੀਤਾ ਨੀਤਾ ॥ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥੨॥ ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥ ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥ ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥ ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥ ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥ ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩॥ ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ ॥ ਆਖਣ ਤਾ ਕਉ ਜਾਈਐ ਜੇ ਭੂਲੜਾ ਹੋਈ ॥ ਜੇ ਹੋਇ ਭੂਲਾ ਜਾਇ ਕਹੀਐ ਆਪਿ ਕਰਤਾ ਕਿਉ ਭੂਲੈ ॥ ਸੁਣੇ ਦੇਖੇ ਬਾਝੁ ਕਹਿਐ ਦਾਨੁ ਅਣਮੰਗਿਆ ਦਿਵੈ ॥ ਦਾਨੁ ਦੇਇ ਦਾਤਾ ਜਗਿ ਬਿਧਾਤਾ ਨਾਨਕਾ ਸਚੁ ਸੋਈ ॥ ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ ॥੪॥੧॥੪॥◈

—▲—

ਨੋਟ ਸਫ਼ਾ

◈ ਸੋਢੀ 2- 614 ਅਨੁਸਾਰ ਇਹ ਸ਼ਬਦ ਕਰਤਾਰਪੁਰ ਵਿਖੇ ਓਦੋਂ ਰਚਿਆ ਜਦੋਂ ਗੁਰੂ ਸਾਹਿਬ ਫਿਰੋਜਪੁਰ/ਦੀਪਾਲਪੁਰ ਦੇ ਦੌਰੇ ਤੋਂ ਪਰਤੇ ਸਨ। ਪਰ ਪਿੱਛੇ ਵੀ ਵੇਖਿਆ ਗਇਆ ਹੈ ਕਿ ਗੁਰੂ ਸਾਹਿਬ ਗੁਰਬਾਣੀ ਵਿੱਚ ਥਾਂਈ ਥਾਂਈ ਰਮਜਾਂ ਵੀ ਮਾਰਦੇ ਹਨ। ਸ਼ਬਦ ਦੀ ਸੁਨੇਹਾ ਇਹੋ ਇਸ਼ਾਰਾ ਕਰਦਾ ਹੈ ਕਿ ਕਿਸੇ ਵਿਆਹ ਸ਼ਾਦੀ ਮੌਕੇ ਗਾਇਆ ਗਿਆ। ਫਿਰ ਇਸ ਵਿੱਚ ਸ਼ੁਕਰਾਨੇ ਵਾਲੀ ਗਲ ਵੀ ਹੈ। ਗੁਰੂ ਸਾਹਿਬ ਨੇ ਥਾਂ ਥਾਂ ਸ਼ੁਕਰਾਨੇ ਕੀਤੇ ਹਨ ਪਰ ਹਰ ਥਾਂ ਨਿਰੰਕਾਰ ਅਕਾਲ ਪੁਰਖ ਦੇ। ਪਰ ਇਥੇ ਤਾਂ ਮਿਤ੍ਰਾ ਦਾ ਵੀ ਧੰਨਵਾਦ ਹੋ ਰਿਹਾ ਹੈ। ਉਜ ਮੂਲ ਵਿੱਚ ਉਹ ਨਿਰੰਕਾਰ ਦਾ ਹੀ ਸ਼ੁਕਰਾਨਾ ਕਰਦੇ ਹਨ ਜਦੋਂ ਕਹਿੰਦੇ ਹਨ ਕਿ ਜਿੰਨੇ ਪੈਦਾ ਕੀਤੇ ਹਨ ਉਹ ਹੀ ਵੇਖਦਾ ਹੈ। ਗੁਰੂ ਸਾਹਿਬ ਅਜਿਹੀ ਸ਼ਬਦਾਵਲੀ ਸਿਰਫ ਆਪਣੇ ਪ੍ਰਵਾਰ ਦੇ ਕਿਸੇ ਬੱਚੇ ਦੇ ਵਿਆਹ ਮੌਕੇ ਹੀ ਕਹਿ ਸਕਦੇ ਹਨ।

◉ ਜਿਥੋਂ ਤੱਕ ਕਿਸੇ ਚਕ੍ਰਵਰਤੀ ਸਾਧੂ ਨੂੰ ਸੁਨੇਹਾ ਭੇਜਣ ਦੀ ਗਲ ਹੈ ਓਦੋਂ ਸਾਧੂ ਸੰਤ ਆਮ ਹੀ ਤੁਰੇ ਰਹਿੰਦੇ ਸਨ। ਭਾਰਤ ਭਰ ਤੀਰਥ ਟਿਕਾਣੇ ਤਹਿ ਹੀ ਸਨ ਸੋ ਹੋ ਸਕਦਾ ਕਿਸੇ ਸਾਧੂਆਂ ਦੇ ਟੋਲੇ ਨੂੰ ਸੁਨੇਹਾ ਦਿੱਤਾ ਹੋਵੇ ਕਿ ਜੇ ਬਾਬਾ ਮਿਲੇ ਤਾਂ ਉਨ੍ਹੂੰ ਸੁਨੇਹਾ ਦੇਣਾ। ਹੋਰ ਵੇਖੋ: ਦਿਲਜੀਤ ਸਿੰਘ ਬੇਦੀ -ਸ੍ਰੀ ਚੰਦ

ਦੂਸਰੀ ਉਦਾਸੀ

ਭਾਗ – 1. ਤਲਵੰਡੀ ਤੋਂ ਸ੍ਰੀ ਲੰਕਾ

ਪੰਜਾਬ (ਪਾਕਿਸਤਾਨ) ➡ ਸਿੰਧ ➡ਗੁਜਰਾਤ (ਭਾਰਤ) ➡ਮਹਾਰਾਸ਼ਟਰ ➡ ਕਰਨਾਟਕ ➡ ਕੇਰਲ ➡ ਤਮਿਲਨਾਡੂ ➡ ਸ੍ਰੀ ਲੰਕਾ

ਹਫਤ ਮਦਾਰ ◈ - ਪੋਹ ਦੇ ਮਹੀਨੇ ਸੰਮਤ 1569 (ਮੁਤਾਬਿਕ 1512 ਈ.) ਨੂੰ ਗੁਰੂ ਸਾਹਿਬ ਮਰਦਾਨੇ ਨੂੰ ਨਾਲ ਲੈ ਕੇ ਪੱਖੋਕਿਆਂ* ਤੋਂ ਲੰਕਾ ਦੀ ਯਾਤਰਾ ਲਈ ਰਵਾਨਾ ਹੋਏ। ਠੰਡ ਹੋਣ ਕਰਕੇ ਮਰਦਾਨੇ ਨੇ ਗਰਮ ਕਪੜੇ ਲੈ ਲਏ। ਖਾਣ ਦਾ ਸਮਾਨ ਵੀ ਬੰਨ ਲਿਆ। ਹਾਲਾਂ ਗੁਰੂ ਸਾਹਿਬ ਨੇ ਮਨਾਂ ਕੀਤਾ ਸੀ ਕਿ ਸਫਰ ਵਿਚ ਜਿੰਨੇ ਸਾਦੇ ਤੇ ਹੌਲੇ ਰਹੋਗੇ ਓਨੇ ਹੀ ਸੌਖੇ ਰਹੋਗੇ। ਪਰ ਮਰਦਾਨਾ ਕਿਤੇ ਜਿੱਦ ਕਰ ਲੈਂਦਾ ਕਿ "ਬਾਬਾ ਭਾਰ ਤਾਂ ਮੈਂ ਚੁੱਕਣਾ ਹੈ।" ਪਹਿਲੇ ਦਿਨ 20-22 ਕਿ.ਮੀ. ਦਾ ਪੈਂਡਾ ਤਹਿ ਕਰਕੇ ਰਾਵੀ ਦੇ ਕੰਢੇ ਪਿੰਡ ਹਫਤ ਮਦਾਰ ਪਹੁੰਚੇ। ਇਹ ਪਿੰਡ ਭਾਈ ਫੇਰੂ ਖੁੰਡਾ ਮੋੜ (ਜੜ੍ਹਾਂ ਵਾਲਾ ਸੜਕ) ਤੋਂ 2 ਕਿਲੋਮੀਟਰ ਹਟਵਾ ਹੈ। ਲੱਗਦਾ ਇਥੇ ਕਿਸੇ ਵੇਲੇ 7 ਖਰਾਸ ਸਨ। ਜਿਸ ਕਰਕੇ ਪਿੰਡ ਦਾ ਨਾਂ ਹਫਤ ਮਦਾਰ (7 ਚੱਕੀਆਂ) ਪਿਆ। ਲੋਕਾਂ ਨੂੰ ਜਿਵੇ ਪਤਾ ਲੱਗਾ ਕਿ ਬਾਬਾ ਨਾਨਕ ਇਥੋਂ ਦੀ ਲੰਘ ਰਿਹਾ ਹੈ ਤਾਂ ਪਿੰਡ ਦਾ ਗਿੱਲ ਜਿਮੀਦਾਰ ਗੁਰੂ ਸਾਹਿਬ ਦੇ ਮਗਰ ਦੌੜਾ ਤੇ ਦਰਿਆ ਪਾਰ ਕਰਨ ਤੋਂ ਪਹਿਲਾਂ ਜਾ ਗੁਰੂ ਸਾਹਿਬ ਦੇ ਚਰਨ ਫੜੇ ਤੇ ਨਿਮਾਣੇ ਹੋ ਕੇ ਅਰਦਾਸ ਕੀਤੀ ਕਿ ਅੱਜ ਦੀ ਰਾਤ ਸਾਡੇ ਕੋਲ ਗੁਜਾਰੋ।

ਗੁਰੂ ਸਾਹਿਬ ਰਾਤ ਫਿਰ ਹਫਤ ਮਦਾਰ ਹੀ ਠਹਿਰੇ। ਇਲਾਕੇ ਨੂੰ ਸਤਿਨਾਮ, ਸਤਿ ਕਰਤਾਰ ਦਾ ਉਪਦੇਸ਼ ਦਿੱਤਾ। ਜਿਸ ਮੰਜੇ ਤੇ ਗੁਰੂ ਸਾਹਿਬ ਨੇ ਅਰਾਮ ਕੀਤਾ ਸੀ ਪਿੰਡ ਵਾਲਿਆਂ ਨੇ ਉਹ ਸਾਂਭ ਰਖਿਆਂ ਸੀ। ਓਥੇ ਫਿਰ ਜਿਹੜਾ ਯਾਦਗਾਰੀ ਗੁਰ ਅਸਥਾਨ ਬਣਿਆ ਉਹਦਾ ਨਾਂ 'ਸੱਚੀ ਮੰਜੀ' ਗੁਰਦੁਆਰਾ ਹੀ ਪਿਆ। (ਗੁਰੂ ਅਮਰਦਾਸ ਸਾਹਿਬ ਦਾ ਜੋੜਾ ਇਨਾਂ ਜਿਮੀਦਾਰਾਂ ਕੋਲ ਸੀ। ਉਹ ਜੋੜਾ ਵੀ ਗਿੱਲ ਟੱਬਰ ਨੇ ਸਾਂਭ ਰੱਖਿਆ ਸੀ। ਵਕਤ ਪਾ ਕੇ ਟੱਬਰ ਵਿਚ ਜਦੋਂ ਜਾਇਦਾਦ ਦਾ ਬਟਵਾਰਾ ਹੋਇਆ ਤਾਂ ਜੋੜੇ ਦਾ ਇੱਕ ਪੈਰ ਇਥੇ ਤੇ ਦੂਸਰਾ ਕਸਬਾ ਧੁੰਨੀ, ਜਿਲਾ ਹਾਫਜਾਬਾਦ ਪਹੁੰਚ ਗਿਆ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਵੀ ਆਪਣੇ ਹੱਥ ਦਾ ਸੋਟਾ ਇਨ੍ਹਾਂ ਨੂੰ ਬਖਸ਼ਿਆ ਸੀ। ਗੁਰਦੁਆਰਾ ਸਾਹਿਬ ਅੱਜ ਢੱਠ ਚੁੱਕਾ ਹੈ।)

ਨੋਟ: ਕੋਟ ਲਖਪਤ ਤਕ ਦੀ ਯਾਤਰਾ ਦਾ ਸਾਰਾ ਰੂਟ ਅੱਜ ਪਾਕਿਸਤਾਨ ਵਿਚ ਹੈ।

—◈—

ਭਾਈ ਫੇਰੂ - ਅਗਲੇ ਸਵੇਰੇ ਜਦੋਂ ਗੁਰੂ ਸਾਹਿਬ ਨੇ ਦਰਿਆ ਰਾਵੀ ਪਾਰ ਕੀਤਾ ਤਾਂ ਲਾਗੇ ਚਾਗੇ ਦੇ ਲੋਕ ਪਹਿਲਾਂ ਹੀ ਇੰਤਜਾਰ ਵਿਚ ਸਨ। ਅੱਗਲੇ ਪਿੰਡ ਦੇ ਉੱਪਲ ਖੱਤਰੀਆਂ ਦੀ ਹਵੇਲੀ ਵਿਚ ਲੋਕ ਜਮਾਂ ਹੋ ਚੁੱਕੇ ਸਨ। ਇਥੇ ਵੀ ਗੁਰੂ ਸਾਹਿਬ ਨੇ ਲੋਕਾਂ ਨੂੰ ਤਰਾਂ ਤਰਾਂ ਦੀਆਂ ਬੇ-ਤੁੱਕੀਆਂ ਪੂਜਾ ਵਿਧੀਆਂ ਕਰਨ ਤੋਂ ਵਰਜ ਕੇ ਇੱਕ ਨਿਰੰਕਾਰ ਦੇ ਲੜ ਲਾਇਆ। ਸਤਿਨਾਮ ਸਤਿਕਾਰ ਜੱਪਣ ਦਾ ਉਪਦੇਸ਼ ਦਿੱਤਾ। ਰੋਗੀਆਂ ਦੇ ਕੱਸ਼ਟ ਕੱਟੇ। ਦੁੱਖੀਆਂ ਦਾ ਉਧਾਰ ਕੀਤਾ। ਇਥੋਂ ਦੀ ਸਿੱਖ ਸੰਗਤ ਨੇ ਮਜ਼ਬ ਵਿਚ ਬਹੁਤ ਨਾਮਣਾ ਖੱਟਿਆ। ਭਾਈ ਫੇਰੂ ਇਸੇ ਹੀ ਪਿੰਡ ਦਾ ਹੋਇਆ ਹੈ। ਪਿੰਡ ਦਾ ਨਾਂ ਵੀ ਏਸੇ ਦੇ ਨਾਂ ਤੇ ਪੈ ਗਿਆ। ਇਥੇ ਅੱਜ ਭਾਈ ਫੇਰੂ ਕਸਬਾ ਹੈ।

—◈—

ਘੁੰਮਣਕੇ+- ਨਾਲਦੇ ਪਿੰਡ ਦਾ ਇੱਕ ਖੱਤਰੀ ਪ੍ਰਵਾਰ ਸਾਹਿਬ ਨੂੰ ਆਪਣੇ ਪਿੰਡ ਜਿਹਦਾ ਨਾਂ 'ਘੁੰਮਣਕੇ' ਹੈ ਵਿਖੇ ਲੈ ਗਇਆ ਜਿਹੜਾ ਭਾਈ ਫੇਰੂ ਤੋਂ ਕੋਈ 3 ਕੁ ਕਿਲੋਮੀਟਰ ਪੱਛਮ ਦੱਖਣ ਹੈ। ਇਥੇ ਭਾਈ ਮੂਲੇ ਨੇ ਗੁਰੂ ਸਾਹਿਬ ਦਾ ਬਹੁਤ ਆਦਰ ਸਤਿਕਾਰ ਕੀਤਾ। ਇਕੱਠੇ ਹੋਏ ਲੋਕਾਂ ਨੂੰ ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਮੜੀਆਂ ਮਸਾਣਾਂ ਪਿੱਪਲਾਂ ਪੱਥਰਾਂ ਦੀ ਪੂਜਾ ਛੱਡ ਕੇ ਇੱਕ ਨਿਰੰਕਾਰ ਦੇ ਲੜ੍ਹ ਲੱਗੋ। ਵਿਚੋਂ ਇੱਕ ਸ਼ੈਤਾਨ ਨੇ ਉੱਚੀ ਜਿਹੀ ਕਹਿ ਦਿੱਤਾ ਕਿ "ਲਓ ਆਹ ਨਵੀਂ ਗਲ ਸੁਣ ਲਓ। ਅਖੇ ਮਾਤਾ ਨੂੰ ਮੰਨਣਾ ਛੱਡ ਦਿਓ।" ਸ਼ੈਤਾਨਾਂ ਨੇ ਕਿਲਕਾਰੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਅਜਿਹੀ ਹਾ ਹਾ, ਹੀ ਹੀ, ਹੂ ਹੂ ਹੋਈ ਕਿ ਗੁਰੂ ਸਾਹਿਬ ਨੂੰ ਆਪਣਾ ਵਖਿਆਨ ਅਤੇ ਕੀਰਤਨ ਬੰਦ ਕਰਨਾਂ ਪਿਆ। ਭਾਈ ਮੂਲੇ ਨੇ ਭੂਤਰੇ ਹੋਏ ਲੋਕਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਪਰ ਗੁਰੂ ਸਾਹਿਬ ਨੇ ਮੂਲੇ ਨੂੰ ਵਰਜ ਦਿੱਤਾ ਤੇ ਕਿਹਾ ਕਿ ਐਵੇ ਕੁਟੀਚਰਾਂ ਨੂੰ ਸਮਝਾਉਣ ਦਾ ਯਤਨ ਨਾਂ ਕਰੋ। ਕਿਹਾ ਜਾਂਦਾ ਕਿ ਓਥੇ ਦੇ ਮੂਲ ਨਿਵਾਸੀਆਂ ਦਾ ਹੁਣ ਤੱਕ ਓਹੋ ਹਾਲ ਹੈ: ਝਖਾਂ ਮਾਰਨ ਵਾਲੇ ਇਹ ਲੋਕ ਪਾਣੀ ਰਿੜਕਦੇ ਰਹਿੰਦੇ ਹਨ।

ਇਥੇ ਗੁਰੂ ਸਾਹਿਬ ਨੇ ਵਣ ਦੇ ਰੁੱਖ ਦੀ ਹੀ ਦਾਤਣ ਕੀਤੀ ਤੇ ਬਾਦ ਵਿਚ ਉਹ ਗੱਡ ਦਿੱਤੀ। ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ ਕਿ ਬੜੀ ਹੈਰਾਨੀ ਦੀ ਗਲ ਹੈ ਵਣ ਦੇ ਇੱਕ ਪਾਸੇ ਦੇ ਭ੍ਰਾਣ ਬਿਨਾ ਛਿਲੜ ਦੇ ਹਨ। ਸਾਨੂੰ ਨਹੀ ਲਗਦਾ ਕਿ ਵਣ ਦਾ ਰੁੱਖ ਅੱਜ ਬਚਿਆ ਹੋਵੇ।

—◈—

ਛਾਂਗਾ ਮਾਂਗਾ - ਘੁੰਮਣਕਿਆ ਤੋਂ 15 ਕਿਲੋਮੀਟਰ (ਪੱਤੋਕੀ ਤੋਂ 12 ਕਿ.ਮੀ) ਦਾ ਜੰਗਲੀ ਪੈਂਡਾ ਕਰਕੇ ਗੁਰੂ ਸਾਹਿਬ ਛਾਂਗਾ ਮਾਂਗਾ ਪਹੁੰਚੇ। ਓਥੇ ਇੱਕ ਜੋਗੀ ਆਪਣੇ ਸਰੀਰ ਨੂੰ ਕੋਹਦਾ ਰਹਿੰਦਾ ਸੀ। ਉਸ ਕੋਲ ਗਏ ਤੇ ਉਹਨੂੰ ਵੀ ਨਾਮ ਦੀ ਦਾਤ ਦੇ ਕੇ ਉਦਾਰ ਕੀਤਾ। ਕਿਹਾ ਜਾਂਦਾ ਹੈ ਕਿ ਬਾਦ ਵਿਚ ਇਲਾਕੇ ਵਿਚ ਉਸ ਜੋਗੀ ਨੇ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ। ਅੰਦਾਜ਼ਾ ਹੈ ਕਿ ਇਥੇ ਗੁਰੂ ਸਾਹਿਬ ਇੱਕ ਤੋਂ ਵੱਧ ਵਾਰੀ ਆਏ। ਇਹ ਇਨਾਂ ਪ੍ਰਸਿਧ ਹੋ ਗਇਆ ਕਿ ਇਸ ਸਥਾਨ ਦਾ ਨਾਂ ਛੋਟਾ ਨਨਕਾਣਾ ਪੈ ਗਿਆ। ਸਿੱਖ ਰਾਜ ਵੇਲੇ ਇਥੇ ਇੱਕ ਕਿਲਾ ਬਣਿਆ ਕਿਲ੍ਹਾ ਨਾਨਕ ਸਿੰਘ।

—◈—

ਪੈਰ ਸਫਾ

*ਗਿਆਨੀ ਜੀ ਨੇ ਤਲਵੰਡੀ ਤੋਂ ਰਵਾਨਗੀ ਦੱਸੀ ਹੈ। ਪਰ ਕਰਤਾਰਪੁਰ ਦੀ ਪ੍ਰੰਪਰਾ ਅਨੁਸਾਰ ਰਵਾਨਗੀ ਪੱਖੋਕਿਆਂ ਤੋਂ ਬਣਦੀ ਹੈ।

◈ ਇਥੇ ਜੋ ਗੁਰੂ ਸਾਹਿਬ ਦੀ ਆਮਦ ਦੀ ਯਾਦਗਾਰ ਸੀ ਉਹ ਢਹਿ ਚੁੱਕੀ ਹੈ। ਇਕ ਖਸਤਾ ਹਾਲਤ ਵਿਚ ਕਮਰਾ ਬਚਿਆ ਹੈ।

+ ਇਥੋਂ ਵਾਲੀ ਯਾਦਗਾਰ ਵੀ ਮਿੱਟ ਚੁੱਕੀ ਹੈ।

ਛੋਟਾ ਨਨਕਾਣਾ ਛਾਂਗਾ (ਫੋਟੋ-ਹਾਰੂਨ ਖਾਲਿਦ)

ਚੂਹਣੀਆਂ- ਅਖੇ ਬਾਬਾ ਜੀ ਬੰਦੇ ਦੇ ਕੰਮ ਨੇਕ ਹੋਣੇ ਚਾਹੀਦੇ ਨਾਮ ਜੱਪਣ ਦਾ ਕੀ ਫਾਇਦਾ?

ਛਾਂਗਾ ਮਾਂਗਾ ਤੋਂ 14 ਕਿਲੋਮੀਟਰ ਦੱਖਣ ਵਲ ਚਲ ਕੇ ਗੁਰੂ ਸਾਹਿਬ ਨੇ ਪਿੰਡ ਚੂਹਣੀਆਂ ਦੇ ਸੇਠੀ ਖੱਤਰੀਆਂ ਦੇ ਘਰ ਵਿਸ਼ਰਾਮ ਕੀਤਾ। ਇਹ ਪ੍ਰਵਾਰ ਭਵਿਖ ਵਿਚ ਸਿੱਖੀ ਵਿਚ ਬਹੁਤ ਸਤਿਕਾਰਤ ਰਿਹਾ ਹੈ। ਇਹ ਨਗਰ ਪਹਿਲਾਂ ਹੀ ਰੂਹਾਨੀਅਤ ਦੇ ਰੰਗ ਵਿਚ ਸੀ। ਜਦੋਂ ਪਤਾ ਲੱਗਾ ਕਿ ਤਲਵੰਡੀ ਵਾਲਾ ਓਹ ਜਾਣੀ ਜਾਣ ਬਾਬਾ ਨਾਨਕ ਆਇਆ ਹੈ ਜਿਸ ਨੇ ਨਵਾਬ ਦੀ ਨੌਕਰੀ ਨੂੰ ਠੋਕਰ ਮਾਰ ਕੇ ਫਕੀਰੀ ਲੈ ਲਈ ਹੈ ਤਾਂ ਕੀ ਹਿੰਦੂ ਤੇ ਕੀ ਮੁਸਲਮਾਨ ਸਭ ਦੌੜੇ ਆਏ।

ਛੋਟਾ ਨਨਕਾਣਾ- ਹੁਜਰਾ ਸ਼ਾਹ ਮੁਕੀਮ ਦਾ ਅੱਜ ਇਹੋ ਕੁਝ ਬੱਚਿਆ ਹੈ।

ਭਰੀ ਸਭਾ 'ਚ ਹਰ ਇੱਕ ਨੇ ਆਪਣੇ ਮਨ ਦੀ ਕਹੀ। ਇੱਕ ਮਹਾਤਮਾ ਨੇ ਸਵਾਲ ਕਰ ਦਿੱਤਾ ਕਿ ਬਾਬਾ ਜੀ ਕਿਰਪਾ ਕਰੋ। ਸਾਨੂੰ ਲੋਕ ਅਕਸਰ ਕਹਿ ਦਿੰਦੇ ਨੇ ਕਿ ਨਾਮ ਜੱਪਣ ਨਾਲ ਕੁਝ ਨਹੀ ਹੁੰਦਾ, ਬੰਦੇ ਦੇ ਕਰਮ ਚੰਗੇ ਹੋਣੇ ਚਾਹੀਦੇ ਨੇ। ਚਲਣੀ ਨੇਕ ਹੋਵੇ। ਓਥੇ ਫਿਰ ਗੁਰੂ ਸਾਹਿਬ ਨੇ ਰਾਗ ਆਸਾ ਵਿਚ ਸ਼ਬਦ ਗਾਇਆ:-

ਕਰਮ ਕਰਤੂਤਿ ਬੋਲਿ ਬਿਸਥਾਰੀ ਰਾਮ ਨਾਮੁ ਫਲੁ ਹੂਆ ॥ ਤਿਸੁ ਰੂਪੁ ਨ ਰੇਖ ਅਨਾਹਦੁ ਵਾਜੈ ਸਬਦੁ ਨਿਰੰਜਨਿ ਕੀਆ ॥੧॥ ਕਰੇ ਵਖਿਆਣੁ ਜਾਣੈ ਜੇ ਕੋਈ ॥ ਅੰਮ੍ਰਿਤੁ ਪੀਵੈ ਸੋਈ ॥੧॥ ਰਹਾਉ ॥ ਜਿਨ੍ ਪੀਆ ਸੇ ਮਸਤ ਭਏ ਹੈ ਤੂਟੇ ਬੰਧਨ ਫਾਹੇ ॥ ਜੋਤੀ ਜੋਤਿ ਸਮਾਣੀ ਭੀਤਰਿ ਤਾ ਛੋਡੇ ਮਾਇਆ ਕੇ ਲਾਹੇ ॥੨॥ ਸਰਬ ਜੋਤਿ ਰੂਪੁ ਤੇਰਾ ਦੇਖਿਆ ਸਗਲ ਭਵਨ ਤੇਰੀ ਮਾਇਆ ॥ ਰਾਚੈ ਰੂਪਿ ਨਿਰਾਲਮੁ ਬੈਠਾ ਨਦਰਿ ਕਰੇ ਵਿਚਿ ਛਾਇਆ ॥੩॥ ਬੀਣਾ ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ ॥ ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕੁ ਕਹੈ ਵਿਚਾਰਾ ॥

ਗੁਰੂ ਸਾਹਿਬ ਨੇ ਸਾਫ ਸਾਫ ਲਫਜ਼ਾਂ ਵਿਚ ਦੱਸ ਦਿੱਤਾ ਕਿ ਬੰਦੇ ਦਾ ਨੇਕ ਚਲਣ ਨਾਮ ਦੇ ਮਾਰਗ ਦੀ ਪਹਿਲੀ ਪਉੜੀ ਹੈ। ਜੇ ਤੁਹਾਡਾ ਕਿਰਦਾਰ ਹੀ ਮਾੜਾ ਤਾਂ ਹਿਰਦੇ ਵਿਚ ਨਾਮ ਕਦੀ ਵੱਸੇਗਾ ਹੀ ਨਹੀ। ਬੰਦਾ ਸੱਚ ਨਾਲ ਯਰਾਨਾ ਪਾਵੇ, ਝੂਠ ਤੋਂ ਤੋਬਾ ਕਰੇ। ਹਰ ਕਿਸੇ ਨਾਲ ਮੁਹੱਬਤ, ਘਟ ਘਟ ਵਿਚ ਨਿਰੰਕਾਰ ਦੇ ਦਰਸ਼ਨ ਕਰੇ। ਫਿਰ ਕਿਤੇ ਨਾਮ ਨਾਲ ਪ੍ਰੀਤ ਬਣੇਗੀ। ਗੁਰੂ ਸਾਹਿਬ ਨੇ ਕਿਹਾ ਕਿ ਬੰਦੇ ਦੇ ਕਰਮ ਬੂਟੇ ਦੇ ਨਿਆਈ ਹਨ ਜਿੰਨਾਂ ਤੇ ਫਿਰ ਨਾਮ ਦਾ ਫਲ ਲੱਗਦਾ ਹੈ। ਬਿਨਾਂ ਬੂਟੇ ਦੇ ਫਲ ਨਹੀ ਤੇ ਫਲ ਬਿਨਾਂ ਬੂਟਾ ਵਿਅੱਰਥ ਹੈ।

—◈—

ਹੁਜਰਾ ਸ਼ਾਹ ਮੁਕੀਮ- ਚੂਹਣੀਆਂ ਤੋਂ ਸਵੇਰੇ ਚਲ ਕੇ 30 ਕਿਲੋ ਮੀਟਰ ਪੈਂਡਾ ਤਹਿ ਕਰਕੇ ਗੁਰੂ ਸਾਹਿਬ ਸ਼ਾਮੀ ਹੁਜਰਾ ਸ਼ਾਹ ਮੁਕੀਮ ਪਹੁੰਚ ਗਏ। ਓਥੇ ਉਹ ਮਸ਼ਹੂਰ ਪੀਰ ਸਯੱਦ ਬਹਾਉਦੀਨ ਜਿਲਾਨੀ (ਮੌਤ 1566 ਈ.) ਨੂੰ ਮਿਲੇ। ਇਸ ਪੀਰ ਬਾਰੇ ਕਹਿੰਦੇ ਹਨ ਕਿ ਬਹੁਤ ਲੰਮੀ ਉਮਰ ਦਾ ਹੋ ਕੇ ਮਰਿਆ ਸੀ। ਗੁਰੂ ਸਾਹਿਬ ਦੀ ਪੀਰ ਨਾਲ ਹੋਈ ਗੁਫਤਗੂ। ਪੀਰ ਨੇ ਜਨਾਨਾ ਲਿਬਾਸ ਪਾਇਆ ਹੋਇਆ ਸੀ। ਓਹਦੇ ਵੇਖਾ ਵੇਖੀ ਕਈ ਚੇਲਿਆਂ ਵੀ ਜਨਾਨਾ ਲਿਬਾਸ ਪਾਏ ਸਨ। ਸਾਹਿਬ ਨੇ ਓਨਾਂ ਨੂੰ ਇਸ ਵਿਖਾਵੇ ਜਾਂ ਪਾਖੰਡ ਤੋਂ ਵਰਜਿਆਂ ਤੇ ਉਪਦੇਸ਼ ਦਿੱਤਾ ਕਿ ਪ੍ਰੇਮ ਤੁਹਾਡੇ ਅੰਦਰੋਂ ਪੈਦਾ ਹੋਣਾ ਚਾਹੀਦਾ ਹੈ। ਸ਼ਬਦ ਕਿਹਾ:

ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ ॥ ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ ॥ ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ ॥੧॥ ਹਰਿ ਜੀਉ ਇਉ ਪਿਰੁ ਰਾਵੈ ਨਾਰਿ ॥ ਤੁਧੁ ਭਾਵਨਿ ਸੋਹਾਗਣੀ ਅਪਣੀ ਕਿਰਪਾ ਲੈਹਿ ਸਵਾਰਿ ॥੧॥ ਰਹਾਉ ॥ ਗੁਰ ਸਬਦੀ ਸੀਗਾਰੀਆ ਤਨੁ ਮਨੁ ਪਿਰ ਕੈ ਪਾਸਿ ॥ ਦੁਇ ਕਰ ਜੋੜਿ ਖੜੀ ਤਕੈ ਸਚੁ ਕਹੈ ਅਰਦਾਸਿ ॥ ਲਾਲਿ ਰਤੀ ਸਚ ਭੈ ਵਸੀ ਭਾਇ ਰਤੀ ਰੰਗਿ ਰਾਸਿ ॥੨॥ ਪ੍ਰਿਅ ਕੀ ਚੇਰੀ ਕਾਂਢੀਐ ਲਾਲੀ ਮਾਨੈ ਨਾਉ ॥ ਸਾਚੀ ਪ੍ਰੀਤਿ ਨ ਤੁਟਈ ਸਾਚੇ ਮੇਲਿ ਮਿਲਾਉ ॥ ਸਬਦਿ ਰਤੀ ਮਨੁ ਵੇਧਿਆ ਹਉ ਸਦ ਬਲਿਹਾਰੈ ਜਾਉ ॥੩॥ ਸਾ ਧਨ ਰੰਡ ਨ ਬੈਸਈ ਜੇ ਸਤਿਗੁਰ ਮਾਹਿ ਸਮਾਇ ॥ ਪਿਰੁ ਰੀਸਾਲੂ ਨਉਤਨੋ ਸਾਚਉ ਮਰੈ ਨ ਜਾਇ ॥ ਨਿਤ ਰਵੈ ਸੋਹਾਗਣੀ ਸਾਚੀ ਨਦਰਿ ਰਜਾਇ ॥੪॥ ਸਾਚੁ ਧੜੀ ਧਨ ਮਾਡੀਐ ਕਾਪੜੁ ਪ੍ਰੇਮ ਸੀਗਾਰੁ ॥ ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ ॥ ਦੀਪਕੁ ਸਬਦਿ ਵਿਗਾਸਿਆ ਰਾਮ ਨਾਮੁ ਉਰ ਹਾਰੁ ॥੫॥ ਨਾਰੀ ਅੰਦਰਿ ਸੋਹਣੀ ਮਸਤਕਿ ਮਣੀ ਪਿਆਰੁ ॥ ਸੋਭਾ ਸੁਰਤਿ ਸੁਹਾਵਣੀ ਸਾਚੈ ਪ੍ਰੇਮਿ ਅਪਾਰ ॥ ਬਿਨੁ ਪਿਰ ਪੁਰਖੁ ਨ ਜਾਣਈ ਸਾਚੇ ਗੁਰ ਕੈ ਹੇਤਿ ਪਿਆਰਿ ॥੬॥ ਨਿਸਿ ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਹਾਇ ॥ ਅੰਕੁ ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ ॥ ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ ॥੭॥ ਸੋਜੈ ਕੰਤ ਮਹੇਲੜੀ ਸੁਤੀ ਬੂਝ ਨ ਪਾਇ ॥ ਹਉ ਸੁਤੀ ਪਿਰੁ ਜਾਗਣਾ ਕਿਸ ਕਉ ਪੂਛਉ ਜਾਇ ॥ ਸਤਿਗੁਰਿ ਮੇਲੀ ਭੈ ਵਸੀ ਨਾਨਕ ਪ੍ਰੇਮੁ ਸਖਾਇ ॥

ਵਕਤ ਪਾ ਕੇ ਇਥੇ ਵੀ ਸਿੱਖਾਂ ਦੀ ਵੱਡੀ ਸੰਗਤ ਹੋਈ। ਖੂਬਸੂਰਤ ਯਾਦਗਾਰੀ ਗੁਰਦੁਆਰਾ ਹੁੰਦਾ ਸੀ। ਹੁਣ ਖੰਡਰ ਹੀ ਬਚੇ ਹਨ।

—◈—

ਦੀਪਾਲਪੁਰ– ਇਥੇ ਤਾਂ ਖੁਰਾਸਾਨ ਵਾਲੇ ਫਲ ਪੈਦਾ ਹੁੰਦੇ ਰਹਿਣਗੇ

ਇਲਾਕੇ ਵਿਚ ਗੁਰੂ ਸਾਹਿਬ ਦੀ ਆਮਦ ਬਾਰੇ ਖਬਰ ਅੱਗ ਵਾਗੂ ਫੈਲ ਚੁੱਕੀ ਸੀ। ਦੀਪਾਲਪੁਰ ਹੁਜਰਾ ਸ਼ਾਹ ਮੁਕੀਮ ਤੋਂ ਸਿਰਫ 18 ਕਿਲੋਮੀਟਰ ਹੈ। ਦੀਪਾਲਪੁਰ ਪਹੁੰਚ ਕੇ ਗੁਰੂ ਸਾਹਿਬ ਨੇ ਸ਼ਹਿਰ ਦੇ ਬਾਹਰ ਮਤਲਬ ਕਿਲ੍ਹਾ-ਕੋਟ ਤੋਂ ਬਾਹਰ ਹੀ ਡੇਰਾ ਲਾ ਲਿਆ।(ਯਾਦ ਰਹੇ ਦੀਪਾਲਪੁਰ ਉਸ ਵੇਲੇ ਮਸ਼ਹੂਰ ਰਿਆਸਤ ਹੁੰਦੀ ਸੀ। ਜਿਨੂੰ ਬਾਦਸ਼ਾਹ ਬਾਬਰ ਨੇ ਬਾਦ ਵਿਚ ਬੁਰੀ ਤਰਾਂ ਲੁੱਟਿਆ ਤੇ ਕਤਲਾਮ ਕੀਤਾ ਸੀ) ਲੋਕਾਂ ਤੇ ਸਾਧੂ ਸੰਤਾਂ ਦੀ ਭੀੜ ਇਕੱਠੀ ਹੋਣੀ ਸ਼ੁਰੂ ਹੋ ਗਈ। ਇਲਾਕੇ ਵਿਚ ਮੁਸਲਮਾਨ ਪੀਰਾਂ ਦਾ ਬੜਾ ਜੋਰ ਸੀ। ਪਰ ਗੁਰੂ ਸਾਹਿਬ ਦੀ ਸਿਫਤ ਸੀ ਕਿ ਪਹਿਲਾਂ ਆਗੂਆਂ ਨੂੰ ਨਿਵਾਉਦੇ ਸਨ। ਦੀਪਾਲਪੁਰ ਦਾ ਨਵਾਬ ਪਹਿਲਾਂ ਹੀ ਗੁਰੂ ਸਾਹਿਬ ਨੂੰ ਚੰਗੀ ਤਰਾਂ ਜਾਣਦਾ ਸੀ।

ਦੋ ਚਾਰ ਦਿਨ ਇਥੇ ਰਹਿ ਗੁਰੂ ਸਾਹਿਬ ਨੇ ਇੱਕ ਨਿਰੰਕਾਰ ਸਤਿ-ਕਰਤਾਰ ਦਾ ਪ੍ਰਚਾਰ ਕੀਤਾ। ਲੋਕਾਂ ਨੂੰ ਕੁਬੁੱਧ ਕਰਨ ਤੋਂ ਵਰਜਿਆ। ਕਿਰਤਾਂ (ਨਿਰੰਕਾਰ ਦੀਆਂ ਰਚਨਾਵਾਂ) ਦੀ ਪੂਜਾ ਤੋਂ ਵਰਜ ਕੇ ਕਰਤੇ ਦੀ ਪੂਜਾ ਤੇ ਲਾਇਆ। ਜਦੋਂ ਮਨ ਆਉਦਾ ਮਰਦਾਨਾ ਰਬਾਬ ਨਾਲ ਰੰਗ ਬੰਨ ਦਿੰਦਾ। ਗੁਰੂ ਸਾਹਿਬ ਦੀ ਸ਼ਰਨ ਵਿਚ ਸ਼ਹਿਰ ਦਾ ਇੱਕ ਅਮੀਰ ਬੰਦਾ ਹਾਜਰ ਹੋਇਆ। ਸ਼ਹਿਰ ਦਾ ਇੱਕ ਦੁਕਾਨਦਾਰ ਚੰਗੇਰ ਵਿਚ ਬੜੇ ਪ੍ਰੇਮ ਸਤਿਕਾਰ ਨਾਲ ਇੱਕ ਪਾਸੇ ਦੇਸੀ ਫਲ ਤੇ ਇੱਕ ਪਾਸੇ ਖੁਰਾਸਾਨ (ਈਰਾਨ ਤੋਂ ਉਪਰਲਾ ਇਲਾਕਾ- ਉਜਬੇਕਿਸਤਾਨ, ਤੁਰਕਮੈਨਿਸਤਾਨ ਤੇ ਕਾਬਲ ਦਾ ਉੱਤਲਾ ਹਿਸਾ) ਦੇ ਸੁੱਕੇ ਫਲ-ਮੇਵੇ ਲੈ ਕੇ ਗੁਰੂ ਸਾਹਿਬ ਦੀ ਸ਼ਰਨ ਵਿਚ ਹਾਜਰ ਹੋਇਆ। ਮਰਦਾਨੇ ਨੇ ਜਦੋਂ ਰੁਮਾਲ ਹਟਾਇਆ ਤਾਂ ਖੁਸ਼ ਹੋ ਕੇ ਬੋਲਿਆ ਬਾਬਾ ਜੀ ਵੇਖੋ ਤਰ੍ਹਾਂ ਤਰ੍ਹਾਂ ਦੇ ਮੇਵੇ।

ਗੁਰੂ ਸਾਹਿਬ ਨੇ ਉਸ ਧਨਾਢ ਕੋਲੋ ਪੁੱਛਿਆ ਭਾਈ ਤੂੰ ਇਹ ਪ੍ਰਦੇਸੀ ਮੇਵੇ ਕਿਵੇ ਲੈ ਆਇਓ? ਉਹ ਕਹਿੰਦਾ ਕਿ ਬਾਬਾ ਜੀ ਪਿੱਛੇ ਜਿਹੇ ਬਾਬਰ ਦੇ ਫੌਜੀ ਆਪਣੇ ਨਾਲ ਵਾਧੂ ਸਮਾਨ ਲੈ ਕੇ ਆਏ ਸਨ। ਪਹੁੰਚਦਾ ਪਹੁੰਚਦਾ ਸਾਡੇ ਹੱਥ ਵੀ ਲੱਗ ਗਿਆ। ਉਸ ਧਨਾਢ ਨੇ ਬੜੀ ਅਧੀਨਗੀ ਸਾਹਿਤ ਬੇਨਤੀ ਕੀਤੀ ਕਿ ਕੁਝ ਆਪਣੇ ਪਵਿਤ੍ਰ ਮੁੱਖ ਨੂੰ ਵੀ ਲਾਓ। ਗੁਰੂ ਸਾਹਿਬ ਨੇ ਇੱਕ ਦੋ ਛਕੇ ਤੇ ਫਿਰ ਮਰਦਾਨੇ ਨੂੰ ਹੁਕਮ ਕਰ ਦਿੱਤਾ ਕਿ ਸੰਗਤ ਵਿਚ ਵੰਡ ਦਿਓ।

ਉਸ ਧਨਾਢ ਦਾ ਪ੍ਰੇਮ ਵੇਖ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਦੀਪਾਲਪੁਰ ਵਿਚ ਜਿਹੜਾ ਵੀ ਤੁਸੀ ਫਲ ਬੀਜੋਗੇ ਉਗੇਗਾ ਤੇ ਫੁੱਲ ਫਲ ਦੇਵੇਗਾ ਭਾਵੇ ਠੰਡੇ ਇਲਾਕੇ ਦਾ ਫਲ ਹੋਵੇ ਭਾਵੇ ਗਰਮ ਇਲਾਕੇ ਦਾ।

ਕਿਉਕਿ ਗੁਰੂ ਸਾਹਿਬ ਦੀ ਚਾਰ ਚੁਫੇਰੇ ਧੂੰਮ ਪਈ ਹੋਈ ਸੀ। ਹਰ ਦੁਖੀਆ ਗੁਰੂ ਸਾਹਿਬ ਕੋਲ ਪਹੁੰਚ ਰਿਹਾ ਸੀ। ਨੌਰੰਗਾ ਨਾਂ ਦਾ ਕੋਹੜ ਦਾ ਮਰੀਜ ਗੁਰੂ ਸਾਹਿਬ ਦੇ ਦਰਬਾਰ ਲਾਗੇ ਪਹੁੰਚ ਕੇ ਉੱਚੀ ਉੱਚੀ ਰੋਏ। ਗੁਰੂ ਸਾਹਿਬ ਨੇ ਕਿਹਾ ਭਾਈ ਤੂੰ ਲਾਗੇ ਆ ਕੇ ਗੱਲ ਕਰ ਤੈਨੂੰ ਕੀ ਦੁਖ ਹੈ। ਕਹਿਣ ਲੱਗਾ ਬਾਬਾ ਮੈਨੂੰ ਮੌਤ ਦੇ ਦੇ। ਲਾਗੇ ਬੈਠੇ ਲੋਕਾਂ ਨੇ ਗੁਰੂ ਸਾਹਿਬ ਨੂੰ ਦੱਸਿਆ ਕਿ ਇਹ ਨੌਰੰਗਾ ਕੋਹੜੀ ਹੈ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਮਰਦਾਨਾ

ਦੀਪਾਲਪੁਰ ਸ਼ਾਨਦਾਰ ਗੁਰਧਾਮ ਦੇ ਖੰਡਰ

ਜਾ ਕੇ ਉਨੂੰ ਗੁਰੂ ਸਾਹਿਬ ਕੋਲ ਲੈ ਕੇ ਆਇਆ। ਗੁਰੂ ਸਾਹਿਬ ਨੇ ਨੌਰੰਗੇ ਦੇ ਸਿਰ ਤੇ ਬਖਸ਼ਸ਼ਾ ਵਾਲਾ ਹੱਥ ਰੱਖਿਆ ਤੇ ਉਪਦੇਸ਼ ਦਿੱਤਾ ਕਿ ਉਸ ਨਿਰੰਕਾਰ ਨੂੰ ਯਾਦ ਕਰ ਜਿਹੜਾ ਰੋਗਾਂ ਸੋਗਾਂ ਖੁਸ਼ੀਆਂ ਗਮੀਆਂ ਦਾ ਮਾਲਕ ਹੈ। ਮੌਤ ਕਿਉ ਮੰਗਣੀ ਹੈ ਨਿਰਮਲ ਜੀਵਨ ਦੀ ਦਾਤ ਮੰਗ। ਨਿਰੰਕਾਰ ਬੜਾ ਦਿਆਲੂ ਹੈ, ਕਿਰਪਾਲੂ ਹੈ।

ਇਤਹਾਸ ਗਵਾਹ ਹੈ ਕਿ ਨੌਰੰਗਾ ਨੌ ਬਰ ਨੌ ਹੋ ਗਇਆ ਤੇ ਇਲਾਕੇ ਵਿਚ ਸਿੱਖੀ ਦਾ ਪ੍ਰਚਾਰਕ ਬਣਿਆ। ਨੌਰੰਗੇ ਦੀ ਕਬਰ ਵੀ ਦੀਪਾਲਪੁਰ ਦੇ ਗੁਰਦੁਆਰਾ ਸਾਹਿਬ ਦੇ ਨਾਲ ਹੀ ਹੈ। ਜਿੱਥੇ ਅੱਜ ਵਿਸ਼ਾਲ ਗੁਰਦੁਆਰਾ ਸਾਹਿਬ ਮੌਜੂਦ ਹੈ ਓਥੇ ਇੱਕ ਸੁੱਕਾ ਪਿੱਪਲ ਸੀ ਜਿਸ ਨੂੰ ਗੁਰੂ ਨਾਨਕ ਦੀ ਬਖਸ਼ਸ਼ ਦੇ ਜਲ ਨੇ ਹਰਾ ਕਰ ਦਿੱਤਾ। ਇਹ ਪਿੱਪਲ ਅੱਜ ਵੀ ਮੌਜੂਦ ਹੈ। ਬਹੁਤ ਹੀ ਖੂਬਸੂਰਤ ਗੁਰਦੁਆਰਾ ਹੁਣ ਹੌਲੀ ਹੌਲੀ ਢਹਿ ਰਿਹਾ ਹੈ।

---◈---

ਪਾਕ ਪਟਨ: ਸ਼ੇਖ ਬ੍ਰਹਮ ਤੋਂ ਬਾਬਾ ਫਰੀਦ ਦੀ ਬਾਣੀ ਲਈ

ਦੀਪਾਲ ਪੁਰ ਤੋਂ 45 ਕਿਲੋਮੀਟਰ ਚਲ ਕੇ ਗੁਰੂ ਸਾਹਿਬ ਪਾਕ ਪੱਤਣ ਪਹੁੰਚੇ। ਪਾਕਪਟਨ ਬਹੁਤ ਹੀ ਪੁਰਾਣਾ ਸ਼ਹਿਰ ਹੈ। ਇਹਦਾ ਪਹਿਲਾ ਨਾਂ 'ਅਜੋਧਨ' ਹੁੰਦਾ ਸੀ। ਇਤਹਾਸ 'ਚ ਆਉਦਾ ਹੈ ਕਿ ਮਹਿਮੂਦ ਗਜਨਵੀ ਨੇ ਇਥੇ ਵੀ ਖੂਬ ਲੁਟਮਾਰ ਕੀਤੀ ਤੇ ਸ਼ਹਿਰ ਤਹਿਸ ਨਹਿਸ ਕਰ ਦਿੱਤਾ ਸੀ।

1240 ਈ. ਦੇ ਲਾਗੇ ਚਾਗੇ ਬਾਬਾ ਫਰੀਦ ਗੰਜ ਸ਼ੱਕਰ ਨੇ ਇਥੇ ਆ ਡੇਰਾ ਲਾਇਆ। ਉਨਾਂ ਨੇ ਟਿਕਾਣਾ ਐਨ ਸਤਲੁਜ ਦੇ ਪੱਤਣ ਤੇ ਬਣਾਇਆ। ਇਹ ਪੱਤਣ ਬਹੁਤ ਹੀ ਮਹੱਤਤਾ ਰੱਖਦਾ ਸੀ ਕਿਉਕਿ ਇਹ ਮੁਲਤਾਨ ਤੋਂ ਦਿੱਲੀ ਦੇ ਰਸਤੇ ਤੇ ਪੈਂਦਾ ਸੀ। ਹੌਲੀ ਹੌਲੀ ਅਜੋਧਨ ਨਾਲੋ ਪਾਕਪੱਤਣ ਜਿਆਦਾ ਮਸ਼ਹੂਰ ਹੋ ਗਿਆ। (ਅੱਜ ਕਲ ਇਹ ਪਾਕਪਟਨ ਕਹਾਉਦਾ ਹੈ)

ਜਦੋਂ ਗੁਰੂ ਸਾਹਿਬ ਇਥੇ ਪਹੁੰਚੇ ਬਾਬਾ ਫਰੀਦ ਦਾ ਜਾਨਸ਼ੀਨ ਬਾਬਾ ਸ਼ੇਖ ਇਬਰਾਹੀਮ ਫਰੀਦ ਸਾਨੀ ਗੱਦੀ ਤੇ ਸੀ ਜਿਸ ਨੂੰ ਸਿੱਖ ਇਤਹਾਸ ਵਿਚ ਸ਼ੇਖ ਬ੍ਰਹਮ ਕਰਕੇ ਲਿਖਿਆ ਹੋਇਆ ਹੈ। ਇਥੇ ਰਹਿ ਕੇ ਗੁਰੂ ਸਾਹਿਬ ਨੇ ਬਾਬਾ ਫਰੀਦ ਦੇ ਸਲੋਕਾਂ ਦਾ ਗੁਰਮੁਖੀ ਵਿਚ ਉਤਾਰਾ ਕੀਤਾ।

---◈---

ਸ਼ੇਖ ਬ੍ਰਹਮ ਪਾਲਕੀ ਵਿਚ ਗੁਰੂ ਸਾਹਿਬ ਨੂੰ ਅੱਗਲਵਾਂਢੀ ਲੈਣ ਆਇਆ ਸੀ–ਸਾਰੀਆਂ ਜਨਮ ਸਾਖੀਆਂ ਵਿਚ ਜਿਕਰ ਆਉਦਾ ਹੈ ਕਿ ਗੁਰੂ ਸਾਹਿਬ ਆਪਣੀ ਮਸਤੀ ਵਿਚ ਉਜਾੜ ਵਿਚ ਕੀਰਤਨ ਕਰ ਰਹੇ ਸਨ ਕਿ ਲਕੜੀਆਂ ਚੁੱਗਦਾ ਚੁੱਗਦਾ ਕਮਾਲ ਨਾਂ ਦਾ ਸ਼ਗਿਰਦ ਰਬਾਬ ਦੀ ਅਵਾਜ ਸੁਣ ਕੇ ਲਾਗੇ ਪਹੁੰਚ ਗਿਆ। ਉਹ ਧਰਮੀ ਬੰਦਾ ਸੀ ਜਦੋਂ ਉਸ ਨੇ ਗੁਰੂ ਸਾਹਿਬ ਦਾ ਕਲਾਮ ਸੁਣਿਆ ਤਾਂ ਗਦ ਗਦ ਕਰ ਉਠਿਆ। ਜਾ ਕੇ ਆਪਣੇ ਮੁਰਸ਼ਦ (ਸ਼ੇਖ ਬ੍ਰਹਮ) ਨੂੰ ਸਾਰਾ ਦੱਸਿਆ ਕਿ ਇੱਕ ਫਕੀਰ ਜੰਗਲ ਵਿਚ ਬੈਠਾ ਬੜਾ ਮਿੱਠਾ ਕਲਾਮ ਪੜ੍ਹ ਰਿਹਾ ਹੈ ਨਾਲ ਉਹਦੇ ਇੱਕ ਰਬਾਬੀ ਹੈ। ਸ਼ੇਖ ਨੇ ਪੁੱਛਿਆ ਕਿ ਕੋਈ ਤੁੱਕ ਤੈਨੂੰ ਯਾਦ ਹੋਈ। ਉਹ ਕਹਿੰਦਾ ਹਾਂ। ਉਸ ਨੇ ਉਹ ਤੁੱਕ ਬੋਲ ਸੁਣਾਈ:

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥ ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥

ਸ਼ੇਖ ਬ੍ਰਹਮ ਸਮਝ ਗਇਆ ਕਿ ਇਹ ਤਾਂ ਬਾਬਾ ਨਾਨਕ ਪਹੁੰਚ ਗਇਆ ਸਾਡੇ ਇਲਾਕੇ ਵਿਚ। ਝੱਟ ਪਾਲਕੀ ਤਿਆਰ ਕਰਵਾਈ ਤੇ ਕਮਾਲੇ ਨੂੰ ਨਾਲ ਲੈ ਕੇ ਜਾ ਬਾਬੇ ਦੇ ਹਾਜਰ ਹੋਏ। ਇਤਹਾਸ ਵਿਚ ਦਰਜ ਹੈ ਕਿ ਸ਼ੇਖ ਬ੍ਰਹਮ ਬਹੁਤ ਆਦਰ ਸਤਿਕਾਰ ਨਾਲ ਗੁਰੂ ਸਾਹਿਬ ਨੂੰ ਮਿਲਿਆ। ਗੁਰੂ ਸਾਹਿਬ ਨੂੰ ਪਾਕਪਤਣ ਵਿਚ ਰਹਿਣ ਲਈ ਬੇਨਤੀ ਕੀਤੀ। ਚਲਣ ਤੋਂ ਪਹਿਲਾਂ ਸ਼ੇਖ ਨੇ ਗੁਜਾਰਿਸ਼ ਕੀਤੀ ਕਿ ਬਾਬਾ ਜੀ ਕਿਰਪਾ ਹੋਵੇ ਜਾਂ ਉਹ ਸ਼ਬਦ ਮੈਨੂੰ ਸੁਣਨ ਨੂੰ ਮਿਲ ਜਾਏ। ਗੁਰੂ ਸਾਹਿਬ ਤੇ ਮਰਦਾਨੇ ਨੇ ਉਹ ਸ਼ਬਦ ਫਿਰ ਗਾਵਿਆ।

ਸਲੋਕ ਮਃ ੧ ॥ ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ ॥ ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ ॥੧॥ ਮਃ ੧ ॥ ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥ ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥੨॥ ਪਉੜੀ ॥ ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ ॥ ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ ॥ ਤੇਰੀ ਗਤਿ ਮਿਤਿ ਤੂਹੈ ਜਾਣਦਾ ਤੁਧੁ ਕੀਮਤਿ ਪਾਈ ॥ ਤੂ ਅਲਖ ਅਗੋਚਰੁ ਅਗਮੁ ਹੈ ਗੁਰਮਤਿ ਦਿਖਾਈ ॥ ਅੰਤਰਿ ਅਗਿਆਨੁ ਦੁਖੁ ਭਰਮੁ ਹੈ ਗੁਰ ਗਿਆਨਿ ਗਵਾਈ ॥ ਜਿਸੁ ਕ੍ਰਿਪਾ ਕਰਹਿ ਤਿਸੁ ਮੇਲਿ ਲੈਹਿ ਸੋ ਨਾਮੁ ਧਿਆਈ ॥ ਤੂ ਕਰਤਾ ਪੁਰਖੁ ਅਗੰਮੁ ਹੈ ਰਵਿਆ ਸਭ ਠਾਈ ॥ ਜਿਤੁ ਤੂ ਲਾਇਹਿ ਸਚਿਆ ਤਿਤੁ ਕੋ ਲਗੈ ਨਾਨਕ ਗੁਣ ਗਾਈ ॥੨੮॥੧॥

ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਪਾਕਪਤਣ ਕੁਝ ਦਿਨ ਠਹਿਰੇ। ਸ਼ੇਖ ਜੀ ਨੇ ਬਾਬਾ ਫਰੀਦ ਦੀ ਸਾਰੀ ਬਾਣੀ ਕੰਠ ਕੀਤੀ ਹੋਈ ਸੀ। ਜਦੋਂ ਗੁਰੂ ਸਾਹਿਬ ਕੋਈ ਸ਼ਬਦ ਕਹਿੰਦੇ ਤਾਂ ਸ਼ੇਖ ਬ੍ਰਹਮ ਬਾਬਾ ਫਰੀਦ ਦੀ ਬਾਣੀ ਦੀ ਸਬੰਧਤ ਤੁੱਕ ਬੋਲਦਾ। ਆਪ ਵੀ ਕਵਿਤਾ ਕਹਿੰਦਾ। ਨਿਰੰਕਾਰ ਦੇ ਪ੍ਰੇਮੀ ਇੱਕ ਦੂਸਰੇ ਦੀ ਸੰਗਤ ਤੋਂ ਅਨੰਦਤ ਹੋ ਰਹੇ ਸਨ। ਬੜੇ ਪ੍ਰੇਮ ਨਾਲ ਗੁਰੂ ਸਾਹਿਬ ਨੇ ਸ਼ੇਖ ਬ੍ਰਹਮ ਨੂੰ ਕਬਰ ਪੂਜਣ ਤੋਂ ਵਰਜਿਆ ਤੇ ਘਟ ਘਟ ਵਿਚ ਬਿਰਾਜ ਰਹੇ ਨਿਰੰਕਾਰ ਦੇ ਲੜ ਲਾਇਆ।

ਇਥੇ ਹੀ ਗੁਰੂ ਸਾਹਿਬ ਨੇ ਆਸਾ ਦੀ ਵਾਰ ਦੀ ਰਚਨਾ ਸ਼ੁਰੂ ਕੀਤੀ। ਮੋਹਰਲੀਆ 9 ਪੌੜੀਆਂ ਇਥੇ ਹੀ ਸੰਪੂਰਨ ਹੋਈਆਂ। ਹੋਰ ਵੀ ਬਾਣੀ ਇਥੇ ਰਚੀ ਗਈ। ਅੰਮ੍ਰਿਤ ਵੇਲੇ ਹੀ ਬਾਬਾ ਤੇ ਮਰਦਾਨਾ ਕੀਰਤਨ ਸ਼ੁਰੂ ਕਰ ਦਿੰਦੇ ਸਨ।

ਇਸ ਰਚਨਾ ਦੀ ਜਰੂਰਤ ਕੁਝ ਇਸ ਤਰਾਂ ਪਈ ਕਿ ਸ਼ੇਖ ਬ੍ਰਹਮ ਨੇ ਗੁਰਮਤ ਸਬੰਧੀ ਤਰਾਂ ਤਰਾਂ ਦੇ ਸਵਾਲ ਕੀਤੇ ਸਨ। ਮਿਸਾਲ ਦੇ ਤੌਰ ਤੇ ਨਿਰੰਕਾਰ ਅਕਾਲ ਪੁਰਖ ਦੀ ਰਚਨਾ ਕਿਸ ਨੇ ਕੀਤੀ? ਸਾਹਿਬ ਨੇ ਜਵਾਬ ਦਿੱਤਾ ਸੀ ਕਿ:

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥ ਦੂਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥ ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥ ਕਰਿ ਆਸਣੁ ਡਿਠੋ ਚਾਉ ॥੧॥

ਪਾਕਪੱਟਣ ਦੇ ਲਾਗੇ ਯਾਦਗਾਰੀ ਗੁਰ.ਟਿੱਬਾ ਸਾਹਿਬ

ਕਿ ਨਿਰੰਕਾਰ ਨੂੰ ਸਾਜਣ ਬਣਾਉਣ ਵਾਲਾ ਹੋਰ ਕੌਣ ਹੋ ਸਕਦਾ ਹੈ। ਇਹ ਸਭ ਓਸੇ ਦਾ ਆਪਣਾ ਹੀ ਖੇਲ ਹੈ। ਉਹਦੇ ਗੁਣਾਂ ਦੀ ਰਚਨਾ ਵੀ ਆਪ ਹੀ ਕਰਦਾ ਹੈ। ਫਿਰ ਸਰਗੁਣ ਸਰੂਪ ਵਿਚ ਆ ਕੁਦਰਤ ਰਚਦਾ ਹੈ। ਤੇ ਫਿਰ ਮਸਤੀ ਦੇ ਆਲਮ ਵਿਚ ਆਪਣੀ ਸਾਜੀ ਸ੍ਰਿਸਟੀ ਨੂੰ ਤਕਦਾ ਰਹਿੰਦਾ ਹੈ।

ਸ਼ੇਖ ਨੇ ਕਿਹਾ ਕਿ ਕੁਝ ਹਿੰਦੂਮਤ ਮਤਾਂਤਰ ਤਾਂ ਕਹਿੰਦੇ ਹਨ ਕਿ ਇਹ ਦੁਨੀਆ ਸਾਡੀ ਅੱਖ ਦਾ ਧੋਖਾ ਹੈ। ਕੁਝ ਵੀ ਸੱਚ ਨਹੀ। ਇਹ ਕੁਝ ਇਸ ਤਰਾਂ ਹੈ ਜਿਵੇ ਹਨੇਰੇ ਵਿਚ ਰੱਸੀ ਪਈ ਹੋਵੇ ਤੇ ਅਸੀ ਉਸਨੂੰ ਸੱਪ ਸਮਝ ਲਈਏ। ਗੁਰੂ ਸਾਹਿਬ ਨੇ ਸਲੋਕ ਕਿਹਾ:-

ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥ ਸਚੇ ਤੇਰੇ ਲੋਅ ਸਚੇ ਆਕਾਰ ॥ ਸਚੇ ਤੇਰੇ ਕਰਣੇ ਸਰਬ ਬੀਚਾਰ ॥ ਸਚਾ ਤੇਰਾ ਅਮਰੁ ਸਚਾ ਦੀਬਾਣੁ ॥ ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥ ਸਚਾ ਤੇਰਾ ਕਰਮੁ ਸਚਾ ਨੀਸਾਣੁ ॥ ਸਚੇ ਤੁਧੁ ਆਖਹਿ ਲਖ ਕਰੋੜਿ ॥ ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥ ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥ ਨਾਨਕ ਸਚੁ ਧਿਆਇਨਿ ਸਚੁ ॥ ਜੋ ਮਰਿ ਜੰਮੇ ਸੁ ਕਚੁ ਨਿਕਚੁ ॥

ਗੁਰੂ ਸਾਹਿਬ ਨੇ ਇਸ ਗਲ ਤੇ ਦੁਖ ਜ਼ਾਹਿਰ ਕੀਤਾ ਤੇ ਕਿਹਾ ਕਿ ਸੱਚੇ ਦੀ ਰਚਨਾ ਵੀ ਸੱਚੀ ਹੈ। ਸਾਹਿਬ ਨੇ ਕਿਹਾ ਕਿ ਸ਼ੇਖ ਜੀ ਕੀ ਇਹ ਝੂਠ ਹੈ ਕਿ ਮੈਂ ਆਪ ਜੀ ਦੇ ਸਨਮੁਖ ਹੋ ਕੇ ਇਹ ਸਲੋਕ ਕਹਿ ਰਿਹਾ ਹਾਂ?

ਸੇਖ ਸਾਹਿਬ ਵੀ ਨਾਲ ਨਾਲ ਫਰੀਦ ਸਾਹਿਬ ਦੀ ਬਾਣੀ ਉਚਾਰਦੇ। ਖੁਦਾ ਦੀ ਸਿਫਤ ਸਲਾਹ ਸੁਣਕੇ ਗੁਰੂ ਸਾਹਿਬ ਨੇ ਫਿਰ ਓਥੇ ਸਲੋਕ ਕਿਹਾ:

ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥ ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨੀ ਧਾਵਦੇ ॥ ਇਕਿ ਮੂਲੁ ਨ ਬੁਝਨਿ ਆਪਣਾ ਅਣਹੋਦਾ ਆਪੁ ਗਣਾਇਦੇ ॥ ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥ ਤਿਨ੍ ਮੰਗਾ ਜਿ ਤੁਝੈ ਧਿਆਇਦੇ॥

ਖੁਦਾ ਦੀ ਸਿਫਤ ਸਲਾਹ ਸੁਣ ਸ਼ੇਖ ਬ੍ਰਹਮ ਦਾ ਹਿਰਦਾ ਖਿੜ ਉਠਿਆ। ਇਸ ਪ੍ਰਕਾਰ ਗੁਰੂ ਸਾਹਿਬ ਨੇ ਇਥੇ 9 ਪੌੜੀਆਂ ਕਹੀਆਂ ਜੋ ਵੱਖ ਵੱਖ ਪੜਾਵਾਂ ਤੇ ਹੋਏ ਵਾਧਿਆਂ ਦੇ ਬਾਦ ਆਸਾ ਦੀ ਵਾਰ ਕਹਿਲਾਈ ਤੇ ਅੱਜ ਇਸ ਦੀ ਗੂੰਜ ਹਰ ਗੁਰਦੁਆਰੇ ਵਿਚ ਸਵੇਰੇ ਪੈਂਦੀ ਹੈ। ਗੁਰੂ ਸਾਹਿਬ ਨੇ ਸ਼ੇਖ ਹੁਰਾਂ ਕੋਲੋ ਜਾਣ ਦੀ ਇਜਾਜਤ ਮੰਗੀ ਤੇ ਸ਼ੇਖ ਨੇ ਜਿੱਦ ਕੀਤੀ ਕਿ ਕਿਰਪਾ ਕਰ ਕੇ ਕਦੀ ਫਿਰ ਵੀ ਦਰਸ਼ਨ ਦੇਣਾ।

ਪਾਕਪਟਨ ਵਿਚ ਗੁਰੂ ਸਾਹਿਬ ਦੀ ਆਮਦ ਦੀਆਂ ਦੋ ਯਾਦਗਾਰਾਂ ਹਨ ਇੱਕ ਸ਼ਹਿਰ ਵਿਚ ਤੇ ਦੂਜੀ 30 ਕਿਲੋਮੀਟਰ ਹਟਵੀ ਟਿੱਬਾ ਅਭੋਰ।

——◈——

ਬੂੜੇਵਾਲਾ -ਪਾਕਪੱਤਣ ਤੋਂ 75 ਕਿਲੋ ਮੀਟਰ ਸਫਰ ਕਰਕੇ ਗੁਰੂ ਸਾਹਿਬ ਬੂਰੇਵਾਲਾ ਪਹੁੰਚੇ। ਇਥੇ ਬਾਬਾ ਹਾਜੀ ਸ਼ੇਰ ਮੁਹੰਮਦ

ਦੀਵਾਨ ਚਾਵਲੀ ਮੁਸਾਇਖ ਦੀ ਮਜ਼ਾਰ ਹੈ। ਕਿਹਾ ਜਾਂਦਾ ਹੈ ਕਿ ਸ਼ੇਰ ਮੁਹੰਮਦ ਹਿੰਦੁਸਤਾਨ ਦੇ ਪਹਿਲੇ ਮੁਸਲਮਾਨ ਪ੍ਰਚਾਰਕਾਂ 'ਚੋਂ ਹਨ। ਇਨਾਂ ਦਾ ਦਿਹਾਂਤ 730 ਈ. ਦੇ ਲੱਗ ਪਗ ਦਾ ਹੈ। ਇਹ ਚੂਹਣੀਆਂ ਦੇ ਰਾਜੇ ਮਹੀਪਾਲ ਦੇ ਪੁੱਤਰ ਸਨ। ਇਹਨਾਂ ਦੀ ਭੈਣ ਦਾ ਨਾਂ ਕੰਗਣ ਬਰਸ ਸੀ ਜਿਹਦੇ ਨਾਂ ਤੇ ਕੰਗਣਪੁਰ ਸ਼ਹਿਰ ਹੈ।

ਜਿਥੇ ਬਹਿ ਗੁਰੂ ਨਾਨਕ ਸਾਹਿਬ ਨੇ ਇੱਕ ਨਿਰੰਕਾਰ ਦਾ ਪ੍ਰਚਾਰ ਕੀਤਾ ਓਥੇ ਅੱਜ ਵੀ ਖੂਬਸੂਰਤ ਗੁਰਦੁਆਰਾ ਮੌਜੂਦ ਹੈ।

ਬੂਰੇਵਾਲਾ ਤੋਂ ਵਿਹਾੜੀ ਪਹੁੰਚੇ।

ਵਿਹਾੜੀ ਤੋਂ 35 ਕਿ. ਮੀ ਦਾ ਸਫਰ ਕਰਕੇ ਗੁਰੂ ਸਾਹਿਬ ਮੈਲਸੀ ਆਏ। ਮੈਲਸੀ ਤੋਂ ਤਕਰੀਬਨ 125 ਕਿ. ਮੀ. ਪੈਂਡਾ ਤਹਿ ਕਰਕੇ ਉੱਚ ਪਹੁੰਚੇ।

---◈---

ਉੱਚ ਸ਼ਰੀਫ ਨਾਲ ਗੂੜਾ ਪਿਆਰ ਹੈ ਬਾਬੇ ਦਾ

ਉੱਚ ਨਗਰ ਕੋਈ 2500 ਸਾਲਾ ਪੁਰਾਣਾ ਦਸੀਦਾ ਹੈ। ਕਿਹਾ ਜਾਂਦਾ ਹੈ ਕਿ ਬਾਦਸ਼ਾਹ ਸਿਕੰਦਰ ਨੇ ਇਹ ਸ਼ਹਿਰ ਵਸਾਇਆ ਸੀ। ਪਰ ਕਈ ਇਤਹਾਸਕਾਰ ਇਸ ਤੋਂ ਵੀ ਜਿਆਦਾ ਪੁਰਾਣਾ ਮੰਨਦੇ ਹਨ। ਇਹ ਉਹ ਸਥਾਨ ਹੈ ਜਿੱਥੇ ਪੰਜਾਬ ਦੇ ਪੰਜੇ ਦਰਿਆ ਆਖਿਰ ਵਿਚ ਦਰਿਆ ਸਿੰਧ ਨਾਲ ਮਿਲਦੇ ਹਨ।

ਸਾਡਾ ਅੰਦਾਜ਼ਾ ਹੈ ਕਿ ਗੁਰੂ ਸਾਹਿਬ ਇੱਕ ਵਾਰੀ ਨਹੀ ਤਿੰਨ ਵਾਰੀ ਉੱਚ ਆਏ ਸਨ। ਭਾਈ ਮਨੀ ਸਿੰਘ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਬਹੁਤ ਛੋਟੀ ਉਮਰੇ ਭਾਈ ਮਰਦਾਨੇ (ਦਾਨਾ) ਨਾਲ ਪਾਕਪੱਤਣ ਗਏ ਸਨ। ਸਿਰਫ ਭਾਈ ਮਨੀ ਸਿੰਘ ਹੀ ਨਹੀ ਪੁਰਾਤਨ ਜਨਮ ਸਾਖੀ ਤੋ ਵੀ ਗੁਰੂ ਸਾਹਿਬ ਦੀ ਇਨਾਂ ਪੀਰਾਂ ਨਾਲ ਨੇੜਤਾ ਬਾਰੇ ਪਤਾ ਲੱਗਦਾ ਹੈ।

ਗੁਰ. ਪਹਿਲੀ ਪਾਤਸ਼ਾਹੀ, ਚੱਕ 317 ਈ.ਬੀ. ਬੂੜੇਵਾਲਾ ਜਿਲਾ ਵਿਹਾੜੀ।

'ਟਿੱਬਾ ਬਾਬਾ ਨਾਨਕ' ਜਾਂ ਟਿੱਬਾ ਅਭੋਰ- ਪਾਕਪੱਟਣ ਸ਼ਹਿਰ ਤੋਂ ਠੀਕ ਨੱਕ ਦੀ ਸੇਧ ਤੇ ਪੱਛਮ ਵਲ 'ਟਿੱਬਾ ਬਾਬਾ ਨਾਨਕ' ਹੈ। ਇਥੇ ਉੱਚੇ ਥੇਹ ਤੇ ਗੁਰੂ ਸਾਹਿਬ ਦਾ ਯਾਦਗਾਰੀ ਗੁਰਦੁਆਰਾ ਨਾਨਕਸਰ ਹੈ। ਇਸ ਦੀ ਸ਼ਾਨਦਾਰ ਇਮਾਰਤ ਅੱਜ ਵੀ ਮੌਜੂਦ ਹੈ। ਗੁਰਧਾਮ ਦੀਦਾਰ ਅਨੁਸਾਰ ਇਹ ਉਹ ਅਸਥਾਨ ਹੈ ਜਿਥੋਂ ਦਾ ਟੁੰਡਾ ਰਾਜਾ ਹੋਇਆ ਹੈ ਜਿਹਦੀ ਵਾਰ ਦੀ ਤਰਜ ਆਸਾ ਦੀ ਵਾਰ ਵਿਚ ਦਿੱਤੀ ਹੈ। ਉਸ ਟੁੰਡੇ ਰਾਜੇ ਦੇ ਜੁਲਮਾਂ ਕਾਰਨ ਇਹ ਸ਼ਹਿਰ ਉੱਜੜ ਗਇਆ ਸੀ ਤੇ ਅੱਜ ਥੇਹ ਹੀ ਹੈ। ਖਾਸ ਇਸ ਅਸਥਾਨ ਤੇ ਹੀ ਸ਼ੇਖ ਫਰੀਦ ਦੇ ਵੰਸ਼ਜ ਸ਼ੇਖ ਇਬਰਾਹੀਮ ਨਾਲ ਗੁਰੂ ਸਾਹਿਬ ਦੀਆਂ ਗੋਸ਼ਟਾਂ ਹੋਈਆਂ ਸਨ। (Location 30°20'53.2"N 73°10'52.9"E)

ਇਥੇ ਹੀ ਸ਼ੇਖ ਜੀ ਦੇ ਸੇਵਕ ਫਤਹਿਉਲਾ ਨੂਰੀ ਨੂੰ ਅੱਖਾਂ ਮੀਟਾ ਕੇ ਮੱਕੇ ਸ਼ਰੀਫ ਦਾ ਹੱਜ ਕਰਵਾ ਦਿੱਤਾ ਸੀ। ਨੂਰੀ ਨੇ ਫਿਰ ਛੇਤੀ ਹੀ ਦੇਹ ਤਿਆਗ ਦਿੱਤੀ। ਕਿਉਕਿ ਮਰਨ ਕਿਨਾਰੇ ਨੂਰੀ ਕਹਿੰਦਾ ਸੀ ਕਿ ਮੇਰੇ ਮੰਨ ਵਿਚ ਮਲਾਲ ਰਹੇਗਾ ਕਿ ਮੈਂ ਜਿੰਦਗੀ ਵਿਚ ਹੱਜ ਨਹੀ ਕਰ ਪਾਇਆ। ਨੂਰੀ ਦੀ ਕਬਰ ਗੁਰਦੁਆਰਾ ਸਾਹਿਬ ਦੇ ਪਾਸ ਹੀ ਬਣੀ ਹੋਈ ਹੈ। -(ਗੁਰਧਾਮ ਦੀਦਾਰ- 141 ਫੋਟੋ ਇਕਬਾਰ ਕੈਸਰ)

ਦਸਮ ਪਾਤਸ਼ਾਹ ਨੇ ਮਾਛੀਵਾੜੇ ਜਦੋਂ ਉੱਚ ਪੀਰ ਦਾ ਸਾਂਗ ਬਣਾਇਆ, ਉਹ ਵੀ ਸਾਬਤ ਕਰਦਾ ਹੈ ਕਿ ਦਸਮ ਗੁਰੂ ਸਾਹਿਬਾਨ ਤੱਕ ਇਹ ਪੀਰ ਸਿੱਖੀ ਵਿਚ ਸਤਿਕਾਰਤ ਸਨ।

ਉੱਚ ਵਿਖੇ ਇਨਾਂ ਪੀਰਾਂ ਦੇ ਖਾਨਦਾਨ ਕੋਲ ਗੁਰੂ ਸਾਹਿਬ ਦੀਆਂ ਪੰਜ ਨਿਸ਼ਾਨੀਆਂ ਵੀ ਮੌਜੂਦ ਹਨ ਜੋ ਉਨਾਂ ਨੇ ਮੰਗ ਕੇ ਗੁਰੂ ਸਾਹਿਬ ਕੋਲੋ ਲਈਆਂ ਇਹਨਾਂ ਵਿਚ;

1. ਇਕ ਜੋੜਾ ਖੜਾਵਾਂ (ਕਈ ਥਾਂਈ ਕੌਂਸ ਭਾਵ ਖੋਸਾ ਲਿਖਿਆ ਹੈ)
2. ਬੈਰਾਗਣ (ਨਾਲ ਦਿੱਤੀ ਫੋਟੋ ਵੇਖੋ)
3. ਗੁੱਰਜ (ਨਾਲ ਦਿੱਤੀ ਫੋਟੋ ਵੇਖੋ)

ਪੈਰ ਸਾਡਾ

ਗੁਰੂ ਸਾਹਿਬ ਦੀਆਂ ਦੱਖਣ ਦੀਆਂ ਯਾਤਰਾਂਵਾਂ ਨੂੰ ਜਦੋਂ ਨਕਸ਼ੇ ਤੇ ਵੇਖੀਦਾ ਹੈ ਤਾਂ ਸ੍ਰੀ ਲੰਕਾ ਤੋਂ ਲੈ ਕੇ ਐਮ ਪੀ ਤੱਕ ਸਾਫ ਪੈਟਰਨ ਨਜਰ ਆਉਦਾ ਹੈ। ਦੂਸਰੇ ਪਾਸੇ ਸਮੁੰਦਰ ਕਿਨਾਰੇ ਜਿਹੜੇ ਉਦਾਸੀ ਵਾਲੇ ਨਗਰ ਨਕਸ਼ੇ ਤੇ ਵੇਖਦੇ ਹਾਂ ਤਾਂ ਓਸ ਤੋਂ ਗਲ ਸਾਫ ਹੁੰਦੀ ਹੈ ਗੁਰੂ ਸਾਹਿਬ ਪੈਦਲ ਯਾਤਰਾ ਨਹੀ ਕਰ ਰਹੇ। ਫਿਰ ਸ਼ੁਰੂਆਤ ਬੰਦਰਗਾਹ ਲਖਪਤ ਤੇ ਓਨਾਂ ਦਾ ਸਥਾਨ ਹੋਣਾ ਸਾਬਤ ਕਰਦਾ ਹੈ ਕਿ ਓਨਾਂ ਨੇ ਬੇੜੇ ਦੀ ਵਰਤੋਂ ਕੀਤੀ। ਤੱਟ ਤੇ ਓਸ ਵੇਲੇ ਦੇ ਸਿਰਫ ਮਹੱਤਵਪੂਰਨ ਸਥਾਨਾਂ ਤੇ ਚਰਨ ਪਾ ਰਹੇ ਨੇ। ਛੋਟੇ ਮੋਟੇ ਛੱਡਦੇ ਜਾ ਰਹੇ ਨੇ।

ਕਿਰਪਾਲ ਸਿੰਘ- 122 ਵੀ ਮੰਨਿਆ ਹੈ ਕਿ ਸਾਹਿਬ ਉੱਚ ਤੋਂ ਅੱਗੇ ਬੇੜੀ ਰਾਂਹੀ ਗਏ।

ਕਈ ਲਿਖਾਰੀ ਜਿਹੜੇ ਇਤਹਾਸ ਦਾ ਮੁਢਲਾ ਪ੍ਰੰਪਰਾ ਸਿਧਾਂਤ ਨਹੀ ਸਮਝਦੇ ਉਨਾਂ ਨੇ ਗੁਰੂ ਸਾਹਿਬ ਤੇ ਸ਼ੇਖ ਬ੍ਰਹਮ ਦੀ ਗਲ ਬਾਤ ਤੋਂ ਇੱਕ ਨਵਾ ਅੰਦਾਜ਼ਾ ਲਾ ਲਿਆ ਹੈ। ਅਖੇ ਜਿਹੜੇ ਗੁਰੂ ਗਰੰਥ ਸਾਹਿਬ ਵਿਚ ਬਾਬਾ ਫਰੀਦ ਦੇ ਸਲੋਕ ਹਨ ਉਹ ਏਸੇ ਸ਼ੇਖ ਬ੍ਰਹਮ ਦੇ ਹਨ। ਇਨਾਂ ਸੱਜਣਾਂ ਦਾ ਧਿਆਨ ਅਸੀ ਪਾਕਪਤਨ ਦੀ ਜੀਦੀ ਪ੍ਰੰਪਰਾ ਵਲ ਖਿਚਦੇ ਹਾਂ। ਓਥੇ ਲਗਾਤਾਰ ਇੱਕ ਦੋ ਬਾਦ ਦੂਜਾ ਗੱਦੀ ਨਸ਼ੀਨ ਚਲਿਆ ਆ ਰਿਹਾ ਹੈ। ਕਹਿਣ ਤੋਂ ਮਤਲਬ ਪ੍ਰਵਾਹ ਟੁੱਟਿਆ ਨਹੀ। ਅਜਿਹੇ ਮਸਲੇ ਵਿਚ ਪ੍ਰੰਪਰਾ ਦੀ ਵੱਡੀ ਅਹਿਮੀਅਤ ਹੁੰਦੀ ਹੈ। ਇਤਹਾਸ ਦਾ ਸਿਧਾਂਤ ਹੈ, "ਪ੍ਰੰਪਰਾ ਹਮੇਸ਼ਾਂ ਸੱਚੀ ਹੁੰਦੀ ਜਿੰਨਾਂ ਚਿਰ ਉਨੂੰ ਝੂਠੀ ਸਾਬਤ ਨਾਂ ਕਰ ਸਕੋ।'

◈ ਬੀ:40-70। ਸੋਢੀ: 488 ਤੋ 508 ਵਿਚ ਹੋਰ ਬੜੇ ਵਿਸਥਾਰ ਅਤੇ ਖੂਬਸੂਰਤ ਅੰਦਾਜ਼ ਵਿਚ ਇਹ ਗੋਸ਼ਟੀ ਦਿਤੀ ਹੈ। ਸ਼ੇਖ ਇਬਰਾਹੀਮ ਨਾਲ ਖੇਮਕਰਨ ਵਿਖੇ ਵੀ ਗੁਰੂ ਸਾਹਿਬ ਦਾ ਮੇਲ ਹੁੰਦਾ ਹੈ।

4. ਪੱਥਰ ਦੀਆਂ ਦੋ ਫਕੀਰੀ ਚੂੜੀਆਂ

5. ਬੇੜੀ (ਦਾ ਮਾਡਲ) ਜੋ ਡੇਢ ਫੁੱਟ ਲੰਮੀ ਤੇ ਇੱਕ ਫੁੱਟ ਚੌੜੀ

ਅੰਦਾਜ਼ਾ ਲਾਇਆ ਜਾਏ ਕਿ ਕਿਸੇ ਦੀ ਨਿਸ਼ਾਨੀ ਕਦੋਂ ਕੋਈ ਸਾਂਭਦਾ ਹੈ? ਭਾਵ ਗੁਰੂ ਸਾਹਿਬ ਪ੍ਰਤੀ ਇਨਾਂ ਦਾ ਡਾਹਢਾ ਸਤਿਕਾਰ ਸੀ।

ਫਿਰ ਹੋਰ ਸਮਾਨਤਾ ਵੇਖੋ: ਇਹ ਪੀਰ ਆਪਣੇ ਕੇਸ ਨਹੀ ਸਨ ਕੱਟਦੇ ਹੁੰਦੇ। ਅੱਜ ਕਲ ਜਰੂਰ ਫੈਸ਼ਨਪ੍ਰਸਤੀ ਦੇ ਦੌਰ ਵਿਚ ਇਨਾਂ ਦੇ ਮੁੰਡੇ ਕੇਸ ਕੱਟ ਲੈਂਦੇ ਹਨ। ਇਨਾਂ ਵਿਚ ਇੱਕ ਕਹਾਣੀ ਪ੍ਰਚਲਤ ਹੈ ਕਿ ਵੱਡੇ ਪੀਰ ਜਲਾਲੁਦੀਨ (ਸੁਰਖ ਪੋਸ਼) ਬੁਖਾਰੀ (1199- 1291ਈ.) ਦੇ ਪੋਤਰੇ ਜਹਾਨੀਆਂ-ਜਹਾਨ-ਗਸ਼ਤ ਜਿਸ ਨੇ ਦੁਨੀਆਂ ਭਰ ਦੀ ਸੈਰ ਕੀਤੀ ਸੀ ਇੱਕ ਵਾਰ ਹਜਰਤ ਮੁਹੰਮਦ ਦੀ ਗੋਰ ਦੇ ਦਰਸ਼ਨ ਕਰਨ ਚਲਾ ਗਿਆ। ਓਥੇ ਮੌਜੂਦ ਮਜੌਰ (ਮੌਲਾਣਾ ਅਤਰੀ) ਨੇ ਜਹਾਨੀਆਂ ਨੂੰ ਅੰਦਰ ਜਾਣ ਤੋਂ ਮਨਾਂ ਕਰ ਦਿੱਤਾ ਇਹ ਕਹਿ ਕੇ ਕਿ ਜਾ ਪਹਿਲਾਂ ਆਪਣੀਆ ਜ਼ੁਲਫਾਂ ਮੁਨਾ ਕੇ ਆ। ਜਹਾਨੀਆ ਨੇ ਓਨੂੰ ਜਵਾਬ ਦਿੱਤਾ ਕਿ ਮੈਂ ਸਯੱਦ ਖਾਨਦਾਨ (ਹਜਰਤ ਮੁਹੰਮਦ ਦਾ ਖਾਨਦਾਨ) 'ਚੋ ਹਾਂ। ਮੇਰੀਆਂ ਜੁਲਫਾਂ ਕੋਈ ਸਯੱਦ ਹੀ ਮੁੰਨ ਸਕਦਾ ਹੈ। ਮੌਲਾਣਾ ਕਹਿੰਦਾ ਕਿ ਤੁਸੀ ਕਿਥੋਂ ਆਏ ਹੋ? ਇਨੇ ਦੱਸਿਆ ਕਿ ਮੈਂ ਹਿੰਦ ਤੋਂ ਹਾਂ। ਮੌਲਾਣਾ ਹੱਸ ਪਿਆ ਕਹਿੰਦਾ ਕਿ ਹਿੰਦ 'ਚ ਸੱਯਦ ਕਦੋਂ ਦੇ ਹੋ ਗਏ? ਓਥੇ ਫਿਰ ਕਿਹਾ ਜਾਂਦਾ ਹੈ ਕਿ ਹਜਰਤ ਮੁਹੰਮਦ ਦੀ ਕਬਰ 'ਚੋਂ ਅਵਾਜ ਆਈ ਕਿ ਇਹ ਮੇਰਾ ਦੋਹਤਰਾ ਜਿਸ ਤੋਂ ਮੈਂ ਬਲਿਹਾਰ ਜਾਂਦਾ ਹਾਂ।

ਉੱਚ ਦਾ ਵੱਡਾ ਪੀਰ ਮਖਦੂਮ ਸੱਯਦ ਸੁਲਤਾਨ ਜਹਾਨੀਆ ਗੁਰੂ ਸਾਹਿਬ ਦੀਆਂ ਨਿਸ਼ਾਨੀਆ ਗੁਰਜ ਅਤੇ ਬੈਰਾਗਣ ਦਿਖਾਉਦੇ ਹੋਏ। ਹੇਠਾਂ ਬੈਰਾਗਣ।

ਕਹਿਣ ਤੋਂ ਮਤਲਬ ਇਹ ਪੀਰ ਕੇਸ ਨਹੀ ਸਨ ਕੱਟਦੇ। ਓਧਰ ਹਿੰਦੂਮਤ ਵਿਚ ਵੀ ਸਾਧੂ ਸੰਤ ਵਾਸਤੇ ਕੇਸ ਕੱਟਣੇ ਨਹਾਇਤ ਵਰਜਿਤ ਸਨ।(ਦੇਖੋ ਸਫਾ-523)

ਦੂਸਰੀ ਗਲ ਇਨਾਂ ਵਿਚ ਦੂਰ ਦੁਰਾਡੇ ਦੇਸ਼ਾਂ ਵਿਚ ਸੈਰ ਕਰਨ ਜਾਣਾ ਪ੍ਰਚਲਤ ਸੀ ਤੇ ਇਸ ਨੂੰ ਚੰਗਾ ਸਮਝਿਆ ਜਾਂਦਾ ਸੀ।

---◈---

ਉੱਚ ਦੇ ਪੀਰ ਨੂੰ ਗੁਰਮੁਖ ਦੀ ਪਰਿਭਾਸ਼ਾ ਦੱਸੀ

ਸਵੇਰੇ ਸਵੱਖਤੇ ਗੁਰੂ ਸਾਹਿਬ ਪੰਜਨੱਦ (ਸਤਲੁਜ) ਵਿਚ ਇਸਨਾਨ ਕਰਦੇ ਹੋਏ ਜਪੁਜੀ ਸਾਹਿਬ ਦਾ ਪਾਠ ਕਰ ਰਹੇ ਸਨ। ਨਾਲ ਹੀ ਕੁਝ ਮੁਸਲਮਾਨ ਸਿੰਧੀ ਵੀ ਨਹਾ ਰਹੇ ਸਨ। ਉਹ ਗੁਰੂ ਸਾਹਿਬ ਦੇ ਕਲਾਮ ਨੂੰ ਬੜੇ ਧਿਆਨ ਨਾਲ ਸੁਣ ਰਹੇ ਸਨ। ਉਨਾਂ ਅਰਜ ਕਰਕੇ ਗੁਰੂ ਸਾਹਿਬ ਦੀ ਬਾਣੀ ਦੁਬਾਰਾ ਸੁਣੀ ਤੇ ਹੇਠਲੀਆਂ ਤੁਕਾਂ ਤੇ ਸ਼ੰਕਾ ਜਿਤਾ ਦਿੱਤੀ:-

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥ ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥ ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥ ਗੁਰਾ ਇੱਕ ਦੇਹਿ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥

ਅਤੇ

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇੱਕ ਵਾਤ ॥ ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥ ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥ ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥

ਉਸ ਸਿੰਧੀ ਨੇ ਝੱਟ ਜਾ ਕੇ ਉੱਚ ਪੀਰ ਕੋਲ ਸ਼ਕਾਇਤ ਕੀਤੀ ਕਿ ਇੱਕ ਹਿੰਦੂ ਫਕੀਰ ਕੁਝ ਇਸ ਤਰਾਂ ਕਹਿ ਰਿਹਾ ਹੈ ਕਿ ਗੁਰਮੁੱਖ ਸਭ ਦੇਵੀ ਦੇਵਤਿਆਂ ਅਵਤਾਰਾਂ ਤੋਂ ਵੀ ਉੱਚੇ ਹੁੰਦੇ ਹਨ ਤੇ ਦੂਸਰੀ ਇਸਲਾਮ ਦੇ ਸਿਧਾਂਤ ਕਿ 14 ਅਕਾਸ ਤੇ ਪਤਾਲ ਹਨ ਦੇ ਵੀ ਖਿਲਾਫ ਗਲ ਕਰ ਰਿਹਾ ਹੈ ਅਖੇ ਲੱਖਾਂ ਹੀ ਅਕਾਸ਼ ਤੇ ਪਤਾਲ ਹਨ।

ਪੀਰ ਨੇ ਉਸ ਸਿੰਧੀ ਨੂੰ ਹੁਕਮ ਕੀਤਾ ਕਿ ਜਾ ਉਸ ਫਕੀਰ ਨੂੰ ਬੜੇ ਅਦਬ ਨਾਲ ਮੇਰੇ ਕੋਲ ਲੈ ਕੇ ਆ। ਸਿੰਧੀ ਨੇ ਗੁਰੂ ਸਾਹਿਬ ਨੂੰ ਗੁਜਾਰਿਸ਼ ਕੀਤੀ ਕਿ ਸਾਡੇ ਪੀਰ ਤੁਹਾਡੇ ਨਾਲ ਗੁਫਤਗੂ ਕਰਨਾਂ ਚਾਹੁੰਦੇ ਹਨ, ਸਾਡੇ ਨਾਲ ਚਲੋ।

ਇਸ ਤਰਾਂ ਉੱਚ ਦੇ ਪੀਰ ਨਾਲ ਗੁਰੂ ਸਾਹਿਬ ਦੀ ਪਹਿਲੀ ਮਿਲਣੀ ਹੁੰਦੀ ਹੈ। ਗੁਰੂ ਸਾਹਿਬ ਨੇ ਪੀਰ ਨੂੰ ਸਮਝਾਇਆ ਕਿ ਗੁਰਮੁਖ ਉਹ ਹੁੰਦਾ ਹੈ ਜੋ ਪੂਰੀ ਤਰਾਂ ਖੁਦਾ ਦੀ ਰਜਾ ਵਿਚ ਰਹਿੰਦਾ ਹੈ। ਲਾਗੇ ਬੈਠਾ ਸਿੰਧੀ ਬੋਲ ਉਠਿਆ ਸਾਡੇ ਪੀਰ ਗੁਰਮੁਖ ਤੋਂ ਉਤੇ ਹਨ। ਗੁਰੂ ਸਾਹਿਬ ਨੇ ਕਿਹਾ "ਨਹੀ। ਤੁਹਾਡੇ ਪੀਰ ਕਦੀ ਖੁਦਾ ਦਾ ਹੁਕਮ ਅਦੂਲ ਦੇ ਹਨ। ਕਰਮਾਤਾਂ ਕਰ ਦਿੰਦੇ ਹਨ।" ਪੀਰ ਕੋਲ ਕੋਈ ਜਵਾਬ ਨਹੀ ਸੀ।

ਥੈਰ ਰਾਂਤੀ ਪੀਰ ਜਦੋਂ ਸੁੱਤਾ ਤਾਂ ਸੁਪਨਾ ਆਇਆ ਜਿਸ ਵਿਚ ਖੁਦਾ ਨੇ ਪੀਰ ਨੂੰ ਗੁਰਮੁਖਾਂ ਤੋਂ ਥੱਲੇ ਰੱਖਿਆ। ਗੁਰਮੁਖਾਂ ਵਾਸਤੇ ਭੋਜਨ ਦੇ ਥਾਲ ਉਤਰਦੇ ਹਨ ਤੇ ਪੀਰ ਮੂੰਹ ਵੇਖਦਾ ਰਹਿੰਦਾ ਹੈ। ਫਿਰ

ਗੁਰੂ ਸਾਹਿਬ ਦੀ ਮੱਕਾ ਮਦੀਨਾ ਫੇਰੀ ਮੌਕੇ ਉੱਚ ਦਾ ਇਕ ਪੀਰ ਉਹਨਾਂ ਦੇ ਨਾਲ ਸੀ। ਜਨਮਸਾਖੀਆਂ ਉਹਦਾ ਸਹੀ ਨਾਂ ਨਹੀ ਦੇ ਸਕੀਆਂ। ਕਿੱਤੇ ਪੀਰ ਜਲਾਲ ਲਿਖਿਆ ਕਿਤੇ ਬਹਾਵਦੀ, ਕਿਤੇ ਰੁਕਨੁਦੀਨ ਅਤੇ ਹੋਰ। ਅੱਗੇ ਅਸੀ ਪੜ੍ਹਾਂਗੇ ਕਿ ਮੱਕੇ ਵਿਚ ਤਾਂ ਬਕਾਇਦਾ ਗੁਰੂ ਸਾਹਿਬ ਦੇ ਨਾਂ ਦੀ ਮਸੀਤ ਵੀ ਬਣ ਗਈ ਸੀ, ਜਿਥੇ ਗੁਰੂ ਸਾਹਿਬ ਦੀ ਜੁੱਤੀ ਨੂੰ ਸਜਦਾ ਕੀਤਾ ਜਾਂਦਾ ਸੀ। ਇਤਹਾਸ ਵਿਚ ਜਿਕਰ ਮਿਲਦਾ ਹੈ ਕਿ ਉਹ ਕੌਸ ਬਾਦ ਵਿਚ ਉੱਚ ਦਾ ਪੀਰ ਚੁੱਕ ਲਿਆਇਆ ਸੀ ਜਦੋਂ ਵਕਤ ਪਾ ਕੇ ਉਹਦੀ ਮੰਨਤਾ ਘਟ ਗਈ ਤਾਂ। ਬਾਕੀ ਇਥੇ ਆਪਾਂ ਪੜ੍ਹ ਹੀ ਰਹੇ ਹਾਂ ਕਿ ਗੁਰੂ ਸਾਹਿਬ ਦੀਆਂ ਹੋਰ ਚਾਰ ਨਿਸ਼ਾਨੀਆਂ ਵੀ ਇਥੇ ਉੱਚ ਦੇ ਪੀਰਾਂ ਕੋਲ ਹਨ। ਥੈਰ ਆ ਉਤੋ ਵਾਲੀ ਫੋਟੋ ਬੀਬੀ ਜਵਿੰਦੀ ਦਾ ਮਕਬਰਾ ਹੈ ਜੋ ਗੁਰੂ ਸਾਹਿਬ ਦੀ ਇਥੇ ਆਮਦ ਦੇ ਦਿਨਾਂ ਵਿਚ ਬਣਿਆ। ਇਹਦਾ ਗੁਰੂ ਸਾਹਿਬ ਦੀ ਸਾਖੀ ਨਾਲ ਕੋਈ ਸਿੱਧਾ ਸਬੰਧ ਨਹੀ ਹੈ। ਸਿਰਫ ਪੀਰਾਂ ਦੇ ਸਤਿਕਾਰ ਖਾਤਰ ਇਹ ਫੋਟੋ ਦਿੱਤੀ ਜਾ ਰਹੀ ਹੈ।

ਪੀਰ ਨੂੰ ਦੱਸਿਆ ਜਾਂਦਾ ਹੈ ਕਿ ਵੇਖ ਫਲਾਣੇ ਵਕਤ ਤੇ ਤੂੰ ਹਉਮੈ ਕਾਰਨ ਕਰਾਮਾਤ ਦਿਖਾਈ ਸੀ ਜੋ ਖੁਦਾ ਦੀ ਰਜਾ ਦੇ ਉਲਟ ਗਲ ਹੈ।

ਫਿਰ ਅਗਲਾ ਮਸਲਾ ਲੱਖ ਅਕਾਸਾਂ ਪਤਾਲਾਂ ਦਾ ਸੀ। ਇਥੇ ਵੀ ਪੀਰ ਗੁਰੂ ਸਾਹਿਬ ਨਾਲ ਮੁਤਫਿਕ ਹੋ ਗਿਆ। ਸਿੰਧੀ ਨੂੰ ਕਹਿਣ ਲੱਗਾ ਭਾਈ ਜਿਹਦੀ ਪਹੁੰਚ 7 ਅਸਮਾਨਾਂ ਤੱਕ ਹੈ ਉਸ ਨੇ 7 ਕਹੇ ਨੇ ਜਿਹਦੀ ਪਹੁੰਚ ਲੱਖਾਂ ਅਕਾਸ਼ਾਂ ਤੱਕ ਹੈ ਉਸ ਨੇ ਲੱਖਾਂ ਕਹੇ ਨੇ।

ਪੀਰ ਨੇ ਜਿੱਦ ਕਰਕੇ ਗੁਰੂ ਸਾਹਿਬ ਤੇ ਮਰਦਾਨੇ ਨੂੰ ਆਪਣੇ ਕੋਲ ਕੁਝ ਦਿਨ ਹੋਰ ਰਹਿਣ ਵਾਸਤੇ ਮਨਾ ਲਿਆ। ਕਿਹਾ ਜਾਂਦਾ ਹੈ ਕਿ ਜਪੁਜੀ ਸਾਹਿਬ ਦਾ ਬਹੁਤਾ ਭਾਗ ਇਥੇ ਹੀ ਰਚਿਆ ਗਿਆ।

---◈---

ਮਿੱਠਣ ਕੋਟ ਦਾ ਪੀਰ ਹਿੰਦੂਆਂ ਨੂੰ ਮਜਬੂਰ ਕਰਦਾ ਸੀ ਕਿ ਮੁਰਦੇ ਨੂੰ ਸਾੜੋ ਨਹੀ, ਦਫਨਾਓ◉ – ਉੱਚ ਦੇ ਪੀਰ ਤੋਂ ਵਿਦਾ ਹੋ ਕੇ ਗੁਰੂ ਸਾਹਿਬ 85 ਕਿਲੋਮੀਟਰ ਥੱਲੇ ਮਿੱਠਣ ਕੋਟ ਆ ਗਏ ਜਿੱਥੇ ਸਿੰਧ ਦਰਿਆ ਸੌਖਿਆਂ ਪਾਰ ਕੀਤਾ ਜਾਂਦਾ ਹੈ। ਮਿੱਠਣ ਕੋਟ ਸਿੱਖ ਰਾਜ ਦਾ ਆਖਰੀ ਸ਼ਹਿਰ ਸੀ। ਅੱਗੋਂ ਸਿੰਧ ਸ਼ੁਰੂ ਹੋ ਜਾਂਦਾ ਹੈ। ਸਥਾਨ ਬਹੁਤ ਪੁਰਾਣਾ ਹੈ ਜਿਸ ਬਾਰੇ ਬਾਦਸ਼ਾਹ ਸਿਕੰਦਰ ਦੇ ਸਾਥੀਆਂ ਦੇ ਸਫਰਨਾਮਿਆਂ ਵਿਚ ਵੀ ਜਿਕਰ ਮਿਲਦਾ ਹੈ। ਇਥੇ ਪਹੁੰਚ ਗੁਰੂ ਸਾਹਿਬ ਨੇ ਸ਼ਹਿਰ ਦੇ ਬਾਹਰ ਡੇਰਾ ਕੀਤਾ ਹੋਇਆ ਸੀ। ਹੌਲੀ ਹੌਲੀ ਲੋਕਾਂ ਦਾ ਆਉਣਾ ਜਾਣਾ ਸ਼ੁਰੂ ਹੋਇਆ। ਇਲਾਕੇ ਦੇ ਜੋਗੀਆਂ ਨਾਲ ਗੱਲਾਂ ਬਾਤਾਂ ਹੋਈਆਂ।

ਸ਼ਹਿਰ ਦੇ ਹਿੰਦੂਆਂ ਨੇ ਸ਼ਕਾਇਤ ਕੀਤੀ ਕਿ ਗੁਰੂ ਸਾਹਿਬ ਜੀ ਇਥੇ ਵਾਲੇ ਸੂਫੀ ਪੀਰ ਖੁੱਲ ਦਿਲੇ ਨਹੀ ਹਨ। ਉਨਾਂ ਕਿਹਾ ਕਿ ਜਦੋਂ ਵੀ ਸਾਡੇ ਕੋਈ ਮਰਗ ਹੁੰਦੀ ਹੈ। ਪੀਰ ਆ ਕੇ ਬਹਿਸਬਾਜੀ ਕਰਦਾ ਹੈ ਕਿ ਮੁਰਦਾ ਸਾਡੇ ਨਾਂ ਇਨੂੰ ਦਫਨਾਓ। ਭਾਣਾ ਰੱਬ ਦਾ ਗੁਰੂ ਸਾਹਿਬ ਦੇ ਇਥੇ ਹੁੰਦਿਆਂ ਹੁੰਦਿਆਂ, ਇੱਕ ਹਿੰਦੂ ਬਜੁਰਗ ਦੀ ਮੌਤ ਹੋ ਗਈ। ਜਨਾਜੇ ਤੇ ਗੁਰੂ ਸਾਹਿਬ ਵੀ ਪਹੁੰਚ ਗਏ ਤੇ ਮੜ੍ਹੀਆਂ ਵਿਚ ਪੀਰ ਨੇ ਆ ਫਿਰ ਪੰਗਾ ਪਾ ਦਿੱਤਾ, ਕਿ ਮੁਰਦੇ ਨੂੰ ਦਬਾਓ।

ਗੁਰੂ ਸਾਹਿਬ ਨੇ ਪੀਰ ਨੂੰ ਬੜੇ ਆਦਰ ਸਤਿਕਾਰ ਨਾਲ ਪੁੱਛਿਆ ਕਿ ਸਾਡਨ ਵਿਚ ਕੀ ਨੁਕਸਾਨ ਦੇ ਦਬਣ ਵਿਚ ਕੀ ਫਾਇਦਾ? ਪੀਰ ਨੇ ਕਿਹਾ ਕਿ ਪਰਲੋ (ਕਿਆਮਤ) ਵਾਲੇ ਦਿਨ ਮੁਰਦੇ ਨੇ ਜੀਅ ਉਠਣਾ ਹੈ। ਜੇ ਸੜ੍ਹ ਗਇਆ ਹੋਇਆ ਤਾਂ ਕਿਵੇ ਜੀਵੇਗਾ?

ਗੁਰੂ ਸਾਹਿਬ ਨੇ ਪੀਰ ਨੂੰ ਸਮਝਾਇਆ ਕਿ ਪੀਰ ਜੀ ਜਦੋਂ ਆਪਾਂ ਮੁਰਦਾ ਦਫਨਾ ਦਿੰਨੇ ਆ ਸਰੀਰ ਗਲ ਜਾਂਦਾ ਹੈ ਤੇ ਛੇਤੀ ਹੀ ਉਹ ਮਿੱਟੀ ਨਾਲ ਮਿੱਟੀ ਹੋ ਜਾਂਦਾ ਹੈ। ਪੀਰ ਨੂੰ ਦੱਸਿਆ ਕਿ ਕਿਵੇ ਪੁਰਾਣੀਆਂ ਕਬਰਾਂ ਦਾ ਸਾਨੂੰ ਕੋਈ ਪਤਾ ਨਹੀ ਰਹਿੰਦਾ। ਵਕਤ ਪਾ ਕੇ ਉਹ ਵਾਹ ਲਈਆਂ ਜਾਂਦੀਆਂ ਹਨ। ਕਦੀ ਓਸੇ ਕਬਰ ਵਾਲੀ ਮਿੱਟੀ ਨੂੰ ਗੋਹ ਕੇ ਘੁੰਮਿਆਰ ਭਾਂਡੇ ਘੜਦਾ ਹੈ। ਓਦੋਂ ਉਸੇ ਮਿੱਟੀ ਨੂੰ ਸੜ੍ਹਨਾ ਪੈਂਦਾ ਹੈ। ਸੋ ਇਹੋ ਜਿਹੇ ਵਹਿਣ ਨਾਂ ਕਰੋ।

ਮਿੱਟੀ ਦੇ ਸੜ੍ਹਨ ਬਾਰੇ ਜਦੋਂ ਪੀਰ ਨੂੰ ਗਿਆਨ ਹੋਇਆ ਤਾਂ ਉਹ ਪੈਰੀ ਪੈ ਗਿਆ। ਓਥੇ ਫਿਰ ਗੁਰੂ ਸਾਹਿਬ ਨੇ ਆਸਾ ਦੀ ਵਾਰ ਵਾਲੀ ਪਉੜੀ ਕਹੀ:-

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥ ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥ ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ ॥ ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ ॥

ਕੰਧਕੋਟ - ਹੋਰ ਨੇੜੇ ਤੇੜੇ ਲੋਕਾਈ ਨੂੰ ਇੱਕ ਨਿਰੰਕਾਰ ਨਾਲ ਜੋੜਕੇ ਗੁਰੂ ਸਾਹਿਬ ਬੇੜੀ ਤੇ ਬਹਿ 140 ਕਿਲੋਮੀਟਰ ਹੇਠਾਂ ਦੱਖਣ ਕੰਧਕੋਟ ਪਹੁੰਚ ਗਏ। ਓਥੇ ਵੀ ਸਿੰਧੀ ਸਿੱਖਾਂ ਨੇ ਗੁਰੂ ਸਾਹਿਬ ਦੀ ਯਾਦ ਵਿਚ ਸੁਨਿਆਰ ਬਜਾਰ, ਸੋਹਵਾਨ ਤਹਿਸੀਲ ਕੰਧਕੋਟ ਵਿਖੇ ਸ਼ਾਨਦਾਰ ਗੁਰ ਅਸਥਾਨ ਬਣਾ ਰੱਖਿਆ ਹੈ।

---◈---

ਪੈਰ ਸਫਾ

ਉੱਚ- ਭਾਈ ਮਨੀ ਸਿੰਘ- ਪੰਨਾ 255

ਹੋਰ ਵੇਖੋ ਸ਼ੇਖ ਬਹਾਵਦੀ ਵਾਲੀ ਸਾਖੀ, ਪੁਰਾਤਨ ਪੰਨਾ-156

ਗੁਰੂ ਸਾਹਿਬ ਦੇ ਵੇਲੇ ਉੱਚ ਦਾ ਪੀਰ ਕੌਣ ਸੀ? ਇਤਹਾਸਕਾਰਾਂ ਨੇ ਵੱਖ ਵੱਖ ਨਾਂ ਦਿੱਤੇ ਹਨ। ਤਵਾਰੀਖ ਖਾਲਸਾ ਨੇ ਪੀਰ ਸਯੱਦ ਅਹਿਮਦ ਹਸਨ ਲਿਖਿਆ ਹੈ। ਕਿਰਪਾਲ ਸਿੰਘ ਨੇ ਮਖਦੂਮ ਅਬਦੁਲ ਵਾਹਬ ਦੱਸਿਆ ਹੈ। ਸੂਰਜ ਪ੍ਰਕਾਸ਼ ਨੇ ਰੁਕਨੁਦੀਨ ਲਿਖਿਆ ਹੈ। ਭਾਈ ਮਨੀ ਸਿੰਘ ਨੇ ਅਬਦੁਲ ਰਹਿਮਾਨ ਨੂੰ ਗੁੱਰਜ ਬਖਸ਼ਣ ਦੀ ਗਲ ਕੀਤੀ ਹੈ। (ਪੰਨਾ 434) ਦਰ ਅਸਲ ਪੀਰ ਸੁਰਖ ਪੋਸ਼ ਤੋਂ ਬਾਦ ਓਨਾਂ ਦੇ ਕਈ ਪ੍ਰਵਾਰ ਅਤੇ ਜਾਨ ਨਸ਼ੀਨ ਹਨ। ਇਸ ਕਰਕੇ ਥੋੜਾਂ ਭੰਬਲਭੂਸਾ ਬਣਦਾ ਹੈ। ਅੱਜ ਉੱਚ ਵਿਚ ਵੀ ਹਾਲਾਤ ਇਹ ਹਨ ਕਿ ਹਰ ਕੋਈ ਆਪਣੇ ਆਪ ਨੂੰ ਅਸਲੀ ਸੱਜਦਾ-ਨਸ਼ੀਨ ਕਹਿੰਦੈ ਤੇ ਦੂਸਰੇ ਨੂੰ ਨਕਲੀ। ਪਰ ਬਹੁਤੇ ਪੁਰਾਤਨ ਲਿਖਾਰੀਆਂ ਨੇ ਸਿੱਧਾ ਪੀਰ ਜਲਾਲਉਦੀਨ ਦਾ ਨਾਂ ਹੀ ਦੇ ਦਿੱਤਾ ਹੈ।

ਹੇਠ ਲਿਖੀ ਵੀਡੀਓ ਵਿਚ ਇਕ ਤੀਸਰੇ ਬੰਦੇ ਨੇ ਜਿਕਰ ਕੀਤਾ ਹੈ ਕਿ ਗੁਰੂ ਸਾਹਿਬ ਦੇ ਵੇਲੇ ਹਜਰਤ ਫਜ਼ਲੂਦੀਨ ਲਾਡਲਾ ਬੁਖਾਰੀ ਗੱਦੀ ਨਸ਼ੀਨ ਸੀ। ਪੜਤਾਲ ਕਰਨ ਤੇ ਪਤਾ ਲਗਦਾ ਹੈ ਕਿ ਫਜਲੂਦੀਨ ਦਾ ਸਮਾਂ ਵਖਰਾ ਹੈ। ਜੋ ਤਸਵੀਰਾਂ ਲਈਆਂ ਹਨ ਇਹ ਯੂਟਿਊਬ ਦੇ ਹੇਠਲੇ ਲਿੰਕ ਤੋਂ ਤੋਂ ਹਨ।

https://youtu.be/ATe23wFJ7CY

ਗੁਰਦੁਆਰਾ ਥੜਾ ਸਾਹਿਬ ਢਹਿ ਚੁੱਕਾ ਹੈ। ਸਿਰਫ ਇਕ ਖੂਹ ਬਚਿਆ ਹੈ।

◉ ਮਿੱਠਣਕੋਟ- ਗਿਆਨੀ ਗਿਆਨ ਸਿੰਘ ਅਧਾਰਿਤ

"ਸੱਖਰ – ਬਾਬਾ ਜੀ ਇਥੋਂ ਉੱਠ ਜਾਓ। ਕਦੀ ਨਦੀ ਦਾ ਪਾਣੀ ਚੜ੍ਹ ਆਉਦਾ"

ਗੁਰੂ ਸਾਹਿਬ ਕੰਧਕੋਟ ਤੋਂ ਬੇੜੀ ਰਾਂਹੀ ਸੱਖਰ ਪਹੁੰਚੇ। ਮਲਾਹ ਨੇ ਦੱਸਿਆ ਕਿ ਜਿੱਥੇ ਬੇੜੀ ਪੈਂਦੀ ਹੈ ਓਥੇ ਟਾਪੂ ਤੇ ਇੱਕ ਫਕੀਰ ਚਿੱਲਾ ਕੱਟ ਰਿਹਾ ਹੈ ਦਿਨ ਰਾਤ ਸਰੀਰ ਨੂੰ ਕੋਹ ਰਿਹਾ ਹੈ। ਗੁਰੂ ਸਾਹਿਬ ਨੇ ਵੀ ਟਾਪੂ ਤੇ ਹੀ ਡੇਰਾ ਕਰ ਲਿਆ। ਮਰਦਾਨਾ ਸ਼ਹਿਰ ਘੁੰਮ ਫਿਰ ਕੇ ਆ ਗਿਆ। ਫਿਰ ਜਦੋਂ ਰਬਾਬ ਫੜੀ ਤਾਂ ਸਬਦ ਗਾਇਆ:-

ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ ॥ ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ ॥੧॥ ਤਉ ਕਾਰਣਿ ਸਾਹਿਬਾ ਰੰਗਿ ਰਤੇ ॥ ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ ॥੧॥ ਰਹਾਉ ॥ ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ ॥ ਪੀਰ ਪੈਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ ॥੨॥ ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ ॥ ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥੩॥ ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨੀ ॥ ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ ॥

ਸੁਰੀਲਾ ਸੰਗੀਤ ਸੁਣ ਕੇ ਉਸ ਸਰਵਰ ਕੋਲੋਂ ਰਿਹਾ ਨਾਂ ਗਇਆ ਤੇ ਗੁਰੂ ਸਾਹਿਬ ਕੋਲ ਆ ਗਿਆ। ਸ਼ਬਦ ਸੁਣਨ ਉਪਰੰਤ ਗਲ ਬਾਤ ਹੋਈ। ਮਰਦਾਨੇ ਨੇ ਕਿਹਾ ਕਿ ਫਕੀਰ ਜੀ ਤੁਹਾਡੇ ਮੰਨ ਦੀ ਕੀ ਇੱਛਾ ਹੈ ਜੋ ਤੁਸੀ ਕਈ ਦਿਨਾਂ ਤੋਂ ਸ਼ਹਿਰੋ ਬਾਹਰ ਬੇਲੇ ਵਿਚ ਬੈਠੇ ਹੋ। ਸਰਵਰ ਕਹਿਣ ਲੱਗਾ ਕਿ ਮੈਂ ਮੁਲਤਾਨ ਗਇਆ ਸੀ। ਓਥੇ ਮੈਂ ਪੀਰਾਂ ਦਾ ਵਾਹੋ ਜਲਾਲ ਵੇਖਿਆ। ਮੈਂ ਵੀ ਚਾਹੁੰਨਾ ਉਸ ਅਵਸਥਾ ਤੱਕ ਪਹੁੰਚਣਾ।

ਗੁਰੂ ਸਾਹਿਬ ਨੇ ਸਰਵਰ ਨੂੰ ਕਿਹਾ ਤੂੰ ਅਕਾਲ ਪੁਰਖ ਨਿਰੰਕਾਰ ਦੇ ਲੜ੍ਹ ਲੱਗ। ਅੰਮ੍ਰਿਤ ਵੇਲੇ ਮਾਲਕ ਦਾ ਸਿਮਰਨ। ਦਿਨ ਭਰ ਉਹਦੀ ਯਾਦ ਵਿਚ ਕਿਰਤ ਕਰਨਾਂ। ਵੰਡ ਕੇ ਛਕਣਾ। ਤੂੰ ਇਸੇ ਟਾਪੂ ਤੇ ਹੀ ਬੇਸ਼ੱਕ ਟਿਕ ਜਾ। ਤੇਰੀ ਵੀ ਮੱਨਤ ਹੋਵੇਗੀ। ਸਤਿਨਾਮ ਵਾਹਿਗੁਰੂ ਜੱਪ ਤੇ ਲੋਕਾਂ ਨੂੰ ਜਪਾ।

ਓਸੇ ਟਾਪੂ ਤੇ ਹੀ ਸੰਗਤਾਂ ਜੁੜਨੀਆਂ ਸ਼ੁਰੂ ਹੋ ਗਈਆਂ। ਸਾਧੂ ਸੰਤ ਪੀਰ ਫਕੀਰ ਢੁੱਕ ਰਹੇ ਸਨ। ਹਜਾਰਾਂ ਲੋਕਾਂ ਨੂੰ ਦੁੱਖ ਤਕਲੀਫਾਂ ਚਿੰਤਾਵਾਂ ਤੋਂ ਸਾਹਿਬ ਨੇ ਨਿਜਾਤ ਦੁਆਈ। ਇੱਕ ਸੇਠ ਜਿਸ ਦੀ ਮੰਨ ਦੀ ਮੁਰਾਦ ਪੂਰੀ ਹੋਈ ਉਸ ਨੇ ਆ ਕੇ ਗੁਰੂ ਸਾਹਿਬ ਕੋਲ ਜਿੰਦ ਕੀਤੀ ਕਿ ਸਾਹਿਬ ਸ਼ਹਿਰ ਵਿਚ ਟਿਕਾਣਾ ਕਰੋ। ਇਥੇ ਟਾਪੂ ਤੇ ਕਦੀ ਪਾਣੀ ਚੜ੍ਹ ਆਉਦਾ ਹੈ। ਉਸ ਨੇ ਕਿਹਾ ਕਿ ਸ਼ਹਿਰ ਵਿਚ ਉਸ ਦੀ ਸੁੰਦਰ ਹਵੇਲੀ ਸੁੰਨੀ ਪਈ ਹੈ, ਉਹ ਵਰਤੋਂ।

ਗੁਰੂ ਸਾਹਿਬ ਨੇ ਸੇਠ ਨੂੰ ਕਿਹਾ ਕਿ ਨਹੀ ਸੇਠ ਜੀ ਇਹ ਟਾਪੂ ਤਾ ਜੁਗਾਂ ਜੁਗਾਂਤਰਾਂ ਤੱਕ ਰਹਿਣ ਵਾਲਾ ਹੈ। ਸਾਡਾ ਗਰੀਬਾਂ ਦਾ ਇਥੇ ਹੀ ਰਹਿਣਾ ਠੀਕ ਹੈ। ਕੁਦਰਤ ਦੇ ਨਾਲ ਰਹਿੰਦਿਆਂ ਸਾਨੂੰ ਕਾਦਰ ਦੀ ਯਾਦ ਬਣੀ ਰਹਿੰਦੀ ਹੈ। ਇਥੇ ਫਿਰ ਗੁਰੂ ਸਾਹਿਬ ਨੇ ਮਰਦਾਨੇ ਦੀ ਰਬਾਬ ਤੇ ਇਹ ਸ਼ਬਦ ਪੜਿਆ:-

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥ ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥ ਹਰਿ ਬਿਨੁ ਜੀਉ ਜਲਿ ਬਲਿ ਜਾਉ ॥ ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ ਰਹਾਉ ॥ ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥ ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੨॥ ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥ ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥ ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥ ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥ ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੪॥੧॥

ਸਿੰਧ ਦਰਿਆ ਦੇ ਕੰਢੇ ਸਾਧੂ ਬੇਲਾ ਸੱਖਰ।

ਸਿੰਧ ਨਦੀ ਵਿਚ ਉਹ ਥਾਂ ਜਿੱਥੇ ਗੁਰੂ ਸਾਹਿਬ ਬਿਰਾਜੇ ਸਨ ਅੱਜ ਵੱਡਾ ਧਾਰਮਿਕ ਅਸਥਾਨ ਬਣ ਚੁੱਕਾ ਹੈ। ਬਾਬਾ ਸ੍ਰੀ ਚੰਦ ਵੇਲੇ ਉਦਾਸੀਆਂ ਦੀ ਚੜ੍ਹਤ ਹੋਈ। ਫਿਰ ਇਥੇ ਕਈ ਉਦਾਸੀ ਸਾਧੂਆਂ ਵੀ ਆ ਡੇਰੇ ਲਾਏ। ਨਾਮ ਸਾਧੂ ਬੇਲਾ ਸੱਖਰ।

ਸੱਖਰ ਤੋਂ ਹੀ ਫਿਰ ਲਾਰੇ (35 ਕਿਲੋਮੀਟਰ) ਗੁਰੂ ਸਾਹਿਬ ਸ਼ਿਕਾਰ ਪੁਰ ਗਏ। ਓਥੇ ਵੀ ਅੱਜ ਵੱਡੀ ਗਿਣਤੀ ਵਿਚ ਸਿੰਧੀ ਸਿੱਖ ਸੰਗਤਾਂ ਮੌਜੂਦ ਹਨ।

---◈---

ਬਕਰਾਨੀ: ਪਾਲੀ ਨੂੰ ਪਾਤਸ਼ਾਹੀ ਬਖਸ਼ੀ–

ਸ਼ਿਕਾਰ ਪੁਰ ਤੋਂ ਗੁਰੂ ਸਾਹਿਬ ਸਿੰਧ ਦਰਿਆਂ ਤੋਂ ਹਟਵੇ ਹਟਵੇ ਚਲੇ ਤੇ 75 ਕਿਲੋਮੀਟਰ ਦਾ ਸਫਰ ਕਰਕੇ ਪਿੰਡ ਬਕਰਾਨੀ ਲਾਗੇ ਪਹੁੰਚੇ। ਪਿੰਡੋਂ ਹਟਵੇਂ ਇੱਕ ਥਾਂ ਬਹਿ ਕੇ ਅਰਾਮ ਫਰਮਾ ਰਹੇ ਸਨ ਕਿ ਇੱਕ ਪਾਲੀ ਜੋ ਬਕਰੀਆਂ ਚਾਰ ਰਿਹਾ ਸੀ ਉਹਦੇ ਮਨ ਵਿਚ ਪਤਾ ਨਹੀ ਕੀ ਆਈ ਕਿ ਕਟੋਰਾ ਭਰ ਕੇ ਦੁਧ ਲੈ ਆਇਆ ਤੇ ਕਹਿਣ ਲੱਗਾ ਸੰਤ ਜੀ ਇਹ ਛੱਕੋ। ਗੁਰੂ ਸਾਹਿਬ ਦੀ ਲਿਵ ਨਿਰੰਕਾਰ ਨਾਲ ਲੱਗੀ ਹੋਈ ਸੀ।

ਮਰਦਾਨੇ ਨੇ ਸਤਿ ਕਰਤਾਰ ਕਹਿ ਅਵਾਜਾ ਦਿੱਤਾ ਕਿ ਸਾਹਿਬ ਜੀ ਦੁੱਧ ਆਇਆ ਹੈ। ਛੱਕ ਲਓ। ਮਰਦਾਨੇ ਨੇ ਦੱਸਿਆ ਕਿ ਇਹ ਪਾਲੀ ਲੈ ਕੇ ਆਇਆ ਹੈ। ਸਾਹਿਬ ਨੇ ਛਕਿਆ ਤੇ ਮਰਦਾਨੇ ਨੂੰ ਵੀ ਛਕਾਇਆ। ਪਾਲੀ ਨੂੰ ਜਦੋਂ ਅਹਿਸਾਸ ਹੋਇਆ ਕਿ ਸਾਧੂ ਕਈ ਦਿਨਾਂ ਦੇ ਭੁੱਖੇ ਲੱਗਦੇ ਨੇ ਤਾਂ ਪਾਲੀ ਨੇ ਹੋਲਾਂ ਵੀ ਭੁੰਨ ਕੇ ਗੁਰੂ ਸਾਹਿਬ ਅਗੇ ਭੇਟ ਕੀਤੀਆਂ।

ਪਾਲੀ ਦੀ ਸੇਵਾ ਵੇਖ ਕੇ ਸਾਹਿਬ ਨੇ ਪਾਲੀ ਕੋਲੋ ਪੁੱਛਿਆ ਭਾਈ ਤੇਰਾ ਨਾਂ ਕੀ ਅਤੇ ਤੂੰ ਕਿਸ ਭਾਵਨਾ ਨਾਲ ਸੇਵਾ ਕਰ ਰਿਹਾ ਹੈ? ਅੱਗੋ ਪਾਲੀ ਕਹਿੰਦਾ ਕਿ:-

"ਮੇਰਾ ਨਾਂ ਨੂਰ ਨੁਸਰਤ ਹੈ। ਮਹਾਤਮਾ ਜੀ ਮੈਂ ਬਕਰੀਆਂ ਚਾਰਦਾ ਹਾਂ। ਇਥੋਂ ਜਦੋਂ ਕੋਈ ਰਾਜਾ ਮਹਾਰਾਜਾ ਨਿਕਲਦਾ ਹੈ ਤਾਂ ਜੋ ਮਰਜੀ ਚੀਜ ਲੈ ਲੈਂਦਾ ਹੈ। ਇੱਕ ਵੇਰਾਂ ਮੇਰੀ ਇੱਕ ਬਕਰੀ ਵੀ ਲੈ ਗਏ। ਮੈਨੂੰ ਕੋਈ ਪੈਸਾ ਨਹੀ ਦਿੱਤਾ। ਮੈਂ ਸੁਣਿਆ ਹੈ ਕਿ ਸਾਧੂ ਸੰਤਾਂ ਦੀ ਸੇਵਾ ਕੀਤਿਆਂ ਫਲ ਮਿਲਦਾ ਹੈ ਮੇਰੇ ਤੇ ਕਿਰਪਾ ਕਰੋ ਮੈਂ ਵੀ ਇੱਕ ਦਿਨ ਰਾਜਾ ਬਣਾਂ। "

ਗੁਰੂ ਸਾਹਿਬ ਮੁਸਕਰਾਏ ਤੇ ਮਰਦਾਨੇ ਵਲ ਵੇਖਿਆ। ਮਰਦਾਨੇ ਨੇ ਪਾਲੀ ਨੂੰ ਕਿਹਾ ਕਿ ਤੇਰਾ ਰਾਜ ਹੋਵੇਗਾ। ਪਰ ਤਿੰਨ ਸ਼ਰਤਾਂ ਨੇ

1. ਸਵੇਰੇ ਮਨ੍ਹੇਰੇ ਉਠ ਕੇ ਸਤਿਨਾਮ ਦਾ ਜਾਪ ਕਰਨਾਂ, 2.ਕੇਸ ਨਹੀ ਕਟਣੇ ਰੱਬ ਦੀ ਰਜਾ 'ਚ ਰਹਿਣਾ, ਅਤੇ 3. ਆਏ ਸਾਧੂ ਸੰਤ ਦੀ ਸੇਵਾ ਕਰਨੀ।

ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਇਹ ਤੇਰਾ ਹੀ ਸਿੱਖ ਹੋਵੇਗਾ ਤੇ ਇਕ ਦਿਨ ਪਾਤਸ਼ਾਹ ਬਣੇਗਾ। ◉ ਤੇ ਸ਼ਬਦ ਆਖਿਆ:-

ਮਾਰੂ ਮਹਲਾ ੧ ॥ ਮਾਇਆ ਮੁਈ ਨ ਮਨੁ ਮੁਆ ਸਰੁ ਲਹਰੀ ਮੈ ਮਤੁ ॥ ਬੋਹਿਥੁ ਜਲ ਸਿਰਿ ਤਰਿ ਟਿਕੈ ਸਾਚਾ ਵਖਰੁ ਜਿਤੁ ॥ ਮਾਣਕੁ ਮਨ ਮਹਿ ਮਨੁ ਮਾਰਸੀ ਸਚਿ ਨ ਲਾਗੈ ਕਤੁ ॥ ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ ॥੧॥ ਬਾਬਾ ਸਾਚਾ ਸਾਹਿਬੁ ਦੂਰਿ ਨ ਦੇਖੁ ॥ ਸਰਬ ਜੋਤਿ ਜਗਜੀਵਨਾ ਸਿਰਿ ਸਿਰਿ ਸਾਚਾ ਲੇਖੁ ॥੧॥ ਰਹਾਉ ॥ ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ ॥ ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ ॥ ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੈ ਵੀਚਾਰੀ ॥ ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ ॥੨॥ ਨਿਧਨਿਆ ਧਨੁ ਨਿਗੁਰਿਆ ਗੁਰੁ ਨਿੰਮਾਣਿਆ ਤੂ ਮਾਣੁ ॥ ਅੰਧੁਲੈ ਮਾਣਕੁ ਗੁਰੁ ਪਕੜਿਆ ਨਿਤਾਣਿਆ ਤੂ ਤਾਣੁ ॥ ਹੋਮ ਜਪਾ ਨਹੀ ਜਾਣਿਆ ਗੁਰਮਤੀ ਸਾਚੁ ਪਛਾਣੁ ॥ ਨਾਮ ਬਿਨਾ ਨਾਹੀ ਦਰਿ ਢੋਈ ਝੂਠਾ ਆਵਣ ਜਾਣੁ ॥੩॥ ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥ ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥ ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥ ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥

---◈---

ਬਕਰਾਨੀ – ਜਦੋਂ ਸੁੰਦਰ ਗਲੀਚਾ ਗੁਰੂ ਸਾਹਿਬ ਨੇ ਕੁੱਤੀ ਤੇ ਪਾ ਦਿੱਤਾ◈

ਗੁਰੂ ਸਾਹਿਬ ਦੀ ਸੋਭਾ ਸੁਣ ਕੇ ਦਾਊਦ ਨਾਂ ਦੇ ਇੱਕ ਜੁਲਾਹੇ ਨੇ ਸੰਗਤ ਵਿਚ ਆਉਣਾ ਸ਼ੁਰੂ ਕਰ ਦਿੱਤਾ। ਇੱਕ ਦਿਨ ਮੰਨ ਵਿਚ ਆਈ ਕਿ ਮੈਂ ਸਾਰੇ ਪੀਰਾਂ ਫਕੀਰਾਂ ਦੇ ਹੋ ਆਇਆ ਹਾਂ ਔਲਾਦ ਨਹੀ ਹੋ ਰਹੀ ਤੇ ਗੁਰੂ ਸਾਹਿਬ ਦੀ ਸ਼ਰਨ ਵਿਚ ਆ ਗਿਆ। ਜੋ ਸਭ ਤੋਂ ਸੋਹਣਾ ਤੇ ਮਹਿੰਗਾ ਗਲੀਚਾ ਉਸ ਨੇ ਬੁਣਿਆ ਸੀ, ਲਿਆ ਗੁਰੂ ਸਾਹਿਬ ਦੇ ਭੇਟ ਕੀਤਾ। ਗੁਰੂ ਸਾਹਿਬ ਨੇ ਕਿਹਾ ਸਾਨੂੰ ਅਜਿਹੇ ਸੁੰਦਰ ਤੇ ਮਹਿੰਗੇ ਬਸਤਰਾਂ ਦੀ ਜਰੂਰਤ ਨਹੀ। ਸਾਡੇ ਵਾਸਤੇ ਕੁਦਰਤ ਨੇ ਹਰ ਥਾਂ ਹਰਾ ਗਲੀਚਾ (ਘਾਹ ਦਾ) ਵਿਛਾ ਰਖਿਆ ਹੈ। ਪਰ ਦਾਊਦ ਨੇ ਜਿੱਦ ਕੀਤੀ। ਗੁਰੂ ਸਾਹਿਬ ਨੇ ਦਾਊਦ ਕੋਲੋ ਪੁੱਛਿਆ ਭਈ ਤੈਨੂੰ ਕੀ ਚਾਹੀਦਾ? ਕਹਿੰਦਾ ਔਲਾਦ ਨਹੀ ਹੈ । ਸਾਹਿਬ ਨੇ ਦਾਊਦ ਦੇ ਸਿਰ ਤੇ ਹੱਥ ਰੱਖਿਆ ਤੇ ਕਿਹਾ ਕਿ ਨੇਕ ਨੀਯਤ ਨਾਲ ਖੁੱਦਾ ਦੀ ਬੰਦਗੀ ਕਰਿਆ ਕਰੋ। ਰੱਬ ਭਲੀ ਕਰੇਗਾ।

ਕੁਝ ਦੇਰ ਬਾਦ ਜਦੋਂ ਗੁਰੂ ਸਾਹਿਬ ਦਾ ਧਿਆਨ ਲਾਗੇ ਹੀ ਛੋਟੇ ਛੋਟੇ ਕਤੂਰਿਆਂ ਵਾਲੀ ਠਰੂ ਠਰੂ ਕਰ ਰਹੀ ਕੁੱਤੀ ਵਲ ਗਇਆ ਤਾਂ ਮਰਦਾਨੇ ਨੂੰ ਹੁਕਮ ਕੀਤਾ ਕਿ ਇਹ ਗਲੀਚਾ ਪਾਲੇ ਨਾਲ ਠਰ ਰਹੀ ਕੁੱਤੀ ਦੇ ਉਤੈ ਪਾ ਦੇ।

ਸਾਹਿਬ ਨੇ ਨਿਰੰਕਾਰ ਦੇ ਵੈਰਾਗ ਵਿਚ ਆਹ ਸ਼ਬਦ ਉਚਾਰਿਆ:

ਆਸਾ ਘਰੁ ੬ ਮਹਲਾ ੧ ॥ ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ ॥ ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥੧॥ ਲਾਲ ਬਹੁ ਗੁਣਿ ਕਾਮਣਿ ਮੋਹੀ ॥ ਤੇਰੇ ਗੁਣ ਹੋਹਿ ਨ ਅਵਰੀ ॥੧॥ ਰਹਾਉ ॥ ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ ॥ ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ ॥੨॥ ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ ॥ ਧੀਰਜੁ ਧੜੀ ਬੰਧਾਵੈ ਕਾਮਣਿ ਸੁਰਿੰਗੁ ਸੁਰਮਾ ਦੇਈ ॥੩॥ ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥ ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥

ਸੰਗਤਾਂ ਦਾ ਪ੍ਰੇਮ ਵੇਖ ਕੇ ਸਾਹਿਬ ਕੁਝ ਦਿਨ ਇਥੇ ਠਹਿਰੇ ਤੇ ਫਿਰ ਅੱਗੇ ਦਰਿਆ ਰਾਂਹੀ ਉਮਰਕੋਟ ਨੂੰ ਰਵਾਨਾ ਹੋਏ। ਅੰਦਾਜ਼ਾ ਹੈ ਕਿ ਸਿੰਧ ਦਰਿਆ ਦੀ ਮੁੱਖ ਧਾਰਾ ਓਦੋਂ ਵੀ ਹੈਦਰਾਬਾਦ (ਸਿੰਧ) ਲਾਗੋਂ ਦੀ ਵਗਦੀ ਹੋਵੇਗੀ। ਜਿੱਥੇ ਅੱਜ ਹੈਦਰਾਬਾਦ ਓਥੋਂ ਫਿਰ ਪੈਦਲ ਕਾਹੂ ਜੋ ਦੜੋ (ਅੱਜ ਦਾ ਮੀਰ ਪੁਰ ਖਾਸ) ਪਹੁੰਚੇ ਓਥੇ ਅੱਜ ਵੀ ਸਿੱਖ ਸੰਗਤ ਮੌਜੂਦ ਹੈ। ਕਾਹੂ-ਜੋ-ਦੜੋ ਤੋਂ ਉਮਰਕੋਟ ਆਏ ਤੇ ਓਥੇ ਸੂਫੀ ਫਕੀਰਾਂ ਤੇ ਰਿਆਸਤ ਦੇ ਰਾਜੇ ਨੂੰ ਮਿਲੇ ਤੇ ਨਿਰੰਕਾਰ ਦਾ ਪ੍ਰਚਾਰ ਕੀਤਾ। ਅੱਗੇ ਫਿਰ ਬਸਤਾ ਬੰਦਰ ਰਾਂਹੀ ਲੰਕਾ ਨੂੰ ਰਵਾਨਾ ਹੋਏ।

---◈---

ਬਸਤਾ ਬੰਦਰ (ਕੋਟ ਲਖਪਤ) ਤੋਂ ਸਮੁੰਦਰ ਰਾਹੇ ਪਏ ਲੰਕਾ ਨੂੰ ◈

ਕੱਛ: ਪਹਾੜ ਪਾਸੇ ਸਿੰਧ, ਦੱਖਣ ਤੇ ਪੱਛਮ ਵਿਚ ਸਮੁੰਦਰ ਤੇ ਚੜ੍ਹਦੇ ਗੁਜਰਾਤ ਬਹੁਤ ਹੀ ਅਲੌਕਿਕ ਇਲਾਕਾ ਹੈ। ਇਹ ਹੈ ਅਸਲ ਮਾਇਨਿਆਂ ਵਿਚ ਉਜਾੜ। ਜਿੱਥੇ ਮੀਲਾਂ ਤੱਕ ਕਿਤੇ ਕੋਈ ਹਰਿਆਲੀ ਨਜ਼ਰ ਨਹੀ ਆਉਦਾ। ਖੁਸ਼ਕ ਦਿਨਾਂ ਵਿਚ ਚਿੱਟਾ ਲੂਣ ਬਾਹਰ ਆ ਜਾਂਦਾ ਹੈ ਤੇ ਸੂਰਜ ਦੀ ਧੁੱਪ ਵੇਲੇ ਅੱਖਾਂ ਵੀ ਚੁੰਧਿਆ ਜਾਂਦੀਆਂ ਹਨ। ਏਸੇ ਇਲਾਕੇ ਵਿਚ ਹੀ ਦੁਨੀਆ ਦੀ ਵੱਡੀ ਖਾਰੇ ਪਾਣੀ ਦੀ ਝੀਲ ਹੈ ਜਿਸ ਦੇ ਐਨ ਮੱਧ ਵਿਚ ਇੱਕ ਟਾਪੂ ਤੇ ਸਿੰਧ ਘਾਟੀ ਵੇਲੇ ਦੇ ਇੱਕ ਸ਼ਹਿਰ ਦੇ ਖੰਡਰਾਤ ਵੀ ਮਿਲੇ ਹਨ: ਢੋਲਾਵੀਰਾ। ਇਹ ਸਾਬਤ ਕਰਦਾ ਹੈ ਕਿ ਕੱਛ ਹਮੇਸ਼ਾਂ ਖਾਰਾ ਨਹੀ ਸੀ। ਕੁਦਰਤੀ ਭੂਗੋਲਿਕ ਤਬਦੀਲੀਆਂ ਨੇ ਇਨੂੰ ਵੀਰਾਨ ਕਰ ਦਿੱਤਾ। ਇਹ ਇਨਾਂ ਵਿਸ਼ਾਲ ਇਲਾਕਾ ਹੈ ਕਿ ਪੱਛਮ ਕੋਟੇਸ਼ਵਰ ਤੋਂ ਉਤਰ ਪੂਰਬ ਤੱਕ ਕੋਈ 300 ਕਿਲੋਮੀਟਰ ਤੱਕ ਸਭ ਚਿੱਟਾ ਹੀ ਚਿੱਟਾ ਹੈ ਤੇ ਕਿਤੇ ਕਿਤੇ ਹੀ ਕੋਈ ਅਬਾਦੀ ਹੈ ਜਿੱਥੇ ਨਖਲਿਸਤਾਨ ਹੈ। ਇਹ ਅਲੱਗ ਹੀ ਕਿਸਮ ਦਾ ਰੇਗਿਸਤਾਨ ਹੈ। ਇਤਹਾਸ ਵਿਚ ਆਉਦਾ ਹੈ ਕਿ ਬਾਦਸ਼ਾਹ ਕੁਤੁਬੁਦੀਨ ਐਬਕ ਇੱਕ ਵੇਰਾਂ ਲਾਮ ਲਸ਼ਕਰ ਸਮੇਤ ਇਸ ਦਲ ਦਲੀ ਰੇਗਸਤਾਨ ਵਿਚ ਕਈ ਮਹੀਨੇ ਭਟਕਦਾ ਰਿਹਾ ਤੇ ਕਈ ਸੈਨਕ ਤੇ ਘੋੜੇ ਗਵਾਹ ਬੈਠਾ।

ਗੁਰੂ ਸਾਹਿਬ ਦੇ ਵੇਲਿਆਂ 'ਚ ਸਿੰਧ ਦੀ ਗੁਜਰਾਤ ਸਰਹੱਦ ਤੇ ਇੱਕ ਵੱਡੀ ਬੰਦਰਗਾਹ ਹੁੰਦੀ ਸੀ ਬਸਤਾ ਬੰਦਰ। ਸਿੰਧ ਦਰਿਆ ਦਾ ਇੱਕ ਵੱਡੇ ਸ਼ਹਰੇ ਦਾ ਮੁਹਾਨਾ ਲਖਪਤ ਲਾਗੇ ਸੀ। ਪਰ ਇਸ ਖਾਰੇ ਇਲਾਕੇ ਵਿਚ ਸਿੰਧ ਦਰਿਆ ਦੇ ਦਵੱਲੇ ਜਮੀਨ ਬਹੁਤ ਉਪਜਾਊ ਸੀ। ਫਿਰ ਸੰਨ 1819ਈ. ਵਿਚ ਇੱਕ ਵੱਡਾ ਭੁਚਾਲ ਆਇਆ ਜਿਸ ਨੇ ਸਿੰਧ ਦਾ ਵਹਾਅ ਬਦਲ ਦਿੱਤਾ। ਓਹ ਇਲਾਕਾ ਜਿਹੜਾ ਲੱਖਾਂ ਰੁਪਏ ਮਾਲੀਆ ਦਿੰਦਾ ਸੀ (ਲਖਪਤ) ਬਰਬਾਦ ਹੋ ਗਿਆ। ਇਤਹਾਸ ਗਵਾਹ ਹੈ ਕਿ ਇਹ ਇਲਾਕਾ ਬਹੁਤ ਹੀ ਉਪਜਾਊ ਹੁੰਦਾ ਸੀ ਤੇ ਝੋਨੇ ਦੀ ਵਾਧੂ ਫਸਲ ਹੁੰਦੀ ਸੀ। ਕੱਛ ਵਿਚਲਾ ਸਿੰਧ ਦਾ ਇਲਾਕਾ ਸਾਰਾ ਖਾਰਾ ਹੋ ਗਇਆ ਹੈ। ਇਥੇ ਬਹੁਤ ਹੀ ਵੱਡੀ ਖਾਰੇ ਪਾਣੀ ਦੀ ਝੀਲ ਬਣ ਚੁੱਕੀ ਹੈ। ਲੱਖਾਂ ਵਰਗ ਕਿਲੋਮੀਟਰ ਦਾ ਰਕਬਾ ਬਰਬਾਦ ਹੋ ਚੁੱਕਾ ਹੈ। ਅੱਜ ਕਲ ਇਥੇ ਪਾਣੀ ਬੰਨ ਕੇ ਫਿਰ ਸੁਕਾ ਕੇ ਲੂਣ ਤਿਆਰ ਕੀਤਾ ਜਾਂਦਾ ਹੈ।

ਅਕਸਰ ਹੀ ਦਲ ਦਲ ਵਿਚੋਂ ਕਦੀ ਖੂਬਸੂਰਤ ਇਮਾਰਤਾਂ ਤੇ ਕਿਲਿਆਂ ਦੀਆਂ ਕੰਧਾਂ ਨਜਰ ਆ ਪੈਂਦੀਆਂ ਹਨ। ਪਿਛੇ ਜਿਹੇ

ਪੈਰ ਸਫ਼ਾ

◉ ਭਾਈ ਮਨੀ ਸਿੰਘ ਪੰਨਾ -560 ਨੇ ਇਹ ਘਟਨਾ ਸ਼ਿਕਾਰ ਪੁਰ ਹੋਣੀ ਲਿਖੀ ਹੈ ਜਦੋਂ ਕਿ ਸਥਾਂਨਕ ਪ੍ਰੰਪਰਾ ਅਨੁਸਾਰ ਇਹ ਬਕਰਾਨੀ ਦੀ ਹੈ।

◈ ਪੁਰਾਤਨ -67 (ਇਥੇ ਹੋਲਾਂ ਚਬਾਈਆਂ ਲਿਖਿਆ ਹੈ)

◈ ਭਾਈ ਮਨੀ ਸਿੰਘ ਪੰਨਾ -560 ਨੇ ਇਹ ਘਟਨਾ ਸ਼ਿਕਾਰ ਪੁਰ ਹੋਣੀ ਲਿਖੀ ਹੈ ਜਦੋਂ ਕਿ ਸਥਾਂਨਕ ਪ੍ਰੰਪਰਾ ਅਨੁਸਾਰ ਇਹ ਬਕਰਾਨੀ ਦੀ ਹੈ।

1819 ਈ. ਵਿਚ ਆਏ ਭੁਚਾਲ ਨੇ ਸਿੰਧ ਦਰਿਆ ਦਾ ਵਹਿਣ ਬਦਲ ਦਿਤਾ। ਜਿਸ ਨਾਲ ਵੱਡੀਆਂ ਭੂਗੋਲਿਕ ਤਬਦੀਲੀਆਂ ਆਈਆਂ। ਬਸਤਾ ਬੰਦਰ ਲਖਪਤ ਵੀ ਤਬਾਹ ਹੋ ਗਈ। ਪਰ ਗੁਰਸਿੱਖਾਂ ਨੇ ਗੁਰੂ ਸਾਹਿਬ ਦੀ ਯਾਦ ਅੱਜ ਵੀ ਕਾਇਮ ਰੱਖੀ ਹੋਈ ਹੈ। ਇਸ ਗੁਰਦੁਆਰੇ ਵਿਚ ਗੁਰੂ ਸਾਹਿਬ ਦੀਆਂ ਖੜਾਵਾਂ ਮੌਜੂਦ ਹਨ।

2012 ਈ. ਵਿਚ ਭਾਰਤੀ ਸਪੇਸ ਅਜੈਂਸੀ ਦੇ ਇੱਕ ਸਇੰਸਦਾਨ ਨੇ ਬਸਤਾ ਬੰਦਰ ਕਿਲੇ ਦੀਆਂ ਕੰਧਾਂ ਜਦੋਂ ਗੂਗਲ ਅਰਥ ਤੇ ਵੇਖੀਆਂ ਤਾਂ ਫਿਰ ਆਪ ਓਸ ਥਾਂ ਦੇ ਦਰਸ਼ਨ ਕਰਨ ਗਿਆ।

ਕਹਿਣ ਤੋਂ ਮਤਲਬ ਓਦੋਂ ਗੁਰੂ ਸਾਹਿਬ ਦਾ ਇਸ ਇਲਾਕੇ ਵਿਚ ਆਉਣਾ ਕਿੰਨਾ ਜਰੂਰੀ ਸੀ ਜਿੱਥੇ ਹਿੰਦੂ ਧਰਮ ਪੂਰੇ ਜਾਹੋ ਜਲਾਲ ਵਿਚ ਸੀ ਕਿਉਕਿ ਸਿੰਧ ਵਿਚ ਮੁਸਲਮਾਨਾਂ ਦਾ ਦਬ-ਦਬਾ ਹੋ ਜਾਣ ਕਾਰਨ ਬਹੁਤ ਸਾਰੇ ਕੱਟੜ ਹਿੰਦੂ ਇਸ ਪਾਸੇ ਵਲ ਹਿਜਰਤ ਕਰ ਚੁੱਕੇ ਸਨ। ਅੱਜ ਵੀ ਇਸ ਇਲਾਕੇ ਵਿਚ ਜਹਾਨ ਪ੍ਰਸਿਧ ਹਿੰਦੂ ਤੇ ਜੈਨ ਮੰਦਰ ਸਰਹੱਦ ਦੇ ਦੋਵੀ ਪਾਸੀ ਮਿਲਦੇ ਹਨ। ਪਰ ਬਰਬਾਦੀ ਵਾਲੀ ਰਹਿੰਦੀ ਕਸਰ ਹਿੰਦੁਸਤਾਨ ਤੇ ਪਾਕਿਸਤਾਨ ਦੀ ਸਰਹੱਦ ਨੇ ਕੱਢ ਦਿੱਤੀ ਹੈ। ਬਹੁਤਾ ਇਲਾਕਾ ਵੀਰਾਨ ਪਿਆ ਹੈ।

19ਵੀ ਸਦੀ ਦੇ ਸ਼ੁਰੂ ਵਿਚ ਕੁਝ ਗੁਰਸਿੱਖਾਂ ਨੇ ਰਲ ਕੇ ਗੁਰੂ ਨਾਨਕ ਪਾਤਸ਼ਾਹ ਦੀ ਯਾਦ ਪੱਕੀ ਬਣਵਾ ਦਿੱਤੀ ਜੋ ਅੱਜ ਵੀ ਮੌਜੂਦ ਹੈ। ਇਥੇ ਗੁਰੂ ਸਾਹਿਬ ਦੀਆਂ ਖੜਾਵਾਂ ਦੇ ਦਰਸ਼ਨ ਕਰਨ ਇਲਾਕੇ ਦਾ ਹਰ ਮਾਈ ਭਾਈ ਆਉਦਾ ਹੈ। ਹੋਰ ਤੇ ਹੋਰ ਇਸ ਇਲਾਕੇ ਨੂੰ ਵੇਖਣ ਜਦੋਂ ਗੈਰ ਸਿੱਖ ਆਉਦੇ ਹਨ ਤਾਂ ਲੰਗਰ ਇਥੋਂ ਛਕਦੇ ਹਨ। ਗੁਰਦੁਆਰਾ ਸਾਹਿਬ ਅੱਜ ਗੁਜਰਾਤ ਸਰਕਾਰ ਦੇ ਪੁਰਾਤਤਵ ਮਹਿਕਮੇ ਦੇ ਮੁਤਾਹਿਤ ਹੈ ਉਂਜ ਦੇਖ ਭਾਲ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਅਧੀਨ ਹੈ। ਇਹ ਨਹੀ ਪਤਾ ਲੱਗ ਸਕਿਆ ਕਿ ਖੜਾਵਾਂ ਸ਼ੁਰੂ 'ਚ ਕਿਥੇ ਸਨ। ਕਿਸੇ ਵੇਲੇ ਇਥੇ ਇੱਕ ਸਿੰਧੀ ਮੁਖੀਆ ਹੋਇਆ ਹੈ ਸ਼ਾਮ ਜੀ ਮਾਊ ਜੀ ਭਾਟੀਆ, ਗੁਰਦੁਆਰਾ ਸਾਹਿਬ ਬਣਾਉਣ ਵਿਚ ਇਨਾਂ ਦਾ ਯੋਗਦਾਨ ਸੁਣੀਦਾ ਹੈ। ਹੈਰਾਨੀ ਦੀ ਗਲ ਇਹ ਕਿ ਗੁਰਦੁਆਰੇ ਦੇ ਅੰਦਰ ਜੋ ਖੂਹ ਹੈ ਉਸ ਦਾ ਪਾਣੀ ਮਿੱਠਾ ਹੈ ਬਾਕੀ ਸਭ ਜਗ੍ਹਾ ਖਾਰਾ ਪਾਣੀ ਹੈ।

ਲਖਪਤ ਵਿਚ ਇੱਕ ਲੋਕ ਕਥਾ ਪ੍ਰਸਿਧ ਹੈ ਕਿ ਜਦੋਂ ਗੁਰੂ ਸਾਹਿਬ ਇਸ ਨਗਰ ਵਿਚ ਬਿਰਾਜੇ ਹੋਏ ਸਨ ਤਾਂ ਮਾਤਾ ਆਸਾਪੁਰਾ ਆ ਕੇ ਗੁਰੂ ਸਾਹਿਬ ਨੂੰ ਮਿਲੀ ਤੇ ਬੇਨਤੀ ਕੀਤੀ ਕਿ ਗੁਰੂ ਸਾਹਿਬ ਤੁਸੀ ਸਭ ਥਾਂਈ ਧਰਮ ਗੁਰੂਆਂ ਨੂੰ ਨਿਵਾਈ ਜਾ ਰਹੇ ਹੋ ਕੀ ਫਰਕ ਪੈਂਦਾ ਹੈ ਜੇ ਇੱਕ ਦੋ ਥਾਵਾਂ ਛੱਡ ਵੀ ਦਿਓ ਤਾਂ। ਇਸ ਦੰਤ ਕਥਾ ਤੋਂ ਇਹ ਅੰਦਾਜ਼ਾ ਲੱਗਦਾ ਹੈ ਕਿ ਗੁਰੂ ਸਾਹਿਬ ਮਾਤਾ-ਨੂੰ-ਮੜ (ਮਾਤਾ ਦੀ ਮੜੀ) ਜਿੱਥੇ ਆਸਾਪੁਰਾ ਮਾਤਾ ਦਾ ਮੰਦਰ ਹੈ (ਲਖਪਤ ਤੋਂ 35 ਕਿਲੋਮੀਟਰ ਦੱਖਣ)। ਉਸ ਪਾਸੇ ਨਹੀ ਗਏ ਤੇ ਨਾਂ ਹੀ ਕੱਛ ਭੁੱਜ ਦੇ ਹੋਰ ਪ੍ਰਸਿਧ ਹਿੰਦੂ ਤੇ ਜੈਨ ਮੰਦਰ ਵੇਖਣ ਗਏ।

ਤਵਾਰੀਖ ਖਾਲਸਾ ਵਿਚ ਦਰਜ ਹੈ ਕਿ ਗੁਰੂ ਸਾਹਿਬ ਮਾਤਾ-ਨੂੰ-ਮੜ ਵੀ ਗਏ। ਓਥੋਂ ਦੇ ਇੱਕ ਮਸ਼ਹੂਰ ਵਾਮ ਮਾਰਗੀਏ ਕਾਪੜੀਏ ਮਹੰਤ (ਸਾਧੂਆਂ ਦਾ ਉਹ ਫਿਰਕਾ ਜਿਹੜਾ ਲੀਰਾਂ ਦੀ ਗੋਦੜੀ ਬਣਾ ਕੇ ਪਹਿਨਦਾ ਸੀ) ਨੂੰ ਕੁਕਰਮ ਕਰਨੋਂ ਹਟਾ ਕੇ ਨਿਰੰਕਾਰ ਦੇ ਭਜਨ ਵਿਚ ਲਾਇਆ।

ਲਖਪਤ ਤੋਂ 30 ਕਿਲੋਮੀਟਰ ਸਮੁੰਦਰ ਰਸਤੇ ਗੁਰੂ ਸਾਹਿਬ ਗੁਜਰਾਤ ਦੀ ਕੋਰੀ ਖਾੜੀ ਦੇ ਮੁਹਾਨੇ ਓਤੇ ਮੌਜੂਦ ਕੋਟੇਸ਼ਵਰ ਮੰਦਰ ਗਏ। ਇਹ ਥਾਂ ਚੁਫੇਰੇ ਸਮੁੰਦਰ 'ਚ ਘਿਰੀ ਹੋਈ ਹੈ। ਬੱਝੇ ਹੋਏ ਪਾਣੀ ਨੂੰ ਨਰਾਇਣ ਸਰੋਵਰ ਕਿਹਾ ਜਾਂਦਾ ਹੈ। ਇਥੋਂ ਦੀ ਕਥਾ ਹੈ ਕਿ ਭਗਵਾਨ ਸ਼ਿਵ ਨੇ ਰਾਵਣ ਦੀ ਭਗਤੀ ਤੇ ਪ੍ਰਸੰਨ ਹੋ ਕੇ ਉਨੂੰ ਲਿੰਗ ਬਖਸ਼ ਦਿੱਤਾ। ਇਸ ਤੇ ਦੇਵਤਿਆਂ ਨੇ ਸਾਜਸ਼ ਰਚੀ ਤੇ ਰਾਵਣ ਹੱਥੋਂ ਲਿੰਗ ਡਿੱਗ ਪਿਆ। ਰਾਵਣ ਜਦੋਂ ਥੱਲਿਓ ਲਿੰਗ ਚੁੱਕਣ ਲੱਗਾ ਤਾਂ ਕੀ ਵੇਖਦਾ ਹੈ ਓਥੇ ਤਾਂ ਅਣਗਿਣਤ (ਕੋਟ) ਲਿੰਗ ਪਏ ਹੋਏ ਨੇ। ਉਹ ਫਿਰ ਜਿਹੜਾ ਉੱਤੇ ਦਿਸਿਆ ਲੈ ਕੇ ਵਗਦਾ ਹੋਇਆ ਤੇ ਅਸਲੀ ਲਿੰਗ ਇਥੇ ਹੀ ਰਹਿ ਗਇਆ ਇਸ ਕਰਕੇ ਨਾਂ ਕੋਟੇਸ਼ਵਰ (ਕ੍ਰੋੜਾਂ ਈਸ਼ਵਰ) । ਇਥੇ ਵੀ ਲੋਕੀ ਪੇਹੋਵਾ, ਹਰਦੁਆਰ ਤੇ ਗਇਆ ਵਾਗੂ ਪਿੰਡ ਦਾਨ ਕਰਨ ਆਉਦੇ ਹਨ। ਗੁਰੂ ਸਾਹਿਬ ਨੇ ਇਥੇ ਲੋਕਾਈ ਨੂੰ ਜਾਗਰੂਕ ਕੀਤਾ ਕਿ ਤੁਹਾਡੇ ਇਹ ਸਰਾਧ ਕੋਈ ਨਹੀ ਪਹੁੰਚਦੇ ਮ੍ਰਿਤਕ ਰਿਸ਼ਤੇਦਾਰਾਂ ਤਕ। ਇਥੇ ਇੱਕ ਹੋਰ ਵੀ ਗਲਤ ਰਸਮ ਸੀ। ਕਈ ਲੋਕ ਇਥੇ ਦਰਸ਼ਨ ਕਰਨ ਉਪਰੰਤ ਆਪਣੇ ਸਰੀਰ ਤੇ ਦਾਗ ਪਵਾ ਲੈਂਦੇ ਸਨ। ਗੁਰੂ ਸਾਹਿਬ ਨੇ ਇਸ ਰਸਮ ਦਾ ਵੀ ਖੰਡਣ ਕੀਤਾ ਤੇ ਨਾਲ ਹੀ ਪੰਡਿਆਂ ਨੂੰ ਸਮਝਾਇਆ ਕਿ ਇਹ ਜੁਲਮ ਲੋਕਾਂ ਤੇ ਨਾਂ ਕਰੋ। ਦਾਗਣ ਵੇਲੇ ਇਨਸਾਨ ਨੂੰ ਵੱਡੀ ਸਰੀਰਕ ਪੀੜਾ ਥਾਂਣੀ ਗੁਜਰਨਾਂ ਪੈਂਦਾ ਸੀ।

ਅੰਜਾਰ– ਕੱਛ ਦੀ ਪੁਰਾਤਨ ਰਾਜਧਾਨੀ ਵਿਚ ਬਾਬਾ

ਤੱਟ ਦੇ ਨਾਲ ਨਾਲ ਸਮੁੰਦਰ ਰਸਤੇ 170 ਕਿਲੋਮੀਟਰ ਸਫਰ ਕਰਕੇ ਸਾਹਿਬ ਮਾਂਡਵੀ ਪਹੁੰਚੇ। ਮਾਂਡਵੀ ਮਹਾਂਭਾਰਤ ਵਿਚ ਆਏ ਸੰਤ ਮੰਡਵੀਆ ਦੇ ਨਾਲ ਸਬੰਧ ਰੱਖਦਾ ਹੈ। ਜਿੰਨੀ ਦਿਨੀ ਗੁਰੂ ਸਾਹਿਬ ਇਥੇ ਪਹੁੰਚੇ ਹਿੰਦੂ ਵਪਾਰੀ ਸਿੰਧ ਵਗੈਰਾ ਤੋਂ ਉਠੋ ਉਠੋ ਕੇ ਇਥੇ ਵਸ ਰਹੇ ਸਨ। 18ਵੀ ਸਦੀ ਤਾਂ ਇਹ ਵੱਡਾ ਬੰਦਰਗਾਹੀ ਵਪਾਰਕ ਕੇਂਦਰ ਬਣ ਚੁੱਕਾ ਸੀ। ਇਤਹਾਸ 'ਚ ਆਉਦਾ ਹੈ ਇੱਕ ਇਥੋ ਦੇ ਵਪਾਰੀਆਂ ਕੋਲ ਓਨੀ ਦਿਨੀ 400 ਜਹਾਜਾਂ ਦਾ ਬੇੜਾ

ਨੋਟ: ◈ ਗਿਆਨੀ -180, ਕਿਰਪਾਲ ਸਿੰਘ- 124, ਅਤੇ ਲਖਪਤ ਗੁਰਦੁਆਰੇ ਸੇਵਾਦਾਰਾਂ ਨਾਲ ਇੰਟਰਵਿਊ ਦੇ ਅਧਾਰ ਤੇ।

ਹੁੰਦਾ ਸੀ।

ਗੁਰੂ ਸਾਹਿਬ ਦੇ ਵੇਲੇ ਮਾਂਡਵੀ ਦਾ ਵਾਮ ਮਾਰਗੀ ਮਹੰਤ ਸ਼ਿਵਗਿਰੀ ਗੁਸਾਈਂ ਇਲਾਕੇ ਦਾ ਗੁਰੂ ਬਣਿਆ ਹੋਇਆ ਸੀ। ਗੁਰੂ ਦੀ ਕਿਰਪਾ ਸਦਕਾ ਸਿੱਧੇ ਰਾਹੇ ਪਿਆ। 19ਵੀ ਸਦੀ ਤੱਕ ਇਥੇ ਉਦਾਸੀ ਸੰਤ ਸਿੱਖੀ ਦੀ ਪ੍ਰਤੀਨਿਧਤਾ ਕਰ ਰਹੇ ਸਨ। ਹੁਣ ਮੁਸ਼ਕਲ ਹੀ ਹੈ ਕੋਈ ਹੋਵੇ।

ਲਿਖਿਆ ਮਿਲਦਾ ਹੈ ਕਿ ਗੁਰੂ ਸਾਹਿਬ ਮਾਂਡਵੀ ਤੋਂ ਸਮੁੰਦਰ ਰਸਤੇ 60 ਕਿਲੋਮੀਟਰ ਸਫਰ ਕਰਕੇ ਫਿਰ ਗੁਜਰਾਤ ਦੀ ਬੰਦਰਗਾਹ ਮੁੰਦਰਾ ਵੀ ਪਹੁੰਚੇ। (ਇਹ ਵੀ ਸ਼ੱਕ ਹੈ ਕਿ ਮੁੰਦਰਾ ਬੰਦਰ ਅਜੇ ਇਸ ਹੈਸੀਅਤ ਵਿਚ ਨਹੀ ਸੀ ਕਿ ਗੁਰੂ ਸਾਹਿਬ ਓਥੇ ਜਾਂਦੇ।)

ਸੋ ਮਾਂਡਵੀ ਬੰਦਰ ਤੋਂ ਮੁੰਦਰਾ ਬੰਦਰ ਥਾਂਣੀ ਹੁੰਦੇ ਹੋਏ ਗੁਰੂ ਸਾਹਿਬ ਕੱਛ ਦੀ 1400 ਸਾਲ ਪੁਰਾਣੀ ਰਾਜਧਾਨੀ ਅੰਜਾਰ ਪਹੁੰਚੇ। (ਇਹ ਅੱਜ ਦੇ ਗਾਂਧੀਧਾਮ ਸ਼ਹਿਰ ਤੋਂ ਸਿਰਫ 10 ਕਿਲੋਮੀਟਰ ਚੜ੍ਹਦੇ ਹੈ। ਸ਼ੱਕ ਹੈ ਕਿ ਲਖਪਤ ਵਿਚ ਜੋ ਗੁਰੂ ਸਾਹਿਬ ਦੀਆਂ ਖੜਾਵਾਂ ਹਨ ਉਹ ਮੂਲ ਵਿਚ ਏਸੇ ਸ਼ਹਿਰ ਦੇ ਰਘੂ ਭਾਟੀਏ ਨੂੰ ਬਖਸ਼ੀਆਂ ਸਨ। ਵਾਮ ਮਾਰਗੀਆਂ ਦਾ ਇਲਾਕੇ ਵਿਚ ਪੂਰਾ ਜੋਰ ਸੀ। "ਜਸਲ-ਤੋਰਲ" ਹੀਰ ਰਾਂਝੇ ਵਰਗਾ ਕਿੱਸਾ ਗੁਜਰਾਤ ਵਿਚ ਬੜਾ ਮਸ਼ਹੂਰ ਹੈ ਜੋ ਇੱਕ ਵਾਮ ਮਾਰਗੀ ਸਾਧ ਤੋਂ ਮੁਟਿਆਰ ਨੂੰ ਆਜਾਦ ਕਰਾਉਣ ਦੀ ਕਹਾਣੀ ਹੈ। ਇਹ ਵੀ ਲੱਗ ਪੱਗ ਓਨਾਂ ਸਾਲਾਂ ਵਿਚ ਹੀ ਵਾਪਰੀ ਜਦੋ ਗੁਰੂ ਸਾਹਿਬ ਅੰਜਾਰ ਗਏ ਸਨ। ਗੁਜਰਾਤੀ ਲੋਕ ਜਸਲ-ਤੋਰਲ ਦੀ ਸਮਾਧ ਜੋ ਅੰਜਾਰ ਵਿਚ ਹੀ ਹੈ ਨੂੰ ਇੱਕ ਤਰਾਂ ਨਾਲ ਪੂਜਦੇ ਹਨ।

ਇਥੇ ਗੁਰੂ ਸਾਹਿਬ ਨੇ ਸਾਧਾਂ ਤੇ ਲੋਕਾਂ ਨੂੰ ਕਾਮ ਦੀ ਅਸਲੀ ਕਹਾਣੀ ਦਸਕੇ ਲੁੱਚਪੁਣੇ ਤੋਂ ਬਾਜ ਆਉਣ ਨੂੰ ਕਿਹਾ ਤੇ ਨਿਰੰਕਾਰ ਦੇ ਲੜ ਲਾਇਆ। (ਵਾਮ ਮਾਰਗੀਆਂ ਨੂੰ ਉਪਦੇਸ਼ ਦਿੱਤਾ। ਵੇਖੋ ਪੰਨਾ -151) ਗੁਰੂ ਸਾਹਿਬ ਰਘੂ ਭਾਟੀਏ ਦੇ ਬਾਗ ਵਿਚ ਹੀ ਠਹਿਰੇ ਸਨ।

---◈---

ਲੋਕੋ ਪੱਥਰਾਂ ਦਾ ਖਹਿੜਾ ਛੱਡੋ– ਦਵਾਰਕਾ ਵਿਚ ਬਾਬਾ

ਅੰਜਾਰ ਤੋਂ 175 ਕਿਲੋਮੀਟਰ ਦੀ ਦੂਰੀ ਕੁਝ ਬੇੜੀ ਰਾਂਹੀ ਤੇ ਕੁਝ ਪੈਦਲ ਤਹਿ ਕਰਕੇ ਸਾਹਿਬ ਭਗਵਾਨ ਕ੍ਰਿਸ਼ਨ ਦੇ ਅਸਥਾਨ ਦਵਾਰਕਾ ਪਹੁੰਚ ਗਏ: ਮਤਲਬ ਕੱਛ ਦੇਸ ਤੋਂ ਸੌਰਾਸ਼ਟਰ ਦੇਸ ਵਿਚ ਆ ਗਏ ਜਿਨੂੰ ਜਨਮਸਾਖੀਆਂ ਵਿਚ ਸੋਰਠ ਦੇਸ ਲਿਖਿਆ ਹੈ। ਸਮੁੰਦਰ ਦੇ ਕੰਢੇ ਤੇ ਵੱਸਿਆ ਦਵਾਰਕਾ (ਸਵੱਰਗਾਂ ਦਾ ਦਰਵਾਜਾ) ਉਹ ਅਸਥਾਨ ਹੈ ਜਿੱਥੇ ਭਗਵਾਨ ਕ੍ਰਿਸ਼ਨ ਮਥੁਰਾ ਛੱਡ ਕੇ ਆ ਵਸੇ ਸਨ। ਕਹਿੰਦੇ ਆਪਣੀ ਯਾਦਵ ਸੈਨਾ ਵੀ ਨਾਲ ਹੀ ਲੈ ਆਏ ਸਨ ਕਿਉਕਿ ਜਰਾਸੰਧ ਨਾਂ ਦਾ ਰਾਜਾ ਭਗਵਾਨ ਦਾ ਖਹਿੜਾ ਨਹੀ ਸੀ ਛੱਡ ਰਿਹਾ ਤੇ ਜਨਤਾ ਵੀ ਰੋਜ ਰੋਜ ਦੇ ਯੁੱਧਾਂ ਤੋਂ ਤੰਗ ਆ ਗਈ ਸੀ। ਮੈਦਾਨੇ ਜੰਗ ਤੋਂ ਬਾਹਰ ਆ ਜਾਣ ਕਾਰਨ ਭਗਤ ਕਦੀ ਕ੍ਰਿਸ਼ਨ ਨੂੰ ਰਣਛੋਡ ਭਗਵਾਨ ਵੀ ਕਹਿੰਦੇ ਹਨ।

ਇਥੇ ਵੀ ਗੁਰੂ ਸਾਹਿਬ ਨੇ ਗਹਰੀ ਕਲਾ ਵਿਖਾਈ ਤੇ ਅਜਿਹਾ ਚਮਤਕਾਰ ਦਿਖਾਇਆ ਕਿ ਪਾਂਡੇ ਦੰਗ ਰਹਿ ਗਏ। ਇਥੇ ਫਿਰ ਸ਼ਬਦ ਗਾਵਿਆ:

ਮਛੀ ਤਾਰੂ ਕਿਆ ਕਰੇ ਪੰਖੀ ਕਿਆ ਆਕਾਸੁ ॥ ਪਥਰ ਪਾਲਾ ਕਿਆ ਕਰੇ ਖੁਸਰੇ ਕਿਆ ਘਰ ਵਾਸੁ ॥ ਕੁਤੇ ਚੰਦਨੁ ਲਾਈਐ ਭੀ ਸੋ ਕੁਤੀ ਧਾਤੁ ॥ ਬੋਲਾ ਜੋ ਸਮਝਾਈਐ ਪੜੀਅਹਿ ਸਿੰਮ੍ਰਿਤਿ ਪਾਠ ॥ ਅੰਧਾ ਚਾਨਣਿ ਰਖੀਐ ਦੀਵੇ ਬਲਹਿ ਪਚਾਸ ॥ ਚਉਣੇ ਸੁਇਨਾ ਪਾਈਐ ਚੁਣਿ ਚੁਣਿ ਖਾਵੈ ਘਾਸੁ ॥ ਲੋਹਾ ਮਾਰਣਿ ਪਾਈਐ ਢਹੈ ਨ ਹੋਇ ਕਪਾਸ ॥ ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸੁ ॥

ਪੱਥਰਾਂ ਦੀ ਪੂਜਾ ਤੋਂ ਵਰਜ ਕੇ ਓਥੇ ਪੰਡਿਆਂ ਨੂੰ ਨਿਰੰਕਾਰ ਦੀ ਸਿਫਤ ਸਲਾਹ ਵਿਚ ਲਾਇਆ। ਕਿਹਾ ਜਾਂਦਾ ਹੈ ਕਿ ਜੋ ਭੋਜਨ ਦੇ ਥਾਲ ਉਹ ਮੂਰਤੀ ਨੂੰ ਚੜਾਉਣ ਦਾ ਪਾਖੰਡ ਕਰਦੇ ਸਨ ਉਹ ਥਾਲ ਗੁਰੂ ਨਾਨਕ ਪਾਸ ਪਹੁੰਚ ਗਏ। ਪੰਡਿਆਂ ਨੂੰ ਜਦੋਂ ਇਸ ਕੌਤਕ ਦਾ ਪਤਾ ਲੱਗਾ ਤਾਂ ਸਾਰੀ ਮੰਡਲੀ ਗੁਰੂ ਸਾਹਿਬ ਦੇ ਚਰਨੀ ਆ ਲੱਗੀ। ਓਥੇ ਫਿਰ ਗੁਰ ਅਸਥਾਨ ਵੀ ਬਣਾਇਆ ਗਿਆ। ਜਿੱਥੇ ਆਏ ਗਏ ਲਈ ਭੋਜਨ ਮੰਦਰ ਤੋਂ ਆਉਦਾ ਰਿਹਾ। (ਅਜ ਕਲ ਪਤਾ ਨਹੀ ਕੀ ਹਾਲਤ ਹੈ।)

---◈---

ਸੋਰਠ ਦੇਸ ਦੀ ਸਾਖੀ

ਇਸ ਮੁਲਕ ਵਿਚ ਪਹੁੰਚ ਕੇ ਮਰਦਾਨਾ ਬੜਾ ਖੁੱਸ਼ ਹੋਇਆ। ਗੱਲੇ ਕੱਥੇ 'ਸ਼ੂ ਸ਼ੇ' (ਕੀ ਆ?) ਆਊ ਸ਼ੂ (ਆਉਦਾ ਹਾਂ), ਜਾਊ ਸ਼ੂ (ਜਾਂਦਾ ਹਾਂ), ਕੇਮ ਸ਼ੇ (ਕਿਵੇ ਹੋ?), ਹਾਰੂ ਸ਼ੇ (ਠੀਕ ਹੈ), ਬੇ ਮਾਣੂ ਸ਼ੇ (ਦੋ ਆਦਮੀ ਨੇ), ਹਾਮਬੜਤਾ ਨਥੀ (ਸਮਝਦਾ ਨਹੀ)। ਮਰਦਾਨਾ ਕਹਿਣ ਲੱਗਾ ਬਾਬਾ ਜੀ ਇਹ ਲੋਕ ਸ਼ੂ ਸ਼ੂ ਕੀ ਕਰਦੇ ਨੇ? ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਇਹ ਸੋਰਠ (ਸੌਰਾਸ਼ਟਰ) ਦੇਸ ਹੈ। ਹਰ ਦੇਸ ਦੀ ਆਪਣੀ ਬੋਲੀ ਤੇ ਭੇਸ ਹੁੰਦਾ ਹੈ। ਕਰਤੇ ਨੇ ਵੰਨਗੀ ਬਣਾਈ ਹੈ। ਜਿਵੇ ਅਸੀ 'ਹੈ' ਲਫਜ ਕਹਿਨੇ ਆਂ ਇਹ ਸ਼ੂ ਕਹਿੰਦੇ ਨੇ। ਕੁਲ ਮਿਲਾ ਕੇ ਲੋਕ ਚੰਗੇ ਨੇ ਪਰ ਮਾਇਆ ਮੋਹ ਵਿਚ ਗ੍ਰਸੇ ਪਏ ਨੇ। ਮਰਦਾਨਾ ਜਿਹੜਾ ਸੋਰਠ ਰਾਗ ਸਿਖਿਆ ਹੋਇਆ ਹੈ ਉਹ ਏਸੇ ਦੇਸ ਦਾ ਰਾਗ ਹੈ। ਇਹ ਸੁਣ ਮਰਦਾਨਾ ਗੱਦ ਗੱਦ ਹੋ ਉਠਿਆ।

ਸਾਹਿਬ ਨੇ ਕਿਹਾ ਮਰਦਾਨਿਆ ਚੁੱਕ ਰਬਾਬ ਫਿਰ। ਵਜਾ ਸੋਰਠ ਦੀ ਧੁੰਨ। ਸਾਹਿਬ ਨੇ ਸ਼ਬਦ ਗਾਇਆ:

ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ ॥ ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ ॥ ਸਸੁਰੈ ਪੇਈਐ ਭੈ ਵਸੀ ਸਤਿਗੁਰੁ ਸੇਵਿ ਨਿਸੰਗ ॥ ਪਰਹਰਿ ਕਪੜੁ ਜੇ ਪਿਰ ਮਿਲੈ ਖੁਸੀ ਰਾਵੈ ਪਿਰੁ ਸੰਗਿ ॥ ਸਦਾ ਸੀਗਾਰੀ ਨਾਉ ਮਨਿ ਕਦੇ ਨ ਮੈਲੁ ਪਤੰਗੁ ॥ ਦੇਵਰ ਜੇਠ ਮੁਏ ਦੁਖਿ ਸਸੂ ਕਾ ਡਰੁ ਕਿਸੁ ॥ ਜੇ ਪਿਰ ਭਾਵੈ ਨਾਨਕਾ ਕਰਮ ਮਣੀ ਸਭੁ ਸਚੁ ॥੧॥

ਲਗਦੈ ਇਹ ਸਬਦ ਕਿਸੇ ਇਸਤਰੀ ਦੇ ਪ੍ਰਥਾਇ ਰਚਿਆ ਗਇਆ ਹੈ। ਉਂਜ ਇਸਤ੍ਰੀ ਰੂਪ ਜੀਵ ਆਤਮਾ ਨੂੰ ਉਪਦੇਸ਼ ਹੈ ਕਿ ਜਿਹੜੇ ਨਾਮ ਦੇ ਲੜ ਲੱਗ ਜਾਂਦੇ ਹਨ ਉਨਾਂ ਦੇ ਸਭ ਡਰ ਭਉ ਮੁਕ ਜਾਂਦੇ ਹਨ। ਓਨਾਂ ਲਈ ਫਿਰ ਸੋਰਠ ਜਿਹੇ ਗਰਮ ਦੇਸ ਵੀ ਸੁਹਾਵਣੇ ਹੋ ਜਾਂਦੇ ਨੇ।

ਗੁਰੂ ਸਾਹਿਬ ਅੱਗੇ ਮਿਆਣੀ ਬੰਦਰ ਗਏ ਜਿੱਥੇ ਹਰਸਿੱਧੀ ਮਾਤਾ ਨੂੰ ਖੁਸ਼ ਕਰਨ ਵਾਸਤੇ ਦਿੱਤੀ ਜਾਂਦੀ ਪਸ਼ੂ ਬਲੀ ਨੂੰ ਵਿਅੱਰਥ ਦੱਸਿਆ ਤੇ ਜੀਆਂ ਤੇ ਦਿਆ ਕਰਨਾਂ ਸਮਝਾਇਆ।

ਦਵਾਰਕਾ ਤੋਂ 100 ਕਿਲੋਮੀਟਰ ਅੱਗੇ ਫਿਰ ਪੋਰਬੰਦਰ ਜਾ ਪੜਾਅ ਕੀਤਾ। ਕ੍ਰਿਸ਼ਨ ਭਗਤ ਸੁਦਾਮਾ ਦੇ ਨਾਂ ਤੇ ਬਣੇ ਮੰਦਰ ਪਹੁੰਚ ਭਗਤਾਂ ਨੂੰ ਪੱਥਰ ਪੂਜਾ ਤੋਂ ਵਰਜ ਕੇ ਨਿਰੰਕਾਰ ਦੀ ਭਗਤੀ ਵਲ ਪ੍ਰੇਰਿਆ। ਪੋਰ ਬੰਦਰ ਵਿਖੇ ਅੱਜ ਵੀ ਗੁਰੂ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਮੌਜੂਦ ਹੈ। ਕਿਸੇ ਵੇਲੇ ਇਥੇ ਸਾਹਿਬ ਦੀਆਂ ਖੜਾਵਾਂ ਵੀ ਸੁਦਾਮਾਪੁਰੀ ਧਰਮਸਾਲਾ ਵਿਚ ਸਨ।

ਲਾਗੇ ਹੀ ਸਮੁੰਦਰ ਕੰਢੇ 9 ਕਿ. ਮੀ. ਓਡਦਰ ਪਿੰਡ ◉ 'ਚ ਜੋਗੀਆਂ ਦੇ ਆਸ਼ਰਮ ਗਏ। ਜਿੱਥੇ ਜੋਗੀਆਂ ਨੂੰ ਸਮਝਾਇਆ ਕਿ ਜੋ ਕੁਝ ਤੁਸੀ ਧਰਮ ਦੇ ਨਾਂ ਤੇ ਕਰ ਰਹੇ ਹੋ ਇਹ ਸਰੀਕਰ ਕ੍ਰਿਆਵਾ ਨੇ । ਸ਼ਬਦ ਦੀ ਅਹਿਮੀਅਤ ਦਸਦੇ ਹੋਏ ਓਨਾਂ ਨੂੰ ਕਰਤਾਰ ਦੇ ਗੁਣ ਗਾਉਣ ਦਾ ਮਹੱਤਵ ਸਮਝਾਇਆ। ਓਥੇ ਵੀ ਮਾਤਾ ਓਡਦਰ ਦੇ ਨਾਂ ਤੇ ਜੋ ਪਾਖੰਡ ਚਲਦੇ ਸਨ ਉਨਾਂ ਨੂੰ ਵਰਜਿਆ ਤੇ ਸੱਚ ਧਰਮ ਦੇ ਰਾਹੇ ਪਾਇਆ।

---◈---

ਜੂਨਾਗੜ੍ਹ – ਲੋਕਾਂ ਦੀ ਜੂਨ ਸਵਾਰ ਤੀ ਬਾਬੇ ਨੇ ਜੂਨਾਗੜ੍ਹ ਪਹੁੰਚ ਕੇ

ਸੌਰਾਸ਼ਟਰ ਦਾ ਇਲਾਕਾ 16ਵੀ ਸਦੀ ਵਿਚ ਪੂਰਾ ਧਾਰਮਿਕ ਰੰਗ ਵਿਚ ਰੰਗਿਆ ਹੋਇਆ ਸੀ। ਇਹ ਵੱਖਰੀ ਗਲ ਹੈ ਕਿ ਕੋਈ ਪੱਥਰ ਪੂਜ ਰਿਹਾ ਸੀ। ਕੋਈ ਸਰੀਰ ਨੂੰ ਕੋਹ ਰਿਹਾ ਸੀ। ਕੋਈ ਤੀਰਥ ਯਾਤਰਾ ਤੇ ਜੋਰ ਦੇ ਰਿਹਾ ਸੀ, ਕੋਈ ਜਾਨਵਰਾਂ ਦੀ ਬਲੀ ਦੇ ਕੇ ਮਾਤਾ ਨੂੰ ਜਾ ਭਗਵਾਨ ਨੂੰ ਖੁਸ਼ ਕਰਨਾਂ ਚਾਹੁੰਦਾ ਸੀ, ਕੋਈ ਜੋਗੀ ਸਮਾਧੀਆਂ ਤੇ ਜੋਰ ਦਈ ਜਾ ਰਿਹਾ ਸੀ, ਕੋਈ ਕ੍ਰਿਸ਼ਨ ਭਗਤ, ਕੋਈ ਸ਼ਿਵ ਭਗਤ, ਕੋਈ ਸੁਦਾਮਾ ਭਗਤ ਸੀ। ਗੁਰੂ ਸਾਹਿਬ ਨੇ ਪਹਿਲੀ ਵਾਰ ਲੋਕਾਂ ਨੂੰ ਸਮਝਾਇਆ ਕਿ ਤੁਸੀ ਸਭ ਕਰਤਾਰ ਦੀ ਕਿਰਤਾਂ ਦੀ ਭਗਤੀ 'ਚ ਲੱਗੇ ਪਏ ਹੋ। ਸ੍ਰਿਸਟੀ ਦੇ ਰਚਨਹਾਰ ਨੂੰ ਸਮਝੋ।

ਜੂਨਾਗੜ੍ਹ ਦਾ ਇਤਹਾਸ ਬਹੁਤ ਹੀ ਪੁਰਾਣਾ ਹੈ। ਇਥੋਂ ਤੱਕ ਕਿ ਸ਼ਹਿਰ ਵਿਚ ਸਮਰਾਟ ਅਸ਼ੋਕ ਦਾ ਸਿਲਲੇਖ ਵੀ ਮਿਲਦਾ ਹੈ। ਸ਼ਹਿਰ ਦਾ ਪਹਿਲਾਂ ਤਾਂ ਨਾਂ ਕੁਝ ਹੋਰ ਸੀ ਬਾਦ ਵਿਚ ਜੂਨਾਗੜ੍ਹ ਪਿਆ (ਜੂਨਾ- ਪੁਰਾਣਾ: ਗੁਜਰਾਤੀ) ਜਦੋਂ ਤੱਕ ਗੁਰੂ ਸਾਹਿਬ ਜੂਨਾਗੜ੍ਹ ਪਹੁੰਚੇ ਜੂਨਾਗੜ੍ਹ ਗੁਜਰਾਤ-ਸੁਲਤਾਨਾਂ ਦੇ ਕਬਜੇ 'ਚ ਜਾ ਚੁੱਕਾ ਸੀ। ਗੁਰੂ ਸਾਹਿਬ ਵੇਲੇ ਸੁਲਤਾਨ ਮੁਜ਼ੱਫਰ ਸ਼ਾਹ ਦੂਜੇ (1511-1526 ਈ.) ਦਾ ਰਾਜ ਸੀ। ਪਰ ਗੁਰੂ ਸਾਹਿਬ ਦੇ ਜੂਨਾਗੜ੍ਹ ਪਹੁੰਚਣ ਦੇ ਦਿਨਾਂ ਵਿਚ ਓਹ ਕਿਤੇ ਹੋਰ ਰੁੱਝਾ ਪਿਆ ਸੀ।

ਜੂਨਾਗੜ੍ਹ ਵਿਚ ਗੁਰੂ ਸਾਹਿਬ ਦੀ ਚਰਚਾ ਹੋਣ ਕਰਕੇ ਖੁੱਦ ਨਵਾਬ ਫੈਜ਼ ਤਾਲਿਬ ਖਾਂ ਸੁਣਨ ਆਇਆ। ਗੁਰੂ ਸਾਹਿਬ ਦੀਆਂ ਖੜਾਵਾਂ ਦਾ ਜੋੜਾ ਯਾਦਗਾਰ ਵਜੋਂ ਮੰਗ ਲਿਆ। ਕਿਲੇ ਦੇ ਨਾਲ ਹੀ ਸੁੰਦਰ ਧਰਮਸਾਲਾ ਵੀ ਬਣਵਾ ਦਿੱਤੀ। 150 ਸਾਲ ਪਹਿਲਾਂ ਤੱਕ ਇਥੇ ਨਾਨਕਸ਼ਾਹੀ ਸੰਤ ਸਿੱਖੀ ਦਾ ਪ੍ਰਚਾਰ ਕਰਦੇ ਸਨ।

ਜੂਨਾ ਗੜ੍ਹ ਏਡੀ ਵੱਡੀ ਰਿਆਸਤ ਹੋਵੇ ਤੇ ਕੋਈ ਸੂਫੀ ਪੀਰ ਨਾਂ ਹੋਵੇ। ਸੋ ਇਥੇ ਇੱਕ ਸੂਫੀ ਪੀਰ ਨਾਲ ਵੀ ਗੁਰੂ ਸਾਹਿਬ ਦੀ ਚਰਚਾ ਦਾ ਜਿਕਰ ਹੈ। ਜਿਸ ਦਾ ਨਾਂ ਦਾਤਾ ਰੀਜ ਬਖਸ਼ ਦੱਸਿਆ ਜਾਂਦਾ ਹੈ।

ਤਵਾਰੀਖ ਖਾਲਸਾ ਨੇ ਗੁਰੂ ਸਾਹਿਬ ਦੇ ਜੂਨਾਗੜ੍ਹ ਆਗਮਨ ਦਾ ਸਾਲ ਜੂਨ 1513 ਈ. ਦਿੱਤਾ ਹੈ ਜੋ ਸਹੀ ਲੱਗਦਾ ਹੈ।* ਗੁਰੂ ਸਾਹਿਬ 1512 ਈ ਦੇ ਅੰਤਲੇ ਮਹੀਨਿਆਂ ਵਿਚ ਪੱਖੋਕੇ ਤੋਂ ਰਵਾਨਾ ਹੋਏ ਸਨ।

---◈---

ਗਿਰਨਾਰ ਪਹਾੜੀ ਤੇ ਵੀ ਗੁਰਮਤ ਦਾ ਝੰਡਾ ਜਾ ਗੱਡਿਆ ਬਾਬੇ ਨੇ

ਜੂਨਾਗੜ੍ਹ ਦੇ ਨਾਲ ਹੀ ਸਿਰਫ 10 ਕਿਲੋਮੀਟਰ ਦੂਰ ਗਿਰਨਾਰ ਦੀ ਪਹਾੜੀਆਂ ਵੱਡਾ ਧਾਰਮਿਕ ਕੇਂਦਰ ਰਹੀਆਂ ਹਨ। ਇਥੇ ਜੈਨਮੱਤ, ਸ਼ਿਵਮਤ ਜੋਗਮਤ (ਨਾਥ ਜੋਗੀ) ਸ਼ਕਤੀਮਤ (ਦੇਵੀ ਭਗਤੀ), ਵੈਸਨਵ-ਮਤ (ਭਗਵਾਨ ਕ੍ਰਿਸ਼ਨ, ਭਗਵਾਨ ਰਾਮ) ਨਾਲ ਸਬੰਧਿਤ ਸਥਾਨ ਤੇ ਮੰਦਰ ਹਨ। ਬੁੱਧਮੱਤ ਦਾ ਵੀ ਇਹ ਕੇਂਦਰ ਰਿਹਾ ਹੈ ਪਰ ਉਸਦੇ ਬਹੁਤੇ ਨਿਸ਼ਾਨ ਮਿੱਟ ਚੁੱਕੇ ਹਨ। ਜੋਗਮਤ ਦੇ ਬਾਨੀ ਦੱਤਾਤਰਿਆ ਦੇ ਇਸ ਪਹਾੜੀ ਤੇ ਪੱਦਚਿੰਨ ਮੌਜੂਦ ਹਨ। ਗੁਰੂ ਸਾਹਿਬ ਨੇ ਇਥੇ ਵੀ ਕੁਝ ਦਿਨ ਬਿਤਾਏ ਅਤੇ ਜੋਗੀਆਂ, ਬ੍ਰਾਹਮਣਾ, ਸੰਤਾਂ ਤੇ ਦੇਵੀ ਭਗਤਾਂ ਨੂੰ ਰਾਹੇ ਪਾਇਆ।

ਜੈਨੀਆਂ ਦਾ ਖੂਬਸੂਰਤ ਮੰਦਰ ਜਦੋਂ ਸਾਹਿਬ ਵੇਖਣ ਗਏ ਤਾਂ ਜੈਨੀ ਸਾਧੂ ਨੇ ਇਸ ਪਹਾੜੀ ਇਲਾਕੇ ਦੀਆਂ ਸਿਫਤਾਂ ਦੇ ਪੁਲ ਬੰਨ ਦਿੱਤੇ। ਓਥੇ ਫਿਰ ਗੁਰੂ ਸਾਹਿਬ ਨੇ ਇਹ ਸ਼ਬਦ ਵੀ ਗਾਇਆ ਜਿਸ ਦੀ ਰਚਨਾ ਪਹਿਲਾਂ ਹੋ ਚੁੱਕੀ ਸੀ ਤੇ ਤਾਲ ਦਾ ਸਾਥ ਦਿੱਤਾ ਮਰਦਾਨੇ ਦੀ ਰਬਾਬ ਨੇ:

ਸਲੋਕੁ ਮਃ ੧ ॥ ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ ॥ ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ ॥ ਸਸੁਰੈ ਪੇਈਐ ਭੈ ਵਸੀ ਸਤਿਗੁਰੁ ਸੇਵਿ ਨਿਸੰਗ ॥ ਪਰਹਰਿ ਕਪੜੁ ਜੇ ਪਿਰ ਮਿਲੈ ਖੁਸੀ ਰਾਵੈ ਪਿਰੁ ਸੰਗਿ ॥ ਸਦਾ ਸੀਗਾਰੀ ਨਾਉ ਮਨਿ ਕਦੇ ਨ ਮੈਲੁ ਪਤੰਗੁ ॥ ਦੇਵਰ ਜੇਠ ਮੁਏ ਦੁਖਿ ਸਸੂ ਕਾ ਡਰੁ ਕਿਸੁ ॥ ਜੇ ਪਿਰ ਭਾਵੈ ਨਾਨਕਾ ਕਰਮ ਮਣੀ ਸਭੁ ਸਚੁ ॥੧॥

---◈---

ਨਾਰਭੀ ਸਰੇਵੜਾ◉

ਗੁਰੂ ਸਾਹਿਬ ਗਿਰਨਾਰ ਪਹਾੜੀਆਂ ਤੇ ਜੈਨੀਆਂ ਦੇ ਅਸਥਾਨਾਂ ਤੇ ਵੀ ਗਏ ਸਨ। ਓਥੇ ਵੀ ਨਾਮ ਦਾ ਉਪਦੇਸ਼ ਦਿੱਤਾ। ਓਸ ਵੇਲੇ ਜੈਨੀਆਂ ਦਾ ਅਚਾਰੀਆ (ਮੁਖੀਆ ਮਹੰਤ) ਮੰਦਰ ਵਿਚ ਨਹੀ ਸੀ। ਜਦੋਂ ਉਹ ਕੁਝ ਸਮੇਂ ਬਾਦ ਆਇਆ ਤਾਂ ਗੁਰੂ ਸਾਹਿਬ ਦੇ ਉਪਦੇਸ਼ ਬਾਰੇ ਜਦੋਂ ਸੁਣਿਆਂ ਤਾਂ ਉਨੂੰ ਤਾਂ ਜਿਵੇ ਅੱਗ ਲੱਗ ਜਾਂਦੀ ਹੈ ਇਸ ਤਰਾਂ ਹੋਇਆ। ਕਿਉਕਿ ਉਹਦੇ ਸ਼ਗਿਰਦ ਗੱਲਾਂ ਹੀ ਵੱਖਰੀਆਂ ਕਰ ਰਹੇ ਸਨ। ਮਹੰਤ ਮੰਨਿਆਂ ਹੋਇਆ ਵਿਦਵਾਨ ਵੀ ਸੀ।

ਅਚਾਰੀਏ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਅਜੇ ਜੂਨਾ ਗੜ੍ਹ ਵਿਚ ਹੀ ਕਿਲੇ ਲਾਗੇ ਡੇਰਾ ਜਮਾਈ ਬੈਠੇ ਹਨ। ਅਚਾਰੀਆ ਆਪਣੇ ਚੇਲੇ ਬਾਲਕਿਆਂ ਨੂੰ ਨਾਲ ਲੈ ਕੇ ਆ ਗੁਰੂ ਸਾਹਿਬ ਦੇ ਡੇਰੇ ਲਾਗੇ ਧਮਕਿਆ। ਸੁਨੇਹਾ ਭੇਜਿਆਂ ਕਿ ਆਓ ਸਾਡੇ ਨਾਲ ਗਲ ਕਰੋ।

ਗੁਰੂ ਸਾਹਿਬ ਨਾਲ ਵਿਚਾਰ ਚਰਚਾ ਸ਼ੁਰੂ ਹੋਈ। ਅਚਾਰੀਆ

ਪੈਂਡਾ ਸਫਾ

◉ ਗਿਆਨੀ-180 ਨੇ ਓਡੀਆਰ (ਓਡਦਰ), ਬੀਸ ਨਗਰ ਅਤੇ ਰਾਮੜੇ ਜਾਣਾ ਵੀ ਲਿਖਿਆ ਹੈ। (ਸ਼ਾਇਦ ਵੀਸਨਗਰ ਜਾਣ ਦੀ ਗਲ ਕਰ ਰਹੇ ਨੇ। ਰਾਮੜਾ ਸਾਨੂੰ ਨਹੀ ਮਿਲਿਆ।)

ਨਰਸੀ ਮਹਿਤਾ ਨਾਲ ਮੇਲ- ਗਿਆਨੀ ਤੇ ਹੋਰ ਲਿਖਾਰੀਆਂ ਨੇ ਅਜਿਹਾ ਲਿਖਿਆ ਹੈ ਪਰ ਨਰਸੀ (1414-1481) ਗੁਰੂ ਸਾਹਿਬ ਦੇ ਜੂਨਾਗੜ੍ਹ ਪਧਾਰਨ ਤੋਂ ਪਹਿਲਾ ਗੁਜਰ ਚੁੱਕਾ ਸੀ। ਲੱਗਦੈ ਉਹਦੇ ਭਗਤਾਂ ਦਾ ਗੁਰੂ ਸਾਹਿਬ ਨਾਲ ਮੇਲ ਹੋਇਆ ਹੋਵੇਗਾ। ਕਿਉਕਿ ਨਰਸੀ ਮਹਿਤਾ ਜੂਨਾਗੜ੍ਹ ਵਿਚ ਬਹੁਤ ਨਾਮਣਾ ਖੱਟ ਚੁੱਕਾ ਸੀ। ਪੋਰਬੰਦਰ 'ਚ ਪੈਦਾ ਹੋਇਆ ਮਹਾਤਮਾ ਗਾਂਧੀ ਵੀ ਨਰਸੀ ਦਾ ਭਗਤ ਸੀ ਜੋ ਅਕਸਰ ਨਰਸੀ ਭਜਨ 'ਵੈਸਨਵ ਜਨ ਤੋਂ ਤੈਨੇ ਕਹੀਏ ਜੋ ਪੀਰ ਪਰਾਈ ਜਾਨੇ ਰੇ' ਗਾਇਆ ਕਰਦਾ ਸੀ।

* ਜੇ ਕੋਈ ਸੱਜਣ ਗੁਰੂ ਸਾਹਿਬ ਦੇ ਆਗਮਣ ਨੂੰ ਜੂਨਾਗੜ੍ਹ ਦੇ ਇਤਹਾਸ ਨਾਲ ਜੋੜ ਕੇ ਖੋਜ ਕਰੇ ਤਾਂ ਅਵੱਸ਼ ਹੀ ਗੁਰੂ ਸਾਹਿਬ ਦੇ ਆਗਮਨ ਦੇ ਸਮੇਂ ਦਾ ਸਹੀ ਪਤਾ ਲੱਗ

ਕਹਿੰਦਾ ਕਿ ਤੁਸੀ ਪਲ ਪਲ ਤੇ ਪਾਪ ਕਰਦੇ ਹੋ। ਪਾਣੀ ਬਿਨਾਂ ਛਾਣੇ ਪੀ ਜਾਂਦੇ ਹੋ ਤੁਹਾਨੂੰ ਪਤਾ ਪਾਣੀ ਵਿਚ ਸੂਖਮ ਜੀਅ ਹੁੰਦੇ ਨੇ। ਅਚਾਰੀਏ ਨੇ ਗ੍ਰਿਸਤੀ ਜੀਵਨ ਦੇ ਬਹੁਤੇ ਕਾਰਜ ਗਿਣਾ ਗਿਣਾ ਕੇ ਦੱਸ ਦਿੱਤੇ ਕਿ ਕਿਵੇ ਬੰਦਾ ਰੋਜ ਪਾਪ ਕਰ ਰਿਹਾ ਹੈ।

ਗੁਰੂ ਸਾਹਿਬ ਨੇ ਓਥੇ ਅਚਾਰੀਆ ਤੇ ਹੋਰ ਨਾਲ ਆਏ ਸਰੇਵੜਿਆਂ ਨੂੰ ਬੜੇ ਪ੍ਰੇਮ ਪੂਰਬਕ ਕਰਤਾਰ ਦੇ ਚਲ ਰਹੇ ਹੁਕਮ ਦੀ ਵਿਆਖਿਆ ਕਰਕੇ ਸ੍ਰਿਸਟੀ ਦਾ ਚਲਨ ਸਮਝਾਇਆ ਕਿ ਜੋ ਕੁਝ ਹੋ ਰਿਹਾ ਹੈ ਉਸ ਨਿਰੰਕਾਰ ਦਾ ਹੁਕਮ ਹੈ। ਸਾਰੇ ਜੀਅ ਇੱਕ ਦੂਸਰੇ ਤੇ ਨਿਰਭਰ ਹਨ।

ਗੁਰੂ ਸਾਹਿਬ ਨੇ ਸਮਝਾਇਆ ਕਿ ਕਿਵੇ ਛੋਟੀ ਮੱਛੀ ਸੂਖਮ ਮੱਛੀਆਂ ਨੂੰ ਖਾ ਕੇ ਜਿੰਦਾ ਰਹਿ ਰਹੀ ਹੈ। ਨਿੱਕੀ ਮੱਛੀ ਨੂੰ ਵੱਡੀ ਖਾ ਰਹੀ ਹੈ। ਜੀਆਂ ਦੀ ਇੱਕ ਤਰਾਂ ਨਾਲ ਜੰਜੀਰ ਬਣੀ ਪਈ ਤੇ ਹਰ ਇੱਕ ਦੂਸਰੇ ਤੇ ਨਿਰਭਰ ਹੈ। ਗੁਰੂ ਸਾਹਿਬ ਨੇ ਅਚਾਰੀਆ ਨੂੰ ਪੁੱਛਿਆ ਕਿ ਤੁਸੀ ਤਾਂ ਸਾਰੀਆਂ ਖਾਣ ਵਾਲੀਆਂ ਚੀਜਾਂ ਨੂੰ ਪਾਪ ਗਰਦਾਨ ਦਿੱਤਾ ਹੈ ਤੁਸੀ ਖੁੱਦ ਕੀ ਖਾਂਦੇ ਹੋ? ਅਚਾਰੀਆ ਨੇ ਦੱਸਿਆ ਕਿ ਅਸੀ ਅੰਨ ਖਾਂਦੇ ਹਾਂ। ਗੁਰੂ ਸਾਹਿਬ ਕਿਹਾ ਕਿ ਵੇਖੋ ਤੁਸੀ ਜਮੀਨ ਵਿਚ ਪਲੀਆਂ ਸਬਜੀਆਂ ਜਿਵੇ ਗਾਜਰ ਮੂਲੀ ਆਲੂ ਆਦਿ ਵੀ ਨਹੀ ਖਾਂਦੇ ਇਹ ਕਿਉ। ਅਚਾਰੀਏ ਨੇ ਦੱਸਿਆ ਕਿ ਵੇਖੋ ਆਲੂ ਜਾਂ ਕੋਈ ਹੋਰ ਕੰਦ ਨੂੰ ਤੁਸੀ ਜਦੋਂ ਦੁਬਾਰਾ ਬੀਜਦੇ ਹੋ ਤਾਂ ਅਨੁਕੂਲ ਮੌਸਮ ਤੇ ਆਉਣ ਤੇ ਉਹ ਦੁਬਾਰਾ ਫੁਟਦਾ ਹੈ ਤੇ ਜੀਵਨ ਲਹਿ ਲਹਾ ਉਠਦਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਕਣਕ ਜਾਂ ਬਾਜਰੇ ਦਾ ਬੀਅ ਜਦੋਂ ਤੁਸੀ ਬੀਜਦੇ ਹੋ ਤਾਂ ਕੀ ਉਹ ਨਹੀ ਮੁੜ ਉੱਗ ਉੱਠਦਾ? ਅਚਾਰੀਆ ਕਹਿੰਦਾ ਜੀ ਗੇਂਹੂ ਦਾ ਬੀਜ ਜੜ ਅਵਸਥਾ ਵਿਚ ਹੁੰਦਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਆਲੂ ਵੀ ਤਾਂ ਜੜ੍ਹ ਅਵਸਥਾ ਵਿਚ ਹੁੰਦਾ ਹੈ। ਗੁਰੂ ਸਾਹਿਬ ਨੇ ਬੜੇ ਪ੍ਰੇਮ ਪੂਰਬਕ ਤਰੀਕੇ ਸਮਝਾਇਆ ਕਿ ਵੇਖੋ ਜਿਹੜੀ ਸ਼ੈਅ ਪਾਣੀ ਪੀ ਕੇ ਜਾਂ ਖੁਰਾਕ ਲੈ ਕੇ ਵੱਧ ਫੁਲ ਰਹੀ ਹੈ ਉਸ ਸਭ ਵਿਚ ਜੀਵਨ ਹੈ।

ਆਪੇ ਮਾਰੇ ਆਪੇ ਛਡੈ ਆਪੇ ਲੇਵੈ ਦੇਇ ॥ ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ ॥2॥ ਜੋ ਕਿਛੁ ਕਰਣਾ ਸੋ ਕਰਿ ਰਹਿਆ ਅਵਰੁ ਨ ਕਰਣਾ ਜਾਈ ॥ ਜੈਸਾ ਵਰਤੈ ਤੈਸੋ ਕਹੀਐ ਸਭ ਤੇਰੀ ਵਡਿਆਈ ॥

ਅਸਲ ਜੀਵਨ ਤਾਂ ਕਰਤਾਰ ਖੁੱਦ ਹੈ। ਉਸ ਇੱਕ ਤੋਂ ਸਾਰੀ ਸ੍ਰਿਸਟੀ ਗੁਣਾਂ ਹੋ ਜਾਂਦੀ ਹੈ ਜਾਂ ਵੱਖ ਵੱਖ ਰੂਪ ਉਹਦੇ ਹੁਕਮ ਅਨੁਸਾਰ ਧਾਰਨ ਕਰਦੀ ਹੈ। ਉਹ ਕਰਤਾ ਖੁੱਦ ਅਮਰ ਹੈ। ਅਚਾਰੀਆਂ ਨੂੰ ਦੱਸਿਆ ਕੇ ਜੇ ਤੁਹਾਡੇ ਅਸੂਲਾਂ ਅਨੁਸਾਰ ਵੇਖੀਏ ਤਾਂ ਤੁਸੀ ਜੁਲਮ ਕਰ ਹੀ ਰਹੇ ਹੋ।

ਮਨ ਕੀ ਮਤਿ ਮਤਾਗਲੁ ਮਤਾ ॥ ਜੋ ਕਿਛੁ ਬੋਲੀਐ ਸਭੁ ਖਤੋ ਖਤਾ ॥ ਕਿਆ ਮੁਹੁ ਲੈ ਕੀਚੈ ਅਰਦਾਸਿ ॥ ਪਾਪੁ ਪੁੰਨੁ ਦੁਇ ਸਾਖੀ ਪਾਸਿ ॥

ਗਲ ਕਰਦੇ ਕਰਦੇ ਗੁਰੂ ਸਾਹਿਬ ਨੇ ਮਰਦਾਨੇ ਨੂੰ ਇਸ਼ਾਰਾ ਕੀਤਾ ਤੇ ਉਸ ਨੇ ਸ੍ਰੀ ਰਾਗ ਦੀ ਧੁੰਨ ਵਜਾਈ। ਸਾਹਿਬ ਨੇ ਸ਼ਬਦ ਗਾਇਆ:

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥ ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥੧॥ ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥੧॥ ਰਹਾਉ ॥ ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ ॥ ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ ॥੨॥ ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ ॥ ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ ॥੩॥ ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ ॥ ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ ॥

ਕਰਤਾਰ ਦੇ ਹੁਕਮ ਵਿਆਖਿਆ ਤੇ ਭਾਣੇ ਵਿਚ ਚਲਣ ਦਾ ਸਿਧਾਂਤ ਜਦੋਂ ਸਰੇਵੜਿਆਂ ਸੁਣਿਆ ਤਾਂ ਅੱਸ਼ ਅੱਸ਼ ਕਰ ਉਠੇ। ਇਥੋਂ ਦਾ ਇੱਕ ਨਾਰਭੀ ਸਰੇਵੜਾ ਤਾਂ ਸ਼੍ਰੇਆਮ ਜੈਨ ਧਰਮ ਦਾ ਤਿਆਗ ਕਰਕੇ ਸਿੱਖ ਬਣ ਗਿਆ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਉਨੂੰ ਮੰਜੀ ਮਿਲੀ ਭਾਵ ਜੂਨਾਗੜ੍ਹ ਦੇ ਇਲਾਕੇ ਵਿਚ ਸਿੱਖੀ ਦਾ ਨੁੰਮਾਇਦਾ ਜਾਂ ਪ੍ਰਤੀਨਿਧੀ ਬਣਿਆ।**

ਸਾਰਾ ਕੁਝ ਸਮਝਾਉਣ ਉਪਰੰਤ ਗੁਰੂ ਸਾਹਿਬ ਨੇ ਨਵੇ ਬਣੇ ਸਿੱਖਾਂ ਨੂੰ ਨਾਲ ਹੀ ਦਇਆ ਦਾ ਸਿਧਾਂਤ ਵੀ ਸਮਝਾਇਆ ਕਿ ਕਰਤੇ ਦੀ ਸਾਰੀ ਰਚਨਾ ਨਾਲ ਦਇਆ ਪ੍ਰੇਮ ਤੇ ਕਰੁਣਾ ਨਾਲ ਪੇਸ਼ ਆਉਣਾ ਹੈ।

---◈---

ਸੋਮਨਾਥ ਮੰਦਰ ਜਿੰਨੂ ਬਾਰ ਬਾਰ ਲੁੱਟਿਆ ਗਿਆ

ਗਿਰਨਾਰ ਪਹਾੜੀਆਂ ਤੋਂ ਹੇਠਾਂ ਉੱਤਰ 70 ਕਿਲੋਮੀਟਰ ਸਮੁੰਦਰ ਵਾਲੇ ਪਾਸੇ ਚਲ ਕੇ, ਪ੍ਰਭਾਸਪਟਨ (ਬੰਦਰਗਾਹ) ਪਹੁੰਚ ਗੁਰੂ ਸਾਹਿਬ ਨੇ ਸੋਮਨਾਥ ਮੰਦਰ ਵੇਖਿਆ ਜਿਹਦੀ ਧੁੰਮ ਲੱਗ ਪੱਗ ਪੂਰੇ ਏਸ਼ੀਆਂ ਵਿਚ ਪਈ ਹੋਈ ਸੀ। ਸੋਮਨਾਥ ਦਾ ਮੰਦਰ

ਪੈਂਡਾ ਸਫ਼ਾ

◉ ਜੈਨ ਭਿਖਸ਼ੂਆਂ ਨਾਲ ਗੁਰੂ ਸਾਹਿਬ ਦਾ ਬਹੁਤ ਥਾਈ ਮੇਲ ਹੋਇਆ ਹੈ। ਇਥੇ ਜੈਨ ਸਾਧੂ ਦਾ ਨਾਂ ਕਿਸੇ ਸਾਖੀ ਵਿਚ ਅਨਭੀ ਤੇ ਕਿਤੇ ਨਾਰਭੀ ਲਿਖਿਆ ਮਿਲਦਾ ਹੈ। ਗੁਜਰਾਤ 'ਚ ਅਮੂਮਨ ਹਰ ਮਰਦ ਦੇ ਨਾਂ ਨਾਲ ਭਾਈ ਤੇ ਜਨਾਨੀ ਦੇ ਨਾਂ ਨਾਲ ਬਹਿਨ ਲੱਗਦਾ ਹੈ। ਨਾਰਭਾਈ ਨਾਂ ਗੁਜਰਾਤ ਵਿਚ ਬਹੁਤ ਹੀ ਆਮ ਹੈ। ਇਹ ਨਰਾਇਣ ਭਾਈ ਤੋਂ ਵਿਗੜ ਕੇ ਨਾਰਣਭਾਈ ਬਣਿਆ ਹੋਇਆ ਤੇ ਲਿਖਤ ਵਿਚ ਵੀ ਨਾਰਣਭਾਈ ਹੈ। ਪਰ ਜਦੋਂ ਬੋਲਦੇ ਨੇ ਨਾਰਭੀ ਜਾਂ ਨਰਭਾ ਵੀ ਕਹਿ ਦਿੰਦੇ ਨੇ। ਸੋ ਨਾਰਭੀ ਤੋਂ ਮਤਲਬ ਨਰਾਇਣ ਭਾਈ। ਜੈਨੀਆਂ ਦੇ ਇੱਕ ਤੀਰਥੰਕਰ ਰਿਸਭ ਦਾ ਸਬੰਧ ਵੀ ਗੁਜਰਾਤ ਨਾਲ ਜਾ ਮਿਲਦਾ ਹੈ। ਨਾਂ ਦੇ ਅੰਤ ਵਿਚ 'ਭ' ਆਉਣਾ ਭਾਈ ਲਫਜ਼ ਦਾ ਸੰਕੋਚਨਾ ਹੈ।

ਜੈਨ ਮਤ- ਜੈਨਮਤ ਹਿੰਦੁਸਤਾਨ ਦਾ ਸਭ ਤੋਂ ਪੁਰਾਣਾ ਧਰਮ ਹੈ। ਇਹਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇਹ ਰੱਬ ਦੀ ਹੋਂਦ ਨੂੰ ਨਹੀ ਮੰਨਦਾ। ਜੈਨਮਤ ਅਨੁਸਾਰ ਸਾਰੀ ਸ੍ਰਿਸਟੀ ਦਾ ਮੂਲ ਜੀਵ ਦੀ ਆਤਮਾ ਤੇ ਦੂਸਰਾ ਮਾਇਆ (ਭਾਵ ਪਦਾਰਥ ਜਾਂ ਮੈਟਰ) ਹੈ। ਜੈਨਮਤ ਅਨੁਸਾਰ ਧਰਮ ਦਾ ਮਕਸਦ ਹੈ ਲੋਕਾਂ ਨੂੰ ਗਿਆਨ ਕਰਾਏ ਕਿ ਕੀ ਪਾਪ ਹੈ ਤੇ ਕੀ ਪੁੰਨ ਹੈ। ਅਤੇ ਜੇ ਪੁੰਨ ਕਰਨਗੇ ਤਾਂ ਮੁਕਤੀ ਹੋ ਜਾਵੇਗੀ ਤੇ ਜੇ ਪਾਪ ਕਰਨਗੇ ਤਾਂ ਦੁੱਖੀ ਹੋਣਗੇ। ਜੀਵ ਹੱਤਿਆ ਜਾਂ ਜੀਆਂ ਨੂੰ ਦੁੱਖ ਦੇਣਾ ਵੱਡੀ ਹਿੰਸਾ ਹੈ ਜਿਸ ਦੀ ਸਜਾ ਮਿਲੇਗੀ। ਜੈਨ ਨੇ ਹਰ ਕੰਮ ਕਰਨ ਤੋਂ ਪਹਿਲਾਂ ਸੋਚਣਾ ਹੈ ਕਿ ਉਸ ਦੇ ਕੰਮ ਨਾਲ ਕਿਤੇ ਜੀਅ ਹੱਤਿਆ ਤਾਂ ਨਹੀ ਹੋਵੇਗੀ। ਮਿਸਾਲ ਦੇ ਤੌਰ ਤੇ ਪਾਣੀ ਵੀ ਪੀਣਾ ਹੈ ਤਾਂ ਛਾਣ ਕੇ ਪੀਣਾ ਹੈ ਕਿਉਕਿ ਪਾਣੀ ਵਿਚ ਸੂਖਮ ਜੀਅ ਹੁੰਦੇ ਹਨ। ਜਮੀਨ ਵਿਚ ਪੈਦਾ ਹੋਣ ਵਾਲੇ ਫਲ ਸਬਜੀਆਂ ਨਹੀ ਖਾਣੀਆਂ। ਆਲੂ, ਪਿਆਜ, ਮੂਲੀ, ਗਾਜਰ ਸਭ ਵਰਜਿਤ ਨੇ। ਕਿਉਕਿ ਇਨਾਂ ਦੇ ਪੁੱਟਣ ਨਾਲ ਕਈ ਜੀਅ ਮਾਰੇ ਜਾਂਦੇ ਹਨ। ਨਾਲੇ ਆਲੂ ਤੋਂ ਦੁਬਾਰਾ ਆਲੂ ਉਗ ਆਉਦੇ ਹਨ ਇਸ ਕਰਕੇ ਆਲੂ ਦਾ ਖਾਣਾ ਪਾਪ ਹੈ। ਦਿਨ ਡੁੱਬੇ ਪਿੱਛੋਂ ਖਾਣਾ ਨਹੀ ਖਾਣਾ। ਦੋ ਚਾਰ ਘੰਟੇ ਖਾਣਾ ਪਿਆ ਰਹਿ ਜਾਏ ਤਾਂ ਉਸ ਵਿਚ ਵੀ ਜੀਅ ਪੈਦਾ ਹੋ ਜਾਂਦੇ ਹਨ। ਇਸ ਕਰਕੇ ਨਹੀ ਖਾਣਾ। ਜਿਆਦਾ ਸਖਤ ਜੈਨ ਤਾਂ ਪਾਲਕ ਜਾਂ ਸਰੋਂ ਦਾ ਸਾਗ ਵਰਗੀਆਂ ਹਰੀਆਂ ਸਬਜੀਆਂ ਵੀ ਨਹੀ ਖਾਂਦੇ। ਅਖੇ ਇਸ ਵਿਚ ਜੀਵਨ ਹੁੰਦਾ ਹੈ। ਇਸ਼ਨਾਨ ਕਰਨ ਨਾਲ ਸਾਡੇ ਸਰੀਰ ਤੇ ਜੋ ਸੂਖਮ ਜੀਅ ਬੈਠੇ ਹੁੰਦੇ ਹਨ ਉਹ ਮਾਰੇ ਜਾਂਦੇ ਹਨ ਇਸ ਕਰਕੇ ਇਸ਼ਨਾਨ ਨਹੀ ਕਰਨਾਂ। ਪੁਰਾਣੇ ਸਮਿਆਂ ਵਿਚ ਤਾਂ ਜੈਨੀ ਲੋਕ ਬਹੁਤ ਹੀ ਰੂੜੀਵਾਦੀ ਸਨ ਤੇ ਇਨਾਂ ਦੇ ਵਿਹਾਰ ਹਾਸੋਹੀਣੇ ਹੁੰਦੇ ਸਨ। ਪਰ ਵਕਤ ਨਾਲ ਇਨਾਂ ਵਿਚ ਸੁਧਾਰ ਆ ਗਇਆ ਹੈ। ਅੱਜ ਜੈਨ ਧਰਮ ਸਿਰਫ ਬਣੀਆਂ (ਵਪਾਰੀ ਕੌਮ) ਵਿਚ ਬਚਿਆ ਹੈ। ਬਾਕੀ ਜਾਤਾਂ ਇਹ ਧਰਮ ਛੱਡ ਚੁੱਕੀਆਂ ਹਨ। ਇਹ ਧਰਮ ਪੂਰੇ ਹਿੰਦੁਸਤਾਨ ਵਿਚ ਫੈਲਿਆ ਹੋਇਆ ਸੀ। ਮੱਧਕਾਲ ਵਿਚ ਜਦੋਂ ਜੈਨ ਧਰਮ ਬਾਕੀ ਸੂਬਿਆਂ ਵਿਚੋਂ ਮੁੱਕ ਚੁੱਕਾ ਸੀ ਮਹਾਰਾਸ਼ਟਰ, ਗੁਜਰਾਤ ਤੇ ਰਾਜਸਥਾਨ ਵਿਚ ਅਜੇ ਵੀ ਬਚਿਆਂ ਹੋਇਆ ਸੀ। ਜੈਨੀਆਂ ਅਨੁਸਾਰ ਮੰਦਰ ਉਸਾਰਨਾਂ ਪੁੰਨ ਦਾ ਕੰਮ ਹੈ ਜਿਸ ਕਰਕੇ ਪੁਰਾਤਨ ਕਾਲ ਵਿਚ ਬਹੁਤ ਹੀ ਖੂਬਸੂਰਤ ਮੰਦਰ ਬਣੇ।

** ਕਈ ਲਿਖਾਰੀਆਂ ਨੇ ਮਾਝ ਦੀ ਵਾਰ ਵਾਲਾ ਜੋ ਸ਼ਬਦ ਹੈ, "ਸਿਰੁ ਖੋਹਾਇ ਪੀਅਹਿ ਮਲਵਾਣੀ....." ਇਥੇ ਰਚਨ ਦੀ ਗਲ ਕਹੀ ਹੈ ਜੋ ਕਿ ਗਲਤ ਹੈ। ਉਸ ਸ਼ਬਦ ਦਾ ਸ਼ੁਧ ਪੰਜਾਬੀ ਵਿਚ ਹੋਣਾਂ ਇਹ ਜਾਹਿਰ ਕਰਦਾ ਹੈ ਕਿ ਸ਼ਬਦ ਜਾਹਮਣ, ਪੰਜਾਬ ਵਿਚ ਹੀ ਰਚਿਆ ਗਇਆ ਸੀ।

ਹਿੰਦੂਧਰਮ ਦੇ 12 ਜੋਤੀਲਿੰਗਾਂ (ਅਖੇ ਜਿੱਥੇ ਲਿੰਗ ਆਪ ਮੁਹਾਰੇ ਪੈਦਾ ਹੁੰਦਾ ਹੈ) ਵਿਚੋਂ ਹੈ। ਜਿਵੇ ਪ੍ਰਯਾਗ (ਅਲਾਹਾਬਾਦ) ਵਿਚ ਤ੍ਰਿਵੇਣੀ (ਤਿੰਨ ਦਰਿਆਵਾਂ ਦਾ) ਸੰਗਮ ਹੈ ਇਥੇ ਵੀ ਪੁਜਾਰੀਆਂ ਨੇ ਕਹਾਣੀ ਬਣਾ ਕੇ ਇਨੂੰ ਵੀ ਪ੍ਰਯਾਗ ਦੇ ਬਰਾਬਰ ਦਾ ਦਰਜਾ ਦਿੱਤਾ ਹੋਇਆ ਹੈ। ਇਥੇ ਦੋ ਨਾਲੇ (ਹਿਰਨ ਤੇ ਕਪਿਲਾ) ਮਿਲਦੇ ਹਨ। ਤੀਸਰਾ ਦਰਿਆ ਸਰਸਵਤੀ ਪੁਜਾਰੀਆਂ ਨੇ ਮਿੱਥ ਲਿਆ ਹੈ

ਕਿਉਕਿ ਸੋਮਨਾਥ ਦੀ ਲੁੱਟ ਵੇਲੇ ਮੁਸਲਮਾਨ ਹਮਲਾਵਰਾਂ ਨੇ ਬੇਸ਼ੁਮਾਰ ਮਾਇਆ ਇਥੋਂ ਹਾਸਲ ਕੀਤੀ ਸੀ। (ਕਈ ਇਤਹਾਸਕਾਰਾਂ ਦਾ ਕਥਨ ਹੈ ਕਿ ਲੁੱਟ ਘੱਟ ਹੋਈ ਤੇ ਮਸ਼ਹੂਰੀ ਕੁਝ ਜਿਆਦਾ ਹੀ ਹੋ ਗਈ।) ਮੁਸਲਮਾਨ ਹਮਲਾਵਰਾਂ ਨੇ ਵੀ ਸੋਮਨਾਥ ਮੰਦਰ ਨੂੰ ਬਾਰ ਬਾਰ ਲੁੱਟਣ ਦੀ ਲੱਗਦਾ ਜਿੱਦ ਫੜ੍ਹ ਲਈ ਸੀ। ਓਦੋਂ ਚਲਾਕ ਪੰਡਿਆਂ ਨੇ ਭਗਵਾਨ ਸ਼ਿਵ ਜੀ ਦੀ ਲੋਹੇ ਦੀ ਮੂਰਤੀ ਬਣਵਾ ਲਈ । ਮੂਰਤੀ ਦੇ ਉਤੇ ਚੁੰਬਕ ਇਸ ਹਾਲਤ ਵਿਚ ਲਾਏ ਕਿ ਮੂਰਤੀ ਧਰਤੀ ਤੋਂ ਉਠੀ ਨਜਰ ਆਉਦੀ ਸੀ। ਇਸਨੂੰ ਵੇਖਣ ਲਈ ਭਗਤਾਂ ਦਾ ਤਾਂਤਾ ਲਗਿਆ ਰਹਿੰਦਾ ਸੀ ਜਿਸ ਕਾਰਨ ਮੰਦਰ ਬਹੁਤ ਅਮੀਰ ਹੋ ਗਇਆ। ਇਨੂੰ ਵੇਖਾ ਵੇਖੀ ਹੋਰ ਮੰਦਰਾਂ ਦੇ ਪੁਜਾਰੀਆਂ ਨੇ ਵੀ ਭੋਲੇ ਸ਼ਰਧਾਲੂਆਂ ਨੂੰ ਲੁੱਟਣ ਖਾਤਰ ਨਵੇ ਨਵੇ ਤਰੀਕੇ ਈਜਾਦ ਕੀਤੇ ਹੋਏ ਸਨ।

ਜਿਵੇ ਦਵਾਰਕਾ ਦੇ ਮੰਦਰ ਵਿਚ ਪੁਜਾਰੀਆਂ ਨੇ ਇੱਕ ਗੁਪਤ ਤਹਿਖਾਨਾ ਬਣਾਇਆ ਹੋਇਆ ਸੀ। ਸ਼ਰਧਾਲੂ ਨੂੰ ਮੂਰਖ ਬਣਾਉਣ ਖਾਤਰ ਪੁਜਾਰੀ ਉਨੂੰ ਕਹਿ ਦਿਆ ਕਰਦੇ ਸਨ ਕਿ ਜੇ ਐਨੀ ਭੇਟਾ ਦੇਵੇ ਤਾਂ ਅਸੀ ਮੰਤਰ ਪੜਾਂਗੇ ਭਗਵਾਨ ਤੇਰੇ ਚੜਾਏ ਭੋਜਨ ਦਾ ਭੋਗ ਵੀ ਲਾਉਣਗੇ। ਸ਼ਰਧਾਲੂ ਇਹ ਸੁੱਣ ਕੇ ਗੱਦ ਗੱਦ ਹੋ ਉਠਦਾ। ਓਹ ਮੰਗੀ ਭੇਟਾ ਦੇ ਦਿੰਦਾ ਤੇ ਸਵਾਦੀ ਪਕਵਾਨ ਚੜਾਉਦਾ। ਫਿਰ ਪੁਜਾਰੀ ਉਨੂੰ ਵਿਖਾ ਕੇ ਮੰਦਰ ਦੇ ਕਿਵਾੜ ਢੋਅ ਦਿੰਦਾ। ਬਾਹਰ ਬਹਿ ਕੇ ਉੱਚੀ ਉੱਚੀ ਮੰਤਰ ਪੜਦਾ। ਤਹਿਖਾਨੇ ਵਿਚ ਬੈਠੇ ਬੰਦੇ ਨੂੰ ਇਸ਼ਾਰਾ ਮਿਲ ਜਾਂਦਾ ਜੋ ਚੜਾਇਆ ਹੋਇਆ ਭੋਜਨ ਛਕਦਾ ਤੇ ਮੂਰਤੀ ਦੇ ਮੂੰਹ ਤੇ ਹੱਥ ਭੋਜਨ ਨਾਲ ਲਬੇੜ ਦਿੰਦਾ। ਬਾਦ ਵਿਚ ਦਰਵਾਜੇ ਖੋਲ ਦਿੱਤੇ ਜਾਂਦੇ। ਸ਼ਰਧਾਲੂ ਖੁਸ਼ ਹੋ ਜਾਂਦੇ। ਅੱਜ ਤੋਂ 150 ਸਾਲ ਪਹਿਲਾਂ ਪੁਜਾਰੀਆਂ ਦਾ ਜਦੋ ਇਹ ਪਾਜ ਨੰਗਾ ਹੋਇਆ ਤਾਂ ਅੰਗਰੇਜ ਸਰਕਾਰ ਨੂੰ ਮੌਕਾ ਮਿਲ ਗਇਆ ਮੰਦਰ ਵਿਚ ਦਾਖਲ ਹੋਣ ਦਾ ਜਿਸ ਕਰਕੇ ਅਰਬਾਂ ਰੁਪਿਆਂ ਦਾ ਸੋਨਾ ਚਾਂਦੀ ਤਹਿਖਾਨੇ ਵਿਚੋਂ ਜਬਤ ਕੀਤਾ।

ਗੁਰਦੁਆਰਾ ਨਾਨਕਵਾੜੀ । ਵੜੋਦਰਾ ਜਾਂ ਬੜੋਦਾ ਸ਼ਹਿਰ ਵਿਚ ਗੁਰੂ ਸਾਹਿਬ ਦੇ ਆਉਣ ਬਾਰੇ ਸਾਡੀ ਤਸੱਲੀ ਨਹੀ ਹੋਈ। ਕਿਉਕਿ ਸਾਨੂੰ ਨਹੀ ਲਗਦਾ ਕਿ ਗੁਰੂ ਸਾਹਿਬ ਦੇ ਵੇਲੇ ਇਹ ਸ਼ਹਿਰ ਮੌਜੂਦ ਸੀ। ਗੁਰਸਿੱਖਾਂ ਨੇ ਇਥੇ ਉੱਜ ਯਾਦਗਾਰੀ ਗੁਰਦੁਆਰਾ ਬਣਾ ਲਿਆ ਹੈ। ਇਹ ਤਸਵੀਰ ਇੰਟਰਨੈਟ ਤੋਂ ਲਈ ਹੈ। ਕਿਸੇ ਜਿੰਮੇਵਾਰ ਨਿਵਾਸੀ ਨਾਲ ਸੰਪਰਕ ਨਹੀ ਹੋ ਸਕਿਆ ਜਿਸ ਤੋਂ ਗੁਰੂ ਸਾਹਿਬ ਦੀ ਆਮਦ ਬਾਰੇ ਤਸੱਲੀ ਹੋ ਸਕੇ।

ਅਜਿਹੇ ਹੀ ਕੁਕਰਮ ਗੁਰੂ ਸਾਹਿਬ ਦੇ ਵੇਲੇ ਵੀ ਸੋਮਨਾਥ ਦੇ ਮੰਦਰ ਵਿਚ ਚਲ ਰਹੇ ਸਨ। ਹਾਲਾਂ ਬਾਰ ਬਾਰ

ਸੋਮਨਾਥ ਮੰਦਰ ਦੇ ਖੰਡਰਾਂ ਦੀ 1869 ਈ. ਵਿਚ ਲਈ ਗਈ ਤਸਵੀਰ

ਮੁਸਲਮਾਨਾਂ ਨੇ ਇਹ ਮੰਦਰ ਲੁੱਟੇ ਪਰ ਪੁਜਾਰੀ ਲੁੱਟ ਦੇ ਕੁਝ ਸਾਲ ਬਾਦ ਹੀ ਸਭ ਭੁਲ ਭੁੱਲਾ ਕੇ ਆਪਣੀਆ ਮਾੜੀਆਂ ਹਰਕਤਾਂ ਫਿਰ ਸ਼ੁਰੂ ਕਰ ਦਿੰਦੇ ਸਨ। ਗੁਰੂ ਸਾਹਿਬ ਨੇ ਪੁਜਾਰੀਆਂ ਨੂੰ ਸੁਚੇਤ ਕੀਤਾ ਕਿ ਸਰਬ ਵਿਆਪਕ ਨਿਰੰਕਾਰ ਕੋਲੋਂ ਡਰੋ। ਤਾਂ ਹੀ ਗੁਰੂ ਸਾਹਿਬ ਨੇ ਇਨਾਂ ਨੂੰ ਉਪਦੇਸ ਦਿੱਤਾ ਕਿ ਰੰਗ ਰੰਗ ਦੇ ਦੇਵੀ ਦੇਵਤਿਆਂ ਨੂੰ ਖੁਸ਼ ਕਰਨ ਵਾਲੇ ਜੋ ਤੁਸੀ ਕਰਮ ਕਾਂਡ ਕਰਦੇ ਹੋ ਉਹ ਸਭ ਵਿਅੱਰਥ ਹਨ ਤੇ ਜੇ ਤੁਸੀ ਸੱਚ ਮੁੱਚ ਭਗਵਾਨ ਦੀ ਭਗਤੀ ਕਰਨਾਂ ਲੋਚਦੇ ਹੋ ਤਾਂ ਉਸ ਨਿਰੰਕਾਰ ਨੂੰ ਧਿਆਓ ਜੋ ਸਰਬ ਵਿਆਪਕ ਹੈ। ਸੋਮਨਾਥ ਇਲਾਕੇ ਵਿਚ ਵੱਡੀ ਅਬਾਦੀ ਮੁਸਲਮਾਨਾਂ ਦੀ ਵੀ ਹੈ ਜੋ ਸਾਬਤ ਕਰਦੀ ਹੈ ਕਿ ਆਮ ਜਨਤਾ ਪੁਜਾਰੀਆਂ ਦੇ ਪਾਖੰਡ ਸਮਝਦੀ ਸੀ ਤਾਂ ਹੀ ਉਹ ਹਮਲੇ ਵੇਲੇ ਅੰਦਰੋ ਖੁਸ਼ ਹੁੰਦੇ ਸਨ ਤੇ ਬਹੁਤੇ ਮੁਸਲਮਾਨ ਵੀ ਬਣ ਗਏ।

ਇਥੇ ਪ੍ਰਭਾਸਪਟਨ ਵਿਚ ਜੋ ਗੁਰੂ ਸਾਹਿਬ ਨੇ ਸੰਗਤ ਖੜੀ ਕੀਤੀ ਉਹਨਾਂ ਕੋਲ ਵੀ ਗੁਰੂ ਸਾਹਿਬ ਦੀਆਂ ਖੜਾਵਾਂ ਦਾ ਜੋੜਾ ਹੁੰਦਾ ਸੀ। ਪ੍ਰਭਾਸਪਟਨ ਤੋਂ ਗੁਰੂ ਸਾਹਿਬ 280 ਕਿਲੋਮੀਟਰ ਦਾ ਬੇੜੀ ਰਾਂਹੀ ਪੈਡਾ ਤਹਿ ਕਰਕੇ ਪਲਤਾਨਾ ਸ਼ਹਿਰ ਆਏ ਜੋ ਭਾਬੜਿਆਂ (ਜੈਨ) ਲੋਕਾਂ ਦੀ ਰਿਆਸਤ ਸੀ ਤੇ ਉਘਾ ਜੈਨ ਕੇਂਦਰ ਸੀ। ਇਨਾਂ ਦੇ ਬਣਾਏ ਪੁਰਾਣੇ ਮੰਦਰ ਦੇਖਣ ਲਾਇਕ ਹਨ। ਇਨਾਂ ਨਾਸਤਕ ਲੋਕਾਂ ਨੂੰ ਜੋ ਉੱਜ ਵੀ ਕੁਚੀਲ ਰਹਿੰਦੇ ਸਨ, ਸਾਹਿਬ ਨੇ ਘਟ ਘਟ ਵਿਚ ਬਿਰਾਜਮਾਨ ਨਿਰੰਕਾਰੀ ਜੋਤ ਨਾਲ ਜੋੜਿਆ।

ਭੜੋਚ ਸ਼ਹਿਰ ਜਿੱਥੇ ਬਾਬੇ ਨੇ ਚਾਦਰ ਨੂੰ ਹੀ ਬੇੜੀ ਬਣਾ ਲਿਆ

ਪਲਤਾਨਾ ਤੋਂ ਗੁਰੂ ਸਾਹਿਬ ਨੇ ਖੰਭਾਤ ਦੀ ਖਾੜੀ ਪਾਰ ਕੀਤੀ ਤੇ ਬੜੋਚ ਸ਼ਹਿਰ ਪਹੁੰਚ ਗਏ। ਬੜੋਚ (ਜਾਂ ਭੜੋਚ) ਭਾਰਤ ਦੇ ਸਭ ਤੋਂ ਪੁਰਾਣੇ ਸ਼ਹਿਰਾਂ ਵਿਚੋਂ ਦੂਸਰੇ ਨੰਬਰ ਤੇ ਹੈ। ਸਭ ਤੋਂ ਪੁਰਾਣਾ ਸ਼ਾਹਿਰ ਕਾਂਸ਼ੀ ਗਿਣਿਆ ਜਾਂਦਾ ਹੈ। ਹਿੰਦੂਆਂ ਦੇ ਸਿਕੰਦ ਪੁਰਾਣ ਅਨੁਸਾਰ ਬੜੋਚ ਸ਼ਹਿਰ ਰਿਸ਼ੀ ਭ੍ਰਿਗੂ ਦਾ ਹੈ। ਇਹ ਓਹੋ ਜਗਾ ਹੈ ਜਿੱਥੇ ਵਾਮਨ (ਵੌਣੇ) ਨੇ ਰਾਜਾ ਬਲ ਕੋਲੋ ਢਾਈ ਕਰੂ ਜਾਂ ਕਰਮਾਂ ਥਾਂ ਮੰਗਿਆ ਸੀ। ਭ੍ਰਿਗੂ ਬ੍ਰਹੱਮਾ ਦੇ 10 ਪੁੱਤ੍ਰਾਂ ਵਿਚੋਂ ਸੀ। ਭੜੋਚ ਸ਼ਹਿਰ ਜੈਨੀਆਂ ਤੇ ਬੋਧੀਆਂ ਦਾ ਵੀ ਪਵਿੱਤਰ ਨਗਰ ਹੈ। ਇੱਕ ਕੋਈ ਚਕ੍ਰਧਰ ਸਵਾਮੀ ਨੇ ਆਪਣਾ ਪੰਥ 1267 ਈ. ਨੂੰ ਚਲਾਇਆ ਸੀ ਉਸਦਾ ਜਨਮ ਵੀ ਏਸੇ ਸ਼ਹਿਰ ਵਿਚ ਹੋਇਆ ਸੀ।

ਇਥੇ ਵੀ ਇੱਕ ਜੋਗੀ ਨੇ ਗੁਰੂ ਸਾਹਿਬ ਨਾਲ ਬਹਿਸ ਕਰਨੀ ਸ਼ੁਰੂ ਕਰ ਦਿੱਤੀ ਕਿ ਮਨ ਨੂੰ ਨਹੀ ਜਿੱਤਿਆ ਜਾ ਸਕਦਾ ਇਸ ਕਰਕੇ

ਸੁਰਤ ਮਨ ਦੇ ਮਗਰ ਮਗਰ ਚਲ ਕੇ ਹੀ ਉਨ੍ਹੂੰ (ਮਨ ਨੂੰ) ਸਾਧਿਆ ਜਾ ਸਕਦਾ ਹੈ। ਯਾਦ ਰਹੇ ਜੋਗੀ ਲੋਕ ਆਸਣ ਲਾ ਕੇ ਚੁੱਪ ਚਾਪ ਬਹਿ ਜਾਂਦੇ ਨੇ ਤੇ ਜਿੱਥੇ ਸੁਰਤ ਜਾਂਦੀ ਹੈ ਓਨ੍ਹੂੰ ਜਾਣ ਦਿੰਦੇ ਨੇ ਤੇ ਏਸੇ ਵਿਚ ਮਸਤ ਹੋਏ ਰਹਿੰਦੇ ਨੇ। ਗੁਰੂ ਸਾਹਿਬ ਦਾ ਉਪਦੇਸ਼ ਹੈ ਕਿ ਸੁਰਤ ਨੂੰ ਗਿਆਨ ਨਾਲ ਬੰਨਣਾ ਹੈ। ਮਤਲਬ ਜਿਵੇ ਮੰਨ ਵਿਚ ਕਾਮ ਦਾ ਵਿਚਾਰ ਆਏ ਤਾਂ ਸਮਝਣਾ ਹੁੰਦਾ ਕਿ ਭਈ ਇਹ ਤਾਂ ਕੁਦਰਤੀ ਵਰਤਾਰਾ ਸਾਨੂੰ ਕਾਮ ਵਲ ਪ੍ਰੇਰ ਰਿਹਾ ਹੈ ਤਾਂ ਕਿ ਉਤਪਤੀ ਜਾਂ ਪੈਦਾਵਾਰ ਹੋਵੇ। ਪਰ ਸੂਝਵਾਨ ਜਾਨਵਰ ਇਨਸਾਨ ਨੇ ਨਾਲ ਸਮਾਜਕ ਕਨੂੰਨ ਦਾ ਵੀ ਧਿਆਨ ਰੱਖਣਾ ਹੈ ਤੇ ਨਾਲੇ ਇਹ ਵੀ ਸੋਚਣਾ ਹੈ ਕਿ ਹਰ ਜਮੀਨ ਵਿਚ ਬੀਜ ਨਹੀ ਬੀਜਿਆ ਜਾ ਸਕਦਾ। ਬੇਗਾਨੀ ਜਮੀਨ ਵਿਚ ਵੜ੍ਹ ਕੇ ਕੁਪੱਤ ਜਾਂ ਕਲੇਸ਼ ਪੈਂਦਾ ਹੈ। ਗੁਰੂ ਸਾਹਿਬ ਨੇ ਇਥੇ ਇਹ ਸ਼ਬਦ ਉਚਾਰਿਆ:-

ਨਾ ਮਨੁ ਮਰੈ ਨ ਕਾਰਜੁ ਹੋਇ ॥ ਮਨੁ ਵਸਿ ਦੂਤਾ ਦੁਰਮਤਿ ਦੋਇ ॥ ਮਨੁ ਮਾਨੈ ਗੁਰ ਤੇ ਇਕੁ ਹੋਇ ॥੧॥ ਨਿਰਗੁਣ ਰਾਮੁ ਗੁਣਹ ਵਸਿ ਹੋਇ ॥ ਆਪੁ ਨਿਵਾਰਿ ਬੀਚਾਰੇ ਸੋਇ ॥੧॥ ਰਹਾਉ ॥ ਮਨੁ ਭੂਲੋ ਬਹੁ ਚਿਤੈ ਵਿਕਾਰੁ ॥ ਮਨੁ ਭੂਲੋ ਸਿਰਿ ਆਵੈ ਭਾਰੁ ॥ ਮਨੁ ਮਾਨੈ ਹਰਿ ਏਕੰਕਾਰੁ ॥੨॥ ਮਨੁ ਭੂਲੋ ਮਾਇਆ ਘਰਿ ਜਾਇ ॥ ਕਾਮਿ ਵਿਰੂਧਉ ਰਹੈ ਨ ਠਾਇ ॥ ਹਰਿ ਭਜੁ ਪ੍ਰਾਣੀ ਰਸਨ ਰਸਾਇ ॥੩॥ ਗੈਵਰ ਹੈਵਰ ਕੰਚਨ ਸੁਤ ਨਾਰੀ ॥ ਬਹੁ ਚਿੰਤਾ ਪਿੜ ਚਾਲੈ ਹਾਰੀ ॥ ਜੂਐ ਖੇਲਣੁ ਕਾਚੀ ਸਾਰੀ ॥੪॥ ਸੰਪਉ ਸੰਚੀ ਭਏ ਵਿਕਾਰ ॥ ਹਰਖ ਸੋਕ ਉਭੇ ਦਰਵਾਰਿ ॥ ਸੁਖੁ ਸਹਜੇ ਜਪਿ ਰਿਦੈ ਮੁਰਾਰਿ ॥੫॥ ਨਦਰਿ ਕਰੇ ਤਾ ਮੇਲਿ ਮਿਲਾਏ ॥ ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ ॥ ਗੁਰਮੁਖਿ ਨਾਮੁ ਪਦਾਰਥੁ ਪਾਏ ॥੬॥ ਬਿਨੁ ਨਾਵੈ ਸਭ ਦੂਖ ਨਿਵਾਸੁ ॥ ਮਨਮੁਖ ਮੂੜ ਮਾਇਆ ਚਿਤ ਵਾਸੁ ॥ ਗੁਰਮੁਖਿ ਗਿਆਨੁ ਧੁਰਿ ਕਰਮਿ ਲਿਖਿਆਸੁ ॥੭॥ ਮਨੁ ਚੰਚਲੁ ਧਾਵਤੁ ਫੁਨਿ ਧਾਵੈ ॥ ਸਾਚੇ ਸੂਚੇ ਮੈਲੁ ਨ ਭਾਵੈ ॥ ਨਾਨਕ ਗੁਰਮੁਖਿ ਹਰਿ ਗੁਣ ਗਾਵੈ ॥

ਇਥੇ ਲਗਾਤਾਰ ਸਿੱਖ ਸੰਗਤ ਚਲੀ ਆ ਰਹੀ ਹੈ। ਕਿਹਾ ਜਾਂਦਾ ਹੈ ਕਿ ਇਥੋਂ ਦੇ ਗੁਰਦੁਆਰਾ ਸਾਹਿਬ ਵਿਚ ਜਦੋ ਪ੍ਰੇਮ ਸ਼ਰਧਾ ਨਾਲ ਪਾਠ ਹੁੰਦਾ ਹੈ ਤਾਂ ਕੜਾਹ ਪ੍ਰਸਾਦ ਦੀ ਦੇਗ ਤੇ ਵਰਤਾਉਣ ਤੋਂ ਪਹਿਲਾਂ ਪੰਜੇ ਦਾ ਨਿਸ਼ਾਨ ਲੱਗ ਜਾਂਦਾ ਹੈ। ਇੰਟਰਨੈੱਟ ਤੇ ਕਈ ਬੱਚਿਆ ਨੇ ਇਸ ਪੰਜਾ ਲੱਗੇ ਪ੍ਰਸਾਦ ਦੀ ਫੋਟੋ ਪਾਈ ਹੋਈ ਹੈ।

ਇਥੇ ਇੱਕ ਹੋਰ ਚਮਤਕਾਰ ਵੀ ਵਾਪਰਿਆ। ਇਥੇ ਪੜ੍ਹਅ ਦੇ ਦੌਰਾਨ ਗੁਰੂ ਸਾਹਿਬ ਨੇ ਮਹਿਸੂਸ ਕੀਤਾ ਕਿ ਇਥੋਂ ਦੇ ਰਾਜੇ ਨੂੰ ਆਪਣੇ ਬੇੜੇ ਤੇ ਬੜਾ ਗਰਬ ਸੀ। ਸਾਹਿਬ ਨੇ ਨਰਬਦਾ ਦਰਿਆ ਪਾਰ ਕਰਨ ਵਾਸਤੇ ਰਾਜੇ ਦੀ ਬੇੜੀ ਵਰਤਣੀ ਚਾਹੀ ਤਾਂ ਰਾਜੇ ਨੇ ਬੜੇ ਨਖਰੇ ਦਿਖਾਏ ਤੇ ਆਪਣੀ ਤਾਕਤ ਦਾ ਵਿਖਾਵਾ ਕਰਨ ਵਾਸਤੇ ਨਜਾਇਜ ਵਕਤ ਲਿਆ। ਓਦੋਂ ਫਿਰ ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਮਰਦਾਨਾ ਚਾਦਰ ਵਿਛਾਓ। ਚਾਦਰ ਵਿਛਾਈ ਗਈ। ਮਰਦਾਨਾ ਤੇ ਗੁਰੂ ਸਾਹਿਬ ਚਾਦਰ ਤੇ ਖਲੋਤੇ ਤੇ ਚਾਦਰ ਬੇੜੀ ਦੀ ਨਿਆਈ ਦਰਿਆ ਵਿਚ ਠੱਲੀ ਤੇ ਸਭ ਲੋਕਾਂ ਦੇ ਸਾਹਮਣੇ ਦਰਿਆ ਪਾਰ ਕਰ ਲਿਆ। ਫਿਰ ਵਾਹੋ ਦਾਹੀ ਰਾਜਾ ਗੁਰੂ ਸਾਹਿਬ ਦੇ ਮਗਰ ਆਇਆ ਤੇ ਨਿਮਾਣਾ ਬਣ ਕੇ ਅਰਜ ਕੀਤੀ ਤੇ ਭੁੱਲ ਬਖਸ਼ਵਾਈ। ਰਾਜੇ ਨੇ ਫਿਰ ਹੁਕਮ ਕਰਕੇ ਇੱਕ ਬੇੜੀ ਤੇ ਮਲਾਹ ਗੁਰੂ ਸਾਹਿਬ ਦੇ ਸਪੁਰਦ ਕਰ ਦਿੱਤੇ ਕਿ ਜਿੰਨਾ 'ਚ ਜਿੱਥੇ ਮਰਜੀ ਵਰਤੋ।

ਇਸ ਮੌਕੇ ਮਾਰੂ ਵਿਚ ਸ਼ਬਦ ਉਚਾਰਣ ਹੋਇਆ:

ਬਿਖੁ ਬੋਹਿਥਾ ਲਾਦਿਆ ਦੀਆ ਸਮੁੰਦ ਮੰਝਾਰਿ ॥ ਕੰਧੀ ਦਿਸਿ ਨ ਆਵਈ ਨਾ ਉਰਵਾਰੁ ਨ ਪਾਰੁ ॥ ਵੰਞੀ ਹਾਥਿ ਨ ਖੇਵਟੂ ਜਲੁ ਸਾਗਰੁ ਅਸਰਾਲੁ ॥੧॥ ਬਾਬਾ ਜਗੁ ਫਾਥਾ ਮਹਾ ਜਾਲਿ ॥ ਗੁਰ ਪਰਸਾਦੀ ਉਬਰੇ ਸਚਾ ਨਾਮੁ ਸਮਾਲਿ ॥੧॥ ਰਹਾਉ ॥ ਸਤਿਗੁਰੂ ਹੈ ਬੋਹਿਥਾ ਸਬਦਿ ਲੰਘਾਵਣਹਾਰੁ ॥ ਤਿਥੈ ਪਵਣੁ ਨ ਪਾਵਕੋ ਨਾ ਜਲੁ ਨਾ ਆਕਾਰੁ ॥ ਤਿਥੈ ਸਚਾ ਸਚਿ ਨਾਇ ਭਵਜਲ ਤਾਰਣਹਾਰੁ ॥੨॥ ਗੁਰਮੁਖਿ ਲੰਘੇ ਸੇ ਪਾਰਿ ਪਏ ਸਚੇ ਸਿਉ ਲਿਵ ਲਾਇ ॥ ਆਵਾ ਗਉਣੁ ਨਿਵਾਰਿਆ ਜੋਤੀ ਜੋਤਿ ਮਿਲਾਇ ॥ ਗੁਰਮਤੀ ਸਹਜੁ ਊਪਜੈ ਸਚੇ ਰਹੈ ਸਮਾਇ ॥੩॥ ਸਪੁ ਪਿੜਾਈ ਪਾਈਐ ਬਿਖੁ ਅੰਤਰਿ ਮਨਿ ਰੋਸੁ ॥ ਪੂਰਬਿ ਲਿਖਿਆ ਪਾਈਐ ਕਿਸ ਨੋ ਦੀਜੈ

ਬੜੋਚ ਦਾ ਚਾਦਰ ਸਾਹਿਬ ਗੁਰਦੁਆਰਾ

ਦੋਸੁ ॥ ਗੁਰਮੁਖਿ ਗਾਰੜੁ ਜੇ ਸੁਣੇ ਮੰਨੇ ਨਾਉ ਸੰਤੋਸੁ ॥੪॥ ਮਾਗਰਮਛੁ ਫਹਾਈਐ ਕੁੰਡੀ ਜਾਲੁ ਵਤਾਇ ॥ ਦੁਰਮਤਿ ਫਾਥਾ ਫਾਹੀਐ ਫਿਰਿ ਫਿਰਿ ਪਛੋਤਾਇ ॥ ਜੰਮਣ ਮਰਣੁ ਨ ਸੁਝਈ ਕਿਰਤੁ ਨ ਮੇਟਿਆ ਜਾਇ ॥੫॥ ਹਉਮੈ ਬਿਖੁ ਪਾਇ ਜਗਤੁ ਉਪਾਇਆ ਸਬਦੁ ਵਸੈ ਬਿਖੁ ਜਾਇ ॥ ਜਰਾ ਜੋਹਿ ਨ ਸਕਈ ਸਚਿ ਰਹੈ ਲਿਵ ਲਾਇ ॥ ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ ॥੬॥ ਧੰਧੈ ਧਾਵਤ ਜਗੁ ਬਾਧਿਆ ਨਾ ਬੂਝੈ ਵੀਚਾਰੁ ॥ ਜੰਮਣ ਮਰਣੁ ਵਿਸਾਰਿਆ ਮਨਮੁਖ ਮੁਗਧੁ ਗਵਾਰੁ ॥ ਗੁਰਿ ਰਾਖੇ ਸੇ ਉਬਰੇ ਸਚਾ ਸਬਦੁ ਵੀਚਾਰਿ ॥੭॥ ਸੂਹਟੁ ਪਿੰਜਰਿ ਪ੍ਰੇਮ ਕੈ ਬੋਲੈ ਬੋਲਣਹਾਰੁ ॥ ਸਚੁ ਚੁਗੈ ਅੰਮ੍ਰਿਤੁ ਪੀਐ ਉਡੈ ਤ ਏਕਾ ਵਾਰ ॥ ਗੁਰਿ ਮਿਲਿਐ ਖਸਮੁ ਪਛਾਣੀਐ ਕਹੁ ਨਾਨਕ ਮੋਖ ਦੁਆਰੁ ॥੮

ਸਾਹਿਬ ਤ੍ਰਿੰਬਕੇਸ਼ਵਰ ਮੰਦਰ (ਨਾਸਕ) ਪਹੁੰਚੇ

ਏਸੇ ਬੇੜੀ ਰਾਂਹੀ ਫਿਰ 250 ਕਿਲੋਮੀਟਰ ਦਾ ਸਮੁੰਦਰੀ ਸਫਰ ਕਰਕੇ ਗੁਰੂ ਸਾਹਿਬ ਦਹਾਨੂੰ ਪਹੁੰਚੇ ਤਾਂ ਕਿ ਅੱਗੇ ਜਮੀਨੀ ਰਸਤੇ ਨਾਸਿਕ ਲਾਗੇ ਤ੍ਰਿੰਬਕ ਪਹੁੰਚਿਆ ਜਾਏ। ਸਮੁੰਦਰੀ ਦਹਾਨੂੰ ਤੋਂ ਤ੍ਰਿੰਬਕ 85 ਕਿਲੋਮੀਟਰ ਹੈ। ਤ੍ਰਿੰਬਕ ਵਿਖੇ ਵੀ ਹਿੰਦੂਮਤ ਦੇ 12 ਜੋਤੀਲਿੰਗਾਂ ਵਿਚੋਂ ਇੱਕ ਤ੍ਰਿੰਬਕੇਸ਼ਵਰ ਮੰਦਰ ਹੈ। ਦਿਲਚਸਪ ਗਲ ਇਹ ਹੈ ਕਿ ਜੋਤੀਲਿੰਗ ਇਥੇ ਹੋਣ ਦੇ ਬਾਵਜੂਦ ਕੁੰਭ ਮੇਲਾ ਇਥੋਂ 30 ਕਿਲੋਮੀਟਰ ਹਟਵਾਂ ਨਾਸਕ ਵਿਚ ਲੱਗਦਾ ਹੈ। ਗੁਰੂ ਸਾਹਿਬ ਦੇ ਇਸ ਇਲਾਕੇ ਵਿਚ ਆਉਣ ਤੋਂ ਸਾਲ ਕੁ ਪਹਿਲਾਂ ਹੀ ਨਾਸਕ ਮਹਾਂਕੁੰਭ ਲੱਗਾ ਸੀ। ਇਥੋਂ ਹੀ ਗੋਦਾਵਰੀ ਦਰਿਆ ਨਿਕਲਦਾ ਹੈ ਜੋ ਕਿ ਭਾਰਤੀ ਉਪ ਮਹਾਂਦੀਪ ਦਾ ਤੀਸਰਾ ਸਭ ਤੋਂ ਲੰਮਾ ਦਰਿਆ ਹੈ ਜੋ ਨਿਕਲਦਾ ਤਾਂ ਅਰਬ ਸਾਗਰ ਵਾਲੇ ਪਾਸਿਓ ਪਰ ਉਲਟਾ ਚੜ੍ਹਦੇ ਪਾਸੇ ਜਾ ਕੇ ਬੰਗਾਲ ਦੀ ਖਾੜੀ ਸਮੁੰਦਰ ਵਿਚ ਡਿਗਦਾ ਹੈ। ਪੇਹੋਵਾ, ਹਰਦੁਆਰ ਗਇਆ ਵਾਗੂ ਇਥੇ ਵੀ ਬਜੁਰਗਾਂ ਦੇ ਅਖੌਤੀ ਭਲੇ ਲਈ ਪਿੰਡ ਦਾਨ ਕੀਤੇ ਜਾਂਦੇ ਹਨ ਤੇ ਸਰਾਧਾਂ ਦੀ ਰਸਮ ਅਦਾ ਕੀਤੀ ਜਾਂਦੀ ਹੈ। ਕੁਦਰਤੀ ਹੈ ਕਿ ਜੋ ਉਪਦੇਸ਼ ਗੁਰੂ ਸਾਹਿਬ ਨੇ ਹਰਦੁਆਰ ਆਦਿ ਵਿਚ ਦਿੱਤੇ ਸਨ ਇਥੇ ਵੀ ਦੁਹਰਾਏ ਹੋਣਗੇ। ਖਿਆਲ ਕੀਤਾ ਜਾਂਦਾ ਹੈ ਕਿ ਇਸ ਮੰਦਰ ਵਿਚ ਜੋ ਕੀਰਤਨ ਦੀ ਪ੍ਰਥਾ ਹੈ ਉਹ ਗੁਰੂ ਨਾਨਕ ਦੇ ਆਗਮਨ ਕਰਕੇ ਹੀ ਹੋਈ ਹੋਵੇ। ਸਾਹਿਬ ਨੇ ਜਦੋਂ ਇਥੇ ਮਰਦਾਨੇ

ਪੈਰ ਸਰ੍ਹੱ

ਗਿਆਨੀ ਨੇ ਗੁਰੂ ਸਾਹਿਬ ਦਾ ਡਾਕੋਰ ਜਾਣਾ ਵੀ ਲਿਖਿਆ ਹੈ। ਇਥੇ ਭਗਵਾਨ ਕ੍ਰਿਸ਼ਨ ਦਾ ਰਣਛੋਡ ਰੂਪ ਦਾ ਮੰਦਰ ਹੈ। ਸਾਨੂੰ ਨਹੀ ਲੱਗਦਾ ਕਿ ਗੁਰੂ ਸਾਹਿਬ ਓਥੇ ਗਏ ਹੋਣ। ਕਿਉਕਿ ਗੁਰੂ ਸਾਹਿਬ ਦੇ ਵਕਤ ਡਕੋਰ ਪਿੰਡ ਦੀ ਜਿਆਦਾ ਮਹੱਤਤਾ ਨਹੀ ਸੀ।

ਫਿਰ ਲਿਖਿਆ ਹੈ ਵੜੋਦਰਾ (ਬੜੋਦਾ) ਤੋਂ ਗੁਰੂ ਸਾਹਿਬ ਪਹਾੜ ਪਾਸੇ 230 ਕਿਲੋਮੀਟਰ ਦੂਰ ਸਿੱਧਪੁਰ ਗਏ ਤੇ ਫਿਰ ਵਾਪਸ ਓਥੇ ਹੀ ਭਾਵ ਖੰਬਾਤ ਦੀ ਖਾੜੀ ਆਏ। ਸਾਨੂੰ ਅਜਿਹਾ ਨਹੀ ਲਗਦਾ ਕਿਉਕਿ ਆਪਾਂ ਵੇਖ ਰਹੇ ਹਾਂ ਗੁਰੂ ਸਾਹਿਬ ਤੱਟ ਦੇ ਨਾਲ ਨਾਲ ਸ੍ਰੀ ਲੰਕਾ ਨੂੰ ਵਧਦੇ ਜਾ ਰਹੇ ਹਨ। ਓਨਾਂ ਦੀ ਕੋਸ਼ਿਸ਼ ਹੈ ਕਿ ਪੜ੍ਹਅ ਸਿਰਫ ਰਾਜਧਾਨੀਆਂ ਜਾਂ ਧਾਰਮਿਕ ਕੇਂਦਰਾਂ ਤੇ ਕੀਤਾ ਜਾਵੇ। ਫਿਰ ਵੀ ਮਜਮੂਨ ਖੋਜ ਦੀ ਮੰਗ ਕਰਦਾ ਹੈ। ਇਹ ਵੀ ਹੋ ਸਕਦਾ ਕਿ ਵਾਪਸੀ ਮੌਕੇ ਓਧਰ ਵੀ ਗੇੜਾ ਮਾਰਿਆ ਹੋਵੇ।

ਨਾਸਿਕ ਦਾ ਤ੍ਰਿੰਬਕੇਸ਼ਵਰ ਮੰਦਰ

ਦੀ ਸੰਗਤ ਵਿਚ ਜਦੋਂ ਰਾਮਕਲੀ ਰਾਗ ਛੇੜ ਕੀਰਤਨ ਵਖਿਆਨ ਕੀਤਾ ਤਾਂ ਸਭ ਸਾਧੂ ਸੰਤ ਧੰਨ ਗੁਰੂ ਨਾਨਕ, ਧੰਨ ਰਿਸ਼ੀ ਨਾਨਕ ਕਰ ਉਠੇ।

ਰਾਮਕਲੀ ਮਹਲਾ ੧ ॥ ਹਠੁ ਨਿਗ੍ਰਹੁ ਕਰਿ ਕਾਇਆ ਛੀਜੈ ॥ ਵਰਤੁ ਤਪੁ ਕਰਿ ਮਨੁ ਨਹੀ ਭੀਜੈ ॥ ਰਾਮ ਨਾਮ ਸਰਿ ਅਵਰੁ ਨ ਪੂਜੈ ॥੧॥ ਗੁਰੁ ਸੇਵਿ ਮਨਾ ਹਰਿ ਜਨ ਸੰਗੁ ਕੀਜੈ ॥ ਜਮੁ ਜੰਦਾਰੁ ਜੋਹਿ ਨਹੀ ਸਾਕੈ ਸਰਪਨਿ ਡਸਿ ਨ ਸਕੈ ਹਰਿ ਕਾ ਰਸੁ ਪੀਜੈ ॥੧॥ ਰਹਾਉ ॥ ਵਾਦੁ ਪੜੈ ਰਾਗੀ ਜਗੁ ਭੀਜੈ ॥ ਤ੍ਰੈ ਗੁਣ ਬਿਖਿਆ ਜਨਮਿ ਮਰੀਜੈ ॥ ਰਾਮ ਨਾਮ ਬਿਨੁ ਦੂਖੁ ਸਹੀਜੈ ॥੨॥ ਚਾੜਸਿ ਪਵਨੁ ਸਿੰਘਾਸਨੁ ਭੀਜੈ ॥ ਨਿਉਲੀ ਕਰਮ ਖਟੁ ਕਰਮ ਕਰੀਜੈ ॥ ਰਾਮ ਨਾਮ ਬਿਨੁ ਬਿਰਥਾ ਸਾਸੁ ਲੀਜੈ ॥੩॥ ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ ॥ ਅੰਤਰਿ ਚੋਰੁ ਕਿਉ ਸਾਦੁ ਲਹੀਜੈ ॥ ਗੁਰਮੁਖਿ ਹੋਇ ਕਾਇਆ ਗੜੁ ਲੀਜੈ ॥੪॥ ਅੰਤਰਿ ਮੈਲੁ ਤੀਰਥ ਭਰਮੀਜੈ ॥ ਮਨੁ ਨਹੀ ਸੂਚਾ ਕਿਆ ਸੋਚ ਕਰੀਜੈ ॥ ਕਿਰਤੁ ਪਇਆ ਦੋਸੁ ਕਾ ਕਉ ਦੀਜੈ ॥੫॥ ਅੰਨੁ ਨ ਖਾਹਿ ਦੇਹੀ ਦੁਖੁ ਦੀਜੈ ॥ ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਬੀਜੈ ॥ ਮਨਮੁਖਿ ਜਨਮੈ ਜਨਮਿ ਮਰੀਜੈ ॥੬॥ ਸਤਿਗੁਰ ਪੂਛਿ ਸੰਗਤਿ ਜਨ ਕੀਜੈ ॥ ਮਨੁ ਹਰਿ ਰਾਚੈ ਨਹੀ ਜਨਮਿ ਮਰੀਜੈ ॥ ਰਾਮ ਨਾਮ ਬਿਨੁ ਕਿਆ ਕਰਮੁ ਕੀਜੈ ॥੭॥ ਊਂਦਰ ਦੂਂਦਰ ਪਾਸਿ ਧਰੀਜੈ ॥ ਧੁਰ ਕੀ ਸੇਵਾ ਰਾਮੁ ਰਵੀਜੈ ॥ ਨਾਨਕ ਨਾਮੁ ਮਿਲੈ ਕਿਰਪਾ ਪ੍ਰਭ ਕੀਜੈ ॥੮॥੫॥

ਇਥੋਂ ਦੀ ਮੂਲ ਕਹਾਣੀ ਇਹ ਹੈ ਕਿ ਇੱਕ ਵਾਰੀ ਇਸ ਇਲਾਕੇ ਵਿਚ ਸੋਕਾ ਪੈਣ ਕਾਰਨ ਕਾਲ ਪੈ ਗਿਆ। ਗੌਤਮ ਰਿਸ਼ੀ ਦਾ ਆਸ਼ਰਮ ਇਸੇ ਥਾਂ ਤੇ ਸੀ। ਪਰ ਗੌਤਮ ਦੇ ਇਲਾਕੇ ਵਿਚ ਮੀਂਹ ਪੈ ਜਾਂਦਾ ਸੀ ਜਿਸ ਕਾਰਨ ਫਸਲ ਹੋ ਜਾਂਦੀ ਸੀ ਤੇ ਗੌਤਮ ਰਿਸ਼ੀ ਨੇ ਸਾਧੂਆਂ ਦੇ ਭੋਜਨ ਲਈ ਇੰਤਜਾਮ ਕਰ ਰੱਖਿਆ ਸੀ। ਇੱਕ ਵੇਰਾ ਇੱਕ ਮਰੀਅਲ ਜਿਹੀ ਗਾਂ ਗੌਤਮ ਦੇ ਖੇਤ ਨੂੰ ਪੈ ਗਈ। ਗੌਤਮ ਨੇ ਡਾਂਗ ਮਾਰੀ ਜਿਸ ਕਾਰਨ ਗਾਂ ਮਰ ਗਈ। ਸਾਧੂ ਸੰਤ ਗੌਤਮ ਦੇ ਖਿਲਾਫ ਹੋ ਗਏ ਤੇ ਸਰਾਪ ਦੇ ਗਏ। ਜਿਸ ਉਪਰੰਤ ਗੌਤਮ ਨੇ ਘੋਰ ਤਪੱਸਿਆ ਕੀਤੀ ਤੇ ਸ਼ਿਵ ਜੀ ਪ੍ਰਗਟ ਹੋ ਗਏ ਤੇ ਤ੍ਰਿੰਬਕੇਸ਼ਵਰ ਬਣ ਗਿਆ। ਸ਼ਿਵ ਜੀ ਨੇ ਆਪਣੇ ਗਿੱਲੇ ਗਿੱਲੇ ਕੇਸ ਝਾੜੇ ਤਾਂ ਗੋਦਾਵਰੀ ਉਤਪੰਨ ਹੋ ਗਈ।

ਜਿਵੇ ਦੱਸਿਆ ਹੈ ਕਿ ਕੁੰਭ ਮੇਲਾ ਤ੍ਰਿੰਬਕ ਦੀ ਜਗਾ ਨਾਸਕ ਲੱਗਦਾ ਹੈ। ਨਾਸਕ ਦਾ ਵੀ ਹਜਾਰਾਂ ਸਾਲ ਪੁਰਾਣਾ ਇਤਹਾਸ। ਹਿੰਦੂ ਮਿਥਹਾਸ ਅਨੁਸਾਰ ਰਾਮ ਭਗਵਾਨ ਦੇ ਭਰਾ ਲਛਮਣ ਨੇ ਇਥੇ ਹੀ ਰਾਵਣ ਦੀ ਭੈਣ ਸਰੂਪਨਖਾ ਦਾ ਨੱਕ (ਨਾਸਿਕਾ) ਵੱਢਿਆ ਸੀ। ਜਿਸ ਕਰਕੇ ਇਸ ਸ਼ਹਿਰ ਦਾ ਨਾਂ ਨਾਸਿਕ ਹੈ।

ਕੁਦਰਤੀ ਹੈ ਸਾਹਿਬ ਨੇ ਇਥੇ ਪੰਡਿਆਂ ਨੂੰ ਪਿੰਡ ਦਾਨ ਜਿਹੀਆਂ ਫਾਲਤੂ ਰਸਮਾਂ ਦਾ ਤਿਆਗ, ਧਰਮ ਦੀ ਕਿਰਤ ਤੇ ਨਿਰੰਕਾਰ ਦੀ ਉਪਾਸ਼ਨਾ ਕਰਨ ਲਈ ਪ੍ਰੇਰਿਆ।

ਭੀਮਾਸ਼ੰਕਰ –ਜਿਥੇ ਸ਼ਿਵ ਜੀ ਨੇ ਆਪਣਾ ਭਗਤ ਹੀ ਮਾਰ ਦਿਤਾ ਕਿਉਕਿ ਉਹ ਅਸੁਰ ਸੀ ਤੇ ਬ੍ਰਾਹਮਣਾਂ ਨੂੰ ਦੁੱਖ ਦਿੰਦਾ ਸੀ

ਨਾਸਿਕ ਤੋਂ 150 ਕਿਲੋਮੀਟਰ ਦਾ ਪੈਦਲ ਪੈਂਡਾ ਤਹਿ ਕਰਕੇ ਗੁਰੂ ਸਾਹਿਬ ਭੀਮਸ਼ੰਕਰ ਪਹੁੰਚੇ। ਭੀਮਾਸ਼ੰਕਰ ਵੀ ਹਿੰਦੂਮਤ ਦੇ 12 ਜੋਤੀਲਿੰਗਾਂ ਵਿਚੋਂ ਇੱਕ ਹੈ। ਲੰਕਾ ਦੇ ਕੁੰਭਕਰਨ ਦੇ ਮਾਰੇ ਜਾਣ ਬਾਦ ਉਹਦੀ ਰਾਣੀ ਕਾਰਕਤੀ ਇਥੇ ਸੰਛਣੇ ਜੰਗਲਾਂ ਵਿਚ ਰਹਿ ਕੇ ਜੀਵਨ ਬਤੀਤ ਕਰ ਰਹੀ ਸੀ। ਉਹਦਾ ਮੁੰਡਾ ਭੀਮਾ ਜਦੋਂ ਜਵਾਨ ਹੋਇਆ ਤਾਂ ਮਾਂ ਕੋਲੋ ਪੁੱਛਦਾ ਕਿ ਮਾਂ ਮੇਰਾ ਪਿਓ ਕੌਣ ਹੈ? ਸਾਨੂੰ ਕਿਓ ਜੰਗਲਾਂ ਵਿਚ ਰਹਿਣਾ ਪੈ ਰਿਹਾ ਹੈ? ਮਾਂ ਨੇ ਰਮਾਇਣ ਵਾਲੀ ਸਾਰੀ ਕਹਾਣੀ ਦੱਸੀ। ਭੀਮਾ ਕਹਿੰਦਾ ਇਹਦਾ ਮਤਲਬ ਵਿਸ਼ਨੂੰ ਕਰਕੇ ਸਾਨੂੰ ਦੁੱਖ ਝਲਣੇ ਪੈ ਰਹੇ ਨੇ। ਓਹਨੇ ਭਗਵਾਨ ਸ਼ਿਵ ਦੀ ਅਰਾਧਨਾ ਕੀਤੀ ਤੇ ਵਰ ਲੈ ਲਏ। ਫਿਰ ਵਿਸ਼ਨੂੰ ਖਿਲਾਫ ਯੁੱਧ ਛੇੜ ਦਿੱਤਾ। ਦੇਵਤੇ ਉਹਦੇ ਕੋਲੋ ਹਾਰ ਰਹੇ ਸਨ। ਅਖੇ ਭੀਮਾ ਸਾਧੂ ਸੰਤਾਂ ਨੂੰ ਵੀ ਦੁੱਖ ਦਿੰਦਾ ਸੀ। ਇਸ ਕਰਕੇ ਸਾਰੇ ਦੇਵਤਿਆਂ ਨੇ ਭਗਵਾਨ ਸ਼ਿਵ ਅਗੇ ਅਰਦਾਸਾਂ ਕੀਤੀਆਂ ਕਿ ਸਾਨੂੰ ਭੀਮੇ ਰਾਖਸ ਕੋਲੋ ਬਚਾਓ। ਸ਼ਿਵ ਜੀ ਪ੍ਰਗਟ ਹੋਏ (ਲਿੰਗ ਦੇ ਰੂਪ ਵਿਚ) ਤੇ ਓਨਾਂ ਭੀਮੇ ਨੂੰ ਭਸਮ ਕਰ ਦਿੱਤਾ। ਜਿੱਥੇ ਸ਼ਿਵ ਜੀ ਦਾ ਮੁੜਕਾ ਡਿੱਗਾ ਓਥੋ ਭੀਮਾ ਦਰਿਆ ਨਿਕਲ ਤੁਰਿਆ। (ਕੁਝ ਇਹੋ ਜਿਹੀਆਂ ਕਹਾਣੀਆਂ ਹੀ ਹਨ, ਪੰਡਤਾਂ ਦੀਆਂ ਘੜੀਆਂ। ਦਰ ਅਸਲ ਇਸ ਜੰਗਲੀ ਰਮਣੀਕ ਜਗਾ ਤੋਂ ਭੀਮਾ ਦਰਿਆ ਨਿਕਲਦਾ ਹੈ ਜੋ ਸਾਧੂ ਸੰਤਾਂ ਦਾ ਟਿਕਾਣਾ ਬਣ ਗਇਆ ਸੀ। ਬਾਕੀ ਗਲ ਬਾਦ ਵਿਚ ਉਤਪਨ ਹੋਈਆਂ।)

ਤਵਾਰੀਖ ਖਾਲਸਾ ਦੇ ਲਿਖਾਰੀ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਭੀਮਾਸ਼ੰਕਰ ਪਹੁੰਚ ਕੇ ਲੋਕਾਂ ਨੂੰ ਕਿਰਤਾਂ ਦੀ ਪੂਜਾ, ਕਰਮ ਕਾਂਡਾਂ ਤੇ ਦੇਹੀ ਨੂੰ ਦੁੱਖ ਦੇਣ ਤੋਂ ਵਰਜ ਕੇ ਨਿਰੰਕਾਰ ਦੇ ਲੜ ਲਾਇਆ।

ਭੀਮਾਸ਼ੰਕਰ ਤੋਂ ਗੁਰੂ ਸਾਹਿਬ ਪੂਨੇ ਆਏ। ਓਥੇ ਯਾਦਗਾਰੀ ਗੁਰਦੁਆਰਾ ਵੀ ਮੌਜੂਦ ਹੈ। ਪੂਨੇ ਤੋਂ 135 ਕਿਲੋਮੀਟਰ ਦਾ ਪੈਂਡਾ ਤਹਿ ਕਰਕੇ ਸਾਹਿਬ ਮਹਾਂਬਲੇਸ਼ਵਰ ਪਹੁੰਚੇ। ਜਿਵੇ ਗੋਦਾਵਰੀ ਦੇ ਨਿਕਲਣ ਸੋਮੇ (ਮੂਲ ਚਸ਼ਮੇ) ਤੇ ਤ੍ਰਿੰਬਕ ਮੰਦਰ ਹੈ ਏਸੇ ਤਰਾਂ ਕ੍ਰਿਸ਼ਨਾ ਦਰਿਆ ਦੇ ਨਿਕਲਣ ਵਾਲੇ ਸਥਾਨ ਤੇ ਮਹਾਂਬਲੇਸ਼ਵਰ ਮੰਦਰ ਹੈ। ਇਸ ਰਮਣੀਕ ਸਥਾਨ ਤੇ ਵੀ ਸਾਧਾਂ ਸੰਤਾਂ ਦੀ ਰੌਣਕ ਰਹਿੰਦੀ ਸੀ। ਇਥੋਂ ਦੇ ਪੰਡੇ ਹੌਲੀ ਹੌਲੀ ਇੰਨੇ ਤਾਕਤਵਰ ਹੋ ਗਏ ਕਿ ਓਨਾਂ ਨੇ ਆਪਣੀ ਰਿਆਸਤ ਹੀ ਖੜੀ ਕਰ ਲਈ ਸੀ। ਗੁਰੂ ਸਾਹਿਬ ਜਦੋਂ ਓਧਰ ਦੀ ਲੰਘੇ ਸਨ ਤਾਂ ਰਾਜ ਇਨਾਂ ਪੁਜਾਰੀਆਂ ਦਾ ਹੀ ਸੀ। ਕਿਉਕਿ ਲੱਗਪਗ ਰਸਤੇ 'ਚ ਪੈਦਾ ਸੀ ਅੰਦਾਜ਼ਾ ਹੈ ਗੁਰੂ ਸਾਹਿਬ ਇਥੇ ਆਏ ਹੋਣਗੇ।

ਇਥੋਂ ਮਹਾਂਬਲੇਸ਼ਵਰ ਤੋਂ ਫਿਰ ਸਾਹਿਬ ਹਰੀ-ਹਰ-ਈਸ਼ਵਰ ਬੰਦਰ ਪਹੁੰਚੇ ਤੇ ਓਥੋਂ ਸਮੁੰਦਰੀ ਬੇੜੇ ਰਾਂਹੀ ਰਤਨਾਗਿਰੀ ਜਾਂ ਫਿਰ ਰਾਜਾਪੁਰ ਪਹੁੰਚੇ। ਵਿਦਵਾਨ ਲੋਕ ਅੰਦਾਜਾ ਲਾਉਦੇ ਹਨ

ਭੀਮਾਸ਼ੰਕਰ

ਭੀਮਾ ਸ਼ੰਕਰ ਤੋਂ ਅੱਗੇ ਚਲਦਿਆਂ ਜਿਥੇ ਅੱਜ ਪੂਨਾ ਦੀ ਰਾਮ ਟੇਕੜੀ ਹੈ ਇਥੇ ਯਾਤਰੂਆ ਲਈ ਕੋਈ ਪੜਾਅ ਹੁੰਦਾ ਸੀ। ਗੁਰੂ ਸਾਹਿਬ ਇਥੇ ਕੁਝ ਦੇਰ ਰੁਕੇ। ਲਾਗੇ ਕੋਈ ਜੋਗੀ ਮੱਠ ਵੀ ਸੀ। ਗੁਰਸਿੱਖਾਂ ਨੇ ਓਥੇ ਮੌਜੂਦ ਖੂਹ ਤੇ ਗੁਰਦੁਆਰਾ ਸਾਹਿਬ ਉਸਾਰਿਆ ਹੋਇਆ ਹੈ: ਗੁਰਦੁਆਰਾ ਗੁਰੂ ਨਾਨਕ ਦਰਬਾਰ ਪੂਨਾ।

ਕਿ ਗੁਰੂ ਸਾਹਿਬ ਗੋਆ ਆਦਿ ਸ਼ਹਿਰਾਂ ਵਿਚ ਪੜਾਂ ਕਰਦੇ ਹੋਏ ਕਰਨਾਟਕ ਦੀ ਬੰਦਰਗਾਹ ਸ਼ਹਿਰ ਭਟਕਲ ਵਿਖੇ ਜੈਨੀਆਂ ਨੂੰ ਰਾਹੇ ਪਾਉਂਦੇ ਹੋਏ ਉਡੁਪੀ ਹੁੰਦੇ ਹੋਏ ਸ਼੍ਰਿੰਗੇਰੀ ਪਹੁੰਚੇ।

---◈---

'ਆਤਮਾ ਹੀ ਪ੍ਰਮਾਤਮਾ' ਸਿਧਾਂਤ ਦਾ ਖੰਡਣ

ਬਹੁਤ ਬਾਣੀ ਰਚੀ ਸ਼੍ਰਿੰਗੇਰੀ ਵਿਚ

ਹਿੰਦੂਮਤ ਦੇ ਥੰਮ ਆਦੀ ਸ਼ੰਕਰਾਚਾਰੀਆ ਦੇ ਸਥਾਪਤ ਕੀਤੇ ਦੱਖਣੀ ਮੱਠ ਵਿਖੇ ਲੱਗਦਾ ਗੁਰੂ ਸਾਹਿਬ ਨੇ ਕਿੰਨੀ ਹੀ ਬਾਣੀ ਰਚੀ। ਯਾਦ ਰਹੇ ਇਹ ਮੰਨਿਆ ਜਾਂਦਾ ਹੈ ਕਿ ਸ਼ੰਕਰਾਚਾਰੀਆ ਨੇ ਹੀ ਹਿੰਦੁਸਤਾਨ ਵਿਚੋਂ ਬੁੱਧਮਤ ਦਾ ਭੋਗ ਪਾਉਣ ਦੀ ਲਹਿਰ ਅਰੰਭੀ ਸੀ। ਆਦਿ ਸ਼ੰਕਰਾ ਨੇ ਇਸ ਕੰਮ ਲਈ ਹਿੰਸਾ ਅਤੇ ਮਾਰਧਾੜ ਦੇ ਸਿਧਾਂਤ ਦੀ ਵੀ ਖੁੱਲ ਕੇ ਵਰਤੋਂ ਵੀ ਕੀਤੀ। ਇਸ ਨੇ ਹਿੰਦੂਮਤ ਦੀ ਡੱਟ ਕੇ ਵਕਾਲਤ ਕੀਤੀ ਹੈ ਤੇ ਅਨੇਕਾਂ ਗ੍ਰੰਥ ਰਚੇ ਹਨ। ਜਿਵੇ ਸੰਨਿਆਸ ਨੂੰ ਠੀਕ ਸਾਬਤ ਕਰਨਾ, ਮੂਰਤੀ ਪੂਜਾ, ਅਵਤਾਰਵਾਦ ਆਦਿ। ਸਿਧਾਂਤਕ ਤੌਰ ਤੇ ਗੁਰੂ ਸਾਹਿਬ ਨੇ ਇਨਾਂ ਸਿਧਾਂਤਾਂ ਦਾ ਖੰਡਨ ਕੀਤਾ ਹੈ। ਫਿਰ ਇਹ ਨਿਰੰਕਾਰ ਨੂੰ ਨਿਰਗੁਣ ਸਰੂਪ ਮੰਨਦੇ ਹਨ ਤੇ ਆਤਮਾ ਹੀ ਪ੍ਰਮਾਤਮਾ ਦੇ ਸਿਧਾਂਤ ਤੇ ਚਲਦੇ ਹਨ। ਇਹਨਾਂ ਦੇ ਚਾਰ ਪੰਜ ਬੜੇ ਮਸ਼ਹੂਰ ਵਾਕ ਨੇ ਜੋ ਅਕਸਰ ਬੋਲਦੇ ਨੇ:

1. ਪ੍ਰਜਨਾਨਮ ਬ੍ਰਹੱਮਾ
2. ਅਹਮ ਬ੍ਰਹਮਾਸਮੀ (ਮੈਂ ਹੀ ਬ੍ਰਹਮਾ ਭਾਵ ਰੱਬ ਹਾਂ)
3. ਤੱਤਵਮਸੀ (ਤੂੰ ਵੀ ਹੈਗਾ)
4. ਅਇਮਾਤਮਾ ਬ੍ਰਹਮਾ (ਭਾਵ ਆਤਮਾ ਹੀ ਰੱਬ ਹੈ)

ਇਹਨਾਂ ਨਾਲ ਗਲ ਕਰੋ ਤਾਂ ਗਲ ਨੂੰ ਬੜੀ ਡੂੰਘਾਈ ਤਕ ਖਿੱਚੀ ਜਾਂਦੇ ਨੇ। ਅਖੇ ਜੀ ਇਹ ਸ਼ਾਸਤਰ ਹੈ ਭਾਵ ਫਿਲਾਸਫੀ ਹੈ। ਅਖੇ ਇਹੋ ਵੇਦਾਂ ਦੀ ਵਿਚਾਰਧਾਰਾ ਦੀ ਵਿਆਖਿਆ ਹੈ। ਗੁਰੂ ਸਾਹਿਬ ਨੇ ਇਹੋ ਜਿਹੀਆਂ ਗੱਲਾਂ ਨੂੰ ਝੰਝਟ ਦੱਸਿਆ ਤੇ ਸਿੱਧੀ ਸਾਦੀ ਗਲ ਕੀਤੀ ਕਿ ਬੰਦਾ ਇਨਾਂ ਵਿਚਾਰਾਂ ਦੇ ਜੰਜਾਲਾਂ ਵਿਚ ਪੈਣ ਦੀ ਥਾ ਸਿੱਧਾ ਆਪਣੀ ਹਉਮੈ ਤਿਆਗੇ:

ਛੋਡਹੁ ਪ੍ਰਾਣੀ ਕੂੜ ਕਬਾੜਾ ॥ ਕੂੜੁ ਮਾਰੇ ਕਾਲੁ ਉਛਾਹਾੜਾ ॥ ਸਾਕਤ ਕੂੜਿ ਪਚਹਿ ਮਨਿ ਹਉਮੈ ਦੁਹੁ ਮਾਰਗਿ ਪਚੈ ਪਚਾਈ ਹੇ ॥੬॥ ਛੋਡਿਹੁ ਨਿੰਦਾ ਤਾਤਿ ਪਰਾਈ ॥ ਪੜਿ ਪੜਿ ਦਝਹਿ ਸਾਤਿ ਨ ਆਈ ॥ ਮਿਲਿ ਸਤਸੰਗਤਿ ਨਾਮੁ ਸਲਾਹਹੁ ਆਤਮ ਰਾਮੁ ਸਖਾਈ ਹੇ ॥੭॥ ਛੋਡਹੁ ਕਾਮ ਕ੍ਰੋਧੁ ਬੁਰਿਆਈ ॥ ਹਉਮੈ ਧੰਧੁ ਛੋਡਹੁ ਲੰਪਟਾਈ ॥ ਸਤਿਗੁਰ ਸਰਣਿ ਪਰਹੁ ਤਾ ਉਬਰਹੁ ਇਉ ਤਰੀਐ ਭਵਜਲੁ ਭਾਈ ਹੇ ॥੮॥ ਆਗੈ ਬਿਮਲ ਨਦੀ ਅਗਨਿ ਬਿਖੁ ਝੇਲਾ ॥ ਤਿਥੈ ਅਵਰੁ ਨ ਕੋਈ ਜੀਉ ਇਕੇਲਾ॥ ਭੜ ਭੜ ਅਗਨਿ ਸਾਗਰੁ ਦੇ ਲਹਰੀ ਪੜਿ ਦਝਹਿ ਮਨਮੁਖ ਤਾਈ ਹੇ ॥

ਮਾਰੂ ਰਾਗ ਵਿਚ ਬਹੁਤ ਸਾਰੀ ਬਾਣੀ ਇਹਨਾਂ ਅਖੌਤੀ ਬ੍ਰਹਾਮਣ ਫਿਲਾਸਫਰਾਂ ਬਾਬਤ ਰਚੀ ਹੋਈ ਹੈ।

ਜਦੋਂ ਕਿ ਗੁਰੂ ਸਾਹਿਬ ਨੇ ਰੱਬ ਨੂੰ ਨਿਰੰਕਾਰ (ਨਿਰਗੁਣ) ਤੇ ਅਕਾਲਪੁਰਖ (ਸਰਗੁਣ) ਸਰੂਪ ਦੋਵੇ ਮੰਨੇ ਹਨ। ਸਿੱਖੀ ਦਾ ਨਿਰੰਕਾਰ ਬੜਾ ਦਿਆਲੂ ਕਿਰਪਾਲੂ ਵੀ ਹੈ। ਸ਼ੰਕਰਾਚਾਰੀਆ ਵਿਚਾਰਧਾਰਾ ਸ੍ਰਿਸਟੀ ਨੂੰ ਮਿਥਿਆ (ਸਭ ਝੂਠ) ਮੰਨਦੀ ਹੈ, ਉਨਾਂ ਦਾ ਕਹਿਣਾ ਹੈ ਕਿ ਇਹ ਕੁਝ ਇਸਤਰਾਂ ਹੈ ਜਿਵੇ ਅਸੀ ਹਨੇਰੇ ਵਿਚ ਰੱਸੀ ਨੂੰ ਸੱਪ ਸਮਝ ਬੈਠਦੇ ਹਨ। ਜਾਂ ਇਹ ਕਹਿ ਲਵੋ ਕਿ ਅਸੀ ਪ੍ਰਛਾਵੇ ਨੂੰ ਹੀ ਅਸਲ ਮੰਨੀ ਬੈਠੇ ਹਾਂ। ਗੁਰੂ ਸਾਹਿਬ ਨੇ ਇਸ ਸਿਧਾਂਤ ਦੀ ਡੱਟ ਕੇ ਖੰਡਣਾ ਕੀਤੀ ਤੇ ਕਿਹਾ:

ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥ ਸਚੇ ਤੇਰੇ ਲੋਅ ਸਚੇ ਆਕਾਰ ॥ ਸਚੇ ਤੇਰੇ ਕਰਣੇ ਸਰਬ ਬੀਚਾਰ ॥ ਸਚਾ ਤੇਰਾ ਅਮਰੁ ਸਚਾ ਦੀਬਾਣੁ ॥ ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥ ਸਚਾ ਤੇਰਾ ਕਰਮੁ ਸਚਾ ਨੀਸਾਣੁ ॥ ਸਚੇ ਤੁਧੁ ਆਖਹਿ ਲਖ ਕਰੋੜਿ ॥ ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥ ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥ ਨਾਨਕ ਸਚੁ ਧਿਆਇਨਿ ਸਚੁ ॥ ਜੋ ਮਰਿ ਜੰਮੈ ਸੁ ਕਚੁ ਨਿਕਚੁ ॥

---◈---

ਬਾਬਾ ਜਾ ਉਤਰਿਆ ਕੋਚੀਨ

ਥੈਰ ਗੁਰੂ ਸਾਹਿਬ ਸ਼੍ਰਿੰਗੇਰੀ ਤੋਂ ਉਡੁਪੀ ਤੇ ਮੈਂਗਲੋਰ ਪਹੁੰਚੇ। ਮੈਂਗਲੌਰ ਜਾਂ ਮੈਂਗਲੂਰੂ ਵੀ ਓਨੀ ਦਿਨੀ ਵੱਡੀ ਬੰਦਰਗਾਹ ਸੀ। 1506 ਈ ਵਿਚ ਇੱਕ ਇਟਾਲੀਅਨ ਯਾਤਰੂ (ਲੁਡਵੀਕੋ ਡੀ ਵਰਥੀਮਾ) ਜਦੋਂ ਇਥੇ ਆਇਆ ਤਾਂ ਕੀ ਵੇਖਦਾ ਹੈ ਕਿ ਚੌਲਾਂ ਦੇ ਭਰੇ 60 ਜਹਾਜ ਬੰਦਰਗਾਹ ਤੋਂ ਜਾਣ ਦੀ ਤਿਆਰੀ ਤੇ ਹਨ। ਕਹਿਣ ਤੋਂ ਮਤਲਬ ਗੁਰੂ ਸਾਹਿਬ ਇਥੇ ਵੀ ਕੁਝ ਚਿਰ ਪ੍ਰਚਾਰ ਲਈ ਰੁਕੇ ਸਨ।

ਮੈਂਗਲੂਰੂ ਤੋਂ ਸਾਹਿਬ 130 ਕਿਲੋਮੀਟਰ ਦੱਖਣ ਸਮੁੰਦਰੀ ਰਸਤੇ ਕਨਨੂਰ ਪਹੁੰਚੇ ਜੋ ਓਨੀ ਦਿਨੀ ਪ੍ਰਸਿਧ ਬੰਦਰਗਾਹ ਸੀ। ਇਥੇ ਗੁਰੂ ਸਾਹਿਬ ਮੁਲਕ ਦੇ ਰਾਜੇ ਨੂੰ ਜਾ ਮਿਲੇ ਤੇ ਆਪਣੇ ਨਵੇ ਧਾਰਮਿਕ ਸਿਧਾਂਤ ਬਾਰੇ ਵਾਕਫੀਅਤ ਦਿੱਤੀ।

ਫਿਰ ਓਥੋ ਕਨਨੂਰ ਤੋਂ 80 ਕਿਲੋਮੀਟਰ ਕੋਜ਼ੀਕੋਡ (ਕਾਲੀਕਟ) ਪਹੁੰਚੇ। ਓਦੋਂ ਇਥੇ ਪੁਰਤਗਾਲੀਆਂ ਦਾ ਰਾਜ (1511-1525ਈ) ਹੋ ਚੁੱਕਾ ਸੀ। ਕੋਜ਼ੀਕੋਡ ਦੁਨੀਆਂ ਭਰ ਵਿਚ ਮਸਾਲਿਆਂ ਦੀ ਰਾਜਧਾਨੀ ਵਜੋਂ ਮਸ਼ਹੂਰ ਹੋ ਚੁੱਕਾ ਸੀ। ਅਰਬ

ਆਦੀ ਸ਼ੰਕਰਾਚਾਰੀਆ। ਇਤਹਾਸਕਾਰ ਮੰਨਦੇ ਹਨ ਕਿ ਭਾਰਤ ਵਿਚੋਂ ਬੁੱਧ ਧਰਮ ਦਾ ਸਫਾਇਆਂ ਕਰਨ ਲਈ ਇਸ ਨੇ ਹਥਿਆਰਬੰਦ ਸੰਘਰਸ ਵੀ ਕੀਤਾ।

ਆਦਿ ਸ਼ੰਕਰਾ ਦਾ ਸ਼੍ਰਿੰਗੇਰੀ ਮੱਠ

ਯੂਰਪ, ਰੂਸ ਆਦਿ ਸਭ ਦੇਸਾਂ ਤੋਂ ਵਪਾਰੀ ਇਥੇ ਢੁੱਕਦੇ ਸਨ। ਇਤਹਾਸ ਵਿਚ ਸਬੂਤ ਮਿਲਦੇ ਹਨ ਕਿ ਅਰਬ ਲੋਕ ਤਾਂ 7ਵੀ ਸਦੀ ਵਿਚ ਹੀ ਇਥੋਂ ਮਸਾਲੇ ਲੈ ਕੇ ਜਾਂਦੇ ਸਨ।

ਇਥੋਂ ਕੋਜੀਕੋਡ ਤੋਂ ਫਿਰ ਗੁਰੂ ਸਾਹਿਬ 150 ਕਿਲੋਮੀਟਰ ਦਾ ਸਮੁੰਦਰੀ ਸਫਰ ਕਰਕੇ ਕੋਚੀਨ (ਕੋਚੀ) ਪਹੁੰਚੇ। ਇਹ ਇਲਾਕਾ ਵੀ ਬਹੁਤ ਹੀ ਮਨਮੋਹਕ ਹੈ। ਇਸ ਇਲਾਕੇ ਵਿਚ ਸਮੁੰਦਰ ਪਿੱਛਾ ਮਾਰਦਾ ਹੈ। ਅਤੇ ਸਮੁੰਦਰੀ ਖਾਰੇ ਪਾਣੀ ਦੇ ਵੱਡੇ ਵੱਡੇ ਸ਼ੂਰੇ ਧੁਰ ਧਰਤੀ ਅੰਦਰ ਵੜੇ ਹੋਏ ਹਨ। ਪੜ ਕੇ ਹੈਰਾਨ ਹੋਵੋਗੇ ਕਿ ਕੇਰਲਾ ਪ੍ਰਾਤ ਦੇ ਕੁਲ ਰਕਬੇ ਦਾ 3% ਇਨਾਂ ਝੀਲਾਂ ਤਹਿਤ ਹੀ ਹੈ। ਬਹੁਤੀ ਥਾਂਈ ਖਾਰੇ ਪਾਣੀ ਨੂੰ ਦਰਿਆਈ ਪਾਣੀਆਂ ਤੋਂ ਵੱਖ ਵੀ ਰੱਖਣ ਦੀ ਕੋਸ਼ਿਸ਼ ਬੰਨ ਬਣਾ ਕੇ ਕੀਤੀ ਗਈ ਹੈ।

ਪੁਰਤਗਾਲੀ ਲੋਕ ਪਹਿਲਾਂ ਇਥੇ ਹੀ ਸੰਨ 1503 ਵਿਚ ਕਾਬਜ ਹੋਏ ਸਨ। ਵਕਤ ਨਾਲ ਇਹ ਫਿਰ ਅਰਬ ਸਾਗਰ ਦੀ ਸਭ ਤੋਂ ਵੱਡੀ ਬੰਦਰਗਾਹ ਬਣ ਗਈ। ਦੂਸਰੇ ਨੰਬਰ ਤੇ ਅੱਜ ਦੇ ਗੁਜਰਾਤ ਦੀ ਬੜੋਚ ਸੀ।

ਇਨਾਂ ਇਲਾਕਿਆਂ ਵਿਚ ਹੀ ਸਾਹਿਬ ਫਿਰ ਰਹੇ ਸਨ ਕਿ ਇੱਕ ਰਾਜੇ ਕੇਸ਼ਵ ਦਾਸ ਨਾਲ ਮੇਲ ਹੋਇਆ। ਜੋ ਗੁਰੂ ਸਾਹਿਬ ਦੀ ਵਿਚਾਰਧਾਰਾ ਦਾ ਕਾਇਲ ਹੋ ਗਿਆ। ਰਾਜੇ ਦੇ ਘਰ ਸੰਤਾਨ ਨਹੀ ਸੀ। ਮੰਤਰੀ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਕਿਸੇ ਤਰਾਂ ਰਾਜੇ ਦੀ ਅੰਸ ਵੀ ਚੱਲੇ। ਗੁਰੂ ਸਾਹਿਬ ਨੇ ਬਖਸ਼ਸ਼ ਕੀਤੀ ਤੇ ਬਾਦ ਵਿਚ ਰਾਜੇ ਦੇ ਘਰ ਦੋ ਮੁੰਡੇ ਤੇ ਲੜਕੀ ਹੋਈਆਂ ਸਨ। ਰਾਜੇ ਦਾ ਖਾਨਦਾਨ ਸ਼ਰਧਾਵਾਨ ਸਿੱਖ ਰਿਹਾ ਹੈ। ਇਸ ਖਾਨਦਾਨ ਵਿਚ ਪ੍ਰੰਪਰਾ ਰਹੀ ਸੀ ਕਿ ਜਦੋਂ ਕੜਾਹ ਪ੍ਰਸਾਦ ਕਰਦੇ ਸਨ ਵਰਤਾਉਣ ਤੋਂ ਪਹਿਲਾਂ ਕੜਾਹ ਤੇ ਪੰਜੇ ਦਾ ਨਿਸ਼ਾਨ ਆਇਆ ਕਰਦਾ ਸੀ। ਓਨਾ ਦਾ ਮੰਨਣਾ ਹੁੰਦਾ ਸੀ ਕਿ ਇਹ ਗੁਰੂ ਸਾਹਿਬ ਦੀ ਹੀ ਬਖਸ਼ਸ਼ ਸਦਕਾ ਹੈ। ਇਥੇ ਉਦਾਸੀ ਸੰਤ ਵਕਤ ਪਾ ਕੇ ਪਹੁੰਚ ਗਏ ਜੋ ਇਲਾਕੇ ਵਿਚ ਥੋੜਾ ਬਹੁਤਾ ਸਿੱਖੀ ਦਾ ਪ੍ਰਚਾਰ ਕਰਦੇ ਰਹੇ।

ਕੋਚੀ ਦੇ ਇਲਾਕੇ ਵਿਚ ਓਨੀ ਦਿਨੀ ਸ਼ਰਧਾਵਾਨ ਲੋਕ ਸ਼ਿਵਲਿੰਗ ਗਲਾਂ ਵਿਚ ਪਾਈ ਰੱਖਦੇ ਸਨ। ਗੁਰੂ ਜੀ ਨੇ ਓਨਾਂ ਨੂੰ ਵਿਅੱਰਥ ਦੇ ਕਰਮ ਕਾਡਾਂ ਤੋਂ ਮੁਕਤ ਕਰਕੇ ਨਿਰੰਕਾਰ ਅਕਾਲਪੁਰਖ ਦਾ ਗਿਆਨ ਕਰਵਾਇਆ ਤੇ ਸਤਿਨਾਮ ਵਾਹਿਗੁਰੂ ਮੰਤਰ ਦੀ ਦਾਤ ਬਖਸ਼ੀ। ਮਰਦਾਨਾ ਵੀ ਆਪਣੇ ਰੰਗ ਵਿਚ ਆ ਗਇਆ ਤੇ ਸ਼ਬਦ ਗਾਵਿਆ:

ਸਾਲ ਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ ॥ ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ ॥੧॥ ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ ॥ ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ ॥੧॥ ਰਹਾਉ ॥ ਕਰ ਹਰਿਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ ॥ ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ ॥੨॥ ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ ॥ ਜਿਉ ਗੋਡਹੁ ਤਿਉ ਤੁਮ੍ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ ॥੩॥ ਬਗੁਲੇ ਤੇ ਫੁਨਿ ਹੰਸੁਲਾ ਹੋਵੈ ਜੇ ਤੂ ਕਰਹਿ ਦਇਆਲਾ ॥ ਪ੍ਰਣਵਤਿ ਨਾਨਕੁ ਦਾਸਨਿ ਦਾਸਾ ਦਇਆ ਕਰਹੁ ਦਇਆਲਾ ॥

ਜਦੋਂ ਗੁਰੂ ਸਾਹਿਬ ਪੱਬਣ (ਕਮਲ ਫੁਲ) ਨੂੰ ਵੇਖ ਵਿਸਮਾਦ ਵਿਚ ਆਏ

ਕੇਰਲ ਤੇ ਤਮਿਲ ਨਾਡੂ ਵਿਚ ਸੰਭਵ ਥਾਵਾਂ ਤੇ ਕਮਲ (ਪੰਜਾਬੀ - ਕੰਮੀਆਂ, ਨੀਲੋਫਰ। ਸਿੰਧੀ- ਪੱਬਣ ਆਦਿ) ਦੀ ਖੇਤੀ ਆਮ ਹੈ ਤੇ ਸਜਾਵਟ ਤੇ ਪੂਜਾ ਦੇ ਕੰਮ ਵਿਚ ਵਰਤਿਆ ਜਾਂਦਾ ਹੈ। ਇਸੇ ਤਰਾਂ ਗੁਰੂ ਸਾਹਿਬ ਕੋਚੀ ਦੇ ਇਲਾਕੇ ਵਿਚ ਜਦੋਂ ਫਿਰ ਰਹੇ ਸਨ ਤਾਂ ਇੱਕ ਥਾਂ ਤੇ ਵੱਡੀ ਸਾਰੀ ਝੀਲ ਵਿਚ ਕੰਮੀਆਂ ਦੇ ਫੁੱਲ ਵੇਖ ਵਿਸਮਾਦਿਤ ਹੋ ਗਏ।

ਕਿਵੇ ਚਿੱਕੜ ਵਿਚ ਉਗ ਰਿਹਾ ਹੈ। ਥੱਲੇ ਡੋਡੀ ਹੈ। ਨਾਲੀ ਰਾਂਹੀ ਤਹਿ ਤੱਕ ਪਹੁੰਚਿਆ ਹੈ। ਚੌੜੇ ਪੱਤੇ। ਪੱਤਿਆਂ ਉਤੇ ਫਿਰਦੇ ਕੀੜੇ ਮਕੌੜੇ। ਫੁੱਲ ਦੀ ਪੰਖੜੀਆਂ ਨੂੰ ਗਹੁ ਨਾਲ ਵੇਖ ਰਹੇ ਸਨ। ਕਿਵੇ ਕਰਤੇ ਨੇ ਰੰਗ ਭਰਿਆਂ ਹੋਇਆ ਸੀ। ਪੰਖੜੀ ਜਿਥੋਂ ਉਠਦੀ ਹੈ ਓਥੇ ਫਿਕਾ ਰੰਗ ਆ। ਹੌਲੀ ਹੌਲੀ ਉਤੇ ਗੂੜਾ ਰੰਗ ਹੋ ਜਾਂਦਾ ਹੈ। ਫੁੱਲ ਦੇ ਵਿਚ ਦੂਸਰੇ ਰੰਗ ਦੀਆਂ ਬਰੀਕ ਡੰਡੀਆਂ ਜਿਹੀਆਂ ਖੜੀਆਂ ਨੇ। ਕਲਾਕਾਰ ਨਿਰੰਕਾਰ ਨੇ ਬੜੇ ਪ੍ਰੇਮ ਨਾਲ ਰੰਗ ਭਰੇ ਨੇ। ਸਾਹਿਬ ਦਾ ਮਨ ਖਿੜ ਉੱਠਿਆ । ਮੂੰਹੋ ਸਹਿਜ ਸੁਭਾਅ ਸਲੋਕ ਨਿਕਲਿਆ:

ਪਬਰ ਤੂੰ ਹਰੀਆਵਲਾ ਕਵਲਾ ਕੰਚਨ ਵੰਨਿ ॥ ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ ਨਾਨਕ ਮੈ ਤਨਿ ਭੰਗੁ ॥ ਜਾਣਾ ਪਾਣੀ ਨਾ ਲਹਾਂ ਜੈ ਸੋਤੀ ਮੇਰਾ ਸੰਗੁ ॥ ਜਿਤੁ ਡਿਠੈ ਤਨੁ ਪਰਫੁੜੈ ਚੜੈ ਚਵਗਣਿ ਵੰਨੁ ॥

ਪੱਬਣ ਇਹ ਕਿਵੇ ਕੀਤਾ ਈ, ਆਪ ਤੂੰ ਕਾਲਾ-ਹਰਾ ਹੈ ਫੁੱਲ ਨਿਰਾ ਸੋਨਾ? ਭਈ ਤੇਰੀ ਦੇਹ ਕਿਹੜੇ ਦੁੱਖ ਕਰਕੇ ਕਾਲੀ ਹੋਈ। ਮੈਂ ਉਸ ਪਾਣੀ ਤੋਂ ਵਾਂਝਾ ਰਹਿਨਾਂ ਵਾਂ। ਜਿੰਨੂ ਵੇਖ ਮੇਰਾ ਮੰਨ ਖਿੜਦਾ ਵਾ। ◈

ਕੋਟਾਯਾਮ ਦਾ ਤਿੱਲਗੰਜੀ ਗੁਰਦੁਆਰਾ◉

ਗੁਰੂ ਸਾਹਿਬ ਕੋਚੀਨ ਤੋਂ 70 ਕਿਲੋਮੀਟਰ ਦੱਖਣ ਵਿਖੇ ਇੱਕ ਪ੍ਰਸਿੱਧ ਸ਼ਿਵ ਮੰਦਰ ਜਿਸ ਨੂੰ ਕਿਹਾ ਜਾਂਦਾ ਹੈ ਕਿ ਖੁੱਦ ਪਰਸਰਾਮ ਨੇ ਬਣਾਇਆ ਸੀ ਵਿਖੇ ਜੋਗੀਆਂ ਦਾ ਇਕੱਠ ਰਹਿੰਦਾ ਸੀ। ਗੁਰੂ ਸਾਹਿਬ ਵੀ ਓਥੇ ਪਹੁੰਚੇ। ਬੜੇ ਤਰੀਕੇ ਨਾਲ ਆਪਣਾ ਸਿਧਾਂਤ ਜੋਗੀਆਂ ਨੂੰ ਸਮਝਾ ਰਹੇ ਸਨ। ਜਦੋਂ ਵੰਡ ਕੇ ਛੱਕਣ ਦੀ ਗਲ ਆਈ ਤਾਂ ਵਿਚ ਇੱਕ ਚਲਾਕ ਜੋਗੀ ਮਹੰਤ ਨੇ ਗੁਰੂ ਸਾਹਿਬ ਦੇ ਵੰਡ ਛਕਣ ਦੇ ਸਿਧਾਂਤ ਤੇ ਸਵਾਲ ਉਠਾਇਆ ਕਿ ਅਖੇ ਇਹ ਸੰਭਵ ਨਹੀ ਹੈ ਜਿਨੂੰ ਭਗਵਾਨ ਜਿੰਨਾਂ ਦਿੰਦੇ ਹਨ ਓਹ ਹੀ ਖਾ ਸਕਦਾ ਹੈ। ਗੁਰੂ ਸਾਹਿਬ ਨੇ ਸਮਝਾਇਆ ਕਿ ਵੇਖੋ ਭਗਵਾਨ ਤਾਂ ਘੱਟ ਵੱਧ ਅਨੁਪਾਤ ਵਿਚ ਦਿੰਦੇ ਹਨ ਪਰ ਸਾਨੂੰ ਹਰ ਜੀਵ ਵਿਚ ਉਹਦਾ ਰੂਪ ਵੇਖਣਾ ਹੁੰਦਾ ਹੈ। ਅਸੀ ਉਹ ਪ੍ਰੇਮ ਨਿਭਾਉਣਾ ਹੁੰਦਾ ਹੈ। ਪਰ ਜੋਗੀ ਨੇ ਅਗੇ ਅੜਾਉਣੀ ਪਾ ਦਿੱਤੀ। ਉਸਨੇ ਤਿਲਾਂ ਦਾ ਇੱਕ ਦਾਣਾ ਗੁਰੂ ਸਾਹਿਬ ਨੂੰ ਦਿੱਤਾ ਤੇ ਕਿਹਾ ਕਿ ਠੀਕ ਹੈ ਜੇ ਤੁਸੀ ਵੰਡ ਛੱਕਣ ਤੇ ਇਨਾਂ ਹੀ ਭਰੋਸਾ ਕਰਦੇ ਹੋ ਤਾਂ ਇਹ ਤਿੱਲ

ਵੰਡ ਕੇ ਦੱਸੋ। ਗੁਰੂ ਸਾਹਿਬ ਨੇ ਮਰਦਾਨੇ ਨੂੰ ਕਹਿ ਕੇ ਕੁੰਡੇ ਡੰਡੇ ਉਹ ਤਿਲ ਬਰੀਕ ਕਰਕੇ ਉਹਦੀ ਸਕੰਝਵੀ ਬਣਾ ਕੇ ਸਾਰੇ ਬੈਠੇ ਜੋਗੀਆਂ ਨੂੰ ਵਰਤਾ ਦਿੱਤੀ। ਜੋਗੀ ਲਾਜਵਾਬ ਹੋ ਗਏ।

ਓਥੇ ਹੀ ਫਿਰ ਕਸਬਾ ਪਾਅਲਮ ਤੇ ਕੋਟਾਯਮ ਦੇ ਵਿਚਕਾਰ ਸਿੱਖ ਧਰਮਸਾਲਾ ਬਣ ਗਈ। ਇਹ ਗੁਰਦੁਆਰਾ ਤਲਗੰਜੀ ਸਾਹਿਬ ਦੇ ਨਾਂ ਨਾਲ ਪ੍ਰਸਿਧ ਹੈ। ਵਕਤ ਪਾ ਕੇ ਉਸ ਧਰਮਸਾਲਾ ਦੀ ਉਦਾਸੀ ਸਾਧਾਂ ਨੇ ਆ ਸੇਵਾ ਸੰਭਾਲੀ। ਕਰਨੀ ਰੱਬ ਦੀ 1936 ਈ ਵਿਚ ਕੇਰਲਾ ਦੇ ਕੁਝ ਲੋਕ ਜਿੰਨਾਂ ਨੂੰ ਮੰਦਰ ਅੰਦਰ ਵੜਨ ਤੋਂ ਪੁਜਾਰੀਆਂ ਨੇ ਰੋਕਿਆ ਸੀ ਉਹ ਸਿੱਖ ਬਣ ਗਏ।

---◈---

ਕੰਨਿਆ ਕੁਮਾਰੀ ਦੇ ਪੱਦਮਨਾਭਪੁਰ ਵਿਖੇ ਬਾਬਾ

ਭਾਰਤ ਦੇ ਨਕਸ਼ੇ ਦੇ ਹੇਠਾਂ ਵਲ ਝਾਤੀ ਮਾਰੋ। ਅਖੀਰ ਤੇ ਤੁਹਾਨੂੰ ਕੰਨਿਆ ਕੁਮਾਰੀ ਨਾਂ ਦੀ ਚੁੰਝ ਨਜਰ ਆਉਦੀ ਹੈ। ਇਥੋਂ 30 ਕਿ.ਮੀ. ਉੱਤਰ-ਪੱਛਮ ਵਿਚ ਇਕ ਰਾਜਧਾਨੀ ਪੱਦਮਨਾਭਪੁਰ ਸੀ । ਏਸੇ ਰਿਆਸਤ ਦਾ ਥੀਰੂਵੈਨੰਤਾਪੁਰਮ ਵਿਖੇ ਹਜ਼ਾਰਾਂ ਸਾਲ ਪੁਰਾਣਾ ਵਿਸ਼ਨੂੰ ਭਗਵਾਨ ਦਾ ਮੰਦਰ 'ਪਦਮਨਾਭਾਸਵਾਮੀ' ਹੈ। ਇਸ ਮੰਦਰ ਦਾ ਜਿਕਰ ਕਈ ਹਿੰਦੂ ਪੁਰਾਣਾਂ ਵਿਚ ਮਿਲਦਾ ਹੈ। ਦੁਨੀਆ ਦਾ ਸਭ ਤੋਂ ਅਮੀਰ ਮੰਦਰ ਹੈ ਇਹ। ਜਿੱਥੇ ਰਹੱਸਮਈ ਖਜਾਨੇ ਸਦੀਆਂ ਤੋਂ ਜਿੰਦਰਿਆਂ ਅੰਦਰ ਬੰਦ ਹਨ। (ਹਾਂ ਪਿੱਛੇ ਸੁਪਰੀਮ ਕੋਰਟ ਨੇ ਇਨਾਂ ਦਾ ਮੁਲਾਂਕਣ ਕਰਵਾਇਆ ਹੈ ਜਿਸ ਮੁਤਾਬਿਕ ਇਨਾਂ ਦੀ ਕੀਮਤ 17 ਬਿਲੀਅਨ ਅਮਰੀਕੀ ਡਾਲਰ ਬਣਦੀ ਹੈ। ਰੁਪਿਆਂ ਵਿਚ 1.2 ਲੱਖ ਕ੍ਰੋੜ) ਇਥੋਂ ਦਾ ਸਭ ਤੋਂ ਵੱਡਾ ਖਜਾਨਾ ਜਿਸ ਦੀ ਸਿੱਖ ਧਰਮ ਨਾਲ ਅਹਿਮੀਅਤ ਬਣਨ ਦੀ ਸੰਭਾਵਨਾ ਹੈ ਉਹ ਹੈ ਇਥੋ ਦਾ 'ਗਰੰਥਪੁਰਾ ਦਸਤਾਵੇਜ ਕਮਰਾ' ਜਿਸ ਵਿਚ 1425 ਈ. ਤੋਂ ਬਾਦ ਲਗਾਤਾਰ ਲਿਖੇ ਗਏ ਰੋਜਨਾਮਚੇ ਸੰਭਾਲੇ ਪਏ ਹਨ। 1867 ਈ. ਵਿਚ ਇਸ ਦੇ ਪੁਰਾਣੇ ਦਸਤਾਵੇਜ ਸਰਕਾਰ ਦੇ ਆਰਕਾਈਜ਼ ਮਹਿਕਮੇ ਕੋਲ ਜਮਾ ਹੋ ਚੁੱਕੇ ਹਨ।

ਇਥੋ ਦੇ ਰਾਜੇ ਕੋਲ ਗੁਰੂ ਸਾਹਿਬ ਦਾ ਆ ਕੇ ਰੁਕਣ ਦਾ ਜਿਕਰ ਭਾਈ ਬੰਨੋ ਵਾਲੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਬਾਹਰ ਮਿਲਦਾ ਹੈ: 'ਰਾਜੇ ਰਾਮ ਦੀ ਵਲਾਇਤ' ਵਿਚ ਗੁਰੂ ਨਾਨਕ।

ਜਨਮਸਾਖੀਆਂ ਵਿਚ ਵੀ ਗੁਰੂ ਸਾਹਿਬ ਦਾ ਇਸ ਮੰਦਰ ਵਿਚ ਆ ਕੇ ਰਹਿਣ ਦਾ ਜਿਕਰ ਮਿਲਦਾ ਹੈ। ਲਗਦਾ ਹੈ ਸੰਗਲਾਦੀਪ ਦੀ ਜਿਹੜੀ ਰਾਜੇ ਸ਼ਿਵਨਾਭ ਨਾਲ ਸਾਖੀ ਹੈ ਉਹ ਵੀ ਇਸ ਜਗਾ ਦੀ ਸਾਖੀਆਂ ਨਾਲ ਰੱਲ ਗੱਡ ਕਰ ਦਿੱਤੀ ਗਈ ਹੈ। ਸ਼ਿਵਨਾਭ ਨਾਂ ਇਸ ਸਥਾਨ ਨਾਲ ਸਬੰਧ ਰੱਖਦਾ ਲੱਗਦਾ ਹੈ। 18ਵੀ ਸਦੀ ਤੋਂ ਇਥੋਂ ਦੀ ਰਿਆਸਤ ਟਰਾਂਵਨਕੋਰ ਦੀ ਰਿਆਸਤ ਦੇ ਨਾਂ ਨਾਲ ਗਿਣੀ ਜਾਂਦੀ ਰਹੀ ਹੈ। ਅੰਗਰੇਜਾਂ ਦੇ ਰਾਜ ਵੇਲੇ ਇਹ ਰਿਆਸਤ ਅਮੀਰ ਰਿਆਸਤਾਂ ਵਿਚੋਂ ਇੱਕ ਸੀ। ਇਥੋ ਦੇ ਗੁਪਤ ਖਜਾਨੇ ਅਮਰੀਕਾ ਤੱਕ ਦੇ ਅਖਬਾਰਾਂ ਰਸਾਲਿਆਂ ਦੀਆਂ ਵੱਡੀਆਂ ਵੱਡੀਆਂ ਸੁਰਖੀਆਂ ਵਜੋਂ ਛੱਪ ਚੁੱਕੇ ਹਨ।*

ਜਿਕਰ ਮਿਲਦਾ ਹੈ ਕਿ ਇਥੋਂ ਦਾ ਰਾਜਾ (ਹੋ ਸਕਦਾ ਹੈ ਉਸ ਦਾ ਨਾਂ ਸ਼ਿਵਨਾਭ ਹੋਵੇ) ਜੋ ਉਨਾਂ ਸਮਿਆਂ ਵਿਚ ਅਧੀਨ-ਰਾਜਾ (vassal king ਬਾਜਗੁਜਾਰ) ਗੁਰੂ ਸਾਹਿਬ ਦੇ ਉਪਦੇਸ਼ ਤੋਂ ਬਹੁਤ ਪ੍ਰਭਾਵਤ ਹੋਇਆ। ਗੁਰੂ ਸਾਹਿਬ ਨੇ ਉਸ ਨੂੰ ਸਮਝਾਇਆ ਕਿ ਤੁਹਾਡੇ ਇਹ ਅਮੀਰ ਖਜਾਨੇ ਵਿਅੱਰਥ ਹਨ ਜੇ ਤੁਹਾਡੀ ਪਰਜਾ ਵਿਚ ਕੋਈ ਜੀਅ ਭੁੱਖਾ ਰਹਿ ਗਇਆ ਤਾਂ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਰਾਜੇ ਨੇ ਆਪਣੇ ਅਧੀਨ ਇਲਾਕੇ ਵਿਚ 360 ਥਾਵਾਂ ਤੇ ਮੁਫਤ ਲੰਗਰ ਦਾ ਪ੍ਰਬੰਧ ਕਰ ਦਿੱਤਾ ਜਿਥੋ ਕੋਈ ਗਰੀਬ ਗੁਰਬਾ ਬੇਸਹਾਰਾ ਢਿੱਡ ਭਰ ਸਕੇ। ਗੁਰੂ ਨਾਨਕ ਦੀ ਸਿਖਿਆ ਦਾ ਜੋ ਅਗਲਾ ਅਸਰ ਨਜਰ ਆਉਦਾ ਹੈ ਉਹ ਹੈ ਇਥੋਂ ਦੇ ਲੰਗਰਾਂ ਵਿਚ ਜਾਤ ਦਾ ਬੰਧਨ ਨਹੀ ਸੀ ਵੇਖਿਆ ਜਾਂਦਾ। ਜਿਸ ਕਾਰਨ ਉਮੀਦ ਹੈ ਕਿ ਇਨਾਂ ਦਸਤਾਵੇਜਾਂ ਵਿਚ ਗੁਰੂ ਸਾਹਿਬ ਬਾਰੇ ਜਿਕਰ ਜਰੂਰ ਹੋਵੇ।

ਕੰਨਿਆ ਕਵਾਰੀ

ਪੱਦਮਨਾਭਪੁਰ ਤੋਂ ਗੁਰੂ ਸਾਹਿਬ ਇਲਾਇਚੀ ਪਹਾੜਾਂ ਲਾਗੋਂ ਦੀ ਲੰਘ ਕੇ 40 ਕਿਲੋਮੀਟਰ ਦੂਰ ਕੰਨਿਆ ਕੁਮਾਰੀ ਪਹੁੰਚੇ ਤੇ ਮੰਦਰ ਵੇਖੇ। ਹਿੰਦੂ ਮਿਥਹਾਸ ਅਨੁਸਾਰ ਇਥੋਂ ਦੀ ਇੱਕ ਕੁੜੀ ਨੇ ਲੰਕਾ ਹਮਲੇ ਵੇਲੇ ਭਗਵਾਨ ਰਾਮ ਦੀ ਬਹੁਤ ਮਦਦ ਕੀਤੀ। ਰਾਮ ਚੰਦਰ ਨੇ ਇਨੂੰ ਭਰੋਸਾ ਦਿੱਤਾ ਸੀ ਕਿ ਜਿੱਤ ਤੋਂ ਮਗਰੋਂ ਉਹ ਰਸਮੀ ਵਿਆਹ ਓਸ ਮੁਟਿਆਰ ਨਾਲ ਕਰ ਲੈਣਗੇ। ਪਰ ਲੰਕਾ ਜਿੱਤਣ ਤੋਂ ਬਾਦ ਭਗਵਾਨ ਨੇ ਉਸ ਕੰਨਿਆ ਨਾਲ ਵਿਆਹ ਕਰਨ ਤੋਂ ਨਾਹ ਕਰ ਦਿੱਤੀ ਤੇ ਵਾਇਦਾ ਕੀਤਾ ਕਿ ਕਿਸੇ ਅਗਲੇ ਜਨਮ ਵਿਚ ਤੇਰੇ ਨਾਲ ਫੇਰੇ ਲਵਾਂਗਾ। ਉਸ ਕੁੜੀ ਨੇ ਫਿਰ ਇਸ ਵਿਯੋਗ ਵਿਚ ਆਪਣੀ ਜਾਨ ਦੇ ਦਿੱਤੀ। ਇਸ ਕਰਕੇ ਇਹ ਥਾਂ ਕਵਾਰੀ ਕੰਨਿਆ ਕਰਕੇ ਪ੍ਰਸਿਧ ਹੋਈ। ਕਈ ਲਿਖਾਰੀਆਂ ਦਾ ਕਹਿਣਾ ਹੈ ਕਿ ਕੰਨਿਆ ਵਾਲੀ ਘਟਨਾ ਕਿਸੇ ਹੋਰ ਰਾਜੇ ਨਾਲ

ਕੰਨਿਆ ਕੁਮਾਰੀ ਮੰਦਰ ਜਿਥੇ ਬੰਗਾਲ ਦੀ ਖਾੜੀ ਅਤੇ ਅਰਬ ਸਾਗਰ ਦਾ ਮੇਲ ਹੁੰਦਾ ਹੈ। ਗੁਰੂ ਸਾਹਿਬ ਦੇ ਵੇਲੇ ਵੀ ਇਹ ਥਾਂ ਮਸ਼ਹੂਰ ਸੀ।

ਪੈਰ ਸਫ਼ਾ

◈ ਸੋਚੀ:1-251 ◉ ਇਹੋ ਅੜਾਉਣੀ ਇੱਕ ਵੇਰਾਂ ਕੋਇਟਾ - ਬਲੋਚਿਸਤਾਨ ਦੇ ਜੋਗੀਆਂ ਨੇ ਪਾਈ ਸੀ। ਓਥੇ ਵੀ ਤਲਗੰਜੀ ਗੁਰਦੁਆਰਾ ਅੱਜ ਤੱਕ ਮੌਜੂਦ ਹੈ। ਓਥੋਂ ਦੀ ਸਾਖੀ ਦਸਦੀ ਹੈ ਕਿ ਕਿਸੇ ਸਿੱਖ ਦੀ ਕੋਈ ਨਿਮਾਣੀ ਜਿਹੀ ਭੇਟ ਗੁਰੂ ਸਾਹਿਬ ਨੇ ਸਾਰੀ ਸੰਗਤ ਨੂੰ ਵਰਤਾ ਕੇ ਅਜਿਹਾ ਕੌਤਕ ਕੀਤਾ ਕਿ ਹਰ ਕੋਈ ਧੰਨ ਧੰਨ ਗੁਰੂ ਨਾਨਕ ਕਹੇ।

ਗਿਆਨੀ -161 ਅਨੁਸਾਰ ਤਿਲਗੰਜੀ ਕਰਨਾਟਕ ਦੇ ਬਾਗਲਕੋਟ ਇਲਾਕੇ ਵਿਚ ਸੀ।

ਤਾਰਾ ਸਿੰਘ ਨਰੋਤਮ ਨੇ ਇਹ ਅਸਥਾਨ ਕੇਰਲ ਦੇ ਕੋਟਾਯਮ ਹੋਣਾ ਲਿਖਿਆ ਹੈ। ਕਿਰਪਾਲ ਸਿੰਘ -85 ਨੇ ਵੀ ਇਹੋ ਤਸਦੀਕ ਕੀਤਾ ਹੈ। ਇਸ ਕਰਕੇ ਅਸੀ ਇਹ ਸਾਖੀ ਤਿੰਨਾਂ ਥਾਵਾਂ ਤੇ ਦੇ ਦਿੱਤੀ ਹੈ। ਕਿਉਕਿ ਅਜਿਹੀ ਘਟਨਾ ਦੇ ਇਕ ਤੋਂ ਵੱਧ ਥਾਵਾਂ ਤੇ ਵਾਪਰਨ ਦੀ ਸੰਭਾਵਨਾ ਹੋ ਸਕਦੀ ਹੈ। ਕਿਉਕਿ ਗੁਰੂ ਸਾਹਿਬ ਵੰਡ ਛਕਣ ਦੇ ਸਿਧਾਂਤ ਨੂੰ ਪਰਪੱਕ ਕਰ ਰਹੇ ਸਨ। ਹੋਰ ਪੜਤਾਲ ਦੀ ਜਰੂਰਤ ਹੈ।

+https://en.wikipedia.org/wiki/Padmanabhaswamy_Temple_treasure
https://www.newyorker.com/magazine/2012/04/30/the-secret-of-the-temple

ਵਾਪਰੀ ਸੀ ਪਰ ਭਗਵਾਨ ਰਾਮ ਦਾ ਨਾਂ ਐਂਵੇ ਹੀ ਜੋੜ ਦਿੱਤਾ ਗਇਆ ਹੈ।

ਦੁਨੀਆ ਭਰ ਦੇ ਵਪਾਰੀ ਇਲਾਇਚੀ ਇਥੋਂ ਚੁੱਕਦੇ ਤੇ ਦਾਲਚੀਨੀ ਨਿਰੀਬੋ (ਕੋਲੰਬੋ ਨਹੀ) ਤੋਂ ਲੈਂਦੇ ਸਨ। ਉਂਜ ਦੋਵੇ ਚੀਜਾਂ ਹੋਰ ਮਸਾਲਿਆਂ ਸਮੇਤ ਕਾਲੀਕਟ ਤੋਂ ਮਿਲ ਸਕਦੇ ਸਨ। ਪਰ ਅਮੂਮਨ ਥੋਕ ਦਾ ਵਪਾਰੀ ਹਮੇਸ਼ਾਂ ਜਿਣਸ ਦੀ ਮੁੱਖ ਮੰਡੀ ਹੀ ਪਹੁੰਚਣ ਦੀ ਕੋਸ਼ਿਸ਼ ਕਰਦਾ ਹੈ। ਸੋ ਕਵਾਰੀ ਕੰਨਿਆ ਤੋਂ ਵੀ ਕਦੀ ਨਿਰੀਬੋ ਤੱਕ ਜਾਣ ਵੇਲੇ ਬੇੜੇ ਮਿਲ ਜਾਂਦੇ ਸਨ। ਪਰ ਜਦੋਂ ਗੁਰੂ ਸਾਹਿਬ ਨੇ ਜਾਣਾਂ ਸੀ ਤਾਂ ਨੇੜ ਦੇ ਦਿਨਾਂ ਵਿਚ ਕਿਸੇ ਬੇੜੇ ਦੇ ਜਾਣ ਦੀ ਸੰਭਾਵਨਾ ਨਹੀ ਸੀ।

ਥੁਥੁਕੋਡੀ– ਓਥੋਂ ਫਿਰ ਗੁਰੂ ਸਾਹਿਬ ਪਹੁੰਚੇ ਥੁਥੁਕੋਡੀ (ਟੂਟੀਕੋਰਿਨ) ਜਿਹੜਾ ਦੱਖਣ ਦੀ ਸਭ ਤੋਂ ਵੱਡੀ ਬੰਦਰਗਾਹ ਸੀ ਤੇ ਮੋਤੀਆਂ ਦੀ ਪੈਦਾਵਾਰ ਤੇ ਵਪਾਰ ਦਾ ਸਭ ਤੋਂ ਵੱਡਾ ਕੇਂਦਰ। ਇਥੇ ਵੀ ਗੁਰੂ ਸਾਹਿਬ ਨੇ ਲੋਕਾਂ ਨੂੰ ਕਾਲਪਨਿਕ ਦੇਵੀ ਦੇਵਤਿਆਂ ਦੀ ਅਸਲੀਅਤ ਬਾਰੇ ਜਾਣੂ ਕਰਾਇਆਂ ਤੇ ਸਰਬਵਿਆਪਕ ਜਿੰਦਾ ਨਿਰੰਕਾਰ ਦੇ ਚਰਨੀ ਲਾ ਕੇ ਸਤਿਨਾਮ ਸਤ ਕਰਤਾਰ ਦਾ ਨਾਮ ਜੱਪਣ ਦੀ ਸਿੱਖਿਆ ਦਿੱਤੀ। ਓਥੋਂ ਵੀ ਲੱਗਦਾ ਸਾਹਿਬ ਨੂੰ ਲੰਕਾ ਜਾਣ ਵਾਸਤੇ ਬੇੜਾ ਨਾਂ ਮਿਲਿਆ।

ਓਥੇ ਮਰਦਾਨੇ ਨੇ ਕਿਹਾ ਕਿ ਬਾਬਾ ਜੀ ਸੁਣਿਐ ਕਿ ਇਥੇ ਸਮੁੰਦਰ ਤੇ ਬੰਨ ਬਣਿਆ ਹੋਇਆ ਹੈ ਪੁਲ ਹੈ ਆਪਾਂ ਉਸ ਪੁਲ ਥਾਂਣੀ ਕਿਓ ਨਾਂ ਜਾਈਏ? ਗੁਰੂ ਸਾਹਿਬ ਨੇ ਕਿਹਾ ਕਿ ਭਾਈ ਪੁਲ ਟੁੱਟਾ ਹੋਇਆ ਹੈ। ਸਾਧਨ ਫਿਰ ਵੀ ਕਰਨਾਂ ਪਉ ਨਾਲੇ ਅਸਾਂ ਪਹਿਲਾਂ ਲੰਕਾ ਦੇ ਰਾਜੇ ਨੂੰ ਮਿਲਣਾ ਹੈ ਉਹਦੀ ਰਾਜਧਾਨੀ ਇਥੋਂ ਹੀ ਸਿੱਧੀ ਪੈਣੀ ਹੈ।

ਧਾਰਮਿਕ ਵਿਦਵਾਨਾਂ ਦੇ ਕਹਿਣ ਤੇ ਬਾਬਾ ਜੀ ਮਦੁਰਾਇ ਜਰੂਰ ਵੇਖੋ, ਸਾਹਿਬ ਨੇ ਥੁਥੁਕੋਡੀ ਤੋਂ ਰਮੇਸ਼ਵਰਮ ਜਾਣ ਦੀ ਬਿਜਾਏ ਮਦੁਰਾਇ ਪੈਦਲ ਹੀ 130 ਕਿਲੋਮੀਟਰ ਜਾਣ ਦਾ ਮਨ ਬਣਾ ਲਿਆ।

——◈——

ਮਦੁਰੈ ਵਿਚ ਤਰਾਂ ਤਰਾਂ ਦੇ ਮੰਦਰ ਵੇਖ ਬਾਬੇ ਦਾ ਵੈਰਾਗ ਛੁੱਟ ਗਿਆ

ਗੁਰੂ ਸਾਹਿਬ ਤੇ ਮਰਦਾਨਾ ਮਦੁਰੈ ਨੂੰ ਰਵਾਨਾ ਹੋ ਚੁੱਕੇ ਸਨ। ਮਦੁਰਾਇ ਦੇ ਮੰਦਰ ਵੇਖਣੇ ਸਨ। ਅੱਗੇ ਜਾ ਜਦੋਂ ਸ਼ਾਮ ਪਈ ਤਾਂ ਇੱਕ ਪਿੰਡ ਟਿਕਾਣਾ ਕਰਨਾਂ ਚਾਹਿਆ। ਪਤਾ ਲੱਗਾ ਕਿ ਮੰਦਰ ਸ਼ੇਰ ਭਗਵਾਨ ਦਾ ਹੈ। ਮਰਦਾਨੇ ਨੂੰ ਤਾਂ ਓਥੋਂ ਦੀ ਬੋਲੀ ਬਿਲਕੁਲ ਸਮਝ ਨਾਂ ਲੱਗੇ, "ਬਾਬਾ ਇਹ ਕੀ ਬੋਲਦੇ ਨੇ ਜਿਵੇ ਪੱਕੀ ਸੜਕ ਤੇ ਟਾਂਗਾ ਘੋੜਾ ਦੌੜਦੈ!" ਗੁਰੂ ਸਾਹਿਬ ਨੇ ਫਰਮਾਇਆ ਕਿ ਮਰਦਾਨਿਆ ਧਿਆਨ ਨਾਲ ਸੁਣੇਗਾ ਤਾਂ ਬਹੁਤ ਕੁਝ ਸਮਝ ਆ ਜਾਏਗਾ। ਕੁਝ ਨਾਂ ਕੁਝ ਤਾਂ ਬੋਲੀਆਂ ਵਿਚ ਮੇਲ ਹੁੰਦਾ ਹੀ ਹੈ।

ਖੈਰ ਮੰਦਰ ਵਿਚ ਜਦੋਂ ਲੋਕਾਂ ਨੂੰ ਸਮਝਾਉਣਾ ਚਾਹਿਆ ਕਿ ਇਨਾਂ ਪਸ਼ੂਆਂ ਪੰਛੀਆਂ ਦੀ ਮਾਨਤਾ ਛੱਡ ਦਿਓ ਤਾਂ ਅਗਲਿਆਂ ਬੜਾ ਗੁੱਸਾ ਕੀਤਾ। ਪੁਜਾਰੀ ਨੇ ਝੱਟ ਉਹ ਬੰਦਾ ਹਾਜਰ ਕਰ ਦਿੱਤਾ ਜਿਸ ਦੀ ਮੱਨਤ ਪੂਰੀ ਹੋਈ ਸੀ। ਕੋਈ ਜਨਾਨੀ ਆ ਗਈ ਜਿਹਦਾ ਰੋਗ ਸ਼ੇਰ ਭਗਵਾਨ ਨੇ ਕੱਟਿਆ ਸੀ। ਗੱਲਾਂ ਸੁਣ ਸੁਣ ਮਰਦਾਨਾ ਮੁਸਕਰਾਏ। ਕਿਸੇ ਤਰਾਂ ਰਾਤ ਗੁਜਾਰੀ।

ਅਗਲੇ ਦਿਨ ਫਿਰ ਰਵਾਨਾ ਹੋਏ। ਸ਼ਾਮੀ ਇੱਕ ਸ਼ਹਿਰ ਆਇਆ। ਓਥੇ ਦਾ ਵੱਡਾ ਮੰਦਰ ਅਖੇ ਜੀ ਇਹ ਮਿਨਾਕਸ਼ੀ ਅੰਮਾਂ ਮੰਦਰ ਹੈ। ਉਹ ਕੌਣ ਹੈ? ਪੁਜਾਰੀਆਂ ਨੇ ਲੰਮੀ ਕਹਾਣੀ ਦੱਸੀ ਕਿ ਰਾਜੇ ਨੇ ਮਿਨਾਕਸ਼ੀ ਦੀਆਂ ਲੱਤਾਂ ਬਾਹਵਾਂ ਵੱਢਾ ਦਿੱਤੀਆ ਸਨ ਕਿਉਕਿ ਰਾਜੇ ਨੂੰ ਸ਼ੱਕ ਸੀ ਕਿ ਮਿਨਾਕਸ਼ੀ ਡਾਕੂਆਂ ਨਾਲ ਮਿਲੀ ਹੋਈ ਹੈ। ਫਿਰ ਚਮਤਕਾਰ ਹੋਇਆ ਸੀ ਅੰਮਾਂ ਦੀ ਲੱਤਾਂ ਬਾਹਵਾਂ ਆਪੇ ਜੁੜ ਗਈਆਂ। ਤਦ ਤੋਂ ਲੋਕ ਉਸ ਦੀ ਮੰਨਤਾ ਕਰਦੇ ਹਨ ਬੜੀ ਜਾਹਰੀ ਦੇਵੀ ਹੈ।

ਏਸੇ ਤਰਾਂ ਥਾਂ ਥਾਂ ਗੁਰੂ ਸਾਹਿਬ ਨੂੰ ਲੋਕਾਂ ਦੇ ਵੱਖ ਵੱਖ ਦੇਵੀ ਦੇਵਤੇ ਦਿਸੇ। ਲੋਕੀ ਤਾਂ ਸ਼ਰਧਾ ਵਿਚ ਸਾਰੇ ਹੱਦ ਬੰਨੇ ਟੱਪਦੇ ਦੇਖੇ। ਕੋਈ ਅੰਮਾ ਨੂੰ ਖੁਸ਼ ਕਰਨ ਲਈ ਆਪਣੀ ਜੀਭ ਕਟਵਾ ਰਿਹਾ ਹੈ। ਇਥੋ ਤੱਕ ਕਿ ਕੋਈ ਉਹਦੀ ਖੁਸ਼ੀ ਹਾਸਲ ਕਰਨ ਲਈ ਆਪਣੀ ਜਾਨ ਹੀ ਦੇ ਦਿੰਦਾ ਹੈ। ਮੁਸਲਮਾਨ ਰਾਜਿਆਂ ਮਲਿਕ ਕਾਫੂਰ ਵਰਗਿਆਂ ਨੇ ਜਦੋਂ ਪੰਡਿਆਂ ਦੇ ਇਹੋ ਜਿਹੇ ਕਾਰਨਾਮੇ ਸੁਣੇ ਤਾਂ ਉਨਾਂ ਮੰਦਰ ਹੀ ਢੁਹਾ ਦਿੱਤੇ ਕਿ ਸ਼ਰਧਾ ਦੇ ਨਾਂ ਤੇ ਪੰਡੇ ਜੁਲਮ ਕਰ ਰਹੇ ਨੇ।

ਹੋਰ ਅੱਗੇ ਗਏ ਤਾਂ ਕਾਅਤੇਰੀ ਅੰਮਾਂ ਮੰਦਰ ਦਾ ਸ਼ਹਿਰ ਆਇਆ। ਕਾਅਤੇਰੀ ਕੋਈ ਭੂਤਨੀ ਆ।

ਇਕ ਪਿੰਡ ਵਿਚ ਪੇਰੀਯਾਚੀ ਅੰਮਾ ਦਾ ਮੰਦਰ ਹੈ। ਅਖੇ ਉਹ ਬੱਚਿਆਂ ਤੇ ਮਾਵਾਂ ਦੀ ਰਾਖੀ ਕਰਦੀ ਹੈ।

ਤੇ ਲਓ! ਦੋ ਪਿੰਡਾਂ ਦੀ ਸਰਹੱਦ ਤੇ ਇੱਕ ਉੱਚਾ ਪੱਥਰ ਗੱਡਿਆ ਹੁੰਦਾ ਹੈ ਜਿਵੇ ਅੱਜ ਕਲ ਮੀਲ ਪੱਥਰ ਹੁੰਦਾ ਹੈ ਤੇ ਉਨੂੰ ਤਮਿਲ ਲੋਕ 'ਇਲਾਇ ਅੰਮਾਂ' ਦੇ ਤੌਰ ਤੇ ਪੂਜਦੇ ਹਨ। ਰਾਹਗੀਰ ਉਨਾਂ ਨੂੰ ਵੀ ਪੂਜਦੇ ਹਨ।

ਰਸਤੇ 'ਚ ਇੱਕ ਥਾਂ ਇਕੱਲੇ ਬੈਠੇ ਸੋਚਦੇ ਹਨ। ਬਾਬਾ ਤੇ ਮਰਦਾਨਾ ਹੈਰਾਨ ਹਨ ਕਿਤੇ ਭੂਤ ਦਾ ਮੰਦਰ ਹੈ ਕਿਤੇ ਪ੍ਰੇਤ ਦਾ, ਕਿਤੇ ਬਾਂਦਰ ਦਾ ਕਿਤੇ ਸੱਪ ਦਾ, ਕਿਤੇ ਲੋਕ ਖੂਹ ਟੋਭਾ ਹੀ ਪੂਜਦੇ ਹਨ ਕਿਤੇ ਸਾਗਰ ਸਮੁੰਦਰ। ਲੋਕਾਂ ਦੀ ਆਸਥਾ ਪੱਥਰ ਨਿਆਈ ਪੱਕੀ ਹੈ। ਲੋਕ ਪੂਜ ਰਹੇ ਹਨ ਬੇਸੁਰਤ ਹੋਏ।

ਪੂਜਾ ਦੀਆਂ ਇਹ ਵੰਨਗੀਆਂ ਵੇਖ ਬਾਬੇ ਦਾ ਵੈਰਾਗ ਛੁੱਟਦਾ ਹੈ। "ਕੱਸ ਮਰਦਾਨਿਆਂ ਰਬਾਬ ਦੀਆਂ ਤਾਰਾਂ। ਬਾਣੀ ਆ ਰਹੀ ਹੈ":-

ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ ॥ ਸਭਨਾ ਕਾ ਦਾਤਾ ਕਰਮ ਬਿਧਾਤਾ ਦੂਖ ਬਿਸਾਰਣਹਾਰੁ ਜੀਉ ॥ ਦੂਖ ਬਿਸਾਰਣਹਾਰੁ ਸੁਆਮੀ ਕੀਤਾ ਜਾ ਕਾ ਹੋਵੈ ॥ ਕੋਟ ਕੋਟੰਤਰ ਪਾਪਾ ਕੇਰੇ ਏਕ ਘੜੀ ਮਹਿ ਖੋਵੈ ॥ ਹੰਸ ਸਿ ਹੰਸਾ ਬਗ ਸਿ ਬਗਾ ਘਟ ਘਟ ਕਰੇ ਬੀਚਾਰੁ ਜੀਉ ॥ ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ ॥੧॥ ਜਿਨ ਇੱਕ ਮਨਿ ਧਿਆਇਆ ਤਿਨ ਸੁਖੁ ਪਾਇਆ ਤੇ ਵਿਰਲੇ ਸੰਸਾਰਿ ਜੀਉ ॥ ਤਿਨ ਜਮੁ ਨੇੜਿ ਨ ਆਵੈ ਗੁਰ ਸਬਦੁ ਕਮਾਵੈ ਕਬਹੁ ਨ ਆਵਹਿ ਹਾਰਿ ਜੀਉ ॥ ਤੇ ਕਬਹੁ ਨ ਹਾਰਹਿ ਹਰਿ ਹਰਿ ਗੁਣ ਸਾਰਹਿ ਤਿਨ ਜਮੁ ਨੇੜਿ ਨ ਆਵੈ ॥ ਜੰਮਣੁ ਮਰਣੁ ਤਿਨਾ ਕਾ ਚੂਕਾ ਜੋ ਹਰਿ ਲਾਗੇ ਪਾਵੈ ॥ ਗੁਰਮਤਿ ਹਰਿ ਰਸੁ ਹਰਿ ਫਲੁ ਪਾਇਆ ਹਰਿ ਹਰਿ ਨਾਮੁ ਉਰ ਧਾਰਿ ਜੀਉ ॥ ਜਿਨ ਇੱਕ ਮਨਿ ਧਿਆਇਆ ਤਿਨ ਸੁਖੁ ਪਾਇਆ ਤੇ ਵਿਰਲੇ ਸੰਸਾਰਿ ਜੀਉ ॥੨॥ ਜਿਨਿ ਜਗਤੁ ਉਪਾਇਆ ਧੰਧੈ ਲਾਇਆ ਤਿਸੈ ਵਿਟਹੁ ਕੁਰਬਾਣੁ ਜੀਉ ॥ ਤਾ ਕੀ ਸੇਵ ਕਰੀਜੈ ਲਾਹਾ ਲੀਜੈ ਹਰਿ ਦਰਗਹ ਪਾਈਐ ਮਾਣੁ ਜੀਉ ॥ ਹਰਿ ਦਰਗਹ ਮਾਣੁ ਸੋਈ ਜਨੁ ਪਾਵੈ ਜੋ ਨਰੁ ਏਕੁ ਪਛਾਣੈ ॥ ਓਹੁ ਨਵ ਨਿਧਿ ਪਾਵੈ ਗੁਰਮਤਿ ਹਰਿ ਧਿਆਵੈ ਨਿਤ ਹਰਿ ਗੁਣ ਆਖਿ ਵਖਾਣੈ ॥ ਅਹਿਨਿਸਿ ਨਾਮੁ ਤਿਸੈ ਕਾ ਲੀਜੈ ਹਰਿ ਉਤਮੁ ਪੁਰਖੁ ਪਰਧਾਨੁ ਜੀਉ ॥ ਜਿਨਿ ਜਗਤੁ ਉਪਾਇਆ ਧੰਧੈ ਲਾਇਆ ਹਉ ਤਿਸੈ ਵਿਟਹੁ ਕੁਰਬਾਨੁ ਜੀਉ ॥੩॥ ਨਾਮੁ ਲੈਨਿ ਸਿ ਸੋਹਹਿ ਤਿਨ ਸੁਖ ਫਲ ਹੋਵਹਿ ਮਾਨਹਿ ਸੇ ਜਿਣਿ ਜਾਹਿ ਜੀਉ ॥ ਤਿਨ ਫਲ ਤੋਟਿ ਨ ਆਵੈ ਜਾ ਤਿਸੁ ਭਾਵੈ ਜੋ ਜੁਗ ਕੇਤੇ ਜਾਹਿ ਜੀਉ ॥ ਜੋ ਜੁਗ ਕੇਤੇ ਜਾਹਿ ਸੁਆਮੀ ਤਿਨ ਫਲ ਤੋਟਿ ਨ ਆਵੈ ॥ ਤਿਨ ਜਰਾ ਨ ਮਰਣਾ ਨਰਕਿ ਨ ਪਰਣਾ ਜੋ ਹਰਿ ਨਾਮੁ ਧਿਆਵੈ ॥ ਹਰਿ ਹਰਿ ਕਰਹਿ ਸਿ ਸੂਕਹਿ ਨਾਹੀ ਨਾਨਕ ਪੀੜ ਨ ਖਾਹਿ ਜੀਉ ॥ ਨਾਮੁ ਲੈਨਿ੍ ਸਿ ਸੋਹਹਿ ਤਿਨ੍ ਸੁਖ ਫਲ ਹੋਵਹਿ ਮਾਨਹਿ ਸੇ ਜਿਣਿ ਜਾਹਿ ਜੀਉ ॥੪॥ ੧॥੪॥

ਇਸ ਕਹਾਣੀ ਵਿਚ ਪਿਤਾ ਵਿਸ਼ਨੂੰ, ਧੀ ਮਿਨਾਕਸੀ ਦਾ ਹੱਥ ਸ਼ਿਵ ਨੂੰ ਫੜਾ ਰਹੇ ਨੇ। - ਮਦੁਰਾਇ ਦਾ ਮਿਨਾਕਸ਼ੀ ਮੰਦਰ। ਫਿਰ ਕੀ ਹੋਇਆ ਜੇ ਭਗਵਾਨ ਵਿਸ਼ਨੂ ਅਤੇ ਸ਼ਿਵ ਦੀ ਸ਼ਕਲ ਇਥੇ ਮਦਰਾਸੀਆਂ ਵਰਗੀ ਬਣ ਗਈ ਹੈ ਤਾਂ?

ਬਾਬਾ ਕਹਿੰਦਾ ਮਰਦਾਨਿਆ ਇਹ ਲੋਕ ਏਸੇ ਤਰਾਂ ਫਿਰ ਮਰਦੇ ਖਪਦੇ ਦੁੱਖਾਂ ਚਿੰਤਾਵਾਂ ਵਿਚ ਫਸੇ ਰਹਿੰਦੇ ਨੇ। ਇਸ ਜੀਵਨ ਬਾਬਤ ਗੰਭੀਰਤਾ ਨਾਲ ਵੀਚਾਰ ਨਹੀ ਕਰਦੇ। ਮੁਕਤੀ ਤਾਂ ਹਰੀ ਦੇ ਨਾਂਮ ਨਾਲ ਹੀ ਹੋ ਸਕਦੀ ਹੈ।

ਮਰਦਾਨਿਆ ਮੈਂ ਬਲਿਹਾਰ ਹਾਂ ਮਾਲਕ ਤੋਂ ਜਿਸ ਨੇ ਵੰਨਗੀ ਪੈਦਾ ਕੀਤੀ ਹੈ। ਵੇਖ ਨਾਂ ਹਰ 20 -25 ਮੀਲ ਤੇ ਬੋਲੀ ਦਾ ਲਹਿਜਾ ਬਦਲ ਜਾਂਦਾ ਹੈ। ਦੂਰੀਆਂ ਤੇ ਜਾਨਵਰਾਂ ਛੱਡ, ਬੰਦਿਆਂ ਵਿਚ ਵੀ ਵੰਨਗੀ ਆ ਜਾਂਦੀ ਹੈ।

ਜਦੋਂ ਗੁਰੂ ਸਾਹਿਬ ਮਦੁਰੈ ਗਏ ਓਦੋਂ ਓਥੋਂ ਦਾ ਰਾਜਾ ਚੰਦਰਸ਼ੇਖਰ ਪੰਡੀਆ ਸੀ। ਗੁਰੂ ਸਾਹਿਬ ਦਾ ਰਾਜੇ ਨਾਲ ਮੇਲ ਮਿਲਾਪ ਬਾਰੇ ਕੋਈ ਜਿਕਰ ਨਹੀ ਮਿਲਿਆ।

---◈---

ਰਾਮੇਸ਼ਵਰਮ- ਫਿਰ ਮਦੁਰੈ ਤੋਂ ਪੈਦਲ ਹੀ ਦੱਖਣ ਵਲ 100 ਕਿਲੋਮੀਟਰ ਦੂਰ ਰਾਮਾਨਾਥਪੁਰਮ (ਰਾਮਨਾਦ) ਪਹੁੰਚੇ। ਪ੍ਰਸਿਧ ਲਿਖਾਰੀ ਸੁਰਿੰਦਰ ਸਿੰਘ ਕੋਹਲੀ ਅਨੁਸਾਰ ਇਥੇ ਗੁਰੂ ਸਾਹਿਬ ਦੀ ਯਾਦ ਵਿਚ ਇੱਕ ਧਰਮਸ਼ਾਲਾ (ਮੰਦਰ) ਹੈ ਜਿਸ ਨਾਲ ਦੋ ਲੱਖ ਦੀ ਜਾਇਦਾਦ ਵੀ ਹੈ। ਇਥੇ ਜੋ ਜੋ ਕੌਤਕ ਸਾਹਿਬ ਨੇ ਕੀਤੇ ਉਨਾਂ ਦੀ ਜਾਣਕਾਰੀ ਕਿਤਾਬਾਂ ਵਿਚੋਂ ਮਿਲ ਨਹੀ ਪਾਈ।

ਰਾਮਾਨਾਥਪੁਰਮ ਤੋਂ ਕੋਈ 60 ਕਿਲੋਮੀਟਰ ਅੱਗੇ ਦੱਖਣ ਵਿਚ ਰਾਮੇਸ਼ਵਰਮ ਮੰਦਰ ਗੁਰੂ ਸਾਹਿਬ ਪਹੁੰਚੇ ਜੋ ਐਨ ਸਮੁੰਦਰ ਵਿਚਕਾਰ ਹੈ। (ਕੰਨਿਆ ਕੁਮਾਰੀ ਤੋਂ ਇਹ ਥਾਂ ਕੋਈ 300 ਕਿ.ਮੀ. ਉੱਤਰ-ਪੂਰਬ ਹੈ) ਰਾਮੇਸ਼ਵਰਮ ਦੇ ਅੱਗੇ ਨਾਲ ਹੀ ਲੰਕਾ ਹੈ। ਦਰਮਿਆਨ ਦੂਰੀ ਸਿਰਫ 40 ਕੁ ਕਿਲੋਮੀਟਰ ਹੀ ਰਹਿ ਜਾਂਦੀ ਹੈ। ਰਮੇਸ਼ਵਰਮ ਦੇ ਸਥਾਨ ਤੇ ਕੁਦਰਤੀ ਤੌਰ ਤੇ ਇੱਕ ਬੰਨ ਜਿਹਾ ਬਣਿਆ ਹੋਇਆ ਹੈ। ਕੁਝ ਲੋਕ ਇਨੂੰ ਪੁਲ ਆਦਮ (ਐਡਮਜ਼ ਬ੍ਰਿਜ) ਤੇ ਹਿੰਦੂ ਸ਼ਰਧਾਲੂ ਇਨੂੰ ਰਾਮ ਸੇਤੂ ਮੰਨਦੇ ਹਨ ਕਿਉਕਿ ਰਮਾਇਣ ਵਿਚ ਆਉਦਾ ਹੈ ਕਿ ਭਗਵਾਨ ਰਾਮ ਜਦੋਂ ਸੀਤਾ ਨੂੰ ਰਾਵਣ ਦੀ ਕੈਦ 'ਚੋਂ ਛੁਡਾਉਣ ਜਾ ਰਹੇ ਸਨ ਤਾਂ ਉਨਾਂ ਨੇ ਬਾਂਦਰਾਂ ਦੀ ਸੈਨਾ ਨਾਲ ਇਹ ਪੁਲ ਬੰਨ ਦਿੱਤਾ ਸੀ। ਪਰ ਬਦਕਿਸਮਤੀ ਨਾਲ ਇਹ ਬੰਨ ਨਾਂ ਤਾ ਪੂਰਾ ਲੰਕਾ ਨੂੰ ਛੂਹਦਾ ਹੈ ਤੇ ਨਾਂ ਹੀ ਵਿਚ ਕੋਈ ਪੂਰੀ ਖਾਲੀ ਬਚਦੀ ਹੈ। ਕਹਿਣ ਤੋਂ ਮਤਲਬ ਕੁਝ ਦੂਰੀ ਤੱਕ ਇਹ ਬੰਨ ਪਾਣੀ ਤੋਂ ਉਤੇ ਹੈ ਤੇ ਅੱਗੇ ਲੰਕਾ ਲਾਗੇ ਪਾਣੀ 'ਚ ਡੁਬਿਆ ਹੋਇਆ ਹੈ। ਜਿਸ ਕਾਰਨ ਵੱਡੇ ਜਹਾਜਾਂ ਦਾ ਇਥੋਂ ਲੰਘਣਾ ਅਸੰਭਵ ਹੋ ਜਾਂਦਾ ਹੈ। ਸੋ ਜਹਾਜਰਾਨੀ ਦੇ ਹਿਸਾਬ ਇਹ ਪੁਲ ਇੱਕ ਸਰਾਪ ਹੈ। ਪਿੱਛੇ ਜਿਹੇ 2005 ਵਿਚ ਸਰਕਾਰ ਨੇ ਇਸ ਬੰਨ ਨੂੰ 200 ਗਜ ਵੱਢ ਕੇ ਖਾਲੀ ਬਣਾਉਣੀ ਚਾਹੀ ਤਾਂ ਕਿ ਜਹਾਜ ਨਿਕਲ ਸਕਣ ਪਰ ਧਾਰਮਿਕ ਭਾਵਨਾਵਾਂ ਭਾਰੂ ਹੋ ਗਈਆਂ ਜਿਸ ਕਰਕੇ ਸਰਕਾਰ ਦੀ ਸਕੀਮ ਫੇਲ ਹੋ ਗਈ। ਦੂਸਰੇ ਪਾਸੇ ਸਿਆਣੇ ਮੁਲਕ ਸਗੋਂ ਜਰੂਰਤ ਪੈਣ ਤੇ ਸੈਕੜੇ ਮੀਲ ਖੁਸ਼ਕ ਜਮੀਨ ਵਿਚ ਵੀ ਜਹਾਜਾਂ ਲਈ ਨਹਿਰਾਂ ਪੁੱਟ ਦਿੰਦੇ ਹਨ। ਖੁਦ ਸੁਏਜ ਕਨਾਲ 193 ਕਿਲੋਮੀਟਰ ਲੰਮੀ ਹੈ।

ਨਕਸ਼ੇ ਵਿਚ ਵੇਖੋ ਰਾਮਾਨਾਥਪੁਰਮ ਸਵਾਮੀ ਮੰਦਰ ਜਾਂ ਰਾਮੇਸ਼ਵਰਮ ਐਨ ਸਮੁੰਦਰ ਦੇ ਵਿਚਕਾਰ ਨਜਰ ਆਉਦਾ ਹੈ। ਇਹ ਹਿੰਦੂ ਧਰਮ ਦੇ 12 ਜੋਤੀ ਲਿੰਗ ਮੰਦਰਾਂ ਵਿਚੋਂ ਇੱਕ ਹੈ। ਇਥੋਂ ਦੇ ਪੰਡਿਆਂ ਦਾ ਕਹਿਣਾ ਹੈ ਕਿ ਭਗਵਾਨ ਰਾਮ ਨੇ ਆਪ ਇਸ ਲਿੰਗ ਦੀ ਪੂਜਾ ਕੀਤੀ ਸੀ ਤੇ ਰਾਵਣ ਨਾਲ ਕੀਤੇ ਯੁੱਧ ਲਈ ਮਾਫੀ ਮੰਗੀ ਸੀ, ਕਿਉਕਿ ਰਾਵਣ ਖੁੱਦ ਵੀ ਮੰਨਿਆ ਹੋਇਆ ਬ੍ਰਾਹਮਣ ਸੀ। ਮਰਦਾਨੇ ਨੇ ਗੁਰੂ ਸਾਹਿਬ ਕੋਲੋਂ ਇਹ ਸਾਰੀ ਕਹਾਣੀ ਜਦੋਂ ਸਮਝਣੀ ਚਾਹੀ ਤਾਂ ਨਾਲ ਲੱਗਦੇ ਹੋਰ ਹਜਾਰਾਂ ਲੋਕਾਂ ਤੱਕ ਗੁਰੂ ਸਾਹਿਬ ਨੇ ਰਮਾਇਣ ਦੇ ਮਿਥ ਦਾ ਪਾਜ ਉਜਾਗਰ ਕੀਤਾ। ਸ਼ੁਰੂ ਵਿਚ ਪੰਡਿਆਂ ਨੇ ਗੁਰੂ ਸਾਹਿਬ ਨਾਲ ਰੁੱਖਾ ਵਰਤਾ ਕੀਤਾ ਫਿਰ ਜਦੋਂ ਗੁਰੂ ਸਾਹਿਬ ਨੇ ਸਮਝਾਇਆ ਕਿ ਆਪਣੇ ਆਪ ਨੂੰ ਸੁਧਾਰੋ, ਪਾਖੰਡ ਛੱਡੋ ਨਹੀ ਤਾਂ ਲੋਕੀ ਤਾਂ ਛੱਡੋ ਖੁਦ ਤੁਹਾਨੂੰ ਵੀ ਅਗਲਿਆਂ ਈਸਾਈ ਜਾਂ ਮੁਸਲਮਾਨ ਬਣਾ ਦੇਣਾ ਹੈ। ਇਥੇ ਵੀ ਮਿੱਠੇ ਪਾਣੀ ਦੀ ਥੁੜ ਸੀ। ਗੁਰੂ ਸਾਹਿਬ ਨੇ ਇੱਕ ਖਾਸ ਥਾਂ ਤੇ ਖੂਹ ਪੁਟਣ ਦਾ ਹੁਕਮ ਕੀਤਾ ਜਿਥੋਂ ਮਿੱਠਾ ਪਾਣੀ ਨਿਕਲਿਆ। ਉਹ ਖੂਹ ਅੱਜ ਤੱਕ ਮੌਜੂਦ ਹੈ ਤੇ ਉਹ ਥੜਾ ਜਿੱਥੇ ਗੁਰੂ ਸਾਹਿਬ ਬਿਰਾਜੇ। ਰਮੇਸ਼ਵਰਮ ਵਿਖੇ ਗੁਰੂ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਵੀ ਮੌਜੂਦ ਹੈ।

---◈---

"ਤੇ ਫਿਰ ਕੀ ਸੂਰਜ, ਚੰਦਰਮਾ ਤੇ ਹੋਰ ਗ੍ਰਿਹਾਂ ਤੇ ਕਿਹੜਾ ਰੱਬ ਹੈ?"– ਸਾਧੂਆਂ ਨੇ ਪੁਛਿਆ◉

ਜਦੋਂ ਗੁਰੂ ਸਾਹਿਬ ਵਖਿਆਨ ਕਰ ਰਹੇ ਸਨ ਕਿ "ਦੂਜਾ ਕਉਨੁ ਕਹਾ ਨਹੀ ਕੋਈ ॥ ਸਭ ਮਹਿ ਏਕੁ ਨਿਰੰਜਨੁ ਸੋਈ ॥" ਸਿਰਫ ਇਕੋ ਹੀ ਨਿਰੰਕਾਰ ਵਾਲੀ ਗਲ ਸੁਣ ਕੇ ਸਾਧੂ ਸੰਤ ਹੈਰਾਨ ਸਨ। ਇਹ ਕਿਵੇ ਹੋ ਸਕਦਾ ਹੈ? ਆਹ ਸਰੀਰ, ਆਹ ਕੁੱਤਾ, ਆਹ ਬਿੱਲਾ, ਆਹ ਰੁੱਖ ਦਰੱਖਤ, ਕਿੰਨੀ ਹੀ ਵੰਨਗੀ ਹੈ? ਇਹ ਇੱਕ ਕਿਵੇ ਹੋ ਗਏ। ਗੁਰੂ ਸਾਹਿਬ ਨੇ ਸਮਝਾਇਆ ਇਹ ਸਭ ਏਕੇ ਦਾ ਹੀ ਰੂਪ ਹੈ, ਏਕੇ ਦਾ ਹੀ ਪਸਾਰਾ ਹੈ। ਉਸ ਏਕੇ ਦੀ ਹੀ ਉਤਪਤੀ ਹੈ।

ਵਿਚੋਂ ਕੁਝ ਸਾਧੂ ਹੱਸ ਪਏ। ਲਓ ਭਈ ਆਹ ਸਭ ਕੁਝ ਰੱਬ ਹੀ ਹੈ: ਕੁੱਤਾ- ਬਿਲਾ, ਗੰਦ- ਮੰਦ, ਸੂਰ ਸਿਆਰ? ਗੁਰੂ ਸਾਹਿਬ ਨੇ ਸਮਝਾਇਆ ਕਿ ਹਾਂ ਇਹ ਸਭ ਰੱਬ ਦੀ ਹੀ ਰਚਨਾ ਹੈ। ਜੀਵ ਦਾ ਸੁਚੇਤ ਮਨ-ਚਿਤ ਉਹ ਈਸ਼ਵਰ ਆਪ ਹੀ ਹੈ ਜਿਸ ਤੇ ਹਉਮੈ ਦਾ ਰੰਗ ਚੜਿਆ ਹੈ।

ਨਿਰੰਕਾਰ ਨੇ ਸਭ ਸ੍ਰਿਸਟੀ ਸਾਜੀ ਹੈ: ਇਹ ਮਾਇਆ ਮੈਟਰ (matter), ਸਭ ਕੁਝ, ਜੋ ਕੁਝ ਵੀ ਸਾਨੂੰ ਦਿਸ ਰਿਹਾ ਹੈ। ਹਉਮੈ ਭਾਵ ਕਾਮ ਕ੍ਰੋਧ ਲੋਭ ਮੋਹ ਹੰਕਾਰ ਨੇ ਇਸ ਮਾਇਆ ਰੂਪੀ ਸੰਸਾਰ ਨੂੰ ਨਿਰੰਕਾਰ ਤੋਂ ਵੱਖ ਕਰ ਰੱਖਿਆ ਹੈ। ਫਿਰ ਇਸ ਹਉਮੈ ਕਰਕੇ ਹੀ ਜੀਵ ਦੁੱਖ ਪਾਉਦਾ ਹੈ; ਚਿੰਤਾ ਆਦਿ।

ਫਿਰ ਸਾਧੂਆਂ ਪੁੱਛਿਆ ਕਿ ਤੁਹਾਨੂੰ ਦੂਜਾ ਕੁਝ ਵੀ ਨਜਰ ਆਉਦਾ

ਪੈਰ ਸਫਾ

◉ ਜਨਮਸਾਖੀਆਂ ਵਿਚ ਇਥੇ ਮੱਛ ਦੀ ਸਵਾਰੀ ਦਾ ਵੀ ਜਿਕਰ ਕੀਤਾ ਹੈ। ਵੇਖੋ ਭਾਈ ਮਨੀ ਸਿੰਘ ਪੰਨਾ- 451

ਗੁਰੂ ਨਾਨਕ ਧਾਮ ਰਮੇਸ਼ਵਰਮ

ਹੈ? ਗੁਰੂ ਸਾਹਿਬ ਨੇ ਕਿਹਾ ਨਹੀ ਭਾਈ ਮੈਨੂੰ ਹਰ ਜੀਅ ਵਸਤੂ ਵਿਚ ਕਰਤੇ ਦੀ ਕਾਰ ਨਜਰ ਆ ਰਹੀ ਹੈ।

ਕਿ ਹਿੰਦੂ ਦਾ ਰੱਬ ਵੀ ਓਹੋ ਤੇ ਮੁਸਲਮਾਨਾਂ, ਈਸਾਈਆਂ, ਬੋਧੀਆਂ, ਜੈਨੀਆਂ ਸਭ ਦਾ ਰੱਬ ਇਕੋ? ਸਾਹਿਬ ਨੇ ਕਿਹਾ ਹਾਂ ਭਈ ਹਾਂ। ਇਹ ਹਿੰਦੂ ਇਹ ਮੁਸਲਮਾਨ - ਰਾਹ ਦੋ ਹਨ ਜੇ ਅਨੇਕਾਂ ਹੋ ਸਕਦੇ ਹਨ ਪਰ ਨਿਸ਼ਾਨਾ ਇੱਕ ਹੈ।

ਫਿਰ ਬਾਬੇ ਨੇ ਮਰਦਾਨੇ ਨੂੰ ਸੁਚੇਤ ਕੀਤਾ ਤੇ ਸ਼ਬਦ ਗਾਵਿਆ:-

ਦੂਜੀ ਮਾਇਆ ਜਗਤ ਚਿਤ ਵਾਸੁ ॥ ਕਾਮ ਕ੍ਰੋਧ ਅਹੰਕਾਰ ਬਿਨਾਸੁ ॥੧॥ ਦੂਜਾ ਕਉਨੁ ਕਹਾ ਨਹੀ ਕੋਈ ॥ ਸਭ ਮਹਿ ਏਕੁ ਨਿਰੰਜਨੁ ਸੋਈ ॥੧॥ ਰਹਾਉ ॥ ਦੂਜੀ ਦੁਰਮਤਿ ਆਖੈ ਦੋਇ ॥ ਆਵੈ ਜਾਇ ਮਰਿ ਦੂਜਾ ਹੋਇ ॥੨॥ ਧਰਣਿ ਗਗਨ ਨਹ ਦੇਖਉ ਦੋਇ ॥ ਨਾਰੀ ਪੁਰਖ ਸਬਾਈ ਲੋਇ ॥੩॥ ਰਵਿ ਸਸਿ ਦੇਖਉ ਦੀਪਕ ਉਜਿਆਲਾ ॥ ਸਰਬ ਨਿਰੰਤਰਿ ਪ੍ਰੀਤਮੁ ਬਾਲਾ ॥੪॥ ਕਰਿ ਕਿਰਪਾ ਮੇਰਾ ਚਿਤੁ ਲਾਇਆ ॥ ਸਤਿਗੁਰਿ ਮੋ ਕਉ ਏਕੁ ਬੁਝਾਇਆ ॥੫॥ ਏਕੁ ਨਿਰੰਜਨੁ ਗੁਰਮੁਖਿ ਜਾਤਾ ॥ ਦੂਜਾ ਮਾਰਿ ਸਬਦਿ ਪਛਾਤਾ ॥੬॥ ਏਕੋ ਹੁਕਮੁ ਵਰਤੈ ਸਭ ਲੋਈ ॥ ਏਕਸੁ ਤੇ ਸਭ ਓਪਤਿ ਹੋਈ ॥੭॥ ਰਾਹ ਦੋਵੈ ਖਸਮੁ ਏਕੋ ਜਾਣੁ ॥ ਗੁਰ ਕੈ ਸਬਦਿ ਹੁਕਮੁ ਪਛਾਣੁ ॥੮॥ ਸਗਲ ਰੂਪ ਵਰਨ ਮਨ ਮਾਹੀ ॥ ਕਹੁ ਨਾਨਕ ਏਕੋ ਸਾਲਾਹੀ ॥

ਫਿਰ ਸਾਧੂਆਂ ਸਵਾਲ ਕਰ ਦਿੱਤਾ ਕਿ ਠੀਕ ਹੈ ਆਹ ਸਭ ਓਸੇ ਇੱਕ ਦੀ ਰਚਨਾ ਹੈ ਪਰ ਓਹ ਚੰਦ ਉਹ ਸੂਰਜ ਕੌਣ ਹਨ? ਸਾਹਿਬ ਨੇ ਸਮਝਾਇਆ ਕਿ ਨਿਰੇ ਸੂਰਜ ਚੰਦਰਮਾ ਹੀ ਨਹੀ ਬੇਅੰਤ ਗ੍ਰਿਹ ਸਭ ਓਸੇ ਦੀ ਹੀ ਰਚਨਾ ਹੈ। ਨਾ ਤਦਿ ਮਾਇਆ ਮਗਨੁ ਨ ਛਾਇਆ ਨਾ ਸੂਰਜ ਚੰਦ ਨ ਜੋਤਿ ਅਪਾਰ ॥ ਸਰਬ ਦ੍ਰਿਸਟਿ ਲੋਚਨ ਅਭ ਅੰਤਰਿ ਏਕਾ ਨਦਰਿ ਸੁ ਤ੍ਰਿਭਵਣ ਸਾਰ ॥

ਇਥੋਂ ਦੇ ਕੁਝ ਪੰਡਿਆਂ ਨੇ ਫਿਰ ਸਿੱਖੀ ਗ੍ਰਿਹਣ ਕੀਤੀ ਤੇ ਗੁਰੂ ਸਾਹਿਬ ਦੇ ਚਰਨਾਂ ਦੇ ਨਿਸ਼ਾਨ (ਚਰਨ ਪਾਦੁਕਾ) ਹਾਸਲ ਕੀਤੀ। ਪੰਜਾਬ ਤੋਂ ਦੂਰੀ ਹੋਣ ਕਰਕੇ ਫਿਰ ਇਥੇ ਸਿੱਖੀ ਪ੍ਰਫੁਲਤ ਨਾਂ ਹੋ ਸਕੀ। ਵਕਤ ਪਾ ਕੇ ਚਰਨ- ਪਾਦੁਕਾ ਧਰਮਸ਼ਾਲਾ ਫਿਰ ਉਦਾਸੀਆ ਦੇ ਕਬਜੇ ਵਿਚ ਗਈ। ਸੁਣਿਐ ਹੈ ਅੱਜ ਓਥੇ ਗੁਰਦੁਆਰਾ ਸਾਹਿਬ ਉਦਾਸੀ ਮੱਠ ਮੌਜੂਦ ਹੈ ਜਿਸਦੀ 1992 ਵਿਚ ਕਾਰ ਸੇਵਾ ਹੋਈ ਸੀ। ਇਸ ਇਲਾਕੇ ਵਿਚ ਪੈਰ ਪੈਰ ਤੇ ਮੰਦਰ ਹੈ।

ਇਥੋਂ ਗੁਰੂ ਸਾਹਿਬ ਨੇ ਨੇਗੀਭੋ ਬੰਦਰਗਾਹ ਜੋ ਰਾਜਾ ਸ਼ਿਵਨਾਭ ਦੀ ਰਾਜਧਾਨੀ ਕੋਟੇ (ਕੋਲੰਬੋ) ਦੇ ਲਾਗੇ ਸੀ ਜਾਣਾ ਸੀ ਪਰ ਬੇੜਾ ਅਜੇ ਵੀ ਜਾਣ ਲਈ ਕੋਈ ਤਿਆਰ ਨਹੀ ਸੀ। ਬਾਬੇ ਨੇ ਇਲਾਕਾ ਸਾਰਾ ਗਾਹ ਹੀ ਲਿਆ ਸੀ। ਮਰਦਾਨਾ ਆਪਣੀਆਂ ਸਲਾਹਾਂ ਦਈ ਜਾਏ। ਗੁਰੂ ਸਾਹਿਬ ਨੇ ਕਿਹਾ ਮਰਦਾਨਿਆਂ ਅੱਖਾਂ ਮੀਟ ਤੇ ਜਪ ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਗੁਰਪ੍ਰਸਾਦਿ॥ ਇਹ ਜਾਪ ਕਰਦੇ ਕਰਦੇ ਫਿਰ ਮਰਦਾਨੇ ਨੇ ਅੱਖਾਂ ਖੋਲੀਆਂ ਇਧਰ ਉਧਰ ਸਮੁੰਦਰ ਵਿਚ ਝਾਕਿਆ ਤਾਂ ਡੱਬਣਾ ਸ਼ੁਰੂ ਹੋ ਗਿਆ। ਦੁਹਾਈ ਦਿੱਤੀ "ਬਾਬਾ ਮੈਨੂੰ ਬਚਾ ਲੈ।" ਗੁਰੂ ਸਾਹਿਬ ਨੇ ਫਿਰ ਬਾਹੋਂ ਫੜ੍ਹ ਉਪਦੇਸ ਦਿੱਤਾ ਭਈ ਉਸ ਨਿਰੰਕਾਰ ਦਾ ਨਾਮ ਜਪੋ ਜੋ ਸਾਰੀ ਲੋਕਾਈ ਸਾਰੇ ਸਮੁੰਦਰਾਂ ਧਰਤੀਆਂ ਨੂੰ ਸਾਜਣ ਵਾਲਾ ਹੈ। ਫਿਰ ਮੂਲ ਪਾਠ ਸ਼ੁਰੂ ਹੋ ਗਇਆ ਤੇ ਬਾਬਾ ਪਹੁੰਚ ਗਇਆ ਕੋਟੇ ਸ਼ਹਿਰ।

—▲—

ਪੈੜ ਸਫਾ

ਕੀ ਤੁਹਾਨੂੰ ਪਤਾ ਹੈ ਗੁਰੂ ਨਾਨਕ/ਗੁਰੂ ਅੰਗਦ ਦੀ ਗੁਰਮੁੱਖੀ ਨੂੰ ਬਦਲਣ ਲਈ ਅੱਜ ਚੁੱਪ ਚੁੱਪੀਤੇ ਕੋਸ਼ਿਸ਼ਾਂ ਹੋ ਰਹੀਆਂ ਨੇ ?

ਮੋਬਾਈਲ ਅਤੇ ਕੰਪਿਊਟਰ ਤੇ ਟਾਈਪ ਕਰਨ ਦੇ ਜੋ ਸਾਫਟਵੇਅਰ ਪਾਏ ਜਾ ਰਹੇ ਹਨ ਉਨਾਂ ਵਿੱਚ ਗੁਰਮੁੱਖੀ ਨੂੰ ਦੇਵਨਾਗਰੀ ਦੇ ਤੌਰ ਤੇ ਪੇਸ਼ ਕੀਤਾ ਹੈ। ੳ ਅ ੲ ਸ ਹ ਦੀ ਮੁਹਾਰਨੀ ਦੀ ਥਾਂ ਤੇ ਕਾਅ ਖਾਅ ਗਾਅ ਆ ਗਇਆ ਹੈ। ਯੂਨੀਕੋਡ ਫੋਂਟ ਦਾ ਜੋ ਸੌਫਟਵੇਅਰ ਬਣਾਇਆ ਗਇਆ ਹੈ ਉਹ ਸਿੱਧਾ ਸਿੱਧਾ ਦੇਵਨਾਗਰੀ ਵਾਲਾ ਹੀ ਗੁਰਮੁੱਖੀ ਤੇ ਲਾਇਆ ਗਇਆ ਹੈ। ਯਾਦ ਰਹੇ ਗੁਰਮੁੱਖੀ ਦੀ ਸਿਫਤ ਹੈ ਅਸੀ ਜਦੋਂ ਮੁਹਾਰਨੀ ਬੋਲਦੇ ਹਾਂ ਕੱਕਾ, ਖੱਖਾ, ਗੱਗਾ ਕਹਿੰਦੇ ਹਾਂ ਤੇ ਦੇਵਨਾਗਰੀ ਵਾਲੇ ਕਾਅ ਖਾਅ ਗਾਅ ਬੋਲਦੇ ਨੇ। ਦੇਵਨਾਗਰੀ ਦੇ ਸ਼ਬਦਾਂ ਵਿੱਚ 'ੲ' ਮੁਕਤਾ ਆ ਸਕਦੀ ਹੈ ਪਰ ਗੁਰਮੁਖੀ ਵਿੱਚ ਨਹੀ ਹੈ। ਏਸੇ ਤਰਾਂ ਪੰਜਾਬੀ ਅੱਖਰਾਂ ਵਿੱਚ ਓ ਮੁਕਤਾ ਨਹੀ ਹੋ ਸਕਦਾ ਪਰ ਦੇਵਨਾਗਰੀ ਵਿੱਚ ਹੁੰਦਾ ਹੈ। ਅਸੀ 'ਅ' ਲਿਖ ਕੇ ਬਾਦ ਵਿੱਚ 'ਾ' ਕੰਨਾ ਜਾਂ ਾ ਲਾਵਾਂ ਲਾਉਦੇ ਹਾਂ ਪਰ ਦੇਵਨਾਗਰੀ ਵਿੱਚ ਇਕੱਠਾ ਹੈ। ਆਰ ਐਸ ਐਸ ਨੇ ਸ਼ੈਤਾਨੀ ਕਰਕੇ ਜੋ ਯੂਨੀਕੋਡ ਫੋਂਟ ਬਣਵਾਇਆ ਹੈ ਉਸ ਵਿੱਚ ਗੁਰਮੁਖੀ ਨੂੰ ਦੇਵਨਾਗਰੀ ਹੀ ਬਣਾ ਦਿੱਤਾ ਗਇਆ ਹੈ ਸਿਰਫ ਅੱਖਰਾਂ ਦਾ ਸਰੂਪ ਗੁਰਮੁੱਖੀ ਹੈ। ਇਸ ਦਾ ਨਤੀਜਾ ਪੰਜਾਬੀ ਵਾਸਤੇ ਬਹੁਤ ਘਾਤਕ ਨਿਕਲ ਰਿਹਾ ਹੈ। ਮਿਸਾਲ ਦੇ ਤੌਰ ਤੇ ਹੁਣ ਇੰਟਰਨੈਟ ਦਾ ਜਮਾਨਾ ਹੈ ਜਿਸ ਦੀ ਮਾਂ ਬੋਲੀ ਅੰਗਰੇਜੀ ਹੈ। ਕੰਪਿਊਟਰ ਫਿਰ ਲੋੜ ਅਨੁਸਾਰ ਅੰਗਰੇਜੀ ਨੂੰ ਗ੍ਰਾਹਕ ਦੀ ਬੋਲੀ ਵਿੱਚ ਬਦਲ ਦਿੰਦਾ ਹੈ। ਜਦੋਂ ਫਿਰ ਅੰਗਰੇਜੀ ਵਿੱਚ ਲਿਖੇ ਨਾਵਾਂ ਨੂੰ ਪੰਜਾਬੀ ਵਿੱਚ ਬਦਲਿਆ ਜਾਂਦਾ ਹੈ ਤਾਂ ਗੁਰਮੁਖੀ ਲਿਪੀ ਦਾ ਜਲੂਸ ਨਿਕਲ ਜਾਂਦਾ ਹੈ। ਕਿਉਕਿ ਕੰਪਿਊਟਰ ਵਿੱਚ ਗੁਰਮੁਖੀ ਨੂੰ ਦੇਵਨਾਗਰੀ ਦਾ ਹੀ ਇਕ ਫੋਂਟ ਮੰਨ ਲਿਆ ਗਇਆ ਹੈ। ਕਿਉਕਿ ਯੂਨੀਕੋਡ ਵਿੱਚ ਗੁਰਮੁਖੀ ਨੂੰ ਦੇਵਨਾਗਰੀ ਹੀ ਬਣਾ ਦਿੱਤਾ ਗਇਆ ਹੈ ਜਿਸ ਦਾ ਨਤੀਜਾ ਵੇਖੋ ਕੀ ਨਿਕਲਦਾ ਹੈ। ਕਿਉਕਿ ਅਧਿਕ (ੱ) ਹਿੰਦੀ ਵਿੱਚ ਨਹੀ ਹੈ ਤੇ ਉਥੇ ਅੱਖਰ ਹੀ ਦੋ ਦੇ ਦਿੱਤੇ ਜਾਂਦੇ ਹਨ। ਫਿਰ ਦੇਵਨਾਗਰੀ ਦੀ 'ੲ' ਮੁਕਤਾ ਵੀ ਹੋ ਸਕਦੀ ਹੈ।

25 ਸਫੇ ਦੀ ਬਾਕੀ ਪੈੜ

ਜਦੋਂ ਤੁਸੀ ਗੂਗਲ ਨਕਸ਼ਾ ਪੰਜਾਬੀ ਵਿੱਚ ਵਰਤਦੇ ਹੋ ਤਾਂ ਪੰਜਾਬੀ ਵਿੱਚ ਸ਼ਹਿਰਾਂ ਦੇ ਨਾਂ ਦਾ ਮਖੌਲ ਜਿਹਾ ਬਣ ਜਾਂਦਾ ਹੈ। ਮਿਸਾਲ ਦੇ ਤੌਰ ਗੁਜਰਾਤ ਦੇ ਕੁਝ ਸ਼ਹਿਰ ਵੇਖੋ: ਸ਼ਹਿਰ ਦਾ ਨਾਂ ਹੈ Tulsishyam ਗੂਗਲ ਜਦੋਂ ਉਨੂੰ ਪੰਜਾਬੀ ਵਿੱਚ ਕੰਨਵਰਟ ਕਰਦਾ ਹੈ ਤਾਂ ਨਾਂ ਬਣ ਜਾਂਦਾ ਹੈ: ਤੁਲ੍ਸਿਸ਼ਯਮ (ਯ ਇਸ ਵਿੱਚ ਵੀ ਅੱਧਾ ਪਾਇਆ ਹੋਇਆ ਹੈ) ਹੋਰ ਵੇਖੋ Junagarh ਨੂੰ ਜਦੋਂ ਪੰਜਾਬੀ ਬਣਾ ਦਿੰਦਾ ਹੈ :- ਜੂਨਾਗਧ । ਕਿਉਕਿ ਦੇਵਨਾਗਰੀ ਵਿੱਚ ੜ ਅੱਖਰ ਹੈ ਨਹੀ। Vallabhipur (ਵੱਲਭੀਪੁਰ) ਦਾ ਬਣ ਜਾਂਦਾ ਹੈ ਵਲਲ੍ਭਿਪੁਰ। Limbdi (ਲਿੰਬੜੀ) ਦਾ ਬਣ ਜਾਂਦਾ ਹੈ ਲਿਮ੍ਬ੍ਦੀ।

ਹੁਣ ਯੂ.ਪੀ ਦੇ ਕੁਝ ਇਕ ਸ਼ਹਿਰਾਂ ਦੇ ਨਾਵਾਂ ਦਾ ਵੇਖੋ ਕੀ ਬਣਦਾ ਹੈ:-

ਬੁਲੰਦਸ਼ਹਿਰ -ਬੁਲਾਨ੍ਦ੍ਸ਼ਾਹਰ, ਅਲੀਗੜ੍ਹ - ਅਲੀਗਢ (ਢ ਦੇ ਪੈਰੀ ਬਿੰਦੀ ਵੀ ਪਈ ਹੋਈ ਹੈ) ਜੱਤਾਰੀ - ਜੜ੍ਤਾਰੀ। ਕੋਟਦਵਾਰ -ਕੋਤ੍ਦਵਾਰ (ਇਥੇ ਵ ਵੀ ਅੱਧਾ ਪਿਆ ਹੋਇਆ ਹੈ) ਹਾਕਰਦਵਾਰਾ -ਥਾਕੁਰਦਵਾਰਾ (ਇਥੇ ਵ ਵੀ ਅੱਧਾ ਪਿਆ ਹੋਇਆ ਹੈ) ਤਲੱਈਆ - ਤਲ੍ਇਈਯਾ। (ਯਾਦ ਰਹੇ ਪੰਜਾਬੀ ਵਿੱਚ ੲ ਮੁਕਤਾ ਹੋ ਹੀ ਨਹੀ ਸਕਦੀ)

ਹੋਰ ਵੇਖੋ ਭਾਈ ਕਾਨ ਸਿੰਘ ਨਾਭਾ ਦੇ ਮਹਾਨ ਕੋਸ਼ ਦੀ ਵੈਬਸਾਈਟ ਤੇ ਜੋ ਮੁਹਾਰਨੀ ਦਿੱਤੀ ਗਈ ਹੈ। ਇਹ ਵੈਬਸਾਈਟ ਵੀ ਫਿਰਕਾਪ੍ਰਸਤਾਂ ਨੇ ਬਣਵਾਈ ਹੈ ਕੁਝ ਵਿਕਾਊ ਪੰਜਾਬੀ ਵਿਦਵਾਨਾਂ ਨੂੰ ਖਰੀਦ ਕੇ। ਵੇਖੋ ੳ ਅ ੲ ਸ ਹ ਦਾ ਕਰ ਦਿੱਤਾ ਗਇਆ ਅ ਆ ਇ ਈ ਉ ਊ।

ਸੋ ਗੁਰਮੁਖੀ ਨੂੰ ਦੇਵਨਾਗਰੀ ਬਣਾਉਣ ਦੀਆਂ ਕੋਸ਼ਸ਼ਾਂ ਇੱਢੇ ਵੱਡੇ ਪੱਧਰ ਤੇ ਹੋਰ ਰਹੀਆਂ ਹਨ। ਜੋ ਸਰਾਸਰ ਕੱਟੜਵਾਦ ਅਤੇ ਪੰਜਾਬੀ ਸਭਿਆਚਾਰ ਤੇ ਹਮਲਾ ਹੈ ਜਿਸ ਦੀ ਅਸੀ ਸਖਤ ਖੰਡਨਾਂ ਕਰਦੇ ਹਾਂ। ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਨੂੰ ਇਸ ਗੱਲ ਦਾ ਨੋਟਿਸ ਲੈ ਕੇ ਪੰਜਾਬੀ ਦਾ ਸੁਤੰਤਰ ਯੂਨੀਕੋਡ ਫੋਂਟ ਤਿਆਰ ਕਰਨਾਂ ਚਾਹੀਦਾ ਹੈ ਜਿਵੇ ਤਮਿਲ, ਤੈਲਗੂ, ਆਦਿ ਦੇ ਹਨ।

ਦੂਸਰੀ ਉਦਾਸੀ ਭਾਗ–2

ਸਿੰਗਲਾਦੀਪ 'ਚ ਜਾ ਗਰਜਿਆ ਸਿੰਘ

ਕੋਟੇ ਦੇ ਬਾਗ ਵਿਚ ਜਾ ਉਤਰੇ– ਰਮੇਸ਼ਵਰਮ ਤੋਂ ਜਦੋਂ ਕੋਈ ਬੇੜਾ ਨਾਂ ਮਿਲਿਆ ਤਾਂ ਜਨਮ ਸਾਖੀਆਂ 'ਚ ਆਉਦਾ ਹੈ ਕਿ ਫਿਰ ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਲੈ ਸਤਿਨਾਮ ਸਤਿ ਕਰਤਾਰ ਦਾ ਨਾਂ, ਮੀਟ ਅੱਖਾਂ। ਜਿਵੇ ਗੁਰੂ ਸਾਹਿਬ ਕਿਹਾ ਸੀ ਮਰਦਾਨੇ ਨੇ ਇਸ ਤਰਾਂ ਕੀਤਾ। ਵਿੱਚ ਮਰਦਾਨਾ ਨਿਰੰਕਾਰ ਦਾ

ਕਿਲੇ ਦੇ ਬਾਹਰ ਜਦੋਂ ਉਜੜੇ ਹੋਏ ਬਾਗ ਵਿਚ ਬਹਾਰ ਆਈ ਤਾਂ ਮਾਲੀ ਸ਼ਰਨ ਵਿਚ ਆਇਆ।(ਬੀ:40 ਤਸਵੀਰ)

ਧਿਆਨ ਛੱਡ ਕੇ ਆਪਣੇ ਸੁਫਨੇ ਲੈਣ ਲੱਗਾ ਤੇ ਡੁੱਬਣਾ ਸ਼ੁਰੂ ਹੋਇਆ। ਦੁਹਾਈ ਦਿੱਤੀ, "ਬਾਬਾ ਮੈਂ ਡੁੱਬਾ।" ਗੁਰੂ ਸਾਹਿਬ ਨੇ ਉਨੂੰ ਫਿਰ ਸੁਚੇਤ ਕੀਤਾ ਕਿ ਵਾਹਿਗੁਰੂ ਵਾਹਿਗੁਰੂ ਜੱਪ। ਮਰਦਾਨਾ ਫਿਰ ਮੰਜਲ ਤੇ ਸੀ।

ਪਲਾਂ ਵਿੱਚ ਹੀ ਸਾਹਿਬ ਤੇ ਮਰਦਾਨਾ ਸਿੰਘਲਾਦੀਪ ਦੀ ਰਾਜਧਾਨੀ ਕੋਟੇ ਵਿੱਚ ਸਨ (ਅੱਜ ਦੇ ਕੋਲੰਬੋ ਦੇ ਐਨ ਨਾਲ ਹੀ ਸ਼ਹਿਰ ਸੀ) ਖੜੇ ਸਨ। ਲੰਕਾ ਜਾਂ ਸਿੰਘਲਾਦੀਪ ਦਾ ਨਾਂ ਭਾਰਤ ਦਾ ਬੱਚਾ ਬੱਚਾ ਜਾਣਦਾ ਹੈ। ਉਹ ਲੰਕਾ ਜਿਥੋਂ ਦਾ ਰਾਜਾ ਰਾਵਣ ਭਗਵਾਨ ਰਾਮ ਦੀ ਪਤਨੀ ਸੀਤਾ ਨੂੰ ਕੱਢ ਕੇ ਲੈ ਗਇਆ ਸੀ। ਬਾਦ ਵਿੱਚ ਰਾਮ ਤੇ ਰਾਵਣ ਦਾ ਯੁੱਧ ਹੁੰਦਾ ਹੈ। ਦਸਾਂ ਸਿਰਾਂ ਵਾਲਾ ਰਾਵਣ ਮਾਰਿਆ ਜਾਂਦਾ ਹੈ। ਰਾਵਣ ਦੇ ਮਰਨ ਦੇ ਦਿਨ ਤੇ ਹਿੰਦੂ ਦੁਸਹਿਰਾ ਸਾੜਦੇ ਹਨ। ਲੰਕਾ ਤੋਂ ਅਯੁਧਿਆ ਵਾਪਸ ਪਰਤਣ ਵਾਲੇ ਦਿਨ ਤੇ ਲੋਕ ਦੀਵਾਲੀ ਮਨਾਉਦੇ ਹਨ।

ਮਰਦਾਨੇ ਨੇ ਜਦੋਂ ਉਥੋਂ ਦੇ ਵਸਨੀਕ ਵੇਖੇ ਤਾਂ ਡਰ ਗਿਆ। ਕਹਿਣ ਲੱਗਾ ਬਾਬਾ ਜੀ ਇਹ ਤਾਂ ਰਾਖਸ ਦਿਸਦੇ ਨੇ। ਗੁਰੂ ਸਾਹਿਬ ਨੇ ਮਰਦਾਨੇ ਨੂੰ ਹੌਸਲਾ ਦਿੱਤਾ ਕਿ ਇਥੇ ਕੋਈ ਨਹੀ ਤੈਨੂੰ ਖਾਏਗਾ।

ਸਾਹਿਬ ਸ੍ਰੀ ਜੈਵਰਧਨਾਪੁਰੇ ਕੋਟੇ ਕਿਲੇ ਲਾਗੇ ਪਹੁੰਚ ਹੋਏ ਸਨ। ਜਿੱਥੇ ਅੱਜ ਕੋਲੰਬੋ ਹੈ ਲੱਗਪਗ ਇਥੇ ਹੀ ਕੋਟੇ (ਕਿਲਾ) ਸੀ।◈ ਜਿਹਦੇ ਖੰਡਰ ਅੱਜ ਵੀ ਮੌਜੂਦ ਨੇ। ਇਹ ਜਲ ਦੁਰਗ ਸੀ। ਗੁਰੂ ਸਾਹਿਬ ਨੇ ਕਿਲੇ ਦੇ ਦਰਵਾਜੇ ਦੇ ਬਾਹਰਵਾਰ ਸੜ੍ਹਕ ਲਾਗੇ ਇੱਕ ਖੰਡਰ ਪਈ ਹਵੇਲੀ ਜਿਹੀ ਖੁੱਲੀ ਥਾਂ ਤੇ ਡੇਰਾ ਜਮਾ ਲਿਆ। ਬਾਬੇ ਦੀ ਉੱਚੀ ਸੁਰ ਤੇ ਮਰਦਾਨੇ ਦੀ ਰਬਾਬ ਹਰ ਆਉਦੇ ਜਾਂਦੇ ਦਾ ਧਿਆਨ ਖਿੱਚ ਰਹੀ ਸੀ। ਉਸ ਉਜੜੀ ਹੋਈ ਹਵੇਲੀ ਵਿਚ ਇਸ ਚਹਿਲ ਪਹਿਲ ਕਾਰਨ ਮਾਨੋ ਜਾਨ ਆ ਗਈ।

ਕਿਲੇਦਾਰ ਨੂੰ ਜਿਵੇ ਪਤਾ ਲੱਗਾ ਕਿ ਦੋ ਸਾਧੂ ਕਿਲੇ ਲਾਗੇ ਆ ਬੈਠੇ ਹਨ ਤਾਂ ਉਸ ਨੇ ਤੁਰੰਤ ਸੂਹੀਆਂ ਨੂੰ ਭੇਜਿਆ ਕਿ ਪਤਾ ਕਰੋ ਕਿਤੇ ਕੋਈ ਕਿਲੇ ਦੀ ਸੂਹ ਲੈਣ ਲਈ ਦੁਸ਼ਮਣ ਦੇ ਬੰਦੇ ਤਾਂ ਨਹੀ ਆ ਬੈਠੇ। ਸੂਹੀਆਂ ਨੂੰ ਗੁਰੂ ਸਾਹਿਬ ਨੇ ਦੱਸਿਆ ਕਿ ਅਸੀ ਦੂਰ ਦੇਸ਼ ਲਹੌਰ ਤੋਂ ਆਏ ਹਾਂ। ਗੁਰੂ ਸਾਹਿਬ ਨੇ ਕਿਲੇਦਾਰ ਨੂੰ ਦੱਸਿਆ ਕਿ ਲਹੌਰ ਦਾ ਹੀ ਇੱਕ ਵਪਾਰੀ ਨਾਂ: ਮਨਸੁੱਖ ਇਥੇ ਅਕਸਰ ਆਉਦਾ ਜਾਂਦਾ ਰਹਿੰਦਾ ਹੈ ਤੇ ਬਾਦਸ਼ਾਹ ਨੇ ਉਸ ਰਾਂਹੀ ਸਾਨੂੰ ਮਿਲਣ ਲਈ ਸੱਦਿਆ ਹੈ।

ਕਿਲੇਦਾਰ ਨੇ ਸੁਨੇਹਾ ਬਾਦਸ਼ਾਹ ਤੱਕ ਪਹੁੰਚਾਇਆ। ਬਾਦਸ਼ਾਹ ਨੇ ਹੁਕਮ ਕਰਕੇ ਗੁਰੂ ਸਾਹਿਬ ਹੁਰਾਂ ਨੂੰ ਕਿਲੇ ਅੰਦਰ ਸੱਦ ਲਿਆ ਤੇ ਮਹਿਲਾਂ ਦੇ ਬਾਹਰ ਮਹਿਮਾਨਾਂ ਲਈ ਬਣੀ ਥਾਂ ਤੇ ਸਾਹਿਬ ਦਾ ਟਿਕਾਣਾ ਕਰਵਾ ਦਿੱਤਾ। ਬਾਦਸ਼ਾਹ ਬੋਧੀ ਭਿਕਸ਼ੂਆਂ, ਬ੍ਰਾਹਮਣਾਂ ਤੇ ਜੋਗੀ ਸਾਧੂਆਂ ਦੇ ਕਿਰਦਾਰ ਤੋਂ ਵਾਕਫ ਸੀ। ਉਸ ਨੇ ਝੱਟ ਸੁੰਦਰੀਆਂ (ਵਿਸ਼ ਕੰਨਿਆਵਾਂ) ਨੂੰ ਹੁਕਮ ਕਰ ਦਿੱਤਾ ਕਿ ਜਾ ਕੇ ਸਾਧੂਆਂ ਦੀ ਆਉ ਭਗਤ ਕਰੋ ਮਤਲਬ ਸਾਧੂਆਂ ਦੀ ਪ੍ਰੀਖਿਆਂ ਲਵੋ ਕਿ ਕਾਮ ਵਾਸ਼ਨਾ ਤੇ ਆ ਕੇ

ਪੈੜ ਸਫ਼ਾ

◉ ਕੋਟੇ ਭਾਵ ਕਿਲਾ । ਲੰਕਾ ਵਿੱਚ ਇੱਕ ਹੀ ਕੋਟੇ ਮਸ਼ਹੂਰ ਹੈ ਤੇ ਉਹ ਹੈ ਜੈਵਰਧਨੇਪੁਰਾ ਕੋਟੇ। ਕਲੰਬੋ ਦੇ ਨਾਲ ਹੀ 9 ਕਿ. ਮੀ ਦੱਖਣ ਪੂਰਬ। ਅੱਜ ਕਲ੍ਹ ਤਾਂ ਕਲੰਬੋ ਦੇ ਵਿਚ ਹੀ ਆ ਚੁੱਕਾ ਹੈ।

◈ ਗਿਆਨੀ- 165 ਨੇ ਲਿਖਿਆ ਹੈ ਕਿ ਗੁਰੂ ਸਾਹਿਬ ਦਾ ਰਾਜਾ ਸ਼ਿਵਨਾਭ ਨਾਲ ਮੇਲ ਉਹਦੇ ਸ਼ਹਿਰ (ਰਾਜਧਾਨੀ) ਮੱਟੀਆਕਲਮ (ਬੈਟੀਕਲੋਆ) ਵਿਖੇ ਹੋਇਆ ਸੀ। ਜਦੋਂ ਕਿ ਇਤਹਾਸ ਦੱਸਦਾ ਹੈ ਕਿ 16 ਸਦੀ ਦੇ ਸ਼ੁਰੂ ਵਿੱਚ ਪਰਾਕਰਾਮਾਬਾਹੂ ਰਾਜਿਆ ਦੀ ਰਾਜਧਾਨੀ ਕੋਟੇ ਜੈਵਰਧਨਪੁਰਾ ਹੀ ਸੀ। ਇਹ ਗਲ ਵੀ ਕਿਸੇ ਸੂਰਤ ਵਿੱਚ ਨਹੀ ਮੰਨੀ ਜਾ ਸਕਦੀ ਕਿ ਰਾਜਾ ਨੇ ਆਰਜੀ ਤੌਰ ਤੇ ਰਾਜਧਾਨੀ ਬੈਟੀਕਲੋਆ ਬਣਾਈ ਹੋਈ ਸੀ। ਨਾਲੇ ਰਾਜੇ ਦੇ ਮਹਿਲਾਂ ਤੇ ਬਾਕੀ ਸਾਰੇ ਆਲੇ ਫਾਲੇ ਦਾ ਜਿਕਰ ਹੈ। ਕਿਲ੍ਹੇ ਦਾ ਵੀ ਜਿਕਰ ਹੈ। ਉਹ ਸਿਰਫ ਕੋਟੇ ਹੀ ਹੋ ਸਕਦਾ ਹੈ। ਅਮਨ ਅਮਾਨ ਦੇ ਦਿਨਾਂ ਵਿੱਚ ਰਾਜਾ ਰਾਜਧਾਨੀ ਤੋਂ ਗੈਰ ਹਾਜਰ ਨਹੀ ਹੋ ਸਕਦਾ ਸੀ ਕਿਉਕਿ ਨੇੜੇ ਹੀ ਪੁਰਤਗਾਲੀਆਂ ਨੇ 1505 ਵਿੱਚ ਆ ਡੇਰਾ ਜਮਾ ਲਿਆ ਸੀ। ਨਾਲੇ ਮੁਖ ਮਸਲਾ ਦਾਲਚੀਨੀ ਤੇ ਕਾਲੀ ਮਿਰਚ ਦੇ ਵਪਾਰ ਦਾ ਸੀ ਤੇ ਉਹਦਾ ਕੇਂਦਰ ਕੋਟੇ ਜਾਂ ਕੋਟੇ ਲਾਗੇ ਹੀ ਸੀ। ਇਹ ਵੀ ਸਬੂਤ ਮਿਲਦੇ ਹਨ ਕਿ ਰਾਜਾ ਖੁਦ ਵੀ ਉਹ ਵਪਾਰ ਕਰਦਾ ਸੀ।

ਬਹੁਤੇ ਇਤਹਾਸਕਾਰਾਂ ਨੇ ਗੁਰੂ ਸਾਹਿਬ ਦਾ ਲੰਕਾ ਦੀ ਉਦਾਸੀ ਜਾਫਨਾ ਵਾਲੇ ਪਾਸਿਓ ਸ਼ੁਰੂ ਕਰਨ ਦਾ ਲਿਖਿਆ ਹੈ। ਪਰ ਯਾਦ ਰਹੇ ਗੁਰੂ ਸਾਹਿਬ ਪ੍ਰਚਾਰ ਰਾਜਨੀਤਕ ਕੇਂਦਰ ਜਾਂ ਧਾਰਮਿਕ ਕੇਂਦਰ ਤੋਂ ਸ਼ੁਰੂ ਕਰਦੇ ਸਨ। ਨਾਲੇ ਇਥੇ ਤਾਂ ਪਹਿਲਾ ਨਿਸ਼ਾਨਾ ਰਾਜਾ ਸ਼ਿਵਨਾਭ ਸੀ ਜਿਸ ਬਾਬਤ ਮਨਸੁਖ ਬਾਣੀਏ ਨੇ ਸੁਨੇਹਾ ਦਿੱਤਾ ਸੀ। ਮਤਲਬ ਕਿ ਜਦੋਂ ਗੁਰੂ ਸਾਹਿਬ ਨੇ ਇਲਾਕੇ ਦੀ ਵੱਡੀ ਬੰਦਰਗਾਹ ਤੋਂ ਬੇੜਾ ਫੜਨਾ ਹੀ ਸੀ ਤਾਂ ਉਹ ਕੋਲੰਬੋ ਨੂੰ ਜਾਣ ਵਾਸਤੇ ਸਾਰੀ ਲੰਕਾ ਦਾ ਪਹਿਲਾਂ ਚੱਕਰ ਕਿਓ ਕੱਟਣਗੇ। ਸੋ ਥੁਥੀਕੁਡੀ ਤੋਂ ਗੁਰੂ ਸਾਹਿਬ ਨੇ ਸਿੱਧਾ ਕੋਟੇ ਦਾ ਬੇੜਾ ਫੜਿਆ ਸੀ। ਜਿੱਥੇ ਲਾਗੇ ਹੀ ਦਾਲਚੀਨੀ ਦਾ ਕੇਂਦਰ ਸੀ ਤੇ ਵੱਡੀ ਬੰਦਰਗਾਹ ਨੇਗੀਬੋ ਸੀ।

ਸਿੰਘਲਾਦੀਪ ਦੀ ਉਦਾਸੀ ਬਾਬਤ ਬੀ-40 ਜਨਮਸਾਖੀ ਵਧੇਰੇ ਸਾਰਥਕ ਹੈ। ਬਾਕੀਆਂ ਨੇ ਮਨਘੜ੍ਹਤ ਗੱਲਾਂ ਕੁਝ ਜਿਆਦਾ ਹੀ ਜੋੜੀਆਂ ਨੇ।

ਰਾਜੇ ਆਪਣੇ ਮਹਿਮਾਨਾਂ ਦੀ ਆਓ ਭਗਤ ਲਈ ਅਮੂਮਨ ਮਹਿਲਾਂ ਵਿਚ ਸੁੰਦਰੀਆਂ ਰੱਖਦੇ ਸਨ। ਇਹ ਮੁਟਿਆਰਾਂ ਸੂਹੀਏ ਦਾ ਕੰਮ ਵੀ ਕਰਦੀਆਂ ਸਨ। (ਬੀ:40 ਤਸਵੀਰ)

ਡਿਗਦੇ ਹਨ ਕਿ ਨਹੀ।

ਸੁੰਦਰੀਆਂ ਵਧੀਆ ਵਧੀਆ ਪਕਵਾਨ ਤੇ ਫਲ ਮੇਵੇ ਲੈ ਕੇ ਹਾਜਰ ਹੋਈਆਂ ਤੇ ਲੱਗੀਆਂ ਗੁਰੂ ਸਾਹਿਬ ਤੇ ਮਰਦਾਨੇ ਦੇ ਚਰਨ ਦਬਾਉਣ। ਗੁਰੂ ਸਾਹਿਬ ਨੇ ਅਜਿਹਾ ਕਰਨ ਤੋਂ ਮਨ੍ਹਾ ਕਰ ਦਿੱਤਾ ਕਿ ਸਾਨੂੰ ਕੋਈ ਥਕਾਵਟ ਨਹੀ ਹੈ। ਜਿਵੇ ਉਨਾਂ ਨੂੰ ਸਿਖਿਆ ਮਿਲੀ ਹੋਈ ਸੀ ਲੱਗੀਆਂ ਹੋਰ ਚੋਹਲ ਮੋਹਲ ਕਰਨ। ਓਥੇ ਫਿਰ ਗੁਰੂ ਸਾਹਿਬ ਨੂੰ ਵੈਰਾਗ ਛੁੱਟਾ ਤੇ ਸ਼ਬਦ ਰਚਿਆ:-

ਜਗੁ ਕਊਆ ਨਾਮੁ ਨਹੀ ਚੀਤਿ ॥ ਨਾਮੁ ਬਿਸਾਰਿ ਗਿਰੈ ਦੇਖੁ ਭੀਤਿ ॥ ਮਨੂਆ ਡੋਲੈ ਚੀਤਿ ਅਨੀਤਿ ॥ ਜਗ ਸਿਉ ਤੂਟੀ ਝੂਠ ਪਰੀਤਿ ॥੧॥ ਕਾਮੁ ਕ੍ਰੋਧੁ ਬਿਖੁ ਬਜਰੁ ਭਾਰੁ ॥ ਨਾਮ ਬਿਨਾ ਕੈਸੇ ਗੁਨ ਚਾਰੁ ॥੧॥ ਰਹਾਉ ॥ ਘਰੁ ਬਾਲੂ ਕਾ ਘੂਮਨ ਘੇਰਿ ॥ ਬਰਖਸਿ ਬਾਣੀ ਬੁਦਬੁਦਾ ਹੋਰਿ ॥ ਮਾਤ੍ਰ ਬੂੰਦ ਤੇ ਧਰਿ ਚਕੁ ਫੇਰਿ ॥ ਸਰਬ ਜੋਤਿ ਨਾਮੈ ਕੀ ਚੇਰਿ ॥੨॥ ਸਰਬ ਉਪਾਇ ਗੁਰੂ ਸਿਰਿ ਮੋਰੁ ॥ ਭਗਤਿ ਕਰਉ ਪਗ ਲਾਗਉ ਤੋਰ ॥ ਨਾਮਿ ਰਤੋ ਚਾਹਉ ਤੁਝ ਓਰੁ ॥ ਨਾਮੁ ਦੁਰਾਇ ਚਲੈ ਸੋ ਚੋਰੁ ॥੩॥ ਪਤਿ ਖੋਈ ਬਿਖੁ ਅੰਚਲਿ ਪਾਇ ॥ ਸਾਚ ਨਾਮਿ ਰਤੋ ਪਤਿ ਸਿਉ ਘਰਿ ਜਾਇ ॥ ਜੋ ਕਿਛੁ ਕੀਨ੍ਸਿ ਪ੍ਰਭੁ ਰਜਾਇ ॥ ਭੈ ਮਾਨੈ ਨਿਰਭਉ ਮੇਰੀ ਮਾਇ ॥੪॥ ਕਾਮਨਿ ਚਾਹੈ ਸੁੰਦਰਿ ਭੋਗੁ ॥ ਪਾਨ ਫੂਲ ਮੀਠੇ ਰਸ ਰੋਗ ॥ ਖੀਲੈ ਬਿਗਸੈ ਤੇਤੋ ਸੋਗ ॥ ਪ੍ਰਭ ਸਰਣਾਗਤਿ ਕੀਨ੍ਸਿ ਹੋਗ ॥੫॥ ਕਾਪੜ ਪਹਿਰਸਿ ਅਧਿਕੁ ਸੀਗਾਰੁ ॥ ਮਾਟੀ ਫੂਲੀ ਰੂਪੁ ਬਿਕਾਰੁ ॥ ਆਸਾ ਮਨਸਾ ਬਾਂਧੋ ਬਾਰੁ ॥ ਨਾਮ ਬਿਨਾ ਸੂਨਾ ਘਰੁ ਬਾਰੁ ॥੬॥ ਗਾਛਹੁ ਪੁਤ੍ਰੀ ਰਾਜ ਕੁਆਰਿ ॥ ਨਾਮੁ ਭਜਹੁ ਸਚੁ ਦੋਤੁ ਸਵਾਰਿ ॥ ਪ੍ਰਿਉ ਸੇਵਹੁ ਪ੍ਰਭ ਪ੍ਰੇਮ ਅਧਾਰਿ ॥ ਗੁਰ ਸਬਦੀ ਬਿਖੁ ਤਿਆਸ ਨਿਵਾਰਿ ॥੭॥ ਮੋਹਨਿ ਮੋਹਿ ਲੀਆ ਮਨੁ ਮੋਹਿ ॥ ਗੁਰ ਕੈ ਸਬਦਿ ਪਛਾਨਾ ਤੋਹਿ ॥ ਨਾਨਕ ਠਾਢੇ ਚਾਹਹਿ ਪ੍ਰਭੂ ਦੁਆਰਿ ॥ ਤੇਰੇ ਨਾਮਿ ਸੰਤੋਖੇ ਕਿਰਪਾ ਧਾਰਿ ॥੮

ਸੁੰਦਰੀਆਂ (ਵਿਸ-ਕੰਨਿਆਵਾਂ) ਦੇ ਵੀ ਇੱਕ ਤਰਾਂ ਨਾਲ ਦਿਲ ਦੇ ਕਿਵਾੜ ਖੁੱਲ ਗਏ। ਕਹਿਣ ਲੱਗੀਆਂ ਤੁਸੀ ਜਗਤ ਨੂੰ ਤਾਰ ਰਹੇ ਹੋ ਸਾਡੇ ਤੇ ਵੀ ਕਿਰਪਾ ਕਰੋ। ਓਥੇ ਫਿਰ ਗੁਰੂ ਸਾਹਿਬ ਨੇ ਸ਼ਬਦ ਰਚਿਆ:

ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ ॥ ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥੧॥ ਲਾਲ ਬਹੁ ਗੁਣਿ ਕਾਮਣਿ ਮੋਹੀ ॥ ਤੇਰੇ ਗੁਣ ਹੋਹਿ ਨ ਅਵਰੀ ॥੧॥ ਰਹਾਉ ॥ ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ ॥ ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ ॥੨॥ ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ ॥ ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ ॥੩॥ ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥ ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥੪॥੧॥੩੫॥

ਵਿਸ-ਕੰਨਿਆਵਾਂ ਨੇ ਝੱਟ ਜਾ ਕੇ ਰਾਜੇ ਨੂੰ ਖਬਰ ਦਿੱਤੀ ਕਿ ਇਹ ਸਾਧੂ ਕੁਝ ਵੱਖਰਾ ਹੈ। ਕਾਮ ਵਾਸ਼ਨਾ ਇਹਨੂੰ ਡੇਗ ਨਹੀ ਸਕੀ। ਸਬਰ ਸੰਤੋਖ ਵਿੱਚ ਹੈ। ਮੁੱਖ ਤੇ ਲਾਲੀ ਹੈ। ਦਰਸ਼ਨ ਕਰਦਿਆਂ ਹੀ ਭੁੱਖ ਲਹਿੰਦੀ ਹੈ। ਮਨ ਨੂੰ ਸਕੂਨ ਜਿਹਾ ਆ ਜਾਂਦਾ ਹੈ।

ਇਹ ਸੁਣ ਰਾਜੇ ਨੂੰ ਫਿਰ ਥੋੜਾ ਧਿਆਨ ਆਉਣਾ ਸ਼ੁਰੂ ਹੋਇਆ ਕਿ ਹਾਂ ਇੱਕ ਆਇਆ ਸੀ ਵਪਾਰੀ ਲਹੌਰ ਤੋਂ, ਜਿਸ ਤੇ ਸ਼ੱਕ ਹੋ ਗਇਆ ਸੀ ਕਿ ਉਹ ਕੋਈ ਸੂਹੀਆ ਹੈ ਕਿਉਕਿ ਨਾਂ ਤਾਂ ਉਹਨੂੰ ਬੋਧੀ ਰਸਮਾਂ ਦਾ ਪਤਾ ਸੀ, ਨਾਂ ਹੀ ਮੁਸਲਮਾਨਾਂ ਦਾ ਤੇ ਉਹ ਹਿੰਦੂ ਰਸਮਾਂ ਤੇ ਕਰਮ ਕਾਂਡ ਵੀ ਨਹੀ ਸੀ ਕਰਦਾ। ਉਹ ਨਾਂ ਕਿਸੇ ਦੇਵੀ ਜਾਂ ਦੇਵਤਾ ਨੂੰ ਮੰਨਦਾ ਸੀ। ਓਦੋਂ ਮਨਸੁੱਖ ਨੇ ਰਾਜੇ ਦੀ ਤਸੱਲੀ ਕਰਾਈ ਸੀ ਕਿ ਅਸੀ ਨਿਰਾਕਾਰ ਪ੍ਰਭੂ ਨੂੰ ਮੰਨਦੇ ਹਾਂ ਜੋ ਘੱਟ ਘਟ ਵਿੱਚ ਬਿਰਾਜਮਾਨ ਹੈ ਜੋ ਸਦਾ ਚੇਤੰਨ ਹੈ ਤੇ ਜੰਮਦਾ ਮਰਦਾ ਨਹੀ। ਉਹਦੀ ਮੂਰਤੀ ਬਣਾਉਣਾ ਵੀ ਗੁਨਾਹ ਹੈ ਕਿਉਕਿ ਉਹ ਤਾਂ ਹਰ ਹਿਰਦੇ ਵਿੱਚ ਹੈ। ਓਦੋਂ ਮਨਸੁਖ ਨੇ ਗੁਰੂ ਸਾਹਿਬ ਦਾ ਸ਼ਬਦ ਤੇ ਉਹਦਾ ਉਲਥਾ ਬਾਦਸ਼ਾਹ ਨੂੰ ਸੁਣਾਇਆ ਸੀ। ਬਾਦਸ਼ਾਹ ਨੂੰ ਫਿਰ ਸਾਰੀ ਗਲ ਯਾਦ ਆ ਗਈ ਕਿ ਮਨਸੁਖ ਨੇ ਕਿਹਾ ਸੀ ਕਿ ਜੇ ਤੁਸੀ ਗੁਰੂ ਨਾਨਕ ਨੂੰ ਮਿਲਣ ਦੀ ਚਾਹ ਦਿਲੋਂ ਰੱਖਦੇ ਹੋ ਤਾਂ ਇੱਕ ਦਿਨ ਉਹ ਖੁਦ ਆ ਕੇ ਤੁਹਾਨੂੰ ਮਿਲੇਗਾ।

ਫਿਰ ਵੀ ਬਾਦਸ਼ਾਹ ਤੇ ਗੁਰੂ ਸਾਹਿਬ ਦਾ ਜਦੋਂ ਮੇਲ ਹੋਇਆ ਤਾਂ ਉਸ ਸੁਭਾਵਕ ਸਵਾਲ ਪੁੱਛੇ ਕਿ ਤੁਸੀ ਕਿਹੜੇ ਇਲਾਕੇ ਦੇ ਹੋ? ਤੁਸੀ ਬੋਧੀ ਹੋ, ਹਿੰਦੂ ਹੋ ਕਿ ਮੁਸਲਮਾਨ ਹੋ? ਕੀ ਤੁਸੀ ਬ੍ਰਾਹਮਣ ਹੋ, ਜੋਗੀ ਸਨਿਆਸੀ ਕੀ ਹੋ? ਓਥੇ ਸਾਹਿਬ ਨੇ ਫਿਰ ਸ਼ਬਦ ਕਹਿਆ:-

ਜੋਗੀ ਜੁਗਤਿ ਨਾਮੁ ਨਿਰਮਾਇਲੁ ਤਾ ਕੈ ਮੈਲੁ ਨ ਰਾਤੀ ॥ ਪ੍ਰੀਤਮ ਨਾਥੁ ਸਦਾ ਸਚੁ ਸੰਗੇ ਜਨਮ ਮਰਣ ਗਤਿ ਬੀਤੀ ॥੧॥ ਗੁਸਾਈ ਤੇਰਾ ਕਹਾ ਨਾਮੁ ਕੈਸੇ ਜਾਤੀ ॥ ਜਾ ਤਉ ਭੀਤਰਿ ਮਹਲਿ ਬੁਲਾਵਹਿ ਪੂਛਉ ਬਾਤ ਨਿਰੰਤੀ ॥੧॥ ਰਹਾਉ ॥ ਬ੍ਰਹਮਣੁ ਬ੍ਰਹਮ ਗਿਆਨ ਇਸਨਾਨੀ ਹਰਿ ਗੁਣ ਪੂਜੇ ਪਾਤੀ ॥ ਏਕੋ ਨਾਮੁ ਏਕੁ ਨਾਰਾਇਣੁ ਤ੍ਰਿਭਵਣ ਏਕਾ ਜੋਤੀ ॥੨॥ ਜਿਹਵਾ ਡੰਡੀ ਇਹੁ ਘਟੁ ਛਾਬਾ ਤੋਲਉ ਨਾਮੁ ਅਜਾਚੀ ॥ ਏਕੋ ਹਾਟੁ ਸਾਹੁ ਸਭਨਾ ਸਿਰਿ ਵਣਜਾਰੇ ਇਕ ਭਾਤੀ ॥੩॥ ਦੇਵੈ ਸਿਰੇ ਸਤਿਗੁਰੂ ਨਿਬੇੜੇ ਸੋ ਬੂਝੈ ਜਿਸੁ ਏਕ ਲਿਵ ਲਾਗੀ ਜੀਅਹੁ ਰਹੈ ਨਿਭਰਾਤੀ ॥ ਸਬਦੁ ਵਸਾਏ ਭਰਮੁ ਚੁਕਾਏ ਸਦਾ ਸੇਵਕੁ ਦਿਨੁ ਰਾਤੀ ॥੪॥ ਊਪਰਿ ਗਗਨੁ ਗਗਨ ਪਰਿ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ ॥ ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕ ਭਇਆ ਉਦਾਸੀ ॥੫॥੧੧॥

ਕਿਹਾ ਹਾਂ ਮੈਂ ਜੋਗੀ ਹਾਂ ਜਿਹਦੀ ਸ਼ਬਦ ਰਾਂਹੀ ਸਦਾ ਰੱਬ ਨਾਲ ਲਿਵ ਲੱਗੀ ਰਹਿੰਦੀ ਹੈ। ਹਾਂ ਮੈਂ ਬ੍ਰਹਾਮਣ ਵੀ ਹਾਂ ਜਿਹੜਾ ਗਿਆਨ ਹਾਸਲ ਕਰਕੇ ਹਮੇਸ਼ਾਂ ਪ੍ਰਭੂ ਦੇ ਗੁਣ ਗਾਉਦਾ ਰਹਿੰਦਾ ਹੈ। ਹਾਂ ਮੈਂ ਹਟਵਾਣੀਆ ਹਾਂ, ਵਪਾਰੀ ਹਾਂ, ਜਿਹੜਾ ਸਦਾ ਹਰੀ ਦਾ ਨਾਮ ਤੋਲਦਾ ਰਹਿੰਦਾ। ਹਾਂ ਮੈਂ ਗੋਰਖ-ਪੰਥੀ ਵੀ ਹਾਂ ਪਰ ਉਹ ਉਦਾਸੀ ਸਿੱਧ ਜਿਹੜਾ ਨਿਰੰਕਾਰ ਨੂੰ ਨਿਰਾ ਅੰਦਰ ਹੀ ਨਹੀ ਵੇਖਦਾ। ਮੇਰਾ ਨਿਰੰਕਾਰ ਅੰਦਰ ਬਾਹਰ ਸਭ ਥਾਂਈ ਹੈ।

ਕਿਹਾ ਜਾਂਦਾ ਹੈ ਕਿ ਫਿਰ ਰਾਜਾ ਆਪਣੀ ਤਸੱਲੀ ਕਰਨ ਉਪਰੰਤ ਸਾਹਿਬ ਦੇ ਚਰਨਾਂ ਤੇ ਢਹਿ ਪਿਆ ਤੇ ਕਹਿਣ ਲੱਗਾ ਕਿ ਮੈਨੂੰ ਕੁਝ ਹੁਕਮ ਕਰੋ। ਗੁਰੂ ਸਾਹਿਬ ਨੇ ਕਿਹਾ ਕਿ ਰਾਜਾ ਸੰਗਤ ਕਰਿਆ ਕਰੋ, ਪ੍ਰਭੂ ਦੇ ਗੁਣਗਾਣ ਕਰਨ ਲਈ ਫਿਰ ਨਾਮ ਤੇ ਵਿਚਾਰ ਕੀਤੀ। ਹੁਕਮ ਮੰਨ ਕੇ ਰਾਜੇ ਨੇ ਫਿਰ ਇੱਕ ਵਖਰੀ ਥਾਂ ਤਿਆਰ ਕਰਵਾਈ। ਸੰਗਤ ਦੇ ਬਹਿਣ ਲਈ ਇੰਤਜਾਮ ਕੀਤਾ ਤੇ ਨੌਕਰਾਂ ਨੂੰ ਹੁਕਮ ਕੀਤਾ ਕਿ ਜਾਓ ਗੁਰੂ ਬਾਬੇ ਨੂੰ ਲੈ ਆਓ। ਬਾਬੇ

ਦੀ ਤਲਾਸ਼ ਹੋਈ। ਬਾਬਾ ਲੱਭੇ ਕਿਤੇ ਵੀ ਨਾਂ। ਲਿਖਿਆ ਹੈ ਕਿ ਉਦੋਂ ਰਾਜੇ ਦਾ ਮੰਨ ਉਦਾਸ ਹੋਇਆ। ਚੁਫੇਰੇ ਲੱਭ ਹਟੇ ਤੇ ਕੀ ਵੇਖਦੇ ਹਨ ਕਿ ਬਾਬਾ ਤਾਂ ਓਸੇ ਨਵੀ ਧਰਮਸਾਲ ਵਿੱਚ ਬੈਠਾ ਸ਼ਬਦ ਗਾ ਰਿਹਾ ਹੈ।

ਰਾਜੇ ਸ਼ਿਵਨਾਭ (ਇਤਹਾਸਿਕ ਨਾਮ ਧਰਮਾ ਪ੍ਰਕਰਮਾ-ਬਾਹੂ ਨੌਵੇ) ਦੇ ਮਹਿਲਾਂ ਤੋਂ ਕੁਝ ਸਮਾਂ ਪ੍ਰਚਾਰ ਕਰਨ ਉਪਰੰਤ ਗੁਰੂ ਸਾਹਿਬ ਲੰਕਾ ਦੇ ਬਾਕੀ ਧਾਰਮਿਕ ਥਾਵਾਂ ਵਲ ਨਿਕਲ ਪਏ। ਗੁਰੂ ਸਾਹਿਬ ਦੀ ਫੇਰੀ ਵੇਲੇ ਲੰਕਾ ਵਿੱਚ ਜਾਂ ਬੋਧੀਆਂ ਜਾਂ ਹਿੰਦੂਮਤ ਦੇ ਸ਼ੈਵ ਧਰਮਾਂ (ਸਮੇਤ ਜੋਗੀ ਜਾਂ ਸਿੱਧਾਂ ਦੇ) ਦਾ ਜੋਰ ਸੀ। ਜੋਗੀਆਂ ਨੂੰ ਰਜਾ ਵਾਲੇ ਸਿੱਖਮਤ ਵਲ ਲਿਆਉਣ ਲਈ ਗੁਰੂ ਸਾਹਿਬ ਦਾ ਤਾਂ ਲੰਮਾ ਤਜੱਰਬਾ ਹੋ ਚੁੱਕਾ ਸੀ।

ਗੁਰੂ ਸਾਹਿਬ ਕਿਥੇ ਕਿਥੇ ਗਏ ਤੇ ਕੀ ਕੀ ਕੌਤਕ ਕੀਤੇ ਇਸ ਬਾਬਤ ਤਵਾਰੀਖ ਖਾਲਸਾ ਨੇ ਥੋੜੀ ਬਹੁਤ ਜਾਣਕਾਰੀ ਦਿੱਤੀ ਹੈ। ਓਧਰ **'ਹਕੀਕਤ ਰਾਹ ਮੁਕਾਮ ਰਾਜੇ ਸਿਵਨਾਭ ਕੀ'** ਅਨੁਸਾਰ ਗੁਰੂ ਸਾਹਿਬ ਦਾ ਸੀਤਾਵਾਕਾ ਸ਼ਹਿਰ (ਮੌਜੂਦਾ ਨਾਂ ਅਵਿਸਾਵੇਲਾ) ਵਿੱਚ ਪਹੁੰਚਣਾ ਲਿਖਿਆ ਹੈ। ਜਿਕਰ ਹੈ ਕਿ ਉਥੇ ਗੁਰੂ ਸਾਹਿਬ ਨੇ ਸਿੱਖ ਸੰਗਤ ਖੜੀ ਕੀਤੀ। ਅਵਿਸਾਵੇਲਾ ਕੋਟੇ ਤੋਂ 33 ਕਿਲੋਮੀਟਰ ਹੈ। ਅਵਿਸਾਵੇਲਾ ਦੀ ਅਹਿਮੀਅਤ ਗੁਰੂ ਸਾਹਿਬ ਦੇ ਵੇਲੇ ਤਾਂ ਏਨੀ ਨਹੀ ਸੀ ਪਰ ਜਦੋਂ ਭਾਈ ਪੈੜਾ ਮੋਖਾ ਨੇ ਦੱਖਣ ਦੀ ਯਾਤਰਾ ਕੀਤੀ ਓਦੋਂ ਸੀਤਾਵਾਕਾ ਮਸ਼ਹੂਰ ਹੋ ਚੁੱਕਾ ਸੀ ਤੇ ਦੇਸ ਦੀ ਰਾਜਧਾਨੀ ਬਣ ਚੁੱਕਾ ਸੀ।

ਰਾਜੇ ਸ਼ਿਵਨਾਭ ਨਾਲ ਗੁਰੂ ਸਾਹਿਬ ਤੇ ਭਾਈ ਮਰਦਾਨਾ। ਤਸਵੀਰ ਬੀ-40 ਤੋਂ

ਅਵਿਸਾਵੇਲਾ ਤੋਂ 70 ਕਿਲੋਮੀਟਰ ਪੂਰਬ ਗੁਰੂ ਸਾਹਿਬ ਨੁਵਾਰਾ ਏਲੀਆ ਆਏ। ਮਿਥਿਹਾਸਿਕ ਰਮਾਇਣ ਦੀ ਇਹ ਉਹ ਥਾਂ ਹੈ

ਪੈੜ ਸਫਾ

ਕੌਣ ਸੀ ਰਾਜਾ ਸ਼ਿਵਨਾਭ?- ਇਤਹਾਸਿਕ ਪੱਖ: ਪ੍ਰਾਕਰਮਾ ਬਾਹੂ ਅੱਠਵਾ ਕਿ ਧਰਮਾ ਪ੍ਰਾਕਰਮਾ ਬਾਹੂ - ਲੱਗ ਪਗ ਸਾਰੀਆਂ ਜਨਮ ਸਾਖੀਆਂ ਨੇ ਗੁਰੂ ਸਾਹਿਬ ਦਾ ਸਿੰਘਲਾਦੀਪ (ਲੰਕਾ) ਜਾਣਾ ਲਿਖਿਆ ਹੈ। ਪਰ ਇਨਾਂ ਸਭ ਤੋਂ ਮਹੱਤਵਪੂਰਨ ਵਰਨਣ ਭਾਈ ਬੰਨੋ ਵਾਲੀ ਬੀੜ ਦੇ ਅੰਤਲੇ ਬਾਹਰੀ ਪੱਤਰਿਆਂ ਤੇ ਲਿਖੀ ਇਬਾਰਤ ਤੋਂ ਮਿਲਦਾ ਹੈ। ਗਲ ਕੁਝ ਇਸ ਤਰਾਂ ਹੋਈ ਸੀ ਕਿ ਪੰਚਮ ਪਾਤਸ਼ਾਹ ਨੇ ਭਾਈ ਪੈੜੇ ਨੂੰ ਲੰਕਾ ਭੇਜਿਆ ਸੀ ਕਿਉਕਿ ਅਫਵਾਹ ਸੀ ਕਿ ਗੁਰੂ ਸਾਹਿਬ ਲੰਕਾ 'ਚ ਰਹਿੰਦਿਆਂ ' ਪ੍ਰਾਣ ਸੰਗਲੀ' ਨਾਂ ਦੀ ਬਾਣੀ ਰਚੀ ਸੀ ਜੋ ਓਥੇ ਹੀ ਇੱਕ ਭਾਟੜੇ ਨੂੰ ਬਖਸ਼ ਦਿੱਤੀ। ਗੁਰੂ ਸਾਹਿਬ ਉਸਦਾ ਉਤਾਰਾ ਚਾਹੁੰਦੇ ਸਨ ਤਾਂ ਕਿ ਉਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤਾ ਜਾ ਸਕੇ। ਭਾਈ ਪੈੜੇ ਨੇ ਜੋ ਰਿਪੋਰਟ ਦਿੱਤੀ ਉਹ ਸੰਖੇਪ ਵਿੱਚ ਇਸ ਬੀੜ ਦੇ ਅੰਤ ਵਿੱਚ ਭਾਈ ਬੰਨੋ ਨੇ 'ਹਕੀਕਤ ਰਾਹ ਮੁਕਾਮ ਰਜਾ ਸਿਵਨਾਭ ਕੀ' (Report on route and places of Raja Shivnabh) ਲਿਖ ਦਿੱਤੀ ਜੋ ਵੱਡਾ ਇਤਹਾਸਿਕ ਦਸਤਾਵੇਜ ਬਣ ਜਾਂਦਾ ਹੈ। ਭਾਈ ਪੈੜੇ ਨੇ ਲਿਖਿਆ ਹੈ ਕਿ ਜਦੋਂ ਉਹ ਲੰਕਾ ਗਇਆ ਤਾਂ ਉਸ ਵੇਲੇ ਰਾਜ ਬਾਦਸ਼ਾਹ ਮਾਇਆ ਦੁੰਨੇ ਦਾ ਸੀ ਜੋ ਇਤਹਾਸਿਕ ਤੌਰ ਤੇ ਦਰੁਸਤ ਹੈ: ਮਾਇਆ ਦੁੰਨੇ (ਹਕੂਮਤ 1521- 1581) ਭਾਈ ਪੈੜੇ ਨੇ ਇੱਕ ਗਲ ਹੋਰ ਲਿਖੀ ਹੈ ਕਿ ਗੁਰੂ ਸਾਹਿਬ ਰਾਜਾ ਸ਼ਿਵਨਾਭ ਨੂੰ ਮਿਲੇ ਸਨ ਜੋ ਰਾਜਾ ਮਾਇਆ ਦੁੰਨੇ ਦੇ ਦਾਦਾ ਸੀ।

ਜਦੋਂ ਸ੍ਰੀ ਲੰਕਾ ਦਾ ਇਤਹਾਸ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਰਾਜਾ ਮਾਇਆ ਦੁੰਨੇ ਦੇ ਦਾਦਾ ਨਾਂ ਪ੍ਰਕਰਮਾ ਬਾਹੂ ਅੱਠਵਾ ਹੈ।

ਪਰ ਅੱਜ ਇੱਕ ਹੋਰ ਸਬੂਤ ਵੀ ਮਿਲਦਾ ਹੈ। ਇੱਕ ਸਿਲਲੇਖ ਹੈ ਜੋ ਅਨੁਰਾਧਾਪੁਰਾ ਦੇ ਅਜਾਇਬ ਘਰ ਵਿੱਚ ਪਿਆ ਹੈ। ਇਸ ਵਿੱਚ ਜਿਕਰ ਹੈ ਕਿ ਕੋਈ ਜਨਾਨਕ ਅਚਾਰੀਆ ਰਾਜਾ ਧਰਮਾ ਪ੍ਰਕਰਮਾ ਬਾਹੂ ਨੌਵੇ ਨੂੰ ਰਾਜੇ ਦੀ ਹਕੂਮਤ ਦੇ 15 ਸਾਲ ਵਿੱਚ ਮਿਲਿਆ ਸੀ। ਪਰ ਬਦਕਿਸਮਤੀ ਨਾਲ ਲੰਕਾ ਦੇ ਰਾਜਿਆਂ ਦਾ ਸਹੀ ਸਹੀ ਰਾਜ ਕਾਲ ਲੱਭਣ ਵਿੱਚ ਵਿਦਵਾਨਾਂ ਵਿੱਚ ਮਤਭੇਦ ਹਨ। ਕਿਸੇ ਅਨੁਸਾਰ 1513/14 ਈ ਵੇਲੇ ਰਾਜ ਪ੍ਰਾਕਰਮਾ ਬਾਹੂ ਅੱਠਵੇ ਦਾ ਰਾਜ ਬਣਦਾ ਤੇ ਦੂਸਰਿਆਂ ਅਨੁਸਾਰ ਰਾਜ ਧਰਮਾ ਪ੍ਰਕਰਮਾ ਬਾਹੂ ਨੌਵੇ ਦਾ। ਇਨਾਂ ਹਾਲਾਤਾਂ ਦੇ ਮੱਦੇ ਨਜਰ ਸਿੱਖ ਵਿਦਵਾਨਾਂ (ਡਾ. ਕਿਰਪਾਲ ਸਿੰਘ, ਕੋਹਲੀ) ਵਿਦਵਾਨਾਂ ਨੇ ਨੇ ਭਾਈ ਪੈੜੇ ਦੀ ਗਲ ਨੂੰ ਤਰਜੀਹ ਦਿੱਤੀ ਹੈ ਤੇ ਮੰਨਿਆ ਹੈ ਕਿ ਗੁਰੂ ਸਾਹਿਬ ਦੀ ਲੰਕਾ ਫੇਰੀ ਮੌਕੇ ਰਾਜ ਪ੍ਰਾਕਰਮਾ ਬਾਹੂ ਅੱਠਵੇ ਦਾ ਹੀ ਸੀ, ਕਿਉਕਿ ਉਹ ਹੀ ਮਹਾਰਾਜਾ ਮਾਇਆ ਦੁੰਨੇ ਦਾ ਦਾਦਾ ਸੀ।

ਅਸੀ ਇਸ ਮਸਲੇ ਤੇ ਆ ਕੇ ਪੈੜੇ ਮੌਕੇ ਦੇ ਬਿਆਨ ਭਰੋਸੇਯੋਗ ਨਹੀ ਮੰਨਦੇ ਤੇ ਸਮਝਦੇ ਹਾਂ ਕਿ ਸਿਲਲੇਖ ਦੀ ਅਹਿਮੀਅਤ ਪੈੜੇ ਮੌਖੇ ਦੀ 'ਹਕੀਕਤ ਰਾਹ ਮੁਕਾਮ' ਨਾਲੋ ਜਿਆਦਾ ਹੈ। ਕਾਰਨ ਕੁਝ ਇਸ ਤਰਾਂ ਹਨ:-

1. ਕਨੂੰਨ ਵਿੱਚ ਮੌਕੇ ਦਾ ਗਵਾਹ ਜਿਆਦਾ ਅਹਿਮੀਅਤ ਰੱਖਦਾ ਹੈ ਬਿਜਾਏ ਉਹ ਬੰਦਾ ਜਿਹੜਾ ਇਤਹਾਸ ਦੱਸ ਰਿਹਾ ਹੈ। ਪੈੜਾ ਮੋਖਾ ਓਦੋਂ ਇਤਹਾਸ ਦੱਸ ਰਿਹਾ ਹੁੰਦਾ ਹੈ ਜਦੋਂ ਉਹ ਕਹਿੰਦਾ ਹੈ ਕਿ ਮਹਾਰਾਜਾ ਮਾਇਆ ਦੁੰਨੇ ਦੇ ਦਾਦਾ ਨੂੰ ਸਾਹਿਬ ਮਿਲੇ ਸਨ।

2. ਸਿਲਲੇਖ ਮੌਜੂਦਾ ਗਵਾਹ ਹੈ। (ਕਈ ਸੱਜਣ ਇਸ ਗਲ ਤੇ ਇਤਰਾਜ ਉਠਾ ਸਕਦੇ ਨੇ ਕਿ ਸਿਲਲੇਖ ਵਿੱਚ ਨਾਨਕ ਨਹੀ ਸਗੋਂ ਜਨਾਨਕ ਅਚਾਰੀਆ ਲਿਖਿਆ ਹੈ। ਪਰ ਅਗਲੀ ਇਬਾਰਤ ਗੁਰੂ ਸਾਹਿਬ ਦੀ ਪਛਾਣ ਤੇ ਪੱਕੀ ਮੋਹਰ ਲਾ ਦਿੰਦੀ ਹੈ ਕਿਉਕਿ ਅੱਗੇ ਲਿਖਿਆ ਹੈ ਕਿ ਜਨਾਨਕ ਇਕ-ਈਸਵਰੀਵਾਦੀ ਹੈ, ਮੂਰਤੀ ਪੂਜਾ ਦਾ ਖੰਡਣ ਕਰਦਾ ਹੈ, ਜਾਤ-ਪਾਤ ਤੇ ਬ੍ਰਾਹਮਣ ਦੀ ਸਰਬਉਚਤਾ ਦੇ ਸਿਧਾਂਤ ਦਾ ਵਿਰੋਧੀ ਹੈ।)

3. ਪੈੜੇ ਨੇ ਗਲਤੀ ਨਾਲ ਧਰਮਾ ਪ੍ਰਾਕਰਮਾ ਬਾਹੂ ਨੂੰ ਹੀ ਮਾਇਆ ਦੁੰਨੇ ਦਾ ਦਾਦਾ ਕਹਿ ਦਿੱਤਾ ਹੋਵੇਗਾ। ਜਿਸ ਦਾ ਕਾਰਨ ਇਹ ਹੈ ਕਿ ਮਾਇਆ ਦੁੰਨੇ ਧਰਮਾ ਤੋਂ ਤੀਸਰੇ ਥਾਂ ਆ ਕੇ ਰਾਜ ਗੱਦੀ ਤੇ ਬੈਠਾ। ਕਿਉਕਿ ਧਰਮਾ ਤੋਂ ਬਾਦ ਉਹਦਾ ਪੁੱਤ ਨਹੀ ਸਗੋਂ ਛੋਟਾ ਭਰਾ ਵਿਜੇ ਬਾਹੂ ਗੱਦੀ ਤੇ ਬੈਠਾ। ਤੇ ਬਾਦ ਵਿੱਚ ਮਾਇਆ ਦੁੰਨੇ। ਸੋ ਪੈੜੇ ਮੋਖੇ ਨੇ ਬਸ ਤਿੰਨ ਪੀੜੀਆਂ ਗਿਣੀਆਂ ਤੇ ਲਿਖ ਦਿੱਤਾ ਸੁ ਕਿ ਮਾਇਆ ਦੁੰਨੇ ਪੋਤਰਾ ਹੈ ਰਾਜੇ ਸ਼ਿਵਨਾਭ ਦਾ। ਅਸਲ ਵਿੱਚ ਮਾਇਆ ਦੁੰਨੇ ਧਰਮਾ ਪ੍ਰਕਰਮਾ ਬਾਹੂ (ਭਾਵ ਸ਼ਿਵਨਾਭ) ਦਾ ਭਤੀਜਾ ਹੈ।

(ਤਰਲੋਚਨ ਸਿੰਘ ਨੇ ਵੀ ਬਿਨਾਂ ਕੋਈ ਵੀਚਾਰ ਕੀਤੇ, ਸਿੱਧਾ ਮਾਇਆ ਦੁੰਨੇ ਦੇ ਤਾਇਆ ਧਰਮਾ ਪ੍ਰਕਰਮਾ ਬਾਹੂ ਨੌਵੇ ਨੂੰ ਹੀ ਰਾਜਾ ਸ਼ਿਵਨਾਭ ਮੰਨ ਲਿਆ ਹੈ)

ਅਸੀ ਫਿਰ ਦੁਹਰਾ ਦਿੰਦੇ ਹਾਂ ਕਿ ਪਦਮਨਾਭਪੁਰ ਦੇ ਗਰੰਥ ਪੁਰੇ ਨੂੰ ਪੜ੍ਹਨ ਦਾ ਬਾਦ ਇਨਾਂ ਮਸਲਿਆ ਦਾ ਹੱਲ ਸ਼ਾਇਦ ਨਿਕਲ ਜਾਵੇ। ਸਾਡੇ ਹਿਸਾਬ ਜਨਮ ਸਾਖੀਆਂ ਨੇ ਲੰਕਾ ਤੇ ਪਦਮਨਾਭਪੁਰ ਦੀਆਂ ਸਾਖੀਆਂ ਨੂੰ ਰਲਾ ਦਿੱਤਾ ਹੈ।

ਸੋ ਧਰਮਾ ਪ੍ਰਾਕਰਮਾ-ਬਾਹੂ ਨੌਵਾ ਹੀ ਸਿੱਖ ਇਤਹਾਸ ਦਾ ਰਾਜਾ ਸ਼ਿਵਨਾਭ ਹੈ। ਇਹ ਵੀ ਹੋ ਸਕਦਾ ਹੈ ਕਿ ਧਰਮਾ ਨੇ ਬਾਦਸ਼ਾਹ ਬਣਨ ਉਪਰੰਤ ਨਾਂ ਧਾਰਨ ਕੀਤਾ ਹੋਵੇ ਤੇ ਬਚਪਨ ਦਾ ਨਾਂ ਸ਼ਿਵਨਾਭ ਹੋਵੇ।

ਧਰਮਾ ਦੇ ਸ਼ਾਸਨ ਕਾਲ ਪ੍ਰਤੀ ਵਿਦਵਾਨ ਇੱਕ ਮਤ ਤੇ ਨਹੀ ਹਨ:

https://tvaraj.com/tag/dharma-parakramabahu-ix/
https://en.wikipedia.org/wiki/Parakramabahu_IX_of_Kotte

ਪੈੜ ਅਗਲੇ ਸਫੇ ਤੇ **ਚਲਦਾ** ➡

ਜਿੱਥੇ ਰਾਵਣ ਨੇ ਸੀਤਾ ਨੂੰ ਕੱਢਣ ਤੋਂ ਬਾਦ ਰੱਖਿਆ ਹੋਇਆ ਸੀ। ਨੁਵਾਰਾ ਏਲੀਆ ਬਾਅਡੁਲਾ ਸ਼ਹਿਰ ਤੋਂ ਸਿਰਫ 30 ਕਿਲੋਮੀਟਰ ਹਟਵਾ ਹੈ। ਬਾਡੁਲਾ ਦਾ ਇਲਾਕਾ ਹਿੰਦੂ ਮਿੱਥਹਾਸ ਰਮਾਇਣ ਨਾਲ ਸਬੰਧ ਰੱਖਦਾ ਦੱਸੀਦਾ ਹੈ। ਇਹ ਰਾਵਣ ਦੀ ਰਾਜਧਾਨੀ ਸੀ। ਇਥੇ ਹੀ ਸੀਥਾ ਕੋਟਵਾ (ਸੀਤਾ ਵਾਲਾ ਕਿਲਾ), ਰਾਵਣ ਇੱਲਾ ਮਤਲਬ ਇਹ ਹੀ ਲੰਕਾ ਪੁਰਾ ਹੈ। ਇਨਾਂ ਸਥਾਨਾਂ ਦੇ ਇਤਹਾਸ ਦੀ ਉਸਤਤ ਜਦੋਂ ਕੋਈ ਜੋਗੀ ਗੁਰੂ ਸਾਹਿਬ ਨੂੰ ਦੱਸ ਰਿਹਾ ਸੀ ਤਾਂ ਗੁਰੂ ਸਾਹਿਬ ਨੇ ਭਗਤ ਰਵਿਦਾਸ ਦਾ ਇਹ ਸ਼ਬਦ ਗਾਇਆ:-

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥ ਤੀਨੈ ਜੁਗ ਤੀਨੈ ਦਿੜੇ ਕਲਿ ਕੇਵਲ ਨਾਮ ਅਧਾਰ ॥੧॥ ਪਾਰੁ ਕੈਸੇ ਪਾਇਬੋ ਰੇ ॥ ਮੋ ਸਉ ਕੋਊ ਨ ਕਹੈ ਸਮਝਾਇ ॥ ਜਾ ਤੇ ਆਵਾ ਗਵਨੁ ਬਿਲਾਇ ॥੧॥ ਰਹਾਉ ॥ ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ ॥ ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ ॥੨॥ ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ ॥ ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ ॥੩॥ ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ ॥ ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ ॥੪॥ ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ ॥ ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ॥੫॥ ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ॥ ਉਨਮਨ ਮਨ ਮਨ ਹੀ ਮਿਲੈ ਛੁਟਕਤ ਬਜਰ ਕਪਾਟ ॥੬॥ ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ ॥ ਸੋਈ ਬਸਿ ਰਸਿ ਮਨ ਮਿਲੈ ਗੁਨ ਨਿਰਗੁਨ ਏਕ ਬਿਚਾਰ ॥੭॥ ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ ॥ ਪ੍ਰੇਮ ਭਗਤਿ ਨਹੀ ਊਪਜੈ ਤਾ ਤੇ ਰਵਿਦਾਸ ਉਦਾਸ ॥੮॥੧॥

ਸਾਹਿਬ ਨੇ ਓਥੇ ਲੋਕਾਂ ਨੂੰ ਸਮਝਾਇਆ ਕਿ ਓਹ ਪੁਰਾਣੇ ਯੁੱਗਾਂ ਦੀਆਂ ਗੱਲਾਂ ਨੇ, ਤੇ ਰਾਜਿਆ ਨੂੰ ਹੀ ਤੁਸੀ ਅਵਤਾਰ ਕਰਕੇ ਮੰਨਦੇ ਤੇ ਧਿਆਨ ਲਾਉਦੇ ਹੋ। ਪਰ ਯਾਦ ਰੱਖੋ ਕਲਿਜੁਗ ਵਿੱਚ ਪ੍ਰਭੂ ਦੀ ਉਸਤਤ ਹੀ ਪਰਵਾਨ ਹੈ ਚਾਹੇ ਉਨੂੰ ਕੀਰਤਨ ਕਰਕੇ ਕਰੋ, ਪੜ੍ਹ ਕੇ ਬੋਲ ਕੇ ਕਰੋ ਜਾਂ ਉਸ ਬਾਰੇ ਵੀਚਾਰ ਜਾਂ ਖੋਜ ਕਰ ਲਓ। (ਯਾਦ ਰਹੇ ਇਸੇ ਲੈਅ ਵਿੱਚ ਫਿਰ ਗੁਰੂ ਅਮਰਦਾਸ ਪਾਤਸ਼ਾਹ ਨੇ ਵੀ ਬਾਣੀ ਰਚੀ ਕਿ ਕਲਿਜੁਗ ਵਿੱਚ ਸਿਰਫ ਨਾਮ ਹੀ ਕੰਮ ਆਉਣਾ ਹੈ। ਐਵੇ ਧਿਆਨ ਸ਼ਿਆਨ ਜਾਂ ਸਮਾਧੀ ਲਾਉਣ ਤੇ ਜੋਰ ਨਾਂ ਦਿਓ:

ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥ ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ ॥੨॥)

ਬਾਅਡੁੱਲਾ ਤੋਂ 75 ਕਿਲੋਮੀਟਰ ਦਾ ਸਫਰ ਕਰਦੇ ਹੋਏ ਪੱਸਰਾ, ਮਲਿਗਥੇਨਾ ਤੇ ਬੁਟੱਲਾ ਹੁੰਦੇ ਹੋਏ ਕਾਟਾਰਾਗਾਮਾ ਸ਼ਹਿਰ• ਪਹੁੰਚੇ ਜਿੱਥੇ ਕਾਰਤਿਕ ਭਗਵਾਨ ਦਾ ਪ੍ਰਸਿਧ ਮੰਦਰ ਹੈ। ਇਥੋਂ ਦਾ ਮੇਲਾ ਬੜਾ ਪ੍ਰਸਿਧ ਸੀ। ਓਥੇ ਦੇ ਪੰਡੇ ਜੋ ਲੋਕਾਂ ਨੂੰ ਉਲੂ ਬਣਾ ਕੇ ਮਾਇਆ ਇਕੱਠੀ ਕਰਦੇ ਸਨ ਓਨਾਂ ਨੂੰ ਰਾਹੇ ਪਾਇਆ। ਦੂਸਰੀ ਪ੍ਰਸਿਧੀ ਸੀ ਕਿ ਇਥੋਂ ਮਾਣਕ ਮੋਤੀ ਨਿਕਲਦੇ ਸਨ ਜਿੰਨਾਂ ਦੀ ਪੰਜਾਬ ਵਿੱਚ ਮੰਗ ਹੁੰਦੀ ਸੀ।

ਕਾਟਾਰਾਗਾਮਾ ਤੋਂ 20 ਕਿਲੋਮੀਟਰ ਕਰਿੰਡਾ ਆਏ ਜਿਥੋਂ ਕਾਟਾਰਾਗਾਮਾ ਲਈ ਬੇੜੀ ਪੈਂਦੀ ਸੀ ਤੇ 200 ਕਿਲੋਮੀਟਰ ਦਾ ਸਫਰ ਸਮੁੰਦਰ ਰਾਂਹੀ ਕਰਕੇ ਬੱਟੀਕਲੋਆ ਸ਼ਹਿਰ ਵਿਖੇ ਪਧਾਰੇ।

ਬੱਟੀਕਲੋਆ (ਮਟੀਆਕੁਲੁਮ) ਤੋਂ 80 ਕਿਲੋਮੀਟਰ ਉਤਰ-ਪੱਛਮ ਵਿੱਚ ਦੀਵਰ ਮਵਾਥਾ (ਪੋਲਨਨਰੂਆ) ਸ਼ਹਿਰ ਹੈ। ਤਵਾਰੀਖ ਖਾਲਸਾ ਨੇ ਲਿਖਿਆ ਹੈ ਕਿ ਇਥੇ ਇੱਕ 'ਚੰਗਾ' ਨਾਂ ਦਾ ਭਾਟੜਾ ਲੰਕਾ 'ਚ ਸਿੱਧ ਅਵਤਾਰ ਬਣੀ ਬੈਠਾ ਸੀ। ਭੋਲੇ ਭਾਲੇ ਲੋਕਾਂ ਕੋਲੋਂ ਆਪਣੀ ਪੂਜਾ ਕਰਵਾਉਦਾ ਸੀ। ਗੁਰੂ ਸਾਹਿਬ ਨੇ ਉਸ ਨੂੰ ਵੀ ਨਿਰੰਕਾਰ ਦੇ ਲੜ ਲਾਇਆ। ਜਿਸ ਕਾਰਨ ਚੰਗਾ-ਭਾਟੜੇ ਦੀ ਹਜਾਰਾਂ ਦੀ ਗਿਣਤੀ ਦੀ ਸੰਗਤ ਵੀ ਗੁਰਮਤ ਦੇ ਲੜ ਲੱਗੀ। ਜਨਮ ਸਾਖੀਆਂ ਵਿੱਚ ਦਰਜ ਹੈ ਕਿ ਇਸ ਭਾਟੜੇ ਦੀ ਸੰਗਤ ਹਜਾਰਾਂ ਲੱਖਾਂ ਵਿੱਚ ਸੀ।

ਓਧਰ ਤਵਾਰੀਖ ਖਾਲਸਾ (1875 ਈ.)◉ ਵਿੱਚ ਲਿਖਿਆ ਹੈ ਕਿ ਭਾਟੜੇ ਦੇ ਸਥਾਨ ਤੇ ਉਦਾਸੀ ਮੱਠ ਹੈ ਅਤੇ ਓਥੇ ਵੀ ਗੁਰੂ ਸਾਹਿਬ ਦੀਆਂ ਚਰਨ ਪਾਦੁਕਾ (ਖੜਾਵਾਂ) ਮੌਜੂਦ ਹਨ। ਲਿਖਿਆ ਹੈ ਕਿ ਓਥੇ ਇੱਕ ਖੰਭੇ ਓਤੇ ਪੂਰਾ ਜਪੁਜੀ ਸਾਹਿਬ ਲਿਖਿਆ ਪਿਆ ਹੈ ਤੇ ਫੱਗਣ ਦੇ ਮਹੀਨੇ ਮੇਲਾ ਲੱਗਦਾ ਹੈ। ਪਰ ਹੁਣ 100 ਸਾਲ ਬਾਦ ਮੌਜੂਦਾ ਸਮੇਂ ਵਿੱਚ ਵਿਦਵਾਨਾਂ ਨੂੰ ਕੋਈ ਅਜਿਹਾ ਮੱਠ ਨਹੀ ਲੱਭ ਰਿਹਾ। ਇਹ ਵੀ ਹੋ ਸਕਦਾ ਇਸ ਬਾਬਤ ਗੰਭੀਰ ਯਤਨ ਹੀ ਨਾਂ ਹੋਏ ਹੋਣ। ◘

ਬੱਟੀਕਲੋਆ ਦੇ ਦੱਖਣ 'ਚ 20 ਕਿਲੋਮੀਟਰ ਹਟਵਾਂ ਇੱਕ ਪਿੰਡ ਹੈ 'ਕੁਰੂਕਲ ਮੰਡਮ' (ਗੁਰੂ ਦਾ ਥੜਾ) ਇਥੇ ਦੇ ਲੋਕਾਂ ਵਿੱਚ ਰਵਾਇਤ ਚਲੀ ਆਉਦੀ ਹੈ ਕਿ ਕੋਈ ਸਿੱਧ ਗੁਰੂ ਇਥੇ 500 ਸਾਲ ਪਹਿਲਾਂ ਆਇਆ ਸੀ। ਜਿਸ ਗੁਰੂ ਪ੍ਰਤੀ ਲੋਕਾਂ ਵਿੱਚ ਸ਼ਰਧਾ ਹੈ। ਸਿੱਖ ਵਿਦਵਾਨਾਂ ਨੇ ਇਹੋ ਅੰਦਾਜਾ ਲਾਇਆ ਹੈ ਕਿ ਇਹ ਸਿੱਧ ਕੋਈ ਹੋਰ ਨਹੀ ਸਗੋਂ ਗੁਰੂ ਨਾਨਕ ਹੀ ਸੀ। ਕਿਉਕਿ ਗੁਰੂ ਸਾਹਿਬ ਤੋਂ ਬਾਦ ਜੋ ਥੋੜਾ ਬਹੁਤ ਕਿਸੇ ਨੇ ਸਿੱਖੀ ਦਾ ਪ੍ਰਚਾਰ ਇਸ ਇਲਾਕੇ ਕੀਤਾ ਸੀ ਤਾਂ ਉਹ ਜੋਗੀ ਜਾਂ ਸਿੱਧ ਹੀ ਸਨ ਜੋ ਗੁਰਮਤ ਵਿੱਚ ਆ ਗਏ ਹੋਏ ਸਨ। ਇਸ ਕਰਕੇ ਗੁਰੂ ਨਾਨਕ ਵੀ ਇਥੇ ਜੋਗੀ ਕਹਾਏ।

ਪੈਂਡਾ ਸਫਾ

◉ ਹਕੀਕਤ ਰਾਹ ਮੁਕਾਮ ਰਾਜੇ ਸਿਵਨਾਭ ਕੀ॥ ਨਾਗਾ ਪਟਣੁ ਬਿਦਰ ਤਿਜਾਵਰ ਸਹਗਾਹ ਤਹਾ ਕਾ ਰਾਜਾ ਆਇਰਾਪਤਿ ਨਾਇਕੁ ਹੈ॥ ਤਹਾ ਵਲਾਇਤ ਰਾਮਰਾਜੇ ਕੀ ਹੈ॥ ਤਹਾ ਤੇ ਲੋਕੁ ਜਹਾਜਿ ਚੜਤਾ ਹੈ॥ ਤਿਨਿ ਦਿਨ ਤਿਨਿ ਰਾਤਿ ਵਿਚਿ ਜਾਪਾ ਪਟਣ ਪਾਰ ਕਾ ਬੰਦਰੁ ਹੈ॥ ਤਹਾ ਜਾਇ ਉਤਰਤਾ ਹੈ ਸੋ ਸਿੰਘਲਾਦੀਪੁ ਹੈ॥ ਚਉਦਹ ਸੈ ਗਾਉ ਵਿਚਿ ਵਸਦਾ ਹੈ॥ ਤਹਾਂ ਸਤ ਰਾਜੇ ਸੇ॥ ਗੁਰੂ ਬਾਬੇ ਕੇ ਬਚਨਿ ਇਕੁ ਰਾਜੁ ਹੋਆ ਹੈ। ਸਿਵਨਾਭ ਰਾਜੇ ਕੀ ਸੰਤਤਿ ਸਦਾਵਦਿ ਸਹਰਿ ਹੈ॥ ਤਖਤਗਾਹ ਤਹਾ ਅਬ ਰਾਜਾ ਮਇਆ ਦਓਨੀ ਹੈ॥ ਰਾਜੇ ਰਾਇ ਸਿੰਘ ਕਾ ਬੇਟਾ ਰਾਜੇ ਸਿਵਨਾਭ ਕਾ ਪੋਤਾ ਹੈ॥ ਤਹਾ ਗੁਰੂ ਕੀ ਧਰਮਸਾਲਾ ਹੈ॥ ਸੰਗਤਿ ਜੁੜਤਿ ਹੈ ਕੀਰਤਨ ਹੋਤਾ ਹੈ॥ ਰਸੋਈ ਬੀਸ ਮਣ ਲੂਣੁ ਹਰੋਜ ਲਗਤਾ ਹੈ॥ ਨੇਕਾ ਪਟਣੁ ਬੀਜਾ ਨਗਰ ਤੇ ਇਕੜ੍ਹੀ ਕੋਸ ਹੈ॥ ਘਰ ਭਾਟੜਿਆ ਕੇ ਬੇਗਾਪੁਰੁ ਬੀਜਾਪੁਰ ਤੇ ਕੋਸ ਅਸੀ ਹੈ॥ ਅਰੋਗਾ ਪੇਠਿ ਹੈ॥ ਤਹਾ ਸੰਗਤਿ ਚੰਗੇ ਭਾਟੜੇ ਕੀ ਹੈ॥ ਤਿਸ ਕੀ ਗਿਰਦ ਨਿਵਾਹੀ ਸਿਖ ਸੰਗਤ ਬਹੁਤ ਹੈ॥ ਅਰੁ ਭਾਟੜਿਆ ਕੇ ਘਰ ਤੇ ਕਜਲੀਬਣ ਕੋਸ ਅਸੀ ਹੈ॥ ਤਿਰਿਆ ਰਾਜ ਹੈ॥ ਤਹਾ ਭੀ ਗੁਰੂ ਬਾਬਾ ਕਾ ਦੇਹਰਾ ਹੈ॥ ਸੰਗਤਿ ਭਾਟੜਿਆ ਕੇ ਜੁੜਤੀ ਹੈ॥ ਤਹਾ ਭੀ ਗੁਰੂ ਕਾ ਦੇਹੁਰਾ ਹੈ॥ ਸੰਗਤਿ ਭਾਟੜਿਆ ਕੇ ਜੁੜਤੀ ਹੈ॥ ਓਥੇ ਗੁਰੂ ਸਿਧਾ ਨਾਲਿ ਗੋਸਟਿ ਕਰਿ ਕੇ ਪੂਜਾ ਖਿਚਿ ਲੀਤੀ ਹੈ ਸੁ॥ ਤਬ ਸਿਧ ਗੁਰੂ ਕਾ ਜੋਰ ਅਜਮਾਇ ਕੈ ਪੈਰੀ ਆਇ ਪਏ ਹੈਨਿ॥ ਉਸ ਥਾਓ ਕਾ ਨਾਮ ਕਜਲੀਬਨੁ ਤ੍ਰਿਆ ਰਾਜੁ ਹੈ॥ ਤਹਾ ਭੀ ਸੰਗਤਿ ਹੈ॥

ਤਵਾਰੀਖ ਖਾਲਸਾ (ਪੰ:169) ਨੇ ਗੁਰੂ ਸਾਹਿਬ ਦਾ ਪੁਸ਼ਾਲਾਪੁਰ (ਪਸਿਆਲਾ) ਜੋ ਕੋਲੰਬੋ-ਕੈਂਡੀ ਸੜਕ ਤੇ ਹੈ, ਵੀ ਜਾਣਾ ਲਿਖਿਆ ਹੈ ਪਰ ਇਤਹਾਸ ਫੋਲਦਿਆਂ ਸਾਨੂੰ ਤਾਂ ਇਸ ਜਗਾ ਦੀ ਕੋਈ ਜਿਆਦਾ ਮਹੱਤਤਾ ਨਜਰ ਨਹੀ ਆਈ। ਗਿਆਨੀ ਜੀ ਨੇ ਲਿਖਿਆ ਹੈ ਕਿ ਇਹ ਉਹ ਥਾਂ ਹੈ ਜਿੱਥੇ ਸੀਤਾ ਨੂੰ ਅਗਵਾ ਕਰਨ ਉਪਰੰਤ ਰੱਖਿਆ ਗਇਆ ਸੀ। ਦੂਸਰੇ ਪਾਸੇ ਲੰਕਾ ਵਿੱਚ ਜੋ ਅੱਜ ਪ੍ਰੰਪਰਾ ਮਸ਼ਹੂਰ ਹੈ ਉਸ ਮੁਤਾਬਿਕ ਸੀਤਾ ਨੂੰ ਵੀਰਾਂਗਾਟੋਟਾ ਵਿਖੇ ਰੱਖਿਆ ਗਇਆ ਸੀ ਜੋ ਕੈਂਡੀ ਤੋਂ 39 ਕਿਲੋਮੀਟਰ ਦੂਰ ਪੂਰਬ ਵਿੱਚ ਹੈ।

ਏਸੇ ਤਰਾਂ ਗਿਆਨੀ ਜੀ ਨੇ ਗੁਰੂ ਸਾਹਿਬ ਦਾ ਲੰਕਾਗੜ੍ਹ ਜਾਂ ਲੰਕਾਪੁਰਾ ਜਾਣਾ ਲਿਖਿਆ ਹੈ ਜਿਸ ਦਾ ਸਥਾਨਕ ਨਾਂ ਵੀਰਾਗਾਂਟੋਟਾ ਹੈ ਜੋ ਬੈਟੀਕਲੋਆ ਤੋਂ 85 ਕਿਲੋਮੀਟਰ ਪੱਛਮ ਵਿੱਚ ਹੈ। (ਰਮਾਇਣ ਕਥਾ ਦੀ ਇਹ ਉਹ ਜਗਾ ਹੈ ਜਿੱਥੇ ਰਾਵਣ ਦਾ ਕਿਲਾ ਸੀ।)

ਦੀਵਰ ਮੱਵਾਥਾ ਤੋਂ 80 ਕਿਲੋਮੀਟਰ ਉਤਰ ਨੂੰ ਚਲ ਕੇ ਗੁਰੂ ਸਾਹਿਬ ਤ੍ਰਿੰਕੋਮਾਲੀ ਪਹੁੰਚ ਇਥੋਂ ਦੇ ਰਾਜਾ ਨੂੰ ਮਿਲ ਕੇ ਇੱਕ ਨਿਰੰਕਾਰ ਸਰਬਵਿਆਪਕ ਦਾ ਗਿਆਨ ਕਰਾਇਆ। ਇਥੋਂ ਗੁਰੂ ਸਾਹਿਬ ਕੋਨੇਸਵਰਮ ਮੰਦਰ ਗਏ ਜਿਹਦੀ ਇਮਾਰਤੀ ਖੂਬਸੂਰਤ ਪ੍ਰਸਿਧ ਸੀ। ਇਸ ਮੰਦਰ ਨੂੰ ਬਾਦ 1622 ਈ. ਪੁਰਤਗਾਲੀਆਂ ਨੇ ਤੁੜਵਾ ਦਿੱਤਾ। ਇਥੋ ਇੱਕ ਸਿਲਲੇਖ ਪੁਰਤਗਾਲੀ ਆਪਣੇ ਨਾਲ ਲੈ ਗਏ ਜਿਸ ਤੇ ਲਿਖਿਆ ਹੈ ਕਿ ਲੰਕਾ ਵਿੱਚ 500 ਸਾਲ ਗੋਰੇ ਰਾਜ ਕਰਨਗੇ ਤੇ ਬਾਦ ਵਿੱਚ ਰਾਜ ਵਡੁੱਕਿਆਂ (ਤਮਿਲਾਂ) ਦਾ ਹੋਵੇਗਾ। ਇਹ ਸਿਲਲੇਖ ਅੱਜ ਵੀ ਲਿਸਬਨ ਦੇ ਅਜਾਇਬ ਘਰ ਵਿੱਚ ਮੌਜੂਦ ਹੈ।

ਮੰਦਰ 'ਚ ਜਦੋਂ ਗੁਰੂ ਸਾਹਿਬ ਗਏ ਤਾਂ ਇਨਾਂ ਦੀ ਚਰਚਾ ਤਾਂ ਚਾਰ ਚੁਫੇਰੇ ਹੁਣ ਤੱਕ ਹੋ ਚੁੱਕੀ ਸੀ ਸਭ ਮਾਈ ਭਾਈ ਸਾਧੂ ਸੰਤ ਜੋਗੀ ਜੰਗਮ ਆ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਪਹੁੰਚੇ। ਇੱਕ ਪੁਜਾਰੀ ਨੇ ਗੁਰੂ ਸਾਹਿਬ ਦੇ ਉਪਦੇਸ਼ ਬਾਰੇ ਸੁਣਿਆ ਹੋਇਆ ਸੀ ਕਿ ਉਹ ਸਰਬ ਵਿਆਪਕ ਨਿਰੰਕਾਰ ਦਾ ਪ੍ਰਚਾਰ ਕਰ ਰਹੇ ਹਨ। ਗੁਰੂ ਸਾਹਿਬ ਨੂੰ ਖੁਸ਼ ਕਰਨ ਲਈ ਉਸ ਕਿਹਾ ਕਿ ਈਸ਼ਵਰ ਹੋਰ ਕੋਈ ਨਹੀ ਇਹ ਪੰਜੇ ਤੱਤ ਹੀ ਈਸ਼ਵਰ ਹੈ। ਓਥੇ ਫਿਰ ਗੁਰੂ ਸਾਹਿਬ ਨੇ ਪੁਜਾਰੀ ਦੀ ਗਲਤ ਫਹਿਮੀ ਦੂਰ ਕੀਤੀ ਕਿ ਮੈਂ ਉਸ ਨਿਰੰਕਾਰ ਦਾ ਪ੍ਰਚਾਰਕ ਹਾਂ ਜਿਸ ਦੇ ਕੰਟਰੋਲ ਤਹਿਤ ਸਾਰੀ ਸ੍ਰਿਸਟੀ ਤੇ ਪੰਜੇ ਤੱਤ ਵੀ ਹਨ। ਸਾਹਿਬ ਨੇ ਸ਼ਬਦ ਬੋਲਿਆ:

ਭੈ ਵਿਚਿ ਪਵਣੁ ਵਹੈ ਸਦਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥ ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥ ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥ ਭੈ ਵਿਚਿ ਰਾਜਾ ਧਰਮ ਦੁਆਰੁ ॥ ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥ ਭੈ ਵਿਚਿ ਸਿਧ ਬੁਧ ਸੁਰ ਨਾਥ ॥ ਭੈ ਵਿਚਿ ਆਡਾਣੇ ਆਕਾਸ ॥ ਭੈ ਵਿਚਿ ਜੋਧ ਮਹਾਬਲ ਸੂਰ ॥ ਭੈ ਵਿਚਿ ਆਵਹਿ ਜਾਵਹਿ ਪੂਰ ॥ ਸਗਲਿਆ ਭਉ ਲਿਖਿਆ ਸਿਰਿ ਲੇਖੁ ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥

ਤ੍ਰਿਕੋਲੀਮਾਲੀ ਤੋਂ ਜਾਫਨਾ (ਜਨਮਸਾਖੀਆਂ ਦਾ ਜਾਪਾ ਪਟਣ ਜਾਂ ਜਾਫਨਾਪਟਨਮ) ਦਾ 300 ਕਿਲੋਮੀਟਰ ਲੰਮਾ ਸਫਰ ਗੁਰੂ ਸਾਹਿਬ ਨੇ ਬੇੜੇ ਰਾਂਹੀ ਹੀ ਕੀਤਾ। ਇਸ ਇਲਾਕੇ 'ਚ ਜਹਾਜਰਾਨੀ ਦਾ ਚਲਨ ਜਿਆਦਾ ਹੀ ਸੀ। ਸਾਨੂੰ ਧਿਆਨ 'ਚ ਰੱਖਣਾ ਚਾਹੀਦਾ ਹੈ ਕਿ ਓਨੀ ਦਿਨੀ ਰਾਜੇ ਤੇ ਧਾਰਮਿਕ ਅਸਥਾਨ (ਮੰਦਰ ਆਦਿ) ਸਾਧੂਆਂ ਨੂੰ ਹਰ ਸੰਭਵ ਸਹੂਲਤ ਪਹੁੰਚਾਉਦੇ ਸਨ। ਸਾਧੂ ਹੀ ਸੰਚਾਰ ਦਾ ਵੱਡਾ ਸਾਧਨ ਸਨ। ਬਹੁਤੇ ਰਾਜਿਆਂ ਨੇ ਸਾਧੂਆਂ ਵਾਸਤੇ ਸਰਾਵਾਂ ਵੀ ਬਣਵਾਇਆਂ ਹੋਈਆਂ ਸਨ।

ਜਾਫਨਾ ਜਦੋਂ ਗੁਰੂ ਸਾਹਿਬ ਪਹੁੰਚੇ ਇਥੋ ਦਾ ਰਾਜਾ ਓਨੀ ਦਿਨੀ ਸਿੰਘੇ-ਪਰਾਰਾ-ਜਸ-ਗਰਾਮ (1478-1519 ਈ.) ਸੀ। ਇਹ ਰਾਜਾ ਸੁਭਾਅ ਦਾ ਉਂਜ ਕੌੜਾ, ਪਰ ਧਰਮੀ ਸੀ ਜਿਸ ਦੇ ਰਾਜ ਵਿੱਚ ਵਪਾਰ ਸਾਹਿਤ ਤੇ ਹਿੰਦੂ ਧਰਮ ਪ੍ਰਫੁਲਤ ਹੋਇਆ ਸੀ।

—◈—

ਦਸਵੇਂ ਦੁਆਰ ਸੁਆਸ ਚੜਾਉਂਦਾ ਜੋਗੀ ਚੜ੍ਹਾਈ ਕਰ ਗਿਆ

ਜਾਫਨਾ ਦੇ ਇੱਕ ਦੋ ਮੰਦਰਾਂ 'ਚ ਹੋ ਕੇ ਜਦੋਂ ਸਾਹਿਬ ਇੱਕ ਜੋਗੀ ਆਸ਼ਰਮ ਗਏ ਤਾਂ ਮਹੰਤ ਤਾਂ ਪਹਿਲਾਂ ਹੀ ਅੱਗ ਬਬੂਲਾ ਹੋਈ ਬੈਠਾ ਸੀ। ਕਹਿੰਦਾ ਨਾਨਕ ਮੈਂ ਤੇਰੇ ਇਧਰ ਆਉਣ ਦਾ ਸੁਣਿਆ ਸੀ। ਇਹ ਤੁਹਾਡੀ ਜਿਆਦਤੀ ਹੈ ਜਿਹੜਾ ਤੁਸੀ ਲੰਕਾ ਵਿੱਚ ਬਿਨਾਂ ਮੇਰੀ ਆਗਿਆ ਦੇ ਪ੍ਰਚਾਰ ਕਰ ਰਹੇ ਹੋ। ਮੈਂ ਇਸ ਇਲਾਕੇ ਦਾ ਮਾਲਕ ਹਾਂ (ਧਾਰਮਿਕ ਨੇਤਾ) ਹਾਂ। ਤੁਹਾਨੂੰ ਚਾਹੀਦਾ ਸੀ ਪਹਿਲਾਂ ਮੇਰੇ ਨਾਲ ਗਲ ਕਰਦੇ। ਗੁਰੂ ਸਾਹਿਬ ਕੋਲੋਂ ਪੁੱਛਿਆ ਕਿ ਕਿਹੜੇ ਦੇਸ ਤੋਂ ਹੋ। ਸਾਹਿਬ ਨੇ ਦੱਸਿਆ ਕਿ ਲਹੌਰ ਪੰਜਾਬ ਤੋਂ ਹਾਂ। ਮਹੰਤ ਨੇ ਆਪਣੇ ਬਾਰੇ ਦੱਸਿਆ ਸੀ ਕਿ ਮੈਂ ਮਰਾਠਵਾੜਾ ਇਲਾਕੇ ਤੋਂ ਹਾਂ।

ਗੁਰੂ ਸਾਹਿਬ ਨੇ ਜਵਾਬ ਵਿੱਚ ਬਹੁਤ ਹਲੀਮੀ ਵਰਤੀ। ਉਹ ਹੋਰ ਵੀ ਹੰਕਾਰ ਵਿੱਚ ਆ ਗਿਆ। ਉਸ ਨੇ ਦਾਵਾ ਕੀਤਾ ਕਿ ਮੈਂ 6 ਮਹੀਨੇ ਲੰਮੀ ਸਮਾਧੀ ਲਾਉਦਾਂ ਹਾਂ ਤੇ ਜਦੋਂ ਖੋਲਦਾ ਹਾਂ ਤਾਂ ਸਾਰੀ ਲੁਕਾਈ ਇਥੇ ਇਕੱਤ੍ਰ ਹੁੰਦੀ ਹੈ। ਉਹਦੇ ਚੇਲੇ ਬਾਲਕਿਆਂ ਨੇ ਚਮਚਾਗਿਰੀ ਕਰਦਿਆਂ ਕਿਹਾ ਕਿ ਸੁਆਮੀ ਅਕਸਰ ਸੁਆਸ ਦਸਵੇਂ ਦੁਆਰ ਚੜਾਉਦੇ ਹਨ ਤੇ ਇਨਾਂ ਨੂੰ ਸਾਰੀ ਤ੍ਰਿਲੋਕੀ (ਭਾਵ ਧਰਤੀ, ਅਕਾਸ਼ ਤੇ ਪਤਾਲ) ਦੀ ਸੋਝੀ ਹੋ ਜਾਂਦੀ ਹੈ। ਉਹ ਮਹੰਤ ਦੀਆਂ ਸਿਫਤਾਂ ਕਰਦੇ ਰਹੇ ਤੇ ਗੁਰੂ ਸਾਹਿਬ ਸ਼ਾਂਤ ਚਿਤ ਸੁਣਦੇ। ਜਦੋਂ ਉਹ ਚੁੱਪ ਹੋਏ ਤਾਂ ਸਾਹਿਬ ਨੇ ਮਰਦਾਨੇ ਨੂੰ ਇਸ਼ਾਰਾ ਕੀਤਾ ਤੇ ਸ਼ਬਦ ਗਾਵਿਆ●●:-

ਗਉੜੀ ਚੇਤੀ ਮਹਲਾ ੧ ॥ ਅੰਮ੍ਰਿਤ ਕਾਇਆ ਰਹੈ ਸੁਖਾਲੀ ਬਾਜੀ ਇਹੁ ਸੰਸਾਰੋ ॥ ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ ॥ ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ ॥੧॥ ਸੁਣਿ ਸੁਣਿ ਸਿਖ ਹਮਾਰੀ ॥ ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ ॥੧॥ ਰਹਾਉ ॥ ਹਉ ਤੁਧੁ ਆਖਾ ਮੇਰੀ ਕਾਇਆ ਤੂੰ ਸੁਣਿ ਸਿਖ ਹਮਾਰੀ ॥ ਨਿੰਦਾ ਚਿੰਦਾ ਕਰਹਿ ਪਰਾਈ ਝੂਠੀ ਲਾਇਤਬਾਰੀ ॥ ਵੇਲਿ ਪਰਾਈ ਜੋਹਹਿ ਜੀਅੜੇ ਕਰਹਿ ਚੋਰੀ ਬੁਰਿਆਰੀ ॥ ਹੰਸੁ ਚਲਿਆ ਤੂੰ ਪਿਛੈ ਰਹੀਏਹਿ ਛੁਟੜਿ ਹੋਈਅਹਿ ਨਾਰੀ ॥੨॥ ਤੂੰ ਕਾਇਆ ਰਹੀਅਹਿ ਸੁਪਨੰਤਰਿ ਤੁਧੁ ਕਿਆ ਕਰਮ ਕਮਾਇਆ ॥ ਕਰਿ ਚੋਰੀ ਮੈ ਜਾ ਕਿਛੁ ਲੀਆ ਤਾ ਮਨਿ ਭਲਾ ਭਾਇਆ ॥ ਹਲਤਿ ਨ ਸੋਭਾ ਪਲਤਿ ਨ ਢੋਈ ਅਹਿਲਾ ਜਨਮੁ ਗਵਾਇਆ ॥੩॥ ਹਉ ਖਰੀ ਦੁਹੇਲੀ ਹੋਈ ਬਾਬਾ ਨਾਨਕ ਮੇਰੀ ਬਾਤ ਨ ਪੁਛੈ ਕੋਈ ॥੧॥ ਰਹਾਉ ॥ ਤਾਜੀ ਤੁਰਕੀ ਸੁਇਨਾ ਰੁਪਾ ਕਪੜ ਕੇਰੇ ਭਾਰਾ ॥ ਕਿਸ ਹੀ ਨਾਲਿ ਨ ਚਲੈ ਨਾਨਕ ਝੜਿ ਝੜਿ ਪਏ ਗਵਾਰਾ ॥ ਕੂਜਾ ਮੇਵਾ ਮੈ ਸਭ ਕਿਛੁ ਚਾਖਿਆ ਇਕੁ ਅੰਮ੍ਰਿਤੁ ਨਾਮੁ ਤੁਮਾਰਾ ॥੪॥ ਦੇ ਦੇ ਨੀਵ ਦਿਵਾਲ ਉਸਾਰੀ ਭਸਮੰਦਰ ਕੀ ਢੇਰੀ ॥ ਸੰਚੇ ਸੰਚਿ ਨ ਦੇਈ ਕਿਸ ਹੀ ਅੰਧੁ ਜਾਣੈ ਸਭ ਮੇਰੀ ॥ ਸੋਇਨ ਲੰਕਾ ਸੋਇਨ ਮਾੜੀ ਸੰਧੈ ਕਿਸੈ ਨ ਕੇਰੀ ॥੫॥ ਸੁਣਿ ਮੂਰਖ ਮੰਨ ਅਜਾਣਾ ॥ ਹੋਗੁ ਤਿਸੈ ਕਾ ਭਾਣਾ ॥੧॥ ਰਹਾਉ ॥ ਸਾਹੁ ਹਮਾਰਾ ਠਾਕੁਰੁ ਭਾਰਾ ਹਮ ਤਿਸ ਕੇ ਵਣਜਾਰੇ ॥ ਜੀਉ ਪਿੰਡੁ ਸਭ ਰਾਸਿ ਤਿਸੈ ਕੀ ਮਾਰਿ ਆਪੇ ਜੀਵਾਲੇ ॥

ਜੋਗੀ ਕਹਿਣ ਲੱਗਾ ਇਹ ਜੋ ਤੁਸਾਂ ਗਾਇਆ ਇਹਦਾ ਕੀ ਮਤਲਬ? ਗੁਰੂ ਸਾਹਿਬ ਨੇ ਵਿਆਖਿਆ ਕੀਤੀ ਕਿ ਬਿਨਾਂ ਪੂਰਨ ਗੁਰੂ ਦੇ ਇਹ ਭਗਤੀ ਅਧੂਰੀ ਹੈ। ਤੇ ਬਿਨਾਂ ਸ਼ਬਦ ਦੇ ਭਾਵ ਬਿਨਾਂ ਨਾਮ ਜਾਂ ਮਾਲਕ ਦੀ ਉਸਤਤ ਦੇ ਇਹ ਸਭ ਕੁਝ ਵਿਅੱਰਥ ਹੈ ਤੇ ਭਗਤੀ ਦੇ ਨਾਂ ਤੇ ਨਿਰਾ ਹੰਕਾਰ ਹੈ। ਜੋਗੀਆਂ ਦੀ ਬੋਲੀ ਵਿੱਚ ਸਮਝਾਇਆ ਸਾਹਿਬ ਨੇ ਕਿ ਮੰਨ ਨੂੰ ਕਿਵੇ ਕਾਬੂ ਕਰਨਾਂ ਕਿਵੇ ਸੂਰਜ ਚੰਦਾ ਹਿਰਦੇ ਵਿੱਚ ਬੰਨਣੇ ਨੇ। ਇਹ ਮੰਨ ਪਾਣੀਓ ਬਾਹਰ ਮੱਛੀ ਦੀ ਨਿਆਈ ਤੜਫਦਾ ਰਹਿੰਦਾ ਹੈ ਉਹ ਤਰੀਕਾ ਸਮਝਣਾ ਚਾਹੀਦਾ ਕਿ ਇਹ ਪ੍ਰਾਣ ਪਖੇਰੂ ਜਿਆਦਾ ਉਡਾਰੀਆਂ ਨਾਂ ਹੀ ਸਰੀਰ ਰੂਪੀ ਕੰਧ ਸਾਥ ਛੱਡੇ।

ਗੁਰੂ ਸਾਹਿਬ ਦਾ ਉਪਦੇਸ਼ ਸੁਣ ਕੇ ਜੋਗੀ ਨੂੰ ਹੋਰ ਗੁੱਸਾ ਚੜਿਆ। ਅਖੇ ਜੁਗਾਂ ਜੁਗਾਤਰਾਂ ਤੋਂ ਜੋਗੀ ਬਿਨਾਂ ਸ਼ਬਦ ਦੇ ਧਿਆਨ ਲਾਉਦੇ ਆਏ ਹਨ ਇਹ ਨਵਾਂ ਹੀ ਉਠਿਐ ਉਪਦੇਸ਼ ਦੇਣ ਨੂੰ ਕਿ ਗੁਰੂ ਧਾਰੋ ਤੇ ਸ਼ਬਦ ਰਾਂਹੀ ਨਾਮ ਜਪੋ।

ਜੋਗੀ ਨੇ ਐਲਾਨ ਕਰ ਦਿੱਤਾ ਕਿ ਮੈਂ ਤਿੰਨ ਦਿਨ ਸਮਾਧੀ 'ਚ

ਰਵਾਂਗਾ ਤੇ ਚੌਥੇ ਦਿਨ ਨਾਨਕ ਨਾਲ ਗਲ ਕਰਾਂਗਾ। ਗੁਰੂ ਸਾਹਿਬ ਨੂੰ ਵੰਗਾਰਿਆ ਕਿ ਚੌਥੇ ਦਿਨ ਮੇਰੇ ਨਾਲ ਗਲ ਕਰਨਾਂ। ਚੇਲਿਆਂ ਨੇ ਵੀ ਹਾਮੀ ਭਰੀ ਕਿ ਸੁਆਮੀ ਜੀ ਬਿਨਾਂ ਕੁਝ ਖਾਧੇ ਪੀਤੇ ਰਹਿਣਗੇ। ਭਾਵ ਪਾਣੀ ਵੀ ਨਹੀ ਪੀਣਗੇ। ਇਨਾਂ ਦਾ ਸਾਹ ਵੀ ਨਹੀ ਚਲਣਾ। ਦਸਵੇਂ ਦੁਆਰ ਦਾ ਇਨਾਂ ਅਨੰਦ ਲੈਣਾ ਹੈ।

ਜੋਗੀ ਨੇ ਸਮਾਧੀ ਲਾਈ। ਦੂਸਰੇ ਦਿਨ ਕੀ ਵੇਖਦੇ ਨੇ ਕਿ ਜੋਗੀ ਸਮਾਧੀ ਤੋਂ ਡਿੱਗ ਚੁੱਕਾ ਹੈ। ਪਹਿਲਾਂ ਕਦੀ ਇਸ ਤਰਾਂ ਤਾਂ ਨਹੀ ਸੀ ਹੁੰਦਾ। ਘਬਰਾਏ ਹੋਏ ਚੇਲਿਆਂ ਨੇ ਹਾਲਾਤ ਵੇਖ ਕੇ ਜਗਾਉਣਾ ਚਾਹਿਆ। ਪਰ ਵਿਚਾਰਾ ਜੋਗੀ ਕਿਥੇ ਜਾਗੇ। ਸਵਾਸ ਦਸਵੇ ਦੁਆਰ ਚੜਾਉਦਾ ਚੜਾਉਦਾ ਉਹ ਤਾਂ ਚੜ੍ਹਾਈ ਹੀ ਕਰ ਚੁੱਕਾ ਸੀ।

ਗੁਰੂ ਸਾਹਿਬ ਨੇ ਇਸ ਉਪਰੰਤ ਦੋ ਸ਼ਬਦ ਹੋਰ ਉਚਾਰੇ ਜੋ ਗੁਰੂ ਗਰੰਥ ਸਾਹਿਬ ਦੇ ਅੰਗ 992 ਤੇ ਦਰਜ ਹਨ। ਜਿੰਨਾਂ ਦਾ ਸਾਰ ਇਹ ਹੈ ਕਿ ਇਹ ਹੈ ਕਿ ਨਾਮ (ਭਾਵ ਰੱਬ ਦੀ ਉਸਤਤ ਦੇ ਸਬਦ) ਸਮਾਧੀਆਂ ਲਾਉਣੀਆਂ ਵਿਅੱਰਥ ਹਨ।*

ਇਹ ਖਬਰ ਸਾਰੇ ਇਲਾਕੇ ਵਿੱਚ ਅੱਗ ਦੀ ਤਰਾਂ ਫੈਲ ਗਈ। ਇਲਾਕੇ ਦੇ ਹੋਰ ਜੋਗੀ ਵੀ ਇਕੱਠੇ ਹੋਏ। ਗੁਰੂ ਸਾਹਿਬ ਨੇ ਮੌਕਾ ਵੇਖ ਨਾਮ ਦਾ ਪ੍ਰਚਾਰ ਕੀਤਾ।

ਅਗਲੀ ਗਲ ਇਥੋ ਦਾ ਰਾਜਾ ਸਿੰਘੇ, ਕੋਟੇ ਦੇ ਰਾਜੇ ਸ਼ਿਵਨਾਭ ਦੇ ਅਧੀਨ ਸੀ। ਜਿਸ ਕਾਰਨ ਵੀ ਗੁਰੂ ਸਾਹਿਬ ਲਈ ਪ੍ਰਚਾਰ ਕਰਨਾਂ ਹੋਰ ਵੀ ਸੌਖਾ ਹੋ ਗਿਆ।

—◈—

ਮਰਦਾਨੇ ਦੇ ਕਹਿਣ ਤੇ ਜਾਫਨਾ ਦੇ ਸੱਤ ਦੀਪਾਂ ਦੀ ਸੈਰ ਵੀ ਕੀਤੀ+

ਜਿਵੇ ਪਿੱਛੇ ਦਸਿਆ ਹੈ ਕਿ ਗੁਰੂ ਸਾਹਿਬ ਦਾ ਮੁੱਖ ਨਿਸ਼ਾਨਾ ਰਾਜਨੀਤਕ ਤੇ ਧਾਰਮਿਕ ਕੇਂਦਰ ਹੁੰਦੇ ਸਨ ਜਾਂ ਫਿਰ ਮੇਲੇ। ਪਰ ਮਰਦਾਨੇ ਨੇ ਸੁਣਿਆ ਸੀ ਕਿ ਜਾਫਨਾ ਇਲਾਕੇ ਦੇ ਦੀਪਾਂ ਦਾ ਨਜਾਰਾ ਬੜਾ ਮਨਮੋਹਨਾ ਹੁੰਦਾ ਹੈ ਸੋ ਉਸ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਆਪਾਂ ਜਾਫਨਾ ਦੇ ਮੁੱਖ ਟਾਪੂ ਤੋਂ ਇਲਾਵਾ ਬਾਕੀ ਦੇ ਦੀਪ ਵੀ ਵਿਖੀਏ। ਜਨਮ ਸਾਖੀਆਂ 'ਚ ਆਉਦਾ ਹੈ ਗੁਰੂ ਸਾਹਿਬ ਨੇ ਐਤਕਾਂ ਮਰਦਾਨੇ ਦੀ ਬੇਨਤੀ ਮੰਨ ਕੇ ਬਾਕੀ ਦੇ ਸੱਤ ਟਾਪੂਆਂ ਦੀ ਵੀ ਸੈਰ ਕੀਤੀ। ਲੱਗਦਾ ਹੈ ਜਿੰਨਾਂ ਟਾਪੂਆਂ ਦੀ ਗੁਰੂ ਸਾਹਿਬ ਨੇ ਸੈਰ ਕੀਤੀ ਉਹ ਹਨ ਪੁੰਕਦੂ-ਦੀਪ, ਨੇਦੂੰ ਦੀਪ (ਡੈਲਫ), ਨੈਨਾ ਦੀਪ, ਮੰਦਾਇ ਦੀਪ, ਕਾਇਤ/ਵੇਲਾਨਾਇ ਦੀਪ, ਏਲੂਵਾਇ ਦੀਪ ਅਤੇ ਅਨਾਲਾਇਦੀਪ। ਅੱਜ ਤੋਂ 500 ਸਾਲ ਪਹਿਲਾਂ ਇਹਨਾਂ ਟਾਪੂਆ ਦੀ ਕੀ ਹਾਲਤ ਸੀ ਪਰ ਅਜ ਕਲ ਤਾਂ ਇਥੇ ਘਣੀ ਅਬਾਦੀ ਹੈ। ਦੁਆਲੇ ਪਾਣੀ ਵੀ ਜਿਆਦਾ ਡੂੰਘਾ ਨਹੀ ਹੈ । ਕਿਤੇ ਕਿਤੇ ਤਾਂ ਗਜ ਡੂੰਘਾਈ ਵੀ ਨਹੀ ਹੈ। ਕਿਉਕਿ ਪਿੱਛਲੇ 500 ਸਾਲਾਂ ਵਿੱਚ ਇਥੇ ਸਮੁੰਦਰ ਦੀ ਤਹਿ ਕਾਫੀ ਉੱਚੀ ਹੋਈ ਹੈ ਲੱਗਦਾ ਹੈ ਕਿ ਗੁਰੂ ਸਾਹਿਬ ਦੇ ਵੇਲਿਆਂ 'ਚ ਇਹ ਦੀਪ ਰਕਬੇ ਵਿੱਚ ਜਿਆਦਾ ਵੱਡੇ ਸਨ।

ਲੰਕਾ ਦੀਆਂ ਸੈਰਾਂ ਕਰਕੇ ਮਰਦਾਨਾ ਕਹਿਣ ਲੱਗਾ ਬਾਬਾ ਜੀ ਹੁਣ ਹੋਰ ਸਮੁੰਦਰ ਨਹੀ ਵੇਖਣੇ ਹੁਣ ਪੰਜਾਬ ਵਲ ਪਰਤੀਏ। ਗੁਰੂ ਸਾਹਿਬ ਹਾਂ ਕੀਤੀ ਤੇ ਮਰਦਾਨੇ ਦਾ ਮੰਨ ਪ੍ਰਸੰਨ ਹੋਇਆ।◈◈

◉◉ ਸੋ ਏਸੇ ਤਰਾਂ ਸੈਰ ਕਰਦੇ ਹੋਏ ਗੁਰੂ ਸਾਹਿਬ ਜਾਫਨਾ ਤੋਂ 123 ਕਿਲੋਮੀਟਰ ਦਾ ਸਫਰ ਬੇੜੇ ਰਾਂਹੀ ਕਰਨ ਉਪਰੰਤ ਮਸ਼ਹੂਰ ਬੰਦਰਗਾਹ ਨਾਗਾਪਟਨਮ ਆ ਉਤਰੇ।

—▲—

ਪੈੜ ਸਫਾ

ਫਿਰ ਜੋਗੀਆਂ ਨੇ ਓਦੋ ਅਫਵਾਹ ਵੀ ਉਡਾਈ ਕਿ ਗੁਰੂ ਸਾਹਿਬ ਨੇ ਪ੍ਰਾਣ ਸੰਗਲੀ ਨਾਂ ਦੀ ਬਾਣੀ ਲੰਕਾ ਰਹਿ ਕੇ ਰਚੀ ਹੈ ਜੋ ਓਥੇ ਹੀ ਸੁਰੱਖਿਅਤ ਪਈ ਹੈ। ਗੁਰੂ ਅਰਜਨ ਦੇਵ ਨੇ ਵੱਡਾ ਯਤਨ ਕਰਕੇ ਉਹ ਬਾਣੀ ਹਾਸਲ ਕੀਤੀ ਤੇ ਪਾਇਆ ਕਿ ਉਹ ਪ੍ਰਾਣ ਸੰਗਲੀ ਗੁਰੂ ਸਾਹਿਬ ਦੀ ਰਚਨਾ ਨਹੀ ਸਗੋਂ ਸੰਨਿਆਸੀ ਜੋਗੀਆਂ ਦੀ ਬਾਣੀ ਹੈ।

ਇਹ ਵੀ ਸ਼ੱਕ ਕੀਤਾ ਜਾਂਦਾ ਹੈ 'ਚੰਗਾ ਭਾਟੜਾ' ਜੋ ਜੋਗੀਆਂ ਵਿੱਚ ਉੱਚਾ ਥਾਂ ਰੱਖਦਾ ਸੀ, ਹੋ ਸਕਦਾ ਕੇ ਪ੍ਰਾਣ ਸੰਗਲੀ ਓਸੇ ਦੀ ਹੀ ਰਚਨਾ ਹੋਵੇ। ਯਾਦ ਰਹੇ 'ਚੰਗਾ' ਗੁਰੂ ਸਾਹਿਬ ਦੀ ਸੰਗਤ ਤੋਂ ਬਾਦ ਸਿੱਖ ਬਣ ਗਇਆ ਸੀ ਜਿਸ ਨੇ ਉਸ ਇਲਾਕੇ ਵਿੱਚ ਸਿੱਖੀ ਦਾ ਵੱਡਾ ਪ੍ਰਚਾਰ ਕੀਤਾ।

ਇਕ ਦੋ ਲਿਖਾਰੀਆਂ ਨੇ ਲਿਖਿਆ ਹੈ ਅਨੁਰਾਧਪੁਰਾ ਵਿਖੇ ਪਏ ਸਿਲਲੇਖ ਅਨੁਸਾਰ ਗੁਰੂ ਸਾਹਿਬ ਲੰਕਾ ਵਿਖੇ 1511 ਈ ਨੂੰ ਪਧਾਰੇ ਸਨ। ਪਰ ਅਸੀ ਸਮਝਣਦੇ ਹਾਂ ਇਹ ਸਬੂਤ ਨਾਲੋ ਜਿਆਦਾ ਅਟਕਲਬਾਜੀ ਹੀ ਹੈ। ਜਿਵੇ ਲਿਖਾਰੀਆਂ ਨੇ ਬਗਦਾਦ ਦੀ ਸਿਲ ਬਾਰੇ ਕੀਤਾ ਸੀ। ਫਿਰ ਵੀ ਜੇ ਇਹ ਗਲ ਸਾਬਤ ਹੋ ਜਾਂਦੀ ਹੈ ਤਾਂ ਫਿਰ ਬਾਲੇ ਵਾਲੀ ਸਾਖੀ ਦੀ ਇਹ ਸਤਰ ਕਿ ਗੁਰੂ ਸਾਹਿਬ ਲੰਕਾ ਤੋਂ ਬੰਗਾਲ ਵਲ ਗਏ "ਜਿਥੇ ਝੰਡੇ ਬਾਡੀ ਦੀ ਮੰਜੀ ਹੈ" ਸੱਚ ਸਾਬਤ ਹੋ ਜਾਂਦੀ ਹੈ। (ਬਾਲਾ-156, ਗਰੇਵਾਲ ਵੈਬ ਪੇਜ)

ਜਨਮ ਸਾਖੀਆਂ ਨੇ ਜਿਹੜੀ ਗਲ ਲਿਖੀ ਹੈ ਕਿ ਜਿੱਥੇ ਗੁਰੂ ਸਾਹਿਬ ਨੇ ਡੇਰਾ ਲਾਇਆ ਸੀ ਉਹ ਬਗੀਚੀ ਹਰੀ ਭਰੀ ਹੋ ਗਈ, ਇਥੇ ਵੀ ਉਨਾਂ ਨੂੰ ਟਪਲਾ ਲੱਗਾ ਲੱਗਦਾ ਹੈ ਕਿਉਕਿ ਇਹ ਸਾਖੀ ਕਿਸੇ ਦੂਸਰੇ ਥਾਂ ਦੀ ਹੈ। ਕੋਟੇ (ਕੋਲੰਬੋ) ਵਿੱਚ ਅਮੂਮਨ ਬਾਰਸ਼ ਠੀਕ ਹੋ ਜਾਂਦੀ। ਨਮੀਂ ਵੀ ਸਾਰਾ ਸਾਲ ਬਣੀ ਰਹਿੰਦੀ ਹੈ।

** ਕਿਰਪਾਲ -78, ◉ ਗਿਆਨੀ - 168

◈ ਗਿਆਨੀ- 168 ਨੇ ਕਾਟਾਰਾਗਾਮਾ ਸ਼ਹਿਰ ਨੂੰ ਕਤਲੇਸ਼ ਨੇੜੇ ਪੰਡੀ (ਭਾਵ ਕੈਂਡੀ) ਲਿਖਿਆ ਹੈ ਜੋ ਗਲਤ ਹੈ। ਦਰ ਅਸਲ ਇਹ ਮੋਨਾਰਗਾਲਾ ਜਿਲੇ ਵਿੱਚ ਹੈ।

◆ ਕਿਰਪਾਲ-78 ਨੇ ਹੀ ਇਸ ਬਾਬਤ ਉਪਰਾਲਾ ਕੀਤਾ ਸੀ। ਉਸ ਨੇ ਕੁਰੁਕਲ ਮੰਡਮ ਲੱਭਿਆ। ਪਰ ਗਿਆਨੀ ਦੇ ਦੱਸੇ ਕਈ ਸਥਾਨ ਉਹ ਲੱਭਣ ਵਿੱਚ ਅਸਫਲ ਰਿਹਾ ਹੈ।

◘ ਕਿਰਪਾਲ -81. ਨੇ ਗੁਰੂ ਸਾਹਿਬ ਦਾ ਅਨੁਰਾਧਪੁਰਾ ਜਾਣਾ ਵੀ ਲਿਖਿਆ ਹੈ। ਸਾਨੂੰ ਇਸ ਤੇ ਸ਼ੱਕ ਹੈ ਕਿਉਕਿ ਗੁਰੂ ਸਾਹਿਬ ਦੀ ਫੇਰੀ ਵੇਲੇ ਦੁਨੀਆ ਦਾ ਇਹ ਪੁਰਾਣਾ ਸ਼ਹਿਰ ਅਨੁਰਾਧਪੁਰਾ ਓਨੀ ਦਿਨੀ ਆਪਣੀ ਅਹਿਮੀਅਤ ਗਵਾ ਚੁੱਕਾ ਸੀ। ਸ਼ਾਇਦ 11ਵੀ ਸਦੀ ਤੋਂ 19ਵੀ ਸਦੀ ਤੱਕ ਇਹ ਸ਼ਹਿਰ ਗਵਾਚਿਆ ਜਿਹਾ ਰਿਹਾ। ਹਾਲਾਂ ਇੱਕ ਪਿੰਡ ਦੇ ਤੌਰ ਤੇ ਥੋੜੀ ਬਹੁਤੀ ਅਬਾਦੀ ਬਚੀ ਰਹੀ ਸੀ। ਇਹੋ ਹੀ ਕਾਰਨ ਹੈ ਕਿ ਇਸ ਇਲਾਕੇ ਵਿੱਚ ਇਤਹਾਸ ਬੜੀ ਖੂਬਸੂਰਤੀ ਨਾਲ ਸਾਂਭਿਆ ਪਿਆ ਹੈ। ਅਨੁਰਾਧਪੁਰਾ ਦਾ ਇੱਕ ਤਰਾਂ ਨਾਲ ਪੁਰਾਤਨ ਇਤਹਾਸ ਦਾ ਅਜਾਇਬਘਰ ਹੈ। ਇਥੇ ਕੋਈ ਮਹੱਤਵਪੂਰਨ ਹਿੰਦੂ ਮੰਦਰ ਵੀ ਸ਼ਾਇਦ ਹੀ ਹੋਵੇ।

ਸਿੰਨਹਾਲੀ ਇਤਹਾਸਕਾਰ ਜਿਸ ਨੇ ਗੁਰੂ ਸਾਹਿਬ ਨਾਲ ਸਬੰਧਤ ਸਿਲਲੇਖ ਉਜਾਗਰ ਕੀਤਾ: ਡਾ. ਸਿੱਧਮੰਗਲਾ ਕਰੁਨਾਰਤਨੇ

✚ ਮਨੀ ਸਿੰਘ-458, * ਮਨੀ ਸਿੰਘ-399

◈◈ ਲੰਕਾ ਤੋਂ ਗੁਰੂ ਸਾਹਿਬ ਵਾਪਸ ਪੰਜਾਬ ਵਲ ਪਰਤੇ ਸਨ।-ਭਾਈ ਮਨੀ ਸਿੰਘ, ਪੁਰਾਤਨ-169, ਬੀ-40 :122

●● ਸਾਡਾ ਅੰਦਾਜ਼ਾ (ਚੰਗੀ ਤਰਾਂ ਵੀਚਾਰੋ ਕਿਉਕਿ ਸੋਚੀ 2- 427 ਨੇ ਇਹ ਬਾਣੀ ਕਰਤਾਰਪੁਰ ਰਚੀ ਹੋਣ ਬਾਰੇ ਲਿਖਿਆ ਹੈ)

◉◉ ਵੇਖੋ ਹਕੀਕਤ ਰਾਹ ਮੁਕਾਮ

ਸੁਚੇਤ ਰਿਹਾ ਜਾਵੇ: ਇੰਟਰਨੈਟ ਤੇ ਦੋ ਜਾਹਲੀ ਜਿਹੇ ਵਿਦਵਾਨ ਸ੍ਰੀ ਲੰਕਾ ਫੇਰੀ ਬਾਰੇ ਭੰਬਲਭੂਸੇ ਪਾਉਣ ਦੀ ਕੋਸ਼ਿਸ਼ ਕਰ ਰਹੇ ਨੇ।ਇਹ ਦਾਵਾ ਕਰ ਰਹੇ ਨੇ ਅਸੀ ਲੰਕਾ ਘੁੰਮਿਆ ਹੈ।

ਲੰਕਾ ਤੋਂ ਪਰਤਦਿਆਂ– ਬੁਰਹਾਨਪੁਰ ਤਕ

ਲੰਕਾ ਤੋਂ ਪਰਤੇ ਚਕ੍ਵਰਤੀ ਗੁਰੂ- ਤਮਿਲ ਦੇਸ ਵਿਚ (ਸਾਲ ਤਕਰੀਬਨ 1515 ਈ.)

ਨਾਗਾਪਟਨਮ - ਜਾਫਨਾ ਤੋਂ ਨਾਗਾਪਟੀਨਮ ਦਾ 125 ਕਿ.ਮੀ. ਦਾ ਸਫਰ ਗੁਰੂ ਸਾਹਿਬ ਨੇ ਸਮੁੰਦਰੀ ਬੇੜੇ ਰਾਂਹੀ ਕੀਤਾ। ਨਾਗਾਪਟੀਨਮ ਬਹੁਤ ਹੀ ਵੱਡੀ ਬੰਦਰਗਾਹ ਸੀ; ਹਿੰਦੁਸਤਾਨ ਦੀਆਂ ਚਾਰ ਵੱਡੀਆਂ ਬੰਦਰਗਾਹਾਂ ਵਿਚੋਂ ਇਕ। ਕਾਰੋਬਾਰ ਦੀ ਵੱਡੀ ਹਲਚਲ ਇਥੇ ਗੁਰੂ ਸਾਹਿਬ ਨੇ ਮਹਿਸੂਸ ਕੀਤੀ। ਇਥੇ ਗੁਰੂ ਸਾਹਿਬ ਹਿੰਦੂ, ਮੁਸਲਮਾਨ ਤੇ ਈਸਾਈ ਧਰਮ ਗੁਰੂਆਂ ਨੂੰ ਮਿਲੇ।

—◈—

ਨਾਗਾਪਟਨਮ -1680 ਈ. ਦੀ ਤਸਵੀਰ: ਡੱਚ ਕਲਾਕਾਰ (ਵਿੱਕੀਪੈਡੀਆ ਤੋਂ)

ਮਹਾਤਮਾ ਜੀ ਤੁਸੀ ਇਥੇ ਕੀ ਵੇਚਣ ਆਏ ਹੋ? – ਹੁੱਜਤੀ ਲੋਕਾਂ ਪੁਛਿਆਂ ◉

ਇਥੇ ਕੁਝ ਲੋਕ ਵਿਹਲੇ ਟਹਿਲ ਰਹੇ ਸਨ ਕਿ ਗੁਰੂ ਸਾਹਿਬ ਨਾਲ ਮੇਲ ਹੋ ਗਿਆ। ਮਸਤੀ ਦੇ ਆਲਮ ਵਿੱਚ ਆ ਗੁਰੂ ਸਾਹਿਬ ਨਾਲ ਅੱਠਖੇਲੀਆਂ ਲੱਗੇ ਕਰਨ। "ਬਾਬਾ ਜੀ ਤੁਸੀ ਕਿਹੜੇ ਦੇਸ ਤੋਂ ਹੋ?" ਗੁਰੂ ਸਾਹਿਬ ਕਿਹਾ ਕਿ ਮੈਂ ਲਹੌਰ ਪੰਜਾਬ ਤੋਂ। ਅੱਗੋਂ ਕਹਿਣ ਲੱਗੇ, "ਤੁਸੀ ਕਿਹੜਾ ਮਾਲ ਬਾਹਰ ਭੇਜਣਾ ਵਾ ਜਿਹੜਾ ਹਜ਼ਾਰਾਂ ਮੀਲਾਂ ਤੋਂ ਚਲ ਇਥੇ ਆਏ ਹੋ?" ਗੁਰੂ ਸਾਹਿਬ ਨੇ ਕਿਹਾ ਮੈ ਸੱਚ ਦਾ ਸੌਦਾਗਰ ਹਾਂ। ਮੈਂ ਹਰ ਥਾਂ ਜਾ ਦੁਹਾਈ ਦਿੰਦਾ ਹਾਂ ਕਿ ਲੋਕੋ ਸੱਚ ਨੂੰ ਪਛਾਣੋ ਤੇ ਨਿਮ੍ਰਤਾ ਵਿੱਚ ਆ ਜਾਓ।

"ਬਾਵਾ ਜੀ ਫਰਮਾਈਏ ਸੱਚ ਕਿਆ ਹੈ?" ਗੁਰੂ ਸਾਹਿਬ ਨੇ ਕਿਹਾ ਕਿ ਸੱਚ ਇਹ ਹੈ ਕਿ ਐਸ ਵੇਲੇ ਤੁਸੀ ਮਸਤੀ ਵਿੱਚ ਹੋ। ਤੁਹਾਨੂੰ ਨਹੀ ਪਤਾ ਅਗਲੇ ਪਲ ਕੀ ਹੋਣ ਵਾਲਾ ਹੈ ਤੁਹਾਡੇ ਨਾਲ। ਚਤੁਰਾਈ ਸਿਆਣਪ ਨਾਲ ਤੁਸੀ ਵਕਤ ਨੂੰ ਟਾਲ ਨਹੀ ਸਕਦੇ। ਯਾਦ ਰੱਖਣਾ ਜਿਹੜੇ ਕਦੀ ਕਦਾਈ ਫਿਰ ਅਜਿਹੀ ਮਸਤੀ ਵਿੱਚ ਆਉਦੇ ਹਨ ਉਹ ਬਾਦ ਵਿੱਚ ਟੁੱਟੇ ਟੁੱਟੇ ਉਦਾਸ ਤੇ ਚਿੰਤਾਤੁਰ ਰਹਿੰਦੇ ਹਨ। ਮੈਂ ਉਹ ਸੱਚ ਦੱਸਦਾ ਜਿਸ ਨਾਲ ਸਦੀਵੀ ਖੇੜਾ ਬਣਿਆ ਰਹਿੰਦਾ ਹੈ।

ਉਹ ਹੁਜਤੀ ਲੋਕ ਫਿਰ ਹੱਸਦੇ ਹੋਏ ਕਹਿਣ ਲੱਗੇ ਉਹ ਕਿਹੜੀ ਬੂਟੀ ਜਿਨੂੰ ਪੀਣ ਨਾਲ ਸਦਾ ਅਨੰਦ ਰਹਿੰਦਾ ਹੈ?

ਗੁਰੂ ਸਾਹਿਬ ਕਿਹਾ ਉਹ ਹੈ ਰੱਬ ਬਾਰੇ ਗਿਆਨ, ਉਹਦਾ ਨਾਂ, ਸ੍ਰਿਸਟੀ ਦੀ ਅਸਲੀਅਤ।

ਹੁਜਤੀ ਕਹਿਣ ਲੱਗੇ ਬਾਬਾ ਜੀ ਰੱਬ ਕਿਹੜਾ ਦਿਸਦਾ। ਅਸੀ ਆਪਣੀ ਸੋਚ ਵਿੱਚ ਹੀ ਉਨੂੰ ਪੈਦਾ ਕਰਦੇ ਹਾਂ।

ਗੁਰੂ ਸਾਹਿਬ ਨੇ ਕਿਹਾ ਕਿ ਨਹੀ ਤੁਸੀ ਗਲਤ ਹੋ। ਰੱਬ ਦਿਸਦਾ ਹੈ ਜਦੋਂ ਸੱਚ ਦਾ ਗਿਆਨ ਹੋਵੇ। ਫਿਰ ਜੋ ਦਿਸਦਾ ਹੈ ਉਹ ਰੱਬ ਹੀ ਦਿਸਦਾ ਹੈ, ਹੋਰ ਕੁੱਝ ਨਹੀ।

ਹੌਲੀ ਹੌਲੀ ਉਨਾਂ ਹੁੱਜਤੀਆਂ ਦੀ ਮਸਤੀ ਉੱਤਰੀ ਤਾਂ ਗੁਰੂ ਸਾਹਿਬ ਨੇ ਉਨਾਂ ਨੂੰ ਸੱਚ ਦਾ ਗਿਆਨ ਕਰਵਾਇਆ।

ਅੰਤ ਵਿੱਚ ਸਬਦ ਗਾਇਆ:-

ਗੁਰਮਤਿ ਸਾਚੀ ਹੁਜਤਿ ਦੂਰਿ ॥ ਬਹੁਤੁ ਸਿਆਣਪ ਲਾਗੈ ਧੂਰਿ ॥ ਲਾਗੀ ਮੈਲੁ ਮਿਟੈ ਸਚ ਨਾਇ ॥ ਗੁਰ ਪਰਸਾਦਿ ਰਹੈ ਲਿਵ ਲਾਇ ॥੧॥ ਹੈ ਹਜੂਰਿ ਹਾਜਰੁ ਅਰਦਾਸਿ ॥ ਦੁਖੁ ਸੁਖੁ ਸਾਚੁ ਕਰਤੇ ਪ੍ਰਭ ਪਾਸਿ ॥੧॥ ਰਹਾਉ ॥ ਕੂੜੁ ਕਮਾਵੈ ਆਵੈ ਜਾਵੈ ॥ ਕਹਣਿ ਕਥਨਿ ਵਾਰਾ ਨਹੀ ਆਵੈ ॥ ਕਿਆ ਦੇਖਾ ਸੂਝ ਬੂਝ ਨ ਪਾਵੈ ॥ ਬਿਨੁ ਨਾਵੈ ਮਨਿ ਤ੍ਰਿਪਤਿ ਨ ਆਵੈ ॥੨॥ ਜੋ ਜਨਮੇ ਸੇ ਰੋਗਿ ਵਿਆਪੇ ॥ ਹਉਮੈ ਮਾਇਆ ਦੂਖਿ ਸੰਤਾਪੇ ॥ ਸੇ ਜਨ ਬਾਚੇ ਜੋ ਪ੍ਰਭਿ ਰਾਖੇ ॥ ਸਤਿਗੁਰੁ ਸੇਵਿ ਅੰਮ੍ਰਿਤ ਰਸੁ ਚਾਖੇ ॥੩॥ ਚਲਤਉ ਮਨੁ ਰਾਖੈ ਅੰਮ੍ਰਿਤੁ ਚਾਖੈ ॥ ਸਤਿਗੁਰ ਸੇਵਿ ਅੰਮ੍ਰਿਤ ਸਬਦੁ ਭਾਖੈ ॥ ਸਾਚੈ ਸਬਦਿ ਮੁਕਤਿ ਗਤਿ ਪਾਏ ॥ ਨਾਨਕ ਵਿਚਹੁ ਆਪੁ ਗਵਾਏ ॥

—◈—

ਕੁੰਭਕੋਨਮ -◆ ਨਾਗਾਪੱਟੀਨਮ ਤੋਂ ਉਤਰ ਪੱਛਮ ਦਿਸ਼ਾ ਵਿੱਚ 55 ਕਿ.ਮੀ. ਤੇ ਪ੍ਰਸਿਧ ਹਿੰਦੂ ਤੀਰਥ ਅਸਥਾਨ ਹੈ ਕੁੰਭਕੋਨਮ (ਕੁੰਭ - ਕੋਨਾ) ਜਿੱਥੇ ਅੰਮ੍ਰਿਤ ਦਾ ਘੜਾ ਬ੍ਰਹਮਾ ਨੇ ਕੁਝ ਦੇਰ ਟਿਕਾ ਦਿੱਤਾ ਸੀ। (ਵੇਖੋ ਸਾਗਰ ਮੰਥਨ ਕਥਾ ਪੰਨਾ 106) ਸੋ ਦੱਖਣ ਭਾਰਤ ਦਾ 12 ਸਾਲੀ ਕੁੰਭ ਫਿਰ ਏਥੇ



12ਵੀ ਸਦੀ ਈ.ਦਾ ਨਾਗੇਸ਼ਵਰ ਮੰਦਰ ਕੁੰਭਕੋਨਮ

ਪੈਰ ਸਫਾ

◉ ਸੋਢੀ ਮਿਹਰਬਾਨ -258 (ਅੰਦਾਜ਼ਾ ਹੈ ਕਿ ਇਹ ਸਾਖੀ ਇਥੇ ਵਾਪਰੀ ਹੋਵੇਗੀ। ਓਨਾਂ ਵੇਲਿਆਂ ਵਿੱਚ ਸਧਾਰਨ ਲੋਕ ਸਾਧੂ ਸੰਤਾਂ ਕੋਲੋ ਡਰਦੇ ਸਨ। ਨਾਗਾਪੱਟੀਨਮ ਕੌਮਾਂਤਰੀ ਧਨਾਢ ਲੋਕਾਂ ਦਾ ਸ਼ਹਿਰ ਸੀ ਜਿੱਥੇ ਹਰ ਕੋਈ ਰੁੱਝਾ ਹੋਇਆ ਸੀ। ਰੁੱਝਾ ਬੰਦਾ ਜਦੋਂ ਫਿਰ ਵੇਹਲ ਮਹਿਸੂਸ ਕਰਦਾ ਹੈ ਤਾਂ ਉਸ ਦੇ ਮੰਨ ਵਿੱਚ ਫਿਰ ਅਜਿਹੀਆਂ ਮਸਤੀਆਂ ਆਉਦੀਆਂ ਹਨ ਖਾਸ ਕਰਕੇ ਸਾਧੂਆਂ ਪ੍ਰਤੀ। ◆ ਕੋਹਲੀ-80

ਲੱਗਦਾ ਹੈ। ਇਥੇ ਪੁਰਾਣੇ ਮੰਦਰਾਂ ਦੀ ਭਰਮਾਰ ਹੈ। ਇਸ ਨਗਰ ਦੇ ਇੱਕ ਪਾਸੇ ਕਾਵੇਰੀ ਨਦੀ ਹੈ ਤੇ ਦੂਸਰੇ ਪਾਸੇ ਅਰਸਲਾਰ ਨਦੀ। ਇਹ ਦੱਖਣ ਭਾਰਤ ਦਾ ਟੈਮਪਲ ਟਾਊਨ (ਮੰਦਰਾਂ ਦਾ ਸ਼ਹਿਰ) ਗਿਣਿਆ ਜਾਂਦਾ ਹੈ।

ਇਥੇ ਵੀ ਗੁਰੂ ਸਾਹਿਬ ਆਏ ਤੇ ਲੋਕਾਈ ਨੂੰ ਦੁਹਾਈ ਦੇ ਕੇ ਦੱਸਿਆ ਕਿ ਜੇ ਮੁਕਤੀ ਚਾਹੁੰਦੇ ਹੋ ਤਾਂ ਨਿਰੰਕਾਰ ਦਾ ਨਾਮ ਜਪੋ। ਕਰਮ ਕਾਂਡਾਂ ਅਤੇ ਨਹਾਉਣ ਨਾਲ ਮੁਕਤੀ ਨਹੀ ਮਿਲਣੀ। ਨਿਰੰਕਾਰ ਪ੍ਰਭੂ ਦੀ ਅਰਾਧਨਾ ਕਰੋ। ਉਹਦੇ ਗੁਣ ਗਾਓ।

—◈—

ਥੰਜਾਵੂਰ (ਤੰਜੌਰ) - ਕੁੰਭਕੋਨਮ ਤੋਂ 35 ਕਿ.ਮੀ. ਪੱਛਮ ਵਿੱਚ ਪ੍ਰਸਿਧ ਨਗਰ ਥੰਜਾਵੂਰ ਹੈ ਜਿੱਥੇ ਸਾਹਿਬ ਪਧਾਰੇ। ਥੰਨਜਾਓਰ ਤਮਿਲ ਲੋਕਾਂ ਦੀ ਧਾਰਮਿਕ ਤੇ ਸਭਿਆਚਾਰ ਰਾਜਧਾਨੀ ਹੈ ਭਾਵ ਕੇਂਦਰ ਹੈ। ਸ਼ਹਿਰ 1200 ਸਾਲ ਪੁਰਾਣਾ ਹੈ। ਇਥੇ ਅਨੇਕਾਂ ਪੁਰਾਣੇ ਮੰਦਰ ਹਨ ਜੋ ਪੁਰਾਤਤਵ ਤੇ ਹੁਨਰ ਦੇ ਤੌਰ ਤੇ ਖਾਸ ਅਹਿਮੀਅਤ ਰੱਖਦੇ ਹਨ। ਯੂਨੈਸਕੋ ਨੇ ਕੁਝ ਮੰਦਰ ਤਾਂ ਗੋਦ ਹੀ

ਥੰਜਾਵੂਰ ਦੀ 1867 ਈ ਦੀ ਫੋਟੋ -(ਸਰੋਤ-ਵਿੱਕੀਪੈਡੀਆ)

ਲੈ ਲਏ ਨੇ। ਸੋ ਸਾਰੇ ਇਤਹਾਸਕਾਰਾਂ ਦਾ ਮੰਨਣਾ ਹੈ ਕਿ ਗੁਰੂ ਸਾਹਿਬ ਨੇ ਇਸ ਸ਼ਹਿਰ ਵਿੱਚ ਜਰੂਰ ਚਰਨ ਪਾਏ ਸਨ। ਗੁਰੂ ਸਾਹਿਬ ਦਾ ਉਪਦੇਸ਼ ਸੁਣ ਕੇ ਅਨੇਕਾਂ ਲੋਕਾਂ ਨੇ ਸਿੱਖੀ ਧਾਰਨ ਕੀਤੀ ਜਿਸ ਦਾ ਸਬੂਤ ਓਥੇ ਮੌਜੂਦ ਗੁਰਦੁਆਰਾ ਦਿੰਦਾ ਹੈ।

—◈—

ਜਦੋਂ ਬਾਬੇ ਦੇ ਮੱਥੇ ਵਿੱਚ ਰੋੜਾ ਵੱਜਿਆ ◉

ਥੰਜਾਵੂਰ ਸ਼ਹਿਰ ਦੇ ਬਾਹਰਵਾਰ ਕਿਤੇ ਬਾਬਾ ਜੀ ਪੁਰਾਣੇ ਮੰਦਰ ਦੇ ਖੰਡਰਾਂ ਵਿੱਚ ਬਿਰਾਜੇ ਹੋਏ ਸਨ। ਕੀਰਤਨ ਚਲ ਰਿਹਾ ਸੀ। ਮਰਦਾਨੇ ਦੀ ਰਬਾਬ ਨੇ ਰੰਗ ਬੱਧਾ ਹੋਇਆ ਸੀ ਕਿ ਓਤੋਂ ਕੋਈ ਇੱਟ-ਰੋੜਾ ਡਿਗਿਆ ਤੇ ਆ ਬਾਬੇ ਦੇ ਮੱਥੇ 'ਚ ਵੱਜਾ। ਬਾਬੇ ਦਾ ਅਜਿਹਾ ਵੈਰਾਗ ਛੁੱਟਿਆ ਕਿ ਰੋਣ ਨਿਕਲ ਗਿਆ। ਮਰਦਾਨਾ ਵੀ ਕਿਹੜਾ ਘੱਟ ਸੀ। ਓਹਨੇ ਝੱਟ ਬਾਬੇ ਨੂੰ ਤਾਨਾ ਮਾਰ ਦਿੱਤਾ ਕਿ ਬਾਬਾ ਕੀ ਫਾਇਦਾ ਹੋਇਆ ਤੁਹਾਡੇ ਵਰਗੇ ਪੈਗੰਬਰ ਵੀ ਰੋੜਾ ਵੱਜਣ ਤੇ ਰੋਣ?

ਪੈਂਡੇ ਸਫ਼ਰ

◉ਤਮਿਲਨਾਡੂ ਵਿੱਚ ਸੰਗਮ ਕਾਲ ਦੌਰਾਨ ਬਹੁਤ ਸਾਰੀਆਂ ਮੰਦਰਾਂ ਦੀਆਂ ਇਮਾਰਤਾਂ ਇੱਟਾਂ ਤੇ ਚੂਨੇ ਦੀਆਂ ਵੀ ਮਿਲਦੀਆਂ ਹਨ। ਲੱਗਦਾ ਬਾਬਾ ਕਿਤੇ ਇੰਨਾਂ ਖੰਡਰਾਂ ਵਿੱਚ ਹੀ ਬੈਠਾ ਹੋਵੇਗਾ। ਨਾਲੇ ਸੋਢੀ (ਪੰਨਾ 203) ਨੇ ਇਸ਼ਾਰਾ ਦਿੱਤਾ ਹੈ ਕਿ ਅਜੇ ਬਾਬੇ ਨੇ ਦੱਖਣ ਦੀ ਯਾਤਰਾ ਸ਼ੁਰੂ ਕੀਤੀ ਸੀ। ਇਥੇ ਹੀ ਸੋਢੀ ਨੇ ਸਾਫ ਲਿਖਿਆ ਹੈ ਕਿ ਪੂਰਬ ਦੇਸ ਦੀ ਯਾਤਰਾ ਤਿੰਨ ਸਾਲ ਵਿੱਚ ਮੁਕੰਮਲ ਕੀਤੀ ਸੀ ਬਾਬੇ ਨੇ।

ਬਾਬੇ ਨੇ ਕਿਹਾ ਮਰਦਾਨਿਆ ਮੇਰਾ ਤਾਂ ਰੋਣਾ ਹੀ ਇਹੋ ਹੈ ਕਿ ਨਿਰੰਕਾਰ ਆਪਣੇ ਨਾਮ ਜੱਪਣ ਵਾਲੇ ਭਗਤਾਂ ਨੂੰ ਹੱਥ ਦੇ ਕੇ ਰੱਖਦਾ ਹੈ ਦੁੱਖ ਨਹੀ ਆਉਣ ਦਿੰਦਾ। ਓਪਰੋਂ ਓਪਰੋਂ ਸਰੀਰਕ ਕਸ਼ਟ ਦਿਖਦੇ ਹਨ ਪਰ ਮੰਨ ਦੀ ਪੀੜਾ ਨਹੀ ਹੁੰਦੀ। ਮਤਲਬ ਤੁਹਾਨੂੰ ਇੱਟਾ ਵੱਜਿਆ ਹੈ, ਲਹੂ ਨਿਕਲਿਆ ਜਾਂ ਰੋੜ ਉਭਰਿਆ ਹੈ ਪਰ ਪੀੜ ਨਹੀ। ਓਹ ਆਪਣੇ ਪਿਆਰਿਆ ਨੂੰ ਚੜ੍ਹਦੀ ਕਲਾ ਵਿੱਚ ਰੱਖਦਾ ਹੈ। ੧ਓ ਨਿਰੰਕਾਰ ਪ੍ਰਮੇਸ਼ਰ ਦੀਆਂ ਇਹੋ ਸਿਫਤਾਂ ਚਲ ਰਹੀਆਂ ਸਨ ਕਿ ਬਾਣੀ ਉਤਰਨੀ ਸ਼ੁਰੂ ਹੋ ਗਈ। ਗੁਰੂ ਸਾਹਿਬ ਨੇ ਮਰਦਾਨੇ ਨੂੰ ਫਿਰ ਸੁਚੇਤ ਕੀਤਾ। ਰਬਾਬ ਦੀ ਉੱਚੀ ਗੂੰਜ ਉਨਾਂ ਖੰਡਰਾਂ ਵਿੱਚ ਫੈਲੀ:

ਸਹੰਸਰ ਦਾਨ ਦੇ ਇੰਦ੍ਰ ਰੋਆਇਆ ॥ ਪਰਸ ਰਾਮੁ ਰੋਵੈ ਘਰਿ ਆਇਆ ॥ ਅਜੈ ਸੁ ਰੋਵੈ ਭੀਖਿਆ ਖਾਇ ॥ ਐਸੀ ਦਰਗਹ ਮਿਲੈ ਸਜਾਇ ॥ ਰੋਵੈ ਰਾਮੁ ਨਿਕਾਲਾ ਭਇਆ ॥ ਸੀਤਾ ਲਖਮਣੁ ਵਿਛੁੜਿ ਗਇਆ ॥ ਰੋਵੈ ਦਹਸਿਰੁ ਲੰਕ ਗਵਾਇ ॥ ਜਿਨਿ ਸੀਤਾ ਆਦੀ ਡਉਰੂ ਵਾਇ ॥ ਰੋਵਹਿ ਪਾਂਡਵ ਭਏ ਮਜੂਰ ॥ ਜਿਨ ਕੈ ਸੁਆਮੀ ਰਹਤ ਹਦੂਰਿ ॥ ਰੋਵੈ ਜਨਮੇਜਾ ਖੁਇ ਗਇਆ ॥ ਏਕੀ ਕਾਰਣਿ ਪਾਪੀ ਭਇਆ ॥ ਰੋਵਹਿ ਸੇਖ ਮਸਾਇਕ ਪੀਰ ॥ ਅੰਤਿ ਕਾਲਿ ਮਤੁ ਲਾਗੈ ਭੀੜ ॥ ਰੋਵਹਿ ਰਾਜੇ ਕੰਨ ਪੜਾਇ ॥ ਘਰਿ ਘਰਿ ਮਾਗਹਿ ਭੀਖਿਆ ਜਾਇ ॥ ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥ ਪੰਡਿਤ ਰੋਵਹਿ ਗਿਆਨੁ ਗਵਾਇ ॥ ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ ॥ ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥੧॥

ਭਾਈ ਸਿਰਫ ਨਾਮ ਜੱਪਣ ਵਾਲੇ ਹੀ ਦੁੱਖ ਸੁੱਖ ਤੋਂ ਉੱਪਰ ਉੱਠਦੇ ਹਨ ਬਾਕੀ ਸਭ ਦੁਨੀਆਂ ਦੁੱਖਾਂ ਵਿੱਚ ਗ੍ਰੱਸੀ ਪਈ ਹੈ।

—◈—

ਸ੍ਰੀਰੰਗਮ - ਥੰਜਾਵੂਰ ਤੋਂ 50 ਕਿ.ਮੀ. ਦੂਰ ਪੱਛਮ ਵਿੱਚ ਗੁਰੂ ਸਾਹਿਬ ਤ੍ਰਿਚਨਾਪਲੀ ਦੇ ਮੰਦਰ ਸ੍ਰੀਰੰਗਮ ਗਏ। ਸ੍ਰੀਰੰਗਮ ਨੂੰ ਦੱਖਣੀ ਪੈਂਡੇ ਪ੍ਰਯਾਗ ਬਰਾਬਰ ਮੰਨਦੇ ਹਨ। ਅਖੇ ਇਥੇ ਵੀ ਤਿੰਨ ਦਰਿਆਵਾਂ ਦਾ ਮੇਲ ਹੈ। ਅਸਲ ਵਿੱਚ ਸਿਰਫ ਕਾਵੇਰੀ ਦਰਿਆ ਹੀ ਹੈ ਜਿਹਦੀ ਦੂਸਰਾ ਸ਼ਰਾ ਮੁੱਖ ਧਾਰਾ ਵਿੱਚ ਮਿਲਦਾ ਹੈ। ਅਸਥਾਨ ਬਹੁਤ ਰਮਣੀਕ ਹੈ।

ਸ੍ਰੀਰੰਗਮ ਦੇ ਮੰਦਰ ਸੰਨ 1870 ਈ.

ਕਹਾਣੀ ਇਹ ਦਸਦੇ ਨੇ ਕਿ ਭਗਵਾਨ ਰਾਮ ਨੇ ਭਬੀਸ਼ਨ ਦੀ ਮਦਦ ਤੋਂ ਖੁਸ਼ ਹੋ ਕੇ ਓਨੂੰ ਵਿਸ਼ਨੂੰ ਭਗਵਾਨ ਦੀ ਇੱਕ ਖੂਬਸੂਰਤ ਮੂਰਤੀ ਬਖਸ਼ ਦਿੱਤੀ। ਪਰ ਨਾਲ ਸ਼ਰਤ ਸੀ ਕਿ ਮੂਰਤੀ ਨੂੰ ਸਿਰਫ ਇੱਕ ਥਾਂ ਤੇ ਹੀ ਸਥਾਪਤ ਕਰਨਾਂ ਹੈ ਇਨੂੰ ਥਾਂ ਥਾਂ ਨਹੀ ਲਏ ਫਿਰਨਾਂ। ਪਰ ਜਦੋਂ ਭਬੀਸ਼ਨ ਇਥੋ ਦੀ (ਤ੍ਰਿਚਨਾਪਲੀ) ਲੰਘ

ਰਿਹਾ ਸੀ ਤਾਂ ਉਨ੍ਹੂੰ ਹਾਜਤ ਆਈ ਤੇ ਉਨੇ ਮੂਰਤੀ ਇੱਕ ਥਾਂ ਤੇ ਰੱਖ ਦਿੱਤੀ। ਵਾਪਸ ਜਦੋਂ ਨਹਾ ਧੋ ਕੇ ਦੁਬਾਰਾ ਮੂਰਤੀ ਚੁੱਕਣੀ ਚਾਹੀ ਤਾਂ ਫਿਰ ਉਹ ਇਥੋਂ (ਸ੍ਰੀ ਰੰਗਮ ਤੋਂ) ਨਾਂ ਹਿੱਲੀ। (ਇਹੋ ਕਹਾਣੀ ਭਾਰਤ ਦੇ ਅਨੇਕਾਂ ਹੋਰ ਮੰਦਰਾਂ ਦੀ ਹੈ। ਇਥੇ ਥੋੜਾ ਫਰਕ ਹੈ। ਬਾਕੀ ਥਾਵਾਂ ਤੇ ਰਾਵਣ ਮੂਰਤੀ ਚੁੱਕੀ ਜਾ ਰਿਹਾ ਹੁੰਦਾ ਹੈ, ਪਰ ਇਥੇ ਭਬੀਸ਼ਨ ਹੈ।)

ਗੁਰੂ ਸਾਹਿਬ ਦਾ ਇਥੇ ਆਉਣ ਦਾ ਮੁਖ ਕਾਰਨ ਇਹ ਸੀ ਕਿ ਬਾਰ ਬਾਰ ਇਸ ਮੰਦਰ ਦੀ ਮੁਸਲਮਾਨ ਹੁਕਮਰਾਨਾਂ ਵਲੋਂ ਲੁੱਟ ਹੋਈ ਸੀ। ਮੰਦਰ ਓਹਨੀ ਦਿਨੀ ਸਾਧੂ ਸੰਤਾਂ ਤੇ ਬਿਹੰਗਮਾਂ ਦੀ ਚਰਚਾ ਵਿੱਚ ਰਹਿੰਦਾ ਸੀ। ਮੰਦਰ ਵਾਲਿਆਂ ਦਾ ਕਹਿਣਾ ਹੈ ਕਿ ਇਸ ਮੰਦਰ ਨੂੰ ਬਚਾਉਦੇ ਹੋਏ 13000 ਤਮਿਲ ਸ਼ਹੀਦ ਹੋਏ ਸਨ। ਇੱਕ ਵੇਰਾਂ ਮੰਦਰ ਦੀ ਮੁਖ ਮੂਰਤੀ ਨੂੰ ਅਗਲੇ ਦਿੱਲੀ ਲੈ ਗਏ ਸਨ। ਕਥਾ ਹੈ ਕਿ ਸੁਲਤਾਨ ਦੀ ਧੀ (ਠੁਲਕਾ ਨਚਿਆਰ) ਦਾ ਇਸ ਮੂਰਤੀ ਨਾਲ ਮੋਹ ਹੋ ਗਇਆ ਸੀ। ਠੁਲਕਾ ਦੀ ਵੀ ਮੰਦਰ ਵਿੱਚ ਮੂਰਤੀ ਬਣੀ ਹੋਈ ਹੈ।

ਗੁਰੂ ਨਾਨਕ ਪਾਤਸ਼ਾਹ ਇਸ ਮੰਦਰ ਵਿੱਚ ਵੀ ਕੁਝ ਸਮਾਂ ਠਹਿਰੇ ਸੀ। ਕੁਝ ਪੰਡੇ ਫਿਰ ਗੁਰੂ ਨਾਨਕ ਦੇ ਅਨੁਆਈ ਹੋ ਗਏ। ਮੰਦਰ ਦੇ ਲਾਗੇ ਹੀ ਗੁਰਦੁਆਰਾ ਹੁੰਦਾ ਸੀ ਜੋ ਪ੍ਰਚਾਰ ਦੀ ਘਾਟ ਕਾਰਨ ਵਕਤ ਪਾ ਕੇ ਲੁਪਤ ਹੋ ਗਿਆ।

ਸ੍ਰੀਰੰਗਮ ਤੋਂ 150 ਕਿ.ਮੀ. ਪੂਰਬ ਵਲ ਚਲਕੇ ਗੁਰੂ ਸਾਹਿਬ ਪ੍ਰਸਿਧ ਹਿੰਦੂ ਤੀਰਥ ਅਸਥਾਨ ਤਿਰੁਵਨਾਮਲਾਇ ਪਹੁੰਚੇ। ਇਥੋਂ ਦਾ ਪ੍ਰਸਿਧ ਤਿਰੁਵੱਨਾਮਾਇ ਅੰਨਾਮਲਿਆਰ ਮੰਦਰ ਵੇਖਿਆ। ਮੰਦਰ ਲਾਗੇ ਪਹਾੜੀ ਹੈ ਤੇ ਇਸ ਪਹਾੜੀ ਨੂੰ ਸ਼ਰਧਾਲੂ ਸ਼ਿਵ ਜੀ ਦਾ ਲਿੰਗ ਮੰਨਦੇ ਹਨ। ਕਥਾ ਇਸ ਤਰਾਂ ਹੈ ਕਿ ਇੱਕ ਵੇਰਾਂ ਅਠਖੇਲੀਆਂ ਕਰਦੀ ਹੋਈ ਪਾਰਬਤੀ ਨੇ ਸ਼ਿਵ ਜੀ ਦੀਆਂ ਅੱਖਾਂ ਮੀਟ ਦਿੱਤੀਆ ਜਿਸ ਕਾਰਨ ਸਾਰੀ ਸ੍ਰਿਸਟੀ ਤੇ ਹਨੇਰਾ ਛਾ ਗਿਆ। ਪਾਰਬਤੀ ਬਹੁਤ ਪਛਤਾਈ ਤੇ ਫਿਰ ਹੋਰ ਸਾਧੂ ਸੰਤਾਂ ਨਾਲ ਮਿਲਕੇ ਭਗਵਾਨ ਦੀ ਭਗਤੀ ਕੀਤੀ ਜਿਸ ਤੇ ਸ਼ਿਵ ਜੀ ਫਿਰ ਇਸ ਪਹਾੜੀ ਤੇ ਅੱਗ ਦੇ ਰੂਪ ਵਿੱਚ ਪ੍ਰਗਟ ਹੋਏ। ਸ਼ਿਵ ਜੀ ਤੇ ਪਾਰਬਤੀ ਇੱਕ ਹੋ ਗਏ। ਇਥੇ ਫਿਰ ਜਿਹੜੀ ਸ਼ਿਵ ਜੀ ਦੀ ਮੂਰਤੀ ਹੈ ਉਹ ਅਰਧਨਾਰੀਸ਼ਵਰ ਹੈ ਭਾਵ ਅੱਧਾ ਨਾਰੀ ਤੇ ਅੱਧਾ ਈਸ਼ਵਰ। ਮੁਲਕ ਦਾ ਮਹਾਰਾਜਾ ਕ੍ਰਿਸ਼ਨ ਦੇਵ ਰਾਇਆ ਇਸ ਮੰਦਰ ਦਾ ਵੀ ਸ਼ਰਧਾਲੂ ਸੀ।

ਪ੍ਰੋ. ਸਾਹਿਬ ਸਿੰਘ-90. ਨੇ ਲਿਖਿਆ ਹੈ ਗੁਰੂ ਸਾਹਿਬ ਤਿਰੁਪਤੀ ਤੋ ਕੁੜੱਪਾ ਸ਼ਹਿਰ ਥਾਂਣੀ ਲੰਘੇ। ਗੁਰੂ ਸਾਹਿਬ ਦੀ ਫੇਰੀ ਮੌਕੇ ਇਥੇ ਹਿੰਦੂ ਲੋਕ ਗਲ ਵਿੱਚ ਜੁੱਤੀਆਂ ਪਾਈ ਫਿਰਦੇ ਹੁੰਦੇ ਸਨ। ਹੱਥਾਂ ਬਾਹਵਾਂ ਇਥੋਂ ਤੱਕ ਮੱਥੇ ਤੇ ਜੁੱਤੀ ਦਾ ਚਿੰਨ ਬਣਾਈ ਫਿਰਦੇ ਸਨ। ਇਨਾਂ ਲੋਕਾਂ ਨੂੰ ਵਿਸ਼ਵਾਸ਼ ਦੁਆਇਆ ਹੋਇਆ ਸੀ ਕਿ ਜੁੱਤੀ ਤੁਹਾਡੀ ਰਾਖੀ ਕਰਦੀ ਹੈ। ਓਹ ਲੋਕ ਇਹ ਮੰਨ ਕੇ ਚਲਦੇ ਸਨ ਕਿ ਅਸੀ ਭਗਵਾਨ ਰਾਮ ਦੀ ਜੁੱਤੀ ਗਲ ਵਿੱਚ ਪਾਈ ਹੋਈ ਹੈ। ਗੁਰੂ ਸਾਹਿਬ ਨੇ ਇਸ ਫੋਕੇ ਕਰਮ ਕਾਂਡ ਤੋਂ ਲੋਕਾਂ ਨੂੰ ਨਿਜਾਤ ਦੁਆਈ ਤੇ ਨਾਮ ਨਾਲ ਜੋੜਿਆ ਕਿ ਲੋਕੋ ਨਿਰੰਕਾਰ ਵਾਹਿਗੁਰੂ ਦੀ ਸਿਫਤ ਸਲਾਹ ਵਿੱਚ ਪਵੋ। ਵਹਿਮ ਛੱਡੋ। ਕਿਹਾ ਜਾਂਦਾ ਹੈ ਕਿ ਇਥੇ ਵੀ ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਮੌਜੂਦ ਹੈ। (ਪਰ ਸਾਨੂੰ ਗੁਰੂ ਸਾਹਿਬ ਦੇ ਕੜੱਪਾ ਜਾਣ ਦੀ ਗਲ ਕੁਝ ਜਚਦੀ ਨਹੀ। ਨਾਂ ਤਾਂ ਇਹ ਕੋਈ ਰਾਜਨੀਤਕ ਕੇਂਦਰ ਸੀ ਤੇ ਨਾਂ ਹੀ ਧਾਰਮਿਕ। ਨਾਂ ਹੀ ਅਸੀ ਗੁਰੂ ਸਾਹਿਬ ਦਾ ਅਨੰਤਾਪੁਰ ਜਾਣਾ ਮੰਨਦੇ ਹਾਂ)

ਗੁਰੂ ਸਾਹਿਬ ਤਿਰੁਪਤੀ ਨੂੰ ਜਾ ਰਹੇ ਸਨ। ਸੋ ਤਿਰੁਵੱਨਾਮਾਇ ਤੋਂ 80 ਕਿ.ਮੀ. ਦੂਰ ਵੈਲੋਰ ਵੀ ਓਨਾਂ ਪੜਾਅ ਕੀਤਾ ਹੋਵੇਗਾ। ਤਿਰੁਵੱਨਾਮਾਇ ਦੇ ਮੰਦਰ ਵਿੱਚ ਲੱਗੇ ਸਿਲਲੇਖ ਤੇ ਵੈਲੋਰ ਦਾ ਵੀ ਜਿਕਰ ਆਉਦਾ ਹੈ। ਓਨਾਂ ਹੀ ਸਾਲਾਂ ਵਿੱਚ ਛੇਤੀ ਬਾਦ ਇਥੇ ਇੱਕ ਕਿੱਲਾ ਤਾਮੀਰ ਕੀਤਾ ਗਇਆ ਜੋ ਦੁਨੀਆ ਭਰ ਵਿੱਚ ਪ੍ਰਸਿਧ ਹੈ।

ਤੀਰੁਪਤੀ - ਸੋ ਵੈਲੋਰ ਤੋਂ 85 ਕਿ.ਮੀ. ਦਾ ਸਫਰ ਕਰਕੇ ਸਾਹਿਬ ਤੀਰੁਪਤੀ (ਆਂਧਰਾ ਪ੍ਰਦੇਸ) ਪਹੁੰਚ ਗਏ। ਇਹ ਦੱਖਣੀ ਭਾਰਤ ਦਾ ਸਭ ਤੋਂ ਵੱਧ ਲੋਕ-ਪਿਆਰਾ ਮੰਦਰ ਹੈ। ਤੀਰੂ ਮਾਇਨੇ ਲਕਸ਼ਮੀ ਤੇ ਪਤੀ ਮਾਇਨੇ ਘਰਵਾਲਾ। ਹਿੰਦੂਆਂ ਦੇ ਵਰਾਹ ਪੁਰਾਣ ਮੁਤਾਬਿਕ ਭਗਵਾਨ ਰਾਮਚੰਦ੍ ਜਦੋਂ ਸੀਤਾ ਨੂੰ ਲੰਕਾ ਤੋਂ ਛੁਡਾ ਕੇ ਲਿਆਏ ਸਨ ਤਾਂ ਕੁਝ ਦਿਨ ਏਥੇ ਰਹੇ ਸਨ। ਇਥੋਂ ਦੇ ਪੰਡੇ ਦਾਵਾ ਕਰਦੇ ਹਨ ਕਿ ਇਸ ਮੰਦਰ ਨੂੰ ਮੁਸਲਮਾਨ ਹਮਲਾਵਰ ਨਹੀ ਸਨ ਲੁੱਟ ਪਾਏ। ਓਨਾਂ ਦਾ ਕਹਿਣਾ ਹੈ ਕਿ ਇਥੋਂ ਤੱਕ ਕਿ ਸ੍ਰੀਰੰਗਮ ਦੇ ਰੰਗਾਨਾਥਸਵਾਮੀ ਮੰਦਰ ਦੀ ਮੂਰਤੀ

ਤੀਰੁਪਤੀ ਦਾ ਮਸ਼ਹੂਰ ਮੰਦਰ

ਵੀ ਸੰਨ 1300 ਈ. ਵਿੱਚ ਇਥੇ ਲਿਆਈ ਗਈ ਸੀ। ਇਹ ਵੀ ਪਹਾੜੀ ਤੇ ਸਥਿਤ ਹੈ।

ਕਰਮ ਕਾਂਡ, ਜਾਤ-ਪਾਤ, ਮੂਰਤੀ ਪੂਜਾ ਆਦਿ ਦਾ ਕਿਸ ਤਰਾਂ ਗੁਰੂ ਸਾਹਿਬ ਨੇ ਖੰਡਨ ਕੀਤਾ ਇਤਹਾਸ ਵਿੱਚ ਇਸ ਬਾਬਤ ਵਿਵਰਣ ਨਹੀ ਮਿਲਦਾ। ਗੁਰੂ ਸਾਹਿਬ ਦੇ ਸੱਚ ਤੋਂ ਪ੍ਰਭਾਵਤ ਹੋ ਕੁਝ ਬ੍ਰਾਹਮਣਾਂ ਸਿੱਖੀ ਧਾਰਨ ਕੀਤੀ। ਇਥੇ ਧਰਮਸਾਲ ਵੀ ਬਣੀ ਸੀ। ਬਾਦ ਵਿੱਚ ਮੁਕਾਮੀ ਸੰਗਤ ਘਟਦੀ ਗਈ। ਵਕਤ ਪਾ ਕੇ ਧਰਮਸਾਲ ਉਦਾਸੀ ਸੰਤਾਂ ਦੇ ਤਹਿਤ ਰਹੀ ਤੇ ਹੌਲੀ ਹੌਲੀ ਅਲੋਪ ਹੋ ਗਈ।

ਤਿਰੁਪਤੀ ਤੋਂ ਮੰਗਲਾਗਿਰੀ-

ਮੱਛਲੀਪਟਨਮ - ਵਿਜੈਵਾੜਾ - ਮੰਗਲਾਗਿਰੀ - ਗੰਟੂਰ

ਤਿਰੁਪਤੀ ਤੋਂ ਗੁਰੂ ਸਾਹਿਬ ਦਾ ਅਗਲਾ ਨਿਸ਼ਾਨਾ ਸ੍ਰੀਸੈਲਮ ਦਾ ਮਲਿਕਾਰੁਜਨ ਜੋਤੀਲਿੰਗ ਮੰਦਰ ਸੀ। ਹੋ ਸਕਦੈ ਗੁਰੂ ਸਾਹਿਬ ਤਿਰੁਪਤੀ ਦੇ ਸਲਾਨਾ ਮੇਲੇ (ਦਸੰਬਰ- ਜਨਵਰੀ) ਦੌਰਾਨ ਇਥੇ ਹੋਣ ਤੇ ਬਾਦ ਵਿੱਚ ਕਿਉਕਿ ਫਰਵਰੀ ਵਿੱਚ ਮੇਲਾ ਮੰਗਲਾਗਿਰੀ ਸੀ। ਸੋ ਸੰਭਾਵਨਾ ਹੈ ਕਿ ਸਾਹਿਬ ਤਿਰੁਪਤੀ ਤੋਂ ਸਮੁੰਦਰੀ ਤੱਟ

ਪਹੁੰਚੇ ਹੋਣ ਤੇ ਓਥੋਂ ਫਿਰ ਬੇੜੇ ਰਾਂਹੀ 500 ਕਿ.ਮੀ. ਮੱਛਲੀਪਟਨਮ ਗਏ ਹੋਣ।ਮੱਛਲੀਪਟਨਮ ਤੋ ਗੰਟੂਰ 85 ਕਿ.ਮੀ ਤੇ ਅੱਗੋਂ ਸ੍ਰੀਸੈਲਮ ਸਿਰਫ 70 ਕਿ.ਮੀ. ਰਹਿ ਜਾਂਦਾ ਹੈ। ਯਾਦ ਰਹੇ ਤੀਰਥਾਂ ਤੇ ਦੂਰ ਦੂਰ ਜਾਣ ਵਾਲੇ ਸਿਰਫ ਗੁਰੂ ਸਾਹਿਬ ਹੀ ਨਹੀ ਸਨ। ਸਾਧਾਂ ਦੀ ਟੋਲੀਆਂ ਦੀਆਂ ਟੋਲੀਆਂ ਤੁਰੀਆਂ ਹੀ ਰਹਿੰਦੀਆਂ ਸਨ।ਸੰਨਿਆਸੀ ਸਾਧੂ ਸਾਰੀ ਉਮਰ ਭਰਮਣ ਵਿੱਚ ਹੀ ਰਹਿੰਦੇ ਸਨ ਕਿਉਕਿ ਹਿੰਦੂ ਧਰਮ ਵਿੱਚ ਤੀਰਥ ਯਾਤਰਾ ਮੁੱਕਤੀ ਦਾ ਰਾਹ ਦੱਸਿਆ ਗਇਆ ਹੈ। ਸਾਧੂਆਂ ਨੇ ਪਟੜੀਆਂ (ਟ੍ਰੈਕਜ਼) ਤੇ ਕਵਿਤਾ ਬਣਾਈ ਹੁੰਦੀ ਸੀ ਕਿ ਕਿਵੇ ਇੱਕ ਤੀਰਥ ਤੋਂ ਦੂਸਰੇ ਤੀਰਥ ਤੇ ਕਿੰਨਾਂ ਦਿਨਾਂ ਵਿੱਚ ਜਾਣਾ ਹੈ।

ਮੱਛਲੀਪਟਨਮ ਤੇ ਵਿਜੇਵਾੜਾ ਕ੍ਰਿਸ਼ਨਾ ਦਰਿਆ ਦੇ ਪੂਰਬੀ ਪਾਸੇ ਹਨ ਤੇ ਗੰਟੂਰ ਪਛਮੀ ਪਾਸੇ। ਦੋਹਾਂ ਵਿੱਚ ਦੂਰੀ 66 ਕਿ.ਮੀ ਹੈ ਤੇ ਵਿਜੇਵਾੜਾ ਤੋ ਗੰਟੂਰ 35 ਕਿ.ਮੀ ਹੈ ਤੇ ਦੋਹਾਂ ਦੇ ਰਸਤੇ ਦੇ ਵਿੱਚ ਮੰਗਲਾਗਿਰੀ ਪਹਾੜੀ ਅਸਥਾਨ ਹੈ। ਕਿਉਕਿ ਇਥੇ ਵੀ ਪ੍ਰਸਿਧ ਮੰਦਰ ਹਨ ਤੇ ਗੁਰੂ ਸਾਹਿਬ ਨੇ ਇਥੇ ਵੀ ਪਹੁੰਚਣਾ ਹੀ ਸੀ।

—◈—

ਮੱਛਲੀਪਟਨਮ ਮਸ਼ਹੂਰ ਬੰਦਰਗਾਹ ਰਹੀ ਹੈ। ਇਨੂੰ 'ਮਸੂਲੀਪਟਨਮ' ਜਾਂ ਨਿਰਾ 'ਬੰਦਰ' ਵੀ ਕਹਿ ਦਿੱਤਾ ਜਾਂਦਾ ਰਿਹਾ ਹੈ। ਇਥੋਂ ਹੀ ਯੂਨਾਨ ਤੇ ਯੂਰਪੀਨ ਮੁਲਕਾਂ ਦੇ ਵਪਾਰੀ ਮਲਮਲ ਚੁੱਕਦੇ ਸਨ। ਇਸ ਵਪਾਰ ਦਾ ਇਤਹਾਸ ਕੋਈ 2000 ਸਾਲ ਪੁਰਾਣਾ ਹੈ। ਇਸ ਪੁਰਾਣੇ ਬੋਧੀ ਸ਼ਹਿਰ ਵਿੱਚ ਬਹੁਤ ਹੀ ਪੁਰਾਣੇ ਮੰਦਰ ਵੀ ਮੌਜੂਦ ਹਨ। ਅਗਸਤ ਰਿਸ਼ੀ ਦਾ ਮੰਦਰ ਅੱਜ ਵੀ ਮੌਜੂਦ ਹੈ। ਏਕ-ਰਾਤਰੀ-ਮਲਿਕਾਰਜੁਨ ਸਵਾਮੀ ਮੰਦਰ ਵੀ ਇਥੇ

ਮੱਛਲੀਪਟਨਮ- 1776 ਈ ਦੀ ਤਸਵੀਰ

ਹੈ। ਯਾਦ ਰਹੇ ਓਨੀ ਦਿਨੀ ਮੰਦਰਾਂ ਵਿੱਚ ਦੇਵਦਾਸੀ ਪ੍ਰਥਾ ਵੀ ਜੋਰਾਂ ਤੇ ਸੀ।

ਇਥੇ ਗੁਰੂ ਸਾਹਿਬ ਲੋਕਾਂ ਨੂੰ ਕੁਰੀਤੀਆਂ ਛੱਡਣ ਅਤੇ ਅਸਲੀ ਕਰਤੇ ਨੂੰ ਯਾਦ ਰੱਖਣ ਦਾ ਉਪਦੇਸ਼ ਦਿਤਾ। ਇਕ ਮੌਕੇ ਜਦੋਂ ਇਕਾਂਤ ਵਿਚ ਬੈਠੇ ਸਨ ਤਾਂ ਦੀਨ ਦੁਨੀ ਦੇ ਮਾਲਕ ਅੱਗੇ ਲੋਕਾਈ ਤੇ ਤਰਸ ਕਰਨ ਦੀ ਅਰਦਾਸ ਕੀਤੀ ਤੇ ਇਥੋਂ ਤਕ ਕਿਹਾ ਕਿ ਜਿੰਨਾਂ ਸਮੁੰਦਰ ਵਿਚ ਪਾਣੀ ਹੈ ਇੰਨੇ ਗੁਨਾਹ ਹਨ ਸਾਡੇ। ਐ ਨਿਰੰਕਾਰ ਨੂੰ ਆਪਣੀ ਜੀਵਾਂ ਤੇ ਤਰਸ ਕਰਦਾ ਰਹੀ। ਸ਼ਬਦ ਬੋਲਿਆ:

ਗਉੜੀ ਚੇਤੀ ਮਹਲਾ ੧ ॥ ਕਤ ਕੀ ਮਾਈ ਬਾਪੁ ਕਤ ਕੇਰਾ ਕਿਵੂ ਥਾਵਹੁ ਹਮ ਆਏ ॥ ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ ॥੧॥ ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ ॥ ਕਹੇ ਨ ਜਾਨੀ ਅਉਗਣ ਮੇਰੇ ॥੧॥ ਰਹਾਉ ॥ ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥ ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥੨॥ ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ ॥ ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥੩॥ ਤਟ ਤੀਰਥ ਹਮ ਨਵ ਖੰਡ ਦੇਖੇ ਹਟ ਪਟਣ ਬਾਜਾਰਾ ॥ ਲੈ ਕੈ ਤਕੜੀ ਤੋਲਣਿ ਲਾਗਾ ਘਟ ਹੀ ਮਹਿ ਵਣਜਾਰਾ ॥੪॥ ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥ ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥੫॥ ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ ॥ ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ ॥੬॥੫॥੧੭॥

—◈—

ਵਿਜੈਵਾੜਾ - ਇਥੇ ਦੇ ਮੰਦਰਾਂ ਵਿੱਚ ਪ੍ਰਚਾਰ ਕਰਨ ਉਪਰੰਤ ਫਿਰ ਗੁਰੂ ਸਾਹਿਬ ਵਿਜੈਵਾੜਾ ਪਧਾਰ ਗਏ। ਇਥੇ ਸਿੱਖ ਸੰਗਤ ਅਤੇ ਦੋ ਗੁਰਦੁਆਰਾ ਸਾਹਿਬ ਵੀ ਮੌਜੂਦ ਹਨ। ਪਰੰਪਰਾ ਅਨੁਸਾਰ ਇਥੇ ਗੁਰੂ ਸਾਹਿਬ ਅਤੇ ਬਾਬਾ ਸ੍ਰੀ ਚੰਦ ਦੋਵੇ ਇਕੱਠੇ ਹੋਏ ਸਨ। ਕਿਸੇ ਪੁਰਾਤਨ ਤੈਲਗੂ ਗ੍ਰੰਥ ਵਿਚ ਵੀ ਗੁਰੂ ਸਾਹਿਬ ਦੀ ਆਮਦ ਬਾਰੇ ਜਿਕਰ ਦੱਸੀਦਾ ਹੈ। ਜਰੂਰਤ ਹੈ ਕੋਈ ਵਿਦਵਾਨ ਇਸ ਪੱਖ ਤੇ ਖੋਜ ਕਰੇ। ਇਥੋਂ ਦਾ ਪਹਿਲਾ ਗੁਰਦੁਆਰਾ 70 ਕੁ ਸਾਲ ਪੁਰਾਣਾ ਹੈ। ਇਥੇ ਉਦਾਸੀ ਅਸਰ ਮਹਿਸੂਸ ਨਹੀ ਹੁੰਦਾ।

ਸ਼ਹਿਰ ਦਾ ਨਾਂ ਵਿਜੈ (ਜਿੱਤ) ਦਾ ਵਾੜਾ ਇਸ ਕਰਕੇ ਹੈ ਕਿਉਕਿ ਹਿੰਦੂ ਮੰਨਦੇ ਹਨ ਕਿ ਇਥੇ ਦੁਰਗਾ ਮਾਤਾ ਨੇ ਰਾਖਸ਼ਾਂ ਨੂੰ ਮਾਰ ਕੇ ਅਰਾਮ ਕੀਤਾ ਸੀ। ਸ਼ਹਿਰ ਦਾ ਪਹਿਲਾ ਨਾਂ ਵਿਜੇਵਾਟਿਕਾ ਹੁੰਦਾ ਸੀ। ਮੰਦਰ ਦਾ ਨਾਂ ਕਨਿਕਾ ਦੁਰਗਾ ਮੰਦਰ ਹੈ। ਇਸ ਜਗਾ ਬਾਰੇ ਮਹਾਂਭਾਰਤ ਵਿੱਚ ਵੀ ਜਿਕਰ ਮਿਲਦਾ ਹੈ।

ਕਿਉਕਿ ਇਹ ਬੋਧੀਆਂ ਦਾ ਵੀ ਪਵਿਤ੍ਰ ਸਥਾਨ ਸੀ। ਚੀਨੀ ਯਾਤਰੀ ਹਿਊਨ ਸਾਂਗ ਇਥੇ ਲੰਮਾ ਸਮਾ ਰੁਕਿਆ ਸੀ।

—◈—

ਮੰਗਲਾਗਿਰੀ - ਦਾ ਪਾਨਕਲਾ ਲਕਸ਼ਮੀ ਨਰਸਿੰਹਾਸਵਾਮੀ ਮੰਦਰ (ਜੋ ਪਹਾੜੀ ਤੇ ਸਥਿਤ ਹੈ) ਬਹੁਤ ਪ੍ਰਸਿਧ ਹੈ। ਇਥੇ ਗੁਰੂ ਸਾਹਿਬ ਦੇ ਪਹੁੰਚਣ ਦਾ ਜਿਕਰ ਹੈ। ਆਧਰਾ ਪ੍ਰਦੇਸ ਸਰਕਾਰ ਦੀ ਵੈਬਸਾਈਟ ਤੋਂ ਪਤਾ ਚਲਦਾ ਹੈ ਕਿ ਇਸ ਮੰਦਰ ਤੱਕ ਪਹੁੰਚਣ ਲਈ ਜੋ ਪਉੜੀਆਂ ਬਣੀਆਂ ਹੋਈਆਂ ਹਨ ਓਥੇ ਇੱਕ ਸਿਲਲੇਖ ਹੈ ਜਿਸ ਤੇ ਲਿਖਿਆ ਹੈ ਕਿ ਇਥੇ ਮਹਾਰਾਜਾ ਕ੍ਰਿਸ਼ਨਦੇਵਾ ਰਾਇਆ ਵੀ ਆਇਆ ਸੀ। (ਸਿਲ ਲੇਖ ਤੇ ਜਿਕਰ ਹੈ ਕਿ ਇਹ ਇਲਾਕਾ ਮਹਾਰਾਜਾ ਰਾਇਆ ਦੇ ਜਰਨੈਲ ਤਿੰਮਾਰਾਸੂ ਨੇ ਸੰਨ 1515 ਵਿੱਚ ਉੜੀਸਾ ਦੇ ਗਜਪਤੀ ਰਾਜਾ ਤੋਂ ਖੋਹਿਆ ਸੀ) ਉਸ ਤੋਂ ਥੋੜਾ ਉਤੇ ਚੜ੍ਹ ਕੇ ਬੰਗਾਲ ਦੇ ਪ੍ਰਸਿਧ ਕ੍ਰਿਸ਼ਨ ਭਗਤ ਚੇਤੰਨਿਆ ਮਹਾਂਪ੍ਰਭੂ ਦੀ ਚਰਨ ਪਾਦੁਕਾ ਬਣੀ ਹੋਈ ਹੈ। ਥੋੜਾ ਹੋਰ ਉਤੇ ਜਾ ਕੇ ਨਰਸਿੰਹਾਸਵਾਮੀ ਦੀ ਮੂਰਤੀ ਹੈ ਜਿਸ ਦਾ ਸਿਰਫ ਮੂੰਹ ਹੀ ਹੈ।ਪਾਨਕਲਾ ਸਵਾਮੀ ਸਿਰਫ ਗੁੜ ਦਾ ਸ਼ਰਬਤ ਹੀ ਪੀਂਦਾ ਹੈ। ਜਿੰਨੂ ਤੈਲਗੂ ਭਾਸ਼ਾ ਵਿੱਚ ਪਾਨਕਲਾ ਕਹਿੰਦੇ ਹਨ। 15 ਸੈਂਟੀਮੀਟਰ ਚੌੜੇ ਮੂੰਹ ਵਿੱਚ ਪੰਡੇ ਸ਼ਰਬਤ ਪਾਉਦੇ। ਕੁਝ ਚਿਰ ਤੱਕ ਗੁੜ ਗੁੜ ਦੀ ਆਵਾਜ ਆਉਦੀ ਰਹਿੰਦੀ ਹੈ ਤੇ ਇਉ ਲੱਗਦਾ ਜਿਵੇ ਮੂਰਤੀ ਸੱਚ ਮੁੱਚ ਸ਼ਰਬਤ ਪੀ ਰਹੀ ਹੈ। ਫਿਰ ਵਾਧੂ ਸ਼ਰਬਤ ਬਾਹਰ ਆ ਜਾਂਦਾ ਹੈ ਮਾਨੋ ਕਰੂਲੀ ਕਰ ਦਿੱਤੀ।

ਗੁਰੂ ਸਾਹਿਬ ਨੇ ਹੇਠ ਸੁਸ਼ੋਭਿਤ ਸ਼ਬਦ ਏਥੇ ਰਚਿਆ।

ਗਉੜੀ ਮਹਲਾ ੧ ॥ ਐਸੋ ਦਾਸੁ ਮਿਲੈ ਸੁਖੁ ਹੋਈ ॥ ਦੁਖੁ ਵਿਸਰੈ ਪਾਵੈ ਸਚੁ ਸੋਈ ॥੧॥ ਦਰਸਨੁ ਦੇਖਿ ਭਈ ਮਤਿ ਪੂਰੀ ॥ ਅਠਸਠਿ ਮਜਨੁ ਚਰਨਹ ਧੂਰੀ ॥੧॥ ਰਹਾਉ ॥ ਨੇਤ੍ਰ ਸੰਤੋਖੇ ਏਕ ਲਿਵ ਤਾਰਾ ॥ ਜਿਹਵਾ ਸੂਚੀ ਹਰਿ ਰਸ ਸਾਰਾ ॥੨॥ ਸਚੁ ਕਰਣੀ ਅਭ ਅੰਤਰਿ ਸੇਵਾ ॥ ਮਨੁ ਤ੍ਰਿਪਤਾਸਿਆ ਅਲਖ ਅਭੇਵਾ ॥੩॥ ਜਹ ਜਹ

ਪਾਨਕਲਾ ਮੰਦਰ ਜਿਥੇ ਸਵਾਮੀ ਸਿਰਫ ਗੁੜ ਦਾ ਸ਼ਰਬਤ ਹੀ ਪੀਂਦਾ ਹੈ। ਚੈਤੰਨਿਆ ਪ੍ਰਭੂ ਵੀ ਇਥੇ ਆਏ ਸਨ

ਦੇਖਉ ਤਹ ਤਹ ਸਾਚਾ ॥ ਬਿਨੁ ਬੂਝੇ ਝਗਰਤ ਜਗੁ ਕਾਚਾ ॥੪॥ ਗੁਰੁ ਸਮਝਾਵੈ ਸੋਝੀ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥੫॥ ਕਰਿ ਕਿਰਪਾ ਰਾਖਹੁ ਰਖਵਾਲੇ ॥ ਬਿਨੁ ਬੂਝੇ ਪਸੂ ਭਏ ਬੇਤਾਲੇ ॥੬॥ ਗੁਰਿ ਕਹਿਆ ਅਵਰੁ ਨਹੀ ਦੂਜਾ ॥ ਕਿਸੁ ਕਹੁ ਦੇਖਿ ਕਰਉ ਅਨ ਪੂਜਾ ॥੭॥ ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ॥ ਆਤਮੁ ਚੀਨੈ ਸੁ ਤਤੁ ਬੀਚਾਰੇ ॥੮॥ ਸਾਚੁ ਰਿਦੈ ਸਚੁ ਪ੍ਰੇਮ ਨਿਵਾਸ ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸ ॥੯॥੮॥

ਲਗਦਾ ਹੈ ਇਹ ਸ਼ਬਦ ਕਿਸੇ ਸੰਤ ਮਹਾਂ ਪੁਰਖ ਦੇ ਮੇਲ ਮੌਕੇ ਰਚਿਆ ਹੋਵੇ। ਇਹ ਵੀ ਅਸੀ ਜਾਣਦੇ ਹਾਂ ਕਿ ਗੁਰੂ ਸਾਹਿਬ ਚੈਤੰਨਿਆ ਮਹਾਂ ਪ੍ਰਭੂ ਨੂੰ ਪਹਿਲਾਂ ਜਗਨ ਨਾਥ ਪੁਰੀ ਵਿਖੇ ਮਿਲ ਚੁੱਕੇ ਸਨ। ਫਿਰ ਜਿਵੇ ਉਤੇ ਦਿੱਤਾ ਹੈ ਕਿ ਚੈਤੰਨਿਆ ਦੇ ਆਉਣ ਬਾਬਤ ਸ਼ਿਲ ਲੇਖ ਵੀ ਮੌਜੂਦ ਹੈ ਸੋ ਇਹੋ ਅੰਦਾਜ਼ਾ ਹੈ ਕਿ ਗੁਰੂ ਸਾਹਿਬ ਉਨ੍ਹੂੰ ਦੁਬਾਰਾ ਇਥੇ ਮਿਲੇ ਹੋਣਗੇ।

ਇਥੇ ਹੀ ਵਿਸ਼ਨੂ ਦਾ ਲਕਸ਼ਮੀ ਨਰਸਿਮਹਾ ਮੰਦਰ ਹੈ। ਪਹਾੜੀ ਤੇ ਗੁਫਾਵਾਂ ਵੀ ਹਨ। ਜੈਨੀਆਂ ਦੇ ਇਤਹਾਸਕ ਸਥਾਨ ਵੀ ਹਨ।

—◈—

ਗੰਟੂਰ ਸਾਧੂਆਂ ਨੂੰ ਕਿਹਾ ਕਿ ਇਹ ਖੇਡ ਸੱਚ ਤੇ ਪ੍ਰੇਮ ਦੀ ਹੈ

ਫਿਰ ਗੰਟੂਰ ਵਿਖੇ ਰਾਮ ਨਾਮ ਸ਼ੇਤਰਾਮ ਮੰਦਰ ਵਿਖੇ ਵੀ ਮੇਲਾ ਸੀ। ਗੰਟੂਰ ਦਾ ਹਵਾਲਾ ਪੜ੍ਹਨ ਤੋਂ ਪਤਾ ਲੱਗਾ ਹੈ ਕਿ ਇਥੇ ਮੇਲਾ ਮਾਰਚ-ਅਪਰੈਲ ਵਿੱਚ ਹੀ ਲੱਗਦਾ ਹੈ। ਸੋ ਇਹ ਗਲ ਸਾਬਤ ਹੋ ਗਈ ਕਿ ਸ੍ਰੀ ਸੈਲਮ ਦੇ ਮਲਿਕਾਰਜੁਨ ਮੰਦਰ ਗੁਰੂ ਸਾਹਿਬ ਮੁਖ ਮੇਲੇ ਵੇਲੇ ਭਾਵ ਸ਼ਿਵਰਾਤਰੀ ਤੇ ਹੀ ਗਏ ਸਨ। ਗੰਟੂਰ ਦੇ ਮੇਲੇ ਵਿਖੇ ਲੱਗਦਾ ਹੈ ਸਾਹਿਬ ਨੇ ਸਾਧੂਆਂ ਨੂੰ ਸਰਬਵਿਆਪਕ ੧ਓਂ ਦਾ ਉਪਦੇਸ਼ ਦਿੱਤਾ ਕਿ ਤੇ ਹਦਾਇਤ ਕੀਤੀ ਕਿ ਸਰੀਰ ਨੂੰ ਕੋਹਣਾ ਬੰਦ ਕਰੋ ਤੇ ਵਾਹਿਗੁਰੂ ਦੀ ਰਜਾ ਵਿੱਚ ਆਓ।

ਇਹ ਵਿਸਥਾਰ ਅਸੀ ਇਸ ਕਰਕੇ ਲਿਖ ਰਹੇ ਹਾਂ ਕਿਉਕਿ ਹੋ ਸਕਦਾ ਹੈ ਜਿੱਥੇ ਚੈਤੰਨਿਆ ਮਹਾਪ੍ਰਭੂ ਦੇ ਚਰਨਾਂ ਦੇ ਨਿਸ਼ਾਨ ਹਨ ਕਿਤੇ ਗੁਰੂ ਸਾਹਿਬ ਦੇ ਵੀ ਭਾਵੇ ਓਥੇ ਹੋਣ। ਕਿਉਕਿ ਚੈਤੰਨਿਆ ਤੇ ਗੁਰੂ ਸਾਹਿਬ ਵਿੱਚ ਪਹਿਲਾਂ ਮੇਲ ਹੋ ਚੁੱਕਾ ਸੀ।

ਸੋ ਇਨਾਂ ਚਾਰਾਂ ਸ਼ਹਿਰਾਂ ਦੇ ਲੋਕਾਂ ਨੂੰ ਵੰਡ ਛਕਣ, ਸਤਿਨਾਮ ਦਾ ਉਪਦੇਸ਼ ਦੇ ਕੇ ਕਰਮ ਕਾਂਡਾਂ ਤੋਂ ਵਰਜ ਪੱਛਮ ਵਾਲੇ ਪਾਸੇ ਸ੍ਰੀਸੈਲਮ ਨੂੰ ਰਵਾਨਾ ਹੋ ਪਏ।

ਰਸਤੇ 'ਚ ਪਹਿਲਾਂ 90 ਕਿ.ਮੀ. ਦਾ ਸਫਰ ਕਰਕੇ ਸਾਹਿਬ, ਵੀਨੂਕੋਂਡਾ ਸ਼ਹਿਰ ਰੁਕੇ ਤੇ ਇਥੋਂ ਦੇ ਰਾਜੇ ਨੂੰ ਉਪਦੇਸ਼ ਦਿੱਤਾ।

—◈—

ਸ੍ਰੀਸੈਲਮ ਵਿਖੇ ਮੱਥਾ, ਜੀਭ ਵਿੰਨੀਦੇ, ਹੱਥ, ਪੈਰ, ਜੁਬਾਨ ਵੱਢੀਦੀ ਵੇਖ ਗੁਰੂ ਸਾਹਿਬ ਦਾ ਹਿਰਦਾ ਤੜਫ ਉਠਿਆ

ਸ੍ਰੀਸੈਲਮ ਗੰਟੂਰ ਤੋਂ 215 ਕਿ.ਮੀ. ਪੱਛਮ ਵਿੱਚ ਨੱਲਾ ਮੱਲਾ ਪਹਾੜੀਆਂ ਵਿੱਚ ਸਥਿਤ ਹੈ। ਯਾਦ ਰਹੇ ਇਹ ਪੂਰਬੀ ਘਾਟ ਦੀ ਪਰਬਤ ਮਾਲਾ ਦਾ ਹਿੱਸਾ ਹੈ। ਇਸ ਬਾਬਤ ਪੰਡਿਆਂ ਨੇ ਕਹਾਣੀ ਕੁਝ ਇਉ ਘੜੀ ਹੋਈ ਹੈ:-

ਸ਼ਿਵ ਜੀ ਤੇ ਪਾਰਬਤੀ ਦੇ ਦੋ ਪੁੱਤਰ ਸਨ; ਗਣੇਸ਼ ਤੇ ਕਾਰਤਕ। ਮਾਪਿਆਂ ਨੂੰ ਸਮਝ ਨਹੀ ਸੀ ਆ ਰਹੀ ਕਿ ਕਿਹੜੇ ਪੁੱਤ ਦਾ ਵਿਆਹ ਪਹਿਲਾਂ ਕੀਤਾ ਜਾਏ। ਮਾਪਿਆ ਨੇ ਸ਼ਰਤ ਰੱਖ ਦਿੱਤੀ ਕਿ ਜਿਹੜਾ ਮੁੰਡਾ ਪਹਿਲਾਂ ਦੁਨੀਆਂ ਦਾ ਚੱਕਰ ਲਾ ਕੇ ਆਏਗਾ ਉਹਦਾ ਵਿਆਹ ਪਹਿਲਾਂ ਕੀਤਾ ਜਾਵੇਗਾ। ਕਾਰਤਕ ਤਾਂ ਮੋਰ ਤੇ ਸਵਾਰ ਹੋ ਕੇ ਰਵਾਨਾ ਹੋ ਗਿਆ। ਗਣੇਸ਼ ਸੁਸਤ ਹੁੰਦਾ ਸੀ ਪਰ ਦਿਮਾਗੀ ਸੀ। ਉਹਨੇ ਆਪਣੇ ਮਾਂ ਪਿਓ ਦੁਆਲੇ ਸੱਤ ਚੱਕ੍ਰ ਲਾ ਲਏ ਤੇ ਨਿੱਠ ਕੇ ਬਹਿ ਗਿਆ। ਵਿਚਾਰਾ ਕਾਰਤਕ ਜਦੋਂ ਆਇਆ ਤਦ ਤੱਕ ਗਣੇਸ਼ ਦੇ ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਚੁੱਕੀਆਂ ਸਨ। ਇਹ ਵੇਖ ਕਾਰਤਕ ਵਿੱਟਰ ਗਇਆ ਤੇ ਘਰੋਂ ਨਿਕਲ ਗਇਆ। ਜਾ ਕਰੌਂਜਾ ਪਹਾੜੀਆਂ ਤੇ ਆਸਣ ਕੀਤਾ। ਮਾਪੇ ਉਨ੍ਹੂੰ ਲੱਭਣ ਚੜੇ। ਕਾਰਤਕ ਹੋਰ ਅੱਗੇ ਖਿਸਕਣ ਲੱਗਾ ਸੀ ਕਿ ਦੇਵਤਿਆਂ ਨੇ ਸਮਝਾ ਬੁਝਾ ਕੇ ਰੋਕ ਲਿਆ। ਸੋ ਜਦੋਂ ਦੇਵਤਿਆਂ ਨੇ ਕਾਰਤਕ ਨੂੰ ਰੋਕਿਆ ਸੀ ਮਾਪੇ ਨੱਲਾਮੱਲਾ ਪਹਾੜੀ ਤੇ ਵਿਸ਼ਰਾਮ ਕਰ ਰਹੇ ਸਨ। ਇਸ ਕਰਕੇ ਇਥੇ ਇਹ ਸਥਾਨ ਬਣਿਆ। ਬਾਕੀ ਇਥੇ ਫੁੱਲ ਚਿੱਟੇ ਚੰਮੇਲੀ ਦੇ ਚੜਾਏ ਜਾਂਦੇ ਹਨ ਇਸ ਕਰਕੇ ਨਾਂ ਬਣਿਆ ਮੱਲਿਕਾਰਜੁਨ। (ਮੱਲਿਕਾ- ਚੰਬੇਲੀ, ਅਰਜੁਨ-ਚਿੱਟਾ)

ਭਾਰਤ ਦੇ ਬਹੁਤੇ ਜੋਤੀਲਿੰਗ ਮੰਦਰਾਂ ਵਿਖੇ ਚਲ ਰਹੇ ਵਰਤਾਰੇ ਤਾਂ ਗੁਰੂ ਸਾਹਿਬ ਨੇ ਵੇਖ ਲਏ ਸਨ, ਮਲਿਕਾਰਜੁਨ ਮੰਦਰ ਅਜੇ

ਪੈਂਡਾ ਸਫਾ

ਕੋਹਲੀ -73 ਨੇ ਲਿਖਿਆ ਹੈ ਕਿ ਗੁਰੂ ਸਾਹਿਬ ਸਲੂਰ ਜਿਲਾ ਸ੍ਰੀਕਾਕੁਲੁਮ ਵੀ ਗਏ ਜੋ ਵਿਜੈਵਾੜਾ ਤੋਂ 500 ਕਿ.ਮੀ. ਹਟਵਾਂ ਹੈ। ਇਤਹਾਸ ਵਿੱਚ ਸ੍ਰੀਕਾਕੁਲਮ ਜਾਂ ਸਲੂਰ ਦੀ 16 ਸਦੀ ਵਿੱਚ ਕੋਈ ਅਹਿਮੀਅਤ ਨਜਰ ਨਹੀ ਆਉਦੀ। ਸਥਾਨਕ ਪੱਧਰ ਤੇ ਖੋਜ ਇਸ ਬਾਬਤ ਕੁਝ ਰੋਸ਼ਨੀ ਪਾ ਸਕਦੀ ਹੈ। ਹੋ ਸਕਦਾ ਓਥੇ ਕਿਸੇ ਉਦਾਸੀ ਸਾਧੂ ਦਾ ਡੇਰਾ ਹੋਵੇ ਜਾਂ ਹੋ ਸ੍ਰੀਸੈਲਮ ਦੇ ਮੇਲੇ ਵਿੱਚ ਅਜੇ ਦੇਰੀ ਹੋਵੇ ਤਾਂ ਗੁਰੂ ਸਾਹਿਬ ਓਧਰ ਗਏ ਹੋਣ। ਉਂਜ ਸਾਡੇ ਨਿਗ੍ਹ 'ਚ ਕੋਈ ਮਹੱਤਵਪੂਰਨ ਗਲ ਨਹੀ ਆਈ ਜਿਸ ਦੀ ਵਜਾ ਕਰਕੇ ਗੁਰੂ ਸਾਹਿਬ ਓਧਰ ਜਾਣ। ਜਾ ਹੋ ਸਕਦਾ ਗੁਰੂ ਸਾਹਿਬ ਸ੍ਰੀਕਾਕੁਲੁਮ ਜਗਨਨਾਥ ਪੁਰੀ ਤੋਂ ਆਏ ਹੋਣ।

ਬਾਕੀ ਸੀ। ਗੁਰੂ ਸਾਹਿਬ ਇਥੇ ਸ਼ਿਵਰਾਤਰੀ ਮੌਕੇ ਪਹੁੰਚੇ ਕਿਉਕਿ ਇਥੋਂ ਦਾ ਮੁਖ ਮੇਲਾ ਸ਼ਿਵਰਾਤਰੀ ਤੇ ਹੀ ਲੱਗਦਾ ਹੈ। ਇਤਹਾਸ ਤੋਂ ਇਹ ਵੀ ਮਹਿਸੂਸ ਹੁੰਦਾ ਹੈ ਕਿ ਜੇ ਗੁਰੂ ਸਾਹਿਬ ਮੇਲੇ ਵਿੱਚ ਅਜੇ ਦੇਰੀ ਹੁੰਦੀ ਤਾਂ ਸਾਹਿਬ ਨੇੜੇ ਤੇੜੇ ਦੇ ਤੀਰਥ ਅਸਥਾਨ ਵੇਖ ਲੈਂਦੇ ਸਨ। ਸੋ ਸ਼ਿਵਰਾਤਰੀ 'ਚ ਅਜੇ ਵਕਤ ਹੋਣ ਕਰਕੇ ਪਹਿਲਾਂ ਮੰਗਲਾਗਿਰੀ ਗੰਟੂਰ ਵਿਜੇਵਾੜਾ ਆਦਿ ਵੇਖੇ।

ਗੁਰੂ ਸਾਹਿਬ ਦੇ ਇਥੇ ਆਉਣ ਦੇ ਦਿਨਾਂ ਵਿੱਚ ਹੀ ਲਗ ਪਗ ਇਥੇ ਮਹਾਰਾਜਾ ਕ੍ਰਿਸ਼ਨਦੇਵ ਰਾਇਆ ਇਥੇ ਆ ਚੁੱਕਾ ਸੀ। ਇਥੇ ਬੜੀ ਹਿਰਦੇਵੇਦਕ ਰਸਮ ਚਲ ਰਹੀ ਸੀ। ਸੰਨ 1330 (ਦੇ ਆਸ ਪਾਸ) ਵਿੱਚ ਰਾਜਾ ਅਨਾਵੇਮਾ ਰੈਡੀ ਨੇ ਇੱਕ ਮੰਦਰ ਵਿੱਚ ਇੱਕ ਥੜਾ ਬਣਾ ਦਿੱਤਾ, ਜਿਸ ਤੇ ਸ਼ਰਧਾਲੂ ਆਪਣੇ ਸਰੀਰਕ ਅੰਗ ਮੰਦਰ ਨੂੰ ਦਾਨ ਕਰਦੇ ਸਨ। ਕੋਈ




ਹਿੰਦੂਆਂ ਵਿਚ ਨਿਰਾ ਸ੍ਰੀਸੈਲਮ ਹੀ ਨਹੀਂ ਥਾਂਈ ਥਾਂਈ ਸਰੀਰ ਨੂੰ ਕੋਹਣ ਦਾ ਰਵਾਜ ਸੀ। ਗੁਰੂ ਸਾਹਿਬ ਨੇ ਥਾਂ ਥਾਂ ਜਾ ਕੇ ਦੁਹਾਈ ਦਿੱਤੀ ਕਿ ਨਿਰੰਕਾਰ ਇਸ ਤਰਾਂ ਸਰੀਰ ਨੂੰ ਕਹਿਣ ਨਾਲ ਨਹੀ ਪਸੀਜਦਾ। ਗੁਰੂ ਸਾਹਿਬ ਦੀ ਸਿਖਿਆ ਨੇ ਭਾਰਤ ਵਿਚ ਇਨਕਲਾਬ ਲੈ ਆਂਦਾ ਸੀ। ਪਰ ਕਿੱਤੇ ਕਿੱਤੇ ਅੱਜ ਵੀ ਇਹ ਰਸਮਾਂ ਮੌਜੂਦ ਨੇ। ਖਾਸ ਕਰਕੇ ਹਿੰਦੂਆਂ ਦੀਆ ਉਹ ਅਬਾਦੀਆਂ ਜੋ ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ਪਹਿਲਾਂ ਹੀ ਭਾਰਤ ਤੋਂ ਹਿਜਰਤ ਕਰ ਗਈਆਂ ਸਨ ਓਥੇ ਇਹ ਰਸਮਾਂ ਅੱਜ ਵੀ ਭਾਰੂ ਹਨ। ਮਿਸਾਲ ਦੇ ਦੇ ਤੌਰ ਤੇ ਬਾਲੀ ਅਤੇ ਹੋਰ ਸਮੁੰਦਰੀ ਟਾਪੂ।

ਆਪਣੀ ਜੀਭ ਵੱਢਦਾ, ਕੋਈ ਹੱਥ, ਕੋਈ ਪੈਰ, ਕੋਈ ਉਗਲੀ ਤੇ ਕੋਈ ਪੈਰ ਦੀ ਉਗਲੀ, ਕੋਈ ਮੱਥਾ ਵਿੰਨਦਾ, ਕੋਈ ਜੀਭ, ਜਾਂ ਸਰੀਰ ਦਾ ਕੋਈ ਹੋਰ ਅੰਗ। ਕੋਈ ਤਾਂ ਪਹਾੜੀ ਤੋਂ ਛਾਲ ਮਾਰ ਕੇ ਆਪਣੀ ਜਾਨ ਹੀ ਦੇ ਦਿੰਦਾ। ਅਜਿਹਾ ਕਰਨ ਤੇ ਪੁਜਾਰੀਆਂ ਨੇ ਰੈਡੀ ਬਾਦਸ਼ਾਹ ਨੂੰ ਬਹੁਤ ਅਸੀਸਾਂ ਦਿੱਤੀਆਂ ਸਨ। ਦਰ ਅਸਲ ਇਹੋ ਜਿਹੀਆਂ ਸਨਸਨੀਖੇਜ ਘਟਨਾਵਾਂ ਕਰਕੇ ਮੰਦਰ ਵਿੱਚ ਦਰਸ਼ਕ ਸ਼ਰਧਾਲੂਆਂ ਦੀ ਗਿਣਤੀ ਵਧਦੀ ਸੀ ਜਿਸ ਕਾਰਨ ਪੰਡੇ ਇਹਨਾਂ ਜਾਲਮ ਰਸਮਾਂ ਨੂੰ ਉਤਸ਼ਾਹ ਦਿੰਦੇ ਸਨ।

ਗੁਰੂ ਸਾਹਿਬ ਸਰੀਰ ਨੂੰ ਕੋਹ ਕੇ ਭਗਵਾਨ ਨੂੰ ਖੁਸ਼ ਕਰਨ ਵਾਲੀਆਂ ਪੂਜਾਵਾਂ ਦਾ ਪਹਿਲਾਂ ਵੀ ਖੰਡਨ ਕਰ ਚੁੱਕਾ ਸੀ।

ਦੂਸਰੇ ਪਾਸੇ ਮੁਸਲਮਾਨ ਹੁਕਮਰਾਨਾਂ ਵਾਸਤੇ ਇਹ ਵਧੀਆ ਬਹਾਨਾ ਹੁੰਦਾ ਸੀ ਮੌਕਾ ਮਿਲਣ ਤੇ ਮੰਦਰ ਨੂੰ ਲੁੱਟਣ ਤੇ ਪੁਟਣ ਦਾ। ਨਹਿਸ ਕਰਨ ਦਾ।

ਇਥੇ ਵੀ ਫਿਰ ਗੁਰੂ ਸਾਹਿਬ ਨੇ ਦੁਹਾਈ ਦਿੱਤੀ ਕਿ ਸਰੀਰ ਨੂੰ ਕੋਹਣ ਨਾਲ ਨਿਰੰਕਾਰ ਪ੍ਰਸੰਨ ਨਹੀ ਹੁੰਦਾ। ਇਹ ਜੁਲਮ ਹੈ। ਰੱਬ ਦੇ ਰਾਹ ਵਿੱਚ ਜੋਰਾ ਜਬਰਦਸਤੀ ਨਹੀ ਪਰਵਾਨ। "ਆਖਣਿ ਜੋਰੁ ਚੁਪੈ ਨਹ ਜੋਰੁ ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥ " ਕੁਝ ਇਹੋ ਜਿਹਾ ਸ਼ਬਦ ਇਥੇ ਵੀ ਪੜਿਆ ਗਇਆ ਹੋਵੇਗਾ:-

ਮਃ ੧ ॥ ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥ ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥ ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥ ਸਹੁ ਵੇ ਜੀਆ ਅਪਣਾ ਕੀਆ ॥ ਅੰਨੁ ਨ ਖਾਇਆ ਸਾਦੁ ਗਵਾਇਆ ॥ ਬਹੁ ਦੁਖੁ ਪਾਇਆ ਦੂਜਾ ਭਾਇਆ ॥ ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥ ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥ ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥ ਅਲੁ ਮਲੁ ਖਾਈ ਸਿਰਿ ਛਾਈ ਪਾਈ ॥ ਮੂਰਖਿ ਅੰਧੈ ਪਤਿ ਗਵਾਈ ॥ ਵਿਣੁ ਨਾਵੈ ਕਿਛੁ ਥਾਇ ਨ ਪਾਈ ॥ ਰਹੈ ਬੇਬਾਣੀ ਮੜੀ ਮਸਾਣੀ ॥ ਅੰਧੁ ਨ ਜਾਣੈ ਫਿਰਿ ਪਛੁਤਾਣੀ ॥ ਸਤਿਗੁਰੁ ਭੇਟੇ ਸੋ ਸੁਖੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥ ਨਾਨਕ ਨਦਰਿ ਕਰੇ ਸੋ ਪਾਏ ॥ ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥

ਯਾਦ ਰਹੇ ਗੁਰੂ ਸਾਹਿਬ ਦੀ ਕੀਰਤੀ ਓਦੋਂ ਤੱਕ ਪੂਰੇ ਹਿੰਦੁਸਤਾਨ ਵਿੱਚ ਫੈਲ ਚੁੱਕੀ ਸੀ। ਸਾਧੂ ਮਹਾਤਮਾ ਤੇ ਪੰਡੇ ਗੁਰੂ ਸਾਹਿਬ ਦੇ ਆਉਣ ਦੀ ਉਡੀਕ ਕਰਿਆ ਕਰਦੇ ਸਨ।

—◈—

ਗੁਰੂ ਸਾਹਿਬ ਦਾ ਅਗਲਾ ਟੀਚਾ ਵਿਜੈਨਗਰ ਪਹੁੰਚਣਾ।

ਸੋ ਮਰਦਾਨੇ ਦੀ ਵਜਦੀ ਰਬਾਬ ਦੇ ਨਾਲ ਨਾਲ ਨਿਰੰਕਾਰ ਦੀ ਸਿਫਤ ਸਲਾਹ ਵਿੱਚ ਮਸਤ ਰੱਬ ਦਾ ਰੂਪ ਗੁਰੂ ਫਿਰ ਕਰਨੂਲ (ਆਂਧਰਾ ਪ੍ਰਦੇਸ) ਨੂੰ ਰਵਾਨਾ ਹੁੰਦਾ ਹੈ। ਕਰਨੂਲ ਇਥੋਂ 180 ਕਿ.ਮੀ. ਹੈ। ਹੰਦਰੀ- ਤੁੰਗਭਦਰਾ- ਕ੍ਰਿਸ਼ਨਾਂ ਦਰਿਆਵਾ ਦੇ ਲੱਗਪਗ ਸੰਗਮ ਤੇ, ਨੱਲਾ ਮੱਲਾ ਪਹਾੜੀਆਂ ਦੇ ਪੈਰਾਂ ਹੇਠ ਕਰਨੂਲ ਓਨੀ ਦਿਨੀ ਇੱਕ ਪੜਾਅ ਦੇ ਤੌਰ ਤੇ ਮਸ਼ਹੂਰ ਸੀ। ਕ੍ਰਿਸ਼ਨਦੇਵਾ ਰਾਇਆ ਦੇ ਅਧੀਨ ਰਾਜੇ ਦਾ ਇਥੇ ਰਾਜ ਹੁੰਦਾ ਸੀ।

—◈—

ਤੇ ਲਓ ! ਪੰਡਿਆਂ ਨੇ ਕਰਨੂਲ ਦੇ ਲੋਕਾਂ ਦੇ ਗਲਾਂ ਵਿੱਚ ਗਿੱਠ ਗਿੱਠ ਲੰਮੀਆਂ ਗਣੇਸ਼ ਦੀਆਂ ਮੂਰਤੀਆਂ ਪਵਾਈਆਂ ਸਨ

ਕਰਨੂਲ 'ਚ ਮਰਦਾਨਾਂ ਤਾਂ ਵੇਖ ਕੇ ਦੰਗ ਰਹਿ ਗਿਆ, "ਬਾਬਾ ਜੀ ਆਹ ਚੰਗੇ ਲੋਕ ਨੇ ਇਨ੍ਹਾਂ ਤਾਂ ਪੱਥਰ ਹੀ ਗਲ 'ਚ ਪਾ ਲਏ ਨੇ।" ਗੁਰੂ ਸਾਹਿਬ ਨੇ ਇੱਕ ਪੜੇ ਲਿਖੇ ਪੰਡਤ ਨੂੰ ਪੁੱਛਿਆ ਭਈ ਤੁਸੀ ਗਲਾਂ ਵਿੱਚ ਮੂਰਤੀਆਂ ਕਿਓ ਚੁੱਕੀ ਫਿਰਦੇ ਹੋ? ਪੰਡਤ ਨੇ ਦੱਸਿਆ ਕਿ ਬਾਬਾ ਜੀ ਇਹ ਮੂਰਤੀ ਗਲ ਵਿੱਚ ਪਾਈ ਹੋਵੇ ਤਾਂ ਜਿਹੜੇ ਕੰਮ ਨੂੰ ਹੱਥ ਪਾਓ ਉਹ ਸਿੱਧ ਹੁੰਦਾ ਹੈ। ਲਾਗੇ ਹੀ ਖੜੇ ਬੰਦੇ ਨੇ ਪੰਡਤ ਦੀ ਗਲ ਕੱਟ ਦਿੱਤੀ। ਮੂਰਤੀ ਮੇਰੇ ਗਲ ਵਿੱਚ ਸੀ ਜਦੋਂ ਮੈਂ ਖੇਤ ਬੀਜਿਆ। ਸੋਕਾ ਪੈ ਗਿਆ। ਦਾਣਾ ਪੱਲੇ ਨਹੀ ਪਿਆ। ਪੰਡਤ ਨੇ ਹੋਰ ਦੱਸਿਆ ਕਿ ਤ੍ਰਿਪੁਰ ਰਾਖਸ ਨੂੰ ਸ਼ਿਵ ਜੀ ਤਾਂ ਹੀ ਖਤਮ ਕਰ ਪਾਏ ਕਿਉਕਿ ਸ਼ਿਵ ਜੀ ਨੇ ਗਣੇਸ਼ ਦੀ ਅਰਾਧਨਾ ਕੀਤੀ ਸੀ।

ਓਥੇ ਫਿਰ ਗੁਰੂ ਸਾਹਿਬ ਨੇ ਸ਼ਬਦ ਉਚਾਰਿਆ:

(ਸਿਰੀਰਾਗੁ) ਕੀਤਾ ਕਹਾ ਕਰੇ ਮਨਿ ਮਾਨੁ ॥ ਦੇਵਣਹਾਰੇ ਕੈ ਹਥਿ ਦਾਨੁ ॥ ਭਾਵੈ ਦੇਇ ਨ ਦੇਈ ਸੋਇ ॥ ਕੀਤੇ ਕੈ ਕਹਿਐ ਕਿਆ ਹੋਇ ॥੧॥ ਆਪੇ ਸਚੁ ਭਾਵੈ ਤਿਸੁ ਸਚੁ ॥ ਅੰਧਾ ਕਚਾ ਕਚੁ ਨਿਕਚੁ ॥੧॥ ਰਹਾਉ ॥ ਜਾ ਕੇ ਰੁਖ ਬਿਰਖ ਆਰਾਉ ॥ ਜੇਹੀ ਧਾਤੁ ਤੇਹਾ ਤਿਨ ਨਾਉ ॥ ਫੁਲੁ ਭਾਉ ਫਲੁ ਲਿਖਿਆ ਪਾਇ ॥ ਆਪਿ ਬੀਜਿ ਆਪੇ ਹੀ ਖਾਇ ॥੨॥ ਕਚੀ ਕੰਧ ਕਚਾ ਵਿਚਿ ਰਾਜੁ ॥ ਮਤਿ ਅਲੂਣੀ ਫਿਕਾ ਸਾਦੁ ॥ ਨਾਨਕ ਆਣੇ ਆਵੈ ਰਾਸਿ ॥ ਵਿਣੁ ਨਾਵੈ ਨਾਹੀ ਸਾਬਾਸਿ ॥ ੩॥੩੨॥

ਸਾਹਿਬ ਨੇ ਪੰਡਤ ਦੀ ਦੇਹੀ ਨੂੰ ਹੱਥ ਲਾ ਕੇ ਪੁੱਛਿਆ ਇਹ ਕੀ ਹੈ? ਚੁੰਜ ਗਿਆਨੀ ਪੰਡਤ ਬੋਲ ਪਿਆ ਇਹ ਮਿੱਟੀ ਹੈ। ਤਾਂ ਫਿਰ ਗੁਰੂ ਸਾਹਿਬ ਨੇ ਕਿਹਾ ਓਏ ਭੋਲਿਓ ਕੀ ਪਏ ਕਰਦੇ ਹੋ ਮਿੱਟੀ ਦੇ ਗਲ ਵਿੱਚ ਮਿੱਟੀ ਪਾ ਕੇ ਕੀ ਹਾਸਲ ਕਰੋਗੇ? ਜੇ ਸੱਚ ਮੁੱਚ ਭਗਵਾਨ ਨੂੰ ਪ੍ਰਸੰਨ ਕਰਨਾਂ ਹੈ ਤਾਂ ਉਹਦਾ ਨਾਮ ਜਪੋ। ਪ੍ਰੇਮ ਵਾਲੀ ਮੂਰਤੀ ਗਲੀ ਪਓ। ਸਿਫਤ ਸਲਾਹ ਦੇ ਮਾਰਗ ਤੇ ਆਓ।

ਇਥੋ ਦੇ ਰਾਜਾ ਨੂੰ ਮਿਲ ਕੇ ੧ਓਂ ਦਾ ਗਿਆਨ ਕਰਾ, ਵੰਡ ਛੱਕਣ ਦਾ ਸਿਧਾਂਤ ਦੁਹਰਾ ਸਾਹਿਬ ਅੱਗੇ ਚਲਦੇ ਬਣੇ।

ਅੱਗੇ 100 ਕੁ ਕਿ.ਮੀ. ਪੱਛਮ ਵਿੱਚ ਗੁੱਟੀ (ਆਂਧਰਾ ਪ੍ਰਦੇਸ) ਦਾ ਮਸ਼ਹੂਰ ਕਿਲਾ ਹੈ। ਓਥੇ ਜੋਗੀਆਂ ਤੇ ਰਾਜੇ ਵਿੱਚ ਸਤਿਨਾਮ ਦੀ ਦੁਹਾਈ ਪਾ ਅੱਗੇ ਜਿੱਥੇ ਅਜਕਲ ਗੁੰਟਕਲ ਸ਼ਹਿਰ ਹੈ ਓਥੇ ਦੀ ਲੰਘਦੇ ਹੋਏ 75 ਕਿ.ਮੀ. ਦਾ ਪੈਂਡਾ ਕਰਕੇ ਬੱਲਾਰੀ ਸ਼ਹਿਰ ਪਹੁੰਚ ਗਏ ਜੋ ਅਜਕਲ ਕਰਨਾਟਕ ਸੂਬੇ ਵਿੱਚ ਹੈ।

ਬੱਲਾਰੀ ਦੀ ਕਹਾਣੀ ਵੀ ਅਜੀਬ ਹੈ। ਕਿਹਾ ਜਾਂਦਾ ਕਿ ਇਹ ਛੋਟਾ ਜਿਹਾ ਪਿੰਡ ਹੁੰਦਾ ਸੀ ਤਾ ਵਣਜਾਰੇ ਇਥੇ ਜਦੋਂ ਆਏ ਤਾਂ ਉਨਾਂ ਦੇ ਪੂਜਾ ਕਰਨ ਲਈ ਕੋਈ ਮੰਦਰ ਨਹੀ ਸੀ। ਓਨਾਂ ਨੇ ਸ਼ਿਵ ਜੀ ਦੇ ਲਿੰਗ ਦੀ ਥਾਂ, ਲਕੜੀ ਦੀ ਬੱਲੀ ਗੱਡ ਕੇ ਪੂਜਾ ਕੀਤੀ ਤੇ ਕੰਮ

ਅੱਜ ਲੋਕ ਗਿੱਠ ਗਿੱਠ ਲੰਮੇ ਲਿੰਗ ਤਾਂ ਨਹੀ ਪਾਉਦੇ ਪਰ ਰਸਮ ਅੱਜ ਵੀ ਮੌਜੂਦ ਹੈ। ਹੁਣ ਤਾਂ ਅਗਲੇ ਸੋਨੇ ਚਾਂਦੀ ਦੇ ਫਰੇਮ ਵਿਚ ਲਿੰਗ ਨੂੰ ਜੜਵਾ ਲੈਂਦੇ ਨੇ। ਸਰਦਾ ਬਣਦਾ ਹਿੰਦੂ ਮੂਰਤੀਆਂ ਹੀ ਸੋਨੇ ਚਾਂਦੀ ਦੀਆਂ ਬਣਵਾ ਲੈਂਦੇ ਨੇ।

ਚਲਾਇਆ। ਹੌਲੀ ਹੌਲੀ ਉਹ ਬੱਲਾ ਵਾਲਾ ਮੰਦਰ ਹੀ ਮਸ਼ਹੂਰ ਹੋ ਗਇਆ ਤੇ ਸ਼ਹਿਰ ਦਾ ਨਾਂ ਬੱਲਾਰੀ ਬਣ ਗਿਆ। ਹਜਾਰਾਂ ਸਾਲ ਪੁਰਾਣਾ ਸ਼ਹਿਰ ਹੈ ਇਹ। ਪਹਾੜੀ ਤੇ ਮਜਬੂਤ ਕਿਲਾ ਹੈ। ⊙

ਸੋ ਸਾਹਿਬ ਨੇ ਇਥੇ ਵੀ ਰਾਜੇ ਤੇ ਪੰਡਤਾਂ ਨੂੰ ਰਾਹੇ ਪਾਇਆ ਸੀ।

—◈—

ਬਲੱਾਰੀ ਤੋਂ 55 ਕਿ.ਮੀ. ਫਿਰ ਵਿਜੈਨਗਰ (ਅੱਜ ਦਾ ਹੰਪੀ ਸ਼ਹਿਰ ਕਰਨਾਟਕ) ਪਹੁੰਚੇ।

(500 ਸਾਲ ਪਹਿਲਾਂ ਦੁਨੀਆ ਦਾ ਵੱਡਾ ਸ਼ਹਿਰ ਤੇ ਅੱਜ ਬੇਚਰਾਗ ਹੈ ਵਿਜੈਨਗਰ)

ਜਦੋਂ ਗੁਰੂ ਸਾਹਿਬ ਵਿਜੈਨਗਰ ਨਗਰ ਆਏ ਓਦੋਂ ਇਹ ਦੁਨੀਆ ਦਾ ਦੂਸਰੇ ਨੰਬਰ ਤੇ ਸਭ ਤੋਂ ਵੱਡਾ ਸ਼ਹਿਰ ਸੀ। ਇਤਹਾਸਕਾਰਾਂ ਦਾ ਕਹਿਣਾ ਹੈ ਕਿ ਇਹ ਦੁਨੀਆ ਦਾ ਸ਼ਾਇਦ ਸਭ ਤੋਂ ਅਮੀਰ ਸ਼ਹਿਰ ਸੀ। ਅੱਜ ਇਹ ਸ਼ਹਿਰ ਬੇ-ਚਰਾਗ ਹੋ ਚੁੱਕਾ ਹੈ। ਆਲੀਸ਼ਾਨ ਇਮਾਰਤਾਂ ਦੇ ਖੰਡਰ ਅੱਜ ਵੀ ਮੌਜੂਦ ਹਨ। ਓਥੇ ਪਹੁੰਚ ਕੇ ਫਿਰ ਸ਼ਹਿਰ ਦੀ ਅਮੀਰੀ ਦੱਸਣ ਦੀ ਜਰੂਰਤ ਹੀ ਨਹੀ ਪੈਂਦੀ। ਖੰਡਰ ਆਪਣੇ ਆਪ ਬੋਲਦੇ ਹਨ।

ਇਹ ਮਹਾਰਾਜਾ ਕ੍ਰਿਸ਼ਨ ਦੇਵ ਰਾਇਆ ਦੀ ਰਾਜਧਾਨੀ ਸੀ। ਜਿਸ ਦੇ ਰਾਜ ਵਿੱਚ ਅੱਜ ਦਾ ਸਾਰਾ ਤਮਿਲਨਾਡੂ, ਕੇਰਲ, ਆਂਧਰਾ ਪ੍ਰਦੇਸ ਤੇ ਲੱਗਪਗ ਸਾਰਾ ਕਰਨਾਟਕ ਸ਼ਾਮਲ ਸੀ। ਜਦੋਂ ਗੁਰੂ ਸਾਹਿਬ ਜਗਨ ਨਾਥ ਪੁਰੀ ਵਿਖੇ ਠਹਿਰੇ ਹੋਏ ਸਨ ਐਨ ਓਨੀ ਦਿਨੀ ਹੀ ਉਸ ਨੇ ਉੜੀਸਾ ਤੇ ਹਮਲਾ ਕੀਤਾ ਸੀ। ਰਾਜਾ ਆਪ ਕਵੀ ਵੀ ਸੀ। ਓਨੀ ਦਿਨੀ ਹੀ (1520 ਈ.) ਵਿੱਚ ਇੱਕ ਪੁਰਤਗਾਲੀ ਯਾਤਰੂ ਵਿਜੈਨਗਰ ਆਇਆ ਸੀ ਜਿਸ ਨੇ ਨਗਰ ਦੀ ਸ਼ਾਨ ਬਾਰੇ ਵਿਸਥਾਰ ਵਿੱਚ ਲਿਖਿਆ ਹੈ।

ਇਤਹਾਸ ਵਿੱਚ ਕਿਤੇ ਇਸ਼ਾਰਾ ਤਾਂ ਨਹੀ ਮਿਲਦਾ ਕਿ ਗੁਰੂ ਸਾਹਿਬ ਮਹਾਰਾਜਾ ਕ੍ਰਿਸ਼ਨਦੇਵਾ ਰਾਇਆ (1509-1529 ਈ.) ਨੂੰ ਕਿਥੇ ਮਿਲੇ ਸਨ। ਪਰ ਸੰਭਾਵਨਾ ਵਿਜੈਨਗਰ ਵਿੱਚ ਹੀ ਮਿਲਣ ਦੀ ਬਣਦੀ ਹੈ। ਯਾਦ ਰਹੇ ਗੁਰੂ ਸਾਹਿਬ ਦੀ ਹਮੇਸ਼ਾਂ ਕੋਸ਼ਿਸ਼ ਹੁੰਦੀ ਸੀ ਇਲਾਕੇ ਦੇ ਹੁਕਮਰਾਨ ਨੂੰ ਮਿਲਣ ਦੀ। ਗੁਰਬਾਣੀ ਵਿੱਚ ਦੋ ਤਿੰਨ ਵਾਰੀ ਰਾਇਆ ਲਫਜ਼ ਸਾਹਿਬ ਨੇ ਵਰਤਿਆ ਹੈ। ਪੰਜਾਬੀ ਵਿੱਚ ਉਂਜ 'ਰਾਇ' ਲਫਜ ਹੈ। ਹੋ ਸਕਦਾ ਇਹ ਵਾਲਾ ਸ਼ਬਦ ਇਥੇ ਹੀ ਰਚਿਆ ਹੋਵੇ:-

ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥ ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥੧॥ ਤੇਰੇ ਲਾਲੇ ਕਿਆ ਚਤੁਰਾਈ ॥ ਸਾਹਿਬ ਕਾ ਹੁਕਮੁ ਨ ਕਰਣਾ ਜਾਈ ॥੧॥ ਰਹਾਉ ॥ ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ ॥ ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ ॥੨॥ ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ ॥ ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ ॥੩॥ ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ ॥ ਆਦਿ ਜੁਗਾਦਿ ਦਇਆਪਤਿ ਦਾਤਾ ਤੁਧੁ ਵਿਣੁ ਮੁਕਤਿ ਨ ਪਾਈ ॥

ਯਾਦ ਰਹੇ ਓਨੀ ਦਿਨੀ ਮਹਾਰਾਜਾ ਰਾਇਆ ਦੇ ਦਰਬਾਰ ਵਿੱਚ ਫਾਰਸੀ ਜਾਨਣ ਵਾਲੇ ਮੁਲਾਜਮ ਸਨ। ਪੰਜਾਬੀ ਖੱਤਰੀ ਭਾਰਤ ਦੀਆ ਸਾਰੀਆਂ ਰਿਆਸਤਾਂ ਵਿੱਚ ਦੀਵਾਨੀ ਲਈ ਮਸ਼ਹੂਰ ਸਨ। ਲੱਗਦੈ ਹੇਠ ਦਿੱਤਾ ਸ਼ਬਦ ਜੋਗੀਆਂ ਦੀ ਬੋਲੀ ਵਿੱਚ ਓਨਾਂ ਇਥੇ ਹੀ ਰਚਿਆ ਸੀ।

ਮਾਰੂ ਮਹਲਾ ੧ ਦਖਣੀ ॥ ਕਾਇਆ ਨਗਰੁ ਨਗਰ ਗੜ ਅੰਦਰਿ ॥ ਸਾਚਾ ਵਾਸਾ ਪੁਰਿ ਗਗਨੰਦਰਿ ॥ ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ ॥੧॥ ਅੰਦਰਿ ਕੋਟ ਛਜੇ ਹਟਨਾਲੇ ॥ ਆਪੇ ਲੇਵੈ ਵਸਤੁ ਸਮਾਲੇ ॥ ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥੨॥ ਭੀਤਰਿ ਕੋਟ ਗੁਫਾ ਘਰ ਜਾਈ ॥ ਨਉ ਘਰ ਥਾਪੇ ਹੁਕਮਿ ਰਜਾਈ ॥ ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥੩॥ ਪਉਣ ਪਾਣੀ ਅਗਨੀ ਇਕ ਵਾਸਾ ॥ ਆਪੇ ਕੀਤੋ ਖੇਲੁ ਤਮਾਸਾ ॥ ਬਲਦੀ ਜਲਿ ਨਿਵਰੈ ਕਿਰਪਾ ਤੇ ਆਪੇ ਜਲ ਨਿਧਿ ਪਾਇਦਾ ॥੪॥ ਧਰਤਿ ਉਪਾਇ ਧਰੀ ਧਰਮ ਸਾਲਾ ॥ ਉਤਪਤਿ ਪਰਲਉ ਆਪਿ ਨਿਰਾਲਾ ॥ ਪਵਣੈ ਖੇਲੁ ਕੀਆ ਸਭ ਥਾਈ ਕਲਾ ਖਿੰਚਿ ਢਾਹਾਇਦਾ ॥੫॥ ਭਾਰ ਅਠਾਰਹ ਮਾਲਣਿ ਤੇਰੀ ॥ ਚਉਰੁ ਢੁਲੈ ਪਵਣੈ ਲੈ ਫੇਰੀ ॥ ਚੰਦੁ ਸੂਰਜੁ ਦੁਇ ਦੀਪਕ ਰਾਖੇ ਸਸਿ ਘਰਿ ਸੂਰੁ ਸਮਾਇਦਾ ॥੬॥ ਪੰਖੀ ਪੰਚ ਉਡਰਿ ਨਹੀ ਧਾਵਹਿ ॥ ਸਫਲਿਓ ਬਿਰਖੁ ਅੰਮ੍ਰਿਤ ਫਲੁ ਪਾਵਹਿ ॥ ਗੁਰਮੁਖਿ ਸਹਜਿ ਰਵੈ ਗੁਣ ਗਾਵੈ ਹਰਿ ਰਸੁ ਚੋਗ ਚੁਗਾਇਦਾ ॥੭॥ ਝਿਲਮਿਲਿ ਝਿਲਕੈ ਚੰਦੁ ਨ ਤਾਰਾ ॥ ਸੂਰਜ ਕਿਰਣਿ ਨ ਬਿਜੁਲਿ ਗੈਣਾਰਾ ॥ ਅਕਥੀ ਕਥਉ ਚਿਹਨੁ ਨਹੀ ਕੋਈ ਪੂਰਿ ਰਹਿਆ ਮਨਿ ਭਾਇਦਾ ॥੮॥ ਪਸਰੀ ਕਿਰਣਿ ਜੋਤਿ ਉਜਿਆਲਾ ॥ ਕਰਿ ਕਰਿ ਦੇਖੈ ਆਪਿ ਦਇਆਲਾ ॥ ਅਨਹਦ ਰੁਣ ਝੁਣਕਾਰੁ ਸਦਾ ਧੁਨਿ ਨਿਰਭਉ ਕੈ ਘਰਿ ਵਾਇਦਾ ॥੯॥ ਅਨਹਦੁ ਵਾਜੈ ਭ੍ਰਮੁ ਭਉ ਭਾਜੈ ॥ ਸਗਲ ਬਿਆਪਿ ਰਹਿਆ ਪ੍ਰਭੁ ਛਾਜੈ ॥ ਸਭ ਤੇਰੀ ਤੂ ਗੁਰਮੁਖਿ ਜਾਤਾ ਦਰਿ ਸੋਹੈ ਗੁਣ ਗਾਇਦਾ ॥੧੦॥ ਆਦਿ ਨਿਰੰਜਨੁ ਨਿਰਮਲੁ ਸੋਈ ॥ ਅਵਰੁ ਨ ਜਾਣਾ ਦੂਜਾ ਕੋਈ ॥

ਪੈੜ ਸਫਾ

⊙ ਗਿਆਨੀ ਗਿਆਨ ਸਿੰਘ-161, ਗਿਆਨੀ ਜੀ ਨੇ ਗੁਰੂ ਸਾਹਿਬ ਦਾ ਰਾਇਚੂਰ ਜਾਣਾ ਵੀ ਲਿਖਿਆ ਹੈ ਪਰ ਇਤਹਾਸ ਵਲ ਨਿਗਾਹ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਰਾਇਚੂਰ ਵਿਖੇ ਓਦੋਂ ਖਿਚੋਤਾਣ ਬਣੀ ਹੋਈ ਸੀ।

ਏਕੰਕਾਰੁ ਵਸੈ ਮਨਿ ਭਾਵੈ ਹਉਮੈ ਗਰਬੁ ਗਵਾਇਦਾ ॥੧੧॥ ਅੰਮ੍ਰਿਤੁ ਪੀਆ ਸਤਿਗੁਰਿ ਦੀਆ ॥ ਅਵਰੁ ਨ ਜਾਣਾ ਦੂਆ ਤੀਆ ॥ ਏਕੋ ਏਕੁ ਸੁ ਅਪਰ ਪਰੰਪਰੁ ਪਰਖਿ ਖਜਾਨੈ ਪਾਇਦਾ ॥੧੨॥ ਗਿਆਨੁ ਧਿਆਨੁ ਸਚੁ ਗਹਿਰ ਗੰਭੀਰਾ ॥ ਕੋਇ ਨ ਜਾਣੈ ਤੇਰਾ ਚੀਰਾ ॥ ਜੇਤੀ ਹੈ ਤੇਤੀ ਤੁਧੁ ਜਾਚੈ ਕਰਮਿ ਮਿਲੈ ਸੋ ਪਾਇਦਾ ॥੧੩॥ ਕਰਮੁ ਧਰਮੁ ਸਚੁ ਹਾਬਿ ਤੁਮਾਰੈ ॥ ਵੇਪਰਵਾਹ ਅਖੁਟ ਭੰਡਾਰੈ ॥ ਤੂ ਦਇਆਲੁ ਕਿਰਪਾਲੁ ਸਦਾ ਪ੍ਰਭੁ ਆਪੇ ਮੇਲਿ ਮਿਲਾਇਦਾ ॥੧੪॥ ਆਪੇ ਦੇਖਿ ਦਿਖਾਵੈ ਆਪੇ ॥ ਆਪੇ ਥਾਪਿ ਉਥਾਪੇ ਆਪੇ ॥ ਆਪੇ ਜੋੜਿ ਵਿਛੋੜੇ ਕਰਤਾ ਆਪੇ ਮਾਰਿ ਜੀਵਾਇਦਾ ॥੧੫॥ ਜੇਤੀ ਹੈ ਤੇਤੀ ਤੁਧੁ ਅੰਦਰਿ ॥ ਦੇਖਹਿ ਆਪਿ ਬੈਸਿ ਬਿਜ ਮੰਦਰਿ ॥ ਨਾਨਕੁ ਸਾਚੁ ਕਹੈ ਬੇਨੰਤੀ ਹਰਿ ਦਰਸਨਿ ਸੁਖੁ ਪਾਇਦਾ ॥੧੬॥੧॥੧੩॥

1565 ਈ ਵਿੱਚ ਮੁਗਲ ਸੁਲਤਾਨਾਂ ਨੇ ਰਲ ਮਿਲ ਕੇ ਵਿਜੈਨਗਰ ਤੇ ਹਮਲਾ ਕੀਤਾ। ਸ਼ਹਿਰ ਨੂੰ ਚੰਗੀ ਤਰਾਂ ਲੁੱਟਿਆ ਪੁੱਟਿਆ ਤੇ ਤਹਿਸ ਨਹਿਸ ਕਰ ਦਿੱਤਾ। ਬਰਬਾਦ ਹੋ ਜਾਣ ਦੇ ਬਾਵਜੂਦ 1570 ਦੇ ਨੇੜੇ ਤੇੜੇ ਇੱਕ ਇਤਾਲਵੀ ਸੌਦਾਗਰ ਵਿਜੈਨਗਰ ਆ ਗਇਆ ਤੇ ਸ਼ਹਿਰ ਦੇ ਖੰਡਰਾਤ ਵੇਖ ਕੇ ਹੈਰਾਨ ਰਹਿ ਗਿਆ। ਉਸ ਨੇ ਇਸ ਬਾਬਤ ਵਿਸਥਾਰ ਨਾਲ ਲਿਖਿਆ ਹੈ

ਇਤਹਾਸਕ ਦਸਤਾਵੇਜਾਂ ਨੂੰ ਪਰੇ ਰੱਖ ਕੇ, ਜਰਾ ਵਿਜੈਨਗਰ ਦੇ ਖੰਡਰਾਂ ਨੂੰ ਵੇਖੋ ਤਾਂ ਪਤਾ ਲੱਗਦਾ ਹੈ ਕਿ ਸ਼ਹਿਰ ਦੀ ਕੀ ਸ਼ਾਨ ਰਹੀ ਹੋਵੇਗੀ। ਭਾਰਤ ਵਿਚ ਹੋਰ ਕਿਤੇ ਵੀ ਇੰਨੇ ਵਿਸ਼ਾਲ ਖੇਤਰ ਵਿਚ ਖੰਡਰਾਤ ਨਹੀ ਹਨ।

ਕਿ ਕੋਈ ਵੀ ਸ਼ਹਿਰ ਪੱਕਾ ਨਹੀ ਹੁੰਦਾ। ਕਿਸੇ ਵੀ ਸ਼ਹਿਰ ਨਾਲ ਕੁਝ ਵੀ ਹੋ ਸਕਦਾ ਹੈ। ਉਸ ਲਿਖਿਆ ਹੈ ਕਿ ਵਿਜੈਨਗਰ ਦੀਆਂ ਸ਼ਾਨਦਾਰ ਇਮਾਰਤਾਂ ਅੱਜ ਸ਼ੇਰਾਂ ਚੀਤਿਆਂ ਤੇ ਗਿੱਦੜਾ ਦਾ ਵਸੇਬਾ ਹਨ।

—◈—

ਹੰਪੀ - ਵਿਜੈਨਗਰ ਦੇ ਐਨ ਨਾਲ ਹੀ ਪੁਰਾਣਾ ਸ਼ਹਿਰ ਹੰਪੀ ਹੈ ਜਿਸ ਦਾ ਜਿਕਰ ਰਮਾਇਣ ਤੇ ਪੁਰਾਣਾਂ ਵਿੱਚ ਮਿਲਦਾ ਹੈ। ਕਿਉਕਿ ਇਥੇ ਪੰਪਾ ਦੇਵੀ ਦਾ ਮੰਦਰ ਪੂਰੇ ਹਿੰਦੁਸਤਾਨ ਵਿੱਚ ਪ੍ਰਸਿਧ ਹੈ। ਨਾਲ ਹੀ ਸ਼ੰਕਰਅਚਾਰੀਆ ਦਾ ਮੱਠ ਵੀ ਹੈ ਜਿੱਥੇ ਗੁਰੂ ਸਾਹਿਬ ਨੇ ਸਾਧੂਆਂ ਨੂੰ ਸਮਝਾਇਆ ਸੀ ਕਿ ਭਗਵਾਨ ਨਿਰਾ ਨਿਰਆਕਾਰ ਹੀ ਨਹੀ ਉਹ ਸਰਗੁਣ ਵੀ ਹੈ।

ਤੁੰਗਭਦਰਾ ਨਦੀ ਦੁਆਲੇ ਦਾ ਇਹੋ ਇਲਾਕਾ ਜਿੰਨੂ ਰਮਾਇਣ ਵਿੱਚ ਸੁਗਰੀਵ ਦਾ ਬਾਂਦਰ-ਦੇਸ ਕਿਹਾ ਹੈ, ਜੋ ਬਾਲੀ ਦਾ ਵੱਡਾ ਭਰਾ ਸੀ। ਰਮਾਇਣ ਵਿੱਚ ਤੁੰਗਭਦਰਾ ਦਰਿਆ ਨੂੰ ਹੀ ਪੰਪਾ-ਸਰ ਕਿਹਾ ਗਇਆ ਹੈ। ਹਨੂੰਮਾਨ ਦਾ ਵੀ ਇਹੋ ਇਲਾਕਾ ਹੈ।

—◈—

ਮਰੇ ਪੰਛੀ ਜਿਵਾ ਕੇ ਪਛਤਾਇਆ ਬਾਬਾ ◉

ਹੰਪੀ ਦੇ ਇਲਾਕੇ ਦੀ ਗਲ ਹੈ। ਗੁਰੂ ਸਾਹਿਬ ਇੱਕ ਆਸ਼ਰਮ ਵਿੱਚ ਠਹਿਰੇ ਹੋਏ ਸਨ ਕਿ ਮਨ੍ਹੇਰ ਸਾਰ ਝੱਖੜ ਹਨੇਰੀ -ਮੀਂਹ ਆਇਆ। ਬਾਬਾ ਤੇ ਮਰਦਾਨਾ ਖਿੜਕੀ ਵਿਚੋਂ ਵੇਖਦੇ ਹਨ ਕਿ ਪੱਟ ਪੱਟ ਕੁਝ ਡਿੱਗਣ ਦੀ ਅਵਾਜ ਆ ਰਹੀ ਹੈ। ਮੀਹ ਹੱਟਣ ਤੇ ਕੀ ਤਕਦੇ ਨੇ ਕਿ ਪੰਛੀਆਂ ਦੇ ਸੱਥਰਾਂ ਦੇ ਸੱਥਰ ਲੱਥੇ ਪਏ ਨੇ: ਤੋਤੇ, ਕਬੂਤਰ, ਸ਼ਹਿਰਕਾਂ (ਗਟਾਰਾਂ) ਬੁਲਬੁਲਾਂ ਆਦਿ। ਮਰਦਾਨੇ ਨੂੰ ਬੜਾ ਦੁੱਖ ਹੋਇਆ ਇਹ ਵੇਖ ਕੇ। ਅਜੇ ਰਾਤੀਂ ਹੀ ਉਹ ਇੱਕ ਬੁਲਬੁਲ ਦੀ ਨਕਲ ਲਾਹ ਰਿਹਾ ਸੀ। ਵਿਚੇ ਤੋਤੇ ਵੀ ਸੀਟੀਆਂ ਮਾਰ ਰਹੇ ਸਨ।

ਆਸਾ ਮਹਲਾ ੧ ਪੰਚਪਦੇ ॥ ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਾਹੀ ॥ ਕਿਆ ਸੁਲਤਾਨੁ ਸਲਾਮ ਵਿਹੂਣਾ ਅੰਧੀ ਕੋਠੀ ਤੇਰਾ ਨਾਮੁ ਨਾਹੀ ॥੧॥ ਕੀ ਵਿਸਰਹਿ ਦੁਖੁ ਬਹੁਤਾ ਲਾਗੈ ॥ ਦੁਖੁ ਲਾਗੈ ਤੂੰ ਵਿਸਰੁ ਨਾਹੀ ॥੧॥ ਰਹਾਉ ॥ ਅਖੀ ਅੰਧੁ ਜੀਭ ਰਸੁ ਨਾਹੀ ਕੰਨੀ ਪਵਣੁ ਨ ਵਾਜੈ ॥ ਚਰਣੀ ਚਲੈ ਪਜੂਤਾ ਆਗੈ ਵਿਣੁ ਸੇਵਾ ਫਲ ਲਾਗੇ ॥੨॥ ਅਖਰ ਬਿਰਖ ਬਾਗ ਭੂਇ ਚੋਖੀ ਸਿੰਚਿਤ ਭਾਉ ਕਰੇਹੀ ॥ ਸਭਨਾ ਫਲੁ ਲਾਗੈ ਨਾਮੁ ਏਕੋ ਬਿਨੁ ਕਰਮਾ ਕੈਸੇ ਲੇਹੀ ॥੩॥ ਜੇਤੇ ਜੀਅ ਤੇਤੇ ਸਭਿ ਤੇਰੇ ਵਿਣੁ ਸੇਵਾ ਫਲੁ ਕਿਸੈ ਨਾਹੀ ॥ ਦੁਖੁ ਸੁਖੁ ਭਾਣਾ ਤੇਰਾ ਹੋਵੈ ਵਿਣੁ ਨਾਵੈ ਜੀਉ ਰਹੈ ਨਾਹੀ ॥੪॥ ਮਤਿ ਵਿਚਿ ਮਰਣੁ ਜੀਵਣੁ ਹੋਰੁ ਕੈਸਾ ਜਾ ਜੀਵਾ ਤਾਂ ਜੁਗਤਿ ਨਾਹੀ ॥ ਕਹੈ ਨਾਨਕੁ ਜੀਵਾਲੇ ਜੀਆ ਜਹ ਭਾਵੈ ਤਹ ਰਾਖੁ ਤੁਹੀ ॥੫॥੧੯॥

ਮਰਦਾਨਾ ਤਾਂ ਵੇਖ ਕੇ ਰੋਣ ਹਾਕਾ ਜਿਹਾ ਹੋ ਗਿਆ, ਬੋਲਿਆ, "ਬਾਬਾ ਇਹ ਕੀ ਕਹਿਰ ਵਾਪਰਿਆ ਆ। ਉਹ ਵੀ ਤੇਰੇ ਇਸ ਇਲਾਕੇ ਤੇ ਆਉਣ ਤੇ?" ਬਾਬੇ ਦਾ ਹਿਰਦਾ ਵੀ ਤੜਫ ਉਠਿਆ ਤੇ ਮਰਦਾਨੇ ਨੂੰ ਕਹਿਣ ਲੱਗਾ, "ਮਰਦਾਨਿਆ ਇਨਾਂ ਪੰਛੀਆਂ ਤੇ ਸਤਿਨਾਮ ਕਹਿ ਕੇ ਜਲ ਤਰੋਂਕ, ਇਹ ਮਰੇ ਨਹੀ ਸੁੱਤੇ ਪਏ ਨੇ। " ਮਰਦਾਨੇ ਨੇ ਅਜਿਹਾ ਹੀ ਕੀਤਾ ਤਾਂ ਇੱਕ ਇਕ ਕਰਕੇ ਸਾਰੇ ਪੰਛੀ ਉੱਡ ਗਏ।

ਆਸ਼ਰਮ ਵਿੱਚ ਇਸ ਗਲ ਦੀ ਦੁਹਾਈ ਪੈ ਗਈ। ਨਾਲਦੇ ਪਿੰਡ ਦੇ ਲੋਕ ਵੀ ਮਰੇ ਹੋਏ ਪੰਛੀ ਚੁੱਕ ਲਿਆਏ। ਬਾਬੇ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਕਿ ਇੱਕ ਪਾਸੇ ਤਾਂ ਮੈਂ ਉਹਦੀ ਰਜਾ ਦੀ ਗਲ ਕਰਦਾ ਹਾਂ ਤਾਂ ਆਹ ਕੀ ਕਰ ਦਿੱਤਾ ਮੈਂ। ਬਾਬਾ ਬਹੁਤ ਦੁਖੀ ਹੋਇਆ। ਤੁੰਗਭਦਰਾ ਨਦੀ ਵਿੱਚ ਜਾ ਵੜਿਆ। ਬਾਹਰ ਮਰਦਾਨਾ ਦੁਹਾਈ ਦੇਵੇ, ਬਾਬਾ ਸਜਾ ਮੈਨੂੰ ਦੇ, ਕਸੂਰ ਮੇਰਾ ਆ। ਕਿੰਨਾ ਹੀ ਚਿਰ ਬਾਬਾ ਪਾਣੀ ਵਿੱਚ ਡੁੱਬਾ ਰਿਹਾ।

ਕਿਹਾ ਜਾਂਦਾ ਓਥੇ ਫਿਰ ਬਾਬੇ ਦਾ ਨਿਰੰਕਾਰ ਨਾਲ ਮੇਲ ਹੋਇਆ। ਅੰਦਰੋ ਆਵਾਜ ਆਈ ਕਿ ਇਹ ਵੀ ਮੇਰਾ ਹੁਕਮ ਸੀ ਤੈਨੂੰ ਪਸਚਾਤਾਪ ਕਰਨ ਦੀ ਜਰੂਰਤ ਨਹੀ। ਓਥੇ ਫਿਰ ਬਾਬੇ ਨੇ ਸ਼ਬਦ ਰਚਿਆ:-

ਸੁਣੀਐ ਏਕੁ ਵਖਾਣੀਐ ਸੁਰਗਿ ਮਿਰਤਿ ਪਇਆਲਿ ॥ ਹੁਕਮੁ ਨ ਜਾਈ ਮੇਟਿਆ ਜੋ ਲਿਖਿਆ ਸੋ ਨਾਲਿ ॥ ਕਉਣੁ ਮੂਆ ਕਉਣੁ ਮਾਰਸੀ ਕਉਣੁ ਆਵੈ ਕਉਣੁ ਜਾਇ ॥ ਕਉਣੁ ਰਹਸੀ ਨਾਨਕਾ ਕਿਸ ਕੀ ਸੁਰਤਿ ਸਮਾਇ ॥੧॥ ਮਃ ੧ ॥ ਹਉ ਮੁਆ ਮੈ ਮਾਰਿਆ ਪਉਣੁ ਵਹੈ ਦਰੀਆਉ ॥ ਤ੍ਰਿਸਨਾ ਥਕੀ ਨਾਨਕਾ ਜਾ ਮਨੁ ਰਤਾ ਨਾਇ ॥ ਲੋਇਣ ਰਤੇ ਲੋਇਣੀ ਕੰਨੀ ਸੁਰਤਿ ਸਮਾਇ ॥ ਜੀਭ ਰਸਾਇਣਿ ਚੂਨੜੀ ਰਤੀ ਲਾਲ ਲਵਾਇ ॥ ਅੰਦਰੁ ਮੁਸਕਿ ਝਕੋਲਿਆ ਕੀਮਤਿ ਕਹੀ ਨ ਜਾਇ ॥੨

ਜਦੋਂ ਜੰਗਲੀ ਜੀਵ ਬਾਬੇ ਦੀ ਸ਼ਰਨ ਵਿੱਚ ਆਏ ◆

ਹੰਪੀ ਤੋਂ ਚਲਕੇ ਬਦਾਮੀ ਦੇ ਇਲਾਕੇ ਵਿੱਚ ਇੱਕ ਪਹਾੜੀ ਦੀ ਗੋਦ ਵਿੱਚ ਬੈਠੇ ਸਨ ਕਿ ਮਰਦਾਨੇ ਨੇ ਓਨਾਂ ਪੰਛੀਆਂ ਦੀ ਗਲ ਛੇੜ ਦਿੱਤੀ ਜਿੰਨਾਂ ਨੂੰ ਬਾਬੇ ਨੇ ਜਿਵਾਇਆ ਸੀ। ਮਰਦਾਨਾ ਵੀ ਕਦੀ ਬਾਬੇ ਦੀ ਦੁੱਖਦੀ ਤੇ ਹੱਥ ਰੱਖ ਦਿਆ ਕਰਦਾ ਸੀ। ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਇਹ ਸਭ ਉਸ ਦੇ ਭਾਣੇ ਅੰਦਰ ਵਰਤਦਾ ਹੈ।

ਮਰਦਾਨੇ ਨੇ ਗਲ ਪਲਟੀ। ਕਹਿੰਦਾ, ਨਹੀ ਮੈ ਤਾਂ ਇਹ ਵਿਚਾਰ ਕਰ ਰਿਹਾ ਹਾਂ ਇੱਕ ਇਨਾਂ ਪਸ਼ੂ ਪੰਛੀਆਂ ਨੂੰ ਕੋਈ ਅਹਿਸਾਸ ਨਹੀ ਕਿ ਇਨਾਂ ਨਾਲ ਕੀ ਵਾਪਰੀ? ਨਾਲ ਹੀ ਮਰਦਾਨੇ ਨੇ ਪੁੱਛ ਲਿਆ ਕਿ ਕੀ ਪਸ਼ੂ ਪੰਛੀ ਵੀ ਰਜ਼ਾ ਵਿੱਚ ਹਨ? ਕੀ ਇਨਾਂ ਨੂੰ ਵੀ ਰੱਬ ਦੀ ਹੋਂਦ ਦਾ ਅਹਿਸਾਸ ਹੈ?

ਬਾਬੇ ਨੇ ਕਿਹਾ ਤੁਸੀ ਇਨਾਂ ਨੂੰ ਨਫਰਤ ਕਰਕੇ ਵੇਖੋ। ਇਨਾਂ ਨੂੰ ਪਿਆਰ ਮੁਹੱਬਤ ਕਰਕੇ ਵੇਖੋ। ਕੀ ਇਹ ਤੁਹਾਡੀ ਭਾਵਨੀ ਨੂੰ ਸਮਝਦੇ ਨੇ? ਮਰਦਾਨੇ ਕਿਹਾ ਹਾਂ ਇਹ ਸਨੇਹ ਪਿਆਰ ਹਮਦਰਦੀ ਸਮਝਦੇ ਨੇ।

ਭਾਣਾ ਰੱਬ ਦਾ। ਕੁਝ ਘੜੀਆਂ ਬਾਦ ਇੱਕ ਜਾਨਵਰ ਕਿਤੇ ਫਸ ਗਿਆ। ਪਸ਼ੂ ਇਕੱਠੇ ਹੋ ਗਏ। ਪੰਛੀਆਂ ਨੇ ਚੀਕ ਚਿਹਾੜਾ ਪਾ ਦਿੱਤਾ। ਬਾਬੇ ਨੇ ਮਰਦਾਨੇ ਨੂੰ ਹੁਕਮ ਕੀਤਾ ਕਿ ਜਾਓ ਤੇ ਜਾ ਕੇ ਫਸੇ ਹੋਏ ਜਾਨਵਰ ਨੂੰ ਅਜਾਦ ਕਰੋ। ਜਿਵੇ ਮਰਦਾਨੇ ਨੇ ਫਸੇ ਜਾਨਵਰ ਨੂੰ ਮੁਕਤ ਕੀਤਾ ਤਾਂ ਉਹ ਇੱਕ ਦਮ ਦੌੜ ਗਿਆ। ਬਾਕੀ ਦੇ ਜਿਹੜੇ ਜਾਨਵਰ ਸਭ ਇਕੱਠੇ ਹੋਏ ਪਏ ਸਨ ਸਭ ਬਾਬੇ ਤੇ ਮਰਦਾਨੇ ਵਲ ਆ ਗਏ। ਮਰਦਾਨਾ ਲੱਗਾ ਲਾਡ ਕਰਨ। ਹੌਲੀ ਹੌਲੀ ਹੋਰ ਜਾਨਵਰ ਆਈ ਗਏ ਤੇ ਬਾਬੇ ਦੇ ਡੇਰੇ ਲਾਗੇ।

ਬਾਬੇ ਨੇ ਮਰਦਾਨੇ ਨੂੰ ਸਮਝਾਇਆ ਕਿ ਇਹ ਸਭ ਜੀਵ ਜੰਤੂ ਪਹਿਲਾਂ ਹੀ ਅਕਾਲ ਪੁਰਖ ਦੀ ਰਜਾ ਵਿੱਚ ਹਨ। ਇਹ ਪਿਆਰ ਸਮਝਦੇ ਹਨ। ਪ੍ਰੇਮ ਹੀ ਪ੍ਰਮੇਸ਼ਰ ਦਾ ਦੂਜਾ ਨਾਮ ਹੈ। ਜਾਨਵਰਾਂ ਵਿੱਚ ਹਉਮੇ ਦੀ ਬੀਮਾਰੀ ਨਹੀ ਹੁੰਦੀ। ਇਹ ਇਨਸਾਨ ਹੀ ਹੈ ਜੋ ਰੱਬ ਵਿੱਚ ਭਰੋਸਾ ਨਹੀ ਕਰਦਾ ਤੇ ਭਵਿਖ ਵਾਸਤੇ ਚਿੰਤਤ ਰਹਿੰਦਾ ਹੈ।

ਡੇਰੇ ਦੇ ਲਾਗੇ ਜਾਨਵਰਾਂ ਦੀ ਭੀੜ ਵੇਖਕੇ ਬਾਬੇ ਨੇ ਮਰਦਾਨੇ ਨੂੰ ਕਿਹਾ ਕਿਓ ਮਰਦਾਨਿਆ ਤੇਰੇ ਸਵਾਲ ਦਾ ਜਵਾਬ ਮਿਲਿਆ ਕਿ ਨਹੀ? ਮਰਦਾਨਾ ਕਹਿੰਦਾ ਬਾਬਾ ਤੂੰ ਧੰਨ ਹੈ। ਤੂੰ ਆਪ ਨਿਰੰਕਾਰ ਦਾ ਰੂਪ ਹੈ।

ਬਾਗਲਕੋਟ ਦਾ ਤਲਗੰਜੀ ਗੁਰਦੁਆਰਾ
ਬਦਾਮੀ–ਆਇਹੋਲ–ਬਾਗਲਕੋਟ

ਬਦਾਮੀ- ਹੰਪੀ ਤੋਂ ਫਿਰ ਸਾਹਿਬ 135 ਕਿ.ਮੀ ਉੱਤਰ ਨੂੰ ਚਲਕੇ ਬਦਾਮੀ ਸ਼ਹਿਰ ਪਹੁੰਚੇ।

ਬਦਾਮੀ-ਆਇਹੋਲ-ਬਾਗਲਕੋਟ ਪੁਰਾਤੱਤਵਾ ਦੇ ਹਿਸਾਬ ਭਾਰਤ ਦੇ ਸਭ ਤੋਂ ਅਮੀਰ ਇਲਾਕਿਆ ਵਿਚੋਂ ਹੈ। ਇਥੇ ਕੋਈ 30 ਕਿ.ਮੀ. ਦੇ ਵਿਆਸ ਵਿੱਚ 200 ਦੇ ਕਰੀਬ ਹਿੰਦੂ, ਜੈਨ, ਤੇ ਬੋਧੀ ਮੰਦਰ ਨੇ ਜੋ 500 ਸਾਲ ਤੋਂ ਵੱਧ ਪੁਰਾਣੇ ਨੇ। ਕਈ ਮੰਦਰ ਤਾਂ ਸੰਯੁਕਤ ਰਾਸ਼ਟਰ ਸੰਘ ਦੀ ਯੂਨੈਸਕੋ ਇਕਾਈ ਨੇ ਆਪਣੀ ਰੱਖਵਾਲੀ ਤਹਿਤ ਲੈ ਲਏ ਨੇ। ਵਤਾਪੀ (ਬਦਾਮੀ) ਚਾਲੂਕ ਖਾਨਦਾਨ ਦੀ ਰਾਜਧਾਨੀ ਸੀ ਜਿੰਨਾਂ ਨੇ 6ਵੀ ਸਦੀ ਈ. ਤੋਂ 12 ਸਦੀ ਤੱਕ ਦੱਖਣ ਤੇ ਮੱਧ ਭਾਰਤ ਤੇ ਰਾਜ ਕੀਤਾ। ਇਥੋਂ ਦੀਆਂ ਗੁਫਾਵਾਂ ਤੇ ਪਹਾੜ ਤਰਾਸ਼ ਤਰਾਸ਼ ਕੇ ਘੜੀਆਂ ਮੂਰਤੀਆਂ ਤੇ ਮੰਦਰ ਵੇਖ ਕੇ ਬੰਦਾ ਦੰਦਾ ਥੱਲੇ ਜਬਾਨ ਲੈ ਲੈਂਦਾ ਹੈ। ਇਥੇ ਕੁਲ ਮਿਲਾਕੇ 18 ਸਿਲਲੇਖ ਅਜਿਹੇ ਹਨ ਜਿਹੜੇ ਗੁਰੂ ਸਾਹਿਬ ਦੀ ਆਮਦ ਤੋਂ ਪਹਿਲਾਂ ਦੇ ਹਨ।

ਹਿੰਦੂ ਸ਼ਾਸਤਰਾਂ ਦੀ ਬਦਾਮੀ ਉਹ ਜਗਾ ਹੈ ਜਿੱਥੇ ਅਗਸਤ ਰਿਸ਼ੀ ਨੇ ਵਤਾਪੀ ਨਾਂ ਦੇ ਰਾਖਸ਼ ਨੂੰ ਮਾਰ ਕੇ ਖਾਧਾ ਸੀ। ਕਿਹਾ ਗਇਆ ਹੈ ਕਿ ਵਤਾਪੀ ਛਲ ਕਰਨ ਲਈ ਬਕਰੀ ਬਣ ਗਇਆ ਤੇ ਰਿਸ਼ੀ ਨੇ ਉਨੂੰ ਮਾਰ ਕੇ ਹਜਮ ਕਰ ਲਿਆ। ਵਕਤ ਪਾ ਕੇ ਵਤਾਪੀ ਨਾਂ ਬਦਾਮੀ ਬਣ ਗਿਆ।

ਇਨਾਂ ਖੂਬਸੂਰਤ ਮੰਦਰਾਂ ਨੂੰ ਵੇਖ ਵਿਸਮਾਦਿਤ ਹੋਇਆ ਇੱਕ ਸਾਥੀ ਸਾਧੂ ਕਹਿਣ ਲੱਗਾ ਕਿ ਬਾਬਾ ਨਾਨਕ ਜੀ ਇਹ ਉਹ ਥਾਂ ਹੈ ਜਿੱਥੇ ਸ੍ਰਿਸਟੀ ਦੇ ਮਾਲਕ ਭਗਵਾਨ ਦਾ ਵਾਸਾ ਹੈ। ਗੁਰੂ ਸਾਹਿਬ ਨੇ ਸਾਧੂ ਨੂੰ ਸਮਝਾਇਆ ਕਿ ਹਰੀ ਕਿਸੇ ਮੰਦਰ ਵਿੱਚ ਨਹੀ ਵਸਦਾ ਉਹ ਤਾਂ ਆਪਣੀਆਂ ਰਚਨਾਵਾਂ ਵਿੱਚ ਘਟ ਘਟ ਵਿੱਚ ਬਿਰਾਜਮਾਨ ਹੈ।

ਪਉੜੀ ॥ ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ ॥ ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ ॥ ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ ॥ ਮਨਮੁਖ ਆਪਿ ਖੁਆਇਅਨੁ ਮਾਇਆ ਮੋਹ ਨਿਤ ਕੜੁ ॥ ਸਭਨਾ ਸਾਹਿਬੁ ਏਕੁ ਹੈ ਪੂਰੈ ਭਾਗਿ ਪਾਇਆ ਜਾਈ ॥੧੧॥

ਸਾਧੂ ਨੇ ਅੱਗੋ ਦਲੀਲ ਦਿੱਤੀ ਕਿ ਮੰਦਰ ਉਹ ਥਾਂ ਹੈ ਜਿੱਥੇ ਭਗਵਾਨ ਨੂੰ ਯਾਦ ਕੀਤਾ ਜਾ ਸਕਦਾ ਹੈ। ਗੁਰੂ ਸਾਹਿਬ ਨੇ ਸਮਝਾਇਆ ਕਿ ਇਹ ਜਰੂਰੀ ਨਹੀ ਕਿ ਮੰਦਰ ਵਿੱਚ ਬਹਿ ਕੇ ਭਗਵਾਨ ਨੂੰ ਯਾਦ ਕੀਤਾ ਜਾਵੇ। ਇਨਸਾਨ ਜਿੱਥੇ ਕਿਤੇ ਵੀ ਉਨੂੰ ਯਾਦ ਕਰ ਸਕਦਾ ਹੈ। ਅਸਲ ਮੰਦਰ ਤਾਂ ਤੁਹਾਡਾ ਸਰੀਰ ਹੀ ਹੈ। ਮਨੁੱਖਾ ਸਰੀਰ ਦੀ ਹੋਂਦ ਤੋਂ ਬਿਨਾਂ ਭਗਵਾਨ ਨੂੰ ਯਾਦ ਨਹੀ ਕੀਤਾ ਜਾ ਸਕਦਾ:-

ਪਉੜੀ ॥ ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥ ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ ॥ ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥ ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ ॥ ਸਭ

ਪੈਰ ਸਫ਼ਾ

◉ ਸੋਢੀ ਮਿਹਰਬਾਨ ਪੰਨਾ-269 ਨੇ ਇਹ ਸਾਖੀ ਲਿਖੀ ਹੈ। ਪਰ ਇਲਾਕੇ ਦਾ ਨਾਂ ਸਾਫ ਨਹੀ ਲਿਖਿਆ ਸਿਰਫ ਏਨਾ ਹੀ, 'ਦੱਖਣ ਦੀ ਧਰਤੀ' ਦਾ ਵਾਕਿਆ ਹੈ। ਸਾਨੂੰ ਸਮਝ ਨਹੀ ਆ ਰਹੀ ਸੀ ਕਿ ਕਿਹੜਾ ਇਲਾਕਾ ਹੋ ਸਕਦਾ ਹੈ। ਜਿਵੇ ਅਸੀ ਇੰਟਰਨੈਟ ਤੇ ਇਸ ਵਰਤਾਰੇ ਨੂੰ ਗੂਗਲ ਕੀਤਾ ਤਾਂ ਬਲਾਰੀ (ਕਰਨਾਟਕ) ਸਹਿਰ ਦੀ ਖਬਰ ਸਾਹਮਣੇ ਆ ਗਈ। ਕਿਉਕਿ ਸਾਖੀ ਵਿੱਚ ਦਰਿਆ ਦਾ ਵੀ ਜਿਕਰ ਹੈ ਇਸ ਕਰਕੇ ਅਸੀ ਹੰਪੀ ਦਾ ਇਲਾਕਾ ਲਿਖ ਦਿੱਤਾ ਹੈ। ਆਹ ਉਸ ਖਬਰ ਦਾ ਲਿੰਕ ਹੈ ਜੀ।

http://www.thehindu.com/news/national/karnataka/birds-killed-in-ballaris-hailstorm-rain/article7268213.ece

◆ ਸੋਢੀ 276 ਦੇ ਅਧਾਰ ਤੇ

ਮਹਿ ਇਕੁ ਵਰਤਦਾ ਗੁਰ ਸਬਦੀ ਪਾਇਆ ਜਾਈ ॥੧੨॥

—◈—

ਬਦਾਮੀ ਤੋਂ 33 ਕਿ.ਮੀ. (ਨੱਕ ਦੀ ਸੇਧ 24 ਕਿ.ਮੀ.) ਉੱਤਰ-ਪੂਰਬ ਫਿਰ ਗੁਰੂ ਸਾਹਿਬ ਆਇਹੋਲ ਪਹੁੰਚੇ ਤੇ ਇਥੋਂ ਦੇ ਸੁੰਦਰ ਮੰਦਰ ਵੇਖੇ। ਆਇਹੋਲ ਤੋਂ 38 ਕਿ. ਮੀ (ਨੱਕ ਦੀ ਸੀਧ 30 ਕਿ.ਮੀ.) ਬਾਗਲਕੋਟ ਹੈ। 15 ਵੀ ਸਦੀ ਵਿੱਚ ਇਲਾਕੇ ਵਿੱਚ ਤਬਦੀਲੀਆਂ ਆ ਚੁੱਕੀਆਂ ਸਨ। ਰਾਜੇ, ਬਾਗਲਕੋਟ ਦੇ ਕਿਲੇ ਨੂੰ ਬਦਾਮੀ ਨਾਲੋਂ ਜਿਆਦਾ ਅਹਿਮੀਅਤ ਦੇ ਰਹੇ ਸਨ। ਪਹਿਲਾਂ ਪਏ ਕਾਲ ਕਰਕੇ ਲੋਕ ਝੰਝੋੜੇ ਜਾ ਚੁੱਕੇ ਸਨ। ਅਨੇਕਾਂ ਵਸਨੀਕ ਇਥੋਂ ਹਿਜਰਤ ਵੀ ਕਰ ਗਏ ਸਨ। ਇੱਕ ਪਾਸੇ ਇਨਸਾਨੀ ਹੱਥਾਂ ਦੀ ਮਿਹਨਤ ਦੀ ਖੂਬਸੂਰਤੀ ਕਿ ਕਿਵੇ ਪੱਥਰਾਂ ਨੂੰ ਇਵੇਂ ਤਰਾਸ਼ਿਆ ਗਇਆ ਹੈ ਜਿਵੇ ਮੋਮ ਹੁੰਦੇ ਨੇ ਤੇ ਦੂਸਰੇ ਪਾਸੇ ਗਾਹੇ ਬਿਗਾਹੇ ਪੈਂਦੇ ਕਾਲ।

ਇਲਾਕੇ ਵਿੱਚ ਇਥੇ ਨਾਥ ਜੋਗੀਆਂ ਤੇ ਕੰਨ ਪਾਟੇ ਜੋਗੀਆਂ ਦੇ ਮੱਠ ਵੀ ਸਨ। ਗੁਰੂ ਸਾਹਿਬ ਜੋਗੀਆਂ ਦੀ ਕਾਰਜਸ਼ੈਲੀ ਤਾਂ ਪਹਿਲਾਂ ਹੀ ਪੰਜਾਬ ਵਿੱਚ ਸਮਝ ਚੁੱਕੇ ਸਨ। ਪਰ ਇਥੇ ਕਰਨਾਟਕ ਦੇ ਇਲਾਕੇ ਵਿੱਚ ਨਾਥ ਮੱਤ ਬਹੁਤ ਅੱਗੇ ਨਿਕਲ ਚੁੱਕਾ ਸੀ। ਵਿਜੈਨਗਰ ਰਿਆਸਤ ਵਿੱਚ ਤਾਂ ਨਾਥ ਜੋਗੀਆਂ ਦੀ ਤੂਤੀ ਬੋਲਦੀ ਸੀ।

ਗੁਰੂ ਸਾਹਿਬ ਬਾਗਲਕੋਟ ਦੇ ਕਿਸੇ ਨਾਥ ਮੱਠ ਵਿੱਚ ਬੜੇ ਤਰੀਕੇ ਨਾਲ ਆਪਣਾ ਸਿਧਾਂਤ ਜੋਗੀਆਂ ਨੂੰ ਸਮਝਾ ਰਹੇ ਸਨ। ਜਦੋਂ ਵੰਡ ਕੇ ਛੱਕਣ ਦੀ ਗਲ ਆਈ ਤਾਂ ਵਿੱਚ ਇੱਕ ਚਲਾਕ ਜੋਗੀ ਮਹੰਤ ਨੇ ਗੁਰੂ ਸਾਹਿਬ ਦੇ ਵੰਡ ਛਕਣ ਦੇ ਸਿਧਾਂਤ ਤੇ ਸਵਾਲ ਉਠਾਇਆ। ਇਲਾਕੇ ਵਿੱਚ ਪਹਿਲਾਂ ਹੀ ਅਕਾਲ ਵਰਗੀ ਹਾਲਤ ਸੀ। ਜੋਗੀ ਕਹਿੰਦਾ ਕਿ ਸਾਡੇ ਪਿਤਾਮਾ ਗੋਰਖ ਨਾਥ ਤਾਂ ਇੱਕ ਤਿੱਲ ਖਾ ਕੇ ਮਹੀਨੇ ਲੰਘਾ ਲੈਂਦੇ ਸੀ ਤੁਸੀ ਵੰਡਣ ਦੀ ਗਲ ਕਰਦੇ ਹੋ। ਗੁਰੂ ਸਾਹਿਬ ਨੇ ਕਿਹਾ ਕਿ ਅਸੀ ਜੋ ਖਾਂਦੇ ਹਾਂ ਸੰਗਤ ਵਿੱਚ ਵੰਡ ਕੇ ਖਾਂਦੇ ਹਾਂ। ਭੁੱਖ ਹਰ ਜੀਵ ਨੂੰ ਲੱਗਦੀ ਹੈ। ਮਹੰਤ ਨੇ ਕਹਿ ਕੇ ਗੁਰੂ ਸਾਹਿਬ ਨੂੰ ਫਿਰ ਓਹੋ ਇੱਕ ਤਿਲ ਦਾ ਦਾਣਾ ਦੇ ਦਿੱਤਾ। "ਲਓ ਜੀ ਖਾਓ ਜਾਂ ਵਰਤਾਓ ਤੁਹਾਡੀ ਮਰਜੀ। "

ਗੁਰੂ ਸਾਹਿਬ ਨੇ ਮਰਦਾਨੇ ਨੂੰ ਕਹਿ ਕੇ ਕੁੰਡੇ-ਡੰਡੇ ਨਾਲ ਉਹ ਤਿਲ ਬਰੀਕ ਕਰਕੇ ਉਹਦੀ ਸਕੰਝਵੀ ਬਣਾ ਕੇ ਸਾਰੇ ਬੈਠੇ ਜੋਗੀ ਨੂੰ ਵਰਤਾ ਦਿੱਤੀ। ਜੋਗੀ ਲਾਜਵਾਬ ਹੋ ਗਏ ਤੇ ਗੁਰੂ ਸਾਹਿਬ ਦੀ ਸ਼ਰਨੀ ਆਣ ਲੱਗੇ।

ਇਹ ਹਾਲਾਤ ਵੇਖ ਮਰਦਾਨੇ ਦੀਆਂ ਉਂਗਲਾ ਆਪ ਮੁਹਾਰੇ ਰਬਾਬ ਦੀਆਂ ਤਾਰਾਂ ਤੇ ਚਲ ਪਈਆਂ ਤਾਂ ਇਥੇ ਗੁਰੂ ਸਾਹਿਬ ਨੇ ਫਿਰ ਮਾਰੂ ਰਾਗ ਇਹ ਸ਼ਬਦ ਬੋਲਿਆ:-

ਬਦਾਮੀ ਦੀ ਇਕ ਗੁਫਾ

ਸੁਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ ॥ ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥੧॥ ਮੂੜੇ ਕਾਇਚੇ ਭਰਮਿ ਭੁਲਾ ॥ ਨਹ ਚੀਨਿਆ ਪਰਮਾਨੰਦੁ ਬੈਰਾਗੀ ॥੧॥ ਰਹਾਉ ॥ ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ ਭ੍ਰਾਂਤਿ ਤਜਿ ਛੋਡਿ ਤਉ ਅਪਿਉ ਪੀਜੈ ॥ ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥੨॥ ਭਣਤਿ ਨਾਨਕੁ ਜਨੋ ਰਵੈ ਜੇ ਹਰਿ ਮਨੋ ਮਨ ਪਵਨ ਸਿਉ ਅੰਮ੍ਰਿਤੁ ਪੀਜੈ ॥ ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥

ਇਥੇ ਜੋ ਮੱਠ ਸੀ ਉਹ ਫਿਰ ਧਰਮਸ਼ਾਲਾ ਤਿੱਲਰੰਜੀ ਦੇ ਨਾਂ ਨਾਲ ਮਸ਼ਹੂਰ ਹੋਇਆ। ਗਿਆਨੀ ਗਿਆਨ ਸਿੰਘ ਤੇ ਭਾਈ ਮਨੀ ਸਿੰਘ ਜੀ ਨੇ ਇਸ ਗੁਰਅਸਥਾਨ ਬਾਰੇ ਲਿਖਿਆ ਹੈ। ਪੰਜਾਬੋਂ ਦੂਰ ਹੋਣ ਕਾਰਨ ਵਕਤ ਪਾ ਕੇ ਤਿਲਰੰਜੀ ਵੀ ਸਮੇਂ ਦੀ ਜਾਬਰ ਚੱਕੀ ਵਿੱਚ ਪਿਸ ਗਿਆ।

—◈—

ਭਗਤ ਨਾਮਦੇਵ ਦੇ ਨਗਰ ਪੰਧਰਪੁਰ ਪਹੁੰਚੇ ਬਾਬਾ ਜੀ

ਬਾਗਲਕੋਟ ਸਾਧੂਆਂ ਨੇ ਦੱਸਿਆ ਕਿ ਅੱਗੇ ਉਹ ਪੰਢਰਪੁਰ (ਮਹਾਰਾਸ਼ਟਰ) ਪਹੁੰਚ ਰਹੇ ਨੇ। ਹਾੜ ਦੀ ਇਕਾਦਸ਼ੀ ਤੇ ਵੱਡਾ ਮੇਲਾ ਲੱਗ ਰਿਹਾ ਹੈ। ਪੂਰਾ ਮਹਾਰਾਸ਼ਟਰ ਹੀ ਇੱਕ ਤਰਾਂ ਨਾਲ ਇਥੇ ਢੁਕਦਾ ਹੈ। ਉਥੇ ਭੀਮਾ (ਚੰਦਰਭਾਗਾ ਨਦੀ) ਕਿਨਾਰੇ

ਅਗੱਸਤ ਰਿਸ਼ੀ ਝੀਲ ਬਦਾਮੀ

ਵਿੱਠਲ-ਰੁਕਮਣੀ ਦਾ ਮੰਦਰ ਹੈ। ਮਹਾਰਾਸ਼ਟਰ ਦਾ ਕੁਲ ਦੇਵਤਾ ਵਿੱਠਲ ਹੈ। ਭਗਤ ਨਾਮਦੇਵ ਨੇ ਵੀ ਰੱਬ ਨੂੰ ਵਿੱਠਲ (ਬੀਠੁਲ) ਕਹਿ ਕੇ ਹੀ ਯਾਦ ਕੀਤਾ ਹੈ।

ਸਾਹਿਬੁ ਸੰਕਟਵੈ ਸੇਵਕੁ ਭਜੈ ॥ ਚਿਰੰਕਾਲ ਨ ਜੀਵੈ ਦੋਊ ਕੁਲ ਲਜੈ ॥੧॥ ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ ॥ ਚਰਨ ਕਮਲ ਮੇਰੇ ਹੀਅਰੇ ਬਸੈਂ ॥੧॥ ਰਹਾਉ ॥ ਜੈਸੇ ਅਪਨੇ ਧਨਹਿ ਪ੍ਰਾਨੀ ਮਰਨੁ ਮਾਂਡੈ ॥ ਤੈਸੇ ਸੰਤ ਜਨਾਂ ਰਾਮ ਨਾਮੁ ਨ ਛਾਡੈਂ ॥੨॥ ਗੰਗਾ ਗਇਆ ਗੋਦਾਵਰੀ ਸੰਸਾਰ ਕੇ ਕਾਮਾ ॥ ਨਾਰਾਇਣੁ ਸੁਪ੍ਰਸੰਨ ਹੋਇ ਤ ਸੇਵਕੁ ਨਾਮਾ ॥੩॥੧॥ ਲੋਭ ਲਹਰਿ ਅਤਿ ਨੀਝਰ ਬਾਜੈ ॥ ਕਾਇਆ ਡੂਬੈ ਕੇਸਵਾ ॥੧॥ ਸੰਸਾਰੁ ਸਮੁੰਦੇ ਤਾਰਿ ਗੁੋਬਿੰਦੇ ॥ ਤਾਰਿ ਲੈ ਬਾਪ ਬੀਠੁਲਾ ॥੧॥ ਰਹਾਉ ॥ ਅਨਿਲ ਬੇੜਾ ਹਉ ਖੇਵਿ ਨ ਸਾਕਉ ॥ ਤੇਰਾ ਪਾਰੁ ਨ ਪਾਇਆ ਬੀਠੁਲਾ ॥੨॥ ਹੋਹੁ ਦਇਆਲੁ ਸਤਿਗੁਰ ਮੇਲਿ ਤੂ ਮੋ ਕਉ ॥ ਪਾਰਿ ਉਤਾਰੇ ਕੇਸਵਾ ॥੩॥ ਨਾਮਾ ਕਹੈ ਹਉ ਤਰਿ ਭੀ ਨ ਜਾਨਉ ॥ ਮੋ ਕਉ ਬਾਹ ਦੇਹਿ ਬਾਹ ਦੇਹਿ ਬੀਠੁਲਾ ॥੪॥੨॥ ਸਹਜ ਅਵਲਿ ਧੂੜਿ ਮਣੀ ਗਾਡੀ ਚਾਲਤੀ ॥ ਪੀਛੈ ਤਿਨਕਾ ਲੈ ਕਰਿ ਹਾਂਕਤੀ ॥੧॥ ਜੈਸੇ ਪਨਕਤ ਥ੍ਰੁਟਿਟਿ ਹਾਂਕਤੀ ॥ ਸਰਿ ਧੋਵਨ ਚਾਲੀ ਲਾਡੁਲੀ ॥੧॥ ਰਹਾਉ ॥ ਧੋਬੀ ਧੋਵੈ ਬਿਰਹੁ ਬਿਰਾਤਾ ॥ ਹਰਿ ਚਰਨ ਮੇਰਾ ਮਨੁ ਰਾਤਾ ॥੨॥ ਭਣਤਿ ਨਾਮਦੇਉ ਰਮਿ ਰਹਿਆ ॥ ਅਪਨੇ ਭਗਤ ਪਰ ਕਰਿ ਦਇਆ ॥੩॥੩॥

ਸੋ ਸਾਧੂਆਂ ਦੇ ਪ੍ਰਵਾਹ ਦੇ ਨਾਲ ਹੀ ਗੁਰੂ ਸਾਹਿਬ ਪੰਢਰਪੁਰ ਵਲ ਰਵਾਨਾ ਹੁੰਦੇ ਨੇ। ਪੈਂਡਾ ਤਕਰੀਬਨ 200 ਕਿ. ਮੀ.। ਦਿਨ ਵੀ ਗਰਮੀਆਂ ਦੇ। ਰਾਹ ਵਿੱਚ ਅਬਾਦੀ ਵੀ ਵਿਰਲੀ ਹੈ। ਗਰੀਬ ਮੁਲਕ ਹੈ। ਮਰਦਾਨੇ ਦੀ ਹਾਲਤ ਦਾ ਤਾਂ ਆਪਾਂ ਅੰਦਾਜ਼ਾ ਲਾ ਹੀ ਸਕਦੇ ਹਾਂ।

ਵਿਠੱਲ ਦੇ ਮੰਦਰ ਲਾਗੇ ਬਿਰਾਜ ਫਿਰ ਗੁਰੂ ਸਾਹਿਬ ਨੇ ਸੁਰੀਲੀ ਅਵਾਜ ਵਿੱਚ ਕੀਰਤਨ ਕੀਤਾ। ਲੋਕਾਂ ਨੂੰ ਸਤਿਨਾਮ ਸਤਿਕਰਤਾਰ ਦੇ ਨਾਮ ਨਾਲ ਜੋੜਿਆ।

ਵਿਦਵਾਨਾਂ ਨੇ ਲਿਖਿਆ ਹੈ ਇਥੋਂ ਹੀ (ਪੰਢਰਪੁਰ) ਗੁਰੂ ਸਾਹਿਬ ਨੇ ਭਗਤ ਨਾਮਦੇਵ ਦੀ ਬਾਣੀ ਪ੍ਰਾਪਤ ਕੀਤੀ।

ਯਾਦ ਰਹੇ ਭਗਤ ਨਾਮਦੇਵ (1270-1350 ਈ.) ਦਾ ਜਨਮ ਨਰਸੀ ਬਾਮਣੀ (ਮੌਜੂਦਾ ਨਾਂ ਨਰਸੀ ਨਾਮਦੇਵ ਜਿਲਾ ਹਿੰਗੋਲੀ ਮਹਾਰਾਸ਼ਟਰ*) ਵਿੱਚ ਹੋਇਆ ਸੀ ਪਰ ਜਿਆਦਾ ਸਮਾਂ ਓਨਾਂ ਨੇ ਪੰਧਰਪੁਰ ਹੀ ਗੁਜਾਰਿਆ। ਓਨਾਂ ਦਾ ਦਿਹਾਂਤ ਵੀ ਪੰਧਰਪੁਰ ਵਿਖੇ ਹੀ ਹੋਇਆ ਦੱਸੀਦਾ ਹੈ। ਹਾਲਾਂਕਿ ਘੁੰਮਾਣ ਜਿਲਾ ਗੁਰਦਾਸਪੁਰ

ਪੰਢਰਪੁਰ

ਵਿੱਚ ਓਨਾਂ ਦੀ ਸਮਾਧ ਬਣੀ ਹੋਈ ਹੈ।

ਕਿਹਾ ਜਾਂਦਾ ਹੈ ਕਿ ਭਗਤ ਤ੍ਰਿਲੋਚਣ ਦੀ ਬਾਣੀ ਵੀ ਸਾਹਿਬ ਨੇ ਪੰਧਰਪੁਰ ਤੋਂ (80 ਕਿ.ਮੀ. ਉੱਤਰ ਪੂਰਬ) ਬਾਰਸੀ ਜਾ ਕੇ ਪ੍ਰਾਪਤ ਕੀਤੀ। ਪਰ ਅਸੀ ਇਸ ਗਲ ਨਾਲ ਸਹਿਮਤ ਨਹੀ। ਅਸੀ ਸਮਝਦੇ ਹਾਂ ਕਿ ਸਾਹਿਬ ਨੇ ਤਿਰਲੋਚਨ ਦੀ ਬਾਣੀ ਆਪਣੀਆਂ ਯਾਤਰਾਵਾਂ ਦੌਰਾਨ ਹੋਰ ਕਿਸੇ ਸ਼ਰਧਾਲੂ ਤੋਂ ਪ੍ਰਾਪਤ ਕੀਤੀ। ਖੈਰ ਭਗਤ ਜੀ ਦੀ ਇੱਕ ਪਉੜੀ:-

ਗੂਜਰੀ ॥ ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਸਰਪ ਜੋਨਿ ਵਲਿ ਵਲਿ ਅਉਤਰੈ ॥੧॥ ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥ ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥ ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਸੂਕਰ ਜੋਨਿ ਵਲਿ ਵਲਿ ਅਉਤਰੈ ॥੩॥ ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥ ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥੫॥੨॥

—◈—

ਨਾਨਕ ਝੀਰਾ

ਬਾਹਮਣੀ ਰਿਆਸਤ ਦੇ ਵੀਰਾ ਸ਼ਾਹ ਨੂੰ ਮਿਲਣ ਗਏ ਦੋ ਜਹਾਂ ਦੇ ਵਾਲੀ। ਪੰਢਰਪੁਰ ਤੋਂ ਸਾਹਿਬ 250 ਕਿਲੋਮੀਟਰ ਦਾ ਪੈਂਡਾ ਕਰਕੇ ਬਿਦਰ ਗਏ। ਰਸਤੇ ਵਿੱਚ ਸੋਲਾਪੁਰ (ਸ਼ੋਲਾਪੁਰ) ਵਿੱਚ

ਪੈੜ ਸਫਾ

ਤਿਲਗੰਜੀ ਗਿਆਨੀ ਗਿਆਨ ਸਿੰਘ - 161

ਕਿਰਪਾਲ ਸਿੰਘ -85, ਨੇ ਤਿਲਗੰਜੀ ਕੇਰਲਾ ਵਿੱਚ ਹੋਣਾ ਲਿਖਿਆ ਹੈ। ਅਸਲ ਵਿੱਚ ਕਸਬਾ ਪਅਲਮ ਤੇ ਕੋਟਾਯਮ ਦੇ ਵਿਚਕਾਰ ਸਿੱਖ ਧਰਮਸਾਲਾ ਬਣੀ ਸੀ। 1936 ਈ ਵਿੱਚ ਕੇਰਲਾ ਦੇ ਕੁਝ ਲੋਕ ਜਿੰਨਾਂ ਨੂੰ ਮੰਦਰ ਅੰਦਰ ਵੜਨ ਤੋਂ ਪੁਜਾਰੀਆਂ ਨੇ ਰੋਕਿਆ ਸੀ ਉਹ ਸਿੱਖ ਬਣ ਗਏ। ਓਥੇ ਗੁਰਦੁਆਰਾ ਬਣਿਆ ਸੀ। ਜਿਸ ਦਾ ਤਿਲਗੰਜੀ ਨਾਲ ਸਬੰਧ ਨਹੀ ਹੈ। ਗੁਰਧਾਮ ਸੰਗ੍ਰਿਹ -44 'ਚ ਵੀ ਗਿਆਨੀ ਏਥੇ ਹੀ ਲਿਖਦਾ ਹੈ।

ਕੋਹਲੀ - 74, ਨੇ ਤਿਲਗੰਜੀ ਨੂੰ ਮਹਿਬੂਬ ਨਗਰ ਦੇ ਕਸਬਾ ਪੰਗਲ ਵਿਖੇ ਹੋਣਾ ਲਿਖਿਆ ਹੈ। ਪੰਗਲ ਸਿਰਫ ਇੱਕ ਰੁੱਖਾ ਜਿਹਾ ਕਿਲਾ ਹੈ। ਦਰ ਅਸਲ ਗਿਆਨੀ-161 ਨੇ ਬਾਗਲਕੋਟ ਨੂੰ ਪਾਗਲ ਪੁਰ ਲਿਖ ਦਿੱਤਾ ਤੇ ਕੋਹਲੀ ਨੇ ਪਾਗਲ ਪੁਰ ਨੂੰ ਪੰਗਲ ਸਮਝ ਲਿਆ। ਪੰਗਲ ਵਿਖੇ ਕਿਸੇ ਜੋਗੀ/ਨਾਥ ਮੱਠ ਦੇ ਹੋਣ ਦਾ ਕੋਈ ਇਸ਼ਾਰਾ ਨਹੀ ਮਿਲਦਾ ਤੇ ਨਾਂ ਹੀ ਪੰਗਲ ਕਾਲ ਵਾਲੇ ਇਲਾਕੇ ਵਿੱਚ ਪੈਦਾ ਹੈ।

ਸ਼ਬਦ ਦੀ ਭਾਸ਼ਾ ਤੋਂ ਲੱਗਦਾ ਹੈ ਕਿ ਨਾਥ ਜੋਗੀਆਂ ਦੀ ਸਭਾ ਵਿੱਚ ਮਹਾਰਾਸ਼ਟਰ ਦੇ ਜੋਗੀਆਂ ਦੀ ਬਹੁਲਤਾ ਹੋਵੇਗੀ ਜਾਂ ਮਹੰਤ ਮਰਾਠੀ ਹੋਵੇਗਾ ਜਿਸ ਕਰਕੇ ਗੁਰੂ ਸਾਹਿਬ ਨੇ ਮਰਾਠੀ ਭਾਸ਼ਾ ਦਾ ਲਹਿਜਾ ਵਰਤਿਆ ਹੈ। ਉਂਜ ਵੀ ਬਾਗਲਪੁਰ ਮਹਾਰਾਸ਼ਟਰ ਵਾਲੇ ਪਾਸੇ ਆ ਪੈਂਦਾ ਹੈ। ਇਥੋਂ ਮਹਾਰਾਸ਼ਟਰ ਦੀ ਸੀਮਾ 70-80 ਕਿ.ਮੀ. ਹੈ। ਸੋ ਸਾਨੂੰ ਲਗਦਾ ਹੈ ਇਹ ਘਟਨਾ ਇਸ ਇਲਾਕੇ ਦੀ ਹੀ ਹੈ।

$ ਇਹੋ ਅੜਾਉਣੀ ਇੱਕ ਵੇਰਾਂ ਕੋਇਟਾ -ਬਲੋਚਿਸਤਾਨ (ਸਫਾ-451) ਦੇ ਜੋਗੀਆਂ ਨੇ ਪਾਈ ਸੀ। ਓਥੇ ਵੀ ਤਲਗੰਜੀ ਗੁਰਦੁਆਰਾ ਅੱਜ ਤੱਕ ਮੌਜੂਦ ਹੈ। ਓਥੋਂ ਦੀ ਸਾਖੀ ਦਸਦੀ ਹੈ ਕਿ ਕਿਸੇ ਸਿੱਖ ਦੀ ਕੋਈ ਨਿਮਾਣੀ ਜਿਹੀ ਭੇਟ ਗੁਰੂ ਸਾਹਿਬ ਨੇ ਸਾਰੀ ਸੰਗਤ ਨੂੰ ਵਰਤਾ ਕੇ ਅਜਿਹਾ ਕੌਤਕ ਕੀਤਾ ਕਿ ਹਰ ਕੋਈ ਧੰਨ ਧੰਨ ਗੁਰੂ ਨਾਨਕ ਕਹੇ।

ਗਿਆਨੀ ਅਨੁਸਾਰ ਤਿਲਗੰਜੀ ਕਰਨਾਟਕ ਦੇ ਬਾਗਲਕੋਟ ਇਲਾਕੇ ਵਿਚ ਸੀ। ਅਸੀ ਬਾਗਲਕੋਟ ਵਿਚ ਪੜ੍ਹ ਚੁੱਕੇ ਇੰਜੀਨੀਰਿੰਗ ਕਾਲਜ ਦੇ ਕੁਝ ਸਿੱਖ ਵਿਦਿਆਰਥੀ ਨਾਲ ਇਸ ਬਾਬਤ ਗਲ ਕੀਤੀ ਹੈ ਤੇ ਪਤਾ ਲੱਗਾ ਕਿ ਤਿਲਗੰਜੀ ਗੁਰਦੁਆਰਾ ਛੱਡ ਇਥੇ ਇਸ ਵੇਲੇ ਕੋਈ ਜੋਗੀ ਮੱਠ ਜਾਂ ਆਸ਼ਰਮ ਨਹੀ ਬਚਿਆ। ਫਿਰ ਵੀ ਹੋਰ ਤਫਤੀਸ਼ ਦੀ ਜਰੂਰਤ ਹੈ।

ਬਾਰਸੀ - ਅਜੋਕੇ ਵਿਦਵਾਨਾਂ ਦਾ ਕਹਿਣਾ ਹੈ ਕਿ ਭਗਤ ਤ੍ਰਿਲੋਚਣ ਦਾ ਬਾਰਸੀ ਨਾਲ ਕੋਈ ਸਬੰਧ ਨਹੀ। ਬਾਰਸੀ ਵਿੱਚ ਕੋਈ ਨਹੀ ਮੰਨਦਾ ਕਿ ਇਥੇ ਕੋਈ ਭਗਤ ਤਿਰਲੋਚਨ ਹੋਇਆ ਹੈ। ਸੋ ਇਹ ਗਲ ਖੋਜ ਦੀ ਮੁਥਾਜ ਹੈ ਕਿ ਗੁਰੂ ਸਾਹਿਬ ਬਾਰਸੀ ਗਏ ਕਿ ਨਹੀ। ਇਹ ਵੀ ਕਿਹਾ ਜਾ ਰਿਹਾ ਕਿ ਭਗਤ ਜੀ ਸਨ ਤਾਂ ਯੂ ਪੀ ਦੇ ਪਰ ਸੰਤ ਗਿਆਨ ਦੇਵ ਨਾਲ ਮਹਾਰਾਸ਼ਟਰ ਚਲੇ ਗਏ ਸਨ।

ਸਤਿਨਾਮ ਸਤਿਕਰਤਾਰ ਦਾ ਪ੍ਰਚਾਰ ਕੀਤਾ। ਨਲਦੁਰਗ ਦਾ ਕਿਲਾ ਵੇਖਿਆ ਤੇ ਰਾਜੇ ਨਾਲ ਮੇਲ ਕੀਤਾ। ਅੱਗੇ ਉਮਰਗਾ ਇਲਾਕੇ ਦੇ ਮੰਦਰ ਵੇਖੇ ਤੇ ਪੜਾਅ ਕੀਤਾ।

ਓਨਾਂ ਦਿਨਾਂ ਵਿੱਚ ਬਿਦਰ (ਕਰਨਾਟਕ) ਵਿੱਚ ਬੜੀ ਮਹੱਤਵਪੂਰਨ ਰਿਆਸਤ ਹੋਈ ਹੈ 'ਬਾਹਮਣੀ ਸਲਤਨਤ'। ਇਹ ਬ੍ਰਾਹਮਣ ਭਾਵ ਪੰਡਤ ਨਹੀ ਸਨ। ਇਹ ਮੁਸਲਮਾਨ ਸਨ ਤੇ ਇਹਨਾਂ ਦਾ ਮੂਲ ਅਸਥਾਨ ਕੋਈ ਬਾਹਮਣ ਪਿੰਡ ਈਰਾਨ ਵਿੱਚ ਸੀ। 1518 ਈ ਵਿੱਚ ਇਹ ਰਿਆਸਤ ਫਿਰ ਖੇਰੂ ਖੇਂਰੂ ਹੋ ਗਈ। ਬਿਦਰ ਸ਼ਹਿਰ ਦੇ ਥਾਵਾਂ ਬਜਾਰਾਂ ਦੇ ਨਾਵਾਂ ਤੋਂ ਲੱਗਦਾ ਹੈ ਕਿ ਇਨਾਂ ਬਾਦਸ਼ਾਹਾਂ ਦੇ ਮੁਲਾਜਮ ਵੱਡੀ ਗਿਣਤੀ ਵਿੱਚ ਪੰਜਾਬੀ ਮੁਸਲਮਾਨ ਸਨ। ਇਹ ਗਲ ਸਿਰਫ ਬਾਹਮਣੀ ਸਲਤਨੱਤ ਤੇ ਹੀ ਲਾਗੂ ਨਹੀ ਹੁੰਦੀ। ਮੁਗਲਾਂ ਨੇ ਵੀ ਪੰਜਾਬੀ ਲੋਕਾਂ ਨੂੰ ਆਪਣੇ ਨਾਲ ਨਾਲ ਰਖਿਆ।

ਗੁਰਦੁਆਰਾ ਨਾਨਕ ਝੀਰਾ ਬਿਦਰ। ਗੁਰੂ ਸਾਹਿਬ ਨੇ ਜੋ ਝੀਰਾ (ਚਸ਼ਮਾ) ਜਾਰੀ ਕੀਤਾ ਅਤੇ ਪੱਥਰ ਤੇ ਚਰਨਾਂ ਦਾ ਨਿਸ਼ਾਨ।

ਗੁਰੂ ਸਾਹਿਬ ਦਾ ਬਿਦਰ ਜਾਣਾ ਸਾਬਤ ਕਰਦਾ ਹੈ ਕਿ ਉਹ 1518 ਤੋਂ ਪਹਿਲਾਂ ਪਹਿਲਾਂ ਹੀ ਦੱਖਣ ਦੀ ਯਾਤਰਾ ਕਰ ਚੁੱਕੇ ਸਨ। ਜਦੋਂ ਗੁਰੂ ਸਾਹਿਬ ਬਿਦਰ ਗਏ ਓਦੋਂ ਬਾਦਸ਼ਾਹ ਵੀਰਾ-ਸ਼ਾਹ ਉਰਫ ਮਹਿਮੂਦ ਸ਼ਾਹ ਬਾਹਮਣੀ ਦੂਜਾ ਤਖਤ ਤੇ ਸੀ। ਕਿਉਕਿ ਇਹ ਯਾਤਰਾ ਸ੍ਰੀਸੈਲਮ ਦੇ ਮੇਲੇ (ਸ਼ਿਵਰਾਤਰੀ) ਤੇ ਪੰਢਰਪੁਰ ਦੇ ਮੇਲੇ ਬਾਦ ਹੋਈ ਇਸ ਪ੍ਰਕਾਰ ਇਹ ਅਕਤੂਬਰ 1514 ਬਣਦੀ ਹੈ। ਇਹ ਕੋਈ ਇਸ਼ਾਰਾ ਨਹੀ ਮਿਲਦਾ ਕਿ ਰਾਜੇ ਨੇ ਗੁਰੂ ਸਾਹਿਬ ਨੂੰ ਮਿਲਣ ਲਈ ਵਕਤ ਕੱਢਿਆ ਕਿ ਨਹੀ। ਪਰ ਇਤਹਾਸ ਤੋਂ ਇਹੋ ਅੰਦਾਜ਼ਾ ਲੱਗਦਾ ਕਿ ਐਸ਼ੋ ਆਰਾਮ ਤੋਂ ਇਲਾਵਾ ਰਾਜੇ ਕੋਲ ਅਜਿਹੇ ਰੂਹਾਨੀਅਤ ਦੇ ਕੰਮਾਂ ਲਈ ਵਕਤ ਕਿਥੇ ਸੀ। ਬਦਕਿਸਮਤ ਗੁਰੂ ਸਾਹਿਬ ਦੇ ਦਰਸ਼ਣਾ ਤੋਂ ਵਾਂਝਾ ਰਹਿ ਗਇਆ ਤੇ ਸਾਹਿਬ ਦੇ ਪਰਤਣ ਤੋਂ ਛੇਤੀ ਬਾਦ ਹੀ 1518 ਈ. ਵਿੱਚ ਉਹਦਾ ਰਾਜ ਖੇਰੂ ਖੇਰੂ ਹੋ ਜਾਂਦਾ ਹੈ।

ਜਦੋਂ ਸਾਹਿਬ ਬਿਦਰ ਪਹੁੰਚੇ ਓਥੇ ਪੀਰ ਹਜਰਤ ਜਲਾਲਦੀਨ ਤੇ ਉਹਦੇ ਚੇਲੇ ਯਾਕੂਬ ਅਲੀ ਕੋਲ ਠਹਿਰੇ। ਹਜਰਤ ਜਲਾਲਦੀਨ ਦੀ ਬਿਦਰ ਵਿੱਚ ਵੱਡੀ ਮੰਨਤਾ ਸੀ। ਰੂਹਾਨੀਅਤ ਨਾਲ ਸਬੰਧਤ ਬਹੁਤ ਵੀਚਾਰਾਂ ਹੋਈਆਂ। ਗੁਰੂ ਸਾਹਿਬ ਦੀ ਇਹ ਵੀ ਸਿਫਤ ਸੀ

ਪੈਂਡਾ ਸਾਡਾ

◉ ਪੰਡਤ ਤਾਰਾ ਸਿੰਘ ਨਿਰੋਤਮ ਨੇ ਵੀ ਸਾਫ ਲਿਖਿਆ ਹੈ ਕਿ ਇਥੇ ਝੀਰਾ ਮੁਸਲਮਾਨ ਫਕੀਰਾਂ ਨੇ ਸਾਂਭਿਆ ਹੋਇਆ ਹੈ।

ਕਰਨਾਟਕ ਯੂਨੀਵਰਸਿਟੀ ਦੇ ਮਾਰੂਤੀ ਕਾਂਬਲੇ ਨੇ ਬਿਦਰ ਦੇ ਸੂਫੀ ਫਕੀਰਾਂ ਤੇ ਕਾਰਜ ਕੀਤਾ ਹੈ। ਉਸ ਦੇ ਅਨੁਸਾਰ ਬਿਦਰ ਵਿੱਚ ਪੀਰਾਂ ਦੀਆਂ ਕੁਲ 37 ਦਰਗਾਹਾਂ ਹਨ। ਸਾਡੇ ਭਵਿਖ ਦੇ ਖੋਜੀ ਪਤਾ ਕਰ ਸਕਦੇ ਹਨ ਕਿ ਗੁਰੂ ਸਾਹਿਬ ਦਾ ਵਾਰਤਾਲਾਪ ਕਿਸ ਨਾਲ ਹੋਇਆ ਸੀ।

ਇਕ ਹੋਰ ਸਰੋਤ ਅਨੁਸਾਰ ਜਿਹੜਾ ਗੁਰਦੁਆਰਾ ਸਾਹਿਬ ਦੇ ਨਾਲ ਜੋ ਮਕਬਰਾ ਹੈ ਉਹ ਹਜਰਤ ਅਲੀ ਬਰੀਦ ਦਾ ਹੈ। ਉਹ 1518 ਤੋਂ 1527 ਤੱਕ ਬਿਦਰ ਦਾ ਅਸਲ ਹੁਕਮਰਾਨ ਸੀ ਕਿਉਕਿ ਇਸ ਦੌਰਾਨ ਜਿਹੜੇ ਰਾਜੇ ਹੋਏ ਹਨ ਉਹ ਉਹਦੀਆਂ ਕਠਪੁਤਲੀਆਂ ਸਨ।

ਨਾਨਕ ਝੀਰਾ ਗੁਰਦੁਆਰਾ ਦੇ ਨਾਲ ਹੀ ਜੋਗਾ ਸਿੰਘ ਨੇ ਸੰਨ 1980 ਵਿੱਚ ਇੰਜੀਅਰਿੰਗ ਕਾਲਜ ਸ਼ੁਰੂ ਕੀਤਾ। ਕਿਉਕਿ ਘੱਟ ਗਿਣਤੀਆਂ ਕਨੂੰਨ ਤਹਿਤ ਉਹ ਡੋਨੇਸ਼ਨ (ਦਾਨ) ਲੈ ਕੇ ਸਿੱਖ ਬੱਚਿਆਂ ਨੂੰ ਦਾਖਲਾ ਦੇ ਰਿਹਾ ਸੀ, ਜਿਸ ਕਾਰਨ ਕਰਨਾਟਕ ਨਿਵਾਸੀਆਂ ਵਿੱਚ ਕਾਲਜ ਖਿਲਾਫ ਰੋਹ ਵਧਦਾ ਗਿਆ। ਦੂਸਰੇ ਪਾਸੇ ਹਰਮੰਦਰ ਸਾਹਿਬ ਦੇ ਫੌਜੀ ਹਮਲੇ ਤੇ ਦਿੱਲੀ 1984 ਉਪਰੰਤ ਸਰਕਾਰ ਵਲੋਂ ਵਿੱਢੇ ਪ੍ਰਾਪੇਗੰਡੇ ਕਰਕੇ ਸਿੱਖਾਂ ਖਿਲਾਫ ਨਫਰਤ ਜੋਰਾਂ ਤੇ ਸੀ। ਅਖੀਰ 14 ਸਤੰਬਰ 1988 ਨੂੰ ਬਿਦਰ ਦੇ ਹਿੰਦੂਆਂ ਨੇ ਸਿੱਖ ਵਿਦਿਆਰਥੀਆਂ ਤੇ ਹਮਲੇ ਕਰ ਦਿੱਤੇ। ਕੋਈ 80 ਵਿਦਿਆਰਥੀ ਜਖਮੀ ਕੀਤੇ ਤੇ 7 ਨੂੰ ਕਤਲ ਕਰ ਦਿੱਤਾ।

ਫਿਰ ਵਿਡੰਬਣਾ ਵੇਖੋ ਸ਼ਾਂਤੀ ਦੇ ਦੂਤ ਗੁਰੂ ਨਾਨਕ ਤੇ ਓਨਾਂ ਦੇ ਨਾਂ ਤੇ ਬਣੇ ਵਿਸ਼ਾਖਾਪਟਨਮ ਦੇ ਗੁਰਦੁਆਰੇ ਅੰਦਰ 5 ਅਕਤੂਬਰ 2013 ਨੂੰ ਬਿਨਾਂ ਕਾਰਨ ਸਥਾਨਕ ਲੋਕਾਂ ਨੇ ਭੰਨ ਤੋੜ ਕੀਤੀ। ਸੂਝਵਾਨ ਗ੍ਰੰਥੀ ਨੇ ਮੌਕਾ ਵੇਖ ਗੁਰੂ ਗ੍ਰੰਥ ਸਾਹਿਬ ਤਾਂ ਸਾਂਭ ਲਿਆ ਪਰ ਹੁਲੜਬਾਜਾਂ ਨੇ ਪਾਲਕੀ ਦੀ ਬੇਅਦਬੀ ਕਰਕੇ ਆਪਾਂ ਸਾੜਾ ਕੱਢਿਆ। ਹੁਲੜਬਾਜਾਂ ਦਾ ਜਲੂਸ ਤਿਲੰਗਾਨਾ ਸੂਬੇ ਦੀ ਮੰਗ ਕਰ ਰਿਹਾ ਸੀ ਜਿਸ ਦਾ ਗੁਰਦੁਆਰਾ ਜਾਂ ਸਿੱਖਾਂ ਨਾਲ ਦੂਰ ਦਾ ਵੀ ਵਾਸਤਾ ਨਹੀ ਸੀ ਬਣਦਾ। ਇਹ ਸਭ ਸਿੱਖਾਂ ਦੀ ਕਮਜੋਰ ਰਾਜਨੀਤਕ ਅਵਸਥਾ ਦੀਆਂ ਅਲਾਮਤਾਂ ਹਨ।

ਥੈਰ ਕੋਹਲੀ -75 ਅਤੇ ਗਿਆਨੀ 160, ਨੇ ਲਿਖਿਆ ਹੈ ਕਿ ਸਾਹਿਬ ਗੋਲਕੁੰਡਾ ਵੀ ਗਏ। ਅਸੀ ਇਸ ਗਲ ਵਿੱਚ ਦਮ ਨਹੀ ਸਮਝਦੇ ਕਿਉਕਿ ਗੋਲਕੁੰਡਾ ਦੀ ਅਹਿਮੀਅਤ ਬਾਹਮਣੀ ਸਲਤਨਤ ਦੇ ਕਮਜੋਰ ਹੋਣ ਤੋਂ ਬਾਦ ਭਾਵ 1518 ਤੋਂ ਬਾਦ ਹੋਈ ਸੀ। ਸੋ ਓਥੇ ਜਾਣ ਦੀ ਕੋਈ ਜਿਆਦਾ ਤੁਕ ਨਹੀ ਬਣਦੀ। ਨਾਲੇ ਕੋਈ ਵੀ ਮੁਸਾਫਿਰ ਥੋੜੀ ਕੀਤਿਆਂ ਪਿਛਾਂ ਨੂੰ ਸਫਰ ਨਹੀ ਕਰਦਾ।

ਏਸੇ ਤਰਾਂ ਏਨਾਂ ਮਾਣਯੋਗ ਲਿਖਾਰੀਆ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਮੇਡਕ ਵੀ ਗਏ ਪਰ ਮੇਡਕ ਦੀ ਅਹਿਮੀਅਤ ਵੀ ਬਹੁਤ ਬਾਦ ਵਿੱਚ ਨਿਜਾਮਸ਼ਾਹੀ ਵੇਲੇ ਬਣਦੀ ਹੈ।

ਬਿਦਰ ਤੋਂ 12 ਕਿਲੋਮੀਟਰ ਪਹਾੜ ਪਾਸੇ ਜਨਵਾੜਾ ਪਿੰਡ ਵਿੱਚ ਮਾਈ ਭਾਗੋ ਸੰਨ 1709 ਵਿੱਚ ਆ ਵਸੀ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੰਦੇੜ ਵਿਖੇ ਜੋਤੀ ਜੋਤ ਸਮਾ ਗਏ ਸਨ। ਇਹ ਗਲ ਖੋਜ ਅਧੀਨ ਹੈ ਮਾਈ ਨੇ ਜਨਵਾੜਾ ਕਿਓ ਚੁਣਿਆ?

ਕਿ ਜਿਹਦੇ ਨਾਲ ਗਲ ਕਰਦੇ ਸਨ ਉਨ੍ਹੂੰ ਪੂਰਾ ਸਤਿਕਾਰ ਦੇਂਦੇ ਤੇ ਆਪਣੇ ਆਪ ਨੂੰ ਨੀਵਾਂ ਦਸਦੇ। ਉਂਜ ਵੀ ਦੁਨੀਆ ਦਾ ਚਲਣ ਹੈ ਕਿ ਜਿਸ ਦੇ ਪੱਲੇ ਕੁਝ ਹੋਵੇ ਉਨ੍ਹੂੰ ਫੜਾਂ ਮਾਰਨ ਦੀ ਜਰੂਰਤ ਨਹੀ ਪੈਂਦੀ। ਸਾਹਿਬ ਤਾਰੀਫ ਆਪਣੇ ਨਿਰੰਕਾਰ ਮਾਲਕ ਦੀ ਕਰਦੇ ਤੇ ਅਗਲਾ ਸਮਝਦਾ ਕਿ ਗੁਰੂ ਉਹਦੀ ਉਸਤਤ ਕਰ ਰਿਹਾ ਹੈ। ਪੀਰਾਂ ਨੇ ਬੜੇ ਆਦਰ ਸਤਿਕਾਰ ਨਾਲ ਸਵਾਲ ਪੁੱਛੇ।

"ਸੁਣਿਐ ਨਾਨਕ ਤੁਸੀ ਕਿਸੇ ਸ਼ਾਹੀ ਖਾਨਦਾਨ ਦੇ ਕਾਰਦਾਰ ਦੇ ਪੁੱਤਰ ਹੋ?"

ਸਾਹਿਬ ਨੇ ਜਵਾਬ ਦਿੱਤਾ:

"ਨ ਕਿਸ ਕਾ ਪੂਤੁ ਨ ਕਿਸ ਕੀ ਮਾਈ ॥ ਝੂਠੈ ਮੋਹਿ ਭਰਮਿ ਭੁਲਾਈ ॥੧॥ ਮੇਰੇ ਸਾਹਿਬ ਹਉ ਕੀਤਾ ਤੇਰਾ ॥ ਜਾਂ ਤੂੰ ਦੇਹਿ ਜਪੀ ਨਾਉ ਤੇਰਾ ॥੧॥"

"ਨਾਨਕ ਸਾਨੂੰ ਪਤਾ ਲੱਗਾ ਤੁਸੀ ਦੁਨੀਆ ਘੁੰਮ ਰਹੇ ਹੋ। ਤੁਹਾਡਾ ਕੀ ਨਿਸ਼ਾਨਾ ਹੈ?"

ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥ ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥ ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥ ਢਾਢੀ ਕਰੇ ਪਸਾਉ ਸਬਦੁ ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥

ਮੈਂ ਤਾਂ ਬਸ ਕਰਤਾਰ ਦਾ ਢਾਢੀ ਹਾਂ ਮਿਰਾਸੀ ਹਾਂ। ਕਰਤਾਰ ਦੀ ਸਿਫਤ ਸਲਾਹ ਹੀ ਮੇਰੀ ਕਲਿਆਣ ਹੈ। ਕਰਤਾਰ ਦਾ ਜੱਸ ਗਾਉਣਾ ਹੀ ਮੇਰਾ ਰੋਟੀ ਪਾਣੀ ਹੈ।

ਅਗੇ ਪੀਰ ਪੁੱਛਣ ਲੱਗੇ ਕਿ ਤੁਸੀ ਦੁਨੀਆਂ ਫਿਰ ਰਹੇ ਹੋ ਕੀ ਹਾਲਾਤ ਨੇ ਮੁਲਕ ਦੇ?

ਸਾਹਿਬ ਬੋਲੇ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥ ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥

ਕਈ ਦਿਨ ਗੁਰੂ ਸਾਹਿਬ ਬਿਦਰ ਦੇ ਪੀਰਾਂ ਨਾਲ ਰਹੇ। ਸਾਹਿਬ ਨੇ ਸ਼ਹਿਰ ਦੇ ਪਹਾੜ ਪਾਸੇ ਟਿਕਾਣਾ ਕੀਤਾ ਹੋਇਆ ਸੀ। ਪਾਣੀ ਲੈਣ ਦੂਰ ਜਾਣਾ ਪੈਂਦਾ ਸੀ। ਗਰਮੀਆਂ ਦੇ ਦਿਨ ਸਨ। ਸੰਗਤ ਵੱਡੀ ਗਿਣਤੀ ਵਿੱਚ ਜੁੜਦੀ ਸੀ। ਰੂਹਾਨੀਅਤ 'ਚ ਦਿਲਚਸਪੀ ਰੱਖਣ ਵਾਲੇ ਸਾਰਾ ਦਿਨ ਜੁੜੇ ਰਹਿੰਦੇ ਸਨ। ਜਦੋਂ ਇਲਾਕੇ ਵਿੱਚ ਮਿੱਠੇ ਪਾਣੀ ਦੀ ਕਿੱਲਤ ਦੀ ਗਲ ਹੋਈ ਤਾਂ ਗੁਰੂ ਸਾਹਿਬ ਨੇ ਆਪਣੇ ਚਰਨਾਂ ਨਾਲ ਇਸ਼ਾਰਾ ਕਰਕੇ ਹੁਕਮ ਕੀਤਾ ਕਿ ਇਥੋਂ ਥੋੜੀ ਥਾਂ ਪੁਟੋ, ਜਲ ਨੇੜੇ ਹੀ ਹੈ। ਸਾਹਿਬ ਦੇ ਕਹਿਣ ਤੇ ਥੋੜੀ ਜਿਹੀ ਪੱਥਰ ਖੁਦਾਈ ਕਰਨ ਤੇ ਪਾਣੀ ਦਾ ਚਸ਼ਮਾ ਪ੍ਰਗਟ ਹੋ ਗਿਆ। ਜੋ ਅੱਜ 500 ਸਾਲਾਂ ਤੱਕ ਜਾਰੀ ਹੈ।

ਓਥੇ ਦੇ ਪੀਰਾਂ ਨੇ ਗੁਰੂ ਸਾਹਿਬ ਦੇ ਚਰਨਾਂ ਦੇ ਨਿਸ਼ਾਨ ਪੱਥਰ ਤੇ ਖੁਦਵਾ ਲਏ (ਚਰਨ ਪਾਦੁਕਾ) ਜੋ ਅੱਜ ਤੱਕ ਮੌਜੂਦ ਹੈ।

ਪੀਰਾਂ ਦੇ ਪੋਤਰੇ ਪੜਪੋਤਰੇ ਜਦੋਂ ਚਸ਼ਮੇ ਬਾਰੇ ਦਸਦੇ ਤਾਂ ਇਹੋ ਕਹਿੰਦੇ ਕਿ ਸਾਡੇ ਵੱਡੇ ਪੀਰ ਦਾਦਾ ਪੀਰ ਨੇ ਇਹ ਜਾਰੀ ਕੀਤਾ ਹੈ: ਚਸ਼ਮਾ-ਇ-ਦਾਦਪੀਰ। ਪਰ ਇਹਦਾ ਪ੍ਰਚਲਤ ਨਾਂ ਨਾਨਕ ਝੀਰਾ ਹੀ ਰਿਹਾ। ਦੂਰੋ ਦੂਰੋਂ ਲੋਕ ਇਹਦੇ ਦਰਸ਼ਨ ਕਰਨ ਆਉਦੇ।

ਕਿਉਕਿ ਸਾਹਿਬ ਤਾਂ ਰਹੇ ਮੁਸਲਮਾਨ ਪੀਰਾਂ ਕੋਲ ਸਨ ਤੇ ਇਹ ਚਸ਼ਮਾ ਵੀ ਓਨਾਂ ਦੇ ਹੀ ਕਬਜੇ ਵਿੱਚ ਸੀ। ਫਿਰ 1948 ਵਿੱਚ ਸਿੱਖਾਂ ਨੇ ਮੁਕੱਦਮਾ ਕਰ ਕੇ ਉਹ ਚਸ਼ਮਾ ਹਾਸਲ ਕੀਤਾ ਜਿੱਥੇ ਅੱਜ ਗੁਰਦੁਆਰਾ ਨਾਨਕ ਝੀਰਾ ਮੌਜੂਦ ਹੈ। (ਝੀਰਾ- ਚਸ਼ਮਾ :ਕੰਨੜ ਭਾਸ਼ਾ)

ਬਿਦਰ ਤੋਂ ਗੁਰੂ ਸਾਹਿਬ ਆਉਂਦਾ ਨਾਗਨਾਥ ਜੋਤੀਲਿੰਗ ਤੀਰਥ ਅਸਥਾਨ ਵਲ ਨੂੰ ਰਵਾਨਾ ਹੋ ਗਏ।

—◈—

ਨੰਦੇੜ (ਹਜੂਰ ਸਾਹਿਬ) ਆ ਸਿੱਖੀ ਦਾ ਬੂਟਾ ਲਾਇਆ

ਬਿਦਰ ਤੋਂ 140 ਕਿ.ਮੀ. ਦਾ ਪੈਂਡਾ ਕਰਕੇ ਸਾਹਿਬ ਨੰਦੇੜ

1.ਉੱਤੇ ਗੁਰਦਵਾਰਾ ਨਾਨਕਪੁਰ ਸਾਹਿਬ ਨੰਦੇੜ ਜਿਥੇ ਗੁਰੂ ਸਾਹਿਬ ਪੰਜ ਦਿਨ ਜੋਗੀਆਂ ਕੋਲ ਠਹਿਰੇ ਅਤੇ ਉਨਾਂ ਨੂੰ ਨਾਮ ਦੀ ਦਾਤ ਬਖਸ਼ੀ। 2.ਇਥੇ ਗੁਰੂ ਸਾਹਿਬ ਦੀਆਂ ਖੜਾਵਾਂ ਅਤੇ 3.ਮੰਜੀ ਸਾਹਿਬ ਯਾਦਗਾਰ ਦੇ ਤੌਰ ਤੇ ਸੰਭਾਲੀਆਂ ਹੋਈਆ ਹਨ। 4 ਹੇਠਾਂ (ਖੱਬੇ) ਗੁਰਦੁਆਰਾ ਨਾਨਕਸਰ ਸਾਹਿਬ ਜਿਥੇ ਗੁਰੂ ਸਾਹਿਬ ਨੇ ਚਸ਼ਮਾ ਜਾਰੀ ਕੀਤਾ ਅਤੇ ਇਕ ਕੋਹੜੀ ਦਾ ਰੋਗ ਕੱਟਿਆ। 5. ਨੰਦੇੜ ਵਿਖੇ ਹੀ ਜੋਗੀਆ ਦਾ ਇਕ ਹੋਰ ਅਸਥਾਨ ਚੰਦਨ ਸਾਹਿਬ ਹੈ।(ਉੱਤੇ ਸੱਜੇ)) ਇਨਾਂ ਦਾ ਦਾਵਾ ਹੈ ਕਿ ਗੁਰੂ ਸਾਹਿਬ ਇਥੇ ਵੀ ਰੁਕੇ ਸਨ।

ਹਜੂਰ ਸਾਹਿਬ ਨਾਦੇੜ ਵਿਖੇ ਗੁਰੂ ਨਾਨਕ ਸਾਹਿਬ ਦੇ ਅਸਥਾਨ

(ਮਹਾਰਾਸ਼ਟਰ) ਪਹੁੰਚੇ। ਨੰਦੇੜ ਓਨੀ ਦਿਨੀ ਮਹੱਤਵਪੂਰਨ ਸਥਾਨ ਸੀ ਤੇ ਬਾਹਮਣੀ ਸਲਤਨਤ ਦੇ ਚਾਰ ਸੂਬਿਆਂ ਵਿਚੋਂ ਇੱਕ ਸੀ।

ਅੱਜ ਤੋਂ 700 ਸਾਲ ਪਹਿਲਾਂ ਲਿਖੇ ਗਏ ਇੱਕ ਗ੍ਰੰਥ ਲੀਲਾ ਚ੍ਰਿਤਰ ਵਿੱਚ ਜਿਕਰ ਹੈ ਕਿ ਨੰਦੇੜ ਦਾ ਨਰਸਿੰਹ ਮੰਦਰ ਬਹੁਤ ਮਸ਼ਹੂਰ ਸੀ। ਹੋ ਸਕਦੈ ਬਾਦ ਵਿੱਚ ਮੁਸਲਮਾਨ ਬਾਦਸ਼ਾਹਾਂ ਨੇ ਉਹ ਮੰਦਰ ਤਹਿਸ ਨਹਿਸ ਕਰ ਦਿੱਤਾ ਹੋਵੇ।

ਨੰਦੇੜ ਜਿਸ ਨੂੰ ਸਿੱਖ ਹਜੂਰ ਸਾਹਿਬ ਅਬਿਚਲ ਨਗਰ ਕਹਿੰਦੇ ਹਨ ਪਹੁੰਚ ਕੇ ਗੁਰੂ ਸਾਹਿਬ ਦੱਖਣ ਵਿੱਚ ਭਾਵ ਗੋਦਾਵਰੀ ਤੋਂ ਉਰੇ ਹੀ ਰੁਕ ਗਏ। ਜਿਵੇ ਓਨੀ ਦਿਨੀ ਹੁੰਦਾ ਸੀ ਅਖੋਤੀ ਅਛੂਤ ਲੋਕਾਂ ਦੀ ਬਸਤੀ ਸੀ। ਜਦੋਂ ਫਿਰ ਸ਼ਾਮੀ ਮਰਦਾਨੇ ਦੀ ਰਬਾਬ ਨੇ ਰੰਗ ਬੰਨਿਆ ਤਾਂ ਸਭ ਮਾਈ ਭਾਈ ਗੁਰੂ ਸਾਹਿਬ ਵਲ ਦੌੜਾ ਆਇਆ। ਰੋਗੀਆਂ ਦੇ ਰੋਗ ਦੂਰ ਹੋਣ ਲੱਗੇ, ਦੁਖੀਆਂ ਦੇ ਦੁੱਖ। ਕਿਹਾ ਜਾਂਦਾ ਹੈ ਕਿ ਇਥੇ ਵੀ ਇੱਕ ਕੋਹੜੀ ਦੇ ਸਿਰ ਤੇ ਜਦੋਂ ਬਾਬੇ ਦਾ ਮਿਹਰਾਂਵਾਲਾ ਹੱਥ ਪਿਆ ਤਾਂ ਉਸ ਦੀ ਕਾਇਆਕਲਪ ਹੋ ਗਈ। ਦੁਹਾਈ ਪੈ ਗਈ ਕਿ ਵੇਖੋ ਬਾਬਾ ਨਾਨਕ ਕੋਹੜੀ ਤੋਂ ਵੀ ਨਹੀ ਸੰਗਦਾ। ਕੋਹੜ ਦੂਰ ਹੋ ਗਿਆ। ਲੋਕੀ ਪਾਣੀ ਲੈਣ 3-4 ਕਿਲੋਮੀਟਰ ਹਟਵੀ ਗੋਦਾਵਰੀ ਤੇ ਜਾਂਦੇ ਸਨ ਗੁਰੂ ਸਾਹਿਬ ਨੇ ਇਥੇ ਵੀ ਚਸ਼ਮਾ ਜਾਰੀ ਕਰ ਦਿੱਤਾ। ਦੂਰ ਦੂਰ ਤੱਕ ਗੁਰੂ ਨਾਨਕ ਦੀ ਆਮਦ ਦੀ ਦੁਹਾਈ ਪੈ ਗਈ। ਲੋਕ ਹੁਮ ਹੁਮਾ ਕੇ ਪਹੁੰਚ ਰਹੇ ਸਨ। ਗੁਰੂ ਸਾਹਿਬ ਨੇ ਲੋਕਾਂ ਨੂੰ ਵਹਿਮਾਂ ਭਰਮਾਂ ਤੋਂ ਅਜਾਦ ਕਰਕੇ ਸਤਿਨਾਮ ਸਤਿ ਕਰਤਾਰ ਦੇ ਨਾਮ ਨਾਲ ਜੋੜਿਆ। ਚਸ਼ਮੇ ਵਾਲੀ ਥਾਂ ਤੇ ਅੱਜ ਸਰੋਵਰ ਮੌਜੂਦ ਹੈ ਤੇ ਕਿਹਾ ਜਾਂਦਾ ਹੈ ਕਿ ਜੋ ਸ਼ਰਧਾ ਭਾਵਨਾ ਨਾਲ ਇਥੇ ਇਸ਼ਨਾਨ ਕਰਦਾ ਹੈ ਉਹਦੇ ਦੁੱਖ ਦਲਿਦ੍ਰ ਕੱਟੇ ਜਾਂਦੇ ਹਨ।

ਜਿਥੇ ਗੁਰੂ ਸਾਹਿਬ ਆ ਕੇ ਉਤਰੇ ਓਥੇ ਅੱਜ ਗੁਰਦੁਆਰਾ ਨਾਨਕਪੁਰੀ ਸਾਹਿਬ ਮੌਜੂਦ ਹੈ ਜਿੱਥੇ ਗੁਰੂ ਸਾਹਿਬ ਦੀਆਂ ਖੜਾਵਾਂ ਵੀ ਸੁਸ਼ੋਭਿਤ ਹਨ। ਇਹ ਅਸਥਾਨ ਸੱਚਖੰਡ ਸ੍ਰੀ ਹਜੂਰ ਸਾਹਿਬ ਗੁਰਦੁਆਰਾ ਤੋਂ 8 ਕਿ.ਮੀ. ਦੱਖਣ ਨੂੰ ਗੁਰਦੁਆਰਾ ਰਤਨਗੜ ਸਹਿਬ ਵਾਲੀ ਸੜਕ ਤੇ ਹੈ।

ਨਾਲ ਹੀ 200 ਗਜ ਹਟਵਾ ਚੜ੍ਹਦੇ ਪਾਸੇ ਸ਼ਾਨਦਾਰ ਇਮਾਰਤ ਵਾਲਾ ਗੁਰਦੁਆਰਾ ਨਾਨਕਸਰ ਮੌਜੂਦ ਹੈ। ਮੂਲ ਵਿੱਚ ਇਹਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ ਸੀ। ਅੱਜ ਕਲ ਨਵੀ ਇਮਾਰਤ ਬਣ ਗਈ ਹੈ।

ਨਾਨਕਪੁਰੀ ਗੁਰਦੁਆਰਾ ਸਾਹਿਬ ਦੇ ਨਾਲ ਗੁਰਦੁਆਰਾ ਸ੍ਰੀ ਚੰਦਨ ਸਾਹਿਬ ਹੈ ਜਿੱਥੇ ਗੁਰੂ ਸਾਹਿਬ ਦੀ ਸਿੱਧ ਜੋਗੀਆਂ ਨਾਲ ਗਲ ਬਾਤ ਹੋਈ।

ਇਹੋ ਜਿਹੇ ਕੌਤਕ ਕਰਦਾ ਹੋਇਆ ਇਹ ਇਲਾਹੀ ਨੂਰ ਫਿਰ ਕੁਝ ਦਿਨਾਂ ਬਾਦ ਹਿੰਦੂਆਂ ਦੇ 8ਵੇਂ ਜੋਤੀਲਿੰਗ ਨਾਗੇਸ਼ਵਰ ਨੂੰ ਰਵਾਨਾ ਹੋ ਗਿਆ।

ਪੈੜ ਸਾਡਾ ਸਾਈਕਲ ਯਾਤਰੀ- 106 ਅਨੁਸਾਰ ਵੀ ਨੰਦੇੜ ਵਿਖੇ ਗੁਰੂ ਸਾਹਿਬ ਦੋ ਅਸਥਾਨ ਹਨ: ਬਿਸ਼ਨਪੁਰੀ ਤੇ ਨਾਨਕਪੁਰੀ। ਇਥੇ ਯਾਦਗਾਰਾਂ ਬਕਾਇਦਾ 1930 ਵਿੱਚ ਮੌਜੂਦ ਸਨ।

—◈—

ਜਦੋਂ ਬਾਬੇ ਨੇ ਇੱਕ ਗਰੀਬ ਤਰਖਾਣ ਦੀ ਝੁੱਗੀ ਢਾਹ ਦਿੱਤੀ।

ਅਗੇ ਜਦੋਂ ਚਲਦੇ ਜਾ ਰਹੇ ਸਨ ਤਾਂ ਸ਼ਾਮ ਹੋਣੀ ਸ਼ੁਰੂ ਹੋਈ ਤਾਂ ਪੰਧੇਰੂਆਂ ਤੋਂ ਪਤਾ ਲੱਗਾ ਕਿ ਨੇੜੇ ਹੀ ਇੱਕ ਵੱਡਾ ਪਿੰਡ ਹੈ। ਪਿੰਡ ਵਿੱਚ ਪਤਾ ਕੀਤਾ ਤਾਂ ਮੰਦਰ ਵਿੱਚ ਕਿਤੇ ਜਗਾ ਨਾਂ ਮਿਲੀ ਰਾਤ ਕੱਟਣ ਲਈ। ਪਤਾ ਕਰਦੇ ਕਰਦੇ ਇੱਕ ਤਰਖਾਣ ਮਿਲਿਆ ਉਸ ਦੇ ਘਰ ਦੇ ਬਾਹਰ ਇੱਕ ਖਾਲੀ ਝੁੱਗੀ ਸੀ ਜਿੱਥੇ ਉਸਨੇ ਗੁਰੂ ਸਾਹਿਬ ਨੂੰ ਮੰਜੀ ਡਾਹ ਦਿੱਤੀ ਅਰਾਮ ਕਰਨ ਲਈ। ਆਪਣੀ ਔਕਾਤ ਮੁਤਾਬਿਕ ਉਸ ਨੇ ਗੁਰੂ ਸਾਹਿਬ ਨੂੰ ਲੰਗਰ ਪਾਣੀ ਵੀ ਛਕਾਇਆ ਤੇ ਆਦਰ ਸਤਿਕਾਰ ਦਿੱਤਾ।

ਸਵੇਰੇ ਸਵੱਖਤੇ ਰਵਾਨਾ ਹੋਣ ਵੇਲੇ ਗੁਰੂ ਸਾਹਿਬ ਨੇ ਝੁੱਗੀ ਦੀ ਕੰਧ ਨੂੰ ਅਜਿਹਾ ਹਿਲਾਇਆ ਕਿ ਸਾਰੀ ਝੁੱਗੀ ਜਮੀਨ ਤੇ ਸੀ। ਪਰ ਤਰਖਾਣ ਪੁੱਛਣ ਨਾ ਆਇਆ। ਲੱਗਦਾ ਪਰਵਾਰ ਸੁੱਤਾ ਹੀ ਰਹਿ ਗਿਆ।

ਰਸਤੇ 'ਚ ਆ ਕੇ ਮਰਦਾਨੇ ਨੇ ਪੁੱਛਿਆ ਕਿ ਸਾਹਿਬ ਤੁਹਾਡਾ ਇਹ ਕੌਤਕ ਮੈਨੂੰ ਸਮਝ ਨਹੀ ਆਇਆ। ਇੱਕ ਤਾਂ ਉਸ ਗਰੀਬ ਨੇ ਸਾਨੂੰ ਰਾਤੀ ਆਸਰਾ ਦਿੱਤਾ ਤੇ ਤੁਸਾਂ ਉਨੂੰ ਚੰਗਾ ਇਨਾਮ ਦੇ ਦਿੱਤਾ ਹੈ। ਗਰੀਬ ਦੀ ਝੁੱਗੀ ਹੀ ਢਾਹ ਦਿੱਤੀ ਹੈ।

ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਉਸ ਭੋਲੇ ਤਰਖਾਣ ਨੂੰ ਪਤਾ ਨਹੀ ਕਿ ਉਹ ਤਾਂ ਖਜਾਨੇ ਦੇ ਉਤੇ ਬੈਠਾ ਹੈ। ਉਹਦੀ ਮੰਜੀ ਦੇ ਪਾਵੇ ਜਮੀਨ ਵਿੱਚ ਧੱਸ ਗਏ ਨੇ। ਜਦੋਂ ਪੁਟੇਗਾ ਤਾਂ ਖਜਾਨਾ ਪ੍ਰਗਟ ਹੋ ਜਾਵੇਗਾ।

ਮਰਦਾਨਾ ਰੁੱਕ ਕੇ ਗੁਰੂ ਸਾਹਿਬ ਦੇ ਆ ਚਰਨੀ ਲੱਗਾ ਕਿ ਬਾਬਾ ਤੇਰੀਆਂ ਤੂੰ ਹੀ ਜਾਣੇ।

—◈—

ਔਢਾ ਨਾਗਨਾਥ ਜੋਤੀਲਿੰਗ ਪਹੁੰਚ ਗਏ ਬਾਬਾ ਨਾਨਕ

ਹਿੰਦੂਆਂ ਦਾ 8ਵਾਂ ਜਯੋਤ੍ਰਿਲਿੰਗ ਨਾਗੇਸ਼ਵਰ ਜਾਂ ਔਢਾ ਨਾਗਨਾਥ ਨੰਦੇੜ ਦੇ ਉਤਰ ਪਾਸੇ ਕੋਈ 60 ਕਿ. ਮੀ. ਹੈ। ਪੰਡੇ ਦਾਵਾ ਕਰਦੇ ਹਨ ਕਿ ਇਨੂੰ ਪਾਂਡਵਾ ਨੇ ਪ੍ਰਗਟ ਕੀਤਾ ਸੀ। ਮੂਲ ਇਮਾਰਤ 13 ਵੀ ਸਦੀ ਦੀ ਹੈ ਤੇ ਬਹੁਤ ਹੀ ਸੋਹਣੀਆਂ ਮੂਰਤੀਆਂ ਨਾਲ ਸ਼ਿਗਾਰੀ ਹੋਈ ਹੈ। ਕਿਹਾ ਜਾਂਦਾ ਹੈ ਕਿ ਇਸ ਮੰਦਰ ਨੂੰ ਔਰੰਗਜੇਬ ਨੇ ਢਾਹੁੰਣਾ ਚਾਹਿਆਂ ਸੀ ਜਦੋਂ ਉਹ ਬੁਰਹਾਨਪੁਰ ਦਾ ਗਵਰਨਰ ਹੁੰਦਾ ਸੀ। ਪਰ ਉਤੇ ਦੀਆਂ 5 ਮੰਜਲਾਂ ਹੀ ਥੱਲੇ ਸੁੱਟ ਪਾਇਆ। ਸ਼ਹਿਦ ਦੀਆਂ ਮੱਖੀਆਂ ਦੇ ਮਖੀਰ ਲੱਗੇ ਹੋਏ ਸਨ ਜਿਸ ਕਾਰਨ ਮਜਦੂਰ ਕੰਮ ਛੱਡਣ ਲਈ ਮਜਬੂਰ ਹੋ ਗਏ ਸਨ।

ਮਾਲਵੇ ਦੀ ਅਹਿਲਿਆ ਬਾਈ ਹੋਲਕਰ (1725-1795ਈ) ਨੇ ਫਿਰ ਮੰਦਰ ਦੀ ਮੁਰੰਮਤ ਕਰਵਾਈ। ਗ੍ਰੇਫਾਈਟ ਪੱਥਰ (ਕਿਉਕਿ ਇਹ ਸੱਖਤ ਹੁੰਦਾ ਹੈ) ਦਾ ਇਸ ਮੰਦਰ ਦੀ ਮੂਰਤੀਆਂ ਇਉ ਨੇ ਜਿਵੇ ਹੁਣੇ ਹੀ ਤਰਾਸ਼ੀਆਂ ਹੁੰਦੀਆਂ ਨੇ।

ਮੰਦਰ ਦੀ ਕੁਰਸੀ ਉੱਚੀ ਰੱਖੀ ਹੈ ਤੇ ਗ੍ਰਭ ਗ੍ਰਿਹ ਜਾਣ ਲਈ ਫਿਰ ਨੀਵਾਂ ਉਤਰਨਾਂ ਪੈਂਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਪੰਡੇ ਜਾਣ ਬੁਝ ਕੇ ਓਥੇ ਸੱਪ ਪਾਲਿਆ ਕਰਦੇ ਸਨ। ਇਥੋਂ ਦਾ ਮੁਖ ਮੇਲਾ ਵੀ ਸਿਵਰਾਤਰੀ ਤੇ ਲੱਗਦਾ ਹੈ। ਉਂਜ ਦੁਸਿਹਰਾ ਵੀ ਮਸ਼ਹੂਰ ਹੈ।

ਇਥੋ 30 ਕਿ.ਮੀ ਤੇ ਪਿੰਡ ਨਰਸੀ ਬਾਮਣੀ (ਅਜ ਕਲ ਨਾਂ ਨਰਸੀ ਨਾਮਦੇਵ) ਹੈ ਜਿੱਥੇ ਭਗਤ ਨਾਮਦੇਵ ਦਾ ਜਨਮ ਹੋਇਆ ਸੀ। ਇਸੇ ਹੀ ਮੰਦਰ ਦੇ ਸਾਹਮਣੇ ਬਹਿ ਭਗਤ ਜੀ ਭਜਨ ਬੰਦਗੀ ਕਰ ਰਹੇ ਸਨ। ਪਾਂਡਿਆਂ ਨੇ ਉਨਾਂ ਨੂੰ ਛੋਟੀ ਜਾਤ ਦਾ ਹੋਣ ਕਰਕੇ ਓਥੋਂ ਭਜਾ ਦਿੱਤਾ। ਭਗਤ ਮੰਦਰ ਦੇ ਪਿੱਛਵਾੜੇ ਜਾ ਬੈਠੇ।

ਨਾਗੇਸ਼ਵਰ ਜਾਂ ਔਢਾ ਨਾਗਨਾਥ

ਕੌਤਕ ਕੁਝ ਅਜਿਹਾ ਹੋਇਆ ਕਿ ਮੰਦਰ ਦਾ ਮੂੰਹ ਭਗਤ ਜੀ ਵਲ ਫਿਰ ਗਿਆ। ਜਿਸ ਤੇ ਪੰਡਿਆਂ ਦਾ ਸਿਰ ਚਕ੍ਰਾ ਗਇਆ ਤੇ ਅਖੀਰ ਭਗਤ ਜੀ ਤੋਂ ਮਾਫੀ ਮੰਗੀ। ਏਸੇ ਕਾਰਨ ਹੀ ਭਗਤ ਜੀ ਨੇ ਆਪਣੀ ਬਾਣੀ ਵਿੱਚ ਇਹ ਸ਼ਬਦ ਉਚਾਰਿਆ ਸੀ:-

ਹਸਤ ਖੇਲਤ ਤੇਰੇ ਦੇਹੁਰੇ ਆਇਆ ॥ ਭਗਤਿ ਕਰਤ ਨਾਮਾ ਪਕਰਿ ਉਠਾਇਆ ॥੧॥ ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥ ਛੀਪੇ ਕੇ ਜਨਮਿ ਕਾਹੇ ਕਉ ਆਇਆ ॥੧॥ ਰਹਾਉ ॥ ਲੈ ਕਮਲੀ ਚਲਿਓ ਪਲਟਾਇ ॥ ਦੇਹੁਰੈ ਪਾਛੈ ਬੈਠਾ ਜਾਇ ॥੨॥ ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥ ਭਗਤ ਜਨਾਂ ਕਉ ਦੇਹੁਰਾ ਫਿਰੈ ॥

ਗੁਰੂ ਸਾਹਿਬ ਦੀ ਫੇਰੀ ਵੇਲੇ ਅਜੇ ਇਹ ਮੰਦਰ ਆਪਣੇ ਪੂਰੇ ਜੋਬਨ ਤੇ ਸੀ ਭਾਵ ਸਾਬਤ ਸੀ ਤੇ ਇਹਦੀ ਖੂਬਸੂਰਤੀ ਦੀ ਧੁੰਮ ਦੂਰ ਦੂਰ ਤੱਕ ਸੀ। ਪੂਜਾਰੀ ਇਸ ਤੇ ਗਰਬ ਕਰਿਆ ਕਰਦੇ ਸਨ। ਗੁਰੂ ਸਾਹਿਬ ਨੇ ਉਨਾਂ ਨੂੰ ਚਾਨਣਾ ਕਰਾਇਆ ਕਿ ਜਰੂਰੀ ਨਹੀ ਕਿ ਮੰਦਰ ਸੋਹਣਾ ਬਣ ਗਇਆ ਤੇ ਇਥੇ ਭਗਵਾਨ ਦਾ ਵਾਸਾ ਹੋ ਜਾਵੇਗਾ। ਭਗਵਾਨ ਤਾਂ ਤੁਹਾਡੀ ਭਾਵਨਾ ਵਿੱਚ ਹੈ। ਪੰਡਿਆਂ ਨੂੰ ਯਾਦ ਦਿਵਾਇਆ ਕਿ ਵੇਖੋ ਤੁਸਾਂ ਤਾਂ ਇੱਕ ਮੌਕੇ ਜਦੋਂ ਭਗਤ ਨਾਮਦੇਵ ਇਥੇ ਭਗਤੀ ਕਰ ਰਿਹਾ ਸੀ ਉਨੂੰ ਮੰਦਰ ਤੋਂ ਦੂਰ ਰਹਿਣ ਲਈ ਕਹਿ ਦਿੱਤਾ ਸੀ। ਗੁਰੂ ਸਾਹਿਬ ਨੇ ਸਮਝਾਇਆ ਕਿ ਕਿਸੇ ਵੀ ਸੋਹਣੀ ਕ੍ਰਿਤ ਦੀ ਤਾਰੀਫ ਕਰਨੀ ਬਣਦੀ ਹੈ ਪਰ ਇਹ ਨਹੀ ਕਿਹਾ ਜਾਂਦਾ ਕਿ ਭਗਵਾਨ ਦਾ ਓਥੇ ਵਾਸਾ ਹੋ ਗਿਆ।

ਗੁਰੂ ਸਾਹਿਬ ਨੇ ਪੰਡਿਆਂ ਨੂੰ 'ਧਰਤੀ ਧਰਮਸਾਲ' ਦੇ ਸਿਧਾਂਤ ਦਾ ਗਿਆਨ ਕਰਵਾਇਆ ਤੇ ਓਨਾਂ ਨੂੰ ਦੱਸਿਆ ਕਿ ਨਾਮ ਹੀ ਕੇਵਲ ਤੇ ਕੇਵਲ ਮਾਰਗ ਹੈ ਅਕਾਲ ਪੁਰਖ ਦੀ ਪ੍ਰਾਪਤੀ ਦਾ ਅਤੇ ਕਰਮ ਕਾਂਡ ਵਿਅੱਰਥ ਹਨ।

ਪੂਜਾਰੀਆਂ, ਸਾਧੂਆਂ ਅਤੇ ਲੋਕਾਈ ਨੂੰ ਨਾਮ ਨਾਲ ਜੋੜ ਕੇ ਦੋ ਚਾਰ ਦਿਨਾਂ ਬਾਦ ਗੁਰੂ ਸਾਹਿਬ ਅੱਗੇ ਨਰਸੀ ਨਾਮਦੇਵ ਨੂੰ ਚਲਦੇ ਬਣੇ।

ਭਗਤ ਨਾਮਦੇਵ ਦੇ ਜਨਮ ਅਸਥਾਨ ਨਰਸੀ ਬਾਮਣੀ ਵਿਖੇ

ਔਢਾ ਨਾਗਨਾਥ ਤੋਂ ਨਰਸੀ ਬਾਮਣੀ (ਅਜ ਕਲ ਨਾਂ ਨਰਸੀ ਨਾਮਦੇਵ ਜਿਲਾ ਹਿੰਗੋਲੀ) ਪੈਦਲ ਕੋਈ 32 ਕੁ ਕਿ.ਮੀ ਹੈ, ਓਥੇ ਗੁਰੂ ਸਾਹਿਬ ਪਧਾਰੇ ਤੇ ਭਗਤ ਨਾਮਦੇਵ ਦੇ ਉਪਾਸ਼ਕਾਂ ਨੂੰ ਸੁਚੇਤ ਕੀਤਾ ਕਿ ਕਿਵੇ ਉਹ ਭਗਤ ਜੀ ਦੇ ਦੱਸੇ ਮਾਰਗ ਤੋਂ ਭਟਕ ਕੇ ਫਿਰ ਕਰਮ ਕਾਂਡਾਂ ਤੇ ਮੂਰਤੀ ਪੂਜਾ ਵਿੱਚ ਪੈ ਚੁੱਕੇ ਹਨ। ਸ਼ਰਧਾਲੂਆਂ ਨੂੰ ਫਿਰ ਸਿਫਤ ਸਲਾਹ ਨਾਮ ਨਾਲ ਜੋੜ ਕੇ ਗੁਰੂ ਸਾਹਿਬ ਅੱਗੇ ਨੂੰ ਰਵਾਨਾ ਹੋ ਗਏ।

ਗੁਰੂ ਸਾਹਿਬ ਦੀ ਅਗਲੀ ਮੰਜ਼ਿਲ ਰਾਮਟੇਕ

ਲੋਨਰ ਝੀਲ - ਨਰਸੀ ਨਾਮਦੇਵ ਤੋਂ ਉਤਰ ਦਿਸ਼ਾ ਦਾ ਮਹਾਰਾਸ਼ਟਰ ਦਾ ਲਗਪਗ ਸਾਰਾ ਇਲਾਕਾ ਗੁਰੂ ਸਾਹਿਬ ਨੇ ਗਾਹਿਆ। ਰਾਮਟੇਕ (ਨਾਗਪੁਰ) ਅਕੋਲਾ, ਅਮਰਾਵਤੀ, ਬੁਲਢਾਣਾ ਆਦਿ। ਕਿਥੋਂ ਕਿਥੇ ਗਏ ਇਸ ਗਲ ਦੇ ਅੱਜ ਅਸੀ ਅੰਦਾਜ਼ੇ ਹੀ ਲਾ ਸਕਦੇ ਹਾਂ।

ਸੋ ਨਰਸੀ ਤੋਂ 70 ਕਿ.ਮੀ. ਚਲ ਕੇ ਗੁਰੂ ਸਾਹਿਬ ਨੇ ਰਸਤੇ ਵਿੱਚ ਲੋਨਰ ਝੀਲ (ਜਿਲਾ ਬੁਲਢਾਣਾ) ਦੇ ਮੰਦਰ ਵੇਖੇ। ਪੁਰਾਣਾਂ ਵਿੱਚ ਇਸ ਥਾਂ ਦਾ ਜਿਕਰ ਹੈ ਕਿ ਵਿਸ਼ਨੂ ਭਗਵਾਨ ਨੇ ਲੋਨਾਸੁਰ ਰਾਖਸ਼ ਨੂੰ ਮਾਰਿਆ ਸੀ ਜਿਸ ਨੇ ਇਲਾਕੇ ਵਿੱਚ ਅੱਤ ਚੁੱਕੀ ਹੋਈ ਸੀ। ਅਖੇ ਵਿਸ਼ਨੂੰ ਨੇ ਇੱਕ ਸੋਹਣੇ ਮੁੰਡੇ ਦਾ ਰੂਪ ਧਾਰ ਲਿਆ ਤੇ ਲੋਨਾਸੁਰ ਦੀਆਂ ਭੈਣਾਂ ਨਾਲ ਪ੍ਰੇਮ ਦੀ ਪੀਂਘ ਪਾ ਲਈ ਤੇ ਓਨਾਂ ਕੋਲੋ ਲੋਨਾਸੁਰ ਦਾ ਭੇਦ ਲੈ ਕੇ ਉਹਦਾ ਕੰਮ ਤਮਾਮ ਕਰ ਦਿੱਤਾ। ਇਥੇ 12 ਵੀ ਸਦੀ ਦਾ ਦੈਤਸੂਦਨ ਮੰਦਰ ਤੇ ਹੋਰ ਵੀ 7 ਮੰਦਰ ਮੌਜੂਦ ਹਨ।

ਲੋਨਰ ਝੀਲ ਦਰ ਅਸਲ ਇੱਕ ਡੂੰਘ (ਕਰੇਟਰ) ਹੈ ਜੋ ਕਿ ਅਸਮਾਨ ਤੋਂ ਟੁੱਟੇ ਤਾਰੇ ਦੇ ਡਿੱਗਣ ਨਾਲ ਬਣੀ ਹੈ। ਸਇੰਸਦਾਨਾਂ ਦਾ ਅੰਦਾਜ਼ਾ ਹੈ ਕਿ 60,000 ਸਾਲ ਪਹਿਲਾਂ ਇਥੇ ਤਾਰਾ (Meteor) ਡਿਗਾ। ਜਿਸ ਕਾਰਨ ਗੂੜੇ ਹਰੇ ਰੰਗ ਦੇ ਬਸਾਲਟ ਪੱਥਰਾਂ ਵਿੱਚ 1200 ਮੀਟਰ ਵਿਆਸ ਦਾ ਕਰੇਟਰ ਬਣ ਗਿਆ। ਇਸ ਝੀਲ ਦੇ ਪਾਣੀ ਦੀਆਂ ਵੱਖਰੀਆਂ ਹੀ ਸਿਫਤਾਂ ਹਨ। ਪਾਣੀ ਬਹੁਤ ਖਾਰਾ (ਅਲਕੇਲਾਈਨ) ਹੈ। ਇਥੋਂ ਕਈ ਖਣਿਜ ਪਦਾਰਥ

ਪੈੜ ਸਫਾ

ਔਢਾ ਨਾਗਨਾਥ-
https://www.myoksha.com/aundha-nagnath-temple/

ਕੋਹਲੀ ਨੇ ਅੱਗੇ ਗੁਰੂ ਸਾਹਿਬ ਦਾ ਬਸਮਤ ਜਾਣਾ ਲਿਖਿਆ ਹੈ ਜੋ ਸੁਭਾਵਕ ਹੈ ਕਿਉਕਿ ਨੰਦੇੜ ਤੋਂ ਔਢਾ ਨਾਗਨਾਥ ਦੇ ਰਾਹ ਵਿੱਚ ਪੈਂਦਾ ਹੈ। ਪਰ ਬਸਮਤ ਤਾਂ ਓਦੋਂ ਅਜੇ ਕੋਈ ਮਾਮੂਲੀ ਪਿੰਡ ਹੋਵੇਗਾ।

ਨਿਕਲਦੇ ਆਏ ਹਨ। ਅਕਬਰ ਦੇ ਵੇਲੇ ਵੀ ਸਰਕਾਰੀ ਖਜਾਨੇ ਵਿੱਚ ਇਥੋਂ ਟੈਕਸ ਆਉਦਾ ਰਿਹਾ ਹੈ। ਚਲੂਕਿਆਂ ਖਾਨਦਾਨ (6-12ਵੀ ਸਦੀ) ਦੇ ਰਾਜਿਆਂ ਨੇ ਫਿਰ ਇਥੇ ਮੰਦਰ ਬਣਵਾ ਦਿੱਤੇ।

ਇਥੋਂ ਦੇ ਮੰਦਰ ਦੇ ਪੁਜਾਰੀਆਂ ਨੂੰ ਵੀ ਨਾਮ ਦੀ ਮਹਿਮਾ ਦੱਸੀ।

ਅੰਮ੍ਰਿਤ ਵੇਲੇ ਜਦੋਂ ਗੁਰੂ ਸਾਹਿਬ ਤੇ ਮਰਦਾਨੇ ਨੇ ਝੀਲ ਵਿੱਚ ਇਸ਼ਨਾਨ ਕੀਤਾ ਤਾਂ ਸਾਧੂਆਂ ਦੀ ਨੀਂਦ ਖੁਲ ਗਈ। ਦਿਨੇ ਫਿਰ ਸਾਧੂ ਗੁਰੂ ਸਾਹਿਬ ਦੇ ਦੁਆਲੇ ਹੋ ਗਏ ਕਿ ਇੱਕ ਪਾਸੇ ਤੁਸੀ ਕਹਿੰਦੇ ਹੋ ਕਿ ਕਰਮ ਕਾਂਡ ਨਾਂ ਕਰੋ ਤੇ ਦੂਸਰੇ ਪਾਸੇ ਨਹਾਉਣ ਤੇ ਬੜਾ ਜੋਰ ਦਿੰਦੇ ਹੋ?

ਗੁਰੂ ਸਾਹਿਬ ਨੇ ਕਿਹਾ ਕਿ ਤੁਸੀ ਮੰਦਰ ਨੂੰ ਸਜਾਉਦੇ ਹੋ। ਮੈਂ ਕਹਿਨਾਂ ਇਹ ਸਰੀਰ ਹੀ ਮੰਦਰ ਹੈ ਜਿਸ ਨੂੰ ਨਹਾਉਣਾ ਧੋਣਾ ਸਾਫ ਰੱਖਣਾ ਜਰੂਰੀ ਹੈ। ਸਾਫ ਮੰਦਰ ਵਿੱਚ ਫਿਰ ਸਾਫ ਬੁੱਧ ਜਨਮ ਲਵੇਗੀ ਜਿਸ ਕਰਕੇ ਆਪਾਂ ਅਕਾਲਪੁਰਖ ਨਿਰੰਕਾਰ ਦੇ ਗੁਣ ਗਾ ਪਾਵਾਂਗੇ। ਜੇ ਮੰਦਰ ਹੀ ਰੋਗਾਂ ਨਾਲ ਗ੍ਰਸਿਆ ਗਇਆ ਤਾਂ ਸਾਡੀ ਸੁਰਤ ਕਿਥੇ ਬੱਝੇਗੀ। ਸਾਹਿਬ ਨੇ ਸ਼ਬਦ ਉਚਾਰਿਆ:

ਸਿਰੀਰਾਗੁ ਮਹਲਾ ੧ ॥ ਗੁਰ ਤੇ ਨਿਰਮਲੁ ਜਾਣੀਐ ਨਿਰਮਲ ਦੇਹ ਸਰੀਰੁ ॥ ਨਿਰਮਲੁ ਸਾਚੋ ਮਨਿ ਵਸੈ ਸੋ ਜਾਣੈ ਅਭ ਪੀਰ ॥ ਸਹਜੈ ਤੇ ਸੁਖੁ ਅਗਲੋ ਨਾ ਲਾਗੈ ਜਮ ਤੀਰੁ ॥੧॥ ਭਾਈ ਰੇ ਮੈਲੁ ਨਾਹੀ ਨਿਰਮਲ ਜਲਿ ਨਾਇ ॥ ਨਿਰਮਲੁ ਸਾਚਾ ਏਕੁ ਤੂ ਹੋਰੁ ਮੈਲੁ ਭਰੀ ਸਭ ਜਾਇ ॥੧॥ ਰਹਾਉ ॥ ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ ॥ ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ ॥ ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ ॥੨॥ ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ ॥ ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ ॥ ਐਸਾ ਸਤਿਗੁਰੁ ਜੇ ਮਿਲੈ ਤਾ ਸਹਜੇ ਲਏ ਮਿਲਾਇ ॥੩॥ ਕਸਿ ਕਸਵਟੀ ਲਾਈਐ ਪਰਖੇ ਹਿਤੁ ਚਿਤੁ ਲਾਇ ॥ ਖੋਟੇ ਠਉਰ ਨ ਪਾਇਨੀ ਖਰੇ ਖਜਾਨੈ ਪਾਇ ॥ ਆਸ ਅੰਦੇਸਾ

ਲੋਨਾਸੁਰ ਝੀਲ

ਦੂਰਿ ਕਰਿ ਇਉ ਮਲੁ ਜਾਇ ਸਮਾਇ ॥੪॥ ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ ॥ ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ ॥ ਸੁਖ ਦੁਖ ਸਮ ਕਰਿ ਜਾਣੀਅਹਿ ਸਬਦਿ ਭੇਦਿ ਸੁਖੁ ਹੋਇ ॥੫॥ ਬੇਦੁ ਪੁਕਾਰੇ ਵਾਚੀਐ ਬਾਣੀ ਬ੍ਰਹਮ ਬਿਆਸੁ ॥ ਮੁਨਿ ਜਨ ਸੇਵਕ ਸਾਧਿਕਾ ਨਾਮਿ ਰਤੇ ਗੁਣਤਾਸੁ ॥ ਸਚਿ ਰਤੇ ਸੇ ਜਿਣਿ ਗਏ ਹਉ ਸਦ ਬਲਿਹਾਰੈ ਜਾਸੁ ॥੬॥ ਚਹੁ ਜੁਗਿ ਮੈਲੇ ਮਲੁ ਭਰੇ ਜਿਨ ਮੁਖਿ ਨਾਮੁ ਨ ਹੋਇ ॥ ਭਗਤੀ ਭਾਇ ਵਿਹੂਣਿਆ ਮੁਹੁ ਕਾਲਾ ਪਤਿ ਖੋਇ ॥ ਜਿਨੀ ਨਾਮੁ ਵਿਸਾਰਿਆ ਅਵਗਣ ਮੁਠੀ ਰੋਇ ॥੭॥ ਖੋਜਤ ਖੋਜਤ ਪਾਇਆ ਡਰੁ ਕਰਿ ਮਿਲੈ ਮਿਲਾਇ ॥ ਆਪੁ ਪਛਾਣੈ ਘਰਿ ਵਸੈ ਹਉਮੈ ਤ੍ਰਿਸਨਾ ਜਾਇ ॥ ਨਾਨਕ ਨਿਰਮਲ ਊਜਲੇ ਜੋ ਰਾਤੇ ਹਰਿ ਨਾਇ ॥੮॥੭॥

—◈—

ਰਸਤੇ 'ਚ ਸਤਗਾਓ ਭੁਸਾਰੀ (ਜਿਲਾ ਬੁਲਢਾਣਾ) ਦੇ ਮੰਦਰ ਵੇਖੇ

ਲੋਨਰ ਝੀਲ ਦੇ ਮੰਦਰ ਵੇਖ ਗੁਰੂ ਸਾਹਿਬ ਅੱਗੇ 70 ਕਿ.ਮੀ. ਪੰਧ ਤਹਿ ਕਰਕੇ ਸਤਗਾਓ ਪਹੁੰਚੇ। ਓਨੀ ਦਿਨੀ ਸਤਗਾਓ ਵਿਖੇ ਚਾਰ ਪੰਜ ਬਹੁਤ ਹੀ ਖੂਬਸੂਰਤ ਮੰਦਰ ਸਨ ਜਿਹੜੇ ਕਿ 13 ਤੇ 14ਵੀ ਸ਼ਤਾਬਦੀ ਬਣੇ ਹੋਏ ਹਨ। ਇਨਾਂ ਵਿਚੋਂ ਇੱਕ ਜੈਨ ਮੰਦਰ ਹੈ। ਇਥੋਂ ਦੀ ਕੀ ਕਹਾਣੀ ਸੀ, ਕਿਓ ਇਹ ਸ਼ਹਿਰ ਬਾਦ ਵਿੱਚ ਬੇਅਬਾਦ ਹੋ ਗਇਆ ਕਿਸੇ ਨੂੰ ਕੁਝ ਪਤਾ ਨਹੀ ਪਰ ਗੁਰੂ ਸਾਹਿਬ ਦੀ ਫੇਰੀ ਮੌਕੇ ਇਥੇ ਖੂਬ ਰੌਣਕਾਂ ਸਨ। ਇਹ ਮੰਦਰ ਵੀ ਚਲੂਕਿਆਂ ਖਾਨਦਾਨ ਦੇ ਰਾਜਿਆਂ ਨੇ ਹੀ ਤਾਮੀਰ ਕਰਵਾਏ।

—◈—

ਅਕੋਲਾ - ਸਤਗਾਓ ਤੋਂ ਬੁਲਢਾਣਾ (25 ਕਿ.ਮੀ) , ਖਾਮਗਾਓ (43 ਕਿ.ਮੀ), ਬਾਲਾਪੁਰ (27 ਕਿ.ਮੀ) ਹੁੰਦੇ ਹੋਏ ਸਾਹਿਬ ਅਕੋਲਾ (25 ਕਿ.ਮੀ) ਪਹੁੰਚੇ। ਅਕੋਲਾ ਵਿਖੇ ਰਾਜ ਰਾਜੇਸ਼ਵਰ ਮੰਦਰ ਪਹੁੰਚ ਜਦੋਂ ਪੁਜਾਰੀਆਂ ਨੂੰ ਨਾਮ ਦੀ ਮਹਿਮਾ ਤੋਂ ਜਾਣੂ ਕਰਵਾਉਣਾ ਚਾਹਿਆ ਤਾਂ ਉਨਾਂ ਹੰਕਾਰ ਵਿੱਚ ਆ ਕੇ ਕਿਹਾ ਕਿ ਤੁਸੀ ਸਾਨੂੰ ਕੀ ਦੱਸੋਗੇ ਜਿੱਥੇ ਤੁਸੀ ਖੜੇ ਹੋ ਇਹ ਪਵਿਤ੍ਰ ਅਸਥਾਨ ਤਾਂ ਮਹਾਂਭਾਰਤ ਦੇ ਕਾਲ ਤੋਂ ਚਲਿਆ ਆ ਰਿਹਾ ਹੈ। ਆਪ ਸ਼ਿਵ ਜੀ ਭਗਵਾਨ ਇਥੇ ਆਏ ਸਨ। ਗੁਰੂ ਸਾਹਿਬ ਨੇ ਪੰਡਤਾਂ ਨੂੰ ਸਮਝਾਇਆਂ ਕਿ ਭਾਈ ਮਿਥਹਾਸ ਤੋਂ ਉਪਰ ਉਠੋ। ਉਸ ਭਗਵਾਨ ਨੂੰ ਮੰਨੋ ਜਿਹੜਾ ਚਿਰੰਜੀਵ ਹੈ ਸਦਾ ਹੀ ਜੀਵਤ ਹੈ ਜੋ ਮਰਦਾ ਨਹੀ ਜਨਮਦਾ ਨਹੀ। ਜਿਹੜਾ ਜਾਤਾਂ ਧਰਮਾਂ ਜੋਨੀਆਂ ਦੇ ਬੰਧਨ ਤੋਂ ਉਤੇ ਹੈ। ਉਹਦੀ ਜਗਦੀ ਜੋਤ ਤੁਸੀ ਘਟ ਘਟ ਵਿੱਚ ਵੇਖੋ। ਅਕੋਲਾ ਅਕੋਲਾ ਨਾਂ ਕਰੋ। ਅਕੁਲ ਕਹੋ। ਉਸ ਨਿਰੰਕਾਰ ਦੀ ਸ਼ਰਨੀ ਆਓ ਜੋ ਅਕੁਲ ਹੈ ਕਿਸੇ ਕੁਲ ਵਿੱਚ ਨਹੀ ਆਇਆ। ਸਾਹਿਬ ਨੇ ਸ਼ਬਦ ਉਚਾਰਿਆ:-

ਸੋਰਠਿ ਮਹਲਾ ੧ ॥ ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ ॥ ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ ॥੧॥ ਸਾਚੇ ਸਚਿਆਰ ਵਿਟਹੁ ਕੁਰਬਾਣੁ ॥ ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ ॥ ਰਹਾਉ ॥ ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ ॥ ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ ॥੨॥ ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ॥ ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ ॥੩॥ ਜੰਤ ਉਪਾਇ ਕਾਲੁ ਸਿਰਿ ਜੰਤਾ ਵਸਗਤਿ ਜੁਗਤਿ ਸਬਾਈ ॥ ਸਤਿਗੁਰੁ ਸੇਵਿ ਪਦਾਰਥੁ ਪਾਵਹਿ ਛੂਟਹਿ ਸਬਦੁ ਕਮਾਈ ॥੪॥ ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ ॥ ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ ॥੫॥੬॥

ਏਥੇ ਜੈਨ ਮੰਦਰਾਂ ਵਿੱਚ ਵੀ ਜਾ ਕੇ ਨਿਰੰਕਾਰ ਦੇ ਨਾਮ ਦਾ ਪ੍ਰਚਾਰ ਕੀਤਾ। ਇਥੋਂ ਦੇ ਰਾਜੇ ਨੂੰ ਵੀ ਮਿਲੇ।

ਅੱਗੇ ਅਮਰਾਵਤੀ ਵਲ ਰਵਾਨਾ ਹੋ ਗਏ।

—◈—

ਅਮਰਾਵਤੀ - ਅਕੋਲਾ ਤੋਂ 100 ਕਿ. ਮੀ. ਦਾ ਪੈਂਡਾ ਤਹਿ ਕਰਕੇ ਸਾਹਿਬ ਹਿੰਦੂਮਤ ਦੇ ਪ੍ਰਸਿੱਧ ਤੀਰਥ ਅਸਥਾਨ ਅਮਰਾਵਤੀ ਪਹੁੰਚੇ। ਇੱਕ ਸਦੀ ਪਹਿਲਾਂ ਇਥੇ ਬੜਾ ਭਿਅੰਕਰ ਕਾਲ ਪਿਆ ਸੀ। ਲੋਕੀ ਇਥੋਂ ਉਠ ਕੇ ਮਾਲਵਾ (ਮੱਧ ਪ੍ਰਦੇਸ਼) ਤੇ ਗੁਜਰਾਤ ਵਲ ਹਿਜਰਤ ਕਰ

ਸਤਗਾਓ ਦਾ ਵਿਸ਼ਨੂ ਮੰਦਰ

ਗਏ ਸਨ। ਗੁਰੂ ਸਾਹਿਬ ਦੀ ਆਮਦ ਵੇਲੇ ਕੁਝ ਪਰਤ ਵੀ ਰਹੇ ਸਨ। ਅਮਰਾਵਤੀ ਓਨੀ ਦਿਨੀ ਰਿਆਸਤੀ ਰਾਜਧਾਨੀ ਤੇ ਹਿੰਦੂ ਤੇ ਜੈਨ ਮੰਦਰ (1097 ਈ. ਬਣਤਰ) ਲਈ ਪ੍ਰਸਿਧ ਸੀ। ਗੁਰੂ ਸਾਹਿਬ ਨੇ ਇਨਾਂ ਮੰਦਰਾਂ ਦੇ ਦਰਸ਼ਨ ਕੀਤੇ ਖਾਸ ਕਰਕੇ ਅੰਬਾਦੇਵੀ ਮੰਦਰ ਦੇ। ਇਹ ਉਹ ਅਸਥਾਨ ਹੈ ਜਿਥੋਂ ਭਗਵਾਨ

ਅਕੋਲਾ ਦਾ ਰਾਜ ਰਾਜੇਸ਼ਵਰ ਮੰਦਰ

ਕ੍ਰਿਸ਼ਨ ਰੁਕਮਣੀ ਨੂੰ ਕੱਢ ਕੇ ਲੈ ਗਇਆ ਸੀ ਕਿਉਕਿ ਰੁਕਮਣੀ ਦਾ ਭਰਾ ਉਨੂੰ ਰਾਜਾ ਸ਼ਿਸ਼ੂਪਾਲ ਨਾਲ ਵਿਆਉਣ ਤੇ ਉਤਾਰੂ ਸੀ। ਇਥੇ ਵੀ ਗੁਰੂ ਸਾਹਿਬ ਨੇ ਲੋਕਾਂ ਨੂੰ ਜੁਗਾਂ ਜੁਗਾਂ ਦੇ ਰਾਜਿਆਂ ਤੇ ਮਿਥਿਹਾਸਕ ਪਾਤ੍ਰਾਂ ਨੂੰ ਪੂਜਣ ਦੇ ਬਿਜਾਏ ਸਰਬਵਿਆਪਕ ਨਿਰੰਕਾਰ ਦੇ ਨਾਮ ਨਾਲ ਜੁੜਨ ਦਾ ਉਪਦੇਸ ਦਿੱਤਾ।

ਸਾਹਿਬ ਨੇ ਉਪਦੇਸ਼ ਕੀਤਾ ਕੇ ਜੇ ਸੱਚ ਮੁਚ ਅਮਰਾਪੁਰੀ ਦੇ ਨਿਵਾਸੀ ਬਣਨਾ ਹੈ ਤਾਂ ਉਸ ਅਮਰ ਨਿਰੰਕਾਰ ਦੀ ਸ਼ਰਨ ਵਿੱਚ ਆਓ ਤੇ ਉਸ ਦੀ ਪਵਿਤਰ ਹੋਂਦ ਸਮਝੋ:-

ਮਾਰੂ ਮਹਲਾ ੧ ॥ ਦੂਜੀ ਦੁਰਮਤਿ ਅੰਨੀ ਬੋਲੀ ॥ ਕਾਮ ਕ੍ਰੋਧ ਕੀ ਕਚੀ ਚੋਲੀ ॥ ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥੧॥ ਅੰਤਰਿ ਅਗਨਿ ਜਲੈ ਭੜਕਾਰੇ ॥ ਮਨਮੁਖੁ ਤਕੇ ਕੁੰਡਾ ਚਾਰੇ ॥ ਬਿਨੁ ਸਤਿਗੁਰ ਸੇਵੇ ਕਿਉ ਸੁਖੁ ਪਾਈਐ ਸਾਚੇ ਹਾਥਿ ਵਡਾਈ ਹੇ ॥੨॥ ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ ਤਸਕਰ ਪੰਚ ਸਬਦਿ ਸੰਘਾਰੇ ॥ ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥੩॥ ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥ ਮੂਰਤਿ ਸੂਰਤਿ ਕਰਿ ਆਪਾਰਾ ॥ ਜੋਤਿ ਦਾਤਿ ਜੇਤੀ ਸਭ ਤੇਰੀ ਤੂ ਕਰਤਾ ਸਭ ਠਾਈ ਹੇ ॥੪॥ ਤੁਝ ਹੀ ਕੀਆ ਜੰਮਣ ਮਰਣਾ ॥ ਗੁਰ ਤੇ ਸਮਝ ਪੜੀ ਕਿਆ ਡਰਣਾ ॥ ਤੂ ਦਇਆਲੁ ਦਇਆ ਕਰਿ ਦੇਖਹਿ ਦੁਖੁ ਦਰਦੁ ਸਰੀਰਹੁ ਜਾਈ ਹੇ ॥੫॥ ਨਿਜ ਘਰਿ ਬੈਸਿ ਰਹੇ ਭਉ ਖਾਇਆ ॥ ਧਾਵਤ ਰਾਖੇ ਠਾਕਿ ਰਹਾਇਆ ॥ ਕਮਲ ਬਿਗਾਸ ਹਰੇ ਸਰ ਸੁਭਰ ਆਤਮ ਰਾਮੁ ਸਖਾਈ ਹੇ ॥੬॥ ਮਰਣੁ ਲਿਖਾਇ ਮੰਡਲ ਮਹਿ ਆਏ ॥ ਕਿਉ ਰਹੀਐ ਚਲਣਾ ਪਰਥਾਏ ॥ ਸਚਾ ਅਮਰੁ ਸਚੇ ਅਮਰਾਪੁਰਿ ਸੋ ਸਚੁ ਮਿਲੈ ਵਡਾਈ ਹੇ ॥੭॥ ਆਪਿ ਉਪਾਇਆ ਜਗਤੁ ਸਬਾਇਆ ॥ ਜਿਨਿ ਸਿਰਿਆ ਤਿਨਿ ਧੰਧੈ ਲਾਇਆ ॥ ਸਚੈ ਊਪਰਿ ਅਵਰ ਨ ਦੀਸੈ ਸਾਚੇ ਕੀਮਤਿ ਪਾਈ ਹੇ ॥੮॥ ਐਥੈ ਗੋਇਲੜਾ ਦਿਨ ਚਾਰੇ ॥ ਖੇਲੁ ਤਮਾਸਾ ਧੁੰਧੂਕਾਰੇ ॥ ਬਾਜੀ ਖੇਲਿ ਗਏ ਬਾਜੀਗਰ ਜਿਉ ਨਿਸਿ ਸੁਪਨੈ ਭਖਲਾਈ ਹੇ ॥੯॥ ਤਿਨ ਕਉ ਤਖਤਿ ਮਿਲੀ ਵਡਿਆਈ ॥ ਨਿਰਭਉ ਮਨਿ ਵਸਿਆ ਲਿਵ ਲਾਈ ॥ ਖੰਡੀ ਬ੍ਰਹਮੰਡੀ ਪਾਤਾਲੀ ਪੁਰੀਈ ਤ੍ਰਿਭਵਣ ਤਾੜੀ ਲਾਈ ਹੇ ॥੧੦॥ ਸਾਚੀ ਨਗਰੀ ਤਖਤੁ ਸਚਾਵਾ ॥ ਗੁਰਮੁਖਿ ਸਾਚੁ ਮਿਲੈ ਸੁਖੁ ਪਾਵਾ ॥ ਸਾਚੇ ਸਾਚੈ ਤਖਤਿ ਵਡਾਈ ਹਉਮੈ ਗਣਤ ਗਵਾਈ ਹੇ ॥੧੧॥ ਗਣਤ ਗਣੀਐ ਸਹਸਾ ਜੀਐ ॥ ਕਿਉ ਸੁਖੁ ਪਾਵੈ ਦੂਐ ਤੀਐ ॥ ਨਿਰਮਲੁ ਏਕੁ ਨਿਰੰਜਨੁ ਦਾਤਾ ਗੁਰ ਪੂਰੇ ਤੇ ਪਤਿ ਪਾਈ ਹੇ ॥੧੨॥ ਜੁਗਿ ਜੁਗਿ ਵਿਰਲੀ ਗੁਰਮੁਖਿ ਜਾਤਾ ॥ ਸਾਚਾ ਰਵਿ ਰਹਿਆ ਮਨੁ ਰਾਤਾ ॥ ਤਿਸ ਕੀ ਓਟ ਗਹੀ ਸੁਖੁ ਪਾਇਆ ਮਨਿ ਤਨਿ ਮੈਲੁ ਨ ਕਾਈ ਹੇ ॥੧੩॥ ਜੀਭ ਰਸਾਇਣਿ ਸਾਚੈ ਰਾਤੀ ॥ ਹਰਿ ਪ੍ਰਭੁ ਸੰਗੀ ਭਉ ਨ ਭਰਾਤੀ ॥ ਸੂਵਣ ਸੋਤ ਰਜੇ ਗੁਰਬਾਣੀ ਜੋਤੀ ਜੋਤਿ ਮਿਲਾਈ ਹੇ ॥੧੪॥ ਰਖਿ ਰਖਿ ਪੈਰ ਧਰੇ ਪਉ ਧਰਣਾ ॥ ਜਤ ਕਤ ਦੇਖਉ ਤੇਰੀ ਸਰਣਾ ॥ ਦੁਖੁ ਸੁਖੁ ਦੇਹਿ ਤੂਹੈ ਮਨਿ ਭਾਵਹਿ ਤੁਝ ਹੀ ਸਿਉ ਬਣਿ ਆਈ ਹੇ ॥੧੫॥ ਅੰਤ ਕਾਲਿ ਕੋ ਬੇਲੀ ਨਾਹੀ ॥ ਗੁਰਮੁਖਿ ਜਾਤਾ ਤੁਧੁ ਸਾਲਾਹੀ ॥ ਨਾਨਕ ਨਾਮਿ ਰਤੇ ਬੈਰਾਗੀ ਨਿਜ ਘਰਿ ਤਾੜੀ ਲਾਈ ਹੇ ॥੧੬॥੩॥

—◈—

ਕੌਂਡਨਿਆਪੁਰ- ਅਮਰਾਵਤੀ ਤੋਂ ਪੂਰਬ ਪਾਸੇ 40 ਕਿ.ਮੀ. ਦਾ ਪੈਂਡਾ ਕਰਕੇ ਸਾਹਿਬ ਕੌਂਡਨਿਆਪੁਰ (ਕੁੰਦਨਾਪੁਰੀ- ਮਹਾਂਭਾਰਤ) ਪਹੁੰਚੇ ਜਿਥੋਂ ਦੀ ਮਹਾਭਾਰਤ ਕਥਾ ਦੀ ਰੁਕਮਣੀ ਦੇਵੀ ਹੋਈ ਹੈ ਜੋ ਭਗਵਾਨ ਕ੍ਰਿਸ਼ਨ ਦੀ ਰਾਣੀ ਸੀ। ਜਿਵੇ ਮੱਧ ਕਾਲ ਵਿੱਚ ਬੁਹਰਾਨਪੁਰ ਦੱਖਣ ਦਾ ਦਰਵਾਜਾ ਗਿਣਿਆ ਜਾਂਦਾ ਸੀ ਮਹਾਂਭਾਰਤ ਕਾਲ ਵਿੱਚ ਕੁੰਦਨਾਪੁਰੀ ਦੱਖਣ-ਦਰਵਾਜਾ ਗਿਣੀ ਜਾਂਦੀ ਸੀ। ਇਥੋਂ ਹੀ ਫਿਰ ਦੱਖਣ ਤੇ ਅਯੁਧਿਆ, ਉਜੈਨ ਨੂੰ ਰਾਹ ਜਾਂਦੇ ਸਨ। ਅੱਜ ਇਹ ਕੌਂਦਨਿਆਪੁਰ ਕਰਕੇ ਜਾਣੀ ਜਾਂਦੀ ਹੈ ਤੇ ਜਿਲਾ ਅਮਰਾਵੱਤੀ ਦਾ ਛੋਟਾ ਜਿਹਾ ਕਸਬਾ ਰਹਿ ਗਇਆ ਹੈ। ਮਹਾਂਭਾਰਤ ਵਿੱਚ ਦਰਿਆ ਵਰਦਯਾਨੀ ਲਿਖਿਆ ਹੈ ਪਰ ਮੌਜੂਦਾ ਦਰਿਆ ਦਾ ਨਾਂ ਵਰਧਾ ਹੈ।

ਕੌਂਡਨਿਆਪੁਰ ਤੋਂ ਅੱਗੇ 95 ਕਿ. ਮੀ ਦਾ ਸਫਰ ਕਰਕੇ ਸਾਹਿਬ ਅਡਾਸਾ ਪਹੁੰਚੇ ਤੇ ਅੱਗੇ ਹੋਰ 40 ਕਿ. ਮੀ. ਚਲ ਕੇ ਰਾਮਟੇਕ ।

—◈—

ਰਾਮਟੇਕ – ਜਦੋ ਰਾਮਭੱਜ ਪਟੇਲ ਨੇ ਗਲੋਂ ਪੱਥਰ ਲਾਹ ਮਾਰਿਆ

- ਇਹ ਨਾਗਪੁਰ ਤੋਂ ਕੋਈ 40 ਕਿਲੋਮੀਟਰ ਹੈ। ਇਹ ਉਹ ਜਗਾਂ ਹੈ ਜਿੱਥੇ ਭਗਵਾਨ ਰਾਮ ਨੇ ਸੌਂਹ (ਟੇਕ- ਮਰਾਠੀ) ਖਾਧੀ ਕਿ ਇਲਾਕੇ ਵਿੱਚ ਕੋਈ ਦੈਂਤ ਜੀਂਦਾ ਨਹੀ ਛੱਡਣਾ। ਕਿਉਕਿ ਇਸ ਥਾਂ ਤੇ ਦੈਂਤਾ ਨੇ ਕਈ ਸਾਧੂ ਮਾਰ ਖਾਧੇ ਸਨ। ਭਗਵਾਨ ਰਾਮ ਆਪਣੇ ਬਣਵਾਸ ਦੇ ਦੌਰਾਨ ਕੁਝ ਸਮਾਂ ਏਥੇ ਵੀ ਰਹੇ ਸਨ। ਇਥੇ ਹੀ ਹਿੰਦੂਮਤ ਦੇ ਮਹਾਨ ਵਿਦਵਾਨ ਰਿਸ਼ੀ ਅਗਸਤ ਦਾ ਨਿਵਾਸ ਹੋਇਆ ਹੈ। ਇਹ ਮਾਨਤਾ ਹੈ ਕਿ ਕਵੀ ਕਾਲੀਦਾਸ ਨੇ 'ਮੇਗਦੂਤ' ਨਾਟਕ ਵੀ ਇਥੇ ਹੀ ਲਿਖਿਆ ਸੀ।

ਤੇ ਲਓ ਇਥੇ ਪੰਡਤਾਂ ਨੇ ਲੋਕਾਂ ਦੇ ਗਲੀਂ ਫਾਹ ਪਾਏ ਹੋਏ ਸਨ। ਹਰ ਕੋਈ 5-5 ਸੇਰ ਦੀਆਂ ਪੱਥਰ ਦੀ ਸਿਲ ਗਲ ਵਿੱਚ ਪਾਈ ਫਿਰਦਾ ਸੀ ਜਿਸ ਤੇ ਪੈਰਾਂ ਦੇ ਨਿਸ਼ਾਨ ਵਰਗੇ ਹੁੰਦੇ ਸਨ। ਪੁੱਛਣ ਤੇ ਪਤਾ ਲੱਗਾ ਕਿ ਇਹ ਭਗਵਾਨ ਰਾਮ ਦੀ ਚਰਨ ਪਾਦੁਕਾ ਹੈ। ਇਨੂੰ ਗਲ ਵਿੱਚ ਪਾਇਆਂ ਜਮਦੂਤ ਨੇੜੇ ਨਹੀ ਆਉਦਾ। ਸਿਰਫ ਏਨਾ ਹੀ ਨਹੀ: ਹਰ ਕੋਈ ਮੱਥੇ, ਡੌਲਿਆਂ ਤੇ ਛਾਤੀ ਤੇ ਵੀ ਚੰਦਨ ਨਾਲ ਚਰਨ ਪਾਦੁਕਾ ਵਾਹੀ ਫਿਰਦਾ ਸੀ। ਮਰਦਾਨਾ ਵੇਖ ਤਾਂ ਖਿੜ ਖਿੜਾ ਕੇ ਹੱਸੇ। ਬਾਬੇ ਕਿਹਾ ਮਰਦਾਨਿਆਂ ਇਹ ਪਾਉਣ ਵਾਲੇ ਦਾ

ਵਿੱਠਲ_ਰੁਕਮਣੀ ਮੰਦਰ ਕੌਂਡਨਿਆਪੁਰ

ਕਸੂਰ ਨਹੀ, ਕਸੂਰ ਪਵਾਉਣ ਵਾਲੇ ਦਾ ਹੈ। ਧਰਮ ਦੇ ਪ੍ਰਚਾਰਕ ਹੀ ਅਗਿਆਨੀ ਹਨ। ਮਰਦਾਨਿਆਂ ਇਨਾਂ ਲੋਕਾਂ ਤੇ ਤਰਸ ਕਰੋ। ਹੱਸੋ ਨਹੀ।

ਪ੍ਰਸਿੱਧੀ ਤਾਂ ਗੁਰੂ ਸਾਹਿਬ ਦੀ ਇਲਾਕੇ ਵਿੱਚ ਹੋ ਹੀ ਚੁੱਕੀ ਸੀ। ਗੁਰੂ ਸਾਹਿਬ ਨੇ ਐਲਾਨ ਕਰ ਦਿੱਤਾ ਕਿ ਉਹ ਲੋਕਾਈ ਦੇ ਦੁੱਖ ਦੂਰ ਕਰ ਦੇਣਗੇ। ਜਮ ਵੀ ਨੇੜੇ ਨਹੀ ਆਏਗਾ। ਇੱਕ ਦਿਨ ਫਿਰ ਵੱਡੇ ਮੇਲੇ ਤੇ ਗੁਰੂ ਸਾਹਿਬ ਨੇ ਚੜ੍ਹਦੀ ਕਲ੍ਹਾ ਦਾ ਸਿਧਾਂਤ ਸਭ ਲੋਕਾਂ ਨੂੰ ਸਮਝਾਇਆ ਤੇ ਸਤਿਕਰਤਾਰ, ਸਤਿਗੁਰੂ ਵਾਹਿਗੁਰੂ ਨਾਮ ਦੇ ਲੜ ਲਾਇਆ। ਸਾਰੀ ਸਭਾ ਕੀਲ ਕੇ ਫਿਰ ਐਲਾਨ ਕੀਤਾ ਕਿ ਲਾਹ ਦਿਓ ਹੁਣੇ ਇਹ ਪੱਥਰ, ਮਿਟਾ ਦਿਓ

ਰਾਮਟੇਕ

ਆਹ ਚਿੰਨ੍ਹ ਚਿਹਨ। ਰਾਮ ਦੇ ਨਾਮ ਦੀ ਸਿਲ ਗਲ ਨਹੀ ਹਿਰਦੇ ਵਿੱਚ ਪਾਓ।

ਓਦੋਂ ਫਿਰ ਰਾਮਭੱਜ ਪਟੇਲ ਨਾਮੀ ਬੰਦਾ ਸਭ ਤੋਂ ਪਹਿਲਾਂ ਅੱਗੇ ਆਇਆ ਤੇ ਗਲੋਂ ਪੱਥਰ ਲਾਹ ਕੇ ਔਹ ਮਾਰਿਆ। ਵੇਖਾ ਵੇਖੀ ਫਿਰ ਹਰ ਕੋਈ ਅਜਾਦ ਹੋ ਗਿਆ। ਸੁਖ ਦਾ ਸਾਹ ਲਿਆ। ਬੋਲੇ ਸੋ ਨਿਹਾਲ ਦੇ ਜੈਕਾਰੇ ਨਾਲ ਰਾਮਟੇਕ ਦੀ ਪਹਾੜੀ ਗੂੰਜ ਉਠੀ।

ਸੋ ਇਸ ਪ੍ਰਕਾਰ ਗੁਰੂ ਸਾਹਿਬ ਨੇ ਇਥੇ ਲੋਕਾਈ, ਸਾਧੂ ਸੰਤਾਂ ਤੇ ਜੈਨ ਰਿਸ਼ੀ ਮੁਨੀਆਂ ਨੂੰ ਇੱਕ ਨਿਰੰਕਾਰ ਦੀ ਹੋਂਦ ਦਾ ਸੁਨੇਹਾ ਦਿੱਤਾ। ਇਥੇ ਵੀ ਧਰਮਸਾਲ ਬਣ ਗਈ ਸੀ ਜੋ 19ਵੀ ਸਦੀ ਤੱਕ ਕਾਇਮ ਰਹੀ। ਸੁਰਿੰਦਰ ਸਿੰਘ ਕੋਹਲੀ ਨੇ ਲਿਖਿਆ ਹੈ ਕਿ ਰਾਮਟੇਕ ਵਿਖੇ ਗੁਰੂ ਸਾਹਿਬ ਦੀ ਯਾਦਗਾਰ ਵੀ ਬਣੀ ਹੋਈ ਹੈ। ਅਸੀ ਪੁੱਛ ਪੜਤਾਲ ਕੀਤੀ ਤੇ ਪਤਾ ਲੱਗਾ ਕਿ ਅੱਜ ਇਥੇ ਕੋਈ ਗੁਰਦਵਾਰਾ ਨਹੀ ਹੈ। ਹੋ ਸਕਦਾ ਸਿੱਖ ਉਦਾਸੀਆਂ ਦੇ ਪਤਨ ਕਾਰਨ ਅਲੋਪ ਹੋ ਗਿਆ ਹੋਵੇ।

ਰਾਮਟੇਕ ਵਿਖੇ ਸਾਹਿਬ ਨੇ ਸਾਧੂ ਸੰਤਾਂ ਦੀ ਮੌਜੂਦਗੀ ਵਿੱਚ ਬਹੁਤ ਬਾਣੀ ਰਚੀ। ਮਰਦਾਨੇ ਦੀ ਰਬਾਬ ਦੀ ਧੁੰਨ ਪਹਾੜੀ ਤੋਂ ਦੂਰ ਦੂਰ ਤੱਕ ਸੁਣਾਈ ਦਿਆ ਕਰਦੀ ਸੀ। ਗੁਰੂ ਸਾਹਿਬ ਵੀ ਉੱਚੀ ਅਵਾਜ ਵਿੱਚ ਗਾਇਆ ਕਰਦੇ ਸਨ। ਰਾਮਟੇਕ ਤਾਂ ਸੱਚਮੁੱਚ ਸੱਚਖੰਡ ਬਣ ਚੁੱਕਾ ਸੀ।

ਮਾਰੂ ਮਹਲਾ ੧ ॥ ਸਰਣਿ ਪਰੇ ਗੁਰਦੇਵ ਤੁਮਾਰੀ ॥ ਤੂ ਸਮਰਥੁ ਦਇਆਲੁ ਮੁਰਾਰੀ ॥ ਤੇਰੇ ਚੋਜ ਨ ਜਾਣੈ ਕੋਈ ਤੂ ਪੂਰਾ ਪੁਰਖੁ ਬਿਧਾਤਾ ਹੇ ॥੧॥ ਤੂ ਆਦਿ ਜੁਗਾਦਿ ਕਰਹਿ ਪ੍ਰਤਿਪਾਲਾ ॥ ਘਟਿ ਘਟਿ ਰੂਪੁ ਅਨੂਪੁ ਦਇਆਲਾ ॥ ਜਿਉ ਤੁਧੁ ਭਾਵੈ ਤਿਵੈ ਚਲਾਵਹਿ ਸਭੁ ਤੇਰੋ ਕੀਆ ਕਮਾਤਾ ਹੇ ॥੨॥ ਅੰਤਰਿ ਜੋਤਿ ਭਲੀ ਜਗਜੀਵਨ ॥ ਸਭਿ ਘਟ ਭੋਗੈ ਹਰਿ ਰਸੁ ਪੀਵਨ ॥ ਆਪੇ ਲੇਵੈ ਆਪੇ ਦੇਵੈ ਤਿਹੁ ਲੋਈ ਜਗਤ ਪਿਤ ਦਾਤਾ ਹੇ ॥੩॥ ਜਗਤੁ ਉਪਾਇ ਖੇਲੁ ਰਚਾਇਆ ॥ ਪਵਣੈ ਪਾਣੀ ਅਗਨੀ ਜੀਉ ਪਾਇਆ ॥ ਦੇਹੀ ਨਗਰੀ ਨਉ ਦਰਵਾਜੇ ਸੋ ਦਸਵਾ ਗੁਪਤੁ ਰਹਾਤਾ ਹੇ ॥੪॥ ਚਾਰਿ ਨਦੀ ਅਗਨੀ ਅਸਰਾਲਾ ॥ ਕੋਈ ਗੁਰਮੁਖਿ ਬੂਝੈ ਸਬਦਿ ਨਿਰਾਲਾ ॥ ਸਾਕਤ ਦੁਰਮਤਿ ਡੂਬਹਿ ਦਾਝਹਿ ਗੁਰਿ ਰਾਖੇ ਹਰਿ ਲਿਵ ਰਾਤਾ ਹੇ ॥੫॥ ਅਪੁ ਤੇਜੁ ਵਾਇ ਪ੍ਰਿਥਮੀ ਆਕਾਸਾ ॥ ਤਿਨ ਮਹਿ ਪੰਚ ਤਤੁ ਘਰਿ ਵਾਸਾ ॥ ਸਤਿਗੁਰ ਸਬਦਿ ਰਹਹਿ ਰੰਗਿ ਰਾਤਾ ਤਜਿ ਮਾਇਆ ਹਉਮੈ ਭ੍ਰਾਤਾ ਹੇ ॥੬॥ ਇਹੁ ਮਨੁ ਭੀਜੈ ਸਬਦਿ ਪਤੀਜੈ ॥ ਬਿਨੁ ਨਾਵੈ ਕਿਆ ਟੇਕ ਟਿਕੀਜੈ ॥ ਅੰਤਰਿ ਚੋਰੁ ਮੁਹੈ ਘਰੁ ਮੰਦਰੁ ਇਨਿ ਸਾਕਤਿ ਦੂਤੁ ਨ ਜਾਤਾ ਹੇ ॥੭॥ ਦੁੰਦਰ ਦੂਤ ਭੂਤ ਭੀਹਾਲੇ ॥ ਖਿੰਚੋਤਾਣਿ ਕਰਹਿ ਬੇਤਾਲੇ ॥ ਸਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੇ ॥੮॥ ਕੂੜੁ ਕਲਰੁ ਤਨੁ ਭਸਮੈ ਢੇਰੀ ॥ ਬਿਨੁ ਨਾਵੈ ਕੈਸੀ ਪਤਿ ਤੇਰੀ ॥ ਬਾਧੇ ਮੁਕਤਿ ਨਾਹੀ ਜੁਗ ਚਾਰੇ ਜਮਕੰਕਰਿ ਕਾਲਿ ਪਰਾਤਾ ਹੇ ॥੯॥ ਜਮ ਦਰਿ ਬਾਧੇ ਮਿਲਹਿ ਸਜਾਈ ॥ ਤਿਸੁ ਅਪਰਾਧੀ ਗਤਿ ਨਹੀ ਕਾਈ ॥ ਕਰਣ ਪਲਾਵ ਕਰੇ ਬਿਲਲਾਵੈ ਜਿਉ ਕੁੰਡੀ ਮੀਨੁ ਪਰਾਤਾ ਹੇ ॥੧੦॥ ਸਾਕਤੁ ਫਾਸੀ ਪੜੈ ਇਕੇਲਾ ॥ ਜਮ ਵਸਿ ਕੀਆ ਅੰਧੁ ਦੁਹੇਲਾ ॥ ਰਾਮ ਨਾਮ ਬਿਨੁ ਮੁਕਤਿ ਨ ਸੂਝੈ ਆਜੁ ਕਾਲਿ ਪਚਿ ਜਾਤਾ ਹੇ ॥੧੧॥ ਸਤਿਗੁਰ ਬਾਝੁ ਨ ਬੋਲੀ ਕੋਈ ॥ ਐਥੈ ਓਥੈ ਰਾਖਾ ਪ੍ਰਭੁ ਸੋਈ ॥ ਰਾਮ ਨਾਮੁ ਦੇਵੈ ਕਰਿ ਕਿਰਪਾ ਇਉ ਸਲਲੈ ਸਲਲ ਮਿਲਾਤਾ ਹੇ ॥੧੨॥ ਭੂਲੇ ਸਿਖ ਗੁਰੂ ਸਮਝਾਏ ॥ ਉਝੜਿ ਜਾਦੇ ਮਾਰਗਿ ਪਾਏ ॥ ਤਿਸੁ ਗੁਰ ਸੇਵਿ ਸਦਾ ਦਿਨੁ ਰਾਤੀ ਦੁਖ ਭੰਜਨ ਸੰਗਿ ਸਖਾਤਾ ਹੇ ॥੧੩॥ ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥ ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥ ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥ ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥ ਭੋਜਨ ਗਿਆਨੁ ਮਹਾ ਰਸੁ ਮੀਠਾ ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥ ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥ ਸਤਿਗੁਰੁ ਸੇਵਹਿ ਸੇ ਪਰਧਾਨਾ ॥ ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥ ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥

ਸਾਧੂਆਂ, ਪੰਡਤਾਂ, ਜੈਨ ਮੁੰਨੀਆਂ ਨੂੰ ਇਹੋ ਉਪਦੇਸ਼ ਦਿੱਤਾ ਕਿ ਲੋਕਾਂ ਨੂੰ ਕੁਰਾਹੇ ਨਾਂ ਪਾਓ। ਲੋਕਾਈ ਨੂੰ ਪ੍ਰਭੂ ਦੀ ਰਜਾ ਵਿੱਚ ਚਲਣ ਦਾ ਉਪਦੇਸ਼ ਦਿਓ। ਆਪ ਅਨੰਦਤ ਹੋ ਜਾਓ ਤੇ ਲੋਕਾਈ ਨੂੰ ਸੁਖ ਦਿਓ:

ਗਉੜੀ ਮਹਲਾ ੧ ॥ ਕਾਮੁ ਕ੍ਰੋਧੁ ਮਾਇਆ ਮਹਿ ਚੀਤੁ ॥ ਝੂਠ ਵਿਕਾਰਿ ਜਾਗੈ ਹਿਤ ਚੀਤੁ ॥ ਪੂੰਜੀ ਪਾਪ ਲੋਭ ਕੀ ਕੀਤੁ ॥ ਤਰੁ ਤਾਰੀ ਮਨਿ ਨਾਮੁ ਸੁਚੀਤੁ ॥੧॥ ਵਾਹੁ ਵਾਹੁ ਸਾਚੇ ਮੈ ਤੇਰੀ ਟੇਕ ॥ ਹਉ ਪਾਪੀ ਤੂੰ ਨਿਰਮਲੁ ਏਕ ॥੧॥ ਰਹਾਉ ॥ ਅਗਨਿ ਪਾਣੀ ਬੋਲੈ ਭੜਵਾਉ ॥ ਜਿਹਵਾ ਇੰਦ੍ਰੀ ਏਕੁ ਸੁਆਉ ॥ ਦਿਸਟਿ ਵਿਕਾਰੀ ਨਾਹੀ ਭਉ ਭਾਉ ॥ ਆਪੁ ਮਾਰੇ ਤਾ ਪਾਏ ਨਾਉ ॥੨॥ ਸਬਦਿ ਮਰੈ ਫਿਰਿ ਮਰਣੁ ਨ ਹੋਇ ॥ ਬਿਨੁ ਮੂਏ ਕਿਉ ਪੂਰਾ ਹੋਇ ॥ ਪਰਪੰਚਿ ਵਿਆਪਿ ਰਹਿਆ ਮਨੁ ਦੋਇ ॥ ਥਿਰੁ ਨਾਰਾਇਣੁ ਕਰੇ ਸੁ ਹੋਇ ॥੩॥ ਬੋਹਿਥਿ ਚੜਉ ਜਾ ਆਵੈ ਵਾਰੁ ॥ ਠਾਕੇ ਬੋਹਿਥ ਦਰਗਹ ਮਾਰ ॥ ਸਚੁ ਸਾਲਾਹੀ ਧੰਨੁ ਗੁਰਦੁਆਰੁ ॥ ਨਾਨਕ ਦਰਿ ਘਰਿ ਏਕੰਕਾਰੁ ॥੪॥੭॥

ਰਾਮਟੇਕ ਤੋਂ ਗੁਰੂ ਸਾਹਿਬ ਫਿਰ ਵਾਪਸ ਲੱਗ ਪਗ ਓਸੇ ਪਾਸੇ ਨੂੰ ਪਰਤ ਆਏ ਭਾਵ ਖਾਨਦੇਸ਼ ਦੇ ਇਲਾਕੇ ਵਲ।

—◈—

ਅਗਲੀ ਮੰਜਿਲ ਓਂਕਾਰੇਸ਼ਵਰ ਜੋਤੀਲਿੰਗ ਮੰਦਰ

ਰਾਮਟੇਕ (ਮਹਾਰਾਸ਼ਟਰ) ਤੋਂ ਚਲਕੇ ਗੁਰੂ ਸਾਹਿਬ ਅਡਾਸਾ, ਮੋਰਸ਼ੀ, ਮਾਰਕੰਡਾ, ਪਾਰਤਵਾੜਾ, ਗਾਵਿਲਗੜ੍ਹ, ਨਰਨਾਲਾ ਕਿਲਾ, ਹੁੰਦੇ ਹੋਏ ਤਾਪਤੀ ਪਾਰ ਕਰਕੇ ਕੋਈ 350 ਕਿ.ਮੀ. ਦਾ ਪੈਂਡਾ ਕਰਕੇ ਬੁਰਹਾਨਪੁਰ ਪਹੁੰਚੇ। ਲਗਦਾ ਹੈ ਸਾਹਿਬ ਨੇ ਮਲਕਾਪੁਰ (ਜਿਲਾ ਬੁਲਢਾਣਾ) ਬੁਰਹਾਨਪੁਰ ਰਹਿੰਦੇ ਹੋਏ ਗਾਹਿਆ ਸੀ। ਇਹ ਸ਼ਹਿਰ ਓਦੋਂ ਅਜੇ ਇੱਕ ਸਦੀ ਪਹਿਲਾਂ ਖਾਂਦੇਸ਼ ਦੇ ਰਾਜੇ ਨੇ ਅਬਾਦ ਕੀਤਾ ਸੀ।

—▲—

ਦੂਜੀ ਉਦਾਸੀ ਭਾਗ–4

ਬੁਰਹਾਨਪੁਰ ਤੋਂ ਸਿਰਸਾ

ਬੁਰਹਾਨਪੁਰ (ਅੰਦਾਜ਼ਨ ਜਨਵਰੀ 1517 ਈ.)

ਮੱਧ ਪ੍ਰਦੇਸ ਦਾ ਬੁਰਹਾਨਪੁਰ ਸ਼ਹਿਰ ਤਾਪਤੀ ਨਦੀ ਕੰਢੇ ਮਹਾਰਾਸ਼ਟਰ ਦੀ ਸਰਹੱਦ ਤੇ ਹੈ। ਇਤਹਾਸ ਵਿੱਚ ਬੁਰਹਾਨਪੁਰ ਨੂੰ ਦੱਖਣ ਦਾ ਦਰਵਾਜਾ ਕਹਿ ਕੇ ਯਾਦ ਕੀਤਾ ਜਾਂਦਾ ਹੈ। ਮੱਧ ਕਾਲ ਵਿੱਚ ਇਹ ਬਿਦਰ ਦੀ ਬਾਹਮਣੀ ਰਿਆਸਤ ਤੇ ਮੁਗਲ ਸਲਤਨਤ ਤੋਂ ਵੱਖਰੀ ਹੀ ਸੀ। ਇਸ ਰਿਆਸਤ ਕੋਲ 20 ਕਿ. ਮੀ. ਉਰੇ ਅਸੀਰਗੜ੍ਹ ਨਾਂ ਦਾ ਕਿਲਾ ਸੀ ਜਿਸ ਨੂੰ ਕੋਈ ਫਤਹਿ ਸੀ ਕਰ ਸਕਿਆ। ਮੁਗਲ ਰਾਜ ਹੋਣ ਤੋਂ ਪਹਿਲਾਂ ਇਥੇ ਫਾਰੂਕੀ ਬੰਸ ਦਾ ਰਾਜ ਸੀ। ਅਕਬਰ ਨੇ ਵੱਡੀ ਸਿਆਸਤ ਤੇ ਦਾਅ-ਪੇਚ ਦੀ ਨੀਤੀ ਖੇਡ ਇਨ੍ਹੂੰ ਜਿਤਿਆ ਸੀ। ਬਾਦਸ਼ਾਹ ਬਣਨ ਤੋਂ ਪਹਿਲਾਂ ਤਰਤੀਬਵਾਰ ਸ਼ਾਹਜਾਦਾ ਸ਼ਾਹ ਜਹਾਨ ਤੇ ਔਰੰਗਜੇਬ ਲੰਮੇ ਸਮੇਂ ਤੱਕ ਇਸ ਸ਼ਹਿਰ ਵਿੱਚ ਸੂਬੇਦਾਰ ਰਹੇ ਸਨ।

ਜਦੋਂ ਗੁਰੂ ਸਾਹਿਬ ਨੇ ਇਸ ਸ਼ਹਿਰ ਵਿੱਚ ਚਰਨ ਪਾਏ ਓਦੋਂ ਇਥੋਂ ਦਾ ਰਾਜਾ ਮੀਰਾਂ ਆਦਿਲ ਖਾਂ (ਅਜ਼ੀਮ ਹਮਾਯੂ) (1510-1520 ਈ) ਸੀ। ਬੜੀ ਰਾਜਨੀਤਕ ਕੱਸ਼ ਮਕੱਸ਼ ਚਲ ਰਹੀ ਸੀ। ਰਾਜੇ ਨੂੰ ਆਪਣਾ ਨਵਾਂ ਨਵਾਂ ਰਾਜ ਖੁਸਣ ਦਾ ਖਤਰਾ ਰਹਿੰਦਾ ਸੀ ਇਸ ਕਰਕੇ ਇਸ ਰਾਜੇ ਦੇ ਸਹੁਰੇ ਗੁਜਰਾਤ ਦੇ ਬਾਦਸ਼ਾਹ ਮੁਜੱਫਰ ਸ਼ਾਹ ਦੂਜੇ ਨੇ ਵੱਡੀ ਫੌਜ ਭੇਜ ਕੇ ਇਹਦੀ ਮਦਦ ਕੀਤੀ ਸੀ।

ਗੁਰੂ ਸਾਹਿਬ ਇਸ ਨਗਰ ਪਹੁੰਚੇ ਤਾਂ ਇਥੋਂ ਦੇ ਹਿੰਦੂ ਵਪਾਰੀਆਂ ਨੇ ਗੁਰੂ ਸਾਹਿਬ ਵਿੱਚ ਖਾਸੀ ਦਿਲਚਸਪੀ ਦਿਖਾਈ। ਜਿਵੇ ਪਹਿਲਾਂ ਲਿਖਿਆ ਹੈ ਗੁਰੂ ਸਾਹਿਬ ਦਾ ਜੱਸ ਦੂਰ ਦੂਰ ਤੱਕ ਫੈਲ ਚੁੱਕਾ ਸੀ। ਜਦੋਂ ਵਪਾਰੀਆਂ ਨੂੰ ਪਤਾ ਲੱਗਾ ਕਿ ਸਾਹਿਬ ਦੂਰ ਦੂਰ ਲੰਕਾ ਤੱਕ ਤੀਰਥ ਯਾਤਰਾ ਕਰਕੇ ਆਏ ਹਨ ਤਾਂ ਉਨਾਂ ਆਪਣੀ ਮਜਬੂਰੀ ਜ਼ਾਹਿਰ ਕੀਤੀ ਕਿ ਸਾਡੇ ਵਾਸਤੇ 68 ਤੀਰਥ ਅਸਥਾਨਾਂ ਤੇ ਯਾਤਰਾ ਤੇ ਜਾਣਾ ਮੁਸ਼ਕਲ ਹੈ। ਗੁਰੂ ਸਾਹਿਬ ਨੇ ਉਨਾਂ ਨੂੰ ਸਮਝਾਇਆ ਕਿ ਮੈਂ ਤੀਰਥ ਯਾਤਰਾ ਨਹੀ ਕਰ ਰਿਹਾ। ਮੈਂ ਤਾਂ ਤੀਰਥਾਂ ਤੇ ਜਾ ਕੇ ਲੋਕਾਂ ਨੂੰ ਸੁਚੇਤ ਕਰ ਰਿਹਾ ਹੈ ਕਿ ਤੀਰਥ ਤੁਹਾਡੇ ਕੋਲ ਹੈ ਐਵੇ ਨਾਂ ਭਟਕਦੇ ਫਿਰੋ। ਭਾਈ ਜੇ ਤੀਰਥ ਯਾਤਰਾ ਨਾਲ ਹੀ ਮੁਕਤੀ ਮਿਲਦੀ ਹੋਵੇ ਤਾਂ ਆਹ ਸਾਧੂ ਸੰਤ ਤਾਂ ਸਾਰੀ ਜਿੰਦਗੀ ਭਰਮਦੇ ਹੀ ਰਹਿੰਦੇ ਨੇ। ਸਵਾਲ ਹੈ ਸਰਬ ਵਿਆਪਕ ਪ੍ਰਭੂ ਦੀ ਹੋਂਦ ਨੂੰ ਸਮਝਣ ਦਾ। ਉਹਦੀ ਹਸਤੀ ਤੇ ਵਿੱਚਾਰ ਕਰਨ ਦਾ। ਫਿਰ ਉਹਦੇ ਗੁਣ ਗਾਉਣੇ। ਜਸ ਗਾਉਣਾ ਭਾਵ ਨਾਮ ਜਪਣਾ। ਨਾਮ ਹੀ ਤੀਰਥ ਯਾਤਰਾ ਹੈ। ਸਾਹਿਬ ਉਪਦੇਸ਼ ਕਰ ਰਹੇ ਸਨ ਕਿ ਮਰਦਾਨੇ ਨੇ ਰਬਾਬ ਛੇੜ ਦਿੱਤੀ। ਸਾਹਿਬ ਨੇ ਸ਼ਬਦ ਉਚਾਰਿਆ:

ਮਾਰੂ ਅਸਟਪਦੀਆ ਮਹਲਾ ੧ ਘਰੁ ੧ ੴ ਸਤਿਗੁਰ ਪ੍ਰਸਾਦਿ ॥

ਬੇਦ ਪੁਰਾਣ ਕਥੇ ਸੁਣੇ ਹਾਰੇ ਮੁਨੀ ਅਨੇਕਾ ॥ ਅਠਸਠਿ ਤੀਰਥ ਬਹੁ ਘਣਾ ਭ੍ਰਮਿ ਥਾਕੇ ਭੇਖਾ ॥ ਸਾਚੋ ਸਾਹਿਬੁ ਨਿਰਮਲੋ ਮਨਿ ਮਾਨੈ ਏਕਾ ॥੧॥ ਤੂ ਅਜਰਾਵਰੁ ਅਮਰੁ ਤੂ ਸਭ ਚਾਲਣਹਾਰੀ ॥ ਨਾਮੁ ਰਸਾਇਣੁ ਭਾਇ ਲੈ ਪਰਹਰਿ ਦੁਖੁ ਭਾਰੀ ॥੧॥ ਰਹਾਉ ॥ ਹਰਿ ਪੜੀਐ ਹਰਿ ਬੁਝੀਐ ਗੁਰਮਤੀ ਨਾਮਿ ਉਧਾਰਾ ॥ ਗੁਰਿ ਪੂਰੈ ਪੂਰੀ ਮਤਿ ਹੈ ਪੂਰੈ ਸਬਦਿ ਬੀਚਾਰਾ ॥ ਅਠਸਠਿ ਤੀਰਥ ਹਰਿ ਨਾਮੁ ਹੈ ਕਿਲਵਿਖ ਕਾਟਣਹਾਰਾ ॥੨॥ ਜਲੁ ਬਿਲੋਵੈ ਜਲੁ ਮਥੈ ਤਤੁ ਲੋੜੈ ਅੰਧੁ ਅਗਿਆਨਾ ॥ ਗੁਰਮਤੀ ਦਧਿ ਮਥੀਐ ਅੰਮ੍ਰਿਤੁ ਪਾਈਐ ਨਾਮੁ ਨਿਧਾਨਾ ॥ ਮਨਮੁਖ ਤਤੁ ਨ ਜਾਣਨੀ ਪਸੂ ਮਾਹਿ ਸਮਾਨਾ ॥੩॥ ਹਉਮੈ ਮੇਰਾ ਮਰੀ ਮਰੁ ਮਰਿ ਜੰਮੈ ਵਾਰੋ ਵਾਰ ॥ ਗੁਰ ਕੈ ਸਬਦੇ ਜੇ ਮਰੈ ਫਿਰਿ ਮਰੈ ਨ ਦੂਜੀ ਵਾਰ ॥ ਗੁਰਮਤੀ ਜਗਜੀਵਨੁ ਮਨਿ ਵਸੈ ਸਭਿ ਕੁਲ ਉਧਾਰਣਹਾਰ ॥੪॥ ਸਚਾ ਵਖਰੁ ਨਾਮੁ ਹੈ ਸਚਾ ਵਾਪਾਰਾ ॥ ਲਾਹਾ ਨਾਮੁ ਸੰਸਾਰਿ ਹੈ ਗੁਰਮਤੀ ਵੀਚਾਰਾ ॥ ਦੂਜੈ ਭਾਇ ਕਾਰ ਕਮਾਵਣੀ ਨਿਤ ਤੋਟਾ ਸੈਸਾਰਾ ॥੫॥ ਸਾਚੀ ਸੰਗਤਿ ਥਾਨੁ ਸਚੁ ਸਚੇ ਘਰ ਬਾਰਾ ॥ ਸਚਾ ਭੋਜਨੁ ਭਾਉ ਸਚੁ ਸਚੁ ਨਾਮੁ ਅਧਾਰਾ ॥ ਸਚੀ ਬਾਣੀ ਸੰਤੋਖਿਆ ਸਚਾ ਸਬਦੁ ਵੀਚਾਰਾ ॥੬॥ ਰਸ ਭੋਗਣ ਪਾਤਿਸਾਹੀਆ ਦੁਖ ਸੁਖ ਸੰਘਾਰਾ ॥ ਮੋਟਾ ਨਾਉ ਧਰਾਈਐ ਗਲਿ ਅਉਗਣ ਭਾਰਾ ॥ ਮਾਣਸ ਦਾਤਿ ਨ ਹੋਵਈ ਤੂ ਦਾਤਾ ਸਾਰਾ ॥੭॥ ਅਗਮ ਅਗੋਚਰੁ ਤੂ ਧਣੀ ਅਵਿਗਤੁ ਅਪਾਰਾ ॥ ਗੁਰ ਸਬਦੀ ਦਰੁ ਜੋਈਐ ਮੁਕਤੇ ਭੰਡਾਰਾ ॥ ਨਾਨਕ ਮੋਲੁ ਨ ਚੁਕਈ ਸਾਚੇ ਵਾਪਾਰਾ ॥

ਜਿਵੇ ਪਹਿਲਾਂ ਵੀ ਲਿਖਿਆ ਜਾ ਚੁੱਕਾ ਹੈ ਭਾਰਤ ਵਿੱਚਲੇ ਮੁਸਲਮਾਨ ਹੁਕਮਰਾਨ ਅਮੂਮਨ ਆਪਣੇ ਨਾਲ ਪੰਜਾਬੀ ਲੋਕਾਂ ਨੂੰ ਰੱਖਦੇ ਸਨ, ਕਿਉਕਿ ਪੰਜਾਬੀ ਵਪਾਰੀ ਫਾਰਸੀ ਵੀ ਸਮਝਿਆ ਕਰਦੇ ਸਨ। ਬੁਰਹਾਨ ਪੁਰ ਵਿੱਚ ਵੀ ਕਈ ਖਤਰੀ ਤੇ ਅਰੋੜੇ ਪਰਵਾਰ ਆ ਅਬਾਦ ਹੋ ਚੁੱਕੇ ਸਨ। ਗੁਰੂ ਸਾਹਿਬ ਦੇ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਲੱਗ ਪਾਸੇ ਸਾਰੇ ਪੰਜਾਬੀ ਸਿੱਖੀ ਦੇ ਦਾਇਰੇ ਵਿੱਚ ਆ ਗਏ। ਸ਼ਹਿਰ ਵਿੱਚ ਧਰਮਸਾਲ ਵੀ ਹੁੰਦੀ ਸੀ। ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿੱਚ ਇਥੋਂ ਦੀ ਸੰਗਤ ਨੂੰ ਵੱਡਾ ਮੇਲ ਕਿਹਾ ਤੇ ਸ਼ਹਿਰ ਦੇ ਗੁਰਸਿਖਾਂ ਬਾਰੇ ਵੀ ਵਰਨਣ ਕੀਤਾ ਹੈ।

ਮੇਲ ਵਡਾ ਬੁਰਹਾਨ ਪੁਰ ਸਨਮੁਖ ਸਿਖ ਸਹਜ ਪਰਗਾਸ॥
ਭਗਤ ਭਈਆ ਭਗਵਾਨਦਾਸ ਨਾਲ ਬੋਲਦਾ ਘਰੇ ਉਦਾਸ॥

ਭਾਈ ਭਗਵਾਨ ਦਾਸ ਬਾਰੇ ਕਿਹਾ ਜਾਂਦਾ ਹੈ ਕਿ ਉਸ ਨੇ ਲੰਮੀ ਉਮਰ ਹੰਢਾਈ ਤੇ ਗੁਰੂ ਹਰਗੋਬਿੰਦ ਸਾਹਿਬ ਦੇ ਵੇਲਿਆਂ 'ਚ ਉਹਦਾ ਦਿਹਾਂਤ ਹੋਇਆ। ਅੰਦਾਜ਼ਾ ਹੈ ਕਿ ਭਗਵਾਨ ਦਾਸ ਦੇ ਵਡੇਰਿਆਂ ਵਿੱਚੋਂ ਹੀ ਕਿਸੇ ਨੇ ਗੁਰੂ ਨਾਨਕ ਪਾਤਸ਼ਾਹ ਦੀ ਸਥਾਪਤ ਸੰਗਤ ਨੂੰ ਅੱਗੇ ਤੋਰਿਆ ਸੀ। ਦਿਲਚਸਪ ਗੱਲ ਇਹ

ਗੁਰਦੁਆਰਾ ਸਾਹਿਬ ਰਾਜਘਾਟ ਪਾਤਸ਼ਾਹੀ ਪਹਿਲੀ ਬੁਹਰਾਨਪੁਰ।

ਹੈ ਕਿ ਭਾਈ ਭਗਵਾਨ ਦਾਸ ਖੁੱਦ ਪੰਜਾਬੀ ਨਹੀ ਸੀ। ਅੱਗੋ ਉਹਦਾ ਖਾਨਦਾਨ ਫਿਰ ਹਿੰਦੂ ਧਰਮ ਵਿੱਚ ਪਰਤ ਚੁੱਕਾ ਹੈ। ਦਰ ਅਸਲ ਕਿਸੇ ਬਰਾਦਰੀ ਵਿੱਚ ਜੇ ਕੋਈ ਇੱਕਾ ਦੁੱਕਾ ਸਿੱਖ ਬਣੇਗਾ ਤਾਂ ਉਹਦੀਆਂ ਆਉਣ ਵਾਲੀਆਂ ਪੀੜੀਆਂ ਫਿਰ ਵਾਪਸ ਮੂਲ ਧਰਮ ਵਿੱਚ ਚਲੀਆਂ ਜਾਂਦੀਆਂ ਹਨ। ਜਦੋਂ ਵਿਆਹ ਉਪਰੰਤ ਦੂਜੇ ਧਰਮ ਦੀਆਂ ਧੀਆਂ ਘਰ ਆਉਦੀਆਂ ਹਨ ਤਾਂ ਉਹ ਆਪਣਾ ਧਰਮ ਆਪਣੇ ਬੱਚਿਆਂ ਤੱਕ ਪਹੁੰਚਾ ਦਿੰਦੀਆਂ ਹਨ। ਭਾਰਤ ਵਿੱਚ ਕਿਉਕਿ ਵਿਆਹ ਮੌਕੇ ਲੋਕ ਜਾਤ ਪਾਤ ਵੇਖਦੇ ਹਨ ਜਿਸ ਕਾਰਨ ਸਿੱਖੀ ਨੂੰ ਵੱਡਾ ਧੱਕਾ ਲੱਗਾ ਹੈ। ਅੱਜ ਸ਼ੁਕਰ ਹੈ ਗੁਰੂ ਦੇ ਸਿੱਖ ਜਾਤ ਪਾਤ ਦੇ ਬੰਧਨ ਤੋਂ ਮੁਕਤ ਹੁੰਦੇ ਜਾਂ ਰਹੇ ਹਨ ਜਿਸ ਕਾਰਨ ਪੰਜਾਬੋਂ ਬਾਹਰ ਦੀ ਸਿੱਖੀ ਦਾ ਭਵਿਖ ਰੋਸ਼ਨ ਹੈ।

ਅੱਜ ਵੀ ਬੁਰਹਾਨਪੁਰ ਵਿਖੇ ਜਿਹੜਾ ਮੁੱਖ ਗੁਰਅਸਥਾਨ◉ ਹੈ ਉਹ ਵੱਡੀ ਸੰਗਤ ਹੀ ਕਹਾਉਦਾ ਹੈ। ਮੁੱਖ ਗੁਰਦੁਆਰਾ ਅੱਜ ਉਸ ਅਸਥਾਨ ਤੇ ਸ਼ੱਸ਼ੋਭਿਤ ਹੈ ਜਿੱਥੇ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦੇ ਮੁਤਬੰਨੇ ਪੁੱਤਰ ਅਜੀਤ ਸਿੰਘ ਦੇ ਪੁੱਤਰ ਹਠੀ ਸਿੰਘ ਦੀ ਸਮਾਧੀ ਹੈ। ਇਹ ਅਸਥਾਨ ਬੁਰਹਾਨਪੁਰ ਸ਼ਹਿਰ ਦੀ ਚਾਰ ਦੀਵਾਰੀ ਤੋਂ ਬਾਹਰ ਹੈ। ਨੰਦੇੜ ਨੂੰ ਜਾਂਦੇ ਵਕਤ ਦਸਮ ਪਾਤਸ਼ਾਹ ਵੀ ਇਸੇ ਹੀ ਅਸਥਾਨ ਤੇ ਕੁਝ ਸਮਾਂ ਠਹਿਰੇ ਸਨ। ਇਥੇ ਦਸਮ ਪਾਤਸ਼ਾਹ ਦੇ ਮੁਬਾਰਕ ਦਸਤਖਤਾਂ ਵਾਲੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵੀ ਮੌਜੂਦ ਹੈ ਜਿਸ ਦੀ ਕਿਨਾਰੀ ਤੇ ਸੁਨਿਹਰੀ ਵੇਲ ਹੈ।

ਗੁਰਸਿੱਖਾਂ ਨੇ ਉੱਜ ਉਹ ਟਿਕਾਣਾ ਵੀ ਸਾਂਭਿਆ ਹੋਇਆ ਹੈ ਜਿੱਥੇ ਗੁਰੂ ਨਾਨਕ ਸਾਹਿਬ ਤਾਪਤੀ ਦੇ ਕੰਢੇ ਬਿਰਾਜੇ ਸਨ। ਇਹ ਗੁਰਧਾਮ ਰਾਜਘਾਟ ਗੁਰਦੁਆਰਾ ਪਾਤਸ਼ਾਹੀ ਪਹਿਲੀ ਕਹਾਉਦਾ ਹੈ। ◆

ਹੇਠ ਸ਼ੱਸ਼ੋਭਿਤ ਸ਼ਬਦ ਵੀ ਏਥੇ ਹੀ ਰਚਿਆ ਗਇਆ ਸੀ।

ਗਉੜੀ ਮਹਲਾ ੧ ਦਖਣੀ ॥ ਸੁਣਿ ਸੁਣਿ ਬੁਝੈ ਮਾਨੈ ਨਾਉ ॥ ਤਾ ਕੈ ਸਦ ਬਲਿਹਾਰੈ ਜਾਉ ॥ ਆਪਿ ਭੁਲਾਏ ਠਉਰ ਨ ਠਾਉ ॥ ਤੂੰ ਸਮਝਾਵਹਿ ਮੇਲਿ ਮਿਲਾਉ ॥੧॥ ਨਾਮੁ ਮਿਲੈ ਚਲੈ ਮੈ ਨਾਲਿ ॥ ਬਿਨੁ ਨਾਵੈ ਬਾਧੀ ਸਭ ਕਾਲਿ ॥੧॥ ਰਹਾਉ ॥ ਖੇਤੀ ਵਣਜੁ ਨਾਵੈ ਕੀ ਓਟ ॥ ਪਾਪੁ ਪੁੰਨੁ ਬੀਜ ਕੀ ਪੋਟ ॥ ਕਾਮੁ ਕ੍ਰੋਧੁ ਜੀਅ ਮਹਿ ਚੋਟ ॥ ਨਾਮੁ ਵਿਸਾਰਿ ਚਲੇ ਮਨਿ ਖੋਟ ॥੨॥ ਸਾਚੇ ਗੁਰ ਕੀ ਸਾਚੀ ਸੀਖ ॥ ਤਨੁ ਮਨੁ ਸੀਤਲੁ ਸਾਚੁ ਪਰੀਖ ॥ ਜਲ ਪੁਰਾਇਨਿ ਰਸ ਕਮਲ ਪਰੀਖ ॥ ਸਬਦਿ ਰਤੇ ਮੀਠੇ ਰਸ ਈਖ ॥੩॥ ਹੁਕਮਿ ਸੰਜੋਗੀ ਗੜਿ ਦਸ ਦੁਆਰ ॥ ਪੰਚ ਵਸਹਿ ਮਿਲਿ ਜੋਤਿ ਅਪਾਰ ॥ ਆਪਿ ਤੁਲੈ ਆਪੇ ਵਣਜਾਰ ॥ ਨਾਨਕ ਨਾਮਿ ਸਵਾਰਣਹਾਰ ॥੪॥੫॥

ਇਥੇ ਕੁਝ ਦਿਨ ਰਹਿ ਕੇ ਗੁਰੂ ਸਾਹਿਬ ਓਂਕਾਰੇਸ਼ਵਰ ਨੂੰ ਰਵਾਨਾ ਹੋ ਗਏ।

ਫਰਵਰੀ 1515

ਮਨਧਾਤਾ ਓਂਕਾਰੇਸ਼ਵਰ ਵਿਖੇ ਬਾਬੇ ਦੀ ਆਰਤੀ ਉਤਾਰੀ ਗਈ

ਬੁਰਹਾਨ ਤੋਂ 20 ਕਿ.ਮੀ. ਉਤਰ ਵਲ ਚਲਕੇ ਗੁਰੂ ਸਾਹਿਬ ਨੇ ਅਸੀਰਗੜ੍ਹ ਕਿਲਾ ਵੇਖਿਆ।

ਅੱਗੇ ਫਿਰ ਪਹਾੜ ਪਾਸੇ 100 ਕਿ.ਮੀ. ਚਲ ਕੇ ਗੁਰੂ ਸਾਹਿਬ ਓਂਕਾਰੇਸ਼ਵਰ ਪਹੁੰਚ ਗਏ। ਨਰਬਦਾ ਨਦੀ ਕਿਨਾਰੇ ਟਾਪੂ ਤੇ ਮੌਜੂਦ ਓਂਕਾਰੇਸ਼ਵਰ ਬਹੁਤ ਰਮਣੀਕ ਫਿਜਾ ਵਿੱਚ ਮੌਜੂਦ ਹੈ। ਇਥੇ ਨਰਬਦਾ ਨਦੀ ਵਿੱਚ ਉੱਤਰ ਪਾਸਿਓ ਆ ਇੱਕ ਨਾਲਾ ਮਿਲਦਾ ਹੈ ਦੂਸਰਾ ਇਥੇ ਟਾਪੂ ਹੈ ਜਿਸ ਕਾਰਨ ਨਦੀ 'ਤ' ਅੱਖਰ ਦੀ ਸ਼ਕਲ ਬਣਾਉਦੀ ਹੈ। ਹਿੰਦੂ ਇਨੂੰ ਪਵਿਤਰ 'ਓਮ' ਦਾ ਨਿਸ਼ਾਨ ਮੰਨਦੇ ਹਨ। ਇਸ ਕਰਕੇ ਇਸ ਜੋਤੀਲਿੰਗ ਦਾ ਨਾਂ

ਓਂਕਾਰੇਸ਼ਵਰ ਹੈ। ਜਿਸ ਟਾਪੂ ਤੇ ਇਹ ਮੰਦਰ ਮੌਜੂਦ ਹੈ ਉਸ ਟਾਪੂ ਜਾਂ ਪਹਾੜੀ ਨੂੰ ਮਨਧਾਤਾ ਪਹਾੜੀ ਕਿਹਾ ਜਾਂਦਾ ਹੈ। ਇਥੇ ਕੋਈ ਦਰਜਨ ਭਰ ਪੁਰਾਤਨ ਮੰਦਰ ਹਨ। ਕਿਸੇ ਭੁਚਾਲ ਆਦਿ ਕਰਕੇ ਡਿੱਗ ਚੁੱਕੇ ਦੋ ਮੰਦਰਾਂ ਦਾ ਮਲਬਾ ਵੀ ਪਿਆ ਹੈ। ਇਥੇ ਨਾਥ ਜੋਗੀਆਂ ਦਾ ਇੱਕ ਬਹੁਤ ਵਿਸ਼ਾਲ ਤੇ ਖੂਬਸੂਰਤ ਮੰਦਰ ਨਿਰਮਾਣ ਅਧੀਨ ਸੀ ਕਿ ਕੰਮ ਵਿਚੇ ਛੱਡਣਾ ਪਿਆ ਸੀ ਜੋਗੀਆਂ ਨੂੰ। ਇਸ ਮੰਦਰ ਦੀ ਕੁਰਸੀ ਤੇ ਬਹੁਤ ਹੀ ਸੁੰਦਰ ਹਾਥੀ ਉਕਰੇ ਹੋਏ ਨੇ। ਮੁੱਖ ਓਂਕਾਰੇਸ਼ਵਰ ਮੰਦਰ 11 ਵੀ ਸਦੀ ਦੀ ਬਣਤਰ ਹੈ। ਓਨਾਂ ਸਦੀਆਂ ਵਿੱਚ ਰਾਜਪੂਤ ਰਾਜਿਆਂ ਨੇ ਬਹੁਤ ਹੀ ਸੋਹਣੇ ਮੰਦਰ ਬਣਵਾਏ ਸਨ।

ਇਸ ਇਲਾਕੇ ਵਿੱਚ ਭੀਲ ਆਦਿ ਵਾਸੀਆਂ ਦਾ ਰਾਜ ਹੁੰਦਾ ਸੀ। ਕਿਹਾ ਜਾਂਦਾ ਹੈ ਕਿ 1165 ਈ. ਵਿਚ ਇਥੋਂ ਦੇ ਪੰਡੇ ਦਰਿਆਓ ਗੋਸਾਈਂ ਦੀ ਕਿਸੇ ਗੱਲੋਂ ਰਾਜਾ ਨੱਥੂ ਭੀਲ ਨਾਲ ਠੰਣ ਗਈ। ਗੁਸਾਈਂ ਨੇ ਰਾਜਸਥਾਨੀ ਰਾਜਿਆਂ ਕੋਲ ਚੁਗਲੀ ਕੀਤੀ ਕਿ ਭੀਲ ਮੰਦਰ ਦੇ ਕੰਮ ਵਿੱਚ ਵੀ ਦਖਲਅੰਦਾਜੀ ਦਿੰਦਾ ਹੈ। ਰਾਜਪੂਤਾਨਾ ਨਰੇਸ਼ ਨੇ ਝਾਲਰਾਪਟਣ ਦੇ ਸੂਬੇਦਾਰ ਭਰਤ ਸਿੰਘ ਨੂੰ ਜੋ ਰਾਜੇ

ਪੈਰ ਸਫਾ ◆ਸਾਈਕਲ ਯਾਤਰੀ- ◉ 'ਜਿੰਦਗੀਨਾਮੇ' ਦਾ ਲਿਖਾਰੀ ਪਹਿਲਾਂ ਨਾਸਤਕ ਹੁੰਦਾ ਸੀ। ਫਿਰ ਸਰਕਾਰੀ ਨੌਕਰੀ ਦੌਰਾਨ, ਸੰਨ 1985 ਤੋਂ 1988 ਤੱਕ ਇਥੇ ਬੁਰਹਾਨਪੁਰ ਇਸ ਹੀ ਗੁਰਦੁਆਰੇ ਦੇ ਮੁਲਾਜਮ ਕਵਾਟਰਾਂ ਵਿੱਚ ਰਿਹਾ ਸੀ। ਜਿਸ ਕਾਰਨ ਗੁਰਮਤ ਵਿੱਚ ਕੁਝ ਸ਼ਰਧਾ ਬਣੀ। ਫਿਰ ਇਸ ਸ਼ਹਿਰ ਵਿੱਚ ਇੰਚ ਇੰਚ ਤੇ ਇਤਹਾਸਿਕ ਖੰਡਰਾਂਤ ਜਾਂ ਇਮਾਰਤਾਂ ਹਨ ਜਿਸ ਕਰਕੇ ਲਿਖਾਰੀ ਦੀ ਇਤਹਾਸ ਵਿੱਚ ਵੀ ਦਿਲਚਸਪੀ ਵਧ ਗਈ। ਸ਼ਹਿਰ ਦੇ ਪੁਰਾਤਤਵ ਬਾਰੇ ਲੇਖ ਭਾਰਤ ਦੇ ਵੱਡੇ ਅੰਗਰੇਜੀ ਅਖਬਾਰਾਂ ਵਿੱਚ ਓਨੀ ਦਿਨੀ ਇਸ ਦਾਸਰੇ ਵਲੋਂ ਛਪਦੇ ਰਹੇ ਸਨ। ਇਥੋਂ ਦਾ 450 ਪੁਰਾਣਾ ਪਾਣੀ ਸਪਲਾਈ ਵਾਲਾ ਸਿਸਟਮ ਅੱਜ ਵੀ ਚਲ ਰਿਹਾ ਹੈ।

ਦਾ ਭਰਾ ਸੀ ਨੂੰ ਹੁਕਮ ਕੀਤਾ ਕਿ ਜਾਓ ਤੇ ਜਾ ਕੇ ਭੀਲ ਨੂੰ ਸਬਕ ਸਿੱਖਾਓ। ਭੀਲ ਨੇ ਉਲਟਾ ਆਪਣੀ ਧੀ ਦਾ ਡੋਲਾ ਭਰਤ ਸਿੰਘ ਦੇ ਲੜਕੇ ਨੂੰ ਦੇ ਕੇ ਭਰਤ ਸਿੰਘ ਨਾਲ ਰਿਸ਼ਤੇਦਾਰੀ ਬਣਾ ਲਈ। ਆਖਿਰ ਪੰਡੇ ਨੂੰ ਝੁੱਕਣਾ ਪਿਆ। ਸੋ ਇਸ ਮੰਦਰ ਵਿੱਚ ਭੀਲ ਰਾਜੇ ਦੀ ਦਖਲ ਅੰਦਾਜ਼ੀ ਚਲਦੀ ਆ ਰਹੀ ਹੈ ਤੇ ਮੰਦਰ ਦੇ ਨਾਲ ਹੀ ਰਾਜੇ ਦੇ ਮਹਿਲ ਨੇ।

ਇਸ ਜਗਾ ਤੇ ਨਰ ਬਲੀ ਦਾ ਵੱਖਰਾ ਤੇ ਚਲਾਕੀ ਭਰਿਆ ਰੂਪ ਹੁੰਦਾ ਸੀ। 1865ਈ. ਨੂੰ ਇੱਕ ਅੰਗਰੇਜ ਯਾਤਰੀ ਨੇ ਬਲੀ ਦਾ ਅੱਖੀ ਡਿੱਠਾ ਹਾਲ ਲਿਖਿਆ ਹੈ। ਬਲੀ ਨਾਲ ਸਨਸਨੀ ਪੈਦਾ ਹੁੰਦੀ ਸੀ ਤੇ ਲੋਕਾਂ ਦੀ ਮੰਦਰ ਵਿਖੇ ਆਮਦ ਵਧਦੀ ਸੀ ਜਿਸ ਕਰਕੇ ਪੂਜਾਰੀ ਇਸ ਨੂੰ ਉਤਸ਼ਾਹ ਦਿੰਦੇ ਸਨ। ਮੰਦਰ ਦੇ ਚੜ੍ਹਦੇ ਪਾਸੇ ਬੀਰਖਲਾ ਨਾਂ ਦੀ ਪਹਾੜੀ ਹੈ ਜਿਸ ਦੀ ਨਰਬਦਾ ਨਦੀ ਦੇ ਨਾਲ ਬਿਲਕੁਲ ਕੰਧ ਵਾਂਙੂ ਸਿੱਧੀ ਚੜਾਈ ਹੈ। ਓਥੇ ਅਫਵਾਹ ਹੁੰਦੀ ਸੀ ਕਿ ਜਿਹੜਾਂ ਇਸ ਪਹਾੜੀ ਤੋਂ ਛਾਂਲ ਮਾਰੇਗਾ ਉਹ ਸਿੱਧਾ ਸਵੱਰਗਾਂ ਨੂੰ ਜਾਏਗਾ ਤੇ ਜਿਹੜਾ ਬਚ ਜਾਏਗਾ ਉਹਨੂੰ ਇਥੋਂ ਦਾ ਰਾਜਾ ਮੰਨ ਲਿਆਂ ਜਾਏਗਾ। ਉਹ ਲਿਖਦਾ ਹੈ ਕਿ ਉਜੈਨ ਵਾਲੇ ਪਾਸਿਓ ਇੱਕ ਭਾਈ ਪੂਰਾ ਸੱਜ ਧੱਜ ਕੇ ਲੋਕਾਂ ਨਾਲ ਆਇਆ। ਸਰੀਰ ਤੇ ਕਈ ਥਾਂਈ ਸੰਧੂਰ ਮਲਿਆ ਹੋਇਆ ਸੀ। ਅੰਗਰੇਜ ਲਿਖਦਾ ਹੈ ਕਿ ਉਸ ਸ਼ਰਧਾਲੂ ਨੇ ਬੜੇ ਮਰਦਾਵੇ ਲਹਿਜੇ ਨਾਲ ਛਾਲ ਮਾਰੀ ਤੇ ਹੇਠਾਂ ਡਿਗਦੇ ਸਾਰ ਸਰੀਰ ਉਹਦਾ ਪਾਟ ਗਿਆ। ਬਾਕੀ ਮੇਲਾ ਹੋਵੇ ਤਾਂ ਹਜਾਰਾਂ ਲੱਖਾਂ ਦੀ ਭੀੜ ਜੁੜਦੀ ਸੀ। ਉਂਜ ਸਾਧੂ ਸੰਨਿਆਸੀ ਤਾਂ ਸੈਕੜਿਆਂ ਦੀ ਗਿਣਤੀ ਵਿੱਚ ਹਰ ਵੱਡੇ ਤੀਰਥ ਅਸਥਾਨ ਤੇ ਰਹਿੰਦੇ ਹੀ ਸਨ ਤੇ ਓਨਾਂ ਦਾ ਆਉਣ ਜਾਣ ਬਣਿਆ ਰਹਿੰਦਾ ਸੀ।

ਜਦੋਂ ਗੁਰੂ ਸਾਹਿਬ ਇਥੇ ਆਏ, ਪੁਜਾਰੀਆਂ ਨੇ ਹੱਥਾਂ ਤੇ ਚੁੱਕ ਲਿਆ। ਗੁਰੂ ਸਾਹਿਬ ਦੀ ਆਰਤੀ ਵੀ ਉਤਾਰੀ ਗਈ।* ਗੁਰਬਾਣੀ ਵਿਚ ਵੀ ਇਸ ਬਾਬਤ ਇਸ਼ਾਰਾ ਮਿਲਦਾ ਹੈ।

———◈———

ਦਖਣੀ ਓਅੰਕਾਰ ਦੀ ਰਚਨਾ ⊙

ਓਂਕਾਰੇਸ਼ਵਰ ਰਹਿੰਦਿਆਂ ਗੁਰੂ ਸਾਹਿਬ ਨੇ ਬਹੁਤ ਬਾਣੀ ਰਚੀ। ਪਰ ਜੋ ਪ੍ਰਚਾਰਿਆ ਸਿਰਫ ਅੰਗ 929 ਤੇ ਆਉਣ ਵਾਲੀ ਬਾਣੀ ਰਾਮਕਲੀ ਵਿੱਚ 'ਦਖਣੀ ਓਅੰਕਾਰੁ" ਓਅੰਕਾਰਿ ਬ੍ਰਹਮਾ ਉਤਪਤਿ ॥ ਨੂੰ ਹੀ ਜਾਂਦਾ ਹੈ। ਓਂਕਾਰੇਸ਼ਵਰ ਵਿਖੇ ਵੀ ਸਾਧੂਆਂ ਤੇ ਪੰਡਤਾਂ ਨਾਲ ਰੂਹਾਨੀਅਤ ਤੇ ਡੂੰਘੀਆਂ ਵੀਚਾਰਾਂ ਹੋਈਆਂ ਸਨ। ਬਾਣੀ ਵਿੱਚ ਕੁਲ 54 ਪਉੜੀਆਂ ਹਨ। ਜੋ ਵੱਖ ਵੱਖ ਮੌਕਿਆਂ ਤੇ ਓਂਕਾਰੇਸ਼ਵਰ ਵਿਖੇ ਉਚਾਰੀਆਂ ਗਈਆਂ ਹਨ। ਕਿ:

ਗੁਰੂ ਸਾਹਿਬ ਦੇ ਵੇਲਿਆਂ ਦਾ ਓਂਕਾਰੇਸ਼ਵਰ ਦਾ ਸਿੱਧ ਨਾਥ ਮੰਦਰ ਇਹਦੀ ਚਿਣਾਈ ਚਲ ਰਹੀ ਸੀ ਕਿ ਕੋਈ ਐਸੀ ਆਫਤ ਆਈ ਕਿ ਕੰਮ ਵਿਚੇ ਹੀ ਰੁਕ ਗਇਆ। ਇਹਦੀ ਕੁਰਸੀ ਤੇ ਚੁਫੇਰੇ ਬਣੇ ਹਾਥੀ ਦੱਸਦੇ ਹਨ ਕਿ ਜੇ ਪੂਰਾ ਹੁੰਦਾ ਤਾਂ ਮੰਦਰ ਦਾ ਗੌਰਵ ਹੀ ਵੱਖਰਾ ਹੋਣਾ ਸੀ। ਕਾਸ਼ ਰਿੱਧੀਆਂ ਸਿੱਧੀਆਂ ਦਾ ਮਾਲਕ ਮਹੰਤ ਭਵਿਖ ਨਾਂ ਵੇਖ ਸਕਿਆ।

ਗੁਰਦੁਆਰਾ ਪਹਿਲੀ ਪਾਤਸ਼ਾਹੀ ਓਂਕਾਰੇਸ਼ਵਰ

1. ਕਿ ਰੱਬ ਨਿਰਾ ਨਿਰੰਕਾਰ ਹੀ ਨਹੀ ਉਹ ਸਰਗੁਣ ਹੈ ਉਹ ੧ਓਂ ਹੈ। ਆਪਣੀ ਰਚਨਾ ਵਿੱਚ ਸਮਾਇਆ ਹੋਇਆ ਹੈ। ਜੋ ਦਿਸ ਰਿਹਾ ਹੈ ਸਭ ਓਹੋ ਹੀ ਹੈ। ਫਿਰ ਇਕੋ ਇੱਕ ਨਿਰੰਕਾਰ। ਅਵਤਾਰਵਾਦ ਦੇ ਸਿਧਾਂਤ ਨੂੰ ਨਕਾਰਨਾ।
2. ਸੱਚ ਨੂੰ ਪਛਾਨਣਾ: ਸਤਿਨਾਮ ਦਾ ਸਿਧਾਂਤ।
3. ਗੁਰੂ ਦੀ ਅਹਿਮੀਅਤ।
4. ਈਸ਼ਵਰ ਦੀ ਬੇਅੰਤਤਾ।
5. ਨਾਲ ਹੀ ਜੋਗੀਆਂ ਨੂੰ ਉਪਦੇਸ ਦਿੱਤਾ ਕਿ ਸਬਦ ਬਿਨਾਂ ਭਗਤੀ ਨਿਰਾਰਥ ਹੈ। ਅਸਲ ਗਿਆਨੀ ਉਹ ਹੈ ਜੋ ਨਿਰੰਕਾਰ ਈਸ਼ਵਰ ਦੇ ਗੁਣਾਂ ਤੇ ਵੀਚਾਰ ਤੇ ਖੋਜ ਕਰਦਾ ਹੈ।
6. ਹਉਮੈ ਦੇ ਸਿਧਾਂਤ ਦੀ ਵਿਆਖਿਆ ਕੀਤੀ ਗਈ ਹੈ।

ਇਸ ਬਾਣੀ ਤੋਂ ਲੱਗਦਾ ਹੈ ਕਿ ਕੋਈ ਸੱਜਣ ਸੁਲਤਾਨਪੁਰ ਜਾਂ ਤਲਵੰਡੀ ਤੋਂ ਇਥੇ ਗੁਰੂ ਸਾਹਿਬ ਤੇ ਮਰਦਾਨੇ ਨੂੰ ਮਿਲਿਆ ਸੀ ਜਿਸ ਨੇ ਸਭ ਸੁਖ ਸੁਨੇਹਾ ਦਿੱਤਾ ਸੀ। "ਤੂਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ ॥ ਵਿਛੁੜਿਆ ਮੇਲੈ ਪ੍ਰਭੂ ਨਾਨਕ ਕਰਿ ਸੰਜੋਗ ॥" "ਦਹ ਦਿਸ ਢੂਢਿ ਘਰੈ ਮਹਿ ਪਾਇਆ ॥ ਮੇਲੁ ਭਇਆ ਸਤਿਗੁਰੂ ਮਿਲਾਇਆ ॥" ਹੋਰ ਪਤਾ ਲੱਗਦਾ ਹੈ ਕਿ ਸਾਹਿਬ ਦੀ ਭੈਣ ਗੁਰੂ ਜੀ ਨੂੰ ਬਹੁਤ ਯਾਦ ਕਰ ਰਹੀ ਹੈ, "ਬੀਰਾ ਬੀਰਾ ਕਰਿ ਰਹੀ ਬੀਰ ਭਏ ਬੈਰਾਇ ॥ ਬੀਰ ਚਲੇ ਘਰਿ ਆਪਣੈ ਬਹਿਣ ਬਿਰਹਿ ਜਲਿ ਜਾਇ ॥" ਕਿਸੇ ਰਾਜਾ ਦੀ ਜਿਆਦਤੀ ਵਲ ਵੀ ਇਸ਼ਾਰਾ ਹੈ, "ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥ ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥"

ਗੁਰੂ ਸਾਹਿਬ ਦੀ ਇਥੇ ਜੋ ਆਓ ਭਗਤ ਹੋਈ ਸੀ ਉਸ ਬਾਬਤ ਵੀ ਦੋ ਤਿੰਨ ਥਾਂਈ ਜਿਕਰ ਹੈ. " ਪ੍ਰੀਤਮ ਹਥਿ ਵਡਿਆਈਆ ਜੈ ਭਾਵੈ ਤੈ ਦੇਇ ॥ " ਬਿਨੁ ਸਾਚੇ ਨਹੀ ਦਰਗਹ ਮਾਨੁ ॥" "ਕਰਤੇ ਹਥਿ ਵਡਿਆਈਆ ਬੂਝਹੁ ਗੁਰ ਬੀਚਾਰਿ ॥"

———◈———

ਪੈਰ ਸਫਾ

⊙ ਸਰੋਤ ਸੋਚੀ- (ਦੱਖਣੀ ਓਅੰਕਾਰ ਨੂੰ ਕਹਿਣਾ ਕਿ ਇਹ ਬਨਾਰਸ ਵਿਖੇ ਰਚੀ ਗਈ ਸੀ ਵੱਡੀ ਭੁਲ ਹੈ ਕਿਉਕਿ ਇੱਕ ਤਾਂ ਬਾਣੀ ਦੇ ਨਾਂ ਤੋਂ ਹੀ ਸਾਫ ਹੋ ਜਾਂਦਾ ਹੈ ਦੂਸਰਾ ਬਿਧਾਤਾ ਬਿਧਾਤਾ ਸ਼ਬਦ ਦਾ ਬਾਰ ਬਾਰ ਆਉਣਾ ਵੀ ਇਸ ਥਾਂ ਨਾਲ ਜੋੜਦਾ ਹੈ। ਇਨੂੰ ਮੰਧਾਤਾ ਓਕਾਰੇਸ਼ਵਰ ਵੀ ਕਿਹਾ ਜਾਦਾ ਹੈ। ਓਕਾਰੇਸ਼ਵਰ ਵਿਖੇ ਸ਼ਾਹੀ ਮਹਿਲਾਂ ਦੇ ਨੇੜੇ ਹੀ ਯਾਦਗਾਰ ਗੁਰਦੁਆਰਾ ਸਾਹਿਬ ਵੀ ਮੌਜੂਦ ਹੈ।)

ਓਕਾਰੇਸ਼ਵਰ

ਬਾਬਾ ਜੀ ਇਹ ਮਨ ਨਹੀ ਵੱਸ ਆਉਦਾ। ਇਹਦਾ ਕੀ ਕਰੀਏ? -ਇਕ ਸਾਧੂ ਪੁੱਛਦੈ

ਗੁਰੂ ਸਾਹਿਬ ਓਕਾਰੇਸ਼ਵਰ ਬਿਰਾਜੇ ਹੋਏ ਸਨ। ਸਾਧੂ ਸੰਤ ਆਪਣੇ ਆਪਣੇ ਸਵਾਲ ਕਰ ਰਹੇ ਸਨ। ਚਿੱਤਗਿਰੀ ਨਾਂ ਦਾ ਇੱਕ ਬੜੇ ਸੂਝਵਾਨ ਮਹੰਤ ਗੁਰੂ ਸਾਹਿਬ ਨੂੰ ਪੁੱਛਣ ਲੱਗਾ ਕਿ ਬਾਬਾ ਜੀ ਲੱਖ ਯਤਨ ਕਰੀਦੇ ਨੇ ਪਾਠ ਪੂਜਾ ਵਿੱਚ ਮਨ ਨਹੀ ਲੱਗਦਾ। ਓਤੋਂ ਓਤੋਂ ਅਸੀ ਪੂਜਾ ਕਰ ਰਹੇ ਹੁੰਦੇ ਹਾਂ ਮੰਨ ਕਿਤੇ ਦਾ ਕਿਤੇ ਪਹੁੰਚਿਆ ਹੁੰਦਾ ਹੈ। ਬਾਬਾ ਜੀ ਕੀ ਇਸ ਦਾ ਵੀ ਕੋਈ ਇਲਾਜ ਹੈਗਾ ਕਿ ਇਹ ਸਾਰੀ ਜਿੰਦਗੀ ਏਸੇ ਹੀ ਤਰਾਂ ਚਲਦਾ ਰਹੇਗਾ? ਚਿੱਤਗਿਰੀ ਦੇ ਇਸ ਸਵਾਲ ਤੇ ਹਰ ਕਿਸੇ ਨੇ ਹਾਮੀ ਭਰੀ ਕਿ ਬਾਬਾ ਜੀ ਇਹ ਬਹੁਤ ਮਹੱਤਵ ਵਾਲਾ ਸਵਾਲ ਹੈ।

ਗੁਰੂ ਸਾਹਿਬ ਨੇ ਕਿਹਾ ਕਿ ਇਹ ਅਧਿਆਤਮ ਦਾ ਮੂਲ ਸਵਾਲ ਹੈ। ਕਰਤਾ-ਪੁਰਖ ਦੇ ਇਸ ਵਰਤਾਰੇ ਨੂੰ ਸਮਝਣ ਲਈ ਤੁਹਾਨੂੰ ਭਗਵਾਨ ਦੁਆਰਾ ਰਚੇ ਨਾਟਕ ਦੀ ਸਮਝ ਹੋਣੀ ਚਾਹੀਦੀ ਹੈ। ਕਰਤਾਰ ਨੇ ਇਹ ਜਗਤ-ਤਮਾਸ਼ਾ ਏਸੇ ਹਊਮੈ ਦੇ ਤਹਿਤ ਹੀ ਤਾਂ ਸੁਚਾਰੂ ਕੀਤਾ ਹੋਇਆ ਹੈ। ਹਊਮੈ ਭਾਵ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ। ਇਸ ਡਰਾਮੇ ਦੀ ਜਿਨੂੰ ਸਮਝ ਆ ਗਈ ਉਹਦਾ ਮੰਨ ਵੀ ਲੱਗਣਾ ਸ਼ੁਰੂ ਹੋ ਜਾਏਗਾ। (ਵਿਸਥਾਰ ਵਿੱਚ ਜਿਵੇ ਗੁਰੂ ਸਾਹਿਬ ਨੇ ਸਮਝਾਇਆ ਉਸ ਲਈ ਵੇਖੋ ਸਫਾ-108)

ਇਸ ਮੌਕੇ ਗੁਰੂ ਸਾਹਿਬ ਨੇ ਗੁਆਰੇਰੀ ਗਉੜੀ ਵਿੱਚ ਇੱਕ ਸ਼ਬਦ ਵੀ ਬੋਲਿਆ:

ਨਾ ਮਨੁ ਮਰੈ ਨ ਕਾਰਜੁ ਹੋਇ ॥ ਮਨੁ ਵਸਿ ਦੂਤਾ ਦੁਰਮਤਿ ਦੋਇ ॥ ਮਨੁ ਮਾਨੈ ਗੁਰ ਤੇ ਇਕੁ ਹੋਇ ॥੧॥ ਨਿਰਗੁਣ ਰਾਮੁ ਗੁਣਹ ਵਸਿ ਹੋਇ ॥ ਆਪੁ ਨਿਵਾਰਿ ਬੀਚਾਰੇ ਸੋਇ ॥੧॥ ਰਹਾਉ ॥ ਮਨੁ ਭੂਲੋ ਬਹੁ ਚਿਤੈ ਵਿਕਾਰੁ ॥ ਮਨੁ ਭੂਲੋ ਸਿਰਿ ਆਵੈ ਭਾਰੁ ॥ ਮਨੁ ਮਾਨੈ ਹਰਿ ਏਕੰਕਾਰੁ ॥੨॥ ਮਨੁ ਭੂਲੋ ਮਾਇਆ ਘਰਿ ਜਾਇ ॥ ਕਾਮਿ ਬਿਰੂਧਉ ਰਹੈ ਨ ਠਾਇ ॥ ਹਰਿ ਭਜੁ ਪ੍ਰਾਣੀ ਰਸਨ ਰਸਾਇ ॥੩॥ ਗੈਵਰ ਹੈਵਰ ਕੰਚਨ ਸੁਤ ਨਾਰੀ ॥ ਬਹੁ ਚਿੰਤਾ ਪਿੜ ਚਾਲੈ ਹਾਰੀ ॥ ਜੂਐ ਖੇਲਣੁ ਕਾਚੀ ਸਾਰੀ ॥੪॥ ਸੰਪਉ ਸੰਚੀ ਭਏ ਵਿਕਾਰ ॥ ਹਰਖ ਸੋਕ ਉਭੇ ਦਰਵਾਰਿ ॥ ਸੁਖੁ ਸਹਜੇ ਜਪਿ ਰਿਦੈ ਮੁਰਾਰਿ ॥੫॥ ਨਦਰਿ ਕਰੇ ਤਾ ਮੇਲਿ ਮਿਲਾਏ ॥ ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ ॥ ਗੁਰਮੁਖਿ ਨਾਮੁ ਪਦਾਰਥੁ ਪਾਏ ॥੬॥ ਬਿਨੁ ਨਾਵੈ ਸਭ ਦੂਖ ਨਿਵਾਸੁ ॥ ਮਨਮੁਖ ਮੂੜ ਮਾਇਆ ਚਿਤ ਵਾਸੁ ॥ ਗੁਰਮੁਖਿ ਗਿਆਨੁ ਧੁਰਿ ਕਰਮਿ ਲਿਖਿਆਸੁ ॥੭॥ ਮਨੁ ਚੰਚਲੁ ਧਾਵਤੁ ਫੁਨਿ ਧਾਵੈ ॥ ਸਾਚੇ ਸੂਚੇ ਮੈਲੁ ਨ ਭਾਵੈ ॥ ਨਾਨਕ ਗੁਰਮੁਖਿ ਹਰਿ ਗੁਣ ਗਾਵੈ ॥੮॥੩॥

ਗੁਰੂ ਸਾਹਿਬ ਨੇ ਕਿਹਾ ਕਿ ਗੱਲ ਤਾਂ ਬੜੀ ਸਧਾਰਨ ਜਿਹੀ ਹੈ ਪਰ ਪੱਲੇ ਉਹਦੇ ਪੈਣੀ ਹੈ ਜਿਹਦੇ ਤੇ ਨਿਰੰਕਾਰ ਦੀ ਕਿਰਪਾ ਹੋਵੇ। ਗੁਰਮੁਖ ਫਿਰ ਗਿਆਨ ਰਾਂਹੀ ਇਸ ਮੰਨ ਨੂੰ ਮਾਰਦਾ ਹੈ। ਜਦੋਂ ਮੰਨ ਵਿੱਚ ਮਾੜੀ ਚਿਤਵਨੀ ਉਪਜਦੀ ਹੈ, ਸੁਚੇਤ ਮੰਨ ਓਸੇ ਵੇਲੇ ਉਨੂੰ ਇਹ ਯਾਦ ਦਿਵਾ ਕੇ ਟਿਕਾਣੇ ਤੇ ਲੈ ਆਉਦਾ ਹੈ ਕਿ ਭਾਈ ਜਿਸ ਬਾਬਤ ਤੂੰ ਸੋਚ ਰਿਹਾ ਹੈ ਉਹ ਤਾਂ ਛਿਲ ਹੈ।

ਗੁਰੂ ਸਾਹਿਬ ਦਾ ਵਿਸਥਾਰ ਪੂਰਬਕ ਦਿੱਤਾ ਜਵਾਬ ਸੁਣ ਕੇ ਸਾਧੂ ਸੰਤ ਧੰਨ ਧੰਨ ਕਰ ਉਠੇ। ਬਾਬਾ ਨਾਨਕ ਤੂੰ ਧੰਨ ਹੈ।

ਕੁਝ ਦਿਨ ਇਥੇ ਰਹਿਣ ਉਪਰੰਤ ਗੁਰੂ ਸਾਹਿਬ ਨਰਬਦਾ ਦੇ ਨਾਲ ਨਾਲ ਹੇਠਾਂ ਨੂੰ ਰਵਾਨਾ ਹੋ ਗਏ।

———◈———

ਗੁਰੂ ਸਾਹਿਬ ਦੀ ਅਗਲੀ ਮੰਜ਼ਿਲ ਮਹਾਕਾਲੇਸ਼ਵਰ ਉਜੈਨ:

ਮਾਂਡੋ ਦੇ ਰਾਹ -ਠੱਗ ਨਾਲ ਹੀ ਹੋ ਤੁਰੇ

ਗੁਰੂ ਸਾਹਿਬ ਓਕਾਰੇਸ਼ਵਰ ਤੋਂ ਮਾਲਵਾ ਦੇਸ ਦੀ ਰਾਜਧਾਨੀ ਮਾਂਡੋ ਨੂੰ ਜਦੋਂ ਰਵਾਨਾ ਹੋਏ ਤਾਂ ਠੱਗ ਨਾਲ ਹੀ ਹੋ ਤੁਰੇ। ਠੱਗਾਂ ਨੇ ਗੁਰੂ ਸਾਹਿਬ ਦੀ ਮੰਨਤਾਂ ਵੇਖ ਲਈ ਸੀ। ਕਿਉਕਿ ਹਰ ਕੋਈ ਗੁਰੂ ਸਾਹਿਬ ਅੱਗੇ ਝੁੱਕ ਰਿਹਾ ਸੀ। ਇਥੋਂ ਤੱਕ ਕਿ ਮੰਦਰਾਂ ਦੇ ਪੁਜਾਰੀ ਵੀ ਗੁਰੂ ਸਾਹਿਬ ਦੀ ਸ਼ਰਨ ਵਿੱਚ ਆ ਰਹੇ ਸਨ। ਠੱਗਾਂ ਨੇ ਮਹਿਸੂਸ ਕੀਤਾ ਕਿ ਇਹ 'ਮਹੰਤ' ਜਰੂਰ ਮਾਲਦਾਰ ਹੋਵੇਗਾ ਕਿਉਕਿ ਇਨੂੰ ਬਹੁਤ ਭੇਟਾਵਾਂ ਮਿਲ ਰਹੀਆਂ ਸਨ।

ਪੁਰਾਣੇ ਜਮਾਨੇ ਵਿੱਚ ਠੱਗੀ ਇੱਕ ਧੰਧਾ ਹੀ ਹੁੰਦਾ ਸੀ। ਉਹ ਬੜੇ ਤਰੀਕੇ ਨਾਲ ਭੋਲੇ ਮੁਸਾਫਰਾਂ ਦਾ ਭਰੋਸਾ ਜਿੱਤਦੇ ਸਨ। ਕਦੀ ਉਹ ਜੰਞ ਦਾ ਰੂਪ ਬਣਾ ਕੇ ਚਲਦੇ। ਕਦੀ ਨਾਲ ਬੁੱਢੇ ਬੰਦੇ ਹੁੰਦੇ। ਕਦੀ ਨਾਲ ਕੋਈ ਬੀਮਾਰ ਬੰਦਾ ਬਣ ਜਾਂਦਾ। ਕਦੀ ਜਨਾਨੀਆਂ ਤੇ ਮੁਟਿਆਰਾਂ ਨਾਲ ਹੁੰਦੀਆਂ। ਅਗਲੇ ਦਾ ਭਰੋਸਾ ਜਿੱਤ ਲੈਂਦੇ ਸਨ। ਫਿਰ ਕੋਈ ਚੀਜ ਖਾਣ ਨੂੰ ਦੇਣੀ ਜਿਸ ਵਿੱਚ ਧਤੂਰਾ ਮਿਲਿਆ ਹੁੰਦਾ ਸੀ। ਬੰਦਾ ਬੇਹੋਸ਼ ਹੋ ਜਾਂਣਾ ਤੇ ਫਿਰ ਉਨੂੰ ਲੁੱਟ ਲੈਂਦੇ ਸਨ। ਭਰੋਸੇ 'ਚ ਆ ਚੁੱਕੇ ਬੰਦੇ ਨੂੰ ਕਈ ਵਾਰੀ ਤਾਂ ਉਹ ਸਿੱਧਾ ਗੱਲ ਵਿੱਚ ਫਾਹੀ ਹੀ ਪਾ ਕੇ ਖਤਮ ਕਰ ਦਿੰਦੇ ਸਨ।

ਰਸਤੇ ਜਦੋਂ ਜਾ ਰਹੇ ਸਨ ਤਾਂ ਗੁਰੂ ਸਾਹਿਬ ਠੱਗਾਂ ਨੂੰ ਤਾੜ ਗਏ ਤਾਂ ਮਰਦਾਨੇ ਨੂੰ ਵੇਖ ਮੁਸਕਰਾਅ ਰਹੇ ਸਨ। ਅੱਗੋਂ ਮਰਦਾਨਾ ਪੁੱਛਣ ਲੱਗ ਪਿਆ ਕਿ ਸਾਹਿਬ ਜੀ ਕੀ ਗੱਲ ਹੈ ਤੁਸੀ ਮੁਸਕਰਾ



ਠੱਗ ਗੁਰੂ ਨੂੰ ਮੁਤਾਸਰ ਕਰਨ ਦੀ ਕੋਸ਼ਿਸ਼ ਵਿਚ- ਬੀ:40

ਰਹੇ ਹੋ। ਸਾਹਿਬ ਕਹਿਣ ਲੱਗੇ ਮਰਦਾਨਿਆ ਛੇਤੀ ਹੀ ਪਤਾ ਲੱਗ ਜਾਉ। ਇਸ਼ਾਰਾ ਦਿੱਤਾ ਕਿ ਇਨਾਂ ਹੱਥੋਂ ਕੁਝ ਖਾਈਂ ਨਾਂ।

ਗੁਰੂ ਸਾਹਿਬ ਨਰਬਦਾ ਦਰਿਆ ਦੇ ਨਾਲ ਨਾਲ ਚਲ ਰਹੇ ਸਨ। ਇਲਾਕਾ ਵੀ ਸਾਰਾ ਜੰਗਲੀ ਸੀ। ਸ਼ਰਧਾਲੂਆਂ ਲਈ ਟਾਂਗੇ ਟੱਟੂ ਤਾਂ ਮਿਲਦੇ ਹੀ ਹੋਣਗੇ। ਇਹ ਪੂਰਾ ਇਲਾਕਾ ਧਾਰਮਿਕ

ਅਸਥਾਨਾਂ ਨਾਲ ਭਰਿਆ ਪਿਆ ਹੈ। (ਓਕਾਰੇਸ਼ਵਰ, ਮੰਡਲੇਸ਼ਵਰ, ਮਾਹੇਸ਼ਵਰ, ਖਰਗੋਨ - ਉੱਨ ਵਿੱਚ ਤਾਂ 12ਵੀ ਸਦੀ ਵਿੱਚ 100 ਮੰਦਰ ਸਨ) ਮਾਂਡੋ ਜਾਣ ਲਈ ਪਹਿਲਾ ਪੜਾਅ ਮੰਡਲੇਸ਼ਵਰ ਕੀਤਾ। ਮੰਡਲੇਸ਼ਵਰ ਵੀ ਪ੍ਰਸਿਧ ਹਿੰਦੂ ਧਾਰਮਿਕ ਅਸਥਾਨ ਹੈ। ਜਿੱਥੇ 8 ਵੀ ਸਦੀ ਈ. ਵਿੱਚ ਸ਼ੰਕਰਚਾਰੀਆ ਨੂੰ ਮੰਦਾਨਾ ਮਿਸ਼ਰਾ ਮਿਲਿਆ ਸੀ।

ਮੰਡਲੇਸ਼ਵਰ ਵਿਖੇ ਠੱਗਾਂ ਨੇ ਬੜੀ ਕੋਸ਼ਿਸ਼ ਕੀਤੀ ਮਰਦਾਨੇ ਤੇ ਗੁਰੂ ਸਾਹਿਬ ਨੂੰ ਕੁਝ ਖਵਾਉਣ ਦੀ ਪਰ ਇਹ ਲੋਕ ਤਾਂ ਆਦਤਨ ਕਈ ਕਈ ਦਿਨ ਭੁੱਖੇ ਰਹਿ ਜਾਂਦੇ ਸਨ। ਫਿਰ ਮਰਦਾਨਾ ਆਪਣੇ ਨਾਲ ਭੁੱਜੇ ਦਾਣੇ ਵਗੈਰਾ ਲੈ ਕੇ ਚਲਦਾ ਹੁੰਦਾ ਸੀ। ਠੱਗਾਂ ਦੀਆਂ ਸਾਰੀਆਂ ਵਿਉਂਤਾਂ ਨਾਕਾਮ ਰਹਿ ਰਹੀਆਂ ਸਨ।

ਅਗਲੇ ਦਿਨ ਸਾਹਿਬ ਲਾਗੇ ਦੇ ਅਸਥਾਨ ਜਿਹੜਾ ਮੰਡਲੇਸ਼ਵਰ ਤੋਂ ਸਿਰਫ 8 ਕਿਲੋਮੀਟਰ ਦੀ ਵਿਥ ਤੇ ਨਰਬਦਾ ਕੰਢੇ ਹੈ ਓਥੇ ਜਾ ਸਾਧੂਆਂ ਨੂੰ ਮਿਲੇ ਤੇ ਨਾਮ ਦਾ ਪ੍ਰਚਾਰ ਕੀਤਾ। ਏਥੇ ਰੌਣਕਾਂ ਜਿਆਦਾ ਹੋਣ ਕਰਕੇ ਇੱਕ ਦਿਨ ਠਹਿਰ ਹੀ ਗਏ। ਬਾਬੇ ਦਾ ਆਉਣਾ ਸੁਣ ਕੇ ਦੂਰ ਦੂਰ ਤੋਂ ਲੋਕ ਵੀ ਆ ਪਹੁੰਚੇ ਸਨ।

ਤੀਸਰੇ ਦਿਨ ਰਵਾਨਾ ਹੋਵੇ ਤਾਂ ਠੱਗ ਗੁਰੂ ਸਾਹਿਬ ਨਾਲ ਗੱਲੀ ਪਿਆ। ਕਹਿਣ ਲੱਗਾ ਮਹਾਤਮਾ ਜੀ ਤੁਹਾਡੇ 'ਚ ਕੀ ਸਿਫਤ ਹੈ ਕਿ ਹਰ ਕੋਈ ਤੁਹਾਡੇ ਅੱਗੇ ਨਿਉ ਨਿਉਂ ਕੇ ਮਿਲ ਰਿਹਾ ਹੈ। ਕੁਝ ਸਾਡੇ ਵੀ ਪੱਲੇ ਪਾਉਗੇ? ਗੁਰੂ ਸਾਹਿਬ ਨੇ ਕਿਹਾ ਪੱਲੇ ਤਾਂ ਫਿਰ ਪਉ ਜੇ ਤੁਸੀ ਸਾਡਾ ਕਹਿਣਾ ਮੰਨੋਗੇ ਤਾਂ। ਮੋਮੋਠੱਗ ਬੋਲ ਪਿਆ ਜੀ ਅਸੀ ਤਾਂ ਤਾਬਿਆਦਾਰ ਹਾਂ, ਤੁਹਾਡੇ ਦਾਸ ਹਾਂ, ਤੁਸੀ ਹੁਕਮ ਤਾਂ ਕਰੋ।

ਗੁਰੂ ਸਾਹਿਬ ਨੇ ਕਿਹਾ ਕਿ ਜੋ ਤੁਹਾਨੂੰ ਵੱਡਿਆਈਆਂ ਮਿਲਦੀਆਂ ਹਨ ਤਾਂ ਇਹ ਤੁਹਾਡੇ ਪੂਰਬਲੇ ਕਰਮਾਂ ਦਾ ਲੇਖਾ ਹੁੰਦਾ ਹੈ। ਜੋ ਅੱਜ ਕਲ੍ਹ ਤੁਸੀ ਬੀਜ ਰਹੇ ਹੋ ਇਹ ਕੱਲ੍ਹ ਨੂੰ ਤੁਹਾਨੂੰ ਵੱਢਣਾ ਪੈਣਾ ਹੈ। ਪਾਪੀ ਬੰਦਿਆਂ ਨੂੰ ਰੱਬ ਟੀਸੀ ਤੇ ਖੜ੍ਹ ਕੇ ਫਿਰ ਮੂਧਾ ਕਰਦਾ ਹੈ। ਭਰ ਜਵਾਨੀ 'ਚ ਉਲਾਦ ਦਾ ਦੁੱਖ ਪੈਂਦਾ ਹੈ। ਕਾਰੋਬਾਰ ਵਿੱਚ ਨੁਕਸਾਨ। ਬੰਦਾ ਫਿਰ ਟੁੱਟਦਾ ਹੈ। ਮਤ ਸੋਚੋ ਕਿ ਨਿਰੰਕਾਰ ਨੂੰ ਤੁਹਾਡੀ ਕਰਤੂਤ ਦਾ ਪਤਾ ਨਹੀ। ਓਹ ਓਨਾਂ ਹੀ ਤੁਹਾਡੇ ਨੇੜੇ ਹੈ ਜਿੰਨਾਂ ਤੁਸੀ ਆਪਣੇ ਆਪ ਦੇ ਹੋ।

ਇਹ ਗੱਲਾਂ ਤਾਂ ਠੱਗਾ ਨੂੰ ਸੂਲਾਂ ਵਾਙੂ ਚੁੱਭ ਰਹੀਆਂ ਸਨ। ਭਵਿਖ ਹਨੇਰਾ ਦਿਸ ਰਿਹਾ ਸੀ। ਵੱਡੇ ਠੱਗ ਦੇ ਘਰ ਕੁਝ ਸਮਾਂ ਪਹਿਲਾਂ ਹੀ ਮੌਤ ਵੀ ਹੋਈ ਸੀ। ਇਨੇ ਨੂੰ ਕਿਤੇ ਫਿਰ ਇੱਕ ਥਾਂ ਜਦੋਂ ਬੈਠੇ ਤਾਂ ਮਰਦਾਨੇ ਨੇ ਤਾਰ ਛੇੜ ਲਈ। ਗੁਰੂ ਸਾਹਿਬ ਨੇ ਧਨਾਸਰੀ ਰਾਗ ਵਿੱਚ ਸ਼ਬਦ ਗਾਵਿਆ:

ਪਿਰ ਸੰਗਿ ਮੂਠੜੀਏ ਖਬਰਿ ਨ ਪਾਈਆ ਜੀਉ ॥ ਮਸਤਕਿ ਲਿਖਿਅੜਾ ਲੇਖੁ ਪੁਰਬਿ ਕਮਾਇਆ ਜੀਉ ॥ ਲੇਖੁ ਨ ਮਿਟਈ ਪੁਰਬਿ ਕਮਾਇਆ ਕਿਆ ਜਾਣਾ ਕਿਆ ਹੋਸੀ ॥ ਗੁਣੀ ਅਚਾਰਿ ਨਹੀ ਰੰਗਿ ਰਾਤੀ ਅਵਗੁਣ ਬਹਿ ਬਹਿ ਰੋਸੀ ॥ ਧਨੁ ਜੋਬਨੁ ਆਕ ਕੀ ਛਾਇਆ ਬਿਰਧਿ ਭਏ ਦਿਨ ਪੁੰਨਿਆ ॥ ਨਾਨਕ ਨਾਮ ਬਿਨਾ ਦੋਹਾਗਣਿ ਛੂਟੀ ਝੂਠਿ ਵਿਛੁੰਨਿਆ ॥੧॥

ਠੱਗ ਕਹਿਣ ਲੱਗਾ ਇਹਦਾ ਕੀ ਮਤਲਬ? ਗੁਰੂ ਸਾਹਿਬ ਨੇ ਕਿਹਾ ਇਹ ਤਾਂ ਇੱਕ ਜਨਾਨੀ ਦੀ ਕਹਾਣੀ ਹੈ ਜਿਹੜੀ ਸਮਝਦੀ ਸੀ ਕਿ ਮੈਂ ਦੁਨੀਆਂ ਨੂੰ ਚਾਰਦੀ ਹਾਂ ਪਰ ਅਸਲ ਵਿੱਚ ਵਿਚਾਰੀ ਆਪ ਠੱਗੀ ਗਈ ਏ। ਜਿਨੂੰ ਕੁਝ ਸਮਝ ਨਹੀ। ਜਿਨੂੰ ਕੁਝ ਅਹਿਸਾਸ ਨਹੀ ਕਿ ਕੀ ਹੋਣ ਵਾਲਾ ਹੈ। ਜਿੰਨੇ ਜਿੰਦਗੀ ਵਿੱਚ ਕੋਈ ਗੁਣ ਪੈਦਾ ਨਾਂ ਕੀਤਾ ਕੋਈ ਚੰਗਾ ਕੰਮ ਨਾਂ ਕੀਤਾ। ਅੱਗੇ ਜਾ ਕੇ ਵਿਚਾਰੀ ਕੀ ਦੱਸੇਗੀ ਕਿ ਕੀ ਕੀਤਾ। ਵਿਚਾਰੀ ਨੂੰ ਪਤਾ ਨਹੀ ਕਿ ਇਹ ਜਵਾਨੀ ਢੱਲਨ ਵਾਲੀ ਹੈ ਤੇ ਸਿਰ ਤੇ ਬੁਢਾਪਾ ਆਉਣ ਵਾਲਾ ਹੈ।

ਧਤੂਰਾ - ਠੱਗਾ ਦਾ ਹਥਿਆਰ

ਕਿਉਕਿ ਭਰੋਸਾ ਜਿੱਤਣ ਵਾਸਤੇ ਠੱਗ ਕੋਈ ਚੀਜ ਆਪ ਖਾਂਦੇ ਤੇ ਜਹਿਰ ਵਾਲੀ ਮੁਸਾਫਿਰ ਨੂੰ ਖਵਾ ਦਿੰਦੇ ਸਨ। ਭਾਣਾ ਰੱਬ ਦਾ। ਭੁਲੇਖੇ ਨਾਲ ਠੱਗ ਦੇ ਮੁੰਡੇ ਨੇ ਜਹਿਰ ਵਾਲੀ ਵਸਤੂ ਖਾ ਲਈ। ਢਾਂਣੀ ਵਿੱਚ ਘੁਸਰ-ਮੁਸਰ ਤੋਂ ਬਾਦ ਭੜਥੂ ਪੈ ਗਿਆ।

ਗੁਰੂ ਸਾਹਿਬ ਨੇ ਉੱਚੀ ਸੁਰ ਵਿੱਚ ਸ਼ਬਦ ਬੋਲਿਆ:

ਬੂਡੀ ਘਰੁ ਘਾਲਿਓ ਗੁਰ ਕੈ ਭਾਇ ਚਲੋ ॥ ਸਾਚਾ ਨਾਮੁ ਧਿਆਇ ਪਾਵਹਿ ਸੁਖਿ ਮਹਲੋ ॥ ਹਰਿ ਨਾਮੁ ਧਿਆਏ ਤਾ ਸੁਖੁ ਪਾਏ ਪੋਈਅੜੈ ਦਿਨ ਚਾਰੇ ॥ ਨਿਜ ਘਰਿ ਜਾਇ ਬਹੈ ਸਚੁ ਪਾਏ ਅਨਦਿਨੁ ਨਾਲਿ ਪਿਆਰੇ ॥ ਵਿਣੁ ਭਗਤੀ ਘਰਿ ਵਾਸੁ ਨ ਹੋਵੀ ਸੁਣਿਅਹੁ ਲੋਕ ਸਬਾਏ ॥ ਨਾਨਕ ਸਰਸੀ ਤਾ ਪਿਰੁ ਪਾਏ ਰਾਤੀ ਸਾਚੈ ਨਾਏ ॥੨॥

ਮੁੰਡੇ ਦੀ ਹਾਲਤ ਵੇਖ ਠੱਗਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਹੁਣ ਤੱਕ ਠੱਗ ਸਮਝ ਚੁੱਕੇ ਸਨ ਕਿ ਬਾਬਾ ਕੋਈ ਪ੍ਰਮੇਸ਼ਰ ਦਾ ਦੂਤ ਹੈ। ਜਾਣੀ ਜਾਣ ਹੈ। ਠੱਗ ਗੁਰੂ ਸਾਹਿਬ ਅੱਗੇ ਗਿੜਗਿੜਾਇਆ ਕਿ ਬਾਬਾ ਮੁੰਡੇ ਨੂੰ ਬਚਾ ਲੈ। ਹੁਣ ਠੱਗਾਂ ਦੀ ਭਾਵਨੀ ਬਦਲ ਚੁੱਕੀ ਸੀ। ਠੱਗ ਨਿਆਸਰਾ ਹੋ ਚੁੱਕਾ ਸੀ। ਗੁਰੂ ਸਾਹਿਬ ਨੂੰ ਤਰਸ ਆਇਆ ਤਾਂ ਲਾਗੋਂ ਮਰਦਾਨੇ ਨੂੰ ਕਹਿ ਕੇ ਇੱਕ ਬੂਟੀ ਦੇ ਪੱਤੇ ਮੰਗਵਾਏ ਤੇ ਕਿਹਾ ਕਿ ਮੁੰਡੇ ਨੂੰ ਖਵਾ ਦਿਓ। ਮੁੰਡੇ ਦਾ ਜ਼ਹਿਰ ਲਹਿਣਾ ਸ਼ੁਰੂ ਹੋ ਗਿਆ। ਠੱਗ ਪੂਰੀ ਤਰਾਂ ਦਿਲੋਂ ਹੋ ਕੇ ਗੁਰੂ ਸਾਹਿਬ ਦੇ ਚਰਨੀ ਲੱਗ ਚੁੱਕੇ ਸਨ।

ਹੁਣ ਮਰਦਾਨਾ ਮੁਸਕਰਾਅ ਰਿਹਾ ਸੀ। ਹੱਥ ਰਬਾਬ ਤੇ ਸੀ। ਗੁਰੂ ਸਾਹਿਬ ਨੇ ਸ਼ਬਦ ਪੂਰਾ ਕੀਤਾ:

ਪਿਰੁ ਧਨ ਭਾਵੈ ਤਾ ਪਿਰ ਭਾਵੈ ਨਾਰੀ ਜੀਉ ॥ ਰੰਗਿ ਪ੍ਰੀਤਮ ਰਾਤੀ ਗੁਰ ਕੈ ਸਬਦਿ ਵੀਚਾਰੀ ਜੀਉ ॥ ਗੁਰ ਸਬਦਿ ਵੀਚਾਰੀ ਨਾਹ ਪਿਆਰੀ ਨਿਵਿ ਨਿਵਿ ਭਗਤਿ ਕਰੇਈ ॥ ਮਾਇਆ ਮੋਹੁ ਜਲਾਏ ਪ੍ਰੀਤਮੁ ਰਸ ਮਹਿ ਰੰਗੁ ਕਰੇਈ ॥ ਪ੍ਰਭ ਸਾਚੇ ਸੇਤੀ ਰੰਗਿ ਰੰਗੇਤੀ ਲਾਲ ਭਈ ਮਨੁ ਮਾਰੀ ॥ ਨਾਨਕ ਸਾਚਿ ਵਸੀ ਸੋਹਾਗਣਿ ਪਿਰ ਸਿਉ ਪ੍ਰੀਤਿ ਪਿਆਰੀ ॥੩॥ ਪਿਰ ਘਰਿ ਸੋਹੈ ਨਾਰਿ ਜੇ ਪਿਰ ਭਾਵਏ ਜੀਉ ॥ ਝੂਠੇ ਵੈਣ ਚਵੇ ਕਾਮਿ ਨ ਆਵਏ ਜੀਉ ॥ ਝੂਠੁ ਅਲਾਵੈ ਕਾਮਿ ਨ ਆਵੈ ਨਾ ਪਿਰੁ ਦੇਖੈ ਨੈਣੀ ॥ ਅਵਗੁਣਿਆਰੀ ਕੰਤਿ ਵਿਸਾਰੀ ਛੂਟੀ ਵਿਧਣ ਰੈਣੀ ॥ ਗੁਰ ਸਬਦੁ ਨ ਮਾਨੈ ਫਾਹੀ ਫਾਥੀ ਸਾ ਧਨ ਮਹਲੁ ਨ ਪਾਏ ॥ ਨਾਨਕ ਆਪੇ ਆਪੁ ਪਛਾਣੈ ਗੁਰਮੁਖਿ ਸਹਜਿ ਸਮਾਏ ॥੪॥ ਧਨ ਸੋਹਾਗਣਿ ਨਾਰਿ ਜਿਨਿ ਪਿਰੁ ਜਾਣਿਆ ਜੀਉ ॥ ਨਾਮ ਬਿਨਾ ਕੂੜਿਆਰਿ ਕੂੜੁ ਕਮਾਣਿਆ ਜੀਉ ॥ ਹਰਿ ਭਗਤਿ ਸੁਹਾਵੀ ਸਾਚੇ ਭਾਵੀ ਭਾਇ ਭਗਤਿ ਪ੍ਰਭ ਰਾਤੀ ॥ ਪਿਰੁ ਰਲੀਆਲਾ ਜੋਬਨਿ ਬਾਲਾ ਤਿਸੁ ਰਾਵੇ ਰੰਗਿ ਰਾਤੀ ॥ ਗੁਰ ਸਬਦਿ ਵਿਗਾਸੀ ਸਹੁ ਰਾਵਾਸੀ ਫਲੁ ਪਾਇਆ ਗੁਣਕਾਰੀ ॥ ਨਾਨਕ ਸਾਚੁ ਮਿਲੈ ਵਡਿਆਈ ਪਿਰ ਘਰਿ ਸੋਹੈ ਨਾਰੀ ॥੫॥੩॥

ਇਹ ਘਟਨਾ ਮਾਂਡੋ ਲਾਗੇ ਦੀ ਹੈ। ਸਾਹਿਬ ਚਾਹੁੰਦੇ ਤਾਂ ਠੱਗਾਂ ਨੂੰ ਪੁਲਿਸ ਹਵਾਲੇ ਕਰ ਸਕਦੇ ਸਨ। ਪਰ ਬਾਬੇ ਨੇ ਠੱਗਾਂ ਤੇ ਵੀ ਤਰਸ ਕੀਤਾ। ਠੱਗਾਂ ਨੇ ਦਿਲੋਂ ਹੋ ਕੇ ਤੋਬਾ ਕੀਤੀ ਤੇ ਗੁਰੂ ਸਾਹਿਬ ਨੂੰ ਭਰੋਸਾ ਦਿਆਇਆ ਕਿ ਅੱਗੇ ਤੋਂ ਧਰਮ ਦੀ ਕਿਰਤ ਕਰਨਗੇ। ਸਾਹਿਬ ਨੇ ਉਨਾਂ ਦੀ ਭਾਵਨਾ ਵੇਖ ਨਾਮ ਦੀ ਦਾਤ ਬਖਸ਼ੀ।

———◈———

ਮੰਡਲੇਸ਼ਵਰ

ਜ਼ਮਾਰਚ 1517

ਮਾਂਡੋ ਦਾ ਗਧੇ ਸ਼ਾਹ ਕਪੂਰ

ਓਂਕਾਰੇਸ਼ਵਰ ਤੋਂ ਸਾਹਿਬ ਮੰਡਲੇਸ਼ਵਰ ਆ ਕੇ ਰਾਤ ਰਹੇ ਤੇ ਫਿਰ ਅੱਗੇ ਮਹੇਸ਼ਵਰ ਹੁੰਦੇ ਹੋਏ ਮਾਂਡੋ ਕਿਲੇ ਦੇ ਭੰਗੀ ਦਰਵਾਜੇ ਕੋਲ ਡੇਰਾ ਲਾ ਲਿਆ।

ਮਾਂਡੋ ਦਾ ਵਿਸ਼ਾਲ ਕਿਲਾ ਕਈ ਮੀਲਾਂ ਵਿੱਚ ਫੈਲਿਆ ਹੋਇਆ ਸੀ। ਇਹਦਾ ਘੇਰਾ 82 ਕਿ.ਮੀ. ਹੋਣ ਕਰਕੇ ਇਹ ਹਿੰਦੁਸਤਾਨ ਦਾ ਸਭ ਤੋਂ ਵੱਡਾ ਕਿਲਾ ਹੈ। ਦੱਖਣ ਪਾਸੇ ਤਾਂ ਪਹਾੜੀ ਇਹਦੀ ਕੁਦਰਤੀ ਦੀਵਾਰ ਹੈ। ਇਸ ਸ਼ਹਿਰ ਦਾ ਵੀ ਵਿਜੈਨਗਰ ਵਾਲਾ ਹਾਲ ਹੋਇਆ ਹੈ। ਬੇਚਰਾਗ ਹੋ ਚੁੱਕਾ ਹੈ ਸਿਰਫ ਸ਼ਾਹੀ ਇਮਾਰਤਾਂ ਹੀ ਬਚੀਆਂ ਹੋਈਆ ਹਨ। ਅਜ ਕਲ ਤਫਰੀ ਕਰਨ ਵਾਲਿਆਂ ਦੀ ਚੋਖੀ ਰੌਣਕ ਰਹਿੰਦੀ ਹੈ।

ਮਰਦਾਨੇ ਦੇ ਹੱਥ ਰਿਆਸਤ ਦੇ ਉਘੇ ਸ਼ਾਹ ਗਧਾ ਚੰਦ ਕਪੂਰ ਨੂੰ ਸੁਨੇਹਾ ਭੇਜਿਆ ਕਿ ਸੁਲਤਾਨਪੁਰ ਲੋਧੀ ਦੇ ਨਵਾਬ ਦੌਲਤ ਖਾਂ ਦਾ ਕਾਰਦਾਰ ਨਾਨਕ ਬੇਦੀ ਜੋ ਹੁਣ ਸਾਧੂ ਬਣ ਚੁੱਕਾ ਹੈ ਉਹ ਤੁਹਾਨੂੰ ਮਿਲਣਾ ਚਾਹੁੰਦਾ ਹੈ। ਕਪੂਰ ਪੰਜਾਬ ਤੋਂ ਆ ਕੇ ਹੀ ਇਥੇ ਸ਼ਾਹੂਕਾਰਾ ਕਰਦਾ ਸੀ ਤੇ ਮਸ਼ਹੂਰ ਸ਼ਾਹੂਕਾਰ ਸੀ। ਰਾਮਟੇਕ ਦੇ ਸਥਾਨ ਤੇ ਵੀ ਇਸ ਨੇ ਸ਼ਰਧਾਲੂਆਂ ਲਈ ਤਲਾਬ ਬਣਵਾਇਆ ਸੀ।

ਸੁਨੇਹਾ ਮਿਲਣ ਮੌਕੇ ਗਧਾ ਚੰਦ ਆਪਣੇ ਕਾਰ ਵਿਹਾਰ ਵਿੱਚ ਰੁੱਝਾ ਪਿਆ ਸੀ। ਮਰਦਾਨੇ ਦੇ ਹੱਥ ਗੁਰੂ ਸਾਹਿਬ ਲਈ ਰੋਟੀ ਪਾਣੀ ਭੇਜ ਦਿੱਤਾ ਤੇ ਕਿਹਾ ਕਿ ਜਿਵੇ ਮੌਕਾ ਮਿਲਦਾ ਮਿਲਣ ਆਵਾਂਗਾ। ਪਰ ਪੂਰਾ ਦਿਨ ਨਿਕਲ ਗਇਆ ਤੇ ਗੱਧੇ ਸ਼ਾਹ ਆਇਆ ਹੀ ਨਾਂ। ਇਹ ਮੰਨੀ ਹੋਈ ਗੱਲ ਵੀ ਹੈ ਕਿ ਮਾਇਆਧਾਰੀ ਬੰਦਾ ਸਮਝਦਾ ਹੈ ਕਿ ਸਾਧੂ ਬਸ ਉਹਦੀ ਮਾਇਆ ਕਰਕੇ ਹੀ ਆਉਦੇ। ਖੈਰ ਅਗਲੇ ਦਿਨ ਉਸ ਸੋਚਿਆ ਕਿ ਚਲੋ ਪੰਜਾਬੋਂ ਸਾਧੂ ਆਇਆ ਹੈ ਦੋ ਚਾਰ ਦਮੜੇ ਦੇ, ਮੱਥਾ ਟੇਕ ਆਉਦੇ ਆ।

ਗੁਰੂ ਸਾਹਿਬ ਨੂੰ ਜਦੋਂ ਮਿਲਿਆ ਦਿਲ ਵਿੱਚ ਆਕੜ ਹੀ ਰਹੀ। ਹਾਲਾਂ ਗੁਰੂ ਸਾਹਿਬ ਨੇ ਉਹਦਾ ਪਿੱਛੋਕੜ ਉਨੂੰ ਯਾਦ ਦਿਵਾਇਆ। ਗੱਲਾਂ ਬਾਤਾਂ ਚਲ ਰਹੀਆਂ ਸਨ ਕਿ ਸਾਹਿਬ ਨੇ ਮਰਦਾਨੇ ਨੂੰ ਇਸ਼ਾਰਾ ਕੀਤਾ ਤਾਂ ਮਰਦਾਨੇ ਨੇ ਵਿਚੇ ਰਬਾਬ ਛੇੜ ਦਿੱਤੀ। ਗਉੜੀ ਰਾਗ ਵਿੱਚ ਸਾਹਿਬ ਨੇ ਸ਼ਬਦ ਗਾਵਿਆ:

ਰਾਮਿ ਨਾਮਿ ਚਿਤੁ ਰਾਪੈ ਜਾ ਕਾ ॥ ਉਪਜੰਪਿ ਦਰਸਨੁ ਕੀਜੈ ਤਾ ਕਾ ॥੧॥ ਰਾਮ ਨ ਜਪਹੁ ਅਭਾਗੁ ਤੁਮਾਰਾ ॥ ਜੁਗਿ ਜੁਗਿ ਦਾਤਾ ਪ੍ਰਭੁ ਰਾਮੁ ਹਮਾਰਾ ॥੧॥ ਰਹਾਉ ॥ ਗੁਰਮਤਿ ਰਾਮੁ ਜਪੈ ਜਨੁ ਪੂਰਾ ॥ ਤਿਤੁ ਘਟ ਅਨਹਤ ਬਾਜੇ ਤੂਰਾ ॥੨॥ ਜੋ ਜਨ ਰਾਮ ਭਗਤਿ ਹਰਿ ਪਿਆਰਿ ॥ ਸੇ ਪ੍ਰਭਿ ਰਾਖੇ ਕਿਰਪਾ ਧਾਰਿ ॥੩॥ ਜਿਨ ਕੈ ਹਿਰਦੈ ਹਰਿ ਹਰਿ ਸੋਈ ॥ ਤਿਨ ਕਾ ਦਰਸੁ ਪਰਸਿ ਸੁਖੁ ਹੋਈ ॥੪॥ ਸਰਬ ਜੀਆ ਮਹਿ ਏਕੋ ਰਵੈ ॥ ਮਨਮੁਖਿ ਅਹੰਕਾਰੀ ਫਿਰਿ ਜੂਨੀ ਭਵੈ ॥੫॥ ਸੋ ਬੂਝੈ ਜੋ ਸਤਿਗੁਰੁ ਪਾਏ ॥ ਹਉਮੈ ਮਾਰੇ ਗੁਰ ਸਬਦੇ ਪਾਏ ॥੬॥ ਅਰਧ ਉਰਧ ਕੀ ਸੰਧਿ ਕਿਉ ਜਾਨੈ ॥ ਗੁਰਮੁਖਿ ਸੰਧਿ ਮਿਲੈ ਮਨੁ ਮਾਨੈ ॥੭॥ ਹਮ ਪਾਪੀ ਨਿਰਗੁਣ ਕਉ ਗੁਣੁ ਕਰੀਐ ॥ ਪ੍ਰਭ ਹੋਇ ਦਇਆਲੁ ਨਾਨਕ ਜਨ ਤਰੀਐ ॥੮॥੧੬॥

ਗਧੇ ਚੰਦ ਨੇ ਜਦੋਂ ਇਹ ਸਖਤ ਬਾਣੀ ਸੁਣੀ ਤਾਂ ਧੁਰ ਅੰਦਰ ਤੱਕ ਕੰਬ ਉਠਿਆ। ਮੁਆਫ ਮੰਗੀ। ਗੁਰੂ ਸਾਹਿਬ ਨੇ ਨਿਮਰਤਾ ਦੇ ਆਲਮ ਵਿੱਚ ਆ ਕੇ ਫਰਮਾਇਆ ਕਿ ਅਸੀ ਤਾਂ ਆਪ ਪਾਪੀ ਹਾਂ ਬਸ ਨਿਰੰਕਾਰ ਦੇ ਗੁਣ ਗਾਉਦੇ ਫਿਰਦੇ ਹਾਂ। ਜੇ ਕਿਤੇ ਮਾਲਕ ਦਿਆਲ ਹੋ ਗਇਆ ਤਾਂ ਤਰ ਜਾਵਾਂਗੇ।

ਇਹ ਨਿਮਰਤਾ ਵੇਖ ਗੱਧੇ ਚੰਦ ਸਾਹਿਬ ਦੇ ਚਰਨੀ ਢਹਿ ਪਿਆ। ਭੁਲ ਬਖਸ਼ਾਈ ਤੇ ਸਾਹਿਬ ਨੂੰ ਆਪਣੇ ਘਰ ਜਾਣ ਲਈ ਜਿੱਦ ਕੀਤੀ। ਸਾਹਿਬ ਨੇ ਕਿਹਾ ਕਿ ਧਾਰ ਨੂੰ ਜਾਂਦੇ ਵਕਤ ਮਿਲਦੇ ਜਾਵਾਂਗੇ।

ਗੱਧੇ ਚੰਦ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਉਹ ਹੁਣੇ ਬਾਦਸ਼ਾਹ (ਸ਼ਹਾਬੂਦੀਨ ਮਹਿਮੂਦ ਸ਼ਾਹ 1510- 1531ਈ.) ਦਾ ਤੁਹਾਡੇ ਨਾਲ ਮੇਲ ਕਰਾਉਦਾ ਹਾਂ।

ਲਗਦਾ ਹੈ ਰੰਗ ਰਲੀਆਂ ਵਿੱਚ ਗ੍ਰੱਸੇ ਬਾਦਸ਼ਾਹ ਨੇ ਵੀ ਗੁਰੂ ਸਾਹਿਬ ਨੂੰ ਮਿਲਣ ਲਈ ਵਕਤ ਕੱਢਣਾ ਫਜੂਲ ਸਮਝਿਆ। ਓਥੇ ਫਿਰ ਗੁਰੂ ਸਾਹਿਬ ਨੇ ਹੇਠ ਸ਼ੱਸ਼ੋਭਿਤ ਬਾਣੀ ਰਚੀ:-

ਮਾਡੂ -ਗਧੇ ਚੰਦ ਕਪੂਰ ਦੀ ਹੱਟੀ ਲਾਗਲਾ ਜਹਾਜ ਮਹਿਲ

ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ ॥ ਬ੍ਰਹਮ ਕਮਲੁ ਪਇਆਲਿ ਨ ਪਾਇਆ ॥ ਆਗਿਆ ਨਹੀ ਲੀਨੀ ਭਰਮਿ ਭੁਲਾਇਆ ॥੧॥ ਜੋ ਉਪਜੈ ਸੋ ਕਾਲਿ ਸੰਘਾਰਿਆ ॥ ਹਮ ਹਰਿ ਰਾਖੇ ਗੁਰ ਸਬਦੁ ਬੀਚਾਰਿਆ ॥੧॥ ਰਹਾਉ ॥ ਮਾਇਆ ਮੋਹੇ ਦੇਵੀ ਸਭਿ ਦੇਵਾ ॥ ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ ॥ ਓਹੁ ਅਬਿਨਾਸੀ ਅਲਖ ਅਭੇਵਾ ॥੨॥ ਸੁਲਤਾਨ ਖਾਨ ਬਾਦਿਸਾਹ ਨਹੀ ਰਹਨਾ ॥ ਨਾਮਹੁ ਭੂਲੈ ਜਮ ਕਾ ਦੁਖੁ ਸਹਨਾ ॥ ਮੈ ਧਰ ਨਾਮੁ ਜਿਉ ਰਾਖਹੁ ਰਹਨਾ ॥੩॥ ਚਉਧਰੀ ਰਾਜੇ ਨਹੀ ਕਿਸੈ ਮੁਕਾਮੁ ॥ ਸਾਹ ਮਰਹਿ ਸੰਚਹਿ ਮਾਇਆ ਦਾਮ ॥ ਮੈ ਧਨੁ ਦੀਜੈ ਹਰਿ ਅੰਮ੍ਰਿਤ ਨਾਮੁ ॥੪॥ ਰਜਤਿ ਮਹਰ ਮੁਕਦਮ ਸਿਕਦਾਰੈ ॥ ਨਿਹਚਲੁ ਕੋਇ ਨ ਦਿਸੈ ਸੰਸਾਰੈ ॥ ਅਫਰਿਉ ਕਾਲੁ ਕੂੜੁ ਸਿਰਿ ਮਾਰੈ ॥੫॥ ਨਿਹਚਲੁ ਏਕੁ ਸਚਾ ਸਚੁ ਸੋਈ ॥ ਜਿਨਿ ਕਰਿ ਸਾਜੀ ਤਿਨਹਿ ਸਭ ਗੋਈ ॥ ਓਹੁ ਗੁਰਮੁਖਿ ਜਾਪੈ ਤਾਂ ਪਤਿ ਹੋਈ ॥੬॥ ਕਾਜੀ ਸੇਖ ਭੇਖ ਫਕੀਰਾ ॥ ਵਡੇ ਕਹਾਵਹਿ ਹਉਮੈ ਤਨਿ ਪੀਰਾ ॥ ਕਾਲੁ ਨ ਛੋਡੈ ਬਿਨੁ ਸਤਿਗੁਰ ਕੀ ਧੀਰਾ ॥੭॥ ਕਾਲੁ ਜਾਲੁ ਜਿਹਵਾ ਅਰੁ ਨੈਣੀ ॥ ਕਾਨੀ ਕਾਲੁ ਸੁਣੈ ਬਿਖੁ ਬੈਣੀ ॥ ਬਿਨੁ ਸਬਦੈ ਮੂਠੇ ਦਿਨੁ ਰੈਣੀ ॥੮॥ ਹਿਰਦੈ ਸਾਚੁ ਵਸੈ ਹਰਿ ਨਾਇ ॥ ਕਾਲੁ ਨ ਜੋਹਿ ਸਕੈ ਗੁਣ ਗਾਇ ॥ ਨਾਨਕ ਗੁਰਮੁਖਿ ਸਬਦਿ ਸਮਾਇ ॥੯॥੧੪॥ ⊙

———◈———

ਧਾਰ

ਪੈਂਦੇ ਸਾਰ, ਧਾਰ ਦੇ ਜੋਗੀਆਂ ਬਿਜਾਏ ਪਾਣੀ ਧਾਣੀ ਪੁੱਛਣ ਦੇ, ਬਹਿਸਬਾਜੀ ਸ਼ੁਰੂ ਕਰ ਦਿੱਤੀ ਗੁਰੂ ਸਾਹਿਬ ਨਾਲ ◈

ਕਿਸੇ ਵੇਲੇ ਵੱਡੀ ਰਿਆਸਤ ਰਹੀ ਧਾਰ ਗੁਰੂ ਸਾਹਿਬ ਦੇ ਸਮੇਂ ਠਾਣੇ ਜਿੱਡੀ ਹੈਸੀਅਤ ਵਿੱਚ ਸੀ ਕਿਉਕਿ ਲਾਗੇ ਹੀ ਰਾਜਧਾਨੀ ਮਾਂਡੋ ਸੀ। ਪਰ ਧਾਰ ਸ਼ਹਿਰ ਦੀ ਆਪਣੀ ਬਹੁਤ ਹੀ ਅਮੀਰ ਵਿਰਾਸਤ ਸੀ। ਮੁਹੰਮਦ ਤੁਗਲਕ ਨੇ ਬੜਾ ਸ਼ਾਨਦਾਰ ਕਿਲ੍ਹਾ ਬਣਾਇਆ ਸੀ ਇਥੇ। ਕਈ ਲਿਖਾਰੀਆਂ ਨੇ ਰਾਜਾ ਭਰਥਰੀ ਤੇ ਗੋਪੀ ਚੰਦ ਦਾ ਸਬੰਧ ਧਾਰ ਨਾਲ ਦੱਸਿਆ ਹੈ। ਪਰ ਇਤਹਾਸਕਾਰ ਰਾਜਾ ਭੋਜ (1000-1050ਈ ਲੱਗਪਗ) ਨੂੰ ਧਾਰ ਨਾਲ ਜੋੜਦੇ ਹਨ। ਓਥੋਂ ਦੀ ਭੋਜਸ਼ਾਲਾ ਅੱਜ ਵੀ ਇਤਹਾਸਕਾਰਾਂ ਵਾਸਤੇ ਖਿੱਚ ਰਖਦੀ ਹੈ ਜਿੱਥੇ ਸੰਸਕ੍ਰਿਤ ਵਿਆਕਰਨ ਦੇ ਅਸੂਲਾਂ ਬਾਬਤ ਸਿਲਲੇਖ ਹੈ। (ਅਜਿਹਾ ਹੀ ਇੱਕ ਸਿਲਲੇਖ ਊਨ- ਖਰਗੋਨ ਵਿੱਚ ਵੀ ਹੈ) ਜੋਗੀਆਂ ਦਾ ਵੱਡਾ ਕੇਂਦਰ ਰਿਹਾ ਹੈ ਕਿਸੇ ਵੇਲੇ ਧਾਰ।

ਇਥੇ ਮੁਸਲਮਾਨ ਸੂਫੀ ਪੀਰਾਂ ਦੀਆਂ ਦਰਗਾਹਾਂ ਵੀ ਮਸ਼ਹੂਰ ਹਨ। ਬਾਬਾ ਫਰੀਦ ਦੇ ਚੇਲੇ ਹਜਰਤ ਕਮਾਲਉਦੀਨ (1238-1330 ਈ) ਦੀ ਦਰਗਾਹ ਵੀ ਇਥੇ ਹੈ, ਜਿੱਥੇ ਅੱਜ ਤੱਕ ਓਨਾਂ ਦਾ ਚੋਲਾ ਸਾਂਭਿਆ ਪਿਆ ਹੈ।

ਗੁਰੂ ਸਾਹਿਬ ਮਾਂਡੋ ਤੋਂ ਜੋਗੀਆਂ ਦੇ ਆਸ਼ਰਮ ਵਿੱਚ ਪਧਾਰੇ ਸਨ। ਜਿਵੇ ਸਾਹਿਬ ਨੇ ਆ ਕੇ ਜੋਗੀਆਂ ਨੂੰ ਆਦੇਸ ਨਮਸਕਾਰ ਕੀਤਾ ਜੋਗੀਆਂ ਨੇ ਆਦਰ ਸਤਿਕਾਰ ਦੇਣ ਦੇ ਬਿਜਾਏ ਗੁਰੂ ਸਾਹਿਬ ਦੀ ਆਮਦ ਨੂੰ ਨਫਰਤ ਨਾਲ ਵੇਖਿਆ। ਕਿਉਕਿ ਗੁਰੂ ਸਾਹਿਬ ਦਾ ਪਹਿਰਾਵਾ ਕੁਝ ਅਲੌਕਿਕ ਜਿਹਾ ਹੁੰਦਾ ਸੀ। ਉਨਾਂ ਨੂੰ ਵੇਖ ਕੋਈ ਇਹ ਨਹੀ ਅੰਦਾਜ਼ਾ ਲਾ ਸਕਦਾ ਸੀ ਕਿ ਇਹ ਮੁਸਲਮਾਨ ਹਨ ਜਾਂ ਹਿੰਦੂ। ਗੁਰੂ ਸਾਹਿਬ ਨੇ ਉਨਾਂ ਨੂੰ ਬਹੁਤ ਹਲੀਮੀ ਨਾਲ ਨਿਰਉਤਰ ਕਰ ਦਿੱਤਾ।

ਬਾਦ ਵਿੱਚ ਵਿਚਾਰ ਕਰਨ ਬੈਠੇ ਤਾਂ ਕੋਈ ਜੋਗੀ ਕਹੇ ਜੀ ਮੇਰਾ ਮੰਗਣ ਦਾ ਵਕਤ ਹੋ ਗਿਆ। ਮੈਂ ਘਰੋ ਘਰੀ ਜਾਣਾ ਹੈ। ਕੋਈ ਕਹੇ ਜੀ ਮੇਰੀ ਖਫਣੀ ਪੂਰੀ ਪਾਟ ਗਈ ਹੈ ਮੈਂ ਗੇੜਾ ਲਾ ਆਵਾਂ। ਓਧਰ ਮਰਦਾਨੇ ਨੇ ਰਬਾਬ ਛੇੜ ਦਿੱਤੀ। ਸਾਹਿਬ ਨੇ ਰਾਮਕਲੀ ਵਿੱਚ ਸਬਦ ਉਚਾਰਿਆ:-

ਛਾਦਨੁ ਭੋਜਨੁ ਮਾਗਤੁ ਭਾਗੈ ॥ ਖੁਧਿਆ ਦੁਸਟ ਜਲੈ ਦੁਖੁ ਆਗੈ ॥ ਗੁਰਮਤਿ ਨਹੀ ਲੀਨੀ ਦੁਰਮਤਿ ਪਤਿ ਖੋਈ ॥ ਗੁਰਮਤਿ ਭਗਤਿ ਪਾਵੈ ਜਨੁ ਕੋਈ ॥੧॥ ਜੋਗੀ ਜੁਗਤਿ ਸਹਜ ਘਰਿ ਵਾਸੈ ॥ ਏਕ ਦ੍ਰਿਸਟਿ ਏਕੋ ਕਰਿ ਦੇਖਿਆ ਭੀਖਿਆ ਭਾਇ ਸਬਦਿ ਤ੍ਰਿਪਤਾਸੈ ॥੧॥ ਰਹਾਉ ॥ ਪੰਚ ਬੈਲ ਗਡੀਆ ਦੇਹ ਧਾਰੀ ॥ ਰਾਮ ਕਲਾ ਨਿਬਹੈ ਪਤਿ ਸਾਰੀ ॥ ਧਰ ਤੂਟੀ ਗਾਡੋ ਸਿਰ ਭਾਰਿ ॥ ਲਕਰੀ ਬਿਖਰਿ ਜਰੀ ਮੰਝ ਭਾਰਿ ॥੨॥ ਗੁਰ ਕਾ ਸਬਦੁ ਵੀਚਾਰਿ ਜੋਗੀ ॥ ਦੁਖੁ ਸੁਖੁ ਸਮ ਕਰਣਾ ਸੋਗ ਬਿਓਗੀ ॥ ਭੁਗਤਿ ਨਾਮੁ ਗੁਰ ਸਬਦਿ ਬੀਚਾਰੀ ॥ ਅਸਥਿਰੁ ਕੰਧੁ ਜਪੈ ਨਿਰੰਕਾਰੀ ॥੩॥ ਸਹਜ ਜਗੋਟਾ ਬੰਧਨ ਤੇ ਛੂਟਾ ॥ ਕਾਮੁ ਕ੍ਰੋਧੁ ਗੁਰ ਸਬਦੀ ਲੂਟਾ ॥ ਮਨ ਮਹਿ ਮੁੰਦ੍ਰਾ ਹਰਿ ਗੁਰ ਸਰਣਾ ॥ ਨਾਨਕ ਰਾਮ ਭਗਤਿ ਜਨ ਤਰਣਾ ॥੪॥੧੧॥

ਜੋਗੀ ਪੁੱਛਣ ਲੱਗੇ "ਮਹਾਤਮਾ ਜੀ ਯਹਿ ਆਪ ਨੇ ਕਿਆ ਬੋਲਾ?" ਗੁਰੂ ਸਾਹਿਬ ਨੇ ਕਿਹਾ ਤੁਹਾਡੀ ਅਵਸਥਾ ਬਾਰੇ ਕਵਿਤਾ ਕਹੀ ਹੈ। ਤੁਸੀ ਤਾਂ ਘਰੋਂ ਜੋਗ ਦੇ ਖਾਤਰ ਨਿਕਲੇ ਸੀ। ਫਿਰ ਓਨਾਂ ਹੀ ਘਰਾਂ ਵਲ ਦੌੜ ਰਹੇ ਹੋ। ਤੁਸੀ ਲੋਕ ਨਿਗੁਰੇ ਹੋ। ਨਾਮ ਵਿਹੂਣੇ ਹੋ। ਕਾਮ ਕ੍ਰੋਧ ਲੋਭ ਮੋਹ ਹੰਕਾਰ ਵਿੱਚ ਗ੍ਰਸੇ ਹੋਏ ਫਿਰਦੇ ਹੋ। ਕੀ ਫਾਇਦਾ ਹੋਇਆ ਸੰਨਿਆਸ ਲੈਣ ਦਾ?

ਜੋਗੀਆਂ ਹੰਕਾਰ ਛੱਡ ਗੁਰੂ ਸਾਹਿਬ ਦੇ ਚਰਨੀ ਲੱਗੇ।

——◈——

ਰਾਜਾ ਭਰਥਰੀ ਦੀ ਧਾਰਾ ਨਗਰੀ - ਕਿਲਾ

ਸਾਧੂਆਂ ਪੁਛਿਆ, ਬਾਬਾ ਜੀ ਮਰਨ ਤੋਂ ਬਾਦ ਕੀ ਹੁੰਦੈ? ਕਿਹੜੇ ਰਾਹ ਜਾਣਾ ਪੈਂਦਾ?✚(ਧਾਰ)

ਧਾਰ ਵਿਖੇ ਸਾਧੂਆਂ ਦਾ ਹੌਲੀ ਹੌਲੀ ਵੱਡਾ ਇਕੱਠ ਹੋ ਗਿਆ। ਕੁਝ ਜੋਗੀ ਤਾਂ ਅਜੇ ਵੀ ਖਿੰਝੇ ਪਏ ਸਨ ਪਰ ਜਗਿਆਸੂ ਤਰਾਂ ਤਰਾਂ ਦੇ ਸਵਾਲ ਸਾਹਿਬ ਨੂੰ ਕਰ ਰਹੇ ਸਨ। ਓਨਾਂ ਵਿੱਚੋਂ ਇੱਕ ਸਾਧੂ ਨੇ ਪੁੱਛਿਆ ਕਿ ਬਾਬਾ ਜੀ ਜਦੋਂ ਆਪਾਂ ਮਰਨਾਂ ਤਾਂ ਕਿਹੜੇ ਰਾਹ ਜਾਣਾ? ਕੀ ਬੇਬਾਣ ਸਾਨੂੰ ਲੈਣ ਆਉਣਗੇ? ਕੀ ਕੋਈ ਬੇੜੀ

ਪੈਂਡਾ ਮਕਾ

◉ ਕੀ ਸਬੂਤ ਹੈ ਕਿ ਗੁਰੂ ਸਾਹਿਬ ਮਾਂਡੋ ਆਏ ਸਨ?- ਮਾਂਡੋ ਜਾਂ ਮਾਂਡਵ ਮਾਲਵਾ ਦੇਸ ਦੀ ਰਾਜਧਾਨੀ ਸੀ। ਇਹ ਤਾਂ ਹੋ ਹੀ ਨਹੀ ਸਕਦਾ ਕਿ ਗੁਰੂ ਸਾਹਿਬ ਰਾਜਧਾਨੀ ਛੱਡ ਜਾਣ ਤੇ ਨਾਲੇ ਲਾਗੋ ਦੀ ਲੰਘ ਕੇ।

ਦੂਸਰਾ ਗੁਰੂ ਸਾਹਿਬ ਦੀ ਯਾਦ ਵਿੱਚ ਬੇਟਮਾ ਵਿਖੇ ਚਰਨਪਾਦੁਕਾ ਹੈ। ਬੇਟਮਾ ਤਾਂ ਹੀ ਗਏ ਹੋਣਗੇ ਜੇ ਧਾਰ ਤੋਂ ਉਜੈਨ ਨੂੰ ਆ ਰਹੇ ਸਨ ਤਾਂ। ਨਹੀ ਤਾਂ ਬੇਟਮਾ ਏਨੀ ਅਹਿਮੀਅਤ ਨਹੀ ਸੀ ਰਖਦਾ ਕਿ ਗੁਰੂ ਸਾਹਿਬ ਓਧਰ ਜਾਂਦੇ।

ਫਿਰ ਗਿਆਨੀ ਪੰ.148 ਨੇ ਗੁਰੂ ਸਾਹਿਬ ਦਾ ਧਾਰ ਜਾਣਾ ਲਿਖਿਆ ਹੈ। ਧਾਰ ਦੀ ਓਨੀ ਦਿਨੀ ਕੋਈ ਖਾਸ ਅਹਿਮੀਅਤ ਨਹੀ ਸੀ। ਸੋ ਧਾਰ ਵੀ ਗੁਰੂ ਸਾਹਿਬ ਤਾਂ ਹੀ ਗਏ ਹੋਣਗੇ ਜੇ ਮਾਂਡੋ ਤੋਂ ਉਜੈਨ ਨੂੰ ਆ ਰਹੇ ਸਨ ਤਾਂ।

ਗੱਧੇ ਸ਼ਾਹ ਦੀ ਸਾਖੀ ਦਾ ਅਧਾਰ - ਸੋਢੀ ਪੰ-315 ਨੇ ਲਿਖਿਆ ਹੈ ਕਿ ਇਸ ਇਲਾਕੇ ਵਿੱਚ ਗੁਰੂ ਸਾਹਿਬ ਦਾ ਕੋਈ ਪੁਰਾਣਾ ਜਾਣਕਾਰ ਰਾਜਾ ਸੀ ਜਿਸ ਨੂੰ ਮਿਲਣ ਗਏ। ਪਰ ਇਥੇ ਕੋਈ ਅਜਿਹਾ ਹੁਕਮਰਾਨ ਤਾਂ ਓਨੀ ਦਿਨੀ ਨਹੀ ਸੀ ਜਿਸ ਦਾ ਪੰਜਾਬ ਨਾਲ ਸਬੰਧ ਹੋਵੇ। ਦੀਵਾਨ ਬਖਸ਼ੀ ਸ਼ਾਹੂਕਾਰ ਆਦਿ ਵੀ ਰਾਜੇ ਵਾਲੀ ਹੈਸੀਅਤ ਹੀ ਰਖਦੇ ਸਨ। ਸਿੱਖ ਇਤਹਾਸ ਵਿਚ ਕਈ ਥਾਂਈ ਇਹਨਾਂ ਨੂੰ ਰਾਜਾ ਹੀ ਲਿਖਿਆ ਮਿਲਦਾ ਹੈ।

ਮਾਂਡੋ ਦੇ ਸੁਲਤਾਨ ਤਾਂ ਅਫਗਾਨੀ ਪਠਾਣ ਸਨ।

ਪਰ ਮਾਂਡੋ ਵਿਖੇ ਹੀ ਇੱਕ ਕੋਈ ਗੱਧੇ ਸ਼ਾਹ ਕਪੂਰ ਨਾਂ ਦਾ ਸ਼ਾਹੂਕਾਰ ਹੋਇਆ ਹੈ ਜਿਸ ਦੀ ਦੁਕਾਨ ਦੀ ਸ਼ਾਨਦਾਰ ਇਮਾਰਤ ਵੀ ਹੋਇਆ ਕਰਦੀ ਸੀ। ਮਹਿਲਾਂ ਦੇ ਨਾਲ ਹੀ ਉਹਦੇ ਨਾਂ ਤੇ ਇੱਕ ਤਲਾਬ ਵੀ ਹੈ। ਕਪੂਰ ਪੰਜਾਬੀ ਖੱਤਰੀ ਹੁੰਦੇ ਹਨ। ਪਰ ਬਦਕਿਸਮਤੀ ਨਾਲ ਗੱਧੇ ਸ਼ਾਹ ਦਾ ਜੀਵਨ ਕਾਲ ਇਹ ਲਿਖਾਰੀ ਨਹੀ ਲੱਭ ਸੱਕਿਆ। ਕੁਝ ਵੀ ਹੋਵੇ, ਜਾਂ ਗਧੈ ਸ਼ਾਹ ਖੁੱਦ ਜਾਂ ਕੋਈ ਉਹਦਾ ਪਿਤਾ ਦਾਦਾ ਪੜਦਾਦਾ ਹੀ ਗੁਰੂ ਸਾਹਿਬ ਨੂੰ ਮਿਲਿਆ ਹੋਵੇਗਾ। ਓਨੀ ਦਿਨੀ ਸ਼ਾਹੂਕਾਰਾ ਖਾਨਦਾਨੀ ਹੁੰਦਾ ਸੀ।

ਮੰਡਲੇਸ਼ਵਰ ਤੇ ਮਹੇਸ਼ਵਰ ਜਾਣਾ- ਓਂਕਾਰੇਸ਼ਵਰ ਤੋਂ ਮਾਂਡੋ ਦੇ ਰਾਹ ਵਿੱਚ ਹਨ ਇਹ ਦੋਵੇ ਸਥਾਨ। ਅਨੇਕਾਂ ਸਾਧੂ ਸੰਤ ਇਥੇ ਪਏ ਰਹਿੰਦੇ ਸਨ। ਫਿਰ ਰਸਤੇ ਵਿੱਚ ਕਿਤੇ ਗੁਰੂ ਸਾਹਿਬਨੇ ਪੜਾਅ ਤਾਂ ਕੀਤਾ ਹੋਵੇਗਾ। ਇਕੋ ਦਿਨ ਵਿੱਚ 100 ਕਿਲੋਮੀਟਰ ਪੈਡਾਂ ਕਰਨ ਦੀ ਸੰਭਾਵਨਾਂ ਘੱਟ ਹੈ।

◈ਗਿਆਨੀ -148 ✚ ਸੋਢੀ- 319

ਜਹਾਜ ਵਗੈਰਾ ਹੋਵੇਗਾ? ਕੀ ਪਾਣੀ ਥਾਂਣੀ ਲੰਘਣਾ ਹੋਵੇਗਾ ਜਾਂ ਪਹਾੜ ਜਾਂ ਮਾਰੂਥਲ ਹੋਵੇਗਾ? ਮਰਨ ਤੋਂ ਬਾਦ ਕਿਹੋ ਜਿਹੇ ਹਾਲਾਤ ਹੋਣਗੇ?

ਗੁਰੂ ਸਾਹਿਬ ਨੇ ਨਿਮਰਤਾ ਵਿਚ ਆ ਕੇ ਸਾਧੂਆਂ ਨੂੰ ਸਮਝਾਇਆ ਕਿ ਵੇਖੋ ਮੈਂ ਤਾਂ ਮੂਰਖ ਜਿਹਾ ਬੰਦਾ ਵਾਂ ਪਰ ਸ਼ਬਦ ਰੂਪੀ ਨਾਮ ਦੇ ਲੜ ਲੱਗਣ ਕਰਕੇ ਮੈਨੂੰ ਸੋਝੀ ਹੋਈ ਹੈ। ਫਰਮਾਇਆ ਕਿ ਇਹ ਸੋਖ, ਇਹ ਔਖਿਆਈਆ, ਪੈਦਲ, ਜਹਾਜ ਬੇੜੀਆਂ ਦੀ ਜਰੂਰਤ ਸਾਡੇ ਸਰੀਰ ਨੂੰ ਹੈ। ਮੋਤ ਤੋਂ ਬਾਦ ਸਰੀਰ ਇਥੇ ਹੀ ਰਹਿ ਜਾਣਾ ਵਾ। ਜਿਹੜੇ ਸ਼ਬਦ ਦੇ ਲੜ ਲੱਗੇ ਰਹੇ ਉਹਨਾਂ ਨੇ ਅੰਤ ਵੇਲੇ ਸਰਬਵਿਆਪਕ ਸ੍ਰਿਸਟੀ ਦੇ ਮਾਲਕ ਨਾਲ ਇੱਕ ਮਿਕ ਹੋ ਜਾਣਾ ਵਾ। ਬਾਕੀ ਜਿਹੜੇ ਨਿਗੁਰੇ ਹਉਮੈ ਵਿੱਚ ਗ੍ਰਸੇ ਪਏ ਨੇ ਓਨਾਂ ਵਾਸਤੇ ਹੀ ਇਹ ਭੁੱਖ ਨੰਗ ਦੁਖ ਸੁਖ ਨੇ ਤੇ ਓਹੀ ਮਾਰਗ ਨੇ : ਮਾਰੂਥਲ, ਸਾਗਰ, ਟਿਬੇ ਟੋਏ ਪਹਾੜ ਭਰੇ ਪਏ ਨੇ। ਬਹੁਤ ਪ੍ਰੇਮ ਨਾਲ ਸਾਧੂਆਂ ਨੂੰ ਸਾਰਾ ਸਿਧਾਂਤ ਸਮਝਾਇਆ। ਮਲਾਰ ਰਾਗ ਵਿੱਚ ਜਦੋਂ ਸਾਹਿਬ ਨੇ ਹੇਠ ਸੱਸ਼ੋਭਤ ਸ਼ਬਦ ਗਾਇਆ ਸਾਰਾ ਧਾਰ ਸੁੰਨ ਮੁੰਨ ਹੋ ਕੇ ਸੁਣਨ ਲੱਗਾ। ਕਿਹਾ ਜਾਂਦਾ ਗੁਰੂ ਸਾਹਿਬ ਬਹੁਤ ਉੱਚੀ ਸੁਰ ਵਿੱਚ ਗਾਉਦੇ ਸਨ। ਬਾਕੀ ਮਰਦਾਨੇ ਦੀ ਰਬਾਬ ਤਾਂ ਕੀਲ ਦਿੰਦੀ ਸੀ।

ਅਖਲੀ ਉਂਡੀ ਜਲੁ ਭਰ ਨਾਲਿ ॥ ਡੁਗਰੁ ਊਚਉ ਗੜੁ ਪਾਤਾਲਿ ॥ ਸਾਗਰੁ ਸੀਤਲੁ ਗੁਰ ਸਬਦ ਵੀਚਾਰਿ ॥ ਮਾਰਗੁ ਮੁਕਤਾ ਹਉਮੈ ਮਾਰਿ ॥੧॥ ਮੈ ਅੰਧੁਲੇ ਨਾਵੈ ਕੀ ਜੋਤਿ ॥ ਨਾਮ ਅਧਾਰਿ ਚਲਾ ਗੁਰ ਕੈ ਭੈ ਭੋਤਿ ॥੧॥ ਰਹਾਉ ॥ ਸਤਿਗੁਰ ਸਬਦੀ ਪਾਧਰੁ ਜਾਣਿ ॥ ਗੁਰ ਕੈ ਤਕੀਐ ਸਾਚੈ ਤਾਣਿ ॥ ਨਾਮੁ ਸਮ੍ਹਾਲਸਿ ਰੁੜੀ ਬਾਣਿ ॥ ਥੈਂ ਭਾਵੈ ਦਰੁ ਲਹਸਿ ਪਿਰਾਣਿ ॥੨॥ ਊਡਾਂ ਬੈਸਾ ਏਕ ਲਿਵ ਤਾਰ ॥ ਗੁਰ ਕੈ ਸਬਦਿ ਨਾਮ ਆਧਾਰ ॥ ਨਾ ਜਲੁ ਡੂੰਗਰੁ ਨ ਊਚੀ ਧਾਰ ॥ ਨਿਜ ਘਰਿ ਵਾਸਾ ਤਹ ਮਗੁ ਨ ਚਾਲਣਹਾਰ ॥੩॥ ਜਿਤੁ ਘਰਿ ਵਸਹਿ ਤੂਹੈ ਬਿਧਿ ਜਾਣਹਿ ਬੀਜਉ ਮਹਲੁ ਨ ਜਾਪੈ ॥ ਸਤਿਗੁਰ ਬਾਝਹੁ ਸਮਝ ਨ ਹੋਵੀ ਸਭੁ ਜਗੁ ਦਬਿਆ ਛਾਪੈ ॥ ਕਰਣ ਪਲਾਵ ਕਰੈ ਬਿਲਲਾਤਉ ਬਿਨੁ ਗੁਰ ਨਾਮੁ ਨ ਜਾਪੈ ॥ ਪਲ ਪੰਕਜ ਮਹਿ ਨਾਮੁ ਛਡਾਏ ਜੇ ਗੁਰ ਸਬਦੁ ਸਿਞਾਪੈ ॥੪॥ ਇਕਿ ਮੂਰਖ ਅੰਧੇ ਮੁਗਧ ਗਵਾਰ ॥ ਇਕਿ ਸਤਿਗੁਰ ਕੈ ਭੈ ਨਾਮ ਅਧਾਰ ॥ ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥ ਜਿਨਿ ਪੀਤੀ ਤਿਸੁ ਮੋਖ ਦੁਆਰ ॥੫॥ ਨਾਮੁ ਭੈ ਭਾਇ ਰਿਦੈ ਵਸਾਹੀ ਗੁਰ ਕਰਣੀ ਸਚੁ ਬਾਣੀ ॥ ਇੰਦੁ ਵਰਸੈ ਧਰਤਿ ਸੁਹਾਵੀ ਘਟਿ ਘਟਿ ਜੋਤਿ ਸਮਾਣੀ ॥ ਕਾਲਰਿ ਬੀਜਸਿ ਦੁਰਮਤਿ ਐਸੀ ਨਿਗੁਰੇ ਕੀ ਨੀਸਾਣੀ ॥ ਸਤਿਗੁਰ ਬਾਝਹੁ ਘੋਰ ਅੰਧਾਰਾ ਡੂਬਿ ਮੁਏ ਬਿਨੁ ਪਾਣੀ ॥੬॥ ਜੋ ਕਿਛੁ ਕੀਨੋ ਸੁ ਪ੍ਰਭੂ ਰਜਾਇ ॥ ਜੋ ਧੁਰਿ ਲਿਖਿਆ ਸੁ ਮੇਟਣਾ ਨ ਜਾਇ ॥ ਹੁਕਮੋ ਬਾਧਾ ਕਾਰ ਕਮਾਇ ॥ ਏਕ ਸਬਦਿ ਰਾਚੈ ਸਚਿ ਸਮਾਇ ॥੭॥ ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁ ਦਿਸਿ ਨਾਮ ਪਤਾਲੰ ॥ ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ ਕਰਮਿ ਮਿਲੈ ਬੈਆਲੰ ॥ ਜਾਂਮਣੁ ਮਰਣਾ ਦੀਸੈ ਸਿਰਿ ਊਭੌ ਖੁਧਿਆ ਨਿਦ੍ਰਾ ਕਾਲੰ ॥ ਨਾਨਕ ਨਾਮੁ ਮਿਲੈ ਮਨਿ ਭਾਵੈ ਸਾਚੀ ਨਦਰਿ ਰਸਾਲੰ ॥੮॥੧॥੪॥

ਹਰ ਪਾਸੇ ਨਾਨਕ ਨਾਨਕ ਹੀ ਹੋ ਰਹੀ ਸੀ। "ਅਰੇ ਵੋਹੀ ਨਾਨਕ ਬਾਬਾ ਜੋ ਲਹੌਰ ਸੇ ਆਇਆ। ਕਲ ਉਸ ਨੇ ਰਾਜਾ ਕੀ ਐਸੀ ਤੈਸੀ ਕਰ ਦੀ। ਖੂਬ ਸੁਨਾਈ ਰਾਜਾ ਕੋ। ਬਾਬਾ ਨਾਨਕ ਨਹੀ ਡਰਤਾ ਕਿਸੀ ਸੇ। "

ਇਕ ਦੋ ਦਿਨ ਇਥੇ ਰਹਿ ਗੁਰੂ ਸਾਹਿਬ ਬੇਟਮਾ ਇੰਦੌਰ ਰਸਤੇ ਉਜੈਨ ਨੂੰ ਰਵਾਨਾ ਹੋ ਗਏ।

ਗੁਰਦੁਆਰਾ ਬਾਉਲੀ ਸਾਹਿਬ ਬੇਟਮਾ



ਗੁਰਦੁਆਰਾ ਬੇਟਮਾ ਸਾਹਿਬ - ਪ੍ਰਕਾਸ਼ ਅਸਥਾਨ ਗੁਰੂ ਦੇ ਸਿੱਖ ਗੁਰਦੁਆਰਾ ਸੋਨੇ ਦਾ ਵੀ ਬਣਾ ਸਕਦੇ ਨੇ। ਪਰ ਇਤਹਾਸ ਨੂੰ ਸਾਂਭਣ ਦੀ ਇਨਾਂ ਨੂੰ ਸਮਝ ਨਹੀ। ਗੁਰੂ ਸਾਹਿਬ ਦੀ ਚਰਨ ਪਾਦੁਕਾ ਅੱਜ ਬੇਟਮਾ ਸਾਹਿਬ ਤੋਂ ਅਲੋਪ ਹੋ ਚੁੱਕੀ ਹੈ। ਗੁਰੂ ਸਾਹਿਬ ਆਪਣੇ ਸਿੱਖਾਂ ਨੂੰ ਸੋਝੀ ਬਖਸ਼ਣ। ਇਮਾਰਤ ਨਵੀ ਬਣ ਰਹੀ ਹੈ।

ਬੇਟਮਾ ਪੜਾਅ– ਜਲ ਭੰਡਾਰ ਪ੍ਰਗਟ ਕੀਤਾ

ਧਾਰ ਤੋਂ ਕੋਈ 40 ਕਿ.ਮੀ. ਪੂਰਬ ਵਲ ਚਲਕੇ ਗੁਰੂ ਸਾਹਿਬ ਬੇਟਮਾ ਨਾਂ ਦੇ ਪਿੰਡ ਵਿੱਚ ਆ ਰੁਕੇ। ਸਾਹਿਬ ਨੂੰ ਪਤਾ ਲੱਗਾ ਕਿ ਇਥੋਂ ਦਾ ਜਗੀਰਦਾਰ ਕੋਈ ਕਾਇਸਥ ਹੈ ਤੇ ਚੰਗਾ ਅਸਰ ਰਸੂਖ ਰਖਦਾ ਹੈ। ਇਹ ਵੀ ਹੋ ਸਕਦਾ ਕਿ ਉਸ ਜਗੀਰਦਾਰ ਦਾ ਗੁਰੂ ਸਾਹਿਬ ਨਾਲ ਮੇਲ ਭਾਵੇ ਮਾਂਡੋ ਜਾਂ ਧਾਰ ਹੀ ਹੋ ਗਇਆ ਹੋਵੇ ਤੇ ਉਹ ਸ਼ਰਧਾ ਕਰਕੇ ਸਾਹਿਬ ਨੂੰ ਆਪਣੇ ਨਾਲ ਲੈ ਆਇਆ ਹੋਵੇ।

ਪਾਣੀ ਵਾਸਤੇ ਸਾਰਾ ਪਿੰਡ ਤਲਾਬ ਤੇ ਹੀ ਨਿਰਭਰ ਸੀ। ਗੁਰੂ ਸਾਹਿਬ ਨੇ ਕਿਰਪਾ ਕੀਤੀ ਤੇ ਹੁਕਮ ਕਰਕੇ ਖੂਹ ਪੁਟਵਾਇਆ। ਘੱਟ ਹੀ ਡੂੰਘਾਈ ਤੋਂ ਜਲ ਦਾ ਭੰਡਾਰ ਨਿਕਲ ਆਇਆ। ਓਸ ਥਾਂ ਤੇ ਅਜਕਲ ਵੀ ਬਾਉਲੀ ਮੌਜੂਦ ਹੈ।

ਜਦੋਂ ਰਵਾਨਾ ਹੋਣ ਲੱਗੇ ਤਾਂ ਪਿੰਡ ਦੇ ਜਗੀਰਦਾਰ ਨੇ ਜਿੱਦ ਕਰਕੇ ਉਨਾਂ ਦੀਆਂ ਖੜਾਵਾਂ ਰੱਖ ਲਈਆਂ। ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਜਿਹੜੇ ਫੌਜੀ ਇਧਰ ਇੰਦੋਰ ਆ ਗਏ ਸਨ ਉਨਾਂ ਕਰਕੇ ਇਨਾਂ ਥਾਵਾਂ ਦੀ ਮਾਨਤਾ ਬਰਕਰਾਰ ਰਹੀ ਤੇ ਉਦਾਸੀ ਸਾਧੂਆਂ ਦਾ ਇਸ ਅਸਥਾਨ ਤੇ ਆਉਣ ਜਾਣ ਬਣਿਆ ਹੀ ਰਹਿੰਦਾ ਸੀ। ਫਿਰ ਇੱਕ ਉਦਾਸੀ ਨੇ ਪੱਕਾ ਇਥੇ ਰਹਿਣਾ ਸ਼ੁਰੂ ਕਰ ਦਿੱਤਾ।

1950 ਈ. ਦੇ ਆਸ ਪਾਸ ਜਿਹੜੇ ਸਿੱਖ ਆਏ ਸਨ ਉਦੋਂ ਤੱਕ ਉਹ ਸਾਹਿਬ ਦੀਆਂ ਖੜਾਵਾਂ ਦੇ ਦਰਸ਼ਨ ਕਰਿਆ ਕਰਦੇ ਸਨ। ਖੜਾਵਾਂ ਵਕਤ ਨਾਲ ਭੁਰ ਚੁੱਕੀਆਂ ਸਨ ਜਿਸ ਕਰਕੇ ਗੁਰਸਿੱਖਾਂ ਨੇ ਪੱਥਰ ਦੀ ਸਿੱਲ ਤੇ ਖੜਾਵਾਂ ਉਕਰ ਦਿੱਤੀਆਂ। ਵਕਤ ਪਾ ਕੇ ਪੱਥਰ ਤੇ ਉਕਰੀਆਂ ਖੜਾਵਾਂ ਦੀ ਵਿਰੋਧਤਾ ਹੋ ਗਈ ਕਿ ਇਹ ਤਾਂ ਪੱਥਰ ਪੂਜਾ ਤੁੱਲ ਹਨ। ਜਿਸ ਕਾਰਨ ਉਹ ਸਿੱਲ ਵੀ ਇਥੋਂ ਚੁੱਕ ਦਿੱਤੀ ਗਈ। ਇਸ ਲਿਖਾਰੀ ਨੇ 1973 ਵਿੱਚ ਉਸ ਸਿਲ ਦੇ ਦਰਸ਼ਨ ਕੀਤੇ ਸਨ। ਜਰੂਰਤ ਸੀ ਜਿਸ ਹਾਲਤ ਵਿਚ ਵੀ ਪਉਏ ਸੀ ਉਹਨਾਂ ਨੂੰ ਸਾਂਭਿਆ ਜਾਂਦਾ।

ਅੱਜ ਇਥੇ ਵੱਡੀ ਮੰਨਤਾ ਵਾਲੇ ਦੋ ਸ਼ਾਨਦਾਰ ਗੁਰ ਅਸਥਾਨ ਮੌਜੂਦ ਹਨ: ਗੁਰਦੁਆਰਾ ਬਾਉਲੀ ਸਾਹਿਬ ਤੇ ਚਰਨਪਾਦੁਕਾ ਸਾਹਿਬ।

27 ਕਿ. ਮੀ. ਦਾ ਅੱਗੇ ਪੈਂਡਾ ਕਰਕੇ ਗੁਰੂ ਸਾਹਿਬ ਇੰਦੌਰ ਪਹੁੰਚੇ। ਓਦੋਂ ਇੰਦੌਰ ਛੋਟਾ ਜਿਹਾ ਕਸਬਾ ਸੀ ਜਿਨੂੰ ਅਜਕਲ ਜੂਨੀ ਇੰਦੌਰ ਕਿਹਾ ਜਾਂਦਾ ਹੈ। ਇਥੇ ਸਰਸਵਤੀ ਨਾਲੇ ਦੇ ਲਾਗੇ ਗੁਰੂ ਸਾਹਿਬ ਨੇ ਆਸਣ ਲਾਇਆ। ਵਕਤ ਪਾ ਕੇ ਇਥੇ ਜੋ ਗੁਰਦੁਆਰਾ ਬਣਿਆ ਉਹ ਇਮਲੀ ਸਾਹਿਬ ਗੁਰਦੁਆਰਾ

ਨਾਂ ਤੇ ਮਸ਼ਹੂਰ ਹੈ। ਕਿਉਕਿ ਇਲਾਕੇ ਵਿੱਚ ਸਿੱਧ ਜੋਗੀਆਂ ਤੇ ਮੂਰਤੀ ਪੂਜਾ ਦਾ ਰਿਵਾਜ ਜੋਰਾਂ ਤੇ ਸੀ ਗੁਰੂ ਸਾਹਿਬ ਨੇ ਨਾਮ ਦੇ ਸਿਧਾਂਤ ਤੇ ਜਾਤ ਪਾਤ ਦੇ ਸਿਧਾਂਤ ਦੇ ਵਿਰੋਧ ਵਿੱਚ ਮਨੁੱਖੀ ਏਕੇ ਦਾ ਪ੍ਰਚਾਰ ਕੀਤਾ।

ਇਥੋਂ ਇੰਦੌਰ ਤੋਂ ਗੁਰੂ ਸਾਹਿਬ ਉਜੈਨ ਨੂੰ ਰਵਾਨਾ ਹੋਏ।

———◈———

ਅਪਰੈਲ 1517

ਉਜੈਨ – ਮਹਾਕਾਲ ਦੇ ਸ਼ਹਿਰ ਵਿੱਚ ਬਾਬਾ ਨਾਨਕ

ਰਾਜਾ ਭਰਥਰੀ ਦੀ ਗੁਫਾ ਲਾਗੇ ਡੇਰਾ ਲਾਇਆ ਸੀ

ਗੁਰਦੁਆਰਾ ਇਮਲੀ ਸਾਹਿਬ, ਇੰਦੌਰ

ਇੰਦੌਰ ਤੋਂ ਉਜੈਨ 55 ਕਿਲੋਮੀਟਰ ਪਹਾੜ ਪਾਸੇ ਹੈ ਤੇ ਆਦਿ ਕਾਲ ਤੋਂ ਚਲਿਆ ਰਾਹ ਇਉ ਹੈ ਜਿਵੇ ਰਸੀ ਨਾਲ ਸਿਧਾ ਕਰਕੇ ਖਿਚਿਆ ਹੋਵੇ, ਮੋਟੇ ਤੌਰ ਤੇ ਕੋਈ ਮੋੜ ਵਿੰਗ ਨਹੀ ਹੈ। ਉਜੈਨ ਸ਼ਿਪਰਾ ਦਰਿਆ ਦੇ ਕੰਢੇ ਵਸਿਆ ਹੋਇਆ ਹੈ। ਉਜੈਨ ਪਹੁੰਚ ਗੁਰੂ ਸਾਹਿਬ ਨੇ ਪਹਿਲਾਂ ਮਹਾਕਾਲੇਸ਼ਵਰ ਮੰਦਰ ਦੇ ਦਰਸ਼ਨ ਕੀਤੇ। ਇਹ ਵੀ 12 ਜੋਤੀਰਲਿੰਗਾਂ ਵਿਚੋ ਇੱਕ ਹੈ। ਇਨੂੰ ਬ੍ਰਾਹਮਣ ਸ਼ਕਤੀਪੀਠ ਵੀ ਮੰਨਦੇ ਹਨ ਭਾਵ ਇਥੋਂ ਸਾਰੀ ਤਾਕਤ ਨਿਕਲਦੀ ਹੈ। ਬਾਵਜੂਦ ਇਸ ਦੇ ਮੁਸਲਮਾਨ ਰਾਜਾ ਇਲਤਮਸ਼ ਨੇ ਇਹ ਮੰਦਰ 1234-5 ਵਿੱਚ ਲੁਟ ਲਿਆ ਤੇ ਬਰਬਾਦ ਕਰ ਦਿੱਤਾ। ਇਹੋ ਕੁਝ 1150 ਦੇ ਨੇੜੇ ਤੇੜੇ ਵੀ ਹੋਇਆ ਸੀ। ਦੂਸਰੇ ਪਾਸੇ ਇਹ ਵੀ ਸਬੂਤ ਹੈ ਕਿ ਮੁਗਲ ਬਾਦਸ਼ਾਹ ਇਸ ਮੰਦਰ ਨੂੰ ਗਰਾਂਟਾਂ ਦਿਆ ਕਰਦੇ ਸਨ।

ਸੰਸਕ੍ਰਿਤ ਦੇ ਸਰਬੋਤਮ ਕਵੀ ਕਾਲੀਦਾਸ ਦਾ ਸਬੰਧ ਵੀ ਉਜੈਨ ਨਾਲ ਰਿਹਾ ਹੈ। ਪੂਰੇ ਹਿੰਦੁਸਤਾਨ ਵਿੱਚ ਇਨਸਾਫ ਪਸੰਦ ਹੋਣ ਲਈ ਮਸ਼ਹੂਰ ਮਹਾਰਾਜਾ ਵਿਕਰਮਜੀਤ ਵੀ ਇਥੋ ਦਾ ਹੀ ਰਾਜਾ ਸੀ। ਇਤਹਾਸ ਵਿੱਚ ਇਸ ਬਾਰੇ ਬੜੇ ਭੰਬਲਭੂਸੇ ਖੜੇ ਹੋ ਚੁੱਕੇ ਨੇ। ਕਿਉਕਿ ਰਾਜਾ ਵਿਕਰਮਜੀਤ ਤੋਂ ਬਾਦ ਕਈ ਰਾਜਿਆਂ ਨੇ ਆਪਣੇ ਤਖੱਲਸ ਵਿਕਰਮਜੀਤ ਰੱਖ ਲਏ ਸਨ।

ਰਾਜਾ ਭਰਥਰੀ ਦੀ ਕਥਾ– ਰਵਾਇਤ ਜਾਂ ਦੰਦ ਕਥਾ ਅਨੁਸਾਰ ਰਾਜਾ ਵਿਕਰਮਜੀਤ ਰਾਜਾ ਭਰਥਰੀ ਦਾ ਛੋਟਾ ਭਰਾ ਸੀ। ਰਾਜਾ ਭਰਥਰੀ ਬਾਰੇ ਮਸ਼ਹੂਰ ਹੈ ਕਿ ਇੱਕ ਵੇਰਾਂ ਉਸ ਨੇ ਇੱਕ ਜਨਾਨੀ ਸਤੀ ਹੁੰਦੀ ਵੇਖੀ ਤੇ ਬੜਾ ਦੁੱਖੀ ਹੋਇਆ। ਆ ਕੇ ਆਪਣੀ ਰਾਣੀ ਨੂੰ ਕਹਿਣ ਲੱਗਾ ਕਿ ਮੇਰੇ ਮਰਨ ਮਗਰੋਂ ਤੂੰ ਤਾਂ ਸਤੀ ਨਾਂ ਹੋਵੀ। ਰਾਣੀ ਪਿੰਗਲਾ ਅੱਗੋ ਕਹਿਣ ਲੱਗੀ ਕਿ ਮੈਂ ਅਜਿਹਾ ਹਰਗਿਜ਼ ਨਹੀ ਕਰਾਂਗੀ ਕਿ ਬਲਦੀ ਮੜੀ ਤੇ ਛਾਲ ਮਾਰਾਂ। ਮੈਂ ਤਾਂ ਉਦੋਂ ਹੀ ਪ੍ਰਾਣ ਤਿਆਗ ਦੇਵਾਂਗੀ ਜਦੋਂ ਮੈਨੂੰ ਪਤਾ ਲੱਗਾ ਕਿ ਤੁਸੀ ਇਸ ਜਹਾਨ ਨੂੰ ਅਲਵਿਦਾ ਕਹਿ ਦਿੱਤੀ ਹੈ। ਰਾਜਾ ਇਸ ਗੱਲ ਤੋਂ ਬਹੁਤ ਪ੍ਰਭਾਵਤ ਹੋਇਆ।

ਅੱਗੇ ਕਥਾ ਇਸ ਤਰਾਂ ਹੈ ਕਿ ਇੱਕ ਵੇਰਾਂ ਇੱਕ ਬ੍ਰਾਹਮਣ ਨੂੰ ਕਲਪ-ਰੁੱਖ ਤੋਂ ਇੱਕ ਫਲ ਪ੍ਰਾਪਤ ਹੋਇਆ ਜਿਸ ਦਾ ਮਤਲਬ ਇਹ ਸੀ ਕਿ ਜਿਹੜਾ ਇਨਸਾਨ ਉਹ ਫਲ ਖਾ ਲਵੇਗਾ ਉਹ ਅਮਰ ਹੋ ਜਾਵੇਗਾ। (ਹਿੰਦੂ ਪੁਰਾਣਾਂ ਅਨੁਸਾਰ ਕਲਪ-ਰੁੱਖ ਉਹ ਹੈ ਜਿਹੜਾ ਮਨ ਦੀ ਕੋਈ ਵੀ ਮੁਰਾਦ ਪੂਰੀ ਕਰ ਦੇਵੇ। ਅਜ ਵੀ ਉਜੈਨ ਵਿੱਚ ਇੱਕ ਪਿੱਪਲ ਦੇ ਰੁੱਖ ਨੂੰ ਕਲਪ-ਰੁੱਖ ਕਰਕੇ ਮੰਨਿਆ ਪੂਜਿਆ ਜਾਂਦਾ ਹੈ।) ਖੈਰ ਬ੍ਰਾਹਮਣ ਨੇ ਉਹ ਫਲ ਰਾਜਾ ਨੂੰ ਭੇਟ ਕਰ ਦਿੱਤਾ ਕਿ ਮਹਾਰਾਜ ਤੁਸੀ ਲੋਕ ਭਲਾਈ ਦੇ ਏਨੇ ਕੰਮ ਕਰ ਰਹੇ ਹੋ ਤੁਹਾਡਾ ਸਦਾ ਜੀਵਤ ਰਹਿਣਾ ਦੁਨੀਆਂ ਦੇ ਭਲੇ ਵਿੱਚ ਹੈ। ਪਰ ਮਹਾਰਾਜਾ ਤਾਂ ਆਪਣੀ ਰਾਣੀ ਪਿੰਗਲਾ ਤੋਂ ਫਿਦਾ ਸੀ। ਭਰਥਰੀ ਨੇ ਉਹ ਫਲ ਆਪਣੀ ਰਾਣੀ ਨੂੰ ਭੇਟ ਕਰ ਦਿੱਤਾ। ਪਰ ਰਾਣੀ ਤਾਂ ਦਿਲੋਂ ਦਰੋਗੇ ਮਹੀਪਾਲ ਨੂੰ ਚਾਹੁੰਦੀ ਸੀ ਤੇ ਬਚਪਨ ਤੋਂ ਹੀ ਉਹਦੇ ਨਾਲ ਪਿਆਰ ਸੀ। ਰਾਣੀ ਨੇ ਉਹ ਫਲ ਮਹੀਪਾਲ ਨੂੰ ਭੇਟ ਕਰ ਦਿੱਤਾ। ਮਹੀਪਾਲ ਦੀ ਮੁਹੱਬਤ ਲੱਖੋ ਨਾਂ ਦੀ ਦਾਸੀ ਨਾਲ ਸੀ। ਮਹੀਪਾਲ ਨੇ ਲੱਖੋ ਨੂੰ ਦੇ ਦਿੱਤਾ। ਦਾਸੀ ਲੱਖੋ ਦਿਲੋਂ ਰਾਜਾ ਭਰਥਰੀ ਨੂੰ ਮੁਹੱਬਤ ਕਰਦੀ ਸੀ ਸੋ ਲੱਖੋ ਨੇ

ਪੈਂਡਾ ਸਫ਼ਾ

ਬੇਟਮਾ- ਧਾਰ- ਇੰਦੌਰ ਦੇ ਜਿਮੀਦਾਰ ਜਗੀਰਦਾਰਾਂ ਦਾ ਜਿਕਰ ਅਕਬਰ ਵੇਲੇ ਦੇ ਇਤਹਾਸ ਵਿੱਚੋਂ ਮਿਲਦਾ ਹੈ। ਗੁਰੂ ਸਾਹਿਬ ਦੀ ਆਮਦ ਵੇਲੇ ਇੰਦੌਰ ਛੋਟਾ ਜਿਹਾ ਕਸਬਾ ਸੀ। ਪੁਰਾਣੇ ਸਮਿਆਂ ਵਿੱਚ ਕਸਬੇ/ਸ਼ਹਿਰ ਓਥੇ ਪਣਪਦੇ ਸਨ ਜਿੱਥੇ ਪਾਣੀ ਅਸਾਨੀ ਨਾਲ ਮਿਲ ਸਕੇ। ਇੰਦੌਰ ਦਾ ਜਨਮ ਵੀ ਪਾਣੀ ਕਰਕੇ ਹੀ ਹੁੰਦਾ ਹੈ। ਇਥੇ ਦੋ ਨਾਲਿਆ ਦਾ ਸੰਗਮ ਹੈ ਜਿੰਨਾਂ ਨੂੰ ਪੁਰਾਣੇ ਸਮਿਆ ਵਿੱਚ ਜਿਮੀਦਾਰ ਬੰਨ ਕੇ ਰਖਦੇ ਸਨ।

ਇੰਦੌਰ ਕਿਓ ਗਏ ਸਾਹਿਬ? - ਕਿਉਕਿ ਬੇਟਮਾ ਤਾਂ ਗੁਰੂ ਸਾਹਿਬ ਆਏ ਹੀ ਸਨ ਫਿਰ ਉਸ ਵੇਲੇ ਇੰਦੌਰ ਦੀ ਵੀ ਜਰੂਰ ਕੋਈ ਖਾਸੀਅਤ ਹੋਵੇਗੀ ਜਾਂ ਫਿਰ ਇੰਦੌਰ ਤੋਂ ਉਜੈਨ ਦਾ ਰਾਹ ਜਿਆਦਾ ਸੁਖਾਲਾ ਹੋਵੇਗਾ ਭਾਵ ਸਾਧਨ ਮਿਲਦੇ ਹੋਣਗੇ ਕਿਉਕਿ ਇੰਦੌਰ ਸ਼ਹਿਰ ਉਜੈਨ- ਓਂਕਾਰੇਸ਼ਵਰ ਦੇ ਪੁਰਾਣੇ ਮਾਰਗ ਤੇ ਸੀ।

ਨਵੀਆਂ ਹੋਈਆਂ ਖੋਜਾਂ ਨੇ ਸਾਬਤ ਕੀਤਾ ਹੈ ਕਿ ਇੰਦੌਰ ਸ਼ਹਿਰ ਦੀ ਨੀਂਹ ਹੋਲਕਰ ਰਾਜਿਆਂ ਨੇ ਨਹੀ ਸੀ ਰੱਖੀ। ਹੋਲਕਰਾਂ ਨੇ ਤਾਂ ਸਿਰਫ ਇਨੂੰ ਆਪਣੀ ਰਾਜਧਾਨੀ ਬਣਾਇਆ ਸੀ। ਸ਼ਹਿਰ ਉਸ ਤੋਂ ਕਿਤੇ ਪੁਰਾਣਾ ਹੈ। ਇਤਹਾਸਕਾਰਾਂ ਨੇ ਸਾਬਤ ਕੀਤਾ ਹੈ ਕਿ ਰਾਸ਼ਟਰਕੂਟ ਖਾਨਦਾਨ ਦੇ ਰਾਜਾ ਇੰਦਰ ਤੀਜੇ ਨੇ ਜਦੋਂ 916 ਈ. ਵਿੱਚ ਕਨੌਜ ਫਤਹਿ ਕੀਤਾ ਤਾਂ ਵਾਪਸੀ ਤੇ ਮੁੜਦੇ ਵੇਲੇ ਉਸ ਨੇ ਇਥੇ ਇੰਦ੍ਰੇਸ਼ਵਰ ਮਹਾਦੇਵ ਮੰਦਰ ਆਪਣੇ ਨਾਂ ਤੇ ਬਣਵਾਇਆ ਜੋ ਕੋ ਅੱਜ ਵੀ ਮੌਜੂਦ ਹੈ। ਅਹਿਲਿਆ ਬਾਈ ਹੋਲਕਾਰ ਨੇ ਪੁਰਾਣੀਆਂ ਨੀਂਹਾਂ ਤੇ ਮੰਦਰ ਨੂੰ ਦੁਬਾਰਾ ਬਣਾਇਆ ਸੀ। ਮੰਦਰ ਸਰਸਵਤੀ ਤੇ ਖਾਨ ਨਾਲਿਆਂ ਦੇ ਮੇਲ ਤੇ ਮੌਜੂਦ ਹੈ।

http://www.indoreonline.in/city-guide/indreshwar-mahadev-temple-of-indore

18ਵੀ ਸਦੀ ਦੇ ਵੇਲੇ ਵੀ ਸ਼ਹਿਰ ਦਾ ਇੱਕ ਇਲਾਕਾ ਹੈ ਜਿਨੂੰ 'ਜੂਨੀ ਇੰਦੌਰ' ਭਾਵ ਪੁਰਾਣਾ ਇੰਦੌਰ ਕਰਕੇ ਜਾਣਿਆ ਜਾਂਦਾ ਹੈ। ਇਸ ਸ਼ਹਿਰ ਦੇ ਐਨ ਕਿਨਾਰੇ ਤੇ ਹੀ ਇੰਦ੍ਰੇਸ਼ਵਰ ਮੰਦਰ ਤੇ ਗੁਰਦੁਆਰਾ ਇਮਲੀ ਸਾਹਿਬ ਹਨ।

18 ਵੀ ਸਦੀ ਦੀ ਉਤਰੀ ਭਾਰਤ ਦੀ ਸਿਆਸਤ ਸਿੱਖਾਂ-ਮਰਾਠਿਆਂ-ਮੁਗਲਾਂ-ਅੰਗਰੇਜਾਂ ਤੇ ਪਠਾਣਾਂ ਦੀ ਕੱਸ਼ਮਕੱਸ਼ ਦੀ ਕਹਾਣੀ ਹੈ। ਕਦੀ ਕਿਸੇ ਧਿਰ ਦਾ ਹੱਥ ਉਤੇ ਤੇ ਕਦੀ ਕਿਸ ਦਾ। ਖੈਰ ਮਰਾਠੇ ਸਿੱਖ ਸਿਪਾਹੀਆਂ ਦੀ ਬਹਾਦਰੀ ਦਾ ਲੋਹਾ ਮੰਨਦੇ ਸਨ। ਇੰਦੌਰ ਦੀ ਹੋਲਕਰ ਰਿਆਸਤ ਨੇ 20ਵੀ. ਸਦੀ ਦੇ ਸ਼ੁਰੂ ਵਿੱਚ ਫਿਰ ਇੱਕ ਸਿੱਖ ਰਜਮੈਂਟ ਇੰਦੌਰ ਹੀ ਬੈਠਾ ਦਿੱਤੀ।

ਉਹ ਫਲ ਰਾਜਾ ਨੂੰ ਭੇਟ ਕਰ ਦਿੱਤਾ। ਇਸ ਪ੍ਰਕਾਰ ਕਲਪ-ਫਲ ਦਾ ਚੱਕਰ ਪੂਰਾ ਹੋ ਗਿਆ। ਰਾਜਾ ਉਹ ਫਲ ਮੁੜ ਆਪਣੇ ਕੋਲ ਪਾ ਕੇ ਬਹੁਤ ਦੁੱਖੀ ਹੋਇਆ। ਰਾਜਾ ਨੇ ਝੱਟ ਲੱਖੋ ਨੂੰ ਬਕਾ ਲਿਆ ਕਿ ਤੈਨੂੰ ਇਹ ਫਲ ਕਿਹਨੇ ਦਿੱਤਾ ਹੈ। ਲੱਖੋ ਨੇ ਮਹੀਪਾਲ ਦਾ ਨਾਂ ਲੈ ਦਿੱਤਾ। ਅੱਗੋ ਮਹੀਪਾਲ ਨੇ ਰਾਣੀ ਦਾ ਨਾਂ ਲੈ ਲਿਆ। ਜਦੋਂ ਰਾਜੇ ਨੂੰ ਪਤਾ ਲੱਗਾ ਕਿ ਪਿੰਗਲਾ ਤਾਂ ਮਹੀਪਾਲ ਨੂੰ ਦਿਲੋਂ ਚਾਹੁੰਦੀ ਹੈ ਉਸ ਅੱਗ-ਬਬੂਲਾ ਹੋਏ ਨੇ ਤਲਵਾਰ ਕੱਢੀ ਤੇ ਪਿੰਗਲਾ ਦਾ ਸਿਰ ਲਾਹ ਦਿੱਤਾ। ਭਰਥਰੀ ਨੂੰ ਬੜਾ ਦੁੱਖ ਲੱਗਾ ਕਿ ਰਾਣੀ ਦੀ ਬੇਵਫਾਈ ਦਾ। ਬਹੁਤ ਵਿਯੋਗ ਵਿੱਚ ਰਿਹਾ ਕਰੇ। ਓਧਰੋਂ ਬ੍ਰਾਹਮਣਾਂ ਦੁਹਾਈ ਦੇ ਦਿੱਤੀ ਕਿ ਵੱਡਾ ਪਾਪ ਕਰ ਤਾਂ ਮਹਾਰਾਜਾ ਤੁਸਾਂ। ਭਰਥਰੀ ਨੇ ਰਾਜ ਗੱਦੀ ਤਿਆਗ ਦਿੱਤੀ ਤੇ ਆਪਣੇ ਭਰਾ ਵਿਕਰਮਜੀਤ ਨੂੰ ਰਾਜਾ ਬਣਾ ਦਿੱਤਾ।

ਏਸੇ ਭਰਥਰੀ ਦਾ ਹੀ ਭਾਣਜਾ ਹੋਇਆ ਹੈ ਰਾਜਾ ਗੋਪੀਚੰਦ। ਰਾਜਾ ਭਰਥਰੀ ਦੀਆਂ ਕਈ ਰਚਨਾਵਾਂ ਸੰਸਕ੍ਰਿਤ ਵਿੱਚ ਮਿਲਦੀਆਂ ਹਨ ਜਿਸ ਵਿੱਚ ਉਸ ਨੇ ਔਰਤ ਜਾਤ ਤੋਂ ਨਿਰਾਸ਼ਤਾ ਦਿਖਾਈ ਹੈ। ਇਹ ਗੁਰੂ ਨਾਨਕ ਪਾਤਸ਼ਾਹ ਹੀ ਹੋਏ ਨੇ ਜਿੰਨਾਂ ਜਨਾਨੀ ਨੂੰ ਬਰਾਬਰਤਾ ਦਾ ਦਰਜਾ ਦਿੱਤਾ ਹੈ। ਥਾਂ ਥਾਂ ਗੁਰੂ ਸਾਹਿਬ ਨੇ ਲਿਖਿਆ ਹੈ ਕਿ ਮਰਦ ਕਿੰਨਾ ਕੁ ਇਮਾਨਦਾਰ ਹੈ। ਚਾਹੇ ਮਰਦ ਜਾਂ ਜਨਾਨੀ ਹਰ ਜੀਅ ਹਉਮੈ ਵਿੱਚ ਫਸਿਆ ਪਿਆ ਹੈ।

ਧਾਰਮਿਕ ਪੱਖੋ ਉਜੈਨ ਦੀ ਵਿਰਾਸਤ ਬਹੁਤ ਅਮੀਰ ਹੈ। ਇਥੇ ਕੋਈ 100 ਦੇ ਕਰੀਬ ਪੁਰਾਣੇ ਮੰਦਰ ਹਨ ਤੇ ਸਾਰੇ ਦੇ ਸਾਰੇ ਸ਼ਿਪਰਾ ਨਦੀ ਦੇ ਕੰਢੇ ਹਨ। ਸ਼ਿਪਰਾ ਜੋ ਬਾਦ 'ਚ ਚੰਬਲ ਵਿੱਚ ਜਾ ਪੈਂਦੀ ਹੈ, ਭਾਰਤ ਦੀ ਉਲਟੀ ਦਿਸ਼ਾ ਦੀ ਨਦੀ ਹੈ। ਇਹ ਅਲੋਕਿਕ ਨਦੀ ਪਹਾੜ ਪਾਸੇ ਨੂੰ ਵਗਦੀ ਹੈ ਤੇ ਉਤੋ ਜਾ ਜਮੁਨਾ ਦਰਿਆ ਵਿੱਚ ਡਿਗਦੀ ਹੈ।

ਉਜੈਨ ਦਾ 12 ਸਾਲੀਂ ਲੱਗਦਾ ਕੁੰਭ ਮੇਲਾ ਵੀ ਹਰਦੁਆਰ, ਇਲਾਹਾਬਾਦ ਤੇ ਨਾਸਿਕ ਵਾਗੂ ਬਹੁਤ ਮਸ਼ਹੂਰ ਹੈ।

ਕਈ ਵਿਦਵਾਨਾਂ ਦਾ ਅੰਦਾਜ਼ਾ ਹੈ ਕਿ ਗੁਰੂ ਸਾਹਿਬ ਕੁੰਭ ਦੇ ਮੇਲੇ ਵੈਸਾਖ (ਪਰ ਕੁੰਭ ਤਾਂ ਅਪਰੈਲ/ਮਈ 1515 ਈ. ਸੀ) ਉਜੈਨ ਪਹੁੰਚੇ ਸਨ। ਓਂਕਾਰੇਸ਼ਵਰ ਵਿਖੇ ਤਾਂ ਗੁਰੂ ਸਾਹਿਬ ਦਾ ਆਰਤੀ ਉਤਾਰ ਕੇ ਮੰਦਰ ਵਿੱਚ ਸਵਾਗਤ ਕੀਤਾ ਗਇਆ ਸੀ। ਲਗਦੈ ਹੈ ਇਥੇ ਵੀ ਪੰਡਿਆਂ ਸਤਿਕਾਰ ਕੀਤਾ ਹੋਵੇਗਾ। ਕੁਲ ਮਿਲਾ ਬ੍ਰਾਹਮਣ ਲੋਕ ਗੁਰੂ ਸਾਹਿਬ ਦਾ ਬਹੁਤ ਸਤਿਕਾਰ ਕਰਦੇ ਸਨ। ਕੁਝ ਦਿਨ ਗੁਰੂ ਸਾਹਿਬ ਮਹਾਕਾਲ ਮੰਦਰ ਨੇੜੇ ਬਿਰਾਜਦੇ ਰਹੇ ਤੇ ਏਥੋਂ ਦੇ ਪੰਡਿਆਂ ਨੂੰ ਨਾਮ ਦੇ ਸਿਧਾਂਤ ਤੋਂ ਜਾਣੂ ਕਰਵਾਇਆ। ਮੂਰਤੀ ਪੂਜਾ ਤੇ ਹੋਰ ਕਰਮ ਕਾਂਡਾਂ ਨੂੰ ਵਿਅੱਰਥ ਦੱਸਿਆ।

ਉਪਰੰਤ ਗੁਰੂ ਸਾਹਿਬ ਉਜੈਨ ਦੇ ਬਾਕੀ ਮੰਦਰਾਂ ਤੇ ਵੀ ਪ੍ਰਚਾਰ ਖਾਤਰ ਪਹੁੰਚੇ। ਇਤਹਾਸ ਤੋਂ ਇਹੋ ਅੰਦਾਜ਼ਾ ਲੱਗਦਾ ਹੈ ਕਿ ਬ੍ਰਾਹਮਣ ਤਾਂ ਗੁਰੂ ਸਾਹਿਬ ਦੀ ਗੱਲ ਝੱਟ ਮੰਨ ਜਾਂਦੇ ਸਨ ਜੇ ਅੜਦੇ ਸਨ ਤਾਂ ਉਹ ਸੀ ਜੋਗੀ/ ਸਿੱਧ ਨਾਥ।

ਉਜੈਨ ਪਹੁੰਚ ਗੁਰੂ ਸਾਹਿਬ ਨੇ ਆਪਣਾ ਡੇਰਾ ਸ਼ਿਪਰਾ ਨਦੀ ਦੇ ਕੰਢੇ ਰਾਜਾ ਭਰਥਰੀ ਦੀ ਗੁਫਾ ਤੇ ਮੁਸਲਮਾਨ ਸੂਫੀ ਪੀਰ ਰੂਮੀ ਦੀ ਦਰਗਾਹ ਦਰਮਿਆਨ ਇਮਲੀ ਦੇ ਰੁੱਖ ਥੱਲੇ ਲਾਇਆ ਸੀ।

ਇਹ ਜਗਾ ਮਹਾਕਾਲ ਜੋਤੀ ਲਿੰਗ ਤੋਂ ਪੈਦਲ 3 ਕਿਲੋਮੀਟਰ ਪਹਾੜ ਪਾਸੇ ਹੈ। ਉਜੈਨ ਜਦੋਂ ਗੁਰੂ ਸਾਹਿਬ ਆਏ ਲੰਗੋਟਬੰਦ ਸਾਧੂ ਦੇ ਭੇਸ ਵਿੱਚ ਸ

ਸੋਢੀ◉ ਨੇ ਵਿਸਥਾਰ ਨਾਲ ਥਾਂ ਦਾ ਪਤਾ ਟਿਕਾਣਾ ਲਿਖਿਆ ਹੈ। ਸੋਢੀ ਨੂੰ ਇਸ ਬਾਬਤ ਇਤਲਾਹ ਦੇਣ ਵਾਲੇ ਸ਼ਰਧਾਲੂ ਨੇ ਉਂਜ ਥੋੜੀ ਜਿਹੀ ਗਲਤੀ ਕਰ ਦਿੱਤੀ ਹੈ। ਉਸ ਨੇ ਮਕਬਰੇ ਨੂੰ ਮਸੀਤ ਲਿਖ ਦਿੱਤਾ ਹੈ। ਸੋਢੀ ਦੇ ਵੇਲੇ ਤੱਕ ਅਜੇ ਯਾਦਾਂ ਤਾਜਾ ਸਨ।

ਵੇਖੋ ਇਥੇ ਵੀ ਸੋਢੀ ਨੇ ਸਾਫ ਲਿਖਿਆ ਹੈ ਕਿ ਗੁਰੂ ਸਾਹਿਬ ਓਂਕਾਰੇਸ਼ਵਰ ਤੋਂ ਉਜੈਨ ਆਏ ਸਨ। ਪਰ ਸਾਡੇ ਅੱਜ ਦੇ ਇਤਹਾਸਕਾਰ ਪੁੱਠਾ ਗੇੜਾ ਦੇ ਰਹੇ ਹਨ।

———◈———

ਮਹੰਤ ਪੁੱਛਿਆ ਕਿਓ ਬਾਬਾ ਜੀ ਆਹ ਜਿਹੜੀ ਐਨੀ ਜਨਤਾ ਮੇਲੇ ਤੇ ਇਥੇ ਆਈ ਹੈ ਕੀ ਇਹ ਸਾਰੇ ਮੁਕਤ ਹੋਣਗੇ?◉

ਉਜੈਨ ਮੇਲੇ ਤੇ ਹਜਾਰਾਂ ਲੱਖਾਂ ਸਾਧੂ, ਸੰਨਿਆਸੀ, ਸਿੱਧ, ਨਾਥ, ਜੋਗੀ, ਜਪੀ, ਤਪੀ, ਬ੍ਰਾਹਮਣ ਤੇ ਆਮ ਜਨਤਾ ਅਨੇਕਾਂ ਪ੍ਰਕਾਰ ਦੇ ਕਸ਼ਟ ਝੱਲਦੀ ਆਈ ਹੋਈ ਸੀ। ਸਿੱਧ ਜੋਗੀਆਂ ਦੇ ਗੁਰੂ ਸਾਹਿਬ ਨਾਲ ਸਵਾਲ ਜਵਾਬ ਚਲ ਰਹੇ ਸਨ। ਗੁਰੂ ਸਾਹਿਬ ਦੀ ਮਿਕਨਾਤੀਸੀ ਸਖਸ਼ੀਅਤ ਕਰਕੇ ਹਜਾਰਾਂ ਲੋਕ ਇਕੱਠੇ ਹੋ ਗਏ ਸਨ। ਸਧਾਰਨ ਲੋਕ ਗੁਰੂ ਸਾਹਿਬ ਦੀ ਗੱਲ ਬਾਤ ਵਿੱਚ ਡੂੰਘੀ ਦਿਲਚਸਪੀ ਲੈ ਰਹੇ ਸਨ ਕਿ ਮਹੰਤ ਨੂੰ ਜਨਤਾ ਤੇ ਗੁੱਸਾ ਚੜਿਆ ਤੇ ਗੁਰੂ ਸਾਹਿਬ ਨੂੰ ਪੁੱਛਣ ਲੱਗਾ ਕਿ ਬਾਬਾ ਜੀ ਆਹ ਜਿਹੜੀ ਐਨੀ ਲੱਖਾਂ ਦੀ ਤਾਦਾਦ ਵਿੱਚ ਜਨਤਾ ਆ ਗਈ ਹੈ ਕੀ ਇਹ ਸਭ ਮੁਕਤੀ ਹਾਸਲ ਕਰ ਸਕਣਗੇ।

ਮਹਾਕਾਲ ਮੰਦਰ ਕਰਕੇ ਲਗਦਾ ਹੈ ਕੁੰਭ ਮੇਲਾ

ਗੁਰੂ ਸਾਹਿਬ ਨੇ ਮਹੰਤ ਨੂੰ ਭਰਥਰੀ ਦਾ ਰੂਪ ਸਮਝ ਕੇ ਸੰਬੋਧਨ ਹੁੰਦੇ ਹਨ ਤੇ ਸਮਝਾਉਂਦੇ ਹਨ ਕਿ ਨਿਰਾ ਤੀਰਥ ਅਸਥਾਨ ਤੇ ਲੱਗੇ ਮੇਲੇ ਵਿੱਚ ਪਹੁੰਚ ਕੇ ਕੋਈ ਮੁਕਤ ਨਹੀ ਹੋ ਜਾਵੇਗਾ। ਮੁਕਤੀ ਦਾ ਮਾਰਗ ਲੰਮਾਂ ਹੈ। ਉਸ ਵਾਸਤੇ ਪਹਿਲਾਂ ਇਛਾ ਸ਼ਕਤੀ ਨੂੰ ਜਾਗ ਲੱਗੀ ਹੋਵੇ ਤਾਂ। ਇਥੇ ਜੋ ਲੋਕ ਆਏ ਹਨ ਇਹਨਾਂ ਵਿੱਚੋਂ ਬਹੁਤੇ ਤਾ ਵਿਚਾਰੇ ਤਮਾਸ਼ਬੀਨ ਹਨ। ਉਨਾਂ ਵਾਸਤੇ ਮੁਕਤੀ ਕੋਈ ਮਾਇਨੇ ਹੀ ਨਹੀ ਰਖਦੀ। ਉਹ ਲੋਕ ਜੀਵਨ ਦੀ ਅਸਲੀਅਤ ਬਾਰੇ ਕੋਈ ਸੋਚ ਹੀ ਨਹੀ ਰਖਦੇ।

ਬੰਦਾ ਰੂਹਾਨੀਅਤ ਦੇ ਮਾਰਗ ਦਾ ਪਹਿਲਾਂ ਪਾਂਧੀ ਤਾਂ ਬਣੇ।



ਭਰਥਰੀ ਗੁਫਾ- ਗੁਰੂ ਸਾਹਿਬ ਦੇ ਵੇਲੇ ਵੀ ਐਨ ਏਸੇ ਤਰਾਂ ਹੀ ਸੀ

ਗਿਆਨ ਹਾਸਲ ਕਰੇ। ਉਨ੍ਹੂੰ ਪਤਾ ਲੱਗੇ ਕਿ ਮੁਕਤੀ ਦੇ ਮਾਰਗ ਤੇ ਚਲਦਿਆਂ ਪਹਿਲੀ ਮੰਜਿਲ ਆਪਣੀ ਹਉਮੈ ਨੂੰ ਸਰ ਕਰਨਾਂ ਹੈ। ਜਿੰਦਗੀ ਵਿੱਚ ਸੱਚ ਨੂੰ ਧਾਰਨ ਕਰੇ। ਰਜਾ ਦਾ ਸਿਧਾਂਤ ਸਮਝਦੇ ਤੇ ਉਹਦੇ ਤੇ ਅਮਲ ਕਰੇ। ਐਂਵੇ ਹਰ ਕੋਈ ਮੁਕਤੀ ਨਹੀ ਪਾ ਸਕਦਾ।

ਜਵਾਬ ਦੇਣ ਤੋਂ ਬਾਦ ਜਿਵੇ ਗੁਰੂ ਸਾਹਿਬ ਚੁੱਪ ਹੋਏ ਤਾਂ ਮਰਦਾਨੇ ਨੂੰ ਚਾਅ ਆ ਗਿਆ। ਓਹਨੇ ਤਾਰ ਛੇੜ ਦਿੱਤੀ। ਖੂਬ ਉੱਚੀ ਸਾਰੀ ਧੁਨ ਵਜਾਈ। ਗੁਰੂ ਸਾਹਿਬ ਨੇ ਫਿਰ ਹੁਕਮ ਕੀਤਾ ਕਿ ਮਰਦਾਨਿਆ ਗਉੜੀ ਦੀ ਧੁਨ ਲਾ ਬਾਣੀ ਆ ਰਹੀ:

ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥ ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥ ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥ ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥ ਕਰਣੀ ਕੀਰਤਿ ਕਰਮ ਸਮਾਨੈ ॥੩॥ ਏਕ ਸਬਦ ਇਕ ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥ ਭੈ ਰਚਿ ਰਹੈ ਨ ਬਾਹਰਿ ਜਾਇ ॥ ਕੀਮਤਿ ਕਉਣ ਰਹੈ ਲਿਵ ਲਾਇ ॥੫॥ ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥੬॥ ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥ ਜਪ ਤਪ ਸੰਜਮ ਪਾਠ ਪੁਰਾਣ ॥ ਕਹੁ ਨਾਨਕ ਅਪਰੰਪਰ ਮਾਨੁ ॥੮॥੬॥

———◈———

ਭਰਥਰੀ ਗੁਫਾ: ਦੂਹਰੇ ਦੂਹਰੇ ਕਿਵਾੜ– ਜੋਗੀ ਆਖੇ "ਜੀ ਡਰ ਲੱਗਦੈ"◈

ਜਿਵੇ ਉਤੇ ਆ ਚੁੱਕਾ ਹੈ ਗੁਰੂ ਸਾਹਿਬ ਦਾ ਡੇਰਾ ਭਰਥਰੀ ਗੁਫਾ ਨੇੜੇ ਸੀ। ਇੱਕ ਦੋ ਵੇਰਾਂ ਸਾਹਿਬ ਦੀ ਮੌਜ ਆਈ ਤਾਂ ਗੁਫਾ ਵਿੱਚ ਗੱਲ ਬਾਤ ਕਰਨ ਲਈ ਗਏ। ਹਰ ਵਾਰੀ ਗੁਫਾ ਦਾ ਦਰਵਾਜਾ ਬੰਦ ਮਿਲੇ। ਆਖਿਰ ਜਦੋਂ ਮਹੰਤ ਨਾਲ ਮੇਲ ਹੋਇਆ ਤਾਂ ਪੁੱਛਿਆ ਕਿ ਮਹੰਤ ਜੀ ਕੀ ਵਜਾ ਹੈ ਤੁਹਾਡੀ ਗੁਫਾ ਦਾ ਕਿਵਾੜ ਬੰਦ ਹੀ ਮਿਲਦਾ ਹੈ। ਭਰਥਰੀ ਗੁਫਾ ਦਾ ਜੋਗੀ ਮਹੰਤ ਕਹਿਣ ਲੱਗਾ ਕਿ ਉਜੈਨ ਵਿੱਚ ਚੋਰ ਉਚੱਕੇ ਬਹੁਤ ਹੈਨ। ਉਂਜ ਵੀ ਗੁਫਾ ਨਦੀ ਕਿਨਾਰੇ ਜੰਗਲ ਵਿੱਚ ਹੈ। ਜੰਗਲੀ ਜਾਨਵਰ ਦਾ ਵੀ ਡਰ ਰਹਿੰਦਾ ਹੈ। ਇਸ ਕਰਕੇ ਦਰਵਾਜਾ ਬੰਦ ਰਖਦੇ ਹਾਂ ਜੀ।

ਗੁਰੂ ਸਾਹਿਬ ਨੇ ਮੁਸਕਰਾਅ ਕੇ ਕਿਹਾ ਕਿ ਜੋਗੀ ਹੋ ਕੇ ਡਰਦੇ ਹੋ। ਜੋਗੀਆਂ ਬਾਰੇ ਤਾਂ ਸੁਣਿਐ ਕਿ ਇਨਾਂ ਦਾ ਵਾਸਾ ਜੰਗਲ ਬੇਲਿਆਂ ਵਿੱਚ ਹੁੰਦਾ ਹੈ। ਓਥੇ ਕਿਹੜਾ ਤੇ ਕੌਣ ਬੂਹਾ ਬੰਦ ਕਰ ਸਕਦਾ ਹੈ? ਇੱਕ ਦਮ ਜੋਗੀ ਨੂੰ ਜਿਵੇ ਹੋਸ਼ ਆ ਜਾਂਦੀ ਹੈ ਇਸ ਤਰਾਂ ਹੋਇਆ। ਗੁਰੂ ਸਾਹਿਬ ਨੇ ਉਨ੍ਹੂੰ ਉਹਦੀ ਉਦਾਸੀ ਦਾ ਅਹਿਸਾਸ ਕਰਵਾ ਦਿੱਤਾ ਤੇ ਦੱਸਿਆ ਕਿ ਅਸਲ ਉਦਾਸੀ ਕਿਹੋ ਜਿਹੀ ਹੁੰਦੀ ਹੈ।

ਗਉੜੀ ਰਾਗ ਵਿੱਚ ਸ਼ਬਦ ਰਚਿਆ ਤੇ ਮਹੰਤ ਦੇ ਕਿਵਾੜ ਖੋਲ ਦਿੱਤੇ:-

ਖਿਮਾ ਗਹੀ ਬ੍ਰਤੁ ਸੀਲ ਸੰਤੋਖੰ ॥ ਰੋਗੁ ਨ ਬਿਆਪੈ ਨਾ ਜਮ ਦੋਖੰ ॥ ਮੁਕਤ ਭਏ ਪ੍ਰਭ ਰੂਪ ਨ ਰੇਖੰ ॥੧॥ ਜੋਗੀ ਕਉ ਕੈਸਾ ਡਰੁ ਹੋਇ ॥ ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ ॥ ੧॥ ਰਹਾਉ ॥ ਨਿਰਭਉ ਜੋਗੀ ਨਿਰੰਜਨੁ ਧਿਆਵੈ ॥ ਅਨਦਿਨੁ ਜਾਗੈ ਸਚਿ ਲਿਵ ਲਾਵੈ ॥ ਸੋ ਜੋਗੀ ਮੇਰੈ ਮਨਿ ਭਾਵੈ ॥੨॥ ਕਾਲੁ ਜਾਲੁ ਬ੍ਰਹਮ ਅਗਨੀ ਜਾਰੇ ॥ ਜਰਾ ਮਰਣ ਗਤੁ ਗਰਬੁ ਨਿਵਾਰੇ ॥ ਆਪਿ ਤਰੈ ਪਿਤਰੀ ਨਿਸਤਾਰੇ ॥੩॥ ਸਤਿਗੁਰੁ ਸੇਵੇ ਸੋ ਜੋਗੀ ਹੋਇ ॥ ਭੈ ਰਚਿ ਰਹੈ ਸੁ ਨਿਰਭਉ ਹੋਇ ॥ ਜੈਸਾ ਸੇਵੈ ਤੈਸੋ ਹੋਇ ॥ ੪॥ ਨਰ ਨਿਹਕੇਵਲ ਨਿਰਭਉ ਨਾਉ ॥ ਅਨਾਥਹ ਨਾਥ ਕਰੇ ਬਲਿ ਜਾਉ ॥ ਪੁਨਰਪਿ ਜਨਮੁ ਨਾਹੀ ਗੁਣ ਗਾਉ ॥ ੫॥ ਅੰਤਰਿ ਬਾਹਰਿ ਏਕੋ ਜਾਣੈ ॥ ਗੁਰ ਕੈ ਸਬਦੇ ਆਪੁ ਪਛਾਣੈ ॥ ਸਾਚੈ ਸਬਦਿ ਦਰਿ ਨੀਸਾਣੈ ॥੬॥ ਸਬਦਿ ਮਰੈ ਤਿਸੁ ਨਿਜ ਘਰਿ ਵਾਸਾ ॥ ਆਵੈ ਨ ਜਾਵੈ ਚੂਕੈ ਆਸਾ ॥ ਗੁਰ ਕੈ ਸਬਦਿ ਕਮਲੁ ਪਰਗਾਸਾ ॥੭॥ ਜੋ ਦੀਸੈ ਸੋ ਆਸ ਨਿਰਾਸਾ ॥ ਕਾਮ ਕ੍ਰੋਧ ਬਿਖੁ ਭੂਖ ਪਿਆਸਾ ॥ ਨਾਨਕ ਬਿਰਲੇ ਮਿਲਹਿ ਉਦਾਸਾ ॥੮॥੭॥

ਗੁਰੂ ਸਾਹਿਬ ਨੇ ਜੋਗੀ ਨੂੰ ਉਪਦੇਸ ਦਿੱਤਾ ਕਿ ਨਿਮ੍ਰਤਾ ਹਿਰਦੇ ਵਿੱਚ ਹੋਵੇ, ਵਿਖਾਵੇ ਵਾਲਾ ਨਿਮਾਣਾਪਣ ਨਹੀ। ਜੋਗੀ ਦਾ ਮੰਨ ਤੇ ਕਾਬੂ ਹੋਵੇ ਸਬਰ ਸੰਤੋਖ ਰੱਖੇ ਆਪਣੇ ਹੰਕਾਰ ਨੂੰ ਤੀਲੀ ਲਾ ਦੇਵੇ। ਫਿਰ ਨਿੱਡਰ ਹੋਇਆ ਜੋਗੀ ਉਸ ਸਰਬਵਿਆਪਕ ਨਿਰੰਜਨ ਨੂੰ ਧਿਆਵੇ ਜਿਹੜਾ ਹਰ ਥਾਂ ਮੌਜੂਦ ਹੈ। ਡਰ ਸਿਰਫ ਨਿਰੰਜਨ ਨਿਰੰਕਾਰ ਦਾ ਹੋਵੇ। ਬਾਕੀ ਸ਼ੇਰ ਚੀਤੇ ਚੋਰ ਡਾਕੂ ਤਾਂ ਸਭ ਓਸ ਨਿਰੰਕਾਰ ਦੇ ਪੈਦਾ ਕੀਤੇ ਹੋਏ ਨੇ।

———◈———

ਭਰਥਰੀ ਮਹੰਤ ਨੇ ਪੁੱਛਿਆ ਬਾਬਾ ਜੀ ਤੁਸੀ ਕਿਹੜੀ ਸੰਪਰਦਾ ਦੇ ਸਾਧੂ ਹੋ?

ਗੁਰੂ ਸਾਹਿਬ ਨੇ ਕਿਹਾ ਮੇਰੀ ਸੰਪਰਦਾ 'ਨਾਮ'◉

ਜਦੋਂ ਭਰਥਰੀ ਦੀ ਗੁਫਾ ਦੇ ਮੁਕਾਮ ਤੇ ਗੁਰੂ ਸਾਹਿਬ ਦੀ ਸਾਧੂਆਂ ਨਾਲ ਗੁਫਤਗੂ ਚਲ ਰਹੀ ਸੀ। ਕਿਹਾ ਜਾਂਦਾ ਹੈ ਕਿ ਉਦੋਂ ਗੁਰੂ ਸਾਹਿਬ ਨੇ ਲੰਗੋਟ ਪਾਇਆ ਹੋਇਆ ਸੀ। ਓਦੋ ਮਹੰਤ ਨੇ ਜਿੱਦ ਕੀਤੀ ਕਿ ਬਾਬਾ ਜੀ ਦੱਸੋ ਤੁਸੀ ਕਿਹੜੀ ਸੰਪਰਦਾ ਦੇ ਸਾਧੂ ਹੋ? ਸਾਧੂਆਂ ਦੀਆਂ ਸ਼੍ਰੇਣੀਆਂ ਨੂੰ ਸੰਪਰਦਾਵਾਂ ਕਹਿੰਦੇ ਹਨ। ਤੁਸੀ ਕਿਹੜੇ ਭਗਵਾਨ ਨੂੰ ਮੰਨਦੇ ਹੋ? ਕਿਹਦੀ ਪੂਜਾ ਕਰਦੇ ਹੋ? ਵਰਤ ਕਦੋਂ ਰਖਦੇ ਹੋ? ਗੁੱਸੇ ਨੂੰ ਕਾਬੂ ਕਰਨ ਲਈ ਕਿਹੜਾ ਯੋਗ ਆਸਣ ਲਾਉਦੇ ਹੋ? ਤੁਸੀ ਭਿਬੂਤੀ ਕਿਓ ਨਹੀ ਲਾਈ ਹੋਈ? ਜੇ ਸਾਧੂ ਨਹੀ ਤਾਂ ਕੀ ਕਾਰ ਵਿਹਾਰ ਕਰਦੇ ਹੋ? ਮਹੰਤ ਦੇ ਸਵਾਲ ਦੇ ਜਵਾਬ ਵਿੱਚ ਫਿਰ ਸਾਹਿਬ ਨੇ ਰਾਗ ਆਸਾ ਵਿੱਚ ਅਸ਼ਟਪਦੀ ਉਚਾਰੀ:-

ਉਤਰਿ ਅਵਘਟਿ ਸਰਵਰਿ ਨ੍ਹਾਵੈ ॥ ਬਕੈ ਨ ਬੋਲੈ ਹਰਿ ਗੁਣ ਗਾਵੈ ॥ ਜਲੁ ਆਕਾਸੀ ਸੁੰਨਿ ਸਮਾਵੈ ॥ ਰਸੁ ਸਤੁ ਝੋਲਿ ਮਹਾ ਰਸੁ ਪਾਵੈ ॥੧॥ ਐਸਾ ਗਿਆਨੁ ਸੁਨਹੁ ਅਭ

ਪੈਰ ਸਫਾ

◉ ਸੋਢੀ-300, ਸੋਢੀ ਨੇ ਸਾਫ ਸਾਫ ਵੈਸਾਖੀ ਦੇ ਮੌਕੇ ਤੇ ਸ਼ਿਪਰਾ ਦਾ ਇਸ਼ਨਾਨ ਲਿਖਿਆ ਹੈ। ਕੁੰਭ ਦਾ ਜਿਕਰ ਨਹੀ ਹੈ। ◈ਸੋਢੀ- 303

◉ ਸੋਢੀ -306 ਅਤੇ 310

✚ ਸਾਧੂ ਜਾਂ ਸਾਧਵੀ ਉਹ ਹਿੰਦੂ ਬੰਦਾ ਜਾਂ ਜਨਾਨੀ ਹੁੰਦੇ ਹਨ ਜਿੰਨਾਂ ਨੇ ਗ੍ਰਿਸਤ ਜਾਂ ਸਮਾਜਕ ਜੀਵਨ ਤਿਆਗ ਦਿੱਤਾ ਹੁੰਦਾ ਹੈ। ਇਹਨਾਂ ਦੀਆਂ ਸੈਕੜੇ ਸ਼੍ਰੇਣੀਆਂ ਹਨ। ਮੁਖ ਤੌਰ ਤੇ ਹਿੰਦੂ ਸਾਧੂਆਂ ਨੂੰ ਤਿੰਨ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ: 1. ਸ਼ਿਵ ਦੇ ਪੂਜਾਰੀ: ਜੋਗੀ, ਨਾਗੇ ਆਦਿ 2. ਵਿਸ਼ਨੂੰ ਜਾਂ ਵਿਸ਼ਨੂੰ ਦੇ ਅਵਤਾਰ ਰਾਮ ਜਾਂ ਕ੍ਰਿਸ਼ਨ ਦੇ ਭਗਤ, 3. ਮਾਤਾ ਦੇ ਭਗਤ ਜਾਂ ਸ਼ਾਕਤ ਭਾਵ ਸ਼ਕਤੀ ਨੂੰ ਪੂਜਣ ਵਾਲੇ, 4. ਦਸਨਾਮੀ ਸੰਪਰਦਾ- ਸ਼ੰਕਰਚਾਰੀਆ ਦੇ ਸਾਧੂ ਚਾਰ ਵੰਨਗੀਆਂ ਦੇ ਹੁੰਦੇ ਨੇ: (ੳ)-ਜਿਹੜੇ ਜੀਵ ਚੇਤੰਨਤਾ ਨੂੰ ਰੱਬ ਮੰਨਦੇ, (ਅ) ਅਹਮ-ਬ੍ਰਾਹਮਾਸੀ ਭਾਵ ਖੁਦ ਨੂੰ ਹੀ ਰੱਬ ਮੰਨਣਾ, ਇਹ ਭੂਰੀ ਵਾਲੀ ਸੰਪਰਦਾ ਵੀ ਕਹਾਉਂਦੇ ਹਨ। (ੲ) ਤੱਤਮਾਸੀ ਭਾਵ ਅਗਲਾ (ਭਾਵ ਤੁਸੀ) ਹੀ ਰੱਬ ਹੋ, (ਸ) ਆਤਮਾ ਪ੍ਰਮਾਤਮਾ ਭਾਵ ਆਤਮਾ ਹੀ ਰੱਬ ਹੈ।

ਮੋਰੇ ॥ ਭਰਿਪੁਰਿ ਧਾਰਿ ਰਹਿਆ ਸਭ ਠਉਰੇ ॥੧॥ ਰਹਾਉ ॥ ਸਚੁ ਬ੍ਰਤੁ ਨੇਮੁ ਨ ਕਾਲੁ ਸੰਤਾਵੈ ॥ ਸਤਿਗੁਰ ਸਬਦਿ ਕਰੋਧੁ ਜਲਾਵੈ ॥ ਗਗਨਿ ਨਿਵਾਸਿ ਸਮਾਧਿ ਲਗਾਵੈ ॥ ਪਾਰਸੁ ਪਰਸਿ ਪਰਮ ਪਦੁ ਪਾਵੈ ॥੨॥ ਸਚੁ ਮਨ ਕਾਰਣਿ ਤਤੁ ਬਿਲੋਵੈ ॥ ਸੁਭਰ ਸਰਵਰਿ ਮੈਲੁ ਨ ਧੋਵੈ ॥ ਜੈ ਸਿਉ ਰਾਤਾ ਤੈਸੋ ਹੋਵੈ ॥ ਆਪੇ ਕਰਤਾ ਕਰੇ ਸੁ ਹੋਵੈ ॥੩॥ ਗੁਰ ਹਿਵ ਸੀਤਲੁ ਅਗਨਿ ਬੁਝਾਵੈ ॥ ਸੇਵਾ ਸੁਰਤਿ ਬਿਭੂਤ ਚੜਾਵੈ ॥ ਦਰਸਨੁ ਆਪਿ ਸਹਜ ਘਰਿ ਆਵੈ ॥ ਨਿਰਮਲ ਬਾਣੀ ਨਾਦੁ ਵਜਾਵੈ ॥੪॥ ਅੰਤਰਿ ਗਿਆਨੁ ਮਹਾ ਰਸੁ ਸਾਰਾ ॥ ਤੀਰਥ ਮਜਨੁ ਗੁਰ ਵੀਚਾਰਾ ॥ ਅੰਤਰਿ ਪੂਜਾ ਥਾਨੁ ਮੁਰਾਰਾ ॥ ਜੋਤੀ ਜੋਤਿ ਮਿਲਾਵਣਹਾਰਾ ॥੫॥ ਰਸਿ ਰਸਿਆ ਮਤਿ ਏਕੈ ਭਾਇ ॥ ਤਖਤ ਨਿਵਾਸੀ ਪੰਚ ਸਮਾਇ ॥ ਕਾਰ ਕਮਾਈ ਖਸਮ ਰਜਾਇ ॥ ਅਵਿਗਤ ਨਾਥੁ ਨ ਲਖਿਆ ਜਾਇ ॥੬॥ ਜਲ ਮਹਿ ਉਪਜੈ ਜਲ ਤੇ ਦੂਰਿ ॥ ਜਲ ਮਹਿ ਜੋਤਿ ਰਹਿਆ ਭਰਪੂਰਿ ॥ ਕਿਸੁ ਨੇੜੈ ਕਿਸੁ ਆਖਾ ਦੂਰਿ ॥ ਨਿਧਿ ਗੁਣ ਗਾਵਾ ਦੇਖਿ ਹਦੂਰਿ ॥੭॥ ਅੰਤਰਿ ਬਾਹਰਿ ਅਵਰੁ ਨ ਕੋਇ ॥ ਜੋ ਤਿਸੁ ਭਾਵੈ ਸੋ ਫੁਨਿ ਹੋਇ ॥ ਸੁਣਿ ਭਰਥਰਿ ਨਾਨਕੁ ਕਹੈ ਬੀਚਾਰੁ ॥ ਨਿਰਮਲ ਨਾਮੁ ਮੇਰਾ ਆਧਾਰੁ ॥

ਗੁਰੂ ਸਾਹਿਬ ਨੇ ਜਵਾਬ ਦਿੱਤਾ ਭਰਥਰੀ ਨਾਥ ਜੀ ਮੇਰਾ ਪਵਿਤ੍ਰ ਸਰੋਵਰ ਥਾਂਈ ਥਾਂਈ ਮੌਜੂਦ ਹੈ ਜਿੱਥੇ ਮੈਂ ਇਸ਼ਨਾਨ ਕਰਨਾਂ ਹੁੰਦਾ ਹੈ। ਮੈਂ ਸੱਚ ਵਰਤ ਰੱਖਿਆ ਹੋਇਆ ਹੈ ਜਿਸ ਕਾਰਨ ਮੇਰਾ ਮੌਤ ਦਾ ਡਰ ਮੁੱਕ ਚੁੱਕਾ ਹੈ ਭਾਵ ਗਿਆਨ ਹੋ ਚੁੱਕਾ ਹੈ। ਆਪਣੇ ਕਾਮ ਕ੍ਰੋਧ ਲੋਭ ਮੋਹ ਹੰਕਾਰ ਦੀ ਵਾਸ਼ਨਾਵਾਂ ਨੂੰ ਕਾਬੂ ਰੱਖਣ ਲਈ ਮੈਂ ਨਾਮ ਦਾ ਹੀ ਸਹਾਰਾ ਲੈਂਨਾ ਵਾਂ। ਸ਼ਬਦ ਨੇ ਮੇਰਾ ਕ੍ਰੋਧ ਸਾੜ ਦਿੱਤਾ ਹੈ। ਮਾਨਵ ਸੇਵਾ ਮੇਰੀ ਭਿਬੂਤੀ ਹੈ। ਮੇਰੀ ਪੂਜਾ ਅੰਤਰਮੁਖੀ ਹੈ। ਮੇਰਾ ਕਾਰੋਬਾਰ ਉਹਦੀ ਰਜਾ ਵਿੱਚ ਹੈ, ਜਿਹੜਾ ਕਿਤਾ ਉਹ ਬਖਸ਼ਦਾ ਹੈ ਉਹੀ ਕਰਦਾ ਹਾਂ। ਮੁਕਦੀ ਗੱਲ ਮੈਂ ਨਿਰੰਕਾਰ ਦਾ ਢਾਡੀ ਹਾਂ ਉਹਦੀ ਸਿਫਤ ਸਲਾਹ ਜਾਂ ਨਾਮ ਹੀ ਮੇਰਾ ਧਰਮ ਹੈ।

ਇਹ ਸੁਣ ਜੋਗੀ ਤਾਂ ਹੱਕਾ ਬੱਕਾ ਰਹਿ ਗਿਆ। ਇਹ ਤਾਂ ਕੋਈ ਅਲੌਕਿਕ ਹੀ ਇਨਸਾਨ ਹੈ। ਇਹ ਤੀਰਥ ਅਸਥਾਨ ਨਹੀ ਮੰਨਦਾ। ਵਰਤ, ਨੇਮ ਆਦਿ ਨਹੀ ਮੰਨਦਾ। ਜੋਗ ਆਸਣ ਇਹ ਨਹੀ ਲਾਉਦਾ। ਪਰ ਗੁਰੂ ਸਾਹਿਬ ਦੀ ਦਲੀਲ ਨੇ ਜੋਗੀ ਕੀਲ ਦਿੱਤਾ ਸੀ। ਹਾਰ ਕੇ ਚਰਨੀ ਢਹਿ ਪਿਆ।

ਇਤਹਾਸ ਵਿਚ ਸਾਫ ਸਾਫ ਲਿਖਿਆ ਹੈ ਕਿ ਗੁਰੂ ਸਾਹਿਬ ਨੇ ਡੇਰਾ ਭਰਥਰੀ ਗੁਫਾ ਦੇ ਲਾਗੇ ਲਾਇਆ ਸੀ। ਫਿਰ ਵੀ ਕਾਰ ਸੇਵਾ ਵਾਲਿਆਂ ਨੇ 3 ਕਿ. ਮੀ. ਹਟਵਾਂ ਗੁਰਦੁਆਰਾ ਬਣਾ ਕੇ ਨਾਮ ਰੱਖ ਦਿਤਾ ਗੁਰੂ ਨਾਨਕ ਘਾਟ ਗੁਰਦੁਆਰਾ, ਉਜੈਨ। ਹਾਲਾਂਕਿ ਕਿ ਮੂਲ ਅਸਥਾਨ ਤੇ ਅਬਾਦੀ ਵੀ ਨਹੀ ਹੈ। ਬਦਕਿਸਮਤੀ ਨਾਲ ਕਾਰ ਸੇਵਾ ਵਾਲੇ ਬਾਬੇ ਇਤਹਾਸਿਕ ਗੱਲਾਂ ਦੀ ਰਤਾ ਕਦਰ ਨਹੀ ਕਰਦੇ। ਗੁਰੂ ਪਾਤਸ਼ਾਹ ਸੁਮੱਤ ਬਖਸ਼ੇ।(ਕਿਉਂਕਿ ਉਜੈਨ ਵਿਚ ਹੋਰ ਵੀ ਗੁਰਦੁਆਰਾ ਸਾਹਿਬਾਨ ਹੈਗੇ ਨੇ ਫਿਰ ਇਸ ਗੁਰਦੁਆਰਾ ਸਾਹਿਬ ਦਾ ਬਾਕੀਆਂ ਨਾਲੋਂ ਕੀ ਫਰਕ ਹੋਇਆ?)

ਜਦੋਂ ਹਰ ਕੋਈ ਡੇਰੇ ਤੋਂ ਜਾ ਚੁੱਕਾ ਸੀ ਤਾਂ ਗੁਰੂ ਸਾਹਿਬ ਦੀ ਲਿਵ ਫਿਰ ਪਾਰਬ੍ਰਹਮ ਪ੍ਰਮੇਸ਼ਰ ਨਾਲ ਲੱਗ ਗਈ। ਕੁਝ ਚਿਰ ਬਾਦ ਫਿਰ ਜਦੋਂ ਸੁਰਤ ਦੁਨਿਆ ਵਲ ਪਰਤੀ ਤਾਂ ਮਰਦਾਨੇ ਨੂੰ ਰਬਾਬ ਤੇ ਬਹਿਣ ਲਈ ਹੁਕਮ ਕੀਤਾ ਤੇ ਸੋਰਠ ਵਿੱਚ ਸ਼ਬਦ ਰਚਿਆ:-

ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ ॥ ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ ਹਰਿ ਦੀਜੈ ਨਾਮੁ ਪਿਆਰੀ ਜੀਉ ॥੧॥ ਘਟਿ ਘਟਿ ਰਵਿ ਰਹਿਆ ਬਨਵਾਰੀ ॥ ਜਲਿ ਥਲਿ ਮਹੀਅਲਿ ਗੁਪਤੋ ਵਰਤੈ ਗੁਰ ਸਬਦੀ ਦੇਖਿ ਨਿਹਾਰੀ ਜੀਉ ॥ ਰਹਾਉ ॥ ਮਰਤ ਪਇਆਲ ਅਕਾਸੁ ਦਿਖਾਇਓ ਗੁਰਿ ਸਤਿਗੁਰਿ ਕਿਰਪਾ ਧਾਰੀ ਜੀਉ ॥ ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ ਘਟ ਭੀਤਰਿ ਦੇਖੁ ਮੁਰਾਰੀ ਜੀਉ ॥੨॥ ਜਨਮ ਮਰਨ ਕਉ ਇਹੁ ਜਗੁ ਬਪੁੜੋ ਇਨਿ ਦੂਜੈ ਭਗਤਿ ਵਿਸਾਰੀ ਜੀਉ ॥ ਸਤਿਗੁਰੁ ਮਿਲੈ ਤ ਗੁਰਮਤਿ ਪਾਈਐ ਸਾਕਤ ਬਾਜੀ ਹਾਰੀ ਜੀਉ ॥੩॥ ਸਤਿਗੁਰ ਬੰਧਨ ਤੋੜਿ

ਪੈਰ ਸਾਹਿਬ

◉ ਸੋਢੀ-312, (ਯਾਦ ਰਹੇ 'ਗਗਨ ਮੈ ਥਾਲੁ...' ਪੂਰੀ ਰਚਿਆ ਸੀ।)

ਕੋਹਲੀ ਤੇ ਗਿਆਨੀ (145-47) ਜਿਹੇ ਲਿਖਾਰੀਆਂ ਨੇ ਗੁਰੂ ਸਾਹਿਬ ਦਾ ਉਜੈਨ ਵਾਲੀ ਫੇਰੀ ਮੌਕੇ ਹੀ ਬਾਂਸਵਾੜਾ, ਡੂਗਰਪੁਰ, ਪਾਟਣ (ਗੁਜਰਾਤ) ਸਿੱਧਪੁਰ, ਸਿਰੋਹੀ ਤੇ ਅਬੂ ਪਰਬਤ (ਮਾਊਟ ਅਬੂ) ਜਾਣਾ ਲਿਖਿਆ ਹੈ। ਪਰ ਸਾਨੂੰ ਇਹ ਗੱਲ ਜਚੀ ਨਹੀ ਕਿਉਕਿ ਵਸਾਖੀ ਤੇ ਗੁਰੂ ਸਾਹਿਬ ਉਜੈਨ 'ਚ ਸਨ ਤੇ ਅਗਲਾ ਨਿਸ਼ਾਨਾ ਕਤਕ ਪੂਰਨਮਾਸ਼ੀ ਪੁਸ਼ਕਰ ਸੀ। ਜਿਸ ਦਾ ਮਤਲਬ ਹੈ ਸਾਹਿਬ ਨੇ ਮੋਟੇ ਤੌਰ ਤੇ ਸਿੱਧਾ ਰਾਹ ਹੀ ਅਪਣਾਇਆ ਹੋਵੇਗਾ। ਗੁਜਰਾਤ ਵਾਲੇ ਪਾਸੇ ਜਾ ਕੇ ਸ਼ਾਇਦ ਪੁਸ਼ਕਰ ਮੇਲੇ ਓਸੇ ਸਾਲ ਪਹੁੰਚਣਾ ਸੰਭਵ ਨਹੀ ਲੱਗਦਾ। ਕਿਉਕਿ ਇਹ ਸਾਬਤ ਹੁੰਦਾ ਹੈ (ਸੋਢੀ ਪੰਨਾ 326) ਕਿ ਗੁਰੂ ਸਾਹਿਬ ਕਈ ਥਾਵਾਂ ਤੇ ਮਹੀਨਿਆਂ ਬੱਧੀ ਵੀ ਡੇਰਾ ਜਮਾਈ ਰਖਦੇ ਸਨ। ਫਿਰ ਮੁੱਖ ਗੱਲ ਹੈ ਇਤਹਾਸ ਜਾਂ ਗੁਰਬਾਣੀ ਵਿੱਚ ਇਸ ਇਲਾਕੇ 'ਚ ਆਉਣ ਦਾ ਕੋਈ ਇਸ਼ਾਰਾ ਜਾਂ ਜਿਕਰ ਨਹੀ ਮਿਲਦਾ। ਅਗਲੀ ਗੱਲ ਗੁਰੂ ਸਾਹਿਬ ਨੇ ਕਦੀ ਵੀ ਨਹੀ ਚਾਹਿਆ ਹੋਵੇਗਾ ਕਿ ਉਹ ਗਰਮੀਆਂ ਰੁੱਤੇ ਰੇਗਸਤਾਨ ਦਾ ਇਲਾਕਾ ਗਾਹੁਣ। ਸੋ ਉਜੈਨ ਤੋਂ ਗੁਰੂ ਸਾਹਿਬ ਮੰਦਸੌਰ ਵਲ ਨੂੰ ਆਪਣੀ ਅਗਲੀ ਮੰਜਲ ਪੁਸ਼ਕਰ ਲਈ ਗਏ ਹੋਣਗੇ। (ਬਾਕੀ ਇਹ ਮਸਲਾ ਹੋਰ ਗਹਿਰੀ ਖੋਜ ਦੀ ਮੰਗ ਕਰਦਾ ਹੈ)

ਹਾਲਾਂ ਸਿੱਧਪੁਰ ਨੂੰ ਵੀ ਓਹੋ ਦਰਜਾ ਹਾਸਲ ਹੈ ਜੋ ਪੰਜਾਬ (ਹਰਿਆਣਾ) ਦੇ ਪੇਹੋਵੇ ਨੂੰ। ਪਰ ਗੁਜਰਾਤ ਵਿੱਚ ਹੋਰ ਵੀ ਇੱਕ ਦੋ ਤੀਰਥ ਹਨ ਜਿੱਥੇ ਪਿਡਦਾਨ ਜਾਂ ਸਰਾਧ ਕੀਤੇ ਜਾਂਦੇ ਸਨ। ਪਰ ਸਿੱਧਪੁਰ ਹਰਦੁਆਰ, ਕਾਂਸ਼ੀ ਤੇ ਬੁਧ ਗਇਆ ਦਾ ਸ਼ਰੀਕ ਨਹੀ। ਇਥੋਂ ਦੀ ਖਾਸੀਅਤ ਹੈ ਮਾਂ ਦਾ ਸਰਾਧ। ਜਿਸ ਬਾਬਤ ਪੰਡਿਆਂ ਨੇ ਕਥਾ ਕਹਾਣੀਆਂ ਘੜੀਆਂ ਹੋਈਆਂ ਹਨ ਕਿ ਪਰਸੁਰਾਮ ਨੇ ਮਾਂ ਦਾ ਸਰਾਧ ਇਥੇ ਹੀ ਕੀਤਾ ਸੀ।

ਸਿੱਧਪੁਰ (ਪੁਰਾਣਾ ਨਾਂ ਸ੍ਰੀ-ਸਥਲ) ਵਿਖੇ 11ਵੀ ਸਦੀ ਵਿੱਚ ਬੜਾ ਗੌਰਵਸ਼ਾਲੀ ਮੰਦਰ ਬਣਾਇਆ ਗਇਆ ਸੀ ਜਿਸ ਨੂੰ ਪਹਿਲਾਂ ਮੁਹੰਮਦ ਗੌਰੀ ਨੇ ਲੁਟਿਆ ਤੇ ਬਾਦ ਵਿੱਚ ਅਲਾਉਦੀਨ ਖਿਲਜੀ ਦੇ ਹੁਕਮ ਨਾਲ ਉਲੁਘ ਖਾਂ ਤੇ ਨੁਸਰਤ ਖਾਂ ਨੇ।

ਸਿੱਧਪੁਰ ਤੋਂ 25 ਕਿ. ਮੀ. ਪੱਛਮ ਵਿੱਚ ਗੁਜਰਾਤ ਦਾ ਧਾਰਮਿਕ ਸਥਾਨ ਪਾਟਣ ਹੈ। ਜਿੰਨੂ ਦੋ ਤਿੰਨ ਵਾਰੀ ਮੁਸਲਮਾਨ ਹਮਲਾਵਰਾਂ ਨੇ ਲੁਟਿਆ ਪੁਟਿਆ ਸੀ।

ਸਿੱਧਪੁਰ ਤੋਂ 80 ਕਿ. ਮੀ. ਪਹਾੜ ਪਾਸੇ ਅਬੂ ਜਾਂ ਅਰਬਦਾ ਪਹਾੜ (ਮਾਊਟ ਅਬੂ) ਰਾਜਸਥਾਨ ਵਿੱਚ ਹੈ ਕਿਸੇ ਵੇਲੇ ਪਰਮਾਰ ਰਾਜਪੂਤ ਰਾਜਿਆਂ ਦੀ ਛੋਟੀ ਰਾਜਧਾਨੀ ਹੁੰਦੀ ਸੀ। ਸਾਨੂੰ ਨਹੀ ਲੱਗਦਾ ਕਿ ਗੁਰੂ ਸਾਹਿਬ ਇਥੇ ਆਏ ਹੋਣਗੇ ਕਿਉਕਿ ਗੁਰੂ ਸਾਹਿਬ ਦੇ ਵੇਲਿਆਂ 'ਚ ਸ਼ਹਿਰ ਆਪਣੀ ਅਹਿਮੀਅਤ ਗਵਾ ਚੁੱਕਾ ਸੀ। ਇਹੋ ਕਾਰਨ ਹੈ ਇਥੋਂ ਦੇ ਖੂਬਸੂਰਤ ਮੰਦਰ ਮੁਸਲਮਾਨ ਬੁੱਤ ਸ਼ਿਕਨਾਂ ਦੀ ਨਿਗਾਹ ਤੋਂ ਬਚੇ ਰਹੇ ਗਏ ਸਨ। ਅਬੂ ਪਹਾੜੀ ਦੇ ਦਿਲਵਾਰਾ ਜੈਨ ਮੰਦਰ ਦੀ ਖੂਬਸੂਰਤ ਪੱਥਰ ਨੱਕਾਸ਼ੀ ਤਾਂ ਜਗਤ ਪ੍ਰਸਿਧ ਬਣ ਚੁੱਕੀ ਹੈ।

ਗਿਆਨੀ ਨੇ ਗੁਰੂ ਸਾਹਿਬ ਦਾ ਜਾਓਰਾ ਜਾਣਾ ਲਿਖਿਆ ਹੈ। ਯਾਦ ਰਹੇ ਗੁਰੂ ਸਾਹਿਬ ਦੇ ਵੇਲੇ ਜਾਓਰਾ ਸ਼ਹਿਰ ਦੀ ਕੋਈ ਅਹਿਮੀਅਤ ਨਹੀ ਸੀ। ਜਾਓਰਾ ਤਾਂ ਅੰਗਰੇਜ ਹਕੂਮਤ ਵੇਲੇ ਹੀ ਉਠਦਾ ਹੈ।

ਏਸੇ ਤਰਾਂ ਗੁਰੂ ਸਾਹਿਬ ਦਾ ਬਾਂਸਵਾੜਾ ਜਾਣਾ ਵੀ ਸਾਬਤ ਨਹੀ ਹੁੰਦਾ। ਕਿਉਕਿ ਬਾਂਸਵਾੜੇ ਦੀ ਅਹਿਮੀਅਤ ਵੀ ਬਾਦ ਵਿੱਚ ਹੀ ਹੁੰਦੀ ਹੈ।

ਕੋਹਲੀ -89 ਨੇ ਗੁਰੂ ਸਾਹਿਬ ਦਾ ਉਦੇਪੁਰ ਜਾਣਾ ਵੀ ਲਿਖਿਆ ਹੈ। ਜੋ ਇਤਹਾਸਿਕ ਤੌਰ ਤੇ ਦਰੁਸਤ ਨਹੀ ਕਿਉਕਿ ਉਦੇਪੁਰ ਸ਼ਹਿਰ ਦੀ ਨੀਂਹ 1559 ਈ. ਨੂੰ ਰੱਖੀ ਗਈ ਸੀ।

ਏਸੇ ਤਰਾਂ ਗਿਆਨੀ -143 ਤੇ ਕੋਹਲੀ ਨੇ ਗੁਰੂ ਸਾਹਿਬ ਦੇ ਨਾਥਦਵਾਰਾ ਨੂੰ ਮੰਜਲ ਦੱਸ ਕੇ ਲਿਖਿਆ ਜੋ ਇਤਹਾਸਿਕ ਦ੍ਰਿਸ਼ਟੀ ਤੋਂ ਗਲਤ ਹੈ ਕਿਉਕਿ ਨਾਥਦਵਾਰਾ ਮੰਦਰ ਬਾਦਸ਼ਾਹ ਔਰੰਗਜੇਬ ਦੇ ਵੇਲੇ ਹੀ ਬਣਿਆ ਸੀ। ਜਦੋਂ ਕਿ ਗਵਰਧਨ (ਮਥੁਰਾ) ਮੰਦਿਰ ਦੀ ਮੂਰਤੀ ਨੂੰ ਇਥੇ ਤਬਦੀਲ ਕਰ ਦਿੱਤਾ ਸੀ। ਕਿਉਕਿ ਬਾਦਸ਼ਾਹ ਇਸ ਬਾਲਕ ਰੂਪ ਕ੍ਰਿਸ਼ਨ ਭਗਵਾਨ ਦੀ ਮੂਰਤ ਨੂੰ ਤੋੜਨਾ ਤੇ ਬੇਅਦਬ ਕਰਨਾਂ ਚਾਹੁੰਦਾ ਸੀ। ਬਸ ਇਨਾਂ ਕੁ ਹੋ ਸਕਦਾ ਹੈ ਕਿ ਸਾਹਿਬ ਸਿਰੋਹੀ ਤੋਂ ਚਿਤੌੜਗੜ੍ਹ ਜਾਂਦੇ ਹੋਏ ਇਸ ਪਿੰਡ ਥਾਣੀ ਨਿਕਲੇ ਹੋਣ। ਪਰ ਇਤਹਾਸ ਨਾਲ ਹੀ ਦਸਦਾ ਹੈ ਕਿ ਇਸ ਪਿੰਡ ਸ਼ਹਿਰ ਦੀ ਨੀਂਹ ਹੀ ਅਕਸਮਾਤ ਔਰੰਗਜੇਬ ਵੇਲੇ ਰੱਖੀ ਗਈ ਸੀ।

ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥ ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥

———◈———

ਭਰਥਰੀ ਗੁਫ਼ਾ ਉਜੈਨ ਵਿਖੇ ਹੀ

ਕੀਰਤਨ ਸੋਹਿਲੇ ਦੀ ਰਚਨਾ ਹੋਈ ⊙

ਭਰਥਰੀ ਮਹੰਤ ਨਾਲ ਨਾਮ ਦੀ ਮਹਿਮਾ ਬਾਰੇ ਵੀਚਾਰਾਂ ਹੋ ਰਹੀਆਂ ਸਨ ਕਿ ਬਾਬੇ ਨੇ ਮਰਦਾਨੇ ਨੂੰ ਇਸ਼ਾਰਾ ਕਰ ਦਿੱਤਾ ਕਿ ਬਾਣੀ ਉਤਰ ਰਹੀ ਹੈ। ਸਾਹਿਬ ਨੇ ਓਦੋਂ ਫਿਰ ਗਉੜੀ ਰਾਗ ਵਿੱਚ ਸੋਹਿਲਾ ਰਚਿਆ ਜੋ ਹਰ ਗੁਰਸਿਖ ਰਾਂਤੀ ਸੌਣ ਵੇਲੇ ਪੜ੍ਹਦਾ ਹੈ:

ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥ ਤਿਤੁ ਘਰਿ ਗਾਵਹੁ ਸੋਹਿਲਾ ਸਿਵਰਹੁ ਸਿਰਜਣਹਾਰੋ ॥ ੧॥ ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥ ਹਉ ਵਾਰੀ ਜਾਉ ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥ ਰਹਾਉ ॥ ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥ ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥੨॥ ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥ ਦੇਹੁ ਸਜਣ ਆਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥ ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥ ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥

ਇਹ ਲਿਖਾਰੀ ਭਰਥਰੀ ਗੁਫ਼ਾ ਵੇਖ ਆਇਆ ਹੈ। ਗੁਫ਼ਾ ਬਿਲਕੁਲ ਓਸੇ ਤਰਾਂ ਹੀ ਹੈ ਜਿਵੇ ਗੁਰੂ ਸਾਹਿਬ ਦੇ ਵੇਲੇ ਸੀ। ਗੁਫ਼ਾ ਵਿੱਚ ਅੱਜ ਵੀ ਭਰਥਰੀ ਰਾਜੇ ਦੀ ਓਹੋ ਪੁਰਾਤਨ ਮੂਰਤੀ ਦੀ ਪੂਜਾ ਹੁੰਦੀ ਹੈ। ਜੋਗੀ ਲੋਕ ਓਥੇ ਫਿਰ ਭਰਥਰੀ ਦੇ ਸੋਹਿਲੇ ਗਾ ਰਹੇ ਸਨ ਕਿ ਉਸ ਦੀ ਵੱਡੀ ਕੁਰਬਾਨੀ ਹੈ। ਓਦੋਂ ਹੀ ਗੁਰੂ ਸਾਹਿਬ ਨੇ ਉਪਦੇਸ਼ ਕੀਤਾ ਕਿ ਸੋਹਿਲੇ ਗਾਉਣੇ ਹਨ ਤਾਂ ਗਾਓ ਉਸ ਨਿਰੰਕਾਰ ਦੇ ਜਿਹਨੇ ਭਰਥਰੀ ਪੈਦਾ ਕੀਤੇ। ਜਿਹਨੇ ਸਾਰੇ ਜੀਵਾਂ ਨੂੰ ਪੈਦਾ ਕੀਤਾ ਜਿਹੜਾ ਆਪਣੀ ਰਚਨਾ ਦਾ ਫਿਰ ਖਿਆਲ ਵੀ ਰਖਦਾ ਹੈ, ਰਿਜਕ ਆਦਿ ਦਿੰਦਾ ਹੈ। ਜਿਹਦੀਆਂ ਦਾਤਾਂ ਬੇਸ਼ੁਮਾਰ ਹਨ। ਓਹ ਨਿਰੰਕਾਰ ਅਕਾਲ ਪੁਰਖ ਫਿਰ ਵਾਰੋ ਵਾਰੀ ਜੀਵਾਂ ਨੂੰ ਸਮੇਟ ਵੀ ਲੈਂਦਾ ਹੈ। ਸੋ ਭਾਈਓ ਇਹੋ ਅਸੀਸ ਦਿਓ ਕਿ ਅੰਤ ਦੀ ਵਾਰੀ ਓਹਦੇ ਨਾਲ ਮੇਲ ਹੋ ਜਾਏ ਤੇ ਆਵਾਗਵਣ ਤੋਂ ਛੁਟਕਾਰਾ ਮਿਲ ਜਾਵੇ।

ਗੁਰੂ ਸਾਹਿਬ ਦੇ ਨਾਮ ਦੀ ਸਿਧਾਂਤ ਦੀ ਸਾਰੇ ਮੇਲੇ ਵਿੱਚ ਦੁਹਾਈ ਪੈ ਗਈ ਸੀ। ਹਰ ਪਾਸੇ ਚਰਚਾ ਸੀ ਕਿ ਇੱਕ ਸਾਧੂ ਉਠਿਐ ਜਿਹੜਾ ਸਰਬ ਵਿਆਪਕ ਭਗਵਾਨ ਨੂੰ ਮੰਨਦਾ ਹੈ। ਜਿਹੜਾ ਕਹਿ ਰਿਹਾ ਹੈ ਕਿ ਇਹ ਮੂਰਤੀ ਪੂਜਾ ਵਿਅੱਰਥ ਹੈ। ਇਤਹਾਸ ਵਿੱਚ ਆਉਦਾ ਹੈ ਕਿ ਜਦੋਂ ਗੁਰੂ ਸਾਹਿਬ ਨੇ ਉਜੈਨ ਕੁੰਭ ਮੇਲੇ ਵਿੱਚ ਕੀਰਤਨ ਸੋਹਿਲਾ ਪੜਿਆ ਤਾਂ ਲੋਕਾਈ ਅੱਸ਼ ਅੱਸ਼ ਕਰ ਉਠੀ। ਸਾਧੂ ਸੰਤ ਹਜਾਰਾਂ ਦੀ ਗਿਣਤੀ ਵਿੱਚ ਗੁਰੂ ਸਾਹਿਬ ਦੇ ਹੀ ਹੋ ਗਏ। ਓਨਾਂ ਨੂੰ ਹੁਣ ਸਮਝ ਆ ਗਇਆ ਸੀ ਕਿ ਨਾਮ ਤੋਂ ਬਿਨਾਂ ਸਨਿਆਸ ਵਿਅੱਰਥ ਹੈ।

———◈———

ਪੁਸ਼ਕਰ ਮੇਲਾ– ਸਾਹਿਬ ਦੀ ਅਗਲੀ ਮੰਜਿਲ

ਉਜੈਨ ਤੋਂ ਉਠ ਗੁਰੂ ਸਾਹਿਬ ਪਹਾੜ ਪਾਸੇ ਨੂੰ 150 ਕਿ. ਮੀ. ਮੰਦਸੌਰ (ਦਸ਼ਪੁਰ) ਨੂੰ ਰਵਾਨਾ ਹੋਏ ਜੋ ਓਨੀ ਦਿਨੀ ਮਸ਼ਹੂਰ ਰਿਆਸਤ ਸੀ। ਦਸ਼ਪੁਰ (ਮੰਦਸੌਰ)⊙ ਦਾ ਜਿਕਰ ਬਕਾਇਦਾ



ਸੂਫ਼ੀ ਪੀਰ ਹਜ਼ਰਤ ਰੂਮੀ ਦਾ ਮਕਬਰਾ

ਮਹਾਂਭਾਰਤ ਵਿੱਚ ਵੀ ਮਿਲਦਾ ਹੈ। ਜਿੰਨੀ ਦਿਨੀ ਗੁਰੂ ਸਾਹਿਬ ਮੰਦਸੌਰ ਪਧਾਰੇ ਸਨ ਓਨੀ ਦਿਨੀ ਮਾਲਵੇ ਦੀ ਰਾਜਧਾਨੀ ਮਾਂਡੋ ਬਣ ਚੁੱਕੀ ਸੀ। ਹੁਸ਼ੰਗਾਬਾਦ ਸ਼ਹਿਰ ਦੇ ਬਾਨੀ ਹੁਸ਼ੰਗ ਸ਼ਾਹ ਨੇ ਇਥੇ ਵੀ ਨਵਾ ਕਿਲਾ 1436 ਵਿੱਚ ਤਾਮੀਰ ਕੀਤਾ ਸੀ ਕਿਉਕਿ ਮੰਦਸੌਰ ਮਾਲਵਾ ਰਿਆਸਤ ਦਾ ਬਹੁਤ ਹੀ ਨਾਜੁਕ ਸਰਹੱਦੀ ਟਿਕਾਣਾ ਸੀ। ਛੇਤੀ ਹੀ ਰਾਣਾ ਸਾਂਗਾ ਨੇ 1519 ਈ ਵਿੱਚ ਮੰਦਸੌਰ ਤੇ ਹਮਲਾ ਕਰਕੇ ਇਥੋਂ ਦਾ ਕਿਲਾ ਜਿੱਤ ਲਿਆ ਸੀ। ਪਰ ਸ਼ਹਿਰ ਆਪਣੀ ਰਾਜਨੀਤਕ ਤੇ ਖਾਸ ਕਰਕੇ ਧਾਰਮਿਕ ਤੇ ਵਿਰਾਸਤ ਕਰਕੇ ਬਹੁਤ ਅਹਿਮ ਸੀ। ਦਰ ਅਸਲ ਜਿਥੋਂ ਤੱਕ ਧਾਰਮਿਕ ਵਿਚਾਰਧਾਰਾ ਦਾ ਸਬੰਧ ਹੈ ਇਹ ਇਲਾਕਾ ਕਾਫੀ ਸਮੇਂ ਤੋਂ ਨੌ ਗ੍ਰਿਹ ਪੂਜਾ ਕਰਕੇ ਮਸ਼ਹੂਰ ਹੋ ਚੁੱਕਾ ਸੀ। ਇਥੇ ਵੀ ਕਿਸੇ ਵੇਲੇ ਸੂਰਜ ਮੰਦਰ ਹੁੰਦਾ ਸੀ ਜੋ 436 ਈ 'ਚ ਬਣਿਆ ਸੀ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਇਲਾਕਾ ਧਾਰਮਿਕ ਪੱਖੋ ਭਾਰਤ ਦੇ ਸਭ ਤੋਂ ਅਮੀਰ ਇਲਾਕਿਆ ਵਿੱਚੋਂ ਇੱਕ ਸੀ। ਇਥੋਂ ਦੀਆਂ ਪੁਰਾਤਤਵ ਵਸਤਾਂ ਤੇ ਇਮਾਰਤਾਂ ਦੁਨੀਆਂ ਭਰ ਵਿੱਚ ਪ੍ਰਸਿਧ ਹਨ। ਫਿਰ ਮਾਲਵਾ ਦੇਸ ਦਾ ਅਜੇ ਇਹ ਅਹਿਮ ਹਕੂਮਤ ਕੇਂਦਰ ਸੀ। ਕਿਸੇ ਵੇਲੇ (528 ਈ) ਇਸੇ ਮੁਕਾਮ ਤੇ ਪ੍ਰਸਿਧ ਹੂਨ ਬਾਦਸ਼ਾਹ ਮਿਹਿਰਕੁਲ ਦੀ ਸ਼ਿਕਸਤ ਹੋਈ ਸੀ। ਮਧ ਏਸ਼ੀਆ ਤੋਂ ਲੁਟੇਰੇ-ਹਮਲਾਵਰਾਂ ਦੇ ਰੂਪ ਵਿੱਚ ਆਏ ਹੂਨ ਲੋਕ ਅੱਜ ਦੇ ਅੰਮ੍ਰਿਤਸਰ ਲਾਗੇ ਬਹਿ ਗਏ ਸਨ ਤੇ ਅਜ ਇਹ ਸਿੱਖ ਹਨ ਤੇ ਹੁੰਦਲ (ਹੂਨ-ਦਲ) ਜੱਟ ਅਖਵਾਉਦੇ ਹਨ। ਬਦਕਿਸਮਤੀ ਨਾਲ ਅੱਜ ਮੰਦਸੌਰ ਅਫੀਮ ਦੀ ਪੈਦਾਵਾਰ ਕਰਕੇ ਪ੍ਰਸਿਧ ਹੈ।

———◈———

ਝਾਲਰਾਪਾਟਣ ਦਾ ਰਾਜਾ ਰਾਹੂ ਕੇਤੂ ਦੀ ਪੂਜਾ ਕਰਵਾ ਰਹਿਆ ਸੀ

19 ਜੂਨ 1517 ਨੂੰ ਸੂਰਜ ਗ੍ਰਹਿਣ ਲੱਗਣ ਵਾਲਾ ਸੀ। ਦੁਹਾਈ ਪਈ ਹੋਈ ਸੀ।

ਮੰਦਸੌਰ ਤੋਂ 150 ਕਿ. ਮੀ. ਪੈਂਡਾ ਕਰਕੇ ਸਾਹਿਬ ਫਿਰ ਸਾਹਿਬ ਝਾਲਰਾਪਾਟਣ ਗਏ। ਝਾਲਰਾਪਾਟਣ ਵੀ ਓਨੀ ਦਿਨੀ ਧਾਰਮਿਕ ਕੇਂਦਰ ਬਣਿਆ ਹੋਇਆ ਸੀ। ਦਰ ਅਸਲ ਓਨੀ ਦਿਨੀ ਇਹ ਸਾਰਾ ਇਲਾਕਾ ਧਾਰਮਿਕ ਰੰਗ ਵਿੱਚ ਰੰਗਿਆ ਹੋਇਆ ਸੀ।

ਇੱਕ ਸਫ਼ਰ

⊙ ਦਸ਼ਪੁਰ (ਮੰਦਸੌਰ) ਦਾ ਜਿਕਰ ਸਿਰਫ ਮਹਾਂਭਾਰਤ ਹੀ ਨਹੀ ਸਗੋਂ 119 ਈ. ਦੇ ਨਾਸਿਕ ਸਿਲਲੇਖ ਤੋਂ ਵੀ ਮਿਲਦਾ ਹੈ। ਇਸ ਤੋਂ ਇਲਾਵਾ ਅਮਰ ਕੋਸ਼, 490 ਈ. ਚਿਤੌੜਗੜ੍ਹ ਸਿਲਲੇਖ, ਵਰਾਹਮਿਹੀਰ 505 ਈ. ਸਕੰਦਪੁਰਾਣ, ਮਾਰਕੰਡੇ ਪੁਰਾਣ ਅਤੇ ਜੈਨੀਆਂ ਦੇ ਅਨੇਕਾਂ ਪੁਰਾਤਨ ਗ੍ਰੰਥਾਂ ਵਿੱਚ ਜਿਕਰ ਹੈ। ਵੇਖੋ: ਦਸ਼ਪੁਰ ਲੇਖਕ ਚੰਦ੍ਰਭੂਸ਼ਣ ਤ੍ਰਿਵੇਦੀ, ਮੱਧ ਪ੍ਰਦੇਸ ਹਿੰਦੀ ਗ੍ਰੰਥ ਅਕਾਦਮੀ। ਏਸੇ ਕਿਤਾਬ ਦੇ ਪੰਨਾ 108 ਤੇ ਵਿਸਥਾਰ ਨਾਲ ਜਿਕਰ ਹੈ ਕਿ ਦਸ਼ਪੁਰ ਇਲਾਕਾ ਨੌ ਗ੍ਰਿਹ ਖਾਸ ਕਰਕੇ ਸੂਰਜ ਪੂਜਾ ਲਈ ਪ੍ਰਸਿਧ ਸੀ।

ਕਹਿਣ ਤੋਂ ਮਤਲਬ ਧਾਰਮਿਕ ਤੇ ਰਾਜਨੀਤਕ ਪੱਖੋ ਝਾਲਰਾਪਾਟਣ ਨਾਲੋ ਦਸ਼ਪੁਰ ਜਿਆਦਾ ਮਹੱਤਵਪੂਰਨ ਸੀ। ਪਰ ਝਾਲਰਾਪੱਟਣ ਦਾ ਮੌਜੂਦ ਸੂਰਜ ਮੰਦਰ ਮੰਦਸੌਰ ਦੇ ਸੂਰਜ ਮੰਦਰਾਂ ਨਾਲੋਂ ਜਿਆਦਾ ਗੌਰਵਸ਼ਾਲੀ ਹੈ।

ਝਾਲਰਾਪਾਟਣ ਦਾ 1200 ਸਾਲ ਪੁਰਾਣਾ ਸੂਰਜ ਮੰਦਰ

ਉਜੈਨ ਤੋਂ ਉੱਤੇ ਦਾ ਇਲਾਕਾ। ਚੰਬਲ ਦਰਿਆ ਦਾ ਆਸ ਪਾਸ। ਇੱਕ ਪੁਰਾਤਤਵ ਸ਼ਾਸਤਰੀ ਨੇ ਲਿਖਿਆ ਹੈ ਕਿ ਮੰਦਸੌਰ ਜਿਲਾ ਪੁਰਾਤਤਵ ਪੱਖੋ ਭਾਰਤ ਦਾ ਸਭ ਤੋਂ ਅਮੀਰ ਜਿਲਾ ਹੈ। ਓਨੀ ਦਿਨੀ ਤਾਂ ਪੱਥਰ ਨੂੰ ਇਉ ਤਰਾਸ਼ਿਆ ਜਾ ਰਿਹਾ ਸੀ ਜਿਵੇ ਮੋਮ ਨੂੰ ਕੋਈ ਤਰਾਸ਼ੇ।

ਝਾਲਰਾਪਾਟਣ ਬਾਰੇ ਇੱਕ ਅੰਗਰੇਜ ਪੁਰਾਤੱਤ ਵਿਗਿਆਨੀ ਫਰਗੂਸ਼ਨ ਨੇ ਲਿਖਿਆ ਹੈ ਕਿ ਝਾਲਰਾਪਾਟਣ ਦਾ ਸੀਤਲੇਸ਼ਵਰ ਮੰਦਰ ਤਾਂ ਭਾਰਤ ਦੇ ਸਭ ਤੋਂ ਪੁਰਾਣੇ ਮੰਦਰਾਂ ਵਿੱਚੋਂ ਇੱਕ ਹੈ। ਨਾਲ ਹੀ ਉਸਨੇ ਸੂਰਜ (ਸੂਰਯ) ਮੰਦਰ ਦੀਆਂ ਵੀ ਤਾਰੀਫਾਂ ਕੀਤੀਆਂ ਹਨ।

ਝਾਲਰਾਪਾਟਣ ਨੌ-ਗ੍ਰਹਿ ਪੂਜਾ ਲਈ ਪ੍ਰਸਿਧ ਸੀ। ਜੋਤਿਸ਼ ਅਨੁਸਾਰ ਬੰਦੇ ਦੇ ਮਾੜੇ ਚੰਗੇ ਦਿਨ ਗ੍ਰਿਹਿਆਂ (ਅਕਾਸ਼ੀ ਤਾਰਿਆਂ) ਦੀ ਚਾਲਾਂ ਕਾਰਨ ਆਉਦੇ ਹਨ। ਹਿੰਦੂ ਜੋਤਿਸ਼ ਸ਼ਾਸਤਰ ਅਨੁਸਾਰ ਹੇਠ ਲਿਖੇ ਨੌ ਗ੍ਰਿਹਾਂ ਦਾ ਅਸਰ ਮਨੁੱਖੀ ਜੀਵਨ ਤੇ ਪੈਂਦਾ ਹੈ:

1. ਸੂਰਜ, 2. ਚੰਦਰਮਾ, 3. ਮੰਗਲ (Mars), 4. ਬੁੱਧ (Mercury), 5. ਗੁਰੂ (Jupiter), 6. ਸ਼ੁੱਕਰ (Venus), 7. ਸ਼ਨਿਛੱਰ (Saturn) 8. ਰਾਹੂ ਤੇ 9. ਕੇਤੂ।

ਮਾੜੇ ਦਿਨਾਂ 'ਚ ਪੰਡਤ ਕਹਿਣਗੇ ਕਿ ਜੀ ਤੁਹਾਡਾ ਸ਼ਨੀ ਸ਼ੁਭ ਅਵਸਥਾ 'ਚ ਨਹੀ ਹੈ ਜਾਂ ਅੱਜ ਕਲ ਰੀਡ-ਮੂਲ ਚਲ ਰਿਹਾ ਹੈ। ਜਾਂ ਫਿਰ ਤੁਹਾਡੇ ਮੰਗਲ ਦੀ ਦਸ਼ਾ ਠੀਕ ਨਹੀ ਹੈ।

ਸੋ ਝਾਲਰਾਪਾਟਣ ਆਪਣੇ ਨੌਆਂ ਗ੍ਰਿਹਾਂ ਦੀ ਪੂਜਾ ਲਈ ਪ੍ਰਸਿਧ ਹੋ ਚੁੱਕਾ ਸੀ।

ਜਦੋਂ ਗੁਰੂ ਸਾਹਿਬ ਇਥੇ ਬਿਰਾਜੇ ਕੋਈ ਰਾਜਾ ਆਪਣੇ ਤੇਜ ਪ੍ਰਤਾਪ ਦੀ ਅਵਸਥਾ ਨੂੰ ਠੀਕ ਕਰਵਾਉਣ ਲਈ ਸੂਰਜ ਦੀ ਪੂਜਾ ਕਰਵਾ ਰਿਹਾ ਸੀ।

ਜਦੋਂ ਰਾਜੇ ਨੇ ਗੁਰੂ ਸਾਹਿਬ ਨੂੰ ਮਿਲਣ ਦਾ ਵਕਤ ਕੱਢਿਆ ਤੇ ਮਾਫੀ ਮੰਗੀ ਕਿ ਮੈਂ ਪੂਜਾ ਵਿੱਚ ਰੁੱਝਾ ਪਿਆ ਸੀ ਇਸ ਕਰਕੇ ਤੁਹਾਨੂੰ ਮਿਲ ਨਹੀ ਸਕਿਆ। ਗੱਲਾਂ ਬਾਤਾਂ ਹੋਈਆਂ ਤਾਂ ਗੁਰੂ ਸਾਹਿਬ ਨੇ ਕਹਿ ਦਿੱਤਾ ਕਿ ਇਹ ਪੂਜਾ ਅਰਚਨਾ ਵਿਅੱਰਥ ਹਨ। ਰਾਜਾ ਕਹਿਣ ਲੱਗਾ ਕਿ ਮੈਨੂੰ ਤਾਂ ਕੋਈ ਸਮਝ ਨਹੀ ਪੰਡਤ ਜੀ ਨੂੰ ਦੱਸ ਦਿਓ।

ਪੰਡਿਤ ਨੂੰ ਜਦੋਂ ਬੁਲਾਇਆ ਗਇਆ ਤਾਂ ਉਸ ਤਰਾਂ ਤਰਾਂ ਦੇ ਜੋਤਿਸ਼ ਦੇ ਅਸੂਲ ਦੱਸ ਕੇ ਆਪਣੇ ਆਪ ਨੂੰ ਦਰੁੱਸਤ ਸਾਬਤ ਕੀਤਾ। ਗੁਰੂ ਸਾਹਿਬ ਨੇ ਬੜੀ ਨਿਮ੍ਰਤਾ ਨਾਲ ਪੰਡਿਤ ਨੂੰ ਸਮਝਾਇਆ ਕਿ ਤੁਸੀ ਕ੍ਰਿਤ ਦੀ ਪੂਜਾ ਕਰਦੇ ਹੋ ਸਿੱਧਾ ਕਰਤੇ ਦੀ ਕਰੋ। ਨਿਰੰਕਾਰ ਆਪੇ ਇਹ ਚੰਦ ਸੂਰਜ ਰਾਹੂ ਕੇਤੂ ਦੀ ਦਿਸ਼ਾ ਠੀਕ ਕਰ ਦੇਵੇਗਾ। ਇਹ ਚੰਦ ਇਹ ਸੂਰਜ ਇਹ ਸ਼ਨੀ ਰਾਹੂ ਕੇਤੂ ਸਭ ਕਰਤਾਰ ਦੀਆਂ ਕਿਰਤਾਂ ਨੇ ਭਾਵ ਉਸਦੀਆਂ ਰਚਨਾਵਾਂ ਨੇ ਤੇ ਉਹਦੇ ਹੁਕਮ ਵਿੱਚ ਨੇ।

ਸੋ ਸੂਰਜ ਮੰਦਰ ਦੇ ਪੰਡਿਆਂ ਦੀਆਂ ਬੇਥਵੀਆਂ ਸੁੱਣ ਹੀ ਗੁਰੂ ਸਾਹਿਬ ਨੇ ਇਹ ਸਲੋਕ ਬੋਲਿਆ ਸੀ:-

ਸਲੋਕ ਮਃ ੧ ॥ ਭੈ ਵਿਚਿ ਪਵਣੁ ਵਹੈ ਸਦਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥ ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥ ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥ ਭੈ ਵਿਚਿ ਰਾਜਾ ਧਰਮ ਦੁਆਰੁ ॥ ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥ ਭੈ ਵਿਚਿ ਸਿਧ ਬੁਧ ਸੁਰ ਨਾਥ ॥ ਭੈ ਵਿਚਿ ਆਡਾਣੇ ਆਕਾਸ ॥ ਭੈ ਵਿਚਿ ਜੋਧ ਮਹਾਬਲ ਸੂਰ ॥ ਭੈ ਵਿਚਿ ਆਵਹਿ ਜਾਵਹਿ ਪੂਰ ॥ ਸਗਲਿਆ ਭਉ ਲਿਖਿਆ ਸਿਰਿ ਲੇਖੁ ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥

ਕਿ ਭੋਲੇ ਪੰਡਤੋਂ ਉਸ ਨਿਰੰਕਾਰ ਦੀ ਪੂਜਾ ਕਰੋ ਜਿਸ ਨੇ ਸੂਰਜ ਨੂੰ ਸਾਜਿਆ ਸੀ। ਉਹ ਵਾਹਿਗੁਰੂ ਜਿਸ ਦੇ ਕੰਟਰੋਲ ਵਿੱਚ ਸਾਰੀ ਸ੍ਰਿਸਟੀ ਹੈ।

ਅੱਗੋ ਪੰਡਤ ਕਹਿਣ ਲੱਗਾ ਕਿ ਬਾਬਾ ਜੀ ਸਾਡਾ ਰੁਜਗਾਰ ਹੈ ਇਹ। ਸਾਹਿਬ ਨੇ ਸਮਝਾਇਆ ਕਿ ਰੁਜਗਾਰ ਨੂੰ ਸੱਚ ਦੀ ਸੇਧ ਦਿਓ। ਪੁੱਠੇ ਪਾਸੇ ਕਿਓ ਜਾਂਦੇ ਹੋ। ਜੇ ਪੂਜਾ ਕਰਨੀ ਹੀ ਹੈ ਤਾ ਉਸ ਨਿਰੰਕਾਰ ਦੀ ਕਰੋ ਜੋ ਸਰਬ ਵਿਆਪਕ ਹੈ। ਘੱਟ ਘਟ ਦੇ ਦਿਲ ਦੀ ਜਾਣਦਾ ਹੈ। ਪੰਡਾ ਕਹਿਣ ਲੱਗਾ ਕਿ ਅਸੀ ਜੀ ਨਿੱਜੀ ਤੌਰ ਤੇ ਭਗਵਾਨ ਦੀ ਪੂਜਾ ਕਰਦੇ ਹਾਂ। ਗੁਰੂ ਸਾਹਿਬ ਨੇ ਪੁੱਛਿਆ ਕਿ ਇਹ ਘੜੀ ਫਿਰ ਕਿਹੜੇ ਲੇਖੇ ਲੱਗੇਗੀ? ਨਿਰੰਕਾਰ ਦੇ ਦਰਬਾਰ ਵਿੱਚ ਤੁਹਾਡਾ ਪਲ ਪਲ ਦਾ ਹਿਸਾਬ ਚਲ ਰਿਹਾ ਹੈ। ਪੰਡਤ ਨੂੰ ਕਿਹਾ ਕਿ ਜੋ ਤੁਹਾਡੀ ਕਾਰਜਸ਼ੈਲੀ ਹੈ ਉਸ ਅਨੁਸਾਰ ਤੁਸੀ ਕਿਸੇ ਥਾਂ ਦੇ ਵੀ ਨਹੀ ਰਹਿ ਜਾਂਦੇ। ਭਾਈ ਇਸ ਦੁਨੀਆਂ ਵਿੱਚ ਸੰਤੁਸ਼ਟ ਕੋਈ ਵਿਰਲਾ ਹੈ। ਹਰ ਕੋਈ ਬਸ ਪੰਡ ਬੰਨਣਾ ਮੰਗਦਾ ਹੈ। ਆਪਣੇ ਹਿਸਾਬ ਜੀਵਨ ਜਿਊਣਾ ਚਾਹੁੰਦਾ ਹੈ, ਜਦੋਂ ਕਿ ਕਰਤੇ ਨੇ ਹਰ ਕਿਸੇ ਨਾ ਰਾਹ ਪਹਿਲਾ ਹੀ ਬਣਾਇਆ ਹੋਇਆ ਹੈ। ਉਪਰੰਤ ਗੁਰੂ ਸਾਹਿਬ ਨੇ ਸਬਦ ਰਚਿਆ:

ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ ॥ ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ ॥ ਲੇਖੈ ਸਾਹ ਲਵਾਈਅਹਿ ਪੜੇ ਕਿ ਪੁਛਣ ਜਾਉ ॥੧॥ ਬਾਬਾ ਮਾਇਆ ਰਚਨਾ ਧੋਹੁ ॥ ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ ॥ ੧॥ ਰਹਾਉ ॥ ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ ॥ ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ ॥ ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ ॥੨॥ ਸਭੁ ਕੋ ਆਥੈ ਬਹੁਤੁ ਬਹੁਤੁ ਘਟਿ ਨ ਆਥੈ ਕੋਇ ॥ ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ ॥ ਸਾਚਾ ਸਾਹਬੁ ਏਕੁ ਤੂ ਹੋਰਿ ਜੀਆ ਕੇਤੇ ਲੋਅ ॥ ੩॥

ਪੈਂਡ ਸਫਾ

ਕੋਹਲੀ ਨੇ ਗੁਰੂ ਸਾਹਿਬ ਦਾ ਬਾਰਨ - ਕਪਿਲ ਧਾਰਾ ਵੀ ਜਾਣਾ ਲਿਖਿਆ ਹੈ। ਲੱਗਦੈ ਕੋਹਲੀ ਨੂੰ ਗਲਤ ਫਹਿਮੀ ਹੋ ਗਈ। ਕਪਿਲ ਰਿਸ਼ੀ ਦਾ ਮੁੱਖ ਇਤਹਾਸਿਕ ਸਥਾਨ ਅਮਰਕੰਟਕ ਹੈ ਜਿੱਥੇ ਉਸ ਦਾ ਆਸ਼ਰਮ ਤੇ ਝਰਨਾ (ਧਾਰਾ) ਵੀ ਹੈ ਜਿੱਥੇ ਗੁਰੂ ਸਾਹਿਬ ਪਹਿਲਾਂ ਹੋ ਆਏ ਹਨ। ਗੁਰੂ ਸਾਹਿਬ ਵੇਲੇ ਬਾਰਨ ਇਨਾਂ ਮਹੱਤਵਪੂਰਨ ਸਥਾਨ ਨਹੀ ਸੀ ਕਿ ਉਹ ਆਪਣਾ ਰਸਤਾ ਬਦਲ ਕੇ ਓਧਰ ਜਾਂਦੇ। ਓਨਾਂ ਨੇ ਗੁਰੂ ਸਾਹਿਬ ਦਾ ਕਰੌਲੀ ਜਾਣਾ ਵੀ ਲਿਖਿਆ ਹੈ ਪਰ ਸਾਨੂੰ ਨਹੀ ਲੱਗਦਾ ਕਿ ਸਾਹਿਬ ਕਰੌਲੀ ਗਏ ਹੋਣ। ਕਿਉਕਿ ਕਰੌਲੀ ਦੀ ਅਜੇ ਓਨੀ ਅਹਿਮੀਅਤ ਨਹੀ ਸੀ।

ਇਹ ਸਭ ਕੁਝ ਸੁੱਣ ਰਾਜੇ ਦੇ ਦਿਮਾਗ ਦੇ ਤਾਂ ਕਿਵਾੜ ਖੁੱਲ ਗਏ। ਰਾਜਾ ਤੇ ਪੰਡਤ ਦੋਵੇ ਗੁਰੂ ਸਾਹਿਬ ਦੇ ਚਰਨੀ ਲੱਗੇ। ਰਾਜੇ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਮੇਰੇ ਰਾਜ ਮਹਿਲਾਂ ਨੂੰ ਆਪਣੀ ਚਰਨ ਛੋਹ ਨਾਲ ਪਵਿਤ੍ਰ ਕਰੋ। ਗੁਰੂ ਸਾਹਿਬ ਨੇ ਜਦੋਂ ਦੱਸਿਆ ਕਿ ਉਹ ਫਲਾਣੀ ਥਾਂ ਬਿਰਾਜੇ ਹੋਏ ਨੇ ਤੇ ਉਨਾਂ ਦਾ ਵਾਜੰਤ੍ਰੀ ਮਰਦਾਨਾ ਓਥੇ ਹੀ ਹੈ।

ਇਹ ਸੁਣ ਕੇ ਪੰਡਤ ਦੇ ਮਨ ਵਿੱਚ ਘ੍ਰਿਣਾ ਆਈ ਤੇ ਬੋਲ ਉਠਿਆ, "ਬਾਬਾ ਜੀ ਜਿੱਥੇ ਤੁਸੀ ਰਹਿ ਰਹੇ ਹੋ ਉਹ ਤਾਂ ਨੀਵੀ ਜਾਤ ਵਾਲਿਆਂ ਕਮੀਆਂ ਦੀ ਬਸਤੀ ਹੈ। ਅਸਾਂ ਤਾਂ ਸੁਣਿਐ ਤੁਸੀ ਉੱਚ ਖੱਤਰੀ ਖਾਨਦਾਨ ਦੇ ਹੋ ਤੇ ਰਿਆਸਤ ਦੀ ਨੌਕਰੀ ਨੂੰ ਲੱਤ ਮਾਰ ਕੇ ਸਨਿਆਸ ਧਾਰਨ ਕੀਤਾ ਹੈ। ਤੁਸੀ ਸਵਰਨ ਜਾਤ ਦੇ ਹੋਣ ਕਰਕੇ ਓਥੇ ਕਿਵੇ ਰਹਿ ਸਕਦੇ ਹੋ?"

ਗੁਰੂ ਸਾਹਿਬ ਨੇ ਜਵਾਬ ਦਿੱਤਾ:-

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥

ਗੁਰੂ ਸਾਹਿਬ ਨੇ ਇਹ ਕਹਿ ਕੇ ਸਭ ਨੂੰ ਹੈਰਾਨ ਕਰ ਦਿੱਤਾ।

ਗੁਰੂ ਸਾਹਿਬ ਨੇ ਕਿਹਾ ਕਿ ਜਿਹੜਾ ਨਿਮਰਤਾ ਵਿੱਚ ਹੈ ਉਹ ਅਸਲ ਵਿੱਚ ਉੱਚਾ ਹੁੰਦਾ ਹੈ। ਗੁਰੂ ਸਾਹਿਬ ਨੇ ਹਿੰਦੂ ਵਿਚਾਰਧਾਰਾ ਦੀ ਮੁੱਢਲੀ ਸੋਚ ਨੂੰ ਢਾਹ ਲਾ ਕੇ ਹਰ ਕਿਸੇ ਨੂੰ ਚਕ੍ਰਿਤ ਕਰ ਦਿੱਤਾ। ਸ਼ੂਦਰ ਲੋਕ ਧੰਨ ਗੁਰੂ ਨਾਨਾਕ, ਧੰਨ ਬਾਬਾ ਨਾਨਕ ਪੁਕਾਰ ਰਹੇ ਸਨ।

—◈—

ਚਿਤੌੜਗੜ੍ਹ ਦਾ ਸਰੇਵੜਾ ਰੱਬ ਬਣਿਆ ਫਿਰਦਾ ਸੀ+

ਝਾਲਰਾਪਾਟਣ ਤੋ 215 ਕਿ. ਮੀ. ਦਾ ਪੈਡਾ ਕਰਕੇ ਗੁਰੂ ਸਾਹਿਬ ਚਿਤੌੜਗੜ੍ਹ ਪਹੁੰਚੇ। ਓਨੀ ਦਿਨੀ ਚਿਤੌੜਗੜ੍ਹ ਦੇ ਰਾਜਾ ਸਾਂਗਾ ਦੀ ਬਹਾਦਰੀ ਦੀ ਬੜੀ ਚਰਚਾ ਹੁੰਦੀ ਸੀ। ਪਹਾੜੀ ਤੇ ਮੌਜੂਦ ਚਿਤੌੜਗੜ੍ਹ ਦਾ ਵਿਸ਼ਾਲ ਕਿਲਾ ਵੀ ਬਹੁਤ ਦਰਸ਼ਨੀ ਗਿਣਿਆ ਜਾਂਦਾ ਸੀ।

ਚਿਤੌੜਗੜ੍ਹ ਵਿਖੇ ਗੁਰੂ ਸਾਹਿਬ ਨੂੰ ਅਜੀਬ ਹੀ ਵਰਤਾਰਾ ਵੇਖਣ ਨੂੰ ਮਿਲਿਆ। ਇਥੇ ਇੱਕ ਜੈਨੀ ਸਾਧੂ ਨੇ ਸ਼ਿਲੇ ਤੇ ਤਪ ਕਰ ਕਰ ਕੇ ਦੈਵੀ ਸ਼ਕਤੀਆਂ ਹਾਸਲ ਕਰ ਰਖੀਆਂ ਸਨ। ਕਿਸੇ ਨੂੰ ਵਰ ਕਿਸੇ ਨੂੰ ਸਰਾਫ ਦਿੰਦਾ। ਪੁੱਤ੍ਰਾਂ ਦੀ ਦਾਤ ਦਿੰਦਾ, ਕਿਤੇ ਪ੍ਰਤਾਪ ਖੋਹ ਲੈਂਦਾ। ਉਹ ਆਪਣੇ ਆਪ ਨੂੰ ਰੱਬ ਹੀ ਕਹਾਉਦਾ ਸੀ। ਯਾਦ ਰਹੇ ਜੈਨ ਧਰਮ ਇੱਕ ਨਿਰੰਕਾਰ ਭਗਵਾਨ ਦੀ ਹੋਂਦ ਤੋਂ ਮੁਨੱਕਰ ਹੈ।

ਜਦੋਂ ਗੁਰੂ ਸਾਹਿਬ ਚਿਤੌੜਗੜ੍ਹ ਗਏ ਤਾਂ ਕਰਤਾਰ ਦੀ ਸਿਫਤ ਸਲਾਹ ਕਰਨ ਤੇ ਅਗੋਂ ਲੋਕਾਂ ਕੋਈ ਉਤਸ਼ਾਹ ਨਹੀ ਦਿਖਾਇਆ। ਲੱਗਦਾ ਹੈ ਰਾਣਾ ਸਾਂਗਾ ਲਈ ਉਸ ਨੇ ਕੋਈ ਭਵਿਖਬਾਣੀ ਕੀਤੀ ਹੋਈ ਸੀ ਤੇ ਸਾਂਗਾ ਵੀ ਓਸੇ ਨੂੰ ਹੀ ਮੰਨਦਾ ਸੀ। ਕਿਤੇ ਵੀ ਕੋਈ ਪ੍ਰਮੇਸ਼ਰ ਦਾ ਨਾਂ ਨਹੀ ਸੀ ਲੈ ਰਿਹਾ। ਸਭ ਉਸ ਦਾ ਨਾਂ ਜਪਦੇ ਸਨ। ਇਤਹਾਸ ਵਿੱਚ ਓਨਾਂ ਦਿਨਾਂ ਦੇ ਇੱਕ ਜੈਨ ਮੁਨੀ ਦਾ ਨਾਂ ਅਚਾਰੀਆ ਧਰਮ ਰਤਨ ਸੂਰੀ ਲਿਖਿਆ ਮਿਲਦਾ ਹੈ। ਹੋ ਸਕਦਾ ਇਹੀ ਉਸ ਦਾ ਨਾਂ ਹੋਵੇ ਜਿਸ ਦੀ ਗਲ ਚਲ ਰਹੀ ਹੈ।

ਇਤਹਾਸ ਵਿੱਚ ਆਉਦਾ ਹੈ ਕਿ ਗੁਰੂ ਸਾਹਿਬ ਨੇ ਹੰਕਾਰੀ ਸਾਧੂ ਦੀਆਂ ਸਾਰੀਆਂ ਸ਼ਕਤੀਆਂ ਖੋਹ ਲਈਆਂ।

ਓਧਰ ਜਦੋਂ ਗੁਰੂ ਸਾਹਿਬ ਇਥੇ ਪਧਾਰੇ ਮੀਂਹ ਪੈਣ ਵਿੱਚ ਦੇਰੀ ਹੋਈ ਪਈ ਸੀ। ਤਲਾਬ ਸੁੱਕਣ ਤੇ ਆ ਗਏ ਸਨ। ਇੱਕ ਦਿਨ ਕੁਝ ਪਤਵੰਤੇ ਨਾਗਰਿਕ ਗੁਰੂ ਸਾਹਿਬ ਕੋਲ ਬੈਠੇ ਸਨ ਤੇ ਕਹਿਣ ਲੱਗੇ ਕਿ ਬਾਬਾ ਜੀ ਤੁਸੀ ਹੀ ਕਿਰਪਾ ਕਰ ਦਿਓ ਬਰਸਾਤ ਹੋ ਜਾਏ। ਲੋਕ ਤ੍ਰਾਹ ਤ੍ਰਾਹ ਕਰ ਰਹੇ ਹਨ ਸੋਕੇ ਨਾਲ।

ਗੁਰੂ ਸਾਹਿਬ ਨੇ ਸਾਫ ਲਫਜਾਂ ਵਿੱਚ ਕਹਿ ਦਿੱਤਾ ਕਿ ਤੁਸੀ ਲੋਕ ਗਲਤ ਰਾਹ ਤੇ ਚਲ ਹੋ। ਆਪੇ ਹੀ ਭਗਵਾਨ ਬਣੇ ਬੈਠੇ ਹੋ ਤੁਹਾਨੂੰ ਸਜਾ ਭੁਗਤਣੀ ਹੀ ਪੈਣੀ ਹੈ। ਮੁਖੀਏ ਕਹਿਣ ਲੱਗੇ ਜੀ ਅਸੀ ਤਾਂ ਕੋਈ ਨਹੀ ਆਪਣੇ ਆਪ ਨੂੰ ਰੱਬ ਸਮਝਦੇ। ਅਸੀ ਤਾਂ ਸਾਧੂ ਸੰਤਾਂ ਦੀ ਚਰਨ ਧੂੜ ਹਾਂ। ਗੁਰੂ ਸਾਹਿਬ ਨੇ ਫਿਰ ਕਿਹਾ ਕਿ ਤੁਸੀ ਉਸ ਸਰਵੜੇ ਨੂੰ ਮੰਨਦੇ ਹੋ ਜਿਹੜਾ ਸ਼ੇ੍ਆਮ ਆਪਣੇ ਆਪ ਨੂੰ ਰੱਬ ਕਹਿ ਰਿਹਾ ਹੈ।

ਇਹ ਸੁਣਕੇ ਪੰਚਾਂ ਦੀਆਂ ਅੱਖਾਂ ਖੁੱਲ ਗਈਆਂ। ਬਾਬਾ ਜੀ ਦੀ ਗੱਲ ਤਾਂ ਸੱਚੀ ਸੀ।

ਗੁਰੂ ਸਾਹਿਬ ਨੇ ਕਿਹਾ ਕਿ ਉਸ ਸਰੇਵੜੇ ਨੂੰ ਹੀ ਕਹੋ ਕਿ ਮੀਂਹ ਪੁਆਏ। ਜੇ ਨਾਂ ਪਵੇਗਾ ਤਾਂ ਫਿਰ ਆ ਜਾਣਾਂ ਆਪਾਂ ਸਰਬ ਪਾਲਕ ਅਕਾਲ ਪੁਰਖ ਅੱਗੇ ਸਾਰੇ ਰਲ ਕੇ ਅਰਦਾਸ ਅਰਜੋਈ ਕਰਾਂਗੇ।

ਸ਼ਹਿਰ ਤੇ ਇਲਾਕੇ ਦੇ ਸਭ ਪਤਵੰਤੇ ਲੋਕ ਇਕੱਠੇ ਹੋ ਕੇ ਸਰੇਵੜੇ ਮੁਨੀ ਕੋਲ ਗਏ ਤੇ ਬੇਨਤੀ ਕੀਤੀ ਕਿ ਇਲਾਕੇ ਵਿੱਚ ਸੋਕੇ ਪਿਆ ਹੈ ਅਤੇ ਅਕਾਲ ਵਾਲੇ ਹਾਲਾਤ ਬਣੇ ਨੇ ਕਿਰਪਾ ਕਰੋ ਤੇ ਮੀਂਹ ਵਰਾਓ। ਹੰਕਾਰੀ ਸਰੇਵੜੇ ਨੇ ਕੁਝ ਸ਼ਰਤਾਂ ਰੱਖ ਦਿੱਤੀਆਂ ਅਖੇ ਇਹ ਪੂਰੀਆਂ ਕਰੋ ਫਿਰ ਮੈਂ ਇੰਦਰ ਦੇਵਤਾ ਨੂੰ ਹੁਕਮ ਕਰਾਂਗਾ ਕਿ ਮੇਘ ਵਰਸਾਏ।

ਮਜਬੂਰ ਲੋਕਾਂ ਉਹ ਸ਼ਰਤਾਂ ਪੂਰੀਆਂ ਕੀਤੀਆਂ। ਸਰੇਵੜਾ ਲੱਗਾ ਜੰਤਰ ਮੰਤਰ ਕਰਨ। ਇੱਕ ਦਿਨ। ਦੋ ਦਿਨ। ਹਫਤਾ ਭਰ ਦੇ ਜਤਨਾਂ ਦੇ ਬਾਵਜੂਦ ਮੀਂਹ ਨਾਂ ਪਿਆ। ਸ਼ਹਿਰ ਦੇ ਮੁਖੀ ਲੋਕਾਂ ਨੇ ਮਹਾਂ ਮੁਨੀ ਨੂੰ ਕਟਾਖ ਕੀਤਾ ਕਿ ਤੁਸੀ ਤਾਂ ਕਹਿੰਦੇ ਹੋ ਕਿ ਤੁਸੀ ਭਗਵਾਨ ਹੋ ਤੇ ਫਿਰ ਮੀਂਹ ਕਿਓ ਨਾਂ ਪਾ ਰਹੇ। ਸ਼ਰਮਿੰਦੇ ਹੋਏ ਸਰੇਵੜੇ ਨੂੰ ਮੂੰਹ ਲੁਕਾਉਣ ਨੂੰ ਥਾਂ ਨਹੀ ਸੀ ਮਿਲ ਰਹੀ।

ਅਖੀਰ ਲੋਕ ਇਕੱਠੇ ਹੋ ਕੇ ਗੁਰੂ ਸਾਹਿਬ ਦੀ ਸ਼ਰਨ ਵਿੱਚ ਆਏ। ਗੁਰੂ ਸਾਹਿਬ ਨੇ ਕਿਹਾ ਕਿ ਲੰਗਰ ਦਾ ਇੰਤਜਾਮ ਕਰੋ। ਜਦੋਂ ਲੋਕ ਇਕੱਠੇ ਹੋਣਗੇ ਤਾਂ ਆਪਾਂ ਘੱਟ ਘੱਟ ਦੇ ਪਾਲਣਹਾਰ ਭਗਵਾਨ ਅੱਗੇ ਜੋਦੜੀ ਕਰਾਂਗੇ। ਲੋਕਾਂ ਨੇ ਓਸੇ ਤਰਾਂ ਕੀਤਾ।

ਸਭ ਤੋਂ ਪਹਿਲਾਂ

+ਮਨੀ ਸਿੰਘ -409

http://www.chittorgarh.com/article/historical-facts-of-chittorgarh/220/

ਸਬੂਤ- ਪਹਿਲੀ ਗੱਲ ਤਾਂ ਸਾਫ ਪਤਾ ਲੱਗਦਾ ਹੈ ਕਿ ਸਬਦ ਮਾਰੂਥਲ ਵਿੱਚ ਰਚਿਆ ਗਿਆ। ਫਿਰ ਸਾਰਾ ਸ਼ਬਦ ਜੈਨੀਆਂ ਪ੍ਰਥਾਇ ਹੈ ਜਿਸ ਵਿੱਚ ਕਰਤਾਰ ਦੀ ਖੇਡ ਤੇ ਹੁਕਮ ਦਾ ਵਰਨਣ ਹੈ। ਫਿਰ ਰਾਜੇ ਬਾਰੇ ਵੀ ਇਸ਼ਾਰਾ ਹੈ। ਸੋ ਸਾਫ ਜ਼ਾਹਿਰ ਹੋ ਜਾਂਦਾ ਹੈ ਕਿ ਸ਼ਬਦ ਚਿਤੌੜਗੜ ਰਚਿਆ ਗਿਆ। ਸ਼ਬਦ ਤਰਤੀਬ ਵੀ ਪੁਸ਼ਕਰ ਰਚੇ ਸ਼ਬਦ ਬਾਦ ਆਉਦੀ ਹੈ।

ਹਰ ਗਰੀਬ ਗੁਰਬੇ ਨੂੰ ਢਿੱਡ ਭਰਨ ਦਾ ਮੌਕਾ ਮਿਲਿਆ। ਇਤਹਾਸ 'ਚ ਆਉਦਾ ਹੈ ਕਿ ਖੁੱਲਾ ਕੜਾਹ ਪ੍ਰਸ਼ਾਦਿ ਭੀ ਵਰਤਾਇਆ ਗਿਆ।

ਓਦਰੋਂ ਅਰਦਾਸ ਹੋ ਰਹੀ ਸੀ ਤੇ ਹਲਕੇ ਹਲਕੇ ਬੱਦਲ ਵੀ ਨਜਰ ਆਉਣੇ ਸ਼ੁਰੂ ਹੋ ਗਏ। ਗੁਰੂ ਸਾਹਿਬ ਨੇ ਅਰਦਾਸ ਦੀ ਅਗਵਾਈ ਕੀਤੀ। ਹਰ ਮਾਈ ਭਾਈ ਨੇ ਅਰਦਾਸ ਵਿਚ ਹਿੱਸਾ ਲਿਆ। ਤੇ ਫਿਰ ਚਮਤਕਾਰ ਹੋ ਗਿਆ। ਮਾਰੂਥਲ ਵਿੱਚ ਜਲ ਥਲ ਹੋ ਗਿਆ। ਸਭ ਪਾਸੇ ਧੰਨ ਬਾਬਾ ਨਾਨਕ, ਧੰਨ ਗੁਰੂ ਨਾਨਕ ਹੋ ਰਿਹਾ ਸੀ। ਗੁਰੂ ਸਾਹਿਬ ਦੁਹਾਈ ਦੇ ਰਹੇ ਸਨ ਕਿ ਇਹ ਨਾਮ ਦੀ ਕਿਰਪਾ ਹੈ। ਸਭ ਪਾਸੇ ਫਿਰ ਸਤਿਨਾਮ ਸਤਿਕਰਤਾਰ ਗੂੰਜ ਰਿਹਾ ਸੀ।

ਇਸ ਮੌਕੇ ਤੇ ਸਾਹਿਬ ਨੇ ਇਥੇ ਚਿਤੌੜਗੜ੍ਹ ਫਿਰ ਮਾਰੂ ਰਾਗ ਵਿੱਚ ਸ਼ਬਦ ਰਚਿਆ। :

ਮਾਰੂ ਮਹਲਾ ੧ ॥ ਆਪੇ ਆਪੁ ਉਪਾਇ ਨਿਰਾਲਾ ॥ ਸਾਚਾ ਥਾਨੁ ਕੀਓ ਦਇਆਲਾ ॥ ਪਉਣ ਪਾਣੀ ਅਗਨੀ ਕਾ ਬੰਧਨੁ ਕਾਇਆ ਕੋਟੁ ਰਚਾਇਦਾ ॥੧॥ ਨਉ ਘਰ ਥਾਪੇ ਥਾਪਣਹਾਰੈ ॥ ਦਸਵੈ ਵਾਸਾ ਅਲਖ ਅਪਾਰੈ ॥ ਸਾਇਰ ਸਪਤ ਭਰੇ ਜਲਿ ਨਿਰਮਲਿ ਗੁਰਮੁਖਿ ਮੈਲੁ ਨ ਲਾਇਦਾ ॥੨॥ ਰਵਿ ਸਸਿ ਦੀਪਕ ਜੋਤਿ ਸਬਾਈ ॥ ਆਪੇ ਕਰਿ ਵੇਖੈ ਵਡਿਆਈ ॥ ਜੋਤਿ ਸਰੂਪ ਸਦਾ ਸੁਖਦਾਤਾ ਸਚੇ ਸੋਭਾ ਪਾਇਦਾ ॥੩॥ ਗੜ ਮਹਿ ਹਾਟ ਪਟਣ ਵਾਪਾਰਾ ॥ ਪੂਰੈ ਤੋਲਿ ਤੋਲੈ ਵਣਜਾਰਾ ॥ ਆਪੇ ਰਤਨੁ ਵਿਸਾਹੇ ਲੇਵੈ ਆਪੇ ਕੀਮਤਿ ਪਾਇਦਾ ॥੪॥ ਕੀਮਤਿ ਪਾਈ ਪਾਵਣਹਾਰੈ ॥ ਵੇਪਰਵਾਹ ਪੂਰੇ ਭੰਡਾਰੈ ॥ ਸਰਬ ਕਲਾ ਲੈ ਆਪੇ ਰਹਿਆ ਗੁਰਮੁਖਿ ਕਿਸੈ ਬੁਝਾਇਦਾ ॥੫॥ ਨਦਰਿ ਕਰੇ ਪੂਰਾ ਗੁਰੁ ਭੇਟੈ ॥ ਜਮ ਜੰਦਾਰੁ ਨ ਮਾਰੈ ਫੇਟੈ ॥ ਜਿਉ ਜਲ ਅੰਤਰਿ ਕਮਲੁ ਬਿਗਾਸੀ ਆਪੇ ਬਿਗਸਿ ਧਿਆਇਦਾ ॥੬॥ ਆਪੇ ਵਰਖੈ ਅੰਮ੍ਰਿਤ ਧਾਰਾ ॥ ਰਤਨ ਜਵੇਹਰ ਲਾਲ ਅਪਾਰਾ ॥ ਸਤਿਗੁਰੁ ਮਿਲੈ ਤ ਪੂਰਾ ਪਾਈਐ ਪ੍ਰੇਮ ਪਦਾਰਥੁ ਪਾਇਦਾ ॥੭॥ ਪ੍ਰੇਮ ਪਦਾਰਥੁ ਲਹੈ ਅਮੋਲੋ ॥ ਕਬ ਹੀ ਨ ਘਾਟਸਿ ਪੂਰਾ ਤੋਲੋ ॥ ਸਚੇ ਕਾ ਵਾਪਾਰੀ ਹੋਵੈ ਸਚੋ ਸਉਦਾ ਪਾਇਦਾ ॥੮॥ ਸਚਾ ਸਉਦਾ ਵਿਰਲਾ ਕੋ ਪਾਏ ॥ ਪੂਰਾ ਸਤਿਗੁਰੁ ਮਿਲੈ ਮਿਲਾਏ ॥ ਗੁਰਮੁਖਿ ਹੋਇ ਸੁ ਹੁਕਮੁ ਪਛਾਣੈ ਮਾਨੈ ਹੁਕਮੁ ਸਮਾਇਦਾ ॥੯॥ ਹੁਕਮੇ ਆਇਆ ਹੁਕਮਿ ਸਮਾਇਆ ॥ ਹੁਕਮੇ ਦੀਸੈ ਜਗਤੁ ਉਪਾਇਆ ॥ ਹੁਕਮੇ ਸੁਰਗੁ ਮਛੁ ਪਇਆਲਾ ਹੁਕਮੇ ਕਲਾ ਰਹਾਇਦਾ ॥੧੦॥ ਹੁਕਮੇ ਧਰਤੀ ਥਉਲ ਸਿਰਿ ਭਾਰੰ ॥ ਹੁਕਮੇ ਪਉਣ ਪਾਣੀ ਗੈਣਾਰੰ ॥ ਹੁਕਮੇ ਸਿਵ ਸਕਤੀ ਘਰਿ ਵਾਸਾ ਹੁਕਮੇ ਖੇਲ ਖੇਲਾਇਦਾ ॥੧੧॥ ਹੁਕਮੇ ਆਡਾਣੇ ਆਗਾਸੀ ॥ ਹੁਕਮੇ ਜਲ ਥਲ ਤ੍ਰਿਭਵਣ ਵਾਸੀ ॥ ਹੁਕਮੇ ਸਾਸ ਗਿਰਾਸ ਸਦਾ ਫੁਨਿ ਹੁਕਮੇ ਦੇਖਿ ਦਿਖਾਇਦਾ ॥੧੨॥ ਹੁਕਮਿ ਉਪਾਏ ਦਸ ਅਉਤਾਰਾ ॥ ਦੇਵ ਦਾਨਵ ਅਗਣਤ ਅਪਾਰਾ ॥ ਮਾਨੈ ਹੁਕਮੁ ਸੁ ਦਰਗਹ ਪੈਝੈ ਸਾਚਿ ਮਿਲਾਇ ਸਮਾਇਦਾ ॥੧੩॥ ਹੁਕਮੇ ਜੁਗ ਛਤੀਹ ਗੁਦਾਰੇ ॥ ਹੁਕਮੇ ਸਿਧ ਸਾਧਿਕ ਵੀਚਾਰੇ ॥ ਆਪਿ ਨਾਥੁ ਨਥੀ ਸਭ ਜਾ ਕੀ ਬਖਸੇ ਮੁਕਤਿ ਕਰਾਇਦਾ ॥੧੪॥ ਕਾਇਆ ਕੋਟੁ ਗੜੈ ਮਹਿ ਰਾਜਾ ॥ ਨੇਬ ਖਵਾਸ ਭਲਾ ਦਰਵਾਜਾ ॥ ਮਿਥਿਆ ਲੋਭੁ ਨਾਹੀ ਘਰਿ ਵਾਸਾ ਲਬਿ ਪਾਪਿ ਪਛੁਤਾਇਦਾ ॥੧੫॥ ਸਤੁ ਸੰਤੋਖੁ ਨਗਰ ਮਹਿ ਕਾਰੀ ॥ ਜਤੁ ਸਤੁ ਸੰਜਮੁ ਸਰਣਿ ਮੁਰਾਰੀ ॥ ਨਾਨਕ ਸਹਜਿ ਮਿਲੈ ਜਗਜੀਵਨੁ ਗੁਰ ਸਬਦੀ ਪਤਿ ਪਾਇਦਾ ॥

ਇਲਾਕੇ ਵਿੱਚ ਨਾਸਤਕ ਜੈਨੀਆਂ ਦਾ ਵੱਡਾ ਪ੍ਰਭਾਵ ਸੀ। ਇਤਹਾਸ ਵਿੱਚ ਆਉਦਾ ਹੈ ਕਿ ਇਥੇ ਤਕਰੀਬਨ 300 ਮੰਦਿਰ ਸਨ। ਓਥੇ ਫਿਰ ਲੋਕਾਈ ਨੂੰ ਨਿਰੰਕਾਰ ਦੇ ਹੁਕਮ ਵਾਲੀ ਗੱਲ ਸਮਝਾਈ ਗੁਰੂ ਸਾਹਿਬ ਨੇ। ਜਿਵੇ ਪਿੱਛੇ ਆ ਚੁੱਕਾ ਹੈ (ਵੇਖੋ ਪੰਨਾ 207) ਕਿ ਜੈਨੀ ਲੋਕ ਸ੍ਰਿਸਟੀ ਨੂੰ ਆਤਮਾ ਤੇ ਮਾਇਆ ਦਾ ਵਰਤਾਰਾ ਹੀ ਮੰਨਦੇ ਹਨ ਤੇ ਪਾਪ ਪੁੰਨ ਦੇ ਭਰਮ ਤੇ ਬੜਾ ਜੋਰ ਦਿੰਦੇ ਹਨ

ਏਡਾ ਚਮਤਕਾਰ ਹੋਣ ਦੇ ਬਾਵਜੂਦ ਚਿਤੌੜਗੜ੍ਹ ਜੋਸ਼ੀਲੇ ਮਹਾਰਾਜਾ ਸਾਂਗਾ (ਸੰਗਰਾਮ ਸਿੰਹ) ਨੇ ਗੁਰੂ ਸਾਹਿਬ ਨੂੰ ਮਿਲਣ ਲਈ ਵਕਤ ਨਾਂ ਕੱਢਿਆ। ਤਾਂ ਹੀ ਉਸ ਬਾਰੇ ਗੁਰੂ ਸਾਹਿਬ ਨੇ ਕਟਾਖ ਕੀਤਾ ਸੀ:-

ਸਲੋਕੁ ਮਃ ੧ ॥ ਮਾਰੂ ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ ॥ ਰਾਜਾ ਰਾਜਿ ਨ ਤ੍ਰਿਪਤਿਆ ਸਾਇਰ ਭਰੇ ਕਿਸੁਕ ॥ ਨਾਨਕ ਸਚੇ ਨਾਮ ਕੀ ਕੇਤੀ ਪੁਛਾ ਪੁਛ ॥੧॥

ਸਾਫ ਲੱਗਦੈ ਹੈ ਗੁਰੂ ਸਾਹਿਬ ਰਾਣਾ ਸਾਂਗਾ ਦੀ ਪਹੁੰਚ ਤੇ ਖੁਸ਼ ਨਹੀ ਸਨ। ਤਾਂ ਹੀ ਇੱਕ ਮੌਕੇ ਇਨਾਂ ਦੇ ਮੁਖਾਰਬਿੰਦ ਤੋਂ ਨਿਕਲਿਆ ਸੀ:-

"ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥ ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥"

———◈———

ਪੁਸ਼ਕਰ ਮੇਲੇ ਤੇ। ਚਿਸ਼ਤੀ ਦਰਗਾਹ ਦੇ ਮਜੌਰਾਂ ਨੂੰ ਇਨਸਾਨੀਅਤ ਦਾ ਪਾਠ ਪੜਾਇਆ ◉

ਚਿਤੌੜਗੜ੍ਹ ਤੋਂ ਕੋਈ 50 ਕਿ. ਮੀ. ਉੱਤਰ ਵਲ ਚਲ ਕੇ ਬੰਕਰੋਲਾ (ਹਮੀਰਗੜ੍ਹ) ਥਾਂਣੀ ਹੁੰਦੇ ਹੋਏ ਗੁਰੂ ਸਾਹਿਬ ਭੀਲਵਾੜਾ ਪਹੁੰਚੇ। ਇਸ ਇਲਾਕੇ ਤੇ ਧਾਰਮਿਕ ਨਗਰੀ ਵਿੱਚ ਵੀ ਲੋਕਾਂ ਨੂੰ ਤਰਾਂ ਤਰਾਂ ਦੇ ਦੇਵੀ ਦੇਵਤਿਆਂ ਦੀ ਪੂਜਾ ਕਰਨ ਤੋਂ ਰੋਕ



ਅਜਮੇਰ-ਦਰਗਾਹ ਹਜ਼ਰਤ ਮੋਇਉਦੀਨ ਚਿਸ਼ਤੀ (1142-1236 ਈ) ਵਿਦਵਾਨ ਏਸੇ ਨੂੰ ਇਸਲਾਮ ਦਾ ਹਿੰਦ ਦਰਵਾਜ਼ਾ ਮੰਨਦੇ ਹਨ।

ਅਕਾਲ ਪੁਰਖ ਦੇ ਲੜ੍ਹ ਲਾਇਆ। ਇਲਾਕਾ ਕਿਸੇ ਵੇਲੇ ਬੁਧ ਧਰਮ ਦਾ ਵੀ ਕੇਂਦਰ ਹੁੰਦਾ ਸੀ।

ਵਿਦਵਾਨਾਂ ਨੇ ਗੁਰੂ ਸਾਹਿਬ ਦਾ ਦਿਓਗੜ੍ਹ ਤੇ ਪਾਲੀ ਜਾਣਾ ਵੀ ਲਿਖਿਆ ਹੈ।

ਅਜਮੇਰ ਖਵਾਜੇ ਦੀ ਦਰਗਾਹ ਤੇ ਮਜੌਰਾਂ ਨੇ ਗੁਰੂ ਸਾਹਿਬ ਨਾਲ ਈਰਖਾ ਵਿਖਾਈ ◘

ਭੀਲਵਾੜੇ ਤੋਂ ਅਜਮੇਰ ਸਿੱਧਾ ਕੋਈ 125 ਕਿ.ਮੀ. ਦਾ ਸਫਰ ਕਰਕੇ ਸਾਹਿਬ ਅਜਮੇਰ ਪਹੁੰਚੇ। ਪ੍ਰਿਥਵੀ ਰਾਜ ਚੌਹਾਨ ਦੀ ਰਾਜਧਾਨੀ ਓਨੀ ਦਿਨੀ ਬਹੁਤ ਹੀ ਪ੍ਰਸਿਧ ਸ਼ਹਿਰ ਸੀ। ਚੌਹਾਨ ਨੂੰ ਹਰਾਉਣ ਉਪਰੰਤ ਮੁਹੰਮਦ ਗੌਰੀ ਅਜਮੇਰ ਵੀ ਪਹੁੰਚਿਆ ਸੀ ਤੇ ਇਥੇ ਤੁਰੰਤ ਇੱਕ ਮਸੀਤ ਬਣਾਉਣ ਦਾ ਹੁਕਮ ਦਿੱਤਾ। ਓਦੋਂ ਫਿਰ ਨੇੜੇ ਤੇੜੇ ਦੇ ਪੁਰਾਣੇ ਜੈਨ ਤੇ ਹਿੰਦੂ ਮੰਦਰਾਂ ਨੂੰ ਤੋੜ ਕੇ ਇੱਕ ਮਸੀਤ ਬਣਾਈ ਗਈ ਜੋ ਅੱਜ ਵੀ ਮੌਜੂਦ ਹੈ ਜਿਸ ਦਾ ਨਾਂ 'ਢਾਈ ਦਿਨ ਦਾ ਝੋਪੜਾ' ਹੈ। ਕਿਹਾ ਜਾਂਦਾ ਹੈ ਕਿ ਢਾਈ ਦਿਨਾਂ ਵਿੱਚ ਹੀ ਬਣਾ ਦਿੱਤੀ ਗਈ।

ਗੁਰੂ ਸਾਹਿਬ ਨੇ ਇਹ ਸ਼ਾਨਦਾਰ ਮਸੀਤ ਵੇਖੀ।

ਢਾਈ ਦਿਨਾਂ ਦੀ ਝੋਪੜੀ - 800 ਸਾਲ ਪੁਰਾਣੀ ਮਸੀਤ

ਲਗਦੈ ਬਾਬਾ ਜੀ ਅਜਮੇਰ ਸਿੱਧੇ ਖਵਾਜ਼ਾ ਮੋਇਨੁਦੀਨ ਚਿਸ਼ਤੀ ਦੀ ਦਰਗਾਹ ਤੇ ਪਹੁੰਚੇ ਸਨ। ਦਿੱਲੀ ਦੇ ਹਾਕਮ ਇਸ ਦਰਗਾਹ ਦਾ ਬਹੁਤ ਸਤਿਕਾਰ ਕਰਦੇ ਸਨ ਤੇ ਵੱਡੀਆਂ ਗਰਾਂਟਾਂ ਤੇ ਹੋਰ ਤੋਹਫੇ ਇਸ ਦਰਗਾਹ ਤੇ ਭੇਟ ਚੜਾਉਦੇ ਰਹੇ ਨੇ। ਹੋਰ ਤੇ ਹੋਰ ਵੱਡੀਆਂ ਵੱਡੀਆਂ ਦੇਗਾਂ ਵੀ ਬਾਦਸ਼ਾਹਾਂ ਨੇ ਲੰਗਰ ਵਾਸਤੇ ਚੜ੍ਹਾਈਆਂ। ਅਕਬਰ ਬਾਦਸ਼ਾਹ ਨੇ ਤਾਂ ਐਡੀ ਦੇਗ ਚੜ੍ਹਾਈ ਸੀ ਜਿਸ ਵਿੱਚ ਇਕੋ ਵਕਤ 5000 ਜੀਆਂ ਲਈ ਦਾਲ ਸਬਜੀ ਬਣ ਸਕਦੀ ਸੀ।

ਸਫਰ ਕਰਕੇ ਗੁਰੂ ਸਾਹਿਬ ਤੇ ਮਰਦਾਨਾ ਜਦੋਂ ਗਏ ਤਾਂ ਮਜਾਵਰਾਂ ਨੇ ਕੋਈ ਖਾਸ ਪ੍ਰਵਾਹ ਨਾਂ ਕੀਤੀ। ਲੱਗਦਾ ਹੈ ਲੰਗਰ ਪਾਣੀ ਵੀ ਢੰਗ ਨਾਲ ਨਾਂ ਛਕਾਇਆ। ਕੁਝ ਚਿਰ ਅਰਾਮ ਫਰਮਾਉਣ ਬਾਦ ਗੁਰੂ ਸਾਹਿਬ ਤੇ ਮਰਦਾਨੇ ਨੇ ਕੀਰਤਨ ਸ਼ੁਰੂ ਕਰ ਦਿੱਤਾ। ਜਿਸ ਤੇ ਮਜਾਵਰਾਂ ਨੇ ਵਿਰੋਧ ਜਿਤਾਇਆ ਤੇ ਕਿਹਾ ਕਿ ਇਹ ਮੁਸਲਮਾਨਾਂ ਜਗ੍ਹਾ ਹੈ ਇਥੇ ਹਿੰਦੂ ਸਾਧੂ ਸੰਤ ਨਹੀ ਰਹਿ ਸਕਦੇ। ਤੁਸੀ ਜਾਓ ਇਥੋ।

ਗੁਰੂ ਸਾਹਿਬ ਨੇ ਮਜਾਵਰ ਨੂੰ ਪੁੱਛਿਆ ਕਿ ਕੀ ਤੁਸੀ ਮੁਸਲਮਾਨ ਹੋ? ਮਜਾਵਰ ਮਾਇਆਧਾਰੀ ਗ੍ਰਿਸਤੀ ਜਿਹਾ ਬੰਦਾ ਸੀ। ਜਦੋਂ ਸਾਹਿਬ ਨੇ ਪੁੱਛਿਆ ਕਿ ਕੀ ਅਸੀ ਰੱਬ ਦੇ ਜੀਅ ਨਹੀ ਹਾਂ? ਰੱਬ ਦੀ ਰਜਾ ਵਿੱਚ ਹੋ? ਆਦਿ ਆਦਿ। ਮਜੌਰ ਗੁਰੂ ਸਾਹਿਬ ਦੇ ਸਵਾਲ ਸੁਣ ਕੇ ਅੰਦਰੋਂ ਕੰਬ ਉਠਿਆ। ਓਥੇ ਫਿਰ ਗੁਰੂ ਸਾਹਿਬ ਨੇ ਪਹਿਲਾ ਸ਼ਬਦ ਪੂਰਾ ਕਰਕੇ ਇਹ ਸਬਦ ਲਾ ਦਿੱਤਾ:

ਸਲੋਕੁ ਮਃ ੧ ॥ ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥ ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥ ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥ ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥ ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥੧॥

ਮਜੌਰ ਦੀ ਹੋਰ ਅੱਖਾਂ ਖੋਲਣ ਲਈ ਗੁਰੂ ਸਾਹਿਬ ਮਰਦਾਨੇ ਦੇ ਕਹਿਣ ਤੇ ਇਹ ਸ਼ਬਦ ਫਿਰ ਪੜਿਆ:

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥ ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥ ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥ ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥ ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥੩॥

ਓਥੇ ਹਾਜਰੀਨ ਸਭ ਨੇ ਗੁਰੂ ਸਾਹਿਬ ਕੋਲੋ ਪੁੱਛਿਆ ਕਿ ਇਹ ਤੁਸੀ ਕੀ ਗਾ ਰਹੇ ਹੋ? ਬਾਬੇ ਨੇ ਸਮਝਾਇਆ ਕਿ ਨਮਾਜ ਦਾ ਪਹਿਲਾ ਸੱਚ ਤੇ ਚਲਣਾ, ਦੂਜਾ ਹੱਕ ਹਲਾਲ ਦੀ ਭਾਵ ਨੇਕ ਕਮਾਈ ਖਾਣੀ, ਤੀਸਰਾ ਰੱਬ ਦਾ ਡਰ ਮੰਨ 'ਚ ਰਹਿਣਾ, ਚੌਥਾ ਸਾਫ ਨੀਅਤ ਨਾਲ ਦੁਨੀਆਂ 'ਚ ਵਿਚਰਨਾ ਤੇ ਪੰਜਵਾ ਹਰ ਵੇਲੇ ਖੁਦਾ ਦੀ ਸਿਫਤ ਸਲਾਹ 'ਚ ਰਹਿਣਾ। ਸੋ ਇਹ ਗੁਣ ਹੋਣ ਤਾਂ ਮੁਸਲਮਾਨ ਕਹਾਈਦਾ ਹੈ। ਬਾਕੀ ਝੂਠੇ ਜਿਹੜੇ ਪਏ ਫਿਰਦੇ ਹਨ ਝੂਠ ਵਿੱਚ ਲੱਦ ਜਾਣਗੇ।

ਇਸ ਗੱਲ ਤੇ ਮਜਾਵਰਾ ਫਿਰ ਵਿਰੋਧ ਜਤਾਇਆ। ਗੁਰੂ ਸਾਹਿਬ ਨੇ ਕਿਹਾ ਕਿ ਕੀ ਇਹ ਝੂਠ ਨਹੀ ਜਿਹੜਾ ਤੁਸੀ ਵਿਖਾਵਾ ਕਰ ਰਹੇ ਹੋ। ਇੱਕ ਪਾਸੇ ਤੁਸੀ ਹਜਾਰਾਂ ਲੋਕਾਂ ਨੂੰ ਲੰਗਰ ਪਾਣੀ ਛਕਾਉਣ ਦਾ ਵਿਖਾਵਾ ਕਰਦੇ ਹੋ ਤੇ ਪ੍ਰਦੇਸਾਂ 'ਚੋਂ ਆ ਪਹੁੰਚੇ ਮੁਸਾਫਿਰ ਨੂੰ ਦੋ ਮੰਨੀਆਂ ਵੀ ਨਹੀ ਦੇ ਸਕਦੇ। ਹੋਰ ਵਿਖਾਵਾ ਕਿਸ ਨੂੰ ਕਹਿੰਦੇ ਨੇ?

ਮਜੌਰ ਲਾ ਜਵਾਬ ਸਨ। ਬਾਬੇ ਨੇ ਫਿਰ ਸ਼ਬਦ ਲਾਇਆ:-

ਜਿਨ ਕੈ ਹਿਰਦੈ ਮੈਲੁ ਕਪਟੁ ਹੈ ਬਾਹਰੁ ਧੋਵਾਇਆ ॥ ਕੂੜੁ ਕਪਟੁ ਕਮਾਵਦੇ ਕੂੜੁ ਪਰਗਟੀ ਆਇਆ ॥ ਅੰਦਰਿ ਹੋਇ ਸੁ ਨਿਕਲੈ ਨਹ ਛਪੈ ਛਪਾਇਆ ॥ ਕੂੜੈ ਲਾਲਚਿ ਲਗਿਆ ਫਿਰਿ ਜੂਨੀ ਪਾਇਆ ॥ ਨਾਨਕ ਜੋ ਬੀਜੈ ਸੋ ਖਾਵਣਾ ਕਰਤੈ ਲਿਖਿ ਪਾਇਆ ॥

ਖਵਾਜਾ ਦੀ ਦਰਗਾਹ ਤੇ ਮਜੌਰਾਂ ਨੂੰ ਸ਼ੀਸ਼ਾ ਜਦੋਂ ਵਿਖਾਇਆ ਤਾਂ ਅਗਲੇ ਗੁੱਸੇ 'ਚ ਆ ਬਹੁਤ ਤੜਫੇ। ਇਥੇ ਹੀ ਬਸ ਨਹੀ ਗੁਰੂ ਸਾਹਿਬ ਨੇ ਓਨਾਂ ਨੂੰ ਯਾਦ ਦੁਆਇਆ:◈

ਨਫਸ ਸ਼ੈਤਾਨ॥ ਗੁੱਸਾ ਹਰਾਮ॥ ਕੱਚ ਦੁਨੀਆ॥ ਸੱਚ ਦਰਵੇਸ਼॥ ਅਦਲ ਬਾਦਸ਼ਾਹ॥ ਫਜ਼ਲ ਫਕੀਰਾਂ॥ ਮਜ਼ਲ ਮੁਸਾਫਿਰਾਂ॥ ਕਜ਼ਬ ਕਾਫਰਾਂ॥ ਮਿਹਰ ਪੀਰਾਂ॥ ਸਿਹਰ ਕੀਰਾਂ॥ ਫਕੀਰੀ ਸਬੂਰੀ॥ ਨਾਂ ਸਬੂਰੀ ਤਾਂ ਮਕਰ॥

ਆਪਣੇ ਆਪ ਨੂੰ ਵੱਡੇ ਪੀਰ, ਪੀਰਾਂ ਸਿਰ ਪੀਰ ਕਹਾਉਣ ਵਾਲੇ ਮਜਾਵਰ ਲਾ ਜਵਾਬ ਸਨ। ਗੁਰੂ ਸਾਹਿਬ ਓਥੋ ਕਿਸੇ ਸਥਾਨਕ ਮੰਦਰ ਵਲ ਰਵਾਨਾ ਹੋ ਗਏ। ਜਿੱਥੇ ਸਾਹਿਬ ਨੇ ਰਾਤ ਬਿਤਾਈ ਤੇ ਅਗਲੇ ਦਿਨ ਪੁਸ਼ਕਰ ਵਲ ਕੂਚ ਕਰ ਦਿੱਤਾ।

———◈———

ਨਵੰਬਰ 1517

ਬ੍ਰਹਮਾ ਦੀ ਨਗਰੀ ਪੁਸ਼ਕਰ ਜਾ ਗੱਜੇ ਬਾਬਾ ਜੀ

ਅਜਮੇਰ ਦਰਗਾਹ ਤੋਂ 12 ਕਿਲੋਮੀਟਰ ਦਾ ਪੈਡਾ ਕਰਕੇ ਗੁਰੂ ਸਾਹਿਬ ਪੁਸ਼ਕਰ ਪਹੁੰਚੇ। ਇਥੇ ਕਤਕ ਪੂਰਨਮਾਸ਼ੀ ਨੂੰ ਵੱਡਾ ਮੇਲਾ ਲੱਗਦਾ ਹੈ। ਗੁਰੂ ਸਾਹਿਬ ਵੀ ਮੇਲੇ ਦੇ ਦਿਨਾਂ ਵਿੱਚ ਇਥੇ ਬਰਾਜੇ ਸਨ। ਪੁਸ਼ਕਰ ਦਾ ਜਿਕਰ ਬਕਾਇਦਾ ਰਮਾਇਣ, ਮਹਾਂ ਭਾਰਤ ਤੇ ਕਈ ਪੁਰਾਣਾਂ ਵਿੱਚ ਮਿਲਦਾ ਹੈ।

ਪੈਂਡਾ ਸਫ਼ਰ

◉ ਕੋਹਲੀ- 71: ਵਿਦਵਾਨਾਂ ਨੇ ਗੁਰੂ ਸਾਹਿਬ ਦਾ ਦਿਓਗੜ੍ਹ ਤੇ ਪਾਲੀ ਜਾਣਾ ਵੀ ਲਿਖਿਆ ਹੈ। ਦੋਵੇ ਸ਼ਹਿਰ ਰਾਜਨੀਤਕ ਤੇ ਧਾਰਮਿਕ ਕੇਂਦਰ ਸਨ। ਜਾਣ ਦੀ ਸੰਭਾਵਨਾ ਵੀ ਬਣਦੀ ਹੈ ਪਰ ਨਾਲ ਹੀ ਸ਼ਰਤ ਹੈ ਕਿ ਗੁਰੂ ਸਾਹਿਬ ਨੇ ਕਤਕ ਪੂਰਨਮਾਸ਼ੀ (ਅਕਤੂਬਰ ਨਵੰਬਰ) ਦੇ ਮੇਲੇ ਪੁਸ਼ਕਰ ਪਹੁੰਚਣਾ ਹੁੰਦਾ ਹੈ। ਸਾਹਿਬ ਉਜੈਨ ਤੋਂ ਮਈ ਦੇ ਮਹੀਨੇ ਤੁਰੇ ਸਨ।

◘ ਗਿਆਨੀ -146

ਖਵਾਜ਼ਾ ਮੋਇਨਉਦੀਨ ਚਿਸ਼ਤੀ ਸੂਫੀ ਅਜਮੇਰ ਦਾ ਜੀਵਨ ਕਾਲ (1142-1236 ਈ.) ਇਹ ਸੂਫੀ ਦਿੱਲੀ ਬਾਦਸ਼ਾਹਾਂ ਵਿੱਚ ਬਹੁਤ ਸਤਿਕਾਰਿਆ ਜਾਂਦਾ ਸੀ। ਖਿਲਜੀ, ਸੁਲਤਾਨ ਤੇ ਮੁਗਲ ਬਾਦਸ਼ਾਹ ਸਭ ਇਸ ਦੇ ਮੁਰੀਦ ਸਨ। ਮੁਸਲਮਾਨਾਂ ਦਾ ਮੰਨਣਾ ਹੈ ਕਿ ਅਜਮੇਰ ਹੀ ਇਸਲਾਮ ਦਾ ਹਿੰਦ ਦਰਵਾਜਾ ਹੈ। ਜਦੋਂ ਮੁਹੰਮਦ ਗੌਰੀ ਨੇ ਹਿੰਦ ਫਤਹਿ ਕੀਤਾ ਸੀ ਪ੍ਰਿਥਵੀ ਰਾਜ ਚੌਹਾਨ ਦੀ ਰਾਜਧਾਨੀ ਅਜਮੇਰ ਸੀ। ਬਾਦਸ਼ਾਹ ਅਕਬਰ ਆਪਣੀ ਹਰ ਫਤਹਿ ਤੋਂ ਇਥੇ ਜਿਆਰਤ ਕਰਨ ਆਇਆ ਕਰਦਾ ਸੀ। ਇੱਕ ਵੇਰਾਂ ਤਾਂ ਉਹ ਆਗਰਾ ਤੋਂ ਪੈਦਲ ਇਥੇ ਪਹੁੰਚਾ ਸੀ।

◈ ਗਿਆਨੀ - 147 (ਗੁਰੂ ਗ੍ਰੰਥ ਸਾਹਿਬ ਵਿੱਚ ਇਹ ਦਰਜ ਨਹੀ ਹੈ) ਅਰਥ - (ਨਫਸ- ਭੈੜੀ ਨਜ਼ਰ, ਅਦਲ- ਇਨਸਾਫ, ਫਗਲ- ਬਖਸ਼ਿਸ਼ ਜਾਂ ਵੱਡਿਆਈ,

ਪੁਸ਼ਕਰ ਝੀਲ ਅਤੇ ਸ਼ਹਿਰ

ਹਿੰਦੂਆਂ ਦੇ ਮਿਥਹਾਸ ਅਨੁਸਾਰ ਸਿਰਫ ਪੁਸ਼ਕਰ ਹੀ ਅਜਿਹਾ ਅਸਥਾਨ ਹੈ ਜਿੱਥੇ ਭਗਵਾਨ ਬ੍ਰਹਮਾ ਦਾ ਮੰਦਰ ਹੈ। ਕਹਾਣੀ ਕੁਝ ਇਸ ਤਰਾਂ ਹੈ ਕਿ

ਬ੍ਰਹਮਾ ਨੂੰ ਪਤਾ ਲੱਗਾ ਕਿ ਵਜਰਨਾਭ ਨਾਂ ਦਾ ਰਾਖਸ ਬੱਚੇ ਖਾ ਜਾਂਦਾ ਹੈ ਤੇ ਲੋਕਾਂ ਦਾ ਜੀਣਾਂ ਉਸ ਹਰਾਮ ਕੀਤਾ ਹੋਇਆ ਹੈ। ਬ੍ਰਹਮਾ ਨੇ ਆਪਣੇ ਕਮਲ ਫੁੱਲ ਦੇ ਹਥਿਆਰ ਨਾਲ ਰਾਖਸ਼ ਨੂੰ ਮਾਰ ਘੱਤਿਆ। ਜਿੱਥੇ ਫੁੱਲ ਦੀਆਂ ਤਿੰਨ ਪੰਖੜੀਆ ਡਿੱਗੀਆਂ ਓਥੇ ਤਿੰਨ ਝੀਲਾਂ ਬਣ ਗਈਆਂ ਜੋ ਐਸ ਵੇਲੇ ਪੁਸ਼ਕਰ ਵਿੱਚ ਹਨ।

ਬ੍ਰਹਮਾ ਜਿੱਤ ਦੀ ਖੁਸ਼ੀ ਵਿੱਚ ਜੱਗ ਕਰ ਰਿਹਾ ਸੀ। ਜੱਗ ਮੌਕੇ ਬ੍ਰਹਮਾ ਦੀ ਇਸਤ੍ਰੀ ਸਵਿਤ੍ਰੀ ਮੌਕੇ ਤੇ ਹਾਜਰ ਨਹੀ ਸੀ। ਕਿਉਕਿ ਇਸਤ੍ਰੀ ਬਗੈਰ ਜੱਗ ਸੰਪੂਰਨ ਨਹੀ ਹੁੰਦਾ ਇਸ ਕਰਕੇ ਬ੍ਰਹਮਾ ਨੇ ਇੱਕ ਗੁੱਜਰ ਦੀ ਕੁੜੀ ਗਾਇਤ੍ਰੀ ਨੂੰ ਆਪਣੇ ਨਾਲ ਜੱਗ ਮੌਕੇ ਇਸਤ੍ਰੀ ਦੇ ਤੌਰ ਤੇ ਬੈਠਾ ਲਿਆ। ਬਾਦ ਵਿੱਚ ਸਾਵਿਤ੍ਰੀ ਵੀ ਪਹੁੰਚ ਗਈ। ਇਹ ਵੇਖ ਤਿਲਮਲਾਈ ਸਾਵਿਤ੍ਰੀ ਨੇ ਬ੍ਰਹੱਮਾ ਨੂੰ ਸਰਾਫ ਦੇ ਦਿੱਤਾ ਕਿ ਜਾ ਤੇਰਾ ਹੋਰ ਕਿਤੇ ਮੰਦਿਰ ਨਹੀ ਬਣੇਗਾ। ਤੂੰ ਰਹਿ ਗਇਆ ਬਸ ਗੁਜਰੀ ਜੋਗਾ।

ਤੇ ਬਸ ਜੀ, ਹੋਰ ਕਿਤੇ ਵੀ ਬ੍ਰਹਮਾ ਦਾ ਮੰਦਰ ਪ੍ਰਵਾਨ ਨਹੀ ਹੁੰਦਾ। ਇਕੋ ਇੱਕ ਮੰਦਰ ਹੋਣ ਕਰਕੇ ਇਸ ਦੀ ਅਹਿਮੀਅਤ ਪੂਰੇ ਭਾਰਤ ਵਿੱਚ ਹੈ। ਲਾਗੇ ਹੀ ਅਜਮੇਰ ਭਾਵ ਇਸਲਾਮ ਦਾ ਹਿੰਦ ਦਰਵਾਜਾ ਹੋਣ ਕਰਕੇ ਮੁਸਲਮਾਨ ਬਾਦਸ਼ਾਹਾਂ ਨੇ ਇਸ ਪੁਸ਼ਕਰ ਦੇ ਮੰਦਰਾਂ ਨੂੰ ਬਾਰ ਬਾਰ ਲੁੱਟਿਆ ਤੇ ਪੁੱਟਿਆ।

ਪੁਸ਼ਕਰ ਦੇ ਮੰਦਰ ਇਥੇ ਝੀਲ ਦੇ ਕਿਨਾਰੇ ਹੀ ਹਨ। ਕਤਕ ਪੂਰਨਮਾਸ਼ੀ ਨੂੰ ਵੱਡਾ ਮੇਲਾ ਲੱਗਦਾ ਹੈ ਜਦੋਂ ਲੱਖਾਂ ਲੋਕ ਪਹੁੰਚਦੇ ਹਨ। ਗੁਰੂ ਸਾਹਿਬ ਵੀ ਮੇਲੇ ਮੌਕੇ ਹੀ ਆਏ ਸਨ।

ਮੇਲੇ ਵਿੱਚ ਦੁਹਾਈ ਪੈ ਚੁੱਕੀ ਸੀ ਕਿ ਗੁਰੂ ਨਾਨਕ ਆਏ ਨੇ। ਇਥੇ ਵੀ ਗੁਰੂ ਸਾਹਿਬ ਦਾ ਬ੍ਰਾਹਮਣਾਂ ਨੇ ਬਹੁਤ ਆਦਰ ਸਤਿਕਾਰ ਕੀਤਾ। ਗੁਰੂ ਸਾਹਿਬ ਨੇ ਲੋਕਾਂ ਨੂੰ ਕਬੁੱਧ ਤੇ ਪਾਖੰਡ ਤਿਆਗ ਕੇ

ਪੁਸ਼ਕਰ -ਬ੍ਰਹਮਾ ਮੰਦਰ

ਨਿਰੰਕਾਰ ਸਰਬਵਿਆਪਕ ਪ੍ਰਭੂ ਦੇ ਲੜ ਲੱਗਣ ਦਾ ਉਪਦੇਸ਼ ਕੀਤਾ। ਇਥੇ ਰਹਿ ਕੇ ਗੁਰੂ ਸਾਹਿਬ ਨੇ ਬਹੁਤ ਸਾਰੀ ਬਾਣੀ ਰਚੀ। ਸ੍ਰਿਸਟੀ ਦੀ ਉਤਪਤੀ ਬਾਰੇ ਪੁਰਾਣਾਂ ਵਿੱਚ ਜੋ ਊਟ ਪਟਾਂਗ ਕਥਾਂਵਾਂ ਨੇ ਉਨਾਂ ਦਾ ਖੰਡਣ ਕਰਦੇ ਹੋਏ ਸਾਹਿਬ ਨੇ ਰਾਗ ਮਾਰੂ ਵਿੱਚ ਅਰਬਦ ਨਰਬਦ ਧੁੰਧੂਕਾਰਾ ॥ ਵਾਲਾ ਸਬਦ ਇਥੇ ਰਚਿਆ।

ਮਾਰੂ ਮਹਲਾ ੧ ॥ ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥੧॥ ਖਾਣੀ ਨ ਬਾਣੀ ਪਉਣ ਨ ਪਾਣੀ ॥ ਓਪਤਿ ਖਪਤਿ ਨ ਆਵਣ ਜਾਣੀ ॥ ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ॥੨॥ ਨਾ ਤਦਿ ਸੁਰਗੁ ਮਛੁ ਪਇਆਲਾ ॥ ਦੋਜਕੁ ਭਿਸਤੁ ਨਹੀ ਖੈ ਕਾਲਾ ॥ ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ ॥੩॥ ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥ ਅਵਰੁ ਨ ਦੀਸੈ ਏਕੋ ਸੋਈ ॥ ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ ॥੪॥ ਨਾ ਤਦਿ ਜਤੀ ਸਤੀ ਬਨਵਾਸੀ ॥ ਨਾ ਤਦਿ ਸਿਧ ਸਾਧਿਕ ਸੁਖਵਾਸੀ ॥ ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ ॥੫॥ ਜਪ ਤਪ ਸੰਜਮ ਨਾ ਬ੍ਰਤ ਪੂਜਾ ॥ ਨਾ ਕੋ ਆਖਿ ਵਖਾਣੈ ਦੂਜਾ ॥ ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ ॥੬॥ ਨਾ ਸੁਚਿ ਸੰਜਮੁ ਤੁਲਸੀ ਮਾਲਾ ॥ ਗੋਪੀ ਕਾਨੁ ਨ ਗਊ ਗੋਆਲਾ ॥ ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ ॥੭॥ ਕਰਮ ਧਰਮ ਨਹੀ ਮਾਇਆ ਮਾਖੀ ॥ ਜਾਤਿ ਜਨਮੁ ਨਹੀ ਦੀਸੈ ਆਖੀ ॥ ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ ॥੮॥ ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ ॥ ਨਾ ਤਦਿ ਗੋਰਖੁ ਨਾ ਮਾਛਿੰਦੋ ॥ ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ ਨਾ ਕੋ ਗਣਤ ਗਣਾਇਦਾ ॥੯॥ ਵਰਨ ਭੇਖ ਨਹੀ ਬ੍ਰਹਮਣ ਖਤ੍ਰੀ ॥ ਦੇਉ ਨ ਦੇਹੁਰਾ ਗਊ ਗਾਇਤ੍ਰੀ ॥ ਹੋਮ ਜਗ ਨਹੀ ਤੀਰਥਿ ਨਾਵਣੁ ਨਾ ਕੋ ਪੂਜਾ ਲਾਇਦਾ ॥੧੦॥ ਨਾ ਕੋ ਮੁਲਾ ਨਾ ਕੋ ਕਾਜੀ ॥ ਨਾ ਕੋ ਸੇਖੁ ਮਸਾਇਕੁ ਹਾਜੀ ॥ ਰਈਅਤਿ ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ ॥੧੧॥ ਭਾਉ ਨ ਭਗਤੀ ਨਾ ਸਿਵ ਸਕਤੀ ॥ ਸਾਜਨੁ ਮੀਤੁ ਬਿੰਦੁ ਨਹੀ ਰਕਤੀ ॥ ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ ॥੧੨॥ ਬੇਦ ਕਤੇਬ ਨ ਸਿੰਮ੍ਰਿਤਿ ਸਾਸਤ ॥ ਪਾਠ ਪੁਰਾਣ ਉਦੈ ਨਹੀ ਆਸਤ ॥ ਕਹਤਾ ਬਕਤਾ ਆਪਿ ਅਗੋਚਰੁ ਆਪੇ ਅਲਖੁ ਲਖਾਇਦਾ ॥੧੩॥ ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ ਬਾਝੁ ਕਲਾ ਆਡਾਣੁ ਰਹਾਇਆ ॥ ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥੧੪॥ ਵਿਰਲੇ ਕਉ ਗੁਰਿ ਸਬਦੁ ਸੁਣਾਇਆ ॥ ਕਰਿ ਕਰਿ ਦੇਖੈ ਹੁਕਮੁ ਸਬਾਇਆ ॥ ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥੧੫॥ ਤਾ ਕਾ ਅੰਤੁ ਨ ਜਾਣੈ ਕੋਈ ॥ ਪੂਰੇ ਗੁਰ ਤੇ ਸੋਝੀ ਹੋਈ ॥ ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ॥੧੬॥੩॥੧੫॥

ਇਥੇ ਹੀ ਗਾਉੜੀ ਰਾਗ ਵਿੱਚ ਹੇਠਲਾ ਸ਼ਬਦ ਰਚਿਆ ਗਿਆ। ਇਥੇ ਹੀ ਗੁਰੂ ਸਾਹਿਬ ਨੂੰ ਸਿਕੰਦਰ ਲੋਧੀ ਦੇ ਮਰਨ (21 ਨਵੰਬਰ 1517) ਦੀ ਖਬਰ ਮਿਲੀ।

ਗਉੜੀ ਮਹਲਾ ੧ ॥ ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ ॥ ਬ੍ਰਹਮ ਕਮਲੁ ਪਇਆਲਿ ਨ ਪਾਇਆ ॥ ਆਗਿਆ ਨਹੀ ਲੀਨੀ ਭਰਮਿ ਭੁਲਾਇਆ ॥੧॥ ਜੋ ਉਪਜੈ ਸੋ ਕਾਲਿ ਸੰਘਾਰਿਆ ॥ ਹਮ ਹਰਿ ਰਾਖੇ ਗੁਰ ਸਬਦੁ ਬੀਚਾਰਿਆ ॥੧॥ ਰਹਾਉ ॥ ਮਾਇਆ ਮੋਹੇ ਦੇਵੀ ਸਭਿ ਦੇਵਾ ॥ ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ ॥ ਓਹੁ ਅਬਿਨਾਸੀ ਅਲਖ ਅਭੇਵਾ ॥੨॥ ਸੁਲਤਾਨ ਖਾਨ ਬਾਦਿਸਾਹ ਨਹੀ ਰਹਨਾ ॥ ਨਾਮਹੁ ਭੂਲੈ ਜਮ ਕਾ ਦੁਖੁ ਸਹਨਾ ॥ ਮੈ ਧਰ ਨਾਮੁ ਜਿਉ ਰਾਖਹੁ ਰਹਨਾ ॥੩॥ ਚਉਧਰੀ ਰਾਜੇ ਨਹੀ ਕਿਸੈ ਮੁਕਾਮੁ ॥ ਸਾਹ ਮਰਹਿ ਸੰਚਹਿ ਮਾਇਆ ਦਾਮ ॥ ਮੈ ਧਨੁ ਦੀਜੈ ਹਰਿ ਅੰਮ੍ਰਿਤ ਨਾਮੁ ॥੪॥ ਰਯਤਿ ਮਹਰ ਮੁਕਦਮ ਸਿਕਦਾਰੈ ॥ ਨਿਹਚਲੁ ਕੋਇ ਨ ਦਿਸੈ ਸੰਸਾਰੈ ॥ ਅਫਰਿਓ ਕਾਲੁ ਕੂੜੁ ਸਿਰਿ ਮਾਰੈ ॥੫॥ ਨਿਹਚਲੁ ਏਕੁ ਸਚਾ ਸਚੁ ਸੋਈ ॥ ਜਿਨਿ ਕਰਿ ਸਾਜੀ ਤਿਨਹਿ ਸਭ ਗੋਈ ॥ ਓਹੁ ਗੁਰਮੁਖਿ ਜਾਪੈ ਤਾਂ ਪਤਿ ਹੋਈ ॥੬॥ ਕਾਜੀ ਸੇਖ ਭੇਖ ਫਕੀਰਾ ॥ ਵਡੇ ਕਹਾਵਹਿ ਹਉਮੈ ਤਨਿ ਪੀਰਾ ॥ ਕਾਲੁ ਨ ਛੋਡੈ ਬਿਨੁ ਸਤਿਗੁਰ ਕੀ ਧੀਰਾ ॥੭॥ ਕਾਲੁ ਜਾਲੁ ਜਿਹਵਾ ਅਰੁ ਨੈਣੀ ॥ ਕਾਨੀ ਕਾਲੁ ਸੁਣੈ ਬਿਖੁ ਬੈਣੀ ॥ ਬਿਨੁ ਸਬਦੈ ਮੂਠੇ ਦਿਨੁ ਰੈਣੀ ॥੮॥ ਹਿਰਦੈ ਸਾਚੁ ਵਸੈ ਹਰਿ ਨਾਇ ॥ ਕਾਲੁ ਨ ਜੋਹਿ ਸਕੈ ਗੁਣ ਗਾਇ ॥ ਨਾਨਕ ਗੁਰਮੁਖਿ ਸਬਦਿ

ਸਮਾਇ ॥੯॥੧੪॥

ਮਾਰੂ ਰਾਗ ਦਾ ਹੇਠ ਸ਼ਸ਼ੋਭਿਤ ਸ਼ਬਦ ਵੀ ਇਥੇ ਹੀ ਰਚਿਆ ਗਿਆ।

ਮਾਰੂ ਮਹਲਾ ੧ ॥ ਮਨਮੁਖ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ ॥ ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ ॥ ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ ॥ ਕਾਚੀ ਪਿੰਡੀ ਸਬਦੁ ਨ ਚੀਨੈ ਉਦਰੁ ਭਰੈ ਜੈਸੇ ਢੋਰੈ ॥੧॥ ਬਾਬਾ ਐਸੀ ਰਵਤ ਰਵੈ ਸੰਨਿਆਸੀ ॥ ਗੁਰ ਕੈ ਸਬਦਿ ਏਕ ਲਿਵ ਲਾਗੀ ਤੇਰੈ ਨਾਮਿ ਰਤੇ ਤ੍ਰਿਪਤਾਸੀ ॥੧॥ ਰਹਾਉ ॥ ਘੋਲੀ ਗੇਰੂ ਰੰਗੁ ਚੜਾਇਆ ਵਸਤ੍ਰ ਭੇਖ ਭੇਖਾਰੀ ॥ ਕਾਪੜ ਫਾਰਿ ਬਨਾਈ ਖਿੰਥਾ ਝੋਲੀ ਮਾਇਆਧਾਰੀ ॥ ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ ॥ ਭਰਮਿ ਭੁਲਾਣਾ ਸਬਦੁ ਨ ਚੀਨੈ ਜੂਐ ਬਾਜੀ ਹਾਰੀ ॥੨॥ ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ ॥ ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉ ਕਰਿ ਚੀਨਸਿ ਆਪੈ ॥ ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ ॥ ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ ॥੩॥ ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ ॥ ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ ॥ ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥ ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥੪॥ ਮੂੰਡੁ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ ॥ ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ ॥ ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ ॥ ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ ॥੫॥ ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ ॥ ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥ ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ ॥ ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ ॥੬॥ ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ ॥ ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ॥ ਬਕੈ ਨ ਬੋਲੈ ਖਿਮਾ ਧਨੁ ਸੰਗ੍ਰਹੈ ਤਾਮਸੁ ਨਾਮਿ ਜਲਾਏ ॥ ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਏ ॥੭॥ ਆਸ ਨਿਰਾਸ ਰਹੈ ਸੰਨਿਆਸੀ ਏਕਸੁ ਸਿਉ ਲਿਵ ਲਾਏ ॥ ਹਰਿ ਰਸੁ ਪੀਵੈ ਤਾ ਸਾਤਿ ਆਵੈ ਨਿਜ ਘਰਿ ਤਾੜੀ ਲਾਏ ॥ ਮਨੂਆ ਨ ਡੋਲੈ ਗੁਰਮੁਖਿ ਬੂਝੈ ਧਾਵਤੁ ਵਰਜਿ ਰਹਾਏ ॥ ਗ੍ਰਿਹੁ ਸਰੀਰੁ ਗੁਰਮਤੀ ਖੋਜੈ ਨਾਮੁ ਪਦਾਰਥੁ ਪਾਏ ॥੮॥ ਬ੍ਰਹਮਾ ਬਿਸਨੁ ਮਹੇਸੁ ਸਰੇਸਟ ਨਾਮਿ ਰਤੇ ਵੀਚਾਰੀ ॥ ਖਾਣੀ ਬਾਣੀ ਗਗਨ ਪਤਾਲੀ ਜੰਤਾ ਜੋਤਿ ਤੁਮਾਰੀ ॥ ਸਭਿ ਸੁਖ ਮੁਕਤਿ ਨਾਮ ਧੁਨਿ ਬਾਣੀ ਸਚੁ ਨਾਮੁ ਉਰ ਧਾਰੀ ॥ ਨਾਮ ਬਿਨਾ ਨਹੀ ਛੂਟਸਿ ਨਾਨਕ ਸਾਚੀ ਤਰੁ ਤੂ ਤਾਰੀ ॥੯॥੭॥

ਸਬਦਾਵਲੀ ਤੋਂ ਸਾਫ ਜ਼ਾਹਿਰ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਇਥੋਂ ਦੇ ਮਹੌਲ ਵਿੱਚ ਬਹਿ ਕੇ ਸ਼ਬਦ ਰਚਨਾ ਕਰ ਰਹੇ ਸਨ। ਬ੍ਰਹਮਾ, ਗਾਇਤ੍ਰੀ, ਪਹਾੜ, ਸਾਗਰ, ਪਾਣੀ, ਮਛੁ, ਜਤੀ ਸਤੀ ਬਨਵਾਸੀ, ਤੀਰਥ ਨਾਵਣ, ਮੁੱਲਾਂ ਕਾਜੀ ਆਦਿ।

ਇਥੇ ਸਬਦਾਵਲੀ ਸਾਫ ਜ਼ਾਹਿਰ ਕਰਦੀ ਹੈ ਕਿ ਸ਼ਬਦ ਅਜਿਹੀ ਥਾਂ ਰਚਿਆ ਗਇਆ ਜਿਹੜਾ ਬ੍ਰਹਮਾ ਨਾਲ ਸਬੰਧਤ ਸੀ। ਬ੍ਰਹਮਾ ਦਾ ਜਿਕਰ ਹੈ। ਕਮਲ ਦਾ ਜਿਕਰ ਹੈ। ਅਵੱਗਿਆ ਦਾ ਜਿਕਰ ਹੈ। ਗੁਰੂ ਸਾਹਿਬ ਨੇ ਆਪਣੇ ਦਿੱਲੀ ਫੇਰੀ ਦੌਰਾਨ ਸਿਕੰਦਰ ਲੋਧੀ ਦੀ ਕੰਜੂਸੀ ਵੀ ਵੇਖੀ ਸੀ। ਪਹਿਲਾਂ ਜਿਕਰ ਆ ਚੁੱਕਾ ਹੈ ਕਿ ਸਾਹਿਬ ਬਾਦਸ਼ਾਹ ਦੇ ਵਿਹਾਰ ਤੋਂ ਖੁਸ਼ ਨਹੀ ਸਨ ਹੋਏ। ਉਹਦਾ ਇਸ਼ਾਰਾ ਵੀ ਹੈ। ਸਿੱਧਾ ਬਾਦਸ਼ਾਹ ਦੀ ਮੌਤ ਦਾ ਇਸ਼ਾਰਾ ਹੈ, ਰਾਜੇ ਜਾਂ ਚੌਧਰੀ ਦਾ ਨਹੀ। ਫਿਰ ਅਜਮੇਰ ਵਿੱਚ ਮਜਵਰਾਂ ਦੇ ਵਿਹਾਰ ਤੋਂ ਗੁਰੂ ਜੀ ਨਰਾਜ ਹੋਏ ਸਨ। ਉਹ ਇਸ਼ਾਰਾ ਵੀ ਮਿਲਦਾ ਹੈ।

ਪੁਸ਼ਕਰ ਸਰੋਵਰ ਤੇ ਇਸ਼ਨਾਨ ਲਈ 52 ਘਾਟ ਬਣੇ ਹੋਏ ਹਨ। ਜਿੱਥੇ ਗੁਰੂ ਸਾਹਿਬ ਬਿਰਾਜੇ ਸਨ ਉਸ ਘਾਟ ਦਾ ਨਾਂ ਗੁਰੂ ਘਾਟ ਪੈ ਗਿਆ। ਜਿੱਥੇ ਗੁਰੂ ਸਾਹਿਬ ਨੇ ਡੇਰਾ ਲਾਇਆ ਸੀ ਉਥੇ ਧਰਮਸਾਲਾ ਬਣ ਗਈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਦਖਣ ਵਲ ਜਾ ਰਹੇ ਸਨ ਤਾਂ ਉਹਨਾਂ ਵੀ ਇਥੇ ਚਰਨ ਪਾਏ ਸਨ। ਉਨਾਂ ਦਾ ਜਾਰੀ ਕੀਤਾ ਹੁਕਮਨਾਮਾ ਅੱਜ ਵੀ ਪੰਡਤ ਚੇਤਨ ਦਾਸ ਦੇ ਖਾਨਦਾਨ ਦੇ ਪੰਡਤਾਂ ਨੇ ਸਾਂਭ ਰੱਖਿਆ ਹੋਇਆ ਹੈ। ਹੁਕਮਨਾਮਾ

ਪੁਸ਼ਕਰ ਵਿਖੇ ਯਾਦਗਾਰੀ ਗੁਰਦੁਆਰਾ

ਭੋਜ ਪੱਤਰ ਤੇ ਲਿਖਿਆ ਹੋਇਆ ਹੈ। ਬਾਦ ਦੇ ਮਰਾਠਾ ਰਾਜਿਆਂ ਨੇ ਗੁਰੂ ਸਾਹਿਬ ਦੇ ਬਿਰਾਜਣ ਦੇ ਥਾਂ ਤੇ ਘਾਟ ਉਸਾਰ ਦਿੱਤਾ ਜਿਸ ਦਾ ਗੋਬਿੰਦ ਘਾਟ ਰੱਖਿਆ। ਅੱਜ ਦਸਮ ਪਾਤਸ਼ਾਹ ਦੀ ਯਾਦ ਵਿੱਚ ਵੀ ਗੁਰਦੁਆਰਾ ਮੌਜੂਦ ਹੈ। ਗੋਬਿੰਦ ਘਾਟ ਦਾ ਨਾਂ ਬਦਲ ਕੇ ਗਊ ਘਾਟ ਕਰ ਦਿੱਤਾ ਗਿਆ। ਅੱਜ ਕਲ ਉਸ ਦਾ ਨਾਂ ਗਾਂਧੀ ਘਾਟ ਪਾ ਦਿੱਤਾ ਗਇਆ ਹੈ।

ਪਿਛਲੀ ਸਦੀ ਤੱਕ ਸਰੋਵਰ ਵਿੱਚ ਮਗਰਮੱਛ ਬਹੁਤ ਹੋਇਆ ਕਰਦੇ ਸਨ ਜੋ ਅੰਗਰੇਜਾਂ ਨੇ ਜਾਲ ਪਾ ਪਾ ਫੜ ਕੇ ਦੂਸਰੇ ਸਰੋਵਰਾਂ ਵਿੱਚ ਜਾ ਛੱਡੇ। ਉਂਜ ਪੁਰਾਣੇ ਸਮਿਆਂ ਵਿੱਚ ਜਦੋਂ ਸਰੋਵਰ ਵਿੱਚ ਕਿਸੇ ਨੂੰ ਮਗਰਮੱਛ ਖਾ ਜਾਂਦਾ ਸੀ ਤਾਂ ਸ਼ਰਧਾਲੂ ਇਸ ਨੂੰ ਵੀ ਸ਼ੁਭ ਮੰਨਦੇ ਸਨ ਕਿ ਉਹਦੀ ਗਤੀ ਹੋ ਗਈ ਹੈ। ਅਜਿਹੀਆਂ ਹੀ ਪ੍ਰੰਪਰਾਵਾਂ ਦਾ ਮੁਸਲਮਾਨ ਲੋਕ ਮਖੌਲ ਉਡਾਉਦੇ ਸਨ ਤੇ ਅਜਿਹੇ ਬਹਾਨਿਆਂ ਕਰਕੇ ਬਾਦ 'ਚ ਮੰਦਰ ਢਾਉਦੇ ਸਨ।

———◈———

ਮਾਰੂਥਲ ਗਾਹਿਆ ਬਾਬੇ ਨਾਨਕ ਨੇ◈

ਪੁਸ਼ਕਰ ਤੋਂ ਬਾਬਾ ਜੀ 60 ਕਿ.ਮੀ. ਸਫਰ ਕਰਕੇ, ਮੇਰਤਾ ਪਹੁੰਚੇ। ਮੇਰਤਾ ਦਾ ਰਾਜਾ ਰਾਓ ਦੂਦਾ ਉਨੀ ਦਿਨੀ ਬੜਾ ਮਸ਼ਹੂਰ ਹੋਇਆ ਪਿਆ ਸੀ। ਰਾਓ ਦੂਦਾ (1495- 1525ਈ.) ਪ੍ਰਸਿਧ ਭਗਤਣੀ ਮੀਰਾਂ ਬਾਈ ਦਾ ਦਾਦਾ ਹੋਇਆ ਹੈ। ਇਹ ਓਹੋ ਰਾਓ ਦੂਦਾ ਹੈ ਜਿਸ ਨੇ ਸ਼ੇਰ ਸ਼ਾਹ ਸੂਰੀ ਨੂੰ ਜੋਧਪੁਰ ਤੇ ਹਮਲਾ ਕਰਨ ਲਈ ਉਕਸਾਇਆ ਸੀ।

———◈———

ਮਰਦਾਨਿਆ ਮੈਂ ਨਾਮ ਰੂਪੀ ਕੈਂਠਾ ਪਾ ਲਿਆ ਹੈ◈

ਇਹੋ ਜਿਹੇ ਕਿਸੇ ਟਿਕਾਣੇ (ਭਾਵ ਰਾਜਸਥਾਨ ਦੇ ਕਿਸੇ ਸ਼ਹਿਰ ਵਿਚ) ਤੇ ਬੈਠੇ ਗੁਰੂ ਸਾਹਿਬ ਦੀ ਲਿਵ ਨਿਰੰਕਾਰ ਸਰਬਵਿਆਪਕ ਨਾਲ ਲੱਗੀ ਪਈ ਸੀ। ਮਰਦਾਨਾ ਬਾਹਰ ਅੰਦਰ ਘੁੰਮ ਫਿਰ ਰਿਹਾ ਜਦੋਂ ਆਇਆ ਤਾਂ ਗੁਰੂ ਸਾਹਿਬ ਓਸੇ ਮਸਤੀ ਵਿੱਚ ਬੈਠੇ ਨਜਰ ਆਏ ਤੇ ਮਰਦਾਨੇ ਨੇ ਜਗਾਉਣਾ ਠੀਕ ਨਾਂ ਸਮਝਿਆ ਤੇ ਕੁਝ ਬਾਦ ਫਿਰ ਘੁੰਮਣ ਫਿਰਨ ਨਿਕਲ ਗਿਆ। ਬਜਾਰ ਵਗੈਰਾ ਘੁੰਮਦਾ ਹੁੰਦਾ ਸੀ। ਗੁਰੂ ਸਾਹਿਬ ਦੀ ਥਾਂ ਥਾਂ ਸਿਫਤ ਕਰਦਾ। ਇਲਾਕੇ ਦਾ ਗਿਆਨ ਹਾਸਲ ਕਰਦਾ।

ਸ਼ਾਮੀ ਫਿਰ ਜਦੋਂ ਮਰਦਾਨਾ ਵਾਪਸ ਆਇਆ ਤਾਂ ਕੀ ਵੇਖਦਾ ਗੁਰੂ ਸਾਹਿਬ ਅਜੇ ਵੀ ਓਸੇ ਅਵਸਥਾ ਵਿੱਚ ਟਿਕੇ ਬੈਠੇ ਨੇ। ਭਲਕਾ

ਮਾਰਦੇ ਚਿਹਰੇ ਤੇ ਅਦਭੁਤ ਲਾਲੀ ਹੈ। ਹਾਰ ਕੇ ਮਰਦਾਨੇ ਨੇ ਗੁਰੂ ਸਾਹਿਬ ਦੇ ਪੈਰ ਦਬਾਉਣੇ ਸ਼ੁਰੂ ਕਰ ਦਿੱਤੇ ਤੇ ਬੇਨਤੀ ਕਰਕੇ ਕਿਹਾ ਕਿ ਬਾਬਾ ਜੀ ਕੁਝ ਖਾ ਲਓ ਲੰਗਰ ਲੈ ਕੇ ਆਇਆ ਹਾਂ। ਗੁਰੂ ਸਾਹਿਬ ਨੇ ਪ੍ਰਸ਼ਾਦਾ ਜਲ ਪਾਣੀ ਛਕਿਆ।

ਜਗਿਆਸਾ ਵਸ ਮਰਦਾਨੇ ਪੁੱਛਿਆ ਬਾਬਾ ਜੀ ਕੀ ਵਜ੍ਹਾ ਹੈ ਜਦੋਂ ਤੁਹਾਡੀ ਨਿਰੰਕਾਰ ਨਾਲ ਲਿਵ ਲੱਗੀ ਹੁੰਦੀ ਹੈ ਤੇ ਚਿਹਰੇ ਤੇ ਲਾਲੀ ਰਹਿੰਦੀ ਹੈ ਬਾਕੀ ਸਾਧੂਆਂ ਦੇ ਮੈਂ ਵੇਖਦਾ ਹਾਂ ਸਮਾਧੀ ਵੇਲੇ ਰੰਗ ਫੱਕ ਹੋਏ ਹੁੰਦੇ ਹਨ। ਇਹ ਕਿਓ? ਗੁਰੂ ਸਾਹਿਬ ਨੇ ਸਮਝਾਇਆ ਮਰਦਾਨਿਆ ਉਹ ਲੋਕ ਧਿਆਨ ਲਾਉਦੇ ਹਨ। ਮੈਂ ਨਿਰੰਕਾਰ ਦੀ ਸਿਫਤ ਸਲਾਹ ਕਰਦਾ ਰਹਿੰਨਾ ਵਾਂ। ਮੈਂ ਨਿਰੰਕਾਰ ਦਾ ਮਰਾਸੀ ਹਾਂ ਉਹਦੀ ਕਲਿਆਣ ਕਰਦਾ ਹਾਂ ਜਦੋਂ ਮੈਨੂੰ ਵੱਡਾ ਅਨੰਦ ਆਉਦਾ ਹੈ, ਸਵੱਰਗਾਂ ਦੇ ਝੂਟੇ ਮਿਲਦੇ ਹਨ।

ਮਰਦਾਨਿਆ ਜਦੋਂ ਮੇਰੀ ਸੁਰਤ ਦੁਨਿਆ ਵਲੋਂ ਟੁੱਟ ਕੇ ਨਿਰੰਕਾਰ ਨਾਲ ਜੁੜਦੀ ਹੈ ਤਾਂ ਇਉ ਲੱਗਦਾ ਹੈ ਜਿਵੇ ਕੋਈ ਕੈਦੀ ਜੇਲ ਵਿੱਚੋਂ ਛੁੱਟ ਕੇ ਮਹਿਸੂਸ ਕਰਦਾ ਹੈ। ਚਲ ਕੱਸ ਰਬਾਬ ਦੀਆਂ ਤਾਰਾਂ ਬਾਣੀ ਆ ਰਹੀ ਹੈ ਬਿਲਾਵਲ ਦੀ ਤਰਜ ਛੇੜ:-

ਮੈ ਮਨਿ ਚਾਉ ਘਣਾ ਸਾਚਿ ਵਿਗਾਸੀ ਰਾਮ ॥ ਮੋਹੀ ਪ੍ਰੇਮ ਪਿਰੇ ਪ੍ਰਭਿ ਅਬਿਨਾਸੀ ਰਾਮ ॥ ਅਵਿਗਤੋ ਹਰਿ ਨਾਥੁ ਨਾਥਹ ਤਿਸੈ ਭਾਵੈ ਸੋ ਥੀਐ ॥ ਕਿਰਪਾਲੁ ਸਦਾ ਦਇਆਲੁ ਦਾਤਾ ਜੀਆ ਅੰਦਰਿ ਤੂੰ ਜੀਐ ॥ ਮੈ ਅਵਰੁ ਗਿਆਨੁ ਨ ਧਿਆਨੁ ਪੂਜਾ ਹਰਿ ਨਾਮੁ ਅੰਤਰਿ ਵਸਿ ਰਹੇ ॥ ਭੇਖੁ ਭਵਨੀ ਹਠੁ ਨ ਜਾਨਾ ਨਾਨਕਾ ਸਚੁ ਗਹਿ ਰਹੇ ॥੧॥ ਭਿੰਨੜੀ ਰੈਣਿ ਭਲੀ ਦਿਨਸ ਸੁਹਾਏ ਰਾਮ ॥ ਨਿਜ ਘਰਿ ਸੂਤੜੀਏ ਪਿਰਮੁ ਜਗਾਏ ਰਾਮ ॥ ਨਵ ਹਾਣਿ ਨਵ ਧਨ ਸਬਦਿ ਜਾਗੀ ਆਪਣੇ ਪਿਰ ਭਾਣੀਆ ॥ ਤਜਿ ਕੂੜ ਕਪਟੁ ਸੁਭਾਉ ਦੂਜਾ ਚਾਕਰੀ ਲੋਕਾਣੀਆ ॥ ਮੈ ਨਾਮੁ ਹਰਿ ਕਾ ਹਾਰੁ ਕੰਠੇ ਸਾਚ ਸਬਦੁ ਨੀਸਾਣਿਆ ॥ ਕਰ ਜੋੜਿ ਨਾਨਕੁ ਸਾਚੁ ਮਾਗੈ ਨਦਰਿ ਕਰਿ ਤੁਧੁ ਭਾਣਿਆ ॥੨॥ ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ ॥ ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ ॥ ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮੁਖਿ ਬੂਝਏ ॥ ਓਹੁ ਸਬਦਿ ਸਮਾਏ ਆਪੁ ਗਵਾਏ ਤ੍ਰਿਭੁਵਣ ਸੋਝੀ ਸੂਝਏ ॥ ਰਹੈ ਅਤੀਤੁ ਅਪਰੰਪਰਿ ਰਾਤਾ ਸਾਚੁ ਮਨਿ ਗੁਣ ਸਾਰਿਆ ॥ ਓਹੁ ਪੂਰਿ ਰਹਿਆ ਸਰਬ ਠਾਈ ਨਾਨਕਾ ਉਰਿ ਧਾਰਿਆ ॥੩॥ ਮਹਲਿ ਬੁਲਾਇੜੀਏ ਭਗਤਿ ਸਨੇਹੀ ਰਾਮ ॥ ਗੁਰਮਤਿ ਮਨਿ ਰਹਸੀ ਸੀਝਸਿ ਦੇਹੀ ਰਾਮ ॥ ਮਨੁ ਮਾਰਿ ਰੀਝੈ ਸਬਦਿ ਸੀਝੈ ਤ੍ਰੈ ਲੋਕ ਨਾਥੁ ਪਛਾਣਏ ॥ ਮਨੁ ਡੀਗਿ ਡੋਲਿ ਨ ਜਾਇ ਕਤ ਹੀ ਆਪਣਾ ਪਿਰੁ ਜਾਣਏ ॥ ਮੈ ਆਧਾਰੁ ਤੇਰਾ ਤੂ ਖਸਮੁ ਮੇਰਾ ਮੈ ਤਾਣੁ ਤਕੀਆ ਤੇਰਓ ॥ ਸਾਚਿ ਸੂਚਾ ਸਦਾ ਨਾਨਕ ਗੁਰ ਸਬਦਿ ਭਗਤੁ ਨਿਬੇਰਓ ॥੪॥੨॥

ਮਰਦਾਨਿਆ ਜਦੋਂ ਮੈਂ ਸਿਫਤ ਸਲਾਹ ਕਰਦਾ ਹਾਂ ਰਾਤੀ ਅੰਮ੍ਰਿਤ ਵਰਦਾ ਹੈ ਮੇਰੇ ਦਿਨ ਅਨੰਦਮਈ ਹੁੰਦੇ ਨੇ। ਬਸ ਇਹ ਢਾਡੀ ਹੱਥ ਜੋੜ ਕੇ ਉਹਦੀ ਨਦਰ ਤੇ ਭਾਣੇ 'ਚ ਚਲਣ ਦੀ ਭਿਖਿਆ ਮੰਗਦਾ ਰਹਿੰਦਾ ਹੈ।

———◈———

ਹੋਰ ਸਫ਼ਾ

◉ ਅਜਮੇਰ ਤੇ ਪੁਸ਼ਕਰ ਮੇਲੇ ਤੇ ਹਫਤਾ ਦਸ ਦਿਨ ਪ੍ਰਚਾਰ ਕਰਨ ਉਪਰੰਤ ਗੁਰੂ ਸਾਹਿਬ ਮਾਰੂਥਲ ਦੇ ਬਾਕੀ ਟਿਕਾਣਿਆਂ ਤੇ ਨਿਰੰਕਾਰ ਅਕਾਲ ਪੁਰਖ ਦਾ ਪ੍ਰਚਾਰ ਕਰਨ ਲਈ ਰਵਾਨਾ ਹੋਏ। ਇਹ ਖੋਜ ਦਾ ਮਜਮੂਨ ਹੈ ਕਿ ਗੁਰੂ ਸਾਹਿਬ ਦੇਵਗੜ੍ਹ ਜਾਂ ਪਾਲੀ ਨੂੰ ਵਾਪਸ ਪਰਤੇ ਕਿ ਨਹੀ।

ਜਦੋਂ ਮੰਜਿਲ ਪੋਖਰਣ ਹੋਵੇ, ਨਗੌਰ ਤੇ ਓਸੀਆਂ ਪਾਸੇ ਜਾਣਾ ਕੁਦਰਤੀ ਬਣਦਾ ਹੈ ਕਿਉਕ ਨਗੌਰ ਪੁਰਾਣਾ ਸੂਫੀ ਕੇਂਦਰ ਹੈ। ਇਹ ਓਨਾਂ ਹੀ ਪੁਰਾਣਾ ਹੈ ਜਿੰਨਾ ਅਜਮੇਰ ਕਿਉਕਿ ਅਜਮੇਰ ਵਾਲੇ ਸੂਫੀ ਮੋਇਉਦੀਨ ਚਿਸਤੀ ਪੀਰ ਦਾ ਹੀ ਇੱਕ ਚੇਲਾ ਹਮੀਦੂਦੀਨ ਇਥੇ ਨਗੌਰ ਆ ਗਇਆ ਸੀ ਜਿਸ ਦੀ ਮਸ਼ਹੂਰੀ ਸੀ ਕਿ ਉਸ ਨੇ ਕਈ ਹਿੰਦੂਆਂ ਵਾਲੇ ਤੌਰ ਤਰੀਕੇ ਅਪਣਾਅ ਲਏ ਸਨ। ਗਾਂ ਵੀ ਰੱਖ ਲਈ ਸੀ। ਮਾਸ ਵੀ ਨਹੀ ਸੀ ਖਾਂਦਾ। ਹਾਲਾਂ ਨਗੌਰ ਵਿਖੇ ਗੁਰੂ ਸਾਹਿਬ ਦੀ ਕੋਈ ਯਾਦਗਾਰ ਤਾਂ ਨਹੀ ਪਰ ਉਦਾਸੀਆਂ ਤੇ ਕੰਮ ਕਰਨ ਵਾਲੇ ਸਾਰੇ ਲਿਖਾਰੀ ਮੰਨਦੇ ਹਨ ਕਿ ਸਾਹਿਬ ਨਗੌਰ ਆਏ ਸਨ।

◈ ਸੋਚੀ- 326 ਦੇ ਅਧਾਰ ਤੇ

ਦਸੰਬਰ/ਜਨਵਰੀ 1517

ਨਾਗੌਰ – ਵੈਸਨਵ ਸਾਧੂ ਪੁੱਛਦਾ "ਬਾਬਾ ਤੇਰੇ ਨੂਰਾਨੀ ਚਿਹਰੇ ਦਾ ਕੀ ਰਾਜ ਹੈ?'

ਮੇਰਤਾ ਤੋਂ 75 ਕਿਲੋਮੀਟਰ ਪਹਾੜ ਪਾਸੇ ਪੈਂਡਾ ਕਰਕੇ ਗੁਰੂ ਸਾਹਿਬ ਨਗੌਰ ਪਹੁੰਚੇ। ਗੁਰੂ ਸਾਹਿਬ ਤੁਰਕ ਰਾਜੇ ਤੇ ਰਾਓ ਲੂਣਕਰਨ ਨੂੰ ਮਿਲੇ । ਇਥੇ ਸੂਫੀ ਪੀਰਾਂ ਨਾਲ ਵੀ ਵਾਰਤਾਲਾਪ ਹੋਈ। ਪਰ ਜਿਆਦਾ ਸਮਾਂ ਸਾਹਿਬ ਦਾ ਵੈਸ਼ਨਵ ਤੇ ਜੈਨ ਸਾਧੂਆਂ ਨਾਲ ਬੀਤਿਆ।

ਇਥੇ ਹੀ ਇੱਕ ਵੈਸਨਵ ਸਾਧੂ ਜਿੱਦ ਕਰਨ ਲੱਗ ਪਿਆ ਕਿ ਬਾਬਾ ਦੱਸ ਤੇਰੇ ਇਸ ਨੂਰਾਨੀ ਚਿਹਰੇ ਦਾ ਕੀ ਰਾਜ ਹੈ। ਤੁਹਾਡਾ ਸੇਵਕ ਮਰਦਾਨਾ ਕਹਿੰਦਾ ਹੈ ਕਿ ਤੁਸੀ ਖਾਂਦੇ ਪੀਂਦੇ ਵੀ ਬਹੁਤ ਘੱਟ ਹੋ, ਫਿਰ ਵੀ ਇਹ ਚਿਹਰੇ ਦੀ ਲਾਲੀ? ਤੁਸੀ ਕਿਹੜੇ ਪ੍ਰਭੂ ਨੂੰ ਮੰਨਦੇ ਹੋ- ਸ਼ੰਕਰ, ਵਿਸ਼ਨੂੰ, ਰਾਮ, ਕ੍ਰਿਸ਼ਨ ਕਿਸਨੂੰ?

ਓਥੇ ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਇਸ ਦਾ ਰਾਜ ਇਹ ਹੈ ਕਿ ਮੈਂ ਅਜਿਹੇ ਪ੍ਰਭੂ ਨੂੰ ਸਿਮਰਦਾ ਹੈ ਜੋ ਅਤਿਅੰਤ ਸੁੰਦਰ ਹੈ। ਜਿਸਨੇ ਸਾਰੀ ਦੁਨੀਆਂ ਵੱਖ ਵੱਖ ਰੰਗਾਂ ਵਿੱਚ ਰੰਗੀ ਹੋਈ ਹੈ ਜਰਾ ਸਮਝੋ ਉਹਦੇ ਆਪਣੇ ਰੰਗ ਕਿੰਨੇ ਖੂਬਸੂਰਤ ਹੋਣਗੇ। ਤੁਸੀ ਕਹਿੰਦੇ ਹੋ ਇਥੇ ਨਗੌਰ ਵਿੱਚ ਹੁਣੇ ਹੁਣੇ ਰਾਜੇ ਦਾ ਬੁਰਾ ਹਾਲ ਹੋਇਆ ਹੈ ਪਰ ਮੈਂ ਤਾਂ ਆਪਣੇ ਆਪ ਨੂੰ ਉਸ ਰਾਜੇ ਦੀ ਪਰਜਾ ਗਿਣਦਾ ਹਾਂ ਜਿਸਦਾ ਰਾਜ ਅਟੱਲ ਹੈ।

ਮੈਂ ਗੁਰੂ ਦੇ ਦਿੱਤੇ ਗਿਆਨ ਕਰਕੇ ਸਰਬਵਿਆਪਕ ਪ੍ਰਭੂ ਦਾ ਅੰਮ੍ਰਿਤ ਪੀਤਾ ਹੈ। ਮੇਰੀ ਸੋਚ ਰੁਸ਼ਨਾਅ ਗਈ ਹੈ। ਆਪਣੀਆਂ ਵਾਸ਼ਨਾਵਾਂ ਨੂੰ ਗਿਆਨ ਰਾਂਹੀ ਬੰਨ ਲਿਆ ਹੈ। ਹੋ ਸਕਦੈ ਉਸ ਸਰਬਵਿਆਪਕ ਪ੍ਰਭੂ ਦੇ ਰੰਗ ਦਾ ਪਰਛਾਵਾਂ ਮੇਰੇ ਤੇ ਵੀ ਪੈਂਦਾ ਹੋਵੇ। ਪ੍ਰਭਾਤੀ ਰਾਗ ਵਿੱਚ ਸ਼ਬਦ ਆਇਆ:-

ਅੰਤਰਿ ਦੇਖਿ ਸਬਦਿ ਮਨੁ ਮਾਨਿਆ ਅਵਰੁ ਨ ਰਾਂਗਨਹਾਰਾ ॥ ਅਹਿਨਿਸਿ ਜੀਆ ਦੇਖਿ ਸਮਾਲੇ ਤਿਸ ਹੀ ਕੀ ਸਰਕਾਰਾ ॥੧॥ ਮੇਰਾ ਪ੍ਰਭੁ ਰਾਂਗਿ ਘਣੋ ਅਤਿ ਰੂੜੋ ॥ ਦੀਨ ਦਇਆਲੁ ਪ੍ਰੀਤਮ ਮਨਮੋਹਨੁ ਅਤਿ ਰਸ ਲਾਲ ਸਗੂੜੋ ॥੧॥ ਰਹਾਉ ॥ ਊਪਰਿ ਕੂਪੁ ਗਗਨ ਪਨਿਹਾਰੀ ਅੰਮ੍ਰਿਤੁ ਪੀਵਣਹਾਰਾ ॥ ਜਿਸ ਕੀ ਰਚਨਾ ਸੋ ਬਿਧਿ ਜਾਣੈ ਗੁਰਮੁਖਿ ਗਿਆਨੁ ਵੀਚਾਰਾ ॥੨॥ ਪਸਰੀ ਕਿਰਣਿ ਰਸਿ ਕਮਲ ਬਿਗਾਸੇ ਸਸਿ ਘਰਿ ਸੂਰੁ ਸਮਾਇਆ ॥ ਕਾਲੁ ਬਿਧੁੰਸਿ ਮਨਸਾ ਮਨਿ ਮਾਰੀ ਗੁਰ ਪ੍ਰਸਾਦਿ ਪ੍ਰਭੁ ਪਾਇਆ ॥੩॥ ਅਤਿ ਰਸਿ ਰੰਗਿ ਚਲੂਲੈ ਰਾਤੀ ਦੂਜਾ ਰੰਗੁ ਨ ਕੋਈ ॥ ਨਾਨਕ ਰਸਨਿ ਰਸਾਏ ਰਾਤੇ ਰਵਿ ਰਹਿਆ ਪ੍ਰਭੁ ਸੋਈ ॥

———◈———

ਨਾਮ ਫੁਲਵਾੜੀ ਪੂਰੇ ਹਿੰਦੁਸਤਾਨ ਵਿੱਚ ਲਹਿ ਲਹਾ ਉੱਠੀ

ਹਾਲਾਂ ਗੁਰੂ ਸਾਹਿਬ ਦੇ ਬੀਜੇ ਨਾਮ ਦਾ ਬੂਟਾ ਹੁਣ ਪੂਰੇ ਹਿੰਦੁਸਤਾਨ ਵਿੱਚ ਫਲ ਫੁੱਲ ਰਿਹਾ ਹੈ ਪਰ ਲੱਗਦੈ ਓਦੋਂ ਤੁਰੰਤ ਹੀ ਗੁਰੂ ਸਾਹਿਬ ਦੀਆਂ ਸਿਖਿਆਵਾਂ ਦਾ ਅਸਰ ਚੁਫੇਰੇ ਹੋ ਗਇਆ ਸੀ। ਮਿਸਾਲ ਦੇ ਤੌਰ ਤੇ ਉਨਾਂ ਦਿਨਾਂ ਵਿੱਚ ਹੀ ਇਥੋਂ ਦੀ ਇੱਕ ਸੰਤਣੀ ਕਵਿਤਰੀ ਹੋਈ ਹੈ: ਰਾਣਾਬਾਈ (1504-1570 ਈ.) ਉਸ ਦੇ ਪਦੇ ਅੱਜ ਤੱਕ ਗਾਏ ਜਾਂਦੇ ਹਨ। ਉਨਾਂ ਤੋਂ ਵੀ ਗੁਰੂ ਸਾਹਿਬ ਦੀ ਛਾਪ ਮਿਲਦੀ ਹੈ। ਮਿਸਾਲ ਦੇ ਤੌਰ ਤੇ:

ਮ੍ਹਾਰੋ ਮ੍ਹਾਰੋ ਕਰਤਾਈ ਜਾਵੈ॥
ਮਿਨਖ ਜਮਾਰੋ ਓ ਹੇ ਅਮੋਲਕ, ਕੌਡੀ ਮੋਲ ਫਿਕਾਵੈ॥
ਗਰਭ ਵਾਸ ਮੇਂ ਕੌਲ ਕਿਓ ਤੂੰ, ਜਿਣੇ ਕਿਓ ਬਿਸਰਾਵੈ॥

ਪਾਲਣਹਾਰ ਕਰਤਾਰ ਵਿਸੰਭਰ, ਤ੍ਰਿਲੋਕੀ ਜਸ ਛਾਵੈ॥
ਜਿਣੇ ਥਾ ਛਿਟਕਾਏ ਦਿਉ ਜਦ, ਕੁਣ ਥਾਨੇ ਅਪਨਵੈ॥

ਇਸ ਦੇ ਪੱਦਿਆਂ ਵਿੱਚ ਪੁਸ਼ਕਰ ਦਾ ਵੀ ਜਿਕਰ ਆਉਦਾ ਹੈ ਕਿ ਮੇਰਾ ਸਤਿਗੁਰ ਪੁਸ਼ਕਰ ਬੈਠਾ ਹੈ।

ਜਹਾਂ ਤੀਰਥਨ ਕੋ ਗੁਰੂ ਪੁਸ਼ਕਰ, ਸਤਿਗੁਰ ਧੂਨ ਰਮਾਵੈ॥
ਡੇਰਾ ਕੀ ਧਣਯਾਪ ਕਰਤਾ, ਛੜ੍ਹੀ ਮਦ ਚਕਰਾਵੈ॥
ਕਥਾ ਕੀਰਤਨ ਭੰਗ ਪੜਤਾ, ਕਾਂਬਲ ਆਗ ਬੰਧਾਵੈ॥
ਗਠੜੀ ਬੰਧੀ ਦੇਖਕਰ ਜੋਇਆ, ਅਬ ਤੋਂ ਸਕਲਾਂ ਨਾਵੈ॥

ਇਹ ਬੀਬੀ ਪੁਸ਼ਕਰ ਦੇ ਕਿਸੇ ਚਤੁਰ ਦਾਸ (ਖੋਜੀ ਜੀ) ਦੀ ਚੇਲੀ ਸੀ। ਲੱਗਦੈ ਚਤੁਰ ਦਾਸ ਦਾ ਗੁਰੂ ਸਾਹਿਬ ਨਾਲ ਮੇਲ ਪੁਸ਼ਕਰ ਵਿਖੇ ਹੀ ਹੋਇਆ ਸੀ ਤੇ ਗੁਰੂ ਸਾਹਿਬ ਆਪਣੀ ਛਾਪ ਖੋਜੀ ਤੇ ਛੱਡ ਆਏ ਸਨ।

———◈———

'ਚਤੁਰਾਈ ਨਹ ਚੀਨਿਆ ਜਾਇ'

ਨਾਗੌਰ ਇਲਾਕੇ ਦੀ ਹੀ ਗੱਲ ਹੈ। ਸਾਧੂ ਸੰਨਿਆਸੀ ਗੁਰੂ ਸਾਹਿਬ ਦੁਆਲੇ ਬੈਠੇ ਨਿਰੰਕਾਰ ਤੇ ਵੀਚਾਰਾਂ ਕਰ ਰਹੇ ਸਨ ਕਿ ਇੱਕ ਸਾਧੂ ਵੇਦਾਂ ਸ਼ਾਸਤਰਾਂ ਦਾ ਸਹਾਰਾ ਲੈ ਲੈ ਬਹਿਸਬਾਜੀ ਵਿੱਚ ਆ ਕੇ ਗੁਰੂ ਸਾਹਿਬ ਨੂੰ ਉਲਟੀ ਸਿੱਧੀਆਂ ਅੜਾਉਣੀਆਂ ਪਾਵੇ। ਸਾਹਿਬ ਤਾਂ ਨਿਮ੍ਰਤਾ ਦੇ ਸਮੁੰਦਰ ਸਨ। ਬੜੀ ਹਲੀਮੀ ਨਾਲ ਜਵਾਬ ਦਈ ਜਾਣ। ਓਸ ਸੰਨਿਆਸੀ ਦੇ ਵਿਹਾਰ ਤੇ ਫਿਰ ਦੂਸਰੇ ਸਾਧੂਆਂ ਨੂੰ ਗੁੱਸਾ ਆ ਗਿਆ।

ਇਕ ਸਾਧੂ ਨੇ ਗੁਰੂ ਸਾਹਿਬ ਨੂੰ ਭਰੀ ਸੰਗਤ ਵਿੱਚ ਸਵਾਲ ਕਰ ਦਿੱਤਾ ਕਿ ਬਾਬਾ ਜੀ ਕੀ ਚਲਾਕ ਆਦਮੀ ਵੀ ਰੂਹਾਨੀਅਤ ਦੀ ਮੰਜਿਲ ਹਾਸਲ ਕਰ ਸਕਦਾ ਹੈ? ਇਥੇ ਗੁਰੂ ਸਾਹਿਬ ਨੇ ਫਿਰ ਸ਼ਬਦ ਰਚਿਆ ਜੋ ਮਾਰੂ ਦੀ ਵਾਰ ਦਾ ਹਿੱਸਾ ਹੈ। ਸਾਹਿਬ ਨੇ ਫਰਮਾਇਆ:-

ਭੋਲਤਣਿ ਭੈ ਮਨਿ ਵਸੈ ਹੋਕੈ ਪਾਧਰ ਹੀਡੁ ॥ ਅਤਿ ਡਾਹਪਣਿ ਦੁਖੁ ਘਣੋ ਤੀਨੇ ਥਾਵ ਭਰੀਡੁ ॥੧॥

ਕਿ ਭੋਲੇ ਭਾਲੇ ਹਿਰਦੇ ਵਿੱਚ ਹੀ ਹਰੀ ਦਾ ਡਰ ਵਸ ਸਕਦਾ ਹੈ। ਈਰਖਾ ਵਾਲਾ ਰਾਹ ਦੁੱਖਾਂ ਦੇ ਸਮੁੰਦਰ ਨੂੰ ਜਾਂਦਾ ਹੈ। ਸਾਹਿਬ ਨੇ ਅੱਗੇ ਕਿਹਾ:

ਮਾਂਦਲੁ ਬੇਦਿ ਸਿ ਬਾਜਣੋ ਘਣੋ ਧੜੀਐ ਜੋਇ ॥ ਨਾਨਕ ਨਾਮੁ ਸਮਾਲਿ ਤੂ ਬੀਜਉ ਅਵਰੁ ਨ ਕੋਇ ॥

ਗੁਰੂ ਸਾਹਿਬ ਨੇ ਵੇਦਾਂ ਦੇ ਆਪਾ ਵਿਰੋਧੀ ਕਥਨਾਂ ਦੀ ਮਿਸਾਲ ਦੇ ਕੇ ਕਿਹਾ ਕਿ ਭਾਈ ਇਹ ਵੇਦਾਂ ਵਾਲੀ ਪਗਡੰਡੀ ਤੁਹਾਨੂੰ ਵਾਦ ਵਿਵਾਦ ਵਿੱਚ ਪਾ ਦੇਵੇਗੀ। ਚਤੁਰਾਈ ਛੱਡ ਕੇ ਨਾਮ ਦਾ ਆਸਰਾ ਲੈ ਲਓ। ਉਸ ਬਗੈਰ ਹੋਰ ਕੋਈ ਰਾਂਹ ਨਿਰੰਕਾਰ ਵਲ ਨਹੀ ਜਾਂਦਾ। ਆਖਿਰ ਉਹ ਬਹਿਸਣ ਵਾਲਾ ਸਾਧੂ ਵੀ ਗੁਰੂ ਦੀ ਸ਼ਰਨੀ ਲੱਗਾ ਤੇ ਨਾਮ ਦਾ ਰਾਹ ਅਖਤਿਆਰ ਕਰਕੇ ਤਰ ਗਿਆ। ਗੁਰੂ ਸਾਹਿਬ ਦਾ ਨਾਹਰਾ ਹੀ ਸਰਬਤ ਦਾ ਭਲਾ ਹੁੰਦਾ ਸੀ।

———◈———

ਜਨਵਰੀ 1517

ਓਸੀਆਂ ਦਾ ਜਿਮੀਂਦਾਰ ਕਹਿੰਦਾ, "ਬਾਬਾ ਜੀ ਤੁਮ ਕੈਸੇ ਉਸ ਖਤਰਨਾਕ ਰਸਤੇ ਸੇ ਬਚ ਕਰ ਆ ਗਏ?"◉

ਨਾਗੌਰ ਤੋਂ ਬਾਬਾ ਜੀ ਓਸੀਆਂ ਨੂੰ ਰਵਾਨਾ ਹੋ ਗਏ। ਓਸੀਆਂ ਨਾਗੌਰ ਤੋਂ ਕੋਈ 110 ਕਿਲੋਮੀਟਰ ਦੱਖਣ-ਪੱਛਮ ਵਿੱਚ ਹੈ। ਓਸੀਆਂ ਬਹੁਤ ਹੀ ਪ੍ਰਸਿੱਧ ਹਿੰਦੂ ਤੇ ਜੈਨ ਤੀਰਥ ਸੀ। (ਜੈਨ ਲੋਕਾਂ ਵਿੱਚ ਕੁਝ ਜੋ ਆਪਣੇ ਆਪ ਨੂੰ ਓਸਵਾਲ ਕਹਿੰਦੇ ਹਨ ਉਹਨਾਂ ਦਾ ਮੂਲ ਸਥਾਨ ਓਸੀਆਂ ਹੀ ਹੈ ਜਿਵੇ ਪਾਲੀ ਵਾਲੇ ਆਪਣੇ ਆਪ ਨੂੰ ਪਾਲੀਵਾਲ ਕਹਾਉਂਦੇ ਹਨ) ਇਥੋਂ ਦੇ ਮੰਦਰ ਵੀ ਬਹੁਤ ਅਮੀਰ ਸਨ ਜਿੰਨਾਂ ਨੂੰ ਮੁਹੰਮਦ ਗੌਰੀ ਨੇ 1195 'ਚ ਲੁਟਿਆ ਸੀ। ਕਹਿੰਦੇ ਹਨ ਕਿ ਹਮਲਾਵਰ ਦੇ ਆਉਣ ਤੋਂ ਪਹਿਲਾਂ ਹੀ ਇਥੋਂ ਦੇ ਧਨਾਢ ਲੋਕ ਨੱਸ ਗਏ ਸਨ ਜਿਸ ਕਰਕੇ ਗੁੱਸੇ ਵਿੱਚ ਆਏ ਗੌਰੀ ਨੇ ਸ਼ਹਿਰ ਤਹਿਸ ਨਹਿਸ ਕਰ ਦਿੱਤਾ ਸੀ। ਮੰਦਰ ਢਾਹ ਦਿੱਤੇ ਸਨ। ਕਿਹਾ ਜਾਂਦਾ ਕਿ ਉਸ ਤੋਂ ਬਾਦ ਸ਼ਹਿਰ ਕਦੀ ਵੀ ਆਪਣਾ ਪੁਰਾਣਾ ਜੋਬਨ ਹਾਸਲ ਨਾਂ ਕਰ ਸਕਿਆ।

ਓਸੀਆਂ ਆਉਣ ਦੀ ਗੁਰੂ ਸਾਹਿਬ ਦੀ ਖਬਰ ਚੁਫੇਰੇ ਫੈਲ ਗਈ। ਜਦੋਂ ਪਤਾ ਲੱਗਾ ਕਿ ਗੁਰੂ ਸਾਹਿਬ ਨਾਗੌਰ ਤੋਂ ਸਿੱਧੇ ਓਸੀਆਂ ਪਹੁੰਚੇ ਹਨ ਤਾਂ ਹਰ ਕੋਈ ਹੈਰਾਨ ਸੀ। ਕਿਉਕਿ ਰਾਹ ਵਿੱਚ ਹਾਲਾਤ ਠੀਕ ਨਹੀ ਸਨ। ਲੋਕੀ ਅਕਸਰ ਵਲ ਪਾ ਕੇ ਕਿਸੇ ਦੂਸਰੇ ਰਸਤੇ ਆਉਦੇ ਸਨ। ਠੱਗ ਤੇ ਲੁਟੇਰੇ ਆਮ ਹੋ ਚੁੱਕੇ ਸਨ ਤੇ ਰਾਜਿਆਂ ਦੇ ਕੰਟਰੋਲ ਤੋਂ ਬਾਹਰ ਸਨ। ਕਈ ਸਾਧੂ ਸੰਤ ਵੀ ਠੱਗਾਂ ਨੇ ਮਾਰ ਦਿੱਤੇ ਸਨ। ਫਿਰ ਰਸਤਾ ਵੀ ਬਹੁਤ ਕਠਨ ਸੀ ਥਾਂਈ ਥਾਂਈ ਰੇਤ ਦੇ ਟਿੱਲੇ ਸਨ। ਰਸਤੇ ਵਿੱਚ ਪਾਣੀ ਦੇ ਸਾਧਨ ਵੀ ਨਹੀ ਸਨ। ਘੋਰ ਮਾਰੂਥਲ ਇਲਾਕਾ।

ਇਲਾਕੇ ਦੇ ਪਤਵੰਤੇ ਲੋਕ ਇਕੱਠੇ ਹੋ ਗੁਰੂ ਸਾਹਿਬ ਨੂੰ ਸੁਣ ਰਹੇ ਸਨ। ਓਸੀਆਂ ਦੇ ਜਗੀਰਦਾਰ ਨੇ ਗੁਰੂ ਸਾਹਿਬ ਨੂੰ ਫਿਰ ਬੇਨਤੀ ਕੀਤੀ ਕਿ ਬਾਬਾ ਜੀ ਸਾਨੂੰ ਵੀ ਦੱਸੋ ਐਨੇ ਬਿਖਮ ਮਾਰਗ ਰਾਂਹੀ ਤੁਸੀ ਕਿਵੇ ਪਹੁੰਚ ਗਏ। ਗੁਰੂ ਸਾਹਿਬ ਨੇ ਜਵਾਬ ਵਿੱਚ ਕਿਹਾ ਕਿ ਜਿਸ ਤੋਂ ਲੋਕ ਡਰਦੇ ਹਨ ਉਹ ਹੀ ਸਾਡਾ ਸਾਧਨ ਹੈ। ਬਹੁਤੀ ਵਾਰੀ ਤਾਂ ਜਦੋਂ ਦੁਸ਼ਮਣ ਤੋਂ ਤੁਸੀ ਡਰਦੇ ਨਹੀ ਅਗਲਾ ਡਰ ਜਾਂਦਾ ਹੈ। ਸੋ ਗੁਰਮਤ ਕਰਕੇ ਸਾਡਾ ਮੌਤ ਦਾ ਡਰ ਲਹਿ ਚੁੱਕਾ ਹੈ ਜਦੋਂ ਕਿ ਦੁਨੀਆ ਮੌਤ ਤੋਂ ਡਰਦੀ ਹੈ। ਮਰਦਾਨੇ ਨੂੰ ਸੁਚੇਤ ਕਰਕੇ

ਪੈੜ ਸਫ਼ਾ

● ਪਾਧਰ- ਰਾਹ, ਹੀਡ- ਜਾਣਾ, ਡਾਹਪਣਿ- ਸਾੜਾ ਜਾਂ ਈਰਖਾ, ਭਰੀਡੁ- ਪ੍ਰੇਸ਼ਾਨੀ ਜਾਂ ਦੁਖ, ਮਾਂਦਲ - ਢੋਲ ◉ ਸੋਢੀ ਮਿਹਰਬਾਨ - 339 ਦੇ ਅਧਾਰ ਤੇ

ਕੀ ਸਬੂਤ ਹੈ ਕਿ ਇਹ ਸਾਖੀ ਓਸੀਆਂ ਵਾਪਰੀ?

ਉਦਾਸੀਆਂ ਤੇ ਕੰਮ ਕਰਨ ਵਾਲੇ ਲੱਗ ਪਗ ਸਾਰੇ ਵਿਦਵਾਨਾਂ ਨੇ ਗੁਰੂ ਸਾਹਿਬ ਦਾ ਨਾਗੌਰ ਜਾਣਾ ਲਿਖਿਆ ਹੈ। ਨਾਗੌਰ ਤੋਂ ਗੁਰੂ ਸਾਹਿਬ ਦੀ ਅਗਲੀ ਮੰਜਿਲ ਜਾਂ ਤਾਂ ਪੋਖਰਣ ਬਣਦੀ ਹੈ ਜਾਂ ਜੋਧਪੁਰ। ਸਾਹਿਬ ਕਿਸੇ ਪਾਸੇ ਵੀ ਜਾਣ ਓਸੀਆਂ ਲੱਗ ਪਗ ਰਸਤੇ ਵਿੱਚ ਪੈਂਦਾ ਹੈ। ਫਿਰ ਓਸੀਆਂ ਤਾਂ ਬਹੁਤ ਹੀ ਪ੍ਰਸਿਧ ਧਾਰਮਿਕ ਤੇ ਰਾਜਨੀਤਕ ਸਥਾਨ ਰਿਹਾ ਹੈ। ਬਰਬਾਦੀ ਤੇ ਲੁਟ ਖੋਹ ਇਥੇ ਹੀ ਹੋਈ ਸੀ ਤਾਂ ਇਹੋ ਇੱਕ ਕਿਸਮ ਦਾ ਭੂਤ ਸ਼ਹਿਰ (ਗ੍ਹੋਸਟ ਸਿਟੀ) ਬਣ ਚੁੱਕਾ ਸੀ। ਸੋ ਜਦੋਂ ਲੁੱਟ ਖੋਹ ਦੀ ਗੱਲ ਹੋਏ, ਸ਼ਹਿਰ ਵਿੱਚ ਘੋਰ ਮਾਰੂਥਲ ਵਿੱਚ ਹੋਏ ਤੇ ਨਾਲੇ ਥਾਂ ਵੀ ਹੋਏ ਇਤਹਾਸਿਕ ਤਾਂ ਫਿਰ ਚੋਣ ਓਸੀਆਂ ਤੋਂ ਬਿਹਤ੍ਰ ਹੋਰ ਕੋਈ ਨਹੀ ਹੋ ਸਕਦੀ। ਹਾਲਾਂ ਰਾਜਨੀਤਕ ਮਹੱਤਤਾ ਤਾਂ ਘੱਟ ਚੁੱਕੀ ਸੀ ਪਰ ਇਤਹਾਸਿਕ ਮੰਦਰਾਂ ਕਰਕੇ ਸਾਧੂਆਂ ਦਾ ਇਕੱਠ ਤਾਂ ਰਹਿੰਦਾ ਹੀ ਸੀ।

ਨਾਲੇ ਅਗਲੀ ਹੀ ਸਾਖੀ ਸਾਧੂਆਂ ਨਾਲ ਹੁੰਦੀ ਹੈ। ਸਾਧੂਆਂ ਨਾਲ ਮੇਲ ਤਾਂ ਕਿਸੇ ਧਾਰਮਿਕ ਤੇ ਹੀ ਹੋ ਸਕਦਾ ਹੈ। ਤੇ ਉਹ ਅਸਥਾਨ ਇਸ ਪਾਸੇ ਓਸੀਆਂ ਸੀ।

ਗੁਰੂ ਸਾਹਿਬ ਨੇ ਫਿਰ ਸ਼ਬਦ ਬੋਲਿਆ ਜਿਹੜਾ ਬਰਮਾ ਵਿੱਚ ਰਚਿਆ ਸੀ (ਵੇਖੋ ਸਫਾ 168) :-

ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥ ਜਿਸ ਕੈ ਡਰਿ .....

ਸਾਹਿਬ ਨੇ ਅੱਤ ਦੀ ਨਿਮਰਤਾ ਵਿੱਚ ਆ ਕੇ ਕਿਹਾ ਕਿ ਸ਼ਬਦ ਰੂਪੀ ਅੰਮ੍ਰਿਤ ਅਜਿਹੀ ਸ਼ੈਅ ਹੈ ਜਿਸ ਕਰਕੇ ਸਭ ਡਰ ਭੈਅ ਮੁੱਕ ਜਾਂਦੇ ਹਨ। ਡਰ ਸਾਡੀ ਅਗਿਆਨਤਾ ਕਰਕੇ ਹੁੰਦਾ ਹੈ। ਮੌਤ ਨੂੰ ਸਵੀਕਾਰ ਕਰਕੇ ਜੀਵਨ ਜੀਣਾ ਅਨੰਦ ਹੈ। ਨਾਮ ਦੀ ਅਣਹੋਂਦ ਕਰਕੇ ਡਰ ਤੇ ਦੁੱਖ ਹਨ। ਗੁਰੂ ਸਾਹਿਬ ਨੇ ਪ੍ਰਚਲਤ ਧਾਰਮਿਕ ਰੀਤਾਂ ਨੂੰ ਫਜ਼ੂਲ ਦੱਸ ਕੇ ਲੋਕਾਂ ਨੂੰ ਨਾਮ ਦੇ ਲੜ ਲੱਗਣ ਦਾ ਉਪਦੇਸ਼ ਦਿੱਤਾ।

———◈———

ਸਾਧੂਆਂ ਪੁੱਛਿਆ "ਗੁਰੂ ਜੀ ਕਿਹੜੀ ਸੇਵਾ ਸਭ ਤੋਂ ਉਤਮ ਹੈ ਜਿਸ ਤੇ ਰੱਬ ਰੀਝਦਾ ਹੈ?" ◉

ਓਸੀਆਂ (ਜਿਲਾ ਜੋਧਪੁਰ) ਦੀ ਹੀ ਗੱਲ ਹੈ। ਗੁਰੂ ਸਾਹਿਬ ਦੇ ਦੁਆਲੇ ਸਾਧੂ ਮਹਾਤਮਾ ਸੰਨਿਆਸੀ ਇਕੱਠੇ ਹੋਏ ਪਏ ਸਨ। ਹਰ ਪਾਸੇ ਚਰਚਾ ਗੁਰੂ ਸਾਹਿਬ ਦੀ ਸੀ ਕਿ ਨਵਾਬ ਦੀ ਵੱਡੀ ਨੌਕਰੀ ਛੱਡ ਕੇ ਗੁਰੂ ਨਾਨਕ ਨੇ ਸੰਨਿਆਸ ਲਿਆ ਹੈ। ਗੁਰੂ ਸਾਹਿਬ ਸੰਨਿਆਸੀ, ਜੋਗੀ ਤੇ ਜੈਨੀ ਲੋਕਾਂ ਨੂੰ ਨਾਮ ਦਾ ਸਿਧਾਂਤ ਸਮਝਾ ਚੁੱਕੇ ਸਨ। ਓਥੇ ਫਿਰ ਕਿਸੇ ਸਾਧੂ ਨੇ ਗੁਰੂ ਸਾਹਿਬ ਨੂੰ ਸੰਬੋਧਨ ਹੋ ਕੇ ਰੱਜ ਕੇ ਤਾਰੀਫ ਕਰਕੇ ਨਿਮ੍ਰਤਾ ਸਾਹਿਤ ਸਵਾਲ ਕੀਤਾ ਕਿ ਗੁਰੂ ਸਾਹਿਬ ਤੁਸੀ ਸੇਵਾ ਦੇ ਸਿਧਾਂਤ ਤੇ ਵੀ ਜੋਰ ਦੇ ਰਹੇ ਹੋ। ਜਿੰਦਗੀ ਵਿੱਚ ਕਿਹੜੀ ਸੇਵਾ ਸਭ ਤੋਂ ਉਤਮ ਹੈ ਜਿਸ ਤੇ ਭਗਵਾਨ ਖੁਸ਼ ਹੋਵੇ ਤੇ ਸਾਨੂੰ ਆਪਣੇ ਗਲ ਲਾਵੇ?

ਇਸ ਤੇ ਗੁਰੂ ਸਾਹਿਬ ਨੇ ਸ਼ਬਦ ਆਖਿਆ:-

ਰੂੜੋ ਠਾਕੁਰ ਮਾਹਰੋ ਰੂੜੀ ਗੁਰਬਾਣੀ ॥ ਵਡੈ ਭਾਗਿ ਸਤਿਗੁਰੁ ਮਿਲੈ ਪਾਈਐ ਪਦੁ ਨਿਰਬਾਣੀ ॥੧॥ ਮੈ ਓਲ੍ਹਗੀਆ ਓਲ੍ਹਗੀ ਹਮ ਛੋਰੂ ਥਾਰੇ ॥ ਜਿਉ ਤੂੰ ਰਾਖਹਿ ਤਿਉ ਰਹਾ ਮੁਖਿ ਨਾਮੁ ਹਮਾਰੇ ॥੧॥ ਰਹਾਉ ॥ ਦਰਸਨ ਕੀ ਪਿਆਸਾ ਘਣੀ ਭਾਣੈ ਮਨਿ ਭਾਈਐ ॥ ਮੇਰੋ ਠਾਕੁਰ ਹਾਥਿ ਵਡਿਆਈਆ ਭਾਣੈ ਪਤਿ ਪਾਈਐ ॥੨॥ ਸਾਚਉ ਦੂਰਿ ਨ ਜਾਣੀਐ ਅੰਤਰਿ ਹੈ ਸੋਈ ॥ ਜਹ ਦੇਖਾ ਤਹ ਰਵਿ ਰਹੇ ਕਿਨਿ ਕੀਮਤਿ ਹੋਈ ॥੩॥ ਆਪਿ ਕਰੇ ਆਪੇ ਹਰੇ ਵੇਖੈ ਵਡਿਆਈ ॥ ਗੁਰਮੁਖਿ ਹੋਇ ਨਿਹਾਲੀਐ ਇਉ ਕੀਮਤਿ ਪਾਈ ॥੪॥ ਜੀਵਦਿਆ ਲਾਹਾ ਮਿਲੈ ਗੁਰ ਕਾਰ ਕਮਾਵੈ ॥ ਪੂਰਬਿ ਹੋਵੈ ਲਿਖਿਆ ਤਾ ਸਤਿਗੁਰੁ ਪਾਵੈ ॥੫॥ ਮਨਮੁਖ ਤੋਟਾ ਨਿਤ ਹੈ ਭਰਮਹਿ ਭਰਮਾਏ ॥ ਮਨਮੁਖੁ ਅੰਧੁ ਨ ਚੇਤਈ ਕਿਉ ਦਰਸਨੁ ਪਾਏ ॥੬॥ ਤਾ ਜਗਿ ਆਇਆ ਜਾਣੀਐ ਸਾਚੈ ਲਿਵ ਲਾਏ ॥ ਗੁਰ ਭੇਟੇ ਪਾਰਸੁ ਭਏ ਜੋਤੀ ਜੋਤਿ ਮਿਲਾਏ ॥੭॥ ਅਹਿਨਿਸਿ ਰਹੈ ਨਿਰਾਲਮੋ ਕਾਰ ਧੁਰ ਕੀ ਕਰਣੀ॥ਨਾਨਕ ਨਾਮਿ ਸੰਤੋਖੀਆ ਰਾਤੇ ਹਰਿ ਚਰਣੀ॥

ਭਾਵ ਸਾਧੂ ਨੇ ਜੋ ਗੁਰੂ ਸਾਹਿਬ ਦੀ ਸਿਫਤ ਵਿੱਚ ਲਫਜ ਕਹੇ ਸਨ ਉਨਾਂ ਨੂੰ ਪ੍ਰਵਾਨ ਨਹੀ ਕੀਤਾ ਤੇ ਕਿਹਾ ਕਿ ਭਾਈ ਜੇ ਕੋਈ ਚੀਜ ਜਾਂ ਬੰਦਾ ਸੋਹਣਾ ਹੈ ਤਾਂ ਉਹ ਨਿਰੰਕਾਰ ਖੁੱਦ ਹੈ। ਇਹ ਤਾਂ ਸਭ ਓਸੇ ਦੀ ਰਚਨਾ ਹੈ। ਖੂਬਸੂਰਤੀ ਜੇ ਕਿਤੇ ਹੈ ਤਾਂ ਉਹਦੀ ਸਿਫਤ ਦੀ ਹੀ ਹੈ। ਭਾਈ ਅਸੀ ਤਾਂ ਓਲਗੀ ਆਂ ਸੇਵਾਦਾਰ ਹਾਂ। ਅਸੀ ਤਾਂ ਛੋਕਰੇ ਜਿਹੇ ਤੁਹਾਡੇ ਨੌਕਰ ਹਾਂ।

ਬਾਕੀ ਕਿਹੜੀ ਸੇਵਾ ਸਭ ਤੋਂ ਉਤਮ ਹੈ ਇਸ ਮਸਲੇ ਤੇ ਮੈਂ ਤਾਂ ਕਹਾਂਗਾ ਕਿ ਨਿਰੰਕਾਰ ਦੇ ਦਰ ਤੇ ਓਹੀ ਸੋਭਾ ਪਾਉਦਾ ਜਾਂ ਸਤਿਕਾਰਿਆ ਜਾਂਦਾ ਹੈ ਜਿਸ ਤੇ ਰੱਬ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ। ਸਭ ਤੋਂ ਵੱਡੀ ਸੇਵਾ ਜਿਸ ਤੇ ਰੱਬ ਰੀਝਦਾ ਹੈ ਉਹ ਹੈ ਉਹਦੇ ਭਾਣੇ ਵਿੱਚ ਰਹਿਣਾ, ਉਹਦੀ ਰਜਾ ਨੂੰ ਸਿਰ ਮੱਥੇ ਮੰਨਣਾ। ਜੋ ਰੁਜਗਾਰ ਵੀ ਉਹ ਸਹਿਜ ਸੁਭਾਅ ਬਖਸ਼ਦਾ ਹੈ ਉਸ ਵਿੱਚ ਖੁਸ਼ ਰਹਿਣਾ।

———◈———

ਬਾਬਾ ਜੀ ਕਿਥੇ ਹੈ ਹਰੀ ਦਾ ਵਾਸਾ?- ਸਾਧੂਆਂ ਪੁੱਛਿਆ

ਓਸੀਆਂ ਦੀ ਸਭਾ ਦੀ ਹੀ ਗਲ ਚਲ ਰਹੀ ਹੈ। ਸਾਧੂਆਂ ਜਦੋਂ ਪੁੱਛਿਆ ਕਿ ਰਾਮ ਦਾ ਅਸਲੀ ਨਿਵਾਸ ਕਿੱਥੇ ਹੈ? ਗੁਰੂ ਸਾਹਿਬ ਨੇ ਸ਼ਬਦ ਰਚਿਆ◈ :-

ਅਲਗਉ ਜੋਇ ਮਧੁਕੜਉ ਸਾਰੰਗਪਾਣਿ ਸਬਾਇ ॥ ਹੀਰੈ ਹੀਰਾ ਬੇਧਿਆ ਨਾਨਕ ਕੰਠਿ ਸੁਭਾਇ ॥੨॥ ਪਉੜੀ ॥ ਮਨਮੁਖ ਕਾਲੁ ਵਿਆਪਦਾ ਮੋਹਿ ਮਾਇਆ ਲਾਗੇ ॥ ਖਿਨ ਮਹਿ ਮਾਰਿ ਪਛਾੜਸੀ ਭਾਇ ਦੂਜੈ ਠਾਗੇ ॥ ਫਿਰਿ ਵੇਲਾ ਹਥਿ ਨ ਆਵਈ ਜਮ ਕਾ ਡੰਡੁ ਲਾਗੇ ॥ ਤਿਨ ਜਮ ਡੰਡੁ ਨ ਲਗਈ ਜੋ ਹਰਿ ਲਿਵ ਜਾਗੇ ॥ ਸਭ ਤੇਰੀ ਤੁਧੁ ਛਡਾਵਣੀ ਸਭ ਤੁਧੈ ਲਾਗੇ ॥੧੨॥ ਸਲੋਕੁ ਮਃ ੧ ॥ ਸਰਬੇ ਜੋਇ ਅਗਛਮੀ ਦੂਖੁ ਘਨੇਰੋ ਆਥਿ ॥ ਕਾਲਰੁ ਲਾਦਸਿ ਸਰੁ ਲਾਘਣਉ ਲਾਭੁ ਨ ਪੂੰਜੀ ਸਾਥਿ ॥੧॥ ਮਃ ੧ ॥ ਪੂੰਜੀ ਸਾਚਉ ਨਾਮੁ ਤੂ ਅਖੁਟਉ ਦਰਬੁ ਅਪਾਰੁ ॥ ਨਾਨਕ ਵਖਰੁ ਨਿਰਮਲਉ ਧੰਨੁ ਸਾਹੁ ਵਾਪਾਰੁ ॥੨॥ ਮਃ ੧ ॥ ਪੂਰਬ ਪ੍ਰੀਤਿ ਪਿਰਾਣਿ ਲੈ ਮੋਟਉ ਠਾਕੁਰੁ ਮਾਣਿ ॥ ਮਾਥੈ ਊਭੈ ਜਮੁ ਮਾਰਸੀ ਨਾਨਕ ਮੋਲਣੁ ਨਾਮਿ ॥੩॥ ਪਉੜੀ ॥ ਆਪੇ ਪਿੰਡੁ ਸਵਾਰਿਓਨੁ ਵਿਚਿ ਨਵ ਨਿਧਿ ਨਾਮੁ ॥ ਇਕਿ ਆਪੇ ਭਰਮਿ ਭੁਲਾਇਅਨੁ ਤਿਨ ਨਿਹਫਲ ਕਾਮੁ ॥ ਇਕਨੀ ਗੁਰਮੁਖਿ ਬੁਝਿਆ ਹਰਿ ਆਤਮ ਰਾਮੁ ॥ ਇਕਨੀ ਸੁਣਿ ਕੈ ਮੰਨਿਆ ਹਰਿ ਊਤਮ ਕਾਮੁ ॥ ਅੰਤਰਿ ਹਰਿ ਰੰਗੁ ਉਪਜਿਆ ਗਾਇਆ ਹਰਿ ਗੁਣ ਨਾਮੁ ॥੧੩॥

———◈———

ਆਪਿ ਮਰੈ, ਮਾਰੇ ਭੀ ਆਪਿ (ਮਾਰਵਾੜ ਦੀ ਰਾਜਧਾਨੀ ਮੰਡੋਰ ਵਿਖੇ ਬਾਬਾ)

ਓਸੀਆਂ ਤੋਂ 50 ਕਿ. ਮੀ. ਦਾ ਪੈਂਡਾ ਕਰਕੇ ਜਦੋਂ ਗੁਰੂ ਸਾਹਿਬ ਮੰਡੋਰ ਪਹੁੰਚੇ ਤਾਂ ਸ਼ਹਿਰ ਸੋਗ ਮਨਾ ਰਿਹਾ ਸੀ। ਰਾਜੇ ਜਾਂ ਸ਼ਾਹੂਕਾਰ ਦਾ ਜਵਾਨ ਪੁੱਤ ਮਰ ਗਇਆ ਸੀ। ਉੱਚੀ ਉੱਚੀ ਰੋਣਾ ਪਿੱਟਣਾ ਇਲਾਕੇ ਦੀ ਰਸਮ ਸੀ। ਥੋੜੀ ਦੂਰੀ ਤੇ ਬਹਿ ਗੁਰੂ ਸਾਹਿਬ ਤੇ ਮਰਦਾਨੇ ਨੇ ਉੱਚੀ ਉੱਚੀ ਸਬਦ ਗਾਉਣਾ ਸ਼ੁਰੂ ਕਰ ਦਿੱਤਾ। ਯਾਦ ਰਹੇ ਓਨੀ ਦਿਨੀ ਸਪੀਕਰ ਤਾਂ ਹੁੰਦੇ ਨਹੀ ਸਨ ਤੇ ਬਹੁਤ ਉੱਚੀ ਗਾਇਆ ਜਾਂਦਾ ਹੁੰਦਾ ਸੀ। ਮਹੌਲ ਚੁੱਪ ਸ਼ਾਂਤੀ ਵਾਲਾ ਹੁੰਦਾ ਸੀ ਇਸ ਕਰਕੇ ਅਵਾਜ 2 ਕਿਲੋਮੀਟਰ ਤੱਕ ਵੀ ਪਹੁੰਚ ਜਾਇਆ ਕਰਦੀ ਸੀ।● ਸੋ ਗਮਗੀਨ ਮਹੌਲ ਵਿੱਚ ਗਾਉਣ ਦੀ ਅਵਾਜ ਸੁਣ ਕੇ ਲੋਕ ਉਤਸੁਕਤਾ ਵਸ ਹੋ ਨੇੜੇ ਆ ਗਏ।

ਇਕ ਮੁਖੀਏ ਨੇ ਬੜੇ ਆਦਰ ਸਤਿਕਾਰ ਨਾਲ ਗੁਰੂ ਸਾਹਿਬ ਨੂੰ ਕਿਹਾ ਹੈ ਕਿ ਇਥੇ ਮਰਗ ਹੋ ਗਈ। ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਮੈਂ ਮਰਗ ਦਾ ਹੀ ਗੀਤ ਗਾ ਰਿਹਾ ਹਾਂ। ਮੈਂ ਕਹਿ ਰਿਹਾ ਹਾਂ ਕਿ ਭਾਈਓ ਉਹ ਮਾਰਨ ਵਾਲਾ ਤੇ ਮਰਨ ਵਾਲਾ ਆਪੇ ਹੀ ਹੈ ਕਾਹਨੂੰ ਪਏ ਰੁਦਨ ਕਰਦੇ ਹੋ। ਕਿਉਕਿ ਇਲਾਕੇ ਵਿੱਚ ਨਾਸਤਕ

ਪੈਰ ਸਫਾ

◉ ਸੋਢੀ ਮਿਹਰਬਾਨ - 345 ਦੇ ਅਧਾਰ ਤੇ

◈ਅਲਗਉ - ਬੇਲਾਗ, ਮਧੁਕੜਉ-ਭਉਰਾ, ਸਾਰੰਗਪਾਣਿ- ਸ੍ਰਿਸਟੀ ਦਾ ਮਾਲਕ ਭਾਵ ਰੱਬ, ਜੋਇ-ਵੇਖਣਾ ਪਰ ਇਥੇ ਮਤਲਬ ਵਰਗਾ ਹੈ। (ਜੋਇ ਲਫਜ ਰਾਜਸਥਾਨ ਤੇ ਗੁਜਰਾਤ ਵਿੱਚ ਵਰਤਿਆ ਜਾਂਦਾ ਹੈ। ਇਹ ਸਾਬਤ ਕਰਦਾ ਹੈ ਕਿ ਬਾਣੀ ਰਾਜਸਥਾਨ ਵਿੱਚ ਹੀ ਰਚੀ ਗਈ ਹੈ)

● ਪਿਛੇ ਸਮੁੰਦਰ ਦੇ ਸ਼ਾਂਤ ਮਹੌਲ ਵਿੱਚ ਅਵਾਜ ਦੀ ਸੀਮਾ ਤੇ ਤਜੱਰਬਾ ਕੀਤਾ ਗਇਆ ਤੇ ਪਤਾ ਲੱਗਾ ਕਿ ਸ਼ਾਂਤ ਮਹੌਲ ਵਿੱਚ ਮਨੁੱਖੀ ਚੀਕ 17 ਕਿਲੋਮੀਟਰ ਤੱਕ ਚਲੀ ਗਈ।

ਜੈਨਮਤ ਦਾ ਬਹੁਤ ਪ੍ਰਭਾਵ ਸੀ ਇਸ ਕਰਕੇ ਗੁਰੂ ਸਾਹਿਬ ਨੇ ਲੋਕਾਂ ਨੂੰ ਸਰਬਵਿਆਪਕ ਨਿਰੰਕਾਰ ਦੀ ਹੋਂਦ ਉਹਦੀ ਰਚਨਾ ਤੇ ਹੁਕਮ ਵਾਲੀ ਗੱਲ ਸਮਝਾਈ। ਗੁਰੂ ਸਾਹਿਬ ਨੇ ਕਿਹਾ ਏਹੋ ਜਿਹੇ ਵੇਲੇ ਸਗੋਂ ਨਿਰੰਕਾਰ ਦਾ ਜਸ ਗਾਇਆ ਕਰੋ।

ਸਮਝਾਉਣ ਉਪਰੰਤ ਇੱਕ ਵਾਰ ਫਿਰ ਆਸਾ ਰਾਗ ਦੀ ਧੁੰਨ ਗਮਗੀਨ ਮਹੌਲ ਵਿੱਚ ਗੂੰਜ ਉਠੀ:-◘

ਆਸਾ ਮਹਲਾ ੧ ॥ ਏਕੁ ਮਰੈ ਪੰਚੇ ਮਿਲਿ ਰੋਵਹਿ ॥ ਹਉਮੈ ਜਾਇ ਸਬਦਿ ਮਲੁ ਧੋਵਹਿ ॥ ਸਮਝਿ ਸੂਝਿ ਸਹਜ ਘਰਿ ਹੋਵਹਿ ॥ ਬਿਨੁ ਬੂਝੇ ਸਗਲੀ ਪਤਿ ਖੋਵਹਿ ॥੧॥ ਕਉਣੁ ਮਰੈ ਕਉਣੁ ਰੋਵੈ ਓਹੀ ॥ ਕਰਣ ਕਾਰਣ ਸਭਸੈ ਸਿਰਿ ਤੋਹੀ ॥੧॥ ਰਹਾਉ ॥ ਮੂਏ ਕਉ ਰੋਵੈ ਦੁਖੁ ਕੋਇ ॥ ਸੋ ਰੋਵੈ ਜਿਸੁ ਬੇਦਨ ਹੋਇ ॥ ਜਿਸੁ ਬੀਤੀ ਜਾਣੈ ਪ੍ਰਭ ਸੋਇ ॥ ਆਪੇ ਕਰਤਾ ਕਰੇ ਸੁ ਹੋਇ ॥੨॥ ਜੀਵਤ ਮਰਣਾ ਤਾਰੇ ਤਰਣਾ ॥ ਜੈ ਜਗਦੀਸ ਪਰਮ ਗਤਿ ਸਰਣਾ ॥ ਹਉ ਬਲਿਹਾਰੀ ਸਤਿਗੁਰ ਚਰਣਾ ॥ ਗੁਰੁ ਬੋਹਿਥੁ ਸਬਦਿ ਭੈ ਤਰਣਾ ॥੩॥ ਨਿਰਭਉ ਆਪਿ ਨਿਰੰਤਰਿ ਜੋਤਿ ॥ ਬਿਨੁ ਨਾਵੈ ਸੂਤਕੁ ਜਗਿ ਛੋਤਿ ॥ ਦੁਰਮਤਿ ਬਿਨਸੈ ਕਿਆ ਕਹਿ ਰੋਤਿ ॥ ਜਨਮਿ ਮੂਏ ਬਿਨੁ ਭਗਤਿ ਸਰੋਤਿ ॥੪॥ ਮੂਏ ਕਉ ਸਚੁ ਰੋਵਹਿ ਮੀਤ ॥ ਤੈ ਗੁਣ ਰੋਵਹਿ ਨੀਤਾ ਨੀਤ ॥ ਦੁਖੁ ਸੁਖੁ ਪਰਹਰਿ ਸਹਜਿ ਸੁਚੀਤ ॥ ਤਨੁ ਮਨੁ ਸਉਪਿਉ ਕ੍ਰਿਸਨ ਪਰੀਤਿ ॥੫॥ ਭੀਤਰਿ ਏਕੁ ਅਨੇਕ ਅਸੰਖ ॥ ਕਰਮ ਧਰਮ ਬਹੁ ਸੰਖ ਅਸੰਖ ॥ ਬਿਨੁ ਭੈ ਭਗਤੀ ਜਨਮੁ ਬਿਰੰਥ ॥ ਹਰਿ ਗੁਣ ਗਾਵਹਿ ਮਿਲਿ ਪਰਮਾਰੰਥ ॥੬॥ ਆਪਿ ਮਰੈ ਮਾਰੇ ਭੀ ਆਪਿ ॥ ਆਪਿ ਉਪਾਏ ਥਾਪਿ ਉਥਾਪਿ ॥ ਸ੍ਰਿਸਟਿ ਉਪਾਈ ਜੋਤੀ ਤੂ ਜਾਤਿ ॥ ਸਬਦੁ ਵੀਚਾਰਿ ਮਿਲਣੁ ਨਹੀ ਭ੍ਰਾਂਤਿ ॥੭॥ ਸੂਤਕੁ ਅਗਨਿ ਭਖੈ ਜਗੁ ਖਾਇ ॥ ਸੂਤਕੁ ਜਲਿ ਥਲਿ ਸਭ ਹੀ ਥਾਇ ॥ ਨਾਨਕ ਸੂਤਕਿ ਜਨਮਿ ਮਰੀਜੈ ॥ ਗੁਰ ਪਰਸਾਦੀ ਹਰਿ ਰਸੁ ਪੀਜੈ ॥੮॥੪॥

———◈———

ਜੋਧਪੁਰ –ਰਾਓ ਗੰਗਾ ਵੀ ਪੁੱਛਦਾ "ਮਹਾਤਮਾ ਜੀ ਤੁਹਾਡਾ ਕਿਹੜਾ ਫਿਰਕਾ ਹੈ?"

ਓਸੀਆਂ ਤੋਂ 50 ਕਿ.ਮੀ. ਦਾ ਸਫਰ ਕਰਕੇ ਗੁਰੂ ਸਾਹਿਬ ਮੰਡੋਰ ਪਹੁੰਚੇ ਸਨ। ਮੰਡੋਰ ਦੇ ਨਾਲ ਹੀ 15 ਕਿ. ਮੀ. ਹਟਵੀ ਪਹਾੜੀ ਤੇ ਨਵੀ ਬਣੀ ਰਾਜਧਾਨੀ ਜੋਧਪੁਰ ਸੀ। 1480 ਈ. ਤੱਕ ਮੰਡੋਰ ਹੀ ਮਾਰਵਾੜ ਦੀ ਰਾਜਧਾਨੀ ਸੀ। ਰਾਓ ਜੋਧਾ ਨੇ 1459 ਈ. ਵਿੱਚ ਨਵੀ ਰਾਜਧਾਨੀ ਪਹਾੜੀ ਤੇ ਬਣਾਉਣੀ ਸ਼ੁਰੂ ਕੀਤੀ ਸੀ। ਸਾਹਿਬ ਜੋਧਪੁਰ ਪਹੁੰਚ ਗਏ। ਅਮੂਮਨ ਗੁਰੂ ਸਾਹਿਬ ਕਿਲੇ ਦੇ ਬਾਹਰ ਡੇਰਾ ਜਮਾ ਲਿਆ ਕਰਦੇ ਸਨ। ਵਕਤ ਪਾ ਕੇ ਗੁਰੂ ਸਾਹਿਬ ਰਾਜੇ ਨੂੰ ਮਿਲੇ।

ਗੁਰੂ ਸਾਹਿਬ ਦੀ ਮਸ਼ਹੂਰੀ ਤਾਂ ਓਦੋਂ ਤੱਕ ਦੂਰ ਦੂਰ ਤੱਕ ਹੋ ਚੁੱਕੀ ਸੀ। ਕਈ ਧਾਰਮਿਕ ਅਦਾਰੇ ਜਿਵੇ ਪੀਰ, ਜੈਨੀ, ਜੋਗੀ ਆਦਿ ਗੁਰੂ ਸਾਹਿਬ ਨੂੰ ਈਰਖਾ ਨਾਲ ਵੇਖ ਰਹੇ ਸਨ। ਪਰ ਆਮ ਜਨਤਾ ਵਿੱਚ ਗੁਰੂ ਸਾਹਿਬ ਲਈ ਡਾਢੀ ਉਤਸੁਕਤਾ ਸੀ। ਕਿਉਕਿ ਹੁਕਮਰਾਨ ਤਾਂ ਸਬੰਧਤ ਮੁਕਾਮੀ ਅਦਾਰਿਆਂ ਨਾਲ ਜੁੜੇ ਹੁੰਦੇ ਹਨ। ਜੋਧਪੁਰ ਦੇ ਰਾਜੇ ਰਾਓ ਗੰਗਾ (1515-1532 ਈ.)ਨੇ ਵੀ ਗੁਰੂ ਸਾਹਿਬ ਦੀ ਉਹਦੀ ਨਗਰੀ ਆਉਣ ਤੇ ਦਿਲੋਂ ਖੁਸ਼ੀ ਨਾਂ ਕੀਤੀ। ਸਗੋਂ ਤਰਾਂ ਤਰਾਂ ਦੇ ਸਵਾਲ ਕੀਤੇ। ਤੁਹਾਡਾ ਫਿਰਕਾ ਕਿਹੜਾ ਹੈ? ਕਾਹਦੀ ਪੂਜਾ ਕਰਦੇ ਹੋ ਤੁਸੀ? ਆਹ ਤੁਹਾਡਾ ਪਹਿਰਾਵਾ ਕਿਓ ਜਿਹਾ ਹੈ? ਕੀ ਤੁਸੀ ਜੋਗੀ ਹੋ? ਓਥੇ ਗੁਰੂ ਸਾਹਿਬ ਨੇ ਫਿਰ ਦਖਣੀ ਕਿਸਮ ਦੀ ਰਾਮਕਲੀ ਵਿੱਚ ਸ਼ਬਦ ਰਚਿਆ:-

ਜਤੁ ਸਤੁ ਸੰਜਮੁ ਸਾਚੁ ਦ੍ਰਿੜਾਇਆ ਸਾਚ ਸਬਦਿ ਰਸਿ ਲੀਣਾ ॥੧॥ ਮੇਰਾ ਗੁਰੁ ਦਇਆਲੁ ਸਦਾ ਰੰਗਿ ਲੀਣਾ ॥ ਅਹਿਨਿਸਿ ਰਹੈ ਏਕ ਲਿਵ ਲਾਗੀ ਸਾਚੇ ਦੇਖਿ ਪਤੀਣਾ ॥੧॥ ਰਹਾਉ ॥ ਰਹੈ ਗਗਨ ਪੁਰਿ ਦ੍ਰਿਸਟਿ ਸਮੈਸਰਿ ਅਨਹਤ ਸਬਦਿ ਰੰਗੀਣਾ ॥੨॥ ਸਤੁ ਬੰਧਿ ਕੁਪੀਨ ਭਰਿਪੁਰਿ ਲੀਣਾ ਜਿਹਵਾ ਰੰਗਿ ਰਸੀਣਾ ॥੩॥ ਮਿਲੈ ਗੁਰ ਸਾਚੇ ਜਿਨਿ ਰਚੁ ਰਾਚੇ ਕਿਰਤੁ ਵੀਚਾਰਿ ਪਤੀਣਾ ॥੪॥ ਏਕ ਮਹਿ ਸਰਬ ਸਰਬ ਮਹਿ ਏਕਾ ਏਹ ਸਤਿਗੁਰਿ ਦੇਖਿ ਦਿਖਾਈ ॥੫॥ ਜਿਨਿ ਕੀਏ ਖੰਡ ਮੰਡਲ ਬ੍ਰਹਮੰਡਾ ਸੋ ਪ੍ਰਭੁ ਲਖਨੁ ਨ ਜਾਈ ॥੬॥ ਦੀਪਕ ਤੇ ਦੀਪਕੁ ਪਰਗਾਸਿਆ ਤ੍ਰਿਭਵਣ ਜੋਤਿ ਦਿਖਾਈ ॥੭॥ ਸਚੈ ਤਖਤਿ ਸਚ ਮਹਲੀ ਬੈਠੇ ਨਿਰਭਉ ਤਾੜੀ ਲਾਈ ॥੮॥ ਮੋਹਿ ਗਇਆ ਬੈਰਾਗੀ ਜੋਗੀ ਘਟਿ ਘਟਿ ਕਿੰਗੁਰੀ ਵਾਈ ॥੯॥ ਨਾਨਕ ਸਰਣਿ ਪ੍ਰਭੂ ਕੀ ਛੂਟੇ ਸਤਿਗੁਰ ਸਚੁ ਸਖਾਈ ॥੧੦॥੮॥

ਸ਼ਬਦ - ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਅਸੀ ਨਾਮ ਭਾਵ ਨਿਰੰਕਾਰ ਦੀ ਸਿਫਤ ਸਲਾਹ ਸੱਚ, ਸਬਰ ਸੰਤੋਖ ਦਾ ਰਾਹ ਦੱਸਦੇ ਹਾਂ। ਸਾਡੇ ਪੰਥ ਵਿੱਚ ਗੁਰੂ ਦੀ ਵੱਡੀ ਅਹਿਮੀਅਤ ਹੈ, ਜਿਵੇ ਦੀਵੇ ਨਾਲ ਦੂਸਰਾ ਦੀਵਾ ਜਗਾਈਦਾ ਹੈ। ਸਾਡੀ ਪੂਜਾ ਸ਼ਬਦ ਭਾਵ ਰੱਬ ਦਾ ਜਸ ਗਾਉਣਾ ਹੀ ਹੈ। ਸੱਚ, ਮਿੱਠਾ ਬੋਲਣਾ ਤੇ ਕੁਪੀਨ (ਓਦੋਂ ਗੁਰੂ ਸਾਹਿਬ ਨੇ ਲੰਗੋਟੀ ਪਹਿਨੀ ਹੋਈ ਸੀ) ਸਾਡੇ ਪਹਿਰਾਵੇ ਹਨ। ਅਸੀ ਹਰ ਚੀਜ਼, ਹਰ ਜੀਅ ਨੂੰ ਇਕੋ ਨਿਰੰਕਾਰ ਦੀ ਰਚਨਾ ਮੰਨਦੇ ਹਾਂ। ਹਾਂ ਮੈਂ ਉਹ ਜੋਗੀ ਹਾਂ ਜਿਸਦੀ ਸ਼ਬਦ ਰਾਂਹੀ ਉਸ ਨਿਰੰਕਾਰ ਨਾਲ ਲਿਵ ਲੱਗੀ ਰਹਿੰਦੀ ਹੈ ਜਿਹੜਾ ਘੱਟ ਘਟ ਵਿੱਚ ਬਿਰਾਜਮਾਨ ਹੈ । (ਅਸਲ ਜੋਗੀ ਤ੍ਰਿਕੁਟੀ ਤੇ ਧਿਆਨ ਲਾਉਦੇ ਹਨ)

ਮਤਲਬ ਇਥੇ ਵੀ ਗੁਰੂ ਸਾਹਿਬ ਨੇ ਨਿਰੰਕਾਰ ਸਤਿ ਕਰਤਾਰ ਦਾ ਗਿਆਨ ਕਰਵਾਇਆ ਤੇ ਦੱਸਿਆ ਕਿ ਉਹਦੀ ਅਸਲ ਭਗਤੀ ਨਾਮ ਹੈ।

ਓਸੀਆਂ ਦੀ ਜਗਤ ਪ੍ਰਸਿੱਧ ਸਚਿਆ ਮਾਤਾ ਦੀ 1200 ਸਾਲ ਪੁਰਾਣੀ ਮੂਰਤੀ। ਇਹ ਮੂਰਤ ਸਮਾਜ ਵਿਦਵਾਨਾਂ ਵਾਸਤੇ ਬਹੁਤ ਮਹੱਤਵ ਰੱਖਦੀ ਹੈ। ਇਸ ਤੋਂ ਉਸ ਵੇਲੇ ਦੀ ਔਰਤ ਦੇ ਪਹਿਰਾਵੇ ਆਦਿ ਦਾ ਪਤਾ ਲਗਦਾ ਹੈ। ਜੈਨ ਬਾਣੀਆਂ ਲੋਕਾਂ ਦਾ ਸ਼ਹਿਰ ਓਸੀਆਂ ਆਪਣੇ ਪੁਰਾਣੇ ਮੰਦਰਾਂ ਲਈ ਮਸ਼ਹੂਰ ਹੈ। ਧੁਰ ਰੇਗਿਸਤਾਨ ਵਿਚ ਹੋਣ ਕਰਕੇ ਇਹ ਮੁਸਲਮਾਨ ਹਮਲਾਵਰਾਂ ਤੋਂ ਬਚਿਆ ਰਿਹਾ ਹੈ। ਇਥੋਂ ਦਾ ਪੁਰਾਤਤ ਵੇਖਣਾ

ਜੋਧਪੁਰ ਦੀ ਝੀਲ ਵਿੱਚ ਗੁਰੂ ਸਾਹਿਬ ਨੇ ਪੱਥਰ ਦਾ ਕੁੰਡਾ ਤਾਰ ਦਿੱਤਾ

ਰਿਧੀ ਸਿੱਧੀ ਹਾਸਲ ਕਰਕੇ ਇੱਕ ਸਿੱਧ ਜੋਗੀ ਅਕਸਰ ਚਮਤਕਾਰ ਦਿਖਾਉਦਾ ਹੁੰਦਾ ਸੀ ਤੇ ਇਥੇ ਉਸਨੇ ਬਹੁਤ ਜਨਤਾ ਆਪਣੇ ਮਗਰ ਲਾਈ ਹੋਈ ਸੀ। ਗੁਰੂ ਸਾਹਿਬ ਦੇ ਆਗਮਨ ਮੌਕੇ ਉਸਨੇ ਪ੍ਰੋਗਰਾਮ ਬਣਾ ਲਿਆ ਝੀਲ ਦੇ ਪਾਣੀ ਤੇ ਸਮਾਧੀ ਲਾਉਣ ਦਾ।

ਸਿੱਧ ਨੇ ਜਿਵੇ ਹੀ ਪਾਣੀ ਤੇ ਸਮਾਧੀ ਲਾਈ ਗੁਰੂ ਸਾਹਿਬ ਨੇ ਲੋਕਾਂ ਨੂੰ ਸਮਝਾਇਆ ਕਿ ਇਹ ਰਿੱਧੀ ਸਿਧੀ ਦਾ ਕਮਾਲ ਹੈ। ਦੁਨੀਆ ਦਾ ਅਸਲ ਮਾਲਕ ਤੇ ਕਰਤਾ ਨਿਰੰਕਾਰ ਭਗਵਾਨ

ਨੋਟ ਸਫ਼ਾ ◘ ਸੋਢੀ 2- 381 ਅਨੁਸਾਰ ਇਹ ਸ਼ਬਦ ਲਹੌਰ ਰਚਿਆ। ਸਬਦ ਦੇ ਬੋਲਾਂ ਤੇ ਭਾਸ਼ਾ ਤੋਂ ਤਾਂ ਇਥੇ ਢੁਕਦਾ ਲੱਗਦਾ ਹੈ।

ਹੈ। ਉਹ ਜੋ ਚਾਹੇ ਹੋ ਜਾਂਦਾ ਹੈ। ਉਹ ਚਾਹੇ ਤਾਂ ਪੱਥਰ ਵੀ ਪਾਣੀ ਤੇ ਤਾਰ ਦੇਵੇ। ਹੰਕਾਰ ਵਿੱਚ ਆਏ ਜੋਗੀ ਨੇ ਗੁਰੂ ਸਾਹਿਬ ਨੂੰ ਵੰਗਾਰਿਆ ਕੇ ਜੇ ਇਸ ਤਰਾਂ ਹੁੰਦਾ ਹੈ ਤਾਂ ਤਾਰ ਕੇ ਦੱਸ ਪੱਥਰ। ਝੀਲ ਕਿਨਾਰੇ ਜਿੱਥੇ ਇਹ ਗੱਲ ਬਾਤ ਚਲ ਰਹੀ ਸੀ ਸਾਧੂਆਂ ਦਾ ਪੱਥਰ ਦਾ ਕੁੰਡਾ ਪਿਆ ਸੀ। ਗੁਰੂ ਸਾਹਿਬ ਨੇ ਮਰਦਾਨੇ ਨੂੰ ਹੁਕਮ ਕੀਤਾ ਕਿ ਇਹ ਕੁੰਡਾ ਪਾਣੀ ਤੇ ਰੱਖ ਦਿਓ। ਮਰਦਾਨੇ ਨੇ ਨਾਲ ਦੇ ਬੰਦੇ ਦੀ ਮਦਦ ਨਾਲ ਉਸ ਭਾਰੇ ਕੁੰਡੇ ਨੂੰ ਪਾਣੀ ਕੰਢੇ ਲਿਜਾ ਕੇ ਨਿਰੰਕਾਰ ਅੱਗੇ ਅਰਦਾਸ ਕੀਤੀ ਤੇ ਸਤਿਨਾਮ ਵਾਹਿਗੁਰੂ ਕਹਿੰਦੇ ਕੁੰਡਾ ਪਾਣੀ ਵਿੱਚ ਠੇਲ ਦਿੱਤਾ। ਕੁੰਡਾ ਤਰਨਾਂ ਸ਼ੁਰੂ ਹੋ ਗਿਆ। ਇਥੇ ਫਿਰ ਗੁਰੂ ਸਾਹਿਬ ਨੇ ਸ਼ਬਦ ਰਚਿਆ:-

ਸਚੁ ਕਹਹੁ ਸਚੈ ਘਰਿ ਰਹਣਾ ॥ ਜੀਵਤ ਮਰਹੁ ਭਵਜਲੁ ਜਗੁ ਤਰਣਾ ॥ ... (ਪੂਰਾ ਸ਼ਬਦ। ਸਫਾ- 177)

ਸਿੱਧ ਜੋਗੀ ਪਹਿਲਾਂ ਤਾਂ ਹੰਕਾਰ ਵਿੱਚ ਆ ਕੇ ਬਹਿਸ ਬਾਜੀ ਕਰੇ ਪਰ ਹੌਲੀ ਹੌਲੀ ਰੱਬ ਦੇ ਭੈ ਵਿੱਚ ਆ ਗਿਆ।

ਕੁਝ ਦਿਨ ਗੁਰੂ ਸਾਹਿਬ ਮੰਡੋਰ ਜੋਧਪੁਰ ਰਹੇ। ਜੋਗੀ ਨੂੰ ਸਿੱਖੀ ਸਿਧਾਂਤ ਦ੍ਰਿੜ ਕਰਾਇਆ ਤੇ ਓਥੋਂ ਜੇਸਲਮੇਰ ਪੋਖਰਾਣ ਵਲ ਨੂੰ ਰਵਾਨਾ ਹੋ ਗਏ।

———◈———

ਸਰਦੀਆਂ 1517/18

ਜੈਸਲਮੇਰ ਦੇ ਮਾਰੂਥਲ ਵਿੱਚ ਬਾਬਾ

ਜੋਧਪੁਰ ਤੋਂ 160 ਕਿ.ਮੀ. ਦਾ ਪੈਂਡਾ ਕਰਕੇ ਗੁਰੂ ਸਾਹਿਬ ਭੱਟੀ ਰਾਜਪੂਤਾਂ ਦੀ ਰਾਜਧਾਨੀ ਜੈਸਲਮੇਰ ਪਹੁੰਚੇ। ਇਹ ਵੀ ਸੰਭਾਵਨਾ ਹੈ ਕਿ ਗੁਰੂ ਸਾਹਿਬ ਕਿਸੇ ਕਾਫਲੇ ਦੇ ਨਾਲ ਹੀ ਆਏ ਹੋਣ। ਇਸ ਰਾਹ ਤੇ ਵਣਜਾਰਿਆਂ ਦੇ ਕਾਫਲੇ ਅਕਸਰ ਚਲਦੇ ਰਹਿੰਦੇ ਸਨ।

ਜੈਸਲਮੇਰ ਵਿਖੇ ਗੁਰੂ ਸਾਹਿਬ ਦੀ ਆਮਦ ਵੇਲੇ ਰਾਜਾ ਜੈਤਸੀ (ਜੈਤ ਸਿੰਹ) ਸੀ। ਬਾਬਾ ਜੀ ਨੇ ਇਥੇ ਮੰਦਰਾਂ ਦੇ ਪੁਜਾਰੀਆਂ ਨੂੰ ਨਿਰੰਕਾਰ ਦਾ ਪਾਠ ਪੜ੍ਹਾਇਆ। ਸੂਫੀ ਪੀਰਾਂ ਕੋਲ ਵੀ ਗਏ। ਗੁਰੂ ਸਾਹਿਬ ਨੂੰ ਜੈਨੀਆਂ ਦੀ ਮੌਜੂਦਗੀ ਜਿਆਦਾ ਬੁਰੀ ਲੱਗੀ ਜੋ ਨਿਰੰਕਾਰ ਦੀ ਹੋਂਦ ਤੋਂ ਆਕੀ ਸਨ। ਇਥੇ ਫਿਰ ਓਨਾਂ ਲੋਕਾਂ ਨੂੰ ਨਿਰੰਕਾਰ ਦੀ ਸਰਬਵਿਆਪਕਤਾ ਬਾਰੇ ਗਿਆਨ ਕਰਵਾਇਆ ਕਿ ਭੋਲਿਓ ਇਹ ਜੀਵਨ ਸਭ ਓਸੇ ਦਾ ਹੀ ਖੇਲ ਹੈ। ਇਹ ਸਾਰੀ ਰਚਨਾ ਓਸੇ ਦੀ ਹੈ। ਆਪ ਹੀ ਸਭ ਥਾਂਈ ਰਵ ਰਿਹਾ ਹੈ। ਉਨਾਂ ਨੂੰ ਸਮਝਾਇਆ ਕਿ ਇਹ ਪਾਪ ਪੁੰਨ ਦਾ ਸਿਧਾਂਤ ਤਾਂ ਬੰਦੇ ਦਾ ਘੜਿਆ ਹੋਇਆ ਹੈ। ਮੱਛੀ ਵੀ ਨਿਰੰਕਾਰ ਹੈ ਤੇ ਮਾਹੀ ਵੀ ਨਿਰੰਕਾਰ। ਉਹ ਆਪ ਹੀ ਸ਼ਿਕਾਰ ਹੈ ਤੇ ਸ਼ਿਕਾਰੀ ਵੀ ਆਪੇ ਹੀ ਹੈ।

ਆਪੇ ਧਰਤੀ ਧਉਲੁ ਅਕਾਸੰ ॥ ਆਪੇ ਸਾਚੇ ਗੁਣ ਪਰਗਾਸੰ ॥ ਜਤੀ ਸਤੀ ਸੰਤੋਖੀ ਆਪੇ ਆਪੇ ਕਾਰ ਕਮਾਈ ਹੇ ॥੧॥ (ਸਗਗਸ-1021)

ਇਕ ਤਾਂ ਇਹ ਜੈਨੀ (ਇਨਾਂ ਨੂੰ ਓਨੀ ਦਿਨੀ ਸਰੇਵੜੇ ਜਾਂ ਭਾਬੜੇ ਵੀ ਕਿਹਾ ਜਾਂਦਾ ਸੀ। ਕਿਤੇ ਇਨਾਂ ਨੂੰ ਢੂੰਢੀਏ ਲਿਖਿਆ ਵੀ ਮਿਲਦਾ ਹੈ)* ਲੋਕ ਨਾਸਤਕ ਸਨ ਦੂਸਰਾ ਇਨਾਂ ਦਾ ਰਹਿਣ ਸਹਿਣ ਵੀ ਗੁਰੂ ਸਾਹਿਬ ਨੂੰ ਸਾਫ ਸੁਹਾਵੰਦਾ ਨਾਂ ਲੱਗਾ। ਨਾਸਤਕ ਤੋਂ ਇਥੇ ਭਾਵ ਕਿ ਇਹ ਲੋਕ ਇਕ ਨਿਰੰਕਾਰ ਦੀ ਹੋਂਦ ਤੋਂ ਮੁਨੱਕਰ ਹਨ। ਬੁੱਧ ਧਰਮ ਵੀ ਅਕਾਲ ਪੁਰਖ ਦੀ ਹੋਂਦ ਨਹੀ ਮੰਨਦਾ। ਜੈਨੀ ਸਾਧੂ ਇੱਕ ਤਾਂ ਇਸਨਾਨ ਕਰਨਾਂ ਵੀ ਪਾਪ ਸਮਝਦੇ ਸਨ ਦੂਸਰਾ ਇਹ ਟੱਟੀ ਬਹਿ ਕੇ ਉਨੂੰ ਫੋਲਣ ਬਹਿ ਜਾਂਦੇ ਸਨ। ਇਸ ਤੇ ਫਿਰ ਗੁਰੂ ਸਾਹਿਬ ਨੇ ਕਟਾਖ ਵੀ ਕੀਤਾ। ਗੁਰੂ ਸਾਹਿਬ ਨੇ ਭਾਬੜਿਆਂ ਬਾਰੇ ਫਿਰ ਇਥੇ ਸ਼ਬਦ ਰਚਿਆ:-

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ॥ ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ॥ (ਪੂਰਾ ਸ਼ਬਦ ਵੇਖੋ ਸਫਾ -402)

ਭਾਬੜੇ ਲੋਕ ਰਸਮੀ ਤੌਰ ਤੇ ਅੱਜ ਵੀ ਇਕੱਠੇ ਬਹਿ ਸਿਰ ਖੋਹਦੇ ਹਨ। ਇਸ਼ਨਾਨ ਤੋਂ ਕਤਰਾਉਦੇ ਹਨ ਉਨਾਂ ਨੂੰ ਇਸ਼ਨਾਨ ਦੀ ਅਹਿਮੀਅਤ ਵੀ ਦੱਸੀ। ਤੇ ਸਮਝਾਇਆ ਕਿ ਜੀਵਾਂ ਨੂੰ ਪੈਦਾ ਕਰਨ ਤੇ ਮਾਰਨ ਵਾਲਾ ਆਪ ਨਿਰੰਕਾਰ ਹੈ।

ਰਾਮਦੇਵ ਪੀਰ

ਗੁਰੂ ਸਾਹਿਬ ਨੇ ਥਾਂਈ ਥਾਂਈ ਜਾ ਜੈਨੀਆਂ ਨੂੰ ਸੁਮਾਰਗ ਤੇ ਪਾਇਆ। ਅਜਿਹੀਆਂ ਸਿਖਿਆਵਾਂ ਦਾ ਹੀ ਅਸਰ ਹੋਇਆ ਕਿ ਜੈਨ ਧਰਮੀਆਂ ਦੀ ਗਿਣਤੀ ਵਿੱਚ ਵੱਡੀ ਕਮੀ ਆ ਚੁੱਕੀ ਹੈ।

ਕੁਝ ਦਿਨ ਇਥੇ ਉਪਦੇਸ਼ ਕਰਨ ਦੇ ਬਾਦ ਗੁਰੂ ਸਾਹਿਬ ਬੀਕਾਨੇਰ ਨੂੰ ਰਵਾਨਾ ਹੋ ਗਏ।

———◈———

ਪੋਖਰਣ ਦਾ ਰਾਮ ਦੇਵਰਾ ਵੇਖਿਆ ਬਾਬੇ ਨੇ

ਰਾਜਸਥਾਨ ਇਲਾਕੇ ਵਿੱਚ ਓਨੀ ਦਿਨੀ ਜੈਨਮੱਤ ਦਾ ਜੋਰ ਸੀ ਤੇ ਨਾਲ ਪੋਖਰਣ ਦੇ ਪੀਰ ਰਾਮਦੇਵ (1352-1385 ਈ.) ਦੀ ਥਾਂ ਥਾਂ ਤੂਤੀ ਬੋਲ ਰਹੀ ਸੀ। ਇਸ ਕਰਕੇ ਰਸਤੇ ਵਿੱਚ ਗੁਰੂ ਸਾਹਿਬ ਨੇ ਪੋਖਰਾਣ ਜਾਣਾ ਤਹਿ ਕੀਤਾ। ਜਿੱਥੇ ਪੀਰ ਰਾਮਦੇਵਰਾ ਦੀ ਸਮਾਧੀ ਹੈ ਉਹ ਜੈਸਲਮੈਰ ਤੋਂ ਕੋਈ 120 ਕਿਲੋਮੀਟਰ ਪੂਰਬ ਤੇ ਹੈ।

ਪੀਰ ਰਾਮਦੇਵ ਪੋਖਰਣ ਦਾ ਰਾਜਾ ਸੀ ਪਰ ਗਰੀਬ ਗੁਰਬੇ ਦੱਬੇ

ਪੈੜ ਸਫਾ

* ਗਿਆਨੀ -140, **ਬੀਕਾਨੇਰ ਨਹੀ ਜੈਸਲਮੇਰ** - ਕਈ ਲਿਖਾਰੀਆਂ ਸਰੇਵੜਿਆਂ ਵਾਲੀ ਸਾਖੀ ਬੀਕਾਨੇਰ ਨਾਲ ਜੋੜੀ ਜੋ ਸਹੀ ਨਹੀ ਲੱਗਦਾ। ਦਰ ਅਸਲ ਗਿਆਨੀ ਜਿਹੇ ਲਿਖਾਰੀਆਂ ਜਨਮ ਸਾਖੀ ਵਿੱਚ ਬੀਕਾਨੇਰ ਨੂੰ ਜਿਆਦਾ ਅਹਿਮੀਅਤ ਦਿੱਤੀ ਹੈ ਜੋ ਸਹੀ ਨਹੀ ਲੱਗਦਾ। ਯਾਦ ਰਹੇ ਬੀਕਾਨੇਰ ਦੀ ਨੀਂਹ ਗੁਰੂ ਸਾਹਿਬ ਦੇ ਇਸ ਇਲਾਕੇ ਦੇ ਆਗਮਨ ਦਿਨਾਂ ਵਿੱਚ ਹੀ ਰੱਖੀ ਗਈ ਸੀ। ਰਾਓ ਬੀਕਾ ਨੇ 1488 ਈ. ਵਿੱਚ ਤਾਂ ਇਥੇ ਪਹਿਲਾ ਕਿਲਾ ਬਣਾਇਆ ਸੀ। ਸੋ ਮੰਦਰ ਵਗੈਰਾ ਅਜੇ ਇਥੇ ਸਥਾਪਤ ਨਹੀ ਸਨ ਹੋਏ।

ਰਾਜਾ ਜੈਤਸੀਂਹ (1497-1530) ਗੂਗਲ ਕਰੋ➡ https://en.wikipedia.org/

ਗੁਰਦੁਆਰਾ ਸਾਹਿਬ ਪਹਿਲੀ ਪਾਤਸ਼ਾਹੀ ਕਲਿਆਤ

ਕੁਚਲੇ ਲੋਕਾਂ ਨਾਲ ਖਲੋਦਾ ਸੀ। ਉਸ ਦੇ ਜੀਵਨ ਨਾਲ ਕਈ ਕੌਤਕ ਵੀ ਜੁੜੇ ਹੋਏ ਹਨ। ਪੀਰ ਰਾਮਦੇਵ ਦੀ ਅੱਜ ਵੀ ਰਾਜਸਥਾਨ ਤੇ ਹਰਿਆਣਾ ਗੁਜਰਾਤ ਦੇ ਕੁਝ ਇਲਾਕਿਆਂ ਵਿੱਚ ਮਾਨਤਾ ਹੈ। ਕਿਉਕਿ ਉਹਦੀ ਸੰਗਤ ਕੁਝ ਮੁਸਲਮਾਨ ਪੀਰਾਂ ਨਾਲ ਹੋਈ ਵੀ ਦੱਸੀ ਜਾਂਦੀ ਹੈ ਜਿਸ ਤੋਂ ਲੱਗਦਾ ਹੈ ਕਿ ਉਹ ਵੀ ਇੱਕ ਅਕਾਲ ਨੂੰ ਮੰਨਦਾ ਸੀ। ਉਹਦੀ ਮਾਨਤਾ ਪਾਕਿਸਤਾਨ ਦੇ ਨਾਲ ਲੱਗਦੇ ਇਲਾਕੇ ਵਿੱਚ ਵੀ ਹੁੰਦੀ ਹੈ। ਰਾਮਦੇਵ ਸੱਚ ਮੁੱਚ ਇਨਕਲਾਬੀ ਸੰਤ ਸੀ ਉਸ ਨੇ ਓਨੀ ਦਿਨੀ ਹੀ ਛੂਆ ਛੂਤ ਦੀ ਵਿਰੋਧਤਾ ਕੀਤੀ ਸੀ। ਇਹ ਗੁਰੂ ਨਾਨਕ ਪਾਤਸ਼ਾਹ ਦੀ ਮਹਾਨਤਾ ਵਿੱਚ ਹੋਰ ਵੀ ਵਾਧਾ ਕਰਦਾ ਹੈ ਕਿ ਬਾਬਾ ਜੀ ਖਾਸ ਰਾਮਦੇਵਰਾ ਸੰਤ ਦੀ ਸਮਾਧੀ ਸਥਾਨ ਤੇ ਉਹਦੇ ਹਜਾਰਾਂ ਭਗਤਾਂ ਨੂੰ ਨਮਸਕਾਰ ਕਰਨ ਗਏ।

ਉਹਦੇ ਭਗਤ ਜਦੋਂ ਉਹਦੀ ਉਸਤਤ ਗਾਉਦੇ ਹਨ ਤਾਂ ਵਿੱਚ 'ਕਰਤਾਰ' ਲਫਜ ਵੀ ਸੁਣਨ ਨੂੰ ਮਿਲਦਾ ਹੈ ਜਿਸ ਦਾ ਸਾਫ ਮਤਲਬ ਹੈ ਕਿ ਰਾਮਦੇਵ ਦੇ ਭਗਤਾਂ ਵਿੱਚ ਵੀ ਗੁਰੂ ਸਾਹਿਬ ਆਪਣੀ ਛਾਪ ਛੱਡ ਗਏ ਸਨ।

ਰਾਮਦੇਵਰਾ ਪੋਖਰਣ ਸ਼ਹਿਰ ਤੋਂ ਕੋਈ 12 ਕਿਲੋਮੀਟਰ ਪਹਾੜ ਪਾਸੇ ਹੈ। ਜਦੋਂ ਪੋਖਰਣ ਗੁਰੂ ਸਾਹਿਬ ਅਰਾਮ ਫਰਮਾ ਰਹੇ ਸਨ ਤਾਂ ਲੋਕਾਂ ਨੇ ਫਰਿਆਦ ਕੀਤੀ ਕਿ ਮਿੱਠੇ ਪਾਣੀ ਲਈ ਓਨਾਂ ਨੂੰ ਦੂਰ ਜਾਣਾ ਪੈਂਦਾ ਹੈ ਤੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਮਿੱਠੇ ਜਲ ਦੀ ਬਖਸ਼ਸ਼ ਲੋਕਾਂ ਨੂੰ ਕੀਤੀ ਜਾਵੇ।

ਗੁਰੂ ਸਾਹਿਬ ਨੇ ਫਿਰ ਇਸ਼ਾਰਾ ਕਰਕੇ ਉਸ ਸਥਾਨ ਬਾਰੇ ਦੱਸਿਆ ਜਿੱਥੇ ਜਮੀਨ ਵਿੱਚ ਮਿੱਠਾ ਪਾਣੀ ਮੌਜੂਦ ਸੀ। ਖੂਹ ਪੁੱਟਣ ਤੇ ਮਿੱਠਾ ਜਲ ਨਿਕਲਿਆ ਜਿਸ ਕਰਕੇ ਗੁਰੂ ਸਾਹਿਬ ਦੀ ਧੁੰਮ ਹੋਰ ਵੀ ਇਲਾਕੇ ਵਿੱਚ ਵੱਧ ਗਈ। ਹਰ ਪਾਸੇ ਧੰਨ ਗੁਰੂ ਨਾਨਕ ਧੰਨ ਬਾਬਾ ਨਾਨਕ ਹੋ ਰਿਹਾ ਸੀ।

ਗੁਰੂ ਸਾਹਿਬ ਦੇ ਦੱਸੇ ਖੂਹ ਦਾ ਪਾਣੀ ਅੱਜ ਤੱਕ ਲੋਕ ਪੀਂਦੇ ਆ ਰਹੇ ਸਨ ਪਰ ਪਿੱਛੇ ਜਿਹੇ ਫੌਜ ਦੀ ਇੱਕ ਯੂਨਿਟ ਦੇ ਇੱਕ ਅਫਸਰ ਨੇ ਮੂਰਖਤਾ ਕੀਤੀ ਤੇ ਉਸ ਖੂਹ ਦੇ ਲਾਗੇ ਟਿਊਬਵੈਲ ਲਾ ਦਿੱਤਾ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਮਿੱਠਾ ਪਾਣੀ ਤੇ ਖਾਰਾ ਪਾਣੇ ਦੇ ਸਰੋਤ ਆਪਸ ਵਿੱਚ ਮਿਲ ਗਏ ਤੇ ਟਿਊਬਵੈਲ ਦਾ ਪਾਣੀ ਹੁਣ ਖਾਰਾ ਹੋ ਗਇਆ ਤੇ ਪੁਰਾਣਾ ਖੂਹ ਸੁੱਕ ਗਇਆ ਹੈ। ਅੱਜ ਉਸ ਪਵਿਤਰ ਖੂਹ ਤੇ ਗੁਰਮੁਖ ਪਿਆਰਿਆਂ ਨੇ ਸੁੰਦਰ ਵਿਸ਼ਾਲ ਯਾਦਗਾਰੀ ਅਸਥਾਨ ਉਸਾਰ ਦਿੱਤਾ ਹੈ: ਗੁਰਦੁਆਰਾ ਦਮਦਮਾ ਸਾਹਿਬ ਪੋਖਰਣ।

ਪੋਖਰਣ ਤੋਂ 60 ਕਿ. ਮੀ. ਚਲ ਕੇ ਗੁਰੂ ਸਾਹਿਬ ਫਲੌਦੀ ਪਹੁੰਚੇ। ਫਲੌਦੀ ਓਨੀ ਦਿਨੀ ਛੋਟੀ ਜਿਹੀ ਰਿਆਸਤ ਸੀ ਤੇ ਅਜ ਕਲ ਇਹ ਸ਼ਹਿਰ ਲੂਣ ਬਣਾਉਣ ਦੀ ਸਨਅਤ ਲਈ ਮਸ਼ਹੂਰ ਹੈ। ਇਥੇ ਵੀ ਗੁਰੂ ਸਾਹਿਬ ਨੇ ਜੈਨੀਆਂ ਤੇ ਹੋਰ ਪੱਥਰ ਪੂਜ ਲੋਕਾਂ

ਕਲਿਆਤ ਸਰੋਵਰ ਕਿਨਾਰੇ ਕਪਿਲ ਮੁਨੀ ਦੀ ਸਮਾਧੀ ਅਤੇ ਆਸ਼ਰਮ

ਨੂੰ ਰਾਹੇ ਪਾ ਇੱਕ ਨਿਰੰਕਾਰ ਦੀ ਹੋਂਦ ਦਾ ਸੁਨੇਹਾ ਦਿੱਤਾ ਤੇ ਅੱਗੇ ਚਲਦੇ ਬਣੇ।

——◈——

ਕਲਿਆਤ ਵਿਖੇ ਕਪਿਲ ਮੁਨੀ ਦਾ ਮੰਦਰ ਵੇਖਿਆ

ਇਸ ਅੱਗੇ ਫਿਰ 110 ਕਿ. ਮੀ. ਦਾ ਸਫਰ ਕਰਕੇ ਗੁਰੂ ਸਾਹਿਬ ਕਲਿਆਤ ਪਹੁੰਚੇ। ਕਲਿਆਤ ਉਹ ਜਗਾ ਹੈ ਜਿੱਥੇ ਹਿੰਦੂ ਧਰਮ ਦੇ ਪ੍ਰਸਿਧ ਰਿਸ਼ੀ ਕਪਿਲ ਮੁਨੀ ਨੇ ਸਰੀਰ ਤਿਆਗਿਆ ਸੀ। ਇਥੇ ਵੱਡੀ ਝੀਲ ਕਿਨਾਰੇ ਉਹਦੀ ਸਮਾਧੀ ਬਣੀ ਹੋਈ ਹੈ ਜਿੱਥੇ ਕਤਕ ਦੀ ਪੂਰਨਮਾਸ਼ੀ ਨੂੰ ਵੱਡਾ ਮੇਲਾ ਵੀ ਲੱਗਦਾ ਹੈ।* ਅੱਜ ਕਲ ਸਿੱਖ ਸ਼ਰਧਾਲੂਆਂ ਨੇ ਇਥੇ ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਵੀ ਬਣਾ ਦਿੱਤਾ ਹੈ।

84 ਸਿੱਧਾਂ ਵਿਚੋ ਇਕ ਯੋਗੀ ਚੰਦਰਨਾਥ ਵੀ ਕਲਿਆਤ ਤੋਂ ਹੀ ਹੋਏ ਨੇ। ਕੁਦਰਤੀ ਹੈ ਕਿ ਇਥੇ ਬਹੁਤ ਵੱਡਾ ਜੋਗੀ ਮੱਠ ਵੀ ਸੀ

ਕਪਿਲ ਮੁਨੀ ਵੀ ਨਾਸਤਕ ਸ਼੍ਰੇਣੀ ਦਾ ਰਿਸ਼ੀ ਹੋਇਆ ਹੈ। ਇਥੇ ਰਿਸ਼ੀ ਦੇ ਸਥਾਨ ਤੇ ਪਹੁੰਚ ਗੁਰੂ ਸਾਹਿਬ ਤੇ ਮਰਦਾਨੇ ਨੇ ਹੇਠ ਸ਼ੱਸ਼ੋਭਤ ਸ਼ਬਦ ਗਾਵਿਆ ਤੇ ਮੌਜੂਦ ਸਭ ਮਾਈ ਭਾਈ ਨੂੰ ਦੱਸਿਆਂ ਕਿ ਨਾਮ ਤੋਂ ਭਵਜਲ ਤਰਨਾ ਅਸੰਭਵ ਹੈ। ਭਾਵੇ ਕੋਈ ਕਿੱਢਾ ਵੀ ਰਿਸ਼ੀ ਮੁਨੀ ਹੋਵੇ ਜੇ ਨਾਮ ਦਾ ਆਸਰਾ ਨਹੀ ਲਿਆ ਤਾਂ ਉਹ 84 ਦੇ ਗੇੜ ਵਿੱਚ ਹੀ ਰਹੇਗਾ :-

ਮਾਰੂ ਅਸਟਪਦੀਆ ਮਹਲਾ ੧ ਘਰੁ ੧ ੴ ਸਤਿਗੁਰ ਪ੍ਰਸਾਦਿ ॥

ਬੇਦ ਪੁਰਾਣ ਕਥੇ ਸੁਣੇ ਹਾਰੇ ਮੁਨੀ ਅਨੇਕਾ ॥ ਅਠਸਠਿ ਤੀਰਥ ਬਹੁ ਘਣਾ ਭ੍ਰਮਿ ਥਾਕੇ ਭੇਖਾ ॥ ਸਾਚੋ ਸਾਹਿਬੁ ਨਿਰਮਲੋ ਮਨਿ ਮਾਨੈ ਏਕਾ ॥੧॥ ਤੂ ਅਜਰਾਵਰੁ ਅਮਰੁ ਤੂ ਸਭ ਚਾਲਣਹਾਰੀ ॥ ਨਾਮੁ ਰਸਾਇਣੁ ਭਾਇ ਲੈ ਪਰਹਰਿ ਦੁਖ ਭਾਰੀ ॥੧॥ ਰਹਾਉ ॥ ਹਰਿ ਪੜੀਐ ਹਰਿ ਬੁਝੀਐ ਗੁਰਮਤੀ ਨਾਮਿ ਉਧਾਰਾ ॥ ਗੁਰਿ ਪੂਰੈ ਪੂਰੀ ਮਤਿ ਹੈ ਪੂਰੈ ਸਬਦਿ ਬੀਚਾਰਾ ॥ ਅਠਸਠਿ ਤੀਰਥ ਹਰਿ ਨਾਮੁ ਹੈ

ਕਿਲਵਿਖ ਕਾਟਣਹਾਰਾ ॥੨॥ ਜਲੁ ਬਿਲੋਵੈ ਜਲੁ ਮਥੈ ਤਤੁ ਲੋੜੈ ਅੰਧੁ ਅਗਿਆਨਾ ॥ ਗੁਰਮਤੀ ਦਧਿ ਮਥੀਐ ਅੰਮ੍ਰਿਤੁ ਪਾਈਐ ਨਾਮੁ ਨਿਧਾਨਾ ॥ ਮਨਮੁਖ ਤਤੁ ਨ ਜਾਣਨੀ ਪਸੂ ਮਾਹਿ ਸਮਾਨਾ ॥੩॥ ਹਉਮੈ ਮੇਰਾ ਮਰੀ ਮਰੁ ਮਰਿ ਜੰਮੈ ਵਾਰੋ ਵਾਰ ॥ ਗੁਰ ਕੈ ਸਬਦੇ ਜੇ ਮਰੈ ਫਿਰਿ ਮਰੈ ਨ ਦੂਜੀ ਵਾਰ ॥ ਗੁਰਮਤੀ ਜਗਜੀਵਨੁ ਮਨਿ ਵਸੈ ਸਭਿ ਕੁਲ ਉਧਾਰਣਹਾਰ ॥੪॥ ਸਚਾ ਵਖਰੁ ਨਾਮੁ ਹੈ ਸਚਾ ਵਾਪਾਰਾ ॥ ਲਾਹਾ ਨਾਮੁ ਸੰਸਾਰਿ ਹੈ ਗੁਰਮਤੀ ਵੀਚਾਰਾ ॥ ਦੂਜੈ ਭਾਇ ਕਾਰ ਕਮਾਵਣੀ ਨਿਤ ਤੋਟਾ ਸੈਸਾਰਾ ॥੫॥ ਸਾਚੀ ਸੰਗਤਿ ਥਾਨੁ ਸਚੁ ਸਚੇ ਘਰ ਬਾਰਾ ॥ ਸਚਾ ਭੋਜਨੁ ਭਾਉ ਸਚੁ ਸਚੁ ਨਾਮੁ ਅਧਾਰਾ ॥ ਸਚੀ ਬਾਣੀ ਸੰਤੋਖਿਆ ਸਚਾ ਸਬਦੁ ਵੀਚਾਰਾ ॥੬॥ ਰਸ ਭੋਗਣ ਪਾਤਿਸਾਹੀਆ ਦੁਖ ਸੁਖ ਸੰਘਾਰਾ ॥ ਮੋਟਾ ਨਾਉ ਧਰਾਈਐ ਗਲਿ ਅਉਗਣ ਭਾਰਾ ॥ ਮਾਣਸ ਦਾਤਿ ਨ ਹੋਵਈ ਤੂ ਦਾਤਾ ਸਾਰਾ ॥੭॥ ਅਗਮ ਅਗੋਚਰੁ ਤੂ ਧਣੀ ਅਵਿਗਤੁ ਅਪਾਰਾ ॥ ਗੁਰ ਸਬਦੀ ਦਰੁ ਜੋਈਐ ਮੁਕਤੇ ਭੰਡਾਰਾ ॥ ਨਾਨਕ ਮੇਲੁ ਨ ਚੂਕਈ ਸਾਚੇ ਵਾਪਾਰਾ ॥੮॥੧॥ (ਸਗਗਸ-1009)

ਇਥੇ ਹੀ ਕੋਈ ਨਾਸਤਕ ਮਾਇਆਧਾਰੀ ਬੰਦਾ ਸਾਧੂ ਸੰਤਾਂ ਦੀ ਨਿੰਦਾ ਕਰ ਰਿਹਾ ਸੀ ਕਿ ਇਹ ਲੋਕ ਸਮਾਜ ਤੇ ਬੋਝ ਹਨ। ਸਾਧੂਆਂ ਦੀ ਬੇਨਤੀ ਤੇ ਫਿਰ ਉਸ ਦੇ ਪ੍ਰਥਾਇ ਗੁਰੂ ਸਾਹਿਬ ਨੇ ਭੈਰਉ ਰਾਗ ਵਿੱਚ ਇਹ ਸ਼ਬਦ ਕਿਹਾ:◉

ਭੁੰਡੀ ਚਾਲ ਚਰਣ ਕਰ ਖਿਸਰੇ ਤੁਚਾ ਦੇਹ ਕੁਮਲਾਨੀ ॥ ਨੇਤ੍ਰੀ ਧੁੰਧਿ ਕਰਨ ਭਏ ਬਹਰੇ ਮਨਮੁਖਿ ਨਾਮੁ ਨ ਜਾਨੀ ॥੧॥ ਅੰਧੁਲੇ ਕਿਆ ਪਾਇਆ ਜਗਿ ਆਇ ॥ ਰਾਮੁ ਰਿਦੈ ਨਹੀ ਗੁਰ ਕੀ ਸੇਵਾ ਚਾਲੇ ਮੂਲੁ ਗਵਾਇ ॥੧॥ ਰਹਾਉ ॥ ਜਿਹਵਾ ਰੰਗਿ ਨਹੀ ਹਰਿ ਰਾਤੀ ਜਬ ਬੋਲੈ ਤਬ ਫੀਕੇ ॥ ਸੰਤ ਜਨਾ ਕੀ ਨਿੰਦਾ ਵਿਆਪਸਿ ਪਸੂ ਭਏ ਕਦੇ ਹੋਹਿ ਨ ਨੀਕੇ ॥੨॥ ਅੰਮ੍ਰਿਤ ਕਾ ਰਸੁ ਵਿਰਲੀ ਪਾਇਆ ਸਤਿਗੁਰ ਮੇਲਿ ਮਿਲਾਏ ॥ ਜਬ ਲਗੁ ਸਬਦ ਭੇਦੁ ਨਹੀ ਆਇਆ ਤਬ ਲਗੁ ਕਾਲੁ ਸੰਤਾਏ ॥੩॥ ਅਨ ਕੋ ਦਰੁ ਘਰੁ ਕਬਹੂ ਨ ਜਾਨਸਿ ਏਕੋ ਦਰੁ ਸਚਿਆਰਾ ॥ ਗੁਰ ਪਰਸਾਦਿ ਪਰਮ ਪਦੁ ਪਾਇਆ ਨਾਨਕੁ ਕਹੈ ਵਿਚਾਰਾ ॥੪॥ (ਸਗਗਸ-1126)

ਕਲਿਆਤ ਤੋਂ 45 ਕਿ.ਮੀ. ਦਾ ਪੈਂਡਾ ਕਰਕੇ ਗੁਰੂ ਸਾਹਿਬ ਬੀਕਾਨੇਰ ਪਹੁੰਚੇ ਤੇ ਓਥੋਂ ਦੇ ਰਾਜੇ ਨੂੰ ਨਿਰੰਕਾਰ ਦਾ ਉਪਦੇਸ਼ ਦਿੱਤਾ ਅਤੇ ਸਮਝਾਇਆ ਇਕ ਇਹ ਦੇਵੀ ਦੇਵਤੇ ਜਾਂ ਸਰੇਵੜੇ ਨਿਰੰਕਾਰ ਦੇ ਸਿਧਾਂਤ ਤੋਂ ਸੱਖਣੇ ਹਨ ਇਸ ਕਰਕੇ ਮਰਨ ਜੀਉਣ ਦੇ ਚੱਕ੍ਰ ਵਿਚ ਹਨ।

———◈———

ਸਿੱਧ ਜੋਗੀਆਂ ਨੂੰ ਰਾਹੇ ਪਾਉਣ ਗੁਰੂ ਜੀ ਸਾਹਵਾ ਆਏ

ਬੀਕਾਨੇਰ ਤੋਂ ਕੋਈ 200 ਕਿ. ਮੀ. ਚੱਲ ਕੇ ਗੁਰੂ ਸਾਹਿਬ ਸਾਹਵਾ ਆਏ।

ਸਾਹਵਾ ਜਿਲਾ ਚੁਰੂ ਰਾਜਸਥਾਨ ਵਿਖੇ ਵੀ ਜੋਗੀਆਂ ਦਾ ਮਸ਼ਹੂਰ ਮੱਠ ਸੀ। ਇਸ ਰੇਗਿਸਤਾਨੀ ਇਲਾਕੇ ਵਿਚ ਜੋਗੀਆਂ ਨੇ ਬੜੇ ਟਿਕਾਣੇ ਸਿਰ ਆਸ਼ਰਮ ਬਣਾਇਆ ਹੋਇਆ ਸੀ ਭਾਵ ਲਾਗੇ ਇਕ ਛੋਟਾ ਜਿਹਾ ਪਰ ਡੂੰਘਾ ਤਲਾਬ ਸੀ। ਜਿਸ ਵਿਚ ਪਾਣੀ 12 ਮਹੀਨੇ ਨਹੀ ਸੀ ਸੁੱਕਦਾ।

ਗੁਰੂ ਸਾਹਿਬ ਨੇ ਡੇਰਾ ਜੋਗੀਆਂ ਦੇ ਮੱਠ ਤੋਂ ਹਟਵਾਂ ਜੰਮਾਇਆ

ਪੈਂਡਾ ਸਫ਼ਾ

◉ ਕਪਿਲ ਮੁਨੀ ਜਿਸ ਨੇ ਸੰਖਿਅਕੀ ਪੁਰਾਣ ਦੀ ਰਚਨਾ ਕੀਤੀ ਦੀ ਸਖਸੀਅਤ ਬਾਰੇ ਵੀ ਹਿੰਦੂ ਧਰਮ ਵਿੱਚ ਬੜਾ ਬਖੇੜਾ ਹੈ। ਕੋਈ ਕਹਿੰਦਾ ਉਹ 2700 ਸਾਲ ਪਹਿਲਾਂ ਹੋਇਆ ਸੀ। ਪਰ ਨਾਲ ਹੀ ਉਹਦਾ ਨਾਂ ਵੇਦਾਂ ਵਿੱਚ ਵੀ ਆਉਦਾ ਹੈ। ਇਥੇ ਕਲਿਆਤ ਵਿੱਚ ਕਪਿਲ ਮੁਨੀ ਦੀ ਜੋ ਕਥਾ ਸੁਣਾਈ ਜਾਂਦੀ ਹੈ ਉਹ ਉਨ੍ਹੂੰ ਸਲਵਾਨ ਰਾਜੇ ਦਾ ਸਮਕਾਲੀ ਦਸਦੀ ਹੈ।

ਖੈਰ ਇਸ ਰਿਸ਼ੀ ਦੇ ਨਾਂ ਨਾਲ ਸੰਖਿਅਕੀ ਸਿਧਾਂਤ ਜੁੜਿਆ ਹੋਇਆ ਜਿਸ ਨੂੰ ਗੁਰੂ ਸਾਹਿਬ ਨੇ ਨਕਾਰਿਆ ਤੇ ਸਬਦ ਰਚਿਆ।

**ਸੋਢੀ-353 ਨੇ ਇਹ ਸ਼ਬਦ ਬੀਕਾਨੇਰ ਵਿਖੇ ਰਚਿਆ ਜਾਣਾ ਦੱਸਿਆ ਹੈ। ਸਾਧੂਆਂ ਨਾਲ ਮੇਲ ਕਲਿਆਤ ਵਿਖੇ ਹੋਣ ਦੀ ਜਿਆਦਾ ਸੰਭਾਵਨਾ ਹੈ। ਬੀਕਾਨੇਰ ਅਜੇ ਨਵਾਂ ਨਵਾਂ ਸ਼ਹਿਰ ਬਣਿਆ ਸੀ। ਕੋਈ ਧਾਰਮਿਕ ਅਸਥਾਨ ਵਜੋਂ ਮਸ਼ਹੂਰ ਨਹੀ ਸੀ।

ਗੁਰਦੁਆਰਾ ਸਾਹਿਬ ਸਾਹਵਾ ਪਾਤਸ਼ਾਹੀ ਪਹਿਲੀ ਅਤੇ ਦਸਵੀ

ਹੋਇਆ ਸੀ। ਗੁਰੂ ਸਾਹਿਬ ਦੀ ਜੋਗੀਆਂ ਨਾਲ ਇਕ ਬੈਠਕ ਹੋ ਚੁੱਕੀ ਸੀ ਜਿਸ ਵਿਚ ਸਾਹਿਬ ਨੇ ਉਨਾਂ ਨੂੰ ਦੱਸਿਆ ਸੀ ਕਿ ਅਕਾਲ ਪੁਰਖ ਦੀ ਭਗਤੀ ਬਿਨਾਂ ਜੋਗ ਵਿਅੱਰਥ ਹੈ। ਪਰ ਅਜੇ ਤਕ ਜੋਗੀਆਂ ਦੀ ਪੂਰੀ ਤਸੱਲੀ ਨਹੀ ਸੀ ਹੋਈ।

ਕਰਨੀ ਰੱਬ ਦੀ ਕਿ ਲੱਖ ਸ਼ਾਹ ਨਾਂ ਦੇ ਵਣਜਾਰੇ ਦਾ ਕਾਫਲਾ ਇਸ ਪਾਸਿਓ ਦੀ ਗੁਜਰ ਰਿਹਾ ਸੀ ਕਿ ਉਨਾਂ ਨੂੰ ਪਿਆਸ ਲੱਗੀ। ਪੁੱਛਦੇ ਪੁਛਾਂਦੇ ਵਣਜਾਰਾ ਜੋਗੀਆਂ ਦੇ ਮੱਠ ਤੇ ਪਹੁੰਚ ਗਇਆ। ਜੋਗੀਆਂ ਦੇ ਮੱਠ ਲਾਗੇ ਪਾਣੀ ਦਾ ਤਲਾਬ ਤਾਂ ਮੌਜੂਦ ਸੀ ਪਰ ਉਹਨਾਂ ਨੇ ਕਿਹਾ ਕਿ ਬੰਦੇ ਤਾਂ ਇਥੋਂ ਪਾਣੀ ਪੀ ਲੈਣ ਪਰ ਜਾਨਵਰਾਂ ਨੂੰ ਪਾਣੀ ਡਾਹੁੰਣ ਤੋਂ ਜੋਗੀਆਂ ਨੇ ਮਨਾ ਕਰ ਦਿਤਾ।

ਸਬੱਬੀਂ ਕੁਝ ਦੇਰ ਬਾਦ ਵਣਜਾਰੇ ਦਾ ਮੇਲ ਗੁਰੂ ਸਾਹਿਬ ਨਾਲ ਹੋ ਗਇਆ। ਵਣਜਾਰੇ ਨੇ ਪਹਿਲਾਂ ਹੀ ਗੁਰੂ ਸਾਹਿਬ ਦੀ ਉਸਤਤ ਸੁਣ ਰੱਖੀ ਸੀ ਪਰ ਉਹਨੂੰ ਇਹ ਨਹੀ ਸੀ ਪਤਾ ਕਿ ਸਾਅਵੇ ਵਿਖੇ ਗੁਰੂ ਨਾਨਕ ਹੀ ਆਏ ਹੋਏ ਹਨ। ਜਦੋਂ ਵਣਜਾਰੇ ਨੂੰ ਗੁਰੂ ਸਾਹਿਬ ਦੀ ਪਛਾਣ ਦਾ ਪਤਾ ਲੱਗਾ ਤਾਂ ਗੱਦ ਗੱਦ ਹੋ ਉੱਠਿਆ। ਗੁਰਮਤ ਦੀਆਂ ਗੱਲਾਂ ਬਾਤਾਂ ਹੋਈਆਂ। ਵਣਜਾਰੇ ਨੇ ਸ਼ਿਕਾਇਤ ਕੀਤੀ ਕਿ ਬਾਬਾ ਜੀ ਕਿਸੇ ਤਰਾਂ ਜੋਗੀਆਂ ਨੂੰ ਸਮਝਾਓ ਮੇਰੇ ਜਾਨਵਰ ਪਿਆਸੇ ਨੇ, ਪਾਣੀ ਪੀ ਲੈਣ ਦੇਣ। ਗੁਰੂ ਸਾਹਿਬ ਜੋਗੀਆਂ ਦਾ ਹੱਠ ਜਾਣਦੇ ਸਨ।

ਗੁਰੂ ਸਾਹਿਬ ਨੇ ਮਿੱਟੀ ਵਿਚ ਛੋਟਾ ਜਿਹਾ ਟੋਆ ਪੁੱਟਿਆ ਤੇ ਥੋੜਾ ਜਿਹਾ ਪਾਣੀ ਉਸ ਵਿਚ ਪਾ ਦਿੱਤਾ। ਵਣਜਾਰੇ ਨੂੰ ਕਿਹਾ ਕਿ ਆਪਣੇ ਜਾਨਵਰ ਲੈ ਆਉ ਤੇ ਪਾਣੀ ਡਾਹ ਲਵੋ। ਮਨ ਵਿਚ ਸ਼ੰਕਾ ਹੋਣ ਦੇ ਬਾਵਜੂਦ ਵਣਜਾਰਾ ਆਪਣੇ ਪਸ਼ੂ ਲੈ ਆਇਆ ਤੇ ਵਾਰੀ ਵਾਰੀ ਸਾਰੇ ਜਾਨਵਰਾਂ ਨੂੰ ਪਾਣੀ ਪਿਲਾ ਦਿਤਾ। ਵਣਜਾਰਾ ਹੈਰਾਨ ਸੀ ਕਿ ਪਾਣੀ ਓਨਾਂ ਦਾ ਓਨਾਂ ਟੋਏ ਵਿਚ ਮੌਜੂਦ ਸੀ। ਵਣਜਾਰਾ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਪਇਆ।

ਏਸ ਕੌਤਕ ਕਰਕੇ ਪੂਰਾ ਇਲਾਕਾ ਸਾਅਵੇ ਨੂੰ ਉਮੰਡ ਆਇਆ। ਇਥੇ ਵੀ ਵੱਡੀ ਸੰਗਤ ਖੜੀ ਹੋ ਗਈ ਵਕਤ ਪਾ ਕੇ ਦਸਵੇ ਪਾਤਸ਼ਾਹ ਦਾ ਵੀ ਸਾਹਵੇ ਆਉਣਾ ਹੋਇਆ ਹੈ।

———◈———

ਗੁੱਗਾਪੀਰ ਦੇ ਦਦਰੇਵਾ ਅਤੇ ਗੁੱਗਾਮੜੀ ਵੀ ਗਏ ਗੁਰੂ ਸਾਹਿਬ

ਸਾਅਵੇ ਤੋਂ ਸਾਹਿਬ 55 ਕਿ. ਮੀ ਪੈਂਡਾ ਕਰਕੇ ਗੁੱਗਾਪੀਰ ਦੇ ਸਥਾਨ ਦਦਰੇਵਾ ਪਹੁੰਚੇ ਹੋਣਗੇ। ਲਾਗੇ ਗੁੱਗਾਮੜੀ ਪਹੁੰਚਣ ਬਾਰੇ ਤਾਂ ਇਤਹਾਸ ਵਿਚ ਵੀ ਜਿਕਰ ਹੈ।

ਗੁੱਗਾ ਜਿਹਨੂੰ ਗੋਗਾ ਜੀ, ਜਾਹਰ ਵੀਰ ਗੋਗਾ, ਗੁੱਗਾ ਚੌਹਾਨ, ਗੁੱਗਾ ਰਾਣਾ, ਗੁੱਗਾ ਬੀਰ ਆਦਿ ਨਾਵਾਂ ਨਾਲ ਪੂਰੇ ਉੱਤਰ-ਪੱਛਮੀ ਭਾਰਤ ਭਾਵ ਰਾਜਸਥਾਨ, ਹਰਿਆਣਾ, ਹਿਮਾਚਲ, ਪੱਛਮੀ ਯੂ ਪੀ, ਪੰਜਾਬ, ਪੱਛਮੀ (ਪੰਜਾਬ) ਜੰਮੂ, ਗੁਜਰਾਤ ਵਿਚ ਨਾਗ ਦੇਵਤਾ ਕਰਕੇ ਪੂਜਿਆ ਜਾਂਦਾ ਰਿਹਾ ਹੈ।

ਗੁੱਗਾ

ਇਸ ਬਾਰੇ ਇਤਹਾਸਿਕ ਸਰੋਤ ਤਾਂ ਨਹੀ ਮਿਲਦੇ ਪਰ ਉੱਤੇ ਦੱਸੇ ਇਲਾਕਿਆਂ ਵਿਚ ਗੁੱਗੇ ਬਾਰੇ ਬੜੀ ਤਾਕਤਵਰ ਪ੍ਰੰਪਰਾਗਤ ਕਥਾਵਾਂ ਮਸ਼ਹੂਰ ਨੇ। ਵਿਦਵਾਨਾਂ ਨੇ ਅੰਦਾਜ਼ਾ ਲਾਇਆਂ ਹੈ ਕਿ ਗੁੱਗਾ 1000 ਕੁ ਸਾਲ ਪਹਿਲਾਂ ਰਾਜਸਥਾਨ ਵਿਚ ਕਿਸੇ ਛੋਟੀ ਜਿਹੀ ਰਿਆਸਤ ਦਾ ਰਾਜਾ ਸੀ।*

ਗੁਰੂ ਸਾਹਿਬ ਦਾ ਇਥੇ ਆਮਦ ਬਾਰੇ ਇਤਹਾਸ ਵਿਚ ਤਾਂ ਕੋਈ ਜਿਕਰ ਨਹੀ ਪਰ ਸਾਨੂੰ ਅੰਦਾਜ਼ਾ ਹੈ ਕਿ ਗੁਰੂ ਸਾਹਿਬ ਜਰੂਰ ਇਥੇ ਵੀ ਪਹੁੰਚੇ ਹੋਣਗੇ ਇਨਾਂ ਸੱਪਾਂ ਦੇ ਦੇਵਤੇ ਦੇ ਸਥਾਨ ਦਾ ਵਰਤਾਰਾ ਸਮਝਣ ਵਾਸਤੇ। ਕਿਉਕਿ ਸਾਅਵੇ ਤੋਂ ਦਦਰੇਵਾ ਨੇੜੇ ਹੀ ਪੈਂਦਾ ਹੈ। ਗੁੱਗਾਮੜੀ ਤਾਂ ਬਿਲਕੁਲ ਹੀ ਸਿਰਸੇ ਦੇ ਰਾਹ ਵਿਚ ਹੈ।

ਗੁੱਗਾਮੜੀ ਜਾਂ ਗੋਗਾਮੇੜੀ

ਦਦਰੇਵਾ ਭਾਵ ਗੁੱਗੇ ਦੇ ਜਨਮ ਅਸਥਾਨ ਤੋਂ 60 ਕਿ. ਮੀ.

ਗੁੱਗੇ ਪੀਰ ਦੇ ਸ਼ਰਧਾਲੂ ਬਹੁਤੇ ਸਿੱਧੇ ਸਾਦੇ ਪੇਂਡੂ ਲੋਕ ਹੋਇਆ ਕਰਦੇ ਸਨ ਜਿੰਨਾਂ ਨੂੰ ਸੱਪ ਆਦਿ ਕੀੜਿਆਂ ਤੋਂ ਬਹੁਤ ਡਰ ਰਹਿੰਦਾ ਹੁੰਦਾ ਸੀ। ਅੱਜ ਵੀ ਰਾਜਸਥਾਨ ਦੇ ਇਸ ਇਲਾਕੇ ਜੋ ਬਹੁਤੇ ਸ਼ਰਧਾਲੂ ਆਉਦੇ ਹਨ ਜਿਆਦਾ ਸਿੱਧ ਪੱਧਰੇ ਜਿਹੇ ਲੋਕ ਹਨ। ਤਸਵੀਰ ਗਗਰੇਵਾ ਦੀ ਹੈ। ਜਿਥੇ ਗੁੱਗੇ ਦਾ ਜਨਮ ਹੋਇਆ। ਵੇਖੋ ਇਥੇ ਇਕ ਪੁਰਾਤਨ ਰੁੱਖ ਤੇ ਲੋਕਾਂ ਨੇ ਕਿਵੇ ਮੌਲੀਆਂ ਬੰਨੀਆਂ ਹੋਈਆਂ ਕਿ ਸਾਡੀ ਕਾਮਨਾ ਪੂਰੀ ਹੋਣ ਤੇ ਆ ਕੇ ਅਸੀ ਮੌਲੀ ਲਾਹਵਾਂਗੇ। (ਵਿਚ) ਜਨਮ ਅਸਥਾਨ ਦੀ ਮੁੱਖ ਜਗਾ ਜਿਥੇ ਪੁਰਾਤਨ ਮੂਰਤੀਆਂ ਜੜੀਆ ਪਈਆਂ ਹਨ। ਪੂਜਾਰੀਆਂ ਦਾ ਕਹਿਣਾ ਹੈ ਕਿ ਮੂਰਤੀਆਂ ਖੁਦਾਈ ਦੌਰਾਨ ਨਿਕਲੀਆਂ ਹਨ।

ਪਹਾੜ ਪਾਸੇ ਚਲ ਕੇ ਗੁਰੂ ਸਾਹਿਬ ਗੁੱਗਾਮੜੀ ਵੀ ਪਹੁੰਚਣ ਬਾਰੇ ਗਿਆਨੀ-141 ਨੇ ਵੀ ਲਿਖਿਆ ਹੈ। ਗੁੱਗਾਮੜੀ ਗੁੱਗਾ ਸ਼ਰਧਾਲੂ ਮੰਨਦੇ ਹਨ ਕਿ ਗੁੱਗੇ ਨੇ ਅੰਤਮ ਸਾਹ ਲਿਆ ਸੀ। ਕਿਉਕਿ ਇਹ ਬਿਲਕੁਲ ਸਰਸੇ ਦੇ ਰਾਹ ਵਿਚ ਪੈਂਦਾ ਹੈ। ਅੰਦਾਜ਼ਾ ਹੈ ਕਿ ਗੁਰੂ ਸਾਹਿਬ ਇਥੇ ਆਮ ਦਿਨਾਂ ਵਿਚ ਪਹੁੰਚੇ। ਮੇਲਾ ਸਾਵਣ ਦੇ ਮਹੀਨੇ ਲਗਦਾ ਹੈ ਜਿਸ ਕਾਰਨ ਗੁਰੂ ਸਾਹਿਬ ਦਾ ਇਥੇ ਪਧਾਰਨਾ ਇਤਹਾਸ ਵਿਚ ਜਿਆਦਾ ਉਜਾਗਰ ਨਾਂ ਹੋਇਆ। ਕਿਉਕਿ ਜਿੱਥੇ ਜਿੱਥੇ ਉਹਨਾਂ ਕੌਤਕ ਕੀਤੇ ਉਹ ਸਥਾਨ ਤਾਂ ਇਤਹਾਸ ਵਿਚ ਉਘੜ ਗਏ।

———◈———

ਗੁੱਗੇ ਦੀ ਰਿਆਸਤ ਦਾ ਨਾਂ ਬਾਗੜ ਦੇੜਗਾ ਕਿਹਾ ਜਾਂਦਾ ਹੈ ਜੋ ਅੱਜ ਦੇ ਗੰਗਾ ਨਗਰ ਇਲਾਕੇ ਵਿਚ ਸੀ। ਇਹਨੂੰ ਜੰਗਲ ਦੇਸ ਵੀ ਕਿਹਾ ਜਾਂਦਾ ਰਿਹਾ ਹੈ। ਗੁੱਗੇ ਦਾ ਪਿਤਾ ਦਾ ਨਾਂ ਵੱਛਾ ਸੀ ਜੋ ਜੰਗਲ ਦੇਸ ਦਾ ਰਾਜਾ ਸੀ।

ਲੋਕ ਕਥਾ ਮੁਤਾਬਿਕ ਗੁੱਗਾ ਰਾਣੀ ਬੱਛਲ ਦੇ ਘਰ ਪੈਦਾ ਹੋਇਆ। ਬਛਲ ਰਾਜਪੂਤ ਰਾਣੇ ਕੰਵਰਪਾਲ ਦੀ ਧੀ ਸੀ। ਕੰਵਰਪਾਲ ਬਾਰੇ ਇਤਹਾਸ ਵਿਚ ਜਿਕਰ ਮਿਲ ਜਾਂਦਾ ਹੈ ਜੋ 1173 ਈ ਵਿਚ ਸਿਰਸੇ ਰਾਜ ਕਰਦਾ ਸੀ। ਗੁੱਗਾ ਦਾ ਬਚਪਨ ਦਦਰੇਵਾ ਪਿੰਡ ਦਾ ਹੀ ਹੈ।

ਗੁੱਗਾ ਤੰਦੂੱਲ ਨਗਰੀ ਦੇ ਰਾਜਾ ਸਿੰਧਾ ਸਿੰਘ ਦੀ ਧੀ ਸ਼੍ਰੀਆਲ ਰੋਜ ਨੂੰ ਮੁਹੱਬਤ ਕਰਦਾ ਸੀ। ਪਰ ਗੁੱਗਾ ਨੂੰ ਜਦੋਂ ਪਤਾ ਲੱਗਾ ਕਿ ਉਹਦੇ ਚਚੇਰੇ ਭਰਾ ਅਰਜਨ ਅਤੇ ਸਰਜਨ ਦੀ ਵੀ ਅੱਜ ਸ਼੍ਰੇਆਲ ਤੇ ਹੈ ਤਾਂ ਗੁੱਗੇ ਨੇ ਦੋਵੇ ਭਰਾ ਮਾਰ ਦਿੱਤੇ। ਜਿਸ ਤੇ ਉਹਦੀ ਮਾਂ ਬੱਛਲ ਸਖਤ ਗੁੱਸੇ ਹੋ ਗਈ ਤੇ ਉਸ ਨੇ ਗੁੱਗੇ ਨੂੰ ਕਿਹਾ ਕਿ ਜੀਂਦਾ ਜੀ ਮੈਨੂੰ ਮੂੰਹ ਨਾਂ ਵਿਖਾਈ।

ਲੋਕ ਕਥਾਵਾਂ ਦੱਸਦੀਆਂ ਹਨ ਕਿ ਉਹ ਜੋਗੀ ਹਾਜੀ ਰਤਨ ਰਾਂਹੀ ਗੋਰਖਪੰਥੀ ਜੋਗੀ ਬਣ ਗਿਆ ਸੀ। ਧਿਆਨ ਰਹੇ ਹਾਜੀ ਰਤਨ ਕਹਿਣ ਨੂੰ ਤਾਂ ਜੋਗੀ ਸੀ ਪਰ ਹੈ ਉਹ ਮੁਸਲਮਾਨ ਸੀ। ਹਾਜੀ ਰਤਨ ਓਹਨਾਂ ਸਮਿਆ ਵਿਚ ਹੋਇਆ ਹੈ ਜਦੋਂ ਇਸਲਾਮ ਅਜੇ ਨਵਾਂ ਨਵਾਂ ਉਠਿਆ ਸੀ।

ਮੁੱਕਦੀ ਗਲ ਗੁੱਗਾ ਉੱਤਰ ਪੱਛਮੀ ਭਾਰਤ ਵਿਚ ਸੱਪਾਂ ਜਾਂ ਨਾਗਾਂ ਦਾ ਦੇਵਤਾ ਕਰਕੇ ਪੂਜਿਆ ਜਾਣ ਲੱਗਾ। ਪਿੰਡ ਪਿੰਡ ਵਿਚ ਗੁੱਗੇ ਦੀ ਥਾਵਾਂ ਬਣੀਆ ਹੁੰਦੀਆਂ ਸਨ। ਜਿਥੇ ਵੀ ਕਿਤੇ ਵੀ ਸੱਪ ਦੀ ਵਰਮੀ ਹੁੰਦੀ ਸੀ ਉਥੇ ਗੁੱਗੇ ਦਾ ਝੰਡਾ ਲਗ ਜਾਂਦਾ। ਗੁੱਗਾ ਘਰ ਘਰ ਦਾ ਪੀਰ ਸੀ, ਦੇਵਤਾ ਸੀ। ਇਸ ਖਿੱਤੇ ਵਿਚ ਇਸਲਾਮ ਦੇ ਫੈਲਾਅ ਤੋਂ ਪਹਿਲਾਂ ਗੁੱਗਾ ਪੀਰ ਸ਼ਾਇਦ ਸਭ ਤੋਂ ਵੱਡੇ ਫਿਰਕਿਆਂ ਵਿਚੋਂ ਇਕ ਸੀ।

———◈———

ਅਪ੍ਰੈਲ/ਮਈ 1518

ਮਰਦਾਨੇ ਨੂੰ ਅੱਕ ਦੀਆਂ ਖੱਖੜੀਆਂ ਖਵਾ ਦਿੱਤੀਆਂ

ਜੈਸਲਮੇਰ ਤੋਂ ਗੁਰੂ ਸਾਹਿਬ ਦਾ ਪੰਜਾਬ ਨੂੰ ਪਰਤਣਾ ਅਤੇ ਉਹ ਵੀ ਜੈਸਲਮੇਰ- ਬੀਕਾਨੇਰ- ਭਟਨੇਰ (ਅੱਜ ਦਾ ਹਨੂਮਾਨਗੜ੍ਹ) ਵਾਲੀ ਜਰਨੈਲੀ ਸੜ੍ਹਕ ਫੜ (ਪੱਛਮੀ) ਪੰਜਾਬ ਵਲ ਜਾਣ ਦਾ ਰੂਟ ਤਹਿ ਕਰਨਾਂ ਰੋਂਗਟੇ ਖੜੇ ਕਰ ਦਿੰਦਾ ਹੈ। ਘੋਰ ਰੇਗਿਸਤਾਨੀ ਇਲਾਕੇ ਜੈਸਲਮੇਰ ਤੋਂ ਭਟਨੇਰ ਵਲ ਦਾ ਲੱਗ ਪਗ 550 ਕਿ. ਮੀ. ਦੇ ਸਫਰ। ਕਿੰਨੀ ਦਲੇਰੀ ਤੇ ਭਰੋਸਾ ਹੋਵੇਗਾ ਗੁਰੂ ਸਾਹਿਬ ਵਿੱਚ।

ਜੈਸਲਮੇਰ ਤੋਂ ਬੀਕਾਨੇਰ ਅਤੇ ਸਾਹਵੇ ਤਕ ਤਾਂ ਮਰਦਾਨਾ ਖਾਣ ਪੀਣ ਦਾ ਸਮਾਨ ਨਾਲ ਲਈ ਫਿਰਦਾ ਰਿਹਾ।

ਲੰਮੇ ਸਫਰਾਂ ਦਾ ਪਾਂਧੀ ਮਰਦਾਨਾ ਹੁਣ ਪੂਰੀ ਤਰਾਂ ਸਫਰ ਲਈ ਢਲ ਚੁੱਕਾ ਹੋਇਆ ਸੀ। ਉਹ ਪੈਂਡੇ ਲਈ ਆਪਣਾ ਖਾਣ ਪੀਣ ਦਾ ਇੰਤਜਾਮ ਕਰ ਲੈਂਦਾ ਸੀ। ਪਰ ਸਾਹਵੇ ਤੋਂ ਐਤਕਾਂ ਭੁੱਜੇ ਦਾਣੇ ਥੋੜੇ ਸਨ ਜਾਂ ਫਿਰ ਲੈ ਨਹੀ ਪਾਇਆ। ਪਿੱਛੇ ਰੇਗਸਤਾਨ ਦਾ ਸਾਰਾ ਸਫਰ ਸੁਹਾਵਣੇ ਜਾਂ ਠੰਡ ਦੇ ਮੌਸਮ ਵਿੱਚ ਬੀਤਿਆ ਸੀ। ਪਹਿਲਾਂ ਤਾਂ ਰਸਤੇ ਵਿਚ ਮਲਿਆਂ ਦੇ ਬੇਰ ਵੀ ਸਨ। ਪਰ ਹੁਣ ਬੇਰਾਂ ਦਾ ਮੌਸਮ ਵੀ ਜਾ ਚੁੱਕਾ ਸੀ।

ਸਾਹਵੇ ਤੋਂ ਦਦਰੇਵਾ ਫਿਰ ਗੁੱਗਾਮੜੀ ਅਤੇ ਮਰਦਾਨੇ ਦਾ ਸਟਾਕ ਮੁੱਕ ਚੁੱਕਾ ਸੀ ਇਹਦੇ ਬਾਵਜੂਦ ਉਹ ਸਿਰਫ ਪਾਣੀ ਦੀ ਮਸ਼ਕ ਲੈ ਕੇ ਹੀ ਰੇਗਸਤਾਨ ਇਲਾਕੇ ਵਿਚ ਠੱਲ ਪਏ। ਕੁਝ ਚਿਰ ਸਫਰ ਕਰਨ ਉਪਰੰਤ ਲੋਢੇ ਵੇਲੇ ਜਿਹੇ ਮਰਦਾਨੇ ਨੂੰ ਭੁੱਖ ਨੇ ਸਤਾਉਣਾ ਸ਼ੁਰੂ ਕਰ ਦਿਤਾ। ਅਜਿਹੀ ਹਾਲਤ ਹੋਈ ਕਿ ਮੀਲਾਂ ਤਕ ਕੋਈ ਬਸਤੀ ਨਹੀ ਆਈ। ਜਿਥੋਂ ਕਿ ਕੁਝ ਮੂੰਹ ਵਿੱਚ ਪਾ ਲੈਂਦਾ। ਰਾਤ ਵੀ ਬਾਹਰ ਰੇਗਸਤਾਨ ਵਿਚ ਬਿਤਾਈ। ਦੂਸਰਾ ਦਿਨ ਚੜਿਆ ਤਾਂ ਮਰਦਾਨਾ ਭੁੱਖ ਦੇ ਮਾਰੇ ਨਢਾਲ ਹੋ ਗਇਆ ਸੀ। ਗੁਰੂ ਸਾਹਿਬ ਦੇ ਹੌਸਲਾ ਦੇਣ ਤੇ ਥੋੜਾ ਬਹੁਤ ਤੁਰਿਆ। ਫਿਰ ਆਖਰ ਬਹਿ ਹੀ ਗਿਆ। ਕਹਿੰਦਾ ਬਾਬਾ ਹੁਣ ਨਹੀ ਹਿੱਲਿਆ ਜਾਂਦਾ। ਰਾਹ ਦੇ ਲਾਗੇ ਚਾਗੇ ਖਾਣ ਨੂੰ ਕੋਈ ਦਾਣਾ ਤੀਲਾ ਨਜਰ ਨਹੀ ਸੀ ਆ ਰਿਹਾ।

ਥੋੜਾ ਹਟਵਾ ਵੇਖਿਆ ਤਾਂ ਅੱਕ (ਹਿੰਦੋਸਤਾਨੀ : ਮਦਾਰ) ਦਾ ਬੂਟਾ ਨਜਰ ਆਇਆ। ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਮਰਦਾਨਿਆ ਉਹ ਵੇਖ ਕਿੰਡੇ ਸੋਹਣੇ ਫਲ ਲੱਗੇ ਨੇ। ਜਾ ਤੋੜ ਤੇ ਖਾ ਲੈ। ਪਰ ਪੱਲੇ ਨਾਂ ਬੰਨੀ।

ਗੁੱਸੇ ਵਿੱਚ ਮਰਦਾਨਾ ਬੋਲਿਆ ਕਿ 'ਚੰਗਾ ਹੁਣ ਜਹਿਰ ਖਵਾ ਕੇ ਮਾਰ ਦੇ ਮੈਨੂੰ!'

ਗੁਰੂ ਜੀ ਨੇ ਕਿਹਾ ਨਹੀ ਮਰਦਾਨਿਆ ਇਹ ਜ਼ਹਿਰ ਨਹੀ ਇਹ ਤਾਂ ਤੇਰੇ ਲਈ ਅੰਮ੍ਰਿਤ ਨਿਆਈ ਹੈ ਖਾ ਕੇ ਤਾਂ ਵੇਖ। ਮੈਂ ਮਖੌਲ ਥੋੜਾ ਕੀਤਾ ਹੈ।

ਮਰਦਾਨੇ ਨੇ ਜਦੋਂ ਵੇਖਿਆ ਕਿ ਗੁਰੂ ਸਾਹਿਬ ਮਖੌਲ ਨਹੀ ਸਨ ਕਰ ਰਹੇ ਸਗੋਂ ਸੱਚੀ ਮੁੱਚੀ ਮਰਦਾਨੇ ਨੂੰ ਅੱਕ ਖਾਣ ਵਾਸਤੇ ਕਹਿ ਰਹੇ ਸਨ ਤਾਂ ਮਰਦਾਨੇ ਦੀਆਂ ਅੱਖਾਂ ਵਿੱਚ ਚਮਕ ਆ ਗਈ ਤੇ ਜਾ ਕੇ ਅੱਕ ਦਾ ਡੋਡਾ ਤੋੜਿਆ ਤੇ ਥੋੜਾ ਚੱਖ ਕੇ ਵੇਖਿਆ। ਇਹ ਤਾਂ ਅਲੌਕਿਕ ਸਵਾਦ ਸੀ। ਮਰਦਾਨੇ ਨੇ ਤਾਂ ਸਾਰੀ ਜਿੰਦਗੀ ਏਡਾ ਸਵਾਦੀ ਫਲ ਤਾਂ ਕਦੀ ਖਾਧਾ ਹੀ ਨਹੀ ਸੀ। ਮਰਦਾਨੇ ਨੇ ਢਿੱਡ ਭਰ ਲਿਆ।

ਅੱਕ

ਥੋੜੀਆਂ ਜਿਹੀਆਂ ਖੱਖੜੀਆਂ ਮਰਦਾਨੇ ਨੇ ਝੋਲੇ ਵਿੱਚ ਵੀ ਪਾ ਲਈਆਂ।

ਅੱਗੇ ਚਲਦੇ ਬਣੇ। ਸ਼ਾਮੀ ਫਿਰ ਮਰਦਾਨੇ ਨੂੰ ਜਦੋਂ ਭੁੱਖ ਮਹਿਸੂਸ ਹੋਈ ਤਾਂ ਮਰਦਾਨੇ ਨੇ ਅੱਕ ਦਾ ਡੋਡਾ ਝੋਲੇ ਵਿੱਚੋਂ ਕੱਢਿਆ ਤੇ ਬਿਨਾਂ ਸੋਚੇ ਮੂੰਹ ਮਾਰ ਲਿਆ। ਜਿਵੇ ਕੌੜਾ ਲੱਗਾ ਤਾਂ ਥੁੱਕ ਦਿੱਤਾ। ਪਰ ਅੱਕ ਤਾਂ ਮੰਨਿਆਂ ਹੋਇਆ ਜ਼ਹਿਰ ਹੈ। ਕੁਝ ਹੀ ਚਿਰ ਵਿੱਚ ਮਰਦਾਨੇ ਨੂੰ ਉਲਟੀਆਂ ਆਉਣੀਆਂ ਸ਼ੁਰੂ ਹੋ ਗਈਆਂ। ਮਰਦਾਨਾ ਚੀਕਿਆ, "ਬਾਬਾ ਮਰਨ ਲੱਗਾ ਈ ਮੈਂ। "

ਬਾਬੇ ਨੂੰ ਸਾਰੀ ਗੱਲ ਦੱਸੀ ਕਿ "ਮੈਂ ਸਵੇਰ ਵਾਲੀਆਂ ਖੱਖੜੀਆਂ ਵਿੱਚੋਂ ਇੱਕ ਨੂੰ ਮੂੰਹ ਮਾਰ ਲਿਆ ਤੇ ਹੁਣ ਉਲਟੀ ਆ ਰਹੀ ਹੈ। ਬਚਾ ਲੈ ਮੈਨੂੰ। ਅੱਕ ਤਾਂ ਜ਼ਹਿਰ ਹੁੰਦਾ ਹੈ। "

ਗੁਰੂ ਸਾਹਿਬ ਨੇ ਪਾਣੀ ਦੀ ਚੂਲੀ ਮਰਦਾਨੇ ਨੂੰ ਦਿੱਤੀ। ਮਰਦਾਨਾ ਸਤਿ ਕਰਤਾਰ ਕਹਿ ਕੇ ਪੀ ਗਇਆ ਤੇ ਅੱਗੇ ਚਲਦੇ ਬਣੇ।

ਗੁਰੂ ਜੀ ਨੇ ਮਰਦਾਨੇ ਨੂੰ ਯਾਦ ਦਿਵਾਇਆ ਕਿ ਮਰਦਾਨੇ ਤੂੰ ਖੱਖੜੀਆਂ ਆਪਣੇ ਨਾਲ ਕਿਓ ਬੰਨੀਆਂ ਸਨ ਜਦੋਂ ਤੈਨੂੰ ਮਨਾ ਕੀਤਾ ਸੀ। ਗੁਰੂ ਸਾਹਿਬ ਨੇ ਫਿਰ ਮਰਦਾਨੇ ਨੂੰ ਸਿਧਾਂਤ ਸਮਝਾਇਆ ਕਿ ਰੱਬ ਤੇ ਭਰੋਸਾ ਕਰਨ ਵਾਲੇ ਮੁਸਾਫਿਰ ਨਾਲ ਸਮਾਨ ਨਹੀ ਬੰਨਦੇ। ਮਰਦਾਨੇ ਨੇ ਅੱਗੇ ਵਾਸਤੇ ਤੋਬਾ ਕੀਤੀ।

ਇਕ ਵੇਰਾਂ ਪੰਚਮ ਪਾਤਸ਼ਾਹ ਨੇ ਰਸਤੇ 'ਚ ਤੁਰੇ ਜਾਂਦਿਆਂ ਜਦੋਂ ਅੱਕ ਵਲ ਨਿਗਾਹ ਮਾਰੀ ਤਾਂ ਲਹਿ ਲਹਾਉਦੀਆਂ ਖੱਖੜੀਆਂ ਵੇਖ ਸ਼ੇਅਰ ਬੋਲਿਆ:

ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ ॥ ਬਿਰਹ ਵਿੱਚੋੜਾ ਧਣੀ ਸਿਉ ਨਾਨਕ ਸਹਸੈ ਗੰਠਿ ॥

ਕਿ ਇਹ ਖੱਖੜੀ ਓਨਾਂ ਚਿਰ ਹੀ ਸੋਹਣੀ ਲੱਗਦੀ ਏ ਜਿੰਨਾ ਚਿਰ ਮਾਲਕ ਨਾਲ ਜੁੜੀ ਹੋਈ ਏ। ਜਦੋਂ ਬੂਟੇ ਤੋਂ ਟੁੱਟ ਗਈ ਤਾਂ ਸੈਕੜੇ ਟੁਕੜੇ ਹੋ ਜਾਣਗੇ। ਖੈਰ ਇਥੇ ਪੰਚਮ ਪਾਤਸ਼ਾਹ ਦਾ ਇਸ ਤੁੱਕ ਵਿੱਚ ਮਤਲਬ ਹੋਰ ਹੈ ਪਰ ਖਖੜੀਆਂ ਦਾ ਧਿਆਨ ਸਾਖੀ ਕਰਕੇ ਹੀ ਆਉਦਾ ਹੈ। ◈

———◈———

ਸਿਰਸੇ ਫਕੀਰ ਦਾ ਹੰਕਾਰ ਤੋੜਿਆ

ਕਹਿੰਦਾ ਅਸੀ ਤਾਂ ਜਦੋਂ ਸਫਰ ਤੇ ਜਾਣਾ ਹੁੰਦਾ ਹੈ ਤਾਂ ਅਰਸ਼ਾਂ ਤੋਂ ਘੋੜੇ ਉੱਤਰ ਆਉਦੇ ਨੇ

ਸਾਹਵਾ ਤੋਂ ਦਦਰੇਵਾ ਭੱਦਰਾ ਤੇ ਗੋਗਾਮੜੀ ਹੁੰਦੇ ਹੋਏ ਸਿਰਸਾ

ਗੁਰਦਵਾਰਾ ਚਿੱਲਾ ਸਾਹਿਬ ਸਿਰਸਾ

ਪਹੁੰਚੇ। ਉਸ ਵੇਲੇ ਸਿਰਸੇ ਵਿੱਚ ਮੁਸਲਮਾਨ ਫਕੀਰਾਂ ਦਾ ਵੱਡਾ ਡੇਰਾ ਸੀ ਜਿਸ ਦੀ ਸਥਾਪਨਾ ਪ੍ਰਸਿਧ ਪੀਰ ਖਵਾਜਾ ਅਬਦੁਲ ਸ਼ਾਕਰ ਨੇ ਕੀਤੀ ਜੋ ਤੇਰਵੀ ਸਦੀ ਵਿੱਚ ਹੋਏ ਤੇ ਮੁਹੰਮਦ ਗੌਰੀ ਦੇ ਨਾਲ ਹੀ ਭਾਰਤ ਵਿੱਚ ਆਇਆ ਸੀ।

ਕਿਹਾ ਜਾਂਦਾ ਹੈ ਕਿ ਮਰਦਾਨੇ ਨੇ ਇਥੇ ਪਹੁੰਚ ਕੇ ਥਕਾਵਟ ਦਾ ਜਦੋਂ ਜਿਕਰ ਕੀਤਾ ਤਾਂ ਪੀਰ ਸਾਹਿਬ ਗੁਰੂ ਜੀ ਨੂੰ ਕਹਿਣ ਲੱਗੇ ਕਿ ਹਜੂਰੇ ਆਲਾ ਮੁਰੀਦਾਂ ਨੂੰ ਤੰਗ ਨਹੀ ਹੋਣ ਦਈਦਾ। ਅਸੀ ਤਾਂ ਜਦੋਂ ਇਧਰ ਓਧਰ ਜਾਈਦਾ ਹੈ ਅਸਮਾਨੀ ਘੋੜੇ ਮੰਗਾਂ ਲੈਂਨੇ ਆ। ਗੁਰੂ ਸਾਹਿਬ ਨੇ ਕਿਹਾ ਕਿ ਪੀਰ ਜੀ ਸਾਡੇ ਤੇ ਵੀ ਅਨਾਇਤ ਫਰਮਾਓ ਤੇ ਸਾਨੂੰ ਵੀ ਅਸਮਾਨੀ ਘੋੜਿਆਂ ਤੇ ਸੁਲਤਾਨਪੁਰ ਤੱਕ ਪਹੁੰਚਾ ਦਿਓ।

ਪੀਰ ਕਹਿਣ ਲੱਗਾ ਕੁਝ ਦੇਰ ਉਡੀਕੋ। ਇਸ ਤਰਾਂ ਹੀ ਹੋਵੇਗਾ। ਨਾਲ ਹੀ ਗੁਰੂ ਸਾਹਿਬ ਨੂੰ ਪੀਰ ਨੇ ਉਪਦੇਸ਼ ਕਰਨਾਂ ਸ਼ੁਰੂ ਕਰ ਦਿੱਤਾ ਕਿ ਵੇਖੋ ਤੁਸਾਂ ਕੀ ਲਿਬਾਸ ਬਣਾਇਆ ਹੈ ਨਾਂ ਤੁਸੀ ਮੋਮਨ ਦਿਸਦੇ ਹੋ ਨਾਂ ਕਾਫਿਰ। ਕਿਸੇ ਦਾਇਰੇ ਵਿੱਚ ਆਵੋ। ਗੁਰੂ ਸਾਹਿਬ ਨੇ ਕਿਹਾ ਕਿ ਨਿਰੰਕਾਰ ਦੇ ਦਾਇਰੇ ਵਿੱਚ ਹਾਂ ਜੋ ਨਾਂ ਜੰਮਦਾ ਨਾਂ ਮਰਦਾ ਤੇ ਜੋ ਅਨੰਤ ਹੈ। ਮੈਂ ਇਹੋ ਜਿਹੇ ਖੁਦਾ ਨੂੰ ਮੰਨਦਾ ਹਾਂ ਜਿਸ ਵਾਸਤੇ ਕੋਈ ਕਾਫਿਰ ਜਾਂ ਕੋਈ ਬਿਗਾਨਾ ਨਹੀ। ਸਾਰੀ ਸ੍ਰਿਸਟੀ ਜਿਸ ਦੀ ਪੈਦਾ ਕੀਤੀ ਹੋਈ ਹੈ। ਮੈਂ ਉਸ ਨੂੰ ਮੰਨਦਾ ਹਾਂ ਜਿਸ ਦਾ ਪੈਦਾ ਕੀਤਾ ਜੀ ਘੋੜਾ ਧਰਤੀ ਦਾ ਵਾਸੀ ਹੈ ਨਾਂ ਕਿ ਅਸਮਾਨੀ ਪੰਛੀ।

ਪਰ ਪੀਰ ਆਪਣੇ ਹੰਕਾਰ ਵਿੱਚ ਅਟੱਲ ਰਿਹਾ ਤੇ ਕਹਿਣ ਲੱਗਾ ਛੇਤੀ ਹੀ ਦੋ ਘੋੜੇ ਅਸਮਾਨੋਂ ਉਤਰਨਗੇ ਜੋ ਤੁਹਾਨੂੰ ਅੱਗੇ ਪਹੁੰਚਾ ਦੇਣਗੇ।

ਵਿਚੇ ਉਸ ਨੇ ਗੱਪ ਮਾਰ ਦਿੱਤੀ ਕਿ ਅਸੀ ਜਦੋਂ ਚਿੱਲੇ ਤੇ ਬੈਠਦੇ ਹਾਂ ਤਾਂ ਲਗਾਤਾਰ 40 ਦਿਨ ਬਿਨਾਂ ਸੂਰਜ ਦੇਖੇ ਬਿਨਾਂ ਖਾਧੇ ਬੰਦਗੀ ਕਰੀਦੀ ਹੈ। ਅਰਸ਼ੀ ਘੋੜੇ ਕਿਓ ਨਾਂ ਉਤਰਨ?

ਗੁਰੂ ਸਾਹਿਬ ਨੇ ਕਿਹਾ ਸਾਨੂੰ ਵੀ ਬੰਦਗੀ ਵਿਚ ਸ਼ਾਮਲ ਕਰ ਲਓ। ਕਿਹਾ ਜਾਂਦਾ ਹੈ ਕਿ ਪੀਰ ਦੋ ਦਿਨ ਵੀ ਨਾਂ ਬੈਠ ਪਾਇਆ।

ਹਫਤਾ 10 ਦਿਨ ਗੁਰੂ ਸਾਹਿਬ ਇਥੇ ਰਹਿ ਕੇ ਇੱਕ ਨਿਰੰਕਾਰ ਦਾ ਜਸ ਗਾਇਆ। ਇਹ ਵੀ ਕਿਹਾ ਜਾਂਦਾ ਹੈ ਕਿ ਫਕੀਰਾਂ ਦੇ ਕਹਿਣ ਤੇ ਪੂਰੇ 40 ਦਿਨ ਚਿੱਲਾ ਕੱਢਿਆ ਸੀ।

ਲੋਕਾਂ ਨੂੰ ਮੜੀਆਂ, ਕਬਰਾਂ, ਪੱਥਰ, ਰੁੱਖ ਪੂਜਣ ਤੋਂ ਵਰਜ ਕੇ ਨਾਮ ਨਾਲ ਜੋੜਿਆ। ਇਹੋ ਉਪਦੇਸ਼ ਦਿੱਤਾ ਕਿ ਧਰਮ ਦੇ ਰਾਹ ਤੇ ਪਾਖੰਡਪੁਣਾ ਸਾਨੂੰ ਗੁਨਾਹਗਾਰ ਬਣਾ ਦਿੰਦਾ ਹੈ ਤੇ ਨਾਮ ਜਪਣਾ, ਕਿਰਤ ਕਰਨਾਂ ਵੰਡ ਛੱਕਣ ਦਾ ਉਪਦੇਸ਼ ਦਿੱਤਾ।

ਓਧਰ ਪੀਰ ਦੇ ਘੋੜੇ ਉਤਰਨ ਵਿੱਚ ਨਾਕਾਮ ਰਹੇ। ਗੁਰੂ ਸਾਹਿਬ ਦੀਆਂ ਰਹਿਮਤਾ ਵੇਖ ਕੇ ਪੀਰ ਵੀ ਆ ਚਰਨੀ ਲਗਾ ਤੇ ਗੁਰੂ ਸਾਹਿਬ ਅੱਗੇ ਰਵਾਨਾ ਹੋ ਗਏ।

ਚਿੱਲਾ ਸਾਹਿਬ ਪਾਤਸ਼ਾਹੀ ਪਹਿਲੀ- ਬਾਬਾ ਜੀ ਦੀ ਆਗਮਨ ਦੀ ਯਾਦ ਵਿੱਚ ਗੁਰਸਿੱਖਾਂ ਨੇ ਸਿਰਸੇ ਬੜਾ ਖੂਬਸੂਰਤ ਗੁਰਦੁਆਰਿਆ ਬਣਾਇਆ ਹੋਇਆ ਹੈ। ਇਹ ਜਗ੍ਹਾ ਮੁਸਲਮਾਨਾਂ ਦੀ ਖਾਨਗਾਹ ਦੇ ਕੋਲ ਹੀ ਸੀ ਤੇ ਕਬਜਾ ਵੀ 1947 ਤੋਂ ਪਹਿਲਾਂ ਮੁਸਲਮਾਨਾਂ ਦਾ ਹੀ ਸੀ। ਪੁਰਾਣਾ ਸ਼ਿਲਾਲੇਖ ਅੱਜ ਵੀ ਮੌਜੂਦ ਹੈ, 'ਚਿਲ੍ਹਾ ਬਾਵਾ ਸਾਹਿਬ ਨਾਨਕ ਦਰਵੇਸ਼'।

ਸਿਰਫ ਏਹੋ ਸਥਾਨ ਹੀ ਨਹੀ ਕਈ ਹੋਰ ਅਜਿਹੇ ਸਥਾਨ ਜਿੱਥੇ ਗੁਰੂ ਸਾਹਿਬ ਦਾ ਆਗਮਨ ਮੁਸਲਮਾਨ ਟਿਕਾਣਿਆ ਤੇ ਹੁੰਦਾ ਹੈ। ਪੰਜਾ ਸਾਹਿਬ ਅਤੇ ਬਿਦਰ ਦੇ ਅਸਥਾਨ ਵੀ ਪਹਿਲਾਂ ਮੁਸਲਮਾਨਾਂ ਕੋਲ ਹੀ ਸਨ। ਵਕਤ ਪਾ ਕੇ ਮੁਸਲਮਾਨਾਂ ਤੇ ਸਿੱਖਾਂ ਵਿੱਚ ਫਰਕ ਪੈ ਗਿਆ।

ਖੈਰ ਗੁਰੂ ਸਾਹਿਬ ਇਥੇ ਕੁਝ ਦਿਨ ਰਹਿਣ ਉਪਰੰਤ ਬਠਿੰਡੇ ਵਲ ਨੂੰ ਹੋ ਤੁਰੇ। ⊙

—▲—

ਪੈੜ ਸਫਾ

◈ਬਹੁਤੇ ਇਤਹਾਸਕਾਰਾਂ ਨੇ ਇਹ ਘਟਨਾ ਰਾਜਸਥਾਨ ਵਿਚ ਹੋਣੀ ਦੱਸਿਆ ਹੈ। ਕਈਆਂ ਨੇ ਬੰਗਾਲ ਵਿਚ ਹੋਣੀ ਲਿਖਿਆਂ ਹੈ। ਪੂਰਬ (ਬੰਗਾਲ ਪਾਸੇ) ਵਾਪਰਨ ਦੀ ਸੰਭਾਵਨਾ ਘੱਟ ਹੈ ਕਿਉਕਿ ਉਧਰ ਅਬਾਦੀ ਕਾਫੀ ਸੰਘਣੀ ਸੀ ਅਤੇ ਵਨਾਸਪਤੀ ਵੀ ਵਾਧੂ ਉਗਦੀ ਹੈ। ਖੈਰ ਇਸ ਬਾਬਤ ਹੋਰ ਖੋਜ ਦੀ ਜਰੂਰਤ ਹੈ।

http://www.himalayawellness.com/herbfinder/calotropis-procera.htm

⊙ ਕਈ ਲਿਖਾਰੀਆਂ ਨੇ ਗੁਰੂ ਸਾਹਿਬ ਦਾ ਹਨੂੰਮਾਨਗੜ੍ਹ ਜਾਣਾ ਵੀ ਲਿਖਿਆ ਹੈ। ਇਤਹਾਸ ਵਲ ਝਾਤੀ ਮਾਰੀਏ ਤਾਂ ਹਨੂੰਮਾਨਗੜ ਜਿਸਦਾ ਪੁਰਾਣਾ ਨਾਂ ਭਟਨੇਰ ਸੀ ਬਹੁਤ ਹੀ ਮਹੱਤਵਪੂਰਣ ਅਸਥਾਨ ਰਿਹਾ ਹੈ। ਪਰ ਅਸੀ ਹਨੂੰਮਾਨਗੜ ਦੇ ਇਲਾਕੇ ਦੇ ਗੁਰਦੁਆਰਿਆ ਵਿਚੋਂ ਪੁੱਛ ਪੜਤਾਲ ਕੀਤੀ ਹੈ ਤੇ ਪਤਾ ਲੱਗਾ ਹੈ ਕਿ ਗੁਰੂ ਸਾਹਿਬ ਦੇ ਇਥੇ ਆਉਣ ਦੀ ਕੋਈ ਲੋਕ ਕਥਾ ਨਹੀ ਹੈ। ਹੋ ਸਕਦੈ ਜਿਸ ਅਰਸੇ ਵਿਚ ਗੁਰੂ ਸਾਹਿਬ ਇਸ ਇਲਾਕੇ ਵਿਚ ਫੇਰੀ ਪਾ ਰਹੇ ਸਨ ਓਦੋਂ ਭਟਨੇਰ ਨੂੰ ਵਸਨੀਕਾਂ ਨੇ ਖਾਲੀ ਕਰ ਦਿਤਾ ਹੋਵੇ। 1517 ਦੇ ਵੇਲਿਆਂ ਵਿਚ ਭਟਨੇਰ ਦੀ ਗਿਰਾਵਟ ਦੇ ਸਬੂਤ ਤਾਂ ਮਿਲਦੇ ਹੀ ਹਨ। ਛੇਤੀ ਹੀ ਮਗਰੋਂ ਭਾਵ 1527 ਈ. ਵਿਚ ਬੀਕਾਨੇਰ ਦੇ ਰਾਓ ਜੇਤ ਸਿੰਘ ਨੇ ਭਟਨੇਰ ਦੇ ਕਿਲੇ ਤੇ ਕਬਜ਼ਾ ਕਰ ਲਿਆ ਸੀ। ਮੁਕਦੀ ਗਲ ਗੁਰੂ ਸਾਹਿਬ ਦਾ ਭਟਨੇਰ ਭਾਵ ਹਨੂਮਾਨਗੜ੍ਹ ਆਉਣਾ ਸਾਬਤ ਨਹੀ ਹੁੰਦਾ।

ਬਾਬ-49

ਸਿਰਸਾ ਤੋਂ ਪੱਖੋਕੇ

(ਅਤੇ ਕਰਤਾਰਪੁਰ ਦੇ ਕੌਤਕ ਭਾਗ-1)

ਹਾਜੀ ਰਤਨ ਦੇ ਸਜ਼ਦਾਨਸ਼ੀਨ ਨਾਲ ਗੋਸ਼ਟੀ ⊙

ਸਿਰਸਾ ਤੋਂ 80 ਕਿ. ਮੀ ਪਹਾੜ ਚਲ ਕੇ ਸਾਹਿਬ ਬਠਿੰਡਾ ਆਏ।

ਬਠਿੰਡੇ ਵਿਖੇ ਹਾਜੀ ਰਤਨ ਨਾਂ ਦੇ ਸੂਫੀ ਪੀਰ ਦਾ ਮਕਬਰਾ ਹੈ। ਇਸ ਪੀਰ ਬਾਰੇ ਤਰਾਂ ਤਰਾਂ ਦੀਆਂ ਕਹਾਣੀਆਂ ਹਨ। ਬਹੁਤੀਆਂ ਇਸ ਬਾਬਤ ਹਨ ਕਿ ਉਹ ਤਕਰੀਬਨ 700 ਸਾਲਾਂ ਤਕ ਜੀਂਦਾ ਰਿਹਾ। ਉਂਜ 84 ਸਿੱਧਾਂ ਵਿਚ ਵੀ ਹਾਜੀ ਰਤਨ ਨਾਥ ਦਾ ਨਾਂ ਆਉਦਾ ਹੈ।

ਹਾਜੀ ਰਤਨ ਨਾਲ ਗੋਸ਼ਟਿ। ਗੁਰੁ ਸਾਹਿਬ ਅਤੇ ਮਰਦਾਨਾ

ਲੋਕਾਂ ਦਾ ਇਹ ਮੰਨਣਾ ਹੈ ਕਿ ਰਤਨ ਨਾਥ ਬਾਦ ਵਿੱਚ ਮੁਸਲਮਾਨ ਬਣ ਗਇਆ ਸੀ ਜਦੋਂ ਇਸ ਨੇ ਸੁਣਿਆ ਕਿ ਅਰਬ ਵਿੱਚ ਰੱਬ ਦਾ ਅਵਤਾਰ ਪੈਦਾ ਹੋਇਆ ਹੈ। ਉਦੋਂ ਪੰਜਾਬ ਵਿਚ ਇਸਲਾਮ ਨੂੰ ਵੱਖਰਾ ਮਜ਼ਹਬ ਅਜੇ ਤਸਲੀਮ ਨਹੀ ਸੀ ਕੀਤਾ ਗਿਆ। ਮਿਸਾਲ ਦੇ ਤੌਰ ਤੇ ਅੱਜ ਕੋਈ ਹਿੰਦੂ, ਸਿਰਸੇ ਵਾਲੇ ਡੇਰੇ ਦਾ ਚੇਲਾ ਰਹਿੰਦਿਆਂ ਆਪਣੇ ਆਪ ਨੂੰ ਹਿੰਦੂ ਵੀ ਅਖਵਾ ਸਕਦਾ ਹੈ।

ਮੁਸਲਮਾਨ ਇਸ ਬਾਰੇ ਬੜੀ ਅਦਭੁਤ ਕਥਾ ਦੱਸਦੇ ਹਨ। ⊙ ਕਹਿੰਦੇ ਹਨ ਕਿ ਰਤਨ ਨਾਥ ਬਠਿੰਡੇ ਦੇ ਸੌਦਾਗਰ ਦਾ ਪੁੱਤਰ ਸੀ। ਇਹ ਸੌਦਾਗਰ ਅਰਬ ਦੇਸਾਂ ਤੱਕ ਭਾਰਤੀ ਸਮਾਨ ਲੈ ਕੇ ਜਾਇਆ ਕਰਦਾ ਸੀ ਅਤੇ ਇਸ ਦਾ ਮੇਲ ਇੱਕ ਵੇਰਾਂ ਮੁਹੰਮਦ ਸਾਬ ਨਾਲ ਹੋਇਆ ਸੀ ਜਿੰਨ੍ਹਾਂ ਨੇ ਇਸ ਨੂੰ ਲੰਮੀ ਉਮਰ ਦੀ ਅਸੀਸ ਦਿੱਤੀ ਸੀ।

ਇਹ ਵੀ ਕਿਹਾ ਜਾਂਦਾ ਹੈ ਕਿ ਰਤਨ ਹਿੰਦੀ ਨੇ ਮਹਿਮੂਦ ਗਜਨਵੀ ਦੀਆਂ ਫੌਜਾਂ ਨੂੰ ਬਠਿੰਡੇ ਦਾ ਕਿਲ੍ਹਾ ਫਤਹਿ ਕਰਨ ਵਿੱਚ ਮਦਦ ਕੀਤੀ ਸੀ।

ਜਨਮ ਸਾਖੀਆਂ ਵਿੱਚ ਗੁਰੂ ਸਾਹਿਬ ਦਾ ਰਤਨ ਹਿੰਦੀ ਨਾਲ ਵੀ ਮੇਲ ਲਿਖਿਆ ਹੈ। ਦੂਸਰੇ ਪਾਸੇ ਜਨਮਸਾਖੀਆਂ ਦੀ ਪ੍ਰੰਪਰਾ ਜੇ ਵੇਖੀਏ ਤਾਂ ਉਹਨਾਂ ਵਿੱਚ ਜਿੱਥੇ ਵੀ ਗੁਰੂ ਸਾਹਿਬ ਕਿਸੇ ਵੱਡੀ ਸ਼ਖਸੀਅਤ ਦੇ ਸਥਾਨ ਤੇ ਜਾਂਦੇ ਹਨ ਤਾਂ ਜਨਮਸਾਖੀਆਂ ਸਥਾਨ ਦੇ ਮੌਜੂਦਾ ਗੱਦੀ ਨਸ਼ੀਨ ਦਾ ਨਾਂ ਦੇਣ ਦੇ ਬਿਜਾਏ ਸਿੱਧਾ ਹੀ ਪ੍ਰਸਿੱਧ ਸ਼ਖਸੀਅਤ ਨਾਲ ਮੇਲ ਦੱਸਦੀਆਂ ਹਨ ਕਿਉਕਿ ਜਨਮਸਾਖੀਆਂ ਸੁਣੀਆਂ ਸੁਣਾਈਆਂ ਕਹਾਣੀਆਂ ਦੇ ਅਧਾਰ ਤੇ ਲਿਖੀਆਂ ਗਈਆਂ ਹਨ। ਜਨਮਸਾਖੀ ਲਿਖਾਰੀਆਂ ਵਾਸਤੇ ਮੌਜੂਦਾ ਗੱਦੀਨਸ਼ੀਨ ਦਾ ਨਾਂ ਲੱਭਣਾ ਮੁਸ਼ਕਲ ਹੀ ਨਹੀ ਅਸੰਭਵ ਹੁੰਦਾ ਸੀ। ਭਾਵ ਜੇ ਗੁਰੂ ਸਾਹਿਬ ਉਜੈਨ ਵਿਖੇ ਭਰਥਰੀ ਜੋਗੀ ਦੀ ਜਗਾ ਜਾਂਦੇ ਨੇ ਤਾਂ ਓਥੇ ਮੌਜੂਦਾ ਗੱਦੀ ਨਸ਼ੀਨ ਨਾਲ ਗੋਸ਼ਟ ਹੁੰਦੀ ਹੈ, ਪਰ ਜਨਮ ਸਾਖੀਆਂ ਵਾਲੇ ਸਿੱਧਾ ਹੀ ਭਰਥਰੀ ਨਾਲ ਗਲ ਬਾਤ ਦੱਸਦੇ ਹਨ। ਏਸੇ ਤਰਾਂ ਕਿਤੇ ਗੋਰਖ ਨਾਥ ਨਾਲ ਗਲਬਾਤ ਹੁੰਦੀ ਲਿਖੀ ਹੈ ਕਿਤੇ ਸ਼ੇਖ ਫਰੀਦ ਨਾਲ ਆਦਿ। ਇਹ ਸਭ ਸ਼ਖਸੀਅਤਾਂ ਗੁਰੂ ਸਾਹਿਬ ਤੋਂ ਬਹੁਤ ਪਹਿਲੇ ਹੋ ਚੁੱਕੀਆਂ ਹੁੰਦੀਆਂ ਹਨ।

ਸੋ ਐਨ ਇਹੋ ਹਾਲਤ ਪੀਰ ਹਾਜੀ ਰਤਨ ਦੇ ਸਜਦਾਨਸ਼ੀਨ ਅਤੇ ਗੁਰੂ ਸਾਹਿਬ ਦੇ ਮੇਲ ਦੀ ਹੈ। ਜਦੋਂ ਗੁਰੂ ਸਾਹਿਬ ਪੀਰ ਨੂੰ ਮਿਲਦੇ ਹਨ ਤਾਂ ਉਹ ਗੁਰੂ ਸਾਹਿਬ ਅੱਗੇ ਗੁਜਾਰਿਸ਼ ਕਰਦੇ ਹਨ ਕਿ ਸਾਨੂੰ ਆਪਣੀ ਬਾਣੀ ਸੁਣਾਓ। ਗੁਰੂ ਸਾਹਿਬ ਵਜੰਤਰੀਆਂ ਨਾਲ ਬਾਣੀ ਦਾ ਕੀਰਤਨ ਕਰਦੇ ਹਨ। :

ਪ੍ਰਭਾਤੀ ਮਹਲਾ ੧ ॥ ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ ॥ ਅੰਧੇਰੁ ਅੰਧੀ ਵਾਪਰੈ ਸਗਲ ਲੀਜੈ ਖੋਇ ॥੧॥ ਇਹੁ ਸੰਸਾਰੁ ਸਗਲ ਬਿਕਾਰੁ ॥ ਤੇਰਾ ਨਾਮੁ ਦਾਰੂ ਅਵਰੁ ਨਾਸਤਿ ਕਰਣਹਾਰੁ ਅਪਾਰੁ ॥੧॥ ਰਹਾਉ ॥ ਪਾਤਾਲ ਪੁਰੀਆ ਏਕ ਭਾਰ ਹੋਵਹਿ ਲਾਖ ਕਰੋੜਿ ॥ ਤੇਰੇ ਲਾਲ ਕੀਮਤਿ ਤਾ ਪਵੈ ਜਾਂ ਸਿਰੈ ਹੋਵਹਿ ਹੋਰਿ ॥੨॥ ਦੂਖਾ ਤੇ ਸੁਖ ਊਪਜਹਿ ਸੂਖੀ ਹੋਵਹਿ ਦੂਖ ॥ ਜਿਤੁ ਮੁਖਿ ਤੂ ਸਾਲਾਹੀਅਹਿ ਤਿਤੁ ਮੁਖਿ ਕੈਸੀ ਭੂਖ ॥੩॥ ਨਾਨਕ ਮੂਰਖੁ ਏਕੁ ਤੂ ਅਵਰੁ ਭਲਾ ਸੈਸਾਰੁ ॥ ਜਿਤੁ ਤਨਿ ਨਾਮੁ ਨ ਊਪਜੈ ਸੇ ਤਨ ਹੋਹਿ ਖੁਆਰ ॥੪॥੨

ਅੰਦਾਜ਼ਾ ਹੈ ਕਿ ਗੁਰੂ ਸਾਹਿਬ ਇੱਕ ਵਾਰ ਫਿਰ ਮਾਝ ਦੀ ਵਾਰ ਵਾਲੇ ਸਲੋਕ ਇਥੇ ਵੀ ਗਾਏ ਜਿੰਨਾਂ ਵਿੱਚ ਮੁਸਲਮਾਨਾਂ ਬਾਰੇ ਟਿੱਪਣੀਆ ਹਨ। ਜਿਵੇ:

ਪਉੜੀ ॥ ਇਕਿ ਰਤਨ ਪਦਾਰਥ ਵਣਜਦੇ ਇਕਿ ਕਚੈ ਦੇ ਵਾਪਾਰਾ ॥ ਸਤਿਗੁਰਿ ਤੁਠੈ ਪਾਈਅਨਿ ਅੰਦਰਿ ਰਤਨ ਭੰਡਾਰਾ ॥ ਵਿਣੁ ਗੁਰ ਕਿਨੈ ਨ ਲਧਿਆ ਅੰਧੇ ਭਉਕਿ ਮੁਏ ਕੂੜਿਆਰਾ ॥ ਮਨਮੁਖ ਦੂਜੈ ਪਚਿ ਮੁਏ ਨਾ ਬੂਝਹਿ ਵੀਚਾਰਾ ॥ (ਪੂਰਾ ਸ਼ਬਦ ਵੇਖੋ ਅੰਗ-141)

ਮਕਬਰਾ ਪੀਰ ਹਾਜੀ ਰਤਨ ਬਠਿੰਡਾ

ਗੁਰਦੁਆਰਾ ਹਾਜੀ ਰਤਨ ਬਠਿੰਡਾ

ਪੇਸ਼ਾਵਰ ਦਾ ਮੰਦਰ: ਦਰਗਾਹ ਪੀਰ ਰਤਨ ਨਾਥ। ➡

ਇਸ ਪ੍ਰਕਾਰ ਹਾਜੀ ਰਤਨ ਮਕਬਰੇ ਦੇ ਗੱਦੀ ਨਸ਼ੀਨ ਨਾਲ ਗੋਸ਼ਟਾਂ ਚਲਦੀਆਂ ਰਹੀਆਂ। ਜਿਸ ਪ੍ਰਕਾਰ ਫਿਰ ਸਿੱਖਾਂ ਦਾ ਇਸ ਅਸਥਾਨ ਤੇ ਆਉਣ ਜਾਣ ਹੋ ਗਇਆ, ਲੱਗਦਾ ਹੈ ਕਿ ਪੀਰ ਨੇ ਅੰਦਰੋਂ ਸਿੱਖੀ ਧਾਰਨ ਕਰ ਲਈ ਸੀ।

ਇਥੇ ਫਿਰ ਦਸਵੇਂ ਗੁਰੂ ਸਾਹਿਬ ਦਾ ਵੀ ਆਉਣਾ ਹੁੰਦਾ ਹੈ। ਦਸਮ ਪਾਤਸ਼ਾਹ ਨੇ ਵੀ ਫਿਰ ਮੌਜੂਦਾ ਪੀਰਾਂ ਨੂੰ ਕਬਰਾਂ ਦੇ ਵਿਸ਼ਵਾਸ ਤੋਂ ਅਜਾਦ ਕਰਵਾਇਆ ਸੀ ਜਿੰਨਾਂ ਦਾ ਸੋਚਣਾ ਸੀ ਕਿ ਮਰਨ ਤੋਂ ਬਾਦ ਵੀ ਪੀਰ ਦੀ ਰੂਹ ਇਥੇ ਹੀ ਰਹਿੰਦੀ ਹੈ।

ਦਸਮ ਪਾਤਸ਼ਾਹ ਨੇ ਇਥੋਂ ਦੀ ਲੋਕਾਈ ਨੂੰ ਇੱਕ ਦੈਅ (ਜਿੰਨ) ਭੈ ਤੋਂ ਵੀ ਮੁਕਤ ਕੀਤਾ ਸੀ।

—◈—

ਭੁਚੋ ਮੰਡੀ ਦਾ ਲਵੇਰੀਸਰ ◈

ਬਠਿੰਡੇ ਹੀ ਗੁਰੂ ਸਾਹਿਬ ਨੂੰ ਪਤਾ ਚਲਦਾ ਹੈ ਕਿ ਇਥੋਂ 15

ਲਵੇਰੀਸਰ

ਕਿ.ਮੀ. ਪੂਰਬ ਵਿਚ ਜਿਥੇ ਅੱਜ ਕਲ ਚੱਕ ਫਤਹਿ ਸਿੰਘ ਵਾਲਾ ਹੈ ਓਥੇ ਜੋਗੀਆਂ ਦਾ ਪ੍ਰਸਿੱਧ ਮੱਠ ਹੈ। ਭੁੱਚੋ ਮੰਡੀ ਲਾਗੇ। ਸੋ ਗੁਰੂ ਸਾਹਿਬ ਆ ਪਹੁੰਚੇ ਜੋਗੀਆ ਨੂੰ ਰਾਹੇ ਪਾਉਣ।

ਭੁੱਚੋ ਮੰਡੀ ਤੋਂ ਦੋ ਕਿ. ਮੀ. ਪੱਛਮ ਵਿੱਚ ਟਿੱਬੇ ਤੇ ਗੁਰਦੁਆਰਾ ਲਵੇਰੀਸਰ ਹੈ। ਗੁਰੂ ਨਾਨਕ ਸਾਹਿਬ ਦੇ ਆਗਮਨ ਵੇਲੇ ਇਥੇ ਜੋਗੀਆਂ ਦਾ ਆਸ਼ਰਮ ਹੁੰਦਾ ਸੀ। ਜੋਗੀਆਂ ਵੇਲੇ ਇਹ ਗਲ ਮਸ਼ਹੂਰ ਸੀ ਕਿ ਇਹ ਉਹ ਥਾਂ ਹੈ ਜਿੱਥੇ ਜਾਬਰ ਆਸਹਾਇ ਹੋ ਜਾਂਦਾ ਹੈ। ਹੋਇਆ ਇਸ ਤਰਾਂ ਸੀ ਕਿ ਇੱਕ ਗਾਂ ਨੇ ਜੱਦੋਜਹਿਦ ਕਰਕੇ ਆਪਣੇ ਵੱਛੇ ਨੂੰ ਬਘਿਆੜਾਂ ਤੋਂ ਬਚਾ ਲਿਆਂ ਸੀ।

ਪੈੜ ਸਫ਼ਾ
- ◉ ਸਾਈਕਲ ਯਾਤਰੀ- 275 ਅਤੇ ਜਨਮਸਾਖੀਆਂ
- ◉ Shared Spaces: Exploring Traditions of Shared Faith in India - by Yoginder Sikand. Penguin Books, New Delhi. page-196 to 211
- ◈ ਸਾਈਕਲ ਯਾਤਰੀ- 274

ਜੋਗੀਆਂ ਨੂੰ ਸਿੱਧੇ ਰਾਹੇ ਪਾਉਣ ਖਾਤਰ ਗੁਰੂ ਸਾਹਿਬ ਨੇ ਇਥੇ ਚਰਨ ਪਾਏ।

ਇਹ ਪਵਿਤ੍ਰ ਅਸਥਾਨ ਪ੍ਰਗਟ ਵੀ ਖੁੱਦ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਸੀ। ਇਸ ਅਸਥਾਨ ਤੋਂ ਬਠਿੰਡੇ ਦਾ ਕਿਲਾ ਨਜਰ ਆਉਦਾ ਸੀ ਤਾਂ ਗੁਰੂ ਸਾਹਿਬ ਨੇ ਦੱਸਿਆ ਕਿ ਬਾਨੀ ਗੁਰੂ ਨਾਨਕ ਸਾਹਿਬ ਨੇ ਪਹਿਲਾਂ ਇਸ ਜੋਗੀ ਡੇਰੇ ਤੇ ਚਰਨ ਪਾਏ। ਵਕਤ ਪਾਕੇ ਛੇਵੇ ਪਾਤਸ਼ਾਹ ਹਰਗੋਬਿੰਦ ਸਾਹਿਬ ਵੀ ਇਥੇ ਪਧਾਰੇ। ਇਥੇ ਹੀ ਛੇਵੇਂ ਪਾਤਸ਼ਾਹ ਦੇ ਕਹਿਣ ਤੇ ਕਿਸਾਨ ਨੇ ਫੰਡਰ ਮੱਝ ਲਵੇਰੀਆਂ ਵਾਂਗ ਚੋਈ ਸੀ ਤੇ ਗੁਰੂ ਪਾਤਸ਼ਾਹ ਨੂੰ ਦੁੱਧ ਅਰਪਣ ਕੀਤਾ ਸੀ। ਏਸੇ ਕਰਕੇ ਇਸ ਅਸਥਾਨ ਨੂੰ ਲਵੇਰੀਸਰ ਕਿਹਾ ਜਾਂਦਾ ਹੈ।

ਲਗਦਾ ਹੈ ਗੁਰੂ ਨਾਨਕ ਸਾਹਿਬ ਇਥੋਂ ਵਾਪਸ ਹਾਜੀ ਰਤਨ ਦੇ ਟਿਕਾਣੇ ਤੇ ਚਲੇ ਗਏ ਬਾਅਦ ਵਕਤ ਪਾ ਕੇ ਓਥੋਂ ਸਰਾਇ ਨਾਗਾ ਨੂੰ ਰਵਾਨਾ ਹੋ ਗਏ।

—◈—

ਲੱਖੀ ਜੰਗਲ ਵਿਚ ਮੰਗਲ

ਭੁੱਚੋ (ਲਵੇਰੀਸਰ) ਤੋਂ ਹੀ ਚਲਦੇ ਹੋਏ ਗੁਰੂ ਸਾਹਿਬ ਲੱਖੀ ਜੰਗਲ ਪਹੁੰਚੇ ਸਨ। ਇਥੇ ਜੰਗਲ ਵਿੱਚ ਇੱਕ ਸੰਨਿਆਸੀ ਸਾਧ ਰਹਿੰਦਾ ਸੀ ਜਿਸ ਨੂੰ ਆਪਣੀ ਭਗਤੀ ਦਾ ਬੜਾ ਮਾਣ ਸੀ ਜਿਸ ਕਰਕੇ ਉਹ ਲੋਕਾਈ ਨੂੰ ਸਰਾਫ ਆਦਿ ਦੇਣ ਦੀਆਂ ਧਮਕੀਆਂ ਵੀ ਦਿਆ ਕਰਦਾ ਸੀ। ਉਹਦੀ ਚਰਚਾ ਸੁਣ ਕੇ ਗੁਰੂ ਸਾਹਿਬ ਉਸ ਦੇ ਡੇਰੇ ਪਹੁੰਚੇ।

ਲੱਖੀ ਨੂੰ ਸਤਿਨਾਮ ਦਾ ਉਪਦੇਸ਼ ਦੇ ਕੇ ਉਹਨੂੰ ਜਪੁਜੀ ਸਾਹਿਬ ਦਾ ਨਿੱਤ ਪਾਠ ਕਰਨ ਦਾ ਉਪਦੇਸ਼ ਦਿੱਤਾ। ਕਿਹਾ ਜਾਂਦਾ ਹੈ, ਲੱਖੀ ਨੇ ਫਿਰ ਲੱਖਾਂ ਵਾਰੀ ਜਪੁਜੀ ਜੱਪਿਆ। ਇਸ ਤਰਾਂ ਲੱਖੀ ਗੁਰੂ ਸਾਹਿਬ ਦਾ ਅਨਿਨ ਭਗਤ ਸਾਬਤ ਹੋਇਆ ਤੇ ਇਲਾਕੇ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ। ਲੱਖੀ ਸਾਧੂ ਦੀ ਸਮਾਧ ਅੱਜ ਵੀ ਮੌਜੂਦ ਹੈ।

ਗੁਰੂ ਹਰਗੋਬਿੰਦ ਸਾਹਿਬ ਜਦੋਂ ਚੰਦੂ ਸ਼ਾਹੀ ਨੂੰ ਗ੍ਰਿਫਤਾਰ ਕਰਕੇ ਲਹੌਰ ਲਿਜਾ ਰਹੇ ਸਨ ਤਾਂ ਇਸ ਥਾਂ ਵੀ ਰੁਕੇ ਸਨ। ਚੰਦੂ ਨੂੰ ਜਿਸ ਕਿੱਲੇ ਨਾਲ ਬੰਨਿਆ ਉਹ ਵੀ ਅੱਜ ਤੱਕ ਮੌਜੂਦ ਹੈ।

ਦਸਵੇ ਪਾਤਸ਼ਾਹ ਜਦੋਂ ਪ੍ਰਥਮ ਗੁਰੂ ਦੀ ਚਰਨ ਛੋਹ ਧਰਤੀ ਨੂੰ

ਗੁਰਦੁਆਰਾ ਸਾਹਿਬ ਲੱਖੀ ਜੰਗਲ

ਪਰਸਣ ਆਏ ਤਾਂ ਗਦ ਗਦ ਹੋਏ ਸਾਹਿਬ ਦੇ ਮੂੰਹ ਵਿਚੋ ਆਪ ਮੁਹਾਰੇ ਮਲਵੱਈਆਂ ਦੀ ਧਾਰਨਾ ਤੇ ਇਹ ਸ਼ਬਦ ਆਪ ਮੁਹਾਰੇ ਮੁੱਖ ਤੋਂ ਨਿਕਲੇ:

ਲੱਖੀ ਜੰਗਲ ਖਾਲਸਾ, ਆਏ ਦੀਦਾਰ ਲਗਾਉਨੇ॥
ਸੁੱਣ ਕੇ ਸੱਦ ਮਾਹੀ ਦਾ, ਮੋਂਹੀ ਪਾਣੀ ਘਾਹ ਮੱਤੋ ਨੇ॥
ਕਿਸੇ ਨਾਲ ਨਾ ਰਲੀਆ ਕਾਈ, ਕੋਈ ਸਉਂਕ ਪਿਯੋ ਨੇ॥
ਗਿਆ ਫਿਰਾਕ ਮਿਲਿਆ ਮੀਤ ਮਾਹੀ, ਤਾਹੀ ਸੁਕਰ ਕੀਤੋ ਨੇ॥

ਲੱਖੀ ਸਾਧੂ ਦੀ ਸਮਾਧ

ਲੱਖੀ ਜੰਗਲ ਅਸਲ ਵਿੱਚ ਸਿੰਧ ਵਿੱਚ ਕਰਾਚੀ ਦੇ ਇਲਾਕੇ ਵਿੱਚ ਹੁੰਦਾ ਸੀ ਜਿਥੋਂ ਦੇ ਘੋੜੇ ਮਸ਼ਹੂਰ ਸਨ। ਗੁਰੂ ਸਾਹਿਬ ਨੇ ਲੱਖੀ ਭਗਤ ਹੋਣ ਕਰਕੇ ਇਸੇ ਇਲਾਕੇ ਨੂੰ ਲੱਖੀ ਜੰਗਲ ਦਾ ਖਿਤਾਬ ਦੇ ਦਿਤਾ ਸੀ।

ਜਿਥੇ ਅੱਜ ਇਹ ਅਸਥਾਨ ਮੌਜੂਦ ਹੈ ਇਹ ਪਿੰਡ ਮਹਿਮਾ ਸਰਜਾ ਵੱਜਦਾ ਹੈ ਜੋ ਕਿ ਭਗਤਾ ਭਾਈ ਕਾ ਤੋ 30 ਕਿ. ਮੀ. ਦੱਖਣ ਪੱਛਮ ਭਾਵ ਬਠਿੰਡੇ ਤੋਂ 33 ਕਿ. ਮੀ ਦੱਖਣ ਅਤੇ ਜੈਤੋ ਤੋਂ 20 ਕਿ. ਮੀ ਪੂਰਬ ਪੈਂਦਾ ਹੈ। ◉

—◈—

ਸਰਾਏ ਨਾਗਾ ਜਾ ਸਿੱਖੀ ਦਾ ਬੂਟਾ ਲਾਇਆ

ਜਦੋਂ ਗੁਰੂ ਸਾਹਿਬ ਇਥੇ ਪਧਾਰੇ ਸਨ ਤਾਂ ਇਥੇ ਵੀ ਜੋਗੀਆਂ ਦਾ ਬਹੁਤ ਵੱਡਾ ਮੱਠ ਹੁੰਦਾ ਸੀ। ਉਨਾਂ ਨੂੰ ਸ਼ਬਦ ਦੀ ਮਹਿਮਾ ਦੱਸ ਕੇ ਨਾਮ ਦੇ ਲੜ ਲਾਇਆ।

ਗੁਰੂ ਸਾਹਿਬ ਜਦੋਂ ਇਥੇ ਆਏ ਤਾਂ ਡੇਰਾ ਉਸ ਥਾਂ ਕੀਤਾ ਜਿੱਥੇ ਅੱਜ ਗੁਰਦੁਆਰਾ ਸਾਹਿਬ ਮੌਜੂਦ ਹੈ। ਉਦੋਂ ਇਸ ਸ਼ਹਿਰ ਦਾ ਨਾਂ ਮੱਤੇ ਦੀ ਸਰਾਇ ਹੁੰਦਾ ਸੀ। ਇਹ ਸ਼ਹਿਰ ਪੂਰਨ ਭਗਤ ਭਾਵ ਰਾਜਾ ਸਲਵਾਨ ਦੇ ਵੇਲਿਆਂ ਦਾ ਸੀ। ਖੁਦਾਈ ਦੌਰਾਨ ਇਥੋਂ ਵੱਡੀ ਇੱਟ ਮਿਲਦੀ ਹੈ। ਜੋ 1500-2500 ਸਾਲ ਪਹਿਲਾਂ ਹੋਇਆ ਕਰਦੀ ਸੀ। ਬਾਦ ਵਿੱਚ ਮੱਤੇ ਦੀ ਸਰਾਇ ਬਰਬਾਦ ਹੋ ਗਇਆ ਜਦੋਂ ਕਿਸੇ ਮੁਸਲਮਾਨ ਹਮਲਾਵਰ ਨੇ ਇਨੂੰ ਲੁੱਟਿਆ ਪੁੱਟਿਆ ਸੀ।

ਇਥੇ ਹੀ ਸਾਹਿਬ ਨੇ ਕਰਮੂ ਨਾਂ ਦਾ ਕੋੜੀ ਰਾਜੀ ਕੀਤਾ ਸੀ। ਕਿਸੇ ਸੂਫੀ ਪੀਰ ਨਾਲ ਵੀ ਗਲ ਬਾਤ ਹੋਣ ਦਾ ਜਿਕਰ ਮਿਲਦਾ ਹੈ। ਦਾਤਣ ਕਰਨ ਉਪਰੰਤ ਗੁਰੂ ਸਾਹਿਬ ਨੇ ਟਹਿਣੀ ਦਬੀ ਸੀ ਜੋ ਅੱਜ ਵੀ ਵਣ ਦੇ ਰੁੱਖ ਵਿੱਚ ਮੌਜੂਦ ਹੈ।

ਜਦੋਂ ਦਸਮ ਪਾਤਸ਼ਾਹ ਇਸ ਥਾਂ ਆਏ ਤਾਂ ਇਥੇ ਲੰਮੀ ਉਮਰ ਦਾ ਜੋਗੀ ਰਿਹਾ ਕਰਦਾ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਦੌਰ ਵਿੱਚ ਇਥੇ ਮਨੋਹਰ ਦਾਸ ਨਾਂ ਦਾ ਨਾਂਗਾ ਸਾਧੂ ਇਲਾਕੇ ਵਿੱਚ ਬਹੁਤ ਅਸਰ ਰਸੂਖ ਰੱਖਦਾ ਸੀ। ਮਹਾਰਾਜੇ ਦੇ ਦੀਵਾਨ ਮੋਹਕਮ ਚੰਦ ਨੇ ਜਦੋਂ ਇਹ ਇਲਾਕਾ ਫਤਹਿ ਕੀਤਾ ਤਾਂ ਨਾਂਗੇ ਸਾਧੂ ਨੂੰ ਇਲਾਕੇ ਦੀ ਜਗੀਰ ਦੇ ਦਿਤੀ। ਸੋ ਦੁਬਾਰਾ ਹੋਂਦ ਵਿੱਚ ਆਈ ਬਸਤੀ ਫਿਰ ਨਾਂਗੇ ਸਾਧੂ ਦੇ ਨਾਂ ਤੇ ਚਲੀ। ◈

ਮਰਦਾਨਾ ਚੌਥੇ ਪੰਜਵੇਂ ਦਿਨ ਜਾ ਪਹੁੰਚਿਆ ਤਲਵੰਡੀ

ਸਰਾਇ ਨਾਗਾ ਤੋਂ ਮਰਦਾਨਾ ਗੁਰੂ ਸਾਹਿਬ ਤੋਂ ਵਿਦਾ ਲੈਣ ਲੱਗਾ ਕਹਿਣ ਲੱਗਾ ਕਿ ਬਾਬਾ ਜੀ ਮਿਰਾਸਣ ਲਈ ਕੀ ਲੈ ਕੇ ਜਾਵਾਂ? ਜਾਣੀ ਜਾਣ ਬਾਬੇ ਨੇ ਜਿੱਥੇ ਬੈਠੇ ਸਨ ਰੋੜਾਂ ਦੀ ਮੁੱਠ ਭਰੀ ਤੇ ਮਰਦਾਨੇ ਨੂੰ ਕਿਹਾ ਲੈ ਪੱਲੇ ਬੰਨ ਲੈ। ਆਗਿਆਕਾਰ ਮਰਦਾਨੇ ਨੇ ਬਿਨਾਂ ਹੀਲ ਹੁੱਜਤ ਦੇ ਉਹ ਰੋੜ ਪੱਲੇ ਬੰਨ ਲਏ ਤੇ ਵੱਖਰਾ ਹੋ ਤਲਵੰਡੀ ਦਾ ਰੁਖ ਕਰ ਗਿਆ। ਤੁਰਨ ਲੱਗਾ ਬਾਬੇ ਨੂੰ ਮਾਣ ਨਾਲ ਹੁਕਮ ਕਰ ਗਇਆ ਕਿ ਬਾਬਾ ਹੁਣ ਰਸਤੇ ਵਿੱਚ ਹੀ ਕਿੱਤੇ ਸਮਾਧੀ ਨਾਂ ਲੱਗ ਜਾਵੇ। ਪਰਸੋਂ ਨੂੰ ਤੁਸੀ ਸੁਲਤਾਨਪੁਰ ਹੋਣੇ ਚਾਹੀਦੇ ਹੋ। ਅੰਦਾਜ਼ਾ ਹੈ ਮਰਦਾਨੇ ਨੇ ਚਾਰ ਕੁ ਦਿਨਾਂ ਵਿੱਚ 140 ਕਿ. ਮੀ. ਸਫਰ ਤਹਿ ਕੀਤਾ ਹੋਵੇਗਾ। ਰਸਤੇ ਵਿੱਚ ਰਾਤ ਕੱਟਣ ਲਈ ਤਾਂ ਬਾਬੇ ਦੀਆਂ ਠਾਹਰਾਂ ਜਿਵੇ ਕੰਗਣਪੁਰ, ਚੂਣੀਆਂ, ਉਪਲ ਬਸਤੀ ਆਦਿ ਪਹਿਲਾਂ ਹੀ ਬਣ ਚੁੱਕੀਆਂ ਸਨ।

ਸਰਾਇ ਨਾਗਾ ਤੋਂ ਗੁਰੂ ਸਾਹਿਬ ਤੋਂ ਵੱਖਰਾ ਹੋ ਮਰਦਾਨਾ ਚੌਥੇ ਦਿਨ ਜਾ ਘਰ ਪਹੁੰਚਿਆ। ਮਿਰਾਸੀਆਂ ਦੇ ਘਰ ਵਿੱਚ ਵਿਆਹ ਵਰਗਾ ਮਹੌਲ ਬਣ ਗਇਆ ਸੀ। ਪੁਰਾਣੇ ਸਮਿਆਂ 'ਚ ਲਾਮ ਤੇ ਗਇਆ ਜਦੋਂ ਲੰਮਾਂ ਸਮਾਂ ਬੰਦਾ ਘਰ ਨਾਂ ਪਰਤੇ ਨਾਂ ਮੰਨ ਲਿਆ ਜਾਂਦਾ ਸੀ ਕਿ ਉਹ ਚਲਾਣਾ ਕਰ ਗਇਆ ਹੈ। ਸੋ ਮਰਦਾਨੇ ਦਾ ਪਰਤਣਾ ਤਾਂ ਇੱਕ ਦੂਸਰਾ ਜੀਵਨ ਮਿਲਣ ਤੁਲ ਸੀ। ਪਿੰਡ ਦਾ ਹਰ ਜਗਿਆਸੂ ਬੱਚਾ ਬੁੱਢਾ ਮਰਦਾਨੇ ਦੇ ਘਰ ਪਹੁੰਚ ਗਇਆ ਸੀ।

ਮਾਤਾ ਤ੍ਰਿਪਤਾ ਤਾਂ ਇੱਕ ਪਲ ਤੋਂ ਪਹਿਲਾਂ ਮਰਦਾਨੇ ਦੇ ਘਰ ਸੀ। ਜਿਵੇ ਜਿਵੇਂ ਘਟਨਾਵਾਂ ਯਾਦ ਆ ਰਹੀਆਂ ਸਨ ਮਰਦਾਨੇ ਨੂੰ ਦਸ ਰਹੇ ਸਨ। "ਬੇਬੇ ਬਸ਼ੀਰਾਂ ਗੁਜਰ ਗਈ" "ਧੀ ਨਾਮੀ ਦੇ ਦੋ ਅੰਞਾਣੇ ਨੇ।" "ਆਹ ਸ਼ੈਤਾਨ ਸਾਦਿਕ ਦਾ ਪੋਤਰਾ ਈ!" ਰਾਇ ਬੁਲਾਰ ਦੇ ਫੌਤ ਹੋਣ ਦੀ ਖਬਰ ਦਿੰਦਿਆਂ ਹਰ ਕਿਸੇ ਦਾ ਚਿਹਰਾ ਗਮਗੀਨ ਹੋ ਗਿਆ। ਹਰ ਕਿਸੇ ਨੇ ਕਿਹਾ ਕਿ ਖੁਦਾ ਉਨੂੰ ਬਹਿਸ਼ਤਾਂ 'ਚ ਥਾਂ ਦੇਵੇ। "ਰਾਇ ਅੰਤ ਤੱਕ ਨਾਨਕ ਨੂੰ ਯਾਦ ਕਰ ਰਿਹਾ ਸੀ।"

ਓਧਰੋ ਇੱਕ ਬੱਚੇ ਨੇ ਆ ਕੇ ਮਾਤਾ ਤ੍ਰਿਪਤਾ ਨੂੰ ਕਿਹਾ ਕਿ ਬਾਪੂ ਤੈਨੂੰ ਸੱਦਦਾ ਪਿਆ ਈ। ਮਾਤਾ ਬੋਲੀ, "ਓਨੂੰ ਕਹਿ ਆਉਨੀ ਆਂ। ਓਨੂੰ ਹਮੇਸ਼ਾਂ ਛੇਤੀ ਪਈ ਰਹਿੰਦੀ ਆ।" "ਮਰਦਾਨਿਆ ਆ ਦੋ ਪਲ ਘਰ।" "ਮਹਿਤਾ ਤੈਨੂੰ ਵੇਖਣਾ ਚਾਹੁੰਦਾ ਈ।"

ਮਿਰਾਸਣ ਨੂੰ ਬੀਬੀ ਤੇ ਗੁੱਸਾ ਆ ਰਿਹਾ ਸੀ। ਪਰ ਕੁਝ ਬੋਲ ਨਹੀ ਸੀ ਸਕਦੀ। ਬੀਬੀ ਤ੍ਰਿਪਤਾ ਆਖਿਰ ਮਰਦਾਨੇ ਨੂੰ ਨਾਲ ਲੈ ਗਈ। ਮਹਿਤਾ ਕਾਲੂ ਨੇ ਮਰਦਾਨੇ ਨੂੰ ਪਿਆਰ ਦਿੱਤਾ ਤੇ ਕੋਲ ਬੈਠਾ ਲਿਆ। ਮਰਦਾਨੇ ਨੇ ਸਾਰੀ ਰਿਪੋਰਟ ਦਿੱਤੀ। ਬੀਬੀ ਤ੍ਰਿਪਤਾ

ਪੈਂਡਾ ਸਫ਼ਰ
◉ਸਾਈਕਲ ਯਾਤਰੀ-261
◈ਗੁਰਧਾਮ ਸੰਗਰਹਿ-7, ਮੁਕਾਮੀ ਪ੍ਰੰਪਰਾ ਅਤੇ ਸਾਈਕਲ ਯਾਤਰੀ- 278

ਬੱਟ ਤੀਰਥ- ਅਬੋਹਰ ਇਲਾਕੇ ਦੇ ਸਟੇਸ਼ਨ ਪੰਜ ਕੋਸੀ ਤੋਂ ਪੱਛਮ ਵਲ ਇੱਕ ਕਿ. ਮੀ ਤੇ ਪਿੰਡ ਹਰੀ ਪੁਰ ਦੇ ਬਾਹਰ ਤਲਾਬ ਕਿਨਾਰੇ ਵੀ ਕਿਸੇ ਵੇਲੇ ਗੁਰੂ ਸਾਹਿਬ ਬਿਰਾਜੇ ਸਨ। ਉਪਰੰਤ ਦਸਮ ਪਾਤਸ਼ਾਹ ਦਾ ਆਉਣਾ ਵੀ ਲਿਖਿਆ ਮਿਲਦਾ ਹੈ। ਅੱਜ ਇਥੇ ਵੀ ਸ਼ਾਨਦਾਰ ਗੁਰਦੁਆਰਾ ਸ਼ੁਸ਼ੋਭਿਤ ਹੈ।

ਕਿਹਾ ਜਾਂਦਾ ਹੈ ਕਿ ਤਲਾਬ ਦੀ ਖੁਦਾਈ ਵੇਲੇ ਚਰਨ ਪਾਦੁਕਾ ਤੇ ਹੋਰ ਵਸਤੂਆਂ ਨਿਕਲੀਆਂ ਸਨ।

ਅੱਜ ਗੁਰਦੁਆਰਾ ਸਾਹਿਬ ਅਕਾਲ ਗੜ੍ਹ ਕਹਾਉਦਾ ਹੈ।◉

ਦੁੱਧ ਦਾ ਗਿਲਾਸ ਭਰ ਲਿਆਈ।

ਜਦੋਂ ਮਹਿਤਾ ਕਾਲੂ ਨੇ ਕਿਹਾ ਕਿ ਨਾਨਕ ਨੂੰ ਆਪ ਲੈ ਕੇ ਆਉਨੇ ਹਾਂ ਤਾਂ ਮਰਦਾਨੇ ਨੇ ਮਨ੍ਹਾ ਕਰ ਦਿੱਤਾ ਕਿ ਗੁਰੂ ਸਾਹਿਬ ਖੁੱਦ ਇੱਕ ਦੋ ਦਿਨਾਂ ਵਿੱਚ ਆ ਜਾਣਗੇ। ਮਰਦਾਨੇ ਨੇ ਕਿਹਾ ਕਿ ਗੁਰੂ ਸਾਹਿਬ ਦੋ ਚਾਰ ਦਿਨਾਂ 'ਚ ਆਏ ਲਓ। ਜੇ ਤੁਸੀ ਚਲੇ ਵੀ ਗਏ ਤਾਂ ਤੁਹਾਡਾ ਮੇਲ ਨਹੀ ਹੋਣਾਂ ਉਹ ਕੀ ਪਤਾ ਕਿਹੜੇ ਰਸਤੇ ਤਲਵੰਡੀ ਆਉਣ। ਮਹਿਤਾ ਜੀ ਤੇ ਮਾਤਾ ਚੱਪ ਹੋ ਗਏ।

ਜਨਾਨੀਆਂ ਬੰਦੇ ਸਭ ਵਧਾਈਆਂ ਦੇ ਰਹੇ ਸਨ। ਹਰ ਆਏ ਗਏ ਦਾ ਮੂੰਹ ਮਿੱਠਾ ਕਰਵਾਇਆ ਜਾ ਰਿਹਾ ਸੀ। ਬੀਬੀ ਨੇ ਗਵਾਂਢ ਵਿੱਚ ਭਾਜੀ ਵੰਡਣ ਵਾਸਤੇ ਲਾਗਣਾਂ ਸੱਦ ਲਈਆਂ ਸਨ। ◈

—◈—

ਜਦੋਂ ਭੈਣ, ਰੱਬ ਰੂਪੀ ਭਰਾ ਦੇ ਗੱਲ ਲੱਗ ਰੋਈ •

ਸਾਉਣ ਦਾ ਮਹੀਨਾ ਸੀ। ਬੇਬੇ ਨਾਨਕੀ ਨੂੰ ਇੱਕ ਤਾਂ ਬਿਰਹਾ, ਦੂਜਾ ਤਪਸ਼ ਨੇ ਲੂਹਿਆ ਹੋਇਆ ਸੀ। ਚਾਣਚੱਕ 'ਸਤਿ ਕਰਤਾਰ' ਦੀ ਅਵਾਜ ਬੇਬੇ ਦੇ ਕੰਨਾਂ 'ਚ ਆ ਗੂੰਜੀ। ਬੇਬੇ ਚੀਕ ਉਠੀ, "ਨੀ ਤੁਲਸਾਂ ਥੱਲੇ ਵੇਖ, ਮੈਨੂੰ ਨਾਨਕ ਦੀ ਵਾਜ ਲੱਗਦੀ ਆ?" ਨੌਕਰਾਣੀ ਨੇ ਥੱਲੇ ਝਾਤੀ ਮਾਰੀ। ਸੱਚਮੁੱਚ ਨਾਨਕੀ ਦੇ ਘਰ ਉਹਦਾ ਰੱਬ ਨਾਨਕ ਵੀਰ ਸੀ। ਜਿਵੇ ਬਾਹਰ ਮੂੰਹ ਕੱਢ ਕੇ ਵੇਖਿਆ ਬੱਦਲਵਾਈ ਵੀ ਹੋ ਚੁੱਕੀ ਸੀ। ਮੀਂਹ ਵੀ ਬਾਬੇ ਦੇ ਨਾਲ ਹੀ ਸੁਲਤਾਨਪੁਰ ਆ ਪਹੁੰਚਾ।

"ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ॥ " ਭੈਣ ਬਾਬੇ ਦੇ ਗੱਲ ਲੱਗ ਰੋਈ। "ਵੇ ਐਨਾ ਚਿਰ?" "ਤੂੰ ਕੋਈ ਸੁਖ ਸੁਨੇਹਾ ਹੀ ਭੇਜ ਦਿੱਤਾ ਹੁੰਦਾ।"ਅੱਗੋ ਵੀਰ ਕਹਿੰਦਾ ਕਿ ਬੇਬੇ ਜੀ! ਸੈਕੜੇ ਮੀਲ ਦੂਰ ਹੁੰਨਾ ਵਾਂ ਕਿਵੇ ਸੁਨੇਹਾ ਭੇਜਦਾ। ਓਥੇ ਕਿਹੜਾ ਕੋਈ ਵਾਕਫ ਹੁੰਦਾ ਹੈ, "ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥ "

ਬੇਬੇ ਦੇ ਘਰ ਵਿੱਚ ਤਾਂ ਝੱਟ ਵਿਆਹ ਵਾਲਾ ਮਹੌਲ ਬਣ ਗਿਆ। ਜਿਹੜਾ ਵੀ ਸੁਣੇ ਦੌੜਾ ਆਏ। "ਬਾਬਾ ਨਾਨਕ ਆ ਗਿਆ।" "ਬਾਬਾ ਨਾਨਕ ਆ ਗਿਆ।" ਨੌਕਰਾਣੀ ਨੂੰ ਭੇਜ ਬੇਬੇ ਜੀ ਨੇ ਪਤਾਸਿਆ ਦੀਆਂ ਦੋ ਟੋਕਰੀਆਂ ਝੱਟ ਮੰਗਾ ਲਈਆਂ ਸਨ।

ਸ਼ਾਮੀਂ ਭਾਈਆ ਜੈ ਰਾਮ ਵੀ ਆ ਗਇਆ ਤੇ ਸਾਰੀ ਸੁੱਖ ਸਾਂਦ ਤੇ ਦੇਸਾਂ ਬਦੇਸਾਂ ਦੇ ਹਾਲ ਪੁੱਛੇ।

ਬੇਬੇ ਨੇ ਦੱਸਿਆ ਕਿ ਕਿਵੇ ਮੂਲਾ ਚੋਣੇ ਦੇ ਨਜਰੀਏ ਵਿਚ ਕੋਈ ਫਰਕ ਨਹੀ ਆਇਆ ਅਤੇ ਅਜੇ ਵੀ ਜਿੱਦਾਂ ਕਰਦਾ ਰਹਿੰਦਾ ਵਾ। ਲਖਮੀ ਚੰਦ ਦੀ ਘਰ ਵਾਲੀ ਦੇ ਗੁਜਰਨ ਦੀ ਗਲ ਦੱਸੀ। ਰਾਇ ਬੁਲਾਰ ਦੇ ਚਲਾਣੇ ਦੀ ਖਬਰ ਦਿੱਤੀ। ਬੇਬੇ ਨੇ ਬਾਬੇ ਨੂੰ ਹੁਕਮ ਕੀਤਾ ਕਿ ਤੂੰ ਆਪ ਹੁਣ ਪੱਖੋਕੇ ਜਾ। ਓਨਾਂ ਦਾ ਗੁੱਸਾ ਠੰਡਾ ਹੋਵੇ।

ਭੈਣ ਭਰਾ ਦੇ ਮੇਲ ਉਪਰੰਤ ਜਦੋਂ ਮਹੌਲ ਕੁਝ ਠੰਡਾ ਹੋਇਆ ਤਾਂ ਫਿਰ ਬਾਬੇ ਨੂੰ ਨਿਰੰਕਾਰ ਦੀ ਯਾਦ ਆਈ ਤਾਂ ਵਡਹੰਸ ਰਾਗ ਵਿੱਚ ਸ਼ਬਦ ਉਚਾਰਿਆ:-

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥ ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥ ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ ॥ ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ॥ ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ ॥ ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ ॥ ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ ॥ ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ ॥ ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ ॥ ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ ॥ ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ ॥ ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ ॥ ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥ ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥ ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ ॥ ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥ ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥ ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥ ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥ ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥੧॥੩॥

—◈—

ਸੁਲਤਾਨਪੁਰ ਲੋਧੀ

ਨਵਾਬ ਦੌਲਤ ਖਾਂ ਲੋਧੀ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਕੋਈ ਟਿਕਾਣਾ ਬਣਾ ਕੇ ਬਹਿ ਜਾਓ

ਨਵਾਬ ਨੂੰ ਜਿਵੇ ਪਤਾ ਲੱਗਾ ਕਿ ਨਾਨਕ ਆਇਆ ਹੈ ਉਸ ਨੇ ਤੁਰੰਤ ਸੁਨੇਹਾ ਭੇਜ ਦਿੱਤਾ ਕਿ ਨਾਨਕ ਨੂੰ ਕਹੋ ਕਿ ਨਵਾਬ ਤੇਰੇ ਦਰਸ਼ਨ ਕਰਨਾਂ ਲੋਚਦਾ ਹੈ। ਹੁਕਮ ਹੋਵੇ ਤਾਂ ਆਵਾਂ ?

ਪੈਰ ਸਫ਼ਾ

◉ ਗੁਰਧਾਮ ਦੀਦਾਰ- 132

ਇਸ ਅਸਥਾਨ ਬਾਰੇ ਕੋਈ ਸਾਫ ਅੰਦਾਜ਼ੇ ਨਹੀ ਲਾਏ ਜਾ ਸਕੇ ਕਿ ਕਿਹੜੇ ਪਾਸਿਓ ਸਾਹਿਬ ਆਏ ਹੋਣਗੇ। ਮਾਤਰ ਸਹੂਲਤ ਲਈ ਅਸੀ ਇਸ ਅਸਥਾਨ ਦੂਜੀ ਉਦਾਸੀ ਵਿਚ ਰੱਖ ਲਿਆ ਹੈ।

◈ (ਸੋਢੀ 2- 607) ਮੁਤਾਬਿਕ ਮਰਦਾਨਾ ਤਲਵੰਡੀ ਹੁਸੰਗ ਗਇਆ ਸੀ। ਅਸੀ ਬਥੇਰੀ ਪੁੱਛ ਪੜਤਾਲ ਕੀਤੀ ਹੈ ਪਰ ਸਾਨੂੰ ਇਸ ਨਾਂ ਦਾ ਪਿੰਡ ਪਾਕਿਸਤਾਨ ਅਤੇ ਪੰਜਾਬ ਵਿਚ ਨਹੀ ਮਿਲ ਪਾਇਆ। ਭਵਿਖ ਦੇ ਖੋਜੀ ਧਿਆਨ ਵਿਚ ਰੱਖਣ।

●ਸੋਢੀ : 2 -182, ਅਨੁਸਾਰ ਗੁਰੂ ਸਾਹਿਬ ਸਾਵਣ ਦੇ ਮਹੀਨੇ ਪੱਟੀ ਪਹੁੰਚੇ ਸਨ। ਪਿੱਛੋਂ ਰਾਜਸਥਾਨ ਤੋਂ ਉਨਾਂ ਦੇ ਤੁਰਨ ਦਾ ਵੀ ਜੇ ਹਿਸਾਬ ਲਈਏ ਤਾਂ ਵੀ ਉਹ ਸਾਵਣ ਦੇ ਮਹੀਨੇ ਹੀ ਪੱਟੀ ਪਹੁੰਚਦੇ ਹਨ। ਇਸ ਸ਼ਬਦ ਵਿੱਚ ਵੀ ਸਾਵਣ ਤੇ ਭੈਣ ਦਾ ਹੀ ਜਿਕਰ ਹੈ। ਇੱਕ ਹੋਰ ਵੀ ਸਾਫ ਇਸ਼ਾਰਾ ਹੈ ਕਿ, " ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥ "

ਸੋ ਸਰਾਇ ਨਾਗਾ ਤੋਂ ਚਲਦੇ ਹੋਏ ਲੋਕਾਈ ਦਾ ਉਧਾਰ ਕਰਦੇ ਗੁਰੂ ਸਾਹਿਬ ਸੁਲਤਾਨਪੁਰ ਆ ਪਹੁੰਚੇ। ਅਤੇ ਫਿਰ ਕੁਝ ਦਿਨਾਂ ਬਾਦ ਤਲਵੰਡੀ ਜਾਂਦੇ ਨੇ।

ਕਿਉਕਿ ਗੁਰੂ ਸਾਹਿਬ ਆਪਣੇ ਭਣਵੱਈਏ ਜੈਰਾਮ ਦੇ ਘਰ ਠਹਿਰੇ ਸਨ ਜੋ ਕਿ ਨਵਾਬ ਦੇ ਮੁਤਾਹਿਤ ਸੀ। ਨਵਾਬ ਦਾ ਜੈਰਾਮ ਦੇ ਘਰ ਜਾਣ ਤੇ ਪ੍ਰੋਟੋਕੋਲ ਲਾਗੂ ਹੋ ਜਾਂਦਾ ਸੀ ਜਿਸ ਕਾਰਨ ਨਵਾਬ ਸਿੱਧਾ ਗੁਰੂ ਨਾਨਕ ਨੂੰ ਮਿਲਣ ਨਹੀ ਸੀ ਆ ਸਕਦਾ। ਪਰ ਓਨੀ ਦਿਨੀ ਰਾਜੇ ਮਹਾਰਾਜੇ ਪੀਰਾਂ ਫਕੀਰਾਂ ਦੇ ਆਮ ਹੀ ਆਪ ਜਾਇਆ ਕਰਦੇ ਸਨ। ਪੀਰ ਫਕੀਰ ਦੇ ਪੱਕੇ ਟਿਕਾਣੇ ਨੂੰ ਦੇਹੁਰਾ ਕਿਹਾ ਜਾਂਦਾ ਸੀ।

ਸੁਨੇਹਾ ਮਿਲਣ ਤੇ ਗੁਰੂ ਸਾਹਿਬ ਆਪ ਬਿਨਾਂ ਦੇਰੀ ਦੇ ਨਵਾਬ ਨੂੰ ਮਿਲਣ ਗਏ। ਇਸ ਤੋਂ ਪਹਿਲਾਂ ਕਿ ਨਵਾਬ ਗੁਰੂ ਸਾਹਿਬ ਅੱਗੇ ਝੁਕਦਾ ਗੁਰੂ ਸਾਹਿਬ ਨੇ ਆਪ ਝੁੱਕ ਕੇ ਸਲਾਮ-ਇ-ਲੈਕਮ ਕੀਤਾ। ਨਵਾਬ ਨੇ ਗੁਰੂ ਸਾਹਿਬ ਨੂੰ ਜੱਫੀ ਵਿੱਚ ਲੈ ਲਿਆ। ਉਲਕ ਮੁੱਲਕ ਦੀਆਂ ਗੱਲਾਂ ਬਾਤਾਂ ਹੋਈਆਂ। ਨਵਾਬ ਨੇ ਬੜੇ ਸਾਗੀਰ (ਹਿੰਦੁਸਤਾਨ) ਦੇ ਰਾਜਿਆਂ ਦੇ ਹਾਲ ਚਾਲ ਪੁੱਛੇ। ਲੰਮਾ ਸਮਾਂ ਗੱਲਾਂ ਬਾਤਾਂ ਹੁੰਦੀਆਂ ਰਹੀਆਂ।

ਨਵਾਬ ਕਹਿਣ ਲੱਗਾ ਨਾਨਕ ਏਥੇ ਤੇਰੀਆਂ ਗੱਲਾਂ ਅਕਸਰ ਹੁੰਦੀਆਂ ਰਹਿੰਦੀਆਂ ਹਨ। ਮੈਨੂੰ ਪਤਾ ਲੱਗਦਾ ਹੈ ਕਿ ਕਈ ਲੋਕ ਤੈਨੂੰ ਲੱਭਦੇ ਇਥੇ ਆਉਦੇ ਰਹਿੰਦੇ ਨੇ। ਮੇਰੀ ਗੁਜਾਰਿਸ਼ ਹੈ ਕਿ ਇਥੇ ਜਾਂ ਹੋਰ ਜਿੱਥੇ ਚਾਹੇ ਆਪਣਾ ਮੁਕਾਮ (ਦੇਹਰਾ, ਮਰਕਜ ਜਾਂ ਹੈਡਕੁਆਰਟਰ) ਬਣਾ ਲੈ। ਬਹੁਤ ਲੋਕ ਨਿਰਾਸ਼ ਪਰਤਦੇ ਹਨ। ਕੋਈ ਟਿਕਾਣਾ ਤਾਂ ਹੋਣਾ ਚਾਹੀਦਾ ਹੈ ਜਿਥੋਂ ਲੋਕਾਂ ਨੂੰ ਪਤਾ ਲੱਗ ਸਕੇ। ਜਦੋਂ ਲੋਕ ਇਥੇ ਆਉਦੇ ਹਨ ਤਾਂ ਕਈਆਂ ਨੂੰ ਕਹਿ ਦਿੱਤਾ ਜਾਂਦਾ ਹੈ ਕਿ ਹੋ ਸਕਦਾ ਨਾਨਕ ਤਲਵੰਡੀ ਹੋਵੇ। ਉਹ ਵਿਚਾਰੇ ਓਥੇ ਖੱਜਲ ਹੁੰਦੇ ਰਹਿੰਦੇ ਨੇ।

ਗੁਰੂ ਸਾਹਿਬ ਨੇ ਨਵਾਬ ਨੂੰ ਕਿਹਾ ਕਿ ਤੁਹਾਡੀ ਸਲਾਹ ਬਹੁਤ ਨੇਕ ਹੈ। ਗੁਰੂ ਜੀ ਗੱਲ ਨੂੰ ਬਹੁਤ ਡੂੰਘਾਈ ਤੱਕ ਲੈ ਗਏ। ਨਵਾਬ ਨੂੰ ਕਹਿਣ ਲੱਗੇ ਕਿ ਸਾਡਾ ਦੇਹਰਾ ਜਾਂ ਮੁਕਾਮ ਤਾਂ ਤਹਿ ਹੈ ਹੀ। ਅਸੀ ਸਾਰੇ ਖੁਦਾ ਦੀ ਪੈਦਾਇਸ਼ ਹਾਂ। ਸਾਡਾ ਸਭ ਦਾ ਅਸਲੀ ਤੇ ਆਖਰੀ ਟਿਕਾਣਾ ਓਹੀ ਹੈ। ਅਸੀ ਸਭ ਚੱਕਰ 'ਚ ਪਏ ਹੋਏ ਆ ਜਾ ਰਹੇ ਹਾਂ। ਉਂਜ ਹਰ ਕੋਈ ਇਥੇ ਆਪਣਾ ਮੁਕਾਮ ਸਾਜੀ ਬੈਠਾ ਹੈ ਪਰ ਪਤਾ ਨਹੀ ਕਦੋਂ ਉਹ ਮੁਕਾਮ ਛੱਡਣਾ ਪੈਣਾ ਹੈ। ਗੁਰੂ ਸਾਹਿਬ ਨੇ ਸ੍ਰੀ ਰਾਗ ਵਿੱਚ ਸ਼ਬਦ ਕਹਿ ਨਵਾਬ ਨੂੰ ਵੀ ਇਸ਼ਾਰਾ ਦਿੱਤਾ ਕਿ ਜਿਆਦਾ ਆਸਾਂ ਉਮੀਦਾਂ ਨਾਂ ਲਾ। ਛੇਤੀ ਹੀ ਤੈਨੂੰ ਵੀ ਉਸ ਅੰਤਮ ਮੁਕਾਮ ਲਈ ਰਵਾਨਾ ਹੋਣਾ ਪੈਣਾ ਹੈ।

ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ ॥ ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ ॥੧॥ ਦੁਨੀਆ ਕੈਸਿ ਮੁਕਾਮੇ ॥ ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ ॥੧॥ ਰਹਾਉ ॥ ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ ॥ ਪੰਡਿਤ ਵਖਾਣਹਿ ਪੋਥੀਆ ਸਿਧ ਬਹਹਿ ਦੇਵ ਸਥਾਨਿ ॥੨॥ ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ ॥ ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ ॥੩॥ ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ ॥ ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ ॥੪॥ ਸਬਦਾਹ ਮਾਹਿ ਵਖਾਣੀਐ ਵਿਰਲਾ ਤ ਬੂਝੈ ਕੋਇ ॥ ਨਾਨਕੁ ਵਖਾਣੈ ਬੇਨਤੀ ਜਲਿ ਥਲਿ ਮਹੀਅਲਿ ਸੋਇ ॥੫॥ ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ ॥ ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ ॥੬॥ ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ ॥ ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ ॥੭॥ ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ॥ ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ ॥੮॥੧੭॥

ਹਾਲਾਂ ਮਰਦਾਨੇ ਨੇ ਪੱਕਾ ਕੀਤਾ ਸੀ ਕਿ ਬਾਬਾ ਤਲਵੰਡੀ ਛੇਤੀ ਆ ਜਾਵੀ ਨਹੀ ਤਾਂ ਬਜੁਰਗ ਮਾਤਾ ਪਿਤਾ ਨੂੰ ਤੁਹਾਡੇ ਵਲ ਦੌੜਨਾ ਪੈਂਦਾ ਹੈ ਫਿਰ ਵੀ ਗੁਰੂ ਸਾਹਿਬ ਨਵਾਬ ਦੇ ਕਹਿਣ ਤੇ ਕੋਈ 15 ਦਿਨ ਸੁਲਤਾਨਪੁਰ ਠਹਿਰ ਗਏ। ਰੋਜ ਸਤਸੰਗ ਲੱਗਦਾ ਸੀ ਜਿਸ ਵਿੱਚ ਨਵਾਬ ਹਾਜਰੀ ਭਰਦਾ ਸੀ। ਪਰ ਜਿੱਥੇ ਨਿਰੰਕਾਰ ਦੀ ਗੱਲ ਚਲਦੀ ਹੋਵੇ ਬਾਬਾ ਓਥੇ ਸਭ ਕੰਮ ਰਿਸਤੇ ਨਾਤੇ ਭੁੱਲ ਜਾਂਦਾ ਸੀ। ✚

—◈—

ਬਾਬਾ ਕਹਿੰਦਾ "ਬਾਬਾ ਅਲਹੁ ਅਗਮ ਅਪਾਰੁ"•

ਜਦੋਂ ਨਵਾਬ ਨੇ ਫਿਰ ਪੁੱਛਿਆ ਕਿ ਉਹ ਆਖਰੀ ਮੁਕਾਮ ਕਿਹੋ ਜਿਹਾ ਹੈ?

ਅਗਲੇ ਦਿਨ ਫਿਰ ਵੇਈ ਕੰਢੇ ਸੰਗਤ ਜੁੜੀ। ਨਵਾਬ ਵੀ ਆ ਗਿਆ। ਅੱਜ ਨਵਾਬ ਨੇ ਫਿਰ ਪਿੱਛਲੀ ਗੱਲ ਦੇ ਸਬੰਧ ਵਿੱਚ ਅਗਲਾ ਸਵਾਲ ਕਰ ਦਿੱਤਾ ਕਿ ਜੇ ਇਹ ਮੁਕਾਮ ਝੂਠੇ ਹਨ ਤੇ ਅਸਲੀ ਮੁਕਾਮ ਕਿਥੇ ਕਰਕੇ ਹੈ ਤੇ ਕਿਹੋ ਜਿਹਾ ਹੈ?

ਗੁਰੂ ਸਾਹਿਬ ਨੇ ਕਿਹਾ ਉਹ ਖੁੱਦਾ ਜਾਂ ਅੱਲਾਹ ਤਾਂ ਬੇਅੰਤ ਹੈ ਅਥਾਹ ਹੈ ਅਪਰੰਪਾਰ ਹੈ। ਅੱਜ ਤੱਕ ਉਸ ਤੱਕ ਕੋਈ ਨਹੀ ਅਪੜ ਸਕਿਆ। ਜੇਕਰ 100 ਲਿਖਾਰੀ ਇਕੱਠੇ ਹੋ ਜਾਣ। ਉਹਦੇ ਤਿੱਲ ਜਿੰਨੇ ਹਿੱਸੇ ਨੂੰ ਵੀ ਬਿਆਨ ਨਹੀ ਕਰ ਸਕਦੇ ਜਦੋਂ ਕਿ ਅਕਾਲ ਪੁਰਖ ਅਥਾਹ ਹੈ: ਕਈ ਸੂਰਜ ਕਈ ਚੰਦਰਮੇ ਕਈ ਧਰਤੀਆਂ ਅਤੇ ਅਨੇਕਾਂ ਕਿਸਮ ਦੀ ਇਨਾਂ ਤੇ ਰਚਨਾ।

ਮਰਦਾਨੇ ਦੀ ਗੈਰ ਹਾਜਰੀ ਵਿੱਚ ਵਜੰਤਰੀਆਂ ਦਾ ਇੰਤਜਾਮ ਬਾਬੇ ਨੇ ਕੀਤਾ ਸੀ। ਨਵਾਬ ਅਤੇ ਹੋਰ ਸੰਗਤ ਅੱਗੇ ਫਿਰ ਸ੍ਰੀ ਰਾਗ ਵਿੱਚ ਇਹ ਅਸ਼ਟਪਦੀ ਗਾਈ :-

ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥ ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥ ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ ॥੧॥ ਬਾਬਾ ਅਲਹੁ ਅਗਮ ਅਪਾਰੁ ॥ ਪਾਕੀ ਨਾਈ ਪਾਕ ਥਾਇ ਸਚਾ ਪਰਵਦਿਗਾਰੁ ॥੧॥ ਰਹਾਉ ॥ ਤੇਰਾ ਹੁਕਮੁ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ ॥ ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ ॥ ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ ॥੨॥ ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ ॥ ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ ॥ ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ ॥੩॥ ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ ॥ ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ ॥ ਸਭਨਾ ਵੇਖੈ ਨਦਰਿ ਕਰਿ ਜੈ ਭਾਵੈ ਤੈ ਦੇਇ ॥੪॥ ਥਾਵਾ ਨਾਵ ਨ ਜਾਣੀਅਹਿ ਨਾਵਾ ਕੇਵਡੁ ਨਾਉ ॥ ਜਿਥੈ ਵਸੈ ਮੇਰਾ ਪਾਤਿਸਾਹੁ ਸੋ ਕੇਵਡੁ ਹੈ ਥਾਉ ॥ ਅੰਬੜਿ ਕੋਇ ਨ ਸਕਈ ਹਉ ਕਿਸ ਨੋ ਪੁਛਣਿ ਜਾਉ ॥੫॥ ਵਰਨਾ ਵਰਨ ਨ ਭਾਵਨੀ ਜੇ ਕਿਸੈ ਵਡਾ ਕਰੇਇ ॥ ਵਡੇ ਹਥਿ ਵਡਿਆਈਆ ਜੈ ਭਾਵੈ ਤੈ ਦੇਇ ॥ ਹੁਕਮਿ ਸਵਾਰੇ ਆਪਣੈ ਚਸਾ ਨ ਢਿਲ ਕਰੇਇ ॥੬॥ ਸਭੁ ਕੋ ਆਖੈ ਬਹੁਤੁ ਬਹੁਤੁ ਲੈਣੈ ਕੈ ਵੀਚਾਰਿ ॥ ਕੇਵਡੁ ਦਾਤਾ ਆਖੀਐ ਦੇ ਕੈ ਰਹਿਆ ਸੁਮਾਰਿ ॥ ਨਾਨਕ ਤੋਟਿ ਨ ਆਵਈ ਤੇਰੇ ਜੁਗਹ ਜੁਗਹ ਭੰਡਾਰ ॥੭॥੧॥

—◈—

ਗੁਰੂ ਸਾਹਿਬ ਨੇ ਨਵਾਬ ਨੂੰ ਜਵਾਬ ਦਿੱਤਾ ਕਿ,

'ਪ੍ਰਚਾਰ ਕਰਨਾ ਹੀ ਮੇਰੀ ਕਿਰਤ'

ਬੇਬੇ ਨਾਨਕੀ ਨੇ ਫਿਰ ਭਾਈਆ ਜੈਰਾਮ ਰਾਂਹੀ ਨਵਾਬ ਨੂੰ ਬੇਨਤੀ ਕੀਤੀ ਕਿ ਨਾਨਕ ਨੂੰ ਤਲਵੰਡੀ ਜਾਣ ਦਿੱਤਾ ਜਾਵੇ। ਮਾਪੇ ਉਡੀਕ ਕਰਦੇ ਹੋਣਗੇ। ਭਾਈਆ ਜੀ ਨੇ ਫਿਰ ਸਤਸੰਗ ਵਿੱਚ ਹਾਜਰ ਹੋ

ਕੇ ਨਵਾਬ ਨੂੰ ਗੁਜਾਰਿਸ਼ ਕੀਤੀ ਕਿ ਜਨਾਬ ਨਾਨਕ ਨੂੰ ਹੁਣ ਹੁਕਮ ਕਰੋ ਕਿ ਤਲਵੰਡੀ ਪਧਾਰੇ। ਨਹੀ ਤਾਂ ਬਜੁਰਗ ਮਾਪੇ ਇਧਰ ਨੂੰ ਦੌੜੇ ਆਉਣਗੇ। ਇਥੇ ਫਿਰ ਨਵਾਬ ਨੇ ਗੁਰੂ ਸਾਹਿਬ ਨੂੰ ਬੜੀ ਅਧੀਨਗੀ ਨਾਲ ਬੇਨਤੀ ਕੀਤੀ ਕਿ ਇੱਕ ਵਾਰੀ ਤਲਵੰਡੀ ਫੇਰਾ ਪਾ ਆਉ। ਤੁਸੀ 6 ਸਾਲਾਂ ਬਾਦ ਆਏ ਹੋ। ਮਾਪੇ ਉਡੀਕਦੇ ਹੋਣਗੇ।

ਇਹ ਗੱਲ ਜਦੋਂ ਸ਼ੁਰੂ ਹੋਈ ਤਾਂ ਸਾਰੀ ਸੰਗਤ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਆਪਣੇ ਟੱਬਰ ਦਾ ਵੀ ਕੁਝ ਸੋਚੋ। ਤੁਹਾਡੇ ਦੋ ਬੱਚੇ ਨੇ ਪਤਨੀ ਹੈ।

ਗੁਰੂ ਸਾਹਿਬ ਨੇ ਨਵਾਬ ਨੂੰ ਕਿਹਾ ਕਿ ਤੁਹਾਡੀਆਂ ਗੱਲਾਂ ਬਿਲਕੁਲ ਠੀਕ ਹਨ ਪਰ ਮੇਰਾ ਬੈਠ ਜਾਣਾ ਮੇਰੇ ਵੱਸ ਨਹੀ। ਕੁਦਰਤ ਨੇ ਹਰ ਕਿਸੇ ਨੂੰ ਕੋਈ ਨਾਂ ਕੋਈ ਕੰਮ ਦਿੱਤਾ ਹੁੰਦਾ ਹੈ। ਨਿਰੰਕਾਰ ਨੇ ਮੇਰੇ ਜਿੰਮੇ ਇਹੋ ਕੰਮ ਲਾਇਆ ਹੈ। ਜਿਵੇ ਉਹਦਾ ਹੁਕਮ ਹੋਵੇਗਾ ਕਰਾਂਗਾ। ਇਥੇ ਗੁਰੂ ਸਾਹਿਬ ਨੇ ਫਿਰ ਗਉੜੀ ਰਾਗ ਵਿੱਚ ਹੇਕ ਨਾਲ ਇਹ ਸ਼ਬਦ ਗਾਵਿਆ:

ਕਿਰਤੁ ਪਇਆ ਨਹ ਮੇਟੈ ਕੋਇ ॥ ਕਿਆ ਜਾਣਾ ਕਿਆ ਆਗੈ ਹੋਇ ॥ ਜੋ ਤਿਸੁ ਭਾਣਾ ਸੋਈ ਹੂਆ ॥ ਅਵਰੁ ਨ ਕਰਣੈ ਵਾਲਾ ਦੂਆ ॥੧॥ ਨਾ ਜਾਣਾ ਕਰਮ ਕੇਵਡ ਤੇਰੀ ਦਾਤਿ ॥ ਕਰਮੁ ਧਰਮੁ ਤੇਰੇ ਨਾਮ ਕੀ ਜਾਤਿ ॥੧॥ ਰਹਾਉ ॥ ਤੂ ਏਵਡੁ ਦਾਤਾ ਦੇਵਣਹਾਰੁ ॥ ਤੋਟਿ ਨਾਹੀ ਤੁਧੁ ਭਗਤਿ ਭੰਡਾਰ ॥ ਕੀਆ ਗਰਬੁ ਨ ਆਵੈ ਰਾਸਿ ॥ ਜੀਉ ਪਿੰਡੁ ਸਭੁ ਤੇਰੈ ਪਾਸਿ ॥੨॥ ਤੂ ਮਾਰਿ ਜੀਵਾਲਹਿ ਬਖਸਿ ਮਿਲਾਇ ॥ ਜਿਉ ਭਾਵੀ ਤਿਉ ਨਾਮੁ ਜਪਾਇ ॥ ਤੂੰ ਦਾਨਾ ਬੀਨਾ ਸਾਚਾ ਸਿਰਿ ਮੇਰੈ ॥ ਗੁਰਮਤਿ ਦੇਇ ਭਰੋਸੈ ਤੇਰੈ ॥੩॥ ਤਨ ਮਹਿ ਮੈਲੁ ਨਾਹੀ ਮਨੁ ਰਾਤਾ ॥ ਗੁਰ ਬਚਨੀ ਸਚੁ ਸਬਦਿ ਪਛਾਤਾ ॥ ਤੇਰਾ ਤਾਣੁ ਨਾਮ ਕੀ ਵਡਿਆਈ ॥ ਨਾਨਕ ਰਹਣਾ ਭਗਤਿ ਸਰਣਾਈ ॥੪॥੧੦॥

ਅਗਲੇ ਦਿਨ ਗੁਰੂ ਸਾਹਿਬ ਫਿਰ ਤਲਵੰਡੀ ਨੂੰ ਰਵਾਨਾ ਹੋ ਗਏ।

—◈—

ਬਾਬਾ ਤੂੰ ਸਾਡੇ ਵਲ ਕਿਓ ਟਿੱਕ ਟਿਕੀ ਲਾਈ ਤੱਕੀ ਜਾ ਰਿਹੈ? ਪੱਟੀ ਦੇ ਕਿਰਸਾਨਾਂ ਨੇ ਪੁਛਿਆ

ਸੁਲਤਾਨਪੁਰ ਤੋਂ ਰਵਾਨਾ ਹੋ ਬਿਆਸ ਪਾਰ ਕਰਕੇ, ਜਿੱਥੇ ਅੱਜ ਮੁੰਡਾਪਿੰਡ ਹੈ, ਜਾਮਾਰਾਇ, ਸਰਹਾਲੀ, ਹੁੰਦੇ ਹੋਏ ਪੱਟੀ ਦੇ ਇਲਾਕੇ ਵਿਚ ਪਹੁੰਚ ਚੁੱਕੇ ਸਨ।

ਗੁਰੂ ਸਾਹਿਬ ਪੱਟੀ ਦੇ ਚੜ੍ਹਦੇ ਪਾਸੇ ਕਿਸੇ ਛਾਂ ਥੱਲੇ ਬੈਠੇ ਸਨ ਕਿ ਨੇੜੇ ਚੜ੍ਹਦੇ ਪਾਸੇ ਕਿਸਾਨਾਂ ਦੇ ਦੋ ਹਲ੍ਹ ਵਗ ਰਹੇ ਸਨ। ਸਾਵਣ ਦਾ ਮਹੀਨਾ ਸੀ। ਗੁਰੂ ਸਾਹਿਬ ਟਾਹਲੀ ਥੱਲੇ ਖਲੋ ਟਿਕ ਟਿਕਾ ਲਾਈ ਉਨਾਂ ਕਿਰਸਾਨਾਂ ਨੂੰ ਵੇਖੀ ਵਿਸਮਾਦ ਹੋਈ ਜਾ ਰਹੇ ਸਨ। ਕਿਵੇ ਗਰਮੀ ਵਿੱਚ ਵਾਹੋ ਦਾਹੀ ਲੱਗੇ ਪਏ ਸਨ।

ਹਾਲੀਆਂ ਜਦੋਂ ਵੇਖਿਆ ਕਿ ਇੱਕ ਅਤੀਤ ਸਾਧੂ ਟਿਕ ਟਿਕੀ ਲਾਈ ਵੇਖੀ ਹੀ ਜਾ ਰਿਹਾ ਹੈ ਤਾਂ ਫਿਰ ਹਲ ਰੋਕ ਕੇ ਉਹ ਵੀ ਗੁਰੂ ਸਾਹਿਬ ਕੋਲ ਆ ਗਏ ਤੇ ਪੁੱਛਣ ਲੱਗੇ ਬਾਬਾ ਸਾਡੇ 'ਚ ਅਜਿਹਾ ਕੀ ਖਾਸ ਹੈ ਜੋ ਤੁਸੀ ਸਾਡੇ ਵਲ ਇਸ ਤਰਾਂ ਲਗਾਤਾਰ ਵੇਖ ਰਹੇ ਹੋ?

ਗੁਰੂ ਸਾਹਿਬ ਨੇ ਕਿਹਾ ਮੈਂ ਵੇਖ ਰਿਹਾ ਹਾਂ ਐਨੀ ਗਰਮੀ ਵਿੱਚ ਤੁਸੀ ਕਿੰਨੀ ਲਗਨ ਨਾਲ ਪੈਲੀ ਵਾਹ ਰਹੇ ਹੋ। ਦੁਪਿਹਰ ਹੋਣ ਤੇ ਬਾਕੀ ਹਾਲੀ ਜਾ ਚੁੱਕੇ ਹਨ। ਤੁਸੀ ਬੋਲਦਾਂ ਨੂੰ ਮਾਰ ਕੁੱਟ ਰਹੇ ਹੋ। ਐਨੀ ਮਿਹਨਤ ਕਾਹਦੇ ਵਾਸਤੇ ਕਰ ਰਹੇ ਹੋ?

ਅੱਗੋ ਕਿਰਸਾਨ ਕਹਿਣ ਲੱਗੇ ਕਿ ਵੇਖੋ ਜੀ ਅਸੀਂ ਵੱਧ ਮਿਹਨਤ ਇਸ ਕਰਕੇ ਕਰ ਰਹੇ ਹਾਂ ਕਿ ਸਾਡੇ ਧੀਆਂ ਪੁੱਤਰ ਕਲ ਨੂੰ ਐਸ਼ ਦੀ ਜਿੰਦਗੀ ਜੀਣ। ਸਾਡਾ ਮਾਂ ਬਾਪ ਸੁੱਖੀ ਹੋਵੇ। ਅਸੀ ਆਪਣੇ ਸ਼ਰੀਕਾਂ ਨਾਲੋਂ ਅੱਗੇ ਲੰਘਣਾਂ ਹੈ।

ਬਾਬਾ ਜੀ ਕਿਹਾ ਓਏ ਭੋਲਿਓ ਤੁਹਾਨੂੰ ਅਹਿਸਾਸ ਨਹੀ ਕਿ ਹਰ ਜੀਅ ਦੇ ਸਿਰ ਤੇ ਕਾਲ ਮੰਡਰਾਂ ਰਿਹਾ ਹੈ। ਜਿੰਨਾਂ ਮੋਹ ਤੁਸਾਂ ਵਧਾਇਆ ਹੋਇਆ ਹੈ ਤੁਸਾਂ ਨੂੰ ਚਿਤ ਚੇਤਾ ਹੀ ਨਹੀ ਕਿ ਇੱਕ ਦਿਨ ਇਹ ਸਭ ਕੁਝ ਛੱਡਣਾ ਪੈਣਾ ਹੈ। ਗੁਰੂ ਸਾਹਿਬ ਨੇ ਫਿਰ ਸ੍ਰੀ ਰਾਗ ਵਿੱਚ ਬਾਣੀ ਆਖੀ :

ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ ॥ ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ ॥੧॥ ਕਾਹੇ ਗਰਬਸਿ ਮੂੜੇ ਮਾਇਆ ॥ ਪਿਤ ਸੁਤੇ ਸਗਲ ਕਾਲੜੁ ਮਾਤਾ ਤੇਰੇ ਹੋਹਿ ਨ ਅੰਤਿ ਸਖਾਇਆ ॥ ਰਹਾਉ ॥ ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ ॥ ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ ਮਧੁ ਆਸ੍ਰਮਾਈ ॥੨॥ ਬੀਸ ਸਪਤਾਹਰੋ ਬਾਸਰੋ ਸੰਗੁਹੈ ਤੀਨਿ ਖੋੜਾ ਨਿਤ ਕਾਲੁ ਸਾਰੈ ॥ ਦਸ ਅਠਾਰ ਮੈ ਅਪਰੰਪਰੋ ਚੀਨੈ ਕਹੈ ਨਾਨਕੁ ਇਵ ਏਕੁ ਤਾਰੈ ॥

ਕਿਰਸਾਨਾਂ ਦੀਆਂ ਤਾਂ ਜਿਵੇ ਅੱਖਾਂ ਖੁੱਲ ਜਾਂਦੀਆਂ ਹਨ। ਸੁਣ ਕੇ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਪਏ। ਕਹਿਣ ਲੱਗੇ ਦੱਸੋ ਬਾਬਾ ਜੀ ਫਿਰ ਕੀ ਕਰੀਏ। ਓਥੇ ਫਿਰ ਗੁਰੂ ਸਾਹਿਬ ਨੇ ਸ੍ਰੀ ਰਾਗ ਵਿੱਚ ਇੱਕ ਹੋਰ ਸ਼ਬਦ ਉਚਾਰ ਦਿੱਤਾ :

ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ ॥ ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ ॥੧॥ ਮਤੁ ਜਾਣ ਸਹਿ ਗਲੀ ਪਾਇਆ ॥ ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ ॥੧॥ ਰਹਾਉ ॥ ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀ ਮੂਲਿ ਪਾਈ ॥ ਭਉਰੁ ਉਸਤਾਦੁ ਨਿਤ ਭਾਖਿਆ ਬੋਲੈ ਕਿਉ ਬੂਝੈ ਜਾ ਨਹ ਬੁਝਾਈ ॥੨॥ ਆਖਣੁ ਸੁਨਣਾ ਪਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ ॥ ਖਸਮ ਕੀ ਨਦਰਿ ਦਿਲਹਿ ਪਸਿੰਦੇ ਜਿਨੀ ਕਰਿ ਏਕੁ ਧਿਆਇਆ ॥੩॥ ਤੀਹ ਕਰਿ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ ॥ ਨਾਨਕੁ ਆਖੈ ਰਾਹਿ ਪੈ ਚਲਣਾ ਮਾਲੁ ਧਨੁ ਕਿਤ ਕੂ ਸੰਜਿਆਹੀ ॥

ਭਾਈ ਨੇਕ ਅਸੂਲਾਂ ਦੇ ਧਾਰਨੀ ਬਣੋ। ਸੱਚ ਦੇ ਲੜ੍ਹ ਲੱਗ ਜਾਓ। ਸ਼ਬਦ ਦਾ ਸਹਾਰਾ ਲੈ ਕੇ ਨਿਰੰਕਾਰ ਦੇ ਦਰ ਪਹੁੰਚਣ ਲਈ ਯਤਨ ਅਰੰਭੋ।

ਇਸ ਤਰਾਂ ਪੱਟੀ ਦੀ ਲੋਕਾਈ ਨੂੰ ਨਿਰੰਕਾਰ ਦੇ ਲੜ ਲਾ ਗੁਰੂ ਸਾਹਿਬ ਅੱਗੇ ਨੂੰ ਜਾਹਮਣ, ਪਿੰਭ ਭੈਲ, ਛਾਂਗਾ ਮਾਂਗਾ ਹੁੰਦੇ ਹੋਏ ਤਲਵੰਡੀ ਪਹੁੰਚੇ। ●

—◈—

ਮਾਤਾ ਤ੍ਰਿਪਤਾ ਨੂੰ ਜਾ ਮਿਲਿਆ ਤਲਵੰਡੀ

ਗੁਰੂ ਸਾਹਿਬ ਦੀ ਜਿਵੇ ਹੀ ਤਲਵੰਡੀ ਜਾਣ ਦੀ ਤਿਆਰੀ ਹੋਈ ਭਾਈਏ ਜੈਰਾਮ ਨੇ ਘੋੜਾ ਤਿਆਰ ਕਰ ਦਿੱਤਾ। ਪਰ ਨਵਾਬ ਨੇ ਜਿੱਦ ਕੀਤੀ ਕਿ ਗੁਰੂ ਸਾਹਿਬ ਨੂੰ ਟਾਂਗੇ ਤੇ ਤਲਵੰਡੀ ਛੱਡ ਕੇ ਆਇਆ ਜਾਏ। ਟਾਂਗੇ ਰਾਂਹੀ ਪੌਣੇ ਦੋ ਸੋ ਕਿਲੋ ਮੀਟਰ ਦਾ ਸਫਰ ਟਾਂਗੇ ਨੇ ਦੋ ਦਿਨਾਂ 'ਚ ਕੀਤਾ। ਐਂਤਕਾਂ ਗੁਰੂ ਸਾਹਿਬ ਸਿੱਧੇ ਘਰ ਗਏ। ਮਾਤਾ ਤ੍ਰਿਪਤਾ ਨੇ ਘੁੱਟ ਕੇ ਗੱਲ ਨਾਲ ਲਾ ਲਿਆ। ਮੱਥਾ

ਚੁੰਮਿਆ। "ਮਾਂ ਵਾਰੀ। ਮਾਂ ਸਦਕੇ। ਮੇਰਾ ਲਾਲ! ਐਨਾ ਵਿਛੋੜਾ। ਮਾਂ ਦੀ ਕਿਥੋਂ ਯਾਦ ਆਉਣੀ ਆ।"

ਬਾਬੇ ਦੇ ਵੀ ਅਥਰੂਆਂ ਵਾਲਾ ਨੱਕਾ ਟੁੱਟ ਗਿਆ। ਦੋਵੇ ਜੀਅ ਖੂਬ ਰੋਏ। ਦੁਨੀਆ ਪਈ ਵੇਖੇ।

ਏਨੇ ਨੂੰ ਮਹਿਤਾ ਜੀ ਵੀ ਆ ਗਏ। ਗੱਲ ਨਾਲ ਲਾਇਆ। "ਵੇਖੀ ਕੋਈ ਮੁਲਖ ਬਾਕੀ ਨਾਂ ਰਹਿ ਜਾਏ।" ਮਹਿਤਾ ਜੀ ਦੇ ਪਿਆਰ ਦੇ ਅੱਥਰੂਆਂ ਅੱਗੇ ਗੁੱਸਾ ਗਿਲਾ ਹਾਵੀ ਹੋ ਗਿਆ।

ਕਿਉਕਿ ਮਹਿਤਾ ਜੀ ਦੇ ਮੰਨ ਵਿੱਚ ਹਮੇਸ਼ਾਂ ਰਹੀ ਹੈ ਕਿ ਮੁੰਡਾ ਨਿਖੱਟੂ ਨਿਕਲਿਆ ਹੈ। ਔਖੇ ਸੌਖੇ ਵਿਆਹ ਵੀ ਕੀਤਾ ਸੀ। ਨਾਨਕ ਨੇ ਓਧਰ ਵੀ ਨਮੋਸ਼ੀ ਹੀ ਪੱਲੇ ਪੁਆਈ ਹੈ। ਅਗਲਿਆਂ ਦੀ ਧੀ ਘਰ ਬੈਠੀ ਹੈ। ਚੋਣੇ ਸੱਚੇ ਨੇ।

ਚਾਚੇ ਤਾਏ ਬਜੁਰਗ ਹਰ ਕੋਈ ਨਾਨਕ ਨੂੰ ਜੱਫੀ ਵਿੱਚ ਲੈ ਰਿਹਾ ਸੀ। ਫਿਰ ਵਾਰੀ ਚਾਚੀਆਂ ਤਾਈਆਂ ਦੀ ਆਈ। ਬੱਚੇ ਬਾਬਾ ਨਾਨਕ ਦੇ ਪੈਰੀ ਪੈ ਰਹੇ ਸਨ। ਫਿਰ ਚਾਨਣ ਸ਼ਾਹ ਨੇ ਮਾੜੀ ਖਬਰ ਬਾਬੇ ਨੂੰ ਦਿੱਤੀ, "ਤੇਰਾ ਯਾਰ ਵੀ ਗੁਜਰ ਗਇਆ ਈ : ਰਾਇ ਸਾਹਿਬ।" ਗੁਰੂ ਸਾਹਿਬ ਨੇ ਸੋਗ ਜ਼ਾਹਿਰ ਕਰਦੇ ਹੋਏ ਕਿਹਾ ਇਹ ਦੁਨੀਆ ਮੁਸਾਫਿਰਖਾਨਾ।

ਫਿਰ ਛੋਟੇ ਮੇਲ (ਕਮੀਆਂ) ਦੀ ਵਾਰੀ ਆਈ। ਬਾਬਾ ਵੱਡਿਆਂ ਨੂੰ ਜੱਫੀ ਵਿੱਚ ਲੈ ਕੇ ਮਿਲ ਰਿਹਾ ਸੀ। ਇਹ ਇਤਹਾਸ ਵਿੱਚ ਪਹਿਲੀ ਵਾਰ ਹੋ ਰਿਹਾ ਸੀ। ਉਸ ਜਮਾਨੇ ਵਿੱਚ ਜਦੋਂ ਕਿਸੇ ਕੰਮੀ ਨੂੰ ਛੂਹ ਜਾਣ ਤੇ ਨਹਾਉਣਾ ਪੈਂਦਾ ਸੀ। ਬਾਬੇ ਨਾਨਕ ਦੀ ਇਸ ਕਾਰਵਾਈ ਤੇ ਵੱਡੀਆਂ ਜਾਤਾਂ ਵਾਲਿਆਂ ਨੂੰ ਗੁੱਸਾ ਵੀ ਆ ਰਿਹਾ ਸੀ। ਹਰ ਕੋਈ ਕਹਿ ਰਿਹਾ ਸੀ "ਕਿਉਕਿ ਮਰਦਾਨਾ ਜੁ ਨਾਲ ਅੱਠੇ ਪਹਿਰ ਰਹਿੰਦਾ ਵਾ।"

ਹਨੇਰਾ ਹੋਣ ਤੇ ਫਿਰ ਮਾਤਾ ਤ੍ਰਿਪਤਾ ਨੇ ਅੰਞਾਣਿਆਂ ਨੂੰ ਡਾਟਣਾ ਸ਼ੁਰੂ ਕਰ ਦਿੱਤਾ ਕਿ ਜਾਓ ਹੁਣ ਘਰੋ ਘਰੀਂ। ਬੱਚਿਆਂ ਦੇ ਜਾਣ ਬਾਦ ਫਿਰ ਹੌਲੀ ਹੌਲੀ ਵੱਡੇ ਵੀ ਖਿਸਕ ਗਏ। ਮਾਤਾ ਬਾਬੇ ਨਾਨਕ ਦੀ ਮੰਜੀ ਤੇ ਬਹਿ ਗਈ। ਬਾਬੇ ਦੀਆਂ ਲੱਤਾਂ ਘੁਟਣੀਆਂ ਚਾਹੀਆਂ ਪਰ ਬਾਬੇ ਨੇ ਮਨ੍ਹਾਂ ਕਰ ਦਿੱਤਾ।

—◈—

ਜਦੋਂ ਮਾਤਾ ਵੀ ਬਾਬੇ ਦੇ ਨਾਲ ਹੀ ਜਾਗ ਉੱਠੀ

ਅੱਧੀ ਰਾਤ ਮਸਾਂ ਹੀ ਟੱਪੀ ਸੀ ਕਿ ਬਾਬਾ ਉੱਠ ਖੜਾ ਹੋਇਆ। ਖੜਕਾ ਸੁਣ ਕੇ ਬੀਬੀ ਦੀ ਵੀ ਅੱਖ ਖੁੱਲ ਗਈ। ਆਪ ਖੂਹੀ ਤੋਂ ਪਾਣੀ ਕੱਢ ਕੇ ਦਿੱਤਾ। ਗੁਰੂ ਸਾਹਿਬ ਨੇ ਇਸ਼ਨਾਨ ਕੀਤਾ।

ਗੁਰੂ ਸਾਹਿਬ ਨੂੰ ਜਿਵੇ ਪਾਣੀ ਦਾ ਗਿਲਾਸ ਪੀਣ ਨੂੰ ਦਿੱਤਾ ਮਾਤਾ ਫਿਰ ਬੋਲ ਉਠੀ, "ਕੀ ਸਾਡੀ ਕਦੀ ਤੈਨੂੰ ਯਾਦ ਨਾਂ ਆਈ?" "ਚਲੋ ਸਾਨੂੰ ਤਾਂ ਛੱਡ ਆਪਣੇ ਬਾਲ ਬੱਚਿਆਂ ਦਾ ਹੀ ਖਿਆਲ ਕਰ ਲਿਆ ਕਰ।"

ਗੁਰੂ ਸਾਹਿਬ ਨੇ ਆਸਾ ਰਾਗ ਵਿੱਚ ਸ਼ਬਦ ਲਾ ਦਿੱਤਾ। ਮਹਿਤਾ ਕਾਲੂ ਵੀ ਸਭ ਸੁਣ ਰਿਹਾ ਸੀ।

ਮੇਰਾ ਮਨੋ ਮੇਰਾ ਮਨੁ ਰਾਤਾ ਰਾਮ ਪਿਆਰੇ ਰਾਮ ॥ ਸਚੁ ਸਾਹਿਬੋ ਆਦਿ ਪੁਰਖੁ ਅਪਰੰਪਰੋ ਧਾਰੇ ਰਾਮ ॥ ਅਗਮ ਅਗੋਚਰੁ ਅਪਰ ਅਪਾਰਾ ਪਾਰਬ੍ਰਹਮੁ ਪਰਧਾਨੋ ॥ ਆਦਿ ਜੁਗਾਦੀ ਹੈ ਭੀ ਹੋਸੀ ਅਵਰੁ ਝੂਠਾ ਸਭੁ ਮਾਨੋ ॥ ਕਰਮ ਧਰਮ ਕੀ ਸਾਰ ਨ ਜਾਣੈ ਸੁਰਤਿ ਮੁਕਤਿ ਕਿਉ ਪਾਈਐ ॥ ਨਾਨਕ ਗੁਰਮੁਖਿ ਸਬਦਿ ਪਛਾਣੈ ਅਹਿਨਿਸਿ ਨਾਮੁ ਧਿਆਈਐ ॥੧॥ ਮੇਰਾ ਮਨੋ ਮੇਰਾ ਮਨੁ ਮਾਨਿਆ ਨਾਮੁ ਸਖਾਈ ਰਾਮ ॥ ਹਉਮੈ ਮਮਤਾ ਮਾਇਆ ਸੰਗਿ ਨ ਜਾਈ ਰਾਮ ॥ ਮਾਤਾ ਪਿਤ ਭਾਈ ਸੁਤ ਚਤੁਰਾਈ ਸੰਗਿ ਨ ਸੰਪੈ ਨਾਰੇ ॥ ਸਾਇਰ ਕੀ ਪੁਤ੍ਰੀ ਪਰਹਰਿ ਤਿਆਗੀ ਚਰਣ ਤਲੈ ਵੀਚਾਰੇ ॥ ਆਦਿ ਪੁਰਖਿ ਇਕੁ ਚਲਤੁ ਦਿਖਾਇਆ ਜਹ ਦੇਖਾ ਤਹ ਸੋਈ ॥ ਨਾਨਕ ਹਰਿ ਕੀ ਭਗਤਿ ਨ ਛੋਡਉ ਸਹਜੇ ਹੋਇ ਸੁ ਹੋਈ ॥੨॥ ਮੇਰਾ ਮਨੋ ਮੇਰਾ ਮਨੁ ਨਿਰਮਲੁ ਸਾਚੁ ਸਮਾਲੇ ਰਾਮ ॥ ਅਵਗਣ ਮੇਟਿ ਚਲੇ ਗੁਣ ਸੰਗਮ ਨਾਲੇ ਰਾਮ ॥ ਅਵਗਣ ਪਰਹਰਿ ਕਰਣੀ ਸਾਰੀ ਦਰਿ ਸਚੈ ਸਚਿਆਰੋ ॥ ਆਵਣੁ ਜਾਵਣੁ ਠਾਕਿ ਰਹਾਏ ਗੁਰਮੁਖਿ ਤਤੁ ਵੀਚਾਰੋ ॥ ਸਾਜਨੁ ਮੀਤੁ ਸੁਜਾਣੁ ਸਖਾ ਤੂੰ ਸਚਿ ਮਿਲੈ ਵਡਿਆਈ ॥ ਨਾਨਕ ਨਾਮੁ ਰਤਨੁ ਪਰਗਾਸਿਆ ਐਸੀ ਗੁਰਮਤਿ ਪਾਈ ॥੩॥ ਸਚੁ ਅੰਜਨੋ ਅੰਜਨੁ ਸਾਰਿ ਨਿਰੰਜਨਿ ਰਾਤਾ ਰਾਮ ॥ ਮਨਿ ਤਨਿ ਰਵਿ ਰਹਿਆ ਜਗਜੀਵਨੋ ਦਾਤਾ ਰਾਮ ॥ ਜਗਜੀਵਨੁ ਦਾਤਾ ਹਰਿ ਮਨਿ ਰਾਤਾ ਸਹਜਿ ਮਿਲੈ ਮੇਲਾਇਆ ॥ ਸਾਧ ਸਭਾ ਸੰਤਾ ਕੀ ਸੰਗਤਿ ਨਦਰਿ ਪ੍ਰਭੂ ਸੁਖੁ ਪਾਇਆ ॥ ਹਰਿ ਕੀ ਭਗਤਿ ਰਤੇ ਬੈਰਾਗੀ ਚੂਕੇ ਮੋਹ ਪਿਆਸਾ ॥ ਨਾਨਕ ਹਉਮੈ ਮਾਰਿ ਪਤੀਣੇ ਵਿਰਲੇ ਦਾਸ ਉਦਾਸਾ ॥੪॥੩॥

ਗੁਰੂ ਸਾਹਿਬ ਨੇ ਫਿਰ ਮਾਤਾ ਨੂੰ ਇਨਾਂ ਰਿਸਤੇ ਨਾਤਿਆਂ ਦੀ ਅਸਲੀਅਤ ਸਮਝਾਈ ਕਿ ਇਨਾਂ ਨੇ ਨਾਲ ਨਹੀ ਜਾਣਾ। ਗੁਰੂ ਸਾਹਿਬ ਨੇ ਫਿਰ ਕਹਿ ਦਿੱਤਾ ਕਿ ਮੇਰਾ ਮੰਨ ਤਾਂ ਨਿਰੰਕਾਰ ਨਾਲ ਜੁੜ ਚੁੱਕਾ ਹੈ।

ਫਿਰ ਮਾਤਾ ਵੀ ਪੁੱਛਣ ਲੱਗੀ ਕਿ ਭਗਵਾਨ ਨਾਲ ਮੰਨ ਕਿਵੇ ਜੁੜੇ? ਗੁਰੂ ਸਾਹਿਬ ਨੇ ਕਿਹਾ ਕਿ ਉਹਦਾ ਜਰੀਆ 'ਸ਼ਬਦ' ਹੈ। ਅਕਾਲ ਪੁਰਖ ਦੀ ਉਸਤਤ, ਉਹਦਾ ਜੱਸ। ਬਾਬੇ ਨੇ ਕਿਹਾ ਕਿ ਉਨੂੰ ਤਾਂ ਹਰ ਜੀਅ ਵਿੱਚ ਨਿਰੰਕਾਰ ਦਾ ਹੀ ਰੂਪ ਨਜ਼ਰ ਪਿਆ ਆਉਦਾ ਹੈ।

ਸਵੇਰੇ ਗੁਰੂ ਸਾਹਿਬ ਰਾਇ ਬੁਲਾਰ ਦੇ ਘਰ ਮਕਾਣ ਤੇ ਗਏ।

ਪਿਤਾ ਮਹਿਤਾ ਕਾਲੂ ਫਿਰ ਗੁਰੂ ਸਾਹਿਬ ਦੇ ਦੁਆਲੇ ਹੋ ਗਇਆ ਕਿ ਓਏ ਆਪਣੇ ਟੱਬਰ ਦਾ ਵੀ ਕੁਝ ਸੋਚ"। ਇਹ ਭਾਦਰੋਂ ਦਾ ਮਹੀਨਾ ਸੀ: ਅਗਸਤ 1518 ਈ.।

—◈—

ਕਰਤਾਰਪੁਰ ਦੇ ਕੌਤਕ। ਭਾਗ-1

ਦੋ ਦਰਿਆਵਾਂ ਦਾ ਮੇਲ

ਪੱਖੋਕੇ ਪਹੁੰਚ ਗਇਆ ਬਾਬਾ

ਦੋ ਚਾਰ ਦਿਨ ਤਲਵੰਡੀ ਰਹਿ ਬਾਬਾ ਲਹੌਰ ਥਾਂਣੀ ਹੁੰਦਾ ਹੋਇਆ ਪੱਖੋਕੇ ਅਜਿੱਤੇ ਰੰਧਾਵੇ ਦੇ ਖੂਹ ਤੇ ਪਹੁੰਚ ਗਇਆ। ਇਥੇ ਤਾਂ ਇਕ ਦਮ ਮੇਲਾ ਹੀ ਲਗ ਗਇਆ। ਪਿੰਡ ਤੋਂ ਮਾਤਾ ਸੁਲੱਖਣੀ ਵੀ ਆ ਗਈ।

ਗੁਰੂ ਸਾਹਿਬ ਦੇ ਮੰਨ ਵਿਚ ਵੀ ਹੁਣ ਖਿਆਲ ਸੀ ਕਿ ਕੋਈ ਟਿਕਾਣਾ ਬਣਾ ਹੀ ਲਿਆ ਜਾਵੇ। ਹੌਲੀ ਹੌਲੀ ਅਜਿਤੇ ਵਾਲਾ ਖੂਹ ਧਰਮਸਾਲ ਦੀ ਸ਼ਕਲ ਲੈਣਾ ਸ਼ੁਰੂ ਹੋ ਗਇਆ ਸੀ। ਸਾਖੀਆਂ ਤੋਂ

ਪੈੜ ਸਫਾ

✚ ਸੋਢੀ-374, ● ਗਿਆਨੀ -184, ਸੋਢੀ-377

⊙ ਵੈਸਾਖੀ ਸੰਨ 1517 ਈ ਨੂੰ ਗੁਰੂ ਸਾਹਿਬ ਉਜੈਨ ਸਨ, ਕਿਉਕਿ ਨਵੰਬਰ 1517 ਨੂੰ ਸਿਕੰਦਰ ਲੋਧੀ ਦੇ ਮਰਨ ਵੇਲੇ ਆਪ ਪੁਸ਼ਕਰ ਸਨ। ਪੱਟੀ ਵਿਖੇ ਸਾਵਣ ਦਾ ਮਹੀਨਾ ਚਲ ਰਿਹਾ ਸੀ। ਸੋ ਸਾਵਣ ਸੰਨ 1574 ਬਿ. ਅਰਥਾਤ ਅਗਸਤ 1518 ਵਿਚ ਪੱਟੀ ਵਿਖੇ।

ਲਗਦਾ ਹੈ ਕਿ ਮਾਤਾ ਤ੍ਰਿਪਤਾ ਅਤੇ ਪਿਤਾ ਕਾਲੂ ਵੀ ਗੁਰੂ ਸਾਹਿਬ ਕੋਲ ਪਹੁੰਚ ਚੁੱਕੇ ਸਨ।

ਅਜਿੱਤੇ ਵਾਲੀ ਧਰਮਸਾਲ ਤੇ ਹੁਣ ਰੌਣਕਾਂ ਲੱਗੀਆਂ ਰਹਿੰਦੀਆਂ ਨੇ। ਲੰਗਰ ਚਲਦੇ ਨੇ।

ਜਦੋਂ ਭੁੰਜੇ ਹੀ ਬੈਠਾ ਰਿਹਾ ਦੋ ਦਿਨ◉

ਮਾਤਾ ਚੋਣੀ ਨੇ ਮਾਤਾ ਤ੍ਰਿਪਤਾ ਨੂੰ ਹੌਲੀ ਜਿਹੀ ਸ਼ਕਾਇਤ ਕੀਤੀ ਕਿ ਬਾਬਾ ਮੇਰੇ ਘਰ ਤਾਂ ਫੇਰਾ ਹੀ ਨਹੀ ਪਾਉਦੇ। ਇਥੇ ਆ ਕੇ ਵੀ ਬਸ ਸਾਧਾਂ ਸੰਤਾਂ ਧਾਰਮਿਕ ਬੰਦਿਆਂ ਨਾਲ ਇਨਾਂ ਦੀ ਗੱਲ ਗੋਸ਼ਟੀ ਚਲਦੀ ਰਹਿੰਦੀ ਆ। ਫਿਰ ਮਾਤਾ ਨੇ ਕਿਹਾ ਹੋਵੇਗਾ ਤੇ ਹੁਕਮ ਮੰਨ ਕੇ ਇੱਕ ਵੇਰਾਂ ਫਿਰ ਮਾਤਾ ਚੋਣੀ ਦੇ ਘਰ ਗਏ ਜੋ ਗੁਰੂ ਸਾਹਿਬ ਦੇ ਜੱਦੀ ਘਰ ਦੇ ਨਾਲ ਹੀ ਸੀ। (ਪਰ ਅਗਲੀ ਸਾਖੀ ਵਿੱਚ ਗੱਲ ਧਰਮਸਾਲ ਦੀ ਵੀ ਹੈ)

ਮਾਤਾ ਘੁੰਮੀ ਨੇ ਗੁਰੂ ਸਾਹਿਬ ਦਾ ਬਹੁਤ ਸਤਿਕਾਰ ਕੀਤਾ। ਗ੍ਰਿਸਤ ਦੀਆਂ ਗੱਲਾਂ ਬਾਤਾਂ ਸਹੁਰੇ ਸੱਸ ਦੀਆਂ ਸ਼ਕਾਇਤਾਂ ਚੁੱਗਲੀਆਂ ਵੀ ਲਾਈਆਂ ਹੋਣਗੀਆਂ। ਕੁਝ ਚਿਰ ਬਾਦ ਗੁਰੂ ਸਾਹਿਬ ਨੇ ਲਾਗੇ ਪਈ ਸਫ ਵਿਛਾਈ ਤੇ ਕੰਧ ਨਾਲ ਲੱਗ ਕੇ ਬਹਿ ਗਏ। ਗੁਰੂ ਸਾਹਿਬ ਜਿਓ ਬੈਠੇ ਅੱਠੇ ਪਹਿਰ ਏਸੇ ਅਵਸਥਾ ਵਿੱਚ ਬਿਰਾਜੇ ਰਹੇ। ਮਾਤਾ ਘੁੰਮੀ ਨੇ ਥੋੜਾ ਬਹੁਤ ਹਿਲਾਉਣ ਦੀ ਕੋਸ਼ਿਸ਼ ਕੀਤੀ ਪਰ ਗੁਰੂ ਸਾਹਿਬ ਨੇ ਇਸ਼ਾਰਾ ਕਰ ਦਿੱਤਾ ਕਿ ਸਾਨੂੰ ਛੇੜਿਆ ਨਾਂ ਜਾਏ।

ਹਾਰ ਮਾਤਾ ਘੁੰਮੀ ਜਾ ਸੱਸ ਕੋਲ ਫਰਿਆਦੀ ਹੋਈ ਕਿ ਬਾਬੇ ਦਾ ਆਉਣਾ ਨਾਂ ਆਉਣਾ ਸਭ ਬਰਾਬਰ ਹੈ। ਕਹਿਣ ਲੱਗੀ ਮਾਤਾ ਜੀ ਆ ਕੇ ਵੇਖੋ ਦੋ ਦਿਨਾਂ ਤੋਂ ਉਥੇ ਸੱਥਰ ਤੇ ਅਜਿਹੇ ਬੈਠੇ ਨੇ ਕੋਈ ਹਿਲ ਜੁਲ ਨਹੀ ਰਹੇ।

ਮਾਤਾ ਤੁਰੰਤ ਸੁਲੱਖਣੀ ਮਾਤਾ ਦੇ ਘਰ ਆਈ ਤੇ ਆ ਕੇ ਗੁਰੂ ਸਾਹਿਬ ਨੂੰ ਹਿਲਾਇਆ ਜੁਲਾਇਆ। ਸਾਹਿਬ ਨੂੰ ਟੁੰਬਿਆ ਕਿ ਕਦੀ ਸੌਂ ਵੀ ਜਾਇਆ ਕਰ। ਵੇਖ ਤੇਰੀਆਂ ਅੱਖਾਂ ਕਿਵੇ ਲਾਲ ਹੋਈਆਂ ਪਈਆਂ ਨੇ।

ਕਿਉਕਿ ਮਾਤਾ ਘੁੰਮੀ ਦੀ ਸ਼ਕਾਇਤ ਤੇ ਮਾਤਾ ਤ੍ਰਿਪਤਾ ਆਏ ਸਨ। ਗੁਰੂ ਸਾਹਿਬ ਨੇ ਕਿਹਾ ਕਿ ਮਾਤਾ ਦੱਸ ਮੈਂ ਕਿਵੇ ਕਰਾਂ ਮੇਰਾ ਪਤੀ ਜਾਗਦਾ ਪਿਆ ਮੈਂ ਕਿਵੇ ਸੌਂ ਜਾਵਾਂ। ਉਥੇ ਸਾਹਿਬ ਨੇ ਫਿਰ ਸੁਰ ਵਿੱਚ ਆ ਕੇ ਮਾਤਾ ਘੁੰਮੀ ਦੇ ਪ੍ਰਥਾਇ ਬਾਣੀ ਬੋਲੀ ਪਰ ਮੂਲ ਵਿੱਚ ਆਪਣੇ ਪਤੀ ਨਾਲ ਪਿਆਰ ਦੀ ਗੱਲ ਹੈ। ਵਿੱਚ ਵਿੱਚ ਕਿਤੇ ਮਾਤਾ ਘੁੰਮੀ ਦੀ ਸ਼ਕਾਇਤ ਜਾਂ ਵਿਅੰਗ ਵੀ ਹੈ। "ਪ੍ਰੇਮੁ ਨ ਚਾਖਿਆ ਮੇਰੀ ਤਿਸ ਨ ਬੁਝਾਨੀ ॥ " :-

ਆਸਾ ਮਹਲਾ ੧ ॥ ਏਕ ਨ ਭਰੀਆ ਗੁਣ ਕਰਿ ਧੋਵਾ ॥ ਮੇਰਾ ਸਹੁ ਜਾਗੈ ਹਉ ਨਿਸਿ ਭਰਿ ਸੋਵਾ ॥੧॥ ਇਉ ਕਿਉ ਕੰਤ ਪਿਆਰੀ ਹੋਵਾ ॥ ਸਹੁ ਜਾਗੈ ਹਉ ਨਿਸ ਭਰਿ ਸੋਵਾ ॥੧॥ ਰਹਾਉ ॥ ਆਸ ਪਿਆਸੀ ਸੇਜੈ ਆਵਾ ॥ ਆਗੈ ਸਹ ਭਾਵਾ ਕਿ ਨ ਭਾਵਾ ॥੨॥ ਕਿਆ ਜਾਨਾ ਕਿਆ ਹੋਇਗਾ ਰੀ ਮਾਈ ॥ ਹਰਿ ਦਰਸਨ ਬਿਨੁ ਰਹਨੁ ਨ ਜਾਈ ॥੧॥ ਰਹਾਉ ॥ ਪ੍ਰੇਮੁ ਨ ਚਾਖਿਆ ਮੇਰੀ ਤਿਸ ਨ ਬੁਝਾਨੀ ॥ ਗਇਆ ਸੁ ਜੋਬਨੁ ਧਨ ਪਛੁਤਾਨੀ ॥੩॥ ਅਜੈ ਸੁ ਜਾਗਉ ਆਸ ਪਿਆਸੀ ॥ ਭਈਲੇ ਉਦਾਸੀ ਰਹਉ ਨਿਰਾਸੀ ॥੧॥ ਰਹਾਉ ॥ ਹਉਮੈ ਖੋਇ ਕਰੇ ਸੀਗਾਰੁ ॥ ਤਉ ਕਾਮਣਿ ਸੇਜੈ ਰਵੈ ਭਤਾਰੁ ॥੪॥ ਤਉ ਨਾਨਕ ਕੰਤੈ ਮਨਿ ਭਾਵੈ ॥ ਛੋਡਿ ਵਡਾਈ ਅਪਣੇ ਖਸਮ ਸਮਾਵੈ ॥੧॥ ਰਹਾਉ ॥੨੬॥

ਮਾਤਾ ਬੋਲੀ, "ਦੱਸ ਆ ਸ਼ਾਹਰੁਕ ਕੀ ਪਈ ਆਖਦੀ ਏ?"◉

ਗੁਰੂ ਸਾਹਿਬ ਤਲਵੰਡੀ ਬਰਾਜਮਾਨ ਸਨ ਕਿ ਕੋਠੇ ਤੇ ਸ਼ਹਿਰਕ (ਗਟੱਾਰ ਜਾਂ ਲਾਲੀ ਜਾਂ ਦੇਸੀ ਮੈਨਾ) ਬੈਠੀ ਰੰਗ ਰੰਗ ਦੀ ਆਵਾਜਾਂ ਕੱਢ ਰਹੀ । ਸਾਰਿਆਂ ਦਾ ਧਿਆਨ ਸ਼ਹਿਰਕ ਵਲ ਹੋ ਗਿਆ। ਹਰ ਕੋਈ ਹੱਸ ਹੱਸ ਦੋਹਰਾ ਹੋ ਰਿਹਾ ਸੀ। ਮਾਤਾ ਤ੍ਰਿਪਤਾ ਨੇ ਝੱਟ ਗੁਰੂ ਸਾਹਿਬ ਨੂੰ ਅੜਾਉਣੀ ਪਾ ਦਿੱਤੀ। ਕਹਿਣ ਲੱਗੀ ਵੇ ਨਾਨਕਾ ਤੂੰ ਸਾਰਾ ਜਹਾਨ ਫਰਿਆਂ ਏਂ ਇਹ ਦੱਸ ਇਹ ਸ਼ਹਿਰਕ ਕੀ ਆਖ ਰਹੀ ਏ?

ਗੁਰੂ ਸਾਹਿਬ ਵੀ ਮਾਤਾ ਦਾ ਸਵਾਲ ਸੁਣ ਕੇ ਮੁਸਕਰਾ ਪਏ। ਕਹਿਣ ਲੱਗੇ ਮੈਂ ਬੰਦਾ ਹਾਂ ਮੈਂ ਕੋਈ ਪੰਛੀ ਥੋੜਾ ਹਾਂ ਜਿਹੜਾ ਜਾਨਵਰਾਂ ਦੀਆਂ ਗੱਲਾਂ ਸਮਝਾਂ। ਮਾਤਾ ਫਿਰ ਵਿਅੰਗ ਕੱਸਣ ਲੱਗ ਪਈ। ਤੇ ਨਾਲ ਹੀ ਕਹਿਣ ਲੱਗੀ ਨਾਨਕ ਨੂੰ ਸਾਰਾ ਪਤਾ ਹੈ। ਇਹ ਹਰ ਜੀਅ ਦੇ ਦਿਲ ਦੀ ਗੱਲ ਜਾਣਦਾ ਹੈ।

ਗੁਰੂ ਸਾਹਿਬ ਨੇ ਫਿਰ ਨਾਂਹ ਕੀਤੀ ਪਰ ਮਾਤਾ ਜਿੱਦ ਤੇ ਆ ਗਈ।

ਲਾਗੇ ਭਾਈ ਦਾਸ ਭੱਟ (ਕਿਤੇ ਨਾਂ ਦਾਸੂ ਵੀ ਆਉਦਾ ਹੈ) ਬੈਠਾ ਸੀ। ਗੁਰੂ ਸਾਹਿਬ ਨੇ ਭਾਈ ਦਾਸ ਨੂੰ ਕਿਹਾ ਕਿ ਦਾਸ ਤੂੰ ਹੀ ਦੱਸ ਦੇ ਕਿ ਇਹ ਸ਼ਹਿਰਕ ਕੀ ਕਹਿ ਰਹੀ ਹੈ? ਭਾਈ ਦਾਸ ਨੇ ਹੱਥ ਜੋੜੇ ਤਾਂ ਕਿਹਾ ਕਿ ਗੁਰੂ ਜੀ ਸਾਡੀ ਏਨੀ ਔਕਾਤ ਕਿਥੇ। ਗੁਰੂ ਸਾਹਿਬ ਨੇ ਦਾਸ ਦੇ ਸਿਰ ਤੇ ਹੱਥ ਰੱਖਿਆ ਤੇ ਭਾਈ ਦਾਸ ਦੇ ਸਾਰੇ ਬੰਦ ਕਿਵਾੜ ਖੁੱਲ ਗਏ। ਗੁਰੂ ਸਾਹਿਬ ਨੇ ਕਿਹਾ ਭਾਈ ਦਾਸ ਹੁਣ ਦੱਸ ਇਹ ਪੰਛੀ ਕੀ ਕਹਿ ਰਿਹਾ ਹੈ?

ਭਾਈ ਦਾਸ ਸ਼ੁਰੂ ਹੋ ਗਿਆ। ਕਹਿਣ ਲੱਗਾ ਜੀ ਸ਼ਹਿਰਕ ਮੈਨੂੰ ਸੁਨੇਹਾ ਦੇ ਰਹੀ ਹੈ ਕਿ ਦਾਸ ਤੂੰ ਸਭ ਭੁੱਲ ਭੁਲਾ ਕੇ ਬੈਠਾ ਏ ਤੇਰਾ ਵਕਤ ਨੇੜੇ ਆ ਗਇਆ ਏ ਤੂੰ ਸਿਰਫ ਅੱਠ ਦਿਨ ਹੋਰ ਜਿੰਦਗੀ ਜੀਅ ਲੈ।

ਹੁਣ ਸਾਰਾ ਹਾਸਾ ਗਮ ਵਿੱਚ ਤਬਦੀਲ ਹੋ ਗਿਆ। ਗੁਰੂ ਸਾਹਿਬ ਨੇ ਭਾਈ ਦਾਸ ਨੂੰ ਦਿਲਾਸਾ ਦਿੱਤਾ ਕਿ ਇਥੇ ਹਰ ਜੀਅ ਦੇ ਸਿਰ

ਪੈਰ ਸਫ਼ਾ

◉ ਸੋਢੀ 2-315, ਇਥੇ ਇਹ ਵੀ ਜਿਕਰ ਮਿਲਦਾ ਹੈ ਕਿ ਗੁਰੂ ਸਾਹਿਬ 12-13 ਸਾਲ ਬਾਦ ਘਰ ਪਰਤੇ ਹਨ।

ਇਸ ਸਾਖੀ ਤੋਂ ਲੱਗਦਾ ਹੈ ਕਿ ਗੁਰੂ ਕੇ ਮਹਿਲ ਵੀ ਤਲਵੰਡੀ ਆ ਗਏ ਸਨ ਤੇ ਤਲਵੰਡੀ ਉਨਾਂ ਦਾ ਵਖਰਾ ਕਮਰਾ ਜਾਂ ਘਰ ਸੀ।

ਬੇਦੀ ਸਹਿਬਜਾਦਿਆਂ ਦਾ ਤਾਂ ਇਹੋ ਮੰਨਣਾ ਹੈ ਕਿ ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਦੀ ਪਾਲਣਾ ਤਲਵੰਡੀ ਹੀ ਹੋਈ। (ਦੇਖੋ ਬਾਬਾ ਸ੍ਰੀ ਚੰਦ- ਬਾਬਾ ਦਿਲਜੀਤ ਸਿੰਘ ਬੇਦੀ : ਭਾਸ਼ਾ ਵਿਭਾਗ)

ਕੁਝ ਵੀ ਹੋਵੇ ਕੁਝ ਸਮੇਂ ਬਾਦ ਮਾਤਾ ਚੋਣੀ ਪੱਖੋਕੇ ਆ ਗਏ ਸਨ। ਫਿਰ ਇਥੇ ਧਰਮਸਾਲ ਦਾ ਵੀ ਜਿਕਰ ਹੈ। ਸੋ ਇਹੋ ਕਹਿਣਾ ਪਵੇਗਾ ਕਿ ਅਜਿਤੇ ਰੰਧਾਵੇ ਦੇ ਖੂਹ ਤੇ 1518 ਵਿੱਚ ਹੀ ਆ ਗਏ ਸਨ।

ਤੇ ਮੌਤ ਕੂਕਦੀ ਹੈ। ਸਭ ਨੇ ਜਾਣਾ ਹੈ ਤੇ ਤੂੰ ਭਾਗਾਂ ਵਾਲਿਆ ਨਿਕਲਿਓ ਜਿਸ ਨੇ ਆਪਣਾ ਆਉਣ ਵਾਲਾ ਸਮਾਂ ਵੇਖ ਲਿਆ ਹੈ।

ਦਾਸ ਭੱਟ ਦਾ ਵੀ ਵੈਰਾਗ ਛੁੱਟ ਗਿਆ। ਕਹਿਣ ਲੱਗਾ ਬਾਬਾ ਤੂੰ ਹੀ ਮੇਰਾ ਮਾਤਾ ਹੈ ਤੂੰ ਹੀ ਮੇਰਾ ਪਿਤਾ ਹੈ। ਮੈਨੂੰ ਇਹ ਅੱਠੇ ਦਿਨ ਆਪਣੇ ਚਰਨਾਂ ਨਾਲ ਲਾਈ ਰੱਖ। ਗੁਰੂ ਸਾਹਿਬ ਨੇ ਕਿਹਾ ਨਹੀ ਪੁਰਖਾ ਤੂੰ ਆਪਣੇ ਘਰ ਪਹੁੰਚ। ਆਪਣੇ ਪੁੱਤਰਾਂ ਧੀਆਂ ਪਰਵਾਰ ਦੇ ਹੱਥੀ ਰਵਾਨਾ ਹੋਣਾਂ।

ਦਾਸ ਕਹਿਣ ਲੱਗਾ ਬਾਬਾ ਜੀ ਮੇਰੀ ਇੱਕ ਪ੍ਰਾਰਥਨਾ ਹੈ। ਮੇਰੇ ਕੋਲ ਕੋਈ ਲੱਖ ਟਕਾ ਇਕੱਠਾ ਹੋਇਆ ਪਿਆ ਹੈ। ਮੇਰੇ ਪੁੱਤਰ ਸਭ ਕਮਾਉਦੇ ਖਾਂਦੇ ਨੇ। ਕਿਸੇ ਚੀਜ਼ ਦੀ ਕੋਈ ਤੋਟ ਨਹੀ। ਮੇਰੀ ਭੱਟ ਰਾਣੀ ਤੇ ਤੁਹਾਡਾ ਅਸ਼ੀਰਵਾਦ ਭਰਿਆ ਹੱਥ ਰਹੇਗਾ। ਕਿਰਪਾ ਕਰੋ ਮੈਂ ਉਹ ਲੱਖ ਟਕੇ ਧਰਮਸਾਲ ਦੇ ਲੇਖੇ ਲਾ ਦਿਆਂ।

ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਤੇਰੇ ਪੈਸੇ ਤੇ ਤੇਰੇ ਪ੍ਰਵਾਰ ਦਾ ਹੱਕ ਹੈ। ਇਸ ਪ੍ਰਕਾਰ ਦਾਸ ਭੱਟ ਦੇ ਜਿਆਦਾ ਜਿੱਦ ਕਰਨ ਤੇ ਕੁਝ ਰਕਮ ਗੁਰੂ ਘਰ ਦੀ ਧਰਮਸਾਲ ਵਾਸਤੇ ਲੈਣ ਲਈ ਸਤਿਗੁਰੂ ਜੀ ਰਾਜੀ ਹੋ ਗਏ।

ਦਾਸ ਭੱਟ ਨੇ ਫਿਰ ਗੁਰੂ ਸਾਹਿਬ ਦਾ ਰਚਿਆ ਸ਼ਬਦ ਬਾਬਾ ਜੀ ਦੇ ਸਨਮੁਖ ਹੋ ਸ਼ਬਦ ਗਾਵਿਆ:

ਗਉੜੀ ਚੇਤੀ ਮਹਲਾ ੧ ॥ ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ ॥ ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ ॥੧॥ ਮੇਰੇ ਸਾਹਿਬਾ ਕਉਨੁ ਜਾਣੈ ਗੁਣ ਤੇਰੇ ॥ ਕਹੇ ਨ ਜਾਨੀ ਅਉਗਣ ਮੇਰੇ ॥੧॥ ਰਹਾਉ ॥ ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥ ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥੨॥ ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ ॥ ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥੩॥ ਤਟ ਤੀਰਥ ਹਮ ਨਵ ਖੰਡ ਦੇਖੇ ਹਟ ਪਟਣ ਬਾਜਾਰਾ ॥ ਲੈ ਕੈ ਤਕੜੀ ਤੋਲਣਿ ਲਾਗਾ ਘਟ ਹੀ ਮਹਿ ਵਣਜਾਰਾ ॥੪॥ ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥ ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥੫॥ ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ ॥ ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ ॥੬॥੫॥੧੭॥

ਗੁਰੂ ਸਾਹਿਬ ਤੋਂ ਅਸ਼ੀਰਵਾਦ ਲੈ ਫਿਰ ਭਾਈ ਦਾਸ ਆਪਣੇ ਪਿੰਡ ਨੂੰ ਰਵਾਨਾ ਹੋ ਗਿਆ।

ਮਾਤਾ ਤ੍ਰਿਪਤਾ ਦਾਸ ਭੱਟ ਤੇ ਗੁਰੂ ਸਾਹਿਬ ਦੀ ਸਾਰੀ ਗੱਲ ਬਾਤ ਸੁਣਦੀ ਰਹੀ। ਗੁਰੂ ਸਾਹਿਬ ਵਿੱਚ ਹੁਣ ਉਸ ਦਾ ਭਰੋਸਾ ਬੱਝ ਚੁੱਕਾ ਸੀ ਕਿ ਉਸਦਾ ਪੁੱਤਰ ਨਿਰੰਕਾਰ ਦਾ ਰੂਪ ਹੈ। ਪਰ ਕਿਹਾ ਜਾਂਦਾ ਹੈ ਕਿ ਉਹ ਮਾਇਆ ਮੋਹ ਤੋਂ ਉਪਰ ਨਹੀ ਸੀ ਉਠ ਪਾਈ।

—◈—

ਪੈਂਡਾ ਸਫ਼ਾ

◉ ਸੋਢੀ 2- 319. ਲਗਦਾ ਹੈ ਕਿ ਗੁਰੂ ਘਰ ਨਾਲ ਭੱਟਾਂ ਦਾ ਜੋ ਰਿਸ਼ਤਾ ਬਣਦਾ ਹੈ ਉਹ ਇਸੇ ਦਾਸ ਭੱਟ ਕਰਕੇ ਹੀ ਹੋਂਦ ਵਿੱਚ ਆਉਦਾ ਹੈ।

ਜਨਮ ਸਾਖੀ ਅਨੁਸਾਰ ਭਾਈ ਮਰਦਾਨਾ ਵੀ ਮੌਜੂਦ ਹੁੰਦਾ ਹੈ। ਜਿਸਦਾ ਮਤਲਬ ਹੈ ਗੱਲ 1518 ਦੀ ਹੀ ਲੱਗਦੀ ਹੈ। ਧਰਮਸਾਲ ਪੱਥੋਕੇ। ਸੋਢੀ 2 -329/330 ਤੇ ਤਾਂ ਸਾਫ ਹੀ ਲਿਖਿਆ ਹੈ ਕਿ ਰਾਵੀ ਦੇ ਕਿਨਾਰੇ ਬੈਠਾ ਸੀ ਤੇ 12 ਸਾਲੀ ਆਇਆ ਹੈ।

◈ ਸੋਢੀ 2-326। ✚ਸੋਢੀ 2 -329/330 ਤੇ ਤਾਂ ਸਾਫ ਹੀ ਲਿਖਿਆ ਹੈ ਕਿ ਰਾਵੀ ਦੇ ਕਿਨਾਰੇ ਬੈਠਾ ਸੀ ਤੇ 12 ਸਾਲੀ ਆਇਆ ਹੈ। ਮਤਲਬ ਕਿ ਸਾਹਿਬ ਤਲਵੰਡੀ ਵੀ ਗਏ ਤੇ ਪੱਥੋਕੇ ਵੀ।

'ਬਿਨੁ ਦਮ ਕੇ ਸਉਦਾ ਨਹੀ ਹਾਟ॥ '◈

ਇਨਾਂ ਹੀ ਦਿਨਾਂ ਵਿੱਚ ਇਲਾਕੇ ਵਿੱਚ ਕੋਈ ਸਾਧੂ ਹੱਠ ਕਰਕੇ ਗੁਜਰ ਗਿਆ। ਅਕਸਰ ਹੀ ਸਾਧੂ ਇਹ ਕੁਝ ਕਰ ਲਿਆ ਕਰਦੇ ਸਨ। ਕੋਈ ਖਾਣਾ ਪੀਣਾ ਛੱਡ ਦਿੰਦਾ ਸੀ ਕੋਈ ਉੱਚੀ ਥਾਂ ਤੋਂ ਛਾਲ ਮਾਰ ਦਿੰਦਾ ਸੀ ਕੋਈ ਜੀਂਦੇ ਜੀਅ ਭੋਰੇ ਵਿੱਚ ਬੰਦ ਹੋ ਜਾਂਦਾ ਸੀ। ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਨਿਰੰਕਾਰ ਨਾਲ ਤੁਸੀ ਇਹੋ ਜਿਹੀ ਜਿੱਦ ਨਹੀ ਕਰ ਸਕਦੇ। ਰੱਬ ਦੇ ਮਿਲਾਪ ਵਿੱਚ ਜੋਰ ਜਾਂ ਹੱਠ ਸਹਾਈ ਨਹੀ ਹੁੰਦਾ। ਇਸ ਨਾਲ ਨਿਰੰਕਾਰ ਦੀ ਖੁਸ਼ੀ ਪ੍ਰਾਪਤ ਨਹੀ ਹੁੰਦੀ ਸਗੋਂ ਹੁਕਮ ਅਦੂਲੀ ਹੁੰਦੀ ਹੈ। ਉਹਦੇ ਹੁਕਮ ਵਿੱਚ ਚਲਣਾ ਹੀ ਉਹਦੀ ਪ੍ਰਾਪਤੀ ਦਾ ਸਾਧਨ ਹੈ।

ਬਾਕੀ ਗੁਰੂ ਸਾਹਿਬ ਨੇ ਕਿਹਾ ਕਿ ਪੈਸੇ ਬਿਨਾਂ ਸੌਦਾ ਨਹੀ ਹੁੰਦਾ। ਏਸੇ ਪ੍ਰਕਾਰ ਗੁਰੂ ਬਿਨਾਂ ਗਤੀ ਨਹੀ ਹੈ।

ਗਉੜੀ ਮਹਲਾ ੧ ॥ ਹਠੁ ਕਰਿ ਮਰੈ ਨ ਲੇਖੈ ਪਾਵੈ ॥ ਵੇਸ ਕਰੈ ਬਹੁ ਭਸਮ ਲਗਾਵੈ ॥ ਨਾਮੁ ਬਿਸਾਰਿ ਬਹੁਰਿ ਪਛੁਤਾਵੈ ॥੧॥ ਤੂੰ ਮਨਿ ਹਰਿ ਜੀਉ ਤੂੰ ਮਨਿ ਸੂਖ ॥ ਨਾਮੁ ਬਿਸਾਰਿ ਸਹਹਿ ਜਮ ਦੂਖ ॥੧॥ ਰਹਾਉ ॥ ਚੋਆ ਚੰਦਨ ਅਗਰ ਕਪੂਰਿ ॥ ਮਾਇਆ ਮਗਨੁ ਪਰਮ ਪਦੁ ਦੂਰਿ ॥ ਨਾਮਿ ਬਿਸਾਰਿਐ ਸਭੁ ਕੂੜੋ ਕੂਰਿ ॥੨॥ ਨੇਜੇ ਵਾਜੇ ਤਖਤਿ ਸਲਾਮੁ ॥ ਅਧਕੀ ਤ੍ਰਿਸਨਾ ਵਿਆਪੈ ਕਾਮੁ ॥ ਬਿਨੁ ਹਰਿ ਜਾਚੇ ਭਗਤਿ ਨ ਨਾਮੁ ॥੩॥ ਵਾਦਿ ਅਹੰਕਾਰਿ ਨਾਹੀ ਪ੍ਰਭੁ ਮੇਲਾ ॥ ਮਨੁ ਦੇ ਪਾਵਹਿ ਨਾਮੁ ਸੁਹੇਲਾ ॥ ਦੂਜੈ ਭਾਇ ਅਗਿਆਨੁ ਦੁਹੇਲਾ ॥੪॥ ਬਿਨੁ ਦਮ ਕੇ ਸਉਦਾ ਨਹੀ ਹਾਟ ॥ ਬਿਨੁ ਬੋਹਿਥ ਸਾਗਰ ਨਹੀ ਵਾਟ ॥ ਬਿਨੁ ਗੁਰ ਸੇਵੇ ਘਾਟੇ ਘਾਟਿ ॥੫॥ ਤਿਸ ਕਉ ਵਾਹੁ ਵਾਹੁ ਜਿ ਵਾਟ ਦਿਖਾਵੈ ॥ ਤਿਸ ਕਉ ਵਾਹੁ ਵਾਹੁ ਜਿ ਸਬਦੁ ਸੁਣਾਵੈ ॥ ਤਿਸ ਕਉ ਵਾਹੁ ਵਾਹੁ ਜਿ ਮੇਲਿ ਮਿਲਾਵੈ ॥੬॥ ਵਾਹੁ ਵਾਹੁ ਤਿਸ ਕਉ ਜਿਸ ਕਾ ਇਹੁ ਜੀਉ ॥ ਗੁਰ ਸਬਦੀ ਮਥਿ ਅੰਮ੍ਰਿਤੁ ਪੀਉ ॥ ਨਾਮ ਵਡਾਈ ਤੁਧੁ ਭਾਣੈ ਦੀਉ ॥੭॥ ਨਾਮ ਬਿਨਾ ਕਿਉ ਜੀਵਾ ਮਾਇ ॥ ਅਨਦਿਨੁ ਜਪਤੁ ਰਹਉ ਤੇਰੀ ਸਰਣਾਇ ॥ ਨਾਨਕ ਨਾਮਿ ਰਤੇ ਪਤਿ ਪਾਇ ॥੮

—◈—

ਮਾਤਾ ਨੂੰ ਆਖਿਆ ਕਿ ਮੋਹ ਛੱਡ ਦੇ +

ਗੁਰੂ ਸਾਹਿਬ ਇੱਕ ਦਿਨ ਰਾਵੀ ਦੇ ਕੰਢੇ ਜਾ ਬਿਰਾਜੇ ਤੇ ਸ਼ਾਮ ਤੱਕ ਬਿਨਾ ਕੁਝ ਖਾਧੇ ਪੀਤੇ ਬੈਠੇ ਰਹੇ। ਸ਼ਾਮੀ ਮਾਤਾ ਤ੍ਰਿਪਤਾ ਨੂੰ ਚਿੰਤਾ ਹੋਈ ਤੇ ਉਸ ਪੁੱਛਣਾ ਕੀਤੀ ਕਿ ਕਿਸੇ ਨੇ ਬਾਬੇ ਨੂੰ ਵੇਖਿਆ ਹੋਵੇ ਤਾਂ ਇੱਕ ਕਿਸਾਨ ਨੇ ਦੱਸਿਆ ਕਿ ਬਾਬਾ ਤਾਂ ਰਾਵੀ ਕੰਢੇ ਬੈਠਾ ਹੋਇਆ ਹੈ। ਮਾਤਾ ਉਸ ਕਿਸਾਨ ਨੂੰ ਲੈ ਕੇ ਗਈ ਤੇ ਜਾ ਕੇ ਗੁਰੂ ਸਾਹਿਬ ਦੇ ਸਾਹਮਣੇ ਬਹੁਤ ਰੋਈ ਪਿੱਟੀ ਕਿ ਤੂੰ ਆਪਣਾ ਧਿਆਨ ਨਹੀ ਰੱਖਦਾ। ਕਿਸਾਨ ਵੀ ਬਾਬੇ ਨੂੰ ਕਹਿਣ ਲੱਗਾ ਕਿ ਕੁਝ ਤਾਂ ਖਿਆਲ ਕਰਿਆ ਕਰੋ ਮਾ ਦਾ, ਇਹ ਮਰ ਮਰ ਜਾ ਰਹੀ ਹੈ। ਗੁਰੂ ਸਾਹਿਬ ਨੇ ਕਿਹਾ ਕਿ ਮਾਤਾ ਮੋਹ ਵਿੱਚ ਫਸੀ ਪਈ ਹੈ। ਗੁਰੂ ਸਾਹਿਬ ਨੇ ਦੱਸਿਆ ਕਿ ਮੋਹ ਵੀ ਵੱਡੀ ਪੁਆੜੇ ਦੀ ਜੜ੍ਹ ਹੈ। ਮੋਹ ਕਰਕੇ ਹੀ ਬੰਦਾ ਕਈ ਬੁਰਾਈਆਂ ਵੀ ਕਰ ਜਾਂਦਾ ਹੈ। ਸਾਹਿਬ ਨੇ ਰਾਵੀ ਕੰਢੇ ਸ਼ਬਦ ਉਚਾਰਿਆ ਤੇ ਉੱਚੀ ਸੁਰ ਵਿੱਚ ਗਾਇਆ:

ਆਸਾ ਮਹਲਾ ੧ ਪੰਚਪਦੇ ॥ ਮੋਹੁ ਕੁਟੰਬੁ ਮੋਹੁ ਸਭ ਕਾਰ ॥ ਮੋਹੁ ਤੁਮ ਤਜਹੁ ਸਗਲ ਵੇਕਾਰ ॥੧॥ ਮੋਹੁ ਅਰੁ ਭਰਮੁ ਤਜਹੁ ਤੁਮ੍ ਬੀਰ ॥ ਸਾਚੁ ਨਾਮੁ ਰਿਦੇ ਰਵੈ ਸਰੀਰ ॥੧॥ ਰਹਾਉ ॥ ਸਚੁ ਨਾਮੁ ਜਾ ਨਵ ਨਿਧਿ ਪਾਈ ॥ ਰੋਵੈ ਪੂਤੁ ਨ ਕਲਪੈ ਮਾਈ ॥੨॥ ਏਤੁ ਮੋਹਿ ਡੂਬਾ ਸੰਸਾਰੁ ॥ ਗੁਰਮੁਖਿ ਕੋਈ ਉਤਰੈ ਪਾਰਿ ॥੩॥ ਏਤੁ ਮੋਹਿ ਫਿਰਿ ਜੂਨੀ ਪਾਹਿ ॥ ਮੋਹੇ ਲਾਗਾ ਜਮ ਪੁਰਿ ਜਾਹਿ ॥੪॥ ਗੁਰ ਦੀਖਿਆ ਲੇ ਜਪੁ ਤਪੁ ਕਮਾਹਿ ॥ ਨਾ ਮੋਹੁ ਤੂਟੈ ਨਾ ਥਾਇ ਪਾਹਿ ॥੫॥ ਨਦਰਿ ਕਰੇ ਤਾ ਏਹੁ ਮੋਹੁ ਜਾਇ ॥ ਨਾਨਕ ਹਰਿ ਸਿਉ ਰਹੈ ਸਮਾਇ ॥

—▲—

ਬਾਬ-49ਓ

ਕਰਤਾਰਪੁਰ ਦੇ ਕੌਤਕ। ਭਾਗ–2

ਅਜਿਤੇ ਦੇ ਪ੍ਰਸ਼ਨਾਂ ਨੇ ਕੀਤਾ ਬਾਬਾ ਪ੍ਰਸੰਨ ਅਤੇ ਕਲਾਨੌਰ ਦਾ ਕ੍ਰੋੜੀਆ

ਪੱਖੋਕਿਆਂ ਦੇ ਅਜਿਤੇ ਰੰਧਾਵੇ ਨਾਲ ਗੁਰੂ ਸਾਹਿਬ ਦੀ ਪੁਰਾਣੀ ਵਾਕਫੀਅਤ ਸੀ। ਅਜਿਤੇ ਦਾ ਪਿਤਾ ਹਿੱਤਾ ਗੁਰੂ ਸਾਹਿਬ ਦੇ ਵਿਆਹ ਮੌਕੇ ਇੰਤਜਾਮੀਆਂ ਵਜੋਂ ਹਾਜਰ ਸੀ। ਪਿਤਾ ਦੇ ਗੁਜਰ ਜਾਣ ਤੋਂ ਬਾਦ ਇਲਾਕੇ ਦਾ ਚੌਧਰੀ ਅਜਿਤਾ ਬਣਿਆ। ਸਰਕਾਰੇ ਦਰਬਾਰੇ ਉਨ੍ਹੂੰ ਗੱਲ ਕਰਨ ਦਾ ਚੱਜ ਆ ਚੁੱਕਾ ਸੀ।

ਕਿਉਕਿ ਦੋਦੇ ਦੇ ਲਾਗੇ ਗੁਰੂ ਸਾਹਿਬ ਦੇ ਡੇਰੇ ਤੇ ਰੋਜ ਹਜਾਰਾਂ ਲੋਕ ਪਹੁੰਚ ਰਹੇ ਸਨ ਤੇ ਇੱਕ ਤਰਾਂ ਨਾਲ ਮੇਲਾ ਲੱਗਾ ਰਹਿੰਦਾ ਸੀ। ਲੰਗਰ ਪਾਣੀ ਦਾ ਪ੍ਰਬੰਧ ਸੀ। ਹਰ ਕੋਈ ਭਰੀ ਸਭਾ ਵਿੱਚ ਬੋਲ ਨਹੀ ਸਕਦਾ। ਫਿਰ ਜਦੋਂ ਗੁਰੂ ਸਾਹਿਬ ਸੰਗਤ ਵਿੱਚ ਵਿਖਿਆਨ ਕਰਦੇ ਤਾਂ ਇਹ ਅਜਿਤਾ ਰੰਧਾਵਾ ਸੀ ਜੋ ਗੁਰੂ ਸਾਹਿਬ ਕੋਲੋ ਸਵਾਲ ਪੁੱਛਦਾ।

ਅਜਿਤੇ ਰੰਧਾਵੇ ਦੇ ਪ੍ਰਸ਼ਨ ਭਾਈ ਸੂਰਤ ਸਿੰਘ ਨੇ ਲਿਖੇ ਸਨ ਜੋ ਰੂਹਾਨੀਅਤ ਪੱਖੋ ਰੋਸ਼ਨੀ ਪਾਉਦੇ ਹਨ। ਇਹ ਗੋਸ਼ਟੀਆਂ ਵੱਖ ਵੱਖ ਸਮਿਆਂ ਤੇ ਹੋਈਆਂ ਹੋਣਗੀਆਂ। ਹੇਠਾਂ ਕੁਝ ਇੱਕ ਅਜਿਤੇ ਤੇ ਪ੍ਰਸ਼ਨ■:-

1.ਬਾਬਾ ਤੇਰਾ ਅਸਲੀ ਰੂਪ ਕੀ ਹੈ?- ਅਜਿਤਾ

ਅਜਿਤਾ ਕਹਿਣ ਲੱਗਾ ਗੁਰੂ ਸਾਹਿਬ ਅਸੀ ਤੁਹਾਨੂੰ ਵੱਖਰੇ ਵੱਖਰੇ ਰੂਪਾਂ ਵਿੱਚ ਵੇਖਦੇ ਹਾਂ। ਕਦੀ ਤੁਸੀ ਕੁਝ ਨਜਰ ਆਉਦੇ ਹੋ ਕਦੀ ਕੁਝ। ਕਦੀ ਤੁਸੀ ਬਾਦਸ਼ਾਹਾਂ ਨਾਲ ਗੱਲ ਬਾਤ ਕਰ ਰਹੇ ਹੁੰਦੇ ਹੋ, ਕਦੀ ਸੰਤਾਂ ਦੀ ਮੰਡਲੀ ਵਿੱਚ ਸੰਤ ਲੱਗਦੇ ਹੋ, ਕਦੀ ਤੁਸੀ ਮੌਲਵੀਆਂ ਦੀ ਸੰਗਤ ਵਿੱਚ ਮੌਲਵੀ ਦਿਸਦੇ ਹੋ। ਬ੍ਰਾਹਮਣਾਂ 'ਚ ਬੈਠੇ ਤੁਸੀ ਬ੍ਰਾਹਮਣ ਜਿਹੇ ਲੱਗਦੇ ਹੋ। ਬਾਬਾ ਜੀ ਸਾਡਾ ਤਾਂ ਸਿਰ ਚਕ੍ਰਾਅ ਜਾਂਦਾ ਹੈ ਕਿਉਕਿ ਕਦੀ ਤੁਸੀ ਧਾਣਕ (ਸਾਂਸੀ) ਬਣ ਸ਼ਿਕਾਰ ਤੇ ਨਿਕਲਦੇ ਹੋ। ਕਦੀ ਤੁਸੀ ਆਪਣੇ ਆਪ ਨੂੰ ਨੀਚਾਂ ਤੋਂ ਵੀ ਨੀਚ ਸਦਾਉਦੇ ਹੋ। ਸਾਨੂੰ ਮਹਿਤਾ ਕਾਲੂ ਦਾ ਪੁੱਤ੍ਰ ਜਾਂ ਚੋਣੀ ਦਾ ਪਤੀ ਜਾਂ ਲਖਮੀ ਚੰਦ ਦਾ ਪਿਤਾ ਕਦੀ ਘੱਟ ਹੀ ਨਜਰ ਆਉਦਾ ਹੈ।

ਸੋ ਗੁਰੂ ਜੀ ਤੁਹਾਡਾ ਅਸਲ ਸਰੂਪ ਕੀ ਹੈ?

ਗੁਰੂ ਜੀ ਨੇ ਸੰਗਤ ਨੂੰ ਸਮਝਾਇਆ ਕਿ ਗੁਰੂ ਦਾ ਸਰੂਪ ਜਾਂ ਸਰੀਰ ਤਾਂ ਇੱਕ ਸਾਧਨ ਹੈ ਜਿਸ ਰਾਂਹੀ ਨਿਰੰਕਾਰ ਦੀ ਬਾਣੀ ਤੁਹਾਡੇ ਤੱਕ ਪਹੁੰਚ ਰਹੀ ਹੈ। ਇਹ ਸਰੀਰ ਤਾਂ ਨਾਸਵਾਨ ਹੁੰਦੇ ਹਨ। ਮੇਰਾ ਅਸਲ ਸਰੂਪ ਸ਼ਬਦ (means of communication by language) ਹੈ। ਸ਼ਬਦ ਨਿਰਅਕਾਰ ਹੈ। ਉਹ ਜਨਮ ਮਰਨ ਤੋਂ ਉਪਰ ਹੈ।

ਗੁਰੂ ਸਾਹਿਬ ਦੇ ਇਸ਼ਾਰੇ ਤੇ ਮਰਦਾਨਾ ਸੁਚੇਤ ਹੋਇਆ। ਸਾਹਿਬ ਨੇ ਸਬਦ ਗਾਵਿਆ:-

ਸਿਰੀਰਾਗੁ ਮਹਲੁ ੧ ॥ ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ ॥ ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ ॥ ਸਚੁ ਮਿਲੈ ਸੰਤੋਖੀਆ ਹਰਿ ਜਪਿ ਏਕੈ ਭਾਇ ॥੧॥ ਭਾਈ ਰੇ ਸੰਤ ਜਨਾ ਕੀ ਰੇਣੁ ॥ ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ ॥੧॥ ਰਹਾਉ ॥ ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ ॥ ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ ॥ ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ ਬੀਚਾਰਿ ॥੨॥ ਤ੍ਰਿਬਿਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ ॥ ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ ॥ ਨਿਜ ਘਰਿ ਮਹਲੁ ਪਛਾਣੀਐ ਨਦਰਿ ਕਰੇ ਮਲੁ ਧੋਇ ॥੩॥ ਬਿਨੁ ਗੁਰ ਮੈਲੁ ਨ ਉਤਰੈ ਬਿਨੁ ਹਰਿ ਕਿਉ ਘਰ ਵਾਸੁ ॥ ਏਕੋ ਸਬਦੁ ਵੀਚਾਰੀਐ ਅਵਰ ਤਿਆਗੈ ਆਸ ॥ ਨਾਨਕ ਦੇਖਿ

ਪੈੜ ਸਫਾ

■ ਬੀ:40- 100 ਅਤੇ ਜਵਾਹਰ- 403 ਤੋਂ 428

ਇਤਹਾਸਿਕ ਕਿਤਾਬਾਂ ਵਿੱਚੋਂ ਮਿਲਦੇ ਅਜਿਤੇ ਰੰਧਾਵੇ ਦੇ ਕੀਤੇ ਹੋਏ ਪ੍ਰਸ਼ਨ, 18ਵੀ ਸਦੀ ਦੇ ਲਿਖੇ ਲੱਗਦੇ ਹਨ, ਜੋ ਰੂਹਾਨੀਅਤ ਪੱਖੋ ਰੋਸ਼ਨੀ ਪਾਉਦੇ ਹਨ। ਅਜਿਤੇ ਦੇ ਸਵਾਲ ਬੀ-40 ਵਿਚ ਵੀ ਹਨ। ਪਰ ਅਸਾਂ ਉਕਤ ਜਵਾਹਰ ਨੂੰ ਅਧਾਰ ਬਣਾਇਆ ਹੈ। ਇਹ ਗੋਸ਼ਟੀਆਂ ਵੱਖ ਵੱਖ ਸਮਿਆਂ ਤੇ ਭਾਵ 1512 ਤੋਂ 1539 ਈ ਦਰਮਿਆਨ ਹੋਈਆਂ ਹੋਣਗੀਆਂ।

ਫਿਰ ਇਥੇ ਜਨਮ ਸਾਖੀਆਂ ਵਿੱਚ ਜੋ ਬਾਣੀ ਦਿੱਤੀ ਗਈ ਹੈ ਉਸ ਬਾਬਤ ਵੇਖਿਆ ਗਇਆ ਕਿ ਉਹ ਬਹੁਤੀ ਥਾਂਈ ਪਹਿਲੀ ਪਾਤਸ਼ਾਹੀ ਦੀ ਬਾਣੀ ਨਹੀ ਹੈ। ਇਸ ਕਰਕੇ ਢੁੱਕਵੀ ਬਾਣੀ ਲੱਭ ਕੇ ਦੇ ਦਿੱਤੀ ਗਈ ਹੈ।

ਬੀ:40 ਨੇ ਗੁਰੂ ਸਾਹਿਬ ਨਾਲ ਅਜਿਤੇ ਦੀਆਂ ਦੋ ਤਸਵੀਰਾਂ ਦਿੱਤੀਆਂ; ਇਕ ਵਿਚ ਦਾਹੜੀ ਕਾਲੀ ਹੈ ਅਤੇ ਦੂਸਰੇ ਵਿਚ ਚਿੱਟੀ।(ਭਾਵ ਤਰਤੀਬਵਾਰ 1518 ਈ ਅਤੇ 1538-39ਈ.) ਬੜੀ ਹੈਰਾਨੀ ਦੀ ਗਲ, ਡੇਰਾ ਬਾਬਾ ਨਾਨਕ ਦੇ ਕੁਝ ਰੰਧਾਵਾ ਪ੍ਰਵਾਰਾਂ ਦੇ ਬਜੁਰਗ ਬੰਦਿਆਂ ਦੀ ਸ਼ਕਲ ਅਜਿੱਤੇ ਦੀ ਇਸ ਤਸਵੀਰ ਨਾਲ ਬਹੁਤ ਮੇਲ ਖਾਂਦੀ ਹੈ।

ਦਿਖਾਈਐ ਹਉ ਸਦ ਬਲਿਹਾਰੈ ਜਾਸੁ ॥੪॥

ਗੁਰੂ ਸਾਹਿਬ ਨੇ ਸਮਝਾਇਆ ਕਿ ਨਿਰੰਕਾਰ ਦੀ ਅਰਾਧਨਾ ਸਿਰਫ ਤੇ ਸਿਰਫ ਨਾਮ ਭਾਵ ਉਹਦੀ ਸਿਫਤ ਸਲਾਹ ਜਾਂ ਉਸਤਤ ਹੈ। ਉਹ ਉਸਤਤ ਬੋਲ ਕੇ, ਸੋਚ ਕੇ, ਵਿਚਾਰ ਕੇ, ਖੋਜ ਕਰਕੇ, ਗੀਤ ਗਾ ਕੇ ਕੀਤੀ ਜਾ ਸਕਦੀ ਹੈ। ਸਾਹਿਬ ਨੇ ਸਮਝਾਇਆ ਕਿ ਮੇਰੇ ਕਹੇ ਸ਼ਬਦ ਓਦੋਂ ਵੀ ਮੌਜੂਦ ਹੋਣਗੇ ਜਦੋਂ ਇਹ ਸਰੀਰ ਤੁਸੀ ਨਹੀ ਵੇਖ ਸਕੋਗੇ।

ਸੋ ਰੂਪ ਦੀ ਅਹਿਮੀਅਤ ਨਹੀ ਹੈ। ਮਹੱਤਵਪੂਰਨ ਹੈ; ਸ਼ਬਦ। ਸੋ ਸ਼ਬਦ ਹੀ ਗੁਰੂ ਹੈ। ਸਬਦ ਹੀ ਮੇਰਾ ਅਸਲ ਸਰੂਪ ਹੈ।

—◈—

2.ਬਾਬਾ ਸ਼ਬਦ ਸੁਣ ਮੇਰਾ ਤਾਂ ਮੰਨ ਹੀ ਸਹਿਮ ਗਿਆ– ਅਜਿਤਾ

ਦੋਦੇ ਦੇ ਲਾਗਲੇ ਡੇਰੇ ਜਿੱਥੇ ਬਾਦ ਵਿੱਚ ਕਰਤਾਰਪੁਰ ਵਸਦਾ ਹੈ ਓਥੇ ਸੰਗਤ ਵਿੱਚ ਬੈਠੇ ਸਨ ਗੁਰੂ ਸਾਹਿਬ ਨੂੰ ਅਕਾਲ ਪੁਰਖ ਦੀ ਅਜਿਹੀ ਯਾਦ ਆਈ ਕਿ ਉਹ ਸ਼ਬਦ ਛੇੜ ਦਿੱਤਾ ਜਿਹੜਾ ਸੁਲਤਾਨਪੁਰ ਲੋਧੀ ਰਚਿਆ ਸੀ ਜਦੋਂ ਨਿਰੰਕਾਰ ਨੇ ਗੁਰੂ ਸਾਹਿਬ ਦੀ ਹਿਸਾਬ ਕਰਨ ਵੇਲੇ ਇੰਜਤ ਪੱਤ ਰੱਖੀ ਸੀ। ਭਾਵ:-

ਸਿਰੀਰਾਗੁ ਮਹਲਾ ੧ ॥ ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥
(ਦੇਖੋ ਪੂਰਾ ਸ਼ਬਦ, ਪੰਨਾ 59)

ਸਬਦ ਸੁਣ ਕੇ ਅਜਿਤਾ ਕਹਿਣ ਲੱਗਾ ਬਾਬਾ ਜੀ ਮੇਰਾ ਤਾਂ ਮੰਨ ਹੀ ਡਰ ਗਇਆ ਸੀ। ਏਨੇ ਸਖਤ ਲਫਜ ਤੁਸਾਂ ਵਰਤੇ ਨੇ ਕੀ ਗੱਲ ਹੋਈ ਆ?

ਗੁਰੂ ਸਾਹਿਬ ਨੇ ਭਰੀ ਸੰਗਤ ਵਿੱਚ ਅਜਿਤੇ ਨੂੰ ਸਮਝਾਇਆ ਕਿ ਅਸੀ ਅਕਾਲ ਪੁਰਖ ਦੀ ਮਹਾਨਤਾ ਦਾ ਅੰਦਾਜ਼ਾ ਰਤੀ ਭਰ ਵੀ ਨਹੀ ਲਾ ਸਕਦੇ, ਉਹ ਏਨਾ ਬੇਅੰਤ ਹੈ। ਇੱਕ ਨਿਕੇ ਤੋਂ ਨਿੱਕੇ ਪੱਖ ਨੂੰ ਵਿਚਾਰਨਾ ਸ਼ੁਰੂ ਕਰ ਦਿਓ ਤਾਂ ਵੀ ਕੋਈ ਅਥਾਹ ਨਹੀ। ਬਰੀਕੀ ਵਿੱਚ ਵੀ ਥਾ ਨਹੀ ਤੇ ਜੇ ਵਿਸ਼ਾਲਤਾ ਬਾਰੇ ਸੋਚਣਾ ਸ਼ੁਰੂ ਕਰ ਦਿਓ ਤਾਂ ਵੀ ਕੋਈ ਅੰਤ ਨਹੀ। ਅਸੀ ਤਿੱਲ ਮਾਤਰ ਵੀ ਨਿਰੰਕਾਰ ਦੀ ਬੇਅੰਤਤਾ ਨੂੰ ਬਿਆਨ ਨਹੀ ਕਰ ਸਕਦੇ। ਓਹ ਪਰੇ ਤੋਂ ਪਰੇ ਹੈ। ਸੋ ਜੇ ਕੋਈ ਇਹ ਕਹੇ ਕਿ ਬਾਬੇ ਨਾਨਕ ਨੇ ਨਿਰੰਕਾਰ ਦਾ ਭੇਦ ਪਾ ਲਿਆ ਹੈ ਤਾਂ ਫਿਰ ਮੈਨੂੰ ਇਹੋ ਸ਼ਬਦ ਗਾਉਣਾ ਬਣਦਾ ਹੈ।

—◈—

3.ਬਾਬਾ ਤੇਰੀ ਯਾਰੀ ਜੋਗੀਆਂ ਨਾਲ। ਕੀ ਜੋਗ ਨਿਰੰਕਾਰ ਨਾਲ ਜੋੜਦਾ ਹੈ?– ਅਜਿਤਾ

ਜਿਵੇ ਪਹਿਲਾਂ ਦੱਸ ਚੁੱਕੇ ਹਾਂ ਕਿ ਗੁਰੂ ਸਾਹਿਬ ਦੇ ਵੇਲੇ ਪੰਜਾਬ ਵਿੱਚ ਜੋਗੀਆਂ ਦੀ ਪੂਰੀ ਤੂਤੀ ਬੋਲਦੀ ਸੀ। ਇਸ ਕਰਕੇ ਗੁਰੂ ਸਾਹਿਬ ਦਾ ਜਿਆਦਾ ਵਾਹ ਜੋਗੀਆਂ ਨਾਲ ਪਿਆ। ਜੋਗੀ ਹੀ ਵੱਡੀ ਗਿਣਤੀ ਵਿੱਚ ਗੁਰਮਤ ਦੇ ਪ੍ਰਚਾਰਕ ਬਣੇ। ਜੋਗੀਆਂ ਦੀ ਗੁਰੂ ਸਾਹਿਬ ਨਾਲ ਸੰਗਤ ਹੋਣ ਕਰਕੇ ਬਹੁਤ ਲੋਕਾਂ ਨੂੰ ਭੁਲੇਖਾ ਪੈ ਰਿਹਾ ਸੀ ਕਿ ਸ਼ਾਇਦ ਗੁਰੂ ਸਾਹਿਬ ਵੀ ਜੋਗੀਆਂ ਦਾ ਕੋਈ ਫਿਰਕਾ ਚਲਾ ਰਹੇ ਨੇ। ਏਸੇ ਪ੍ਰਸੰਗ ਵਿੱਚ ਹੀ ਅਜਿਤੇ ਨੇ ਸਵਾਲ ਕਰ ਦਿੱਤਾ ਕਿ ਕੀ ਜੋਗ ਨਿਰੰਕਾਰ ਨਾਲ ਜੋੜਦਾ ਹੈ?

ਦਿਆਲੂ ਬਾਬਾ ਨੇ ਮਰਦਾਨੇ ਦੀ ਰਬਾਬ ਤੇ ਸਾਰੰਗ ਦੀ ਵਾਰ ਵਿੱਚ ਸ਼ਬਦ ਕਹਿਆ:

ਮਹਲਾ ੧ ॥ ਨ ਭੀਜੈ ਰਾਗੀ ਨਾਦੀ ਬੇਦਿ ॥ ਨ ਭੀਜੈ ਸੁਰਤੀ ਗਿਆਨੀ ਜੋਗਿ ॥ ਨ ਭੀਜੈ ਸੋਗੀ ਕੀਤੈ ਰੋਜਿ ॥ ਨ ਭੀਜੈ ਰੂਪੀ ਮਾਲੀ ਰੰਗਿ ॥ ਨ ਭੀਜੈ ਤੀਰਥਿ ਭਵਿਐ ਨੰਗਿ ॥ ਨ ਭੀਜੈ ਦਾਤੀ ਕੀਤੈ ਪੁੰਨਿ ॥ ਨ ਭੀਜੈ ਬਾਹਰਿ ਬੈਠਿਆ ਸੁੰਨਿ ॥ ਨ ਭੀਜੈ ਭੇੜਿ ਮਰਹਿ ਭਿੜਿ ਸੂਰ ॥ ਨ ਭੀਜੈ ਕੇਤੇ ਹੋਵਹਿ ਧੂੜ ॥ ਲੇਖਾ ਲਿਖੀਐ ਮਨ ਕੈ ਭਾਇ ॥ ਨਾਨਕ ਭੀਜੈ ਸਾਚੈ ਨਾਇ ॥੨॥

ਗੁਰੂ ਸਾਹਿਬ ਨੇ ਡੰਕੇ ਦੀ ਚੋਟ ਕਹਿ ਦਿੱਤਾ ਕਿ ਐ ਨਿਰੰਕਾਰ ਦੇ ਅਭਿਲਾਖੀਓ ਮਤ ਕੋਈ ਗਲਤ ਫਹਿਮੀ ਵਿੱਚ ਰਹੇ ਨਿਰੰਕਾਰ ਤੁਹਾਡੇ ਸ਼ਾਸਤਰੀ ਰਾਗ, ਜਾਂ ਜੋਗ ਕਰਨ ਨਾਲ ਜਾਂ ਰੁਖੀਆਂ ਸੁਰਤਾਂ ਟਿਕਾਉਣ ਨਾਲ, ਜਾਂ ਸੋਗ ਵਿੱਚ ਮੂੰਹ ਬਨਾਏ ਬੈਠੇ ਰਹਿਣ ਨਾਲ, ਜਾਂ ਸ਼ਿਗਾਰ ਜਾਂ ਫਿਰ ਗੱਲ ਵਿੱਚ ਮਾਲਾ ਪਾਉਣ ਨਾਲ ਜਾਂ 68 ਤੀਰਥਾਂ ਦੇ ਦਰਸ਼ਨਾਂ ਨਾਲ, ਜਾਂ ਵੱਡੇ ਵੱਡੇ ਕੀਤੇ ਪੁੰਨ ਜਾਂ ਫਿਰ ਸੁੰਨ ਵਾਲਾ ਆਸਣ ਲਾਏ ਬਹਿਣ ਜਾਂ ਫਿਰ ਜੰਗ ਦੇ ਮੈਦਾਨ ਵਿੱਚ ਸੂਰਮਗਤੀ ਨਾਲ ਲੜਦੇ ਮਰਨ ਨਾਲ ਜਾਂ ਨਿਰੀ ਨਿਮ੍ਰਤਾ ਦਾ ਅਸੂਲ ਅਪਣਾਉਣ ਨਾਲ ਨਹੀ ਮਿਲਣਾ। ਰੱਬ ਦੀ ਪ੍ਰਾਪਤੀ ਸਿਰਫ ਤੇ ਸਿਰਫ ਨਾਮ ਦੇ ਲੜ ਲੱਗਿਆਂ ਹੈ ਉਹ ਵੀ ਦਿਲੋਂ ਹੋ ਕੇ। ਭਾਵ ਸਿਫਤ ਸਲਾਹ ਇਕੋ ਇੱਕ ਰਸਤਾ ਹੈ।

ਅੱਗੇ ਫਿਰ ਫਰਮਾਇਆ ਕਿ ਜੋਗੀ ਲੋਕ ਵਿਅੱਰਥ ਵਿੱਚ ਆਪਣਾ ਜੀਵਨ ਗਾਲ ਰਹੇ ਨੇ। ਇਨਾਂ ਨੂੰ ਕੁਝ ਵੀ ਪ੍ਰਾਪਤ ਨਹੀ ਹੋਣਾ।

—◈—

4.ਰਸੋਈਆ ਬਿਨਾਂ ਨਹਾਤੇ ਲੰਗਰ 'ਚ ਵੜ ਗਿਐ – ਅਜਿਤੇ ਦੀ ਸ਼ਕਾਇਤ

ਗੁਰੂ ਸਾਹਿਬ ਕਰਤਾਰਪੁਰ ਸੰਗਤ ਵਿੱਚ ਬੈਠੇ ਸਨ ਕਿ ਸ਼ਕਾਇਤ ਆ ਗਈ ਕਿ ਕੋਈ ਭਾਈ ਜੂਠੇ ਹੱਥੀ ਲੰਗਰ ਬਣਾਉਣ ਲੱਗ ਗਇਆ ਹੈ। ਓਨਾਂ ਸਮਿਆਂ ਵਿੱਚ ਜੂਠ ਸੁੱਚ ਦਾ ਬੜਾ ਵੱਡਾ ਮਸਲਾ ਹੁੰਦਾ ਸੀ। ਵੱਡੇ ਸਮਾਗਮਾਂ 'ਚ ਬ੍ਰਾਹਮਣ ਹੀ ਰਸੋਈ ਤਿਆਰ ਕਰਿਆ ਕਰਦੇ ਸਨ। ਕਰਤਾਰਪੁਰ ਵਿਖੇ ਇਹ ਮਸਲਾ ਕਈ ਵਾਰੀ ਉਠਿਆ ਸੀ। ਇੱਕ ਵੇਰਾਂ ਤਾਂ ਇੱਕ ਬ੍ਰਾਹਮਣ ਨੇ ਪੰਗਤ ਵਿੱਚ ਬਹਿ ਕੇ ਲੰਗਰ ਛਕਣ ਤੋਂ ਨਾਹ ਕਰ ਦਿੱਤੀ ਸੀ। (ਵੇਖੋ ਸਫਾ-395)

ਜੂਠ ਸੁੱਚ ਦੇ ਮਸਲੇ ਤੇ ਗੁਰੂ ਸਾਹਿਬ ਨੇ ਜੋ ਰਵੱਈਆ ਅਪਣਾਇਆ ਉਹ ਵੱਡਾ ਇਨਕਲਾਬੀ ਸੀ। ਹਾਲਾਂ ਮੁਸਲਮਾਨ ਵੀ ਸਿਧਾਂਤਕ ਤੌਰ ਤੇ ਸੁੱਚ-ਜੂਠ ਦੇ ਸਿਧਾਂਤ ਨੂੰ ਨਹੀ ਸਨ ਮੰਨਦੇ ਪਰ ਮੁਸਲਮਾਨੀ ਸਮਾਜ ਵੀ ਅਜੇ ਓਸੇ ਤਰਾਂ ਬ੍ਰਾਹਮਣੀ ਅਸੂਲਾਂ ਵਿੱਚ ਫਸਿਆ ਪਿਆ ਸੀ।

ਗੁਰੂ ਸਾਹਿਬ ਨੇ ਜਦੋਂ ਲੰਗਰ ਵਿੱਚ ਸ਼ੂਦਰ ਅਤੇ ਅਛੂਤ ਨੂੰ ਸਵਰਨ ਜਾਤਾਂ ਦੇ ਨਾਲ ਬੈਠਾ ਦਿੱਤਾ ਤਾਂ ਚਾਰ ਚੁਫੇਰੇ ਦੁਹਾਈ ਮੱਚੀ ਸੀ: ਹੱਕ ਤੇ ਵਿਰੋਧ ਵਿੱਚ। ਓਦੋਂ ਮੁਸਲਮਾਨ ਤੇ ਸ਼ੂਦਰਾਂ ਨੇ ਗੁਰੂ ਸਾਹਿਬ ਦਾ ਪੱਖ ਲੈ ਲਿਆ ਜਿਸ ਕਰਕੇ ਇਨਕਲਾਬ ਵਿੱਚ ਸੌਖ ਆ ਗਈ। ਸੁੱਚ-ਜੂਠ ਦੇ ਮਸਲੇ ਤੇ ਆ ਕੇ ਅੱਜ 550 ਸਾਲ ਬਾਦ ਵੀ ਹਿੰਦੁਸਤਾਨੀ ਸਮਾਜ ਪੰਜਾਬ ਤੋਂ ਬਹੁਤ ਪਿੱਛੇ ਹੈ।

ਅਜਿਤੇ ਵਾਲੀ ਸਾਖੀ ਦਸਦੀ ਹੈ ਕਿ ਗੁਰੂ ਸਾਹਿਬ ਨੇ ਹੇਠ ਸ਼ਸ਼ੋਭਿਤ ਸਬਦ ਇਸ ਮੌਕੇ ਬੋਲਿਆ:-

ਸਲੋਕ ਮਹਲਾ ੧ ॥ ਜੂਠਿ ਨ ਰਾਗੀਂ ਜੂਠਿ ਨ ਵੇਦੀਂ ॥ ਜੂਠਿ ਨ ਚੰਦ ਸੂਰਜ ਕੀ ਭੇਦੀ ॥ ਜੂਠਿ ਨ ਅੰਨੀ ਜੂਠਿ ਨ ਨਾਈ ॥ ਜੂਠਿ ਨ ਮੀਹੁ ਵਰ੍ਹਿਐ ਸਭ ਥਾਈ ॥ ਜੂਠਿ ਨ ਧਰਤੀ ਜੂਠਿ ਨ ਪਾਣੀ ॥ ਜੂਠਿ ਨ ਪਉਣੈ ਮਾਹਿ ਸਮਾਣੀ ॥ ਨਾਨਕ ਨਿਗੁਰਿਆ ਗੁਣੁ ਨਾਹੀ ਕੋਇ ॥ ਮੁਹਿ ਫੇਰਿਐ ਮੁਹੁ ਜੂਠਾ ਹੋਇ ॥੧॥

ਸੁੱਚ-ਜੂਠ ਦੇ ਵਿਰੋਧ ਵਿੱਚ ਹੋਰ ਵੀ ਕਈ ਥਾਂਈ ਕਈ ਮੌਕਿਆਂ ਤੇ ਗੁਰੂ ਸਾਹਿਬ ਨੇ ਇਨਕਲਾਬੀ ਰਵੱਈਆ ਅਪਣਾਈ ਰੱਖਿਆ। ਵੇਖੋ:

·ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥ ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥ ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥

·ਉਪਰਿ ਆਇ ਬੈਠੇ ਕੂੜਿਆਰ ॥ ਮਤੁ ਭਿਟੈ ਵੇ ਮਤੁ ਭਿਟੈ ॥ ਇਹੁ ਅੰਨੁ ਅਸਾਡਾ ਫਿਟੈ ॥ ਤਨਿ ਫਿਟੈ ਫੇੜ ਕਰੇਨਿ ॥ ਮਨਿ ਜੂਠੈ ਚੁਲੀ ਭਰੇਨਿ ॥ ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ ਸਚੁ ਪਾਈਐ ॥

·ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥ ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥

ਸੁੱਚ-ਜੂਠ ਦੇ ਖੰਡਣ ਦੇ ਨਾਲ ਹੀ ਜਾਤ ਪਾਤ ਦੇ ਸਿਧਾਂਤ ਦੀ ਵੀ ਖੰਡਣਾ ਹੋ ਜਾਂਦੀ ਸੀ ਜਿਸ ਕਰਕੇ ਸਿੱਖੀ ਲਹਿਰ ਇਨਕਲਾਬ ਦਾ ਰੂਪ ਧਾਰਨ ਕਰ ਗਈ।

——◈——

5.ਬਾਬਾ ਜੀ ਇਹਦਾ ਕੀ ਅਰਥ?– "ਅਰਬਦ ਨਰਬਦ ਧੁੰਧੂਕਾਰਾ ॥"

ਕਰਤਾਰਪੁਰ ਸੰਗਤ ਵਿੱਚ "ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥ " (ਪੂਰਾ ਸ਼ਬਦ ਵੇਖੋ ਪੰਨਾ 323) ਵਾਲਾ ਸ਼ਬਦ ਮਾਰੂ ਰਾਗ ਵਿੱਚ ਗੁਰੂ ਸਾਹਿਬ ਤੇ ਮਾਰਦਾਨੇ ਨੇ ਗਾਵਿਆ ਤੇ ਸੰਗੀਤ ਦੀ ਲੈਅ ਤੇ ਹਰ ਕੋਈ ਝੂਮ ਉਠਿਆ। ਹਾਲਾਂ ਸੰਗਤ ਵਿੱਚੋਂ ਬਹੁਤ ਘੱਟ ਲੋਕਾਂ ਨੂੰ ਸਬਦ ਦੀ ਸਮਝ ਪਈ ਸੀ।

ਸਮਾਪਤੀ ਤੇ ਅਜਿਤਾ ਰੰਧਾਵੇ ਨੇ ਕਹਿ ਹੀ ਦਿੱਤਾ ਕਿ ਬਾਬਾ ਜੀ ਇਹਦਾ ਕੀ ਮਤਲਬ?

ਗੁਰੂ ਸਾਹਿਬ ਨੇ ਸੰਗਤ ਨੂੰ ਸਮਝਾਇਆ ਕਿ ਸਾਰੀ ਸ੍ਰਿਸਟੀ, ਸਾਰਾ ਬ੍ਰਿਹਮੰਡ ਇੱਕ ਹੀ ਤਾਕਤ ਤੋਂ ਉਤਪਨ ਹੁੰਦਾ ਹੈ।

ਅਜਿਤੇ ਨੇ ਪੁੱਛਿਆ ਕਿ ਫਿਰ ਜਦੋਂ ਅਜੇ ਰਚਨਾ ਨਹੀ ਸੀ ਤਾਂ ਉਹ ਇੱਕ ਤਾਕਤ ਕਿਥੇ ਬਰਾਜਮਾਨ ਸੀ ਕਿਹੋ ਜਿਹੀ ਸੀ?

ਗੁਰੂ ਸਾਹਿਬ ਨੇ ਵਿਸਥਾਰ ਨਾਲ ਸੰਗਤ ਨੂੰ ਦੱਸਿਆ ਕਿ ਓਦੋਂ ਅਕਾਲ ਪੁਰਖ ਸੁੰਨ ਅਵਸਥਾ ਵਿੱਚ ਸੀ। ਭਾਵ ਕੁਝ ਵੀ ਨਹੀ ਸੀ ਸਿਰਫ ਹਨੇਰ ਘੁੱਪਘੇਰ ਸੀ। ਨਾਂ ਧਰਤੀਆਂ ਸਨ ਨਾਂ ਸੂਰਜ ਸਨ ਨਾਂ ਚੰਦ ਸਨ। ਕੁਦਰਤੀ ਹੈ ਓਦੋਂ ਫਿਰ ਇਹ ਪਹਾੜ, ਇਹ ਨਦੀਆਂ ਇਹ ਰੁੱਖ ਬਨਾਸਪਤੀ, ਤਰਾਂ ਤਰਾਂ ਦੇ ਜੀਅ ਜੰਤ ਕੁਝ ਵੀ ਨਹੀ ਸੀ।

ਅੱਗੇ ਸਮਝਾਇਆ ਕਿ ਜਦੋਂ ਅਕਾਰ ਹੀ ਨਹੀ ਸੀ ਇਸ ਕਰਕੇ ਪੁੰਨ ਪਾਪ ਦਾ ਸਵਾਲ ਹੀ ਪੈਦਾ ਨਹੀ ਹੁੰਦਾ। ਹੋਰ ਮਨੁੱਖੀ ਬੁਰਾਈਆਂ ਜਾਂ ਚੰਗਿਆਈਆਂ ਦੀ ਵੀ ਇਹੋ ਅਵਸਥਾ ਸੀ। ਨਾਂ ਵੈਰ, ਵਿਰੋਧ, ਨਾਂ ਖੁੱਸ਼ੀਆਂ, ਨਾਂ ਗਮੀਆਂ, ਨਾ ਡਰ, ਨਾਂ ਅਜਾਦੀ ਦਾ ਸਵਾਲ ਨਾਂ ਗੁਲਾਮੀ ਦਾ,ਅਤੇ ਮਜੇ ਦੀ ਗੱਲ ਓਦੋਂ ਨਰਕ ਸਵੱਰਗ ਦਾ ਵੀ ਕੋਈ ਮਤਲਬ ਹੀ ਨਹੀ ਸੀ। ਕਹਿਣ ਤੋਂ ਭਾਵ ਇਹ ਸਾਰੇ ਗੁਣ ਰਚਨਾ ਦੇ ਨਾਲ ਆਉਦੇ ਹਨ।

ਜਦੋਂ ਫਿਰ ਨਿਰੰਕਾਰ ਦੀ ਮੌਜ ਆਈ ਤਾਂ ਇੱਕ ਹੁਕਮ ਨਾਲ ਸ੍ਰਿਸਟੀ ਦੀ ਰਚਨਾ ਕਰ ਦਿੱਤੀ: "ਕੀਤਾ ਪਸਾਉ ਏਕੋ ਕਵਾਉ ॥ "

ਸੋ ਅਜਿਤਿਆ ਉਹ ਧੁੰਧੂਕਾਰ ਵਾਲੀ ਗੱਲ ਨਿਰੰਕਾਰ ਦੀ ਉਸ ਅਵਸਥਾ ਦੀ ਹੈ ਜਦੋਂ ਉਹ ਨਿਰਗੁਣ ਸਰੂਪ ਵਿੱਚ ਸੀ।

——◈——

6.ਬਾਬਾ ਜੀ ਨਿਰੰਕਾਰ ਦਾਨਾ ਬੀਨਾ ਕਿਵੇ ਹੋ ਗਿਆ? – ਅਜਿਤਾ

ਜਦੋਂ ਗੁਰੂ ਸਾਹਿਬ ਤੇ ਮਰਦਾਨੇ ਨੇ ਮਾਰੂ ਰਾਗ ਵਿੱਚ ਹੇਠ ਸ਼ੱਸ਼ੋਭਤ ਸ਼ਬਦ ਦਾ ਅਲਾਪ ਮਾਰੂ ਰਾਗ 'ਚ ਲੱਗਾਇਆ ਤਾਂ ਅੰਤ ਵਿੱਚ ਅਜਿਤਾ ਫਿਰ ਹੱਥ ਜੋੜ ਕੇ ਖਲੋ ਗਇਆ ਕਿ ਸਾਹਿਬ ਜੀ ਸਾਨੂੰ ਦੱਸੋ ਕਿ ਨਿਰੰਕਾਰ ਦਾਨਾ ਬੀਨਾ ਕਿਵੇ ਹੋ ਗਿਆ:-

ਮਾਰੂ ਮਹਲਾ ੧ ॥ ਹਰਿ ਧਨੁ ਸੰਚਹੁ ਰੇ ਜਨ ਭਾਈ ॥ ਸਤਿਗੁਰ ਸੇਵਿ ਰਹਹੁ ਸਰਣਾਈ ॥ ਤਸਕਰੁ ਚੋਰੁ ਨ ਲਾਗੈ ਤਾ ਕਉ ਧੁਨਿ ਉਪਜੈ ਸਬਦਿ ਜਗਾਇਆ ॥੧॥ ਤੂ ਏਕੰਕਾਰੁ ਨਿਰਾਲਮੁ ਰਾਜਾ ॥ ਤੂ ਆਪਿ ਸਵਾਰਹਿ ਜਨ ਕੇ ਕਾਜਾ ॥ ਅਮਰੁ ਅਡੋਲੁ ਅਪਾਰੁ ਅਮੋਲਕੁ ਹਰਿ ਅਸਥਿਰ ਥਾਨਿ ਸੁਹਾਇਆ ॥੨॥ ਦੇਹੀ ਨਗਰੀ ਊਤਮ ਥਾਨਾ ॥ ਪੰਚ ਲੋਕ ਵਸਹਿ ਪਰਧਾਨਾ ॥ ਊਪਰਿ ਏਕੰਕਾਰੁ ਨਿਰਾਲਮੁ ਸੁੰਨ ਸਮਾਧਿ ਲਗਾਇਆ ॥੩॥ ਦੇਹੀ ਨਗਰੀ ਨਉ ਦਰਵਾਜੇ ॥ ਸਿਰਿ ਸਿਰਿ ਕਰਣੈਹਾਰੈ ਸਾਜੇ ॥ ਦਸਵੈ ਪੁਰਖੁ ਅਤੀਤੁ ਨਿਰਾਲਾ ਆਪੇ ਅਲਖੁ ਲਖਾਇਆ ॥੪॥ ਪੁਰਖੁ ਅਲੇਖੁ ਸਚੇ ਦੀਵਾਨਾ ॥ ਹੁਕਮਿ ਚਲਾਏ ਸਚੁ ਨੀਸਾਨਾ ॥ ਨਾਨਕ ਖੋਜਿ ਲਹਹੁ ਘਰੁ ਅਪਨਾ ਹਰਿ ਆਤਮ ਰਾਮ ਨਾਮੁ ਪਾਇਆ ॥੫॥ ਸਰਬ ਨਿਰੰਜਨ ਪੁਰਖੁ ਸੁਜਾਨਾ ॥ ਅਦਲੁ ਕਰੇ ਗੁਰ ਗਿਆਨ ਸਮਾਨਾ ॥ ਕਾਮੁ ਕ੍ਰੋਧੁ ਲੈ ਗਰਦਨਿ ਮਾਰੇ ਹਉਮੈ ਲੋਭੁ ਚੁਕਾਇਆ ॥੬॥ ਸਚੈ ਥਾਨਿ ਵਸੈ ਨਿਰੰਕਾਰਾ ॥ ਆਪਿ ਪਛਾਣੈ ਸਬਦੁ ਵੀਚਾਰਾ ॥ ਸਚੈ ਮਹਲਿ ਨਿਵਾਸੁ ਨਿਰੰਤਰਿ ਆਵਣ ਜਾਣੁ ਚੁਕਾਇਆ ॥੭॥ ਨਾ ਮਨੁ ਚਲੈ ਨ ਪਉਣੁ ਉਡਾਵੈ ॥ ਜੋਗੀ ਸਬਦੁ ਅਨਾਹਦੁ ਵਾਵੈ ॥ ਪੰਚ ਸਬਦ ਝੁਣਕਾਰੁ ਨਿਰਾਲਮੁ ਪ੍ਰਭਿ ਆਪੇ ਵਾਇ ਸੁਣਾਇਆ ॥੮॥ ਭਉ ਬੈਰਾਗਾ ਸਹਜਿ ਸਮਾਤਾ ॥ ਹਉਮੈ ਤਿਆਗੀ ਅਨਹਦਿ ਰਾਤਾ ॥ ਅੰਜਨੁ ਸਾਰਿ ਨਿਰੰਜਨੁ ਜਾਣੈ ਸਰਬ ਨਿਰੰਜਨੁ ਰਾਇਆ ॥੯॥ ਦੁਖ ਭੈ ਭੰਜਨੁ ਪ੍ਰਭੁ ਅਬਿਨਾਸੀ ॥ ਰੋਗ ਕਟੇ ਕਾਟੀ ਜਮ ਫਾਸੀ ॥ ਨਾਨਕ ਹਰਿ ਪ੍ਰਭੁ ਸੋ ਭਉ ਭੰਜਨੁ ਗੁਰਿ ਮਿਲਿਐ ਹਰਿ ਪ੍ਰਭੁ ਪਾਇਆ ॥੧੦॥ ਕਾਲੈ ਕਵਲੁ ਨਿਰੰਜਨੁ ਜਾਣੈ ॥ ਬੂਝੈ ਕਰਮੁ ਸੁ ਸਬਦੁ ਪਛਾਣੈ ॥ ਆਪੇ ਜਾਣੈ ਆਪਿ ਪਛਾਣੈ ਸਭੁ ਤਿਸ ਕਾ ਚੋਜੁ ਸਬਾਇਆ ॥੧੧॥ ਆਪੇ ਸਾਹੁ ਆਪੇ ਵਣਜਾਰਾ ॥ ਆਪੇ ਪਰਖੇ ਪਰਖਣਹਾਰਾ ॥ ਆਪੇ ਕਸਿ ਕਸਵਟੀ ਲਾਏ ਆਪੇ ਕੀਮਤਿ ਪਾਇਆ ॥੧੨॥ ਆਪਿ ਦਇਆਲਿ ਦਇਆ ਪ੍ਰਭਿ ਧਾਰੀ ॥ ਘਟਿ ਘਟਿ ਰਵਿ ਰਹਿਆ ਬਨਵਾਰੀ ॥ ਪੁਰਖੁ ਅਤੀਤੁ ਵਸੈ ਨਿਹਕੇਵਲੁ ਗੁਰ ਪੁਰਖੈ ਪੁਰਖੁ ਮਿਲਾਇਆ ॥੧੩॥ ਪ੍ਰਭੁ ਦਾਨਾ ਬੀਨਾ ਗਰਬੁ ਗਵਾਏ ॥ ਦੂਜਾ ਮੇਟੈ ਏਕੁ ਦਿਖਾਏ ॥ ਆਸਾ ਮਾਹਿ ਨਿਰਾਲਮੁ ਜੋਨੀ ਅਕੁਲ ਨਿਰੰਜਨੁ ਗਾਇਆ ॥੧੪॥ ਹਉਮੈ ਮੇਟਿ ਸਬਦਿ ਸੁਖੁ ਹੋਈ ॥ ਆਪੁ ਵੀਚਾਰੇ ਗਿਆਨੀ ਸੋਈ ॥ ਨਾਨਕ ਹਰਿ ਜਸੁ ਹਰਿ ਗੁਣ ਲਾਹਾ ਸਤਸੰਗਤਿ ਸਚੁ ਫਲੁ ਪਾਇਆ ॥੧੫॥੨॥੧੯॥

ਦਾਨਾ ਬੀਨਾ ਫਾਰਸੀ ਦਾ ਲਫਜ ਹੈ ਜਿਸ ਦਾ ਮੋਟਾ ਜਿਹਾ ਮਤਲਬ ਹੈ ਅੰਦਰ ਬਾਹਰ ਦੀ ਸਭ ਜਾਨਣ ਵਾਲਾ। ਤੇ ਗੁਰੂ ਨਾਨਕ ਦਾ ਨਿਰੰਕਾਰ ਦਾਨਾ ਬੀਨਾ ਹੈ।

ਗੁਰੂ ਨਾਨਕ ਨੇ ਨਿਰੰਕਾਰ ਦੇ ਸਬੰਧ ਵਿੱਚ ਕਈ ਸਿਧਾਂਤ ਪਹਿਲੀ ਵਾਰੀ ਮਨੁੱਖਤਾ ਨੂੰ ਦਿੱਤੇ ਜਿਵੇ ਕਿ ਉਹ ਨਿਰੰਕਾਰ ਹੋਣ ਦੇ ਨਾਲ ਨਾਲ ਕਿਰਪਾਲੂ ਦਿਆਲੂ ਵੀ ਹੈ। ਉਹ ਸਾਡੇ ਦਿਲਾਂ ਦੀ ਸੁਣਦਾ ਹੈ। ਜਦੋ ਉਹਦੀ ਕ੍ਰਿਪਾ ਹੋ ਜਾਵੇ ਫਿਰ ਹਿਰਦੇ ਵਿੱਚੋਂ ਦੂਈ ਦਵੈਤ

ਮੁੱਕ ਜਾਂਦੀ ਹੈ ਤੇ ਘੱਟ ਘੱਟ ਵਿੱਚ ਉਸਦੇ ਹੀ ਦਰਸ਼ਨ ਕਰਦਾ ਹੈ ਗੁਰਮੁਖ। ਉਹਦਾ ਨਾਂ ਲੈਂਦਿਆ ਮਨੁੱਖਾਂ ਦੇ ਦੁੱਖ ਦੂਰ ਹੋ ਜਾਂਦੇ ਨੇ ਉਹ ਅਨੰਦ ਚਿੱਤ ਹੋ ਜਾਂਦੇ ਨੇ।

ਸੋਰਠਿ ਮਹਲਾ ੧ ॥ ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ ॥ ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ ॥੧॥ ਸਾਚੇ ਸਚਿਆਰ ਵਿਟਹੁ ਕੁਰਬਾਣੁ ॥ ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ ॥ ਰਹਾਉ ॥ ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ ॥ ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ ॥੨॥ ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ॥ ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ ॥੩॥ ਜੰਤ ਉਪਾਇ ਕਾਲੁ ਸਿਰਿ ਜੰਤਾ ਵਸਗਤਿ ਜੁਗਤਿ ਸਬਾਈ ॥ ਸਤਿਗੁਰੁ ਸੇਵਿ ਪਦਾਰਥੁ ਪਾਵਹਿ ਛੂਟਹਿ ਸਬਦੁ ਕਮਾਈ ॥੪॥ ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ ॥ ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ ॥

7. ਬਾਬਾ ਜੀ ਤੁਹਾਡੇ ਬਾਦ ਭਰਮ ਪੈਦਾ ਹੋਣਗੇ। ਤੁਹਾਡੀ ਜੋਤ ਕਿਥੇ ਹੋਵੇਗੀ? – ਅਜਿਤਾ

(1539 ਈ. ਭਾਵ ਜੋਤੀ ਜੋਤ ਸਮਾਉਣ ਵੇਲੇ ਦਾ ਸਵਾਲ)

ਅਜਿਤੇ ਨੇ ਬੜੇ ਸਤਿਕਾਰ ਪੂਰਬਕ ਕਿਹਾ ਕਿ ਬਾਬਾ ਜੀ ਇਹ ਸੰਸਾਰ ਇਹ ਸਰੀਰ ਨਾਸਵਾਨ ਹੈ। ਜਦੋਂ ਤੁਸੀ ਇਹ ਸੰਸਾਰ ਛੱਡ ਗਏ ਤਾਂ ਲੋਕਾਂ ਵਿੱਚ ਬੜੇ ਭਰਮ ਭੁਲੇਖੇ ਪੈਣਗੇ ਕਿ ਗੁਰੂ ਸਾਹਿਬ ਨੇ ਆਹ ਕਿਹਾ ਸੀ ਗੁਰੂ ਸਾਹਿਬ ਨੇ ਓਹ ਕਿਹਾ ਸੀ। ਇਸ ਮਸਲੇ ਦਾ ਕੀ ਹਲ ਹੋਵੇ?

ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਭਾਈ ਅਜਿਤਿਆ ਮੇਰੀਆਂ ਕੀਤੀਆਂ ਗੱਲਾਂ ਬਾਤਾ ਮੇਰਾ ਹੁਕਮ ਨਹੀ। ਮੇਰਾ ਹੁਕਮ ਸ਼ਬਦ ਹੈ ਜੋ ਸਦਾ ਸੰਗਤਾਂ ਦੇ ਕੋਲ ਮੌਜੂਦ ਰਹੇਗਾ। ਸ਼ਬਦ ਹੀ ਮੇਰੀ ਜੋਤ ਹੈ। ਗੁਰੂ ਸਾਹਿਬ ਗਉੜੀ ਵਿੱਚ ਸ਼ਬਦ ਗਾਵਿਆ (ਲਿਖਤੁ ਮਿਟੈ ਨਹੀ ਸਬਦੁ ਨੀਸਾਨਾ ॥) :-

ਰਾਗੁ ਗਉੜੀ ਅਸਟਪਦੀਆ ਮਹਲਾ ੧ ਗਉੜੀ ਗੁਆਰੇਰੀ ੧ੴ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥ ਨਿਧਿ ਸਿਧਿ ਨਿਰਮਲ ਨਾਮੁ ਬੀਚਾਰੁ ॥ ਪੂਰਨ ਪੂਰਿ ਰਹਿਆ ਬਿਖੁ ਮਾਰਿ ॥ ਤ੍ਰਿਕੁਟੀ ਛੂਟੀ ਬਿਮਲ ਮਝਾਰਿ ॥ ਗੁਰ ਕੀ ਮਤਿ ਜੀਇ ਆਈ ਕਾਰਿ ॥੧॥ ਇਨ ਬਿਧਿ ਰਾਮ ਰਮਤ ਮਨੁ ਮਾਨਿਆ ॥ ਗਿਆਨ ਅੰਜਨੁ ਗੁਰ ਸਬਦਿ ਪਛਾਨਿਆ ॥੧॥ ਰਹਾਉ ॥ ਇਕੁ ਸੁਖੁ ਮਾਨਿਆ ਸਹਜਿ ਮਿਲਾਇਆ ॥ ਨਿਰਮਲ ਬਾਣੀ ਭਰਮੁ ਚੁਕਾਇਆ ॥ ਲਾਲ ਭਏ ਸੂਹਾ ਰੰਗੁ ਮਾਇਆ ॥ ਨਦਰਿ ਭਈ ਬਿਖੁ ਠਾਕਿ ਰਹਾਇਆ ॥੨॥ ਉਲਟ ਭਈ ਜੀਵਤ ਮਰਿ ਜਾਗਿਆ ॥ ਸਬਦਿ ਰਵੇ ਮਨੁ ਹਰਿ ਸਿਉ ਲਾਗਿਆ ॥ ਰਸੁ ਸੰਗ੍ਰਹਿ ਬਿਖੁ ਪਰਹਰਿ ਤਿਆਗਿਆ ॥ ਭਾਇ ਬਸੇ ਜਮ ਕਾ ਭਉ ਭਾਗਿਆ ॥੩॥ ਸਾਦ ਰਹੇ ਬਾਦੰ ਅਹੰਕਾਰਾ ॥ ਚਿਤੁ ਹਰਿ ਸਿਉ ਰਾਤਾ ਹੁਕਮਿ ਅਪਾਰਾ ॥ ਜਾਤਿ ਰਹੇ ਪਤਿ ਕੇ ਆਚਾਰਾ ॥ ਦ੍ਰਿਸਟਿ ਭਈ ਸੁਖ ਆਤਮ ਧਾਰਾ ॥੪॥ ਤੁਝ ਬਿਨੁ ਕੋਇ ਨ ਦੇਖਉ ਮੀਤੁ ॥ ਕਿਸੁ ਸੇਵਉ ਕਿਸੁ ਦੇਵਉ ਚੀਤੁ ॥ ਕਿਸੁ ਪੂਛਉ ਕਿਸੁ ਲਾਗਉ ਪਾਇ ॥ ਕਿਸੁ ਉਪਦੇਸਿ ਰਹਾ ਲਿਵ ਲਾਇ ॥੫॥ ਗੁਰ ਸੇਵੀ ਗੁਰ ਲਾਗਉ ਪਾਇ ॥ ਭਗਤਿ ਕਰੀ ਰਾਚਉ ਹਰਿ ਨਾਇ ॥ ਸਿਖਿਆ ਦੀਖਿਆ ਭੋਜਨ ਭਾਉ ॥ ਹੁਕਮਿ ਸੰਜੋਗੀ ਨਿਜ ਘਰਿ ਜਾਉ ॥੬॥ ਗਰਬ ਗਤੰ ਸੁਖ ਆਤਮ ਧਿਆਨਾ ॥ ਜੋਤਿ ਭਈ ਜੋਤੀ ਮਾਹਿ ਸਮਾਨਾ ॥ ਲਿਖਤੁ ਮਿਟੈ ਨਹੀ ਸਬਦੁ ਨੀਸਾਨਾ ॥ ਕਰਤਾ ਕਰਣਾ ਕਰਤਾ ਜਾਨਾ ॥੭॥ ਨਹ ਪੰਡਿਤੁ ਨਹ ਚਤੁਰੁ ਸਿਆਨਾ ॥ ਨਹ ਭੂਲੋ ਨਹ ਭਰਮਿ ਭੁਲਾਨਾ ॥ ਕਥਉ ਨ ਕਥਨੀ ਹੁਕਮੁ ਪਛਾਨਾ ॥ ਨਾਨਕ ਗੁਰਮਤਿ ਸਹਜਿ ਸਮਾਨਾ ॥੮॥੧॥

ਫਿਰ ਗੁਰੂ ਸਾਹਿਬ ਨੇ ਫਰਮਾਇਆ ਕਿ ਭਰਮ ਭੁਲੇਖੇ ਵਾਲੀ ਗੱਲ ਹੀ ਨਹੀ ਹੋਵੇਗੀ ਮੈਂ ਸ਼ਬਦ ਲਿਖਤ ਵਿੱਚ ਛੱਡ ਜਾਵਾਂਗਾ। ਸਬਦ ਹੀ ਮੇਰਾ ਸਰੀਰ ਹੈ ਸਬਦ ਹੀ ਮੇਰੀ ਜੋਤ ਹੈ।

8. ਬਾਬਾ ਜੀ ਕੀ ਇਹ ਸੰਭਵ ਨਹੀ ਕਿ ਸਦਾ ਰਹਿਣ ਵਾਲਾ ਪੈਗੰਬਰ ਹੋਵੇ – ਅਜਿਤਾ

ਅਜਿਤਾ ਕਹਿਣ ਲੱਗਾ ਗੁਰੂ ਸਾਹਿਬ ਤੁਸੀ ਅਕਾਲ ਪੁਰਖ ਦੇ ਐਨੇ ਕਰੀਬ ਹੋ ਤੁਸੀ ਫਿਰ ਵੀ ਕਹਿ ਰਹੇ ਹੋ ਕਿ ਛੇਤੀ ਹੀ ਤੁਹਾਨੂੰ ਜਾਣਾ ਪੈਣਾ ਹੈ, ਇਹ ਜਹਾਨ ਛੱਡਣਾ ਹੈ। ਕਿਓ ਨਹੀ ਤੁਸੀ ਇਸ ਧਰਤੀ ਤੇ ਸਦਾ ਰਹਿਦੇ?

ਗੁਰੂ ਸਾਹਿਬ ਨੇ ਕਿਹਾ ਨਹੀ ਭਾਈ ਜੋ ਪੈਦਾ ਹੋਇਆ, ਜਾਂ ਜੋ ਰਚਨਾ ਵਿੱਚ ਹੈ, ਸੂਰਤ ਵਿੱਚ ਹੈ, ਭਾਵ ਜੋ ਸਾਨੂੰ ਦਿਸ ਰਿਹਾ ਹੈ ਉਹ ਇੱਕ ਦਿਨ ਜਰੂਰ ਖਤਮ ਹੋਵੇਗਾ। ਇਥੋਂ ਤੱਕ ਕਿ ਪੰਜ ਤੱਤ ਵੀ ਖਤਮ ਹੋ ਜਾਣਗੇ। ਇਥੇ ਸਥਿਰ ਸਿਰਫ ਨਿਰੰਕਾਰ ਹੈ ਜਿਸ ਦੀ ਕੋਈ ਸ਼ਕਲ ਸੂਰਤ ਨਹੀ।

ਏਕੋ ਸਰਵਰੁ ਕਮਲ ਅਨੂਪ ॥ ਸਦਾ ਬਿਗਾਸੈ ਪਰਮਲ ਰੂਪ ॥ ਊਜਲ ਮੋਤੀ ਚੂਗਹਿ ਹੰਸ ॥ ਸਰਬ ਕਲਾ ਜਗਦੀਸੈ ਅੰਸ ॥੧॥ ਜੋ ਦੀਸੈ ਸੋ ਉਪਜੈ ਬਿਨਸੈ ॥ ਬਿਨੁ ਜਲ ਸਰਵਰਿ ਕਮਲੁ ਨ ਦੀਸੈ ॥੧

ਫਰਮਾਇਆ ਕਿ ਅਜਿਤਿਆ ਇਹ ਤਾਂ ਮੁਸਾਫਰ ਖਾਨਾ ਏ। ਜਿੱਥੇ ਸੰਜੋਗ ਵਿਜੋਗ ਲਿਖੇ ਹੋਏ ਨੇ।

ਣਾ ਕੋ ਮੇਰਾ ਕਿਸੁ ਗਹੀ ਣਾ ਕੋ ਹੋਆ ਨ ਹੋਗੁ ॥ ਆਵਣਿ ਜਾਣਿ ਵਿਗੁਚੀਐ ਦੁਬਿਧਾ ਵਿਆਪੈ ਰੋਗੁ ॥ ਣਾਮ ਵਿਹੂਣੇ ਆਦਮੀ ਕਲਰ ਕੰਧ ਗਿਰੰਤਿ ॥ ਵਿਣੁ ਨਾਵੈ ਕਿਉ ਛੂਟੀਐ ਜਾਇ ਰਸਾਤਲਿ ਅੰਤਿ ॥ ਗਣਤ ਗਣਾਵੈ ਅਖਰੀ ਅਗਣਤੁ ਸਾਚਾ ਸੋਇ ॥ ਅਗਿਆਨੀ ਮਤਿਹੀਣੁ ਹੈ ਗੁਰ ਬਿਨੁ ਗਿਆਨੁ ਨ ਹੋਇ ॥ ਟੂਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ ॥ ਵਿਛੁੜਿਆ ਮੇਲੈ ਪ੍ਰਭੂ ਨਾਨਕ ਕਰਿ ਸੰਜੋਗ ॥

9. ਪਰ ਬਾਬਾ ਤੂੰ ਆਪਣੇ ਆਪ ਨੂੰ ਨੀਚਾਂ ਤੋਂ ਨੀਚ ਨਾਂ ਅਖਵਾ। ਸਾਨੂੰ ਸ਼ਰਮ ਆਉਦੀ ਏ– ਅਜਿਤਾ ਰੰਧਾਵਾ

ਕਿਉਕਿ ਸਾਹਿਬ ਦੀ ਬਾਣੀ ਹੈ:-

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥

ਬਾਬਾ ਜੀ ਜਦੋਂ ਤੁਸੀ ਆਪਣੇ ਆਪ ਨੂੰ ਨੀਚਾਂ ਤੋਂ ਵੀ ਨੀਚ ਅਖਵਾਉਦੇ ਹੋ ਤਾਂ ਸਾਨੂੰ ਸ਼ਰਮ ਆਉਦੀ ਹੈ। ਅਸੀ ਕੰਮੀ ਕਮੀਨਾਂ ਸਾਹਮਣੇ ਮੂੰਹ ਦਿਖਾਉਣ ਜੋਗੇ ਨਹੀ ਰਹਿ ਜਾਂਦੇ। ਬਾਬਾ ਜੀ ਕਦੀ ਤੁਸੀ ਬਾਣੀ ਵਿੱਚ ਆਪਣੇ ਆਪ ਨੂੰ ਕੂਕਰ ਤੱਕ ਕਹਿ ਜਾਂਦੇ ਹੋ। ਬਾਬਾ ਜੀ ਇਸ ਤਰਾਂ ਕਿਓ ਕਰਦੇ ਹੋ ਤੁਸੀ? ਅਜਿਤੇ ਨੇ ਪੁਛਿਆ।

ਗੁਰੂ ਸਾਹਿਬ ਨੇ ਕਿਹਾ ਅਜਿਤਿਆ ਅਕਾਲ ਪੁਰਖ ਤੇ ਇਨਸਾਨ ਦਰਮਿਆਨ ਬਸ ਹਉਮੈ ਦਾ ਹੀ ਪੜ੍ਹਦਾ ਹੈ। ਬੰਦਾ ਆਪਣਾ ਹੰਕਾਰ ਛੱਡ ਦੇਵੇ ਤਾਂ ਉਨੂੰ ਘੱਟ ਘੱਟ ਵਿੱਚ ਨਿਰੰਕਾਰ ਦੀ ਹੋਂਦ ਨਜ਼ਰ ਆਏਗੀ। ਉਹ ਦੁਨੀਆਂ ਦੀ ਅਸਲੀਅਤ ਸਮਝ ਚੁੱਕਾ ਹੋਵੇਗਾ। ਸੱਚੇ ਗੁਰੂ ਵਿੱਚ ਨਿਮ੍ਰਤਾ ਹੈ, ਸਬਰ ਸੰਤੋਖ ਹੁੰਦਾ ਹੈ। ਉਨੂੰ ਪਤਾ ਹੁੰਦਾ ਹੈ ਕਿ ਜਿੱਥੇ ਨਿਮ੍ਰਤਾ ਤੇ ਪਿਆਰ ਹੈ ਓਥੇ ਨਿਰੰਕਾਰ ਦਾ ਵਾਸਾ ਹੈ।

11. ਅਜਿਤਿਆ ਕਲਿਜੁਗ ਵਿੱਚ ਲੋਕ ਲੰਗਰ ਤੇ ਸੰਗੀਤ ਦਾ ਸਵਾਦ ਲੈਣ ਗੁਰੂ ਦਰ ਤੇ ਜਾਣਗੇ*

ਜਨਮ ਸਾਖੀ ਇਸ ਤਰਾਂ ਲਿਖਿਆ ਹੈ:-

"ਤਾਂ ਸੁਣ ਭਾਈ ਅਜਿਤਿਆ ਕਲਿਜੁਗ ਵਿੱਚ ਧਰਮ ਛੀਨ ਹੋਵੇਗਾ। ਭਗਤਿ ਜੋ ਕੋਈ ਕਰੇਗਾ ਸੋ ਕਪਟ ਕੀ ਕਰੇਗਾ। ਸੋ ਆਪਣੀ ਪ੍ਰਾਲਬਧ ਦੇ ਵਾਸਤੇ ਕਰੇਗਾ, ਜੋ ਹਉਂ ਵੱਡਾ ਕਹਾਵਾਂ, ਸੰਸਾਰ ਸਤਮੰਨੇ ਅਰ ਰਾਗ ਜੋ ਹੈ ਸਬਦ ਹੈ ਅਰ ਰਾਗਨੀ ਜੋ ਹੈ ਸੋ ਰੁਜਗਾਰ ਹੈ। ਉਹ ਆਪਣੇ ਰੁਜਗਾਰ ਵਾਸਤੇ ਗਾਵਨ ਪੜ੍ਹਨਗੇ। ਜਿੱਥੇ ਕੁਝ ਹੱਥ ਆਏ ਤਿਥੇ ਹੀ ਸੁਨਾਵਨਗੇ ਅਤੇ ਖਾਵਣ ਪੀਵਣ ਕੇ ਮੇਲੇ ਹੋਵਣਗੇ। ਗੁਰੂ ਕਾ ਅਰਥ ਕੋਈ ਵਿਰਲਾ ਹੀ ਜਾਣੇਗਾ। ਸੰਸਾਰ ਸਭੋ ਸੁਆਦੇ ਹੀ ਲਗ ਜਾਏਗਾ। ਅਰ ਸ਼ਬਦ ਕੋਈ ਵਿਰਲਾ ਹੀ ਖੋਜੇਗਾ। ਅਰ ਸਤਿਗੁਰੂ ਕੀ ਮਤ ਖਰੀ ਉੱਚੀ ਹੈ। ਸੋ ਕੋਟਾਂ ਮਧੇ ਹੋਵਸੀ। ਸੋ ਮਤ ਕੇਹੀ ਹੈ: ਨਾਮਦਾਨ, ਇਸਨਾਨ, ਸਤਿ, ਸੰਤੋਖ, ਸੀਲ- ਸੰਜਮ, ਜਪ, ਤਪ, ਧਰਮ, ਭਾਉ-ਭਗਤਿ, ਗਰੀਬੀ, ਟਹਿਲ। ਇਹ ਸਤਿਗੁਰੂ ਕੀ ਮਤ ਹੈ।"

ਚਾਹੇ ਇਹ ਗੱਲਾਂ ਦਸਵੇ ਗੁਰੂ ਸਾਹਿਬ ਦੇ ਪਿੱਛੋਂ ਕਿਸੇ ਵੇਲੇ ਦੀਆਂ ਲਿਖੀਆਂ ਹੋਈਆਂ ਹਨ। ਪਰ ਹੈਰਾਨੀ ਹੁੰਦੀ ਹੈ ਕਿ ਭਵਿਖਬਾਣੀ ਕਿੰਨੀ ਸਟੀਕ ਹੈ। ਅੱਜ ਧਾਰਮਿਕ ਕਾਰਵਾਈ 'ਭਾਉ-ਭਗਤ' ਤੋਂ ਬਿਨਾਂ ਲੰਗਰਾਂ ਤੇ ਕੀਰਤਨ ਤੱਕ ਸੀਮਤ ਰਹਿ ਗਈ ਹੈ।

ਜਨਮਸਾਖੀ ਅਨੁਸਾਰ ਅੱਗੇ ਗੁਰੂ ਸਾਹਿਬ ਅਕਾਲਪੁਰਖ ਦੀ ਬੇਅੰਤਤਾ ਤੇ ਅਥਾਹ ਸ਼ਕਤੀਆਂ ਦਾ ਬਿਆਨ ਕਰਦੇ ਹੋਏ ਦੱਸੇ ਹਨ। ਇਥੇ ਵੀ ਜੋ ਗੁਰਬਾਣੀ ਦੇ ਰੂਪ ਵਿੱਚ ਕਵਿਤਾ ਦਿੱਤੀ ਹੈ ਉਹ ਗੁਰੂ ਗਰੰਥ ਸਾਹਿਬ ਤੋਂ ਬਾਹਰੀ ਹੈ।

ਗੋਸਟਿ ਅਨੁਸਾਰ ਗੁਰੂ ਸਾਹਿਬ ਨੇ ਕਬਰਾਂ ਤੇ ਸੀਰਣੀਆਂ ਆਦਿ ਵੰਡਣ ਵਾਲੇ ਤੇ ਖਾਣ ਜਾਣ ਵਾਲਿਆਂ ਦਾ ਵੀ ਖੰਡਣ ਕੀਤਾ ਹੈ।

—◈—

12. ਬਾਬਾ ਜੀ ਇਹ ਕਿਵੇ ਹੋ ਸਕਦੈ ਅਖੇ ਜਿਹੜਾ ਨਾਮ ਜਪੇਗਾ ਜਮ ਉਹਦੇ ਨੇੜੇ ਨਹੀ ਆਵੇਗਾ?

ਅਜਿਤੇ ਰੰਧਾਵੇ ਨੇ ਫਿਰ ਭਰੀ ਸਭਾ 'ਚ ਸਵਾਲ ਉਠਾਇਆ ਕਿ ਬਾਬਾ ਜੀ ਇਹ ਤੁਸੀ ਕੀ ਗੱਲਾਂ ਕਰ ਰਹੇ ਹੋ ਜਿਵੇ:-

ਜਿਨ੍ ਇਕ ਮਨਿ ਧਿਆਇਆ ਤਿਨ੍ ਸੁਖੁ ਪਾਇਆ ਤੇ ਵਿਰਲੇ ਸੰਸਾਰਿ ਜੀਉ ॥
ਤਿਨ ਜਮੁ ਨੇੜਿ ਨ ਆਵੈ ਗੁਰ ਸਬਦੁ ਕਮਾਵੈ ਕਬਹੁ ਨ ਆਵਹਿ ਹਾਰਿ ਜੀਉ ॥

ਬਡੇ ਭਾਗ ਗੁਰੁ ਸੇਵਹਿ ਅਪੁਨਾ ਭੇਦੁ ਨਾਹੀ ਗੁਰਦੇਵ ਮੁਰਾਰ ॥ ਤਾ ਕਉ ਕਾਲੁ ਨਾਹੀ ਜਮੁ ਜੋਹੈ ਬੂਝਹਿ ਅੰਤਰਿ ਸਬਦੁ ਬੀਚਾਰ ॥

॥ ਜਮੁ ਜੰਦਾਰੁ ਨ ਲਾਗੈ ਮੋਹਿ ॥ ਨਿਰਮਲ ਨਾਮੁ ਰਿਦੈ ਹਰਿ ਸੋਹਿ ॥

ਗੁਰੁ ਸੇਵਿ ਮਨਾ ਹਰਿ ਜਨ ਸੰਗੁ ਕੀਜੈ ॥ ਜਮੁ ਜੰਦਾਰੁ ਜੋਹਿ ਨਹੀ ਸਾਕੈ ਸਰਪਨਿ ਡਸਿ ਨ ਸਕੈ ਹਰਿ ਕਾ ਰਸੁ ਪੀਜੈ ॥

ਆਪੇ ਸਸਿ ਸੂਰਾ ਪੂਰੋ ਪੂਰਾ ॥ ਆਪੇ ਗਿਆਨਿ ਧਿਆਨਿ ਗੁਰੁ ਸੂਰਾ ॥ ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੇ ਸਿਉ ਲਿਵ ਲਾਈ ਹੇ ॥

ਇਹ ਕਿਵੇ ਹੋ ਸਕਦਾ ਹੈ ਅਖੇ ਜਿਹੜਾ ਨਾਮ ਜਪੇਗਾ ਉਹਨੂੰ ਜਮ ਨਹੀ ਲੱਗੇਗਾ ਭਾਵ ਮਰੇਗਾ ਹੀ ਨਹੀ?

ਗੁਰੂ ਸਾਹਿਬ ਨੇ ਸੰਗਤ ਨੂੰ ਸਾਰੀ ਗੱਲ ਸਮਝਾਈ ਕਿ ਦੇਖੋ ਹਰ ਜੀਅ ਦੇ ਮੰਨ ਤੇ ਮੌਤ ਦਾ ਸਾਇਆ ਰਹਿੰਦਾ ਹੈ। ਹਰ ਕਿਸੇ ਦੇ ਮੰਨ 'ਚ ਡਰ ਹੁੰਦਾ ਹੈ। ਮੌਤ ਦੇ ਡਰ ਨੂੰ ਹੀ ਜਮ ਕਿਹਾ ਜਾਂਦਾ ਹੈ। ਪਰ ਜਿਹੜਾ ਰੱਬ ਦੀ ਭਗਤੀ ਵਿੱਚ ਲੱਗ ਜਾਏਗਾ ਉਹਨੂੰ ਜਗਤ ਤਮਾਸ਼ੇ ਦਾ ਗਿਆਨ ਹੋ ਜਾਂਦਾ ਹੈ। (ਵੇਖੋ ਪੰਨਾ 108, 314 ਪੈੜ) ਨਾਮ ਦੇ ਸਿਧਾਂਤ ਰਾਹੀ ਫਿਰ ਕਾਮ ਕ੍ਰੋਧ ਲੋਭ ਮੋਹ ਹੰਕਾਰ ਦੀ ਸਾਰੀ ਕਹਾਣੀ ਸਾਫ ਹੋ ਜਾਂਦੀ ਹੈ। ਭਾਣੇ ਦੀ ਸਮਝ ਆ ਚੁੱਕੀ ਵਾਲਾ ਇਨਸਾਨ ਸਦਾ ਚੜ੍ਹਦੀ ਕਲਾ ਵਿੱਚ ਵਿੱਚਰਦਾ ਹੈ। ਬੰਦੇ ਨੂੰ ਜੀਵਨ ਦਾ ਰਾਜ ਸਮਝ ਆ ਜਾਂਦਾ ਹੈ। ਬੰਦਾ ਮੌਤ ਦੇ ਭੇਦ ਦਾ ਗਿਆਤਾ ਹੋ ਜਾਂਦਾ ਹੈ। ਰੂਹਾਨੀ ਗਿਆਨਵਾਨ ਬੰਦਾ ਮੌਤ ਨੂੰ ਪਰਮ ਅਨੰਦ ਦੀ ਅਵਸਥਾ ਜਾਣਦਾ ਹੈ। ਇਹੋ ਕਾਰਨ ਹੈ ਭਗਤ ਹੱਸ ਹੱਸ ਸੂਲੀ ਚੜ੍ਹਦੇ ਆਏ ਹਨ।

ਸੋ ਜਦੋਂ ਮੌਤ ਦਾ ਭੈਅ ਹੀ ਖਤਮ ਹੋ ਗਇਆ ਤੇ ਫਿਰ ਕੌਣ ਜਮ ਜਾਂ ਜਮਦੂਤ।

—◈—

13. 'ਅਚਲ ਆਏ ਨਾਨਕਾ, ਨਰਕਪੁਰੀ ਵਿੱਚ ਜਾਇ॥'*

ਅਜਿਤਾ ਰੰਧਾਵੇ ਗੋਸ਼ਟਿ ਵਿੱਚ ਆਪੂ ਰਚੀ ਬਾਣੀ ਦਾ ਹਵਾਲਾ ਦੇ ਕੇ ਅਜਿਤਾ ਪੁੱਛਦਾ ਦਿਖਾਇਆ ਗਇਆ ਕਿ ਬਾਬਾ ਜੀ ਇਹਦਾ ਕਿ ਮਤਲਬ 'ਅਚਲ ਆਏ ਨਾਨਕਾ, ਨਰਕਪੁਰੀ ਵਿੱਚ ਜਾਇ॥'?

ਫਿਰ ਜੋ ਗੁਰੂ ਸਾਹਿਬ ਦਾ ਦਿੱਤਾ ਜਵਾਬ ਦਿਖਾਇਆ ਗਇਆ ਹੈ ਉਹ ਅੱਜ ਦੇ ਅਨੇਕਾਂ ਸਾਧੂ ਫਕੀਰਾਂ ਤੇ ਢੁਕਦਾ ਹੈ।

ਕਿਉਕਿ ਗੁਰੂ ਸਾਹਿਬ ਤੋਂ ਪਹਿਲਾਂ ਗ੍ਰਿਸਤ ਧਰਮ ਨਹੀ ਸੀ ਭਾਵ ਇਹ ਮੰਨਿਆ ਜਾਂਦਾ ਸੀ ਕਿ ਗ੍ਰਿਸਤੀ ਬੰਦਾ (ਪ੍ਰਵਾਰ ਵਿੱਚ ਭਾਵ ਵਿਆਹਿਆ ਹੋਇਆ) ਰੂਹਾਨੀਅਤ ਦੇ ਮਾਰਗ ਤੇ ਨਹੀ ਚਲ ਸਕਦਾ। ਜੇ ਬੰਦੇ ਨੇ ਰੱਬ ਦੀ ਪ੍ਰਾਪਤੀ ਕਰਨੀ ਹੈ ਜਾਂ ਧਰਮ ਕਮਾਉਣਾ ਹੈ ਤਾਂ ਉਨੂੰ ਗ੍ਰਿਸਤ ਛੱਡ ਸਾਧੂ ਬਣਨਾ ਪਊ। ਗੋਸਟਿ ਵਿੱਚ ਦਿਖਾਇਆ ਗਇਆ ਹੈ ਕਿ ਕਿਵੇ ਕਲ ਨੂੰ ਨਕਲੀ ਸਾਧੂ ਫਕੀਰ ਹੋਵਣਗੇ ਜੋ ਗ੍ਰਿਸਤ ਦੇ ਝੂਠੇ ਅਨੰਦ ਵੀ ਮਾਨਣਗੇ ਤੇ ਨਾਲ ਸਾਧੂ ਫਕੀਰ ਹੋਣ ਦਾ ਦਾਵਾ ਵੀ ਕਰਨਗੇ। ਗੋਸਟਿ ਵਿੱਚ ਲਿਖਿਆ ਹੈ:-

"..ਗੁਰੂ ਹੋਇ ਦਿਸਣਗੇ ਬਾਤਾਂ ਕਰ ਕਰ ਉਪਦੇਸ ਕਰਨਗੇ। ਅਰ ਇਸਤ੍ਰੀਆਂ, ਜਹਾਨਤੇ, ਕਾਮ ਕ੍ਰੋਧ, ਲੋਭ, ਮੋਹ, ਨਿੰਦਾ ਬਖੀਲੀ, .. ਹੁਣ ਬੱਚਾ ਅਜਿਹਾ ਵਕਤ ਆਵੇਗਾ ਜੋ ਉਹ ਦੁਨੀਆ ਨਾਲ ਮੋਹ ਕਰਨਗੇ ਅਰ ਕਹਿਣਗੇ ਹਮ ਫਕੀਰ ਹੈਂ।"

ਅਸੀ ਅੱਜ ਵੇਖ ਰਹੇ ਹਾਂ ਅਜਿਹੇ ਗੁਰੂਆਂ ਦੀ ਭਰਮਾਰ ਹੋ ਗਈ ਹੈ। ਗ੍ਰਿਸਤ ਧਰਮ ਦਾ ਇਹ ਨਕਲੀ ਲੋਕ ਉਲਟਾ ਫਾਇਦਾ ਲੈ ਰਹੇ ਨੇ। ਇਸ ਬਾਬਤ ਮਿਸਾਲਾਂ ਦੇਣ ਦੀ ਸ਼ਾਇਦ ਜਰੂਰਤ ਹੀ ਨਹੀ। ਕਿਉਕਿ ਇਹ ਬੁਰਾਈ ਆਮ ਹੋ ਗਈ ਹੈ। ਭਾਵ ਮਾਇਆ ਮੋਹ ਤਿਆਗੇ ਬਿਨਾਂ ਆਪਣੇ ਆਪ ਨੂੰ ਸਾਧੂ ਫਕੀਰ ਕਹਾਉਣ ਵਾਲੇ ਆਮ ਹੋ ਗਏ ਹਨ। ਅਜਿਤਾ ਗੁਰੂ ਸਾਹਿਬ ਗੋਸਟਿ ਵਿੱਚ

ਇੱਕ ਥਾਂ ਨਹੀ ਥਾਂ ਥਾਂ ਲਿਖਿਆ ਹੈ ਕਿ ਨਕਲੀ ਗੁਰੂਆਂ ਦੀ ਭਰਮਾਰ ਹੋ ਜਾਏਗੀ।

14. ਬ੍ਰਹਮਾ ਬਿਸ਼ਨ ਮਹੇਸ਼, ਸ੍ਰੀ ਰਾਮ ਕ੍ਰਿਸ਼ਨ ਬਾਰੇ ਤੁਹਾਡਾ ਕੀ ਵੀਚਾਰ ਹੈ, ਗੁਰੂ ਜੀ?

ਗੁਰੂ ਜੀ ਨੇ ਕਿਹਾ ਕਿ ਇਹ ਸਭ ਕਥਾਵਾਂ ਹਨ ਕਿ ਬ੍ਰਹਮਾ ਨੇ ਸ੍ਰਿਸਟੀ ਸਾਜੀ। ਏਹੋ ਜਿਹੇ ਅਵਤਾਰ ਲੱਖਾਂ ਦੀ ਗਿਣਤੀ ਵਿੱਚ ਆਏ ਹਨ। ਇਹ ਸਭ ਅਕਾਲ ਪੁਰਖ ਸਰਬ ਵਿਆਪਕ ੧ਓ ਨਿਰੰਕਾਰ ਦਾ ਭੇਦ ਨਹੀ ਸਨ ਪਾ ਪਾਏ। ਇਹ ਸ੍ਰਿਸਟੀ ਦੇ ਵਰਤਾਰੇ ਨੂੰ ਸਮਝ ਹੀ ਨਹੀ ਸਨ ਸਕੇ।

ਅਜਿਤਿਆ ਸਿੱਖ ਵਾਸਤੇ ਗੁਰੂ ਹੀ ਰਾਮ ਜਾਂ ਕਿਸ਼ਨ ਜਾਂ ਬ੍ਰਹਮਾ ਮਹੇਸ਼ ਹਨ:- ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥ ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥

ਬੇਟਾ ਅਜਿਤਿਆ ਜਿਸ ਅਕਾਲ ਪੁਰਖ ਦਾ ਮੈਂ ਮਿਰਾਸੀ ਉਸ ਅੱਗੇ ਅਨੇਕਾਂ ਬ੍ਰਹਮੇ ਵਿਸ਼ਨੂ ਤੇ ਮਹੇਸ਼ ਪਏ ਅਰਦਾਸਾਂ ਕਰਦੇ ਹਨ। "ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥ ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥"

ਭਾਵ ਅਜਿਤਿਆ ਇਹ ਸਭ ਨਿਰੰਕਾਰ ਦੇ ਸਾਜੇ ਹੋਏ ਹਨ। ਇਹ ਆਪ ਰੱਬ ਨਹੀ ਹਨ। ਜਦੋਂ ਸੁੰਨ ਅਵਸਥਾ ਵਿੱਚ ਨਿਰੰਕਾਰ ਸੀ ਓਦੋ ਇਹ ਦੇਵੀ ਦੇਵਤੇ ਕਿਤੇ ਨਹੀ ਸਨ: "ਨਾ ਤਦਿ ਮਾਇਆ ਮਗਨੁ ਨ ਛਾਇਆ ਨਾ ਸੂਰਜ ਚੰਦ ਨ ਜੋਤਿ ਅਪਾਰ ॥ ਸਰਬ ਦ੍ਰਿਸਟਿ ਲੋਚਨ ਅਭ ਅੰਤਰਿ ਏਕਾ ਨਦਰਿ ਸੁ ਤ੍ਰਿਭਵਣ ਸਾਰ ॥੩॥ ਪਵਣੁ ਪਾਣੀ ਅਗਨਿ ਤਿਨਿ ਕੀਆ ਬ੍ਰਹਮਾ ਬਿਸਨੁ ਮਹੇਸ ਅਕਾਰ ॥ ਸਰਬੇ ਜਾਚਿਕ ਤੂੰ ਪ੍ਰਭੁ ਦਾਤਾ ਦਾਤਿ ਕਰੇ ਅਪੁਨੈ ਬੀਚਾਰ ॥" ਜਾਂ ਫਿਰ ਭਾਈ ਅਜਿਤਿਆ ਇਵ ਵੀ ਕਹੀਏ:- ਨਾ ਤਦਿ ਸੁਰਗੁ ਮਛੁ ਪਇਆਲਾ ॥ ਦੋਜਕੁ ਭਿਸਤੁ ਨਹੀ ਖੈ ਕਾਲਾ ॥ ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ ॥੩॥ ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥ ਅਵਰੁ ਨ ਦੀਸੈ ਏਕੋ ਸੋਈ ॥ ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ ॥੪

ਰਚਨਾ ਅਕਾਲ ਪੁਰਖ ਨੇ ਹੀ ਸਭ ਰਚੀ। ੧ਓ ਨੇ – "ਜਿਨਿ ਕੀਏ ਕਰਿ ਵੇਖਣਹਾਰਾ ॥ ਅਵਰੁ ਨ ਦੂਜਾ ਸਿਰਜਣਹਾਰਾ ॥੩॥ ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ ॥ ਦੇਵੀ ਦੇਵ ਉਪਾਏ ਵੇਸਾ ॥"

ਨਿਰੰਕਾਰ ਦੇ ਸਾਹਮਣੇ ਤਾਂ ਅਜਿਹੇ ਲੱਖਾਂ ਕ੍ਰੋੜਾਂ ਕਿਸ਼ਨ ਬਿਸ਼ਨ ਪਏ ਗਾਵਦੇ "ਗਾਵਨਿ ਗੋਪੀਆ ਗਾਵਨਿ ਕਾਨ੍ ॥ ਗਾਵਨਿ ਸੀਤਾ ਰਾਜੇ ਰਾਮ ॥ ਨਿਰਭਉ ਨਿਰੰਕਾਰੁ ਸਚੁ ਨਾਮੁ ॥"

ਅਜਿਤਾ ਕਹਿੰਦਾ ਗੁਰੂ ਜੀ ਅਸੀ ਤਾਂ ਭੁੱਲੇ ਰਹੇ ਅਸੀ ਤਾਂ ਇਨਾਂ ਦੇਵੀ ਦੇਵਤਿਆਂ ਨੂੰ ਹੀ ਰੱਬ ਸਮਝ ਲਿਆ ਸੀ।

15. ਬਾਬਾ ਜੀ ਪਰ-ਨਾਰੀ ਭੋਗ ਕਿਓ ਮਨ੍ਹਾ? ਇਹਦਾ ਧਰਮ ਨਾਲ ਕੀ ਸਬੰਧ?

ਅਜਿਤਿਆ ਇਹ ਪਰ-ਨਾਰੀ-ਭੋਗ ਨਿਰੰਕਾਰ ਦੇ ਰਜਾ ਵਾਲੇ ਸਿਧਾਂਤ ਦੇ ਉਲਟ ਹੈ। ਨਿਰੰਕਾਰ ਨੇ ਕਾਮ ਦਿੱਤਾ ਕਿ ਉਤਪਤੀ ਹੁੰਦੀ ਰਹੇ ਦੁਨੀਆ ਚਲਦੀ ਰਹੇ। ਪਰ ਜਦੋਂ ਮਨੁੱਖ ਉਤਪਤੀ ਦਾ ਸਿਧਾਂਤ ਤਿਆਗ ਸਿਰਫ ਸੁਆਦ ਖਾਤਰ ਭੋਗ ਕਰਦਾ ਹੈ ਤਾਂ ਉਹ ਦੁੱਖ ਪਾਉਦਾ ਹੈ। ਮੇਰਾ ਸੱਚਾ ਸਿੱਖ ਭਾਣੇ ਵਿੱਚ ਚਲੇਗਾ। ਪਰ ਨਾਰੀ ਗਮਨ ਹਉਮੈ ਵਾਲੀ ਕਾਰਵਾਈ ਹੈ। ਹਉਮੈ ਦਾ

ਅਜਿਤਾ ਬਾਬਾ ਅਤੇ ਮਰਦਾਨਾ। ਬੀ:40 ਤਸਵੀਰ।

ਗ੍ਰਸਿਆ ਬੰਦਾ ਕਾਮੀ ਹੁੰਦਾ ਹੈ। ਇਸ ਦੀ ਕੋਈ ਇੰਤਹਾ ਨਹੀ। ਇਸ ਵਿੱਚ ਖੁਆਰੀ ਹੀ ਖੁਆਰੀ ਹੈ। ਇਹ ਨਾਮ ਦੇ ਉਲਟ ਹੈ। ਇਸ ਸਿਧਾਂਤ ਦੀ ਉਲੰਘਣਾ ਸਮਾਜ ਵਾਸਤੇ ਵੀ ਘਾਤਕ ਹੋ ਜਾਂਦੀ ਹੈ। ਫਸਾਦਾਂ ਦੀ ਜੜ੍ਹ ਬਣ ਸਕਦੀ ਹੈ। (ਹੋਰ ਦੇਖੋ ਕਾਮ ਦੀ ਕਹਾਣੀ ਸਫਾ 108)

ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ ॥ ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥ ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ ॥ ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ ॥

ਸਾਚੀ ਸੁਰਤਿ ਨਾਮਿ ਨਹੀ ਤ੍ਰਿਪਤੇ ਹਉਮੈ ਕਰਤ ਗਵਾਇਆ ॥ ਪਰ ਧਨ ਪਰ ਨਾਰੀ ਰਤੁ ਨਿੰਦਾ ਬਿਖੁ ਖਾਈ ਦੁਖੁ ਪਾਇਆ ॥ ਸਬਦੁ ਚੀਨਿ ਭੈ ਕਪਟ ਨ ਛੂਟੇ ਮਨਿ ਮੁਖਿ ਮਾਇਆ ਮਾਇਆ ॥ ਅਜਗਰਿ ਭਾਰਿ ਲਦੇ ਅਤਿ ਭਾਰੀ ਮਰਿ ਜਨਮੇ ਜਨਮੁ ਗਵਾਇਆ ॥੧

ਤਗੁ ਨ ਇੰਦ੍ਰੀ ਤਗੁ ਨ ਨਾਰੀ ॥ ਭਲਕੇ ਥੁਕ ਪਵੈ ਨਿਤ ਦਾੜੀ ॥

ਕਾਇਆ ਹੰਸ ਪ੍ਰੀਤਿ ਬਹੁ ਧਾਰੀ ॥ ਓਹੁ ਜੋਗੀ ਪੁਰਖੁ ਓਹ ਸੁੰਦਰਿ ਨਾਰੀ ॥ ਅਹਿਨਿਸਿ ਭੋਗੈ ਚੋਜ ਬਿਨੋਦੀ ਉਠਿ ਚਲਤੈ ਮਤਾ ਨ ਕੀਨਾ ਹੇ ॥੬॥

ਆਪੇ ਪੁਰਖੁ ਆਪੇ ਹੀ ਨਾਰੀ ॥ ਆਪੇ ਪਾਸਾ ਆਪੇ ਸਾਰੀ ॥ ਆਪੇ ਪਿੜ ਬਾਧੀ ਜਗੁ ਖੇਲੈ ਆਪੇ ਕੀਮਤਿ ਪਾਈ ਹੇ॥

16. ਗੁਰੂ ਜੀ ਅਸਲੀ ਨਕਲੀ ਸਾਧ ਦੀ ਕੀ ਪਛਾਣ ਹੋਵੇਗੀ?

ਗੁਰੂ ਸਾਹਿਬ ਨੇ ਕਿਹਾ ਅਜਿਤਿਆ ਧਰਮ ਦੀ ਗੱਲ ਜਾਂ ਪਛਾਣ ਬੜੀ ਹੀ ਸਿੱਧੀ ਪੱਧਰੀ ਹੈ। ਜਿਹੜਾ ਬੰਦਾ ਅੰਦਰੋਂ ਸਾਧੂ ਨਹੀ ਤੇ ਸਾਧ ਹੋਣ ਦਾ ਵਿਖਾਵਾ ਕਰ ਰਿਹਾ ਹੈ ਉਹ ਆਪਣੀ ਹਉਮੈ ਕਰਕੇ ਪਛਾਣ ਵਿੱਚ ਆ ਜਾਏਗਾ। ਉਹ ਆਪਣੀ ਤਾਰੀਫ ਸੁਣ ਕੇ ਖੁਸ਼ ਹੋਵੇਗਾ। ਉਹ ਆਪਣਾ ਨਿੱਜ ਸਵਾਰੇਗਾ ਆਪਣੀ ਦਿੱਖ ਸੁਧਾਰਨ ਦੀ ਕੋਸ਼ਿਸ਼ ਵਿੱਚ ਰਹੇਗਾ। ਭਾਵ ਉਹ ਕਾਮ ਕ੍ਰੋਧ ਲੋਭ ਮੋਹ ਅਹੰਕਾਰ ਵਿੱਚ ਗ੍ਰਸਿਆ ਰਹੇਗਾ ਤੇ ਅਜਿਹਾ ਬੰਦਾ ਅਸਾਨੀ ਨਾਲ ਪਛਾਣ ਵਿੱਚ ਆ ਜਾਂਦਾ ਹੈ। ਅਜਿਹੇ ਲੋਕ ਹੱਥਾਂ ਵਿੱਚ ਮਾਲਾਂ ਤੇ ਚਿੱਟ ਕਪੜਿਆਂ ਵਿੱਚ ਅਮੂਮਨ ਦਿਸਣਗੇ। ਪਰ

ਸਧਾਰਨ ਲੋਕਾਂ ਵਿੱਚ ਉਨਾਂ ਨਕਲੀ ਸਾਧੂਆਂ ਨੂੰ ਪਛਾਨਣ ਦੀ ਸਮੱਰਥਾ ਨਹੀ ਹੋਵੇਗੀ।

ਗ੍ਰਿਸਤ ਵਿੱਚ ਅਕਾਲ ਪੁਰਖ ਦੇ ਭਾਣੇ ਵਿੱਚ ਵਿਚਰਦਾ ਗੁਰਮੁਖ ਅਸਲੀ ਸਾਧੂ ਆਪਣੇ ਆਪ ਨੂੰ ਨਹੀ ਗਿਣਾਏਗਾ। ਉਹਦੀ ਹਉਮੈ ਘਟ ਚੁੱਕੀ ਹੁੰਦੀ ਹੈ। ਉਹ ਹਰ ਕਿਸੇ ਨਾਲ ਪਿਆਰ ਨਾਲ ਪੇਸ਼ ਆਵੇਗਾ। ਉਹ ਕੁਦਰਤ ਦੀ ਹਰ ਵਸਤੂ ਨੂੰ ਪਿਆਰ ਕਰੇਗਾ। ਹਰ ਵੇਲੇ ਉਹਦਾ ਧਿਆਨ ਨਿਰੰਕਾਰ ਵਿੱਚ ਬਣਿਆ ਹੋਵੇਗਾ।

ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥ ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ਹੀ ਧਾਵਦੇ ॥ ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣਹੋਦਾ ਆਪੁ ਗਣਾਇਦੇ ॥ ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥ ਤਿਨ੍ ਮੰਗਾ ਜਿ ਤੁਝੈ ਧਿਆਇਦੇ ॥

ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ ॥ ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥

17. ਗੋਸ਼ਟਿ ਵਿੱਚ ਆਇਆ ਹੈ ਕਿ ਗੁਰੂ ਸਾਹਿਬ ਨੇ ਬਾਬਰ ਨੂੰ ਵਰ ਕਿਓ ਦਿੱਤਾ?

ਅਜਿਤੇ ਰੰਧਾਵੇ ਦੀ ਗੋਸਟਿ ਜੋ ਦਸਵੇ ਪਾਤਸ਼ਾਹ ਦੇ ਕਿਸੇ ਵੇਲੇ ਰਚੀ ਲੱਗਦੀ ਹੈ ਵਿੱਚ ਦੱਸਿਆ ਗਇਆ ਹੈ ਕਿ ਗੁਰੂ ਨਾਨਕ ਸਾਹਿਬ ਨੇ ਬਾਬਰ ਦੇ ਪ੍ਰਵਾਰ ਨੂੰ ਬਾਦਸ਼ਾਹੀ ਕਿਓ ਬਖਸ਼ੀ। ਉਹ ਲਿਖਦਾ ਹੈ ਕਿ ਸੈਦਪੁਰ ਦੇ ਹਮਲੇ ਵੇਲੇ ਬਹੁਤ ਕਤਲਾਮ ਹੋਈ ਸੀ। ਗੁਰੂ ਸਾਹਿਬ ਦਾ ਹਿਰਦਾ ਕੰਬ ਉਠਿਆ ਸੀ। ਬਾਦ ਵਿੱਚ ਬਾਬਰ ਗੁਰੂ ਸਾਹਿਬ ਦੇ ਚਰਨੀ ਲੱਗਾ ਤੇ ਭੁੱਲ ਬਖਸ਼ਾਈ ਕਿ ਮੈਂ ਦੁਬਾਰਾ ਆਮ ਲੋਕਾਈ ਨੂੰ ਕਦੀ ਦੁੱਖ ਨਹੀ ਦੇਵਾਂਗਾ। ਬਖਸ਼ਣਹਾਰ ਗੁਰੂ ਨੇ ਬਾਬਰ ਨੂੰ ਦਿੱਲੀ ਦੇ ਤਖਤ ਦਾ ਵਰ ਦੇ ਦਿੱਤਾ।

ਜਦੋਂ ਕਲਾਨੌਰ ਦਾ ਕ੍ਰੋੜੀਆ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਨ ਨਿਕਲਿਆ■

ਪੱਖੋਕੇ ਲਾਗੇ ਜਿੱਥੇ ਗੁਰੂ ਸਾਹਿਬ ਨੇ ਡੇਰਾ ਜਮਾਇਆ ਸੀ ਓਥੇ ਤਾਂ ਮੇਲੇ ਵਾਲਾ ਮਹੌਲ ਬਣ ਚੁੱਕਾ ਸੀ। ਇਲਾਕੇ ਵਿੱਚ ਗੋਗਾ ਫੈਲ ਚੁੱਕਾ ਸੀ ਕਿ ਰੱਬ ਦਾ ਰੂਪ, ਮੂਲੇ ਪਟਵਾਰੀ ਦਾ ਜਵਾਈ ਜਿਹੜਾ ਮੋਦੀਖਾਨਾ ਛੱਡ ਕੇ ਸਾਧ ਬਣ ਗਇਆ ਹੈ, ਉਹ ਆਇਆ ਹੋਇਆ ਏ। ਬਾਬੇ ਨਾਨਕ ਦੇ ਚਮਤਕਾਰ ਦੁਨੀਆ ਭਰ ਵਿੱਚ ਪ੍ਰਸਿੱਧ ਹੋ ਚੁੱਕੇ ਸਨ। ਹੁੰਮ ਹੁੰਮਾ ਕੇ ਦੁਨੀਆ ਭੱਜੀ ਆ ਰਹੀ ਸੀ। ਗੁਰੂ ਸਾਹਿਬ ਹਰ ਦੁੱਖੀ, ਰੋਗੀ, ਦਰਦਵੰਦ ਦੀ ਤਸੱਲੀ ਕਰ ਰਹੇ ਸਨ।

ਜਦੋਂ ਮਸਲਾ ਨਿੱਜ ਦੇ ਫਾਇਦਾ ਦਾ ਹੋਵੇ ਤਾਂ ਬੰਦਾ ਅਗਲੇ ਦਾ ਮਜ੍ਹਬ ਨਹੀ ਵੇਹਦਾ। ਮੁਸਲਮਾਨ ਵੀ ਭੱਜੇ ਆ ਰਹੇ ਸਨ। ਜਨਮਸਾਖੀ ਵਿੱਚ ਆਉਦਾ ਹੈ, "ਹਿੰਦੂ, ਮੁਸਲਮਾਨ, ਜੋਗੀ, ਸੰਨਿਆਸੀ, ਬ੍ਰਹਮਚਾਰੀ, ਬੈਰਾਗੀ, ਉਦਾਸੀ, ਤਪੀ ਤਪੀਸਰ, ਬੈਸਨੋ, ਦਿਗੰਬਰ, ਗ੍ਰਿਸਤੀ, ਖਾਨ, ਖਨੀਨ, ਉਮਰੇ, ਕ੍ਰੋੜੀਏ, ਜਿਮੀਦਾਰ, ਚੌਧਰੀ ਜੋ ਵੀ ਕੋਈ ਆਵੇ ਪਰਚਿਆ ਜਾਵੇ। ਸਭ ਉਸਤਤ ਕਰਨ। "

ਇਸ ਤੋਂ ਪਹਿਲਾਂ ਇੱਕ ਘਟਨਾ ਘਟੀ ਸੀ। ਗੱਲ ਕੁਝ ਇਸ ਤਰਾਂ ਕਿ ਕਲਾਨੌਰ ਵਿਖੇ ਇੱਕ ਦਿਨ ਓਥੋਂ ਦਾ ਕ੍ਰੋੜੀਆ ਜਿਸ ਦਾ ਨਾਂ ਦੁਨੀ ਚੰਦ ਆਪਣੀ ਕਚਿਹਰੀ ਲਾਈ ਬੈਠਾ ਸੀ। ਮਸਲਾ ਕੋਈ ਸੰਗੀਨ ਸੀ ਹਰ ਪਾਸੇ ਚੁੱਪ ਛਾਈ ਹੋਈ ਸੀ ਕਿ ਲਾਗੋ ਦੀ ਇੱਕ ਜੋਗੀ ਕ੍ਵਾਨੀਆਂ ਵਜਾਉਦਾ ਤੇ ਗਾਉਦਾ ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥ " ਨਿਕਲਿਆ:-

" ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥
ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥
ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥"

ਹਰ ਕਿਸੇ ਦਾ ਧਿਆਨ ਜੋਗੀ ਦੇ ਬੋਲਾਂ ਵਲ ਗਿਆ। ਕ੍ਰੋੜੀਏ ਨੇ ਸਮਝਿਆ ਕਿ ਮੇਰੇ ਤੇ ਤ੍ਰਾਨਾ ਕੱਸਿਆ ਹੈ। ਸਿਪਾਹੀ ਭੇਜ ਕੇ ਜੋਗੀ ਨੂੰ ਫੜ ਲਿਆਦਾ ਗਿਆ। ਪੁੱਛਿਆ ਗਇਆ ਕਿ ਤੂੰ ਸਾਨੂੰ ਤ੍ਰਾਨੇ ਕਿਓ ਮਾਰ ਰਿਹਾ ਅਸੀ ਕਿਹੜਾ ਕੂੜ ਬੋਲਿਆ ਹੈ। ਜੋਗੀ ਨੇ ਬੜੀ ਅਧੀਨਗੀ ਸਾਹਿਤ ਜਵਾਬ ਦਿੱਤਾ "ਜਨਾਬ ਮੈਂ ਤੁਹਾਨੂੰ ਕਿਓ ਲੱਗਾ ਤ੍ਰਾਨਾ ਮਾਰਨ। ਮੈਂ ਤਾਂ ਬਾਬੇ ਨਾਨਕ ਦੀ ਬਾਣੀ ਗਾ ਰਿਹਾ ਹਾਂ। " ਕ੍ਰੋੜੀਏ ਦੀ ਜਦੋਂ ਤਸੱਲੀ ਹੋਈ ਜੋਗੀ ਨੂੰ ਤਾਂ ਰਿਹਾ ਕਰ ਦਿੱਤਾ ਪਰ ਦਰਬਾਰ ਵਿੱਚ ਨਾਨਕ ਬਾਰੇ ਚਰਚਾ ਛਿੜ ਉਠੀ।

ਗੁਰੂ ਨਾਨਕ ਬਾਰੇ ਹਰ ਕਿਸੇ ਦੇ ਮੰਨ ਵਿੱਚ ਡਾਹਢੀ ਰੰਜਸ਼ ਸੀ। ਕਿਸੇ ਨੇ ਯਾਦ ਦਿਵਾਇਆ ਕਿ ਇਹ ਓਹੋ ਨਾਨਕ ਹੈ ਜਿਸ ਨੇ ਵਿਚਾਰੇ ਮੂਲੇ ਪਟਵਾਰੀ ਦੀ ਧੀ ਵਿਆਹ ਕੇ ਪੇਕੇ ਬੈਠਾਈ ਹੋਈ ਹੈ। ਮੂਲੇ ਨੇ ਗੁਰੂ ਸਾਹਿਬ ਦੀ ਬਹੁਤ ਬਦਨਾਮੀ ਕਰ ਰੱਖੀ ਸੀ ਕਿ ਕਿੰਨਾ ਲਾਪਰਵਾਹ ਹੈ, ਪਹਿਲਾਂ ਵਿਆਹ ਕਰਵਾ ਲਿਆ ਤੇ ਹੁਣ ਗ੍ਰਿਸਤ ਦੀ ਜਿੰਮੇਵਾਰੀ ਤੋਂ ਡਰਦਾ ਸਾਧ ਬਣ ਗਇਆ ਹੈ। ਸਭਾ ਵਿੱਚ ਬੈਠੇ ਮੁਸਲਮਾਨਾਂ ਨੂੰ ਗੁੱਸਾ ਸੀ ਕਿ ਕਈ ਮੁਸਲਮਾਨ ਵੀ ਨਾਨਕ ਦੀਆਂ ਸਿਫਤਾਂ ਕਰ ਰਹੇ ਹਨ। ਸੋ ਕ੍ਰੋੜੀਏ ਦੇ ਮੰਨ ਵਿੱਚ ਗੁਰੂ ਸਾਹਿਬ ਬਾਰੇ ਜ਼ਹਿਰ ਹੋਰ ਵੀ ਭਰਿਆ ਗਿਆ।

ਗੁਰੂ ਸਾਹਿਬ ਨੂੰ ਪੱਖੋਕੇ ਟਿਕੇ ਕੁਝ ਦਿਨ ਹੀ ਹੋਏ ਸਨ ਕਿ ਖਬਰ ਕ੍ਰੋੜੀਏ ਤੱਕ ਪਹੁੰਚ ਗਈ ਕਿ ਉਹ ਤਪਾ ਨਾਨਕ ਫਿਰ ਇਲਾਕੇ ਵਿੱਚ ਡੇਰਾ ਜਮਾਈ ਬੈਠਾ ਹੈ।

ਕ੍ਰੋੜੀਆ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਨ ਦੀ ਮਨਸ਼ਾ ਨਾਲ ਤਿਆਰ ਬਿਆਰ ਹੋ ਕੇ ਕਲਾਨੌਰੋ ਨਿਕਲਣ ਲੱਗਦਾ ਹੈ। ਕਲਾਨੌਰ■ ਤੋਂ ਪੱਖੋਕੇ (ਅੱਜ ਦੇ ਡੇਰਾ ਬਾਬਾ ਨਾਨਕ ਲਾਗੇ) 15 ਕਿ. ਮੀ. ਸੀ। ਗੁੱਸੇ ਵਿੱਚ ਭਰਿਆ ਪੀਤਾ ਜਦੋਂ ਦੁਨੀ ਚੰਦ ਅਹਿਲਕਾਰਾਂ ਸਮੇਤ ਘਰੋਂ ਨਿਕਲਣ ਲੱਗਾ, ਬਲਾਕੀ ਮਾਰ ਘੋੜੇ ਤੇ ਚੜ੍ਹਨ ਲੱਗਾ ਸੀ ਕਿ ਰਕਾਬ ਵਿੱਚੋਂ ਪੈਰ ਤਿਲਕ ਗਿਆ। ਬੁਰੀ ਤਰਾਂ ਡਿੱਗਾ। ਪੱਗ ਰਿੜਦੀ ਰਿੜਦੀ ਦੂਰ ਗੋਹੇ ਵਿੱਚ ਜਾ ਪਈ। ਅਪਸਗਨ ਹੋਣਾ ਮੰਨ ਕੇ ਜਾਣਾ ਟਾਲ ਦਿੱਤਾ।

ਅਗਲੇ ਦਿਨ ਫਿਰ ਅਮਲੇ ਫੈਲੇ ਨੂੰ ਨਾਲ ਲੈ ਨਿਕਲਿਆ। ਰਾਵੀ ਦੇ ਬੇਲੇ ਤੱਕ ਜਾ ਅਪੜਿਆ। ਤਾਂ ਰਸਤੇ ਵਿੱਚ ਕਾਨਿਆਂ ਵਿੱਚੋਂ

ਨਿਕਲਦਿਆਂ ਮਕੜੀ ਦਾ ਜਾਲਾ ਅਜਿਹਾ ਅੱਖਾਂ ਵਿੱਚ ਪਿਆ ਕਿ ਕੁਝ ਨਜਰ ਨਾਂ ਆਵੇ। ਘੋੜੇ ਤੋਂ ਉਤਰ ਗਿਆ। ਨੌਕਰਾਂ ਨੇ ਸਾਫ ਜਿਹੀ ਥਾਂ ਵੇਖ ਕੇ ਚਾਦਰ ਵਿਛਾ ਦਿੱਤੀ ਤੇ ਓਥੇ ਬਹਿ ਗਿਆ। ਅੱਖਾਂ ਬਥੇਰੀਆਂ ਰੜਕੀਆਂ। ਪਾਣੀ ਦੇ ਛਿੱਟੇ ਮਾਰੇ। ਪਰ ਸਭ ਵਿਅਰਥ! ਨਾਦਾਰ ਅੰਨਾ ਹੋ ਚੁੱਕਾ ਸੀ। ਦੁਨੀ ਚੰਦ ਘਬਰਾਇਆ। ਨੌਕਰਾਂ ਚਾਕਰਾਂ ਵਿਚੋਂ ਇੱਕ ਬੋਲ ਉਠਿਆ, "ਜਨਾਬ ਇਜਾਜਤ ਹੋਵੇ ਤਾਂ ਮੈਂ ਕੁਝ ਕਹਿ ਸਕਦਾ?"

ਦੁਨੀ ਚੰਦ ਨੇ ਕਿਹਾ, ‘‘ਬੋਲ?" ਨੌਕਰ ਕਹਿਣ ਲੱਗਾ, "ਹਜੂਰ ਹੋ ਸਕਦਾ ਇਹ ਬਾਬੇ ਨਾਨਕ ਦੀ ਹੀ ਸਖਤੀ ਹੋਵੇ। ਇੱਕ ਮੂਰਖ ਹੋ ਸਕਦੈ, ਸਾਰੀ ਦੁਨੀਆਂ ਤਾਂ ਨਹੀ। ਹਜਾਰਾਂ ਲੋਕ ਬਾਬੇ ਨਾਨਕ ਵਲ ਢੁਕ ਰਹੇ ਨੇ। " ਦੁਨੀਚੰਦ ਨੇ ਨੌਕਰ ਨੂੰ ਕਿਹਾ ਕਿ, "ਮੇਰੇ ਮੰਨ ਵਿਚ ਵੀ ਕੁਝ ਇਹੋ ਜਿਹੇ ਡਰਾਉਣੇ ਖਿਆਲ ਆ ਰਹੇ ਸਨ।"

ਨੌਕਰ ਦੀ ਦਿੱਤੀ ਸਲਾਹ ਮੁਤਾਬਿਕ ਫਿਰ, ਦੁਨੀ ਚੰਦ ਬੜੀ ਨਿਮ੍ਰਤਾ ਸਾਹਿਤ ਅਰਦਾਸ ਕਰਦਾ ਹੈ ਕਿ ਬਾਬਾ ਜੇ ਤੂੰ ਜ਼ਾਹਿਰਾ ਹੈ ਤਾਂ ਮੇਰਾ ਗੁਨਾਹ ਬਖਸ਼ ਦੇ। ਮੇਰੀ ਨਿਗਾਹ ਪਰਤ ਆਏ। ਦੁਨੀ ਚੰਦ ਓਥੋਂ ਪੈਦਲ, ਨੰਗੇ ਪੈਰੀ, ਪੱਥੋਕਿਆਂ ਨੂੰ ਤੁਰਦਾ ਹੈ। ਜਿਵੇਂ ਨੌਕਰਾਂ ਨੇ ਕਿਹਾ ਕਿ ਔਹ ਜੇ ਬਾਬੇ ਨਾਨਕ ਦਾ ਡੇਰਾ। ਦੁਨੀ ਚੰਦ ਦੀ ਨਿਗਾਹ ਪਰਤ ਆਉਦੀ ਹੈ।

ਅਜਿਤੇ ਰੰਧਾਵੇ ਦੀ ਬਹਿਕ ਤੇ ਪਹੁੰਚ ਬਾਬੇ ਦੇ ਚਰਨੀ ਢਹਿ ਪੈਂਦਾ ਹੈ ਤਾਂ ਸਾਰੇ ਹਾਲਾਤਾਂ ਦਾ ਇਕਬਾਲ ਕਰਦਾ ਹੈ। ਗੁਰੂ ਸਾਹਿਬ ਉਹਨੂੰ ਦਿਲਾਸਾ ਦੇ ਗਲ ਨਾਲ ਲਾਉਦੇ ਨੇ। ਕਰੋੜੀਆ ਪੱਕਾ ਸ਼ਰਧਾਲੂ ਬਣ ਜਾਦਾ ਹੈ ਬਾਬੇ ਦਾ।

ਬਾਬੇ ਨਾਨਕ ਦੇ ਡੇਰੇ • (ਚੌਧਰੀ ਅਜਿਤੇ ਰੰਧਾਵੇ ਦਾ ਖੂਹ) ਤੇ ਹੀ ਦੁਨੀ ਚੰਦ ਰਾਤ ਨੂੰ ਰਹਿ ਜਾਂਦਾ ਹੈ। ਸੰਗਤਾਂ ਦੀ ਵੱਡੀ ਰੌਣਕ ਤੇ ਲੰਗਰ ਪਾਣੀ ਦੀ ਸਹੂਲਤ ਵੇਖ ਕੇ ਬੜਾ ਪ੍ਰਭਾਵਤ ਹੁੰਦਾ ਹੈ। ਓਧਰੋਂ ਕ੍ਰੋੜੀਏ ਦਾ ਮੁਤਾਹਿਤ ਮੂਲ ਚੰਦ ਚੋਣਾ ਪਟਵਾਰੀ ਵੀ ਦੁਨੀ ਚੰਦ ਨੂੰ ਮਨਾਉਦਾ ਹੈ ਕਿ ਬਾਬੇ ਨੂੰ ਕਿਸੇ ਤਰਾਂ ਮਨਾਓ ਕਿ ਹੁਣ ਉਦਾਸੀਆਂ ਤੇ ਨਾਂ ਜਾਏ ਤੇ ਏਥੇ ਹੀ ਪੱਕਾ ਡੇਰਾ ਲਾ ਲਵੇ।

—◈—

ਕਲਾਨੌਰ ਦਾ ਸੈਦੋ ਘਈ◉

ਕਸਬਾ ਕਲਾਨੌਰ (ਜਿਲਾ ਗੁਰਦਾਸਪੁਰ) ਦਾ ਘਈ ਗੋਤ ਦਾ ਸੈਦੋ ਨਾਂ ਦਾ ਖੱਤਰੀ ਗੁਰੂ ਸਾਹਿਬ ਦੀ ਉਪਮਾ ਸੁਣ ਕੇ ਅੱਧੇ ਮੰਨ ਨਾਲ ਸ਼ਰਧਾਲੂ ਬਣ ਗਿਆ। ਪਹਿਲਾਂ ਉਹ ਖਿਜਰ ਖਵਾਜਾ ਨੂੰ ਮੰਨਣ ਵਾਲੇ ਪੀਰ ਦੇ ਜਾਂਦਾ ਹੁੰਦਾ ਸੀ। ਉਂਜ ਗੁਰੂ ਸਾਹਿਬ ਦੀ ਸੇਵਾ ਬੜੇ ਚਾਅ ਤੇ ਉਤਸ਼ਾਹ ਨਾਲ ਕਰਿਆ ਕਰੇ। ਇਸ ਦੌਰਾਨ ਉਸ ਨੇ ਵੇਖਿਆ ਕਿ ਗੁਰੂ ਸਾਹਿਬ ਕਾਫੀ ਸਮਾਂ ਪਾਣੀ ਵਿੱਚ ਬਿਤਾਉਦੇ ਹਨ। ਕੰਢੇ ਬਹਿ ਬਹੁਤ ਸਮਾਂ ਅਰਦਾਸਾਂ ਵੀ ਕਰਦੇ ਨੇ। ਇਸ਼ਨਾਨ ਤੇ ਵੀ ਜੋਰ ਦਿੰਦੇ ਹਨ। ਫਿਰ ਪਾਠ ਵੀ ਦਸਦੇ ਹਨ:

ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ ॥ ਤਾ ਹੋਆ ਪਾਕੁ ਪਵਿਤੁ ॥

ਸੈਦੋ ਦੇ ਮਨ ਵਿੱਚ ਆਇਆ ਕਿ ਗੁਰੂ ਸਾਹਿਬ ਜਰੂਰ ਪਾਣੀ ਦੇ

ਦੁਨੀ ਚੰਦ ਕ੍ਰੋੜੀਆ ਗੁਰੂ ਸਾਹਿਬ ਦੇ ਮੱਥਾ ਟੇਕ ਰਿਹਾ ਹੈ। ਬੀ:40 ਤਸਵੀਰ

ਦੇਵਤਾ ਖਿਜ਼ਰ ਖਵਾਜ਼ਾ ਦੇ ਭਗਤ ਹਨ। ਉਸ ਮਹਿਸੂਸ ਕੀਤਾ ਕਿ ਗੁਰੂ ਸਾਹਿਬ ਦਾ ਚੁਫੇਰੇ ਜਸ ਫੈਲਿਆ ਹੋਇਆ ਹੈ ਉਹ ਏਸੇ ਕਰਕੇ ਹੀ ਹੈ।

ਸੈਦੋ ਦੇ ਮੰਨ ਵਿੱਚ ਆਈ ਕਿ ਖਵਾਜਾ ਦੀ ਭਗਤੀ ਕਰਕੇ ਜੇ ਗੁਰੂ ਨਾਨਕ ਏਡਾ ਰੁਤਬਾ ਹਾਸਲ ਕਰ ਸਕਦੇ ਹਨ ਤਾਂ ਮੈਂ ਕਿਓ ਨਹੀ?

ਕਲਾਨੌਰ ਦੇ ਐਨ ਨਾਲ ਹੀ ਨਾਲਾ ਕਿਰਨ (ਜਾਂ ਸੱਕੀ) ਵਹਿੰਦਾ ਹੈ। ਸੈਦੋ ਨੇ ਤਪ ਅਰੰਭ ਦਿੱਤਾ। ਅੱਧੀ ਰਾਤ ਵੇਲੇ ਹੀ ਜਾ ਦਰਿਆ ਵਿੱਚ ਇਸ਼ਨਾਨ ਕਰਨਾਂ। ਵਰੁਣ ਦੇਵਤਾ ਜਾਂ ਖਵਾਜਾ ਖਿਜਰ ਦੀ ਭਗਤੀ ਕਰਨੀ।

ਇਕ ਰਾਤ ਸੈਦੋ ਕੀ ਵੇਖਦਾ ਹੈ ਇੱਕ ਉੱਚਾ ਲੰਮਾ ਗਭਰੂ ਹੱਥ ਵਿੱਚ ਮੱਛੀ ਚੁੱਕੀ ਤੁਰਿਆ ਆ ਰਿਹਾ ਹੈ। ਰਾਤ ਦੇ ਹਨੇਰੇ ਵਿੱਚ ਸੈਦੋ ਪਹਿਲਾਂ ਤਾਂ ਡਰ ਗਿਆ। ਫਿਰ ਹੌਸਲਾ ਕਰਕੇ ਬੰਦੇ ਨੂੰ ਨਮਸਕਾਰ ਕੀਤੀ ਤੇ ਜਾਣ ਪਛਾਣ ਪੁੱਛੀ। ਅੱਗੋ ਬੰਦੇ ਨੇ ਦੱਸਿਆ ਕਿ ਮੈਂ ਖੁੱਦ ਖਵਾਜਾ ਖਿਜ਼ਰ ਹਾਂ। ਸੈਦੋ ਪੁੱਛਿਆ ਇਹ ਮੱਛੀ? ਖਿਜ਼ਰ ਕਹਿਣ ਲੱਗਾ ਇਹ ਮੱਛੀ ਗੁਰੂ ਨਾਨਕ ਪਾਤਸ਼ਾਹ ਦੇ ਲਈ ਹੈ। ਅੱਜ ਕਲ ਉਹ ਇਸ ਇਲਾਕੇ ਵਿੱਚ ਪਧਾਰੇ ਹੋਏ ਨੇ ਮੈਂ ਓਥੇ ਭੇਟ ਕਰਨ ਜਾ ਰਿਹਾ ਹਾਂ।

ਇਹ ਸੁਣ ਕੇ ਸੈਦੋ ਦੇ ਹੋਸ਼ ਉਡ ਗਏ। ਸੈਦੋ ਕਹਿਣ ਲੱਗਾ ਜੀ ਮੈਂ ਗੁਰੂ ਨਾਨਕ ਨੂੰ ਜਾਣਦਾ ਹਾਂ। ਅਤੇ ਦਿਲ ਦੀ ਸਾਰੀ ਗੱਲ ਦੱਸੀ ਕਿ ਮੈਂ ਸਮਝਦਾ ਸੀ ਕਿ ਗੁਰੂ ਨਾਨਕ ਨੇ ਰੂਹਾਨੀਅਤ ਚੜ੍ਹਤ ਤੁਹਾਥੋਂ ਹਾਸਲ ਕੀਤੀ ਹੈ।

ਖਿਜਰ ਨੇ ਕਿਹਾ,

"ਨਹੀ, ਨਹੀ! ਮੈਂ ਤਾਂ ਜੜ੍ਹ ਰੂਪ ਵਿੱਚ ਹਾਂ। ਪੰਜਾਂ ਤੱਤਾਂ ਵਿੱਚੋਂ ਇੱਕ ਹਾਂ। ਗੁਰੂ ਨਾਨਕ ਚੇਤੰਨ ਰੂਪ ਵਿੱਚ ਨਿਰੰਕਾਰ ਦਾ ਸਰੂਪ ਹਨ। ਅਕਾਲ ਪੁਰਖ ਨੇ ਗੁਰੂ ਨਾਨਕ ਨੂੰ ਲੋਕਾਂ ਦੇ ਉਧਾਰ ਵਾਸਤੇ ਹੀ ਭੇਜਿਆ ਹੈ। ਮੈਂ ਤਾਂ ਸਿਰਫ ਤੁਹਾਡਾ ਭਰਮ ਦੂਰ ਕਰਨ ਲਈ ਮਨੁੱਖੀ ਰੂਪ ਅਪਣਾਇਆ ਹੈ।"

ਇਹ ਗੱਲਾਂ ਸੁਣ ਸੈਦੋ ਘਰ ਜਾਣ ਦੇ ਬਿਜਾਏ ਓਥੋਂ ਹੀ ਰਾਵੀ ਵਲ ਤੁਰ ਪਿਆ ਤੇ ਮਨ੍ਹੇਰੇ ਹੀ ਜਾ ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਗੁਰੂ ਸਾਹਿਬ ਨੇ ਕਿਹਾ ਕਿ ਸੈਦੋ ਕੀ ਗੱਲ ਅੱਜ ਏਨੇ ਸਵੱਖਤੇ ਹੀ ਆ ਗਏ ਹੋ?

ਸੈਦੋ ਨੇ ਸਾਰੀ ਹੱਡ ਬੀਤੀ ਦੱਸੀ।

ਬੜੀ ਨਿਮ੍ਰਤਾ ਨਾਲ ਬੇਨਤੀ ਕੀਤੀ ਕਿ ਗੁਰੂ ਮਹਾਰਾਜ ਮੇਰੇ ਤੇ ਤਰਸ ਕਰਦੇ ਹੋਏ ਸੈਨੂੰ ਦਿਸ਼ਾ ਦਿਓ ਉਸ ਨਿਰੰਕਾਰ ਨੂੰ ਆਪਾਂ ਕਿਵੇ ਪਾ ਸਕਦੇ ਹਾਂ।

ਸਿਰੀਰਾਗੁ ਮਹਲਾ ੧ ॥ ਸੁਣਿ ਮਨ ਭੂਲੇ ਬਾਵਰੇ ਗੁਰ ਕੀ ਚਰਣੀ ਲਾਗੁ ॥ ਹਰਿ ਜਪਿ ਨਾਮੁ ਧਿਆਇ ਤੂ ਜਮੁ ਡਰਪੈ ਦੁਖ ਭਾਗੁ ॥ ਦੂਖੁ ਘਣੋ ਦੋਹਾਗਣੀ ਕਿਉ ਥਿਰੁ ਰਹੈ ਸੁਹਾਗੁ ॥੧॥ ਭਾਈ ਰੇ ਅਵਰੁ ਨਾਹੀ ਮੈ ਥਾਉ ॥ ਮੈ ਧਨੁ ਨਾਮੁ ਨਿਧਾਨੁ ਹੈ ਗੁਰਿ ਦੀਆ ਬਲਿ ਜਾਉ ॥੧॥ ਰਹਾਉ ॥ ਗੁਰਮਤਿ ਪਤਿ ਸਾਬਾਸਿ ਤਿਸੁ ਤਿਸ ਕੈ ਸੰਗਿ ਮਿਲਾਉ ॥ ਤਿਸੁ ਬਿਨੁ ਘੜੀ ਨ ਜੀਵਊ ਬਿਨੁ ਨਾਵੈ ਮਰਿ ਜਾਉ ॥ ਮੈ ਅੰਧੁਲੇ ਨਾਮੁ ਨ ਵੀਸਰੈ ਟੇਕ ਟਿਕੀ ਘਰਿ ਜਾਉ ॥੨॥ ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ ॥ ਬਿਨੁ ਸਤਿਗੁਰ ਨਾਉ ਨ ਪਾਈਐ ਬਿਨੁ ਨਾਵੈ ਕਿਆ ਸੁਆਉ ॥ ਆਇ ਗਇਆ ਪਛੁਤਾਵਣਾ ਜਿਉ ਸੁੰਞੈ ਘਰਿ ਕਾਉ ॥੩॥ ਬਿਨੁ ਨਾਵੈ ਦੁਖੁ ਦੇਹੁਰੀ ਜਿਉ ਕਲਰ ਕੀ ਭੀਤਿ ॥ ਤਬ ਲਗੁ ਮਹਲੁ ਨ ਪਾਈਐ ਜਬ ਲਗੁ ਸਾਚੁ ਨ ਚੀਤਿ ॥ ਸਬਦਿ ਰਪੈ ਘਰੁ ਪਾਈਐ ਨਿਰਬਾਣੀ ਪਦੁ ਨੀਤਿ ॥੪॥ ਹਉ ਗੁਰ ਪੂਛਉ ਆਪਣੇ ਗੁਰ ਪੁਛਿ ਕਾਰ ਕਮਾਉ ॥ ਸਬਦਿ ਸਲਾਹੀ ਮਨਿ ਵਸੈ ਹਉਮੈ ਦੁਖੁ ਜਲਿ ਜਾਉ ॥ ਸਹਜੇ ਹੋਇ ਮਿਲਾਵੜਾ ਸਾਚੇ ਸਾਚਿ ਮਿਲਾਉ ॥੫॥ ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥ ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ ॥ ਸੋ ਕਿਉ ਮਨਹੁ ਵਿਸਾਰੀਐ ਸਭ ਜੀਆ ਕਾ ਆਧਾਰੁ ॥੬॥ ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ॥ ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥ ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ ॥੭॥ ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥ ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥ ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥੮॥੮॥

ਗੁਰੂ ਸਾਹਿਬ ਨੇ ਸੈਦੋ ਨੂੰ ਸਮਝਾਇਆ ਕਿ ਭਾਈ ਜੜ੍ਹ ਵਸਤੂਆਂ ਦੀ ਭਗਤੀ ਤੁਹਾਨੂੰ ਭਟਕਾਅ ਦੇਵੇਗੀ। ਸਤਿਗੁਰੂ ਹੀ ਜਾਗਦਾ ਹੈ ਤੇ ਚੇਤੰਨ ਹੈ। ਗੁਰੂ ਦੇ ਦਰ ਤੇ ਜਾ ਸਬਦ ਦੀ ਪ੍ਰਾਪਤੀ ਕਰੋ। ਨਾਮ ਜਾਂ ਸਿਫਤ ਸਲਾਹ ਹੀ ਨਿਰੰਕਾਰ ਨਾਲ ਮੇਲ ਦਾ ਇਕੋ ਇੱਕ ਸਾਧਨ ਹੈ। ਪਰ ਨਾਲ ਹੀ ਸੁਚੇਤ ਕੀਤਾ ਕਿ ਅਧੂਰਾ ਗੁਰੂ ਕਰਕੇ ਵੀ ਤੁਸੀ ਭਟਕ ਸਕਦੇ ਹੋ। ਗੁਰੂ ਉਹ ਜਿਹਦੀ ਹਉਮੈ ਮੁੱਕ ਚੁੱਕੀ ਹੋਵੇ ਜਿਹੜਾ ਮਰਨ ਦੇ ਡਰ ਤੋਂ ਉਤੇ ਉਠ ਚੁੱਕਾ ਹੋਵੇ।

ਗੁਰੂ ਦੀ ਸ਼ਰਨ ਵਿੱਚ ਸੈਦੋ ਨੂੰ ਅਜਿਹਾ ਰੰਗ ਚੜਿਆ ਕਿ ਗੁਰੂ ਦੇ ਸੰਗ ਹੀ ਰਹੇ। ਕੁਝ ਇੱਕ ਨੇੜੇ ਤੇੜੇ ਪੰਜਾਬ ਅੰਦਰਲੀਆਂ ਉਦਾਸੀਆਂ ਵੇਲੇ ਵੀ ਸੈਦੋ ਗੁਰੂ ਸਾਹਿਬ ਦੇ ਸੰਗ ਰਿਹਾ।

—▲—

ਪੈਂਡਾ ਸਫਾ

■ਇਹ ਸਾਖੀ ਲੱਗਪਗ ਸਾਰੀਆਂ ਜਨਮਸਾਖੀਆਂ ਵਿਚ ਆਉਂਦੀ ਹੈ। ਬਾਲਾ-133, ਪੁਰਾਤਨ-140, ਬੀ:40- 80, ਸੋਢੀ-516, ਮਨੀ-

◘ **ਕੋ੍ੜੀਆ-** ਸਲਤਨਤ ਤੇ ਮੁਗਲ ਕਾਲ ਦੌਰਾਨ ਟੈਕਸ ਕਲੈਕਟਰ (ਡਿਪਟੀ ਕਮਿਸ਼ਨਰ ਆਦਿ) ਨੂੰ ਕੋ੍ੜੀਆ ਕਿਹਾ ਜਾਂਦਾ ਸੀ।

ਦੁਨੀਚੰਦ ਕੋ੍ੜੀਆ ਮੂਲ ਵਿਚ ਲਹੌਰ ਦਾ ਰਹਿਣ ਵਾਲਾ ਧੁੱਪੜ ਗੋਤ ਖੱਤਰੀ ਸੀ। ਇਹਦਾ ਘਰ ਲਹੌਰ ਦੇ ਚੁਹੱਟਾ ਜਵਾਹਰ ਮੱਲ, ਮੁਫਤੀ ਬਾਕਰ ਦੀ ਕਬਰ ਨੇੜੇ ਸੀ। ਓਥੇ ਅਜਕਲ ਬਣਵਾਈ। ਗੁਰਦੁਆਰਾ ਸਾਹਿਬ ਮੌਜੂਦ ਹੈ। ਇਹਦੇ ਬਾਬਤ ਹੋਰ ਵੀ ਇੱਕ ਸਾਖੀ ਆਉਣੀ ਹੈ ਜਦੋਂ ਇਸ ਨੇ ਆਪਣੇ ਪਿਤਾ ਦਾ ਸਰਾਧ ਕੀਤਾ ਸੀ। ਦੁਨੀਚੰਦ ਦੀ ਅੰਸ ਵਿਚੋਂ ਹੀ ਅੱਗੇ ਭਗਤ ਰਾਮ ਹੋਇਆ ਹੈ ਜੋ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਬਖਸ਼ੀ ਸੀ।

ਕਲਾਨੌਰ ਦਾ 1000 ਸਾਲ ਪੁਰਾਣਾ ਸਥਾਨ ਜਿਥੇ ਸ਼ਿਵ ਮੰਦਰ ਦੀ ਇਮਾਰਤ ਮਹਾਰਾਜ ਰਣਜੀਤ ਸਿੰਘ ਨੇ ਸ਼ਹਿਜਾਦਾ ਖੜਕ ਸਿੰਘ ਰਾਂਹੀ

◉ ਰਾਵੀ ਦਰਿਆ ਤੋਂ 7 ਕਿ. ਮੀ. ਦੱਖਣ ਕਲਾਨੌਰ ਮੱਧਕਾਲ ਦਾ ਮਸ਼ਹੂਰ ਸ਼ਹਿਰ ਹੋਇਆ ਹੈ। ਉੱਚੇ ਟਿੱਬੇ ਤੇ ਵਾਕਿਆ ਇਸ ਸ਼ਹਿਰ ਦੇ ਲਾਗੋਂ ਕਿਰਨ ਨਾਲਾ ਗੁਜਰਦਾ ਹੈ। ਲੱਗਪਗ 1000 ਈ ਤੋਂ ਲੈ ਕੇ 1800 ਈ. ਤੱਕ ਇਸ ਸ਼ਹਿਰ ਦੀ ਚੜਤ ਰਹੀ ਹੈ। ਤਖਤ ਇ ਅਕਬਰੀ ਤੋਂ ਲੈ ਕੇ ਰਹੀਮਾਬਾਦ ਤੱਕ ਪੰਜ ਕਿ.ਮੀ. ਸ਼ਹਿਰ ਦੀ ਲੰਬਾਈ ਸੀ। ਅਕਬਰ ਦੀ ਤਾਜਪੋਸ਼ੀ ਵੀ ਇਥੇ ਹੋਈ ਹੈ। ਕਲਾਨੌਰ ਨਾਂ ਇਥੋਂ ਦੇ ਮਸ਼ਹੂਰ ਸ਼ਿਵ ਮੰਦਰ 'ਕਾਲੇਸ਼ਵਰ' ਕਰਕੇ ਪਿਆ। ਬੰਦਾ ਬਹਾਦਰ ਨੂੰ ਵੀ ਗੁਰਦਾਸ ਨੰਗਲ ਤੋਂ ਗਿ੍ਫਤਾਰ ਕਰਕੇ ਕੁਝ ਸਮਾਂ ਪਿੰਜਰੇ ਵਿਚ ਪਾ ਇਥੇ ਰਖਿਆ ਗਇਆ ਸੀ। 1947 ਦੀ ਵੰਡ ਵੇਲੇ ਇਥੋਂ ਦੀ ਅਬਾਦੀ ਜਿਆਦਾ ਮੁਸਲਮਾਨ ਸੀ ਜਿਹਨਾਂ ਨੂੰ ਪਾਕਿਸਤਾਨ ਹਿਜਰਤ ਕਰਨੀ ਪਈ। ਸਰਹੱਦ ਤੇ ਹੋਣ ਕਰਕੇ ਇਹ ਸ਼ਹਿਰ ਵਿਕਾਸ ਪੱਖੋ ਪਛੜ ਗਿਆ। ਅੱਜ ਇਹ ਗੁਰਦਾਸਪੁਰ ਜਿਲੇ ਦਾ ਮਾਮੂਲੀ ਠਾਣਾ ਬਣ ਕੇ ਹੀ ਰਹਿ ਗਇਆ ਹੈ।

◆ ਜਿਸ ਨੂੰ ਅੱਜ ਅਜਿਤੇ ਰੰਧਾਵੇ ਦਾ ਖੂਹ ਕਰਕੇ ਪ੍ਰਚਾਰਿਆ ਜਾਂਦਾ ਹੈ ਇਹ ਹੀ ਗੁਰੂ ਸਾਹਿਬ ਦੇ ਬਿਰਾਜਣ ਦਾ ਪਹਿਲਾ ਅਸਥਾਨ ਹੈ। ਗਿਆਨੀ ਗਿਆਨ ਸਿੰਘ (ਗੁਰਧਾਮ ਸੰਗ੍ਰਹਿ) ਨੇ ਲਿਖਿਆ ਹੈ ਬੇਦੀਆਂ ਨੇ 8000 ਵਿਘੇ ਜਮੀਨ ਰੰਧਾਵਿਆਂ ਕੋਲੋਂ ਖਰੀਦ ਲਈ ਸੀ। ਸੋ ਜਿੱਥੇ ਗੁਰੂ ਸਾਹਿਬ ਪਹਿਲੀ ਵਾਰ ਆ ਕੇ ਬਿਰਾਜੇ ਸਨ। ਅੱਜ ਇਹ ਗੁਰਦੁਆਰਾ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੇ ਨਾਂ ਨਾਲ ਪ੍ਰਸਿੱਧ ਹੈ। ਜਿਸ ਬਾਰੇ ਵਿਸਥਾਰ ਅੱਗੇ ਆਏਗਾ। ਬੇਦੀ ਦਿਲਜੀਤ ਸਿੰਘ ਅਨੁਸਾਰ ਜੋ ਮੌਜੂਦਾ ਖੂਹ ਹੈ ਉਹ ਬੇਦੀਆਂ ਨੇ ਬਾਦ ਵਿਚ ਲਵਾਇਆ ਸੀ। ਅਜਿਤੇ ਰੰਧਾਵੇ ਵਾਲੀਆਂ ਖੂਹੀਆਂ ਤਾਂ ਕਾਰਸੇਵਾ ਵਾਲੇ ਬਾਬੇ ਨੇ ਢਾਹ ਦਿੱਤੀਆਂ ਸਨ।

ਇਹ ਵੀ ਖਿਆਲ ਆਉਦਾ ਹੈ ਕੋ੍ੜੀਏ ਨੇ ਖੁੱਦ ਹੀ ਗਰਾਂਟ ਦਿੱਤੀ ਹੋਵੇ। ਪਰ ਧਿਆਨ ਰਹੇ ਉਹ ਕੋ੍ੜੀਆ ਸੀ ਭਾਵ ਅਫਸਰ ਸੀ। ਰਾਜਾ ਨਹੀ ਸੀ। ਰਾਜਾ ਇਲਾਕੇ ਦੇ ਮਾਲਕ ਹੁੰਦਾ ਹੈ। ਅਫਸਰ ਸਿਰਫ ਹੁਕਮ ਦੀ ਤਾਮੀਲ ਕਰਾਉਦਾ ਹੈ।

ਤੀਸਰੀ ਉਦਾਸੀ

ਭਾਗ–1. ਹਿਮਾਚਲ ਤੇ ਸੁਮੇਰ

ਬਾਬਾ ਜਾ ਚੜ੍ਹਿਆ ਦੁਨੀਆ ਦੀ ਛੱਤ ਤੇ

1. ਹਿਮਾਚਲ ਦੀਆਂ ਪਹਾੜੀਆਂ ਤੇ

◉ ਸਿਧਾਂਤ ਅਨੁਸਾਰ ਹਿੰਦੂ ਦੇ 68 ਤੀਰਥਾਂ ਦੀ ਯਾਤਰਾ ਤਾਂ ਸਫਲ ਹੁੰਦੀ ਹੈ ਜੇ ਉਹ ਚਾਰੇ ਕੁੰਟਾਂ (ਧਾਮਾਂ) ਦੇ ਅਸਥਾਨਾਂ ਦੇ ਦਰਸ਼ਨ ਕਰੇ, ਭਾਵ ਉਤਰ, ਪੂਰਬ, ਦੱਖਣ ਅਤੇ ਪੱਛਮ ਦੇ ਸਭ ਪ੍ਰਸਿੱਧ ਸਥਾਨਾਂ ਦੇ। ਅਖੇ ਜਿੰਨਾਂ ਚਿਰ ਸੁਮੇਰ ਕੁਮੇਰ ਦੀ ਪਰਦਖਣਾ ਨਹੀ ਕਰਦੇ ਉਨਾਂ ਚਿਰ ਯਾਤਰਾ ਸੰਪੂਰਨ ਨਹੀ।

ਹਿੰਦੂ ਧਰਮ ਦਾ ਵੱਡਾ ਹਿੱਸਾ ਹਿਮਾਲਿਆ ਵਿੱਚ ਲੁਕਿਆ ਰਹਿੰਦਾ ਸੀ। ਹਜ਼ਾਰਾਂ ਸਾਧੂ ਸੰਤ ਹਿਮਾਲਿਆ ਦੀ ਗੋਦ ਵਿੱਚ ਦੁਨੀਆ ਦੀਆਂ ਨਜਰਾਂ ਤੋ ਉਹਲੇ ਹੋ, ਜਪ-ਤਪ ਵਿੱਚ ਲੱਗੇ ਰਹਿੰਦੇ ਸਨ। ਗੁਰੂ ਸਾਹਿਬ ਨੇ ਸੋਚਿਆ ਕਿ ਉਹਨਾਂ ਦਾ ਭਾਰਤ ਭਰਮਣ ਅਧੂਰਾ ਰਹਿ ਜਾਏਗਾ ਜੇ ਹਿਮਾਲੀਆਂ ਦੀ ਗੋਦ ਵਿੱਚ ਵੱਸੇ ਸਾਧੂਆਂ ਸੰਤਾਂ ਤੇ ਹੋਰ ਲੋਕਾਈ ਨੂੰ ਇੱਕ ਓਕਾਰ ਸਰਬਵਿਆਪਕ ਰੱਬ ਨਾਲ ਨਾ ਜੋੜਿਆ ਗਇਆ ਤਾਂ। ਦੂਸਰਾ ਪੰਜਾਬੀਆਂ ਦੀ ਰੀਗਾ ਤਾਂ ਹਿਮਾਚਲ ਦੇ ਪਹਾੜਾਂ ਵਿੱਚ ਵਸਦੀ ਹੈ। ਓਥੇ ਇਹਨਾਂ ਦੇ ਸ਼ਕਤੀ ਪੀਠ ਹਨ ਅਤੇ ਓਥੇ ਹੀ ਜਯੋਤੀਲਿੰਗ। ਸੋ ਇਹ ਕਿਵੇ ਹੋ ਸਕਦਾ ਹੈ ਕਿ ਸਾਹਿਬ ਆਲੇ ਬੰਗਾਲੇ ਸਭ ਫਿਰ ਆਉਣ ਪਰ ਪੰਜਾਬ ਨਾਲ ਸਬੰਧਤ ਸਥਾਨ ਛੱਡ ਦੇਣ। ◆

ਧੁਰ ਹਿਮਾਲਿਆ ਵਿੱਚ, ਸਾਰਾ ਸਾਲ ਜੰਮੇ ਰਹਿਣ ਵਾਲੇ ਇਲਾਕੇ ਵਿੱਚ ਹੀ ਹੈ ਸੁਮੇਰ ਜਾਂ ਮੇਰ ਪਰਬਤ ਜਿਸ ਨੂੰ ਅੱਜ ਕਲ੍ਹ ਕੈਲਾਸ਼ ਮਾਨਸਰੋਵਰ ਕਹਿੰਦੇ ਹਨ। ਭਾਈ ਗੁਰਦਾਸ ਤੇ ਹੋਰ ਲਿਖਾਰੀਆਂ ਨੇ ਇਥੇ ਗੁਰੂ ਸਾਹਿਬ ਦੀ ਸਿੱਧ ਜੋਗੀਆਂ ਨਾਲ ਗੋਸ਼ਟ ਹੋਣੀ ਦੱਸੀ ਹੈ।

ਐਤਕਾਂ ਵਾਲੀ ਗੁਰੂ ਸਾਹਿਬ ਦੀ ਉਦਾਸੀ ਸਭ ਤੋਂ ਕਠਣ ਹੋਣ ਵਾਲੀ ਸੀ। ਇਕ ਤਾਂ ਦੁਨੀਆ ਦੇ ਸੱਭ ਤੋਂ ਉੱਚੇ ਪਹਾੜ ਤੇ ਦੂਸਰਾ ਅੱਤ ਦੀ ਠੰਡ। ਹਿਮਾਚਲ ਵਿੱਚ ਪਹਿਲੇ ਹੀ ਜੋਗੀ ਮੱਠ ਵਿੱਚ ਪਹੁੰਚੇ ਤਾਂ ਜਦੋਂ ਗੁਰੂ ਸਾਹਿਬ ਨੇ ਦੱਸਿਆ ਕਿ ਮੇਰਾ ਇਰਾਦਾ ਸੁਮੇਰ ਪਰਬਤ ਤੱਕ ਜਾਣ ਦਾ ਹੈ। ਅੱਗੋ ਗੋਰਖਪੰਥੀ ਮਹੰਤ ਨੇ ਉਪਦੇਸ ਦਿੱਤਾ■:-

ਕਵਨ ਰੂਪ ਕਵਨ ਜਾਤ ਤੁਮਾਰੀ। ਕਹੁ ਕਾਹਾ ਕੇ ਲੇਹੁ ਉਡਾਰੀ।
ਨਾ ਆਗੇ ਧਰਨ, ਰਹੋਗੇ ਕਹਾਂ। ਸੀਤਲ ਜਲ, ਹਿਮ ਵਰਸੈ ਹੈ ਤਹਾਂ।
ਨਾ ਆਗੇ ਮਗ ਪੀਛੇ ਉਠਿ ਭਾਗੋ। ਨਿਕਲ ਜਾਓ ਕਾਹੇ ਦੁਖ ਲਾਗੋ।
ਝਿਲ ਮਿਲ ਕਾਰ ਝਲਕੇ ਝਲਕਾਰਾ। ਤਹਾਂ ਸਰਾ ਪਰਾ ਪਹੁਚਨ ਹਾਰਾ।

ਗੁਰੂ ਸਾਹਿਬ ਨੇ ਮਹੰਤ ਨੂੰ ਕੁਝ ਇਉ ਜਵਾਬ ਦਿੱਤਾ। (ਕਵੀ ਦੇ ਸਬਦਾ ਵਿੱਚ):-

ਸਬਦਿ ਰੂਪ ਅੰਗ ਰੂਪ ਹੈ ਸਾਰਾ।
ਜਾਤ ਹਮਾਰੀ ਅਚਰਜ ਕਹੀਐ ਜਹਾਂ ਨ ਦਿਨ ਨ ਰਾਤੀ।
ਪੀਛੇ ਆਗੇ ਦ੍ਰਿਸਟ ਹਮਾਰੀ ਧਰਨ ਅਕਾਸੁ ਪਸਾਰਾ।
ਦਇਆ ਹਮਾਰੀ ਸੀਤ ਹਿਮੰਚਲ ਤਿਨ ਸੰਗ ਰਹਿਨ ਹਮਾਰਾ।
ਕਹੇ ਨਾਨਕ ਸੁਣ ਗੋਰਖ ਜੋਗੀ ਤੈ ਪੂਰਾ ਜੋਗ ਨ ਪਾਇਆ।
ਜੁਗਤ ਨ ਜਾਨੀ ਅਉਧ ਵਿਹਾਣੀ ਬਿਰਥਾ ਜਨਮ ਗਵਾਇਆ।

ਸੁਮੇਰ (ਕੈਲਾਸ਼ ਪਰਬਤ)

ਇਸ ਪਹਾੜੀ ਯਾਤਰਾ ਦੌਰਾਨ ਜੋਗੀਆਂ ਨਾਲ ਜੋ ਵਾਰਤਾਲਾਪ ਹੋਈ ਉਸ ਤੇ ਗੁਰੂ ਸਾਹਿਬ ਨੇ ਬਾਣੀ ਹੀ ਰਚ ਦਿੱਤੀ ਜੋ ਰਾਮਕਲੀ ਵਿੱਚ ਸਿਧ ਗੋਸਟਿ ਦੇ ਰੂਪ ਵਿੱਚ ਅੱਜ ਸਾਡੇ ਕੋਲ ਅੰਗ 938 ਤੇ ਗੁਰੂ ਗ੍ਰੰਥ ਸਾਹਿਬ ਵਿੱਚ ਸ਼ੋਸ਼ੋਭਿਤ ਹੈ। ਬਾਲਾ ਜਨਮ ਸਾਖੀ ਅਨੁਸਾਰ ਇਹ ਗੋਸਟੀ ਵੱਖ ਵੱਖ ਪਹਾੜਾਂ ਦੇ ਜੋਗੀ ਮੱਠਾਂ ਤੇ ਹੋਈ। ਪਰ ਬਦਕਿਸਮਤੀ ਨਾਲ ਬਾਲਾ ਜਨਮਸਾਖੀ ਵਿੱਚ ਥਾਵਾਂ ਜਾਂ ਪਹਾੜਾਂ ਦੇ ਨਾਂ ਮਨਘੜਤ ਜਿਹੇ ਦਿੱਤੇ ਹਨ। ਇੱਕ ਦੋ ਨੂੰ ਛੱਡ ਬਾਕੀ ਸਥਾਨ ਪਛਾਨਣੇ ਮੁਸ਼ਕਲ ਹਨ। ਉਂਜ ਲੱਗਪੱਗ ਓਨੇ ਹੀ ਸਥਾਨ ਦਿਖਾਏ ਹਨ ਜਿੰਨੇ ਕੁ ਇਸ ਜਨਮਸਾਖੀ ਵਿੱਚ ਦਿੱਤੇ ਜਾ ਰਹੇ ਹਨ। ਇਸ ਜਿੰਦਗੀਨਾਮਾ ਪੁਸਤਕ ਵਿੱਚ ਇਹ ਗੋਸਟ ਥਾਂ ਥਾਂ ਤੇ ਟੁਕੜਿਆਂ ਵਿੱਚ ਦੇਣ ਬਿਜਾਏ ਇਕੋ ਥਾਂ ਸਿਧ ਗੋਸਟਿ ਸਿਰਲੇਖ ਹੇਠ ਦਿੱਤੀ ਜਾ ਰਹੀ ਹੈ।

ਜਨਮ ਸਾਖੀਆਂ ਵਿੱਚ ਆਉਦਾ ਹੈ ਕਿ ਇਨਾਂ ਪਹਾੜਾਂ ਤੇ ਬਹੁਤ ਬਹੁਤ ਵੱਡੀਆਂ ਉਮਰਾਂ ਦੇ ਜੋਗੀ ਤਪੱਸਿਆ ਕਰਦੇ ਹੁੰਦੇ ਸਨ। ਵਿਗਿਆਨਕ ਤੌਰ ਤੇ ਵੀ ਇਹ ਗੱਲ ਸੱਚੀ ਲੱਗਦੀ ਹੈ ਕਿਉਕਿ ਜਦੋਂ ਕੋਈ ਜਾਨਵਰ 24 ਘੰਟਿਆਂ ਵਿੱਚ ਲਏ ਜਾਣ ਵਾਲੇ ਕੁੱਲ ਸਾਹਾਂ ਦੀ ਗਿਣਤੀ ਘਟਾ ਦੇਵੇ ਤਾਂ ਉਹਦੀ ਉਮਰ ਵੱਧ ਜਾਂਦੀ ਹੈ। ਪਰ ਅਜਿਹਾ ਕਰਨ ਵਾਸਤੇ ਤੁਹਾਨੂੰ ਸ਼ਾਂਤ ਚਿਤ ਬਿਨਾਂ ਹਿਲੇ ਡੁੱਲੇ ਬਹਿਣਾ ਪੈਂਦਾ ਹੈ। ਹਿਮਾਲੀਆ ਤੇ ਜਿੱਥੇ ਏਨੀ ਠੰਡ ਪੈਂਦੀ ਹੈ ਜੋਗੀ ਆਪਣੇ ਘੋਰਨਿਆਂ ਵਿੱਚ ਵੜ੍ਹ ਬਿਨਾਂ ਸਰੀਰਕ ਕ੍ਰਿਆ ਦੇ ਪਏ ਰਹਿੰਦੇ ਸਨ। ਫਿਰ ਇਨਾਂ ਜੋਗੀਆਂ ਨੂੰ ਆਪਣੀਆਂ ਲੰਮੀਆਂ ਉਮਰਾਂ ਦਾ ਮਾਣ ਵੀ ਹੁੰਦਾ ਸੀ। ਜਦੋਂ ਗੁਰੂ ਸਾਹਿਬ ਇਸ ਇਲਾਕੇ ਵਿੱਚ ਗਏ ਤਾਂ ਉਨਾਂ ਦੀ ਉਮਰ ਸਿਰਫ 50 ਸਾਲ ਸੀ। ਗੁਰੂ ਸਾਹਿਬ ਤੇ ਜੋਗੀਆਂ ਵਿੱਚ ਹੋਈ ਵਾਰਤਾਲਾਪ ਵਿੱਚ ਜੋਗੀ ਗੁਰੂ ਸਾਹਿਬ ਨੂੰ ਬਾਲ ਕਹਿ ਕੇ ਸੰਬੋਧਨ ਕਰਦੇ ਹਨ ਕਿ ਤੂੰ ਤਾਂ ਅਜੇ ਬੱਚਾ ਹੈਂ।

ਹਿਮਾਲਿਆ ਭਾਵ ਬਰਫ ਦਾ ਘਰ। ਜਿਸ ਦਾ ਕੁਲ ਰਕਬਾ 595000 ਵਰਗ ਕਿ. ਮੀ. ਤਾਂ ਕਈ ਮੁਲਕਾਂ ਨਾਲੋ ਵੀ ਵੱਡਾ ਹੈ। ਹਿਮਾਲੀਆਂ ਪਹਾੜੀਆਂ ਦੀ ਮਾਲਾ ਕੁਲ 2550 ਕਿਲੋ ਮੀਟਰ (1500 ਮੀਲ) ਲੰਮੀ ਹੈ। ਹਿਮਾਲੀਆ ਪਹਾੜੀ ਮਾਲਾ ਦੀ ਚੌੜਾਈ 200 ਕਿ. ਮੀ ਤੋਂ 400 ਕਿ.ਮੀ ਤੱਕ ਹੋ ਜਾਂਦੀ ਹੈ। ਹਿਮਾਲੀਆ ਵਿੱਚ ਕੋਈ 110 ਤਾਂ ਅਜਿਹੀਆਂ ਪਹਾੜੀਆਂ ਹਨ ਜੋ 24000 ਫੁੱਟ ਤੋਂ ਜਿਆਦਾ ਉੱਚੀਆਂ ਹਨ। ਦੁਨੀਆ ਦੀ ਸਭ ਤੋਂ ਉੱਚੀ ਪਹਾੜੀ ਮਾਊਟ ਐਵਰੈਸਟ ਵੀ ਏਸੇ ਮਾਲਾ ਵਿੱਚ ਹੈ। ਠੰਡ ਐਨੀ ਕੁ ਹੱਡ ਚੀਰਵੀ ਕਿ ਹਿਮਾਲਿਆ ਦੇ ਅੰਦਰੂਨ ਹਿੱਸਿਆ ਵਿੱਚ ਸਿਰਫ ਗਰਮੀਆਂ ਦੀ ਰੁੱਤੇ ਹੀ ਜਾਇਆ ਜਾ ਸਕਦਾ ਹੈ।

ਗੁਰੂ ਸਾਹਿਬ ਨੇ ਹਿਮਾਲਿਆ ਵਿੱਚ ਮੌਜੂਦ ਹਿੰਦੂ ਮਤ ਦੇ ਲੱਗ ਪਗ ਸਾਰੇ ਕੇਂਦਰ ਵੇਖੇ ਤੇ ਲੋਕਾਂ ਨੂੰ ਕੁਬੁੱਧ ਕਰਨ ਤੋਂ ਵਰਜ ਕੇ ਇੱਕ ਨਿਰੰਕਾਰ ਦੇ ਲੜ ਲਾਇਆ ਸੀ।

ਗੁਰੂ ਸਾਹਿਬ ਨਵੰਬਰ 1518 ਨੂੰ ਪੱਖੋਕਿਆਂ ਤੋਂ ਰਵਾਨਾ ਹੋਏ ਸਨ। ਜਦੋਂ ਸਾਹਿਬ ਰਵਾਨਾ ਹੋਣ ਲੱਗੇ ਤਾਂ ਓਧਰ ਕੁਲਖੇਤਰ ਦਾ ਸੂਰਜ ਗ੍ਰਿਹਣ ਮੇਲਾ ਵੀ ਆ ਗਇਆ। ਸਾਹਿਬ ਨੇ ਸੋਚਿਆ ਕਿ ਮੇਲਾ ਵੀ ਵੇਖਦੇ ਹੀ ਜਾਇਆ ਜਾਏ। ਹਾਲਾਂ ਉਹ ਕੁਲਖੇਤਰ ਪਹਿਲਾਂ ਵੀ ਜਾ ਚੁੱਕੇ ਸਨ।

ਐਤਕਾਂ ਗੁਰੂ ਸਾਹਿਬ ਨਾਲ ਮਰਦਾਨੇ ਤੋਂ ਇਲਾਵਾ ਹੱਸੂ ਲੁਹਾਰ ਤੇ ਸ਼ੀਹਾਂ ਛੀਬਾ ਸਨ।* ਲੱਗਦਾ ਹੈ ਕਿ ਹੱਸੂ ਤੇ ਸ਼ੀਹਾਂ ਨੇ ਵੀ ਗੁਰੂ ਸਾਹਿਬ ਦਾ ਸਾਥ ਕੁਝ ਦੂਰੀ ਤੱਕ ਹੀ ਦਿੱਤਾ ਅਤੇ ਇਹ ਦੋਵੇਂ ਹੀ ਰਸਤੇ ਤੋਂ ਹੀ ਵਾਪਸ ਪਰਤ ਆਏ ਸਨ। ਹੋ ਸਕਦੈ ਉਹ ਭਰਮੌਰ ਜਾਂ ਕੁਲੂ ਤੋਂ ਪਰਤ ਆਏ ਹੋਣ। ਭਾਈ ਬਾਲੇ ਵਾਲੀ ਸਾਖੀ ਮੁਤਾਬਿਕ ਇਹ ਉਦਾਸੀ ਛੋਟੀ ਜਿਹੀ ਸੀ। ● ਗੁਰੂ ਸਾਹਿਬ ਦੀ ਜੋ ਸਿੱਧਾਂ ਨਾਲ ਗੋਸ਼ਟਿ ਹੋਈ ਉਸ ਤੋਂ ਇਹੋ ਲੱਗਦਾ ਹੈ ਕਿ ਧੁਰ ਸੁਮੇਰ ਤੇ ਪਹੁੰਚਣ ਵੇਲੇ ਉਹਨਾਂ ਨਾਲ ਮਰਦਾਨਾ ਵੀ ਨਹੀ ਸੀ। ਬਾਲਾ ਜੋ ਗੱਪ ਮਾਰ ਕੇ ਹਰ ਥਾਂ ਕਹਿੰਦਾ ਕਿ ਫਲਾਣੇ ਥਾਂ ਵੀ ਮੈਂ ਗੁਰੂ ਸਾਹਿਬ ਦੇ ਨਾਲ ਹੀ ਸੀ। ਪਰ ਸੁਮੇਰ ਪਰਬਤ ਬਾਬਤ ਉਹ ਮੰਨਦਾ ਹੈ ਕਿ ਮੈਂ ਤੇ ਮਰਦਾਨਾ ਓਦੋਂ ਗੁਰੂ ਸਾਹਿਬ ਦੇ ਨਾਲ ਨਹੀ ਸਾਂ। ਉਹ ਲਿਖਦਾ ਹੈ:-

ਮਰਦਾਨਾ ਈਨਾ ਪਰਬਤ ਰਹਿਆ
ਬਾਲਾ ਖੰਡ ਪਰਬਤ ਪਰ ਗਇਆ।
ਨਾਨਕ ਧੁਰ ਪਹੁੰਚੇ ਦਰਬਾਰ।
ਜਹਾਂ ਤਖਤ ਬੈਠਾ ਨਿਰੰਕਾਰ। (ਪੰ. 241 ਬਾਲਾ)

ਇਹ ਵੀ ਹੋ ਸਕਦਾ ਹੈ ਅਜਿਹੇ ਕਠਿਨ ਰਾਹ ਤੇ ਗੁਰੂ ਸਾਹਿਬ 'ਪਵਨ ਰੂਪ' ਹੋ ਕੇ ਓਥੇ ਪਹੁੰਚੇ ਹੋਣ।



ਗੁਰੂ ਸਾਹਿਬ ਦੀ ਹਿਮਾਲਿਆ ਯਾਤਰਾ ਭਾਗ -1 ਦੇ ਸਥਾਨ।
ਉਤੇ ਦਿਤੇ ਨਕਸ਼ੇ ਤੋਂ ਤੁਸੀ ਅੰਦਾਜ਼ਾ ਲਾਓ ਕਿ ਹਿਮਾਚਲ ਤੋਂ ਸੁਮੇਰ ਜਾਂ ਕੈਲਾਸ਼ ਮਾਨਸਰੋਵਰ ਕਿੰਨਾ ਦੂਰ ਹੈ (ਨੱਕ ਦੀ ਸੇਧ: 390 ਕਿ. ਮੀ) ਹੈ ਵੀ ਸਾਰਾ ਉਚ ਪਹਾੜੀ ਇਲਾਕਾ। ਹੇਠਾਂ ਹਿਮਾਚਲ ਪ੍ਰਦੇਸ ਦੇ ਉਹ ਅਸਥਾਨ ਜਿੱਥੇ ਜਿੱਥੇ ਸਾਹਿਬ ਨੇ ਕੌਤਕ ਵਰਤਾਏ।

ਹੱਡ ਚੀਰਵੀ ਠੰਡ ਹੋਣ ਕਾਰਨ ਗੁਰੂ ਸਾਹਿਬ ਨੇ ਐਤਕਾਂ ਵਾਲਾਂ ਵਾਲੇ ਚੰਮ (ਫਰ) ਵਾਲੀ ਪੌਸ਼ਾਕ ਪਹਿਨੀ ਸੀ। ਯਾਕ ਦੀ ਖੱਲ ਦੀ ਪੌਸ਼ਾਕ ਤਾਂ ਕਹਿੰਦੇ ਠੰਡ ਵਿੱਚ ਵੀ ਪਸੀਨੇ ਛੁਡਾ ਦਿੰਦੀ ਹੈ। ਉਂਜ ਬਾਕੀ ਸਾਖੀਆਂ ਤੋਂ ਪਤਾ ਲੱਗਦਾ ਹੈ ਕਿ ਹਿਮਾਲੀਆਂ ਦੀ ਯਾਤਰਾ ਵੇਲੇ ਮਰਦਾਨਾ ਹਰ ਥਾਂ ਉਨਾਂ ਦੇ ਨਾਲ ਸੀ। ◘

ਤੀਸਰੀ ਉਦਾਸੀ ਵੇਲੇ ਗੁਰੂ ਸਾਹਿਬ ਨੇ ਕਿਹੜਾ ਰਾਹ (ਰੂਟ) ਅਪਣਾਇਆ ਇਹ ਅੱਜ ਵੀ ਬੁਝਾਰਤ ਬਣੀ ਹੋਈ ਹੈ। ਥਾਂ ਥਾਂ ਤੇ ਬਣੀਆਂ ਯਾਦਗਾਰਾਂ ਤੋਂ ਵਿਦਵਾਨ ਲੋਕ ਉਹਨਾਂ ਦਾ ਰੂਟ ਤਹਿ ਕਰਦੇ ਆਏ ਹਨ। ਪਰ ਹਿਮਾਲੀਆਂ ਦੀ ਕਠਿਨ ਯਾਤਰਾ ਤੋਂ ਉਪਰੰਤ ਗੁਰੂ ਸਾਹਿਬ ਦੇ ਸਿੱਖ ਉਹਨਾਂ ਬਾਗ ਬਗੀਚਿਆਂ ਨੂੰ ਪਾਣੀ ਦੇਣ ਤੋਂ ਅਸਫਲ ਰਹੇ ਜੋ ਗੁਰੂ ਸਾਹਿਬ ਨੇ ਪਹਾੜਾਂ ਵਿੱਚ ਲਾਏ ਸਨ। ਇਸ ਗੱਲ ਵਿੱਚ ਕੋਈ ਹੈਰਾਨੀ ਨਹੀ ਹੁੰਦੀ ਕਿ ਸਿੱਕਮ ਦੇ ਇਲਾਕੇ ਵਿੱਚ ਗੁਰੂ ਸਾਹਿਬ ਦਾ ਪਵਿਤ੍ਰ ਨਾਂ ਬੋਧੀ ਲਾਮਿਆਂ ਨਾਲ ਰਲ ਗੱਡ ਹੋ ਚੁੱਕਾ ਹੈ। ਕਿਤੇ (ਤਿੱਬਤ) ਬਾਬੇ ਨੂੰ ਰਿਮਪੋਚੇ ਜਾਂ ਨਾਨਕ ਲਾਮਾ ਕਿਹਾ ਜਾਂਦਾ ਹੈ ਕਿਤੇ ਨਾਨਕ ਰਿਸ਼ੀ (ਨੇਪਾਲ)।

ਤੀਸਰੀ ਉਦਾਸੀ ਵੇਲੇ ਗੁਰੂ ਸਾਹਿਬ ਅੱਜ ਦੇ ਜੰਮੂ ਕਸ਼ਮੀਰ, ਹਿਮਾਚਲ, ਅਤੇ ਤਿੱਬਤ ਦੇ ਉੱਤਰ-ਪੱਛਮ ਦੇ ਇਲਾਕੇ ਭਾਵ ਲੇਹ ਲਦਾਖ ਹਿਮਾਚਲ ਉਤਰਾਖੰਡ ਦੇ ਨਾਲ ਲੱਗਦੇ ਤਿਬਤ ਤੱਕ ਰਹੇ। ਗੁਰੂ ਸਾਹਿਬ ਨੇਪਾਲ, ਭੂਟਾਨ, ਸਿੱਕਮ, ਅਸਾਮ ਤੇ ਅਜ ਦੇ ਅਰੁਨਾਚਲ ਪ੍ਰਦੇਸ ਨੂੰ ਪਹਿਲੀ ਉਦਾਸੀ ਵੇਲੇ ਗਾਹ ਚੁੱਕੇ ਸਨ। ✚

ਗੁਰਬਾਣੀ ਤੋਂ ਜੋ ਸਾਨੂੰ ਇਸ਼ਾਰਾ ਮਿਲਦਾ ਹੈ ਉਸ ਮੁਤਾਬਿਕ ਗੁਰੂ ਸਾਹਿਬ ਪੱਖੋਕਿਆਂ ਤੋਂ ਪਹਿਲਾਂ ਸੁਲਤਾਨਪੁਰ ਜਾਂਦੇ ਹਨ।*** ਓਥੋ ਸਤਲੁਜ ਪਾਰ ਕਰਕੇ ਅੱਜ ਦੇ ਲੁਧਿਆਣੇ ਥਾਂਨੀ ਹੁੰਦੇ ਹੋਏ ਕੁਲਖੇਤ੍ਰ, ਪਿੰਜੌਰ, ਕੀਰਤਪੁਰ, ਦਿਓੜਸਿੱਧ, ਜਵਾਲਾਜੀ, ਕਾਂਗੜਾ, ਬੈਜਨਾਥ, ਰਿਵਾਲਸਰ, ਮੰਡੀ, ਕੁਲੂ, ਮਨੀਕਰਣ, (ਮਨਾਲੀ) ਤਿਰਲੋਕ ਨਾਥ, ਭਰਮੌਰ, ਤਿਰਲੋਕ ਨਾਥ, ਜ਼ੰਸਕਾਰ ਇਲਾਕਾ ਤਿਬਤ ਤੇ ਫਿਰ ਕੈਲਾਸ਼ ਮੰਦਰ।***

ਗੁਰੂ ਜੀ ਨੇ ਇਹ ਯਾਤਰਾ ਨਵੰਬਰ ਦੇ ਅੰਤਲੇ ਹਫਤੇ ਸ਼ੁਰੂ ਕੀਤੀ ਕਿਉਕਿ ਪਹਿਲੀ ਦਸੰਬਰ 1518 ਨੂੰ ਸੂਰਜ ਗ੍ਰਿਹਣ ਸੀ। ◈

—◈—

ਲੁਧਿਆਣੇ ਨੂੰ ਆ ਤਾਰਿਆ ਬਾਬੇ ਨੇ

ਪੱਥੋਕਿਆਂ ਤੋਂ ਰਵਾਨਾ ਹੋ ਰਸਤੇ ਦੇ ਪਿੰਡਾਂ ਵਿਚ ਸਤਿਨਾਮ ਦਾ ਢਿੰਢੋਰਾ ਪਿੱਟਦੇ ਹੋਏ ਸਾਹਿਬ ਭੈਣ ਜੀ ਕੋਲ ਸੁਲਤਾਨ ਪੁਰ ਆ ਪਹੁੰਚੇ। ਇਥੇ ਦੋ ਚਾਰ ਦਿਨ ਰਹਿ ਅੱਗੇ ਫਿਲੌਰ ਕਸਬੇ ਦੇ ਲਾਗੋਂ ਗੁਰੂ ਸਾਹਿਬ ਨੇ ਸਤਲੁਜ ਪਾਰ ਕੀਤਾ। ਓਨੀ ਦਿਨੀ ਲੁਧਿਆਣਾ ਛੋਟਾ ਜਿਹਾ ਕਸਬਾ ਸੀ ਤੇ ਇਸ ਦਾ ਨਾਂ 'ਮੀਰ ਹੋਤਾ' ਸੀ। ਪਰ ਫਿਲੌਰ ਨਾਲੋ ਇਥੋਂ ਦੀ ਸਥਾਨਕ ਹਕੂਮਤ ਵੱਖਰੀ ਸੀ। ਫਿਲੌਰ ਸੁਲਤਾਨਪੁਰ ਲੋਧੀ ਰਿਆਸਤ ਤਹਿਤ ਸੀ ਜਦੋਂ ਕਿ ਲੁਧਿਆਣੇ ਵਿਖੇ ਦਿੱਲੀ ਦੇ ਬਾਦਸ਼ਾਹ ਸਿਕੰਦਰ ਲੋਧੀ ਨੇ ਆਪਣੇ ਵਿਸ਼ਵਾਸ ਪਾਤਰ ਯੂਸਫ ਖਾਂ ਤੇ ਨਿਹੰਗ ਖਾਂ ਪਠਾਣ ਬੈਠਾਏ ਹੋਏ ਸਨ। ਇਨਾਂ ਪਠਾਣਾਂ ਨੇ ਬਾਦਸ਼ਾਹ ਦੀ ਖਿਦਮਤ ਵਿੱਚ ਇਸ ਸ਼ਹਿਰ ਦਾ ਨਾਂ ਲੋਧੀਆਣਾ ਰੱਖ ਦਿੱਤਾ। ਯਾਦ ਰਹੇ ਜਰਨੈਲੀ ਸੜ੍ਹਕ ਸਤਲੁਜ ਦੇ ਪੱਤਣ ਤੇ ਹੋਣ ਕਰਕੇ ਸ਼ਹਿਰ ਦੀ ਵਪਾਰਕ ਤੇ ਫੌਜੀ ਅਹਿਮੀਅਤ ਵੱਧ ਰਹੀ ਸੀ। ਓਦੋਂ ਫਿਲੌਰ ਵੀ ਬਰਾਬਰ ਦੀ ਹੈਸੀਅਤ ਦਾ ਕਸਬਾ ਸੀ।

ਗੁਰੂ ਸਾਹਿਬ ਨੇ ਜਦੋਂ ਇਥੇ ਚਰਨ ਪਾਏ ਤਾਂ ਨਿਹੰਗ ਖਾਂ (ਨਾਂ ਜਲਾਲ ਖਾਂ ਵੀ ਮਿਲਦਾ ਹੈ) ਬੜੇ ਆਦਰ ਸਤਿਕਾਰ ਨਾਲ ਗੁਰੂ

ਗੁਰਦੁਆਰਾ ਗਊ ਘਾਟ, ਲੁਧਿਆਣਾ

ਸਾਹਿਬ ਨੂੰ ਮਿਲਿਆ। ਯਾਦ ਰਹੇ ਓਦੋਂ ਤੱਕ (1518 ਈ. ਨਵੰਬਰ/ਦਸੰਬਰ) ਗੁਰੂ ਸਾਹਿਬ ਦੀ ਚਰਚਾ ਚਾਰੇ ਪਾਸੇ ਫੈਲ ਚੁੱਕੀ ਸੀ।

ਨਿਹੰਗ ਖਾਂ ਨੇ ਗੁਰੂ ਸਾਹਿਬ ਅੱਗੇ ਜਿਕਰ ਕੀਤਾ ਕਿ "ਇਹ ਕਸਬਾ ਤਾਂ ਬਹੁਤ ਟਿਕਾਣੇ ਸਿਰ ਹੈ ਪਰ ਇਧਰ ਨੂੰ ਦਰਿਆ ਮਾਰ

ਪੈੜ ਸਫਾ

◉ਅੱਕੇ ਮਦੀਨੇ ਦੀ ਗੋਸ਼ਟਿ' -ਸਫਾ 48) ■ ਬਾਲਾ -199

● ਬਾਲਾ -277 {ਤਾਂ ਓਥੋ (ਪੱਥੋਕੇ ਤੋਂ) ਗੁਰੂ ਨਾਨਕ ਜੀ ਕੁਲਖੇੜ ਦੀ ਉਦਾਸੀ ਨੂੰ ਗਏ} ਬਾਬੇ ਨੇ ਕਿਹਾ ਇੱਕ ਛੋਟੀ ਉਦਾਸੀ ਕਰ ਆਈਏ। ਸੋਢੀ-479- "ਜਿ ਤੂ ਬਰਸ ਪਿੰਛੈ ਆਇਆ ਹੈਂ ਜੀ"

✚ ਤਰਲੋਚਨ ਸਿੰਘ ਤੇ ਹੋਰ ਵੀ ਕਈਆਂ ਲਿਖਿਆ ਹੈ ਕਿ ਆਖਰੀ ਚੜਾਈ ਭਾਵ ਸੁਮੇਰ ਪਰਬਤ ਤੇ ਗੁਰੂ ਸਾਹਿਬ ਇਕੱਲੇ ਹੀ ਗਏ ਸਨ। ◘ ਬੀ-40 ਪੰ. 126

◈ ਅਮਰੀਕਾ ਦੀ ਨਾਸਾ ਅਜੈਂਸੀ ਨੇ 1501 ਤੋਂ 1600 ਈ ਤੱਕ ਜਿੰਨੇ ਵੀ ਗ੍ਰਿਹਣ ਲੱਗੇ ਉਨਾਂ ਦਾ ਵਿਸਥਾਰ ਸਾਹਿਤ ਵਰਨਣ ਕੀਤਾ ਹੈ। ਜਿਸ ਮੁਤਾਬਿਕ 2 ਦਸੰਬਰ 1518 ਨੂੰ ਜੋ ਗ੍ਰਿਹਣ ਲੱਗਾ ਉਹ ਭਾਰਤ ਵਿੱਚ ਵੀ ਦਿਸਿਆ।

https://eclipse.gsfc.nasa.gov/SEcat5/SE1501-1600.html

* ਪੁਰਾਤਨ-170 ਓਨੀ ਦਿਨੀ ਲੰਮੀ ਯਾਤਰਾ ਤੇ ਨਿਕਲਣ ਦਾ ਕੁਝ ਜਵਾਨਾਂ ਦਾ ਸ਼ੌਕ ਹੋ ਸਕਦਾ ਹੈ। ਪਰ ਮਰਦਾਨਾ ਗੁਰੂ ਸਾਹਿਬ ਦੀ ਰੂਹਾਨੀਅਤ ਦੀ ਜਰੂਰਤ ਸੀ। ਗੁਰੂ ਸਾਹਿਬ ਦੀ ਮਦਦ ਤਾਂ ਇੱਕ ਗੱਲ ਮਰਦਾਨਾ ਸੰਗੀਤ ਦੀ ਜਰੂਰਤ ਪੂਰੀ ਕਰਦਾ ਸੀ। ਪਰ ਇਸ ਗੱਲ ਦਾ ਸਬੂਤ ਵੀ ਮਿਲਦਾ ਹੈ ਕਿ ਜਦੋਂ ਗੁਰੂ ਸਾਹਿਬ ਸੁਮੇਰ ਪਰਬਤ (ਕੈਲਾਸ਼ ਮਾਨ ਸਰੋਵਰ) ਪਹੁੰਚੇ ਸਨ ਓਦੋਂ ਉਹ ਇਕੱਲੇ ਹੀ ਸਨ।

* ਐਟਲਸ: ਫੌਜਾ ਸਿੰਘ ਕਿਰਪਾਲ ਸਿੰਘ - 16 : ਨੇ ਗੁਰੂ ਸਾਹਿਬ ਦਾ ਸੁਲਤਾਨਪੁਰ ਤੋਂ ਰਵਾਨਾ ਹੋ ਕੀਰਤਪੁਰ, ਬਿਲਾਸਪੁਰ, ਮੰਡੀ, ਰੇਵਲਸਰ, ਜਵਾਲਾ ਜੀ, ਕਾਂਗੜਾ, ਬੈਜਨਾਥ, ਕੁੱਲੂ, ਮਨੀਕਰਣ। ਫਿਰ ਹਮਤੂ ਦਰ੍ਹੇ ਰਾਂਹੀ ਸਪਿਤੀ ਦਾ ਇਲਾਕੇ ਵਿੱਚ ਵੜਦੇ ਹਨ। ਅਖੇ ਗੁਰੂ ਸਾਹਿਬ ਫਿਰ ਸਤਲੁਜ ਦਰਿਆ ਦੇ ਕੰਢੇ ਕੰਢੇ ਚਲ ਕੇ ਕੈਲਾਸ਼ ਮਾਨਸਰੋਵਰ ਪਹੁੰਚਦੇ ਹਨ। ਅਸੀ ਇਹਨਾਂ ਵਿਦਵਾਨਾਂ ਦੀ ਸੋਚ ਨੂੰ ਤਰਜੀਹ ਦਿਤੀ ਹੈ। ਭਾਵੇ ਅਸੀ ਨਹੀ ਮੰਨਦੇ ਕਿ ਗੁਰੂ ਸਾਹਿਬ ਨੂੰ ਇਤਹਾਸਿਕ ਪਿੰਡ ਮੁਲਾਣਾ ਜਾਂਣ ਦੀ ਕੋਈ ਜਰੂਰਤ ਸੀ।

✚ ਗਿਆਨੀ ਅਤੇ ਉਹਦੇ ਕੁਝ ਅਨੁਆਈਆਂ ਨੇ ਨੇਪਾਲ ਭੂਟਾਨ ਦੀ ਯਾਤਰਾ ਤੀਸਰੀ ਉਦਾਸੀ ਵੇਲੇ ਦੀ ਦੱਸੀ ਹੈ। ਕੋਹਲੀ -109। ਨਿਰਾ ਕੋਹਲੀ ਹੀ ਕਿਓ ਸਗੋ ਲੱਗਪਗ ਸਾਰੇ ਅਧੁਨਿਕ ਵਿਦਵਾਨਾਂ ਨੇ ਗੁਰੂ ਸਾਹਿਬ ਦੀ ਸਾਰੇ ਹਿਮਾਲੀਆਂ ਦੇਸਾਂ ਦੀ ਯਾਤਰਾ ਤੀਸਰੀ ਉਦਾਸੀ ਵੇਲੇ ਦਿਖਾਈ ਹੈ। ਇਸ ਮਸਲੇ ਨੂੰ ਅਸੀ ਪਿੱਛੇ ਨੇਪਾਲ ਭੂਟਾਨ ਦੀ ਯਾਤਰਾ ਦੇ ਬਾਬ ਵਿਚ ਵਿਸਥਾਰ ਨਾਲ ਦਿਤਾ ਹੈ।

ਅਸੀ ਪਹਿਲਾਂ ਕੋਹਲੀ ਅਨੁਸਾਰ ਗੁਰੂ ਸਾਹਿਬ ਦਾ ਰੂਟ ਲਿਖਣਾ ਚਾਹਿਆ। ਜਦੋਂ ਬੈਜਨਾਥ (ਕੀੜਗ੍ਰਾਮ) ਵਾਲੀ ਸਾਖੀ ਲਿਖ ਰਹੇ ਸਾਂ ਤਾਂ ਦਿਕੱਤ ਆ ਗਈ ਕਿਉਕਿ ਗੁਰਬਾਣੀ ਅਨੁਸਾਰ ਰਵੇਲਸਰ ਦੀ ਸਾਖੀ ਪਹਿਲਾਂ ਆਉਣੀ ਚਾਹੀਦੀ ਹੈ। : ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ॥ ..

(ਸਾਨੂੰ ਇਹ ਪੜ੍ਹ ਕੇ ਬੁਰਾ ਲੱਗਾ ਕਿ ਕੋਹਲੀ ਨੇ ਚੀਨ ਦੇ ਸ਼ਹਿਰ ਨਾਨਕਿੰਗ (ਨਾਨਜਿੰਗ) ਤੇ ਨਾਨਕਿਆਂਗ ਦਾ ਨਾਂ ਗੁਰੂ ਨਾਨਕ ਦੇ ਨਾਂ ਤੇ ਰੱਖਣਾ ਲਿਖਿਆ। ਇਹ ਸ਼ਹਿਰ ਗੁਰੂ ਸਾਹਿਬ ਦੀ ਆਮਦ ਤੋਂ ਹਜਾਰ ਸਾਲ ਪਹਿਲਾਂ ਦੇ ਹਨ।)

❋ ਵੇਖੋ ਗੁਰਬਾਣੀ: ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ ॥ ਭਾਵ ਪਹਿਲਾਂ ਟਿਬਿਆਂ ਦੇ ਤਰਨ ਦੀ ਗੱਲ ਹੈ ਫਿਰ ਕੀੜੇ ਨੂੰ ਪਾਤਸ਼ਾਹੀ ਵਾਲੀ ਗੱਲ ਹੈ। ਇਹ ਤਾਂ ਹੀ ਸੰਭਵ ਹੋਵੇਗਾ ਜਿ ਪਹਿਲਾਂ ਗੁਰੂ ਸਾਹਿਬ ਰਿਵਾਲਸਰ ਗਏ ਹੋਣ ਤੇ ਬਾਦ ਵਿੱਚ ਕੀਟਗ੍ਰਾਮ ਆਏ ਹੋਣ। ਰੂਟ ਤਾਂ ਬੇਤੁੱਕਾ ਲੱਗਦਾ ਹੈ ਪਰ ਗੁਰਬਾਣੀ ਅਨੁਸਾਰ ਇਹੋ ਬਣਦਾ ਹੈ। ਸਾਨੂੰ ਕੀ ਪਤਾ ਕਿ ਗੁਰੂ ਸਾਹਿਬ ਪਹਿਲਾਂ ਪਿੰਜੌਰ ਵਾਲੇ ਪਾਸੇ ਕਿਓ ਗਏ? ਸੰਭਾਵਨਾ ਇਹੋ ਹੈ ਕਿ ਗੁਰੂ ਸਾਹਿਬ ਸੁਲਤਾਨਪੁਰ ਤੋਂ ਕੁਲਛੇਤਰ ਗਏ ਹੋਣ ਤੇ ਫਿਰ ਪੰਜੌਰ ਨੂੰ।

❋ ਕੋਹਲੀ ਨੇ ਗਿਆਨੀ ਜੀ ਦੇ ਲਿਖੇ ਅਨੁਸਾਰ ਗੁਰੂ ਸਾਹਿਬ ਦਾ ਤ੍ਰਿਲੋਕਨਾਥ (ਪੁਰਾਣਾ ਨਾਂ ਟੁੰਡਾ ਵਿਹਾਰ) ਜਾਣਾ ਵੀ ਲਿੱਖ ਦਿਤਾ। ਅੱਗੇ ਪੜੋਗੇ ਕਿ ਕਿਵੇ ਇਹਨਾਂ ਗਲਤੀ ਕੀਤੀ ਹੈ।

• 84 ਸਿੱਧਾਂ ਵਿੱਚੋਂ ਹੇਠ ਲਿਖੇ ਹਿਮਾਚਲ ਤੋਂ ਹੋਏ ਨੇ:-

1. ਚਰਪਟ ਨਾਥ, ਚੰਬਾ, ਸੰਪਰਦਾ: ਚਰਪਟੀ। 2.ਬਾਲਕ ਨਾਥ, ਦਿਓੜ ਸਿੱਧ ਸ਼ਾਹ ਤਲਾਈ ਹਿਮਾਚਲ, ਸੰਪਰਦਾ: ਵਿਰਾਗੀ। 3. ਬਿਲੇਛਾਇਆ ਨਾਥ, ਮਨੀ ਮਹੇਸ਼ ਹਿਮਾਚਲ, ਸੰਪਰਦਾ: ਚਰਪਟੀ। 4.ਸਿੱਧਾਪਦ ਨਾਥ ਹਿਮਾਚਲ, ਸੰਪਰਦਾ: ਆਈ। 5.ਯੱਗਵਲਕਿਆ ਨਾਥ, ਹਿਮਾਚਲ, ਸੰਪਰਦਾ: ਸਤਨਾਥ। 6.ਕਾਲਾ ਨਾਥ, ਕੁੱਲੂ, ਸੰਪਰਦਾ: ਅਘੋਰੀ

ਕਿਉਕਿ ਜਨਮਸਾਖੀ ਲਿਖਾਰੀਆਂ ਨੂੰ ਵੱਖਰੇ ਵੱਖਰੇ ਨਾਂ ਨਹੀ ਸਨ ਮਿਲ ਪਾਏ ਫਿਰ ਵੀ ਬਾਲੇ ਵਾਲੀ ਜਨਮ ਸਾਖੀ ਵਿੱਚ ਪਰਬਤਾਂ ਦੇ ਹੇਠ ਲਿਖੇ ਕਾਲਪਨਿਕ ਨਾਂ ਦੇ ਕੇ ਕੰਮ ਸਾਰਿਆ ਹੈ। ਦੋ ਤਿੰਨ ਨਾਵਾਂ ਨੂੰ ਛੱਡਕੇ ਬਾਕੀ ਸਭ ਅਣਪਛਾਤੇ ਹੀ ਚਲੇ ਆ ਰਹੇ ਨੇ:-

1. ਊਨਾ, 2. ਸਿਲਕਾ, 3. ਕੂਨਾ, 4. ਮੀਨਾ, 5. ਸੁਮੇਰ, 6. ਬਿਆਰ, 7. ਅਲਲਾਚੀਨ, 8. ਕਲਕਾ, 9. ਧਰੂ, 10. ਈਨਾ, 11. ਅਖੰਡ, 12. ਨਿਰਬਿਕਾਰ, 13. ਸੀਲਾ, 14. ਉਹਾਰ, 15. ਈਖਣ, 16. ਉਲਕਾ,

ਹਿਮਾਚਲ ਤੇ ਤਿਬਤ ਵਿੱਚ ਉਹ ਥਾਵਾਂ ਜਿੱਥੇ ਗੁਰੂ ਸਾਹਿਬ ਗਏ ਸਨ ਅਤੇ ਉਚਾਈ ਮੀਟਰਾਂ ਵਿਚ,

ਪੰਜੌਰ, 548। ਕੀਰਤਪੁਰ (ਪੰਜਾਬ)। ਦਿਓੜਸਿੱਧ, 1189। ਰਿਵਾਲਸਰ, 1360. । ਜਵਾਲਾਮੁੱਖੀ, 610,। ਚੰਬਾ, 996, ।ਭਰਮੌਰ, 2195।, ਮਨੀ ਮਹੇਸ਼, 5653 । ਬੈਜਨਾਥ, 1025। ਕੁੱਲੂ, 1479।ਮਨੀਕਰਣ, 1760।ਕੈਲਾਸ਼, 6638,

ਕਰਦਾ ਆ ਰਿਹਾ ਹੈ। ਇੱਕ ਸ਼ਰਾ ਤਾਂ ਲਗਾਤਾਰ ਢਾਹ ਲਾਈ ਜਾ ਰਿਹਾ ਹੈ।" ਗੁਰੂ ਸਾਹਿਬ ਨੇ ਪਠਾਣ ਨੂੰ ਕਿਹਾ ਤੁਸੀ ਆਪਣੀ ਜਿੰਮੇਵਾਰੀ ਈਮਾਨਦਾਰੀ ਨਾਲ ਨਿਭਾਓ ਇਹ ਸ਼ਹਿਰ ਗਰਕ ਹੋਣ ਵਾਲਾ ਨਹੀ ਹੈ। ਲੋਕਾਂ ਨੂੰ ਇਨਸਾਫ ਦਿਓ। ਖੁਦਾ ਦਾ ਨਾਂ ਜਪਿਆਂ ਕਰੋ ਤੁਹਾਡੇ ਕਸਬੇ ਨੇ ਬੜੀ ਤਰੱਕੀ ਕਰਨੀ ਹੈ।

ਜਿਥੇ ਗੁਰੂ ਸਾਹਿਬ ਨੇ ਚਰਨ ਪਾਏ ਸਨ ਇਹ ਥਾਂ ਰੇਲਵੇ ਸਟੇਸ਼ਨ ਤੋਂ ਕੋਈ 1200 ਮੀਟਰ ਚੜ੍ਹਦੇ ਪਾਸੇ ਹੈ। ਪਹਿਲਾਂ ਇਥੇ ਨੇੜੇ ਗਊ ਸ਼ਾਲਾ ਹੋਇਆ ਕਰਦੀ ਜਿਸ ਕਰਕੇ ਗੁਰਅਸਥਾਨ ਦਾ ਨਾਂ ਗਊ ਘਾਟ ਪੈ ਗਿਆ। ਗੁਰੂ ਸਾਹਿਬ ਇਥੋਂ ਉੱਠ ਪਿੰਡ ਠੱਕਰਵਾਲ ਵੀ ਗਏ ਅਜਿਹੇ ਅੰਦਾਜ਼ੇ ਹਨ।

ਠੱਕਰਵਾਲ

ਲੁਧਿਆਣੇ ਤੋਂ ਦੱਖਣ- ਪੱਛਮ 10 ਕਿ. ਮੀ ਦੂਰ ਰਾਏਕੋਟ ਵਾਲੀ ਸੜਕ ਲਾਗੇ ਹੈ ਪਿੰਡ ਠੱਕਰਵਾਲ ਅੱਜ ਤਾਂ ਇੱਕ ਤਰਾਂ ਨਾਲ ਲੁਧਿਆਣੇ ਦਾ ਹੀ ਹਿੱਸਾ ਬਣ ਚੁੱਕਾ ਹੈ।

ਜਦੋਂ ਗੁਰੂ ਸਾਹਿਬ ਇਸ ਇਲਾਕੇ ਵਿੱਚ ਪਧਾਰੇ ਇਥੇ ਸੰਨਿਆਸੀ ਠਾਕੁਰ ਦਾਸ ਦਾ ਬੜਾ ਨਾਂ ਸੀ ਜੋ ਆਪਣੇ ਚੇਲਿਆਂ ਸਮੇਤ ਰਿਹਾ ਕਰਦਾ ਸੀ।

ਗੁਰੂ ਸਾਹਿਬ ਨੂੰ ਆਉਦਿਆਂ ਵੇਖ ਹੰਕਾਰ ਤਹਿਤ ਠਾਕੁਰਦਾਸ ਆਪਣੀ ਕੁੱਲੀ ਵਿੱਚ ਵੜ੍ਹ ਗਿਆ। ਗੁਰੂ ਸਾਹਿਬ ਵੀ ਉਹਦੀ ਕੁੱਲੀ ਵਿੱਚ ਜਾ ਕੇ ਉਨ੍ਹੰ ਨਮਸਕਾਰ ਕਰਨ ਦੇ ਬਿਜਾਏ ਬਾਹਰ ਹੀ ਉਹਦੇ ਵਲ ਪਿੱਠ ਕਰਕੇ ਬਹਿ ਗਏ।

ਕੁਝ ਚਿਰ ਬਾਦ ਮਰਦਾਨੇ ਨੂੰ ਕਿਹਾ ਕਿ ਰਬਾਬ ਕੱਸ ਬਾਣੀ ਆ ਰਹੀ ਹੈ। ਸ਼ਬਦ ਬੋਲਿਆ:

ਗਉੜੀ ਮਹਲਾ ੧ ॥ ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥ ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥ ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ ॥੧॥ ਐਸਾ ਗਰਬੁ ਬੁਰਾ ਸੰਸਾਰੈ ॥ ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ ॥੧॥ ਰਹਾਉ ॥ ਬਲਿ ਰਾਜਾ ਮਾਇਆ ਅਹੰਕਾਰੀ ॥ ਜਗਨ ਕਰੈ ਬਹੁ ਭਾਰ ਅਫਾਰੀ ॥ ਬਿਨੁ ਗੁਰ ਪੂਛੇ ਜਾਇ ਪਇਆਰੀ ॥੨॥ ਹਰੀਚੰਦੁ ਦਾਨੁ ਕਰੈ ਜਸੁ ਲੇਵੈ ॥ ਬਿਨੁ ਗੁਰ ਅੰਤੁ ਨ ਪਾਇ ਅਭੇਵੈ ॥ ਆਪਿ ਭੁਲਾਇ ਆਪੇ ਮਤਿ ਦੇਵੈ ॥੩॥ ਦੁਰਮਤਿ ਹਰਣਾਖਸੁ ਦੁਰਾਚਾਰੀ ॥ ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥ ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥੪॥ ਭੂਲੋ ਰਾਵਣੁ ਮੁਗਧੁ ਅਚੇਤਿ ॥ ਲੂਟੀ ਲੰਕਾ ਸੀਸ ਸਮੇਤਿ ॥ ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥੫॥ ਸਹਸਬਾਹੁ ਮਧੁ ਕੀਟ ਮਹਿਖਾਸਾ ॥ ਹਰਣਾਖਸੁ ਲੇ ਨਖਹੁ ਬਿਧਾਸਾ ॥ ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ ॥੬॥ ਜਰਾਸੰਧਿ ਕਾਲਜਮੁਨ ਸੰਘਾਰੇ ॥ ਰਕਤਬੀਜੁ ਕਾਲੁਨੇਮੁ ਬਿਦਾਰੇ ॥ ਦੈਤ ਸੰਘਾਰਿ ਸੰਤ ਨਿਸਤਾਰੇ ॥੭॥ ਆਪੇ ਸਤਿਗੁਰੁ ਸਬਦੁ ਬੀਚਾਰੇ ॥ ਦੂਜੈ ਭਾਇ ਦੈਤ ਸੰਘਾਰੇ ॥ ਗੁਰਮੁਖਿ ਸਾਚਿ ਭਗਤਿ ਨਿਸਤਾਰੇ ॥੮॥ ਬੂਡਾ ਦੁਰਜੋਧਨੁ ਪਤਿ ਖੋਈ ॥ ਰਾਮੁ ਨ ਜਾਨਿਆ ਕਰਤਾ ਸੋਈ ॥ ਜਨ ਕਉ ਦੂਖਿ ਪਚੈ ਦੁਖ ਹੋਈ ॥੯॥ ਜਨਮੇਜੈ ਗੁਰ ਸਬਦੁ ਨ ਜਾਨਿਆ ॥ ਕਿਉ ਸੁਖੁ ਪਾਵੈ ਭਰਮਿ ਭੁਲਾਨਿਆ ॥ ਇਕੁ ਤਿਲੁ ਭੂਲੇ ਬਹੁਰਿ ਪਛੁਤਾਨਿਆ ॥੧੦॥ ਕੰਸੁ ਕੇਸੁ ਚਾਂਡੂਰੁ ਨ ਕੋਈ ॥ ਰਾਮੁ ਨ ਚੀਨਿਆ ਅਪਨੀ ਪਤਿ ਖੋਈ ॥ ਬਿਨੁ ਜਗਦੀਸ ਨ ਰਾਖੈ ਕੋਈ ॥੧੧॥ ਬਿਨੁ ਗੁਰ ਗਰਬੁ ਨ ਮੇਟਿਆ ਜਾਇ ॥ ਗੁਰਮਤਿ ਧਰਮੁ ਧੀਰਜੁ ਹਰਿ ਨਾਇ ॥ ਨਾਨਕ ਨਾਮੁ ਮਿਲੈ ਗੁਣ ਗਾਇ ॥੧੨॥

ਠਾਕੁਰਦਾਸ ਬੈਠਾ ਅੰਦਰ ਪਰ ਕੰਨ ਸੰਗੀਤ ਵਲ ਸਨ। ਉਹ ਸਮਝ ਰਿਹਾ ਸੀ ਬਾਹਰੋਂ ਆਏ ਸਾਧੂ ਨੇ ਉਹਦਾ ਹੰਕਾਰ ਤਾੜ ਲਿਆ ਹੈ। ਕੁਝ ਦੇਰ ਬਾਦ ਸ਼ਰਮਿੰਦਾ ਹੋਇਆ ਆ ਕੇ ਬੋਲਿਆ; "ਰਾਮ ਰਾਮ ਮਹਾਤਮਾ ਜੀ।" ਗੁਰੂ ਸਾਹਿਬ ਨੇ ਜਵਾਬ ਦਿੱਤਾ, "ਸਤਿ ਕਰਤਾਰ"। ਅੱਗੋ ਠਾਕਰਦਾਸ ਬੋਲਿਆ ਕਿ ਮਹਾਤਮਾ ਜੀ ਇਹ ਸਤਿ ਕਰਤਾਰ ਕਿਹੜੀ ਸੰਪਰਦਾ ਦਾ ਜੈਕਾਰਾ ਹੈ? ਇਸ ਤਰਾਂ ਗੱਲਾਂ ਬਾਤਾਂ ਹੋਈਆਂ। ਗੁਰੂ ਸਾਹਿਬ ਨੇ ਠਾਕਰਦਾਸ ਨੂੰ

ਨਾਨਕਸਰ ਠੱਕਰਵਾਲ

ਸਮਝਾਇਆ ਕਿ ਤੂੰ ਰਾਮ ਰਾਮ ਕਿਹਾ ਹੈ ਮੈਂ ਉਸ ਦਾ ਨਾਂ ਲਿਆ ਹੈ ਜਿੰਨੇ ਰਾਮ ਨੂੰ ਬਣਾ ਕੇ ਇਸ ਮਾਤਲੋਕ ਵਿੱਚ ਭੇਜਿਆ ਸੀ: ਨਿਰੰਕਾਰ ਅਕਾਲ ਪੁਰਖ। ਗੁਰੂ ਸਾਹਿਬ ਦੇ ਸਮਝਾਏ ਸਿਧਾਂਤ ਦੀ ਠਾਕਰਦਾਸ ਨੂੰ ਸਮਝ ਪੈ ਗਈ ਕਿ ਉਹ ਤਾਂ ਸਾਰੀ ਉਮਰ ਕਰਤੇ ਦੀਆਂ ਕਿਰਤਾਂ ਦੀ ਹੀ ਪੂਜਾ ਕਰਦਾ ਰਿਹਾ। ਹੁਣ ਉਨ੍ਹੰ ਸਮਝ ਪੈ ਗਈ ਸੀ ਕਿ ਇਹ ਰਾਮ, ਕਿਸ਼ਨ ਜਾਂ ਹੋਰ ਦੇਵੀ ਦੇਵਤੇ ਉਸ ਨਿਰੰਕਾਰ ਦੇ ਹੀ ਪੈਦਾ ਕੀਤੇ ਹੋਏ ਹਨ ਜੋ ਜੁਗਾਂ ਜੁਗਾਂਤਰਾਂ ਤੋਂ ਇੱਕ ਸਾਰ ਬਿਰਾਜਮਾਨ ਹੈ ਤੇ ਸਦਾ ਰਹੇਗਾ।

ਠਾਕਰਦਾਸ ਨੇ ਇਸ ਤਰਾਂ ਗੁਰੂ ਸਾਹਿਬ ਦੀ ਸਿੱਖੀ ਧਾਰਨ ਕੀਤੀ ਤੇ ਇਲਾਕੇ ਵਿੱਚ ਸਤਿਨਾਮ ਸਤਿਕਰਤਾਰ ਦਾ ਪ੍ਰਚਾਰ ਕੀਤਾ ਤੇ ਅਮਰ ਹੋ ਗਿਆ।

ਲੁਧਿਆਣੇ ਤੋਂ ਗੁਰੂ ਸਾਹਿਬ ਸਰਹਿੰਦ ਥਾਂਣੀ ਹੁੰਦੇ ਹੋਏ ਕੁਲਖੇੜ੍ ਸੁਰਜ ਗ੍ਰਿਹਣ ਤੇ ਫਿਰ ਪਹੁੰਚ ਗਏ। ਕੁਰਖੇਤਰ ਗੁਰੂ ਸਾਹਿਬ ਦੀ ਸ਼ਾਇਦ ਇਹ ਦੂਸਰੀ ਫੇਰੀ ਸੀ। ਕੁਲਛੇਤਰ ਬਾਰੇ ਵਿਸਥਾਰ ਪਹਿਲਾਂ ਹੀ ਆ ਚੁੱਕਾ ਹੈ। ਵੇਖੋ ਸਫਾ 85.

ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥ – ਪੰਜੌਰ

ਗੁਰੂ ਸਾਹਿਬ ਕੁਲਖੇੜ੍ ਤੋਂ ਘੁੰਮਦੇ ਘੁੰਮਾਂਦੇ ਦੁੱਖੀਆਂ ਦੇ ਦੁੱਖ ਦੂਰ ਕਰਦੇ ਪੰਜੌਰ ਪਹੁੰਚੇ। (ਅੱਜ ਪੰਜੌਰ ਹਰਿਆਣੇ ਦਾ ਹਿੱਸਾ ਹੈ ਤੇ ਚੰਡੀਗੜ੍ਹ ਤੋਂ 15 ਕੁ ਕਿ.ਮੀ. ਸ਼ਿਮਲੇ ਵਾਲੀ ਸੜਕ ਤੇ ਹੈ।) ਗੁਰੂ ਸਾਹਿਬ ਦੇ ਵੇਲੇ ਇਹ ਇੱਕ ਛੋਟੀ ਜਿਹੀ ਰਿਆਸਤ ਸੀ। ਹਿੰਦੂ ਮਿਥਿਹਾਸ ਇਸ ਜਗਾਂ ਨੂੰ ਪਾਂਡਵਾਂ ਦੇ ਬਨਵਾਸ ਨਾਲ ਜੋੜਦਾ ਹੈ ਤੇ ਕਿਹਾ ਜਾਂਦਾ ਹੈ ਕਿ ਪਾਂਡਵਾਂ ਨੇ ਆਪਣੇ 14 ਸਾਲਾਂ ਦੇ ਬਣਵਾਸ ਦੌਰਾਨ 13 ਵਾਂ ਸਾਲ ਇਥੇ ਬਿਤਾਇਆ ਸੀ। ਇਲਾਕੇ ਵਿੱਚ ਕੁਝ ਬਾਉਲੀਆਂ ਹਨ, ਜਿੰਨਾਂ ਨੂੰ ਲੋਕ ਪਾਂਡਵਾਂ ਨਾਲ ਜਾ ਜੋੜਦੇ ਹਨ ਜਦੋਂ ਕਿ ਪੁਰਾਤਤਵ ਨਜਰੀਏ ਤੋਂ ਬਾਉਲੀਆਂ ਮੱਧਕਾਲ ਨਾਲ ਸਬੰਧ ਰੱਖਦੀਆਂ ਹਨ। ਦਿਲਚਸਪ ਗਲ ਇਹ ਕਿ ਹਿਮਾਚਲ, ਜੰਮੂ, ਕਸ਼ਮੀਰ, ਅਤੇ ਪਾਕਿਸਤਾਨ ਵਾਲੇ ਪਹਾੜੀ ਖੇਤਰਾਂ ਵਿਚ ਬਹੁਤੀਆਂ ਥਾਵਾਂ ਦੀ ਕਹਾਣੀ ਪੰਜ ਪਾਂਡਵਾਂ ਨਾਲ ਜੋੜੀ ਹੋਈ ਮਿਲਦੀ ਹੈ।

ਛੇਵੇ ਪਾਤਸ਼ਾਹ ਨੇ ਸ਼ਬਦਾਂ ਦੇ ਨਾਲ ਜੋ ਧੁੰਨੀਆਂ ਦਿੱਤੀਆਂ ਹਨ ਭਾਵ ਕਿਹੜੀ ਤਰਜ ਵਿੱਚ ਗਾਉਣਾ ਹੈ ਓਨਾਂ ਵਿੱਚੋਂ ਜੋ ਟੁੰਡੇ ਅਸ ਰਾਜੇ ਦੀ ਧੁਨੀ ਦਿੱਤੀ ਗਈ ਹੈ ਉਹ ਰਾਜਾ ਇਸ ਸ਼ਹਿਰ ਦਾ ਸੀ।■

ਪੁਰਾਣੀ ਰਿਆਸਤ ਹੋਣ ਕਰਕੇ ਇਹ ਧਾਰਮਿਕ ਕੇਂਦਰ ਵੀ ਬਣ ਚੁੱਕਾ ਤੇ ਧਾਰਾ ਤੀਰਥ ਕਹਾਉਂਦਾ ਹੈ। ਇਥੇ ਹੀ ਭੀਮਾ ਦੇਵੀ ਮੰਦਰ ਦੇ ਕੋਈ 1000 ਸਾਲ ਪੁਰਾਣੇ ਖੰਡਰਾਂਤ ਮਿਲਦੇ ਹਨ। ਗੁਰੂ ਸਾਹਿਬ ਦੇ ਦਿਨਾਂ ਵਿੱਚ ਇਥੇ ਹੱਠ ਜੋਗੀ ਸੰਨਿਆਸੀਆਂ ਦਾ ਵੱਡਾ ਕੇਂਦਰ ਵੀ ਸੀ।

ਗੁਰੂ ਸਾਹਿਬ ਨੇ ਵੇਖਿਆ ਕਿ ਸੰਨਿਆਸੀ ਲੋਕ ਤਰਾਂ ਤਰਾਂ ਦੇ ਦੁੱਖ ਦੇਹੀ ਨੂੰ ਦੇ ਰਹੇ ਸਨ। ਗੁਰੂ ਸਾਹਿਬ ਨੇ ਓਨਾਂ ਨੂੰ ਸਮਝਾਇਆ ਕਿ ਭਾਈ ਇਸ ਤਰਾਂ ਕਰਨ ਨਾਲ ਕੁਝ ਵੀ ਧਾਰਮਿਕ ਫਾਇਦਾ ਨਹੀ ਹੋਣਾ ਸਗੋਂ ਤੁਸੀ ਭਗਵਾਨ ਦੀ ਰਜਾ ਦੇ ਸਿਧਾਂਤ ਦੀ ਉਲੰਘਣਾ ਕਰ ਰਹੇ ਹੋ। ਇਸ ਤਰਾਂ ਤਪ ਕਰਨੇ ਰੱਬ ਦੀ ਰਾਹ ਤੇ ਜਾਇਜ ਨਹੀ ਹਨ। ਬਹੁਤੇ ਸਾਧੂ ਤਾਂ ਮੰਨ ਗਏ ਪਰ ਇੱਕ ਆਪਣੇ ਆਪ ਨੂੰ ਜਿਆਦਾ ਹੀ ਵਿਦਵਾਨ ਮੰਨਦਾ ਸੀ ਉਹ ਸ਼ਾਸਤਰਾਂ ਦੀਆਂ ਤੁੱਕਾਂ ਦੇ ਦੇ ਕੇ ਇਸ ਤੱਪ ਸਾਧਨਾ ਨੂੰ ਜਾਇਜ ਠਹਿਰਾ ਰਿਹਾ ਸੀ। ਗੁਰੂ ਸਾਹਿਬ ਨੇ ਪਹਿਲਾਂ ਤਾਂ ਉਸਦੀ ਵਿਦਿਆ ਦਾ ਖੋਖਲਾਪਣ ਉਜਾਗਰ ਕੀਤਾ ਫਿਰ ਬੜੇ ਧੀਰ ਧੀਰਜ ਨਾਲ ਉਸ ਨੂੰ ਵੀ ਸਿੱਖੀ ਦੇ ਦਾਇਰੇ ਵਿੱਚ ਲਿਆਂਦਾ।

ਇਥੇ ਹੀ ਗੁਰੂ ਸਾਹਿਬ ਨੇ ਫਿਰ ਸ਼ਬਦ ਪੜਿਆ:-

ਮਃ ੧ ॥ ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥ ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥ ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥ ਸਹੁ ਵੇ ਜੀਆ ਅਪਣਾ ਕੀਆ ॥ ਅੰਨੁ ਨ ਖਾਇਆ ਸਾਦੁ ਗਵਾਇਆ ॥ ਬਹੁ ਦੁਖੁ ਪਾਇਆ ਦੂਜਾ ਭਾਇਆ ॥ ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥ ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥ ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥ ਅਲੁ ਮਲੁ ਖਾਈ ਸਿਰ�ि ਛਾਈ ਪਾਈ ॥ ਮੂਰਖਿ ਅੰਧੈ ਪਤਿ ਗਵਾਈ ॥ ਵਿਣੁ ਨਾਵੈ ਕਿਛੁ ਥਾਇ ਨ ਪਾਈ ॥ ਰਹੈ ਬੇਬਾਣੀ ਮੜੀ ਮਸਾਣੀ ॥ ਅੰਧੁ ਨ ਜਾਣੈ ਫਿਰਿ ਪਛੁਤਾਣੀ ॥ ਸਤਿਗੁਰੁ ਭੇਟੇ ਸੋ ਸੁਖੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥ ਨਾਨਕ ਨਦਰਿ ਕਰੇ ਸੋ ਪਾਏ ॥ ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥੨॥

ਗੁਰਸਿੱਖਾਂ ਗੁਰੂ ਦੀ ਆਮਦ ਦੀ ਯਾਦ ਵਿੱਚ ਇਥੇ ਸ਼ਾਨਦਾਰ ਗੁਰਦੁਆਰਾ ਸਾਹਿਬ ਉਸਾਰਿਆ ਹੋਇਆ ਹੈ ਜਿਸ ਦੇ ਅਹਾਤੇ ਵਿੱਚ ਗੁਰੂ ਸਾਹਿਬ ਦੇ ਵੇਲਿਆਂ ਦੀ ਬਾਉਲੀ ਵੀ ਹੈ। ਕਿਹਾ ਜਾਂਦਾ ਹੈ ਕਿ ਇਸੇ ਬਾਉਲੀ ਦੇ ਜਲ ਨਾਲ ਗੁਰ ਸਾਹਿਬ ਨੇ ਰਾਜੇ ਦਾ ਰੋਗ ਦੂਰ ਕੀਤਾ ਸੀ।

⊙ ਇਥੋਂ ਦੀ ਸਾਖੀ ਕੁਝ ਇਸ ਤਰਾਂ ਹੈ ਕਿ ਗੁਰੂ ਸਾਹਿਬ ਇਥੇ ਜੋਗੀਆਂ ਦੇ ਆਸ਼ਰਮ ਤੋਂ ਹਟਵਾ ਡੇਰਾ ਲਾਈ ਬੈਠੇ ਸਨ ਕਿ ਸ਼ਿਕਾਰ ਦਾ ਪਿੱਛਾ ਕਰਦਾ ਕਰਦਾ ਇੱਕ ਹੰਬਿਆ ਹੋਇਆ 'ਭੁਆਣਾ' ਨਾਂ ਦਾ ਟੁੰਡਾ ਰਾਜਾ ਗੁਰੂ ਸਾਹਿਬ ਕੋਲ ਆ ਨਿਕਲਿਆ। ਆ ਕੇ ਬੜੀ ਹਲੀਮੀ ਨਾਲ ਮੱਥਾ ਟੇਕਿਆ ਤੇ ਅਰਜ ਕੀਤੀ ਕਿ ਮਹਾਰਾਜ ਮੈਨੂੰ ਪਿਆਸ ਬਹੁਤ ਲੱਗੀ ਹੋਈ ਹੈ ਕਿਤੇ ਨੇੜੇ ਜਲ ਹੋਵੇ ਤਾਂ ਦੱਸੋ। ਗੁਰੂ ਸਾਹਿਬ ਨੇ ਦੱਸਿਆ ਕਿ ਨੇੜੇ ਤੇੜੇ ਹੋਰ ਤਾਂ ਕਿਤੇ ਜਲ ਨਹੀ, ਇੱਕ ਛੋਟੀ ਜਿਹੀ ਛਪੜੀ ਹੈ ਓਥੋਂ ਪੁੱਟ ਕੇ ਪਾਣੀ ਪੀ ਸਕਦੇ ਹੋ। ਨਾਲ ਹੀ ਗੁਰੂ ਸਾਹਿਬ ਨੇ ਆਪਣੀ ਤੂੰਬੜੀ ਵੀ ਦੇ ਦਿੱਤੀ ਕਿ ਇਹ ਭਰ ਲਿਆਉਣਾ।

ਟੁੰਡਾ ਦੱਸੇ ਟਿਕਾਣੇ ਤੇ ਗਇਆ ਤਾਂ ਕੀ ਵੇਖਦਾ ਹੈ ਪਾਣੀ ਤਾਂ ਬਹੁਤ ਮਾਮੂਲੀ ਜਿਹਾ ਸੀ। ਟੁੰਡੇ ਨੇ ਰੇਤ ਪੁੱਟਣੀ ਸ਼ੁਰੂ ਕਰ ਦਿੱਤੀ ਤੇ ਹੌਲੀ ਹੌਲੀ ਪਾਣੀ ਸਿੰਮਣ ਲੱਗ ਪਿਆ। ਰਾਜੇ ਨੇ ਇੱਕ ਹੱਥ ਵਿੱਚ ਤੂੰਬੜੀ ਫੜੀ ਸੀ ਤੇ ਦੂਸਰੇ ਟੁੰਡੇ ਹੱਥ ਨਾਲ ਰੇਤ ਪੁੱਟ ਰਿਹਾ ਸੀ। ਉਸ ਵੇਲੇ ਫਿਰ ਕੀ ਦੇਖਦਾ ਹੈ ਚਮਤਕਾਰ ਹੋ ਗਿਆ।

ਗੁਰਦੁਆਰਾ ਮੰਜੀ ਸਾਹਿਬ ਪੰਜੌਰ, ਹਰਿਆਣਾ

ਉਹਦਾ ਜਿਹੜਾ ਹੱਥ ਚਿਰੋਕਣਾ ਨਕਾਰਾ ਹੋ ਚੁੱਕਾ ਸੀ ਉਹ ਨੌ ਬਰ ਨੌ ਹੋ ਗਿਆ। ਰਾਜਾ ਪਾਣੀ ਲੈ ਕੇ ਗੁਰੂ ਸਾਹਿਬ ਵਲ ਗਿਆ। ਪਰ ਕੀ ਦੇਖਦਾ ਹੈ ਕਿ ਗੁਰੂ ਸਾਹਿਬ ਤਾਂ ਓਥੇ ਹੈ ਹੀ ਨਹੀ।

ਉਸ ਬਹੁਤ ਭਾਲ ਕੀਤੀ। ਜੋਗੀਆਂ ਦੇ ਡੇਰਾ ਆਇਆ ਤਾਂ ਉਹਨਾਂ ਕਿਹਾ ਕਿ ਉਹ ਗੁਰੂ ਨਾਨਕ ਸਨ, ਜਿਸ ਕਰਕੇ ਤੇਰੇ ਨਾਲ ਚਮਤਕਾਰ ਹੋਇਆ ਹੈ।

ਰਾਜਾ ਬਿਹਬਲ ਹੋਈ ਜਾ ਰਿਹਾ ਸੀ ਉਸ ਰੱਬ ਰੂਪੀ ਸੰਤ ਦਾ ਸ਼ੁਕਰਾਨਾ ਕਰਨ ਲਈ। ਅਖੀਰ ਉਸ ਨੂੰ ਕੁਝ ਦਿਨਾਂ ਬਾਦ ਪਤਾ ਲੱਗਾ ਕਿ ਗੁਰੂ ਸਾਹਿਬ ਅੱਜ ਕਲ ਜੋਹੜ ਜੀ ਪਹੁੰਚੇ ਹੋਏ ਨੇ। ਰਾਜਾ ਜੋਹੜ ਜੀ ਪਹੁੰਚ, ਜਾ ਗੁਰੂ ਸਾਹਿਬ ਦੇ ਚਰਨਾਂ ਤੇ ਡਿੱਗਾ। ਅਰਜੋਈਆਂ ਕਰਨ ਲੱਗਾ ਕਿ ਬਾਬਾ ਜੀ ਤੁਸੀ ਹੁਣ ਮੇਰੀ ਸੇਵਾ ਪ੍ਰਵਾਨ ਕਰੋ ਤੇ ਮੇਰੀ ਧਾਰਾ ਨਗਰੀ ਵਿੱਚ ਹੀ ਰਹੋ।

ਗੁਰੂ ਸਾਹਿਬ ਨੇ ਰਾਜੇ ਨੂੰ ਸਤਿਨਾਮ ਦਾ ਉਪਦੇਸ਼ ਦਿੱਤਾ ਕਿ ਇਸ ਦਾ ਅੱਗੇ ਪ੍ਰਚਾਰ ਕਰੋ। ਜਦੋਂ ਸਾਨੂੰ ਯਾਦ ਕਰੋਗੇ ਅਸੀ ਤੁਹਾਡੇ ਨਾਲ ਹੋਵਾਂਗੇ। ਟੁੰਡੇ ਰਾਜੇ ਨੇ ਗੁਰੂ ਸਾਹਿਬ ਦੀ ਯਾਦਗਾਰ ਪਿੰਜੌਰ ਵਿੱਚ ਹੀ ਬਣਵਾ ਦਿੱਤੀ।

ਸੋ ਇਥੇ ਰਾਜਾ ਹੀ ਸਿੱਖ ਧਰਮ ਦਾ ਪ੍ਰਚਾਰਕ ਬਣਿਆ। ਭਾਵ ਇਥੇ ਗੁਰੂ ਸਾਹਿਬ ਨੇ ਮੰਜੀ ਥਾਪ ਦਿੱਤੀ ਸੀ ਤਾਂ ਹੀ ਤਾਂ ਇਥੋਂ ਦਾ ਜੋ ਗੁਰ ਅਸਥਾਨ ਹੈ ਉਹ ਮੰਜੀ ਸਾਹਿਬ ਕਹਾਉਦਾ ਹੈ।

ਪੰਜੌਰ ਤੋਂ ਸਾਹਿਬ 50 ਕਿ. ਮੀ. ਦਾ ਪੈਂਡਾ ਕਰਕੇ ਸਬਾਥੂ (ਦਗਸ਼ਈ ਪਹਾੜੀਆਂ) ਨੇੜੇ ਜੋਹੜ ਜੀ ◘ ਪਹੁੰਚੇ। ਹੋ ਸਕਦਾ ਇਥੇ ਵੀ ਕੋਈ ਪ੍ਰਸਿੱਧ ਜੋਗੀ ਮੱਠ ਵਗੈਰਾ ਹੋਵੇਗਾ। ਇਥੇ ਲੋਕਾਈ ਨੂੰ ਇਕ ਓਂਕਾਰ ਸਤਿਨਾਮ ਦਾ ਉਪਦੇਸ਼ ਦੇ ਕੇ ਅੱਗੇ ਸ਼ਾਹ ਤਲਾਈ (ਦਿਓੜਸਿੱਧ ਬਾਲਕ ਨਾਥ) ਵਲ ਰਵਾਨਾ ਹੋ ਗਏ।

——◈——

ਕੀਰਤਪੁਰ – ਬੁੱਢਣ ਸ਼ਾਹ ਤੇਰਾ ਦੁੱਧ ਅਸੀ ਫਿਰ ਪੀਵਾਂਗੇ

ਜੋਹੜ (ਸਬਾਥੂ) ਤੋਂ ਗੁਰੂ ਸਾਹਿਬ ਹੇਠਾਂ ਨੂੰ ਆ ਗਏ ਤੇ ਅਗਲਾ

ਗੁਰਦਵਾਰਾ ਜੋਹੜ ਜੀ, ਸਬਾਥੂ, ਨੇੜੇ ਦਗਸ਼ਈ ਪਹਾੜੀਆਂ

ਨਿਸ਼ਾਨਾ ਸੀ ਸ਼ਾਹ ਤਲਾਈ ਦਾ ਦਿਓੜਸਿੱਧ ਮੰਦਰ। ਕੁਠਾਰ, ਬਰੋਤੀਵਾਲਾ, ਰਾਹੇ ਨਾਲਾਗੜ੍ਹ ਪਹੁੰਚੇ। ਸ਼ਹਿਰ ਦੇ ਮੰਦਰਾਂ ਤੇ ਨਾਲਾਗੜ੍ਹ ਦੇ ਰਾਜੇ ਨੂੰ ੧ਓ ਸਰਬ ਵਿਆਪਕ ਨਿਰੰਕਾਰ ਦਾ ਗਿਆਨ ਕੁਝ ਦਿਨ ਰੁਕ ਕੇ ਦਿੱਤਾ। ਨਾਲਾਗੜ੍ਹ ਤੋਂ ਦਿਓੜਸਿੱਧ ਜਾਂਦਿਆਂ ਹੀ ਰਸਤੇ ਵਿੱਚ ਗੁਰੂ ਸਾਹਿਬ ਨੂੰ ਬੁੱਢਣ ਸ਼ਾਹ ਫਕੀਰ ਬਾਰੇ ਪਤਾ ਲੱਗਾ ਕੇ ਨਾਲਾਗੜ੍ਹ ਤੋਂ ਉਤੈ 22 ਕਿ. ਮੀ. ਸਤਲੁਜ ਦੇ ਕੰਢੇ ਸ਼ੇਮਸਉਦੀਨ ਨਾਂ ਦਾ ਇੱਕ ਰੱਬ ਨੂੰ ਪਹੁੰਚਿਆ ਫਕੀਰ ਰਹਿੰਦਾ ਹੈ।

ਇਹ ਵੀ ਜਿਕਰ ਮਿਲਦਾ ਹੈ ਕਿ ਸ਼ੇਮਸਉਦੀਨ ਤੇ ਗੁਰੂ ਨਾਨਕ ਦੋਵਾਂ ਨੇ ਹੀ ਇੱਕ ਦੂਸਰੇ ਬਾਰੇ ਸੁਣਿਆ ਹੋਇਆ ਸੀ। ਨੇੜੇ ਦੇ ਹੀ ਪਿੰਡ ਡੋਘਰ ਦੇ ਪੀਲੂ ਨਾਮੀ ਪੰਡਤ ਦਾ ਮੇਲ ਗੁਰੂ ਸਾਹਿਬ ਨਾਲ ਹਰਦੁਆਰ ਹੋਇਆ ਸੀ। ਪੰਡਤ ਪੀਲੂ ਨੇ ਗੁਰੂ ਸਾਹਿਬ ਦਾ ਜਸ ਇਲਾਕੇ ਵਿੱਚ ਫੈਲਾ ਦਿੱਤਾ ਸੀ। ਪੀਲੂ ਦੀ ਧੀ ਬਾਬਾ ਬੁੱਢਣ ਸ਼ਾਹ ਦੀ ਵੀ ਮੁਰੀਦ ਸੀ। ਸੋ ਗੁਰੂ ਸਾਹਿਬ ਅਤੇ ਪੀਰ ਜੀ ਦੇ ਮੇਲ ਦੇ ਪਿੱਛੇ ਪੰਡਤ ਪੀਲੂ ਦਾ ਹੱਥ ਸੀ। ਜਦੋਂ ਪੀਲੂ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਇਲਾਕੇ ਵਿੱਚ ਪਧਾਰੇ ਹੋਏ ਨੇ ਤਾਂ ਜਾ ਕੇ ਗੁਰੂ ਸਾਹਿਬ ਦੇ ਚਰਨੀ ਲੱਗਾ। ◉

ਕਿਉਕਿ ਗੁਰੂ ਸਾਹਿਬ ਅਕਸਰ ਸੂਫੀ ਫਕੀਰਾਂ ਕੋਲ ਜਾ ਕੇ ਰਿਹਾ ਕਰਦੇ ਸਨ। ਸ਼ੇਮਸਉਦੀਨ ਦੀ ਵੀ ਤੀਬਰ ਇਛਾ ਸੀ ਕਿ ਗੁਰੂ ਸਾਹਿਬ ਦੇ ਦਰਸ਼ਨ ਕਰੇ। ਕਿਹਾ ਜਾਂਦਾ ਹੈ ਕਿ ਪੀਰ ਸ਼ੇਮਸਉਦੀਨ ਸਿਰਫ ਦੁੱਧ ਦੇ ਆਸਰੇ ਹੀ ਜੰਗਲ ਵਿੱਚ ਦਿਨ

ਗੁਰ. ਚਰਨ ਕਵਲ ਸਾਹਿਬ ਕੀਰਤਪੁਰ। ਜਿਥੇ ਗੁਰੂ ਸਾਹਿਬ ਦੇ ਚਰਨ ਪਏ।

ਦਰਬਾਰ ਬਾਬਾ ਬੁੱਢਣ ਸ਼ਾਹ। ਸੱਜੇ-ਬਾਬੇ ਦੀਆਂ ਬੱਕਰੀਆਂ ਦੇ ਬੁੱਤ। ਲਗਦਾ ਇਥੇ ਕੰਟਰੋਲ ਸਿੱਖਾਂ ਦਾ ਹੀ ਹੈ। ਕੱਟੜ ਮੁਸਲਮਾਨ ਆਪਣੀ ਜਗਾ 'ਚ ਬੁੱਤ ਨਹੀ ਬਣਨ ਦਿੰਦੇ।

ਕਟਦਾ ਸੀ। ਉਸ ਨੇ ਬਕਰੀਆਂ ਰੱਖੀਆਂ ਹੋਈਆਂ ਸਨ। ਬਕਰੀਆਂ ਦੀ ਰੱਖਵਾਲੀ ਲਈ ਕੁੱਤੇ ਸਨ। ਇਲਾਕੇ ਵਿੱਚ ਸ਼ੇਰ ਵੀ ਪੈਂਦਾ ਸੀ।

ਗੁਰੂ ਸਾਹਿਬ ਜਦੋਂ ਸ਼ੇਮਸਉਦੀਨ ਨੂੰ ਮਿਲੇ ਤਾਂ ਪੀਰ ਨੇ ਬੜੀ ਸ਼ਰਧਾ ਨਾਲ ਗੁਰੂ ਸਾਹਿਬ ਅੱਗੇ ਦੁੱਧ ਦਾ ਕਟੋਰਾ ਭਰ ਭੇਟ ਕੀਤਾ। ਗੁਰੂ ਸਾਹਿਬ ਨੇ ਪੀਰ ਨੂੰ ਬੇਨਤੀ ਕੀਤੀ ਕਿ ਉਹ ਪਿਆਲਾ ਅੱਧਾ ਕਰ ਲਿਆਉਣ। ਪਰ ਪੀਰ ਨੇ ਜਿੱਦ ਕੀਤੀ ਕਿ ਤੁਹਾਨੂੰ ਸਾਰਾ ਪੀਣਾ ਪੈਣਾ ਵਾ। ਗੁਰੂ ਸਾਹਿਬ ਨੇ ਨਿਮ੍ਰਤਾ ਸਾਹਿਤ ਜਵਾਬ ਦਿੱਤਾ ਕਿ ਅੱਧਾ ਪਿਆਲਾ ਸਾਡਾ ਤੁਹਾਡੇ ਨਾਲ ਉਧਾਰ ਰਹੇਗਾ ਤੇ ਅਗਲੀ ਵਾਰੀ ਆ ਕੇ ਅਸੀ ਤੁਹਾਡਾ ਦੁੱਧ ਪੀਵਾਂਗੇ। ਗੁਰੂ ਸਾਹਿਬ ਕੁਝ ਸਮਾਂ ਪੀਰ ਕੋਲ ਰਹੇ ਤੇ ਰੂਹਾਨੀਅਤ ਦੀਆਂ ਗੱਲਾਂ ਬਾਤਾਂ ਚਲੀਆਂ।

ਕਿਹਾ ਜਾਂਦਾ ਹੈ ਕਿ ਲੱਗ ਪੱਗ 120 ਸਾਲ ਬਾਦ ਗੁਰੂ

ਪੈੜ ਸਫਾ

◉ ਸਾਈਕਲ ਯਾਤਰੀ-191

■ ਗ੍ਰੰਥੀ ਪਿੰਜੌਰ ਸੁਖਵਿੰਦਰ ਸਿੰਘ 8950068254

◘ ਗਿਆਨੀ -192 ਨੇ ਪਿਜੌਰ ਤੋਂ ਗੁਰੂ ਸਾਹਿਬ ਦਾ ਜੋਹੜਸਰ ਜਾਣਾ ਲਿਖਿਆ ਹੈ। ਇਸ ਬਾਬਤ ਅਸਾਂ ਪੁੱਛ ਪੜਤਾਲ ਕੀਤੀ ਹੈ ਤੇ ਪਤਾ ਲੱਗਾ ਹੈ ਕਿ ਜੋਹੜਸਰ (ਅਸਲ ਨਾਂ ਜੋਹਰ ਜੀ) ਜੋ ਕਿ ਸਬਾਥੂ (ਨੇੜੇ ਦਗਸ਼ਈ ਪਹਾੜੀਆਂ) ਕੋਈ ਅਜਿਹਾ ਮਹੱਤਵਪੂਰਨ ਹਿੰਦੂ ਅਸਥਾਨ ਤਾਂ ਨਹੀ ਸੀ ਜਿਥੇ ਗੁਰੂ ਸਾਹਿਬ ਦਾ ਆਉਣਾ ਬਣਦਾ ਹੋਵੇ। ਗਿਆਨੀ ਨੇ ਇਥੇ ਇਕ ਸ਼ਬਦ ਉਚਾਰਣ ਦੀ ਵੀ ਗਲ ਕੀਤੀ ਹੈ ਜੋ ਸਾਬਤ ਹੁੰਦਾ ਹੈ ਕਿ ਉਹ ਦਿਓੜਸਿੱਧ ਉਚਾਰਿਆ ਗਇਆ ਸੀ। ਸਾਰੀ ਪੁੱਛ ਗਿੱਛ ਤੇ ਗੁਰਬਾਣੀ ਦੇ ਫੁਰਮਾਨ ਤੋ ਇਹੋ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਅਸਲ ਵਿੱਚ ਸ਼ਾਹ ਤਲਾਈ ਗਏ ਤੇ ਓਥੇ ਹੀ ਉਹ ਸ਼ਬਦ ਉਚਾਰਿਆ ਸੀ।

ਪਰ ਇਹ ਇਤਹਾਸਿਕ ਸਚਾਈ ਹੈ ਕਿ ਭਾਈ ਗੀਗੂ ਦਾਸ ਖੱਤਰੀ ਨੂੰ ਗੁਰੂ ਅਮਰਦਾਸ ਸਾਹਿਬ ਨੇ ਮੰਜੀ ਬਖਸ਼ ਮਸੰਦ ਥਾਪਿਆ ਸੀ। ਜੋ ਸਾਬਤ ਕਰਦਾ ਹੈ ਕਿ ਇਥੇ ਸਿੱਖੀ ਦਾ ਬੂਟਾ ਤਾਂ ਪਣਪ ਚੁੱਕਾ ਸੀ ਜਿਸ ਦੀ ਜੜ੍ਹ ਮੋਢੀ ਗੁਰੂ ਨੇ ਲਾਈ ਹੋਵੇ। ਹਾਲਾਂ ਸਥਾਨਿਕ ਲੋਕ ਮੋਢੀ ਗੁਰੂ ਦਾ ਆਉਣਾ ਨਹੀ ਮੰਨਦੇ ਪਰ ਇਤਹਾਸਿਕ ਹਵਾਲੇ ਆਉਣ ਦੇ ਪੱਖ ਵਿਚ ਹਨ। ਇਸ ਕਰਕੇ ਸਾਨੂੰ ਵੀ ਮੰਨਣਾ ਪਵੇਗਾ ਕਿ ਸਾਹਿਬ ਇਥੇ ਆਏ ਸਨ।

ਸਾਈਕਲ ਯਾਤਰੀ -192: ਨੇ ਤਸਦੀਕ ਕੀਤਾ ਹੈ "ਜੋਹੜ ਜੀ ਵਿਖੇ ਗੁਰੂ ਨਾਨਕ ਸਾਹਿਬ ਦਾ ਹੀ ਯਾਦਗਾਰੀ ਛੋਟਾ ਜਿਹਾ ਗੁਰਦੁਆਰਾ ਹੈ। ਜੋ 1931 ਵੇਲੇ ਮਹੰਤ ਮੋਤੀ ਰਾਮ ਬੱਸੀ ਖੱਤਰੀ ਦੇ ਕਬਜੇ ਵਿੱਚ ਹੈ। ਮੋਤੀ ਰਾਮ ਭਾਈ ਗੀਗੂ ਦੀ ਕੁਲ ਵਿੱਚੋਂ ਹਨ। ਭਾਈ ਗੀਗੂ ਦੀ ਹੀ ਓਲਾਦ ਵਿੱਚੋ ਬਾਬਾ ਜਵਾਹਰ ਸਿੰਘ ਹੋਏ ਨੇ। ਇਨਾਂ ਦਾ ਅਸਥਾਨ ਸਪਾਟੂ ਛਾਉਣੀ ਤੋਂ 8 ਮੀਲ ਮਟੇ ਪਾਸ ਹੈ।

ਇਸ ਗੁਰਦੁਆਰੇ ਮੁੱਖ ਕਬਜਾ ਮਹੰਤ ਬਲਰਾਮ ਸਿੰਘ ਸੋਢੀ ਦਾ ਹੈ ਜੋ ਪਿੰਡ ਹਰੀਪੁਰ ਨੇੜੇ ਕਾਲਕਾ ਦੇ ਰਹਿਣ ਵਾਲੇ ਹਨ। ਭਾਵ ਜੋ ਗੁਰਦੁਆਰੇ ਦਾ ਚੜ੍ਹਤ ਚੜ੍ਹਾਵਾ ਹੁੰਦਾ ਹੈ ਉਹ ਸੋਢੀ ਲੈ ਜਾਂਦਾ ਹੈ। ਲਿਖਿਆ ਹੈ ਇਹ ਸੋਢੀ ਆਪਣੇ ਆਪ ਨੂੰ ਗੁਰੂ ਹੀ ਦੱਸਦਾ ਹੈ ਤੇ ਗੁਰੂ ਨਾਨਕ ਦਾ ਨਾਮ ਅਲੋਪ ਕੀਤਾ ਹੋਇਆ ਹੈ।

ਹਰਗੋਬਿੰਦ ਸਾਹਿਬ ਆਪਣੇ ਬੇਟੇ ਗੁਰਦਿਤਾ ਦੇ ਨਾਲ ਪੀਰ ਜੀ ਨੂੰ ਮਿਲਣ ਗਏ। ਪੀਰ ਨੇ ਕਿਹਾ ਕਿ ਤੁਹਾਡਾ ਦੁੱਧ ਮੇਰੇ ਕੋਲ ਅਮਾਨਤ ਪਿਆ ਹੈ ਤੇ ਉਸ ਵਕਤ ਫਿਰ ਗੁਰੂ ਹਰਗੋਬਿੰਦ ਸਾਹਿਬ ਤੇ ਬਾਬਾ ਗੁਰਦਿਤਾ ਨੇ ਪੀਰ ਬੁੱਢਣ ਸ਼ਾਹ ਦਾ ਦੁੱਧ ਪੀਤਾ। ਕਿਹਾ ਜਾਂਦਾ ਹੈ ਕਿ ਪੀਰ ਜੀ ਲੰਮੀ ਉਮਰ ਵਾਲੇ ਹੋਏ ਹਨ। ਕਈ ਲੋਕਾਂ ਨੇ ਪੀਰ ਜੀ ਦੀ ਉਮਰ 200 ਸਾਲ ਦੇ ਲਗ ਪੱਗ ਲਿਖੀ ਹੈ। ਉਨਾਂ ਦੀ ਲੰਮੀ ਉਮਰ ਕਰਕੇ ਹੀ ਪੀਰ ਜੀ ਦਾ ਨਾਂ ਬੁੱਢਣ ਸ਼ਾਹ ਕਰਕੇ ਹੀ ਪ੍ਰਸਿਧ ਹੈ। ✚

—◈—

ਦਿਓੜਸਿੱਧ ਦਾ ਬਾਬਾ ਬਾਲਕ ਨਾਥ

ਤੁਹਾਡਾ ਨਾਚ ਤਾਂ ਸਾਰਥਕ ਜੇ ਨਾਲ ਨਿਰੰਕਾਰ ਦੇ ਜੱਸ ਦਾ ਗਾਣਾ ਵੀ ਚਲੇ ■

ਨਾਲਾਗੜ੍ਹ ਤੋਂ ਚਲਕੇ ਬੁੱਢਣ ਸ਼ਾਹ ਨੂੰ ਮਿਲਣ ਉਪਰੰਤ ਗੁਰੂ ਸਾਹਿਬ ਸ਼ਾਹ ਤਲਾਈ ਦੇ ਬਾਬਾ ਬਾਲਕ ਨਾਥ ਦੀ ਸਮਾਧੀ ਤੇ ਪਹੁੰਚੇ (ਕੀਰਤਪੁਰ ਤੋਂ 100 ਕਿ. ਮੀ) । ਬਾਬਾ ਬਾਲਕ ਨਾਥ ਜੀ 84 ਸਿੱਧਾਂ ਵਿੱਚੋਂ ਗਿਣੇ ਜਾਂਦੇ ਹਨ ਜੋ ਗੁਜਰਾਤ ਦੇ ਜੂਨਾਗੜ੍ਹ ਇਲਾਕੇ ਤੋਂ ਚਲਕੇ ਕੈਲਾਸ਼ ਪਰਬਤ ਤੇ ਸ਼ਿਵ ਜੀ ਦੇ ਦਰਸ਼ਨਾਂ ਨੂੰ ਆਏ ਸਨ ਤੇ ਵਾਪਸੀ ਤੇ ਇਥੇ ਹੀ ਰਹਿ ਗਏ ਤੇ ਸਮਾਂ ਗਏ। ਇਥੇ ਬਾਬਾ ਜੀ ਦੀ ਕਾਲੇ ਪੱਥਰ ਦੀ ਮੂਰਤੀ ਦੀ ਪੂਜਾ ਕੀਤੀ ਜਾਂਦੀ ਹੈ। ਬਾਬਾ ਬਾਲਕ ਨਾਥ ਦੇ ਚਿਮਟਾ ਬੈਰਾਗਣ ਤੇ ਖੜਾਵਾਂ ਆਦਿ ਅੱਜ ਵੀ ਸੰਭਾਲੀਆਂ ਹੋਈਆਂ ਹਨ। ਚਿਮਟੇ ਤੋਂ ਲੱਗਦਾ ਹੈ ਕਿ ਬਾਬਾ ਜੀ ਬਹੁਤ ਛੋਟੇ ਕੱਦ ਦੇ ਸਨ। ਇਸ ਕਰਕੇ ਭਗਤ ਓਨਾਂ ਨੂੰ ਬਾਲਕ ਰੂਪ ਵਿੱਚ ਹੀ ਵੇਖਦੇ ਹਨ।

ਜਦੋਂ ਗੁਰੂ ਸਾਹਿਬ ਇਥੇ ਪਹੁੰਚੇ ਚੇਤ੍ਰ ਦਾ ਸਲਾਨਾ ਤਿਓਹਾਰ ਵਾਲਾ ਮਹੀਨਾ ਸੀ। ਪਿੰਡਾਂ ਥਾਵਾਂ ਤੋਂ ਜਥਿਆਂ ਦੇ ਜਥੇ ਨੱਚਦੇ ਆ ਰਹੇ ਸਨ। ਗੁਰੂ ਸਾਹਿਬ ਇਹ ਸ਼ਰਧਾ ਵੇਖ ਕੇ ਬਹੁਤ ਖੁਸ਼ ਹੋਏ। ਸਾਹਿਬ ਨੇ ਲੋਕਾਂ ਨੂੰ ਸਮਝਾਇਆ ਕਿ ਇਹ ਨੱਚਣਾ ਸਾਰਥਿਕ ਤੱਦ ਹੋਵੇਗਾ ਜਦੋਂ ਨਾਲ ਮਾਲਕ ਦੀ ਸਿਫਤ ਸਲਾਹ ਦਾ ਗਾਣਾ ਵੀ ਚਲੇ। ਫਿਰ ਕੁਝ ਸਿਆਣੇ ਲੋਕਾਂ ਨੇ ਨਾਲ ਮਾਤਾ ਦੇ ਭਜਨ ਵੀ ਗਾਉਣੇ ਅਰੰਭੇ। ਗੁਰੂ ਸਾਹਿਬ ਨੇ ਕਿਹਾ ਨਹੀ ਉਸ ਨਿਰੰਕਾਰ ਦਾ ਜਸ ਗਾਓ ਜੋ ਅੱਜ ਏਸ ਵੇਲੇ ਵੀ ਤੁਹਾਡੇ ਅੰਗ ਸੰਗ ਹੈ। ਓਸ ਮੌਕੇ ਗੁਰੂ ਸਾਹਿਬ ਨੇ ਆਸਾ ਰਾਗ ਵਿੱਚ ਉੱਚੀ ਹੇਕ ਨਾਲ ਸ਼ਬਦ ਗਾਵਿਆ:○

ਵਾਜਾ ਮਤਿ ਪਖਾਵਜੁ ਭਾਉ ॥ ਹੋਇ ਅਨੰਦੁ ਸਦਾ ਮਨਿ ਚਾਉ ॥ ਏਹਾ ਭਗਤਿ ਏਹੋ ਤਪ ਤਾਉ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੧॥ ਪੂਰੇ ਤਾਲ ਜਾਣੈ ਸਾਲਾਹ ॥ ਹੋਰੁ ਨਚਣਾ ਖੁਸੀਆ ਮਨ ਮਾਹ ॥੧॥ ਰਹਾਉ ॥ ਸਤੁ ਸੰਤੋਖੁ ਵਜਹਿ ਦੁਇ ਤਾਲ ॥ ਪੈਰੀ ਵਾਜਾ ਸਦਾ ਨਿਹਾਲ ॥ ਰਾਗੁ ਨਾਦੁ ਨਹੀ ਦੂਜਾ ਭਾਉ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੨॥ ਭਉ ਫੇਰੀ ਹੋਵੈ ਮਨ ਚੀਤਿ ॥ ਬਹਦਿਆ ਉਠਦਿਆ ਨੀਤਾ ਨੀਤਿ ॥ ਲੇਟਣਿ ਲੇਟਿ ਜਾਣੈ ਤਨੁ ਸੁਆਹੁ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੩॥ ਸਿਖ ਸਭਾ ਦੀਖਿਆ ਕਾ ਭਾਉ ॥ ਗੁਰਮੁਖਿ ਸੁਣਣਾ ਸਾਚਾ ਨਾਉ ॥ ਨਾਨਕ ਆਖਣੁ ਵੇਰਾ ਵੇਰ ॥ ਇਤੁ ਰੰਗਿ ਨਾਚਹੁ ਰਖਿ ਰਖਿ ਪੈਰ ॥੪॥੬ ॥

ਦਿਓੜਸਿਧ ਵਿਖੇ ਹੀ ਗੁਰੂ ਸਾਹਿਬ ਨੇ ਇੱਕ ਹੋਰ ਜਾਲਮਾਨਾ ਰਸਮ ਵੇਖੀ ਜਿਸ ਤੇ ਸਾਹਿਬ ਦਾ ਕੋਮਲ ਹਿਰਦਾ ਤੜਫ ਉਠਿਆ। ਲੋਕ ਕੀ ਕਰ ਰਹੇ ਸਨ ਕਿ ਸ਼ੁਕਰਾਨੇ ਵਜੋਂ (ਬੱਚੇ ਆਦਿ ਦੇ ਜਨਮ ਤੇ) ਸਿੱਧ ਅਸਥਾਨ ਤੇ ਬੱਕਰੇ ਤੇ ਜਾਨਵਰਾਂ ਦੀ ਬਲੀ ਦੇ ਰਹੇ ਸਨ। ਐਵੇਂ ਜਾਨਵਰ ਮਾਰ ਮਾਰ ਸੁੱਟੇ ਹੋਏ ਸਨ। ਗੁਰੂ ਸਾਹਿਬ ਨੇ ਇਸ ਗੱਲ ਦੀ ਸਖਤ ਲਫਜ਼ਾਂ ਵਿੱਚ ਖੰਡਣਾਂ ਕੀਤੀ ਕਿ ਮੂਰਖੋ ਉਸ ਨਿਰਜੀਵ ਪੱਥਰ ਦੇ ਅੱਗੇ ਤੁਸੀ ਜਿੰਦਾ ਜਾਗਦਾ ਜੀਅ ਮਾਰ ਰਹੇ ਹੋ ਤੁਹਾਡੀ ਬੁੱਧ ਨੂੰ ਕੀ ਹੋ ਗਇਆ? ਓਏ ਮੂਰਖੋ ਉਹ ਨਿਰੰਕਾਰ ਤਾਂ ਘੱਟ ਘੱਟ ਵਿੱਚ ਬਿਰਾਜਮਾਨ ਹੈ। ਤੁਸੀ ਉਸ ਨੂੰ ਖੁਸ਼ ਕਰਨ ਖਾਤਰ ਓਸੇ ਦਾ ਘਾਤ ਕਰ ਰਹੇ ਹੋ। ਭੋਲਿਓ ਇਸ ਬੇਜਾਨ ਪੱਥਰ ਤੋਂ ਤੁਸੀ ਕੀ ਹਾਸਲ ਕਰਨਾਂ ਚਾਹੁੰਦੇ ਹੋ?

ਗੁਰੂ ਸਾਹਿਬ ਦੇ ਵੇਲਿਆਂ 'ਚ ਏਥੇ ਦਿਓੜਸਿੱਧ ਵਿੱਚ ਸਿੱਧ ਜੋਗੀਆਂ ਦਾ ਜਮਘਟ ਹੁੰਦਾ ਸੀ। ਅਜ ਕਲ੍ਹ ਮੰਦਰ ਦਾ ਕੰਟਰੋਲ ਹਿਮਾਚਲ ਸਰਕਾਰ ਅਧੀਨ ਹੈ ਤੇ ਪੂਜਾ ਅਰਚਨਾ ਹਿਮਾਚਲੀ

ਬਾਬਾ ਬਾਲਕ ਨਾਥ ਦਾ ਸਥਾਨ, ਦਿਓੜ ਸਿੱਧ, ਸ਼ਾਹ ਤਲਾਈ, ਹਿਮਾਚਲ

ਬ੍ਰਾਹਮਣਾਂ ਦੇ ਹੱਥ ਵਿੱਚ ਹੈ। ਸਿੱਧ ਜੋਗੀਆਂ ਦਾ ਹੁਣ ਇਥੇ ਕੋਈ ਮਤਲਬ ਨਹੀ ਰਹਿ ਗਿਆ।

ਮੰਦਰ ਦਿਓੜ ਸਿੱਧ ਤੋਂ ਪੱਛਮ ਪਾਸੇ 18 ਕਿ.ਮੀ ਨੱਕ ਦੀ ਸੇਧ ਤੇ ਜਿੱਥੇ ਅਜ ਕਲ ਨੰਗਲ ਕਸਬਾ ਵੱਸਿਆ ਹੋਇਆ ਹੈ ਤੇ ਵਿੱਚ ਭਾਖੜਾ ਦਾ ਗੋਬਿੰਦ ਸਾਗਰ ਹੈ ਇਥੇ ਬਾਬਾ ਊਧੋ ਮੰਦਰ ਹੈ ਇਸ ਦੇ ਉਤਰ ਪਾਸੇ ਟੈਲੀਫੂਨ ਐਕਸਚੇਂਜ ਹੈ। ਇਸ ਐਕਸਚੇਂਜ ਅਤੇ ਮੰਦਰ ਦੇ ਦਰਮਿਆਨ ਜਿਹੇ ਗੁਰੂ ਸਾਹਿਬ ਦਾ ਯਾਦਗਾਰੀ ਮੰਜੀ ਸਾਹਿਬ ਹੁੰਦਾ ਸੀ: ਪਿੰਡ ਖਬੇੜੇ। ਜਿੱਥੇ ਗੁਰੂ ਸਾਹਿਬ ਬਿਰਾਜੇ ਸਨ। ਪਰ ਜਦੋਂ ਗੁਰਦੁਆਰਾ ਲਹਿਰ ਦੇ ਦੌਰਾਨ ਸਿੱਖਾਂ ਨੇ ਇਸ ਮੰਜੀ ਸਾਹਿਬ ਦਾ ਕਬਜਾ ਲੈਣਾ ਚਾਹਿਆ ਤਾਂ ਮਹੰਤ ਨੇ ਕੇਸ ਕੀਤਾ। ਉਸ ਉਪਰੰਤ ਕੇਸ ਦਾ ਕੀ ਬਣਿਆ ਸਾਨੂੰ ਕੁਝ ਪਤਾ ਨਹੀ। ਪਰ ਉਸ ਪਵਿਤ੍ਰ ਮੰਜੀ ਸਾਹਿਬ ਦੀ 1934 ਵਿੱਚ ਖਿੱਚੀ ਤਸਵੀਰ ਅੱਜ ਵੀ ਯਾਦ ਦਿਵਾਉਦੀ ਹੈ ਕਿ ਸਤਲੁਜ ਕਿਨਾਰੇ ਗੁਰੂ ਸਾਹਿਬ ਨੇ ਆਸਣ ਕੀਤਾ ਸੀ। ਇਹ ਅਸਥਾਨ ਝੰਡਾ ਬਾਬਾ ਨਾਨਕ ਦੀ ਧਰਮਸਾਲਾ ਦੇ ਨਾਂ ਨਾਲ ਮਸ਼ਹੂਰ ਸੀ। ਗੁਰਦੁਆਰਾ ਲਹਿਰ ਵੇਲੇ ਮਹੰਤ ਨੇ ਝੰਡਾ ਲਾਹ ਦਿੱਤਾ ਸੀ। (ਇਹ ਇਤਹਾਸਿਕ ਤਸਵੀਰ ਇਥੇ ਦਿੱਤੀ ਜਾਂਦੀ ਹੈ)◉

ਪੈਰ ਸਫਾ

✚ ਪੀਰ ਜੀ ਦਾ ਮਜ਼ਾਰ ਵੀ ਕੀਰਤਪੁਰ ਸਾਹਿਬ ਵਿਖੇ ਹੀ ਹੈ। ਫਿਰ ਜੰਮੂ ਅਤੇ ਕਲਾਨੌਰ (ਜਿਲਾ ਗੁਰਦਾਸਪੁਰ) ਵਿੱਚ ਵੀ ਪੀਰ ਬੁੱਢਣ ਸ਼ਾਹ ਦੇ ਮਜਾਰ ਹਨ। ਹੋ ਸਕਦਾ ਹੈ ਇਹ ਕੋਈ ਹੋਰ ਬੁੱਢਣ ਸ਼ਾਹ ਹੋਏ ਹੋਣ।

ਸਮਾਂ ਪਾ ਕੀਰਤਪੁਰ ਸਿੱਖੀ ਦਾ ਪ੍ਰਸਿਧ ਸਥਾਨ ਬਣਿਆ ਜਦੋਂ ਛੇਵੇ ਪਾਤਸ਼ਾਹ ਓਥੇ ਸਮਾ ਗਏ।

ਰਿਵਾਲਸਰ ਦੇ ਤਰਦੇ ਟਿੱਬੇ

ਦਿਓੜਸਿੱਧ ਤੋਂ ਗੁਰੂ ਸਾਹਿਬ ਓਸ ਰਸਤੇ ਰਿਵਾਲਸਰ ਨੂੰ ਗਏ ਜਿੱਥੇ ਅਜ ਕਲ ਪਿੰਡ ਦੁਲਚੇਹਰਾ, ਚਕਰਾਲਾ, ਬਾਘੜ, ਬਿਝਰੀ, ਤੰਗਰ, ਗੋਦੀ, ਬਹਾਲ ਰਤੋਂ, ਪੰਧਵੀਂ, ਪਲਾਸੀ, ਝਾੜਲੋਗ, ਘੰਡਲਵਾਹ, ਹਟਵਾਰ, ਜਾਹੂ, ਨੀਂਵਾ ਭੰਬਲਾ, ਜਬੋਥ, ਖਲਕੜ, ਰਸਤੇ ਰਿਵਾਲਸਰ ਪਹੁੰਚੇ। ਰਿਵਾਲਸਰ ਦੀ ਪ੍ਰਚਲਤ ਕਥਾ ਲੋਕਾਂ ਵਿਚ ਮਸ਼ਹੂਰ ਸੀ ਕਿ ਇੱਥੇ ਇੱਕ ਰਾਜੇ ਦੀ ਧੀ ਦਾ ਇੱਕ ਸੰਨਿਆਸੀ ਬੋਧੀ ਭਿਖਸ਼ੂ ਨਾਲ ਪਿਆਰ ਹੋ ਗਇਆ ਸੀ।

ਮੰਡੀ ਤੋਂ 25 ਕਿ.ਮੀ. ਰਿਵਾਲਸਰ ਜਾਂ ਤ੍ਰਿਸਨਾਗਾਮ ਅੱਜ ਛੋਟਾ ਜਿਹਾ ਨਗਰ ਹੈ ਜਿਸ ਦਾ ਜਿਕਰ ਹਿੰਦੂ ਗ੍ਰੰਥ ਸਕੰਧ ਪੁਰਾਣ ਵਿੱਚ ਵੀ ਮਿਲਦਾ ਹੈ। ਸਿਕੰਧ ਪੁਰਾਣ ਅਨੁਸਾਰ ਇਥੇ ਲੋਮਸ ਰਿਸ਼ੀ ਨੇ ਭਗਤੀ ਕੀਤੀ ਸੀ ਤੇ ਪੰਜੇ ਪਾਂਡਵ ਇਥੇ ਲੰਮਾ ਸਮਾਂ ਰਹੇ ਸਨ। ਪਾਂਡਵਾਂ ਨਾਲ ਸਬੰਧਤ ਇਥੇ 7 ਝੀਲਾਂ ਨੇ।

ਰਿਵਾਲਸਰ ਤੋਂ ਨੇੜੇ ਹੀ ਸਿਓਕੋਟ ਨਾਂ ਦੀ ਰਿਆਸਤ ਹੁੰਦੀ ਸੀ। (ਇਹ ਕਥਾ 1200 ਸਾਲ ਪੁਰਾਣੀ ਹੋ ਸਕਦੀ ਹੈ। ਓਦੋਂ ਅਜੇ ਮੰਡੀ ਸ਼ਹਿਰ ਨਹੀ ਸੀ ਹੁੰਦਾ । ਮੰਡੀ 1527 ਈ ਨੂੰ ਬੱਝਾ ਸੀ

"ਬਲੀ ਦੇ ਬੱਕਰੇ" ਸ਼ਾਹ ਤਲਾਈ ਵਿਖੇ ਬਲੀ ਦੇਣ ਵਾਲੀ ਰਸਮ ਅੱਜ ਵੀ ਛੁੱਟ ਪੁੱਟ ਰੂਪ ਵਿਚ ਕਾਇਮ ਹੈ। ਸ਼ੁਕਰ ਹੈ ਅੱਜ ਮਨੁੱਖੀ ਬਲੀ ਨਹੀ ਦਿੱਤੀ ਜਾਂਦੀ। ਸਿਰਫ ਬੱਕਰਾ ਹੀ ਚੜ੍ਹਦਾ ਹੈ। ਭੈਂਸਾ (ਸੰਢਾ) ਵਿਚਾਰਾ ਵੀ ਬਚ ਗਇਆ। ਖੁਸ਼ਕਿਸਮਤੀ ਨਾਲ ਅੱਜ ਪੁਜਾਰੀ ਬੜੇ ਸੂਝਵਾਨ ਹਨ।

ਗੁਰੂ ਸਾਹਿਬ ਦੀ ਫੇਰੀ ਦੇ ਮਗਰੋ।)

ਨਗਰ ਦਾ ਮੁਖ ਤੌਰ ਤੇ ਬੋਧੀਆਂ ਨਾਲ ਸਬੰਧ ਹੈ। ਗੁਰੂ ਪਦਮਸੰਭਵ ਜਿਸਨੇ 8ਵੀ ਸਦੀ ਈ. ਵਿੱਚ ਤਿੱਬਤ ਵਿੱਚ ਬੁੱਧ ਧਰਮ ਦਾ ਪਰਸਾਰ ਪ੍ਰਚਾਰ ਕੀਤਾ, ਉਸ ਦਾ ਸਬੰਧ ਇਸ ਨਗਰ ਨਾਲ ਜੋੜ ਕੇ ਦੱਸਿਆ ਜਾਂਦਾ ਹੈ। ਪਰ ਪੁਰਾਤਨ ਤਿਬਤੀ ਗ੍ਰੰਥਾਂ ਵਿੱਚ ਜੋ ਪਦਮਸੰਭਵ ਦੀ ਕਹਾਣੀ ਦੱਸੀ ਗਈ ਹੈ ਉਹ ਕੁਝ ਇਸ ਪ੍ਰਕਾਰ ਹੈ:-

ਪਦਮਸੰਭਵ - ਬੋਧੀ ਕਥਾ ਅਨੁਸਾਰ:- ਮਹਾਨ ਸਿੰਧ ਦਰਿਆ ਜਦੋਂ ਪੱਛਮ ਵਲ ਵਹਿੰਦਾ ਹੈ ਤਾਂ ਉਦਿਆਨ ਦੇ ਇਲਾਕੇ (ਇਤਹਾਸਕਾਰ ਮੰਨਦੇ ਹਨ ਸਵਾਤ ਘਾਟੀ ਮਤਲਬ ਪੇਸ਼ਾਵਰ ਦੇ ਚੜ੍ਹਦੇ ਪਾਸੇ ਦੇ ਇਲਾਕੇ ਨੂੰ ਪੁਰਾਣੇ ਸਮਿਆ ਵਿੱਚ ਉਦਿਆਨ

1934 ਦੀ ਫੋਟੋ। ਗੁਰਦੁਆਰਾ ਝੰਡਾ ਸਾਹਿਬ, ਖਬੇੜੇ, ਦਿਓੜਸਿੱਧ- ਸਾਈਕਲ ਯਾਤਰੀ

ਭਾਵ ਬਾਗ ਕਿਹਾ ਜਾਂਦਾ ਸੀ।) ਜਦੋਂ ਦਾਖਲ ਹੁੰਦਾ ਹੈ ਤਾਂ ਇੱਕ ਥਾਂ ਵੱਡੀ ਝੀਲ ਬਣਾਉਦਾ ਹੈ। ਉਸ ਝੀਲ ਦਾ ਨਾਂ .. ਉਹ ਕਮਲ ਦੇ ਬੂਟਿਆਂ ਨਾਲ ਭਰਪੂਰ ਹੁੰਦੀ ਹੈ। ਪਰ ਝੀਲ ਦੇ ਐਨ ਵਿੱਚਕਾਰ ਇੱਕ ਬਹੁਤ ਵੱਡਾ ਕਮਲ ਦਾ ਫੁੱਲ ਖਿੜਦਾ ਹੈ। ਉਸ ਫੁੱਲ ਵਿੱਚੋਂ 8 ਸਾਲ ਦਾ ਇੱਕ ਬੱਚਾ ਨਿਕਲਦਾ ਹੈ ਜਿਸ ਦੇ ਇੱਕ ਹੱਥ ਵਿੱਚ ਕਮਲ ਦਾ ਫੁੱਲ ਤੇ ਦੂਸਰੇ ਵਿੱਚ ਤ੍ਰਿਸ਼ੂਲ ਹਥਿਆਰ (ਕਿਤੇ ਗਦਾ ਵੀ ਲਿਖਿਆ ਹੈ) ਹੁੰਦਾ ਹੈ। ਲੋਕ ਹੈਰਾਨ ਹਨ ਕਿ ਮਾਤਾ ਪਿਤਾ ਬਿਨਾਂ ਕਿਵੇ ਕਮਲ ਵਿੱਚੋਂ ਬੱਚਾ ਪੈਦਾ ਹੋ ਸਕਦਾ ਹੈ। ਅਚੰਭੇ ਵਿੱਚ ਇਕੱਤਰ ਹੋਏ ਲੋਕਾਂ ਨੂੰ ਬੱਚਾ ਬੁੱਧ ਧਰਮ ਦੀ ਸਿਖਿਆ ਦੇਣਾ ਸ਼ੁਰੂ ਕਰ ਦਿੰਦਾ ਹੈ।

ਦੂਸਰੇ ਪਾਸੇ ਦੇਸ ਦੇ ਰਾਜੇ ਇੰਦਰਭੂਤੀ ਦੇ ਘਰ ਓਲਾਦ ਨਹੀ ਹੁੰਦੀ ਹੈ। ਉਹ ਆਪਣਾ ਸਾਰਾ ਕੁਝ ਦਾਨ ਦੱਖਣਾ ਤੇ ਲਾ ਦਿੰਦਾ ਹੈ ਕਿ ਸ਼ਾਇਦ ਪੁੰਨ ਕਰਨ ਨਾਲ ਉਨੂੰ ਓਲਾਦ ਮਿਲ ਜਾਵੇ।

ਫਿਰ ਰਾਜੇ ਨੂੰ ਦੱਸਿਆ ਜਾਂਦਾ ਹੈ ਕਿ ਕਿਵੇ ਇੱਕ ਬਾਲਕ ਕਮਲ ਦੇ ਫੁੱਲ ਵਿੱਚੋਂ ਪੈਦਾ ਹੁੰਦਾ ਹੈ। ਰਾਜਾ ਇਹ ਸੁਣ ਕੇ ਹੈਰਾਨ ਹੋ ਜਾਂਦਾ ਹੈ ਤੇ ਮੁੰਡੇ ਨੂੰ ਆਪਣਾ ਪੁੱਤਰ ਬਣਾ ਲੈਂਦਾ ਹੈ। ਉਹਦਾ ਨਾਂ ਪਦਮਸੰਭਵ ਭਾਵ ਕਮਲ ਦੇ ਫੁੱਲ ਤੋਂ ਸੰਭਵ ਹੋਇਆ, ਭਾਵ ਪੈਦਾ ਹੋਇਆ ਰੱਖ ਦਿੱਤਾ ਜਾਂਦਾ ਹੈ। ਬਾਦ ਵਿੱਚ ਪਦਮਸੰਭਵ ਦਾ ਵਿਆਹ ਨੇੜੇ ਦੇ ਰਾਜੇ ਚੰਦਨ ਗੋਮਾਸ਼ੀ ਦੀ ਲੜਕੀ ਪ੍ਰਭਾਧਾਰਨੀ ਨਾਲ ਕਰ ਦਿੱਤਾ ਜਾਂਦਾ ਹੈ।

ਵਕਤ ਪਾ ਕੇ ਪਦਮਸੰਭਵ ਰਾਜਾ ਬਣਦਾ ਹੈ ਅਤੇ ਸ਼ਿਖਾਬੰਧ ਰਾਜਾ ਕਹਾਉਂਦਾ ਹੈ ਕਿਉਕਿ ਇਹਦੇ ਸਿਰ ਤੇ ਜੂੜਾਂ ਹੁੰਦਾ ਹੈ। ਪਰ ਕੁਝ ਸਮੇਂ ਬਾਦ ਪਦਮਸੰਭਵ ਇੱਕ ਰਿਸ਼ਵਤਖੋਰ ਵਜੀਰ ਦੇ ਪੁੱਤਰ ਨੂੰ ਮਾਰ ਦਿੰਦਾ ਹੈ। ਜਿਸ ਦੀ ਸਜਾ ਵਜੋਂ ਪੰਚਾਇਤ ਪਦਮ ਸੰਭਵ ਨੂੰ ਗੱਦੀਓ ਲਾਹ ਸੀਤਾਵਣ ਬਣਵਾਸ ਤੇ ਭੇਜ ਦਿੰਦੀ ਹੈ।

ਪੈਂਡਾ ਸਾਡਾ

■ ਦਿਓੜਸਿੱਧ ਵਿਖੇ ਅੱਜ ਵੀ ਸ਼ਰਧਾਲੂ ਨੱਚਦੇ ਆਉਦੇ ਹਨ। ਫਿਰ ਬੱਕਰਾ ਅੱਜ ਵੀ ਚੜ੍ਹਾਇਆ ਜਾਂਦਾ ਹੈ। ਤਸਵੀਰਾਂ ਵੇਖੋ। ਸੋ ਗਿਆਨੀ -192 ਜੀ ਦੀ ਇਹ ਭੁਲ ਹੈ ਕਿ ਉਕਤ ਸ਼ਬਦ ਜੋਹੜਸਰ (ਜੋਹਰ ਜੀ) ਵਿਖੇ ਰਚਿਆ।

○ ਸੋਢੀ 2- 599 ਨੇ ਇਹ ਸ਼ਬਦ ਕਸੂਰ ਵਿੱਚ ਰਚਿਆ ਦੱਸਿਆ ਹੈ। ਜਰੂਰੀ ਇਹੋ ਜਿਹਾ ਸ਼ਬਦ ਗੁਰੂ ਸਾਹਿਬ ਨੇ ਕਈ ਥਾਂਈ ਵਰਤਿਆ ਹੋਵੇ।

◉ ਸਾਈਕਲ ਯਾਤਰੀ- 896

ਇਥੇ ਰਹਿ ਪਦਮਸੰਭਵ ਰਿਧੀਆਂ ਸਿਧੀਆਂ ਹਾਸਲ ਕਰ ਲੈਂਦਾ ਹੈ। ਉਹ ਬੁੱਧ ਗਇਆ ਰਹਿ ਕੇ ਵੀ ਬੁੱਧ ਧਰਮ ਦਾ ਗੂੜ ਗਿਆਨ ਹਾਸਲ ਕਰਦਾ ਹੈ।

ਉਹ ਜ਼ਹੋਰ ਦੇ ਰਾਜੇ ਸ਼ਾਸਤ੍ਰਧਾਰ ਦੀ ਧੀ ਮੰਦਰਾਵਾ ਨਾਲ ਵੀ ਵਿਆਹ ਕਰ ਲੈਂਦਾ ਹੈ। ਉਹ ਦੋਵੇਂ ਨਿਪਾਲ ਦੀ ਪ੍ਰਸਿਧ ਗੁੱਫਾ ਮ੍ਰਿਤਕਾ ਜਾਂ ਹਲੇਸ਼ ਵਿਖੇ ਲੰਮੀ ਉਮਰ ਹਾਸਲ ਕਰਨ ਲਈ ਬਖਸ਼ਸ਼ ਪ੍ਰਾਪਤ ਕਰ ਲੈਂਦੇ ਹਨ।

ਵਕਤ ਪਾ ਕੇ ਪਦਮਸੰਭਵ ਭੇਸ ਬਦਲ ਕੇ ਉਦਿਆਨ ਜਾਂਦਾ ਹੈ ਪਰ ਉਥੇ ਉਨੂੰ ਪਛਾਣ ਲਿਆ ਜਾਂਦਾ ਹੈ। ਹੁਕਮ ਹੋ ਜਾਂਦਾ ਹੈ ਕਿ ਇਨੂੰ ਜਿੰਦਾ ਜਲਾ ਦਿੱਤਾ ਜਾਵੇ। ਜਦੋਂ ਜੜੀ ਹੋਈ ਚਿੱਖਾ ਤੇ ਉਨੂੰ ਬੈਠਾ ਦਿੱਤਾ ਜਾਂਦਾ ਹੈ ਤਾਂ ਸਭ ਨੂੰ ਹੈਰਾਨੀ ਹੁੰਦੀ ਹੈ ਕਿ ਉਹ ਓਥੇ ਇਸ ਤਰਾਂ ਬੈਠਾ ਹੈ ਜਿਵੇ ਕਮਲ ਦੇ ਫੁੱਲ ਤੇ ਬੈਠਾ ਹੋਵੇ। ਰਾਜਾ ਸਮੇਤ ਵਜੀਰਾਂ ਦੇ ਉਹਦੇ ਪੈਰੀ ਪੈ ਜਾਂਦੇ ਹਨ।

ਕੁਝ ਸਮੇਂ ਬਾਦ ਫਿਰ ਪਦਮਸੰਭਵ ਤਿੱਬਤ ਵਿੱਚ ਮਹਾਯਾਨ ਬੁੱਧਮਤ ਦਾ ਪ੍ਰਚਾਰ ਕਰਨ ਜਾਂਦਾ ਹੈ।

ਇਸ ਕਹਾਣੀ ਕਰਕੇ ਤਿਬਤ ਦੇ ਲੋਕ ਉਦਿਆਨ ਇਲਾਕੇ ਨੂੰ ਪੰਜਾਬ ਹੀ ਸਮਝੀ ਜਾ ਰਹੇ ਹਨ।

ਦੂਸਰੇ ਪਾਸੇ ਰਿਵਾਲਸਰ ਵਿੱਚ ਜੋ ਕਹਾਣੀ ਦੱਸੀ ਜਾਦੀ ਹੈ ਉਹ ਇਸ ਪ੍ਰਕਾਰ ਹੈ:-

ਰਿਆਸਤ ਦਾ ਰਾਜਾ ਅਰਸ਼ਧਰ ਸੀ ਤੇ ਉਹਦੀ ਇੱਕ ਰਾਜਕੁਮਾਰੀ ਜਿਸ ਦਾ ਨਾਂ ਮੰਦਰਾਵਾ ਦੇਵੀ ਸੀ ਦਾ ਪਿਆਰ ਇੱਕ ਬੋਧੀ ਪ੍ਰਚਾਰਕ ਪਦਮਸੰਭਵ ਨਾਲ ਹੋ ਜਾਂਦਾ ਹੈ। ਰਾਜ ਪ੍ਰੋਹਿਤ ਦੇ ਕਹੇ ਰਾਜਾ, ਪਦਮਸੰਭਵ ਦੇ ਪਹਿਲਾਂ ਹੀ ਵਿਰੋਧੀ ਸਨ ਕਿਉਕਿ ਅਜੇ ਇਸ ਇਲਾਕੇ ਵਿੱਚ ਬੁੱਧ ਧਰਮ ਨਹੀ ਸੀ ਆਇਆ। ਰਾਜੇ ਨੂੰ ਜਦੋਂ ਪਤਾ ਲੱਗਾ ਤਾਂ ਉਸ ਨੇ ਹੁਕਮ ਦੇ ਦਿੱਤਾ ਕਿ ਭਿਖਸ਼ੂ ਪਦਮਸੰਭਵ ਨੂੰ ਜੀਦਿਆਂ ਜੀ ਸਾੜ ਦਿੱਤਾ ਜਾਵੇ।

ਕਿਹਾ ਜਾਂਦਾ ਹੈ ਕਿ ਜਦੋਂ ਭਿਖਸ਼ੂ ਦੀ ਚਿਤਾ ਠੰਡੀ ਹੋਈ ਤਾਂ ਓਥੇ ਕਮਲ ਦੇ ਫੁੱਲ ਵਿੱਚੋਂ ਇੱਕ 16 ਸਾਲਾਂ ਦਾ ਗਬਰੂ ਬਾਹਰ ਨਿਕਲ ਆਇਆ। ਜਿਸ ਤੇ ਇਲਾਕੇ ਵਿੱਚ ਤਹਿਲਕਾ ਮੱਚ ਗਿਆ। ਸ਼ਰਮਿੰਦੇ ਹੋਏ ਰਾਜੇ ਨੇ ਫਿਰ ਰਾਜਕੁਮਾਰੀ ਦਾ ਵਿਆਹ ਭਿਖਸ਼ੂ ਨਾਲ ਕਰ ਦਿੱਤਾ। ਇਸ ਇਲਾਕੇ ਵਿੱਚ ਜੋ ਝੀਲਾਂ ਨੇ ਬੋਧੀਆਂ ਦਾ ਕਹਿਣਾ ਹੈ ਕਿ ਇਹ ਗੁਰੂ ਰਿੰਪੋਚੇ ਨੇ ਪੈਦਾ ਕੀਤੀਆਂ ਹਨ। ਇਸੇ ਭਿਖਸ਼ੂ ਨੇ ਫਿਰ ਇਲਾਕੇ ਵਿੱਚ ਬੁੱਧ ਧਰਮ ਦਾ ਪ੍ਰਚਾਰ ਕੀਤਾ। ਕਿਹਾ ਜਾਂਦਾ ਕਿ ਤਿੱਬਤ ਵਿੱਚ ਬੁੱਧ ਧਰਮ ਨੂੰ ਫੈਲਾਉਣ ਵਾਲਾ ਪਦਮਸੰਭਵ ਹੀ ਸੀ। ਤਿਬਤ ਵਿੱਚ ਇਸਨੂੰ ਗੁਰੂ ਰਿੰਪੋਚੇ ਕਿਹਾ ਜਾਂਦਾ ਹੈ।

ਰਿਵਾਲਸਰ ਦੀ ਪਹਾੜੀ ਤੇ 123 ਫੁੱਟ ਉੱਚੀ ਗੁਰੂ ਰਿੰਪੋਚੇ ਦੀ ਮੂਰਤੀ ਬਣੀ ਹੋਈ ਹੈ। ਇਥੋਂ ਦੀਆਂ ਝੀਲਾਂ ਵਿੱਚ ਘਾਹ ਫੂਸ ਦੇ ਟਾਪੂ ਜਿਹੇ ਤਰਦੇ ਫਿਰਦੇ ਹਨ। ਜਿੰਨਾਂ ਤੇ ਛੋਟਾ ਛੋਟਾ ਨੜਾ ਉਗਿਆ ਹੁੰਦਾ ਹੈ। ਯਾਦ ਰਹੇ ਕਈ ਪੱਥਰਾਂ ਦੀਆਂ ਵੀ ਅਜਿਹੀਆਂ ਕਿਸਮਾਂ ਹੈਗੀਆਂ ਨੇ ਜਿਹੜੀਆਂ ਪਾਣੀ ਨਾਲੋਂ ਹੌਲੀਆਂ ਹੁੰਦੀਆਂ ਹਨ। ਇਥੋਂ ਦੇ ਲੋਕ ਇਹ ਗੁਰੂ ਰਿੰਪੋਚੇ ਦੀ ਕਰਾਮਾਤ ਮੰਨਦੇ ਹਨ। ਅੱਜ ਤੱਕ ਝੀਲ ਵਿੱਚ ਬਰੀਕ ਨੜੇ ਵਾਲੇ ਟਾਪੂ ਇਧਰ ਉਧਰ ਤਰਦੇ ਰਹਿੰਦੇ ਹਨ। ਲੱਗ ਪਗ ਰਿਵਾਲਸਰ ਬਾਬਤ ਮਿਲਦੀ ਹਰ ਵੈਬਸਾਈਟ ਤੇ ਇਨਾਂ ਤਰਦੇ ਟਾਪੂਆਂ ਦਾ ਜਿਕਰ ਹੈ।

ਤਿੱਬਤ ਦੇ ਰਾਜ ਗੁਰੂ ਰਿਮਪੋਚੇ ਜਾਂ ਪਦਮਸੰਭਵ ਦੀ ਸੋਨੇ ਅਤੇ ਚਾਂਦੀ ਦੀ ਬਣੀ ਮੂਰਤੀ। ਰਿਮਪੋਚੇ ਨੂੰ ਹਮੇਸ਼ਾਂ ਹੱਥ ਵਿਚ ਤ੍ਰਿਸ਼ੂਲ ਲਈ ਵਿਖਾਇਆ ਜਾਂਦਾ ਹੈ। ਇਹ ਵੀ ਇਕ ਸਬੂਤ ਹੈ ਜੋਗਮਤ ਤੇ ਬੁੱਧਮਤ ਦੇ ਮੂਲ ਵਿਚ ਇਕ ਹੋਣ ਦਾ।

ਅਨਪੜ੍ਹ ਲਾਮਿਆਂ ਨੇ ਗੁਰੂ ਰਿਮਪੋਚੇ ਅਤੇ ਗੁਰੂ ਨਾਨਕ ਦੇ ਨਾਵਾਂ ਵਿਚ ਅਜਿਹਾ ਰੋਲ ਘਚੋਲਾ ਪੈਦਾ ਕਰ ਦਿਤਾ ਹੈ ਕਿ ਅੱਜ ਕਈ ਲੋਕਾਂ ਨੂੰ ਸ਼ੱਕ ਪੈਦਾ ਹੋ ਗਇਆ ਹੈ ਕਿ ਗੁਰੂ ਨਾਨਕ ਦਾ ਤਿੱਬਤ, ਸਿੱਕਮ ਅਤੇ ਭੂਟਾਨ ਨਾਲ ਕੋਈ ਸਬੰਧ ਹੀ ਨਹੀ। ਰਹਿੰਦੀ ਕਸਰ ਮੂਰਖ ਸਿੱਖਾਂ ਨੇ ਕੱਢ ਦਿੱਤੀ ਹੈ। ਵੇਖੋ ਸਿੱਕਮ ਭੂਟਾਨ ਵਾਲੀ ਸਾਖੀ।

ਸੋ ਏਨਾ ਮਹੱਤਵਪੂਰਨ ਸਥਾਨ ਸੀ ਜਿੱਥੇ ਗੁਰੂ ਸਾਹਿਬ ਨੇ ਜਾ ਬੋਧੀਆਂ ਨੂੰ ਉਪਦੇਸ਼ ਦਿੱਤਾ। ਯਾਦ ਰਹੇ ਗੁਰੂ ਗ੍ਰੰਥ ਸਾਹਿਬ ਵਿੱਚ ਬਹੁਤ ਸਾਰੀ ਬਾਣੀ ਬੋਧੀਆਂ ਦੇ ਪ੍ਰਥਾਇ ਹੈ। ਓਸ ਵੇਲੇ ਦਾ ਬੁਧ ਧਰਮ ਜੋਗਮਤ ਰਲਦਾ ਮਿਲਦਾ ਜਿਹਾ ਧਰਮ ਸੀ। ਬੋਧੀ ਲੋਕ

ਗੁਰਦੁਆਰਾ ਰੇਵਾਲਸਰ

ਨਿਰੰਕਾਰ ਦੀ ਹੋਂਦ ਤੋਂ ਮੁਨੱਕਰ ਹਨ। ਇਸ ਕਰਕੇ ਗੁਰੂ ਸਾਹਿਬ ਨੇ ਇਨਾਂ ਨੂੰ ਨਿਰੰਕਾਰ ਦੀ ਨਿਰੰਤਰ ਹੋਂਦ ਦਾ ਅਹਿਸਾਸ ਕਰਾਇਆ।

ਕਮਲ ਵਿੱਚੋਂ ਪਦਮਸੰਭਵ ਦੇ ਪੈਦਾ ਹੋਣ ਤੇ ਲੱਗਦੈ ਗੁਰੂ ਸਾਹਿਬ ਨੇ ਦੱਸਿਆ ਕਿ ਭਾਈ ਹਿੰਦੂ ਜੋਗੀਆਂ ਇਹੋ ਕਹਾਣੀ ਬ੍ਰਹਮਾ ਬਾਰੇ ਦੱਸੀ ਹੈ।

ਗੂਜਰੀ ਮਹਲਾ ੧ ॥ ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ ॥ ਤਾ ਕੋ ਅੰਤੁ ਨ ਜਾਈ ਲਖਣਾ ਆਵਤ ਜਾਤ ਰਹੈ ਗੁਬਾਰਿ ॥੧॥ ਪ੍ਰੀਤਮ ਕਿਉ ਬਿਸਰਹਿ ਮੇਰੇ ਪ੍ਰਾਣ ਅਧਾਰ ॥ ਜਾ ਕੀ ਭਗਤਿ ਕਰਹਿ ਜਨ ਪੂਰੇ ਮੁਨਿ ਜਨ ਸੇਵਹਿ ਗੁਰ ਵੀਚਾਰਿ ॥੧॥ ਰਹਾਉ ॥ ਰਵਿ ਸਸਿ ਦੀਪਕ ਜਾ ਕੇ ਤ੍ਰਿਭਵਣਿ ਏਕਾ ਜੋਤਿ ਮੁਰਾਰਿ ॥ ਗੁਰਮੁਖਿ ਹੋਇ ਸੁ ਅਹਿਨਿਸਿ ਨਿਰਮਲੁ ਮਨਮੁਖਿ ਰੈਣਿ ਅੰਧਾਰਿ ॥੨॥ ਸਿਧ ਸਮਾਧਿ ਕਰਹਿ ਨਿਤ ਝਗਰਾ ਦੁਹੁ ਲੋਚਨ ਕਿਆ ਹੋਰੈ ॥ ਅੰਤਰਿ ਜੋਤਿ ਸਬਦੁ ਧੁਨਿ ਜਾਗੈ ਸਤਿਗੁਰੁ ਝਗਰੁ ਨਿਬੇਰੈ ॥੩॥ ਸੁਰਿ ਨਰ ਨਾਥ ਬੇਅੰਤ ਅਜੋਨੀ ਸਾਚੈ ਮਹਲਿ ਅਪਾਰਾ ॥ ਨਾਨਕ ਸਹਜਿ ਮਿਲੇ ਜਗਜੀਵਨ ਨਦਰਿ ਕਰਹੁ ਨਿਸਤਾਰਾ ॥੪॥੨॥

ਗੁਰੂ ਸਾਹਿਬ ਦੇ ਵੇਲੇ ਸਿਓਕੋਟ (ਮੰਡੀ ਨੇੜੇ) ਦਾ ਰਾਜੇ ਅਜ਼ਬਰ ਸੈਨ ਨੂੰ ਨਿਰੰਕਾਰ ਦਾ ਉਪਦੇਸ਼ ਦਿੱਤਾ। ਇਥੋਂ ਦੇ ਹਾਲਾਤਾਂ ਦਾ ਜਿਕਰ ਗੁਰਬਾਣੀ ਵਿੱਚ ਵੀ ਮਿਲਦਾ ਹੈ ਜਿਸ ਬਾਰੇ ਕੀੜਗ੍ਰਾਮ ਵਾਲੀ ਸਾਖੀ ਵਿੱਚ ਸਬੰਧਤ ਗੁਰਬਾਣੀ ਦਿੱਤੀ ਗਈ ਹੈ।

ਗੁਰੂ ਸਾਹਿਬ ਨੂੰ ਇਸਨਾਨ ਕਰਦੇ ਵੇਖ ਜੋਗੀ ਬੋਲਿਆ, ਕਿਓ ਮਰਨ ਲੱਗਾ ਏ?

ਦਿਨ ਤਾਂ ਗਰਮੀਆਂ ਦੇ ਹੀ ਸਨ। ਪਰ ਰਿਵਾਲਸਰ ਦੀ ਝੀਲ ਦਾ ਪਾਣੀ ਅਜੇ ਵੀ ਬਰਫ ਵਾਙੂ ਠੰਡਾ ਸੀ। ਇਤਹਾਸ ਦੱਸਦਾ ਹੈ ਕਿ ਗੁਰੂ ਸਾਹਿਬ ਇਸ਼ਨਾਨ ਕਰਨ ਵਿੱਚ ਬਹੁਤ ਅਨੰਦ ਮਹਿਸੂਸ ਕਰਦੇ ਸਨ। ਜਦੋਂ ਸਾਹਿਬ ਝੀਲ ਲਾਗਿਓ ਲੰਘੇ ਤਾਂ ਉਹਨਾਂ ਕਪੜੇ ਉਤਾਰ ਝੀਲ ਵਿੱਚ ਡੁੱਬਕੀ ਲਾਈ ਤਾਂ ਇੱਕ ਸਾਧੂ ਨੇ ਦੁਹਾਈ ਦੇ ਦਿੱਤੀ। ਕਿ ਭਾਈ ਲੱਗਦਾ ਕਿ ਤੂੰ ਨਵਾਂ ਇਸ ਇਲਾਕੇ ਵਿੱਚ ਆਇਆ ਹੈ। ਬੋਲ ਉਠਿਆ:-

ਇਸਨਾਨ ਮਧੇ ਤੋ ਰਤੰ।
ਸੁਅੰਗਤੇ ਭਗਤੰਤ ਗੁਣੀ।
ਗੁਣੀ ਕੁਮੇਰ ਸੁਮੇਰ ਪਰਬਤ।
ਮੀਨ ਸਰਵਰ ਤੁਰੰਤੇ।

ਭਾਵ ਏ ਭਾਈ ਤੈਨੂੰ ਇਸਨਾਨ ਕਰਨ ਦੀ ਕਾਹਦੀ ਕਾਹਲੀ ਹੈ। ਤੂੰ ਭਗਤ ਹੋਣ ਦਾ ਢੋਂਗ ਕਰਦਾ ਹੈ। ਵੇਖ ਸੁਮੇਰ ਆਦਿ ਪਰਬਤਾਂ ਤੇ ਬੈਠੇ ਸਾਧੂਆਂ ਨੂੰ ਉਹ ਭਗਤੀ (ਸਮਾਧੀ) ਵਿੱਚ ਹੀ ਪਏ ਇਸਨਾਨ ਕਰਦੇ ਹਨ। ਕਿਤੇ ਕੋਈ ਹਿੱਲ ਜੁਲ ਨਹੀ ਰਿਹਾ, ਜਿਵੇ ਸਰੋਵਰ ਵਿੱਚ ਮੱਛੀ ਦਾ ਪਤਾ ਨਹੀ ਲੱਗਦਾ। ਭਾਵ ਇਸ ਇਸਨਾਨ ਦਾ ਕੋਈ ਲਾਭ ਨਹੀ। ਲਾਭ ਮਿਲਣਾ ਤੈਨੂੰ ਪ੍ਰਭੂ ਭਗਤੀ ਭਾਵ ਸਮਾਧੀ ਤੋਂ।

ਸਾਹਿਬ ਨੇ ਜਵਾਬ ਦਿੱਤਾ:-

ਗੁਰਮੁਖਿ ਨਾਮੁ ਦਾਨੁ ਇਸਨਾਨੁ ॥ ਗੁਰਮੁਖਿ ਲਾਗੈ ਸਹਜਿ ਧਿਆਨੁ ॥ ਗੁਰਮੁਖਿ ਪਾਵੈ ਦਰਗਹ ਮਾਨੁ ॥ ਗੁਰਮੁਖਿ ਭਉ ਭੰਜਨੁ ਪਰਧਾਨੁ ॥ ਗੁਰਮੁਖਿ ਕਰਣੀ ਕਾਰ ਕਰਾਏ ॥ ਨਾਨਕ ਗੁਰਮੁਖਿ ਮੇਲਿ ਮਿਲਾਏ॥

ਗੁਰੂ ਸਾਹਿਬ ਨੇ ਸਾਧੂ ਨੂੰ ਇਸਨਾਨ ਦੇ ਫਾਇਦੇ ਦੱਸੇ ਤੇ ਸਮਝਾਇਆ ਕਿ ਅਸਲ ਸਮਾਧੀ ਕੀ ਹੈ:-

ਸੁਣਿ ਮਾਛਿੰਦ੍ਰਾ ਨਾਨਕੁ ਬੋਲੈ ॥ ਵਸਗਤਿ ਪੰਚ ਕਰੇ ਨਹ ਡੋਲੈ ॥ ਐਸੀ ਜੁਗਤਿ ਜੋਗ ਕਉ ਪਾਲੇ ॥ ਆਪਿ ਤਰੈ ਸਗਲੇ ਕੁਲ ਤਾਰੇ ॥੧॥ ਸੋ ਅਉਧੂਤੁ ਐਸੀ ਮਤਿ ਪਾਵੈ ॥ ਅਹਿਨਿਸਿ ਸੁੰਨਿ ਸਮਾਧਿ ਸਮਾਵੈ ॥੧॥ ਰਹਾਉ ॥

ਭਾਈ ਅਟੂਟ ਸਮਾਧੀ ਤਾਂ ਉਹ ਹੋਵੇ ਜਿਸ ਵਿੱਚ ਹਉਮੈ ਵੱਸ ਵਿੱਚ ਹੋਵੇ। (ਤੇਰੇ ਸਾਧੂ ਹੋਣ ਦਾ ਕੀ ਫਾਇਦਾ ਮਾਮੂਲੀ ਗੱਲ ਤੇ ਤੈਨੂੰ ਗੁੱਸਾ ਆ ਗਿਆ। ਸਮਾਜਕ ਜੀਵਨ ਵਿੱਚ ਵਿੱਚਰਦਿਆਂ ਦੀ



ਰਿਵਾਲਸਰ ਝੀਲ ਅਤੇ ਗੁਰੂ ਰਿਮਪੋਚੇ ਦੀ ਵਿਸ਼ਾਲ ਮੂਰਤੀ ਜੋ ਦੂਰੋ ਹੀ ਨਜਰ ਆਉਦੀ ਹੈ।

ਸਮਾਧੀ ਹੋਵੇ ਜਿਸ ਵਿੱਚ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੇ ਸਿਕੰਜਾ ਹੋਵੇ)

ਸਾਧੂ ਲਾਜਵਾਬ ਹੋ ਕੇ ਸਿੱਖੀ ਧਾਰਨ ਕੀਤੀ।

ਜਵਾਲਾਮੁਖੀ – ਤੁਹਾਡਾ ਹੱਠ ਵਿਅਰਥ ਹੈ

ਰਿਵਾਲਸਰ ਤੋਂ 90 ਕਿ. ਮੀ. ਦਾ ਪੈਡਾ ਕਰਕੇ ਜਿੱਥੇ ਅਜਕਲ ਪਿੰਡ ਖਲਕੜ, ਜਾਹੂ, ਪੱਤਾ ਬਣੀਆਂਵਾਲਾ, ਭਰਾਲ, ਮਹਿਲ, ਤਾਲ, ਗਾਹਲੀਆਂ, ਹਮੀਰਪੁਰ ਥਾਣੀ ਹੁੰਦੇ ਹੋਏ, ਗੁਰੂ ਸਾਹਿਬ ਨਰਾਤਿਆਂ ਦੇ ਦਿਨਾਂ ਵਿੱਚ ਭਾਵ ਅਪ੍ਰੈਲ ਮਹੀਨੇ ਜਵਾਲਾ ਜੀ ਪਹੁੰਚੇ। ਇਥੋਂ ਦੇ ਬ੍ਰਾਹਮਣਾਂ ਨੇ ਗੁਰੂ ਸਾਹਿਬ ਨੂੰ ਬੜਾ ਸਤਿਕਾਰ ਦਿੱਤਾ।

ਕਾਂਗੜਾ ਜਿਲੇ ਵਿੱਚ ਪਹਾੜੀਆਂ ਤੇ ਮੌਜੂਦ ਜਵਾਲਾ ਜੀ ਸਿਰਫ ਇੱਕ ਭੂਗੋਲਿਕ ਵਰਤਾਰਾ (Volcanic Activity) ਹੈ। ਚੱਟਾਨਾਂ ਦੀਆਂ ਤ੍ਰੇੜਾਂ ਵਿੱਚੋਂ ਹਾਈਡਰੋਕਾਰਬਨ ਗੈਸ ਤੇ ਪਾਣੀ ਰਿਸਦੇ ਰਹਿੰਦੇ ਹਨ। ਜਵਾਲਾ ਜੀ ਵਿਖੇ 9 ਥਾਵਾਂ ਤੇ ਗੈਸ ਨੂੰ ਅੱਗ ਲਾਈ ਹੋਈ ਹੈ। ਹਰ ਥਾਂ ਤੇ ਮੰਦਰ ਬਣੇ ਹੋਏ ਹਨ ਤੇ ਉਨਾਂ

ਨੂੰ ਦੇਵੀਆਂ ਦੇ ਨਾਂ ਨਾਲ ਜੋੜ ਦਿੱਤਾ ਗਇਆ ਹੈ।

ਕਿਹਾ ਜਾਂਦਾ ਹੈ ਕਿ ਕੋਈ 1000 ਕੁ ਸਾਲ ਪਹਿਲਾਂ ਇੱਕ ਆਜੜੀ ਭੇਡਾਂ ਬਕਰੀਆਂ ਚਾਰ ਰਿਹਾ ਸੀ ਕਿ ਉਸ ਨੇ ਜਮੀਨ ਵਿੱਚੋਂ ਆਪਣੇ ਆਪ ਪਾਣੀ ਤੇ ਗੈਸ ਰਿਸਦਾ ਵੇਖਿਆ। ਗੱਲ ਕਾਂਗੜਾ ਦੇ ਕਟੋਚ ਰਾਜਾ ਭੂਮੀ ਚੰਦ ਤੱਕ ਪਹੁੰਚੀ। ਰਾਜ ਪ੍ਰੋਹਿਤ ਦੇ ਉਪਦੇਸ਼ ਮੁਤਾਬਿਕ ਇਸ ਥਾਂ ਨੂੰ 52 ਸ਼ਕਤੀ ਪੀਠਾਂ ਵਿੱਚੋਂ ਇੱਕ ਐਲਾਨ ਦਿੱਤਾ ਗਿਆ। ◘ (ਵੇਖੋ 52 ਸ਼ਕਤੀ ਪੀਠਾਂ ਦੀ ਕਹਾਣੀ ਸਫਾ-151) ਮਤਲਬ ਕਿ ਮਾਤਾ ਪਾਰਬਤੀ ਦੇ ਸਰੀਰ ਦੇ ਟੋਟੇ ਟੋਟੇ ਹੋਏ ਅੰਗ ਜਿੱਥੇ ਜਿਥੇ ਡਿੱਗਦੇ ਹਨ ਓਥੇ ਸ਼ਕਤੀਪੀਠ ਬਣਦੇ ਹਨ। ਜਵਾਲਾ ਜੀ ਕਿਹਾ ਗਇਆ ਕਿ ਇਥੇ ਮਾਤਾ ਦੀ ਜਬਾਨ ਡਿੱਗੀ ਸੀ। ਹੌਲੀ ਹੌਲੀ ਇਹ ਥਾਂ ਹਿੰਦੂ ਖੇਤਰ ਵਿੱਚ ਪ੍ਰਸਿੱਧ ਹੋ ਗਈ ਤੇ ਤੀਰਥ ਸਥਾਨ ਬਣ ਗਿਆ। ਜੋਗੀਆਂ ਨੇ ਵੀ ਆ ਡੇਰਾ ਜਮਾਇਆ। ਜਿਵੇ ਕਿ ਸ਼ਕਤੀ ਪੀਠਾਂ ਵਿੱਚ ਹੁੰਦਾ ਹੈ ਇਥੇ ਵੀ ਲੋਕ ਹੱਠ ਰਾਂਹੀ ਦੇਵੀ ਨੂੰ ਖੁਸ਼ ਕਰਨ ਲਈ ਕਈ ਕਾਰਵਾਈਆਂ ਕਰਦੇ ਹੁੰਦੇ ਸਨ। ਮਿਸਾਲ ਦੇ ਤੌਰ ਤੇ ਮਗਦੀ ਜਵਾਲਾ ਵਿੱਚ ਆਪਣੇ ਆਪ ਨੂੰ ਸੁੱਟ ਦੇਣਾਂ। ਆਪਣੀ ਜੁਬਾਨ ਵੱਢ ਕੇ ਦੇਵੀ ਦੀ ਲਾਟ ਨੂੰ ਅਰਪਨ ਕਰਨਾਂ ਜਾਂ ਹੋਰ ਅੰਗ ਜਿਵੇ ਕੋਈ ਉਂਗਲੀ ਜਾਂ ਹੱਥ ਜਾਂ ਪੈਰ ਵੀ ਅਰਪਣ ਕੀਤਾ ਜਾਂਦਾ ਸੀ। ਭਗਤਾਂ ਲਈ ਪ੍ਰੇਰਨਾ ਸਰੋਤ ਖੁਦ ਦੇਵੀ ਹੁੰਦੀ ਹੈ ਕਿਉਕਿ ਜਦੋਂ ਦੁਰਗਾ ਛਿਨਮਸਤਾ ਦਾ ਰੂਪ ਧਾਰਨ ਕਰਦੀ ਹੈ ਤਾਂ ਖੁੱਦ ਦੀ ਧੌਣ ਵੀ ਲਾਹ ਦਿੰਦੀ ਹੈ। ਧੌਣ ਵਿੱਚੋਂ ਲਹੂ ਦੀਆਂ ਤਿੰਨ ਤਤੀਰੀਆਂ ਨਿਕਲਦੀਆਂ ਹਨ ਜਿੰਨਾਂ ਵਿੱਚੋਂ ਦੋ ਤਾਂ ਦੇਵੀ ਦੀਆਂ ਭੈਣਾਂ ਪੀਦੀਆਂ ਹਨ ਤੇ ਇੱਕ ਧਾਰ ਖੁਦ ਦੇਵੀ ਦਾ ਕੱਟਿਆ ਹੋਇਆ ਸਿਰ ਪੀਂਦਾ ਹੈ। ਇੱਕ ਇਤਹਾਸਕਾਰ ਨੇ ਖੋਜ ਕੀਤੀ ਹੈ ਕਿ ਸ਼ਕਤੀ ਵਾਲੇ ਇਸ ਜੰਤਰ ਮੰਤਰ ਦੀ ਪ੍ਰੰਪਰਾ ਬੁੱਧ ਧਰਮ ਵਿੱਚੋਂ ਆਉਦੀ ਹੈ। ਕਿਉਕਿ ਬਿਲਕੁਲ ਓਹੋ ਕਹਾਣੀ ਤਿੱਬਤ ਦੇ ਬੁੱਧ ਧਰਮ ਵਿਚ ਹੈ ਜਿਥੇ ਦੇਵੀ ਦਾ ਨਾਂ ਦੁਰਗਾ ਦੀ ਥਾਂ ਵਜਰਾਯੋਗਿਨੀ ਹੈ ਅਤੇ ਇਸ ਅਵਸਥਾ ਨੂੰ ਓਥੇ ਛਿਨਮਸਤਾ ਦੀ ਥਾਂ ਛਿਨਮੁੰਡਾ ਕਿਹਾ ਗਇਆ ਹੈ। ● ਏਸੇ ਪ੍ਰੰਪਰਾ ਅਧੀਨ ਸਤੀ ਦੀ ਰਸਮ ਹਿੰਦੁਸਤਾਨ ਵਿੱਚ ਸ਼ੁਰੂ ਹੋਈ।

ਗੁਰੂ ਸਾਹਿਬ ਨੇ ਇਨਾਂ ਰਸਮਾਂ ਨੂੰ ਬੇਅਰਥ ਦੱਸਿਆ ਤੇ ਦੁਨਿਆਵੀ ਜੀਵਨ ਤੋਂ ਜਿਹੜੇ ਲੋਕ ਤੰਗ ਆ ਕੇ ਅਜਿਹੇ ਕੰਮ ਕਰਦੇ ਸਨ ਓਨਾਂ ਨੂੰ ਸਮਝਾਇਆ ਕਿ ਜੇ ਤੁਸੀ ਆਪਣਾ ਜੀਵਨ ਅਨੰਦਮਈ ਬਣਾਉਣਾ ਚਾਹੁੰਦੇ ਹੋ ਜਿਸ ਵਿੱਚ ਫਿਕਰ ਚਿੰਤਾ ਨਾਂ ਹੋਵੇ ਤਾਂ ਕਿਸੇ ਗੁਰੂ ਦੀ ਸ਼ਰਨ ਵਿੱਚ ਜਾ ਕੇ ਨਿਰੰਕਾਰ ਦੀ ਭਗਤੀ ਕਰੋ ਉਹਦਾ ਨਾਮ ਜੱਪੋ ਭਾਵ ਸਿਫਤ ਸਲਾਹ 'ਚ ਲੱਗ ਜਾਓ। ਤੁਹਾਡੇ ਜੀਵਨ ਵਿੱਚ ਖੇੜਾ ਆ ਜਾਵੇਗਾ।

ਸਾਹਿਬ ਨੇ ਇਥੇ ਉੱਚੀ ਸੁਰ ਵਿੱਚ ਬਾਣੀ ਬੋਲੀ ਜਿਸ ਨਾਲ ਸਾਰਾ ਪਹਾੜੀ ਖੇਤ੍ਰ ਗੂੰਜ ਉਠਿਆ।

ਸਿਰੀਰਾਗੁ ਮਹਲਾ ੧ ॥ ਰਾਮ ਨਾਮਿ ਮਨੁ ਬੇਧਿਆ ਅਵਰੁ ਕਿ ਕਰੀ ਵੀਚਾਰੁ ॥ ਸਬਦ ਸੁਰਤਿ ਸੁਖੁ ਊਪਜੈ ਪ੍ਰਭ ਰਾਤਓ ਸੁਖ ਸਾਰੁ ॥ ਜਿਉ ਭਾਵੈ ਤਿਉ ਰਾਖੁ ਤੂੰ ਮੈ ਹਰਿ ਨਾਮੁ ਅਧਾਰੁ ॥੧॥ ਮਨ ਰੇ ਸਾਚੀ ਖਸਮ ਰਜਾਇ ॥ ਜਿਨਿ ਤਨੁ ਮਨੁ ਸਾਜਿ ਸੀਗਾਰਿਆ ਤਿਸੁ ਸੇਤੀ ਲਿਵ ਲਾਇ ॥੧॥ ਰਹਾਉ ॥ ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ ॥ ਤਨੁ ਮਨੁ ਸਮਧਾ ਜੇ ਕਰੀ ਅਨਦਿਨੁ ਅਗਨਿ ਜਲਾਇ ॥ ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ ॥੨॥ ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ ॥ ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ ॥ ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ ॥੩॥ ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ ॥ ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥ ਰਾਮ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ ॥੪॥ ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥ ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥ ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥ ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ ॥ ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥ ਕਰਮਿ ਮਿਲੈ ਸਚੁ ਪਾਈਐ ਧੁਰਿ ਬਖਸ ਨ ਮੇਟੈ ਕੋਇ ॥੬॥ ਸਾਧੂ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ ॥ ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ ॥ ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ ॥੭॥ ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ ॥ ਵਿਰਲੇ ਕਉ ਸੋਝੀ ਪਈ ਗੁਰਮੁਖਿ ਮਨੁ ਸਮਝਾਇ ॥ ਨਾਨਕ ਨਾਮੁ ਨ ਵੀਸਰੈ ਛੂਟੈ ਸਬਦੁ ਕਮਾਇ ॥੮॥੧੪॥

ਜਦੋਂ ਹਰ ਕੋਈ ਇਸ ਕੁਦਰਤੀ ਵਰਤਾਰੇ ਮਤਲਬ ਜਗਦੀਆਂ ਲਾਟਾਂ ਦੀਆਂ ਸਿਫਤਾਂ ਕਰ ਰਿਹਾ ਸੀ ਤਾਂ ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਭੋਲਿਓ ਜੇ ਨਿਰੰਕਾਰ ਪ੍ਰਭੂ ਦੀਆਂ ਜਗਦੀਆਂ ਲਾਟਾਂ ਵੇਖਣੀਆ ਹਨ ਤਾਂ ਉਸ ਦੇ ਜਿੰਦਾ ਜਾਗਦੇ ਜੀਆਂ ਵਲ ਵੇਖੋ। ਤੁਹਾਨੂੰ ਥਾਂ ਥਾਂ ਉਸ ਪ੍ਰਭੂ ਦੀ ਜਗਦੀ ਜੋਤ ਨਜਰ ਆਵੇਗੀ।

ਸੋਰਠਿ ਮਹਲਾ ੧ ਦੁਤੁਕੇ ॥ ਪੁੜੁ ਧਰਤੀ ਪੁੜੁ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ

ਪੈੜ ਸਫਾ

ਗੁਰੂ ਰਿਮਪੋਚੇ ਪਦਮਸੰਭਵ ਦੇ ਮੂਲ ਇਲਾਕੇ ਬਾਰੇ ਤਿੱਬਤੀ ਲੋਕਾਂ ਵਿੱਚ ਬਹੁਤ ਭੁਲੇਖੇ ਹਨ। ਤਿਬਤ ਕੋਈ ਛੋਟਾ ਮੋਟਾ ਦੇਸ ਨਹੀ ਹੈ। ਤਿੱਬਤ ਹਿੰਦੁਸਤਾਨ ਦੇ ਇੱਕ ਤਿਹਾਈ ਜਿੰਨਾ ਰਕਬਾ ਹੈ। ਕਿਉਕਿ ਮੂਲ ਸਰੋਤ ਵਿੱਚ ਇਹ ਆਉਂਦਾ ਹੈ ਕਿ ਰਿਮਪੋਚੇ ਪੱਦਮਸੰਭਵ ਉਦਿਆਨ ਇਲਾਕੇ ਨਾਲ ਤਅਲੁਕ ਰੱਖਦੇ ਸਨ। ਭੋਲੇ ਤਿੱਬਤੀ ਸਮਝਦੇ ਹਨ ਕਿ ਉਦਿਆਨ ਤੋਂ ਮਤਲਬ ਪੰਜਾਬ ਹੈ। ਹਾਲਾਂ ਉਦਿਆਨ ਇਲਾਕਾ ਇਤਹਾਸਕਾਰਾਂ ਨੇ ਪਛਾਣ ਲਿਆ ਹੈ ਕਿ ਇਹ ਪਾਕਿਸਤਾਨ ਦੀ ਸਵਾਤ ਘਾਟੀ ਹੈ। ਕਈ ਇਤਹਾਸਕਾਰ ਉਦਿਆਨ ਨੂੰ ਅਫਗਾਨਿਸਤਾਨ ਦਾ ਪੁਰਾਣਾ ਨਾਂ ਮੰਨਦੇ ਹਨ। ਦੂਸਰੇ ਪਾਸੇ ਮੁੱਖ ਧਾਰਾ ਬੋਧੀਆਂ ਨੇ ਮੰਨ ਲਿਆ ਹੈ ਕਿ ਰਵਾਲਸਰ ਹੀ ਉਦਿਆਨ ਹੈ ਤੇ ਓਥੇ ਪਹਾੜੀ ਜਿੰਡੀ ਉੱਚੀ ਮੂਰਤੀ ਵੀ ਬਣਾਈ ਹੋਈ ਹੈ ਗੁਰੂ ਰਿਮਪੋਚੇ ਦੀ। ਤਿੱਬਤੀ ਇਥੇ ਤੀਰਥ ਯਾਤਰਾ ਕਰਨ ਖੂਬ ਆਉਦੇ ਹਨ। ਪਰ ਕੁਝ ਦੂਰ ਪੂਰਬ ਤਿੱਬਤ ਦੇ ਲੋਕ ਉਦਿਆਨ ਨੂੰ ਅਜੇ ਵੀ ਪੰਜਾਬ ਹੀ ਮੰਨੀ ਬੈਠੇ ਹਨ।

ਕਿਉਕਿ ਗੁਰੂ ਨਾਨਕ ਪਾਤਸ਼ਾਹ ਨੇ ਤਿੱਬਤ ਵਿੱਚ ਫੇਰੀ ਪਾਈ ਸੀ ਇਸ ਕਰਕੇ ਕੁਝ ਭੋਲੇ ਤਿਬਤੀ ਗੁਰੂ ਰਿਮਪੋਚੇ ਤੇ ਗੁਰੂ ਨਾਨਕ ਨੂੰ ਇੱਕ ਹੀ ਸਮਝ ਲੈਂਦੇ ਹਨ। ਤਿਬਤੀ ਯਾਤਰੂ ਜਿਹੜੇ ਪੰਜਾਬ ਆਉਦੇ ਨੇ ਓਨਾਂ ਨੇ ਗੁਰੂ ਨਾਨਕ ਦੀਆਂ ਤਸਵੀਰਾਂ ਵੀ ਆਪਣੇ ਮੱਠਾਂ ਵਿੱਚ ਲਾ ਲਈਆਂ। ਇਨਾਂ ਭੋਲੇ ਲੋਕਾਂ ਨੂੰ ਇਨਾਂ ਅਹਿਸਾਸ ਹੀ ਨਹੀ ਕਿ ਗੁਰੂ ਨਾਨਕ ਤੇ ਗੁਰੂ ਰਿਮਪੋਚੇ ਦੇ ਕਾਲ ਵਿੱਚ 7-8 ਸਦੀਆਂ ਦਾ ਫਰਕ ਹੈ। ਕਈ ਲੋਕਾਂ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਅੰਮ੍ਰਿਤਸਰ ਜਿਹੜਾ ਸਰੋਵਰ ਹੈ ਇਹ ਹੀ ਉਦਿਆਨ ਦੀ ਮੂਲ ਝੀਲ ਹੈ। ਹਾਲਾਂ ਅੰਮ੍ਰਿਤਸਰ ਦੁਆਲੇ ਕੋਈ ਪਹਾੜ ਨਹੀ ਹਨ। ਕਹਿਣ ਤੋਂ ਮਤਲਬ ਸ਼ਰਧਾਲੂ ਲੋਕ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ।

ਇਨਾਂ ਲੋਕਾਂ ਦੀਆਂ ਹੀ ਗੱਲਾਂ ਸੁਣ ਕੇ ਸਾਡੇ ਡਾ. ਤ੍ਰਿਲੋਚਨ ਸਿੰਘ ਜਿਹੇ ਇਤਹਾਸਕਾਰਾਂ ਨੇ ਮੰਨ ਲਿਆ ਕਿ ਗੁਰੂ ਰਿਮਪੋਚੇ ਤੇ ਗੁਰੂ ਨਾਨਕ ਇੱਕ ਹੀ ਗੱਲ ਹੈ।

ਇਨਾਂ ਗੱਲਾਂ ਦਾ ਨਤੀਜਾ ਇਹ ਨਿਕਲਿਆ ਕਿ ਸ਼ਰਧਾਲੂ ਸਿੱਖਾਂ ਨੇ ਤਿਬਤ ਜਾਂ ਸਿਕਮ ਵਿੱਚ ਗੁਰਦੁਆਰੇ ਤਮੀਰ ਕਰਨੇ ਵੀ ਸ਼ੁਰੂ ਕਰ ਦਿੱਤੇ ਹਾਲਾਂ ਕਿ ਤਿਬਤੀਆਂ ਨੇ ਅਜਿਹੇ ਗੁਰਦੁਆਰਿਆਂ ਬਾਰੇ ਕੋਈ ਸ਼ਰਧਾ ਨਾਂ ਵਿਖਾਈ। ਨਤੀਜਾ: ਅੱਜ ਸਿੱਕਮ ਦੇ ਬੋਧੀਆਂ ਤੇ ਸਿੱਖਾਂ ਵਿੱਚ ਤਲਖੀ ਵਧੀ ਹੈ।

ਪਰ ਗੱਲ ਇਥੇ ਹੀ ਨਹੀ ਖਲੋਦੀ। ਕਿਉਕਿ ਅੱਜ ਕਲ ਸ੍ਰੀ ਭੀਮ ਰਾਓ ਅੰਬੇਦਕਰ ਦੇ ਸ਼ਰਧਾਲੂ ਕੁਝ ਦਲਿਤ ਲੋਕ ਬੁੱਧ ਧਰਮ ਗ੍ਰਿਹਣ ਕਰ ਰਹੇ ਹਨ ਓਨਾਂ ਵਿੱਚੋਂ ਇੱਕ ਨੇ ਆਪਣੀ ਕਿਤਾਬ ਵਿੱਚ ਦਾਅਵਾ ਹੀ ਠੋਕ ਦਿੱਤਾ ਹੈ ਕਿ ਸ੍ਰੀ ਹਰਮੰਦਰ ਸਾਹਿਬ ਮੂਲ ਵਿੱਚ ਬੋਧੀ ਅਸਥਾਨ ਹੈ।

ਦੀ ਮੂਲ ਕਹਾਣੀ

http://www.muktinath.org/buddhism/padmasambhava1.htm

ਕਈ ਲਿਖਾਰੀਆਂ ਗੁਰੂ ਸਾਹਿਬ ਦਾ ਮੰਡੀ ਜਾਣਾ ਲਿਖਿਆ ਹੈ। (ਗਿਆਨੀ-188, ਕੋਹਲੀ ਆਦਿ) ਮੰਡੀ ਸ਼ਹਿਰ ਦੀ ਨੀਂਹ ਸੰਨ 1527 ਵਿੱਚ ਰੱਖੀ ਗਈ ਸੀ। ਸੋ ਓਥੇ ਜਾਣਾ ਬਣਦਾ ਨਹੀ ਗੁਰੂ ਸਾਹਿਬ ਦਾ। ਹਾਂ ਸਿਓਕੋਟ ਹੋ ਸਕਦੈ ਗਏ ਹੋਣ।

◉ ਬਾਲਾ -249

॥ ਸਗਲ ਭਵਣ ਕੀ ਮੂਰਤਿ ਏਕਾ ਮੁਖਿ ਤੇਰੈ ਟਕਸਾਲਾ ॥੧॥ ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ ॥ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਆਪੇ ਸਰਬ ਸਮਾਣਾ ॥ ਰਹਾਉ ॥ ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ ॥ ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ ॥੨॥ ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ ॥ ਏਕੁ ਪੁਰਖੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ ॥੩॥ ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ ਮੈ ਮੂਰਖ ਕਿਛੁ ਦੀਜੈ ॥ ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ ਡੁਬਦਾ ਪਥਰੁ ਲੀਜੈ ॥੪

ਗੁਰੂ ਸਾਹਿਬ ਦੀ ਇਸ ਬਾਣੀ ਨੇ ਸਭ ਦਾ ਮੰਨ ਮੋਹ ਲਿਆ।

ਯਾਦ ਰਹੇ ਜਿੱਥੇ ਜਿਥੇ ਮਾਨਵਬਲੀ ਦਿੱਤੀ ਜਾਂਦੀ ਸੀ ਮੁਸਲਮਾਨ ਹੁਕਮਰਾਨਾਂ ਨੇ ਅਜਿਹੇ ਥਾਵਾਂ ਦਾ ਨੋਟਿਸ ਲੈ ਰੱਖਿਆ ਸੀ। ਕਈ ਥਾਂਈ ਅਜਿਹੇ ਮੰਦਰ ਢੁਹਾ ਵੀ ਦਿੱਤੇ ਗਏ। (ਵੇਖੋ ਪੰਨਾ- 107) ਸਿੱਖ ਰਾਜ ਆਉਣ ਵੇਲੇ ਤੱਕ ਮਾਨਵਬਲੀ ਬੰਦ ਹੋ ਚੁੱਕੀ ਸੀ। ਮੰਦਰ ਇਥੋਂ ਦੇ ਵੀ ਢਾਹੇ ਜਾ ਚੁੱਕੇ ਸਨ ਪਰ ਸ਼ਰਧਾਲੂਆਂ ਨੇ ਛੋਟੇ ਮੋਟੇ ਢਾਂਚੇ ਬਰਕਰਾਰ ਰੱਖੇ ਹੋਏ ਸਨ। ਕਿਉਕਿ ਮਹਾਰਾਜਾ ਰਣਜੀਤ ਸਿੰਘ ਹਰ ਧਰਮ ਦਾ ਸਤਿਕਾਰ ਕਰਦੇ ਸਨ ਜਵਾਲਾ ਜੀ ਦੇ ਮੰਦਰ ਮਹਾਰਾਜੇ ਨੇ ਆਪ ਆਪਣੇ ਸ਼ਹਿਜਾਦੇ ਖੜਗ ਸਿੰਘ ਰਾਂਹੀ ਬਣਵਾਏ। ਕਲਾਨੌਰ ਦਾ ਪ੍ਰਸਿੱਧ ਸ਼ਿਵ ਜੀ ਮੰਦਰ ਵੀ ਖੜਗ ਸਿੰਘ ਦੀ ਨਿਗਰਾਨੀ ਹੇਠ ਬਣਿਆ। ਪਹਾੜਾਂ ਦੀ ਦੰਦ ਕਥਾ ਮੁਤਾਬਿਕ ਪੰਜ ਪਾਂਡਵਾਂ ਨੇ ਪਹਿਲਾ ਮੰਦਰ ਇਥੇ ਬਣਾਇਆ ਸੀ।

ਜਵਾਲਾਮੁਖੀ ਵਿਖੇ ਗੁਰੂ ਸਾਹਿਬ ਅਰਜਨ ਨਾਂਗਾ ਜੋਗੀ ਦੇ ਡੇਰੇ ਤੇ ਰਹੇ। ਸਾਈਕਲ ਯਾਤਰੀ -666 ਨੇ ਆਪ ਡੇਰਾ ਅਰਜਨ ਨਾਂਗਾ ਵਿਖੇ ਅਰਜਨ ਦੀ ਮੂਰਤੀ ਦੇ ਨਾਲ ਹੀ ਗੁਰੂ ਸਾਹਿਬ ਦਾ ਯਾਦਗਾਰੀ ਥੜਾ ਵੇਖਿਆ ਅਤੇ ਤਸਵੀਰ ਲਈ ਜੋ ਨਾਲ ਦਿੱਤੀ ਜਾ ਰਹੀ ਹੈ।

ਗੁਰੂ ਸਾਹਿਬ ਦੀ ਆਮਦ ਨੂੰ ਧਿਆਨ ਵਿੱਚ ਰੱਖਦੇ ਹੋਏ ਮਹਾਰਾਜਾ ਰਣਜੀਤ ਸਿੰਘ ਨੇ ਇਥੇ ਮੁੱਖ ਮੂਰਤੀ ਤੇ ਸੋਨੇ ਦਾ ਛਤ੍ਰ ਚੜਾਇਆ। ਕਿਹਾ ਜਾਂਦਾ ਹੈ ਕਿ ਪਹਿਲਾਂ ਬਾਦਸ਼ਾਹ ਅਕਬਰ ਨੇ ਵੀ ਛਤ੍ਰ ਚੜਾਇਆ ਸੀ। ਖਾਲਸਾ ਮਹਾਰਾਜਾ ਨੇ ਫਿਰ ਇਥੇ ਦੋ ਗੁਰੂ ਗ੍ਰੰਥ ਸਾਹਿਬਾਨ ਦੇ ਪ੍ਰਕਾਸ਼ ਵੀ ਕਰਾਏ। ਸਾਈਕਲ ਯਾਤਰੀ ਨੇ ਦੁੱਖ ਪ੍ਰਗਟ ਕੀਤਾ ਕਿ ਦੋ ਗ੍ਰੰਥੀਆਂ ਨੂੰ ਬਕਾਇਦਾ ਤਨਖਾਹ ਵੀ ਮਿਲਦੀ ਹੈ ਪਰ ਇਹ ਲੋਕ ਪ੍ਰਕਾਸ਼ ਸਿਰਫ ਦਿਨ ਦਿਹਾੜੇ ਤੇ ਹੀ ਕਰਦੇ ਹਨ।

ਸਾਨੂੰ ਨਹੀ ਉਮੀਦ ਕਿ ਅੱਜ ਵੀ ਅਗਲਿਆਂ ਗੁਰੂ ਗ੍ਰੰਥ ਸਾਹਿਬ ਨੂੰ ਬਰਦਾਸ਼ਤ ਕੀਤਾ ਹੋਵੇ।

ਕਈ ਦਿਨ ਰਹਿ ਲੋਕਾਈ ਦਾ ਉਧਾਰ ਕਰਦੇ ਹੋਏ ਗੁਰੂ ਸਾਹਿਬ ਕਾਂਗੜੇ ਨੂੰ ਰਵਾਨਾ ਹੋ ਗਏ।

ਗੁਰੂ ਸਾਹਿਬ ਦੇ ਅਸਥਾਨ ਦੇ ਦਰਸ਼ਨ ਕਰਨ ਗੁਰੂ ਗੋਬਿੰਦ ਸਿੰਘ ਜੀ ਇਥੇ ਪਧਾਰ ਚੁੱਕੇ ਹਨ। ◉

ਕਾਂਗੜੇ ਦਾ ਬਾਬਾ◈

ਜਵਾਲਾ ਮੁੱਖੀ ਤੋਂ 34 ਕਿ. ਮੀ ਦਾ ਪੈਂਡਾ ਕਰਕੇ ਗੁਰੂ ਸਾਹਿਬ ਕਾਂਗੜਾ ਪਹੁੰਚੇ। ਕਾਂਗੜੇ ਵਿੱਚ ਵੀ ਸਾਕਤ ਪੂਜਾ ਦਾ ਜੋਰ ਸੀ ਜਿਸ ਕਰਕੇ ਇਸ ਇਲਾਕੇ ਵਿੱਚ ਨੇੜੇ ਤੇੜੇ ਦੇ ਹੋਰ ਮੰਦਰਾਂ ਵਿੱਚ ਪਹੁੰਚ ਲੋਕਾਂ ਨੂੰ ਰਾਹੇ ਪਾਇਆ ਤੇ ਬਲੀ ਆਦਿ ਦੇਣ ਤੋਂ ਵਰਜਿਆ। ਇਥੇ ਬ੍ਰਿਜੇਸ਼ਵਰੀ ਮੰਦਰ ਵਿੱਚ ਗੁਰੂ ਸਾਹਿਬ ਦੇ ਪਹੁੰਚਣ ਬਾਰੇ ਪਾਂਡਿਆਂ ਵਿੱਚ ਸੀਨਾ ਬਸੀਨਾ ਗੱਲ ਚਲਦੀ ਆ ਰਹੀ ਹੈ।

ਫਿਰ ਕਾਂਗੜੇ ਤੋਂ ਹੋਲਤਾ (ਪਾਲਮਪੁਰ) ਤੇ ਫਿਰ ਆਵਾ ਖੱਡ ਦੇ ਨਾਲ ਨਾਲ ਚਲਦੇ ਹੋਏ ਬਿਜੌਲ ਦੇ ਲਾਗਿਓ ਰਾਵੀ ਦਰਿਆ ਦੇ ਕੰਢੇ ਕੰਡੇ ਚਲਦੇ ਹੋਏ ਕੋਈ 100 ਕਿ. ਮੀ ਦਾ ਸਫਰ ਕਰਕੇ ਭਰਮੌਰ ਪਹੁੰਚੇ।

ਭਰਮੌਰ ਦੇ ਸਿੱਧ ਜੋਗੀ■

ਭਰਮੌਰ 7ਵੀ ਸਦੀ ਈ. ਤੋਂ ਧਾਰਮਿਕ ਤੇ ਰਾਜਨੀਤਕ ਕੇਂਦਰ ਚਲਿਆ ਆ ਰਿਹਾ ਹੈ। ਕਹਾਣੀ ਦੱਸੀ ਜਾਂਦੀ ਹੈ ਕਿ ਇਥੇ ਬਾਕਾਇਦਾ 9 ਨਾਥਾਂ ਤੇ 84 ਸਿੱਧਾਂ ਨੇ ਚਰਨ ਪਾਏ। ਗੁਰੂ ਸਾਹਿਬ ਹੁਣ ਤੱਕ ਸਿੱਧਾਂ ਤੇ ਨਾਥ ਜੋਗੀਆਂ ਨੂੰ ਬਹੁਤ ਚੰਗੀ ਤਰਾਂ ਸਮਝ ਚੁੱਕੇ ਸਨ। ਜੋਗੀ ਬਹੁਤ ਅਸਾਨੀ ਨਾਲ ਗੁਰੂ ਸਾਹਿਬ ਦੇ ਪੰਥ ਵਲ ਚਲੇ ਆਉਦੇ ਸਨ। ਸੋ ਗੁਰੂ ਸਾਹਿਬ ਨੇ ਜੋਗੀਆਂ ਨੂੰ ਕਾਲਪਨਿਕ ਖੰਡਾਂ ਤੇ ਸੁਰਤ ਲਾਉਣ ਤੋਂ ਹਟਾ ਕੇ ਧਰਤੀ ਤੇ ਮੌਜੂਦ ਸੱਚਖੰਡ ਦਾ ਅਹਿਸਾਸ ਦਿਵਾਇਆ। ਨਾਲੇ ਸਾਕਤ ਲੋਕਾਂ ਨੂੰ ਨਾਮ ਨਾਲ ਜੋੜਿਆ।

ਗੁਰ ਅਸਥਾਨ ਪਾਤਸ਼ਾਹੀ ਪਹਿਲੀ ਅਤੇ ਦਸਵੀ, ਅਰਜੁਨ ਨਾਂਗਾ ਮੰਦਰ ਵਿਖੇ ਮਹੰਤ ਸ਼ਰਨਦਾਸ ਅਤੇ ਉਸਦੀ ਮਾਤਾ ਖੜੇ ਹਨ। 17 ਜੂਨ 1933 । ਸਾਈਕਲ ਯਾਤਰੀ - 668)

ਲਗਦੈ ਇਥੇ ਕਿਸੇ ਸਾਧੂ ਆਦਿ ਦੀ ਮੌਤ ਤੇ ਇਹ ਸ਼ਬਦ ਬੋਲਿਆ:-

ਪ੍ਰਭਾਤੀ ਮਹਲਾ ੧ ॥ ਆਖਣਾ ਸੁਨਣਾ ਨਾਮੁ ਅਧਾਰੁ ॥ ਧੰਧਾ ਛੁਟਕਿ ਗਇਆ ਵੇਕਾਰੁ ॥ ਜਿਉ ਮਨਮੁਖਿ ਦੂਜੈ ਪਤਿ ਖੋਈ ॥ ਬਿਨੁ ਨਾਵੈ ਮੈ ਅਵਰੁ ਨ ਕੋਈ ॥੧॥ ਸੁਣਿ ਮਨ ਅੰਧੇ ਮੂਰਖ ਗਵਾਰ ॥ ਆਵਤ ਜਾਤ ਲਾਜ ਨਹੀ ਲਾਗੈ ਬਿਨੁ ਗੁਰ ਬੂਡੈ ਬਾਰੋ ਬਾਰ ॥੧॥ ਰਹਾਉ ॥ ਇਸੁ ਮਨ ਮਾਇਆ ਮੋਹਿ ਬਿਨਾਸੁ ॥ ਧੁਰਿ ਹੁਕਮੁ ਲਿਖਿਆ ਤਾਂ ਕਹੀਐ ਕਾਸੁ ॥ ਗੁਰਮੁਖਿ ਵਿਰਲਾ ਚੀਨੈ ਕੋਈ ॥ ਨਾਮ ਬਿਹੂਨਾ ਮੁਕਤਿ ਨ ਹੋਈ ॥੨॥ ਭ੍ਰਮਿ ਭ੍ਰਮਿ ਡੋਲੈ ਲਖ ਚਉਰਾਸੀ ॥ ਬਿਨੁ ਗੁਰ ਬੂਝੇ ਜਮ ਕੀ ਫਾਸੀ ॥ ਇਹੁ ਮਨੂਆ ਖਿਨੁ ਖਿਨੁ ਉਭਿ ਪਇਆਲਿ ॥ ਗੁਰਮੁਖਿ ਛੂਟੈ ਨਾਮੁ ਸਮ੍ਹਾਲਿ ॥੩॥ ਆਪੇ ਸਦੇ ਢਿਲ ਨ ਹੋਇ ॥ ਸਬਦਿ ਮਰੈ ਸਹਿਲਾ ਜੀਵੈ ਸੋਇ ॥ ਬਿਨੁ ਗੁਰ ਸੋਝੀ ਕਿਸੈ ਨ ਹੋਇ ॥ ਆਪੇ ਕਰੈ ਕਰਾਵੈ ਸੋਇ ॥੪॥ ਝਗੜੁ ਚੁਕਾਵੈ ਹਰਿ ਗੁਣ ਗਾਵੈ ॥ ਪੂਰਾ ਸਤਿਗੁਰੁ ਸਹਜਿ ਸਮਾਵੈ ॥ ਇਹੁ ਮਨੁ ਡੋਲਤ ਤਉ ਠਹਰਾਵੈ ॥ ਸਚੁ ਕਰਣੀ ਕਰਿ ਕਾਰ ਕਮਾਵੈ ॥੫॥ ਅੰਤਰਿ ਜੂਠਾ ਕਿਉ ਸੁਚਿ ਹੋਇ ॥ ਸਬਦੀ ਧੋਵੈ ਵਿਰਲਾ ਕੋਇ ॥ ਗੁਰਮੁਖਿ ਕੋਈ ਸਚੁ ਕਮਾਵੈ ॥ ਆਵਣੁ ਜਾਣਾ ਠਾਕਿ ਰਹਾਵੈ ॥੬॥ ਭਉ ਖਾਣਾ ਪੀਣਾ ਸੁਖੁ ਸਾਰੁ ॥ ਹਰਿ ਜਨ ਸੰਗਤਿ ਪਾਵੈ ਪਾਰੁ ॥ ਸਚੁ ਬੋਲੈ ਬੋਲਾਵੈ ਪਿਆਰੁ ॥ ਗੁਰ ਕਾ ਸਬਦੁ ਕਰਣੀ ਹੈ ਸਾਰੁ ॥੭॥ ਹਰਿ ਜਸੁ ਕਰਮੁ ਧਰਮੁ ਪਤਿ ਪੂਜਾ ॥ ਕਾਮ ਕ੍ਰੋਧ ਅਗਨੀ ਮਹਿ ਭੂੰਜਾ ॥ ਹਰਿ ਰਸੁ ਚਾਖਿਆ

ਤਉ ਮਨੁ ਭੀਜਾ ॥ ਪ੍ਰਣਵਤਿ ਨਾਨਕੁ ਅਵਰੁ ਨ ਦੂਜਾ ॥੮॥੫॥

ਇਥੇ ਹੋਰ ਵੀ ਬਹੁਤ ਬਾਣੀ ਰਚੀ ਜਿਸ ਬਾਬਤ ਜੋਗੀਆਂ ਨਾਲ ਗੋਸ਼ਟਾਂ ਵਾਲੀ ਸਾਖੀ ਵਿੱਚ ਵਿਸਥਾਰ ਦਿੱਤਾ ਗਇਆ ਹੈ।

ਭਰਮੌਰ ਤੋਂ ਹੀ ਗੁਰੂ ਸਾਹਿਬ ਮਨੀ ਮਹੇਸ਼ ਗਏ ਜਿੱਥੇ ਜੋਗੀਆਂ ਦਾ ਇਕੱਠ ਹੋਇਆ ਰਹਿੰਦਾ ਸੀ। ਮਨੀ ਮਹੇਸ਼ ਦੀ ਝੀਲ ਆਪਣੀ ਕੁਦਰਤੀ ਨਜਾਰਿਆਂ ਕਰਕੇ ਪ੍ਰਸਿਧ ਹੈ। ਪਰ ਸ਼ਰਧਾਲੂਆਂ ਨੇ ਇਸ ਨੂੰ ਸ਼ਿਵ ਜੀ ਦੇ ਨਾਂ ਨਾਲ ਜੋੜ ਰੱਖਿਆ ਹੈ। 84 ਸਿੱਧਾਂ ਵਿੱਚੋਂ ਬਿੱਲੇ ਛਾਇਆ ਨਾਥ ਮਨੀ ਮਹੇਸ਼ ਤੋਂ ਹੀ ਹੋਇਆ ਹੈ।

ਕਈ ਲੋਕਾਂ ਦਾ ਮੰਨਣਾ ਹੈ ਕਿ ਗੁਰੂ ਸਾਹਿਬ ਤ੍ਰਿਲੋਕ ਨਾਥ ਵੀ ਗਏ ਸਨ। ✦

ਢੁਆਸ ਜਾਂ ਹਟਵਾਸ ਵਿਖੇ ਬਾਬਾ◉

ਇਹ ਵੀ ਖਿਆਲ ਕੀਤਾ ਜਾਂਦਾ ਹੈ ਕਿ ਹੋ ਸਕਦਾ ਗੁਰੂ ਸਾਹਿਬ ਭਰਮੌਰ ਗਏ ਹੀ ਨਾਂ ਹੋਣ। ਕਿਉਕਿ ਪਿੰਡ ਢੁਆਸ (ਲਿਖਤੀ ਹਟਵਾਸ ਨੇੜੇ ਨਗਰੋਟਾ ਬਾਗਵਾਨ। ਨਕਸ਼ਾ ਸੂਚਕ 32.111,76.397) ਵਿਖੇ ਗੁਰੂ ਸਾਹਿਬ ਦੇ ਪਹੁੰਚਣ ਦੇ ਸਬੂਤ ਮਿਲਦੇ ਹਨ। 23 ਜੂਨ 1933 ਨੂੰ ਸਾਈਕਲ ਯਾਤਰੀ ਨੇ ਪਿੰਡ ਢੁਆਸ ਪਹੁੰਚ ਕੇ ਉਸ ਵੇਲੇ ਤੱਕ ਮੌਜੂਦ ਗੁਰ ਅਸਥਾਨ ਦੀ ਤਸਵੀਰ ਵੀ ਦਿੱਤੀ ਹੈ ਜੋ ਇਥੇ ਪੇਸ਼ ਕੀਤੀ ਜਾ ਰਹੀ ਹੈ।

ਪਹੁੰਚ ਗਇਆ ਬਾਬਾ ਕੀੜ੍ਹੀਆਂ ਦੇ ਸ਼ਹਿਰ

ਭਰਮੌਰ ਤੋਂ ਮਨੀਮਹੇਸ਼ ਤੇ ਓਥੋਂ ਗੁਰੂ ਸਾਹਿਬ ਸਿੱਧੇ ਦੱਖਣ ਨੂੰ ਪਹਾੜੀ ਪਗਡੰਡੀਆਂ ਰਾਂਹੀ 50 ਕਿ.ਮੀ. ਦਾ ਸਫਰ ਕਰਕੇ ਕੀੜਗ੍ਰਾਮ ਪਹੁੰਚੇ। ਹਿਮਾਚਲ ਦਾ ਜੋ ਅੱਜ ਕਲ੍ਹ ਬੈਜਨਾਥ ਸ਼ਹਿਰ ਹੈ ਗੁਰੂ ਸਾਹਿਬ ਦੇ ਵੇਲੇ ਇਹ ਕੀੜ ਗ੍ਰਾਮ ਕਹਾਉਂਦਾ ਸੀ। ਸਦੀਆਂ ਪਹਿਲਾਂ ਕੀੜ ਗੋਤ ਦੇ ਤਿੱਬਤੀਆਂ◉ ਦਾ ਰਾਜ ਦੂਰ ਦੂਰ ਤੱਕ ਸੀ ਪਰ ਉਨਾਂ ਦਾ ਪਤਨ ਹੋਣ ਤੇ ਗੁਰੂ ਸਾਹਿਬ ਦੇ ਵੇਲੇ ਇਹ ਮਾਮੂਲੀ ਜਗੀਰਦਾਰ ਦੀ ਹੈਸੀਅਤ ਵਿੱਚ ਸਨ ਜੋ ਕਾਂਗੜਾ ਦਾ ਬਾਜਗੁਜਾਰ ਭਾਵ ਅਧੀਨ ਰਾਜਾ ਸੀ ਤੇ ਆਪਣੇ ਆਪ ਨੂੰ ਕੀੜੀਆਂ

ਬ੍ਰਿਜੇਸ਼ਵਰੀ ਮੰਦਰ, ਕਾਂਗੜਾ। ਕਿਹਾ ਜਾਂਦਾ ਹੈ ਕਿ ਮਹਿਮੂਦ ਗਜ਼ਨਵੀ ਨੇ ਇਹਨੂੰ ਪੰਜ ਵਾਰੀ ਲੁੱਟਿਆ ਸੀ। ਇਮਾਰਤ ਸਦੀ ਪੁਰਾਣੀ ਹੀ ਹੈ। ਮੂਲ 1905 ਈ. ਦੇ ਭੁਚਾਲ ਵਿਚ ਡਿੱਗ ਪਈ ਜੋ ਦੁਬਾਰਾ ਬਣੀ ਹੈ। ਇਥੋਂ ਦੇ ਪੰਡੇ ਬੜੇ ਮਾਣ ਨਾਲ ਕਹਿੰਦੇ ਨੇ ਕਿ ਗੁਰੂ ਨਾਨਕ ਸਾਹਿਬ ਇਥੇ ਪਧਾਰੇ ਸਨ।

ਦੀ ਸੰਤਾਨ ਦੱਸਦੇ ਸਨ। ਇਹ ਇੱਕ ਤਰਾਂ ਨਾਲ ਧਮਕੀ ਹੁੰਦੀ ਸੀ ਕਿ ਜਿਹੜਾਂ ਇਸ ਨਗਰ ਤੇ ਹਮਲਾ ਕਰੇਗਾ ਉਨੂੰ ਅਸੀ ਇਸ ਤਰਾਂ ਮਾਰ ਮੁੱਕਾ ਦਿਆਂਗੇ ਜਿਵੇ ਕੀੜੀਆਂ ਰਲ ਕੇ ਵੱਡੇ ਤੋਂ ਵੱਡੇ ਜਾਨਵਰ ਨੂੰ ਖਾ ਮਾਰਦੀਆਂ ਹਨ। ਰਿਆਸਤ ਵਿੱਚ ਕੁਝ ਇਸ ਤਰਾਂ ਦੀ ਕਹਾਣੀ ਪ੍ਰਚਲਤ ਕੀਤੀ ਹੋਈ ਸੀ:

ਇਕ ਰਾਜਾ ਸੀ ਜਿਸ ਕੋਲ 52 ਖੂਹਣੀਆਂ ਫੌਜ ਸੀ। (ਇਕ ਖੂਹਣੀ ਵਿੱਚ ਕੋਈ 2 ਲੱਖ ਸਿਪਾਹੀ) ਬੈਜਨਾਥ ਇਲਾਕੇ ਵਿੱਚ ਆ ਨਿਕਲਿਆ। ਅੱਗੋ ਇੱਕ ਕੀੜੀ ਆ ਮਿਲੀ। ਕੀੜੀ ਕਹਿਣ ਲੱਗੀ ਕਿ ਮਹਾਰਾਜ ਇਸ ਰਾਹ ਤੇ ਨਾਂ ਚਲੋ। ਰਾਜਾ ਕਹਿਣ ਲੱਗਾ ਜੇ ਮੈਂ ਚਲਾਂ ਤੇ ਫਿਰ ਕੀ ਹੋ ਜਾਊ? ਕੀੜੀ ਕਹਿਣ ਲੱਗੀ ਫਿਰ ਤੈਨੂੰ ਮੇਰੇ ਨਾਲ ਜੰਗ ਕਰਨਾਂ ਪਊ। ਹਾਂ ਜੇ ਮੇਰੇ ਹੁਕਮ ਵਿੱਚ ਚਲੇਗਾ ਤਾਂ ਮੇਰੀ ਸ਼ਰਤ ਹੈ ਕਿ ਪਹਿਲਾਂ ਮੇਰਾ ਨਿਉਤਾ ਸਵੀਕਾਰ ਕਰ। ਮੇਰੇ ਘਰ ਲੰਗਰ ਪਾਣੀ ਖਾ। ਦੋਸਤੀ ਕਰ ਸਾਡੇ ਨਾਲ।

ਰਾਜਾ ਹੱਸ ਪਿਆ। "ਮੈਂ 52 ਖੂਹਣੀਆਂ ਦਾ ਮਾਲਕ ਤੇ ਕੀੜੀ ਦੇ ਘਰ ਰੋਟੀ ਖਾਵਾਂ!!!"

ਉਹਨੇ ਕੀੜੀ ਨੂੰ ਆਪਣੇ ਪੈਰਾਂ ਥੱਲੇ ਮਧੋਲ ਦਿੱਤਾ। ਕੀੜੀ ਇੱਕ ਦਮ ਪਤਾਲ ਵਿੱਚ ਵੜ੍ਹ ਗਈ ਤੇ ਬਾਕੀ ਕੀੜੀਆਂ ਨੂੰ ਹਮਲੇ ਦਾ ਇਸ਼ਾਰਾ ਦੇ ਦਿੱਤਾ। ਕੀੜੀਆਂ ਜਮੀਨ ਵਿੱਚੋਂ ਅਜਿਹਾ ਜ਼ਹਿਰ ਲੈ ਕੇ ਉਤੋਂ ਆਈਆਂ ਕਿ ਜਿਸ ਵੀ ਜਾਨਵਰ ਨਾਲ ਛੂਹ ਜਾਣ ਉਹ ਓਥੇ ਹੀ ਢੇਰ ਹੋ ਜਾਵੇ। ਰਾਜੇ ਦੀ ਸਾਰੀ ਫੌਜ ਜਮੀਨ ਤੇ ਲੇਟ ਗਈ।

ਫਿਰ ਕੀੜੀ ਰਾਜੇ ਕੋਲ ਗਈ। "ਹੁਣ ਸੁਣਾ?"

ਰਾਜਾ ਕਹਿੰਦਾ ਠੀਕ ਹੈ ਮੈਂ ਤੇਰਾ ਹੁਕਮ ਮੰਨਦਾ ਵਾਂ।

ਫਿਰ ਕੀੜੀ ਨੇ ਆਪਣੀ ਸੈਨਾ ਨੂੰ ਇਸ਼ਾਰਾ ਦਿੱਤਾ ਕਿ ਹੁਣ ਅੰਮ੍ਰਿਤ ਲੈ ਆਓ ਤੇ ਸਾਰਿਆਂ ਨੂੰ ਜਿਵਾ ਦਿਓ। ਘੜੀ ਪਲ ਵਿੱਚ ਹੀ ਸਾਰੀ ਫੌਜ ਫਿਰ ਨੌ ਬਰ ਨੌ ਸੀ।

ਕੀੜੀ ਰਾਜੇ ਸਮੇਤ ਸਾਰੀ ਫੌਜ ਨੂੰ ਆਪਣੇ ਮਹਿਲਾਂ ਵਿੱਚ ਲੈ ਗਈ । ਭੋਜਨ ਪਰੋਸਿਆ ਗਿਆ।

ਪੈੜ ਸਾਡਾ

◘ ਅਜਿਹੇ ਹਲਾਤਾਂ ਵਿੱਚ ਰਾਜੇ ਨੇ ਮੰਦਰ ਬਣਵਾਉਣਾ ਹੁੰਦਾ ਹੈ ਤੇ ਕੋਈ ਕਥਾ ਕਹਾਣੀ ਵੀ ਨਾਲ ਘੜਨੀ ਹੁੰਦੀ ਹੈ ਤਾਂ ਕਿ ਰਿਆਸਤ ਵਾਸਤੇ ਟੈਕਸ ਵਧੇ- ਵੇਖੋ ਕੁਟੱਲਿਆ ਦਾ ਅਰਥ ਸ਼ਾਸਤਰ।

ਕਈ ਹਿਮਾਚਲ ਦੇ ਵਿਦਵਾਨਾਂ ਨੂੰ ਗਿਲਾ ਹੈ ਕਿ ਭਾਰਤ ਸਰਕਾਰ ਦੀ ਇੰਡੀਅਨ ਨੇਚੁਰਲ ਗੈਸ ਕਮਿਸ਼ਨ ਨੇ ਇਸ ਗਰੀਬ ਪਹਾੜੀ ਖੇਤਰ ਵਿੱਚ ਗੈਸ ਲਈ ਖੂਹ ਪੁੱਟਣਾ ਸ਼ੁਰੂ ਕੀਤਾ ਪਰ ਰਾਜਨੀਤਕ ਦਬਾਅ ਪੈਣ ਕਰਕੇ ਕ੍ਰੋੜਾਂ ਰੁਪਏ ਦੇ ਖਰਚੇ ਤੋਂ ਬਾਦ ਕੰਮ ਅੱਧ ਵਿੱਚਾਲੇ ਹੀ ਤਿਆਗ ਦਿੱਤਾ।

◉ ਸਾਈਕਲ ਯਾਤਰੀ -668

● ਛਿਨਮਸਤਾ ਦੇਵੀ- ਜਦੋਂ ਦੇਵੀ ਖੁੱਦ ਦੀ ਧੌਣ ਹੀ ਲਾਹ ਦਿੰਦੀ ਹੈ: - https://en.wikipedia.org/wiki/Chhinnamasta

ਕੋਈ ਵਿਦਵਾਨ ਇਹ ਵੀ ਕਹਿ ਸਕਦਾ ਹੈ ਕਿ ਇਹ ਹੋ ਹੀ ਨਹੀ ਸਕਦਾ ਕਿ ਗੁਰੂ ਸਾਹਿਬ ਮਾਤਾ ਚਿੰਤਪੁਰਨੀ (ਜਿਲਾ ਊਨਾਂ, ਹਿਮਾਚਲ) ਨਾਂ ਗਏ ਹੋਣ। ਇਥੇ ਯਾਦ ਦਿਵਾਉਣਾ ਬਣਦਾ ਹੈ ਕਿ ਚਿੰਤਪੁਰਨੀ ਮੰਦਰ ਪੰਡਤ ਮਾਈ ਦਾਸ ਨੇ ਅੱਜ ਤੋਂ ਕੋਈ 750 ਸਾਲ ਪਹਿਲਾਂ ਬਣਾਇਆ ਸੀ। ਗੁਰੂ ਸਾਹਿਬ ਦੇ ਸਮਿਆਂ ਵਿੱਚ ਅਜੇ ਇਹਦੀ ਮਾਨਤਾ ਜਿਆਦਾ ਨਹੀ ਸੀ ਬਣ ਪਾਈ। ਮਾਈ ਦਾਸ ਨੇ ਇਹ ਕਥਾ ਪ੍ਰਚਲਤ ਕੀਤੀ ਕਿ ਇਹ ਵੀ ਸ਼ਕਤੀ ਪੀਠ ਹੈ ਤੇ ਇਥੇ ਸਤੀ ਦੇਵੀ ਦਾ ਸਿਰ ਡਿੱਗਾ ਸੀ।

◈ ਸਾਈਕਲ ਯਾਤਰੀ -675

ਰਾਜਾ ਕੀ ਵੇਖਦਾ ਹੈ ਕਿ ਹਰ ਚੀਜ਼ ਠੰਡੀ, ਬੈਹੀ ਬਾਸੀ ਤੇ ਜੂਠੀ ਹੈ। ਰਾਜੇ ਨੇ ਪੁੱਛ ਲਿਆ ਕਿ ਕੀੜ ਮਹਾਰਾਜ ਸਾਨੂੰ ਸਭ ਕੁਝ ਬੈਹਾ ਕਿਓ ਪ੍ਰੋਸਿਆ ਗਇਆ ਹੈ।

ਕੀੜੀ ਕਹਿਣ ਲੱਗੀ ਕਿ ਦਰ ਅਸਲ ਤੁਹਾਡੇ ਤੋਂ ਪਹਿਲਾਂ ਵੀ ਇੱਕ ਰਾਜਾ ਆਇਆ ਸੀ। ਉਹਦੀ ਫੌਜ ਤੁਹਾਡੇ ਨਾਲੋ ਹਜਾਰਾਂ ਗੁਣਾਂ ਵੱਡੀ ਸੀ। ਅਸੀ ਉਨ੍ਹੂੰ ਜੋ ਭੋਜਨ ਛਕਾਇਆ ਇਹ ਓਸੇ ਦੀ ਜੂਠ ਹੈ। ਰਾਜਾ ਕੀ ਵੇਖਦਾ ਹੈ ਕਿ ਜੂਠ ਦੇ ਅੰਬਾਰ ਲੱਗੇ ਹੋਏ ਹਨ। ਜੂਠਾ ਭੋਜਨ, ਘੋੜਿਆਂ ਲਈ ਘਾਹ ਦਾਣਾ ਵੀ ਜੂਠਾ।

ਇਹ ਵੇਖ ਕੇ ਰਾਜੇ ਦਾ ਹੰਕਾਰ ਚੂਰ ਚੂਰ ਹੋ ਗਇਆ ਕਿ ਮੇਰੇ ਨਾਲੋ ਕਈ ਗੁਣਾਂ ਵੱਡੇ ਰਾਜੇ ਵੀ ਇਥੇ ਫਨ੍ਹਾ ਹੋ ਗਏ ਹਨ।

ਇਹ ਕਹਾਣੀ ਸੁਣ ਕੇ ਗੁਰੂ ਸਾਹਿਬ ਨੇ ਹੱਸੂ ਤੇ ਸ਼ੀਹੇ ਹੁਰਾਂ ਨੂੰ ਕਿਹਾ ਕਿ ਸਵਾਲ ਇਹ ਨਹੀ ਕਿ ਬੈਜਨਾਥ ਦੀ ਕਹਾਣੀ ਕਿੰਨੀ ਕੁ ਸੱਚੀ ਜਾਂ ਝੂਠੀ ਹੈ ਪਰ ਇਹ ਸੱਚ ਹੈ ਕਿ ਵੱਡੇ ਤੋਂ ਵੱਡੇ ਜਾਨਵਰ ਨੂੰ ਇੱਕ ਛੋਟਾ ਜਿਹਾ ਕੀਟ ਮਾਰ ਮੁਕਾਅ ਸਕਦਾ ਹੈ।¤

ਹੱਸੂ ਤੇ ਸ਼ੀਹੇ ਹੁਰੀ ਹੈਰਾਨ ਪ੍ਰੇਸ਼ਾਨ ਸਨ। ਅਜੇ ਕੁਝ ਦਿਨ ਪਹਿਲਾਂ ਹੀ ਉਨਾਂ ਨੇ ਪਾਣੀ ਉਤੇ ਧਰਤੀ ਦੇ ਟਿੱਬੇ ਤਰਦੇ ਹੋਏ ਵੇਖੇ ਸਨ। ਗੁਰੂ ਸਾਹਿਬ ਨੇ ਓਨਾਂ ਨੂੰ ਸੰਬੋਧਨ ਕਰਕੇ ਸ਼ਬਦ ਬੋਲਿਆ:-

ਗੁਰ ਅਸਥਾਨ ਪਾ: ੧ ਪਿੰਡ ਢੁਆਸ ਪਹਾੜ (ਕਾਂਗੜਾ)- 23 ਜੂਨ 1933

"ਗੁਰ ਅਸਥਾਨ ਪਾ: 1, ਪਿੰਡ ਢੁਆਸ, ਪਹਾੜ, (ਕਾਂਗੜਾ)-23 ਜੂਨ 1933" - ਸਾਈਕਲ ਯਾਤਰੀ

ਸਲੋਕੁ ਮਃ ੧ ॥ ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ ॥ ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ ॥ ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ ॥ ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥ ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ ॥ ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ ॥੧॥ ਮਃ ੧ ॥ ਇਕਿ ਮਾਸਹਾਰੀ ਇਕਿ ਤ੍ਰਿਣੁ ਖਾਹਿ ॥ ਇਕਨਾ ਛਤੀਹ ਅੰਮ੍ਰਿਤ ਪਾਹਿ ॥ ਇਕਿ ਮਿਟੀਆ ਮਹਿ ਮਿਟੀਆ ਖਾਹਿ ॥ ਇਕਿ ਪਉਣ ਸੁਮਾਰੀ ਪਉਣ ਸੁਮਾਰਿ ॥ ਇਕਿ ਨਿਰੰਕਾਰੀ ਨਾਮ ਆਧਾਰਿ ॥ ਜੀਵੈ ਦਾਤਾ ਮਰੈ ਨ ਕੋਇ ॥ ਨਾਨਕ ਮੁਠੇ ਜਾਹਿ ਨਾਹੀ ਮਨਿ ਸੋਇ ॥੨

ਹਿੰਦੂ ਧਰਮ ਦੀ ਕੁੱਟਲ ਨੀਤੀ ਅਨੁਸਾਰ ਰਾਜਾ ਤੇ ਬ੍ਰਾਹਮਣ ਹਕੂਮਤ ਵਿੱਚ ਸਹੂਲਤ ਹਾਸਲ ਕਰਨ ਜਾਂ ਸਰਕਾਰ ਲਈ ਟੈਕਸ ਦਾ ਵਾਧਾ ਕਰਨ ਜਾਂ ਮੰਦਰ ਦੀ ਕਮਾਈ ਵਧਾਉਣ ਲਈ ਕੋਈ ਵੀ ਕਹਾਣੀ ਘੜ ਸਕਦੇ ਹਨ। • ਇਥੋਂ ਦੇ ਬ੍ਰਾਹਮਣਾਂ ਨੇ ਫਿਰ ਇੱਕ ਗੱਲ ਹੋਰ ਕਹਿ ਦਿੱਤੀ ਕਿ ਹਿੰਦੂ ਧਰਮ ਦੇ 12 ਜੋਤੀ ਲਿੰਗਾਂ ਵਿੱਚੋ ਇੱਕ ਲਿੰਗ ਇਥੇ ਹੈ ਭਾਵ ਵੈਦਿਆ ਨਾਥ। ਯਾਦ ਰਹੇ ਹਿੰਦੁਸਤਾਨ ਵਿੱਚ ਵੈਦਿਆ ਨਾਥ ਜੋਤੀਲਿੰਗ ਜਿਹੜਾ ਦਿਓਗੜ੍ਹ (ਝਾਰਖੰਡ) ਵਿੱਚ ਹੈ ਸਿਰਫ ਓਨ੍ਹੂੰ ਮਾਨਤਾ ਹੈ ਹਾਲਾਂ ਕਿ ਪਾਰਲੇ ਮਹਾਰਾਸ਼ਟ੍ਰ ਦੇ ਪੰਡਿਆਂ ਦਾ ਵੀ ਦਾਅਵਾ ਹੈ ਕਿ ਅਸਲ ਵੈਦ ਨਾਥ ਓਨਾਂ ਦੇ ਸ਼ਹਿਰ ਵਾਲਾ ਹੈ। ਸੋ ਪੰਜਾਬੀਆਂ ਦਾ ਵੈਦਨਾਥ ਭਾਵ ਰੋਗਾਂ ਤੋਂ ਮੁਕਤ ਕਰਨ ਵਾਲਾ ਭਗਵਾਨ ਕੀੜ ਨਗਰ ਵਿੱਚ ਹੈ। ਪਰ ਪੰਜਾਬੀ ਲੋਕ ਹਰ ਭਾਸ਼ਾ ਦੇ ਨਾਂ ਨੂੰ ਆਪਣੇ ਲਹਿਜੇ ਅਨੁਸਾਰ ਢਾਲ ਲੈਂਦੇ ਹਨ। ਵੈਦਿਆ ਨਾਥ ਬਣ ਗਇਆ ਬੈਜਨਾਥ।

ਸਿਰਫ ਏਨਾ ਹੀ ਨਹੀ ਪੰਡਿਆਂ ਨੇ ਇੱਕ ਹੋਰ ਕਥਾ ਵੀ ਨਾਲ ਜੋੜ ਲਈ ਕਿ ਇਹ ਓਹੀ ਜੋਤੀਲਿੰਗ ਹੈ ਜਿਹੜਾ ਲੰਕਾ ਦੇ ਰਾਵਣ ਨਾਲ ਸਬੰਧ ਰੱਖਦਾ ਹੈ। ਐਨ ਓਹੋ ਕਹਾਣੀ ਜਿਹੜੀ ਤਮਿਲਨਾਡੂ ਦੇ ਤਿਰੂਚਿਰਾਪੱਲੀ ਦੇ ਸ੍ਰੀਰੰਗਮ ਮੰਦਰ ਦੀ ਹੈ। ਕਥਾ ਕੁਝ ਇਸ ਪ੍ਰਕਾਰ ਹੈ:-

ਪੈਰ ਸਾਡਾ

■ **ਸਿੱਧ** - ਓਹਨਾਂ ਜੋਗੀਆਂ ਸਨਿਆਸੀਆਂ ਨੂੰ ਕਿਹਾ ਜਾਂਦਾ ਹੈ ਜਿਹੜੇ ਤਪੱਸਿਆ ਕਰਕੇ ਰਿੱਧੀਆਂ ਸਿੱਧੀਆਂ ਹਾਸਲ ਕਰ ਲੈਂਦੇ ਹਨ। ਭਾਵ ਉਹ ਕੋਈ ਵੀ ਚਮਤਕਾਰ ਕਰ ਸਕਦੇ ਹਨ। ਵਸਤੂ (ਮੈਟਰ) ਨੂੰ ਇਧਰ ਉਧਰ ਕਰ ਸਕਦੇ ਹਨ।

ਨੌ ਨਾਥ - 1. ਆਦਿ ਨਾਥ ਭਾਵ ਭਗਵਾਨ ਸ਼ਿਵ ਜੀ, 2. ਮਤਸਏਦ੍ਰਨਾਥ, 3. ਗੋਰਖ ਨਾਥ, 4. ਅਚੰਭੇ ਨਾਥ, 5. ਚੌਰੰਗੀ ਨਾਥ, 6. ਗਜਕੰਠਰ ਨਾਥ, 7. ਸੰਤੋਖ ਨਾਥ, 8. ਸਤਨਾਥ, 9. ਉਦੈ ਨਾਥ।

ਸਿੱਧ ਨਾਥ ਪੰਥ (ਗੋਰਖ ਨਾਥ ਆਦਿ) ਦਾ ਬੁੱਧ ਮੱਤ ਨਾਲ ਨੇੜ ਦਾ ਸਬੰਧ ਹੈ: ਵੇਖੋ ਮਨੀ ਮਹੇਸ਼ ਚੰਬਾ ਕੈਲਾਸ਼- ਕਮਲ ਪ੍ਰਸ਼ਾਦ ਸ਼ਰਮਾ (ਪੰਨਾ-15) ਅੰਗਰੇਜੀ ਵਿੱਚ।

+ ਤ੍ਰਿਲੋਕਪੁਰ -ਗਿਆਨੀ -186. ਇਥੇ ਗਿਆਨੀ ਜੀ ਕੋਲੋਂ ਗਲਤੀ ਹੋ ਗਈ ਹੈ ਜਿਹੜਾ ਉਹਨਾਂ ਨੇ ਤ੍ਰਿਲੋਕਪੁਰ ਨੂੰ ਤ੍ਰਿਲੋਕ ਨਾਥ ਲਿਖਕੇ ਕਹਿ ਦਿੱਤਾ ਕਿ ਗੁਰੂ ਸਾਹਿਬ ਤ੍ਰਿਲੋਕ ਨਾਥ ਵੀ ਗਏ ਹਨ। ਤ੍ਰਿਲੋਕ ਨਾਥ, ਭਰਮੌਰ ਤੋਂ 45 ਕਿ.ਮੀ. ਬਹੁਤ ਹੀ ਕਠਨ ਪਹਾੜੀ ਰਸਤੇ ਉੱਤਰ ਵਿੱਚ ਤ੍ਰਿਲੋਕ ਨਾਥ ਮੰਦਰ ਹੈ। ਕੋਹਲੀ - 109 ਨੇ ਵੀ ਗਿਆਨੀ ਜੀ ਕਰਕੇ ਮੱਖੀ ਤੇ ਮੱਖੀ ਮਾਰ ਦਿੱਤੀ ਅਤੇ ਇਹੋ ਗਲਤੀ ਅਸੀ ਕਰਨ ਲੱਗੇ ਸੀ ਪਰ ਸਾਈਕਲ ਯਾਤਰੀ-662 ਨੇ ਸਾਨੂੰ ਬਚਾ ਲਿਆ। ਇਸ ਕਰਕੇ ਸਾਡੇ ਮੰਨ ਤੇ ਥੋੜਾ ਬੋਝ ਵੀ ਆ ਗਇਆ ਹੈ ਕਿ ਆਪਣੇ ਸਰੋਤਾਂ ਸਦਕਾ ਹੋ ਸਕਦਾ ਹੋਰ ਥਾਂਈ ਵੀ ਅਸੀ ਅਜਿਹੀਆਂ ਗਲਤੀਆਂ ਕੀਤੀਆਂ ਹੋਣ।

ਤ੍ਰਿਲੋਕ ਪੁਰ ਜਿਹੜਾ ਸਰਦਾਰ ਲਹਿਣਾ ਸਿੰਘ ਨੇ ਬੰਨਿਆ ਸੀ ਉਹ ਨਾਹਨ ਤੋਂ ਨੱਕ ਦੀ ਸੀਧ 8 ਕਿ. ਮੀ ਪੱਛਮ ਅਤੇ ਕਾਲਾ ਅੰਬ ਤੋਂ 4 ਕਿ.ਮੀ ਉੱਤਰ ਹੈ ਭਾਵ ਨਰਾਇਣਗੜ੍ਹ (ਹਰਿਆਣਾ) ਤੋਂ ਸਿੱਧਾ 10 ਕਿ. ਮੀ. ਹੈ। ਜਦੋਂ ਕਿ ਤ੍ਰਿਲੋਕ ਨਾਥ ਤਾਂ ਭਰਮੌਰ ਜਿਲੇ ਵਿੱਚ ਨਾਹਣ ਤੋਂ ਸੜ੍ਹਕ ਰਸਤੇ ਕੋਈ 510 ਕਿ. ਮੀ. ਪੈ ਜਾਂਦਾ ਹੈ।

ਸਿੱਖ ਰਾਜ ਵੇਲੇ ਪਹਾੜੀ ਰਾਜਿਆਂ ਤੇ ਨਿਗਾਹ ਰੱਖਣ ਲਈ ਮਹਾਰਾਜਾ ਰਣਜੀਤ ਸਿੰਘ ਨੇ ਲਹਿਣਾ ਸਿੰਘ ਮਜੀਠੀਆਂ ਨੂੰ ਆਪਣਾ ਸੂਬਾ ਥਾਪ ਕੇ ਇਥੇ ਬੈਠਾਇਆ ਸੀ। ਲਹਿਣਾ ਸਿੰਘ ਨੇ ਇਥੇ ਇੱਕ ਗੁਰਦੁਆਰਾ ਬਣਾਕੇ 31 ਗੁਰੂ ਗ੍ਰੰਥ ਸਾਹਿਬਾਨ ਦਾ ਪ੍ਰਕਾਸ਼ ਕਰਵਾ ਦਿੱਤਾ। ਗ੍ਰੰਥੀਆਂ ਦੇ ਗੁਜਾਰੇ ਲਈ ਜਗੀਰ ਲਾ ਦਿੱਤੀ।

ਗਿਆਨੀ ਦਾ ਮੰਨਣਾ ਹੈ ਕਿ ਗੁਰੂ ਸਾਹਿਬ ਕਸ਼ਮੀਰ ਵਾਲੇ ਪਾਸਿਓ ਮਨੀ ਮਹੇਸ਼ ਆਏ ਸਨ। ਨਾਲੇ ਤ੍ਰਿਲੋਕ ਨਾਥ ਦੀ ਐਨੀ ਮਹੱਤਤਾ ਵੀ ਨਹੀ ਸੀ। ਸਾਡਾ ਵੀ ਮੰਨਣਾ ਹੈ ਕਿ ਗੁਰੂ ਸਾਹਿਬ ਨੇ ਲੋਹੜੇ ਦੀ ਠੰਡ ਵੇਲੇ ਕਿਸੇ ਵੀ ਸੂਰਤ ਵਿੱਚ ਸੁਮੇਰ ਦੀ ਯਾਤਰਾ ਨਹੀ ਕਰੰਭੀ ਹੋਵੇਗੀ। ਸਰਦੀਆਂ ਓਨਾਂ ਨੇ ਹਿਮਾਚਲ ਵਿੱਚ ਹੀ ਬਿਤਾਈਆਂ ਹੋਣਗੀਆਂ ਤੇ ਕਿਤੇ ਮਾਰਚ ਅਪਰੈਲ ਵਿੱਚ ਜਾ ਕੇ ਉਸ ਪਾਸੇ ਰਵਾਨੇ ਹੋਏ ਹੋਣਗੇ।

ਢੁਆਸ ◉ ਸਾਈਕਲ ਯਾਤਰੀ-675 ਲਿਖਦਾ ਹੈ:

"ਕਾਗੜਾ ਸ਼ਹਿਰ ਤੋਂ 9 ਮੀਲ ਤੇ ਸ਼ਹਿਰ ਨਗਰੋਟਾ ਪਹੁੰਚਾ। ਨਗਰੋਟਾ ਤੋਂ ਚੜ੍ਹਦੇ ਦੀ ਤਰਫ ਇੱਕ ਮੀਲ 3 ਫਰਲਾਂਗ ਤੇ ਪਿੰਡ ਢੁਆਸ ਪਹੁੰਚਾ। ਮੋਟਰਾਂ ਦੀ ਸੜ੍ਹਕ ਦੇ ਪਾਸ ਹੀ ਦੱਖਣ ਦੀ ਤਰਫ 2 ਫਰਲਾਂਗ ਤੇ ਪਿੰਡ ਢੁਆਸ ਦੇ ਜਿਮੀਦਾਰਾਂ ਦੇ ਘਰ ਹਨ। ਇੰਨਾਂ ਘਰਾਂ ਤੋਂ ਵਾਪਸ ਸੜ੍ਹਕ ਪਾਸੇ ਰਾਹ ਨਿਕਲਦਾ ਹੈ ਅਤੇ ਸੜ੍ਹਕ ਤੋਂ ਸਿਰਫ 20 ਕਰਮਾਂ ਤੇ ਬੋਹੜ ਦੇ ਪੇੜ ਹੇਠਾਂ ਸ੍ਰੀ ਗੁਰੂ ਨਾਨਕ ਸਾਹਿਬ ਦੀ ਮੰਜੀ ਸਾਹਿਬ ਗੁਰੂ ਅਸਥਾਨ ਬਣਿਆ ਹੋਇਆ ਹੈ, ਜਿਸ ਦੀ ਛੱਤ ਛੱਪਰ ਦੀ ਹੈ। ਮੰਜੀ ਸਾਹਿਬ ਆਲੇ ਦੁਆਲੇ ਪੱਕੀ ਪੱਥਰਾਂ ਦੀ ਚਾਰ ਦੀਵਾਰੀ ਬਣੀ ਹੋਈ ਹੈ। ਸੜ੍ਹਕ ਦੇ ਉੱਤਰ ਦੀ ਤਰਫ ਪਾਸ ਹੀ ਪੀ. ਡਬਿਲਊ ਦੇ ਮਹਿਕਮੇ ਦੀ ਕੋਠੀ ਬਣੀ ਹੋਈ ਹੈ। ਇਸ ਕੋਠੀ ਤੋਂ ਗੁਰੂ ਅਸਥਾਨ ਪੱਛਮ ਦੀ ਤ੍ਰਫ ਡੇਢ ਫਰਲਾਂਗ ਤੇ ਹੈ। ਪਿੰਡ ਢੁਆਸ ਅਤੇ ਪਿੰਡ ਕੀਰ ਚੰਬਾ ਦੇ ਦਰਮਿਆਨ ਇਹ ਅਸਥਾਨ ਹੈ। ਪਿੰਡ ਢੁਆਸ ਦੀ ਜਮੀਨ ਵਿੱਚ। ਇਥੇ 25-26-27 ਚੇਤ ਨੂੰ ਮੇਲਾ ਲੱਗਦਾ ਹੈ। ਜਮੀਨ ਵਗੈਰਾ ਕੋਈ ਨਹੀ ਤੇ ਨਾ ਕੋਈ ਹਮੇਸ਼ਾਂ ਰਹਿੰਦਾ ਹੈ। ਮੇਲੇ ਪੁਰ ਮਸੰਦ ਆਉਦੇ ਹਨ ਤੇ ਚੜਾਵਾ ਵਗੈਰਾ ਹੜੱਪ ਕਰਕੇ ਘਰਾਂ ਨੂੰ ਚਲੇ ਜਾਦੇ ਹਨ।"

ਅਸਾਂ 20 ਮਈ 2019 ਨੂੰ ਇਸ ਬਾਬਤ ਇਸ ਪਿੰਡ ਦੇ ਨਿਵਾਸੀ ਮਿਲਖੀ ਰਾਮ ਨਾਲ ਫੋਨ ਤੇ ਗੱਲ ਬਾਤ ਕੀਤੀ ਜਿੰਨਾਂ ਨੇ ਤਸਦੀਕ ਕੀਤਾ ਕਿ ਇਸ ਵੇਲੇ ਇਥੇ ਕੋਈ ਗੁਰਦੁਆਰਾ ਜਾਂ ਯਾਦਗਾਰ ਨਹੀ ਬਚੀ ਹੋਈ।

ਪੰਜਾਬੀ ਹਿੰਦੂਆਂ ਦਾ ਜਯੋਤ੍ਰਿ ਲਿੰਗ। ਬੈਜਨਾਥ ਮੰਦਰ। ਇਮਾਰਤ 1204 ਈ.

ਕਿ ਰਾਵਣ (ਰਾਮ ਨਹੀ, ਰਾਵਣ) ਨੇ ਭਗਵਾਨ ਸ਼ਿਵ ਜੀ ਦੀ ਇੰਨੀ ਕਠਣ ਤਪੱਸਿਆ ਕੀਤੀ ਕਿ ਭਗਵਾਨ ਸ਼ਿਵ ਜੀ ਨੇ ਕਿਹਾ ਕਿ "ਦੱਸ ਰਾਵਣ ਕੀ ਚਾਹੁੰਨਾ ਏ। ਤੂੰ ਤਾਂ ਸਾਨੂੰ ਜਿਤ ਲਿਆ।" ਰਾਵਣ ਨੇ ਕਿਹਾ ਕਿ ਭਗਵਾਨ ਤੁਸੀ ਮੇਰੇ ਨਾਲ ਮੇਰੀ ਰਾਜਧਾਨੀ ਲੰਕਾ ਵਿਖੇ ਪਧਾਰੋ। ਭਗਵਾਨ ਨੇ ਸ਼ਿਵਲਿੰਗ ਦਾ ਰੂਪ ਧਾਰਨ ਕਰ ਲਿਆ ਤੇ ਰਾਵਣ ਨੂੰ ਕਿਹਾ ਕਿ ਭਾਈ ਲੈ ਚਲ ਪਰ ਯਾਦ ਰੱਖੀ ਜਿੱਥੇ ਤੂੰ ਸਾਨੂੰ ਰੱਖ ਦੇਵੇਗਾ ਅਸੀ ਓਥੋਂ ਦੇ ਹੀ ਹੋ ਕੇ ਰਹਿ ਜਾਵਾਂਗੇ।

ਰਾਵਣ ਫਿਰ ਕੈਲਾਸ਼ ਪਰਬਤ ਤੋਂ ਸ਼ਿਵਲਿੰਗ ਲੈ ਚਲਦਾ ਹੈ। ਜਦੋਂ ਉਹ ਕੀੜਗ੍ਰਾਮ ਲਾਗੋਂ ਦੀ ਨਿਕਲ ਰਿਹਾ ਸੀ ਤਾਂ ਉਨੂੰ ਕੁਦਰਤ ਦਾ ਬੁਲਾਵਾ ਆ ਗਇਆ (ਟੱਟੀ ਆ ਗਈ) ਰਾਵਣ ਨੂੰ ਸਮਝ ਨਹੀ ਆ ਰਹੀ ਸੀ ਕਿ ਕੀ ਕਰੇ। ਕਿਉਕਿ ਜੇ ਉਹ ਲਿੰਗ ਨੂੰ ਜਮੀਨ ਤੇ ਰੱਖ ਦੇਵੇਗਾ ਤਾਂ ਲਿੰਗ ਓਥੇ ਹੀ ਟਿੱਕ ਜਾਵੇਗਾ। ਇਧਰ ਓਧਰ ਨਿਗਾ ਮਾਰੀ ਤਾਂ ਕੀ ਵੇਖਦਾ ਹੈ ਕਿ ਇੱਕ ਪਾਲੀ ਮੱਝਾ ਗਾਵਾਂ ਚਾਰ ਰਿਹਾ ਹੈ। ਰਾਵਣ ਉਸ ਕੋਲ ਗਇਆ ਤੇ ਪਾਲੀ ਨੂੰ ਕਿਹਾ ਕਿ ਤੂੰ ਕੁਝ ਚਿਰ ਇਹ ਲਿੰਗ ਫੜ੍ਹ ਕੇ ਰੱਖ ਮੈਂ ਹੁਣੇ ਵਾਪਸ ਲੈ ਲੈਨਾ ਵਾਂ। ਪਾਲੀ ਨੇ ਉਹ ਲਿੰਗ ਚੁੱਕ ਲਿਆ।

ਪਰ ਜਦੋਂ ਕੁਝ ਦੇਰ ਤੱਕ ਰਾਵਣ ਨਹੀ ਪਰਤਿਆ ਤਾਂ ਪਾਲੀ ਕੋਲੋਂ ਉਹ ਲਿੰਗ ਸੰਭਾਲਣਾ ਮੁਸ਼ਕਲ ਹੋ ਗਿਆ। ਉਸ ਨੇ ਉਹ ਪੱਥਰ ਦਾ ਲਿੰਗ ਜਮੀਨ ਤੇ ਰੱਖ ਦਿੱਤਾ।

ਵਾਪਸ ਜਦੋਂ ਰਾਵਣ ਆਇਆ ਤਾਂ ਪਾਲੀ ਨੇ ਕਿਹਾ ਕਿ ਤੂੰ ਬਹੁਤ ਦੇਰ ਲਾ ਦਿੱਤੀ ਮੇਰੇ ਕੋਲੋ ਇਨਾਂ ਭਾਰ ਚੁੱਕਿਆ ਨਹੀ ਸੀ ਜਾ ਰਿਹਾ ਜਿਸ ਕਰਕੇ ਮਜਬੂਰਨ ਮੈਨੂੰ ਲਿੰਗ ਨੂੰ ਇਥੇ ਰੱਖਣਾ ਪਿਆ। ਰਾਵਣ ਨੇ ਮੱਥੇ ਤੇ ਹੱਥ ਮਾਰਿਆ ਕਿ ਇਹ ਕੀ ਕੀਤਾ ਈ? ਬਸ ਲਿੰਗ ਓਥੇ ਦਾ ਓਥੇ ਹੀ ਰਹਿ ਗਿਆ। ਤੇ ਇਹ ਓਹੀ ਰਾਵਣ ਵਾਲਾ ਲਿੰਗ ਹੈ ਜਿਹੜਾ ਬੈਜਨਾਥ ਵਿਖੇ ਬਰਾਜਮਾਨ ਹੈ।

1204 ਈ. ਵਿੱਚ ਕੀੜ ਗ੍ਰਾਮ ਦੇ ਰਾਜੇ ਨੇ ਇਸ ਲਿੰਗ ਤੇ ਖੂਬਸੂਰਤ ਇਮਾਰਤ ਬਣਵਾ ਦਿੱਤੀ ਜਿਹੜੀ ਅਜ ਤੱਕ ਨੌ ਬਰ ਨੌ ਹੈ। ਜਦੋਂ ਰਾਜੇ ਨੇ ਇਮਾਰਤ ਬਣਾਈ ਤਾਂ ਇਸ ਦੀ ਖੂਬਸੂਰਤੀ ਦੀਆਂ ਧੁੰਮਾਂ ਚਾਰ ਚੁਫੇਰੇ ਪੈ ਗਈਆਂ। ਕਿ ਰੋਗਾਂ ਤੋਂ ਮੁਕਤ ਕਰਨ ਵਾਲਾ ਭਗਵਾਨ ਸ਼ਿਵ ਜੀ ਕੀੜ ਗ੍ਰਾਮ ਵਿਖੇ ਮੌਜੂਦ ਹੈ।

ਜੋਗੀਆਂ ਰਿਸ਼ੀਆਂ ਮੁਨੀਆਂ ਸਾਧੂਆਂ ਦੀ ਭੀੜ ਇਥੇ ਰਹਿਣੀ ਸ਼ੁਰੂ ਹੋ ਗਈ।

ਸੋ ਭਰਮੌਰ ਤੋਂ ਚਲ ਕੇ ਗੁਰੂ ਸਾਹਿਬ ਇਥੇ ਪਧਾਰੇ ਤੇ ਲੋਕਾਈ ਨੂੰ ਰੋਗ ਮੁਕਤੀ ਦਾ ਅਸਲ ਰਾਹ ਨਾਮ ਦੱਸਿਆ। ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਬਣਾਉਟੀ ਕਥਾ ਕਹਾਣੀਆਂ ਤਿਆਗ ਕੇ ਲੋਕੋ ਸੱਚ ਨਾਲ ਜੁੜੋ। ਸਰਬ ਵਿਆਪਕ ਰੱਬ ਦੀ ਹੋਂਦ ਤੇ ਉਹਦੀ ਸਿਫਤ ਸਲਾਹ ਨਾਲ ਲੋਕਾਂ ਨੂੰ ਜੋੜਿਆ।

ਬੈਜਨਾਥ ਦਾ ਕੀੜ ਰਾਜਾ ਵੀ ਗੁਰੂ ਸਾਹਿਬ ਦੀ ਚਰਨੀ ਲੱਗਾ ਤੇ ਸਿੱਖ ਹੋ ਨਿਬੜਿਆ।

ਬੈਜਨਾਥ ਤੋਂ ਗੁਰੂ ਸਾਹਿਬ ਕੁਲੂ ਨੂੰ ਰਵਾਨਾ ਹੋ ਗਏ।

ਭੁੰਤਰ – ਰਾਜੇ ਨੂੰ ਕੁਕਰਮ ਤੋਂ ਵਰਜਿਆ

ਜਨਮਸਾਖੀ ਦੇ ਭੂਟੰਤ ਤੋਂ ਮਤਲਬ ਭੂਟਾਨ ਨਹੀ, ਭੂਟੰਤਰ ਹੈ ❋

ਮੰਡੀ ਤੋਂ ਕੋਈ 50 ਕਿ.ਮੀ ਦਾ ਪੈਂਡਾ ਕਰਕੇ ਗੁਰੂ ਸਾਹਿਬ ਭੁੰਤਰ (ਪੁਰਾਣਾ ਨਾਂ ਭੂਟੰਤਰ) ਪਹੁੰਚੇ। ਇਹ ਉਹ ਥਾਂ ਹੈ ਜਿੱਥੇ ਪਾਰਬਤੀ ਨਦੀ ਬਿਆਸ ਦਰਿਆ ਵਿਚ ਪੈਂਦੀ ਹੈ। ਕੁੱਲੂ ਇਸ ਤੋਂ 9 ਕਿ. ਮੀ. ਉਤੈ ਹੈ। ਇਹ ਵੀ ਪੁਰਾਣਾ ਧਾਰਮਿਕ ਅਸਥਾਨ ਹੈ ਜਿਥੋਂ ਦਾ 9ਵੀ ਸਦੀ ਦਾ ਬਿਸ਼ਵੇਸ਼ਵਰ ਮਹਾਦੇਵ ਮੰਦਰ ਪੁਰਾਤਨ ਇਮਾਰਤ ਕਲਾ ਦਾ ਸੁੰਦਰ ਨਮੂਨਾ ਹੈ।

ਕਿਉਕਿ ਸ਼ਹਿਰ ਦੇ ਵਿਚੋਂ ਦੀ ਨਦੀ ਵਹਿੰਦੀ ਹੈ ਅਤੇ ਜਦੋਂ ਗੁਰੂ ਸਾਹਿਬ ਅਤੇ ਮਰਦਾਨੇ ਨੇ ਨਦੀ ਦੇ ਦੂਸਰੇ ਪਾਰ ਜਾਣਾ ਚਾਹਿਆ ਤਾਂ ਮਲਾਹ ਨੇ ਸੋਚਿਆ ਕਿ ਸਾਧੂ ਫਕੀਰਾਂ ਕੋਲੋਂ ਕਿਹੜਾ ਕੋਈ ਪੈਸਾ ਦਮੜੀ ਹਾਸਲ ਹੋਣਾ ਹੈ ਇਸ ਕਰਕੇ ਉਸ ਨੇ ਬਹਾਨਾ ਬਣਾਇਆ ਕਿ ਸ਼ਾਮ ਦੇ ਵਕਤ ਬੇੜੀ ਨਹੀ ਪਾ ਸਕਦਾ ਇਸ ਕਰਕੇ ਗੁਰੂ ਸਾਹਿਬ ਨੂੰ ਪਾਰ ਲੰਘਾਉਣ ਤੋਂ ਇਨਕਾਰ ਕਰ ਦਿਤਾ। ਮਰਦਾਨਾ ਪਾਰ ਜਾਣ ਤੇ ਬਜਿੱਦ ਸੀ। ਗੁਰੂ ਸਾਹਿਬ ਨੇ ਫਿਰ ਨਦੀ ਕੰਢੇ ਖੜੇ ਹੋ ਕੇ ਮਰਦਾਨੇ ਨੂੰ ਕਿਹਾ ਕਿ ਅੱਖਾਂ ਬੰਦ ਕਰਕੇ ਸਤਿਨਾਮ ਵਾਹਿਗੁਰੂ ਦਾ ਜਾਪ ਕਰੋ। ਅਜਿਹੇ ਕਰਨ ਤੇ ਜਦੋਂ ਮਰਦਾਨੇ ਨੇ ਅੱਖਾਂ ਖੋਹਲੀਆਂ ਤਾਂ ਉਹ ਨਦੀ ਦੇ ਚੜ੍ਹਦੇ ਪਾਸੇ ਸਨ।

ਇਹ ਕੌਤਕ ਜਦੋਂ ਲੋਕਾਂ ਵੇਖਿਆ ਤਾਂ ਦੁਹਾਈ ਪੈ ਗਈ। ਗੁਰੂ ਸਾਹਿਬ ਦੁਆਲੇ ਭੀੜ ਵਧਦੀ ਗਈ। ਪਰ ਦੀਨ ਦੁਨੀ ਦਾ ਸ਼ਾਹ ਅਤੇ ਮਰਦਾਨਾ ਪੱਥਰ ਤੇ ਬਹਿ ਕੀਰਤਨ ਕਰਨ ਲੱਗੇ। ਸਾਰਾ ਸ਼ਹਿਰ ਹੁੰਮ ਹੁੰਮਾ ਕੇ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆ ਰਿਹਾ ਸੀ। ਲੋਕਾਂ ਨੂੰ ਉਪਦੇਸ਼ ਦਿਤਾ ਕਿ ਪੱਥਰ ਪੂਜਣਾ ਛੱਡ ਕੇ ਸਰਬ ਸ਼ਕਤੀਮਾਨ ਨਿਰੰਕਾਰ ਦੀ ਅਰਾਧਨਾ ਕਰਿਆ ਕਰੋ।

ਇਥੇ ਹੀ ਫਿਰ ਕੁੱਲੂ ਦਾ ਰਾਜਾ ਮੋਹਰਾਂ ਅਤੇ ਸੋਹਣੇ ਉੱਨੀ ਬਸਤਰਾਂ ਦੀ ਭੇਟ ਲੈ ਕੇ ਗੁਰੂ ਸਾਹਿਬ ਦੇ ਹਾਜਰ ਹੋਇਆ। ਇਸ

ਪੈਰ ਸਫਾ

- ◉ Mani Mahesh Chamba Kailash - Kamal Parsad Sharma : Indus Publishing Co. New Delhi. (Available online)
- ● ਵੇਖੋ ਕੁਟੱਲਿਆ ਦਾ ਅਰਥ ਸ਼ਾਸਤਰ

◘ ਬੈਕਟੀਰੀਆਂ ਤੇ ਵਾਇਰਸ ਇੰਨੇ ਛੋਟੇ ਹਨ ਕਿ ਅਸੀ ਨੰਗੀ ਅੱਖ ਨਾਲ ਓਨਾਂ ਨੂੰ ਵੇਖ ਹੀ ਨਹੀ ਸਕਦੇ। ਮਤਲਬ ਕਿ ਸਿਰ ਦੇ ਵਾਲ੍ਹ ਦੀ ਮੋਟਾਈ ਤੋਂ 1000 ਗੁਣਾਂ ਛੋਟੇ। ਪਰ ਫਿਰ ਵੀ ਉਹ ਇਨਸਾਨ ਨੂੰ ਮਾਰ ਮੁਕਾ ਦਿੰਦੇ ਹਨ।

ਰਾਜੇ ਦੀ ਮਸ਼ਹੂਰੀ ਸੀ ਕਿ ਉਹ ਆਪ ਵੀ ਬੜਾ ਕਿਰਤੀ ਸੀ ਤੇ ਪਸ਼ੂਆਂ ਵਾਸਤੇ ਆਪ ਪੱਠੇ ਵੱਢਿਆ ਕਰਦਾ ਸੀ। ਪਰ ਨਾਲ ਹੀ ਕੁੱਲੂ ਦੀ ਰਿਆਸਤ ਦੀ ਬਦਨਾਮੀ ਵੀ ਸੀ ਕਿ ਇਥੇ ਅਜੇ ਵੀ ਪੁਰਾਣੀ ਪ੍ਰੰਪਰਾ ਮੌਜੂਦ ਹੈ ਜਿਸ ਤਹਿਤ ਵਿਆਹ ਮੌਕੇ ਲਾੜੀ ਨੂੰ ਕੁਝ ਰਾਤਾਂ ਰਾਜੇ ਦੇ ਮਹਿਲਾਂ ਵਿਚ ਬਿਤਾਉਣੀਆਂ ਪੈਂਦੀਆਂ ਸਨ ਤੇ ਫਿਰ ਉਹ ਆਪਣੇ ਪਤੀ ਦੇ ਘਰ ਜਾ ਸਕਦੀ ਸੀ।

ਗੁਰੂ ਸਾਹਿਬ ਨੇ ਰਾਜੇ ਦੀ ਨਿਮਰਤਾ ਵੇਖਦੇ ਹੋਏ ਅਸ਼ੀਰਵਾਦ ਦਿੱਤਾ ਤੇ ਰਾਜੇ ਨੂੰ ਸਮਝਾਇਆ ਕਿ ਇਹ ਬਸਤ੍ਰ ਅਤੇ ਮੋਹਰਾ ਸਾਡੇ ਕਿਸੇ ਕੰਮ ਨਹੀ। ਸਾਧੂ ਵਾਸਤੇ ਕੀਮਤੀ ਸਮਾਨ ਉਹਦੀ ਜਾਨ ਦਾ ਖੌਅ ਬਣਦਾ ਹੈ। ਰਾਜੇ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਇਸ ਇਲਾਕੇ ਵਿਚ ਹੋਰ ਕੋਈ ਪੈਦਾਵਾਰ ਹੀ ਨਹੀ। ਬਸ ਜਾਨਵਰਾਂ ਦੀ ਉੱਨ ਰਿਆਸਤ ਦੀ ਕਮਾਈ ਦਾ ਸਾਧਨ ਹੈ ਜਾਂ ਫਿਰ ਥੋੜਾ ਬਹੁਤ ਧਾਨ ਹੋ ਜਾਂਦਾ ਹੈ। ਗੁਰੂ ਸਾਹਿਬ ਨੇ ਅਸ਼ੀਰਵਾਦ ਦਿੱਤੀ ਕਿ ਇਥੋਂ ਦੀ ਧਰਤੀ ਸੋਨਾ ਉਗਲਿਆ ਕਰੇਗੀ ਬਸ ਨਿਰੰਕਾਰ ਦੇ ਲੜ੍ਹ ਲੱਗੋ।

ਗੁਰੂ ਸਾਹਿਬ ਨੇ ਫਿਰ ਰਾਜੇ ਕੋਲ ਸ਼ਕਾਇਤ ਲਗਾਈ ਕਿ ਤੁਹਾਡੀ ਰਿਆਸਤ ਦੀ ਬਦਨਾਮੀ ਹੈ ਕਿ ਅਜੇ ਵੀ ਤੁਸੀ ਵਿਆਹ ਵਾਲੀ ਲਾੜੀ ਨੂੰ ਪਹਿਲਾਂ ਆਪਣੇ ਕੋਲ ਰੱਖਦੇ ਹੋ। ਇਹ ਪ੍ਰਥਾ ਬੰਦ ਕਰ ਦਿਓ ਅਕਾਲ ਪੁਰਖ ਤੁਹਾਡੇ ਰਾਜ ਤੇ ਬਖਸ਼ਸ਼ਾਂ ਕਰੇਗਾ। ਰਾਜੇ ਨੇ ਗੁਰੂ ਸਾਹਿਬ ਅੱਗੇ ਵਾਇਦਾ ਕੀਤਾ ਕਿ ਉਹ ਅੱਜ ਤੋਂ ਹੀ ਇਹ ਰਿਵਾਜ ਬੰਦ ਕਰਨ ਦਾ ਐਲਾਨ ਕਰਦਾ ਹੈ।

ਉਹ ਦੋ ਸਿਲਾਂ ਜਿੰਨਾਂ ਤੇ ਗੁਰੂ ਸਾਹਿਬ ਅਤੇ ਭਾਈ ਮਰਦਾਨਾ ਬਿਰਾਜੇ ਸਨ ਅੱਜ ਵੀ ਨਦੀ ਕਿਨਾਰੇ ਮੌਜੂਦ ਨੇ।

ਮਨੀਕਰਣ (ਕੁੱਲੂ) ਪਹੁੰਚਿਆ ਕਲਿਤਾਰਨ

ਬੈਜਨਾਥ ਤੋਂ ਕੋਈ 55 ਕਿਲੋ ਮੀਟਰ ਦਾ ਪੈਂਡਾ ਚਲ ਕੇ ਗੁਰੂ ਸਾਹਿਬ ਦੇਵੀ ਦੇਵਤਿਆ ਦੀ ਭੂਮੀ ਕੁਲੂ ਪਹੁੰਚੇ। ਹਿਮਾਚਲ ਪਹਾੜੀ ਇਲਾਕੇ ਦਾ ਸਭ ਤੋਂ ਮਹੱਤਵਪੂਰਨ ਤੇ ਇਤਹਾਸਿਕ ਜੇ ਕੋਈ ਸ਼ਹਿਰ ਹੈ ਤਾਂ ਉਹ ਹੈ ਕੁਲੂ। ਕੁਲੂ ਦਾ ਜਿਕਰ ਬਕਾਇਦਾ ਹਿੰਦੂ ਪੁਰਾਣਾਂ, ਮਹਾਭਾਰਤ ਅਤੇ ਰਮਾਇਣ ਵਿੱਚ ਵੀ ਮਿਲਦਾ ਹੈ। ਇਹਦੀ ਇਤਹਾਸਿਕ ਮਹੱਤਤਾ ਹੀ ਸੀ ਕਿ 8ਵੀ ਸਦੀ ਈ. ਦਾ ਚੀਨੀ ਯਾਤਰੀ ਹਿਊਨ ਸਾਂਗ ਨੂੰ ਜਲੰਧਰ ਤੋਂ ਚਲ ਫਿਰ ਪਹਾੜਾਂ ਵਲ ਪਰਤਣਾ ਪਿਆ ਸੀ। ਇਲਾਕਾ ਹਿੰਦੂ ਤੇ ਬੋਧੀ ਮੰਦਰਾਂ ਦੇਵੀ ਦੇਵਤਿਆਂ ਦੀਆਂ ਕਥਾ ਕਹਾਣੀਆਂ ਨਾਲ ਲੱਥ ਪੱਥ ਹੈ। ਇਥੇ ਕੋਈ ਪੱਥਰ ਪੂਜ ਰਿਹਾ ਸੀ, ਕੋਈ ਅਸਮਾਨੀ ਬਿਜਲੀ, ਕੋਈ ਰੁਖ, ਕੋਈ ਸੂਰਜ, ਕੋਈ ਚੰਦਰਮਾ, ਜਾਂ ਹੋਰ ਤਰਾਂ ਤਰਾਂ ਦੇ ਕਾਲਪਨਿਕ ਦੇਵੀ ਦੇਵਤੇ। ਇਥੇ ਪਹੁੰਚ ਗੁਰੂ ਸਾਹਿਬ ਨੇ ਇੱਕ ਨਿਰੰਕਾਰ ਦੇ ਨਾਮ ਦਾ ਢਿੰਡੋਰਾ ਪਿੱਟਿਆ ਤੇ ਦੁਹਾਈ ਦਿੱਤੀ ਕਿ ਭੋਲੇ ਲੋਕੋ ਕ੍ਰਿਤਾਂ ਨੂੰ ਛੱਡ ਕੇ ਕਰਤੇ ਦੇ ਮਗਰ ਲੱਗੋ। ਨਾਮ ਦੇ ਲੜ ਲੱਗੋ ਤੁਹਾਡੇ ਦੁੱਖ ਦਲਿਦਰ ਨਾਸ ਹੋ ਜਾਣਗੇ ਤੇ ਤੁਸੀ ਚੜ੍ਹਦੀ ਕਲਾ ਵਿੱਚ ਵੱਸੋਗੇ।

ਇਥੇ ਵੀ ਲੋਕ ਅਦਭੁਤ ਕੁਦਰਤੀ ਵਰਤਾਰਿਆਂ ਨੂੰ ਹੀ ਪੂਜੀ ਜਾਂਦੇ ਸਨ ਜਿਵੇਂ ਜਵਾਲਾਮੁੱਖੀ ਵਿਖੇ ਨਿਕਲਦੀ ਜਮੀਨੀ ਗੈਸ ਨੂੰ ਦੇਵੀ ਮੰਨ ਲਿਆ ਸੀ ਇਥੇ ਵੀ ਜਮੀਨੀ ਲਾਵੇ ਕਾਰਨ ਪਾਣੀ ਦੇ ਗਰਮ ਚਸ਼ਮਿਆਂ ਨੂੰ ਹੀ ਪੂਜੀ ਜਾਂਦੇ ਸਨ। ਗੁਰੂ ਸਾਹਿਬ ਨੇ ਲੋਕਾਈ ਨੂੰ ਸੁਨੇਹਾ ਦਿੱਤਾ ਕਿ ਇਹ ਚਸ਼ਮੇ ਇਹ ਗੈਸ ਆਦਿ ਦਾ ਨਿਕਲਨਾ

ਭੁੰਤਰ। ਠਾਠਾਂ ਮਾਰਦਾ ਬਿਆਸ। ਪਿਛੇ ਗੁਰਦੁਆਰਾ ਜਿਥੇ ਗੁਰੂ ਸਾਹਿਬ ਬਿਰਾਜੇ।

ਕੁਦਰਤੀ ਖੇਡ ਹੈ। ਇਹ ਰੱਬ ਨਹੀ। ਇਸ ਖੇਡ ਨੂੰ ਚਲਾਉਣ ਵਾਲੇ ਨੂੰ ਮੰਨੋ। ਲੋਕਾਂ ਨੂੰ ਸਮਝਾਉਣ ਲਈ ਫਿਰ ਮਨੀਕਰਣ (ਕੁਲੂ ਤੋਂ 40 ਕਿ. ਮੀ ਪੂਰਬ) ਦੇ ਸਥਾਨ ਤੇ ਗੁਰੂ ਸਾਹਿਬ ਨੇ ਹੁਕਮ ਕਰ ਕੇ ਖੁਦਵਾਈ ਕਰਾਈ ਤੇ ਓਥੋਂ ਵੀ ਗਰਮ ਜਲ ਦਾ ਚਸ਼ਮਾ ਫੁੱਟ ਪਿਆ। ਗੁਰਸਿੱਖਾਂ ਨੇ ਅੱਜ ਵੀ ਓਥੇ ਗੁਰੂ ਸਾਹਿਬ ਦੀ ਯਾਦਗਾਰ ਬਣਾਈ ਹੋਈ ਹੈ।

ਪੁਰਾਤਨ ਜਨਮਸਾਖੀ ਵਿੱਚ ਆਉਦਾ ਹੈ ਕਿ ਇਥੇ ਲੋਕਾਂ ਨੇ ਮਰਦਾਨੇ ਨੂੰ ਕੱਚੀ ਰਸਦ ਤਾਂ ਦੇ ਦਿੱਤੀ ਪਰ ਇਲਾਕੇ ਵਿੱਚ ਪ੍ਰਚਲਤ ਵਹਿਮ ਕਾਰਨ ਅੱਗ ਨਾਂ ਦਿੱਤੀ। ਫਿਰ ਗੁਰੂ ਸਾਹਿਬ ਦੇ

ਨੋਟ

❋ ਵੀਹਵੀ ਇੱਕਵੀ ਸਦੀ ਦੇ ਬਹੁਤੇ ਇਤਹਾਸਕਾਰਾਂ (ਸਿਵਾਏ ਪਿਆਰ ਸਿੰਘ) ਨੇ ਇਸ ਸਾਖੀ ਨੂੰ ਭੂਟਾਨ ਦੇਸ਼ ਵਿਚ ਹੋਣਾ ਮੰਨਿਆ ਹੈ। ਜੋ ਕਿ ਸਰਾਸਰ ਗਲਤ ਹੈ। ਸਾਖੀ ਬੀ:40-124 ਤੇ ਆਉਦੀ ਹੈ ਤੇ ਨਾਲ ਹੀ ਫਿਰ ਮਨੀਕਰਣ ਵਾਲੀ ਸਾਖੀ ਦਿਤੀ ਹੋਈ ਹੈ।

ਭੁੰਤਰ ਦਾ ਪੁਰਾਣਾ ਨਾਂ ਭੂਟੰਤਰ ਸੀ। ਸਾਖੀਕਾਰ ਨੇ ਭੂਟੰਤਰ ਨੂੰ ਭੂਟੰਤ ਲਿਖ ਦਿਤਾ ਹੈ, "ਸਾਖੀ ਭੂਟੰਤ ਦੇਸ ਕੀ ਚਲੀ"। ਸਾਡੇ ਅਜੋਕੇ ਵਿਦਵਾਨਾਂ ਨੇ ਇਸ ਨੂੰ ਭੂਟਾਨ ਨਾਲ ਜੋੜ ਦਿਤਾ। ਸਾਖੀਕਾਰ ਨੇ ਬਾਕਾਇਦਾ ਨਾਲ ਤਸਵੀਰ ਵੀ ਬਣਾਈ ਹੋਈ ਹੈ ਜਿਸ ਵਿਚ ਸਾਫ ਤੌਰ ਤੇ ਹਿਮਾਚਲੀ ਲੋਕ ਵਿਖਾਏ ਹਨ।

ਵੱਖਰੀ ਰਿਆਸਤ ਹੋਣ ਕਰਕੇ ਭੂਟੰਤ ਦੇਸ ਲਿਖਿਆ ਹੈ ਪਰ ਮਨੀਕਰਣ ਵੀ ਤਾਂ ਇਹੋ ਕੁਝ ਲਿਖਿਆ ਹੈ, "ਬਾਬਾ ਜੀ ਇਕ ਮੁਲਕ ਗਇਆ॥" ਧਿਆਨ ਰਹੇ 400 ਸਾਲ ਪਹਿਲਾਂ ਮੁਲਕਾਂ ਦੇਸਾਂ ਦੇ ਮਾਇਨੇ ਵੱਖਰੇ ਸਨ।

ਨਾਲੇ ਸਭ ਤੋਂ ਵੱਡਾ ਸਬੂਤ ਮੁਕਾਮੀ ਰਵਾਇਤ ਹੈ ਜਿਸ ਅਨੁਸਾਰ ਗੁਰੂ ਸਾਹਿਬ ਇਥੇ ਬਿਰਾਜੇ ਅਤੇ ਲੋਕ ਉਹ ਸਿਲ ਵੀ ਪਛਾਣਦੇ ਹਨ ਜਿੱਥੇ ਗੁਰੂ ਆ ਕੇ ਬਿਰਾਜੇ ਸਨ। ਹੁਸ਼ਿਆਰ ਪੁਰ ਦੇ ਭਾਈ ਈਸ਼ਰ ਸਿੰਘ ਜਦੋਂ 1924 ਈ ਵਿਚ ਇਥੇ ਪਹੁੰਚੇ ਤਾਂ ਮੁਕਾਮੀ ਰਵਾਇਤ ਸੁਣ ਕੇ ਉਨਾਂ ਇਥੇ ਯਾਦਗਾਰ ਬਣਾਉਣ ਦਾ ਤਹੱਈਆ ਕਰ ਲਿਆ ਅਤੇ 1927 ਵਿਚ ਗੁਰਦੁਆਰਾ ਸਾਹਿਬ ਉਸ ਥਾਂ ਤੇ ਬਣਾ ਦਿਤਾ ਜਿੱਥੇ ਗੁਰੂ ਸਾਹਿਬ ਬਿਰਾਜੇ ਸਨ। ਇਸ ਗਰੀਬ ਸਿੰਘ ਦੀ ਭੂੰਤਰ ਵਿਖੇ ਪ੍ਰਚੂਨ ਦੀ ਹੱਟੀ ਸੀ। ਇਨਾਂ ਦੀ ਸੋਚ ਸਾਬਤ ਕਰਦੀ ਹੈ ਕਿ ਸ਼ਰਧਾਵਾਨ ਅਨਪੜ੍ਹ ਬੰਦੇ ਦੀ ਸੋਚ ਵੱਡੇ ਵਿਦਵਾਨਾਂ ਨੂੰ ਮਾਤ ਪਾ ਸਕਦੀ ਹੈ। ਅਸੀ ਸਭ ਲਿਖਾਰੀ ਭੂਟੰਤ ਨੂੰ ਭੂਟਾਨ ਹੀ ਸਮਝਦੇ ਆਏ ਸਾਂ। ਖੈਰ ਪਹਾੜੀ ਇਲਾਕਿਆਂ ਵਿਚ ਰਵਾਇਤ ਹੈ ਕਿ ਪਹਾੜਾਂ ਵਿਚ ਕਪਾਹ ਦੀ ਖੇਤੀ ਗੁਰੂ ਸਾਹਿਬ ਦੀ ਬਖਸ਼ਸ਼ ਕਰਕੇ ਹੀ ਸ਼ੁਰੂ ਹੋਈ ਸੀ।



"ਸਾਖੀ ਭੁਟੰਤ ਦੇਸ ਕੀ ਚਲੀ" ਬੀ:40 ਤਸਵੀਰ। ਤਸਵੀਰ ਵਿਚ ਗੁਰੂ ਸਾਹਿਬ ਤੇ ਮਰਦਾਨੇ ਤੋਂ ਇਲਾਵਾ ਜਿਹੜੇ ਤਿੰਨ ਬੰਦੇ ਚਿਤਰੇ ਗਏ ਹਨ ਸਾਫ ਸਾਫ ਹਿਮਾਚਲੀ ਪਹਾੜੀ ਨਜ਼ਰ ਆ ਰਹੇ ਨੇ। ਭੂਟਾਨੀ ਲੋਕ ਤਾਂ ਅਜਿਹੀ ਦਸਤਾਰ ਨਹੀ ਬੰਨਦੇ ਆਏ। ਫਿਰ ਇਥੇ ਚਿਹਰੇ ਵੀ ਚੀਨੀ ਚਪਟੇ ਨਹੀ ਹਨ।

ਉਪਦੇਸ਼ ਅਨੁਸਾਰ ਮਰਦਾਨੇ ਨੇ ਦਾਲ ਚਾਵਲ ਆਦਿ ਕਪੜੇ ਵਿੱਚ ਬੰਨ ਕੇ ਗਰਮ ਚਸ਼ਮੇ ਵਿੱਚ ਲਮਕਾਅ ਦਿੱਤੇ ਤੇ ਕੁਝ ਚਿਰ ਬਾਅਦ ਭੋਜਨ ਤਿਆਰ ਹੋ ਗਿਆ।**

ਮਨੀਕਰਨ ਦੇ ਗਰਮ ਚਸ਼ਮੇ ਵਿੱਚ ਹੀ ਅੱਜ ਵੀ ਲੰਗਰ ਪਕਾਇਆ ਜਾਂਦਾ ਹੈ ਜਿਸ ਨੂੰ ਦੇਖ ਯਾਤਰੀ ਗੱਦ ਗੱਦ ਹੋ ਉਠਦੇ ਹਨ। ਗੁਰੂ ਸਾਹਿਬ ਦੀ ਆਮਦ ਤੋਂ ਪਹਿਲਾਂ ਇਨਾਂ ਸਭ ਨੂੰ

ਭੂੰਤਰ-ਉਹ ਦੋ ਚਟਾਨਾਂ ਜਿਹਨਾਂ ਤੇ ਗੁਰੂ ਸਾਹਿਬ ਅਤੇ ਮਰਦਾਨੇ ਨੇ ਬਹਿ ਕੀਰਤਨ ਕੀਤਾ।(ਭੂੰਤਰ ਗੁਰਦੁਆਰਾ ਸਾਹਿਬ ਦੇ ਅੰਦਰ ਮੌਜੂਦ)

ਪੂਜਿਆਂ ਜਾਂਦਾ ਸੀ। ਮਨੀਕਰਨ ਵਿੱਚ ਯਾਦਗਾਰੀ ਗੁਰਦੁਆਰਾ ਸਾਹਿਬ ਵੀ ਮੌਜੂਦ ਹੈ। (ਸਰੋਤ: ਬੀ-40 -125)

ਬਾਬੇ ਜਾ ਜਗਾਏ ਸੁਮੇਰ ਦੇ ਸੁੱਤੇ ਜੋਗੀ

ਸੁਮੇਰ ਜਾਂ ਕੈਲਾਸ਼ ਪਰਬਤ –

ਹਿੰਦੂਆਂ ਦਾ ਮੰਨਣਾ ਹੈ ਕਿ ਸਵੱਰਗ ਭਾਵ ਕੈਲਾਸ਼ ਪਰਬਤ ਤੇ ਭਗਵਾਨ ਸ਼ਿਵ ਜੀ ਨਿਵਾਸ ਕਰਦੇ ਹਨ।

ਭੂਗੋਲਿਕ ਹਾਲਾਤ- ਨਕਸ਼ੇ ਤੇ ਲਖਨਊ (ਯੂ. ਪੀ) ਤੋਂ ਐਨ ਉੱਤਰ ਪਾਸੇ ਸਿੱਧੀ ਲਾਈਨ ਖਿੱਚੀਏ ਤਾਂ 500 ਕਿ. ਮੀ. ਦੂਰੀ ਤੇ ਜਾ ਕੇ ਹਿਮਾਲੀਆ ਪਹਾੜ ਮਾਲਾ ਤਿਬਤ ਚੀਨ ਵਿੱਚ ਪੈਦਾ ਹੈ, ਕੈਲਾਸ਼ ਪਰਬਤ। ਜਿੰਨੂ ਹਿੰਦੂ ਸ਼ਿਵ ਲਿੰਗ ਤੇ ਬੋਧੀ ਗੋਮਪਾ ਜਾਂ ਸਤੂਪ ਮੰਨਦੇ ਹਨ। ਕਾਠਮੰਡੂ ਨਿਪਾਲ ਤੋਂ 670 ਕਿ. ਮੀ.। ਤਿਬਤ ਦੀ ਰਾਜਧਾਨੀ ਲਾਸਾ ਤੋਂ 970 ਕਿ.ਮੀ. ਪੱਛਮ ਵਿੱਚ। ਜਲੰਧਰ ਤੋਂ ਐਨ ਚੜ੍ਹਦੇ ਪਾਸੇ 540 ਕਿ. ਮੀ.। (ਇਹ ਦੂਰੀਆਂ ਨੱਕ ਦੀ ਸੇਧ ਤੇ ਦਿੱਤੀਆਂ ਹਨ। ਅਸਲ ਰਸਤੇ ਤਾਂ ਇਸ ਤੋਂ ਦੂਣੇ ਤੀਣੇ ਪੈ ਜਾਂਦੇ ਹਨ ਕਿਉਕਿ ਟੇਡੀਆਂ ਮੇਡੀਆਂ ਪਹਾੜੀ ਪਗਡੰਡੀਆਂ ਥਾਣੀ ਜਾਣਾ ਪੈਂਦਾ ਹੈ) ਕੈਲਾਸ਼ ਪਰਬਤ ਉੱਜ ਪੁਰਾਤਨ ਰੇਸ਼ਮ ਮਾਰਗ (ਸਿਲਕ ਰੂਟ) ਤੋਂ ਸਿਰਫ 10 ਕਿ. ਮੀ. ਉਤਰ ਤੇ ਹੈ।

ਕੈਲਾਸ਼ ਪਰਬਤ ਚੋਟੀ ਦੀ ਉੱਚਾਈ - 21778 ਫੁੱਟ (6638 ਮੀਟਰ)- ਚੋਟੀ ਦੁਆਲੇ ਪ੍ਰਕਰਮਾ 52 ਕਿ. ਮੀ. ਪੈਂਦੀ ਹੈ ਤੇ ਕਈ ਸ਼ਰਧਾਲੂ ਸਾ ਦਿਨ ਵਿੱਚ ਇਹ ਪਰਕਰਮਾ ਕਰ ਲੈਂਦੇ ਹਨ। ਕੈਲਾਸ਼ ਪਰਬਤ ਨੂੰ ਹੀ ਸੁਮੇਰ ਪਰਬਤ ਵੀ ਕਿਹਾ ਜਾਂਦਾ ਹੈ ਭਾਵ ਸਾਰੇ ਪਹਾੜਾਂ ਤੋਂ ਸੁਰੇਸ਼ਠ। ਫਿਰ ਹਿੰਦੂ ਧਰਮ ਦੀ ਸਭ ਤੋਂ ਪਵਿਤ੍ਰ ਨਦੀ ਗੰਗਾ ਵੀ ਇਥੋਂ ਹੀ ਨਿਕਲਦੀ ਹੈ।

ਧਾਰਮਿਕ ਆਸਥਾ ਦੇ ਮੱਦੇ ਨਜਰ ਚੀਨੀ ਸਰਕਾਰ ਨੇ ਇਸ ਚੋਟੀ ਤੇ ਚੜ੍ਹਨ ਤੇ ਕਨੂੰਨੀ ਰੋਕ ਲਾਈ ਹੋਈ ਹੈ।

ਤਾਪਮਾਨ - ਉੱਚਾਈ ਤੇ ਹੋਣ ਕਰਕੇ ਇਹ ਇਲਾਕਾ ਸਾਲ ਦਾ ਬਹੁਤ ਸਮਾਂ ਜੰਮਿਆ ਹੀ ਰਹਿੰਦਾ ਹੈ। ਤਾਪਮਾਨ ਮਨਫੀ 15 ਡਿਗਰੀ ਤੱਕ ਤਾਂ ਆਮ ਹੀ ਸਰਦੀਆਂ ਵਿੱਚ ਹੋ ਜਾਂਦਾ ਹੈ। ਗਰਮੀਆਂ ਭਾਵ ਜੇਠ ਮਹੀਨੇ ਤੋਂ ਕਤਕ ਔਸਤਨ ਤਾਪਮਾਨ ਵਧ ਤੋ ਵੱਧ 15-17 ਡਿਗਰੀ ਤੇ ਘੱਟੋ ਘੱਟ ਭਾਵ ਰਾਤ ਵੇਲੇ 5 ਡਿਗਰੀ ਹੁੰਦਾ ਹੈ। ਬਾਰਸ਼ ਨਾਂ ਹੋਣ ਬਰਾਬਰ ਹੀ ਹੈ। ਭਾਵ ਰੇਗਸਤਾਨ ਤੇ ਉਹ ਵੀ ਠੰਡਾ ਤੇ ਖੁਸ਼ਕ। ਜਿਆਦਾ ਠੰਡ ਹੋਣ ਕਰਕੇ ਬਰਫ ਪੈਂਦੀ ਹੈ ਜੋ ਗਰਮੀਆਂ 'ਚ ਪਿਘਲਦੀ ਹੈ ਤੇ ਥੋੜਾ ਬਹੁਤ ਜੀਵਨ ਚਲਦਾ ਹੈ।

ਅਬਾਦੀ - ਹਜ਼ਾਰਾਂ ਸਾਲਾਂ ਤੋਂ ਧਾਰਮਿਕ ਆਸਥਾ ਦਾ ਮਰਕਜ਼ ਰਹਿਣ ਦੇ ਬਾਵਜੂਦ ਇਲਾਕੇ ਵਿੱਚ ਅਬਾਦੀ ਨਾਂ ਦੇ ਬਰਾਬਰ ਹੈ। ਜਿਸ ਜਿਲੇ ਵਿੱਚ ਕੈਲਾਸ਼ ਸਥਿਤ ਹੈ ਓਥੋਂ ਦੀ ਫੀ ਵਰਗ ਕਿ. ਮੀ ਔਸਤ ਅਬਾਦੀ 0.38 ਹੈ ਮਤਲਬ ਕਿ 18 ਵਰਗ ਕਿ. ਮੀ ਵਿੱਚ ਕਿਤੇ 3 ਬੰਦੇ ਹਨ। (ਪੰਜਾਬ ਦੀ ਔਸਤ ਅਬਾਦੀ -550 ਬੰਦੇ ਫੀ ਵਰਗ ਕਿ. ਮੀ. ਹੈ)

ਬੋਧੀ ਮੱਠ - ਕੈਲਾਸ਼ ਦੇ ਨੇੜੇ ਤੇੜੇ ਅੱਜ ਵੀ ਚਾਰ ਵੱਡੇ ਬੋਧੀ ਮੱਠ

ਗੁਰਦੁਆਰਾ ਸਾਹਿਬ ਮਨੀਕਰਣ

ਹਨ : 1. ਜ਼ਬੂਰਾ, 2. ਚਿਉ ਗੋਮਪਾ, 3. ਜ਼ੇਰੀ, 4.ਜ਼ੋਜ਼ੁਬ।

ਹਿੰਦੂਆਂ ਦਾ ਕਹਿਣਾ ਹੈ ਕਿ ਇਹ ਸ਼ੁਰੂ ਵਿੱਚ ਜੋਗੀਆਂ ਦੇ ਸਥਾਨ ਜਾਂ ਆਸਣ ਜਾਂ ਆਸ਼ਰਮ ਸਨ। ਹਿੰਦੂਆਂ ਦੀਆਂ ਲਿਖਤਾਂ ਦੱਸਦੀਆਂ ਹਨ ਕਿ ਕੈਲਾਸ਼ ਮਾਨਸਰੋਵਰ ਵਿਖੇ ਸੈਕੜੇ ਸਾਧੂ ਗੁਫਾਵਾਂ ਕੰਦਰਾਂ ਵਿੱਚ ਬੈਠੇ ਤਪੱਸਿਆ ਕਰਦੇ ਰਹਿੰਦੇ ਸਨ।

ਤਿੱਬਤ ਕੋਈ ਛੋਟਾ ਮੁਲਕ ਨਹੀ। ਨਿਪਾਲ, ਭੂਟਾਨ, ਸਿੱਕਮ ਜਿਹੇ ਨਾਲ ਲੱਗਦੇ ਇਲਾਕਿਆਂ ਦਾ ਸਭਿਆਚਾਰ ਵੀ ਇਸ ਨਾਲ ਕੁਝ ਮਿਲਦਾ ਜੁਲਦਾ ਹੈ। ਵਸੇਬੇ ਪੱਖੋ ਇਹ ਮੁਲਕ ਮੁਸ਼ਕਲਾਂ ਨਾਲ ਭਰਿਆ ਪਿਆਂ। ਦੁਨੀਆ ਦਾ ਸਭ ਤੋਂ ਵੱਧ ਉੱਚਾਈ ਵਾਲਾ ਮੁਲਕ, ਬਹੁਤੀ ਥਾਂਈ ਬਾਰਸ਼ ਵੀ ਬਹੁਤ ਘੱਟ ਹੁੰਦੀ ਹੈ।

—◈—

ਰਾਹ ਵਿੱਚ – ਡੂੰਘੀ ਸਮਾਧੀ ਵਿੱਚ ਪਿਆ ਲਾਮਾ ਵੇਖਿਆ

ਗੁਰੂ ਸਾਹਿਬ ਨਾਲ ਕੁੱਲੂ ਜਾਂ ਕਿੰਨੋਰ ਤੋਂ ਇੱਕ ਦੋ ਜੋਗੀ ਜਾਂ ਬੋਧੀ ਭਿਖਸ਼ੂ ਵੀ ਮਿਲ ਗਏ ਜੋ ਕੈਲਾਸ਼ ਪਰਬਤ ਦੇ ਦਰਸ਼ਨਾਂ ਦੀ ਤਾਂਘ ਰੱਖਦੇ ਸਨ। ਤਿੱਬਤ ਦੇ ਉਸ ਦੁਰਗਮ ਮਾਰਗ ਤੇ ਚਲਦਿਆਂ ਰਾਹ ਵਿੱਚ ਇੱਕ ਬੋਧੀ ਵਿਹਾਰ ਜਾਂ ਮੱਠ ਨਜਰ ਆਇਆ। ਗੁਰੂ ਸਾਹਿਬ ਸਾਥੀਆਂ ਨਾਲ ਅੰਦਰ ਗਏ। ਅਵਾਜ ਮਾਰਨ ਤੇ ਕੋਈ

ਮਨੀਕਰਨ ਦੇ ਕੁਦਰਤੀ ਗਰਮ ਚਸ਼ਮੇ ਵਿਚ ਲੰਗਰ ਲਈ ਦੇਗਾਂ ਬਣ ਰਹੀਆਂ ਨੇ। ਨਾਲੇ ਗਰਮ ਚਸ਼ਮਾ ਜਾਰੀ ਕੀਤਾ ਤੇ ਨਾਲੇ ਪਹਾੜੀ ਲੋਕਾਂ ਨੂੰ ਗੁਰੂ ਸਾਹਿਬ ਨੇ ਗਰਮ ਪਾਣੀ ਦੀ ਵਰਤੋਂ ਸਿਖਾਈ ਸੀ। ਇਥੇ ਗੁਰਦੁਆਰਾ ਸਾਹਿਬ ਮੌਜੂਦ ਹੈ।

ਜਵਾਬ ਨਾਂ ਮਿਲਿਆ।

ਸਾਥੀਆਂ ਸਮੇਤ ਫਿਰ ਗੁਰੂ ਸਾਹਿਬ ਸਮਾਧੀ ਵਾਲੇ ਕਮਰੇ ਵਿੱਚ ਗਏ। ਵੇਖਿਆ ਇੱਕ ਸਾਧੂ ਜਾਂ ਲਾਮਾ ਡੂੰਘੀ ਸਮਾਧੀ ਵਿੱਚ ਹੈ। ਬਥੇਰੀਆਂ ਵਾਜਾਂ ਮਾਰੀਆਂ ਪਰ ਜਵਾਬ ਕਿਥੇ।

ਸਾਹਿਬ ਦਾ ਸਾਥੀ ਬਿਸ਼ੰਭਰ ਨਾਥ ਫਿਰ ਬੋਲਿਆ :

ਕਰਵਟ ਫੇਰ ਨੈਨਾ ਕੋ ਖੋਲ।
ਸਨਮੁਖ ਹੋਇ ਕੇ ਦਰਸਨ ਦੇਹੁ।
ਚਰਨ ਪਖਾਲੋਂ ਪੂਜੋ ਦੇਹੁ।
ਮਾਤ ਲੋਕ ਤੇ ਆਇ ਪਹੁੰਚੇ।
ਨਾਨਕ ਦਾਸ ਤਪਾ ਤੁਹਿ ਪੁੱਛੇ।

ਲਾਮਿਆਂ ਨੇ ਕਿਹਾ ਜੀ ਇਹ ਸਾਧੂ ਬੁੱਧ ਅਵਸਥਾ ਵਿੱਚ ਚਲਾ ਗਇਆ ਹੈ। ਗੁਰੂ ਸਾਹਿਬ ਨੇ ਕਿਹਾ ਕਿ ਇਹੋ ਜਿਹੀ ਸਮਾਧੀ ਦਾ ਕੋਈ ਫਾਇਦਾ ਨਹੀ। ਸਾਹਿਬ ਨੇ ਰਾਮਕਲੀ ਵਿੱਚ ਸਬਦ ਕਿਹਾ:-

ਸੁਣਿ ਮਾਛਿੰਦ੍ਰਾ ਨਾਨਕੁ ਬੋਲੈ ॥ ਵਸਗਤਿ ਪੰਚ ਕਰੇ ਨਹ ਡੋਲੈ ॥ ਐਸੀ ਜੁਗਤਿ ਜੋਗ ਕਉ ਪਾਲੇ ॥ ਆਪਿ ਤਰੈ ਸਗਲੇ ਕੁਲ ਤਾਰੇ ॥੧॥ ਸੋ ਅਉਧੂਤੁ ਐਸੀ ਮਤਿ ਪਾਵੈ ॥ ਅਹਿਨਿਸਿ ਸੁੰਨਿ ਸਮਾਧਿ ਸਮਾਵੈ ॥੧॥ ਰਹਾਉ ॥ ਭਿਖਿਆ ਭਾਇ ਭਗਤਿ ਭੈ ਚਲੈ ॥ ਹੋਵੈ ਸੁ ਤ੍ਰਿਪਤਿ ਸੰਤੋਖਿ ਅਮੁਲੈ ॥ ਧਿਆਨ ਰੂਪਿ ਹੋਇ ਆਸਣੁ ਪਾਵੈ ॥ ਸਚਿ ਨਾਮਿ ਤਾੜੀ ਚਿਤੁ ਲਾਵੈ ॥੨॥ ਨਾਨਕੁ ਬੋਲੈ ਅੰਮ੍ਰਿਤ ਬਾਣੀ ॥ ਸੁਣਿ ਮਾਛਿੰਦ੍ਰਾ ਅਉਧੂ ਨੀਸਾਣੀ ॥ ਆਸਾ ਮਾਹਿ ਨਿਰਾਸੁ ਵਲਾਏ ॥ ਨਿਹਚਉ ਨਾਨਕ ਕਰਤੇ ਪਾਏ ॥੩॥ ਪ੍ਰਣਵਤਿ ਨਾਨਕੁ ਅਗਮੁ ਸੁਣਾਏ ॥ ਗੁਰ ਚੇਲੇ ਕੀ ਸੰਧਿ ਮਿਲਾਏ ॥ ਦੀਖਿਆ ਦਾਰੂ ਭੋਜਨੁ ਖਾਇ ॥ ਫਿਅ ਦਰਸਨ ਕੀ ਸੋਝੀ ਪਾਇ ॥੪॥੫

ਸਾਹਿਬ ਨਾਲ ਮਛਿੰਦਰ ਜੋਗੀ ਸੰਪਰਦਾ ਦਾ ਚੇਲਾ ਉਨੂੰ ਗੁਰੂ ਸਾਹਿਬ ਨੇ ਸੰਬੋਧਨ ਹੋ ਕੇ ਕਿਹਾ ਕਿ ਭਾਈ ਇਹੋ ਜਿਹੀ ਸਮਾਧ ਦਾ ਕੀ ਫਾਇਦਾ। ਅਸਲ ਸਮਾਧੀ ਹੈ ਸਮਾਜਕ ਜੀਵਨ ਵਿੱਚ ਵਿੱਚਰਦਿਆਂ ਸਮਾਧੀ ਅਵਸਥਾ ਵਿੱਚ ਰਹਿਣਾ। ਕਾਮ ਕ੍ਰੋਧ ਲੋਭ ਮੋਹ ਹੰਕਾਰ ਤੋਂ ਆਪਣੇ ਆਪ ਨੂੰ ਬਚਾਉਣਾ। ਹਮੇਸ਼ਾਂ ਨਿਰੰਕਾਰ ਦਾ ਗੁਣਗਾਨ ਕਰਨਾਂ। ਸਬਰ ਸੰਤੋਖ ਨਾਲ, ਅਕਾਲ ਪੁਰਖ ਦੇ ਡਰ ਵਿੱਚ ਰਹਿਕੇ ਓਹਨੇ ਭਿਖਿਆ ਪ੍ਰੇਮ ਦੀ ਲੈਣੀ ਹੈ ਭਾਵ ਲੋਕਾਂ ਨਾਲ ਅਜਿਹਾ ਵਰਤਾਵ ਕਰਨਾਂ ਹੈ ਕਿ ਅਗਲੇ ਦੇ ਮੰਨ ਵਿੱਚ ਉਹਦੇ ਪ੍ਰਤੀ ਪ੍ਰੇਮ ਉਤਪੰਨ ਹੋਵੇ। ਉਹਦੀ ਚੇਤੰਨਤਾ ਭਰੀ ਸਮਾਧੀ ਹਮੇਸ਼ਾਂ ਸੱਚ ਨਾਲ ਲੱਗੀ ਹੋਵੇ ਭਾਵ ਸੱਚ ਦਾ ਧਾਰਨੀ ਬਣੇ। ਇਹ ਹੈ ਅਸਲ ਸਾਧੂ ਦੀ ਨਿਸ਼ਾਨੀ ਕਿ ਉਹ ਇਸ ਆਸਵੰਦ ਸੰਸਾਰ ਵਿੱਚ ਰਹਿਕੇ ਆਸਾਂ ਉਮੀਦਾਂ ਤੋਂ ਨਿਰਲੇਪ ਰਹੇ। ਮੰਨ ਵਿੱਚ ਦ੍ਰਿੜ ਇਰਾਦਾ ਹੋਵੇ ਪ੍ਰਭੂ ਪ੍ਰਾਪਤੀ ਦਾ। ਉਨੂੰ ਫਿਰ ਆਪੇ ਬ੍ਰਹਮ ਗਿਆਨ ਪ੍ਰਾਪਤ ਹੋ ਜਾਵੇਗਾ ਸਾਰੇ ਧਾਰਮਿਕ ਅਸੂਲਾਂ ਦਾ ਪਤਾ ਲੱਗ ਜਾਏਗਾ।

ਫਿਰ ਗੁਰੂ ਸਾਹਿਬ ਤੇ ਸਾਥੀ ਜੋਗੀਆਂ ਨੇ ਮੱਠ ਵਿੱਚ ਲੱਗੇ ਰੁੱਖਾਂ ਦੇ ਮਿੱਠੇ ਫਲ ਖਾਧੇ ਤੇ ਅਗੇ ਚਲਦੇ ਬਣੇ।

—◈—

ਚਾਰ ਧਰਮਾਂ ਦਾ ਪਵਿਤ੍ਰ ਸਥਾਨ ਕੈਲਾਸ਼

ਕੈਲਾਸ਼ ਪਰਬਤ ਹਿੰਦੂ, ਜੈਨ, ਬੋਧੀ ਤੇ ਤਿਬਤੀ ਧਰਮ ਬੋਨ ਦਾ

ਸਫਾ ਪੜ੍ਹ

ਕਈ ਅਜੋਕੇ ਲਿਖਾਰੀਆਂ (ਕੋਹਲੀ ਆਦਿ) ਲਿਖਿਆ ਹੈ ਕਿ ਗੁਰੂ ਸਾਹਿਬ ਬੁਸ਼ਹਿਰ ਵੀ ਗਏ। ਇਹ ਲੋਕ ਲਿਖਦੇ ਹਨ ਕਿ ਜਿਹੜਾ ਜਨਮ ਸਾਖੀਆਂ ਵਿੱਚ ਬਿਸੀਅਰ ਦੇਸ ਦੀ ਗੱਲ ਕਹੀ ਹੈ ਉਹ ਬੁਸ਼ਹਿਰ ਹੀ ਹੈ। ਇਸ ਬਾਬਤ ਅਸੀ ਸਪੱਸ਼ਟ ਕਰ ਚੁੱਕੇ ਹਾਂ ਕਿ ਬਿਸੀਅਰ ਤੋਂ ਮਤਲਬ ਬਿਸੀਅਰ ਨਾਗ ਹੈ। ਵੇਖੋ ਸਫਾ 163.

ਪਵਿਤ੍ਰ ਸਥਾਨ ਹੈ।

1.ਹਿੰਦੂਮਤ – 1 ਹਿੰਦੂ ਮਤ ਦਾ ਮੰਨਣਾ ਹੈ ਕਿ ਭਗਵਾਨ ਸ਼ਿਵ ਜੀ ਸਦਾ ਇਥੇ ਵਸਦੇ ਹਨ। ਏਸੇ ਕਰਕੇ ਫਿਰ ਕੈਲਾਸ਼ ਪਰਬਤ ਦਾ ਹਿੰਦੂ ਗ੍ਰੰਥਾਂ ਵਿੱਚ ਬਹੁਤ ਗੁਣਗਾਨ ਕੀਤਾ ਗਇਆ ਹੈ। ਜਿਵੇ ਮਹਾਭਾਰਤ, ਪਦਮ ਪੁਰਾਣ ਆਦਿ ਆਦਿ। ਹਿੰਦੂਆਂ ਦਾ ਮੰਨਣਾ ਹੈ ਕਿ ਕਾਂਸ਼ੀ ਜਾਂ ਦੁਨੀਆਂ ਦਾ ਹੋਰ ਕੋਈ ਸਥਾਂਨ ਤਾਂ ਤਬਾਹ ਹੋ ਸਕਦਾ ਪਰ ਕੈਲਾਸ਼ ਨਹੀ।

2. ਕੈਲਾਸ਼ ਪਰਬਤ ਨੂੰ ਹਿੰਦੂ ਲੋਕ ਸ੍ਰਿਸਟੀ ਦਾ ਧੁਰਾ ਜਾਂ ਕੇਂਦਰ ਮੰਨਦੇ ਹਨ।

3. ਹਿੰਦੂ ਲੋਕ ਮੰਨਦੇ ਹਨ ਕਿ ਗੰਗਾ ਕੈਲਾਸ਼ ਪਰਬਤ ਤੋਂ ਨਿਕਲਦੀ ਹੈ। ਪੁਰਾਣਾਂ ਵਿੱਚ ਕਥਾ ਹੈ ਕਿ ਇੱਕ ਵੇਰਾਂ ਰਾਜਾ ਭਗੀਰਥ ਦੇ ਰਾਜ ਵਿੱਚ ਕਾਲ ਪੈ ਗਇਆ ਕਿਉਕਿ 12 ਸਾਲ ਤੱਕ ਮੀਹ ਨਾ ਪਿਆ। ਆਖਿਰ ਭਗੀਰਥ ਨੇ ਹਿਮਾਲੀਆ ਪਹਾੜਾਂ ਵਿੱਚ ਜਾ ਕੇ ਘੋਰ ਤਪੱਸਿਆ ਕੀਤੀ। ਭਗਵਾਨ ਵਿਸ਼ਨੂੰ ਹਿਮਾਲਿਆ ਰਿਸ਼ੀ ਦੇ ਰੂਪ ਵਿੱਚ ਪ੍ਰਗਟ ਹੋਏ ਤੇ ਭਗੀਰਥ ਦੀ ਤਪੱਸਿਆ ਤੇ ਬਹੁਤ ਪ੍ਰਸੰਨ ਹੋਇਆ ਤੇ ਕਹਿਣ ਲੱਗਾ ਭਗੀਰਥ ਮੰਗ ਕੀ ਚਾਹੁੰਨੇ ਏ।

ਭਗੀਰਥ ਨੇ ਮੰਗ ਕੀਤੀ ਕਿ ਸੋਕੇ ਦੇ ਹਾਲਾਤਾਂ ਦੇ ਮੱਦੇ ਨਜਰ ਦੇਵਰਾਜ ਹਿਮਾਲਿਆ ਮੇਰੀ ਪਰਜਾ ਤੇ ਤਰਸ ਕਰੇ ਤੇ ਕੋਈ ਦਰਿਆ ਹਿਮਾਲੀਆ ਤੋਂ ਜਾਰੀ ਹੋ ਕੇ ਮੇਰੇ ਦੇਸ ਵਿੱਚ ਆ ਕੇ ਪਿਆਸੀ ਜਨਤਾ ਦੀ ਪਿਆਸ ਬੁਝਾਏ।

ਇਸ ਤੇ ਹਿਮਾਲੀਆ ਰਿਸ਼ੀ ਰਾਜੀ ਹੋ ਗਇਆ ਤੇ ਉਸ ਨੇ ਕਿਹਾ ਕਿ ਵੇਖੋ ਮੈਂ ਆਪਣੀ ਪੁੱਤਰੀ ਗੰਗਾ ਨੂੰ ਤੁਹਾਡੇ ਦੇਸ ਭੇਜ ਤਾਂ ਦੇਵਾਂ ਪਰ ਉਹ ਬਹੁਤ ਚੰਚਲ ਤੇ ਸ਼ਰਾਰਤੀ ਹੈ। ਉਹਨੂੰ ਮੈਂ ਜਿਵੇ ਅਜਾਦ ਕੀਤਾ ਉਹਨੇ ਤੁਹਾਡਾ ਸਾਰਾ ਮੁਲਕ ਬਹਾ ਕੇ ਲੈ ਜਾਣਾ ਵਾਂ ਹੜ੍ਹਾਂ ਦੇ ਰੂਪ ਵਿੱਚ।

ਕਥਾ 'ਚ ਦੱਸਿਆ ਹੈ ਕਿ ਭਗੀਰਥ ਨੇ ਫਿਰ ਸ਼ਿਵ ਜੀ ਦੀ ਅਰਾਧਨਾ ਕੀਤੀ ਤੇ ਸ਼ਿਵ ਨੇ ਪ੍ਰਸੰਨ ਹੋ ਕੇ ਕਿਹਾ ਕਿ ਮੰਗੋ ਭਗੀਰਥ ਕੀ ਮੰਗ ਹੈ ਤੁਹਾਡੀ? ਭਗੀਰਥ ਨੇ ਮੰਗਿਆ ਕਿ ਭਗਵਾਨ ਜੀ ਕਿਰਪਾ ਕਰੋ ਕਿ ਗੰਗਾ ਨਦੀ ਨੂੰ ਸੰਭਾਲ ਕੇ ਮੇਰੇ ਦੇਸ ਤੱਕ ਪਹੁੰਚਾਓ ਤਾਂ ਕਿ ਸਭ ਜਨ ਮਾਣਸ ਬਨਾਸਪਤੀ ਦੀ ਪਿਆਸ ਬੁਝ ਸਕੇ।

ਭਗਵਾਨ ਮੰਨ ਗਇਆ ਤੇ ਗੰਗਾ ਨੂੰ ਅਸਮਾਨ ਤੋਂ ਉਤਰਨ ਦੀ ਆਗਿਆ ਦੇ ਦਿੱਤੀ ਕਿ ਐ ਗੰਗਾ ਤੂੰ ਮੇਰੀਆਂ ਜਟਾਵਾਂ ਰਾਂਹੀ ਉਤਰਕੇ ਹਿੰਦੁਸਤਾਨ ਦੀ ਪਿਆਸ ਬੁਝਾ।

ਗੰਗਾ ਆਗਿਆਕਾਰ ਬਣੀ ਤੇ ਸ਼ਿਵ ਜੀ ਦੀਆਂ ਜਟਾਵਾਂ ਰਾਂਹੀ ਹੀ ਹਿਮਾਲੀਆ ਤੋਂ ਹੇਠਾ ਉਤਰਦੀ ਹੈ।

ਹਿੰਦੂ ਸ਼ਰਧਾਲੂ ਇਸ ਕਥਾ ਨੂੰ ਸੱਚ ਮੰਨਦੇ ਹਨ ਤੇ ਜਿੱਥੇ ਵੀ ਭਗਵਾਨ ਸ਼ਿਵ ਜੀ ਦੀ ਮੂਰਤ ਬਣਾਈ ਹੁੰਦੀ ਹੈ ਉਹਦੇ ਵਾਲਾਂ ਵਿੱਚ ਗੰਗਾ ਦਿਖਾਈ ਜਾਂਦੀ ਹੈ।

4. ਹਿੰਦੂ ਲੋਕ ਜੋ ਮੰਦਰਾਂ ਤੇ ਘਰਾਂ ਵਿੱਚ ਯੰਤਰ (Diagram) ਬਣਾਉਦੇ ਹਨ ਉਹਨਾਂ ਵਿੱਚ ਇੱਕ ਯੰਤਰ ਮੇਰੂ (ਸੁਮੇਰ) ਕਹਾਉਦਾ ਹੈ ਇੱਕ ਮਹਾ-ਮੇਰੂ ਵੀ ਹੁੰਦਾ ਹੈ।

ਬੁੱਧਮਤ - ਕੈਲਾਸ਼ ਪਰਬਤ ਦਾ ਤਿਬਤੀ ਨਾਂ 'ਗੰਗ ਰਿਮਪੋਚੇ' ਜਿਹਦਾ ਮਤਲਬ 'ਬਰਫਾਨੀ ਰਤਨ' ਬਣਦਾ ਹੈ। ਪਹਾੜੀ ਦਾ ਸਥਾਨਕ ਨਾਮ 'ਤੀਸੇ' ਹੈ ਜਿਹਦਾ ਮਤਲਬ ਦਰਿਆਵਾਂ ਦੀ ਮਾਂ। ਤਿਬਤੀਆਂ ਅਨੁਸਾਰ ਇਥੋ ਹੀ ਚਾਰੇ ਪ੍ਰਸਿੱਧ ਦਰਿਆ ਨਿਕਲਦੇ ਹਨ: ਬ੍ਰਹਮਪੁਤਰ, ਸਿੰਧ, ਸਤਲੁਜ ਤੇ ਕਰਨਾਲੀ (ਘੱਗਰ)। ਕੈਲਾਸ਼ ਪਰਬਤ ਦੁਆਲੇ ਗੁਰੂ ਪਦਮਸੰਭਵ ਰਿਮਪੋਚੇ ਦੀਆਂ ਅਨੇਕਾਂ ਯਾਦਗਾਰੀ ਥਾਵਾਂ ਹਨ। ਜਿਵੇ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਪਦਮਸੰਭਵ ਰਿਮਪੋਚੇ ਹੀ ਤਿੱਬਤ ਦਾ ਗੁਰੂ ਹੈ ਜਿਸ ਨੇ ਬੁੱਧ ਮਤ ਤਿਬਤ ਵਿੱਚ ਫੈਲਾਇਆ। ਜੋਗੀਆਂ ਵਿੱਚ ਜਿੱਥੇ ਨਾਮ ਨਾਲ ਅੰਤ ਵਿੱਚ 'ਪਾ' ਲੱਗਦਾ ਹੈ ਸਮਝੋ ਉਹ ਤਿਬਤੀ ਜੋਗੀ ਹੈ। ਜਿਵੇ ਕਨੀਪਾ, ਹਨੀਪਾ ਆਦਿ।

ਗੁਰੂ ਨਾਨਕ ਤੇ ਪਦਮਸੰਭਵ ਵਾਲੀ ਸਾਖੀ ਵਿੱਚ ਪਿੱਛੇ ਆ ਚੁੱਕਾ ਹੈ ਕਿ ਕਿਵੇ ਬੁੱਧਮਤ ਦਾ ਵਜਰਯਾਨ ਫਿਰਕਾ ਗੁਰੂ ਗੋਰਖ ਤੇ ਗੁਰੂ ਮਛਿੰਦਰ ਨੂੰ ਆਪਣੇ ਗੁਰੂ ਮੰਨਦੇ ਹਨ। ਜਦੋਂ ਕਿ ਕੈਲਾਸ਼ ਮੁਖ ਤੌਰ ਤੇ ਸ਼ਿਵ ਪੰਥੀ ਜੋਗੀਆਂ ਦੀ ਹੀ ਜਗ੍ਹਾ ਹੈ।

ਬੋਨ ਮਤ- ਤਿੱਬਤ ਦਾ ਮੂਲ ਧਰਮ ਜਿਸ ਨੂੰ 11ਵੀਸਦੀ ਵਿੱਚ ਦੁਬਾਰਾ ਸੁਰਜੀਤ ਕੀਤਾ ਗਇਆ ਸੀ ਉਹ ਵੀ ਕੈਲਾਸ਼ ਪਹਾੜੀ ਨੂੰ ਪਵਿਤ੍ਰ ਗਿਣਦਾ ਹੈ ਇਸ ਦੁਆਲੇ ਓਨਾਂ ਦੀਆਂ ਕਈ ਸਾਖੀਆਂ ਪ੍ਰਚਲਤ ਹਨ।

ਜੈਨਮਤ- ਜੈਨੀ ਲੋਕ ਮੰਨਦੇ ਹਨ ਕਿ ਉਹਨੇ ਦੇ ਧਰਮ ਦੇ ਮੋਢੀ ਤੀਰਥੰਕਰ ਰਿਸ਼ਭਦੇਵ ਜਿੰਨੂ ਉਹ ਆਦਿਨਾਥ ਵੀ ਕਹਿੰਦੇ ਹਨ ਨੂੰ ਮੁਕਤੀ ਇਥੇ ਕੈਲਾਸ਼ ਪਰਬਤ ਤੇ ਹੀ ਮਿਲੀ ਸੀ।

ਗੁਰੂ ਸਾਹਿਬ ਕਿਹੜੇ ਰਸਤੇ ਆਏ? - ਕੁੱਲੂ ਤੋ ਬਿਜਲੀ ਮਹਾਦੇਵ ਫਿਰ ਮਨੀਕਰਨ ਤੇ ਮਨੀਕਰਨ ਤੋਂ ਵਾਪਸ ਭੁੰਤਰ ਤੇ ਜਿੱਥੇ ਅੱਜ ਮਹੌਲੀ ਹੈ ਓਥੋਂ ਫਿਰ ਸਤਲੁਜ ਦੇ ਕੰਢੇ ਕੰਢੇ ਉੱਤਰ ਦਿਸ਼ਾ (ਕਿੰਨੌਰ ਜਿਲਾ) ਫੜੀ ਸਾਹਿਬ ਨੇ।*

ਪੈੜ ਸਫਾ

❋ ਬਾਲਾ - 248

ਜੋਗੀਆਂ ਵਿੱਚ ਸਮਾਧੀ ਦਾ ਸਿਧਾਂਤ ਬਹੁਤ ਮਸ਼ਹੂਰ ਹੈ। ਜੋਗੀ ਬਿਨਾਂ ਹਿੱਲੇ ਡੁੱਲੇ ਕਈ ਕਈ ਦਿਨ ਪਏ ਰਹਿੰਦੇ ਹਨ। ਬੋਧੀ ਲੋਕਾਂ ਦਾ ਕਹਿਣਾ ਕਿ ਜੇ ਭਿਖਸ਼ੂ 3 ਹਫਤੇ ਤੱਕ ਬਿਨਾਂ ਹਿਲੇ ਡੁੱਲੇ ਸਮਾਧੀ ਵਿੱਚ ਰਹਿੰਦਾ ਹੈ ਤਾਂ ਸਮਝੋ ਕਿ ਉਹ ਬੁੱਧ ਹੋ ਗਇਆ ਭਾਵ ਉਹਨੂੰ ਅੰਤਮ ਗਿਆਨ ਦੀ ਪ੍ਰਾਪਤੀ ਹੋ ਗਈ।

ਪਿਛੇ ਫਰਵਰੀ 2015 ਮੰਗੋਲੀਆ ਵਿੱਚ ਪੁਲਿਸ ਨੇ ਇੱਕ ਤਸਕਰ ਨੂੰ ਫੜਿਆ ਜਿਹੜਾ ਕਿਸੇ ਬੋਧੀ ਭਿਖਸ਼ੂ ਦੀ ਮੰਮੀ ਬਣ ਚੁੱਕੀ ਲਾਸ਼ ਨੂੰ ਵੇਚਣ ਲਈ ਸਰਹੱਦ ਪਾਰ ਕਰਨ ਦੇ ਯਤਨਾਂ ਵਿੱਚ ਸੀ। ਬਾਦ ਵਿੱਚ ਪਤਾ ਲੱਗਾ ਕਿ ਇਹ ਦਾਸ਼ੀ ਦੋਰਜੀ ਭਿਖਸ਼ੂ ਦੀ ਦੇਹ ਹੈ ਜੋ 1852 ਈ ਤੋਂ ਲੈ ਕੇ ਇਸੇ ਅਵਸਥਾ ਵਿੱਚ ਹੈ। ਬੋਧੀਆਂ ਨੇ ਦੁਹਾਈ ਦੇ ਦਿੱਤੀ ਕਿ ਕਮਲ ਸਮਾਧੀ ਵਿੱਚ ਬੈਠਾ ਭਿਖਸ਼ੂ ਜਿੰਦਾ ਹੈ। ਡਾਕਟਰਾਂ ਕਿਹਾ ਕਿ ਇਹ ਮੰਮੀ ਬਣ ਚੁੱਕਾ ਹੈ। ਪੂਰੀ ਦੁਨੀਆਂ ਨੇ ਭਿਖਸ਼ੂ ਦੀ ਮੰਮੀ ਬਣੀ ਲਾਸ਼ ਦੀ ਫੋਟੋ ਵੇਖੀ।

ਹੋ ਸਕਦੈ ਗੁਰੂ ਸਾਹਿਬ ਦੇ ਸਾਥੀਆਂ ਨੇ ਵੀ ਕੋਈ ਅਜਿਹੀ ਲਾਸ਼ ਹੀ ਵੇਖੀ ਹੋਵੇਗੀ।

ਕੈਲਾਸ਼ ਪਰਬਤ ਦੇ ਦੱਖਣ ਵਿੱਚ 50 ਕਿ. ਮੀ. ਦੀ ਦੂਰੀ ਤੇ ਮਾਨਸਰੋਵਰ ਝੀਲ ਹੈ। ਮਾਨ ਸਰੋਵਰ ਦੇ ਨੇੜੇ ਹੀ ਫਿਰ ਰਾਖਸ ਤਲਾ ਹੈ।

ਜਿਵੇ ਉੱਤੇ ਦੱਸਿਆ ਜਾ ਚੁੱਕਾ ਹੈ ਕਿ ਹਿੰਦੂ ਲੋਕ ਕੈਲਾਸ਼ ਪਰਬਤ ਨੂੰ ਸ਼ਿਵ ਜੀ ਤੇ ਪਾਰਬਤੀ ਦਾ ਨਿਵਾਸ ਮੰਨਦੇ ਹਨ। ਪਰਬਤ ਦੁਆਲੇ ਹਿੰਦੂ ਤੇ ਬੋਧੀ ਦੋਵੇ 52 ਕਿ. ਮੀ. ਲੰਮੀ ਪਰਕਰਮਾ ਕਰਨਾਂ ਪਵਿਤ੍ਰ ਸਮਝਦੇ ਹਨ। ਏਸੇ ਪਰਕਰਮਾ ਦੌਰਾਨ ਇੱਕ ਝੀਲ ਆਉਦੀ ਹੈ ਜੋ ਸਦਾ ਜੰਮੀ ਹੀ ਰਹਿੰਦੀ ਹੈ। ਇਸ ਨੂੰ ਗੌਰੀ ਕੁੰਡ ਕਿਹਾ ਜਾਂਦਾ ਹੈ।

ਗੁਰੂ ਸਾਹਿਬ ਆਪਣੀ ਪਹਿਲੀ ਉਦਾਸੀ ਮੌਕੇ ਬਦਰੀ ਨਾਥ ਤੱਕ ਤਾਂ ਗਏ ਸਨ ਪਰ ਕੈਲਾਸ਼ ਮਾਨਸਰੋਵਰ ਓਦੋਂ ਨਹੀ ਜਾ ਸਕੇ। ਸੋ ਗੁਰੂ ਸਾਹਿਬ ਨੇ ਸੁਮੇਰ ਪਰਬਤ ਦੇ ਸਿੱਧਾਂ ਜੋਗੀਆਂ ਨੂੰ ਰਾਹੇ ਪਾਉਣ ਲਈ ਐਤਕਾਂ ਫਿਰ ਉਤਰ ਪੱਛਮ ਦਾ ਰਸਤਾ ਅਖਤਿਆਰ ਕੀਤਾ ਜਿੰਨੂ ਉਨ ਮਾਰਗ (Wool Road) ਕਿਹਾ ਜਾਂਦਾ ਹੈ। ਅੱਜ ਦੇ ਕਿਨੌਰ ਜਿਲੇ ਤੇ ਥੋੜਾ ਅੱਗੇ ਸਤਲੁਜ ਦਰਿਆ ਦੇ ਨਾਲ ਨਾਲ ਸ਼ਿਪਕੀ ਲਾ ਦਰੇ ਥਾਂਣੀ ਦਿਆਸ਼ਿਆਂਗ,

ਕੈਲਾਸ਼ ਪਰਬਤ ਦੁਆਲੇ ਪਰਕਰਮਾਂ ਕਰਦੇ ਬੋਧੀ ਲੋਕ

ਸੰਗ ਕੂ, ਦੌਂਗਕਿਊ, ਮੰਗਗਾ, ਕਾਈ ਬਾਂਗਕਿਆਗਕੁ (ਬਾਇਰ ਸਟੇਸ਼ਨ) ਤੇ ਮੁਖ ਰੇਸ਼ਮ ਸੜਕ ਬਾਗਾਸਿਆਂਗ ਤੱਕ ਤੇ ਫਿਰ ਉਤਰ ਪਾਸੇ ਕੈਲਾਸ਼ ਪਰਬਤ। ਕੁੱਲੂ ਤੋਂ ਕੋਈ 600 ਕਿ. ਮੀ ਸਫਰ ਕੀਤਾ ਹੋਵੇਗਾ ਬਾਬੇ ਨੇ।

ਰਾਹ ਵਿੱਚ ਜਿੰਨੇ ਵੀ ਬੋਧੀ ਮੱਠ ਜਾਂ ਵਿਹਾਰ ਆਏ ਸਭ ਥਾਂ ਰਹਿ ਰਹਿ ਕੇ ਲਾਮਿਆਂ ਨੂੰ ਨਿਰੰਕਾਰ ਦਾ ਉਪਦੇਸ਼ ਦਿੱਤਾ ਤੇ ਦੱਸਿਆ ਕਿ ਕਿਵੇ ਕਰਮਕਾਂਡ ਤੇ ਜੰਤਰ-ਤੰਤਰ ਆਦਿ ਤੁਹਾਡੇ ਅਤੇ ਮਨੁੱਖਤਾ ਦੇ ਭਲੇ ਵਿੱਚ ਨਹੀ ਹਨ।

ਸੁਮੇਰ ਪਰਬਤ ਦੇ ਜੋਗੀ - ਜਦੋਂ ਗੁਰੂ ਸਾਹਿਬ ਕੈਲਾਸ਼ ਪਰਬਤ ਜਾਂ ਜੋਗੀਆਂ ਦੇ ਸੱਚਖੰਡ ਗਏ ਤਾਂ ਓਥੇ ਸੈਕੜੇ ਜੋਗੀ ਤਪੀਸ਼ਰ ਸਨਿਆਸੀ ਕੋਈ ਪੁੱਠਾ ਲਮਕਿਆ ਕੋਈ ਇੱਕ ਪੈਰ ਤੇ ਖਲੋਤਾ, ਕਿਸੇ ਨੇ ਇੱਕ ਬਾਂਹ ਉੱਚੀ ਕੀਤੀ ਹੋਈ, ਕੋਈ ਕਿਸ ਤਰਾਂ ਸਰੀਰ ਨੂੰ ਕੋਹ ਰਿਹਾ ਸੀ ਤੇ ਕੋਈ ਕਿਸੇ ਹੋਰ ਤਰੀਕੇ। ਗੁਰੂ ਸਾਹਿਬ ਦਾ ਕੋਮਲ ਹਿਰਦਾ ਇਹ ਕੁਝ ਵੇਖ ਤੜਫ ਉਠਿਆ। ਨਿਰੰਕਾਰ ਦੀ ਉਪਮਾ ਵੀ ਕੀਤੀ ਕਿ ਵੇਖ ਤੇਰੇ ਦਰਸ਼ਨਾਂ ਨੂੰ ਤੇਰੇ ਪੈਦਾ ਕੀਤੇ

ਕੈਲਾਸ਼ ਪਰਬਤ ਦੇ ਨਾਲ ਅੱਜ ਦੇ ਜਮਾਨੇ ਦੇ ਸਾਧੂਆਂ ਦੀ ਇਕ ਗੁਫਾ। ਦੂਰ ਹੋਰ ਵੀ ਗੁਫਾਵਾਂ ਅਤੇ ਘਰ ਨਜਰ ਆ ਰਹੇ ਨੇ। ਯਾਦ ਰਹੇ ਇਥੇ ਬਾਰਸ਼ ਨਹੀ ਹੁੰਦੀ। ਬਸ ਬਰਫ ਹੀ ਚੁਫੇਰਾ ਢੱਕ ਦਿੰਦੀ ਹੈ। (ਜੂਨ ਮਹੀਨੇ ਭਾਵ ਗਰਮੀਆਂ ਦੇ ਦਿਨ ਦੀ ਤਸਵੀਰ)

ਜੀਅ ਕੀ ਕੁਝ ਕਰ ਰਹੇ ਨੇ। ਸ਼ਕਾਇਤ ਵੀ ਕੀਤੀ।:

ਇਕਿ ਸੋਗੀ ਇਕਿ ਰੋਗਿ ਵਿਆਪੇ ॥ ਜੋ ਕਿਛੁ ਕਰੇ ਸੁ ਆਪੇ ਆਪੇ ॥ ਭਗਤਿ ਭਾਉ ਗੁਰ ਕੀ ਮਤਿ ਪੂਰੀ ਅਨਹਦਿ ਸਬਦਿ ਲਖਾਈ ਹੇ ॥੧੨॥ ਇਕਿ ਨਾਗੇ ਭੂਖੇ ਭਵਹਿ ਭਵਾਏ ॥ ਇਕਿ ਹਠੁ ਕਰਿ ਮਰਹਿ ਨ ਕੀਮਤਿ ਪਾਏ ॥ ਗਤਿ ਅਵਿਗਤ ਕੀ ਸਾਰ ਨ ਜਾਣੈ ਬੂਝੈ ਸਬਦੁ ਕਮਾਈ ਹੇ ॥੧੩॥ ਇਕਿ ਤੀਰਥਿ ਨਾਵਹਿ ਅੰਨੁ ਨ ਖਾਵਹਿ ॥ ਇਕਿ ਅਗਨਿ ਜਲਾਵਹਿ ਦੇਹ ਖਪਾਵਹਿ ॥ ਰਾਮ ਨਾਮ ਬਿਨੁ ਮੁਕਤਿ ਨ ਹੋਈ ਕਿਤੁ ਬਿਧਿ ਪਾਰਿ ਲੰਘਾਈ ਹੇ ॥

ਇਥੇ ਗੁਰੂ ਸਾਹਿਬ ਨਾਲ ਸਾਰੀਆਂ ਵੰਨਗੀਆਂ ਦੇ ਜੋਗੀਆਂ ਦਾ ਟਾਕਰਾ ਹੋਇਆ। ਕੋਈ ਗੋਰਖਨਾਥੀ, ਭਰਥਰੀ ਦਾ ਬੈਰਾਗੀ, ਕੋਈ ਪਾਗਲ, ਕੋਈ ਸੂਫੀ, ਕੋਈ ਰਾਵਲ, ਔਘੜ, ਕੋਈ ਚਰਪਟੀ, ਕੋਈ ਵਰਕਾਰੀ, ਕੋਈ ਸਤਨਾਥੀ ਆਦਿ ਆਦਿ।

ਗੁਰੂ ਸਾਹਿਬ ਦੇ ਨਾਲ ਜਿਹੜੇ ਜੋਗੀ ਹਿਮਾਚਲ ਚੋਂ ਗਏ ਸਨ ਲੱਗਦੈ ਓਨਾਂ ਵੀ ਕੈਲਾਸ ਦੇ ਜੋਗੀਆਂ ਨੂੰ ਦੱਸ ਦਿੱਤਾ ਹੋਵੇਗਾ ਕਿ ਗੁਰੂ ਨਾਨਕ ਨੂੰ ਕੋਈ ਸਧਾਰਨ ਵਿਅੱਕਤੀ ਨਾਂ ਸਮਝੋ। ਪਰ ਫਿਰ ਵੀ ਕੈਲਾਸ਼ ਪਰਬਤ ਦੇ ਤੰਤਰ ਵਿਦਿਆ ਦੇ ਮਾਹਿਰ ਜੋਗੀ ਬਾਜ ਨਾਂ ਆਏ ਤੇ ਤਰਾਂ ਤਰਾਂ ਦੀਆਂ ਅੜਾਉਣੀਆਂ ਗੁਰੂ ਸਾਹਿਬ ਨੂੰ ਪਾਉਦੇ ਰਹੇ। ਗੁਰੂ ਸਾਹਿਬ ਹਰ ਵਾਰੀ ਓਨਾਂ ਨੂੰ ਲਾ ਜਵਾਬ ਕਰੀ ਗਏ। ਰਿਧੀ ਸਿੱਧੀਆਂ ਵਿੱਚ ਮਾਹਿਰ ਇਨਾਂ ਜੋਗੀਆਂ ਨੇ ਗੁਰੂ

ਭਰ ਗਰਮੀ ਦੇ ਮੌਸਮ ਵਿਚ (ਜੀ ਹਾਂ ਇਥੇ ਇਹਨੂੰ ਗਰਮੀ ਹੀ ਕਹਿੰਦੇ ਨੇ) ਤਿੱਬਤੀ ਲੋਕ ਕੈਲਾਸ਼ ਦੇ ਦਰਸ਼ਨਾਂ ਲਈ ਪਹੁੰਚੇ ਨੇ।

ਸਾਹਿਬ ਨੂੰ ਤਰਾਂ ਤਰਾਂ ਦੇ ਲਾਲਚ ਦੇ ਕੇ ਭਰਮਾਉਣਾ ਚਾਹਿਆ। ਕਦੀ ਗੁਰੂ ਸਾਹਿਬ ਦੇ ਰਾਹ ਵਿੱਚ ਹੀਰੇ ਜਵਾਹਰਾਤ ਵਿੱਛਾ ਦੇਣ, ਕਦੀ ਕੁਝ ਤੇ ਕਦੀ ਕੁਝ।

ਅਖੀਰ ਜਦੋਂ ਇਹ ਚਾਰੇ ਖਾਨੇ ਚਿੱਤ ਹੋ ਗਏ ਤਾਂ ਇਨਾਂ ਰਲ ਕੇ ਇਹ ਮਤਾ ਪਕਾਇਆ ਕਿ ਕਿਸੇ ਤਰਾਂ ਨਾਨਕ ਨੂੰ ਜੋਗ ਮਤ ਵਿੱਚ ਲਿਆਇਆ ਜਾਏ ਕਿਉਕਿ ਜੇ ਇਹ ਜੋਗੀ ਬਣ ਗਇਆ ਤਾਂ ਜੋਗਮਤ ਨੂੰ ਦੁਨੀਆ ਵਿੱਚ ਫੈਲਾ ਦੇਵੇਗਾ। ਇਸ ਤੋਂ ਬਾਦ ਇਨਾਂ ਨੇ ਗੁਰੂ ਸਾਹਿਬ ਤੇ ਇਹੋ ਜੋਰ ਪਾਉਣਾ ਸ਼ੁਰੂ ਕਰ ਦਿੱਤਾ ਕਿ ਜੇ ਤੁਸੀ ਗੁਰੂ ਧਾਰਨ ਕਰ ਲਓ ਤਾਂ ਸਾਰੀ ਦੁਨੀਆਂ ਤੁਹਾਨੂੰ ਪੂਜੇਗੀ। ਤੇ ਕਿਹਾ ਕਿ ਗੁਰੂ ਬਿਨਾਂ ਗਤਿ ਨਹੀ ਜੇ। ਹਰ ਤਰੀਕਾ ਅਜਮਾ ਕੇ ਵੇਖ ਲਿਆ ਇਨਾਂ ਨੇ। ਅਖੀਰ ਤੇ ਸਿੱਧਾਂ ਨੇ ਗੁਰੂ ਸਾਹਿਬ ਅੱਗੇ ਸੀਸ ਨਿਵਾਇਆ ਸੀ। ਇਹੋ ਕਾਰਨ ਹੈ ਗੁਰੂ ਸਾਹਿਬ ਦੀ ਪ੍ਰਸਿੱਧੀ ਤਿਬਤ ਵਿੱਚ ਫੈਲ ਗਈ।

ਖੁਸ਼ਕਿਸਮਤੀ ਨਾਲ ਗੁਰੂ ਸਾਹਿਬ ਨੇ ਇਨਾਂ ਨਾਲ ਹੋਈ ਗੱਲ ਬਾਤ ਗੁਰਬਾਣੀ ਵਿੱਚ ਦਰਜ ਕੀਤੀ ਹੈ। ਪਰ ਬਦਕਿਸਮਤੀ, ਵਕਤ ਪਾ ਕੇ ਗੁਰੂ ਸਾਹਿਬ ਦਾ ਨਾਂ ਰਿਮਪੋਚੇ ਪੱਦਮਸੰਭਵ ਨਾਲ ਰਲਗੱਡ ਹੋ ਗਇਆ ਕਿਉਕਿ ਉਹ ਵੀ ਵੱਡੇ ਪੰਜਾਬ ਦੇ ਇਲਾਕੇ ਵਿੱਚੋਂ ਹੀ ਸੀ। ਵਕਤ ਪਾ ਕੇ ਕਈ ਦੰਦ ਕਥਾਵਾਂ ਵੀ ਗੁਰੂ ਸਾਹਿਬ ਨਾਲ ਜੁੜ ਗਈਆਂ।

ਕੈਲਾਸ਼ ਪਰਬਤ ਦੀ ਮਾਨਸਰੋਵਰ ਝੀਲ ਦੁਆਲੇ ਮੌਜੂਦ ਬੋਧੀ ਵਿਹਾਰਾਂ ਵਿੱਚ ਅੱਜ ਵੀ ਗੁਰੂ ਸਾਹਿਬ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਹਨ ਅਤੇ ਰਾਖਸ਼ ਤਲਾ ਦੇ ਕੰਢੇ ਤੇ ਮੌਜੂਦ ਸ਼ਪਜੀ ਮੱਠ ਵਿੱਚ ਗੁਰੂ ਸਾਹਿਬ ਦੇ ਪੱਥਰ ਤੇ ਪਦ-ਚਿੰਨ ਸੰਭਾਲੇ ਹੋਏ ਹਨ। ■

ਕੁਝ ਅਜਿਹੀ ਹਾਲਤ ਵਿਚ ਹੀ ਗੁਰੂ ਸਾਹਿਬ ਨੇ ਸਾਧੂ ਵੇਖੇ ਹੋਣਗੇ ਜਦੋਂ ਉਹਨਾਂ ਦਾ ਹਿਰਦਾ ਤੜਫ ਉਠਿਆ ਸੀ। ਅਕਾਲ ਪੁਰਖ ਅੱਗੇ ਸ਼ਕਾਇਤ ਕੀਤੀ ਸੀ ਕਿ ਵੇਖ ਤੂੰ ਕਿਹੋ ਕਿਹੋ ਜਿਹੀ ਬੁੱਧ ਪਾਈ ਹੈ ਜੀਵਾਂ ਵਿਚ, ਵੇਖ ਕਿਵੇ ਤੜਫ ਰਹੇ ਨੇ ਮੁਕਤੀ ਪਾਉਣ ਲਈ। ਐ ਨਿਰੰਕਾਰ ਤੂੰ ਆਪਣੇ ਜੀਆਂ ਤੇ ਤਰਸ ਕਰ! "ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ ॥ ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ ॥"

ਇਹ ਵੀ ਵੱਡੀ ਸੱਚਾਈ ਹੈ ਕਿ ਸਿੱਖ ਧਰਮ ਦੇ ਫੈਲਾਅ ਵਿੱਚ ਜੋਗੀ ਲੋਕਾਂ ਨੇ ਅਹਿਮ ਭੂਮਿਕਾ ਨਿਭਾਈ ਸੀ।

ਤਿੱਬਤ ਵਿੱਚ ਇਹ ਧਾਰਨਾ ਹੈ ਕਿ ਕੈਲਾਸ਼ ਤੇ ਰਹਿ ਕੇ ਜੋਗੀ ਸੰਨਿਆਸੀ ਆਪਣੀ ਉਮਰ ਲੰਮੀ ਕਰਨ ਲਈ ਵੀ ਉਪਾਅ ਕਰਦੇ ਸਨ ਤੇ ਕਈ ਸਾਧੂਆਂ ਦੀ ਉਮਰ ਸੈਕੜੇ ਸਾਲ ਹੁੰਦੀ ਸੀ। ਗੁਰੂ ਪਦਮਸੰਭਵ ਨੇ ਵੀ ਇਹ ਕੋਰਸ ਕੀਤਾ ਸੀ।

ਭਾਈ ਗੁਰਦਾਸ ਨੇ ਸਾਹਿਬ ਦੀ ਸੁਮੇਰ ਫੇਰੀ ਬਾਰੇ ਬੜਾ ਖੂਬਸੂਰਤ ਲਿਖਿਆ ਹੈ:-

ਬਾਬੇ ਡਿਠੀ ਪਿਰਥਮੀ ਨਵੈ ਖੰਡ ਜਿਥੈ ਤੱਕ ਆਹੀ॥ ਫਿਰ ਜਾ ਚੜੇ ਸੁਮੇਰ ਪਰ ਸਿਧ ਮੰਡਲੀ ਦ੍ਰਿਸਟੀ ਆਈ॥ ਚੌਰਾਸੀਹ ਸਿਧ ਗੋਰਖਾਦਿ ਮਨ ਅੰਦਰ ਗਣਤੀ ਵਰਤਾਈ॥ ਸਿਧ ਪੁੱਛਨ ਸੁਨ ਬਾਲਿਆ ਕੌਨ ਸਕਤ ਤੁਹਿ ਏਥੇ ਲਿਆਈ॥ ਹਉਂ ਜਪਿਆ ਪਰਮੇਸਰੋ ਭਾਉ ਭਗਤ ਸੰਗ ਤਾੜੀ ਲਾਈ॥ ਆਖਣ ਸਿਧ ਸੁਣ ਬਾਲਿਆ ਅਪਣਾ ਨਾਂ ਤੁਮ ਦੇਹੁ ਬਤਾਈ ॥ ਬਾਬਾ ਆਖੇ ਨਾਥ ਜੀ ਨਾਨਕ ਨਾਮ ਜਪੇ ਗਤ ਪਾਈ॥ ਨੀਚ ਕਹਾਇ ਊਚ ਘਰ ਆਈ ॥

ਜੋਗੀ ਹੈਰਾਨ ਸਨ ਕਿ ਇਹ ਗ੍ਰਿਸਤੀ ਬੰਦਾ ਇਥੇ ਕਿਵੇ ਆ ਗਇਆ ਹੈ? ਇਹਦੇ ਕੋਲ ਕਿਹੜੀ ਏਹੋ ਜਿਹੀ ਤਾਕਤ ਹੈ?

ਫਿਰ ਪੁੱਛਣ ਸਿਧ ਨਾਨਕਾ ਮਾਤ ਲੋਕ ਵਿਚ ਕਿਆ ਵਰਤਾਰਾ॥ ਸਭ ਸਿਧੀਂ ਏਹ ਬੁਝਿਆ ਕਲਿ ਤਾਰਣ ਨਾਨਕ ਅਵਤਾਰਾ॥ ਬਾਬੇ ਕਹਿਆ ਨਾਥ ਜੀ ਸੱਚ ਚੰਦ੍ਰਮਾ ਕੂੜ ਅੰਧਾਰਾ॥ ਕੂੜ ਅਮਾਵਸ ਵਰਤਿਆ ਹਉਂ ਭਾਲਣ ਚੜਿਆ ਸੰਸਾਰਾ॥ ਪਾਪ ਗਿਰਾਸੀ ਪਿਰਥਮੀ ਧੌਲ ਖੜਾ ਧਰ ਹੇਠ ਪੁਕਾਰਾ॥ ਸਿਧ ਛਪ ਬੈਠੇ ਪਰਬਤੀਂ ਕੌਣ ਜਗ ਕਉ ਪਾਰ ਉਤਾਰਾ॥ ਜੋਗੀ ਗਿਆਨ ਵਿਹੂਣਿਆਂ ਨਿਸਦਿਨ ਅੰਗ ਲਗਾਇਨ ਛਾਰਾ॥ ਬਾਝ ਗੁਰੂ ਡੁੱਬਾ ਜਗ ਸਾਰਾ ॥

ਕਈ ਕਈ ਸਾਲਾਂ ਤੋਂ ਤਾੜੀ ਲਾਈ ਬੈਠੇ ਜੋਗੀ ਫਿਰ ਗੁਰੂ ਸਾਹਿਬ ਤੋਂ ਪੁੱਛਦੇ ਹਨ ਕਿ ਦੇਸ ਦਾ ਕੀ ਹਾਲ ਹੈ? ਗੁਰੂ ਸਾਹਿਬ ਨੇ ਉਨਾਂ ਤੇ ਕਟਾਖ ਕੀਤਾ ਕਿ ਤੁਹਾਨੂੰ ਕੀ ਲੱਗੇ? ਜੇ ਤੁਸੀ ਲੋਕ ਹਿਤੈਸ਼ੀ ਹੁੰਦੇ ਤਾਂ ਲੋਕਾਂ ਵਿੱਚ ਵਿੱਚਰ ਕੇ ਉਨਾਂ ਦਾ ਉਧਾਰ ਕਰਦੇ। ਤੁਸੀ ਤਾਂ ਏਥੇ ਸਵਾਹ ਮਲ ਕੇ ਬਹਿ ਗਏ ਹੋ।

ਕਲ ਆਈ ਕੁੱਤੇ ਮੁਹੀ ਖਾਜ ਹੋਆ ਮੁਰਦਾਰ ਗੁਸਾਈ॥ ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ॥ ਪਰਜਾ ਅੰਧੀ ਗਿਆਨ ਬਿਨ ਕੂੜ ਕੁਸਤ ਮੁਖਹੁ ਅਲਾਈ॥ ਚੇਲੇ ਸਾਜ ਵਜਾਇੰਦੇ ਨੱਚਣ ਗੁਰੂ ਬਹੁਤ ਬਿਧ ਭਾਈ॥ ਸੇਵਕ ਬੈਠਨ ਘਰਾਂ ਵਿੱਚ ਗੁਰ ਉਠ ਘਰੀਂ ਤਿਨਾੜੇ ਜਾਈ॥ ਕਾਜ਼ੀ ਹੋਏ ਰਿਸਵਤੀ ਵੱਢੀ ਲੈਕੇ ਹੱਕ ਗਵਾਈ॥ ਇਸਤ੍ਰੀ ਪੁਰਖਾ ਦਾਮ ਹਿਤ ਭਾਵੇਂ ਆਇ ਕਿਥਾਊਂ ਜਾਈ॥ ਵਰਤਿਆ ਪਾਪ ਸਭਸ ਜਗ ਮਾਂਹੀ ॥

ਭਾਈ ਗੁਰਦਾਸ ਫਿਰ ਗੁਰੂ ਸਾਹਿਬ ਰਾਹੀ ਉਸ ਜਮਾਨੇ ਦੀ ਤਸਵੀਰ ਖਿਚਦੇ ਹਨ।

ਸਿਧੀਂ ਮਨੇ ਬਿਚਾਰਿਆ ਕਿਵ ਦਰਸਨ ਏਹ ਲੇਵੇ ਬਾਲਾ॥ ਐਸਾ ਜੋਗੀ ਕਲੀ ਮਾਹਿ ਹਮਰੇ ਪੰਥ ਕਰੇ ਉਜਿਆਲਾ॥ ਖੱਪਰ ਦਿੱਤਾ ਨਾਥ ਜੀ ਪਾਣੀ ਭਰ ਲੈਵਣ ਉਠ ਚਾਲਾ॥ ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ॥ ਸਤਿਗੁਰ ਅਗਮ ਅਗਾਧ ਪੁਰਖ ਕੇਹੜਾ ਝਲੇ ਗੁਰ ਦੀ ਝਾਲਾ॥ ਫਿਰ ਆਯਾ ਗੁਰ ਨਾਥ ਜੀ ਪਾਣੀ ਠਉੜ ਨਹੀਂ ਉਸ ਤਾਲਾ॥ ਸਬਦ ਜਿਤੀ ਸਿਧ ਮੰਡਲੀ ਕੀਤੋਸੁ ਅਪਣਾ ਪੰਥ ਨਿਰਾਲਾ॥ ਕਲਿਜੁਗ ਨਾਨਕ ਨਾਮ ਸੁਖਾਲਾ ॥

ਖੁਸ਼ਕਿਸਮਤੀ ਨਾਲ ਅੱਜ ਸਾਡੇ ਕੋਲ ਸ਼ੁਧ ਰੂਪ ਵਿੱਚ ਉਹ ਵਾਰਤਾਲਾਪ 'ਸਿਧ ਗੋਸ਼ਟਿ' ਮੌਜੂਦ ਹੈ ਜਿਹੜੀ ਜੋਗੀਆਂ ਨਾਲ ਸੁਮੇਰ ਪਰਬਤ ਤੇ ਹੋਈ। ਜਿਸਦਾ ਸਾਰ ਅਗਲੇ ਪੰਨਿਆਂ ਵਿੱਚ ਦਿੱਤਾ ਜਾ ਰਿਹਾ ਹੈ।

ਤੀਜੀ ਉਦਾਸੀ: ਭਾਗ -2, ਸਿੱਧ ਗੋਸਟਿ

ਸਿੱਧ ਗੋਸਟਿ ਅਰਥਾਤ ਨਾਮ ਦਾ ਸਿਧਾਂਤ

(ਸੁਮੇਰ ਪਰਬਤ ਤੇ ਸਿੱਧਾਂ ਜੋਗੀਆਂ ਨਾਲ ਗਲਬਾਤ)

ਵਿਆਖਿਆ

ਕਿਉਕਿ ਜੋਗੀ ਲੋਕ ਸਮਾਧੀ ਲਾ ਚੁੱਪ ਚਾਪ ਬੈਠੇ ਰਹਿੰਦੇ ਨੇ। ਸੁਰਤ ਜਿਧਰ ਜਿਧਰ ਜਾਂਦੀ ਹੈ ਬਸ ਓਸੇ ਤੇ ਧਿਆਨ ਕਰੀ ਜਾਂਦੇ ਨੇ। ਗੁਰੂ ਸਾਹਿਬ ਨੇ ਇਸ ਤੋਰ-ਤਰੀਕੇ ਦਾ ਖੰਡਣ ਕੀਤਾ ਹੈ ਤੇ ਉਪਦੇਸ਼ ਦਿੱਤਾ ਹੈ ਨਿਰੰਕਾਰ ਦੀ ਸਿਫਤ ਸਾਲਾਹ ਜਾਂ ਜੱਸ ਕਹਿਣ, ਗਾਉਣ ਤੋਂ ਬਿਨਾਂ ਭਗਤੀ ਵਿਅੱਰਥ ਹੈ। ਰੱਬ ਦੇ ਗੁਣਗਾਨ ਨੂੰ ਨਾਮ ਕਿਹਾ ਹੈ ਤੇ ਕਿਹਾ ਹੈ ਕਿ ਨਾਮ ਹੀ ਉਸ ਦੀ ਪ੍ਰਾਪਤੀ ਦਾ ਇਕੋ ਇੱਕ ਰਸਤਾ ਹੈ। **"ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥"**

ਸੁਮੇਰ ਭਾਵ ਕੈਲਾਸ਼ ਪਰਬਤ ਤੇ ਸਿੱਧ ਜੋਗੀਆਂ ਤੇ ਗੁਰੂ ਸਾਹਿਬ ਦੇ ਸਵਾਲ (?)- ਜਵਾਬ (➡)। ਇਹ ਗੋਸ਼ਟੀ ਭਾਵ ਗੱਲ ਬਾਤ ਰਾਮਕਲੀ ਰਾਗ ਵਿੱਚ 'ਸਿਧ ਗੋਸਟਿ' ਗੁਰੂ ਗ੍ਰੰਥ ਸਾਹਿਬ ਦੇ ਅੰਗ 938 ਤੋਂ 946 ਤੱਕ ਸਭਾਇਮਾਨ ਹੈ। ਉਂਜ ਹੋਰ ਵੀ ਅਨੇਕਾਂ ਥਾਵਾਂ ਤੇ ਜੋਗੀਆਂ ਦੇ ਮੱਠਾਂ ਤੇ ਗੁਰੂ ਸਾਹਿਬ ਨੇ ਜਾ ਜਾ ਪ੍ਰਚਾਰ ਕੀਤਾ। ਪਰ 'ਸਿਧ ਗੋਸਟਿ' ਤੀਸਰੀ ਉਦਾਸੀ ਵੇਲੇ 1519 ਦੀਆਂ ਗਰਮੀਆਂ ਵਿਚ ਹਿਮਾਚਲੀ ਪਹਾੜਾਂ ਤੇ ਹੋਈ ਹੈ।

ਇਥੇ ਆਪਣੀ ਤੁੱਛ ਜਿਹੀ ਅਕਲ ਅਨੁਸਾਰ ਸਿਰਫ ਗੋਸਟਿ ਦਾ ਭਾਵ ਅਰਥ ਦੇਣ ਦੀ ਕੋਸ਼ਿਸ਼ ਕੀਤੀ ਹੈ। ਪਾਠਕ ਨੂੰ ਚਾਹੀਦਾ ਹੈ ਕਿ ਮੂਲ ਸਿਧ ਗੋਸਟਿ ਨਾਲ ਨਾਲ ਪੜੇ। ◉ ਬਰੈਕਟਾਂ ਵਿਚ ਮੂਲ ਸਿਧ ਗੋਸਟਿ ਦੀ ਤੁਕ ਦਾ ਨੰਬਰ ਦਿੱਤਾ ਹੈ। ਸਾਰੀ ਬਾਣੀ ਗੁਰੂ ਸਾਹਿਬ ਦੀ ਹੀ ਲਿਖਤ ਹੈ। ਸਵਾਲ ਸਿੱਧਾਂ ਜੋਗੀਆਂ ਦੇ ਮੰਨ ਕੇ ਚਲੀਏ। ਜਵਾਬ ਗੁਰੂ ਸਾਹਿਬ ਦੇ ਨੇ :-

ਸਵਾਲ (?) - ਬੱਚੇ ਤੁਸੀ ਕੌਣ ਹੁੰਦੇ ਹੋ? ਤੇਰਾ ਨਾਂ ਕੀ ਹੈ? ਕਿਥੋਂ ਦੇ ਰਹਿਣ ਵਾਲੇ ਹੋ? ਇਥੇ ਕਿਸ ਤਰਾਂ ਪਹੁੰਚੇ ? (2)

ਜਵਾਬ (➡) ਨਾਨਕ ਮੇਰਾ ਨਾਂ ਹੈ। ਅਕਾਲ ਪੁਰਖ ਦੇ ਭਾਣੇ 'ਚ ਤੁਰਿਆ ਫਿਰਦਾ ਹੀ ਰਹਿੰਦਾ ਹਾਂ। ਸਾਡੇ ਜੀਆਂ ਦਾ ਕਿਹੜਾ ਟਿਕਾਣਾ? ਸਥਿਰ ਟਿਕਾਣਾ ਤਾਂ ਸਿਰਫ ਨਿਰੰਕਾਰ ਪ੍ਰਭੂ ਦਾ। (3)

? - ਇਹ ਜੀਵਨ ਜਾਂ ਦੁਨੀਆ ਭਿਆਨਕ ਤੇ ਅਥਾਹ ਸਾਗਰ ਹੈ, ਕਿਵੇ ਪਾਰ ਲੰਘੀਏ ਇਸ ਤੋਂ? ਗੁਰੂ ਦੇ ਦਰ ਤੋਂ ਕਿਵੇ ਪ੍ਰਾਪਤੀ ਹੋ ਸਕਦੀ ਹੈ?

➡ ਜਿਵੇ ਮੁਰਗਾਬੀ ਪਾਣੀ ਵਿੱਚ ਤਰਦੀ ਰਹਿੰਦੀ ਹੈ ਜਾਂ ਜਿਵੇ ਚਿੱਕੜ ਵਿੱਚ ਸੁਹਣਾ ਕਮਲ ਫੁੱਲ ਖਿੜਦਾ ਹੈ, ਐਨ ਏਸੇ ਤਰਾਂ ਇਸ ਜੀਵਨ ਸਮੁੰਦਰ ਵਿੱਚ ਆਪਾਂ ਤਰ ਸਕਦੇ ਹਾਂ ਜੇ ਸਾਡਾ ਮੰਨ ਸ਼ਬਦ ਨਾਲ ਜੁੜਿਆ ਰਹੇਗਾ ਤਾਂ। ਦੁਨੀਆ ਆਸਾਂ ਉਮੀਦਾਂ 'ਚ ਜੀਉਦੀ ਹੈ ਅਸੀ ਨਾਮ ਦੇ ਸਹਾਰੇ ਇਸ ਆਸਵੰਦ ਜਗਤ ਵਿੱਚ ਸੱਚ ਨੂੰ ਪਛਾਣਦੇ ਹੋਏ, ਚੜ੍ਹਦੀ ਕਲ੍ਹਾ ਵਿੱਚ ਜੀਉਦੇ ਹਾਂ। (5)

?- ਇਹ ਕਿਵੇ ਹੋ ਸਕਦਾ ਹੈ ਕਿ ਗੁਰੂ ਦੇ ਦਰ ਤੇ ਗਇਆਂ ਸਾਡਾ ਮਨ ਸ਼ਾਂਤ ਹੋ ਜਾਵੇਗਾ?

➡ ਨਾਮ ਦੇ ਆਸਰੇ ਨਾਲ ਜਦੋਂ ਤੁਸੀ ਜੀਵਨ ਦੇ ਸੱਚ ਨੂੰ ਪਛਾਣ ਲਵੋਗੇ ਤਾਂ ਮੰਨ ਠਹਿਰਾਓ ਵਿੱਚ ਆ ਜਾਵੇਗਾ। (6)

? - ਜੋਗ ਮਤ ਦੇ ਗਿਆਨ ਅਨੁਸਾਰ, ਭਾਈ ਅਸੀ ਤਾਂ ਘਰ ਬਾਰ ਤੋਂ ਸੁਰਖਰੂ ਹੋ ਚੁੱਕੇ ਹਾਂ ਸਭ ਕੁਝ ਤਿਆਗ ਦਿੱਤਾ ਹੈ। ਬਾਹਰੋਂ ਕੰਦ ਮੂਲ ਖਾ ਕੇ ਗੁਜਾਰਾ ਕਰੀ ਜਾਈਦਾ ਹੈ। ਫਿਰ ਤੀਰਥ ਯਾਤਰਾ ਕਰਦੇ ਮਸਤ ਰਹੀਦਾ ਹੈ। ਕੋਈ ਫਿਕਰ ਚਿੰਤਾ ਨਹੀ।

ਦੱਸੋ ਤੁਹਾਡਾ ਕੀ ਰਾਹ ਹੈ? (7)

ਜਵਾਬ - ਸੁਆਮੀ ਜੀ ਤੁਸੀ ਗਲਤ ਕਹਿ ਰਹੇ ਹੋ। ਘਰ ਤਾਂ ਛੱਡ ਦਿੱਤਾ ਤੁਸਾਂ, ਪਰ ਮੰਨ ਤਾਂ ਤੁਹਾਡਾ ਸਦਾ ਭਟਕਦਾ ਹੀ ਰਹਿੰਦਾ ਵਾ। ਨਾਮ ਤੋਂ ਬਿਨਾਂ, ਜੀਵਨ ਦੇ ਸੱਚ ਨੂੰ ਸਮਝੇ ਬਗੈਰ ਮੰਨ ਵਿੱਚ ਟਿਕਾਓ ਆ ਹੀ ਨਹੀ ਸਕਦਾ, ਮੰਨ ਦੀ ਭੁੱਖ ਨਹੀ ਮਰਦੀ। ਅਸੀ ਤਾਂ ਗ੍ਰਿਸਤ ਵਿੱਚ ਰਹਿ ਕੇ ਹੀ ਸੰਜਮ ਵਿੱਚ ਹਾਂ। (ਖਾਨੇ ਵੀ ਥੋੜਾ ਆਂ, ਸੌਂਨੇ ਵੀ ਆਂ।) (8)

ਸਵਾਲ (ਜੋਗੀ ਜੋਗਿੰਦਰ)- ਐ ਨਾਨਕ! ਤੁਸੀ ਵੀ ਜੋਗ ਦੀ ਵਿੱਚਾਰਧਾਰਾ ਗ੍ਰਿਹਣ ਕਰੋ। ਸਾਧੂ ਭੇਖ ਧਾਰਨ ਕਰੋ। ਬਾਰਾਂ ਪੰਥਾਂ ਵਿੱਚੋਂ ਕੋਈ ਰਾਹ ਚੁਣ ਲਓ। ਜੋਗ-ਜੁਗਤ ਨਾਲ ਹੀ ਸਿਰਫ ਤੁਹਾਡਾ ਕਲਿਆਣ ਹੋ ਸਕਦਾ ਹੈ। (9)

➡ ਤੁਸੀ ਕੰਨੀ ਮੁੰਦਰਾਂ ਪਵਾਉਣਾ ਚਾਹੁੰਦੇ ਹੋ ਮੈਨੂੰ? ਮੈਂ ਤਾਂ ਹਿਰਦੇ ਵਿੱਚ ਹੀ ਮੁੰਦਰੀ ਪਾ ਲਈ ਹੈ, ਸ਼ਬਦ ਦੀ। ਜਿਸ ਕਰਕੇ ਮੈਂ ਮੋਹ ਮਾਇਆ ਤੋਂ ਨਿਰਲੇਪ ਤੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਤੋਂ ਸੁਰਖਰੂ ਹੋ ਗਇਆ ਹਾਂ।(10)

ਕਿਉਕਿ ਨਾਮ ਰਾਂਹੀ ਮੈਂ ਸਾਰੀ ਕਹਾਣੀ ਸਮਝ ਲਈ ਹੈ। ਸੱਚ ਨੂੰ ਸਮਝਣ ਤੇ ਹੁਣ ਮੈਨੂੰ ਸੰਤੋਖ ਆ ਗਇਆ ਹੈ। (11)

ਸਵਾਲ (ਜੋਗੀ)- ਮੁਕਤੀ ਤੋਂ ਕੀ ਸਮਝਦੇ ਹੋ? ਕੁਝ ਸਮਝ ਹੈ ਵੀ ਸਹੀ ਤੁਹਾਨੂੰ? ਕੌਣ ਮੁਕਤ ਹੁੰਦਾ ਹੈ ? ਗੁਪਤ ਕੌਣ? ਕੌਣ 84 ਦੇ ਗੇੜ ਵਿੱਚ ਪਇਆ ਰਹਿੰਦਾ ਹੈ? (12)

➡ ਨਿਰੰਕਾਰ ਗੁਪਤ ਰੂਪ ਵਿੱਚ ਹਰ ਰਚਨਾ ਵਿੱਚ ਹੈ। ਗੁਰਮੁਖ ਸੱਚ ਵਿੱਚ ਸਮਾ ਕੇ ਮੁਕਤ ਹੋ ਜਾਂਦੇ ਨੇ। ਨਿਗੁਰੇ ਮਨਮੁਖ 84 ਦੇ ਗੇੜ ਵਿੱਚ ਭਟਕਦੇ, ਜੰਮਦੇ ਮਰਦੇ ਰਹਿੰਦੇ ਨੇ। (13)

? - ਜੀਵ ਕਿਉ ਦੁੱਖੀ ਹੈ? (14)

ਜਵਾਬ - ਗਿਆਨ ਵਿਹੂਣਾ ਬੰਦਾ ਗਵਾਚਿਆ ਹੋਇਆ ਹੈ ਤੇ ਦੁੱਖੀ ਹੈ। ਸੱਚੇ ਗੁਰੂ ਦੇ ਦਰ ਤੋਂ ਗਿਆਨ ਹਾਸਲ ਕਰਕੇ ਜੀਵਨ ਦਾ ਹਨੇਰਾ ਮਿੱਟ ਜਾਂਦਾ ਹੈ। ਹਉਮੈ ਤੋਂ ਜਦੋਂ ਛੁਟਕਾਰਾ ਹੋ ਜਾਂਦਾ ਹੈ ਤਾਂ ਆਪੇ ਸੁੰਨ (ਖਾਲੀਪਣ) ਹਾਸਲ ਹੋ ਜਾਂਦਾ ਹੈ। (15) (32)
(ਸੁੰਨ ਅਵਸਥਾ ਬੁੱਧ ਮਤ ਦੀ ਧਾਰਣਾ ਹੈ ਜਿੰਨੂ ਜੋਗੀਆਂ ਵੀ ਅਪਣਾ ਲਿਆ ਹੈ)

? - ਕੀ ਲਭਦੇ ਪਏ ਹੋ? ਘਰ ਬਾਰ ਕਿਓ ਛੱਡ ਦਿੱਤਾ?(17)

➡ ਵੱਖ ਵੱਖ ਵਿੱਚਾਰਧਾਰਾਵਾਂ ਦੀ ਖੋਜ ਕਰ ਰਿਹਾ ਹਾਂ। ਕਿੱਥੇ ਕਿੱਥੇ ਸੱਚ ਹੈ ਇਹ ਵੇਖ ਰਿਹਾ ਹਾਂ। (18)

? - ਬੱਚੇ ਤੂੰ ਕਿਸ ਜੁਗਤ ਨਾਲ ਆਪਣੀ ਇਛਾਵਾਂ, ਆਸਾਂ ਉਮੀਦਾਂ ਖਤਮ ਕੀਤੀਆਂ। ਇਹ ਅੱਕ ਕਿਵੇ ਚੱਬਿਆ? (19)

ਪੈਂਡਾ ਸਫਾ

◉ ਕਿਤਾਬ ਨੂੰ ਹੋਰ ਜਿਆਦਾ ਮੋਟੀ ਹੋਣ ਤੋਂ ਬਚਾਉਦਿਆਂ ਅਸੀ ਸਿਧ ਗੋਸਟਿ ਪਾਠਕ ਦੀ ਸਹੂਲਤ ਲਈ ਵੈਬ ਸਾਈਟ ਤੇ ਵੀ ਦੇ ਦਿਆਂਗੇ। ਕਿਰਪਾ ਕਰਕੇ ਵੇਖ ਲੈਣਾ: www.jindaginama.com

➡ ਸਤਿਗੁਰ ਦੀ ਸ਼ਰਨ ਵਿੱਚ ਜਾ ਕੇ, ਸ਼ਬਦ ਤੇ ਗਿਆਨ ਨੇ ਮੇਰੀਆਂ ਇਛਾਵਾਂ ਮੁਕਾ ਦਿੱਤੀਆਂ ਤੇ ਮੈਂ ਅੱਜ ਹਰ ਜੀਅ ਵਿੱਚ ਨਿਰੰਕਾਰ ਦੀ ਜੋਤ ਅਨੁਭਵ ਕਰ ਸਕਦਾ ਹਾਂ। ਤਿੰਨੇ ਗੁਣ (ਰਜੋ, ਸਤੋ, ਤਮੋ) ਦੇ ਮਿੱਟਣ ਕਰਕੇ ਇਹ ਲੋਹਾ ਚੱਬ ਸਕਦਾ ਹਾਂ। ਮੈਨੂੰ ਪਤਾ ਹੈ, ਮੁਕਤੀ ਤਾਂ ਨਿਰੰਕਾਰ ਦੀ ਬਖਸ਼ਸ਼ ਸਦਕਾ ਹੈ। (20)

? - ਉਹ ਕਿਹੜੇ ਲੋਕ ਨੇ ਜਿੰਨਾਂ ਸੁੰਨ ਅਵਸਥਾ ਹਾਸਲ ਕੀਤੀ। ਮੌਤ ਦਾ ਡਰ ਕਿਵੇ ਮੁਕੇਗਾ ਕਿਵੇ ਨਿਰਭਉ ਅਵਸਥਾ ਹਾਸਲ ਹੋਵੇਗੀ? (21)

➡ ਸਬਰ, ਸੰਤੋਖ ਭਾਵ ਭਾਣਾ ਮੰਨਦਿਆਂ ਤੇ ਗੁਰੂ ਦੇ ਸ਼ਬਦ ਰਾਂਹੀ ਹਉਮੈ ਰੂਪੀ ਜ਼ਹਿਰ ਨੂੰ ਮੁਕਾਉਣ ਨਾਲ ਰਚਨਹਾਰ ਦੀ ਹੋਂਦ ਦਾ ਅਹਿਸਾਸ ਹੋਵੇਗਾ। (21)

? - ਜੀਵ ਕਿਥੋਂ ਆਉਦਾ ਹੈ ਤੇ ਕਿਥੇ ਜਾਂਦਾ ਹੈ? (22)

➡ ਨਿਰੰਕਾਰ ਦਾ ਇੱਕ ਖੇਲ ਚਲ ਰਿਹਾ ਹੈ ਉਸਦੇ ਹੁਕਮ ਤਹਿਤ ਹੀ ਜੀਅ ਪੈਦਾ ਹੁੰਦੇ ਤੇ ਮਰਦੇ ਖਪਦੇ ਰਹਿੰਦੇ ਨੇ। ਸੱਚ ਨਾਲ ਜੁੱੜੇ ਰਹਿਣ ਤੇ ਸ਼ਬਦ ਰਾਂਹੀ ਫਿਰ ਮੁਕਤੀ ਦੀ ਪ੍ਰਾਪਤੀ ਹੈ। (22)

ਮੁੱਢਲਾ ਸਿਧਾਂਤ ਇਹ ਹੈ ਕਿ ਗਿਆਨ ਰਾਂਹੀ ਸ੍ਰਿਸਟੀ ਦੇ ਰਚਨਹਾਰ ਨੂੰ ਖੋਜਣਾ, ਪਛਾਨਣਾ, ਨਿਰੰਕਾਰ ਦੇ ਹੁਕਮ ਤੇ ਸੱਚ ਦੀ ਅਹਿਮੀਅਤ ਸਮਝਣਾ। (23)

ਫਿਰ ਸਮਝ ਆਏਗੀ ਕਿ ਕਿਵੇ ਉਹ ਨਿਰਗੁਣ ਤੋਂ ਸਰਗੁਣ ਸਰੂਪ ਬਦਲਦਾ ਹੈ। ਜੰਮਣ ਮਰਨ ਤੋਂ ਜੀਅ ਦੀ ਮੁਕਤੀ ਸਤਿਗੁਰ ਦੇ ਦਿੱਤੇ ਗਿਆਨ ਕਰਕੇ ਸ਼ਬਦ ਦੇ ਆਸਰੇ ਹੀ ਹੋ ਸਕਦੀ ਹੈ, ਉਹ ਵੀ ਤਾਂ ਜੇ ਨਿਰੰਕਾਰ ਦੀ ਕਿਰਪਾ ਦ੍ਰਿਸ਼ਟੀ ਹੋ ਜਾਵੇ ਤਾਂ। ਇਹ ਤਾਂ ਜੀਂਦੇ ਜੀ ਮਰਨ ਵਾਲੀ ਗੱਲ ਹੈ ਫਿਰ ਸਭ ਕੁਝ ਸਮਝ ਆ ਜਾਂਦਾ ਹੈ, ਜਦੋਂ ਹਉਮੈ ਦੀ ਕਹਾਣੀ ਸਮਝ ਆਉਦੀ ਹੈ ਤਾਂ। (24)

ਉਸ ਸੱਚੇ ਨਿਰੰਕਾਰ ਤੋਂ ਰਚਨਾ ਪੈਦਾ ਹੁੰਦੀ ਹੈ ਤੇ ਓਸੇ ਵਿੱਚ ਹੀ ਸਮਾ ਜਾਂਦੀ ਹੈ। ਜਿਹੜੇ ਸਬਦ ਦੇ ਲੜ ਲੱਗੇ ਨੇ ਉਹ ਸੁਖੀ ਨੇ ਤੇ ਨਾਮ ਵਿਹੂਣੇ ਮਨਮੁਖ ਅਗਿਆਨਤਾ ਕਰਕੇ ਭਟਕ ਰਹੇ ਨੇ ਤੇ ਦੁੱਖੀ ਨੇ। (25)

ਮਨਮੁਖ ਭੁੱਲੜ ਮੜੀਆਂ ਮਸਾਣਾਂ ਵਿੱਚ ਜਾ, ਜੰਤਰ ਮੰਤਰ ਪਏ ਕਰਦੇ ਫਿਰਦੇ ਨੇ। ਬੇਗਾਨੀਆਂ ਵਲ ਧਿਆਨ ਹੁੰਦਾ ਹੈ। ਪਰ ਜਿਹੜੇ ਸੱਚ ਨਾਲ ਜੁੜੇ ਨੇ ਉਹ ਅਨੰਦ ਵਿੱਚ ਹਨ। (26)

ਗੁਰੂ ਦੇ ਸਿੱਖ (ਗੁਰਮੁਖ) ਸੱਚੇ ਨਿਰੰਕਾਰ ਦਾ ਮੰਨ ਵਿੱਚ ਡਰ ਰੱਖਦੇ ਹਨ। ਬਾਣੀ ਪੜ੍ਹਦੇ, ਹਰੀ ਦੇ ਗੁਣ ਗਾਉਦੇ ਗਾਉਦੇ ਉਤਮ ਪਦਮੀ ਪਾ ਜਾਂਦੇ ਨੇ। ਗੁਰਮੁਖ ਤਾਂ ਸੁਆਸ ਸੁਆਸ ਨਾਲ ਹਰੀ ਦੀ ਅਰਾਧਨਾ ਕਰਦੇ ਹਨ। (27)

ਗੁਰੂ ਤੁਹਾਨੂੰ ਵੇਦ ਗਿਆਨ ਦੀ ਵਾਕਫੀਅਤ ਕਰਾ ਦਿੰਦਾ ਹੈ। ਆਹ ਜਿਹੜੀਆਂ ਬਾਰ ਬਾਰ ਅੰਦਰ ਦੀਆਂ ਗੱਲਾਂ ਕਰਦੇ ਹੋ ਸਤਿਗੁਰੂ ਇਸ ਬਾਬਤ ਸਾਰਾ ਗਿਆਨ ਕਰਾ, ਤੁਹਾਨੂੰ ਮੁਕਤ ਕਰ ਦਿੰਦਾ ਹੈ। (28)

ਗੁਰੂ ਦੀ ਸ਼ਰਨ ਗਇਆ ਤੁਹਾਡਾ ਹਉਮੈ ਤੋਂ ਛੁਟਕਾਰਾ ਹੋ ਜਾਂਦਾ ਹੈ। ਜਿਹੜੀ ਤੁਸੀ ਰਹੱਸਾਂ ਦੀ ਗੱਲ ਪਏ ਕਰਦੇ ਹੋ ਉਹ ਸਭ ਖੁੱਲ ਜਾਂਦੇ ਹਨ। (ਸੁਣਿਐ ਜੋਗੁ ਜੁਗਤਿ ਤਨੁ ਭੇਦੁ) (29)

ਇਹ ਸ੍ਰਿਸਟੀ ਦੀ ਰਚਨਾ ਤੇ ਫਿਰ ਇਥੇ ਜੋ ਖੇਲ ਰਚਾਇਆ ਕਰਤੇ ਨੇ ਇਹ ਸਾਰਾ ਗਿਆਨ ਤੁਹਾਨੂੰ ਸਬਦ ਰਾਂਹੀ ਮਿਲੇਗਾ। ਸੱਚੇ ਗਿਆਨ ਤੇ ਨਾਮ ਬਿਨਾਂ, ਨਾਂ ਤੁਹਾਨੂੰ ਸਮਾਜ ਵਿੱਚ ਇੱਜਤ ਪੱਤ ਮਿਲੇਗੀ ਤੇ ਨਾਂ ਹੀ ਤੁਹਾਡਾ ਉਧਾਰ ਹੋਵੇਗਾ। (30)

ਗੁਰਮੁਖ ਦੀ ਬੁੱਧ ਰੋਸ਼ਨਾਅ ਜਾਂਦੀ ਹੈ ਜਿਸ ਕਰਕੇ ਉਹਨੂੰ ਮਾੜੇ ਚੰਗੇ ਦੀ ਸੋਝੀ ਹੋ ਜਾਂਦੀ ਹੈ। ਆਪ ਤਰਦਾ ਹੈ ਤੇ ਸਾਥੀਆਂ ਨੂੰ ਵੀ ਨਾਲ ਤਾਰ ਲਿਜਾਂਦਾ ਹੈ। (ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ ॥) (31) (57)

ਨਾਮ ਭਾਵ ਰੱਬ ਦੀ ਸਿਫਤ ਸਲਾਹ ਤੋਂ ਬੋਲਿਆ ਬਗੈਰ ਕੋਈ ਵੀ ਸਬਦ (ਜੰਤਰ, ਮੰਤਰ, ਤੰਤਰ ਆਦਿ) ਸਭ ਬੇਕਾਰ ਹਨ। (33)

ਜੋਗੀਆਂ ਦੇ ਸਾਰੇ 12 ਜਾਂ ਸੰਨਿਆਸੀਆਂ ਦੇ 10 ਫਿਰਕਿਆਂ ਕਿਸੇ ਵਿੱਚੋਂ ਵੀ ਹੋਵੇ ਜੇ ਨਾਮ ਨਹੀ ਜਪਦਾ ਤਾਂ ਐਵੇ ਭਟਕਦਾ ਪਿਆ ਹੈ। (34)

ਗੁਰਮੁਖਾਂ ਨੂੰ ਥਾਂ ਥਾਂ ਠੋਕਰਾਂ ਨਹੀ ਪੈਂਦੀਆਂ । (ਮੰਨੈ ਮਾਰਗਿ ਠਾਕ ਨ ਪਾਇ ॥)-(35)

ਗੁਰਮੁਖਾਂ ਨੂੰ ਸਭਾਵਾਂ ਵਿੱਚ ਮਾਣ ਸਤਿਕਾਰ ਮਿਲਦਾ ਹੈ। (ਮੰਨੈ ਪਤਿ ਸਿਉ ਪਰਗਟੁ ਜਾਇ ॥)-(36, 41)

ਗੁਰਮੁਖਾਂ ਨੂੰ ਸ਼ਾਸਤਰਾਂ ਵੇਦਾਂ ਦੀ ਅਸਲੀਅਤ ਦਾ ਅਹਿਸਾਸ ਹੋ ਜਾਂਦਾ ਹੈ। (ਸੁਣਿਐ ਸਾਸਤ ਸਿਮ੍ਰਿਤਿ ਵੇਦ ॥) - 37

ਨਿਗੁਰਾ ਵਹਿਮਾਂ ਭਰਮਾਂ ਵਿੱਚ ਫਸਿਆ ਰਹਿੰਦਾ ਹੈ। (38)

ਗੁਰਮੁਖ ਹਰ ਥਾਂ ਜਿੱਤਦਾ ਹੀ ਜਿੱਤਦਾ ਹੈ। (ਵਕਤੀ ਤੌਰ ਤੇ ਭਾਵੇ ਦੁਨੀਆਂ ਨੂੰ ਸਮਝ ਨਾਂ ਵੀ ਆਵੇ।) ਏਸੇ ਸਿਧਾਂਤ ਤਹਿਤ ਰਾਮ ਦੀ ਰਾਵਣ ਤੇ ਜਿੱਤ ਹੁੰਦੀ ਹੈ।(39, 40)

ਗੁਰਮੁਖ ਨਾਮ ਦੇ ਲੜ ਲੱਗਾ ਰਹਿੰਦਾ ਹੈ ਭਾਵ ਉਹ ਹਮੇਸ਼ਾਂ ਰੱਬ ਦੇ ਗੁਣ ਗਾਉਦਾ ਰਹਿੰਦਾ ਹੈ। (42)

? - ਤੇਰਾ ਮੂਲ ਕੀ ਹੈ ਜਿਹਦੇ ਆਸਰੇ ਪਿਆ ਫਿਰਦਾ ਏ? ਤੇਰੇ ਗੁਰੂ ਦਾ ਕੀ ਨਾਂ ਹੈ ਜਿਹਦਾ ਤੂੰ ਚੇਲਾ ਏ? (42)

➡ ਸਵਾਮੀ ਜੀ ਸਾਹ ਆਉਦਾ ਹੈ ਤਾਂ ਚਲਾਇਮਾਨ ਹਾਂ। ਸਤਿਗੁਰੂ ਤੋਂ ਸ਼ਬਦ ਵਾਲੀ ਮਤ ਲਈ ਹੈ। ਸਬਦ ਦੀ ਧੁੰਨ ਤੇ ਸੁਰਤ ਰਹਿੰਦੀ ਹੈ। ਕਥਾ ਵੀ ਰੱਬ ਦੀ ਹੀ ਤੇ ਹਉਮੈ ਤੋਂ ਛੁਟਕਾਰਾ ਹੋ ਗਇਆ ਹੈ। ਸੋ ਇਹ ਮੰਨ ਲਓ ਸ਼ਬਦ ਹੀ ਮੇਰਾ ਗੁਰੂ ਹੈ। (44)

? - ਸਾਡਾ ਹੰਕਾਰ, ਸਾਡੀ ਮੈਂ ਮੈਂ ਕਿਵੇ ਮਿਟੇਗੀ? (45)

ਜਵਾਬ - ਸ਼ਬਦ ਦੀ ਕਮਾਈ ਕਰਨੀ ਹੈ ਤੇ ਬਾਕੀ ਰੱਬ ਤੇ ਛੱਡ ਦੇਣਾ ਹੈ। ਉਹਦੇ ਭੈਅ ਵਿੱਚ ਰਹਿਣਾ ਹੈ। ਉਹਦੀ ਕਿਰਪਾ ਦ੍ਰਿਸ਼ਟੀ ਤੇ ਗੱਲ ਮੁਕਣੀ ਏ।(46, 47)

?- ਕਿਹੜਾ ਤਰੀਕਾ ਹੈ ਜਿਸ ਸਦਕਾ ਦੁਨੀਆ ਦੀ ਤਪਸ਼ ਸਾਹਮਣੇ ਵੀ ਮੰਨ ਸੀਤਲ ਬਣਿਆ ਰਹੇ? (48)

➡ ਸ਼ਬਦ ਦੀ ਕਮਾਈ ਸਦਕਾ ਤੁਹਾਨੂੰ ਦੁੱਖ ਸੁੱਖ ਪੋਹੇਗਾ ਹੀ ਨਹੀ। (49)

ਸਿਰੇ ਦੀ ਗੱਲ ਕਿ ਨਾਮ ਹੀ ਇਕੋ ਇੱਕ ਰਾਹ ਹੈ।(50, 51)

ਤੁਸੀ ਹਮੇਸ਼ਾਂ ਸੁੰਨ ਸੁੰਨ ਦੀ ਦੁਹਾਈ ਦਈ ਜਾ ਰਹੇ ਹੋ ਭਾਵ ਉਹ ਅਵਸਥਾ ਜਦੋਂ ਆਸਾਂ ਉਮੀਦਾਂ ਮੁੱਕ ਜਾਂਦੀਆਂ ਹਨ। ਭਾਈ ਇਹ ਅਵਸਥਾ ਵੀ ਨਾਮ ਤੇ ਗਿਆਨ ਨਾਲ ਹੀ ਆਉਣੀ ਹੈ। ਜਦੋਂ ਬੰਦਾ ਨਿਰੰਕਾਰ ਵਰਗਾ ਹੋ ਜਾਵੇਗਾ। ਜਦੋਂ ਮੰਨ ਵਿੱਚ ਸਬਰ ਸੰਤੋਖ ਆ ਜਾਵੇਗਾ। ਜਦੋਂ 9 ਦਰਵਾਜਿਆਂ ਦੀ ਭੁੱਖ ਮਿੱਟ ਜਾਵੇਗੀ। (52-53, 54) (ਸੁੰਨ ਜਾਂ ਸ਼ੁੰਨਯ ਦਾ ਸਿਧਾਂਤ ਬੁੱਧ ਮਤ ਦਾ ਹੈ।**)

? - ਕੁਬੁੱਧ ਕਿਵੇ ਮਿਟੇਗੀ ਭਾਵ ਕਦੋਂ ਮੰਨ ਬੁਰਾਈਆਂ ਦਾ ਤਿਆਗ ਕਰੇਗਾ? (55)

ਜਵਾਬ - ਜਦੋਂ ਗਿਆਨ ਰਾਂਹੀ ਸਮਝ ਪੈ ਗਈ। ਹਉੂਮੇ ਦਾ ਵਰਤਾਰਾ ਜਦੋਂ ਸਮਝ ਲਿਆ ਤਾਂ ਫਿਰ ਬੰਦਾ ਰਜਾ ਵਿੱਚ ਆ ਜਾਂਦਾ ਹੈ। (56)

? - ਇਹ ਸ਼ਬਦ ਦਾ ਵਾਸਾ ਸਰੀਰ ਵਿੱਚ ਕਿਹੜੇ ਟਿਕਾਣੇ ਤੇ ਹੁੰਦਾ ਹੈ। ਜਿਵੇਂ ਸਾਡਾ ਸਾਹ ਤਾਂ 10 ਉਂਗਲਾਂ ਡੂੰਘਾਈ (ਫੇਫੜਿਆਂ) ਤੋਂ ਸ਼ੁਰੂ ਹੁੰਦਾ ਹੈ।(58) (ਜੋਗੀ ਲੋਕ ਅਧਿਆਤਮ ਨੂੰ ਵੀ ਸਰੀਰ ਨਾਲ ਜੋੜ ਕੇ ਵੇਖਦੇ ਹਨ। ਇਨਾਂ ਦੀ ਨਾਦ ਜੋਤ ਸਭ ਸਰੀਰ ਦੀ ਰਚਨਾ ਨਾਲ ਹੀ ਸਬੰਧਤ ਹਨ।)

ਜਵਾਬ - ਸੁਆਮੀ ਜੀ ਇਹਦਾ ਕੋਈ ਸਰੀਰਕ ਟਿਕਾਣਾ ਨਹੀ। ਆਪਣੇ ਮੰਨ ਨੂੰ ਸਮਝਾਉਣਾ ਹੈ। ਜੇ ਨਿਰੰਕਾਰ ਦੀ ਕਿਰਪਾ ਦ੍ਰਿਸਟੀ ਹੋ ਗਈ ਤਾਂ ਸਬਦ ਦਾ ਸਰੀਰ ਵਿੱਚ ਇੱਕ ਤਰਾਂ ਨਾਲ ਵਾਸਾ ਹੋ ਜਾਏਗਾ। ਮੂੰਹੋ ਆਪਣੇ ਆਪ ਸਿਫਤ ਸਾਲਾਹ ਦਾ ਸ਼ਬਦ ਨਿਕਲੇਗਾ। (59)

ਸੁੰਨ ਅਵਸਥਾ ਜੇ ਹਾਸਲ ਕਰਨੀ ਹੈ ਤਾਂ ਜੀਵਨ ਵਿੱਚ ਸੱਚ ਨੂੰ ਅਪਣਾ ਲਓ। ਸਬਦ ਰਾਂਹੀ ਫਿਰ ਹੰਕਾਰ ਮਰ ਜਾਏਗਾ। ਆਹ ਜਿਹੜਾ ਇੜਾ ਪਿੰਗਲਾ ਸੁਖਮਨਾ ਦਸਵੇ ਦੁਆਰ ਲਈ ਤਰਲੇ ਲੈਂਦੇ ਹੋ ਇਹ ਵੀ ਸੁਲਝ ਜਾਣਗੇ। (ਸੁਣਿਐ ਜੋਗ ਜੁਗਤਿ ਤਨਿ ਭੇਦ ॥) -(60)

ਸ਼ਬਦ, ਨਾਮ ਤੇ ਸੱਚ, ਦੀ ਹੋਰ ਅਹਿਮੀਅਤ (61, 62, 63)

?- ਇਹ ਹਾਥੀ ਰੂਪੀ ਮੰਨ ਸਰੀਰ 'ਚ ਕਿਥੇ ਵਸਦਾ ਹੈ?

➡ ਤੁਹਾਡੀ ਸੋਚ ਵਿੱਚ ਮਨ ਹੈ। ਜਦੋਂ ਤੁਹਾਡੀ ਸੋਚ ਵਿੱਚ ਹੁਕਮ ਦੀ ਅਹਿਮੀਅਤ ਬਹਿ ਗਈ ਤਾਂ ਮੰਨ ਵੀ ਅਡੋਲ ਅਵਸਥਾ ਵਿੱਚ ਆ ਜਾਏਗਾ।

? - ਜੇ ਇਹ ਸਰੀਰ ਹੀ ਨਾਂ ਹੁੰਦਾ ਤਾਂ ਮਨ (ਚੇਤੰਨਤਾ) ਨੇ ਕਿੱਥੇ ਰਹਿਣਾ ਸੀ? ਭਾਵ ਜਦੋਂ ਰਚਨਾ ਹੀ ਨਹੀ ਸੀ ਤਾਂ ਸਬਦ ਦੀ ਲਿਵ ਕਿਵੇ ਲੱਗਦੀ? (66)

➡ ਅਜਿਹੀ ਅਵਸਥਾ ਵਿੱਚ ਫਿਰ ਅਜੂਨੀ ਰੱਬ ਨਿਰੰਕਾਰ ਅਵਸਥਾ ਭਾਵ ਨਿਰਗੁਣ ਸਰੂਪ ਵਿੱਚ ਰਹਿੰਦਾ। ਵੱਖ ਵੱਖ ਵੰਨਗੀਆਂ ਦੀ ਰਚਨਾ ਖੁੱਦ ਨਿਰੰਕਾਰ ਦਾ ਹੀ ਰੂਪ ਹੈ। (67)

? - ਸੰਸਾਰ ਦੀ ਰਚਨਾ ਕਿਸ ਪ੍ਰਕਾਰ ਹੁੰਦੀ ਹੈ ਤੇ ਫਨਾਹ ਕਿਵੇ ਹੁੰਦਾ ਹੈ ਜਗਤ? (68)

➡ ਇਹ ਸਾਰਾ ਨਾਮ ਤੇ ਹਉੂਮੇ ਦਾ ਖੇਲ ਹੈ। ਬਾਕੀ ਇਹ ਤੁਸੀ ਜਿਹੜੀ ਜੋਗ ਦੀ ਗੱਲ ਕਰਦੇ ਹੋ ਉਹ ਨਾਮ ਤੋਂ ਬਿਨਾਂ ਸੰਭਵ ਹੀ ਨਹੀ। ਗੁਰੂ ਦੇ ਦਰ ਤੋਂ ਹੀ ਅਸਲ ਜੁਗਤ ਦਾ ਪਤਾ ਲੱਗਦਾ ਹੈ। (69)

ਗਲ ਸੇਵਾ ਦੀ ਹੈ ਸਤਿਗੁਰ ਮਿਲਾਪ ਦੀ ਹੈ। ਸਤਿਗੁਰੁ ਬਿਨਾਂ ਮਿਲਾਪ ਸੰਭਵ ਨਹੀ ਹੈ।(70)

ਹੰਕਾਰ ਤਹਿਸ ਨਹਿਸ ਹੋਣ ਤੋਂ ਬਾਦ ਹੀ ਮੰਨ ਤੇ ਜਿੱਤ ਪ੍ਰਾਪਤ ਹੋ ਸਕਦੀ ਹੈ। (71)

ਸੁਆਮੀ ਜੀ ਸਾਰੀ ਗੱਲ ਦਾ ਨਿਚੋੜ ਇਹ ਹੈ ਨਾਮ ਤੋਂ ਬਿਨਾਂ ਅਸਲ ਜੋਗ ਭਾਵ ਅਕਾਲ ਪੁਰਖ ਨਾਲ ਮੇਲ ਸੰਭਵ ਹੀ ਨਹੀ ਹੈ। ਨਾਮ ਤੋਂ ਹੀ ਫਿਰ ਸਾਨੂੰ ਸਮਝ ਆਉਦੀ ਹੈ ਕਿ ਇਹ ਸੰਸਾਰ ਇੱਕ ਖੇਡ ਹੈ ਜੋ ਅਕਾਲ ਪੁਰਖ ਨੇ ਰਚਾਈ ਹੋਈ ਹੈ।

ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥ (੭੩)

—▲—

ਪੈੜ ਸਫਾ

ਸੁਮੇਰ ਤੇ ਹੀ ਹੋਈ ਸੀ ਸਿਧ ਗੋਸਟਿ

ਭਾਈ ਮਨੀ ਸਿੰਘ ਜੀ ਨੇ ਲਿਖ ਦਿੱਤਾ ਕਿ ਸਿੱਧ ਗੋਸਟ ਬਟਾਲੇ ਹੋਈ ਹੈ। ਓਦੋਂ ਹੀ ਸਿੱਖਾਂ ਨੇ ਉਜਰ ਕਰ ਦਿੱਤਾ। ਲਿਖਿਆ ਹੈ, "ਸਿੱਖਾਂ ਭਾਈ ਮਨੀ ਸਿੰਘ ਨੂੰ ਕਿਹਾ ਜੀ ਇਹ ਸਿਧ ਗੋਸਟਿ ਸੁਮੇਰ ਪਰਬਤ ਉਤੇ ਉਸ ਜਨਮਸਾਖੀ ਵਿੱਚ ਲਿਖੀ ਹੋਈ ਹੈ॥ ਤੁਸੀ ਅਚਲ ਵਟਾਲੇ ਕਹੀ ਹੈ॥ ਭਾਈ ਮਨੀ ਸਿੰਘ ਨੇ ਕਹਿਆ ਅਸਾਂ ਭਾਈ ਗੁਰਦਾਸ ਜੀ ਦੇ ਵਚਨਾ ਅਨੁਸਾਰ ਕਹੀ ਹੈ।" ਮਤਲਬ ਸਾਫ ਹੈ ਕਿ ਭਾਈ ਮਨੀ ਸਿੰਘ ਜੀ ਨੇ ਭਾਈ ਗੁਰਦਾਸ ਦੇ ਅਧਾਰ ਉਤੇ ਸਿਰਫ ਬਟਾਲਾ ਲਿਖਿਆ ਸੀ ਹੋਰ ਕੋਈ ਸਬੂਤ ਨਹੀ ਸੀ।

ਸੋ ਅਸੀ ਵੀ ਡਾਕਟਰ ਤਰਲੋਚਨ ਸਿੰਘ ਦੀ ਰਾਇ ਨਾਲ ਸਹਿਮਤ ਹਾਂ ਕਿ ਸਿਧ ਗੋਸਟਿ ਕੈਲਾਸ਼ ਪਰਬਤ ਤੇ ਹੋਈ ਨਾਂ ਕਿ ਬਟਾਲੇ। ਵੇਖੋ ਅੰਦਰਲੇ ਹਵਾਲੇ ਜਿਵੇ ਕਿ ਸਿੱਧ ਕੁਝ ਹੇਠ ਲਿਖੇ ਸਵਾਲ ਸਿਰਫ ਕੈਲਾਸ਼ ਤੇ ਬੈਠਿਆਂ ਹੀ ਕਰਨਗੇ ਨਾਂ ਕਿ ਬਟਾਲੇ:-

• ਕਵਨ ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨੁ ਸੁਆਓ ॥ (ਬਟਾਲੇ ਦੇ ਇਲਾਕੇ ਵਿੱਚ ਜੋਗੀਆਂ ਨੂੰ ਗੁਰੂ ਸਾਹਿਬ ਦੀ ਚੰਗੀ ਤਰਾਂ ਵਾਕਫੀ ਹੋ ਚੁੱਕੀ ਸੀ।)

• ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ ॥

• ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ ॥ (ਦੁਰਗਮ ਪਹਾੜਾਂ ਤੇ ਰਹਿਣ ਵਾਲੇ ਜੋਗੀ ਹੀ ਅਜਿਹਾ ਕਹਿਣਗੇ। ਪੰਜਾਬ ਦੇ ਜੋਗੀਆਂ ਨੂੰ ਕੰਦ ਮੂਲ ਖਾਣ ਦੀ ਜਰੂਰਤ ਨਹੀ ਸੀ।)

• ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ ॥ ਕਿਸੁ ਕਾਰਣਿ ਇਹੁ ਭੇਖੁ ਨਿਵਾਸੀ ॥ (ਬਟਾਲੇ ਦੀ ਗੋਸਟ ਵੇਲੇ ਤੱਕ ਗੁਰੂ ਸਾਹਿਬ ਨੇ ਉਦਾਸੀ ਬਾਣਾ ਲਾਹ ਦਿੱਤਾ ਸੀ)

• ਕਿਤੁ ਬਿਧਿ ਆਸਾ ਮਨਸਾ ਖਾਈ ॥ ਕਿਤੁ ਬਿਧਿ ਜੋਤਿ ਨਿਰੰਤਰਿ ਪਾਈ ॥ (ਆਸ ਜਾਂ ਤ੍ਰਿਸ਼ਨਾ ਮੁਕਾਉਣ ਦੀ ਗੱਲ ਜਿਆਦਾ ਬੋਧੀ ਲੋਕ ਹੀ ਕਰਦੇ ਹਨ।) ਫਿਰ ਸੁੰਨ ਅਵਸਥਾ ਦੀ ਪ੍ਰਾਪਤੀ ਕਰਨਾਂ ਬੁੱਧ ਧਰਮ ਦਾ ਹੀ ਸਿਧਾਂਤ ਹੈ।

• ਫਿਰ ਲੋਹਾਰੀਪਾ ਜਿਹੇ ਨਾਂ ਜਿਆਦਾ ਤਿੱਬਤ ਵਿੱਚ ਹੀ ਹਨ।

—◈—

ਜੋਗਮਤ ਅਸਲ ਵਿੱਚ ਹੈ ਹੀ ਬੁੱਧਮਤ ਦੀ ਕਿਸਮ

ਸਾਹਿਬ ਉਸ ਵੇਲੇ ਮੌਜੂਦ ਮਜ਼ਬੀ ਫਿਰਕਿਆਂ ਦਾ ਵਰਤਣ ਵਿਹਾਰ ਜਾਂ ਸਿਧਾਂਤ ਕੁਝ ਇਸ ਪ੍ਰਕਾਰ ਦੱਸਦੇ ਨੇ:

ਮੁਸਲਮਾਨ – ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ॥ ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥

(ਮੁਸਲਮਾਨਾਂ ਨੂੰ ਆਪਣੀ ਬਣਾਈ ਨਿਯਮਾਵਲੀ ਤੇ ਬੜਾ ਮਾਣ। ਜਿਆਦਾ ਇਹ ਓਸੇ ਤੇ ਹੀ ਵੀਚਾਰਾਂ ਕਰੀ ਜਾਂਦੇ ਨੇ। ਅਸਲ ਮੁਸਲਮਾਨ ਤਾਂ ਉਹ ਹਨ ਜੋ ਬੰਦਗੀ ਕਰਦੇ ਨੇ ਜਿੰਨਾਂ ਨੂੰ ਖੁਦਾ ਦੇ ਦਰਸ਼ਨਾਂ ਦੀ ਤਾਂਘ ਹੁੰਦੀ ਹੈ।

ਪੈੜ ਅਗਲੇ ਸਫੇ ਤੇ ਚਲਦਾ ➡

ਪੈੜ ਸਫ਼ਰ

ਹਿੰਦੂ - ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ ॥ ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ ॥

(ਹਿੰਦੂਆਂ ਨੂੰ ਆਪਣੇ ਵੇਦਾਂ ਸ਼ਾਸਤਰਾਂ ਤੇ ਬਹੁਤ ਮਾਣ ਹੈ। ਤੀਰਥ ਯਾਤਰਾ ਅਤੇ ਕਰਮ ਕਾਂਡੀ ਪੂਜਾ ਇਨਾਂ ਦਾ ਤਰੀਕਾ ਹੈ)

ਜੋਗੀ ਜਾਂ ਬੋਧੀ - ਜੋਗੀ ਸੁੰਨਿ ਧਿਆਵਨਿ ਜੇਤੇ ਅਲਖ ਨਾਮੁ ਕਰਤਾਰੁ ॥ ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ ॥

(ਜੋਗੀਆਂ ਦਾ ਨਿਸ਼ਾਨਾ ਸੁੰਨ ਅਵਸਥਾ ਵਿਚ ਪਹੁੰਚਣਾ ਹੈ। ਭਾਵ ਹਰ ਦੁਨਿਆਵੀ ਚੀਜ ਤੋਂ ਦੂਰੀ। ਉਹ ਕਰਤਾ ਪੁਰਖ ਨੂੰ ਅਲੱਖ ਮੰਨਦੇ ਹੋਏ ਕਹਿੰਦੇ ਹਨ ਉਹ ਰਚਨਾ ਤੋਂ ਬਾਹਰਾ ਸੂਖਮ ਅਵਸਥਾ ਵਿਚ ਹੈ।)

ਦਾਨੀ- ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ॥ ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥

(ਦਾਨ ਦੇ ਕੇ ਮਾਣ ਮਹਿਸੂਸ ਕਰਨਾਂ ਪਰ ਨਾਲ ਹੀ ਮੰਨ ਵਿਚ ਰੱਬ ਕੋਲੋਂ ਸੌ ਗੁਣਾਂ ਵੱਧ ਮੰਗ ਲੈਣਾਂ।)

ਬੁਰੇ ਲੋਕ - ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ ॥ ਇਕਿ ਹੋਦਾ ਖਾਇ ਚਲਹਿ ਐਬਾਊ ਤਿਨਾ ਭਿ ਕਾਈ ਕਾਰ ॥ ਜਲਿ ਬਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ ॥ ਓਇ ਜਿ ਆਖਹਿ ਸੁ ਤੂੰਹੈ ਜਾਣਹਿ ਤਿਨਾ ਭਿ ਤੇਰੀ ਸਾਰ ॥

ਸਿੱਖ - ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ ॥ ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰੁ ॥

(ਗੁਰਮਤ ਨੂੰ ਮੰਨਣ ਵਾਲਿਆਂ ਦੀ ਭੁੱਖ, ਅਕਾਲ ਪੁਰਖ ਦੀ ਸਿਫਤ ਸਲਾਹ ਹੈ ਭਾਵ ਨਾਮ। ਇਹ 24 ਘੰਟੇ ਅਨੰਦ ਵਾਲੀ ਅਵਸਥਾ ਵਿਚ ਰਹਿੰਦੇ ਨੇ ਤੇ ਆਪਣੇ ਆਪ ਨੂੰ ਹੋਰ ਗੁਰਸਿੱਖਾਂ (ਭਾਵ ਜਿਹੜੇ ਨਾਮ ਵਿਚ ਰੰਗੇ ਹੋਏ ਨੇ) ਦੇ ਪੈਰਾਂ ਦੀ ਧੂੜ ਸਮਝਦੇ ਹਨ। ਮਤਲਬ ਅੱਤ ਦੀ ਨਿਮ੍ਰਤਾ।)

ਤੁਸੀ ਕਿਸੇ ਵੀ ਜੋਗੀ ਨਾਲ ਗੱਲ ਕਰੋ ਉਹ ਸਵੀਕਾਰ ਕਰੇਗਾ ਕਿ ਸੁੰਨ ਅਵਸਥਾ ਹਾਸਲ ਕਰਨਾਂ ਯੋਗੀ ਦਾ ਨਿਸ਼ਾਨਾ ਹੈ। ਪਰ ਸੁੰਨ ਦਾ ਸਿਧਾਂਤ ਭਗਵਾਨ ਬੁੱਧ ਦਾ ਦਿੱਤਾ ਹੋਇਆ ਹੈ। ਦੂਸਰਾ ਜਿਹੜਾ ਸਨਿਆਸ ਦਾ ਸਿਧਾਂਤ ਹੈ ਇਹ ਵੀ ਬੁੱਧ ਧਰਮ ਵਿੱਚੋਂ ਆਉਦਾ ਹੈ। ਕਿਉਕਿ ਬੁੱਧ ਧਰਮ ਦਾ ਮੰਨਣਾ ਹੈ ਜੀਵਨ ਹੈ ਹੀ ਦੁੱਖਾਂ ਦਾ ਘਰ। ਦੁੱਖਾਂ ਦੀ ਜੜ੍ਹ ਸਾਡੀ ਤ੍ਰਿਸ਼ਨਾ ਹੈ ਜੋ ਰਿਸ਼ਤੇ ਨਾਤਿਆਂ ਆਦਿ ਤੋਂ ਉਤਪਨ ਹੁੰਦੀ ਹੈ। ਇਸ ਸਭ ਦਾ ਤਿਆਗ ਕਰਕੇ ਨਿਰਵਾਨ ਹਾਸਲ ਕਰਨਾਂ ਹੀ ਬੁੱਧ ਧਰਮ ਹੈ। ਫਿਰ ਵੇਖੋ ਸਾਕਤ ਮੱਤ ਜਿਹੜੇ ਦੇਵੀ ਦੀ ਪੂਜਾ ਕਰਦੇ ਹਨ ਉਹ ਵੀ ਮੂਲ ਵਿਚ ਬੁਧ ਧਰਮ ਦੇ ਸਿਧਾਂਤ ਦੀ ਪਾਲਣਾ ਹੀ ਕਰ ਰਹੇ ਹੁੰਦੇ ਨੇ।

ਸੋ ਜੋਗੀ ਕਰਤੇ ਦੀ ਬਣਾਈ ਹਰ ਸ਼ੈਅ ਤੋਂ ਦੂਰੀ ਮੰਗਦਾ ਹੈ, ਸਨਿਆਸ ਰਾਂਹੀ ਸੁੰਨ ਅਵਸਥਾ ਵਿਚ ਪਹੁੰਚਣਾ ਜਦੋਂ ਕਿ ਗੁਰਮੁੱਖ ਹਰ ਸ਼ੈਅ ਵਿਚ ਨਿਰੰਕਾਰ ਦੀ ਜੋਤ ਵੇਖ ਵਿਸਮਾਦਿਤ ਹੋਇਆ ਨਿਰੰਕਾਰ ਦੇ ਗੁਣਗਾਣ ਕਰਦਾ ਹੈ।

"ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ ॥"

ਜੋਗੀ ਵਾਸਤੇ ਸ਼ਬਦ ਦੀ ਅਹਿਮੀਅਤ ਨਹੀ ਹੈ। ਉਹ ਧਿਆਨ ਕਰਦਾ ਹੈ ਕਿਸੇ ਤਰਾਂ ਸੁੰਨ ਦੀ ਅਵਸਥਾ ਹਾਸਲ ਕੀਤੀ ਜਾਵੇ। ਸ਼ੁਰੂ 'ਚ ਕਦੀ ਦੋ ਚਾਰ ਸ਼ਬਦ ਮੰਨ ਹੀ ਮੰਨ ਵਿਚ ਬੋਲਦਾ ਹੈ ਤੇ ਫਿਰ ਚੁੱਪ ਹੋ ਜਾਂਦਾ ਹੈ। ਕਹਿੰਦਾ ਹੈ ਅਜੱਪਾ ਜਪ ਚਲਦਾ ਹੈ।

—◈—

9 ਨਾਥ 84 ਸਿੱਧ

ਜੋਗ ਮਤ ਦੇ 9 ਨਾਥ

9 ਨਾਥ - 1. ਆਦਿ ਨਾਥ ਭਗਵਾਨ ਸ਼ਿਵ ਜੀ, 2. ਮਛਿੰਦਰ ਨਾਥ, 3. ਗੋਰਖ ਨਾਥ, 4. ਅਚੰਭੇ ਨਾਥ (ਅੱਚਲ), 5. ਚੌਰੰਗੀ ਨਾਥ (ਪੂਰਨ ਭਗਤ) 6. ਗਜਕੰਠਰ ਨਾਥ (ਗਜਬੇਲੀ) 7. ਸੰਤੋਖ ਨਾਥ, 8. ਸਤਨਾਥ, 9. ਉਦੈ ਨਾਥ

84 ਸਿੱਧ

ਪਰ ਬਦਕਿਸਮਤੀ ਨਾਲ 84 ਸਿੱਧਾਂ ਦੇ ਨਾਂ ਅੱਜ ਬਚ ਨਹੀ ਪਾਏ। ਇੱਕ ਵੈਬਸਾਈਟ http://nathas.org ਨੇ 84 ਸਿੱਧਾਂ ਦੀ ਲਿਸਟ ਦਿੱਤੀ ਹੈ। ਹਾਲਾਂ ਇਸ ਵਿੱਚ ਕੁਝ ਨਾਂ 17-18-19 ਸਦੀ ਦੇ ਵੀ ਦੇ ਦਿੱਤੇ ਹਨ। ਪਰ ਫਿਰ ਵੀ ਜਾਣਕਾਰੀ ਲਾਹੇਵੰਦ ਹੈ ਕਿਉਕਿ ਇਸ ਤੋਂ ਘੱਟੋ ਘੱਟ ਜੋਗੀਆਂ ਦੇ ਭਾਰਤ ਵਿੱਚ ਵੱਡੇ ਆਸ਼ਰਮਾਂ ਦਾ ਪਤਾ ਲੱਗਦਾ ਹੀ ਹੈ। ਪੰਜਾਬ ਵਾਲਿਆਂ ਨੂੰ ਮੋਟੇ ਅਖਰਾਂ 'ਚ ਦਿਖਾਇਆ ਹੈ:

1. ਅੜਬੰਗਾ ਨਾਥ- ਮਹਾਰਾਸ਼ਟਰ, ਗੁਜਰਾਤ, ਪਾਗਲ। 2. ਅਲੱਮਾ ਨਾਥ- ਕੈਕੱਈ ਪੰਜਾਬ ਪਾਕਿਸਤਾਨ, ਸੂਫੀ। 3. ਔਘੜ ਨਾਥ- ਗਿਰਨਾਰ ਗੁਜਰਾਤ, ਔਘੜ। **4. ਬਾਲ ਗੁੰਦਾਈ ਨਾਥ – ਟਿੱਲਾ ਜੋਗੀਆਂ ਜਿਹਲਮ/ ਕਰਨਾਲ, ਆਈ।** **5. ਬਾਲਕ ਨਾਥ – ਦਿਓੜ ਸਿੱਧ, ਸ਼ਾਹ ਤਲਾਈ ਹਿਮਾਚਲ, ਵਿਰਾਗੀ।** 6. ਭੱਦਰ ਨਾਥ - ਆਂਧਰਾ, ਰਾਵਲ ਨਾਥ । 7. ਭਰਗੱਈ ਨਾਥ - ਕੁਲਛੇਤ੍ਰ, ਆਈ। 8. ਭਰਥਰੀ ਹਰੀ ਨਾਥ - ਉਜੈਨ, ਵਿਰਾਗ। 9. ਭੁੱਚਰ ਨਾਥ - ਹਜ਼ਾਰਾ ਪਾਕਿਸਤਾਨ, ਵਿਰਾਗ। 10. ਭੁਸਾਕੈ ਨਾਥ - ਵਿਮਲ ਗੁਫਾ ਬੰਗਾਲ, ਆਈ। **11. ਬਿਲੇਛਾਇਆ ਨਾਥ – ਮਨੀ ਮਹੇਸ਼ ਹਿਮਾਚਲ, ਚਰਪਟੀ।** 12. ਬੀਰ ਬੰਕ ਨਾਥ - ਰਿਸ਼ੀਮੁਖ, ਧਵੱਜ ਪੰਥ। 13. ਬਰੱਮਈ ਨਾਥ - ਜੀਂਦ ਹਰਿ/ ਹਸਤਨਾਪੁਰ ਨ ਯੂ ਪੀ, ਆਈ। **14. ਚੱਕ੍ਰ ਨਾਥ – ਟਿੱਲਾ ਜੋਗੀਆਂ, ਨਟੇਸ਼ਵ੍ਰੀ।** 15. ਚੰਦ੍ ਨਾਥ - ਗੀਗਾ ਸਾਗਰ ਬੰਗਾਲ, ਕਪਲਾਨੀ। **16. ਚਰਪਟ ਨਾਥ – ਚੰਬਾ, ਚਰਪਟੀ।** **17. ਦਰਿਆ ਨਾਥ – ਅੱਟਕ ਦਰਿਆ ਪਾਕਿਸਤਾਨ , ਨਟੇਸ਼ਵਰੀ।** 18. ਦਇਆ ਨਾਥ - ਗਿਰਨਾਰ ਗੁਜਰਾਤ, ਵਿਰਾਗ। 19. ਦੇਵਾ ਨਾਥ - ਅਮਰਾਵਤੀ -ਓਈਆਪੁਰ (ਅੰਧਜਨ) ਪਿੰਡ, ਵਰਕਾਰੀ। 20. ਧਰਮ ਨਾਥ - ਕੈਲਾਸ਼ ਪਰਬਤ, ਪਉ। 21. ਧੀਰ ਨਾਥ - ਬੰਗਾਲ -ਦੱਖਣ ਪੂਰਬ, ਸੂਫੀ। 22. ਧੁੰਧਾਕਰ ਨਾਥ - ਅਸੱਮ ਨਾਗਾਲੈਂਡ, ਆਈ। 23. ਏਕਾ ਨਾਥ - ਪੈਥਾਨ, ਮਹਾਰਾਸ਼ਟ੍, ਵਰਕਾਰੀ। 24. ਗਹਿਣੀ ਨਾਥ - ਤ੍ਰਿੰਬਕੇਸ਼ਵਰ ਮਹਾ. ਗੁਜਰਾਤ, ਬੰਗਾ, ਵਰਕਾਰੀ। **25. ਗਰੀਬਾ ਨਾਥ – ਕਾਂਗੜਾ, ਵਿਰਾਗ।** 26. ਗੌਰਵ ਨਾਥ - ਬਿਹਾਰ, ਅਗੋਰੀ (ਕਪਾਲਕਾ)। **27. ਗਹਿਲਾ ਨਾਥ ਰਾਵਲ – ਹਿੰਗਲਾਜ, ਰਾਵਲ ਪੰਥ ਬਾਨੀ।** 28. ਘੋੜਾ ਨਾਥ ਚੋਲੀਪਾ - ਅਸਾਮ ਅਤੇ ਹੋਰ ਉਤਰ ਪੂਰਬ, ਆਈ। 29. ਗੋਪਾਲ ਨਾਥ - ਤ੍ਰਿਪੁਰਾ (ਕੋਰੇ ਗਾਵ), ਵਰਕਾਰੀ। 30. ਗੋਰ ਨਾਥ, ਕਸ਼ਮੀਰ ਤੇ ਸਿੰਧ, ਧਰਮਨਾਥੀ। **31. ਹਵਾਈ ਨਾਥ – ਪੱਛਮ, ਆਈ।** 32. ਜੰਬਾ ਨਾਥ - ਜ਼ਾਲਾਪੁਰ ਰਾਜਸਥਾਨ, ਮੱਨਾਥੀ। 33. ਗਿਆਨੇਸ਼ਵਰ ਨਾਥ - ਅਲਾਂਦੀ (ਮਹਾਰਾਸ਼ਟਰ), ਵਰਕਾਰੀ। 34. ਜਵਲਿੰਦਰ ਨਾਥ - ਜਲੌਰ (ਕਲਸ਼ ਚਾਲਾ), ਪਾਵ (ਬਾਨੀ)। **35. ਕਾਕਾਚੰਦੀ ਨਾਥ – ਕਾਗ ਭਸੁੰਡੀ ਤੀਰਥ (ਭਦਰਵਾਹ?), ਕਸ਼ਮੀਰ, ਪਾਗਲ।** **36. ਕਾਲਾ ਨਾਥ – ਕੁੱਲੂ, ਅਘੋਰੀ।** 37. ਕੰਨਕਾਈ ਨਾਥ - ਬੰਗਾਲ, ਆਈ। 38. ਕਾਨੀਪਾ ਨਾਥ - ਪਹਾੜਪੁਰ ਬਿਹਾਰ, ਪਾਵ। 39. ਕਪਿਲ ਨਾਥ - ਗੀਗਾ ਸਾਗਰ ਬੰਗਾਲ, ਕਪਿਲਾਨੀ। **40. ਕਾਇਆ ਨਾਥ – ਪੰਜਾਬ ਤੇ ਨਿਪਾਲ, ਵੈਰਾਗੀ।** **41. ਖੇਚਰ ਨਾਥ – ਪੁੰਣਛ, ਆਈ।** 42. ਕੋਰੰਤ ਨਾਥ - ਤਕਸ਼ਸ਼ਿਲਾ, ਬਿਹਾਰ, ਸਤਨਾਥੀ। 43. **ਲੱਧਾਈ ਨਾਥ – ਪੰਜਾਬ ਹਰਿਆਣਾ, ਆਈ।** 44. ਲੰਕਾ ਨਾਥ - ਲੰਕਾ, ਰਾਵਲ। **45. ਮਦਰਾ ਨਾਥ – ਪੰਜਾਬ, ਰਾਵਲ।** 46. ਮੱਲਿਕ ਨਾਥ - ਓੜੀਸਾ, ਅਘੋਰੀ। 47. ਮਨਸਾਈ ਨਾਥ - ਮਥੁਰਾ, ਆਈ। 48. ਮਾਣਕ ਨਾਥ - ਅਹਿਮਦਾਬਾਦ ਗੁਜਰਾਤ, ਵਰਕਾਰੀ। 49. ਮੰਜੂ ਨਾਥ - ਕਡਾਲੀ, ਲੰਕਾ, ਮੱਨਾਥੀ। 50. ਮਾਰਕੰਡੇ ਨਾਥ - ਕੈਲਾਸ਼, ਸ਼ਿਵ ਜੋਗੀ। 51. ਮਸਤਾ ਨਾਥ - ਅਸਥਲ ਬੋਹੜ, ਰੋਹਤਕ, ਆਈ। 52. ਮੇਰੂ ਨਾਥ - ਬਿਹਾਰ, ਅਘੋਰੀ। 53. ਮੀਣਾ ਨਾਥ - ਕਸ਼ਮੀਰ, ਪਾਵ। 54. ਨਾਗਾਰਜੁਨਾ ਨਾਥ - ਸ੍ਰੀ ਸੈਲਾ ਪਹਾੜੀਆਂ -ਦੱਖਣ, ਰਾਵਲ। 55. ਨਾਰਦ ਦੇਵਾ ਨਾਥ - ਮਹਾਰਾਸ਼ਟਰ, ਸਤਨਾਥ। 56. **ਨਰਮਾਈ ਨਾਥ – ਜੀਂਦ, ਆਈ।** 57. ਨਵਰਿੱਤੀ ਨਾਥ - ਤ੍ਰਿੰਬਕੇਸ਼ਵਰ, ਵਰਕਾਰੀ। 58. ਪਿੱਪਲ ਨਾਥ - ਪ੍ਰਯਾਗ, ਰਾਮਨਾਥੀ। 59. ਪ੍ਰਭੂਦੇਵਾ ਨਾਥ - ਸਿੱਕਮ, ਆਈ। 60. ਪ੍ਰਕਾਸ਼ ਨਾਥ - ਬੰਗਾਲ, ਗੁਜਰਾਤ, ਵੈਰਾਗ। 61. ਪਰੋਧਾ ਨਾਥ - ਉਜੈਨ, ਵੈਰਾਗ। **62. ਰਤਨ ਨਾਥ – ਬਠਿੰਡਾ (ਕਾਬਲ, ਕੰਧਾਰ, ਮੱਕਾ ਮਦੀਨਾ), ਸਤਨਾਥ।** 63. ਸਹਿਜਾਈ ਨਾਥ - ਬੰਗਾਲ, ਆਈ। 64. ਸਹਿਰੋਬਾ ਨਾਥ - ਗੋਆ, ਵਰਕਾਰੀ। 65. ਸਨਕ ਨਾਥ - ਅਮਰ ਕਸ਼ਮੀਰ, ਸਤਨਾਥ। 66. ਸਨੰਦਾ ਨਾਥ - ਕੈਲਾਸ਼, ਸਤਨਾਥ। 67. ਸਨਾਤਨ ਨਾਥ - ਬਦਰੀ ਨਾਥ, ਸਤਨਾਥ। 68. ਸਨਤ ਕੁਮਾਰ ਨਾਥ - ਕੈਲਾਸ਼ - ਸਤਨਾਥ। 69. **ਸਰਸਵਤਾਈ ਨਾਥ – ਕੈਕਈ (ਪੰਜਾਬ),** ਆਈ। 70. ਸ਼ਬਰ ਨਾਥ - ਗੌੜ, ਬੰਗਾਲ, ਅਘੋਰੀ। 71. ਸ਼੍ਰਿੰਗੇਰੀ ਨਾਥ - ਗੌੜ ਬੰਗਾਲ, ਪਾਵ। 72. ਸ਼੍ਰੀਤਾਇ ਨਾਥ, ਕੁਲਛੇਤ੍, ਆਈ। **73. ਸਿੱਧਬੁੱਧਾ ਨਾਥ – ਕੈਕਈ ਪੰਜਾਬ,** ਜੰਮੂ, ਦਰਿਆਈ ਨਾਥੀ। 74. **ਸਿੱਧਪਦ ਨਾਥ – ਹਿਮਾਚਲ, ਆਈ।** 75. ਸਿੱਧਆਸਣ ਨਾਥ - ਓੜੀਸਾ, ਆਈ। 76. ਸੁਕਦੇਵਾ ਨਾਥ - ਟਾਪੂ ਤੇ ਪਹਾੜਾਂ ਤੇ, ਰਾਮਨਾਥੀ। 77. ਸੁਨੰਦਾ ਨਾਥ - ਡੁੰਗਰਪੁਰ, ਵੈਰਾਗ। **78. ਸੂਰਤ ਨਾਥ – ਪੰਜਾਬ, ਆਈ।** 79. ਤਾਰਾ ਨਾਥ - ਦੱਖਣ, ਪਾਗਲ। 80. ਟਿੰਨਟਿਨੀ ਨਾਥ - ਦੱਖਣ, ਪਾਵ। 81. ਵਕਰਾ ਨਾਥ - ਕੈਲਾਸ਼, ਨਟੇਸ਼ਵਰੀ। **82. ਵੀਰਾ ਨਾਥ – ਪੰਜਾਬ, ਦਰਿਆਨਾਥੀ।** 83. ਵੀਰੂਪਕਸ਼ ਨਾਥ - ਓੜੀਸਾ, ਸਾਹਚਰਿਆ। 84. ਯੱਗਵਲਕਿਆ ਨਾਥ - ਹਿਮਾਚਲ/ਕੋਟ ਦਵਾਰ, ਸਤਨਾਥ। ।

ਇਸ ਲਿਸਟ ਤੋਂ ਪਤਾ ਲੱਗਦੈ ਕਿ 84 ਸਿੱਧਾਂ ਵਿੱਚੋਂ 24-25 ਸਿੱਧ ਤਾਂ ਪੁਰਾਣੇ ਪੰਜਾਬ (ਸਮੇਤ ਪੱਛਮੀ ਪੰਜਾਬ, ਹਿਮਾਚਲ, ਜੰਮੂ) ਇਲਾਕੇ ਤੋਂ ਸਨ।

ਬਾਲੇ ਨੇ ਵੀ 84 ਸਿੱਧਾਂ ਦੀ ਲਿਸਟ ਦਿੱਤੀ ਹੈ ਵੇਖੋ ਪੰ. 231

ਪੈੜ ਸੁਫ਼ਾ

—◈—

ਹੱਠ ਜਾਂ ਜਿੱਦ ਜਾਂ ਜੋਰ ਨਾਲ ਨਹੀ। ਇਹ ਰਸਤਾ ਤਾਂ ਰਜਾ ਦਾ ਤੇ ਪ੍ਰੇਮ ਦਾ

ਜਪੁ ਤਪੁ ਕਰਿ ਕਰਿ ਸੰਜਮ ਥਾਕੀ ਹਠਿ ਨਿਗ੍ਰਹਿ ਨਹੀ ਪਾਈਐ ॥ ਨਾਨਕ ਸਹਜਿ ਮਿਲੇ ਜਗਜੀਵਨ ਸਤਿਗੁਰ ਬੂਝ ਬੁਝਾਈਐ ॥

ਆਖਣਿ ਜੋਰੁ ਚੁਪੈ ਨਹ ਜੋਰੁ ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥ ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥

ਕਈ ਇਹੋ ਜਿਹੇ ਸਿਰ ਫਿਰੇ ਹਿੰਦੂ ਸ਼ਰਧਾਲੂ ਹੋਏ ਹਨ ਜੋ ਸਰੀਰ ਨੂੰ ਤਪਾਉਣਾ ਤੇ ਕਿਤੇ ਰਿਹਾ ਸਿੱਧਾ ਖੁਦਕਸ਼ੀ ਹੀ ਕਰ ਲੈਂਦੇ ਸਨ। ਗੁਰੂ ਸਾਹਿਬ ਨੇ ਥਾਂ ਥਾਂ ਜਾ ਸਮਝਾਇਆ ਕਿ ਲੋਕੋ ਰੂਹਾਨੀਅਤ ਦਾ ਮਾਰਗ ਹੱਠ ਨਹੀ ਸਹਿਜ ਦਾ ਹੈ। ਇਹ ਤਾਂ ਪ੍ਰੇਮ ਦਾ ਕਿੱਸਾ ਹੈ। ਪੜੋ ਅਯੋਧਿਆ ਵਾਲੀ ਸਾਖੀ ਪੰਨਾ 123.

—◈—

ਹੁਕਮ ਜਾਂ ਰਜਾ ਤੋਂ ਕੀ ਮਤਲਬ?

ਹਉਮੈ ਦੀ ਕੀ ਕਹਾਣੀ ਹੈ?

"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥" **"ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥"**

ਵੇਖੋ ਪ੍ਰਯਾਗ ਵਾਲੀ ਸਾਖੀ।

—◈—

ਨਾਮ ਬਾਬਤ ਕਿਓ ਦੁਹਾਈ ਦੇਣੀ ਪਈ ਗੁਰੂ ਸਾਹਿਬ ਨੂੰ

ਗੁਰੂ ਸਾਹਿਬ ਨੇ ਦੁਹਾਈ ਦਿੱਤੀ ਕਿਉਕਿ ਹਿੰਦੂ, ਬੋਧੀ, ਤੇ ਜੈਨ ਸਾਧੂਆਂ ਵਿੱਚ ਇਕ ਓਕਾਰ ਨਿਰੰਕਾਰ ਰੱਬ ਦਾ ਸਿਧਾਂਤ ਹੈ ਹੀ ਨਹੀ ਸੀ। ਜਦੋਂ ਇਹ ਸਰਬਵਿਆਪਕ ਅਕਲਾ ਦੀ ਹੋਂਦ ਤੋਂ ਹੀ ਮੁਨੱਕਰ ਸਨ ਤਾਂ ਨਾਮ ਜੱਪਣ ਦਾ ਸਿਧਾਂਤ ਕਿਥੇ ਹੋਣਾ।

ਇਹ ਲੋਕ ਸਰੀਰਕ ਅਭਿਆਸ, ਕ੍ਰਿਆਵਾਂ ਤੇ ਸੰਨਿਆਸ ਨੂੰ ਹੀ ਭਗਤੀ ਸਮਝਦੇ ਸਨ। ਗੁਰੂ ਸਾਹਿਬ ਨੇ ਉਹ ਪੂਜਾ ਵਿਅੱਰਥ ਦੱਸੀ ਜਿਸ ਵਿੱਚ ਰੱਬ ਦੀ ਸਿਫਤ ਨਾਂ ਹੋਵੇ।

ਇਨਾਂ ਵਿੱਚ ਜੋਗ ਦਾ ਇੱਕ ਹੋਰ ਤਰੀਕਾ ਵੀ ਪ੍ਰਚਲਤ ਹੈ 'ਸਹਿਜ ਜੋਗ' ਜਿਸ ਅਨੁਸਾਰ ਵੱਖਰੇ ਵੱਖਰੇ ਆਸਣ ਲਾ ਕੇ ਹੱਠ ਕਰਨਾਂ ਜਰੂਰੀ ਨਹੀ। ਬੰਦਾ ਚੌਕੜੀ ਮਾਰ ਕੇ ਧਿਆਨ ਲਾਵੇ ਤੇ ਹੌਲੀ ਹੌਲੀ ਸੁੰਨ ਅਵਸਥਾ ਹਾਸਲ ਕਰੇ।

—◈—

ਹਿੰਦੂ ਪੂਜਾ ਦਾ ਤਰੀਕਾ

ਹਿੰਦੂ ਧਰਮ ਤੇ ਬੁੱਧਮਤ ਵਿੱਚ ਪੂਜਾ ਮੁਖ ਤੌਰ ਤੇ ਵਿਅੱਕਤੀਗਤ ਹੈ ਜਦੋਂ ਕਿ ਇਸਲਾਮ, ਈਸਾਈਮਤ ਤੇ ਗੁਰਮਤ ਅਨੁਸਾਰ ਪੂਜਾ ਸਮੂਹ ਵਿੱਚ ਵੀ ਹੁੰਦੀ ਹੈ।

ਹਿੰਦੂਮਤ ਅਨੁਸਾਰ -

ਪੂਜਾ 1.ਮੂਰਤੀ ਦੀ ਦੇਵਤਿਆਂ ਤੇ ਦੇਵੀਆਂ ਦੀ ਮੁੱਖ ਤੌਰ ਤੇ ਗਣੇਸ਼, ਸ਼ਿਵ ਜੀ, ਸ੍ਰੀ ਕ੍ਰਿਸ਼ਨ, ਸ੍ਰੀ ਰਾਮ, ਹਨੂਮਾਨ , ਵਿਸ਼ਨੂੰ ਭਗਵਾਨ, ਲਕਸ਼ਮੀ, ਦੁਰਗਾ, ਕਾਲੀ ਮਾਤਾ, ਸਰਸਵਤੀ 2. ਰੁੱਖਾਂ ਤੇ ਤੁਸਲੀ ਆਦਿ ਦੀ, 3. ਦਰਿਆਵਾਂ ਨਦੀਆਂ ਦੀ, 5. ਬ੍ਰਾਹਮਣ ਦੀ, 5. ਕੰਵਾਰੀ ਲੜਕੀਆਂ ਦੀ, ਕੀਤੀ ਜਾਂਦੀ ਹੈ। ਪੂਜਾ ਵਿੱਚ ਆਰਤੀ ਉਤਾਰੀ ਜਾਂਦੀ ਹੈ।

2.ਵੇਦ-ਮੰਤਰ ਪੜੇ ਜਾਂਦੇ ਹਨ, 3.ਯੰਤਰ ਬਣਾਏ ਜਾਂਦੇ ਹਨ,

4.ਤੱਪ ਕੀਤਾ ਜਾਂਦਾ ਭਾਵ ਸਰੀਰ ਨੂੰ ਕਸ਼ਟ ਦਿੱਤੇ ਜਾਂਦੇ ਹਨ, ਜਿਸ ਵਿੱਚ ਵਰਤ (ਭੁੱਖੇ ਰਹਿਣਾ) ਵੀ ਸ਼ਾਮਲ ਹੈ, 5. ਤੀਰਥ ਯਾਤਰਾ, 5.ਵਰਤ ਰੱਖਣਾ।

5. ਦਰਸ਼ਨ ਕਰਨਾਂ ਵੀ ਬਹੁਤ ਪਵਿਤ੍ਰ ਮੰਨਿਆ ਜਾਂਦਾ ਹੈ।

ਗੁਰੂ ਸਾਹਿਬ ਦੇ ਵੇਲੇ ਤੱਕ ਪ੍ਰਮੇਸ਼ਵਰ ਦਾ ਨਾਮ ਜੱਪਣ ਦਾ ਰਿਵਾਜ ਨਹੀ ਸੀ ਭਾਵ ਸਿਫਤ ਸਲਾਹ ਕਿਤੇ ਘੱਟ ਹੀ ਕੀਤੀ ਜਾਂਦੀ ਸੀ। ਸਾਧੂਆਂ ਵਿੱਚ ਤੱਪ ਤੇ ਸਰੀਰ ਨੂੰ ਕਸ਼ਟ ਦੇਣਾ ਸਾਲਾਂ ਬੱਧੀ ਇੱਕ ਹੀ ਆਸਣ ਤੇ ਖੜੇ/ ਬੈਠੇ ਆਦਿ ਆਦਿ। ਕਿਤੇ ਆਹੂਤੀ (ਕੁਰਬਾਨੀ) ਵੀ ਦਿੱਤੀ ਜਾਂਦੀ ਸੀ ਕਿਸੇ ਦੇਵਤੇ ਤੋਂ ਕੁਰਬਾਨ ਹੋ ਜਾਣਾ ਵੀ ਪ੍ਰਚਲਤ ਸੀ। ਇਹ ਜੁਲਮ ਵੇਖ ਕੇ ਗੁਰੂ ਸਾਹਿਬ ਦਾ ਪਵਿਤਰ ਕੋਮਲ ਹਿਰਦਾ ਤੜਫ ਉਠਿਆ ਤੇ ਉਨਾਂ ਨੇ ਹਰ ਪ੍ਰਸਿੱਧ ਧਾਰਮਿਕ ਸਥਾਨ ਤੇ ਜਾ ਜਾ ਕੇ ਦੁਹਾਈ ਦਿੱਤੀ ਕਿ ਪ੍ਰਭੂ ਦੀ ਉਸਤਤ ਬਗੈਰ ਤੁਹਾਡੇ ਇਹ ਕਰਮ ਕਾਂਡ ਵਿਅੱਰਥ ਹਨ।

ਗੁਰੂ ਸਾਹਿਬ ਦੀ ਘਾਲਣਾ ਦਾ ਵੱਡਾ ਅਸਰ ਪਿਆ। ਅੱਜ ਹਿੰਦੂਆਂ ਵਿੱਚ ਨਿਰੰਕਾਰ ਉਸਤਤ ਦਾ ਰਿਵਾਜ ਆਮ ਦੇਖਿਆ ਜਾਂਦਾ ਹੈ। ਸਾਧੂ ਵੀ ਅਕਸਰ ਆਪਣੀ ਤਪੱਸਿਆ ਵੇਲੇ ਰੱਬ ਵਲ ਧਿਆਨ ਕਰਦੇ ਹਨ।

ਹਾਲਾਂ ਕਰਮ ਕਾਂਡ ਅੱਜ ਵੀ ਵੱਡੇ ਪੱਧਰ ਤੇ ਜਾਰੀ ਹਨ ਪਰ ਅੱਜ ਖੁੱਦ ਹਿੰਦੂ ਹੀ ਇਨਾਂ ਕਰਮ ਕਾਂਡਾਂ ਨੂੰ ਵਿਅੱਰਥ ਸਮਝਣ ਲੱਗ ਪਿਆ ਹੈ।

—◈—

ਨਾਮ

ਗੁਰੂ ਨਾਨਕ ਦਾ ਮਿਸ਼ਨ

ਨਾਮ ਭਾਵ ਕਿਸੇ ਦਾ ਗੁਣ, ਜਸ, ਉਸਤਤ, ਵਡਿਆਈ, ਸਿਫਤਾਂ, ਸਲਾਹੁਣਾ, ਕੀਰਤੀ, ਪ੍ਰਸੰਸਾ, ਮਹਿਮਾ, ਸ਼ਲਾਘਾ, ਉਪਮਾ, ਤਾਰੀਫ। ਸੋ ਨਾਮ ਜਪਣਾ ਉਸ ਦੀ ਪ੍ਰਾਪਤੀ ਦਾ ਇਕੋ ਇੱਕ ਰਸਤਾ ਹੈ। ਬਿਨਾ ਸ਼ਬਦ ਦੇ ਨਾਦ-ਜੋਤ ਵਾਲੀ ਸਮਾਧੀ ਸਿੱਖੀ ਵਿਚ ਪ੍ਰਵਾਨ ਨਹੀ।

ਬੱਚਾ ਸਭ ਤੋਂ ਪਹਿਲਾਂ ਮਾਂ ਕਹਿਣਾ ਸਿੱਖਦਾ ਹੈ ਤੇ ਬਾਦ ਵਿੱਚ ਉਸ ਨੂੰ ਖੁਦ ਦੇ ਨਾਂ ਦਾ ਵੀ ਗਿਆਨ ਹੋ ਜਾਂਦਾ ਹੈ। ਉਹਦਾ ਨਾਂ ਲੈਣ ਤੇ ਝੱਟ ਸਿਰ ਚੁੱਕਦਾ ਹੈ। ਸੋ ਕੌਣ ਨਹੀ ਜਾਣਦਾ ਕਿ ਨਾਮ ਜਾਂ ਨਾਂ ਦਾ ਕੀ ਅਰਥ ਹੁੰਦਾ ਹੈ। ਓਏ ਤੇਰਾ ਨਾਂ ਕੀ ਹੈ? 'ਨਾਮ' ਲਫਜ ਫਾਰਸੀ ਤੇ ਸੰਸਕ੍ਰਿਤ ਦੋਵਾਂ ਮੂਲ ਭਾਸ਼ਾਵਾਂ ਵਿੱਚ ਮਿਲਦਾ ਹੈ। ਯੂਰਪੀਨ ਮੁਲਕਾਂ ਵਿੱਚ ਵੀ ਰਲਵਾਂ ਮਿਲਵਾਂ ਜਿਹਾ ਹੀ ਸ਼ਬਦ ਹੈ। ਅੰਗਰੇਜੀ ਤੇ ਜਰਮਨ ਵਿੱਚ ਜਿਵੇ ਨਾਮ ਦੀ ਜਗਾ ਨੇਮ ਹੈ॥ ਲਾਤੀਨੀ ਵਿੱਚ ਨਾਮਨ, ਫਰਾਂਸੀਸੀ ਤੇ ਇਟਾਲੀਅਨ ਵਿੱਚ ਨੋਮ, ਰੂਸੀ ਵਿੱਚ ਈਨਾਂ, ਸਪੈਨਿਸ਼ ਵਿੱਚ ਨਾਮਬਰੇ, ਰੋਮਾਨੀਅਨ ਵਿੱਚ ਨੂਮੇ ਜਪਾਨੀ ਵਿੱਚ ਨਮਾਇ ਕਹਿ ਦਿੱਤਾ ਜਾਂਦਾ ਹੈ। ਸੋ ਕਿੰਨੀ ਹੈਰਾਨੀ ਦੀ ਗੱਲ, ਨਾ ਲਫਜ ਸਾਰੀ ਦੁਨੀਆਂ ਵਿੱਚ ਸਾਂਝਾ ਹੈ। ਹਾਲਾਂ ਚੀਨੀ ਵਿੱਚ ਨਾਮ ਨੂੰ ਮਿੰਙ, ਤੁਰਕੀ ਵਿੱਚ ਇਸਮ ਕਿਹਾ ਜਾਂਦਾ ਹੈ।

ਮੂਲ ਰੂਪ ਵਿੱਚ ਨਾਂ ਲਫਜ਼ ਦਾ ਮਾਇਨਾ ਹੁੰਦਾ ਹੈ: 'ਗੁਣ' 'ਸਿਫਤ' ਜਾਂ 'ਜਸ'।

ਆਦਿ ਕਾਲ ਤੋਂ ਹੀ ਕਿਸੇ ਦਾ ਨਾਂ ਉਸ ਦੇ ਗੁਣਾਂ ਅਨੁਸਾਰ ਰਖਿਆ ਜਾਂਦਾ ਹੈ। 'ਲੰਙਾ' 'ਕਾਣਾ' 'ਫੀਨਾ' ਜੇ ਸੋਹਣਾ ਹੋਵੇ ਤਾਂ ਸੁੰਦਰ ਸਿੰਘ, ਰੂੜ ਸਿੰਘ ਜਾਂ ਸੋਹਣ ਸਿੰਘ। ਹਾਂ, ਕਈ ਵਾਰੀ ਮਾਪੇ ਤਾਂ ਨਾਂ ਰੱਖ ਲੈਦੇ ਹਨ ਮੱਲ ਸਿੰਘ ਭਾਵ ਭਲਵਾਨ ਪਰ ਬੰਦਾ ਮਾੜੂਆ ਨਿਕਲ ਆਉਦਾ ਹੈ। ਕਿਤੇ ਨਾਂ ਹੁੰਦਾ ਹੈ ਉੱਚਾ ਪਿੰਡ ਤੇ ਕਿਤੇ ਨੀਵਾਂ ਬਜਾਰ। ਜੇ ਪਿੰਡ ਦੁਆਲੇ ਕਿਲ੍ਹਾ ਹੁੰਦਾ ਸੀ ਤਾਂ ਨਾਂ 'ਕਿਲ੍ਹਾ ਫੁੱਮਣ ਸਿੰਘ'। ਬਜਾਰ ਕਾਠੀਆਂ ਤੇ ਲੂਣ ਮੰਡੀ।

ਠੀਕ ਏਸੇ ਤਰਾਂ ਰੱਬ ਦਾ ਨਾਂ ਵੀ ਉਹਦੇ ਗੁਣਾਂ ਜਾਂ ਸਿਫਤਾਂ ਵਿੱਚ ਹੀ ਹੈ। ਪਰ ਰੱਬ ਅਜਿਹੀ ਤਾਕਤ ਹੈ ਜਿਸ ਦਾ ਬਿਆਨ ਨਹੀ ਕੀਤਾ ਜਾ ਸਕਦਾ। ਜੇ ਇੱਕ ਮੋਟੀ ਜਿਹੀ ਉਦਾਹਰਣ ਦਿੱਤੀ ਜਾਏ 'ਬਿਜਲੀ ਦੇ ਕਰੰਟ' ਦੀ ਤਾਂ ਸ਼ਾਇਦ ਗੱਲ ਕੁਝ ਸਪੱਸ਼ਟ ਹੋ ਸਕਦੀ ਹੈ। ਕਰੰਟ ਨਾਲ ਪੱਖਾ ਚਲਦਾ ਹੈ ਜੋ ਹਵਾ ਦਿੰਦਾ ਹੈ, ਹੀਟਰ ਚਲਦਾ ਹੈ ਜੋ ਗਰਮੀ ਪੈਦਾ ਕਰਦਾ ਹੈ, ਬਲਬ ਟਿਊਬਲਾਈਟ ਜਗਾ ਸਕਦਾ ਹੈ, ਪਾਣੀ ਖਿੱਚਣ ਵਾਲਾ ਪੰਪ ਚਲਾ ਸਕਦਾ ਹੈ ਆਦਿ ਆਦਿ...। ਓਸੇ ਤਰਾਂ ਰੱਬ ਦੇ ਗੁਣ ਹਨ ਕਿ : ਉਹ ਕਰਤਾਰ ਹੈ : ਪੈਦਾ ਕਰਦਾ ਹੈ, ਦਾਤਾਰ - ਜੀਵਾ ਨੂੰ ਦਾਤਾਂ ਦਿੰਦਾ ਹੈ, ਅਚੁਤ - ਤਬਾਹ ਨਹੀ ਹੋ ਸਕਦਾ, ਅੰਤਰਜਾਮੀ - ਸਾਰਿਆਂ ਦੇ ਦਿੱਲਾਂ ਦੀ ਜਾਣਦਾ ਹੈ, ਮੋਹਨ - ਮਨਾਂ ਨੂੰ ਮੋਹ ਲੈਣ ਵਾਲਾ, ਕ੍ਰਿਸ਼ਨ - ਹੰਕਾਰ ਭੰਨਣ ਵਾਲਾ, ਜਗਦੀਸ਼ -ਜਗਤ ਦਾ ਮਾਲਕ ਹੈ, ਹਰੀ- ਸਭ ਤੋ ਪਿਆਰਾ, ਵਾਸਦੇਵ- ਖੂਬਸੂਰਤ, ਆਜੂਨੀ -ਜੂਨਾਂ ਤੋ ਰਹਿਤ, ਨਿਰਵੈਰ- ਵੈਰ ਰਹਿਤ, ਨਿਰਭਉ- ਡਰ ਤੋਂ ਰਹਿਤ, ਅਕਾਲ- ਸਮੇਂ ਸੀਮਾ ਤੋਂ ਰਹਿਤ, ਗੁਰਪ੍ਰਸਾਦਿ ਗੁਰੂ ਦੀ ਕਿਰਪਾ ਸਦਕਾ ਨਜਰ ਆਉਣ ਵਾਲਾ, ਸੈਭੰ- ਖੁਦ ਹੀ ਸਥਾਪਤ ਆਦਿ।

ਭਾਵ ਇਸ ਪ੍ਰਕਾਰ ਉਸ ਰਬ ਦੇ ਕਰੋੜਾਂ ਅਰਥਾਂ ਨਾ ਹੋ ਸਕਦੇ ਹਨ ਪਰ ਪੂਰਾ ਨਾਂ ਕੋਈ ਨਹੀ। ਹਾਂ ਇੱਕ ਨਾਂ ਥੋੜਾ ਜਿਆਦਾ ਢੁਕਵਾ ਹੈ ਤੇ ਉਹ ਹੈ ਸੱਚ ਜਾਂ ਸਤਿ ਜਾਂ ਸਤਿਨਾਮ। ਏਸੇ ਕਰਕੇ ਹੀ ਪੰਚਵੇ ਨਾਨਕ ਨੇ ਸੈਕੜੇ ਨਾਂ ਲੈਣ ਉਪਰੰਤ ਲਿਖਿਆ ਹੈ: **ਕਿਰਤਮ ਨਾਮ ਕਥੇ ਤੇਰੇ ਜਿਹਬਾ ॥ ਸਤਿ ਨਾਮੁ ਤੇਰਾ ਪਰਾ ਪੂਰਬਲਾ ॥** (ਪੰ.1083)

ਦਸਮ ਨਾਨਕ ਨੇ ਜਾਪ ਸਾਹਿਬ ਵਿੱਚ 'ਸਤਿਨਾਮ' ਦੇ ਹਜ਼ਾਰਾਂ ਨਾਲ ਦਿੱਤੇ ਤੇ ਕਿਹਾ ਕਿ: **ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮੱਤ॥** ਐ ਨਿਰੰਕਾਰ ਅਸੀ ਤੇਰੇ ਗੁਣਾਂ ਦੇ ਆਧਾਰ ਤੇ ਤੈਨੂੰ ਨਾਮ ਦੇ ਰਹੇ ਹਾਂ।

ਸਾਰੀ ਸ੍ਰਿਸਟੀ ਹੀ ਉਸ ਪ੍ਰਮਾਤਮਾ ਦੀ ਰਚਨਾ ਹੈ ਤੇ ਜਿੰਨੀਆਂ ਵੀ ਚੀਜ਼ਾਂ ਪੈਦਾ ਕੀਤੀਆ ਹਨ ਉਹ ਹੀ ਉਹਦਾ ਨਾਂ ਹੈ : ਪ੍ਰਿਥਵੀ ਨੂੰ ਪੈਦਾ ਕਰਨਾ ਵਾਲਾ, ਸੂਰਜ ਨੂੰ ਪੈਦਾ ਕਰਨ ਵਾਲਾ, ਹਾਥੀ ਨੂੰ ਪੈਦਾ ਕਰਨ ਵਾਲਾ, ਕੀੜੀ ਨੂੰ ਪੈਦਾ ਕਰਨ ਵਾਲਾ, ਪਹਾੜ ਪੈਦਾ ਕਰਨ ਵਾਲਾ ਭਾਵ: 'ਜੇਤਾ ਕੀਤਾ ਤੇਤਾ ਨਾਉ'॥ (ਜਪੁਜੀ)

ਸੋ ਉਸ ਪ੍ਰਭੂ ਨੂੰ ਕਿਵੇ ਧਿਆਈਏ ਜੋ ਹੈ ਹੀ ਨਿਰੰਕਾਰ? ❇ਸੋ ਹਰਿ ਪੁਰਖੁ ਅਗੰਮੁ ਹੈ ਕਹੁ ਕਿਤੁ ਬਿਧਿ ਪਾਈਐ ॥ (ਪੰ.644)

ਉਤਰ:- **ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥** ਗੁਰਬਾਣੀ ਵਿਚ ਇੱਕ ਨਹੀ ਹਜਾਰਾਂ ਥਾਵਾਂ ਤੇ ਜੁਆਬ ਦਿੱਤਾ ਹੈ ਕਿ ਉਸ ਦੀ ਸਿਫਤ ਕਰਕੇ ਹੀ ਉਸ ਨੂੰ ਧਿਆਉਣਾ ਹੈ:-❇ **ਹਰਿ ਗੁਣ ਪੜੀਐ ਹਰਿ ਗੁਣ ਗੁਣੀਐ ॥ ਹਰਿ ਹਰਿ ਨਾਮ ਕਥਾ ਨਿਤ ਸੁਣੀਐ ॥**

ਪੈੜ ਸਫਾ

ਸੈਂ ਕੁਰਬਾਨ ਜਾਂਨਾ ਹਾਂ ਤੇਰੇ ਨਾਵਾਂ ਤੋਂ, ਤੇਰੀਆਂ ਸਿਫਤਾਂ ਤੋਂ ❋**ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ॥** (ਪੰ.1168) ਸੋ ਉਸ ਰੱਬ ਦੀਆਂ ਸਿਫਤਾਂ ਹੀ ਉਸ ਦਾ ਨਾਂ ਹਨ।

ਪ੍ਰਭੂ ਦੀਆਂ ਸਿਫਤਾਂ ਫਿਰ ਆਪਾ ਗਾ ਕੇ ਕੀਰਤਨ ਰਾਹੀ ਕਰ ਸਕਦੇ ਹਾਂ, ਗੱਲਾਂ ਬਾਤਾਂ ਤੇ ਵੀਚਾਰਾਂ ਰਾਹੀ ਕਰ ਸਕਦੇ ਹਾਂ। ਸੋ ਜਿਸਤਰਾਂ ਵੀ ਉਹਦੀਆਂ ਸਿਫਤਾਂ ਹੋਣ ਸਭ ਨਾਮ ਹੀ ਹੈ।

❋ ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ॥ ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥ ❋ ਹਰਿ ਭਗਤਾ ਹਰਿ ਧਨੁ ਰਾਸਿ ਹੈ ਗੁਰ ਪੂਛਿ ਕਰਹਿ ਵਾਪਾਰੁ ॥ ਹਰਿ ਨਾਮੁ ਸਲਾਹਨਿ ਸਦਾ ਸਦਾ ਵਖਰੁ ਹਰਿ ਨਾਮੁ ਅਧਾਰੁ ॥ ❋ ਸਚੁ ਸਲਾਹਨਿ ਸੇ ਸਚੇ ਸਚਾ ਨਾਮੁ ਅਧਾਰੁ ॥ ❋ ਨਾਨਕ ਨਾਮੁ ਸਲਾਹਿ ਤੂੰ ਅੰਤੁ ਨ ਪਾਰਾਵਾਰੁ ॥ ❋ ਗੁਰਮਤੀ ਨਾਮੁ ਸਲਾਹੀਐ ਦੂਜਾ ਅਵਰੁ ਨ ਕੋਇ ॥ ❋ ਹਰਿ ਨਾਮੁ ਸਲਾਹਨਿ ਨਾਮੁ ਮਨਿ ਨਾਮਿ ਰਹਨਿ ਲਿਵ ਲਾਇ ॥ ਅਨਹਦ ਧੁਨੀ ਦਰਿ ਵਜਦੇ ਦਰਿ ਸਚੈ ਸੋਭਾ ਪਾਇ ॥ ❋ ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥ ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ ॥❋ ਗੁਰਮੁਖਿ ਪੜਹਿ ਹਰਿ ਨਾਮੁ ਸਲਾਹਹਿ ਦਰਿ ਸਚੈ ਸੋਭਾ ਪਾਵਣਿਆ ॥(ਗੁਰਬਾਣੀ ਵਿੱਚ ਅਜਿਹੀਆਂ ਲੱਖਾਂ ਉਦਾਹਰਣਾਂ ਹਨ)

ਸੋ ਰੱਬ ਦਾ ਨਾਂ ਜੱਪਣ ਦਾ ਮਤਲਬ ਵੀ ਸਿੱਧਾ ਜਿਹਾ ਹੋਇਆ ਭਾਵ ਉਹਦੀਆਂ ਸਿਫਤਾਂ ਤਾਕਤਾਂ ਗਾਉਣਾਂ। ਗੁਣਗਾਨ ਗਾ ਕੇ ਕੀਤਾ ਜਾ ਸਕਦਾ ਹੈ, ਵੀਚਾਰਾਂ ਰਾਂਹੀ ਕੀਤਾ ਜਾ ਸਕਦਾ ਹੈ। ਪੜ੍ਹ ਕੇ ਬੋਲ ਕੇ ਕੀਤਾ ਜਾ ਸਕਦਾ ਹੈ।ਸੋ ਨਾਮ ਨੂੰ ਸੁਣਨਾ, ਵੀਚਾਰਨਾ, ਖੋਜਣਾ ਵੀ ਨਾਮ ਜੱਪਣ ਤੁੱਲ ਹੀ ਹੁੰਦਾ ਹੈ।

ਤੀਸਰੇ ਨਾਨਕ ਨੇ ਉਦਾਹਰਣਾਂ ਦੇ ਦੇ ਕੇ ਦੱਸਿਆ ਗਇਆ ਕਿ ਵੇਖੋ ਫਲਾਣੇ ਭਗਤ ਨੇ ਪੂਜਾ ਰਾਂਹੀ ਪ੍ਰਾਪਤ ਕੀਤਾ, ਫਲਾਣੇ ਨੇ ਪੱਥਰ 'ਚੋਂ ਪਾ ਲਿਆ, ਫਲਾਣੇ ਨੇ ਤੱਪ ਰਾਂਹੀ ਹਾਸਲ ਕਰ ਲਿਆ ਤਾਂ ਗੁਰੂ ਸਾਹਿਬ ਨੇ ਕਿਸੇ ਦੀ ਨੁਕਤਾਚੀਨੀ ਕਰਨ ਦੇ ਬਿਜਾਏ ਸਿੱਧਾ ਕਹਿ ਦਿੱਤਾ:-

ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥ ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ ॥੨॥

ਨੋਟ- ਜੇ ਫਿਰ ਵੀ ਤਸੱਲੀ ਨਾਂ ਹੋਈ ਹੋਵੇ ਤਾਂ ਹੇਠਾਂ ਕੁਝ ਹੋਰ ਵੀ ਗੁਰਬਾਣੀ ਦੀਆਂ ਪਵਿਤ੍ਰ ਤੁੱਕਾਂ ਦਿੱਤੀਆਂ ਹਨ ਜੋ ਸਾਬਤ ਕਰਦੀਆਂ ਹਨ ਕਿ

ਜਸ ਗਾਉਣਾ, ਉਸਤਤ, ਵਡਿਆਈਆਂ, ਸਿਫਤ ਸਾਲਾਹ, ਕੀਰਤੀ ਕਰਨੀ ਹੀ ਨਾਮ ਹੈ ਤੇ ਨਾਮ ਹੀ ਉਸ ਦੀ ਪ੍ਰਾਪਤੀ ਦਾ ਇਕੋ ਇੱਕ ਰਸਤਾ ਹੈ। ਹੇਠਾਂ ਗੁਰਬਾਣੀ ਦੀਆਂ ਤੁਕਾਂ ਦਿੱਤੀਆਂ ਗਈਆਂ ਹਨ ਇਹ ਦੱਸਣ ਲਈ ਕਿ ਜਸ ਗਾਉਣਾ ਭਾਵ ਗੁਰਬਾਣੀ ਪਾਠ ਸਿੱਖ ਦਾ ਰੂਹਾਨੀਅਤ ਮਾਰਗ ਹੈ। ਹਰ ਤੁੱਕ ਦੇ ਮਗਰ ਗੁਰੂ ਗ੍ਰੰਥ ਸਾਹਿਬ ਦਾ ਪੰਨਾ ਨੰਬਰ ਦਿੱਤਾ ਗਇਆ ਹੈ। **ਇਹ ਇਸ ਕਰਕੇ ਇਥੇ ਦਿੱਤੀਆਂ ਜਾ ਰਹੀਆ ਹਨ ਕਿਉਕਿ ਪੰਜਾਬ ਦੇ ਅਜੋਕਾ ਦੌਰ ਦੇ ਜੋਗੀਆਂ ਨੇ ਵੱਡਾ ਕੁਫਰ ਤੋਲ ਕੇ ਬਹੁਤ ਕਿਤਾਬਾਂ ਲਿਖ ਮਾਰੀਆਂ ਹਨ ਇਹ ਸਾਬਤ ਕਰਨ ਲਈ ਕਿ 'ਨਾਦ – ਜੋਤ' ਤੇ ਸੁਰਤ ਟਿਕਾਈ ਰੱਖਣਾ ਨਾਮ ਹੈ। ਉਹ ਸਿੱਖਾਂ ਨੂੰ ਸਮਾਧੀ ਵਾਲੇ ਪਾਸੇ ਲਿਜਾ ਰਹੇ ਹਨ ਜਦੋਂ ਕਿ ਸਿੱਖੀ ਕਾਰਜਸ਼ੀਲ ਮਨੁੱਖ ਦਾ ਧਰਮ ਹੈ:-**

❋ ਗੁਰਮਤੀ ਸਚੁ ਸਲਾਹਣਾ ਜਿਸ ਦਾ ਅੰਤੁ ਨ ਪਾਰਾਵਾਰੁ ॥ ਘਟਿ ਘਟਿ ਆਪੇ ਹੁਕਮਿ ਵਸੈ ਹੁਕਮੇ ਕਰੇ ਬੀਚਾਰੁ ॥ ਗੁਰ ਸਬਦੀ ਸਾਲਾਹੀਐ ਹਉਮੈ ਵਿਚਹੁ ਖੋਇ ॥-37 ❋ ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥ -642 ❋ ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥ ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥-2 ❋ ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥-5 ❋ ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥-16 ❋ ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥ ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ ॥ -27 ❋ ਹਰਿ ਗੁਣ ਗਾਵਹਿ ਹਰਿ ਨਿਤ ਪੜਹਿ ਹਰਿ ਗੁਣ ਗਾਇ ਸਮਾਇ ॥ -28 ❋ ਮਨ ਮੇਰੇ ਕਰਤੇ ਨੋ ਸਾਲਾਹਿ ॥ -43 ❋ ਸਦਾ ਸਦਾ ਸਾਲਾਹੀਐ ਅੰਤੁ ਨ ਪਾਰਾਵਾਰੁ॥-49 ❋ ਹਰਿ ਗੁਣ ਪੜੀਐ ਹਰਿ ਗੁਣ ਗੁਣੀਐ ॥ ਹਰਿ ਹਰਿ ਨਾਮ ਕਥਾ ਨਿਤ ਸੁਣੀਐ ॥ ਮਿਲਿ ਸਤਸੰਗਤਿ ਹਰਿ ਗੁਣ ਗਾਏ ਜਗੁ ਭਉਜਲੁ ਦੁਤਰੁ ਤਰੀਐ ਜੀਉ ॥1॥ -95 ❋ ਗੁਰਮੁਖਿ ਪੜਹਿ ਹਰਿ ਨਾਮੁ ਸਲਾਹਹਿ ਦਰਿ ਸਚੈ ਸੋਭਾ ਪਾਵਣਿਆ ॥-127 ❋ ਅਨਦਿਨੁ ਗੁਣ ਗਾਵਾ ਪ੍ਰਭ ਤੇਰੇ ॥ ਤੁਧੁ ਸਾਲਾਹੀ ਪ੍ਰੀਤਮ ਮੇਰੇ ॥-130 ❋ ਕੈਹਾ ਕੰਚਨੁ ਤੁਟੈ ਸਾਰੁ ॥ ਅਗਨੀ ਗੰਢੁ ਪਾਏ ਲੋਹਾਰੁ ॥ ਗੋਰੀ ਸੇਤੀ ਤੁਟੈ ਭਤਾਰੁ ॥ ਪੁਤੀਂ ਗੰਢੁ ਪਵੈ ਸੰਸਾਰਿ ॥ ਸਿਫਤੀ ਗੰਢੁ ਪਵੈ ਦਰਬਾਰਿ ॥-143 ❋ ਬਾਰ ਬਾਰ ਹਰਿ ਕੇ ਗੁਨ ਗਾਵਉ ॥ -344 ❋ ਗੁਣ ਗਾਵਾ ਗੁਣ ਬੋਲੀ ਬਾਣੀ ॥ -367 ❋ ਗੁਰਮਤਿ ਹਰਿ ਗੁਣ ਬੋਲਹੁ ਜੋਗੀ ਇਹੁ ਮਨੂਆ ਹਰਿ ਰੰਗਿ ਭੇਨ ॥-367 ❋ ਬਕੈ ਨ ਬੋਲੈ ਹਰਿ ਗੁਣ ਗਾਵੈ ॥-411 ❋ ਗੁਰ ਪਰਸਾਦੀ ਕਰਮ ਕਮਾਉ ॥ ਨਾਮੇ ਰਾਤਾ ਹਰਿ ਗੁਣ ਗਾਉ ॥-415 ❋ ਸਚਾ ਸਬਦੁ ਸਚੀ ਹੈ ਬਾਣੀ ॥-424 ❋ ਨਾਮੁ ਸੁਣੀਐ ਨਾਮੁ ਮੰਨੀਐ ਨਾਮੇ ਵਡਿਆਈ ॥ ਨਾਮੁ ਸਲਾਹੇ ਸਦਾ ਸਦਾ ਨਾਮੇ ਮਹਲੁ ਪਾਈ ॥-426 ❋ ਸਚੀ ਤੇਰੀ ਸਿਫਤਿ ਸਚੀ ਸਾਲਾਹ ॥ -463 ❋ ਵਡਿਆਈ ਵਡਾ ਪਾਇਆ ॥-467 ❋ ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥-468 ❋ ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥-494

(ਅਜਿਹੀਆਂ ਹਜਾਰਾਂ ਹੋਰ ਵੀ ਪਵਿਤ੍ਰ ਤੁਕਾਂ ਅਸੀ ਗੁਰਬਾਣੀ ਵਿਚੋਂ ਲਈਆਂ ਹਨ। ਸਾਰੀਆਂ ਇਥੇ ਦੇਣੀਆਂ ਸੰਭਵ ਨਹੀ। ਜੇ ਕਿਸੇ ਵੀਰ ਨੂੰ ਅਜੇ ਵੀ ਸ਼ੱਕ ਹੋਵੇ ਤਾਂ ਵੈਬਸਾਈਟ www.jindaginama .com ਤੇ ਪੂਰੀ ਲਿਸਟ ਵੇਖੀ ਜਾ ਸਕਦੀ ਹੈ ਜੀ।)

ਸੋ ਗੁਰਬਾਣੀ ਵਿੱਚ ਹਰ ਥਾਂ ਇਹੋ ਆਇਆ ਹੈ ਕਿ ਸਿਫਤ ਸਾਲਾਹ ਹੀ ਉਹਦੀ ਪ੍ਰਾਪਤੀ ਦਾ ਇਕੋ ਇੱਕ ਰਾਹ ਹੈ।

—-◈—-

ਗੁਰਬਾਣੀ ਵੀ ਤਾਂ ਨਾਮ ਹੀ ਹੈ

ਕਿਉਕਿ ਗੁਰਬਾਣੀ ਵਿੱਚ ਕਰਤਾਰ ਦੀ ਸਿਫਤ ਸਲਾਹ ਹੈ।

ਗੁਰੂ ਨਾਨਕ ਦੇ ਘਰ ਦਾ ਇੱਕ ਮੁੱਢਲਾ ਤਰੀਕਾ ਹੈ ਕਿ ਪ੍ਰਭੂ ਪ੍ਰਾਪਤੀ ਲਈ ਇਨਸਾਨ ਉਸ ਦੀ ਉਸਤਤ ਕਰੇ ਤੇ ਆਪਣੀ ਉਣਤਾਈ ਨੂੰ ਅੱਗੇ ਰੱਖੇ। ਗੁਰਬਾਣੀ ਵਿੱਚ ਬਸ ਦੋ ਹੀ ਚੀਜਾਂ ਹਨ ਇੱਕ ਸਿਫਤ ਸਲਾਹ ਤੇ ਦੂਸਰਾ ਇਨਸਾਨ ਦੀ ਊਣਤਾਈ। ਕਿਉਕਿ 'ਜੱਸ' ਹੀ ਨਾਮ ਹੁੰਦਾ ਹੈ ਇਸ ਕਰਕੇ ਗੁਰਬਾਣੀ ਹੀ ਨਾਮ ਹੈ। ਫਿਰ ਵੀ ਗੁਰੂ ਸਾਹਿਬਾਨ ਨੇ ਗੱਲ ਸਾਫ ਕਰ ਦਿੱਤੀ ਹੈ ਕਿ ਬਾਣੀ ਵੀ ਨਾਮ ਹੈ। ਹੇਠਾਂ ਵੇਖੋ ਪਰਮਾਣ:-

❋ ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ ॥(1239) ❋ ਗੁਣ ਗਾਵਾ ਗੁਣ ਬੋਲੀ ਬਾਣੀ ॥ 367), ❋ ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥(ਪੰ-982) ❋ ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ਇਉ ਆਤਮ ਰਾਮੈ ਲੀਨਾ ਹੇ ॥(ਪੰ-1028) ❋ਜਨੁ ਨਾਨਕੁ ਬੋਲੈ ਅੰਮ੍ਰਿਤ ਬਾਣੀ॥(ਪ96) ❋ ਅਨਦਿਨੁ ਗੁਣ ਗਾਵਾ ਪ੍ਰਭ ਤੇਰੇ ॥ ਤੁਧੁ ਸਾਲਾਹੀ ਪ੍ਰੀਤਮ ਮੇਰੇ ॥-130 ❋ ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥-494 ❋ ਸੁਣਿ ਵਡਭਾਗੀਆ ਹਰਿ ਅੰਮ੍ਰਿਤ ਬਾਣੀ ਰਾਮ ॥ -545 ❋ ਬਿਨਵੰਤਿ ਨਾਨਕ ਸਦਾ ਗਾਈਐ ਪਵਿਤ੍ਰ ਅੰਮ੍ਰਿਤ ਬਾਣੀ ॥-545 ❋ ਨਿਰਮਲ ਸਬਦੁ ਨਿਰਮਲ ਹੈ ਬਾਣੀ ॥ ਨਿਰਮਲ ਜੋਤਿ ਸਭ ਮਾਹਿ ਸਮਾਣੀ ॥ ਨਿਰਮਲ ਬਾਣੀ ਹਰਿ ਸਾਲਾਹੀ ਜਪਿ ਹਰਿ ਨਿਰਮਲੁ ਮੈਲੁ ਗਵਾਵਣਿਆ ॥ ❋ ਅਨਦਿਨੁ ਗੁਣ ਗਾਵਾ ਪ੍ਰਭ ਤੇਰੇ ॥ ਤੁਧੁ ਸਾਲਾਹੀ ਪ੍ਰੀਤਮ ਮੇਰੇ ॥-130 ❋ਸਾਚੀ ਬਾਣੀ ਸਦਾ ਗੁਣ ਗਾਵੈ ਇਸੁ ਜਨਮੈ ਕਾ ਲਾਹਾ ਹੇ ॥-1053 ❋ਅਨਦਿਨੁ ਬਾਣੀ ਸਬਦੇ ਗਾਂਵੈ ਸਾਚਿ ਰਹੈ ਲਿਵ ਲਾਇ ॥-1259 ❋ਸਾਚੀ ਗਤਿ ਸਾਚੈ ਚਿਤੁ ਲਾਏ ॥ ਗੁਰ ਕੀ ਬਾਣੀ ਸਬਦਿ ਸੁਣਾਏ ॥-1277 ❋ਅਨਦਿਨੁ ਬਾਣੀ ਸਬਦਿ ਸੁਣਾਏ ਸਚਿ ਰਾਤੇ ਰੰਗਿ ਰੰਗਾਵਣਿਆ ॥ ❋ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ ॥❋ਸਾਚੇ ਰਾਤੀ ਗੁਰ ਸਬਦੁ ਵੀਚਾਰ ॥ ਅੰਮ੍ਰਿਤੁ ਪੀਵੈ ਨਿਰਮਲ ਧਾਰ ॥❋ਗੁਰ ਕੀ ਬਾਣੀ ਅਨਦਿਨੁ ਗਾਵੈ ਸਹਜੇ ਭਗਤਿ ਕਰਾਵਣਿਆ ॥ ॥❋ਅਨਦਿਨੁ ਬਾਣੀ ਸਬਦੇ ਗਾਂਵੈ ਸਾਚਿ ਰਹੈ ਲਿਵ ਲਾਇ ॥-1259 ❋ਅਨਦਿਨੁ ਕੀਰਤਨੁ ਸਦਾ ਕਰਹਿ ਗੁਰ ਕੈ ਸਬਦਿ ਅਪਾਰਾ ॥ ਸਬਦੁ ਗੁਰੂ ਕਾ ਸਦ ਉਚਰਹਿ ਜੁਗੁ ਜੁਗੁ ਵਰਤਾਵਣਹਾਰਾ ॥-593, ❋ਹਰਿ ਕੀਰਤਿ ਉਤਮੁ ਨਾਮੁ ਹੈ ਵਿਚਿ ਕਲਿਜੁਗ ਕਰਣੀ ਸਾਰੁ ॥ ਮਤਿ ਗੁਰਮਤਿ ਕੀਰਤਿ ਪਾਈਐ ਹਰਿ ਨਾਮਾ ਹਰਿ ਉਰਿ ਹਾਰੁ ॥-1314

—-◈—-

ਸ਼ਬਦ ਕੀ ਹੈ?

ਕਿਉਕਿ ਸਿੱਧ ਜੋਗੀ ਬਿਨਾਂ ਕੋਈ ਲਫਜ ਕਹੇ ਸਮਾਧੀ ਲਾਈ ਬੈਠੇ ਰਹਿੰਦੇ ਹਨ ਤੇ ਸੁਰਤ ਤੇ ਧਿਆਨ ਦਿੰਦੇ ਹਨ ਇਸ ਪੱਧਤੀ ਦਾ ਗੁਰੂ ਸਾਹਿਬ ਨੇ ਖੰਡਣ ਕੀਤਾ ਤੇ ਉਪਦੇਸ਼ ਦਿੱਤਾ ਹੈ ਕਿ ਉਹਦੀ ਸਿਫਤ ਸਲਾਹ ਦਾ ਸ਼ਬਦ ਕਹੇ ਬਗੈਰ ਭਗਤੀ ਅਧੂਰੀ ਹੈ।

ਸੋ ਗੁਰਮਤ ਦਾ ਸਬਦ : ਸਿੱਖੀ ਵਿੱਚ ਗੁਰੂ ਕਾ 'ਸ਼ਬਦ' ਸਤਿਨਾਮ, ਵਾਹਿਗੁਰੂ ਹੈ ਜਾਂ ਫਿਰ ਗੁਰਬਾਣੀ ਦੀ ਕੋਈ ਇਕਾਈ ਜਾਂ ਫਿਰ ਪੂਰੀ ਗੁਰਬਾਣੀ ਵੀ। ਉਦਾਹਰਣ ਦੇ ਤੌਰ ਤੇ ਜਦ ਆਪਾਂ ਮੂਲ ਮੰਤਰ ਦਾ ਸਿਮਰਨ ਕਰਦੇ ਹਾਂ ਤਾਂ ਉਹ ਵੀ ਸ਼ਬਦ ਹੈ। ਪੂਰਾ ਜਪੁਜੀ ਵੀ ਸ਼ਬਦ ਹੈ। ਹੁਕਮਨਾਮੇ 'ਚ ਆਇਆ ਪੂਰਾ ਪਾਠ ਵੀ ਸ਼ਬਦ ਹੈ। (ਸਚਾ ਸਬਦੁ ਸਚੀ ਹੈ ਬਾਣੀ ॥ 1044, ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ ॥ 1057)। ਸੋ ਗੁਰਬਾਣੀ ਦੀ ਇਕਾਈ ਹੀ ਸ਼ਬਦ ਹੈ। ਇਸ ਪ੍ਰਕਾਰ ਕਦੀ ਨਿਰੰਕਾਰ ਦੀ ਖੋਜ ਸਬੰਧੀ ਵਿਚਾਰ ਕਰਨੀ ਵੀ ਸ਼ਬਦ ਹੈ। ਉਹਦੇ ਗੁਣਾਂ ਬਾਬਤ ਵੀਚਾਰ ਕਰਨਾਂ ਵੀ ਸ਼ਬਦ ਹੈ।

—-◈—-

ਪੈੜ ਸਾਡਾ

ਇਹ ਗੱਲਾਂ ਇਸ ਕਰਕੇ ਲਿਖਣੀਆਂ ਪਈਆਂ ਹਨ ਕਿਉਕਿ ਅੱਜ ਪੰਜਾਬ ਵਿਚ ਵੱਖ ਵੱਖ ਡੇਰੇ ਉਤਪਨ ਹੋ ਚੁੱਕੇ ਹਨ ਜੋ ਗੁਰਮਤ ਬਾਬਤ ਲੋਕਾਈ ਨੂੰ ਗੁਮਰਾਹ ਕਰ ਰਹੇ ਹਨ। ਇਨਾਂ ਦੇ ਆਖੇ ਗੁਰੂ ਨਾਨਕ ਵੀ ਜੋਗੀ ਸੀ। ਇਹ 'ਗੁਰਮਤ ਸਿਧਾਂਤ' ਬਾਬਤ ਗੁਮਰਾਹ ਕਰਕੇ ਲੋਕਾਈ ਨੂੰ ਰੱਬ ਦੀ ਉਸਤਤ ਤੋਂ ਵਰਜ ਲੋਕਾਂ ਨੂੰ ਸਰੀਰਕ ਅਭਿਆਸਾਂ ਵਲ ਧੱਕ ਰਹੇ ਨੇ।

ਇਨਾਂ ਡੇਰਿਆਂ ਵਿਚੋਂ ਹੀ ਇਕ ਡੇਰੇ ਦੀ ਕਿਤਾਬ 'ਗੁਰਮਤ ਸਿਧਾਂਤ' ਵਿਚੋਂ ਕੁਝ ਵੰਨਗੀਆਂ ਦੇ ਰਹੇ ਹਾਂ ਕਿ ਵੇਖੋ ਕਿਵੇ ਗੁਮਰਾਹ ਕਰ ਰਹੇ ਨੇ ਭੋਲੀ ਭਾਲੀ ਲੋਕਾਈ ਨੂੰ:

ਆਹ ਵੇਖੋ ਇਨ੍ਹਾਂ ਦੀ ਲਿਆਕਤ !

"ਨਾਮ ਕੀ ਹੈ?"

ਅਖੇ ਨਾਮ ਦਾ ਬਿਆਨ ਕਰਨਾਂ ਅਸੰਭਵ ਹੈ।

1. ਨਾਮ ਕੀ ਹੈ? ਨਾਮ ਚੇਤਨ ਜਾਂ ਸਬਦ ਦੀ ਧਾਰ ਨੂੰ ਕਹਿਦੇ ਹਨ। ਇਸ ਵਿੱਚ ਥਰਥਰਾਹਟ ਹੁੰਦੀ ਹੈ ਜਾਂ ਆਵਾਜ਼ ਪ੍ਰਗਟ ਹੁੰਦੀ ਹੈ ਉਸਨੂੰ ਅਸੀਂ ਨਾਮ ਕਹਿਦੇ ਹਾਂ- ਪੰਨਾ 359। (ਸੁਣ ਲਓ! ਨਾਮ ਧਾਰ ਹੋ ਗਇਆ!)

2. ਨਾਮ- ਮਾਲਕ ਦਾ ਸੱਚਾ ਨਾਮ ਲਫਜ਼ ਨਹੀ, ਉਹ ਕੋਈ ਹੋਰ ਚੀਜ ਹੈ। ਉਹ ਮਿੱਠੀਆਂ ਤੇ ਰਸ ਭਰੀਆਂ ਧੁਨਾਂ ਹਨ ਉਸ ਵਿੱਚ ਪ੍ਰਕਾਸ਼ ਵੀ ਹੈ। -ਪੰ.351 (ਹਾ ਹਾ!!)

3.ਨਾਮ ਦਾ ਭਾਵ ਹੈ ਸ਼ਬਦ ਜਾਂ ਅਨਹਦ ਧੁਨ। -ਪੰ.460

4. ਅਸਲੀ ਨਾਮ ਗੁਪਤ ਹੈ। -ਪੰ.79 ਅਤੇ ਪੰ.365

ਸੋ ਇਹ ਹੈ ਇਨਾਂ ਦਾ ਨਾਮ। ਅਖੇ ਨਾਮ ਦਾ ਮਤਲਬ ਰੱਬ ਦਾ ਨਾਂ ਨਹੀ ਨਾਮ ਕੁਝ ਹੋਰ ਚੀਜ ਹੈ। ਤੇ ਅੱਗੇ ਜਾ ਕੇ ਇਨਾਂ ਸਾਫ ਹੀ ਕਹਿ ਦਿੱਤਾ ਕਿ ਜੋਤ ਦਾ ਵੇਖਣਾ ਤੇ ਧੁੰਨ ਦਾ ਸੁਣਨਾ ਹੀ ਨਾਮ ਹੈ।

'ਨਾਮ' ਦਾ ਸਿਧਾਂਤ ਮੁੱਢਲਾ ਮਸਲਾ ਹੈ ਜੇ ਇਥੇ ਇਹ ਹੇਰਾ ਫੇਰੀ ਨਾਂ ਕਰਨ ਤਾਂ ਇਹਨਾਂ ਦੀ ਅੱਗੇ ਗੱਲ ਤੁਰਦੀ ਨਹੀ । ਇਹ ਫਿਰ ਗੁਰਬਾਣੀ ਵਿਚੋਂ ਅਧੂਰਾ ਸ਼ਬਦ ਚੁੱਕ ਕੇ ਮਿਸਾਲ ਦੇਣੀ ਸ਼ੁਰੂ ਕਰ ਦਿੰਦੇ ਹਨ। ਕੁਝ ਅਜਿਹੀਆਂ ਦਿੱਤੀਆਂ ਉਦਾਹਰਣਾਂ ਦੇਖੋ:-

1." **ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥**" ਪਰ ਚਲਾਕੀ ਨਾਲ ਅਗਲੀ ਤੁੱਕ ਨੂੰ ਜਾਣ ਕੇ ਛੱਡ ਜਾਣਗੇ - ".. **ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ ॥**" (ਸਗਗਸ ਅੰਗ- 879) ਜਾਂ ਫਿਰ ਕਹਿਣਗੇ ਸ਼ਬਦ ਦਾ ਮਤਲਬ ਅੰਦਰ ਵਾਲਾ ਸ਼ਬਦ।

2.**ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੈ ਲੋਕੁ ਸੁਣੇ ॥ ਪਤੁ ਝੋਲੀ ਮੰਗਣ ਕੈ ਤਾਈ ਭੀਖਿਆ ਨਾਮੁ ਪੜੇ ॥** {ਪਰ ਅਗਲੀ ਤੁੱਕ ਵਿੱਚ ਕੀਰਤ ਦੀ ਗੱਲ ਹੈ ਉਨੂੰ ਇਹ ਜਾਣ ਬੁੱਝ ਕੇ ਛੱਡ ਜਾਣਗੇ। "**ਸਿਧ ਸਾਧਿਕ ਅਰੁ ਜੋਗੀ ਜੰਗਮ ਪੀਰ ਪੁਰਸ ਬਹੁਤੇਰੇ ॥ ਜੇ ਤਿਨ ਮਿਲਾ ਤ ਕੀਰਤਿ ਆਖਾ ਤਾ ਮਨੁ ਸੇਵ ਕਰੇ ॥**" (ਸਗਗਸ ਅੰਗ-877)

ਅਜਿਹੀਆਂ ਇੱਕ ਨਹੀ, ਇਨਾਂ ਨੇ ਗੁਰਬਾਣੀ ਦੀਆਂ ਹਜਾਰਾਂ ਤੁੱਕਾਂ ਦੇ ਦੇ ਕੇ ਭੋਲੇ ਭਾਲੇ ਗੁਰਸਿੱਖਾਂ ਨੂੰ ਗੁੰਮਰਾਹ ਕੀਤਾ ਹੋਇਆ ਹੈ।

ਜਦੋਂ ਕਿ ਸੱਚਾਈ ਇਹ ਹੈ ਕਿ ਗੁਰੂ ਸਾਹਿਬ ਨੇ ਇਨਾਂ ਦੇ ਬਿਨਾਂ-ਸਬਦ-ਸਮਾਧੀ ਵਾਲੇ ਅਭਿਆਸ ਦਾ ਥਾਂ ਥਾਂ ਖੰਡਣ ਕੀਤਾ ਹੈ।

"**ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ ॥ ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ ॥ ਬਿਨੁ ਸਬਦੈ ਸਭਿ ਦੂਜੈ ਲਾਗੇ ਦੇਖਹੁ ਰਿਦੈ ਬੀਚਾਰਿ ॥ ਨਾਨਕ ਵਡੇ ਸੇ ਵਡਭਾਗੀ ਜਿਨੀ ਸਚੁ ਰਖਿਆ ਉਰ ਧਾਰਿ ॥**"

ਕਿਉਕਿ ਗੁਰਮਤ ਕਾਰਜਸ਼ੀਲ ਮਨੁੱਖ ਦਾ ਰਸਤਾ ਹੈ ਤੇ ਜੋਗਮਤ ਸਨਿਆਸ ਵਲ ਜਾਂਦਾ ਹੈ ਇਸ ਕਰਕੇ ਇਨਾਂ ਨਵੀ ਨਸਲ ਦੇ ਜੋਗੀ ਥਾਂ ਥਾਂ ਫਸਦੇ ਨੇ ਤੇ ਫਿਰ ਹਾਸੋਹੀਣਾ ਜਿਹਾ ਝੂਠ ਬੋਲਣਾ ਪੈਦਾ ਹੈ ਇਹਨਾਂ ਨੂੰ। ਕਿਉਂਕਿ ਗੁਰਮਤ ਵਿੱਚ ਕਈ ਵੱਖਰੇ ਸਿਧਾਂਤ ਜਾਂ ਸੰਕਲਪ ਹਨ ਜਿਵੇਂ: ਨਾਮ-ਸਿਫਤ ਸਲਾਹ, ਗੁਰਬਾਣੀ ਨਿਤਨੇਮ, ਜਾਪ ਗੁਰਬਾਣੀ, ਅਰਦਾਸ, ਸੱਚ ਦਾ, ਸੇਵਾ, ਕੀਰਤਨ, ਬਹਿੰਦਿਆਂ ਉਠਦਿਆਂ ਪ੍ਰਭੂ ਨੂੰ ਯਾਦ ਕਰਨਾ, ਇਸ਼ਨਾਨ, ਅੰਮ੍ਰਿਤ ਵੇਲਾ, ਭਾਣਾ ਜਾਂ ਹੁਕਮ ਮੰਨਣਾ, ਸੰਨਿਆਸ ਖੰਡਨ, ਗ੍ਰਿਸਤ ਨਿਭਾਉਣਾ, ਅੰਮ੍ਰਿਤ ਛੱਕਣਾ, ਕਿਰਪਾਨ, ਸ਼ਹੀਦੀ ਆਦਿ।

ਕਿਉਕਿ ਡੇਰਿਆਂ ਵਿਚ ਇਹਨਾਂ ਨੂੰ ਮੁਫਤ ਦੇ ਸੇਵਾਦਾਰ ਵੀ ਚਾਹੀਦੇ ਹੁੰਦੇ ਨੇ ਹਾਲਾਂ ਜੋਗਮਤ ਵਿਚ ਸੇਵਾ ਦਾ ਸਿਧਾਂਤ ਹੈ ਹੀ ਨਹੀ। ਜੇ ਇਨਾਂ ਨੂੰ ਪੁੱਛੋ ਕਿ ਸਿੱਖ-ਗੁਰਮਤ ਦਾ ਤਾਂ ਸੇਵਾ ਦਾ ਸਿਧਾਂਤ ਹੈ ਪਰ ਤੁਸੀ ਸੇਵਾ ਕਿਓ ਲੈਂਦੇ ਹੋ? ਫਿਰ ਫਸੇ ਫਸਾਏ ਕਹਿਣਗੇ "ਦੇਖੋ ਜੀ! ਸ਼ੁਰੂ 'ਚ ਸੇਵਾ ਕਰਨੀ ਹੈ ਬਾਦ ਵਿੱਚ ਸ਼ਬਦ ਚਲ ਪਊਗਾ।" ਜੇ ਇਸ਼ਨਾਨ ਦੀ ਗੱਲ ਆਈ ਤਾਂ ਕਹਿਣਗੇ "ਜੀ ਅੰਦਰ ਦਾ ਇਸ਼ਨਾਨ ਕਰਨਾਂ ਹੈ।" ਤੇ ਕੀਰਤਨ ਤੇ ਆ "ਜੀ ਅੰਦਰ ਵਾਲਾ ਕੀਰਤਨ ਕਰਨਾਂ ਹੈ।" ਪਰ ਜਦੋਂ ਗੁਰੂ ਦੇ ਸਿਧਾਂਤ ਭਾਵ ਬਹਿੰਦਿਆਂ ਉਠਦਿਆਂ ਨਾਮ ਜਪਣ ਦੀ ਗੱਲ ਆਉਦੀ ਹੈ ਤਾਂ ਇਹ ਲਾਜਵਾਬ ਹੋ ਜਾਦੇ ਹਨ। ਕਿੱਢਾ ਵੱਡਾ ਗੁਨਾਹ ਕਰ ਰਹੇ ਹਨ ਜਦੋਂ ਕਹਿੰਦੇ ਹਨ ਕਿ ਧਰਮ ਦੇ ਰਸਤੇ ਤੇ ਸੱਚ ਬੋਲਣਾ ਵੀ ਐਨਾ ਜਰੂਰੀ ਨਹੀ। ਸਿੱਖ ਅਕਾਲ ਪੁਰਖ ਦੀ ਸਿਫਤ ਸਲਾਹ ਕਰਦਾ ਹੈ, ਇਹ ਲੋਕ ਉਸ ਨੂੰ ਰੱਬ ਦੀ ਉਸਤਤ ਤੋਂ ਰੋਕ, ਆਸਣਾ ਤੇ ਅਭਿਆਸਾਂ 'ਚ ਪਾ ਰਹੇ ਹਨ। ਕਿਥੇ ਲੇਖਾ ਦੇਣਗੇ?

ਥੋਰ ਜੁਗਾਂ ਜੁਗਾਤਰਾਂ ਤੋਂ ਅਜਿਹਾ ਹੁੰਦਾ ਆਇਆ ਹੈ। ਸ਼ੈਤਾਨ ਕਦੀ ਕਿਸ ਭੇਸ ਤੇ ਕਦੀ ਕਿਸ ਵਿੱਚ ਹੁੰਦਾ ਹੈ। ਹਰਨਾਖਸ਼ ਨੇ ਵੀ ਪ੍ਰਹਿਲਾਦ ਨੂੰ ਨਾਮ ਜਪਣ ਤੋਂ ਹੀ ਰੋਕਿਆ ਸੀ। ਯਾਦ ਰੱਖੋ ਗੁਰੂ ਨਾਨਕ ਪਾਤਸ਼ਾਹ ਨੇ ਸਾਨੂੰ 'ਨਾਦ-ਜੋਤ' ਦੇ ਜੋਗ ਅਭਿਆਸੀ ਦੌੜ 'ਚ ਪੈਣ ਤੋਂ ਵਰਜਿਆ ਹੈ। ਦੇਖੋ ਅੰਗ 876 ਤੋਂ 879 ਗੁ.ਗ.ਸ।

ਗੁਰਬਾਣੀ ਦੀਆਂ ਉਹ ਤੁਕਾਂ ਜੋ ਜੋਗੀਆਂ ਦਾ ਝੂਠ ਨਪੜਦ ਕਰ ਦਿੰਦੀਆਂ ਹਨ

ਜੋਗੀ ਕਹਿਦੇ ਹਨ ਕਿ ਜੋਗ ਸਾਧਨਾਂ ਉਪਰੰਤ ਅਲੌਕਿਕ ਅਨੁਭਵ ਹੁੰਦੇ ਹਨ ਜਿਵੇ ਮੱਥੇ ਤੇ ਲਾਟ (ਜੋਤ) ਦਿਸਦੀ ਹੈ ਜਾਂ ਕੰਨ ਵਿੱਚ ਸਾਂ ਸਾਂ (ਅਨਹਦ ਨਾਦ ਜਾਂ ਸਬਦ) ਸੁਣਾਈ ਦਿੰਦੀ ਹੈ। ਗੁਰਮਤ ਕਹਿਦੀ ਹੈ ਕਿ ਨਾਮ ਜਪਣ ਨਾਲ ਭਾਵ ਰਬ ਦਾ ਜਸ ਗਾਉਣ ਤੇ ਸੁਣਨ ਕਰਕੇ ਇਹੋ ਜਿਹੀਆਂ ਸਾਰੀਆਂ ਪ੍ਰਾਪਤੀਆਂ ਆਪਣੇ ਆਪ ਹੋ ਜਾਂਦੀਆਂ ਹਨ, ਜਿਵੇ ਮੱਖਣ ਕੱਢਦਿਆਂ ਛਿੱਡੀ ਆਪਣੇ ਆਪ ਮਿਲ ਜਾਂਦੀ ਹੈ।

ਧਿਆਨ ਰੱਖੋ ਜਿਹਨਾਂ ਨੂੰ ਇਹ ਨਾਦ ਜੋਤ ਕਹਿੰਦੇ ਹਨ ਉਹ ਸਰੀਰਕ ਕ੍ਰਿਆਵਾਂ ਹਨ ਜੋ ਸੁਰਤ ਬੱਝਣ ਤੇ ਮਹਿਸੂਸ ਹੁੰਦੀਆਂ ਹਨ। ਸਾਨੂੰ ਅਹਿਸਾਸ ਹੋਣਾ ਚਾਹੀਦਾ ਹੈ ਕਿ ਜੀਵਤ ਸਰੀਰ ਵਿਚ ਨਿਰੰਤਰ ਹਲ ਚਲ ਹੋ ਰਹੀ ਹੁੰਦੀ ਹੈ। ਦਿੱਲ ਧਕ ਧਕ ਕਰ ਰਿਹਾ ਹੈ। ਏਸੇ ਤਰਾਂ ਸਾਡਾ ਮਿਹਦਾ (Stomach) ਨਿਰੰਤਰ ਫੁੱਲਦਾ ਅਤੇ ਸੁਕੜਦਾ ਰਹਿੰਦਾ ਹੈ। ਅੱਖਾਂ ਬੰਦ ਕਰਕੇ ਦਬਾਅ ਪਾ ਕੇ ਵੇਖੋ ਸਾਡੇ ਆਪਟਿਕ ਨਰਵ ਨੂੰ ਬਿਨਾਂ ਰੋਸ਼ਨੀ ਦੇ ਹੀ ਜੋਤ (ਲਾਈਟ) ਦਾ ਅਨੁੱਭਵ ਹੋ ਜਾਂਦਾ ਹੈ। ਇਹ ਲਿਖਾਰੀ ਬਿਨਾਂ ਕਿਸੇ ਯੰਤਰ ਦੇ ਆਪਣੇ ਦਿੱਲ ਦੀ ਧੜਕਣ (ਨਬਜ਼) ਗਿਣ ਸਕਦਾ ਹੈ।

ਸੁਣਿਐ ਜੋਗ ਜੁਗਤ ਤਨ ਭੇਦੁ॥ (ਨਾਮ ਸੁਣਨ ਕਰਕੇ ਉਹ ਜੁਗਤਾਂ ਆਪਣੇ ਆਪ ਆ ਜਾਂਦੀਆਂ ਹਨ ਜਿਨਾਂ ਨਾਲ ਸਰੀਰਕ ਭੇਦ ਖੁਲਦੇ ਹਨ)

❋ ਊਠਤ ਬੈਠਤ ਸੋਵਤ ਜਾਗਤ ਹਰਿ ਧਿਆਈਐ ਸਗਲ ਅਵਰਦਾ ਜੀਉ ॥

❋ ਅਨਹਦ ਧੁਨਿ ਵਾਜਹਿ ਨਿਤ ਵਾਜੇ ਗਾਈ ਸਤਿਗੁਰ ਬਾਣੀ ॥

❋ ਗੁਰਮਤਿ ਬਾਜੈ ਸਬਦੁ ਅਨਾਹਦੁ ਗੁਰਮਤਿ ਮਨੂਆ ਗਾਵੈ ॥

❋ ਗੁਰਮਤੀ ਪਰਗਾਸੁ ਹੋਆ ਜੀ ਅਨਦਿਨੁ ਹਰਿ ਗੁਣ ਗਾਵਣਿਆ ॥

❋ ਸਤਸੰਗਤਿ ਬਹਿ ਹਰਿ ਗੁਣ ਗਾਇਆ ॥ ਅਨਦਿਨੁ ਹਰਿ ਸਾਲਾਹਹਿ ਸਾਚਾ ਨਿਰਮਲ ਨਾਦੁ ਵਜਾਵਣਿਆ ॥

❋ ਅਨਹਦ ਧੁਨਿ ਵਾਜਹਿ ਨਿਤ ਵਾਜੇ ਗਾਈ ਸਤਿਗੁਰ ਬਾਣੀ ॥

❋ ਸਚੀ ਬਾਣੀ ਸਚੁ ਧੁਨਿ ਸਚੁ ਸਬਦੁ ਵੀਚਾਰਾ ॥ ਅਨਦਿਨੁ ਸਚੁ ਸਲਾਹਣਾ ਧਨੁ ਧਨੁ ਵਡਭਾਗ ਹਮਾਰਾ ॥ -564 ❋ ਨਾਮੁ ਵਸੈ ਤਿਸੁ ਅਨਹਦ ਵਾਜੇ॥

❋ ਗੁਰਮਤਿ ਬਾਜੈ ਸਬਦੁ ਅਨਾਹਦੁ ਗੁਰਮਤਿ ਮਨੂਆ ਗਾਵੈ ॥

ਅਜਿਹੀਆਂ ਤੁਕਾਂ ਗੁਰਬਾਣੀ ਵਿੱਚ ਇੱਕ ਵਾਰ ਨਹੀ ਬਾਰ ਬਾਰ ਹਜਾਰਾਂ ਵਾਰ ਆਈਆਂ ਹਨ। ਦਰ ਅਸਲ ਸਿਫਤ ਸਲਾਹ ਵਾਲੀ ਗੱਲ ਤਾਂ ਗੁਰੂ ਗ੍ਰੰਥ ਸਾਹਿਬ ਦੇ ਹਰ ਥਾਂ ਹਰ ਪੰਨੇ ਤੇ ਆਈ ਹੈ।

ਅੰਤ ਵਿਚ ਗੁਰਸਿੱਖਾਂ ਨੂੰ ਸਲਾਹ ਹੈ ਕਿ ਇਨਾਂ ਪਾਖੰਡੀਆਂ ਦਾ ਆਸਰਾ ਛੱਡ ਕੇ ਗੁਰੂ ਨਾਨਕ ਦੀ ਸ਼ਰਨ ਵਿਚ ਆਓ। ਜਪੁਜੀ ਦੇ ਲੜ੍ਹ ਲੱਗੋ। ਚੜ੍ਹਦੀ ਕਲ੍ਹਾਂ ਹਾਸਲ ਕਰੋ। ਜਿਥੇ ਫਿਰ ਫਿਕਰ ਚਿੰਤਾਵਾਂ ਤੋਂ ਮੁਕਤ ਹੋ ਕੇ ਅਨੰਦ ਦੀ ਅਵਸਥਾ ਮਿਲਦੀ ਹੈ। ਫਿਰ ਜੇ ਉਹਦੀ ਬਖਸ਼ਸ਼ ਹੋ ਗਈ ਤਾਂ ਬੰਦਾ ਰਜਾ ਵਿਚ ਚਲਣਾ ਸ਼ੁਰੂ ਕਰਦਾ ਹੈ।

ਸਵੇਰੇ ਉਠੋ। ਇਸ਼ਨਾਨ ਕਰੋ। ਦਿਨ ਦੀ ਸ਼ੁਰੂਆਤ ਜਪੁਜੀ ਸਾਹਿਬ ਤੋਂ ਕਰੋ। ਕੋਸ਼ਿਸ਼ ਕਰੋ ਹੌਲੀ ਹੌਲੀ ਸੰਪੂਰਨ ਗੁਰਬਾਣੀ ਨਿਤਨੇਮ ਦੇ ਲੜ ਲਗ ਜਾਓ।

ਜੇ ਅਜੇ ਮੰਨ ਤਿਆਰ ਨਹੀ ਤਾਂ ਘੱਟੋ ਘੱਟ ਸਵੇਰੇ ਜਪੁਜੀ, ਸ਼ਾਮੀ ਰਹਿਰਾਸ ਅਤੇ ਕੀਰਤਨ ਸੋਹਿਲਾ ਤਾਂ ਕਰੋ।

ਜੇ ਇਨਾਂ ਨਹੀ ਕਰ ਸਕਦੇ ਜਪੁਜੀ ਦਾ ਹੀ ਪਾਠ ਕਰ ਲਿਆ ਕਰੋ।

ਜੇ ਇਹਦੇ ਵਾਸਤੇ ਵੀ ਅਜੇ ਟਾਈਮ ਕੱਢਣਾ ਮੁਸ਼ਕਲ ਆ ਰਿਹਾ ਹੈ ਤਾਂ ਘੱਟੋ ਘੱਟ ਇਕ ਕੰਮ ਤਾਂ ਕਰ ਹੀ ਸਕਦੇ ਹੋ:-

ਸਵੇਰੇ ਜਦੋਂ ਨੀਦ ਖੁੱਲਦੀ ਹੈ। ਉਠ ਕੇ ਬਿਸਤਰੇ ਤੇ ਹੀ ਬਹਿ ਜਾਓ ਤੇ ਪੰਜ ਵਾਰੀ ਮੂਲ ਮੰਤਰ ਦਾ ਪਾਠ ਕਰੋ। ਵਾਹਿਗੁਰੂ ਅੱਗੇ ਅਰਦਾਸ ਕਰੋ ਕਿ ਐ ਅਕਾਲ ਪੁਰਖ ਮੇਰਾ ਦਿਨ ਅੱਜ ਚੜ੍ਹਦੀ ਕਲਾ ਵਿਚ ਨਿਕਲੇ। ਫਿਕਰ ਚਿੰਤਾ ਤੋਂ ਦੂਰ ਰੱਖੀ। ਵੇਖੀ ਕਿਸੇ ਦਾ ਬੁਰਾ ਨਾਂ ਕਰਾਂ। ਤੇ ਬਸ ਫਤਹਿ ਬੁਲਾ ਕੇ ਆਪਣੇ ਰੋਜਾਨਾ ਦੇ ਕਾਰ ਵਿਹਾਰ ਤੇ ਚੜ੍ਹਾਈ ਕਰ ਦਿਓ।

—◈—

ਸੁਮੇਰ ਪਰਬਤ ਤੋਂ ਕਸ਼ਮੀਰ



ਲੇਹ ਲਦਾਖ, ਕਸ਼ਮੀਰ ਤੇ ਕਾਬੁਲ ਵਿਚ ਬਾਬਾ– ਅਸਾਂ ਨਕਸ਼ੇ ਤੇ ਉਹ ਬਿੰਦੂ ਦਿਖਾਏ ਜਿੱਥੇ ਜਿੱਥੇ ਬਾਬੇ ਦੀਆਂ ਯਾਦਗਾਰਾਂ ਹਨ। ਫਿਰ ਦੇਖਿਆ ਤਾਂ ਸਾਫ ਸਾਫ ਇਕ ਪੈਟਰਨ (ਪੱਟੀ) ਉਭਰ ਆਉਂਦੀ ਹੈ।

ਤਿੱਬਤ ਵਿਚ ਬਾਬਾ

ਜਿਵੇਂ ਪਿੱਛੇ ਆ ਚੁੱਕਾ ਹੈ ਕਿ ਤਿੱਬਤ (ਅੱਜ ਚੀਨ ਦਾ ਹਿੱਸਾ) ਕੋਈ ਛੋਟਾ ਮੁਲਕ ਨਹੀ ਹੈ। ਗੁਰੂ ਸਾਹਿਬ ਨੇ ਇਸ ਮੁਲਕ ਨੂੰ ਨਹੀ ਗਾਹਿਆ ਸਿਵਾਏ ਸਿੱਕਮ ਭੂਟਾਨ ਦੇ ਉੱਤਲੇ ਸਿਰੇ ਅਤੇ ਕੁੱਲੂ ਕਿੰਨੌਰ ਤੋਂ ਕੈਲਾਸ਼ ਪਰਬਤ ਤਕ ਜਾਣਾ ਅਤੇ ਓਥੋਂ ਲੇਹ ਲਦਾਖ ਵਾਲੇ ਪਾਸੇ ਨੂੰ ਪਰਤਣ। ਯਾਦ ਰਹੇ ਤਿੱਬਤ ਦੇ ਦੱਖਣੀ ਹਿੱਸੇ ਭਾਵ ਭਾਰਤ ਨਾਲ ਲਗਦੇ ਅੱਤ ਦੇ ਠੰਡੇ ਇਲਾਕਿਆਂ ਵਿਚ ਮਸ਼ਹੂਰ ਇਤਹਾਸਿਕ ਬੋਧੀ ਮੱਠ ਹੋਏ ਹਨ ਜੋ ਤਿੱਬਤ ਦੀ ਰੂਹਾਨੀਅਤ ਪੱਖੋ ਅਗਵਾਈ ਕਰਦੇ ਆਏ ਹਨ। ਸਾਨੂੰ ਕੋਈ ਸਬੂਤ ਨਹੀ ਮਿਲਿਆ ਕਿ ਗੁਰੂ ਸਾਹਿਬ ਇਸ ਤੋਂ ਵੱਧ ਤਿੱਬਤ ਵਿਚ ਫਿਰੇ। ⊙

—◈—

ਸੁਮੇਰ ਪਰਬਤ ਤੋਂ ਵਾਪਸੀ

ਇਤਹਾਸ ਵਿੱਚ ਲੇਹ (ਲਦਾਖ) ਮਸ਼ਹੂਰ ਵਪਾਰਕ ਲਾਂਘਾ ਰਿਹਾ ਹੈ ਜਿਥੋਂ ਉੱਤਰ (ਕਾਸ਼ਗਰ ਆਦਿ) ਤੇ ਪੂਰਬ (ਚੀਨ) ਵਾਲੇ ਪਾਸਿਓ ਮਾਲ ਆਉਦਾ ਜਾਂਦਾ ਰਿਹਾ ਹੈ। ਪੂਰਬ -ਦੱਖਣ ਲਹਾਸਾ (ਤਿੱਬਤ) ਵਲੋ ਵੀ ਮਾਲ ਇਥੇ ਆਉਦਾ ਜਾਂਦਾ ਰਿਹਾ ਹੈ। ਇਹ ਰਸਤੇ ਮਹਾਰਾਜਾ ਕਨਿਸ਼ਕ ਦੇ ਸਮੇਂ ਭਾਵ 2000 ਸਾਲ ਤੋਂ ਪ੍ਰਚਲਤ ਹਨ। ਲ੍ਹਾਸਾ ਵਲ ਜਾਂਦੇ ਇਸ ਪ੍ਰੰਪਰਾਗਤ ਪਹਾੜੀ ਰਾਹ ਦੇ ਨੇੜੇ ਤੇੜੇ ਹੀ ਅੱਜ ਚੀਨ ਦੀ ਜੀ-219 ਜੀ ਟੀ ਰੋਡ (ਮੁੱਖ ਸੜਕ) ਬਣੀ ਹੈ। ਇਹ ਸਿੰਧ ਦਰਿਆ ਦੇ ਸਮਾਨਅੰਤਰ ਚਲਦੀ ਹੈ। ਫਿਰ ਕੈਲਾਸ਼ ਜਾਂ ਸੁਮੇਰ ਪਰਬਤ ਵੀ ਮੁੱਖ ਸੜਕ ਦੇ ਨੇੜੇ ਹੀ ਪੈਦਾ ਹੈ। ਕਿਉਕਿ ਸਕੱਰਦੂ ਵਿਖੇ ਇਤਹਾਸਿਕ ਗੁਰਦੁਆਰਾ ਹੈ ਇਸ ਤੋਂ ਇਹੋ ਸਿੱਧ ਹੁੰਦਾ ਹੈ ਕਿ ਗੁਰੂ ਸਾਹਿਬ ਕੈਲਾਸ਼ ਪਰਬਤ ਤੋਂ ਸਿੰਧ ਦਰਿਆ ਦੇ ਕੰਢੇ ਕੰਢੇ ਚਲਦੇ ਹੋਏ ਲੇਹ ਲੱਦਾਖ ਨੂੰ ਆਏ। ਕੈਲਾਸ਼ ਤੋਂ ਰੇਸ਼ਮ ਮਾਰਗ ਤੇ ਚੁਸ਼ੁਲ ਦਰ੍ਹੇ ਤੱਕ ਕੋਈ 5-6 ਸੌ ਕਿ.ਮੀ. ਦਾ ਸਫਰ।

ਇਸ ਮੁੱਖ ਮਾਰਗ ਤੇ ਜਿੱਥੇ ਕਿਤੇ ਵੀ ਬੋਧੀ ਮੱਠ ਆਏ ਗੁਰੂ ਸਾਹਿਬ ਓਥੇ ਰੁਕੇ ਤੇ ਤਿੱਬਤੀ ਲਾਮਿਆਂ ਨੂੰ ਨਾਮ ਦੇ ਸਿਧਾਂਤ ਤੋਂ ਜਾਣੂ ਕਰਵਾਇਆ। ਤਿੱਬਤੀ ਲੋਕ ਭਾਰਤ ਤੋਂ ਆਏ ਜੋਗੀਆਂ ਦਾ ਬਹੁਤ ਆਦਰ ਸਤਿਕਾਰ ਕਰਦੇ ਆਏ ਹਨ। ਓਹ ਸਮਝਦੇ ਸਨ ਕਿ ਭਾਰਤੀ ਲੋਕਾਂ ਨੂੰ ਹੀ ਅਸਲ ਬੁੱਧਮੱਤ ਦਾ ਗਿਆਨ ਹੈ। ਫਿਰ ਜਿਵੇ ਦੱਸਿਆ ਜਾ ਚੁੱਕਾ ਹੈ ਕਿ ਤਿੱਬਤ ਵਿੱਚ ਬੁੱਧਮਤ ਫੈਲਾਉਣ ਵਾਲਾ ਭਿਕਸ਼ੂ ਪਦਮਸੰਭਵ ਵੱਡੇ ਪੰਜਾਬ ਤੋਂ ਹੀ ਸੀ।

ਸਾਰਾ ਦਾ ਸਾਰਾ ਲੱਦਾਖ ਉੱਚਾ ਪਹਾੜੀ ਇਲਾਕਾ ਹੈ। ਇਲਾਕੇ ਦੀ ਬਦਕਿਸਮਤੀ ਕਿ ਹਿਮਾਲਾ ਪਹਾੜ ਮੌਨਸੂਨ ਹਵਾਵਾਂ ਅੱਗੇ ਪੜਦੇ ਦਾ ਕੰਮ ਕਰਦਾ ਹੈ ਤੇ ਲੱਦਾਖ ਮੀਂਹ ਤੋਂ ਵਾਝਾਂ ਰਹਿ ਜਾਂਦਾ ਹੈ। ਲੱਦਾਖ ਦੀ ਰਾਜਧਾਨੀ ਲੇਹ ਦੁਨੀਆ ਦੇ ਉੱਚੇ ਸ਼ਹਿਰਾਂ ਵਿੱਚੋਂ ਹੈ।

ਇਹੋ ਅੰਦਾਜ਼ੇ ਹਨ ਕਿ ਗੁਰੂ ਸਾਹਿਬ ਸੁਮੇਰ ਤੋਂ ਲੇਹ- ਲਦਾਖ ਨੂੰ ਹੁੰਦੇ ਹੋਏ ਕਸ਼ਮੀਰ ਵਿਚ ਵੜੇ। ◘ ਕਸ਼ਮੀਰ ਵਿਚ ਕਿਹੜੇ ਪਾਸਿਓ ਕਿਧਰ ਨੂੰ ਗਏ ਕੁਝ ਨਿਸਚੇ ਨਾਲ ਨਹੀ ਕਿਹਾ ਜਾ ਸਕਦਾ। ਹਾਂ ਇਹ ਗਲ ਤਸਦੀਕ ਹੁੰਦੀ ਹੈ ਕਿ ਕਸ਼ਮੀਰ ਵਾਲੇ ਪਾਸਿਓ ਹੀ ਸਾਹਿਬ ਹਸਨ ਅਬਦਾਲ (ਪੰਜਾ ਸਾਹਿਬ) ਨੂੰ ਗਏ। ਇਸ ਗਲ ਦੇ ਵੀ ਸਬੂਤ ਮਿਲਦੇ ਹਨ ਕਿ ਗੁਰੂ ਸਾਹਿਬ ਕਸ਼ਮੀਰ

ਪੈਰ ਸਫ਼ਾ

ਨਕਸ਼ਾ– ਅਸਾਂ ਗੁਰੂ ਸਾਹਿਬ ਦੇ ਮੰਨੇ ਹੋਏ ਸਥਾਨਾਂ ਨੂੰ ਨਕਸ਼ੇ ਤੇ ਦਰਸਾਇਆ ਤਾਂ ਕੀ ਵੇਖਦੇ ਹਾਂ ਸਾਫ ਸਾਫ ਇਕ ਟਰੈਕ (ਪੱਟੀ) ਉਭਰਦੀ ਨਜਰ ਆਉਦੀ ਹੈ। ਹਾਲਾਂ ਬਾਲਾਕੋਟ ਇਕ ਪਾਸੇ ਜਿਹੇ ਰਹਿ ਜਾਂਦਾ ਹੈ। ਹੋ ਸਕਦੇ ਸਾਹਿਬ ਬਾਲਾਕੋਟ ਕਿਸੇ ਖਾਸ ਕਾਰਨ ਗਏ ਹੋਣ। ਬਾਕੀ ਸ਼ਾਰਦਾ ਪੀਠ ਵੀ ਇਕ ਪਾਸੇ ਹੈ। ਉਂਜ ਇਸ ਮਹੱਤਵਪੂਰਨ ਸਥਾਨ ਤੇ ਗੁਰੂ ਸਾਹਿਬ ਦੇ ਜਾਣ ਬਾਰੇ ਕਿਸੇ ਵੀ ਲਿਖਾਰੀ ਨੇ ਨਹੀ ਮੰਨਿਆ।

ਸੋ ਇਹ ਟਰੈਕ ਸਾਬਤ ਕਰਦਾ ਹੈ ਕਿ ਕਿਸ਼ਤਵਾੜ, ਭਦਰਵਾਹ ਅਤੇ ਵੈਸ਼ਨੋਦੇਵੀ ਜੰਮੂ ਆਦਿ ਗੁਰੂ ਸਾਹਿਬ ਨੇ ਕਿਸੇ ਦੂਸਰੀ ਫੇਰੀ ਵੇਲੇ ਆਏ।

ਸਾਈਕਲ ਯਾਤਰੀ- 527 ਨੇ ਇਕ ਹੋਰ ਬੜੀ ਪਾਏਦਾਰ ਗਲ ਕਹੀ ਕਿ ਗੁਰੂ ਸਾਹਿਬ ਸਕਰਦੂ ਤੋਂ ਬਾਲਾਕੋਟ ਨੂੰ ਗਏ। ਪਰ ਪੁਰਾਤਨ ਜਨਮ ਸਾਖੀ ਇਸ ਦਲੀਲ ਨੂੰ ਰੱਦ ਕਰਦੀ ਨਜਰ ਆਉਦੀ ਹੈ ਕਿਉਕਿ ਉਸ ਮੁਤਾਬਿਕ ਕਸ਼ਮੀਰ ਤੀਸਰੀ ਉਦਾਸੀ ਦਾ ਮੁੱਖ ਹਿੱਸਾ ਸੀ।

⊙ ਕੋਹਲੀ ਜਿਹੇ ਲਿਖਾਰੀਆਂ ਨੇ ਤਿੱਬਤ ਫੇਰੀ ਬਾਰੇ ਜੋ ਲਿਖਿਆ ਹੈ ਉਸ ਤੋਂ ਲਗਦਾ ਹੈ ਕਿ ਉਹਨਾਂ ਮਸਲੇ ਤੇ ਗੰਭੀਰਤਾ ਨਹੀ ਦਿਖਾਈ।

ਹੇਮੀਸ਼ ਵਿਹਾਰ ਜਾਂ ਮੱਠ 1630 ਵਿਚ ਬੰਨਿਆ ਗਿਆ ਸੀ। ਸੋ ਇਹ ਕਹਿਣਾ ਗਲਤ ਹੋਵੇਗਾ ਕਿ ਗੁਰੂ ਸਾਹਿਬ ਹੇਮੀਸ ਵਿਹਾਰ ਠਹਿਰੇ ਸਨ।

◘ ਕਿਰਪਾਲ - 107, ● ਐਟਲਸ ਫੌਜਾ/ਕਿਰਪਾਲ-16

(ਕਿਰਪਾਲ ਸਿੰਘ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਚੁਸ਼ੁਲ ਤੋ ਅੱਗੇ ਉਪਸ਼ੀ ਆਏ। ਉਪਸ਼ੀ ਦੇ 20 ਕਿ. ਮੀ ਦੂਰ ਕਾਰੂਨਗਰ ਦਾ ਇਲਾਕਾ ਹੈ ਅਤੇ ਇਥੋਂ ਦੇ ਪਿੰਡ ਸਿਰਫ ਗੁਰੂ ਨਾਨਕ ਨੂੰ ਹੀ ਆਪਣਾ ਇਸ਼ਟ ਮੰਨਦੇ ਹਨ।)

ਦੇ ਇਲਾਕੇ ਵਿਚ ਦੁਬਾਰਾ ਵੀ ਆਏ ਸਨ। ਸੋ ਇਹ ਸਾਫ ਨਹੀ ਹੋ ਪਾਉਦਾ ਕਿ ਦੂਸਰੀ ਫੇਰੀ ਵੇਲੇ ਉਨਾਂ ਜੰਮੂ ਭਦਰਵਾਹ ਦੇ ਇਲਾਕੇ ਤੋਂ ਇਲਾਵਾ ਹੋਰ ਕਿਹੜੇ ਕਿਹੜੇ ਇਲਾਕੇ ਦਾ ਉਦਾਰ ਕੀਤਾ ਸੀ।

ਸੋ ਨਕਸ਼ੇ ਤੋਂ ਸਾਫ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸਾਹਿਬ ਲੇਹ ਤੋਂ ਕਾਰਗਿਲ, ਸਕੱਰਦੂ, ਕਾਰਗਿਲ, ਅਮਰਨਾਥ, ਪਹਿਲਗਾਮ, ਮੱਟਣ, ਅਨੰਤਨਾਗ, ਬੀਜਬੇਹੇੜਾ, ਅਵੰਤੀਪੁਰਾ, ਸ੍ਰੀ ਨਗਰ, ਹਰਮੁਖ ਗੰਗਾ, ਸ੍ਰੀ ਨਗਰ, ਵੁੱਲਰ ਝੀਲ, ਬੀਰਵਾਹ, ਤੋਸ ਮੈਦਾਨ, ਜੱਲੀਆਂ, ਪੁਣਛ, ਕੋਟਲੀ ਸੱਤੀਆ (ਕੋਹਾਲਾ), ਬਾਲਾਕੋਟ, ਹਸਨ ਅਬਦਾਲ, ਪੇਸ਼ਾਵਰ ਤੇ ਫਿਰ ਕਾਬੁਲ ਗਏ।

ਲੇਹ ਦੇ ਲਾਮਿਆਂ ਗੁਰੂ ਜੀ ਦੀ ਤਸਵੀਰ ਪੱਥਰ 'ਚ ਘੜੀ

ਤਿੱਬਤ ਤੋਂ ਅੱਗੇ ਗੁਰੂ ਸਾਹਿਬ ਚੁਸ਼ੁਲ ਦਰ੍ਹੇ ਥਾਂਣੀ ਲਦਾਖ ਵਿੱਚ ਦਾਖਲ ਹੁੰਦੇ ਹਨ। ਹਾਲਾਂ ਭਾਰਤ ਵਿੱਚ, ਲਦਾਖ ਵੀ ਬੋਧੀ ਇਲਾਕਾ ਹੀ ਹੈ। ਕਿਸੇ ਵੇਲੇ ਸਿੱਖ ਰਾਜ ਦਾ ਹਿੱਸਾ ਰਹਿਣ ਕਰਕੇ, ਲੱਦਾਖ ਅੱਜ ਜੰਮੂ ਕਸ਼ਮੀਰ ਸੂਬੇ ਦਾ ਪੂਰਬੀ ਭਾਗ ਹੈ।

ਲੇਹ ਦੇ ਲੋਕਾਂ ਦਾ ਮੰਨਣਾ ਹੈ ਕਿ ਸ਼ਹਿਰ ਦੇ ਆਲੇ ਦੁਆਲੇ ਇਸ ਬੰਜਰ ਰੇਗਿਸਤਾਨ ਵਿੱਚ ਜੋ ਹਰਿਆਵਲ ਹੈ ਉਹ ਗੁਰੂ ਸਾਹਿਬ ਦਾ ਹੀ ਕ੍ਰਿਸ਼ਮਾ ਹੈ। ਇਥੇ ਦੇ ਰਾਜੇ ਨਾਲ ਕੀ ਗੱਲ ਬਾਤ ਹੋਈ, ਇਸ ਬਾਬਤ ਇਤਹਾਸ ਚੁੱਪ ਹੈ। ਸ਼ਾਹੀ ਮਹੱਲ ਲਾਗੇ ਜਿੱਥੇ ਗੁਰੂ ਸਾਹਿਬ ਨੇ ਆਪਣਾ ਡੇਰਾ ਲਾਇਆ ਸੀ ਓਥੇ ਇੱਕ ਪੁਰਾਣਾ ਦਰੱਖਤ ਅੱਜ ਵੀ ਮੌਜੂਦ ਹੈ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਦਾਤਣ ਕਰਕੇ ਇਥੇ ਗੱਡ ਦਿੱਤੀ ਜੋ ਵਿਸ਼ਾਲ ਮਿਸਵਾਕ ਰੁੱਖ ਦੇ ਰੂਪ ਵਿੱਚ ਅੱਜ ਵੀ ਮੌਜੂਦ ਹੈ।

ਮਿਸਵਾਕ ਦੀ ਦਾਤਣ ਪੂਰੇ ਜਗਤ ਵਿੱਚ ਪ੍ਰਸਿੱਧ ਹੈ। ਡਾਕਟਰੀ ਸਾਇੰਸ ਅਨੁਸਾਰ ਵੀ ਮੇਸਵਾਕ ਦੀ ਦਾਤਣ ਦੰਦਾਂ ਵਾਸਤੇ ਬਹੁਤ ਮੁਫੀਦ ਗਿਣੀ ਗਈ ਹੈ। ਇਹ ਰੁੱਖ ਪੰਜਾਬ ਵਿੱਚ ਨਹੀ ਹੁੰਦਾ।

ਕੁਝ ਦਿਨ ਇਥੇ ਰਹਿ ਕੇ ਗੁਰੂ ਸਾਹਿਬ ਫਿਰ ਸਿੰਧ ਦੇ ਨਾਲ ਨਾਲ ਅੱਗੇ ਵਧੇ। ਲੇਹ ਤੋਂ 25 ਕਿ.ਮੀ. ਦੂਰ ਭਾਵ ਨਿਮੂ ਕਸਬੇ ਤੋਂ 10 ਕਿ. ਮੀ. ਪਹਿਲਾ ਗੁਰੂ ਸਾਹਿਬ ਦੀ ਯਾਦਗਾਰ ਪੱਥਰ ਤੇ

ਦਾਤਣ ਸਾਹਿਬ, ਲੇਹ। ਗੁਰੂ ਸਾਹਿਬ ਦੀ ਕੀਤੀ ਦਾਤਣ ਅੱਜ ਮੇਸਵਾਕ ਦੇ ਰੂਪ ਵਿਚ ਵੱਡੇ ਰੁੱਖ ਦੇ ਰੂਪ ਵਿਚ।

ਪੱਥਰ ਵਿਚ ਗੁਰੂ ਸਾਹਿਬ ਦੀ ਤਰਾਸ਼ੀ ਹੋਈ ਮੂਰਤ ਅਤੇ ਚਰਨ।



ਉਕਰੀ ਹੋਈ ਹੈ।

ਜਿਥੇ ਵੀ ਸੰਗਤਾਂ ਗੁਰੂ ਸਾਹਿਬ ਦੀ ਕੋਈ ਨਿਸ਼ਾਨੀ ਰੱਖਣਾਂ ਮੰਗਦੀਆਂ ਸਨ ਤਾਂ ਅਮੂਮਨ ਸਾਹਿਬ ਦੀ ਜੁੱਤੀ ਜਾਂ ਖੜਾਵਾਂ ਰੱਖ ਲੈਂਦੇ ਸਨ। ਇਥੇ ਕਿਉਕਿ ਪੱਥਰ ਆਮ ਹਨ ਇਸ ਇਲਾਕੇ ਵਿੱਚ ਫਿਰ ਗੁਰੂ ਸਾਹਿਬ ਦੇ ਪੱਦ-ਚਿੰਨ ਪੱਥਰ ਤੇ ਉਕਰੇ ਹੋਏ ਹਨ। ਕਿਉਕਿ ਇਥੇ ਸੰਗ-ਤਰਾਸ਼ ਵੀ ਆਮ ਹੀ ਸਨ, ਬੁੱਤ-ਤਰਾਸ਼ ਨੇ ਇਥੇ ਫਿਰ ਨਿਰੇ ਪਦਚਿੰਨ ਹੀ ਨਹੀ ਤਰਾਸ਼ੇ ਉਸ ਨੇ ਗੁਰੂ ਸਾਹਿਬ ਦੀ ਮੂਰਤੀ ਵੀ ਪੱਥਰ ਵਿੱਚ ਘੜੀ ਹੋਈ ਹੈ। ਇਸ ਮੂਰਤੀ ਤੇ ਪੱਦ-ਚਿੰਨ ਬਾਰੇ ਸਥਾਨਕ ਲੋਕਾਂ ਵਿੱਚ ਤਰਾਂ ਤਰਾਂ ਦੀਆਂ ਦੰਦ-ਕਥਾਵਾਂ ਮੌਜੂਦ ਹਨ।

ਜਿਆਦਾ ਜਿਹੜੀ ਕਥਾ ਚਲਦੀ ਹੈ ਉਹ ਇਹ ਹੈ ਕਿ ਇਲਾਕੇ ਵਿੱਚ ਇੱਕ ਰਾਖਸ਼ ਨੇ ਬੜੀ ਹਾਹਾਕਾਰ ਮਚਾਈ ਹੋਈ ਸੀ। ਗੁਰੂ ਸਾਹਿਬ ਨੇ ਜਦੋਂ ਉਸ ਨੂੰ ਸੋਧਣਾ ਚਾਹਿਆ ਤਾਂ ਉਸ ਨੇ ਗੁਰੂ ਸਾਹਿਬ ਵਲ ਇੱਕ ਪੱਥਰ ਰੇੜ ਦਿੱਤਾ। ਜਿਵੇ ਉਹ ਪੱਥਰ ਗੁਰੂ ਸਾਹਿਬ ਨੂੰ ਛੂਹਦਾ ਹੈ ਤਾਂ ਉਹ ਮੋਮ ਦੀ ਨਿਆਈ ਨਰਮ ਪੈ ਜਾਂਦਾ ਹੈ ਜਿਸ ਕਰਕੇ ਗੁਰੂ ਸਾਹਿਬ ਦੇ ਸਰੀਰ ਦੀ ਛਾਪ ਫਿਰ ਉਸ ਚੱਟਾਨ ਤੇ ਆ ਜਾਂਦੀ ਹੈ।

ਜਿੱਥੋਂ ਤੱਕ ਪੱਦ-ਚਿੰਨਾਂ ਦਾ ਸਵਾਲ ਉਸ ਬਾਬਤ ਦੰਦ ਕਥਾ ਕਹਿੰਦੀ ਹੈ ਕਿ ਰਾਖਸ਼ ਨੇ ਫਿਰ ਪੱਥਰ ਤੇ ਪੈਰ ਮਾਰਿਆ ਇਸ ਕਰਕੇ ਪੈਰ ਦਾ ਨਿਸ਼ਾਨ ਪੱਥਰ ਤੇ ਰਹਿ ਗਿਆ। (ਹਾਲਾਂ ਕਿ ਪੈਰ ਦਾ ਨਿਸ਼ਾਨ ਗੁਰੂ ਸਾਹਿਬ ਦਾ ਹੈ।)

ਵੇਖਣ ਵਾਲੇ ਦੱਸਦੇ ਹਨ ਕਿ ਗਹੁ ਨਾਲ ਤੱਕਿਆ ਪਤਾ ਲਗਦਾ ਹੈ ਕਿ ਪੱਥਰ ਤਰਾਸ਼ਿਆ ਹੋਇਆ ਹੈ। ਵਕਤ ਨਾਲ ਦੰਦ ਕਥਾ ਜੋ ਪ੍ਰਚਲਤ ਹੋ ਗਈ ਉਸ ਵਿੱਚ ਸੱਚਾਈ ਨਹੀ ਲਗਦੀ। ਅੰਦਾਜ਼ਾ ਇਹੋ ਲਾਇਆ ਜਾ ਸਕਦਾ ਹੈ ਕਿ ਚੱਟਾਨ ਤੇ ਗੁਰੂ ਸਾਹਿਬ ਦੀ ਮੂਰਤ ਹੀ ਬਣੀ ਹੈ ਤੇ ਨਿਸ਼ਾਨ ਵੀ ਓਨਾਂ ਦੇ ਪੈਰ ਦਾ ਹੀ ਹੈ।

ਸੋ ਸ੍ਰੀ-ਨਗਰ ਲੇਹ ਸੜਕ ਤੇ ਅੱਜ ਪੱਥਰ ਸਾਹਿਬ ਗੁਰਦੁਆਰਾ ਗੁਰੂ ਸਾਹਿਬ ਦੀ ਆਮਦ ਦੀ ਯਾਦ ਤਾਜਾ ਕਰਦਾ ਹੈ।

ਸਕੱਰਦੂ ਤੇ ਕਾਰਗਿਲ ਵਿੱਚ ਬਾਬਾ

ਕਿਉਕਿ ਰਾਜਨੀਤਕ ਪੱਖੋ ਬਾਲਟੀਸਤਾਨ ਪਹਾੜੀ ਇਲਾਕੇ ਦੇ ਸ਼ਹਿਰ ਸਕੱਰਦੂ ਤੇ ਕਾਰਗਿਲ ਓਨੀ ਦਿਨੀ ਮਸ਼ਹੂਰੀ ਤੇ ਸਨ। ਕਾਰਗਿਲ ਤਾਂ ਪੁਰਾਣਾ ਗੁਰਦੁਆਰਾ ਅੱਜ ਵੀ ਮੌਜੂਦ ਹੈ। ਗੁਰੂ ਸਾਹਿਬ ਲੇਹ ਤੋਂ

ਗੁਰਦੁਆਰਾ ਸਕਰਦੂ, ਪਾਕਿਸਤਾਨ (ਧੰਨਵਾਦ ਇਕਬਾਲ ਕੈਸਰ) (ਹੇਠਾਂ) ਗੁਰਦੁਆਰਾ ਪਹਿਲੀ ਪਾਤਸ਼ਾਹੀ, ਕਾਰਗਿਲ, ਕਸ਼ਮੀਰ

ਸਿੰਧ ਦਰਿਆ ਦੇ ਨਾਲ ਨਾਲ ਚਲਦੇ ਹੋਏ ਬਟਾਲਿਕ ਤੋਂ 250 ਕਿ. ਮੀ. ਦਾ ਸਫਰ ਕਰਕੇ ਸਕਰਦੂ (ਅੱਜ ਕਲ੍ਹ ਪਾਕਿਸਤਾਨ) ਆਏ ਤੇ ਸਤਿਨਾਮ ਦਾ ਸਿਧਾਂਤ ਸਮਝਾ ਕੇ ਇਥੋ ਦੇ ਮੁਸਲਮਾਨ ਰਾਜੇ ਤੇ ਗੌਂਸ ਬੁਖਾਰੀ ਨਾਂ ਦੇ ਕਲੰਦਰ ਨੂੰ ਸਿੱਖੀ ਬਖਸ਼ੀ। ਇਹ ਕਲੰਦਰ ਬੜਾ ਕੱਟੜ ਸੀ ਤੇ ਰਾਜੇ ਨਾਲ ਮਿਲਕੇ ਲੋਕਾਈ ਨੂੰ ਤੰਗ ਪ੍ਰੇਸ਼ਾਨ ਕਰਕੇ ਮੁਸਲਮਾਨ ਬਣਾਉਦਾ ਸੀ। ਗੁਰੂ ਸਾਹਿਬ ਨੇ ਇਹਨਾਂ ਨੂੰ ਜੋਰਾ ਜਬਰੀ ਕਰਨ ਤੋਂ ਵਰਜਿਆ। ਇਹ ਦੋਵੇਂ ਗੁਰੂ ਸਾਹਿਬ ਦੇ ਸ਼ਰਧਾਲੂ ਬਣ ਗਏ। ○ ਇਥੇ ਗੁਰੂ ਸਾਹਿਬ ਦੀ ਯਾਦ ਵਿੱਚ ਕਿਲੇ ਦੇ ਲਾਗੇ ਹੀ ਗੁਰਅਸਥਾਨ ਹੈ। ਨੇੜੇ ਮੰਦਰ ਵੀ ਹੁੰਦਾ ਸੀ। ਸਕਰਦੂ (ਪਾਕਿਸਤਾਨ) ਵਿਖੇ ਕਿਸੇ ਸਿੱਖ ਪ੍ਰਵਾਰ ਦੀ ਅਣਹੋਂਦ ਕਰਕੇ ਗੁਰਦੁਆਰਾ ਸਾਹਿਬ ਦੀ ਹਾਲਤ ਖਸਤਾ ਹੈ। ਪਿੱਛੇ 2005 ਵਿੱਚ ਆਏ ਭੁਚਾਲ ਕਾਰਨ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਵੀ ਹੋਰ ਵੀ ਨੁਕਸਾਨ ਪਹੁੰਚ ਚੁੱਕਾ ਹੈ।

—◈—

ਬਾਬੇ ਤਾਰਿਆ ਅਮਰਨਾਥ ਯਾਤਰੂਆਂ ਨੂੰ

ਕਾਰਗਿਲ ਤੋਂ ਗੁਰੂ ਸਾਹਿਬ ਬਾਲਟਾਲ ਥਾਂਣੀ ਹੁੰਦੇ ਹੋਏ 140 ਕਿ. ਮੀ ਦਾ ਪੈਡਾ ਕਰਕੇ ਅੱਗੇ ਚੜਾਈ ਚੜ੍ਹ ਕੇ ਅਮਰਨਾਥ ਪਹੁੰਚੇ।

ਅਮਰ ਨਾਥ ਵੀ ਸਿਰਫ ਗਰਮੀ ਦੇ ਦਿਨਾਂ ਵਿਚ ਪਹੁੰਚਿਆ ਜਾਂਦਾ ਹੈ। ਮੁੱਖ ਮੇਲਾ ਸਾਉਣ ਦੀ ਪੁੰਨਿਆ ਨੂੰ ਲਗਦਾ ਹੈ। ਅਮਰ ਨਾਥ ਵਿਖੇ ਵੀ ਓਹਨੀ ਦਿਨੀਂ ਬਾਕੀ ਪ੍ਰਸਿੱਧ ਮੰਦਰਾਂ ਦੀ ਤਰਾਂ ਕੁਝ ਲੋਕ ਖੁਦਕਸ਼ੀ ਕਰਿਆ ਕਰਦੇ ਸਨ। (ਵਿਸਥਾਰ ਪ੍ਰਯਾਗ ਸਾਖੀ ਵਿਚ। ਸਫਾ -106) ਕੁਦਰਤੀ ਹੈ ਇਥੇ ਖੁਦਕੱਸ਼ੀ ਦਾ ਵੱਖਰਾ ਤਰੀਕਾ ਸੀ। ਕਿਉਕਿ ਸਾਉਣ ਭਾਦਰੋਂ ਵਿਚ ਵੀ ਇਥੇ ਅੱਤ ਦੀ ਸਰਦੀ ਹੁੰਦੀ ਹੈ ਇਥੇ ਲੋਕ ਠੰਡ ਨਾਲ ਪਾਰ ਹੋਇਆ ਕਰਦੇ ਸਨ। ਤਰੀਕਾਕਾਰ ਇਹ ਸੀ ਕਿ ਲੋਕ ਅਮਰ ਨਾਥ ਪਹੁੰਚ ਕੇ ਆਪਣੇ ਕਪੜੇ ਲੀੜੇ ਸਭ ਬ੍ਰਾਹਮਣਾਂ ਨੂੰ ਸੌਪ ਕੇ, ਬਰਫ ਦੇ ਧੜਿਆਂ ਤੇ ਲੇਟਦੇ ਅਤੇ ਇਸ ਤਰਾਂ ਠੰਡ ਨਾਲ ਜਾਨ ਦੇ ਦਿੰਦੇ ਸਨ। ਬ੍ਰਾਹਮਣਾਂ ਨੇ ਇਹ ਪ੍ਰਚਾਰ ਕੀਤਾ ਹੋਇਆ ਸੀ ਕਿ ਜਿਹੜਾ ਇਥੇ ਜਾਨ ਦੇਵੇਗਾ ਉਹ ਅਮਰ ਹੋ ਜਾਂਦਾ ਹੈ। ਗੁਰੂ ਸਾਹਿਬ ਨੇ ਇਸ ਗਲਤ ਰੀਤ ਦਾ ਖੰਡਣ ਕੀਤਾ ਤੇ ਉਪਦੇਸ਼ ਦਿਤਾ ਕਿ ਇਸ ਤਰਾਂ ਹੱਠ ਕਰਕੇ ਜਾਂ ਜਿੱਦ ਕਰਕੇ ਤੁਸੀ ਨਿਰੰਕਾਰ ਨੂੰ ਨਹੀ ਮਿਲ ਸਕਦੇ। ਬ੍ਰਾਹਮਣਾਂ ਨੂੰ ਸਾਰੇ ਰਾਜਨੀਤਕ ਹਾਲਾਤਾਂ ਤੋਂ ਜਾਣੂ ਕਰਵਾਇਆ ਕਿ ਜੇ ਤੁਸੀ ਅਜਿਹਾ ਜਾਰੀ ਰੱਖਿਆ ਤਾਂ ਸਰਕਾਰ ਨੇ ਤੁਹਾਡਾ ਵੀ ਘਾਣ ਬੱਚਾ ਘਾਣ ਕਰ ਦੇਣਾ ਹੈ ਤੇ ਨਾਲੇ ਉਹਨਾਂ ਨੂੰ ਸਮਝਾਇਆ ਕਿ ਜੋ ਤੁਸੀ ਕਰ ਰਹੇ ਹੋ ਇਹ ਮਨੁੱਖਤਾ ਤੇ ਜੁਲਮ ਹੈ। ਖੁਦਕਸ਼ੀ ਲਈ ਉਤਸ਼ਾਹ ਦੇਣਾ, ਜਿਸ ਕਰਕੇ ਇਸ ਪਾਪ ਲਈ ਤੁਸੀ ਖੁੱਦ ਜੁੰਮੇਵਾਰ ਹੈ। ਤੁਹਾਡੇ ਮਾਮੂਲੀ ਲਾਲਚ ਪਿਛੇ ਲੋਕ ਜਾਨਾਂ ਦੇ ਦਿੰਦੇ ਨੇ। ਭੋਲੀ ਜਨਤਾ ਨੂੰ ਸਮਝਾਓ ਕਿ ਖੁੱਦਕਸ਼ੀ ਰੱਬ ਨੂੰ ਪਾਉਣ ਦਾ ਤਰੀਕਾ ਨਹੀ ਹੈ। ਇਥੇ ਵੀ:

ਆਖਣਿ ਜੋਰੁ ਚੁਪੈ ਨਹ ਜੋਰੁ ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥ ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥ ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ ਜੋਰੁ ਨ ਜੁਗਤੀ ਛੁਟੈ ਸੰਸਾਰੁ ॥ ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥

ਵਾਲਾ ਪੱਖ ਬ੍ਰਾਹਮਣਾਂ ਨੂੰ ਸਮਝਾਇਆ ਅਤੇ ਨਾਲ ਦੱਸਿਆ ਕਿ ਮੁਕਤੀ ਅਕਾਲ ਪੁਰਖ ਦੇ ਭਾਣੇ ਨਾਲ ਮਿਲਦੀ ਹੈ: "**ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥ ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥**" ਭਾਵ ਨਿਰੰਕਾਰ ਦੀ ਬਖਸ਼ਸ਼ ਹੋਵੇ ਤਾਂ ਹੀ ਬੰਦਾ ਤਰਦਾ ਹੈ।

ਇਥੇ ਫਿਰ ਸ਼ਬਦ ਰਚਿਆ:

ਰਾਮਕਲੀ ਮਹਲਾ ੧ ॥ ਅੰਤਰਿ ਉਤਭੁਜੁ ਅਵਰੁ ਨ ਕੋਈ ॥ ਜੋ ਕਹੀਐ ਸੋ ਪ੍ਰਭ ਤੇ ਹੋਈ ॥ ਜੁਗਹ ਜੁਗੰਤਰਿ ਸਾਹਿਬੁ ਸਚੁ ਸੋਈ ॥ ਉਤਪਤਿ ਪਰਲਉ ਅਵਰੁ ਨ ਕੋਈ ॥੧॥ ਐਸਾ ਮੇਰਾ ਠਾਕੁਰੁ ਗਹਿਰ ਗੰਭੀਰੁ ॥ ਜਿਨਿ ਜਪਿਆ ਤਿਨ ਹੀ ਸੁਖੁ ਪਾਇਆ ਹਰਿ ਕੈ ਨਾਮਿ ਨ ਲਗੈ ਜਮ ਤੀਰੁ ॥੧॥ ਰਹਾਉ ॥ ਨਾਮੁ ਰਤਨੁ ਹੀਰਾ ਨਿਰਮੋਲੁ ॥ ਸਾਚਾ ਸਾਹਿਬੁ ਅਮਰੁ ਅਤੋਲੁ ॥ ਜਿਹਵਾ ਸੂਚੀ ਸਾਚਾ ਬੋਲੁ ॥ ਘਰਿ ਦਰਿ ਸਾਚਾ ਨਾਹੀ ਰੋਲੁ ॥੨॥ ਇਕਿ ਬਨ ਮਹਿ ਬੈਸਹਿ ਡੂਗਰਿ ਅਸਥਾਨੁ ॥ ਨਾਮੁ ਬਿਸਾਰਿ ਪਚਹਿ ਅਭਿਮਾਨੁ ॥ ਨਾਮ ਬਿਨਾ ਕਿਆ ਗਿਆਨ ਧਿਆਨੁ ॥ ਗੁਰਮੁਖਿ ਪਾਵਹਿ ਦਰਗਹਿ ਮਾਨੁ ॥੩॥ ਹਠੁ ਅਹੰਕਾਰੁ ਕਰੈ ਨਹੀ ਪਾਵੈ ॥ ਪਾਠ ਪੜੈ ਲੇ ਲੋਕ ਸੁਣਾਵੈ ॥ ਤੀਰਥਿ ਭਰਮਸਿ ਬਿਆਧਿ ਨ ਜਾਵੈ ॥ ਨਾਮ ਬਿਨਾ ਕੈਸੇ ਸੁਖੁ ਪਾਵੈ ॥੪॥ ਜਤਨ ਕਰੈ ਬਿੰਦੁ ਕਿਵੈ ਨ ਰਹਾਈ ॥ ਮਨੂਆ ਡੋਲੈ ਨਰਕੇ ਪਾਈ ॥ ਜਮ ਪੁਰਿ ਬਾਧੋ ਲਹੈ ਸਜਾਈ ॥ ਬਿਨੁ ਨਾਵੈ ਜੀਉ ਜਲਿ ਬਲਿ ਜਾਈ ॥੫॥ ਸਿਧ ਸਾਧਿਕ ਕੇਤੇ ਮੁਨਿ ਦੇਵਾ



ਗਲ ਤਾਂ ਆਪਣੀ ਆਪਣੀ ਸ਼ਰਧਾ ਦੀ ਹੈ। ਅਮਰ ਨਾਥ- ਪੱਥਰ ਵਿਚੋਂ ਪਾਣੀ ਸਿੰਮਦਾ ਹੈ ਅਤੇ ਪ੍ਰਚਲਤ ਲਿੰਗ ਦੀ ਸ਼ਕਲ ਅਖਤਿਆਰ ਕਰ ਲੈਂਦਾ ਹੈ। ਜਾਂ ਫਿਰ ਕਦੀ ਪੁਜਾਰੀ ਵੀ ਬਰਫ ਨੂੰ ਉਹ ਅਕਾਰ ਦੇ ਦਿੰਦੇ ਹਨ। (ਸੱਜੇ) ਉਤਰਾਖੰਡ ਵਿਚ ਵੀ ਅਜਿਹਾ ਨਜਾਰਾ ਵੇਖਣ ਨੂੰ ਮਿਲਦਾ ਹੈ ਜਿਥੇ ਪਾਣੀ ਤਿੰਨ ਚਾਰ ਤਰੇੜਾਂ ਰਾਂਹੀ ਸਿੰਮਦਾ ਅਤੇ ਜੰਮ ਜਾਂਦਾ ਹੈ।

॥ ਹਠਿ ਨਿਗ੍ਰਹਿ ਨ ਤ੍ਰਿਪਤਾਵਹਿ ਭੇਵਾ ॥ ਸਬਦੁ ਵੀਚਾਰਿ ਗਹਹਿ ਗੁਰ ਸੇਵਾ ॥ ਮਨਿ ਤਨਿ ਨਿਰਮਲ ਅਭਿਮਾਨ ਅਭੇਵਾ ॥੬॥ ਕਰਮਿ ਮਿਲੈ ਪਾਵੈ ਸਚੁ ਨਾਉ ॥ ਤੁਮ ਸਰਣਾਗਤਿ ਰਹਉ ਸੁਭਾਉ ॥ ਤੁਮ ਤੇ ਉਪਜਿਓ ਭਗਤੀ ਭਾਉ ॥ ਜਪੁ ਜਾਪਉ ਗੁਰਮੁਖਿ ਹਰਿ ਨਾਉ ॥੭॥ ਹਉਮੈ ਗਰਬੁ ਜਾਇ ਮਨ ਭੀਨੈ ॥ ਝੂਠਿ ਨ ਪਾਵਸਿ ਪਾਖੰਡਿ ਕੀਨੈ ॥ ਬਿਨੁ ਗੁਰ ਸਬਦ ਨਹੀ ਘਰੁ ਬਾਰੁ ॥ ਨਾਨਕ ਗੁਰਮੁਖਿ ਤਤੁ ਬੀਚਾਰੁ ॥੮॥੬॥

ਅਮਰਨਾਥ ਗੁਰੂ ਸਾਹਿਬ ਨੇ ਪੰਡਿਆਂ ਨੂੰ ਸਮਝਾਇਆ ਕਿ ਕੁਦਰਤੀ ਵਰਤਾਰੇ ਨੂੰ ਤੁਸੀ ਰੱਬ ਬਣਾ ਕੇ ਲੋਕਾਈ ਨੂੰ ਗੁੰਮਰਾਹ ਕਰਕੇ ਪਾਪ ਕਰ ਰਹੇ ਹੋ। ਲੋਕਾਈ ਨੂੰ ਰੱਬ ਦੇ ਨਾਮ ਨਾਲ ਜੋੜੋ ਨਾਂ ਕਿ ਵਹਿਮੀ ਬਣਾਓ। ਕਈ ਲਿਖਾਰੀਆਂ ਇਹ ਲਿਖਿਆ ਹੈ ਕਿ ਸਾਹਿਬ ਮੇਲੇ ਤੇ ਹਾਜਰ ਸਨ ਤੇ ਜਿੰਨਾਂ ਚਿਰ ਮੇਲਾ ਰਿਹਾ ਗੁਰੂ ਸਾਹਿਬ ਇਥੇ ਹੀ ਰਹਿ ਲੋਕਾਈ ਦਾ ਉਧਾਰ ਕਰਦੇ ਰਹੇ। ਪਹੁੰਚੇ ਸਾਧੂਆਂ ਨੂੰ ਸੰਬੋਧਨ ਕਰਦੇ ਹੋਏ ਸਾਹਿਬ ਨੇ ਮਾਰਦਾਨੇ ਦੀ ਰਬਾਬ ਤੇ ਸ਼ਬਦ ਗਾਵਿਆਂ:-

ਮਲਾਰ ਮਹਲਾ ੧ ॥ ਜਾਗਤੁ ਜਾਗਿ ਰਹੈ ਗੁਰ ਸੇਵਾ ਬਿਨੁ ਹਰਿ ਮੈ ਕੋ ਨਾਹੀ ॥ ਅਨਿਕ ਜਤਨ ਕਰਿ ਰਹਣੁ ਨ ਪਾਵੈ ਆਚੁ ਕਾਚੁ ਢਰਿ ਪਾਂਹੀ ॥੧॥ ਇਸੁ ਤਨ ਧਨ ਕਾ ਕਹਹੁ ਗਰਬੁ ਕੈਸਾ ॥ ਬਿਨਸਤ ਬਾਰ ਨ ਲਾਗੈ ਬਵਰੇ ਹਉਮੈ ਗਰਬਿ ਖਪੈ ਜਗੁ ਐਸਾ ॥੧॥ ਰਹਾਉ ॥ ਜੈ ਜਗਦੀਸ ਪ੍ਰਭੂ ਰਖਵਾਰੇ ਰਾਖੈ ਪਰਖੈ ਸੋਈ ॥ ਜੇਤੀ ਹੈ ਤੇਤੀ ਤੁਝ ਹੀ ਤੇ ਤੁਮ੍ ਸਰਿ ਅਵਰੁ ਨ ਕੋਈ ॥੨॥ ਜੀਅ ਉਪਾਇ ਜੁਗਤਿ ਵਸਿ ਕੀਨੀ ਆਪੇ ਗੁਰਮੁਖਿ ਅੰਜਨੁ ॥ ਅਮਰੁ ਅਨਾਥ ਸਰਬ ਸਿਰਿ ਮੋਰਾ ਕਾਲ ਬਿਕਾਲ ਭਰਮ ਭੈ ਖੰਜਨੁ ॥੩॥ ਕਾਗਦ ਕੋਟੁ ਇਹੁ ਜਗੁ ਹੈ ਬਪੁਰੋ ਰੰਗਨਿ ਚਿਹਨ ਚਤੁਰਾਈ ॥ ਨਾਨੀ ਸੀ ਬੂੰਦ ਪਵਨੁ ਪਤਿ ਖੋਵੈ ਜਨਮਿ ਮਰੈ ਖਿਨੁ ਤਾਈ ॥੪॥ ਨਦੀ ਉਪਕੰਠਿ ਜੈਸੇ ਘਰੁ ਤਰਵਰੁ ਸਰਪਨਿ ਘਰੁ ਘਰ ਮਾਹੀ ॥ ਉਲਟੀ ਨਦੀ ਕਹਾਂ ਘਰੁ ਤਰਵਰੁ ਸਰਪਨਿ ਡਸੈ ਦੂਜਾ ਮਨ ਮਾਂਹੀ ॥੫॥ ਗਾਰੁੜ ਗੁਰ ਗਿਆਨੁ ਧਿਆਨੁ ਗੁਰ ਬਚਨੀ ਬਿਖਿਆ ਗੁਰਮਤਿ ਜਾਰੀ ॥ ਮਨ ਤਨ ਹੋਵ ਭਏ ਸਚੁ ਪਾਇਆ ਹਰਿ ਕੀ ਭਗਤਿ ਨਿਰਾਰੀ ॥੬॥ ਜੇਤੀ ਹੈ ਤੇਤੀ ਤੁਧੁ ਜਾਚੈ ਤੂ ਸਰਬ ਜੀਆਂ ਦਇਆਲਾ ॥ ਤੁਮ੍ਰੀ ਸਰਣਿ ਪਰੇ ਪਤਿ ਰਾਖਹੁ ਸਾਚੁ ਮਿਲੈ ਗੋਪਾਲਾ ॥੭॥ ਬਾਧੀ ਧੰਧਿ ਅੰਧ ਨਹੀ ਸੂਝੈ ਬਧਿਕ ਕਰਮ ਕਮਾਵੈ ॥ ਸਤਿਗੁਰ ਮਿਲੈ ਤ ਸੂਝਸਿ ਬੂਝਸਿ ਸਚ ਮਨਿ ਗਿਆਨੁ ਸਮਾਵੈ ॥੮॥ ਨਿਰਗੁਣ ਦੇਹ ਸਾਚ ਬਿਨੁ ਕਾਚੀ ਮੈ ਪੂਛਉ ਗੁਰੁ ਅਪਨਾ ॥ ਨਾਨਕ ਸੋ ਪ੍ਰਭੁ ਪ੍ਰਭੂ ਦਿਖਾਵੈ ਬਿਨੁ ਸਾਚੇ ਜਗੁ ਸੁਪਨਾ ॥੯॥੨

ਯਾਦ ਰਹੇ ਕਸ਼ਮੀਰ ਦਾ ਇਲਾਕਾ ਪੰਡਤਾਂ / ਵਿਦਵਾਨਾਂ ਦਾ ਇਲਾਕਾ ਗਿਣਿਆ ਜਾਂਦਾ ਰਿਹਾ ਹੈ। ਪੁਰਾਣੇ ਸਮਿਆਂ ਵਿਚ ਇਥੋਂ ਦੀ ਵਿਦਵਤਾ ਮਸ਼ਹੂਰ ਰਹੀ ਹੈ। ਅਨੇਕਾਂ ਗ੍ਰੰਥ ਇਸ ਇਲਾਕੇ ਵਿਚ ਰਚੇ ਗਏ ਹਨ। ਵਕਤ ਪਾ ਕੇ ਬਹੁਤੇ ਪੰਡਤ ਤਾਂ ਮੁਸਲਮਾਨ ਬਣ ਗਏ। ਕੁਝ ਅਜੇ ਵੀ ਹਿੰਦੂ ਹਨ। 19 ਜਨਵਰੀ 1990 ਨੂੰ ਜਗਮੋਹਨ ਲਾਲ ਜੰਮੂ ਕਸ਼ਮੀਰ ਦਾ ਗਵਰਨਰ ਸੀ ਤਾਂ ਸਰਕਾਰੀ ਗੁਪਤ ਨੀਤੀ ਤਹਿਤ ਕਸ਼ਮੀਰੀ ਪੰਡਤਾਂ ਦੀ ਹਿਜਰਤ ਕਸ਼ਮੀਰ ਤੋਂ ਕਰਵਾ ਦਿਤੀ ਗਈ। ਅੱਜ ਪੰਡਤ ਜੰਮੂ ਜਾਂ ਭਾਰਤ ਦੇ ਹੋਰ ਹਿੱਸਿਆਂ ਵਿਚ ਜਾ ਵਸੇ ਨੇ।

ਪੰਡਤਾਂ ਦੀ ਪ੍ਰਸਿੱਧੀ ਕਾਰਨ ਗੁਰੂ ਸਾਹਿਬ ਨੇ ਕਸ਼ਮੀਰ ਦੇ ਇਲਾਕੇ ਨੂੰ ਕੁਝ ਵੱਧ ਸਮਾਂ ਦਿਤਾ। ਤੇ ਜਿਥੇ ਕਿਤੇ ਵੀ ਪੰਡਤਾਂ ਦਾ ਕੇਂਦਰ ਸੀ ਓਥੇ ਪਹੁੰਚ ਇਕ ਨਿਰੰਕਾਰ ਦੇ ਨਾਮ ਦੇ ਸਿਧਾਂਤ ਨਾਲ ਜੋੜਿਆ।

ਅਮਰਨਾਥ ਤੋਂ ਚਲਕੇ ਗੁਰੂ ਸਾਹਿਬ ਪੰਚਤਾਰਨੀ ਪਾਸਿਓ ਲੰਘ ਕੇ ਚੰਦਨਵਾੜੀ ਤੋਂ ਪਹਿਲਗਾਮ ਕੋਈ 40 ਕਿ. ਮੀ. ਦਾ ਪੈਡਾ ਕੀਤਾ। ਇਹ ਨਹੀ ਪਤਾ ਲਗਾ ਕਿ ਗੁਰੂ ਸਾਹਿਬ ਦੇ ਵੇਲੇ ਇਹ ਪਿੰਡ ਹੋਂਦ ਵਿਚ ਆ ਚੁੱਕਾ ਸੀ ਜਾਂ ਨਹੀ। ਕਿਉਕਿ ਇਸ ਰਸਤੇ ਗੁਰੂ ਸਾਹਿਬ ਆਏ ਸਨ ਗੁਰਸਿੱਖਾਂ ਨੇ ਪਹਿਲਗਾਮ ਵਿਖੇ ਜੋ ਗੁਰਦੁਆਰਾ ਬਣਾਇਆ ਹੈ ਉਸ ਨੂੰ ਗੁਰੂ ਪਾਤਸ਼ਾਹ ਦੀ ਫੇਰੀ ਨਾਲ ਜੋੜ ਦਿਤਾ ਹੈ। ਇਹ ਲਿੱਦੜ-ਘਾਟੀ ਦਾ ਇਲਾਕਾ ਆਪਣੀ ਕੁਦਰਤੀ ਖੂਬਸੂਰਤੀ ਕਰਕੇ ਪੂਰੀ ਦੁਨੀਆ ਵਿਚ ਪ੍ਰਸਿੱਧ ਹੈ।

—◈—

ਮੱਟਨ ਦਾ ਬ੍ਰਹਮ ਦਾਸ ਕਹਿੰਦਾ "ਤੂੰ ਕੈਸਾ ਸਾਧੂ ਹੈਂ ਸਰੀਰ ਦੁਆਲੇ ਚੰਮ ਲਵੇਟਿਆ ਹੋਇਆ ਈ?"

ਗੁਰੂ ਸਾਹਿਬ ਦੀ ਫੇਰੀ ਦੇ ਸਦੀ ਪਹਿਲਾਂ ਰਾਜਾ ਸੁਲਤਾਨ ਸਿਕੰਦਰ (ਬੁੱਤਸ਼ਿਕਨ) (1383-1413) ਨੇ ਮੱਟਨ ਜਾਂ ਮਾਰਤੰਡ ਦਾ ਪ੍ਰਸਿਧ ਸੂਰਜ ਮੰਦਰ ਢੁਹਾਇਆ ਸੀ। ਇਹ ਮੰਦਰ ਕਸ਼ਮੀਰ ਦੀ ਸ਼ਾਨ ਸੀ ਜੋ 725 ਈ. ਦੇ ਆਸ ਪਾਸ ਦਾ ਤਾਮੀਰ ਹੋਇਆ ਸੀ। ਸੋ ਅਮਰਨਾਥ ਤੋਂ ਗੁਰੂ ਸਾਹਿਬ ਦਾ ਅਗਲਾ ਨਿਸ਼ਾਨਾ ਮਾਰਤੰਡ ਜਾਂ ਮੱਟਣ ਜਾਣਾ ਸੀ।

ਸਾਹਿਬ ਉਸ ਰਸਤੇ ਆਏ ਜਿਥੇ ਅਜਕਲ ਪਹਿਲਗਾਮ, ਚੰਦਨਵਾੜੀ ਆਦਿ ਪੈਂਦੇ ਹਨ ਭਾਵ ਕੋਈ 80 ਕਿ. ਮੀ. ਪੈਡਾ ਕੀਤਾ ਅਮਰਨਾਥ ਤੋਂ।

ਜਦੋਂ ਗੁਰੂ ਸਾਹਿਬ ਮੱਟਣ ਆਏ ਉਦੋਂ ਤਕ ਮੰਦਰ ਦੀ ਹਾਲਤ ਖਰਾਬ ਹੋ ਚੁੱਕੀ ਸੀ। ਫਿਰ ਵੀ ਅਜਿਹੇ ਧਾਰਮਿਕ ਤੇ ਸਭਿਆਚਾਰਕ ਸਥਾਨ ਖਤਮ ਹੁੰਦੇ ਹੁੰਦੇ ਵੀ ਵਕਤ ਲੈ ਜਾਂਦੇ ਹਨ। ਮਟਨ ਨਿਰਾ ਧਾਰਮਿਕ ਕੇਂਦਰ ਹੀ ਨਹੀ ਸੀ ਇਥੇ ਵੀ ਹਰਦੁਆਰ ਦੇ ਪੰਡਿਆਂ ਦੀ ਨਿਆਈ ਇਲਾਕੇ ਦੇ ਲੋਕਾਂ ਦੇ ਕੁਰਸੇਨਾਮੇ ਵੀ ਲਿਖੇ ਜਾਂਦੇ ਸਨ। ਜਿਵੇ ਰੂਹਾਨੀਅਤ ਦਾ ਅਸੂਲ ਹੈ ਕਿ ਮਹਾਨ ਲੋਕ ਛੁਪ ਨਹੀ ਸਕਦੇ, ' ਮੰਨੈ ਪਤਿ ਸਿਉ

ਪੈਂਡਾ ਸਫ਼ਾ

○ ਗਿਆਨੀ -220 (ਸਕਰਦੂ)

■ ਅਮਰਨਾਥ ਇਕ ਗੁਫਾ ਹੈ ਜਿਸ ਦੇ ਉਤੇ ਚੱਟਾਨ ਵਿਚ ਤਰੇੜ ਹੋਣ ਕਰਕੇ ਪਿਛੋ ਥੋੜਾ ਥੋੜਾ ਪਾਣੀ ਸਿੰਮਦਾ ਰਹਿੰਦਾ ਹੈ। ਜਿਆਦਾ ਠੰਡ ਹੋਣ ਕਰਕੇ ਪਾਣੀ ਨਾਲੋ ਨਾਲ ਜੰਮਦਾ ਜਾਂਦਾ ਹੈ। ਜਿਥੇ ਪਾਣੀ ਡਿਗਦਾ ਹੈ ਉਥੇ ਬਰਫ ਦੇ ਤਿੰਨ ਥੜੇ ਬਣ ਜਾਂਦੇ ਹਨ। ਪੁਜਾਰੀ ਉਹਨਾਂ ਬਰਫ ਦੇ ਢੇਰਾਂ 'ਚੋਂ ਇਕ ਨੂੰ ਤਰਾਸ਼ ਕੇ ਪਰਚਲਤ ਲਿੰਗ ਦੀ ਸੂਰਤ ਦੇ ਦਿੰਦੇ ਹਨ। ਪੁਆੜਾ ਤਾਂ ਓਦੋਂ ਪੈਂਦਾ ਹੈ ਜਦੋਂ ਠੰਡ ਘੱਟ ਹੋਵੇ। ਪਿਛੇ ਸੰਨ 2004 ਵਿਚ ਪ੍ਰਬੰਧਕਾਂ ਨੇ ਪਠਾਨਕੋਟ ਦੀ ਆਈਸ ਫੈਕਟਰੀ ਤੋਂ ਇਕ ਟਰੱਕ ਬਰਫ ਦਾ ਮੰਗਵਾ ਕੇ ਲਿੰਗ ਦਾ ਨਿਰਮਾਣ ਕੀਤਾ ਸੀ। ਸ਼ਰਧਾਲੂਆਂ ਨੂੰ ਪਤਾ ਲਗ ਗਿਆ ਜਿਸ ਕਰਕੇ ਸ਼ਰਧਾਲੂਆਂ ਨੂੰ ਬੜੀ ਨਮੋਸ਼ੀ ਹੋਈ ਸੀ।

ਬਰਫ ਦੇ ਖਿਸਕਣ (Avlanche) ਦਾ ਡਰ ਇਥੇ ਵੀ ਬਣਿਆ ਰਹਿੰਦਾ ਹੈ। ਸਰਕਾਰ ਨੂੰ ਇਸ ਗਲ ਦੀ ਚਿੰਤਾ ਰਹਿੰਦੀ ਹੈ।

ਇਥੋਂ ਦੀ ਵੀ ਓਹੋ ਕਥਾ ਹੈ ਜੋ ਕੈਲਾਸ਼ ਇਲਾਕੇ ਦੇ ਮੰਦਰਾਂ ਵਿਚ ਪ੍ਰਚਲਤ ਹੈ। ਭਾਵ ਸ਼ਿਵ ਜੀ ਨੇ ਪਾਰਬਤੀ ਨੂੰ ਇਥੇ ਹੀ ਅਮਰ ਕਥਾ ਸੁਣਾਉਣੀ ਸ਼ੁਰੂ ਕੀਤੀ ਹੀ ਸੀ ਕਿ ਪਾਰਬਤੀ ਦੀ ਅੱਖ ਲੱਗ ਗਈ। ਲਾਗੇ ਤੋਤੇ ਦਾ ਬੱਚਾ ਆਪਣੇ ਆਲਣੇ ਵਿਚ ਬੈਠਾ ਕਥਾ ਸੁਣਦਾ ਰਿਹਾ ਤੇ ਨਾਲ ਨਾਲ ਹੁੰਗਾਰਾ ਭਰੀ ਗਿਆ। ਸ਼ਿਵ ਜੀ ਨੇ ਸਮਝਿਆ ਕਿ ਪਾਰਬਤੀ ਹੁੰਗਾਰਾ ਭਰ ਰਹੀ ਹੈ। ਬਾਦ ਵਿਚ ਜਦੋਂ ਸ਼ਿਵ ਜੀ ਨੂੰ ਪਤਾ ਲਗਾ ਕਿ ਪਾਰਬਤੀ ਤਾਂ ਸੌ ਗਈ ਸੀ ਇਹ ਤੋਤੇ ਦਾ ਬੱਚਾ ਚਲਾਕੀ ਨਾਲ ਅਮਰ ਕਥਾ ਸੁਣ ਗਿਆ ਹੈ ਤਾਂ ਸ਼ਿਵ ਜੀ ਤੋਤੇ ਦੇ ਚੂਚੇ ਨੂੰ ਮਾਰਨ ਦੌੜਿਆ। ਬੱਚਿਆ ਅੱਗੇ ਅੱਗੇ ਤੇ ਸ਼ਿਵ ਜੀ ਤ੍ਰਿਸ਼ੂਲ ਲਈ ਪਿਛੇ ਪਿਛੇ। ਆਖਿਰ ਚੂਚੇ ਨੇ ਵੇਖਿਆ ਕਿ ਬਿਆਸ ਰਿਖੀ ਦੀ ਪਤਨੀ ਨੰਗੀ ਨਾਅ ਰਹੀ ਸੀ। ਚੂਚਾ ਉਹਦੇ ਢਿੱਡ ਵਿਚ ਵੜ ਗਿਆ। ਸ਼ਿਵ ਜੀ ਕਚੀਚੀਆਂ ਖਾਈ ਜਾਏ। 12 ਸਾਲ ਤਕ ਚੂਚਾ ਬਾਹਰ ਨਾਂ ਨਿਕਲਿਆ।

ਆਖਿਰ ਵਿਸ਼ਨੂੰ ਭਗਵਾਨ ਨੇ ਚੂਚੇ ਨੂੰ ਆਖਿਆ ਭਈ ਹੁਣ ਤਾਂ ਜਨਮ ਲੈ ਲਓ। ਚੂਚਾ ਜੰਮਿਆ। ਉਹਦਾ ਨਾਂ ਸੁਖਦੇਵ ਰਿਖੀ ਰੱਖਿਆ ਗਿਆ।

ਜਿਵੇ ਕਿ ਪਹਿਲਾਂ ਵੀ ਦੱਸਿਆ ਜਾ ਚੁੱਕਾ ਹੈ ਪੁਜਾਰੀ ਨੂੰ ਹੱਕ ਹਾਸਲ ਹੈ ਕਿ ਉਹ ਮੰਦਰ ਦੀ ਪ੍ਰਸਿੱਧੀ ਵਧਾਉਣ ਵਾਸਤੇ ਕੋਈ ਵੀ ਕਹਾਣੀ ਘੜ੍ਹ ਸਕਦਾ ਹੈ।

ਅਮਰ ਕਥਾ ਚੂਚੇ ਵਲੋਂ ਸੁਣੇ ਜਾਣ ਦੀ ਕਹਾਣੀ ਅਨੇਕਾਂ ਮੰਦਰਾਂ ਨਾਲ ਜੁੜੀ ਹੋਈ ਹੈ। ਅਮਰ ਨਾਥ ਓਨਾਂ ਵਿਚੋਂ ਇਕ ਹੈ।

ਪਰਗਟੁ ਜਾਇ ' ਜਾਂ ਫਿਰ ' ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ ॥ ' ਗੁਰੂ ਸਾਹਿਬ ਦੀ ਆਮਦ ਦੀ ਚੁਫੇਰੇ ਚਰਚਾ ਹੋ ਉੱਠੀ।

ਇਹ ਚਰਚਾ ਸੁਣ ਕੇ ਕਿ ਇਕ ਅਲੌਕਿਕ ਕਿਸਮ ਦਾ ਜਾਣੀ ਜਾਣ ਚਮਤਕਾਰੀ ਸਾਧੂ ਆਇਆ ਹੈ ਇਲਾਕੇ ਦਾ ਵਿਦਵਾਨ ਪੰਡਤ ਬ੍ਰਹਮ ਦਾਸ• , ਜੋ ਮੱਟਣ ਤੋਂ 13 ਕਿ. ਮੀ. ਹੇਠਾਂ ਬਿਜਬਿਆੜੇ ਰਹਿੰਦਾ ਸੀ ਗੁਰੂ ਜੀ ਨੂੰ 'ਰਾਹੇ ਪਾਉਣ' ਮੱਟਣ ਆ ਗਿਆ। ਬ੍ਰਹਮ ਦਾਸ ਦੀ ਮਸ਼ਹੂਰੀ ਸੀ ਕਿ ਉਸ ਕੋਲ ਅਨੇਕਾਂ ਧਾਰਮਿਕ ਗ੍ਰੰਥ ਮੌਜੂਦ ਨੇ।

ਗੁਰੂ ਸਾਹਿਬ ਨੇ ਓਦੋਂ ਯਾਕ ਦੀ ਖੱਲ ਦੀ ਬਣੀ ਪੁਸ਼ਾਕ ਪਹਿਨੀ ਹੋਈ ਸੀ। ਪੈਰੀ ਵੀ ਚਮੜੇ ਦੀ ਜੁੱਤੀ ਸੀ। ਜਰੂਰੀ ਵਾਸਤੇ ਗੁਰੂ ਸਾਹਿਬ ਕੋਲ ਰੱਸੇ ਸਨ ਜੋ ਉਨਾਂ ਪੱਗ ਤੇ ਬੰਨੇ ਹੋਏ ਸਨ।

ਗੁਰੂ ਸਾਹਿਬ ਬਹੁਤ ਪਿਆਰ ਸਤਿਕਾਰ ਨਾਲ ਬ੍ਰਹਮ ਦਾਸ ਨੂੰ ਮਿਲੇ। ਨਮਸਕਾਰ ਬੁਲਾਈ। ਸਾਹਿਬ ਦਾ ਇਹ ਹੁਲੀਆ ਵੇਖ ਬ੍ਰਹਮ ਦਾਸ ਦਾ ਇਕ ਦਮ ਪਾਰਾ ਗਰਮ ਹੋ ਗਿਆ। ਉਸ ਨੇ ਪੈਦਿਆਂ ਹੀ ਸਵਾਲਾਂ ਦੀ ਬੁਛਾੜ ਕਰ ਦਿਤੀ। ਤੁਸੀ ਕਿਹੜੀ ਸੰਪਰਦਾ ਦੇ ਸਾਧੂ ਹੋ? ਕੀ ਤੁਸੀ ਹਿੰਦੂ ਹੋ, ਕਿ ਮੁਸਲਮਾਨ, ਕਿ ਕੌਣ ਹੋ? ਤੁਸੀ ਸਾਧੂ ਹੋ ਕੇ ਚਮੜਾ ਕਿਓ ਪਾਇਆ ਹੋਇਆ ਹੈ।

ਗੁਰੂ ਸਾਹਿਬ ਨੇ ਬੜੀ ਹਲੀਮੀ ਨਾਲ ਉੱਤਰ ਦਿਤਾ ਕਿ ਚਾਹੇ ਕੋਈ ਹਿੰਦੂ ਹੈ ਜਾਂ ਮੁਸਲਮਾਨ ਹੋਵੇ ਰੱਬ ਦੇ ਸੱਚ ਤਖਤ ਤੇ ਪਹੁੰਚਣ ਦਾ ਰਸਤਾ ਤਾਂ ਇਕੋ ਹੀ ਹੈ ਕਿਉਕਿ ਉਹਦਾ ਦਰਵਾਜਾ ਵੀ ਇਕ ਹੀ ਹੈ। ਨਾਲੇ ਮੈਂ ਤਾਂ ਉਸ ਦਾ ਉਪਾਸ਼ਕ ਹਾਂ ਜਿਸ ਨੇ ਇਹ ਚਮੜਾ ਬਣਾਇਆ ਹੈ। ਜਿਸ ਨੇ ਤੁਹਾਨੂੰ ਵੀ ਬਣਾਇਆ ਹੈ। ਸਾਹਿਬ ਨੇ ਮਰਦਾਨੇ ਦੀ ਰਬਾਬ ਤੇ ਸਬਦ ਗਾਵਿਆ:-

ਮਹਲਾ ੧ ॥ ਹੇਕੋ ਪਾਧਰੁ ਹੇਕੁ ਦਰੁ ਗੁਰ ਪਉੜੀ ਨਿਜ ਥਾਨੁ ॥ ਰੂੜਉ ਠਾਕੁਰੁ ਨਾਨਕਾ ਸਭਿ ਸੁਖ ਸਾਚਉ ਨਾਮੁ ॥੨॥ ਪਉੜੀ ॥ ਆਪੀਨੈ ਆਪੁ ਸਾਜਿ ਆਪੁ ਪਛਾਣਿਆ ॥ ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ॥ ਵਿਣੁ ਥੰਮਾ ਗਗਨੁ ਰਹਾਇ ਸਬਦੁ ਨੀਸਾਣਿਆ ॥ ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ॥ ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥ ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ ॥ ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ ॥ ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ ॥੧॥

ਗੁਰੂ ਸਾਹਿਬ ਸਾਹਮਣੇ ਬ੍ਰਹਮ ਦਾਸ ਬਾਰ ਬਾਰ ਆਪਣੇ ਕਿਤਾਬੀ ਗਿਆਨ ਨੂੰ ਮੋਹਰੇ ਰੱਖੇ ਜਿਸ ਤੇ ਗੁਰੂ ਸਾਹਿਬ ਨੇ ਸਬਦ ' ਪੜਿ ਪੜਿ ਗਡੀ ਲਦੀਅਹਿ' ਵਾਲਾ ਗਾ ਦਿਤਾ। ਜਿਸ ਤੇ ਬ੍ਰਹਮ ਦਾਸ

ਮੱਟਣ ਵਿਖੇ 8ਵੀ ਸਦੀ ਈ. ਦੇ ਮਾਰਤੰਡ ਮੰਦਰ ਦੇ ਖੰਡਰਾਤ

ਪੰਡਤ ਬ੍ਰਹਮ ਦਾਸ ਦਾ ਘਰ ਅੱਜ ਬੀਜਬਿਆੜੇ ਵਿਖੇ ਗੁਰਅਸਥਾਨ ਬਣ ਚੁੱਕਾ ਹੈ।

ਨੂੰ ਹੋਰ ਰੋਹ ਚੜ੍ਹ ਗਇਆ।

ਬਹੁਤ ਗਿਆਨ ਦੀਆਂ ਗੋਸਟਾਂ ਹੋਈਆਂ। ਬ੍ਰਹਮ ਦਾਸ ਨਾਲ ਗੱਲਾਂ ਬਾਤਾਂ ਚਲ ਰਹੀਆਂ ਸਨ ਕਿ ਮੀਂਹ ਆ ਗਿਆ। ਬ੍ਰਹਮ ਦਾਸ ਕਹਿਣ ਲੱਗਾ ਕਿ ਮੀਂਹ ਨਾਲ ਲੋਕਾਈ ਸੁਖ ਦਾ ਸਾਹ ਲੈਂਦੀ ਹੈ। ਗੁਰੂ ਸਾਹਿਬ ਨੇ ਕਿਹਾ ਕਿ ਹਰ ਕੋਈ ਖੁਸ਼ ਨਹੀ ਹੁੰਦਾ ਬਰਸਾਤ ਨਾਲ। ਅਮੀਰ ਬੰਦਾ ਤਾਂ ਚਲੋ ਖੁਸ਼ ਹੋਵੇਗਾ ਪਰ ਬਰਸਾਤ ਗਰੀਬ ਨੂੰ ਦੁੱਖ ਦਿੰਦੀ ਹੈ। ਹੱਸ ਕੇ ਕਹਿਣ ਲੱਗੇ ਮੁਸਾਫਿਰ ਵੀ ਤਾਂ ਤੰਗ ਹੁੰਦੇ ਨੇ ਮੀਂਹ ਖਹਿੜੇ 'ਚ।

ਗੁਰੂ ਸਾਹਿਬ ਨੇ ਸਬਦ ਉਚਾਰਿਆ:-✚

ਸਲੋਕ ਮਃ ੧ ॥ ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ ॥ ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ ॥੧॥ ਮਃ ੧ ॥ ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ ॥ ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ ॥੨॥ ਪਉੜੀ ॥ ਤੂ ਸਚਾ ਸਚਿਆਰੁ ਜਿਨਿ ਸਚੁ ਵਰਤਾਇਆ ॥ ਬੈਠਾ ਤਾੜੀ ਲਾਇ ਕਵਲੁ ਛਪਾਇਆ ॥ ਬ੍ਰਹਮੈ ਵਡਾ ਕਹਾਇ ਅੰਤੁ ਨ ਪਾਇਆ ॥ ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ ॥ ਨਾ ਤਿਸੁ ਰੂਪੁ ਨ ਰੇਖ ਵਰਨ ਸਬਾਇਆ ॥ ਨਾ ਤਿਸੁ ਭੁਖ ਪਿਆਸ ਰਜਾ ਧਾਇਆ ॥ ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ॥ ਸਚੇ ਹੀ ਪਤੀਆਇ ਸਚਿ ਸਮਾਇਆ ॥੨॥

ਰੂਹਾਨੀਅਤ ਨਾਲ ਸਬੰਧਿਤ ਬਹੁਤ ਗੱਲਾਂ ਬਾਤਾਂ ਹੋਈਆਂ ਬ੍ਰਹਮ ਦਾਸ ਨਾਲ। ਹੌਲੀ ਹੌਲੀ ਬ੍ਰਹਮ ਦਾਸ ਨੂੰ ਅਹਿਸਾਸ ਹੋਈ ਜਾ ਰਿਹਾ ਸੀ ਉਹਦੀ ਗੋਸਟ ਕਿਸੇ ਸਧਾਰਨ ਸਾਧੂ ਨਾਲ ਨਹੀ ਹੋ ਰਹੀ।

ਬ੍ਰਹਮ ਦਾਸ ਅਵਤਾਰਾਂ ਦੀ ਅਹਿਮੀਅਤ ਦੀਆਂ ਗੱਲਾਂ ਕਰਨ ਲੱਗ ਪਿਆ ਕਿ ਰਾਮ ਹੀ ਰੱਬ ਹੈ ਕ੍ਰਿਸ਼ਨ ਹੀ ਰੱਬ ਹੈ। ਸਾਹਿਬ ਨੇ ਇਥੇ ਫਿਰ ਸਬਦ ਉਚਾਰਿਆ:

ਸਲੋਕੁ ਮਃ ੧ ॥ ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥ ਪਰਸ ਰਾਮੁ ਰੋਵੈ ਘਰਿ ਆਇਆ ॥ ਅਜੈ ਸੁ ਰੋਵੈ ਭੀਖਿਆ ਖਾਇ ॥ ਐਸੀ ਦਰਗਹ ਮਿਲੈ ਸਜਾਇ ॥ ਰੋਵੈ ਰਾਮੁ ਨਿਕਾਲਾ ਭਇਆ ॥ ਸੀਤਾ ਲਖਮਣੁ ਵਿਛੁੜਿ ਗਇਆ ॥ ਰੋਵੈ ਦਹਸਿਰੁ ਲੰਕ ਗਵਾਇ ॥ ਜਿਨਿ ਸੀਤਾ ਆਦੀ ਡਉਰੂ ਵਾਇ ॥ ਰੋਵਹਿ ਪਾਂਡਵ ਭਏ ਮਜੂਰ ॥ ਜਿਨ ਕੈ ਸੁਆਮੀ ਰਹਤ ਹਦੂਰਿ ॥ ਰੋਵੈ ਜਨਮੇਜਾ ਖੂਇ ਗਇਆ ॥ ਏਕੀ ਕਾਰਣਿ ਪਾਪੀ ਭਇਆ ॥ ਰੋਵਹਿ ਸੇਖ ਮਸਾਇਕ ਪੀਰ ॥ ਅੰਤਿ ਕਾਲਿ ਮਤੁ ਲਾਗੈ ਭੀੜ ॥ ਰੋਵਹਿ ਰਾਜੇ ਕੰਨ ਪੜਾਇ ॥ ਘਰਿ ਘਰਿ ਮਾਗਹਿ ਭੀਖਿਆ ਜਾਇ ॥ ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥ ਪੰਡਿਤ ਰੋਵਹਿ ਗਿਆਨੁ ਗਵਾਇ ॥ ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ ॥ ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥੧॥

ਗੁਰੂ ਸਾਹਿਬ ਨੇ ਬ੍ਰਹਮ ਦਾਸ ਨੂੰ ਸਮਝਾਇਆ ਕਿ ਭਾਈ ਉਹ ਅਵਤਾਰੀ ਪੁਰਖ ਸਾਰੇ ਨਿਰੰਕਾਰ ਦੇ ਪੈਦਾ ਕੀਤੇ ਹੋਏ ਸਨ ਜਿੰਨਾਂ ਨੇ ਦੁੱਖ ਸੁੱਖ ਜਰੇ। ਅਸੀ ਉਸ ਨੂੰ ਮੰਨਣਾ ਹੈ ਜਿੰਨੇ ਓਨਾਂ

ਅਵਤਾਰਾਂ ਨੂੰ ਵੀ ਪੈਦਾ ਕੀਤਾ।

ਬ੍ਰਹਮ ਦਾਸ ਨੇ ਇਕ ਆਖਰੀ ਸਵਾਲ ਕਰ ਦਿਤਾ। ਕਹਿਣ ਲੱਗਾ ਕਿ ਮਹਾਤਮਾ ਜੀ ਤੁਸੀ ਰੱਬ ਦੀਆਂ ਕਈ ਰਚਨਾਵਾਂ ਗਿਣਾਈਆਂ ਨੇ। ਮੈਨੂੰ ਇਹ ਦੱਸੋ ਜਦੋਂ ਇਹ ਰਚਨਾ ਮੌਜੂਦ ਹੀ ਨਹੀ ਸਨ ਤਾਂ ਫਿਰ ਰੱਬ ਦਾ ਸੰਕਲਪ ਕਿਵੇ ਪੈਂਦਾ ਹੋਵੇਗਾ? ਤੁਸੀ ਕਹਿੰਦੇ ਹੋ ਨਿਰੰਕਾਰ ਸੁਚੇਤ ਹੈ, ਸਾਡੇ ਅੰਗ ਸੰਗ ਹੈ, ਸਾਨੂੰ ਸੁਣਦਾ, ਸਾਨੂੰ ਵੇਖਦਾ ਹੈ ਬੜਾ ਦਿਆਲੂ ਹੈ, ਰਚਨਾ ਦੀ ਗੈਰਮੌਜੂਦਗੀ ਵਿਚ ਤੁਸੀ ਰੱਬ ਦਾ ਅਹਿਸਾਸ ਕਿਵੇ ਕਰ ਸਕਦੇ ਹੋ?

ਓਥੇ ਫਿਰ ਗੁਰੂ ਸਾਹਿਬ ਨੇ ਮਰਦਾਨੇ ਨੂੰ ਸੁਚੇਤ ਕਰਕੇ ਮਾਰੂ ਰਾਗ ਵਿਚ ਸਬਦ ਉਚਾਰਿਆ:

ਮਾਰੂ ਮਹਲਾ ੧ ॥ ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥੧॥ ਖਾਣੀ ਨ ਬਾਣੀ ਪਉਣ ਨ ਪਾਣੀ ॥ ਓਪਤਿ ਖਪਤਿ ਨ ਆਵਣ ਜਾਣੀ ॥ ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ॥੨॥ ਨਾ ਤਦਿ ਸੁਰਗੁ ਮਛੁ ਪਇਆਲਾ ॥ ਦੋਜਕੁ ਭਿਸਤੁ ਨਹੀ ਖੈ ਕਾਲਾ ॥ ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ ॥੩॥ ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥ ਅਵਰੁ ਨ ਦੀਸੈ ਏਕੋ ਸੋਈ ॥ ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ ॥੪॥ ਨਾ ਤਦਿ ਜਤੀ ਸਤੀ ਬਨਵਾਸੀ ॥ ਨਾ ਤਦਿ ਸਿਧ ਸਾਧਿਕ ਸੁਖਵਾਸੀ ॥ ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ ॥੫॥ ਜਪ ਤਪ ਸੰਜਮ ਨਾ ਬ੍ਰਤ ਪੂਜਾ ॥ ਨਾ ਕੋ ਆਖਿ ਵਖਾਣੈ ਦੂਜਾ ॥ ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ ॥੬॥ ਨਾ ਸੁਚਿ ਸੰਜਮੁ ਤੁਲਸੀ ਮਾਲਾ ॥ ਗੋਪੀ ਕਾਨੁ ਨ ਗਊ ਗੋਆਲਾ ॥ ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ ॥੭॥ ਕਰਮ ਧਰਮ ਨਹੀ ਮਾਇਆ ਮਾਖੀ ॥ ਜਾਤਿ ਜਨਮੁ ਨਹੀ ਦੀਸੈ ਆਖੀ ॥ ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ ॥੮॥ ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ ॥ ਨਾ ਤਦਿ ਗੋਰਖੁ ਨਾ ਮਾਛਿੰਦੋ ॥ ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ ਨਾ ਕੋ ਗਣਤ ਗਣਾਇਦਾ ॥੯॥ ਵਰਨ ਭੇਖ ਨਹੀ ਬ੍ਰਹਮਣ ਖਤ੍ਰੀ ॥ ਦੇਉ ਨ ਦੇਹੁਰਾ ਗਊ ਗਾਇਤ੍ਰੀ ॥ ਹੋਮ ਜਗ ਨਹੀ ਤੀਰਥਿ ਨਾਵਣੁ ਨਾ ਕੋ ਪੂਜਾ ਲਾਇਦਾ ॥੧੦॥ ਨਾ ਕੋ ਮੁਲਾ ਨਾ ਕੋ ਕਾਜੀ ॥ ਨਾ ਕੋ ਸੇਖੁ ਮਸਾਇਕੁ ਹਾਜੀ ॥ ਰਈਅਤਿ ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ ॥੧੧॥ ਭਾਉ ਨ

ਗੁਰਦੁਆਰਾ ਪਹਿਲੀ ਪਾਤਸ਼ਾਹੀ ਮੱਟਣ

ਪੋਥੀ ਸਾਹਿਬ

✦ ਪੁਰਾਤਨ -170 ਵਿਚ ਆਇਆ ਹੈ ਕਿ ਇਹ ਬਾਣੀਆਂ ਇਥੇ ਰਚੀਆਂ ਗਈਆਂ ਸਨ।

◘ ਕਿਉਕਿ ਬਾਲੇ ਨੇ ਲਿਖਿਆ ਹੈ ਕਿ ਉਦਾਸੀ ਛੋਟੀ ਜਿਹੀ ਸੀ।

ਬ੍ਰਹਮ ਦਾਸ ਦਾ ਬੀਜਬਿਆੜਾ ਵਾਲਾ ਘਰ ਜਿਹਲਮ ਦਰਿਆ ਦੇ ਕੰਢੇ ਤੇ ਹੀ ਮੌਜੂਦ ਸੀ। ਜਿਥੇ ਫਿਰ ਧਰਮਸਾਲਾ ਬਣ ਗਈ। ਬੀਜਬਿਆੜਾ ਵਿਖੇ ਹੀ ਇਕ ਧਾਰਮਿਕ ਬਿਰਤੀ ਵਾਲੀ ਬੀਬੀ ਗੂਪੀ ਦੇਈ ਨੂੰ ਗੁਰਮਤ ਦਾ ਉਪਦੇਸ਼ ਦਿਤਾ। 1815 ਈ ਦੇ ਆਸ ਪਾਸ ਭਾਵ ਸਿੱਖ ਰਾਜ ਦੀ ਚੜ੍ਹਤ ਵੇਲੇ ਇਥੇ ਖੂਬਸੂਰਤ ਗੁਰਦੁਆਰਾ ਬਣਿਆ। 1950 ਦੇ ਆਸ ਪਾਸ ਸਰਕਾਰ ਨੇ ਗੁਰਦੁਆਰਾ ਢਾਹ ਦਿਤਾ ਤੇ ਇਥੋਂ ਦੀ ਸੜ੍ਹਕ ਕੱਢੀ। ਅੱਜ ਕਲ੍ਹ ਗੁਰੂ ਨਾਨਕ ਪਾਤਸ਼ਾਹ ਦਾ ਯਾਦਗਾਰੀ ਗੁਰਦੁਆਰਾ ਜਿਹਲਮ ਦੇ ਖੱਬੇ ਕੰਢੇ ਪੁਲ ਕੋਲ ਮੌਜੂਦ ਹੈ।

ਗੁਰੂ ਨਾਨਕ ਗੁਰਦੁਆਰਾ ਮੱਟਣ - ਮੱਟਣ ਵਿਖੇ ਜਿਹੜੇ ਦੋ ਚਸ਼ਮੇ ਹਨ ਓਥੇ ਬਣੇ ਸਰੋਵਰ ਦੇ ਵਿਚਕਾਰ ਇਕ ਵੱਡਾ ਪੱਥਰ ਦਾ ਥੜਾ ਹੁੰਦਾ ਸੀ। ਕਿਹਾ ਜਾਂਦਾ ਹੈ ਕਿ ਉਸ ਥੜੇ ਤੇ ਬਹਿ ਗੁਰੂ ਸਾਹਿਬ ਤੇ ਸੰਸਕ੍ਰਿਤ ਵਿਦਵਾਨ ਬ੍ਰਹਮ ਦਾਸ ਦੀ ਗੋਸਟਿ ਹੋਈ ਸੀ। ਗੁਰਦੁਆਰਾ ਸਾਹਿਬ ਦੀ ਪਹਿਲੀ ਇਮਾਰਤ ਸੰਨ 1766 ਈ ਵਿਚ ਗੁਰਮੁਖ ਸਿੰਘ ਨੇ ਬਣਵਾਈ ਸੀ। ਬਾਦ ਵਿਚ ਸਿੱਖ ਜਰਨੈਲ ਹਰੀ ਸਿੰਘ ਨਲੂਆ ਨੇ 1821 ਵਿਚ ਬਣਾਈ। ਉਨਾਂ ਨੇ ਚਸ਼ਮਿਆਂ ਦੇ ਦੁਆਲੇ 7 ਕਮਰੇ ਤਾਮੀਰ ਕਰਵਾਏ ਤੇ ਹਰ ਇਕ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਵਾਇਆ।

ਡੋਗਰਾ ਰਾਜਾ ਪ੍ਰਤਾਪ ਸਿੰਘ (1905-1909) ਨੇ ਈਰਖਾ ਵੱਸ ਇਹ 7 ਗੁਰਦੁਆਰੇ ਢੁਹਾ ਦਿਤੇ। ਬਾਦ ਵਿਚ ਕੇਂਦਰੀ ਥੜੇ ਤੇ 1944 ਈ 'ਚ ਮੰਦਰ ਬਣਵਾ ਦਿਤਾ। ਹਿੰਦੂਆਂ ਨੇ ਗੁਰਦੁਆਰੇ ਨੂੰ ਬਾਹਰ ਕਢਵਾਉਣ ਲਈ ਅਦਾਲਤ ਵਿਚ ਕੇਸ ਕੀਤੇ ਹੋਏ ਨੇ। ਗੁਰਦੁਆਰੇ ਦੇ ਨਾਲ ਹੀ ਇਕ ਪੁਰਾਤਨ ਚਿਨਾਰ ਦਾ ਰੁੱਖ ਵੀ ਸ਼ੋਸ਼ੋਭਿਤ ਹੈ। ਇਥੇ ਗੁਰੂ ਗ੍ਰੰਥ ਸਾਹਿਬ ਦੀ ਇਕ ਪੁਰਾਤਨ ਬੀੜ ਵੀ ਮੌਜੂਦ ਹੈ ਜਿਸ ਤੇ ਹਰੀ ਸਿੰਘ ਨਲੂਆ ਦੇ ਹੱਥ ਲਿਖਤ ਗੁਰਬਾਣੀ ਦੀਆਂ ਕੁਝ ਸਤਰਾਂ ਵੀ ਮੌਜੂਦ ਹਨ। (ਹਵਾਲਾ : ਗੁਰਦੁਆਰਾ ਕੋਸ਼-ਜਸਬੀਰ ਸਿੰਘ-339)

ਜਿਹਲਮ ਦੇ ਕੰਢੇ ਮੱਟਣ (6 ਕਿ.ਮੀ) ਅਨੰਤਨਾਗ (9 ਕਿ. ਮੀ) ਤੇ ਬੀਜਬਿਆੜਾ ਸ਼ਹਿਰ ਨੇੜੇ ਨੇੜੇ ਹੀ ਹਨ। ਅਨੰਤਨਾਗ ਸ਼ਹਿਰ ਵਿਖੇ ਵੀ ਗੁਰੂ ਨਾਨਕ ਸਾਹਿਬ ਦਾ ਯਾਦਗਾਰੀ ਗੁਰਦੁਆਰਾ ਮੌਜੂਦ ਹੈ ਜਿਸ ਬਾਬਤ ਸ਼੍ਰੋਮਣੀ ਕਮੇਟੀ ਦੁਆਰਾ ਪ੍ਰਕਾਸ਼ਤ ਗੁਰਦੁਆਰਾ ਕੋਸ਼- ਲਿਖਾਰੀ ਜਸਬੀਰ ਸਿੰਘ ਨੇ ਪੰਨਾ 34 ਤੇ ਇਸ ਪ੍ਰਕਾਰ ਲਿਖਿਆ ਹੈ:-

ਜਦੋਂ ਗੁਰੂ ਸਾਹਿਬ ਅਨੰਤਨਾਗ ਆਏ ਤਾਂ ਉਹਨਾਂ ਨੇ ਬਾਹਰਵਾਰ ਨਾਗਬਲ ਨਾਂ ਦੇ ਚਸ਼ਮੇ ਕੋਲ ਕਿਆਮ ਕੀਤਾ। ਜਿਥੇ ਅੱਜ ਗੁਰਦੁਆਰਾ ਗੁਰੂ ਨਾਨਕ ਅਸਥਾਨ ਕਰਕੇ ਪ੍ਰਸਿਧ ਹੈ। ਇਹ ਗੁਰਦੁਆਰਾ ਸਿੱਖ ਰਾਜ ਤੋਂ ਪਹਿਲਾਂ ਹੀ ਇਥੇ ਕਾਇਮ ਹੋ ਚੁੱਕਾ ਸੀ। ਸਿੱਖ ਰਾਜ ਸਮੇਂ ਇਸ ਗੁਰਦੁਆਰੇ ਨਾਲ ਕਾਫੀ ਜਗੀਰਾਂ ਲਗੀਆਂ ਹੋਈਆਂ ਸਨ। ਜਿਸ ਦੀ ਗਵਾਹੀ ਪੁਰਾਣੀ ਰਸ਼ਾਦਾਂ ਤੋਂ ਮਿਲਦੀ ਹੈ। 1945 ਵਿਚ ਡੋਗਰਾ ਰਾਜ ਸਮੇਂ ਇਸ ਗੁਰਦੁਆਰੇ ਨੂੰ ਗੁਰਦੁਆਰਾ ਨਾਨਕਸਰ ਮੱਟਨ ਵਾਂਗ ਹਿੰਦੂ ਪ੍ਰਾਪਟੀ ਕਰਾਰ ਦੇਣ ਦੀਆਂ ਸਾਜਿਸ਼ਾਂ ਨੰਮੂਦਾਰ ਹੋਈਆਂ। ਧਰਮ ਅਰਥ ਕੌਂਸਲ ਵਲੋਂ ਕੇਸ ਦਾਇਰ ਕੀਤੇ ਗਏ। ਉਸ ਸਮੇਂ ਕੁਝ ਸਿੱਖ ਚਿੰਤਕਾਂ ਨੇ ਮਟਨ ਦੀ ਸੰਗਤ ਪਾਸੋਂ ਪੁਰਾਣੇ ਰਿਸ਼ਾਦ ਢੂੰਡ ਕੇ ਸਿੱਖ ਕਾਜ ਨੂੰ ਮਜਬੂਤ ਕੀਤਾ ਤੇ ਡੋਗਰੇ ਰਾਜਿਆਂ ਦੀ ਸਾਜਿਸ਼ ਨੂੰ ਬੇਨਕਾਬ ਕੀਤਾ।

ਗੁਰਦੁਆਰੇ ਦੀ ਅਜੋਕੀ ਇਮਾਰਤ ਦੱਖਣ ਵੱਲ 1950 ਵਿਚ ਅਤੇ ਦੂਸਰੀ ਮੰਜਲ 1970 ਵਿਚ ਬਣਾਈ ਗਈ। ਇਹ ਗੁਰਦੁਆਰਾ ਬਜਾਰ ਦੇ ਵਿਚਕਾਰ ਹੈ। ਇਹ ਨਗਰ ਉਸ ਸਮੇਂ ਵੀ ਸੰਸਾਰ ਦੀਆਂ ਖਬਰਾਂ ਵਿਚ ਆਇਆ ਜਦੋਂ 36 ਨਿਹੱਥੇ ਸਿੰਘਾਂ ਨੂੰ ਪਿੰਡ ਚਿੱਠੀ ਸਿੰਘਪੁਰਾ ਵਿਚ ਬੜੀ ਬੇਦਰਦੀ ਨਾਲ ਜਾਲਮਾਂ ਨੇ ਮਾਰ ਦਿਤਾ ਸੀ। "

ਜਸਬੀਰ ਸਿੰਘ ਜਿਸ ਘਟਨਾਂ ਦਾ ਉਪਰ ਜਿਕਰ ਕਰ ਰਹੇ ਹਨ ਉਹ 20 ਮਾਰਚ ਸੰਨ 2000 ਨੂੰ ਵਾਪਰੀ ਸੀ ਜਦੋਂ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਨੇ 24 ਮਾਰਚ ਨੂੰ ਭਾਰਤ ਆਉਣਾ ਸੀ। ਭਾਰਤੀ ਮੀਡੀਏ ਨੇ ਉਦੋਂ ਇਲਜਾਮ ਲਾਇਆ ਸੀ ਕਿ ਇਹ ਪਾਕਿਸਤਾਨੀ ਅੱਤਵਾਦੀਆਂ ਦਾ ਕਾਰਾ ਹੈ। ਬਾਦ ਵਿਚ ਸਿੱਖ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਜਦੋਂ ਪੜਤਾਲ ਕੀਤੀ ਤਾਂ ਉਨਾਂ ਸ਼ੱਕ ਜ਼ਾਹਿਰ ਕੀਤਾ ਕਿ ਇਹ ਭਾਰਤੀ ਫੌਜ ਦੇ ਕੁਝ ਪਾਗਲ ਅਫਸਰਾਂ ਦੀ ਕਰਤੂਤ ਹੈ। ਬਾਦ ਵਿਚ ਸੀ ਬੀ ਆਈ ਨੇ ਪੜਤਾਲ ਕੀਤੀ ਤੇ ਰਿਪੋਰਟ ਅੱਜ ਤਕ ਨਸ਼ਰ ਨਹੀ ਕੀਤੀ ਜਿਸ ਤੋਂ ਫੌਜ ਤੇ ਸ਼ੱਕ ਹੋਰ ਪੱਕਾ ਹੋ ਜਾਂਦਾ ਹੈ।

*1675 ਈ. ਵਿਚ ਜਿਹੜੇ ਕਸ਼ਮੀਰੀ ਬ੍ਰਾਹਮਣ (ਕਿਰਪਾ ਰਾਮ ਹੁਰੀ) ਗੁਰੂ ਤੇਗ ਬਹਾਦਰ ਅੱਗੇ ਫਰਿਆਦੀ ਹੋਏ ਸਨ ਕਿ ਔਰੰਗਜੇਬ ਜਬਰਦਸਤੀ ਉਨਾਂ ਨੂੰ ਮੁਸਲਮਾਨ ਬਣਨ ਲਈ ਮਜਬੂਰ ਕਰ ਰਿਹਾ ਹੈ ਤੇ ਬਾਦ ਵਿਚ ਗੁਰੂ ਸਾਹਿਬ ਨੇ ਸ਼ਹਾਦਤ ਦਿਤੀ ਸੀ, ਉਹ ਮੱਟਣ ਦੇ ਹੀ ਸਨ।

◆ ਸਾਈਕਲ ਯਾਤਰੀ -489 ਨੇ ਉਸ ਵੇਲੇ ਦੇ ਪੰਡਤ ਦਾ ਨਾਂ ਮੁਕੰਦ ਲਾਲ ਜਾਂ ਮੁਕੰਦਾ ਦੱਸਿਆ ਹੈ। ਜਦੋਂ ਮੁਕੰਦਾ ਗੁਰੂ ਸਾਹਿਬ ਦਾ ਸ਼ਰਧਾਲੂ ਬਣ ਗਿਆ ਤਾਂ ਗੁਰੂ ਸਾਹਿਬ ਨੇ ਓਥੇ ਧਰਮਸਾਲਾ ਬਣਾਉਣ ਦਾ ਹੁਕਮ ਕੀਤਾ। ਮੁਕੰਦੇ ਨੇ ਇਕ ਚੌੜੀ ਸਿਲ ਉਪਰ ਧਰਮਸਾਲਾ ਦਾ ਨਿਰਮਾਣ ਕਰਵਾਇਆ ਜੋ ਮੁਗਲ ਹਕੂਮਤ ਵੇਲੇ ਕਿਸੇ ਸਮੇਂ ਡਿੱਗ ਪਈ ਤੇ ਸਿਰਫ ਥੜਾ ਹੀ ਬਚਿਆ ਰਿਹਾ ਹੈ ਹੁਣ ਤਕ।

● https://en.wikipedia.org/wiki/Kashmiri_Pandit_festivals

◉ ਮਨੀ ਸਿੰਘ - 429 ਨੇ ਵੀ ਗੁਰੂ ਸਾਹਿਬ ਦਾ ਕਸ਼ਮੀਰ ਵਾਲੇ ਪਾਸਿਓਂ ਕਾਬੁਲ ਆਉਣਾ ਲਿਖਿਆ ਹੈ।

○ ਇਥੋਂ ਸ਼ੱਕ ਪੈਂਦਾ ਹੈ ਕਿ ਗੁਰੂ ਸਾਹਿਬ ਸਾਉਣ ਦੇ ਮਹੀਨੇ ਮੱਟਣ ਵਿਖੇ ਸਨ। ਸਾਵਣ ਸੰਮਤ 1576 (ਅਗਸਤ ਸੰਨ 1519)। ਪਰ ਦੂਸਰੇ ਪਾਸੇ ਸਬੂਤ ਹਨ ਕਿ ਸਾਵਣ ਦੇ ਮਹੀਨੇ ਸਾਹਿਬ ਹਸਨ ਅਬਦਾਲ ਸਨ।

ਗੁਰਦੁਆਰਾ ਸਾਹਿਬ ਅਵੰਤੀਪੁਰਾ

ਭਗਤੀ ਨਾ ਸਿਵ ਸਕਤੀ ॥ ਸਾਜਨੁ ਮੀਤੁ ਬਿੰਦੁ ਨਹੀ ਰਕਤੀ ॥ ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ ॥੧੨॥ ਬੇਦ ਕਤੇਬ ਨ ਸਿੰਮ੍ਰਿਤਿ ਸਾਸਤ ॥ ਪਾਠ ਪੁਰਾਣ ਉਦੈ ਨਹੀ ਆਸਤ ॥ ਕਹਤਾ ਬਕਤਾ ਆਪਿ ਅਗੋਚਰੁ ਆਪੇ ਅਲਖੁ ਲਖਾਇਦਾ ॥੧੩॥ ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ ਬਾਝੁ ਕਲਾ ਆਡਾਣੁ ਰਹਾਇਆ ॥ ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥੧੪॥ ਵਿਰਲੇ ਕਉ ਗੁਰਿ ਸਬਦੁ ਸੁਣਾਇਆ ॥ ਕਰਿ ਕਰਿ ਦੇਖੈ ਹੁਕਮੁ ਸਬਾਇਆ ॥ ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥੧੫॥ ਤਾ ਕਾ ਅੰਤੁ ਨ ਜਾਣੈ ਕੋਈ ॥ ਪੂਰੇ ਗੁਰ ਤੇ ਸੋਝੀ ਹੋਈ ॥ ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ॥੧੬॥੩॥੧੫॥

ਬ੍ਰਹਮ ਦਾਸ ਨੇ ਸਬਦ ਦੀ ਵਿਆਖਿਆ ਸੁਣੀ। ਹੋਰ ਵੀ ਮਨ ਦੀਆਂ ਜੋ ਸ਼ੰਕਾਵਾਂ ਸਨ ਦੂਰ ਕੀਤੀਆਂ ਤੇ ਅਖੀਰ ਗੁਰੂ ਸਾਹਿਬ ਅੱਗੇ ਡੰਡਾਉਤ ਕਰ ਦਿੱਤੀ। ਬ੍ਰਹਮ ਦਾਸ ਨੇ ਗੁਰੂ ਸਾਹਿਬ ਕੋਲੋਂ ਸਿੱਖੀ ਮੰਗ ਲਈ। ਗੁਰੂ ਸਾਹਿਬ ਨੂੰ ਆਪਣੇ ਘਰ ਬੀਜਬਿਆੜੇ ਹੀ ਲੈ ਆਇਆ। ਬ੍ਰਹਮ ਦਾਸ ਗਲ ਵਿਚ ਸਿਵਲਿੰਗ ਪਾਈ ਰੱਖਦਾ ਸੀ। ਗੁਰੂ ਸਾਹਿਬ ਨੇ ਉਹਦਾ ਉਹ ਭਾਰ ਵੀ ਲੁਹਾ ਦਿਤਾ।

ਮੱਟਣ ਰਹਿੰਦਿਆਂ ਹੀ ਬਾਬਾ ਜੀ ਨੂੰ ਖਬਰ ਮਿਲੀ ਕਿ ਅਫਗਾਨਿਸਤਾਨ ਦਾ ਬਾਦਸ਼ਾਹ ਬਾਬਰ ਪੰਜਾਬ ਦੀਆਂ ਰਿਆਸਤਾਂ ਭੇੜਾ (ਬ੍ਰੇੜਾ) ਖੁਸ਼ਾਬ ਤੇ ਚਿਨੀਓਟ ਗੇੜਾ ਕੱਟ, ਰਿਆਸਤਾਂ ਕੋਲੋ ਮੋਟੀ ਰਕਮ ਫਿਰੌਤੀ ਦੀ ਲੈ ਕੇ ਗਇਆ ਹੈ। ■ ਗੁਰੂ ਸਾਹਿਬ ਨੇ ਮਹਿਸੂਸ ਕੀਤਾ ਇਹ ਸੁਨਿਹਰੀ ਮੌਕਾ ਹੈ ਕਿ ਬਾਬਰ ਨੂੰ ਜਾ ਕੇ ਮਿਲਿਆ ਜਾਏ ਤੇ ਦਿੱਲੀ ਨੂੰ ਲੋਧੀ ਖਾਨਦਾਨ ਤੋਂ ਛੁਟਕਾਰਾ ਮਿਲੇ। ਗੁਰੂ ਸਾਹਿਬ ਨੇ ਮਹਿਸੂਸ ਕਰ ਲਿਆ ਸੀ ਬੰਗਾਲੀ ਤਿੱਲਾਂ ਵਿਚ ਤੇਲ ਨਹੀ (ਬਾਦਸ਼ਾਹ ਅਲਾਉਦੀਨ ਹੁਸੈਨ) ਉਹ ਸੰਭਾਵਨਾ ਗੁਰੂ ਸਾਹਿਬ ਨੂੰ ਬਾਬਰ ਵਿਚ ਨਜਰ ਆਈ ਜਿਹੜੀ ਉਹ ਪੂਰਬ ਵਿਚ ਢੂੰਡ ਰਹੇ ਸਨ।

ਇਥੋਂ ਹੀ ਫਿਰ ਸਾਹਿਬ ਨੇ ਬਾਬਰ ਦਾ ਪਿੱਛਾ ਕਰਨ ਦਾ ਸੋਚ ਲਿਆ ਅਤੇ ਜਾ ਅਖਿਰ ਉਹਨੂੰ ਕਾਬਲ ਜਾ ਮਿਲੇ ਸਨ।

ਅੱਗੇ ਇਹ ਸਾਬਤ ਹੁੰਦਾ ਹੈ ਕਿ ਗੁਰੂ ਸਾਹਿਬ ਨੇ ਬਾਬਰ ਨੂੰ ਹਿੰਦੁਸਤਾਨ ਦੀ ਬਾਦਸ਼ਾਹੀ ਬਖਸੀ ਸੀ। ਇਹ ਕੁਦਰਤੀ ਹੈ ਕਿ ਬਖਸ਼ਸ਼ ਵੇਲੇ ਹਾਲਾਤ ਸੁਖਾਵੇ ਹੋਣਗੇ ਤਾਂ ਹੀ ਗੁਰੂ ਸਾਹਿਬ ਅਸੀਸ ਦੇਣਗੇ। ਬਹੁਤੇ ਇਤਹਾਸਕਾਰਾਂ ਨੇ ਇਹ ਲਿਖ ਦਿਤਾ ਹੈ ਕਿ ਸੈਦਪੁਰ (ਏਮਨਾਬਾਦ) ਵਿਖੇ ਗੁਰੂ ਸਾਹਿਬ ਨੇ ਬਾਬਰ ਨੂੰ ਅਸੀਸ ਦਿਤੀ ਸੀ। ਜਦੋਂ ਕਿ ਸੈਦਪੁਰ ਵਿਚ ਤਾਂ ਉਸ ਮੌਕੇ ਕਤਲਾਮ ਕੀਤਾ ਸੀ ਬਾਬਰ ਨੇ। ਇਤਹਾਸ ਵਿਚ ਆਉਦਾ ਹੈ ਗੁਰੂ ਸਾਹਿਬ ਤਾਂ ਇਹ ਜੁਲਮ ਵੇਖ ਕੇ ਕਾਫੀ ਸਮਾਂ ਗੁੰਮ ਰਹੇ ਸਨ, (ਬਾਲਾ)। ਸੋ ਅਸੀਸ ਵਾਲੀ ਗਲ ਤਾਂ ਹੀ ਸੰਭਵ ਹੈ ਜੇ ਗੁਰੂ

ਸੰਕਰਾਚਾਰੀਆ ਮੰਦਰ, ਹਰੀ ਪਰਬਤ, ਸ੍ਰੀ ਨਗਰ

ਪ੍ਰੈਸ ਸਫਾ

■ ਬਾਬਰ ਆਪਣੇ ਜਿੰਦਗੀਨਾਮੇ ਵਿੱਚ ਲਿਖਦਾ ਹੈ ਕਿ:

(ਫਰਵਰੀ 1519) ਆਪਣੀ ਫੌਜ ਦੀ ਕਮਜੋਰੀ ਦੇ ਬਾਵਜੂਦ ਮੈਂ ਤਹਿ ਕੀਤਾ ਕਿ ਇੱਕ ਵੇਰਾਂ ਹਿੰਦੁਸਤਾਨੀ ਇਲਾਕੇ ਦਾ ਘੇੜਾ ਕੱਢਿਆ ਜਾਵੇ।

ਅਸੀ ਅਟੱਕ ਦੇ ਲਾਗਿਓ ਸਿੰਧ ਦਰਿਆ ਪਾਰ ਕੀਤਾ। ਹਿੰਦੁਸਤਾਨ ਦੀ ਫਤਹਿ ਹਮੇਸ਼ਾ ਮੇਰਾ ਸੁਪਨਾ ਰਿਹਾ ਹੈ। ਫਿਰ ਆਹ ਬ੍ਰੇੜਾ (ਭੇੜਾ), ਖੁਸ਼ਾਬ, ਚਿਨਾਬ ਤੇ ਚਿਨੀਓਟ ਜਿਹੇ ਇਲਾਕੇ ਲੰਮੇ ਸਮੇਂ ਤੋਂ ਸਾਡੇ ਤੁਰਕਾਂ ਦੇ ਤਹਿਤ ਰਹੇ ਨੇ। ਇਸ ਕਰਕੇ ਇਨਾਂ ਨੂੰ ਮੈਂ ਆਪਣੇ ਹੀ ਗਿਣਦਾ ਆਇਆ ਹਾਂ ਤੇ ਜਰੂਰੀ ਸਮਝਦਾ ਹਾਂ ਕਿ ਜਿਸ ਤਰਾਂ ਵੀ ਹੋਵੇ ਅਮਨ ਜਾਂ ਜੰਗ ਰਾਂਹੀ ਇਨਾਂ ਨੂੰ ਦੁਬਾਰਾ ਹਾਸਲ ਕਰਾਂ।ਹਰ ਡੰਗਰ ਦੇ ਸਿਰ ਤੇ ਇੱਕ ਅਸਰਫੀ ਤੇ ਹਰ ਘਰ ਤੋਂ ਤਿੰਨ ਅਸ਼ਰਫੀਆਂ ਪੁਰਾਣੇ ਸਮਿਆਂ ਤੋਂ ਹੀ ਇਸ ਇਲਾਕੇ ਦਾ ਮਾਲੀਆ ਤਹਿ ਕੀਤਾ ਹੋਇਆ ਹੈ ।

ਸੋ ਲੂਣ ਘਾਟੀ ਦੇ ਅਨੇਕਾਂ ਮੁਹਤਬਰ ਲੋਕ ਭੇਟਾਵਾਂ ਲੈ ਲੈ ਮੈਨੂੰ ਮਿਲਣੇ ਸ਼ੁਰੂ ਹੋ ਗਏ। ਬਹੋੜੇ ਦੇ ਲੋਕਾਂ ਨੂੰ ਮੈਂ ਕਿਹਾ ਕਿ ਮੈਂ ਤੁਹਾਡੇ ਨਾਲ ਲੜਾਈ ਦੀ ਮਨਸ਼ਾ ਨਾਲ ਨਹੀ ਆਇਆ।

ਓਥੇ ਇੱਕ ਝੀਲ ਸੀ ਜਿਸ ਦੀ ਖੂਬਸੂਰਤੀ ਤੋਂ ਮੈ ਇਨਾਂ ਪ੍ਰਭਾਵਤ ਹੋਇਆ ਕਿ ਮੈਂ ਓਥੇ ਬਾਗ ਲਵਾ ਦਿੱਤਾ ਜਿਸ ਦਾ ਨਾਂ ਮੈਂ 'ਬਾਗ ਇ ਸ਼ਫਾ' ਰਖਿਆ।

ਅੱਜ ਕਲ ਬ੍ਰੇੜਾ, ਖੁਸ਼ਾਬ ਅਤੇ ਚਿਨੀਓਟ ਦੇ ਹੁਕਮਰਾਨ ਦੌਲਤ ਖਾਂ (ਲੋਧੀ) ਲਹੌਰ ਦੇ ਹਕੀਮ ਤਹਿਤ ਹਨ। ਇਹਦਾ ਵੱਡਾ ਪੁੱਤਰ ਅਲੀ ਖਾਂ ਅੱਜ ਕਲ ਬ੍ਰੇੜੇ ਦਾ ਮਾਲਕ ਹੈ। ਦੌਲਤ ਖਾਂ ਦਾ ਪਿਤਾ ਤਾਤਾਰ ਖਾਂ ਉਹ ਬੰਦਾ ਸੀ ਜਿਸ ਨੇ ਹਿੰਦੁਸਤਾਨ ਤੇ ਹਮਲਾ ਕੀਤਾ ਤੇ ਅੰਤ ਵਿੱਚ ਬਹਿਲੋਲ ਲੋਧੀ ਨੂੰ ਦਿੱਲੀ ਦੇ ਤਖਤ ਤੇ ਬੈਠਾ ਦਿੱਤਾ। ਖਾਂ ਦਾ ਆਪਣਾ ਇਲਾਕਾ ਸਰਹਿੰਦ ਤੇ ਸਤਲੁਜ ਦਾ ਉੱਤਰੀ ਭਾਗ ਸੀ। ਇਸ ਇਲਾਕੇ ਦਾ ਮਾਲੀਆ ਤਿੰਨ ਕ੍ਰੋੜ ਤੋਂ ਵੱਧ ਸੀ।

ਬ੍ਰੇੜੇ ਦਾ ਮਾਲਕ ਮੈਨੂੰ ਚਾਰ ਲੱਖ ਅਸ਼ਰਫੀਆਂ ਦੇਣਾ ਮੰਨ ਗਿਆ। ਮੈਂ ਫਿਰ ਕੋਈ ਲੁੱਟ ਮਾਰ ਨਾਂ ਹੋਣ ਦਿੱਤੀ।

ਮੈਨੂੰ ਕਾਬੁਲ ਤੋਂ ਖਬਰ ਮਿਲੀ ਕਿ 4 ਮਾਰਚ ਨੂੰ ਮੇਰੇ ਘਰ ਪੁੱਤਰ ਨੇ ਜਨਮ ਲਿਆ ਹੈ। ਕਿਉਕਿ ਮੈਂ ਹਿੰਦੁਸਤਾਨ ਫਤਹਿ ਕਰਨ ਦੀ ਮੁਹਿੰਮ ਤੇ ਸੀ ਮੈਂ ਇਨੂੰ ਸ਼ੁਭ ਸੰਕੇਤ ਵਜੋਂ ਲਿਆ। ਅਸੀ ਫਿਰ ਖੂਬ ਮਸਤੀ ਕੀਤੀ। ਦਾਰੂ ਸ਼ਾਰੂ ਪੀਤੀ।

30 ਮਾਰਚ (1519 ਈ) ਨੂੰ ਅਸੀ ਵਾਪਸ ਕਾਬਲ ਆ ਗਏ।

* ਸਾਈਕਲ ਯਾਤਰੀ -490 ਅਨੁਸਾਰ ਗੁਰੂ ਨਾਨਕ ਨੇ ਬਾਬਰ ਨੂੰ 7 ਪਾਤਸ਼ਾਹੀਆਂ ਮੱਟਣ ਕਸ਼ਮੀਰ ਵਿਖੇ ਬਖਸ਼ੀਆਂ ਸਨ।

* ਕਈ ਲਿਖਾਰੀਆਂ ਨੇ ਲਿਖਿਆ ਹੈ ਕਿ ਪ੍ਰਸਿੱਧ ਪੰਡਤ ਬ੍ਰਹਮ ਦਾਸ ਨਾਲ ਗੁਰੂ ਸਾਹਿਬ ਦਾ ਮੇਲ ਸ੍ਰੀ ਨਗਰ ਹੋਇਆ ਹੈ- (ਸਾਈਕਲ ਯਾਤਰੀ -497) ਜਦੋਂ ਕਿ ਭਾਈ ਵੀਰ ਸਿੰਘ ਨੇ ਇਹ ਮੇਲ ਮੱਟਣ ਵਿਖੇ ਹੋਣਾ ਲਿਖਿਆ ਹੈ (ਪੁਰਾਤਨ -170) ਅਸੀ ਭਾਈ ਵੀਰ ਸਿੰਘ ਦੀ ਗਲ ਨਾਲ ਸਹਿਮਤ ਹਾਂ।

ਭਗਵਾਨ ਅਵੰਤੀ ਸਵਾਮੀ ਮੰਦਰ ਦੇ ਖੰਡਰਾਤ, ਅਵੰਤੀਪੁਰ।

ਸਾਹਿਬ ਬਾਬਰ ਨੂੰ ਸੈਦਪੁਰ ਦੇ ਹਮਲੇ ਤੋਂ ਪਹਿਲਾਂ ਮਿਲੇ ਹੋਣ। ਫਿਰ ਕਾਬਲ ਵਿਚ ਚੱਕੀ ਵੀ ਮੌਜੂਦ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਬਾਬਰ ਨੇ ਗੁਰੂ ਸਾਹਿਬ ਕੋਲੋ ਪਿਸਾਈ ਸੀ। ਸੋ ਗੁਰੂ ਸਾਹਿਬ ਅਤੇ ਬਾਬਰ ਦਾ ਮੇਲ ਐਮਨਾਬਾਦ ਤੋਂ ਪਹਿਲਾਂ ਵੀ ਹੋ ਚੁੱਕਾ ਸੀ ਅਤੇ ਉਹ ਹੋਇਆ ਸੀ ਕਾਬੁਲ ਵਿਖੇ।

ਬ੍ਰਹਮ ਦਾਸ ਕਸ਼ਮੀਰ ਦੇ ਇਲਾਕੇ ਵਿਚ ਬਾਕੀ ਥਾਵਾਂ ਤੇ ਵੀ ਗੁਰੂ ਸਾਹਿਬ ਦੇ ਨਾਲ ਰਿਹਾ। ਰਹਿੰਦੀ ਜਿੰਦਗੀ ਫਿਰ ਸਿੱਖੀ ਦਾ ਪ੍ਰਚਾਰ ਕਸ਼ਮੀਰ ਘਾਟੀ ਵਿਚ ਕੀਤਾ। ਅਨੰਤਨਾਗ ਮੱਟਣ ਜਾਂ ਬੀਜਬਿਆੜੇ ਦੇ ਇਲਾਕੇ ਵਿਚ ਸਿੱਖੀ ਦਾ ਜੋ ਅੱਜ ਪ੍ਰਫੁਲਤ ਰੂਪ ਵੇਖ ਰਹੇ ਹਾਂ ਇਹ ਬ੍ਰਹਮ ਦਾਸ ਜਿਹੇ ਪ੍ਰਚਾਰਕਾਂ ਦੇ ਬਦੌਲਤ ਹੀ ਹੈ। (ਕਸ਼ਮੀਰੀ ਭਾਸ਼ਾ ਵਿਚ ਨਾਗ ਦਾ ਮਤਲਬ ਚਸ਼ਮਾ ਹੁੰਦਾ ਹੈ: ਅਨੰਤਨਾਗ, ਵੈਰੀਨਾਗ, ਸੁਖਨਾਗ ਆਦਿ।)

ਬੀਜਬਿਆੜੇ ਤੋਂ ਫਿਰ 20 ਕਿ. ਮੀ. ਦਾ ਪੈਂਡਾ ਕਰਕੇ ਗੁਰੂ ਸਾਹਿਬ ਅਵੰਤੀਪੁਰਾ ਪਹੁੰਚੇ। ਇਹ ਸ਼ਹਿਰ ਵੀ ਪੰਡਤਾਂ ਦਾ ਵੱਡਾ ਕੇਂਦਰ ਸੀ। ਰਾਜਾ ਅਵੰਤੀਵਰਮਨ (855- 883 ਈ) ਜੋ ਮੌਜੂਦਾ ਕਸ਼ਮੀਰ ਦਾ ਜਨਮਦਾਤਾ ਹੋਇਆ ਹੈ ਜਿਸ ਨੇ ਥਾਂ ਥਾਂ ਤੇ ਜਿਹਲਮ ਦਰਿਆ ਨੂੰ ਡੂੰਘਾ ਕਰਕੇ ਕਸ਼ਮੀਰ ਨੂੰ ਬਾਰ ਬਾਰ ਆਉਣ ਵਾਲੇ ਹੜਾਂ ਤੋਂ ਮੁਕਤ ਕਰਾਇਆ ਸੀ। ਓਸੇ ਨੇ ਇਥੇ ਵਿਸ਼ਨੂੰ ਭਗਵਾਨ ਨੂੰ ਸਮਰਪੱਤ ਇਕ ਆਲੀਸ਼ਾਨ ਮੰਦਰ ਬਣਾਇਆ। ਇਸ ਮੰਦਰ ਦੇ ਖੰਡਰਾਤ ਅੱਜ ਵੀ ਮੰਦਰ ਦੀ ਗੌਰਵਮਈ ਕਹਾਣੀ ਬੋਲ ਬੋਲ ਕੇ ਦੱਸਦੇ ਨੇ। ਕਸ਼ਮੀਰੀਆਂ ਦਾ ਮੰਨਣਾ ਹੈ ਕਿ ਮਾਰਤੰਡ (ਮੱਟਣ) ਦੇ ਸੂਰਜ ਮੰਦਰ ਤੇ ਅਜਿਹੇ ਹੋਰ ਮੰਦਰਾਂ ਨੂੰ ਸੁਲਤਾਨ ਸਿਕੰਦਰ ਬੁੱਤਸ਼ਕਿਨ ਨੇ ਢਾਹਿਆ ਸੀ। ਪਰ ਅੰਗਰੇਜ ਪੁਰਾਤਤਵ ਵਿਗਿਆਨੀਆਂ (ਮੂਰਕ੍ਰਾਫਟ ਤੇ ਟ੍ਰੀਬੈੱਕ) ਦਾ ਮੰਨਣਾ ਹੈ ਕਿ ਸਿਕੰਦਰ ਨੇ ਬੁੱਤ ਵਗੈਰਾ ਜਰੂਰ ਬਰਬਾਦ ਕੀਤੇ ਹੋਣਗੇ ਪਰ ਮੰਦਰਾਂ ਦੀਆਂ ਵਿਸ਼ਾਲ ਪੱਥਰੀਲੀ ਸਿੱਲਾਂ ਨੂੰ ਜਾਂ ਤਾਂ ਬਰੂਦ ਉਖਾੜ ਸਕਦਾ ਸੀ ਜਾਂ ਫਿਰ ਭੁਚਾਲ।

ਹਰੀ ਪਰਬਤ, ਸ੍ਰੀਨਗਰ, ਸਿੱਖ ਰਾਜ ਦਾ ਕਿਲਾ।

ਥੈਰ ਗੁਰੂ ਸਾਹਿਬ ਦੇ ਇਥੇ ਆਉਣਾ ਸਾਬਤ ਕਰਦਾ ਹੈ ਕਿ ਹਿੰਦੂਮਤ ਦੀ ਅਜੇ ਵੀ ਇਸ ਇਲਾਕੇ ਵਿਚ ਹੈਸੀਅਤ ਬਣੀ ਸੀ। ਇਥੇ ਵੀ ਲਗਦਾ ਹੈ ਕਿ ਗੁਰੂ ਸਾਹਿਬ ਨੇ ਬ੍ਰਾਹਮਣਾਂ ਨੂੰ ਹੀ ਸੰਬੋਧਨ ਕੀਤਾ। ਇਹ ਬਾਦ ਕਿਸੇ ਵੇਲੇ ਬ੍ਰਾਹਮਣ ਵੱਡੀ ਗਿਣਤੀ ਵਿਚ ਇਸਲਾਮ ਧਾਰਨ ਕਰ ਗਏ। ਅਵੰਤੀਪੁਰਾ ਵਿਖੇ ਵੀ ਗੁਰੂ ਸਾਹਿਬ ਦੀ ਆਮਦ ਦੀ ਯਾਦਗਾਰ ਦੇ ਰੂਪ ਵਿਚ ਗੁਰਦੁਆਰਾ ਸਾਹਿਬ ਮੌਜੂਦ ਹੈ। ਅੰਦਾਜ਼ਾ ਹੈ ਕਿ ਬਾਬਾ ਸ੍ਰੀ ਚੰਦ ਜੀ ਨੇ ਇਥੇ ਵੀ ਫੇਰੀ ਪਾਈ ਸੀ।

—◈—

ਸ੍ਰੀ ਨਗਰ ਵਿਚ ਸ੍ਰੀ ਬਾਬਾ

ਅਵੰਤੀਪੁਰਾ ਤੋਂ 30 ਕਿ. ਮੀ. ਦਾ ਪੈਡਾ ਕਰਕੇ ਗੁਰੂ ਸਾਹਿਬ ਸ੍ਰੀ ਨਗਰ ਪਹੁੰਚੇ। ਜਦੋਂ ਸ੍ਰੀਨਗਰ ਗੁਰੂ ਸਾਹਿਬ ਪਹੁੰਚੇ ਤਾਂ ਇਨਾਂ ਦਾ ਪਹਿਰਾਵਾ ਅਜੀਬ ਸੀ। ਪੁੱਠੀ ਖੱਲ ਦਾ ਕੋਟ ਪਾਇਆ ਸੀ। ਲੱਕ ਦੁਆਲੇ ਰੱਸੇ ਲਵੇਟੇ ਹੋਏ ਸਨ। ਮੱਥੇ ਤੇ ਕੇਸਰ ਦਾ ਤਿਲਕ

ਉਦਾਸੀ ਆਸ਼ਰਮ ਸ੍ਰੀ ਨਗਰ। ਬਾਬਾ ਸ੍ਰੀ ਚੰਦ ਦੇ ਉਦਾਸੀ ਮੱਠਾ ਨੂੰ ਹੌਲੀ ਹੌਲੀ ਸਿੱਖੀ ਤੋਂ ਪਰੇ ਕਰ ਦਿਤਾ ਜਾ ਰਿਹਾ ਹੈ।

ਜਿਹਾ ਸੀ। ਕੁਝ ਸਾਧੂਆਂ ਨੇ ਗੁਰੂ ਸਾਹਿਬ ਦੀ ਪਛਾਣ ਦੱਸ ਦਿੱਤੀ ਕਿ ਇਹੋ ਹਨ ਗੁਰੂ ਬਾਬਾ ਨਾਨਕ। ਪ੍ਰਸਿੱਧ ਮੰਦਰਾਂ ਤੇ ਧਾਰਮਿਕ ਮੁੱਖੀਆਂ ਤਕ ਗੁਰੂ ਸਾਹਿਬ ਦੀ ਉਪਮਾ ਪਹਿਲਾਂ ਹੀ ਪਹੁੰਚ ਚੁੱਕੀ ਸੀ। ਬ੍ਰਾਹਮਣ ਲੋਕ ਗੁਰੂ ਸਾਹਿਬ ਨੂੰ ਹਿੰਦੂ ਧਰਮ ਰਖਿਅਕ ਸਮਝਦੇ ਸਨ ਕਿਉਕਿ ਸਾਹਿਬ ਨੇ ਕਈ ਥਾਂਈ ਮੁਸਲਮਾਨ ਹੁਕਮਰਾਨਾਂ ਨੂੰ ਮਜ਼ਬੂਬੀ ਕੱਟੜਵਾਦ ਅਤੇ ਪੱਖਪਾਤ ਤੋਂ ਵਰਜਿਆ ਸੀ।

ਜਿਵੇ ਕਿ ਉਨਾਂ ਦੀ ਹਰ ਥਾਂ ਪਹੁੰਚ ਹੁੰਦੀ ਸੀ ਉਹ ਇਲਾਕੇ ਦੇ ਹੁਕਮਰਾਨ ਨੂੰ ਮਿਲਦੇ ਤੇ ਫਿਰ ਧਾਰਮਿਕ ਲੀਡਰਾਂ ਨੂੰ। ਇਥੇ ਵੀ ਗੁਰੂ ਸਾਹਿਬ ਕਸ਼ਮੀਰ ਦੇ ਰਾਜੇ ਨੂੰ ਮਿਲੇ।

ਪਰ ਜਿਵੇ ਹੀ ਬ੍ਰਾਹਮਣ ਮੁਖੀਆਂ ਨੇ ਗੁਰੂ ਸਾਹਿਬ ਦਾ ਪਹਿਰਾਵਾ ਵੇਖਿਆ ਤਾਂ ਨਫਰਤ ਨਾਲ ਭਰ ਗਏ। "ਇਹ ਚੰਗਾ ਸਾਧੂ ਹੈ ਜਿਸ ਨੇ ਚੰਮ ਪਾਇਆ ਹੋਇਆ ਹੈ?"ਦੂਸਰੇ ਪਾਸੇ ਮੁਸਲਮਾਨ ਹੈਰਾਨ ਸਨ ਕਿ ਕੀ ਕੋਈ ਮੁਸਲਮਾਨ ਫਕੀਰ ਕੇਸਰ ਦਾ ਤਿਲਕ ਲਾਏਗਾ? ਗੁਰੂ ਸਾਹਿਬ ਬਜਾਰ ਵਿਚ ਦੀ ਚਲਦੇ ਹੋਏ ਹਰੀ ਪਰਬਤ ਨੂੰ ਜਾ ਰਹੇ ਸਨ। ਮਗਰ ਵਿਦਵਾਨਾਂ ਤੇ ਤਮਾਸ਼ਬੀਨਾਂ ਦੀ ਭੀੜ ਚਲ ਰਹੀ ਸੀ। ਵੇਖਾ ਵੇਖੀ ਕਈ ਲੋਕ ਨਮਸਕਾਰ ਜਾਂ

ਸ੍ਰੀ ਗੁਰੂ ਨਾਨਕ ਚਰਨ ਅਸਥਾਨ ਬੀਰਵ੍ਹਾ

ਸਲਾਮ ਵੀ ਕਰ ਰਹੇ ਸਨ।

ਓਨੀ ਦਿਨੀ ਹਰੀ ਪਰਬਤ ਤੇ ਜੋਗੀਆਂ ਦਾ ਆਸਣ ਹੁੰਦਾ ਸੀ। ਓਥੇ ਹੀ ਕਿਤੇ ਗੁਰੂ ਸਾਹਿਬ ਨੇ ਵੀ ਡੇਰਾ ਜਮਾ ਲਿਆ। ਜਗਿਆਸੂਆਂ ਦੀ ਭੀੜ ਵੀ ਮਗਰ ਹੀ ਓਥੇ ਪਹੁੰਚ ਗਈ। ਹਰ ਕੋਈ ਇਸ ਬਚਿੱਤ੍ਰ ਸਾਧੂ ਦੇ ਬਚਨ ਸੁਣਨਾ ਚਾਹੁੰਦਾ ਸੀ ਕਿ ਅਜਿਹਾ ਭੇਸ ਇਸ ਨੇ ਕਿਓ ਬਣਾਇਆ ਹੋਇਆ ਹੈ।

ਇਤਹਾਸ 'ਚ ਆਉਦਾ ਹੈ ਕਿ ਇਸ ਵੇਲੇ ਜਦੋਂ ਚਰਚਾ ਚਲਦੀ ਤਾਂ ਲੋਕ ਸਮਾਂ ਭੁੱਲ ਜਾਂਦੇ। ਦੋ ਤਿੰਨ ਦਿਨ ਤਕ ਟਿਕ ਟਿਕੀ ਲਾ ਗੁਰੂ ਸਾਹਿਬ ਨੂੰ ਲੋਕ ਸੁਣਦੇ ਰਹੇ। ਵਿਦਵਾਨ ਸਵਾਲ ਤੇ ਸਵਾਲ ਕਰ ਰਹੇ ਸਨ। ਨਾਲ ਹੀ ਕਈ ਵਾਰ ਗੁਰੂ ਸਾਹਿਬ ਅਗਲੇ ਦੇ ਸਵਾਲਾਂ ਦਾ ਜਵਾਬ ਕੀਰਤਨ ਵਿਚ ਦਿੰਦੇ। ਮਰਦਾਨੇ ਦੀ ਰਬਾਬ ਨੇ ਰੰਗ ਬੰਨਿਆ ਸੀ।

ਹਰ ਪ੍ਰਕਾਰ ਦੇ ਸਵਾਲ ਜਵਾਬ ਹੋ ਰਹੇ ਸਨ:-

ਧਰਤੀ ਕਾਹਦੇ ਆਸਰੇ ਖੜੀ ਹੈ? ਕੁਝ ਲੋਕ ਸੁਖੀ ਹਨ ਕੁਝ ਦੁਖੀ? ਰੱਬ ਦੁੱਖ ਕਿਓ ਦਿੰਦਾ ਹੈ? ਰੱਬ ਕਿਥੇ ਰਹਿੰਦੈ? ਬੰਦੇ ਨੂੰ ਵਿਆਹ ਕਰਨਾਂ ਚਾਹੀਦਾ ਕਿ ਨਹੀ? ਮਰਨ ਬਾਦ ਬੰਦਾ ਕਿਥੇ ਜਾਂਦਾ ਹੈ? ਆਦਿ ਆਦਿ..?

ਜਵਾਬ ਨਾਲੋ ਨਾਲ ਮਿਲ ਰਹੇ ਸਨ ਤੇ ਉਹ ਵੀ ਤਰੰਨਮ ਵਿਚ:

ਮਹਲਾ ੧ ॥ ਹੇਕੋ ਪਾਧਰੁ ਹੇਕੁ ਦਰੁ ਗੁਰ ਪਉੜੀ ਨਿਜ ਥਾਨੁ ॥ ਰੂੜਉ ਠਾਕੁਰੁ ਨਾਨਕਾ ਸਭਿ ਸੁਖ ਸਾਚਉ ਨਾਮੁ ॥੨॥ ਪਉੜੀ ॥ ਆਪੀਨੈ ਆਪੁ ਸਾਜਿ ਆਪੁ ਪਛਾਣਿਆ ॥ ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ॥ ਵਿਣੁ ਥੰਮਾ ਗਗਨੁ ਰਹਾਇ ਸਬਦੁ ਨੀਸਾਣਿਆ ॥ ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ॥ ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥ ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ ॥ ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ ॥ ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ ॥੧॥

ਗੰਗਾਬਲ ਝੀਲ ਤੋਂ ਹਰਮੁਖ ਪਰਬਤ ਦਾ ਦ੍ਰਿਸ਼। ਅੱਜ ਇਥੇ ਕੋਈ ਮੱਠ ਮੰਦਰ ਵਗੈਰਾ ਦਾ ਨਿਸ਼ਾਨ ਜਾਂ ਖੰਡਰ ਨਹੀ ਹੈ।

ਕਿਹਾ ਜਾਂਦਾ ਕਿ ਬਹੁਤ ਸਾਰੀ ਬਾਣੀ ਇਥੇ ਕਹੀ ਗਈ।

ਉਸ ਵੇਲੇ ਜਿਨ੍ਹਾਂ ਧਾਰਮਿਕ ਵਿਅੱਕਤੀਆਂ ਦੀ ਚੜ੍ਹਤ ਸੀ ਉਹ ਸ਼ੰਕਰ ਅਚਾਰੀਆ ਮੰਦਰ ਤੇ ਹਰੀ ਪਰਬਤ ਤੇ ਬਿਰਾਜੇ। ਇਥੇ ਸ੍ਰੀ ਨਗਰ ਵਿਚ ਵੀ ਗੁਰੂ ਸਾਹਿਬ ਨੇ ਸਿੱਖ ਸੰਗਤ ਖੜੀ ਕੀਤੀ ਸੀ ਪਰ ਜਿਵੇ ਕਿ ਕਈ ਥਾਂਈ ਹੋਇਆ, ਇਥੇ ਬਾਬਾ ਸ੍ਰੀ ਚੰਦ ਦੇ ਉਦਾਸੀਆਂ ਦੀ ਆਵਾਜਾਈ ਬਣੀ ਰਹੀ ਜਿਸ ਕਰਕੇ ਇਥੋਂ ਦੀ ਸੰਗਤ ਸਿੱਖੀ ਦੀ ਮੁੱਖ ਧਾਰਾ ਤੋਂ ਹੌਲੀ ਹੌਲੀ ਲਾਂਭੇ ਹੋ ਗਈ। ਸ੍ਰੀ ਨਗਰ ਦੇ ਸ੍ਰੀ ਚੰਦੀਏ ਉਦਾਸੀਆਂ ਵਿਚੋਂ ਪੰਡਤ ਪ੍ਰਸ਼ੋਤਮ ਦਾਸ ਕੌਲ ਤੇ ਮਹਾਤਮਾ ਅਬਿਨਾਸ਼ੀ ਮੁਨੀ ਦਾ ਨਾਂ ਸਭ ਤੋਂ ਉਪਰ ਆਉਦਾ ਹੈ। ਯਾਦ ਰਹੇ ਸ੍ਰੀ ਚੰਦ ਦੇ ਉਦਾਸੀ ਸਾਧੂ ਆਪਣੇ ਸ਼ਰਧਾਲੂਆਂ ਦਾ ਧਰਮ ਪ੍ਰੀਵਰਤਨ ਨਹੀ ਸਨ ਕਰਦੇ ਭਾਵ ਹਿੰਦੂ ਧਰਮ ਦੇ ਅਸੂਲਾਂ ਜਿਵੇ ਜਾਤ ਪਾਤ, ਮੂਰਤੀ ਪੂਜਾ, ਸਗਨ ਅਪਸਗਨ, ਕਰਮ ਕਾਂਡ ਅਤੇ ਹੋਰ ਹਿੰਦੂ ਪੂਜਾ ਪੱਦਤੀਆਂ ਨੂੰ ਮੰਨਦੇ ਰਹਿੰਦੇ ਜਿਸ ਕਾਰਨ ਉਨਾਂ ਦੀਆਂ ਸੰਗਤਾਂ ਮੌਕੇ ਆਉਣ ਤੇ ਵਾਪਸ ਹਿੰਦੂ ਧਰਮ ਵਿਚ ਜ਼ਜ਼ਬ ਹੋ ਜਾਂਦੀਆਂ ਹਨ। ਇਹੋ ਕਾਰਨ ਹੈ ਸ੍ਰੀ ਨਗਰ ਵਿਚ ਬਾਬਾ ਜੀ ਦੀ ਯਾਦਗਾਰ ਤਾਂ ਨਾਂ ਬਚ ਸਕੀ ਪਰ ਇਥੇ ਬਾਬਾ ਸ੍ਰੀ ਚੰਦ ਦਾ ਮੰਦਰ ਜਰੂਰ ਹੈ।◈

ਸ੍ਰੀ ਨਗਰ ਨੂੰ ਸਰਬਵਿਆਪਕ ਨਿਰੰਕਾਰ ਦੇ ਨਾਮ ਦਾ ਸੁਨੇਹਾ ਦੇਣ ਉਪਰੰਤ ਗੁਰੂ ਸਾਹਿਬ ਬਡਗਾਮ ਵਲ 27 ਕਿ. ਮੀ ਦਾ ਸਫਰ ਕਰਕੇ ਬੀਰਵਾ ਪਹੁੰਚੇ। ਬੀਰਵਾ ਦੀ ਇਤਹਾਸਿਕ ਮਹੱਤਤਾ ਦਾ ਇਸ ਗਲ ਤੋਂ ਅੰਦਾਜ਼ਾ ਲਗ ਜਾਂਦਾ ਹੈ ਕਿ ਕਸ਼ਮੀਰ ਦੇ ਗਵਰਨਰ ਲਾਲ ਮੁਹੰਮਦ ਖੱਟਕ ਨੇ ਸੰਨ 1766 ਵਿਚ ਇਥੇ ਇਕ ਕਿਲਾ ਤਾਮੀਰ ਕਰਵਾਇਆ ਸੀ। ਅੰਦਾਜ਼ਾ ਹੈ ਕਿ ਇਥੇ ਵੀ ਓਨੀ ਦਿਨੀ ਕਸ਼ਮੀਰੀ ਪੰਡਤਾਂ ਦੀ ਚੋਖੀ ਅਬਾਦੀ ਹੋਵੇਗੀ।

ਇਥੇ ਜਿਥੇ ਗੁਰੂ ਸਾਹਿਬ ਨੇ ਚਰਨ ਪਾਏ ਗੁਰਸਿੱਖਾਂ ਨੇ ਗੁਰਧਾਮ ਤਾਮੀਰ ਕੀਤਾ ਹੋਇਆ ਸੀ ਜੋ 1948 ਦੇ ਹੜਾਂ ਨੇ ਰੋੜ੍ਹ ਖੜਿਆ। ਬਾਦ 1975 ਵਿਚ ਸਿੱਖਾਂ ਨੇ ਸ਼ਾਨਦਾਰ ਗੁਰਅਸਥਾਨ ਓਸੇ ਪਹਿਲੀ ਥਾਂ ਭਾਵ ਸੁਖ ਨਾਲਾ ਦੇ ਕੰਢੇ ਬਣਾ ਲਿਆ।

ਗੁਰੂ ਸਾਹਿਬ ਸ੍ਰੀਨਗਰ ਤੋਂ ਹੀ ਹਰਮੁੱਖ ਗੰਗਾ ਪਹੁੰਚੇ ਹੋਣਗੇ। ਤੇ ਹੋ ਸਕਦੈ ਵਾਪਸ ਵੀ ਸ੍ਰੀ ਨਗਰ, ਬੀਰਵਾ ਹੁੰਦੇ ਹੋਏ ਬਾਰਾਮੂਲਾ, ਸੋਪੋਰ, ਤੇ ਜਿਥੇ ਅਜਕਲ ਕੁਪਵਾੜਾ ਹੈ ਇਧਰੋਂ ਹੁੰਦੇ ਹੋਏ ਸਾਰਦਾ (ਜਾਂ ਸ਼ਾਰਦਾ) ਸ਼ਕਤੀਪੀਠ ਪਹੁੰਚੇ ਹੋਣਗੇ। ਉਂਜ ਸਿੱਖ ਇਤਹਾਸ ਵਿਚ ਸ਼ਾਰਦਾ ਜਾਣਾ ਕਿੱਤੇ ਤਸਦੀਕ ਨਹੀ ਹੁੰਦਾ।

ਸ੍ਰੀ ਨਗਰ ਤੋਂ ਹੀ 16 ਕਿ. ਮੀ. ਉੱਤਰ ਪੂਰਬ ਵਿਚ ਹਰਵਾਨ ਬਾਗ (ਜਾਂ ਨੇੜੇ ਤੇੜੇ) ਗੁਰੂ ਸਾਹਿਬ ਨੇ ਚਨਾਰ ਦੇ ਰੁੱਖਾਂ ਵਿਚ ਮਿੱਠੇ ਜਲ ਦਾ ਚਸ਼ਮਾ ਜਾਰੀ ਕੀਤਾ ਸੀ। ਉਹ ਚਸ਼ਮਾ 1932 ਤਕ ਜਾਰੀ ਸੀ ਪਰ ਚਨਾਰ ਦਾ ਰੁਖ ਡਿੱਗ ਚੁੱਕਾ ਸੀ। ਸਾਈਕਲ ਯਾਤਰੀ ਨੇ ਲਿਖਿਆ ਹੈ ਕਿ ਕਿਉਕਿ ਇਥੇ ਸ਼ਰਧਾਲੂ ਘੱਟ ਪਹੁੰਚਦੇ ਨੇ ਇਸ ਕਰਕੇ ਸਿੱਖਾਂ ਨੇ ਪ੍ਰਵਾਹ ਨਾਂ ਕੀਤੀ ਕਿ ਇਥੇ ਯਾਦਗਾਰ ਬਣਾਈ ਜਾਏ ਜਿਸ ਕਰਕੇ ਹੌਲੀ ਹੌਲੀ ਇਹ ਥਾਂ ਹੁਣ

ਜਦੋਂ ਆਜੜੀ ਨੇ ਬਾਬੇ ਮਰਦਾਨੇ ਨੂੰ ਲਗਾਤਾਰ ਦੋ ਦਿਨ ਬਾਹਰ ਬੈਠਿਆਂ ਦੇਖਿਆ ਤਾਂ ਕਹਿੰਦਾ, ''ਮੈਨੂੰ ਤਾਂ ਤੁਸੀ ਕੋਈ ਚੋਰ ਡਾਕੂ ਲਗਦੇ ਹੋ। ਬੀ:40 ਤਸਵੀਰ। (ਕਸ਼ਮੀਰ ਵਿਚ ਬਾਬਾ)

ਸ਼ਾਰਕਾ ਦੇਵੀ ਹਿੰਦੂ ਅਸਥਾਨ ਬਣ ਚੁੱਕਾ ਹੈ ਤੇ ਸਨਾਤਨੀ ਬ੍ਰਾਹਮਣਾਂ ਦੇ ਕਬਜੇ ਵਿਚ ਹੈ।

ਕਸ਼ਮੀਰ ਵਿਚ ਹੀ ਬਾਬਾ ਜੀ ਨੂੰ ਖਬਰ ਮਿਲੀ ਕਿ ਅਫਗਾਨਿਸਤਾਨ ਦਾ ਬਾਦਸ਼ਾਹ ਬਾਬਰ ਪੰਜਾਬ ਦੀਆਂ ਰਿਆਸਤਾਂ ਭੇੜਾ (ਬ੍ਰੇੜਾ) ਖੁਸ਼ਾਬ ਤੇ ਚਿਨੀਓਟ ਗੇੜਾ ਕੱਟ ਗਿਆ ਹੈ◉ ਤੇ ਰਿਆਸਤਾਂ ਕੋਲੋ ਮੋਟੀ ਰਕਮ ਫਿਰੌਤੀ ਦੀ ਲੈ ਕੇ ਗਿਆ ਹੈ। ਗੁਰੂ ਸਾਹਿਬ ਨੇ ਮਹਿਸੂਸ ਕੀਤਾ ਕਿ ਹੁਣ ਮੌਕਾ ਹੈ ਕਿ ਬਾਬਰ ਨੂੰ ਜਾ ਕੇ ਮਿਲਿਆ ਜਾਏ ਤੇ ਦਿੱਲੀ ਨੂੰ ਲੋਧੀ ਖਾਨਦਾਨ ਤੋਂ ਛੁਟਕਾਰਾ ਮਿਲੇ।

ਇਸ ਕਰਕੇ ਗੁਰੂ ਸਾਹਿਬ ਪੂਰਬ ਨੂੰ ਆਪਣੀ ਕਸ਼ਮੀਰ ਦੀ ਯਾਤਰਾ ਵਿਚੇ ਛੱਡ (ਭਾਵ ਪੂਰਬੀ ਕਸ਼ਮੀਰ) ਪੱਛਮ ਨੂੰ ਹੋ ਤੁਰੇ। ◘ ਲਗਦੈ ਹੈ ਕਿ ਉਨਾਂ ਨੂੰ ਲਗਾ ਕਿ ਬਾਬਰ ਪੇਸ਼ਾਵਰ ਦੇ ਕਿਤੇ ਨੇੜੇ ਤੇੜੇ ਹੀ ਹੈ। ਏਹੋ ਕਾਰਨ ਹੈ ਕਿ ਕਿਸ਼ਤਵਾੜ, ਭਦਰਵਾਹ, ਜੰਮੂ ਦੇ ਇਲਾਕਿਆਂ ਲਈ ਗੁਰੂ ਸਾਹਿਬ ਦੁਬਾਰਾ ਕਰਤਾਰਪੁਰ ਤੋਂ ਆਏ ਸਨ। ◆

—◈—

ਜਦੋਂ ਆਜੜੀ ਬਾਬੇ ਮਰਦਾਨੇ ਨੂੰ ਕਹਿੰਦਾ, ''ਮੈਨੂੰ ਤਾਂ ਤੁਸੀ ਕੋਈ ਚੋਰ ਉਚੱਕੇ ਲਗਦੇ ਹੋ।''■

ਗੁਰੂ ਸਾਹਿਬ ਬੀਰਵ੍ਹਾ ਤੋਂ ਤੋਸ ਮੈਦਾਨ ਆਏ ਸਨ।

ਇਹ ਘਟਨਾ ਕਸ਼ਮੀਰ ਦੀ ਸਭ ਤੋਂ ਮਸ਼ਹੂਰ ਚਰਾਂਦ ਤੋਸ ਮੈਦਾਨ ਦੀ ਹੈ। ਤੋਸ ਮੈਦਾਨ ਬੀਰਵਾ ਤੋਂ ਪੁੰਛ ਪੀਰ ਪੰਜਾਲ ਪਹਾੜਾਂ ਦੇ ਪੈਰਾਂ ਵਿਚ ਪੈਦਾ ਹੈ। 5 ਕਿ. ਮੀ. ਲੰਮਾ ਤੇ ਢਾਈ ਕਿ. ਮੀ. ਚੌੜਾ ਇਹ ਮੈਦਾਨ ਗਰਮੀਆਂ ਵਿਚ ਇਉ ਲਗਦਾ ਜਿਵੇ ਹਰੇ ਰੰਗ ਦੀ ਦਰੀ ਵਿਛਾਈ ਹੋਵੇ। ਇਸ ਥਾਂ ਗੁਰੂ ਸਾਹਿਬ ਤੇ ਮਰਦਾਨੇ ਨੂੰ ਉਸ ਪਹਾੜੀ ਇਲਾਕੇ ਵਿਚ ਸਿਰ ਲੁਕਾਉਣ ਨੂੰ ਇਕ ਥਾਂ ਮਿਲੀ। ਗੁਰੂ ਸਾਹਿਬ ਓਥੇ ਬਹਿ ਅਕਾਲ ਪੁਰਖ ਦੇ ਸ਼ੁਕਰਾਨੇ ਵਿਚ ਲੀਨ ਹੋ ਗਏ ਤੇ ਮਰਦਾਨਾ ਇਧਰ ਉਧਰ ਖਾਣ ਪੀਣ ਦੀ ਭਾਲ ਲਈ ਨਿਕਲਿਆ।

ਦੂਰ ਇਕ ਹੱਟਾ ਕੱਟਾ ਆਜੜੀ ਭੇਡਾਂ ਬੱਕਰੀਆਂ ਚਾਰ ਰਿਹਾ ਸੀ। ਉਹਦਾ ਧਿਆਨ ਮਰਦਾਨੇ ਵਲ ਪਿਆ ਤੇ ਵੇਖ ਉਸ ਦਾ ਦਿਲ ਸਹਿਮਿਆ ਕਿ ਕਿਤੇ ਕੋਈ ਚੋਰ ਡਾਕੂ ਨਾਂ ਹੋਵੇ।

ਅਗਲੇ ਦਿਨ ਆਜੜੀ ਓਸੇ ਪਹਾੜੀ ਚਰਾਂਦ ਵਿਚ ਆਪਣਾ ਮਾਲ ਲੈ ਕੇ ਫਿਰ ਪਹੁੰਚਿਆ ਤੇ ਕੀ ਵੇਖਦਾ ਹੈ ਕਿ ਦੂਰ ਓਹ ਦੋ ਬੰਦੇ ਅਜੇ ਵੀ ਕਲ੍ਹ ਵਾਲੀ ਥਾਂ ਬੈਠੇ ਹੋਏ ਨੇ। ਹੌਲੀ ਹੌਲੀ ਹਿੰਮਤ ਕਰਕੇ ਉਹ ਗੁਰੂ ਸਾਹਿਬ ਦੇ ਲਾਗੇ ਪਹੁੰਚਿਆ ਤੇ ਨਫਰਤ ਭਰੀ ਨਿਗਾਹ ਨਾਲ ਮਰਦਾਨੇ ਤੇ ਗੁਰੂ ਸਾਹਿਬ ਨੂੰ ਤੱਕਿਆ। ਗੁਰੂ ਸਾਹਿਬ ਨੇ ਉਨੂੰ ਇਸ਼ਾਰਾ ਕੀਤਾ ਕਿ ਅੱਗੇ ਆ ਜਾਓ। ਆਜੜੀ

ਪੈਰ ਸਫਾ

◈ ਸਾਈਕਲ ਯਾਤਰਾ - 485 ਅਨੁਸਾਰ ਜੋ ਅਮੀਰਾ ਕਦਲ ਵਿਖੇ ਬਾਬਾ ਸ੍ਰੀ ਚੰਦ ਦਾ ਮੰਦਰ ਹੈ ਇਹ ਅਸਲ ਵਿਚ ਗੁਰੂ ਸਾਹਿਬ ਦੇ ਬਿਰਾਜਣ ਦਾ ਅਸਥਾਨ ਹੈ।

ਹਰਮੁਖ ਪਰਬਤ ਗੰਗਾਬਲ- ਕੋਹਲੀ- 130 ਨੇ ਲਿਖਿਆ ਹੈ ਕਿ ਗੁਰੂ ਸਾਹਿਬ ਹਰਮੁਖ ਗੰਗਾਬਲ ਵੀ ਗਏ। 16870 ਫੁਟ ਉਚੀ ਹਰਮੁਖ ਚੋਟੀ ਦੇ ਪੈਰਾ ਵਿਚ ਗੰਗਾਬਲ ਨਾਂ ਦੀ ਦੋ ਕਿ. ਮੀ. ਲੰਮੀ ਝੀਲ ਹੈ। ਇਥੇ ਅਬਾਦੀ ਦੇ ਨਾਮੋ ਨਿਸ਼ਾਨ ਨਹੀ ਹਨ। ਸਿਰਫ ਹਿੰਦੂ ਸ਼ਰਧਾਲੂਆਂ ਦੀ ਦੰਦ ਕਥਾ ਮੌਜੂਦ ਹੈ ਕਿ ਹਰਮੁਖ ਪਰਬਤ ਤੇ ਵੀ ਸ਼ਿਵ ਜੀ ਮਹਾਰਾਜ ਰਹਿੰਦੇ ਹਨ। ਅਤੇ ਕਥਾ ਦੱਸੀ ਜਾਂਦੀ ਹੈ ਕਿ ਇਕ ਸਾਧੂ ਨੇ 11 ਵਾਰੀ ਇਸ ਪਰਬਤ ਤੇ ਚੜ੍ਹਨ ਦੀ ਕੋਸ਼ਿਸ਼ ਕੀਤੀ ਤੇ ਹਰ ਵਾਰ ਨਾਕਾਮ ਰਿਹਾ। 12ਵੀ ਵਾਰ ਜਦੋਂ ਉਹ ਕੋਸ਼ਿਸ਼ ਕਰ ਰਿਹਾ ਸੀ ਤਾਂ ਕੀ ਵੇਖਦਾ ਹੈ ਕਿ ਇਕ ਗੁੱਜਰ ਪਹਾੜ ਤੋਂ ਉਤਰ ਰਿਹਾ ਹੈ। ਉਸ ਨੇ ਗੁੱਜਰ ਨਾਲ ਗਲ ਬਾਤ ਕੀਤੀ। ਗੁੱਜਰ ਕਹਿਣ ਲੱਗਾ ਕਿ ਮੇਰੇ ਡੰਗਰ ਗਵਾਚ ਗਏ ਸੀ ਓਨਾਂ ਨੂੰ ਲਭਦਾ ਲਭਦਾ ਮੈਂ ਉਤੇ ਤਕ ਚਲਾ ਗਿਆ। ਪਹਾੜ ਤੇ ਜਾ ਕੇ ਮੈਂ ਕੀ ਵੇਖਿਆ ਕਿ ਇਕ ਪਤੀ ਪਤਨੀ ਦਾ ਜੋੜਾ ਗਾਂ ਦਾ ਦੁੱਧ ਮਨੁੱਖੀ ਖੋਪਰੀ ਵਿਚ ਚੋਅ ਕੇ ਪੀਂਦੇ ਨੇ ਤੇ ਬਾਕੀ ਚੱਟਾਨ ਤੇ ਡੋਲ ਦਿੰਦੇ ਨੇ।

ਸਾਧੂ ਨੇ ਗੁੱਜਰ ਨੂੰ ਕਿਹਾ ਕਿ ਮੈਂਨੂੰ ਉਸ ਥਾਂ ਤਕ ਲੈ ਚਲ ਜਿਥੇ ਉਨਾਂ ਦੁੱਧ ਡੋਲਿਆ ਸੀ। ਅਖੇ ਸਾਧੂ ਨੇ ਉਸ ਸਥਾਨ ਤੇ ਪਹੁੰਚ, ਚਟਾਨ ਨੂੰ ਚੱਟਿਆ ਜਿਸ ਥਾਂ ਦੁੱਧ ਡੁੱਲਾ ਸੀ ਤੇ ਸਾਧੂ ਦਾ ਇਸ ਪ੍ਰਕਾਰ ਉਧਾਰ ਹੋ ਗਿਆ ਕਿਉਕਿ ਉਹ ਜੋੜਾ ਖੁੱਦ ਸ਼ਿਵ ਜੀ ਤੇ ਪਾਰਬਤੀ ਸਨ।

ਕਿਉਕਿ ਹਰਮੁਖ ਪਰਬਤ ਤੇ ਕੋਈ ਜੋਗੀ ਮੱਠ ਜਾਂ ਵਿਹਾਰ ਦੇ ਨਿਸ਼ਾਨ ਨਹੀ ਹਨ ਇਸ ਕਰਕੇ ਅਸੀ ਕੋਹਲੀ ਨਾਲ ਸਹਿਮਤ ਨਹੀ ਹਾਂ ਕਿ ਗੁਰੂ ਸਾਹਿਬ ਐਨਾ ਲੰਮਾ ਪੈਂਡਾ (ਸ੍ਰੀ ਨਗਰ ਤੋਂ 60 ਕਿ. ਮੀ.) ਕਰਕੇ ਗਏ ਹੋਣਗੇ। ਫਿਰ ਵੀ ਜਰੂਰਤ ਹੈ ਸਥਾਨਕ ਗੁਰਸਿੱਖ ਇਸ ਮਸਲੇ ਤੇ ਪੁੱਛ ਪੜਤਾਲ ਕਰ ਲੈਣ। ਕਿਉਕਿ ਕੋਹਲੀ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਚਿਨਾਰ ਦੇ ਰੁੱਖ ਥੱਲੇ ਬੈਠੇ ਸਨ। ਅਖੇ ਉਹ ਰੁੱਖ ਅੱਜ ਵੀ ਹੈ। ਉਂਜ ਵੀ ਠੰਡੇ ਇਲਾਕੇ ਵਿਚ ਰੁੱਖ ਥੱਲੇ ਬਹਿਣ ਵਾਲੀ ਗਲ ਕੁਝ ਜਿਆਦਾ ਜੱਚਦੀ ਨਹੀ। ਭਰ ਗਰਮੀ ਵੇਲੇ ਵੀ ਇਸ ਇਲਾਕੇ ਦਾ ਤਾਪਮਾਨ 30* ਤੋਂ ਉਤੇ ਨਹੀ ਜਾਂਦਾ। ਨਾਲੇ ਕਈ ਥਾਂਈ ਦੇਖਿਆ ਗਇਆ ਹੈ ਕੋਹਲੀ ਮਨਘੜਤ ਗੱਲਾਂ ਵੀ ਅਕਸਰ ਲਿਖ ਦਿੰਦੇ ਨੇ।

ਕਸ਼ਮੀਰ ਤੋਂ ਹੀ ਕਾਬਲ- ◘ ਪ੍ਰਸਿੱਧ ਇਤਹਾਸਕਾਰ ਫੌਜਾ ਸਿੰਘ ਤੇ ਕਿਰਪਾਲ ਸਿੰਘ ਹੁਰਾਂ ਨੇ ਵੀ ਮੰਨਿਆ ਹੈ ਕਿ ਗੁਰੂ ਸਾਹਿਬ ਸ੍ਰੀਨਗਰ ਤੋਂ ਪੱਛਮ ਨੂੰ ਹੋ ਗਏ ਸਨ। ਪਰ ਇਨਾਂ ਵਿਦਵਾਨਾਂ ਨੇ ਇਹ ਨਾਂ ਦੱਸਿਆ ਕਿ ਕੀ ਕਾਰਣ ਬਣਿਆ ਭਦਰਵਾਹ ਜਾਣ ਦੇ ਬਿਜਾਏ ਗੁਰੂ ਸਾਹਿਬ ਪੰਜਾ ਸਾਹਿਬ ਨੂੰ ਗਏ। (ਵੇਖੋ ਐਟਲਸ ਗੁਰੂ ਨਾਨਕ ਦੇਵ ਜੀ ਦੇ ਸਫਰ)

◘ ਮਨੀ ਸਿੰਘ -428 ਨੇ ਵੀ ਲਿਖਿਆ ਹੈ ਕਿ ਗੁਰੂ ਸਾਹਿਬ ਕਸ਼ਮੀਰ ਤੋਂ ਪਿਸ਼ਾਵਰ ਨੂੰ ਗਏ।

◘ H.A. Rose page 678 also says that Guru sahib proceeded towards Punja sahib from Kashmir

◆ ਸੋਢੀ -470 ਅਨੁਸਾਰ ਉਤਰ ਦੀ ਯਾਤਰਾ ਸਿਰਫ ਇਕ ਸਾਲ ਚਲੀ। ਨਾਲੇ ਸੋਢੀ ਨੇ ਇਹ ਵੀ ਲਿਖ ਦਿਤਾ ਕਿ ਸਾਹਿਬ ਸੈਦ ਪੁਰ ਤੋਂ ਹੀ ਟਿੱਲਾ ਜੋਗੀਆਂ ਗਏ। (ਹਿਮਾਚਲ, ਕਸ਼ਮੀਰ ਅਤੇ ਹਸਨ ਅਬਦਾਲ, ਕਾਬਲ ਦੀ ਯਾਤਰਾ ਨੂੰ ਇਕ ਸਾਲ ਵਿਚ ਪੂਰਾ ਕਰਨਾ ਸੰਭਵ ਨਹੀ ਲਗਦਾ। ਇਸ ਕਰਕੇ ਇਹ ਮੰਨਣ ਯੋਗ ਨਹੀ ਹੈ।)

■ ਬੀ:40- 125 ਅਤੇ ਸਾਈਕਲ ਯਾਤਰੀ - 510.

ਕੋਲ ਗਿਆ ਕੋਈ ਸਲਾਮ /ਨਮਸਕਾਰ ਨਾਂ ਕੀਤੀ ਤੇ ਡਿਬਰ ਡਿਬਰ ਵੇਖੀ ਜਾਵੇ।

ਹਾਰ ਕੇ ਬੋਲ ਪਿਆ, "ਤੁਸੀ ਕੌਣ ਹੋ ਜੋ ਇਥੇ ਉਜਾੜ ਵਿਚ ਲੁੱਕੇ ਬੈਠੇ ਹੋ?"

ਗੁਰੂ ਸਾਹਿਬ ਨੇ ਕਿਹਾ, "ਤੈਨੂੰ ਕੀ ਲਗਦਾ ਕਿ ਅਸੀ ਕੌਣ ਹਾਂ?"

ਅਯਾਲੀ ਕਹਿੰਦਾ ''ਸੱਚ ਪੁੱਛੋ ਤਾਂ ਮੈਨੂੰ ਤੁਸੀ ਕੋਈ ਚੋਰ, ਡਾਕੂ, ਬਟਵਾੜੇ ਲਗਦੇ ਹੋ ਤੇ ਭੇਸ ਤੁਸਾਂ ਕੁਝ ਕੁਝ ਸਾਧਾਂ ਵਾਲਾ ਬਣਾਇਆਂ ਹੋਇਆ ਹੈ। ਪਰ ਜੇ ਤੁਸੀ ਸਾਧੂ ਫਕੀਰ ਹੁੰਦੇ ਤਾਂ ਬਸਤੀ ਵਿਚ ਜਾਂਦੇ। ਇਥੇ ਨਾਂ ਰਾਤ ਗੁਜਾਰਦੇ।"

ਗੁਰੂ ਸਾਹਿਬ ਨੇ ਕਿਹਾ ਤੇ ਭਾਈ ਤੂੰ ਆਪ ਕੌਣ ਹੈ?

ਇਆਲੀ ਕਹਿੰਦਾ ਮੈਂ ਬੱਕਰਵਾਲ ਹਾਂ। ਭੇਡਾਂ ਬੱਕਰੀਆਂ ਦਾ ਰਖਵਾਲਾ ਹਾਂ।

ਗੁਰੂ ਸਾਹਿਬ ਨੇ ਕਿਹਾ ਭਾਈ ਤੈਨੂੰ ਤਾਂ ਆਪਣੇ ਮਾਲ ਦੀ ਖਬਰ ਨਹੀ, ਤੂੰ ਸਾਨੂੰ ਕਿਥੋਂ ਸਮਝੇਗਾ। ਜਾ ਪਹਿਲਾਂ ਆਪਣਾ ਮਾਲ ਡੰਗਰ ਸਾਂਭ।



ਪਹਿਲੀ ਪਾਤਸ਼ਾਹੀ ਗੁਰਦੁਆਰਾ ਦਮਦਮਾ ਸਾਹਿਬ

ਤੋਸਸੈਦਾਨ -ਖਾਲਸਾ ਫੌਜ ਦੀ ਨਿਗਾਹ ਚੌਕੀ ਜਿਸ ਨੂੰ ਸਾਈਕਲ ਯਾਤਰੀ ਨੇ ਕਿਤੇ ਦਮਦਮਾ ਸਾਹਿਬ ਲਿਖਿਆ ਕਿਤੇ ਗੁਰਦੁਆਰਾ ਪਹਿਲੀ ਪਾਤਸ਼ਾਹੀ । ਯਾਤਰੀ ਦੁਆਰਾ 1932 ਈ. ਵਿਚ ਲਈ ਗਈ ਤਸਵੀਰ।

ਸੋ ਬਕਰਵਾਲ ਨੂੰ ਹੋਸ਼ ਆਈ ਜੋ ਮਾਲ ਸੁੰਞਾ ਛੱਡ ਕੇ ਦੂਰ ਨਿਕਲ ਆਇਆ ਸੀ । ਵਾਪਸ ਉਸ ਪਾਸੇ ਦੌੜਿਆ ਜਿਥੇ ਭੇਡਾਂ ਬੱਕਰੀਆਂ ਚਰਦੇ ਛੱਡ ਗਿਆ ਸੀ। ਦੂਰ ਦੂਰ ਵੇਖੇ ਕਿਤੇ ਕੋਈ ਜਾਨਵਰ ਨਜਰ ਨਹੀ ਸੀ ਆ ਰਿਹਾ। ਘਬਰਾਹਟ ਵਿਚ ਉਸ ਸਾਰੀ ਚਰਾਂਦ ਗਾਹ ਮਾਰੀ। ਜਾਨਵਰਾਂ ਦਾ ਕਿਤੇ ਕੋਈ ਖੋਜ ਖੁਰਾ ਨਹੀ ਸੀ ਮਿਲ ਰਿਹਾ ਕਿ ਕਿਧਰ ਗਏ। ਲੱਭਦੇ ਲੱਭਦੇ ਸ਼ਾਮ ਹੋ ਗਈ। ਮੇਰਾ ਸਾਰਾ ਇੱਜੜ ਗਵਾਚ ਗਿਆ ਹੈ। ਹੋ ਸਕਦੈ ਕਿ

ਕਸ਼ਮੀਰ ਦੇ ਤੋਸਸੈਦਾਨ ਵਿਚ ਚਰਦੀਆਂ ਭੇਡਾਂ

ਬਘਿਆੜ ਪੈ ਗਿਆ ਹੋਵੇ ਤੇ ਡਰਦਾ ਸਾਰਾ ਇੱਜੜ ਕਿਤੇ ਦੌੜ ਗਿਆ ਹੈ। ਆਜੜੀ ਸੋਚ ਰਿਹਾ ਸੀ ਕਿ ਜਾਨਵਰਾਂ ਦੇ ਮਾਲਕਾਂ ਨੇ ਸਾਡਾ ਜੀਣਾਂ ਹਰਾਮ ਕਰ ਦੇਣਾ ਜੇ ਇੱਜੜ ਨਾਂ ਮਿਲਿਆ ਤਾਂ।

ਆਜੜੀਆਂ ਦਾ ਪਿੰਡ ਵੀ ਵਾਹਵਾ ਹੱਟਵਾਂ ਸੀ। ਪਿੰਡ ਗਇਆ ਤੇ ਜਾਨਵਰਾਂ ਦੇ ਗਵਾਚਣ ਦੀ ਗਲ ਇੱਜੜ ਦੇ ਮਾਲਕਾਂ ਨੂੰ ਦੱਸੀ।

ਇੱਜੜ ਦੇ ਮਾਲਕਾਂ ਜਦੋਂ ਸਾਰੀ ਗਲ ਸੁਣੀ ਤਾਂ ਸਿਆਣਿਆ ਸੋਚਿਆ ਕਿ ਕਿਤੇ ਉਹਨਾਂ ਫਕੀਰਾਂ ਦੀ ਹੀ ਕਰਾਮਾਤ ਨਾਂ ਹੋਵੇ ਜਿੰਨਾਂ ਤੇ ਆਜੜੀ ਨੇ ਸ਼ੱਕ ਕੀਤਾ ਸੀ।

ਅਗਲੇ ਦਿਨ ਇੱਜੜਾਂ ਦੇ ਮਾਲਕ ਤੇ ਆਜੜੀ ਇਕੱਠੇ ਹੋ ਪਹਿਲਾਂ ਗੁਰੂ ਸਾਹਿਬ ਦੇ ਡੇਰੇ ਤੇ ਆਏ ਤੇ ਆ ਕੇ ਮੱਥਾ ਟੇਕਿਆ। ਮਰਦਾਨੇ ਨੇ ਕਿਹਾ ਕਿ ਕਿਓ ਭਾਈ ਬਕਰਵਾਨੋ ਥੈਰ ਤਾਂ ਹੈ?

ਆਜੜੀ ਬੋਲੇ ਕਿ ਮਹਾਤਮਾ ਜੀ ਸਾਡੇ ਮੁੰਡਿਆਂ ਕੋਲੋਂ ਗਲਤੀ ਹੋ ਗਈ ਹੈ ਜਿੰਨਾਂ ਤੁਹਾਨੂੰ ਸ਼ੱਕ ਦੀ ਨਿਗਾਹ ਨਾਲ ਵੇਖਿਆ। ਸਾਡੇ ਤੇ ਤਰਸ ਕਰੋ ਕਿ ਸਾਡਾ ਮਾਲ ਮਿਲ ਜਾਵੇ। ਗੁਰੂ ਸਾਹਿਬ ਨੇ ਹੌਸਲਾ ਦਿਤਾ ਕਿ ਚਲੋ ਕੋਈ ਗਲ ਨਹੀ।

ਉਹਨਾਂ ਦੀ ਹਲੀਮੀ ਵੇਖ ਗੁਰੂ ਸਾਹਿਬ ਨੇ ਕਿਹਾ ਕਿ ਜਿਸ ਪਹਾੜੀ ਤੇ ਆਪਾਂ ਬੈਠੇ ਹਾਂ ਇਸ ਦੇ ਪੱਛਮ ਪਾਸੇ 4- 5 ਮੀਲ ਹਟਵਾ ਇਕ ਤਲਾਬ ਹੈ ਓਥੇ ਜਾ ਕੇ ਵੇਖੋ ਕਿਤੇ ਤੁਹਾਡਾ ਇੱਜੜ ਓਥੇ ਨਾਂ ਹੋਵੇ।

ਆਜੜੀ ਜਿਵੇ ਹੀ ਓਥੇ ਪਹੁੰਚੇ ਸਾਰਾ ਇਜੱੜ ਇਕੱਠਾ ਚਰ ਰਿਹਾ ਸੀ। ਇਜੱੜਾਂ ਦੇ ਮਾਲਕਾਂ ਜਦੋਂ ਇੱਜੜ ਨੌ ਬਰ ਨੌ ਚਰਦਾ ਵੇਖਿਆ ਤਾਂ ਉਹਨਾਂ ਦੇ ਸਾਹ ਵਿਚ ਸਾਹ ਆਇਆ। ਆਜੜੀ ਆਪਣਾ ਮਾਲ ਲੈ ਵਾਪਸ ਗੁਰੂ ਸਾਹਿਬ ਕੋਲ ਆਏ ਅਤੇ ਚਰਨੀਂ ਡਿੱਗ ਪਏ। ਜਿਸ ਆਜੜੀ ਨੇ ਰੁੱਖਾਪਣ ਦਿਖਾਇਆ ਸੀ ਬਾਰ ਬਾਰ ਮਾਫੀਆਂ ਮੰਗ ਰਿਹਾ ਸੀ। ਕਈ ਇਤਹਾਸਕਾਰਾਂ ਇਸ ਆਜੜੀ ਦਾ ਨਾਂ 'ਹਬਲਾ ਪਾਹਲਾ' ਦੱਸਿਆ ਹੈ।

ਹਬਲਾ ਪਾਹਲਾ ਗੁਰੂ ਸਾਹਿਬ ਦਾ ਪੱਕਾ ਸ਼ਰਧਾਲੂ ਬਣ ਗਿਆ। ਹਬਲਾ ਪਾਹਲਾ ਨੂੰ ਐਨੀ ਚਿੰਤਾ ਹੋਈ ਸੀ ਕਿ ਇਜੜ ਮਿਲਣ ਤੇ ਪਹਿਲਾਂ ਉਸ ਜਿੱਦ ਹੀ ਕਰ ਲਈ ਕਿ ਅੱਗੇ ਤੋਂ ਮੈਂ ਇਜੜ ਨਹੀ ਚਾਰਾਂਗਾ ਤੇ ਮੈਂ ਵੀ ਇਨਾਂ ਸਾਧੂਆਂ ਨਾਲ ਸਾਧੂ ਹੋਣ ਜਾ ਰਿਹਾ ਹਾਂ।

ਗੁਰੂ ਸਾਹਿਬ ਨੇ ਆਜੜੀ ਨੂੰ ਉਪਦੇਸ ਦਿਤਾ ਕਿ ਫਿਕਰ ਚਿੰਤਾਂ

ਤੋਂ ਮੁਕਤੀ ਪਾਉਣ ਲਈ ਤੁਹਾਨੂੰ ਘਰ ਛੱਡ ਸਨਿਆਸੀ ਹੋਣ ਦੀ ਜਰੂਰਤ ਨਹੀ। ਤੁਸੀ ਘਰ ਗ੍ਰਿਹਸਤੀ ਵਿਚ ਰਹਿੰਦਿਆਂ ਚੜ੍ਹਦੀ ਕਲ੍ਹਾ ਵਿਚ ਰਹਿ ਸਕਦੇ ਹੋ। ਬਸ ਨਿਰੰਕਾਰ ਦਾ ਨਾਂ ਜਪੋ, ਧਰਮ ਦੀ ਕਿਰਤ ਕਰੋ ਤੇ ਜੋ ਕੁਝ ਹੈ ਵੰਡ ਕੇ ਛੱਕਣਾ।

ਗੁਰੂ ਸਾਹਿਬ ਨੇ ਆਜੜੀ ਨੂੰ ਸਮਝਾਇਆ ਕਿ ਏਹੋ ਜਿਹੇ ਸੰਨਿਆਸ ਦਾ ਕੀ ਫਾਇਦਾ ਜੇ ਫਿਰ ਭੁੱਖ ਲੱਗਣ ਤੇ ਗ੍ਰਿਸਤੀ ਦੇ ਘਰ ਵਲ ਵੇਖਣਾ ਪੈਂਦਾ ਹੈ। ਗ੍ਰਿਸਤ ਧਰਮ ਸਭ ਤੋਂ ਉਤਮ।

ਆਜੜੀਆਂ ਨੇ ਜੋ ਚਮਤਕਾਰ ਵੇਖਿਆ ਸੀ ਉਹਨਾਂ ਕਰਕੇ ਇਲਾਕੇ ਵਿਚ ਦੁਹਾਈ ਪੈ ਗਈ ਕਿ ਬਾਬਾ ਨਾਨਕ ਇਸ ਇਲਾਕੇ ਵਿਚ ਹੀ ਪਧਾਰੇ ਹੋਏ ਨੇ। ਓਦੋਂ ਫਿਰ ਪੰਡਤ ਸੱਬੂ ਨਾਂ ਦਾ ਇਕ ਵਿਅਕਤੀ ਗੁਰੂ ਸਾਹਿਬ ਦੇ ਆ ਚਰਨੀ ਲੱਗਾ ਤੇ ਗੁਰਸਿੱਖੀ ਨੂੰ ਪਹੁੰਚਾ। ਗੁਰੂ ਨਾਨਕ ਦੇ ਨਿਰਮਲ ਪੰਥ ਦਾ ਬਾਦ ਵਿਚ ਪ੍ਰਚਾਰਕ ਬਣਿਆ। ਏਸੇ ਨੇ ਹੀ ਫਿਰ ਤੋਸ ਮੈਦਾਨ ਵਿਚ ਗੁਰੂ ਸਾਹਿਬ ਦੀ ਯਾਦ ਵਿਚ ਧਰਮਸਾਲਾ ਬਣਾਈ। ਏਸੇ ਦੇ ਬਣਾਏ ਥੜੇ ਤੇ ਬਾਦ ਵਿਚ ਅਕਬਰ ਬਾਦਸ਼ਾਹ ਨੇ ਬੁਰਜ ਬਣਾ ਦਿਤਾ ਪਰ ਨਾਮ ਦਮ ਦਮਾ ਸਾਹਿਬ ਹੀ ਰਿਹਾ। ਬੁਰਜ ਦੀ ਬਣਤਰ ਦੇਖਣ ਤੋਂ ਲਗਦਾ ਹੈ ਕਿ ਇਹ ਖਾਲਸਾ ਸਰਕਾਰ ਵੇਲੇ ਬਣਿਆ ਸੀ।

ਇਹ ਘਟਨਾ ਕਸ਼ਮੀਰ ਦੇ ਤੋਸਮੈਦਾਨ ਇਲਾਕੇ ਵਿਚ ਘਟੀ ਸੀ ਜਿਥੇ 1932 ਈ ਦਮਦਮਾਂ ਸਾਹਿਬ ਨਾਂ ਦਾ ਗੁਰਦੁਆਰਾ ਸਾਹਿਬ ਵੀ ਹੁੰਦਾ ਸੀ। ਸ੍ਰੀ ਨਗਰ ਤੋਂ 29 ਕਿ. ਮੀ. ਪੱਛਮ ਬੀਰਵਾ। ਬੀਰਵਾ ਤੋਂ ਲਗ ਪਗ 20 ਕਿ. ਮੀ. ਦੱਖਣ। (ਅੰਦਾਜਾ)

ਸੰਨ 1932 ਵਿਚ ਇਹ ਅਸਥਾਨ ਪਹਾੜ ਗਰਾਟ ਮਰਗ ਅਤੇ ਕਰਾਲ ਮਰਗ ਦਰਮਿਆਨ ਹੈ। ਜਦੋਂ ਯਾਤਰੀ ਓਥੇ ਪਹੁੰਚਾ ਤਾਂ ਇਸ ਪਵਿਤ੍ਰ ਅਸਥਾਨ ਨੂੰ ਆਜੜੀਆਂ ਨੇ ਮੱਲਿਆ ਹੋਇਆ ਸੀ। ਕੋਈ ਸਿੱਖ ਇਲਾਕੇ ਵਿਚ ਨਹੀ ਰਹਿੰਦਾ। ◈ ਸੋ ਲਗਦੈ ਹੁਣ ਤਕ ਤਾਂ ਇਸ ਦਾ ਨਾਮੋ ਨਿਸ਼ਾਨ ਮਿੱਟ ਚੁੱਕਾ ਹੋਵੇਗਾ।

ਸਾਈਕਲ ਯਾਤਰੀ ਅਨੁਸਾਰ ਇਸ ਤੋਸ ਮੈਦਾਨ ਤੋਂ ਕੋਈ 12 ਕਿ. ਮੀ ਪੱਛਮ ਅਤੇ ਸ਼ਹਿਰ ਪੁਣਛ ਤੋਂ 20 ਕੁ. ਕਿ. ਮੀ. ਪੂਰਬ ਵਲ ਇਕ ਤਲਾਬ ਆਉਦਾ ਹੈ ਜਿਥੇ ਗੁਰੂ ਸਾਹਿਬ ਰੁਕੇ ਅਤੇ ਇਥੇ ਇਸ਼ਨਾਨ ਵੀ ਕੀਤਾ ਸੀ ਜੋ ਦਮਾਮਸਰ ਦੇ ਨਾਂ ਨਾਲ ਜਾਣਿਆ ਜਾਣ ਲੱਗ ਪਿਆ। ਯਾਦਗਾਰ ਤੇ ਨਹੀ ਬਣੀ ਪਰ ਉਹ ਸਰੋਵਰ ਗੁਰੂ ਸਾਹਿਬ ਦੀ ਆਮਦ ਦੀ ਯਾਦ ਦਿਵਾਉਦਾ ਹੈ। ■ ਨਕਸ਼ੇ ਤੇ ਇਸ ਸਰੋਵਰ ਨੂੰ ਅਸੀ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ। ਪੁਣਛ ਦੇ ਪਿੰਡ ਜਲੀਆਂ ਤੋਂ 3 ਕਿ. ਮੀ. ਦੱਖਣ। ਜਾਂ ਬੁੱਢਾ ਅਮਰ ਨਾਥ ਤੋਂ 7 ਕਿ. ਦੱਖਣ।

ਇਸ ਵਿਚ ਕੋਈ ਸ਼ੱਕ ਨਹੀ ਕਿ ਗੁਰੂ ਸਾਹਿਬ ਪੁਣਛ ਵੀ ਗਏ ਪਰ ਓਨਾਂ ਦੀ ਯਾਦਗਾਰ ਨਹੀ ਸੀ ਬਣੀ ਓਥੇ। ਪੁਣਛ ਓਨੀ ਦਿਨੀ ਵੀ ਅਹਿਮ ਰਿਆਸਤੀ ਕਸਬਾ ਸੀ।

—▲—

ਬਾਬ-51ੳ

ਤੀਜੀ ਉਦਾਸੀ। ਭਾਗ-4

ਕਸ਼ਮੀਰ ਤੋਂ ਕਾਬੁਲ

ਕਲਿਆਣਸਰ–ਇਤਹਾਸ ਵਿੱਚ ਕਿਸੇ ਕਲਿਆਣਸਰ ਵਿਖੇ ਗੁਰੂ ਸਾਹਿਬ ਦਾ ਆਉਣਾ ਲਿਖਿਆ ਮਿਲਦਾ ਹੈ। ਕਿਰਪਾਲ ਸਿੰਘ○ ਨੇ ਕੁਝ ਇਸ ਪ੍ਰਕਾਰ ਲਿਖਿਆ ਹੈ:-

"ਕੋਹਾਲੇ ਤੋਂ 30 ਮੀਲ ਦੂਰ ਮੌਜੂਦਾ ਬਣਾਈ ਗਈ ਪੱਕੀ ਸੜਕ ਤੋਂ ਅੱਠ ਮੀਲ ਪੂਰਬ ਵੱਲ ਕਲਿਆਣਸਰ ਹੈ, ਜਿੱਥੇ ਗੁਰੂ ਨਾਨਕ ਸਾਹਿਬ ਦੇ ਚਰਨ ਪਾਉਣ ਦੀ ਰਵਾਇਤ ਪ੍ਰਚੱਲਤ ਹੈ ਤੇ ਗੁਰਦੁਆਰਾ ਵੀ ਸੀ।"○

ਭਾਈ ਕਾਨ ਸਿੰਘ ਨਾਭਾ ਨੇ ਦੱਸਿਆ ਹੈ,"ਇਥੇ ਜਲ ਦਾ ਨਿਰਮਲ ਸੋਮਾ ਹੈ। ਜਗਤ ਗੁਰੂ ਨੇ ਆਪਣੇ ਚਰਨਾਂ ਨਾਲ ਪਵਿਤ੍ਰ ਕੀਤਾ ਹੈ, ਇਥੇ ਭਾਈ ਮਿਹਰ ਸਿੰਘ ਜੀ ਪੁਣਛ ਵਾਲਿਆ ਨੇ ਗੁਰਦੁਆਰਾ ਬਣਵਾ ਦਿੱਤਾ ਹੈ। ਇਹ ਥਾਂ ਕਸ਼ਮੀਰ ਦੀ ਪੱਕੀ ਸੜਕ ਦੇ 38ਵੇਂ ਮੀਲ ਤੋਂ ਸੱਜੇ ਪਾਸੇ ਸੱਤ ਮੀਲ ਦੀ ਵਿੱਥ ਤੇ ਹੈ।"○

ਕੁਝ ਗ੍ਰੰਥਾਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਰਾਵਲਪਿੰਡੀ ਵੀ ਗਏ ਸਨ। ਰਾਵਲਪਿੰਡੀ ਜਿਸ ਅਸਥਾਨ ਤੇ ਗੁਰੂ ਸਾਹਿਬ ਨੇ ਚਰਨ ਪਾਏ ਓਥੇ ਗੁਰਦੁਆਰਾ ਤਪੋਬਨ ਸਾਹਿਬ ਮੌਜੂਦ ਸੀ। ਰਾਵਲਪਿੰਡੀ ਦੇ ਲਾਗੇ ਹੀ ਕੋਈ ਥੈਰਾਬਾਦ ਅਬਾਦੀ ਹੈ। ਓਥੇ ਵੀ ਗੁਰੂ ਸਾਹਿਬ ਦਾ ਆਉਣਾ ਲਿਖਿਆ ਹੈ। ✚ (ਇਨਾਂ ਦੋਵਾਂ ਅਸਥਾਨਾਂ ਦੇ ਹਾਲਾਤਾਂ ਦਾ ਹੁਣ ਕੁਝ ਪਤਾ ਨਹੀ।)

ਸੋ ਕਲਿਆਣਸਰ, ਰਾਵਲਪਿੰਡੀ ਬਾਰੇ ਕੁਝ ਪੱਕਾ ਨਹੀ ਕਿ ਗੁਰੂ ਸਾਹਿਬ ਜਾਂਦੇ ਹੋਏ ਜਾਂ ਵਾਪਸੀ ਤੇ ਲੰਘੇ ਸਨ।

—◈—

ਬਾਲੇ ਦਾ ਚਸ਼ਮਾ (ਫੋਟੋ ਲਈ ਧੰਨਵਾਦ ਇਕਬਾਲ ਕੈਸਰ)

ਬਾਲਾਕੋਟ ਵੀ ਚਸ਼ਮੇ ਜਾਰੀ ਕੀਤੇ

ਪੈੜ ਸਫਾ

◈ ਸਾਈਕਲ ਯਾਤਰੀ -514, ■ ਸਾਈਕਲ ਯਾਤਰੀ -513

○ ਕਿਰਪਾਲ - 110, ਮਹਾਨ ਕੋਸ਼-286 (ਅਸੀ ਨਕਸ਼ਿਆਂ ਰਾਂਹੀ ਇਸ ਕਲਿਆਣਸਰ ਨੂੰ ਲੱਭਣ ਦਾ ਉਪਰਾਲਾ ਕੀਤਾ ਹੈ ਪਰ ਕਿਤੇ ਨਹੀ ਮਿਲਿਆ।) ਇਹ ਵੀ ਹੋ ਸਕਦੈ ਕਿ ਇਹ ਦਮਾਮਸਰ ■ ਹੀ ਹੋਵੇ ਜਿਸ ਦਾ ਸਾਈਕਲ ਯਾਤਰੀ ਜਿਕਰ ਕਰ ਰਿਹਾ ਹੈ।, ✚ ਬਰਵਾਲਾ- 68, ● ਇਕਬਾਲ ਕੈਸਰ

ਕੋਹਾਲਾ-ਮੁਨਾਸਾ ਤੋਂ ਬਾਲਾਕੋਟ ਕੋਈ 75 ਕਿ. ਮੀ ਦਾ ਸਫਰ ਹੈ ਬਰਾਸਤਾ ਮੁਜੱਫਰਾਬਾਦ। ਸੋ ਉੱਤੇ ਜਿਹੜੇ ਕਲਿਆਣਸਰ ਦੀ ਗਲ ਹੋਈ ਹੈ ਓਥੋਂ ਹੀ ਸਾਹਿਬ ਬਾਲਾਕੋਟ ਪਹੁੰਚੇ ਹੋਣਗੇ।

ਬਾਲਾਕੋਟ -ਮਾਨਸਿਹਰਾ ਦਾ ਇਲਾਕਾ ਪ੍ਰਸਿੱਧ ਬੋਧੀ ਕੇਂਦਰ ਰਿਹਾ ਹੈ। ਇਥੇ ਅੱਜ ਵੀ ਸਮਰਾਟ ਅਸ਼ੋਕ ਦੇ ਸਿਲਲੇਖ ਮਿਲਦੇ ਹਨ। ਜਿਵੇ ਅਸੀ ਪਿੱਛੇ ਦੇ ਚੁੱਕੇ ਹਾਂ ਕਿ ਭਾਰਤ ਵਿੱਚ ਜਿੱਥੇ ਜਿੱਥੇ ਬੋਧੀ ਮੱਠ ਸਨ, ਬੁੱਧਮੱਤ ਦੇ ਪਤਨ ਉਪਰੰਤ ਓਥੇ ਜੋਗੀਆਂ ਨੇ ਕਬਜਾ ਕੀਤਾ ਸੀ। ਸੋ ਇਸ ਇਲਾਕੇ ਵਿੱਚ ਕੋਈ ਪ੍ਰਸਿੱਧ ਜੋਗੀ ਆਸ਼ਰਮ ਜਾਂ ਮੱਠ ਵੀ ਸੀ। ਸੰਭਾਵਨਾ ਜਿਆਦਾ ਬਾਲਾਕੋਟ ਜੋਗੀ ਆਸਣ ਹੋਣ ਦੀ ਬਣਦੀ ਹੈ, ਹਾਲਾਂ ਮਾਨਸੇਹਰਾ ਦੇ ਨੇੜੇ ਤੇੜੇ ਵੀ ਹੋ ਸਕਦਾ ਹੈ। ਇਹ ਵੀ ਆਪਾਂ ਜਾਣਦੇ ਹਾਂ ਕਿ ਜਿੱਥੇ ਵੀ ਕੋਈ ਜੋਗੀ ਡੇਰਾ ਹੁੰਦਾ ਓਥੇ ਗੁਰੂ ਸਾਹਿਬ ਪਹੁੰਚ ਜਾਂਦੇ ਸਨ।

ਬਾਲਾਕੋਟ ਜੋ ਜਿਲਾ ਮਾਨਸਿਹਰਾ ਦੀ ਤਸੀਲ ਹੈ, ਵਿਖੇ ਗੁਰੂ ਸਾਹਿਬ ਨੇ ਤਿੰਨ ਥਾਵਾਂ ਤੇ ਪਾਣੀ ਦੇ ਚਸ਼ਮੇ ਜਾਰੀ ਕੀਤੇ। ਉਨਾਂ ਵਿੱਚੋਂ ਇੱਕ ਮਰਦਾਨੇ ਦਾ ਚਸ਼ਮਾ ਦੂਜਾ ਬਾਲੇ ਦਾ ਚਸ਼ਮਾ ਕਹਾਉਦਾ ਸੀ। ਤੀਸਰਾ ਗੁਰੂ ਸਾਹਿਬ ਦੇ ਨਾਂ ਤੇ ਚਲਦਾ ਸੀ। ਇਥੇ ਬਾਲਾ ਪੀਰ ਦਾ ਥੜਾ ਵੀ ਮੌਜੂਦ ਹੈ।●

ਪਰ ਇੰਟਰਨੈਟ ਰਾਂਹੀ ਅਸਾਂ ਓਥੇ ਦੇ ਵਸਨੀਕਾਂ ਨਾਲ ਸੰਪਰਕ ਕੀਤਾ ਤੇ ਉਨਾਂ ਦੱਸਿਆ ਕਿ ਅਜ ਚਸ਼ਮਿਆਂ ਦੇ ਨਾਂ ਉਪਰ ਦੱਸੇ ਵਾਲੇ ਨਹੀ ਹਨ। ਉਨਾਂ ਦਾ ਕਹਿਣਾ ਸੀ ਕਿ 2005 ਵਿੱਚ ਆਏ ਭੁਚਾਲ ਕਰਕੇ ਕੁਝ ਚਸ਼ਮੇ ਬੰਦ ਹੋ ਗਏ ਨੇ।

ਬਾਲਾਕੋਟ ਤੋਂ ਗੁਰੂ ਸਾਹਿਬ 130 ਕਿ. ਮੀ. ਦਾ ਪੈਂਡਾ ਕਰਕੇ ਹਸਨ ਅਬਦਾਲ ਪਹੁੰਚੇ। ਸੋ ਜੇ ਨਕਸ਼ੇ ਦੇ ਹਿਸਾਬ ਵੇਖੀਏ ਤਾਂ ਸਾਹਿਬ ਨੇ ਰਾਵਲਪਿੰਡੀ ਛੱਡ ਦਿਤਾ ਹੋਵੇਗਾ। ਸੋ ਰਾਵਲਪਿੰਡੀ ਲਾਗੇ ਜੋ ਸਥਾਨ ਦੱਸੀਦਾ ਹੈ ਉਹ ਹੋ ਸਕਦਾ ਵਾਪਸੀ ਤੇ ਕੀਤਾ ਹੋਵੇ।

—◈—

ਹਸਨ ਅਬਦਾਲ ਦੇ ਪੰਜਾ ਸਾਹਿਬ ਦਾ ਕੌਤਕ

ਪੰਜਾ ਸਾਹਿਬ ਦੀ ਸੇਵਾ ਖਾਲਸਾ ਰਾਜ ਵੇਲੇ ਮੁਸਲਮਾਨਾਂ ਦੇ ਹੱਥ ਵਿੱਚ ਸੀ

{1 ਸਾਵਣ, 1577 ਬਿ. (1520 ਈ)} ◉

ਜਿਵੇਂ ਸਕਰਦੂ ਵਿਖੇ ਗੁਰੂ ਸਾਹਿਬ ਨੇ ਬਾਬਰ ਨੂੰ ਮਿਲਣ ਦਾ ਤਹਿ ਕਰ ਲਿਆ ਤੇ ਕਾਬੁਲ ਵਲ ਚਾਲੇ ਪਾਏ। ਰਸਤੇ ਦੇ ਪਿੰਡਾਂ ਕਸਬਿਆਂ ਦੀ ਲੋਕਾਈ ਨੂੰ ਨਾਮ ਨਾਲ ਜੋੜਦੇ ਹੋਏ ਅੱਗੇ ਪੇਸ਼ਾਵਰ ਵਲ ਨੂੰ ਵਧ ਰਹੇ ਸਨ। ਜਿੱਥੇ ਅਜਕਲ ਹਸਨ ਅਬਦਾਲ ਸ਼ਹਿਰ ਹੈ ਓਥੇ ਕੁ ਜਿਹੇ ਮਰਦਾਨਾ ਭੁੱਖ ਨਾਲ ਬੇਹਾਲ ਹੋ ਗਇਆ।

ਦੂਰੋ ਵੇਖਿਆ ਤਾਂ ਇੱਕ ਇਆਲੀ ਮੱਝਾਂ ਚਾਰ ਰਿਹਾ ਹੈ। ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਜਾ ਉਸ ਅਯਾਲੀ ਕੋਲੋਂ ਦੁੱਧ ਮੰਗ ਕੇ ਪੀ ਲੈ। ਮਰਦਾਨਾ ਅਯਾਲੀ ਕੋਲ ਗਇਆ ਤੇ ਗੱਲ ਦੱਸੀ ਕਿ ਸਵੇਰ ਦੇ ਚੱਲੇ ਹਾਂ ਤੇ ਭੁੱਖ ਨਾਲ ਨਿਢਾਲ ਹਾਂ। ਹਸਨੇ ਨਾਂ ਦੇ ਅਯਾਲੀ ਨੇ ਮਰਦਾਨੇ ਨੂੰ ਕਿਹਾ ਕਿ ਐਸ ਵੇਲੇ ਉਹਦੀ ਕੋਈ ਮੱਝ ਦੁੱਧ ਨਹੀ ਦੇਵੇਗੀ। ਚੋਣ ਦਾ ਵੇਲਾ ਸਵੇਰੇ ਸ਼ਾਮ ਹੁੰਦਾ ਹੈ। ਅਯਾਲੀ ਨੇ ਨੇਕ ਨਿਯਤ ਨਾਲ ਮਰਦਾਨੇ ਨੂੰ ਕਿਹਾ ਕਿ ਚਾਹੋ ਤਾਂ ਪਿੰਡੋਂ ਜਾ ਕੇ ਤੁਹਾਡੇ ਮੂੰਹ ਪਾਉਣ ਲਈ ਕੁਝ ਲੈ ਆਉਦਾ ਹਾਂ। ਮਰਦਾਨਾ ਤੇ ਹਸਨਾ ਗੁਰੂ ਸਾਹਿਬ ਕੋਲ ਆਏ ਤੇ ਹਾਲਾਤ ਦੱਸੇ। ਗੁਰੂ ਜੀ ਨੇ ਹਸਨੇ ਨੂੰ ਕਿਹਾ ਕਿ ਤੂੰ ਸਤਿ ਕਰਤਾਰ ਕਹਿ ਕੇ ਕਿਸੇ ਵੀ ਮੱਝ ਦੇ ਥੱਲੇ ਬਹਿ ਜਾ। ਹਸਨੇ ਨੇ ਏਸੇ ਤਰਾਂ ਹੀ ਕੀਤਾ ਤੇ ਮੱਝ ਥਲਿਓ ਲੋਟੇ ਭਰ ਭਰ ਦੁੱਧ ਚੋਇਆ। ਗੁਰੂ ਸਾਹਿਬ ਤੇ ਮਰਦਾਨੇ ਨੂੰ ਅਰਪਣ ਕੀਤਾ।

ਦੁੱਧ ਛੱਕਣ ਉਪਰੰਤ ਗੁਰੂ ਸਾਹਿਬ ਤੇ ਮਰਦਾਨੇ ਨੇ ਓਥੇ ਹੀ ਰਾਗ ਛੇੜ ਦਿੱਤਾ। ਹਸਨਾ ਵੀ ਸਭ ਕੁਝ ਭੁੱਲ ਭੁਲਾ ਕੇ ਗੁਰੂ ਨਾਨਕ ਦਾ ਹੋ ਗਿਆ। ਅਗਲੇ ਦਿਨ ਵੀ ਸਵੇਰੇ ਗੁਰੂ ਸਾਹਿਬ ਨਿਰੰਕਾਰ ਦੀ ਅਰਾਧਨਾ ਵਿੱਚ ਲੀਨ ਸਨ ਤੇ ਮਰਦਾਨਾ ਆਪਣੀ ਆਦਤ ਅਨੁਸਾਰ ਇਧਰ ਉਧਰ ਸੈਰ ਕਰ ਰਿਹਾ ਸੀ।

ਪੰਜਾ ਸਾਹਿਬ ਗੁਰਦੁਆਰਾ ਅਤੇ ਫੋਟੋ ਵਿਚ (ਖੱਬੇ)ਉਹ ਪੱਥਰ ਜਿਸ ਤੇ ਗੁਰੂ ਸਾਹਿਬ ਦਾ ਪੰਜਾ ਉਕਰਿਆ ਹੋਇਆ ਹੈ। ਜਿੱਥੇ ਵੀ ਗੁਰੂ ਸਾਹਿਬ ਨੇ ਕੌਤਕ ਕੀਤੇ ਉਥੇ ਉਹਨਾਂ ਆਪਣੀ ਨਿਸ਼ਾਨੀ ਵੀ ਛੱਡੀ। ਅਨੇਕਾਂ ਥਾਵਾਂ ਤੇ ਆਪਣੇ ਚਰਨਾਂ ਦੇ ਨਿਸ਼ਾਨ ਪੱਥਰਾਂ ਤੇ ਛੱਡੇ। ਕਿਧਰੇ ਸੰਗਤ ਨੂੰ ਖੜਾਵਾਂ ਜਾਂ ਆਪਣੀ ਜੁੱਤੀ ਬਖਸ਼ੀ। ਇਥੇ ਸਾਹਿਬ ਦੇ ਹੱਥ ਦਾ ਪੰਜਾ, ਪੱਥਰ ਵਿਚ ਤਰਾਸ਼ਿਆ ਹੋਇਆ ਹੈ। ਉਹ ਪੱਥਰ ਐਨ ਚਸ਼ਮੇ ਦੇ ਲਾਗੇ ਸਥਾਪਤ ਕੀਤਾ ਹੋਇਆ ਹੈ। ਪੰਜਾ ਸਾਹਿਬ ਦੇ ਦਰਸ਼ਨਾਂ ਲਈ ਲਗੀ ਕਤਾਰ।

ਪਹਾੜੀ ਵਲੀ ਕੰਧਾਰੀ, ਹਸਨ ਅਬਦਾਲ (ਇੰਟਰਨੈਟ ਫੋਟੋ)

ਮਰਦਾਨੇ ਨੂੰ ਪਤਾ ਲਗਾ ਕਿ ਨੇੜੇ ਪਹਾੜੀ ਤੇ ਇੱਕ ਫਕੀਰ ਰਹਿੰਦਾ ਹੈ ਜਿਸ ਦੀ ਇਲਾਕੇ ਵਿੱਚ ਪਿੱਛਲੇ 20-22 ਸਾਲ ਤੋਂ ਬਹੁਤ ਮਾਨਤਾ ਹੈ। ਸਭ ਦੁਨੀਆ ਕੰਧਾਰ ਤੋਂ ਪਹੁੰਚੇ ਹੋਏ ਫਕੀਰ ਦੀ ਮੁਰੀਦ ਹੈ। ਲੋਕੀ ਉਨ੍ਹੂੰ ਬਾਬਾ ਵਲੀ ਕੰਧਾਰੀ ਕਰਕੇ ਜਾਣਦੇ ਨੇ।

ਲੋਕਾਂ ਨੂੰ ਫਕੀਰ ਵਲ ਜਾਂਦੇ ਵੇਖ ਮਰਦਾਨਾ ਵੀ ਨਾਲ ਹੀ ਹੋ ਤੁਰਿਆ। ਦੁਆ ਸਲਾਮ ਕਰਕੇ ਮਰਦਾਨਾ ਵੀ ਬਾਕੀ ਲੋਕਾਂ ਨਾਲ ਫਕੀਰ ਦੇ ਪੈਰਾਂ ਵਿੱਚ ਜਾ ਬੈਠਾ। ਗੱਲਾਂ ਬਾਤਾਂ ਹੋਈਆਂ। ਮਰਦਾਨੇ ਨੇ ਵੀ ਆਪਣੇ ਬਾਰੇ ਦੱਸਿਆ। ਪੀਰ ਇਹ ਸੁਣ ਕੇ ਕੋਲਾ ਹੋ ਗਇਆ ਕਿ ਇੱਕ ਮੁਸਲਮਾਨ ਸ਼ਖਸ ਕਿਸੇ ਹਿੰਦੂ ਦਾ ਮੁਰੀਦ ਹੈ। ਮਰਦਾਨੇ ਨੇ ਹਾਲੇ ਬਥੇਰਾ ਦੱਸਿਆ ਕਿ ਬਾਬਾ ਨਾਨਕ ਤਾਂ ਹਿੰਦੂ ਮੁਸਲਮਾਨ ਤੋਂ ਕੁਝ ਜੁਦਾ ਹੀ ਹੈ।

ਹੌਲੀ ਹੌਲੀ ਲੋਕ ਤਾਂ ਫਕੀਰ ਦੇ ਦਰਸ਼ਨ ਮੁਰਾਦਾਂ ਲੈਂਦੇ ਚਲਦੇ ਬਣੇ। ਪਰ ਫਕੀਰ ਮਰਦਾਨੇ ਕੋਲੋ ਬਾਬੇ ਨਾਨਕ ਬਾਰੇ ਗੱਲਾਂ ਪੁੱਛੀ ਜਾ ਰਿਹਾ ਸੀ। ਮਰਦਾਨਾ ਵੀ ਬੜੇ ਮਾਣ ਨਾਲ ਸਾਰੀਆਂ ਗੱਲਾਂ ਦੱਸ ਰਿਹਾ ਸੀ ਕਿ ਬਾਬਾ ਨਾਨਕ ਕਿੱਥੇ ਕਿੱਥੇ ਦੂਰ ਦੇਸਾਂ ਦੇ ਗਇਆ। ਕਿਵੇ ਕਿਵੇ ਚਮਤਕਾਰ ਕੀਤੇ।

ਕੁਝ ਸਮੇਂ ਬਾਦ ਮਰਦਾਨੇ ਨੂੰ ਪਿਆਸ ਲੱਗੀ। ਫਕੀਰ ਨੇ ਬੜੇ ਮਾਣ ਨਾਲ ਮਰਦਾਨੇ ਨੂੰ ਉਹ ਪਾਣੀ ਦਾ ਚਸ਼ਮਾ ਦਿਖਾਇਆ ਜੋ ਉਸ ਨੇ ਜਾਰੀ ਕੀਤਾ ਹੋਇਆ ਸੀ। ਪਰ ਮਰਦਾਨੇ ਨੂੰ ਪਾਣੀ ਦੇਣ ਤੋਂ ਫਕੀਰ ਨੇ ਨਾਂਹ ਕਰ ਦਿੱਤੀ ਤੇ ਕਹਿਣ ਲੱਗਾ ਕਿ ਜਿਸ ਨਾਨਕ ਦੀਆਂ ਤੂੰ ਇਨੀਆਂ ਤਾਰੀਫਾਂ ਕਰਦਾ ਹੈ, ਜਾ ਉਸੇ ਕੋਲੋ ਜਾ ਕੇ ਪਾਣੀ ਪੀ। ਮਰਦਾਨੇ ਨੇ ਬਥੇਰੇ ਤਰਲੇ ਪਾਏ ਪਰ ਪੀਰ ਕਿਥੇ ਮੰਨੇ।

ਹਜਰਤ ਵਲੀਉਲਾ ਬਨਾਮ ਵਲੀ ਕੰਧਾਰੀ ਦਾ ਕੰਧਾਰ ਤੋਂ 42 ਕਿ. ਮੀ. ਹਟਵਾਂ ਮਕਬਰਾ। ਗੁਰੂ ਸਾਹਿਬ ਜਦੋਂ ਬਗਦਾਦ ਤੋਂ ਪਰਤ ਰਹੇ ਸਨ ਤਾਂ ਗੁਰੂ ਸਾਹਿਬ ਨੇ ਵਲੀ ਦੇ ਟਿਕਾਣੇ ਬਾਰੇ ਪਤਾ ਕੀਤਾ। ਸਾਹਿਬ ਨੂੰ ਫਿਰ ਖਬਰ ਮਿਲੀ ਕਿ ਉਹਨਾਂ ਦਾ ਯਾਰ ਤਾਂ ਫੌਤ ਹੋ ਗਇਆ ਹੈ।

ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਵੀ ਪਹਾੜੀ ਦੇ ਪੈਰਾਂ 'ਚ ਲਾਗੇ ਹੀ ਬਿਰਾਜਮਾਨ ਸਨ। ਮਰਦਾਨਾ ਗੁਰੂ ਸਾਹਿਬ ਕੋਲ ਆਇਆ ਤੇ ਸਾਰੀ ਗੱਲ ਦੱਸੀ। ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਤੂੰ ਜਰੂਰ ਹੰਕਾਰ ਵਾਲੀ ਗੱਲ ਕੀਤੀ ਹੋਵੇਗੀ ਜੋ ਪੀਰ ਨੇ ਤੈਨੂੰ ਪਾਣੀ ਤੱਕ ਨਹੀ ਪੀਣ ਨੂੰ ਦਿੱਤਾ। ਗੁਰੂ ਸਾਹਿਬ ਨੇ ਕਿਹਾ ਕਿ ਮੇਰੇ ਕੋਲ ਕਿਹੜੀ ਤਾਕਤ ਹੈ ਜਿਹੜਾ ਤੂੰ ਪੀਰ ਅੱਗੇ ਇਨੀਆਂ ਤਾਰੀਫਾਂ ਕੀਤੀਆਂ ਨੇ। ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਜਾ ਇੱਕ ਵਾਰ ਫਿਰ ਪੀਰ ਅੱਗੇ ਅਰਜੋਈ ਕਰ ਤੇ ਕਹੋ ਕਿ ਨਾਨਕ ਤਾਂ ਨੀਚਾਂ ਤੋਂ ਵੀ ਨੀਚ ਹੈ ਉਹਦਾ ਤੇ ਤੁਹਾਡਾ ਮੁਕਾਬਲਾ ਕਾਹਦਾ ਤੁਸੀ ਮੇਰੇ ਤੇ ਤਰਸ ਕਰੋ ਤੇ ਜਲ ਛਕਾਓ। ਮਰਦਾਨੇ ਨੇ ਏਸੇ ਤਰਾਂ ਹੀ ਕੀਤਾ। ਪਰ ਪੀਰ ਨੇ ਫਿਰ ਪਾਣੀ ਦੇਣ ਤੋਂ ਮਨਾ ਕਰ

ਵਲੀ ਕੰਧਾਰੀ ਦੇ ਸਥਾਨ ਦੇ ਦਰਸ਼ਨਾਂ ਲਈ ਪਹਾੜੀ ਚੜ੍ਹਦੀਆਂ ਸੰਗਤਾਂ। ਨਵੰਬਰ 2015 ਜਦੋਂ ਅਸੀ ਗਏ ਸੀ, ਬਿੱਲਾ ਵਲੀ ਕੰਧਾਰੀ ਦੀ ਕਾਰਸੇਵਾ ਚਲ ਰਹੀ ਸੀ

ਦਿੱਤਾ ਤੇ ਕਹਿਣ ਲੱਗਾ ਕਿ ਤੇਰਾ ਨਾਨਕ ਤਾਂ ਦੁਨੀਆਂ ਭਰ ਵਿੱਚ ਘੁੰਮ ਫਿਰ ਕੇ ਲੋਕਾਂ ਨੂੰ ਤਾਰ ਰਿਹਾ ਹੈ ਤਾਂ ਕੀ ਤੇਰੀ ਪਿਆਸ ਵੀ ਨਹੀ ਬੁਝਾ ਸਕਦਾ?

ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਮਰਦਾਨੇ ਨੂੰ ਤੀਸਰੀ ਵਾਰੀ ਵੀ ਭੇਜਿਆ ਪਰ ਪੀਰ ਨੇ ਪਾਣੀ ਨਾਂ ਪਿਆਇਆ।

ਅਖੀਰ ਗੁਰੂ ਸਾਹਿਬ ਨੇ ਪਹਾੜੀ ਤੋਂ ਹੇਠਾਂ ਇੱਕ ਸਥਾਨ ਤੋਂ ਪੱਥਰ ਹਟਵਾਇਆ ਤੇ ਓਥੇ ਪਾਣੀ ਦਾ ਫੁਹਾਰਾ ਛੁੱਟ ਗਿਆ।

ਦੂਸਰੇ ਪਾਸੇ ਪੀਰ ਨੇ ਜੋ ਚਸ਼ਮੇ ਦਾ ਪਾਣੀ ਜਮ੍ਹਾ ਕੀਤਾ ਹੋਇਆ ਸੀ ਉਹ ਇੱਕ ਦਮ ਖਾਲੀ ਹੋ ਗਿਆ। ਤੇ ਉਹਦਾ ਚਸ਼ਮਾ ਸੁੱਕ ਗਿਆ।

ਪੀਰ ਨੂੰ ਜਦੋਂ ਪਤਾ ਲੱਗਾ ਕਿ ਨਾਨਕ ਨੇ ਹੇਠਾਂ ਇੱਕ ਚਸ਼ਮਾ ਜਾਰੀ ਕਰ ਦਿੱਤਾ ਹੈ ਤਾਂ ਉਸ

ਨੇ ਇੱਕ ਪੱਥਰ ਗੁਰੂ ਸਾਹਿਬ ਵਲ ਰੇੜਿਆ। ਗੁਰੂ ਸਾਹਿਬ ਨੇ ਆ ਰਹੇ ਪੱਥਰ ਅੱਗੇ ਆਪਣਾ ਪੰਜਾ ਕਰਕੇ ਰੋਕ ਲਿਆ।

ਅਖੀਰ ਥੱਕ ਹਾਰ ਕੇ ਪੀਰ ਵਲੀ ਕੰਧਾਰੀ ਜਿਸ ਦਾ ਅਸਲੀ ਨਾਂ ਪੀਰ ਸੱਯਦ ਜਮਾਲ ਉਲਾ ਸੀ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਗਿਆ। ਓਥੇ ਗੁਰੂ ਸਾਹਿਬ ਨੂੰ ਪੀਰ ਨੂੰ ਉਪਦੇਸ ਦਿੱਤਾ ਕਿ ਰੱਬ ਦੇ ਬੰਦਿਆਂ ਵਿੱਚ ਫਰਕ ਨਹੀ ਕਰਨਾਂ। ਨਿਰੰਕਾਰ ਦੀ ਸਾਰੀ ਰਚਨਾ ਨਾਲ ਇਕੋ ਜਿਹਾ ਪਿਆਰ ਕਰੋ। ਗੁਰੂ ਸਾਹਿਬ ਨੂੰ ਇਹ ਵੀ ਪਤਾ ਲਗਾ ਸੀ ਕਿ ਵਲੀ ਕੰਧਾਰੀ ਸਿਰਫ ਹਿੰਦੂਆਂ ਨਾਲ ਹੀ ਵਿਤਕਰਾ ਨਹੀ ਸੀ ਕਰਦਾ ਉਹ ਸ਼ੀਆ ਸੁੰਨੀ ਦੇ ਮਸਲੇ ਤੇ ਆ ਕੇ ਵੀ ਪੱਖਪਾਤੀ ਹੋ ਜਾਂਦਾ ਸੀ। ਗੁਰੂ ਸਾਹਿਬ ਤੇ ਮਰਦਾਨੇ ਨੇ ਸ਼ਬਦ ਬੋਲਿਆ:-

ਸਿਰੀਰਾਗੁ ਮਹਲਾ ੧ ਘਰੁ ੪ ॥ ਏਕਾ ਸੁਰਤਿ ਜੇਤੇ ਹੈ ਜੀਅ ॥ ਸੁਰਤਿ ਵਿਹੂਣਾ ਕੋਇ ਨ ਕੀਅ ॥ ਜੇਹੀ ਸੁਰਤਿ ਤੇਹਾ ਤਿਨ ਰਾਹੁ ॥ ਲੇਖਾ ਇਕੋ ਆਵਹੁ ਜਾਹੁ ॥੧॥ ਕਾਹੇ ਜੀਅ ਕਰਹਿ ਚਤੁਰਾਈ ॥ ਲੇਵੈ ਦੇਵੈ ਢਿਲ ਨ ਪਾਈ ॥੧॥ ਰਹਾਉ ॥ ਤੇਰੇ ਜੀਅ ਜੀਆ ਕਾ ਤੋਹਿ ॥ ਕਿਤ ਕਉ ਸਾਹਿਬ ਆਵਹਿ ਰੋਹਿ ॥ ਜੇ ਤੂ ਸਾਹਿਬ

ਪੈਰ ਸਫਾ

ਲਓ ਕਿਰਪਾਲ ਸਿੰਘ ਲਿਖਦੈ ਪੰਜਾ ਸਾਹਿਬ ਬੋਧੀ ਸਥਾਨ ਹੈ

ਕਿਰਪਾਲ -110 : ਨੇ ਲਿਖ ਦਿੱਤਾ ਹੈ ਕਿ ਪੰਜਾ ਸਾਹਿਬ ਮੂਲ ਵਿੱਚ ਬੋਧੀ ਸਥਾਨ ਸੀ ਕਿਉਕਿ ਅਖੇ ਕਨਿੰਘਮ ਨੇ ਅਜਿਹਾ ਲਿਖਿਆ ਹੈ। ਕੁਝ ਅਜਿਹੇ ਹੀ ਹਨ ਅੱਜ ਦੇ ਅਖੌਤੀ ਸਿੱਖ ਲਿਖਾਰੀ ਜੋ ਵਿਰੋਧੀ ਦੀ ਗਲਤ ਗਲ ਨੂੰ ਵੀ ਤੂਲ ਦਿੰਦੇ ਆਏ ਹਨ। ਆਓ ਵੇਖੀਏ ਕਿਰਪਾਲ ਸਿੰਘ ਦੇ ਦਾਵੇ ਦੀ ਕੀ ਸਚਾਈ ਹੈ।

ਇਸ ਦਾਵੇ ਦੀ ਜੜ ਹੈ ਪ੍ਰਸਿੱਧ ਅੰਗਰੇਜ ਇਤਹਾਸਕਾਰ ਕਨਿੰਘਮ ਜਿਸ ਨੇ ਇਸ ਕਰਕੇ ਲਿਖਿਆ ਕਿਉਕਿ ਚੀਨੀ ਯਾਤਰੀ ਹਿਊਨ ਸਾਂਗ ਨੇ ਜੁ ਲਿਖਿਆ ਸੀ।

ਪਰ ਦੂਸਰੇ ਪਾਸੇ ਸੱਚਾਈ ਵੇਖੋ। ਹਿਊਨ ਸਾਂਗ (602-664 ਈ.) ਚੀਨੀ ਯਾਤਰੀ ਸੀ ਜੋ 1400 ਸਾਲ ਪਹਿਲਾਂ ਭਾਰਤ ਆਇਆ ਵੇਖੋ ਕੀ ਲਿਖਦਾ ਹੈ:- (ਦੇਖੋ - SI-YU-KI, BUDDHIST RECORDS OF THE WESTERN WORLD by Xuanzang. Translation by Semual Beal page 137)

"ਰਾਜਧਾਨੀ (ਟੈਕਸਲਾ) ਤੋਂ 70 ਲੀ (35 ਕਿ. ਮੀ.) ਉੱਤਰ ਪੱਛਮ ਵਿੱਚ ਨਾਗਰਾਜ ਏਲਾਪਤ੍ਰ ਦਾ ਤਲਾ ਹੈ। ਇਹਦਾ ਘੇਰਾ ਕੋਈ 100 ਕਦਮ ਹੈ। ਪਾਣੀ ਸੀਸੇ ਵਾਗੂ ਸਾਫ ਤੇ ਮਿੱਠਾ ਤੇ ਰੰਗ ਰੰਗ ਦੇ ਕਮਲ ਫੁਲ ਖਿੜੇ ਹੋਏ ਨੇ। ਇਹ ਨਾਗ ਪੁਰਾਣੇ ਜਮਾਨੇ ਦਾ ਭਿਕਸ਼ੂ ਸੀ ਜਿਸ ਨੇ ਕਸ਼ਿਅਪ ਬੁੱਧ ਦੇ ਸਮੇਂ ਏਲਾਪਤ੍ਰ ਰੁੱਖ ਨਸ਼ਟ ਕਰ ਦਿੱਤਾ ਸੀ। ਇਸ ਵਜ੍ਹਾ ਕਰਕੇ ਲੋਕ ਅੱਜ ਓਥੇ ਜਾ ਜਾ ਪ੍ਰਾਰਥਨਾ ਕਰਦੇ ਹਨ ਜਦੋਂ ਓਨਾਂ ਨੂੰ ਬਾਰਸ਼ ਜਾਂ ਚੰਗੇ ਮੌਸਮ ਦੀ ਲੋੜ ਹੁੰਦੀ ਹੈ। ਉਨਾਂ ਦੀ ਇਛਾ ਓਥੇ ਪੂਰੀ ਹੋ ਜਾਂਦੀ ਹੈ।"

"ਨਾਗ ਤਲਾ ਤੋਂ 30 ਲੀ (15 ਕਿ. ਮੀ.) ਦੱਖਣ-ਪੂਰਬ, ਦੋ ਪਹਾੜੀਆਂ ਦੇ ਵਿੱਚ ਇੱਕ ਖੱਡ ਹੈ ਜਿੱਥੇ ਰਾਜਾ ਅਸ਼ੋਕ ਨੇ ਸਤੂਪ ਬਣਾਇਆ। ਇਹ 100 ਫੁੱਟ ਉੱਚਾ ਹੈ।"

ਮਹਾਰਾਜਾ ਅਸ਼ੋਕ ਦੇ ਬਣਾਏ ਸਤੂਪ ਦਾ ਤਣਾ, ਮਾਨਕਿਆਲਾ, ਰਾਵਲਪਿੰਡੀ।

ਹਿਊਨ ਸਾਂਗ ਦੇ ਇਸ ਬਿਆਨ ਤੋਂ ਅਲੈਗਜੈਂਡਰ ਕਨਿੰਘਮ ਨੇ ਕਾਹਲੀ ਨਾਲ ਅੰਦਾਜ਼ਾ ਲਾ ਲਿਆ ਕਿ ਹਿਊਨ ਸਾਂਗ ਜਿਸ ਨਾਗ ਤਲਾ ਦੀ ਗੱਲ ਕਰ ਰਿਹਾ ਹੈ ਉਹ ਪੰਜਾ ਸਾਹਿਬ ਵਾਲਾ ਹੀ ਤਲਾਬ ਹੈ।

ਪਹਿਲੀ ਗਲ ਜੋ ਗੌਰ ਕਰਨ ਵਾਲੀ ਹੈ 1400 ਸਾਲ ਪੁਰਾਣੇ ਚਸ਼ਮੇ ਘੱਟ ਹੀ ਬਰਕਰਾਰ ਰਹਿੰਦੇ ਹਨ।

ਪਰ ਸੱਚਾਈ ਕੁਝ ਹੋਰ ਹੈ। ਕਿਉਕਿ ਪੰਜਾ ਸਾਹਿਬ ਟੈਕਸਲਾ ਤੋਂ ਸਿਰਫ 15 ਕਿ. ਮੀ. ਹਟਵਾ ਹੈ ਜਦੋਂ ਕਿ ਹਿਊਨ ਸਾਂਗ ਉਸ ਤਲਾ ਦੀ ਗੱਲ ਕਰ ਰਿਹਾ ਹੈ ਜਿਹੜਾ 35 ਕਿ. ਮੀ. ਹਟਵਾਂ ਹੈ। ਨਾਲੇ ਅਗਲੀ ਗੱਲ ਹਿਊਨ ਸਾਂਗ ਇੱਕ ਹੋਰ ਪਛਾਣ ਦੱਸਦਾ ਹੈ ਕਿ ਇਸ ਤਲਾ ਤੋਂ 15 ਕਿ. ਮੀ. ਦੱਖਣ ਪੂਰਬ ਵਿੱਚ ਦੋ ਪਹਾੜੀਆਂ ਹਨ। ਜਦੋ ਕਿ ਇਸ ਦੂਰੀ ਤੇ ਕੋਈ ਪਹਾੜੀ ਵਾੜੀ ਨਹੀ ਹੈ। ਸਗੋ ਇਸ ਦੂਰੀ ਤਾਂ ਤੇ ਖੁਦ ਟੈਕਸਲਾ (ਰਾਜਧਾਨੀ) ਹੈ ਹਸਨ ਅਬਦਾਲ ਤੋਂ। ਅਗਲੀ ਗਲ ਤਲਾਬ ਤੋਂ 15 ਕਿ. ਮੀ ਦੀ ਦੂਰੀ ਤੇ ਸਤੂਪ ਹੈ ਜਦੋ ਕਿ ਸਤੂਪ ਤਾਂ 65 ਕਿ. ਮੀ. ਹਟਵਾ ਹੈ। (ਯਾਦ ਰਹੇ ਰਾਵਲਪਿੰਡੀ ਤੋਂ 20 ਕਿ. ਮੀ ਪੂਰਬ ਵਿਚ ਮਾਨਕਿਆਲਾ ਸਥਾਨ ਤੇ ਬੋਧੀ ਸਤੂਪ ਦੀ ਨੀਹ ਅੱਜ ਵੀ ਮੌਜੂਦ ਹੈ) ਇਕ ਮਿੰਟ ਵਾਸਤੇ ਮੰਨ ਲਓ ਕਿ ਕੋਈ ਦੂਸਰਾ ਸਤੂਪ ਸੀ ਜਿਸ ਦੇ ਨਿਸ਼ਾਨ ਅੱਜ ਨਹੀ ਬਚ ਪਾਏ ਪਰ ਪਹਾੜੀਆਂ ਤਾਂ ਸਮੇਂ ਨਾਲ ਨਸ਼ਟ ਨਹੀ ਸੀ ਹੋਣੀਆਂ।

ਫਿਰ ਇਸ ਇਲਾਕੇ ਵਿੱਚ ਥਾਂ ਥਾਂ ਤੇ ਤਲਾਬ ਹਨ ਅਤੇ ਨੀਮ ਪਹਾੜੀ ਇਲਾਕਾ ਹੋਣ ਕਰਕੇ ਅਨੇਕਾਂ ਚਸ਼ਮੇ ਵੀ ਹਨ। ਖੁੱਦ ਗੁਰੂ ਸਾਹਿਬ ਨੇ ਹੀ ਇਸ ਇਲਾਕੇ ਵਿਚ 9 ਚਸ਼ਮੇ ਹੋਰ ਜਾਰੀ ਕੀਤੇ ਸਨ; 1. ਕਾਮਰਾ 2. ਹੰਗੂ, 3.ਜਲਾਲਾਬਾਦ, 4. ਬਾਲਾਕੋਟ -ਤਿੰਨ, 5. ਕਲਿਆਣਸਰ, 7. ਦਮਾਮਸਰ, 8. ਚੋਆ ਸਾਹਿਬ ਰੋਹਤਾਸ ਕਿਲਾ ਆਦਿ।

ਸਿਰਫ ਇਸ ਇਲਾਕੇ ਵਿਚ ਹੀ ਨਹੀ ਗੁਰੂ ਸਾਹਿਬ ਜਿੱਥੇ ਜਿੱਥੇ ਵੀ ਗਏ ਓਥੇ ਧਰਤੀ ਹੇਠਲੇ ਪਾਣੀ ਦਾ ਪਤਾ ਲਗਾ ਲੈਂਦੇ ਸਨ। ਜਿਵੇ ਬਿਦਰ, ਕਾਠਮੰਡੂ, ਚਿੱਟਾਗਾਂਗ, ਬੇਟਮਾ।(ਕੁਝ ਕੁ ਨਾਂ ਧਿਆਨ ਵਿਚ ਆ ਰਹੇ ਨੇ। ਸਾਹਿਬ ਨੇ ਆਪਣੇ ਜੀਵਨ ਕਾਲ ਵਿਚ ਤਕਰੀਬਨ 50 ਥਾਵਾਂ ਤੇ ਲੋਕਾਈ ਨੂੰ ਪਾਣੀ ਦੀ ਮੌਜੂਦਗੀ ਦੱਸੀ ਸੀ। ਪਿੱਛੇ ਜਿਹੇ ਇਕ ਲੜਕੀ ਬਾਰੇ ਅਖਬਾਰਾਂ ਵਿਚ ਆਇਆ ਸੀ ਜਿਸ ਨੂੰ ਵੀ ਹੇਠਲੇ ਪਾਣੀ ਦਾ ਪਤਾ ਲੱਗ ਜਾਂਦਾ ਹੈ।)

ਨਾਲੇ ਪ੍ਰਚਲਤ ਪ੍ਰੰਪਰਾ ਨੂੰ ਸ਼ਰਧਾਲੂ ਕਿਵੇ ਬਦਲ ਸਕਦੇ ਨੇ? ਅਜਿਹੀ ਤਬਦੀਲੀ ਤੇ ਮੁਕਾਮੀ ਲੋਕ ਵਿਰੋਧਤਾ ਕਰ ਦੇਣਗੇ ਕਿ ਇਹ ਤਾਂ ਧੋਖਾ ਹੈ।

ਸਾਡਾ ਕਹਿਣ ਤੋਂ ਮਤਲਬ ਹੈ ਕਿ ਹਿਊਨ ਸਾਂਗ ਨੇ ਜਿਸ ਚਸ਼ਮੇ ਦੀ ਗਲ ਕੀਤੀ ਹੈ ਉਹ ਇਹ ਵਾਲਾ ਚਸ਼ਮਾ ਨਹੀ ਹੈ।

ਕਿਰਪਾਲ -111 ਨੇ ਵਿਰੋਧੀਆਂ ਦੀ ਇੱਕ ਹੋਰ ਗੱਲ ਨੂੰ ਤੂਲ ਦਿੰਦੀ ਹੈ ਕਿ ਪੱਥਰ ਦੇ ਉੱਤੇ ਪੰਜਾ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਖੁਰਚਿਆ ਗਇਆ ਸੀ। ਜਦੋਂ ਕਿ ਸੱਚ ਇਹ ਹੈ ਕਿ ਗੁਰੂ ਸਾਹਿਬ ਦੀ ਫੇਰੀ ਵੇਲੇ ਅਨੇਕਾਂ ਥਾਵਾਂ ਤੇ ਗੁਰੂ ਸਾਹਿਬ ਦੇ ਪੈਰ ਦੇ ਨਿਸ਼ਾਨ ਜਾਂ ਖੜਾਵਾਂ ਜਾਂ ਜੁੱਤੀ ਸਾਂਭ ਲਈ ਜਾਂਦੀ ਸੀ। ਇਸ ਥਾਂ ਤੇ ਪੰਜੇ ਦਾ ਨਿਸ਼ਾਨ ਹੈ। ਲੇਹ ਤੇ ਭਦਰਵਾਹ ਲਾਗੇ ਮੂਰਤੀ ਬਣਾਈ ਹੋਈ ਹੈ। ਫਿਰ ਖੁੱਦ ਕਿਰਪਾਲ ਸਿੰਘ ਨੇ ਜਰਮਨ ਯਾਤਰੀ ਬੈਰਨ ਚਾਰਲਜ਼ ਹਿਊਗਲ ਦਾ ਜਿਕਰ ਕੀਤਾ ਹੈ ਜਿਸ ਨੇ 1835 ਵਿੱਚ ਪੰਜਾ ਸਾਹਿਬ ਗੁਰਦੁਆਰੇ ਦੇ ਦਰਸ਼ਨ ਕੀਤੇ ਸਨ ਤੇ ਲਿਖਿਆ ਹੈ ਕਿ ਪ੍ਰਕਾਸ਼ ਅਸਥਾਨ ਦੇ ਨਾਲ ਹੀ ਪੱਥਰ ਰੱਖਿਆ ਹੋਇਆ ਹੈ। ਭਾਵ ਪੰਜੇ ਵਾਲਾ ਪੱਥਰ ਸਾਂਭਿਆ ਹੋਇਆ ਹੈ। ਕਿਰਪਾਲ ਨੂੰ ਅਹਿਸਾਸ ਨਹੀ ਕਿ ਜਦੋਂ ਕੋਈ ਅਜਿਹੇ ਇਤਹਾਸਿਕ ਸਥਾਨ ਨਾਲ ਛੇੜ ਛਾੜ ਕਰਦਾ ਹੈ ਤਾਂ ਸ਼ਰਧਾਲੂ ਉਸ ਨੂੰ ਜੀਣ ਨਹੀ ਦਿੰਦੇ।

ਕਿਰਪਾਲ ਸਿੰਘ ਸਿੱਖ ਇਤਹਾਸਕਾਰਾਂ ਦੀ ਉਸ ਪਨੀਰੀ ਦਾ ਰੁੱਖ ਹੈ ਜਿਹੜੇ ਪ੍ਰੰਪਰਾ ਦੀ ਅਹਿਮੀਅਤ ਨਹੀ ਸਮਝਦੇ। ਭਾਈ ਜੇ ਸਿੱਖਾਂ ਦਾ ਅਸਥਾਨ ਨਹੀ ਸੀ ਤਾਂ ਸਿੱਖਾਂ ਨੂੰ ਕੀ ਜਰੂਰਤ ਪੈ ਗਈ ਕਿ ਹਸਨ ਅਬਦਾਲ ਦੇ ਪ੍ਰਵਾਰ ਕੋਲੋ ਉਸ ਅਸਥਾਨ ਦਾ ਕਬਜਾ ਲੈਂਦੇ?

ਅੱਜ ਅਜਿਹੇ ਲਿਖਾਰੀਆਂ ਨੂੰ ਸ਼੍ਰੋਮਣੀ ਕਮੇਟੀ ਜਿਹੀਆਂ ਸਿੱਖ ਜਥੇਬੰਦੀਆ ਸਨਮਾਨਤ ਕਰਕੇ ਸੰਗਤਾਂ ਨੂੰ ਕੀ ਸੁਨੇਹਾ ਦੇਣਾ ਚਾਹੁੰਦੀਆਂ ਹਨ? ਸਿਰਫ ਏਨਾਂ ਹੀ ਨਹੀ। ਇਕ ਘੱਗਾ ਨਾਂ ਦੇ ਲਿਖਾਰੀ ਨੇ ਪਿਛੇ ਕਿਤਾਬਾਂ ਲਿਖੀਆਂ ਜਿਸ ਵਿਚ ਉਸ ਨੇ ਇਥੋਂ ਤਕ ਕਹਿ ਦਿਤਾ ਕਿ "ਨਾਮ ਜੱਪਣ ਦਾ ਕੋਈ ਫਾਇਦਾ ਨਹੀ ਹੁੰਦਾ। ਅਖੇ ਜੇ ਨਾਮ ਜੱਪਣ ਨਾਲ ਹੀ ਕਲਿਆਣ ਹੁੰਦਾ ਹੋਵੇ ਤਾਂ ਗੁਰੂ ਅਰਜਨ ਦੇਵ ਨੂੰ ਸ਼ਹੀਦੀ ਨਾਂ ਦੇਣੀ ਪੈਂਦੀ। ਗੁਰੂ ਨਾਨਕ ਨੂੰ ਬਾਬਰ ਦੀ ਚੱਕੀ ਨਾਂ ਪੀਹਣੀ ਪੈਂਦੀ।" ਅਤੇ ਹਾਲਾਤ ਇਹ ਹਨ ਕਿ ਅਜਿਹੇ ਨਾਸਤਕ ਲਿਖਾਰੀਆਂ ਦੀਆਂ ਕਿਤਾਬਾਂ ਗੁਰਦੁਆਰਿਆਂ ਦੇ ਅਹਾਤੇ ਅੰਦਰ ਸਟਾਲ ਲਾ ਲਾ ਵੇਚੀਆਂ ਜਾਂਦੀਆਂ ਹਨ।

⊙ ਸਾਈਕਲ ਯਾਤਰੀ- 407 ਨੇ 24 ਹਾੜ ਲਿਖਿਆ ਹੈ ਪਰ ਭਾਈ ਕਾਨ ਸਿੰਘ ਨਾਭਾ ਨੇ ਲਿਖਿਆ ਹੈ ਕਿ ਇਸ ਮੁਆਤੱਕ ਖੋਜ ਬੀਨ ਹੋਈ ਹੈ ਤੇ ਤਾਰੀਖ ਪਹਿਲੀ ਸਾਵਣ ਤਸਦੀਕ ਹੋਈ ਹੈ। ਹੋ ਸਕਦੇ ਸਾਹਿਬ ਕਾਬੁਲ ਆਉਦੇ ਤੇ ਜਾਂਦੇ ਦੋਵੇ ਵੇਲੇ ਇਥੇ ਠਹਿਰੇ ਹੋਣ।

ਆਵਹਿ ਰੋਹਿ ॥ ਤੂ ਓਨਾ ਕਾ ਤੇਰੇ ਓਹਿ ॥੨॥ ਅਸੀ ਬੋਲਵਿਗਾੜ ਵਿਗਾਤਹ ਬੋਲ ॥ ਤੂ ਨਦਰੀ ਅੰਦਰਿ ਤੋਲਹਿ ਤੋਲ ॥ ਜਹ ਕਰਣੀ ਤਹ ਪੂਰੀ ਮਤਿ ॥ ਕਰਣੀ ਬਾਝਹੁ ਘਟੇ ਘਟਿ ॥੩॥ ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ ॥ ਆਪੁ ਪਛਾਣੈ ਬੂਝੈ ਸੋਇ ॥ ਗੁਰ ਪਰਸਾਦਿ ਕਰੇ ਬੀਚਾਰੁ ॥ ਸੋ ਗਿਆਨੀ ਦਰਗਹ ਪਰਵਾਣੁ ॥੪॥੩੦॥

ਇਲਾਕੇ ਵਿੱਚ ਇਹ ਖਬਰ ਜੰਗਲ ਦੀ ਅੱਗ ਦੀ ਤਰਾਂ ਫੈਲ ਗਈ। ਦੂਰੋਂ ਨੇੜਿਓ ਲੋਕ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਏ ਤੇ ਨਵੇਂ ਜਾਰੀ ਹੋਏ ਚਸ਼ਮੇ ਨੂੰ ਵੇਖ ਵਿਸਮਾਦ ਹੋਏ। ਲਗਦਾ ਇਥੇ ਗੁਰੂ ਸਾਹਿਬ ਕਈ ਦਿਨ ਰਹੇ।

ਪੀਰ ਵਲੀ ਕੰਧਾਰੀ ਤੇ ਹਸਨ ਅਬਦਾਲ ਕਈ ਸਾਲਾਂ ਤੱਕ ਲੋਕਾਂ ਨੂੰ ਸੰਤੋਖਦੇ ਰਹੇ ਤੇ ਗੁਰੂ ਸਾਹਿਬ ਦੀ ਸਿਖਿਆ ਕਿਰਤ ਕਰਨਾਂ ਵੰਡ ਛਕਣਾ ਤੇ ਨਾਮ ਜਪਣ ਦਾ ਸਿਧਾਂਤ ਇਥੇ ਪ੍ਰਚਲਤ ਰਿਹਾ। ਇਹ ਚਸ਼ਮਾ ਇਲਾਕੇ ਦੇ ਲੋਕਾਂ ਵਾਸਤੇ ਮੁਕੱਦਸ ਜਿਆਰਤ ਜਗ੍ਹਾ ਬਣ ਗਈ ਸੀ। ਸੋ ਇਸ ਅਸਥਾਨ ਦੀ ਸੇਵਾ ਹਸਨ ਅਬਦਾਲ ਦਾ ਪ੍ਰਵਾਰ ਸਿੱਖ ਰਾਜ ਵੇਲੇ ਤੱਕ ਕਰਦਾ ਰਿਹਾ। 18ਵੀ ਸਦੀ ਦੀਆਂ ਰਾਜਨੀਤਕ ਘਟਨਾਵਾਂ ਨੇ ਮੁਸਲਮਾਨਾਂ ਤੇ ਸਿੱਖਾਂ ਵਿਚ ਫਰਕ ਖੜਾ ਕਰ ਦਿੱਤਾ। ਸਿੱਖਾਂ ਨੂੰ ਬੁਰਾ ਲਗਣ ਲੱਗ ਗਇਆ ਕਿ ਉਹਨਾਂ ਦੇ ਪਵਿਤ੍ਰ ਅਸਥਾਨ ਤੇ ਕੰਟਰੋਲ ਮੁਸਲਮਾਨ ਪ੍ਰਵਾਰ ਦਾ ਹੈ।

ਫਿਰ ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਹਰੀ ਸਿੰਘ ਨਲੂਆ ਨੇ ਮੁਸਲਮਾਨ ਪ੍ਰਵਾਰ ਜਿਹੜੇ ਸੇਵਾ ਕਰਦੇ ਸਨ ਉਨਾਂ ਨੂੰ ਪਿੰਡ ਵਾਹ ਅਤੇ ਪਿੰਡ ਬੁਰਹਾਨ ਵਿਖੇ ਚੋਖੀ ਜਮੀਨ ਦੇ ਕੇ ਅਸਥਾਨ ਦਾ ਪ੍ਰਬੰਧ ਸਿੱਖਾਂ ਦੇ ਹਵਾਲੇ ਕਰ ਦਿੱਤਾ। ◉

‘‘ਗੁਰਦੁਆਰਾ ਪੰਜਾ ਸਾਹਿਬ ਦੇ ਵੱਡੇ ਦਰਵਾਜੇ ਦੇ ਸਾਹਮਣੇ ਡੇਢ ਸੌ ਗਜ਼ ਦੇ ਫਾਸਲੇ ਇੱਕ ਪੁਰਾਣੀ ਮਸਜਿਦ ਹੈ। ਉਸ ਮਸਜਿਦ ਹੇਠ ਇੱਕ ਭੋਰਾ ਹੈ। ਪੌੜੀਆਂ ਦੇ ਰਾਂਹੀ ਉਸ ਵਿੱਚ ਉਤਰੀਦਾ ਹੈ। ਉਸ ਭੋਰੇ ਦੇ ਵਿੱਚਕਾਰ ਇੱਕ ਥੜ੍ਹਾਂ ਬਣਿਆ ਹੋਇਆ ਹੈ। ਇਹ ਉਹ ਹੈ ਜਿੱਥੇ ਵਲੀ ਕੰਧਾਰੀ ਬੈਠ ਕੇ ਰਿਆਜਤ ਤਪ ਕਰਿਆ ਕਰਦਾ ਸੀ। ਇਸ ਮਸਜਿਦ ਦਾ ਨਾਮ ਹੀ ਹੈ 'ਚਿਲ੍ਹੇ ਵਾਲੀ ਮਸਜਿਦ' ਜਿਸ ਵਿੱਚ ਚਲੀਹਾ ਕੱਟਦਾ ਸੀ ਭਾਵ ਚਾਲੀ ਦਿਨ ਅੰਨ ਖਾਣ ਤੋਂ ਬਿਨਾਂ ਤਪ ਕਰਦਾ ਸੀ। "●

1820 ਵਿੱਚ ਇੱਕ ਜਰਮਨ ਯਾਤਰੀ ਵਿਲੀਅਮ ਫਿੰਚ ਜਦੋਂ ਹਸਨ ਅਬਦਾਲ ਆਇਆ ਤਾਂ ਉਹ ਵੀ ਇਥੋਂ ਦੀ ਸੰਗਤ ਤੇ ਸ਼ਰਧਾ ਵੇਖ ਕੇ ਪ੍ਰਸੰਨ ਹੋਇਆ। ਓਦੋਂ ਤੱਕ ਪੰਜਾ ਸਾਹਿਬ ਨੂੰ ਮੁਸਲਮਾਨ ਵੀ ਮੰਨਦੇ ਸਨ।

—◈—

ਪਿੰਡ ਕਾਮਰਾ ਵਿਖੇ ਚਸ਼ਮਾ ਜਾਰੀ ਕੀਤਾ ■

ਗੁਰੂ ਸਾਹਿਬ ਹਸਨ ਅਬਦਾਲ ਤੋਂ ਪੇਸ਼ਾਵਰ ਨੂੰ ਜਾ ਰਹੇ ਸਨ। ਰਸਤੇ ਵਿੱਚ ਇੱਕ ਥਾਂ ਲੋਕਾਂ ਨੇ ਗੁਰੂ ਸਾਹਿਬ ਅੱਗੇ ਆਪਣੀ ਤਕਲੀਫ ਦੱਸੀ ਕਿ ਇਥੇ ਦੂਰ ਦੂਰ ਵੀ ਕਿਤੇ ਪਾਣੀ ਦਾ ਸਾਧਨ ਨਹੀ ਹੈ। ਰਾਹੀਆਂ ਵਾਸਤੇ ਬਹੁਤ ਮੁਸ਼ਕਲ ਹੈ। ਓਦੋ ਫਿਰ ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਫਲਾਣੀ ਥਾਂ ਖੋਦੋ। ਪੁੱਟਣ ਤੇ ਠੰਡੇ ਮਿੱਠੇ ਪਾਣੀ ਦਾ ਚਸ਼ਮਾ ਵੱਗ ਤੁਰਿਆ।

ਗੁਰਦਵਾਰਾ ਪਾ: ਪਹਿਲੀ ਨਸ਼ਹਿਰਾ। ਫੋਟੋ 1932 ਈ.-ਸਾਈਕਲ ਯਾਤਰੀ

3-4 ਸਦੀਆਂ ਲੋਕ ਇਸ ਪਾਣੀ ਦਾ ਲਾਭ ਉਠਾਂਦੇ ਰਹੇ। ਮੁਕਾਮੀ ਲੋਕ ਇਨੂੰ ਨਾਨਕ ਪੀਰ ਦਾ ਚਸ਼ਮਾ ਕਹਿ ਕੇ ਯਾਦ ਕਰਦੇ ਆਏ ਸਨ। ਪਿੱਛੇ 1930 ਈ ਦੇ ਨੇੜੇ ਚਸ਼ਮੇ ਦਾ ਪਾਣੀ ਥੋੜਾ ਨੀਵਾਂ ਹੋ ਗਿਆ। ਜਿਸ ਕਰਕੇ ਹੁਜਰੋ ਸ਼ਹਿਰ ਦੇ ਇੱਕ ਗੁਰਸਿੱਖ ਨੇ ਇਥੇ ਬਾਉਲੀ ਹੀ ਖੁਦਵਾ ਦਿੱਤੀ। ਫਿਰ ਲੋਕ ਇਨੂੰ ਖੰਡਾ ਖੂਹ ਦੇ ਨਾਂ ਨਾਲ ਸੰਬੋਧਨ ਕਰਦੇ ਆਏ ਨੇ। ਸਾਈਕਲ ਯਾਤਰੀ ਨੇ ਇਸ ਅਸਥਾਨ ਦੀ ਤਸਵੀਰ ਵੀ ਦਿੱਤੀ ਹੈ।

ਸਾਡਾ ਅੰਦਾਜ਼ਾ ਹੈ ਕਿ ਇਹ ਸਥਾਨ (ਨਕਸ਼ਾ ਸੂਚਕ: 33.88, 72.42) ਪਿੰਡ ਢੋਕ ਜੋਗੀਆਂ ਅਤੇ ਕਾਮਰਾ ਦੇ ਦਰਮਿਆਨ ਹੋਵੇਗਾ। ਭਾਵ ਹਸਨ ਅਬਦਾਲ ਤੋਂ 27-28 ਕਿ. ਮੀ ਪੱਛਮ। ਲਾਗੇ ਪਾਕਿਸਤਾਨੀ ਏਅਰ ਫੋਰਸ ਦੀ ਛਾਉਣੀ ਹੈ ਤੇ ਇਥੇ ਮਿਨਹਾਸ ਏਅਰਪੋਰਟ ਕਾਇਮ ਹੈ। ਫਿਰ ਵੀ ਸਥਾਨਕ ਵੀਰ ਹੀ ਖੰਡਾ ਖੂਹ ਬਾਉਲੀ ਦੀ ਅਸਲ ਨਿਸ਼ਾਨਦੇਹੀ ਕਰ ਸਕਦੇ ਹਨ।

ਇਸ ਤੋਂ ਅੱਗੇ ਸਾਹਿਬ ਨੇ ਕੋਈ 20 ਕੁ ਕਿ.ਮੀ. ਦਾ ਪੈਂਡਾ ਕਰਕੇ ਅਟਕ ਖੁਰਦ ਤੋਂ ਦਰਿਆ ਸਿੰਧ ਜਾਂ ਅਟਕ ਦਰਿਆ ਪਾਰ ਕੀਤਾ। ਕਾਬਲ ਦਰਿਆ ਦੇ ਨਾਲ ਨਾਲ ਚਲਦੇ ਹੋਏ 32 ਕਿ. ਮੀ. ਦਾ ਸਫਰ ਕਰਕੇ ਨਸ਼ੈਹਰਾ ਪਹੁੰਚੇ।

ਇਥੇ ਭਾਵ ਨਸ਼ੈਹਰੇ (ਪੁਰਾਣੇ) ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਵੀ ਹੁੰਦਾ ਸੀ ਜੋ ਸਰਦਾਰ ਹਰੀ ਸਿੰਘ ਨਲੂਆ ਨੇ ਬਣਵਾਇਆ ਸੀ। ਬਾਦ ਵਿੱਚ ਗੁਰਦੁਆਰਾ ਤਾਂ ਢਹਿ ਗਇਆ ਪਰ 1932 ਈ. ਵਿੱਚ ਓਥੇ ਮੰਦਰ ਬਣ ਗਿਆ। ਜੋ ਜਗੀਰ ਗੁਰਦੁਆਰੇ ਨੂੰ ਲਾਈ ਸੀ ਉਹ ਮੰਦਰ ਤੇ ਖਰਚ ਹੋਣੀ ਸ਼ੁਰੂ ਹੋ ਗਈ। ਤਸਵੀਰ ਵਿੱਚ ਜਿੱਥੇ ਰੁੱਖ ਨਜਰ ਆਉਦਾ ਹੈ ਓਥੇ ਗੁਰਦੁਆਰਾ ਸੀ। ਮੰਦਰ ਪਿੱਛੇ ਨਜਰ ਆ ਰਿਹਾ ਹੈ।

ਏਸੇ ਤਰਾਂ ਹੀ ਗੁਰੂ ਸਾਹਿਬ ਨੇ ਹੰਗੂ (ਫਰੰਟੀਅਰ ਪਾਕਿਸਤਾਨ) ਵਿਖੇ ਵੀ ਚਸ਼ਮਾ ਜਾਰੀ ਕੀਤਾ। ਜਿਸ ਬਾਬਤ ਸਾਨੂੰ ਇੰਟਰਨੈਟ ਦੀ ਯੂਟਿਊਬ ਚੈਨਲ ਤੋਂ ਪਤਾ ਲੱਗਾ। ਇਸ ਸਥਾਨ ਤੇ ਗੁਰੂ ਸਾਹਿਬ ਕਿਹੜੇ ਪਾਸਿਓ ਆਏ ਅਜੇ ਲੱਭਣਾ ਬਾਕੀ ਹੈ। ◈ —◈—

ਪਿੰਡ ਸਫ਼ਾ
● ਪ੍ਰੋ. ਸਾਹਿਬ ਸਿੰਘ -177, ■ ਸਾਈਕਲ ਯਾਤਰੀ- 410
◈ ਹੰਗੂ ਵਿਖੇ ਚਸ਼ਮਾ ਜਾਰੀ ਕੀਤਾ ਸਾਹਿਬ ਨੇ
https://www.youtube.com/watch?v=oo-VyHcg7oc

“ਗ੍ਰਿਹਸਤ ਮਾਰਗ ਸਭ ਤੋਂ ਉੱਤਮ”

ਗੋਰਖ ਹੱਟੜੀ ਪਹੁੰਚ ਗਇਆ ਗ੍ਰਿਸਤੀ ਬਾਬਾ

(1520 ਈ ਦੇ ਸਾਉਣ ਮਹੀਨੇ)

ਪੇਸ਼ਾਵਰ ਜਾਂ ਜਿਸ ਨੂੰ ਬਾਦਸ਼ਾਹ ਸਿਕੰਦਰ ਦੇ ਵੇਲਿਆਂ ' ਚ ਪੁਰਸ਼ਪੁਰ ਕਿਹਾ ਜਾਂਦਾ ਸੀ ਹਿੰਦੁਸਤਾਨ ਦੇ ਸਭ ਤੋਂ ਪੁਰਾਣੇ ਸ਼ਹਿਰਾਂ ਵਿੱਚੋਂ ਹੈ, ਇਹ ਹਿੰਦੁਸਤਾਨ ਨੂੰ ਪੱਛਮ ਨਾਲ ਜੋੜਨ ਵਾਲੇ ਦਰਵਾਜੇ ਦਰ੍ਹਾ ਖੈਬਰ ਤੇ ਮੌਜੂਦ ਹੈ। ਬਾਦਸ਼ਾਹ ਬਾਬਰ ਨੇ ਲਿਖਿਆ ਹੈ ਕਿ ਇਸ ਰਸਤੇ (ਕਾਬੁਲ ਰਾਂਹੀ) ਹਿੰਦੁਸਤਾਨੀ ਵਪਾਰੀ ਆਪਣਾ ਮਾਲ ਰੂਮ (ਰੋਮ) ਤੇ ਤੁਰਕੀ ਵਲ ਲੈ ਕੇ ਜਾਂਦੇ ਸਨ। ਔਸਤਨ 10,000 ਖੱਚਰਾਂ ਭਰ ਕੇ ਮਾਲ ਇਥੋਂ ਨਿਕਲਦਾ ਜਿਸ ਵਿੱਚ ਜਿਆਦਾਤਰ ਕਪੜਾ, ਖੰਡ, ਗਰਮ ਮਸਾਲੇ ਤੇ ਦਵਾਈਆਂ ਹੁੰਦੀਆਂ ਸਨ।

ਇਹ ਇਲਾਕਾ ਬੁੱਧਮੱਤ ਦਾ ਪ੍ਰਸਿੱਧ ਕੇਂਦਰ ਰਿਹਾ ਹੈ। ਇਥੇ ਹੀ ਸਭ ਤੋਂ ਵੱਡਾ ਸਤੂਪ ਮਹਾਰਾਜਾ ਕਨਿਸ਼ਕ ਨੇ ਬਣਵਾਇਆ ਸੀ। ਬੁੱਧਮੱਤ ਦੇ ਪਤਨ ਤੋਂ ਬਾਦ ਪੇਸ਼ਾਵਰ ਫਿਰ ਜੋਗਮਤ ਦਾ ਕੇਂਦਰ ਬਣ ਜਾਂਦਾ ਹੈ। ਯਾਦ ਰਹੇ ਜੋਗਮਤ ਤੇ ਬੁਧਮਤ ਵਿੱਚ ਵੱਡੀ ਸਮਾਨਤਾ ਹੈ। ਬੋਧੀਆਂ ਦੇ ਕੇਂਦਰਾਂ ਤੇ ਹੀ ਬਾਦ ਵਿੱਚ ਜੋਗੀਆਂ ਨੇ ਡੇਰੇ ਜਮਾ ਲਏ ਸਨ।

ਕਈ ਦੰਦ ਕਥਾਵਾਂ ਅਨੁਸਾਰ ਜੋਗਮਤ ਦੇ ਬਾਨੀਆਂ ਵਿੱਚੋਂ ਗੋਰਖਨਾਥ ਇਥੇ ਹੀ ਪੈਦਾ ਹੋਇਆ ਸੀ। ਇਥੇ ਪੇਸ਼ਾਵਰ ਵਿੱਚ ਹੀ ਪ੍ਰਸਿਧ 'ਗੋਰਖ-ਹੱਟੜੀ' ਮੌਜੂਦ ਹੈ⊙ ਜਿਸ ਦੇ ਦਰਸ਼ਨਾਂ ਲਈ ਬਾਦਸ਼ਾਹ ਬਾਬਰ ਪਹਿਲੀ ਵਾਰ 1505 ਵਿੱਚ ਆਇਆ ਤੇ ਗੁਫਾ ਅੰਦਰ ਜਾਣੋਂ ਡਰ ਗਿਆ। ਫਿਰ ਆਖਿਰ 1519 ਵਿੱਚ ਬਾਬਰ ਨੇ ਗੋਰਖ ਹੱਟੜੀ ਦੇ ਦਰਸ਼ਨ ਕੀਤੇ ਤੇ ਲਿਖਿਆ ਹੈ ਕਿ ਇਥੇ ਹਿੰਦੂਆਂ ਨੇ ਆਪਣੇ ਵਾਲ ਕੱਟ ਕੱਟ ਕੇ ਵਾਲਾਂ ਦੇ ਅੰਬਾਰ ਲਾਏ ਹੋਏ ਹਨ।

ਪਿਸ਼ਾਵਰ ਜਦੋਂ ਗੁਰੂ ਸਾਹਿਬ ਆਏ ਤਾਂ ਪਹਿਲਾਂ ਗੋਰਖ ਹੱਟੜੀ ਹੀ ਪਹੁੰਚੇ। ਜਿੱਥੇ ਸੈਕੜੇ ਜੋਗੀ ਬਿਰਾਜਮਾਨ ਸਨ। ਵਕਤ ਨਾਲ ਦੋ ਵੇਲੇ ਸਭ ਨੂੰ ਭੁਗਤ (ਭੋਜਨ) ਮਿਲਦੀ ਸੀ। ਇਥੋਂ ਦੇ ਮੱਠ ਕਾਫੀ ਅਮੀਰ ਸੀ ਤੇ ਮਹੰਤ ਦਾ ਹੁਕਮ ਸੀ ਕਿ ਜੇ ਕੋਈ ਮਜਬੂਰ ਗ੍ਰਿਸਤੀ ਬੰਦਾ ਵੀ ਆ ਜਾਵੇ ਭੁਗਤ ਉਹਨੂੰ ਵੀ ਦੇ ਦਿੱਤੀ ਜਾਵੇ।

ਜਦੋਂ ਭੁਗਤ ਵਰਤਾਉਣ ਲਗੇ ਤਾਂ ਗੁਰੂ ਸਾਹਿਬ ਨੂੰ ਜੋਗੀ ਨੇ ਪੁੱਛਿਆ ਕਿ ਤੁਸੀ ਗ੍ਰਿਹਸਤੀ ਹੋ ਕੇ ਸਾਧੂ? ਕੁਦਰਤੀ ਹੈ ਗ੍ਰਿਸਤੀ ਬੰਦੇ ਨੂੰ ਭੁਗਤ ਅਖੀਰ ਵਿਚ ਵਰਤਾਈ ਜਾਂਦੀ ਸੀ।

ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਮੈਂ ਚਕ੍ਰਵਰਤੀ ਗ੍ਰਿਸਤੀ ਹਾਂ।

ਜੋਗੀ ਨੂੰ ਬੜੀ ਉਤਸੁਕਤਾ ਹੋਈ। ਕਹਿਣ ਲਗਾ "ਤੁਸੀ ਬਿਨਾਂ ਕਿਸੇ ਸੰਪਰਦਾ ਦੀ ਦੀਕਸ਼ਾ ਲਏ ਘੁੰਮਦੇ ਫਿਰਦੇ ਰਹਿੰਦੇ ਹੋ?" ਗੁਰੂ ਸਾਹਿਬ ਨੇ ਕਿਹਾ, "ਹਾਂ।"

ਜੋਗੀ ਨੇ ਗੁਰੂ ਸਾਹਿਬ ਤੇ ਮਰਦਾਨੇ ਨੂੰ ਲੰਗਰ ਤਾਂ ਛਕਾ ਦਿੱਤਾ ਪਰ ਨਾਲ ਹੀ ਦੂਸਰੇ ਜੋਗੀਆਂ ਨੂੰ ਗੁਰੂ ਸਾਹਿਬ ਬਾਰੇ ਜਾ ਦੱਸਿਆ ਕਿ ਇੱਕ ਅਲੌਕਿਕ ਹੀ ਕਿਸਮ ਦਾ ਸਾਧੂ ਆਇਆ ਹੈ। ਨਾਂ ਉਹ ਹਿੰਦੂ ਹੈ ਨਾਂ ਮੁਸਲਮਾਨ। ਪੁੱਛਿਆ ਹੈ ਤਾਂ ਕਹਿੰਦਾ ਹੈ ਕਿ ਗ੍ਰਿਸਤੀ ਬੰਦਾ ਹਾਂ ਪਰ ਨਾਲ ਪਤਾ ਲੱਗਾ ਪੂਰਾ ਹਿੰਦੁਸਤਾਨ ਘੁੰਮ ਆਇਆ ਹੈ। ਭਾਵ ਰਹਿੰਦਾ ਸਾਧੂਆਂ ਵਾਗੂ ਸਦਾ ਘੁੰਮਦਾ ਪਰ ਕਿਸੇ ਵੀ ਸੰਪਰਦਾ ਨਾਲ ਨਹੀ ਜੁੜਿਆ ਹੋਇਆ। ਜੋਗੀਆਂ ਦਾ ਮਨ ਖਿੜ ਉਠਿਆ ਕਿ ਮੌਕਾ ਮਿਲਿਆ ਇੱਕ ਦੋ ਹੋਰ ਲੋਕਾਂ ਨੂੰ ਜੋਗ ਦੀ ਦੀਖਿਆ ਦੇਣ ਦਾ।

ਸੂਬਾ ਖ਼ੈਬਰ ਪਖ਼ਤੂਨਖ਼ਵਾ ਦੀ ਤਹਿਸੀਲ ਗੋਰ-ਖਤਰੀ ਦੇ ਮੰਦਿਰ ਦੀ ਖੁਦਾਈ ਦੇ ਦੌਰਾਨ ਮਿਲੇ ਸਮਾਰਕ ਤੇ ਸਾਈਨ ਬੋਰਡ।

ਜਦੋਂ ਪੇਸ਼ਾਵਰ ਵਿਚ ਜੋਗੀ ਹੀ ਨਾਂ ਰਹੇ ਤਾਂ ਫਿਰ ਲੋਕਾਂ ਨੂੰ ਕੀ ਪਤਾ ਲਗਣਾ ਕਿ ਗੋਰ-ਖੱਤਰੀ ਨਹੀ ਗੋਰਖ ਹੱਟੜੀ ਹੁੰਦੈ।

ਪ੍ਰਸਿੱਧ ਜੋਗੀ ਅਸਥਾਨ ਪੇਸ਼ਾਵਰ ਦਾ ਗੋਰਖ ਹੱਟੜੀ। ਜਿਥੇ ਗੁਰੂ ਜੀ ਵੀ ਗਏ ਤੇ ਬਾਬਰ ਬਾਦਸ਼ਾਹ ਦੋ ਵਾਰੀ ਆਇਆ।

ਭੁਗਤ ਛਕਣ ਤੋਂ ਬਾਦ ਫਿਰ ਜੋਗੀ ਲੋਕ ਗੁਰੂ ਸਾਹਿਬ ਦੁਆਲੇ ਹੋ ਗਏ। ਗ੍ਰਿਹਸਤ ਨੂੰ ਭੰਡਣ ਲਗ ਪਏ। ਕਹਿਣ ਲਗੇ ਗ੍ਰਿਹਸਤੀ ਬੰਦਾ ਕਦੀ ਰੂਹਾਨੀਅਤ ਦੀ ਉੱਚਾਈ ਨਹੀ ਛੂਹ ਸਕਦਾ ਕਿਉਕਿ ਉਹ ਪ੍ਰਵਾਰਕ ਜਾਲ ਵਿੱਚ ਫਸਿਆ ਹੁੰਦਾ ਹੈ। ਸਾਹਿਬ ਨੂੰ ਉਪਦੇਸ਼ ਦੇਣ ਲੱਗ ਗਏ ਕਿ ਜੋਗ ਚਾਹੁੰਦੇ ਹੋ ਤਾਂ ਕਿਸੇ ਸੰਪਰਦਾ ਕੋਲੋ ਦੀਖਿਆ ਲਵੋ।

ਗੁਰੂ ਸਾਹਿਬ ਨੇ ਗ੍ਰਿਹਸਤ ਦਾ ਪੱਖ ਲਿਆ ਅਤੇ ਕਿਹਾ ਇਹ ਕਿਸ ਤਰਾਂ ਹੋ ਸਕਦਾ ਹੈ? ਕਿਉਕਿ ਸਾਧੂ ਫਕੀਰ ਤਾਂ ਗ੍ਰਿਹਸਤੀ ਦੇ ਘਰ ਹੀ ਜਾ ਡਿੱਗਦੇ ਹਨ ਜਦੋਂ ਭੁੱਖ ਲਗਦੀ ਹੈ ਤਾਂ। ਇਹ ਤਾਂ ਵੱਡੇ ਤਾਹਨੇ ਵਾਲੀ ਗੱਲ ਹੋ ਗਈ ਕਿ ਦੇਣ ਵਾਲਾ ਪਾਪੀ ਤੇ ਲੈਣ ਵਾਲਾ ਪੁੰਨੀ! ਜੋਗੀਆਂ ਨੂੰ ਇਸ ਗੱਲ ਤਾਂ ਜਵਾਬ ਨਾਂ ਓੜਿਆ।

ਨੋਟ ਸਫ਼ਾ

⊙ **ਗੋਰਖ ਹੱਟੜੀ ਗੋਰ ਖੱਤਰੀ ਨਹੀ।** ਕਿਉਕਿ ਪੇਸ਼ਾਵਰ ਵਿਚ ਜੋਗੀ ਤਾਂ ਬਚੇ ਹੀ ਨਹੀ। ਪਿਸ਼ੋਰੀਆਂ ਨੂੰ ਕੀ ਪਤਾ ਕਿ ਗੋਰਖ ਕੀ ਹੁੰਦਾ? ਤੇ ਪਸ਼ਤੋ ਬੋਲਣ ਵਾਲੇ ਕੀ ਸਮਝਣ ਕਿ ਦੁਕਾਨ ਜਦੋਂ ਪੰਜਾਬ ਵਿਚ ਖੋਲੀਦੀ ਹੈ ਤਾਂ ਉਹ ਹੱਟੀ ਬਣ ਜਾਂਦੀ ਹੈ। ਨਾਲੇ ਜਦੋਂ ਇਕ ਅੰਗਰੇਜ ਐਚ ਏ ਰੋਜ਼ ਪੇਸ਼ਾਵਰ ਗਇਆ ਤਾਂ ਇਕ ਪਠਾਣ ਨੇ ਉਨੂੰ ਗਾਈਡ ਕੀਤਾ ਕਿ ਇਹ 1000 ਸਾਲ ਪੁਰਾਣਾ ਸਥਾਨ ਹੈ ਗੋਰ- ਖੱਤਰੀ: ਗੋਰ ਮਾਇਨੇ ਕਬਰ। ਨਤੀਜਾ ਇਹ ਨਿਕਲਿਆ ਕਿ ਅੱਜ ਪੁਰਾਤਤਵ ਵਾਲਿਆਂ ਵੀ ਇਹਨੂੰ ਗੋਰ ਖੱਤਰੀ ਹੀ ਲਿਖਣਾ ਸ਼ੁਰੂ ਕਰ ਦਿੱਤਾ ਹੈ। ਕੁਝ ਇਸ ਤਰਾਂ ਵਿਗੜਦਾ ਹੈ ਇਤਹਾਸ।

ਝੱਟ ਇੱਕ ਜਣਾ ਕਹਿਣ ਲੱਗਾ ਕਿ ਕਿਤੇ ਤੁਸੀ ਗੁਰੂ ਨਾਨਕ ਦੇ ਚੇਲੇ ਤਾਂ ਨਹੀ ਹੋ?

ਮਰਦਾਨਾ ਹੱਸ ਪਿਆ। ਕਹਿਣ ਲੱਗਾ ਸਵਾਮੀ ਜੀ ਇਹ ਖੁਦ ਗੁਰੂ ਨਾਨਕ ਸਾਹਿਬ ਹੀ ਨੇ। ਆਸ਼ਰਮ ਵਿੱਚ ਇੱਕ ਦਮ ਰੌਲਾ ਪੈ ਗਇਆ, "ਗੁਰੂ ਨਾਨਕ ਇਥੇ ਆਇਆ ਜੇ।" "ਗੁਰੂ ਨਾਨਕ ਆਇਆ ਜੇ।" ਸਭ ਆਦੇਸ ਆਦੇਸ ਹੀ ਕਰੀ ਜਾਣ ਬਾਬੇ ਨੂੰ।

ਬਾਬਾ ਜੀ ਕੋਲੋ ਗੱਲਾਂ ਪੁੱਛਣੀਆਂ ਸ਼ੁਰੂ ਕਰ ਦਿੱਤੀਆਂ ਕਿ ਬਾਬਾ ਜੀ ਸੁਣਿਐ ਤੁਸੀ ਪੂਰੇ ਹਿੰਦੁਸਤਾਨ ਦਾ ਚੱਕਰ ਲਾ ਚੁੱਕੇ ਹੋ। ਮਰਦਾਨੇ ਨੇ ਦੱਸਿਆ ਕਿ ਗੁਰੂ ਸਾਹਿਬ ਹੁਣੇ ਹੁਣੇ ਸੁਮੇਰ ਪਰਬਤ ਵੀ ਗਾਹ ਆਏ ਨੇ।

ਹਰ ਜੋਗੀ ਉਤਸੁਕ ਹੋਇਆ ਗੁਰੂ ਸਾਹਿਬ ਕੋਲੋਂ ਵੱਖ ਵੱਖ ਥਾਵਾਂ ਦੀ ਜਾਣਕਾਰੀ ਲੈ ਰਿਹਾ ਸੀ। ਇੱਕ ਦਿਨ ਤਾਂ ਬਸ ਜਾਣਕਾਰੀ ਵਾਲੀ ਗੱਲਾਂ ਬਾਤਾਂ ਵਿੱਚ ਨਿਕਲ ਗਿਆ।

ਅਗਲੇ ਦਿਨ ਫਿਰ ਸਭਾ ਜੁੜੀ। ਹੁਣ ਜੋਗੀਆਂ ਨੇ ਰੂਹਾਨੀਅਤ ਨਾਲ ਸਬੰਧਿਤ ਮਸਲੇ ਪੁੱਛਣੇ ਸ਼ੁਰੂ ਕਰ ਦਿੱਤੇ। ਕਲ ਵਾਲੇ ਜੋਗੀ ਨੇ ਫਿਰ ਸਵਾਲ ਕਰ ਦਿੱਤਾ ਕਿ ਇੱਕ ਗ੍ਰਿਹਸਤੀ ਬੰਦਾ ਕਿਵੇ ਨਿਰੰਕਾਰ ਨਾਲ ਜੁੜ ਸਕਦਾ ਹੈ?

ਸਾਹਿਬ ਨੇ ਸਮਝਾਇਆ ਕਿ ਹਾਂ ਗ੍ਰਿਹਸਤ ਵਿੱਚ ਰਹਿ ਕੇ ਵੀ ਬੰਦਾ ਨਿਰੰਕਾਰ ਦੇ ਅੰਗ ਸੰਗ ਚੜ੍ਹਦੀ ਕਲਾ ਵਿੱਚ ਵਿਚਰ ਸਕਦਾ ਹੈ। ਬਸ ਸੰਜਮ ਵਿੱਚ ਰਹੇ। ਜੀਵਨ ਦਾ ਉਨੂੰ ਗਿਆਨ ਹੋਵੇ। ਵੰਡ ਕੇ ਛਕੇ।

ਗੁਰੂ ਸਾਹਿਬ ਤੇ ਮਰਦਾਨੇ ਨੇ ਰਾਮਕਲੀ ਵਿੱਚ ਵਾਰ ਛੇੜ ਦਿੱਤੀ:-

ਮਃ ੧ ॥ ਸੋ ਗਿਰਹੀ ਜੋ ਨਿਗੁਹੁ ਕਰੈ ॥ ਜਪੁ ਤਪੁ ਸੰਜਮੁ ਭੀਖਿਆ ਕਰੈ ॥ ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥ ਬੋਲੈ ਈਸਰੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੨॥ ਮਃ ੧ ॥ ਸੋ ਅਉਧੂਤੀ ਜੋ ਧੂਪੈ ਆਪੁ ॥ ਭਿਖਿਆ ਭੋਜਨੁ ਕਰੈ ਸੰਤਾਪੁ ॥ ਅਉਹਠ ਪਟਣ ਮਹਿ ਭੀਖਿਆ ਕਰੈ ॥ ਸੋ ਅਉਧੂਤੀ ਸਿਵ ਪੁਰਿ ਚੜੈ ॥ ਬੋਲੈ ਗੋਰਖੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੩॥ ਮਃ ੧ ॥ ਸੋ ਉਦਾਸੀ ਜਿ ਪਾਲੇ ਉਦਾਸੁ ॥ ਅਰਧ ਉਰਧ ਕਰੇ ਨਿਰੰਜਨ ਵਾਸੁ ॥ ਚੰਦ ਸੂਰਜ ਕੀ ਪਾਏ ਗੰਢਿ ॥ ਤਿਸੁ ਉਦਾਸੀ ਕਾ ਪੜੈ ਨ ਕੰਧੁ ॥ ਬੋਲੈ ਗੋਪੀ ਚੰਦੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੪॥ ਮਃ ੧ ॥ ਸੋ ਪਾਖੰਡੀ ਜਿ ਕਾਇਆ ਪਖਾਲੇ ॥ ਕਾਇਆ ਕੀ ਅਗਨਿ ਬ੍ਰਹਮੁ ਪਰਜਾਲੇ ॥ ਸੁਪਨੈ ਬਿੰਦੁ ਨ ਦੇਈ ਝਰਣਾ ॥ ਤਿਸੁ ਪਾਖੰਡੀ ਜਰਾ ਨ ਮਰਣਾ ॥ ਬੋਲੈ ਚਰਪਟੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੫॥ ਮਃ ੧ ॥ ਸੋ ਬੈਰਾਗੀ ਜਿ ਉਲਟੇ ਬ੍ਰਹਮੁ ॥ ਗਗਨ ਮੰਡਲ ਮਹਿ ਰੋਪੈ ਥੰਮੁ ॥ ਅਹਿਨਿਸਿ ਅੰਤਰਿ ਰਹੈ ਧਿਆਨਿ ॥ ਤੇ ਬੈਰਾਗੀ ਸਤ ਸਮਾਨਿ ॥ ਬੋਲੈ ਭਰਥਰਿ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੬॥ ਮਃ ੧ ॥ ਕਿਉ ਮਰੈ ਮੰਦਾ ਕਿਉ ਜੀਵੈ ਜੁਗਤਿ ॥ ਕੰਨ ਪੜਾਇ ਕਿਆ ਖਾਜੈ ਭੁਗਤਿ ॥ ਆਸਤਿ ਨਾਸਤਿ ਏਕੋ ਨਾਉ ॥ ਕਉਣੁ ਸੁ ਅਖਰੁ ਜਿਤੁ ਰਹੈ ਹਿਆਉ ॥ ਧੂਪ ਛਾਵ ਜੇ ਸਮ ਕਰਿ ਸਹੈ ॥ ਤਾ ਨਾਨਕੁ ਆਖੈ ਗੁਰੁ ਕੋ ਕਹੈ ॥ ਛਿਅ ਵਰਤਾਰੇ ਵਰਤਹਿ ਪੂਤ ॥ ਨਾ ਸੰਸਾਰੀ ਨਾ ਅਉਧੂਤ ॥ ਨਿਰੰਕਾਰਿ ਜੋ ਰਹੈ ਸਮਾਇ ॥ ਕਾਹੇ ਭੀਖਿਆ ਮੰਗਣਿ ਜਾਇ ॥੭॥ ਪਉੜੀ ॥ ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥ ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ ॥ ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥ ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ ॥ ਸਭ ਮਹਿ ਇਕੁ ਵਰਤਦਾ ਗੁਰ ਸਬਦੀ ਪਾਇਆ ਜਾਈ ॥੧੨॥ ਮਃ ੧ ॥ ਕਿਉ ਮਰੈ ਮੰਦਾ ਕਿਉ ਜੀਵੈ ਜੁਗਤਿ ॥ ਕੰਨ ਪੜਾਇ ਕਿਆ ਖਾਜੈ ਭੁਗਤਿ ॥ ਆਸਤਿ ਨਾਸਤਿ ਏਕੋ ਨਾਉ ॥ ਕਉਣੁ ਸੁ ਅਖਰੁ ਜਿਤੁ ਰਹੈ ਹਿਆਉ ॥ ਧੂਪ ਛਾਵ ਜੇ ਸਮ ਕਰਿ ਸਹੈ ॥ ਤਾ ਨਾਨਕੁ ਆਖੈ ਗੁਰੁ ਕੋ ਕਹੈ ॥ ਛਿਅ ਵਰਤਾਰੇ ਵਰਤਹਿ ਪੂਤ ॥ ਨਾ ਸੰਸਾਰੀ ਨਾ ਅਉਧੂਤ ॥ ਨਿਰੰਕਾਰਿ ਜੋ ਰਹੈ ਸਮਾਇ ॥ ਕਾਹੇ ਭੀਖਿਆ ਮੰਗਣਿ ਜਾਇ ॥੭॥ ਪਉੜੀ ॥ ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥ ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ ॥ ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥ ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ ॥ ਸਭ ਮਹਿ ਇਕੁ ਵਰਤਦਾ ਗੁਰ ਸਬਦੀ ਪਾਇਆ ਜਾਈ ॥੧੨॥

ਸਾਹਿਬ ਨੇ ਕਿਹਾ ਓਏ ਵੀਰ ਜੋਗਿਓ, ਤੁਸੀ ਕੰਨ ਵਿੰਨੇ ਨੇ, ਜੇ ਵਿੰਨਣਾ ਹੀ ਹੈ ਤਾਂ ਆਪਣੇ ਹਿਰਦਿਆਂ ਨੂੰ ਵਿੰਨੋ। ਰਸਮਾਂ ਨਾਂ ਕਰੋ। ਸੱਚ ਮੁੱਚ ਮੌਤ ਨੂੰ ਯਾਦ ਰੱਖੋ। ਕੰਟਰੋਲ ਕਰਨਾਂ ਹੈ ਤਾਂ ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ ਤੇ ਕਰੋ। ਤੇ ਸਭ ਤੋਂ ਜਰੂਰੀ ਗੱਲ: ਸ਼ਬਦ ਰਾਂਹੀ ਨਿਰੰਕਾਰ ਦੀ ਸਿਫਤ ਸਲਾਹ ਕਰੋ। ਐਂਵੇ ਨਾਂ ਗੂੰਗੇ ਬਣੇ ਬਗਲਾ ਸਮਾਧੀ ਲਾਇਆ ਕਰੋ।

ਗੁਰੂ ਸਾਹਿਬ ਤੇ ਮਰਦਾਨੇ ਨੇ ਸ਼ਬਦ ਗਾਵਿਆ:-

ਗਉੜੀ ਚੇਤੀ ਮਹਲਾ ੧ ॥ ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ ਕਾਂਇਆ ਕੀਜੈ ਖਿੰਥਾਤਾ ॥ ਪੰਚ ਚੇਲੇ ਵਸਿ ਕੀਜਹਿ ਰਾਵਲ ਇਹੁ ਮਨੁ ਕੀਜੈ ਡੰਡਾਤਾ ॥੧॥ ਜੋਗ ਜੁਗਤਿ ਇਵ ਪਾਵਸਿਤਾ ॥ ਏਕੁ ਸਬਦੁ ਦੂਜਾ ਹੋਰੁ ਨਾਸਤਿ ਕੰਦ ਮੂਲਿ ਮਨੁ ਲਾਵਸਿਤਾ ॥੧॥ ਰਹਾਉ ॥ ਮੁੰਡਿ ਮੁੰਡਾਇਐ ਜੇ ਗੁਰੁ ਪਾਈਐ ਹਮ ਗੁਰੁ ਕੀਨੀ ਗੰਗਾਤਾ ॥ ਤ੍ਰਿਭਵਣ ਤਾਰਣਹਾਰੁ ਸੁਆਮੀ ਏਕੁ ਨ ਚੇਤਸਿ ਅੰਧਾਤਾ ॥੨॥ ਕਰਿ ਪਟੰਬੁ ਗਲੀ ਮਨੁ ਲਾਵਸਿ ਸੰਸਾ ਮੂਲਿ ਨ ਜਾਵਸਿਤਾ ॥ ਏਕਸੁ ਚਰਣੀ ਜੇ ਚਿਤੁ ਲਾਵਹਿ ਲਬਿ ਲੋਭਿ ਕੀ ਧਾਵਸਿਤਾ ॥੩॥ ਜਪਸਿ ਨਿਰੰਜਨੁ ਰਚਸਿ ਮਨਾ ॥ ਕਾਹੇ ਬੋਲਹਿ ਜੋਗੀ ਕਪਟੁ ਘਨਾ ॥੧॥ ਰਹਾਉ ॥ ਕਾਇਆ ਕਮਲੀ ਹੰਸੁ ਇਆਣਾ ਮੇਰੀ ਮੇਰੀ ਕਰਤ ਬਿਹਾਣੀਤਾ ॥ ਪ੍ਰਣਵਤਿ ਨਾਨਕੁ ਨਾਗੀ ਦਾਝੈ ਫਿਰਿ ਪਾਛੈ ਪਛੁਤਾਣੀਤਾ ॥੪॥੩॥੧੫॥

ਇਕ ਜੋਗੀ ਬੋਲ ਉਠਿਆ ਬਾਬਾ ਜੀ ਉਹ ਸ਼ਬਦ ਸੁਣਾਓ: 'ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥' ਗੁਰੂ ਸਾਹਿਬ ਨੇ ਕਿਹਾ ਉਹ ਸਵੇਰੇ ਸਹੀ। ਰਾਗ ਆਸਾ ਵਿੱਚ ਤੁਹਾਨੂੰ ਸੁਣਾਵਾਂਗੇ।

ਪਿਸ਼ਾਵਰ ਵਿੱਚ ਇਸ ਪ੍ਰਕਾਰ ਗੁਰੂ ਸਾਹਿਬ ਕੋਈ ਹਫਤਾ ਦੋ ਹਫਤੇ ਰੁਕੇ ਤੇ ਜਿੰਨੇ ਵੀ ਪੰਜਾਬੀ ਵਪਾਰੀ ਸਨ ਸਭ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਢੁਕੇ। ਸਭ ਪਾਸੇ ਧੰਨ ਗੁਰੂ ਨਾਨਕ, ਧੰਨ ਬਾਬਾ ਨਾਨਕ ਹੋ ਰਹੀ ਸੀ।

ਬਹੁਤੇ ਜੋਗੀ ਗੁਰੂ ਸਾਹਿਬ ਨਾਲ ਜਾਣ ਨੂੰ ਤਿਆਰ ਹੋ ਗਏ। ਗੁਰੂ ਸਾਹਿਬ ਨੇ ਫਰਮਾਇਆ ਕਿ ਨਹੀ ਆਪੋ ਆਪਣਿਆਂ ਟਿਕਾਣਿਆਂ ਤੋ ਲੋਕਾਈ ਨੂੰ ਨਿਰੰਕਾਰ ਦੇ ਨਾਮ ਨਾਲ ਜੋੜੋ। ਫਿਰ ਵੀ ਕੁਝ ਜੋਗੀ ਗੁਰੂ ਸਾਹਿਬ ਨਾਲ ਹੋ ਤੁਰੇ। —◈—

ਗੁਰਦੁਆਰਾ ਗੁਰਹੱਟੜੀ ਪੇਸ਼ਾਵਰ (ਧਰਮਸਾਲਾ ਬਾਬਾ ਸ੍ਰੀ ਚੰਦ)। ਮੂਲ ਵਿਚ ਅਬਦੁਲ ਰਹਿਮਾਨ ਦਾ ਘਰ। ਅੱਜ ਇਸ ਅਸਥਾਨ ਦਾ ਮੁੱਖ ਗੇਟ ਹੀ ਬਚਿਆ ਹੈ। ਗੁਰਦੁਆਰਾ ਢਾਹ ਕੇ ਓਥੇ ਸਕੂਲ ਬਣਾ ਦਿੱਤਾ ਗਇਆ ਹੈ।(ਫੋਟੋ ਇਕਬਾਲ ਕੈਸਰ)

ਸਾਈਕਲ ਯਾਤਰੀ- 412 ਨੇ ਇਸ ਗੋਰਖ ਹੱਟੜੀ ਗੁਰਦੁਆਰਾ ਸਾਹਿਬ ਦੀ ਬੜੀ ਦਰਦਨਾਕ ਤਸਵੀਰ ਖਿੱਚੀ ਹੈ। ਸੰਨ 1982 ਬਿ. (1925 ਈ.) ਨੂੰ ਸਰਕਾਰ ਨੇ ਹੁਕਮ ਦਿੱਤਾ ਸੀ ਕਿ ਜਿਹੜਾ ਵੀ ਇਸ ਗੁਰਦੁਆਰੇ ਅੰਦਰ ਜਾਏਗਾ ਉਨੂੰ 600 ਰੁਪਏ ਜੁਰਮਾਨਾ। ਕਾਰਨ ਇਹ ਕਿ ਓਦੋਂ ਸਿੱਖ ਅਤੇ ਸ੍ਰੀ ਚੰਦੀਏ ਹਿੰਦੂਆਂ ਦਰਮਿਆਨ ਝਗੜਾ ਹੋ ਗਇਆ ਸੀ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਲੈ ਕੇ ਜਿਸ ਕਾਰਨ ਦੋਵਾਂ ਧਿਰਾਂ ਦੇ 11 -11 ਬੰਦੇ ਗ੍ਰਿਫਤਾਰ ਕੀਤੇ ਗਏ। ਸਰਕਾਰ ਨੇ ਫਿਰ ਗੁਰਦੁਆਰਾ ਸਾਹਿਬ ਵਿੱਚ ਦਾਖਲੇ ਤੇ ਪਾਬੰਦੀ ਲਾ ਦਿੱਤੀ ਸੀ। ਸੰਗਤਾਂ ਬਾਹਰੋ ਹੀ ਮੱਥਾ ਟੇਕਿਆਂ ਕਰਦੀਆਂ ਸਨ।

ਅਬਦੁਲ ਰਹਿਮਾਨ ਨੂੰ ਜੋੜਾ ਬਖਸ਼ਿਆ

ਪੇਸ਼ਾਵਰ ਗੁਰੂ ਸਾਹਿਬ ਪ੍ਰਸਿੱਧ ਚਮੜਾ ਵਪਾਰੀ ਅਬਦੁਲ ਰਹਿਮਾਨ ਦੇ ਘਰ ਰੁਕੇ ਸਨ। ਰਹਿਮਾਨ ਨੇ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਗੁਰੂ ਸਾਹਿਬ ਨੂੰ ਵਧੀਆ ਜੋੜਾ ਜੁੱਤੇ ਨਾਲ ਪਹਿਨਾਏ। ਰਹਿਮਾਨ ਨੇ ਸਾਹਿਬ ਦਾ ਪੁਰਾਣਾ ਜੋੜਾ ਗੁਰੂ ਸਾਹਿਬ ਕੋਲੋ ਮੰਗ ਲਿਆ ਜੋ ਗੁਰੂ ਸਾਹਿਬ ਨੇ ਉਹਦੀ ਸੇਵਾ ਤੋਂ ਪ੍ਰਸੰਨ ਹੋ ਕੇ ਉਨੂੰ ਬਖਸ਼ ਦਿੱਤਾ। ਇਹ ਜੋੜਾ ਚਾਰ ਪੀੜੀਆਂ ਰਹਿਮਾਨ ਦੇ ਪ੍ਰਵਾਰ ਕੋਲ ਰਿਹਾ।

ਰਹਿਮਾਨ ਦੀ ਚੌਥੀ ਪੀੜੀ ਵਿੱਚੋਂ ਰਹੀਮ ਖਾਂ ਉਹ ਜੋੜਾ ਹੋਤੀ ਮਰਦਾਨ ਲੈ ਕੇ ਗਿਆ। ਓਥੇ ਮੋਤਾ ਸਿੰਘ ਕੋਲ ਜੋੜਾ ਅਮਾਨਤ ਦੇ ਤੌਰ ਤੇ ਰੱਖ ਕੇ ਕਿਤੇ ਗਇਆ ਤੇ ਮੁੜ ਜੋੜਾ ਲੈਣ ਨਾਂ ਪਰਤਿਆ। 1934 ਵਿੱਚ ਇਹ ਜੋੜਾ ਪਟਿਆਲਾ ਵਿਖੇ ਗੁਰਬਖਸ਼ ਸਿੰਘ ਦੇ ਘਰ ਮੌਜੂਦ ਸੀ।

ਅਬਦੁਲ ਰਹਿਮਾਨ ਸਿੱਖੀ ਦਾ ਵੱਡਾ ਸ਼ਰਧਾਲੂ ਸੀ। ਬਾਬਾ ਸ੍ਰੀ ਚੰਦ ਨੇ ਰਹਿਮਾਨ ਦੇ ਘਰ ਵਾਲੀ ਥਾਂ ਤੇ ਧਰਮਸਾਲਾ ਬਣਵਾ ਦਿੱਤੀ ਜਿਹੜੀ 1947 ਤੱਕ ਤਾਂ ਮੌਜੂਦ ਰਹੀ। ਬਾਦ ਵਿੱਚ ਪਾਕਿਸਤਾਨ ਸਰਕਾਰ ਨੇ ਇਥੇ ਸਕੂਲ ਬਣਾ ਲਿਆ ਹੈ। ਧਰਮਸਾਲਾ ਦਾ ਪੁਰਾਤਨ ਮੁੱਖ ਦਰਵਾਜਾ ਅੱਜ ਵੀ ਮੌਜੂਦ ਹੈ। ⊙

ਪਟਿਆਲੇ ਕਿਵੇ ਪਹੁੰਚਿਆ ਪਵਿਤ੍ਰ ਜੋੜਾ ■

ਅਬਦੁਲ ਰਹਿਮਾਨ ਖਾਂਨ ਉਸ ਜੋੜੇ ਦੇ ਦਰਸ਼ਨ ਸਵਾ ਰੁਪਿਆ ਲੈ ਕੇ ਕਰਵਾਇਆ ਕਰਦਾ ਸੀ। ਰਹਿਮਾਨ ਦੇ 4 ਪੁੱਤ੍ਰ ਸਨ। ਉਹਦੇ ਗੁਜਰਨ ਉਪਰੰਤ ਜਦੋਂ ਪੁੱਤਰਾਂ ਵਿੱਚ ਵੰਡ ਪਈ ਤਾਂ ਤਿੰਨ ਪੁੱਤਰਾਂ ਨੇ ਵਪਾਰ ਦਾ ਕੰਮ ਸਾਂਭਿਆ ਤੇ ਚੌਥੇ ਸਭ ਤੋਂ ਛੋਟੇ ਪੁੱਤਰ ਦੇ ਹਿੱਸੇ ਉਹ ਜੋੜਾ ਆ ਗਿਆ। ਜੋ ਇਲਾਕੇ ਵਿੱਚ ਦਰਸ਼ਨ ਕਰਾ ਆਪਣਾ ਗੁਜਾਰਾ ਕਰਦਾ ਸੀ। ਇਸੇ ਤਰਾਂ ਫਿਰ ਉਹਦੀਆਂ ਅਗਲੀਆਂ ਪੀੜੀਆਂ ਵਿੱਚੋਂ ਵੀ ਇੱਕ ਇੱਕ ਪੁੱਤਰ ਇਹੋ ਕੰਮ ਕਰਦਾ ਰਿਹਾ।

ਇਕ ਵੇਰਾਂ ਇਸ ਖਾਨਦਾਨ ਦਾ ਇੱਕ ਬਜੁਰਗ ਪਠਾਣ ਉਹ ਜੋੜਾ ਪੇਸ਼ਾਵਰ ਦੇ ਚੜ੍ਹਦੇ ਪਾਸੇ 60 ਕਿ. ਮੀ ਪਿੰਡ ਹੋਤੀ ਮਰਦਾਨ ਲੈ ਆਇਆ। ਜੋੜੇ ਦੇ ਦਰਸ਼ਨ ਕਰਾਉਦਾ ਹੋਇਆ ਉਹ ਪ੍ਰਸਿੱਧ ਗੁਰ ਸੰਤ ਬਾਬਾ ਮੋਤਾ ਸਿੰਘ ਦੇ ਡੇਰੇ ਆ ਵੜਿਆ। ਗੁਰੂ ਸਾਹਿਬ ਦੇ ਪ੍ਰੇਮੀ ਮੋਤਾ ਸਿੰਘ ਨੇ ਪਠਾਣ ਨੂੰ ਸਵਾ ਰੁਪਿਆ ਦਿੱਤਾ ਤੇ ਨਾਲ ਹੀ ਕਿਹਾ ਕਿ ਬੇਸ਼ੱਕ ਮੈਨੂੰ ਦੋਵੇ ਵਕਤ ਦਰਸ਼ਨ ਕਰਾ ਦਿਆ ਕਰ ਤੇ ਸਵਾ ਸਵਾ ਰੁਪਿਆ ਲੈ ਲਿਆ ਕਰ। ਬਜੁਰਗ ਪਠਾਣ ਨੂੰ ਇਸ ਤਰਾਂ ਕਰਨਾਂ ਸੌਖਾ ਲੱਗਿਆ ਤੇ ਉਹ ਦੋਵੇ ਵਕਤ ਸੰਤ ਜੀ ਨੂੰ ਦਰਸ਼ਨ ਕਰਾਇਆ ਕਰੇ।

ਹੌਲੀ ਹੌਲੀ ਪਠਾਣ ਏਨਾ ਆਲਸੀ ਹੋ ਗਇਆ ਕਿ ਉਸ ਨੇ ਜੋੜਾ ਸੰਤਾਂ ਪਾਸ ਹੀ ਛੱਡ ਦਿੱਤਾ ਤੇ ਗਾਹੇ ਬਿਗਾਹੇ ਆ ਆਪਣੀ ਮਾਇਆ ਲੈ ਜਾਇਆ ਕਰੇ। ਇੱਕ ਵੇਰਾਂ ਕੁਝ ਸਮਾਂ ਜਦੋਂ ਪਠਾਣ ਪਰਤਿਆ ਨਾਂ ਤਾਂ ਪਤਾ ਲੱਗਾ ਕਿ ਉਹ ਤਾਂ ਚੜ੍ਹਾਈ ਹੀ ਕਰ ਗਇਆ ਹੈ।

ਇਸ ਪ੍ਰਕਾਰ ਜੋੜਾ ਸਾਹਿਬ ਸੰਤ ਮੋਤਾ ਸਿੰਘ ਪਾਸ ਹੀ ਰਹਿ ਗਿਆ। ਇਹ 1880-90 ਈ ਦੀਆਂ ਗੱਲਾਂ ਹੋਣੀਆਂ ਨੇ।

ਸੰਤ ਮੋਤਾ ਸਿੰਘ ਦਾ ਅੰਮ੍ਰਿਤਸਰ ਦੇ ਭਾਈ ਮੰਨਾ ਸਿੰਘ ਜੋ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਪੁਸਤਕਾਂ ਦੇ ਉਤਾਰੇ ਕਰਿਆ ਕਰਦੇ ਸਨ ਨਾਲ ਡੂੰਘਾ ਪ੍ਰੇਮ ਸੀ। ਸੋ ਆਪਣੀ ਬ੍ਰਿਧ ਅਵਸਥਾ ਵੇਲੇ ਮੋਤਾ ਸਿੰਘ ਨੇ ਉਹ ਪਵਿਤ੍ਰ ਜੋੜਾ ਮੰਨਾ ਸਿੰਘ ਨੂੰ ਸੌਪ ਦਿੱਤਾ। ਅੱਗੇ ਫਿਰ ਮੰਨਾ ਸਿੰਘ ਨੇ ਅਖੀਰੀ ਵੇਲੇ ਜੋੜਾ ਆਪਣੇ ਮੁਤਬੰਨੇ ਪੁੱਤ੍ਰ ਨੱਥਾ ਸਿੰਘ ਨੂੰ ਦੇ ਦਿੱਤਾ। ਨੱਥਾ ਸਿੰਘ 45 ਸਾਲ ਦੀ ਉਮਰ ਵਿੱਚ ਹੀ ਚੜਾਈ ਕਰ ਗਏ ਤੇ ਉਨਾਂ ਦੀ ਪਤਨੀ ਮਾਈ ਠਾਕਰ ਦੇਈ ਨੇ ਇਹ ਜੋੜਾ ਲੁਕਾ ਕੇ ਰੱਖ ਲਿਆ ਕਿਉਕਿ ਪਹਿਲਾਂ ਉਸ ਨਾਲ ਕੁਝ ਘਟਨਾਵਾਂ ਹੋਈਆਂ ਕਿ ਕੁਝ ਵਸਤਾਂ ਲੋਕਾਂ ਵਾਪਸ ਨਹੀ ਸੀ ਕੀਤੀਆਂ।

1925 ਈ ਦੇ ਆਸ ਪਾਸ ਮਾਈ ਚੜ੍ਹਾਈ ਕਰ ਗਈ ਤੇ ਜੋੜਾ ਉਸ ਦੀ ਮੁਤਬੰਨੀ ਧੀ ਮਾਇਆ ਦੇਵੀ (ਅੰਮ੍ਰਿਤ ਕੌਰ) ਕੋਲ ਪਹੁੰਚ ਗਇਆ ਭਾਵ ਦਰਬਾਰਾ ਸਿੰਘ ਆਹਲੂਵਾਲੀਆ ਚੌਂਕ ਪਰਾਗਦਾਸ, ਹਵੇਲੀ ਚੋਹਲੇ ਵਾਲੀ, ਅੰਮ੍ਰਿਤਸਰ।

ਅਗਸਤ 1933 ਵਿੱਚ ਜਦੋਂ ਸਾਈਕਲ ਯਾਤਰੀ ਭਾਈ ਧੰਨਾ ਸਿੰਘ ਚਹਿਲ ਆਪਣੀ ਯਾਤਰਾ ਦੌਰਾਨ ਭਾਈ ਦਰਬਾਰਾ ਸਿੰਘ ਕੋਲ ਰਹਿ ਰਿਹਾ ਸੀ ਤਾ ਧੰਨਾ ਸਿੰਘ ਨੇ ਖਹਿੜੇ ਪੈ ਕੇ ਭਾਈ ਦਰਬਾਰਾ ਸਿੰਘ ਕੋਲੋ ਉਹ ਜੋੜਾ ਲੈ ਲਿਆ ਤੇ ਪਟਿਆਲੇ ਆਪਣੇ ਸੱਜਣ ਗੁਰਬਖਸ਼ ਸਿੰਘ ਨੇੜੇ ਵਾਟਰ ਟੈਂਕ (ਬੀ) ਕੋਲ ਪਹੁੰਚਾ ਦਿੱਤਾ। ਅੱਜ ਕਲ ਇਹ ਜੋ ਜੋੜਾ ਗੁਰਬਖਸ ਸਿੰਘ ਦੇ ਪੁੱਤਰ ਜਬਰਜੰਗ ਸਿੰਘ ਭੰਵਰਾ ਦੇ ਘਰ ਮੌਜੂਦ ਹੈ। ਅਸਾਂ ਬਜੁਰਗ ਜਬਰਜੰਗ ਸਿੰਘ ਅਤੇ ਉਹਨਾਂ ਦੀ ਧੀ ਹਰਦੀਪ ਕੌਰ ਨੂੰ ਦੋ ਤਿੰਨ ਵਾਰੀ ਗੁਜਾਰਿਸ਼ ਕੀਤੀ ਹੈ ਕਿ ਇਸ ਪਵਿਤ੍ਰ ਜੋੜਾ ਸਾਹਿਬ ਦੀ ਤਸਵੀਰ ਸਾਨੂੰ ਭੇਜੀ ਜਾਵੇ ਤਾਂ ਕਿ ਇਸ ਇਤਹਾਸਿਕ ਜੋੜੇ ਦੇ ਸ਼ਰਧਾਲੂ ਵੀ ਦਰਸ਼ਨ ਕਰ ਸਕਣ। ਪਰ ਉਹ ਹਾਂ ਕਰਨ ਉਪਰੰਤ ਵੀ ਤਸਵੀਰ ਨਹੀ ਭੇਜ ਰਹੇ। ਪਤਾ ਲੱਗਾ ਹੈ ਕਿ ਇਹ ਪ੍ਰਵਾਰ ਜੋੜੇ ਨੂੰ ਹਵਾ ਨਹੀ ਲੱਗਣ ਦਿੰਦਾ ਤੇ ਸੰਗਤਾਂ ਨੂੰ ਦਰਸ਼ਨਾਂ ਤੋਂ ਵਾਂਝਿਆ ਰੱਖਿਆ ਹੋਇਆ ਹੈ।

ਸੰਗਤਾਂ ਨੂੰ ਚਾਹੀਦੈ ਹੈ ਕਿ ਵਕਤ ਰਹਿੰਦੇ ਇਸ ਜੋੜੇ ਨੂੰ ਸੰਭਾਲ ਲਿਆ ਜਾਵੇ। ਨਹੀ ਤਾਂ ਛੇਤੀ ਹੀ ਇਹ ਵੀ ਬਾਹਰ ਕਿਤੇ ਦੂਰ ਦੇਸ ਵਿੱਕ ਜਾਵੇਗਾ। ਇਹ ਕੰਮ ਤੁਰੰਤ ਕਰਨ ਦੀ ਜਰੂਰਤ ਹੈ।

—◈—

ਛਿੱਪ ਨਾਂ ਸਕਿਆ ਜਲਾਲਬਾਦ ਵਿਖੇ ਬਾਬੇ ਦਾ ਜਲਾਲ

ਚੋਹਾ ਸਾਹਿਬ -ਪੇਸ਼ਾਵਰ ਤੋਂ ਅੱਗੇ 126 ਕਿ. ਮੀ. ਤੇ ਜਲਾਲਾਬਾਦ ਕਸਬਾ ਹੈ। ਜਿਸ ਦੀ ਜੂਹ ਵਿੱਚ ਜਦੋ ਗੁਰੂ ਸਾਹਿਬ ਜਾ ਰਹੇ ਸਨ ਤਾਂ ਰਸਤੇ ਵਿੱਚ ਇੱਕ ਡੰਗਰਾਂ ਦਾ ਪਾਲੀ ਬੇਹੋਸ਼

ਪੈਰ ਸਫ਼ਾ

ਸੋਢੀ -417. ਨੇ ਸਾਫ ਲਿਖਿਆ ਹੈ ਕਿ ਗੁਰੂ ਸਾਹਿਬ ਪੇਸ਼ਾਵਰ ਉਤਰ ਦੀ ਉਦਾਸੀ ਵੇਲੇ ਗਏ ਸਨ। ਨਾਲੇ ਲਿਖਿਆ ਹੈ ਕਿ ਉਦਾਸੀ ਸਾਲ ਭਰ ਚਲੀ ਸੀ।

⊙ ਇਕਬਾਲ ਕੈਸਰ- ਪਾਕਿਸਤਾਨ ਵਿੱਚ ਸਿੱਖ ਅਸਥਾਨ

■ ਸਾਈਕਲ ਯਾਤਰੀ-686

ਹਾਲਤ ਵਿੱਚ ਮਿਲਿਆ। ਪਾਲੀ ਬੋਲ ਨਹੀ ਸੀ ਪਾ ਰਿਹਾ ਉਸ ਨੇ ਇਸ਼ਾਰੇ ਨਾਲ ਕਿਹਾ ਕਿ ਉਹ ਪਿਆਸਾ ਹੈ। ਗੁਰੂ ਸਾਹਿਬ ਨੇ ਮਰਦਾਨੇ ਨੂੰ ਹੁਕਮ ਕੀਤਾ ਕਿ ਇਨੂੰ ਜਲ ਛਕਾਉ। ਮਰਦਾਨਾ ਕਹਿਣ ਲੱਗਾ ਗੁਰੂ ਜੀ ਸਾਡੀ ਮਸ਼ਕ ਵੀ ਬਿਲਕੁਲ ਖਾਲੀ ਹੈ। ਉਸ ਵੇਲੇ ਗੁਰੂ ਸਾਹਿਬ ਨੇ ਇੱਕ ਪੱਥਰ ਵਲ ਇਸ਼ਾਰਾ ਕੀਤਾ ਕਿ ਇਸ ਨੂੰ ਖਿਸਕਾਓ, ਜਲ ਨਿਕਲੇਗਾ। ਮਰਦਾਨੇ ਤੇ ਨਾਲ ਦੇ ਜੋਗੀ ਸਾਥੀਆਂ ਨੇ ਉਹ ਪੱਥਰ ਹਟਾਇਆ ਤਾਂ ਥੱਲਿਓ ਜਲ ਨਿਕਲ ਆਇਆ। ਪਿਆਸੇ ਮੁੰਡੇ ਨੂੰ ਪਾਣੀ ਪਿਆਇਆ ਤਾਂ ਉਹ

ਗੁਰੂ ਨਾਨਕ ਦਰਬਾਰ, ਚਸ਼ਮਾ ਸਾਹਿਬ, ਜਲਾਲਾਬਾਦ

ਹੋਸ਼ ਵਿੱਚ ਆਇਆ। ਹੋਰ ਥੋੜਾ ਪੁੱਟਣ ਤੇ ਨਿਰਮਲ ਜਲ ਦਾ ਫੁਹਾਰਾ ਛੁੱਟ ਪਿਆ। ਖਬਰ ਜਲਾਲਾਬਾਦ ਵਿੱਚ ਜੰਗਲ ਦੀ ਅੱਗ ਦੀ ਨਿਆਈ ਫੈਲ ਗਈ। ਹੁੰਮ ਹੁੰਮਾ ਕੇ ਪਠਾਣ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਏ।

ਜਲਾਲਾਬਾਦ ਵਿੱਚ ਅੱਜ ਵੀ ਸੁਲਤਾਨਪੁਰ ਵਾਲੀ ਸੜਕ ਤੇ ਗੁਰਦੁਆਰਾ ਚੋਆ ਸਾਹਿਬ ਮੌਜੂਦ ਹੈ। ◉

ਯਾਦ ਰਹੇ ਜਲਾਲਾਬਾਦ ਵੀ ਬਹੁਤ ਪੁਰਾਤਨ ਸ਼ਹਿਰਾਂ ਵਿਚੋਂ ਆਉਦਾ ਹੈ। ਚੀਨੀ ਯਾਤਰੀ ਹਿਊਨ ਸਾਂਗ ਨੇ ਵੀ ਇਹਦਾ ਜਿਕਰ ਕੀਤਾ ਹੈ। ਇਹਦਾ ਪੁਰਾਣਾ ਨਾਂ ਅਦੀਨਾਪੁਰ ਹੋਇਆ ਕਰਦਾ ਸੀ। ਅਫਗਾਨਿਸਤਾਨ ਦੇ ਪੰਜ ਵੱਡੇ ਸ਼ਹਿਰਾਂ ਵਿਚੋਂ ਇੱਕ ਹੈ ਤੇ ਨਾਂਗਰਹਾਰ ਸੂਬੇ ਦੀ ਰਾਜਧਾਨੀ ਹੈ। ਇਥੇ ਵਪਾਰੀ ਜਿਆਦਾ ਪੰਜਾਬੀ ਹੀ ਹੋਇਆ ਕਰਦੇ ਸਨ।

ਲਗਪਗ ਹਫਤਾ ਕੁ ਗੁਰੂ ਸਾਹਿਬ ਇਥੇ ਰਹੇ ਤੇ ਫਿਰ ਅੱਗੇ ਕਾਬਲ ਨੂੰ ਚਲ ਪਏ।

ਪੈਂਡਾ ਸਾਡਾ

◉ **ਅਫਗਾਨਿਸਤਾਨ ਵਿਚ ਸਿੱਖ–** ਹਾਲਾਂ ਕਿਸੇ ਵੇਲੇ ਹਿੰਦੁਸਤਾਨੀ ਲੋਕ ਅਫਗਾਨਿਸਤਾਨ ਦੇ ਵਪਾਰ ਵਿੱਚ ਛਾਏ ਹੋਏ ਸਨ ਅੱਜ ਮਸਾਂ 3000 ਸਿੱਖ ਤੇ ਹਿੰਦੂ ਅਫਗਾਨਿਸਤਾਨ ਵਿੱਚ ਬਚੇ ਹਨ- ਇਸਲਾਮ ਵਧੀਆ ਸਿਧਾਂਤ ਹੈ ਪਰ ਬਦਕਿਸਮਤੀ ਨਾਲ ਮੁਸਲਮਾਨ ਲੋਕ ਬਾਕੀ ਮਜ਼ਹਬਾਂ ਨੂੰ ਬਰਦਾਸ਼ਤ ਨਹੀ ਕਰਦੇ। ਧਰਮ ਦੀ ਵੀਚਾਰਧਾਰਾ ਕੁਝ ਅਜਿਹੀ ਹੈ ਕਿ ਜਦੋਂ ਵੀ ਕੋਈ ਮੁਸਲਮਾਨ ਗੈਰ ਮੁਸਲਿਮ ਨੂੰ ਮਿਲਦਾ ਹੈ ਤਾਂ ਉਹਦੀ ਪਹਿਲੀ ਦਿਲੀ ਇਛਾ ਇਹ ਹੁੰਦੀ ਹੈ ਕਿ ਗੈਰ ਮੁਸਲਿਮ ਨੂੰ ਕਿਸੇ ਤਰਾਂ ਮੁਸਲਮਾਨ ਬਣਾਇਆ ਜਾਵੇ।

ਫਿਰ ਅਫਗਾਨਿਸਤਾਨ ਵਿੱਚ ਜਦੋਂ ਤੋਂ ਬਾਦਸ਼ਾਹਤ ਖਤਮ ਹੋਈ ਹੈ ਸਿੱਖਾਂ ਤੇ ਹਿੰਦੂਆਂ ਵਾਸਤੇ ਮੁਸੀਬਤ ਵਧੀ ਹੈ। ਖਾਸ ਕਰਕੇ 1992 ਵਿੱਚ ਜਦੋਂ ਬਾਬਰੀ ਮਸੀਤ ਢਾਹੀ ਗਈ ਤਾਂ ਸਿੱਖਾਂ ਹਿੰਦੂਆਂ ਤੇ ਤਾਂ ਮੁਸੀਬਤ ਦੇ ਪਹਾੜ ਢਹਿ ਪਏ। ਥਾਂ ਥਾਂ ਤੇ ਗੁਰਦੁਆਰੇ ਤੇ ਮੰਦਰ ਢਾਹ ਦਿੱਤੇ ਗਏ। ਇੱਕ ਗੁਰਦੁਆਰਾ ਢਾਹ ਕੇ ਓਥੇ ਦੇ ਰਾਸ਼ਟਰਪਤੀ ਦਾ ਮਕਬਰਾ ਉਸਾਰ ਦਿੱਤਾ ਗਿਆ। ਤਾਲਿਬਾਨ ਸਰਕਾਰ ਨੇ ਤਾਂ ਇੱਕ ਵੇਰ ਹੁਕਮ ਕਰ ਦਿੱਤਾ ਕੇ ਸਾਰੇ ਸਿੱਖ ਤੇ ਹਿੰਦੂ ਜਦੋਂ ਬਾਹਰ ਨਿਕਲਦੇ ਹੋ ਖੱਟੇ ਰੰਗ ਦੀ ਪੱਟੀ ਬਾਹ ਤੇ ਬੰਨ ਕੇ ਆਓ। ਇਸ ਹੁਕਮ ਨਾਲ ਸਿੱਖਾਂ ਵਿੱਚ ਹੋਰ ਦਹਿਸ਼ਤ ਫੈਲ ਗਈ। ਅੱਜ ਬਹੁਤੇ ਸਿੱਖ ਹਿੰਦੁਸਤਾਨ, ਕਨੇਡਾ, ਇੰਗਲੈਂਡ ਆਦਿ ਮੁਲਕਾਂ ਵਿੱਚ ਦੌੜ ਗਏ ਹਨ। ਜਿਹੜੇ ਬਚੇ ਹਨ ਉਹ ਨਰਕ ਜਿਹੀ ਜਿੰਦਗੀ ਜੀ ਰਹੇ ਹਨ। ਗੁਰਦੁਆਰੇ ਯੁਧ ਦੌਰਾਨ ਢਹਿ ਗਏ ਤੇ ਅਨੇਕਾਂ ਥਾਵਾਂ ਤੇ ਜਮੀਨ ਦੇ ਮਗਰਮੱਛਾਂ ਨੇ ਕਬਜੇ ਵੀ ਕਰ ਲਏ ਹਨ।

ਹਵਾਲਾ - https://afghanhindu.wordpress.com/2009/11/

ਜਦੋਂ ਬਾਬਰ ਨੇ ਬਾਬੇ ਕੋਲੋਂ ਚੱਕੀ ਪਿਸਾਈ*

ਪਰ ਗੁਰੂ ਸਾਹਿਬ ਅੱਗੇ ਹੋ ਕੇ ਬਾਬਰ ਨੂੰ ਕਿਓ ਮਿਲਣ ਗਏ?

(1520 ਈ.) ਜਲਾਲਾਬਾਦ ਤੋਂ ਕਾਬਲ 150 ਕਿ.ਮੀ. ਹੈ। ਓਹਨੀ ਦਿਨੀ ਵਣਜਾਰਿਆਂ ਦੇ ਕਾਫਲੇ ਆਮ ਹੀ ਤੁਰੇ ਰਹਿੰਦੇ ਸਨ। ਅੰਦਾਜ਼ਾ ਹੈ ਕਿ ਗੁਰੂ ਸਾਹਿਬ ਕਿਸੇ ਕਾਫਲੇ ਨਾਲ ਹੀ ਕਾਬੁਲ ਨੂੰ ਗਏ। ਹਾਲਾਂ ਰਸਤੇ ਵਿੱਚ ਥਾਂ ਥਾਂ ਗੁਰੂ ਸਾਹਿਬ ਨੇ ਨਾਮ ਦੇ ਲੜ ਲਗਣ ਦੀ ਦੁਹਾਈ ਦਿੱਤੀ। 2-3 ਦਿਨਾਂ ਵਿੱਚ ਹੀ ਸਾਹਿਬ ਕਾਬਲ ਪਹੁੰਚ ਗਏ।

ਕਾਬਲ ਵਿੱਚ ਉਸ ਵੇਲੇ ਤੱਕ ਅਜੇ ਜੋਗੀ ਮੱਠ ਹੈਗਾ ਸੀ। ਜੋਗੀਆਂ ਨੇ ਆਪਣੀ ਆਰਤੀ ਜਿਹੀ ਕਵਿਤਾ ਵਿੱਚ ਹਜਰਤ ਮੁਹੰਮਦ ਸਾਹਿਬ ਦੀ ਤਾਰੀਫ ਵੀ ਸ਼ਾਮਲ ਕਰ ਲਈ ਸੀ। ਫਿਰ ਗੁਰੂ ਸਾਹਿਬ ਮੁਸਲਮਾਨ ਸੂਫੀ ਪੀਰਾਂ ਨਾਲ ਵੀ ਸੌਖ ਵਿੱਚ ਹੀ ਰਹਿੰਦੇ ਸਨ। ਗੁਰੂ ਸਾਹਿਬ ਦੇ ਕਈ ਟਿਕਾਣੇ ਪੀਰਾਂ ਦੀਆਂ ਖਾਨਗਾਹਾਂ ਤੇ ਸਨ।

ਗੁਰੂ ਸਾਹਿਬ ਦੇ ਕਾਬੁਲ ਪਹੁੰਚਣ ਤੇ ਹੌਲੀ ਹੌਲੀ ਸਾਧੂ ਫਕੀਰਾਂ ਜੋਗੀਆਂ ਦਾ ਕਿਤੇ ਇਕੱਠ ਹੋ ਗਿਆ। ਲਗਦਾ ਹੈ ਬਾਬਰ ਦੇ ਕਿਸੇ ਸਿਪਾਹੀ ਨੇ ਇਹ ਸਾਧੂ ਫਕੀਰਾਂ ਦਾ ਇਕੱਠ ਵੇਖ ਲਿਆ। ਉਸਨੇ ਜਾ ਬਾਬਰ ਨੂੰ ਖਬਰ ਦਿੱਤੀ ਕਿ ਆਹ ਵੇਹਲੇ ਫਕੀਰਾਂ ਦੀਆਂ ਫਿਰ ਢਾਣੀਆਂ ਦੀਆਂ ਢਾਣੀਆਂ ਤੁਰੀਆਂ ਫਿਰ ਰਹੀਆਂ ਹਨ। ਇਹਨਾਂ ਨੂੰ ਕੋਈ ਕੰਮ ਧੰਮ ਨਹੀ।

ਅੱਤ ਦੇ ਦਲੇਰ ਤੇ ਸ਼ਰਾਬੀ ਕਬਾਬੀ ਬਾਬਰ ਦੀ ਮਸ਼ਹੂਰੀ ਸੀ ਕਿ ਉਹ ਸਾਧੂ ਫਕੀਰਾਂ ਦੀ ਵੀ ਪ੍ਰਵਾਹ ਨਹੀ ਸੀ ਕਰਦਾ। ਕੁਝ ਸਾਲ ਪਹਿਲਾਂ ਉਸਨੇ ਅਜ਼ਦੀਜਾਨ (ਅੱਜ ਦੇ ਉਜ਼ਬੇਕਿਸਤਾਨ ਦਾ ਸ਼ਹਿਰ) ਦੇ ਇੱਕ ਮਸ਼ਹੂਰ ਦਰਵੇਸ਼ 'ਪੀਰ ਗਾਹ' ਨੂੰ ਮਰਵਾ ਦਿੱਤਾ ਜਿਸਦੀ ਸਾਰੇ ਇਲਾਕੇ ਵਿੱਚ ਮੰਨਤਾ ਸੀ। ਪਰ ਪੀਰ ਗਾਹ ਬਾਬਰ ਦੇ ਹੱਕ ਵਿੱਚ ਨਹੀ ਸੀ। *

ਫਿਰ ਏਸੇ ਬਾਬਰ ਨੇ ਲਿਖਿਆ ਹੈ ਕਿ "ਸੁਲੇਮਾਨੀ ਪਹਾੜੀਆਂ ਵਿੱਚ ਮੌਜੂਦ ਪੀਰ ਕਾਨੂੰ ਦੇ ਚੇਲਿਆਂ ਨੇ ਮੇਰੇ ਕੁਝ ਸਿਪਾਹੀਆਂ ਨੂੰ ਜਖਮੀ ਕਰ ਦਿੱਤਾ ਸੀ। ਇਸ ਪੀਰ ਦੀ ਵੀ ਇਲਾਕੇ ਵਿੱਚ ਬਹੁਤ ਮੰਨਤਾ ਸੀ। ਮੈ ਹੁਕਮ ਦਿੱਤਾ ਕਿ ਮੁਜਰਮ ਦੇ ਟੋਟੇ ਟੋਟੇ ਕਰ ਦਿੱਤੇ ਜਾਣ ਤਾਂ ਕਿ ਇਲਾਕੇ ਵਿੱਚ ਸੁਨੇਹਾ ਚਲਾ ਜਾਏ। "

ਇਕ ਹੋਰ ਥਾਂ ਉਹ ਲਿਖਦਾ ਹੈ:

"14 ਫਰਵਰੀ 1519 ਨੂੰ ਮੈਂ ਮੁਕਾਮ ਨਾਂ ਦੇ ਇਲਾਕੇ ਵਿੱਚ

ਰੁਕਿਆ ਹੋਇਆ ਸੀ। ਮੈਂ ਕੀ ਵੇਖਦਾ ਹਾਂ ਬੜੀ ਖੂਬਸੂਰਤ ਜਿਹੀ ਟਿੱਬੀ ਉੱਤੇ ਸ਼ਾਹਬਾਜ ਕਲੰਦਰ (ਇਸ ਮੁਸਲਮਾਨ ਸੂਫੀ ਪੀਰ ਦੀ ਸਿੰਧ ਵਿੱਚ ਬਹੁਤ ਮੰਨਤਾ ਹੈ) ਦਾ ਮਕਬਰਾ ਬਣਿਆ ਹੋਇਆ ਹੈ। ਇਹ ਓਹੀ ਪੁੱਠੀ ਸੋਚ ਵਾਲਾ ਕਾਫਰ ਫਕੀਰ ਸੀ ਜਿਸ ਕਰਕੇ ਇਸ ਇਲਾਕੇ ਦੇ ਅਨੇਕਾਂ ਲੋਕਾਂ ਦੀ ਸੋਚ ਵਿਗੜ ਗਈ ਹੈ। ਮੈਨੂੰ ਲਗਾ ਕਿ ਐਹੋ ਜਿਹੀ ਖੂਬਸੂਰਤ ਥਾਂ ਤੇ ਕਿਸੇ ਕਾਫਿਰ ਦਾ ਮਜਾਰ ਨਹੀ ਹੋਣਾ ਚਾਹੀਦਾ। ਸੋ ਮੈਂ ਹੁਕਮ ਦੇ ਕੇ ਉਹ ਢੁਹਾ ਦਿੱਤਾ ਤੇ ਥਾਂ ਪੱਧਰਾ ਕਰਵਾ ਦਿੱਤਾ। ਇਹ ਏਨੀ ਖੂਬਸੂਰਤ ਥਾਂ ਸੀ ਕਿ ਮੇਰਾ ਓਥੋਂ ਜਾਣ ਨੂੰ ਜੀ ਨਾਂ ਕਰੇ। ਇਥੇ ਫਿਰ ਮੈਂ ਨਮਾਜ ਵੀ ਪੜੀ। ਇਥੇ ਕੁਝ ਸਮਾਂ ਮੈਂ ਰਿਹਾ। "

ਬਾਦਸ਼ਾਹ ਬਾਬਰ ਦੀ ਅਸਲ ਇਤਹਾਸਿਕ ਤਸਵੀਰ (ਹੱਥ ਨਾਲ ਬਣੀ) ਯਾਦ ਰਹੇ ਮੁਗਲ ਬਾਦਸ਼ਾਹ, ਮੂਲ ਵਿਚ ਮੰਗੋਲੀਆ ਤੋਂ ਹੋਣ ਕਰਕੇ ਖੋਦੇ ਜਿਹੇ ਹੀ ਹੁੰਦੇ ਸਨ। ਸਿਰਫ ਠੰਡੀ ਤੇ ਮਾੜੇ ਜਿਹੇ ਵਾਲ ਹੁੰਦੇ ਸਨ।

ਇਹ ਮਸਾਲਾਂ ਦੇਣ ਤੋਂ ਸਾਡਾ ਮਤਲਬ ਕੀ ਬਾਬਰ ਪੀਰਾਂ ਫਕੀਰਾਂ ਦੀ ਰਤਾ ਪ੍ਰਵਾਹ ਨਹੀ ਸੀ ਕਰਦਾ।

ਬਾਬਰਨਾਮੇ ਦੇ ਪੰਨਾ 89 ਤੇ ਲਿਖਿਆ ਹੈ ਕਿ,

"ਅਸੀ ਸਲਾਹ ਕੀਤੀ ਕਿ ਪਠਾਣਾਂ ਦੇ ਬੰਨੂ ਤੇ ਬੰਗਸ਼ ਨੂੰ ਬਰਬਾਦ ਕਰ ਦਈਏ। ਇਸ ਦੌਰਾਨ ਕੋਹਾਟ ਦੇ ਪਠਾਣਾਂ ਨੇ ਇੱਕ ਪਹਾੜੀ ਤੇ ਡੇਰਾ ਜਮਾ ਲਿਆ ਕਿ ਜਦੋਂ ਅਸੀ ਪਰਤੀਏ ਤਾਂ ਸਾਡੇ ਤੇ ਹਮਲਾ ਕਰਨ। ਪਰ ਅਸੀ ਪਹਾੜੀ ਦੇ ਉਪਰਲੇ ਪਾਸਿਓ ਦੀ ਪੈ ਗਏ ਤੇ ਝੱਟ 150 ਝਟਕਾ ਦਿੱਤੇ। ਬਾਕੀ ਦੇ ਜਿਹੜੇ ਬਚੇ ਸੀ ਉਨਾਂ ਹੱਥ ਖੜੇ ਕਰ ਦਿੱਤੇ ਤੇ ਸਾਰਿਆਂ ਨੇ ਮੂੰਹ ਵਿੱਚ ਘਾਹ ਪਾ ਲਿਆ ਜਿਸਦਾ ਮਤਲਬ ਹੁੰਦਾ ਹੈ ਕਿ ਅਸੀ ਤਾਂ ਤੁਹਾਡੇ ਬੋਲਦ ਹਾਂ ਜਿੱਥੇ ਮਰਜੀ ਜੋ ਲਓ। ਇਨਾਂ ਸਾਰਿਆਂ ਦੇ ਸਿਰ ਲਾਹ ਕੇ ਮੀਨਾਰ ਬਣਾਇਆ ਗਿਆ। ਫਿਰ ਅਸੀ ਬੰਗਸ਼ ਤੇ ਬੰਨੂ ਇਲਾਕੇ ਵਿੱਚ ਵੜੇ ਜਿਹੜਾ ਪੱਧਰਾ ਮੈਦਾਨ ਹੈ ਤੇ ਕੁਰਮ ਦਰਿਆ ਇਨੂੰ ਸਿੰਞਦਾ ਹੈ। ਈਸਾਖੇਲ ਪਿੰਡ ਤੋਂ ਮਾਲ ਡੰਗਰ ਤੇ ਭੇਡਾਂ ਅਸਾਂ ਖੋਹੀਆ। ਈਸਾਖੇਲ ਦੇ ਪਠਾਣਾਂ ਨੇ ਰਾਤੀ ਸਾਡੇ ਤੇ ਹਮਲਾ ਕਰ ਦਿੱਤਾ। ਪਰ ਓਨਾਂ ਨੂੰ ਕੀ ਪਤਾ ਕਿ ਅਸੀ ਕੋਈ ਢਿੱਲੇ ਮੱਠੇ ਥੋੜੇ ਸਾਉਦੇ ਹਾਂ। ਤੀਰ ਦੀ ਹਰ ਮਾਰ ਤੇ ਮੇਰੇ ਸਿਪਾਹੀ ਪਹਿਰਾ ਦਿੰਦੇ ਨੇ। ਮੈਂ ਖੁਦ ਵੀ ਇੱਕ ਦਿਨ ਪਹਿਰੇਦਾਰਾਂ ਦਾ ਮੁਆਇਨਾ ਕੀਤਾ ਤੇ ਜਿੱਥੇ ਜਿਥੇ ਕੋਈ ਸੁੱਤਾ ਜਾਂ ਜਿੰਮੇਵਾਰੀ ਤੋਂ ਢਿੱਲਾ ਵੇਖਿਆ ਮੈਂ ਅਗਲੇ ਸਵੇਰ ਉਨੂੰ ਸੱਦ ਕੇ ਉਹਦਾ ਨੱਕ ਵੱਢ ਕੇ ਜਲੂਸ ਕੱਢਣ ਦਾ ਹੁਕਮ ਦਿੱਤਾ"

ਕਹਿਣ ਤੋਂ ਮਤਲਬ ਬਾਬਰ ਇਨਾਂ ਜਾਲਮ ਸੀ। ਪਰ ਬਾਬਰ ਦੀ ਸਿਫਤ ਸੀ ਕਿ ਧਰਮ ਦੇ ਨਾਂ ਤੇ ਕਤਲ ਨਹੀ ਸੀ ਕਰਦਾ। ਉਹ ਸਿਰਫ ਉਨੂੰ ਕਤਲ ਕਰ ਰਿਹਾ ਸੀ ਜਿਹੜਾ ਉਹਦੀ ਹਕੂਮਤ ਵਿੱਚ ਰੁਕਾਵਟ ਬਣਦਾ।

ਏਹੋ ਕਾਰਨ ਹੈ ਕਿ ਗੁਰੂ ਨਾਨਕ ਸਾਹਿਬ ਵਲ ਭੰਨ ਕੇ ਕਾਬਲ ਨੂੰ ਹੋ ਤੁਰੇ ਸਨ। ਗੁਰੂ ਸਾਹਿਬ ਦਾ ਸੋਚਣਾ ਸੀ ਕਿ ਬਾਬਰ ਇਬਰਾਹੀਮ ਲੋਧੀ ਨਾਲੋ ਚੰਗਾ ਹੈ ਕਿਉਕਿ ਲੋਧੀਆਂ ਵਿੱਚ ਧਾਰਮਿਕ ਕੱਟੜਤਾ ਹੱਦ ਦਰਜੇ ਦੀ ਸੀ। ਗੁਰੂ ਸਾਹਿਬ ਦੀ ਜੀਵਨੀ ਪੜ੍ਹਦਿਆਂ ਅਸੀ ਮਹਿਸੂਸ ਕੀਤਾ ਹੈ ਕਿ ਉਨਾਂ ਵਿੱਚ ਲੋਹੜੇ ਦੀ ਦਲੇਰੀ ਸੀ। ਦਰ ਅਸਲ ਦਲੇਰੀ ਲਫਜ਼ ਉਨਾਂ ਤੇ ਢੁਕਦਾ ਹੀ ਨਹੀ। ਕਿਉਕਿ ਉਨਾਂ ਨੂੰ ਮੌਤ ਦਾ ਖਉ ਤਾਂ ਰਤਾ ਨਹੀ ਸੀ। ਕਿਉਕਿ ਉਹ ਨਿਰੰਕਾਰ ਨਾਲ ਇੱਕ ਮਿੱਕ ਸਨ ਤੇ ਸਹਿਜ ਸੁਭਾਅ ਉਨਾਂ ਕੋਲੋ ਕੌਤਕ ਹੋ ਜਾਂਦੇ ਸਨ ਜਿੰਨਾਂ ਨੂੰ ਦੁਨੀਆਂ ਚਮਤਕਾਰ ਕਹਿੰਦੀ ਹੈ। ਉਹ ਗੁੱਸੇਖੋਰ ਸਿਕੰਦਰ ਲੋਧੀ ਦੀ ਕੈਦ 'ਚੋਂ ਸੁਰਖਰੂ ਹੋ ਨਿਕਲੇ ਸਨ ਜਿਸ ਨੇ ਚਾਹਿਆ ਸੀ ਕਿ ਇਹ ਹਿੰਦੂ ਫਕੀਰ ਮੁਸਲਮਾਨ ਕਿਉ ਨਹੀ ਬਣਦਾ? ਜਾਣਦੇ ਬੁਝਦੇ ਹੋਏ ਬਰਮਾ ਦੇ ਰਾਖਸ਼ਾਂ ਦੇ ਦੇਸ ਵਿੱਚ ਗਏ ਸਨ। ਭਾਰਤ ਦੇ ਮਾਣਸ ਖਾਣੇ ਕਬੀਲਿਆਂ ਵਿੱਚ ਗਏ। ਉਨਾਂ ਕੋਈ ਇਲਾਕਾ ਛੱਡਿਆ ਹੀ ਨਹੀ ਜਿਹੜਾ ਮਹੱਤਵਪੂਰਨ ਹੋਵੇ ਫਿਰ ਉਹ ਭਾਵੇ ਕਿੰਨਾ ਦੁਰਗਮ ਹੋਵੇ ਉਹ ਓਥੇ ਪਹੁੰਚਦੇ ਰਹੇ। ਦਰ ਅਸਲ ਉਹ ਕੋਈ ਮੌਕਾ ਨਹੀ ਸੀ ਖੁੰਝਦੇ ਮਹੱਤਵਪੂਰਨ ਬੰਦਿਆਂ ਨੂੰ ਮਿਲਣ ਤੋਂ। ਜਿਵੇ ਪਹਿਲੇ ਹੀ ਦੱਸਿਆ ਜਾ ਚੁੱਕਾ ਹੈ ਕਿ ਗੁਰੂ ਸਾਹਿਬ ਦੀ ਪਹਿਲ ਹੁੰਦੀ ਸੀ. 1.ਹੁਕਮਰਾਨ ਨੂੰ ਮਿਲਿਆ ਜਾਏ, 2.ਸਾਧੂਆਂ ਦੇ ਆਸ਼ਰਮ ਤੇ 3. ਮੇਲੇ ਜਾਂ ਕੁੰਭ।

ਸੋ ਇਹੀ ਕਾਰਨ ਹੈ ਕਿ ਗੁਰੂ ਸਾਹਿਬ ਕਸ਼ਮੀਰ ਤੋਂ ਆਪਣਾ ਰਾਹ ਛੱਡ ਕੇ ਕਾਬਲ ਨੂੰ ਹੋ ਤੁਰੇ। ਇਹ ਵੀ ਲਗਦਾ ਹੈ ਕਿ ਹੋ ਸਕਦਾ ਗੁਰੂ ਸਾਹਿਬ ਨੂੰ ਖਬਰ ਮਿਲੀ ਹੋਵੇ ਕਿ ਬਾਬਰ ਕਿਤੇ ਪਿਸ਼ਾਵਰ ਦੇ ਇਲਾਕੇ ਵਿੱਚ ਹੈ।

—◈—

ਗੁਰੂ ਸਾਹਿਬ ਨੇ ਬਾਬਰ ਨੂੰ ਹਿੰਦੁਸਤਾਨ ਦਾ ਤਖਤ ਬਖਸ਼ਿਆ ◉

ਵਾਪਸ ਗੁਰੂ ਸਾਹਿਬ ਦੀ ਕਾਬਲ ਵਿੱਚ ਮੌਜੂਦਗੀ ਵਲ ਪਰਤਦੇ ਹਾਂ। ਕਿ ਬਾਬਰ ਨੂੰ ਇਤਲਾਹ ਮਿਲੀ ਕਿ ਕਾਬਲ ਵਿੱਚ ਸਾਧੂ ਫਕੀਰਾਂ ਦੀਆ ਬੜੀਆਂ ਢਾਣੀਆਂ ਮੌਜੂਦ ਹਨ। ਬਾਬਰ ਪਹਿਲਾਂ ਹੀ ਸੋਚਦਾ ਸੀ ਇਹ ਲੋਕ ਐਵੇ ਮੁਆਸ਼ਰੇ ਤੇ ਬੋਝ ਹਨ। ਸੋ ਬਾਬਰ ਨੇ ਹੁਕਮ ਦਿੱਤਾ ਕਿ ਜਿੱਥੇ ਵੀ ਕੋਈ ਸਾਧੂ ਫਕੀਰ ਮਿਲੇ ਉਨੂੰ ਫੜ ਲਿਆਓ।

ਸਿਪਾਹੀਆਂ ਨੇ ਕਾਬਲ ਵਿੱਚ ਜਿੱਥੇ ਕਿਤੇ ਕੋਈ ਸਾਧੂ ਫਕੀਰ ਵੇਖਿਆ ਉਨੂੰ ਕਾਬੂ ਕਰ ਲਿਆ ਤੇ ਸਾਰਿਆਂ ਨੂੰ ਇਕੱਠੇ ਕਰਕੇ ਛਾਉਣੀ ਲੈ ਆਏ।

ਪੰਜਾਬ ਵਿਚ ਇਸ ਤਰਾਂ ਦੀ ਹੱਥ ਚੱਕੀ ਪ੍ਰਚਲਤ ਹੁੰਦੀ ਸੀ। ਧਿਆਨ ਰਹੇ ਇਹ ਚੱਕੀ ਦਾ ਮਾਡਲ ਹੈ। ਸਾਖੀ ਵਿਚ ਦਿੱਤੀ ਚੱਕੀ ਨਾਲ ਇਹਦਾ ਕੋਈ ਸਬੰਧ ਨਹੀ।

ਓਨੀ ਦਿਨੀ ਸਿਪਾਹੀਆਂ ਨੂੰ ਵਗਾਰ ਜੋ ਕੱਢਣੀ ਪੈਂਦੀ ਸੀ ਉਹ ਸੀ ਘੋੜਿਆਂ ਨੂੰ ਦਾਣਾ/ਪੱਠੇ ਪਾਉਣਾ, ਮਾਲਸ਼ ਕਰਨਾਂ ਆਦਿ। ਫਿਰ ਦੂਸਰਾ ਕੰਮ ਹੁੰਦਾ ਸੀ ਰਸੋਈ (ਲੰਗਰ) ਤਿਆਰ ਕਰਨਾ ਜਿਸ ਵਿੱਚ ਆਟਾ ਪੀਹਣਾ ਜੀਅ ਦਾ ਅਜ਼ਾਬ ਗਿਣਿਆ ਜਾਂਦਾ ਸੀ। ਕੈਦੀਆਂ ਕੋਲੋ ਫਿਰ ਸਿਪਾਹੀ ਏਹੋ ਜਿਹੇ ਕੰਮ ਲੈਂਦੇ ਸਨ। ਕਿਉਕਿ ਚੱਕੀ ਪੀਹਣਾਂ ਸਖਤ ਮੁਸ਼ੱਕਤ ਵਿਚੋਂ ਗਿਣਿਆ ਜਾਂਦਾ ਸੀ। ਤੰਦਰੁਸਤ ਮੁਜਰਮ ਨੂੰ ਹੀ ਇਸ ਕੰਮ ਤੇ ਲਾਇਆ ਜਾਂਦਾ ਸੀ।

ਸੋ ਸਿਪਾਹੀ ਜਿਹੜੀ ਸਾਧੂ ਫਕੀਰਾਂ ਦੀ ਢਾਣੀ ਫੜ੍ਹ ਕੇ ਲਿਆਏ ਉਨਾਂ ਵਿੱਚ ਰਿਸ਼ਟ-ਪੁਸ਼ਟ ਸਾਧੂਆਂ ਨੂੰ ਚੱਕੀ ਪੀਹਣ ਢਾਹ ਦਿੱਤਾ। ਬਾਕੀਆਂ ਨੂੰ ਘੋੜਿਆਂ ਦੀ ਖਿਦਮਤ ਆਦਿ ਤੇ। ਜਿਹੜਾ ਚੱਕੀ ਨਾਂ ਪੀਹੇ ਸਿਪਾਹੀ ਉਨੂੰ ਕੋਟੜੇ ਮਾਰਨ।

ਫਿਰ ਗੁਰੂ ਨਾਨਕ ਵਾਲੀ ਢਾਣੀ ਵੀ ਫੜੀ ਗਈ। ਛਾਉਣੀ 'ਚ ਲਿਆ ਵੱਖਰੀਆਂ ਵੱਖਰੀਆਂ ਵਗਾਰਾਂ ਤੇ ਲਾ ਦਿੱਤਾ। ਗੁਰੂ ਸਾਹਿਬ ਦੀ ਉਮਰ ਉਸ ਵੇਲੇ 51ਸਾਲ ਸੀ (1520 ਈ.) ਗੁਰੂ ਸਾਹਿਬ ਦੀ ਸਿਹਤ ਵਧੀਆ ਸੀ ਇਸ ਕਰਕੇ ਸਾਹਿਬ ਨੂੰ ਚੱਕੀ** ਪੀਹਣ ਤੇ ਲਾ ਦਿੱਤਾ। ਕੁਝ ਦੇਰ ਬਾਦ ਓਥੇ ਨਿਗਰਾਨ ਨੇ ਵੇਖਿਆ ਕਿ ਇਸ ਦਰਵੇਸ਼ ਦੀ ਚੱਕੀ ਆਪੇ ਚਲ ਰਹੀ ਹੈ। ਨਿਗਰਾਨ ਦੌੜਾ ਦੌੜਾ ਗਇਆ ਤੇ ਮਨਸਬਦਾਰ ਨੂੰ ਖਬਰ ਦਿੱਤੀ ਕਿ ਫਕੀਰਾਂ ਵਿੱਚ ਇੱਕ ਕੋਈ ਰੱਬ ਦਾ ਪਿਆਰਾ ਹੈ ਉਹਦੀ ਚੱਕੀ ਆਪੇ ਚਲ ਰਹੀ ਹੈ ਤੇ ਫਕੀਰ ਮਸਤ ਹੋਇਆ ਕੁਝ ਗਾ ਰਿਹਾ ਹੈ। ਗੱਲ ਝੱਟ ਬਾਬਰ ਤੱਕ ਵੀ ਪਹੁੰਚ ਗਈ।

ਬਾਬਰ ਨੇ ਹੁਕਮ ਕੀਤਾ ਕਿ ਉਸ ਫਕੀਰ ਨੂੰ ਮੇਰੇ ਸਾਹਮਣੇ ਪੇਸ਼ ਕੀਤਾ ਜਾਵੇ।

ਉਹ ਦਰਵੇਸ਼ ਬਾਬਾ ਨਾਨਕ ਸੀ।

ਬਾਬਰ ਉਸ ਵੇਲੇ ਉਂਜ ਮਸਤੀ ਦੇ ਆਲਮ ਵਿੱਚ ਸੀ। ਆਪਣੇ ਮੁਤਾਹਿਤ ਸਾਥੀਆਂ ਨਾਲ ਰਲ ਕੇ ਭੰਗ ਪੀ ਰਿਹਾ ਸੀ। ਗੁਰੂ ਸਾਹਿਬ ਨੂੰ ਦਰਵੇਸ਼ ਜਾਣਦੇ ਹੋਏ ਆਦਾਬ ਕੀਤਾ। ਗੁਰੂ ਸਾਹਿਬ

ਪੈੜ ਸਫਾ

ਕੁਝ ਇਤਹਾਸਿਕ ਸਰੋਤ ਜੋ ਸਬੂਤ ਹਨ ਕਿ ਗੁਰੂ ਸਾਹਿਬ ਨੇ ਬਾਬਰ ਨੂੰ ਬਾਦਸ਼ਾਹੀ ਦੀ ਬਖਸ਼ਸ਼ ਕੀਤੀ

⊙ ਮਹਿਮਾ ਪ੍ਰਕਾਸ਼ 42- ਅਨੁਸਾਰ ਗੁਰੂ ਸਾਹਿਬ ਤੇ ਬਾਬਰ ਦਾ ਮੇਲ ਕਾਬੁਲ ਵਿਖੇ ਹੀ ਹੁੰਦਾ ਹੈ।

⊙ ਬਾਬਰਨਾਮਾ ਪੰਨਾ=12

⊙ ਗੁਰਧਾਮ ਸੰਗ੍ਰਿਹ-(ਪੰਨਾ 24) ਇਹ ਪਵਿਤ੍ਰ ਚੱਕੀ ਪੂਜਣ ਜੋਗ ਹੋ ਗਈ। ਵਕਤ ਪਾ ਕੇ ਇਹ ਚੱਕੀ ਕਾਬਲ ਵਿੱਚ ਸਾਂਭ ਲਈ ਗਈ। 1895 ਈ. ਵਿੱਚ ਇਸ ਚੱਕੀ ਦਾ ਉਤਲਾ ਪੁੜ ਤਾਂ ਭਾਈ ਸਿਆਮ ਸਿੰਘ ਦੀ ਧਰਮਸਾਲਾ ਵਿੱਚ ਸਾਭਿਆ ਪਿਆ ਸੀ ਤੇ ਹੇਠਲਾ ਪੁੜ ਸ਼ਾਹੀ ਬਾਗ ਵਿੱਚ ਪੂਜੀਦਾ ਸੀ।

ਹੁਣ ਵੇਖੋ ਪੁਰਾਣੇ ਤੇ ਸਮੇਂ ਦੇ ਦਸਤਾਵੇਜ ਕੀ ਗਵਾਹੀ ਦਿੰਦੇ ਨੇ?

ਲਗ ਪਗ ਜਿੰਨੇ ਵੀ ਪੁਰਾਤਨ ਸਿੱਖ ਸਰੋਤ ਹਨ ਸਾਰੇ ਹੀ ਇਸ ਗੱਲ ਦੀ ਸ਼ਾਹਦੀ ਭਰਦੇ ਹਨ ਕਿ ਗੁਰੂ ਸਾਹਿਬ ਨੇ ਬਾਬਰ ਨੂੰ ਹਿੰਦੁਸਤਾਨ ਦੀ ਬਾਦਸ਼ਾਹੀ ਬਖਸ਼ੀ ਸੀ।

⊙ ਬਾਲਾ: 132- ਤਾਂ ਗੁਰੂ ਨਾਨਕ ਜੀ ਬਚਨ ਕੀਆ ਮੀਰ ਜੀ ਤੇਰੀ ਪਾਸ਼ਿਾਹੀ ਕੁਰਸੀ ਬ ਕੁਰਸੀ ਚਲੀ ਜਾਏਗੀ ਚਿਰ ਤੀਕਰੁ।

⊙ ਬੀ-40: 80 - ਤਾਂ ਬਾਬੇ ਕਿਹਾ ਤੇਰੀ ਪਾਤਸ਼ਾਹੀ ਚਿਰ ਤਾਈ ਚਲੇਗੀ।

⊙ ਮਹਿਮਾ ਪ੍ਰਕਾਸ਼:42- ਤਬ ਬਾਬਰ ਨੇ ਹਾਥ ਬਾਂਧ ਕੇ ਬੇਨਤੀ ਕੀਆ। ਹਮ ਕੋ ਹਿੰਦੁਸਤਾਨ ਕੀ ਪਾਤਸ਼ਾਹੀ ਮਿਲੇ। ਤਬ ਬਾਬੇ ਬਚਨ ਕੀਤਾ- ਜੋ ਤੈਨੂੰ ਹਿੰਦੁਸਤਾਨ ਦੀ ਪਾਤਸ਼ਾਹੀ ਮਿਲੇਗੀ।

⊙ ਮਨੀ ਸਿੰਘ- 434 ਲਿਖਦੇ ਹਨ:- "ਉਨਾਂ ਕਹਿਆ ਜੋ ਅਸਾਂ ਸੁਣਿਐ ਹੈ ॥ ਜੋ ਬਾਬਾ ਨਾਨਕ (ਬਾਬਰ) ਸੁੰਨੀ ਨੂੰ ਹਿੰਦਸਤਾਨ ਦੀ ਪਾਤਸ਼ਾਹੀ ਦਿੱਤੀ ਹੈ ਅਸਾਨੂੰ ਵੀ ਬਖਸ਼ੋ॥ "

⊙ ਭਾਈ ਗੁਰਦਾਸ -ਨੇ ਸੰਖੇਪ ਵਿੱਚ ਦਿੱਤਾ ਪਰ ਗੁਰੂ ਸਾਹਿਬ ਤੇ ਬਾਬਰ ਦੀ ਮਿਲਣੀ ਦੀ ਤਸਦੀਕ ਕੀਤਾ ਹੈ- ਸਿਧ ਨਾਥ ਅਵਤਾਰ ਸਭ ਗੋਸਟਿ ਕਰਿ ਕਰਿ ਕੰਨ ਫੜਾਇਆ॥ ਬਾਬਰ ਕੇ ਬਾਬੇ ਮਿਲੇ ਨਿਵਿ ਨਿਵਿ ਸਭ ਨਬਾਬੁ ਨਿਵਾਇਆ॥ ਪਤਿਸਾਹਾ ਮਿਲਿ ਵਿਛੁੜੇ ਜੋਗ ਭੋਗ ਛਡਿ ਚਲਿਤੁ ਰਚਾਇਆ॥ ਦੀਨ ਦੁਨੀਆ ਦਾ ਪਾਤਿਸਾਹੁ ਬੇਮੁਹਤਾਜੁ ਰਾਜੁ ਘਰਿ ਆਇਆ॥ (26-21-4)

⊙ ਸੋਢੀ ਮਿਹਰਬਾਨ:

⊙ ਪ੍ਰਾਚੀਨ ਪੰਥ ਪ੍ਰਕਾਸ਼- 22: ਅਨੁਸਾਰ ਗੁਰੂ ਸਾਹਿਬ ਤੇ ਹੋਰ ਹਿੰਦੂ ਸਾਧੂਆਂ ਨੂੰ ਦਿੱਲੀ ਦੇ ਸੁਲਤਾਨ ਗ੍ਰਿਫਤਾਰ ਕੀਤਾ ਸੀ। ਗੁਰੂ ਸਾਹਿਬ ਨੇ ਜਦੋਂ ਕੌਤਕ ਦਿਖਾਏ ਤਾਂ ਸੁਲਤਾਨ ਨੇ ਹੁਕਮ ਦੇ ਕੇ ਗੁਰੂ ਸਾਹਿਬ ਨੂੰ ਦਿੱਲੀ-ਦੇਸ ਨਿਕਾਲਾ ਦੇ ਦਿੱਤਾ ਸੀ। ਗੁਰੂ ਸਾਹਿਬ ਨੇ ਫਿਰ ਦਿੱਲੀ ਦਾ ਰਾਜ ਹੀ ਚੌਗੱਤੇ (ਮੁਗਲ ਬਾਬਰ) ਨੂੰ ਬਖਸ਼ ਦਿੱਤਾ - ਸ਼ਹਿਰੋਂ ਇਨ ਕੋ ਦਿਯੋ ਕਢਾਇ। ਬਹੁਰ ਨ ਦਿਲੀ ਵਰ ਹੈ ਆਇ।8। ਸਤਿਗੁਰ ਕਹਯੋ ਹਮਮ ਤੌਵਰੇ ਆਇ। ਕਰ ਔਰ ਬਹਾਵੈ ਦਿੱਲੀ ਪਤਸ਼ਾਹਿ। ਅਬ ਆਇ ਬੋਲਯੋ ਤੁਮਰੋ ਕਾਲ। ਅਠਾਰਾਂ ਸੌ ਅਠੱਤਰ ਸਾਲ।

⊙ ਸੌ ਸਾਖੀ:56- ਬਾਬਰ ਕੀ ਬੇਨਤੀ ਸੁਨੀ ਸਤਿਗੁਰ ਭਏ ਦਇਆਲ॥ ਪਾਤਸ਼ਾਹੀ ਚਿਰ ਤੀਕਰ ਦਿੱਤੀਆ ਨਾਨਕ ਨਦਰ ਨਿਹਾਲ। (42)

⊙ ਸਾਈਕਲ ਯਾਤਰੀ -490 ਅਨੁਸਾਰ ਮੱਟਣ ਵਿਖੇ ਪ੍ਰੰਪਰਾ ਚਲੀ ਆਉਦੀ ਹੈ ਕਿ ਗੁਰੂ ਨਾਨਕ ਨੇ ਬਾਬਰ ਦੇ ਵਢੇਰੇ ਤਿਮੂਰ ਲੰਗ ਨੂੰ 7 ਪਾਤਸ਼ਾਹੀਆਂ ਮੱਟਣ ਕਸ਼ਮੀਰ ਵਿਖੇ ਬਖਸ਼ੀਆਂ ਸਨ। (ਤਿਮੂਰ ਲੰਗ : 1336-1405 ਈ)। (ਪ੍ਰੰਪਰਾ ਵਿਚ ਅਜਿਹੀਆਂ ਤਬਦੀਲੀਆਂ ਸੁਭਾਵਕ ਹਨ। ਹਰ ਕੋਈ ਇਤਹਾਸ ਦਾ ਜਾਣਕਾਰ ਨਹੀ ਹੁੰਦਾ। ਹੋ ਸਕਦੈ ਗਲ ਅਕਬਰ ਤੋਂ ਚਲੀ ਹੋਵੇ ਕਿ ਅਕਬਰ ਦੇ ਦਾਦੇ ਨੂੰ ਬਾਦਸ਼ਾਹੀ ਬਖਸ਼ੀ ਸੀ।)

⊙ Dabistan-i- Mazahib 1650AD ---His disciples narrate many of his miracles which cannot find room in this brief sketch. One of these that Nanak having been displeased with the Afghans deputed the Mughals over them. So in …1526AD….Babur gained victory over the Afghan Ibrahim. (ਪਪਪ: ਨਾਨਕ:-47)

ਸੋ ਉਤੇ ਅਸੀ ਵੇਖਦੇ ਹਾਂ ਕਿ ਲਗਪਗ ਸਾਰੇ ਦੇ ਸਾਰੇ ਪੁਰਾਤਨ ਇਤਹਾਸਿਕ ਸਿੱਖ ਸਰੋਤਾਂ ਵਿੱਚ ਦਰਜ ਹੈ ਕਿ ਗੁਰੂ ਸਾਹਿਬ ਨੇ ਮੁਗਲ ਰਾਜਾ ਬਾਬਰ ਨੂੰ ਹਿੰਦੁਸਤਾਨ ਦੀ ਬਾਦਸ਼ਾਹੀ ਬਖਸ਼ੀ ਸੀ।

ਬਖਸ਼ਸ਼ ਸੈਦਪੁਰ ਨਹੀ, ਕਾਬੁਲ ਹੋਈ ਸੀ - ਇਹ ਕੁਦਰਤੀ ਹੈ ਕਿ ਬਖਸ਼ਸ਼ ਵੇਲੇ ਹਾਲਾਤ ਸੁਖਾਵੇ ਹੋਣਗੇ ਤਾਂ ਹੀ ਗੁਰੂ ਸਾਹਿਬ ਅਸੀਸ ਦੇਣਗੇ। ਬਹੁਤੇ ਇਤਹਾਸਕਾਰਾਂ ਨੇ ਇਹ ਲਿਖ ਦਿੱਤਾ ਹੈ ਕਿ ਸੈਦਪੁਰ (ਏਮਨਾਬਾਦ) ਵਿਖੇ ਗੁਰੂ ਸਾਹਿਬ ਨੇ ਬਾਬਰ ਨੂੰ ਅਸੀਸ ਦਿੱਤੀ ਸੀ। ਜਦੋਂ ਕਿ ਸੈਦਪੁਰ ਵਿੱਚ ਤਾਂ ਉਸ ਮੌਕੇ ਕਤਲਾਮ ਕੀਤਾ ਸੀ ਬਾਬਰ ਨੇ। ਇਤਹਾਸ ਵਿੱਚ ਆਉਦਾ ਹੈ ਗੁਰੂ ਸਾਹਿਬ ਤਾਂ ਇਹ ਜੁਲਮ ਵੇਖ ਕੇ ਕਾਫੀ ਸਮਾਂ ਗੁੰਮ (ਬੇਹੋਸ਼) ਰਹੇ ਸਨ: (ਬਾਲਾ)। ਸੋ ਅਸੀਸ ਵਾਲੀ ਗੱਲ ਤਾਂ ਹੀ ਸੰਭਵ ਹੈ ਜੇ ਗੁਰੂ ਸਾਹਿਬ ਬਾਬਰ ਨੂੰ ਸੁਖਾਵੇਂ ਮਹੌਲ ਵਿਚ ਸੈਦਪੁਰ ਦੇ ਹਮਲੇ ਤੋਂ ਪਹਿਲਾਂ ਕਿਤੇ ਮਿਲੇ ਹੋਣ। ਫਿਰ ਕਾਬਲ ਵਿੱਚ ਚੱਕੀ ਵੀ ਮੌਜੂਦ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਬਾਬਰ ਨੇ ਗੁਰੂ ਸਾਹਿਬ ਕੋਲੋ ਪਿਸਾਈ ਸੀ। ਨਾਲੇ ਪੁਰਾਤਨ ਸਰੋਤ ਕਾਬੁਲ ਹੀ ਦੱਸਦੇ ਨੇ।

ਬਾਕੀ ਜਿਹੜੀ ਏਮਨਾਬਾਦ ਵਿਚ ਚੱਕੀ ਪੀਸਣ ਵਾਲੀ ਗਲ ਹੈ ਉਹ ਗਲਤ ਹੈ ਵੇਖੋ ਸਫਾ 345 । ਐਮਨਾਬਾਦ ਵਾਲੀ ਚੱਕੀ ਵਾਲੀ ਗਲ ਬਾਦ ਵਿਚ ਜੁੜੀ ਹੈ ਅੱਜ ਤੋਂ ਕੋਈ 120 ਸਾਲ ਪਹਿਲਾਂ।

ਨੇ ਵੀ ਉਨ੍ਹੂੰ ਝੁੱਕ ਕੇ ਸਲਾਮ ਕਿਹਾ।

ਬਾਬਰ ਨੇ ਗੁਰੂ ਸਾਹਿਬ ਦਾ ਤਾਅਰੁਫ (ਜਾਂ ਵਾਕਫੀਅਤ) ਪੁੱਛੀ।

ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਦਰਵੇਸ਼ ਬੰਦੇ ਦੀ ਵਾਕਫੀਅਤ ਕਾਹਦੀ। ਘਰ ਬਾਰ ਸੱਭ ਕੁਝ ਛੱਡੇ ਹੁੰਦੇ ਨੇ। ਫਕੀਰ ਦੀ ਬਸ ਮੰਜਿਲ ਇੱਕ ਹੀ ਹੁੰਦੀ ਹੈ: ਦੀਦਾਰ ਇ ਖੁਦਾ।

ਫਿਰ ਵੀ ਬਾਬਰ ਨੇ ਗੁਰੂ ਸਾਹਿਬ ਦਾ ਪਿੱਛੋਕੜ ਜਾਣਨ 'ਚ ਦਿਲਚਸਪੀ ਵਿਖਾਈ। ਗੁਰੂ ਸਾਹਿਬ ਨੇ ਦੱਸਿਆ ਕਿ ਮੈਂ ਲਹੌਰ ਲਾਗੇ ਦਾ ਜੰਮਪਲ ਹਾਂ ਤੇ ਕਿਸੇ ਵੇਲੇ ਦੌਲਤ ਖਾਂ ਲੋਧੀ ਦੀ ਖਿਦਮਤ ਵਿੱਚ ਕਰਦਾਰ ਰਿਹਾ ਹਾਂ।

ਦੌਲਤ ਖਾਂ ਦਾ ਨਾਂ ਸੁਣ ਕੇ ਬਾਬਰ ਦੀ ਦਿਲਚਸਪੀ ਹੋਰ ਜਾਗ ਉਠੀ ਤੇ ਉਸ ਨੇ ਦੌਲਤ ਬਾਬਤ ਕਈ ਤਰਾਂ ਦੇ ਸਵਾਲ ਪੁੱਛੇ। ਯਾਦ ਰਹੇ ਦੌਲਤ ਖਾਂ ਨੇ ਆਪ ਵੀ ਬਾਬਰ ਨੂੰ ਨਿਓਤਾ ਭੇਜਿਆ ਹੋਇਆ ਸੀ ਕਿ ਤੂੰ ਦਿੱਲੀ ਤੇ ਹਮਲਾ ਕਰ ਮੈਂ ਤੇਰਾ ਸਾਥ ਦੇਵੇਗਾਂ। ਫਿਰ ਹੁਣੇ ਹੁਣੇ ਬਾਬਰ, ਲੋਧੀ ਦੇ ਮੁੰਡਿਆਂ ਕੋਲੋਂ ਵੱਡਾ ਨਜ਼ਰਾਨਾ ਜਾਂ ਖਿਰਾਜ ਲੈ ਕੇ ਵੀ ਆਇਆ ਸੀ।

ਬਾਬਰ ਨੇ ਝੱਟ ਹੁਕਮ ਕੀਤਾ ਕਿ ਦਰਵੇਸ਼ ਨੂੰ ਵੀ ਪਿਆਲਾ ਦਿਓ।

ਗੁਰੂ ਸਾਹਿਬ ਨੇ ਨਾਂਹ ਕਰਦੇ ਹੋਏ ਕਿਹਾ ਕਿ ਮੈਂ ਤਾਂ ਨਾਮ ਦਾ ਪਿਆਲਾ ਪੀਂਦਾ ਹਾਂ ਜਿਹਦੀ ਖੁਮਾਰੀ ਲਹਿੰਦੀ ਹੀ ਨਹੀ।

ਬਾਬਰ ਕਹਿਣ ਲੱਗਾ ਕਿ ਐ ਦਰਵੇਸ਼ ਉਹ ਕਿਹੜੀ ਭੰਗ ਹੈ ਜਿਹੜੀ ਤੂੰ ਪੀਤੀ ਹੈ, ਜਿਹਦਾ ਨਸ਼ਾ ਉਤਰਦਾ ਹੀ ਨਹੀ ?

ਗੁਰੂ ਸਾਹਿਬ ਨੇ ਮਰਦਾਨੇ ਨੂੰ ਸੁਚੇਤ ਕੀਤਾ ਤੇ ਸ਼ਬਦ ਗਾਵਿਆ:

ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥ ਮੈ ਦੇਵਾਨਾ ਭਇਆ ਅਤੀਤੁ ॥ ਕਰ ਕਾਸਾ ਦਰਸਨ ਕੀ ਭੂਖ ॥ ਮੈ ਦਰਿ ਮਾਗਉ ਨੀਤਾ ਨੀਤ ॥੧॥ ਤਉ ਦਰਸਨ ਕੀ ਕਰਉ ਸਮਾਇ ॥ ਮੈ ਦਰਿ ਮਾਗਤੁ ਭੀਖਿਆ ਪਾਇ ॥੧॥ ਰਹਾਉ ॥ ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ ॥ ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ ॥੨॥ ਘਿਅ ਪਟ ਭਾਂਡਾ ਕਹੈ ਨ ਕੋਇ ॥ ਐਸਾ ਭਗਤੁ ਵਰਨ ਮਹਿ ਹੋਇ ॥ ਤੇਰੈ ਨਾਮਿ ਨਿਵੇ ਰਹੇ ਲਿਵ ਲਾਇ ॥ ਨਾਨਕ ਤਿਨ ਦਰਿ ਭੀਖਿਆ ਪਾਇ ॥੩॥੧॥੨॥ (ਤਿਲੰਗ ਮਹਲਾ ੧ ਘਰੁ ੨)

ਬਾਬਰ ਕਹਿਣ ਲੱਗਾ ਇਹਦਾ ਕੀ ਮਤਲਬ ਤਾਂ ਜਿਵੇ ਗੁਰੂ ਸਾਹਿਬ ਨੇ ਫਾਰਸੀ ਵਿੱਚ ਇਸ ਦਾ ਤਰਜਮਾ ਕੀਤਾ ਤਾਂ ਬਾਬਰ ਅੱਤ ਦੀ ਹਲੀਮੀ ਦਾ ਸ਼ਬਦ ਸੁਣ ਕੇ ਗਦ ਗਦ ਹੋ ਗਿਆ।

ਫਿਰ ਬਾਬਰ ਹਿੰਦੁਸਤਾਨ ਬਾਰੇ ਵਾਕਫੀਅਤ ਲੈਣ ਲਈ ਸਵਾਲ ਕਰਦਾ ਰਿਹਾ। ਕਿਉਕਿ ਗੁਰੂ ਸਾਹਿਬ ਨੇ ਪੂਰਾ ਹਿੰਦੁਸਤਾਨ ਗਾਹਿਆ ਹੋਇਆ ਸੀ। ਬਾਬਰ ਨੇ ਬਹੁਤ ਕੁਝ ਜਾਨਣਾ ਚਾਹਿਆ ਗੁਰੂ ਸਾਹਿਬ ਕੋਲੋ। ਖੁੱਲ ਕੇ ਗੱਲਾਂ ਹੋਈਆਂ।

ਫਿਰ ਗੁਰੂ ਸਾਹਿਬ ਨੇ ਸਵਾਲ ਕਰ ਦਿੱਤਾ ਕਿ ਬਾਬਰ ਤੂੰ ਦਰਵੇਸ਼ਾਂ ਨੂੰ ਕਿਓ ਸਤਾਓਨਾ ਏਂ?

ਬਾਬਰ ਨੇ ਕਿਹਾ ਕਿ ਇਹ ਲੋਕ (ਸਾਧੂ ਫਕੀਰ) ਮੁਆਸ਼ਰੇ (ਸਮਾਜ) ਤੇ ਬੋਝ ਹਨ। ਗੁਰੂ ਸਾਹਿਬ ਨੇ ਬੜੀ ਹਲੀਮੀ ਤੇ ਤਰੀਕੇ ਨਾਲ ਦਲੀਲ ਦੇ ਕੇ ਸਮਝਾਇਆ ਕਿ ਹਰ ਜੀਅ ਇਸ ਧਰਤੀ ਤੇ ਬੋਝ ਹੈ ਜਿਹੜਾ ਨਿਰੰਕਾਰ ਦੇ ਖੇਲ ਨੂੰ ਨਹੀ ਸਮਝਦਾ। ਇਸ ਸਮਾਜ ਵਿੱਚ ਹਰ ਕੋਈ ਸਾਫ ਦਿਖਣ ਵਿੱਚ ਪੈਦਾਵਾਰ ਨਹੀ ਕਰ ਰਿਹਾ ਹੁੰਦਾ। ਇਹ ਸਾਰੇ ਅੰਗ ਮਿਲਕੇ ਮੁਆਸ਼ਰਾ ਬਣਦਾ ਹੈ। ਮੁਆਸ਼ਰੇ ਵਿੱਚ ਵੰਨਗੀ ਹੈ।

ਗੁਰੂ ਸਾਹਿਬ ਨੇ ਬਾਬਰ ਨੂੰ ਉਪਦੇਸ਼ ਦਿੱਤਾ ਕਿ ਰੱਬ ਦੀ ਲੋਕਾਈ ਤੇ ਜੁਲਮ ਨਾਂ ਕਰਨਾਂ, ਖੁਦਾ ਤੁਹਾਡੀ ਮਦਦ ਕਰੇਗਾ। ਬਾਬਰ ਇਸ਼ਾਰੇ ਸਮਝ ਰਿਹਾ ਸੀ। ਬਾਦਸ਼ਾਹ ਕਹਿਣ ਲੱਗਾ ਜੀ ਜੇ ਅਸੀ ਸਖਤਾਈ ਨਾਂ ਕਰੀਏ ਤਾਂ ਕੋਈ ਨਹੀ ਹਕੂਮਤ ਮੰਨਦਾ।

ਗੁਰੂ ਸਾਹਿਬ ਨੇ ਬਾਬਰ ਨੂੰ ਕਿਹਾ ਕਿ ਇਹਨਾਂ ਦੁਖੀਏ ਦਰਦਵੰਦ ਸਾਧੂਆ ਫਕੀਰਾਂ ਦਰਵੇਸ਼ਾਂ ਨੂੰ ਫੜ੍ਹ ਕੇ ਤੈਨੂੰ ਕੀ ਹਾਸਲ ਹੋਵੇਗਾ, ਜੋ ਆਪਣਾ ਸਭ ਕੁਝ ਤਿਆਗ ਚੁੱਕੇ ਹਨ? ਉਹ ਕਹਿਣ ਲੱਗਾ ਕਿ ਇਹ ਵਿਹਲੜ ਲੋਕ ਐਵੇ ਸਮਾਜ ਤੇ ਬੋਝ ਹਨ। ਇਸ ਮੌਕੇ ਫਿਰ ਗੁਰੂ ਸਾਹਿਬ ਨੇ ਸਾਧੂਆਂ ਬਾਰੇ ਸ਼ਬਦ ਬੋਲਿਆਂ:

ਆਸਾ ਘਰੁ ੪ ਮਹਲਾ ੧

ੴ ਸਤਿਗੁਰ ਪ੍ਰਸਾਦਿ ॥ ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ ॥ ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ ॥੧॥ ਤਉ ਕਾਰਣਿ ਸਾਹਿਬਾ ਰੰਗਿ ਰਤੇ ॥ ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ ॥੧॥ ਰਹਾਉ ॥ ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ ॥ ਪੀਰ ਪੈਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ ॥੨॥ ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ ॥ ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥੩॥ ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ ॥ ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ ॥੪॥੧॥੩੩॥

ਸ਼ਬਦ ਦਾ ਜਦੋਂ ਤਰਜਮਾ ਬਾਬਰ ਨੇ ਸੁਣਿਆ ਤਾਂ ਉਹ ਵੀ ਕਾਇਲ ਹੋ ਗਇਆ। ਗੁਰੂ ਸਾਹਿਬ ਦੀ ਇਸ ਬਾਣੀ ਦਾ ਨਾਲੋ ਨਾਲ ਕੋਈ ਖਤਰੀ ਤਰਜਮਾ ਕਰੀ ਜਾ ਰਿਹਾ ਸੀ।

ਬਾਬਰ ਇਹ ਸਭ ਸੁਣ ਕੇ ਬਹੁਤ ਪ੍ਰਭਾਵਤ ਹੋਇਆ ਤੇ ਉਸ ਨੇ

ਪੈਂਤ ਸਫਾ

ਪਰ ਗੁਰੂ ਸਾਹਿਬ ਤਾਂ ਬਾਬਰ ਬਾਰੇ ਲਿਖਦੇ ਹਨ, " ਪਾਪ ਕੀ ਜੰਵ ਲੈ ਕਾਬਲਹੁ ਧਾਇਆ" ਨਾਲੇ ਬਾਬਰਨਾਮੇ ਵਿਚ ਗੁਰੂ ਸਾਹਿਬ ਦਾ ਕੋਈ ਜਿਕਰ ਨਹੀ

ਅਜੋਕੇ ਕਈ ਲਿਖਾਰੀਆਂ ਨੇ ਬਖਸ਼ਸ਼ ਵਾਲੀ ਗਲ ਨੂੰ ਨਕਾਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਰਾਇ ਦਿੱਤੀ ਹੈ ਕਿ ਗੁਰੂ ਸਾਹਿਬ ਤੇ ਬਾਬਰ ਦਾ ਕੋਈ ਮੇਲ ਹੀ ਨਹੀ ਸੀ ਹੋਇਆ। ਉਹਨਾਂ ਦਾ ਕਹਿਣਾ ਹੈ ਕਿ ਪਹਿਲੀ ਗੱਲ ਤਾਂ ਬਾਬਰ ਨੇ ਆਪਣੇ ਜਿੰਦਗੀ ਨਾਮੇ ਵਿੱਚ ਅਜਿਹੀ ਕੋਈ ਗੱਲ ਲਿਖੀ ਹੀ ਨਹੀ, ਮਤਲਬ ਬਾਬੇ ਨਾਨਕ ਬਾਰੇ ਕੋਈ ਜਿਕਰ ਨਹੀ ਹੈ। 2. ਦੂਸਰਾ ਵੇਖੋ ਗੁਰੂ ਸਾਹਿਬ ਆਪਣੀ ਬਾਣੀ ਵਿੱਚ ਬਾਬਰ ਦੀ ਫੌਜ ਨੂੰ "ਪਾਪ ਕੀ ਜੰਵ" ਨਾਂ ਦਿੰਦੇ ਹਨ। ਜਿਵੇ "ਪਾਪ ਕੀ ਜੰਵ ਲੈ ਕਾਬਲਹੁ ਧਾਇਆ "

ਜਵਾਬ - ਹਾਂ ਗੁਰੂ ਸਾਹਿਬ ਨੇ ਦਿੱਲੀ ਦੇ ਤਖਤ ਦੀ ਬਖਸ਼ਸ਼ ਕੀਤੀ ਸੀ- ਇਸ ਗੱਲ ਦਾ ਸਬੂਤ ਹੈ ਕਿ ਪਹਿਲੀ ਗੱਲ ਤਾਂ 1. ਬਾਬਰਨਾਮੇ ਵਿੱਚ ਕਈ ਖਪੇ ਜਾਂ ਪਾੜੇ ਨੇ। ਖਾਸ ਕਰਕੇ ਡਾ. ਤ੍ਰਿਲੋਚਣ ਸਿੰਘ ਅਨੁਸਾਰ : ਪੰਜ ਪਾੜੇ ਇਸ ਪਰਕਾਰ ਨੇ (1) 1453-84 ਈ. (2) 1508-9 ਈ. (3) 1520-25 (4) ਅਪਰੈਲ ਤੋ ਸਤੰਬਰ 1528 ਈ. (5) 1529-30 ਈ. ਜਦੋਂ ਕਿ ਇਸ ਮਸਲੇ ਵਿੱਚ 1520-25 ਦਾ ਸਮਾ ਮਹੱਤਵਪੂਰਨ ਹੈ। ਜਿਸ ਕਾਰਨ ਬਾਬਰਨਾਮੇ ਵਿੱਚ ਗੁਰੂ ਸਾਹਿਬ ਦਾ ਜਿਕਰ ਨਹੀ ਆਉਦਾ। ਨਾਲੇ ਬਾਬਰ ਕਿਸੇ ਵੀ ਸੂਰਤ ਵਿੱਚ ਕਿਸੇ ਗੈਰ-ਮੁਸਲਿਮ ਦਰਵੇਸ਼ ਦੀ ਤਾਰੀਫ ਨਹੀ ਕਰਨਾਂ ਚਾਹੇਗਾ।

2. ਦੂਸਰਾ, ਪਾਪ ਕੀ ਜੰਵ ਕਹਿਣ ਵੇਲੇ ਗੁਰੂ ਸਾਹਿਬ ਨੇ ਯੁਧ ਵੇਲੇ ਲੋਕਾਈ ਦੀ ਪੀੜਾ ਮਹਿਸੂਸ ਕੀਤੀ ਹੈ ਤੇ ਨਾਲ ਹੀ ਕਿਹਾ ਹੈ ਕਿ ਇਹਨਾਂ ਲੋਕਾਂ ਨੇ ਰੱਬ ਨੂੰ ਭੁਲਾਇਆ ਹੋਇਆ ਸੀ। "ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥ " ਅਗਲੀ ਗੱਲ ਜੋ ਉਨਾਂ ਕਹੀ ਹੈ ਕਿ ਜੋ ਕੁਝ ਹੋ ਰਿਹਾ ਹੈ ਨਿਰੰਕਾਰ ਦੇ ਹੁਕਮ ਵਿੱਚ ਹੋ ਰਿਹਾ ਹੈ। "ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ ॥ " (ਵਿਸਥਾਰ ਵਿੱਚ ਪੜਨ ਲਈ ਵੇਖੋ 'ਬਾਬਰਵਾਣੀ' ਪੰਨਾ 341)

3. ਬਖਸ਼ਸ਼ ਸੈਦਪੁਰ ਦੇ ਕਤਲਾਮ ਤੋਂ ਪਹਿਲਾਂ ਕਾਬੁਲ ਵਿਚ ਹੋਈ ਹੈ ਨਾਂ ਕਿ ਕਤਲਾਮ ਵੇਲੇ।

ਨਾਲੇ ਸਾਧੂ ਫਕੀਰ ਆਪਣੀ ਮੌਜ ਵਿੱਚ ਰਹਿੰਦੇ ਹਨ। ਜਦੋਂ ਕਿ ਗੁਰੂ ਸਾਹਿਬ ਦਾ ਤਾਂ ਮੰਨਿਆ ਹੋਇਆ ਹੈ ਕਿ ਉਹ ਪੂਰੀ ਤਰਾਂ ਨਿਰੰਕਾਰ ਦੀ ਰਜਾ ਵਿੱਚ ਰਹਿੰਦੇ ਸਨ।

ਹੁਕਮ ਕਰ ਦਿੱਤਾ ਕਿ ਇਨਾਂ ਫਕੀਰਾਂ ਦਰਵੇਸ਼ਾਂ ਜੋਗੀਆਂ ਸਾਧੂਆਂ ਸਭ ਨੂੰ ਤੁਰੰਤ ਰਿਹਾ ਕਰ ਦਿਓ।

ਇਸ ਤਰਾਂ ਦੀਆਂ ਕੁਝ ਗੱਲਾਂ ਬਾਤਾਂ ਹੋਈਆਂ। ਬਾਬਰ ਕਹਿਣ ਲੱਗਾ ਕਿ ਮੈਨੂੰ ਅਸ਼ੀਰਵਾਦ ਦਿਓ ਕਿ ਮੈਂ ਹਿੰਦੁਸਤਾਨ ਨੂੰ ਫਤਹਿ ਕਰਾਂ। ਗੁਰੂ ਸਾਹਿਬ ਨੇ ਉਨੂੰ ਅਸੀਸ ਦਿੱਤੀ ਕਿ ਤੂੰ ਦਿੱਲੀ ਦੇ ਤਖਤ ਤੇ ਬੈਠੇਂਗਾ। ਪਰ ਲੋਕਾਈ ਤੇ ਜੁਲਮ ਨਾਂ ਕਰੀ।

ਬਾਕੀ ਇਸ ਕਰਾਮਾਤੀ ਦਰਵੇਸ਼ ਦੇ ਮੂੰਹੋ ਇਹ ਲਫਜ਼ ਸੁਣ ਕੇ ਕਿ ਮੈਂ ਦਿੱਲੀ ਦੇ ਤਖਤ ਤੇ ਬੈਠਾਗਾਂ ਬਾਬਰ ਤਾਂ ਬਾਗੋ ਬਾਗ ਹੋ ਗਿਆ। ਬਾਦਸ਼ਾਹ ਦੀ ਖੁੱਸ਼ੀ ਕਰਕੇ ਚਾਰ ਚੁਫੇਰੇ ਖੁਸ਼ੀ ਫੈਲ ਗਈ। ਜਸ਼ਨ ਸ਼ੁਰੂ ਹੋ ਗਏ। ਬਾਬਰ ਦੇ ਘਰ ਪਹਿਲਾਂ ਹੀ ਖੁਸ਼ੀ ਦਾ ਮਹੌਲ ਸੀ ਕਿਉਕਿ ਬੱਚੇ ਨੇ ਜਨਮ ਲਿਆ ਸੀ।

ਇਨਾਂ ਹਾਲਾਤਾਂ ਨੂੰ ਵੇਖ ਸਭ ਨੂੰ ਅਹਿਸਾਸ ਹੋ ਗਇਆ ਕਿ ਹੁਣ ਹਿੰਦੁਸਤਾਨ ਦੀ ਮੁਹਿੰਮ ਸ਼ੁਰੂ ਹੋਈ ਕਿ ਹੋਈ।

—▲—

ਪੈੜ ਸਫਾ

ਗੁਰੂ ਸਾਹਿਬ ਕਾਬੁਲ ਤੋਂ ਉੱਤਰ ਦੇ ਦੇਸਾਂ ਵਿੱਚ ਨਹੀ ਗਏ।

ਕਈ ਲਿਖਾਰੀਆਂ ਨੇ ਬਲਖ, ਸਮਰਕੰਦ, ਤਾਸ਼ਕੰਦ, ਬੁਖਾਰਾ, ਮਜ਼ਾਰੀ ਸ਼ਰੀਫ, ਬਗਲਾਨ, ਨਾਂਗਰਹਾਰ ਆਦਿ ਉੱਤਰੀ ਸ਼ਹਿਰਾਂ ਵਿੱਚ ਗੁਰੂ ਸਾਹਿਬ ਦੀ ਆਮਦ ਦਿਖਾ ਦਿਤੀ ਹੈ। ਇਥੇ ਅਸੀ ਇਨਾਂ ਇਤਹਾਸਕਾਰਾਂ ਨਾਲ ਸਹਿਮਤ ਨਹੀ ਹਾਂ। ਇਹਨਾਂ ਨੇ ਇਸ ਕਰਕੇ ਇਹ ਗਲ ਲਿਖ ਮਾਰੀ ਕਿਉਕਿ ਇਹਨਾਂ ਇਲਾਕਿਆ ਵਿਚ ਸਿੱਖ ਵਪਾਰੀ ਖਾਸ ਕਰਕੇ ਅਰੋੜੇ ਤੇ ਖੱਤਰੀ 17 ਵੀ ਤੋਂ 19 ਵੀ ਸਦੀ ਈ. ਵਿੱਚ ਜਾ ਵੱਸੇ ਸਨ। ਕੁਦਰਤੀ ਹੈ ਕਿ ਇਨਾਂ ਵਪਾਰੀਆਂ ਆਪਣੇ ਪੂਜਾ ਅਸਥਾਨ ਵੀ ਇਹਨਾਂ ਸ਼ਹਿਰਾਂ ਵਿਚ ਬਣਾਏ ਹੋਏ ਸਨ। ਜਿਸ ਤੋਂ ਪ੍ਰਭਾਵਤ ਹੋ ਕੇ ਲਿਖਾਰੀਆਂ ਨੇ ਗੁਰੂ ਸਾਹਿਬ ਦਾ ਇਹਨਾਂ ਥਾਂਵਾਂ ਤੇ ਜਾਣਾ ਵੀ ਲਿੱਖ ਦਿੱਤਾ।

ਇਨਾਂ ਕੁ ਜਰੂਰ ਹੋ ਸਕਦੈ ਕਿ ਸਾਹਿਬ 1520 ਈ. ਵਿਚ ਕਾਬੁਲ ਦੇ ਨੇੜੇ ਤੇੜੇ ਦੇ ਸ਼ਹਿਰਾਂ ਵਿਚ ਗਏ ਹੋਣ।

ਕੁਝ ਹਾਸੇ ਵਾਲੀ ਹੀ ਗੱਲ ਹੈ ਜਿਵੇ ਅਜੋਕੇ ਸਮਿਆਂ ਵਿੱਚ ਵੀ ਕਈ ਲਿਖਾਰੀ ਉਨਾਂ ਨੂੰ ਰੋਮ, ਫਰਾਂਸ, ਮਲੇਸ਼ੀਆ ਤੇ ਇਥੋਂ ਤੱਕ ਕਿ ਅਮਰੀਕਾ ਜਾਣਾ ਵੀ ਦੱਸ ਰਹੇ ਨੇ।

■ ਗਿਆਨੀ ਗਿਆਨ ਸਿੰਘ ਦੇ ਗੁਰਧਾਮ ਸੰਗ੍ਰਹਿ ਵਿੱਚ ਦੱਸੇ ਗਏ ਅਜਿਹੇ ਗੁਰਧਾਮਾਂ ਦਾ ਅਸਲ ਵਿੱਚ ਗੁਰੂ ਨਾਨਕ ਸਾਹਿਬ ਨਾਲ ਸਬੰਧ ਨਹੀ ਹੈ ਤੇ ਕੁਝ ਸਥਾਨ ਤਾਂ ਹੋਏ ਹੀ ਨਹੀ ਹਨ। ਕਿਸੇ ਇੱਕ ਲਿਖਾਰੀ ਕੋਲੋਂ ਗਲਤੀ ਹੋਈ ਤਾਂ ਉਪਰੰਤ ਹਰ ਲਿਖਾਰੀ ਮੱਖੀ ਤੇ ਮੱਖੀ ਮਾਰੀ ਜਾ ਰਹੇ ਨੇ।✚

ਮਿਸਾਲ ਦੇ ਤੌਰ ਤੇ ਗਿਆਨੀ ਵਲੋਂ ਦੱਸੇ ਕੁਝ ਇਕ ਅਸਥਾਨਾਂ ਬਾਰੇ ਅਸੀ ਆਪਣੇ ਵੀਚਾਰ ਦਿੰਦੇ ਹਾਂ:-

ਘੜੂਕਾ ਪਹਾੜ - ਟਿੱਬੀ ਸਾਹਿਬ : ਸਾਨੂੰ ਤਾਂ ਇਹ ਥਾਂ ਨਕਸ਼ੇ ਤੇ ਕਿਤੇ ਨਹੀ ਮਿਲੀ।

ਕੋਠਾ ਸਾਹਿਬ ਅਸਕਾ - ਇਥੋਂ ਦੇ ਮਸ਼ਹੂਰ ਸ਼ਰਧਾਵਾਨ ਗੁਰਸਿੱਖ ਜਰੂਰ ਹੋਏ ਹਨ।

ਅਬਲੀਸ - ਅਬਲੀਸ ਦਰ ਅਸਲ ਈਰਾਨ ਵਿੱਚ ਹੈ। ਲਿਖਾਰੀ ਨੂੰ ਇਥੇ ਵੀ ਭੁਲੇਖਾ ਲੱਗਾ ਹੈ ਕਿਉਕਿ ਗੁਰੂ ਸਾਹਿਬ ਦੇ ਵਿਕਣ ਵਾਲੀ ਸਾਖੀ ਵਿੱਚ ਰੋਹੇਲੇ ਪਠਾਨਾਂ ਦੇ ਦੇਸ ਦਾ ਜਿਕਰ ਹੈ। ਵਿੱਕਣ ਵਾਲੀ ਘਟਨਾ ਅਸਲ ਵਿਚ ਉਤਰਾਖੰਡ ਵਿੱਚ ਹੋਈ ਸੀ। (ਵੇਖੋ ਸਫਾ 97) ਜਨਮ ਸਾਖੀ ਵਿਚ ਪਠਾਣਾਂ ਦਾ ਜਿਕਰ ਆਉਣ ਕਰਕੇ ਮਗਰਲੇ ਲਿਖਾਰੀਆਂ ਨੇ ਇਹ ਘਟਨਾ ਅਫਗਾਨਿਸਤਾਨ ਪਹੁੰਚਾ ਦਿੱਤੀ। ਵੇਖੋ:■ ਗੁਰੂ ਨਾਨਕ ਜੀ ਕੇ ਗੁਰਦੁਆਰੇ (ਤਾਰਾ ਸਿੰਘ ਨਰੋਤਮ)

ਪੰਡਤ ਅਰਜੁਨ ਮੁਨੀ ਨੇ ਵੀ 1923 ਈ ਵਿੱਚ ਕੁਝ ਅਜਿਹਾ ਹੀ ਲਿਖ ਦਿੱਤਾ ਹੈ। ਉਹ ਗੁਰੂ ਸਾਹਿਬ ਦੀ ਆਮਦ ਜਵੋਹੀ (ਉਜਬੇਕਿਸਤਾਨ) ਸਮਰਕੰਦ, ਬਾਕੂਨ, ਅੰਦੀਜਾਨ, ਕਰਮੀਨਾ, ਬੁਖਾਰਾ, ਮੈਮਨਾ, ਅਕਚਾ, ਮਜ਼ਾਰ ਸ਼ਰੀਫ, ਘੜੂਕਾ, ਆਦਿ ਸ਼ਹਿਰਾਂ ਵਿੱਚ ਵਿਖਾ ਰਹੇ ਹਨ।

ਸੋ ਅਫਗਾਨਿਸਤਾਨ, ਉਜਬੇਕਿਸਤਾਨ, ਤੁਰਕਮੈਨਿਸਤਾਨ ਆਦਿ ਮੁਲਕਾਂ ਵਿੱਚ ਜਿੱਥੇ ਜਿਥੇ ਗੁਰਸਿੱਖ ਹੁੰਦੇ ਸਨ, ਪੰਡਤ ਜੀ ਨੇ ਹਰ ਉਸ ਥਾਂ ਗੁਰੂ ਸਾਹਿਬ ਦਾ ਆਗਮਾਨ ਵਿਖਾ ਦਿੱਤਾ ਹੈ।

ਸੋ ਗੁਰੂ ਸਾਹਿਬ ਕਾਬਲ ਤੋਂ ਹੀ ਪਰਤ ਆਏ ਸਨ।

—◈—

■ ਸ੍ਰੀ ਗੁਰ ਤੀਰਥ ਸੰਗ੍ਰਹ-ਤਾਰਾ ਸਿੰਘ ਨਿਰੋਤਮ -ਪਪਪ-69, ਗੁਰੂ ਨਾਨਕ ਸਾਹਿਬ ਕੇ ਅਸਥਾਨ- ਗਿਆਨੀ- ਪਪਪ-76, ਇਰਾਨ, ਇਰਾਕ,ਅਤੇ ਅਫਗਾਨਿਸਤਾਨ ਵਿਚ ਗੁਰੂ ਨਾਨਕ ਦੇ ਅਸਥਾਨ- ਕਵੀਰਾਜ ਪੰਡਿਤ ਅਰਜੁਨ ਮੁਨੀ-ਪਪਪ-91

● ਸਾਈਕਲ ਯਾਤਰੀ- 527 ਨੇ ਬਾਲਾਕੋਟ ਤੋਂ ਬੇਬੇ ਨਾਨਕੀ ਕੋਲ ਪਵਣ ਸਵਾਰ ਹੋ ਜਾਣਾ ਲਿਖਿਆ ਹੈ। ਪਰ ਲਿਖਿਆ ਹੈ ਕਿ ਸਵੇਰੇ ਹੀ ਲੋਕਾਂ ਨੂੰ ਪਤਾ ਲੱਗਣ ਤੋਂ ਪਹਿਲਾਂ ਵਾਪਸ ਬਾਲਾਕੋਟ ਪਹੁੰਚ ਗਏ ਸਨ।

ਅਸੀ ਸਮਝਦੇ ਹਾਂ ਕਿ ਇਹ ਘਟਨਾ ਕਾਬੁਲ ਜਾਂ ਲਾਗੇ ਚਾਗੇ ਵਾਪਰੀ ਸੀ। ਕਿਉਕਿ ਕਾਬੁਲ ਤੋਂ ਵਾਪਸ ਹੁੰਦੇ ਹੋਏ ਗੁਰੂ ਸਾਹਿਬ ਦਾ ਕਿਸੇ ਹੋਰ ਖਾਸ ਅਸਥਾਨ ਠਹਿਰਣਾ ਸਾਬਤ ਨਹੀ ਹੋ ਰਿਹਾ। ਜਾਂ ਹੋ ਸਕਦਾ ਕਾਬੁਲ ਤੋਂ ਕਾਹਲੀ ਨਾਲ ਪਰਤੇ ਹੋਣ। ਰੋਹਤਾਸ ਜਾਂ ਟਿੱਲਾ ਜੋਗੀਆਂ ਬਾਰੇ ਤਾਂ ਸਾਫ ਸਬੂਤ ਮਿਲਦੇ ਹਨ ਕਿ ਸਾਹਿਬ ਏਮਨਾਬਾਦ ਵਾਲੇ ਪਾਸੇ ਤੋਂ ਇਧਰ ਆਏ ਸਨ।

✚ ਮਿਸਾਲ ਦੇ ਤੌਰ ਤੇ ਵੇਖੋ ਕੋਹਲੀ- 164

ਕੀ ਗੁਰੂ ਸਾਹਿਬ ਸਾਰਦਾ ਸ਼ਕਤੀਪੀਠ ਨਾਂ ਗਏ ਹੋਣਗੇ?



ਸ਼ਾਰਦਾ ਪੀਠ ਦੇ ਖੰਡਰਾਤ

ਸਾਕਤ ਲੋਕਾਂ ਦੇ ਭਾਰਤ ਅੰਦਰ 52 ਪ੍ਰਸਿਧ ਧਾਰਮਿਕ ਅਸਥਾਨ ਹਨ। ਜਿੰਨਾਂ ਬਾਰੇ ਆਪਾਂ ਪਹਿਲਾਂ ਅਸਾਮ ਦੀ ਫੇਰੀ ਵੇਲੇ ਪੜ੍ਹ ਚੁੱਕੇ ਹਾਂ। ਉਤਰ ਭਾਰਤ ਦੇ ਪ੍ਰਸਿਧ ਸ਼ਾਕਤ ਸਥਾਨਾਂ ਵਿੱਚੋਂ ਸਾਰਦਾ ਸ਼ਕਤੀ ਪੀਠ ਵਿਦਵਤਾ ਦਾ ਕੇਂਦਰ ਰਿਹਾ ਹੈ। ਇਥੋਂ ਦੇ ਵਿਦਵਾਨਾਂ ਨੇ ਹੀ ਸਾਰਦਾ ਲਿਪੀ ਵਿਕਸਿਤ ਕੀਤੀ ਸੀ। ਕਸ਼ਮੀਰੀ ਲੋਕਾਂ ਦਾ ਕਹਿਣਾ ਹੈ ਕਿ ਪੁਰਾਣੇ ਸਮਿਆਂ ਵਿੱਚ ਸਾਰਦਾ ਲਿਪੀ ਹੀ ਪੰਜਾਬ ਵਿੱਚ ਚਲਦੀ ਸੀ। ਸਾਰਦਾ ਨਾਲ ਰਲਦੀ ਮਿਲਦੀ ਲਿਪੀ 'ਟਾਕਰੇ' ਹਿਮਾਚਲ ਦੇ ਪਹਾੜੀ ਮੰਦਰਾਂ ਵਿੱਚ ਮਿਲਦੀ ਹੈ। ਗੁਰਮੁਖੀ ਇਨਾਂ ਲਿਪੀਆਂ ਨਾਲ ਵਾਧੂ ਮਿਲਦੀ ਜੁਲਦੀ ਹੈ। ਸੋ ਇਸ ਵਿੱਚ ਕੋਈ ਸ਼ੱਕ ਨਹੀ ਰਹਿੰਦਾ ਕਿ ਸਾਰਦਾ ਤੇ ਗੁਰਮੁਖੀ ਭੈਣਾਂ ਭੈਣਾਂ ਨੇ।

ਸਾਰਦਾ ਸ਼ਕਤੀਪੀਠ ਸਗੋ ਦੁਨੀਆ ਭਰ ਵਿੱਚ ਪ੍ਰਸਿੱਧ ਸੀ। ਚੀਨੀ ਯਾਤਰੀ ਹਿਊਨ ਸਾਂਗ ਲਿਖਦਾ ਹੈ ਕਿ ਮੈਂ ਇਥੇ ਦੋ ਸਾਲ ਰਿਹਾ। 1030 ਵਿੱਚ ਇਥੇ ਮੁਸਲਮਾਨ ਯਾਤਰੀ ਅਲ ਬਿਰੂਨੀ ਆਇਆ ਜਿਸ ਨੇ ਲਿਖਿਆ ਕਿ ਇਥੋਂ ਦਾ ਮੰਦਰ ਮੁਲਤਾਨ, ਸੋਮਨਾਥ ਤੇ ਕੁਰੂਖੇਤਰ ਦੇ ਮੰਦਰਾਂ ਦੇ ਬਰਾਬਰ ਦੀ ਅਹਿਮੀਅਤ ਵਾਲਾ ਹੈ। ਕਸ਼ਮੀਰ ਦੇ ਰਾਜੇ ਸਿਕੰਦਰ ਜਿਸ ਨੂੰ ਇਤਹਾਸ ਵਿੱਚ ਬੁਤਸ਼ਿਕਨ ਕਿਹਾ ਜਾਂਦਾ ਹੈ ਨੇ ਇਸ ਮੰਦਰ ਨੂੰ ਵੀ ਤਹਿਸ ਨਹਿਸ ਕੀਤਾ ਹੋਵੇਗਾ। ਪਰ ਸਬੂਤ ਮਿਲਦੇ ਹਨ ਕਿ ਮੰਦਰ ਤਾਂ 16 ਸਦੀ ਵਿੱਚ ਪ੍ਰਸਿੱਧ ਸੀ।

ਕਿਉਕਿ ਬਾਦਸ਼ਾਹ ਅਕਬਰ ਦੇ ਦੌਰ ਵਿੱਚ ਲਿਖੀ ਗਈ ਪੁਸਤਕ ਆਇਨ ਇ ਅਕਬਰੀ ਵਿੱਚ ਅਬੁਲ ਫਜ਼ਲ ਨੇ ਇਸ ਮੰਦਰ ਦੀ ਸੋਭਾ ਕੀਤੀ ਹੈ ਜਿਸ ਤੋਂ ਸਾਬਤ ਹੁੰਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਦੀ ਕਸ਼ਮੀਰ ਫੇਰੀ ਮੌਕੇ ਇਹ ਮੰਦਰ ਅਜੇ ਵੀ ਬਹੁਤ ਹਰਮਨ ਪਿਆਰਾ ਸੀ। ਜਿਸ ਤੋਂ ਸਾਬਤ ਹੋ ਜਾਂਦਾ ਹੈ ਕਿ ਕੋਈ ਕਾਰਨ ਨਹੀ ਬਣਦਾ ਕਿ ਗੁਰੂ ਸਾਹਿਬ ਇਥੇ ਨਾਂ ਆਏ ਹੋਣ। ਫਿਰ ਇਥੋਂ ਹੇਠਾਂ ਨੇੜੇ ਹੀ (ਦੂਰੀ 80 ਕਿ. ਮੀ.) ਬਾਲਾਕੋਟ ਦੇ ਸਥਾਨ ਤੇ ਗੁਰੂ ਸਾਹਿਬ ਦੇ ਆਉਣ ਦਾ ਪੱਕਾ ਸਬੂਤ ਥੜਾ ਸਾਹਿਬ ਹੈ। ਸੋ ਇਹ ਤਾਂ ਹੋ ਹੀ ਨਹੀ ਸਕਦਾ ਕਿ ਗੁਰੂ ਸਾਹਿਬ ਸਾਰਦਾ ਨਾਂ ਆਏ ਹੋਣ।

ਪਰ ਸਿੱਖ ਇਤਹਾਸ ਵਿਚ ਕਿਤੇ ਜਿਕਰ ਨਹੀ ਆਉਦਾ ਕਿ ਸਾਹਿਬ ਸ਼ਾਰਦਾ ਆਏ ਸਨ।

ਸਾਡਾ ਅੰਦਾਜ਼ਾ ਹੈ ਕਿ ਸਾਹਿਬ ਸ਼ਾਰਦਾ ਪੀਠ ਜਰੂਰ ਪਹੁੰਚੇ ਹੋਣਗੇ। ਹਾਂ ਇਤਹਾਸਕਾਰ ਵਾਸਤੇ ਇਹ ਦੁਬਿਧਾ ਜਰੂਰ ਬਣ ਸਕਦੀ ਹੈ ਕਿ ਗੁਰੂ ਸਾਹਿਬ ਸਕਰਦੂ ਵਲੋਂ ਆਏ, ਹਰਮੁੱਖ ਗੰਗਾ (ਅਮਰਨਾਥ ਪਾਸਿਓ) ਆਏ ਜਾਂ ਫਿਰ ਮੱਟਨ ਦੀ ਯਾਤਰਾ ਉਪਰੰਤ ਇਥੇ ਪਹੁੰਚੇ ਸਨ। ਹਾਂ ਮੇਲਾ ਸਾਰਦਾ ਵਿਖੇ ਵੀ ਸਾਉਣ ਦੇ ਮਹੀਨੇ ਹੀ ਲਗਦਾ ਸੀ।*

ਇਥੇ ਗੁਰੂ ਸਾਹਿਬ ਨੇ ਪੰਡਤਾਂ ਨੂੰ ਟੂਣਿਆਂ ਟਪਾਣਿਆਂ, ਜੰਤਰ, ਮੰਤਰ ਤੋਂ ਹਟਾ ਇੱਕ ਅਕਾਲ ਦੀ ਭਗਤੀ ਵਲ ਲਾਉਣਾ ਚਾਹਿਆ ਹੋਵੇਗਾ।

ਅੱਜ ਸਾਰਦਾ ਸ਼ਕਤੀਪੀਠ ਪਾਕਿਸਤਾਨ ਦੇ ਜਿਲਾ ਨੀਲਮ ਵਿੱਚ ਨੀਲਮ ਦਰਿਆ ਤੇ ਪੈਂਦਾ ਹੈ। ਮੰਦਰ ਦੇ ਸਿਰਫ ਖੰਡਰ ਹੀ ਬਚੇ ਨੇ।

—◈—

ਬਾਬਰਬਾਣੀ

“ਹੰਕਾਰੇ ਹੋਏ ਹੁਕਮਰਾਨ ਤੇ ਲੋਕਾਈ ਨੇ ਰੱਬ ਭੁਲਾਇਆ ਹੋਇਆ ਸੀ”-ਗੁਰੂ ਨਾਨਕ

ਇਹ ਕਹਿਣਾ ਗਲਤ ਹੈ ਕਿ ਸੈਦਪੁਰ ਵਿਖੇ ਗੁਰੂ ਸਾਹਿਬ ਕੋਲੋ ਚੱਕੀ ਪਿਸਾਈ ਗਈ ਸੀ। ਚੱਕੀ ਵਾਲੀ ਘਟਨਾ ਕਾਬੁਲ ਦੀ ਹੈ।

ਕਾਬੁਲ ਤੋਂ ਵਾਪਸੀ

ਸੱਦਾ, ਨਰਯਾਬ ਅਤੇ ਹੰਗੂ ਆਦਿ ਵਿਚ ਜਿਹੜਾ ਗੁਰੂ ਸਾਹਿਬ ਦਾ ਆਉਣਾ ਸਾਬਤ ਹੁੰਦਾ ਹੈ ਉਸ ਤੋਂ ਲਗਦਾ ਹੈ ਕਿ ਸਾਹਿਬ ਕਾਬੁਲ ਤੋਂ ਦੱਖਣ ਨੂੰ ਹੋ ਤੁਰੇ ਸਨ। ਕਾਬੁਲ ਤੋਂ 127 ਕਿ.ਮੀ. ਦਾ ਪਹਾੜੀ ਪੈਂਡਾ ਕਰਕੇ ਇਤਹਾਸਿਕ ਸ਼ਹਿਰ ਗਰਦੇਜ਼ ਪਹੁੰਚੇ। ਸਾਹਿਬ ਦੀ ਗਰਦੇਜ਼ ਆਮਦ ਬਾਰੇ ਇਤਹਾਸ ਚੁੱਪ ਹੈ। ਇਸ ਤੋਂ ਇਹੋ ਅੰਦਾਜ਼ਾ ਲਗਦਾ ਹੈ ਕਿ ਸਾਹਿਬ ਸਿਰਫ ਇਸ ਪਾਸਿਓ ਦੀ ਨਿਕਲ ਰਹੇ ਸਨ। ਹੋ ਵੀ ਸਕਦਾ ਕਿ ਸਥਾਨਕ ਪੀਰਾਂ ਫਕੀਰਾਂ ਨਾਲ ਗੋਸਟਾਂ ਹੋਈਆਂ ਹੋਣ। ਗਰਦੇਜ਼ ਤੋਂ 105 ਕਿ. ਮੀ. ਸਫਰ ਕਰਕੇ ਖੋਸਤ ਸ਼ਹਿਰ ਪਹੁੰਚੇ। ਉਂਜ ਉਹ ਉਪਰਲੇ ਰਾਹ ਵੀ ਜਾ ਸਕਦੇ ਸਨ। ਪਰ ਸਾਨੂੰ ਇਹੋ ਅੰਦਾਜ਼ਾ ਲਗਦਾ ਹੈ ਕਿ ਉਨਾਂ ਪਰਚਿਨਾਰ ਵਾਲੇ ਪਾਸਿਓ ਜਾਣ ਦੇ ਬਿਜਾਏ ਖੋਸਤ ਨੂੰ ਤਰਜੀਹ ਦਿੱਤੀ ਹੋਵੇਗੀ।

ਅੱਗੇ ਪੂਰਬ ਵਿਚ ਕੁਰਮ ਘਾਟੀ (ਪਾਕਿਸਤਾਨ) ਦਾ ਜਿਹੜਾ ਇਲਾਕਾ ਅੱਜ ਕਲ੍ਹ ਪਾਕਿਸਤਾਨ- ਅਫਗਾਨਿਸਤਾਨ ਦੀ ਸਰਹੱਦ ਤੇ ਪੈਂਦਾ ਹੈ, ਲਗਦਾ ਗੁਰੂ ਸਾਹਿਬ ਨੇ ਇਹ ਖੂਬ ਗਾਹਿਆ ਸੀ। ਇਸ ਇਲਾਕੇ ਦੇ ਬੰਨੂ, ਨਰਯਾਬ, ਸੱਦਾ ਅਤੇ ਹੰਗੂ ਵਿਚ ਗੁਰੂ ਸਾਹਿਬ ਦੀ ਆਮਦ ਦੇ ਸਬੂਤ ਮਿਲਦੇ ਹਨ।

ਹੰਗੂ ਵਿਚ ਵੀ ਗੁਰੂ ਸਾਹਿਬ ਨੇ ਇਕ ਚਸ਼ਮਾ ਜਾਰੀ ਕੀਤਾ ਸੀ ਜੋ ਅੱਜ ਵੀ ਮੌਜੂਦ ਹੈ ਤੇ ਨਾਂ ਵੀ ਬਾਬੇ ਦਾ ਹੀ ਵੱਜਦਾ ਹੈ।

ਫਿਰ ਨਰਿਆਬ ਵਿਖੇ ਚੋਖੀ ਸਿੱਖੀ ਸੇਵਕੀ ਹੋ ਗਈ ਸੀ। ਇਥੇ ਇਕ ਜੋਗੀ ਕੋਲ ਗੁਰੂ ਸਾਹਿਬ ਠਹਿਰੇ ਸਨ ਜਿਸ ਨੇ ਸਿੱਖੀ ਧਾਰਨ ਕੀਤੀ। ਇਸ ਸੰਤ ਨੇ ਸਿੱਖੀ ਦਾ ਚੋਖਾ ਪ੍ਰਚਾਰ ਇਲਾਕੇ ਵਿਚ ਕੀਤਾ। ਇਥੇ ਗੁਰਅਸਥਾਨ ਵੀ ਹੁੰਦਾ ਸੀ ਜਿਸ ਦੀ ਸੇਵਾ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਦੀ ਓਲਾਦ ਵਿਚੋਂ ਭੱਲੇ ਸਿੱਖਾਂ ਕੋਲ ਹੁੰਦੀ ਸੀ। ਅੱਜ ਕੁਝ ਖਬਰ ਨਹੀ ਕਿ ਨਰਿਆਬ ਵਿਖੇ ਗੁਰ ਅਸਥਾਨ ਬਚ ਪਾਇਆ ਕਿ ਨਹੀ।

ਚਸ਼ਮਾ ਗੁਰੂ ਨਾਨਕ ਹੰਗੂ। ਇਕ ਪਠਾਣ ਗੁਰਸਿੱਖ ਚਸ਼ਮੇ ਦੇ ਦਰਸ਼ਨ ਕਰਾਉਦਾ ਹੋਇਆ (ਫੋਟੋ ਯੂਟਿਊਬ)

ਸੱਦਾ ਵਿਖੇ ਉਹਨਾਂ ਕੀ ਕੌਤਕ ਕੀਤਾ ਕੁਝ ਪਤਾ ਨਹੀ ਚਲ ਪਾਇਆ।

ਬਾਬਰ (ਸੱਜੇ) ਆਪਣੇ ਪੁੱਤਰ ਸ਼ਹਿਜਾਦਾ ਹਮਾਯੂ ਨਾਲ

ਸੈਦਪੁਰ ਰਵਾਨਾ

ਕਾਬੁਲ ਰਹਿੰਦਿਆਂ ਹੀ ਗੁਰੂ ਸਾਹਿਬ ਨੂੰ ਅਹਿਸਾਸ ਹੋ ਚੁੱਕਾ ਸੀ ਕਿ ਬਾਬਰ ਹੁਣ ਪੰਜਾਬ ਦੀਆਂ ਬਾਕੀ ਰਾਜਧਾਨੀਆਂ ਨੂੰ ਵੀ ਲੁੱਟੇਗਾ। ਲਗਦੈ ਜਲਦੀ ਹੀ ਸਾਹਿਬ ਨੂੰ ਖਬਰ ਮਿਲ ਗਈ ਕਿ ਬਾਬਰਵਾਣੀ (ਬਾਬਰ ਦੀ ਫੌਜ) ਪੰਜਾਬ ਵਲ ਰਵਾਨਾ ਹੋ ਰਹੀ ਹੈ। ਸਾਹਿਬ ਨੇ ਕੁਰਮ ਘਾਟੀ ਅਤੇ ਬੰਨੂ ਤੋਂ ਏਮਨਾਬਾਦ ਨੂੰ ਚਾਲੇ ਪਾ ਲਏ।

ਕਈ ਇਤਹਾਸਕਾਰਾਂ ਨੇ ਭਾਈ ਮਰਦਾਨਾ ਦਾ ਇਥੇ ਭਾਵ ਕੁਰਮ ਘਾਟੀ ਵਿਚ ਚਲਾਣਾ ਵਿਖਾ ਦਿੱਤਾ ਹੈ ਜੋ ਸਰਾਸਰ ਗਲਤ ਹੈ।

ਬੰਨੂ ਤੋਂ ਕੁਰਮ ਦਰਿਆ ਦੇ ਨਾਲ ਨਾਲ ਚਲਦੇ ਹੋਏ ਨੌਰੰਗੇ ਦੀ ਸਰਾਂ, ਅੱਜ ਦੇ ਲੱਕੀ ਮਰਵਤ, ਮੀਆਂ ਵਾਲੀ, ਸਰਗੋਧਾ ਅਤੇ ਹਾਫਿਜਾਬਾਦ ਹੁੰਦੇ ਹੋਏ ਸੈਦਪੁਰ (ਏਮਨਾਬਾਦ) ਪਹੁੰਚੇ।

ਸੈਦਪੁਰ ਗੁਰਸਿੱਖਾਂ ਨੂੰ ਹਮਲੇ ਬਾਬਤ ਸੁਚੇਤ ਕਰਨਾਂ

ਕਿਉਕਿ ਬਾਬਰ ਗਵਾਂਢ ਦੀਆ ਰਿਆਸਤਾਂ ਭੇੜਾ, ਖੁਸ਼ਾਬ ਵਗੈਰਾ ਤੋਂ ਮੋਟੀਆਂ ਰਕਮਾਂ ਲੈ ਗਇਆ ਸੀ ਇਸ ਕਰਕੇ ਅੰਦਾਜ਼ਾ ਇਹੋ ਬਣਦਾ ਸੀ ਕਿ ਅਗਲੀ ਬਾਕੀ ਰਹਿੰਦੀਆ ਰਿਆਸਤਾਂ ਸੈਦਪੁਰ, ਦੀਪਾਲਪੁਰ, ਸਿਆਲਕੋਟ, ਸੂਬਾ ਲਹੌਰ ਆਦਿ ਦੀ ਵਾਰੀ ਹੈ।

ਕਿਉਕਿ ਓਥੇ ਕਾਬੁਲ ਬਾਬਰ ਅਤੇ ਉਹਦੇ ਦਰਬਾਰੀਆਂ ਨਾਲ ਹੋਈਆਂ ਗੱਲਾਂ ਬਾਤਾਂ ਤੋਂ ਸਾਹਿਬ ਨੂੰ ਅੰਦਾਜ਼ਾ ਹੋ ਚੁੱਕਾ ਸੀ ਕਿ ਅਗਲੀ ਵਾਰੀ ਹੁਣ ਸੈਦਪੁਰ ਦੀ ਆਈ ਹੀ ਆਈ। ਫਿਰ ਉਥੋ ਦੇ ਪਠਾਣ ਗਵਰਨਰ ਬਹਿਰ ਖਾਂ ਦੇ ਸੁਭਾ ਤੋਂ ਵੀ ਸਾਹਿਬ ਜਾਣੂ ਹੋ ਚੁੱਕੇ ਸਨ ਜੋ ਆਪਣੀ ਹੀ ਦੁਨੀਆ ਵਿਚ ਰਹਿੰਦਾ ਸੀ। ਅਜਿਹਾ

ਹੰਕਾਰੀ ਬੰਦਾ ਫਿਰ ਆਪਣੀ ਤਾਕਤ ਦਾ ਸਹੀ ਅੰਦਾਜ਼ਾ ਵੀ ਨਹੀ ਲਗਾ ਸਕਦਾ।

ਇਹਨਾਂ ਹਾਲਾਤਾਂ ਦੇ ਮੱਦੇ ਨਜਰ ਗੁਰੂ ਸਾਹਿਬ ਨੇ ਸੈਦਪੁਰ ਪਹੁੰਚ ਭਾਈ ਲਾਲੋ ਨੂੰ ਜਾ ਸੁਚੇਤ ਕੀਤਾ:

ਤਿਲੰਗ ਮਹਲਾ ੧ ॥ ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ ਪਾਪ ਕੀ ਜੰਵ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥ ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥ ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥ ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥ ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥ ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥ ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥ ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥ ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥ ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥ ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥

ਸੋ ਸਾਹਿਬ ਫਰਮਾ ਰਹੇ ਨੇ ਕਿ ਕਾਬਲੋਂ ਪਾਪ ਦੀ ਜੰਜ ਚੜ੍ਹ ਆਈ ਹੈ ਤੇ ਜਬਰਦਸਤੀ ਡੋਲੀਆਂ ਲੈ ਕੇ ਜਾ ਰਿਹਾ ਹੈ। ਕਿਉਕਿ ਨਾਂ ਇਥੇ ਸ਼ਰਮ ਰਹੀ ਤੇ ਨਾਂ ਧਰਮ ਰਿਹਾ । ਹਰ ਪਾਸੇ ਝੂਠ ਦਾ ਬੋਲ ਬਾਲਾ ਹੈ। ਲਾਸ਼ਾਂ ਵਿਛੇ ਸ਼ਹਿਰ ਵਿਚ ਮੈਂ ਉਸ ਅਕਾਲ ਪੁਰਖ ਦੀ ਸਿਫਤ ਸਲਾਹ ਕਰਦਾ ਪਿਆ ਵਾਂ। ਜਿਸਦੇ ਹੁਕਮ ਵਿਚ ਹੀ ਇਹ ਸਭ ਕੁਝ ਹੋ ਰਿਹਾ ਵਾ। ਤੁਸੀ ਵੇਖਣਾ ਅੰਤ ਵਿਚ ਉਹਦਾ ਇਨਸਾਫ ਸੱਚਾ ਹੋਵੇਗਾ। ਇਸ ਕਤਲਿਆਮ ਨੂੰ ਹਿੰਦੁਸਤਾਨ ਯਾਦ ਰਖੇਗਾ। ਬਾਕੀ ਇਹਨਾਂ ਦਾ 1578 ਵਿਚ ਆਉਣਾ ਹੈ ਤੇ 1597 ਵਿਚ ਵਾਪਸੀ ਹੈ।''

ਸੋ ਗੁਰੂ ਜੀ ਨੇ ਭਾਈ ਲਾਲੋ ਨੂੰ ਕਿਹਾ ਕਿ ਇਸ ਸ਼ਹਿਰ ਉੱਤੇ ਵੱਡਾ ਭਾਰੀ ਕਸ਼ਟ ਆਉਣ ਸੋ ਤੂੰ ਕੁਝ ਦਿਨਾਂ ਵਾਸਤੇ ਇਸ ਜਗ੍ਹਾ ਤੋਂ ਲਾਂਭੇ ਹੋ ਜਾ। .. ਫਿਰ ਭਾਈ ਲਾਲੋ ਪਿੰਡ ਤਤਲੇਆਣੀ ਚਲਾ ਗਿਆਂ ਸੀ ਜੋ ਕਿ ਐਮਨਾਬਾਦ ਤੋਂ ਪੱਛਮ ਦੀ ਤਰਫ 10 ਮੀਲ ਤੇ ਹੈ। ਇਸ ਪਿੰਡ ਵਿਚ ਵੀ ਭਾਈ ਲਾਲੋ ਦਾ ਗੁਰਦੁਆਰਾ ਹੈ।⊙

ਸਿਰਫ ਲਾਲੋ ਹੀ ਨਹੀ। ■ ਗੁਰੂ ਜੀ ਦਾ ਇਕ ਪਰਮ ਸ਼ਰਧਾਲੂ ਬ੍ਰਾਹਮਣ ਪ੍ਰਵਾਰ ਸੀ। ਬ੍ਰਾਹਮਣ ਨੇ ਆਪਣੀ ਧੀ ਦਾ ਵਿਆਹ ਰੱਖਿਆ ਹੋਇਆ ਸੀ। ਲਗਦਾ ਉਸ ਬ੍ਰਾਹਮਣ ਨੇ ਕਿਸੇ ਤਰਾਂ ਗੁਰੂ ਜੀ ਤਕ ਵੀ ਸੁਨੇਹਾ ਭੇਜਿਆ ਸੀ ਕਿ ਉਹ ਵਿਆਹ ਵਿਚ ਹਰ ਹਾਲਤ ਵਿਚ ਪਹੁੰਚਣ। ਗੁਰੂ ਸਾਹਿਬ ਨੇ ਆਉਦਿਆਂ ਹੀ ਦੁਹਾਈ ਦੇ ਦਿਤੀ ਕਿ ਇਸ ਸ਼ਹਿਰ ਤੇ ਹਮਲਾ ਹੋਣ ਵਾਲਾ ਹੈ ਤੇ ਬ੍ਰਾਹਮਣ ਨੂੰ ਉਪਦੇਸ਼ ਦਿਤਾ ਕਿ ਤੁਰੰਤ ਆਪਣੀ ਧੀ ਲੈ ਕੇ ਦੂਸਰੇ ਕਿਸੇ ਥਾਂ ਪਹੁੰਚ ਜਾਏ। ਬ੍ਰਾਹਮਣ ਸਿੱਖ ਕਹਿਣ ਲੱਗਾ ਕਿ ਸਾਹਿਬ ਮੈਂ ਤਾਂ ਸਾਹੇ ਚਿੱਠੀ ਵੀ ਤੋਰ ਚੁੱਕਾ ਹਾਂ। ਜੰਞ ਤਾਂ ਇਥੇ ਸੈਦਪੁਰ ਦਿੱਤੇ ਵਕਤ ਤੇ ਪਹੁੰਚਣੀ ਹੈ। ਗੁਰੂ ਸਾਹਿਬ ਨੇ ਉਨ੍ਹੂੰ ਸਾਰੀ ਗਲ ਸਮਝਾਈ ਕਿ ਜੇ ਆਪਣੇ ਪ੍ਰਵਾਰ ਦਾ ਭਲਾ ਲੋਚਦੇ ਹੋ ਤਾਂ ਤੁਰੰਤ ਇਥੋਂ ਦੌੜ ਜਾਓ।

ਬ੍ਰਾਹਮਣ ਨੇ ਏਸੇ ਹੀ ਤਰਾਂ ਕੀਤਾ। ਵਿਆਹ ਦਾ ਸਾਰਾ ਸਮਾਨ ਗੱਡਿਆਂ ਤੇ ਲੱਦ ਕੇ ਸ਼ਹਿਰ ਤੋਂ ਦੌੜ ਗਇਆ ਤੇ ਨਾਲੇ ਕੁੜਮਾਂ ਨੂੰ ਵੀ ਇਤਲਾਹ ਦੇ ਦਿੱਤੀ ਕਿ ਫਲਾਣੇ ਥਾਂ (ਭਾਵ ਕੁੜੀ ਦੇ ਨਾਨਕੇ) ਜਾ ਰਿਹਾ ਹਾਂ ਜੰਞ ਲੈ ਕੇ ਓਥੇ ਆ ਜਾਇਓ।

ਬਾਦ ਵਿਚ ਫਿਰ ਓਹੋ ਕੁਝ ਹੋਇਆ ਜਿਸ ਦਾ ਡਰ ਸੀ।

1847 ਈ. 'ਚ ਪਠਾਣ ਸਿਪਾਹੀਆਂ ਦੀ ਤਸਵੀਰ। ਕਲਾਕਾਰ ਜੇਮਜ ਰੱਤਰੇ। ਇਹ ਈਸਟ ਇੰਡੀਆ ਕੰ. ਦੀ 2 ਗ੍ਰੇਨੇਡੀਅਰ ਬੰਗਾਲ ਰਜਮੈਂਟ ਦਾ ਲਫਟੈਣ ਸੀ। ਤਸਵੀਰ ਉਹਦੀ ਕਿਤਾਬ SCENERY, INHABITENTS & COSTUMES OF AFGHAUNISTAN FROM DRAWINGS MADE ON THE SPOT BY JAMES RATTRAY ESQ. LIEUT. 2ND GRENADIERS, BENGAL ਇਸ ਤੋਂ ਤੁਹਾਨੂੰ ਅੰਦਾਜ਼ਾ ਲਗੇਗਾ ਕਿ ਪੁਰਾਣੇ ਸਮਿਆਂ ਵਿਚ ਅਫਗਾਨੀ ਸਿਪਾਹੀਆਂ ਦਾ ਕਿੰਨਾ ਟੌਹਰ ਹੁੰਦਾ ਸੀ। ਜੁਗਾਂ ਜੁਗਾਂ ਤੋਂ ਲੜਨਾ ਹੀ ਇਸ ਕੌਮ ਦਾ ਕਿੱਤਾ ਰਿਹਾ ਹੈ ਤੇ ਜਿੱਤ ਉਪਰੰਤ ਲੁੱਟਮਾਰ ਇਨਾਂ ਦਾ ਨਿਸ਼ਾਨਾ। ਅੱਜ ਦੇ ਦੌਰ ਵਿਚ ਵੀ ਦੁਨੀਆ ਦੀ ਉਸ ਵੇਲੇ ਦੀ ਸਭ ਤੋਂ ਵੱਡੀ ਤਾਕਤ ਸੋਵੀਅਤ ਰੂਸ ਦਾ ਇਨਾਂ ਅਫਗਾਨਿਸਤਾਨ ਵਿਚ ਜਲੂਸ ਕੱਢ ਕੇ ਰੱਖ ਦਿੱਤਾ ਸੀ। ਹੁਣ ਅਮਰੀਕਾ ਵੀ ਅਫਗਾਨਿਸਤਾਨ ਤੋਂ ਖਹਿੜਾ ਛੁਡਾਉਣ ਦਾ ਕੋਈ ਬਹਾਨਾ ਲੱਭ ਰਿਹਾ ਹੈ। ਪਠਾਣਾਂ ਨੂੰ ਵੱਟੇ ਵੱਟ ਪਾਇਆ ਸੀ ਤਾਂ ਸਿਰਫ ਦਸ਼ਮੇਸ਼ ਪਿਤਾ ਦੀ ਸਾਜੀ ਕੌਮ ਨੇ।

—◈—

ਬਾਬਰ ਦਾ ਸੈਦਪੁਰ ਤੇ ਹਮਲਾ ਅਤੇ ਗੁਰੂ ਸਾਹਿਬ ਦੀ ਖੁੱਦ ਦੀ ਗਵਾਹੀ

ਗੁਰੂ ਜੀ ਨੇ ਬਾਬਰ ਨੂੰ ਤਾਂ ਜਾਬਰ ਕਿਹਾ ਪਰ ਇਥੋਂ ਦੇ ਹੁਕਮਰਾਨਾਂ ਬਾਰੇ ਕਿਹਾ ਕਿ ਇਹ ਏਸੇ ਦੇ ਹੀ ਲਾਇਕ ਸਨ

ਬਾਬਰ ਦੇ ਹਮਲਿਆਂ ਬਾਬਤ ਗੁਰੂ ਸਾਹਿਬ ਨੇ ਕੁਲ ਚਾਰ ਬਾਣੀਆਂ ਰਚੀਆਂ ਹਨ:-

1. ਤਿਲੰਗ ਰਾਗ। ਅੰਗ 722. ਸਗਗਸ – " ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ "

2. ਰਾਗ ਆਸਾ। ਅੰਗ 360. ਸਗਗਸ --- " ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥ "

3. ਰਾਗ ਆਸਾ। ਅੰਗ 417. ਸਗਗਸ --- "ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥ "

4. ਰਾਗ ਆਸਾ। ਅੰਗ 417. ਸਗਗਸ ----

ਪੈਰ ਸਫਾ

■ ਸੋਢੀ -465, ⊙ ਸਾਈਕਲ ਯਾਤਰੀ -573

ਬਾਬਰ ਦੇ ਹਮਲੇ ਨਾਲ ਸਬੰਧਿਤ ਬਾਣੀ ਨੂੰ ਬਾਬਰਵਾਣੀ ਕਹਿਣਾ ਠੀਕ ਨਹੀ। ਕਿਉਕਿ ਸਾਹਿਬ ਨੇ ਬਾਬਰ ਦੀ ਫੌਜ ਲਈ ਬਾਬਰਵਾਣੀ ਲਫਜ਼ ਵਰਤਿਆ ਹੈ। ਫੌਜ ਦੀ ਟੁਕੜੀ ਨੂੰ ਸੰਸਕ੍ਰਿਤ ਵਿਚ ਅਕਸਰ ਵਾਹਿਨੀ ਵੀ ਕਿਹਾ ਜਾਂਦਾ ਹੈ।

"ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ ॥ "

ਇਕ ਵਿਦਵਾਨ✚ ਅਨੁਸਾਰ

ਕ੍ਰਮਾਂਕ 1 ਬਾਣੀ ਸੈਦ ਦੇ ਹਮਲੇ (ਦਸੰਬਰ 1520 ਈ) ਤੋਂ ਪਹਿਲਾਂ ਪਰ ਭੇੜੇ, ਖੁਸ਼ਾਬ ਅਤੇ ਚਿਨੀਓਟ ਦੇ ਹਮਲੇ ਦੇ ਬਾਦ ਰਚੀ ਗਈ।

ਬਾਣੀ ਕ੍ਰਮਾਂਕ 2- ਸੈਦਪੁਰ ਦੇ ਕਤਲਾਮ ਬਾਦ ਲਿਖੀ ਗਈ।

ਬਾਣੀ ਕ੍ਰਮਾਂਕ 3- ਲਹੌਰ ਅਤੇ ਦੀਪਾਲਪੁਰ ਦੇ ਕਤਲਾਮ (1524ਈ.) ਬਾਦ

ਬਾਣੀ ਕ੍ਰਮਾਂਕ 4 -ਪਾਣੀਪਤ ਦੇ ਪਹਿਲੇ ਯੁੱਧ (21 ਅਪਰੈਲ 1521) ਦੇ ਬਾਦ

ਸੈਦਪੁਰ -ਬਾਬਰ ਨੇ ਸੈਦਪੁਰ ਦੇ ਪਠਾਣ ਹਾਕਮ ਨੂੰ ਈਨ ਮੰਨਣ ਲਈ ਸੁਨੇਹਾ ਭੇਜਿਆ। ਪਰ ਸੈਦਪੁਰ ਦਾ ਪਠਾਣ ਹਾਕਮ ਆਪਣੀ ਹੀ ਦੁਨੀਆ ਵਿਚ ਰਹਿੰਦਾ ਸੀ। ਜੁੱਧ ਦੀਆਂ ਤਿਆਰੀਆਂ ਬਾਬਤ ਵੀ ਉਹ ਅਵੇਸਲਾ ਸੀ ਤੇ ਨਾਚ ਗਾਣੇ ਦਾ ਸ਼ੌਕੀਨ ਸੀ। ਜਨਮਸਾਖੀ ਵਿਚ ਆਉਦਾ ਹੈ ਕਿ ਇੱਕ ਥਾਂ ਪਠਾਣ ਜਸ਼ਨ ਮਨਾ ਰਹੇ ਸਨ ਤਾਂ ਮਰਦਾਨੇ ਨੇ ਰੋਟੀ ਮੰਗੀ ਤਾਂ ਅੱਗੋ ਪਠਾਣਾ ਨੇ ਧੱਕੇ ਮਾਰੇ।* ਇਸੇ ਪਠਾਣ ਦਾ ਹੀ ਦੀਵਾਨ ਮਲਕ ਭਾਗੋ ਸੀ, ਜਿਸ ਦੀ ਗੁਰੂ ਸਾਹਿਬ ਨੇ ਸ਼ੇ੍ਆਮ ਮੁਖਾਲਫਤ ਕੀਤੀ ਸੀ ਤੇ ਕਿਹਾ ਸੀ ਕਿ ਤੂੰ ਹੰਕਾਰੀ ਅਤੇ ਜਾਲਮ ਏ।

ਜਦੋਂ (ਦਸੰਬਰ 1520) ਬਾਬਰ ਨੇ ਸੈਦਪੁਰ ਤੇ ਹਮਲਾ ਕੀਤਾ ਤਾਂ ਪਠਾਣਾਂ ਨੇ ਉੱਜ ਡੱਟ ਕੇ ਹਮਲਾ ਕੀਤਾ। ਕਿਉਕਿ ਦਿੱਲੀ ਤਖਤ ਨੂੰ ਪਹਿਲਾਂ ਹੀ ਦੌਲਤ ਖਾਂ ਲੋਧੀ ਤੇ ਸ਼ੱਕ ਹੋ ਚੁੱਕਾ ਸੀ। ਬਾਦਸ਼ਾਹ ਸੁਲਤਾਨ ਇਬਰਾਹੀਮ ਨੇ ਲਹੌਰ ਦੇ ਡੀਫੈਂਸ ਲਈ ਬਹਿਰ ਖਾਂ ਮੁਬਾਰਿਕ ਖਾਂ ਦੀ ਜਿੰਮੇਵਾਰੀ ਲਾ ਦਿੱਤੀ ਸੀ। ਦੌਲਤ ਖਾਂ ਲੋਧੀ ਜੋ ਪਹਿਲਾਂ ਹੀ ਦਿੱਲੀ ਤੋਂ ਔਖਾ ਸੀ ਉਹ ਐਨ ਮੌਕੇ ਤੇ ਲਹੌਰ ਤੋਂ ਖਿਸਕ ਗਇਆ। ਇਹ ਵੀ ਸ਼ੱਕ ਹੈ ਕਿ ਲਹੌਰ ਦੇ ਜਿੰਮੇਵਾਰ ਪਠਾਣ ਵੀ ਸੈਦਪੁਰ ਦੀ ਮਦਦ ਤੇ ਆ ਗਏ ਹੋਣਗੇ। ਬਾਬਰ ਨੇ ਸੈਦਪੁਰ ਜਿੱਤ ਤਾਂ ਲਿਆ ਸੀ ਪਰ ਲਗਦਾ ਹੈ ਬਾਬਰ ਨੂੰ ਵੱਡੀ ਕੀਮਤ ਚੁੱਕਾਉਣੀ ਪਈ ਸੀ। ਐਮਨਾਬਾਦ (ਸੈਦਪੁਰ) ਲਹੌਰ ਤੋਂ ਸਾਰਾ 50 ਕਿ. ਮੀ. ਹੀ ਤਾਂ ਹੈ।

ਇਹ ਵੀ ਲੱਗਦਾ ਹੈ ਕਿ ਸੈਦਪੁਰ ਦੀ ਪਰਜਾ ਨੇ ਵੀ ਬਾਬਰ ਖਿਲਾਫ ਪਠਾਣਾਂ ਦਾ ਕਿਸੇ ਤਰਾਂ ਸਾਥ ਦਿੱਤਾ ਹੋਵੇਗਾ। ਬਾਬਰ ਨੇ ਫਿਰ ਜਦੋਂ ਸੈਦ ਪੁਰ ਜਿੱਤ ਲਿਆ ਤਾਂ ਜੋ ਵੀ ਸਾਹਮਣੇ ਆਇਆ ਸਭ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਚਾਰ ਚੁਫੇਰੇ ਲਾਸ਼ਾਂ ਵਿਛਾ ਦਿੱਤੀਆਂ। ਸ਼ਹਿਰ ਨੂੰ ਚੰਗੀ ਤਰਾਂ ਲੁੱਟਿਆ ਤੇ ਕੁੱਟਿਆ। ਜਨਾਨਾ ਜਾਤ ਦੀ ਵੀ ਬਹੁਤ ਬੇਪਤੀ ਹੋਈ। ਹਜਾਰਾਂ ਲੋਕਾਂ ਨੂੰ ਬੰਦੀ ਬਣਾ ਲਿਆ। ਦਰ ਅਸਲ ਜਾਲਮ ਬਾਬਰ ਆਪਣੀ ਇਸ ਕਾਰਵਾਈ ਰਾਂਹੀ ਹੋਰਨਾਂ ਥਾਂਈ ਇਹ ਸੁਨੇਹਾ ਦੇਣਾ ਚਾਹੁੰਦਾ ਸੀ ਕਿ ਮੇਰੇ ਨਾਲ ਪੰਗਾ ਲੈਣ ਦੀ ਕੋਸ਼ਿਸ਼ ਨਾਂ ਕਰੋ ਤੇ ਚੁੱਪ ਚੁੱਪੀਤੇ ਮੇਰੀ ਈਨ ਮੰਨਦੇ ਜਾਓ।



ਸਮਿਆਂ ਸਮਿਆਂ ਦੀ ਗੱਲਾਂ ਨੇ। ਗੁਰੂ ਸਾਹਿਬ ਦੇ ਵੇਲਿਆ 'ਚ ਲੋਕ ਸਾਧੂ ਸੰਤਾਂ ਦਾ ਬੜਾ ਸਤਿਕਾਰ ਕਰਿਆ ਕਰਦੇ ਸਨ। 1520 ਈ. ਦੀ ਗਲ ਹੈ ਜਦੋਂ ਗੁਰੂ ਸਾਹਿਬ ਸੈਦਪੁਰ ਪਹੁੰਚੇ ਸਨ। ਇਕ ਪਠਾਣ ਦੇ ਘਰ ਵਿਆਹ ਸੀ। ਲੋਕ ਨੱਚ ਗਾ ਰਹੇ ਸਨ। ਮਰਦਾਨੇ ਨੇ ਲਾਗੇ ਜਾ ਕੇ ਸਤਿ ਕਰਤਾਰ ਦਾ ਨਾਹਰਾ ਲਾਇਆ। ਭੂਤਰੇ ਹੋਏ ਪਠਾਣਾਂ ਨੂੰ ਬੜਾ ਤਾਅ ਚੜਿਆ ਤੇ ਝੱਟ ਜਾ ਮਰਦਾਨੇ ਨੂੰ ਗਾਲ ਕੱਢੀ ਤੇ ਧੱਕਾ ਮਾਰ ਕੇ ਹੇਠਾਂ ਸੁੱਟ ਦਿੱਤਾ। ਵਿਚਾਰਾ ਮਰਦਾਨਾ ਕੰਨ ਲਵੇਟ ਕੇ ਬਾਬੇ ਕੋਲ ਆ ਗਇਆ ਤੇ ਸਾਰੀ ਗੱਲ ਦੱਸੀ ਕਿ ਕਿਵੇ ਪਠਾਣ ਹੰਕਾਰੇ ਹੋਏ ਨੇ। ਗੁਰੂ ਸਾਹਿਬ ਨੇ ਸਿਧਾਂਤ ਦੱਸਿਆ ਕਿ ਜਦੋਂ ਬੰਦੇ ਦਾ ਮਾੜਾ ਵਕਤ ਆਉਦਾ ਹੈ ਉਹ ਏਸੇ ਤਰਾਂ ਹੀ ਕਰਦਾ ਹੈ।

ਬੀ:40 ਜਨਮ ਸਾਖੀ ਨੇ ਉਹਨਾਂ ਨੱਚਦੇ ਗਾਉਦੇ ਪਠਾਣਾਂ ਦਾ ਚਿੱਤਰਣ ਕੀਤਾ ਹੈ ਤੇ ਉਪਰ ਗੁਰੂ ਸਾਹਿਬ ਮਰਦਾਨੇ ਨਾਲ ਨੇ।

ਕਤਲੇਆਮ ਦੀ ਖਬਰ ਗੁਰੂ ਸਾਹਿਬ ਨੂੰ ਜਦੋਂ ਪੱਖੋਕੇ ਮਿਲੀ ਤਾਂ ਉਹ ਸੈਦਪੁਰ ਨੂੰ ਰਵਾਨਾ ਹੋ ਗਏ। ਗੁਜਰਾਂਵਾਲੇ ਲਾਗੇ ਜਦੋਂ ਪਹੁੰਚੇ ਤਾਂ ਲੋਕਾਂ ਮਨਾਂ ਕੀਤਾ ਕਿ ਮਹਾਤਮਾ ਜੀ ਅੱਗੇ ਨਾਂ ਜਾਓ। ਪਰ ਗੁਰੂ ਜੀ ਚਲਦੇ ਰਹੇ ਤੇ ਓਥੇ ਬਾਬਰ ਦੇ ਫੌਜੀਆਂ ਨੇ ਗੁਰੂ ਸਾਹਿਬ ਤੇ ਮਰਦਾਨੇ ਨੂੰ ਵੀ ਕਾਬੂ ਕਰ ਲਿਆ।

ਸੈਦ ਪੁਰ ਤਬਾਹ ਹੋ ਚੁੱਕਾ ਸੀ। ਜਿਵੇ ਕਿਲੇ ਦੁਆਲਿਓ ਘੇਰਾਬੰਦੀ ਚੁੱਕੀ ਗਈ ਲੋਕ ਕੰਧ ਟੱਪ ਦੌੜ ਰਹੇ ਸਨ। ਬਜਾਰਾਂ ਨੂੰ ਲੁੱਟਣ ਉਪਰੰਤ ਅੱਗਾਂ ਵੀ ਲਾਈਆਂ ਗਈਆਂ ਸਨ।✚ ਲੱਗਦੈ ਹੈ ਸੈਦਪੁਰ ਦੇ ਪਠਾਣਾਂ ਨੇ ਬਾਬਰ ਦੀ ਫੌਜ ਦਾ ਵੀ ਚੰਗਾ ਨੁਕਸਾਨ ਕੀਤਾ ਸੀ। ਤਾਂ ਹੀ ਬਾਬਰਵਾਣੀ ਜਿਆਦਾ ਬੁਖਲਾ ਗਈ

ਸੀ ਤੇ ਕਤਲਾਮ ਤੇ ਉਤਰ ਆਈ ਸੀ।

ਬਾਬਰ ਦਾ ਕੈਂਪ ਸੈਦਪੁਰ ਤੋਂ 2 ਕੁ ਕਿ. ਮੀ. ਜਿੱਥੇ ਅਜਕਲ ਪਿੰਡ ਅਵਾਣ ਹੈ ਓਥੇ ਲੱਗਾ ਹੋਇਆ ਸੀ। ਬਾਬਰ ਜਿੱਤ ਦਾ ਜਸ਼ਨ ਸ਼ਰਾਬ ਪੀ ਕੇ ਮਨਾ ਰਿਹਾ ਸੀ। ਗੁਰੂ ਸਾਹਿਬ ਨੇ ਬਾਬਰ ਨੂੰ ਮਿਲਣ ਲਈ ਕਿਹਾ। ਪਰ ਓਥੇ ਕੌਣ ਸੁਣਦਾ ਹੈ। ਬਾਬਾ ਜੀ ਨੂੰ ਵੀ ਕੈਦ ਕਰ ਲਿਆ। ਥੋੜ ਜਦੋਂ ਮਰਦਾਨੇ ਨੇ ਪਹਿਰੇਦਾਰਾਂ ਨੂੰ ਦੱਸਿਆ ਕਿ ਬਾਬਰ ਗੁਰੂ ਸਾਹਿਬ ਦਾ ਮੁਰੀਦ ਹੈ ਤਾਂ ਉਨਾਂ ਗੁਰੂ ਸਾਹਿਬ ਕੋਲੋਂ ਕੋਈ ਵਗਾਰ ਨਾਂ ਲਈ। ○

ਅਗਲੇ ਸਵੇਰੇ ਫਿਰ ਗੁਰੂ ਸਾਹਿਬ ਦਾ ਬਾਬਰ ਨਾਲ ਮੇਲ ਕਰਾਇਆ ਗਿਆ। ਇਹਦੇ ਪਿੱਛੇ ਵਿਚ ਗੁਰੂ ਸਾਹਿਬ ਦੀ ਆਪਣੀ ਵਾਕਫੀਅਤ ਸੀ ਜਿਹੜਾ ਸਾਹਿਬ ਅਜੇ ਕੁਝ ਹੀ ਸਮਾਂ ਬਾਬਰ ਨੂੰ ਕਾਬੁਲ ਮਿਲੇ ਸਨ। ਗੁਰੂ ਸਾਹਿਬ ਨੇ ਬਾਬਰ ਅੱਗੇ ਗਿਲਾ ਕੀਤਾ ਕਿ ਜਦੋਂ ਤੈਨੂੰ ਦੱਸਿਆ ਕਿ ਤੂੰ ਹਿੰਦੁਸਤਾਨ ਦਾ ਬਾਦਸ਼ਾਹ ਬਣੇਗਾ ਫਿਰ ਵੀ ਨਿਰਦੋਸ਼ ਜਨਤਾ ਤੇ ਜੁਲਮ ਕਿਓ ਕਰਦੈ ਹੈ? ਗੁਰੂ ਸਾਹਿਬ ਨੇ ਬਾਬਰ ਨੂੰ ਉਪਦੇਸ਼ ਦਿੱਤਾ ਕਿ ਸਾਰੇ ਕੈਦੀ ਰਿਹਾ ਕਰ ਦੇ ਏਸੇ ਵਿਚ ਖੁਦਾ ਦੀ ਖੁੱਸ਼ੀ ਹੈ।

ਬਾਬਰ ਨੇ ਜਿੰਨੇ ਗੈਰ-ਫੌਜੀ ਕੈਦੀ ਸਨ ਸਭ ਨੂੰ ਰਿਹਾ ਕਰ ਦਿੱਤਾ। ਗੁਰੂ ਸਾਹਿਬ ਨੇ ਬਾਬਰ ਨੂੰ ਸਮਝਾਇਆ ਕਿ ਫੜੇ ਗਏ ਪਠਾਣ ਫੌਜੀਆਂ ਤੇ ਵੀ ਤਸ਼ੱਦਦ ਨਾਂ ਹੋਵੇ। ਉਹ ਕਲ੍ਹ ਪਠਾਣ ਰਾਜੇ ਦੇ ਨੌਕਰ ਸਨ ਅੱਜ ਤੋਂ ਤੇਰੇ ਹੋ ਗਏ। ਉਹ ਤਾਂ ਵਿਚਾਰੇ ਤਨਖਾਹ ਬਦਲੇ ਕੰਮ ਕਰਦੇ ਨੇ। ਸਗੋਂ ਵਕਤ ਪਾ ਕੇ ਉਨਾਂ ਨੂੰ ਆਪਣੀ ਫੌਜ ਵਿਚ ਸ਼ਾਮਲ ਕਰ।

ਇਸ ਕਤਲੇਆਮ ਬਾਦ ਗੁਰੂ ਸਾਹਿਬ ਨੇ ਫਿਰ ਬਾਣੀ ਆਖੀ:-

ਆਸਾ ਮਹਲਾ ੧ ॥ ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥ ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥ ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥ ਕਰਤਾ ਤੂੰ ਸਭਨਾ ਕਾ ਸੋਈ ॥ ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥੧॥ ਰਹਾਉ ॥ ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥ ਰਤਨ ਵਿਗਾੜਿ ਵਿਗੋਏ ਕੁਤੀਂ ਮੁਇਆ ਸਾਰ ਨ ਕਾਈ ॥ ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ ॥੨॥ ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥ ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ ॥ ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ ॥੩॥੫॥੩੯॥

ਗੁਰੂ ਸਾਹਿਬ ਨਿਰੰਕਾਰ ਨੂੰ ਉਲਾਹਮਾ ਦਿੰਦੇ ਨੇ ਕਿ ਤੈਨੂੰ ਲੋਕਾਈ ਤੇ ਤਰਸ ਕਿਉ ਨਾਂ ਆਇਆ? ਸਾਹਿਬ ਨੇ ਤਾਨਾ ਦਿੱਤਾ ਕਿ ਕਰਨ ਕਰਾਉਣ ਵਾਲਾ ਤਾਂ ਤੂੰ ਆਪ ਹੈਂ ਬਹਾਨਾ ਬਾਬਰ ਦਾ ਬਣਾਇਆ ਈ। ਨਾਲ ਹੀ ਕਿਹਾ ਕਿ ਸਾਨੂੰ ਸੈਦਪੁਰ ਦੇ ਲੋਧੀ ਦਾ ਅਫਸੋਸ ਨਹੀ ਕਿਉਕਿ ਜੁਲਮ ਨੂੰ ਜੁਲਮ ਹੀ ਵੱਢਦਾ ਹੈ। ਪਰ ਗਰੀਬ ਆਮ ਜਨਤਾ ਦਾ ਕੀ ਦੋਸ਼? ਫਿਰ ਸਾਹਿਬ ਆਪ ਹੀ ਪਠਾਣ ਰਾਜੇ ਬਾਰੇ ਇਸ਼ਾਰਾ ਦਿੰਦੇ ਨੇ ਕਿ ਭਾਵੇ ਹੰਕਾਰ ਵਿਚ ਕੋਈ ਕਿੰਨਾ ਵੀ ਵੱਡਾ ਬਣਿਆ ਫਿਰਦਾ ਹੋਵੇ ਮਾਲਕ ਦੀ ਨਿਗਾਹ ਵਿਚ ਉਹ ਕੀੜੇ ਮਕੌੜੇ ਤੋਂ ਵੱਧ ਨਹੀ।

ਲਹੌਰ ਤੇ ਦੀਪਾਲਪੁਰ ਦੇ ਕਤਲਾਮ ਉਪਰੰਤ

ਰਾਗੁ ਆਸਾ ਮਹਲਾ ੧ ਅਸਟਪਦੀਆ ਘਰੁ ੩ ੴ ਸਤਿਗੁਰ ਪ੍ਰਸਾਦਿ ॥
ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥ ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ ॥ ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ ॥੧॥ ਆਦੇਸੁ ਬਾਬਾ ਆਦੇਸੁ ॥ ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ ॥੧॥ ਰਹਾਉ ॥ ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ ॥ ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ ॥ ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ॥੨॥ ਇਕੁ ਲਖੁ ਲਹਨਿ ਬਹਿਠੀਆ ਲਖੁ ਲਹਨਿ ਖੜੀਆ ॥ ਗਰੀ ਛੁਹਾਰੇ ਖਾਂਦੀਆ ਮਾਣਨਿ ਸੇਜੜੀਆ ॥ ਤਿਨ੍ ਗਲਿ ਸਿਲਕਾ ਪਾਈਆ ਤੁਟਨਿ੍ ਮੋਤਸਰੀਆ ॥੩॥ ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ੀ ਰਖੇ ਰੰਗੁ ਲਾਇ ॥ ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥ ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ ॥੪॥ ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥ ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥ ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥੫॥ ਇਕਨਾ ਵਖਤ ਖੁਆਈਅਹਿ ਇਕਨ੍ਾ ਪੂਜਾ ਜਾਇ ॥ ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ ॥ ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ ॥੬॥ ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ ॥ ਇਕਨ੍ਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ ॥ ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ ॥੭॥੧੧॥

ਜੰਗ ਤੋਂ ਬਾਦ ਦਾ ਦਰਦਨਾਕ ਦ੍ਰਿਸ਼ ਗੁਰੂ ਸਾਹਿਬ ਸ਼ਾਇਦ ਲਾਲੋ ਨੂੰ ਹੀ ਸੰਬੋਧਨ ਕਰਕੇ ਚਿਤ੍ਰਦੇ ਨੇ। ਨਿਰੰਕਾਰ ਦੇ ਦੀਵਾਨੇ ਗੁਰੂ ਸਾਹਿਬ ਨੇ ਤਾਨਾ ਵੀ ਕੱਸਿਆ ਕਿ ਲੋਕਾਂ ਨੇ ਰੱਬ ਨੂੰ ਭੁਲਾਇਆ ਹੋਇਆ ਸੀ।(ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥) ਔਰਤ ਜਾਤ ਦੀ ਕੀ ਹਾਲਤ ਸੀ ਉਹ ਵੀ ਇਸ ਵਾਕ ਤੋਂ ਸਾਫ ਹੋ ਜਾਂਦਾ ਹੈ: 'ਧਨੁ ਜੋਬਨੁ ਦੁਇ ਵੈਰੀ ਹੋਏ ਜਿਨਹੁੰ ਰੱਖੇ ਰੰਗੁ ਲਾਇ ॥ ' ਓਹੋ ਜਵਾਨੀ ਤੇ ਸੁੰਦਰਤਾ ਅੱਜ ਵੈਰੀ ਹੋ ਗਈ ਜਿਨੂੰ ਇਨਾਂ ਬਣਾਇਆ ਸਵਾਰਿਆ ਜਾਂਦਾ ਸੀ। ਰੋਜ ਰੋਜ ਦੀ ਖਰਮਸਤੀ ਵਿਚ ਹੁਕਮਰਾਨਾਂ ਨੂੰ ਬਿਲਕੁਲ ਹੋਸ਼ ਨਹੀ ਸੀ ਕਿ ਇੱਕ ਦਿਨ ਸਭ ਕੁਝ ਛੱਡਣਾ ਪੈਣਾ ਹੈ: "ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥ "

ਪਾਣੀਪਤ ਦੇ ਯੁੱਧ ਮਗਰੋਂ

ਬਾਬਰ ਦੇ ਦਿੱਲੀ ਤਖਤ ਤੇ ਬਹਿ ਜਾਣ ਮਗਰੋ ਫਰਮਾਉਦੇ ਹਨ:-

ਆਸਾ ਮਹਲਾ ੧ ॥ ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ ॥ ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ ॥ ਕਹਾ ਸੁ ਆਰਸੀਆ ਮੁਹ ਬੰਕੇ ਐਥੈ ਦਿਸਹਿ ਨਾਹੀ ॥੧॥ ਇਹੁ ਜਗੁ ਤੇਰਾ ਤੂ ਗੋਸਾਈ ॥ ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਂਈ ॥੧॥ ਰਹਾਉ ॥ ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ ॥ ਕਹਾਂ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ ॥ ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ ॥੨॥ ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥ ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥ ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥੩॥ ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥ ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥ ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥੪॥ ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ ॥ ਓਨ੍ੀ ਤੁਪਕ ਤਾਣਿ ਚਲਾਈ ਓਨ੍ੀ ਹਸਤਿ ਚਿੜਾਈ ॥ ਜਿਨ੍ ਕੀ ਚੀਰੀ ਦਰਗਹ ਪਾਟੀ ਤਿਨ੍ਾ ਮਰਣਾ ਭਾਈ ॥੫॥ ਇੱਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ ॥ ਇਕਨ੍ਾ ਪੇਰਣ ਸਿਰ ਖੁਰ ਪਾਟੇ ਇਕਨ੍ਾ ਵਾਸੁ ਮਸਾਣੀ ॥ ਜਿਨ੍ ਕੇ ਬੰਕੇ ਘਰੀ ਨ ਆਇਆ ਤਿਨ੍ ਕਿਉ ਰੈਣਿ ਵਿਹਾਣੀ ॥੬॥ ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ ॥ ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ ॥ ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ ॥੭॥੧੨॥

ਗੁਰੂ ਸਾਹਿਬ ਦਾ ਕਹਿਣਾ ਹੈ ਕਿ ਸਭ ਨਿਰੰਕਾਰ ਦੇ ਹੁਕਮ ਵਿਚ ਹੋਇਆ ਹੈ। ਜਿੰਨਾਂ ਨੂੰ ਉਸਨੇ ਖੁਆਰ ਕਰਨਾਂ ਹੁੰਦਾ ਹੈ ਉਨਾਂ ਕੋਲੋਂ ਚੰਗਿਆਈ ਖੋਹ ਲੈਂਦਾ ਹੈ। ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥ ਕਿਉਕਿ ਇਹ ਗੱਲ ਤਾਂ ਚਿੱਟੇ ਦਿਨ ਦੀ ਤਰਾਂ ਸਾਫ ਸੀ ਕਿ ਬਾਬਰ ਨੇ ਹਮਲਾ ਕਰਨਾਂ ਹੀ ਕਰਨਾਂ ਹੈ।

ਉਹ ਤਾਂ ਮਜਬੂਰੀ ਵਸ ਕਾਬੁਲ ਪਰਤ ਗਇਆ ਸੀ। ਹਮਲੇ ਨੂੰ ਟਾਲਣ ਵਾਸਤੇ ਇਥੋਂ ਦੇ ਹੁਕਮਰਾਨ ਨਜੂਮੀਆਂ ਰੌਲਾਂ ਤੇ ਜੋਤਸ਼ੀਆਂ ਕੋਲੋਂ ਉਪਾਅ ਕਰਵਾ ਰਹੇ ਸਨ ਪਰ ਕੋਈ ਕੰਮ ਨਾਂ ਆਏ ਇਹ ਉਪਾਅ: " **ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥ ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥ ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥**"

ਮੁੱਕਦੀ ਗਲ ਇਹ ਹੈ ਕਿ ਬਾਬਰ ਦੇ ਹਮਲੇ ਮੌਕੇ ਜਿਹੜੀ ਵੱਢ ਟੁੱਕ ਕੀਤੀ ਸੀ ਉਸਤੇ ਗੁਰੂ ਸਾਹਿਬ ਸਖਤ ਖਿਲਾਫ ਹਨ। ਦੂਸਰਾ ਪੰਜਾਬ ਅਤੇ ਹਿੰਦੁਸਤਾਨ ਦੇ ਪਹਿਲੇ ਹੁਕਮ (ਲੋਧੀ ਆਦਿ) ਨੂੰ ਉਹ ਐਸ ਪ੍ਰਸਤ ਗਿਣਦੇ ਹਨ। ਸਾਹਿਬ ਦਾ ਮੰਨਣਾ ਹੈ ਕਿ ਇਹੋ ਜਿਹੀਆਂ ਨੂੰ ਸਜਾ ਤਾਂ ਮਿਲਣੀ ਹੀ ਸੀ। ਬਾਕੀ ਸਾਹਿਬ ਦਾ ਇਹ ਵੀ ਮੰਨਣਾ ਹੈ ਕਿ ਜਿਹੜੇ ਨਾਗਰਿਕਾਂ ਨੂੰ ਸਜਾ ਮਿਲੀ ਹੈ ਇਹਨਾਂ ਨੇ ਵੀ ਰੱਬ ਭੁਲਾਇਆ ਹੋਇਆ ਸੀ, " ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥''

ਸੈਦਪੁਰ ਵਿਚ ਚੱਕੀ ਪੀਹਣ ਵਾਲੀ ਸਾਖੀ ਦੀ ਸਚਾਈ

ਜਿਵੇਂ ਕਿ ਅਸੀ ਪਿਛਲੇ ਅਧਿਆਇ ਵਿਚ ਸਾਬਤ ਕੀਤਾ ਹੈ ਕਿ ਚੱਕੀ ਪੀਹਣ ਵਾਲੀ ਸਾਖੀ ਕਾਬੁਲ ਵਿਖੇ ਵਾਪਰੀ ਸੀ। ਪਰ ਵਕਤ ਪਾ ਕੇ, ਸੈਦਪੁਰ ਕਤਲਾਮ ਹੋਣ ਕਾਰਨ ਅਤੇ ਬਾਬਰਬਾਣੀ ਲਿਖੇ ਜਾਣ ਕਾਰਨ ਸੰਗਤਾਂ ਨੇ ਚੱਕੀ ਵਾਲੀ ਗਲ ਵੀ ਸੈਦ ਪੁਰ ਨਾਲ ਜੋੜ ਦਿੱਤੀ।

ਗੁਰਦੁਆਰਾ ਚੱਕੀ ਸਾਹਿਬ । 1914 ਵਿਚ ਬਣੀ ਇਮਾਰਤ ਦੀਆਂ ਤਸਵੀਰਾਂ। ਖੱਬੇ 2016 ਵਿਚ ਅਤੇ ਸੱਜੇ 1932 ਵਿਚ। ਧਿਆਨ ਵੇਖੋ ਇਮਾਰਤ ਓਹੋ ਹੀ ਹੈ। ਇੱਟ ਵੀ ਮੌਜੂਦਾ ਭਾਵ ਵੱਡੀ ਲੱਗੀ ਹੈ।

ਸੈਦਪੁਰ ਵਿਚ ਡੇਢ ਸਦੀ ਪਹਿਲਾਂ ਤਕ ਹੇਠਲੇ ਸਥਾਨ ਗੁਰੂ ਘਰ ਨਾਲ ਸਬੰਧ ਰੱਖਦੇ ਸਨ:

1. ਰੋੜੀ ਸਾਹਿਬ, ਸ਼ਹਿਰ ਦੇ ਪਹਾੜ ਪਾਸੇ, ਗੁਜਰਾਂਵਾਲਾ ਵਾਲੀ ਸੜਕ ਤੇ। - ਇਥੇ ਗੁਰੂ ਸਾਹਿਬ ਅਕਾਲ ਪੁਰਖ ਦੀ ਅਰਾਧਨਾ ਕਰਿਆ ਕਰਦੇ ਸਨ।

2. ਭਾਈ ਲਾਲੋ ਦਾ ਘਰ। ਜਿਥੇ ਭਾਈ ਲਾਲੋ ਦੇ ਘਰ ਦੀ ਖੂਹੀ ਅੱਜ ਵੀ ਮੌਜੂਦ ਹੈ। - ਪਹਿਲਾਂ ਇਸ ਦਾ ਨਾਂ ਕੋਠੜੀ ਸਾਹਿਬ ਹੁੰਦਾ ਸੀ ਅੱਜ ਭਾਈ ਲਾਲੋ ਦੀ ਖੂਹੀ ਹੋ ਚੁੱਕਾ ਹੈ।

3. ਉਦਾਸੀ ਡੇਰਾ। ਧਰਮਸ਼ਾਲਾ ਸੰਗਲਾਵਾਲੀ ਜਾਂ ਕੁੰਡੇਵਾਲੀ। ਅੰਦਰੂਨ ਦਰਵਾਜਾ ਘੜਿਆਲੀ। ਜਿਸ ਨੂੰ ਸੰਮਤ 1971 (1914 ਈ.) ਮਹੰਤ ਸਰਨ ਦਾਸ ਚੱਕੀ ਸਾਹਿਬ ਗੁਰਦੁਆਰੇ ਦਾ ਨਾਂ ਦੇ ਦਿਤਾ ਕਿਉਕਿ ਇਮਾਰਤ ਦੀ ਨੀਂਹ ਪੁੱਟਣ ਮੌਕੇ ਹੇਠੋ ਚੱਕੀ ਨਿਕਲ ਆਈ ਸੀ। ਧਿਆਨ ਰਹੇ ਡੇਰੇਦਾਰ ਲੋਕ ਕਿਸੇ ਸਥਾਨ ਨੂੰ ਇਤਹਾਸਿਕ ਬਣਾਉਣ ਵੇਲੇ ਕੋਈ ਡਰ ਖੋਅ ਨਹੀ ਰੱਖਦੇ। ਇਹਨਾਂ ਲੋਕਾਂ ਦਾ ਸੋਚਣਾ ਹੁੰਦਾ ਹੈ ਕਿ ਹਰ ਉਹ ਕੰਮ ਜਿਸ ਕਰਕੇ ਲੋਕ ਨਾਮ ਨਾਲ ਜੁੜਨ ਉਹ ਪਵਿਤ੍ਰ ਹੀ ਹੈ। ਪੁਰਾਣੇ ਰਹਾਇਸ਼ੀ ਇਲਾਕਿਆਂ ਦੀ ਖੁਦਾਈ ਮੌਕੇ ਚੱਕੀਆਂ ਅਕਸਰ ਨਿਕਲ ਆਉਦੀਆਂ ਹਨ।

ਸੋ ਚੱਕੀ ਵਾਲੀ ਗਲ ਸੈਦਪੁਰ ਵਿਚ ਬਾਦ ਵਿਚ ਆਈ ਹੈ। ਬਾਬਰ ਦੇ ਖਾਨਦਾਨ ਨੂੰ ਬਾਦਸ਼ਾਹੀਆ ਕਾਬੁਲ ਵਿਖੇ ਬਖਸ਼ੀਆਂ ਸਨ।

ਪੈਰ ਸਫਾ

✚ ਤ੍ਰਿਲੋਚਣ ਸਿੰਘ, *ਮਨੀ ਸਿੰਘ -418

○ ਅਸੀ ਪਿੱਛਲੇ ਬਾਬ ਵਿਚ ਇਹ ਗੱਲ ਸਾਬਤ ਕਰ ਚੁੱਕੇ ਹਾਂ ਕਿ ਜਿਹੜੀ ਬਾਬੇ ਕੋਲੋ ਚੱਕੀ ਪਿਸਾਉਣ ਵਾਲੀ ਗੱਲ ਹੈ ਉਹ ਕਾਬਲ ਹੋਈ ਸੀ। (ਮਹਿਮਾ ਪ੍ਰਕਾਸ਼ 42- ਅਨੁਸਾਰ ਗੁਰੂ ਸਾਹਿਬ ਤੇ ਬਾਬਰ ਦਾ ਮੇਲ ਕਾਬੁਲ ਵਿਖੇ ਹੀ ਹੁੰਦਾ ਹੈ।) ਕਾਬਲ ਵਿਚ ਉਹ ਪਵਿਤ੍ਰ ਚੱਕੀ ਵੀ ਸਾਂਭੀ ਪਈ ਸੀ। ਏਮਨਾਬਾਦ ਵਾਲੀ ਚੱਕੀ (ਜਿਸ ਨੂੰ ਕੋਈ ਜੋਗਿੰਦਰ ਸਿੰਘ ਕੰਗ ਨਾਂ ਬੰਦਾ ਇੰਗਲੈਂਡ ਲੈ ਗਇਆ ਹੈ) ਉਸ ਚੱਕੀ ਬਾਰੇ ਸਾਈਕਲ ਯਾਤਰੀ ਨੇ ਇਹ ਲਿਖਿਆ ਹੈ:

"ਚੱਕੀ ਸਾਹਿਬ ਗੁਰਦੁਆਰੇ ਵਾਲੀ ਜਗ੍ਹਾਂ ਪਹਿਲੇ ਧਰਮਸ਼ਾਲਾ ਸੰਗਲਾਵਾਲੀ ਜਾਂ ਕੁੰਡੇਵਾਲੀ ਦੇ ਨਾਮ ਪੁਰ ਮਛਹੂਰ ਸੀ ਤੇ ਮਹੰਤ ਸਰਨ ਦਾਸ ਉਦਾਸੀ ਸੀ। ਇਹ ਧਰਮਸਾਲਾ ਪਹਿਲਾਂ ਕੱਚੀ ਹੁੰਦੀ ਸੀ। ਜਦ ਕੱਚੀ ਧਰਮਸਾਲਾ ਨੂੰ ਢਾਹ ਕੇ ਪੱਕੀ ਪਾਉਣ ਲੱਗੇ ਤਾਂ ਜਿਸ ਵਕਤ ਨਵੀਆਂ ਨੀਹਾਂ ਪੁੱਟਣ ਲੱਗੇ ਤਾਂ ਜ਼ਮੀਨ ਦੇ ਵਿਚੋਂ ਇੱਕ ਚੱਕੀ ਨਿਕਲ ਆਈ ਆਟਾ ਪੀਹਣੇ ਦੀ ਤਾਂ ਫਿਰ ਮਹੰਤ ਸਰਨ ਦਾਸ ਜੀ ਨੇ ਧਰਮਸਾਲਾ ਤੋਂ ਗੁਰਦਵਾਰਾ ਚੱਕੀ ਸਾਹਿਬ ਜੀ ਗੁਰੂ ਨਾਨਕ ਦੇਵ ਜੀ ਨਾਮ ਰੱਖ ਦਿਤਾ ਸੀ ਤੇ ਫਿਰ ਗੁਰਦਵਾਰਾ ਪੱਕਾ ਪਾ ਦਿੱਤਾ ਸੀ।

ਇਕ ਕੰਧ ਦੇ ਉਤੈ ਪੱਥਰ ਲੱਗਾ ਹੋਇਆ ਹੈ ਜਿ ਦੇ ਉਤੈ ਇਹ ਲਿਖਿਆ ਹੈ ਕਿ ਇਹ ਗੁਰਦੁਆਰਾ ਚੱਕੀ ਸਾਹਿਬ ਜੀ ਮਹੰਤ ਸਰਨ ਦਾਸ ਨੇ ਸੰਮਤ ਨਾਨਕਸ਼ਾਹੀ 445 ਤੇ ਸੰਮਤ ਬਿਕਰਮੀ 1971 ਤੇ ਮਹੀਨਾ ਫੱਗਣ 15 ਨੂੰ ਪੱਕਾ ਬਣਵਾਇਆ ਸੀ।" -(ਸਫਾ 576.)

ਸੋਢੀ - 463-6, ਬਾਲਾ-102,279, ਮਨੀ ਸਿੰਘ-434, 418-424, ਜਵਾਹਰ-313, 61, ਸੂਰਜ- 445, ਬੀ 40-77, ਕਿਰਪਾਲ-138

ਸਾਈਕਲ ਯਾਤਰੀ -574 ਨੇ ਆਪਣੀ ਏਮਨਾਬਾਦ ਫੇਰੀ (3 ਅਕਤੂਬਰ 1932) ਬਾਬਤ ਕੁਝ ਇਸ ਪ੍ਰਕਾਰ ਲਿਖਿਆ ਹੈ:-

"ਸ਼ੈਹਰ ਐਮਨਾਬਾਦ ਦੇ ਵਿੱਚ ਜੋ ਭਾਈ ਲਾਲੋ ਦਾ ਘਰ ਹੈ ਜਾਂ ਜਿਸ ਜਗ੍ਹਾ ਗੁਰੂ ਨਾਨਕ ਦੇਵ ਜੀ ਦਾ ਗੁਰਦੁਆਰਾ ਹੈ ਉਸ ਜਗ੍ਹਾ ਇੱਕ ਉਸੀ ਵਕਤਾਂ ਦੀ ਖੂਹੀ ਹੈ । ਜਿਸ ਦਾ ਜਲ ਛੱਕਣ ਨਾਲ ਤੇਈਆਂ ਤਾਪ ਹੱਟ ਜਾਂਦਾ ਹੈ ਤੇ ਉਹੀ ਕੋਠੜੀ ਅੱਜ ਤੱਕ ਭਾਈ ਲਾਲੋ ਦੀ ਹੈ ਜਿਸ ਵਿਚ ਗੁਰੂ ਜੀ ਰਿਹਾ ਕਰਦੇ ਸਨ। ਇਹ ਕੋਠੜੀ ਅੱਜ ਕੱਲ੍ਹ ਦੇ ਮਕਾਨਾਂ ਨਾਲੋਂ ਬਹੁਤ ਨੀਵੀਂ ਹੈ। ਇਸੀ ਕੋਠੜੀ ਦੇ ਉਤੇ ਮਕਾਨ ਬਣਾ ਕੇ ਛੋਟਾ ਜਿਹਾ ਗੁਰਦਵਾਰਾ ਬਣਾਇਆ ਹੋਇਆ ਹੈ। ਇਸ ਗੁਰਦੁਆਰੇ ਵਿਚ ਇੱਕ ਪਿੱਪਲ ਦਾ ਦਰੱਖਤ ਖੜ੍ਹਾ ਹੈ। ਗੁਰਦੁਆਰਾ ਨਵਾ ਪਾਉਣ ਦੀਆਂ ਤਿਆਰੀਆਂ ਹੋ ਰਹੀਆਂ ਹਨ।"-ਸਫਾ 574

ਜੋਗੀਆਂ ਦਾ ਜੋਗੀ, ਗਇਆ ਟਿੱਲਾ ਜੋਗੀਆਂ

ਦੱਖਣ ਪੂਰਬੀ ਪੋਠੋਹਾਰ ਵਿਖੇ ਬਾਬਾ

ਫਰਵਰੀ 1521- ਵੱਡੇ ਪੰਜਾਬ ਵਿਚ ਗੁਰੂ ਸਾਹਿਬ ਦੇ ਚਰਨ ਛੋਹ ਸਥਾਨਾਂ ਦਾ ਨਕਸ਼ਾ ਜਦੋਂ ਆਪਾਂ ਵੇਖਦੇ ਹਾਂ ਤਾਂ ਦੱਖਣ ਪੂਰਬੀ ਪੋਠੋਹਾਰ ਵਿਖੇ ਬਿੰਦੂਆਂ ਦਾ ਝੁਰਮਟ ਜਿਹਾ ਨਜਰ ਆਉਦਾ ਹੈ ਜੋ ਇਹ ਦੱਸਦਾ ਹੈ ਕਿ ਮੀਰਪੁਰ ਜਿਹਲਮ ਦੇ ਇਲਾਕੇ ਤੇ ਗੁਰੂ ਸਾਹਿਬ ਖਾਸ ਮਿਹਰਬਾਨ ਸਨ। ਪੋਠੋਹਾਰ ਤੋਂ ਹੀ ਪਣਪੀ ਸਿੱਖੀ, ਪੰਥ ਦੀ ਰੀੜ ਦੀ ਹੱਡੀ ਬਣੀ ਹੈ।

ਇਤਹਾਸ ਵਿਚ ਆਉਦਾ ਹੈ ਕਿ ਗੁਰੂ ਸਾਹਿਬ ਸੈਦਪੁਰ ਬਾਬਰ ਦੇ ਹਮਲੇ ਤੋਂ ਤੁਰੰਤ ਬਾਦ ਟਿੱਲਾ ਜੋਗੀਆਂ ਵਲ ਰਵਾਨਾ ਹੋਏ ਸਨ।*

ਗੁਜਰਾਂਵਾਲਾ- ਸੈਦਪੁਰ ਤੋਂ ਚਲ ਲਗਪਗ 20 ਕਿ. ਮੀ ਪਹਾੜ ਪਾਸੇ ਸਾਹਿਬ ਉਸ ਇਲਾਕੇ ਵਿਚ ਪਹੁੰਚੇ ਜਿਥੇ ਅੱਜ ਕਲ੍ਹ ਗੁਜਰਾਂਵਾਲਾ ਸ਼ਹਿਰ ਹੈ। ਇਥੋਂ ਨਾਲ ਹੀ ਪੱਛਮ ਪਾਸੇ ਇੱਕ ਬਸਤੀ ਦੇ ਲਾਗੇ ਹੀ ਗੁਰੂ ਸਾਹਿਬ ਨੇ ਡੇਰਾ ਕੀਤਾ ਸੀ। ਉਦੋਂ ਇਥੇ ਦੂਸਰੇ ਨਾਂ ਦਾ ਪਿੰਡ ਹੋਵੇਗਾ। ਹਾਲਾਂ ਇਲਾਕਾ ਜਿਆਦਾ ਜੰਗਲ ਹੀ ਸੀ। ਵੰਡ ਤੋਂ ਪਹਿਲਾਂ ਇਥੇ ਯਾਦਗਾਰੀ ਗੁਰਦੁਆਰਾ ਸਾਹਿਬ 1924 ਵਿੱਚ ਬਣਿਆ ਸੀ। ਇਥੇ ਸਿੱਖਾਂ ਨੇ ਵੱਡਾ ਯਤੀਮਖਾਨਾ ਵੀ ਬਣਾ ਰੱਖਿਆ ਸੀ ਜਿਸ ਵਿੱਚ ਤਰਾਂ ਤਰਾਂ ਦੀ ਸਿਖਿਆ ਸਿਖਲਾਈ ਦਿੱਤੀ ਜਾਂਦੀ ਸੀ। ਪਾਕਿਸਤਾਨ ਬਣਨ ਉਪਰੰਤ ਲਗਦਾ ਹੈ ਇਹ ਸਥਾਨ ਅਲੋਪ ਹੋ ਚੁੱਕਾ ਹੈ। ✚

ਗੁਰਦੁਆਰਾ ਪਾਤਸ਼ਾਹੀ ਪਹਿਲੀ, ਯਤੀਮ-ਖਾਨਾ, ਗੁਜਰਾਂਵਾਲਾ (ਸਾਈਕਲ ਯਾਤਰੀ)

ਬੱਦੋ ਕੀ ਗੁਸਾਈਆਂ ਵਿਖੇ- ਇਹ ਪਿੰਡ ਗੁਜਰਾਂਵਾਲੇ ਤੋਂ 12 ਕਿ. ਮੀ. ਉੱਤਰ ਵਿੱਚ ਹੈ। ਗੁਰੂ ਸਾਹਿਬ ਦੇ ਵੇਲੇ ਇਥੇ ਇੱਕ ਪ੍ਰਸਿੱਧ ਮਹਾਤਮਾ ਗੁਸਾਈਂ ਸਾਈ ਦਾਸ ਹੋਏ ਨੇ। ਗੁਰੂ ਸਾਹਿਬ ਨੇ ਉਹਦੇ ਟਿਕਾਣੇ ਪਹੁੰਚ ਉਨ੍ਹੰ ਇੱਕ ਨਿਰੰਕਾਰ ਦੇ ਸਤਿਨਾਮ ਦਾ ਗਿਆਨ ਦਿੱਤਾ। ਗੁਸਾਈ ਜੀ ਦਾ ਮੰਦਰ ਅੱਜ ਵੀ ਮੌਜੂਦ ਹੈ। ਸਾਈ ਦਾਸ ਦਾ ਜਨਮ 1468 ਈ. ਦਾ ਦਸੀਦਾ ਹੈ। ਇਹ ਮੰਦਰ ਤੁਮੜੀ ਸਾਹਿਬ ਕਹਾਉਦਾ ਹੈ। ✚

ਦੂਸਰੇ ਪਾਸੇ ਕਸਬਾ ਸੰਬੜਿਆਲ ਵਿੱਚ ਮਾਨਤਾ ਹੈ ਕਿ ਗੁਰੂ ਸਾਹਿਬ ਅਤੇ ਗੁਸਾਈ ਦਾ ਮੇਲ ਪਿੰਡ ਸੰਬੜਿਆਲ ਵਿਖੇ ਹੋਇਆ ਸੀ। ਇਥੋਂ ਹੀ ਦੋਵੇ ਮਹਾਂਪੁਰਖ ਫਿਰ ਬੱਦੋਕੀ ਆਏ ਸਨ। ਜਿੱਥੇ ਗੁਰੂ ਸਾਹਿਬ ਅਤੇ ਗੁਸਾਈ ਬੈਠੇ ਸਨ ਓਥੇ ਬਕਾਇਦਾ ਪਿੱਪਲ ਦੇ ਰੁੱਖ ਥੱਲੇ ਕੱਚਾ ਮੰਜੀ ਸਾਹਿਬ (ਥੜਾ) ਬਣਿਆ ਹੋਇਆ ਸੀ। ਇਹ ਥਾਂ ਸ਼ਹਿਰ ਦੇ ਦੱਖਣ ਵਿੱਚ ਇੱਕ ਫਰਲਾਂਗ ਤੇ ਸੀ। 1925 ਈ. ਵਿੱਚ ਸ਼ਹਿਰ ਵਿੱਚ ਪਈ ਸੇਮ ਕਰਕੇ ਪਿੱਪਲ ਅਤੇ ਮੰਜੀ ਸਾਹਿਬ ਦੋਵੇ ਗਰਕ ਗਏ।

ਦੋ ਚਾਰ ਦਿਨਾਂ ਦੇ ਸਫਰ ਦੇ ਬਾਦ ਹੀ ਗੁਰੂ ਸਾਹਿਬ ਪਿੰਡ ਜੈਸੁਖ ਵਾਲਾ ਜਿਹਨੂੰ ਅੱਜ ਸਿਰਫ ਜੈਸਕ ਹੀ ਕਹਿ ਦਿੱਤਾ ਜਾਂਦਾ ਹੈ ਵਿਚ ਬਿਰਾਜਮਾਨ ਇਲਾਕੇ ਦੇ ਮਸ਼ਹੂਰ ਭਾਗ ਜੋਗੀ ਪਾਸ ਪਹੁੰਚ ਗਏ।

ਕੇਰ ਭਾਗ ਦੀ– ਇਹ ਨੱਕ ਦੀ ਸੇਧ ਤੇ ਡਿੰਗੇ ਤੋਂ 17 ਕਿ.ਮੀ. (ਦੱਖਣ ਪੱਛਮ) ਮੰਡੀ ਬਹਾਊਦੀਨ ਤੋਂ ਦੱਖਣ ਨੂੰ ਮਰਾਲੇ ਵਾਲੀ ਸੜਕ ਤੇ 15 ਕਿ.ਮੀ. ਹੈ। ਜੈਸਕ ਤੋਂ ਤਿੰਨ ਫਰਲਾਂਗ ਤੇ ਮੌਜੂਦ ਹੈ ਕੇਰ ਬਾਬਾ ਨਾਨਕ ਜਾਂ ਕੇਰ ਭਾਗ ਦੀ।

ਪੱਛਮੀ ਪੰਜਾਬ ਦੇ ਕੁਝ ਜਿਲਿਆਂ ਵਿੱਚ ਮਿੱਟੀ ਦੇ ਬੁਰਜ ਜਾਂ ਮੀਨਾਰ ਨੂੰ ਕੇਰ ਕਹਿੰਦੇ ਨੇ। ਲੋਕ ਕਿਸੇ ਦੀ ਯਾਦ ਵਿੱਚ ਕੇਰ ਬਣਾਉਦੇ ਆਏ ਹਨ। ਅਮੂਮਨ ਇਹ ਕੱਚਾ ਹੀ ਹੁੰਦਾ ਆਇਆ ਹੈ। ਕੇਰ ਦੀ ਜੜ੍ਹ ਵਿਚ ਬੁੱਧਮੱਤ ਹੀ ਹੈ, ਕਿਉਕਿ ਬੋਧੀ ਸਤੂਪ ਜਾਂ ਪਗੋਡਾ ਬਣਾਉਦੇ ਹਨ।

ਇਥੇ ਜਦੋਂ ਗੁਰੂ ਸਾਹਿਬ ਤੇ ਭਾਈ ਮਰਦਾਨਾ ਪਹੁੰਚੇ ਤਾਂ ਮਰਦਾਨੇ ਨੂੰ ਤ੍ਰੇਹ ਨੇ ਬੇਹਾਲ ਕੀਤਾ ਹੋਇਆ ਸੀ। ਦੂਰ ਜਦੋਂ ਨਿਗਾਹ ਦੌੜਾਈ ਤਾਂ ਕੀ ਦੇਖਦੇ ਨੇ ਇਕ ਮਣੇ ਉੱਤੇ ਇੱਕ ਮੁੰਡਾ ਬੈਠਾ ਹੈ। ਮਣੇ ਕੋਲ ਗਏ ਤੇ ਪਾਣੀ ਬਾਰੇ ਪੁੱਛਿਆ। ਮੁੰਡੇ ਕੋਲ ਵੀ ਪਾਣੀ ਨਹੀ ਸੀ ਤੇ ਉਸ ਕਿਹਾ ਕਿ ਪਿੰਡ ਤੋਂ ਪਹਿਲਾਂ ਪਾਣੀ ਕਿਤੇ ਨਹੀ ਹੈ। ਉਸ ਵੇਲੇ ਗੁਰੂ ਸਾਹਿਬ ਨੇ ਆਪਣੇ ਸੋਟੇ ਨਾਲ ਮਿੱਟੀ ਖੋਦੀ ਤਾਂ ਥੱਲਿਓ ਪਾਣੀ ਸਿੰਮ ਉਠਿਆ। ਮੁੰਡੇ ਨੇ ਜਦੋਂ ਇਹ ਕੌਤਕ ਵੇਖਿਆ ਤਾਂ ਚਾਅ ਚਾਅ ਵਿੱਚ ਪਿੰਡ ਇਹ ਖਬਰ ਦੱਸਣ ਆਇਆ ਅਤੇ ਗੁਰੂ ਸਾਹਿਬ ਅਤੇ ਮਰਦਾਨੇ ਲਈ ਰੋਟੀ ਪਾਣੀ ਲੈ ਕੇ ਹਾਜਰ ਹੋਇਆ। ਗੁਰੂ ਸਾਹਿਬ ਨੇ ਉਹਦੀ ਸ਼ਰਧਾ ਵੇਖਦੇ ਹੋਏ ਉਹਦੇ ਸਰੀਰ ਨੂੰ ਤੰਦਰੁਸਤ ਕਰ ਦਿੱਤਾ। ਪਹਿਲਾਂ ਇਸ ਦੇ ਅੰਗ

ਤੁੰਬੜੀ ਸਾਹਿਬ, ਬੱਦੋ ਕੀਆਂ ਗੁਸਾਈ

ਪੈਰ ਸਫ਼ਾ

*ਸੋਢੀ। ਬਾਕੀ ਉਹ ਇਤਹਾਸਕਾਰ ਗਲਤ ਹਨ ਜਿੰਨਾਂ ਨੇ ਇਸ ਇਲਾਕੇ ਨੂੰ ਗੁਰੂ ਸਾਹਿਬ ਦੀ ਚੌਥੀ ਉਦਾਸੀ ਨਾਲ ਜੋੜਿਆ ਹੈ। ਸੋਢੀ ਨੇ ਸਾਫ ਸਾਫ ਲਿਖਿਆ ਹੈ ਕਿ ਗੁਰੂ ਸਾਹਿਬ ਸੈਦਪੁਰ ਤੋਂ ਟਿੱਲੇ ਆਏ ਸਨ।

✚ ਸਾਈਕਲ ਯਾਤਰੀ -748- 753

✚ ਹੋ ਸਕਦੈ ਬਾਦ ਵਿਚ ਵੀ ਗੁਰੂ ਸਾਹਿਬ ਗੁਜਰਾਂਵਾਲਾ ਆਏ ਹੋਣ ਕਿਉਕਿ ਸਾਈਕਲ ਯਾਤਰੀ -748, ਅਨੁਸਾਰ ਇਥੇ ਸੰਨ 1525 ਈ ਵਿੱਚ ਸਾਹਿਬ ਨੇ ਚਰਨ ਪਾਏ ਸਨ। ਅਸਾਂ ਇਸ ਯਾਤਰਾ ਵਿਚ ਗੁਜਰਾਂਵਾਲਾ ਇਸ ਕਰਕੇ ਦਿਖਾਇਆ ਹੈ ਕਿ ਇਹ ਐਨ ਰਸਤੇ ਵਿਚ ਪੈਂਦਾ ਹੈ।

ਜਿਵੇ ਕਰਤਾਰਪੁਰ ਸਾਹਿਬ ਦੂਰੋ ਨਜਰ ਆਉਦਾ ਹੈ ਏਸੇ ਤਰਾਂ ਕੇਰ ਭਾਗ ਦੀ 4-5 ਕਿ.ਮੀ ਤੋਂ ਨਜਰ ਆ ਰਿਹਾ ਹੁੰਦਾ ਹੈ। ਇਮਾਰਤ ਦੀ ਹਾਲਤ ਖਸਤਾ ਹੈ।- ਫੋਟੋ ਮਿਰਜਾ ਬੇਗ

ਪੈਰ ਵਿੰਗੇ ਸਨ। ਪਿੰਡ ਵਾਸੀ ਜੋ ਪਾਣੀ ਦੀ ਵੱਡੀ ਕਿੱਲਤ ਦਾ ਸਾਹਮਣਾ ਕਰ ਰਹੇ ਸਨ ਉਸ ਥਾਂ ਨੂੰ ਹੋਰ ਖੋਦਿਆ ਤੇ ਪਾਣੀ ਹੋਰ ਨਿਕਲਣ ਤੇ ਉਥੇ ਛੱਪੜ ਬਣਾ ਦਿੱਤਾ। ਲਾਗੇ ਹੀ ਕੇਰ ਉਸਾਰ ਦਿੱਤੀ ਗਈ ਜਿਸ ਦਾ ਨਾਂ 'ਕੇਰ ਬਾਵਾ ਨਾਨਕ' ਪ੍ਰਸਿੱਧ ਹੋਇਆ। ਛੱਪੜ ਫਿਰ ਸਰੋਵਰ ਪਵਿਤ੍ਰ ਯਾਦਗਾਰੀ ਸਰੋਵਰ ਹੋ ਨਿਬੜਿਆ।**

ਇਸੇ ਪਿੰਡ ਵਿੱਚ ਜੋਗੀਆਂ ਦਾ ਆਸ਼ਰਮ ਵੀ ਸੀ। ਜੋਗੀਆਂ ਨੂੰ ਪਿੰਡ ਵਾਲਿਆਂ ਨਾਲ ਸਖਤ ਸ਼ਕਾਇਤ ਸੀ ਕਿ ਇਹ ਬਹੁਤ ਬੁਰੇ ਲੋਕ ਨਾਸਤਕ ਨੇ ਤੇ ਸਾਧੂ ਸੰਤਾਂ ਨੂੰ ਨਫਰਤ ਕਰਦੇ ਨੇ। ਮਹੰਤ ਤਾਂ ਇਥੋਂ ਤੱਕ ਕਹੇ ਕਿ ਮੈਂ ਪਿੰਡ ਨੂੰ ਗਰਕਦਾ ਵੇਖਣਾ ਚਾਹੁੰਦਾ ਹਾਂ। ਗੁਰੂ ਸਾਹਿਬ ਹੈਰਾਨ ਸਨ ਕਿ ਕੋਈ ਧਰਮੀ ਬੰਦਾ ਵੀ ਰੱਬ ਦੇ ਜੀਆਂ ਨਾਲ ਇਸ ਤਰਾਂ ਨਫਰਤ ਕਰ ਸਕਦਾ ਹੈ? ਗੁਰੂ ਸਾਹਿਬ ਨੇ ਉਨ੍ਹੂੰ ਸਮਝਾਉਣਾ ਚਾਹਿਆ ਤਾਂ ਮਹੰਤ ਬੋਲਿਆਂ ਕਿ ਇਹ ਪਿੰਡ ਹੈ ਈ ਗਰਕਣ ਦੇ ਲਾਇਕ। ਗੁਰੂ ਸਾਹਿਬ ਨੇ ਕੇਰ ਬਾਬਾ ਨੂੰ ਕਿਹਾ ਤੁਸੀ ਕੌਣ ਹੁੰਦੇ ਹੋ ਰੱਬ ਦੇ ਬੰਦਿਆਂ ਨੂੰ ਗਰਕ ਕਰਨ ਵਾਲੇ? ਪਿੰਡ ਦੀ ਛੱਡੋ ਤੁਸੀ ਮੇਰਾ ਇਹ ਆਸਾ (ਸੋਟਾ) ਹੀ ਗਰਕ ਕਰਕੇ ਵਿਖਾ ਦਿਓ। ਤਪੱਸਵੀ ਨੇ ਜਾਪ ਸ਼ੁਰੂ ਕਰ ਦਿੱਤਾ ਆਸੇ ਨੂੰ ਗਰਕ ਕਰਨ ਲਈ। ਜਿਵੇ ਉਸ ਨੇ ਧਿਆਨ ਲਾਇਆ ਕੇਰ ਬਾਬਾ ਨੂੰ ਸੋਟਾ ਨਹੀ ਫਨੀਅਰ ਨਾਗ ਨਜਰ ਆਵੇ।

ਹਾਰ ਕੇ ਗੁਰੂ ਸਾਹਿਬ ਦੇ ਚਰਨੀ ਲੱਗਾ। ਸਾਹਿਬ ਨੇ ਸਮਝਾਇਆ ਕਿ ਸਾਰੇ ਜੀਅ ਨਿਰੰਕਾਰ ਦੇ ਆਪਣੇ ਹਨ। ਦੁਨੀਆਂ ਵਿੱਚ ਹਰ ਪ੍ਰਕਾਰ ਦੀ ਵੰਨਗੀ ਮਿਲਦੀ ਹੈ: ਚੋਰ, ਡਾਕੂ, ਕੂੜਿਆਰ, ਸੱਜਣ, ਮਿੱਤ੍ਰ ਸਭ ਉਸ ਦੇ ਹੀ ਪੈਦਾ ਕੀਤੇ ਹੋਏ ਹਨ:

ਮਾਰੂ ਮਹਲਾ ੧ ॥ ਨਾ ਜਾਣਾ ਮੂਰਖੁ ਹੈ ਕੋਈ ਨਾ ਜਾਣਾ ਸਿਆਣਾ ॥ ਸਦਾ ਸਾਹਿਬ ਕੈ ਰੰਗੇ ਰਾਤਾ ਅਨਦਿਨੁ ਨਾਮੁ ਵਖਾਣਾ ॥੧॥ ਬਾਬਾ ਮੂਰਖੁ ਹਾ ਨਾਵੈ ਬਲਿ ਜਾਉ ॥ ਤੂ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ ॥੧॥ ਰਹਾਉ ॥ ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ ॥ ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥੨॥ ਗੁਰ ਦੁਆਰੈ ਨਾਉ ਪਾਈਐ ਬਿਨੁ ਸਤਿਗੁਰ ਪਲੈ ਨ ਪਾਇ ॥ ਸਤਿਗੁਰ ਕੈ ਭਾਣੈ ਮਨਿ ਵਸੈ ਤਾ ਅਹਿਨਿਸਿ ਰਹੈ ਲਿਵ ਲਾਇ ॥੩॥ ਰਾਜੰ ਰੰਗੰ ਰੂਪੰ ਮਾਲੰ ਜੋਬਨੁ ਤੇ ਜੂਆਰੀ ॥ ਹੁਕਮੀ ਬਾਧੇ ਪਾਸੈ ਖੇਲਹਿ ਚਉਪੜਿ ਏਕਾ ਸਾਰੀ ॥੪॥ ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ ਨਾਉ ਪੰਡਿਤ ਪੜਹਿ ਗਾਵਾਰੀ ॥ ਨਾਉ ਵਿਸਾਰਹਿ ਬੇਦੁ ਸਮਾਲਹਿ ਬਿਖੁ ਭੂਲੇ ਲੇਖਾਰੀ ॥੫॥ ਕਲਰ ਖੇਤੀ ਤਰਵਰ ਕੰਠੇ ਬਾਗਾ ਪਹਿਰਹਿ ਕਜਲੁ ਝਰੈ ॥ ਏਹੁ ਸੰਸਾਰੁ ਤਿਸੈ ਕੀ ਕੋਠੀ ਜੋ ਪੈਸੈ ਸੋ ਗਰਬਿ ਜਰੈ ॥੬॥ ਰਯਤਿ ਰਾਜੇ ਕਹਾ ਸਬਾਏ ਦੁਹੁ ਅੰਤਰਿ ਸੋ ਜਾਸੀ ॥ ਕਹਤ ਨਾਨਕੁ ਗੁਰ ਸਚੇ ਕੀ ਪਉੜੀ ਰਹਸੀ ਅਲਖੁ ਨਿਵਾਸੀ ॥੭॥੩॥੧੧॥

ਗੁਰੂ ਸਾਹਿਬ ਨੇ ਜੋਗੀ ਨੂੰ ਨਿਰੰਕਾਰ ਦੀ ਪੈਦਾ ਕੀਤੀ ਵੰਨਗੀ ਦਾ ਸਿਧਾਂਤ ਸਮਝਾਇਆ:-

ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮਖੋਰ ॥ ਅਸੰਖ ਅਮਰ ਕਰਿ ਜਾਹਿ ਜੋਰ ॥ ਅਸੰਖ ਗਲਵਢ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥ ਅਸੰਖ ਕੂੜਿਆਰ ਕੂੜੇ ਫਿਰਾਹਿ ॥ ਅਸੰਖ ਮਲੇਛ ਮਲੁ ਭਖਿ ਖਾਹਿ ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥ ਨਾਨਕੁ ਨੀਚੁ ਕਹੈ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥

ਗੁਰੂ ਸਾਹਿਬ ਦੇ ਕੋਈ 150 ਸਾਲ ਬਾਦ ਪਿੰਡ ਵਾਸੀਆਂ ਨੇ ਕੇਰ ਬਾਵਾ ਨਾਨਕ ਦੇ ਡੇਰੇ ਤੇ ਇੱਕ ਉਦਾਸੀ ਸਾਧੂ ਭਾਈ ਨਿਮਾਣਾ ਨੂੰ ਬੈਠਾ ਦਿੱਤਾ। ਉਸ ਨੇ ਸਿੱਖੀ ਦਾ ਖੂਬ ਪ੍ਰਚਾਰ ਕੀਤਾ। ਉਦਾਸੀ ਸਾਧਾਂ ਵਿਚੋਂ ਹੀ ਇੱਕ ਬਾਬੇ ਨੇ ਮਹਾਰਾਜਾ ਰਣਜੀਤ ਸਿੰਘ ਤੱਕ ਪਹੁੰਚ ਕਰਕੇ ਗੁਰਦੁਆਰਾ ਸਾਹਿਬ ਦੇ ਨਾਂ ਤੇ ਖਰਚੇ ਵਾਸਤੇ 40 ਮੁਰੱਬੇ ਜਮੀਨ ਵੀ ਲੁਆ ਲਈ। ਗੁਰਦੁਆਰੇ ਦੀ ਸੋਹਣੀ ਤਿੰਨ ਮੰਜਲਾ ਇਮਾਰਤ ਵੀ ਬਣਵਾਈ।

ਇਨਾਂ ਉਦਾਸੀ ਸਾਧੂਆਂ ਵਿਚੋਂ ਹੀ ਡਿੰਗੇ ਦਾ ਜੰਮ ਪਲ ਬਾਬਾ ਭਾਗ ਹੋਇਆ ਹੈ ਜਿਸ ਨੇ ਇਲਾਕੇ ਵਿੱਚ ਖੂਬ ਪ੍ਰਚਾਰ ਕੀਤਾ। ਹੌਲੀ ਹੌਲੀ ਅਸਥਾਨ ਦਾ ਨਾਂ 'ਕੇਰ ਬਾਵਾ ਨਾਨਕ' ਤੋਂ ਨਾਂ 'ਕੇਰ ਭਾਗਦੀ' ਹੋ ਗਿਆ। ਕਿਹਾ ਜਾਂਦਾ ਹੈ ਕਿ ਭਾਈ ਭਾਗ ਬੜਾ ਕਰਨੀ ਵਾਲਾ ਇਨਸਾਨ ਹੋਇਆ ਹੈ। ਇਸ ਦੀ ਸਮਾਧ ਅੱਜ ਵੀ ਗੁਰਦੁਆਰਾ ਸਾਹਿਬ ਦੀ ਚਾਰ ਦੀਵਾਰੀ ਅੰਦਰ ਮੌਜੂਦ ਹੈ।

ਪਾਕਿਸਤਾਨ ਬਣਨ ਤੋਂ 70 ਸਾਲ ਬਾਦ ਵੀ ਇਹ ਸ਼ਾਨਦਾਰ ਇਮਾਰਤ ਮੌਜੂਦ ਹੈ। ਇਮਾਰਤ ਤੇ ਨਾਲ ਦੀਆਂ ਸਰਾਵਾਂ ਵਿੱਚ ਲੋਕਾਂ ਨੇ ਕਬਜੇ ਕੀਤੇ ਹੋਏ ਨੇ।

ਜੈਸਕ ਤੋਂ ਗੁਰੂ ਸਾਹਿਬ ਮੰਡੀ ਬਹਾਉਦੀਨ ਹੁੰਦੇ ਹੋਏ ਜਿਹਲਮ ਦਰਿਆ ਪਾਰ ਕਰਕੇ ਪਿੰਡ ਜਲਾਲਪੁਰ ਪਹੁੰਚੇ।* ਇਹ ਉਹ ਸ਼ਹਿਰ ਹੈ ਜਿੱਥੇ ਬਾਦਸ਼ਾਹ ਸਿਕੰਦਰ ਦਾ ਪਿਆਰਾ ਘੋੜਾ ਮਰ ਗਿਆ ਸੀ। ਇਥੇ ਉਸ ਘੋੜੇ ਦੀ ਕਬਰ ਹੁੰਦੀ ਸੀ। ਇਸ ਸ਼ਹਿਰ ਵਿੱਚ ਵੀ ਸਾਹਿਬ ਨੇ ਕੋਈ ਕੌਤਕ ਕੀਤਾ ਜੋ ਇਤਹਾਸ ਸਾਂਭ ਨਹੀ ਸਕਿਆ। ਯਾਦਗਾਰੀ ਗੁਰਦੁਆਰਾ ਹੁੰਦਾ ਸੀ। ਪਰ ਹੁਣ ਪਤਾ ਲੱਗਦਾ ਹੈ ਕਿ ਲੋਕਾਂ ਨੇ ਗੁਰਦੁਆਰੇ ਵਾਲੀ ਥਾਂ ਤੇ ਰਹਾਇਸ਼ਾਂ ਬਣਾਂ ਲਈਆਂ ਨੇ।

ਡਿੰਗੇ ਦੇ ਜੋਗੀ ਦਾ ਡਿੰਗ ਕੱਢਿਆ

ਜੈਸਕ ਤੋਂ 20 ਕਿ. ਮੀ ਦਾ ਪੈਡਾ ਕਰ ਕੇ ਗੁਰੂ ਸਾਹਿਬ ਡਿੰਗੇ ਨਾਂ ਦੇ ਕਸਬੇ ਵਿੱਚ ਪਹੁੰਚੇ। ਡਿੰਗਾ ਖਾਰੀਆਂ ਤਹਿਸੀਲ ਵਿੱਚ, ਜਿਲਾ ਗੁਜਰਾਤ ਹੈ।

ਇਸ ਪਿੰਡ ਵਿੱਚ ਗੁਰੂ ਸਾਹਿਬ ਦਾ ਆਉਣਾ ਇਸ ਕਰਕੇ ਬਣਿਆ ਕਿ ਇੱਕ ਜੋਗੀ ਨੇ ਬਾਹਰੇ ਵਿੱਚ ਡੌਂਡੀ ਪਿਟਵਾਈ ਹੋਈ ਸੀ ਕਿ ਉਹ ਪੂਰੇ 40 ਦਿਨ ਬਿਨਾਂ ਕੁਝ ਖਾਧੇ ਆਪਣੇ ਭੋਰੇ ਵਿਚ ਰਹੇਗਾ ਅਤੇ ਭਗਤੀ ਕਰੇਗਾ। ਤਹਿ ਕੀਤੇ ਦਿਨ ਤੇ ਜੋਗੀ ਭੋਰੇ ਵਿੱਚ ਵੜ੍ਹ ਚੁੱਕਾ ਸੀ ਤੇ ਨਾਲ ਹੀ ਢੋਲੀ ਨੂੰ ਹਦਾਇਤ ਦੇ ਗਇਆ ਸੀ ਕਿ ਫਲਾਣੇ ਦਿਨ ਮੇਰੇ 40 ਦਿਨ ਹੋਣੇ ਹਨ ਤੂੰ ਬਾਹਰੇ ਭਾਵ ਨੇੜੇ ਤੇੜੇ ਦੇ ਸਾਰੇ ਪਿੰਡਾਂ ਵਿੱਚ ਢੰਡੋਰਾ ਪਿੱਟ ਦੇਵੀ ਕਿ ਫਲਾਣੇ

ਨਾਨਕਸਰ ਡਿੰਗਾ (ਖੱਬੇ) -12ਨਵੰਬਰ 1933
(ਤਸਵੀਰ:ਸਾਈਕਲ ਯਾਤਰੀ

ਿਦਨ ਸ੍ਾਂਤ ਮਹਾਪੁਰਖ ਬਾਹਰ ਆਉ੍ਣਗੇ ਤੇ ਲੋਕੀ ਹੁੰਮ ਹੁੰਮਾ ਕੇ ਦਰਸ਼ਨਾਂ ਨੂੰ ਆਉਣ।

ਕਿਉਕਿ ਉਦੋਂ ਤੱਕ ਗੁਰੂ ਸਾਹਿਬ ਦੀ ਮੰਨਤਾ ਚਾਰ ਚੁਫੇਰੇ ਹੋ ਚੁੱਕੀ ਸੀ ਜਿਵੇ ਗੁਰੂ ਸਾਹਿਬ ਪਿੰਡ ਵਿੱਚ ਆਏ ਲੋਕ ਉਲਟ ਕੇ ਪੈ ਗਏ ਇਸ ਚਮਤਕਾਰੀ ਬਾਬੇ ਦੇ ਦਰਸ਼ਨਾਂ ਨੂੰ। ਓਥੇ ਜਦੋਂ ਫਿਰ ਜੋਗੀ ਦੇ ਚਾਲੀਹੇ ਦੀ ਗੱਲ ਚਲੀ ਤਾਂ ਗੁਰੂ ਸਾਹਿਬ ਨੇ ਇਲਾਕੇ ਦੇ ਮੋਹਰਬਰ ਬੰਦਿਆਂ ਨੂੰ ਸਮਝਾਇਆ ਕਿ ਅਜਿਹਾ ਪਾਖੰਡ ਉਹ ਹੋਰ ਵੀ ਕਈ ਥਾਂਈ ਵੇਖ ਚੁੱਕੇ ਨੇ। ਕਈ ਸਿਆਣਿਆਂ ਬੰਦਿਆਂ ਸ਼ਕਾਇਤ ਵੀ ਕੀਤੀ ਕਿ ਜੋਗੀ ਪਾਖੰਡੀ ਹੈ ਤੇ ਉਹਦੇ ਕਈ ਪਾਖੰਡ ਸਿਆਣਿਆਂ ਨੂੰ ਪਤਾ ਹਨ। ਅੰਤ ਵਿਚ ਤਹਿ ਹੋਇਆ ਕਿ ਜੋਗੀ ਦੇ ਬਾਹਰ ਆਉਣ ਤੇ ਕੋਈ ਢੰਡੋਰਾ ਨਾਂ ਪਿੱਟਿਆ ਜਾਵੇ ਅਤੇ ਕੋਈ ਵੀ ਬੰਦਾ ਉਹਦੇ ਭੋਰੇ ਨੇੜੇ ਨਾਂ ਹੋਏ।

ਚੌਧਰੀਆਂ ਨੇ ਗੁਰੂ ਸਾਹਿਬ ਦੇ ਉਪਦੇਸ਼ ਮੁਤਾਬਿਕ ਭੋਰੇ ਦੇ ਦੁਆਲੇ ਪਹਿਰਾ ਲੁਆ ਦਿੱਤਾ ਕਿ ਕੋਈ ਬੰਦਾ ਨੇੜੇ ਨਾਂ ਜਾਏ।

ਫਿਰ ਜਿਸ ਦਿਨ ਜੋਗੀ ਦਾ ਚਾਲੀਹਾ ਪੂਰਾ ਹੋਇਆ ਉਹ ਦੁਪਿਹਰੇ ਭੋਰੇ ਤੋਂ ਬਾਹਰ ਨਿਕਲਿਆ। ਜੋਗੀ ਨੇ ਜਦੋਂ ਵੇਖਿਆ ਕਿ ਮੇਰੇ ਦਰਸ਼ਨਾਂ ਨੂੰ ਕੋਈ ਨਹੀ ਆਇਆ ਤਾਂ ਉਹਦਾ ਹਉਕਾ ਨਿਕਲ ਗਿਆ ਤੇ ਜੋਗੀ ਬੇਹੋਸ਼ ਹੋ ਗਿਆ। ਹਟਵੇਂ ਬੈਠੇ ਲੋਕ ਫਿਰ ਜੋਗੀ ਕੋਲ ਗਏ ਤੇ ਉਨ੍ਹੰ ਪਾਣੀ ਧਾਣੀ ਪਿਆ ਕੇ ਕਾਇਮ ਕੀਤਾ।

ਗੁਰੂ ਸਾਹਿਬ ਨਾਲ ਫਿਰ ਜੋਗੀ ਦੀ ਵਾਰਤਾ ਹੋਈ। ਗੁਰੂ ਸਾਹਿਬ ਨੇ ਜੋਗੀ ਨੂੰ ਕਿਹਾ ਕਿ ਤੂੰ ਇਹ ਪਾਖੰਡ ਕਰਦਾ ਹੈ। ਜੇ ਤੇਰੀ ਭਗਤੀ ਸੱਚੀ ਹੈ ਤਾਂ ਤੂੰ ਲੋਕ ਵਿਖਾਵਾ ਕਿਓ ਕਰਦਾ ਹੈਂ? ਕਿਓ ਡੌਂਡੀ ਪਿਟਵਾਉਨਾ ਏ? ਜੋਗੀ ਨੂੰ ਸਮਝਾਇਆ ਕਿ ਵੇਖ ਤੂੰ ਸਿਰਫ ਲੋਕ ਵਿਖਾਵਾ ਕਰਨ ਭਾਵ ਲੋਕਾਂ ਨੂੰ ਭਰਮਾਉਣ ਖਾਤਰ ਆਪਣੀ ਦੇਹੀ ਨੂੰ ਦੁੱਖ ਦਿੰਦਾ ਏ ਜੋ ਜਾਇਜ ਨਹੀ। ਤੂੰ ਇਸ ਉਮੀਦ ਵਿੱਚ ਭੁੱਖਾ ਰਹਿਨਾ ਏ ਕੇ ਲੋਕ ਤੈਨੂੰ ਬਹੁਤ ਮਹਾਨ ਜੋਗੀ ਗਿਣਨ। ਇਹਦਾ ਸਬੂਤ ਤੇਰੇ ਸਾਹਮਣੇ ਹੈ ਕਿ ਜਦੋਂ ਤੂੰ ਵੇਖਿਆ ਕਿ ਕੋਈ ਤੇਰੇ ਦਰਸ਼ਨਾਂ ਨੂੰ ਨਹੀ ਆਇਆ ਤਾਂ ਤੂੰ ਹਉਕੇ ਕਾਰਨ ਬੇਹੋਸ਼ ਹੋ ਗਿਆ।

ਜੋਗੀ ਲਾ ਜਵਾਬ ਸੀ।

ਗੁਰੂ ਸਾਹਿਬ ਨੇ ਫਿਰ ਚੌਧਰੀਆਂ ਨੂੰ ਹੁਕਮ ਕਰਕੇ ਅਗਲੇ ਦਿਨ ਇਕੱਠੇ ਹੋਣ ਵਾਸਤੇ ਡੌਂਡੀ ਪਿਟਵਾ ਦਿੱਤੀ ਤੇ ਲੋਕਾਈ ਇਕੱਠੀ ਹੋਈ। ਓਥੇ ਫਿਰ ਗੁਰੂ ਸਾਹਿਬ ਤੇ ਮਰਦਾਨੇ ਨੇ ਸ਼ਬਦ ਗਾਇਆ:-

ਰਾਮਕਲੀ ਮਹਲਾ ੧ ॥ ਅਉਹਠਿ ਹਸਤ ਮੜੀ ਘਰੁ ਛਾਇਆ ਧਰਣਿ ਗਗਨ ਕਲ ਧਾਰੀ ॥੧॥ ਗੁਰਮੁਖਿ ਕੇਤੀ ਸਬਦਿ ਉਧਾਰੀ ਸੰਤਹੁ ॥੧॥ ਰਹਾਉ ॥ ਮਮਤਾ ਮਾਰਿ ਹਉਮੈ ਸੋਧੈ ਤ੍ਰਿਭਵਣਿ ਜੋਤਿ ਤੁਮਾਰੀ ॥੨॥ ਮਨਸਾ ਮਾਰਿ ਮਨੈ ਮਹਿ ਰਾਖੈ ਸਤਿਗੁਰ ਸਬਦਿ ਵੀਚਾਰੀ ॥੩॥ ਸਿੰਙੀ ਸੁਰਤਿ ਅਨਾਹਦਿ ਵਾਜੈ ਘਟਿ ਘਟਿ ਜੋਤਿ ਤੁਮਾਰੀ ॥੪॥ ਪਰਪੰਚ ਬੇਣੁ ਤਹੀ ਮਨੁ ਰਾਖਿਆ ਬ੍ਰਹਮ ਅਗਨਿ ਪਰਜਾਰੀ ॥੫॥ ਪੰਚ ਤਤੁ ਮਿਲਿ ਅਹਿਨਿਸਿ ਦੀਪਕੁ ਨਿਰਮਲ ਜੋਤਿ ਅਪਾਰੀ ॥੬॥ ਰਵਿ ਸਸਿ ਲਉਕੇ ਇਹੁ ਤਨੁ ਕਿੰਗੁਰੀ ਵਾਜੈ ਸਬਦੁ ਨਿਰਾਰੀ ॥੭॥ ਸਿਵ ਨਗਰੀ ਮਹਿ ਆਸਣੁ ਅਉਧੂ ਅਲਖੁ ਅਗੰਮੁ ਅਪਾਰੀ ॥੮॥ ਕਾਇਆ ਨਗਰੀ ਇਹੁ ਮਨੁ ਰਾਜਾ ਪੰਚ ਵਸਹਿ ਵੀਚਾਰੀ ॥੯॥ ਸਬਦਿ ਰਵੈ ਆਸਣਿ ਘਰਿ ਰਾਜਾ ਅਦਲੁ ਕਰੇ ਗੁਣਕਾਰੀ ॥੧੦॥ ਕਾਲੁ ਬਿਕਾਲੁ ਕਹੇ ਕਹਿ ਬਪੁਰੇ ਜੀਵਤ ਮੂਆ ਮਨੁ ਮਾਰੀ ॥੧੧॥ ਬ੍ਰਹਮਾ ਬਿਸਨੁ ਮਹੇਸ ਇਕ ਮੂਰਤਿ ਆਪੇ ਕਰਤਾ ਕਾਰੀ ॥੧੨॥ ਕਾਇਆ ਸੋਧਿ ਤਰੈ ਭਵ ਸਾਗਰੁ ਆਤਮ ਤਤੁ ਵੀਚਾਰੀ ॥੧੩॥ ਗੁਰ ਸੇਵਾ ਤੇ ਸਦਾ ਸੁਖੁ ਪਾਇਆ ਅੰਤਰਿ ਸਬਦੁ ਰਵਿਆ ਗੁਣਕਾਰੀ ॥੧੪॥ ਆਪੇ ਮੇਲਿ ਲਏ ਗੁਣਦਾਤਾ ਹਉਮੈ ਤ੍ਰਿਸਨਾ ਮਾਰੀ ॥੧੫॥ ਤ੍ਰੈ ਗੁਣ ਮੇਟੇ ਚਉਥੈ ਵਰਤੈ ਏਹਾ ਭਗਤਿ ਨਿਰਾਰੀ ॥੧੬॥ ਗੁਰਮੁਖਿ ਜੋਗ ਸਬਦਿ ਆਤਮੁ ਚੀਨੈ ਹਿਰਦੈ ਏਕੁ ਮੁਰਾਰੀ ॥੧੭॥ ਮਨੂਆ ਅਸਥਿਰੁ ਸਬਦੇ ਰਾਤਾ ਏਹਾ ਕਰਣੀ ਸਾਰੀ ॥੧੮॥ ਬੇਦੁ ਬਾਦੁ ਨ ਪਾਖੰਡੁ ਅਉਧੂ ਗੁਰਮੁਖਿ ਸਬਦਿ ਬੀਚਾਰੀ ॥੧੯॥ ਗੁਰਮੁਖਿ ਜੋਗੁ ਕਮਾਵੈ ਅਉਧੂ ਜਤੁ ਸਤੁ ਸਬਦਿ ਵੀਚਾਰੀ ॥੨੦॥ ਸਬਦਿ ਮਰੈ ਮਨੁ ਮਾਰੇ ਅਉਧੂ ਜੋਗ ਜੁਗਤਿ ਵੀਚਾਰੀ ॥੨੧॥ ਮਾਇਆ ਮੋਹੁ ਭਵਜਲੁ ਹੈ ਅਵਧੂ ਸਬਦਿ ਤਰੈ ਕੁਲ ਤਾਰੀ ॥੨੨॥ ਸਬਦਿ ਸੂਰ ਜੁਗ ਚਾਰੇ ਅਉਧੂ ਬਾਣੀ ਭਗਤਿ ਵੀਚਾਰੀ ॥੨੩॥ ਏਹੁ ਮਨੁ ਮਾਇਆ ਮੋਹਿਆ ਅਉਧੂ ਨਿਕਸੈ ਸਬਦਿ ਵੀਚਾਰੀ ॥੨੪॥ ਆਪੇ ਬਖਸੇ ਮੇਲਿ ਮਿਲਾਏ ਨਾਨਕ ਸਰਣਿ ਤੁਮਾਰੀ ॥੨੫॥੯॥

ਇਹੋ ਜੋਗੀ ਫਿਰ ਗੁਰਮਤ ਦਾ ਪੱਕਾ ਪ੍ਰਚਾਰਕ ਹੋ ਨਿਬੜਿਆ। ਜਿੱਥੇ ਉਹਦਾ ਆਸ਼ਰਮ ਸੀ ਓਥੇ ਗੁਰਦੁਆਰਾ ਤਾਮੀਰ ਹੋ ਗਿਆ। ਇਹ ਗੁਰਦੁਆਰਾ 1947 ਤੱਕ ਮੌਜੂਦ ਸੀ। ਵੱਡਾ ਟੋਭਾ ਵੀ ਹੁੰਦਾ ਸੀ ਜਿਸ ਕਰਕੇ ਗੁਰਦੁਆਰਾ ਸਾਹਿਬ ਦਾ ਨਾਂ ਨਾਨਕਸਰ ਸੀ। ਸਿੱਖਾਂ ਨੂੰ ਜਦੋਂ ਹਿਜਰਤ ਕਰਨੀ ਪਈ ਤਾਂ ਸੁੰਨਾਂ ਥਾਂ ਵੇਖ ਕੇ ਓਥੋਂ ਦੀ ਹਕੂਮਤ ਨੇ ਇਥੇ ਬੱਸ ਅੱਡਾ ਬਣਾ ਦਿੱਤਾ ਤੇ ਗੁਰਦੁਆਰਾ ਸਾਹਿਬ ਦੀ ਨਿਸ਼ਾਨੀ ਸਿਰਫ ਅੱਜ ਖੂਹ ਹੀ ਬਾਕੀ ਹੈ।◘

12 ਨਵੰਬਰ 1933 ਨੂੰ ਜਦੋਂ ਸਾਈਕਲ ਯਾਤਰੀ ● ਇਥੇ ਆਇਆ ਤਾਂ ਹਾਲਾਤ ਵੇਖ ਕੇ ਬਹੁਤ ਦੁਖੀ ਹੋਇਆ ਕਿਉਕਿ ਇਥੇ ਨਾਨਕਸਰ ਸਰੋਵਰ ਵਿੱਚ ਜਨਾਨੀਆਂ ਨੰਗੀਆਂ ਨਹਾਉਦੀਆਂ ਤੇ ਓਥੇ ਹੀ ਕਪੜੇ ਧੋਇਆ ਕਰਦੀਆਂ ਸਨ। ਭਾਈ ਸਾਹਿਬ ਨੇ ਇਸ ਸ਼ਹਿਰ ਨੂੰ ਸਰਾਪ ਵੀ ਦਿੱਤਾ। ਭਾਈ ਸਾਹਿਬ ਦਾ ਮੰਨਣਾ ਸੀ ਕਿ ਇਥੋਂ ਦੇ ਵਸਨੀਕਾਂ ਦੀ ਲਾਪਰਵਾਹੀ ਕਰਕੇ ਹੀ ਉਹ ਟਾਹਲੀ ਸੁੱਕ ਗਈ ਹੈ ਜਿਸਦੇ ਹੇਠ ਗੁਰੂ ਸਾਹਿਬ ਬਿਰਾਜੇ ਸਨ। ਭਾਈ ਸਾਹਿਬ ਨੇ ਦੱਸਿਆ ਹੈ ਕਿ ਸ਼ਹਿਰ ਦੇ ਕੁਝ ਵਸਨੀਕ ਆਰੀਆ ਸਮਾਜੀ ਬਣ ਗਏ ਹਨ ਤੇ ਉਲਟਾ ਅਦਾਲਤ ਵਿੱਚ ਕੇਸ ਕਰਵਾ ਦਿੱਤਾ ਕਿ ਇਹ ਜਗਾ ਸੰਨਿਆਸੀਆਂ ਦੀ ਹੈ। ਨਿਹੰਗ ਭਾਈ ਬਘੇਲ ਸਿੰਘ ਨੇ ਆਪਣੇ ਦਮ ਤੇ ਮੁਕੱਦਮਾ ਲੜਿਆ ਅਤੇ ਜਿੱਤਿਆ।

—◈—

ਡਿੰਗੇ ਤੋਂ ਨੱਕ ਦੀ ਸੇਧ 24 ਕੁ ਕਿ.ਮੀ. ਪੱਛਮ ਮੀਰਪੁਰ ਹੈ। ਪਰ ਇਹ ਨਹੀ ਪਤਾ ਲੱਗਦਾ ਕਿ ਸਾਹਿਬ ਨੇ ਜਿਹਲਮ ਦਰਿਆ ਕਿਥੋਂ ਕੁ ਪਾਰ ਕਰਕੇ ਮੀਰਪੁਰ ਚਰਨ ਪਾਏ ਸਨ। ਮੀਰਪੁਰ ਵਿੱਚ ਇੱਕ ਮਸ਼ਹੂਰ ਪੰਡਤ ਨਾਂ ਦੌਲਾ ਨੇ ਵੱਖਰਾ ਹੀ ਹੰਕਾਰ ਪਾਲਿਆ ਹੋਇਆ ਸੀ। ਗੁਰੂ ਸਾਹਿਬ ਨੇ ਦੌਲੇ ਦੀ ਸੋਚ ਨੂੰ ਅਜਿਹਾ ਰੋਸ਼ਨਾਅ ਦਿੱਤਾ ਕਿ ਦੌਲਾ ਵੱਡਾ ਪ੍ਰਚਾਰਕ ਬਣਿਆ ਗੁਰਮਤ ਦਾ।

ਪੈਰ ਸਫ਼ਾ
● ਸਾਈਕਲ ਯਾਤਰੀ -758
◘ ਕੈਸਰ-180

ਯਾਦ ਰਹੇ ਇਸ ਇਲਾਕੇ ਵਿਚ ਮੁਝਾਲ ਬ੍ਰਾਹਮਣਾਂ ਦਾ ਵੱਡਾ ਦਬਦਬਾ ਰਿਹਾ ਹੈ। ਇਹ ਲੋਕ ਸਿੱਖੀ ਦੇ ਵੱਡੇ ਪ੍ਰਚਾਰਕ ਬਣੇ ਸਨ। ਭਾਈ ਮਤੀ ਦਾਸ ਸਤੀ ਦਾਸ ਪਿੰਡ ਕੜਿਆਲਾ ਦੇ ਹੀ ਸਨ ਜੋ ਜੇਹਲਮ ਤੋਂ 10 ਕਿ. ਮੀ ਦੱਖਣ ਪੂਰਬ ਹੈ। ਕਟਾਸਰਾਜ ਦੇ ਗੁਰੂ ਨਾਨਕ ਗੁਰਦੁਆਰੇ ਦੇ ਮਹੰਤ ਵੀ ਇਹੋ ਛਿੱਬੜ ਬ੍ਰਾਹਮਣ ਹੀ ਸਨ।

ਟਿੱਲੇ ਦਾ ਕੇਂਦਰੀ ਬਿੰਦੂ ਜਿਥੇ ਕਈ ਮੱਠ ਹਨ

ਫੁੱਟ ਉੱਚੀ ਪਹਾੜੀ ਜੇਲਮ ਸ਼ਹਿਰ ਤੋਂ 25 ਕਿ. ਮੀ. ਦੱਖਣ ਪੱਛਮ 'ਚ ਹੈ। ਪੁਰਾਣੇ ਸਮਿਆਂ 'ਚ ਮੰਨਿਆ ਜਾਂਦਾ ਸੀ ਕਿ ਜਿਹੜਾ ਜੋਗੀ ਗੋਰਖ ਨਾਥ ਦੇ ਟਿੱਲੇ ਨਹੀ ਪਹੁੰਚਿਆ ਉਹਦਾ ਜੋਗ ਸੰਪੂਰਨ ਨਹੀ। ਇਥੇ ਵੱਡੇ ਵੱਡੇ ਜੋਗੀਆਂ ਦੇ ਵੱਖਰੇ ਵੱਖਰੇ ਯਾਦਗਾਰੀ ਸਥਾਨ ਹਨ ਭਾਵ ਭੋਲੇ ਨਾਥ, ਗੋਰਖ ਨਾਥ, ਮਛੰਦਰ ਨਾਥ, ਬਾਲ ਨਾਥ ਦੇ ਆਪਣੇ ਆਪਣੇ ਮੰਦਰ ਬਣੇ ਹੋਏ ਨੇ। ਹਰ ਵੇਲੇ ਇਥੇ ਸੈਕੜੇ ਤੇ ਕਦੀ ਹਜ਼ਾਰਾਂ ਦੀ ਗਿਣਤੀ ਵਿੱਚ ਜੋਗੀ ਸਮਾਧੀਆਂ ਲਾਈ ਪਏ ਰਹਿੰਦੇ ਸਨ। ਚੜ੍ਹਤ ਚੜਾਵਾ ਵੀ ਚੋਖਾ ਹੁੰਦਾ ਸੀ। ਤਾਂ ਹੀ ਤੇ ਸੰਨ 1748 ਵਿੱਚ ਅਹਿਮਦ ਸ਼ਾਹ ਅਬਦਾਲੀ ਨੇ ਟਿੱਲੇ ਨੂੰ ਲੁੱਟਿਆ ਸੀ। ਅੱਜ ਵੀ ਇਸ ਅਸਥਾਨ ਦੀ ਬਰਬਾਦੀ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਸਥਾਨਕ ਲੋਕ ਖਜਾਨੇ ਦੀ ਭਾਲ ਵਿੱਚ ਇਥੇ ਪੁੱਟ ਪੁਟਾਈ ਕਰਦੇ ਰਹਿੰਦੇ ਨੇ।

ਜਦੋਂ ਗੁਰੂ ਸਾਹਿਬ ਇਥੇ ਆਏ ਸ਼ਿਵਰਾਤਰੀ ਦਾ ਮੇਲਾ ਸੀ ਭਾਵ ਫਰਵਰੀ 1521। ਉਸ ਵੇਲੇ ਇਥੋਂ ਦੇ ਮਹੰਤ ਦਾ ਨਾਂ ਬਾਲ ਨਾਥ ਸੀ। (ਸ਼ਾਹ ਤਲਾਈ/ ਦਿਓੜ ਸਿੱਧ ਵਾਲੇ ਬਾਲਕ ਨਾਥ ਬਹੁਤ ਪਹਿਲਾਂ ਹੋਏ ਨੇ। ਭਾਵ ਉਹ ਵਖਰੇ ਨੇ) ਪਹਾੜੀ ਤੇ ਚਹਿਲ ਪਹਿਲ ਹੋਈ ਪਈ ਸੀ। ਗੁਰੂ ਸਾਹਿਬ ਨੇ ਪਹਾੜੀ ਤੇ ਪਹੁੰਚ ਇੱਕ ਪਾਸੇ ਹੋ ਬਿਰਾਜੇ। ਹੌਲੀ ਹੌਲੀ ਸਾਧੂਆਂ ਨੂੰ ਪਤਾ ਲੱਗ ਗਿਆ ਕਿ ਬਾਬਾ ਨਾਨਕ ਵੀ ਇਥੇ ਪਹੁੰਚ ਚੁੱਕੇ ਨੇ। ਜਿਵੇ ਪਹਿਲੇ ਦੱਸਿਆ ਜਾ ਚੁੱਕਿਆ ਹੈ ਕਿ ਗੁਰੂ ਸਾਹਿਬ ਦੀ ਧੁੰਮ ਚੁਫੇਰੇ ਪੈ ਚੁੱਕੀ ਸੀ। ਖਾਸ ਕਰਕੇ ਹਰ ਜੋਗੀ ਗੁਰੂ ਸਾਹਿਬ ਦਾ ਨਾਂ ਸੁਣ ਚੁੱਕਾ ਸੀ।

ਜਦੋਂ ਬਾਲ ਨਾਥ ਨੇ ਸੁਣਿਆ ਕਿ ਬਾਬਾ ਨਾਨਕ ਆਏ ਨੇ ਤਾਂ ਉਹ ਆਪ ਉੱਠ ਕੇ ਗਿਆ ਤੇ ਗੁਰੂ ਸਾਹਿਬ ਨੂੰ ਆਪਣੇ ਆਸਣ ਲੈ ਆਇਆ। ਆਓ ਭਗਤ ਕੀਤੀ। ਬਾਲ ਨਾਥ ਨੇ ਬੜੀ ਚਲਾਕੀ ਨਾਲ ਗੁਰੂ ਸਾਹਿਬ ਨੂੰ ਸਵਾਲ ਕਰ ਦਿੱਤਾ ਕਿ ਗੁਰੂ ਜੀ ਅਸੀ ਤਾਂ ਇਥੇ ਜੋਗ ਦੀ ਖੋਜ ਵਿੱਚ ਆਸਣ ਲਾਈ ਬੈਠੇ ਹਾਂ ਤੁਸੀ ਤਾਂ ਪਹੁੰਚੇ ਹੋਏ ਹੋ ਸੈ ਸੁਣਿਐ ਤੁਹਾਡਾ ਤਾਂ ਦਸਮ ਦੁਆਰ ਖੁੱਲਾ ਹੈ, ਕੁੰਡਲਨੀ ਸਿੱਧ ਹੈ, ਤੁਹਾਨੂੰ ਤਾਂ ਚਾਨਣ ਹੈ, ਤੁਸੀ ਕਿਵੇ ਖੇਚਲ ਕੀਤੀ ਇਸ ਦੁਰਗਮ ਪਹਾੜੀ ਤੇ ਚੜ੍ਹਨ ਦੀ?

ਗੁਰੂ ਸਾਹਿਬ ਨੇ ਝੱਟ ਮਰਦਾਨੇ ਨੂੰ ਸੁਚੇਤ ਕੀਤਾ ਤੇ ਗਾਉਣਾ ਸ਼ੁਰੂ ਕਰ ਦਿੱਤਾ:-

ਰਾਮਕਲੀ ਮਹਲਾ ੧ ॥ ਹਮ ਡੋਲਤ ਬੇੜੀ ਪਾਪ ਭਰੀ ਹੈ ਪਵਣੁ ਲਗੈ ਮਤੁ ਜਾਈ ॥ ਸਨਮੁਖ ਸਿਧ ਭੇਟਣ ਕਉ ਆਏ ਨਿਹਚਉ ਦੇਹਿ ਵਡਿਆਈ ॥੧॥ ਗੁਰ ਤਾਰਿ ਤਾਰਣਹਾਰਿਆ ॥ ਦੇਹਿ ਭਗਤਿ ਪੂਰਨ ਅਵਿਨਾਸੀ ਹਉ ਤੁਝ ਕਉ ਬਲਿਹਾਰਿਆ ॥੧॥ ਰਹਾਉ ॥ ਸਿਧ ਸਾਧਿਕ ਜੋਗੀ ਅਰੁ ਜੰਗਮ ਏਕੁ ਸਿਧੁ ਜਿਨੀ ਧਿਆਇਆ ॥ ਪਰਸਤ ਪੈਰ ਸਿਝਤ ਤੇ ਸੁਆਮੀ ਅਖਰੁ ਜਿਨ ਕਉ ਆਇਆ ॥੨॥ ਜਪ ਤਪ ਸੰਜਮ ਕਰਮ ਨ ਜਾਨਾ ਨਾਮੁ ਜਪੀ ਪ੍ਰਭ ਤੇਰਾ ॥ ਗੁਰੁ ਪਰਮੇਸਰੁ ਨਾਨਕ ਭੇਟਿਓ ਸਾਚੈ

ਟਿੱਲਾ ਜੋਗੀਆਂ

-ਜਾਂ ਟਿੱਲਾ ਗੋਰਖਨਾਥ ਜਾਂ ਬਾਲ ਗੁੰਦਾਈ ਜਾਂ ਕਹਿ ਲਓ ਜੋਗੀਆਂ ਦੀ ਪਹਾੜੀ (ਫਰਵਰੀ 1521 ਈ.)

ਬਾਲ ਨਾਥ ਕਹਿੰਦਾ ਬਾਬਾ ਨਾਨਕ ਇਥੇ ਕੀ ਲੈਣ ਆ ਗਿਆ?

ਮੀਰਪੁਰ ਤੋਂ 25 ਕਿ. ਮੀ. ਪੱਛਮ ਚਲ ਕੇ ਗੁਰੂ ਸਾਹਿਬ ਜੋਗੀਆਂ ਦੇ ਪ੍ਰਸਿੱਧ ਸਥਾਨ ਟਿੱਲਾ ਜੋਗੀਆਂ ਜਾਂ ਜਿਨੂੰ ਟਿੱਲਾ ਬਾਲ ਗੁੰਦਾਈ ਵੀ ਕਹਿੰਦੇ ਨੇ ਪਹੁੰਚੇ। ਜੋਗੀਆ ਦੀ ਇਹ 1000



ਉਹ ਮੱਠ ਜਿਥੇ ਗੁਰੂ ਸਾਹਿਬ ਨੇ ਡੇਰਾ ਲਾਇਆ ਸੀ। ਇਥੇ ਗੁਰੂ ਸਾਹਿਬ ਦੀ ਪੱਥਰ ਤੇ ਚਰਨ ਪਾਦੁਕਾ ਹੁੰਦੀ ਸੀ ਜੋ ਕੋਈ ਤਸਕਰ ਇਥੋਂ ਚੁੱਕ ਲੈ ਗਇਆ ਹੈ।

ਸਬਦਿ ਨਿਬੇਰਾ ॥

ਗੁਰੂ ਜੀ ਨੇ ਬਾਲ ਨਾਥ ਨੂੰ ਸਮਝਾਇਆ ਕਿ ਸਮਾਜ ਦੀ ਬੇੜੀ ਪਾਪ ਨਾਲ ਨੱਕੋ ਨੱਕ ਹੈ ਇਸ ਕਰਕੇ ਜਰੂਰਤ ਹੈ ਇਨੂੰ ਬਚਾਉਣ ਦੀ ਕਿਤੇ ਕੋਈ ਹਨੇਰੀ ਆ ਗਈ ਤਾਂ ਇਨੇ ਡੁੱਬ ਜਾਣਾ ਏ। ਮੈਂ ਆਪਣੇ ਸਿੱਧ ਪੁਰਸ਼ਾਂ ਨੂੰ ਨਮਸਕਾਰ ਕਰਨ ਆਇਆ ਹਾਂ ਤੇ ਇਹ ਬੇਨਤੀ ਲੈ ਕੇ ਹਾਜਰ ਹੋਇਆ ਹਾਂ ਕਿ ਇਸ ਬੇੜੀ ਦਾ ਉਪਾਅ ਕੀਤਾ ਜਾਵੇ। ਨਾਲ ਹੀ ਗੁਰੂ ਸਾਹਿਬ ਨੇ ਇਸ਼ਾਰਾ ਦਿੱਤਾ ਮੈਂ ਕੋਈ ਸਮਾਧੀਆਂ ਲਾਉਣ ਵਾਲਾ ਜੋਗੀ ਨਹੀ ਮੈਂ ਤਾਂ ਨਾਮ ਭਾਵ ਸ਼ਬਦ ਨੂੰ ਹੀ ਮੋਹਰੇ ਰੱਖਿਆਂ। ਮੈਂ ਉਨਾਂ ਸਿੱਧਾਂ ਦੀ ਚਰਨ ਧੂੜ ਹਾਂ ਜਿਹੜੇ ਸ਼ਬਦ ਰਾਂਹੀ ਨਿਰੰਕਾਰ ਦੀ ਅਰਾਧਨਾ ਕਰਦੇ ਹਨ।

ਇਸ ਤਰਾਂ ਰੂਹਾਨੀਅਤ ਦੀਆਂ ਗੱਲਾਂ ਬਾਤਾਂ ਹੋਈਆਂ।

ਬਾਲ ਨਾਥ ਨੇ ਛੋਟੇ ਜੋਗੀ ਨੂੰ ਹੁਕਮ ਕੀਤਾ ਕਿ ਜਾਓ ਬਾਬਾ ਨਾਨਕ ਨੂੰ ਟਿੱਲੇ ਦੇ ਭੰਡਾਰੇ ਤੇ ਗੁਹਜ ਦਰਿਆਉ ਭਾਵ ਗੁਪਤ ਖਜਾਨੇ ਦੇ ਦਰਸ਼ਨ ਕਰਾ ਲਿਆਓ। ਗੁਰੂ ਸਾਹਿਬ ਨੂੰ ਜੋਗੀ ਬਹੁਤ ਡੂੰਘੀ ਗੁਫਾ ਵਿੱਚ ਲੈ ਗਿਆ। ਓਥੇ ਵੱਡਾ ਖਜਾਨਾ ਮੌਜੂਦ ਸੀ: ਹੀਰੇ, ਜਵਾਹਰਾਤ, ਲਾਲ, ਸੋਨਾ, ਚਾਂਦੀ ਤੇ ਹੋਰ ਬਹੁਮੁੱਲੀਆਂ ਵਸਤਾਂ। ਜਿਵੇ ਇਹ ਵਸਤਾਂ ਗੁਰੂ ਸਾਹਿਬ ਨੂੰ ਵਿਖਾਈਆਂ ਜਾ ਰਹੀਆਂ ਸਨ ਗੁਰੂ ਸਾਹਿਬ ਨੇ ਕਹਿ ਦਿੱਤਾ ਕਿ ਇਨਾਂ ਦੇ ਦਰਸ਼ਨ ਦੀ ਸੈਨੂੰ ਜਰੂਰਤ ਨਹੀ। ਨਾਲੇ ਉਨਾਂ ਇਹ ਵੀ ਕਹਿ ਦਿੱਤਾ ਕਿ ਸਾਧੂ ਸੰਤਾਂ ਨੂੰ ਕੀ ਜਰੂਰਤ ਹੈ ਇਹ ਕੁਝ ਸਾਂਭਣ ਦੀ।

ਜੋਗੀ ਸ਼ਰਮਿੰਦਾ ਹੋਇਆ ਗੁਰੂ ਸਾਹਿਬ ਨੂੰ ਭੰਡਾਰੇ (ਸਟੋਰ ਰੂਮ) ਵਾਲੇ ਪਾਸੇ ਲੈ ਆਇਆ। ਇਹ ਵੀ ਰਸਦਾਂ ਨਾਲ ਭਰਪੂਰ ਸੀ। ਗੁਰੂ ਸਾਹਿਬ ਨੂੰ ਹੈਰਾਨੀ ਹੋਈ ਕਿ ਇਥੇ ਹਥਿਆਰਾਂ ਦਾ ਵੀ ਜਖੀਰਾ ਸੀ। ਸਾਰਾ ਕੁਝ ਬਾਦਸ਼ਾਹਾਂ ਵਾਲਾ ਵੇਖਿਆ ਗੁਰੂ ਸਾਹਿਬ ਨੇ ਟਿੱਲੇ ਤੇ।*

ਮਹਾਰਾਜਾ ਰਣਜੀਤ ਸਿੰਘ ਨੇ ਇਥੇ ਟਿੱਲੇ ਤੇ ਜੋਗੀਆਂ ਦਾ ਸਤਿਕਾਰ ਕਰਦੇ ਹੋਏ ਸਰੋਵਰ ਬਣਵਾ ਦਿੱਤਾ।

ਵਾਪਸ ਜਦੋਂ ਬਾਲ ਨਾਥ ਕੋਲ ਗੁਰੂ ਸਾਹਿਬ ਤੇ ਜੋਗੀ ਗਏ ਤੇ ਇਸ ਭੰਡਾਰੇ ਤੇ ਖਜਾਨੇ ਬਾਰੇ ਗੱਲਾਂ ਹੋਈਆਂ। ਬਾਲ ਨਾਥ ਨੇ ਕਿਹਾ ਕਿ ਅਸੀ ਕੁਝ ਵੀ ਨਹੀ ਖਰੀਦ ਦੇ। ਸਖੀ ਲੋਕ ਇਥੇ ਦਾਨ ਦਈ ਜਾ ਰਹੇ ਨੇ ਸੰਤੋਖੀ ਖਾ ਰਹੇ ਨੇ। ਆਏ ਗਏ ਸਭ ਸੰਤੁਸ਼ਟ ਜਾ ਰਹੇ ਨੇ। ਅਸੀ ਤਾਂ ਬਸ ਸੇਵਾਦਾਰ ਹਾਂ।

—◈—

ਬਾਲਨਾਥ ਕਹਿੰਦਾ "ਗੁਰੂ ਜੀ ਬਥੇਰਾ ਘੁੰਮ ਲਿਆ, ਹੁਣ ਕੋਈ ਟਿਕਾਣਾ ਬਣਾ ਕੇ ਬਹਿ ਜਾਓ ■ - ਇਸ ਮੌਕੇ ਤੇ ਬਾਲ ਨਾਥ ਨੇ ਗੁਰੂ ਸਾਹਿਬ ਨੂੰ ਸਲਾਹ ਦਿੱਤੀ ਕਿ ਤੁਸੀ ਦੁਨੀਆ ਦਾ ਭਰਮਣ ਕਰ ਰਹੇ ਹੋ ਇੱਕ ਟਿਕਾਣਾ (ਮੁਕਾਮ) ਵੀ ਬਣਾਓ। ਜਿੱਥੇ ਤੁਹਾਡੇ ਸ਼ਰਧਾਲੂ ਆਪਸ ਵਿੱਚ ਮੇਲ ਮਿਲਾਪ ਕਰ ਸਕਣ। ਇਹ ਗੱਲ ਗੁਰੂ ਸਾਹਿਬ ਨੂੰ ਨਵਾਬ ਦੌਲਤ ਖਾਂ ਲੋਧੀ ਨੇ ਵੀ ਕਹੀ ਸੀ। ਗੁਰੂ ਸਾਹਿਬ ਨੇ ਕਿਹਾ ਕਿ ਮੈਂ ਨਿਰੰਕਾਰ ਦੇ ਨਾਮ ਦਾ ਢਿੰਡੋਰਾ ਪੂਰੇ ਹਿੰਦੁਸਤਾਨ ਵਿੱਚ ਪਿੱਟ ਆਇਆ ਹਾਂ। ਬਸ ਹੁਣ ਸਨਿਆਸੀਆਂ ਵਾਲਾ ਬਾਣਾ ਲਾਹ ਦੇਵਾਂਗਾ ਤੇ ਰਹਿੰਦਾ ਪੰਜਾਬ ਦਾ ਵਿੱਚ ਵਿਚ ਗੇੜਾ ਕੱਢਾਂਗਾ।

ਬਾਲ ਨਾਥ ਨੇ ਵੀ ਗੁਰੂ ਸਾਹਿਬ ਦੇ ਚਰਨ ਚਿਨ੍ਹ ਪੱਥਰ ਤੇ ਉਕਰਵਾ ਲਏ। ਕੁਝ ਸਾਲ ਤੱਕ ਇਹ ਚਰਨ ਪਾਦੁਕਾ ਮੌਜੂਦ ਸੀ। ਹੁਣ ਪਤਾ ਨਹੀ ਬਚੀ ਹੈ ਕਿ ਨਹੀ। ਜਿਵੇ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਇਥੋਂ ਪੁਰਾਨੀਆਂ ਮੂਰਤੀਆਂ ਆਦਿ ਸਭ ਚੋਰੀ ਹੋ ਚੁੱਕੀਆ ਹਨ।

—◈—

ਚੋਆ ਸਾਹਿਬ ਰੋਹਤਾਸ

ਪਹਾੜੋਂ ਉੱਤਰ, ਜੋਗੀਆਂ ਨੂੰ ਸਰਬਵਿਆਪਕ ਨਿਰੰਕਾਰ ਦੀ ਹੋਂਦ ਦ੍ਰਿੜਾ ਅਤੇ ਨਾਮ ਨਾਲ ਜੋੜ ਕੇ ਸਾਹਿਬ 24 ਕਿ. ਮੀ ਦਾ ਪੈਂਡਾ ਤਹਿ ਕਰਕੇ ਇਤਹਾਸਿਕ ਕਸਬਾ ਰੋਹਤਾਸ ਪਹੁੰਚੇ। ਰੋਹਤਾਸ ਵੀ ਹਕੂਮਤ ਦਾ ਕੋਈ ਮਰਕਜ਼ ਸੀ। ਜਿਸ ਬਾਰੇ ਇਤਹਾਸਿਕ ਕਿਤਾਬਾਂ ਸਿਰਫ ਸ਼ੇਰ ਸ਼ਾਹ ਸੂਰੀ ਤੋ ਸ਼ੁਰੂ ਕਰਦੀਆਂ

ਪੈਂਡਾ ਸਫ਼ਾ

ਗੁਰੂ ਸਾਹਿਬ ਦਾ ਜੋਗੀਆਂ ਤੇ ਬਹੁਤ ਛੇਤੀ ਅਸਰ ਪੈਂਦਾ ਸੀ ਕਿਉਕਿ ਉਹਨਾਂ ਨੂੰ ੧ਓ ਨਿਰੰਕਾਰ ਦੀ ਹੋਂਦ ਦਾ ਗਿਆਨ ਨਹੀ ਸੀ। ਦੂਸਰੀ ਗੱਲ ਇਹ ਕਿ ਟਿੱਲਾ ਜੋਗੀਆਂ ਮੁਸਲਮਾਨ ਇਲਾਕੇ ਵਿੱਚ ਸੀ ਜਿਸ ਕਰਕੇ ਜੋਗੀ ਵੀ ਇਸਲਾਮ ਦੇ ਫੈਲਾਅ ਨੂੰ ਰੋਕਣ ਵਿੱਚ ਅਸਹਾਈ ਮਹਿਸੂਸ ਕਰ ਰਹੇ ਸਨ ਤੇ ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਅਪਣਾਉਣਾ ਉਹਨਾਂ ਦੀ ਇੱਕ ਤਰਾਂ ਨਾਲ ਜਰੂਰਤ ਵੀ ਬਣ ਗਈ ਸੀ। ਏਹੋ ਕਾਰਨ ਹੈ ਇਸ ਇਲਾਕੇ ਵਿੱਚ ਗੁਰੂ ਸਾਹਿਬ ਦੀ ਯਾਦ ਵਿੱਚ ਅੱਜ ਕੋਈ ਦਰਜਨ ਕੁ ਸਥਾਨ ਇਸ ਇਲਾਕੇ ਵਿੱਚ ਹਨ। ਜਿਵੇ ਚੋਆ ਸਾਹਿਬ, ਟਿੱਲਾ, ਮੀਰਪੁਰ, ਡਿੰਗਾ, ਚੌਟਾਲਾ, ਜਲਾਲਪੁਰ, ਹਰਨਪੁਰ, ਪਿੰਡ ਦਾਦਨ ਖਾਂ, ਜੈਸਕ, ਕਟਾਸ ਆਦਿ। ਇਹ ਸਾਰੇ ਪਿੰਡ/ਸ਼ਹਿਰ ਕਰੀਬ 40 ਕਿ.ਮੀ ਦੇ ਦਾਇਰੇ ਵਿੱਚ ਹਨ ਇਸ ਕਰਕੇ ਇਹ ਕਹਿਣਾ ਵੀ ਮੁਸ਼ਕਲ ਹੈ ਕਿ ਕਿਹੜੇ ਪਿੰਡ ਸਾਹਿਬ ਪਹਿਲਾਂ ਗਏ ਤੇ ਕਿਥੇ ਬਾਦ ਵਿਚ। ਇਥੇ ਅਸੀ ਸਿਰਫ ਅੰਦਾਜ਼ਾ ਦਿੱਤਾ ਹੈ।

* ਇਹ ਸ਼ਾਇਦ ਖਜਾਨਾ ਹੀ ਕਾਰਨ ਸੀ ਕਿ 1947 ਵਿੱਚ ਜਦੋਂ ਬਾਕੀ ਸਾਰੀ ਹਿੰਦੂ ਸਿੱਖ ਅਬਾਦੀ ਹਿਜਰਤ ਕਰਕੇ ਭਾਰਤ ਆ ਗਈ ਪਰ ਟਿੱਲੇ ਦੇ ਜੋਗੀਆਂ ਨੇ ਟਿੱਲਾ ਨਾਂ ਛੱਡਿਆ ਤੇ ਓਥੇ ਹੀ ਜੰਮੇ ਰਹੇ। ਕਿਹਾ ਜਾਂਦਾ ਹੈ ਕਿ ਇਹਨਾਂ ਦੀ ਗਿਣਤੀ ਹਜ਼ਾਰਾਂ ਵਿਚ ਸੀ। ਬਾਦ ਵਿੱਚ ਪੁਲਿਸ ਨੇ ਉਨਾਂ ਨੂੰ ਸਮਝਾ ਬੁਝਾ ਕੇ ਓਥੋਂ ਰਵਾਨਾ ਕੀਤਾ। ਇਹ ਅਗਸਤ 1947 ਤੋਂ ਕਿਤੇ ਬਾਦ ਦੀ ਗੱਲ ਹੈ।

ਅਬਦਾਲੀ ਦਾ ਹਮਲਾ ਤੇ ਮੁਕਾਮੀ ਲੋਕਾਂ ਵਲੋ ਇਸ ਥਾਂ ਦੀ ਪੁੱਟ ਪੁਟਾਈ ਦਾ ਵੀ ਇਹੋ ਕਾਰਨ ਹੈ।

ਯਾਦ ਰਹੇ 25 ਨਵੰਬਰ1947 ਨੂੰ ਇਸ ਇਲਾਕੇ ਭਾਵ ਮੀਰ ਪੁਰ ਵਿਚ ਵਿੱਚ ਵੱਡਾ ਕਤਲੇਆਮ ਵੀ ਹੋਇਆ ਸੀ। ਜਿਸ ਵਿਚ 20,000 ਸਿੱਖ ਮਾਰ ਦਿਤਾ ਗਇਆ ਸੀ ਤੇ ਕੋਈ 5000 ਔਰਤਾਂ ਤੇ ਲੜਕੀਆਂ ਨੂੰ ਅਗਵਾਹ ਕਰ ਲਿਆ ਸੀ। ਇਹ ਪਾਕਿਸਤਾਨੀ ਕਬਾਈਲੀ ਅਤੇ ਫੌਜੀਆਂ ਵਲੋਂ ਕੀਤਾ ਗਇਆ ਸੀ।

■ ਸੋਢੀ-ਦੂਜਾ: 174, ◉ ਗਿਆਨੀ-287, ○ ਗੁਰਧਾਮ ਸੰਗ੍ਰਿਹ-21

http://odysseuslahori.blogspot.com/2013/05/TillaJogian.html
https://en.wikipedia.org/wiki/1947_Mirpur_massacre



ਟਿੱਲਾ ਜੋਗੀਆਂ ਸਮੁੰਦਰੀ ਸਤਾਹ ਤੋਂ 3200 ਫੁੱਟ ਉੱਚਾ ਹੈ। ਇਹ ਫੋਟੋ ਜਲਾਲਪੁਰ ਸ਼ਰੀਫ ਤੋਂ ਲਈ ਗਈ ਹੈ ਜੋ ਟਿੱਲੇ ਤੋਂ 22 ਕਿ. ਮੀ ਹਟਵਾ ਹੈ।

ਹਨ ਕਿ ਸੂਰੀ ਨੇ ਓਥੇ ਕਿਲ੍ਹਾ ਬਣਵਾਇਆ। ਦਰ ਅਸਲ ਸੂਰੀ ਤੋਂ ਪਹਿਲਾਂ ਵੀ ਇਥੇ ਕੋਈ ਛੋਟਾ ਮੋਟਾ ਹੁਕਮਰਾਨ ਸੀ। ਅੰਦਾਜ਼ਾ ਹੈ ਕਿ ਭਿੰਬਰ ਦੇ ਰਾਜਪੂਤ ਰਾਜਿਆਂ ਦਾ ਹੀ ਇਥੇ ਕੋਈ ਛੋਟਾ ਮੋਟਾ ਕਿਲ੍ਹਾ ਆਦਿ ਹੋਵੇਗਾ।

ਜਦੋਂ ਗੁਰੂ ਸਾਹਿਬ ਇਥੇ ਆਏ ਇੱਕ ਜੈਨ ਸਾਧੂ ਮਾਣਕ ਚੰਦ ਦੀ ਇਲਾਕੇ ਵਿੱਚ ਚਰਚਾ ਸੀ। ਗੁਰੂ ਸਾਹਿਬ ਉਸ ਦੇ ਡੇਰੇ ਤੇ ਗਏ ਨਿਰੰਕਾਰ ਦੀ ਹੋਂਦ ਦਾ ਗਿਆਨ ਕਰਵਾਇਆ ਅਤੇ ਦੱਸਿਆ ਕਿ ਰੱਬ ਦੇ ਜਗਿਆਸੂਆਂ ਨੂੰ ਸਤਿਨਾਮ ਵਡਿਆਈਆਂ ਦੇ ਲੜ ਲੱਗਣਾ ਚਾਹੀਦਾ। ਕਿਉਂਕਿ ਭਾਰਤ ਭਰਮਣ ਦੌਰਾਨ ਗੁਰੂ ਸਾਹਿਬ ਕਈ ਥਾਈਂ ਜੈਨੀ ਸਾਧੂਆਂ ਨੂੰ ਪਹਿਲਾਂ ਹੀ ਮਿਲ ਚੁੱਕੇ ਸਨ। ਮਾਣਕ ਚੰਦ ਛੇਤੀ ਹੀ ਗੁਰੂ ਸਾਹਿਬ ਦੇ ਚਰਨੀ ਲੱਗ ਗਿਆ ਤੇ ਇਲਾਕੇ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ।

ਜਦੋਂ ਗੁਰੂ ਸਾਹਿਬ ਇਥੇ ਪਧਾਰੇ ਲੋਕਾਂ ਨੂੰ ਪਾਣੀ ਲੈਣ ਦੂਰ ਜਾਣਾ ਪੈਂਦਾ ਸੀ ਜਾਂ ਬਰਸਾਤ ਦਾ ਪਾਣੀ ਇਕੱਠਾ ਕਰਕੇ ਰੱਖਦੇ ਸਨ। ਓਥੇ ਪਹਾੜੀ ਤੇ ਗੁਰੂ ਸਾਹਿਬ ਨੇ ਸੋਟੀ ਮਾਰ ਕੇ ਇਸ਼ਾਰਾ ਦਿੱਤਾ ਕਿ ਇਥੋਂ ਪੁਟੋ। ਥੋੜਾ ਹੀ ਪੁਟਣ ਤੇ ਨਿਰਮਲ ਜਲ ਦਾ ਸੋਮਾ ਫੁੱਟ ਪਿਆ ਜੋ ਅੱਜ ਤੱਕ ਜਾਰੀ ਹੈ। ਇਹ ਚਸ਼ਮਾ ਕਿਲ੍ਹੇ ਦੇ ਕਾਬਲੀ ਦਰਵਾਜੇ ਕੋਲ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਹੁਕਮ ਤਹਿਤ ਇਥੇ ਫਿਰ ਸੰਨ 1834 ਈ. 'ਚ ਬਹੁਤ ਹੀ ਆਲੀਸ਼ਾਨ ਗੁਰਦੁਆਰਾ ਬਣਾਇਆ ਗਿਆ। ਜੋ ਅੱਜ ਵੀ ਮੌਜੂਦ ਹੈ। ਗੁਰਦੁਆਰਾ ਸਾਹਿਬ ਦੇ ਨਾਲ ਹੀ ਇਤਹਾਸਕ ਚਸ਼ਮਾ ਤੇ ਸਰੋਵਰ ਹੈ। ਚੋਆ ਸਾਹਿਬ ਗੁਰਦੁਆਰੇ ਤੋਂ ਅੱਧਾ ਕਿ. ਮੀ ਹਟਵਾ ਘਾਣ ਨਾਂ ਦਾ ਨਾਲਾ ਵਹਿੰਦਾ ਹੈ। ਪਾਕਿਸਤਾਨ ਸਰਕਾਰ ਨੇ ਅੱਜ ਕਲ੍ਹ ਹੀ (ਭਾਵ 2019 ਵਿਚ) ਗੁਰਦੁਆਰਾ ਸਾਹਿਬ ਦੀ ਮਾੜੀ ਮੋਟੀ ਕਾਰ ਸੇਵਾ ਕਰਵਾਈ ਹੈ।

ਗੁਰੂ ਸਾਹਿਬ ਦੀ ਇਸ ਇਲਾਕੇ ਨੂੰ ਬਖਸ਼ਸ਼ ਕਰਕੇ ਇਥੇ ਸਿੱਖਾਂ ਦੀ ਵੱਡੀ ਸੰਗਤ ਹੋਈ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਮਹਿਲ ਮਾਤਾ ਸਾਹਿਬ ਕੌਰ ਵੀ ਇਸੇ ਸ਼ਹਿਰ ਤੋਂ ਹੀ ਸਨ ਜਿੰਨਾਂ ਨੂੰ ਖਾਲਸੇ ਦੀ ਮਾਤਾ ਹੋਣ ਦਾ ਮਾਣ ਹਾਸਲ ਹੈ।

ਭਿੰਬਰ– ਰੋਹਤਾਸ ਤੋਂ ਕੋਈ 50 ਕਿ. ਮੀ ਪੂਰਬ ਚਲ ਕੇ ਗੁਰੂ ਸਾਹਿਬ ਭਿੰਬਰ ਗਏ। ਕਿਉਕਿ ਗੁਰੂ ਸਾਹਿਬ ਨੂੰ ਪਤਾ ਲੱਗਾ ਸੀ

ਚੋਆ ਸਾਹਿਬ ਰੋਹਤਾਸ। ਗੁਰੂ ਸਾਹਿਬ ਦੇ ਜਾਰੀ ਕੀਤੇ ਚਸ਼ਮੇ ਤੋਂ ਬਣਾਇਆ ਸਰੋਵਰ।

ਕਿ ਓਥੋਂ ਦਾ ਜਵਾਨ ਰਾਜਾ ਧਰਮ ਚੰਦ ਕਟੋਚ ਬੜਾ ਕੱਟੜ, ਹੰਕਾਰੀ ਅਤੇ ਅਨਿਆਈ ਹੈ। ਗੁਰੂ ਸਾਹਿਬ ਨੇ ਭਿੰਬਰ ਪਹੁੰਚ ਉਨ੍ਹੂੰ ਰਾਹੇ ਪਾਉਣਾ ਚਾਹਿਆ। ਇਸ ਰਾਜੇ ਤੇ ਗੁਰੂ ਸਾਹਿਬ ਦੀਆਂ ਸਿਖਿਆਵਾਂ ਨੇ ਡੂੰਘਾ ਅਸਰ ਕੀਤਾ। ਹੁਣ ਉਹ ਫਿਰਕਾਪ੍ਰਸਤ ਕਿਸਮ ਦਾ ਹੁਕਮਰਾਨ ਨਹੀ ਸੀ ਰਹਿ ਗਇਆ। ਬਾਦ ਵਿੱਚ ਵਕਤ ਪਾ ਕੇ ਬਾਬਰ ਬਾਦਸ਼ਾਹ ਨੇ ਆਪਣੀ ਧੀ ਦਾ ਡੋਲਾ ਇਨ੍ਹੂੰ ਦੇ ਦਿੱਤਾ। ਵਿਆਹ ਕਾਰਨ ਇਹਦਾ ਨਾਂ ਵੀ ਬਦਲ ਕੇ ਸ਼ਾਦੀ ਖਾਂ ਕਰ ਦਿੱਤਾ। ਹੌਲੀ ਹੌਲੀ ਇਹਦਾ ਸਾਰਾ ਪ੍ਰਵਾਰ ਮੁਸਲਮਾਨ ਹੀ ਹੋ ਗਿਆ। ਬਾਦ ਇਹਨੇ ਹਮਾਯੂ ਦੀ ਭਤੀਜੀ ਭਾਵ ਪੀਰ ਹੈਬਤ ਦੀ ਧੀ ਨਾਲ ਵੀ ਸ਼ਾਦੀ ਕਰ ਲਈ ਤੇ ਬਾਦ ਵਿੱਚ ਪੀਰ ਹੈਬਤ ਨੇ ਹੀ ਇਨ੍ਹੂੰ ਮਾਰ ਦਿੱਤਾ। ਸਾਹਿਬ ਦੀ ਆਮਦ ਦੀ ਯਾਦ ਵਿਚ ਇਥੇ ਗੁਰਦੁਆਰਾ ਸਾਹਿਬ ਵੀ ਹੁੰਦਾ ਸੀ।*

ਜੇਹਲਮ ਸ਼ਹਿਰ- ਕੁਦਰਤੀ ਹੈ ਭਿੰਬਰ ਨੂੰ ਜਾਂਦਿਆਂ ਗੁਰੂ ਸਾਹਿਬ ਜਿਹਲਮ ਸ਼ਹਿਰ ਰਸਤੇ ਹੀ ਗਏ। ਪਰ ਬਦਕਿਸਮਤੀ ਨਾਲ ਗੁਰੂ ਸਾਹਿਬ ਦੀ ਜਿਹਲਮ ਫੇਰੀ ਬਾਰੇ ਸਾਨੂੰ ਇਤਹਾਸ ਵਿਚੋਂ ਕੋਈ ਜਿਕਰ ਨਹੀ ਮਿਲਿਆ, ਹਾਲਾਂ ਇਤਹਾਸਿਕ ਤੌਰ ਤੇ ਇਹ ਬਹੁਤ ਹੀ ਮਹੱਤਵਪੂਰਨ ਸਥਾਨ ਰਿਹਾ ਹੈ। ਯੂਨਾਨੀ ਬਾਦਸ਼ਾਹ ਸਿਕੰਦਰ ਦੀ ਪੋਰਸ ਜਿਹੇ ਪੰਜਾਬੀ ਰਾਜਿਆ ਨਾਲ ਲੜਾਈ ਵੀ ਇਥੇ ਹੀ ਹੋਈ ਸੀ। ◘



ਰੋਹਤਾਸ ਦੇ ਨਾਲ ਹੀ (ਮਸਾਂ 3 ਕਿ.ਮੀ) ਇਕ ਹਿੰਦੂ ਮੰਦਰ ਦੇ ਖੰਡਰਾਤ ਮੌਜੂਦ ਨੇ ਜਿਸ ਦੀ ਅਮੀਰ ਬਣਤਰ ਦੱਸਦੀ ਹੈ ਕਿ ਕਿਵੇ ਇਥੇ ਵੀ ਹਿੰਦੂਮਤ ਦੀ ਕਦੀ ਵੱਡੀ ਚੜ੍ਹਤ ਸੀ। ਸਾਹਿਬ ਇਥੇ ਵੀ ਆਏ ਹੀ ਹੋਣਗੇ।

1000 ਸਾਲ ਪੁਰਾਣਾ ਕਿਲਾ ਨੰਦਨਾ ਦਾ ਮੰਦਰ। ਹੋ ਸਕਦੈ ਗੁਰੂ ਸਾਹਿਬ ਵੀ ਆਏ ਹੋਣ।

ਭਿੰਬਰ ਵਲੋਂ ਪਰਤਦਿਆ ਸਾਹਿਬ ਜਿਹਲਮ ਦਰਿਆ ਪਾਰ ਕਰਕੇ ਪਿੰਡ ਦਾਦਨ ਖਾਂ ਵਲ ਚਲ ਰਹੇ ਸਨ। ਅੱਗੇ ਵੱਡਾ ਪਿੰਡ ਜਲਾਲਪੁਰ ਆਇਆ। ਇਥੇ ਵੀ ਗੁਰੂ ਸਾਹਿਬ ਦੀ ਯਾਦਗਾਰ ਹੁੰਦੀ ਸੀ।○ ਪਰ ਹੁਣ ਪਤਾ ਲੱਗਦਾ ਹੈ ਕਿ ਲੋਕਾਂ ਨੇ ਗੁਰਦੁਆਰੇ ਵਾਲੀ ਥਾਂ ਤੇ ਰਹਾਇਸ਼ਾਂ ਬਣਾਂ ਲਈਆਂ ਨੇ। ਇਸ ਸ਼ਹਿਰ ਵਿੱਚ ਵੀ ਸਾਹਿਬ ਨੇ ਕੋਈ ਕੌਤਕ ਕੀਤਾ ਜੋ ਇਤਹਾਸ ਸਾਂਭ ਨਹੀ ਸਕਿਆ। ਇਹ ਉਹ ਸ਼ਹਿਰ ਹੈ ਜਿੱਥੇ ਬਾਦਸ਼ਾਹ ਸਿਕੰਦਰ ਦਾ ਪਿਆਰਾ ਘੋੜਾ ਮਰ ਗਿਆ ਸੀ। ਇਥੇ ਉਸ ਘੋੜੇ ਦੀ ਕਬਰ ਹੁੰਦੀ ਸੀ।

ਇਸ ਤੋਂ ਅੱਗੇ ਬਾਬਾ ਜੀ ਜਿਹਲਮ ਦਰਿਆ ਦੇ ਨਾਲ ਨਾਲ ਪੱਛਮ ਨੂੰ ਗਏ ਜਿੱਥੇ ਅੱਜ ਪਿੰਡ ਹਰਨਪੁਰ ਹੈ। ਇਥੇ ਗੁਰੂ ਹਰਗੋਬਿੰਦ ਸਾਹਿਬ ਨੇ ਵੀ ਚਰਨ ਪਾਏ ਸਨ।○ ਹਾਲਾਂ ਇਹ ਪਿੰਡ ਬਾਦਸ਼ਾਹ ਜਹਾਂਗੀਰ ਨੇ ਬੱਧਾ ਸੀ ਜਿੱਥੇ ਉਸ ਦੇ ਸਾਥੀ ਨੇ ਹਰਨ ਦਾ ਸ਼ਿਕਾਰ ਕੀਤਾ। ਹੋ ਸਕਦਾ ਪਹਿਲਾਂ ਅਬਾਦੀ ਦਾ ਨਾਂ ਕੁਝ ਹੋਰ ਹੋਵੇ।

ਜਿਹਲਮ ਦੇ ਨਾਲ ਨਾਲ ਹੀ 12 ਕਿ. ਮੀ ਦਾ ਪੈਂਡਾ ਕਰਕੇ ਸਾਹਿਬ ਪਿੰਡ ਦਾਦਨ ਖਾਂ ਪਹੁੰਚੇ। ਜਿੱਥੇ ਗੁਰੂ ਸਾਹਿਬ ਨੇ ਰਾਤ ਬਿਤਾਈ ਓਥੇ ਹਾਜੀਆਂ ਦਾ ਇੱਕ ਜੱਥਾ ਵੀ ਠਹਿਰਿਆ ਹੋਇਆ ਸੀ। ਓਹ ਮੱਕੇ ਵਲ ਜਾ ਰਹੇ ਸਨ। ਮਰਦਾਨੇ ਦਾ ਵੀ ਜੀਅ ਕਰ ਆਇਆ ਕਿ ਮੱਕੇ ਦਾ ਹੱਜ ਵੀ ਕਰ ਲਿਆ ਜਾਵੇ। ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਭਾਈ ਹੌਸਲਾ ਰੱਖ ਤੈਨੂੰ ਮੱਕੇ ਵੀ ਲੈ ਕੇ ਜਾਵਾਂਗੇ।○

ਸਾਹਿਬ ਦੀ ਆਮਦ ਦਾ ਜਿਕਰ ਤਾਂ ਹੈ ਪਰ 1933 ਈ. ਤੱਕ ਇਥੇ ਕੋਈ ਯਾਦਗਾਰੀ ਗੁਰਦੁਆਰਾ ਨਹੀ ਸੀ।■

ਕਟਾਸਰਾਜ ਧਰਤੀ ਦੀ ਅੱਖ

ਪਿੰਡ ਦਾਦਨ ਖਾਂ ਤੋਂ 26 ਕਿ. ਮੀ. ਦਾ ਪੈਡਾ ਕਰਕੇ ਅਪਰੈਲ 1521 (ਵਸਾਖੀ, ਸੰਮਤ 1578) ਨੂੰ ਗੁਰੂ ਸਾਹਿਬ ਪ੍ਰਸਿੱਧ ਹਿੰਦੂ ਤੀਰਥ ਅਸਥਾਨ ਕਟਾਸਰਾਜ ਪਹੁੰਚੇ।

✚ ਸਾਈਕਲ ਯਾਤਰੀ ਅਨੁਸਾਰ (1933 ਈ) ਗੁਰੂ ਸਾਹਿਬ ਦਾ ਯਾਦਗਾਰੀ ਸਥਾਨ ਬਾਰਾਦਰੀ ਕਰਕੇ ਮਸ਼ਹੂਰ ਹੈ ਜੋ ਜਲ-ਕੁੰਡ ਦੇ ਸੱਜੇ ਹੱਥ ਹੈ ਮਤਲਬ ਕਟਾਸਰਾਜ ਕੁੰਡ ਦੇ ਚੜ੍ਹਦੇ ਪਾਸੇ ਕੰਢੇ ਤੇ ਟਾਹਲੀ ਦੇ ਰੁੱਖ ਹੇਠ। "ਗੁਰੂ ਗ੍ਰੰਥ ਸਾਹਿਬ ਤਾਂ ਮੌਜੂਦ ਹੈ ਪਰ ਪ੍ਰਕਾਸ਼ ਕਦੀ ਕਦਾਈ ਹੀ ਹੁੰਦਾ ਹੈ। ਇਹ ਗੁਰਦੁਆਰਾ ਭਾਈ ਪਰਾਗਾ ਭਾਈ ਮਤੀ ਦਾਸ ਦੀ ਓਲਾਦ ਭਾਵ ਕੜਿਆਲੇ ਵਾਲੇ ਪੰਡਤਾਂ ਦੇ ਕਬਜੇ ਹੇਠ ਹੈ।"

ਪਿੰਡ ਦਾਦਨ ਖਾਂ ਦਾ ਇਕ ਮੰਦਰ

ਇਹ ਹਿੰਦੂਆਂ ਦੇ 52 ਸ਼ਕਤੀ ਪੀਠਾਂ ਵਿਚੋਂ ਇੱਕ ਹੈ ਜਿੰਨਾਂ ਬਾਰੇ ਵਿਸਥਾਰ ਨਾਲ ਜਿਕਰ ਪੰਨਾ 151 ਤੇ ਆ ਚੁੱਕਾ ਹੈ। ਹਿੰਦੂ ਮਿਥਹਾਸ ਅਨੁਸਾਰ ਇਸ ਅਸਥਾਨ ਤੇ ਆ ਕੇ ਭਗਵਾਨ ਸ਼ਿਵ ਜੀ ਨੇ ਪਾਰਬਤੀ ਦੀ ਮੌਤ ਤੇ ਅਥਰੂ ਵਗਾਏ ਸਨ। ਇਥੋਂ ਦਾ ਤਲਾਬ ਉਨਾਂ ਅਥਰੂਆਂ ਦਾ ਪ੍ਰਤੀਕ ਗਿਣਿਆ ਜਾਂਦਾ ਹੈ। ਜਿਵੇ ਕਿ ਪੰਜਾਬ ਦੇ ਦੁਆਲੇ ਦੇ ਸਾਰੇ ਪਹਾੜੀ ਧਾਰਮਿਕ ਅਸਥਾਨਾਂ ਦੀ ਕਥਾ ਹੈ ਇਸ ਅਸਥਾਨ ਨੂੰ ਵੀ ਪਾਂਡਵਾ ਨਾਲ ਜੋੜਿਆ ਜਾਂਦਾ ਹੈ।

ਕਟਾਸ ਰਾਜ ਨੂੰ ਹਿੰਦੂ ਲੋਕ ਧਰਤੀ ਦੀ ਸੱਜੀ ਅੱਖ ਮੰਨਦੇ ਹਨ ਜਦੋਂ ਕਿ ਖੱਬੀ ਅੱਖ ਰਾਜਸਥਾਨ ਦਾ ਪੁਸ਼ਕਰ ਰਾਜ ਹੈ। ਮਤਲਬ ਹਿੰਦੂ ਮਿਥਹਾਸ ਮੁਤਾਬਿਕ ਇਥੇ ਪਾਰਬਤੀ ਦੀ ਸੱਜੀ ਅੱਖ ਡਿੱਗੀ ਸੀ।

ਇਤਹਾਸਕਾਰਾਂ ਅਨੁਸਾਰ ਇਹ ਵੀ ਮੂਲ ਵਿੱਚ ਬੋਧੀ ਅਸਥਾਨ ਹੀ ਸੀ। ਇਥੇ ਮੰਦਰਾਂ ਦੇ ਲਾਗੇ ਹੀ ਬੋਧੀ ਸਤੂਪ ਦੀ ਨੀਂਹ ਜਾਂ ਅਧਾਰ ਵੀ ਹੁਣ ਨੰਗਾ ਹੋ ਚੁੱਕਾ ਹੈ। ਅਫਗਾਨਿਸਤਾਨ ਦੇ ਸ਼ਾਹੀ ਖਾਨਦਾਨ ਦੇ ਰਾਜਿਆਂ ਨੇ ਇਥੇ ਬਹੁਤ ਹੀ ਸ਼ਾਨਦਾਰ ਮੰਦਰ ਬਣਵਾਏ।

ਇਸ ਅਸਥਾਨ ਤੇ ਗੁਰੂ ਸਾਹਿਬ ਦੇ ਪਹੁੰਚਣ ਤੇ ਪਾਂਡਿਆਂ ਨੇ ਉਨਾਂ ਦਾ ਸਵਾਗਤ ਕੀਤਾ ਤੇ ਜਿਵੇ ਹਰ ਥਾਂ ਹੁੰਦਾ ਸੀ ਜਗਰਾਤਾ

ਗੁਰੁਦਆਰਾ ਸਾਹਿਬ ਕਟਾਸਰਾਜ (ਸਾਈਕਲ ਯਾਤਰੀ :20 ਨਵੰਬਰ 1933)

ਪੈਂਡਾ ਸਫਾ

✚ ਇਹ ਨਿਸ਼ਚੇ ਨਾਲ ਕੁਝ ਨਹੀ ਕਿਹਾ ਜਾ ਸਕਦਾ ਕਿ ਸਾਹਿਬ ਰੋਹਤਾਸ ਤੋਂ ਕਿੱਧਰ ਨੂੰ ਨਿਕਲੇ। ਅੰਦਾਜ਼ੇ ਹੀ ਹਨ।

◘ ਜਿਹਲਮ ਫੇਰੀ ਬਾਬਤ ਤਾਂ ਅੰਦਾਜ਼ੇ ਹੀ ਲਗਾਏ ਜਾ ਸਕਦੇ ਹਨ। ਇਹ ਤਾਂ ਸਬੂਤ ਮਿਲਦਾ ਹੈ ਕਿ ਸਾਹਿਬ ਨੇ ਇਹ ਇਲਾਕਾ ਚੰਗੀ ਤਰਾਂ ਗਾਹਿਆ ਸੀ। ਸੋ ਕੁਦਰਤੀ ਹੈ ਉਹਨਾਂ ਨੇ ਜੇਹਲਮ ਜਿਹੇ ਮਹੱਤਵਪੂਰਨ ਸ਼ਹਿਰ ਨੂੰ ਨਹੀ ਛੱਡਿਆ ਹੋਵੇਗਾ। ਭਿੰਬਰ ਆਮਦ ਬਾਰੇ ਗਿਆਨੀ ਨੇ ਵੀ ਲਿਖਿਆ ਹੈ।

○ ਬਰਵਾਲਾ-54/55 (ਹਰਨ ਪੁਰ ਦੀ ਥਾਂ ਰਤਨਪੁਰ ਲਿਖ ਦਿਤਾ ਹੈ)

■ ਸਾਈਕਲ ਯਾਤਰੀ -764, ✚ ਸਾਈ. ਯਾਤਰੀ -776, *ਬਰਵਾਲਾ-72

ਕੀਤਾ ਗਿਆ ਜਿਸ ਵਿੱਚ ਗੁਰੂ ਸਾਹਿਬ ਨੇ ਪੱਥਰ ਪੂਜਣ ਦੇ ਵਿਰੁਧ ਤੇ ਗੁਰੂ ਦੀ ਮਹਿਮਾ ਤੇ ਜੋਰ ਦਿੱਤਾ। ਬਣ ਰਹੇ ਧਾਰਮਿਕ ਤੇ ਰਾਜਨੀਤਕ ਹਾਲਾਤਾਂ ਬਾਰੇ ਪੰਡਿਆਂ ਨੂੰ ਸੁਚੇਤ ਕੀਤਾ।

ਮਰਦਾਨੇ ਦੀ ਰਬਾਬ ਤੇ ਹੇਠ ਸੋਭਾਵਾਨ ਸ਼ਬਦ ਏਥੇ ਹੀ ਉਚਾਰਨ ਕੀਤਾ। ਹੋਰ ਵੀ ਬਾਣੀ ਇਥੇ ਕਹੀ।

ਮਾਰੂ ਮਹਲਾ ੧ ॥ ਦਰਸਨੁ ਪਾਵਾ ਜੇ ਤੁਧੁ ਭਾਵਾ ॥ ਭਾਇ ਭਗਤਿ ਸਾਚੇ ਗੁਣ ਗਾਵਾ ॥ ਤੁਧੁ ਭਾਣੇ ਤੂ ਭਾਵਹਿ ਕਰਤੇ ਆਪੇ ਰਸਨ ਰਸਾਇਦਾ ॥੧॥ ਸੋਹਨਿ ਭਗਤ ਪ੍ਰਭੂ ਦਰਬਾਰੇ ॥ ਮੁਕਤੁ ਭਏ ਹਰਿ ਦਾਸ ਤੁਮਾਰੇ ॥ ਆਪੁ ਗਵਾਇ ਤੇਰੈ ਰੰਗਿ ਰਾਤੇ ਅਨਦਿਨੁ ਨਾਮੁ ਧਿਆਇਦਾ ॥੨॥ ਈਸਰੁ ਬ੍ਰਹਮਾ ਦੇਵੀ ਦੇਵਾ ॥ ਇੰਦ੍ਰ ਤਪੇ ਮੁਨਿ ਤੇਰੀ ਸੇਵਾ ॥ ਜਤੀ ਸਤੀ ਕੇਤੇ ਬਨਵਾਸੀ ਅੰਤੁ ਨ ਕੋਈ ਪਾਇਦਾ ॥੩॥ ਵਿਣੁ ਜਾਣਾਏ ਕੋਇ ਨ ਜਾਣੈ ॥ ਜੋ ਕਿਛੁ ਕਰੇ ਸੁ ਆਪਣ ਭਾਣੈ ॥ ਲਖ ਚਉਰਾਸੀਹ ਜੀਅ ਉਪਾਏ ਭਾਣੈ ਸਾਹ ਲਵਾਇਦਾ ॥੪॥ ਜੋ ਤਿਸੁ ਭਾਵੈ ਸੋ ਨਿਹਚਉ ਹੋਵੈ ॥ ਮਨਮੁਖ ਆਪੁ ਗਣਾਏ ਰੋਵੈ ॥ ਨਾਵਹੁ ਭੁਲਾ ਠਉਰ ਨ ਪਾਏ ਆਇ ਜਾਇ ਦੁਖੁ ਪਾਇਦਾ ॥੫॥ ਨਿਰਮਲ ਕਾਇਆ ਊਜਲ ਹੰਸਾ ॥ ਤਿਸੁ ਵਿਚਿ ਨਾਮੁ ਨਿਰੰਜਨ ਅੰਸਾ ॥ ਸਗਲੇ ਦੂਖ ਅੰਮ੍ਰਿਤੁ ਕਰਿ ਪੀਵੈ ਬਾਹੁੜਿ ਦੂਖੁ ਨ ਪਾਇਦਾ ॥੬॥ ਬਹੁ ਸਾਦਹੁ ਦੁਖੁ ਪਰਾਪਤਿ ਹੋਵੈ ॥ ਭੋਗਹੁ ਰੋਗ ਸੁ ਅੰਤਿ ਵਿਗੋਵੈ ॥ ਹਰਖਹੁ ਸੋਗੁ ਨ ਮਿਟਈ ਕਬਹੂ ਵਿਣੁ ਭਾਣੇ ਭਰਮਾਇਦਾ ॥੭॥ ਗਿਆਨ ਵਿਹੂਣੀ ਭਵੈ ਸਬਾਈ ॥ ਸਾਚਾ ਰਵਿ ਰਹਿਆ ਲਿਵ ਲਾਈ ॥ ਨਿਰਭਉ ਸਬਦੁ ਗੁਰੂ ਸਚੁ ਜਾਤਾ ਜੋਤੀ ਜੋਤਿ ਮਿਲਾਇਦਾ ॥੮॥ ਅਟਲੁ ਅਡੋਲੁ ਅਤੋਲੁ ਮੁਰਾਰੇ ॥ ਖਿਨ ਮਹਿ ਢਾਹਿ ਫੇਰਿ ਉਸਾਰੇ ॥ ਰੂਪੁ ਨ ਰੇਖਿਆ ਮਿਤਿ ਨਹੀ ਕੀਮਤਿ ਸਬਦਿ ਭੇਦਿ ਪਤੀਆਇਦਾ ॥੯॥ ਹਮ ਦਾਸਨ ਕੇ ਦਾਸ ਪਿਆਰੇ ॥ ਸਾਧਿਕ ਸਾਚ ਭਲੇ ਵੀਚਾਰੇ ॥ ਮੰਨੇ ਨਾਉ ਸੋਈ ਜਿਣਿ ਜਾਸੀ ਆਪੇ ਸਾਚੁ ਦ੍ਰਿੜਾਇਦਾ ॥੧੦॥ ਪਲੈ ਸਾਚੁ ਸਚੇ ਸਚਿਆਰਾ ॥ ਸਾਚੇ ਭਾਵੈ ਸਬਦੁ ਪਿਆਰਾ ॥ ਤ੍ਰਿਭਵਣਿ ਸਾਚੁ ਕਲਾ ਧਰਿ ਥਾਪੀ ਸਾਚੇ ਹੀ ਪਤੀਆਇਦਾ ॥੧੧॥ ਵਡਾ ਵਡਾ ਆਖੈ ਸਭੁ ਕੋਈ ॥ ਗੁਰ ਬਿਨੁ ਸੋਝੀ ਕਿਨੈ ਨ ਹੋਈ ॥ ਸਾਚਿ ਮਿਲੈ ਸੋ ਸਾਚੇ ਭਾਏ ਨਾ ਵੀਛੁੜਿ ਦੁਖੁ ਪਾਇਦਾ ॥੧੨॥ ਧੁਰਹੁ ਵਿਛੁੰਨੇ ਧਾਹੀ ਰੁੰਨੇ ॥ ਮਰਿ ਮਰਿ ਜਨਮਹਿ ਮੁਹਲਤਿ ਪੁੰਨੇ ॥ ਜਿਸੁ ਬਖਸੇ ਤਿਸੁ ਦੇ ਵਡਿਆਈ ਮੇਲਿ ਨ ਪਛੋਤਾਇਦਾ ॥੧੩॥ ਆਪੇ ਕਰਤਾ ਆਪੇ ਭੁਗਤਾ ॥ ਆਪੇ ਤ੍ਰਿਪਤਾ ਆਪੇ ਮੁਕਤਾ ॥ ਆਪੇ ਮੁਕਤਿ ਦਾਨੁ ਮੁਕਤੀਸਰੁ ਮਮਤਾ ਮੋਹੁ ਚੁਕਾਇਦਾ ॥੧੪॥ ਦਾਨਾ ਕੈ ਸਿਰਿ ਦਾਨੁ ਵੀਚਾਰਾ ॥ ਕਰਣ ਕਾਰਣ ਸਮਰਥੁ ਅਪਾਰਾ ॥ ਕਰਿ ਕਰਿ ਵੇਖੈ ਕੀਤਾ ਅਪਣਾ ਕਰਣੀ ਕਾਰ ਕਰਾਇਦਾ ॥੧੫॥ ਸੇ ਗੁਣ

ਕਟਾਸਰਾਜ (ਤਸਵੀਰ ਫੈਜਾਨ ਨਕਵੀ)

ਗਾਵਹਿ ਸਾਚੇ ਭਾਵਹਿ ॥ ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ ॥ ਨਾਨਕੁ ਸਾਚੁ ਕਹੈ ਬੇਨੰਤੀ ਮਿਲਿ ਸਾਚੇ ਸੁਖੁ ਪਾਇਦਾ ॥

ਜਿਸ ਮੰਦਰ ਵਿੱਚ ਗੁਰੂ ਸਾਹਿਬ ਨੇ ਨਿਵਾਸ ਕੀਤਾ ਵਕਤ ਪਾ ਕੇ ਉਸ ਨੂੰ ਦੁਬਾਰਾ ਉਸਾਰਿਆ ਗਿਆ ਤੇ ਉਪਰਲੀ ਮੰਜਲ ਗੁਰੂ ਸਾਹਿਬ ਦੀ ਯਾਦ ਨੂੰ ਸਮਰਪਤ ਕੀਤੀ ਗਈ।

ਕਟਾਸਰਾਜ ਵਿਖੇ ਮੌਜੂਦ ਬੋਧੀ ਸਤੂਪ ਦੇ ਖੰਡਰਾਤ ਸਾਬਤ ਕਰਦੇ ਹਨ ਕਿ ਕਟਾਸ ਮੂਲ ਵਿਚ ਬੋਧੀ ਵਿਹਾਰ ਹੀ ਸੀ। ਵਿਦਵਾਨਾਂ ਨੇ ਉਂਜ ਵੀ ਸਾਬਤ ਕਰ ਰੱਖਿਆ ਹੈ ਕਿ ਮਾਤਾ ਪਾਰਬਤੀ ਵਾਲੀ ਕਹਾਣੀ ਬੁੱਧਮਤ ਤੋਂ ਹੀ ਆਉਦੀ ਹੈ।

ਕਟਾਸਰਾਜ ਤੋਂ 26 ਕਿ. ਮੀ. ਚੜ੍ਹਦੇ ਪਾਸੇ ਕਿਲਾ ਨੰਦਨਾ ਹੈ, ਨੇੜੇ ਬਾਗਾਂਵਾਲੀ ਹੈ ਜਿੱਥੇ ਸੰਨ 1008 ਈ ਨੂੰ ਬਹਿ ਪ੍ਰਸਿਧ ਇਤਹਾਸਕਾਰ ਅਲਬਿਰੂਨੀ ਨੇ ਧਰਤੀ ਦਾ ਵਿਆਸ ਨਾਪਿਆ ਸੀ। ਉਹ ਮਹਿਮੂਦ ਗਜਨਵੀ ਨਾਲ ਈਰਾਨ ਤੋਂ ਆਇਆ ਸੀ। ਉਹਦੀ ਕਿਤਾਬ ' ਕਿਤਾਬ ਉਲ ਹਿੰਦ' ਹਿੰਦੁਸਤਾਨ ਦੇ ਇਤਹਾਸ ਦਾ ਚਾਨਣ ਮੁਨਾਰਾ ਗਿਣੀ ਜਾਂਦੀ ਹੈ। ਇਥੋਂ ਦਾ ਹੀ 100 ਸਾਲ ਪੁਰਾਣਾ ਮੰਦਰ ਪੁਰਾਤਤਵ ਵਿਦਵਾਨਾਂ ਲਈ ਖਾਸ ਖਿੱਚ ਦਾ ਕੇਦਂਰ ਹੈ। ਉਮੀਦ ਹੈ ਗੁਰੂ ਸਾਹਿਬ ਵੀ ਇਥੇ ਗਏ ਹੋਣਗੇ ਕਿਉਕਿ ਉਂਜ ਵੀ ਉਹਨਾਂ ਦੇ ਰਸਤੇ ਤੇ ਹੀ ਪੈਂਦਾ ਸੀ: ਕੜਿਆਲੇ ਤੋਂ ਸਿੱਧਾ 7 ਕਿ. ਮੀ.।

ਕਟਾਸ ਤੋਂ ਵਾਪਸ ਪਿੰਡ ਦਾਦਨ ਖਾਂ ਤੇ ਉਥੋਂ ਫਿਰ ਸਾਹਿਬ ਜਿਹਲਮ ਦੇ ਕੰਢੇ ਕੰਢੇ ਚਲਦੇ ਹੋਏ ਕੁਲ 65 ਕਿ. ਮੀ. ਦਾ ਸਫਰ ਕਰਕੇ ਇਤਹਾਸਿਕ ਸ਼ਹਿਰ ਭੇਰਾ ਪਹੁੰਚੇ।■ ਭੇਰੇ ਦਾ ਇਤਹਾਸ ਬਾਦਸ਼ਾਹ ਸਿਕੰਦਰ ਨਾਲ ਜਾ ਜੁੜਦਾ। ਕਿਸੇ ਵੇਲੇ ਇਹ ਵੀ ਰਾਜਧਾਨੀ ਸ਼ਹਿਰ ਰਿਹਾ ਤੇ ਖੱਤਰੀਆਂ ਦਾ ਕੇਂਦਰੀ ਸਥਾਨ। (ਬਹੁ ਰਾਹ=ਭੇਰਾ ਭਾਵ ਕਈ ਰਸਤੇ) ਯਾਦ ਰਹੇ ਜਦੋਂ 1519 ਵਿੱਚ ਬਾਬਰ ਇਸ ਸ਼ਹਿਰ ਨੂੰ ਲੁਟਣ ਆਇਆ ਸੀ ਤਾਂ ਦੌਲਤ ਖਾਂ ਦੇ ਪੁੱਤਰ ਅਲੀ ਖਾਂ ਨੇ 4 ਲੱਖ ਅਸ਼ਰਫੀਆਂ ਦੀ ਭੇਟ ਦੇ ਕੇ ਇਸ ਸ਼ਹਿਰ, ਖੁਸ਼ਾਬ ਅਤੇ ਚਿਨੀਓਟ ਨੂੰ ਬਚਾ ਲਿਆ ਸੀ। ਭੇਰੇ ਕੋਈ ਸਿੱਖ ਇਤਹਾਸਿਕ ਯਾਦਗਾਰ ਤਾਂ ਮੌਜੂਦ ਨਹੀ।

—▲—



ਸਰੋਵਰ ਕਟਾਸ ਰਾਜ ਅਤੇ ਦੁਆਲੇ ਤਰਾਂ ਤਰਾਂ ਦੇ ਮੰਦਰ। ਜੇਹਲਮ ਦੇ ਇਕ ਵਿਦਵਾਨ ਮਿਰਜਾ ਬੇਗ ਦੇ ਮੁਤਾਬਿਕ (ਜਿਥੇ ਇਹ ➡ ਨਿਸ਼ਾਨ ਦਿਤਾ ਵ) ਉਹ ਵੀ ਗੁਰਦੁਆਰਾ ਹੈ। ਉਸ ਮੁਤਾਬਿਕ ਇਥੇ ਨਿਸ਼ਾਨ ਸਾਹਿਬ ਵੀ ਹੁੰਦਾ ਸੀ। ਸਬੂਤ ਵਜੋਂ ਬੇਗ ਨੇ ਨਿਸ਼ਾਨ ਸਾਹਿਬ ਦੇ ਥੜੇ ਦੀ ਵੀ ਫੋਟੋ ਭੇਜੀ ਹੈ। ਬੇਗ ਦਾ ਕਹਿਣਾ ਹੈ ਕਿ ਹਿੰਦੂਆਂ ਨੇ ਅੱਜ ਕਲ੍ਹ ਇਸ ਇਮਾਰਤ ਤੇ ਰਾਮ ਕ੍ਰਿਸ਼ਨ ਮੰਦਰ ਲਿਖ ਦਿਤਾ ਹੈ। ਮਿਰਜੇ ਮੁਤਾਬਿਕ ਇਸ ਗੁਰਦੁਆਰੇ ਦੇ ਪਿਛਲੇ ਪਾਸੇ ਹੀ ਸਰਦਾਰ ਹਰੀ ਸਿੰਘ ਨਲੂਏ ਦੀ ਹਵੇਲੀ ਹੈ।

ਪੈਂਡਾ ਸਫ਼

■ ਭੇਰੇ ਦੀ ਇਤਹਾਸਿਕ ਅਹਿਮੀਅਤ ਅਤੇ ਖੱਤਰੀਆਂ ਦੀ ਅਬਾਦੀ ਦੇ ਮੱਦੇ ਨਜਰ ਨਾਲੇ ਉਦੋਂ ਦੇ ਰਾਜਨੀਤਕ ਹਾਲਾਤਾਂ ਕਰਕੇ ਸਾਹਿਬ ਦਾ ਭੇਰੇ ਪਹੁੰਚਣਾ ਬਣਦਾ ਹੈ। ਉਂਜ ਜਨਮ ਸਾਖੀਆਂ ਵਿਚ ਇਸ ਬਾਬਤ ਸਾਫ ਜਿਕਰ ਸਾਡੇ ਧਿਆਨ ਨਹੀ ਪਿਆ।

ਉਪਰ ਦਿਤੀਆਂ ਥਾਵਾਂ ਤੋਂ ਇਲਾਵਾ ਹੋਰ ਵੀ ਥਾਵਾਂ ਜਿੱਥੇ ਗੁਰੂ ਸਾਹਿਬ ਦੇ ਚਰਨ ਪਏ। ਰਾਵਲਪਿੰਡੀ ਸ਼ਹਿਰ ਉਂਜ ਬਾਦ ਵਿਚ ਉਠੱਦਾ ਹੈ ਪਰ ਓਥੇ ਵੀ ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਆਏ ਸਨ।

ਬਾਬ-52ਅ

ਮੁਕਾਮ ਦੀ ਕਾਇਮੀ

ਕਰਤਾਰਪੁਰ ਦੇ ਕੌਤਕ : ਭਾਗ-3

ਧਰਮਸਾਲ ਦੋਦਾ ਤੋਂ ਪੱਖੋਕੇ ਵਾਲਾ ਡੇਰਾ ਤੇ ਫਿਰ ਕਰਤਾਰਪੁਰ

ਟਿੱਲੇ ਦੇ ਜੋਗੀਆਂ ਜਦੋਂ ਗੁਰੂ ਸਾਹਿਬ ਨੂੰ ਗੁਜਾਰਿਸ਼ ਕੀਤੀ ਕਿ ਬਾਬਾ ਜੀ ਆਪਣਾ ਕੋਈ ਟਿਕਾਣਾ ਬਣਾਓ। ਨਵਾਬ ਦੌਲਤ ਖਾਂ ਅਤੇ ਦੁਨੀ ਚੰਦ ਕ੍ਰੋੜੀਏ ਨੇ ਵੀ ਇਹੋ ਬੇਨਤੀ ਕੀਤੀ ਸੀ। ਹੁਣ ਸਾਹਿਬ ਨੇ ਬਾਲ ਨਾਥ ਨੂੰ ਕਹਿ ਦਿੱਤਾ ਸੀ ਕਿ ਹਿੰਦੁਸਤਾਨ ਘੁੰਮ ਆਇਆ ਹਾਂ ਛੇਤੀ ਹੀ ਉਦਾਸੀ ਬਾਣਾ ਲਾਹ ਦਿਆਂਗਾ। ਏਸੇ ਕਰਕੇ ਭਾਈ ਗੁਰਦਾਸ ਨੇ ਲਿਖਿਆ: **ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ॥ ਪਹਿਰ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਤਾਰਾ॥**

1. ਦੋਦਾ

ਭੇਰਾ ਤੋਂ 200 ਕਿ. ਮੀ. ਦਾ ਪੈਂਡਾ ਕਰਕੇ ਗੁਰੂ ਸਾਹਿਬ ਪੱਖੋਕੇ ਵਲ ਆ ਰਹੇ ਨੇ। ਸਮਾਂ : ਵੈਸਾਖ ਦਾ ਪਹਿਲਾ ਜਾਂ ਦੂਜਾ ਹਫਤਾ ਹੋਵੇਗਾ। ਕਿਉਕਿ ਵੈਸਾਖੀ ਵਾਲੇ ਦਿਨ ਸਾਹਿਬ ਕਟਾਸਰਾਜ ਸਨ।



ਗੁਰੂ ਸਾਹਿਬ ਦੇ ਵੇਲਿਆਂ 'ਚ ਰਾਵੀ ਦਰਿਆ ਦਾ ਵਹਾਅ ਕਰਤਾਰਪੁਰ ਤੋਂ ਪਾਰ ਪਹਾੜ ਪਾਸੇ ਸੀ। ਪਿੰਡ ਪੱਖੋਕੇ ਕਰਤਾਰਪੁਰ ਦੇ ਨੇੜੇ ਹੀ ਹੁੰਦਾ ਸੀ। ਬਾਦ ਵਿਚ ਪਿੰਡ ਰਾਵੀ ਵਿਚ ਰੁੜ ਗਇਆ ਜਿਸ ਕਾਰਨ ਇਕ ਪਿੰਡ ਤੋਂ ਤਿੰਨ ਪੱਖੋਕੇ ਨਿਕਲੇ। ਡੇਰਾ ਬਾਬਾ ਨਾਨਕ ਅਤੇ ਕਰਤਾਰਪੁਰ ਦੀ ਸਾਰੀ ਕਹਾਣੀ ਸਮਝਣ ਲਈ ਇਹ ਨਕਸ਼ਾ ਸਮਝਣਾ ਜਰੂਰੀ ਹੈ।

ਪੱਖੋਕਿਆਂ ਦੇ ਲਾਗੇ ਹੀ ਪਹੁੰਚਣ ਵਾਲੇ ਸਨ। ਪਰ ਹਨੇਰਾ ਹੋਣਾ ਸ਼ੁਰੂ ਹੋ ਗਇਆ। ਰਾਹ ਲਾਗਲੇ ਕਿਸਾਨ ਕੋਲੋ ਪੁੱਛਿਆ ਕਿ ਆਹ ਕਿਹੜਾ ਪਿੰਡ ਹੈ ਤਾਂ ਅਗਲੇ ਨੇ ਦੱਸਿਆ ਕਿ ਇਹ ਕਿਆਮਪੁਰ ਹੈ। ਕਿਆਮਪੁਰ ਨਾਂ ਸੁਣਦਿਆਂ ਹੀ ਮਰਦਾਨੇ ਨੂੰ ਗਲ ਯਾਦ ਆ ਗਈ; ਮੁਕਾਮ ਦੀ ਕਾਇਮੀ (ਟਿਕਾਣਾ ਬਣਾਉਣਾ) ਦੀ। ਮਰਦਾਨੇ ਨੇ ਗਲ ਛੇੜ ਦਿੱਤੀ ਕਿ ਬਾਬਾ ਜੀ ਸਾਰੇ ਕਹਿ ਰਹੇ ਨੇ ਕਿ ਹੁਣ ਕੋਈ ਮੁਕਾਮ ਕਾਇਮ ਕਰਕੇ ਬਹਿ ਜਾਓ। ਸਾਹਿਬ ਨੇ ਅੱਗੋ ਕਿਹਾ ਕਿ "ਵੇਖੋ ਕਰਤਾਰ ਦਾ ਕੀ ਹੁਕਮ ਹੈ। ਪਰ ਮਰਦਾਨਿਆ ਤੇਰਾ ਇਕ ਥਾਂ ਜੀਅ ਕਿੱਥੇ ਲਗਣਾ ਏ? ਸਾਰੀ ਉਮਰ ਤੂੰ ਸੈਰ ਕੀਤੀ ਆ।" ਮਰਦਾਨੇ ਨੇ ਸਮਝਿਆ ਕਿ ਸਾਹਿਬ ਮਖੌਲ ਕਰ ਰਹੇ ਨੇ।

ਖੈਰ ਪੱਖੋਕੇ ਪਹੁੰਚਣ ਤੋਂ ਪਹਿਲਾਂ ਰਾਵੀ ਦਰਿਆ ਪਾਰ ਕਰਨਾਂ ਸੀ। ਹਨੇਰਾ ਵੀ ਚੋਖਾ ਹੋ ਚੁੱਕਾ ਸੀ। ਫਿਰ ਗੁਰੂ ਸਾਹਿਬ ਉਦਾਸੀ ਭੇਸ ਵਿਚ ਆਪਣੇ ਸਹੁਰੇ ਘਰ ਜਾਣਾ ਠੀਕ ਨਹੀ ਸਨ ਸਮਝਦੇ ਕਿਉਕਿ ਉਹਨਾਂ ਦੇ ਸਹੁਰਾ ਮੂਲ ਚੰਦ ਜਵਾਈ ਨੂੰ ਸਾਧਾਂ ਦੇ ਭੇਸ ਵਿਚ ਵੇਖ ਕੇ ਤਲਖੀ ਵਿਚ ਆ ਜਾਂਦਾ ਸੀ। ਰਾਵੀ ਕੰਢੇ ਉਹਨਾਂ ਨੂੰ ਕੋਈ ਠਾਹਰ ਨਜਰ ਆਈ। ਕੋਈ ਝੁੱਗੀ ਝੌਂਪੜੀ ਕੁਝ ਹੋਵੇਗਾ। ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਬਸ ਏਥੇ ਹੀ ਰਾਵੀ ਕੰਢੇ ਆਪਾਂ ਰਾਤ ਗੁਜਾਰੀਏ।

ਜਦੋਂ ਦੋਦੇ ਨੇ ਦੁੱਧ ਦਾ ਦਰਿਆ ਵਗਦਾ ਵੇਖਿਆ

ਗੁਰੂ ਸਾਹਿਬ ਤੇ ਮਰਦਾਨਾ ਰਾਵੀ ਦੇ ਕੰਢੇ ਡੇਰਾ ਲਾਈ ਬੈਠੇ ਸਨ। ਸਵੇਰ 8 -9 ਦਾ ਵਕਤ ਹੋਵੇਗਾ। ਅੱਜ ਬੇਲੇ ਵਿਚ ਬੜਾ ਸੁਰੀਲਾ ਸੰਗੀਤ ਚਲ ਰਿਹਾ ਸੀ। ਮਰਦਾਨੇ ਦੀ ਰਬਾਬ ਦੀ ਗੁੰਜ ਤਾਂ ਕਿ. ਮੀ ਤੋਂ ਹੀ ਸੁਣਾਈ ਦੇ ਰਹੀ ਸੀ। ਓਧਰ ਗੁਰੂ ਸਾਹਿਬ ਤਾਂ ਉਚੀ ਅਵਾਜ ਵਿਚ ਗਾਇਆ ਕਰਦੇ ਸਨ। ਅੱਜ ਦੋਦੇ ਦਾ ਬੇਲਾ ਤਾਂ ਕੁਝ ਵੱਖਰੀ ਹੀ ਭਾਅ ਮਾਰ ਰਿਹਾ ਸੀ। ਲਾਗੇ ਚਾਗੇ ਦੇ ਡੇਰੇ ਵੀ ਸੁਣ ਰਹੇ ਸਨ ਕਿ ਅੱਜ ਬੇਲੇ ਵਿਚ ਕੀ ਹੋ ਰਿਹਾ ਹੈ। ਇਹ ਕਿਧਰੋਂ ਆਵਾਜ਼ਾਂ ਆ ਰਹੀਆਂ ਨੇ।

ਦੂਰ ਹਟਵਾ ਰਾਵੀਓ ਪਾਰ ਜੱਟਾਂ ਦਾ ਡੇਰਾ ਸੀ। ਦੋਦੇ ਜੱਟਾਂ ਦਾ। ਡੇਰੇ ਦੀ 'ਭਾਗੋ' ਨਾਂ ਦੀ ਜਵਾਨ ਨੂੰਹ ਰੋਜ ਸਵੇਰੇ ਆਪਣੇ ਘਰ ਵਾਲੇ ਦੀ ਰੋਟੀ ਲੈ ਕੇ ਜਾਇਆ ਕਰਦੀ ਸੀ। ਅੱਜ ਉਸ ਨੇ ਵੇਖਿਆ ਐਨ ਉਹਦੇ ਰਾਹ ਦੇ ਲਾਗੇ ਦੋ ਸਾਧੂ ਬੜੀ ਸ਼ਰਧਾ ਲਗਨ ਨਾਲ ਕੁਝ ਗਾ ਵਜਾ ਰਹੇ ਹੁੰਦੇ ਨੇ। ਇਹ ਕਿਵੇ ਹੋ ਸਕਦਾ ਸੀ ਰਸਤੇ ਵਿਚ ਸਾਧੂ ਬੈਠੇ ਹੋਣ ਤੇ ਭਾਗੋ ਮੱਥਾ ਨਾਂ ਟੇਕੇ। ਫਿਰ ਮਨ ਵਿਚ ਭੁੱਖ ਵੀ ਸੀ। ਕਿਉਕਿ ਅਜੇ ਤੱਕ ਕੁੱਖ ਵੀ ਤਾਂ ਸੁੰਨੀ ਸੀ।

ਭਾਗੋ ਜੋ ਛਾਹ ਵੇਲਾ ਲੈ ਕੇ ਜਾ ਰਹੀ ਸੀ ਜਾ ਸਾਧੂਆਂ ਦੇ ਅੱਗੇ ਰੱਖਿਆ। ਗਲ ਬਾਤ ਹੋਈ। ਗੁਰੂ ਸਾਹਿਬ ਨੇ ਕਿਹਾ ਕਿ ਇਹ ਰੋਟੀ ਸਾਨੂੰ ਨਹੀ ਚਾਹੀਦੀ, ਜਾਓ ਪਹਿਲਾਂ ਆਪਣੇ ਪਤੀ ਨੂੰ ਵਰਤਾਓ। ਪਰ ਭਾਗੋ ਨੂੰ ਤਾਂ ਇਓ ਲੱਗਾ ਕਿ ਉਹ ਪ੍ਰਮੇਸ਼ਰ ਦੇ ਕਦਮਾਂ ਵਿਚ ਬੈਠੀ ਹੈ। ਉਸ ਕਿਹਾ ਕਿ ਨਹੀ ਬਾਬਾ ਜੀ ਤੁਸੀ ਛਕੋ ਮੈਂ ਦੋਦੇ ਲਈ ਹੋਰ ਬਣਾ ਲਿਆਉਦੀ ਹਾਂ। ਉਹਦੇ ਜਿੱਦ ਕਰਨ ਤੇ ਮਰਦਾਨਾ ਵੀ ਕਹਿ ਉਠਿਆ ਕਿ ਬਾਬਾ ਜੀ ਰਾਤ ਦੇ ਭੁੱਖੇ ਆਂ ਛੱਕ ਲੈਂਨੇ ਆਂ। ਆਪੇ ਇਹ ਘਰ ਦੇ ਲਈ ਹੋਰ ਬਣਾ ਲਿਆਉਦੀ ਹੈ। ਗੁਰੂ ਸਾਹਿਬ ਅਤੇ ਮਰਦਾਨੇ ਨੇ ਛਾਹ ਵੇਲਾ ਕੀਤਾ।

ਦੂਰ ਹਲ ਵਾਹ ਰਹੇ ਦੋਦੇ ਦੇ ਕਿਸੇ ਸ਼ਰੀਕ ਨੇ ਭਾਗੋ ਨੂੰ ਸਾਧੂਆਂ ਲਾਗੇ ਬੈਠੇ ਵੇਖ ਲਿਆ ਸੀ।

ਭਾਗੋ ਵਾਪਸ ਪਿੰਡ ਗਈ ਤੇ ਦੋਦੇ ਲਈ ਰੋਟੀ ਬਣਾ ਲਿਆਈ। ਦੋਦੇ ਨੇ ਜਦੋਂ ਦੇਰੀ ਦਾ ਕਾਰਨ ਪੁੱਛਿਆ ਤਾਂ ਭਾਗੋ ਨੇ ਸਾਧੂਆਂ ਵਾਲੀ ਸਾਰੀ ਗਲ ਦੱਸੀ। ਭਾਗੋ ਖੁੱਸ਼ ਸੀ ਕਿਉਕਿ ਉਹਨੂੰ ਸਾਧੂ (ਮਰਦਾਨੇ) ਨੇ ਕਿਹਾ ਸੀ ਤੇਰੇ ਘਰ ਪੰਜ ਪੁੱਤਰ ਹੋਣਗੇ। ਉਹਨੇ ਇਹ ਖੁਸ਼ਖਬਰੀ ਵੀ ਦੋਦੇ ਨੂੰ ਦਿੱਤੀ।

ਦਿਨੇ ਮਰਦਾਨਾ ਕਹਿਣ ਲੱਗਾ ਬਾਬਾ ਜੀ ਹੁਕਮ ਹੋਵੇ ਤਾਂ ਪੱਖੋਕੇ ਹੋ ਆਵਾਂ। ਪਰ ਗੁਰੂ ਸਾਹਿਬ ਨੇ ਜਾਣ ਨਾਂ ਦਿਤਾ। ਕਹਿਣ ਲੱਗੇ ਜੇ ਅਗਲਿਆਂ ਨੂੰ ਪਿਆਰ ਸਤਿਕਾਰ ਹੋਵੇਗਾ ਤਾਂ ਆਪੇ ਆ ਜਾਣਗੇ।

ਓਧਰ ਦੋਦਾ ਸ਼ਾਮੀ ਪਿੰਡ ਗਇਆ ਤਾਂ ਸ਼ਰੀਕ ਨੇ ਦੋਦੇ ਦੇ ਕੰਨ ਵਿੱਚ ਫੂਕ ਮਾਰ ਦਿੱਤੀ ਕਿ "ਭਾਈ ਆਪਣੀ ਜਨਾਨੀ ਸੰਭਾਲ। ਅਣਜਾਣ ਸਾਧੂਆ ਦਾ ਕੋਈ ਪਤਾ ਨਹੀ ਕੌਣ ਨੇ। ਦੋਦੇ ਦਾ ਸਿਰ ਚਕ੍ਰਾਅ ਗਿਆ। "

ਅਗਲੇ ਦਿਨ ਜਦੋਂ ਬੀਬੀ ਭਾਗੋ ਦੋਦੇ ਵਾਸਤੇ ਸਵੇਰੇ ਸਵੇਰੇ ਦੁੱਧ ਲੈ ਕੇ ਆਈ ਤਾਂ ਦੋਦਾ ਨੇ ਦੂਰੋ ਆਉਦੀ ਵੇਖ ਡੇਰੇ ਦੇ ਲਾਗੇ ਸਰਕੜਿਆਂ ਦੇ ਬੂਝੇ ਓਹਲੇ ਲੁੱਕ ਗਿਆ।

ਬੀਬੀ ਭਾਗੋ ਨੇ ਆ ਕੇ ਗੁਰੂ ਸਾਹਿਬ ਅੱਗੇ ਦੁੱਧ ਭੇਟ ਕੀਤਾ। ਜਦੋਂ ਵਰਤਾਉਣ ਲੱਗੀ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਪੁੱਤਰ ਜੀ ਦੁੱਧ ਦੋ ਨਹੀ ਚਾਰ ਕੌਲਾਂ ਵਿੱਚ ਪਾਉ। ਬੀਬੀ ਭਾਗੋ ਨੇ ਸਮਝਿਆ ਕਿ ਸ਼ਾਇਦ ਇਨਾਂ ਨਾਲ ਦੋ ਹੋਰ ਸਾਧੂ ਹੋਣਗੇ। ਬੀਬੀ ਭਾਗੋ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਬਾਕੀ ਦੋਵਾਂ ਨੂੰ ਵੀ ਸੱਦ ਲਓ।

ਗੁਰੂ ਸਾਹਿਬ ਨੇ ਭਾਗੋ ਨੂੰ ਕਿਹਾ ਇਹ ਤੀਸਰੀ ਦੁਧ ਦੀ ਕੌਲੀ ਤੇਰੇ ਲਈ ਤੇ ਚੌਥੀ ਤੇਰੇ ਖਾਵੰਦ ਲਈ ਹੈ। ਦੋਦੇਰਾਣੀ ਕਹਿਣ ਲੱਗੀ ਕਿ ਉਹ ਦੂਰ ਹਨ ਮੈਂ ਆਪੇ ਜਾ ਉਨਾਂ ਨੂੰ ਪਿਆਵਾਂਗੀ।

ਗੁਰੂ ਸਾਹਿਬ ਨੇ ਬੀਬੀ ਭਾਗੋ ਨੂੰ ਕਿਹਾ ਕਿ ਦੋਦਾ ਦੂਰ ਨਹੀ ਨੇੜੇ ਹੀ ਹੈ। ਤੂੰ ਅਵਾਜ ਮਾਰ। ਛੁੱਪੇ ਹੋਏ ਦੋਦੇ ਨੇ ਜਿਵੇ ਅਵਾਜ ਸੁਣੀ ਉਹ ਦੌੜਾ ਆਇਆ ਕਿ ਸ਼ਾਇਦ ਬੀਬੀ ਭਾਗੋ ਨੂੰ ਸਾਧੂਆਂ ਨੇ ਛੇੜਿਆ ਹੈ।

ਦੋਦਾ ਆਇਆ ਤਾਂ ਗੁਰੂ ਸਾਹਿਬ ਨੇ ਦੋਦੇ ਨੂੰ ਦੁੱਧ ਪੀਣ ਲਈ ਕਿਹਾ। ਸੜਿਆ ਬਲਿਆ ਦੋਦਾ ਕਹਿਣ ਲੱਗਾ ਜੀ ਦੁੱਧ ਤਾਂ ਮੇਰੀਆਂ ਲਵੇਰੀਆਂ ਦਾ ਹੈ ਉਲਟਾ ਤੁਸੀ ਮੈਨੂੰ ਪੀਣ ਲਈ ਕਹਿ ਰਹੇ ਹੋ। ਹੰਕਾਰ ਤੇ ਈਰਖਾ ਦਾ ਸੜਿਆ ਦੋਦਾ ਕਹਿਣ ਲੱਗਾ "ਸਾਧੂਓ ਰੱਜ ਰੱਜ ਪੀਓ ਦੁੱਧ। "

ਗੁਰੂ ਸਾਹਿਬ ਨੇ ਦੋਦੇ ਨੂੰ ਕਿਹਾ ਕਿ ਚਲੋ ਪੀਨੇ ਆ। ਪਰ ਮੈਂ ਅਜੇ ਹੱਥ ਨਹੀ ਧੋਤੇ। ਦੋਦਿਆਂ ਜੀਂਦਾ ਰਹੋ। ਥੋੜੀ ਖੇਚਲ ਕਰ ਦੌੜ ਕੇ ਜਾ ਦਰਿਆ ਤੋਂ ਗੜਵੀ ਪਾਣੀ ਦੀ ਲਿਆ ਦੇ।

ਦੋਦਾ ਗੜਵੀ ਲੈ ਕੇ ਰਾਵੀ ਵਲ ਰਵਾਨਾ ਹੋ ਗਿਆ। ਜਿਵੇ ਪਾਣੀ ਦੀ ਗੜ੍ਹਵੀ ਭਰਨ ਲੱਗਾ ਤਾਂ ਕੀ ਦੇਖਦਾ ਹੈ ਰਾਵੀ ਵਿੱਚ ਪਾਣੀ ਨਹੀ ਸੰਙਣਾ ਦੁੱਧ ਵਹਿ ਰਿਹਾ ਹੈ। ਡੌਰ ਭੌਰਾ ਹੋਇਆ ਕੁਝ ਚਿਰ ਖਲੋਤਾ। ਫਿਰ ਪਰਤਿਆਂ। ਫਿਰ ਦੁਬਾਰਾ ਦਰਿਆਂ ਵਲ ਵੇਖਿਆ। ਦੁੱਧ ਹੀ ਦੁੱਧ ਸੀ। ਉਸ ਆਪਣੀਆਂ ਅੱਖਾਂ ਮਲੀਆਂ। ਫਿਰ ਵੇਖਿਆ ਸਭ ਦੁੱਧ ਹੀ ਵਹਿ ਰਿਹਾ ਸੀ। ਉਸ ਸੋਚਿਆ ਕਿ ਪਾਸੇ ਤੇ ਜਿਹੜਾ ਖੂਹ ਹੈ ਉਥੋਂ ਗੜ੍ਹਵੀ ਭਰ ਲੈਂਨਾ ਵਾਂ। ਖੂਹ ਗੇੜ ਕੇ ਜਦੋਂ ਗੜ੍ਹਵੀ ਭਰੀ ਤਾਂ ਉਹ ਵੀ ਦੁੱਧ ਹੀ।

ਸ਼ਰਮਿੰਦਾ ਹੋਇਆ ਗੁਰੂ ਸਾਹਿਬ ਕੋਲ ਗਇਆ ਤੇ ਚੁੱਪ ਚਾਪ ਗੜਵੀ ਗੁਰੂ ਸਾਹਿਬ ਅੱਗੇ ਰੱਖ ਦਿੱਤੀ। ਗੁਰੂ ਸਾਹਿਬ ਕਿਹਾ "ਦੋਦਿਆ ਤੈਨੂੰ ਪਾਣੀ ਲਿਆਉਣ ਨੂੰ ਕਿਹਾ ਸੀ ਤੂੰ ਫਿਰ ਆਪਣੀਆਂ ਲਵੇਰੀਆਂ ਦਾ ਦੁੱਧ ਲੈ ਆਇਓਂ। ਭਾਈ ਦੋਦਿਆਂ ਮੈਂ ਹੱਥ ਧੋਣੇ ਨੇ। "

ਦੋਧਾ ਧੜੰਮ ਦਿੱਤਾ ਗੁਰੂ ਸਾਹਿਬ ਦੇ ਚਰਨਾ ਤੇ ਡਿੱਗ ਪਿਆ। ਦੋਦੇ ਦਾ ਸਾਰਾ ਹੰਕਾਰ ਚੂਰ ਚੂਰ ਹੋ ਚੁੱਕਾ ਸੀ। ਦੋਦੇ ਨੇ ਸਾਰੀ ਗੱਲ ਦੱਸੀ ਕਿ ਓਥੇ ਤਾਂ ਰਾਵੀ ਵੀ ਦੁੱਧ ਦਾ ਵੱਗ ਰਿਹਾ ਹੈ। ਬੀਬੀ ਭਾਗੋ ਨੇ ਕਿਹਾ ਦੋਦਿਆਂ ਅਸੀ ਲਵੇਰੀਆਂ ਨੂੰ ਸਿਰਫ ਪੱਠੇ ਪਾਉਦੇ ਹਾਂ, ਪੱਠਿਆਂ ਤੋਂ ਦੁੱਧ ਉਤਪਨ ਕਰਨ ਵਾਲਾ ਨਿਰੰਕਾਰ ਹੈ।

ਦੋਦੇ ਨੂੰ ਚਾਨਣ ਹੋ ਗਇਆ ਸੀ। ਫਿਰ ਉਹਦੀ ਅਧੀਨਗੀ ਵੇਖ ਕੇ ਗੁਰੂ ਸਾਹਿਬ ਨੇ ਕਿਹਾ ਮੰਗ ਦੋਦਿਆਂ ਕੀ ਮੰਗਦੈ। ਕਿਹਾ ਜਾਂਦਾ ਹੈ ਕਿ ਦੋਦੇ ਨੇ ਗੁਰੂ ਕੋਲੋ ਫਿਰ ਦੁੱਧ-ਪੁਤ ਹੀ ਮੰਗਿਆ ਤੇ ਨਾਲੇ ਕਿਹਾ ਕਿ ਬਾਬਾ ਜੀ ਆਹ ਦਰਿਆ ਤੋਂ ਬਹੁਤ ਤੰਗੀ ਆ। ਜਦੋਂ ਚੜਿਆ ਹੁੰਦਾ ਤਾਂ ਪਾਰ ਕਰਨਾਂ ਮੁਸ਼ਕਲ ਹੁੰਦਾ ਹੈ। ਇਹਨੂੰ ਥੋੜਾ ਪਰਾਂ ਹੀ ਕਰ ਦਿਓ ਤੇ ਨਾਲ ਹੀ ਅਰਜੋਈਆਂ ਕਰਨ ਲੱਗ ਪਿਆ ਕਿ ਗੁਰੂ ਸਾਹਿਬ ਹੁਣ ਤੁਸੀ ਸਾਡੇ ਡੇਰੇ ਹੀ ਰਹੋ।

ਸਾਹਿਬ ਨੇ ਕਿਹਾ ਚੰਗਾ ਦੋਦਿਆ ਕੁਝ ਏਸੇ ਤਰਾਂ ਹੀ ਹੋਵੇਗਾ।

ਦੋਦੇ ਨੇ ਜੋ ਕੁਝ ਵੇਖਿਆ ਸੀ ਉਹਦੀ ਪਿੰਡ ਵਿੱਚ ਦੁਹਾਈ ਦੇ ਦਿੱਤੀ।

ਦੋਦਾ ਗੁਰੂ ਸਾਹਿਬ ਨੂੰ ਦਰਿਆਓਂ ਪਾਰ ਆਪਣੇ ਪਿੰਡ ਲੈ ਗਇਆ। ਕਿਹਾ ਜਾਂਦਾ ਹੈ ਕਿ ਪਹਿਲਾਂ ਦਰਿਆ ਪਿੰਡ ਦੋਦੇ ਤੋਂ ਪਰੇ ਭਾਵ ਪਹਾੜ ਪਾਸੇ ਵਗਦਾ ਹੁੰਦਾ ਸੀ। (ਵੇਖੋ ਨਕਸ਼ਾ)

ਗੱਲ ਦੂਰ ਦੂਰ ਤੱਕ ਫੈਲ ਗਈ ਕਿ ਉਹ ਬਾਬਾ ਨਾਨਕ ਜਿਸ ਨੇ ਸ਼ਾਹੀ ਨੌਕਰੀ ਛੱਡ ਕੇ ਸੰਨਿਆਸ ਲੈ ਲਿਆ ਸੀ ਆਪਣੇ ਇਲਾਕੇ ਵਿੱਚ ਹੈ। ਵੱਡੀ ਗਿਣਤੀ ਵਿੱਚ ਲੋਕ ਗੁਰੂ ਸਾਹਿਬ ਦੇ ਡੇਰੇ ਢੁਕਣੇ ਸ਼ੁਰੂ ਹੋ ਗਏ।

ਧਰਮਸਾਲ ਪਿੰਡ ਦੋਦਾ

ਭਾਈ ਦੋਦੇ ਦੀ ਅਰਦਾਸ ਮਨਜੂਰ ਕਰਦੇ ਹੋਏ ਗੁਰੂ ਸਾਹਿਬ ਨੇ ਕਿਹਾ ਕਿ ਮੈਂ ਜਦੋਂ ਵੀ ਪੱਖੋ ਕੇ ਆਵਾਗਾ ਤੇਰੇ ਕੋਲ ਜਰੂਰ ਆਇਆ ਕਰਾਂਗਾ। ਦੋਦੇ ਨੂੰ ਆਗਿਆ ਦਿੱਤੀ ਕਿ ਤੂੰ ਇਥੇ ਧਰਮਸਾਲ ਬਣਾ।

ਓਦੋਂ ਫਿਰ ਸਾਰੇ ਗੁਰਸਿੱਖਾਂ ਰਲ ਕੇ ਦਰਿਆ ਦੇ ਕੰਢੇ ਤੇ ਧਰਮਸਾਲ ਬਣਾਈ ਜੋ 1947 ਈ ਤੱਕ ਬਕਾਇਦਾ ਮੌਜੂਦ ਸੀ।

ਇਹ ਧਰਮਸਾਲ ਪਿੰਡ ਦੋਦਾ ਦੇ ਦੱਖਣ ਪਾਸੇ ਮਤਲਬ ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਤਰਫ ਹੁੰਦੀ ਸੀ। ਇਸ ਬਾਰੇ ਸਾਈਕਲ ਯਾਤਰੀ- 619 ਨੇ 6 ਮਈ 1933 ਨੂੰ ਇਸ ਪ੍ਰਕਾਰ ਲਿਖਿਆ ਹੈ:-

"ਗੁਰਦੁਆਰਾ ਕਰਤਾਰਪੁਰ ਦੇ ਦਰਸ਼ਨ ਕਰਕੇ ਚਾਲੇ ਪਾਏ ਜੋ ਕਿ ਉੱਤਰ ਤੇ ਚੜਦੇ ਦੀ ਗੁੱਠ ਵਿੱਚ ਅੱਧ ਮੀਲ (ਅਸਲ ਦੂਰੀ ਪੂਰਾ ਇੱਕ ਕਿ. ਮੀ.) ਦੋਦੇ ਪਹੁੰਚਾ। ਪਿੰਡ ਦੋਦੇ ਦੇ ਪਾਸ ਹੀ ਦੱਖਣ ਦੀ ਤਰਫ ਗੁਰਦੁਆਰਾ ਪਾਤਸ਼ਾਹੀ ਪਹਿਲੀ ਜੀ ਦਾ ਹੈ। ਇਹ ਗੁਰਦੁਆਰਾ ਖਸਤਾ ਹਾਲਤ ਵਿੱਚ ਹੈ ਜੋ ਕੱਚਾ ਹੈ ਪਰ ਛੋਟਾ ਜਿਹਾ ਹੈ, ਮਕਾਨ ਪੱਕਾ ਹੈ ਜਿਸਨੂੰ ਗੁਰੂ ਨਾਨਕ ਦੇਵ ਜੀ ਦੀ ਧਰਮਸਾਲਾ ਕਰਕੇ ਮੰਨਦੇ ਹਨ। ਇਸੀ ਜਗਾ ਗੁਰੂ ਜੀ ਨੇ ਮਾਈ ਭਾਗੋ ਤੋਂ ਦੁੱਧ ਛਕਿਆ ਸੀ। ਇਹ ਮਾਈ ਭਾਗੋ ਦੋਦੇ ਦੇ ਘਰ ਵਾਲੀ ਸੀ। ਪਿੰਡ ਦੋਦੇ ਤੇ ਗੁਰਦੁਆਰੇ ਦੇ ਵਿੱਚਾਲੇ ਪੁਰਾਣੀ ਰਾਵੀ ਦਰਿਆ ਦਾ ਇੱਕ ਛੋਟਾ ਜਿਹਾ ਨਾਲਾ ਹੀ ਵਗਦਾ ਪਿਆ ਹੈ। ਗੁਰਦੁਆਰੇ ਵਿੱਚ ਛੇ ਪੇਡ ਖਜੂਰ ਦੇ ਤੇ ਹੋਰ ਕਿੱਕਰਾਂ ਦੇ ਹਨ। ਬਾਕੀ ਲਾਂਭੀ ਤੇ ਹੋਰ ਬਾਗ ਅੰਬਾਂ ਦੇ ਹਨ, ਜੋ ਇਹ ਵੀ ਗੁਰਦੁਆਰੇ ਦਾ ਹੀ ਹੈ। 90 ਬਿਗੇ ਜਮੀਨ ਹੈ, ਉਦਾਸੀ ਮਹੰਤ ਮੰਗਲ ਦਾਸ ਜੀ ਹੈ, ਲੰਗਰ ਦੇ ਰਿਹਾਇਸ਼ ਮਾਮੂਲੀ ਹੋ ਸਕਦੀ ਹੈ। ਡਾਕਖਾਨਾ ਖਾਸ ਤਹਿਸੀਲ ਸ਼ਕਰਗੜ, ਸਟੇਸ਼ਨ ਦਰਬਾਰ ਸਾਹਿਬ ਕਰਤਾਰਪੁਰ ਤੋਂ ਚੜ੍ਹਦੇ ਦੀ ਤਰਫ ਅੱਧ ਮੀਲ ਤੇ ਹੈ, ਜਿਲਾ ਗੁਰਦਾਸਪੁਰ। "



ਜੱਟਾਂ ਦੇ ਬੋਹਲ ਤੇ ਮੁਕਾਮ ਦੀ ਗਲ

ਦੋਦੇ ਦੇ ਪਿੰਡੋਂ ਇਕ ਦਿਨ ਗੁਰੂ ਸਾਹਿਬ ਤੇ ਮਰਦਾਨਾ ਫਿਰ ਬਾਹਰ ਆ ਰਾਵੀ ਕਿਨਾਰੇ ਜਾ ਬਿਰਾਜੇ। ਕੀ ਵੇਖਦੇ ਹਨ:

ਜੌਆਂ ਦੇ ਦੋ ਬੋਹਲ ਲੱਗੇ ਪਏ ਨੇ। ਦੋਵਾਂ ਬੋਹਲਾਂ ਦਾ ਰੱਖਵਾਲਾ ਇਕੋ ਜੱਟ ਸੀ। ਵੇਖਦਿਆਂ ਵੇਖਦਿਆਂ ਉਸ ਕੀ ਕੀਤਾ ਕਿ ਜਿਸ ਬੋਹਲ ਦੇ ਲਾਗੇ ਉਹ ਕੁਝ ਕੰਮ ਕਾਰ ਕਰ ਰਿਹਾ ਸੀ, ਦਾਣਿਆਂ ਦੀ ਝੋਲੀ ਭਰੀ ਤੇ ਜਾ ਦੂਸਰੇ ਬੋਹਲ ਤੇ ਉਲੱਦ ਦਿੱਤੀ। ਮਰਦਾਨਾ ਕਹਿਣ ਲੱਗਾ ਬਾਬਾ ਜੀ ਵੇਖੋ ਕਿਵੇ ਆਪੋ ਧਾਪ ਪਈ ਹੋਈ ਆ। ਗੁਰੂ ਸਾਹਿਬ ਚੁੱਪ ਰਹੇ।

ਦੁਪਿਹਰ ਬਾਦ ਫਿਰ ਦੂਸਰੇ ਬੋਹਲ ਵਾਲਾ ਕਿਰਸਾਨ ਰਾਖੀ ਤੇ ਆ ਗਇਆ ਤੇ ਪਹਿਲੇ ਵਾਲੇ ਨੂੰ ਘਰ ਘੱਲ ਦਿੱਤਾ ਕਿ ਜਾ ਕੇ ਰੋਟੀ ਪਾਣੀ ਖਾਵੇ।

ਮਰਦਾਨਾ ਕੀ ਵੇਖਦਾ ਹੈ ਕਿ ਕਿਰਸਾਨ ਇੱਕ ਬੋਹਲ ਤੋਂ ਝੋਲੀ ਭਰਦਾ ਹੈ ਤੇ ਦੂਸਰੇ ਤੇ ਜਾ ਸੁੱਟਦਾ ਹੈ।

ਮਰਦਾਨਾ ਨੇ ਇਹ ਸਾਰੀ ਹਕੀਕਤ ਗੁਰੂ ਸਾਹਿਬ ਨੂੰ ਦੱਸੀ ਕਿ ਵੇਖੋ ਕਿਵੇ ਭਰਾ ਭਰਾ ਹੀ ਇੱਕ ਦੂਸਰੇ ਨਾਲ ਦਗਾ ਕਮਾ ਰਹੇ ਨੇ। ਗੁਰੂ ਸਾਹਿਬ ਨੇ ਹੱਸ ਛੱਡਿਆ ਤੇ ਕਿਹਾ ਮਰਦਾਨਾ ਵੇਖਦਾ ਜਾ।

ਸ਼ਾਮੀ ਫਿਰ ਦੋਵੇ ਕਿਰਸਾਨ ਇਕੱਠੇ ਹੋਏ। ਮਰਦਾਨਾ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਹੁਣ ਦੋਵੇ ਭਰਾ ਇਕੱਠੇ ਹਨ। ਗੁਰੂ ਸਾਹਿਬ ਨੇ ਮਰਦਾਨਾ ਨੂੰ ਹੁਕਮ ਕੀਤਾ ਕਿ ਜਾ ਉਨਾਂ ਦੋਵਾਂ ਨੂੰ ਸੱਦ ਕੇ ਲਿਆ। ਉਹ ਜਦੋਂ ਹਾਜਰ ਹੋਏ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਮਰਦਾਨਾ ਤੁਹਾਡੇ ਕੰਮ ਤੋਂ ਹੈਰਾਨ ਹੈ ਕਿ ਜਦੋਂ ਇੱਕ ਜਣਾ ਪਿੰਡ ਹੁੰਦਾ ਹੈ ਦੂਸਰੇ ਬੋਹਲ ਚੋਂ ਝੋਲੀਆਂ ਭਰ ਪਹਿਲੇ ਦੇ ਬੋਹਲ ਤੇ ਪਾ ਦਿੰਦਾ ਹੈ ਤੇ ਜਦੋਂ ਪਹਿਲੇ ਵਾਲਾ ਵਾਪਸ ਆਉਦਾ ਹੈ ਤਾਂ ਉਹ ਵੀ ਇਹੋ ਕੁਝ ਕਰਦਾ ਹੈ।

ਦੋਵਾਂ ਨੇ ਸਿਰ ਥੱਲੇ ਸੁੱਟ ਲਏ।

ਪਹਿਲਾ ਕਿਸਾਨ ਕਹਿਣ ਲੱਗਾ ਜੀ ਮੈਂ ਕੋਈ ਚੋਰੀ ਨਹੀ ਕੀਤੀ। ਇਹ ਮੇਰਾ ਸਕਾ ਛੋਟਾ ਭਰਾ ਹੈ। ਇਹਦਾ ਪ੍ਰਵਾਰ ਵੱਡਾ ਹੈ। ਮੇਰੇ ਸਿਰਫ ਦੋ ਧੀਆਂ ਹੀ ਹਨ। ਇਸ ਕਰਕੇ ਮੈਂ ਇਹਦੇ ਬੋਹਲ ਵਿੱਚ ਆਪ ਪਾਈਆਂ ਦੋ ਝੋਲੀਆਂ। ਸਾਹਮਣੇ ਇਹ ਕੁਝ ਨਹੀ ਕਰ ਸਕਦਾ ਕਿਉਕਿ ਘਰ ਵਿੱਚ ਬਖੇੜਾ ਪੈਂਦਾ ਹੈ।

ਫਿਰ ਦੂਸਰੇ ਭਰਾ ਕੋਲੋ ਪੁੱਛਿਆ ਤਾਂ ਉਸ ਕਿਹਾ ਕਿ ਮੈਨੂੰ ਆਪਣੇ ਭਰਾ ਦੇ ਹਾਲਾਤਾਂ ਤੇ ਤਰਸ ਆਉਦਾ ਹੈ। ਮੇਰੇ ਤਾਂ ਮੁੰਡੇ ਨੇ। ਕੋਈ ਵੱਡੀ ਜੁੰਮੇਵਾਰੀ ਨਹੀ। ਇਹਦੀ ਧੀ ਵਿਆਹੁਣ ਯੋਗ ਹੈ। ਮੇਰੀ ਦਿਲੋਂ ਇਛਾ ਹੈ ਕਿ ਇਹਦੀ ਮਾਇਕ ਹਾਲਤ ਸੁਧਰੇ। ਇਹਦਾ ਬੋਹਲ ਐਤਕਾਂ ਕੁਝ ਕਮਜੋਰ ਰਹਿ ਗਇਆ ਹੈ। ਇਸ ਕਰਕੇ ਮੈਂ ਝੋਲੀ ਦਾਣਿਆਂ ਦੀ ਇਹਦੇ ਬੋਹਲ ਤੇ ਪਾਈ ਹੈ।

ਇਹ ਗੱਲਾਂ ਬਾਤਾਂ ਹੋਈਆਂ। ਮਰਦਾਨਾ ਆਖਣ ਲੱਗਾ ਕਿ ਬਾਬਾ ਜੀ ਅਜਿਹੇ ਧਰਮੀ ਲੋਕ ਤਾਂ ਕਿਤੇ ਵਿਰਲੇ ਹੀ ਹਨ। ਇਹ ਤਾਂ ਬੜਾ ਧਰਮੀ ਇਲਾਕਾ ਲਗਦਾ ਹੈ। ਏਥੇ ਹੀ ਕਿਓ ਨਾਂ ਮੁਕਾਮ ਬਣਾ ਲਿਆ ਜਾਵੇ?

ਗੁਰੂ ਸਾਹਿਬ ਮੁਸਕ੍ਰਾਏ। ਕਿਹਾ ਮਰਦਾਨਿਆ ਵੇਖੀ ਜਾ ਰੰਗ ਕਰਤਾਰ ਦੇ।

ਮੁਕਾਮੀ ਲੋਕ ਕਹਿੰਦੇ ਹਨ ਕਰਤਾਰਪੁਰ ਦੀ ਸਥਾਪਣਾ ਪਿਛੇ ਇਹ ਸਾਖੀ ਹੈ। ਯਾਦ ਰਹੇ ਦੂਜੀ ਉਦਾਸੀ ਤੋਂ ਪਰਤਣ ਮੌਕੇ ਓਧਰੋਂ ਕ੍ਰੋੜੀਏ ਦਾ ਮੁਤਾਹਿਤ ਮੂਲ ਚੰਦ ਚੋਣਾ ਪਟਵਾਰੀ ਵੀ ਦੁਨੀ ਚੰਦ ਨੂੰ ਬਾਰ ਬਾਰ ਏਹੋ ਬੇਨਤੀਆਂ ਕਰਦਾ ਹੈ ਕਿ ਬਾਬੇ ਨੂੰ ਕਿਸੇ ਤਰਾਂ

ਮਨਾਓ ਕਿ ਹੁਣ ਉਦਾਸੀਆਂ ਤੇ ਨਾਂ ਜਾਏ ਤੇ ਏਥੇ ਹੀ ਪੱਕਾ ਡੇਰਾ ਲਾ ਲਵੇ।

—◈—

ਦੋਦੇ ਤੋਂ ਅਜਿਤੇ ਦੇ ਡੇਰੇ ਆਏ

ਇਤਹਾਸ ਚੁੱਪ ਹੈ ਕਿ ਸਾਹਿਬ ਫਿਰ ਦੋਦੇ ਦੇ ਡੇਰੇ ਤੋਂ ਅਜਿੱਤੇ ਰੰਧਾਵੇ ਦੇ ਡੇਰੇ ਤੇ ਕਿਓ ਆ ਗਏ। ਹੋ ਸਕਦਾ ਪੂਰਬ ਪਾਸਿਓ ਆਉਣ ਵਾਲੀਆਂ ਸੰਗਤਾਂ ਦਾ ਜਿਆਦਾ ਜੋਰ ਹੋਵੇ। ਦੂਸਰਾ ਕਾਰਨ ਇਹ ਹੋ ਸਕਦਾ ਹੈ ਕਿ ਅਜਿੱਤਾ ਰੰਧਾਵਾ ਇਲਾਕੇ ਦਾ ਚੌਧਰੀ ਸੀ ਉਹ ਸਮਝਦਾ ਹੋਵੇ ਕਿ ਜੇ ਗੁਰੂ ਸਾਹਿਬ ਮੇਰੇ ਡੇਰੇ ਤੇ ਰਹਿਣ ਤਾਂ ਮੇਰੀ ਚੜ੍ਹਤ ਹੁੰਦੀ ਹੈ।

ਯਾਦ ਰਹੇ ਓਹਨੀ ਦਿਨੀ ਜਮੀਨ ਦੀ ਕਿੱਲਤ ਨਹੀ ਸੀ ਹੁੰਦੀ। ਪਿੰਡਾਂ ਥਾਵਾਂ ਤੇ ਬਾਹਰ ਥਾਂ ਵਾਧੂ ਬਿਨਾਂ ਵਾਹੇ ਪਏ ਰਹਿੰਦੇ ਸਨ। ਸੋ ਪਿੰਡ ਦੋਦੇ ਤੋਂ ਉੱਠ ਕੇ ਗੁਰੂ ਸਾਹਿਬ 7 ਕਿ. ਮੀ ਦੱਖਣ ਪਾਸੇ ਅਜਿਤੇ ਦੇ ਡੇਰੇ ਤੇ ਆ ਬੈਠੇ ਜਿਥੇ ਅੱਜ ਗੁਰਦੁਆਰਾ ਦਰਬਾਰ ਸਾਹਿਬ ਹੈ। (ਫਿਲਹਾਲ ਅਸੀ ਇਹਨੂੰ ਡੇਰਾ ਹੀ ਕਹਾਂਗੇ।)

ਲੋਕਾਈ ਫਿਰ ਉਲਟ ਕੇ ਪੈ ਗਈ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ। ਹਰ ਵੇਲੇ ਮੇਲਾ ਲੱਗਾ ਰਹਿਣ ਲੱਗ ਪਿਆ। ਇਹ ਗਰਮੀਆਂ ਦੇ ਦਿਨ ਸਨ (ਜੂਨ ਜੁਲਾਈ 1521 ਈ.)

—◈—

ਅਜਿਤੇ ਦਾ ਖੂਹ: ਪੱਖੋਕੇ

ਕਲਾਨੌਰ ਦੇ ਦੁਨੀ ਚੰਦ ਕ੍ਰੋੜੀਏ ਨੂੰ ਪਹਿਲਾਂ ਹੀ ਪਤਾ ਲੱਗ ਚੁੱਕਾ ਸੀ ਕਿ ਗੁਰੂ ਸਾਹਿਬ ਦੇ ਲਹੌਰ ਦੇ ਹਾਕਮ ਦੌਲਤ ਖਾਂ ਲੋਧੀ ਨਾਲ ਬਹੁਤ ਚੰਗੇ ਸਬੰਧ ਹਨ। ਫਿਰ ਗੁਰੂ ਸਾਹਿਬ ਦੇ ਬਾਬਰ ਨਾਲ ਸਬੰਧਾਂ ਦਾ ਵੀ ਖੁਲਾਸਾ ਹੋ ਗਿਆ। ਜਦੋਂ ਗੁਰੂ ਸਾਹਿਬ ਦੀ ਧਾਂਕ ਸਰਕਾਰੇ ਦਰਬਾਰੇ ਵੀ ਪੈਂਦੀ ਸੁਣੀ ਤਾਂ ਗੁਰੂ ਸਾਹਿਬ ਦੇ ਵਿਰੋਧੀ ਭਾਵ ਉਨਾਂ ਦੇ ਸਹੁਰੇ ਵੀ ਹੁਣ ਝੁੱਕ ਗਏ। ਹਰ ਕੋਈ, ਮਤਲਬ ਗੁਰੂ ਸਾਹਿਬ ਦਾ ਪ੍ਰਵਾਰ ਤੇ ਸ਼ਰਧਾਲੂ ਬਾਰ ਬਾਰ ਬੇਨਤੀਆਂ ਕਰ ਰਹੇ ਸਨ ਕਿ ਗੁਰੂ ਸਾਹਿਬ ਹੁਣ ਹੋਰ ਉਦਾਸੀਆਂ ਨਾਂ ਕਰਨ।

ਇਤਹਾਸ ਵਿੱਚ ਦਰਜ ਹੈ ਕਿ ਦੁਨੀ ਚੰਦ ਗੁਰੂ ਸਾਹਿਬ ਨੂੰ ਬੇਨਤੀ ਕਰਦਾ ਹੈ ਕਿ ਗੁਰੂ ਜੀ ਆਪਣੇ ਸ਼ਰਧਾਲੂਆ ਤੇ ਤਰਸ ਕਰੋ। ਤੁਹਾਡੇ ਦਰਸ਼ਨਾਂ ਲਈ ਦਰ ਦਰ ਭਟਕਦੇ ਨੇ। ਕਦੀ ਲੋਕ ਤਲਵੰਡੀ ਜਾਂਦੇ ਨੇ, ਕਦੀ ਸੁਲਤਾਨਪੁਰ ਲੋਧੀ। ਦੁਖੀ ਹੁੰਦੇ ਨੇ ਜਦੋਂ ਤੁਹਾਡੇ ਦਰਸ਼ਨ ਨਹੀ ਹੁੰਦੇ। ਇਹ ਵੀ ਲੱਗਦਾ ਹੈ ਕਿ ਲੋਕਾਂ ਨੇ ਕ੍ਰੋੜੀਏ ਨੂੰ ਵੀ ਬੇਨਤੀਆਂ ਕੀਤੀਆਂ ਹੋਣਗੀਆਂ ਕਿ ਕਿਸੇ ਤਰਾਂ ਤੁਸੀ ਵੀ ਗੁਰੂ ਸਾਹਿਬ ਨੂੰ ਮਨਾਓ। ਓਦੋਂ ਫਿਰ ਗੁਰੂ ਸਾਹਿਬ ਹਾਂ ਕਰ ਦਿੰਦੇ ਨੇ ਠੀਕ ਹੈ ਹੁਣ ਮੈਂ ਇਥੇ ਹੀ ਰਹਾਂਗਾ।

ਓਦੋਂ ਫਿਰ ਜਿੱਥੇ ਹੁਣ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਹੈ ਅਜਿਤਾ ਰੰਧਾਵਾ ਓਥੇ ਖੂਹ ਤੇ ਹੀ ਗੁਰੂ ਸਾਹਿਬ ਨੂੰ ਥਾਂ ਦੇ ਦਿੰਦਾ ਹੈ ਕਿ ਤੁਸੀ ਹੁਣ ਇਸ ਥਾਂ ਹੀ ਟਿਕੋ। ਹੁਣੇ ਹੁਣੇ (ਸੰਨ ਮਈ 2018 ਤੋਂ) ਇਸ ਅਸਥਾਨ ਦੀ ਕਾਰ ਸੇਵਾ ਹੋਈ ਹੈ। ਖੁਦਾਈ ਦੌਰਾਨ ਪਤਾ ਲੱਗਾ ਹੈ ਕਿ ਇਥੇ ਕਈ ਵਾਰ ਉਸਾਰੀਆਂ ਹੋਈਆਂ ਤੇ ਢਹੀਆਂ ਹਨ। ਸਾਰਾ ਸਥਾਨ ਵੱਖ ਵੱਖ ਵਕਤਾਂ ਦੀਆਂ ਨੀਹਾਂ ਨਾਲ ਭਰਪੂਰ ਹੈ।(ਸਾਨੂੰ ਦੁੱਖ ਹੈ ਕਿ ਕਾਰਸੇਵਾ ਵਾਲੇ ਬਾਬਿਆਂ ਇਸ ਲਿਖਾਰੀ ਨੂੰ ਉਨਾਂ ਨੀਹਾਂ ਦੀ ਤਸਵੀਰਾਂ ਲੈਣ ਦੀ ਇਜਾਜਤ ਨਾਂ ਦਿੱਤੀ।)

ਪੱਛਮ ਤੇ ਪੱਛਮ ਦੱਖਣ ਦੀ ਬਾਹੀ ਵਿੱਚ ਦੋ ਪੁਰਾਤਨ ਖੂਹੀਆਂ ਵੀ ਇਸ ਵਿਹੜੇ ਵਿੱਚ ਮਿਲੀਆਂ ਜਿੰਨਾਂ ਨੂੰ ਲਾਪਰਵਾਹ ਕਾਰਸੇਵਾ ਬਾਬੇ ਨੇ ਢੁਹਾ ਦਿੱਤਾ। ਤਸਵੀਰਾਂ ਜਦੋਂ ਇਸ ਲਿਖਾਰੀ ਨੇ ਅਖਬਾਰਾਂ ਵਿੱਚ ਛਪਵਾਈਆਂ ਤਾਂ ਕਾਰਸੇਵਾ ਬਾਬਾ ਇਸ ਲਿਖਾਰੀ ਦੇ ਹੀ ਖਿਲਾਫ ਹੋ ਗਇਆ।

ਮੁਕਦੀ ਗੱਲ ਕਿ ਇਹ ਪਵਿਤ੍ਰ ਵਿਹੜਾ ਪੁਰਾਤਤ ਪੱਖੋ ਬਹੁਤ ਹੀ ਭਰਪੂਰ ਪਾਇਆ ਗਇਆ ਹੈ। ਸਾਫ ਲੱਗਦਾ ਹੈ ਕਿ ਇਥੇ ਪਿੱਛਲੇ 500 ਸਾਲਾਂ ਤੋਂ ਲਗਾਤਾਰ ਇਮਾਰਤਾਂ ਬਣਦੀਆਂ ਢਹਿੰਦੀਆਂ ਆਈਆਂ ਹਨ।

ਗੁਰੂ ਸਾਹਿਬ ਵੀ ਮਹੀਨੇ ਵਿੱਚ ਦਿਨ ਮੁਕੱਰਰ ਕਰ ਦਿੰਦੇ ਨੇ ਕਿ (ਕਿ ਹਰ ਪੂਰਨਮਾਸ਼ੀ ਜਾਂ ਮੱਸਿਆ) ਤੇ ਮੈਂ ਪੱਖੋਕੇ ਹਾਜਰ ਰਿਹਾ ਕਰਾਂਗਾ। ਇਥੋਂ ਹੀ ਗੁਰੂ ਸਾਹਿਬ ਨੇੜੇ ਤੇੜੇ ਪੰਜਾਬ ਦੀਆਂ ਫੇਰੀਆਂ ਲਾਉਦੇ ਨੇ।

—◈—

ਕਰਤਾਰਪੁਰ

ਦੁਨੀ ਚੰਦ ਕ੍ਰੋੜੀਏ ਨੇ100 ਵਿਘਾ ਜਮੀਨ ਦਾ ਪਟਾ ਗੁਰੂ ਸਾਹਿਬ ਦੇ ਚਰਨਾਂ ਤੇ ਭੇਟ ਕੀਤਾ

ਇਸੇ ਤਰਾਂ ਇਕ ਵੇਰ ਗੁਰੂ ਸਾਹਿਬ ਜਦੋਂ ਤਲਵੰਡੀ ਗਏ ਤਾਂ ਮਾਤਾ ਪਿਤਾ ਨੂੰ ਵੀ ਉਨਾਂ ਬੇਨਤੀ ਕੀਤੀ ਕਿ ਤੁਸੀ ਵੀ ਪੱਖੋ ਕੇ ਆ ਜਾਓ। ਪਰ ਪਿਤਾ ਕਾਲੂ ਨੇ ਪੱਖੋਕੇ ਜਾਣ ਤੋਂ ਸਾਫ ਇਨਕਾਰ ਕਰ ਦਿੱਤਾ ਕਿ ਉਹ ਕਿਸੇ ਵੀ ਸੂਰਤ ਵਿੱਚ ਕੁੜਮਾਂ ਦੇ ਘਰ ਜਾ ਕੇ ਸੁਖੀ ਨਹੀ ਹੋ ਸਕਦੇ। ਇਸ ਗੱਲ ਦਾ ਪਤਾ ਕ੍ਰੋੜੀਏ ਨੂੰ ਵੀ ਲੱਗ ਜਾਂਦਾ ਹੈ।

ਵਕਤ ਪਾ ਕੇ ਭਾਵ ਜਨਵਰੀ 1521 ਵਿੱਚ ਬਾਬਰ ਸੈਦਪੁਰ ਤੇ ਹਮਲਾ ਕਰਦਾ ਹੈ। ਸੈਦਪੁਰ ਗੁਰੂ ਸਾਹਿਬ ਹਜਾਰਾਂ ਬੰਦੀਆਂ ਨੂੰ ਬਾਬਰ ਦੀ ਜੇਲ ਤੋਂ ਰਿਹਾ ਕਰਵਾਉਦੇ ਹਨ। ਬਾਬੇ ਦੀ ਫਿਰ ਚੁਫੇਰੇ ਧੁੰਮ ਪੈ ਜਾਂਦੀ ਹੈ। ਪਹਿਲਾਂ ਗੁਰੂ ਸਾਹਿਬ ਦੇ ਨਵਾਬ ਦੌਲਤ ਖਾਂ ਲੋਧੀ ਨਾਲ ਨਿਗੱਰ ਸਬੰਧਾਂ ਦਾ ਵੀ ਸਭ ਨੂੰ ਪਤਾ ਸੀ।

ਕਿਉਕਿ ਉਨੂੰ ਪਤਾ ਸੀ ਕਿ ਹਰ ਪਾਸੇ ਗੁਰੂ ਸਾਹਿਬ ਦੀ ਜੈ ਜੈ ਕਾਰ ਹੋ ਰਹੀ ਹੈ ਚਾਹੇ ਉਹ ਬਾਬਰ ਹੋਵੇ ਜਾਂ ਲਹੌਰ ਜਾਂ ਸੁਲਤਾਨਪੁਰ ਦਾ ਸੂਬਾ, ਇਸ ਕਰਕੇ ਕ੍ਰੋੜੀਆ ਵੀ ਗੁਰੂ ਸਾਹਿਬ ਦੀ ਖੁਸ਼ੀ ਲੈਣੀ ਲੋਚਦਾ ਹੈ। ਉਹ 100 ਵਿਘਾ ਜਮੀਨ ਦਰਿਆ ਕੰਢੇ ਗੁਰੂ ਸਾਹਿਬ ਨੂੰ ਅਲਾਟ ਕਰਵਾਉਣਾਂ ਸ਼ੁਰੂ ਕਰਦਾ ਹੈ।*

ਅਖੀਰ, ਦੁਨੀ ਚੰਦ ਕ੍ਰੋੜੀਆ ਲਹੌਰ ਦਰਬਾਰ ਤੋਂ ਗੁਰੂ ਨਾਨਕ ਦੇ ਨਾਂ ਤੇ ਰਾਵੀ ਦੇ ਖੱਬੇ ਕੰਢੇ ਤੇ 100 ਵਿਘਾ ਜਮੀਨ ਲਿਖਵਾ ਲਿਆਉਦਾ ਹੈ।

ਸੰਮਤ 1579 ਬਿ. (1522 ਈ) ਚੇਤ੍ਰ ਵੈਸਾਖ ਦੇ ਦਿਨਾਂ ਵਿੱਚ

ਗੁਰੂ ਸਾਹਿਬ ਨੇ ਦੋਦੇ ਦੇ ਲਾਗੇ ਹੀ ਰਾਵੀ ਦੇ ਕੰਢੇ ਬਕਾਇਦਾ ਮੋੜੀ ਗੱਡ ਕੇ◉ ਪਿੰਡ ਬੱਧਾ ਤੇ ਨਾਂ ਰੱਖਿਆ ਰਚਨਹਾਰ ਨਿਰੰਕਾਰ ਦੇ ਨਾਂ ਤੇ 'ਕਰਤਾਰਪੁਰ'। ਜਿਵੇਂ ਫਿਰ ਭਾਈ ਗੁਰਦਾਸ ਨੇ ਲਿਖਿਆ:-

ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ॥
ਪਹਿਰ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਤਾਰਾ॥

ਸੋ ਹੁਣ ਸਿੱਖੀ ਦਾ ਧੁਰਾ ਜਾਂ ਹੈਡ ਕਵਾਟਰ ਬੱਝ ਚੁੱਕਾ ਸੀ। ਇਹ ਉਹ ਇਲਾਕਾ ਸੀ ਜਿਸ ਦੇ ਪੱਛਮ ਵਿੱਚ ਇਸਲਾਮ ਸੀ ਤੇ ਪੂਰਬ ਵਿੱਚ ਹਿੰਦੂ ਧਰਮ।

ਕਿਉਕਿ ਰਾਵੀ ਦੇ ਇਸ ਬੇਲੇ ਵਿੱਚ ਕਾਨਿਆਂ ਤੇ ਕਾਹ (ਕਾਈ ਜਾਂ ਲੰਮਾ ਘਾਹ) ਦੀ ਭਰਮਾਰ ਹੈ ਇਥੇ ਫਿਰ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਉੱਚੇ ਟਿੱਬੇ ਤੇ ਤੁਰੰਤ ਛੰਨ ਬਣਾ ਦਿੱਤੀ ਗਈ। ਛੰਨ ਦਾ ਮੂੰਹ ਚੜ੍ਹਦੇ ਪਾਸੇ ਰੱਖਿਆ ਗਿਆ। ਅੰਦਰਵਾਰ ਚੜ੍ਹਦੇ-ਪਹਾੜ ਦੀ ਗੁੱਠ ਵਿੱਚ ਬਾਬੇ ਦਾ ਆਸਣ ਵਾਲਾ ਥੜਾ ਬਣਾਇਆ ਗਇਆ ਜਿਸ ਤੇ ਕਾਈ ਦਾ ਵਿਛਾਉਣਾ ਹੁੰਦਾ ਸੀ। ਬਾਬੇ ਦੇ ਬਰਾਬਰ ਤੇ ਭਾਵ ਛੰਨ ਦੇ ਪਹਾੜ ਪਾਸੇ ਕੀਰਤਨੀਏ ਬਹਿੰਦੇ ਸਨ।

ਛੇਤੀ ਹੀ ਧਰਮਸਾਲ ਤੋਂ ਵੱਖਰੀ ਛੰਨ ਵੀ ਬਣਾ ਦਿੱਤੀ ਗਈ ਜਿੱਥੇ ਸ਼ੁਰੂ ਵਿੱਚ ਗੁਰੂ ਸਾਹਿਬ ਦਾ ਪ੍ਰਵਾਰ ਨਿਵਾਸ ਕਰਦਾ ਸੀ।

ਇਕ ਵੱਖਰੀ ਪਰ ਛੋਟੀ ਜਿਹੀ ਛੰਨ ਇਕੱਲੇ ਬਾਬੇ ਵਾਸਤੇ ਬਣਾ ਦਿੱਤੀ ਗਈ ਜਿਸ ਨੂੰ ਇਤਹਾਸ ਵਿਚ ਖੁੱਡੀ ਲਿਖਿਆ ਗਇਆ ਹੈ।

ਰਾਤ ਨੂੰ ਸੰਗਤ ਵਿੱਚ ਰਬਾਬੀ ਕੀਰਤਨ ਕਰਿਆ ਕਰਦੇ ਸਨ। ਗੁਰੂ ਸਾਹਿਬ ਨਾਲ ਨਾਲ ਹੁੰਗਾਰਾ ਭਰਿਆ ਕਰਦੇ ਸਨ। ਜਦੋਂ ਗੁਰੂ ਸਾਹਿਬ ਹੁੰਗਾਰਾ ਬੰਦ ਕਰ ਦਿੰਦੇ ਤਾਂ ਰਬਾਬੀਆਂ ਨੇ ਆਰਤੀ ਸੋਹਿਲਾ ਪੜ੍ਹ ਕੇ ਭੋਗ ਪਾ ਦੇਣਾ। ਗੁਰੂ ਸਾਹਿਬ ਨੇ ਕਹਿਣਾ ਪੁਰਖੋ ਹੁਣ ਸੌਂ ਜਾਓ। ਹਾਲ ਦੇ ਇਕ ਪਾਸੇ ਫਿਰ ਸਿੱਖ ਸੌਂ ਜਾਇਆ ਕਰਦੇ ਸਨ। ਇਕ ਦੂਸਰੇ ਤੋਂ ਥੋੜਾਂ ਹਟਵੇ ਹਟਵੇ ਹੋ ਕੇ। ਜਦੋਂ ਸਾਰੇ ਸੌ ਜਾਂਦੇ ਬਾਬੇ ਨੇ ਐਵੇ ਮਿੰਟ ਕੁ ਸੌਣਾ ਤੇ ਫਿਰ ਦਰਿਆ ਵਲ ਰਵਾਨਾ ਹੋ ਜਾਂਦਾ ਸੀ। ਇਕ ਸਿੱਖ ਨਾਲ ਹੁੰਦਾ ਸੀ। ਬਾਦ ਵਿੱਚ ਭਾਈ ਲਹਿਣਾ ਦੇ ਆਉਣ ਤੇ ਉਹ ਨਾਲ ਜਾਇਆ ਕਰਦੇ ਸਨ।

ਬਾਬੇ ਨੇ ਆਪਣੀਆਂ ਦੋਵੇ ਚਾਦਰਾਂ ਬੰਨੇ ਰੱਖ ਦੇਣੀਆਂ। ਉਤੇ ਡੰਡਾ ਰੱਖ ਦੇਣਾ ਕਿ ਕਿਤੇ ਉਡਣ ਨਾਂ। ਦਰਿਆ ਵਿੱਚ ਡੁਬਕੀ ਮਾਰਨੀ। ਫਿਰ ਡੂੰਘੇ ਪਾਣੀ ਚਲੇ ਜਾਣਾ ਜਿੱਥੇ ਪਾਣੀ ਗੱਲ ਗੱਲ ਹੋ ਜਾਵੇ। 4-5 ਘੰਟੇ (ਡੇਢ ਪਹਿਰ) ਏਸੇ ਤਰਾਂ ਪਾਣੀ ਵਿੱਚ ਰਹਿਣਾ। ਫਿਰ ਸੂਰਜ ਚੜੇ ਬਾਹਰ ਨਿਕਲਣਾ। ਸਿੱਖ (ਭਾਈ ਲਹਿਣਾ ਜਾਂ ਕੋਈ ਹੋਰ) ਖੁਦ ਇਸ਼ਨਾਨ ਕਰਨ ਉਪਰੰਤ ਦੂਰ ਬੈਠਾ ਉਡੀਕ ਕਰਿਆ ਕਰੇ। ਜਦੋਂ ਬਾਬਾ ਬਾਹਰ ਆਵੇ ਤਾਂ ਕੋਪੀਨ (ਲੰਗੋਟ) ਬਦਲੇ। ਸੁੱਕੀ ਪਾ ਲਵੇ। ਗਿੱਲੀ ਨੂੰ ਨਿਚੋੜ, ਨਾਲ ਲੈ ਲਵੇ।

ਦਰਿਆ ਅੱਧਾ ਕੁ ਕਿ. ਮੀ. ਹਟਵਾ ਪਹਾੜ ਪਾਸੇ ਹੁੰਦਾ ਸੀ। ਇਕ ਵੇਰਾਂ ਤਾਂ ਬਾਬਾ ਵਾਪਸੀ ਤੇ ਇਹੋ ਪੜਦਾ ਰਿਹਾ:-

"ਨਾਮ ਸੁਹਾਵਾ, ਵਖਤੁ ਸੁਹਾਵਾ, ਮੁਖਿ ਆਖਾ ਮਨਿ ਚਾਉ॥'

ਕਈ ਵੇਰ ਕਰਤਾਰਪੁਰ ਤੋਂ ਪਰਾਂ ਉਰਾਂ ਵੀ ਬਾਬੇ ਨੇ ਬਹਿ ਜਾਣਾਂ। ਸਿੱਖਾਂ ਨੇ ਭਾਲ ਕੇ ਫਿਰ ਕਰਤਾਰਪੁਰ ਆ ਸੰਗਤ ਨੂੰ ਸੁਨੇਹਾ ਦੇਣਾ ਕਿ ਫਲਾਣੀ ਰੋੜੀ ਤੇ ਬਾਬਾ ਬਿਰਾਜਮਾਨ ਹੈ। ਸੰਗਤ ਨੇ ਓਥੇ ਹੀ ਆ ਜਾਣਾ। ਆਪਣੇ ਪੈਰਾਂ ਨੂੰ ਬਾਬਾ ਹੱਥ ਨਹੀ ਸੀ ਲਾਉਣ ਦਿਆ ਕਰਦਾ। ਇਸ ਕਰਕੇ ਸਿੱਖਾਂ ਨੇ ਦੂਰੋਂ ਹੀ ਡੰਡਾਉਤ ਬੰਦਨਾਂ ਕਰ ਲੈਣੀ। ਗੁਰੂ ਸਾਹਿਬ ਨੇ ਅਸੀਸ ਦੇਣੀ 'ਨਹੀ ਪੁਰਖਾ! ਕਰਤਾਰ ਭਲਾ ਕਰੇਗਾ'।

ਏਸੇ ਤਰਾਂ ਜਦੋਂ ਕਰਤਾਰਪੁਰ ਤੋਂ ਹਟਵਾ ਹੀ ਇਕੱਠ ਹੋ ਜਾਣਾ ਤੇ ਫਿਰ ਲਾਂਗਰੀ ਨੇ ਆ ਕੇ ਗੁਰੂ ਸਾਹਿਬ ਨੂੰ ਕਹਿਣਾ ਕਿ ਗੁਰੂ ਜੀ ਲੰਗਰ ਤਿਆਰ ਹੈ ਸੰਗਤ ਨੂੰ ਆਗਿਆ ਦੇਵੋ ਕਿ ਲੰਗਰ ਛਕੇ। ਗੁਰੂ ਸਾਹਿਬ ਨੇ ਫਿਰ ਸੰਗਤ ਨੂੰ ਹੁਕਮ ਕਰਨਾਂ ਕਿ ਭਾਈ ਉਠੋ ਕਰਤਾਰਪੁਰ ਪਹੁੰਚ ਲੰਗਰ ਛਕੋ।

ਸਿਆਲ ਦੇ ਦਿਨਾਂ ਵਿੱਚ ਲੰਗਰ ਵਿੱਚ ਖਿਚੜੀ ਨਾਲ ਰੋਟੀ ਹੁੰਦੀ ਸੀ। ਗਰਮੀਆਂ ਦੇ ਦਿਨਾਂ ਵਿੱਚ ਦਾਲ ਰੋਟੀ।**** ਰੋਟੀ ਰੱਜਵੀ ਮਿਲਦੀ ਸੀ। ਕਈ ਵੇਰਾਂ ਇਥੇ ਬਹੁਤ ਭੀੜ ਇਕੱਠੀ ਹੋ ਜਾਂਦੀ। ਪਰ ਹਰ ਕੋਈ ਤ੍ਰਿਪਤ ਹੋ ਕੇ ਜਾਂਦਾ। ਕਦੀ ਲੰਗਰ ਦੀ ਤੋਟ ਨਹੀ ਸੀ ਆਉਦੀ। ਜਾਂਦਾ ਹੋਇਆ ਹਰ ਕੋਈ ਧੰਨ ਬਾਬਾ ਨਾਨਕ! ਧੰਨ ਬਾਬਾ ਨਾਨਕ ਪੁਕਾਰ ਰਿਹਾ ਹੁੰਦਾ।

ਸੋ ਸ਼ੁਰੂ ਸ਼ੁਰੂ ਵਿੱਚ ਕਰਤਾਰਪੁਰ ਵਿਖੇ ਛੰਨ ਬੰਨੀ ਗਈ ਸੀ। ਓਥੇ ਕਾਹ (ਲੰਮਾ ਘਾਹ) ਅਤੇ ਸਰਕੜੇ ਦੀ ਭਰਮਾਰ ਹੈ। ਬਾਦ ਵਿੱਚ ਫਿਰ ਸ਼ਰਧਾਲੂਆਂ ਨੇ ਪੱਕੀ ਇੱਟ ਦੀ ਇਮਾਰਤ ਬਣਾ ਲਈ।

—◈—

ਕਰਤਾਰਪੁਰ ਵਸਾਇਆ
1579 ਬਿ. ਚੇਤ੍ਰ ਵਿਸਾਖ

ਜਨਮ ਸਾਖੀਆਂ (ਸੋਢੀ ਮਿਹਰਵਾਨ ਸੋਢੀ 2 -143 ਅਤੇ ਬੀ:40 ਜਨਮਸਾਖੀ) ਵਿੱਚ ਕੁਝ ਇਸ ਤਰਾਂ ਮਿਲਦਾ ਹੈ:-

ਮੂਲ ਲੇਖ ਦਾ ਕੁਝ ਹਿੱਸਾ:-

"ਤਬ ਗੁਰੂ ਨਾਨਕ ਜੀ ਕਰਤਾਰਪੁਰਿ ਆਇ ਟਿਕਿਆ। ਥੁੜ ਬਣਿਆਂ ਦੀ ਖੁਡੀ ਉਸਾਰੀ। ਸੂਰਜ ਕੇ ਸਨਮੁਖ ਦਰ ਰੱਖਿਆ। ਤਬ ਗੁਰੂ ਬਾਬੇ ਓਹੁ ਦਰੁ ਚਣਾਇ ਕਰਿ ਦਖਣ ਕੀ ਕੁੰਟ ਚੰਨੇ ਕੇ ਵਿਚਿ ਦਰੁ ਰਖਿਆ। ਜਿਤਨੇ ਨਿਵਿ ਕਰਿ ਇਕ ਆਦਮੀ ਵਿਚਿ ਵੜੇ। ਲੰਮੀ ਖੁਡੀ ਅਤੈ ਉਤਰ ਕੇ ਚੰਨੋ ਅੰਦਰਿ ਵਾਰਿ ਬਾਬੇ ਕੀ ਬੈਸਕ, ਰੋੜਾਂ ਕਾ ਚਉਤੜਾ, ਮੰਜੇ ਜਿਤਨਾ ਕੁ, ਉਸ ਉਤੇ ਕੱਖਾਂ ਕੀ ਪੂਲੀ ਵਿਛਾਇ ਕਰ ਬਾਬਾ ਬੈਠੇ।

ਰਬਾਬੀ ਕੀਰਤਨ ਕਰੇ ਸੰਗਤ ਪਾਸਿ ਬੈਠੇ। ਜਿਚਰ ਤੀਕੁ ਗੁਰੂ ਬਾਬਾ ਬੈਠਾ ਰਬਾਬੀ ਨੂੰ ਹੁਗਾਰਾ ਭਰੇ, 'ਹੂੰ' ਕਰੇ ਤੀਚਰ ਤੀਕ ਰਬਾਬੀ ਗਾਵੇ। ਜਾਂ ਬਾਬਾ ਹੂੰ ਕਰਣੇ ਤੇ ਰਹੈ ਤਾਂ ਰਬਾਬੀ ਆਰਤੀ ਸੋਹਿਲਾ ਕਰੈ। ਤਬ ਰਬਾਬੀ ਨੂੰ ਆਗਿਆ ਹੋਵੇ ਕਿ ਸਵਹੁ ਪੁਰਖਾ। ਤਬ ਸਿਖ ਇਕਤਿ ਤਰਫ ਹੋਇ ਕਰਿ, ਸਵਿ ਜਾਨਿ। ਦੂਰਿ ਦੂਰਿ ਹੋਇ ਕਰ ਟਿਕ ਜਾਨਿ। ਗੁਰੂ ਬਾਬਾ ਬਿੰਦਕ ਲੰਮੇ ਆਸਣਿ ਹੋਇ ਕਰਿ, ਫਿਰਿ ਉਠਿ ਦਰੀਆਇ ਜਾਇ। ਹੋਰ ਸਭਿ ਸਵਿ ਜਾਨਿ।

ਅਰਥ:

(ਬਾਬਾ ਕਰਤਾਰਪੁਰ ਆ ਵੱਸਿਆ। ਉੱਚੇ ਟਿੱਬੇ ਉਤੇ ਖੂੰਡ ਬਣਵਾਈ। ਚੜ੍ਹਦੇ ਪਾਸੇ ਦਰ ਰਖਿਆ , ਪਰ ਨੀਵੀ ਨੀਵੀ ਕੰਧ ਚਿਣਾ ਦਿੱਤੀ। ਫਿਰ ਦੱਖਣ ਪਾਸੇ ਦੇ ਚੰਨਿਆਂ ਵਿੱਚ ਦਰ ਰੱਖਿਆ ਹੋਇਆ ਸੀ। ਬੂਹੇ ਦੀ ਉੱਚਾਈ ਇੰਨੀ ਕੇ ਮਸਾਂ ਨਿਉ ਕੇ ਬੰਦਾ ਅੰਦਰ ਜਾ ਸਕਦਾ ਸੀ। ਦੱਖਣ-ਪਹਾੜ ਦੀ ਬਾਹੀਆਂ ਦੀ ਚੋਖੀ ਲੰਬਾਈ। ਪਹਾੜ ਪਾਸੇ ਫਿਰ ਬਾਬੇ ਦਾ ਆਸਣ ਹੁੰਦਾ। ਮੰਜੇ ਕੁ ਜਿੰਨਾ ਚੌਂਤਰਾ ਤੇ ਉਤੇ ਰੋੜਾਂ ਦੀ ਭਰਤੀ। ਉਤੇ ਬੇਲੇ ਦਾ ਲੰਮਾ ਘਾਹ (ਜਿਹਨੂੰ ਕਾਹ ਕਹਿੰਦੇ) ਉਹ ਵਿਛਾਇਆ ਹੁੰਦਾ, ਜਿੱਥੇ ਬਾਬਾ ਬਿਰਾਜਦਾ।)

ਸੋਢੀ ਅਨੁਸਾਰ ਗੁਰੂ ਸਾਹਿਬ ਦਾ ਖਾਣਾ ਇਕੋ ਹੁੰਦਾ ਸੀ: ਤਲੀ ਤੇ ਰੇਤ ਤੇ ਅੱਕ ਦੀ ਖਖੜੀ। ਇਥੇ ਲੱਗਦਾ ਸੋਢੀ ਭਾਈ ਗੁਰਦਾਸ ਤੋਂ ਪ੍ਰਭਾਵਤ ਹੋ ਕਿ ਲਿਖ ਰਿਹਾ ਹੈ ਕਿਉਕਿ ਭਾਈ ਸਾਹਿਬ ਨੇ ਲਿਖਿਆ ਹੈ, "ਪਹਿਲਾਂ ਬਾਬੇ ਪਾਯਾ ਬਖਸ ਦਰ ਪਿੱਛੋਂ ਦੇ ਫਿਰ ਘਾਲ ਕਮਾਈ॥ ਰੇਤ ਅੱਕ ਆਹਾਰ ਕਰ ਰੋੜਾਂ ਕੀ ਗੁਰ ਕਰੀ ਵਿਛਾਈ॥ ਭਾਰੀ ਕਰੀ ਤੱਪਸਿਆ ਬਡੇ ਭਾਗ ਹਰਿ ਸਿਉਂ ਬਣਿ ਆਈ॥ " ਗੁਰੂ ਸਾਹਿਬ ਦੀ ਬਾਣੀ ਹਾਲਾਂ ਇਸ ਗੱਲ ਨੂੰ ਤਸਦੀਕ ਨਹੀ ਕਰਦੀ। ਗੁਰੂ ਸਾਹਿਬ ਦਾ ਮਾਰਗ ਰਜਾ ਦਾ ਹੈ। ਉਹ ਸਰੀਰ ਨੂੰ ਤਸੀਹੇ ਦੇ ਸਖਤ ਖਿਲਾਫ ਸਨ।

ਬਾਕੀ ਜਿਹੜਾ ਭਾਈ ਗੁਰਦਾਸ ਤੇ ਹੋਰਨਾਂ ਜਨਮਸਾਖੀਆਂ ਨੇ ਰੋੜਾਂ ਦੀ ਵਿਛਾਈ ਤੇ ਰੇਤ-ਅੱਕ ਅਹਾਰ ਦਾ ਭੋਜਨ ਕਰਨ ਦੀ ਗੱਲ ਕਹੀ ਹੈ ਉਹ ਵੀ ਗੁਰਮਤ ਨਾਲ ਮੇਲ ਨਹੀ ਖਾਂਦੀ। ਲਗਦਾ ਹੈ ਭਾਈ ਸਾਹਿਬ ਇਕ ਤਰਾਂ ਨਾਲ ਮੁਹਾਵਰਾ ਵਰਤਿਆ ਕਿ ਸਾਹਿਬ ਨੇ ਕਠਿਨ ਤਪੱਸਿਆ ਕੀਤੀ ਪਰ ਲੋਕਾਂ ਨੇ ਲਫਜੀ ਮਾਇਨੇ ਲੈ ਲਏ ਹਨ। ਗੁਰੂ ਸਾਹਿਬ ਨੇ ਤਾਂ ਥਾਂ ਥਾਂ ਜਾ ਧਰਮ ਦੇ ਨਾਂ ਤੇ ਸਰੀਰਕ ਤਸੀਹੇ ਦੇਣ ਦੀ ਮੁਖਾਲਫਤ ਕੀਤੀ ਸੀ।

"ਬਾਬੇ ਨੇ ਥੁੜ ਬਣਿਆ ਦੀ ਖੁੰਡੀ ਉਸਾਰੀ" ਭਾਵ ਗਰੀਬ ਲੋਕਾਂ ਵਾਲਾ ਕਮਰਾ ਪਾਇਆ

ਮੋੜੀ ਗੱਡਣੀ - ਅੱਜ ਤੋਂ ਸਦੀ ਪਹਿਲਾਂ ਤਕ ਜਦੋ ਵੀ ਕੋਈ ਪਿੰਡ ਜਾਂ ਸ਼ਹਿਰ ਵਸਾਇਆ ਜਾਂਦਾ ਸੀ ਤਾਂ ਓਥੇ ਸਭ ਤੋਂ ਪਹਿਲਾਂ ਕਿਸੇ ਦਰੱਖਤ (ਬੇਰੀ, ਤੂਤ, ਟਾਹਲੀ ਆਦਿ) ਦਾ ਤਣਾ ਗੱਡ ਦਿੱਤਾ ਜਾਂਦਾ ਸੀ। ਕਈ ਵਾਰੀ ਇਹ ਤਣੇ ਹਰੇ ਵੀ ਹੋ ਜਾਂਦੇ ਸਨ ਤੇ ਇਸ ਪ੍ਰਕਾਰ ਅਜਿਹਾ ਰੁੱਖ ਫਿਰ ਪੂਜਣ ਯੋਗ ਬਣ ਜਾਂਦਾ ਸੀ।

ਕਈ ਥਾਂਈ ਮੋੜੀ ਗੱਡਣ ਕਿੱਲਾ ਗੱਡਣਾ ਵੀ ਕਿਹਾ ਜਾਂਦਾ ਹੈ। ਇਹ ਇਕ ਤਰਾਂ ਨਾਲ ਕਬਜੇ ਜਾਂ ਮਾਲਕੀਅਤ ਦਾ ਸੰਕੇਤ ਹੁੰਦਾ ਸੀ।

ਉਂਜ ਹੈਰਾਨੀ ਹੁੰਦੀ ਹੈ ਜਿਹੜਾ ਇਤਹਾਸ ਵਿਚ ਆਉਦਾ ਹੈ ਕਿ ਗੁਰੂ ਸਾਹਿਬ ਨੇ ਮੋੜੀ ਗੱਡੀ। ਇਹ ਗਲ ਗੁਰੂ ਸਾਹਿਬ ਦੀ ਸੋਚ ਦੇ ਉਲਟ ਜਾਂਦੀ ਹੈ। ਓਹਨੀ ਦਿਨੀਂ ਹੋ ਸਕਦਾ ਇਹ ਜਰੂਰੀ ਰਸਮ ਹੋਵੇ।

ਮਾਤਾ ਚੋਣੀ ਅਤੇ ਲਖਮੀ ਚੰਦ ਪੱਖੋਕੇ ਡੇਰੇ ਹੀ ਸ਼ਾਮਲ ਹੋ ਗਏ ਸਨ

ਕਿਉਕਿ ਮਾਤਾ ਸੁਲੱਖਣੀ ਅਤੇ ਪੁੱਤਰਾਂ ਲਖਮੀ ਚੰਦ ਆਦਿ ਨੇ ਵੇਖ ਲਿਆ ਸੀ ਕਿ ਕਿਵੇ ਅਜਿਤੇ ਵਾਲੀ ਧਰਮਸਾਲਾ ਵਿੱਚ ਰੌਣਕਾਂ ਲੱਗੀਆਂ ਰਹਿੰਦੀਆਂ ਨੇ। ਇਨਾਂ ਨੂੰ ਥੋੜੀ ਈਰਖਾ ਵੀ ਹੋਈ ਕਿ ਕਿਵੇ ਉਨਾਂ ਦੇ ਪਿਤਾ ਦੇ ਸਾਰੇ ਸਿਲਸਲੇ ਦਾ ਅਜਿਤਾ ਰੰਧਾਵਾ ਮਾਲਕ ਜਾਂ ਕਾਰਦਾਰ (ਮੈਨੇਜਰ) ਬਣਿਆ ਬੈਠਾ ਹੈ। ਕਿਤੇ ਕਿਤੇ ਇਹ ਵੀ ਜਿਕਰ ਮਿਲਦਾ ਹੈ ਕਿ ਬੇਬੇ ਨਾਨਕੀ ਅਤੇ ਭਾਈਆ ਜੈ ਰਾਮ ਵੀ ਇਥੇ ਆ ਚੁੱਕੇ ਸਨ। ਗੁਰੂ ਸਾਹਿਬ ਦੀ ਸਰੀਰਕ ਗੈਰਹਾਜਰੀ ਮੌਕੇ ਦੂਰੋਂ ਨੇੜਿਓ ਆ ਰਹੀ ਸੰਗਤ ਨੂੰ ਸੰਤੋਖਣਾਂ ਬਹੁਤ ਜਰੂਰੀ ਸੀ। ਲੰਗਰ ਸੇਵਾ ਮਾਤਾ ਸੁਲੱਖਣੀ ਚੋਣੀ ਨੇ ਸਾਂਭ ਲਈ ਸੀ। ਲੰਗਰ ਰਸਦ, ਰਹਾਇਸ਼ ਆਦਿ ਦਾ ਸਾਰਾ ਬੰਦੋਬਸਤ ਅਜਿਤੇ ਕੋਲ ਹੁੰਦਾ ਪਰ ਰੂਹਾਨੀਅਤ ਪੱਖੋ

ਰਹਿਨੁਮਾਈ ਬੇਬੇ ਨਾਨਕੀ ਤੇ ਭਾਈ ਭਾਗੀਰਥ ਭਾਈ ਸਧਾਰਣ ਜਿਹੇ ਸਿੱਖ ਕਰਦੇ।

ਪਰ ਜਿਵੇਂ ਗੁਰੂ ਸਾਹਿਬ ਨੇ ਕਰਤਾਰਪੁਰ ਦੀ ਸਥਾਪਣਾ ਕਰ ਦਿੱਤੀ ਤਾਂ ਪੁੱਤਰ ਲਖਮੀ ਚੰਦ ਨੇ ਬੰਦੋਬਸਤ ਵਿੱਚ ਦਖਲ ਅੰਦਾਜ਼ੀ ਸ਼ੁਰੂ ਕਰ ਦਿੱਤੀ ਸੀ। ਗੁਰੂ ਸਾਹਿਬ ਦੇ ਸਹੁਰਾ ਅਤੇ ਸੱਸ ਪਿੰਡ ਪੱਖੋਕੇ ਵਿਖੇ ਹੀ ਰਹੇ।

ਕਰਤਾਰਪੁਰ ਹੁਣ ਰੌਣਕਾਂ ਹੀ ਰੌਣਕਾਂ ਲੱਗੀਆਂ ਰਹਿੰਦੀਆਂ ਸਨ।

ਬਾਬਾ ਸ੍ਰੀ ਚੰਦ ਵੀ ਕਰਤਾਰਪੁਰ ਆ ਗਏ

ਕਈ ਗੁਰਸਿੱਖ ਇਤਹਾਸਕਾਰਾਂ (ਗਿਆਨੀ ਤੇ ਹੋਰਨਾਂ) ਨੇ ਲਿਖਿਆ ਹੈ ਕਿ ਗੁਰੂ ਸਾਹਿਬ ਦੇ ਵੱਡੇ ਪੁੱਤਰ ਬਾਬਾ ਸ੍ਰੀ ਚੰਦ ਜਦੋਂ ਗੁਰਿਆਈ ਦੀ ਪ੍ਰੀਖਿਆ ਵਿੱਚ ਨਾਕਾਮ ਹੋ ਗਏ ਤਾਂ ਓਦੋਂ ਸਿਰ ਵਿੱਚ ਸੁਆਹ ਪਾ ਕੇ ਟਾਹਲੀ ਹੇਠ ਬੈਠ ਗਏ ਸਨ। ਜਦੋਂ ਕਿ ਬਾਬਾ ਜੀ ਦੀ ਜੀਵਨੀ ਪੜ੍ਹਨ ਤੇ ਪਤਾ ਲੱਗਦਾ ਹੈ ਕਿ ਨਾਨੇ ਦੀਆਂ ਝਿੜਕਾਂ ਤੋਂ ਤੰਗ ਆ ਉਹ ਛੋਟੀ ਉਮਰੇ ਹੀ ਸਾਧ ਬਣ ਗਏ ਸਨ ਤੇ ਕੰਨ ਪਾਟੇ ਸੰਪਰਦਾਇ ਵਿੱਚ ਸ਼ਾਮਲ ਹੋ ਗਏ ਸਨ। ਇਨਾਂ ਦਾ ਮੁਕਾਮ ਸ੍ਰੀ ਨਗਰ ਹੁੰਦਾ ਸੀ।

ਕਿਉਕਿ ਕਰਤਾਰਪੁਰ ਵਿਖੇ ਜੋਗੀ ਤੇ ਹੋਰ ਸੰਨਿਆਸੀਆਂ ਦੀ ਵੀ ਵੱਡੀ ਆਵਾਜਾਈ ਲੱਗੀ ਰਹਿੰਦੀ ਸੀ ਜਿਸ ਕਰਕੇ ਬਾਬਾ ਸ੍ਰੀ ਚੰਦ ਵਾਸਤੇ ਕਰਤਾਰਪੁਰ ਵਿੱਚ ਆ ਬਹਿਣਾ ਸੌਖਾ ਹੋ ਗਿਆ। ਉਂਜ ਵੀ ਜਦੋਂ ਪਿਤਾ ਸਮਾਜ ਵਿੱਚ ਇਨ੍ਹਾਂ ਹਰਮਨਪਿਆਰਾ ਤੇ ਮਕਬੂਲ ਹੋ ਚੁੱਕਾ ਸੀ ਤਾਂ ਕੋਈ ਵੀ ਉਦਾਸੀ ਪੁੱਤਰ ਅਜਿਹੇ ਸਥਾਨ ਤੇ ਮਹੰਤ ਬਣਨਾ ਹੀ ਪਸੰਦ ਕਰੇਗਾ ਜਿੱਥੇ ਰੋਜਾਨਾ ਹਜਾਰਾਂ ਦੀ ਗਿਣਤੀ ਵਿੱਚ ਸੰਗਤਾਂ ਆ ਰਹੀਆਂ ਹੋਣ। ਖੁਦ ਬਾਬਾ ਸ੍ਰੀ ਚੰਦ ਦੀ ਸੰਪਰਦਾ ਨੇ ਵੀ ਇਹੋ ਚਾਹਿਆ ਹੋਵੇਗਾ ਕਿ ਆਪਣੇ ਬੰਦੇ ਭਾਵ ਸ੍ਰੀ ਚੰਦ ਰਾਂਹੀ ਅਜਿਹੇ ਅਸਥਾਨ ਤੇ ਇਸਦਾ ਕੰਟਰੋਲ ਹੋਵੇ।

ਸੋ ਬਾਬਾ ਸ੍ਰੀ ਚੰਦ ਵੀ ਕਰਤਾਰਪੁਰ ਵਿਖੇ ਹੀ ਆ ਬਿਰਾਜੇ ਸਨ।

ਮਾਤਾ ਪਿਤਾ ਵੀ ਕਰਤਾਰਪੁਰ ਆ ਗਏ

ਓਧਰੋਂ ਸੁਨੇਹੇ ਆ ਰਹੇ ਸਨ ਕਿ ਤਲਵੰਡੀ ਵਿਖੇ ਮਾਤਾ ਪਿਤਾ ਢਿੱਲੇ ਮੱਠੇ ਰਹਿੰਦੇ ਹਨ। ਪਿੱਛਲੀ ਵਾਰ ਜਦੋਂ ਗੁਰੂ ਸਾਹਿਬ ਤਲਵੰਡੀ ਗਏ ਸਨ ਤਾਂ ਮਾਤਾ ਪਿਤਾ ਨੇ ਜਿੱਦ ਕੀਤੀ ਸੀ ਕਿ ਸਾਡੇ ਕੋਲ ਹੀ ਹੁਣ ਰਹੋ।

ਗੁਰੂ ਸਾਹਿਬ ਨੇ ਮਰਦਾਨੇ ਨੂੰ ਅਜਿਤਾ ਰੰਧਾਵੇ ਦਾ ਗੱਡਾ ਦੇ ਭੇਜਿਆ ਤੇ ਮਾਤਾ ਪਿਤਾ ਨੂੰ ਵੀ ਕਰਤਾਰਪੁਰ ਹੀ ਮੰਗਾ ਲਿਆ। ਮਰਦਾਨਾ ਨੇ ਆਪਣਾ ਪ੍ਰਵਾਰ ਵੀ ਲਿਆਉਣਾ ਚਾਹਿਆ ਪਰ ਗੱਡੇ ਵਿੱਚ ਥਾਂ ਨਾਂ ਹੋਣ ਕਰਕੇ ਨਾਂ ਲਿਆ ਸਕਿਆ ਤੇ ਸੋਚਿਆ ਕਿ ਕਿਸੇ ਆਉਦੇ ਜਾਦੇ ਦੇ ਰਾਂਹੀ ਮੰਗਵਾ ਲਵਾਂਗਾ।

ਰਾਤ ਕਿਤੇ ਰਾਹ ਵਿੱਚ ਹੀ ਮਾਤਾ ਪਿਤਾ ਤੇ ਮਰਦਾਨੇ ਨੇ ਕਿਸੇ ਜਾਣ ਪਛਾਣ ਵਾਲੇ ਦੇ ਘਰ ਨਾਰੰਗ ਮੰਡੀ ਆਦਿ ਕਿਸੇ ਪਿੰਡ ਕਸਬੇ ਵਿੱਚ ਗੁਜਾਰੀ। ਅਗਲੇ ਦਿਨ ਜਦੋ ਸੰਝਣੇ ਬੇਲੇ ਵਿਚੋਂ ਜਦੋਂ ਗੱਡਾ ਗੁਜਰ ਰਿਹਾ ਸੀ ਤਾਂ ਪਿਤਾ ਕਾਲੂ ਬੁੜ ਬੁੜ ਕਰ ਰਹੇ ਸਨ ਕਿ ਇਸ ਮੁੰਡੇ ਨੇ ਸਾਨੂੰ ਕਿਥੇ ਸੱਦ ਲਿਆ ਹੈ। ਅਖੀਰ ਲੋਢੇ ਵੇਲੇ 175 ਕਿ. ਮੀ. ਦਾ ਪੈਡਾ ਕਰਕੇ ਮਾਤਾ ਪਿਤਾ ਆਪਣੇ ਪੁੱਤਰ ਦੇ ਡੇਰੇ ਪਹੁੰਚ ਗਏ।

ਜੰਗਲ ਵਿੱਚ ਜਦੋਂ ਮੰਗਲ ਲੱਗਾ ਵੇਖਿਆ ਤਾਂ ਮਾਤਾ ਪਿਤਾ ਦੇ ਸਾਰੇ ਦੁਖ ਦੂਰ ਹੋ ਗਏ। ਨੂੰਹ ਪੋਤਰੇ ਨੂੰ ਵੇਖ ਵੀ ਗੱਦ ਗੱਦ ਹੋ ਉਠੇ। ਮਾਤਾ ਨੇ ਘੁੱਟ ਕੇ ਪੁੱਤਰ ਨੂੰ ਵੀ ਜੱਫੀ ਪਾਈ, "ਚੰਗਾ ਪੁੱਤਰ ਜਿੱਥੇ ਵੀ ਤੈਨੂੰ ਚੰਗਾ ਲੱਗਦਾ ਰਹੋ ਪਰ ਹੁਣ ਨਾਂ ਜਾਵੀ ਪ੍ਰਦੇਸ । " ਪਿਤਾ ਕਾਲੂ ਨੂੰ ਥੋੜਾ ਮਾਣ ਵੀ ਮਹਿਸੂਸ ਹੋ ਰਿਹਾ ਸੀ। ਉਨੂੰ ਪਤਾ ਲੱਗ ਚੁੱਕਾ ਸੀ ਕਿ ਪੁੱਤਰ ਦੀ ਚਾਰ ਚੁਫੇਰੇ ਪੁੱਛ ਪੜਤਾਲ ਹੈ। ਦੇਸ ਦੇ ਰਾਜੇ ਤਾਂ ਕੀ ਉਹਨੂੰ ਤਾਂ ਪ੍ਰਦੇਸਾਂ ਵਿੱਚ ਵੀ ਮੰਨਿਆ ਜਾਂਦਾ ਹੈ।

ਅਗਲੇ ਹੀ ਦਿਨ ਓਨਾਂ ਨੇ ਧਰਮਸਾਲ ਦੇ ਪ੍ਰਬੰਧ ਵਿੱਚ ਟੋਕਾ ਟੋਕੀ ਸ਼ੁਰੂ ਕਰ ਦਿੱਤੀ।

ਪੈੜ ਸਫ਼ਾ

ਯਾਦ ਰਹੇ ਗੁਰੂ ਸਾਹਿਬ ਨੇ ਪਹਿਲੀ ਉਦਾਸੀ ਤੋਂ ਪਰਤਣ ਵੇਲੇ 1569 ਬਿਕਰਮੀ ਮੁਤਾਬਿਕ 1512 ਈ ਨੂੰ ਪੱਖੋਕੇ ਆਉਣਾ ਸ਼ੁਰੂ ਕਰ ਦਿੱਤਾ ਸੀ।

ਸੋ ਇਸ ਪ੍ਰਕਾਰ ਡੇਰਾ ਬਾਬਾ ਨਾਨਕ ਵਾਲਾ ਜਿਹੜਾ ਦਰਬਾਰ ਸਾਹਿਬ ਗੁਰਦੁਆਰਾ ਹੈ ਇਹ ਓਦੋਂ ਤੋਂ ਹੀ ਧਰਮਸਾਲ ਬਣ ਗਇਆ ਸੀ।

ਫਿਰ 1579 ਬਿਕਰਮੀ ਮੁਤਾਬਿਕ ਸੰਨ 1522 ਈ ਨੂੰ ਗੁਰੂ ਸਾਹਿਬ ਨੇ ਕਰਤਾਰਪੁਰ ਦੀ ਨੀਂਹ ਰੱਖੀ ਸੀ। (ਕਾਹਨ ਸਿੰਘ ਨਾਭਾ-301) ਛਿੱਬੜ-47 ਨੇ ਸੰਮਤ 1582 ਲਿਖਿਆ ਹੈ।

ਕਈ ਲਿਖਾਰੀਆਂ (ਗਿਆਨੀ- 185) ਨੇ ਕਰਤਾਰਪੁਰ ਸਾਹਿਬ ਦੀ ਨੀਂਹ 13 ਮਾਘ 1572 ਬਿ. ਨੂੰ ਰੱਖਣਾ ਲਿਖਿਆ ਹੈ ਜੋ ਕਿ ਗਲਤ ਹੈ। ਇਸ ਤਾਰੀਖ ਨੂੰ ਗੁਰੂ ਸਾਹਿਬ ਪੱਖੋਕੇ ਆਏ ਹੋ ਸਕਦੇ ਹਨ। ਭਾਈ ਗੁਰਦਾਸ ਨੇ ਸਾਫ ਲਿਖਿਆ ਹੈ ਕਿ ਕਰਤਾਰਪੁਰ ਦੀ ਨੀਹ ਰੱਖਣ ਉਪਰੰਤ ਗੁਰੂ ਸਾਹਿਬ ਨੇ ਯਾਤਰਾਵਾਂ ਘੱਟ ਕਰ ਦਿੱਤੀਆਂ ਸਨ ਤੇ ਗ੍ਰਿਸਤੀ ਕਪੜੇ ਪਾ ਲਏ ਸਨ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਆਪਾਂ 1579 ਦਾ ਸਾਲ ਸਹੀ ਮੰਨੀਏ ਤਾਂ। ਡੇਰਾ ਬਾਬਾ ਨਾਨਕ ਦੀ ਉਂਜ ਤਰਤੀਬਵਾਰ ਜਦੋਂ ਆਪਾਂ ਘਟਨਾਵਾਂ ਹੁੰਦੀਆਂ ਵੇਖ ਰਹੇ ਹੁੰਦੇ ਹਾਂ ਤਾਂ ਆਪ ਮੁਹਾਰੇ ਇਹ ਸਾਲ ਨਿਕਲ ਆਉਦਾ ਹੈ। ਇਸ ਸਾਲ ਤੋਂ ਬਾਦ ਲੰਮੀਆਂ ਉਦਾਸੀਆਂ ਬੰਦ ਹੋ ਜਾਂਦੀਆਂ 7-8 ਸਾਲ ਬਾਦ ਜਾ ਕੇ ਫਿਰ ਗੁਰੂ ਸਾਹਿਬ ਮੱਕੇ ਮਦੀਨੇ ਵਲ ਫੇਰਾ ਪਾਉਦੇ ਹਨ।

ਛਿੱਬੜ ਦੀ ਗੱਲ ਵੀ ਨਹੀ ਮੰਨੀ ਜਾ ਸਕਦੀ ਕਿਉਕਿ ਮਹਿਤਾ ਕਾਲੂ ਤੇ ਮਾਤਾ ਤ੍ਰਿਪਤਾ ਦਾ ਚਲਾਣਾ 1579 ਬਿ. ਵਿੱਚ ਕਰਤਾਰਪੁਰ ਹੋਣਾ ਲਿਖਿਆ ਮਿਲਦਾ ਹੈ। (ਖਜਾਨ-106)

ਸੋ ਪੱਖੋਕੇ ਵਾਲੀ ਧਰਮਸਾਲ (ਦਰਬਾਰ ਸਾਹਿਬ ਡੇਰਾ ਬਾਬਾ ਨਾਨਕ) ਦੀ ਨੀਹ-1569 ਬਿ. ਅਰਥਾਤ 1512 ਈ. ।

ਤਰੀਕਾਂ (ਸਾਲਾਂ) ਦਾ ਭੁਲੇਖਾ ਲਿਖਾਰੀਆਂ ਨੂੰ ਇਸ ਕਰਕੇ ਪਿਆ ਹੈ ਕਿਉਕਿ ਇਥੇ ਤਿੰਨ ਸਥਾਨ ਬਣਦੇ ਹਨ:-

1. ਧਰਮਸਾਲ ਡੇਰਾ ਅਜਿਤਾ ਰੰਧਾਵਾ(ਜਿਥੇ ਅੱਜ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਹੈ। ਪਹਿਲੀ ਉਦਾਸੀ ਬਾਦ ਜਦੋਂ ਗੁਰੂ ਸਾਹਿਬ ਸਹੁਰੇ ਆਏ ਤਾਂ ਪਿੰਡ ਪੱਖੋਕੇ ਜਾਣ ਦੇ ਬਿਜਾਏ ਅਜਿਤੇ ਦੇ ਡੇਰੇ ਤੇ ਠਹਿਰੇ ਸਨ ਜੋ ਕਿ ਪੱਖੋਕਿਆਂ ਤੋਂ ਕੋਈ ਤਿੰਨ ਕਿ.ਮੀ ਹਟਵਾ ਸੀ।

2. ਧਰਮਸਾਲ, ਦੋਦਾ। ਇਹ ਵੀ 1947 ਤਕ ਕਾਇਮ ਸੀ।

3. ਕਰਤਾਰਪੁਰ ਸਾਹਿਬ ਜੋ ਦੁਨੀ ਚੰਦ ਕ੍ਰੋੜੀਏ ਦੀ ਜਮੀਨ ਅਲਾਟ ਕਰਨ ਤੇ ਬਣੀ।

ਬਾਬ-53

ਕਰਤਾਰਪੁਰ ਦੇ ਕੌਤਕ: ਭਾਗ–4

(1522 ਤੋਂ 1529 ਈ.)

ਕਰਤਾਰਪੁਰ ਦੀ ਸਥਾਪਣਾ ਨਾਲ ਹੁਣ ਗੁਰੂ ਸਾਹਿਬ ਦਾ ਮੁਕਾਮ (Headquarter) ਬਣ ਗਇਆ ਸੀ। ਇਥੋਂ ਹੀ ਫਿਰ ਗੁਰੂ ਸਾਹਿਬ ਜੰਮੂ ਕਸ਼ਮੀਰ ਦੇ ਬਾਕੀ ਬਚੇ ਇਲਾਕੇ ਵਿਚ ਗਏ ਤੇ ਇਥੋਂ ਹੀ ਵੱਡੇ ਪੰਜਾਬ ਦੀਆਂ ਥਾਂ ਥਾਂ ਫੇਰੀਆਂ ਲਈ ਰਵਾਨਾ ਹੋਇਆ ਕਰਦੇ ਸਨ। ਲਗਦਾ ਹੈ ਕਿ ਗੁਰੂ ਸਾਹਿਬ ਦੀ ਕੋਸ਼ਿਸ਼ ਹੁੰਦੀ ਸੀ ਘੱਟੋ ਘੱਟ ਹਰ ਮਹੀਨੇ ਦੀ ਪੁੰਨਿਆ ਨੂੰ ਕਰਤਾਰਪੁਰ ਵਿਖੇ ਹੀ ਹਾਜਰ ਰਹਿਣ। ਪਰ ਧਿਆਨ ਰਹੇ 1522 ਤੋਂ 1529 ਈ. ਤਕ ਬਹੁਤਾ ਸਮਾਂ ਸਾਹਿਬ ਨੇ ਕਰਤਾਰਪੁਰ ਵਿਖੇ ਹੀ ਗੁਜਾਰਿਆ ਸੀ। ਪੰਜਾਬ ਦੇ ਕਈ ਮੁਕਾਮੀ ਦੌਰੇ ਚੌਥੀ ਉਦਾਸੀ ਤੋਂ ਬਾਦ ਹੁੰਦੇ ਨੇ ਤੇ ਕਦੀ ਭਾਈ ਲਹਿਣਾ ਨਾਲ ਹੋਇਆ ਕਰਦੇ ਸਨ।

ਇਸ ਮਰਹਲੇ ਵਿਚ ਉਹ ਘਟਨਾਵਾਂ ਆ ਰਹੀਆਂ ਹਨ ਜੋ ਉਹਨਾਂ ਦੇ ਕਰਤਾਰਪੁਰ ਸਾਹਿਬ ਬਿਰਾਜਨ ਦੌਰਾਨ ਵਾਪਰੀਆਂ। (ਸਰੋਤ: ਜਿਆਦਾਤਰ ਸੋਢੀ ਮਿਹਰਬਾਨ)

ਕਰਤਾਰਪੁਰ (ਸੰਨ 2004)

ਮਾਤਾ ਕਹਿੰਦੀ "ਪੁੱਤਾ ਤੂੰ ਕਿਹੜੇ ਧਰਮ ਨੂੰ ਮੰਨਦੈ?"

ਨਾ ਤੂੰ ਸੰਨਿਆਸੀ, ਨਾਂ ਤੂੰ ਜੋਗੀ, ਨਾਂ ਤੂੰ ਵੈਸਨੋ, ਨਾਂ ਤੂੰ ਸਾਧੂ, ਨਾਂ ਤੂੰ ਫਕੀਰ। ਮੈਨੂੰ ਕੁਝ ਸਮਝ ਨਹੀ ਆਉਦੀ?

ਮਾਤਾ ਤ੍ਰਿਪਤਾ ਅਤੇ ਪਿਤਾ ਮਹਿਤਾ ਕਾਲੂ ਨੂੰ ਕਰਤਾਰਪੁਰ ਰਹਿੰਦਿਆਂ ਕੁਝ ਦਿਨ ਹੋ ਗਏ ਸਨ। ਹੁਣ ਤਾਂ ਖੁੱਲੀਆਂ ਗੱਲਾਂ ਹੋਣੀਆਂ ਸ਼ੁਰੂ ਹੋ ਗਈਆਂ ਸਨ। ਲੜਨਾ ਝਗੜਨਾ। ਸ਼ਰੀਕਾ। ਸਭ ਕੁਝ ਸ਼ੁਰੂ ਹੋ ਗਇਆ ਸੀ। ਮਾਤਾ ਨੇ ਵੇਖਿਆ ਕਿ ਗੁਰੂ ਨਾਨਕ ਤਾਂ ਸਾਧੂਆਂ ਵਾਲੇ ਕੋਈ ਕੰਮ ਨਹੀ ਕਰਦਾ।

ਮਾਤਾ ਜੀ ਹਾਰ ਕੇ ਮਹਿਤਾ ਕਾਲੂ ਜੀ ਕੋਲ ਕਾਨਾ ਫੂਸੀ ਕਰਦੀ ਹੈ ਕਿ ਇਥੇ ਕੀ ਚਲ ਰਿਹਾ ਹੈ? ਇਹ ਜਦੋਂ ਅਰਾਧਨਾ ਕਰਦਾ ਹੈ ਨਾਂ ਇਹ ਧੂਪ ਦਿੰਦਾ ਨਾਂ ਅਗਰਬੱਤੀ। ਇਹ ਵਰਤ ਵੀ ਨਹੀ ਰੱਖਦਾ। ਨਾਂ ਇਹਨੇ ਕੋਈ ਇਥੇ ਮੂਰਤੀ ਰੱਖੀ ਹੈ ਪੂਜਣ ਲਈ। ਇਥੇ ਵੇਦ ਸਿਮ੍ਰਤੀ ਪੁਰਾਣ ਆਦਿ ਦਾ ਪਾਠ ਵੀ ਨਹੀ ਹੁੰਦਾ। ਨਾਂ ਹੀ ਭਗਵਾਨ ਕ੍ਰਿਸ਼ਨ, ਰਾਮ ਜੀ ਜਾਂ ਸ਼ਿਵ ਜੀ ਆਦਿ ਦੀ ਅਰਾਧਨਾ ਹੁੰਦੀ ਹੈ। ਨਾਂ ਭੋਜਨ ਵੇਲੇ ਚੌਕਾ-ਕਾਰ ਕੱਢੀ ਜਾਂਦੀ ਹੈ ਨਾਂ ਹੀ ਕਦੀ ਤਰਪਣ ਕੀਤਾ ਜਾਂਦਾ ਹੈ। ਲੰਗਰ ਵੇਲੇ ਇਹ ਜਾਤ ਵਰਣ ਦਾ ਵੀ ਭੇਦ ਭਾਵ ਨਹੀ ਕਰਦਾ। ਇਸ ਵਿੱਚ ਵੀ ਕੋਈ ਸ਼ੱਕ ਨਹੀ ਕਿ ਇਹ ਮੁਸਲਮਾਨ ਵੀ ਨਹੀ ਹੋਇਆ। ਪਰ ਇਹ ਕਿਹੋ ਜਿਹਾ ਸਾਧੂ ਹੈ?

ਮਹਿਤਾ ਜੀ ਨੇ ਮਾਤਾ ਤ੍ਰਿਪਤਾ ਨੂੰ ਆਪਣੇ ਹਿਸਾਬ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ। ਮਾਤਾ ਦੀ ਤਸੱਲੀ ਨਾਂ ਹੋਈ ਤੇ ਜਾ ਗੁਰੂ ਸਾਹਿਬ ਦੇ ਦੁਆਲੇ ਹੋਈ ਕਿ ਮੈਨੂੰ ਵੀ ਸਮਝਾ ਇਥੋਂ ਦਾ ਦਸਤੂਰ। ਤੂੰ ਇਥੇ ਕਿਸ ਤਰਾਂ ਦੀ ਭਗਤੀ ਕਰਦਾ ਹੈ ਨਾਂ ਧੂਪ ਨਾਂ ਅਗਰਬੱਤੀ?

ਗੁਰੂ ਸਾਹਿਬ ਨੇ ਮਾਤਾ ਨੂੰ ਕਿਹਾ ਕਿ ਤੇਰੀ ਗੱਲ ਦਾ ਜਵਾਬ ਮੈਂ ਸੰਗਤ ਵਿੱਚ ਦਿਆਗਾ। ਅੱਗੇ ਤੋਂ ਮਾਤਾ ਨੂੰ ਵੀ ਕਿਹਾ ਕਿ ਦੋਵੇ ਵੇਲੇ ਸੰਗਤ ਕਰਿਆ ਕਰ। ਨੂੰਹ ਸੱਸ ਸਾਰਾ ਦਿਨ ਚੁਗਲੀਆਂ ਵਿੱਚ ਹੀ ਨਾਂ ਰਹਿਆ ਕਰੋ।

ਸੰਗਤ ਵਿੱਚ ਬਹਿ ਫਿਰ ਗੁਰੂ ਸਾਹਿਬ ਨੇ ਸਿਰੀ ਰਾਗ ਵਿੱਚ ਸ਼ਬਦ ਗਾਵਿਆ:-

ਕੁੰਗੂ ਕੀ ਕਾਂਇਆ ਰਤਨਾ ਕੀ ਲਲਿਤਾ ਅਗਰਿ ਵਾਸੁ ਤਨਿ ਸਾਸੁ ॥ ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸੁ ॥ ਓਤੁ ਮਤੀ ਸਾਲਾਹਣਾ ਸਚੁ ਨਾਮੁ ਗੁਣਤਾਸੁ ॥੧॥ ਬਾਬਾ ਹੋਰ ਮਤਿ ਹੋਰ ਹੋਰ ॥ ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ ॥੧॥ ਰਹਾਉ ॥ ਪੂਜ ਲਗੈ ਪੀਰੁ ਆਖੀਐ ਸਭੁ ਮਿਲੈ ਸੰਸਾਰੁ ॥ ਨਾਉ ਸਦਾਏ ਆਪਣਾ ਹੋਵੈ ਸਿਧੁ ਸੁਮਾਰੁ ॥ ਜਾ ਪਤਿ ਲੇਖੈ ਨਾ ਪਵੈ ਸਭਾ ਪੂਜ ਖੁਆਰੁ ॥੨॥ ਜਿਨ ਕਉ ਸਤਿਗੁਰਿ ਥਾਪਿਆ ਤਿਨ ਮੋਟਿ ਨ ਸਕੈ ਕੋਇ ॥ ਓਨਾ ਅੰਦਰਿ ਨਾਮੁ ਨਿਧਾਨੁ ਹੈ ਨਾਮੋ ਪਰਗਟੁ ਹੋਇ ॥ ਨਾਉ ਪੂਜੀਐ ਨਾਉ ਮੰਨੀਐ ਅਖੰਡੁ ਸਦਾ ਸਚੁ ਸੋਇ ॥੩॥ ਖੋਹੁ ਖੋਹ ਰਲਾਈਐ ਤਾ ਜੀਉ ਕੇਹਾ ਹੋਇ ॥ ਜਲੀਆ ਸਭਿ ਸਿਆਣਪਾ ਉਠੀ ਚਲਿਆ ਰੋਇ ॥ ਨਾਨਕ ਨਾਮਿ ਵਿਸਾਰਿਐ ਦਰਿ ਗਇਆ ਕਿਆ ਹੋਇ ॥੪॥੮॥

ਹੇਕ ਨਾਲ ਸ਼ਬਦ ਗਾਉਣ ਉਪਰੰਤ ਗੁਰੂ ਸਾਹਿਬ ਨੇ ਸੰਗਤ ਤੇ ਮਾਤਾ ਪਿਤਾ ਨੂੰ ਉਪਦੇਸ ਦਿੱਤਾ ਕਿ ਨਿਰੰਕਾਰ ਦੀ ਪ੍ਰਾਪਤੀ ਦਾ ਸਭ ਤੋਂ ਵਧੀਆਂ ਤਰੀਕਾ ਉਹਦਾ ਨਾਮ ਹੈ। ਉਹਦੀ ਸਿਫਤ ਸਲਾਹ। ਜੱਸ ਗਾਉਣਾ, ਜੱਸ ਬੋਲਣਾ ਜੱਸ ਸੁਣਨਾ। ਧਰਮ ਦੇ ਨਾਂ ਤੇ ਪ੍ਰਚਲਤ ਕਰਮ ਕਾਂਡਾ ਦਾ ਉਨਾਂ ਖੰਡਣ ਕੀਤਾ। ◈

—◈—

ਜਦੋਂ ਸਾਧੂਆਂ ਨੇ ਗੁਰੂ ਸਾਹਿਬ ਤੇ ਸਵਾਲਾਂ ਦੀ ਬੁਛਾੜ ਕਰ ਦਿੱਤੀ•

ਜਦੋਂ ਦੁਨੀਆ ਨੂੰ ਪਤਾ ਚਲ ਗਇਆ ਸੀ ਕਿ ਗੁਰੂ ਨਾਨਕ ਕਲਾਨੌਰ ਲਾਗੇ ਧਰਮਸਾਲ ਬਣਾ ਕੇ ਟਿਕ ਗਇਆ ਹੈ ਤਾਂ ਦੂਰੋ ਨੇੜਿਓ ਲੋਕ ਪਹੁੰਚ ਰਹੇ ਸਨ। ਕੋਈ ਆਪਣਾ ਦੁੱਖ ਦੂਰ ਕਰਾਉਣ, ਕੋਈ ਕਿਸ ਕਾਰਨ ਤੇ ਕੋਈ ਕਿਸ ਕਾਰਨ। ਪਰ ਸਾਧੂ ਸੰਤ ਲੋਕ ਜਿੰਨਾਂ ਨਿਰੰਕਾਰ ਦੀ ਭਾਲ ਵਿੱਚ ਆਪਣੇ ਘਰ ਬਾਰ ਛੱਡ ਦਿੱਤੇ ਸਨ ਉਨਾਂ ਵਾਸਤੇ ਗੁਰੂ ਨਾਨਕ ਵਾਲੀ ਖਬਰ ਖਾਸ ਮਾਇਨੇ ਰੱਖਦੀ ਸੀ। ਕਿਉਕਿ ਹਰ ਕੋਈ ਕਹਿ ਰਿਹਾ ਸੀ ਕਿ ਗੁਰੂ ਨਾਨਕ ਰੱਬ ਨਾਲ ਇਕ ਮਿੱਕ ਹੈ। ਸੋ ਕਰਤਾਰਪੁਰ ਵਿਖੇ ਸਾਧੂਆਂ ਦਾ ਆਉਣਾ ਜਾਣਾ ਤਾਂ ਖਾਸ ਸੀ। ਵਹੀਰਾਂ ਦੀਆਂ ਵਹੀਰਾਂ ਇਥੇ ਤੁਰੀਆਂ ਰਹਿੰਦੀਆਂ ਸਨ।

ਏਸੇ ਤਰਾਂ ਹੀ ਸਾਧੂਆਂ ਦਾ ਇਕ ਟੋਲਾ ਆ ਪਹੁੰਚਾ। ਗੁਰੂ ਸਾਹਿਬ

ਦਾ ਜਿਵੇ ਹੁਕਮ ਸੀ ਬੜੇ ਸਤਿਕਾਰ ਨਾਲ ਉਨਾਂ ਨੂੰ ਪਾਣੀ ਧਾਣੀ ਪੁੱਛਿਆ ਗਿਆ। ਅਰਾਮ ਕਰਨ ਲਈ ਮੰਜੇ ਦਿੱਤੇ ਗਏ।

ਫਿਰ ਸ਼ਾਮ ਵੇਲੇ ਰਹਿਰਾਸ ਤੇ ਕੀਰਤਨ ਤੋਂ ਬਾਦ ਗੁਰੂ ਸਾਹਿਬ ਨੇ ਆ ਜੁੱੜੇ ਸਾਧੂਆਂ ਨੂੰ ਝੁੱਕ ਕੇ ਨਮਸਕਾਰ ਕੀਤੀ ਤੇ ਆਪਣੇ ਆਪ ਨੂੰ ਧੰਨ ਕਿਹਾ ਜਿਹੜਾ ਸਾਧੂ ਸੰਤਾਂ ਦੇ ਦਰਸ਼ਨ ਹੋਏ ਹਨ। ਉਹਨਾਂ ਵਿਚੋਂ ਇਕ ਸਾਧੂ ਬੋਲ ਉਠਿਆ ਕਿ ਗੁਰੂ ਸਾਹਿਬ ਤੁਹਾਡੀ ਬਹੁਤ ਉਪਮਾ ਸੁਣੀ ਹੈ। ਸਾਨੂੰ ਕਈ ਸਾਲ ਹੋ ਗਏ ਨੇ ਸਨਿਆਸ ਧਾਰਨ ਕੀਤੇ ਨੂੰ ਪਰ ਮਨ ਦੇ ਕਈ ਸਵਾਲ ਅਜਿਹੇ ਨੇ ਜਿੰਨਾਂ ਦਾ ਤਸੱਲੀਬਖਸ਼ ਜਵਾਬ ਅਜੇ ਤੱਕ ਨਹੀ ਮਿਲਿਆ।

ਗੁਰੂ ਸਾਹਿਬ ਨੇ ਅਕਾਲ ਪੁਰਖ ਅਗੇ ਅਰਦਾਸ ਕੀਤੀ ਕਿ ਐ ਨਿਰੰਕਾਰ ਮੈਨੂੰ ਬੁੱਧ ਬਖਸ਼ੋ ਕਿ ਮੈਂ ਇਨਾਂ ਜਗਿਆਸੂਆਂ ਦੀ ਤਸੱਲੀ ਕਰਾ ਸਕਾਂ।
ਸਾਧੂਆਂ ਤਾਂ ਫਿਰ ਇਕ ਤੋਂ ਬਾਦ ਇਕ ਸਵਾਲਾਂ ਦੀ ਝੜੀ ਹੀ ਲਾ ਦਿੱਤੀ:-

- ਇਹ ਧਰਤੀ ਕੀ ਹੈ?
- ਇਹ ਪਾਉਣ, ਪਾਣੀ ਦੀ ਕੀ ਕਹਾਣੀ ਹੈ?
- ਖਾਣੀਆਂ ਦੀ ਕੀ ਕਹਾਣੀ ਹੈ?
- ਅੱਗ ਕੀ ਹੈ?
- ਜੀ ਇਹ ਜੀਅ ਦੀ ਕੀ ਕਹਾਣੀ ਹੈ? ਪ੍ਰਾਣੀ ਕੀ ਹੈ?
- ਹਰ ਜੀਅ ਦਾ ਸਰੂਪ ਵੱਖਰਾ ਵੱਖਰਾ ਕਿਓ ਹੈ?
- ਬੰਦੇ ਨੂੰ ਸੁਆਦ ਕਿਓ ਆਉਦੇ ਹਨ? ਇਹ ਮਿੱਠਾ, ਖੱਟਾ, ਕੌੜਾ ਸਵਾਦ।
- ਬੰਦੇ ਨੂੰ ਭੁੱਖ ਕਿਓ ਲੱਗਦੀ ਹੈ? ਖਾਣ ਤੋਂ ਬਾਦ ਜਿਹੜੀ ਤ੍ਰਿਪਤੀ ਹੁੰਦੀ ਹੈ ਉਹਦਾ ਕੀ ਮਤਲਬ?
- ਸੰਜੋਗ ਵਿਜੋਗ ਦੀ ਕਹਾਣੀ ਦੱਸੋ?
- ਅਸੀ ਸੁਣਿਐ ਤੁਸੀ ਸਿਫਤ ਸਲਾਹ ਦੀ ਗੱਲ ਕਰਦੇ ਹੋ ਇਹ ਕਿਓ?
- ਪ੍ਰਮੇਸ਼ਰ ਨੇੜੇ ਕਿਵੇ ਹੈ ਤੇ ਦੂਰ ਕਿਵੇ?
- ਉੱਝੜ ਕੀ ਹੈ? ਰਾਹ ਕੀ ਹੈ?
- ਵੇਦ ਉਤਮ ਕਿ ਨਾਦ ਉਤਮ?

ਗੁਰੂ ਸਾਹਿਬ ਨੇ ਫਿਰ ਸਮਝਾਉਣਾ ਸ਼ੁਰੂ ਕੀਤਾ ਕਿ ਸਾਰੇ ਬ੍ਰਿਹਮੰਡ ਦਾ ਮਾਲਕ ਇਕ ਨਿਰੰਕਾਰ ਹੈ। ਓਸੇ ਨੇ ਦੁਨੀਆ ਤੇ ਕੁਦਰਤੀ ਦੀ ਖੇਡ ਰਚਾਈ ਹੋਈ ਹੈ। ਇਹ ਇਕ ਤਰਾਂ ਨਾਲ ਨਾਟਕ ਹੈ, ਡਰਾਮਾ ਹੈ। ਮਰਦਾਨੇ ਨੂੰ ਇਸ਼ਾਰਾ ਕੀਤਾ ਤੇ ਬੇਲੇ ਵਿੱਚ ਰਬਾਬ ਗੂੰਜ ਉਠੀ। ਗੁਰੂ ਸਾਹਿਬ ਤੇ ਮਰਦਾਨੇ ਨੇ ਸਲੋਕ ਗਾਵਿਆ ਤਾਂ ਸਾਰੀ ਸੰਗਤ ਨਾਲ ਹੋ ਤੁਰੀ:-

ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥ ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥ ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥ ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥ ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥

ਸੋ ਇਹ ਧਰਤੀ ਥੜਾ (ਸਟੇਜ) ਹੈ ਤੇ ਜੀਵ ਜੰਤੂ ਸਭ ਐਕਟਰਾਂ ਦੀ ਨਿਆਈ ਹਨ। ਇਹ ਪਾਣੀ, ਇਹ ਪੌਣ, ਅੱਗ ਸਭ ਉਸੇ ਨਾਟਕ ਦੇ ਸਾਧਨ ਹਨ ਜਿੱਥੇ ਜੀਅ ਨੂੰ ਖਿਡਾਇਆ ਜਾ ਰਿਹਾ ਹੈ।

ਇਸੇ ਡਰਾਮੇ ਵਿਚੋਂ ਹੀ ਫਿਰ ਅਕਾਲ ਪੁਰਖ ਕੁਝ ਇਕ ਹੀਰੋ (ਸੂਰਮੇ) ਪੈਦਾ ਕਰਦਾ ਹੈ। ਇਹ ਡਰਾਮਾ ਜਾਂ ਖੇਲ ਵੱਖ ਵੱਖ ਪੜਾਵਾਂ ਜਾਂ ਖੰਡਾਂ ਰਾਂਹੀ ਗੁਜਰਦਾ ਹੈ।

ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥ ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥ ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ਤਾ ਕੇ ਰੂਪ ਨ ਕਥਨੇ ਜਾਹਿ ॥ ਨਾ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥ ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥ ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥ ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥ ਤਿਥੈ ਲੋਅ ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥ ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥

ਗੁਰੂ ਸਾਹਿਬ ਵਿਆਖਿਆ ਕਰ ਹੀ ਰਹੇ ਸਨ ਕਿ ਜਿਵੇ ਮਾੜਾ ਜਿਹਾ ਵਿਸ਼ਰਾਮ ਆਇਆ ਤਾਂ ਮਰਦਾਨੇ ਨੇ ਬਿਲਾਵਲ ਦੀ ਧੁੰਨ ਛੇੜ ਦਿੱਤੀ। ਉਨੂੰ ਪਤਾ ਸੀ ਕਿ ਦੱਖਣ ਦੀ ਉਦਾਸੀ ਮੌਕੇ ਵੀ ਇਕ ਵੇਰਾਂ ਮਹਾਤਮਾ ਲੋਕਾਂ ਨੇ ਅਜਿਹੇ ਸਵਾਲ ਪੁੱਛੇ ਸਨ ਤਾਂ ਗੁਰੂ ਸਾਹਿਬ ਨੇ ਥਿਤੀਆਂ ਦੇ ਅਧਾਰ ਤੇ ਬਾਣੀ ਰਚੀ ਸੀ। ਇਸ਼ਾਰੇ ਨਾਲ ਮਰਦਾਨੇ ਨੇ ਗੁਰੂ ਸਾਹਿਬ ਨੂੰ ਯਾਦ ਦਿਵਾ ਦਿੱਤਾ।

ਏਕਮ ਏਕੰਕਾਰੁ ਨਿਰਾਲਾ ॥ ਅਮਰੁ ਅਜੋਨੀ ਜਾਤਿ ਨ ਜਾਲਾ ॥ .....

ਆਪੇ ਸਚੁ ਕੀਆ ਕਰ ਜੋੜਿ ॥ ਅੰਡਜ ਫੋੜਿ ਜੋੜਿ ਵਿਛੋੜਿ ॥ ਧਰਤਿ ਅਕਾਸੁ ਕੀਏ ਬੈਸਣ ਕਉ ਥਾਉ ॥ ਰਾਤਿ ਦਿਨੰਤੁ ਕੀਏ ਭਉ ਭਾਉ ॥ ਜਿਨਿ ਕੀਏ ਕਰਿ ਵੇਖਣਹਾਰਾ ॥ ਅਵਰੁ ਨ ਦੂਜਾ ਸਿਰਜਣਹਾਰਾ ॥੩॥ ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ ॥ ਦੇਵੀ ਦੇਵ ਉਪਾਏ ਵੇਸਾ ॥ ਜੋਤੀ ਜਾਤੀ ਗਣਤ ਨ ਆਵੈ ॥ ਜਿਨਿ ਸਾਜੀ ਸੋ ਕੀਮਤਿ ਪਾਵੈ ॥ ਕੀਮਤਿ ਪਾਇ ਰਹਿਆ ਭਰਪੂਰਿ ॥ ਕਿਸੁ ਨੇੜੈ ਕਿਸੁ ਆਖਾ ਦੂਰਿ ॥੪॥ ਚਉਥਿ ਉਪਾਏ ਚਾਰੇ ਬੇਦਾ ॥ ਖਾਣੀ ਚਾਰੇ ਬਾਣੀ ਭੇਦਾ ॥ ਅਸਟ ਦਸਾ ਖਟੁ ਤੀਨਿ ਉਪਾਏ ॥ ਸੋ ਬੂਝੈ ਜਿਸੁ ਆਪਿ ਬੁਝਾਏ ॥ ਤੀਨਿ ਸਮਾਵੈ ਚਉਥੈ ਵਾਸਾ ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ ॥੫॥

(ਪੂਰਾ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਅੰਗ 839 ਤੇ)

ਖਾਣੀਆਂ ਦੀ ਕਹਾਣੀ - ਖਾਣੀਆਂ* ਭਾਵ ਸ੍ਰਿਸਟੀ ਦੇ ਸਾਰੇ ਜੀਅ ਕਰਤੇ ਦੇ ਓਸੇ ਨਾਟਕ ਦੇ ਹਿੱਸਾ ਹੈ।

ਅੱਗ – ਅੱਗ ਵੀ ਹਵਾ, ਪਾਣੀ, ਧਰਤੀ ਆਦਿ ਦੀ ਤਰਾਂ ਓਸੇ ਮਹਾਨ ਨਾਟਕ ਦਾ ਜਰੀਆ ਹੈ।

ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥

ਨਿਰੰਕਾਰ ਦੇ ਹੁਕਮ ਵਿੱਚ ਹੀ ਅੱਗ ਉਸ ਮਹਾਨ ਨਾਟਕ ਵਿੱਚ ਵਸੀਲਾ ਬਣੀ ਹੋਈ ਹੈ।

ਜੀਵ - ਪਾਉਣ ਪਾਣੀ ਅਗਨੀ ਤਾਂ ਸਾਧਨ ਨੇ ਇਸ ਡਰਾਮੇ ਦੇ ਅਸਲ ਪਾਤਰ ਜੀਅ ਹਨ

ਬਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ ॥ ਜੀਅ ਜੰਤ ਸਭ ਸਾਰੀ ਕੀਤੇ ਪਾਸਾ ਢਾਲਣਿ ਆਪਿ ਲੱਗਾ ॥

ਸੁਭਾਵਕ ਇਹ ਸਭ ਜੀਅ ਜੰਤ ਉਸ ਦੇ ਹੁਕਮ ਤਹਿਤ ਹੀ ਆਏ ਨੇ:

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥

ਇਨਾਂ ਨੂੰ ਰਿਜਕ ਵੀ ਆਪੇ ਹੀ ਦੇ ਰਿਹਾ ਹੈ:-

ਹਾਹੈ ਹੋਰੁ ਨ ਕੋਈ ਦਾਤਾ ਜੀਅ ਉਪਾਇ ਜਿਨਿ ਰਿਜਕੁ ਦੀਆ ॥ ਹਰਿ ਨਾਮੁ ਧਿਆਵਹੁ ਹਰਿ ਨਾਮਿ ਸਮਾਵਹੁ ਅਨਦਿਨੁ ਲਾਹਾ ਹਰਿ ਨਾਮੁ ਲੀਆ ॥

·ਵੱਖ ਵੱਖ ਕਿਸਮਾਂ ਦੇ ਜੀਅ ਤੇ ਕੋਈ ਵੀ ਦੂਸਰੇ ਨਾਲ ਮੇਲ ਨਹੀ ਖਾਂਦਾ

ਬਲਿਹਾਰ ਜਾਈਏ ਉਸ ਨਿਰੰਕਾਰ ਤੋਂ ਜਿਸਨੇ ਵੰਨਗੀ ਪੈਦਾ ਕੀਤੀ ਹੈ। ਤਰਾਂ ਤਰਾਂ ਦੇ ਜੀਅ ਤੇ ਕੋਈ ਵੀ ਦੂਸਰੇ ਵਰਗੇ ਨਹੀ। ਹਰ ਇਕ ਆਪਣੀ ਹੀ ਕਿਸਮ ਦਾ। ਇਹੋ ਤਾਂ ਉਸ ਦੀ ਖੂਬਸੂਰਤੀ ਹੈ। ਅਰਬਾਂ ਖਰਬਾਂ ਜੀਅ ਹਨ ਪਰ ਕੋਈ ਵੀ ਦੋ ਆਪਸ ਵਿੱਚ ਨਹੀ ਮਿਲਦੇ। ਵੰਨਗੀ ਹੀ ਇਸ ਨਾਟਕ ਦਾ ਨਿਯਮ ਹੈ:-

- ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ ॥ ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ ॥੨॥ ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ ॥ ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ ॥੩॥
- ਜੀਅ ਜਾਤਿ ਰੰਗਾ ਕੇ ਨਾਵ ॥ ਸਭਨਾ ਲਿਖਿਆ ਵੁਡੀ ਕਲਾਮ ॥
- ਤਿਸੁ ਵਿਚਿ ਧਰਤੀ ਥਾਪਿ ਰੱਖੀ ਧਰਮ ਸਾਲ ॥ ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥
- ਦੁਇ ਦੀਵੇ ਚਉਦਹ ਹਟਨਾਲੇ ॥ ਜੇਤੇ ਜੀਅ ਤੇਤੇ ਵਣਜਾਰੇ ॥ ਖੁਲ੍ਹੇ ਹਟ ਹੋਆ ਵਾਪਾਰੁ ॥ ਜੋ ਪਹੁਚੈ ਸੋ ਚਲਣਹਾਰੁ ॥
- ਜੇਤੇ ਜੀਅ ਤੇਤੇ ਵਾਟਾਊ ॥ ਚੀਰੀ ਆਈ ਢਿਲ ਨ ਕਾਊ ॥

ਮਤਲਬ ਇਹ ਕਿ ਵੰਨਗੀ ਕਰਤੇ ਦਾ ਨਿਯਮ ਹੈ।

ਸੁਆਦ –

ਸੁਆਦ ਦੀ ਵੀ ਐਨ ਓਹੋ ਕਹਾਣੀ ਹੈ ਜੋ ਕਾਮ ਵਾਸ਼ਨਾ ਦੀ ਹੈ। ਕਰਤੇ ਨੇ ਕਾਮ ਵਾਸ਼ਨਾ ਪਾਈ ਤਾਂ ਕਿ ਪੈਦਾਵਾਰ ਲਗਾਤਾਰ ਹੁੰਦੀ ਹੈ ਤੇ ਇਹ ਖੇਡ ਜਾਰੀ ਰਹੇ। ਏਸੇ ਤਰਾਂ ਖਾਣੇ ਦੇ ਸੁਆਦ ਦੀ ਗੱਲ ਹੈ ਕਿ ਜੀਵ ਖਾਏ ਤੇ ਉਹਨੂੰ ਤਾਕਤ ਮਿਲਦੀ ਰਹੇ ਤੇ ਉਹ ਕਾਰਜਸ਼ੀਲ ਰਹੇ। ਦੂਸਰੇ ਪਾਸੇ ਕਈ ਮਨੁੱਖ ਕਾਮ ਦੇ ਸੁਆਦ ਵਿੱਚ ਲੱਗ ਜਾਂਦੇ ਹਨ ਤੇ ਜੀਵਨ ਬਰਬਾਦ ਕਰ ਲੈਂਦੇ ਹਨ। ਏਸੇ ਤਰਾਂ ਕੁਝ ਮਨੁੱਖ ਭੋਜਨ ਨੂੰ ਸੁਆਦ ਦੇ ਕਾਰਨ ਖਾਈ ਤੁਰੇ ਜਾਂਦੇ ਹਨ ਤੇ ਰੋਗਾਂ ਨਾਲ ਗ੍ਰਸੇ ਜਾਂਦੇ ਹਨ।

ਫਿਰ ਸੁਆਦ ਵਿੱਚ ਵੀ ਕਰਤੇ ਨੇ ਵੰਨਗੀ ਪਾਈ ਹੈ: ਮਿੱਠਾ, ਖੱਟਾ, ਕੌੜਾ ਸਵਾਦ। ਐਨ ਓਸੇ ਵੰਨਗੀ ਦੇ ਅਸੂਲ ਤਹਿਤ।

ਭੋਜਨ ਜਿੰਨੀ ਊਰਜਾ ਦਿੰਦਾ ਹੈ ਜਦੋਂ ਉਹ ਸਰੀਰ ਗ੍ਰਹਿਣ ਕਰ ਲੈਂਦਾ ਹੈ ਤੇ ਫਿਰ ਸਰੀਰ ਹੋਰ ਭੋਜਨ ਦੀ ਇਛਾ ਕਰਦਾ ਹੈ ਜਿੰਨੂ ਆਪਾਂ ਭੁੱਖ ਕਹਿੰਨੇ ਹਾਂ। ਜੇ ਭੁੱਖ ਨਾਂ ਲੱਗੇ, ਸਰੀਰ ਭੋਜਨ ਨਹੀ ਗ੍ਰਹਿਣ ਕਰੇਗਾ ਤੇ ਹੌਲੀ ਹੌਲੀ ਮੁੱਕ ਜਾਏਗਾ ਜਾਂ ਕਹਿ ਲਓ ਮਰ ਜਾਏਗਾ। ਸੋ ਜਿਵੇ ਬੰਦਾ ਕਾਮ ਵਾਸ਼ਨਾ ਕਰਕੇ ਖਿਚਿਆ ਚਲਾ ਆਉਦਾ ਹੈ ਏਸੇ ਤਰਾਂ ਭੁੱਖ ਕਾਰਨ ਭੋਜਨ ਵਲ ਖਿਚਿਆ ਆਉਦਾ ਹੈ।

- ਅਧਿਕ ਸੁਆਦ ਰੋਗ ਅਧਿਕਾਈ ਬਿਨੁ ਗੁਰ ਸਹਜੁ ਨ ਪਾਇਆ ॥
- ਜੇਤਾ ਮੋਹੁ ਪਰੀਤਿ ਸੁਆਦ ॥ ਸਭਾ ਕਾਲਖ ਦਾਗਾ ਦਾਗ ॥
- ਗੁਰਮੁਖਿ ਰਾਗ ਸੁਆਦ ਅਨ ਤਿਆਗੇ ॥ ਗੁਰਮੁਖਿ ਇਹੁ ਮਨੁ ਭਗਤੀ ਜਾਗੇ ॥

ਸੰਜੋਗ ਵਿਜੋਗ–

ਗੁਰੂ ਸਾਹਿਬ ਨੇ ਫਿਰ ਵਰਨਣ ਸ਼ੁਰੂ ਕੀਤਾ ਕਿ ਜੀਵ ਸੰਜੋਗੀ ਹੀ ਆਪਸ ਵਿੱਚ ਮਿਲਦੇ (ਟਕਰਾਉਦੇ) ਹਨ। ਮੌਜੂਦ ਸੰਗਤ ਤੇ ਸਾਧੂਆਂ ਨੂੰ ਦੱਸਿਆ ਕਿ ਮੈਂ ਤੁਹਾਡੇ ਨਾਲ ਗੱਲ ਕਰ ਰਿਹਾ ਹਾਂ ਜਾਂ ਤੁਹਾਡੇ ਦਰਸ਼ਨ ਕਰ ਰਿਹਾ ਇਹ ਧੁਰੋਂ ਹੀ ਲਿਖਿਆ ਹੋਇਆ ਸੀ। ਜੀਵਾਂ ਦਾ ਆਪਸੀ ਮੇਲ ਪਹਿਲੋਂ ਤੋਂ ਹੀ ਤਹਿ ਹੋ ਜਾਂਦਾ ਹੈ। ਜਨਮ ਵੇਲੇ ਹੀ। ਅੱਜ ਦੀ ਭਾਸ਼ਾ ਵਿੱਚ ਆਪਾਂ ਕਹਿ ਸਕਦੇ ਹਾਂ ਕਿ ਇਹ ਸਾਡੇ ਡੀ. ਐਨ. ਏ ਵਿੱਚ ਹੀ ਆ ਜਾਂਦਾ ਹੈ ਕਿ ਕਿਸੇ ਦਾ ਸੰਜੋਗ ਕਿਸ ਨਾਲ ਹੋਣਾ।

ਐਨ ਇਹੋ ਹਾਲਤ ਵਿਜੋਗ ਭਾਵ ਵਿਛੋੜੇ ਦੀ ਹੈ। ਮਤਲਬ ਜੁੜੇ ਹੋਏ ਜੀਅ ਨੇ ਕਦੋਂ ਵਿਛੜ ਜਾਣਾ ਹੈ ਇਹ ਵੀ ਪਹਿਲੋ ਹੀ ਤਹਿ ਹੋਇਆ ਹੁੰਦਾ ਹੈ:

- ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥
- ਸੰਜੋਗੁ ਵਿਜੋਗੁ ਮੇਰੈ ਪ੍ਰਭਿ ਕੀਏ ॥ ਸ੍ਰਿਸਟਿ ਉਪਾਇ ਦੁਖਾ ਸੁਖ ਦੀਏ ॥ ਦੁਖ ਸੁਖ ਹੀ ਤੇ ਭਏ ਨਿਰਾਲੇ ਗੁਰਮੁਖਿ ਸੀਲੁ ਸਨਾਹਾ ਹੇ ॥
- ਮਨਮੁਖੁ ਜਾਣੈ ਆਪਣੇ ਧੀਆ ਪੂਤ ਸੰਜੋਗੁ ॥ ਨਾਰੀ ਦੇਖਿ ਵਿਗਾਸੀਅਹਿ ਨਾਲੇ ਹਰਖੁ ਸੁ ਸੋਗੁ ॥ ਗੁਰਮੁਖਿ ਸਬਦਿ ਰੰਗਾਵਲੇ ਅਹਿਨਿਸਿ ਹਰਿ ਰਸੁ ਭੋਗੁ ॥
- ਕਾਇਆ ਹੰਸਿ ਸੰਜੋਗੁ ਮੇਲਿ ਮਿਲਾਇਆ ॥ ਤਿਨ ਹੀ ਕੀਆ ਵਿਜੋਗੁ ਜਿਨਿ ਉਪਾਇਆ ॥ ਮੂਰਖੁ ਭੋਗੇ ਭੋਗੁ ਦੁਖ ਸਬਾਇਆ ॥ ਸੁਖਹੁ ਉਠੇ ਰੋਗ ਪਾਪ ਕਮਾਇਆ ॥ ਹਰਖਹੁ ਸੋਗੁ ਵਿਜੋਗੁ ਉਪਾਇ ਖਪਾਇਆ ॥ ਮੂਰਖ ਗਣਤ ਗਣਾਇ ਝਗੜਾ ਪਾਇਆ ॥ ਸਤਿਗੁਰ ਹਥਿ ਨਿਬੇੜੁ ਝਗੜੁ ਚੁਕਾਇਆ ॥ ਕਰਤਾ ਕਰੇ ਸੁ ਹੋਗੁ ਨ ਚਲੈ ਚਲਾਇਆ ॥
- ਸਾਹਾ ਸੰਜੋਗੁ ਵੀਆਹੁ ਵਿਜੋਗੁ ॥ ਸਚੁ ਸੰਤਤਿ ਕਹੁ ਨਾਨਕ ਜੋਗੁ ॥

ਸਿਫਤ ਸਲਾਹ ਜਾਂ ਨਾਮ ਦਾ ਸਿਧਾਂਤ - ਸਿੱਖੀ ਸਿਫਤ ਸਲਾਹ ਜਾਂ ਉਸਤਤ ਜਾਂ ਨਾਮ ਦਾ ਧਰਮ ਹੈ। ਜਿਵੇ ਹਿੰਦੂਮਤ ਵਿੱਚ ਕਰਮ ਕਾਂਡ ਜਾਂ ਬੁੱਧਮਤ ਵਿੱਚ ਸਮਾਧੀ ਹੈ। ਵਿਸਥਾਰ ਵਿੱਚ ਦੇਖੋ ਸਫਾ 310.

ਪ੍ਰਮੇਸ਼ਰ ਨੇੜੇ ਕਿਵੇ ਹੈ ਤੇ ਦੂਰ ਕਿਵੇ? -

ਨਿਰੰਕਾਰ ਪ੍ਰਮੇਸ਼ਵਰ ਸਾਡੇ ਤੋਂ ਇਨਾਂ ਕੁ ਨੇੜੇ ਹੈ ਜਿੰਨੇ ਅਸੀ ਆਪਣੇ ਆਪ ਦੇ ਵੀ ਨੇੜੇ ਨਹੀ ਹਾਂ। ਸ਼ਾਇਦ ਮੱਛੀ ਦੀ ਮਿਸਾਲ ਨਾਲ ਸਾਰੀ ਸਥਿਤੀ ਸਾਫ ਹੋ ਜਾਵੇਗੀ। ਮੱਛੀ ਦੇ ਅੰਦਰ ਵੀ ਪਾਣੀ ਹੈ। ਬਾਹਰ ਵੀ ਪਾਣੀ ਹੈ। ਪਰ ਮੱਛੀ ਨੂੰ ਪਾਣੀ ਦੀ ਮੌਜੂਦਗੀ ਦਾ ਅਹਿਸਾਸ ਨਹੀ ਹੁੰਦਾ ਜਦ ਤੱਕ ਉਹ ਪਾਣੀ ਤੋਂ ਬਾਹਰ ਨਹੀ ਆ ਜਾਂਦੀ। ਸਾਡੀ ਆਪਣੀ ਹੀ ਮਿਸਾਲ ਲੈ ਲਓ। ਸਾਡੇ ਚੁਫੇਰੇ ਹਵਾ ਹੈ। ਅੰਦਰ ਵੀ ਹਵਾ ਹੈ। ਪਰ ਸਾਨੂੰ ਇਸਦੀ ਮੌਜੂਦਗੀ ਦਾ ਅਹਿਸਾਸ ਨਹੀ ਜਿੰਨਾਂ ਚਿਰ ਸਾਡਾ ਦੱਮ ਨਾਂ ਘੁੱਟੇ।

ਜਦੋਂ ਤੱਕ ਮੱਛੀ ਨੂੰ ਪਾਣੀ ਦੀ ਮੌਜੂਦਗੀ ਦਾ ਅਹਿਸਾਸ ਰਹਿੰਦਾ ਹੈ ਉਸ ਦੇ ਨੇੜੇ ਹੈ ਜਦੋਂ ਉਹ ਭੁੱਲੀ ਹੁੰਦੀ ਹੈ ਉਦੋਂ ਦੂਰ। ਏਸੇ ਤਰਾਂ ਇਨਸਾਨ ਜਦੋਂ ਤੱਕ ਨਿਰੰਕਾਰ ਦੀ ਹੋਂਦ ਤੋਂ ਭੁੱਲਿਆ ਰਹਿੰਦਾ ਹੈ ਪ੍ਰਮੇਸ਼ਰ ਉਸ ਤੋਂ ਦੂਰ ਹੈ। ਜਦੋਂ ਉਹਦੀ ਹਾਜਰੀ ਦਾ ਉਨੂੰ ਅਹਿਸਾਸ ਰਹੇ ਓਦੋਂ ਨੇੜੇ ਹੈ।

- ਆਪੇ ਨੇੜੈ ਨਾਹੀ ਦੂਰੇ ॥ ਬੂਝਹਿ ਗੁਰਮੁਖਿ ਸੇ ਜਨ ਪੂਰੇ ॥
- ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥
- ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝਿ ਮਿਆਨੁ ॥
- ਗਾਵੈ ਕੋ ਜਾਪੈ ਦਿਸੈ ਦੂਰਿ ॥ ਗਾਵੈ ਕੋ ਵੇਖੈ ਹਾਦਰਾ ਹਦੂਰਿ ॥
- ਤੂ ਭਰਪੂਰਿ ਜਾਨਿਆ ਮੈ ਦੂਰਿ ॥ ਜੋ ਕਛੁ ਕਰੀ ਸੁ ਤੇਰੈ ਹਦੂਰਿ ॥ ਤੂ ਦੇਖਹਿ ਹਉ ਮੁਕਰਿ ਪਾਉ ॥ ਤੇਰੈ ਕੰਮਿ ਨ ਤੇਰੈ ਨਾਇ ॥
- ਜਲ ਮਹਿ ਉਪਜੈ ਜਲ ਤੇ ਦੂਰਿ ॥ ਜਲ ਮਹਿ ਜੋਤਿ ਰਹਿਆ ਭਰਪੂਰਿ ॥ ਕਿਸੁ ਨੇੜੈ ਕਿਸੁ ਆਖਾ ਦੂਰਿ ॥ ਨਿਧਿ ਗੁਣ ਗਾਵਾ ਦੇਖਿ ਹਦੂਰਿ ॥
- ਸਾਚਉ ਦੂਰਿ ਨ ਜਾਣੀਐ ਅੰਤਰਿ ਹੈ ਸੋਈ ॥ ਜਹ ਦੇਖਾ ਤਹ ਰਵਿ ਰਹੇ ਕਿਨਿ

ਕੀਮਤਿ ਹੋਈ ॥

- ਤੂੰ ਨਾਹੀ ਪ੍ਰਭ ਦੂਰਿ ਜਾਣਹਿ ਸਭ ਤੂ ਹੈ ॥ ਗੁਰਮੁਖਿ ਵੇਖਿ ਹਦੂਰਿ ਅੰਤਰਿ ਭੀ ਤੂ ਹੈ ॥
- ਆਪੇ ਨੇੜੈ ਆਪੇ ਦੂਰਿ ॥ ਆਪੇ ਸਰਬ ਰਹਿਆ ਭਰਪੂਰਿ ॥ ਸਤਗੁਰੁ ਮਿਲੈ ਅੰਧੇਰਾ ਜਾਇ ॥ ਜਹ ਦੇਖਾ ਤਹ ਰਹਿਆ ਸਮਾਇ ॥
- ਦੂਰਿ ਨਾਹੀ ਮੇਰੋ ਪ੍ਰਭੁ ਪਿਆਰਾ ॥ ਸਤਿਗੁਰ ਬਚਨਿ ਮੇਰੋ ਮਨੁ ਮਾਨਿਆ ਹਰਿ ਪਾਏ ਪ੍ਰਾਨ ਅਧਾਰਾ ॥

ਉੱਝੜ ਕੀ ਹੈ? ਰਾਹ ਕੀ ਹੈ?

ਹਿੰਦੂ ਧਾਰਮਿਕ ਸਿਧਾਂਤ ਅਨੁਸਾਰ ਰਾਹ ਤੋਂ ਭਟਕ ਜਾਣਾ (ਉੱਝੜ) ਤੇ ਰਾਹੇ ਪੈਣਾ ਵੀ ਧੁਰੋਂ ਲਿਖੇ ਅਨੁਸਾਰ ਹੀ ਹੈ।

ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥ ਵਿਸਮਾਦੁ ਉਝੜ ਵਿਸਮਾਦੁ ਰਾਹ ॥
ਭਾਣੈ ਉਝੜ ਭਾਣੈ ਰਾਹਾ ॥ ਭਾਣੈ ਹਰਿ ਗੁਣ ਗੁਰਮੁਖਿ ਗਾਵਾਹਾ ॥ (ਮਹਲਾ ੫)

ਵੇਦ ਉੱਤਮ ਕਿ ਨਾਦ ਉੱਤਮ?

ਸਿੱਖਮਤ ਅਨੁਸਾਰ ਵੇਦ ਭਾਵ ਗਿਆਨ ਤੇ ਨਾਦ ਭਾਵ ਸੰਗੀਤ ਦੋਵੇ ਸਿਧਾਂਤ ਨਾਮ ਵਿਚ ਆ ਜਾਂਦੇ ਹਨ। ਫਿਰ ਗੁਰਬਾਣੀ ਹੀ ਨਾਮ ਹੈ। ਸਾਹਿਬ ਨੇ ਫਰਮਾਇਆ:

ਸਭਿ ਨਾਦ ਬੇਦ ਗੁਰਬਾਣੀ ॥ ਮਨੁ ਰਾਤਾ ਸਾਰਿਗਪਾਣੀ ॥ ਤਹ ਤੀਰਥ ਵਰਤ ਤਪ ਸਾਰੇ ॥ ਗੁਰ ਮਿਲਿਆ ਹਰਿ ਨਿਸਤਾਰੇ ॥

ਜੋ ਜੋ ਸਾਧੂਆਂ ਨੇ ਸਵਾਲ ਕੀਤੇ ਗੁਰੂ ਸਾਹਿਬ ਨੂੰ ਉਨਾਂ ਵਿਸਮਾਦ ਵਿੱਚ ਲੈ ਆਂਦਾ ਭਾਵ ਹੈਰਾਨੀ ਵਾਲਾ ਨਿਰੰਕਾਰ ਪ੍ਰਤੀ ਵੈਰਾਗ। ਨਿਰੰਕਾਰ ਦੀ ਅਦਭੁੱਤ ਰਚਨਾ ਵਲ ਧਿਆਨ ਮਾਰ ਕੇ ਗੁਰੂ ਸਾਹਿਬ ਵਿਸਮਾਦਿਤ ਹੋਈ ਜਾ ਰਹੇ ਸਨ। ਫਿਰ ਸਾਹਿਬ ਨੇ ਸ਼ਬਦ ਗਾਇਆ ਜਿਸ ਤੇ ਮਰਦਾਨੇ ਤੇ ਸਾਰੀ ਸੰਗਤ ਨੇ ਸਾਥ ਦਿੱਤਾ। ਰਾਵੀ ਦਾ ਬੇਲਾ ਗੂੰਜ ਉਠਿਆ:-

ਸਲੋਕ ਮਃ ੧ ॥ ਵਿਸਮਾਦੁ ਨਾਦ ਵਿਸਮਾਦੁ ਵੇਦ ॥ ਵਿਸਮਾਦੁ ਜੀਅ ਵਿਸਮਾਦੁ ਭੇਦ ॥ ਵਿਸਮਾਦੁ ਰੂਪ ਵਿਸਮਾਦੁ ਰੰਗ ॥ ਵਿਸਮਾਦੁ ਨਾਗੇ ਫਿਰਹਿ ਜੰਤ ॥ ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥ ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥ ਵਿਸਮਾਦੁ ਸਾਦਿ ਲਗਹਿ ਪਰਾਣੀ ॥ ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥ ਵਿਸਮਾਦੁ ਭੁਖ ਵਿਸਮਾਦੁ ਭੋਗੁ ॥ ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥ ਵਿਸਮਾਦੁ ਉਝੜ ਵਿਸਮਾਦੁ ਰਾਹ ॥ ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥ ਵਿਸਮਾਦੁ ਦੇਖੈ ਹਾਜਰਾ ਹਜੂਰਿ ॥ ਵੇਖਿ ਵਿਡਾਣੁ ਰਹਿਆ ਵਿਸਮਾਦੁ ॥ ਨਾਨਕ ਬੁਝਣੁ ਪੂਰੈ ਭਾਗਿ ॥

ਸਭ ਸਾਧੂ ਲੋਕ ਪੁਕਾਰ ਉਠੇ। ਧੰਨ ਨਾਨਕ। ਧੰਨ ਗੁਰੂ ਨਾਨਕ। ਜੈਸਾ ਸੁਣਿਐ ਵੈਸਾ ਪਾਇਆ।

—◈—

ਕਵੀ ਨੂੰ ਉਪਦੇਸ਼– ਉਹਦੀ ਕਵਿਤਾ ਹੌਲੀ, ਜਿਹਦੇ ਮਨ ਵਿੱਚ ਭੈ ਨਹੀ॰

ਪੰਜਾਬ ਦਾ ਇਕ ਕਵੀ ਇਕ ਵੇਰਾਂ ਗੁਰੂ ਸਾਹਿਬ ਦੇ ਦਰਬਾਰ ਕਰਤਾਰਪੁਰ ਆ ਗਿਆ। ਉਸਨੂੰ ਆਪਣੀ ਕਵਿਤਾ ਤੇ ਬੜਾ ਮਾਣ ਸੀ। ਪਰ ਉਹ ਸਮਝਦਾ ਸੀ ਕਿ ਉਹਦੀ ਕਵਿਤਾ ਲੋਕਾਂ ਵਿੱਚ ਪਤਾ ਨਹੀ ਕਿਓ ਪ੍ਰਵਾਨ ਨਹੀ ਹੋ ਰਹੀ।

ਗੁਰੂ ਸਾਹਿਬ ਨੇ ਕਵੀ ਨੂੰ ਉਪਦੇਸ਼ ਦਿੱਤਾ ਕਿ ਤੇਰੀ ਕਵਿਤਾ ਵਿਚੋਂ ਹੰਕਾਰ ਦੀ ਬਦਬੂ ਆਉਦੀ ਹੈ। ਜੇ ਰੱਬ ਦੇ ਭਾਣੇ ਵਿੱਚ ਰਹਿ ਕੇ ਕਵਿਤਾ ਕਹੇਗਾ ਤਾਂ ਉਹ ਮਕਬੂਲ ਹੋਵੇਗੀ। ਵਧੀਆ ਕਵਿਤਾ ਸਿਆਪਣ ਨਾਲ ਨਹੀ ਉਪਜਦੀ। ਜੇ ਬੰਦਾ ਰੱਬ ਦੀ ਭੈ ਭਾਵਨੀ ਵਿੱਚ ਚਲੇ ਤਾਂ ਇਹ ਆਪਣੇ ਆਪ ਫੁਰਦੀ ਹੈ ਅਤੇ ਅਜਿਹੀ ਕਵਿਤਾ ਹੁੰਦੀ ਵੀ ਵਜਨਦਾਰ। ਹੰਕਾਰੀ ਬੰਦੇ ਦੀ ਕਵਿਤਾ ਹੌਲੀ ਹੁੰਦੀ ਹੈ।

ਤੇ ਅਗਲੀ ਗੱਲ ਜੇ ਮਨ ਵਿੱਚ ਰੱਬ ਦਾ ਭੈਅ ਹੋਵੇਗਾ ਤਾਂ ਦੁਨਿਆਵੀ ਡਰ ਆਪਣੇ ਆਪ ਸੜ੍ਹ ਬਲ ਜਾਂਦੇ ਨੇ। ਗੁਰੂ ਸਾਹਿਬ ਨੇ ਗੁਆਰੇਰੀ ਦੀ ਗਉੜੀ ਵਿੱਚ ਚਉਪਦਾ ਕਿਹਾ:-

ਭਉ ਮੁਚੁ ਭਾਰਾ ਵਡਾ ਤੋਲੁ ॥ ਮਨ ਮਤਿ ਹਉਲੀ ਬੋਲੇ ਬੋਲੁ ॥ ਸਿਰਿ ਧਰਿ ਚਲੀਐ ਸਹੀਐ ਭਾਰੁ ॥ ਨਦਰੀ ਕਰਮੀ ਗੁਰ ਬੀਚਾਰੁ ॥੧॥ ਭੈ ਬਿਨੁ ਕੋਇ ਨ ਲੰਘਸਿ ਪਾਰਿ ॥ ਭੈ ਭਉ ਰਾਖਿਆ ਭਾਇ ਸਵਾਰਿ ॥੧॥ ਰਹਾਉ ॥ ਭੈ ਤਨਿ ਅਗਨਿ ਭਖੈ ਭੈ ਨਾਲਿ ॥ ਭੈ ਭਉ ਘੜੀਐ ਸਬਦਿ ਸਵਾਰਿ ॥ ਭੈ ਬਿਨੁ ਘਾੜਤ ਕਚੁ ਨਿਕਚ ॥ ਅੰਧਾ ਸਚਾ ਅੰਧੀ ਸਟ ॥੨॥ ਬੁਧੀ ਬਾਜੀ ਉਪਜੈ ਚਾਉ ॥ ਸਹਸ ਸਿਆਣਪ ਪਵੈ ਨ ਤਾਉ ॥ ਨਾਨਕ ਮਨਮੁਖਿ ਬੋਲਣੁ ਵਾਉ ॥ ਅੰਧਾ ਅਖਰੁ ਵਾਉ ਦੁਆਉ ॥੩॥੧॥

—◈—

ਮਾਤਾ ਕਹਿਣ ਲੱਗੀ ਪੁੱਤਰਾ ! ਆਪਣੀ ਘਰਵਾਲੀ ਦਾ ਵੀ ਕਦੀ ਖਿਆਲ ਕਰਿਆ ਕਰ !■

ਕਰਤਾਰਪੁਰ ਦੀ ਗੱਲ ਹੈ ਇਕ ਦਿਨ ਮਾਤਾ ਤ੍ਰਿਪਤਾ ਨੂੰ ਆਪਣੀ ਨੂੰਹ (ਮਾਤਾ ਘੁੰਮੀ) ਤੇ ਤਰਸ ਆਇਆ ਤੇ ਕਹਿਣ ਲੱਗੀ ਪੁੱਤਰ ਨਾਨਕਾ ਕਦੀ ਆਪਣੀ ਘਰਦੀ ਦਾ ਵੀ ਖਿਆਲ ਕਰਿਆ ਕਰ ਜਿਸ ਨੇ ਸਾਰੀ ਉਮਰ ਤੇਰੇ ਲੇਖੇ ਲਾ ਦਿੱਤੀ। ਸਾਡਾ ਖਿਆਲ ਤੇ ਤੂੰ ਕੀ ਕਰਨਾਂ ਭਲਾ। ਮਾਤਾ ਦਾ ਅਸਲ ਮਕਸਦ ਤਾਂ ਸੀ ਗੁਰੂ ਸਾਹਿਬ ਨੂੰ ਯਾਦ ਦਿਵਾਉਣਾ ਕਿ ਤੇਰੇ ਮਾਤਾ ਪਿਤਾ ਵੀ ਹੈਗੇ ਨੇ ਕਦੀ ਉਨਾਂ ਵਲ ਵੀ ਧਿਆਨ ਕਰ ਲਿਆ ਕਰ।

ਗੁਰੂ ਸਾਹਿਬ ਨੇ ਮਾਤਾ ਨੂੰ ਕਿਹਾ ਨਹੀ ਮਾਤਾ ਮੈਂ ਸਾਰਿਆ ਦਾ ਖਿਆਲ ਕਰਦਾ ਹਾਂ। ਮੇਰੇ ਵਾਸਤੇ ਸਾਰੇ ਬਰਾਬਰ ਹਨ। ਮੈਨੂੰ ਮੋਹ ਜਕੜ੍ਹ ਨਹੀ ਸਕਦਾ।

ਮਾਤਾ ਕਹਿਣ ਲੱਗੀ ਜੇ ਫਿਰ ਇਹ ਸਾਰੇ ਰਿਸ਼ਤੇ ਝੂਠੇ ਨੇ ਤਾਂ ਸੱਚੇ ਕਿਹੜੇ ਨੇ?

ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਬੰਦਾ ਉੱਚੀ ਮਤਿ ਨੂੰ ਆਪਣੀ ਮਾਂ ਬਣਾ ਲਏ ਸੰਤੋਖ ਨੂੰ ਆਪਣਾ ਪਿਉ ਬਣਾਏ, ਖ਼ਲਕਤ ਦੀ ਸੇਵਾ ਨੂੰ ਉੱਚੇਚਾ ਭਰਾ ਬਣਾਏ। ਉੱਦਮ ਅਤੇ ਉੱਚੀ ਸੁਰਤਿ ਇਹ ਦੋਵੇਂ ਉਸ ਬੰਦੇ ਦੇ ਸੱਸ ਸੁਹਰਾ ਬਣਨ; ਸੁਚੱਜੀ ਜ਼ਿੰਦਗੀ ਨੂੰ ਇਸਤ੍ਰੀ ਬਣਾ ਲਏ ।

ਸਤ ਸੰਗ (ਵਿਚ ਜਾਣਾ) ਪ੍ਰਭੂ ਨਾਲ ਵਿਆਹ ਦਾ ਸਾਹਾ ਸੋਧਿਆ ਜਾਏ (ਭਾਵ, ਜਿਵੇਂ ਵਿਆਹ ਵਾਸਤੇ ਸੋਧਿਆ ਹੋਇਆ ਸਾਹਾ ਟਾਲਿਆ ਨਹੀਂ ਜਾ ਸਕਦਾ, ਤਿਵੇਂ ਸਤ ਸੰਗ ਵਿਚੋਂ ਕਦੇ ਨ ਖੁੰਝੇ), ਸਤ ਸੰਗ ਵਿੱਚ ਰਹਿ ਕੇ ਦੁਨੀਆ ਨਾਲੋਂ ਨਿਰਮੋਹਤਾ-ਰੂਪ (ਪ੍ਰਭੂ ਨਾਲ) ਵਿਆਹ ਹੋ ਜਾਏ; ਤਾਂ (ਇਸ ਵਿਆਹ ਵਿਚੋਂ) ਸੱਚ (ਭਾਵ, ਪ੍ਰਭੂ ਦਾ ਸਦਾ ਹਿਰਦੇ ਵਿੱਚ ਟਿਕੇ ਰਹਿਣਾ, ਉਸ ਜੀਵ-ਇਸਤ੍ਰੀ ਦੀ) ਸੰਤਾਨ ਹੈ ।

ਮਾਤਾ ਇਹ ਹਨ ਸੱਚੇ ਰਿਸ਼ਤੇ। ਗੁਰੂ ਸਾਹਿਬ ਨੇ ਗਉੜੀ ਵਿੱਚ ਬਾਣੀ ਕਹੀ:-

ਮਾਤਾ ਮਤਿ ਪਿਤਾ ਸੰਤੋਖੁ ॥ ਸਤੁ ਭਾਈ ਕਰਿ ਏਹੁ ਵਿਸੇਖੁ ॥੧॥ ਕਹਣਾ ਹੈ ਕਿਛੁ ਕਹਣੁ ਨ ਜਾਇ ॥ ਤਉ ਕੁਦਰਤਿ ਕੀਮਤਿ ਨਹੀ ਪਾਇ ॥੧॥ ਰਹਾਉ ॥ ਸਰਮ

ਸੁਰਤਿ ਦੁਇ ਸਸੁਰ ਭਏ ॥ ਕਰਣੀ ਕਾਮਣਿ ਕਰਿ ਮਨ ਲਏ ॥੨॥ ਸਾਹਾ ਸੰਜੋਗੁ ਵੀਆਹੁ ਵਿਜੋਗੁ ॥ ਸਚੁ ਸੰਤਤਿ ਕਹੁ ਨਾਨਕ ਜੋਗੁ ॥

—◈—

ਬਾਬਾ ਜੀ ਦੱਸੋ ਕੀ ਕਰੀਏ ਕਿ ਰੱਬ ਦੇ ਦਰ ਦੇ ਦਰਸ਼ਨ ਹੋ ਜਾਣ॰

ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ ॥

ਕਰਤਾਰਪੁਰ ਦੀ ਗੱਲ ਹੈ ਇਕ ਸ਼ਾਮੀ ਸਿੱਖ ਜਦੋਂ ਖੇਤੀ ਕਾਰ ਵਿਹਾਰ ਸੇਵਾ ਤੋਂ ਪਰਤੇ ਤਾਂ ਗੁਰੂ ਸਾਹਿਬ ਅੱਗੇ ਅਰਜੋਈ ਕੀਤੀ ਕਿ ਬਾਬਾ ਜੀ ਸਾਨੂੰ ਵੀ ਕੋਈ ਅਜਿਹਾ ਗੁਰ ਦਿਓ ਕਿ ਸਾਨੂੰ ਵੀ ਨਿਰੰਕਾਰ ਦਾ ਮਹਿਲ ਨਜਰ ਆਵੇ।

ਗੁਰੂ ਸਾਹਿਬ ਨੇ ਉਪਦੇਸ਼ ਕੀਤਾ ਕਿ ਅਕਾਲ ਪੁਰਖ ਦਾ ਨਾਮ ਜਪਣਾ ਹੀ ਉਹਦਾ ਮਾਰਗ ਹੈ।

ਸਿੱਖਾਂ ਫਿਰ ਸਵਾਲ ਕੀਤਾ ਕਿ ਕਿਹੜਾ ਵੇਲਾ ਬਿਹਤ੍ਰ ਹੈ ਉਹਦਾ ਨਾਮ ਜੱਪਣ ਲਈ। ਗੁਰੂ ਸਾਹਿਬ ਨੇ ਕਿਹਾ ਕਿ ਸਦਾ ਹੀ ਉਹਦਾ ਨਾਮ ਜਪਣਾ ਲਾਭਕਾਰੀ ਹੈ ਪਰ ਅੰਮ੍ਰਿਤ ਵੇਲੇ ਦਾ ਜਾਪ ਜਿਆਦਾ ਸਹਾਈ ਹੁੰਦਾ ਹੈ। ਰਾਤ ਦੇ ਪਿੱਛਲੇ ਪਹਿਰ ਉਠ ਕੇ ਜਿਹੜਾ ਬੰਦਾ ਉਹਦਾ ਨਾਮ ਧਿਆਉਦਾ ਹੈ ਉਨੂੰ ਨਿਰੰਕਾਰ ਦਾ ਮਹਿਲ ਨਜਰ ਆਉਣਾ ਸ਼ੁਰੂ ਹੋ ਜਾਂਦਾ ਹੈ। ਗੁਰੂ ਸਾਹਿਬ ਨੇ ਸ਼ਬਦ ਰਚਿਆ:

ਸਲੋਕੁ ॥ ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ ॥ ਨਾਨਕ ਸਰਣਿ ਤੁਹਾਰੀਆ ਪੇਖਉ ਸਦਾ ਹਜੂਰਿ ॥੧॥ ਸਬਦ ॥॥ ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ ॥ ਖੋਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ ॥ ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇ ॥੧॥ ਬਾਬਾ ਮੈ ਕਰਮਹੀਣ ਕੂੜਿਆਰ ॥ ਨਾਮੁ ਨ ਪਾਇਆ ਤੇਰਾ ਅੰਧਾ ਭਰਮਿ ਭੂਲਾ ਮਨੁ ਮੇਰਾ ॥੧॥ ਰਹਾਉ ॥ ਸਾਦ ਕੀਤੇ ਦੁਖ ਪਰਫੁੜੇ ਪੂਰਬਿ ਲਿਖੇ ਮਾਇ ॥ ਸੁਖ ਥੋੜੇ ਦੁਖ ਅਗਲੇ ਦੂਖੇ ਦੂਖਿ ਵਿਹਾਇ ॥੨॥ ਵਿਛੁੜਿਆ ਕਾ ਕਿਆ ਵੀਛੁੜੈ ਮਿਲਿਆ ਕਾ ਕਿਆ ਮੇਲੁ ॥ ਸਾਹਿਬੁ ਸੋ ਸਾਲਾਹੀਐ ਜਿਨਿ ਕਰਿ ਦੇਖਿਆ ਖੇਲੁ ॥੩॥ ਸੰਜੋਗੀ ਮੇਲਾਵੜਾ ਇਨਿ ਤਨਿ ਕੀਤੇ ਭੋਗ ॥ ਵਿਜੋਗੀ ਮਿਲਿ ਵਿਛੁੜੇ ਨਾਨਕ ਭੀ ਸੰਜੋਗ ॥

—◈—

ਸਾਹਿਬ ਮੇਰਾ ਨੀਤ ਨਵਾ॰

ਧਰਮਸਾਲ ਪੱਖੋਕੇ ਦੀ ਗੱਲ ਹੈ। ਇਕ ਵੇਰਾਂ ਜਦੋਂ ਗੁਰੂ ਨਾਨਕ ਪਾਤਸ਼ਾਹ ਭੋਜਨ ਛਕ ਰਹੇ ਸਨ ਤਾਂ ਮਾਤਾ ਸੁਲੱਖਣੀ (ਘੁੰਮੀ) ਸਾਹਿਬ ਨੂੰ ਤਾਹਨਾ ਦੇਣ ਲੱਗ ਪਏ। ਕਹਿਣ ਲੱਗੀ ਵੇ ਬਾਬਾ ਤੂੰ ਰੋਜ ਨਵੀ ਸੋ ਨਵੀ ਕਵੀਸ਼ਰੀ ਕਰਦੈ ਇਹਦੇ ਨਾਲ ਤੇਰੇ ਸਤਿ ਕਰਤਾਰ ਨੂੰ ਕੀ ਫਾਇਦਾ। ਭਈ ਰੱਬ ਦਾ ਨਾਂ ਲੈਣਾ ਅਸੀ ਰਾਮ ਰਾਮ ਕਹਿਨੇ ਆ ਤੁਸੀ ਸਤਿ ਕਰਤਾਰ ਕਹਿ ਲਓ। ਤੁਸੀ ਕਿਹਾ ਪੱਥਰ ਨਾ ਪੂਜਿਆ ਕਰੋ। ਅਸੀ ਉਹ ਵੀ ਛੱਡ ਦਿੱਤੇ। ਅਸੀ ਵਰਤ ਰੱਖਣੇ ਵੀ ਛੱਡ ਦਿੱਤੇ। ਪਰ ਤੂੰ ਤਾਂ ਹਰ ਰੋਜ ਨਵੀ ਹੀ ਕਵੀਸ਼ਰੀ (ਬਾਣੀ) ਦਈ ਜਾ ਰਿਹਾ ਹੈ।

ਗੁਰੂ ਸਾਹਿਬ ਨੇ ਆਪਣੀ ਪਤਨੀ ਨੂੰ ਫਰਮਾਇਆ ਵੇਖ ਘੁੰਮੀਏ ਆਹ ਪਾਸੇ ਵੇਖ ਕਿੱਢਾ ਸੋਹਣਾ ਫੁਲ ਖਿੜਿਆ ਏ। ਇਕ ਕਲ੍ਹ ਨਹੀ ਸੀ। ਤੂੰ ਅੱਜ ਗੋਂਗਲੂਆਂ ਦੀ ਸਬਜੀ ਬਣਾਈ ਏ ਕਲ੍ਹ ਤਾਂ ਦਾਲ ਸੀ। ਭੋਲੀਏ ਉਹ ਮਾਲਕ ਰੋਜ ਨਵੇ ਸੋ ਨਵਾ ਹੁੰਦਾ ਹੈ। ਨਵੀਆਂ ਹੀ ਉਹਦੀਆਂ ਦਾਤਾਂ ਹੁੰਦੀਆਂ ਹਨ। ਹਰ ਰੋਜ ਨਵੀ ਸੋ ਨਵੀ। ਉਹ ਕਦੀ ਪੁਰਾਣਾ ਨਹੀ ਹੁੰਦਾ। ਹਰ ਵੇਲੇ ਤਰੋ ਤਾਜ਼ਾ।

ਨਿਰੰਕਾਰ ਦਾਤਾਰ ਪ੍ਰਭੂ ਦੀਆਂ ਦਾਤਾਂ ਲੈਣ ਵਾਲੇ ਅਸੀ ਪੁਰਾਣੇ ਹੋ ਜਾਂਦੇ ਹਾਂ ਉਹਦੀਆਂ ਦਾਤਾਂ ਰੋਜ ਨਵੀਆਂ ਸੋ ਨਵੀਆਂ ਹੁੰਦੀਆਂ ਹਨ। ਤੂੰ ਵੇਖਦੀ ਨਹੀ ਅੱਜ ਇਹ ਸਰੋਂ ਦੇ ਬਸੰਤੀ ਫੁੱਲ। ਇਹ ਤਾਜੇ ਨੇ। ਆਹ ਜਿਹੜੀ ਖੁਸ਼ਬੂ ਆ ਰਹੀ ਏ। ਇਹ ਅੱਜ ਦੀ ਤਾਜਾ ਹੈ। ਸਾਉਣ ਦੇ ਮਹੀਨੇ ਵੱਖਰੀ ਖੁਸ਼ਬੂ ਹੁੰਦੀ ਹੈ। ਹਾੜ ਜੇਠ ਵੱਖਰੇ ਹੁੰਦੇ ਨੇ। ਹਰ ਦਿਨ ਨਵਾਂ ਹੁੰਦਾ ਹੈ। ਮਤਲਬ ਹਰ ਦਿਨ ਦੀਆਂ ਦਾਤਾਂ ਨਵੀਆਂ ਹੁੰਦੀਆਂ ਹਨ। ਘੁੰਮੀਏ ਮੇਰਾ ਮਾਲਕ ਹਰ ਰੋਜ ਨਵੇ ਸੋ ਨਵਾਂ। ਮੈਂ ਪੁਰਾਣਾ ਹੋ ਗਇਆ ਵਾਂ। ਮੈਂ ਤਾਂ ਬਸ ਉਹਦੇ ਗੁਣ ਗਾਉਦਾ ਰਹਿੰਨਾ ਵਾਂ ਜਿੰਨੇ ਮੇਰੇ ਦੁੱਖ ਦਲਿਦ੍ਰ ਕੱਟ ਦਿੱਤੇ ਨੇ।

ਸਾਹਿਬ ਨੇ ਮਾਤਾ ਤੇ ਵੀ ਬਖਸ਼ਸ਼ ਕੀਤੀ ਤੇ ਉਹਦੇ ਵੀ ਬੰਦ ਪਏ ਕਿਵਾੜ ਖੁੱਲ ਗਏ। ਉਹ ਵੀ ਗੁਰੂ ਸਾਹਿਬ ਦੇ ਨਾਲ ਹੀ ਗਾਉਣ ਲੱਗ ਪਈ:-

ਧਨਾਸਰੀ ਮਹਲਾ ੧ ਘਰੁ ੧ ਚਉਪਦੇ ॥ ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ ॥ ਦੂਖ ਵਿਸਾਰਣੁ ਸੇਵਿਆ ਸਦਾ ਸਦਾ ਦਾਤਾਰੁ ॥੧॥ ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥੧॥ ਰਹਾਉ ॥ ਅਨਦਿਨੁ ਸਾਹਿਬੁ ਸੇਵੀਐ ਅੰਤਿ ਛਡਾਏ ਸੋਇ ॥ ਸੁਣਿ ਸੁਣਿ ਮੇਰੀ ਕਾਮਣੀ ਪਾਰਿ ਉਤਾਰਾ ਹੋਇ ॥੨॥ ਦਇਆਲ ਤੇਰੈ ਨਾਮਿ ਤਰਾ ॥ ਸਦ ਕੁਰਬਾਣੈ ਜਾਉ ॥੧॥ ਰਹਾਉ ॥ ਸਰਬੰ ਸਾਚਾ ਏਕੁ ਹੈ ਦੂਜਾ ਨਾਹੀ ਕੋਇ ॥ ਤਾ ਕੀ ਸੇਵਾ ਸੋ ਕਰੇ ਜਾ ਕਉ ਨਦਰਿ ਕਰੇ ॥੩॥ ਤੁਧੁ ਬਾਝੁ ਪਿਆਰੇ ਕੇਵ ਰਹਾ ॥ ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ ਰਹਾਂ ॥ ਦੂਜਾ ਨਾਹੀ ਕੋਇ ਜਿਸੁ ਆਗੈ ਪਿਆਰੇ ਜਾਇ ਕਹਾ ॥੧॥ ਰਹਾਉ ॥ ਸੇਵੀ ਸਾਹਿਬੁ ਆਪਣਾ ਅਵਰੁ ਨ ਜਾਚੰਉ ਕੋਇ ॥ ਨਾਨਕੁ ਤਾ ਕਾ ਦਾਸੁ ਹੈ ਬਿੰਦ ਬਿੰਦ ਚੁਖ ਚੁਖ ਹੋਇ ॥੪॥ ਸਾਹਿਬ ਤੇਰੇ ਨਾਮ ਵਿਟਹੁ ਬਿੰਦ ਬਿੰਦ ਚੁਖ ਚੁਖ ਹੋਇ ॥੧॥ ਰਹਾਉ ॥੪॥੧॥

ਇਹ ਸ਼ਬਦ ਫਿਰ ਰੋਜ ਰੋਜ ਦੀਵਾਨ ਵਿੱਚ ਵੀ ਗਾਇਆ ਜਾਣ ਲੱਗਾ। ਮਾਤਾ ਸੁਲੱਖਣੀ ਬੀਬੀਆਂ ਨਾਲ ਰਲ ਕੇ ਇਹ ਸ਼ਬਦ ਗਾਇਆ ਕਰਦੀ ਸੀ। ਸਾਰੀ ਸੰਗਤ ਨੇ ਝੂਮ ਉਠਣਾ।

—◈—

ਦਾਅਦਾ ਕਾਲੂ ਬੋਲਿਆ, 'ਜੋ ਆਉਦਾ ਸਭ ਉਜਾੜੀ ਜਾਨੈ, ਦੋ ਪੈਸੇ ਕੰਮ ਧੰਧੇ ਵਿੱਚ ਵੀ ਲਾ'॰

ਕਰਤਾਰਪੁਰ ਦੀ ਗੱਲ ਹੈ। ਇਕ ਦਿਨ ਮਹਿਤਾ ਕਾਲੂ ਮੰਜੇ ਤੇ ਬੈਠਾ ਸੀ। ਲਾਗੋਂ ਦੀ ਗੁਰੂ ਨਾਨਕ ਨਿਕਲੇ। ਪਿਤਾ ਨੇ ਸੱਦ ਕੇ ਕੋਲ ਬੈਠਾ ਲਿਆ। ਪਿਤਾ ਕਹਿਣ ਲੱਗਾ "ਨਾਨਕਾ ਮੇਰੀ ਗੱਲ ਪਹਿਲਾਂ ਧਿਆਨ ਨਾਲ ਸੁਣੀ ਫਿਰ ਜਵਾਬ ਦਈ। "

ਪਿਤਾ ਬੋਲਿਆ:

"ਵੇਖ ਅੱਜ ਤੇਰਾ ਵਕਤ ਹੈ। ਇਹ ਹਮੇਸ਼ਾਂ ਇਕੋ ਜਿਹਾ ਨਹੀ ਰਹਿੰਦਾ। ਅੱਜ ਕਿੰਨਾ ਕੁਝ ਆ ਰਿਹਾ ਹੈ। ਪਰ ਮੈਂ ਹੈਰਾਨ ਹਾਂ ਤੂੰ ਸਭ ਕੁਝ ਉਜਾੜੀ ਜਾ ਰਿਹੈ। ਪੈਸਾ ਇਕ ਵੀ ਨਹੀ ਜੋੜ ਰਿਹਾ। ਇਸ ਜਿੰਦਗੀ ਦਾ ਕੀ ਪਤਾ। ਕਲ੍ਹ ਨੂੰ ਤੇਰੇ ਪੁੱਤ ਪੋਤਰੇ ਕੀ ਕਰਨਗੇ? ਸਿਆਣੇ ਕਹਿੰਦੇ 'ਬਪਾਰੇ ਬਸਤੇ ਲਖਮੀ'। ਕਿਸੇ ਕੰਮ ਧੰਦੇ ਵਿੱਚ ਦੋ ਪੈਸੇ ਲਾਵਾਂਗੇ ਤਾਂ ਹੀ ਬਰਕਤ ਪੈਂਦੀ ਹੈ।

ਪਿਤਾ ਦੀਆਂ ਗੱਲਾਂ ਸੁਣ ਕੇ ਗੁਰੂ ਸਾਹਿਬ ਥੋੜਾ ਸਖਤ ਹੋ ਗਏ। ਕਹਿਣ ਲੱਗੇ, "ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ ਦਿਨਾ ॥ " ਪਿਤਾ ਜੀ ਕਿਓ ਨਹੀ ਤੁਸੀ ਆਪਣੇ ਜੀਵਨ ਬਾਰੇ ਵਿਚਾਰ ਕਰਦੇ? ਕਿਓ ਨਹੀ ਅੱਗੇ ਦਾ ਖਿਆਲ ਕਰਦੇ? ਕਿਹੋ ਜਿਹੀ ਗੱਲ ਕਹਿ

ਰਹੇ ਹੋ? ਇਹ ਸੰਗਤ ਦਾ ਪੈਸਾ ਹੈ। ਸੰਗਤ ਵਿੱਚ ਹੀ ਖਰਚਿਆ ਜਾਏਗਾ। ਤੁਹਾਡੇ ਪੋਤਰੇ ਪੜਪੋਤਰੇ ਆਪਣੀ ਕਿਸਮਤ ਲਿਖਾ ਕੇ ਆਉਣਗੇ। ਉਨਾਂ ਨੂੰ ਵੀ ਕੋਈ ਤੋਟ ਨਹੀ ਆਏਗੀ।**

ਦਾਅਦਾ* ਜੀ ਤੁਸੀ ਭਵਿਖ ਦਾ ਸੋਚ ਰਹੇ ਹੋ। ਆਪਾਂ ਨੂੰ ਤਾਂ ਇਸ ਗੱਲ ਦਾ ਪਤਾ ਹੀ ਨਹੀ ਕਿ ਅਗਲਾ ਸਾਹ ਆਉਣਾ ਕਿ ਨਹੀ ਆਉਣਾ। ਆਪਣੇ ਪੈਦਾ ਕੀਤੇ ਜੀਵਾਂ ਦੀ ਪ੍ਰਿਤਪਾਲਣਾ ਅਕਾਲ ਪੁਰਖ ਆਪ ਕਰਦਾ। ਐਹੋ ਜਿਹੀਆਂ ਗੱਲਾਂ ਨਹੀ ਕਰੀਦੀਆਂ। ਅਗਲੇ ਦੀਵਾਨ ਵਿਚ ਗੁਰੂ ਸਾਹਿਬ ਨੇ ਮਰਦਾਨੇ ਦੀ ਰਬਾਬ ਤੇ ਸ਼ਬਦ ਗਾਇਆ:-

ਧਨਾਸਰੀ ਮਹਲਾ ੧ ॥ ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ ॥ ਨਾਨਕੁ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ ॥੧॥ ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ ਦਿਨਾ ॥੧॥ ਰਹਾਉ ॥ ਸਾਸੁ ਮਾਸੁ ਸਭੁ ਜੀਉ ਤੁਮਾਰਾ ਤੂ ਮੈ ਖਰਾ ਪਿਆਰਾ ॥ ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ ॥੨॥ ਜੇ ਤੂ ਕਿਸੈ ਨ ਦੇਹੀ ਮੇਰੇ ਸਾਹਿਬਾ ਕਿਆ ਕੋ ਕਢੈ ਗਹਣਾ ॥ ਨਾਨਕੁ ਬਿਨਵੈ ਸੋ ਕਿਛੁ ਪਾਈਐ ਪੁਰਬਿ ਲਿਖੇ ਕਾ ਲਹਣਾ ॥੩॥ ਨਾਮੁ ਖਸਮ ਕਾ ਚਿਤਿ ਨ ਕੀਆ ਕਪਟੀ ਕਪਟੁ ਕਮਾਣਾ ॥ ਜਮ ਦੁਆਰਿ ਜਾ ਪਕੜਿ ਚਲਾਇਆ ਤਾ ਚਲਦਾ ਪਛੁਤਾਣਾ ॥੪॥ ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥ ਭਾਲਿ ਰਹੇ ਹਮ ਰਹਣੁ ਨ ਪਾਇਆ ਜੀਵਤਿਆ ਮਰਿ ਰਹੀਐ ॥

ਗੁਰੂ ਸਾਹਿਬ ਦਾ ਉਪਦੇਸ ਸੁਣ ਕੇ ਦਾਅਦਾ ਕਾਲੂ ਪਸਚਾਤਾਪ ਅਤੇ ਵੈਰਾਗ ਵਿੱਚ ਆ ਗਿਆ। 'ਕਿ ਮੇਰਾ ਕੀ ਬਣੇਗਾ। ਮੈਂ ਹਮੇਸ਼ਾਂ ਮਾਇਆ ਮੋਹ ਵਿੱਚ ਹੀ ਫਸਿਆ ਰਿਹਾ ਹਾਂ। ਮੈਂ ਤਾਂ ਨਰਕਾਂ ਨੂੰ ਜਾਵਾਂਗਾ"

ਗੁਰੂ ਸਾਹਿਬ ਨੇ ਦਿਲਾਸਾ ਦਿੱਤਾ, "ਨਹੀ ਦਾਅਦਾ ਤੂੰ ਵੀ ਮੁਕਤ ਹੈ। "

ਪਿਤਾ ਕਹਿਣ ਲੱਗਾ ਓਏ ਪੁੱਤਰਾ ਮੈ ਜਿੰਦਗੀ 'ਚ ਕੋਈ ਪੁੰਨ ਨਹੀ ਕੀਤਾ ਮੈਂ ਕਿਵੇ ਮੁਕਤ ਹੋ ਗਿਆ?

ਗੁਰੂ ਸਾਹਿਬ ਨੇ ਕਿਹਾ ਵੇਖੋ ਦਾਅਦਾ ਇਹ ਤੁਹਾਡੀ ਬਦੌਲਤ ਹੀ ਮੈਂ ਥੋੜੀ ਬਹੁਤ ਭਗਤੀ ਕਰਨ ਦੇ ਸਮਰਥ ਹੋਇਆ ਹਾਂ। ਮੇਰੀ ਜਿੰਮੇਵਾਰੀ ਤੁਸੀ ਸੰਭਾਲਦੇ ਆਏ ਹੋ। ਮੈਂ ਤੁਹਾਡੇ ਲਈ ਵੀ ਨਿਰੰਕਾਰ ਅੱਗੇ ਅਰਦਾਸ ਕਰਦਾ ਹਾਂ। ਸਰਬਤ ਦਾ ਭਲਾ ਮੰਗਦਾ ਹਾਂ। ਹੁਣ ਵਾਇਦਾ ਕਰੋ ਕਿ ਜਿੰਨੇ ਸਵਾਸ ਹੈਗੇ ਨੇ ਹਰ ਵੇਲੇ ਉਸ ਨਿਰੰਕਾਰ ਨੂੰ ਯਾਦ ਕਰੋਗੇ। ਮਾਇਆ ਮੋਹ ਤਿਆਗੋਗੇ। ਦਾਅਦੇ ਦੇ ਦਿਮਾਗ ਦੇ ਬੰਦ ਪਏ ਦਰਵਾਜੇ ਹੁਣ ਖੁੱਲ ਗਏ ਸਨ ਤੇ ਸਦਾ ਸਤਿਕਰਤਾਰ ਸਤਿ ਕਰਤਾਰ ਦਾ ਜਾਪ ਕਰਨ ਲੱਗਾ।

ਫਿਰ ਇਕ ਦਿਨ ਗੁਰੂ ਸਾਹਿਬ ਨੇ ਪਿਤਾ ਨੂੰ ਦਿਲਾਸਾ ਦਿੱਤਾ ਕਿ ਤੁਸੀ ਵੀ ਮੁਕਤ ਹੋ।

---◈---

ਮਾਤਾ ਕਹਿਣ ਲੱਗੀ "ਵੇ ਮੇਰਾ ਨਹੀਓ ਸਿਮਰਨ ਵਿੱਚ ਮੰਨ ਲੱਗਦਾ"+

ਜਦੋਂ ਮਾਪੇ ਕਰਤਾਰਪੁਰ ਵਿੱਚ ਰਹਿ ਰਹੇ ਸਨ ਤਾਂ ਉਹ ਦੋਵੇ ਜੀਅ ਗੁਰੂ ਸਾਹਿਬ ਦੇ ਦੀਵਾਨ ਦੀ ਹਾਜਰੀ ਬੜੇ ਧਿਆਨ ਪੂਰਬਕ ਭਰਦੇ ਸਨ। ਪਿਤਾ ਕਾਲੂ ਨੇ ਤਾਂ ਹੌਲੀ ਹੌਲੀ ਸਿਮਰਨ ਸ਼ੁਰੂ ਕਰ ਦਿੱਤਾ ਸੀ ਪਰ ਮਾਤਾ ਜਿਆਦਾ ਦੁਨਿਆਵੀ ਗੱਲਾਂ ਵਿੱਚ ਰੁੱਝੀ ਰਹਿੰਦੀ ਸੀ। ਇਕ ਵੇਰਾਂ ਫਿਰ ਕਿਸੇ ਗੁਰਸਿੱਖ ਨੇ ਹੀ ਮਾਤਾ ਨੂੰ ਸਤਿਕਾਰ ਸਹਿਤ ਕਿਹਾ ਕਿ ਮਾਤਾ ਜੀ ਤੁਸੀ ਵੀ ਸਿਮਰਨ ਵਲ ਧਿਆਨ ਦਿਆ ਕਰੋ। ਮਾਤਾ ਕਹਿਣ ਲੱਗੀ ਵੇ ਮੇਰਾ ਮੰਨ ਨਹੀ ਲੱਗਦਾ ਸਿਮਰਨ ਵਗੈਰਾ 'ਚ।

ਫਿਰ ਇਕ ਦਿਨ ਜਦੋਂ ਮੰਜੀ ਤੇ ਪੈ ਗਈ ਤਾਂ ਪੁੱਤਰ ਨੂੰ ਕਹਿਣ ਲੱਗੀ ਕਿ ਨਾਨਕ ਮੇਰਾ ਨਹੀਓ ਧਿਆਨ ਲੱਗਦਾ ਸਿਮਰਨ ਵਿਚ। ਦੱਸ ਮੈਂ ਕੀ ਕਰਾਂ? ਗੁਰੂ ਸਾਹਿਬ ਕਹਿਣ ਲੱਗੇ ਮਾਤਾ ਜੀ ਮੰਨ ਨੂੰ ਬਦੋ ਬਦੀ ਬੰਨ ਕੇ ਸਿਮਰਿਆ ਨਹੀ ਜਾ ਸਕਦਾ। ਜੇ ਸੱਚਮੁੱਚ ਸਿਮਰਨਾਂ ਚਾਹੁੰਦੇ ਹੋ ਤਾਂ ਸੱਚ ਨੂੰ ਪਛਾਣ ਲਵੋ। ਹਰ ਥਾਂ ਹਰ ਸ਼ੈਅ ਉਸ ਨਿਰੰਕਾਰ ਦਾ ਰੂਪ ਹੈ। ਉਸ ਰੂਪ ਵਿਚੋਂ ਨਿਰੰਕਾਰ ਨੂੰ ਲੱਭੋ। ਝੂਠ ਤੋਂ ਕਿਨਾਰਾ ਕਰੋ। ਹੁਣ ਕੀ ਪਤਾ ਕਿਸੇ ਵੇਲੇ ਵੀ ਬੁਲਾਵਾ ਆ ਜਾਏ।

ਸਾਹਿਬ ਨੇ ਧਨਾਸਰੀ ਵਿੱਚ ਸ਼ਬਦ ਕਿਹਾ *:-

ਧਨਾਸਰੀ ਮਹਲਾ ੧ ਘਰੁ ਦੂਜਾ ੧ੴ ਸਤਿਗੁਰ ਪ੍ਰਸਾਦਿ ॥ ਕਿਉ ਸਿਮਰੀ ਸਿਵਰਿਆ ਨਹੀ ਜਾਇ ॥ ਤਧੈ ਹਿਆਉ ਜੀਅੜਾ ਬਿਲਲਾਇ ॥ ਸਿਰਜਿ ਸਵਾਰੇ ਸਾਚਾ ਸੋਇ ॥ ਤਿਸੁ ਵਿਸਰਿਐ ਚੰਗਾ ਕਿਉ ਹੋਇ ॥੧॥ ਹਿਕਮਤਿ ਹੁਕਮਿ ਨ ਪਾਇਆ ਜਾਇ ॥ ਕਿਉ ਕਰਿ ਸਾਚਿ ਮਿਲਉ ਮੇਰੀ ਮਾਇ ॥੧॥ ਰਹਾਉ ॥ ਵਖਰੁ ਨਾਮੁ ਦੇਖਣ ਕੋਈ ਜਾਇ ॥ ਨਾ ਕੋ ਚਾਖੈ ਨਾ ਕੋ ਖਾਇ ॥ ਲੋਕਿ ਪਤੀਣੈ ਨਾ ਪਤਿ ਹੋਇ ॥ ਤਾ ਪਤਿ ਰਹੈ ਰਾਖੈ ਜਾ ਸੋਇ ॥੨॥ ਜਹ ਦੇਖਾ ਤਹ ਰਹਿਆ ਸਮਾਇ ॥ ਤੁਧੁ ਬਿਨੁ ਦੂਜੀ ਨਾਹੀ ਜਾਇ ॥ ਜੇ ਕੋ ਕਰੇ ਕੀਤੈ ਕਿਆ ਹੋਇ ॥ ਜਿਸ ਨੋ ਬਖਸੇ ਸਾਚਾ ਸੋਇ

ਪੈਰ ਸਫਾ

+ਸੋਢੀ 2- 417 ਨੇ ਇਹ ਸਬਦ ਭਾਈ ਲਹਿਣੇ ਪ੍ਰਥਾਇ ਕਹੇ ਜਾਣਾ ਦੱਸਿਆ ਹੈ, ਹਾਲਾਂ ਕਿ ਸੰਬੋਧਨ ਸਾਫ ਤੌਰ ਤੇ ਮਾਤਾ ਨੂੰ ਹੈ। ਫਿਰ ਖੁਦ ਸੋਢੀ 2- 205 ਨੇ ਮੰਨਿਆ ਹੈ ਇਸ ਸਬਦ ਤੋਂ ਪਹਿਲਾਂ ਵਾਲਾ ਪਿਤਾ ਕਾਲੂ ਨੂੰ ਸੰਬੋਧਨ ਕੀਤਾ ਹੈ। ਸੋ ਨਾਲ ਲੱਗਦਾ ਸ਼ਬਦ ਮਾਤਾ ਪ੍ਰਥਾਇ ਹੀ ਹੈ।

◈ ਸੋਢੀ 2- 160, ● ਇਹ ਵੀ ਸੋਢੀ:2 ਅਨੁਸਾਰ ਹੀ ਹੈ।

● *ਚਾਰੇ ਖਾਣੀਆਂ- ਹਿੰਦੂਮਤ ਅਨੁਸਾਰ ਸਾਰੀ ਸ੍ਰਿਸਟੀ ਦੇ ਜੀਵਾਂ ਨੂੰ ਚਾਰ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ ਉਨਾਂ ਦੇ ਪੈਦਾ ਹੋਣ ਦੇ ਅਧਾਰ ਤੇ ਜਿਵੇ:-

1. ਅੰਡਜ - ਜਿਹੜੇ ਅੰਡੇ ਤੋਂ ਪੈਦਾ ਹੁੰਦੇ ਹਨ ਜਿਵੇਂ ਪੰਛੀ, ਕਿਰਲੇ, ਮੱਛੀਆਂ ਆਦਿ।

2. ਜੇਰਜ - ਜੇਰ ਰਾਂਹੀ ਪੈਦਾ ਹੋਣ ਵਾਲੇ। ਭਾਵ ਜਿਹੜੇ ਸਿੱਧੇ ਮਾਂ ਦੇ ਗਰਭ ਵਿਚੋਂ ਆਉਦੇ ਹਨ। ਜਿਵੇ ਮੈਮਲਜ (Mammals like man, monkey, buffalo, horse, dog, mouse)

3. ਸੇਤਜ- ਜਿਹੜੇ ਗੰਦਗੀ ਵਿੱਚ ਪੈਦਾ ਹੁੰਦੇ ਹਨ। ਜਿਵੇ ਬੈਕਟੀਰੀਆ ਜੂਆਂ ਜਾਂ ਹੋਰ ਪੈਰਾਸਾਈਟਜ਼

4. ਉਤਭੁਜ- ਜਿਹੜੇ ਬੀਜ ਤੋਂ ਧਰਤੀ ਵਿੱਚ ਪੈਦਾ ਹੁੰਦੇ ਹਨ। ਵੇਲ ਬੂਟੇ ਆਦਿ

ਜਪੁਜੀ ਦੇ ਸਲੋਕ ਦੇ ਆਉਣ ਤੋਂ ਲਗਦਾ ਹੈ ਕਿ ਇਹ ਸਾਖੀ ਭਾਈ ਲਹਿਣਾ ਮਿਲਾਪ ਤੋਂ ਬਾਦ ਦੀ ਹੈ। ⊙ ਸੋਢੀ 2-184

■ ਸੋਢੀ 2-189, ◆ ਸੋਢੀ 2- 198, ○ ਸੋਢੀ 2- 414 ਨੇ ਇਹ ਸ਼ਬਦ ਗੁਰੂ ਅੰਗਦ ਦੇਵ ਦੇ ਪ੍ਰਥਾਇ ਕਹਿਣਾ ਦੱਸਿਆ ਹੈ ਜਦੋਂ ਕਿ ਸਾਫ ਤੌਰ ਤੇ ਸੰਬੋਧਨ ਕਾਮਿਨੀ ਨੂੰ ਹੈ। ਫਿਰ ਸੋਢੀ ਨੇ ਮੰਨਿਆ ਹੈ ਕਿ ਇਸ ਤੋਂ ਅਗਲਾ ਸ਼ਬਦ ਪਿਤਾ ਕਾਲੂ ਦੇ ਪ੍ਰਥਾਇ ਹੈ।

◘ ਸੋਢੀ 2- 205, * ਮਾਝੇ ਦੇ ਇਲਾਕੇ ਵਿੱਚ ਕੁਝ ਲੋਕ ਬਜੁਰਗਾਂ ਨੂੰ ਦਾਅਦਾ (ਦਾਦਾ ਨਹੀ) ਕਹਿ ਕੇ ਸੰਬੋਧਨ ਕਰਦੇ ਸਨ। ਅਸੀ ਆਪਣੇ ਪਿੰਡ ਦੇ ਅਖੋਤੀ ਕੰਮੀ ਬਜੁਰਗਾਂ ਨੂੰ ਦਾਅਦਾ ਕਹਿਕੇ ਸੰਬੋਧਨ ਕਰਿਆ ਕਰਦੇ ਸਾਂ। ਵਕਤ ਵਕਤ ਨਾਲ ਸੰਬੋਧਨ ਬਦਲਦੇ ਰਹਿੰਦੇ ਨੇ। ਲੱਗਦੈ ਗੁਰੂ ਨਾਨਕ ਸਾਹਿਬ ਵੀ ਪਿਤਾ ਨੂੰ ਦਾਅਦਾ ਹੀ ਕਿਹਾ ਕਰਦੇ ਸਨ। ਦਾਅਦਾ ਲਫਜ਼ ਮਹਾਰਾਸ਼ਟਰ ਤੇ ਮੱਧ ਪ੍ਰਦੇਸ ਕੁਝ ਇਲਾਕਿਆ ਵਿਚ ਵੱਡੇ ਭਰਾ ਲਈ ਵੀ ਵਰਤਿਆ ਜਾਂਦਾ ਹੈ। ਕਿਤੇ ਇਹ ਦਬੰਗ ਬੰਦੇ ਲਈ ਵਰਤਿਆ ਜਾਂਦਾ ਹੈ।: ਦਾਦਾਗਿਰੀ

** ਇਹ ਗੁਰੂ ਨਾਨਕ ਦੇ ਅਸ਼ੀਰਵਾਦ ਦੀ ਹੀ ਬਰਕਤ ਹੈ ਕਿ ਜਿੱਥੇ ਕਿਤੇ ਬੇਦੀ ਹੈਨ ਉਹ ਚੰਗੀ ਮਾਇਕ ਹਾਲਤ ਵਿੱਚ ਹਨ। ਕੁਝ ਵੀ ਹੋਵੇ ਸਿੱਖ ਬੇਦੀ ਤੁਹਾਨੂੰ ਭੁੱਖਾ ਮਰਦਾ ਨਜ਼ਰ ਨਹੀ ਆਏਗਾ। ਕੀ ਇਹ ਵੀ ਚਮਤਕਾਰ ਨਹੀ? ✦ ਸੋਢੀ 2-189

॥੩॥ ਹੁਣਿ ਉਠਿ ਚਲਣਾ ਮੁਹਤਿ ਕਿ ਤਾਲਿ ॥ ਕਿਆ ਮੁਹੁ ਦੇਸਾ ਗੁਣ ਨਹੀ ਨਾਲਿ ॥ ਜੈਸੀ ਨਦਰਿ ਕਰੇ ਤੈਸਾ ਹੋਇ ॥ ਵਿਣੁ ਨਦਰੀ ਨਾਨਕ ਨਹੀ ਕੋਇ ॥੪॥੧॥੩॥

ਗੁਰੂ ਸਾਹਿਬ ਨੇ ਮਾਤਾ ਜੀ ਅਕਾਲ ਪੁਰਖ ਦੀ ਬਖਸ਼ਿਸ਼ ਹੋਵੇ ਤਾਂ ਹੀ ਉਨ੍ਹੰ ਧਿਆਇਆ ਜਾ ਸਕਦਾ ਹੈ। ਇਸ ਕਰਕੇ ਸਿਮਰਨ ਲਈ ਵੀ ਉਹਦੇ ਅੱਗੇ ਅਰਦਾਸ ਕਰਿਆ ਕਰੋ। ਸੱਚੇ ਸਤਿਗੁਰ ਦਾ ਧਿਆਨ ਕਰੋ ਉਹਦੇ ਤੇ ਧਿਆਨ ਵੀ ਸਿਮਰਨ ਵਿੱਚ ਸਹਾਈ ਹੋ ਸਕਦਾ ਹੈ। ਬਾਕੀ ਮਾਤਾ ਤੇਰਾ ਤਾਂ ਕੀ ਸਾਰਾ ਪ੍ਰਵਾਰ ਹੀ ਇਸ 84 ਦੇ ਗੇੜ ਤੋਂ ਮੁਕਤ ਰਹੇਗਾ। ਤੇਰੇ ਪੁੱਤਰ ਨੂਹਾਂ ਪੋਤਰੇ ਪੋਤਰੀਆਂ ਵੀ। ਬਸ ਉਸ ਅੱਗੇ ਇਹੋ ਅਰਦਾਸ ਕਰਿਆ ਕਰ ਕੇ ਇਹ ਜੀਅ ਪ੍ਰਾਣ ਓਸੇ ਦੇ ਹਨ ਜਿਸ ਨੇ ਦਿੱਤੇ ਹਨ।

ਗੁਰੂ ਸਾਹਿਬ ਨੇ ਮਾਤਾ ਦੇ ਪ੍ਰਥਾਇ ਸ਼ਬਦ ਕਿਹਾ:-

ਧਨਾਸਰੀ ਮਹਲਾ ੧ ॥ ਨਦਰਿ ਕਰੇ ਤਾ ਸਿਮਰਿਆ ਜਾਇ ॥ ਆਤਮਾ ਦ੍ਰਵੈ ਰਹੈ ਲਿਵ ਲਾਇ ॥ ਆਤਮਾ ਪਰਾਤਮਾ ਏਕੋ ਕਰੈ ॥ ਅੰਤਰ ਕੀ ਦੁਬਿਧਾ ਅੰਤਰਿ ਮਰੈ ॥੧॥ ਗੁਰ ਪਰਸਾਦੀ ਪਾਇਆ ਜਾਇ ॥ ਹਰਿ ਸਿਉ ਚਿਤੁ ਲਾਗੈ ਫਿਰਿ ਕਾਲੁ ਨ ਖਾਇ ॥੧॥ ਰਹਾਉ ॥ ਸਚਿ ਸਿਮਰਿਐ ਹੋਵੈ ਪਰਗਾਸੁ ॥ ਤਾ ਤੇ ਬਿਖਿਆ ਮਹਿ ਰਹੈ ਉਦਾਸੁ ॥ ਸਤਿਗੁਰ ਕੀ ਐਸੀ ਵਡਿਆਈ ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥੨॥ ਐਸੀ ਸੇਵਕੁ ਸੇਵਾ ਕਰੈ ॥ ਜਿਸ ਕਾ ਜੀਉ ਤਿਸੁ ਆਗੈ ਧਰੈ ॥ ਸਾਹਿਬ ਭਾਵੈ ਸੋ ਪਰਵਾਣੁ ॥ ਸੋ ਸੇਵਕੁ ਦਰਗਹ ਪਾਵੈ ਮਾਣੁ ॥੩॥ ਸਤਿਗੁਰ ਕੀ ਮੂਰਤਿ ਹਿਰਦੈ ਵਸਾਏ ॥ ਜੋ ਇਛੈ ਸੋਈ ਫਲੁ ਪਾਏ ॥ ਸਾਚਾ ਸਾਹਿਬੁ ਕਿਰਪਾ ਕਰੈ ॥ ਸੋ ਸੇਵਕੁ ਜਮ ਤੇ ਕੈਸਾ ਡਰੈ ॥੪॥ ਭਨਤਿ ਨਾਨਕੁ ਕਰੇ ਵੀਚਾਰੁ ॥ ਸਾਚੀ ਬਾਣੀ ਸਿਉ ਧਰੇ ਪਿਆਰੁ ॥ ਤਾ ਕੋ ਪਾਵੈ ਮੋਖ ਦੁਆਰੁ ॥ ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ ॥੫॥੨॥੪॥

ਛੇਤੀ ਹੀ ਫਿਰ ਕੁਝ ਦਿਨਾਂ ਵਿੱਚ ਮਾਤਾ ਤ੍ਰਿਪਤਾ ਕਰਤਾਰਪੁਰ ਵਿਖੇ ਚਲਾਣਾ ਕਰ ਗਏ

—◈—

ਰੱਬ ਦੇ ਰਾਹ ਤੇ ਭੇਖ ਧਾਰਨ ਕਰਨਾਂ ਫਜੂਲ ਹੈ ਇਕ ਵੈਸ਼ਨਵ ਨਾਲ◈

ਏਸੇ ਤਰਾਂ ਇਕ ਦਿਨ ਇਕ ਵੈਸ਼ਨੋ ਸਾਧੂ ਕਰਤਾਰਪੁਰ ਆ ਗਿਆ। ਉਸਨੇ ਗੁਰੂ ਨਾਨਕ ਦੀ ਖੂਬ ਉਪਮਾ ਸੁਣੀ ਸੀ। ਉਨ੍ਹੰ ਇਹ ਸੁਣ ਕੇ ਗੁੱਸਾ ਆ ਰਿਹਾ ਸੀ ਕਿ ਇਹ ਕਿਵੇ ਹੋ ਸਕਦਾ ਹੈ ਕਿ ਕੋਈ ਗ੍ਰਿਸਤੀ ਬੰਦਾ ਰੂਹਾਨੀਅਤ ਜਾਂ ਧਰਮ ਬਾਰੇ ਲੋਕਾਂ ਨੂੰ ਰੋਸ਼ਨੀ ਦੇਵੇ। ਇਕ ਦਿਨ ਉਹ ਹੌਸਲਾ ਕਰਕੇ ਗੁਰੂ ਸਾਹਿਬ ਕੋਲ ਪਹੁੰਚ ਹੀ ਗਿਆ।

ਸੇਵਾਦਾਰਾਂ ਨੂੰ ਕਹਿਣ ਲੱਗਾ ਮੈਨੂੰ ਆਪਣੇ ਗੁਰੂ ਨਾਲ ਮਿਲਾਓ। ਉਨਾਂ ਕਿਹਾ ਜੀ ਠੀਕ ਹੈ ਪਹਿਲਾਂ ਤੁਸੀ ਕੁਝ ਜਲ-ਪਾਣੀ ਛਕੋ। ਅਰਾਮ ਕਰੋ। ਤਰੋ ਤਾਜੇ ਹੋ ਜਾਓ। ਦੂਰੋ ਆਏ ਹੋ।

ਗੁਰੂ ਸਾਹਿਬ ਨਾਲ ਜਦੋਂ ਮੇਲ ਹੋਇਆ ਤਾਂ ਸਾਹਿਬ ਨੇ ਸਾਧੂ ਨੂੰ ਲੇਟ ਕੇ ਡੰਡਾਉਤ ਬੰਦਨਾਂ ਕੀਤੀ। ਸੁਖ ਸਾਂਦ ਪੁੱਛਣ ਤੋਂ ਬਾਦ ਗੁਰੂ ਸਾਹਿਬ ਨੇ ਕਿਹਾ ਕਿ ਮੇਰੇ ਧੰਨ ਭਾਗ ਕਿਸੇ ਰੱਬੀ ਰੂਹ ਦੇ ਦਰਸ਼ਨ ਹੋਏ ਨੇ। ਸਾਧੂ ਨੇ ਜਦੋਂ ਖੁੱਦ ਦੀ ਉਪਮਾ ਸੁਣੀ ਤਾਂ ਗੁਰੂ ਸਾਹਿਬ ਨੂੰ ਸਵਾਲ ਕਰ ਦਿੱਤਾ ਕਿ ਜਦੋਂ ਤੁਸੀ ਮੰਨਦੇ ਹੋ ਕਿ ਸਨਿਆਸ ਉਤਮ ਹੈ ਤਾਂ ਫਿਰ ਤੁਸੀ ਕਿਓ ਗ੍ਰਿਸਤ ਧਾਰਨ ਕੀਤਾ ਹੈ? ਕਿਤੇ ਸਨਿਆਸ ਦੇ ਕਠਿਨ ਮਾਰਗ ਤੋਂ ਡਰ ਕੇ ਤਾਂ ਨਹੀ ਛੱਡ ਆਏ?

ਗੁਰੂ ਸਾਹਿਬ ਨੇ ਕਿਹਾ ਕਿ ਮੈਂ ਉਨਾਂ ਰੂਹਾਂ ਦੀ ਚਰਨ ਧੂੜ ਹਾਂ ਜਿੰਨਾਂ ਨੂੰ ਪਰਮੇਸ਼ਰ ਨੂੰ ਮਿਲਣ ਦੀ ਤਾਂਘ ਹੈ। ਮੈਂ ਇਸ ਕਰਕੇ ਤੁਹਾਨੂੰ ਡੰਡਾਉਤ ਕੀਤੀ ਹੈ। ਪਰ ਮੈਂ ਇਹ ਹਰਗਿਜ਼ ਨਹੀ ਮੰਨਦਾ ਕਿ ਮਿਲਾਪ ਲਈ ਜਿਹੜੇ ਰਸਤੇ ਲੋਕ ਅਖਤਿਆਰ ਕਰਦੇ ਹਨ ਉਹ ਸਾਰੇ ਦਰੁਸਤ ਹੋਣ। ਗੁਰੂ ਸਾਹਿਬ ਨੇ ਧਰਮ ਦੇ ਰਾਹ ਤੇ ਅਪਣਾਏ ਜਾ ਰਹੇ ਵੱਖ ਵੱਖ ਤੌਰ ਤਰੀਕਿਆਂ ਨੂੰ ਬਿਆਨ ਕੀਤਾ ਤੇ ਉਨਾਂ ਦਾ ਖੰਡਨ ਕੀਤਾ।

ਗੁਰੂ ਸਾਹਿਬ ਨੇ ਕਿਹਾ ਜੇ ਤੁਸਾਂ ਨੂੰ ਪ੍ਰੀਤਮ ਨੂੰ ਮਿਲਣ ਦੀ ਤਾਂਘ ਹੈ ਤਾਂ ਜਰੂਰੀ ਨਹੀ ਕਿ ਤੁਸੀ ਘਰ ਬਾਰ ਹੀ ਛੱਡ ਜਾਓ। ਜਰੂਰੀ ਹੈ ਅਸੀ ਕਰਤੇ ਦੀ ਰਜਾ ਵਿੱਚ ਰਹੀਏ। ਪਰਮੇਸ਼ਰ ਦੀ ਸਿਫਤ ਸਾਲਾਹ ਨਾਲ ਸਾਡੀ ਹੋਸ਼ੀ ਬੁੱਧ ਆਪੇ ਟਿਕਾਣੇ ਆ ਜਾਏਗੀ। ਬਸ ਗ੍ਰਿਸਤ ਵਿੱਚ ਹੀ ਬੰਦਾ ਇਉ ਰਹੇ ਜਿਵੇ ਸਨਿਆਸ ਵਿੱਚ ਹੈ। ਸਨਿਆਸ ਹਉਮੈ ਤੋਂ ਲੈਣਾ ਹੈ।

ਪਰ ਸਭ ਤੋਂ ਜਰੂਰੀ ਹੈ ਬੰਦਾ ਸੱਚ ਦੀ ਪਉੜੀ ਤੇ ਪੈਰ ਰੱਖਣਾ ਸ਼ੁਰੂ ਕਰੇ। ਜਦੋਂ ਤੁਸੀ ਸੱਚ ਤੇ ਆਓਗੇ ਰਜਾ ਵਾਲਾ ਜੀਵਨ ਸ਼ੁਰੂ ਹੋ ਜਾਏਗਾ। ਸੱਚ ਤੋਂ ਬਾਦ ਗੱਲ ਚਲਣੀ ਹੈ ਰੱਬ ਦੇ ਜੱਸ ਦੀ ਜਾਂ ਨਾਮ ਦੀ। ਇਹ ਭੇਖ ਵੇਖ ਕਰਨੇ ਸਭ ਫਜੂਲ ਨੇ। ਸਨਿਆਸ ਦਾ ਧਰਮ ਦਰ ਅਸਲ ਹੈ ਹੀ ਗੈਰ ਕੁਦਰਤੀ। ਇਹ ਰਜਾ ਤੋਂ ਬਾਹਰਾ ਹੋ ਜਾਂਦਾ ਹੈ।

ਸਾਹਿਬ ਨੇ ਮਰਦਾਨੇ ਨੂੰ ਸੁਚੇਤ ਕੀਤਾ ਤਾਂ ਮਰਦਾਨੇ ਨੇ ਆਸਾ ਰਾਗ ਦੀ ਧੁੰਨ ਛੇੜੀ। ਬੇਲੇ ਦੇ ਇਸ ਸੁੰਨ ਸਾਨ ਮਹੌਲ ਵਿੱਚ ਰਬਾਬ ਵੀ ਇਓ ਗੂੰਜਦੀ ਸੀ ਜਿਵੇ ਢੋਲ ਵੱਜਦਾ ਹੈ। ਫਿਰ ਕੀਰਤਨ ਵਿੱਚ ਸੰਗਤ ਦਾ ਵੀ ਸਾਥ ਸੀ। ਸ਼ਬਦ ਸੀ:-

ਆਸਾ ਮਹਲਾ ੧ ॥ ਗ੍ਰਿਹੁ ਬਨੁ ਸਮਸਰਿ ਸਹਜਿ ਸੁਭਾਇ ॥ ਦੁਰਮਤਿ ਗਤੁ ਭਈ ਕੀਰਤਿ ਠਾਇ ॥ ਸਚ ਪਉੜੀ ਸਾਚਉ ਮੁਖਿ ਨਾਂਉ ॥ ਸਤਿਗੁਰੁ ਸੇਵਿ ਪਾਏ ਨਿਜ ਥਾਉ ॥੧॥ ਮਨ ਚੂਰੇ ਖਟੁ ਦਰਸਨ ਜਾਣੁ ॥ ਸਰਬ ਜੋਤਿ ਪੂਰਨ ਭਗਵਾਨੁ ॥੧॥ ਰਹਾਉ ॥ ਅਧਿਕ ਤਿਆਸ ਭੇਖ ਬਹੁ ਕਰੈ ॥ ਦੁਖੁ ਬਿਖਿਆ ਸੁਖੁ ਤਨਿ ਪਰਹਰੈ ॥ ਕਾਮੁ ਕ੍ਰੋਧੁ ਅੰਤਰਿ ਧਨੁ ਹਿਰੈ ॥ ਦੁਬਿਧਾ ਛੋਡਿ ਨਾਮਿ ਨਿਸਤਰੈ ॥੨॥ ਸਿਫਤਿ ਸਲਾਹਣੁ ਸਹਜ ਅਨੰਦ ॥ ਸਖਾ ਸੈਨੁ ਪ੍ਰੇਮੁ ਗੋਬਿੰਦ ॥ ਆਪੇ ਕਰੇ ਆਪੇ ਬਖਸਿੰਦੁ ॥ ਤਨੁ ਮਨੁ ਹਰਿ ਪਹਿ ਆਗੈ ਜਿੰਦੁ ॥੩॥ ਝੂਠ ਵਿਕਾਰ ਮਹਾ ਦੁਖੁ ਦੇਹ ॥ ਭੇਖ ਵਰਨ ਦੀਸਹਿ ਸਭਿ ਖੇਹ ॥ ਜੋ ਉਪਜੈ ਸੋ ਆਵੈ ਜਾਇ॥ ਨਾਨਕ ਅਸਥਿਰੁ ਨਾਮੁ ਰਜਾਇ ॥

ਸਾਧੂ ਦੀ ਅਕਲ ਦੇ ਬੰਦ ਦਰਵਾਜੇ ਖੁੱਲ ਗਏ। ਕਹਿੰਦਾ ਗੁਰੂ ਜੀ ਮੈਂ ਹੁਣ ਤੇਰਾ। ਮੈਨੂੰ ਹੁਕਮ ਕਰੋ। ਗੁਰੂ ਸਾਹਿਬ ਨੇ ਕਿਹਾ ਮੇਰਾ ਨਾਂ ਬਣੋ ਆਪਣਾ ਬਣੋ। ਨਿਰੰਕਾਰ ਦਾ ਬਣੋ। ਕਹਿਣ ਲੱਗਾ ਦੱਸੋ ਹੁਣ ਮੇਰੇ ਲਈ ਕੀ ਰਾਹ ਹੈ? ਗੁਰੂ ਸਾਹਿਬ ਨੇ ਕਿਹਾ ਕਿ ਵੇਖੋ ਕੁਦਰਤੀ ਤੌਰ ਤੇ ਤੁਸੀ ਜੀਵਨ ਕਿੱਥੇ ਜੀਅ ਸਕਦੇ ਹੋ ਓਥੋਂ ਦੇ ਹੋ ਜਾਓ। ਜੇ ਪਿੱਛੇ ਕੋਈ ਹੈਗਾ, ਘਰ ਜਾਣਾ ਤਾਂ ਘਰ ਚਲੇ ਜਾਓ ਜਾਂ ਜਿੱਥੇ ਸਨਿਆਸ ਵਿੱਚ ਰਹਿ ਰਹੇ ਸੀ ਓਥੇ ਰਹਿ ਕੇ ਲੋਕਾਈ ਦਾ ਉਧਾਰ ਕਰੋ।

ਸਾਧੂ ਕੁਝ ਮਹੀਨੇ ਕਰਤਾਰਪੁਰ ਹੀ ਰਹਿ ਗਿਆ। ਭੇਖ ਲਾਹ ਸੁਟਿਆ। ਤੇ ਵਾਪਸ ਆਪਣੇ ਟਿਕਾਣੇ ਤੇ ਪਹੁੰਚ ਕੇ ਲੱਗਾ ਗੁਰਮਤ ਦਾ ਪ੍ਰਚਾਰ ਕਰਨ।

—◈—

ਆਪੇ ਰੱਬ ਘੜ੍ਹ ਕੇ ਉਸ ਦੀ ਪੂਜਾ ਕਰਦੇ ਨੇ! •

ਤੇਰੀ ਮੂਰਤਿ ਏਕਾ ਬਹੁਤੁ ਰੂਪ ॥
ਫਰਵਰੀ 1524 (ਬਸੰਤ ਦੇ ਦਿਨ)

ਗੁਰੂ ਸਾਹਿਬ ਕਰਤਾਰਪੁਰ ਬਿਰਾਜੇ ਹੋਏ ਸਨ ਕਿ ਇਕ ਦਿਨ ਸਾਧੂਆਂ ਦਾ ਟੋਲਾ ਆ ਗਿਆ। ਅਖੇ

"ਹਮ ਨੇ ਸੁਨਾ ਯਹਾਂ ਬਾਬਾ ਨਾਨਕ ਬਸਤੇ ਹੈ। ਓਹ ਕੁਝ ਅਲੱਗ ਹੀ ਬਾਤ ਕਰ ਰਹੇ ਹੈਂ। ਸੁਨੇ ਤੋ ਸਹੀ ਕਯਾ ਕਹਤੇ ਹੈ!"

ਸਿੱਖਾਂ ਨੇ ਸਾਧੂਆਂ ਦਾ ਸਵਾਗਤ ਕੀਤਾ। ਗਰਮ ਪਾਣੀ ਨਾਲ ਪੈਰ ਧੁਆਏ। ਗਰਮ ਗਰਮ ਦੁੱਧ ਪਿਆਇਆ। ਸਾਧੂਆਂ ਨੂੰ ਬੇਨਤੀ ਕੀਤੀ ਕਿ ਕੁਝ ਦੇਰ ਅਰਾਮ ਫਰਮਾਓ। ਲੌਢੇ ਵੇਲੇ ਦਾ ਦੀਵਾਨ ਲੱਗਣ ਵਾਲਾ ਹੈ ਉਸ ਵਿੱਚ ਗੁਰੂ ਸਾਹਿਬ ਨਾਲ ਵਾਰਤਾਲਾਪ ਕਰ ਲੈਣਾ। ਸਾਧੂਆ ਪੁੱਛਿਆ ਕਿ ਰਾਤ ਰਹਿਣ ਦਾ ਏਥੇ ਇੰਤਜਾਮ ਹੈ? ਸਿੱਖਾਂ ਦੱਸਿਆ ਕਿ ਜਿੱਥੇ ਅਸੀ ਸੋਵਾਂਗੇ ਓਥੇ ਤੁਸੀ ਵੀ ਨਾਲ ਪੈ ਜਾਣਾ। ਧਰਮਸਾਲ ਵਿੱਚ ਵਾਧੂ ਥਾ ਹੈ।

ਲੌਢੇ ਵੇਲੇ ਦਾ ਦੀਵਾਨ ਸ਼ੁਰੂ ਹੋਇਆ। ਗੁਰੂ ਸਾਹਿਬ ਨੇ ਆਏ ਸਾਧੂਆਂ ਨੂੰ ਨਮਸਕਾਰ ਕੀਤੀ। ਸੁੱਖ ਸਾਂਦ ਪੁੱਛੀ। ਆਪਸ ਵਿੱਚ ਜਾਣ ਪਛਾਣ ਵੀ ਕੀਤੀ। ਕਿਉਕਿ ਗੁਰੂ ਸਾਹਿਬ ਹਿੰਦੁਸਤਾਨ ਦੇ ਸਾਰੇ ਤੀਰਥ ਤਾਂ ਗਾਹ ਆਏ ਸਨ। ਬਹੁਤੇ ਚਕ੍ਵਰਤੀ ਸਾਧੂ ਉਂਜ ਵੀ ਗੁਰੂ ਸਾਹਿਬ ਨੂੰ ਜਾਣਦੇ ਹੀ ਸਨ।

ਸਾਧੂਆਂ ਨੇ ਕਿਹਾ, "ਨਾਨਕ ਜੀ ਆਪ ਨੇ ਤੋ ਕਮਾਲ ਕਰ ਦੀਆ। ਜੰਗਲ ਮੇਂ ਮੰਗਲ ਲੱਗਾ ਰੱਖਾ ਹੈ" ਲੱਗੇ ਮਹੌਲ ਦੀ ਉਪਮਾ ਕਰਨ। ਕਿਤੇ ਲਹਿ ਲਹਾਉਦੇ ਕਣਕ ਦੇ ਖੇਤ। ਕਿਤੇ ਸਰੋਂ ਨੇ ਖੱਟਾ ਰੰਗ ਖਲਾਰਿਆ ਹੋਇਆ ਸੀ। ਸਰਕੜੇ ਦੇ ਚਿੱਟੇ ਫੁਲਾਂ ਨੇ ਇਉ ਸਾਰਾ ਮਹੌਲ ਚਾਂਦਨੀ ਕੀਤਾ ਹੋਇਆ ਹੈ। ਇਕ ਬਸੰਤ ਦਾ ਮੌਸਮ ਤੇ ਦੂਸਰਾ ਮੰਡ ਦਾ ਇਲਾਕਾ ਸਾਧੂ ਤਾਂ ਮਹੌਲ ਵੇਖ ਹੀ ਵਿਸਮਾਦਿਤ ਹੋਈ ਜਾ ਰਹੇ ਸਨ।

ਗੁਰੂ ਸਾਹਿਬ ਨੇ ਸਾਧੂਆਂ ਨੂੰ ਬੇਨਤੀ ਕੀਤੀ ਕਿ ਗੋਬਿੰਦ ਜਨੋਂ ਕੀ ਹੁਕਮ ਲੈ ਕੇ ਆਏ ਹੋ? ਅੱਗੋ ਸਾਧੂਆ ਕਿਹਾ ਬਾਬਾ ਜੀ ਅਸੀ ਤੁਹਾਡਾ ਉਪਦੇਸ਼ ਸੁਣਨਾ ਚਾਹੁੰਦੇ ਹਾਂ। ਕਿਉਕਿ ਅਸੀ ਜਾਣਦੇ ਹਾਂ ਕੋਈ ਮਹਾ ਪੁਰਖ ਕਹਿੰਦਾ ਸਾਲਗ੍ਰਾਮ (ਪੱਥਰ ਦਾ ਲਿੰਗ) ਦੀ ਪੂਜਾ ਕਰੋ। ਕੋਈ ਕਹਿੰਦਾ ਦਸੋਦਰ ਜੀ ਨੂੰ ਧਿਆਓ, ਕੋਈ ਦੇਵਾਲੇ ਜਾਣ ਵਾਸਤੇ ਜੋਰ ਪਾਉਦਾ, ਕੋਈ ਕਹਿੰਦਾ ਦੇਵੀ ਦੇ ਦਰ ਜਾਇਆ ਕਰੋ। ਕੋਈ ਕਹਿੰਦਾ ਬੰਦੇ ਦੇ ਮਨ ਵਿੱਚ ਹੀ ਠਾਕੁਰ ਹੈ ਉਸ ਦੀ ਅਰਾਧਨਾ ਕਰੋ।

ਸੋ ਬਾਬਾ ਜੀ ਦੱਸੋ ਕਿਹੜੇ ਰੱਬ ਦੀ ਪੂਜਾ ਕਰੀਏ? ਉਹਦੀ ਮੂਰਤੀ ਕਿਹੋ ਜਿਹੀ ਬਣਾਈ ਜਾਏ?

ਗੁਰੂ ਸਾਹਿਬ ਉਨਾਂ ਦੇ ਸਵਾਲ ਸੁਣ ਕੇ ਮੁਸਕਰਾਏ। ਗੁਰੂ ਸਾਹਿਬ ਨੇ ਉਨਾਂ ਦੇ ਸਵਾਲ ਨੂੰ ਅਣਸੁਣਿਆ ਕਰਕੇ ਉਨਾ ਨੂੰ ਪੁੱਛ ਲਿਆ ਕਿ ਕਿਵੇ ਲੱਗ ਰਿਹਾ ਹੈ ਇਥੇ? ਉਹ ਲੱਗ ਪਏ ਤਾਰੀਫਾਂ ਕਰਨ।

ਗੁਰੂ ਸਾਹਿਬ ਨੇ ਸਾਧੂਆਂ ਨੂੰ ਪੁੱਛਿਆ ਕਿ ਉਹ ਸਰ੍ਹੋ ਕਿਸ ਨੇ ਬਣਾਈ ਹੈ? ਉਹ ਸਰਕੜੇ ਦੇ ਚਿੱਟੇ ਫੁੱਲ ਕਿਸ ਨੇ ਲਾਏ ਨੇ? ਉਹ ਮੈਂ ਨਹੀ ਲਾਏ। ਸਾਧੂ ਕਹਿਣ ਲੱਗੇ ਹਾਂ ਉਹ ਸਭ ਭਗਵਾਨ ਦੀ ਕਿਰਪਾ ਹੈ।

ਗੁਰੂ ਸਾਹਿਬ ਨੇ ਕਿਹਾ ਜਦੋਂ ਸਾਨੂੰ ਪਤਾ ਹੈ ਕਿ ਸ੍ਰਿਸਟੀ ਉਸ ਦੀ ਰਚਨਾ ਹੈ ਤਾਂ ਫਿਰ ਉਸ ਵਾਸਤੇ ਦੂਸਰੀ ਮੂਰਤੀ ਕਿਓ ਬਣਾਈਏ? ਕਿਉ ਨਾਂ ਉਹਦੀ ਰਚਨਾਂ ਵਿਚੋਂ ਹੀ ਲੱਭੀਏ? ਜਦੋਂ ਸਾਡੇ ਕੋਲ ਉਹਦੀ ਬਣਾਈ ਮੂਰਤ ਹੈਗੀ ਆ ਤਾਂ ਸਾਨੂੰ ਦੂਸਰੀਆਂ ਮੂਰਤੀਆਂ ਘੜਨ ਦੀ ਕੀ ਜਰੂਰਤ?

ਸਾਧੂ ਇਸ਼ਾਰਾ ਸਮਝ ਗਏ। ਸਾਰੇ ਬੋਲ ਉਠੇ ਧੰਨ ਗੁਰੂ ਨਾਨਕ! ਧੰਨ ਬਾਬਾ ਨਾਨਕ!!

ਮਰਦਾਨਾ ਤਾਂ ਪਹਿਲਾਂ ਹੀ ਗੁਰੂ ਸਾਹਿਬ ਨੇ ਇਸ਼ਾਰੇ ਦੀ ਉਡੀਕ ਵਿੱਚ ਸੀ। ਸਾਹਿਬ ਨੇ ਜਦੋਂ ਉਸ ਵਲ ਤੱਕਿਆ ਮਰਦਾਨੇ ਨੇ ਝੱਟ ਬਸੰਤ ਦੀ ਧੁੰਨ ਖਿੱਚ ਦਿੱਤੀ।

ਮਹਲਾ ੧ ਬਸੰਤੁ ॥ ਰੁਤਿ ਆਈਲੇ ਸਰਸ ਬਸੰਤ ਮਾਹਿ ॥ ਰੰਗਿ ਰਾਤੇ ਰਵਹਿ ਸਿ ਤੇਰੈ ਚਾਇ ॥ ਕਿਸੁ ਪੂਜ ਚੜਾਵਉ ਲਗਉ ਪਾਇ ॥੧॥ ਤੇਰਾ ਦਾਸਨਿ ਦਾਸਾ ਕਹਉ ਰਾਇ ॥ ਜਗਜੀਵਨ ਜੁਗਤਿ ਨ ਮਿਲੈ ਕਾਇ ॥੧॥ ਰਹਾਉ ॥ ਤੇਰੀ ਮੂਰਤਿ ਏਕਾ ਬਹੁਤੁ ਰੂਪ ॥ ਕਿਸੁ ਪੂਜ ਚੜਾਵਉ ਦੇਉ ਧੂਪ ॥ ਤੇਰਾ ਅੰਤੁ ਨ ਪਾਇਆ ਕਹਾ ਪਾਇ ॥ ਤੇਰਾ ਦਾਸਨਿ ਦਾਸਾ ਕਹਉ ਰਾਇ ॥੨॥ ਤੇਰੇ ਸਠਿ ਸੰਬਤ ਸਭਿ ਤੀਰਥਾ ॥ ਤੇਰਾ ਸਚੁ ਨਾਮੁ ਪਰਮੇਸਰਾ ॥ ਤੇਰੀ ਗਤਿ ਅਵਿਗਤਿ ਨਹੀ ਜਾਣੀਐ ॥ ਅਣਜਾਣਤ ਨਾਮੁ ਵਖਾਣੀਐ ॥੩॥ ਨਾਨਕੁ ਵੇਚਾਰਾ ਕਿਆ ਕਹੈ ॥ ਸਭੁ ਲੋਕੁ ਸਲਾਹੇ ਏਕਸੈ ॥ ਸਿਰੁ ਨਾਨਕ ਲੋਕਾ ਪਾਵ ਹੈ ॥ ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥੪॥੨॥

ਗੁਰੂ ਸਾਹਿਬ ਨੇ ਫਿਰ ਵਿਆਖਿਆ 'ਚ ਦੱਸਿਆ। ਉਹਦੀ ਰਚਨਾ ਹੀ ਨਿਰੰਕਾਰ ਦਾ ਅਸਲੀ ਰੂਪ ਹੈ। ਮਤ ਪੱਥਰ ਘੜ ਘੜ ਕੇ ਨਕਲੀ ਰੂਪ ਬਣਾਓ। ਉਹਦੀ ਰਚਨਾ ਨਾਲ ਪਿਆਰ। ਜੀਆਂ ਨਾਲ ਮੁਹੱਬਤ। ਵਨੱਸਪਤੀ ਦੀ ਕਦਰ।

—◈—

ਕਰਮ ਕਾਂਡ ਫਜੂਲ ਨੇ। ਕਰਤੇ ਨੂੰ ਦਿਲੋਂ ਯਾਦ ਕੀਤਾ ਹੀ ਪਰਵਾਨ ◉

ਗੁਰੂ ਸਾਹਿਬ ਕਰਤਾਰਪੁਰ ਬਿਰਾਜਮਾਨ ਸਨ ਕਿ ਸਾਧੂਆਂ ਨੇ ਫਿਰ ਸਵਾਲ ਜਵਾਬ ਸ਼ੁਰੂ ਕਰ ਦਿੱਤੇ। ਅੱਜ ਸਵਾਲ ਇਹ ਕੀਤਾ ਕਿ ਕਈ ਲੋਕ ਅਕਾਲ ਪੁਰਖ ਨਾਲ ਮੇਲ ਲਈ ਤਪ ਕਰਦੇ ਹਨ, ਕਈ ਜਪ ਕਰਦੇ ਨੇ, ਕੋਈ ਵੱਡਾ ਸੰਜਮੀ ਬਣਦਾ ਹੈ, ਕੋਈ ਕਹਿੰਦਾ ਕਿ ਬੰਦਾ ਬਸ ਸਬਰ ਸੰਤੋਖੀ ਹੋ ਜਾਵੇ, ਕਈ ਲੋਕ ਵਰਤ ਰੱਖਦੇ ਨੇ ਅਤੇ ਭੁੱਖੇ ਰਹਿੰਦੇ ਨੇ, ਕਈ ਬ੍ਰਹਮਚਾਰੀ ਬਣ ਜਾਂਦੇ ਨੇ ਤੇ ਇੰਦਰੀਆਂ ਤੇ ਕਾਬੂ ਪਾਉਣ ਲਈ ਜੱਦੋਜਹਿਦ ਕਰਦੇ ਨੇ, ਕਈ ਧਰਮਸਾਲਾ ਬਣਾ ਕੇ ਬਹਿ ਜਾਂਦੇ ਨੇ, ਕੋਈ ਰੱਬ ਦੇ ਨਾਂ ਤੇ ਨੱਚਦਾ ਹੈ, ਕੋਈ ਤੀਰਥ ਯਾਤਰਾ ਕਰਦਾ ਹੈ, ਕੋਈ ਹੱਠ ਜਾਂ ਜਿੱਦ ਕਰਕੇ ਹੀ ਬਹਿ ਜਾਂ ਖਲੋ ਜਾਂਦਾ ਹੈ, ਕਈ ਸਾਹ ਦੇ ਅੰਦਰ-ਬਾਹਰ ਨਿਕਲਣ ਤੇ ਧਿਆਨ ਲਾ ਕੇ ਸਾਹ ਕੰਟਰੋਲ ਕਰਦਾ ਹੈ, ਕੋਈ ਘਰ ਬਾਹਰ ਹੀ ਛੱਡ ਜਾਂਦਾ ਹੈ, ਕੋਈ ਨੰਗਾ ਹੀ ਹੋ ਜਾਂਦਾ ਹੈ, ਕਈ ਸਿਰਫ ਦੁਧਾਧਾਰੀ ਭਾਵ ਦੁੱਧ ਦੇ ਆਸਰੇ ਹੀ ਜੀਣ ਲੱਗ ਜਾਂਦੇ ਨੇ ਅਤੇ ਹੋਰ ਕੁਝ ਖਾਂਦੇ ਹੀ ਨਹੀ ਹਨ, ਕੋਈ ਆਪਣੇ ਆਪ ਸਿੱਧ ਕਹਾਉਦਾ ਹੈ, ਕੋਈ ਦਿਗੰਬਰ ਜੈਨੀ ਬਣ ਜਾਂਦਾ ਹੈ, ਕੋਈ ਕਹਿੰਦਾ ਮੈਂ ਗਿਆਨ ਲੈ ਲਿਆ ਅਤੇ ਕੋਈ

ਕਹਿੰਦਾ ਮੈਂ ਸ਼ੇਖ ਹਾਂ। ਮਤਲਬ ਇਸ ਤਰਾ ਦੇ ਅਨੇਕਾਂ ਫਿਰਕੇ ਹਨ ਅਤੇ ਨਿਰੰਕਾਰ ਦੇ ਵੱਖ ਵੱਖ ਰਾਹ ਅਖਤਿਆਰ ਕੀਤੇ ਹੋਏ ਨੇ ਲੋਕਾਂ ਨੇ। ਪਰ ਗੁਰੂ ਜੀ ਕਿਰਪਾ ਕਰੋ ਤੇ ਇਹ ਦੱਸੋ ਕਿ ਪਰਮੇਸ਼ਰ ਪ੍ਰਾਪਤੀ ਦਾ ਸਭ ਤੋਂ ਵਧੀਆ ਤਰੀਕਾ ਕਿਹੜਾ ਹੈ।

ਗੁਰੂ ਸਾਹਿਬ ਨੇ ਸਾਧੂਆਂ ਨੂੰ ਸਮਝਾਇਆ ਕਿ ਰੱਬ ਨੂੰ ਖੁਸ਼ ਕਰਨ ਦਾ ਓਹੋ ਤਰੀਕਾ ਹੈ ਜਿਸ ਤਰੀਕੇ ਅਸੀ ਕਿਸੇ ਇਨਸਾਨ ਨੂੰ ਖੁਸ਼ ਕਰ ਸਕਦੇ ਹਾਂ। ਭਾਵ ਸਿਫਤ ਸਲਾਹ : ਅਗਲੇ ਦੀ ਵਡਿਆਈ ਕਰਨੀ ਤੇ ਦਿਲੋਂ ਮੁਹੱਬਤ ਕਰਨੀ। ਆਪਾਂ ਲੱਖ ਕਰਮ ਕਾਂਡ ਕਰੀ ਜਾਈਏ ਜੇ ਦਿਲ ਵਿੱਚ ਮੁਹੱਬਤ ਨਹੀ ਜਾਗੀ ਤਾਂ ਸਭ ਵਿਅੱਰਥ।

ਜਦੋਂ ਤੁਸੀ ਕਿਸੇ ਦੀ ਵਡਿਆਈ ਕਰਦੇ ਹੋ ਤਾਂ ਉਹਦੀ ਸਿਫਤ ਵਿੱਚ ਗੀਤ ਵੀ ਗਾਉਦੇ ਹੋ। ਸੋ ਉਹਦੀ ਯਾਦ ਵਿੱਚ ਗਾਉਣਾ ਵੀ ਚੰਗਾ ਤਰੀਕਾ ਹੈ।

ਗੁਰੂ ਸਾਹਿਬ ਨੇ ਫਿਰ ਆਸਾ ਰਾਗ ਵਿੱਚ ਸਬਦ ਗਾਵਿਆ:-

ਆਸਾ ਮਹਲਾ ੧ ॥ ਮੈ ਗੁਣ ਗਲਾ ਕੇ ਸਿਰਿ ਭਾਰ ॥ ਗਲੀ ਗਲਾ ਸਿਰਜਣਹਾਰ ॥ ਖਾਣਾ ਪੀਣਾ ਹਸਣਾ ਬਾਦਿ ॥ ਜਬ ਲਗੁ ਰਿਦੈ ਨ ਆਵਹਿ ਯਾਦਿ ॥੧॥ ਤਉ ਪਰਵਾਹ ਕੇਹੀ ਕਿਆ ਕੀਜੈ ॥ ਜਨਮਿ ਜਨਮਿ ਕਿਛੁ ਲੀਜੀ ਲੀਜੈ ॥੧॥ ਰਹਾਉ ॥ ਮਨ ਕੀ ਮਤਿ ਮਤਾਗਲੁ ਮਤਾ ॥ ਜੋ ਕਿਛੁ ਬੋਲੀਐ ਸਭੁ ਖਤੋ ਖਤਾ ॥ ਕਿਆ ਮੁਹੁ ਲੈ ਕੀਚੈ ਅਰਦਾਸਿ ॥ ਪਾਪੁ ਪੁੰਨੁ ਦੁਇ ਸਾਖੀ ਪਾਸਿ ॥੨॥ ਜੈਸਾ ਤੂੰ ਕਰਹਿ ਤੈਸਾ ਕੋ ਹੋਇ ॥ ਤੁਝ ਬਿਨੁ ਦੂਜਾ ਨਾਹੀ ਕੋਇ ॥ ਜੇਹੀ ਤੂੰ ਮਤਿ ਦੇਹਿ ਤੇਹੀ ਕੋ ਪਾਵੈ ॥ ਤੁਧੁ ਆਪੇ ਭਾਵੈ ਤਿਵੈ ਚਲਾਵੈ ॥੩॥ ਰਾਗ ਰਤਨ ਪਰੀਆ ਪਰਵਾਰ ॥ ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ ॥ ਨਾਨਕ ਕਰਤੇ ਕਾ ਇਹੁ ਧਨੁ ਮਾਲੁ ॥ ਜੇ ਕੋ ਬੂਝੈ ਏਹੁ ਬੀਚਾਰੁ ॥੪॥੯॥

—◈—

ਜਦੋਂ ਸਾਧੂਆਂ ਗੁਰੂ ਸਾਹਿਬ ਦੀ ਤਾਰੀਫ ਕਰ ਦਿੱਤੀ ■

ਗੁਰੂ ਸਾਹਿਬ ਦਾ ਵਖਿਆਨ ਸੁਣ ਜਦੋਂ ਕੋਈ ਗੁਰੂ ਸਾਹਿਬ ਦੀ ਸੋਭਾ ਕਰ ਦਿੰਦਾ ਤਾਂ ਸਾਹਿਬ ਵੈਰਾਗ ਵਿੱਚ ਆ ਫਿਰ ਨਿਰੰਕਾਰ ਨੂੰ ਯਾਦ ਕਰਨ ਲੱਗ ਜਾਂਦੇ ਤੇ ਦੁਹਾਈ ਦਿੰਦੇ ਕਿ ਸਾਡੀ ਕਾਹਦੀ ਸਿਫਤ, ਸਿਫਤ ਕਰਨੀ ਹੈ ਤਾਂ ਰੱਬ ਦੀ ਕਰੋ। ਏਸੇ ਤਰਾਂ ਇਕ ਦਿਨ ਸਾਂਧੂਆ ਨੇ ਸਾਹਿਬ ਦੀ ਜਦੋਂ ਉਸਤਤ ਕਰ ਦਿੱਤੀ ਤਾਂ ਗੁਰੂ ਸਾਹਿਬ ਨੇ ਝੱਟ ਮਰਦਾਨੇ ਨੂੰ ਸੁਚੇਤ ਕਰਕੇ ਸ਼ਬਦ ਰਚਿਆ ਤੇ ਗਾਵਿਆ ਜਿਸ ਵਿੱਚ ਦੀਵਾਨ ਦੇ ਸਾਰੇ ਜੀਅ ਸ਼ਾਮਲ ਹੋਏ।

ਸੋਰਠਿ ਮਹਲਾ ੧ ॥ ਹਉ ਪਾਪੀ ਪਤਿਤੁ ਪਰਮ ਪਾਖੰਡੀ ਤੂ ਨਿਰਮਲੁ ਨਿਰੰਕਾਰੀ ॥ ਅੰਮ੍ਰਿਤੁ ਚਾਖਿ ਪਰਮ ਰਸਿ ਰਾਤੇ ਠਾਕੁਰ ਸਰਣਿ ਤੁਮਾਰੀ ॥੧॥ ਕਰਤਾ ਤੂ ਮੈ ਮਾਣੁ ਨਿਮਾਣੇ ॥ ਮਾਣੁ ਮਹਤੁ ਨਾਮੁ ਧਨੁ ਪਲੈ ਸਾਚੈ ਸਬਦਿ ਸਮਾਣੇ ॥ ਰਹਾਉ ॥ ਤੂ ਪੂਰਾ ਹਮ ਊਰੇ ਹੋਛੇ ਤੂ ਗਉਰਾ ਹਮ ਹਉਰੇ ॥ ਤੁਝ ਹੀ ਮਨ ਰਾਤੇ ਅਹਿਨਿਸਿ ਪਰਭਾਤੇ ਹਰਿ ਰਸਨਾ ਜਪਿ ਮਨ ਰੇ ॥੨॥ ਤੁਮ ਸਾਚੇ ਹਮ ਤੁਮ ਹੀ ਰਾਚੇ ਸਬਦਿ ਭੇਦਿ ਫੁਨਿ ਸਾਚੇ ॥ ਅਹਿਨਿਸਿ ਨਾਮਿ ਰਤੇ ਸੇ ਸੂਚੇ ਮਰਿ ਜਨਮੇ ਸੇ ਕਾਚੇ ॥੩॥ ਅਵਰੁ ਨ ਦੀਸੈ ਕਿਸੁ ਸਾਲਾਹੀ ਤਿਸਹਿ ਸਰੀਕੁ ਨ ਕੋਈ ॥ ਪ੍ਰਣਵਤਿ ਨਾਨਕੁ ਦਾਸਨਿ ਦਾਸਾ ਗੁਰਮਤਿ ਜਾਨਿਆ ਸੋਈ ॥੪॥

—◈—

ਇਕੱਠੇ ਹੋ ਪੰਡਤਾਂ ਨੇ ਆ ਸਵਾਲ ਕੀਤਾ, "ਬਾਬਾ ਸੁਣਿਐ ਤੂੰ ਅਵਤਾਰਾਂ ਨੂੰ ਨਹੀ ਮੰਨਦਾ" ◆

ਜਦੋਂ ਬ੍ਰਾਹਮਣ ਕਰਤਾਰਪੁਰ ਸਾਹਿਬ ਆਏ ਤਾਂ ਗੁੱਸੇ ਵਿਚ ਸਨ। ਉਹਨਾਂ ਨੂੰ ਪਤਾ ਲੱਗਾ ਕਿ ਗੁਰੂ ਨਾਨਕ ਦੱਸ ਅਵਤਾਰ ਦੇ ਸਿਧਾਂਤ ਨੂੰ ਨਹੀ ਮੰਨਦਾ। ਦੂਸਰੇ ਪਾਸੇ ਗੀਤਾ ਕਹਿੰਦੀ ਹੈ ਕਿ ਇਕ ਵੇਰਾਂ ਭਗਵਾਨ ਨੇ ਕਿਹਾ ਸੀ:

"ਯਦਾ ਯਦਾ ਹੀ ਧਰਮੱਸਿਆ, ਗਲਾਨੀਰ ਭਵਤੀ ਭਾਰਤ॥ ਅਭਿਉਤਥਾਨਮ ਅਧਰੱਮੱਸਿਆ ਤਦਤਮਾਨਾਮ ਸਰਜਮੇ ਅਹੁੰਮ॥"

ਮਤਲਬ ਐ ਭਾਰਤ! ਜਦੋਂ ਜਦੋਂ ਧਰਮ ਦੀ ਹਾਨੀ ਹੁੰਦੀ ਹੈ ਤਾਂ ਅਧਰਮ ਦਾ ਨਾਸ ਕਰਨ ਲਈ ਮੈਂ ਜਨਮ ਲੈਂਦਾ ਹਾਂ।

ਇਸ ਤੇ ਗੁਰੂ ਸਾਹਿਬ ਨੇ ਅਖੌਤੀ ਅਵਤਾਰਾਂ ਦੀ ਅਸਲੀਅਤ ਦੇ ਬਖੇੜੇ ਭਰੀ ਸੰਗਤ ਵਿਚ ਉਦੇੜੇ।

ਮਿਸਾਲ ਦੇ ਤੌਰ ਤੇ ਸਾਹਿਬ ਨੇ ਸਵਾਲ ਕੀਤਾ ਕਿ ਮੈਨੂੰ ਇਹ ਦੱਸੋ ਕਿ ਵੱਡਾ ਕੌਣ ਹੈ ਜਿਸ ਨੇ ਇਹ ਸਾਰੀ ਕਾਇਨਾਤ ਇਹ ਧਰਤੀ, ਪੌਣ, ਪਾਣੀ, ਬਨਾਸਪਤੀ ਤੇ ਜੀਵਾਂ ਦੀ ਰਚਨਾ ਕੀਤੀ ਤੇ ਦੂਸਰੇ ਪਾਸੇ ਉਹ ਇਨਸਾਨ (ਰਾਮ) ਜਿਸ ਨੇ ਰਾਵਣ ਨੂੰ ਮਾਰਿਆ ਸੀ। ਸਾਹਿਬ ਨੇ ਏਸੇ ਤਰਾਂ ਫਿਰ ਭਗਵਾਨ ਕ੍ਰਿਸ਼ਨ, ਜਾਂ ਬ੍ਰਹਮਾ ਆਦਿ ਦੇ ਕਾਰਨਾਮੇ ਗਿਣਾ ਗਿਣਾ ਕੇ ਦੱਸਿਆ ਕਿ ਸਰਬਵਿਆਪਕ ਅਕਾਲਪੁਰਖ ਨਾਲ ਇਹਨਾਂ ਦਾ ਕੀ ਮੁਕਾਬਲਾ? ਸਾਹਿਬ ਨੇ ਕਿਹਾ ਹਾਂ ਮੈਂ ਉਸ ਨਿਰੰਕਾਰ ਦਾ ਉਪਾਸ਼ਕ ਹਾਂ ਜਿਸ ਨੇ ਸਾਰੇ ਜੀਵ ਜੰਤੂ ਪੈਦਾ ਕੀਤੇ ਹਨ ਇਥੋਂ ਤਕ ਕਿ ਤੁਹਾਡੇ ਅਖੌਤੀ ਅਵਤਾਰ ਵੀ। ਕਿਉਕਿ ਇਹਨਾਂ ਅਖੌਤੀ ਅਵਤਾਰਾਂ ਦੇ ਕੁਝ ਕਾਲੇ ਕਾਰਨਾਮੇ ਵੀ ਹੈਨ ਅਤੇ ਜਦੋਂ ਗੁਰੂ ਸਾਹਿਬ ਨੇ ਉਹ ਸਾਰੀਆਂ ਗੱਲਾਂ ਵਿਦਵਾਨ ਪੰਡਤਾਂ ਨੂੰ ਬੜੇ ਪ੍ਰੇਮ ਨਾਲ ਸੁਣਾਈਆ ਤਾਂ ਉਹ ਲਾ ਜਵਾਬ ਸਨ। ਸਾਹਿਬ ਨੇ ਉਹਨਾਂ ਨੂੰ ਸਮਝਾਇਆ ਕਿ ਜਾਂ ਤਾਂ ਇਹ ਪਾਖੰਡਵਾਦ ਛੱਡੋ ਨਹੀ ਤਾਂ ਲੋਕਾਂ ਨੇ ਤੁਹਾਨੂੰ ਛੱਡ ਜਾਣਾ ਹੈ। ਸਾਹਿਬ ਦਾ ਹੋ ਸਕਦਾ ਇਸ਼ਾਰਾ ਵੱਧ ਫੈਲ ਰਹੇ ਇਸਲਾਮ ਵਲ ਸੀ। ਓਦੋਂ ਕਰਤਾਰਪੁਰ ਵਿਖੇ ਫਿਰ ਇਹ ਸ਼ਬਦ ਗਾਇਆ:

ਆਸਾ ਮਹਲਾ ੧ ॥ ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ ॥ ਅੰਧੁਲੈ ਦਹਸਿਰਿ ਮੂੰਡੁ ਕਟਾਇਆ ਰਾਵਣੁ ਮਾਰਿ ਕਿਆ ਵਡਾ ਭਇਆ ॥੧॥ ਕਿਆ ਉਪਮਾ ਤੇਰੀ ਆਖੀ ਜਾਇ ॥ ਤੂੰ ਸਰਬੇ ਪੂਰਿ ਰਹਿਆ ਲਿਵ ਲਾਇ ॥੧॥ ਰਹਾਉ ॥ ਜੀਅ ਉਪਾਇ ਜੁਗਤਿ ਹਥਿ ਕੀਨੀ ਕਾਲੀ ਨਥਿ ਕਿਆ ਵਡਾ ਭਇਆ ॥ ਕਿਸੁ ਤੂੰ ਪੁਰਖੁ ਜੋਰੁ ਕਉਣ ਕਹੀਐ ਸਰਬ ਨਿਰੰਤਰਿ ਰਵਿ ਰਹਿਆ ॥੨॥ ਨਾਲਿ ਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ ॥ ਆਗੈ ਅੰਤੁ ਨ ਪਾਇਓ ਤਾ ਕਾ ਕੰਸੁ ਛੇਦਿ ਕਿਆ ਵਡਾ ਭਇਆ ॥੩॥ ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ ॥ ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ॥

ਅੱਜ ਇਤਹਾਸਕਾਰਾਂ ਨੇ ਸਾਬਤ ਕੀਤਾ ਹੈ ਕਿ ਅਖੌਤੀ ਅਵਤਾਰ ਵੱਖ ਵੱਖ ਸਮਿਆਂ ਵਿਚ ਹੋਏ ਰਾਜੇ ਸਨ। ਪੜ ਕੇ ਹੈਰਾਨੀ ਹੁੰਦੀ ਹੈ ਕਿ ਪੰਚਮ ਨਾਨਕ ਨੇ ਪਹਿਲਾਂ ਹੀ ਇਹ ਗਲ ਦੱਸ ਦਿੱਤੀ ਸੀ।

ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ ॥
ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ॥

—◈—

ਸਾਧੂਆਂ ਪੁੱਛਿਆ, "ਕੁਝ ਲੋਕ ਚੰਗਾ ਖਾਂਦੇ ਪੀਂਦੇ, ਪਹਿਨਦੇ, ਮਸਤ ਰਹਿੰਦੇ ਨੇ। ਅੱਗਾ ਕਿਹਨੇ ਵੇਖਿਐ?"○

ਸਾਧੂਆਂ ਦੇ ਇਸ ਸਵਾਲ ਤੇ ਕਿ ਜਿਹੜੇ ਲੋਕ ਖਾਂਦੇ ਪੀਂਦੇ ਖੁਸ਼ੀ ਖੁਸ਼ੀ ਜਿੰਦਗੀ ਬਿਸਾਰ ਰਹੇ ਨੇ ਉਹਨਾਂ ਦਾ ਭਵਿਖ ਕੀ? ਸਾਹਿਬ ਨੇ ਫਰਮਾਇਆ ਕਿ ਕਰਤਾ ਪੁਰਖ ਨਿਰੰਕਾਰ ਨੇ ਸ੍ਰਿਸਟੀ ਵਿਚ ਵੰਨਗੀ ਪੈਦਾ ਕੀਤੀ ਹੈ। ਇਹ ਲੋਕ ਜਿਹੜੇ ਨਿਸਚਿੰਤ ਹੋ ਕੇ ਜੀਵਨ ਜੀਅ ਰਹੇ ਨੇ ਪਸ਼ੂਆਂ ਦੀ ਨਿਆਈ ਹਨ। ਜਿੰਨਾਂ ਨੂੰ

ਨਿਰੰਕਾਰ ਦੀ ਹੋਂਦ ਦੀ ਸੋਝੀ ਨਹੀ ਹੁੰਦੀ। ਇਹ ਸੱਚ ਹੈ ਕੁਝ ਲੋਕ ਅਜਿਹੇ ਹੁੰਦੇ ਹਨ ਉਹ ਜੀਵਨ ਬਾਰੇ ਸੋਚਦੇ ਹੀ ਨਹੀ ਹਨ। ਦੂਸਰੇ ਪਾਸੇ ਉਹ ਇਨਸਾਨ ਹਨ ਜੋ ਜੀਵਨ ਅਤੇ ਮੌਤ ਬਾਰੇ ਮਨ ਹੀ ਮਨ ਵਿਚ ਵੀਚਾਰ ਕਰਦੇ ਹਨ। ਇਹਨਾਂ ਵੀਚਾਰਾਂ ਉਪਰੰਤ ਫਿਰ ਉਹਨਾਂ ਨੂੰ ਨਾਮ ਦੀ ਸੋਝੀ ਪੈਂਦੀ ਹੈ। ਨਾਮ ਧਿਆਵਣ ਉਪਰੰਤ ਜਿਹੜੀ ਅਨੰਦ ਦੀ ਅਵਸਥਾ ਪ੍ਰਾਪਤ ਹੁੰਦੀ ਹੈ ਉਹ ਸਦੀਵੀ ਹੁੰਦੀ ਹੈ ਜਦੋਂ ਕਿ ਪਸ਼ੂ ਬਿਰਤੀ ਵਾਲੇ ਲੋਕ ਕਦੀ ਬਹੁਤ ਦੁਖੀ ਤੇ ਕਦੀ ਬਹੁਤ ਸੁਖੀ ਹੋ ਜਾਂਦੇ ਹਨ। ਮਿਸਾਲ ਦੇ ਤੌਰ ਤੇ ਪਸ਼ੂ ਬ੍ਰਿਤੀ ਵਾਲੇ ਲੋਕਾਂ ਦੇ ਪ੍ਰਵਾਰ ਵਿਚ ਜਦੋਂ ਮੌਤ ਫੇਰਾ ਪਾਉਂਦੀ ਹੈ ਤਾਂ ਇਹ ਪੂਰੀ ਤਰਾਂ ਟੁੱਟ ਜਾਂਦੇ ਹਨ ਜਦੋਂ ਕਿ ਗਿਆਨੀ ਪੁਰਖ ਉਹਦੇ ਭਾਣੇ ਵਿਚ ਖੁਸ਼ ਹੀ ਹੁੰਦੇ ਹਨ। ਸਾਹਿਬ ਨੇ ਇਸ ਮੌਕੇ ਸ਼ਬਦ ਕਿਹਾ:-

ਸਿਰੀਰਾਗੁ ਮਹਲਾ ੧ ॥ ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ ॥ ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ ॥ ਬਿਨੁ ਸਬਦੈ ਸੁਖੁ ਨਾ ਥੀਐ ਪਿਰ ਬਿਨੁ ਦੂਖੁ ਨ ਜਾਇ ॥੧॥ ਮੁੰਧੇ ਪਿਰ ਬਿਨੁ ਕਿਆ ਸੀਗਾਰੁ ॥ ਦਰਿ ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ ॥੧॥ ਰਹਾਉ ॥ ਆਪਿ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ ॥ ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ ॥ ਨਉ ਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ ॥੨॥ ਗੁਰ ਕਉ ਜਾਣਿ ਨ ਜਾਣਈ ਕਿਆ ਤਿਸੁ ਚਜੁ ਅਚਾਰੁ ॥ ਅੰਧੁਲੈ ਨਾਮੁ ਵਿਸਾਰਿਆ ਮਨਮੁਖਿ ਅੰਧ ਗੁਬਾਰੁ ॥ ਆਵਣੁ ਜਾਣੁ ਨ ਚੁਕਈ ਮਰਿ ਜਨਮੈ ਹੋਇ ਖੁਆਰੁ ॥੩॥ ਚੰਦਨੁ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ ॥ ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ ॥ ਜੇ ਧਨ ਕੰਤਿ ਨ ਭਾਵਈ ਤ ਸਭਿ ਅਡੰਬਰ ਕੂੜੁ ॥੪॥ ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ ॥ ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰਦੁਆਰਿ ॥ ਨਾਨਕ ਧੰਨੁ ਸੁਹਾਗਣੀ ਜਿਨ ਸਹ ਨਾਲਿ ਪਿਆਰੁ ॥੫॥੧੩॥

—◈—

ਰਚਨਾ ਨੂੰ ਹੀ ਰੱਬ ਦਾ ਸਰੀਰ ਸਮਝੋ¤

ਇਕ ਵੇਰਾਂ ਕਰਤਾਰਪੁਰ ਵਿਖੇ ਹੀ ਸਾਹਿਬ ਬਿਰਾਜਮਾਨ ਸਨ ਕਿ ਦੋ ਤਿੰਨ ਬਹੁਤ ਹੀ ਗਿਆਨਵਾਨ ਪੜ੍ਹੇ ਲਿਖੇ ਗ੍ਰਿਸਤੀ ਬੰਦੇ ਆ ਹਾਜਿਰ ਹੋਏ। ਇਕ ਕਹਿਣ ਲੱਗਾ ਕਿ ਬਾਬਾ ਜੀ ਸੁਣੀਦਾ ਤੁਹਾਡੇ ਤੇ ਪਰਮੇਸ਼ਰ ਬੜਾ ਮਿਹਰਬਾਨ ਹੈ। ਅਸੀ ਨਿਰੰਕਾਰ ਬਾਰੇ ਵਿਚਾਰਾਂ ਕਰਦਿਆਂ ਜਿੰਦਗੀ ਕੱਢ ਦਿੱਤੀ ਹੈ ਕਿ ਉਹ ਕਿਹੋ ਜਿਹਾ ਹੋਵੇਗਾ? ਬੜੇ ਸਾਧੂ ਸੰਤਾਂ ਨਾਲ ਵੀ ਗੱਲਾਂ ਬਾਤਾਂ ਹੁੰਦੀਆਂ ਰਹਿੰਦੀਆਂ ਨੇ ਕਿਸੇ ਨੇ ਵੀ ਇਹ ਨਹੀ ਦੱਸਿਆ ਕਿ ਰੱਬ ਦੀ ਸ਼ਕਲ ਸੁਰਤ ਕਿਹੋ ਜਿਹੀ ਹੈ?

ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਅਜਿਹੇ ਵਿਦਵਾਨ ਦੇ ਆਉਣ ਤੇ ਬਹੁਤ ਖੁਸ਼ ਹੁੰਦੇ ਸਨ। ਉਨ੍ਹੂੰ ਨਮਸਕਾਰਾਂ ਕਰਦੇ ਸਨ ਕਿਉਕਿ ਕਰਤਾਰਪੁਰ ਜਿਆਦਾਤਰ ਲੋਕ ਆਪਣੇ ਦੁਨਿਆਵੀ ਮਸਲੇ ਲੈ ਲੈ ਆਇਆ ਕਰਦੇ ਸਨ। ਪ੍ਰਮੇਸ਼ਰ ਦਾ ਖੋਜੀ ਕੋਈ ਵਿਰਲਾ ਹੀ ਹੁੰਦਾ ਸੀ। ਗੁਰੂ ਸਾਹਿਬ ਨੇ ਅਜਿਹੇ ਜਗਿਆਸੂ ਦੀ ਭਰੇ ਦੀਵਾਨ ਤਾਰੀਫ ਕੀਤੀ।

ਗੁਰੂ ਸਾਹਿਬ ਨੇ ਸਾਰੀ ਸੰਗਤ ਨੂੰ ਦੱਸਿਆ ਕਿ ਭਾਈ ਇਹ ਸਾਰੀ ਰਚਨਾ, ਸਾਰੀ ਸ੍ਰਿਸਟੀ, ਇਹ ਬ੍ਰਿਹਮੰਡ ਸਭ ਉਸ ਰੱਬ ਦਾ ਹੀ ਰੂਪ ਹੈ। ਇਹ ਹੀ ਉਸ ਦਾ ਸਰੀਰ ਹੈ। ਇਸ ਰਚਨਾ ਤੋਂ ਜੋ ਅਵਾਜਾ ਪੈਦਾ ਹੋ ਰਿਹਾ ਹੈ, ਇਹ ਹੀ ਉਸ ਦੇ ਬੋਲ ਨੇ। ਸਭ ਪਾਸੇ ਉਸ ਏਕੇ ਦਾ ਹੀ ਪਸਾਰਾ ਹੈ।

ਕਿਤੇ ਜੀਵ ਮਰ ਰਿਹਾ ਹੈ ਕਿਤੇ ਪੈਦਾ ਹੋ ਰਿਹਾ ਹੈ, ਇਹ ਸਭ ਕਰਤੇ ਦੇ ਰੂਪ ਵਟਾਉਣ ਦਾ ਖੇਲ ਹੈ। ਉਹਦੇ ਤੋਂ ਬਗੈਰ ਹੋਰ ਕੋਈ ਖਿਲਾੜੀ ਨਹੀ ਹੈ। ਦੂਸਰਾ ਮਾਇਆ ਦਾ ਖੇਲ ਵੀ ਓਸੇ ਨੇ ਹੀ ਪੈਦਾ ਕੀਤਾ ਹੈ। ਬੁਰਾਈ ਵੀ ਓਸੇ ਨੇ ਹੀ ਪੈਦਾ ਕੀਤੀ ਹੈ। ਬਸ ਅਸੀ ਜੀਵ ਖੇਡ ਰਹੇ ਹਾਂ। ਸਾਨੂੰ ਸਾਡੀ ਅਸਲੀਅਤ ਦਾ ਅਹਿਸਾਸ ਹੀ ਨਹੀ। ਸਾਰਾ ਖੇਲ ਉਸ ਏਕੇ ਦਾ ਹੀ ਹੈ ਅਤੇ ਉਹ ਬੇਅੰਤ ਹੈ।

ਵਖਿਆਨ ਦੇਣ ਤੋਂ ਬਾਦ ਗੁਰੂ ਸਾਹਿਬ ਫਿਰ ਵੈਰਾਗ ਵਿੱਚ ਆਏ ਤੇ ਮਰਦਾਨੇ ਨੂੰ ਇਸ਼ਾਰਾ ਕੀਤਾ। ਸਾਰਾ ਦੀਵਾਨ ਗੁਰੂ ਸਾਹਿਬ ਦੇ ਮਗਰ ਗੂੰਜ ਉਠਿਆ, "ਸਾਹਿਬ ਮੇਰਾ ਏਕੋ ਹੈ, ਏਕੋ ਹੈ ਭਾਈ ਏਕੋ ਹੈ"। ਢੋਲਕੀਆਂ ਸ਼ੈਣਿਆਂ ਖੜਤਾਲਾਂ ਨੇ ਜੰਗਲ ਵਿੱਚ ਮੰਗਲ ਲਾ ਦਿੱਤਾ। ਹਰ ਕੋਈ ਸਰੂਰ ਵਿੱਚ ਸੀ। ਹਰ ਪਾਸੇ ਮਸਤੀ ਸੀ। ਹਰ ਕੋਈ ਝੂਮ ਉਠਿਆ। ਸ਼ਬਦ ਆਸਾ ਰਾਗ ਵਿੱਚ ਸੀ:-

ਆਸਾ ਮਹਲਾ ੧ ॥ ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ ॥ ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ ॥੧॥ ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥੧॥ ਰਹਾਉ ॥ ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ ॥ ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ ॥੨॥ ਜੋ ਕਿਛੁ ਕਰਣਾ ਸੋ ਕਰ�ि ਰਹਿਆ ਅਵਰੁ ਨ ਕਰਣਾ ਜਾਈ ॥ ਜੈਸਾ ਵਰਤੈ ਤੈਸੋ ਕਹੀਐ ਸਭ ਤੇਰੀ ਵਡਿਆਈ ॥੩॥ ਕਲਿ ਕਲਵਾਲੀ ਮਾਇਆ ਮਦੁ ਮੀਠਾ ਮਨੁ ਮਤਵਾਲਾ ਪੀਵਤੁ ਰਹੈ ॥ ਆਪੇ ਰੂਪ ਕਰੇ ਬਹੁ ਭਾਂਤੀਂ ਨਾਨਕ ਬਪੁੜਾ ਏਵ ਕਹੈ ॥੪

—◈—

"ਮੈਨੂੰ ਤਾਂ ਸਾਰਾ ਸੰਸਾਰ ਹੀ ਸ਼ਰਾਬੀ ਹੋਇਆ ਦਿਸਦਾ ਹੈ"+

+ ਜਦੋਂ ਸ਼ਰਾਬੀਆਂ ਖਿਲਾਫ ਸਾਧੂਆਂ ਸ਼ਕਾਇਤ ਕੀਤੀ ਸੀ ਤਾਂ

ਲੋਕਾਂ ਦੀਆਂ ਜਿਆਦਾ ਦੁਨੀਆਵੀ ਮੰਗਾਂ ਆਉਣ ਤੇ ਗੁਰੂ ਸਾਹਿਬ ਕਦੀ ਅੱਕ ਜਾਂਦੇ ਸਨ ਤੇ ਇਕਾਂਤ ਵਲ ਚਲੇ ਜਾਂਦੇ ਸਨ। ਏਸੇ ਤਰਾਂ ਇਕ ਵੇਰਾਂ ਕਰਤਾਰਪੁਰ ਵਿਖੇ ਬੈਠੇ ਸਨ ਕਿ ਉਨਾਂ ਦੀ ਮੌਜ ਆਈ ਤੇ ਮਰਦਾਨੇ ਨੂੰ ਨਾਲ ਲਈ ਰਾਵੀ ਕੰਢੇ (ਪਿੰਡ ਧਰਮਕੋਟ ਦੀ ਹਦੂਦ ਅੰਦਰ) ਜਾ ਬਿਰਾਜੇ। ਹੌਲੀ ਹੌਲੀ ਸ਼ਰਧਾਲੂਆਂ ਨੂੰ ਪਤਾ ਲੱਗਾ ਤਾਂ ਉਹ ਰਾਵੀ ਕੰਢੇ ਹੀ ਆਉਣੇ ਸ਼ੁਰੂ ਹੋ ਗਏ।

ਕੁਝ ਸਮੇਂ ਬਾਦ ਕਰਤਾਰਪੁਰ ਕੁਝ ਸਾਧੂ ਆ ਗਏ ਤੇ ਕਹਿਣ ਲੱਗੇ ਕਿ ਸੁਣਿਐ ਬਾਬਾ ਨਾਨਕ ਇਥੇ ਆਏ ਹੋਏ ਨੇ। ਸੇਵਾਦਾਰਾਂ ਦੱਸਿਆ ਕਿ ਆਏ ਤੇ ਹੈਨ ਪਰ ਐਸ ਵਕਤ ਸੁਣਿਐ ਰਾਵੀ ਕੰਢੇ ਬੈਠੇ ਹੋਏ ਨੇ। ਸਾਧੂ ਵੀ ਉਡੀਕਣ ਦੀ ਥਾਂ ਜਿੱਥੇ ਦੱਸਿਆ ਗਇਆ ਸੀ ਰਾਵੀ ਵਲ ਨੂੰ ਹੀ ਹੋ ਤੁਰੇ।

ਸੰਗੀਤ ਦੀ ਆਵਾਜ ਨੇ ਦੂਰੋਂ ਹੀ ਸਾਧੂਆਂ ਨੂੰ ਗੁਰੂ ਸਾਹਿਬ ਦੇ ਟਿਕਾਣੇ ਦਾ ਪਤਾ ਦਸ ਦਿੱਤਾ।

ਸਾਧੂਆਂ ਨੂੰ ਮਿਲ ਕੇ ਗੁਰੂ ਸਾਹਿਬ ਨੇ ਖਿਮਾ ਯਾਚਨਾ ਕੀਤੀ ਕਿ ਮਹਾਤਮਾਵਾਂ ਨੂੰ ਖੇਚਲ ਹੋਈ ਹੈ ਇਥੇ ਆਉਣ ਅਤੇ ਕਹਿਣ ਲੱਗੇ ਕਿ ਚਲੋ ਡੇਰੇ ਚਲਦੇ ਹਾਂ। ਪਹਿਲਾਂ ਲੰਗਰ ਪਾਣੀ ਫਿਰ ਗੋਸ਼ਟੀ ਹੋਵੇ। ਸਾਧੂਆਂ ਨੇ ਕਿਹਾ ਕਿ ਤੁਹਾਡੇ ਡੇਰੇ ਦੇ ਸੇਵਾਦਾਰਾਂ ਸਾਨੂੰ ਸੰਤੁਸ਼ਟ ਕਰਕੇ ਭੇਜਿਆ ਹੈ ਕਿ ਤੇ ਹੁਣ ਸਿਰਫ ਤੁਹਾਡੇ

ਵੀਚਾਰ ਸੁਨਣ ਦੀ ਸਾਨੂੰ ਭੁੱਖ ਹੈ।

ਇਹ ਗੱਲਾਂ ਚਲ ਰਹੀਆ ਸਨ ਕਿ ਲਾਗੇ ਹੀ ਸ਼ੋਰ ਸ਼ਰਾਬਾ ਹੋ ਗਿਆ। ਦਸ ਬਾਰਾ ਮੁੰਡੇ ਰਾਵੀ ਕੰਢੇ ਬਹਿ ਕੇ ਦਾਰੂ ਪੀ ਰਹੇ ਸਨ ਕਿ ਉਨਾਂ ਵਿੱਚ ਲੜਾਈ ਹੋ ਗਈ। ਮਰਦਾਨੇ ਨੇ ਦੱਸਿਆ ਕਿ ਇਨਾ ਨੇ ਕਿਤੇ ਸ਼ਿਕਾਰ (ਹਿਰਨ ਆਦਿ) ਮਾਰਿਆ ਹੈ ਤੇ ਇਥੇ ਹੀ ਰਿੰਨ ਬਣਾ ਕੇ ਖਾ ਰਹੇ ਸਨ ਤੇ ਨਾਲੇ ਸ਼ਰਾਬ ਪੀ ਰਹੇ ਸਨ।

ਗੁਰੂ ਸਾਹਿਬ ਨੇ ਕਿਹਾ ਕਿ ਇਨਾਂ ਨੂੰ ਨਜਰਅੰਦਾਜ਼ ਕਰੋ।

ਪਰ ਮੁੰਡੇ ਚੀਕਾਂ ਮਾਰ ਰਹੇ ਸਨ। ਬਕਰੇ ਬੁਲਾ ਰਹੇ ਸਨ ਕਿ ਸਾਧੂਆਂ ਦਾ ਧਿਆਨ ਭਟਕ ਰਿਹਾ ਸੀ। ਸਾਧੂ ਓਨਾਂ ਨੂੰ ਬੁਰਾ ਭਲਾ ਆਖ ਰਹੇ ਸਨ ਕਿ ਪੀ ਪੀ ਕੇ ਇਹ ਲੋਕ ਅੰਨੇ ਹੋਏ ਪਏ ਤੇ ਇਨਾਂ ਦੀ ਬੁੱਧ ਭ੍ਰਿਸ਼ਟ ਹੋਈ ਪਈ ਹੈ। ਨਸ਼ੇ ਵਿੱਚ ਇਹ ਆਪਣਾ ਖੁੱਦ ਦਾ ਵੀ ਨੁਕਸਾਨ ਕਰ ਰਹੇ ਹਨ। ਸੱਟ ਪੇਟ ਵੀ ਲੱਗਣ ਦਾ ਖਤਰਾ ਹੈ।

ਸਾਧੂਆਂ ਜਿਵੇ ਗੁਰੂ ਸਾਹਿਬ ਦਾ ਇਸ ਬਾਬਤ ਵਿਚਾਰ ਜਾਨਣਾ ਚਾਹਿਆ ਤਾਂ ਸਾਹਿਬ ਨੇ ਫਰਮਾਇਆ ਕਿ ਸਾਧੂ ਜਨੋ ਮੈਨੂੰ ਤਾਂ ਸਾਰਾ ਸੰਸਾਰ ਹੀ ਸ਼ਰਾਬੀ ਹੋਇਆ ਦਿਸਦਾ ਹੈ। ਹੋਸ਼ ਕਿਸੇ ਨੂੰ ਵੀ ਨਹੀ। ਜੀਵਨ ਦੀ ਸੱਚਾਈ ਕੋਈ ਵੀ ਨਹੀ ਸਮਝ ਰਿਹਾ। ਵੇਖੋ ਕੋਈ ਮੋਹ ਦੇ ਨਸ਼ੇ ਵਿੱਚ ਗਲਤਾਨ ਹੈ ਕੋਈ ਕਾਮ ਦੇ ਨਸ਼ੇ ਵਿੱਚ ਕੋਈ ਕ੍ਰੋਧ ਕਰਕੇ ਸ਼ੁਦਾਈ ਹੋਇਆ ਪਿਆ ਹੈ, ਕੋਈ ਹੰਕਾਰ ਵਿੱਚ ਹੀ ਸੜੀ ਭੁੱਜੀ ਜਾ ਰਿਹਾ ਹੈ।

ਸਾਧੂਆਂ ਨੂੰ ਗੱਲ ਝੱਟ ਸਮਝ ਆ ਗਈ ਕਿ ਇਹ ਤਾਂ ਵੱਡੀ ਸੱਚਾਈ ਹੈ ਕਿ ਬੰਦਾ ਸਾਰੀ ਉਮਰ ਮਾਇਆ ਦੇ ਨਸ਼ੇ ਵਿੱਚ ਹੀ ਬਤੀਤ ਕਰ ਦਿੰਦਾ ਹੈ। ਉਨੂੰ ਅਹਿਸਾਸ ਹੀ ਨਹੀ ਹੁੰਦਾ ਤੇ ਨਾਂ ਹੀ ਧਿਆਨ ਜਾਂਦਾ ਹੈ ਕਿ ਇਕ ਦਿਨ ਸਭ ਕੁਝ ਛੱਡਣਾ ਪੈਣਾ ਹੈ। ਭਾਵ ਸੱਚਾਈ ਨੂੰ ਹਰ ਕਿਸੇ ਨੇ ਵਸਾਰਿਆ ਹੁੰਦਾ ਹੈ। ਇਨਸਾਨ ਝੂਠ ਦੇ ਨਸ਼ੇ ਵਿੱਚ ਹੈ।

ਏਨੇ ਨੂੰ ਮਰਦਾਨੇ ਨੇ ਗੁਰੂ ਸਾਹਿਬ ਤੋਂ ਇਜਾਜਤ ਲਈ ਕਿ ਸਾਹਿਬ ਅੱਜ ਮੈਨੂੰ ਸ਼ਬਦ ਕਹਿਣ ਦਿਓ। ਗੁਰੂ ਸਾਹਿਬ ਮਰਦਾਨੇ ਦੀ ਬੇਨਤੀ ਤੇ ਬਹੁਤ ਖੁਸ਼ ਹੋਏ ਤੇ ਮਰਦਾਨੇ ਨੂੰ ਥਾਪੜਾ ਦਿੱਤਾ ਕਿ ਅੱਜ ਤੂੰ ਬੋਲ ਬਾਣੀ। ਮਰਦਾਨੇ ਨੇ ਸਲੋਕ ਬੋਲਿਆ:-

ਸਲੋਕੁ ਮਰਦਾਨਾ ੧ ॥ ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ ॥ ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ ॥ ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ ॥ ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ ॥ ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਆਹਾਰੁ ॥ ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰ ॥੧॥ ਮਰਦਾਨਾ ੧ ॥ ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ ॥ ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ ॥ ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ॥ ਗਿਆਨੁ ਗੁੜੁ ਸਾਲਾਹ ਮੰਡੇ ਭਉ ਮਾਸੁ ਆਹਾਰੁ ॥ ਨਾਨਕ ਇਹੁ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ ॥੨॥ ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ ॥ ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ ॥੩॥

ਹਰ ਕੋਈ ਬੋਲ ਉਠਿਆ ਵਾਹ ਭਾਈ ਮਰਦਾਨਾ ਵਾਹ ਮਰਦਾਨਾ। ਧੰਨ ਗੁਰੂ ਨਾਨਕ। ਧੰਨ ਗੁਰੂ ਨਾਨਕ। ਵਾਹਿਗੁਰੂ। ਵਾਹਿਗੁਰੂ।

—◈—

ਮਾਤਾ ਪਿਤਾ ਦਾ ਚਲਾਣਾ*

ਜਿਵੇ ਪਿੱਛੇ ਆ ਚੁੱਕਾ ਹੈ ਗੁਰੂ ਸਾਹਿਬ ਨੇ ਆਪਣਿਆਂ ਮਾਪਿਆਂ ਤੇ ਵੀ ਕਿਰਪਾ ਕੀਤੀ ਤੇ ਉਨਾਂ ਨੂੰ ਵੀ ਨਾਮ ਦੀ ਦਾਤ ਬਖਸ਼ੀ। ਅਜਿਹੀ ਬਖਸ਼ਸ਼ ਹੋਈ ਕਿ ਦੋਵਾਂ ਦਾ ਮੰਨ ਵੀ ਨਾਮ ਵਿੱਚ ਲੱਗਣਾ ਸ਼ੁਰੂ ਹੋ ਗਇਆ। ਪਿਤਾ ਕਾਲੂ ਦਾ ਹੁਣ ਮਾਇਆ ਮੋਹ ਘੱਟ ਚੁੱਕਾ ਸੀ। ਉਨਾਂ ਨੂੰ ਵੀ ਕਰਤੇ ਦੇ ਖੇਡ ਅਤੇ ਸੱਚ ਦੀ ਸਮਝ ਪੈ ਚੁੱਕੀ ਸੀ। ਪਹਿਲਾਂ ਤਾਂ ਦੀਵਾਨ ਦੇ ਕੰਮਾਂ ਵਿੱਚ ਟੋਕਾ ਟੋਕਾਈ ਵੀ ਕਰਿਆ ਕਰਦੇ ਸਨ ਪਰ ਹੁਣ ਮੰਨ ਸੰਤੋਖ ਵਿੱਚ ਆ ਚੁੱਕਾ ਸੀ। ਹਾਂ ਪੋਤਰਿਆ ਦੇ ਘਰ ਉਲਾਦ ਨਹੀ ਸੀ ਇਸ ਕਰਕੇ ਕਦੀ ਗੁਰੂ ਸਾਹਿਬ ਨੂੰ ਤਾਕੀਦ ਕਰਦੇ ਕਿ ਲਖਮੀ ਚੰਦ ਦੇ ਵਿਆਹ ਦਾ ਕੁਝ ਕਰੋ।

ਥੈਰ ਕਤਕ 1581 ਬਿਕਰਮੀ ਮੁਤਾਬਿਕ 1524* ਈ ਨੂੰ ਮਾਤਾ ਤ੍ਰਿਪਤਾ ਥੋੜਾ ਚਿਰ ਢਿੱਲੀ ਮੱਠੀ ਰਹਿ ਕੇ ਕਰਤਾਰਪੁਰ ਵਿਖੇ ਚਲਾਣਾ ਕਰ ਗਏ।। ਓਦੋਂ ਗੁਰੂ ਸਾਹਿਬ ਕਰਤਾਰਪੁਰ ਵਿਖੇ ਹੀ ਮੌਜੂਦ ਸਨ। ਗੁਰੂ ਸਾਹਿਬ ਨੇ ਬ੍ਰਾਹਮਣੀ ਰੀਤਾਂ ਰਸਮਾਂ ਨੂੰ ਦਰ ਕਿਨਾਰ ਕਰਕੇ ਮਾਤਾ ਦਾ ਅੰਤਮ ਸਸਕਾਰ ਕੀਤਾ ਅਤੇ ਕਈ ਦਿਨ ਲੱਗਾਤਾਰ ਉਨਾਂ ਦੀ ਯਾਦ ਨੂੰ ਸਮਰਪਤ ਸ਼ਬਦ ਕੀਰਤਨ ਚਲਦੇ ਰਹੇ।

ਓਸੇ ਸਾਲ ਹੀ ਕੁਝ ਦਿਨਾਂ ਦੇ ਅਰਸੇ ਮਗਰੋ 27 ਮਾਘ 1581 (ਫਰਵਰੀ 1525 ਈ.) ਪਿਤਾ ਮਹਿਤਾ ਕਾਲੂ ਵੀ ਚੜ੍ਹਾਈ ਕਰ ਗਏ। ਗੁਰੂ ਸਾਹਿਬ ਓਦੋਂ ਪੰਜਾਬ ਦੇ ਹੀ ਕਿਸੇ ਇਲਾਕੇ ਵਿੱਚ ਸਨ। ਮਿਰਾਸੀ ਭੇਜ ਕੇ ਗੁਰੂ ਸਾਹਿਬ ਨੂੰ ਸੱਦ ਲਿਆ ਗਿਆ। ਜਦੋਂ ਤੱਕ ਸਹਿਬਜਾਦਿਆਂ ਬਾਬਾ ਸ੍ਰੀ ਚੰਦ ਅਤੇ ਲਖਮੀ ਦਾਸ ਨੇ ਆਪਣੀ ਮਰਜੀ ਅਨੁਸਾਰ ਬ੍ਰਾਹਮਣੀ ਰੀਤਾਂ ਪਾਲਦੇ ਹੋਏ ਦਾਦਾ ਦਾ ਸਸਕਾਰ ਕਰ ਦਿੱਤਾ। ਉਦੋਂ ਕਰਤਾਰਪੁਰ ਗੁਰਸਿੱਖਾਂ ਨੇ ਰੋਸ ਵੀ ਜਿਤਾਇਆ ਪਰ ਸਾਹਿਬਜਾਦਿਆਂ ਆਪਣੀ ਮਰਜੀ ਕੀਤੀ।

ਬਾਦ ਵਿੱਚ ਗੁਰੂ ਸਾਹਿਬ ਦੇ ਪਰਤਣ ਤੇ ਪਿਤਾ ਕਾਲੂ ਦੇ ਕਲਿਆਣ ਵਾਸਤੇ ਕੀਰਤਨ ਦੇ ਪ੍ਰਵਾਹ ਚਲਦੇ ਰਹੇ। ਗੁਰੂ ਸਾਹਿਬ ਦੇ ਪਰਤਣ ਉਪਰੰਤ ਕੋਈ ਬ੍ਰਾਹਮਣੀ ਰਸਮ ਨਹੀ ਚਲਣ ਦਿੱਤੀ ਗਈ।

—▲—

ਪੈਰ ਸਫਾ
◈ ਸੋਢੀ 2-209, ● ਸੋਢੀ 2-212 ⊙ ਸੋਢੀ 2-218
⊙ ਸੋਢੀ 2-218 ■ ਸੋਢੀ 2-223 ◆ ਸੋਢੀ 2-225
○ ਸੋਢੀ 2- 619 ◘ ਸੋਢੀ 2-225 ✚ ਸੋਢੀ 2-515

*16 ਵੀ ਸਦੀ ਵਿਚ ਕ੍ਰੋੜਾਂ ਲੋਕ ਛੂਆ ਛੂਤ ਦੀਆਂ ਬੀਮਾਰੀਆਂ ਨਾਲ ਮਰੇ ਸਨ। ਈਰਾਨ ਤੋਂ ਬਹੁਤ ਲੋਕ ਭੱਜ ਕੇ ਪੰਜਾਬ ਵਲ ਆ ਗਏ ਸਨ। ਹੋ ਸਕਦੈ ਮਹਿਤਾ ਕਾਲੂ, ਮਾਤਾ ਤ੍ਰਿਪਤਾ, ਬੇਬੇ ਨਾਨਕੀ ਅਤੇ ਭਾਈਆ ਜੈਰਾਮ ਦੇ ਚਲਾਣੇ ਦਾ ਕਾਰਨ ਵੀ ਕੋਈ ਛੂਆ ਛੂਤ ਦੀ ਬੀਮਾਰੀ ਬਣੀ ਹੋਵੇ। ਕਿਉਕਿ ਲਿਖਾਰੀਆਂ ਨੇ ਲਿਖਿਆ ਹੈ ਕਿ ਇਹਨਾਂ ਸੁਭਾਗੇ ਜੋੜਿਆਂ ਦਾ ਅੰਤਮ ਸਮਾਂ ਨਾਲ ਨਾਲ ਹੀ ਹੋਇਆ ਹੈ।
http://jhr.ui.ac.ir/article_22654.html
* ਇਹ ਤਰੀਕਾਂ ਖਜਾਨ- 106 ਨੇ ਦਿੱਤੀਆਂ ਹਨ। ਨਵੀ ਖੋਜ ਅਨੁਸਾਰ ਅਸਾਂ ਦੋ ਸਾਲ ਦਾ ਵਾਧਾ ਕਰ ਦਿੱਤਾ ਹੈ।

ਬਾਬ-55

ਛੋਟੀ ਜਿਹੀ ਉਦਾਸੀ

ਸਿਆਲਕੋਟ, ਜੰਮੂ, ਵੈਸ਼ਨੋ ਦੇਵੀ, ਭਦਰਵਾਹ, ਚੰਬਾ

ਜੁਲਾਈ ਅਗਸਤ 1524-5

ਗੁਰੂ ਸਾਹਿਬ ਨੂੰ ਕਸ਼ਮੀਰ ਦੀ ਯਾਤਰਾ ਵਿੱਚੋ ਛੱਡ ਕਾਬੁਲ ਨੂੰ ਮੁੜਨਾ ਪਿਆ ਸੀ। ਕਰਤਾਰਪੁਰ ਸਾਹਿਬ ਰਹਿ ਕੇ ਗੁਰੂ ਸਾਹਿਬ ਨੂੰ ਮਹਿਸੂਸ ਹੋਇਆ ਕਿ ਜਿਸ ਤਰਾਂ ਵੈਸ਼ਨੋ ਦੇਵੀ ਦਾ ਮੇਲਾ ਲੋਕਾਈ ਵਿਚ ਮਕਬੂਲ ਹੈ ਸਾਨੂੰ ਉਥੇ ਵੀ ਜਾਣਾ ਚਾਹੀਦਾ ਹੈ। ਵੈਸ਼ਨੋ ਦੇਵੀ (ਜੰਮੂ ਕਟੜਾ) ਦਾ ਮੇਲਾ ਨਵਰਾਤਰਿਆਂ 'ਚ ਲੱਗਦਾ ਹੈ। ਇਹ ਸਤੰਬਰ ਜਾਂ ਅਕਤੂਬਰ ਮਹੀਨੇ ਵਿੱਚ ਪੈਦੇ ਹਨ। (ਨੌ ਨਵਰਾਤਰਿਆਂ ਤੋਂ ਬਾਦ ਦਸਵਾ ਦੁਸਿਹਰਾ ਹੁੰਦਾ ਹੈ। ਨਵਰਾਤਰੇ ਸਰਾਧਾਂ ਤੋਂ ਬਾਦ ਆਉਦੇ ਨੇ।) ਗੁਰੂ ਸਾਹਿਬ ਮਹੀਨਾ ਦੋ ਪਹਿਲਾਂ ਹੀ ਨਿਕਲ ਗਏ। ਅੰਦਾਜ਼ਾ ਹੈ ਕਿ ਕਰਤਾਰਪੁਰ ਸਾਹਿਬ ਵਿਖੇ ਦੋ ਕੁ ਸਾਲ ਟਿਕਣ ਦੇ ਬਾਦ ਹੀ ਗਏ ਹੋਣਗੇ।

ਮੱਲਾ ਭਾਬੜਾ ◉ - ਅਗਸਤ ਦੇ ਮਹੀਨੇ ਗੁਰੂ ਸਾਹਿਬ ਰਵਾਨਾ ਹੋਏ। ਪਹਿਲਾ ਪੜਾਅ ਸਾਹਿਬ ਦਾ ਪਿੰਡ ਮੱਲਾ ਵਿਖੇ ਹੋਇਆ। ਜੋ

ਬੇਰ ਸਾਹਿਬ, ਮੱਲਾ (ਸਾਈਕਲ ਯਾਤਰੀ 1933)

ਕਰਤਾਰਪੁਰ ਸਾਹਿਬ ਤੋਂ ਕੋਈ 20 ਕੁ ਕਿ. ਮੀ. ਪਹਾੜ ਪਾਸੇ ਪੈਦਾ ਹੈ।* ਇਥੇ ਪਿੰਡ ਦੇ ਬਾਹਰਵਾਰ ਕਿਸੇ ਜੋਗੀਆਂ ਆਦਿ ਦੇ ਡੇਰੇ ਤੇ ਗੁਰੂ ਸਾਹਿਬ ਨੇ ਵਿਸ਼ਰਾਮ ਕੀਤਾ ਤੇ ਸੰਗਤਾਂ ਨੂੰ ਇਥੇ ਹੀ ਜੁੜਨ ਵਾਸਤੇ ਕਹਿ ਦਿੱਤਾ ਗਿਆ। ਸ਼ਰਧਾਲੂਆਂ ਨੇ ਨੇੜੇ ਤੇੜੇ ਦੇ ਪਿੰਡਾਂ ਵਿੱਚ ਜਾ ਕੇ ਹੋਕਾ ਦੇ ਦਿੱਤਾ ਕਿ ਗੁਰੂ ਨਾਨਕ ਆਏ ਨੇ। ਰਾਤ ਵੇਲੇ ਫਿਰ ਮਰਦਾਨੇ ਦੀ ਰਬਾਬ ਤੇ ਇਥੇ ਕੀਰਤਨ ਹੋਇਆ। ਗੁਰੂ ਸਾਹਿਬ ਨੇ ਲੋਕਾਈ ਨੂੰ ਹਦਾਇਤ ਕੀਤੀ ਕਿ ਪੱਥਰਾਂ, ਬੱਦਲਾਂ, ਬੂਟਿਆਂ, ਸੱਪਾਂ, ਦੇਵੀ ਦੇਵਤਿਆਂ ਨੂੰ ਪੂਜਣ ਦੇ ਬਿਜਾਏ ਇੱਕ ਨਿਰੰਕਾਰ ਦੇ ਲੜ ਲੱਗੋ। ਸਿਫਤ ਸਲਾਹ ਕਰਕੇ ਤੁਹਾਡੇ ਦੁਖੜੇ ਦੂਰ ਹੋਣਗੇ ਤੇ ਤੁਸੀ ਚੜ੍ਹਦੀ ਕਲ੍ਹਾ ਵਿੱਚ ਪਹੁੰਚ ਜਾਓਗੇ। ਦੋ ਤਿੰਨ ਰਾਤਾਂ ਇਥੇ ਪ੍ਰਚਾਰ ਕਰਨ ਉਪਰੰਤ ਗੁਰੂ ਸਾਹਿਬ ਅੱਗੇ ਚਲਦੇ ਬਣੇ।

ਪਿੰਡ ਮੱਲਾ ਭਾਬੜਾ ਵਿਖੇ ਫਿਰ ਗੁਰ ਅਸਥਾਨ ਵੀ ਬਣ ਗਇਆ ਜਿਹੜਾ 1947 ਦੇ ਦੰਗਿਆਂ ਵੇਲੇ ਸਾੜ ਦਿੱਤਾ ਗਇਆ ਸੀ। ■ ਇਸ ਗੁਰਧਾਮ ਨੂੰ ਵੀ ਬੇਰ ਸਾਹਿਬ ਕਿਹਾ ਕਰਦੇ ਸਨ। ਗੁਰਦੁਆਰੇ ਲਾਗੇ ਬੇਰੀ ਹੁੰਦੀ ਸੀ। ਬੇਰੀ ਦੇ ਰੁੱਖ ਅੱਜ ਵੀ ਮੌਜੂਦ ਨੇ। ਅਣਗੌਲੇ ਅਸਥਾਨ ਤੇ ਅੱਜ ਪਾਥੀਆਂ ਪੱਥੀਆਂ ਪਈਆਂ ਨਜਰ ਆਉਦੀਆ ਨੇ। ✚

ਪਸਰੂਰ ਦਾ ਦਿਓਕਾ - ਮੱਲੇ ਤੋਂ ਕੋਈ 40 ਕਿ. ਮੀ. ਦਾ ਸਫਰ ਕਰਕੇ ਗੁਰੂ ਸਾਹਿਬ ਪਸਰੂਰ ਪਹੁੰਚੇ। ਪਸਰੂਰ ਵਿਖੇ ਪ੍ਰਸਿੱਧ ਫਕੀਰ ਅਬਦੁਲ ਰਹਿਮਾਨ ਰਹਿੰਦਾ ਸੀ। ○ ਉਹਦਾ ਇਕ ਚੇਲਾ ਬਟਾਲੇ ਦਾ ਖੱਤਰੀ ਮੀਆਂ ਮਿੱਠਾ ਸੀ। ਜਿਸ ਕਰਕੇ ਅਬਦੁਲ ਰਹਿਮਾਨ ਦਾ ਨਾਂ ਹੀ ਇਤਹਾਸ ਵਿਚ ਮੀਆਂ ਮਿੱਠਾ ਵੀ ਚਲਦਾ ਹੈ। ਇਥੇ ਪਸਰੂਰ ਵਿਖੇ ਜਿੱਥੇ ਮੀਆਂ ਜੀ ਦਾ ਟਿਕਾਣਾ ਸੀ ਉਸ ਨੂੰ ਦਿਓਕੇ ਕਿਹਾ ਜਾਂਦਾ ਰਿਹਾ ਹੈ। ਵਕਤ ਪਾ ਕੇ ਇਥੇ ਗੁਰ ਅਸਥਾਨ ਵੀ ਬਣਿਆ। ਇਹ ਸਥਾਨ ਪਸਰੂਰ ਰੇਲਵੇ ਸਟੇਸ਼ਨ ਦੇ 500 ਮੀਟਰ ਦੂਰ ਨਾਰੋਵਾਲ ਸੜ੍ਹਕ ਤੇ ਹੈ। ਅੱਜ ਇਥੇ ਸਿਰਫ ਮਹਿਰਾਬ ਵਾਲਾ ਦਰਵਾਜਾ ਹੀ ਬਚਿਆ ਹੈ। ਸਰੋਵਰ ਛੱਪੜ ਦਾ

ਪੈੜ ਸਫਾ

◉ ਪੰਜਾਬ ਦੇ ਪਿੰਡਾਂ ਥਾਵਾਂ ਦੀ ਯਾਤਰਾ ਬਾਬਤ ਜਿਹੜਾ ਵੀ ਰੂਟ ਅਸੀ ਤਹਿ ਕਰਾਂਗੇ ਉਹ ਸਿਰਫ ਅੰਦਾਜ਼ਾ ਹੀ ਹੋਵੇਗਾ। ਕਿਉਕਿ ਗੁਰੂ ਸਾਹਿਬ ਨੇ ਪੰਜਾਬ ਦੇ ਪਿੰਡਾਂ ਥਾਂਵਾ ਦਾ ਦੌਰਾ 1526ਈ ਤੋਂ ਬਾਦ ਕਈ ਵਾਰ ਕੀਤਾ। ਖਾਸ ਕਰਕੇ ਜਿਹੜੇ ਨਨਕਾਣਾ, ਸੁਲਤਾਨਪੁਰ ਲੋਧੀ ਜਾਂ ਕਰਤਾਰਪੁਰ ਦੇ ਨੇੜੇ ਤੇੜੇ ਦੇ ਜਿਲੇ ਹਨ। ਪਰ ਹਰ ਥਾਂ ਓਨਾਂ ਦੀ ਆਮਦ ਦੀਆਂ ਯਾਦਗਾਰਾਂ ਨਹੀ ਹਨ ਮਿਸਾਲ ਦੇ ਤੌਰ ਤੇ ਕਰਤਾਰਪੁਰ/ ਪੱਖੋਕਿਆਂ ਤੋਂ ਕਲਾਨੌਰ ਦਾ ਇਤਹਾਸਿਕ ਕਸਬਾ ਕੋਈ 12 -15 ਕਿ. ਮੀ. ਹੀ ਹੈ, ਪਰ ਓਥੇ ਗੁਰੂ ਸਾਹਿਬ ਦੀ ਕੋਈ ਯਾਦਗਾਰ ਨਹੀ ਹੈ। ਏਸੇ ਤਰਾਂ ਸੈਕੜੇ (ਜਾਂ ਹਜ਼ਾਰਾਂ) ਇਹੋ ਜਿਹੇ ਸਥਾਨ ਨੇ ਜਿੱਥੇ ਯਾਦਗਾਰਾਂ ਨਾਂ ਬਣ ਪਾਈਆਂ।

ਅਸੀ ਤਾਂ ਸਹੂਲਤ ਲਈ ਇਨਾਂ ਪਿੰਡਾਂ ਥਾਵਾਂ ਨੂੰ ਗੁਰੂ ਸਾਹਿਬ ਦੀ ਉਦਾਸੀ ਨਾਲ ਜੋੜ ਲਿਆ ਹੈ ਤਾਂ ਕਿ ਕੋਈ ਸਥਾਨ ਛੁੱਟੇ ਨਾਂ।

* ਇਹ ਵੀ ਹੋ ਸਕਦੈ ਕਿ ਗੁਰੂ ਸਾਹਿਬ ਖਾਸ ਮੱਲਾ ਕੰਜਰੂੜ ਇਲਾਕੇ ਵਿਖੇ ਸਾਲਮ ਹੀ ਪ੍ਰਚਾਰ ਕਰਨ ਕਰਤਾਰਪੁਰ ਤੋਂ ਆਏ ਹੋਣ। ਸਗੋ ਇਸ ਗੱਲ ਦੀ ਸੰਭਾਵਨਾ ਜਿਆਦਾ ਬਣਦੀ ਹੈ। ਅਸੀ ਮੱਲਾ ਨੂੰ ਇਸ ਕਰਕੇ ਸ਼ਾਮਲ ਕੀਤਾ ਹੈ ਕਿਉਕਿ ਅਸੀ ਨਕਸ਼ੇ ਮੁਤਾਬਿਕ ਰੂਟ ਤਹਿ ਕਰਕੇ ਚਲ ਰਹੇ ਹਾਂ।

✚ ਕੈਸਰ-25, ■ ਇਸ ਲਿਖਾਰੀ ਦੇ ਨਾਨਕੇ ਇਸੇ ਹੀ ਪਿੰਡ ਦੇ ਸਨ। ਬਜੁਰਗਾਂ ਨੇ ਦੱਸਿਆ ਕਿ ਜਦੋਂ 1947 'ਚ ਮੁਸਲਮਾਨ ਧਾੜਵੀਆਂ ਦਾ ਜੱਥਾ ਪਿਆ ਤਾਂ ਸਿੱਖਾਂ ਤੇ ਹਿੰਦੂਆਂ ਨੂੰ ਸਭ ਕੁਝ ਛੱਡ ਛਡਾ ਕੇ ਚਾਣਚੱਕ ਦੌੜਨਾ ਪਿਆ ਸੀ। ਪਿੱਛੇ ਜੋ ਰਹੇ ਗਏ ਉਨਾਂ ਨੂੰ ਕਤਲ ਕਰ ਦਿੱਤਾ ਗਿਆ। ਲਿਖਾਰੀ ਦਾ ਨਾਨਾ ਈਸ਼ਰ ਸਿੰਘ ਗੁਰਦੁਆਰਾ ਸਾਹਿਬ ਛੱਡ ਕੇ ਜਾਣ ਨੂੰ ਤਿਆਰ ਨਹੀ ਸੀ ਇਸ ਕਰਕੇ ਉਨੂੰ ਵੀ ਗੁਰਦੁਆਰੇ ਵਿੱਚ ਹੀ ਜੀਂਦੇ ਜੀ ਸਾੜ ਦਿੱਤਾ ਗਿਆ ਸੀ। ○ ਮਹਾਨਕੋਸ਼-ਮੀਆਂ ਮਿੱਠਾ,

ਪਸਰੂਰ ਦੇ ਗੁਰਦੁਆਰਾ ਸਾਹਿਬ ਦਿਓਕੇ ਦਾ ਬਸ ਇਹ ਕੁਝ ਬਚਿਆ ਹੈ। ਪਸਰੂਰ ਭਾਵ ਪਰਸਰਾਮਪੁਰ। ਹਿੰਦੂ ਮਿਥਹਾਸ ਦੇ ਬ੍ਰਹਾਮਣ ਦੇਵਤਾ ਪਰਸਰਾਮ ਦਾ ਸ਼ਹਿਰ। ਉਹ ਪਰਸਰਾਮ ਜਿਸ ਨੇ ਖੱਤਰੀਆਂ ਨੂੰ ਖਤਮ ਕਰਨ ਦੀ ਸੌਂਹ ਖਾਧੀ ਸੀ।

ਰੂਪ ਲੈ ਚੁੱਕਾ ਹੈ। ਗੁਰੂ ਸਾਹਿਬ ਤੇ ਮੀਆਂ ਮਿੱਠਾ ਦਾ ਆਪਸ ਵਿੱਚ ਡੂੰਘਾ ਪ੍ਰੇਮ ਸੀ। ਇਨਾਂ ਦਾ ਮਿਲਾਪ ਡੇਰਾ ਬਾਬਾ ਨਾਨਕ ਦੇ ਲਾਗੇ ਪਿੰਡ ਕਠਿਆਲੇ ਵਿਖੇ ਵੀ ਹੋਇਆ। (ਵੇਖੋ ਸਫਾ 465)

—◈—

ਭਾਰੋਵਾਲ (ਸੀਓਕੇ) ਦੇ ਮਸਖਰਿਆਂ ਨੇ ਗੁਰੂ ਸਾਹਿਬ ਨੂੰ ਢੀਮਾਂ ਮਾਰੀਆਂ

ਪਸਰੂਰ ਤੋਂ 22 ਕਿ. ਮੀ. ਪੱਛਮ ਚਲ ਕੇ ਗੁਰੂ ਸਾਹਿਬ ਗੁਰਾਇਆ ਜੱਟਾਂ ਦੇ ਪਿੰਡ ਸੀਓ-ਕੇ (ਜਾਂ ਸੀਓਕੀ) ਰੂਪਾ ਨਾਂ ਦੇ ਗੁਰਸਿੱਖ ਨੂੰ ਮਿਲਣ ਆਏ ਸਨ। ਗੁਰੂ ਸਾਹਿਬ ਨੇ ਪਿੰਡ ਦੇ ਬਾਹਰ ਹੀ ਬਿਰਾਜੇ ਸਨ। ਰੂਪਾ ਪਿੰਡ ਗੁਰੂ ਸਾਹਿਬ ਲਈ ਲੰਗਰ ਪਾਣੀ ਲੈਣ ਗਇਆ ਤਾਂ ਕੁਝ ਸਮੇ ਬਾਦ ਪਿੰਡ ਦੇ ਕੁਝ ਮਸਖਰੇ ਤੇ ਸੈਤਾਨ ਲੋਕ ਗੁਰੂ ਸਾਹਿਬ ਕੋਲ ਆ ਕੇ ਟਿੱਚਰਾਂ ਕਰਨ ਲੱਗ ਪਏ। ਪੁਰਾਣੇ ਸਮਿਆਂ ਵਿੱਚ ਵੀ ਕਈ ਲੋਕ ਸਾਧੂ ਸੰਤਾਂ ਨੂੰ ਬਹੁਤ ਨਫਰਤ ਕਰਦੇ ਹੁੰਦੇ ਸਨ ਕਿ ਇਹ ਵਿਹਲੜ ਐਵੇ ਤੁਰੇ ਫਿਰਦੇ ਨੇ। ਗੱਲ ਇਥੋਂ ਤੱਕ ਪਹੁੰਚ ਗਈ ਕਿ ਮੂਰਖਾਂ ਨੇ ਗੁਰੂ ਸਾਹਿਬ ਨੂੰ ਢੇਮਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।

ਰੂਪਾ ਜਦੋਂ ਪਰਤਿਆ ਤਾਂ ਉਸਨੂੰ ਇਹ ਵੇਖ ਕੇ ਅਤਿਅੰਤ ਦੁੱਖ ਤੇ ਪੀੜਾ ਹੋਈ। ਰੂਪਾ ਕਹਿਣ ਲੱਗਾ ਬਾਬਾ ਜੀ ਇਹ ਪਿੰਡ ਗਰਕਣ ਤੇ ਆ ਗਇਆ ਹੈ ਜਿਹੜਾ ਨੇਕ ਇਨਸਾਨਾਂ ਦੀ ਕਦਰ ਨਹੀ ਕਰਦਾ। ਗੁਰੂ ਸਾਹਿਬ ਨੇ ਰੂਪੇ ਨੂੰ ਸਮਝਾਇਆ ਕਿ ਇਨਾਂ ਦਾ ਕੀ ਦੋਸ਼ ਇਨਾਂ ਦੀ ਬੁੱਧ ਹੀ ਭ੍ਰਿਸ਼ਟ ਗਈ ਹੈ। ਰੂਪਾ ਜਿੱਦ ਕਰਨ ਲੱਗਾ ਕਿ ਬਾਬਾ ਜੀ ਤੁਸੀ ਨਿਰੰਕਾਰ ਦਾ ਰੂਪ ਹੋ ਅਜਿਹੇ ਜੀਵਾਂ ਨੂੰ ਸਜਾ ਤਾਂ ਮਿਲਣੀ ਹੀ ਚਾਹੀਦੀ ਹੈ। ਪਰ ਸ਼ਾਂਤੀ ਦੇ ਸਮੁੰਦਰ ਗੁਰੂ ਸਾਹਿਬ ਰੂਪੇ ਨੂੰ ਹੀ ਸਮਝਾਉਦੇ ਰਹੇ।

ਗੁਰਦੁਆਰਾ ਨਾਨਕਸਰ ਸੀਓਕੀ ਦੀ ਪੁਰਾਣੀ ਤਸਵੀਰ (ਸਾਈਕਲ ਯਾਤਰੀ) ਅਸਲੀ ਨਾਂ: ਸੀਓਕੀ।

ਗੁਰਦੁਆਰਾ ਨਾਨਕਸਰ ਪਾ.੧ ਤੇ ੬ ਸੱਚਾਲਾ (ਸਿਆਲਕੋਟ), 20 ਸਤੰਬਰ 1932

ਪਰ ਗੁਰਸਿੱਖ ਰੂਪੇ ਦਾ ਕਿਹਾ ਕਦੋਂ ਬਿਰਥਾ ਜਾਣਾ ਸੀ। ਵਕਤ ਪਾ ਕੇ ਪਿੰਡ ਤੇ ਕੋਈ ਅਜਿਹੀ ਆਫਤ ਆਈ ਕਿ ਪਿੰਡ ਖੇਂਰੂ ਖੇਂਰੂ ਹੋ ਗਿਆ। ਹੋ ਸਕਦੈ ਕੋਈ ਤੂਨ ਜਾਂ ਹੈਜਾ ਆਦਿ ਫੈਲਿਆ ਹੋਵੇ। ਪਿੰਡ ਪੂਰੀ ਤਰਾਂ ਬੇ-ਚਰਾਗ ਹੋ ਗਿਆ। ਜਦੋਂ ਗੁਰੂ ਸਾਹਿਬ ਇਥੇ ਆਏ ਸਨ ਪਿੰਡ ਦਾ ਨਾਂ ਭਾਰੋਵਾਲ ਹੁੰਦਾ ਸੀ। ਹੁਣ ਵਾਲਾ ਪਿੰਡ ਜਿਸ ਦਾ ਨਾਂ ਸਿਓਕੇ ਹੈ ਬਾਦ ਵਿੱਚ ਅਬਾਦ ਹੋਇਆ।

ਇਥੇ ਗੁਰੂ ਸਾਹਿਬ ਦੇ ਬਿਰਾਜਣ ਦਾ ਜੋ ਅਸਥਾਨ ਬਣਿਆ ਉਹ ਛੋਟਾ ਨਨਕਾਣਾ ਕਹਾਉਦਾ ਸੀ। ਪਾਕਿਸਤਾਨ ਬਣਨ ਉਪਰੰਤ ਮੁਕਾਮੀ ਲੋਕਾਂ ਨੇ ਉਹਨੂੰ ਵੇਹਲਾ ਜਾਣ ਕੇ ਉਥੇ ਕਬਰਸਤਾਨ ਬਣਾ ਲਿਆ ਹੈ। ਹੋਲੀ ਹੋਲੀ ਇਮਾਰਤ ਵੀ ਅਲੋਪ ਹੋ ਗਈ। ਹੁਣ ਕੁਝ ਥਾਂ ਵਾਹੀ ਅਧੀਨ ਵੀ ਹੈ।

ਫੱਤੇ ਭਿੰਡਰ - ਭਾਰੋਵਾਲ (ਸੀਓਕੇ) ਤੋਂ 20 ਕਿ. ਮੀ. ਪੱਛਮ ਨੂੰ ਚਲਕੇ ਗੁਰੂ ਸਾਹਿਬ ਫੱਤੇ ਭਿੰਡਰ (ਕਈਆਂ ਨੇ ਫਤਹਿ ਵੀ ਲਿਖਿਆ ਹੈ) ਪਹੁੰਚੇ। ਅਤੇ ਕੋਈ ਇੱਕ ਦੋ ਰਾਤਾਂ ਰੁਕ ਕੇ ਗੁਰਮਤ ਦਾ ਪ੍ਰਚਾਰ ਕੀਤਾ। ਲਾਗਲੇ ਪਿੰਡਾਂ ਦੇ ਲੋਕ ਇਥੇ ਹੀ ਜੁੜੇ। ਅੱਜ ਉਂਜ ਇਹ ਪਿੰਡ ਛੋਟਾ ਜਿਹਾ ਹੀ ਰਹਿ ਗਇਆ ਹੈ। ਉਸ ਸਮੇਂ ਪਤਾ ਨਹੀ ਇਹਦੀ ਕੀ ਅਹਿਮੀਅਤ ਹੋਵੇਗੀ। ਇਹ 1947 ਤੋਂ ਪਹਿਲਾਂ ਵੀ ਮੁਸਲਮਾਨਾ ਪਿੰਡ ਹੀ ਸੀ। ਇਥੋਂ ਦਾ ਗੁਰਦੁਆਰਾ ਸਾਹਿਬ ਬਹੁਤ ਹੀ ਆਲੀਸ਼ਾਨ ਬਣਿਆ ਹੋਇਆ ਹੈ ।ਮੁਰੰਮਤ ਦੀ ਸਖਤ ਜਰੂਰਤ ਹੈ ਨਹੀ ਤਾਂ ਛੇਤੀ ਹੀ ਢਹਿ ਜਾਏਗੀ। ਇਹੋ ਅੰਦਾਜ਼ਾ ਹੈ ਕਿ ਪਿੰਡ ਪਹਿਲਾਂ ਭਿੰਡਰ ਜੱਟ ਸਿੱਖਾਂ ਦਾ ਸੀ ਜੋ ਵਕਤ ਪਾ ਕੇ ਸਭ ਮੁਸਲਮਾਨ ਹੋ ਗਏ। ਹੋ ਸਕਦਾ

ਗੁਰੂ ਨਾਨਕ ਚਰਨ ਅਸਥਾਨ ਫਤਹਿ ਭਿੰਡਰ।

ਇਥੋ ਦਾ ਕੋਈ ਵੱਡੇ ਅਸਰ ਰਸੂਖ ਵਾਲਾ ਚੌਧਰੀ ਹੋਵੇ ਜਿਸ ਨੇ ਗੁਰੂ ਸਾਹਿਬ ਨੂੰ ਸੱਦਿਆ ਸੀ।

—◈—

ਸਾਹੋਵਾਲਾ - ਕਸਬਾ ਸਾਹੋਵਾਲਾ ਜਦੋਂ ਗੁਰੂ ਸਾਹਿਬ ਪਧਾਰੇ ਉਹ ਵਜੀਰਾਬਾਦ ਵਾਲੇ ਪਾਸੇ ਜਾ ਰਹੇ ਸਨ। (ਸਿਆਲਕੋਟ ਤੋਂ 13 ਕਿ. ਮੀ. ਪੱਛਮ) ਓਹਨੀ ਦਿਨੀ ਇਸ ਪਿੰਡ ਦਾ ਨਾਂ

ਗੁਮਟਾਲਾ ਗਿੱਲਾਂ ਵਾਲਾ ਹੁੰਦਾ ਸੀ। ਗੁਰੂ ਸਾਹਿਬ ਦੀ ਆਮਦ ਤੇ ਗਿੱਲ ਜੱਟ ਹੰਕਾਰ ਵਿੱਚ ਹੀ ਆਫਰੇ ਰਹੇ ਤੇ ਸਾਹਿਬ ਦਾ ਪ੍ਰਚਾਰ ਕੰਨ ਤੇ ਰੱਖਣ ਨੂੰ ਤਿਆਰ ਨਹੀ ਸਨ। ਗੁਰੂ ਸਾਹਿਬ ਦੀ ਦੂਰ ਦ੍ਰਿਸ਼ਟੀ ਇਨਾਂ ਦਾ ਭਵਿਖ ਵੀ ਦੇਖ ਰਹੀ ਸੀ। ਗੁਰੂ ਜੀ ਅੱਗੇ ਚਲਦੇ ਬਣੇ।

ਦੂਰ ਕੁਝ ਮੀਲਾਂ ਤੇ ਜਾ ਕੇ ਗੁਰੂ ਸਾਹਿਬ ਇੱਕ ਉਜਾੜ ਸਥਾਨ ਤੇ ਬਿਰਾਜੇ ਹੋਏ ਸਨ ਕਿ ਇੱਕ ਆਜੜੀ ਮੁੰਡਾ ਜੋ ਬਕਰੀਆਂ ਚਾਰ ਰਿਹਾ ਸੀ ਆ ਕੇ ਗੁਰੂ ਸਾਹਿਬ ਦੇ ਚਰਨੀ ਲੱਗਾ। ਫਿਰ ਬਕਰੀਆਂ ਚੋਅ ਕੇ ਗੁਰੂ ਸਾਹਿਬ ਅਤੇ ਸਾਥੀਆਂ ਨੂੰ ਦੁੱਧ ਭੇਟ ਕੀਤਾ। ਗੁਰੂ ਸਾਹਿਬ ਨੇ ਪੁੱਛਿਆ ਕਾਕਾ ਤੇਰਾ ਕੀ ਨਾਂ ਆ। ਉਸ ਕਿਹਾ ਕਿ ਮੇਰਾ ਨਾਮ ਸਾਉ ਹੈ ਪਿੰਡ ਸੋਹਦਰਾ।

ਗੁਰੂ ਸਾਹਿਬ ਦੀ ਸਾਉ ਤੇ ਮਿਹਰ ਦੀ ਨਿਗਾਹ ਹੋਈ ਤੇ ਉਹਨੂੰ ਕਹਿਣ ਲੱਗੇ ਸਾਉ ਤੂੰ ਆਪਣਾ ਪਿੰਡ ਛੱਡ ਪ੍ਰਵਾਰ ਸਮੇਤ ਗੁਮਟਾਲੇ ਜਾ ਵੱਸ। ਸਾਉ ਨੇ ਓਸੇ ਤਰਾਂ ਹੀ ਕੀਤਾ। ਵਕਤ ਪਾ ਕੇ ਕੋਈ ਅਜਿਹੀ ਆਫਤ ਆਈ ਕਿ ਗੁਮਟਾਲੇ ਦੇ ਸਾਰੇ ਗਿੱਲ ਪਿੰਡ ਛੱਡ ਕੇ ਦੌੜ ਗਏ। ਸਾਉ ਜੋ ਓਨੀ ਦਿਨੀ ਪਿੰਡ ਵਿੱਚ ਟੱਪਰੀ ਪਾ ਕੇ ਰਹਿ ਰਿਹਾ ਸੀ ਬੇਅਬਾਦ ਪਿੰਡ ਦਾ ਮਾਲਕ ਹੀ ਬਣ ਗਿਆ।

ਓਸੇ ਸਾਉ ਨੇ ਫਿਰ ਗੁਰੂ ਸਾਹਿਬ ਦਾ ਅਸਥਾਨ ਬਣਾਇਆ ਜਿੱਥੇ ਛੇਵੇਂ ਪਾਤਸ਼ਾਹ ਨੇ ਵੀ ਚਰਨ ਪਾਏ।

ਪਿੰਡ ਗੁਮਟਾਲਾ ਹੁਣ ਸਾਉਵਾਲਾ ਜਾਂ ਸਾਹੋਵਾਲਾ ਬਣ ਗਿਆ। ਸਾਉ ਚੀਮਾ ਗੋਤ ਦਾ ਜੱਟ ਸੀ।

ਖਾਲਸਾ ਸਰਕਾਰ ਵੇਲੇ ਇਥੇ ਇੱਕ ਨਿਹੰਗ ਸਿੰਘ ਸੇਵਾ ਕਰਦਾ ਸੀ। ਇੱਕ ਵੇਰਾਂ ਮਹਾਰਾਜਾ ਰਣਜੀਤ ਸਿੰਘ ਸਿਆਲਕੋਟ ਵਿਖੇ ਪਹੁੰਚੇ ਹੋਏ ਸਨ ਤੇ ਇਹ ਨਿਹੰਗ ਜਾ ਮਹਾਰਾਜਾ ਦੇ ਹਾਜਰ ਹੋਇਆ ਅਤੇ ਇਸ ਅਸਥਾਨ ਬਾਰੇ ਜਾਣਕਾਰੀ ਦਿੱਤੀ। ਨਾਲੇ ਗੁਰਦੁਆਰਾ ਸਾਹਿਬ ਨੇੜੇ ਮੌਜੂਦ ਸੁਖਚੈਨ ਰੁੱਖ ਦੀਆਂ ਦਾਤਣਾਂ ਵੀ ਨਾਲ ਲੈ ਗਇਆ ਸੀ ਜੋ ਮਹਾਰਾਜੇ ਦੇ ਭੇਟ ਕੀਤੀਆਂ। ਮਹਾਰਾਜਾ ਬਹੁਤ ਪ੍ਰਸੰਨ ਹੋਇਆ ਅਤੇ ਪੰਜ ਰੁਪਏ ਨਿਹੰਗ ਸਿੰਘ ਨੂੰ ਦਿੱਤੇ ਕਿ ਮੇਰੇ ਨਾਂ ਦਾ ਮੱਥਾ ਟੇਕ ਦੇਣਾ ਮੈਂ ਦੁਬਾਰਾ ਕਦੀ ਦਰਸ਼ਨ ਵੀ ਕਰਾਂਗਾ। ਪਰ ਮਹਾਰਾਜੇ ਨੂੰ ਵਕਤ ਹੀ ਨਾਂ ਮਿਲਿਆ ਦੁਬਾਰਾ ਆਉਣ ਦਾ।

ਗੁਰੂ ਨਾਨਕ ਅਸਥਾਨ ਸਾਹੋਵਾਲਾ। ਇਹ ਉਦਾਸੀਆਂ ਦਾ ਗੁਰਦੁਆਰਾ ਸਾਹਿਬ ਜੋ ਮੰਦਰ ਦੀ ਨਿਆਈ ਬਣਿਆ ਹੈ। ਮੂਲ ਵਿਚ ਇਹ ਵੀ ਕੋਈ ਬੋਧੀ ਅਸਥਾਨ ਹੋਵੇਗਾ ਜੋ ਬਾਦ ਵਿਚ ਜੋਗੀਆਂ ਕੋਲ ਗਇਆ ਤੇ ਫਿਰ ਉਦਾਸੀਆਂ ਇਥੇ ਗੁਰਦੁਆਰਾ ਸਾਹਿਬ ਬਣਾਇਆ। ਕਿਹਾ ਜਾਂਦਾ ਸਾਹੋਵਾਲ ਕਸਬਾ 800 ਸਾਲ ਪੁਰਾਣਾ ਹੈ। ਅੱਜ ਕਲ ਇਸਲਾਮ ਦਾ ਪ੍ਰਸਿਧ ਕੇਂਦਰ ਬਣ ਚੁੱਕਾ ਹੈ।(ਫੋਟੋ: ਇਕਬਾਲ ਕੈਸਰ)

ਸਿਆਲਕੋਟ

ਲਹੌਰ ਤਾਂ ਐਵੇਂ 1000 ਕੁ ਸਾਲ ਪਹਿਲਾਂ ਹੀ ਉਭਰਦਾ ਹੈ ਪੰਜਾਬ ਦੇ ਪੁਰਾਣੇ ਸ਼ਹਿਰ ਸਿਆਲਕੋਟ, ਜਲੰਧਰ ਤੇ ਮੁਲਤਾਨ ਆਦਿ ਹੋਏ ਨੇ। ਸ਼ਾਇਦ ਸਿਆਲਕੋਟ ਪੰਜਾਬ ਦਾ ਸਭ ਤੋਂ ਪੁਰਾਣਾ ਸ਼ਹਿਰ ਹੀ ਹੋਵੇ। ਇਸਦਾ ਜਿਕਰ ਤਾਂ ਬਕਾਇਦਾ ਮਹਾਂ ਭਾਰਤ ਵਿੱਚ ਵੀ ਮਿਲਦਾ ਹੈ। ਯੂਨਾਨੀ ਬਾਦਸ਼ਾਹ ਸਿਕੰਦਰ ਨੇ ਸਿਆਲਕੋਟ ਤੇ ਹਮਲਾ ਕਰਕੇ ਸ਼ਹਿਰ ਤਹਿਸ ਨਹਿਸ ਕਰ ਦਿੱਤਾ ਸੀ। ਬਾਦ ਵਿੱਚ ਫਿਰ ਓਸੇ ਦੇ ਗਵਰਨਰ ਰਾਜਾ ਮੀਨੰਦਰ ਨੇ ਸ਼ਹਿਰ ਨੂੰ ਅਬਾਦ ਕੀਤਾ ਤੇ ਰਾਜਧਾਨੀ ਬਣਾਇਆ ਸੀ। ਜਦੋਂ ਗੁਰੂ ਨਾਨਕ ਸਾਹਿਬ ਇਥੇ ਪਹੁੰਚੇ ਤਾਂ ਇਹ ਸ਼ਹਿਰ ਫਿਰ ਗਰਕ ਹੋਣ ਕਿਨਾਰੇ ਸੀ।

ਹਮਜਾ ਗੌਂਸ ਸ਼ਹਿਰ ਨੂੰ ਤਬਾਹ ਕਰਨ ਤੇ ਤੁਲਿਆ ਸੀ

- ਸ਼ਹਿਰ ਦੇ ਦੱਖਣ ਪਾਸੇ ਐਕ ਨਦੀ ਕਿਨਾਰੇ ਹਮਜ਼ਾ ਗੌਂਸ ਨਾਂ ਦਾ ਫਕੀਰ ਕਿਸੇ ਪੁਰਾਣੇ ਮਕਬਰੇ ਜਾਂ ਤਕੀਏ ਤੇ ਰਹਿੰਦਾ ਸੀ। ਜਦੋਂ ਗੁਰੂ ਸਾਹਿਬ ਨੇ ਸਿਆਲਕੋਟ ਚਰਨ ਪਾਏ ਸ਼ਹਿਰ ਦੇ ਲੋਕ ਸਹਿਮੇ ਹੋਏ ਸਨ। ਕਿਉਕਿ ਹਮਜਾ ਗੌਂਸ ਨਾਂ ਦਾ ਫਕੀਰ ਸ਼ਹਿਰ ਨੂੰ ਤਬਾਹ ਕਰਨ ਦੇ ਇਰਾਦੇ ਨਾਲ ਚਿੱਲੇ ਕਰ ਰਿਹਾ ਸੀ।

ਕਾਰਨ ਇਹ ਸੀ ਕਿ ਫਕੀਰ ਨੂੰ ਸ਼ਹਿਰ ਨਿਵਾਸੀਆਂ ਨਾਲ ਗੁੱਸਾ ਸੀ ਕਿ ਇਹ ਵਾਇਦਾ ਕਰਕੇ ਮੁੱਕਰ ਜਾਂਦੇ ਨੇ। ਪਹਿਲਾਂ ਵੀ ਫਕੀਰ ਨਾਲ ਕੋਈ ਇੱਕ ਅੱਧ ਵਾਰਦਾਤ ਹੋਈ ਸੀ ਪਰ ਇਸ ਵਾਲੀ ਤੇ ਫਕੀਰ ਨੂੰ ਜਿਆਦਾ ਹੀ ਗੁੱਸਾ ਆ ਗਿਆ।

ਹੋਇਆ ਇਸ ਤਰਾਂ ਕਿ ਸ਼ਹਿਰ ਦੇ ਇੱਕ ਅਮੀਰ ਹਿੰਦੂ ਵਪਾਰੀ ਹਰਿਜਸ ਵਡੇਹਰਾ ਖੱਤਰੀ ਦੇ ਘਰ ਔਲਾਦ ਨਹੀ ਸੀ। ਉਹ ਪੀਰ ਦੇ ਦਰ ਤੇ ਗਿੜ ਗਿੜਾਇਆ ਤੇ ਇਥੋਂ ਤੱਕ ਕਹਿ ਦਿੱਤਾ ਕਿ ਜੇ ਮੇਰੇ ਘਰ ਔਲਾਦ ਹੋ ਜਾਏ ਤਾਂ ਪਹਿਲਾ ਮੁੰਡਾ ਮੈ ਪੀਰ ਦੀ ਦਰਗਾਹ ਤੇ ਹੀ ਚੜਾ ਦਿਆਂਗਾ। ਪੀਰ ਨੇ ਉਹਦੇ ਘਰ ਓਲਾਦ ਹੋਣ ਵਾਸਤੇ ਦੁਆ ਕੀਤੀ। ਵਕਤ ਪਾ ਕੇ ਉਸ ਦੇ ਘਰ ਪੁੱਤਰ ਨੇ ਜਨਮ ਲਿਆ। ਜੰਮਦੇ ਬੱਚੇ ਨੂੰ ਉਹ ਪੀਰ ਦਾ ਅਸ਼ੀਰਵਾਦ ਦਿਵਾਉਣ ਲੈ ਕੇ ਆਇਆ। ਪੀਰ ਵੀ ਖੁਸ਼ ਹੋ ਗਿਆ। ਪਰ ਜਿਓ ਹੀ ਬੱਚਾ ਵੱਡਾ ਹੋਣਾ ਸ਼ੁਰੂ ਹੋਇਆ ਮਾਪਿਆਂ ਨੇ ਪੀਰ ਕੋਲ ਫੇਰਾ ਪਵਾਉਣਾ ਬੰਦ ਕਰ ਦਿੱਤਾ।

ਪੀਰ ਦੇ ਆਖਣ ਦੇ ਬਾਵਜੂਦ ਉਹ ਬੱਚੇ ਨੂੰ ਲੈ ਕੇ ਨਹੀ ਸਨ ਆਉਦੇ । ਇਸ ਤੇ ਪੀਰ ਨੂੰ ਬੜਾ ਗੁੱਸਾ ਚੜਿਆ ਤੇ ਉਸ ਨੇ ਢਿਡੋਰਾ ਪਿਟਵਾ ਦਿੱਤਾ ਕਿ ਉਹ 40 ਦਿਨ ਦਾ ਚਿੱਲਾ ਭੋਰੇ ਵਿੱਚ ਵੜ ਕੇ ਕੱਟਣ ਜਾ ਰਿਹਾ ਹੈ। ਚਿਲੇ ਅੱਗੇ ਕੰਧ ਕਢਵਾ ਲਈ ਕਿ ਮੈਂ 40 ਦਿਨ ਸੂਰਜ ਨਹੀ ਤਕਣਾ। ਸ਼ਹਿਰ ਵਾਸੀ ਇਸ ਗੱਲ ਤੇ ਸਹਿਮ ਗਏ।

ਭਾਣਾ ਕਰਤਾਰ ਦਾ। ਜਦੋਂ ਪੀਰ ਦੀ ਹੜਤਾਲ ਨੂੰ 30-35 ਦਿਨ

ਪੈਂਡਾ ਸਫਾ

ਪਸਰੂਰ ਦਿਓਕਾ -ਕੈਸਰ-26, ਬਰਵਾਲਾ-72
https://www.youtube.com/watch?v=Mdt6UcOLAkM
ਸੀਓਕਾ (ਛੋਟਾ ਨਨਕਾਣਾ)- ਕੈਸਰ 26, ਬਰਵਾਲਾ 73, ਦੀਦਾਰ-58,
ਫਤਹਿ ਭਿੰਡਰ:- ਬਰਵਾਲਾ-74, ਕੈਸਰ-31, ਦੀਦਾਰ- 59
ਸਾਹੋਵਾਲ- ਕੈਸਰ 25, ਬਰਵਾਲਾ 74, ਸੰਗ੍ਰਿਹ 23?

ਚਿਲ੍ਹਾ ਤੇ ਕਬਰ ਹਮਝਾ ਗੌਂਸ, ਸਿਆਲਕੋਟ। ਇਹਨਾਂ ਨੂੰ ਵੀ ਮੁਰੰਮਤ ਦੀ ਸਖਤ ਜਰੂਰਤ ਹੈ। ਸਾਨੂੰ ਨਹੀ ਲਗਦਾ ਕਿ ਇਸਲਾਮਿਕ ਸਟੇਟ ਪਾਕਿਸਤਾਨ ਇਸ ਅਸਥਾਨ ਦੀ ਮੁਰੰਮਤ ਕਰਵਾਏ। ਸੋ ਜਰੂਰਤ ਹੈ ਸਿੱਖ ਸੰਗਤਾਂ ਕੋਸ਼ਿਸ਼ ਕਰਕੇ ਇਹ ਯਾਦਗਾਰ ਵੀ ਬਚਾਈ ਰੱਖਣ।(ਫੋਟੋ: ਇਕਬਾਲ ਕੈਸਰ)

ਹੋ ਚੁੱਕੇ ਸਨ ਤਾਂ ਇਲਾਕੇ ਵਿੱਚ ਭੁਚਾਲ ਦਾ ਛੋਟਾ ਜਿਹਾ ਝਟਕਾ ਆਇਆ ਜਿਸ ਕਾਰਨ ਸ਼ਹਿਰ ਸਿਆਲਕੋਟ ਦੇ ਲੋਕ ਹੋਰ ਵੀ ਸਹਿਮ ਗਏ।

ਹਮਜਾ ਗੌਂਸ ਦੀ ਇਸ ਹੜਤਾਲ ਦਾ ਗੁਰੂ ਸਾਹਿਬ ਨੂੰ ਪਤਾ ਲੱਗਾ ਤਾਂ ਉਨਾਂ ਸਿਆਲਕੋਟ ਨੂੰ ਚਾਲੇ ਪਾਏ ਸਨ। ਹਮਜਾ ਗੌਂਸ ਦੇ ਤਕੀਏ ਤੋਂ ਥੋੜਾ ਹਟਵਾਂ ਗੁਰੂ ਸਾਹਿਬ ਤੇ ਮਰਦਾਨੇ ਇੱਕ ਬੇਰੀ ਥੱਲੇ ਆ ਡੇਰਾ ਜਮਾ ਲਿਆ।

ਗੁਰੂ ਸਾਹਿਬ ਦੇ ਹੁਕਮ ਮੁਤਾਬਿਕ ਮਰਦਾਨੇ ਨੇ ਜਾ ਪੀਰ ਦੇ ਤੱਕੀਏ ਤੇ ਆਵਾਜ ਮਾਰੀ "ਪੀਰ ਜੀ! ਬਾਹਰ ਆਓ ਤੁਹਾਨੂੰ ਮਿਲਣ ਰੱਬ ਦਾ ਪਿਆਰਾ ਆਇਆ ਹੈ। "

ਅੰਦਰੋਂ ਅਵਾਜ ਆਈ ਕਿ ਪੀਰ ਜੀ ਦਾ 40 ਦਿਨ ਦਾ ਚਿੱਲਾ ਚਲ ਰਿਹਾ ਹੈ ਉਹ ਬਾਹਰ ਨਹੀ ਨਿਕਲਣਗੇ ਜਿੰਨਾ ਚਿਰ ਸਿਆਲਕੋਟ ਸ਼ਹਿਰ ਤਬਾਹ ਨਹੀ ਹੋ ਜਾਂਦਾ। ਸੋ ਪੀਰ ਨੇ ਗੱਲ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ।

ਮਰਦਾਨੇ ਨੇ ਜਾ ਗੁਰੂ ਸਾਹਿਬ ਨੂੰ ਦੱਸਿਆ ਕਿ ਪੀਰ ਤਾਂ ਤਕੀਏ ਦੁਆਲੇ ਕੰਧਾਂ ਬਣਾਈ ਬੈਠਾ ਹੈ ਅਤੇ ਜਿੱਦ ਵਿੱਚ ਹੈ ਕਿ ਮੈਂ ਬਾਹਰ ਨਹੀ ਆਉਣਾ।

ਇਸ ਤੋਂ ਬਾਦ ਫਿਰ ਗੁਰੂ ਸਾਹਿਬ ਖੁਦ ਤਕੀਏ ਤੇ ਗਏ ਤੇ ਅਵਾਜ ਮਾਰੀ ਕਿ ਖੁਦਾ ਦਾ ਵਾਸਤਾ ਪੀਰ ਜੀ ਬਾਹਰ ਆਉ। ਪੀਰ ਨੇ ਐਤਕਾਂ ਨਿਰੀ ਨਾਂ ਹੀ ਨਹੀ ਕੀਤੀ ਸਗੋਂ ਰੁੱਖਾ ਵੀ ਬੋਲਿਆ।

ਗੁਰੂ ਸਾਹਿਬ ਅਵਾਜ ਲਾ ਕੇ ਤਕੀਏ ਤੋਂ ਪਰਤੇ ਹੀ ਸਨ ਕਿ ਤਕੀਏ ਦੀ ਕੰਧ ਡਿੱਗ ਪਈ। ਹਮਜਾ ਗੌਂਸ ਦੀ ਸੌਂਹ ਕਿ ਮੈਂ 40 ਦਿਨ ਸੂਰਜ ਨਹੀ ਵੇਖਣਾ, ਟੁੱਟ ਗਈ।

ਹਮਜਾ ਬਹੁਤ ਕਲਪਿਆ। ਪਰ ਨਾਲ ਹੀ ਉਨੂੰ ਅਹਿਸਾਸ ਹੋ ਗਇਆ ਕਿ ਇਹ ਤਾਂ ਸੱਚ ਮੁੱਚ ਹੀ ਰੱਬ ਦਾ ਕੋਈ ਪਿਆਰਾ ਹੈ ਜੋ ਸੈਨੂੰ ਅਵਾਜਾਂ ਲਾ ਰਿਹਾ ਸੀ।

ਪੀਰ ਪਹੁੰਚ ਗਇਆ ਗੁਰੂ ਸਾਹਿਬ ਕੋਲ। ਕਹਿਣ ਲੱਗਾ ਮੇਰੀ ਖੁਦਾ ਨਾਲ ਲਗਨ ਲੱਗੀ ਹੋਈ ਸੀ ਤੁਸਾਂ ਤੋੜ ਦਿੱਤੀ ਹੈ। ਮੈਨੂੰ ਪ੍ਰੇਸ਼ਾਨ ਕੀਤਾ ਹੈ ਤੁਸੀ। ਗੁਰੂ ਸਾਹਿਬ ਨੇ ਸਵਾਲ ਕੀਤਾ ਕਿਹੜੇ ਖੁਦਾ ਦੀ ਗੱਲ ਕਰ ਰਹੇ ਹੋ? ਪੀਰ ਨੂੰ ਹੋਰ ਗੁੱਸਾ ਆਇਆ ਤੇ ਕਹਿਣ ਲੱਗਾ ਉਹ ਖੁਦਾ ਜੋ ਸਾਰੀ ਕਾਇਨਾਤ ਦਾ ਮਾਲਕ ਹੈ ਤੇ ਤੇਰਾ (ਨਾਨਕ) ਵੀ ਮਾਲਕ ਹੈ। ਗੁਰੂ ਸਾਹਿਬ ਕਿਹਾ ਕਿ ਕੀ ਉਹ ਖੁਦਾ ਸਿਆਲਕੋਟ ਦੇ ਨਿਵਾਸੀਆਂ ਦਾ ਨਹੀ ਹੈ?

ਪੀਰ ਨੂੰ ਇੱਕ ਦਮ ਹੋਸ਼ ਆ ਗਈ। ਪੀਰ ਲਾਜਵਾਬ ਸੀ। ਅੱਗੇ ਕੁਝ ਵੀ ਕਹਿਣ ਦੀ ਜਰੂਰਤ ਨਾ ਪਈ। ਪੀਰ ਸਾਹਿਬ ਗੁਰੂ ਸਾਹਿਬ ਦੇ ਚਰਨਾਂ ਤੇ ਸੀ। ਫਿਰ ਵੀ ਦਲੀਲ ਮਾਤ੍ਰ ਕਹਿਣ ਲੱਗਾ ਕਿ ਸਿਆਲਕੋਟ ਦੇ ਲੋਕ ਅਹਿਸਾਨ ਫਰਾਮੋਸ਼ ਨੇ। ਖੁਦਾ ਬੁਰੇ ਬੰਦੇ ਨੂੰ ਸਜਾ ਦਿੰਦਾ ਹੈ।

ਗੁਰੂ ਸਾਹਿਬ ਨੇ ਸਵਾਲ ਕੀਤਾ ਕਿ ਕੀ ਸਾਰਾ ਸਿਆਲਕੋਟ ਹੀ ਬੇਈਮਾਨ ਲੋਕਾਂ ਦਾ ਹੈ? ਪੀਰ ਸਾਹਿਬ ਜਿੱਦ ਵਿੱਚ ਆਏ ਤੇ ਕਹਿਣ ਲੱਗੇ ਹਾਂ ਸਾਰੇ ਹੀ ਲੋਕ ਝੂਠੇ ਨੇ ,ਬੇਈਮਾਨ ਹਨ। ਗੁਰੂ ਸਾਹਿਬ ਨੇ ਕਿਹਾ ਚਲੋ ਹੁਣੇ ਦੇਖ ਲੈਂਨੇ ਆ।

ਗੁਰੂ ਜੀ ਨੇ ਮਰਦਾਨੇ ਨੂੰ ਦੋ ਟਕੇ ਦਿੱਤੇ ਤੇ ਕਿਹਾ ਕਿ ਬਾਜਾਰ ਵਿੱਚ ਜਾਓ ਤੇ ਹਰ ਦੁਕਾਨਦਾਰ ਨੂੰ ਕਹੋ ਕਿ ਮੈਨੂੰ ਟਕੇ ਦਾ ਝੂਠ ਤੇ ਟਕੇ ਦਾ ਸੱਚ ਦਿਓ। ਮਰਦਾਨਾ ਬਜਾਰ ਵਿੱਚ ਪਹੁੰਚਿਆ। ਜਿਵੇ ਇੱਕ ਦੋ ਦੁਕਾਨਾਂ ਤੇ ਗਇਆ ਤਾਂ ਓਥੇ ਹਾਸਾ ਪੈ ਗਿਆ। ਦੁਕਾਨਦਾਰ ਇਕੱਠੇ ਹੋ ਗਏ ਕਿ ਵੇਖੋ ਇਹ ਅਨੋਖਾ ਹੀ ਗਾਹਕ ਆਇਆ ਹੈ।

ਪਰ ਇਨਾਂ ਹਟਵਾਣੀਆਂ ਵਿੱਚ ਇੱਕ ਮੂਲਾ ਨਾਂ ਦਾ ਕਰਾੜ (ਬਾਣੀਆ) ਵੀ ਸੀ। ਉਸ ਨੇ ਮਰਦਾਨੇ ਕੋਲੋ ਦੋਵੇ ਟਕੇ ਲੈ ਲਏ ਤੇ ਇੱਕ ਪਰਚੀ ਤੇ ਲਿਖ ਦਿੱਤਾ: ਜੀਊਣਾ ਝੂਠ ਤੇ ਮਰਨਾ ਸੱਚ।

ਜਿਵੇ ਮਰਦਾਨਾ ਪਰਚੀ ਲੈ ਕੇ ਗੁਰੂ ਸਾਹਿਬ ਕੋਲ ਪਹੁੰਚਾ ਤਾਂ ਗੁਰੂ ਸਾਹਿਬ ਨੇ ਪਰਚੀ ਪੜ੍ਹ ਕੇ ਪੀਰ ਨੂੰ ਇਹ ਗੱਲ ਦੱਸੀ ਕਿ ਸਾਰਾ ਸ਼ਹਿਰ ਝੂਠਿਆਂ ਦਾ ਨਹੀ। ਕਈ ਰੱਬ ਨੂੰ ਮੰਨਣ ਵਾਲੇ ਬੰਦੇ ਵੀ ਹੁੰਦੇ ਨੇ,

ਗੁਰਦੁਆਰਾ ਬਾਓਲੀ ਸਾਹਿਬ। ਜਦੋਂ ਦੂਸਰੀ ਵਾਰੀ ਗੁਰੂ ਸਾਹਿਬ ਸਿਆਲਕੋਟ ਆਏ ਤਾਂ ਇਥੇ ਰੁਕੇ ਸਨ। ਇਥੇ ਹੀ ਮੂਲੇ ਕਰਾੜ ਦੀ ਲਾਸ਼ ਉਹਦੇ ਰਿਸ਼ਤੇਦਾਰ ਚੁੱਕ ਲਿਆਏ ਸਨ ਕਿ ਮੂਲੇ ਕੋਲੋਂ ਗਲਤੀ ਹੋ ਗਈ ਇਹਨੂੰ ਬਖਸ਼ ਦਿਓ।

ਗਿਆਨਵਾਨ ਬੰਦੇ ਵੀ ਹਰ ਸਮਾਜ ਵਿੱਚ ਹੁੰਦੇ ਨੇ ਤੇ ਝੂਠੇ ਫਰੇਬੀ ਵੀ ਹਰ ਥਾਂ। ਗੁਰੂ ਸਾਹਿਬ ਨੇ ਪੀਰ ਨੂੰ ਕੁਦਰਤ ਦੇ ਖੇਡ ਬਾਰੇ ਗਿਆਨ ਕਰਵਾਇਆ ਕਿ ਕੁਦਰਤ ਨੇ ਵੰਨਗੀ ਪੈਦਾ ਕੀਤੀ ਹੈ। ਬੁਰਾਈ ਤੋਂ ਹੀ ਸਾਨੂੰ ਚੰਗਿਆਈ ਦਾ ਪਤਾ ਲੱਗਦਾ ਹੈ। ਚੋਰ ਯਾਰ ਕੂੜਿਆਰ ਸਾਧੂ ਸੰਤ ਸਭ ਓਸੇ ਖੁਦਾ ਦੇ ਹੀ ਪੈਦਾ ਕੀਤੇ ਹੋਏ ਹਨ।:

ਅਸੰਖ ਜਪ ਅਸੰਖ ਭਾਉ ॥ ਅਸੰਖ ਪੂਜਾ ਅਸੰਖ ਤਪ ਤਾਉ ॥ ਅਸੰਖ ਗਰੰਥ ਮੁਖਿ ਵੇਦ ਪਾਠ ॥ ਅਸੰਖ ਜੋਗ ਮਨਿ ਰਹਹਿ ਉਦਾਸ ॥ ਅਸੰਖ ਭਗਤ ਗੁਣ ਗਿਆਨ ਵੀਚਾਰ ॥ ਅਸੰਖ ਸਤੀ ਅਸੰਖ ਦਾਤਾਰ ॥ ਅਸੰਖ ਸੂਰ ਮੁਹ ਭਖ ਸਾਰ ॥ ਅਸੰਖ ਮੋਨਿ ਲਿਵ ਲਾਇ ਤਾਰ ॥ ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੭॥

ਉਪਰੰਤ ਜਦੋਂ ਗੁਰੂ ਸਾਹਿਬ ਨੇ ਹੇਠਲੀ ਪਾਉੜੀ ਪੜੀ ਤਾਂ ਪੀਰ ਦੇ ਮੰਨ ਨੂੰ ਕੁਝ ਢਾਰਸ ਬੱਝੀ।

ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮਖੋਰ ॥ ਅਸੰਖ ਅਮਰ ਕਰਿ ਜਾਹਿ ਜੋਰ ॥ ਅਸੰਖ ਗਲਵਢ ਹਤਿਆ ਕਮਾਹਿ ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥ ਅਸੰਖ ਕੂੜਿਆਰ ਕੂੜੇ ਫਿਰਾਹਿ ॥ ਅਸੰਖ ਮਲੇਛ ਮਲੁ ਭਖਿ ਖਾਹਿ ॥ ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥ ਨਾਨਕੁ ਨੀਚੁ ਕਹੈ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥ ੧੮॥

ਪੀਰ ਵੀ ਗੁਰੂ ਸਾਹਿਬ ਦਾ ਮੁਰੀਦ ਹੀ ਬਣ ਗਿਆ।

ਜਿਸ ਬੇਰੀ ਥੱਲੇ ਗੁਰੂ ਸਾਹਿਬ ਬਿਰਾਜੇ ਸਨ ਉਹ ਅੱਜ ਤੱਕ ਮੌਜੂਦ ਹੈ ਤੇ ਓਥੇ ਬੜਾ ਖੂਬਸੂਰਤ ਗੁਰਦੁਆਰਾ ਸਾਹਿਬ ਵੀ ਮੌਜੂਦ ਹੀ ਜਿਸ ਦੀ ਮੁਰੰਮਤ ਕੁਝ ਸਮਾਂ ਪਹਿਲਾਂ ਹੀ ਪਾਕਿਸਤਾਨ ਦੀ ਸਰਕਾਰ ਨੇ ਕਰਵਾਈ ਹੈ।

ਇਥੇ 5-7 ਦਿਨ ਪ੍ਰਚਾਰ ਕਰਕੇ ਗੁਰੂ ਸਾਹਿਬ ਜੰਮੂ ਵਲ ਨੂੰ ਚਲਦੇ ਹੋਏ।

ਮੂਲਾ ਵੀ ਗੁਰੂ ਦਾ ਹੋ ਗਇਆ-

ਗੁਰੂ ਸਾਹਿਬ ਦੇ ਪ੍ਰਚਾਰ ਦਾ ਅਜਿਹਾ ਅਸਰ ਪਿਆ ਕਿ ਮੂਲਾ ਆਪਣੀ ਹੱਟੀ ਦੀ ਸੌਂਪਣਾ ਕਰਕੇ ਗੁਰੂ ਸਾਹਿਬ ਨਾਲ ਹੀ ਹੋ ਤੁਰਿਆ। ਗੁਰੂ ਸਾਹਿਬ ਨੇ ਉਨ੍ਹੂੰ ਬਥੇਰਾ ਮਨ੍ਹਾ ਕੀਤਾ ਸੀ। ਕੁਝ ਹੀ ਸਮੇਂ ਬਾਦ ਮੂਲੇ ਨੂੰ ਘਰ ਦੀ ਯਾਦ ਸਤਾਉਣ ਲੱਗ ਪਈ। ਆਪਣੀ ਮੰਗੇਤਰ ਨੂੰ ਯਾਦ ਕਰ ਕਰ ਕੇ ਅਥਰੂ ਵਹਾਉਣ ਲੱਗ ਪਿਆ। ਗੁਰੂ ਸਾਹਿਬ ਨੇ ਮੂਲੇ ਨੂੰ ਵਾਪਸ ਭੇਜ ਦਿੱਤਾ ਕਿ ਜਾ, ਜਾ ਕੇ ਵਿਆਹ ਕਰਵਾ ਲੈ। ਤੇਰੀ ਲਾੜੀ ਤੈਨੂੰ ਉਡੀਕਦੀ ਪਈ ਏ। ਸੋ ਮੂਲਾ ਪਹਾੜੀ ਇਲਾਕੇ ਦੀ ਸੈਰ ਵੇਲੇ ਨਾਲ ਸੀ। ਇਹਦੀ ਸਾਖੀ ਅੱਗੇ ਸਫਾ 456 ਤੇ ਵੇਖੋ।

ਗੁਰਦੁਆਰਾ ਸਾਹਿਬ ਬਾਬੇ ਦੀ ਬੇਰ। ਹਮਝਾ ਗੌਂਸ ਦਾ ਚਿੱਲ੍ਹਾ ਤੜਾਉਣ ਵੇਲੇ ਜਿਥੇ ਗੁਰੂ ਸਾਹਿਬ ਬਿਰਾਜੇ ਹੋਏ ਸਨ। ਓਥੇ ਦੀ ਉਸ ਵੇਲੇ ਦੀ ਬੇਰੀ ਅੱਜ ਵੀ ਮੌਜੂਦ ਹੈ। ਪਾਕਿਸਤਾਨ ਸਰਕਾਰ ਨੇ ਇਮਾਰਤ ਦੀ ਕਾਰ ਸੇਵਾ ਕਰਵਾਈ ਹੈ।

ਹਮਜਾ ਗੌਂਸ ਦੇ ਨਾਂ ਖਾਲਸਾ ਸਰਕਾਰ ਵੇਲੇ ਇੱਕ ਪਿੰਡ ਬੰਨਿਆ ਗਇਆ ਜੋ ਅੱਜ ਵੀ ਫਲ ਫੁੱਲ ਰਿਹਾ ਹੈ।

ਹਰਜਸ ਵਢੇਹਰਾ ਦਾ ਜਿਹੜਾ ਮੁੰਡਾ ਪੀਰ ਦੀ ਦੁਆ ਨਾਲ ਪੈਦਾ ਹੋਇਆ ਸੀ, ਵਫਾਦਾਰੀ ਨਿਭਾਉਦੇ ਹੋਏ ਮਾਪਿਆਂ ਨੇ ਉਹਨੂੰ ਮੁਸਲਮਾਨ ਬਣਾ ਦਿੱਤਾ ਜਿਸ ਦੀ ਮੁਸਲਮਾਨ ਔਲਾਦ ਅੱਜ ਵੀ ਸਿਆਲਕੋਟ ਵਿੱਚ ਹੈ। ਹਰਜਸ ਦੇ ਹੋਰ ਵੀ ਔਲਾਦ ਹੋਈ ਜੋ ਹਿੰਦੂ ਹੀ ਰਹੀ ਤੇ 1932 ਈ. ਵਿੱਚ ਇਹਨਾਂ ਦਾ ਟੱਬਰ ਵੀ ਕਾਫੀ ਫੈਲ ਚੁੱਕਾ ਸੀ ਤੇ ਸਿਆਲਕੋਟ ਵਿੱਚ ਵਢੇਹਰਿਆਂ ਦੀ ਗੱਲ ਇਸ ਪ੍ਰਵਾਰ ਦੀ ਹੀ ਸੀ। 1947 ਦੀ ਵੰਡ ਤੋਂ ਬਾਦ ਇਹ ਕਿਥੇ ਬੈਠੇ, ਕੋਈ ਪਤਾ ਨਹੀ।

ਬਾਕੀ ਮੂਲੇ ਕਰਾੜ ਦੇ ਅਜੇ ਕੋਈ ਔਲਾਦ ਨਹੀ ਸੀ ਹੋਈ ਜਿਸ ਕਰਕੇ ਉਹਦੇ ਜਾਨਸ਼ੀਨ ਨਹੀ ਹਨ।

ਗੁਰਦੁਆਰਾ ਬੇਰ ਸਾਹਿਬ ਦੀ ਕਾਰ ਸੇਵਾ ਜਥੇਦਾਰ ਨੱਥਾ ਸਿੰਘ ਮਿਸਲ ਸ਼ਹੀਦਾਂ ਨੇ ਕਰਵਾਈ ਸੀ। ਸਿੱਖ ਰਾਜ ਵੇਲੇ ਕਈ ਪਿੰਡਾਂ ਦੀ ਜਗੀਰ ਵੀ ਗੁਰਦੁਆਰਾ ਸਾਹਿਬ ਦੇ ਨਾਂ ਲਾਈ ਗਈ। ਜਥੇਦਾਰ ਨੱਥਾ ਸਿੰਘ ਦਾ ਇੰਤਕਾਲ 1817 ਈ. ਹੋਇਆ ਅਤੇ ਉਨਾਂ ਦੀ ਯਾਦ ਵਿੱਚ ਵੀ ਸਿਆਲਕੋਟ ਵਿਖੇ ਗੁਰਦੁਆਰਾ ਹੁੰਦਾ ਸੀ।

ਸਿਆਲਕੋਟ ਇਲਾਕੇ ਵਿਚ ਅੱਜ ਵੀ ਮਕਬੂਲ ਹੈ, ਪੂਰਨ ਭਗਤ ਦਾ ਖੂਹ।

ਜੰਮੂ ਦੇ ਰਾਹ ਤੋਂ ਥੋੜਾ ਜਿਹਾ ਪਾਸੇ ਜਾ ਕੇ ਮਤਲਬ ਚਪਰਾੜ ਰੋਡ ਤੇ **ਪਿੰਡ ਤਿਲਕਪੁਰ** ਤੇ ਕਾਨਪੁਰ ਹਨ। (ਸਿਆਲਕੋਟ ਤੋਂ 15 ਕਿ. ਮੀ. ਚੜ੍ਹਦਾ ਪਹਾੜ ਪਾਸੇ) ਇਥੇ ਤਿਲਕਪੁਰ ਵਿਖੇ ਗੁਰੂ ਸਾਹਿਬ ਦੇ ਬਿਰਾਜਣ ਦੀ ਯਾਦਗਾਰ ਵਜੋਂ ਗੁਰਦੁਆਰਾ ਨਾਨਕਸਰ ਸਾਹਿਬ ਮੌਜੂਦ ਹੈ। ਹਾਲਾਂ ਹੁਣ ਗੁਰਦੁਆਰਾ ਸਾਹਿਬ ਦੇ

ਖੰਡਰਾਤ ਹੀ ਬਚੇ ਹਨ। ਪਤਾ ਲੱਗਾ ਹੈ ਕਿ ਅਸਥਾਨ ਦੀ ਜਮੀਨ ਤੇ ਲੋਕਾਂ ਨੇ ਕਬਜੇ ਕਰ ਲਏ ਨੇ ਤੇ ਆਪਸ ਵਿੱਚ ਓਨਾਂ ਦੇ ਮੁਕੱਦਮੇ ਵੀ ਚਲ ਰਹੇ ਨੇ।***** ਹੋ ਸਕਦੈ ਇਥੇ ਵੀ ਜੋਗੀਆਂ ਦਾ ਕੋਈ ਮਹੱਤਵਪੂਰਨ ਅਸਥਾਨ ਰਿਹਾ ਹੋਵੇਗਾ ਜਿਹੜਾ ਗੁਰੂ ਸਾਹਿਬ ਇਥੇ ਆਏ। ਜਾ ਕੋਈ ਵੱਡਾ ਮੰਦਰ ਆਦਿ ਹੋਵੇਗਾ। ਕਿਓਂਕਿ ਲਹੌਰ ਪਾਸਿਓ ਜਦੋਂ ਹਿੰਦੂ ਸ਼ਰਧਾਲੂ ਵੈਸ਼ਨੋਦੇਵੀ ਦੇ ਦਰਸ਼ਨਾਂ ਨੂੰ ਜਾਂਦੇ ਸਨ ਤਾਂ ਇਹ ਪਿੰਡ ਲੱਗਪਗ ਰਸਤੇ ਵਿੱਚ ਹੀ ਪੈਂਦੇ ਸਨ। ਇਹ ਪਿੰਡ ਹਿੰਦ-ਪਾਕ ਸਰਹੱਦ ਤੋਂ ਕੇਵਲ ਦੋ ਕਿ.ਮੀ ਹੈ। ਸਾਹਮਣੇ ਰਣਬੀਰ ਸਿੰਘ ਪੁਰਾ ਸੈਕਟਰ ਪੈਂਦਾ ਹੈ।

ਬਚੇ ਖੁਚੇ ਖੰਡਰ ਗੁਰਦੁਆਰਾ ਤਿਲਕ ਪੁਰ

—◈—

ਜੰਮੂ ਵਿੱਚ ਬਾਬਾ ਨਾਨਕ

ਤਿਲਕਪੁਰ- ਕਾਨਪੁਰ ਤੋਂ 30 ਕਿ.ਮੀ. ਦਾ ਪੈਡਾ ਕਰਕੇ ਗੁਰੂ ਸਾਹਿਬ ਜੰਮੂ ਪਹੁੰਚੇ।

ਜੰਮੂ ਵੀ ਕਾਫੀ ਪੁਰਾਣਾ ਸ਼ਹਿਰ ਗਿਣਿਆ ਜਾਂਦਾ ਹੈ। ਕਿਉਕਿ ਇਥੇ ਮੰਦਰਾਂ ਦੀ ਭਰਮਾਰ ਹੁੰਦੀ ਸੀ ਇਸ ਕਰਕੇ ਇਨੂੰ ਮੰਦਰਾਂ ਦਾ ਸ਼ਹਿਰ ਵੀ ਗਿਣਿਆ ਜਾਂਦਾ ਸੀ। ਜੰਮੂ ਅਤੇ ਨੇੜੇ ਤੇੜੇ ਦੇ ਹੋਰ ਡੁੱਗਰ ਇਲਾਕੇ ਵਿੱਚ ਗੁਰੂ ਸਾਹਿਬ ਖੂਬ ਫਿਰੇ ਤੇ ਲੋਕਾਂ ਨੂੰ ਨਾਮ ਨਾਲ ਜੋੜਿਆ। ਅਨੇਕਾਂ ਬ੍ਰਾਹਮਣ ਪਰਿਵਾਰ ਵੀ ਸਿੱਖੀ ਲਈ ਸ਼ਰਧਾ ਰੱਖਦੇ ਸਨ। ਪਰ 1849 ਈ ਵਿੱਚ ਜਦੋਂ ਅੰਗਰੇਜਾਂ ਨੇ ਖਾਲਸਾ ਰਾਜ ਤੇ ਕਬਜਾ ਕਰ ਲਿਆ ਤਾਂ ਓਦੋ ਇਸ ਇਲਾਕੇ ਦੇ ਡੋਗਰੇ ਰਾਜਾ ਧਿਆਨ ਸਿੰਘ, ਹੀਰਾ ਸਿੰਘ, ਗੁਲਾਬ ਸਿੰਘ ਹੁਰੀ ਮਹਾਰਾਜਾ ਰਣਜੀਤ ਸਿੰਘ ਦੇ ਵਿਸ਼ਵਾਸ਼ਪਾਤਰ ਸਨ। ਧਿਆਨ ਸਿੰਘ ਤਾਂ ਪ੍ਰਧਾਨ ਮੰਤਰੀ ਸੀ। ਹੀਰਾ ਸਿੰਘ ਨੂੰ ਮਹਾਰਾਜਾ ਬਹੁਤ ਅਕਲਮੰਦ ਸਮਝਦਾ ਸੀ। ਬਾਦ ਵਿੱਚ ਸਾਬਤ ਹੋ ਗਇਆ ਡੋਗਰਿਆਂ ਦਾ ਇਹ ਟੱਬਰ ਅੰਦਰਖਾਤੇ ਅੰਗਰੇਜਾਂ ਨੂੰ ਸਿੱਖ ਦਰਬਾਰ ਬਾਰੇ ਸੂਹ ਵੀ ਦਿਆ ਕਰਦਾ ਸੀ। ਖਾਲਸਾ ਰਾਜ ਦਾ ਖਾਤਮਾ ਹੋ ਗਇਆ ਅਤੇ ਡੋਗਰਿਆਂ ਨੂੰ ਇਨਾਮ ਵਜੋਂ ਜੰਮੂ ਕਸ਼ਮੀਰ ਦਾ ਇਲਾਕਾ ਅੰਗਰੇਜਾਂ ਨੇ ਦੇ ਦਿੱਤਾ। ਰਾਜਾ ਗੁਲਾਬ ਸਿੰਘ ਫਿਰ ਕੁਝ ਈਰਖਾਲੂ ਬ੍ਰਾਹਮਣਾਂ ਦੇ ਕਹੇ ਖਾਲਸਾ ਰਾਜ ਦੀ ਮੁਖਾਲਫਤ ਕਰਦਿਆਂ ਕਰਦਿਆਂ ਸਿੱਧਾ ਸਿੱਖ ਧਰਮ ਦੀ ਵਿਰੋਧਤਾ ਤੇ ਹੀ ਆ ਗਇਆ। ਕਿਉਕਿ ਇਸ ਪਰਿਵਾਰ ਨੇ ਜਿਹੜਾ ਦੇਸ਼-ਧ੍ਰੋਹ ਕੀਤਾ ਸੀ ਉਹਦੀ ਵਕਾਲਤ ਕਰਦਿਆਂ ਉਸ ਨੇ ਇਹ ਸਾਬਤ ਕਰਨਾਂ ਸ਼ੁਰੂ ਕਰ ਦਿੱਤਾ ਕਿ ਉਹ ਸਿੱਖੀ ਦੇ ਖਿਲਾਫ ਸਨ ਜਿਸ ਕਰਕੇ ਉਹਨਾਂ ਇਹ ਕਰਤੂਤ ਕੀਤੀ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਡੁੱਗਰ ਇਲਾਕੇ ਵਿਚ ਸਿੱਖੀ ਖਿਲਾਫ ਹੀ ਨਫਰਤ ਖੜੀ ਕਰ ਦਿੱਤੀ ਗਈ।

ਗੁਫਾ ਪੀਰ ਖੋ, ਜਾਮਵੰਤ। ਜੰਮੂ। ਇਥੇ ਗੁਰੂ ਸਾਹਿਬ ਦਾ ਆਉਣਾ ਤਸਦੀਕ ਹੁੰਦਾ ਹੈ।

ਫਿਰ ਵੀ ਸਿੱਖੀ ਬਾਬਤ ਸ਼ਰਧਾ ਦੇ ਖੰਡਰਾਤ ਕਿਤੇ ਕਿਤੇ ਦੁਰਗਮ ਪਹਾੜੀ ਇਲਾਕਿਆਂ ਵਿਚ ਅਖੋਤੀ ਨੀਵੀ ਅਤੇ ਪਛੜੀਆਂ ਜਾਤਾਂ ਵਿਚ ਮਿਲਦੇ ਹਨ। ਪਰ ਬਦਕਿਸਮਤੀ ਨਾਲ ਸਿੱਖ ਪ੍ਰਚਾਰਕ ਉਹਨਾਂ ਤਕ ਪਹੁੰਚ ਬਣਾਉਣ ਵਿਚ ਅਸਫਲ ਰਹੇ ਹਨ।

ਜੰਮੂ ਦੀ ਯਾਤਰਾ ਵੇਲੇ ਗੁਰੂ ਸਾਹਿਬ ਸ਼ਹਿਰ ਦੇ ਸਾਰੇ ਮੰਦਰਾਂ ਵਿੱਚ ਗਏ ਤੇ ਬ੍ਰਾਹਮਣਾਂ ਨੂੰ ਦੇਵੀ ਦੇਵਤਿਆਂ ਦੀ ਨਿਰਾਰਥਕ ਪੂਜਾ ਤੋਂ ਵਰਜ ਕੇ ਇੱਕ ਨਿਰੰਕਾਰ ਭਗਵਾਨ ਦੇ ਲੜ ਲਾਉਣਾ ਚਾਹਿਆ।

ਗੁਰੂ ਸਾਹਿਬ ਦਾ ਜਾਮਵੰਤ ਦੀ ਗੁਫਾ ਜਾਣਾ ਵੀ ਲਿਖਿਆ ਮਿਲਦਾ ਹੈ। ਇਹ ਤਵੀ ਦਰਿਆ ਦੇ ਕੰਢੇ ਹੈ। ਇਸ ਮੰਦਰ ਦਾ ਨਾਂ 18 ਵੀ ਸਦੀ (?) ਵਿੱਚ ਹੋਏ ਪੀਰ ਖੋ ਦੀ ਗੁਫਾ ਕਰਕੇ ਜਿਆਦਾ ਪ੍ਰਸਿੱਧ ਹੈ। ਪੀਰ ਖੋ ਵੀ ਕੋਈ ਜੋਗੀ ਸੀ।

ਰਮਾਇਣ ਦੀ ਕਥਾ ਮੁਤਾਬਿਕ ਜਾਮਵੰਤ, ਭਗਵਾਨ ਰਾਮ ਦਾ ਸੈਨਾਪਤੀ ਸੀ। ਜਦੋਂ ਰਾਵਣ ਹਾਰ ਗਇਆ ਤੇ ਅਮਨ ਸ਼ਾਂਤੀ ਹੋ ਗਈ ਤਾਂ ਜਾਮਵੰਤ ਨੇ ਭਗਵਾਨ ਰਾਮ ਨੂੰ ਕਿਹਾ ਕਿ ਭਗਵਾਨ ਮੈਨੂੰ ਤਾਂ ਯੁੱਧਕਲ੍ਹਾ ਦੇ ਜੌਹਰ ਵਿਖਾਉਣ ਦਾ ਮੌਕਾ ਹੀ ਨਹੀ ਤੁਸਾਂ ਦਿੱਤਾ। ਸਾਰੀ ਲੜਾਈ ਤੁਸੀ ਆਪ ਹੀ ਅਗਵਾਈ ਕਰੀ ਗਏ ਹੋ। ਕਥਾ 'ਚ ਦਸਦੇ ਨੇ ਕਿ ਭਗਵਾਨ ਨੇ ਜਾਮਵੰਤ ਨੂੰ ਕਿਹਾ ਕਿ ਤੂੰ ਏਥੇ (ਮਤਲਬ ਜੰਮੂ ਦੀ ਗੁਫਾ ਵਿਖੇ) ਤਪੱਸਿਆ ਕਰੀ ਜਾਓ ਤ੍ਰੇਤੇ ਯੁਗ ਵਿੱਚ ਆ ਕੇ ਅਸੀ ਕ੍ਰਿਸ਼ਨ ਦੇ ਰੂਪ ਵਿੱਚ ਤੇਰੇ ਨਾਲ ਯੁਧ ਕਰਾਂਗੇ। ਕਿਤੇ ਕਥਾ ਵਿੱਚ ਜਾਮਵੰਤ ਨੂੰ ਰਿੱਛ ਵੀ ਦੱਸਿਆਂ ਗਇਆ ਹੈ।

ਕਿਉਕਿ ਇਹ ਵੀ ਜੋਗੀਆਂ ਦਾ ਹੀ ਮੱਠ ਸੀ ਇਸ ਤੋਂ ਸਾਬਤ ਹੁੰਦਾ ਹੈ ਕਿ ਮੂਲ ਵਿੱਚ ਇਹ ਵੀ ਬੋਧੀ ਸਥਾਨ ਹੀ ਸੀ। ਗੁਰੂ ਸਾਹਿਬ ਜਦੋਂ ਇਥੇ ਆਏ ਜੋਗੀਆਂ ਦਾ ਟੋਲਾ ਇਥੇ ਨਿਵਾਸ

ਪੈੜ ਸਫਾ

ਸਿਆਲਕੋਟ (ਬੇਰ ਸ ਬਾਉਲੀ ਸ)- ਬਰਵਾਲਾ -72, ਕੈਸਰ-24, ਬਰਵਾਲਾ-74, ਸੰਗ੍ਰਿਹ 22, 23, ਦੀਦਾਰ -56, ਸਰਨਾ-77 । **ਤਿਲਕ ਪੁਰ–** ਬਰਵਾਲਾ 74, ਕੈਸਰ-22 ।**ਜੰਮੂ –**ਸਰਨਾ 197, **ਮਨਕੋਟ-** ਗਿਆਨੀ 223, **ਹਮਜਾ ਗੌਂਸ-** ਸਾਈਕਲ ਯਾਤਰੀ-554, **ਪਿੰਗਰ** -ਗਿਆਨੀ 222 ਗੁਫਾ ਵੇਖੀ।(ਭੰਬਲਭੂਸਾ : ਹੋ ਸਕਦਾ ਗੱਲ ਪਾਂਗੀ ਘਾਟੀ ਦੀ ਹੋਵੇ)

ਬਾਬੇ ਦੀ ਬੇਰ ਸਿਆਲਕੋਟ– ਬੇਰੀ ਦਾ ਦਰਖਤ ਅੱਜ ਵੀ ਮੌਜੂਦ ਹੈ। ਹਾਲਾਂ ਕੁਝ ਸਾਲ ਪਹਿਲਾਂ ਇਥੇ ਮੁਤੱਸਵੀਆਂ ਨੇ ਇੱਕ ਮੁਸਲਮਾਨ ਫਕੀਰ ਨੂੰ ਨੇੜੇ ਦਫਨਾਅ ਦਿੱਤਾ ਸੀ। ਮੌਜੂਦਾ ਇਮਾਰਤ ਜਿਸ ਦੀ ਸੇਵਾ ਥੋੜਾ ਚਿਰ ਪਹਿਲਾਂ ਹੀ ਹੋਈ ਉਹ ਸ਼ਹੀਦ ਨੱਥਾ ਸਿੰਘ ਦੀ ਬਣਵਾਈ ਹੋਈ ਹੈ। ਇਸੇ ਗੁਰਦੁਆਰਾ ਸਾਹਿਬ ਵਿੱਚ ਰਹਿ ਕੇ ਗਿਆਨੀ ਗਿਆਨ ਸਿੰਘ ਨੇ ਤਵਾਰੀਖ ਗੁਰੂ ਖਾਲਸਾ ਲਿਖੀ ਸੀ। ਸਹੀਦ ਨੱਥਾ ਸਿੰਘ ਦੀ ਸਮਾਧ ਤੇ ਸਰੋਵਰ ਵੀ ਹੈ।

ਕਈ ਲਿਖਾਰੀਆਂ ਦਾ ਵਿਚਾਰ ਹੈ ਕਿ ਸਿਆਲਕੋਟ ਦੀ ਯਾਤਰਾ ਗੁਰੂ ਸਾਹਿਬ ਨੇ ਮੱਕੇ ਵਾਲੀ ਉਦਾਸੀ ਤੋਂ ਬਾਦ ਕੀਤੀ ਸੀ। ਪਰ ਜੇ ਸਥਾਨਕ ਪ੍ਰੰਪਰਾ ਨੂੰ ਗਹੁ ਨਾਲ ਵੀਚਾਰੀਏ ਤਾਂ ਪਤਾ ਲੱਗਦਾ ਹੈ ਕਿ ਇਸ ਪਾਸੇ ਦੀ ਯਾਤਰਾ ਵੇਲੇ ਮਰਦਾਨਾ ਨਾਲ ਸੀ। ਮਰਦਾਨੇ ਨੂੰ ਟਕੇ ਦਾ ਸੱਚ ਤੇ ਝੂਠ ਖਰੀਦਣ ਬਜਾਰ ਭੇਜਿਆ ਸੀ।



ਜੰਮੂ ਵਿਖੇ ਗੁਰੂ ਨਾਨਕ ਸਾਹਿਬ ਯਾਦਗਾਰੀ ਗੁਰਦੁਆਰਾ। ਸਾਈਕਲ ਯਾਤਰੀ ਅਨੁਸਾਰ ਸਿੱਖਾਂ ਨੇ ਡੋਗਰਾ ਰਾਜਾ ਹਰੀ ਸਿੰਘ ਨੂੰ ਅਰਜੀ ਦਿੱਤੀ ਸੀ ਕਿ ਸਾਨੂੰ ਜਾਮਵੰਤ ਗੁਫਾ ਨੇੜੇ ਗੁਰਦੁਆਰਾ ਸਾਹਿਬ ਬਣਾਉਣ ਵਾਸਤੇ ਥਾਂ ਦਿੱਤੀ ਜਾਵੇ। ਉਸ ਨੇ ਕਿਹਾ ਕਿ ਹੋਰ ਕੋਈ ਵੀ ਖਾਲੀ ਥਾਂ ਲੱਭ ਲਵੋ, ਜਮੀਨ ਅਲਾਟ ਹੋ ਜਾਵੇਗੀ। ਇਸ ਕਰਕੇ ਇਹ ਗੁਰਦੁਆਰਾ ਸਾਹਿਬ ਦੀ ਯਾਦਗਾਰ ਵਿਚ ਹੈ। ਜੰਮੂ ਵਿਖੇ ਹੀ ਪੰਚਾਇਤੀ ਗੁਰਦੁਆਰੇ ਵਿਚ ਮਹਾਰਾਜਾ ਪ੍ਰਤਾਪ ਸਿੰਘ ਨੇ ਗੁਰੂ ਸਾਹਿਬ ਦੀ 3 ਫੁੱਟ ਉਚੀ ਸੰਗਮਰਮਰ ਦੀ ਮੂਰਤੀ ਲਵਾਈ ਹੋਈ ਹੈ। ਸਿੰਘ ਸਭਾ ਲਹਿਰ ਵੇਲੇ ਇਸ ਮੂਰਤੀ ਵਲ ਕਿਸੇ ਦਾ ਧਿਆਨ ਨਹੀ ਸੀ ਗਇਆ ਜਿਸ ਕਰਕੇ ਅੱਜ ਵੀ ਬਚੀ ਹੋਈ ਹੈ।

ਕਰਦਾ ਸੀ। ਜੋਗੀਆਂ ਨਾਲ ਜਦੋਂ ਸਾਹਿਬ ਦੀ ਚਰਚਾ ਹੋਈ ਤਾਂ ਉਸ ਵਕਤ ਗੁਰੂ ਸਾਹਿਬ ਨੇ ਸ਼ਬਦ ਉਚਾਰਿਆ:-

ਰਾਮਕਲੀ ਮਹਲਾ ੧ ॥ ਜਗੁ ਪਰਬੋਧਹਿ ਮੜੀ ਬਧਾਵਹਿ ॥ ਆਸਣੁ ਤਿਆਗਿ ਕਾਹੇ ਸਚੁ ਪਾਵਹਿ ॥ ਮਮਤਾ ਮੋਹੁ ਕਾਮਣਿ ਹਿਤਕਾਰੀ ॥ ਨਾ ਅਉਧੂਤੀ ਨਾ ਸੰਸਾਰੀ ॥੧॥ ਜੋਗੀ ਬੈਸਿ ਰਹਹੁ ਦੁਬਿਧਾ ਦੁਖੁ ਭਾਗੈ ॥ ਘਰਿ ਘਰਿ ਮਾਗਤ ਲਾਜ ਨ ਲਾਗੈ ॥੧॥ ਰਹਾਉ ॥ ਗਾਵਹਿ ਗੀਤ ਨ ਚੀਨਹਿ ਆਪੁ ॥ ਕਿਉ ਲਾਗੀ ਨਿਵਰੈ ਪਰਤਾਪੁ ॥ ਗੁਰ ਕੈ ਸਬਦਿ ਰਚੈ ਮਨ ਭਾਇ ॥ ਭਿਖਿਆ ਸਹਜ ਵੀਚਾਰੀ ਖਾਇ ॥੨॥ ਭਸਮ ਚੜਾਇ ਕਰਹਿ ਪਾਖੰਡੁ ॥ ਮਾਇਆ ਮੋਹਿ ਸਹਹਿ ਜਮ ਡੰਡੁ ॥ ਫੂਟੈ ਖਪਰੁ ਭੀਖ ਨ ਭਾਇ ॥ ਬੰਧਨਿ ਬਾਧਿਆ ਆਵੈ ਜਾਇ ॥੩॥ ਬਿੰਦੁ ਨ ਰਾਖਹਿ ਜਤੀ ਕਹਾਵਹਿ ॥ ਮਾਈ ਮਾਗਤ ਤ੍ਰੈ ਲੋਭਾਵਹਿ ॥ ਨਿਰਦਇਆ ਨਹੀ ਜੋਤਿ ਉਜਾਲਾ ॥ ਬੂਡਤ ਬੂਡੇ ਸਰਬ ਜੰਜਾਲਾ ॥੪॥ ਭੇਖ ਕਰਹਿ ਖਿੰਥਾ ਬਹੁ ਥਟੂਆ ॥ ਝੂਠੇ ਖੇਲੁ ਖੇਲੈ ਬਹੁ ਨਟੂਆ ॥ ਅੰਤਰਿ ਅਗਨਿ ਚਿੰਤਾ ਬਹੁ ਜਾਰੇ ॥ ਵਿਣੁ ਕਰਮਾ ਕੈਸੇ ਉਤਰਸਿ ਪਾਰੇ ॥੫॥ ਮੁੰਦ੍ਰਾ ਫਟਕ ਬਨਾਈ ਕਾਨਿ ॥ ਮੁਕਤਿ ਨਹੀ ਬਿਦਿਆ ਬਿਗਿਆਨਿ ॥ ਜਿਹਵਾ ਇੰਦ੍ਰੀ ਸਾਦਿ ਲੋਭਾਨਾ ॥ ਪਸੂ ਭਏ ਨਹੀ ਮਿਟੈ ਨੀਸਾਨਾ ॥੬॥ ਤ੍ਰਿਬਿਧਿ ਲੋਗਾ ਤ੍ਰਿਬਿਧਿ ਜੋਗਾ ॥ ਸਬਦੁ ਵੀਚਾਰੈ ਚੂਕਸਿ ਸੋਗਾ ॥ ਊਜਲੁ ਸਾਚੁ ਸੁ ਸਬਦੁ ਹੋਇ ॥ ਜੋਗੀ ਜੁਗਤਿ ਵੀਚਾਰੇ ਸੋਇ ॥੭॥ ਤੁਝ ਪਹਿ ਨਉ ਨਿਧਿ ਤੂ ਕਰਣੈ ਜੋਗੁ ॥ ਥਾਪਿ ਉਥਾਪੇ ਕਰੇ ਸੁ ਹੋਗੁ ॥ ਜਤੁ ਸਤੁ ਸੰਜਮੁ ਸਚੁ ਸੁਚੀਤੁ ॥ ਨਾਨਕ ਜੋਗੀ ਤ੍ਰਿਭਵਣ ਮੀਤੁ ॥੮॥੨॥

ਭਾਈ ਮਨੀ ਸਿੰਘ ਨੇ ਸਥਾਨਕ ਰਾਜੇ ਦਾ ਗੁਰੂ ਸਾਹਿਬ ਨਾਲ ਮਿਲਾਪ ਹੋਣਾ ਵੀ ਲਿਖਿਆ ਹੈ। ਇਤਹਾਸ ਫੋਲੀਏ ਤਾਂ ਪਤਾ ਲੱਗਦਾ ਹੈ ਓਦੋਂ ਜੰਮੂ ਦਾ ਰਾਜਾ ਘੋਗੜ ਦੇਵ ਸੀ। ਜੋ ਰਾਜਾ ਕਪੂਰ ਦੇਵ ਦਾ ਪਿਤਾ ਸੀ। ਘੋਗੜ ਕਿਉਕਿ ਪਹਾੜੀ ਕਾਂ ਦੀ ਇੱਕ ਜਾਤੀ ਹੈ ਇਸ ਕਰਕੇ ਜੰਮੂ ਨਾਲ ਸਬੰਧਤ ਸਾਖੀਆਂ ਨੂੰ ਕਾਗ ਭਸੁੰਡ (ਕਾਂ) ਦੀਆਂ ਸਾਖੀਆਂ ਕਰਕੇ ਮਸ਼ਹੂਰ ਹਨ।

ਰਾਜਾ ਘੋਗੜ ਦੇਵ ਭੇਸ ਬਦਲ ਕੇ ਕਥਾ ਸੁਣਨ ਆਇਆ।

ਜੰਮੂ ਵਿੱਚ ਸ਼ਾਮੀ ਜਦੋਂ ਗੁਰੂ ਸਾਹਿਬ ਨੇ ਦੀਵਾਨ ਲਾਇਆ ਤਾਂ ਰਾਜਾ ਘੋਗੜ ਦੇਵ ਭੇਸ ਬਦਲ ਕੇ ਗੁਰੂ ਸਾਹਿਬ ਦੀ ਕਥਾ ਤੇ ਕੀਰਤਨ ਸੁਣਦਾ ਰਿਹਾ। ਦੀਵਾਨ ਵਿੱਚ ਹੋਰ ਸਾਧੂ ਸੰਤਾਂ ਜੋਗੀਆਂ ਨੇ ਵੀ ਵਖਿਆਨ ਦਿੱਤੇ ਸਨ। ਰਾਜਾ ਰਸਭਿੰਨੇ ਕੀਰਤਨ ਤੋਂ ਬਹੁਤ ਪ੍ਰਭਾਵਤ ਹੋਇਆ। ਅਖੀਰ ਉਸ ਕੋਲੋਂ ਰਿਹਾ ਨਾਂ ਗਇਆ ਤਾਂ ਉਹ ਮਰਦਾਨੇ ਤੱਕ ਗਇਆ ਤੇ ਪੁੱਛ ਹੀ ਲਿਆ ਕਿ ਇਹ ਕਿਸ ਕਵੀਸ਼ਰ ਦੀ ਕਵਿਤਾ ਤੁਸਾਂ ਗਾਈ ਹੈ। ਅੱਗੋ ਮਰਦਾਨੇ ਨੇ ਕਿਹਾ ਕਿ ਗੁਰੂ ਨਾਨਕ ਦੀ। ਨਾਲ ਹੀ ਮਰਦਾਨੇ ਨੇ ਇਸ਼ਾਰਾ ਦਿੱਤਾ ਕਿ ਆਹ ਮੇਰੇ ਨਾਲ ਖੁੱਦ ਗੁਰੂ ਨਾਨਕ ਸਾਹਿਬ ਹੀ ਹਨ। ਰਾਜੇ ਨੇ ਗੁਰੂ ਸਾਹਿਬ ਦੀ ਉਪਮਾ ਪਹਿਲਾਂ ਹੀ ਸੁਣ ਰੱਖੀ ਸੀ। ਉਹ ਝੱਟ ਗੁਰੂ ਸਾਹਿਬ ਦੇ ਕੋਲ ਗਇਆ ਤੇ ਮੱਥਾ ਟੇਕਿਆ ਤੇ ਦੱਸਿਆ ਕਿ ਮੈਂ ਇਥੋਂ ਦਾ ਰਾਜਾ ਹਾਂ।

ਜਦੋਂ ਘੋਗੜ ਦੇਵ ਗੁਰੂ ਸਾਹਿਬ ਦੀਆਂ ਚਮਤਕਾਰੀ ਤਾਕਤਾਂ ਦਾ ਲੋਹਾ ਮੰਨ ਗਇਆ ਤਾਂ ਉਸ ਨੇ ਬੜੀ ਅਧੀਨਗੀ ਨਾਲ ਅਰਦਾਸ ਕੀਤੀ ਕਿ ਮੇਰੇ ਤੇ ਵੀ ਕਿਰਪਾ ਕਰੋ। ਬ੍ਰਾਹਮਣਾਂ ਤਾਂ ਮੇਰੀਆਂ ਸਿਫਤਾਂ ਕਰ ਕਰ ਕੇ ਮੈਨੂੰ ਵੱਡੀਆਂ ਉਪਾਧੀਆਂ ਦੇ ਰੱਖੀਆਂ ਹਨ। ਕੋਈ ਕਹਿੰਦਾ ਕਿ ਤੂੰ ਕਾਗ-ਭਸੁੰਡ ਦਾ ਅਵਤਾਰ ਹੈਂ ਤੇ ਕੋਈ ਜਾਮਵੰਤ ਦਾ ਅਵਤਾਰ ਦਸਦਾ ਹੈ। ਗੁਰੂ ਸਾਹਿਬ ਨੇ ਰਾਜੇ ਨੂੰ ਯਥਾਰਥੀ ਹੋਣ ਦਾ ਉਪਦੇਸ਼ ਦਿੱਤਾ ਤੇ ਕਿਹਾ ਕਿ ਇਨਾਂ ਬ੍ਰਹਾਮਣਾਂ ਦੀਆਂ ਦਿੱਤੀਆ ਪਦਵੀਆਂ ਸਦਕਾ ਤੂੰ ਮੌਤ ਨੂੰ ਨਹੀ ਟਾਲ ਸਕਦਾ।

ਗੁਰੂ ਸਾਹਿਬ ਨੇ ਉਨੂੰ ਹੋਰ ਉਪਦੇਸ਼ ਦਿੱਤਾ ਕਿ*

- ਨਿਆਂ ਧਰਮ ਦਾ ਕਰਨਾਂ। ਪੱਖ ਪਾਤ ਨਹੀ ਕਰਨਾ।
- ਇਸ ਜੀਵਨ ਨੂੰ ਸੁਪਨੇ ਦੀ ਨਿਆਈ ਸਮਝਣਾ।
- ਸਤਿਨਾਮ ਦਾ ਜਾਪ ਕਰਿਆ ਕਰੋ।
- ਆਏ ਗਏ ਸਾਧੂ ਸੰਤ ਦੀ ਸੇਵਾ ਕਰਨਾਂ।

ਗੁਰੂ ਸਾਹਿਬ ਨੇ ਰਾਜੇ ਨੂੰ ਬਖਸ਼ਸ਼ ਕੀਤੀ ਕਿ ਤੂੰ 22 ਧਾਰ ਦੇ ਪਹਾੜੀ ਰਾਜਿਆਂ ਦਾ ਮਹਾਰਾਜਾ ਬਣੇਗਾ।

ਕੁਝ ਦਿਨ ਇਥੇ ਪ੍ਰਚਾਰ ਕੀਤਾ ਤਾਂ ਨਵਰਾਤਰਿਆਂ ਦੇ ਉਤਰਨ ਵਿਚ ਅਜੇ ਦਿਨ ਸਨ ਇਸ ਕਰਕੇ ਗੁਰੂ ਸਾਹਿਬ ਪੁਰਮੰਡਲ ਤੇ ਗੁਰੂ ਸਾਹਿਬ ਸ਼ਰਧਾਲੂਆਂ ਦੇ ਸੰਗ ਦੇ ਨਾਲ ਵੈਸ਼ਨੋ ਦੇਵੀ ਨੂੰ ਰਵਾਨਾ ਹੋ ਗਏ। ਜੰਮੂ ਤੋਂ ਕਟੜਾ (ਪਹਾੜਾਂ ਵਿੱਚ ਵੈਸਨੋ ਦੇਵੀ ਮੰਦਰ ਦਾ ਅਧਾਰ) ਕੋਈ 50 ਕਿ. ਮੀ. ਉਤਰ ਹੈ।

ਪੁਰਮੰਡਲ ਦੀ ਗਿੱਦੜੀ

ਜੰਮੂ ਤੋਂ 20 ਕਿ.ਮੀ. ਪੂਰਬ ਵਿੱਚ ਦੇਵਕਾ ਨਦੀ ਦੇ ਕੰਢੇ ਤੇ ਇਹ ਹਿੰਦੂਆਂ ਦਾ ਪਵਿੱਤਰ ਅਸਥਾਨ ਹੈ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਇਥੇ ਵੀ ਆਏ ਸਨ।

ਪੁਰਮੰਡਲ, ਡੁੱਗਰ ਦੇਸ ਦੀ ਕਾਂਸ਼ੀ ਗਿਣੀ ਜਾਂਦੀ ਹੈ, ਜਿੱਥੇ ਹਿੰਦੂ ਸ਼ਰਧਾਲੂ ਮਰ ਗਇਆਂ ਦੀ ਗਤੀ ਕਰਵਾਉਣ ਆਉਦੇ ਹਨ। ਇਸ ਸ਼ਿਵ ਮੰਦਰ ਵਿੱਚ ਇੱਕ ਗਿੱਦੜੀ ਦੇ ਬੁੱਤ ਦੀ ਪੂਜਾ ਵੀ ਹੁੰਦੀ ਹੈ।

ਇਥੋਂ ਦੀ ਕਹਾਣੀ ਕੁਝ ਇਸ ਤਰਾਂ ਹੈ ਕਿ ਇੱਕ ਰਾਜਾ ਸ਼ਿਕਾਰ ਖੇਡਣ ਦਾ ਬਹੁਤ ਸ਼ੌਕੀਨ ਸੀ। ਇੱਕ ਵੇਰਾਂ ਸ਼ਿਕਾਰ ਖੇਡਦਿਆਂ ਉਸ ਨੇ ਇੱਕ ਗਿੱਦੜੀ ਦੇ ਹੀ ਤੀਰ ਮਾਰ ਦਿੱਤਾ। ਤੀਰ ਗਿੱਦੜੀ ਦੇ ਸਿਰ ਤੇ ਵੱਜਾ। ਉਹ ਕਈ ਦਿਨਾਂ ਤੱਕ ਮਰੀ ਨਾਂ ਤੇ ਤੜਫਦੀ ਰਹੀ। ਅਖੀਰ ਪੁਰਮੰਡਲ ਦੇ ਸਰੋਵਰ ਤੇ ਆ ਕੇ ਉਸ ਪਾਣੀ ਪੀਤਾ

ਤੇ ਉਹਦੀ ਜਾਨ ਨਿਕਲ ਗਈ। ਭਾਵ ਉਹਦੀ ਗਤੀ ਜਾਂ ਮੁਕਤੀ ਹੋ ਗਈ।

ਕੁਝ ਸਮੇਂ ਬਾਦ ਰਾਜੇ ਦੇ ਘਰ ਇੱਕ ਧੀ ਨੇ ਜਨਮ ਲਿਆ। ਉਹ ਹਮੇਸ਼ਾਂ ਰੋਂਦੀ ਹੀ ਰਹਿੰਦੀ ਸੀ। ਹਾਰ ਕੇ ਰਾਜੇ ਨੇ ਜੋਤਸ਼ੀ ਸੱਦੇ ਤੇ ਪੁੱਛਿਆ ਕਿ ਇਸ ਕੁੜੀ ਦਾ ਵੀ ਕੁਝ ਹੋ ਸਕੇਗਾ। ਜੋਤਸ਼ੀਆਂ ਨੇ ਟੇਵੇ ਲਾ ਕੇ ਰਾਜੇ ਨੂੰ ਦੱਸਿਆ ਕਿ ਰਾਜਾ ਤੂੰ ਇੱਕ ਗਿੱਦੜੀ ਨੂੰ ਬੜਾ ਦੁੱਖ ਦਿੱਤਾ ਸੀ ਜਿਸ ਕਰਕੇ ਤੇਰੀ ਧੀ ਨੂੰ ਉਹਦਾ ਬਦਲਾ ਚੁਕਾਉਣਾ ਪੈ ਰਿਹਾ ਹੈ। ਤੂੰ ਗਿਦੜੀ ਦੇ ਤੀਰ ਮਾਰਿਆ ਸੀ ਜਿਸ ਨਾਲ ਉਹ ਕਈ ਦਿਨ ਤੜਫਦੀ ਰਹੀ। ਰਾਜੇ ਨੇ ਬੰਦਿਆਂ ਨੂੰ ਲਾ ਕੇ ਇਲਾਕੇ ਦੀ ਛਾਣ ਬੀਨ ਕਰਵਾਈ ਤੇ ਵੇਖਿਆ ਕਿ ਇੱਕ ਗਿੱਦੜੀ ਦੇ ਕਰੰਗ ਦੀ ਖੋਪੜੀ ਵਿੱਚ ਤੀਰ ਖੁਭਿਆ ਹੋਇਆ ਹੈ। ਮੁਲਾਜਮਾਂ ਨੇ ਉਹ ਤੀਰ ਗਿੱਦੜੀ ਦੀ ਖੋਪੜੀ ਵਿਚੋਂ ਕੱਢਿਆ ਤੇ ਦੂਸਰੇ ਪਾਸੇ ਰਾਜ ਕੁਮਾਰੀ ਨੂੰ ਚੈਨ ਪੈ ਗਿਆ। ਰਾਜੇ ਨੇ ਗਿੱਦੜੀ ਦਾ ਬੁੱਤ ਬਣਵਾ ਕੇ ਪੁਰਮੰਡਲ ਮੰਦਰ ਵਿੱਚ ਲਵਾ ਦਿੱਤਾ ਜਿਹੜਾ ਅੱਜ ਵੀ ਮੌਜੂਦ ਹੈ।

ਗੁਰੂ ਸਾਹਿਬ ਨੇ ਇਥੇ ਵੀ ਫਿਰ ਬ੍ਰਾਹਮਣਾਂ ਤੇ ਲੋਕਾਈ ਨੂੰ ਇਸ ਭਰਮ ਵਿਚੋਂ ਕੱਢਿਆ ਕਿ ਤੁਹਾਡੇ ਪਿੰਡ ਦਾਨ, ਦੀਵਾ ਵੱਟੀ ਜਾਂ ਕਰਮ ਕਾਂਡ ਨਾਲ ਮੋਇਆ ਦੀ ਕੋਈ ਗਤੀ ਨਹੀ ਹੁੰਦੀ।

ਆਸਾ ਮਹਲਾ ੧ ॥ ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥... ਭਾਵ ਬਾਬੇ ਨੇ ਕਿਹਾ ਹਾਂ ਮੈਂ ਵੀ ਦੀਵਾ ਵੱਟੀ ਕਰਦਾ ਵਾਂ। ਹਰੀ ਦੀ ਸਿਫਤ ਸਲਾਹ ਦਾ ਦੀਵਾ ਬਣਾਉਨੈ ਮੈ ਉਹਦੇ ਵਿੱਚ ਮੈਂ ਜੀਆਂ ਦੇ ਸਾਰੇ ਦੁੱਖਾਂ ਨੂੰ ਤੇਲ ਵਾਙੂ ਪਾ ਫੂਕ ਦਿੰਨਾਂ ਵਾਂ। (ਪੂਰਾ ਸ਼ਬਦ ਵੇਖੋ ਸਫਾ .131)

*ਇਤਹਾਸਕਾਰਾਂ ਨੇ ਗੁਰੂ ਸਾਹਿਬ ਦਾ ਮਾਨਸਰ ਝੀਲ ਜਾਣ ਬਾਰੇ ਵੀ ਲਿਖਿਆ ਹੈ।

ਮਾਨਸਰ ਝੀਲ ਜਿਹੜੀ ਕੋਈ ਡੇਢ ਕਿ. ਮੀ. ਲੰਮੀ ਤੇ ਕਿ. ਮੀ. ਚੌੜੀ ਹੈ ਅਤੇ ਰਾਮਕੋਟ ਦੀ ਕਹਾਣੀ ਪੰਡਤ ਮਹਾਂਭਾਰਤ ਨਾਲ ਜੋੜਦੇ ਹਨ। ਉਹ ਇਸ ਤਰਾਂ ਕਿ ਜਦੋਂ ਅਰਜਨ ਪਾਂਡਵ ਨੇ ਅਸਮੇਧ ਜੱਗ ਕੀਤਾ ਤਾਂ ਉਹਦਾ ਘੋੜਾ ਰਾਮਕੋਟ ਦੇ ਰਾਜੇ ਬੱਬਰ ਵਾਹਣ ਨੇ ਫੜ੍ਹ ਲਿਆ। ਜਿਸ ਕਰਕੇ ਅਰਜੁਨ ਤੇ ਬੱਬਰ ਦਰਮਿਆਨ ਜੁੱਧ ਹੋਇਆ। ਬੱਬਰ ਨੇ ਅਰਜਨ ਦਾ ਸਿਰ ਵੱਢ ਦਿੱਤਾ। ਜਦੋਂ ਬੱਬਰ ਦੀ ਮਾਂ ਉਲਪੀ ਨੂੰ ਪਤਾ ਲੱਗਾ ਕਿ ਤੂੰ ਤਾਂ ਆਪਣੇ ਹੀ ਪਿਓ ਨੂੰ ਮਾਰ ਦਿੱਤਾ ਹੈ ਤਾਂ ਬੱਬਰ ਪਛਤਾਇਆ। ਉਲਪੀ ਬਾਸ਼ਕ ਨਾਗ ਦੀ ਪੁੱਤਰੀ ਸੀ। ਅਰਜੁਨ ਨੂੰ ਸੁਰਜੀਤ ਕਰਨ ਲਈ ਮਣੀ ਚਾਹੀਦੀ ਸੀ। ਮਣੀ ਲੈਣ ਲਈ ਬੱਬਰ ਵਾਹਣ ਨੂੰ ਹੁਣ ਸ਼ੇਸਨਾਗ ਨਾਲ ਜੁਧ ਕਰਨਾਂ ਪਿਆ। ਬੱਬਰ ਨੇ ਅਜਿਹਾ ਤੀਰ ਮਾਰਿਆ ਕਿ ਸੁਰੰਗਸਰ ਵਾਲੀ ਸੁਰੰਗ ਬਣ ਗਈ ਜਿਸਦਾ ਨਾਂ ਅੱਜ ਸੁਰਨਸਰ। ਮਣੀ ਲੈ ਕੇ ਬੱਬਰ ਜਿਥੋਂ ਬਾਹਰ ਨਿਕਲਿਆ ਉਸ ਥਾਂ ਦਾ ਨਾਂ ਬਣਿਆ ਮਣੀਸਰ ਸਾਂ ਜਾਂ ਮਾਨਸਰ।

ਮਾਨਸਰ, ਪੁਰਮੰਡਲ ਤੋਂ ਸਿੱਧੀ ਸਾਰੀ 12 ਕਿ.ਮੀ ਦੂਰ ਹੈ ਪਰ ਪਹਾੜੀ ਇਲਾਕਾ ਹੋਣ ਕਰਕੇ ਘੁੰਮ ਕੇ ਕੋਈ 40 ਕਿ. ਮੀ ਪਵੇਗਾ। ਸਾਨੂੰ ਨਹੀ ਲੱਗਦਾ ਕਿ ਇਥੇ ਵੀ ਗੁਰੂ ਸਾਹਿਬ ਆਏ ਹੋਣ ਹਾਲਾਂ ਇਥੇ ਨਾਗ ਦੇਵਤਾ ਦਾ ਮੰਦਰ ਤਾਂ ਜਰੂਰ ਹੈ। ਮਾਨਸਰ ਝੀਲ ਤੋਂ ਸੁਰੀਨਸਰ ਝੀਲ 15 ਕਿ.ਮੀ. ਉਤਰ-ਪੱਛਮ ਹੈ। ਇਹ ਅਸਥਾਨ ਤਫਰੀ ਪੱਖੋ ਤਾਂ ਠੀਕ ਹੈ ਪਰ ਧਾਰਮਿਕ ਪੱਖੋ



ਪੁਰਮੰਡਲ ਦੀ ਗਿਦੜੀ

ਇਨੇ ਪ੍ਰਸਿਧ ਨਹੀ ਹਨ। ਖੈਰ ਉਸ ਜਮਾਨੇ ਇਨਾਂ ਦੀ ਕੀ ਅਹਿਮੀਅਤ ਸੀ ਇਸ ਬਾਰੇ ਕੁਝ ਨਹੀ ਕਿਹਾ ਜਾ ਸਕਦਾ। ਮਾਨਸਰ ਝੀਲ ਤੋਂ 20 ਕਿ. ਮੀ. ਚਲਕੇ ਗੁਰੂ ਸਾਹਿਬ ਬੱਬਰ ਵਾਹਣ ਦੀ ਰਾਜਧਾਨੀ ਮਾਨਕੋਟ ਪਹੁੰਚੇ।◉ ਇਸਦਾ ਮੌਜੂਦਾ ਨਾਂ ਰਾਮਕੋਟ ਹੈ। ਸਾਡਾ ਅੰਦਾਜ਼ਾ ਹੈ ਕਿ ਰਾਜਾ ਘੋਗੜ ਦੇਵ ਉਸ ਵੇਲੇ ਇਥੋਂ ਦਾ ਰਾਜਾ ਸੀ। ਜਿਸ ਦੀ ਕਾਗ ਭੁਸੰਡ ਵਾਲੀ ਕਹਾਣੀ ਗੁਰੂ ਸਾਹਿਬ ਨਾਲ ਜੋੜੀ ਮਿਲਦੀ ਹੈ। ਕਿਉਕਿ ਧੁਰ ਪਹਾੜੀ ਇਲਾਕਾ ਹੈ ਇਹ। ਇਨ੍ਹਾਂ ਪਹਾੜੀ ਤੀਰਥਾਂ ਤੋਂ ਹੀ ਕਿਤਿਓ ਮੂਲੇ ਕਰਾੜ ਨੂੰ ਗੁਰੂ ਸਾਹਿਬ ਨੇ ਵਾਪਸ ਸਿਆਲਕੋਟ ਭੇਜ ਦਿੱਤਾ। ਕਿਉਕਿ ਮੂਲਾ ਰੋਜ ਰੋਜ ਦੀ ਪੈਦਲ ਯਾਤਰਾ ਤੋਂ ਅੱਕ ਗਇਆ ਸੀ। ਕਿਉਕਿ ਹਰ ਥਾਂ ਸ਼ੇਸ਼ ਨਾਗ ਵਾਲੀ ਕਹਾਣੀ ਦੱਸੀ ਜਾ ਰਹੀ ਸੀ ਤੇ ਬਾਸ਼ਕ ਨਾਗ ਦਾ ਮੁਖ ਮੰਦਰ ਭੱਦਰਵਾਹ ਹੈਇਸ ਕਰਕੇ ਗੁਰੂ ਸਾਹਿਬ ਮਾਨਸਰ ਵਲ ਵਾਪਸ ਆ ਗਏ ਤੇ ਇਥੋ ਊਧਮ ਪੁਰ ਨੂੰ ਹੁੰਦੇ ਹੋਏ ਰਸਤੇ 'ਚ ਵੱਖ ਵੱਖ ਥਾਵਾਂ ਤੇ ਲੋਕਾਈ ਦਾ ਉਧਰ ਕਰਦੇ ਹੋਏ 150-200 ਕਿ. ਮੀ. ਦਾ ਪੈਂਡਾ ਕਰਕੇ ਭਦਰਵਾਹ ਪਹੁੰਚੇ।

○ ਲਿਖਾਰੀਆਂ ਗੁਰੂ ਸਾਹਿਬ ਦਾ ਕਿਸ਼ਤਵਾੜ ਵੀ ਜਾਣਾ ਲਿਖਿਆ ਹੈ, ਹਾਲਾਂ ਕਿਸ਼ਤਵਾੜ ਹੈ ਤਾਂ ਇਤਹਾਸਕ ਥਾਂ ਜਿਸਦਾ ਸਬੰਧ ਰਮਾਇਣ ਨਾਲ ਜਾ ਜੁੜਦਾ ਹੈ ਪਰ ਗੁਰੂ ਸਾਹਿਬ ਦੇ ਵੇਲਿਆਂ 'ਚ ਇਹ ਆਪਣੀ ਅਹਿਮੀਅਤ ਗਵਾ ਚੁੱਕਾ ਸੀ ਤੇ ਛੋਟੀ ਜਿਹੀ ਜਗੀਰ ਬਚੀ ਸੀ। ਓਦੋ ਦੇਸ ਦਾ ਮੁੱਖ ਨਗਰ ਭਦਰਵਾਹ ਹੀ ਸੀ। ਕਈ ਲਿਖਾਰੀਆਂ ਨੇ ਗੁਰੂ ਸਾਹਿਬ ਦਾ ਕਿਸ਼ਤਵਾੜ ਜਾਣਾ ਲਿਖਿਆ ਹੈ।■ ਇਥੇ ਤਹਿਸੀਲਦਾਰ ਤੀਰਥ ਸਿੰਘ ਨੇ 4000 ਖਰਚ ਕੇ ਗੁਰਦੁਆਰਾ ਸਾਹਿਬ ਪਾਇਆ ਤੇ ਕੋਈ 700 ਮੇਘ ਜਾਤ ਦੇ ਲੋਕਾਂ ਨੂੰ ਸਿੱਖੀ ਦੇ ਦਾਇਰੇ ਵਿੱਚ ਲਿਆਦਾ ਸੀ। ਕਿਸ਼ਤਵਾੜ ਦੇ ਉਤਰ -ਪੂਰਬ ਵਿੱਚ ਇਲਾਕਾ ਪੱਧਰ ਪੈਦਾ ਹੈ। ਇਥੋਂ ਦੇ ਪਹਾੜੀ ਇਲਾਕੇ ਵਿੱਚ ਪਹੁੰਚ ਗੁਰੂ ਸਾਹਿਬ ਨੇ

ਪੈਰ ਸਫਾ

◘ ਮਨੀ ਸਿੰਘ-512

Pahari Style of Indian Murals - by Shukh Dev Singh Charak, Anita K. Billawaria, Abhinav Publications, Delhi.

ਕੁਝ ਇਤਹਾਸਕਾਰਾਂ ਅਨੁਸਾਰ ਘੋਗੜ ਦੇਵ ਜੰਮੂ ਦਾ ਰਾਜਾ ਨਹੀ ਸੀ। ਹੋ ਸਕਦੈ ਉਹ ਭਦਰਵਾਹ, ਮਨਕੋਟ ਜਾਂ ਕਿਸਤਵਾੜ ਆਦਿ ਕਿਸੇ ਹੋਰ ਰਿਆਸਤ ਦਾ ਰਾਜਾ ਹੋਵੇ। ਪਰ ਬਹੁਤੇ ਇਤਹਾਸਕਾਰ ਘੋਗੜ ਦੇਵ ਨੂੰ ਜੰਮੂ ਦਾ ਰਾਜਾ ਹੀ ਮੰਨਦੇ ਹਨ। http://www.chiefacoins.com/Database/Countries/Jammu.htm

ਕਾਗ ਭਸੁੰਡੀ ਰਮਾਇਣ ਦੀ ਕਥਾ ਦਾ ਇੱਕ ਪਾਤਰ ਹੈ। ਜਿਵੇ ਕਿ ਪਹਿਲਾਂ ਆ ਚੁੱਕਾ ਹੈ ਕਿ ਬ੍ਰਾਹਮਣ ਲੋਕ ਆਪਣੇ ਰਾਜਿਆਂ ਨੂੰ ਧਾਰਮਿਕ ਉਪਾਧੀਆਂ ਦੇ ਰੱਖਦੇ ਸਨ ਕਿ ਰਾਜਾ ਤੂੰ ਫਲਾਣੇ ਦੇਵਤੇ ਦਾ ਅਵਤਾਰ ਹੈ ਤਾਂ ਕਿ ਪਰਜਾ ਰਾਜਾ ਦੀ ਇਜੱਤ ਕਰੇ। ਇਤਹਾਸ ਤੋਂ ਪਤਾ ਲੱਗਦਾ ਹੈ ਕਿ ਰਾਜੇ ਅਕਸਰ ਫੂਕ ਵਿੱਚ ਆ ਜਾਂਦੇ ਸਨ।

◈ ਸਰਨਾ-198

ਲੋਕਾਈ ਨੂੰ ਨਿਰੰਕਾਰ ਨਾਲ ਜੋੜਿਆ। ਇਤਹਾਸ ਵਿੱਚ ਆਉਦਾ ਹੈ ਕਿ ਗੁਰੂ ਸਾਹਿਬ ਨੇ ਲੋਕਾਂ ਨੂੰ ਕਪਾਹ ਦੀ ਖੇਤੀ ਕਰਨ ਲਈ ਵੀ ਉਤਸ਼ਾਹ ਦਿੱਤਾ। ਓਦੋਂ ਲੋਕ ਜਿਆਦਾ ਚੰਮ ਜਾਂ ਉਨੀ ਕਪੜੇ ਹੀ ਪਹਿਨਦੇ ਸਨ। ◉

ਵੈਸ਼ਨੋ ਦੇਵੀ ਗਇਆ ਬਾਬਾ

ਪੁਜਾਰੀਓ! ਲੋਕਾਂ ਨੂੰ ਨਿਰੰਕਾਰ ਭਗਵਾਨ ਨਾਲ ਜੋੜੋ।

ਵੈਸ਼ਨੋ ਦੇਵੀ 5200 ਫੁੱਟ ਉੱਚੀਆਂ ਤਿੰਨ ਪਹਾੜੀ ਸਿਖਰਾਂ ਵਿੱਚ ਮੌਜੂਦ ਹੈ। ਇਥੇ ਇੱਕ ਗੁਫਾ ਹੈ ਜਿਸ ਵਿੱਚ ਕੁਦਰਤੀ ਤੌਰ ਤੇ ਪੱਥਰ ਦੀ ਬਣਤਰ ਔਰਤ ਦੀ ਛਾਤੀ ਦੀ ਨਿਆਈ ਹੈ। ਥਣਾਂ ਨੂੰ ਸ਼ਰਧਾਲੂ ਪਿੰਡੀਆਂ ਕਹਿੰਦੇ ਹਨ। ਇਸ ਕੁਦਰਤੀ ਅਸਥਾਨ ਨੂੰ ਦੂਰ ਦ੍ਰਿਸ਼ਤੀ ਵਾਲੇ ਪੰਡਤ ਸ਼੍ਰੀਧਰ ਨੇ ਕੋਈ 700 ਸਾਲ ਪਹਿਲਾਂ ਧਰਮ ਨਾਲ ਜੋੜਿਆ ਸੀ। ਜਿਵੇ ਕਿ ਅਸਾਂ ਪਹਿਲਾਂ ਵੀ ਜਿਕਰ ਕੀਤਾ ਹੈ ਕਿ ਚਾਨਕੀਆ ਨੀਤੀ ਅਨੁਸਾਰ ਬ੍ਰਾਹਮਣ ਨੂੰ ਇਹ ਅਧਿਕਾਰ ਹਾਸਲ ਹੈ ਕਿ ਉਹ ਕੋਈ ਕਹਾਣੀ ਘੜ੍ਹ ਕੇ ਲੋਕਾਂ ਨੂੰ ਮੰਦਰ ਜਾਂ ਧਾਰਮਿਕ ਅਸਥਾਨ ਨਾਲ ਜੋੜ ਸਕਦਾ ਹੈ ਜਿਸ ਕਰਕੇ ਮਾਇਆ ਇਕੱਠੀ ਹੋ ਸਕੇ। ਐਨ ਏਸੇ ਨੀਤੀ ਤਹਿਤ ਹੀ ਗੁਫਾ ਨੂੰ ਮਿਥਿਹਾਸਕ ਮਾਤਾ ਵੈਸ਼ਨੋ ਦੇਵੀ ਨਾਲ ਜੋੜ, ਸਥਾਨ ਨੂੰ ਵੀ ਸ਼ਕਤੀਪੀਠ ਐਲਾਨ ਦਿੱਤਾ ਗਿਆ।



ਵੈਸ਼ਨੋ ਦੇਵੀ ਵਿਖੇ ਚੱਟਾਨ ਜਿਸ ਨੂੰ ਮਾਤਾ ਦੀ ਪਵਿਤ੍ਰ ਛਾਤੀ ਵਜੋਂ ਪੂਜਿਆ ਜਾਂਦਾ ਹੈ।

ਵੈਸ਼ਨੋ ਦੇਵੀ ਮੰਦਰ ਜਿਵੇ ਗੁਰੂ ਸਾਹਿਬ ਪਹੁੰਚੇ ਪੁਜਾਰੀਆਂ ਨੇ ਗੁਰੂ ਸਾਹਿਬ ਦਾ ਬਹੁਤ ਆਦਰ ਸਤਿਕਾਰ ਕੀਤਾ। ✚ ਗੱਲਾਂ ਬਾਤਾਂ ਹੋਈਆਂ। ਗੁਰੂ ਸਾਹਿਬ ਨੇ ਮੁਲਕ ਦੇ ਹਾਲਾਤਾਂ ਬਾਰੇ ਪੁਜਾਰੀਆਂ ਨੂੰ ਜਾਣੂ ਕਰਵਾਇਆ ਕਿ ਕਿਵੇ ਜਿੱਥੇ ਜਿੱਥੇ ਪੁਜਾਰੀ ਜਿਆਦਤੀਆਂ ਕਰ ਰਹੇ ਹਨ ਮੁਸਲਮਾਨ ਹੁਕਮਰਾਨ ਮੰਦਰ ਭੰਨ ਤੋੜ ਦਿੰਦੇ ਹਨ । ਪੁਜਾਰੀ ਵਿਰੋਧੀ ਹਾਲਾਤਾਂ ਨੂੰ ਇਥੋਂ ਦੇ ਪੰਡਤ ਪਹਿਲਾਂ ਹੀ ਭਾਂਪ ਚੁੱਕੇ ਸਨ ਅਤੇ ਨਰ ਬਲੀ ਜਿਹੀਆਂ ਮਨੁੱਖਤਾ ਵਿਰੋਧੀ ਰਸਮਾਂ ਬੰਦ ਕਰ ਦਿੱਤੀਆਂ ਸਨ। ਯਾਦ ਰਹੇ ਸਾਕਤ ਮੰਦਰਾਂ ਵਿੱਚ ਬਲੀ ਆਮ ਜਿਹੀ ਗੱਲ ਸੀ। ਬਾਦ ਵਿੱਚ ਹੌਲੀ ਹੌਲੀ ਪਸ਼ੂ ਬਲੀ ਵੀ ਬੰਦ ਕਰ ਦਿੱਤੀ ਗਈ।

ਗੁਰੂ ਸਾਹਿਬ ਨੇ ਪੁਜਾਰੀਆਂ ਨੂੰ ਸਮਝਾਇਆ ਕਿ ਮਾਇਆ ਮੋਹ ਛੱਡੋ ਤੇ ਲੋਕਾਂ ਨੂੰ ਨਿਰਾਕਾਰ ਭਗਵਾਨ ਨਾਲ ਜੋੜੋ। ਉਨਾਂ ਨਾਮ ਦੇ ਸਿਧਾਂਤ ਦਾ ਫਾਇਦਾ ਦੱਸਿਆ ਕਿ ਕਿਵੇ ਬੰਦਾ ਦੁੱਖ ਦਲਿਦ੍ਰ ਤੋਂ ਉਪਰ ਉਠ ਚੜ੍ਹਦੀ ਕਲ੍ਹਾਂ ਵਿੱਚ ਰਹਿੰਦਾ ਹੈ। ਮਰਦਾਨੇ ਦੀ ਰਬਾਬ ਤੇ ਇਹ ਸ਼ਬਦ ਉਚਾਰਿਆ ਤੇ ਗਾਇਆ ◘-

ਮਾਰੂ ਮਹਲਾ ੧ ॥ ਆਪੇ ਕਰਤਾ ਪੁਰਖੁ ਬਿਧਾਤਾ ॥ ਜਿਨਿ ਆਪੇ ਆਪਿ ਉਪਾਇ ਪਛਾਤਾ ॥ ਆਪੇ ਸਤਿਗੁਰੁ ਆਪੇ ਸੇਵਕੁ ਆਪੇ ਸ੍ਰਿਸਟਿ ਉਪਾਈ ਹੇ ॥੧॥ ਆਪੇ ਨੇੜੈ ਨਾਹੀ ਦੂਰੇ ॥ ਬੂਝਹਿ ਗੁਰਮੁਖਿ ਸੇ ਜਨ ਪੂਰੇ ॥ ਤਿਨ ਕੀ ਸੰਗਤਿ ਅਹਿਨਿਸਿ ਲਾਹਾ ਗੁਰ ਸੰਗਤਿ ਏਹ ਵਡਾਈ ਹੇ ॥੨॥ ਜੁਗਿ ਜੁਗਿ ਸੰਤ ਭਲੇ ਪ੍ਰਭ ਤੇਰੇ ॥ ਹਰਿ ਗੁਣ ਗਾਵਹਿ ਰਸਨ ਰਸੇਰੇ ॥ ਉਸਤਤਿ ਕਰਹਿ ਪਰਹਰਿ ਦੁਖੁ ਦਾਲਦੁ ਜਿਨ ਨਾਹੀ ਚਿੰਤ ਪਰਾਈ ਹੇ ॥੩॥ ਓਇ ਜਾਗਤ ਰਹਹਿ ਨ ਸੂਤੇ ਦੀਸਹਿ ॥ ਸੰਗਤਿ ਕੁਲ ਤਾਰੇ ਸਾਚੁ ਪਰੀਸਹਿ ॥ ਕਲਿਮਲ ਮੈਲੁ ਨਾਹੀ ਤੇ ਨਿਰਮਲ ਓਇ ਰਹਹਿ ਭਗਤਿ ਲਿਵ ਲਾਈ ਹੇ ॥੪॥ ਬੂਝਹੁ ਹਰਿ ਜਨ ਸਤਿਗੁਰ ਬਾਣੀ ॥ ਏਹੁ ਜੋਬਨੁ ਸਾਸੁ ਹੈ ਦੇਹ ਪੁਰਾਣੀ ॥ ਆਜੁ ਕਾਲਿ ਮਰਿ ਜਾਈਐ ਪ੍ਰਾਣੀ ਹਰਿ ਜਪੁ ਜਪਿ ਰਿਦੈ ਧਿਆਈ ਹੇ ॥੫॥ ਛੋਡਹੁ ਪ੍ਰਾਣੀ ਕੂੜ ਕਬਾੜਾ ॥ ਕੂੜੁ ਮਾਰੇ ਕਾਲੁ ਉਛਾਹਾੜਾ ॥ ਸਾਕਤ ਕੂੜਿ ਪਚਹਿ ਮਨਿ ਹਉਮੈ ਦੁਹੁ ਮਾਰਗਿ ਪਚੈ ਪਚਾਈ ਹੇ ॥੬॥ ਛੋਡਿਹੁ ਨਿੰਦਾ ਤਾਤਿ ਪਰਾਈ ॥ ਪੜਿ ਪੜਿ ਦਝਹਿ ਸਾਤਿ ਨ ਆਈ ॥ ਮਿਲਿ ਸਤਸੰਗਤਿ ਨਾਮੁ ਸਲਾਹਹੁ ਆਤਮ ਰਾਮੁ ਸਖਾਈ ਹੇ ॥੭॥ ਛੋਡਹੁ ਕਾਮ ਕ੍ਰੋਧੁ ਬੁਰਿਆਈ ॥ ਹਉਮੈ ਧੰਧੁ ਛੋਡਹੁ ਲੰਪਟਾਈ ॥ ਸਤਿਗੁਰ ਸਰਣਿ ਪਰਹੁ ਤਾ ਉਬਰਹੁ ਇਉ ਤਰੀਐ ਭਵਜਲੁ ਭਾਈ ਹੇ ॥੮॥ ਆਗੈ ਬਿਮਲ ਨਦੀ ਅਗਨਿ ਬਿਖੁ ਝੇਲਾ ॥ ਤਿਥੈ ਅਵਰੁ ਨ ਕੋਈ ਜੀਉ ਇਕੇਲਾ ॥ ਭੜ ਭੜ ਅਗਨਿ ਸਾਗਰੁ ਦੇ ਲਹਰੀ ਪੜਿ ਦਝਹਿ ਮਨਮੁਖ ਤਾਈ ਹੇ ॥੯॥ ਗੁਰ ਪਹਿ ਮੁਕਤਿ ਦਾਨੁ ਦੇ ਭਾਣੈ ॥ ਜਿਨਿ ਪਾਇਆ ਸੋਈ ਬਿਧਿ ਜਾਣੈ ॥ ਜਿਨ ਪਾਇਆ ਤਿਨ ਪੂਛਹੁ ਭਾਈ ਸੁਖੁ ਸਤਿਗੁਰ ਸੇਵ ਕਮਾਈ ਹੇ ॥੧੦॥ ਗੁਰ ਬਿਨੁ ਉਰਝਿ ਮਰਹਿ ਬੇਕਾਰਾ ॥ ਜਮੁ ਸਿਰਿ ਮਾਰੇ ਕਰੇ ਖੁਆਰਾ ॥ ਬਾਧੇ ਮੁਕਤਿ ਨਾਹੀ ਨਰ ਨਿੰਦਕ ਡੂਬਹਿ ਨਿੰਦ ਪਰਾਈ ਹੇ ॥੧੧॥ ਬੋਲਹੁ ਸਾਚੁ ਪਛਾਣਹੁ ਅੰਦਰਿ ॥ ਦੂਰਿ ਨਾਹੀ ਦੇਖਹੁ ਕਰਿ ਨੰਦਰਿ ॥ ਬਿਘਨੁ ਨਾਹੀ ਗੁਰਮੁਖਿ ਤਰੁ ਤਾਰੀ ਇਉ ਭਵਜਲੁ ਪਾਰਿ ਲੰਘਾਈ ਹੇ ॥ ੧੨॥ ਦੇਹੀ ਅੰਦਰਿ ਨਾਮੁ ਨਿਵਾਸੀ ॥ ਆਪੇ ਕਰਤਾ ਹੈ ਅਬਿਨਾਸੀ ॥ ਨਾ ਜੀਉ ਮਰੈ ਨ ਮਾਰਿਆ ਜਾਈ ਕਰਿ ਦੇਖੈ ਸਬਦਿ ਰਜਾਈ ਹੇ ॥੧੩॥ ਓਹੁ ਨਿਰਮਲੁ ਹੈ ਨਾਹੀ ਅੰਧਿਆਰਾ ॥ ਓਹੁ ਆਪੇ ਤਖਤਿ ਬਹੈ ਸਚਿਆਰਾ ॥ ਸਾਕਤ ਕੂੜੇ ਬੰਧਿ ਭਵਾਈਅਹਿ ਮਰਿ ਜਨਮਹਿ ਆਈ ਜਾਈ ਹੇ ॥੧੪॥ ਗੁਰ ਕੇ ਸੇਵਕ ਸਤਿਗੁਰ ਪਿਆਰੇ ॥ ਓਇ ਬੈਸਹਿ ਤਖਤਿ ਸੁ ਸਬਦੁ ਵੀਚਾਰੇ ॥ ਤਤੁ ਲਹਹਿ ਅੰਤਰਗਤਿ ਜਾਣਹਿ ਸਤਸੰਗਤਿ ਸਾਚੁ ਵਡਾਈ ਹੇ ॥੧੫॥ ਆਪਿ ਤਰੈ ਜਨੁ ਪਿਤਰਾ ਤਾਰੇ ॥ ਸੰਗਤਿ ਮੁਕਤਿ ਸੁ ਪਾਰਿ ਉਤਾਰੇ ॥ ਨਾਨਕੁ ਤਿਸ ਕਾ ਲਾਲਾ ਗੋਲਾ ਜਿਨਿ ਗੁਰਮੁਖਿ ਹਰਿ ਲਿਵ ਲਾਈ ਹੇ ॥੧੬॥੬॥

ਗੁਰੂ ਸਾਹਿਬ ਨੇ ਇਥੇ ਕੋਈ ਹਫਤਾ ਦਸ ਦਿਨ ਰਹਿ ਸਤਿਨਾਮ ਦਾ ਪ੍ਰਚਾਰ ਕੀਤਾ।

ਧਾਗਾ–ਤਵੀਤ ਦੇਣ ਵਾਲੇ ਮੌਲਾਣਿਆਂ ਨੂੰ ਵੀ ਸਮਝਾਇਆ

ਇਥੇ ਕਟੜੇ ਦੇ ਲਾਗੇ ਹੀ ਆਉਦੇ ਜਾਂਦੇ ਸ਼ਰਧਾਲੂ ਨੂੰ ਬੇਵਕੂਫ ਬਣਾਉਣ ਵਾਸਤੇ ਮੁਸਲਮਾਨ ਮਜੌਰਾਂ ਨੇ ਵੀ ਮੈਹਦੀ ਪੀਰ ਦੀ ਇੱਕ ਥਾਂ ਬਣਾਈ ਹੋਈ ਸੀ ਜਿੱਥੇ ਲੋਕਾਂ ਨੂੰ ਧਾਗੇ ਤਵੀਤ ਕਰ ਕਰ ਕੇ ਮੂਰਖ ਬਣਾਉਦੇ ਸਨ। ਗੁਰੂ ਸਾਹਿਬ ਨੇ ਓਨਾਂ ਨੂੰ ਵੀ ਵਰਜਿਆ ਤੇ ਉਪਦੇਸ਼ ਦਿੱਤਾ ਕਿ ਲੋਕਾਂ ਨੂੰ ਸੱਚੇ ਨਾਮ ਨਾਲ ਜੋੜੋ। ਸ਼ਰਧਾਲੂ ਦਾ ਜੀਵਨ ਆਪੇ ਚੜ੍ਹਦੀ ਕਲਾ ਵਾਲਾ ਹੋ ਜਾਉਗਾ । ਇਨਾਂ ਮਜਾਵਰਾ ਦੇ ਬਾਬਤ ਹੀ ਗੁਰੂ ਸਾਹਿਬ ਨੇ ਇਹ

ਪੈਂਡੇ ਸਫਾ

◉ ਗਿਆਨੀ -222- ਮਾਨਸਰ ਲਾਗੇ ਵੀ ਪਿੰਗਰ ਨਾਂ ਦੀ ਜਗਾ ਹੈ। ਪਰ ਲੱਗਦਾ ਹੈ ਗਿਆਨੀ ਇਥੇ ਪਾਂਗੀ ਘਾਟੀ ਬਾਰੇ ਲਿਖ ਰਹੇ ਹਨ।

■ ਸ. ਯਾਤਰੀ- 537 (ਧਿਆਨ ਰਹੇ ਯਾਤਰੀ ਵੀ ਇਥੇ ਗਿਆਨੀ ਨੂੰ ਹੀ ਸਰੋਤ ਬਣਾ ਕੇ ਚਲ ਰਿਹਾ ਹੈ। ਦੇਖੋ ਸਫਾ 538)

○ ਪੁਰਾਣਾਂ ਤੇ ਹੋਰ ਸ਼ਾਸਤਰਾਂ ਵਿੱਚ ਕਿਸ਼ਤਵਾੜ ਰਿਆਸਤ ਜਾਂ ਦੇਸ ਨੂੰ ਕੈਕੇ ਲਿਖਿਆ ਹੈ। ਭਗਵਾਨ ਰਾਮ ਦੀ ਮੜ੍ਹੇਈ ਮਾਂ ਕੈਕਈ ਵੀ ਇਥੋਂ ਦੇ ਰਾਜੇ ਦੀ ਹੀ ਪੁੱਤਰੀ ਸੀ।

ਕਿਸਤਵਾੜ ਨਿਵਾਸੀ ਸ.ਅਤਰ ਸਿੰਘ ਅਨੁਸਾਰ ਕਿਸ਼ਤਵਾੜ ਦਾ ਗੁਰਦੁਆਰਾ ਇੱਕ ਗੁਰਸਿੱਖ ਅਫਸਰ ਸ਼ੇਰ ਸਿੰਘ ਦੇ ਯਤਨਾਂ ਕਰਕੇ ਹੀ ਬਣਿਆ ਸੀ। ਸਥਾਨਕ ਹਿੰਦੂ ਪ੍ਰਵਾਰਾਂ ਨੇ ਗੁਰੂ ਸਾਹਿਬ ਪ੍ਰਤੀ ਸ਼ਰਧਾ ਰੱਖਦੇ ਹੋਏ ਮੁਫਤ ਥਾਂ ਦਿੱਤਾ ਸੀ। ਗੁਰੂ ਸਾਹਿਬ ਦੇ ਕਿਸਤਵਾੜ ਪਧਾਰਨ ਬਾਬਤ ਕੋਈ ਪ੍ਰੰਪਰਾ ਨਹੀ ਹੈ।

ਕਈ ਵਿਦਵਾਨਾਂ ਦਾ ਇਹ ਵੀ ਕਹਿਣਾ ਹੈ ਕਿ ਗੁਰੂ ਸਾਹਿਬ ਏਥੇ ਸੂਫੀ ਫਕੀਰਾਂ ਨੂੰ ਮਿਲਣ ਆਏ ਸਨ। ਜਦੋਂ ਕਿ ਇਤਹਾਸ ਫੋਲਣ ਤੇ ਪਤਾ ਲੱਗਦਾ ਹੈ ਕਿ ਕਿਸ਼ਤਵਾੜ ਪ੍ਰਸਿਧ ਕਾਦਰੀ ਸੂਫੀ ਗੁਰੂ ਸਾਹਿਬ ਦੀ ਆਮਦ ਤੋਂ ਕਾਫੀ ਦੇਰ ਬਾਦ ਆਉਦੇ ਹਨ।

ਸਲੋਕ ਬੋਲਿਆ:-

ਸਲੋਕੁ ਮਃ ੧ ॥ ਕੂੜੁ ਬੋਲਿ ਮੁਰਦਾਰੁ ਖਾਇ ॥ ਅਵਰੀ ਨੋ ਸਮਝਾਵਣਿ ਜਾਇ ॥ ਮੁਠਾ ਆਪਿ ਮੁਹਾਏ ਸਾਥੈ ॥ ਨਾਨਕ ਐਸਾ ਆਗੂ ਜਾਪੈ ॥੧॥

ਹੁਣ ਅਸੀ ਪੁਛ ਪੜਤਾਲ ਕੀਤੀ ਹੈ ਕਟੜੇ ਦੇ ਇਲਾਕੇ ਵਿੱਚ ਅਜਿਹੀ ਕੋਈ ਮਜਾਰ ਦਾ ਪਤਾ ਨਹੀ ਲੱਗ ਪਾਇਆ। ਹੋ ਸਕਦੇ ਇਹਨਾਂ ਮਜਾਵਰਾ ਦੀਆਂ ਅਗਲੀਆਂ ਪੀੜੀਆਂ ਇਹ ਕੰਮ ਛੱਡ ਚੁੱਕੀਆਂ ਹੋਣ।

ਲਗਦਾ ਵੈਸ਼ਨੋ ਦੇਵੀ ਤੋਂ ਗੁਰੂ ਸਾਹਿਬ ਉੱਤਰ ਵਾਲੇ ਪਾਸੇ ਕਿਸ਼ਤਵਾੜ ਭਦਰਵਾਹ ਨੂੰ ਨਿਕਲ ਗਏ ਸਨ।

—◈—

ਬਾਬੇ ਦੇ ਭਦਰਵਾਹ ਪਹੁੰਚਣ ਤੇ ਇਲਾਕਾ ਉਲਟ ਕੇ ਪੈ ਗਇਆ ਦਰਸ਼ਨਾਂ ਨੂੰ। ਰਾਤੀਂ ਬਾਸ਼ਕ ਨਾਗ ਮੰਦਰ ਵਿੱਚ ਕੀਰਤਨ ਕੀਤਾ

ਦੁਰਗਮ ਪਹਾੜੀ ਸਫਰ ਕਰਕੇ ਗੁਰੂ ਸਾਹਿਬ 'ਸੱਪਾਂ ਦੀ ਘਾਟੀ' ਜਾਂ ਨਾਗ-ਭੂਮੀ ਭਦਰਵਾਹ ਪਹੁੰਚੇ। ਰਸਤੇ ਵਿਚ ਥੈਲਾਨੀ ਠਠਰੀ ਵੀ ਗੁਰੂ ਸਾਹਿਬ ਦੇ ਪਧਾਰਨ ਦੀ ਗਲ ਚਲਦੀ ਹੈ ਪਰ ਇਹ ਸਾਰੀ ਅਬਾਦੀ ਮੁਸਲਮਾਨ ਹੋ ਚੁੱਕੀ ਹੈ ਜਿਸ ਕਰਕੇ ਕੋਈ ਸਬੂਤ ਨਹੀ ਬਚਿਆ।

ਭੱਦਰਵਾਹ ਬਹੁਤ ਹੀ ਮਹੱਤਵਪੂਰਨ ਤੀਰਥ ਸਥਾਨ ਹੈ ਜਿੱਥੇ ਨਾਗ ਦੇਵਤਾ ਦੇ ਮਨੁੱਖੀ ਸਰੂਪ ਬਾਸਕ ਨਾਗ ਦੀ 11 ਵੀ ਸਦੀ ਈਸਵੀ ਦੀ ਬਣੀ ਬਹੁਤ ਹੀ ਖੂਬਸੂਰਤ ਮੂਰਤੀ ਹੈ। ਇਸ ਮੰਦਰ ਨੂੰ ਵਿਸੂਕੀ ਨਾਗ ਮੰਦਰ ਆਖਿਆ ਜਾਂਦਾ ਹੈ। ਵਿਸੂਕੀ ਨਾਗ ਦੇ ਨਾਲ ਭਾਵ ਬਰਾਬਰ ਤੇ ਹੀ ਰਾਜਾ ਜਮੂਤੀ ਵਾਹਣ ਦੀ ਮੂਰਤੀ ਹੈ। ਜਮੂਤੀ ਵਾਹਣ ਵਿਦਿਆਧਰ ਕਬੀਲੇ ਦਾ ਰਾਜਾ ਸੀ। ਉਹਦਾ ਇਸ ਸਾਰੀ (ਦੇਵਥੱਟਰ ਘਾਟੀ) ਵਿੱਚ ਰਾਜ ਸੀ। ਵਸੂਕੀ ਨਾਗ ਦੇ ਨਾਲ ਰਾਜਾ ਜਮੂਤੀ ਵਾਹਣ ਦੀ ਮੂਰਤੀ ਤੇ ਇੱਕ ਤੀਸਰੀ ਮੂਰਤੀ ਪਿੱਛੇ ਜਮੂਤੀ ਵਾਹਣ ਦੇ ਪਿਤਾ ਰਾਜਾ ਕੱਟੂ ਦੀ ਹੈ।

ਕਸ਼ਮੀਰ ਦੇ ਬਚੇ ਹੋਏ ਮੰਦਰਾਂ ਵਿਚੋਂ ਇਹ ਕਸ਼ਮੀਰੀ ਕਲਾਕਾਰੀ ਦਾ ਅਦਭੁੱਤ ਨਮੂਨਾ ਹੈ। ਇਸ ਬਾਬਤ ਲੰਮੀ ਚੌੜੀ ਦੰਦ ਕਥਾ ਵੀ ਸੁਣਾਈ ਜਾਂਦੀ ਹੈ।

1960 ਵੇ ਦਹਾਕੇ ਵਿੱਚ ਯੂ ਪੀ ਸਰਕਾਰ ਨੇ ਇੱਕ ਕਿਤਾਬ ਛਾਪੀ ਜਿਸ ਵਿੱਚ ਇਹ ਦੱਸਿਆ ਗਇਆ ਹੈ ਕਿ ਪੁਰਾਣੇ ਜਮਾਨੇ ਵਿੱਚ ਰਾਜੇ, ਬ੍ਰਾਹਮਣਾਂ ਰਾਂਹੀ, ਆਪਣੀ ਖੁੱਦ ਦੀ ਪੂਜਾ ਵੀ ਕਰਵਾਉਦੇ ਸਨ।● ਅਜਿਹਾ ਹੋਣ ਤੇ ਰਾਜੇ ਵਾਸਤੇ ਰਾਜ ਕਰਨਾਂ ਸੌਖਾ ਹੋ ਜਾਂਦਾ ਸੀ। ਸੋ ਭੱਦਰਵਾਹ ਵਿਖੇ ਇਸ ਦੀ ਜੀਂਦੀ ਜਾਗਦੀ ਮਿਸਾਲ ਆਪਾਂ ਨੂੰ ਮਿਲਦੀ ਹੈ। ਗੁਰਬਾਣੀ ਨੇ ਵੀ ਇਸ ਗੱਲ ਦੀ ਤਸਦੀਕ ਕੀਤੀ ਹੈ:-

ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ ॥ ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ ॥ (ਮ. ੩, ਅੰਗ-੪੨੩)

ਨਾਲੇ ਦੇ ਐਨ ਕਿਨਾਰੇ ਤੇ ਹੀ ਫਿਰ ਸ਼ਿਵ ਮੰਦਰ (ਗੁਪਤ ਗੰਗਾ) ਹੈ ਜੋ ਜੋਗੀਆਂ ਤੇ ਸਿੱਧਾ ਦਾ ਮੱਠ ਸੀ। ਸਿੱਧ ਜੋਗੀਆਂ ਤੇ ਬੁੱਧਮਤ ਤੋਂ ਪਹਿਲਾਂ ਇਥੇ ਸਾਕਤ ਮੱਤ ਤੇ ਨਾਗ- ਪੂਜਾ ਪ੍ਰਧਾਨ ਰਹੀ ਹੈ। ਅੱਜ ਵੀ ਅਜਿਹੇ ਕਿੰਨੇ ਹੀ ਮੰਦਰ ਹਨ: ਚੰਡੀ ਮਾਤਾ ਮੰਦਿਰ, ਥੂਬੂ ਨਾਗ ਮੰਦਰ, ਨਾਗਣੀ ਮਾਤਾ ਮੰਦਰ, ਅਲਾਲਬਾਣੀ ਮੰਦਰ, ਸੁਬਰ ਨਾਗ ਮੰਦਰ, ਸੀਤਲਾ ਮਾਤਾ ਮੰਦਰ।

ਇਲਾਕੇ ਦਾ ਮੁੱਖ ਮੰਦਰ ਵਸੁਕੀ ਨਾਗ ਮੰਦਰ ਹੀ ਸੀ। ਗੁਰੂ ਸਾਹਿਬ ਦਾ ਇਸ ਮੰਦਰ ਵਿੱਚ ਆਉਣ ਤੇ ਸਵਾਗਤ ਹੋਇਆ। ਇੱਕ ਸ਼ਾਮ ਨੂੰ ਵੱਡਾ ਜਲਸਾ ਹੋਇਆ ਜਿਸ ਵਿੱਚ ਗੁਰੂ ਨਾਨਕ ਪਾਤਸ਼ਾਹ ਨੇ ਮਰਦਾਨੇ ਦੀ ਰਬਾਬ ਤੇ ਕੀਰਤਨ ਕੀਤਾ।◉ ਗੁਰੂ

1100 ਸਾਲ ਪੁਰਾਣਾ ਵਸੂਕੀ ਨਾਗ ਮੰਦਰ ਅੰਦਰ ਮੌਜੂਦ ਰਾਜਿਆਂ ਦੀਆਂ ਵੱਡੀਆਂ ਵੱਡੀਆਂ ਮੂਰਤੀਆਂ। ਭਦਰਵਾਹ ਕਿਸੇ ਤਰਾਂ ਮੁਸਲਮਾਨ ਬੁੱਤ ਸਿਕਨ ਰਾਜਿਆਂ ਦੀ ਪਹੁੰਚ ਤੋਂ ਦੂਰ ਰਹਿਆ ਹੈ। ਅੱਧੀ ਸਦੀ ਪਹਿਲਾਂ ਤਕ ਇਥੇ ਸਿਰਫ ਖੱਚਰਾਂ ਰਾਂਹੀ ਹੀ ਪਹੁੰਚਿਆ ਜਾਂਦਾ ਸੀ। (ਤਸਵੀਰ: ਖੁਦ ਲਿਖਾਰੀ ਨੇ ਖਿੱਚੀ)

ਸਾਹਿਬ ਨੇ ਦੁਹਾਈ ਦਿੱਤੀ ਕਿ ਲੋਕੋ ਕਿਰਤਾਂ ਦੀ ਪੂਜਾ ਛੱਡ ਕੇ ਕਰਤੇ ਦੇ ਲੜ ਲੱਗੋ।

ਜਿਥੇ ਗੁਰੂ ਸਾਹਿਬ ਨੇ ਡੇਰਾ ਕੀਤਾ ਉਹ ਥਾਂ ਸਿੱਧਾਂ ਦੀ ਬਗੀਚੀ ਕਹਾਉਦੀ ਸੀ। ਪਰ ਮਹਿਕਮਾ ਮਾਲ ਦੇ ਰਿਕਾਰਡ ਮੁਤਾਬਿਕ ਇਹ ਨਾਨਕ ਬਗੀਚੀ ਸੀ ਜਿਸ ਦਾ ਰਕਬਾ 2 ਕਨਾਲ 10 ਮਰਲੇ ਹੈ। ਲਗਦੈ ਇਥੇ ਵੀ ਗੁਰੂ ਸਾਹਿਬ ਵੇਲੇ ਕੋਈ ਜੋਗੀ ਮੱਠ ਹੋਵੇਗਾ ਜੋ ਬਾਦ ਵਿਚ ਸਿੱਖੀ ਵਿਚ ਸਾਰਾ ਆ ਗਇਆ। ਸਿੱਖ ਰਾਜ ਦੇ ਪਤਨ ਉਪਰੰਤ ਅਤੇ ਸਿੱਖ ਅਬਾਦੀ ਦੀ ਅਣਹੋਂਦ ਕਾਰਨ, ਇੱਥੇ ਸੰਨ 1900 ਈ. ਵਿੱਚ ਮੁਸਲਮਾਨਾਂ ਨੇ ਕਬਜਾ ਕਰ ਲਇਆ ਅਤੇ ਇਥੇ ਫਿਰ ਜਾਮਾ ਮਸੀਤ ਬਣ ਗਈ। ਇਹ ਵੀ ਖਿਆਲ ਕੀਤਾ ਜਾਂਦਾ ਹੈ ਕਿ ਸੰਨ 1928 ਵਿਚ ਜਦੋਂ ਸ਼ਹਿਰ ਹੜ੍ਹ ਨਾਲ ਤਬਾਹ ਹੋਇਆ ਸੀ ਉਦੋਂ ਹੀ ਮੁਸਲਮਾਨਾਂ ਨੇ ਇਥੇ ਨਮਾਜ ਪੜ੍ਹਨੀ ਸ਼ੁਰੂ ਕੀਤੀ ਹੋਵੇ ਅਤੇ ਬਾਦ ਵਿਚ ਮਸੀਤ ਹੀ ਬਣਾ

ਪੈਰ ਸਫ਼ਾ

ਵੈਸ਼ਨੋ ਦੇਵੀ- ਸਰਨਾ 197, ਗਿਆਨੀ 223, ◘ ਗਿਆਨੀ 223,

✦ ਗੁਰੂ ਸਾਹਿਬ ਦੇ ਪ੍ਰਚਾਰ ਦਾ ਢੰਗ ਕੁਝ ਅਜਿਹਾ ਸੀ ਕਿ ਲਗ ਪਗ ਹਰ ਥਾਂ ਸਾਹਿਬ ਦਾ ਸਤਿਕਾਰ ਕੀਤਾ ਜਾਂਦਾ ਸੀ। ਕਈ ਥਾਂਈ ਆਰਤੀ ਵੀ ਉਤਾਰੀ ਗਈ ਸੀ। ਸਿਰਫ ਮੰਦਰਾਂ ਵਿਚ ਹੀ ਨਹੀ ਮੁਸਲਿਮ ਅਸਥਾਨਾਂ ਤੇ ਵੀ ਗੁਰੂ ਸਾਹਿਬ ਨੂੰ ਆਦਰ ਦਿੱਤਾ ਜਾਂਦਾ ਸੀ। ਸਾਹਿਬ ਦੀ ਧੁੰਮ ਤਾਂ 1510 ਦੇ ਨੇੜੇ ਤੇੜੇ ਹੀ ਪੂਰੇ ਹਿੰਦੁਸਤਾਨ ਵਿਚ ਪੈ ਚੁੱਕੀ ਸੀ। ਜਿਵੇ ਪਿੱਛੇ ਦੱਸਿਆ ਹੈ ਕਿ ਓਹਨਾਂ ਜਮਾਨਿਆਂ ਵਿਚ ਚਕ੍ਰਵਰਤੀ ਸਾਧੂ ਹੀ ਰੇਡੀਓ ਅਤੇ ਅਖਬਾਰ ਹੁੰਦੇ ਸਨ ਅਤੇ ਇਹਨਾਂ ਸਾਧੂਆ ਨੇ ਗੁਰੂ ਸਾਹਿਬ ਦਾ ਪ੍ਰਚਾਰ ਚੁਫੇਰੇ ਕਰ ਦਿੱਤਾ ਸੀ।

ਲਈ।

ਇਹ ਪੜ੍ਹ ਗੁਰੂ ਸਿੱਖ ਤਲਖੀ ਵਿਚ ਨਾਂ ਆਉਣ ਕਿਉਕਿ ਜਦੋਂ ਓਥੇ ਸਿੱਖ ਹੀ ਨਾਂ ਰਹੇ ਤਾਂ ਫਿਰ ਖਾਲੀ ਥਾਂ ਤੇ ਕਿਸੇ ਨੇ ਕਬਜਾ ਤਾਂ ਕਰਨਾਂ ਹੀ ਸੀ। ਨਾਲੇ ਇਸ ਤੋਂ ਚੰਗੀ ਗਲ ਕੀ ਹੋ ਸਕਦੀ ਹੈ ਕਿ ਜੋ ਮਸੀਤ ਬਣੀ ਉਸ ਵਿਚ ਵੀ ਤਾਂ ਰੱਬ ਦਾ ਨਾਂ ਹੀ ਲਿਆ ਜਾ ਰਿਹਾ ਹੈ। ਗੁਰੂ ਸਾਹਿਬ ਸਾਹਿਬ ਸਭ ਦੇ ਸਾਂਝੇ ਹਨ।

ਬਾਦ ਵਿਚ ਸਿੱਖਾਂ ਨੇ ਗੁਰੂ ਨਾਨਕ ਦਾ ਯਾਦਗਾਰੀ ਗੁਰਦੁਆਰਾ ਕਚਿਹਰੀਆਂ ਦੇ ਲਾਗੇ ਬਣਾ ਲਿਆ ਸੀ ਇਸ ਨੂੰ 1947 ਦੇ ਫਸਾਦਾਂ ਵੇਲੇ ਨੁਕਸਾਨ ਪਹੁੰਚਿਆ ਸੀ। ਗੁਰਦੁਆਰੇ ਦੇ ਗ੍ਰੰਥੀਆਂ ਜਾਂ ਪ੍ਰਬੰਧਕਾਂ ਨੇ ਫਿਰ ਇਸ ਗੁਰਦੁਆਰੇ ਦੀ ਜਮੀਨ ਵੇਚ ਦਿੱਤੀ।✚ ਜਿੱਥੇ ਅਜਕਲ ਲੋਕਾਂ ਦੇ ਘਰ ਹਨ। ਇਹ ਸਥਾਨ ਸ਼ਹਿਰ ਦੇ ਕੇਂਦਰੀ ਭਾਗ ਭਾਵ ਮਹਿੰਗੇ ਇਲਾਕੇ ਸੀਰੀ ਬਜਾਰ ਦੇ ਨੇੜੇ ਹੈ।◘

ਇਹ ਸਾਰਾ ਕੁਝ ਦੱਸਣ ਤੋਂ ਸਾਡਾ ਮਤਲਬ ਹੈ ਕਿ ਗਿਆਨੀ ਠੀਕ ਲਿਖਦੇ ਹਨ ਕਿ ਗੁਰੂ ਸਾਹਿਬ ਭਦਰਵਾਹ ਪਧਾਰੇ ਸਨ ਪਰ ਜਾਲਮ ਵਕਤ ਨੇ ਯਾਦਗਾਰੀ ਅਸਥਾਨ ਮਿਟਾ ਦਿੱਤਾ।

ਰਸਤੇ ਵਿੱਚ ਭਦਰਵਾਹ ਤੋਂ ਪੱਛਮ ਵਲ ਇੱਕ ਥਾਂ ਬਾੜੀ ਮਰਮਤ ਪੈਂਦੀ ਹੈ ਜਿੱਥੇ ਅੱਜ ਵੀ ਇੱਕ ਸਿਲ ਮੌਜੂਦ ਹੈ ਜਿਸਨੂੰ ਗੁਰੂ ਸਾਹਿਬ ਦੇ ਨਾਂ ਤੇ 'ਨਾਨਕ ਪਿਲ' ਨਾਂ ਦਿੱਤਾ ਹੋਇਆ ਹੈ। ਇਸ ਕਬਾਇਲੀ ਦੁਰਗਮ ਇਲਾਕੇ ਵਿੱਚ ਮੇਘ ਜਾਤ ਦੇ ਲੋਕ ਅੱਜ ਵੀ ਗੁਰੂ ਦੇ ਦਿੱਤੇ ਮੰਤਰ ਦਾ ਜਾਪ ਕਰਦੇ ਹਨ। ਹਾਲਾਂ ਇਨਾਂ ਦਾ ਮੂਲ ਮੰਤਰ ਥੋੜਾ ਜਿਹਾ ਵੱਖਰਾ ਹੈ। ਓਸੇ ਤਰਾਂ ਗੁਰਮਤ ਅਨੁਸਾਰ ਖਲੋ ਕੇ ਅਰਦਾਸ ਵੀ ਕਰਦੇ ਹਨ ਤੇ ਵਾਹਿਗੁਰੂ ਸ਼ਬਦ ਦਾ ਜਾਪ ਵੀ ਕਰਦੇ ਹਨ।◉

ਭਦਰਵਾਹੇ ਤੋਂ ਗੁਰੂ ਸਾਹਿਬ ਚੰਬੇ ਵਲ ਨਿਕਲੇ।

ਭੱਦਰਵਾਹ ਤੋਂ ਚੰਬਾ 140 ਕਿ. ਮੀ. ਦਾ ਪਹਾੜੀ ਸਫਰ ਹੈ। ਰਸਤੇ ਵਿੱਚ 14000 ਫੁੱਟ ਉੱਚੇ ਪਹਾੜ ਕੈਲਾਸ਼- ਦੂਜਾ (ਕੈਲਾਸ਼ ਕੁੰਡ ਜਾਂ ਕਬਲਾਸ) ਦੇ ਲਾਗੋਂ ਨਿਕਲਣਾ ਪੈਦਾ ਹੈ। ਭਦਰਵਾਹ ਤੋਂ ਹਰ ਸਾਲ ਭਾਦਰੋਂ ਦੇ ਮਹੀਨੇ ਕੈਲਾਸ਼ ਵਲ ਯਾਤਰਾ ਵੀ ਨਿਕਲਦੀ ਹੈ। ਹੋ ਸਕਦੈ ਗੁਰੂ ਸਾਹਿਬ ਇਨਾਂ ਯਾਤਰੀ ਨਾਲ ਹੀ ਹੋ ਤੁਰੇ ਹੋਣ।

ਚੰਬੇ ਦੇ ਰਾਜੇ ਨੂੰ ਉਪਦੇਸ਼

ਇਤਹਾਸ ਅਨੁਸਾਰ ਗੁਰੂ ਸਾਹਿਬ ਦੀ ਫੇਰੀ ਮੌਕੇ ਚੰਬੇ ਦਾ ਰਾਜਾ ਗਣੇਸ਼ ਵਰਮਨ ਸੀ। ਹਿਮਾਚਲ ਦੇ ਪਹਾੜੀ ਲੋਕ ਗੱਲੇ ਕੱਥੇ ਪਾਂਡਵਾਂ ਨੂੰ ਯਾਦ ਕਰਦੇ ਰਹਿੰਦੇ ਹਨ। ਹਿਮਾਚਲ ਦੇ ਜਿੰਨੇ ਵੀ ਇਤਹਾਸਿਕ ਸਥਾਨ ਹਨ ਕਿਸੇ ਨਾਂ ਕਿਸੇ ਤਰਾਂ ਓਨਾਂ ਨਾਲ ਪਾਂਡਵਾਂ ਦੀ ਕੋਈ ਨਾਂ ਕੋਈ ਕਥਾ ਜੋੜੀ ਮਿਲਦੀ ਹੈ। ਚੰਬੇ ਦੇ ਇਲਾਕੇ ਵਿੱਚ ਫਿਰ ਓਨੀ ਦਿਨੀ ਨਾਗ ਦੀ ਪੂਜਾ ਤੇ ਸ਼ਿਵ ਜੀ ਪਾਰਬਤੀ ਤੇ ਦੁਰਗਾ ਦੀਆਂ ਕਥਾਵਾਂ ਦੱਸਣ ਤੇ ਜੋਰ ਸੀ। ਗੁਰੂ ਸਾਹਿਬ ਨੇ ਇਥੇ ਲੋਕਾਂ ਨੂੰ ਸਮਝਾਇਆ ਕਿ ਜੁਗਾਂ ਜੁਗਾਂ ਦੇ ਰਾਜਿਆਂ ਰਾਣੀਆਂ ਨੂੰ ਪੂਜਣਾ ਮਨਮਤ ਹੈ ਤੇ ਗੁਰੂ ਸਾਹਿਬ ਨੇ ਇੱਕ ਓਂਕਾਰ ਸਤਿਨਾਮ ਦਾ ਸਿਧਾਂਤ ਲੋਕਾਈ ਨੂੰ ਸਮਝਾਇਆ। ਉਹ ਅਕਾਲ ਪੁਰਖ ਜੋ ਸਾਰੀ ਸ੍ਰਿਸਟੀ ਦਾ ਕਰਤਾ ਹੈ। ਸਾਹਿਬ ਨੇ ਕਿਹਾ ਕਿਰਤਾਂ ਦੀ ਪੂਜਾ ਦੀ ਬਿਜਾਏ ਕਰਤੇ ਦੀ ਅਰਾਧਨਾ ਕਰੋ।

ਇਥੋਂ ਦੇ ਪੁਜਾਰੀ ਬਾਰ ਬਾਰ ਜੋਗੀ ਚਰਪਟ ਨਾਥ ਦਾ ਲੈ ਕੇ ਉਸੇ ਦੀਆਂ ਹੀ ਵਡਿਆਈਆ ਜਦੋਂ ਕਰੀ ਜਾ ਰਹੇ ਸਨ ਤਾਂ ਗੁਰੂ ਸਾਹਿਬ ਨੇ ਸਮਝਾਇਆ ਕਿ ਉਸਤਤ ਕਰੋ ਉਸ ਦੀ ਜੋ ਨਾਥਾਂ ਦਾ ਵੀ ਨਾਥ ਹੈ:-

ਗੂਜਰੀ ਮਹਲਾ ੧ ॥ ਐ ਜੀ ਨਾ ਹਮ ਉਤਮ ਨੀਚ ਨ ਮਧਿਮ ਹਰਿ ਸਰਣਾਗਤਿ ਹਰਿ ਕੇ ਲੋਗ ॥ ਨਾਮ ਰਤੇ ਕੇਵਲ ਬੈਰਾਗੀ ਸੋਗ ਬਿਜੋਗ ਬਿਸਰਜਿਤ ਰੋਗ ॥੧॥ ਭਾਈ ਰੇ ਗੁਰ ਕਿਰਪਾ ਤੇ ਭਗਤਿ ਠਾਕੁਰ ਕੀ ॥ ਸਤਿਗੁਰ ਵਾਕਿ ਹਿਰਦੈ ਹਰਿ ਨਿਰਮਲੁ ਨਾ ਜਮ ਕਾਣਿ ਨ ਜਮ ਕੀ ਬਾਕੀ ॥੧॥ ਰਹਾਉ ॥ ਹਰਿ ਗੁਣ ਰਸਨ ਰਵਹਿ ਪ੍ਰਭ ਸੰਗੇ ਜੋ ਤਿਸੁ ਭਾਵੈ ਸਹਜਿ ਹਰੀ ॥ ਬਿਨੁ ਹਰਿ ਨਾਮ ਬ੍ਰਿਥਾ ਜਗਿ ਜੀਵਨੁ ਹਰਿ ਬਿਨੁ ਨਿਹਫਲ ਮੇਕ ਘਰੀ ॥੨॥ ਐ ਜੀ ਖੋਟੇ ਠਉਰ ਨਾਹੀ ਘਰਿ ਬਾਹਰਿ ਨਿੰਦਕ ਗਤਿ ਨਹੀ ਕਾਈ ॥ ਰੋਸੁ ਕਰੈ ਪ੍ਰਭੁ ਬਖਸ ਨ ਮੇਟੈ ਨਿਤ ਨਿਤ

ਭਾਈ ਕਰਤਾਰ ਸਿੰਘ ਸਿੰਘ ਦਾ ਗੁਰਦੁਆਰਾ ਭਦਰਵਾਹ

ਪੜ੍ਹ ਲਵੋ

● ਵੇਦ ਕਾਲੀਨ ਰਾਜ ਵਿਵਸਥਾ- ਡਾ. ਸ਼ਿਆਲ ਲਾਲ ਪਾਂਡੇ, ਪ੍ਰਕਾਸ਼ਕ: ਉਤਰ ਪ੍ਰਦੇਸ ਸੂਚਨਾ ਵਿਭਾਗ (ਪੰਨਾ-34)

◉ਇਸ ਲਿਖਾਰੀ ਨੇ ਖੁਦ 30 ਮਈ 2018 ਨੂੰ ਭਦਰਵਾਹ ਜਾ ਕੇ ਸਾਰੀ ਪੁੱਛ ਪੜਤਾਲ ਕੀਤੀ ਹੈ। ਮਸ਼ਹੂਰ ਵਸੂਕੀ ਨਾਗ ਮੰਦਰ ਦੇ ਸਾਬਕਾ ਪੁਜਾਰੀ ਤੇਜ ਰਾਮ ਵਲਦ ਦੇਵੀ ਸਰਨ ਜਿੰਨਾਂ ਦੀ ਉਮਰ ਸੌ ਸਾਲ ਤੋਂ ਉਤੇ ਹੈ ਨੇ ਦੱਸਿਆ ਕਿ ਇਹ ਗੱਲ ਉਸ ਨੇ ਬਜੁਰਗਾਂ ਕੋਲੋ ਸੁਣੀ ਹੈ।

ਗੁਰਦੁਆਰਾ ਕੋਸ਼: ਜਸਬੀਰ ਸਿੰਘ ਸਰਨਾ - 120, ਨੇ ਕਿਸ਼ਤਵਾੜ ਤੇ ਭਦਰਵਾਹ ਨੂੰ ਰਲਗੱਡ ਕਰ ਦਿੱਤਾ ਹੈ। ਸਿਧੋਂ ਕੀ ਬਗੀਚੀ ਭਦਰਵਾਹ ਸੀ, ਨਾਂ ਕਿ ਕਿਸ਼ਤਵਾੜ।

◘ ਭਾਈ ਕਰਤਾਰ ਸਿੰਘ ਦੀ ਇੰਟਰਵਿਊ ਜਿਨ੍ਹਾਂ ਨੇ ਆਪਣੇ ਘਰ ਵਿੱਚ ਗੁਰਦੁਆਰਾ ਸਾਹਿਬ ਬਣਾਇਆ ਹੋਇਆ ਹੈ। ਇਨਾਂ ਦਾ ਕਹਿਣਾ ਹੈ ਕਿ ਕਚਿਹਰੀ ਲਾਗੇ ਜਿਹੜਾ ਗੁਰਧਾਮ ਸੀ ਉਹ ਇਤਹਾਸਿਕ ਨਹੀ ਸੀ ਤੇ 1935 ਵਿੱਚ ਬਣਾਇਆ ਗਇਆ ਸੀ। ਇਹ ਮੁਸਲਿਮ ਬਹੁ ਸੰਖਿਅਕ ਇਲਾਕੇ ਵਿੱਚ ਸੀ ਇਸ ਕਰਕੇ ਜਗਾ ਦਾ ਤਬਾਦਲਾ ਕੀਤਾ ਗਇਆ ਸੀ। ਪਰ ਕਰਤਾਰ ਸਿੰਘ ਦੇ ਵਿਰੋਧੀਆਂ ਦਾ ਕਹਿਣਾ ਹੈ ਕਿ ਕਰਤਾਰ ਸਿੰਘ ਨੇ ਕਚਿਹਰੀ ਗੁਰਦੁਆਰਾ ਵੇਚ ਕੇ ਨਵੀ ਥਾਂ ਆਪਣੇ ਨਿੱਜੀ ਨਾਂ ਤੇ ਲਈ ਹੋਈ ਹੈ।

ਸੰਨ 1928 ਵਿੱਚ ਭਦਰਵਾਹ ਤੇ ਵੱਡੀ ਮੁਸੀਬਤ ਆਈ ਸੀ ਜਦੋਂ ਬਰਸਾਤ ਮੌਕੇ ਪਹਾੜ ਖਿਸਕਣ ਕਰਕੇ ਘਾਟੀ ਦਾ ਸਾਰਾ ਇਲਾਕਾ ਪਾਣੀ ਵਿੱਚ ਡੁੱਬ ਗਇਆ ਸੀ। ਲੋਕਾਂ ਜਿੱਥੇ ਵੀ ਸਿਰ ਲੁਕਾਉਣ ਨੂੰ ਥਾਂ ਮਿਲੀ ਓਥੇ ਆਸਰਾ ਲਿਆ। ਕਚਿਹਰੀ ਰੋਡ ਵਾਲਾ ਗੁਰਦੁਆਰਾ ਉੱਚੀ ਥਾਂ ਤੇ ਸੀ। ਸ਼ਾਇਦ ਇਹ ਕਚਿਹਰੀ ਰੋਡ ਤੇ ਜੋ ਗੁਰਦੁਆਰਾ ਸੀ ਏਸੇ ਦਾ ਹੀ ਜਿਕਰ 'ਸਾਈਕਲ ਯਾਤਰੀ- 536 ਨੇ ਕੀਤਾ ਹੈ ਕਿ ਇੱਕ ਸਰਕਾਰੀ ਅਫਸਰ ਅਮੀਰ ਸਿੰਘ ਨੇ ਗੁਰਦੁਆਰਾ ਪਾਇਆ ਹੀ ਸੀ ਕਿ ਛੇਤੀ ਹੀ ਇਹ ਘਟਨਾ ਘਟ ਗਈ।

✚ ਹੋਟਲ ਸੂਰੀਆ ਦੇ ਮਾਲਕ 95 ਸਾਲਾ ਦਿਆਨੰਦ ਜੁਤਸ਼ੀ ਨਾਲ ਗੱਲਬਾਤ।

ਭਦਰਵਾਹ ਵਿੱਚ ਵੀ ਕਈ ਹਿੰਦੂ ਪ੍ਰਵਾਰ ਗੁਰੂਘਰ ਦੇ ਸ਼ਰਧਾਲੂ ਸਨ। ਪਰ ਪੰਜਾਬੀ ਸੂਬਾ ਤੇ ਬਾਦ ਦੇ ਖਾਲਿਸਤਾਨੀ ਅੰਦੋਲਨ ਮੌਕੇ ਭਾਰਤੀ ਮੀਡੀਏ ਦੇ ਸਿੱਖਾਂ ਖਿਲਾਫ ਕੀਤੇ ਪ੍ਰਚਾਰ ਕਰਕੇ ਹੌਲੀ ਹੌਲੀ ਹਿੰਦੂ ਪ੍ਰਵਾਰ ਸਿੱਖੀ ਤੋਂ ਪਰੇ ਹੋ ਗਏ।



ਵਸੂਕੀ ਨਾਗ ਮੰਦਰ ਦੇ ਸਾਬਕਾ ਪੁਜਾਰੀ ਤੇਜ ਰਾਮ ਦੱਸ ਰਹੇ ਨੇ ਕਿ ਬਜੁਰਗ ਦੱਸਦੇ ਆਏ ਨੇ ਕਿ ਗੁਰੂ ਨਾਨਕ ਨੇ ਸਾਡੇ ਮੰਦਰ ਵਿਚ ਕੀਰਤਨ ਕੀਤਾ ਸੀ।

ਭਦਰਵਾਹ ਦੇ ਬਾੜੀ ਮਰਮਤ ਪਿੰਡ ਵਿਖੇ ਇਕ 1.ਸਿਲ ਤੇ ਗੁਰੂ ਸਾਹਿਬ ਦੀ ਤਸਵੀਰ (2) ਦੇ ਨਾਲ ਨਾਲ ਚਰਨ ਪਾਦੁਕਾ (3) ਬਣੀ ਹੋਈ ਹੈ। ਸਥਾਨਕ ਮੋਘ ਗੁਰਸਿੱਖ (4) ਇਸ ਬਾਰੇ ਚਾਨਣਾ ਪਾ ਰਹੇ ਨੇ। ਤਸਵੀਰਾਂ ਭੇਜੀਆਂ ਵੀਰ ਦੌਲਤ ਸਿੰਘ (5) ਨੇ।

ਚਤੈ ਸਵਾਈ ॥੩॥ ਐ ਜੀ ਗੁਰ ਕੀ ਦਾਤਿ ਨ ਮੇਟੈ ਕੋਈ ਮੇਰੈ ਠਾਕੁਰਿ ਆਪਿ ਦਿਵਾਈ ॥ ਨਿੰਦਕ ਨਰ ਕਾਲੇ ਮੁਖ ਨਿੰਦਾ ਜਿਨ੍ ਗੁਰ ਕੀ ਦਾਤਿ ਨ ਭਾਈ ॥੪॥ ਐ ਜੀ ਸਰਣਿ ਪਰੇ ਪ੍ਰਭੁ ਬਖਸਿ ਮਿਲਾਵੈ ਬਿਲਮ ਨ ਅਧੂਆ ਰਾਈ ॥ ਆਨਦ ਮੂਲੁ ਨਾਥੁ ਸਿਰਿ ਨਾਥਾ ਸਤਿਗੁਰੁ ਮੇਲਿ ਮਿਲਾਈ ॥੫॥ ਐ ਜੀ ਸਦਾ ਦਇਆਲੁ ਦਇਆ ਕਰਿ ਰਵਿਆ ਗੁਰਮਤਿ ਭ੍ਰਮਨਿ ਚੁਕਾਈ ॥ ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ ॥੬॥ ਹਰਿ ਜਲੁ ਨਿਰਮਲੁ ਮਨੁ ਇਸਨਾਨੀ ਮਜਨੁ ਸਤਿਗੁਰੁ ਭਾਈ ॥ ਪੁਨਰਪਿ ਜਨਮੁ ਨਾਹੀ ਜਨ ਸੰਗਤਿ ਜੋਤੀ ਜੋਤਿ ਮਿਲਾਈ ॥੭॥ ਤੂੰ ਵਡ ਪੁਰਖੁ ਅਗੰਮ ਤਰੋਵਰੁ ਹਮ ਪੰਖੀ ਤੁਝ ਮਾਹੀ ॥ ਨਾਨਕ ਨਾਮੁ ਨਿਰੰਜਨ ਦੀਜੈ ਜੁਗਿ ਜੁਗਿ ਸਬਦਿ ਸਲਾਹੀ ॥੮॥੪॥

ਗੁਰੂ ਸਾਹਿਬ ਦੀ ਧੁੰਮ ਸਾਰੇ ਇਲਾਕੇ ਵਿੱਚ ਪੈ ਗਈ ਸੀ। ਫਿਰ ਇੱਕ ਦਿਨ ਚੰਬੇ ਦੀ ਰਾਣੀ ਵੀ ਸਖੀ ਸਹੇਲੀਆਂ ਗੋਲੀਆਂ ਸਮੇਤ ਆ ਗੁਰੂ ਜੀ ਦੀ ਚਰਨੀ ਲੱਗੀ। ਬੜੀਆਂ ਗੱਲਾਂ ਬਾਤਾਂ ਪੁੱਛੀਆਂ ਸਵਾਲ ਜਵਾਬ ਕੀਤੇ। ਗੁਰੂ ਸਾਹਿਬ ਦੇ ਨਿੱਜੀ ਜੀਵਨ ਬਾਰੇ ਵੀ ਸਵਾਲ ਕੀਤੇ। ਤੁਸੀ ਕਿਹਦੇ ਆਸਰੇ ਇਕੱਲੇ ਜੰਗਲਾਂ ਪਹਾੜਾਂ ਵਿੱਚ ਫਿਰ ਰਹੇ ਹੋ? ਕੀ ਤੁਸੀ ਰੱਬ ਨੂੰ ਮਿਲੇ ਹੋ? ਓਥੇ ਫਿਰ ਗੁਰੂ ਸਾਹਿਬ ਨੇ ਹੇਠ ਸ਼ੋਸ਼ੋਭਿਤ ਬਸੰਤ ਰਾਗ ਵਿੱਚ ਸ਼ਬਦ ਉੱਚੀ ਸੁਰ ਵਿੱਚ ਗਾਇਆ■:-

ਮੇਰੀ ਸਖੀ ਸਹੇਲੀ ਸੁਨਹੁ ਭਾਇ ॥ ਮੇਰਾ ਪਿਰੁ ਰੀਸਾਲੂ ਸੰਗਿ ਸਾਇ ॥ ਓਹੁ ਅਲਖੁ ਨ ਲਖੀਐ ਕਹਹੁ ਕਾਇ ॥ ਗੁਰਿ ਸੰਗਿ ਦਿਖਾਇਓ ਰਾਮ ਰਾਇ ॥੧॥ ਮਿਲੁ ਸਖੀ ਸਹੇਲੀ ਹਰਿ ਗੁਨ ਬਨੇ ॥ ਹਰਿ ਪ੍ਰਭ ਸੰਗਿ ਖੇਲਹਿ ਵਰ ਕਾਮਨਿ ਗੁਰਮੁਖਿ ਖੋਜਤ ਮਨ ਮਨੇ ॥੧॥ ਰਹਾਉ ॥ ਮਨਮੁਖੀ ਦੁਹਾਗਣਿ ਨਾਹਿ ਭੇਉ ॥ ਓਹੁ ਘਟਿ ਘਟਿ ਰਾਵੈ ਸਰਬ ਪ੍ਰੇਉ ॥ ਗੁਰਮੁਖਿ ਥਿਰੁ ਚੀਨੈ ਸੰਗਿ ਦੇਉ ॥ ਗੁਰਿ ਨਾਮੁ ਦ੍ਰਿੜਾਇਆ ਜਪੁ ਜਪੇਉ ॥੨॥ ਬਿਨੁ ਗੁਰ ਭਗਤਿ ਨ ਭਾਉ ਹੋਇ ॥ ਬਿਨੁ ਗੁਰ ਸੰਤ ਨ ਸੰਗੁ ਦੇਇ ॥ ਬਿਨੁ ਗੁਰ ਅੰਧੁਲੇ ਧੰਧੁ ਰੋਇ ॥ ਮਨੁ ਗੁਰਮੁਖਿ ਨਿਰਮਲੁ ਮਲੁ ਸਬਦਿ ਖੋਇ ॥੩॥ ਗੁਰਿ ਮਨੁ ਮਾਰਿਓ ਕਰਿ ਸੰਜੋਗੁ ॥ ਅਹਿਨਿਸਿ ਰਾਵੇ ਭਗਤਿ ਜੋਗੁ ॥ ਗੁਰ ਸੰਤ ਸਭਾ ਦੁਖੁ ਮਿਟੈ ਰੋਗੁ ॥ ਜਨ ਨਾਨਕ ਹਰਿ ਵਰੁ ਸਹਜ ਜੋਗੁ ॥੪॥੬॥

ਸਮਝਾਇਆ ਕਿ ਨਿਰੰਕਾਰ ਗਿਆਨ ਵਿੱਚ ਹੈ। ਪੂਰੇ ਗੁਰੂ ਦਾ ਸੰਗ ਹੋਵੇ ਤਾਂ ਉਨ੍ਹੂੰ ਅੰਗ ਸੰਗ ਮਹਿਸੂਸ ਕਰੀਦਾ ਹੈ।

ਸਾਧੂ ਕਿਹੋ ਜਿਹਾ ਹੋਵੇ- ਚਰਪਟ ਵਣੀ ਵਿਖੇ ਬਾਬਾ

ਚੰਬੇ ਤੋਂ ਗੁਰੂ ਸਾਹਿਬ ਨੇ ਹੇਠਾਂ ਮੈਦਾਨ ਵਲ ਨੂੰ ਚਲੇ ਅਤੇ 115 ਕਿ.ਮੀ. ਦਾ ਸਫਰ ਕਰਕੇ ਪ੍ਰਸਿੱਧ ਸਿੱਧ ਜੋਗੀ ਚਰਪੱਟ ਨਾਥ ਦੇ ਟਿਕਾਣੇ ਚਰਪੱਟ ਵਣੀ ਪਹੁੰਚੇ। ਚਰਪੱਟ ਵਣੀ ਅੱਜ ਦੇ ਪਿੰਡ ਕਟਾਰੂ ਚੱਕ ਵਿੱਚ ਪੈਂਦੀ ਹੈ। ਇਹ ਝਾਖੋਲਾੜੀ ਤੋਂ 3 ਕਿ.ਮੀ ਪੂਰਬ, ਪਠਾਨਕੋਟ ਤੋਂ 12 ਕਿ. ਮੀ ਥੱਲੇ, ਦੀਨਾ ਨਗਰ ਤੋਂ 15 ਕਿ.ਮੀ ਉੱਤਰ-ਪੂਰਬ, ਨਹਿਰ ਦੇ ਕੰਢੇ ਤੇ ਬਗੀਚੀ ਹੈ।(ਨਕਸ਼ਾ ਸੂਚਕ :32.204429,75.572928) ਅੱਜ ਇਥੇ ਛੋਟਾ ਜਿਹਾ ਜੰਗਲ (ਬਗੀਚੀ) ਸ਼ਿਵ ਮੰਦਰ, ਧੂਣੀ ਤੇ ਤਿੰਨ ਪਾਣੀ ਦੇ ਚਸ਼ਮੇ ਹਨ। ਸ਼ਰਧਾਲੂਆ ਦਾ ਕਹਿਣਾ ਹੈ ਕਿ ਚਸ਼ਮੇ ਸਿੱਧ ਜੋਗੀ ਚਰਪੱਟ ਨਾਥ ਨੇ ਚਾਲੂ ਕੀਤੇ ਸਨ। ਬਗੀਚੀ ਵਿੱਚ ਸੱਪ ਵੀ ਪਾਏ ਜਾਂਦੇ ਹਨ।

ਇਹ ਸਥਾਨ ਦੋਵਾਂ ਦਰਿਆਵਾ ਦੇ ਵਿੱਚ ਮੌਜੂਦ ਹੈ। ਬਿਆਸ ਦਰਿਆ ਤੋਂ 5 ਕਿ.ਮੀ ਤੇ ਰਾਵੀ ਦਰਿਆ ਤੋਂ 13 ਕਿ. ਮੀ.

ਲਗਦੈ ਗੁਰੂ ਸਾਹਿਬ ਇਥੇ ਬੇੜੀ ਰਾਂਹੀ ਪਹੁੰਚੇ ਸਨ। ਅੱਗੇ ਜੋਗੀ ਲੋਕ ਉਨਾਂ ਦੇ ਸਵਾਗਤ ਲਈ ਦਰਿਆ ਕੰਢੇ ਆਏ ਹੋਏ ਸਨ। ਸਿੱਧਾਂ ਨੂੰ ਮਿਲਕੇ ਨਿਮਰਤਾ ਦੇ ਸਰੋਵਰ ਗੁਰੂ ਸਾਹਿਬ ਨੇ ਸ਼ਬਦ ਆਖਿਆ:-

ਰਾਮਕਲੀ ਮਹਲਾ ੧ ॥ ਹਮ ਡੋਲਤ ਬੇੜੀ ਪਾਪ ਭਰੀ ਹੈ ਪਵਣੁ ਲਗੈ ਮਤੁ ਜਾਈ ॥ ਸਨਮੁਖ ਸਿਧ ਭੇਟਣ ਕਉ ਆਏ ਨਿਹਚਉ ਦੇਹਿ ਵਡਿਆਈ ॥੧॥ ਗੁਰ ਤਾਰਿ ਤਾਰਣਹਾਰਿਆ ॥ ਦੇਹਿ ਭਗਤਿ ਪੂਰਨ ਅਵਿਨਾਸੀ ਹਉ ਤੁਝ ਕਉ ਬਲਿਹਾਰਿਆ ॥੧॥ ਰਹਾਉ ॥ ਸਿਧ ਸਾਧਿਕ ਜੋਗੀ ਅਰੁ ਜੰਗਮ ਏਕੁ ਸਿਧੁ ਜਿਨੀ ਧਿਆਇਆ ॥ ਪਰਸਤ ਪੈਰ ਸਿਝਤ ਤੇ ਸੁਆਮੀ ਅਖਰੁ ਜਿਨ ਕਉ ਆਇਆ ॥੨॥ ਜਪ ਤਪ ਸੰਜਮ ਕਰਮ ਨ ਜਾਨਾ ਨਾਮੁ ਜਪੀ ਪ੍ਰਭ ਤੇਰਾ ॥ ਗੁਰੁ ਪਰਮੇਸਰੁ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ ॥੩॥੬॥

ਚਰਪਟ ਨਾਥ ਹੀ ਚੰਬੇ ਦਾ ਦੇਵਤਾ ਹੈ। ਮੂਰਤੀ ਧਿਆਨ ਨਾਲ ਵੇਖੋ ਕਿਵੇ ਜੋਗੀ ਦੇ ਪੈਰਾਂ ਥੱਲੇ ਸੁੰਦਰੀ ਦੀ ਮੂਰਤੀ ਹੈ। ਦਰ ਅਸਲ ਮੁਗਲ ਹਮਲਾਵਰਾਂ ਦੇ ਆਉਣ ਤੋਂ ਪਹਿਲਾਂ ਕਾਮ ਵਾਸ਼ਨਾ ਮੰਦਰ ਦੇ ਗਰਭ ਗ੍ਰਿਹ ਤਕ ਪਹੁੰਚ ਚੁੱਕੀ ਸੀ। ਸ਼ਾਇਦ ਇਹੋ ਕਾਰਨ ਹੋਵੇ ਜਿਹੜਾ ਗੁਰੂ ਸਾਹਿਬ ਨੇ ਕਾਮ ਬਾਬਤ ਗੁਰਸਿੱਖ ਨੂੰ ਬਹੁਤ ਸੁਚੇਤ ਕੀਤਾ ਹੈ।

ਗੁਰੂ ਸਾਹਿਬ ਨੂੰ ਜਦੋਂ ਡੇਰੇ ਭਾਵ ਚਰਪੱਟ ਵਣੀ ਲਿਜਾਇਆ ਜਾ ਰਿਹਾ ਸੀ ਤਾਂ ਰਸਤੇ ਵਿੱਚ ਜੋਗੀਆਂ ਨੇ ਗੁਰੂ ਸਾਹਿਬ ਤੇ ਸਵਾਲਾਂ ਦੀ ਬੁਛਾੜ ਕਰ ਦਿੱਤੀ। ਕਿ ਤੁਸੀ ਜੋਗੀ ਹੋ ਵੀ ਕਿ ਨਹੀ? ਤੁਹਾਡੀ ਸਿੰਙੀ ਕਿਥੇ ਹੈ? ਨਾਂ ਹੀ ਤੁਹਾਡੇ ਕੋਲ ਪੱਤ (ਤੂਬੀ) ਤੇ ਝੋਲੀ ਵੀ ਨਹੀ ਹੈ।

ਮੱਠ ਤੇ ਪਹੁੰਚ ਗੁਰੂ ਸਾਹਿਬ ਨੇ ਮਹੰਤ ਨੂੰ ਸਤਿਕਾਰ ਨਾਲ ਆਦੇਸ ਕਿਹਾ। ਬਾਦ ਵਿੱਚ ਚਰਪੱਟ ਵਣੀ ਦੇ ਮਹੰਤ ਨੇ ਜੋਗੀਆਂ ਨੂੰ ਟੋਕਿਆ, "ਭਾਈ ਇਹ ਜਗਤ ਪ੍ਰਸਿਧ ਗੁਰੂ ਬਾਬਾ ਨਾਨਕ ਹੈ। ਇਨਾਂ ਦਾ ਸਤਿਕਾਰ ਕਰੋ ਕਿਤੇ ਕੰਮ ਉਲਟਾ ਨਾਂ ਪੈ ਜਾਏ। "

ਗੁਰੂ ਸਾਹਿਬ ਤੇ ਮਰਦਾਨੇ ਨੂੰ ਪਾਣੀ ਧਾਣੀ ਛੱਕਣ ਤੋਂ ਬਾਦ ਅਰਾਮ ਫਰਮਾਇਆ। ਫਿਰ ਜਦੋਂ ਸ਼ਾਮੀ ਸਿੱਧਾਂ ਦੀ ਸਭਾ ਜੁੜੀ ਤਾਂ ਸਾਹਿਬ ਨੇ ਮਰਦਾਨੇ ਦੀ ਰਬਾਬ ਤੇ ਇਹ ਸ਼ਬਦ ਗਾ ਕੇ ਸਿੱਧ ਜੋਗੀਆਂ ਨੂੰ ਉਤਰ ਦਿੱਤਾ:-

ਰਾਮਕਲੀ ਮਹਲਾ ੧ ॥ ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੈ ਲੋਕੁ ਸੁਣੇ ॥ ਪਤ

ਪੈਡ ਸਫਾ

ਸਾਈਕਲ ਯਾਤਰੀ - 537 ਨੇ ਵੀ ਗੁਰੂ ਸਾਹਿਬ ਦਾ ਭਦਰਵਾਹ ਜਾ ਕੇ ਸਿੱਧਾਂ ਦੀ ਬਗੀਚੀ ਵਿੱਚ ਰੁਕਣਾ ਲਿਖਿਆ ਹੈ।

ਝੋਲੀ ਮੰਗਣ ਕੈ ਤਾਈ ਭੀਖਿਆ ਨਾਮੁ ਪੜੇ ॥੧॥ ਬਾਬਾ ਗੋਰਖੁ ਜਾਗੈ ॥ ਗੋਰਖੁ ਸੋ ਜਿਨਿ ਗੋਇ ਉਠਾਲੀ ਕਰਤੇ ਬਾਰ ਨ ਲਾਗੈ ॥੧॥ ਰਹਾਉ ॥ ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ ॥ ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ ॥੨॥ ਸਿਧ ਸਾਧਿਕ ਅਰੁ ਜੋਗੀ ਜੰਗਮ ਪੀਰ ਪੁਰਸ ਬਹੁਤੇਰੇ ॥ ਜੇ ਤਿਨ ਮਿਲਾ ਤ ਕੀਰਤਿ ਆਖਾ ਤਾ ਮਨੁ ਸੇਵ ਕਰੇ ॥੩॥ ਕਾਗਦੁ ਲੂਣੁ ਰਹੈ ਘ੍ਰਿਤ ਸੰਗੇ ਪਾਣੀ ਕਮਲੁ ਰਹੈ ॥ ਐਸੇ ਭਗਤ ਮਿਲਹਿ ਜਨ ਨਾਨਕ ਤਿਨ ਜਮੁ ਕਿਆ ਕਰੈ ॥੪॥੪॥

ਕਿ ਐ ਜੋਗੀਓ ਮੇਰੇ ਵਾਸਤੇ ਸਿੰਙੀ ਉਹ ਕਹਾਣੀ ਜਾਂ ਕਵਿਤਾ ਹੈ ਜੋ ਮੈਂ ਦਿਲੋਂ ਹੋ ਕੇ ਲੋਕਾਈ ਨੂੰ ਸੁਣਾ ਰਿਹਾ ਹਾਂ। ਹਾਂ ਮੇਰੀ ਰਬਾਬ ਸਦਾ ਵੱਜਦੀ ਤੇ ਝੋਲੀ ਸਦਾ ਅੱਡੀ ਰਹਿੰਦੀ ਹੈ ਕਿ ਮੈਂ ਜਿੱਥੇ ਜਾਵਾਂ ਮੈਨੂੰ ਨਾਮ ਦੀ ਦਾਤ ਪਏ ਭਾਵ ਜਿੱਥੇ ਜਾਵਾਂ ਓਥੇ ਅਕਾਲ ਪੁਰਖ ਦਾ ਜੱਸ ਸੁਣਾ। ਹਾਂ ਮੈਂ ਗੋਰਖ ਨੂੰ ਮੰਨਦਾ ਹਾਂ ਪਰ ਉਸ ਗੋਰਖ ਨੂੰ ਜਿਸ ਨੇ ਸ੍ਰਿਸਟੀ ਸਾਜੀ। ਮੁਕਦੀ ਗੱਲ ਇਹ ਕਿ ਅਜਿਹੀ ਸੰਗਤ ਦੀ ਤਾਂਘ ਰਹਿੰਦੀ ਹੈ ਜਿੱਥੇ ਨਿਰੰਕਾਰ ਦਾ ਜਿਕਰ ਚਲੇ।

ਅਗਲੇ ਦਿਨ ਫਿਰ ਜਦੋਂ ਜੋਗੀਆਂ ਨੇ ਸਵਾਲ ਕੀਤੇ ਤਾਂ ਗੁਰੂ ਸਾਹਿਬ ਨੇ ਸੱਚੇ ਜੋਗੀ ਦੀ ਪ੍ਰੀਭਾਸ਼ਾ ਦਿੱਤੀ ਕਿ ਕਿਹੋ ਜਿਹਾ ਹੋਣਾ ਚਾਹੀਦਾ ਹੈ ਜੋਗੀ। ਭਾਵ ਜਿਸ ਨੇ ਪੰਜ ਚੋਰਾਂ (ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ) ਤੇ ਕੰਟਰੋਲ ਕਰ ਲਿਆ ਹੋਵੇ। ਮੰਨ ਵਿੱਚ ਸੰਤੋਖ ਹੋਵੇ, ਰੱਬ ਦੇ ਭੈ ਵਿੱਚ ਰਹੇ, ਸੁਰਤ ਨਾਮ ਵਿੱਚ ਜੁੜੀ ਹੋਵੇ। ਸਮਾਜਿਕ ਜੀਵਨ ਵਿੱਚ ਵਿਚਰਦਾ ਹੋਵੇ ਪਰ ਮੋਹ ਮਾਇਆ ਤੋਂ ਨਿਰਲੇਪ ਹੋਵੇ।

ਰਾਮਕਲੀ ਮਹਲਾ ੧ ॥ ਸੁਣਿ ਮਾਛਿੰਦ੍ਰਾ ਨਾਨਕੁ ਬੋਲੈ ॥ ਵਸਗਤਿ ਪੰਚ ਕਰੇ ਨਹ ਡੋਲੈ ॥ ਐਸੀ ਜੁਗਤਿ ਜੋਗ ਕਉ ਪਾਲੇ ॥ ਆਪਿ ਤਰੈ ਸਗਲੇ ਕੁਲ ਤਾਰੇ ॥੧॥ ਸੋ ਅਉਧੂਤੁ ਐਸੀ ਮਤਿ ਪਾਵੈ ॥ ਅਹਿਨਿਸਿ ਸੁੰਨਿ ਸਮਾਧਿ ਸਮਾਵੈ ॥੧॥ ਰਹਾਉ ॥

ਗੁਰੂ ਸਾਹਿਬ ਜਿੱਥੇ ਵੀ ਪਧਾਰੇ ਓਥੇ ਜੇ ਪਾਣੀ ਦੀ ਕਿੱਲਤ ਸੀ ਤਾਂ ਚਸ਼ਮੇ ਜਾਰੀ ਕੀਤੇ। ਕੋਈ 25-30 ਚਸ਼ਮਿਆਂ ਦਾ ਤਾਂ ਬਕਾਇਦਾ ਇਤਹਾਸ ਵੀ ਹੈ। ਪਰ ਇਥੇ ਚਰਪੱਟ ਵਣੀ ਵਿਖੇ ਜੋ ਚਸ਼ਮੇ ਹੈਨ ਉਹਨਾਂ ਬਾਬਤ ਮਹੰਤ ਪਰਵੀਨ ਨਾਥ ਸਿੰਧ ਜੋਗੀ ਨੇ ਦੱਸਿਆ ਕਿ ਇਹ ਖੁੱਦ ਚਰਪਟ ਨਾਥ ਨੇ ਜਾਰੀ ਕੀਤੇ ਸਨ।

ਪੈੜ ਸਫ਼ਾ ਚਰਪੱਟ ਨਾਥ ਦੀ ਕਹਾਣੀ - ਨੌ ਨਾਥਾਂ ਵਿਚੋਂ ਇਕ, ਚਰਪੱਟ ਨਾਥ, ਦਸਵੀ ਸਦੀ ਦੇ ਸ਼ੁਰੂ ਵਿੱਚ ਹੋਇਆ ਹੈ। ਚਰਪੱਟ ਭਰਮੌਰ ਦੇ ਰਾਜੇ ਸਾਹਿਲ ਵਰਮਾ ਦਾ ਧਰਮ ਗੁਰੂ ਸੀ। ਚਰਪੱਟ ਦੇ ਉਪਦੇਸ਼ ਅਨੁਸਾਰ ਹੀ ਰਾਜੇ ਨੇ ਆਪਣੀ ਰਾਜਧਾਨੀ ਭਰਮੌਰ ਤੋਂ ਚੰਬਾ ਕਰ ਲਈ ਸੀ। ਜੋਗੀ ਚਰਪੱਟ ਦੇ ਨਾਂ ਤੇ 'ਪਰੀਆਂ ਦੀਆਂ ਕਹਾਣੀਆਂ' ਦੀ ਤਰਾਂ ਅਨੇਕਾਂ ਕਹਾਣੀਆਂ ਪ੍ਰਚਲਤ ਹਨ। ਸਭ ਚਰਪੱਟ ਦੇ ਚਮਤਕਾਰ ਬਿਆਨ ਕਰਦੀਆਂ ਹਨ। ਇੱਕ ਕਹਾਣੀ ਇਹ ਵੀ ਦਸਦੀ ਹੈ ਕਿ ਚਰਪੱਟ ਕਿਸੇ ਵੀ ਵਸਤੂ ਨੂੰ ਦੂਸਰੀ ਵਿੱਚ ਤਬਦੀਲ ਕਰ ਸਕਦਾ ਸੀ; ਜਿਵੇ ਤਾਂਬੇ ਨੂੰ ਸੋਨਾ ਬਣਾ ਦੇਣਾ। ਚਰਪੱਟ ਗੋਰਖਨਾਥ ਦਾ ਚੇਲਾ ਸੀ। ਚਰਪੱਟ ਪੰਜਾਬੀ ਦੇ ਸਭ ਤੋਂ ਪਹਿਲੇ ਕਵੀਆਂ ਵਿਚੋਂ ਗਿਣਿਆ ਗਇਆ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਚਰਪੱਟ ਦੇ ਵਰ ਨਾਲ ਚੰਬੇ ਦੇ ਰਾਜੇ ਦੇ 10 ਪੁੱਤਰ ਤੇ ਇੱਕ ਧੀ (ਚੰਪਾਵਤੀ) ਪੈਦਾ ਹੋਈ ਸੀ। ਬਾਦ ਵਿੱਚ ਚੰਪਾਵਤੀ ਦੇ ਸਬੰਧ ਚਰਪੱਟ ਨਾਲ ਹੋ ਜਾਂਦੇ ਹਨ। ਚੰਬੇ ਸ਼ਹਿਰ ਦਾ ਨਾਂ ਓਸੇ ਚੰਪਾਵਤੀ ਤੋਂ ਹੀ ਬਣਦਾ ਹੈ। ਚੰਪਾਵਤੀ ਦੀ ਪੱਥਰ ਦੀ ਮੂਰਤੀ ਅੱਜ ਵੀ ਸ਼ਹਿਰ ਵਿੱਚ ਮੌਜੂਦ ਹੈ।

■ ਗਿਆਨੀ (ਪੰ- 196) ਨੇ ਇਹ ਸ਼ਬਦ ਸੁਮੇਰ ਪਰਬਤ ਤੇ ਗਾਉਣਾ ਲਿਖਿਆ ਹੈ। ਪਰ ਸਾਹਿਬ ਨੇ ਜੋ ਭਾਸ਼ਾ ਵਰਤੀ ਹੈ ਉਸ ਤੋਂ ਲੱਗਦੇ ਹੈ ਕਿ ਇਹ ਪੰਜਾਬ ਦੇ ਇਲਾਕੇ ਵਿੱਚ

ਭਿਖਿਆ ਭਾਇ ਭਗਤਿ ਭੈ ਚਲੈ ॥ ਹੋਵੈ ਸੁ ਤ੍ਰਿਪਤਿ ਸੰਤੋਖਿ ਅਮੁਲੈ ॥ ਧਿਆਨ ਰੂਪਿ ਹੋਇ ਆਸਣੁ ਪਾਵੈ ॥ ਸਚਿ ਨਾਮਿ ਤਾੜੀ ਚਿਤੁ ਲਾਵੈ ॥੨॥ ਨਾਨਕੁ ਬੋਲੈ ਅੰਮ੍ਰਿਤ ਬਾਣੀ ॥ ਸੁਣਿ ਮਾਛਿੰਦ੍ਰਾ ਅਉਧੂ ਨੀਸਾਣੀ ॥ ਆਸਾ ਮਾਹਿ ਨਿਰਾਸੁ ਵਲਾਏ ॥ ਨਿਹਚਉ ਨਾਨਕ ਕਰਤੇ ਪਾਏ ॥੩॥ ਪ੍ਰਣਵਤਿ ਨਾਨਕੁ ਅਗਮੁ ਸੁਣਾਏ ॥ ਗੁਰ ਚੇਲੇ ਕੀ ਸੰਧਿ ਮਿਲਾਏ ॥ ਦੀਖਿਆ ਦਾਰੂ ਭੋਜਨੁ ਖਾਇ ॥ ਛਿਅ ਦਰਸਨ ਕੀ ਸੋਝੀ ਪਾਇ ॥੪॥੫॥

ਦੋ ਤਿੰਨ ਦਿਨ ਏਥੇ ਰਹਿ ਗੁਰੂ ਸਾਹਿਬ, ਨੇੜੇ ਕਰਤਾਰਪੁਰ ਜਾਣ

ਚਰਪਟ ਵਣੀ ਵਿਚ ਸ਼ਿਵ ਮੰਦਰ । ਤੇ ਲਓ ਅੱਜ ਕਲ ਇਸ ਯੋਗੀ ਸਥਾਨ ਵਿਚ ਹਨੂਮਾਨ ਦੀ ਮੂਰਤੀ ਵੀ ਲੱਗ ਗਈ ਹੈ।

ਦੇ ਬਿਜਾਏ, ਬਿਆਸ ਦਰਿਆ ਰਾਂਹੀ, ਬੇੜੀ ਤੇ ਸੁਲਤਾਨਪੁਰ ਨੂੰ ਚਲੇ ਗਏ। ਇਥੋਂ ਜਦੋਂ ਰਵਾਨਾ ਹੋਏ ਤਾਂ ਸਿੱਧਾਂ ਨੇ ਬੜਾ ਮੋਹ ਪਿਆਰ ਜਿਤਾਇਆ। ਗੁਰੂ ਸਾਹਿਬ ਨੇ ਉਨਾਂ ਨੂੰ ਵਾਇਦਾ ਦਿੱਤਾ ਕਿ ਮੇਲਿਆਂ ਮਸਾਦਾਂ ਤੇ ਮੈਂ ਤੁਹਾਨੂੰ ਮਿਲਦਾ ਰਹਾਂਗਾ, ਜੇ ਤੁਸੀ ਕਰਤਾਰਪੁਰ ਨਹੀ ਆ ਸਕਦੇ ਤਾਂ।

****ਗੁਰੂ ਸਾਹਿਬ ਤੇ ਚਰਪੱਟ ਵਣੀ ਦੇ ਜੋਗੀਆਂ ਦਰਮਿਆਨ ਹੋਈ ਚਰਚਾ ਤੇ ਜੋਗੀਆਂ ਨੇ ਵੀ ਕਵਿਤਾ ਰਚੀ ਕਿ ਗੁਰੂ ਸਾਹਿਬ ਨੇ ਆਪਣੇ ਬਾਰੇ ਕੁਝ ਅਜਿਹਾ ਕਿਹਾ:-

ਸੇਲੀ ਨ ਬਾਂਧੋ, ਨ ਪਹਿਰੋ ਮ੍ਰਿਗਾਨੀ।
ਖਿੰਥਾ ਨ ਓਢੋ, ਜੋ ਹੋ ਜਾਇ ਪੁਰਾਨੀ।
ਬਿਭੂਤੀ ਨ ਚੜਾਓ, ਜੋ ਉੱਤਰ ਉੱਤਰ ਜਾਇ।
ਖਰ ਵਾਕਰ ਲੌਟੇਗੀ ਮੇਰੀ ਬਲਾਇ।
ਦੁਆਰਾ ਦੇਖ ਧੂਣੀ ਨ ਪਾਉਂ।
ਸੰਧਿਆ ਦੇਖ ਸਿੰਙੀ ਨ ਬਜਾਊ।
ਗ੍ਰਿਹ ਗ੍ਰਿਹ ਕੂਕਰ ਨਿਆਈ ਮਾਂਗਤ ਨਾ ਜਾਊ।
ਭੇਖ ਕਾ ਜੋਗੀ ਕਦੇ ਨ ਕਹਾਊ।

——◈——

ਕਟਾਰੂ ਚੱਕ (ਚਰਪੱਟ ਵਣੀ) ਤੋਂ ਗੁਰੂ ਸਾਹਿਬ ਨੇ ਸੁਲਤਾਨਪੁਰ ਲੋਧੀ ਨੂੰ ਚਾਲੇ ਪਾਏ। ਹੋ ਸਕਦਾ ਸ਼ੁਰੂ ਵਿਚ ਕੋਈ ਬੇੜੀ ਮਿਲ ਗਈ ਹੋਵੇ। ਕਿਉਕਿ ਚੱਕ ਤੋਂ ਕਾਹਨੂੰਵਾਨ ਤਕ ਜਾਣ ਦੇ ਰਸਤੇ ਵਿਚ ਕਿਤੇ ਗੁਰੂ ਸਾਹਿਬ ਦੇ ਰੁਕਣ ਦਾ ਇਸ਼ਾਰਾ ਨਹੀ ਮਿਲਦਾ। ਕਾਹਨੂੰਵਾਨ ਤੋਂ ਦਰਿਆ ਬਿਆਸ ਅੱਜ ਤਾਂ 11 ਕਿ.ਮੀ. ਚੜ੍ਹਦੇ ਵਲ ਨੂੰ ਖਿਸਕ ਗਇਆ ਹੈ ਪਰ ਇਸ ਵਿਚ ਕੋਈ ਸ਼ੱਕ ਨਹੀ ਕਿ ਕਿਸੇ ਵੇਲੇ ਕਾਹਨੂੰਵਾਨ, ਦਰਿਆ ਦੇ ਐਨ ਕੰਢੇ ਤੇ ਸੀ। ਸੋ ਕਾਹਨੂੰਵਾਨ ਤੋਂ ਪੂਰਬ ਨੂੰ ਚਲਦੇ ਹੋਏ ਗੁਰੂ ਸਾਹਿਬ ਨੇ ਅਗਲਾ

ਸਾਹਿਬ ਦੀ ਕੀੜੀ ਅਫਗਾਨਾਂ ਵਿਖੇ ਆਮਦ ਦੀ ਯਾਦਗਾਰ

ਪੜਾ ਕੀਤਾ ਪਠਾਣਾਂ ਦੇ ਪਿੰਡ ਕੀੜੀ ਅਫਗਾਨਾਂ (ਨਕਸ਼ਾ ਸੂਚਕ 31.8791, 75.4531)

ਪਠਾਣਾਂ ਨੇ ਗੀਤ ਗਾਇਆ, "ਦਮਸਾਹ ਨਾਨਕ! ਦਮਸਾਹ ਨਾਨਕ!!"

ਜਦੋਂ ਗੁਰੂ ਸਾਹਿਬ ਪਿੰਡ ਕੀੜੀ ਪਠਾਣਾਂ ਠਹਿਰੇ ਹੋਏ ਸਨ ਤਾਂ ਕੋਈ ਵਿਆਹ ਸ਼ਾਦੀ ਦਾ ਮੌਕਾ ਸੀ। ਸਾਹਿਬ ਨੇ ਕੋਈ ਅਜਿਹਾ ਕੌਤਕ ਕੀਤਾ ਕਿ ਸਭ ਪਠਾਣ ਇਕ ਦਮ ਝੂਮ ਉਠੇ। ਉਹਨਾਂ ਨੇ ਗੁਰੂ ਸਾਹਿਬ ਦੀ ਆਮਦ ਦਾ ਜਸ਼ਨ ਢੋਕ ਢਮੱਕੇ ਦਮਾਮੇ ਵਜਾ ਕੇ ਮਨਾਇਆ। ਜਿਵੇਂ ਗਾਣਾਂ ਗਾਇਆ ਜਾਂਦਾ ਹੈ ਦਮਾ ਦਮ ਮਸਤ ਕਲੰਦਰ ਐਨ ਏਸੇ ਤਰਜ਼ ਤੇ ਉਹਨਾਂ ਗਾਇਆ ਅਤੇ ਨੱਚੇ। ਦਮਸਾਹ ਭਾਵ ਹਰ ਸਾਹ ਦੇ ਨਾਲ ਨਾਨਕ।

ਜਦੋਂ ਫਿਰ ਅਜਿਹਾ ਸੰਗੀਤ ਚਲਦਾ ਹੋਵੇ ਤਾਂ ਮਰਦਾਨੇ ਦਾ ਹੱਥ ਰਬਾਬ ਦੀ ਤਾਰ ਤੇ ਨਾਂ ਜਾਏ ਇਹ ਹੋ ਹੀ ਨਹੀ ਸੀ ਸਕਦਾ।

ਖੁਸ਼ੀਆਂ ਦਾ ਮੌਕਾ ਸੀ ਮਰਦਾਨੇ ਨੇ ਸੂਹੀ ਦੀ ਧੁੰਨ ਵਜਾਈ। ਮਰਦਾਨੇ ਨੇ ਓਹੋ ਸ਼ਬਦ ਲਾ ਦਿਤਾ ਜਿਹੜਾ ਗੁਰੂ ਸਾਹਿਬ ਨੇ ਵੀ ਆਪਣੇ ਪੁਤ ਦੇ ਵਿਆਹ ਤੇ ਉਚਾਰਿਆ ਸੀ:

ੴ ਸਤਿਗੁਰ ਪ੍ਰਸਾਦਿ ॥ ਰਾਗੁ ਸੂਹੀ ਛੰਤ ਮਹਲਾ ੧ ਘਰੁ ੪ ॥ ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥ ...(ਪੂਰਾ ਸ਼ਬਦ ਵੇਖੋ ਸਫਾ 195)⊙

ਪਿੰਡ ਕੀੜੀ ਦੇ ਪਠਾਣ ਗੁਰੂ ਸਾਹਿਬ ਦੇ ਕੱਟੜ ਸ਼ਰਧਾਲੂ ਰਹੇ ਨੇ। ਫਿਰ ਜਿਵੇ ਗੁਰੂ ਸਾਹਿਬ ਦਾ ਮਤ ਧਰਮ ਦੀ ਸ਼ਕਲ ਲੈਣ ਲੱਗਾ ਤਾਂ ਹੌਲੀ ਹੌਲੀ ਇਹ ਪ੍ਰਵਾਰ ਫਿਰ ਸਿੱਖੀ ਤੋਂ ਦੂਰ ਹੁੰਦੇ ਗਏ। ਇਕ ਹੋਰ ਵੀ ਵੱਡਾ ਨੁਕਤਾ ਇਹ ਵੀ ਹੁੰਦਾ ਹੈ ਕਿ ਜਿਸ ਕਬੀਲੇ ਜਾਂ ਜਾਤ ਵਿਚ ਜਿਸ ਧਰਮ ਦਾ ਬਹੁਮਤ ਹੋਵੇ, ਹੌਲੀ ਹੌਲੀ ਸਾਰਾ ਕਬੀਲਾ ਓਸੇ ਧਰਮ ਦਾ ਹੋ ਜਾਂਦਾ ਹੈ। ਕਿਉਕਿ ਵਿਆਹ ਨਾਲ ਬਾਹਰੋ ਜਿਹੜੀ ਧੀ ਆਉਦੀ ਹੈ ਉਹ ਆਪਣੇ ਬੱਚਿਆਂ ਵਿਚ ਆਪਣੇ ਮਾਪਿਆ ਵਾਲਾ ਬਹੁਮਤ ਧਰਮ ਚਲਾ ਦਿੰਦੀ ਹੈ। ਬਹੁਤੇ ਖੱਤਰੀ ਪ੍ਰਵਾਰਾਂ ਦਾ ਸਿੱਖੀ ਤੋਂ ਟੁੱਟਣ ਦਾ ਵੀ ਇਹੋ ਕਾਰਨ ਬਣਿਆ ਸੀ ਕਿਉਕਿ ਵਹੁਟੀਆਂ ਜਿਵੇ ਆਰੀਆ ਸਮਾਜੀ ਪ੍ਰਵਾਰਾਂ ਤੋਂ ਆਈਆਂ ਉਹਨਾਂ ਨੇ ਸਿੱਖੀ ਦੂਰ ਕਰ ਦਿੱਤੀ।

ਗੁਰੂ ਸਾਹਿਬ ਇਸ ਤੋਂ ਅੱਗੇ ਭਗਤ ਨਾਮਦੇਵ ਦੇ ਪਿੰਡ ਘੁਮਾਣਾਂ ਤੋਂ ਮਾੜੀ ਬੁੱਚੀਆਂ ਥਾਂਣੀ ਹੁੰਦੇ ਹੋਏ ਸਠਿਆਲਾ ਪੁੱਜੇ।

———◈———

ਸਠਿਆਲਾ ✚

ਸਠਿਆ ਚੁੱਕੇ ਮੌਲਾਣੇ ਨੇ ਗੁਰੂ ਸਾਹਿਬ ਨੂੰ ਢੀਮਾਂ ਮਰਵਾਈਆਂ

ਬੁੱਢਾ ਥੇਹ ਤੋਂ 7 ਕਿ.ਮੀ ਦੱਖਣ ਗੁਰੂ ਸਾਹਿਬ ਪਿੰਡ ਸਠਿਆਲਾ ਪਹੁੰਚੇ। ਸਠਿਆਲਾ ਬਾਬਾ ਬਕਾਲਾ ਤੋ ਪਹਾੜ ਪਾਸੇ ਸਾਢੇ ਚਾਰ ਕਿ.ਮੀ ਹੈ ਅਤੇ ਬਟਾਲਾ ਸੜਕ ਤੋਂ ਇੱਕ ਕਿ. ਮੀ. ਚੜਦੇ ਪਾਸੇ ਹੈ। ਜਿੰਨੀ ਦਿਨੀ ਗੁਰੂ ਸਾਹਿਬ ਇਥੇ ਆਏ ਓਦੋ ਇਸ ਪਿੰਡ ਦਾ ਨਾਂ ਮੁਗਲਾਨੀ ਹੋਇਆ ਕਰਦਾ ਸੀ ਅਤੇ ਬਹੁਤੀ ਮੁਸਲਮਾਨ ਅਬਾਦੀ ਹੀ ਸੀ। ਇੱਕ ਮੁਸਲਮਾਨ ਪੀਰ ਦੀ ਪਿੰਡ ਵਿੱਚ ਬੜੀ ਮਾਨਤਾ ਸੀ। ਗੁਰੂ ਸਾਹਿਬ ਪਿੰਡੋਂ ਬਾਹਰਵਾਰ ਹੀ ਬਹਿ ਗਏ ਤੇ ਕੀਰਤਨ ਸ਼ੁਰੂ ਕਰ ਦਿੱਤਾ। ਮਰਦਾਨਾ ਰਬਾਬੀ ਨਾਲ ਸੀ। ਗੁਰੂ ਸਾਹਿਬ ਦੀ ਆਮਦ ਦੀ ਖਬਰ ਪਿੰਡ ਵਾਸੀਆਂ ਨੂੰ ਲੱਗੀ। ਇਕ ਮਾਂ ਜਿਸ ਦਾ ਬੱਚਾ ਸੋਕੜੇ ਦਾ ਮਰੀਜ ਸੀ ਉਹ ਥਾਂ ਥਾਂ ਇਲਾਜ ਕਰਾ ਕੇ ਹਾਰ ਚੁੱਕੀ ਮਹਿਸੂਸ ਕਰ ਰਹੀ ਸੀ। ਗੁਰੂ ਸਾਹਿਬ ਦੀ ਪਿੰਡ ਵਿਚ ਆਮਦ ਦਾ ਸੁਣ ਕੇ ਉਹ ਵੀ ਪਹੁੰਚੀ। ਗੁਰੂ ਸਾਹਿਬ ਅਤੇ ਮਰਦਾਨਾ ਕੀਰਤਨ ਵਿਚ ਮਸਤ ਸਨ। ਉਸ ਬੀਬੀ ਨੇ ਬੱਚਾ ਗੁਰੂ ਸਾਹਿਬ ਦੇ ਲਾਗੇ ਪਾ ਦਿੱਤਾ ਤੇ ਆਪ ਪਰੇ ਹੋ ਕੇ ਬਹਿ ਗਈ। ਸ਼ਬਦ ਦੀ ਸਮਾਪਤੀ ਤੇ ਗੁਰੂ ਸਾਹਿਬ ਨੇ ਰੋਂਦੀ ਮਾਂ ਦਾ ਦਰਦ ਸਮਝਿਆ ਅਤੇ ਉਸ ਨੂੰ ਇਸ਼ਾਰਾ ਕੀਤਾ ਕਿ ਬੱਚੇ ਨੂੰ ਨਾਲ ਦੀ ਛਪੜੀ ਵਿਚ ਇਸ਼ਨਾਨ ਕਰਾਓ। ਚੁਫੇਰਿਓ ਹਾਰ ਚੁੱਕੀ ਮਾਂ ਨੇ ਝੱਟ ਬੱਚੇ ਨੂੰ ਡੁਬਕੀ ਲਵਾ ਦਿੱਤੀ।

ਮਾਂ ਨੂੰ ਮਹਿਸੂਸ ਹੋਇਆ ਬੱਚੇ ਵਿਚ ਨਵੀ ਰੌਂਣਕ ਤੇ ਰੂਹ ਆ ਚੁੱਕੀ ਸੀ। ਸਰੀਰ ਨੇ ਇਕ ਦਮ ਹਰਕਤ ਕਰਨੀ ਸ਼ੁਰੂ ਕਰ ਦਿੱਤੀ। ਮਾਂ ਨੇ ਪਿੰਡ ਵਿਚ ਜਾ ਦੁਹਾਈ ਦਿੱਤੀ ਕਿ ਇਕ ਰੱਬ ਦਾ ਪਿਆਰਾ ਫਕੀਰ ਆਇਆ ਹੈ।

ਇਹ ਸੁਣ ਕੇ ਉਸ ਕੱਟੜ ਪੀਰ ਨੂੰ ਬੜਾ ਵੱਟ ਚੜਿਆ ਕਿ ਇਕ

ਛਪੜੀ ਜੋ ਅੱਜ ਸਰੋਵਰ ਬਣ ਚੁੱਕੀ ਹੈ ਦੇ ਕੰਢੇ ਗੁਰਦੁਆਰਾ ਨਾਨਕਸਰ ਸਠਿਆਲਾ।

ਪੈਂਤ ਸਫਾ **ਚਰਪਟ ਵਣੀ–** ਸੋਢੀ -409, ਮਹਾਨ ਕੋਸ਼- 457
ਪੁਰਾਤਨ-114, ਬਾਲਾ-127,

⊙ ਪੁਰਾਤਨ ਨੇ ਜੋ ਇਥੇ ਦਿਤਾ ਹੈ। ਉਹ ਤਿਲੰਗ ਰਾਗ ਅਤੇ ਸੋਗ ਦਾ ਹੈ: "ਜਿਨਿ ਕੀਆ ਤਿਨਿ ਦੇਖਿਆ ਅੰਗ 724 ਸਗਗਸ"। ਜੋ ਬਾਬਰ ਦੇ ਕਤਲਾਮ ਤੋਂ ਬਾਦ ਉਚਾਰਿਆ ਸੀ। ਗਲਤੀ ਇਸ ਕਰਕੇ ਹੋਈ ਲਗਦੀ ਹੈ ਕਿਉਕਿ ਸ਼ਬਦ ਦੀਆਂ ਪਹਿਲੀਆਂ ਸਤਰਾਂ ਸਮਾਨ ਹਨ। ਸਹੀ ਸ਼ਬਦ ਅੰਗ 765 ਤੇ ਹੈ।

ਮੁਸਲਮਾਨ ਔਰਤ ਹਿੰਦੂ ਫਕੀਰ ਦੀ ਮਸ਼ਹੂਰੀ ਕਰ ਰਹੀ ਹੈ। ਉਸ ਨੇ ਆਪਣੇ ਚੇਲੇ ਭੇਜ ਕੇ ਗੁਰੂ ਸਾਹਿਬ ਨਾਲ ਠੱਠ ਕੀਤਾ ਤੇ ਢੀਮਾਂ ਮਾਰੀਆਂ। ਛੇਤੀ ਹੀ ਕੁਝ ਅਜਿਹੇ ਲੋਕ ਵੀ ਆ ਪਹੁੰਚੇ ਜਿੰਨਾਂ ਗੁਰੂ ਸਾਹਿਬ ਦੀ ਮਹਿਮਾ ਸੁਣ ਰੱਖੀ ਸੀ।

ਗੁਰੂ ਸਾਹਿਬ ਇਕ ਦੋ ਦਿਨ ਇਥੇ ਰੁਕੇ। ਧਰਮ ਦੀ ਚਰਚਾ ਚਲੀ ਜਿਸ ਵਿਚ ਪੀਰ ਲਾਜਵਾਬ ਹੋਇਆ ਪਰ ਆਪਣਾ ਹੰਕਾਰ ਨਾਂ ਛੱਡਿਆ।

ਜਦੋਂ ਮਰਦਾਨੇ ਗੁਰੂ ਸਾਹਿਬ ਤੋਂ ਪੁੱਛਿਆ ਕਿ ਗੁਰੂ ਜੀ ਇਹ ਮੁਗਲ ਲੋਕਾਂ ਅਜਿਹਾ ਕਿਓ ਕੀਤਾ ਤਾਂ ਗੁਰੂ ਸਾਹਿਬ ਨੇ ਸਹਿਜ ਸੁਭਾ ਕਿਹਾ ਕਿ ਇਹ ਸਠਿਆ ਗਏ ਨੇ। ਕਿਹਾ ਜਾਂਦਾ ਕਿ ਇਥੋਂ ਦੇ ਬਹੁਤੇ ਮੁੱਗਲ ਜੱਲੇ ਹੀ ਹੁੰਦੇ ਸਨ। ਵਕਤ ਪਾ ਕੇ ਮੁਗਲ ਜਾਤ ਦੇ ਬਹੁਤੇ ਮੁਸਲਮਾਨ ਇਥੋਂ ਹਿਜਰਤ ਹੀ ਕਰ ਗਏ। ਹੌਲੀ ਹੌਲੀ ਪਿੰਡ ਮੁਗਲਾਨੀ ਦਾ ਨਾਂ ਹੀ ਖਤਮ ਹੋ ਗਿਆ। ਪਿੰਡ ਦੀ ਅਜਿਹੀ ਬਦਨਾਮੀ ਹੋਈ ਕਿ ਨਾਂ ਹੀ ਸੱਠਾਂ ਵਾਲਾ ਭਾਵ ਸਠਿਆਲਾ ਬਣ ਗਿਆ। (ਸੱਠ ਭਾਵ ਝੱਲਾ)। ਬਾਕੀ ਬਚੇ ਮੁਸਲਮਾਨ 1947 ਵੇਲੇ ਇਥੋਂ ਪਾਕਿਸਤਾਨ ਚਲੇ ਗਏ।

ਜਿਸ ਪਿੱਪਲ ਦੇ ਰੁੱਖ ਹੇਠ ਗੁਰੂ ਸਾਹਿਬ ਬਿਰਾਜੇ ਸਨ ਉਹ ਸੰਨ 1931 ਈ ਤੱਕ ਤਾਂ ਹੈਗਾ ਸੀ।

ਸਠਿਆਲੇ ਤੋਂ ਚੱਲ ਕੇ ਗੁਰੂ ਸਾਹਿਬ 3 ਕਿ.ਮੀ. ਦੱਖਣ, ਪਿੰਡ ਠੱਠੀਆਂ ਪਹੁੰਚੇ। ਇਸ ਬਾਬਤ ਸੰਨ 1931 ਈ ਵਿੱਚ ਭਾਈ ਧੰਨਾ ਸਿੰਘ ਸਾਈਕਲ ਯਾਤਰੀ- ਨੇ ਲਿਖਿਆ ਹੈ:-*****

"ਪਿੰਡ ਠੱਠੀਆਂ + ਦੇ ਚੜਦੇ ਦੀ ਤਰਫ ਅੱਧ ਮੀਲ ਤੇ ਇੱਕ ਸਰੋਵਰ ਨਾਨਕਿਆਣਾ ਸਾਹਿਬ ਜੀ ਹੈ। ਇਸ ਸਰੋਵਰ ਵਿੱਚ ਜਲ ਨਹੀ ਰਹਿੰਦਾ ਹੈ ਤੇ ਸਾਰੇ ਪਿੰਡ ਦਾ ਸ਼ਾਮਲਾਟ ਹੀ ਹੈ।ਸਾਰਾ ਪਿੰਡ ਨਾਨਕਿਆਣਾ ਕਰਕੇ ਮੰਨਦਾ ਹੈ। ਪਹਿਲੇ ਲਾਗੇ ਦੇ ਖੇਤਾਂ ਵਾਲੇ ਇਸ ਸਰੋਵਰ ਨੂੰ ਰਲਾਉਨੇ ਲੱਗ ਗਏ ਸਨ। ਅਖੀਰ ਜਦ ਨੁਕਸਾਨ ਹੋਨੇ ਲਗਾ ਤਾਂ ਹਟ ਗਏ ਸਨ। ਅਜ ਕਲ ਇਹ ਛੱਪੜ 170 ਕਰਮ ਦੇ ਗੇੜ ਵਿੱਚ ਹੈ। ਜਿਸ ਵਕਤ ਪਹਿਲੀ ਪਾਤਸ਼ਾਹੀ ਜੀ ਪਿੰਡ ਸਠਿਆਲੇ ਤੋਂ ਆਈ ਹੈ, ਜੋ ਕੇ ਉਤ੍ਰ ਦੀ ਤਰਫ ਇੱਕ ਮੀਲ ਤੇ ਹੈ ਤਾਂ ਇਸ ਛੱਪੜ ਤੇ ਪਵਿਤਰ ਚਰਨ ਪਾਏ ਸਨ ਤੇ ਮਰਦਾਨੇ ਤੇ ਕੀਰਤਨ ਸੁਨਨੇ ਲੱਗ ਗਏ ਸਨ। ਤਾਂ ਮਰਦਾਨੇ ਗੁਰੂ ਜੀ ਕਹਿਆ ਕੇ ਜਿਸ ਜਗਾ ਗੁਰੂਆਂ ਦੇ ਚਰਨ ਪੈਂਦੇ ਜਾਂਦੇ ਹੈ, ਉਸ ਜਗਾ ਗੁਰਦਵਾਰੇ ਪੈਨਗੇ। ਸੋ ਇਸ ਜੰਗਲ ਵਿੱਚ ਕਿਸੇ ਨੂੰ ਕੀ ਪਤਾ ਹੈ ਕੇ ਗੁਰੂ ਜੀ ਫਲਾਨੇ ਛੱਪੜ ਤੇ ਬੈਠੇ ਕੀਰਤਨ ਕਰ ਰਹੇ ਹੈ। ...ਇਹ ਨਾਨਕਿਆਣਾ ਸਾਹਿਬ ਜੀ ਬਾਬੇ ਬਕਾਲੇ ਤੋਂ ਉਤ੍ਰ ਦੀ ਤੇ ਚੜਦੇ ਦੀ ਗੁੱਠ ਵਿੱਚ ਇੱਕ ਮੀਲ ਤੇ ਹੈ।''

ਅਸੀ ਪੁੱਛ ਗਿੱਛ ਕੀਤੀ ਹੈ ਅੱਜ ਠੱਠੀਆਂ ਵਿਚ ਗੁਰੂ ਸਾਹਿਬ ਦੀ ਆਮਦ ਦੀ ਕੋਈ ਯਾਦਗਾਰ ਨਹੀ ਬਚੀ। ਬਾਵਜੂਦ ਇਸ ਦੇ ਕੇ ਨਾਲ ਹੀ ਬਾਬਾ ਬਕਾਲਾ ਵਿਖੇ ਵੱਡੇ ਵੱਡੇ ਪ੍ਰਚਾਰਕਰ ਨਿਵਾਸ ਕਰਦੇ ਹਨ।

———◈———

ਠੱਠੀਆਂ ਤੋਂ ਪਿੰਡ ਬੁੱਢਾ ਥੇਹ ਆਏ ਜੋ 5 ਕਿ. ਮੀ ਦੱਖਣ ਜਲੰਧਰ ਅੰਮ੍ਰਿਤਸਰ ਸੜਕ ਤੇ ਹੈ ਅਤੇ ਜਲੰਧਰ ਵਾਲੇ ਪਾਸਿਓ ਜਿਵੇ ਦਰਿਆ ਪਾਰ ਕਰੀਦਾ ਹੈ ਇਹ ਸੱਜੇ ਹੱਥ ਪਹਿਲਾ ਪਿੰਡ ਹੈ ਜਿਥੇ ਡੇਰਾ ਬਿਆਸ ਦਾ ਅੱਡਾ ਅਤੇ ਰੇਲਵੇ ਸਟੇਸ਼ਨ ਹੈ।

ਬੁੱਢਾ ਥੇਹ ਬਾਰੇ ਸਾਈਕਲ ਯਾਤਰੀ ਲਿਖਦਾ ਹੈ:-

"ਪਿੰਡ ਬੁੱਢਾ ਥੇਹ ਦੀ ਉਤਰ ਦੀ ਤਰਫ ਇੱਕ ਫਰਲਾਂਗ ਤੇ ਪਹਿਲੀ ਪਾਤਸ਼ਾਹੀ ਜੀ ਦਾ ਗੁਰਦਵਾਰਾ ਹੈ। ਜੋ ਕਿ ਮੰਜੀ ਸਾਹਿਬ ਬਨ ਕੇ ਉਪਰ ਗੁੰਮਟ ਬਣਾ ਹੋਆ ਹੈ। ਪਿੱਪਲ ਤੇ ਬਰੋਟਾ (ਬੋਹੜ) ਤੇ ਨਿੰਮ ਤਿੰਨੋ ਦਰਖਤ ਖੜੇ ਹੈ ਤੇ ਪਾਸ ਹੀ ਗੁਰਦੁਆਰਾ ਪਇਆ ਹੋਆ ਹੈ। "

ਇਥੇ ਜਦੋਂ ਗੁਰੂ ਸਾਹਿਬ ਆਏ ਤਾਂ ਪਿੰਡ ਦੇ ਲੋਕਾਂ ਦਾ ਸੰਗ ਨਿਗਾਹੇ ਪੀਰ ਦੀ ਜਗਾ ਧੌਂਕਲ (ਜਿਲਾ ਗੁਜਰਾਂਵਾਲਾ) ਜਾਣ ਲਈ ਤਿਆਰੀਆਂ ਕਰ ਰਿਹਾ ਸੀ। ਗੁਰੂ ਜੀ ਨੇ ਅਜਿਹਾ ਕੌਤਕ ਕੀਤਾ ਕਿ ਲੋਕਾਂ ਨੂੰ ਇਉ ਲੱਗਾ ਕਿ ਇਹ ਤਾਂ ਲੱਖ ਦਾਤਾ ਖੁੱਦ ਹੀ ਸਾਡੇ ਪਿੰਡ ਆ ਗਇਆ ਹੈ। ਲੋਕ ਲੱਖ ਲੱਖ ਸ਼ੁਕਰ ਮਨਾ ਰਹੇ ਸਨ। ਖੂਬ ਸੇਵਾ ਕੀਤੀ ਗੁਰੂ ਸਾਹਿਬ ਅਤੇ ਗੁਰੂ ਦੇ ਸੇਵਕ ਦੀ। ਸਾਹਿਬ ਨੇ ਬੁਢਾ ਥੇਹ ਵਿਖੇ ਲੋਕਾਈ ਨੂੰ ਫਿਰ ਸਰਵਰੀਆਂ ਦਾ ਸੰਗ ਛੱਡ ਇੱਕ ਨਿਰੰਕਾਰ ਦੀ ਉਪਾਸਨਾ ਦਾ ਸੰਦੇਸ ਦਿੱਤਾ ਤੇ ਨਾਮ ਦੇ ਲੜ ਲਾਇਆ। ਗੁਰੂ ਸਾਹਿਬ ਨੇ ਇਸ ਪਿੰਡ ਦੇ ਲੋਕਾਂ ਨੂੰ ਖਿੱਚ ਪੁੰਢ ਜਾਣ ਦਾ ਵਰ ਦਿੱਤਾ ਕਿਉਕਿ ਜਿੱਥੇ ਵੀ ਇਹ ਲੋਕ ਜਾਣਗੇ ਨੇਕੀ ਦਾ ਪਸਾਰਾ ਕਰਨਗੇ।

ਦੁੱਖ ਨਾਲ ਜਾਣਕਾਰੀ ਦੇ ਰਹੇ ਹਾਂ ਕਿ 90 ਸਾਲ ਪਹਿਲਾਂ ਜਿਹੜਾ ਯਾਦਗਾਰੀ ਗੁਰਦੁਆਰਾ ਸੀ ਉਹ ਅੱਜ ਅਲੋਪ ਹੋ ਚੁੱਕਾ ਹੈ।

ਦੂਸਰੇ ਪਾਸੇ ਹਾਲਤ ਇਹ ਹੈ ਕਿ ਗੁਰਸਿੱਖਾਂ ਨੂੰ ਦੂਰ ਦੁਰਾਡੇ ਦੇਸਾਂ ਵਿਚ ਵੀ ਜਿਥੇ ਪਤਾ ਲੱਗੇ ਕਿ ਗੁਰੂ ਸਾਹਿਬ ਨੇ ਚਰਨ ਪਾਏ ਤਾਂ ਉਥੇ ਵੀ ਯਾਦਗਾਰ ਬਣਾਉਣ ਲਈ ਉਤਾਵਲੇ ਹੋ ਜਾਂਦੇ ਨੇ। ਹੈਰਾਨੀ ਦੀ ਗਲ ਕਿ ਇਥੋਂ ਲਾਗੇ ਹੀ 2 ਕਿ. ਮੀ ਦੀ ਵਿੱਥ ਤੇ ਬਾਬਾ ਬਕਾਲੇ ਵਿਖੇ ਵੱਡੇ ਗੁਰਅਸਥਾਨ ਹਨ ਜੋ ਸਿੱਧੇ ਸ਼੍ਰੋਮਣੀ ਕਮੇਟੀ ਦੇ ਕੰਟਰੋਲ ਅਧੀਨ ਹਨ। ਸੋ ਗਲ ਤਾਂ ਸਾਰੀ ਸ਼ਰਧਾ ਦੀ ਹੁੰਦੀ ਹੈ।

ਇਹਨਾਂ ਦੋਵਾਂ ਪਿੰਡਾਂ ਵਿਚ ਯਾਦਗਾਰਾਂ ਅਲੋਪ ਹੋਣ ਦਾ ਇਹ ਵੀ ਕਾਰਨ ਹੋ ਸਕਦਾ ਹੈ ਕਿ ਨਾਲ ਹੀ ਰਾਧਾ ਸੁਆਮੀ ਡੇਰਾ ਬਿਆਸ ਹੈ। ਹੋ ਸਕਦਾ ਹੈ ਪਿੰਡ ਦੇ ਸਾਰੇ ਵਸਨੀਕ ਡੇਰੇ ਵਾਲੇ ਨਾਲ ਜੁੜ ਗਏ ਹੋਣ ਜਾਂ ਫਿਰ ਈਸਾਈ ਬਣ ਗਏ ਹੋਣ।

——◈——

ਬੁਢਾ ਥੇਹ ਤੋਂ 13-14 ਕਿ.ਮੀ ਦਾ ਪੈਂਡਾ ਕਰਕੇ ਗੁਰੂ ਸਾਹਿਬ ਪਿੰਡ ਭਲਾਈ ਪੁਰ ਡੋਗਰਾਂ ਥਾਂਣੀ ਹੁੰਦੇ ਹੋਏ ਜਲਾਲਾਬਾਦ

ਪਹੁੰਚੇ। ਜਲਾਲਾਬਾਦ ਖਡੂਰ ਸਾਹਿਬ ਤੋਂ 10 ਕਿ. ਮੀ. ਪੂਰਬ ਵਿਚ ਹੈ। ਇਥੇ ਗੁਰੂ ਸਾਹਿਬ ਦਾ ਆਉਣਾ ਲਗ ਪਗ ਸਾਰੀਆਂ ਜਨਮ ਸਾਖੀਆਂ ਵਿਚ ਹੈ। ਪਰ ਪਿੰਡ ਵਿਚ ਗੁਰੂ ਸਾਹਿਬ ਦੀ ਕੋਈ ਯਾਦਗਾਰ ਨਹੀ ਬਣੀ। ਉਂਜ ਵੀ ਵੇਖਣ ਤੇ ਸਾਫ ਪਤਾ ਲਗਦਾ ਹੈ ਕਿ ਇਹ ਇਤਹਾਸਿਕ ਪਿੰਡ ਹੈ।

ਜਲਾਲਾਬਾਦ ਤੋਂ ਅੱਗੇ ਪੂਰਬ ਵਿਚ 5 ਕਿ. ਮੀ. ਤੇ ਇਤਹਾਸਿਕ ਕਸਬਾ ਵੈਰੋਵਾਲ ਆਉਣਾ ਜਿਥੇ ਗੁਰੂ ਸਾਹਿਬ ਦੇ ਆਉਣ ਦੀ ਯਾਦਗਾਰ ਬਣੀ ਹੋਈ ਹੈ। ਸਾਡੇ ਅੰਦਾਜ਼ੇ ਅਨੁਸਾਰ ਸਾਹਿਬ ਪਹਿਲੀ ਉਦਾਸੀ ਵੇਲੇ ਜਦੋਂ ਸੁਲਤਾਨਪੁਰ ਤੋਂ ਰਵਾਨਾ ਹੋਏ ਸਨ ਤਾਂ ਉਦੋਂ ਵੀ ਵੈਰੋਵਾਲ ਗਏ ਸਨ। ਸੋ ਇਸ ਬਾਬਤ ਵੇਖੋ ਸਫਾ 74.

ਵੈਰੋਵਾਲ ਤੋਂ 32 ਕਿ. ਮੀ ਦਾ ਪੈਂਡਾ ਤਹਿ ਕਰ ਭਾਵ ਗੋਇੰਦਵਾਲ, ਤਲਵੰਡੀ ਚੌਧਰੀਆਂ ਥਾਂਣੀ ਹੁੰਦੇ ਹੋਏ ਸਾਹਿਬ ਨੇ ਜਾ ਭੈਣ ਦੇ ਦਰਵਾਜੇ ਤੇ ਸਤਿਕਰਤਾਰ ਕਿਹਾ।

—◈—

ਸਤਿ ਕਰਤਾਰ ਦਾ ਅਵਾਜਾ ਸੁਣ ਭੈਣ ਨਾਨਕੀ ਗੱਦ ਗੱਦ ਹੋ ਉਠੀ।

ਸੁਲਤਾਪੁਰ ਲੋਧੀ ਪਹੁੰਚ ਗਇਆ ਬਾਬਾ

ਕਤਕ ਪੂਰਨਮਾਸ਼ੀ 1582 ਮੁਤਾਬਿਕ 1525 ਈ ਨੂੰ ਗੁਰੂ ਸਾਹਿਬ ਸੁਲਤਾਨਪੁਰ ਲੋਧੀ ਸਨ। ○

ਜਦੋਂ ਗੁਰੂ ਸਾਹਿਬ ਨੇ ਵਿਹੜੇ ਪਹੁੰਚ ਸਤਿ ਕਰਤਾਰ ਦਾ ਜੈਕਾਰਾ ਲਾਇਆ ਭੈਣ ਨਾਨਕੀ ਬਾਗੋ ਬਾਗ ਹੋ ਉਠੀ। "ਨੀ ਮੇਰੇ ਧੰਨ ਭਾਗ ਮੇਰਾ ਪਹਾੜੀ ਵੀਰ ਆਇਆ, ਸ਼ੁਕਰ ਹੈ ਨਿਰੰਕਾਰ ਦਾ।" ਬੇਬੇ ਨੇ ਸੁੱਖ ਸੁਨੇਹਾ ਪੁੱਛਿਆ ਕਿ ਕਿਵੇ ਰਹੀ ਪਹਾੜਾਂ ਦੀ ਯਾਤਰਾ। ਕਰਤਾਰਪੁਰ (ਪੱਖੋਕੇ) ਦਾ ਜੋ ਹਾਲ ਸੁਣਿਆ ਸੀ ਦੱਸਿਆ।

ਓਸੇ ਵੇਲੇ ਨੌਕਰ ਚਾਕਰ ਬਜਾਰ ਘੱਲ ਦਿੱਤੇ। ਘਰ ਵਿੱਚ ਵਿਆਹ ਵਾਲਾ ਮਹੌਲ ਬਣ ਗਿਆ। ਨਾਨਕ ਦਾ ਆਉਣਾ ਸੁਣ ਕੇ ਹਰ ਵੱਡਾ ਛੋਟਾ ਦੌੜਾ ਆ ਰਿਹਾ ਸੀ। ਗੱਲ ਜੰਗਲ ਦੀ ਅੱਗ ਦੀ ਤਰਾਂ ਫੈਲ ਗਈ ਸੀ। ਕੁਝ ਦੁਖੀਏ ਦਰਦਵੰਦ, ਕੁਝ ਰੂਹਾਨੀਅਤ ਦੇ ਸ਼ੁਦਾਈ, ਕੁਝ ਤਮਾਸ਼ਬੀਨ, ਬੱਚੇ ਬੁੱਢੇ ਜਵਾਨ, ਆਂਢਣਾਂ ਗਵਾਂਢਣਾਂ ਸਭ ਇਕੱਠੇ ਹੋਈ ਜਾ ਰਹੇ ਸਨ। ਮਰਦਾਨੇ ਨੂੰ ਲੋਕਾਂ ਕਾਬੂ ਕਰ ਲਿਆ ਸੀ। ਸਵਾਲਾਂ ਦੀਆਂ ਬੁਛਾੜਾਂ ਹੋ ਰਹੀਆਂ ਸਨ। "ਹੈਂ, ਤੁਸੀ ਸੁਮੇਰ ਪਰਬਤ ਗਾਹ ਆਏ ਹੋ, ਜਵਾਲਾ ਜੀ ਵੀ, ਬੈਜਨਾਥ ਵੀ।" ਗੁਰੂ ਸਾਹਿਬ ਨੇ ਵੀ ਬਾਹਰ ਆ ਸੰਗਤਾਂ ਨੂੰ ਦਰਸ਼ਨ ਦਿੱਤੇ। ਸਤਿ ਕਰਤਾਰ ਦਾ ਜੈਕਾਰਾ ਲਾਇਆ। ਸੰਗਤਾਂ ਨੂੰ ਸਵੇਰੇ ਵੇਈ ਕੰਢੇ (ਜਿਥੇ ਅਜ ਕਲ ਬੇਰ ਸਾਹਿਬ ਹੈ) ਆਉਣ ਦਾ ਹੁਕਮ ਕਰ ਦਿੱਤਾ। ਦੋ ਚਾਰ ਦਿਨ ਸਮਾਗਮ ਭੱਖਦਾ ਰਿਹਾ। ਗੁਰੂ ਸਾਹਿਬ ਨੇ ਹਰ ਸ਼ਰਧਾਵਾਨ ਨੂੰ ਸ਼ਬਦ ਦੀ ਬਖਸ਼ਸ਼ ਕੀਤੀ। ਰੋਗੀਆਂ ਦੇ ਰੋਗ ਦੂਰ ਕੀਤੇ।

ਦੌਲਤ ਖਾਂ ਦੀ ਗ੍ਰਿਫਤਾਰੀ ਦਾ ਵੀ ਅਫਸੋਸ ਹੋਵੇਗਾ ਗੁਰੂ ਸਾਹਿਬ ਨੂੰ। ਲਹੌਰ ਦੇ ਕਤਲਾਮ ਬਾਰੇ ਵੀ ਗੱਲਾਂ ਬਾਤਾਂ ਹੋਈਆਂ ਹੋਣਗੀਆਂ। ਬਾਦਸ਼ਾਹ ਬਾਬਰ ਦੀ ਹੀ ਚੁਫੇਰੇ ਚਰਚਾ ਸੀ।

—◈—

"ਨਾਂ ਨਾਂ ਭੈਣੇ! ਇਹ ਆਟੇ ਦੇ ਦੀਵੇ ਨਾਲ ਗੱਲ ਨਹੀ ਬਣਨੀ"

ਜਿੰਨੀ ਦਿਨੀਂ ਗੁਰੂ ਸਾਹਿਬ ਸੁਲਤਾਨਪੁਰ ਲੋਧੀ ਆਏ ਸਨ ਤਾਂ ਕਤਕ ਦਾ ਮਹੀਨਾ ਸੀ ਤੇ ਪੁੰਨਿਆ ਵਾਲੇ ਦਿਨ ਗੁਰੂ ਸਾਹਿਬ ਨੇ ਵੇਖਿਆ ਕਿ ਸਭ ਜਨਾਨੀਆਂ ਇਕੱਠੀਆਂ ਹੋ ਕੇ ਵਰਤਾਂ ਦੇ ਆਖਰੀ ਦਿਨ ਵੇਈ ਨਦੀ ਤੇ ਰਸਮ ਅਨੁਸਾਰ, ਤੁਲ੍ਹਾ (ਲਕੜੀ ਜਾਂ ਘਾਹ ਫੂਸ ਦੇ ਗੱਠੇ) ਬਣਾ ਉੱਤੇ ਆਟੇ ਦੇ ਦੀਵੇ ਬਾਲ ਠੇਲ ਰਹੀਆਂ ਸਨ। ਪਾਣੀ ਤੇ ਬਲਦਾ ਜਾਂਦਾ ਤਰਦਾ ਦੀਵਾ ਸ਼ੁੱਭ ਮੰਨਿਆ ਜਾਂਦਾ ਸੀ।

ਗੁਰੂ ਸਾਹਿਬ ਨੇ ਉਹਨਾਂ ਨੂੰ ਉਪਦੇਸ਼ ਦਿੱਤਾ ਕਿ ਤੁਹਾਡਾ ਇਹ ਕਰਮ ਕਾਂਡ ਵਿਅੱਰਥ ਹੈ ਜਿਸ ਨਾਲ ਤੁਹਾਨੂੰ ਕੋਈ ਲਾਭ ਨਹੀ ਪਹੁੰਚਣ ਵਾਲਾ।

ਉਨਾਂ ਫਰਮਾਇਆ ਭੈਣੇ ਜੇ ਸੱਚ ਮੁੱਚ ਇਸ ਭਵਸਾਗਰ ਤੋਂ ਪਾਰ ਲੰਘਣਾ ਹੈ ਤਾਂ ਤੁਲਹਾ ਬਣਾਉ ਇਸ ਸਰੀਰ ਦਾ। ਆਪਣੀ ਸੁਰਤ ਨੂੰ ਜਗਦਾ ਹੋਇਆ ਦੀਵਾ ਬਣਾਓ। ਬੰਦਾ ਨੇਕ ਕਰਨੀ ਵਾਲਾ ਹੋਏ। ਫਿਰ ਵੇਖਣਾ ਐਹੋ ਜਿਹਾ ਭਾਬੜ ਮੱਚੇਗਾ ਕਿ ਕੋਈ ਪਾਣੀ ਇਸ ਦੀਵੇ ਨੂੰ ਬੁਝਾ ਨਹੀ ਪਾਏਗਾ।

ਗੁਰੂ ਸਾਹਿਬ ਨੇ ਸ਼ਬਦਾ ਕਿਹਾ✚:-

॥ ਰਾਮਕਲੀ ਮਹਲਾ ੧ ॥ ਸੁਰਤੀ ਸੁਰਤਿ ਰਲਾਈਐ ਏਤੁ ॥ ਤਨੁ ਕਰਿ ਤੁਲਹਾ ਲੰਘਹਿ ਜੇਤੁ ॥ ਅੰਤਰਿ ਭਾਹਿ ਤਿਸੈ ਤੂ ਰੱਖੁ ॥ ਅਹਿਨਿਸਿ ਦੀਵਾ ਬਲੈ ਅਥਕੁ ॥੧॥ ਐਸਾ ਦੀਵਾ ਨੀਰਿ ਤਰਾਇ ॥ ਜਿਤੁ ਦੀਵੈ ਸਭ ਸੋਝੀ ਪਾਇ ॥੧॥ ਰਹਾਉ ॥ ਹਛੀ ਮਿਟੀ ਸੋਝੀ ਹੋਇ ॥ ਤਾ ਕਾ ਕੀਆ ਮਾਨੈ ਸੋਇ ॥ ਕਰਣੀ ਤੇ ਕਰਿ ਚਕਹੁ ਢਾਲਿ ॥ ਐਥੈ ਓਥੈ ਨਿਬਹੀ ਨਾਲਿ ॥੨॥ ਆਪੇ ਨਦਰਿ ਕਰੇ ਜਾ ਸੋਇ ॥ ਗੁਰਮੁਖਿ ਵਿਰਲਾ ਬੂਝੈ ਕੋਇ ॥ ਤਿਤੁ ਘਟਿ ਦੀਵਾ ਨਿਹਚਲੁ ਹੋਇ ॥ ਪਾਣੀ ਮਰੈ ਨ ਬੁਝਾਇਆ ਜਾਇ ॥ ਐਸਾ ਦੀਵਾ ਨੀਰਿ ਤਰਾਇ ॥੩॥ ਡੋਲੈ ਵਾਉ ਨ ਵਡਾ ਹੋਇ ॥ ਜਾਪੈ ਜਿਉ ਸਿੰਘਾਸਣਿ ਲੋਇ ॥ ਖੜੀ ਬ੍ਰਾਹਮਣੁ ਸੂਦੁ ਕਿ ਵੈਸੁ ॥ ਨਿਰਤਿ ਨ ਪਾਈਆ ਗਣੀ ਸਹੰਸ ॥ ਐਸਾ ਦੀਵਾ ਬਾਲੇ ਕੋਇ ॥ ਨਾਨਕ ਸੋ ਪਾਰੰਗਤਿ ਹੋਇ ॥੪॥੭॥*

ਸੁਲਤਾਨਪੁਰ ਰੌਣਕਾਂ ਭਖ ਰਹੀਆਂ ਸਨ। ਚਾਰ ਪੰਜ ਦਿਨ ਇਥੇ ਰਹਿ ਗੁਰੂ ਸਾਹਿਬ ਕਰਤਾਰਪੁਰ ਨੂੰ ਚਲੇ ਗਏ।

—▲—

ਪਿਛ ਸਫਾ

✚ ਇਹ ਬਾਣੀ ਚਰਪੱਟ ਵਣੀ 'ਚ ਰਚੀ ਗਈ ਬਾਣੀ ਦੇ ਤੁਰੰਤ ਬਾਦ ਆਈ। ਜਿਸ ਦਾ ਮਤਲਬ ਹੈ ਕਿਸੇ ਨਦੀ ਨਾਲੇ ਕਿਨਾਰੇ ਸਨ ਗੁਰੂ ਸਾਹਿਬ ਜਦੋਂ ਇਹ ਰਚੀ ਗਈ। ਸੰਭਾਵਨਾ ਸੁਲਤਾਨਪੁਰ ਲੋਧੀ ਦੀ ਹੀ ਬਣਦੀ ਹੈ। ਰਾਵੀ ਜਾਂ ਬਿਆਸ ਕੰਢੇ ਸ਼ਾਮ ਨੂੰ ਗੁਰੂ ਸਾਹਿਬ ਦਾ ਹੋਣਾ ਕਿਸੇ ਤਰਾਂ ਇਤਹਾਸ ਤੱਥਾਂ ਨਾਲ ਮੇਲ ਨਹੀ ਖਾਂਦਾ।

ਗਿਆਨੀ ਜੀ ਨੇ ਵੀ ਲਿਖਿਆ ਹੈ ਕਿ ਗੁਰੂ ਸਾਹਿਬ ਕਤਕ ਦੇ ਮਹੀਨੇ ਸੁਲਤਾਨਪੁਰ ਸਨ। ਫਿਰ ਇਹ ਗੱਲ ਗੁਰਬਾਣੀ ਤੋਂ ਵੀ ਸਾਬਤ ਹੋ ਰਹੀ ਹੈ। ਬਾਕੀ ਸਾਲ ਦਾ ਤਾਂ ਅੱਜ ਅੰਦਾਜ਼ਾ ਹੀ ਲਾਇਆ ਜਾ ਸਕਦਾ ਹੈ।

ਗਿਆਨੀ -226. ਬੇਬੇ ਜੀ ਤੇ ਭਾਈਆ ਜੈਰਾਮ ਦਾ ਚਲਾਣਾ ਕਤਕ 1575 ਬਿ. (1518 ਈ) ਹੋਣਾ ਲਿਖਿਆ ਹੈ। ਪਰ ਦੂਸਰੇ ਪਾਸੇ ਬਾਲਾ ਲਿਖਦਾ ਹੈ ਕਿ ਗੁਰੂ ਸਾਹਿਬ ਚੌਥੀ ਉਦਾਸੀ ਵਿਚੇ ਛੱਡ ਕੇ ਬੇਬੇ ਨੂੰ ਮਿਲਣ ਆਏ ਸਨ। ਨਾਲੇ ਬੇਦੀਆਂ ਵਿੱਚ ਜੋ ਸੀਨਾ ਬਸੀਨਾ ਗੱਲ ਚਲਦੀ ਆ ਰਹੀ ਹੈ ਉਸ ਮੁਤਾਬਿਕ ਬੇਬੇ ਜੀ ਦਾ ਚਲਾਣਾ ਬਾਬਾ ਜੀ ਤੋਂ ਬਾਦ ਹੁੰਦਾ ਹੈ।

ਸਠਿਆਲਾ, ਬੁਢਾ ਥੇਹ ਅਤੇ ਠੱਠੀਆਂ - ਸਾਈਕਲ ਯਾਤਰੀ- 356

ਬਟਾਲਾ ਸਮਾਗਮ ਅਤੇ ਉਦੋਕੇ ਦੀ ਈਸਰੀ

1525 ਈ. ਦੇ ਦਿਨ ਨੇ। 1520/21 ਸੈਦਪੁਰ ਸਰੋਏ ਦੀ ਬਰਬਾਦੀ ਤੋਂ ਬਾਦ 1524 ਈ ਵਿਚ ਦੀਪਾਲਪੁਰ ਅਤੇ ਲਹੌਰ ਦਾ ਕਤਲੇਆਮ ਵੀ ਹੋ ਚੁੱਕਾ ਹੈ। ਖਬਰ ਹੈ ਨਵਾਬ ਦੌਲਤ ਖਾਂ ਲੋਧੀ ਵੀ ਬਾਬਰ ਦੀ ਗ੍ਰਿਫਤ ਵਿਚ ਹੈ। ਗੁਰੂ ਸਾਹਿਬ ਸੁਲਤਾਨਪੁਰ ਤੋਂ ਕਰਤਾਰਪੁਰ ਨੂੰ ਆ ਰਹੇ ਨੇ। ਲਗਦਾ ਹੈ, ਰਸਤੇ ਵਿਚ ਉਦੋਕੇ ਰਹਿਣਾ ਚੁਣਦੇ ਹਨ। ਉਦੋਕੇ ਓਦੋ ਬਟਾਲੇ ਇਲਾਕੇ ਦਾ ਸਭ ਤੋਂ ਵੱਡਾ ਨਗਰ ਸੀ। ਬਟਾਲੇ ਦੀ ਬਹੁਤੀ ਵਪਾਰੀ ਅਬਾਦੀ ਓਦੋਕੇ ਅਤੇ ਲਾਗਲੇ ਵੱਡੇ ਪਿੰਡਾਂ ਨਗਰਾਂ ਤੋਂ ਹੀ ਉਠ ਕੇ ਗਈ ਹੁੰਦੀ ਹੈ।

ਉਦੋਕਿਆਂ ਦੀ ਬੀਬੀ ਈਸਰੀ ⊙

✚ ਕਤਕ 1582 ਬਿ.(1525ਈ.)

ਸੁਲਤਾਨਪੁਰ ਲੋਧੀ ਤੋਂ ਚਲ ਗੁਰੂ ਸਾਹਿਬ ਉਦੋਕੇ ਪਹੁੰਚੇ।

ਗੁਰੂ ਸਾਹਿਬ ਦੇ ਜੱਦੀ ਪਿੰਡ ਪੱਠੇਵਿੰਡ ਦੇ 5 ਕਿ. ਮੀ. ਦੱਖਣ-ਪੱਛਮ ਵਿਚ ਛੋਟਾ ਜਿਹਾ ਪਿੰਡ ਖਾਨ ਛਾਬੜੀ ਹੈ ਜਿੱਥੇ ਗੁਰੂ ਅੰਗਦ ਦੇਵ ਜੀ ਦਾ ਪ੍ਰਸਿੱਧ ਗੁਰਦੁਆਰਾ ਹੈ। ਇਸ ਪਿੰਡ ਵਿਚ ਸਿੱਖੀ ਦਾ ਬੀਜ ਖੁੱਦ ਗੁਰੂ ਨਾਨਕ ਪਾਤਸ਼ਾਹ ਨੇ ਬੀਜਿਆ ਸੀ। ਇਥੋਂ ਦਾ ਚੌਧਰੀ ਡੱਲਾ ਸੰਧੂ ਗੁਰੂ ਸਾਹਿਬ ਦਾ ਸੇਵਕ ਬਣ ਚੁੱਕਾ ਸੀ। ਪਹਿਲੀ ਉਦਾਸੀ ਵੇਲੇ ਜਦੋਂ ਗੁਰੂ ਸਾਹਿਬ ਸੁਲਤਾਨਪੁਰ ਤੋਂ ਨਿਕਲੇ ਤਾਂ ਇਸ ਇਲਾਕੇ ਵਿਚ ਦੀ ਘੁੰਮਦੇ ਘੁੰਮਾਦੇ ਸੈਦਪੁਰ ਵਲ ਗਏ ਸਨ। ਓਦੋ ਜਦੋਂ ਗੁਰੂ ਸਾਹਿਬ ਭਾਈ ਡੱਲੇ ਦੇ ਘਰ ਬਚਨ ਬਿਲਾਸ ਕਰ ਰਹੇ ਸਨ ਤਾਂ ਡੱਲੇ ਦੀ ਛੋਟੀ ਜਿਹੀ ਈਸਰੀ ਨਾਂ ਦੀ ਬਾਲੜੀ ਆਪਣਾ ਹੀ ਰੌਲਾ ਰੱਪਾ ਪਾ ਰਹੀ ਸੀ। ਤਾਂ ਡੱਲੇ ਦੀ ਪਤਨੀ ਜਦੋਂ ਗੁੱਸੇ ਵਿਚ ਆ ਕੁੜੀ ਨੂੰ ਝਿੜਕ ਰਹੀ ਸੀ ਤਾਂ ਗੁਰੂ ਸਾਹਿਬ ਨੇ ਮਾਂ ਨੂੰ ਵਰਜਿਆ ਕਿ ਨਹੀ ਇਸ ਬਾਲੜੀ ਨੂੰ ਕਰਨ ਦਿਓ ਜੋ ਕਰਦੀ ਹੈ। ਕਲ੍ਹ ਨੂੰ ਇਸ ਨੇ ਸਿੱਖੀ ਦਾ ਵੱਡਾ ਪ੍ਰਚਾਰ ਕਰਨਾਂ ਹੈ।

ਸਾਂਹਿਬ ਤਾਂ ਉਪਰੰਤ ਉਦਾਸੀਆਂ ਵਿਚ ਰਹੇ, ਪਰ ਲਗਦੈ ਡੱਲਾ ਗੁਰੂ ਸਾਹਿਬ ਦੀ ਰਾਜੀ ਬਾਜੀ ਦਾ ਪਤਾ ਗਾਹੇ ਬਿਗਾਹੇ ਸਿੱਖਾਂ ਕੋਲੋ ਕਰਦਾ ਰਿਹਾ। ਇਹ ਵੀ ਹੋ ਸਕਦੈ ਕਿ ਡੱਲਾ ਗੁਰੂ ਸਾਹਿਬ ਨੂੰ ਜਾ ਕਰਤਾਰਪੁਰ ਵੀ ਮਿਲਿਆ ਹੋਵੇ। ਮੁੱਕਦੀ ਗੱਲ ਵੱਡੀ ਹੋ ਕੇ ਈਸਰੀ ਪਿੰਡ ਉਦੋਕੇ ਦੇ ਲੰਬੜਦਾਰ ਮੀਆਂ ਦੇ ਪੁੱਤਰ ਬ੍ਰਿਜ ਨਾਲ ਵਿਆਹੀ ਗਈ।

ਉਦੋਕੇ ਬਟਾਲੇ ਤੋਂ ਸਾਰਾ 5 ਕਿ. ਮੀ. ਦੱਖਣ ਹੈ ਅਤੇ ਨਾਲ ਹੀ ਇਕ ਹੋਰ ਪੁਰਾਣਾ ਪਿੰਡ ਜੈਤੋ ਸਰਜਾ ਹੈ। ਗੁਰੂ ਸਾਹਿਬ ਦੇ ਵੇਲਿਆਂ ਵਿਚ ਇਹ ਪਿੰਡ ਚੋਖੀ ਅਹਿਮੀਅਤ ਰੱਖਦਾ ਸੀ। ਬਟਾਲਾ ਅਜੇ ਨਵਾ ਨਵਾਂ ਜੰਮਿਆ ਹੀ ਸੀ। ਪਰ ਭੱਟੀਆਂ ਨੇ ਜਦੋਂ ਬਟਾਲੇ ਵਿਚ ਪੱਕਾ ਕਿਲਾ ਉਸਾਰ ਦਿੱਤਾ ਤਾਂ ਵਪਾਰੀ ਲੋਕ ਬਟਾਲੇ ਵਿਚ ਵਸੇਬਾ ਕਰਨ ਵਿਚ ਕਾਹਲ ਤੇ ਸਨ।

ਉਦੋਕੇ ਵਿਖੇ ਗੁਰੂ ਸਾਹਿਬ ਤਿੰਨ ਚਾਰ ਵੇਰਾਂ ਆਏ ਸਨ। ਤਿੰਨ ਵਾਰੀ ਆਉਣ ਦਾ ਤਾਂ ਇਤਹਾਸਿਕ ਸਬੂਤ ਹੀ ਮਿਲਦਾ ਹੈ। ਐਤਕਾਂ ਵੀ ਗੁਰੂ ਸਾਹਿਬ ਸੁਲਤਾਨਪੁਰ ਲੋਧੀ ਵਲੋਂ ਆਏ ਸਨ। ਨਾਲ ਗੁਰੂ ਸਾਹਿਬ ਦੇ ਭਾਈ ਮਰਦਾਨਾ। ਗੁਰੂ ਸਾਹਿਬ ਉਦੋਕੇ ਪਿੰਡ ਦੇ ਬਾਹਰਵਾਰ ਇਕ ਪਿੱਪਲ ਥੱਲੇ ਆ ਬਿਰਾਜੇ। ਜਦੋਂ ਮਰਦਾਨੇ ਨੇ ਬੇਨਤੀ ਕੀਤੀ ਕਿ ਮੈਨੂੰ ਭੁੱਖ ਲੱਗੀ ਹੈ ਤਾਂ ਗੁਰੂ ਸਾਹਿਬ ਨੇ ਉਨ੍ਹੂੰ ਕਿਹਾ ਕਿ ਪਿੰਡ ਵਿਚ ਜਾਓ ਤੇ ਲੰਬੜਦਾਰ ਮੀਆਂ ਦਾ ਘਰ ਪੁੱਛ ਕੇ ਬਾਹਰ ਉੱਚੀ ਜਿਹੀ 'ਸਤਿ ਕਰਤਾਰ' ਦਾ ਅਵਾਜਾ ਲਾਉਣਾ।

ਚੌਧਰੀ ਮੀਆਂ ਦਾ ਪੱਕਾ ਮਕਾਨ ਇਲਾਕੇ ਵਿਚ ਮਸ਼ਹੂਰ ਸੀ। ਮਰਦਾਨਾ ਰਵਾਂ ਰਵੀ ਲੰਬੜਦਾਰ ਦੇ ਘਰ ਪਹੁੰਚ ਗਿਆ।

ਜਿਵੇ ਮਰਦਾਨੇ ਨੇ ਬੂਹੇ ਤੇ ਪਹੁੰਚ ਸਤਿ ਕਰਤਾਰ ਕਿਹਾ ਤਾਂ ਅੰਦਰੋਂ ਬੀਬੀ ਭੱਜੀ ਆਈ ਅਤੇ ਆ ਕੇ ਮੱਥਾ ਟੇਕਿਆ। ਉਹ ਝੱਟ ਪਛਾਣ ਗਈ ਕਿ ਇਹ ਤਾਂ ਗੁਰੂ ਸਾਹਿਬ ਦਾ ਮਰਦਾਨਾ ਹੀ ਹੈ। ਈਸਰੀ ਨੂੰ ਚਾਅ ਚੜ੍ਹ ਗਇਆ। ਪੁੱਛਣ ਲੱਗੀ ਕਿੱਥੇ ਨੇ ਗੁਰੂ ਜੀ? ਮਰਦਾਨੇ ਨੇ ਜਵਾਬ ਦਿੱਤਾ ਕਿ ਸਾਹਿਬ ਤੁਹਾਡੇ ਪਿੰਡ ਦੇ ਛੱਪੜ ਕੰਢੇ ਪਿੱਪਲ ਹੇਠ ਬਿਰਾਜੇ ਹੋਏ ਨੇ। ਬੀਬੀ ਨੇ ਸੇਵਾਦਾਰ ਨੂੰ ਜਲ ਪਾਣੀ ਛਕਾਇਆ ਤੇ ਜਿੱਦ ਕਰਨ ਲੱਗੀ ਕਿ ਬਾਬਾ ਜੀ ਨੂੰ ਵੀ ਸੱਦ ਕੇ ਲੈ ਆ।

ਸੇਵਾਦਾਰ ਬਾਬਾ ਜੀ ਨੂੰ ਵੀ ਸੱਦ ਲਿਆਇਆ ਤੇ ਬੀਬੀ ਈਸਰੀ ਨੇ ਬੜੇ ਸਤਿਕਾਰ ਨਾਲ ਪ੍ਰਸ਼ਾਦਾ ਛਕਾਇਆ। ਗੁਰੂ ਸਾਹਿਬ ਇਥੇ ਸ਼ਾਮ ਦੇ ਵੇਲੇ ਫਿਰ ਦੀਵਾਨ ਸਜਾਉਦੇ। ਸਵੇਰ ਦਾ ਪ੍ਰਸ਼ਾਦਾ ਰੋਜ ਬੀਬੀ ਈਸਰੀ ਦੇ ਘਰੋਂ ਹੀ ਛੱਕਦੇ।

ਕਣਕ ਜੌਂਆਂ ਛੋਲਿਆਂ ਦੀ ਬਿਜਾਈ ਦੇ ਦਿਨ ਸਨ।

ਲੰਬੜਦਾਰ ਮੀਆਂ ਅੱਜ ਕਲ੍ਹ ਬਾਹਰ ਪੈਲੀਆਂ ਵਿਚ ਹੀ ਆਪਣੇ ਪੁੱਤਰਾਂ ਸਮੇਤ ਰੁੱਝਾ ਰਹਿੰਦਾ। ਇਕ ਦਿਨ ਜਦੋਂ ਛਾਹਵੇਲਾ ਪਹੁੰਚਣ ਵਿਚ ਕੁਵੇਲਾ ਹੋ ਗਇਆ ਤਾਂ ਪੁੱਤਰ ਸ਼ਕਾਇਤ ਕਰ ਰਹੇ ਸਨ। ਓਦੋਂ ਫਿਰ ਨਾਲ-ਦੇ ਕਿਸੇ ਨੇ ਲੰਬੜਦਾਰ ਨੂੰ ਤਾਹਨਾਂ ਮਾਰ ਦਿੱਤਾ ਕਿ ਤੁਹਾਡੀਆਂ ਜਨਾਨੀਆਂ ਸ਼ਾਹਵੇਲਾ ਤੁਹਾਨੂੰ ਪਹੁੰਚਾਉਣ ਕਿ ਸਾਧਾਂ ਨੂੰ?

ਹੱਥ ਵਿਚ ਪ੍ਰਾਣੀ (ਡੰਡਾ), ਚੌਧਰੀ ਮੀਆਂ ਗੁੱਸੇ ਨਾਲ ਭਰਿਆ ਪੀਤਾ ਪਿੰਡ ਨੂੰ ਰਵਾਨਾ ਹੋਇਆ। ਘਰ ਵੜਦਿਆਂ ਚੌਧਰੀ ਦਾ ਗੁੱਸਾ ਹੋਰ ਭਿਆਨਕ ਰੂਪ ਲੈ ਗਇਆ ਜਦੋਂ ਉਸ ਵੇਖਿਆ ਕਿ ਘਰ ਦੀਆ ਜਨਾਨੀਆਂ ਦੋ ਸਾਧਾਂ ਨੂੰ ਰੋਟੀ ਛਕਾ ਰਹੀਆ ਨੇ। ਗਾਲੀਂ ਛਿੜ ਪਿਆ ਕਿ ਏਨਾਂ ਵੇਹਲੜ ਸਾਧਾਂ ਦਾ ਤੁਹਾਨੂੰ ਫਿਕਰ ਹੈ ਬਾਹਰ ਕੰਮ ਕਾਰ ਵਾਲੇ ਬੰਦੇ ਭਾਵੇ ਭੁੱਖੇ ਮਰਨ। ਗੁਰੂ ਸਾਹਿਬ ਨੇ ਜਿਵੇ ਚੌਧਰੀ ਨੂੰ ਗਾਲਾਂ ਕੱਢਣ ਤੋਂ ਵਰਜਿਆ ਤਾਂ ਚੌਧਰੀ ਨੇ ਗੁਰੂ ਸਾਹਿਬ ਦੇ ਲੱਤ ਮਾਰਨੀ ਚਾਹੀ ਪਰ ਲੱਤ ਉਤਾਂਹ ਹੀ ਨਹੀ ਚੁੱਕ ਪਾਇਆ। ਫਿਰ ਗੁਰੂ ਸਾਹਿਬ ਨੂੰ ਮਾਰਨ ਲਈ ਜਿਵੇ ਡੰਡਾ ਉਲਾਰਿਆ ਤਾਂ ਚੌਧਰੀ ਨੂੰ ਤਾਂ ਇਉ ਮਹਿਸੂਸ ਹੋਇਆ ਜਿਵੇ ਬਾਂਹ ਦਾ ਸਾਹ ਸੱਤ ਹੀ ਮੁੱਕ ਜਾਂਦਾ ਹੈ। ਚੌਧਰੀ ਨੂੰ ਤਾਂ ਅਜਿਹਾ

ਗੁੱਸਾ ਆਇਆ ਕਿ ਲਕਵਾ ਮਾਰ ਗਿਆ।

ਚੌਧਰੀ ਅਪਾਹਜ ਹੋ ਚੁੱਕਾ ਸੀ। ਧਰਮੀ ਲੋਕ ਇਹ ਕਹਿ ਰਹੇ ਸਨ ਕਿ ਇਹ ਸਾਧੂ ਦਾ ਸਰਾਫ ਪਿਆ ਹੈ ਚੌਧਰੀ ਨੂੰ।

ਦੂਸਰੇ ਦਿਨ ਜਦੋਂ ਹਕੀਮਾਂ ਨੇ ਜਵਾਬ ਦੇ ਦਿੱਤਾ ਕਿ ਭਾਈ ਤੈਨੂੰ ਲਕਵਾ ਹੋ ਗਇਆ ਹੈ ਜੋ ਲਾ-ਇਲਾਜ ਹੈ ਤਾਂ ਚੌਧਰੀ ਦੀਆਂ ਅੱਖਾਂ ਖੁੱਲੀਆਂ ਕਿ ਗੁੱਸੇ ਵਿਚ ਕੀ ਕਰ ਬੈਠਾਂ ਆਂ। ਪਸਚਾਤਾਪ ਕਰਦਾ ਏ। ਨੂੰਹ ਨਾਲ ਗੱਲ ਕਰਦਾ ਹੈ ਕਿ ਹੋ ਸਕਦੈ ਤੇਰਾ ਸਾਧੂ ਬਾਬਾ ਵੱਡੀ ਕਰਨੀ ਵਾਲਾ ਹੋਵੇ। ਨੂੰਹ ਨੇ ਦੱਸਿਆ ਕਿ ਗੁਰੂ ਨਾਨਕ ਤਾਂ ਭਗਵਾਨ ਦਾ ਰੂਪ ਹਨ। ਕੀ ਤੁਸਾਂ ਨਹੀ ਸੁਣਿਆ ਗੁਰੂ ਸਾਹਿਬ ਬਾਰੇ? ਚੌਧਰੀ ਨੇ ਕਿਹਾ ਕਿ ਮੈਨੂੰ ਕੁਝ ਪਤਾ ਨਹੀ ਸੀ ਮੈਂ ਤਾਂ ਇਹੋ ਸਮਝਿਆ ਕਿ ਕੋਈ ਪਾਖੰਡੀ ਸਾਧੂ ਬੈਠਾ ਹੈ।

ਕੋਠਾ ਸਾਹਿਬ ਉਦੋਕੇ

ਚੌਧਰੀ ਨੂੰਹ ਦੇ ਅੱਗੇ ਤਰਲਾ ਮਾਰਦਾ ਏ ਕਿ ਬਾਬੇ ਅੱਗੇ ਹੱਥ ਪੱਲਾ ਜੋੜ ਕੇ ਵੇਖ, ਜੇ ਮੇਰੀ ਜਿੰਦਗੀ ਬਚ ਜਾਏ ਤਾਂ।

ਈਸਰੀ ਸਵੇਰੇ ਸਵਾਦੀ ਭੋਜਨ ਤਿਆਰ ਕਰਕੇ ਸਹੁਰੇ ਨੂੰ ਗੱਡੇ ਤੇ ਪਾ, ਗੁਰੂ ਸਾਹਿਬ ਦੇ ਡੇਰੇ ਤੇ ਪਹੁੰਚਦੀ ਹੈ। ਮਰਦਾਨਾ ਗੁਰੂ ਸਾਹਿਬ ਨੂੰ ਬੇਨਤੀ ਕਰਦਾ ਹੈ ਕਿ ਬਾਬਾ ਜੀ ਈਸਰੀ ਆਈ ਹੈ। ਈਸਰੀ ਨੇ ਜਿਵੇ ਗੁਰੂ ਸਾਹਿਬ ਦੇ ਚਰਨ ਛੂਹੇ ਬਾਬਾ ਜੀ ਨੇ ਈਸਰੀ ਦੇ ਸਿਰ ਹੱਥ ਰੱਖਿਆ। ਈਸਰੀ ਦਾ ਘਰ ਵਾਲਾ ਬ੍ਰਿਜ ਤੇ ਦੇਵਰ ਚੌਧਰੀ ਨੂੰ ਵੀ ਗੁਰੂ ਸਾਹਿਬ ਦੇ ਚਰਨਾਂ ਤੇ ਲਿਜਾਂਦੇ ਨੇ। ਈਸਰੀ ਨੇ ਬੜੀ ਅਧੀਨਗੀ ਸਾਹਿਤ ਬੇਨਤੀ ਕੀਤੀ ਕਿ ਤੁਸੀ ਬਖਸ਼ਣਹਾਰ ਹੋ ਮੇਰੇ ਸਹੁਰੇ ਨੂੰ ਬਖਸ਼ ਦਿਓ। ਮੀਆਂ ਵੀ ਅੱਖਾਂ ਵਿਚ ਹੰਝੂ ਲੈ ਕੇ ਚਰਨਾਂ ਤੇ ਢਹਿਆ।

ਗੁਰੂ ਸਾਹਿਬ ਨੇ ਕਿਹਾ ਪਿੰਡ ਵਿਚ ਧਰਮਸਾਲ ਬਣਾਓ। ਚੌਧਰੀ ਮੀਏਂ ਨੇ ਕਿਹਾ ਜਿਹੋ ਜਿਹੀ ਮਰਜੀ ਧਰਮਸਾਲ ਦਾ ਹੁਕਮ ਕਰੋ ਬਣਵਾ ਦਿੰਨਾ ਵਾਂ। ਗੁਰੂ ਸਾਹਿਬ ਨੇ ਕਿਹਾ ਕਿ ਤੁਸੀ ਆਪ ਬਣਾਓ, ਆਪ ਸੇਵਾ ਕਰੋ।

ਧਰਮਸਾਲ ਦੀ ਉਸਾਰੀ ਦਾ ਕੰਮ ਸ਼ੁਰੂ ਹੋਇਆ। ਲੰਫੇਵਾਹ ਚੌਧਰੀ ਨੇ ਜਿਵੇ ਕੰਧ ਕੱਢਣ ਲਈ ਗਾਰੇ ਦੀ ਘਾਣੀ ਗੋਡਣ ਦੀ ਕੋਸ਼ਿਸ਼ ਸ਼ੁਰੂ ਕੀਤੀ ਤਾਂ ਉਹਦੀ ਲੱਤ ਚਲ ਪਈ। ਉੱਚੀ ਉੱਚੀ ਦੁਹਾਈ ਦੇਣ ਲੱਗ ਪਿਆ, 'ਧੰਨ ਬਾਬਾ ਨਾਨਕ। ਧੰਨ ਗੁਰੂ ਨਾਨਕ'। ਮੀਆਂ ਤਾਂ ਗਾਰੇ ਵਿਚ ਹੀ ਲੇਟੇ ਮਾਰੀ ਜਾਵੇ। ਏਸੇ ਤਰਾਂ ਕੰਮ ਕਰਦਿਆਂ ਹੱਥ ਵੀ ਰਾਜੀ ਹੋ ਗਿਆ।

ਇਲਾਕੇ ਵਿਚ ਇਕ ਦਮ ਧੁੰਮ ਪੈ ਗਈ। ਬਟਾਲੇ ਦੇ ਲੋਕ ਪਹਿਲਾਂ ਹੀ ਗੁਰੂ ਸਾਹਿਬ ਨੂੰ ਜਾਣ ਚੁੱਕੇ ਸਨ। ਉਦੋਕੇ ਤਾਂ ਰੋਜ ਸ਼ਾਮੀ ਮੇਲਾ ਲਗਣਾ ਸ਼ੁਰੂ ਹੋ ਗਇਆ।

ਧਰਮਸਾਲ ਦਾ ਜਿਹੜਾ ਕੋਠਾ ਉਸਾਰਿਆ ਸੀ, ਇਕ ਦਿਨ ਮੀਂਹ ਕਾਰਨ ਕੰਧ ਦੀ ਨੁੱਕਰ ਡਿੱਗਣ ਲੱਗੀ ਸੀ ਕਿ ਗੁਰੂ ਸਾਹਿਬ ਨੇ ਇਕ ਲੱਕੜ, ਸ਼ਤੀਰ ਦੇ ਥੱਲੇ ਦੁਆ ਦਿੱਤੀ। ਚੌਧਰੀ ਕਹਿਣ ਲੱਗਾ ਬਾਬਾ ਜੀ ਹੁਕਮ ਕਰੋ ਪੱਕਾ ਕੋਠਾ ਪਾ ਦਿੰਦੇ ਹਾਂ? ਗੁਰੂ ਸਾਹਿਬ ਨੇ ਕਿਹਾ ਕਿ ਇਹ ਕੱਚਾ ਕੋਠਾ ਵੀ ਪੱਕਿਆਂ ਸਮਾਨ ਹੈ। ਗੁਰੂ ਸਾਹਿਬ ਇਸ਼ਾਰਾ ਦੇ ਰਹੇ ਸਨ ਕਿ ਇਲਾਕੇ ਵਿਚ ਸਿੱਖੀ ਦਾ ਮਹਿਲ ਪੱਕਾ ਬਣਨ ਵਾਲਾ ਹੈ।

ਗੁਰੂ ਸਾਹਿਬ ਨੇ ਹੇਠ ਸ਼ੱਸ਼ੋਭਿਤ ਸ਼ਬਦ ਸਿਰੀ ਰਾਗ ਵਿਚ ਉਚਾਰਿਆ:-◆

ਸਿਰੀਰਾਗੁ ਮਹਲਾ ੧ ॥ ਚਿਤੇ ਦਿਸਹਿ ਧਉਲਹਰ ਬਗੇ ਬੰਕ ਦੁਆਰ ॥ ਕਰਿ ਮਨ ਖੁਸੀ ਉਸਾਰਿਆ ਦੂਜੈ ਹੇਤਿ ਪਿਆਰਿ ॥ ਅੰਦਰੁ ਖਾਲੀ ਪ੍ਰੇਮ ਬਿਨੁ ਢਹਿ ਢੇਰੀ ਤਨੁ ਛਾਰੁ ॥੧॥ ਭਾਈ ਰੇ ਤਨੁ ਧਨੁ ਸਾਥਿ ਨ ਹੋਇ ॥ ਰਾਮ ਨਾਮੁ ਧਨੁ ਨਿਰਮਲੋ ਗੁਰੁ ਦਾਤਿ ਕਰੇ ਪ੍ਰਭੁ ਸੋਇ ॥੧॥ ਰਹਾਉ ॥ ਰਾਮ ਨਾਮੁ ਧਨੁ ਨਿਰਮਲੋ ਜੇ ਦੇਵੈ ਦੇਵਣਹਾਰੁ ॥ ਆਗੈ ਪੂਛ ਨ ਹੋਵਈ ਜਿਸੁ ਬੇਲੀ ਗੁਰੁ ਕਰਤਾਰੁ ॥ ਆਪਿ ਛਡਾਏ ਛੁਟੀਐ ਆਪੇ ਬਖਸਣਹਾਰੁ ॥੨॥ ਮਨਮੁਖ ਜਾਣੈ ਆਪਣੇ ਧੀਆ ਪੂਤ ਸੰਜੋਗੁ ॥ ਨਾਰੀ ਦੇਖਿ ਵਿਗਾਸੀਅਹਿ ਨਾਲੇ ਹਰਖੁ ਸੁ ਸੋਗੁ ॥ ਗੁਰਮੁਖਿ ਸਬਦਿ ਰੰਗਾਵਲੇ ਅਹਿਨਿਸਿ ਹਰਿ ਰਸੁ ਭੋਗੁ ॥੩॥ ਚਿਤੁ ਚਲੈ ਵਿਤੁ ਜਾਵਣੋ ਸਾਕਤ ਡੋਲਿ ਡੋਲਾਇ ॥ ਬਾਹਰਿ ਢੂੰਢਿ ਵਿਗੁਚੀਐ ਘਰ ਮਹਿ ਵਸਤੁ ਸੁਥਾਇ ॥ ਮਨਮੁਖਿ ਹਉਮੈ ਕਰਿ ਮੁਸੀ ਗੁਰਮੁਖਿ ਪਲੈ ਪਾਇ ॥੪॥ ਸਾਕਤ ਨਿਰਗੁਣਿਆਰਿਆ ਆਪਣਾ ਮੂਲੁ ਪਛਾਣੁ ॥ ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ ॥ ਪਵਣੈ ਕੈ ਵਸਿ ਦੇਹੁਰੀ ਮਸਤਕਿ ਸਚੁ ਨੀਸਾਣੁ ॥੫॥ ਬਹੁਤਾ ਜੀਵਣੁ ਮੰਗੀਐ ਮੁਆ ਨ ਲੋੜੈ ਕੋਇ ॥ ਸੁਖ ਜੀਵਣੁ ਤਿਸੁ ਆਖੀਐ ਜਿਸੁ ਗੁਰਮੁਖਿ ਵਸਿਆ ਸੋਇ ॥ ਨਾਮ ਵਿਹੂਣੇ ਕਿਆ ਗਣੀ ਜਿਸੁ ਹਰਿ ਗੁਰ ਦਰਸੁ ਨ ਹੋਇ ॥੬॥ ਜਿਉ ਸੁਪਨੈ ਨਿਸਿ ਭੁਲੀਐ ਜਬ ਲਗਿ ਨਿਦ੍ਰਾ ਹੋਇ ॥ ਇਉ ਸਰਪਨਿ ਕੈ ਵਸਿ ਜੀਅੜਾ ਅੰਤਰਿ ਹਉਮੈ ਦੋਇ ॥ ਗੁਰਮਤਿ ਹੋਇ ਵੀਚਾਰੀਐ ਸੁਪਨਾ ਇਹੁ ਜਗੁ ਲੋਇ ॥੭॥ ਅਗਨਿ ਮਰੈ ਜਲੁ ਪਾਈਐ ਜਿਉ ਬਾਰਿਕ ਦੂਧੈ ਮਾਇ ॥ ਬਿਨੁ ਜਲ ਕਮਲ ਸੁ ਨਾ ਥੀਐ ਬਿਨੁ ਜਲ ਮੀਨੁ ਮਰਾਇ ॥ ਨਾਨਕ ਗੁਰਮੁਖਿ ਹਰਿ ਰਸਿ ਮਿਲੈ ਜੀਵਾ ਹਰਿ ਗੁਣ ਗਾਇ ॥

ਜਦੋਂ ਗੁਰੂ ਸਾਹਿਬ ਉਦੋਕੇ ਤੋਂ ਰਵਾਨਾ ਹੋਣਾਂ ਸੀ ਤਾਂ ਸੰਗਤਾਂ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਸਾਨੂੰ ਯਾਦਗਾਰ ਦੇ ਤੌਰ ਤੇ ਤੇ ਕੋਈ ਚੀਜ਼ ਬਖਸ਼ੋ, ਜੋੜਾ ਆਦਿ। ਗੁਰੂ ਸਾਹਿਬ ਨੇ ਕਿਹਾ ਕਿ ਇਹ ਸ਼ਤੀਰ ਦੇ ਥੱਲੇ ਜਿਹੜਾ ਤੋੜਾ ਦਿੱਤਾ ਹੈ ਇਹ ਮੇਰੀ ਆਮਦ ਦੀ ਤੁਹਾਨੂੰ ਯਾਦ ਦਿਵਾਇਆ ਕਰੇਗਾ। ਉਹ ਤੋੜਾ ਅੱਜ ਵੀ ਮੌਜੂਦ ਹੈ ਤੇ ਥੰਮ ਸਾਹਿਬ ਦੇ ਨਾਂ ਨਾਲ ਪ੍ਰਸਿਧ ਹੈ। ਇਥੋਂ ਦਾ

ਗੁਰਦੁਆਰਾ ਕੋਠਾ ਸਾਹਿਬ ਹੀ ਕਹਾਉਦਾ ਆਇਆ ਹੈ, ਕਿਉਕਿ ਇਥੇ ਗੁਰੂ ਸਾਹਿਬ ਦੇ ਹੱਥੀ ਕੋਠਾ ਬਣਿਆ ਸੀ। 1931 ਈ. ਵਿਚ ਜਦੋਂ ਸਾਈਕਲ ਯਾਤਰੀ ਇਥੇ ਆਇਆ ਤੋਂ ਓਹੋ ਕੱਚਾ ਕੋਠਾ ਸਲਾਮਤ ਸੀ ਅਤੇ ਅਸਥਾਨ ਦਾ ਨਾਂ ਕੋਠਾ ਸਾਹਿਬ ਹੀ ਸੀ। ਇਤਹਾਸਿਕ ਗ੍ਰੰਥਾਂ ਵਿਚ ਇਸ ਨੂੰ ਕੋਠਾ ਸਾਹਿਬ ਹੀ ਲਿਖਿਆ ਹੈ।**** ਬਾਦ ਵਿਚ ਗੁਰਸਿੱਖਾਂ ਨੇ ਇਥੇ ਪੱਕਾ ਅਸਥਾਨ ਬਣਾ ਦਿੱਤਾ ਹੈ ਤੇ ਉਹ ਤੋੜਾ ਅੱਜ ਵੀ ਗੁਰਦੁਆਰਾ ਸਾਹਿਬ ਵਿਚ ਸਾਂਭਿਆ ਪਿਆ ਹੈ। ਪ੍ਰਬੰਧਕਾਂ ਨੇ ਹੁਣ ਅਸਥਾਨ ਦਾ ਨਾਂ ਥੰਮ ਸਾਹਿਬ ਕਰ ਦਿੱਤਾ ਹੈ।)

ਥੰਮ ਸਾਹਿਬ। ਦਰ ਅਸਲ ਨਾਂ ਠੁਮਣੀ ਸਾਹਿਬ ਹੋਣ ਚਾਹੀਦਾ ਹੈ। ਕਿਉਕਿ ਢੱਠ ਰਹੇ ਕੋਠੇ ਦੇ ਸ਼ਤੀਰ ਥੱਲੇ ਗੁਰੂ ਸਾਹਿਬ ਨੇ ਠੁਮਣੀ ਦਿਵਾਈ ਸੀ। ਉਹ ਕੋਠਾ ਜੋ 400 ਸਾਲ ਤਕ ਮੌਜੂਦ ਰਿਹਾ ਹੈ।

ਇਥੋਂ ਦਾ ਇਕ ਹੋਰ ਕੌਤਕ ਵੀ ਪ੍ਰਸਿਧ ਹੈ।

ਜਦੋਂ ਅੱਖ ਦੇ ਫੋਰ ਵਿਚ ਹੀ ਲਹੌਰ ਮਾਮਲਾ ਤਾਰ ਦਿੱਤਾ।

ਕਿਉਕਿ ਮੀਆਂ ਪਿੰਡ ਦਾ ਲੰਬੜਦਾਰ ਸੀ ਤੇ ਹਰ ਛਿਮਾਈ ਤੇ ਉਸ ਨੂੰ ਲਹੌਰ ਮਾਮਲਾ ਤਾਰਨ ਜਾਣਾ ਪੈਂਦਾ ਸੀ। ਜਿਵੇ ਕਿ ਉਪਰ ਆ ਚੁੱਕਾ ਹੈ ਬਟਾਲਾ ਸ਼ਹਿਰ ਦੀ ਨੀਹ ਰੱਖਿਆਂ ਅਜੇ ਮਸਾਂ 65 ਕੁ ਸਾਲ ਹੀ ਹੋਏ ਸਨ। ਅਜੇ ਇਥੇ ਕ੍ਰੋੜੀਏ ਭਾਵ ਟੈਕਸ ਕਲੈਕਟਰ ਦੀ ਥਾਪਣਾ ਨਹੀ ਸੀ ਹੋਈ। ਅਮੂਮਨ ਜਦੋਂ ਲੰਬੜਦਾਰ ਮਾਮਲਾ ਤਾਰਨ ਜਾਂਦੇ ਸਨ ਤਾਂ ਇਕੱਠੇ ਹੋ ਕੇ ਜਾਂਦੇ ਸਨ। ਹਾਲਾਂ ਕੁਝ ਲੰਬੜਾਂ ਕੋਲ ਘੋੜੀਆਂ ਵੀ ਹੁੰਦੀਆਂ ਸਨ ਪਰ ਬਹੁਤੇ ਪੈਦਲ ਹੀ ਜਾਇਆ ਕਰਦੇ ਸਨ ਤੇ ਲਹੌਰ ਜਾਣ- ਆਉਣ ਵਿਚ ਦੋ ਚਾਰ ਦਿਨ ਲੱਗ ਹੀ ਜਾਇਆ ਕਰਦੇ ਸਨ। ਪਾਠਕ ਪੜ੍ਹ ਕੇ ਹੈਰਾਨ ਨਾਂ ਹੋਣ ਬਟਾਲਾ ਤੋਂ ਲਹੌਰ ਲਈ ਟਾਂਗੇ 1947 ਈ ਤੱਕ ਆਮ ਚਲਦੇ ਹੁੰਦੇ ਸਨ।

ਇਸੇ ਤਰਾਂ ਜਦੋਂ ਗੁਰੂ ਸਾਹਿਬ ਉਦੋਕੇ ਵਿਚ ਬਿਰਾਜੇ ਹੋਏ ਸਨ ਤਾਂ ਮੀਆਂ ਨੂੰ ਲੰਬੜਾਂ ਦਾ ਸੁਨੇਹਾ ਆ ਗਇਆ ਕਿ ਕਲ੍ਹ ਨੂੰ ਲਹੌਰ ਰਵਾਨਾ ਹੋਣਾ ਹੈ। ਦੂਸਰੇ ਪਾਸੇ ਰੋਜ ਸ਼ਾਮੀ ਇਲਾਕੇ ਦੀ ਸੰਗਤ ਜੁੜਦੀ ਸੀ। ਅਤੇ ਮੀਆਂ ਧਰਮਸਾਲ ਦਾ ਸਾਰਾ ਪ੍ਰਬੰਧ ਵੇਖ ਰਿਹਾ ਸੀ ਜਦੋਂ ਸੰਗਤਾਂ ਦੀ ਆਮਦ ਬਹੁਤ ਜਿਆਦਾ ਸੀ। ਚੌਧਰੀ ਨੇ ਜਦੋਂ ਗੁਰੂ ਸਾਹਿਬ ਤੋਂ ਲਹੌਰ ਵਲ ਕੂਚ ਕਰਨ ਦੀ ਇਜਾਜਤ ਮੰਗੀ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਤੂੰ ਲੰਬੜਦਾਰਾਂ ਨੂੰ ਜਾਣ ਦੇ। ਤੁਸੀ ਵੱਖਰੇ ਜਾਣਾ।

ਤੀਸਰੇ ਦਿਨ ਫਿਰ ਗੁਰੂ ਸਾਹਿਬ ਨੇ ਚੌਧਰੀ ਨੂੰ ਕਿਹਾ ਸੋ ਅੱਜ ਤੇਰੀ ਮਾਮਲੇ ਦੀ ਤਾਰੀਖ ਹੈ ਤੇ ਤੂੰ ਤਿਆਰੀ ਕਰ। ਜਦੋਂ ਮੀਆਂ ਅਸ਼ਰੱਫੀਆਂ ਦੀ ਪੋਟਲੀ ਲੈ ਤਿਆਰ ਹੋ ਗਇਆ। ਗੁਰੂ ਸਾਹਿਬ ਨੇ ਮੀਆਂ ਨੂੰ ਕਿਹਾ ਤੈਨੂੰ ਸਰੀਰਕ ਤੌਰ ਤੇ ਯਾਤਰਾ ਕਰਨ ਦੀ ਜਰੂਰਤ ਨਹੀ ਬਸ ਤੂੰ ਆ ਸਾਡੇ ਕੋਲ ਬੈਠ, ਅੱਖਾਂ ਮੀਟ ਤੇ ਸਤਿ ਕਰਤਾਰ ਦਾ ਜਾਪ ਕਰ। ਮੀਆਂ ਗੁਰੂ ਸਾਹਿਬ ਦੇ ਚਰਨਾਂ ਵਿਚ ਬੈਠਾ 'ਸਤਿ ਕਰਤਾਰ ਸਤਿ ਕਰਤਾਰ' ਉਚਾਰ ਰਿਹਾ ਸੀ ਕਿ ਗੁਰੂ ਸਾਹਿਬ ਨੇ ਉਹਦੇ ਸਿਰ ਤੇ ਹੱਥ ਰੱਖਿਆ। ਮੀਆਂ ਤਾਂ ਇਕ ਤਰਾਂ ਨਾਲ ਲਹੌਰ ਬੈਠਾ ਸੀ। ਵਾਰੀ ਸਿਰ ਉਹਨੂੰ ਦੀਵਾਨ ਵਲੋਂ ਅਵਾਜ ਪਈ। ਉਸ ਨੇ ਮਾਮਲਾ ਤਾਰਿਆ।

ਬਾਦ ਵਿਚ ਪਤਾ ਲੱਗਾ ਕਿ ਜਿਵੇ ਗੁਰੂ ਸਾਹਿਬ ਨੇ ਮੀਆਂ ਦੇ ਸਿਰ ਹੱਥ ਰੱਖਿਆ ਸੀ ਉਹ ਲਹੌਰ ਦੇ ਦੀਵਾਨਖਾਨੇ ਵਿਚ ਸੀ। ਉਨੂੰ ਪਿੰਡ 'ਉਚੋਕੇ' ਦੇ ਨਾਂ ਤੋਂ ਹੀ ਅਵਾਜ ਪਈ ਤੇ ਉਸ ਆਪਣਾ ਮਾਮਲਾ ਤਾਰਿਆ। ਓਥੇ ਵਾਰੀ ਉਡੀਕਦੇ ਬਾਕੀ ਲੰਬੜਦਾਰ ਮੀਆਂ ਨੂੰ ਵੇਖ ਕੇ ਹੈਰਾਨ ਸਨ ਕਿ ਇਹ ਕਦੋਂ ਤੇ ਕਾਹਦੇ ਤੇ ਇਥੇ ਪਹੁੰਚ ਗਇਆ ਹੈ। ਤੇ ਫਿਰ ਜਿਵੇ ਗੁਰੂ ਸਾਹਿਬ ਨੇ ਉਪਦੇਸ਼ ਕੀਤਾ ਸੀ ਮੀਆਂ ਨੇ ਸਤਿ ਕਰਤਾਰ ਕਿਹਾ ਤੇ ਵਾਪਸ ਉਦੋਕੇ ਧਰਮਸਾਲ ਵਿਚ ਗੁਰੂ ਸਾਹਿਬ ਦੇ ਚਰਨਾਂ ਵਿਚ ਬੈਠਾ ਸੀ।



ਕਿਹਾ ਜਾਂਦਾ ਹੈ ਉਦੋਕਿਆ ਦੇ ਇਸ ਖੂਹ ਵਿਚ ਤਿੰਨ ਸਿਲਲੇਖ ਹੁੰਦੇ ਸਨ। ਸਾਈਕਲ ਯਾਤਰੀ ਨੇ ਵੀ ਤਿੰਨ ਸਿਲਲੇਖ ਹੋਣਾਂ ਲਿਖਿਆ ਹੈ। ਇਹ ਸਿਲਾਂ ਗੁਰਮੁਖੀ ਲਿਪੀ ਦੇ ਵਿਕਾਸ ਦੀ ਵੱਡੀ ਕੜੀ ਹੈ। ਸਾਫ ਤੌਰ ਦੇ ਗੁਰਮੁਖੀ ਦਾ ਮੁਢਲਾ ਰੂਪ ਨਜਰ ਆਉਦਾ ਹੈ।◘ ਥੋੜੀ ਮਿਹਨਤ ਕਰਨ ਤੇ ਪੜ੍ਹਨ ਵਿਚ ਆਇਆ ਹੈ: ‘‘ਸਤਿ ਕਰਤਾਰ ਗੁਰੂ ਨਾਨਕ ਸੰਬਤ 1618 ਵਰਖ ਮਾਹ ....। ਜਿਸ ਦਾ ਮਤਲਬ ਹੈ 1561 ਈ. ਭਾਵ ਗੁਰੂ ਅਮਰ ਦਾਸ ਦੀ ਗੁਰਿਆਈ ਕਾਲ ਦੇ ਵੇਲੇ ਇਹ ਸਿੱਲ ਲਾਈ ਗਈ ਸੀ। ਨਗਰ ਨਿਵਾਸੀ ਸ਼ਾਬਾਸ਼ ਦੇ ਲਾਇਕ ਹਨ ਕਿ ਉਹਨਾਂ ਨੇ ਇਹ ਖੂਹ ਸੰਭਾਲਣ ਮੌਕੈ ਇਸ ਦੇ ਐਨ ਉਪਰ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਾ ਕੇ ਖੂਹ ਨੂੰ ਸਦਾ ਲਈ ਬਚਾ ਲਿਆ ਹੈ।

ਇਸ ਚਮਤਕਾਰ ਨੇ ਵੀ ਇਲਾਕੇ ਵਿਚ ਤਹਿਲਕਾ ਮਚਾ ਦਿੱਤਾ ਸੀ।।

ਇਕ ਹੋਰ ਸਾਖੀ ਵੀ ਇਸ ਪਿੰਡ ਨਾਲ ਸਬੰਧ ਰੱਖਦੀ ਹੈ।

ਏਥੋਂ ਦੇ ਇਕ ਖੂਹ ਵਿਚ ਬਾਬੇ ਦਾ ਵੀ ਹਿੱਸਾ!

ਇਕ ਹੋਰ ਮੌਕੇ ਜਦੋਂ ਇਹ ਲੰਬੜਦਾਰਾਂ ਦਾ ਪ੍ਰਵਾਰ ਪਿੰਡ ਵਿਚ ਖੂਹ ਲੁਆ ਰਿਹਾ ਸੀ ਤਾਂ ਦਿਨ ਵੇਲੇ ਪੁੱਟ ਕੇ ਆਇਆ ਕਰਨ ਤੇ ਸਵੇਰੇ ਖੂਹ ਦਾ ਟੋਆ ਪੂਰਿਆ ਮਿਲਿਆ ਕਰੇ। ਰੋਜ ਰਾਤ ਢਿੱਗਾਂ ਡਿੱਗਦੀਆਂ ਸਨ। ਤੰਗ ਆ ਕੇ ਇਕ ਦਿਨ ਲੰਬੜ ਤੀਸਰੇ ਪਾਤਸ਼ਾਹ ਗੁਰੂ ਗੁਰੂ ਅਮਰ ਦਾਸ ਸਾਹਿਬ ਦੇ ਹਾਜਰ ਹੋਏ ਅਤੇ ਫਰਿਆਦ ਕੀਤੀ ਕਿ ਖੂਹ ਪੁੱਟਣਾ ਸ਼ੁਰੂ ਕੀਤਾ ਸੀ ਪਰ ਰਕਾਵਟਾਂ ਆਈ ਜਾ ਰਹੀਆਂ ਨੇ। ਗੁਰੂ ਸਾਹਿਬ ਨੇ ਹਾਸੇ ਮਖੌਲ ਵਿਚ ਕਹਿ ਦਿੱਤਾ ਕਿ ਭਾਈ ਠੀਕ ਹੈ ਖੂਹ ਵਿਚ ਗੁਰੂ ਨਾਨਕ ਦਾ ਹਿੱਸਾ ਪਾ ਦਿਓ ਆਪੇ ਚਲ ਪਏਗਾ।

ਉਹਨਾਂ ਏਸੇ ਤਰਾਂ ਹੀ ਕੀਤਾ। ਖੂਹ ਵਿਚ ਮਾਲਕੀ ਦੀਆ ਤਿੰਨ ਇੱਟਾਂ ਲਗੀਆ ਹੋਈਆਂ ਸਨ। ਜਿੰਨਾਂ ਵਿਚੋਂ ਦੋ ਅੱਜ ਵੀ ਸਲਾਮਤ ਹਨ। ਇਕ ਅਲੋਪ ਹੋ ਚੁੱਕੀ ਹੈ। ਨਗਰ ਨਿਵਾਸੀ ਸਰਬਜੀਤ ਸਿੰਘ ਨੇ ਸਾਨੂੰ ਉਹਨਾਂ ਪਵਿਤਰ ਸਿਲਲੇਖਾਂ ਦੀਆਂ ਤਸਵੀਰਾਂ ਭੇਜੀਆਂ ਹਨ। ਜੋ ਸਾਫ ਤੌਰ ਤੇ 16 ਵੀ ਸਦੀ ਈ. ਦੀ ਪ੍ਰਾਰੰਭਕ ਗੁਰਮੁਖੀ ਦਾ ਖੂਬਸੂਰਤ ਨਮੂਨਾ ਹਨ। ਜਿਸ ਦਾ ਇਬਾਰਤ ਕੁਝ ਇਸ ਪ੍ਰਕਾਰ ਹੈ: 'ਸਤਿ ਕਰਤਾਰ ਗੁਰੂ ਨਾਨਕ ਸੰਬਤ 1618 ਵਰਖ.... (ਮੁਤਾਬਿਕ 1561 ਈਸਵੀ)

ਪਿੰਡ ਉਦੋਕੇ ਦੀ ਸਿੱਖ ਇਤਹਾਸ ਨਾਲ ਗੂੜੀ ਸਾਂਝ ਹੈ। ਜਦੋਂ ਗੁਰੂ ਪਾਤਸ਼ਾਹ ਬਟਾਲੇ ਵਿਆਹੁਣ ਆਏ ਸਨ ਤਾਂ ਜੰਞ ਪਹਿਲਾਂ ਉਦੋਕੇ ਪਹੁੰਚੀ ਸੀ। ਹੋ ਸਕਦਾ ਇਥੇ ਗੁਰੂ ਸਾਹਿਬ ਦੀ ਕੋਈ ਰਿਸਤੇਦਾਰੀ ਵੀ ਹੋਵੇ ਕਿ ਰਾਤ ਨੂੰ ਜੰਞ ਇਥੇ ਪਹੁੰਚ ਗਈ ਹੋਵੇ ਤੇ ਸਵੇਰੇ ਚੁਕਾਅ ਕੀਤਾ ਹੋਵੇ।

ਸਿਲ-ਲੇਖਾਂ ਵਾਲੇ ਖੂਹ ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਦਿੱਤਾ ਗਇਆ ਹੈ।

ਇਥੇ ਹੀ ਗੁਰੂ ਸਾਹਿਬ, ਉਹਨੀ ਦਿਨੀ ਚਲਦੀ ਇਕ ਰਸਮ ਮੁਤਾਬਿਕ ਇਕ ਛੀਂਬੇ ਦੇ ਘਰ ਲੁਕ ਗਏ ਸਨ।

ਓਦੋਂ ਉਦੋਂਕੇ ਵਿਖੇ ਮੁਖ ਚਾਰ ਗੋਤਾਂ ਦੇ ਖੱਤਰੀ ਸੀ 1. ਭੰਡਾਰੀ, 2. ਬੇਰੀ, 3. ਚੋਨੇ ਅਤੇ 4.ਟੇਰੀ। ਇਨਾਂ ਦੇ ਭਵਿਖ ਬਾਬਤ ਗੁਰੂ ਸਾਹਿਬ ਨੇ ਸਹਿਜ ਸੁਭਾਅ ਬਚਨ ਕਹੇ ਸਨ: ਭੰਡਾਰੀ ਭਰ ਜਾਣਗੇ, ਬੇਰੀ ਫਲ ਜਾਣਗੇ, ਚੋਣੇ ਚੁੱਣੇ ਜਾਣਗੇ ਤੇ ਟੇਰੀ ਟੁਰ ਜਾਣਗੇ। ਉਹ ਵਾਕ ਅੱਜ 100% ਸੱਚ ਸਾਬਤ ਹੋਇਆ ਹੈ। ਟੇਰੀਆਂ ਦਾ ਨਾਮੋ ਨਿਸ਼ਾਨ ਖਤਮ ਹੋ ਚੁੱਕਾ ਹੈ। ਚੋਣੇ ਬਹੁਤ ਹੀ ਘੱਟ ਬਚੇ ਹਨ। ਬੇਰੀ ਤੇ ਭੰਡਾਰੀ ਵਾਧੂ ਗਿਣਤੀ ਵਿਚ ਹਨ।

ਪਿੰਡ ਉਦੋਕੇ ਵਿਖੇ ਹੀ ਗੁਰੂ ਸਾਹਿਬ ਦੀ ਵਿਆਹ ਮੌਕੇ ਜੰਞ ਦੀ ਟਹਿਣੀ ਵੱਢਣ ਦੀ ਰਸਮ ਹੋਈ ਸੀ।

ਗੁਰਦੁਆਰਾ ਕੋਠਾ ਸਾਹਿਬ ਉਦੋਕੇ ਦਾ ਜਦੋਂ ਜਿਕਰ ਆਉਦਾ ਹੈ

ਪਿੰਡ ਸਭਾ

◉ ਗੁਰਧਾਮ ਸੰਗ੍ਰਿਹ ਗਿਆਨੀ-18, ਸਾਈਕਲ ਯਾਤਰੀ- 346, ਤਾਰਾ ਸਿੰਘ ਨਰੋਤਮ -70 ਪੀਪੀਪੀ, ਸ਼ਮਸ਼ੇਰ ਸਿੰਘ ਅਸ਼ੋਕ- 19

ਇਸ ਅਸਥਾਨ ਦੇ ਪ੍ਰਚਾਰ ਲਈ ਪਿੰਡ ਉਦੋਕੇ ਨਿਵਾਸੀਆਂ ਬਹੁਤ ਖੂਬਸੂਰਤ ਪਰਚਾ ਛਪਵਾ ਰੱਖਿਆ ਹੈ। ਜੋ ਹੋਰਨਾਂ ਗੁਰ ਅਸਥਾਨਾਂ ਦੇ ਪ੍ਰਬੰਕਾਂ ਲਈ ਵੀ ਚਾਨਣਮੁਨਾਰਾ ਹੈ। ਤਰੁਟੀਆਂ ਹੋਣ ਦੇ ਬਾਵਜੂਦ ਇਹ ਸ਼ਲਾਘਾਯੋਗ ਉਪਰਾਲਾ ਹੈ।(ਹਾਂ ਸਾਈਕਲ ਯਾਤਰੀ - 346 ਅਨੁਸਾਰ ਲੰਬੜਦਾਰ ਦਾ ਨਾਂ ਮੀਆਂ ਸੀ। ਯਾਦ ਰਹੇ ਸਜੁੱਤ ਨਾਂ ਪੰਜਾਬੀ ਪ੍ਰੰਪਰਾ ਵਿਚ ਮੌਜੂਦ ਨਹੀ। ਗੁਰੂ ਸਾਹਿਬ ਦੇ ਦੌਰ ਵਿਚ ਮੀਆਂ ਨਾਂ ਬਹੁਤ ਪ੍ਰਚੱਲਤ ਹੋ ਰਿਹਾ ਸੀ। ਸਾਹਿਬ ਨੇ ਇਸ ਤੇ ਕਟਾਖ ਵੀ ਕੀਤਾ ਹੈ, " ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥6॥ ਜੇ ਤੂ ਮੀਰ ਮਹੀਪਤਿ ਸਾਹਿਬੁ ਕੁਦਰਤਿ ਕਉਣ ਹਮਾਰੀ ॥ " ਕਹਿਣ ਤੋਂ ਮਤਲਬ ਪਾਤਰਾਂ ਦੇ ਨਾਂ ਜੋ ਸਾਈਕਲ ਯਾਤਰੀ ਵਿਚ ਆਏ ਹਨ ਉਹ ਦਰੁਸਤ ਹਨ। ਪਰਚੇ ਵਿਚ ਸਥਾਨਕ ਸਥਾਨਾਂ ਬਾਰੇ ਜਿਆਦਾ ਜਾਣਕਾਰੀ ਦੀ ਜਰੂਰਤ ਸੀ।)

ਰਵਾਇਤ ਅਨੁਸਾਰ ਲੰਬੜਦਾਰ ਨਕਦੀ ਵਿਚ ਮਾਮਲਾ ਤਾਰਨ ਲਾਹੌਰ ਗਇਆ ਸੀ। ਜਦੋਂ ਕਿ ਮੱਧਕਾਲ ਦੇ ਇਤਹਾਸ ਅਨੁਸਾਰ ਮਾਮਲਾ ਜਿਨਸ ਵਿਚ ਲਿਆ ਜਾਂਦਾ ਸੀ। ਇਹ ਇਹ ਤਾਂ ਹੋ ਸਕਦਾ ਹੈ ਜੇ ਮੀਆਂ ਲੰਬਰਦਾਰ ਨਾਂ ਹੋ ਕੇ ਕੋਈ ਕ੍ਰੋੜੀਆ ਹੋਵੇ। ਇਸ ਗਲ ਦੀ ਸੰਭਾਵਨਾ ਹੈ ਕਿਉਕਿ ਲਹੌਰ-ਕਲਾਨੌਰ-ਵੈਰੋਵਾਲ ਵਿਚਲੇ ਵੱਡੇ ਤਿਰਕੋਣੀ ਇਲਾਕੇ ਵਿਚ ਕਿਸੇ ਹੋਰ ਹਕੂਮਤੀ ਕਸਬੇ ਦਾ ਜਿਕਰ ਸਾਨੂੰ ਨਹੀ ਮਿਲਿਆ। ਨਾਲੇ ਜਿਵੇ ਪਿੱਛੇ ਆ ਚੁੱਕਾ ਹੈ ਗੁਰੂ ਸਾਹਿਬ ਦਾ ਪਹਿਲਾ ਮੇਲ ਮਿਲਾਪ ਹਰ ਥਾਂ ਹੁਕਮਰਾਨ ਨਾਲ ਹੀ ਹੁੰਦਾ ਸੀ। ਸੋ ਸੰਭਾਵਨਾ ਇਹੋ ਹੈ ਕਿ ਮੀਆਂ ਲੰਬੜਦਾਰ ਨਾਂ ਹੋ ਕੇ ਕ੍ਰੋੜੀਆ ਜਾ ਕੋਈ ਮਾਲਗੁਜਾਰ ਹੀ ਹੋਵੇ।

ਇਸ ਬਾਬਤ ਪਿੰਡ ਵਿਚ ਮਕਾਨ ਉਸਾਰੀ ਵੇਲੇ ਨਿਕਲਦੀਆਂ ਨੀਹਾਂ ਦਾ ਅਧਿਅਨ ਸਹਾਈ ਹੋ ਸਕਦਾ ਕਿ ਵਾਕਿਆ ਹੀ ਇਹ ਪਿੰਡ ਕਿਸੇ ਵੇਲੇ ਹਕੂਮਤ ਦਾ ਕੇਂਦਰ ਸੀ?

✚ ਸਾਡਾ ਅੰਦਾਜ਼ਾ। ਇਸ ਮਸਲੇ ਤੇ ਹੋਰ ਖੋਜ ਦੀ ਜਰੂਰਤ ਹੈ।

ਗੁਰੂ ਸਾਹਿਬ ਦੇ ਪੰਜਾਬ ਦੇ ਮੁਕਾਮੀ ਦੌਰਿਆਂ ਦਾ ਸਾਲ ਤਹਿ ਕਰਨ ਵਿਚ ਵੱਡੀ ਮੁਸ਼ਕਲ ਆ ਰਹੀ ਹੈ। ਕਾਰਨ ਇਹ ਕਿ ਪਿਛਲੀ ਸਦੀ ਦੌਰਾਨ ਪੰਜਾਬ ਵਿਚ ਨਾਸਤਕਵਾਦ ਵਧਿਆ ਹੈ ਜਿਸ ਕਰਕੇ ਸਥਾਨਕ ਲੋਕਾਂ ਨੇ ਮੁਕਾਮੀ ਪ੍ਰੰਪਰਾ (ਪਿਤਾ ਪੁਰਖੀ ਕਥਾ-ਕਹਾਣੀਆਂ) ਨਜਰਅੰਦਾਜ ਕਰਕੇ ਕਿਤਾਬਾਂ ਵਿਚ ਦਿੱਤੇ ਸਾਲ ਮਨਜੂਰ ਕਰ ਲਏ। ਧਿਆਨ ਰਹੇ ਕਿਸੇ ਸਥਾਨ ਤੇ ਮੁਕਾਮੀ ਲੋਕਾਂ ਨੇ ਜਿਹੜੀਆਂ ਤਰੀਕਾਂ ਸਾਲ ਸਾਂਭੇ ਹੁੰਦੇ ਨੇ ਉਹ ਇਤਹਾਸ ਦੀ ਨੀਹ ਬਣਦੇ ਹਨ। ਪਰ ਬਦਕਿਸਮਤੀ ਨਾਲ ਸਥਾਨਕ ਲੋਕ, ਪ੍ਰੰਪਰਾ ਜਾਂ ਵਿਰਾਸਤ ਨੂੰ ਅਹਿਮੀਅਤ ਨਹੀ ਦਿੰਦੇ ਆਏ ਜਿਸ ਕਰਕੇ ਦੌਰਿਆਂ ਦੇ ਅਸਲੀ ਸਾਲ ਅਤੇ ਤਰੀਕਾਂ ਅਲੋਪ ਹੋ ਗਈਆਂ ਹਨ।

ਧਿਆਨ ਰਹੇ ਇਤਹਾਸ ਦੀ ਸਇੰਸ ਵਿਚ ਪ੍ਰੰਪਰਾ ਦਾ ਵੱਡਾ ਸਥਾਨ ਹੁੰਦਾ ਹੈ। ਅਸੂਲ ਇਹ ਹੈ "ਪ੍ਰੰਪਰਾ ਨੂੰ ਸੱਚ ਜਾਣ ਕੇ ਲਿਖੋ ਜਿੰਨਾਂ ਚਿਰ ਤਕ ਤੁਸੀ ਉਹਨੂੰ ਝੂਠੀ ਸਾਬਤ ਕਰ ਦਿਓ। (Tradition is always correct unless otherwise proved .)

ਇਸ ਕਰਕੇ ਜਰੂਰਤ ਹੈ ਸਥਾਨਕ ਰਵਾਇਤਾਂ ਨੂੰ ਸਾਂਭਣ ਦੀ। ਇਤਹਾਸਕਾਰ ਤਾਂ ਕਈ ਵੇਰੀ ਸੈਕੜੇ ਮੀਲ ਦੂਰ ਬੈਠਾ ਲਿਖ ਰਿਹਾ ਹੁੰਦਾ ਹੈ।

ਸਾਨੂੰ ਪਤਾ ਲੱਗਾ ਹੈ ਕਿ ਨਗਰ ਨਿਵਾਸੀਆਂ ਨੇ ਪੁਸਤਕਾਂ ਤੋ ਪ੍ਰਭਾਵਤ ਹੋ ਕੇ ਹੀ ਗੁਰਦੁਆਰਾ ਸਾਹਿਬ ਦਾ ਨਾਂ ਬਦਲ ਦਿਤਾ ਹੈ। ਕਿਉਕਿ ਭਾਈ ਕਾਨ ਸਿੰਘ ਨਾਭਾ ਅਸਥਾਨ ਦਾ ਨਾਂ ਥੰਭ ਜੂ ਲਿਖ ਦਿਤਾ। ਇਹਨਾਂ ਵੀਰਾਂ ਨੂੰ ਚਾਹੀਦਾ ਹੈ ਬਾਕੀ ਦੇ ਗ੍ਰੰਥ ਵੀ ਵੇਖ ਲੈਣ। ਨਾਲੇ ਸਭ ਤੋਂ ਵੱਡੀ ਸਥਾਨਕ ਰਵਾਇਤ ਹੁੰਦੀ ਹੈ। ✦ਅੰਦਾਜ਼ਾ

◘ 1.ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ- ਜੀ. ਬੀ. ਸਿੰਘ । 2. ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ -ਡਾ. ਤਰਲੋਚਨ ਸਿੰਘ ਬੇਦੀ ।

ਤਾਂ ਬੀਬੀ ਗਿਆਤੋ ਨੂੰ ਵੀ ਲੋਕ ਯਾਦ ਕਰਦੇ ਹਨ। ਉਹ ਇਸ ਤਰਾਂ ਕਿ 1925-30 ਈ ਦੇ ਦਿਨਾਂ ਵਿਚ ਜਦੋਂ ਗੋਰਿਆਂ ਦਾ ਜੋਰ ਸੀ ਤਾਂ ਉਦੋਕੇ ਦਾ ਚੌਧਰੀ ਈਸਾਈ ਬਣ ਗਇਆ। ਕੋਠਾ ਸਾਹਿਬ ਦੀ ਦੇਖ ਰੇਖ ਫਿਰ ਉਸ ਮੌਕੇ ਫਿਰ ਬੀਬੀ ਗਿਆਤੋ ਦੇ ਹੱਥਾਂ ਵਿਚ ਚਲੀ ਗਈ ਜਿਸ ਨੇ ਬੜੀ ਲਗਨ ਨਾਲ ਪਿੰਡ ਇਲਾਕੇ ਵਿਚ ਸਿੱਖੀ ਦਾ ਪ੍ਰਚਾਰ ਕੀਤਾ ਤੇ ਗੁਰਅਸਥਾਨ ਦੀ ਸੇਵਾ ਕੀਤੀ। ਇਹ ਬੀਬੀ ਮੀਆਂ ਲੰਬੜਦਾਰ ਦੇ ਟੱਬਰ ਵਿਚੋਂ ਹੀ ਹੋਈ ਹੈ।

ਗੁਰਿਆਣਾ ਸਾਹਿਬ ਉਦੋਕੇ

ਸਾਈਕਲ ਯਾਤਰੀ ਨੇ ਲਿਖਿਆ ਹੈ ਕਿ ਇਸ ਪਿੰਡ ਗੁਰੂ ਸਾਹਿਬ ਦੀ ਛੋਹ ਪ੍ਰਾਪਤ ਇਕ ਹੋਰ ਅਸਥਾਨ ਵੀ ਹੈ 'ਗੁਰਿਆਣਾ ਸਾਹਿਬ'। ਲਿਖਦੇ ਹਨ:

"ਤੀਸਰੀ ਜਗਾ ਇਕ ਹੋਰ ਹੈ ਜੋ ਕਿ ਪਿੰਡ ਤੋਂ ਪੱਛਮ ਤੇ ਉਤ੍ਰ ਦੇ ਸੰਨ ਵਿਚ 1 ਫਰਲਾਂਗ ਤੇ ਹੈ। ਇਕ ਛਪੜ ਹੈ ਜਿਸ ਦਾ ਨਾਮ ਗੁਰਿਆਣਾ ਸਾਹਿਬ ਜੀ ਹੈ ਜੋ ਕੇ ਪੱਕੀ ਇੱਟਾਂ ਦੇ ਭਠੇ ਦੇ ਪਾਸ ਹੀ ਹੈ।.. ਅੱਜ ਕਲ ਬੜਾ ਭਾਰੀ ਪਿਪਲ ਹੋਆ ਖੜਾ ਹੈ। ਜਿਸ ਮੌਕੇ ਗੁਰੂ ਜੀ ਇਸ ਪਿੰਡ ਆਏ ਸੀ, ਦਵਾਰੇ ਦੀ ਜਾਤ੍ਰਾ ਕਰਦੇ 2 ਤਾਂ ਇਸੀ ਪਿੱਪਲ ਤੇ ਇਸੀ ਛੱਪੜ ਤੇ ਆ ਕੇ ਬੈਠੇ ਸਨ। ਇਸੀ ਜਗਾ ਤੋਂ ਮਰਦਾਨਾ ਪਿੰਡ ਵਿਚ ਪ੍ਰਸਾਦੇ ਛਕਨੇ ਗਿਆ ਸੀ ਤੇ ਲੰਬੜਦਾਰ ਦੇ ਘਰ ਤੋਂ ਗੁਰੂ ਜੀ ਗੁਪਤ ਹੋ ਕੇ ਫਿਰ ਦਵਾਰੇ ਇਸੀ ਜਗਾ ਆ ਕੇ ਬੈਠੇ ਸਨ। ਤੇ ਫਿਰ ਬੀਬੀ ਇਸੀ ਜਗਾ ਤੋਂ ਗੁਰੂ ਜੀ ਨੂੰ ਲੈ ਗਈ ਸੀ, ਜੋ ਕੇ ਮਾਫੀ ਮੰਗ ਕੇ ਤੇ। ਇਹ ਉਹੀ ਜਗਾ ਹੈ। ਇਸ ਜਗਾ ਕੋਈ ਨਿਸ਼ਾਨ ਨਹੀ ਹੈ ਬਨਾ ਹੋਆ। ਪਰ ਮੰਨਦਾ ਸਾਰਾ ਪਿੰਡ ਹੈ ਕਿ ਗੁਰੂ ਜੀ ਇਸ ਛਪੜ ਤੇ ਆ ਕੇ ਬੈਠੇ ਸਨ।" ਨੋਟ : ਪਿੰਡ ਉਦੋਕੇ ਵਿਚ ਜੋ ਗੁਰੇਆਣਾ ਛਪੜ ਹੈ ਇਸ ਦੇ ਪਛਮ ਦੀ ਤ੍ਰਫ 200 ਕਰਮਾਂ ਤੇ ਭੋਰੀਆਣਾ ਨਾਮ ਤੇ ਇਕ ਜਗਾ ਹੈ। ਇਥੇ ਬਾਬਾ ਜੀ ਨਿਤਨੇਮ ਦਾ ਭੋਗ ਪਾਉਦੇ ਹੁੰਦੇ ਸਨ।"

ਉਦੋਕੇ ਪਿੰਡ ਵਿਚ ਹੀ ਇਕ ਹੋਰ ਥਾਂ ਲੋਕਾਂ ਵਿਚ ਬਹੁਤ ਮਕਬੂਲ ਹੈ: ਗੁਰਦੁਆਰਾ ਨਾਗਿਆਣਾ ਸਾਹਿਬ। ਇਥੇ ਰਾਮਗੜੀਆਂ ਦੇ ਨਾਗੀ ਗੋਤ ਦੇ ਜਠੇਰੇ ਹੁੰਦੇ ਸਨ। ਉਜਾੜ ਥਾਂ ਹੋਣ ਕਰਕੇ ਸੱਪ ਨਾਗ ਵੀ ਹੋ ਗਏ। ਬਾਦ ਵਿਚ ਇਕ ਰਾਮਗੜੀਏ ਸਿੱਖ ਨੇ ਇਥੇ ਗੁਰਦੁਆਰਾ ਸਾਹਿਬ ਬਣਾ ਦਿਤਾ ਜਿਥੇ ਰੋਜ ਹਜਾਰਾਂ ਲੋਕ ਹਾਜਰੀ ਭਰਦੇ ਹਨ।

ਉਦੋਕੇ ਦਾ ਇਤਹਾਸ ਛੇਵੇ ਪਾਤਸ਼ਾਹ ਨਾਲ ਵੀ ਸਬੰਧ ਰਖਦਾ ਹੈ। ਸਾਹਿਬਜਾਦਾ ਗੁਰਦਿੱਤਾ ਜੀ ਦੇ ਵਿਆਹ ਮੌਕੇ ਗੁਰੂ ਸਾਹਿਬ ਜੰਞ ਸਮੇਤ ਅੰਮ੍ਰਿਤਸਰ ਤੋਂ ਬਟਾਲਾ ਜਾਂਦੇ ਇਥੇ ਪਧਾਰੇ ਸਨ।

—◈—

ਜਦੋਂ ਗੁਰੂ ਸਾਹਿਬ ਓਦੋਕੇ ਬਰਾਜਮਾਨ ਸਨ ਅਤੇ ਰੋਜ ਸ਼ਾਮੀ ਓਦੋਕੇ ਦੀਵਾਨ ਭਖਦਾ ਸੀ ਤਾਂ ਇਕ ਦਿਨ ਬਟਾਲੇ ਦੇ ਦੋ ਸ਼ਰਧਾਲੂ ਜੋ ਚਿਰੋਕਣੇ ਗੁਰੂ ਸਾਹਿਬ ਦੇ ਸਿੱਖ ਹੋ ਚੁੱਕੇ ਸਨ ਨੇ ਆ ਕੇ ਗੁਰੂ ਸਾਹਿਬ ਕੋਲ ਅਰਜ ਕੀਤੀ ਕਿ ਸਾਹਿਬ ਜੀ ਸਾਡੇ ਸ਼ਹਿਰ ਵਿਚ ਚਰਨ ਪਾਓ ਤੇ ਸਾਡੀ ਲੋਕਾਈ ਦਾ ਵੀ ਉਧਾਰ ਕਰੋ। ਅਸੀ ਜਦੋਂ ਲੋਕਾਂ ਨੇ 'ਏਕਾ-ਬ੍ਰਹਮ' ਦੀ ਗਲ ਕਰਦੇ ਹਾਂ ਤਾਂ ਸਾਡੇ ਨਾਲ ਲੋਕ ਬਹੁਤ ਬਹਿਸ ਕਰਦੇ ਹਨ। ਕਿਰਪਾ ਕਰਕੇ ਉਨਾਂ ਨੂੰ ਵੀ ਗਿਆਨ ਦੀ ਪ੍ਰਾਪਤੀ ਹੋਵੇ।

ਉਨਾਂ ਨਾਲ ਮਿਥੇ ਦਿਨ ਗੁਰੂ ਸਾਹਿਬ ਜਾ ਬਟਾਲੇ ਗਰਜੇ।

—◈—

ਜਦੋਂ ਵਟਾਲੇ ਦੇ ਵਪਾਰੀਆਂ ਨੇ ਗੁਰੂ ਸਾਹਿਬ ਦੇ ਸਤਿਕਾਰ ਵਿਚ ਵੱਡਾ ਜੋੜ ਮੇਲਾ ਕੀਤਾ○

ਬ੍ਰਹਮਣਾਂ (ਸਵੱਰਨ ਜਾਤੀਆਂ) ਨੇ ਵਿਰੋਧ ਜਿਤਾਇਆ

ਇਕ ਵੇਰਾਂ ਜਦੋਂ ਗੁਰੂ ਸਾਹਿਬ ਓਦੋਕੇ ਵਿਖੇ ਪਧਾਰੇ ਹੋਏ ਸਨ ਤਾਂ ਕੁਝ ਗੁਰਸਿੱਖ ਵਪਾਰੀਆਂ ਨੇ ਗੁਰੂ ਸਾਹਿਬ ਨੂੰ ਵਟਾਲੇ ਸੱਦਿਆ ਕਿ ਗੁਰੂ ਸਾਹਿਬ ਬਟਾਲਾ ਨਿਵਾਸੀਆਂ ਤੇ ਵੀ ਕਿਰਪਾ ਕਰੋ ਤੇ ਉਨਾਂ ਨੂੰ ਵਹਿਮਾਂ ਭਰਮਾਂ 'ਚੋਂ ਕੱਢ ਨਿਰੰਕਾਰ ਦੇ ਲੜ ਲਾਓ। ਗੁਰਸਿੱਖਾਂ (ਇਸ ਇਕੱਠ ਦੇ ਮੋਹਰੀ ਭੰਡਾਰੀ ਖੱਤਰੀ ਸਨ) ਨੇ ਇਲਾਕਾ ਨਿਵਾਸੀਆਂ ਨੂੰ ਇਤਲਾਹ ਦੇ ਦਿੱਤੀ ਕਿ ਫਲਾਣੇ ਦਿਨ ਗੁਰੂ ਸਾਹਿਬ ਇਥੇ ਪਧਾਰ ਰਹੇ ਨੇ। ਇਸ ਸੱਦੇ ਦੀ ਖਾਸੀਅਤ ਇਹ ਸੀ ਕਿ ਹਰ ਕਿਸੇ ਨੂੰ ਇਕੱਠ ਵਿਚ ਸੱਦਿਆ ਗਿਆ। ਹਰ ਹਿੰਦੂ ਮੁਸਲਮਾਨ, ਉੱਚੀ ਜਾਤ, ਨੀਵੀ ਜਾਤ ਸਭ ਸ਼ੂਦਰ ਆਦਿ।

ਯਾਦ ਰਹੇ ਇਹ ਓਦੋਂ ਦੀ ਗਲ ਹੈ ਜਦੋਂ ਬਟਾਲਾ ਕੋਈ ਵੱਡਾ ਸ਼ਹਿਰ ਨਹੀ ਸੀ। ਮੌਜੂਦਾ ਸ਼ਹਿਰ ਦੀ ਨੀਂਹ 1528 ਬਿ. ਨੂੰ ਰਾਮਦੇਵ ਭੱਟੀ ਨੇ ਕਿਲਾ ਉਸਾਰ ਕੇ ਰੱਖੀ ਗਈ ਸੀ।▫ ਓਦੋਂ ਪੰਜਾਬ (ਲਹੌਰ) ਵਿਖੇ ਤਾਤਾਰ ਖਾਂ ਲੋਧੀ ਦਾ ਰਾਜ ਸੀ ਜੋ ਦੌਲਤ ਖਾਂ ਦਾ ਪਿਤਾ ਸੀ। ਪਹਿਲਾਂ ਇਥੇ ਵੱਡਾ ਥੇਹ ਹੁੰਦਾ ਸੀ ਜੋ ਸੈਕੜੇ ਸਾਲ ਪਹਿਲਾਂ ਬਰਬਾਦ ਹੋਇਆ ਸੀ। ਛੇਤੀ ਹੀ ਵਪਾਰੀ ਖੱਤਰੀਆ ਦੇ ਕਈ ਘਰਾਣੇ ਇਥੇ ਹਿਜਰਤ ਕਰ ਗਏ। ਰਾਮਦੇਵ ਭੱਟੀ ਦਾ ਪ੍ਰਵਾਰ ਬਾਦ ਵਿਚ ਮੁਸਲਮਾਨ ਹੋ ਗਇਆ ਸੀ।

ਜਦੋਂ ਗੁਰੂ ਸਾਹਿਬ ਬਟਾਲੇ ਪਹੁੰਚੇ ਤਾਂ ਹਰ ਮਾਈ ਭਾਗੀ ਤਿਲ ਫੁਲ ਜਿੰਨਾਂ ਵੀ ਸਰਦਾ ਬਣਦਾ ਸੀ ਭੇਟ ਲੈ ਕੇ ਗੁਰੂ ਦਰਬਾਰ ਵਿਚ ਹਾਜਰ ਹੋਇਆ। ਹਰ ਜੀਅ ਜੋਸ਼ ਵਿਚ ਸੀ। ਪ੍ਰਬੰਧਕਾਂ ਨੇ ਜਦੋਂ ਵੇਖਿਆ ਕਿ ਗੁਰੂ ਸਾਹਿਬ ਦੀ ਭੇਟ ਵਿਚ ਬਹੁਤ ਰਸਦ ਪਾਣੀ ਇਕੱਠਾ ਹੋ ਗਇਆ ਹੈ। ਪ੍ਰਬੰਧਕ ਪੁੱਛਣ ਲੱਗੇ ਕਿ ਗੁਰੂ ਸਾਹਿਬ ਇਸ ਰਸਦ ਪਾਣੀ ਨੂੰ ਕਰਤਾਰਪੁਰ ਪਹੁੰਚਾ ਦਿੱਤਾ ਜਾਵੇ ਜਾਂ ਜੋ ਆਪ ਦਾ ਹੁਕਮ ਹੋਵੇ? ਗੁਰੂ ਸਾਹਿਬ ਨੇ ਕਿਹਾ ਕਿ ਜੋ ਕੁਝ ਵੀ ਇਥੇ ਇਕੱਠਾ ਹੋਇਆ ਹੈ ਸਾਰਾ ਸੰਗਤ ਤੇ ਲਾ ਦਿਓ। ਅਗਲੇ ਦਿਨ ਫਿਰ ਇਲਾਕੇ ਵਿਚ ਡੋਨੀ ਪਿਟਵਾ ਦਿੱਤੀ ਗਈ ਕਿ ਗੁਰੂ ਨਾਨਕ ਦਾ ਅਤੁੱਟ ਲੰਗਰ ਚਲ ਰਿਹਾ ਹੈ ਹਰ ਮਾਈ ਭਾਈ ਆ ਕੇ ਲੰਗਰ ਛਕੇ ਤੇ ਗੁਰੂ ਸਾਹਿਬ ਦੇ ਬਚਨ ਸੁਣੇ।

ਫਿਰ ਕੀ ਸੀ? ਸਾਰਾ ਇਲਾਕਾ ਟੁੱਟ ਕੇ ਪੈ ਗਿਆ। ਲੋਕਾਈ ਗੁਰੂ ਸਾਹਿਬ ਦੇ ਸ਼ੁਭ ਬਚਨ ਸੁਣ ਕੇ ਭਾਗਾਂ ਵਾਲੀ ਬਣ ਰਹੀ ਸੀ। ਕੁਝ ਸਮੇਂ ਬਾਦ ਪ੍ਰਬੰਧਕ ਗੁਰਸਿੱਖਾਂ ਨੇ ਗੁਰੂ ਸਾਹਿਬ ਨੂੰ ਇਤਲਾਹ ਦਿੱਤੀ ਕਿ ਕੁਝ ਬ੍ਰਾਹਮਣ ਤੇ ਸਵੱਰਨ ਜਾਤਾਂ ਦੇ ਹਿੰਦੂ ਆਪ ਜੀ ਦੇ ਬਚਨ ਤਾਂ ਸੁਣ ਰਹੇ ਨੇ ਪਰ ਉਹ ਲੰਗਰ ਛੱਕਣ ਤੋਂ

ਨਾਹ ਕਰ ਰਹੇ ਨੇ। ਗੁਰੂ ਸਾਹਿਬ ਨੇ ਥੜੇ ਤੋਂ ਐਲਾਨ ਕੀਤਾ ਕਿ ਕੁਝ ਵੀਰ ਲੰਗਰ ਨਹੀ ਛੱਕ ਰਹੇ ਉਹ ਬਰਾਇ ਮਿਹਰਬਾਨੀ ਸਾਡੇ ਨਾਲ ਅੱਗੇ ਆ ਕੇ ਗਲ ਕਰਨ ਕਿ ਉਨਾਂ ਦੇ ਮੰਨ ਵਿਚ ਕੀ ਸ਼ੰਕਾ ਹੈ?

ਸੋ ਉਹ ਸਵੱਰਨ ਜਾਤੀ ਲੋਕ (ਬ੍ਰਾਹਮਣਵਾਦੀ ਕਹਿ ਲਓ। ਪਰ ਯਾਦ ਰਹੇ ਕਈ ਬ੍ਰਾਹਮਣ ਵੀ ਗੁਰਮਤ ਦੇ ਪ੍ਰਚਾਰਕ ਬਣ ਚੁੱਕੇ ਸਨ। ਸਗੋਂ ਸਿੱਖੀ ਦਾ ਜਿਆਦਾ ਪ੍ਰਚਾਰ ਬ੍ਰਾਹਮਣਾਂ ਨੇ ਹੀ ਕੀਤਾ ਸੀ।) ਅੱਗੇ ਆਏ। ਗੁਰੂ ਸਾਹਿਬ ਥੜੇ ਤੋਂ ਉਤਰ ਉਨਾਂ ਨੂੰ ਪ੍ਰੇਮ ਸਤਿਕਾਰ ਨਾਲ ਮਿਲੇ।

ਬ੍ਰਾਹਮਣਾਂ ਗੁਰੂ ਸਾਹਿਬ ਨੂੰ ਤਾਹਨਾ ਮਾਰਿਆ

"ਮਾਫ ਕਰਨਾਂ ਨਾਨਕ ਜੀ ਅਸੀ ਤੁਹਾਡੇ ਵਾਗੂ ਜਨੇਊ ਲਾਹ ਨਹੀ ਸੁਟਿਆ। ਤੁਸੀ ਆਪੇ ਦੱਸੋ ਕਿ ਅਸੀ ਜਨੇਊ ਦੀ ਮਰਯਾਦਾ ਦੀ ਪਾਲਣਾ ਕਰੀਏ ਕਿ ਤੁਹਾਡਾ ਲੰਗਰ ਛਕੀਏ? ਤੁਸਾਂ ਤਾਂ ਵੇਦਮਰਯਾਦਾ ਦੀ ਏਨੀ ਵੀ ਪ੍ਰਵਾਹ ਨਹੀ ਕੀਤੀ ਕਿ ਭੋਜਨ ਪਹਿਲਾਂ ਦੇਵਤਿਆਂ ਨੂੰ ਅਰਪਣ ਕਰਨਾਂ ਚਾਹੀਏ। ਕੀ ਤੁਸੀ ਸਮਝਦੇ ਹੋ ਕਿ ਅਸੀ ਓਥੇ ਹੀ ਬਹਿ ਕੇ ਲੰਗਰ ਛਕੀਏ ਜਿੱਥੇ ਚੂੜੇ, ਚਮਿਆਰ, ਨਾਈ, ਛੀਬੇ ਲੁਹਾਰ, ਤਖਾਣ, ਜੱਟ ਬੂਟ, ਗਊ ਖਾਣ ਵਾਲੇ ਬੈਠੇ ਨੇ?

ਗੁਰੂ ਸਾਹਿਬ ਨੇ ਬ੍ਰਾਹਮਣਾਂ ਨੂੰ ਆਪਣੇ ਕੋਲ ਬੈਠਾ ਲਿਆ। ਤੇ ਪੁਰਾਤਨ ਰੀਤਾਂ ਰਸਮਾਂ ਦੀ ਖੂਬ ਉਦੇੜ ਬੁਣ ਕੀਤੀ। ਫੋਕੇ ਕਰਮ ਕਾਡਾਂ ਰੀਤ ਰਿਵਾਜਾਂ ਚਿੰਨਾਂ ਦਾ ਪੜ੍ਹਦਾ ਖੋਲ ਦਿੱਤਾ। ਗੁਰੂ ਸਾਹਿਬ ਨੇ ਸਵਾਲ ਕੀਤਾ ਕਿ ਤੁਹਾਡੇ ਵਾਸਤੇ ਪ੍ਰਭੂ ਮਿਲਾਪ ਤੇ ਚੜ੍ਹਦੀ ਕਲ੍ਹਾ ਵਾਲਾ ਜੀਵਨ ਅਹਿਮੀਅਤ ਰੱਖਦਾ ਹੈ ਕਿ ਇਹ ਫੋਕੇ ਰੀਤੀ ਰਵਾਨ ਚਿੰਨ ਚਕ੍ਰ? ਸਾਹਿਬ ਨੇ ਸਮਝਾਇਆ ਕਿ ਮਨੁੱਖਾ ਜਨਮ ਦਾ ਨਿਸ਼ਾਨਾ ਹੈ ਅਕਾਲ ਪੁਰਖ ਦੀ ਖੇਡ ਨੂੰ ਸਮਝਣਾ ਤੇ ਫਿਰ ਚੜ੍ਹਦੀ ਕਲਾ ਵਾਲਾ ਜੀਵਨ ਹਾਸਲ ਕਰਨਾਂ ਜਿਸ ਵਿਚ ਚਿੰਤਾ ਫਿਕਰ ਪਾਪ ਪੁੰਨ ਨਾਂ ਹੋਣ।

ਏਸੇ ਮੌਕੇ ਭਾਵ ਬਟਾਲੇ ਹੀ ਫਿਰ ਗੁਰੂ ਸਾਹਿਬ ਨੇ ਇਸ ਸ਼ਬਦ ਦੀ ਰਚਨਾ ਕੀਤੀ ਤੇ ਉੱਚੀ ਸੁਰ ਨਾਲ ਮਰਦਾਨੇ ਦੀ ਰਬਾਬ ਅਤੇ ਹੋਰ ਵਜੰਤਰੀਆਂ ਦੀ ਪੂਰੀ ਵਜਦ ਨਾਲ ਆਸਾ ਰਾਗ ਵਿਚ ਇਹ ਸ਼ਬਦ ਗਾਵਿਆ। ਪੂਰੀ ਸੰਗਤ ਨੇ ਨਾਲ ਸਾਥ ਦਿੱਤਾ। :-

ਆਸਾ ਮਹਲਾ ੧ ॥ ਕਾਇਆ ਬ੍ਰਹਮਾ ਮਨੁ ਹੈ ਧੋਤੀ ॥ ਗਿਆਨੁ ਜਨੇਊ ਧਿਆਨੁ ਕੁਸਪਾਤੀ ॥ ਹਰਿ ਨਾਮਾ ਜਸੁ ਜਾਚਉ ਨਾਉ ॥ ਗੁਰ ਪਰਸਾਦੀ ਬ੍ਰਹਮਿ ਸਮਾਉ ॥੧॥ ਪਾਂਡੇ ਐਸਾ ਬ੍ਰਹਮ ਬੀਚਾਰੁ ॥ ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ ॥੧॥ ਰਹਾਉ ॥ ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ ॥ ਧੋਤੀ ਟਿਕਾ ਨਾਮੁ ਸਮਾਲਿ ॥ ਐਥੈ ਓਥੈ ਨਿਬਹੀ ਨਾਲਿ ॥ ਵਿਣੁ ਨਾਵੈ ਹੋਰਿ ਕਰਮ ਨ ਭਾਲਿ ॥੨॥ ਪੂਜਾ ਪ੍ਰੇਮ ਮਾਇਆ ਪਰਜਾਲਿ ॥ ਏਕੋ ਵੇਖਹੁ ਅਵਰੁ ਨ ਭਾਲਿ ॥ ਚੀਨ੍ਹੈ ਤਤੁ ਗਗਨ ਦਸ ਦੁਆਰ ॥ ਹਰਿ ਮੁਖਿ ਪਾਠ ਪੜੈ ਬੀਚਾਰ ॥੩॥ ਭੋਜਨੁ ਭਾਉ ਭਰਮੁ ਭਉ ਭਾਗੈ ॥ ਪਾਹਰੂਅਰਾ ਛਬਿ ਚੋਰੁ ਨ ਲਾਗੈ ॥ ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ ॥ ਬੂਝੈ ਬ੍ਰਹਮੁ ਅੰਤਰਿ ਬਿਬੇਕੁ ॥੪॥ ਆਚਾਰੀ ਨਹੀ ਜੀਤਿਆ ਜਾਇ ॥ ਪਾਠ ਪੜੈ ਨਹੀ ਕੀਮਤਿ ਪਾਇ ॥ ਅਸਟ ਦਸੀ ਚਹੁ ਭੇਦੁ ਨ ਪਾਇਆ ॥ ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ॥੫॥

ਹਰ ਪਾਸੇ ਧੰਨ ਗੁਰੂ ਨਾਨਕ ਧੰਨ ਬਾਬਾ ਨਾਨਕ ਹੋ ਰਿਹਾ ਸੀ।

—◈—

ਇਕ ਬਟਾਲਵੀ ਪੁੱਛਦਾ ਬਾਬਾ ਜੀ ਕਿਹੜੇ ਫਿਰਕੇ ਦਾ ਬੰਦਾ ਪ੍ਰਵਾਨ: ਜੋਗੀ, ਸੰਨਿਆਸੀ, ਬ੍ਰਹਾਮਣ, ਉਦਾਸੀ, ਗ੍ਰਸਤੀ, ਜਤੀ, ਰਾਮਦਾਸ, ਵੈਸਨੋ, ਜਲ-ਤਪੀ, ਉਰਧ-ਤਪੀ, ਵਰਤ-ਨੇਮੀ ਜਾਂ ਨਿਰਾਹਾਰੀ, ਦੁਧਾਧਾਰੀ ?●

ਜਦੋਂ ਗੁਰੂ ਸਾਹਿਬ ਬਟਾਲੇ ਬਰਾਜੇ ਹੋਏ ਸਨ ਤਾਂ ਭਰੇ ਦੀਵਾਨ ਵਿਚ ਇਕ ਜਗਿਆਸੂ ਨੇ ਸਵਾਲ ਕਰ ਦਿੱਤਾ ਕਿ ਬਾਬਾ ਜੀ ਵੱਖ ਵੱਖ ਫਿਰਕੇ ਹਨ: ਕੋਈ ਜੋਗੀ ਹੈ, ਸੰਨਿਆਸੀ ਹੈ, ਬ੍ਰਹਾਮਣ, ਉਦਾਸੀ, ਗ੍ਰਸਤੀ, ਜਤੀ, ਰਾਮਦਾਸ, ਵੈਸਨੋ, ਜਲ-ਤਪੀ, ਉਰਧ-ਤਪੀ, ਵਰਤ-ਨੇਮੀ ਜਾਂ ਨਿਰਾਹਾਰੀ, ਦੁਧਾਧਾਰੀ ਹੈ? ਇਹਨਾਂ ਵਿਚੋਂ ਕਿਹਦੀ ਸੇਵਾ ਥਾਂ ਪੈਂਦੀ ਹੈ ਤੇ ਕਿੰਨਾਂ ਦੀ ਬੇਅਰਥ?

ਗੁਰੂ ਸਾਹਿਬ ਨੇ ਫਿਰ ਸਾਰੀ ਸੰਗਤ ਨੂੰ ਸਮਝਾਇਆ ਕਿ ਵੇਖੋ! ਜਿਸਦੇ ਹਿਰਦੇ ਵਿਚ ਨਿਰੰਕਾਰ ਬਾਬਤ ਸੱਚੀ ਖਿੱਚ ਹੈ ਤੇ ਜਿਸ ਨੇ ਕਰਤੇ ਦੀ ਖੇਡ ਨੂੰ ਪਛਾਣ ਲਿਆ ਓਸੇ ਦੀ ਸੇਵਾ ਥਾਂ ਪੈਦੀ ਹੈ। ਜਿੰਨੂ ਅਰਦਾਸ ਕਰਨੀ ਆ ਗਈ। ਜਿੰਨੂ ਸਮਝ ਪੈ ਗਈ ਕਿ ਇਹ ਖੇਡ ਏਕੇ ਦੀ ਹੀ ਹੈ। ਸਾਰਿਆਂ ਦੇ ਭਗਵਾਨ ਵੱਖ ਵੱਖ ਨਹੀ ਹਨ। ਇਹ ਸਿਰਫ ਸਹੀ ਗੁਰੂ ਦੇ ਲੜ੍ਹ ਲਗਿਆਂ ਹੀ ਸੰਭਵ ਹੈ। ਬਾਕੀ ਤਾਂ ਸਭ ਭਟਕਣ ਹੈ। ਗਿਆਨਹੀਣ ਵੀਚਾਰੇ ਦੇਹ ਨੂੰ ਕਸ਼ਟ ਦਈ ਜਾਂਦੇ ਹਨ। ਯਾਦ ਰਹੇ ਓਦੋਂ ਹਿੰਦੂ ਸਮਾਜ ਨੂੰ ਇਕ ਕਰਤਾਰ ਦੇ ਸਿਧਾਂਤ ਦੀ ਸਮਝ ਨਹੀ ਸੀ। ਸਾਰਾ ਧਾਰਮਿਕ ਕਾਰਜ ਦੇਵੀ ਦੇਵਤਿਆਂ ਤੇ ਕੇਂਦਰਤ ਸੀ।

ਸਾਹਿਬ ਨੇ ਸਾਰਾ ਕੁਝ ਵਖਿਆਨ ਰਾਂਹੀ ਸਮਝਾਉਣ ਉਪਰੰਤ ਆਸਾ ਰਾਗ ਵਿਚ ਉਸ ਦੇ ਸਵਾਲ ਦੇ ਪ੍ਰਥਾਇ ਸ਼ਬਦ ਉੱਚੀ ਹੇਕ ਵਿਚ ਗਾ ਕੇ ਕਿਹਾ। ਰਬਾਬ ਤੇ ਸੰਗਤ ਮਰਦਾਨੇ ਨੇ ਦਿੱਤੀ। ਢੋਲਕੀ ਖੜਤਾਲਾਂ ਤੇ ਹੋਰ ਵਜੰਤ੍ਰੀਆਂ ਦੇ ਨਾਂ ਮਾਲੂਮ ਨਹੀ ।ਆਸਾ ਮਹਲਾ ੧ ॥ ਸੇਵਕੁ ਦਾਸੁ ਭਗਤੁ ਜਨੁ ਸੋਈ ॥ ਠਾਕੁਰ ਕਾ ਦਾਸੁ ਗੁਰਮੁਖਿ ਹੋਈ ॥ ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥੧॥ ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥ ਸਚਾ ਅਰਜੁ ਸਚੀ ਅਰਦਾਸਿ ॥ ਮਹਲੀ ਖਸਮੁ ਸੁਣੇ ਸਾਬਾਸਿ ॥ ਸਚੈ ਤਖਤਿ ਬੁਲਾਵੈ ਸੋਇ ॥ ਦੇ ਵਡਿਆਈ ਕਰੇ ਸੁ ਹੋਇ ॥੨॥ ਤੇਰਾ ਤਾਣੁ ਤੂਹੈ ਦੀਬਾਣੁ ॥ ਗੁਰ ਕਾ ਸਬਦੁ ਸਚੁ ਨੀਸਾਣੁ ॥ ਮੰਨੇ ਹੁਕਮੁ ਸੁ ਪਰਗਟੁ ਜਾਇ ॥ ਸਚੁ ਨੀਸਾਣੈ ਠਾਕ ਨ ਪਾਇ ॥੩॥ ਪੰਡਿਤ ਪੜਹਿ ਵਖਾਣਹਿ ਵੇਦੁ ॥ ਅੰਤਰਿ ਵਸਤੁ ਨ ਜਾਣਹਿ ਭੇਦੁ ॥ ਗੁਰ ਬਿਨੁ ਸੋਝੀ ਬੂਝ ਨ ਹੋਇ ॥ ਸਾਚਾ ਰਵਿ ਰਹਿਆ ਪ੍ਰਭੁ ਸੋਇ ॥੪॥ ਕਿਆ ਹਉ ਆਖਾ ਆਖਿ ਵਖਾਣੀ ॥ ਤੂੰ ਆਪੇ ਜਾਣਹਿ ਸਰਬ ਵਿਡਾਣੀ ॥ ਨਾਨਕ ਏਕੋ ਦਰੁ ਦੀਬਾਣੁ ॥ ਗੁਰਮੁਖਿ ਸਾਚੁ ਤਹਾ ਗੁਦਰਾਣੁ ॥੫॥੨੧॥

ਇਸ ਨਵੇਂ ਸਿਧਾਂਤ ਨੂੰ ਪਾ ਕੇ ਜਗਿਆਸੂ ਅੱਸ਼ ਅੱਸ਼ ਕਰ ਉਠੇ। ਧੰਨ ਗੁਰੂ ਨਾਨਕ ਦਾ ਅਵਾਜ਼ਾ ਚੁਫੇਰੇ ਗੂੰਜ ਉਠਿਆ।

ਗੁਰੂ ਸਾਹਿਬ ਕਈ ਦਿਨ ਬਟਾਲੇ ਰਹਿ ਗੁਰਮਤ ਦਾ ਪ੍ਰਚਾਰ ਕਰਦੇ ਰਹੇ। ਇਨਾਂ ਹੀ ਦਿਨਾਂ ਵਿਚ ਇਸ ਇਲਾਕੇ ਦੇ ਪਿੰਡ ਗਰਾਂ ਗੁਰੂ ਸਾਹਿਬ ਨੇ ਗਾਹੇ। ਯਾਦ ਰਹੇ ਵਟਾਲੇ ਸ਼ਹਿਰ ਵਿਚ ਹੀ ਗੁਰੂ ਸਾਹਿਬ ਦੇ ਸਹੁਰੇ ਸਨ। ਸਾਹਿਬ ਦੇ ਵਿਆਹ ਦੀ ਰਸਮ ਵੀ ਇਥੇ ਹੀ ਹੋਈ ਸੀ। ਹਾਲਾਂ ਇਨਾਂ ਦੇ ਸਹੁਰਾ ਪੱਖੋਕੇ ਵਸਤੇ ਸਨ।

—▲—

ਪੈਰ ਸਫ਼ਾ
○ ਸੋਢੀ 2-297, (ਪੰਜਾਬੀ)- 78, ◘ ਖਲਾਸਤੁਤ ਤਵਾਰੀਖ: ਸੁਜਾਨ ਰਾਏ ਭੰਡਾਰੀ ● ਸੋਢੀ 2- 300

ਕਰਤਾਰਪੁਰ ਦੇ ਕੌਤਕ: ਭਾਗ–5

(1525 ਤੋਂ 1530 ਈ. ਤਕ)

ਇਹ ਗੋਸ਼ਟੀਆਂ ਗੁਰੂ ਸਾਹਿਬ ਦੀ ਛੋਟੀ ਜਿਹੀ ਉਦਾਸੀ ਤੋ ਪਰਤਣ ਉਪਰੰਤ ਅਤੇ ਚੌਥੀ ਉਦਾਸੀ ਤੇ ਰਵਾਨਾ ਹੋਣ ਦਰਮਿਆਨ ਦੀਆਂ ਹਨ। ਇਹ ਜਰੂਰੀ ਨਹੀ ਕਿ 1526 ਈ ਤੋਂ ਲੈ ਕੇ 1530 ਈ ਤਕ ਸਾਰਾ ਸਮਾਂ ਹੀ ਗੁਰੂ ਸਾਹਿਬ ਕਰਤਾਰਪੁਰ ਬਿਰਾਜੇ ਰਹੇ ਹੋਣ।

ਜਦੋਂ ਸਾਹਿਬ ਦਾ ਜੀਅ ਆਉਦਾ ਓਦੋਂ ਹੀ ਕਰਤਾਰਪੁਰ ਤੋਂ ਰਵਾਨਾ ਹੋ ਵੱਡੇ ਪੰਜਾਬ ਦੇ ਮੇਲੇ ਇਕੱਠਾਂ ਵਿਚ ਦਰਸ਼ਨ ਦਿੰਦੇ। ਜਾਂਦਿਆਂ ਅਤੇ ਆਉਦਿਆਂ ਪਿੰਡੀਂ ਥਾਂਈ ਲੋਕਾਂ ਦਾ ਉਦਾਰ ਕਰਦੇ ਸਨ। ਪੰਜਾਬ ਦਾ ਤਾਂ ਤਕਰੀਬਨ ਉਹਨਾਂ ਕੋਈ ਵੱਡਾ ਪਿੰਡ ਛੱਡਿਆ ਹੀ ਨਹੀ ਹੋਵੇਗਾ ਜਿਥੇ ਨਾਂ ਗਏ ਹੋਣ।

ਸੋ ਇਹ ਕੁਝ ਕੁ ਕੌਤਕ ਨੇ ਜਿਹੜੇ 4-5 ਸਾਲ ਦੇ ਅਰਸੇ ਦਰਮਿਆਨ ਕਰਤਾਰਪੁਰ ਹੋਏ। ਉਂਜ ਇਹਨਾਂ ਨੂੰ ਕਿਸੇ ਸਮੇਂ ਵਿਚ ਬੰਨਣਾ ਵੀ ਮੁਸ਼ਕਲ ਹੈ। ਫਿਰ ਹੇਠ ਦਿੱਤੇ ਕੌਤਕਾਂ ਤੋਂ ਲਗਦਾ ਹੈ ਕਿ ਮਰਦਾਨਾ ਸਾਹਿਬ ਦੀ ਸ਼ਰਨ ਵਿਚ ਸੀ ਜਦੋਂ ਇਹ ਵਾਪਰੇ।

—◈—

ਬਾਬੇ ਨੇ ਵਿਹਲੜ ਤਮਾਸ਼ਬੀਨ ਕਰਤਾਰਪੁਰ ਤੋਂ ਭਜਾਏ

ਘੁੰਮਦੇ ਘੁੰਮਾਂਦੇ ਜਦੋਂ ਗੁਰੂ ਸਾਹਿਬ ਕਰਤਾਰਪੁਰ ਬਰਾਜੇ ਤੋਂ ਸ਼ਰਧਾਲੂਆਂ ਨੂੰ ਚਾਅ ਚੜ੍ਹ ਗਇਆ। ਕਈ ਮਹੀਨਿਆਂ ਤੋਂ ਕਰਤਾਰਪੁਰ ਸਾਹਿਬ ਧਰਮਸਾਲਾ ਬਿਨਾਂ ਗੁਰੂ ਸਾਹਿਬ ਦੀ ਹਾਜਰੀ ਦੇ ਚਲ ਰਹੀ ਸੀ। ਲੋਕਾਂ ਦਾ ਆਉਣਾ ਜਾਂਣਾ ਬਣਿਆ ਰਹਿੰਦਾ ਸੀ।

ਕਿਉਕਿ ਕਰਤਾਰਪੁਰ ਵਿਖੇ ਦੋਨੋ ਵਕਤ ਲੰਗਰ ਚਲਦਾ ਸੀ। ਬਾਕੀ ਸਤਸੰਗ ਤੇ ਕੀਰਤਨ ਤੇ ਵਖਿਆਨ ਵੀ ਚਲਦਾ ਸੀ। ਫਿਰ ਕੀ ਹੋਇਆ ਪਿੰਡਾਂ ਸ਼ਹਿਰਾਂ ਦੇ ਕਈ ਵਿਹਲੜ ਲੋਕ ਜਿੰਨਾਂ ਨੂੰ ਰੂਹਾਨੀਅਤ ਨਾਲ ਕੋਈ ਲੈਣਾ ਦੇਣਾ ਨਹੀ ਸੀ ਨੇ ਕਰਤਾਰਪੁਰ ਵਿੱਚ ਹੀ ਡੇਰੇ ਜਮਾਏ ਬੈਠੇ ਸਨ। ਇਹਨਾਂ ਵਿਚ ਕਈ ਘੜੰਮ ਚੌਧਰੀ ਵੀ ਸ਼ਾਮਲ ਹੋ ਚੁੱਕੇ ਸਨ। ਅਜਿਹੇ ਲੋਕਾਂ ਦੀਆਂ ਸ਼ਕਾਇਤਾਂ ਵੀ ਪ੍ਰਬੰਧਕਾਂ ਨੂੰ ਮਿਲਦੀਆਂ ਰਹਿੰਦੀਆਂ ਸਨ। ਇਨਾਂ ਲੜਾਈਆਂ ਝਗੜੇ ਬਹਿਸਾਂ ਆਦਿ ਕਰਨੀਆਂ। ਕਦੀ ਸ਼ਰਾਰਤਾਂ ਦੀਆਂ ਵੀ ਸ਼ਕਾਇਤਾਂ ਮਿਲਣੀਆਂ।

ਇਕ ਜੋਗੀ ਨੇ ਗੁਰੂ ਸਾਹਿਬ ਨੂੰ ਸੁਚੇਤ ਕੀਤਾ ਕਿ ਇਸ ਦਾ ਕੋਈ ਹੱਲ ਕੱਢੋ ਨਹੀ ਤਾਂ ਇਥੇ ਹੋਰ ਮੁਸ਼ਕਲ ਹੋ ਜਾਏਗੀ।

ਗੁਰੂ ਸਾਹਿਬ ਨੇ ਬੰਦਾ ਭੇਜ ਕੇ ਕਲਾਨੌਰ ਸ਼ਹਿਰ ਤੋਂ ਕੋਈ 50-60 ਬਹੋਲੇ* ਮੰਗਵਾ ਲਏ।

ਸ਼ਾਮੀ ਫਿਰ ਸਾਰੇ ਸ਼ਰਧਾਲੂਆਂ ਨੂੰ ਹੁਕਮ ਕਰ ਦਿੱਤਾ ਕਿ ਕਲ ਪੈਲੀ ਗੋਡਣੀ ਹੈ ਤੇ ਸਾਰੇ ਇਸ ਨੇਕ ਕੰਮ ਵਿੱਚ ਆਪਣਾ ਹਿੱਸਾ ਪਾਓ। ਇੱਕ ਬਹੋਲੇ ਪਿੱਛੇ ਤਿੰਨ -ਤਿੰਨ, ਚਾਰ-ਚਾਰ ਬੰਦੇ ਲਾ ਦਿੱਤੇ। ਜਦੋਂ ਛਾਹਵੇਲੇ ਦਾ ਲੰਗਰ ਹੋਇਆ ਤਾਂ ਨਾਲ ਹੀ ਲਾਂਗਰੀਆਂ ਇਹ ਸੁਨੇਹਾ ਦੇ ਦਿੱਤਾ ਕਿ ਅੱਜ ਸ਼ਾਮ ਦਾ ਫੋਕਾ ਹੀ ਹੈ। ਮਤਲਬ ਕਿਸੇ ਵਜ੍ਹਾ ਕਰਕੇ ਸ਼ਾਮੀ ਲੰਗਰ ਨਹੀ ਪਕੇਗਾ।

ਵਿਹਲੜ ਹੱਡ ਹਰਾਮੀ ਲੋਕ ਤਾਂ ਪਹਿਲਾ ਹੀ ਬੁਖਲਾ ਉਠੇ ਤੇ ਆਪਸ ਵਿਚ ਲੱਗੇ ਖੁਸਰ ਫੁਸਰ ਕਰਨ, "ਇਹ ਚੰਗਾ ਸਾਧੂ ਹੈ ਜਿਹੜਾ ਲੋਕਾਂ ਕੋਲੋ ਮਿਹਨਤ ਕਰਵਾਉਦਾ ਹੈ।" ਫਿਰ ਜਦੋਂ ਲੰਗਰ ਬਾਰੇ ਸੁਣਿਆ ਤਾਂ ਉਨਾਂ ਵਿਚ ਬਹੁਤਿਆਂ ਕਹਿਣਾ ਸ਼ੁਰੂ ਕਰ ਦਿੱਤਾ "ਅਸੀ ਤਾਂ ਬਸ ਚੱਲੇ ਹੀ ਸੀ ਸਿਰਫ ਗੁਰੂ ਸਾਹਿਬ ਦੇ ਦਰਸ਼ਨਾਂ ਦੀ ਉਡੀਕ ਕਰ ਰਹੇ ਸਾਂ।" ਸੋ ਜਿਹੜੇ ਤਾਂ ਨੇੜ ਦੇ ਪਿੰਡਾਂ ਥਾਂਵਾ ਦੇ ਸਨ ਉਹ ਤਾਂ ਓਦੋ ਹੀ ਲੰਗਰ ਛਕ ਕੇ ਚਲਦੇ ਬਣੇ। ਬਾਕੀ ਅਗਲੇ ਸਵੇਰੇ ਖਿਸਕ ਗਏ।

ਅਗਲੇ ਦਿਨ ਫਿਰ ਜਿਹੜੇ ਬਾਕੀ ਬਚੇ ਉਹ ਅਸਲੀ ਸ਼ਰਧਾਵਾਨ ਸਨ। ਗੁਰੂ ਸਾਹਿਬ ਨੇ ਉਨਾਂ ਤੇ ਬਹੁਤ ਪ੍ਰਸੰਨਤਾ ਜਤਾਈ ਤੇ ਲਾਂਗਰੀਆਂ ਨੂੰ ਹੁਕਮ ਦਿੱਤਾ ਕਿ ਇਨਾਂ ਵਾਸਤੇ ਚੰਗੇ ਚੋਖੇ ਸਵਾਦੀ ਪਕਵਾਨ ਬਣਾਏ ਜਾਣ।

ਜਦੋਂ ਪਤਾ ਲੱਗਾ ਕਿ ਬਾਬੇ ਨਾਨਕ ਦੀ ਵਾਹੀ ਵਿੱਚ ਪੈਲੀਆਂ ਹਲ ਨਾਲ ਨਹੀ ਸਗੋਂ ਬਹੋਲਿਆਂ ਨਾਲ ਹੀ ਪੁੱਟੀਆਂ ਜਾ ਰਹੀਆਂ ਹਨ ਤਾਂ ਕਿਸਾਨ ਆਪਣੀਆਂ ਆਪਣੀਆਂ ਜੋਗਾਂ ਲੈ ਕੇ ਆਉਦੇ ਤੇ ਦਿਨ ਭਰ ਬਾਬਾ ਦੇ ਖੇਤ ਵਾਹੇ ਜਾਂਦੇ। ਇਹ ਪ੍ਰੰਪਰਾ 1947 ਤੱਕ ਚਲਦੀ ਰਹੀ। ਪੈਲੀ ਵਾਹੁੰਣ ਤੋਂ ਇਲਾਵਾ ਕਿਸਾਨ ਆਪਣੇ ਹਲ ਵਾਹਿਕ ਪਸ਼ੂ ਖੂਹਾਂ ਤੇ ਵੀ ਜੋਤ ਦੇ ਸਨ।

ਹੁਣ ਕਰਤਾਰਪੁਰ ਦੇ ਪ੍ਰਬੰਧਕਾਂ ਨੂੰ ਰਸਤਾ ਮਿਲ ਗਇਆ ਸੀ ਕਿ ਵਿਹਲੜਾਂ ਤੋਂ ਕਿਵੇ ਨਜਾਤ ਹਾਸਲ ਕੀਤੀ ਜਾਏ। ◉

—◈—

ਜਦੋਂ ਦੋ ਕਾਜੀਆਂ ਨੂੰ ਸ਼ਾਬਾਸ਼ ਦਿੱਤੀ ■

ਇਕ ਵੇਰਾਂ ਕਰਤਾਰਪੁਰ ਸਾਹਿਬ ਦੋ ਕਾਜੀ ਆ ਗਏ। ਉਹ ਗੁਰੂ ਸਾਹਿਬ ਦੀ ਬੁਲੰਦ ਰੂਹਾਨੀ ਸੂਰਤਹਾਲ ਜਾਣਦੇ ਸਨ। ਉਨਾਂ ਗੁਰੂ ਸਾਹਿਬ ਦਾ ਵਖਿਆਨ ਵੀ ਸੁਣਿਆ। ਕੁਝ ਸਮੇਂ ਬਾਦ ਉਨਾਂ ਦੀ ਆਪਸ ਵਿੱਚ ਗੱਲ ਬਾਤ ਦੌਰਾਨ ਬਹਿਸ ਹੋ ਗਈ। ਇੱਕ ਕਹੇ ਕਿ ਖੁੱਦਾ ਨੂੰ ਹਾਸਲ ਕਰਨ ਲਈ ਮੰਨ ਮਾਰ ਕੇ ਲਗਾਤਾਰ ਬੰਦਗੀ ਜਰੂਰੀ ਹੈ। ਦੂਸਰਾ ਕਹੇ ਨਹੀ ਜੀ ਕਰਨ ਕਰਾਵਣਹਾਰ ਖੁਦਾ ਆਪ ਹੈ ਉਹਦੀ ਨਦਰੋ-ਕਰਮ (ਬਖਸ਼ਸ਼) ਹੋਵੇ ਤਾਂ ਬੰਦਾ ਬੰਦਗੀ ਕਰੇ। ਜੇ ਉਹ ਖੁਦਾ ਦਾ ਕਰਮ ਨਾਂ ਹੋਵੇ ਤਾਂ ਬੰਦਗੀ ਹੋ ਹੀ ਨਹੀ ਸਕਦੀ।

ਗੁਰੂ ਸਾਹਿਬ ਨੇ ਕਾਜ਼ੀਆਂ ਨੂੰ ਸ਼ਾਬਾਸ਼ ਦਿੱਤੀ ਤੇ ਕਿਹਾ ਕਿ ਮੀਆਂ ਜੀ ਤੁਸੀ ਦੋਵੇ ਠੀਕ ਹੋ। ਤੁਹਾਡੇ ਦੋਵਾਂ ਤੇ ਖੁਦਾ ਖੁਸ਼ ਹੈ ਜਿਹੜੀ ਉਸ ਨੇ ਤੁਹਾਨੂੰ ਇਹ ਸੋਚਣ ਦੀ ਅਕਲ ਬਖਸ਼ੀ ਹੈ।

ਗੁਰੂ ਸਾਹਿਬ ਨੇ ਕਿਹਾ ਕਿ ਖੁਦਾ ਦੇ ਰਾਹ ਤੇ ਦੋਵੇ ਗੱਲਾਂ ਹੀ ਜਰੂਰੀ ਹਨ। ਬਸ ਬੰਦਾ ਦੁਆ ਕਰੀ ਜਾਏ ਕਿ ਐ ਖੁਦਾ ਤੂੰ ਬਖਸ਼ ਲੈ ਮੈਂ ਗੁਨਾਹਗਾਰ।

ਨਾਲ ਸੰਗਤ ਨੂੰ ਗੁਰੂ ਸਾਹਿਬ ਨੇ ਸਮਝਾਇਆ ਕਿ ਜੋ ਚੰਗਾ ਹੋਵੇ ਉਹ ਰੱਬ ਨੂੰ ਅਰਪਣ ਕਰੋ ਤੇ ਜੋ ਮੰਦਾ ਹੋਵੇ ਉਹ ਆਪਣੇ ਤੇ ਲਓ ਕਿ ਆਹ ਗੁਨਾਹ ਜਾਂ ਗਲਤੀ ਮੈਂ ਕੀਤੀ ਹੈ। ਸਦਾ ਉਹਦੀ ਬੰਦਗੀ ਵਿੱਚ ਮਨ ਨੂੰ ਲਾਓ। ਗੁਰੂ ਸਾਹਿਬ ਨੇ ਮਰਦਾਨੇ ਦੀ

ਰਬਾਬ ਤੇ ਹੋਰ ਵਜੰਤਰੀਆਂ ਤੇ ਸੰਗਤ ਨੇ ਰਲ ਕੇ ਸ਼ਬਦ ਗਾਇਆ:-

ਆਸਾ ਮਹਲਾ ੧ ॥ ਆਪਿ ਕਰੇ ਸਚੁ ਅਲਖ ਅਪਾਰੁ ॥ ਹਉ ਪਾਪੀ ਤੂੰ ਬਖਸਣਹਾਰੁ ॥੧॥ ਤੇਰਾ ਭਾਣਾ ਸਭੁ ਕਿਛੁ ਹੋਵੈ ॥ ਮਨਹਠਿ ਕੀਚੈ ਅੰਤਿ ਵਿਗੋਵੈ ॥੧॥ ਰਹਾਉ ॥ ਮਨਮੁਖ ਕੀ ਮਤਿ ਕੂੜਿ ਵਿਆਪੀ ॥ ਬਿਨੁ ਹਰਿ ਸਿਮਰਣ ਪਾਪਿ ਸੰਤਾਪੀ ॥੨॥ ਦੁਰਮਤਿ ਤਿਆਗਿ ਲਾਹਾ ਕਿਛੁ ਲੇਵਹੁ ॥ ਜੋ ਉਪਜੈ ਸੋ ਅਲਖ ਅਭੇਵਹੁ ॥੩॥ ਐਸਾ ਹਮਰਾ ਸਖਾ ਸਹਾਈ ॥ ਗੁਰ ਹਰਿ ਮਿਲਿਆ ਭਗਤਿ ਦ੍ਰਿੜਾਈ ॥੪॥ ਸਗਲੀ ਸਉਦੀ ਤੋਟਾ ਆਵੈ ॥ ਨਾਨਕ ਰਾਮ ਨਾਮੁ ਮਨਿ ਭਾਵੈ ॥੫॥੨੪॥

ਬੇਲੇ ਵਿੱਚ ਹਰ ਪੰਛੀ ਹਰ ਪਸ਼ੂ ਵੀ ਝੂਮ ਉਠਿਆ। ਅੰਤ ਵਿੱਚ ਅਵਾਜ਼ਾ ਗੂੰਜਿਆ;ਧੰਨ ਗੁਰੂ ਨਾਨਕ। ਧੰਨ ਬਾਬਾ ਨਾਨਕ।

ਜਦੋਂ ਬ੍ਰਾਹਮਣ ਨੇ ਚੁੱਲੇ ਵਾਸਤੇ ਥਾਂ ਪੁੱਟੀ ਤਾਂ ਕੁੱਤੇ ਦਾ ਕਰੰਗ ਨਿਕਲ ਆਇਆ

ਗੁਰੂ ਸਾਹਿਬ ਨੇ ਪੂਰਾ ਹਿੰਦੁਸਤਾਨ ਗਾਹ ਕੇ ਧਾਰਮਿਕ ਇਨਕਲਾਬ ਖੜਾ ਕਰ ਦਿੱਤਾ ਹੋਇਆ ਸੀ ਕਿ ਐ ਦੁਨੀਆਂ ਦੇ ਲੋਕੋ ਪੱਥਰ, ਪਿੱਪਲ, ਸੂਰਜ, ਬੱਦਲ ਤੇ ਵੱਖ ਵੱਖ ਅਵਤਾਰਾਂ ਦੀ ਪੂਜਾ ਦੇ ਚੱਕ੍ਰ ਵਿਚੋਂ ਬਾਹਰ ਨਿਕਲੋ। ਗੁਰੂ ਸਾਹਿਬ ਨੇ ਅਜਿਹੇ ਰੱਬ ਦਾ ਪ੍ਰਚਾਰ ਕੀਤਾ ਜਿਹੜਾ ਸਿਰਫ ਇਕੋ ਇੱਕ ਹੈ ਤੇ ਦੁਨੀਆ ਦਾ ਮਾਲਕ ਹੈ ਤੇ ਸਾਰਾ ਬ੍ਰਹਿਮੰਡ ਅਤੇ ਸਾਰੀ ਰਚਨਾ ਉਸ ਨਿਰੰਕਾਰ ਅਕਾਲ ਪੁਰਖ ਵਿਚੋਂ ਹੀ ਨਿਕਲਦੀ ਹੈ। ਉਹਦੀ ਕੋਈ ਹੱਦ ਬੰਦੀ ਨਹੀ। (ਇਸਲਾਮ ਤੇ ਈਸਾਈਮਤ ਉਨ੍ਹੂੰ ਸੱਤ ਅਕਾਸਾਂ ਤੇ ਪਤਾਲਾਂ ਤੱਕ ਗਿਣਦੇ ਹਨ।) ਗੁਰੂ ਸਾਹਿਬ ਨੇ ਪ੍ਰਚਾਰ ਵਿੱਚ ਭਾਰਤ ਦਾ ਕੋਈ ਮਹੱਤਵਪੂਰਨ ਧਾਰਮਿਕ ਤੇ ਰਾਜਨੀਤਕ ਅਸਥਾਨ ਨਹੀ ਸੀ ਛੱਡਿਆ। ਉਹ ਹਰ ਵੱਡੇ ਮੇਲੇ ਤੇ ਵੀ ਗਏ ਸਨ।

ਓਹਨੀ ਦਿਨੀਂ ਸਾਧੂ ਮਹਾਤਮਾ ਇੱਕ ਥਾਂ ਤੋਂ ਦੂਸਰੇ ਥਾਂ ਤੱਕ ਤੁਰੇ ਹੀ ਰਹਿੰਦੇ ਸਨ। ਚਕ੍ਰਵਰਤੀ ਸਾਧੂ ਹੀ ਅਖਬਾਰਾਂ ਸਨ। ਇਨਾਂ ਨੇ ਹੀ ਗੁਰੂ ਸਾਹਿਬ ਦੀ ਇਨਕਲਾਬੀ ਸੋਚ ਬਾਬਤ ਬਹੁਤ ਦੁਹਾਈ ਪਾਈ ਸੀ। ਕੋਈ ਇਸ ਦੇ ਵਿਰੁਧ ਸੀ ਤੇ ਕੋਈ ਹੱਕ ਵਿਚ।

ਫਿਰ ਜਦੋਂ ਗੁਰੂ ਸਾਹਿਬ ਨੇ ਕਰਤਾਰਪੁਰ ਨੂੰ ਆਪਣਾ ਟਿਕਾਣਾ ਬਣਾਇਆ ਤਾਂ ਸਾਧੂਆਂ ਦੇ ਟੋਲੇ (ਜਾਂ ਹੇੜਾਂ ਦੀਆਂ ਹੇੜਾਂ) ਰੋਜ ਹੀ ਇਥੇ ਆਏ ਰਹਿੰਦੇ ਸਨ।

ਜਿਵੇ ਆਪਾਂ ਜਾਣਦੇ ਹਾਂ ਓਨੀ ਦਿਨੀ ਸਕੂਲ ਵਿਦਵਾਨਾਂ ਦੇ ਆਪਣੇ ਹੁੰਦੇ ਸਨ। ਵਿਦਵਾਨ ਜਿਆਦਾਤਰ ਬ੍ਰਾਹਮਣ ਹੀ ਹੁੰਦੇ ਸਨ। ਸਰਕਾਰ ਅਮੂਮਨ ਇਨਾਂ ਨੂੰ ਕਦੇ ਕਦਾਈ ਮਾਇਕ ਮੱਦਦ ਦੇ ਦਿੰਦੀ ਸੀ। ਏਸੇ ਤਰਾਂ ਲਹੌਰ ਦੇ ਇੱਕ ਬ੍ਰਾਹਮਣ ਦੀ ਮਸ਼ਹੂਰ ਪਾਠਸ਼ਾਲਾ ਸੀ।

ਉਸ ਬ੍ਰਾਹਮਣ ਅਧਿਆਪਕ ਨੇ ਇੱਕ ਵੇਰਾਂ ਵੈਸ਼ਨੋ ਦੇਵੀ ਜਾਣ ਦਾ ਮੰਨ ਬਣਾਇਆ ਤਾਂ ਕੁਝ ਵਿਦਿਆਰਥੀ ਵੀ ਨਾਲ ਹੀ ਤਿਆਰ ਹੋ ਗਏ। ਅਧਿਆਪਕ ਨੇ ਇੱਕ ਪੜਾਅ ਕਰਤਾਰਪੁਰ ਕਰਨਾਂ ਤਹਿ ਕੀਤਾ। ਕਲਾਨੌਰ ਉਂਜ ਵੀ ਇੱਕ ਮਹਤਵਪੂਰਨ ਪੜਾਅ ਸੀ। ਲਹੌਰ ਵਾਲੇ ਪਾਸਿਓ ਸਿਆਲਕੋਟ (ਵੈਸ਼ਨੋ ਦੇਵੀ) ਵਾਲੇ ਪਾਸੇ ਜਾਣ ਜਾਂ ਫਿਰ ਕਸ਼ਮੀਰ ਤੇ ਰਾਵਲਪਿੰਡੀ ਇਲਾਕੇ ਪਾਸਿਓ ਹਰਦੁਆਰ ਜਾਣ ਵੇਲੇ ਰਸਤੇ ਵਿੱਚ ਸੀ। ਸਾਧੂਆਂ ਤੋਂ ਇਲਾਵਾ ਕਰਤਾਰਪੁਰ ਵਿਖੇ ਰੋਜਾਨਾਂ ਸੈਕੜੇ ਲੋਕ ਆ ਕੇ ਰੁਕਦੇ ਸਨ।

ਜਦੋਂ ਉਹ ਪਾਂਧਾ ਆਪਣੇ ਵਿਦਿਆਰਥੀਆਂ ਨਾਲ ਕਰਤਾਰਪੁਰ ਸਾਹਿਬ ਵਿਖੇ ਪਹੁੰਚਿਆ ਤਾਂ ਸੇਵਾਦਾਰਾਂ ਨੇ ਉਹਨਾਂ ਦੀ ਖਿੜੇ ਮੱਥੇ ਆਓ ਭਗਤ ਕੀਤੀ। ਅਰਾਮ ਕਰਨ ਲਈ ਧਰਮਸਾਲ ਵਿੱਚ ਇੱਕ ਨੁੱਕਰ ਦੇ ਦਿੱਤੀ। ਕੱਚੇ ਫਰਸ਼ ਤੇ ਪਰਾਲੀ ਜਾਂ ਕਾਹ (ਲੰਮਾ ਘਾਹ) ਦਾ ਇੱਕ ਤਰਾਂ ਦਾ ਗੱਦਾ ਹੁੰਦਾ ਸੀ। ਸੇਵਾਦਾਰ ਯਾਤਰੂਆਂ ਦੀ ਥਕਾਵਟ ਲਾਹੁਣ ਖਾਤਰ ਪਹਿਲਾਂ ਇਸ਼ਨਾਨ ਆਦਿ ਕਰਵਾਉਦੇ। ਫਿਰ ਜਰੂਰਤ ਅਨੁਸਾਰ ਗਰਮ ਦੁੱਧ ਵਗੈਰਾ ਵਰਤਾਇਆ ਜਾਂਦਾ। ਲੰਗਰ ਨਿਯਤ ਵਕਤ ਤੇ ਦੋ ਵਾਰੀ ਮਿਲਦਾ। ਬਹੁਤ ਸਾਦਾ ਲੰਗਰ ਹੋਇਆ ਕਰਦਾ ਸੀ। ਅਮੂਮਨ ਬਾਜਰੇ ਦੀ ਰੋਟੀ ਕਦੀ ਖਿਚੜੀ ਨਾਲ ਜਾਂ ਕਦੀ ਦਾਲ ਨਾਲ ਹੁੰਦੀ।

ਪਾਂਧੇ ਨੇ ਸੇਵਾਦਾਰਾਂ ਨੂੰ ਇਤਲਾਹ ਦੇ ਦਿੱਤੀ ਕਿ ਅਸੀ ਸ਼ੁੱਧਤਾ ਦਾ ਪਾਲਣ ਕਰਦੇ ਹਾਂ ਤੇ ਸਾਡੇ ਵਾਸਤੇ ਲੰਗਰ ਨਾਂ ਬਣਾਉਣਾ। ਗੁਰਮੱਤ ਵਿੱਚ ਪ੍ਰਪੱਕ ਹੋ ਚੁੱਕੇ ਸੇਵਾਦਾਰਾਂ ਕਿਹਾ ਕਿ ਅਸੀ ਪੂਰੀ ਸਫਾਈ ਨਾਲ ਨਹਾ ਧੋ ਕੇ ਲੰਗਰ ਤਿਆਰ ਕਰਦੇ ਹਾਂ। ਪਰ ਪਾਂਧਾ ਜੀ ਨੂੰ ਕਰਤਾਰਪੁਰ ਦੇ ਲੰਗਰ ਦੇ ਤੌਰ ਤਰੀਕੇ ਪਸੰਦ ਨਹੀ ਸਨ। ਉਨ੍ਹੂੰ ਇਸ ਗੱਲ ਦਾ ਇਲਮ ਸੀ ਕਿ ਬਾਬੇ ਨਾਨਕ ਦੇ ਲੰਗਰ ਦੇ ਵਰਤਾਵੇ ਬਹੁਤੇ ਨੀਵੀ ਜਾਂਤਾ ਵਾਲੇ ਸ਼ੂਦਰ ਸਨ।

ਗੁਰੂ ਸਾਹਿਬ ਨੇ ਪਹਿਲਾਂ ਹੀ ਹੁਕਮ ਕੀਤਾ ਹੋਇਆ ਸੀ ਕਿ ਯਾਤਰੂ ਨੂੰ ਜਿੰਨੀ ਵੀ ਸੰਭਵ ਹੋਵੇ ਸਹਾਇਤਾ ਦੇਣੀ ਹੈ। ਪਾਂਧਾ ਜੀ ਨੇ ਸੁੱਕੇ ਬਾਲਣ ਤੇ ਕੁਝ ਰਸਦ ਮੰਗੀ ਜੋ ਸੇਵਾਦਾਰਾਂ ਨੇ ਤੁਰੰਤ ਦੇ ਦਿੱਤੀ।

ਪਾਂਧੇ ਨੇ ਉਸ ਸੁੱਕੇ ਬਾਲਣ ਨੂੰ ਪਹਿਲਾਂ ਧੋਤਾ ਤੇ ਫਿਰ ਸੁਕਾਇਆ। ਫਿਰ ਚੁੱਲਾ ਬਣਾਉਣ ਵਾਸਤੇ ਥਾਂ ਪੁੱਟੀ ਤਾਂ ਹੇਠੋਂ ਕੁੱਤੇ ਦਾ ਕਰੰਗ ਨਿਕਲ ਆਇਆ। ਥੂ ਥੂ ਕਰਦੇ ਬ੍ਰਾਹਮਣ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਦੂਸਰੇ ਥਾਂ ਚੁੱਲਾ ਬਣਾਓ। ਦੂਸਰੀ ਥਾਂ ਪੁੱਟੀ ਤਾਂ ਹੇਠੋਂ ਕੀੜੀਆਂ ਦਾ ਭਾਉਣ ਨਿਕਲ ਆਇਆ। ਸੇਵਾਦਾਰ ਨੇ ਝੱਟ ਪਾਂਧਾ ਜੀ ਨੂੰ ਯਾਦ ਦਿਵਾਇਆ ਕਿ ਇਹ ਉਹ ਕੀੜੀਆਂ ਹਨ ਜੋ ਚੁੱਪ ਚੁਪੀਤੇ ਲੰਗਰ ਦੀ ਰਸਦ ਲੈ ਆਉਦੀਆਂ ਹਨ। ਪਾਂਧਾ ਜੀ ਨੇ ਹੁਕਮ ਕੀਤਾ ਕਿ, ਨਹੀ, ਜੀਅ ਹੱਤਿਆ ਨਹੀ ਕਰਨੀ, ਇਥੇ ਵੀ ਚੁੱਲਾ ਨਾ ਬਣਾਇਆ ਜਾਏ।

ਏਨੇ ਨੂੰ ਗੁਰੂ ਸਾਹਿਬ ਪਾਂਧੇ ਕੋਲ ਆਏ ਤੇ ਬੜੇ ਆਦਰ ਸਤਿਕਾਰ ਨਾਲ ਪਾਂਧਾ ਜੀ ਨੂੰ ਦੱਸਿਆ ਕਿ ਜਿਹੋ ਜਿਹੀ ਥਾਂ ਤੁਸੀ ਲੱਭ ਰਹੇ ਹੋ ਉਹ ਧਰਤੀ ਤੇ ਨਹੀ ਮਿਲਣੀ। ਇਹ ਜਮੀਨ ਲੱਖਾਂ ਸਾਲਾਂ ਤੋਂ ਇਥੇ ਪਈ ਹੈ ਇੰਚ ਇੰਚ ਤੇ ਹੁਣ ਤੱਕ ਲੱਖਾਂ ਜੀਆਂ ਦੀ ਮਿੱਟੀ ਪਈ ਹੈ ਜਿਸ ਅਸਲੀਅਤ ਨੂੰ ਤੁਸੀ ਨਜਰਅੰਦਾਜ਼ ਕਰੀ ਜਾਂਦੇ ਰਹੇ ਹੋ। ਫਿਰ ਜਿਹੜੀ ਲਕੜੀ ਤੁਸੀ ਧੋ ਸਵਾਰ ਕੇ ਬਾਲਣ ਲਈ ਤਿਆਰ ਕੀਤੀ ਹੈ ਉਹਦੇ ਅੰਦਰ ਵੀ ਘੁਣ ਨਾਂ ਦਾ ਜੀਅ ਹੈ ਜਿਸਨੂੰ ਤੁਸੀ ਸਾੜ ਕੇ ਮਾਰ ਦੇਣਾ ਹੈ।

ਗੁਰੂ ਸਾਹਿਬ ਨੇ ਪਾਂਧਾ ਜੀ ਨੂੰ ਅਜਿਹੀ ਦਲੀਲ ਦਿੱਤੀ ਕਿ ਵਿਚਾਰਾ ਆਪਣੇ ਵਿਦਿਆਰਥੀਆਂ ਦੇ ਸਾਹਮਣੇ ਸ਼ਰਮਸ਼ਾਰ ਹੋ ਗਿਆ। ਨਿਰਉਤਰ ਹੋ ਕੇ ਗੁਰੂ ਸਾਹਿਬ ਦੇ ਚਰਨੀ ਲੱਗ

ਗਿਆ। ਗੁਰੂ ਸਾਹਿਬ ਨੇ ਜੱਫੀ ਵਿੱਚ ਲੈ ਕੇ ਪਿਆਰ ਸਤਿਕਾਰ ਦਿੱਤਾ।

ਇਸ ਮੌਕੇ ਗੁਰੂ ਸਾਹਿਬ ਨੇ ਸਬੰਧਤ ਸ਼ਬਦ ਵੀ ਗਾਏ।

ਸੁਇਨੇ ਕਾ ਚੌਕਾ ਕੰਚਨ ਕੁਆਰ...(ਪੂਰਾ ਸ਼ਬਦ ਵੇਖੋ ਸਫਾ-77)

ਪਾਂਧਾ ਵਾਪਸੀ ਮੌਕੇ ਵੀ ਫਿਰ ਕਰਤਾਰਪੁਰ ਕੁਝ ਦਿਨ ਠਹਿਰਿਆ ਤੇ ਗੁਰਮਤ ਦਾ ਸਿਧਾਂਤ ਗੁਰੂ ਚਰਨਾਂ ਵਿੱਚ ਬਹਿ ਕੇ ਸਮਝਿਆ। ਇਹ ਬ੍ਰਾਹਮਣ ਸਿੱਖ ਫਿਰ ਸਿੱਖੀ ਦਾ ਵੱਡਾ ਪ੍ਰਚਾਰਕ ਬਣਿਆ।

ਯਾਦ ਰਹੇ ਜਿਥੇ ਇਸ ਵੇਲੇ ਸਿੱਖੀ ਬਰਾਜਮਾਨ ਹੈ ਇਸ ਨੂੰ ਇਥੋ ਤੱਕ ਪਹੁੰਚਾਣ ਵਿੱਚ ਬ੍ਰਾਹਮਣ ਪ੍ਰਚਾਰਕਾਂ ਦਾ ਬਹੁਤ ਵੱਡਾ ਯੋਗਦਾਨ ਹੈ। ਸਿੱਖ ਰਾਜ ਦੇ ਪਤਨ ਤੋਂ ਬਾਦ ਫਿਰ ਸਾਜਿਸ਼ ਤਹਿਤ ਬ੍ਰਾਹਮਣਾਂ ਨੂੰ ਸਿੱਖੀ ਤੋਂ ਅਲਾਹਿਦਾ ਕੀਤਾ ਗਇਆ ਸੀ। ਇਹ ਸਾਜਿਸ਼ ਅੰਗਰੇਜਾਂ ਦੇ ਰਾਜ ਵੇਲੇ ਸ਼ੁਰੂ ਹੋਈ ਸੀ। ਕਿਉਕਿ ਉਨਾਂ ਦਾ ਮਕਸਦ ਸਿੱਖਾਂ ਵਿੱਚ ਵੰਡੀਆਂ ਪਾਉਣਾ ਤੇ ਰਾਜ ਕਰਨਾਂ ਸੀ। ਉਹ ਸਿੱਖਾਂ ਤੋਂ ਬਹੁਤ ਭੈਅ ਭੀਤ ਸਨ। ਬਦਕਿਸਮਤੀ ਨਾਲ ਓਹੋ ਨੀਤੀ ਅੱਜ ਤੱਕ ਚਲ ਰਹੀ ਹੈ।

—◈—

ਜਦੋਂ ਸਾਲਗ੍ਰਾਮ ਦੇ ਪੁਜਾਰੀ ਨ੍ਰਿਉਤਰ ਹੋਏ•

ਏਸੇ ਤਰਾਂ ਇੱਕ ਵੇਰਾਂ ਦੋ ਬ੍ਰਾਹਮਣ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਏ। ਸੇਵਾਦਾਰਾਂ ਨੇ ਜਦੋਂ ਲੰਗਰ ਪਾਣੀ ਪੁੱਛਿਆ ਤਾਂ ਉਹਨਾਂ ਐਵੇ ਆਨੇ ਬਹਾਨੇ ਲਾਏ। ਫਿਰ ਕੁਝ ਦੇਰ ਬਾਦ ਜਦੋਂ ਗੁਰੂ ਸਾਹਿਬ ਦੇ ਦਰਸ਼ਨ ਕੀਤੇ, ਗੱਲਾਂ ਬਾਤਾਂ ਹੋਈਆਂ ਤਾਂ ਗੁਰੂ ਸਾਹਿਬ ਨੇ ਸਰਸਰੀ ਪੁੱਛ ਲਿਆ ਕਿ ਤੁਸਾਂ ਲੰਗਰ ਪਾਣੀ ਛਕਿਆ ਹੈ ਕਿ ਨਹੀ?

ਫਿਰ ਉਨਾਂ ਦਿਲ ਦੀ ਗੱਲ ਕਹਿ ਦਿੱਤੀ ਕਿ ਅਸੀ ਖੁਦ ਇਸ਼ਨਾਨ ਕਰਕੇ ਤੇ ਆਪਣੇ ਨਾਲ ਹੀ ਰੱਖੇ ਸਾਲਿਗ੍ਰਾਮ ਨੂੰ ਇਸ਼ਨਾਨ ਕਰਾਉਦੇ ਤੇ ਫਿਰ ਕੋਈ ਜਲ- ਪਾਨ ਕਰਦੇ ਹਾਂ। ਗੁਰੂ ਸਾਹਿਬ ਨੇ ਇਹ ਸੁਣ ਕੇ ਉਨਾਂ ਦੇ ਇਸ਼ਨਾਨ ਦਾ ਪ੍ਰਬੰਧ ਕਰਵਾਇਆ ਤੇ ਫਿਰ ਉਨਾਂ ਦੀ ਮਰਜੀ ਮੁਤਾਬਿਕ ਉਨਾਂ ਨੂੰ ਲੰਗਰ ਆਪ ਤਿਆਰ ਕਰਨ ਵਾਸਤੇ ਇਜਾਜਤ ਦਿੱਤੀ।

ਫਿਰ ਗੁਰੂ ਸਾਹਿਬ ਨੇ ਸ਼ਾਮ ਦੇ ਵਖਿਆਨ ਵਿੱਚ ਮਜਮੂਨ ਹੀ ਉਨਾਂ ਦੋਹਾਂ ਦਾ ਚੁੱਣਿਆ ਤੇ ਸਾਰਾ ਸਮਝਾਇਆ ਕਿ ਇਹ ਸੁੱਚ ਜੂਠ ਦਾ ਸੰਕਲਪ ਐਵੇ ਭੰਬਲਭੂਸਾ ਤੇ ਵਹਿਮ ਹੈ। ਨਾਲੇ ਇਹ ਜਿਹੜਾ ਤੁਸੀ ਪੱਥਰ ਚੁੱਕੀ ਫਿਰਦੇ ਹੋ ਇਹ ਸਭ ਵਿਅੱਰਥ ਹੈ। ਤੁਸੀ ਪੂਜਣਾ ਹੈ ਤਾਂ ਸਾਖਸ਼ਾਤ ਬ੍ਰਹਮ ਨੂੰ ਪੂਜੋ ਜੋ ਹਰ ਥਾਂ ਬਰਾਜਮਾਨ ਹੈ। ਓਥੇ ਫਿਰ ਗੁਰੂ ਸਾਹਿਬ ਨੇ ਅੰਤ ਵਿੱਚ ਵਜੰਤਰੀਆਂ ਦੇ ਨਾਲ ਹੇਠ ਸ਼ੋਸ਼ੋਭਿਤ ਸ਼ਬਦ ਪੜਿਆ ਜਿਹੜਾ ਓਨਾਂ ਨੇ ਬਨਾਰਸ ਰਚਿਆ ਸੀ:

ਸਾਲ ਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ ॥.....

(ਪੂਰਾ ਸ਼ਬਦ ਵੇਖੋ ਪੰਨਾ 112)

———◈———

ਜਿਸ ਤੇ ਬਖਸ਼ਸ਼ ਹੋਈ ਹੁੰਦੀ ਹੈ ਉਹਦੀ ਨਿਸ਼ਾਨੀ: ਉਹ ਸੱਚ ਤੇ ਚਲਦਾ ਹੈ+

ਇਕ ਦਿਨ ਕਰਤਾਰਪੁਰ ਵਿਖੇ ਹੀ ਕਿਸੇ ਜਗਿਆਸੂ ਨੇ ਸਵਾਲ ਕਰ ਦਿੱਤਾ ਕਿ ਜਿੰਨਾਂ ਪੁਰਖਾਂ ਤੇ ਅਕਾਲ ਪੁਰਖ ਮਿਹਰਵਾਨ ਹੋਇਆ ਹੁੰਦਾ ਹੈ ਉਨਾਂ ਦੀ ਕੀ ਨਿਸ਼ਾਨੀ ਹੁੰਦੀ ਹੈ?

ਫਿਰ ਗੁਰੂ ਸਾਹਿਬ ਨੇ ਸਮਝਾਇਆ ਕਿ ਅਜਿਹੇ ਪੁਰਖ ਸੱਚ ਦੇ ਧਾਰਨੀ ਹੁੰਦੇ ਨੇ ਤੇ ਸਦਾ ਰੱਬ ਦਾ ਗੁਣਗਾਨ ਕਰਦੇ ਰਹਿੰਦੇ ਨੇ। ਦੂਸਰੇ ਪਾਸੇ ਨਕਾਰਿਆ ਬੰਦਾ ਮਾਇਆ ਮੋਹ ਵਿੱਚ ਗਲਤਾਨ ਹੁੰਦਾ ਹੈ। ਕਈ ਵਾਰ ਲੋਕ ਉਲਟਾ ਵੀ ਸਮਝ ਲੈਂਦੇ ਨੇ ਕਿ ਜਿਹੜਾ ਮਾਇਆਧਾਰੀ ਤੇ ਝੂਠ ਵਿੱਚ ਗਲਤਾਨ ਹੈ ਇਹ ਬਖਸ਼ਿਆ ਹੋਇਆ ਹੈ। ਗੁਰਮੁਖ ਬੰਦਾ ਚੜ੍ਹਦੀ ਕਲਾ ਵਿੱਚ ਵਿਚਰਦਾ ਹੈ ਤੇ ਮਨਮੁਖ ਸਭ ਕੁਝ ਹੁੰਦਿਆਂ ਸੁੰਦਿਆਂ ਵੀ ਦੁਖੀ ਰਹਿੰਦਾ ਹੈ। ਸਾਹਿਬ ਨੇ ਸਾਰੀ ਸੰਗਤ ਨਾਲ ਰਲ ਕੇ ਉੱਚੀ ਅਵਾਜ ਵਿੱਚ ਸ਼ਬਦ ਗਾਵਿਆ:-

ਸਿਰੀਰਾਗੁ ਮਹਲਾ ੧ ॥ ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੁੋਭਾਨੁ ॥ ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ ॥ ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ ॥੧॥ ਮਨ ਰੇ ਹਉਮੈ ਛੋਡਿ ਗੁਮਾਨੁ ॥ ਹਰਿ ਗੁਰੁ ਸਰਵਰੁ ਸੇਵਿ ਤੂ ਪਾਵਹਿ ਦਰਗਹ ਮਾਨੁ ॥੧॥ ਰਹਾਉ ॥ ਰਾਮ ਨਾਮੁ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਨੁ ॥ ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ ॥ ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਗੁਰਿ ਦੀਆ ਨਾਮੁ ॥੨॥ ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ ॥ ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ ॥ ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ ॥੩॥ ਐਥੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ ॥ ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ ॥ ਨਾਨਕ ਨਾਮੁ ਨ ਵੀਸਰੈ ਕਰਮਿ ਸਚੈ ਨੀਸਾਨੁ ॥੪॥੧੯॥

———◈———

ਹੀਰਾ ਤਾਂ ਘਰ ਵਿੱਚ ਹੀ ਹੈ•

ਇਕ ਦਿਨ ਕਿਸੇ ਸ਼ਹਿਰ ਦੇ ਵੈਸ਼ਨੋ ਭਗਤ ਆ ਕਰਤਾਰਪੁਰ ਪਹੁੰਚੇ। ਲੰਗਰ ਪਾਣੀ ਛੱਕਣ ਤੋਂ ਬਾਦ ਗੁਰੂ ਸਾਹਿਬ ਦੇ ਹਾਜ਼ਰ ਹੋਏ ਤੇ ਕਹਿਣ ਲੱਗੇ ਕਿ ਬਾਬਾ ਜੀ ਤੁਹਾਡੀ ਬਹੁਤ ਉਸਤਤ ਸੁਣੀ ਹੈ ਇਸ ਕਰਕੇ ਦਰਸ਼ਨਾਂ ਲਈ ਆ ਗਏ ਹਾਂ। ਗੁਰੂ ਸਾਹਿਬ ਨੇ ਕਿਹਾ ਬੰਦੇ ਦੀ ਕਾਹਦੀ ਉਸਤਤ, ਹੁਣ ਸਾਹ ਆ ਰਿਹਾ ਹੈ, ਕੀ ਪਤਾ ਅਗਲਾ ਆਉਣਾ ਕਿ ਨਹੀ ਆਉਣਾ। ਸੋ ਜਸ ਸੁਣਨਾ ਜਾਂ ਕਰਨਾਂ ਹੈ ਤਾਂ ਅਕਾਲ ਪੁਰਖ ਸਰਬਵਿਆਪਕ ਮਾਲਕ ਦਾ ਕਰੋ।

ਵੈਸ਼ਨੋ ਸਾਧੂ ਝੱਟ ਬੋਲ ਉਠੇ ਜੀ ਉਸ ਹਰੀ ਤੱਕ ਕਿਵੇ ਪਹੁੰਚਿਆ ਜਾਏ? ਗੁਰੂ ਸਾਹਿਬ ਨੇ ਸਮਝਾਇਆ ਕਿ ਭਰਾਵੋ ਉਹ ਹੀਰਾ ਤੁਹਾਡੇ ਕੋਲ ਹੀ ਹੈ। ਇਨੂੰ ਜੰਗਲਾਂ ਬੇਲਿਆਂ ਵਿੱਚ ਨਾਂ ਲੱਭੋ। ਕਿਸੇ ਅਜਿਹੇ ਗੁਰੂ ਦੇ ਲੜ੍ਹ ਲੱਗ ਜਾਓ ਜਿਸ ਨੂੰ ਕਰਤੇ ਦੇ ਖੇਲ ਦੀ ਸਮਝ ਹੋਵੇ। ਉਪਰੰਤ ਸਿਫਤ ਸਲਾਹ ਜਾਂ ਜੱਸ ਗਾਉਣਾ ਹੀ ਉਹਦਾ ਇਕੋ ਇੱਕ ਰਾਹ ਹੈ। ਗੁਰੂ ਫਿਰ ਤੁਹਾਨੂੰ ਸਮਝਾਏਗਾ ਕਿ ਦੋ ਰਾਹ ਨੇ: ਇੱਕ ਮਨਮੁਖਤਾ ਵਾਲਾ ਤੇ ਦੂਸਰਾ ਗੁਰਮੁਖਤਾ ਵਾਲਾ।

ਇਸ ਤੇ ਗੁਰੂ ਸਾਹਿਬ ਨੇ ਫਿਰ ਭਰੇ ਦੀਵਾਨ ਵਿੱਚ ਮਰਦਾਨੇ ਦੀ ਰਬਾਬ ਦੀ ਸੰਗਤ ਵਿੱਚ ਸ਼ਬਦ ਗਾਇਆ:

ਸਿਰੀਰਾਗੁ ਮਹਲਾ ੧ ॥ ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੈ ਹਰਿ ਬੋਲਿ ॥ ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥ ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ ॥੧॥ ਭਾਈ ਰੇ ਹਰਿ ਹੀਰਾ ਗੁਰ ਮਾਹਿ ॥ ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ ॥੧॥ ਰਹਾਉ ॥ ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ ॥ ਜਿਉ ਅਗਨਿ ਮਰੈ ਜਲਿ ਪਾਇਐ ਤਿਉ

ਤ੍ਰਿਸਨਾ ਦਾਸਨਿ ਦਾਸਿ ॥ ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ ॥੨॥ ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥ ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ ॥ ਸਚਿ ਰਤੇ ਗੁਰਿ ਮੇਲਿਐ ਸਚੇ ਸਚਿ ਸਮਾਇ ॥੩॥ ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥ ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ ॥ ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ ॥

ਗੁਰੂ ਸਾਹਿਬ ਨੇ ਅਸੂਲ ਦੱਸਿਆ ਕਿ ਮਾਇਆਧਾਰੀ ਬੰਦੇ ਨੂੰ ਸੱਚ ਨਹੀ ਹਜ਼ਮ ਹੁੰਦਾ ਤੇ ਗੁਰਮੁਖ ਬੰਦੇ ਨੂੰ ਝੂਠ ਨਹੀ ਪਚਦਾ।

—◈—

ਫਿਰ ਵੈਸ਼ਨੋ ਸਾਧੂਆਂ ਪੁਛਿਆ

ਬਾਬਾ ਜੀ ਜੇ ਬੰਦਾ, ਸੰਨਿਆਸੀ ਸਾਧੂ ਬਣ ਜਾਏ ਤਾਂ?◘

ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਗੱਲ ਤਾਂ ਗਿਆਨ ਨਾਲ ਬਣਨੀ ਹੈ। ਸੰਨਿਆਸੀ ਬਣ ਕੇ ਭਾਵੇ ਤੁਸੀ ਸਾਰੀ ਦੁਨੀਆ ਗਾਹ ਲਵੋ ਕੁਝ ਹਾਸਲ ਨਹੀ ਹੋਣ ਵਾਲਾ। ਉਹ ਹੀਰਾ ਤਾਂ ਤੁਹਾਡੇ ਘਰ ਵਿੱਚ ਹੀ ਹੈ। ਜਿਵੇ ਕਸਤੂਰੀ ਹਿਰਨ ਦੇ ਨਾਭ ਵਿੱਚ ਹੁੰਦੀ ਪਰ ਉਹ ਇਧਰ ਉਧਰ ਦੌੜਦਾ ਟੱਪਦਾ ਰਹਿੰਦਾ ਹੈ ਸੋਈ ਗੱਲ ਅਜਿਹੇ ਅਤੀਤਾਂ ਦੀ ਹੈ ਜੋ ਘਰ ਬਾਰ ਛੱਡ ਸਾਧ ਬਣ ਜਾਂਦੇ ਨੇ। ਗੁਰੂ ਸਾਹਿਬ ਨੇ ਸ਼ਬਦ ਕਿਹਾ:-

ਸਿਰੀਰਾਗੁ ਮਹਲਾ ੧ ॥ ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ ॥ ਅੰਤਰਿ ਮੈਲੁ ਨ ਉਤਰੈ ਧ੍ਰਿਗੁ ਜੀਵਣੁ ਧ੍ਰਿਗੁ ਵੇਸੁ ॥ ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ ॥੧॥ ਮਨ ਰੇ ਗੁਰਮੁਖਿ ਅਗਨਿ ਨਿਵਾਰਿ ॥ ਗੁਰ ਕਾ ਕਹਿਆ ਮਨਿ ਵਸੈ ਹਉਮੈ ਤ੍ਰਿਸਨਾ ਮਾਰਿ ॥੧॥ ਰਹਾਉ ॥ ਮਨੁ ਮਾਣਕੁ ਨਿਰਮੋਲੁ ਹੈ ਰਾਮ ਨਾਮਿ ਪਤਿ ਪਾਇ ॥ ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ ॥ ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ ॥੨॥ ਜਿਨਿ ਹਰਿ ਹਰਿ ਨਾਮੁ ਨ ਚੇਤਿਓ ਸੁ ਅਉਗੁਣਿ ਆਵੈ ਜਾਇ ॥ ਜਿਸੁ ਸਤਗੁਰੁ ਪੁਰਖੁ ਨ ਭੇਟਿਓ ਸੁ ਭਉਜਲਿ ਪਚੈ ਪਚਾਇ ॥ ਇਹੁ ਮਾਣਕੁ ਜੀਉ ਨਿਰਮੋਲੁ ਹੈ ਇਉ ਕਉਡੀ ਬਦਲੈ ਜਾਇ ॥੩॥ ਜਿੰਨਾ ਸਤਗੁਰੁ ਰਸਿ ਮਿਲੈ ਸੇ ਪੂਰੇ ਪੁਰਖ ਸੁਜਾਣ ॥ ਗੁਰ ਮਿਲਿ ਭਉਜਲੁ ਲੰਘੀਐ ਦਰਗਹ ਪਤਿ ਪਰਵਾਣੁ ॥ ਨਾਨਕ ਤੇ ਮੁਖ ਉਜਲੇ ਧੁਨਿ ਉਪਜੈ ਸਬਦੁ ਨੀਸਾਣੁ ॥੪॥੨੨॥

ਗਿਆਨ ਦੀ ਗੱਲ ਦੇ ਨਾਲ ਨਾਲ ਗੁਰੂ ਸਾਹਿਬ ਨੇ ਸੰਗਤ ਦੀ ਅਹਿਮੀਅਤ ਤੇ ਵੀ ਦੀਵਾਨ ਵਿੱਚ ਵਖਿਆਨ ਦਿੱਤਾ।

ਸਭ ਸੰਗਤ ਸਣੇ ਉਹ ਵੈਸ਼ਨੋ ਸਾਧੂਆਂ ਦੇ ਧੰਨ ਧੰਨ ਕਰ ਉਠੇ। ਧੰਨ ਗੁਰੂ ਨਾਨਕ। ਵਾਹਿਗੁਰੂ! ਵਾਹਿਗੁਰੂ!!

—◈—

ਜਦੋਂ ਮੋਦੀਖਾਨੇ ਵਾਲਾ ਸਾਥੀ ਆ ਮਿਲਿਆ○

ਦੌਲਤ ਖਾਂ ਲੋਧੀ ਦੇ ਚਲਾਣੇ ਤੋਂ ਬਾਦ ਸੁਲਤਾਨਪੁਰ ਲੋਧੀ ਵੀ ਉਜੜਨਾ ਸ਼ੁਰੂ ਹੋ ਚੁੱਕਾ ਸੀ। ਇਲਾਕੇ ਦੇ ਨਵੇ ਕ੍ਰੋੜੀਏ ਨੇ ਲੋਧੀ ਵਾਲੇ ਕੁਝ, ਮੁਲਾਜਮ ਤਾਂ ਰੱਖ ਲਏ ਬਾਕੀ ਜਿੰਨਾਂ ਨੂੰ ਨਹੀ ਸੀ ਰੱਖਿਆ ਉਹ ਦੂਸਰੀਆਂ ਰਿਆਸਤਾਂ ਵਲ ਰਵਾਨਾ ਹੋ ਗਏ। ਪਰ ਕਈ ਆਪੋ ਆਪਣੇ ਪੁਰਾਣੇ ਟਿਕਾਣਿਆਂ ਤੇ ਪਹੁੰਚ ਵਾਹੀ ਜੋਤੀ ਜਾਂ ਹੱਟੀ-ਬਿਉਪਾਰ ਦਾ ਕੰਮ ਸੰਭਾਲਣ ਲਗ ਪਏ।

ਏਸੇ ਤਰਾਂ ਖੱਤਰੀ ਜਾਤ ਦਾ ਇੱਕ ਭਾਈ ਸੁਲਤਾਨਪੁਰ ਲੋਧੀ ਦੀ ਰਿਆਸਤ ਵਿੱਚ ਜੋ ਗੁਰੂ ਸਾਹਿਬ ਦੇ ਮੋਦੀਖਾਨੇ ਵੇਲੇ ਮੀਰ ਮੁਣਸ਼ੀ ਹੁੰਦਾ ਸੀ ਅਜਕਲ ਵਿਹਲਾ ਹੋ ਚੁੱਕਾ ਸੀ ਤੇ ਆਪਣੇ ਜੱਦੀ ਪਿੰਡ ਆ ਚੁੱਕਾ ਸੀ। ਇਸ ਨੇ ਜਦੋਂ ਗੁਰੂ ਸਾਹਿਬ ਦੀ ਚਾਰੇ ਬੰਨੇ ਕੀਰਤੀ ਸੁਣੀ ਤਾਂ ਉਸ ਦੇ ਮੰਨ ਵਿੱਚ ਵੀ ਆ ਹੀ ਗਇਆ ਕਿ ਮੈਂ ਵੀ 'ਨਾਨਕ' ਨੂੰ ਮਿਲ ਆਵਾਂ ਅੱਜ ਕਲ ਤਾਂ ਉਹ ਵੱਡਾ ਮਹਾਤਮਾ ਬਣ ਚੁੱਕਾ ਹੈ। ਇਹ ਖੱਤਰੀ ਕਿਸੇ ਵੇਲੇ ਉਸ ਟੀਮ ਵਿੱਚ ਸੀ ਜਿੰਨਾਂ ਨੇ ਗੁਰੂ ਸਾਹਿਬ ਦਾ ਹਿਸਾਬ ਚੈਕੱ ਕੀਤਾ ਸੀ।

ਗੁਰੂ ਸਾਹਿਬ ਨੇ ਜਿਵੇ ਮੁਣਸ਼ੀ ਦਾ ਆਉਣਾ ਸੁਣਿਆ ਆਪਣੇ ਆਸਣ ਤੋਂ ਉਠ ਅੱਗੇ ਹੋ ਮੁਣਸੀ ਦਾ ਆਦਰ ਸਵਾਗਤ ਕੀਤਾ। ਆਪਣੇ ਲਾਗੇ ਬੈਠਾਇਆ। ਸੁੱਖ ਸਾਂਦ ਪੁੱਛੀ। ਯਾਦ ਰਹੇ, ਆਏ ਗਏ ਲਈ ਪਾਣੀ ਧਾਣੀ ਪੁੱਛਣਾ ਦਾ ਸੇਵਾਦਾਰਾਂ ਦੀ ਜਿੰਮੇਵਾਰੀ ਹੁੰਦੀ ਸੀ। ਕਿਉਕਿ ਦੂਰੋ ਚਲ ਕੇ ਲੋਕ ਆਉਦੇ ਸਨ ਆਏ ਗਏ ਦੀ ਚੰਗੀ ਆਉ ਭਗਤ ਕੀਤੀ ਜਾਂਦੀ ਸੀ। ਪਹਿਲਾਂ ਲੰਗਰ ਪਾਣੀ ਤੇ ਫਿਰ ਗੁਰੂ ਸਾਹਿਬ ਨੂੰ ਮਿਲਣਾ ਹੁੰਦਾ ਸੀ।

ਮੁਣਸ਼ੀ ਕਹਿਣ ਲੱਗ ਪਿਆ ਜੀ ਮੈਂ ਤਾਂ ਪਹਿਲਾਂ ਹੀ ਸਾਥੀਆਂ ਨੂੰ ਕਿਹਾ ਕਰਦਾ ਸੀ ਕਿ ਨਾਨਕ ਦਾ ਸੁਭਾਅ ਵੱਖਰਾ ਹੀ ਹੈ। ਇਨੂੰ ਮਾਇਆ ਮੋਹ ਨਹੀ ਹੈ। ਉਂਜ ਮੈਨੂੰ ਦੁੱਖ ਲੱਗਾ ਜਦੋਂ ਤੁਸੀ ਸੁਲਤਾਨਪੁਰ ਵਾਲਾ ਘਰ ਘਾਟ ਲੁਟਾ ਦਿੱਤਾ ਸੀ। ਇਹ ਵੀ ਪਤਾ ਲੱਗਾ ਸੀ ਕਿ ਤੁਹਾਡਾ ਟੱਬਰ ਵੀ ਨਰਾਜ ਹੋ ਕੇ ਪੇਕੇ ਆ ਗਇਆ ਸੀ। ਬਹੁਤ ਮੁਸ਼ਕਲ ਵਕਤ ਵੇਖੇ ਨੇ ਤੁਸਾਂ।

ਗੁਰੂ ਸਾਹਿਬ ਨੇ ਕਿਹਾ ਨਹੀ ਮੁਣਸ਼ੀ ਜੀ ਮੈਂ ਤਾਂ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦਾ ਹਾਂ ਮੈਨੂੰ ਨਾਮ ਦੀ ਪ੍ਰਾਪਤੀ ਹੋ ਗਈ। ਨਾਮ ਦੇ ਲੜ ਲਗਿਆਂ ਅਨੰਦ ਹੀ ਅਨੰਦ ਵਿਚ ਜੀਵੀਦਾ ਹੈ। ਫਿਰ ਤਾਂ ਜਿਸ ਹਾਲ ਕਰਤਾ-ਪੁਰਖ ਰੱਖਦਾ ਹੈ ਉਸੇ ਵਿਚ ਹੀ ਖੁਸ਼ੀ ਹੁੰਦੀ ਹੈ।

ਮੁਣਸ਼ੀ ਕਹਿਣ ਲੱਗਾ, "ਨਾਨਕ ਇਹ ਦੱਸ ਕਿਵੇ ਰਿਹਾ ਤੇਰਾ ਜਿੰਦਗੀ ਦਾ ਸਫਰ? ਅਸੀ ਸੁਣਿਐ ਸੀ ਤੁਸੀ 68 ਤੀਰਥਾਂ ਦੇ ਦਰਸ਼ਨਾਂ ਨੂੰ ਨਿਕਲ ਗਏ ਸੀ। ਪਤਾ ਲੱਗਾ ਤੁਸਾਂ ਤਾਂ ਸਾਰਾ ਹਿੰਦੁਸਤਾਨ ਗਾਹ ਮਾਰਿਆ ਹੈ। ਦੱਸੋ ਫਿਰ ਕੀ ਖੱਟਿਆ ਇਸ ਯਾਤਰਾ ਤੋਂ?"

ਗੁਰੂ ਸਾਹਿਬ ਨੇ ਬੜੀ ਹਾਲੀਮੀ ਨਾਲ ਜਵਾਬ ਦਿੱਤਾ ਕਿ ਮੈਂ ਤਾਂ ਨਾਮ ਦਾ ਹੀ ਵਪਾਰ ਕੀਤਾ ਹੈ। ਨਾਮ ਹੀ ਖੱਟਿਆ ਹੈ। ਨਾਮ ਹੀ ਵੇਚ ਕੇ (ਭਾਵ ਵੰਡ ਕੇ) ਆਇਆ ਹਾਂ। ਨਿਰੰਕਾਰ ਦੀ ਕਿਰਪਾ ਸਦਕਾ ਮੇਰਾ ਖਜ਼ਾਨਾ ਅੱਜ ਵੀ ਭਰਿਆ ਪਿਆ ਹੈ।

ਇਥੇ ਫਿਰ ਗੁਰੂ ਸਾਹਿਬ ਨੂੰ ਵੈਰਾਗ ਛੁੱਟਿਆ ਤੇ ਮਰਦਾਨੇ ਦੀ ਤਾਰ ਤੇ ਸ਼ਬਦ ਗਾਵਿਆ ਆਸਾ ਰਾਗ ਵਿਚ:

ਆਸਾ ਮਹਲਾ ੧ ॥ ਜੋ ਤਿਨਿ ਕੀਆ ਸੋ ਸਚੁ ਥੀਆ ॥ ਅੰਮ੍ਰਿਤ ਨਾਮੁ ਸਤਿਗੁਰਿ ਦੀਆ ॥ ਹਿਰਦੈ ਨਾਮੁ ਨਾਹੀ ਮਨਿ ਭੰਗੁ ॥ ਅਨਦਿਨੁ ਨਾਲਿ ਪਿਆਰੇ ਸੰਗੁ ॥੧॥ ਹਰਿ ਜੀਉ ਰਾਖਹੁ ਅਪਨੀ ਸਰਣਾਈ ॥ ਗੁਰ ਪਰਸਾਦੀ ਹਰਿ ਰਸੁ ਪਾਇਆ ਨਾਮੁ ਪਦਾਰਥੁ ਨਉ ਨਿਧਿ ਪਾਈ ॥੧॥ ਰਹਾਉ ॥ ਕਰਮ ਧਰਮ ਸਚੁ ਸਾਚਾ ਨਾਉ ॥ ਤਾ ਕੈ ਸਦ ਬਲਿਹਾਰੈ ਜਾਉ ॥ ਜੋ ਹਰਿ ਰਾਤੇ ਸੋ ਜਨ ਪਰਵਾਣੁ ॥ ਤਿਨ ਕੀ ਸੰਗਤਿ ਪਰਮ ਨਿਧਾਨੁ ॥੨॥ ਹਰਿ ਵਰੁ ਜਿਨਿ ਪਾਇਆ ਧਨ ਨਾਰੀ ॥ ਹਰਿ ਸਿਉ ਰਾਤੀ ਸਬਦੁ ਵੀਚਾਰੀ ॥ ਆਪਿ ਤਰੈ ਸੰਗਤਿ ਕੁਲ ਤਾਰੈ ॥ ਸਤਿਗੁਰੁ ਸੇਵਿ ਤਤੁ ਵੀਚਾਰੈ ॥੩॥ ਹਮਰੀ ਜਾਤਿ ਪਤਿ ਸਚੁ ਨਾਉ ॥ ਕਰਮ ਧਰਮ ਸੰਜਮੁ ਸਤ ਭਾਉ ॥ ਨਾਨਕ ਬਖਸੇ ਪੂਛ ਨ ਹੋਇ ॥ ਦੂਜਾ ਮੇਟੇ ਏਕੋ ਸੋਇ ॥

—▲—

ਪੈਰ ਸਫਾ

◉ ਸੋਢੀ 2-147 ਨੇ ਵਹੋਲਾ ਲਿਖਿਆਂ ਹੈ। ਪਰ ਕਰਤਾਰਪੁਰ ਦੇ ਇਲਾਕੇ ਵਿੱਚ ਇਨੂੰ ਬਹੋਲਾ ਕਹਿੰਦੇ ਹਨ। ਬਹੋਲਾ ਇੱਕ ਤਰਾਂ ਨਾਲ ਛੋਟੀ ਕਹੀ (ਕਸੀ) ਹੀ ਹੁੰਦੀ ਹੈ ਪਰ ਇਸ ਦਾ ਡੰਡਾ ਲੰਮਾ ਹੁੰਦਾ ਹੈ ਤਾਂ ਕਿ ਬੰਦਾ ਖਲੋ ਕੇ ਗੋਡੀ ਆਦਿ ਕਰ ਸਕੇ। ■ ਸੋਢੀ 2- 333 ◈ ਗਿਆਨੀ 231, ● ਸੋਢੀ 2-336, ✚ਸੋਢੀ 2- 339, ◆ਸੋਢੀ 2-343, ◘ ਸੋਢੀ 2-346, ○ ਸੋਢੀ 2- 235

ਮੁਕਾਮੀ ਦੌਰੇ –ਭਾਗ 3

1528-29 ਈ ਦਾ ਸਮਾਂ ਹੈ। ਭਾਵ ਚੌਥੀ ਉਦਾਸੀ ਤੋਂ ਪਹਿਲਾਂ। ਮਰਦਾਨਾ ਨਾਲ ਹੈ। 1524 ਈ. ਦੀਪਾਲਪੁਰ ਤੇ ਲਾਹੌਰ ਦੇ ਕਤਲੇਆਮ ਦੇ ਬਾਦ

ਗੁਰੂ ਸਾਹਿਬ ਨੇ ਦੂਰ ਦੂਰ ਦੀ ਉਦਾਸੀਆਂ ਤਾਂ ਕੀਤੀਆਂ ਹੀ ਪਰ ਇਹ ਨਹੀ ਕਿ ਪੰਜਾਬ ਨੂੰ ਉਹਨਾਂ ਨਜਰਅੰਦਾਜ਼ ਕੀਤਾ। ਕਰਤਾਰਪੁਰ ਵਸੇਬੇ ਤੋਂ ਬਾਦ ਉਹ ਜਦੋਂ ਜੀਅ ਆਉਦਾ ਨੇੜੇ ਤੇੜੇ (ਪੰਜਾਬ ਅਤੇ ਗਿਰਦ ਨਿਵਾਈ) ਚਲੇ ਜਾਂਦੇ। ਪਿਛੇ ਮੁਕਾਮੀ ਦੌਰੇ -ਭਾਗ 1 ਵਿਚ ਆਪਾਂ ਵੇਖਿਆ ਹੈ ਕਿ ਸਾਹਿਬ ਟਿੱਲਾ ਜੋਗੀਆਂ ਜਿਹਲਮ ਦਾ ਇਲਾਕਾ ਘੁੰਮਦੇ ਨੇ। ਫਿਰ ਮੁਕਾਮੀ ਦੌਰੇ -ਭਾਗ 2 ਸਿਆਲਕੋਟ, ਵੈਸ਼ਨੋਦੇਵੀ, ਭਦਰਵਾਹ, ਚੰਬਾ, ਸੁਲਤਾਨਪੁਰ ਬਟਾਲਾ ਗਾਹੁੰਦੇ ਨੇ। ਐਤਕਾਂ ਸਾਹਿਬ ਲਾਹੌਰੋ ਫਿਰੋਜਪੁਰ ਨੂੰ ਨਿਕਲਦੇ ਨੇ: ਭਾਗ 3।

ਬਾਬੇ ਦੇ ਕਸੂਰ ਆਗਮਨ ਤੇ ਰਾਸਧਾਰੀਆ ਨੇ ਨੱਚ ਕੇ ਖੁੱਸ਼ੀ ਮਨਾਈ।

ਜਦੋਂ ਕਸੂਰ ਵਾਸੀਆਂ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਇਥੋਂ ਦੀ ਜਾ ਰਹੇ ਹਨ ਤਾਂ ਉਨਾਂ ਗੁਰੂ ਸਾਹਿਬ ਨੂੰ ਬੇਨਤੀ ਕਰਕੇ ਰੋਕ ਲਿਆ ਤੇ ਆਪਣੇ ਠਾਕਰਦੁਆਰੇ ਲੈ ਗਏ। ਓਥੇ ਰਾਸਧਾਰੀਏ (ਨਾਚੇ ਭਗਤ ਤੇ ਕੀਰਤਨੀਏ) ਮੌਜੂਦ ਸਨ ਜੋ ਭਗਵਾਨ ਨੂੰ ਨੱਚ ਮਨਾਉਣ ਵਿੱਚ ਵਿਸ਼ਵਾਸ਼ ਰੱਖਦੇ ਸਨ। ਪੈਰਾਂ ਵਿੱਚ ਘੁੰਗਰੂ, ਢੋਲ, ਛੈਣੇ, ਰਬਾਬ ਆਦਿ ਨਾਲ ਲੈਸ ਇਹ ਲੋਕ ਥਾਂ ਥਾਂ ਜਾ ਕੇ ਭਗਵਾਨ ਦਾ ਕੀਰਤਨ ਕਰਿਆ ਕਰਦੇ ਸਨ। ਜਿਵੇ ਗੁਰੂ ਸਾਹਿਬ ਮੰਦਰ ਪਹੁੰਚੇ ਕੀਰਤਨੀਆਂ ਨੇ ਰੰਗ ਬੰਨ ਦਿੱਤਾ। ਗੁਰੂ ਜੀ ਓਨਾਂ ਤੇ ਬਹੁਤ ਪ੍ਰਸੰਨ ਹੋਏ।

ਪਰ ਸਾਹਿਬ ਨੇ ਉਪਦੇਸ਼ ਦਿੱਤਾ ਕਿ ਤੁਹਾਡਾ ਇਹ ਨਚਣਾ ਵਿਅੱਰਥ ਹੈ ਜੇ ਤੁਸੀ ਨਾਮ ਦੇ ਸਿਧਾਂਤ ਨੂੰ ਨਾਂ ਸਮਝੋ ਤਾਂ। ਓਥੇ ਫਿਰ ਗੁਰੂ ਸਾਹਿਬ ਨੇ ਜੀਵਨ ਦੀ ਆਖਰੀ ਸੱਚਾਈ ਤੇ ਘੱਟ ਘੱਟ ਵਿੱਚ ਬਿਰਾਜਮਾਨ ਪ੍ਰਭੂ ਬਾਰੇ ਰੋਸ਼ਨੀ ਪਾਈ। ਅਤੇ ਦੱਸਿਆ ਕਿ ਸਿਖ ਸਭਾ ਦੀਖਿਆ ਕਾ ਭਾਉ ॥ ਗੁਰਮਤ ਦੀ ਦੀਖਿਆ ਵਿੱਚ ਪ੍ਰੇਮ ਦੀ ਗੱਲ ਤੇ ਸੱਚ ਤੇ ਨਾਮ ਹੈ।

ਗੁਰੂ ਸਾਹਿਬ ਨੇ ਕਿਹਾ ਆਪਣੇ ਸਾਜ ਵਜਾਓ। ਆਸਾ ਦਾ ਅਲਾਪ ਉੱਚਾ ਕਰਕੇ ਲਾਇਆ ਤੇ ਸਬਦ ਬੋਲਿਆ*:-

ਆਸਾ ਮਹਲਾ ੧ ॥ ਵਾਜਾ ਮਤਿ ਪਖਾਵਜੁ ਭਾਉ ॥ ਹੋਇ ਅਨੰਦੁ ਸਦਾ ਮਨਿ ਚਾਉ ॥ ਏਹਾ ਭਗਤਿ ਏਹੋ ਤਪ ਤਾਉ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੧॥ ਪੂਰੇ ਤਾਲ ਜਾਣੈ ਸਾਲਾਹ ॥ ਹੋਰੁ ਨਚਣਾ ਖੁਸੀਆ ਮਨ ਮਾਹ ॥੧॥ ਰਹਾਉ ॥ ਸਤੁ ਸੰਤੋਖੁ ਵਜਹਿ ਦੁਇ ਤਾਲ ॥ ਪੈਰੀ ਵਾਜਾ ਸਦਾ ਨਿਹਾਲ ॥ ਰਾਗੁ ਨਾਦੁ ਨਹੀ ਦੂਜਾ ਭਾਉ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੨॥ ਭਉ ਫੇਰੀ ਹੋਵੈ ਮਨ ਚੀਤਿ ॥ ਬਹਦਿਆ ਉਠਦਿਆ ਨੀਤਾ ਨੀਤਿ ॥ ਲੇਟਣਿ ਲੇਟਿ ਜਾਣੈ ਤਨੁ ਸੁਆਹੁ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੩॥ ਸਿਖ ਸਭਾ ਦੀਖਿਆ ਕਾ ਭਾਉ ॥ ਗੁਰਮੁਖਿ ਸੁਣਣਾ ਸਾਚਾ ਨਾਉ ॥ ਨਾਨਕ ਆਖਣੁ ਵੇਰਾ ਵੇਰ ॥ ਇਤੁ ਰੰਗਿ ਨਾਚਹੁ ਰਖਿ ਰਖਿ ਪੈਰ ॥੪॥੬ ॥

ਗੁਰੂ ਸਾਹਿਬ ਨੇ ਕਿਹਾ ਕਿ ਖੂਬ ਨੱਚੋ ਗਾਓ। ਪਰ ਤੁਹਾਡੇ ਗਾਣੇ ਵਿਚ ਨਿਰੰਕਾਰ ਦੀ ਉਸਤਤ ਹੋਵੇ। ਰਾਸ ਧਾਰੀਏ ਇਹ ਸਬਦ ਸੁਣ ਕੇ ਝੂਮ ਉਠੇ। ਹਰ ਪਾਸੇ ਧੰਨ ਗੁਰੂ ਨਾਨਕ, ਧੰਨ ਬਾਬਾ ਨਾਨਕ ਹੋ ਗਈ।

ਖੇਮਕਰਨ ਸ਼ੇਖ ਇਬਰਾਹੀਮ ਨਾਲ ਫਿਰ ਮੇਲ ■

ਜਿਵੇ ਤੁਸਾਂ ਪਿੱਛੇ ਪੜਿਆ ਹੈ ਕਿ ਗੁਰੂ ਸਾਹਿਬ ਜੀ ਦੂਸਰੀ ਉਦਾਸੀ ਮੌਕੇ ਪਾਕ ਪੱਟਣ ਪਧਾਰੇ ਸਨ ਤੇ ਬਾਬਾ ਸ਼ੇਖ ਫਰੀਦ ਦੀ ਦਰਗਾਹ ਦੇ ਗੱਦੀ ਨਸ਼ੀਨ ਬਾਬਾ ਸ਼ੇਖ ਇਬਰਾਹੀਮ (ਜਨਮ ਸਾਖੀਆਂ ਦਾ ਸ਼ੇਖ ਬ੍ਰਹਮ) ਨਾਲ ਗੋਸ਼ਟਾਂ ਕੀਤੀਆਂ ਸਨ। ਓਦੋਂ ਸ਼ੇਖ ਸਾਹਿਬ ਨੇ ਗੁਰੂ ਸਾਹਿਬ ਕੋਲੋਂ ਅਕਾਲ ਪੁਰਖ ਨਿਰੰਕਾਰ ਬਾਰੇ ਤਰਾਂ ਤਰਾਂ ਦੇ ਸਵਾਲ ਕੀਤੇ ਸਨ। ਕਿ ਨਿਰੰਕਾਰ ਨੂੰ ਕਿਸ ਨੇ ਰੱਚਿਆ? ਰੱਬ ਕੀ ਹੈ ? ਕੁਦਰਤ ਕੀ ਹੈ? ਨਿਰੰਕਾਰ ਦੇ ਦਰਸ਼ਨ ਕਿਵੇ ਹੋਣਗੇ ਆਦਿ ਆਦਿ।

ਕਿਉਕਿ ਗੁਰੂ ਸਾਹਿਬ ਕਸੂਰ ਦੇ ਇਲਾਕੇ ਆਏ ਹੋਏ ਸਨ ਤਾਂ ਉਨਾਂ ਨੂੰ ਪੀਰਾਂ ਫਕੀਰਾਂ ਤੋਂ ਪਤਾ ਲੱਗਾ ਕਿ ਸ਼ੇਖ ਇਬਰਾਹੀਮ ਅੱਜ ਕਲ ਏਸੇ ਇਲਾਕੇ ਕਸੂਰੋ ਦੋ ਕੋਹ ਤੇ ਕਸੂਰ-ਪੱਟੀ ਸੜ੍ਹਕ (ਅੱਜ ਦਾ ਖੇਮਕਰਨ) ਲਾਗੇ ਸਤਲੁਜ ਦੇ ਬੇਲੇ ਵਿੱਚ ਡੇਰਾ ਜਮਾਏ ਹੋਏ ਹਨ। ਗੁਰੂ ਸਾਹਿਬ ਨੇ ਸ਼ੇਖ ਜੀ ਦੇ ਡੇਰੇ ਦੇ ਬਾਹਰ ਜਾ ਆਸਣ ਲਾਇਆ।

ਸ਼ੇਖ ਨੂੰ ਜਿਵੇ ਪਤਾ ਲੱਗਾ ਕਿ ਬਾਬਾ ਨਾਨਕ ਆਏ ਹਨ ਤੇ ਪਾਲਕੀ ਲੈ ਕੇ ਗਇਆ ਤੇ ਗੁਰੂ ਸਾਹਿਬ ਨੂੰ ਆਦਰ ਸਤਿਕਾਰ ਸਾਹਿਤ ਡੇਰੇ ਲੈ ਕੇ ਆਇਆ। ਗੁਰੂ ਸਾਹਿਬ ਨੇ ਸ਼ੇਖ ਜੀ ਦੀ ਉਸਤਤ ਵਿੱਚ ਸ਼ਬਦ ਬੋਲਿਆ:-

ਵਡਹੰਸੁ ਮਹਲਾ ੧ ॥ ਗੁਣਵੰਤੀ ਸਹੁ ਰਾਵਿਆ ਨਿਰਗੁਣਿ ਕੂਕੇ ਕਾਇ ॥ ਜੇ ਗੁਣਵੰਤੀ ਥੀ ਰਹੈ ਤਾ ਭੀ ਸਹੁ ਰਾਵਣ ਜਾਇ ॥੧॥ ਮੇਰਾ ਕੰਤੁ ਰੀਸਾਲੂ ਕੀ ਧਨ ਅਵਰਾ ਰਾਵੇ ਜੀ ॥੧॥ ਰਹਾਉ ॥ ਕਰਣੀ ਕਾਮਣ ਜੇ ਥੀਐ ਜੇ ਮਨੁ ਧਾਗਾ ਹੋਇ ॥ ਮਾਣਕੁ ਮੁਲਿ ਨ ਪਾਈਐ ਲੀਜੈ ਚਿਤਿ ਪਰੋਇ ॥੨॥ ਰਾਹੁ ਦਸਾਈ ਨ ਜੁਲਾਂ ਆਖਾਂ

ਖੇਮਕਰਨ ਵਿਖੇ ਭਾਰਤ-ਪਾਕ ਐਨ ਸਰਹੱਦ ਦੀ ਐਨ ਲਕੀਰ ਤੇ ਮੌਜੂਦ ਬਾਬਾ ਸ਼ੇਖ ਬ੍ਰਹਮ ਦੀ ਮਜਾਰ। ਇਥੇ ਮਜੌਰ ਜੱਟ ਸਿੱਖ ਬੰਦਾ ਹੈ। ਖੱਬੇ ਹੱਥ ਹਰੀ ਪੱਗ।

ਅੰਮੜੀਆਸੁ ॥ ਤੈ ਸਹ ਨਾਲਿ ਅਕੂਅਣਾ ਕਿਉ ਥੀਵੈ ਘਰ ਵਾਸੁ ॥੩॥ ਨਾਨਕ ਏਕੀ ਬਾਹਰਾ ਦੂਜਾ ਨਾਹੀ ਕੋਇ ॥ ਤੈ ਸਹ ਲੱਗੀ ਜੇ ਰਹੈ ਭੀ ਸਹੁ ਰਾਵੈ ਸੋਇ ॥੪॥੨॥

ਅੱਗੋ ਸ਼ੇਖ ਸਾਹਿਬ ਨੇ ਖੁਦਾ ਦੀ ਸਿਫਤ ਸਾਲਾਹ ਵਿੱਚ ਸ਼ੇਅਰੋ ਸ਼ਾਇਰੀ ਕਹੀ। ਦੋ ਤਿੰਨ ਦਿਨ ਇਥੇ ਰੁੱਕ ਕੇ ਗੁਰੂ ਸਾਹਿਬ ਫਿਰੋਜਪੁਰ ਨੂੰ ਨਿਕਲ ਗਏ।

ਜਿਆਦਾ ਸਵਾਦ ਦੇ ਚੱਕ੍ਕ 'ਚ ਹੀ ਬੰਦਾ ਮਾਰਿਆ ਜਾਂਦੈ◈

ਰੱਬ ਨੇ ਕੁਝ ਅਜਿਹਾ ਖੇਲ ਬਣਾਇਆ ਹੋਇਆ ਕਿ ਅਕਸਰ ਹਰ ਜੀਵ ਦੀ ਮੌਤ ਅਮੂਮਨ ਉਹਦੇ ਆਪਣੇ ਲਾਲਚ ਕਾਰਨ ਹੀ ਆਉਦੀ ਹੈ।

ਐਤਕਾਂ ਕੁਝ ਦਿਨ ਲਾਹੌਰ ਰਹਿ ਕੇ ਸਵੇਰੇ ਸਵੱਖਤੇ ਲਾਹੌਰੋਂ ਫਿਰ ਰਾਵੀ ਦਰਿਆ ਦੇ ਨਾਲ ਨਾਲ ਜਾਂਦੀ ਮੁਲਤਾਨ ਵਾਲੀ ਸੜ੍ਕ ਤੇ ਜਾ ਰਹੇ ਸਨ। ਕਤੇਂ ਦਾ ਮਹੀਨਾ ਸੀ।

ਸੋਢੀ ਮਿਹਰਬਾਨ ਨੇ ਲਿਖਿਆ ਹੈ ਕਿ ਜਦੋਂ ਗੁਰੂ ਸਾਹਿਬ ਉਦਾਸੀ ਤੇ ਹੁੰਦੇ ਸਨ ਤਾਂ ਬੜੀ ਮਸਤੀ 'ਚ ਰਹਿੰਦੇ ਸਨ। ਨਿਸ਼ਾਨੇ ਤੇ ਪਹੁੰਚਣ ਦੀ ਜਿਆਦਾ ਉਨਾਂ ਨੂੰ ਕਾਹਲ ਨਹੀ ਸੀ ਹੁੰਦੀ ਭ੍ਰਚਲੋ ਕਿਸੇ ਨੇੜੇ ਦੇ ਪਿੰਡ ਸ਼ਹਿਰ ਹੀ ਪਹੁੰਚ ਜਾਈਏ। ਕਿਸੇ ਕਿਸਮ ਦੀ ਕੋਈ ਇਛਾ ਜਾਂ ਖਾਹਸ਼ ਨਹੀ ਸੀ ਹੁੰਦੀ। ਸਿਵਾਇ ਇੱਕ ਖਾਹਸ਼ ਤੋਂ ਕਿ ਕਰਤਾਰ ਦਾ ਨਾਂ ਜੱਪਿਆ ਜਾਏ। ਹਮੇਸ਼ਾਂ ਅਨੰਦ ਚਿੱਤ ਰਹਿੰਦੇ ਸਨ। ਚਲਦਿਆਂ ਚਲਦਿਆ ਜਿੱਥੇ ਵੀ ਉਨਾਂ ਦਾ ਮੰਨ ਆਉਦਾ ਭਾਵੇ ਕੋਈ ਉਜਾੜ ਹੋਵੇ, ਟੋਆ-ਟਿਬਾ ਹੋਵੇ, ਮੌਸਮ ਮੁਤਾਬਿਕ ਕੋਈ ਠੰਡੀ ਛਾਂ ਹੋਵੇ, ਕਿਤੇ ਧੁੱਪ ਹੋਵੇ, ਖਾਸ ਕਰਕੇ ਕੋਈ ਬਾਗ ਬਗੀਚਾ, ਤਲਾਅ-ਟੋਬਾ, ਕਿਸੇ ਦਰਿਆ ਨਾਲੇ ਦਾ ਕਿਨਾਰਾ ਹੋਵੇ ਓਥੇ ਬਹਿ ਜਾਣਾਂ ਜਾਂ ਫਿਰ ਜਿੱਥੇ ਰਾਤ ਪੈਣੀ ਓਥੋਂ ਦੇ ਹੀ ਹੋ ਜਾਣਾ। ਜਦੋਂ ਦਿਲ ਕਰਨਾਂ ਤਾਂ ਮਰਦਾਨੇ ਨੂੰ ਕਹਿਣਾ ਛੇੜ ਮਰਦਾਨਿਆ ਰਬਾਬ।

ਕੁਝ ਕੁਦਰਤ ਦੀ ਰਜਾ ਮਰਦਾਨਾ ਵੀ ਇਸ ਹਾਲਾਤ ਵਿੱਚ ਖੁਸ਼ ਰਹਿੰਦਾ ਸੀ। ਦਰ ਅਸਲ ਮਰਦਾਨੇ ਨੇ ਬਾਬੇ ਦੀ ਰੂਹਾਨੀ ਬੁਲੰਦੀ ਦੇ ਚਮਤਕਾਰ ਕਈ ਵਾਰ ਵੇਖੇ ਪਰਖੇ ਸਨ। ਇੱਕ ਦੋ ਵਾਰ ਜਦੋਂ ਮਰਦਾ ਮਰਦਾ ਬਚਿਆ ਸੀ ਤਾਂ ਫਿਰ ਬਾਬੇ ਦਾ ਪੱਕਾ ਗੁਲਾਮ ਹੀ ਬਣ ਚੁੱਕਾ ਸੀ।

ਲਾਹੌਰੋਂ ਨਿਕਲ ਜਦੋਂ ਪਹਿਲੀ ਰਾਤ ਬਿਤਾਈ ਤਾਂ ਪੂਰਨਮਾਸ਼ੀ ਵਾਲੀ ਰਾਤ ਸੀ। ਇੱਕ ਉਜਾੜ ਜਿਹੀ ਥਾਂ ਡੇਰਾ ਲਾਇਆ ਸੀ। ਲਾਗੇ ਲੋਕਾਂ ਕਣਕਾਂ ਜੌਂ ਬੀਜੇ ਹੋਏ ਸਨ। ਰਾਵੀ ਦਾ ਕੰਢਾ ਹੋਣ ਕਰਕੇ ਜੰਗਲੀ ਜਾਨਵਰ ਰਾਤ ਨੂੰ ਆਮ ਪੈਂਦੇ ਸਨ। ਪੰਜਾਬ ਦੇ ਇਲਾਕੇ ਦੇ ਕਾਲੇ ਹਿਰਨਾਂ ਦੀਆ ਡਾਰਾਂ ਫਸਲਾਂ ਦਾ ਬਹੁਤ ਨੁ:ਕਸਾ:ਨ ਕਰਿਆ ਕਰਦੀਆ ਸਨ।

ਪੰਜਾਬ ਦੇ ਇਲਾਕੇ ਵਿਚ ਕਾਲਾ ਹਿਰਨ ਮਿਲਦਾ ਸੀ। ਜਿਆਦਾ ਸ਼ਿਕਾਰ ਹੋਣ ਕਰਕੇ ਇਹ ਇਥੋਂ ਅਲੋਪ ਹੋ ਚੁੱਕਾ ਹੈ ਤੇ ਅੱਜ ਸਿਰਫ ਹਰਿਆਣਾ ਅਤੇ ਰਾਜਸਥਾਨ ਦੇ ਕੁਝ ਇਲਾਕਿਆਂ ਵਿਚ ਮਿਲਦਾ ਹੈ।

ਏਸੇ ਤਰਾਂ ਜਦੋਂ ਗੁਰੂ ਸਾਹਿਬ ਤੇ ਮਰਦਾਨਾ ਬੈਠੇ ਸਨ ਤਾਂ ਦੂਰ ਕੀ ਵੇਖਦੇ ਹਨ ਕਿ ਹਿਰਨਾਂ ਦੀ ਡਾਰ ਚੁੱਗ ਰਹੀ ਹੈ ਤੇ ਇੱਕ ਹਿਰਨ ਲਾਲਚ ਵਿੱਚ ਆ ਕੇ ਜੱਟ ਦੀ ਪੈਲੀ ਵਿੱਚ ਵੜਨ ਦੀ ਕੋਸ਼ਿਸ ਕਰਦਾ ਹੈ। ਜੱਟ ਨੇ ਚੁਫੇਰੇ ਵਾੜ ਲਾਈ ਹੋਈ ਹੈ ਪਰ ਇੱਕ ਥਾਂ ਤੇ ਵਾੜ ਕਮਜੋਰ ਹੈ ਪਰ ਨਾਲ ਓਥੇ ਉਸ ਨੇ ਫਾਹੀ ਵੀ ਲਾਈ ਹੋਈ ਹੈ।

ਹਿਰਨ ਹਿੰਮਤ ਕਰਕੇ ਹਰੀ ਅੰਗੂਰੀ ਚੁਗਣ ਵਾਸਤੇ ਉੱਚੀ ਛਾਲ ਮਾਰਦੈ ਤੇ ਨਾਲ ਫਾਹੀ ਵਿੱਚ ਫਸ ਜਾਂਦੈ। ਇਹ ਵੇਖ ਬਾਕੀ ਦੇ ਸਾਰੇ ਹਿਰਨ ਓਥੋਂ ਦੌੜ ਜਾਂਦੇ ਹਨ। ਫਸਿਆ ਹਿਰਨ ਤੜਫਦਾ ਕੁਰਲਾਉਦਾ ਹੈ।

ਇਸ ਦਰਦਨਾਕ ਨਜਾਰੇ ਨੂੰ ਵੇਖ ਗੁਰੂ ਸਾਹਿਬ ਆਸਾ ਰਾਗ ਵਿੱਚ ਹੇਠ ਸ਼ੱਸ਼ੋਭਿਤ ਸ਼ਬਦ ਬੋਲਦੇ ਹਨ।ਮਨੁੱਖੀ ਮੰਨ ਨੂੰ ਸਮਝਾਉਦੇ ਹਨ ਕਿ ਨਿਰੰਕਾਰ ਕਰਤਾਰ ਦੀ ਅਰਾਧਨਾ ਕਰਿਆ ਕਰ। ਫਿਰ ਉਹ ਤੈਨੂੰ ਅਜਿਹੀਆਂ ਫਾਹੀਆਂ ਤੋਂ ਬਚਾਏਗਾ। ਏਸੇ ਤਰਾਂ ਭਉਰੇ ਦੀ ਵੀ ਉਦਾਹਰਣ ਦਿੰਦੇ ਹਨ। ਫਿਰ ਮੱਛੀ ਕਿਵੇ ਸ਼ਿਕਾਰੀ ਦੇ ਜਾਲ ਵਿੱਚ ਆਪ ਮੁਹਾਰੇ ਆ ਫਸਦੀ ਹੈ। ਸੰਸਾਰ ਦੇ ਮਿੱਠੇ ਮੋਹ ਆਦਿ ਵਿੱਚ ਜੀਵ ਫਸਦਾ ਹੈ। ਹੈਰਾਨੀ ਹੁੰਦੀ ਹੈ ਇਥੇ ਗੁਰੂ "ਮੇਰੇ ਜੀਅੜਿਆ ਪਰਦੇਸੀਆ ਕਿਤੁ ਪਵਹਿ ਜੰਜਾਲੇ ਰਾਮ ॥ " ਵੀ ਕਹਿ ਦਿੰਦੇ ਹਨ।

ਸ਼ਾਇਦ ਇਹ ਮਰਦਾਨੇ ਨੂੰ ਇਸ਼ਾਰੇ ਦੇ ਰਹੇ ਹਨ। ਫਿਰ ਇੱਕ ਥਾਂ ਵਿਛੋੜੇ ਦੀ ਗੱਲ ਵੀ ਕਰ ਗਏ ਹਨ:- "ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ" ॥ ਯਾਦ ਰਹੇ ਇਸ ਤੋਂ ਬਾਦ ਛੇਤੀ ਹੀ ਚੌਥੀ ਉਦਾਸੀ ਤੇ ਰਵਾਨਾ ਹੁੰਦੇ ਹਨ। ਪ੍ਰਦੇਸਾਂ ਦੀ ਇਸ ਉਦਾਸੀ ਵੇਲੇ ਮਰਦਾਨੇ ਦਾ ਵੀ ਚਲਾਣਾ ਹੋ ਜਾਂਦਾ ਹੈ। ਅੰਤ ਵਿੱਚ ਇਹ ਵੀ ਇਸ਼ਾਰੇ ਦੇ ਦਿੰਦੇ ਹਨ ਕਿ ਜਿਹੜੇ ਲੋਕ ਸ਼ਬਦ ਭਾਵ ਪ੍ਰਭੂ ਦੇ ਨਾਂ ਵਿੱਚ ਰੰਗੇ ਹੋਏ ਹਨ ਉਹਨਾਂ ਦਾ ਦੁਬਾਰਾ ਮੇਲ ਵੀ ਹੋ ਜਾਂਦਾ ਹੈ।

ੴ ਸਤਿਗੁਰ ਪ੍ਰਸਾਦਿ ॥ ਆਸਾ ਮਹਲਾ ੧ ਛੰਤ ਘਰੁ ੩ ॥ ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ

ਰਾਮ ॥ ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ ॥ ਫਿਰਿ ਹੋਇ ਤਾਤਾ ਖਰਾ ਮਾਤਾ ਨਾਮ ਬਿਨੁ ਪਰਤਾਪਏ ॥ ਓਹੁ ਜੇਵ ਸਾਇਰ ਦੇਇ ਲਹਰੀ ਬਿਜੁਲ ਜਿਵੈ ਚਮਕਏ ॥ ਹਰਿ ਬਾਝੁ ਰਾਖਾ ਕੋਇ ਨਾਹੀ ਸੋਇ ਤੁਝਹਿ ਬਿਸਾਰਿਆ ॥ ਸਚੁ ਕਹੈ ਨਾਨਕੁ ਚੇਤਿ ਰੇ ਮਨ ਮਰਹਿ ਹਰਣਾ ਕਾਲਿਆ ॥੧॥ ਭਵਰਾ ਫੂਲਿ ਭਵੰਤਿਆ ਦੁਖੁ ਅਤਿ ਭਾਰੀ ਰਾਮ ॥ ਮੈ ਗੁਰੁ ਪੁੱਛਿਆ ਆਪਣਾ ਸਾਚਾ ਬੀਚਾਰੀ ਰਾਮ ॥ ਬੀਚਾਰਿ ਸਤਿਗੁਰੁ ਮੁਝੈ ਪੁੱਛਿਆ ਭਵਰੁ ਬੋਲੀ ਰਾਤਓ ॥ ਸੂਰਜੁ ਚੜਿਆ ਪਿੰਡੁ ਪੜਿਆ ਤੇਲੁ ਤਾਵਣਿ ਤਾਤਓ ॥ ਜਮ ਮਗਿ ਬਾਧਾ ਖਾਹਿ ਚੋਟਾ ਸਬਦ ਬਿਨੁ ਬੇਤਾਲਿਆ ॥ ਸਚੁ ਕਹੈ ਨਾਨਕੁ ਚੇਤਿ ਰੇ ਮਨ ਮਰਹਿ ਭਵਰਾ ਕਾਲਿਆ ॥੨॥ ਮੇਰੇ ਜੀਅੜਿਆ ਪਰਦੇਸੀਆ ਕਿਤੁ ਪਵਹਿ ਜੰਜਾਲੇ ਰਾਮ ॥ ਸਾਚਾ ਸਾਹਿਬੁ ਮਨਿ ਵਸੈ ਕੀ ਫਾਸਹਿ ਜਮ ਜਾਲੇ ਰਾਮ ॥ ਮਛੁਲੀ ਵਿਛੁੰਨੀ ਨੈਣ ਰੁੰਨੀ ਜਾਲੁ ਬਧਿਕਿ ਪਾਇਆ ॥ ਸੰਸਾਰੁ ਮਾਇਆ ਮੋਹੁ ਮੀਠਾ ਅੰਤਿ ਭਰਮੁ ਚੁਕਾਇਆ ॥ ਭਗਤਿ ਕਰਿ ਚਿਤੁ ਲਾਇ ਹਰਿ ਸਿਉ ਛੋਡਿ ਮਨਹੁ ਅੰਦੇਸਿਆ ॥ ਸਚੁ ਕਹੈ ਨਾਨਕੁ ਚੇਤਿ ਰੇ ਮਨ ਜੀਅੜਿਆ

ਪੈੜ ਸਫਾ

◉ ਸੋਢੀ 2-599 ਅਧਾਰਤ। ਇਹ ਸ਼ਬਦ ਪਹਿਲਾਂ ਦਿਓੜਸਿੰਘ ਵੀ ਗਾਇਆ ਸੀ ਸਾਹਿਬ ਨੇ।

■ ਸੋਢੀ- 506, ਸ਼ੇਖ ਬ੍ਰਹਮ ਨਾਲ ਪਹਿਲੀ ਮੁਲਾਕਾਤ ਪਾਕ ਪੱਟਣ ਵਿੱਚ ਹੋਈ ਦੱਸੀਦੀ ਹੈ। ਕਿਉਕਿ ਗੁਰੂ ਸਾਹਿਬ ਪੱਟੀ ਦੇ ਇਲਾਕੇ ਵਿੱਚ ਦੀ ਦੋ ਤਿੰਨ ਵੇਰਾਂ ਨਿਕਲੇ ਸਨ ਇਸ ਕਰਕੇ ਇਹ ਵੀ ਸੰਭਵ ਹੈ ਕਿ ਪਹਿਲੀ ਮੁਲਾਕਾਤ ਖੇਮਕਰਨ ਹੀ ਹੋਈ ਹੋਵੇ। ਜੰਗਲ ਬੇਲਾ ਤਾਂ ਜਿਆਦਾ ਇਸ ਇਲਾਕੇ ਵਿੱਚ ਹੀ ਸੀ। ਆਸਾ ਦੀ ਵਾਰ ਦੀਆਂ ਪਹਿਲੀਆਂ ਪੌੜੀਆਂ ਕਿਸੇ ਪਹਿਲੀ ਮੁਲਾਕਾਤ ਦੌਰਾਨ ਹੀ ਰਚੀਆਂ ਹੋਣਗੀਆ ਕਿਉਕਿ ਵਾਰ ਦਾ ਹੋਰਨੀ ਥਾਂਈ ਗਾਏ ਜਾਣ ਦਾ ਵੀ ਜਿਕਰ ਆਉਦਾ ਹੈ।

◈ ਸੋਢੀ 2-585)

ਸੋਢੀ 2 - 607 ਨੇ ਲਿਖਿਆ ਹੈ ਕਿ ਗੁਰੂ ਸਾਹਿਬ ਕਰਤਾਰਪੁਰ ਸਨ ਤੇ ਮਰਦਾਨਾ ਓਨੀ ਦਿਨੀ ਆਪਣੇ ਮਾਪਿਆ ਕੋਲ ਪਿੰਡ ਤਲਵੰਡੀ ਹੁਸੰਗ ਰਹਿ ਰਿਹਾ ਸੀ। ਇਹ ਵੀ ਲਿਖਿਆ ਮਿਲਦਾ ਹੈ ਕਿ ਗੁਰੂ ਸਾਹਿਬ ਮਰਦਾਨੇ ਨੂੰ ਕਹਿੰਦੇ ਨੇ ਮੈਂ ਇਕੱਲਾ ਹੀ ਪੱਟੀ ਕਸੂਰ ਦਾ ਇਲਾਕਾ ਫਿਰਿਆ ਹਾਂ। ਇਉ ਲਗਦਾ ਹੈ ਚੌਥੀ ਉਦਾਸੀ ਦੀ ਰਵਾਨਗੀ ਮੌਕੇ ਗੁਰੂ ਸਾਹਿਬ ਮਰਦਾਨੇ ਨੂੰ ਤਲਵੰਡੀ ਹੁਸ਼ੰਗ ਤੋਂ ਆਪ ਲੈਣ ਆਉਦੇ ਨੇ। ਤਲਵੰਡੀ ਹੁਸੰਗ - ਇਹ ਕਿਹੜੀ ਤਲਵੰਡੀ ਹੈ ਅਸੀ ਨਹੀ ਲੱਭ ਪਾਏ।

ਇਹ ਸਾਖੀ ਮੱਕੇ ਦੀ ਉਦਾਸੀ ਤੋਂ ਪਹਿਲਾਂ ਦੀ ਹੈ।

ਪਰਦੇਸੀਆ ॥੩॥ ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥ ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ ॥ ਕੋਈ ਸਹਜਿ ਜਾਣੈ ਹਰਿ ਪਛਾਣੈ ਸਤਿਗੁਰੂ ਜਿਨਿ ਚੇਤਿਆ ॥ ਬਿਨੁ ਨਾਮ ਹਰਿ ਕੇ ਭਰਮਿ ਭੂਲੇ ਪਚਹਿ ਮੁਗਧ ਅਚੇਤਿਆ ॥ ਹਰਿ ਨਾਮੁ ਭਗਤਿ ਨ ਰਿਦੈ ਸਾਚਾ ਸੇ ਅੰਤਿ ਧਾਹੀ ਰੁੰਨਿਆ ॥ ਸਚੁ ਕਹੈ ਨਾਨਕੁ ਸਬਦਿ ਸਾਚੈ ਮੇਲਿ ਚਿਰੀ ਵਿਛੁੰਨਿਆ ॥੪॥੧॥੫॥

"ਬਾਬਰ ਨੂੰ ਸਮਝਾਉਣ ਦਾ ਕੋਈ ਫਾਇਦਾ ਨਹੀ ਹੋਇਆ"– ਫਿਰੋਜਪੁਰ ਵਿੱਚ ਬਾਬਾ

ਸੈਦਪੁਰ (ਏਮਨਾਬਾਦ) ਦਾ ਕਤਲਾਮ ਹੋ ਚੁੱਕਾ ਸੀ। ਲਾਹੌਰ ਤੇ ਦੀਪਾਲਪੁਰ ਦੇ ਕਤਲੇਆਮ ਤੋਂ ਪਹਿਲਾਂ ਦੀ ਗੱਲ ਹੈ। ਗੁਰੂ ਸਾਹਿਬ ਕਰਤਾਰਪੁਰ ਸਾਹਿਬ ਤੋਂ ਨਿਕਲ ਸੁਲਤਾਨਪੁਰ ਲੋਧੀ ਆਏ ਤੇ ਓਥੋਂ ਪੱਟੀ, ਕਸੂਰ, ਫਿਰੋਜਪੁਰ, ਮਮਦੋਟ, ਕੰਗਣਪੁਰ ਹੁੰਦੇ ਹੋਏ ਦੀਪਾਲਪੁਰ ਵਲ ਜਾ ਲੋਕਾਈ ਨੂੰ ਸੁਚੇਤ ਕਰ ਰਹੇ ਸਨ ਕਿ ਬਚ ਜਾਓ।

ਜਦੋਂ ਫਿਰੋਜਪੁਰ ਆਏ ਤਾਂ ਇਥੇ ਕੁਝ ਸਾਧੂਆਂ ਨਾਲ ਮੇਲ ਹੋਇਆ। ਸਾਧੂਆਂ ਕਿਹਾ ਕਿ ਅਸੀ ਸੁਣਿਐ ਕਾਬਲ ਦਾ ਬਾਦਸ਼ਾਹ ਬਾਬਰ ਤੁਹਾਡੀ ਮੰਨਦਾ ਹੈ। ਗੱਲਾਂ ਬਾਤਾਂ ਹੋਈਆਂ। ਗੁਰੂ ਸਾਹਿਬ ਨੇ ਕਿਹਾ ਕਿ ਸਾਡਾ ਉਸ ਨਾਲ ਮੇਲ ਜਰੂਰ ਹੋ ਚੁੱਕਾ ਹੈ। ਉਨੂੰ ਸਮਝਾਇਆ ਵੀ ਸੀ ਕਿ ਲੋਕਾਈ ਤੇ ਜੁਲਮ ਨਾਂ ਕਰੀ। ਪਰ ਉਹਦੇ ਤੇ ਅਸਰ ਨਹੀ ਹੋਇਆ। ਸੈਦਪੁਰ ਵਿੱਚ ਉਸ ਨੇ ਹਜਾਰਾਂ ਆਮ ਲੋਕਾਂ ਨੂੰ ਮੌਤ ਦੇ ਘਾਟ ਸਿਰਫ ਇਸ ਕਰਕੇ ਉਤਾਰ ਦਿੱਤਾ ਕਿ ਉਸ ਨੂੰ ਸ਼ੱਕ ਸੀ ਕਿ ਹਮਲੇ ਵੇਲੇ ਆਮ ਜਨਤਾ ਨੇ ਬਹਾਰ ਖਾਂ ਲੋਧੀ ਦਾ ਸਾਥ ਦਿੱਤਾ ਸੀ।

ਗੁਰੂ ਸਾਹਿਬ ਨੇ ਕਿਹਾ ਕਿ ਇੱਕ ਬੰਦਾ ਦੂਸਰੇ ਨੂੰ ਸਮਝਾ ਹੀ ਸਕਦਾ ਹੈ। ਬਾਕੀ ਗੱਲ ਕਰਤਾਰ ਦੀ ਕਿਰਪਾ ਦੀ ਹੁੰਦੀ ਹੈ। ਕਈ ਲੋਕ ਉਹਦੀ ਬਖਸ਼ਸ਼ ਤੋਂ ਵਾਂਝੇ ਹੀ ਰਹਿ ਜਾਂਦੇ ਹਨ। ਮਿਸਾਲ ਦੇ ਤੌਰ ਤੇ ਅਨੇਕਾਂ ਵਾਰੀ ਸ਼ਾਸਤਰਾਂ ਦੇ ਗਿਆਤਾ ਅਨੇਕਾਂ ਪੰਡਤਾਂ ਦੀ ਬੁੱਧ ਭ੍ਰਿਸ਼ਟ ਹੋਈ ਤੇ ਉਹਨਾਂ ਉਹ ਕੰਮ ਕੀਤੇ ਜਿਹੜੇ ਸ਼ਾਸਤਰਾਂ ਦੇ ਉਲਟ ਸਨ। ਏਸੇ ਤਰਾਂ ਤਾਕਤ ਦੇ ਨਸ਼ੇ ਵਿੱਚ ਹੁਕਮਰਾਨ ਜੁਲਮ ਕਰਨੋਂ ਨਹੀ ਟਲਦੇ।

ਸਾਹਿਬ ਨੇ ਸ਼ਬਦ ਗਾਵਿਆ:-

ੴ ਸਤਿਗੁਰ ਪ੍ਰਸਾਦਿ ॥ ਆਸਾ ਘਰੁ ੩ ਮਹਲਾ ੧ ॥ ਲਖ ਲਸਕਰ ਲਖ ਵਾਜੇ ਨੇਜੇ ਲਖ ਉਠਿ ਕਰਹਿ ਸਲਾਮੁ ॥ ਲਖਾ ਉਪਰਿ ਫੁਰਮਾਇਸਿ ਤੇਰੀ ਲਖ ਉਠਿ ਰਾਖਹਿ ਮਾਨੁ ॥ ਜਾਂ ਪਤਿ ਲੇਖੈ ਨਾ ਪਵੈ ਤਾਂ ਸਭਿ ਨਿਰਾਫਲ ਕਾਮ ॥੧॥ ਹਰਿ ਕੇ ਨਾਮ ਬਿਨਾ ਜਗੁ ਧੰਧਾ ॥ ਜੇ ਬਹੁਤਾ ਸਮਝਾਈਐ ਭੋਲਾ ਭੀ ਸੋ ਅੰਧੋ ਅੰਧਾ ॥੧॥ ਰਹਾਉ ॥ ਲਖ ਖਟੀਅਹਿ ਲਖ ਸੰਜੀਅਹਿ ਖਾਜਹਿ ਲਖ ਆਵਹਿ ਲਖ ਜਾਹਿ ॥ ਜਾਂ ਪਤਿ ਲੇਖੈ ਨਾ ਪਵੈ ਤਾਂ ਜੀਅ ਕਿਥੈ ਫਿਰਿ ਪਾਹਿ ॥੨॥ ਲਖ ਸਾਸਤ ਸਮਝਾਵਣੀ ਲਖ ਪੰਡਿਤ ਪੜਹਿ ਪੁਰਾਣ ॥ ਜਾਂ ਪਤਿ ਲੇਖੈ ਨਾ ਪਵੈ ਤਾਂ ਸਭੇ ਕੁਪਰਵਾਣ ॥੩॥ ਸਚ ਨਾਮਿ ਪਤਿ ਊਪਜੈ ਕਰਮਿ ਨਾਮੁ ਕਰਤਾਰੁ ॥ ਅਹਿਨਿਸਿ ਹਿਰਦੈ ਜੇ ਵਸੈ ਨਾਨਕ ਨਦਰੀ ਪਾਰੁ ॥੪॥੧॥੩੧॥

ਜਦੋਂ ਖਾਲੜੇ ਦੇ ਮਹਾਜਨ ਨੇ ਗੁਰੂ ਸਾਹਿਬ ਕੋਲੋਂ ਕਪਾਹ ਵੇਲਾਈ।

ਗੁਰੂ ਸਾਹਿਬ ਲਾਹੌਰ ਵਲੋਂ ਆ ਰਹੇ ਸਨ ਤਾਂ ਲੌਢੇ ਵੇਲੇ ਉਹ ਖਾਲੜੇ ਪਹੁੰਚੇ। ਉਥੇ ਸਾਧੂਆਂ ਦਾ ਟੋਲਾ ਪਹਿਲਾਂ ਹੀ ਬਿਰਾਜਮਾਨ ਸੀ। ਕਿਹਾ ਜਾਂਦਾ ਹੈ ਕਿ ਇਥੇ ਵੀ ਕੋਈ ਵੱਡਾ ਜੋਗੀ ਆਸ਼ਰਮ ਹੁੰਦਾ ਸੀ ਥੇਹ ਤੇ। ਗੁਰੂ ਸਾਹਿਬ ਨੇ ਉਥੇ ਸਭ ਦੇ ਸਾਹਮਣੇ ਕਿਰਤ ਅਤੇ ਗ੍ਰਿਸਤ ਧਰਮ ਦੀ ਵਡਿਆਈ ਅਤੇ ਸੰਨਿਆਸ ਦਾ ਖੰਡਣ ਕੀਤਾ। ਏਸੇ ਹੀ ਪਿੰਡ ਦਾ ਮਹਾਜਨ ਸ਼ਾਹੂਕਾਰ ਗੁਰੂ ਸਾਹਿਬ ਅਤੇ ਮਰਦਾਨੇ ਨੂੰ ਰਾਤ ਕੱਟਣ ਵਾਸਤੇ ਆਪਣੀ ਹਵੇਲੀ ਲੈ ਗਿਆ। ਮਹਾਜਨ ਅੰਦਰੋਂ ਔਖਾ ਸੀ ਕਿ ਗੁਰੂ ਸਾਹਿਬ ਨੇ ਸਦੀਆਂ ਪੁਰਾਣੇ ਸੰਨਿਆਸ ਦੇ ਸਿਧਾਂਤ ਤੇ ਕਿਓ ਚੋਟ ਕੀਤੀ ਹੈ।

ਆਪਣੀ ਹਵੇਲੀ ਵਿੱਚ ਲਿਜਾ ਕੇ ਮਹਾਜਨ ਨੇ ਗੁਰੂ ਸਾਹਿਬ ਤੇ ਭਾਈ ਮਰਦਾਨੇ ਨੂੰ ਕਿਹਾ ਕਿ ਤੁਸੀ ਆਹ ਕਪਾਹ ਵੇਲੋ ਮੈਂ ਤੁਹਾਡੇ ਵਾਸਤੇ ਭੋਜਨ ਲੈ ਕੇ ਆਉਦਾ ਹਾਂ। ਕੁਝ ਦੇਰ ਮਰਦਾਨੇ ਨੇ ਕਪਾਹ ਵੇਲੀ। ਨੇੜੇ ਹੀ ਕਿਤੇ ਗਰੀਬ ਬਰਵਾਲਿਆਂ ਦਾ ਘਰ ਸੀ ਜਿੰਨਾਂ ਨੇ ਗੁਰੂ ਸਾਹਿਬ ਅਤੇ ਭਾਈ ਮਰਦਾਨੇ ਨੂੰ ਪ੍ਰਸ਼ਾਦ ਛਕਾਇਆ। ਸਵੇਰੇ ਜਦੋਂ ਮਹਾਜਨ ਆਏ ਤਾਂ ਉਲਟਾ ਗੁਰੂ ਸਾਹਿਬ ਹੁਰਾਂ ਦਾ ਮਖੌਲ ਉਡਾਇਆ।

ਬਾਦ ਵਿੱਚ ਜਦੋਂ ਗੁਰੂ ਸਾਹਿਬ ਦੇ ਨਾਂ ਦਾ ਡੰਕਾ ਪੂਰੇ ਪੰਜਾਬ ਵਿੱਚ ਵੱਜਣ ਲੱਗਾ ਤਾਂ ਲੋਕਾਂ ਨੂੰ ਅਹਿਸਾਸ ਹੋਇਆ ਕਿ ਪਿੰਡ ਦੇ ਮਹਾਜਨ ਨੇ ਕਿਸ ਮਹਾਂਪੁਰਖ ਨਾਲ ਮਾੜਾ ਵਰਤਾਵ ਕੀਤਾ ਹੈ। ਕਰਨੀ ਰੱਬ ਦੀ ਛੇਤੀ ਹੀ ਉਹ ਮਹਾਜਨ ਕੰਗਾਲ ਹੋ ਗਿਆ। ਲੋਕਾਂ ਨੇ ਮੁਹਾਵਰਾ ਬਣਾ ਲਿਆ ਕਿ ਗੁਰੂ ਸਾਹਿਬ ਨੇ ਇਸ ਪਿੰਡ ਦੇ ਮਹਾਜਨਾਂ ਨੂੰ ਸਰਾਪ ਦਿੱਤਾ ਹੈ।

ਵਸੋ ਰਸੋਂ ਖਾਲੜਾ ਮਰੋ ਮਹਾਜਨ ਨੰਗ।

ਖਾਲੜੇ ਤੋਂ ਗੁਰੂ ਸਾਹਿਬ ਅਮੀਂਸ਼ਾਹ ਆਏ

ਖਾਲੜੇ ਦੇ ਨਾਲ ਹੀ ਕਿਲੋ ਮੀਟਰ ਦੀ ਵਿੱਥ ਤੇ ਪਿੰਡ ਅਮੀਸ਼ਾਹ ਹੈ ਜਿੱਥੇ ਗੁਰੂ ਸਾਹਿਬ ਖਾਲੜੇ ਤੋਂ ਪਹੁੰਚੇ। ਅਮੀਂਸ਼ਾਹ ਦੇ ਵਸਨੀਕ ਬੜੇ ਮਾਣ ਨਾਲ ਦੱਸਦੇ ਹਨ ਕਿ ਇਸ ਪਿੰਡ ਵਾਲਿਆਂ ਨੇ ਗੁਰੂ ਸਾਹਿਬ ਦਾ ਪੂਰਾ ਆਦਰ ਸਤਿਕਾਰ ਕੀਤਾ। ਇਥੋਂ ਦੇ ਯਾਦਗਾਰੀ ਗੁਰਦੁਆਰਾ ਸਾਹਿਬ ਵਿਚ ਉਸ ਵੇਲੇ ਦਾ ਨਿੰਮ ਦਾ ਰੁੱਖ ਮੌਜੂਦ ਹੈ। ਇਥੋਂ ਦੇ ਵਸਨੀਕ ਦਸਦੇ ਹਨ ਕਿ ਇਸ ਪਿੰਡ ਨੂੰ ਗੁਰੂ ਸਾਹਿਬ ਨੇ ਇਹ ਕਹਿ ਕੇ ਨਵਾਜਿਆ:

ਖਾਲੜਾ ਖਾਲੀ। ਅਮੀਸ਼ਾਹ ਦੇ ਸ਼ਾਹ।

ਜਾਹਮਣ ਦੇ ਜੈਨੀ ¤

ਸੰਨ 1500 ਦੇ ਨੇੜੇ ਤੇੜੇ ਕਸੂਰ ਦਾ ਰਾਜਾ ਜੈਨ ਧਰਮ ਦਾ ਕੱਟੜ ਉਪਾਸ਼ਕ ਸੀ। ਇਸ ਨੇ ਆਪਣੇ ਰਾਜ ਵਿੱਚ ਸ਼ਿਕਾਰ ਤੇ ਪੂਰਨ ਪਾਬੰਦੀ ਲਾਈ ਹੋਈ ਸੀ। ਇਲਾਕੇ ਵਿੱਚ ਵੱਡਾ ਹਿੱਸਾ ਬੇਲਾ ਹੋਣ ਕਰਕੇ ਸੂਰਾਂ ਅਤੇ ਹਿਰਨਾਂ ਦੀ ਅਬਾਦੀ ਬਹੁਤ ਵੱਧ ਚੁੱਕੀ ਸੀ, ਜਿਸ ਤੋਂ ਕਿਸਾਨ ਢਾਹਡੇ ਤੰਗ ਸਨ। ਹਾਲਾ ਵੀ ਇਹ ਠੋਕ ਕੇ ਲੈਂਦਾ ਸੀ। ਬੜੀ ਚਲਾਕੀ ਨਾਲ ਦਿੱਲੀ ਦਰਬਾਰ ਨੂੰ ਖੁੱਸ

ਖਾਲੜੇ ਵਿਚ ਗੁਰੂ ਸਾਹਿਬ ਦਾ ਯਾਦਗਾਰੀ ਗੁਰਦੁਆਰਾ (ਖੱਬੇ ਅਤੇ ਸੱਜੇ)ਅਮੀਸ਼ਾਹ। ਸ਼ਾਹਾਂ ਦਾ ਸ਼ਾਹ। ਸਾਹਿਬ ਦਾ ਯਾਦਗਾਰੀ ਅਸਥਾਨ। ਗੁਰੂ ਸਾਹਿਬ ਦੇ ਛੋਹ ਵਾਲੀ ਇਤਹਾਸਿਕ ਨਿੰਮ ਹੁਣ ਸੁੱਕ ਗਈ ਹੈ।

ਰੱਖਦਾ ਸੀ।

ਪਿੰਡ ਜਾਹਮਣ ਜੋ ਲਾਹੌਰ ਤੋਂ 30ਕੁ ਕਿ. ਮੀ. ਦੱਖਣ ਪੱਛਮ ਦੀ ਗੁੱਠ ਵਿੱਚ ਹੈ (ਖਾਲੜੇ ਤੋਂ 10 ਕਿ. ਮੀ. ਦੱਖਣ ਪੱਛਮ) ਦਾ ਇਕ ਵਸਨੀਕ ਇਸ ਰਾਜੇ ਦਾ ਦੀਵਾਨ (ਪ੍ਰਧਾਨ ਮੰਤਰੀ) ਸੀ। ਦੀਵਾਨ ਦੇ ਮੁੰਡੇ ਦੀ ਅਣੈਤ (ਜਨੇਊ ਪਾਉਣ) ਦੀ ਰਸਮ ਸੀ। ਉਸ ਨੇ ਆਪਣੇ ਭਾਈਚਾਰੇ ਦੇ ਭੋਜ ਵਿੱਚ ਬੱਕਰਾ ਵੱਢਿਆ। ਇਸ ਗਲ ਦੀ ਖਬਰ ਰਾਜੇ ਨੂੰ ਲੱਗ ਗਈ। ਰਸਮ ਤੋਂ ਤੀਸਰੇ ਦਿਨ ਰਾਜੇ ਨੇ ਆਪਣੀ ਫੌਜ ਭੇਜ ਕੇ ਦੀਵਾਨ ਦਾ ਘਰ ਬਾਰ ਸਭ ਲੁੱਟ ਲਿਆ। ਇਸ ਗਲ ਦਾ ਇਲਾਕੇ ਦੇ ਵਸਨੀਕਾਂ ਵਿੱਚ ਵੱਡਾ ਰੋਸ ਸੀ।

ਸਮਾਂ ਪਾ ਕੇ ਜਦੋਂ ਗੁਰੂ ਸਾਹਿਬ ਇਸ ਪਿੰਡ ਵਿੱਚ ਪਧਾਰੇ ਤਾਂ ਇਥੋਂ ਦੇ ਨਰੀਆ ਨਾਂ ਦੇ ਵਸਨੀਕ ਦੇ ਘਰ ਠਹਿਰੇ ਸਨ। ਨਾਰੀਆ ਨੇ ਗੁਰੂ ਸਾਹਿਬ ਦੀ ਬਹੁਤ ਆਓ ਭਗਤ ਕੀਤੀ ਤੇ ਸਾਹਿਬ ਨੂੰ ਮਹਾਂ ਪ੍ਰਸ਼ਾਦਿ* ਛਕਾਇਆ ਸੀ। ਉਦੋਂ ਹੀ ਵਸਨੀਕਾਂ ਨੇ ਗੁਰੂ ਸਾਹਿਬ ਅੱਗੇ ਫਰਿਆਦ ਕੀਤੀ ਸੀ ਕਿ ਰਾਜੇ ਨੇ ਪਰਜਾ ਦੀ ਨਾਸਾਂ ਵਿੱਚ ਦਮ ਕੀਤਾ ਹੋਇਆ ਹੈ। ਨਾਲੇ ਦੀਵਾਨ ਦੇ ਘਰ ਦੀ ਲੁੱਟ ਦੀ ਗੱਲ ਦੱਸੀ। ਗੁਰੂ ਸਾਹਿਬ ਦੇ ਮੂਹੋਂ ਸਹਿਜ ਸੁਭਾਅ ਨਿਕਲ ਗਇਆ ਕਿ ਜਿਵੇ ਰਾਜੇ ਨੇ ਦੀਵਾਨ ਨੂੰ ਲੁੱਟਿਆ ਹੈ ਰਾਜੇ ਨੂੰ ਮਹਾਰਾਜਾ ਲੁੱਟ ਪੁੱਟ ਲੈ ਜਾਏਗਾ। ਛੇਤੀ ਫਿਰ ਪਠਾਣਾਂ (ਹੋ ਸਕਦਾ ਲੋਧੀਆਂ ਨੇ) ਜੈਨੀ ਰਾਜੇ ਦਾ ਸਾਰਾ ਮਾਲ ਅਸਬਾਬ ਲੁੱਟ ਲਿਆ ਸੀ।

ਇਸੇ ਪਿੰਡ ਵਿੱਚ ਮਸ਼ਹੂਰ ਜੈਨ ਮੰਦਰ ਹੁੰਦਾ ਸੀ ਜਿੱਥੇ ਗੁਰੂ ਸਾਹਿਬ ਦਾ ਮੇਲ ਜੈਨ ਸੰਨਿਆਸੀਆਂ ਨਾਲ ਹੋਇਆ। ਇਥੋਂ ਦੇ ਜੈਨ ਸਾਧੂਆਂ ਦੇ ਰੀਦੇ ਤੌਰ ਤਰੀਕੇ ਵੇਖਦੇ ਹੋਏ ਫਿਰ ਗੁਰੂ ਸਾਹਿਬ ਨੇ ਸ਼ਬਦ ਰਚਿਆ ਸੀ*:-

ਸਲੋਕੁ ਮਃ ੧ ॥ ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ॥ ਫੋਲਿ ਫਦੀਹਤਿ*** ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ॥ ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ ॥ ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ ॥ ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ ॥ ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ ॥ ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕੇ ਨਾਹੀ ॥ ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ ॥ ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ ॥ ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ ॥ ਦਸਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ ॥ ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ ॥ ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ ॥ ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ ॥ ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ ॥ ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ ॥ ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ ॥ ਨਾਨਕ ਸਿਰਖੁਥੇ ਸੈਤਾਨੀ ਏਨਾ ਗਲ ਨ ਭਾਣੀ ॥ ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ ॥ ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ ॥ ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾ ਧਨ ਦਹੀ ਵਿਲੋਵੈ ॥ ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ ॥ ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ ॥ ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ ॥੧॥

ਜਾਹਮਣ। ਭਾਈ ਨਰੀਏ ਦਾ ਅਸਥਾਨ ਅੱਜ ਉਦਾਸ ਹੈ। ਪਿੰਡ ਜਾਹਮਣ ਭਾਰਤ ਪਾਕ ਸਰਹੱਦ ਤੋਂ ਸਾਰਾ 2 ਕਿ. ਮੀ ਤਰਨ ਤਾਰਨ ਦੇ ਪਿੰਡ ਡੱਲ ਦੇ ਸਾਹਮਣੇ ਪੈਂਦਾ ਹੈ।

ਕੁਝ ਸਾਖੀਆਂ ਅਤੇ ਸਥਾਨ ਜਿੰਨਾਂ ਦਾ ਵੇਰਵਾ ਸਬੰਧਤ ਉਦਾਸੀਆਂ ਵਿਚ ਨਾਂ ਆ ਸਕਿਆ

ਵੱਡੇ ਪੰਜਾਬ (ਪਾਕਿਸਤਾਨ ਅਤੇ ਭਾਰਤੀ) ਦਾ ਤਾਂ ਬਾਬੇ ਨੇ ਸ਼ਾਇਦ ਹੀ ਕੋਈ ਮਹੱਤਵਪੂਰਣ ਪਿੰਡ ਸ਼ਹਿਰ ਛੱਡਿਆ ਹੋਵੇ ਜਿਥੇ ਚਰਨ ਨਾਂ ਪਾਏ ਹੋਣ। ਕੁਝ ਇਕ ਹੋਰ ਅਸਥਾਨ ਜੋ ਸਬੰਧਤ ਉਦਾਸੀਆਂ ਵਿਚ ਆਉਣਾ ਰਹਿ ਗਏ ਉਹਨਾਂ ਬਾਰੇ ਸੰਖੇਪ ਵਿਚ ਜਾਣਕਾਰੀ ਦਿੱਤੀ ਜਾ ਰਹੀ ਹੈ:-

ਤਖਤੂਪੁਰਾ (ਮੋਗਾ)+

ਜਦੋਂ ਇਸ ਅਸਥਾਨ ਤੇ ਛੇਵੇਂ ਪਾਤਸ਼ਾਹ ਆਏ ਤਾਂ ਬਾਨੀ ਗੁਰੂ ਦਾ ਸਥਾਨ ਵੇਖਕੇ ਏਨੇ ਭਾਵੁਕ ਹੋਏ ਕਿ ਸਣੇ ਕਪੜਿਆਂ ਹੀ ਕੱਚੇ ਸਰੋਵਰ ਵਿੱਚ ਵੜ ਗਏ।

ਕੱਚੇ ਸਰੋਵਰ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਐਹਲਕਾਰ ਸਰਦਾਰ ਧੰਨਾ ਸਿੰਘ ਮੌੜ ਨੇ ਪੱਕਾ ਕਰਵਾਇਆ ਸੀ।

ਪੱਤੋ ਹੀਰਾ ਸਿੰਘ⊙

ਮੋਗੇ ਤੋਂ 30 ਕਿ. ਮੀ. ਦੱਖਣ ਜਾਂ ਬਾਘਾਪੁਰਾਣਾ ਤੋਂ 18 ਕਿ. ਮੀ. ਪੂਰਬ-ਦੱਖਣ, ਜਾਂ ਨਿਹਾਲ ਸਿੰਘ ਵਾਲਾ ਦੇ 4 ਕਿ.ਮੀ ਪੱਛਮ ਵਿੱਚ ਪਿੰਡ ਪੱਤੋ ਹੀਰਾ ਸਿੰਘ ਹੈ।

ਇਥੇ ਵੀ ਕਿਸੇ ਵੇਲੇ ਸੋਂਡੀ ਨਾਂ ਦਾ ਸ਼ਹਿਰ ਹੁੰਦਾ ਸੀ ਤੇ ਰਾਜੇ ਦਾ ਕਿਲਾ ਵੀ ਸੀ। ਜਿਸ ਦੇ ਥੇਹ ਦੇ ਨਿਸ਼ਾਨ ਹੁਣ ਤੱਕ ਮੌਜੂਦ ਨੇ। ਕਿਲੇ ਅੰਦਰ ਮੌਜੂਦ ਵਪਾਰੀਆਂ ਦਾ ਸ਼ਹਿਰ ਸੋਂਡੀ ਸੀ। ਜਿਆਦਾਤਰ ਅਬਾਦੀ ਖੱਤਰੀ ਤੇ ਬ੍ਰਾਹਮਣ ਲੋਕਾਂ ਦੀ ਸੀ। ਗੁਰੂ ਸਾਹਿਬ ਇਥੇ ਵੀ ਰਾਜੇ ਨੂੰ ਹੀ ਮਿਲਣ ਆਏ ਸਨ। ਉਹਨਾਂ ਇੱਕ ਛੱਪੜੀ ਲਾਗੇ ਕਰੀਰ ਦੀ ਛਾਵੇਂ ਡੇਰਾ ਕਰ ਲਿਆ। ਇਥੋਂ ਹੀ ਸਾਹਿਬ ਨੇ ਫਿਰ ਸਤਿਨਾਮ ਨਿਰੰਕਾਰ ਦਾ ਪ੍ਰਚਾਰ ਕਰ ਲੋਕਾਂ ਨੂੰ ਉਪਦੇਸ਼ ਕੀਤਾ। ਓਸੇ ਛੱਪੜੀ ਦੀ ਥਾਂ ਜਿੱਥੇ ਸਾਹਿਬ ਨੇ ਇਸ਼ਨਾਨ ਕੀਤਾ ਅੱਜ ਸਰੋਵਰ ਹੈ।

ਇਸ ਥਾਂ ਦੀ ਅਹਿਮੀਅਤ ਇਹ ਰਹੀ ਹੈ ਕਿ ਗੁਰੂ ਹਰਗੋਬਿੰਦ ਸਾਹਿਬ ਵੀ ਇਸ ਮਿੱਟੀ ਨੂੰ ਨਤਮਸਤਕ ਹੋਣ ਆਏ ਸਨ। ਗੁਰੂ ਸਾਹਿਬ ਦੇ ਘੋੜਿਆਂ ਵਾਸਤੇ ਜਦੋਂ ਖੂਹ ਤੋਂ ਪਾਣੀ ਲੈਣ ਲੱਗੇ ਤਾਂ ਸੋਂਡੀ ਦੇ ਹਿੰਦੂਆਂ ਨੇ ਵਿਰੋਧ ਕੀਤਾ। ਗੁਰੂ ਸਾਹਿਬ ਨੇ ਸਰਾਫ ਦਿੱਤਾ ਕਿ ਜੇ ਅਸੀ ਇਸ ਖੂਹ ਦਾ ਜਲ ਨਹੀ ਵਰਤ ਸਕਦੇ ਤਾਂ ਫਿਰ ਕੋਈ ਵੀ ਨਹੀ ਵਰਤ ਪਾਵੇਗਾ। ਛੇਤੀ ਹੀ ਪਿੰਡ ਬੇਅਬਾਦ ਹੋ ਗਿਆ। ਖੂਹ ਦਾ ਜਲ ਵੀ ਦੂਸ਼ਿਤ ਹੋ ਗਿਆ।

ਇਥੇ ਹੀ ਫਿਰ ਸਤਵੇ ਤੇ ਦਸਵੇ ਪਾਤਸ਼ਾਹ ਵੀ ਆਏ। ਹੀਰਾ ਸਿੰਘ ਦਸਵੇ ਸਾਹਿਬ ਦਾ ਸਿੱਖ ਸੀ ਜਿਸ ਨੇ ਇਹ ਪਿੰਡ ਗੁਰੂ ਸਾਹਿਬ ਦੀ ਬਖਸ਼ਸ਼ ਨਾਲ ਅਬਾਦ ਕੀਤਾ ਕਿਉਕਿ ਪਿੰਡ ਸੋਂਡੀ ਨੂੰ ਤਾਂ ਗੁਰੂ ਸਾਹਿਬ ਦਾ ਸਰਾਫ ਲੱਗਾ ਹੋਇਆ ਸੀ।

ਪੱਤੋ ਤੋਂ 20 ਕਿ. ਮੀ. ਪਿੰਡ ਭਗਤਾ ਭਾਈ ਕਾ ਹੈ। ਇਥੇ ਵੀ ਗੁਰੂ ਸਾਹਿਬ ਦੀ ਗੋਸ਼ਟੀ ਕਿਸੇ ਜੋਗੀ ਨਾਲ ਹੋਈ ਸੀ। ਜਿਸ ਕਰਕੇ ਇਹ ਇਲਾਕਾ ਵੀ ਗੁਰੂ ਦਾ ਸਿੱਖ ਬਣ ਗਿਆ। ਇਥੋਂ ਦਾ ਭਾਈ

ਗੁਰਦੁਆਰਾ ਸਾਹਿਬ ਪੱਤੋ ਹੀਰਾ ਸਿੰਘ। ਇਥੋਂ ਦੇ ਸੂਝਵਾਨ ਪ੍ਰਬੰਧਕਾਂ ਨੇ ਪੁਰਾਣੇ ਯਾਦਗਾਰੀ ਰੁੱਖ ਵੀ ਸਾਂਭੇ ਹੋਏ ਨੇ।

ਸੈਲੋ ਹੋਇਆ ਹੈ ਜਿਸ ਨੇ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਵੇਲੇ ਵੱਡੀ ਸੇਵਾ ਕੀਤੀ ਤੇ ਗੁਰੂ ਸਾਹਿਬ ਦੀ ਬਖਸ਼ਸ਼ ਦਾ ਪਾਤ੍ਰ ਬਣਿਆ। ਏਸੇ ਹੀ ਸੈਲੋ ਦਾ ਪੋਤਰਾ ਭਾਈ ਭਗਤਾ ਹੋਇਆ ਹੈ।

ਅਕੋਈ ਸਾਹਿਬ ਨੂੰ ਭਾਗ ਲਾਏ

ਪਹਿਲੀ ਉਦਾਸੀ ਤੋਂ ਪਰਤਦੇ ਵੇਲੇ ਸਾਹਿਬ ਇਸ ਪਿੰਡ ਵਿਚ ਪਧਾਰੇ ਜੋ ਅੱਜ ਲੁਧਿਆਣਾ-ਸੰਗਰੂਰ ਸੜਕ ਤੇ ਹੈ। ਗੁਰੂ ਹਰਗੋਬਿੰਦ ਸਾਹਿਬ ਨੇ ਇਹ ਅਸਥਾਨ ਪ੍ਰਗਟ ਕੀਤਾ ਸੀ।

ਕਿਹਾ ਜਾਂਦਾ ਹੈ ਕਿ ਅਕੋਈ ਸਾਹਿਬ ਤੋਂ ਗੁਰੂ ਸਾਹਿਬ ਜਨੇਰ ਦੇ ਥੇਹ ਤੇ ਵੀ ਬਿਰਾਜੇ ਸਨ ਜਿਥੇ ਅਜਕਲ ਮਸਤੂਆਣਾ ਸਾਹਿਬ ਮੌਜੂਦ ਹੈ। ਅੱਜ ਕਲ੍ਹ ਕਈ ਲੋਕ ਇਹ ਵੀ ਕਹਿ ਰਹੇ ਨੇ ਕਿ ਭੂਮੀਏ ਚੋਰ ਵਾਲੀ ਘਟਨਾ ਇਥੇ ਵਾਪਰੀ ਸੀ। ਇਹ ਦਾਵਾ ਗਲਤ ਹੈ। (ਵੇਖੋ ਸਫਾ 134)

ਦੌਧਰ ਸਾਹਿਬ ਮੋਗਾ

ਇਥੇ ਵੀ ਗੁਰੂ ਸਾਹਿਬ ਦਾ ਆਉਣਾ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਪ੍ਰਗਟ ਕੀਤਾ ਸੀ। ਬਾਦ ਦਸਵੇਂ ਪਾਤਸ਼ਾਹ ਵੀ ਚਰਨ ਪਾਏ ਸਨ।

ਈਸਰਹੇਲ ਦਾ ਥੇਹ

ਨਵੰਬਰ/ਦਸੰਬਰ 1518 ਈ ਨੂੰ ਜਦੋਂ ਸਾਹਿਬ ਕੁਲਖੇਤਰ ਗਏ ਤਾਂ ਅੰਦਾਜ਼ਾ ਹੀ ਇਸ ਪਿੰਡ ਦੇ ਥੇਹ ਤੇ ਜੋਗੀਆਂ ਦੇ ਮੱਠ ਤੇ ਉਹਨਾਂ ਕੁਝ ਸਮਾਂ ਗੁਜਾਰਿਆ ਸੀ। ਇਹ ਪਿੰਡ ਚੰਡੀਗੜ੍ਹ-ਸਰਹੰਦ ਸੜਕ ਤੇ ਵਾਕਿਆ ਹੈ। ਸ੍ਰੀ ਗੁਰੂ ਤੇਗ ਬਹਾਦਰ ਨੇ ਵੀ



ਦੌਧਰ ਸਾਹਿਬ

ਅਕੋਈ ਸਾਹਿਬ

ਇਸ ਅਸਥਾਨ ਤੇ ਆਪਣੇ ਚਰਨ ਪਾਏ ਸਨ।

ਥੜਾ ਸਾਹਿਬ ਨਾਨਕ ਪੁਰ ਜਗੇੜਾ

ਲੁਧਿਆਣਾ-ਮਾਲੇਰਕੋਟਲਾ ਮਾਰਗ ਤੇ ਸਥਿਤ ਪਿੰਡ ਝਿੰਗੜ ਜਗ੍ਹੇੜਾ ਅੱਜ ਨਾਨਕਪੁਰ ਜਗੇੜਾ ਬਣ ਗਇਆ ਹੈ ਗੁਰੂ ਨਾਨਕ ਸਾਹਿਬ ਦੀ ਚਰਨ ਛੋਹ ਪ੍ਰਾਪਤ ਕਰਕੇ। ਇਥੇ ਵੀ ਛੇਵੇਂ ਪਾਤਸ਼ਾਹ ਨੇ ਵੀ ਚਰਨ ਪਾਏ ਸਨ।

ਨਾਨਕਸਰ ਸੁਨਾਮ

ਪਿੰਡ ਨਿਵਾਸੀਆਂ ਅਨੁਸਾਰ ਗੁਰੂ ਸਾਹਿਬ ਇਥੇ ਪਾਤੜਾਂ - ਮੂਣਕ ਵਾਲੇ ਪਾਸਿਓਂ ਆਏ ਸਨ। ਸ਼ਾਨਦਾਰ ਯਾਦਗਾਰ ਸ਼ਸ਼ੋਭਿੱਤ ਹੈ।

ਗਹਿਲਾਂ ਸੰਗਰੂਰ

ਪਿੰਡ ਮਨਸੂਰ ਪੁਰ (ਛੀਟਾਂਵਾਲੀ) ਤੋਂ ਗੁਰੂ ਸਾਹਿਬ ਇਥੇ ਪਧਾਰੇ ਸਨ ਅਤੇ ਅੱਗੇ ਪਿੰਡ ਭਲਵਾਨ ਵਲ ਨੂੰ ਨਿਕਲ ਗਏ ਸਨ।

ਕਮਾਲਪੁਰ (ਸੰਗਰੂਰ)

ਪਹਿਲੀ ਉਦਾਸੀ ਤੋਂ ਪਰਤਦਿਆਂ ਜੀਂਦ ਵਲੋਂ ਆਉਂਦਿਆਂ ਇਸ ਪਿੰਡ ਵਿਚ ਪਧਾਰੇ ਸਨ। (ਵੇਖੋ ਸਫਾ 191 ਜੀਂਦ, ਭਾਗਲ, ਚੀਕਾ, ਖਰੌਂਦੀ) ਇਹ ਅਸਥਾਨ ਵੀ ਗੁਰੂ ਹਰਗੋਬਿੰਦ ਸਾਹਿਬ ਨੇ ਉਜਾਗਰ ਕੀਤਾ ਸੀ।

ਤਲਵੰਡੀ ਸਾਬੋ

ਵਿਖੇ ਸਿੱਖੀ ਦਾ ਬੂਟਾ ਖੁਦ ਬਾਨੀ ਗੁਰੂ ਨੇ ਹੀ ਲਾਇਆ ਸੀ। ਗੁ. ਨਾਨਕਸਰ ਤਲਵੰਡੀ ਸਾਬੋ।

ਕਾਂਝਲਾ (ਸੰਗਰੂਰ)

ਝਿੜਾ ਸਾਹਿਬ ਕਾਂਝਲਾ ਵਿਖੇ ਗੁਰੂ ਸਾਹਿਬ ਨੇ ਪਹਿਲੀ ਉਦਾਸੀ ਤੋਂ ਪਰਤਦਿਆਂ ਚਰਨ ਪਾਏ।

—▲—

ਨਾਨਕਸਰ ਤਲਵੰਡੀ ਸਾਬੋ

ਕਾਂਝਲਾ

ਪੈੜ ਸਫਾ

● ਗੁਰਧਾਮ ਦੀਦਾਰ- 150, ਪਪ -69

ਖਾਲੜੇ -ਅੰਮੀਸ਼ਾਹ ਵਿਖੇ ਰਵਾਇਤ ਹੈ ਕਿ ਗੁਰੂ ਸਾਹਿਬ ਸੰ. 1586 ਬਿ (1529 ਈ.) ਨੂੰ ਇਥੇ ਪਧਾਰੇ ਸਨ। ਪ੍ਰੰਪਰਾ ਇਹ ਵੀ ਕਹਿੰਦੀ ਹੈ ਕਿ ਇਸ ਤੋਂ ਬਾਦ ਗੁਰੂ ਸਾਹਿਬ ਮੱਕੇ ਦੇ ਹੱਜ ਤੇ ਗਏ ਸਨ।

ਧਿਆਨ ਰਹੇ ਕਸਬਾ ਖਾਲੜਾ ਸੁਲਤਾਨਪੁਰ ਲੋਧੀ- ਲਹੌਰ ਦੇ ਰਾਹ ਵਿਚ ਪੈਂਦਾ ਹੈ। ਹੋ ਸਕਦਾ ਗੁਰੂ ਸਾਹਿਬ ਕਦੀ ਇਸ ਰੂਟ ਤੇ ਚਲਦੇ ਹੋਏ ਇਥੇ ਪਧਾਰੇ ਹੋਣ। ਖੋਜ ਦਾ ਮਜਮੂਨ ਹੈ।

◘ ਗੁਰਧਾਮ ਦੀਦਾਰ-152, ਪਪ-77ਪ

*ਸ਼ਬਦ ਸ਼ੁਧ ਪੰਜਾਬੀ ਵਿੱਚ ਹੈ। ਇਸ ਕਰਕੇ ਉਹ ਲਿਖਾਰੀ ਗਲਤ ਹਨ ਜਿਹੜੇ ਕਹਿੰਦੇ ਕਿ ਇਹ ਗੁਜਰਾਤ ਵਿੱਚ ਰਚਿਆ ਗਇਆ ਸੀ।

ਫਦੀਹਤਿ -ਰੀਦਗੀ (ਜੈਨੀ ਆਪਣੇ ਮਲ ਨੂੰ ਦਬਾਉਣ ਤੋਂ ਪਹਿਲਾਂ ਨਿਸਚੇ ਕਰਦੇ ਸਨ ਕਿ ਉਸ ਵਿੱਚ ਕੋਈ ਜੀਵ ਨਾ ਮਾਰਿਆ ਜਾਏ)

✚ਸਾਈਕਲ ਯਾਤਰੀ-238-261, ⊙ ਸਾਈਕਲ ਯਾਤਰੀ-238-261

ਬਾਬ-61ਓ

ਚੌਥੀ ਉਦਾਸੀ

ਭਾਗ :1–ਮੱਕੇ ਵਲ

ਫਰਵਰੀ 1531 ਨੂੰ ਹੱਜ ਲਈ ਰਵਾਨਾ। ਹੱਜ ਦੀ ਤਾਰੀਖ 23 ਜੁਲਾਈ 1531 ◈

ਜਨਮਸਾਖੀਆਂ ਵਿਚ ਆਇਆ ਹੈ ਕਿ ਬਗਦਾਦ ਵਿਖੇ ਗੁਰੂ ਸਾਹਿਬ ਇਮਾਮ ਸ਼ੇਖ ਸਰਫ ਨੂੰ ਮਿਲੇ। ਭਾਈ ਮਰਦਾਨੇ ਦਾ ਚਲਾਣਾ ਵੀ ਚੌਥੀ ਉਦਾਸੀ ਤੋਂ ਪਰਤਦਿਆਂ ਹੀ ਹੋਇਆ। ਦੂਸਰੇ ਪਾਸੇ ਬਗਦਾਦ ਦੇ ਇਤਹਾਸ ਤੋਂ ਪਤਾ ਲਗਦਾ ਹੈ ਕਿ ਇਮਾਮ ਸ਼ਰਫ ਅਲ ਦੀਨ ਦਾ ਰਾਜ-ਕਾਲ 1529-32 ਈ ਹੈ। ਜਿਸ ਤੋਂ ਸਾਬਤ ਹੁੰਦਾ ਹੈ ਕਿ ਗੁਰੂ ਸਾਹਿਬ '29 ਤੋਂ '32 ਦਰਮਿਆਨ ਕਿਸੇ ਸਮੇਂ ਬਗਦਾਦ ਵਿਚ ਸਨ। ਫਿਰ ਦੂਸਰੇ ਪਾਸੇ ਇਹ ਸਾਬਤ ਹੁੰਦਾ ਹੈ ਕਿ ਸਾਹਿਬ ਆਖੀਰ ਅਗਸਤ 1531 ਨੂੰ ਮਦੀਨਾ ਵਿਖੇ ਸਨ। ਇਹਦਾ ਮਤਲਬ ਉਹਨਾਂ 23 ਜੁਲਾਈ 1531 ਨੂੰ ਹੱਜ ਕੀਤਾ। ਬਦਕਿਸਮਤੀ ਨਾਲ ਪਿਛਲੇ ਸੌ ਸਾਲਾਂ ਵਿਚ ਸਾਰੇ ਦੇ ਸਾਰੇ ਸਿੱਖ ਇਤਹਾਸਕਾਰਾਂ◈ ਨੇ ਮੱਕੇ ਦਾ ਹੱਜ 1518-1520 ਦੌਰਾਨ ਦਾ ਲਿਖਿਆ ਹੈ ਬਾਵਜੂਦ ਇਸ ਦੇ ਪੰਜਾ ਸਾਹਿਬ ਦੇ ਇਤਹਾਸ ਵਿਚ ਦਰਜ ਹੈ ਸਾਹਿਬ ਇਥੇ 1520 ਵਿਚ ਆਏ। ਜਨਮਸਾਖੀਆਂ ਆਇਆ ਹੈ ਸਾਹਿਬ ਟਿੱਲਾ ਜੋਗੀਆਂ ਸੈਦਪੁਰ ਦੇ ਕਤਲੇਆਮ ਭਾਵ 1520 ਤੋਂ ਬਾਦ ਗਏ। ਅਤੇ ਪੰਜਾ ਸਾਹਿਬ ਅਤੇ ਟਿੱਲਾ ਜੋਗੀਆਂ (ਪੋਠੋਹਾਰ) ਦੀਆਂ ਫੇਰੀਆਂ ਮੌਕੇ ਮਰਦਾਨਾ ਹਾਜਰ ਸੀ। ਸੋ ਇਹ ਕਹਿਣਾ ਸਰਾਸਰ ਗਲਤ ਹੈ ਕਿ ਗੁਰੂ ਸਾਹਿਬ ਨੇ ਚੌਥੀ ਉਦਾਸੀ 1518-20 ਈ. ਕੀਤੀ ਹੈ।

ਹੱਜ ਦਾ ਵੀਚਾਰ – ਜਦੋਂ ਗੁਰੂ ਸਾਹਿਬ ਟਿੱਲਾ ਜੋਗੀਆਂ ਤੋਂ ਆ ਰਹੇ ਸਨ ਤਾਂ ਰਸਤੇ ਵਿੱਚ ਪਿੰਡ ਦਾਦਨ ਖਾਂ ਰੁਕੇ ਸਨ ਤਾਂ ਜਿੱਥੇ ਗੁਰੂ ਸਾਹਿਬ ਨੇ ਵਿਸ਼ਰਾਮ ਕੀਤਾ ਓਥੇ ਹੀ ਹਾਜੀਆਂ ਦਾ ਇੱਕ ਜਥਾ ਠਹਿਰਿਆ ਹੋਇਆ ਸੀ। ਓਨਾਂ ਨੂੰ ਵੇਖ ਮਰਦਾਨਾ ਕਹਿਣ ਲੱਗਾ ਬਾਬਾ ਜੀ ਸਾਰਾ ਆਲਾ ਬੰਗਾਲਾ ਘੁੰਮ ਲਿਆ ਮੱਕਾ ਵੀ ਵੇਖ ਹੀ ਆਈਏ।

ਇਸ ਤੋਂ ਪਹਿਲਾਂ ਵੀ ਇੱਕ ਵੇਰਾਂ ਮਰਦਾਨੇ ਨੇ ਗੁਰੂ ਸਾਹਿਬ ਨੂੰ ਗੁਜਾਰਿਸ਼ ਕੀਤੀ ਸੀ ਜਦੋਂ ਇਹ ਸਿੰਗਲਾਦੀਪ ਦੀ ਯਾਤਰਾ ਕਰਕੇ ਪਰਤ ਰਹੇ ਸਨ ਤਾਂ ਬਿਦਰ ਸ਼ਹਿਰ ਵਿੱਚ ਇਨਾਂ ਨੂੰ ਇੱਕ ਹਾਜੀਆਂ ਦਾ ਜਥਾ ਮਿਲਿਆ ਸੀ। ਮਰਦਾਨੇ ਨੂੰ ਕੋਈ ਮਜ਼ਬੀ ਸ਼ਰਧਾ ਤਾਂ ਨਹੀ ਸੀ। ਉਹ ਸੋਚਦਾ ਸੀ ਕਿ ਸਾਡੇ ਵਾਸਤੇ ਮੱਕੇ ਜਾਣਾ ਕਿਹੜਾ ਮੁਸ਼ਕਲ ਹੈ। ਉਹ ਇਨੂੰ 'ਸੈਲ' ਦੇ ਤੌਰ ਤੇ ਲੈਂਦਾ ਸੀ। ਕਹਿਣ ਲੱਗਾ, "ਤੁਰਕ ਬਹੁਤ ਤਾਰੀਫ ਕਰਦੇ ਹਨ, ਮੱਕਾ ਵੀ ਭੋਰਾ ਦੇਖ ਹੀ ਆਈਏ।" ਦੂਰ ਦੁਰਾਡੇ ਜਾਣਾ ਗੁਰੂ ਸਾਹਿਬ ਵਾਸਤੇ ਤਾਂ ਮਿਸ਼ਨ ਸੀ।

ਗੁਰੂ ਸਾਹਿਬ ਨੇ ਮਰਦਾਨੇ ਨੂੰ ਭਰੋਸਾ ਦਿੱਤਾ ਸੀ ਕਿ ਹੌਸਲਾ ਰੱਖੋ ਅਸੀ ਤੈਨੂੰ ਮੱਕਾ ਵੀ ਜਰੂਰ ਦਿਖਾਵਾਂਗੇ।

1530ਈ. ਜਾਂ 31 ਦੇ ਅਰੰਭ ਦੀ ਗਲ ਹੈ। ਗੁਰੂ ਸਾਹਿਬ ਕਰਤਾਰਪੁਰ ਬਿਰਾਜਮਾਨ ਸਨ। ਗੱਲਾਂ ਬਾਤਾਂ 'ਚ ਕਿਤੇ ਜਿਕਰ ਆਇਆ ਕਿ ਕੁਝ ਮੁਸਲਮਾਨ ਧਰਮੀ ਬੰਦੇ ਹੱਜ ਤੇ ਜਾਣ ਦੀਆਂ ਤਿਆਰੀਆਂ ਕਰ ਰਹੇ ਸਨ। ਓਧਰ ਪੰਜਾਬ ਵੀ ਲੱਗ ਪੱਗ ਸਾਰਾ ਗੁਰੂ ਸਾਹਿਬ ਨੇ ਗਾਹ ਦਿੱਤਾ ਹੋਇਆ ਸੀ। ਕਾਫੀ ਸਮੇਂ ਤੋਂ ਕੋਈ ਲੰਮੀ ਉਦਾਸੀ ਵੀ ਨਹੀ ਸੀ ਕੀਤੀ। ਸੋ ਗੁਰੂ ਸਾਹਿਬ ਨੇ ਮੱਕੇ ਜਾਣ ਦਾ ਵੀ ਮੰਨ ਬਣਾ ਲਿਆ।

ਸਾਹਿਬ ਦਾ ਪਹਿਰਾਵਾ

ਮੱਕੇ ਦੀ ਉਦਾਸੀ ਨੂੰ ਜਦੋ ਗੁਰੂ ਸਾਹਿਬ ਰਵਾਨਾ ਹੋਏ ਤਾਂ ਇੱਕ ਜੋੜਾ ਨੀਲੇ ਰੰਗ ਦੇ ਬਸਤਰਾਂ ਦਾ ਸਵਾਇਆ। ਜਿਵੇ ਓਹਨੀ ਦਿਨੀ ਰਵਾਜ ਹੁੰਦਾ ਸੀ, ਇੱਕ ਸੁੱਥਣ (ਸਲਵਾਰ) ਚੰਮ ਦੀ ਸਵਾਈ। ਪੈਰਾਂ ਵਿੱਚ ਕਉਸ (ਖੁੱਸਾ ਭਾਵ ਦੇਸੀ ਜੁੱਤੀ) ਗੱਲ ਵਿੱਚ ਹੱਡੀਆਂ ਦੀ ਮਾਲਾ ਪਾ ਲਈ। ਮੱਥੇ ਤੇ ਬਿੰਦੀ ਦਾ ਟਿੱਕਾ ਬਣਾ ਲਿਆ।

ਭਾਈ ਗੁਰਦਾਸ ਅਨੁਸਾਰ ਬਾਬੇ ਦਾ ਪਹਿਰਾਵਾ ਸੀ: ਨੀਲੇ ਕਪੜੇ, ਕੱਛ ਵਿੱਚ ਕਿਤਾਬ, ਹੱਥ ਵਿੱਚ ਡੰਡਾ, ਰੀਗਾਸਾਗਰ ਭਾਵ ਹੱਥੇ ਵਾਲੀ ਗੜਵੀ ਉਤੇ ਮੁਸੱਲਾ ਭਾਵ ਨਮਾਜ ਪੜ੍ਹਨ ਵੇਲੇ ਦਾ ਵਿਛਾਉਣਾ।

ਬਾਬਾ ਫਿਰ ਮੱਕੇ ਗਯਾ, ਨੀਲ ਬਸਤ੍ਰ ਧਾਰੇ ਬਨਵਾਰੀ॥
ਆਸਾ ਹੱਥ, ਕਿਤਾਬ ਕੱਛ, ਕੂਜਾ, ਬਾਂਗ ਮੁਸੱਲਾ ਧਾਰੀ॥

ਪੈਰ ਸਫਾ

◈ 1.ਖਜ਼ਾਨ ਸਿੰਘ (ਹਿਸਟਰੀ ਔਫ ਸਿੱਖ ਰਿਲੀਜਨ, 1914, ਸਫਾ-101) - ਹੱਜ 1518, 2.ਕਿਰਪਾਲ ਉਂਜ ਹੱਜ ਦੀ ਤਾਰੀਖ ਦੇਣ ਵੇਲੇ ਚੁੱਪ ਹੋ ਜਾਂਦਾ ਹੈ।(ਸਫਾ-125) ਪਰ ਅੱਗੇ ਜਾ ਕੇ ਬਗਦਾਦ ਵਾਲੇ ਸਿਲਲੇਖ ਦਾ ਗਲਤ ਉਲਥਾ ਕਰਕੇ ਸਾਲ 1520 ਹੀ ਦੇ ਜਾਂਦਾ ਹੈ।(ਸਫਾ-132)। 3.ਡਾ. ਤਰਲੋਚਨ ਸਿੰਘ {Guru Nanak: founder of Sikhism: a biography (online edition) 1517 ਤੋਂ ਬਾਦ। 4.ਕੋਹਲੀ-- 1517,ਸਾਹਿਬ ਸਿੰਘ (ਸ੍ਰੀ ਗੁਰੂ ਨਾਨਕ ਦੇਵ ਜੀ ਸਫਾ-150) ਹੱਜ 11-12-1518, ਗਿਆਨੀ- 1522

• ਸੋਢੀ-449 (ਪੁਰਾਤਨ -ਭੀ) ਸਾਹਿਬ ਮੱਕੇ ਨੂੰ ਜਾਂਦੇ ਹੋਏ ਮੁਲਤਾਨ ਥਾਂਣੀ ਗਏ। ਇਸ ਕਰਕੇ ਮੁਲਤਾਨ ਦੀਆਂ ਸਾਖੀਆਂ ਦਾ ਸਬੰਧ ਮੱਕੇ ਵਾਲੀ ਉਦਾਸੀ ਨਾਲ ਬਣਦਾ ਹੈ। ਮੱਕੇ ਮਦੀਨੇ ਦੀ ਗੋਸ਼ਟ ਅਨੁਸਾਰ ਵੀ ਗੁਰੂ ਸਾਹਿਬ ਸਮੁੰਦਰ ਰਸਤੇ ਮੱਕੇ ਗਏ ਸਨ।

MAP OF ASIAN HAJJ ROUTES:Academy of Islamic Studies, University Malaya, 50603 Kuala Lumpur, Malaysia

ਹੱਜ ਦੇ ਪੁਰਾਣੇ ਰੂਟ। ਵਿਦਵਾਨਾਂ ਦਾ ਕਹਿਣਾ ਹੈ ਕਿ ਪੁਰਾਣੇ ਰੇਸ਼ਮ ਮਾਰਗ ਹੀ ਬਾਦ ਵਿਚ ਹੱਜ ਦੇ ਰਸਤੇ ਬਣੇ।

https://pdfs.semanticscholar.org/

ਰਵਾਨਾ ਕਰਤਾਰਪੁਰ ਤੋਂ ਹੋਏ

ਗੁਰੂ ਸਾਹਿਬ ਦੇ ਹੱਜ ਮੌਕੇ ਲਹੌਰ ਤੋਂ ਹੱਜ ਦਾ ਇਕ ਹੀ ਰਸਤਾ ਬਚਿਆ ਸੀ: ਉਹ ਸੀ ਸਮੁੰਦਰ ਰਸਤੇ ਜਾਣਾ। ◆ ਹਾਲਾਂ ਮਜ਼ਬੂਤੀ ਪੱਖ ਤੋਂ ਪੈਦਲ ਜਾਣਾ ਜਿਆਦਾ ਚੰਗਾ ਗਿਣਿਆ ਜਾਂਦਾ ਹੈ। ਪਰ ਪੈਦਲ ਰਸਤੇ ਫਾਰਸ (ਈਰਾਨ/ਇਰਾਕ) ਥਾਂਣੀ ਹੋ ਕੇ ਜਾਣਾ ਪੈਂਦਾ ਸੀ ਅਤੇ ਦਿੱਕਤ ਇਹ ਸੀ ਕਿ ਪਰਸ਼ੀਆ (ਫਾਰਸ) ਦੀ ਸਫਵੀ ਸਲਤਨਤ ਦਾ ਅਰਬ ਦੀ ਉਸਮਾਨੀਆ ਸਲਤਨਤ ਨਾਲ ਇੱਟ ਕੁੱਤੇ ਦਾ ਵੈਰ ਸੀ। ਸਫਵੀ ਹਕੂਮਤ ਹਾਜੀਆਂ ਨੂੰ ਵੀ ਤੰਗ ਕਰਦੀ ਸੀ। ਜਿਸ ਕਰਕੇ ਪੰਜਾਬੀ ਹਾਜੀ ਲਾਹੌਰੋਂ ਕਰਾਚੀ ਵਲ ਜਾਂਦੇ ਤੇ ਓਥੋਂ ਹੀ ਬੇੜਾ ਲੈ ਲੈਂਦੇ ਸਨ। ਜੇ ਖੁਸ਼ਕ ਰਸਤੇ ਜਾਣ ਤਾਂ ਉਹਨਾਂ ਨੂੰ ਅਫਗਾਨਿਸਤਾਨ ਅਤੇ ਈਰਾਨ ਲੰਘ ਕੇ ਫਾਰਸ ਦੀ ਖਾੜੀ ਤੋਂ ਪਰੇ ਪਰੇ ਬਸਰੇ ਥਾਂਣੀ ਜਾਣਾ ਪੈਂਦਾ ਸੀ। ਇਹ ਰਸਤਾ ਵੀ ਬਹੁਤ ਲੰਮਾ ਪੈ ਜਾਂਦਾ ਸੀ। ਪਰ ਫਿਰ ਵੀ ਹਾਜੀ ਇਸ ਰਸਤੇ ਵੀ ਜਾਂਦੇ ਹੁੰਦੇ ਸਨ।

ਹੱਜ 8,9,10 ਤਾਰੀਖ ਜੂ-ਅਲ-ਹਿੱਜਾ ਨੂੰ ਕੀਤਾ ਜਾਂਦਾ ਹੈ। ਇਸ ਮੁਤਾਬਿਕ ਅੰਗਰੇਜੀ ਤਰੀਕਾਂ:-◉	
ਹਿਜਰੀ	ਅੰਗਰੇਜੀ
8-12-933	5-9-1527
8-12-34	24-8-1528
8-12-935	13-8-1529
8-12-936	3-8-1530
8-12-937	23-7-1531
8-12-938	12-7-1532
8-12-939	1-7-1533
8-12-940	20-6-1534

ਸੋ ਗੁਰੂ ਸਾਹਿਬ ਨੇ ਵੀ ਬਾਕੀ ਹਾਜੀਆਂ ਵਾਙੂ ਸਮੁੰਦਰੀ ਰਸਤਾ ਹੀ ਚੁਣਿਆ।

23 ਜੁਲਾਈ 1531 ਨੂੰ ਗੁਰੂ ਸਾਹਿਬ ਨੇ ਹੱਜ ਕੀਤਾ+

ਇਹ ਗਲ ਸਾਬਤ ਹੁੰਦੀ ਹੈ ਕਿ ਗੁਰੂ ਸਾਹਿਬ ਅਗਸਤ 1531 ਦੇ ਆਖਰੀ ਹਫਤੇ ਮਦੀਨੇ ਵਿਚ ਸਨ। ਜਿਸ ਦਾ ਮਤਲਬ ਹੈ ਕਿ ਸਾਹਿਬ ਨੇ 1531 ਵਿਚ ਹੱਜ ਕੀਤਾ। +

ਇਸ ਸਾਲ ਹੱਜ 23 ਜੁਲਾਈ ਤੋਂ 25 ਜੁਲਾਈ ਵਿਚ ਸੀ। ਕਿਉਕਿ ਇਹ ਸਭ ਨੂੰ ਪਤਾ ਹੈ ਕਿ ਹੱਜ ਹਿਜਰੀ ਮਹੀਨਾ 'ਜੂ ਅਲ ਹਿੱਜਾ' ਦੀ 8,9 ਅਤੇ 10 ਤਾਰੀਕ ਨੂੰ ਹੁੰਦਾ ਹੈ। ਦੂਸਰੇ ਪਾਸੇ ਅੱਜ ਕੰਨਵਰਟਰ ਮਿਲਦੇ ਹਨ ◈ ਜਿੰਨਾਂ ਮੁਤਾਬਿਕ ਇਹ ਤਾਰੀਕ 23 ਜੁਲਾਈ 1531 ਬੈਠਦੀ ਹੈ।

ਲਾਹੌਰੋਂ ਗੁਰੂ ਸਾਹਿਬ ਮੁਲਤਾਨ ਨੂੰ ਰਾਵੀ ਦੇ ਨਾਲ ਨਾਲ ਜਾਂਦੀ ਸੜ੍ਹਕ ਥਾਂਣੀ ਰਵਾਨਾ ਹੋਏ। ਕੋਈ ਕਹਿ ਸਕਦਾ ਹੈ ਕਿ ਸਾਹਿਬ ਨੇ ਦਰਿਆ ਵਿੱਚ ਪੈਂਦੀ ਬੇੜੀ ਵੀ ਵਰਤੀ ਹੋਵੇ ਜਿਹੜੀਆਂ ਅਕਸਰ ਲਹੌਰ ਤੋਂ ਵਪਾਰਕ ਸਮਾਨ ਲੈ ਮੁਲਤਾਨ ਨੂੰ ਜਾਇਆ ਆਇਆ ਕਰਦੀਆਂ ਸਨ। ਪਰ ਅਜਿਹਾ ਨਹੀ ਲਗਦਾ ਕਿਉਕਿ ਹਰ 25-30 ਕਿ. ਮੀ. ਤੇ ਗੁਰੂ ਸਾਹਿਬ ਦੇ ਰਾਤ ਰੁੱਕਣ ਦੇ ਪੜਾਵਾਂ ਦੇ ਤੌਰ ਤੇ ਇਤਹਾਸਿਕ ਗੁਰਦੁਆਰੇ ਮੌਜੂਦ ਰਹੇ ਨੇ। ਥਾਂ ਥਾਂ ਮਿਲਦੇ ਗੁਰੂ ਸਾਹਿਬ ਦੇ ਪੜਾਵਾਂ ਦਾ ਮਿਲਣਾ ਇਹ ਵੀ ਦੱਸਦਾ ਹੈ ਕਿ ਗੁਰੂ ਸਾਹਿਬ ਕਾਹਲੀ ਨਾਲ ਸਫਰ ਨਹੀ ਸਨ ਕਰ ਰਹੇ। ਇਸ ਉਦਾਸੀ ਮੌਕੇ ਉਹਨਾਂ ਪੱਛਮੀ ਪੰਜਾਬ (ਸਾਰਾਇਕੀ) ਅਤੇ ਸਿੰਧ ਬਹੁਤ ਸਾਰੇ ਪਿੰਡ ਸ਼ਹਿਰ ਗਾਹੇ ਸਨ। ਲਹੌਰ ਤੋਂ ਚਲਕੇ ਰਾਵੀ ਦੇ ਨਾਲ ਨਾਲ ਮਾਂਗਾ, ਭਾਈ ਫੇਰੂ, ਭਰਨਾਵਾਂ ਹੋਲਾਂ ਸਾਹਿਬ, ਅਲੱਪਾ, ਸਤਘੱਰਾ ਅਤੇ ਕਈ ਹੋਰ ਰੂਟ ਤੋਂ ਹਟਵੇ ਸਥਾਨਾਂ ਤੇ ਹੁੰਦੇ ਹੋਏ ਜਾਣਾ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਬੇੜੀ ਤੇ ਨਹੀ, ਗੁਰੂ ਸਾਹਿਬ ਪੈਦਲ ਹੀ ਘੁੰਮਦੇ

ਪੈਰ ਸਫਾ

◈ Source for dates conversion:
https://www.islamicity.org/hijri-gregorian-converter/index.php?address=undefined

ਗੁਰੂ ਸਾਹਿਬ ਦੇ ਜਮਾਨੇ ਵਿਚ ਹੱਜ ■

ਕਿੰਨਾਂ ਵਕਤ ਲੱਗਦਾ ਸੀ ਹੱਜ ਵਿਚ– ਪੁਰਾਣੇ ਜਮਾਨਿਆਂ ਲੰਮੀ ਯਾਤਰਾਵਾਂ ਦੀ ਦੂਰੀ ਇਕਾਈ ਯੋਜਨ ਜਾਂ ਜੋਜਨ ਹੁੰਦੀ ਸੀ। ਇਸ ਦਾ ਮਤਲਬ ਕਿ ਇੱਕ ਦਿਨ ਵਿੱਚ ਪੈਦਲ ਫੌਜ ਕਿੰਨਾ ਸਫਰ ਕਰ ਸਕਦੀ ਹੈ। ਧਿਆਨ ਰਹੇ ਰਾਤ ਅਰਾਮ ਤੋਂ ਇਲਾਵਾ ਇੰਨਾਂ ਨੇ ਤੰਬੂ ਵੀ ਗੱਡਣੇ ਹੁੰਦੇ, ਖਾਣਾ ਬਣਾਉਣਾ ਤੇ ਖਾਣਾ ਹੀ ਹੁੰਦਾ ਸੀ।

ਕਈ ਸਰੋਤਾਂ ਨੇ ਇਹ ਦੂਰੀ 15 ਕਿ. ਮੀ. ਲਿਖੀ ਹੈ ਤੇ ਕਿਸੇ ਨੇ 12 ਕਿ. ਮੀ, ਕਿਤੇ 8 ਕਿ. ਮੀ। ਮਹਾਨ ਕੋਸ਼ ਅਨੁਸਾਰ ਜੋਜਨ ਦੂਰੀ 4 ਕੋਹਾਂ ਬਰਾਬਰ ਸੀ। ਕੋਹ= 4000 ਗਜ ਜਾਂ ਸਵਾ ਦੋ ਮੀਲ।ਇਸ ਪ੍ਰਕਾਰ ਜੋਜਨ 15 ਕਿ.ਮੀ ਦੇ ਬਰਾਬਰ ਹੋਇਆ। ਯਾਦ ਰਹੇ ਇਹ ਫੌਜ ਜਾਂ ਜੱਥੇ ਦੀ ਇੱਕ ਦਿਨ ਦੀ ਦੂਰੀ ਹੈ। ਸ਼ੇਰ ਸ਼ਾਹ ਸੂਰੀ ਨੇ ਜੀ ਟੀ ਰੋਡ ਤੇ ਜਿਹੜੇ ਕੋਹ ਮਿਨਾਰ ਬਣਾਏ ਹੋਏ ਨੇ ਉਹ 4000 ਗਜ ਦੀ ਦੂਰੀ ਤੇ ਹਨ।

ਪਰ ਹਾਜੀ ਲੋਕ ਅਮੂਮਨ ਆਪਣੇ ਨਾਲ ਸੁੱਕਾ ਖਾਣਾ ਲੈ ਹੀ ਚਲਦੇ ਸਨ। ਇਨਾਂ ਤੇ ਫੌਜੀਆਂ ਵਾਂਙੂ ਕੋਈ ਬੰਦੋਗਿਰੀ ਨਹੀ ਸੀ ਹੁੰਦੀ। ਇਨਾਂ ਵਿੱਚ ਮਜ਼ਬੂਬੀ ਉਤਸ਼ਾਹ ਹੁੰਦਾ ਤੇ ਮੌਤ ਦਾ ਭੈਅ ਲਹਿ ਚੁੱਕਾ ਹੁੰਦਾ ਸੀ। ਕਿਉਕਿ ਅਨੇਕਾਂ ਲੋਕ ਹੱਜ ਦੌਰਾਨ ਬੀਮਾਰੀਆਂ ਖਾਸ ਕਰਕੇ ਹੈਜੇ ਆਦਿ ਨਾਲ ਮਰ ਜਾਂਦੇ ਸਨ। ਇਨਾਂ ਹਾਲਾਤਾਂ ਵਿੱਚ ਮੰਨ ਕੇ ਚਲਣਾ ਪਵੇਗਾ ਕਿ ਪੈਦਲ ਹਾਜੀ ਕੋਈ 20 ਕਿ. ਮੀ ਦਾ ਸਫਰ ਨਿਪਟਾ ਲੈਂਦਾ ਸੀ। ਘੋੜੇ ਅਤੇ ਦਰਿਆਈ ਬੇੜੀ ਰਾਂਹੀ ਸਫਰ ਕਰਨ 'ਚ ਵਕਤ ਘੱਟ ਲੱਗਦਾ ਸੀ। ਲਹੌਰ ਤੋਂ ਉੱਜ ਵੀ ਬੇੜੀ ਨੇ ਦਰਿਆਈ ਵਹਾਅ ਨਾਲ ਚਲਣਾ ਹੁੰਦਾ ਸੀ। ਸੋ ਸਧਾਰਨ ਹਾਜੀ ਪੈਦਲ ਯਾਤਰਾ ਹੀ ਕਰਦੇ ਸਨ। ਇਸ ਯਾਤਰਾ ਦੀ ਤਿਆਰੀ ਉਹ ਕਈ ਸਾਲ ਪਹਿਲਾਂ ਹੀ ਕਰਨੀ ਸ਼ੁਰੂ ਕਰ ਦਿੰਦੇ ਸਨ। ਉੱਜ ਵੀ ਮਜ਼ਬੂਬੀ ਜਨੂੰਨ ਅਨੁਸਾਰ ਇਹ ਪੈਦਲ ਹੀ ਪਵਿਤਰ ਗਿਣੀ ਜਾਂਦੀ ਸੀ। ਪਰ ਅਮੀਰ ਲੋਕ ਸਵਾਰੀ ਵਰਤਦੇ ਸਨ। ਹੱਜ ਦਾ ਇਤਹਾਸ ਪੜ੍ਹਨ ਤੇ ਪਤਾ ਲਗਦਾ ਹੈ ਕਿ ਕਈ ਵਪਾਰੀ ਲੋਕ ਵੀ ਹਾਜੀਆਂ ਦੇ ਨਾਲ ਚਲਦੇ ਸਨ ਤੇ ਉਹ ਹੱਜ ਦੌਰਾਨ ਹੀ ਪੈਸੇ ਕਮਾ ਲੈਂਦੇ ਸਨ।

ਲਹੌਰ ਤੋਂ ਮੁਲਤਾਨ = 330 ਕਿ. ਮੀ ਭਾਗ 20 =17 ਦਿਨ

ਸੋ ਲਹੌਰ ਤੋਂ ਸਮੁੰਦਰ (ਕਰਾਚੀ) 1200 ਕਿ. ਮੀ. ਭਾਗ 20= 60 ਦਿਨ

ਕਰਾਚੀ ਤੋਂ ਹਿੰਗਲਾਜ ਮੰਦਰ ਤੋਂ ਚਾਹਬਹਾਰ (ਮਕਰਾਨ) = 240 ਕਿ. ਮੀ, + 20= 260 ਭਾਗ 20 =13 ਦਿਨ

ਮਕਰਾਨ ਦੀ ਕਿਸੇ ਬੰਦਰਗਾਹ ਤੇ ਪਹੁੰਚਣਾ ਤੇ ਜਹਾਜ ਦੀ ਉਡੀਕ = 15 ਦਿਨ (ਜਿਆਦਾ ਤੋਂ ਜਿਆਦਾ)

ਰਣ ਕੱਛ (ਗੁਜਰਾਤ) ਵਿੱਚ ਲੋਥਲ ਦੇ ਸਥਾਨ ਤੇ ਹੜੱਪਾ ਮੋਹਿੰਜੋਦੜੋ ਸਭਿਅਤਾ ਵੇਲੇ ਦੀ ਬੰਦਰਗਾਹ ਮਿਲੀ ਹੈ ਜਿਸ ਤੋਂ ਸਾਬਤ ਹੁੰਦਾ ਹੈ ਕਿ ਸਿੰਧ ਦਾ ਸਮੁੰਦਰੀ ਤੱਟ ਬਹੁਤ ਪਹਿਲਾਂ ਤੋਂ ਹੀ ਜਹਾਜਰਾਨੀ ਨੂੰ ਸੰਭਾਲਦਾ ਆਇਆ ਹੈ। ਲਖਪਤ ਗੁਰੂ ਸਾਹਿਬ ਦੇ ਵੇਲਿਆਂ ਵਿੱਚ ਮਸ਼ਹੂਰ ਬੰਦਰਗਾਹ ਸੀ। ਪਰ ਇਹ ਜਰੂਰੀ ਹੋ ਜਾਂਦਾ ਹੈ ਕਿ ਕੋਚੀਨ, ਸੂਰਤ, ਭੜੂਚ, ਦਵਾਰਕਾ, ਲਖਪਤ ਵਲੋਂ ਆ ਰਹੇ ਜਹਾਜ ਸਿੰਧ ਦੇ ਹਾਜੀਆ ਨੂੰ ਵੀ ਥਾਂ ਥਾਂ ਤੋਂ ਚੁੱਕਦੇ ਹੋਣਗੇ।

ਸਿੰਧ ਦੀਆਂ ਬੰਦਰਗਾਹਾਂ -ਇਤਹਾਸ ਵਿੱਚ ਸਿੰਧ ਦੇ ਤੱਟ ਤੇ ਕਈ ਬੰਦਰਗਾਹਾਂ ਮੌਜੂਦ ਹੋਣ ਦੇ ਜਿਕਰ ਮਿਲਦੇ ਹਨ। ਪ੍ਰਸਿਧ ਯੂਰਪੀਨ ਮਲਾਹ ਲਿਖਾਰੀਆਂ ਜਿੰਨਾਂ ਦੇ ਜਿਕਰ ਕੀਤੇ ਹਨ ਉਹ ਹਨ ਕਰੋਕਲਾ, ਮਰੰਤੋਬਰਾ (ਜਨਾਨੀਆਂ ਦੀ ਬੰਦਰ), ਬਾਰਬਰੀਕਨ, ਦੇਬਲ (ਜਿਥੇ ਮੁਹੰਮਦ ਕਾਸਮ ਉਤਰਿਆ ਸੀ) 1511 ਈ. ਨੂੰ ਆਏ ਜਹਾਜਰਾਨ ਸੁਲੇਮਾਨ ਮਾਹਰੀ ਨੇ ਕਰਾਚੀ ਬੰਦਰਗਾਹ ਦਾ ਵੀ ਜਿਕਰ ਕੀਤਾ ਹੈ। ਫਿਰ ਖਰਕ ਵਿਖੇ ਵੀ ਵੱਡੀ ਬੰਦਰਗਾਹ ਸੀ ਜੋ ਬਾਦ ਵਿੱਚ ਖੁਰ ਗਈ।

ਫਿਰ ਮਕਰਾਨ (ਬਲੋਚਿਸਤਾਨ-ਈਰਾਨ ਸਰਹੱਦ) ਦੀ ਪੁਰਾਣੀ ਬੰਦਰ ਤੀਸ ਦਾ ਜਿਕਰ ਸਿਕੰਦਰ ਮਹਾਨ, ਅਲਬਿਰੂਨੀ ਅਤੇ ਪੈੜ ਅਗਲੇ ਸਫੇ ਤੇ ਚਲਦਾ ➡

ਘੁੰਮਾਂਦੇ ਗਏ ਸਨ।

ਮਰਦਾਨੇ ਨੂੰ ਉਹਦੇ ਨਵੇਂ ਪਿੰਡੋਂ ਲੈਣ ਗਏ

ਜਦੋਂ ਪਿੱਛਲੀ ਉਦਾਸੀ ਤੋਂ ਪਰਤੇ ਤਾਂ ਮਰਦਾਨਾ ਗੁਰੂ ਸਾਹਿਬ ਤੋਂ ਨਿਖੜ ਕੇ ਆਪਣੇ ਨਵੇਂ ਪਿੰਡ ਤਲਵੰਡੀ ਹੁਸ਼ੰਗ ਰਹਿ ਰਿਹਾ ਸੀ। ਮਰਦਾਨੇ ਦਾ ਪ੍ਰਵਾਰ ਤਲਵੰਡੀ ਰਾਇ ਭੋਇ ਤੋਂ ਚਲਕੇ ਪਿੰਡ ਤਲਵੰਡੀ ਹੁਸ਼ੰਗ ਕਲਾਲਾਂ ਦੇ ਟੱਬਰ ਨਾਲ ਰਹਿਣ ਲੱਗ ਪਿਆ ਸੀ। ⊙

ਕੁਝ ਅਰਸੇ ਬਾਦ ਜਿਵੇ ਗੁਰੂ ਸਾਹਿਬ ਭਾਈ ਮਰਦਾਨੇ ਨੂੰ ਮਿਲੇ ਤਾਂ ਉਹ ਗੁਰੂ ਸਾਹਿਬ ਦੇ ਚਰਨਾਂ ਨੂੰ ਇਉ ਚੰਬੜ ਗਇਆ ਜਿਵੇ ਕੋਈ ਬੱਚਾ ਆਪਣੀ ਮਾਂ ਨੂੰ ਚੰਬੜਦਾ ਹੈ। ਗੁਰੂ ਸਾਹਿਬ ਉਨੂੰ ਕਹਿਣ ਲੱਗੇ ਮਰਦਾਨਿਆਂ ਤੇਰੀ ਗੈਰਹਾਜਰੀ ਮੈਨੂੰ ਚੁੱਭਦੀ ਰਹੀ।

ਮਰਦਾਨੇ ਨੇ ਬਾਬੇ ਜੀ ਨੂੰ ਸਵਾਲ ਕੀਤਾ ਕਿ ਬਾਬਾ ਜੀ ਇਸ ਦੌਰਾਨ ਤੁਹਾਨੂੰ ਕੋਈ ਰੱਬ ਦਾ ਪਿਆਰਾ ਮਿਲਿਆ ਕਿ ਨਹੀ, ਕੋਈ ਇਨਸਾਨ ਜਿਹੜਾ ਸਬਰ ਸੰਤੋਖ ਵਿੱਚ ਜੀ ਰਿਹਾ ਹੋਵੇ?

ਓਦੋਂ ਫਿਰ ਗੁਰੂ ਸਾਹਿਬ ਨੇ ਰਾਗ ਆਸਾ ਵਿੱਚ ਬਾਣੀ ਗਾਈ ਤੇ ਮਰਦਾਨੇ ਦਾ ਹੱਥ ਤੁਰੰਤ ਰਬਾਬ ਦੀ ਤਾਰ ਤੇ ਪਹੁੰਚ ਗਿਆ:-

ਆਸਾ ਮਹਲਾ ੧ ॥ ਕਿਸ ਕਉ ਕਹਹਿ ਸੁਣਾਵਹਿ ਕਿਸ ਕਉ ਕਿਸੁ ਸਮਝਾਵਹਿ ਸਮਝਿ ਰਹੇ ॥ ਕਿਸੈ ਪੜਾਵਹਿ ਪੜਿ ਗੁਣਿ ਬੂਝੈ ਸਤਿਗੁਰ ਸਬਦਿ ਸੰਤੋਖਿ ਰਹੇ ॥੧॥ ਐਸਾ ਗੁਰਮਤਿ ਰਮਤੁ ਸਰੀਰਾ ॥ ਹਰਿ ਭਜੁ ਮੇਰੇ ਮਨ ਗਹਿਰ ਗੰਭੀਰਾ ॥੧॥ ਰਹਾਉ ॥ ਅਨਤ ਤਰੰਗ ਭਗਤਿ ਹਰਿ ਰੰਗਾ ॥ ਅਨਦਿਨੁ ਸੂਚੇ ਹਰਿ ਗੁਣ ਸੰਗਾ ॥ ਮਿਥਿਆ ਜਨਮੁ ਸਾਕਤ ਸੰਸਾਰਾ ॥ ਰਾਮ ਭਗਤਿ ਜਨੁ ਰਹੈ ਨਿਰਾਰਾ ॥੨॥ ਸੂਚੀ ਕਾਇਆ ਹਰਿ ਗੁਣ ਗਾਇਆ ॥ ਆਤਮੁ ਚੀਨਿ ਰਹੈ ਲਿਵ ਲਾਇਆ ॥ ਆਦਿ ਅਪਾਰੁ ਅਪਰੰਪਰੁ ਹੀਰਾ ॥ ਲਾਲਿ ਰਤਾ ਮੋਰਾ ਮਨੁ ਧੀਰਾ ॥੩॥ ਕਥਨੀ ਕਹਹਿ ਕਹਹਿ ਸੇ ਮੂਏ ॥ ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ ॥ ਸਭੁ ਜਗੁ ਦੇਖਿਆ ਮਾਇਆ ਛਾਇਆ ॥ ਨਾਨਕ ਗੁਰਮਤਿ ਨਾਮੁ ਧਿਆਇਆ ॥੪॥੧੭॥

ਮਤਲਬ ਕਿ ਮਰਦਾਨਿਆ ਜੋ ਮਨੁੱਖ 'ਗਹਿਰ ਗੰਭੀਰ' ਪ੍ਰਭੂ ਨੂੰ ਸਿਮਰਦਾ ਹੈ ਗੰਭੀਰ ਸੁਭਾਵ ਵਾਲਾ ਹੋ ਜਾਂਦਾ ਹੈ, ਉਸ ਦੇ ਅੰਦਰ ਦਿਖਾਵਾ ਤੇ ਹੌਛਾ-ਪਨ ਨਹੀਂ ਰਹਿੰਦਾ ਅਜਿਹੇ

ਪੈਂਡਾ ਸਫ਼ਾ

ਪੁਰਤਗਾਲੀ ਅਲਬੂਕਰਕ ਵੇਲੇ ਦੇ ਸਫਰਨਾਮਿਆਂ ਵਿੱਚ ਵੀ ਮਿਲਦਾ ਹੈ।

ਕਹਿਣ ਤੋਂ ਮਤਲਬ ਜਹਾਜ ਫੜ੍ਹਨ ਲਈ ਗੁਰੂ ਸਾਹਿਬ ਪਿੱਛੇ ਨੂੰ ਨਹੀ ਗਏ ਹੋਣਗੇ ਜਿਵੇ ਕਿ ਕਈ ਲਿਖਾਰੀਆਂ ਨੇ ਲਿਖਿਆ ਹੈ ਗੁਰੂ ਸਾਹਿਬ ਨੇ ਲਖਪਤ ਤੋਂ ਜਹਾਜ ਫੜਿਆ। ਸਗੋ ਮਕਰਾਨ ਦੇ ਤੱਟ ਤੋਂ ਕਿਸੇ ਜਹਾਜ ਤੇ ਚੜੇ ਹੋਣਗੇ। ਕਿਉਕਿ ਇਹ ਇਤਹਾਸਕ ਸੱਚਾਈ ਹੈ ਕਿ ਗੁਰੂ ਸਾਹਿਬ ਹਿੰਗਲਾਜ ਮੰਦਰ ਵੀ ਗਏ ਸਨ ਜੋ ਕਰਾਚੀ ਤੋਂ 240 ਕਿ. ਮੀ. ਪੱਛਮ ਵਿੱਚ ਤੱਟ ਦੇ ਨੇੜੇ ਹੈ। ਸੋ ਗੁਰੂ ਸਾਹਿਬ ਨੇ ਪਰਸ਼ੀਆ ਵਲੋ ਭਾਵ ਬੰਦਰ ਅੱਬਾਸ (ਜਰੂਨ) ਤੋਂ ਆ ਰਿਹਾ ਜਹਾਜ ਫੜਿਆ ਹੋਵੇਗਾ। ਉਂਜ ਵੀ ਬੰਦਰ ਅੱਬਾਸ ਤੇ ਪੁਰਤਗਾਲੀਆਂ ਦਾ ਕਬਜਾ ਹੋ ਚੁੱਕਾ ਸੀ। ਇਹ ਵੀ ਇਤਹਾਸ ਦਾ ਹਿੱਸਾ ਹੈ ਕਿ ਪੁਰਤਗਾਲੀਏ ਜਹਾਜਰਾਨੀ ਵਿੱਚ ਦੁਨੀਆ ਭਰ ਵਿੱਚ ਪ੍ਰਸਿੱਧ ਸਨ। ਕੁਦਰਤੀ ਹੈ ਇਹ ਵਪਾਰੀ ਲੋਕ ਅਜਿਹਾ ਜਹਾਜ ਚਲਾਉਦੇ ਹੋਣਗੇ ਜਿਹੜਾ ਮੱਕੇ ਪਹਿਲਾਂ ਪਹੁੰਚਾ ਦੇਵੇ। ਸੋ ਪੁਰਤਗਾਲੀਆਂ ਦਾ ਜਹਾਜ ਸਿੱਧਾ ਜੱਦਾ ਜਾਂਦਾ ਸੀ ਜੋ ਪੂਰਬ ਵਲ ਥੋੜਾ ਹੋਰ ਅੱਗੇ ਆ ਕੇ ਸਿੰਧ ਤੋਂ ਲਹੌਰ ਮੁਲਤਾਨ ਦੇ ਹਾਜੀ ਵੀ ਚੁੱਕਦਾ ਸੀ।

ਅੱਗੇ ਸਮੁੰਦਰੀ ਜਹਾਜ ਕਿੰਨਾ ਸਮਾਂ ਲੈਂਦਾ ਸੀ- ਹੇਠ ਦਿੱਤੀਆਂ ਵੈਬਸਾਈਟਾਂ ਤੋਂ ਸਾਨੂੰ ਜਹਾਜ ਦੀ ਸਪੀਡ ਦਾ ਪਤਾ ਲਗਦਾ ਹੈ ਕਿ ਜਦੋਂ ਜਹਾਜ ਹਵਾ ਦੇ ਰੁਖ (sale) ਚਲਦਾ ਸੀ ਤਾਂ ਔਸਤ ਸਪੀਡ ਸਾਢੇ ਚਾਰ ਨੌਟੀਕਲ ਮੀਲ ਹੁੰਦੀ ਸੀ ਤੇ ਜਦੋਂ ਹਵਾ ਦੇ ਰੁਖ ਦੇ ਉਲਟ ਸਫਰ ਕਰਦੇ ਸਨ ਤਾਂ ਸਪੀਡ ਢਾਈ ਨੌ. ਮੀਲ ਹੁੰਦੀ ਸੀ। ਆਪਾਂ ਵਿਚਲਾ ਜਿਹਾ ਮੇਲ ਲਾ ਲੈਦੇ ਹਾਂ ਭਾਵ 3 ਨੌ. ਮੀ ਫੀ ਘੰਟਾ।

ਇਕ ਨੌਟੀਕਲ ਮੀਲ = 1.852 ਕਿ. ਮੀ

ਤੀਸ (ਚਾਬਹਾਰ) ਤੋਂ ਜੈਦੱਹਾ =3700 ਕਿ. ਮੀ. / 1.852= 2000 ਨੌ. ਮੀਲ

ਸਪੀਡ = 3 ਨੌ. ਮੀ

ਤੀਸ ਤੋਂ ਜੈਦੱਹਾ ਕੁਲ ਸਮਾਂ ਲਿਆ= 665 ਘੰਟੇ। (ਪਰ ਜਹਾਜ ਤਾਂ ਦਿਨ ਰਾਤ ਵਿੱਚ ਸਿਰਫ 15 ਘੰਟੇ ਚਲਦੇ ਹੋਣਗੇ) ਭਾਵ 44 ਦਿਨ ਲੱਗੇ। ਕਿਉਕਿ ਇਹ ਸਾਲਮ ਮੁਸਾਫਰ ਬੇੜੇ ਹੁੰਦੇ ਸਨ ਤਾਂ ਸਮਾਂ 35 ਤੋਂ 40 ਦਿਨ)

ਜੈਦੱਹਾ ਤੋਂ ਮੱਕਾ = 81 ਕਿ. ਮੀ. ਭਾਵ 5 ਜਾਂ 6 ਦਿਨ ਦਾ ਸਫਰ।

(ਸਪੀਡ ਦਾ ਸਰੋਤ - http://penelope.uchicago.edu/Thayer/E/Journals/TAPA/82/Speed_under_Sail_of_Ancient_Ships*.html)

ਇਤਹਾਸ ਵਿੱਚ ਆਉਦਾ ਹੈ ਕਿ ਔਰੰਗਜੇਬ ਦੇ ਰਾਜ ਸਮੇ ਦਿੱਲੀ ਤੋਂ ਚਲਿਆ ਇੱਕ ਹਾਜੀ ਜੱਥਾ ਸੂਰਤ ਤੋਂ 21 ਦਸੰਬਰ 1676 ਨੂੰ ਜਹਾਜ ਫੜ੍ਹਦਾ ਹੈ ਤੇ ਹਾਜੀ ਜਥਾ 6 ਫਰਵਰੀ 1677 ਮੱਕੇ ਪਹੁੰਚ ਜਾਂਦਾ ਹੈ। ਹੱਜ 10 ਫਰਵਰੀ ਨੂੰ ਸ਼ੁਰੂ ਹੁੰਦਾ ਹੈ। ਸੋ ਸੂਰਤ ਤੋਂ ਜੱਦੇ ਤੱਕ 42 ਦਿਨ ਲਗਦੇ ਹਨ। ਦੂਰੀ 4500 ਕਿ. ਮੀ.। ਔਸਤ ਇੱਕ ਦਿਨ ਵਿੱਚ 107 ਕਿ. ਮੀ.। ਘੰਟੇ ਵਿੱਚ 7 ਕਿ. ਮੀ.। (ਦੇਖੋ ਔਰੰਗਜੇਬ ਵੇਲੇ ਦੀ 17 ਸਦੀ ਦੀ ਪੁਸਤਕ: 17 Century book 'Anis Al-Hajj')

ਇਸ ਕਿਤਾਬ ਤੋਂ ਪਤਾ ਲਗਦਾ ਹੈ ਕਿ ਅਫਗਾਨਿਸਤਾਨ ਈਰਾਨ ਰਾਂਹੀ ਫਾਰਸ ਦੀ ਖਾੜੀ ਦੇ ਪੱਛਮ ਪਾਸਿਓ ਘੁੰਮ ਆਉਣ ਵਿੱਚ ਖਤਰਾ ਰਹਿੰਦਾ ਸੀ ਕਿਉਕਿ ਈਰਾਨ ਦੀ ਸ਼ੀਆ ਸਫਵੀ ਸਲਤਨਤ ਦਾ ਭਾਰਤੀ ਹਾਜੀਆਂ ਲਈ ਰਵੱਈਆ ਚੰਗਾ ਨਹੀ ਸੀ। ਸੋ ਆਮ ਹਾਜੀ ਤਾਂ ਫਾਰਸ ਦੀ ਖਾੜੀ ਪਾਰ ਕਰਕੇ ਓਮਾਨ ਤੋਂ ਅੱਗੇ ਫਿਰ ਪੈਦਲ ਹੋ ਜਾਂਦੇ ਸਨ ਪਰ ਜਿਹੜੇ ਖਰਚਾ ਬਰਦਾਸ਼ਤ ਕਰ ਸਕਦੇ ਸਨ ਓਹ ਸਿੱਧਾ ਲੋਕ ਲਾਲ ਸਾਗਰ ਥਾਣੀ ਹੁੰਦੇ ਜੱਦਾ ਹੀ ਜਾ ਉਤਰਦੇ ਸਨ।

ਇਸ ਪ੍ਰਕਾਰ ਲਹੌਰ ਤੋਂ ਕੁਲ ਦਿਨ 1. ਲਹੌਰ ਤੋਂ ਕਰਾਚੀ = 60, ਕਰਾਚੀ ਤੋਂ ਤੀਸ ਬਰਾਸਤਾ ਹਿੰਗਲਾਜ =13 ਦਿਨ, ਤੀਸ ਵਿਖੇ ਜਹਾਜ ਦੀ ਉਡੀਕ - 10 ਦਿਨ (ਜਿਆਦਾ ਤੋਂ ਜਿਆਦਾ ਗਿਣ ਕੇ ਚਲੋ) ਤੀਸ ਤੋਂ ਜੱਦਾ-= 40 ਦਿਨ, ਜੱਦ੍ਹਾ ਤੋਂ ਮੱਕਾ- 6 ਦਿਨ।

ਯਾਤਰਾ ਦਾ ਕੁਲ ਜੋੜ- 130 ਦਿਨ। ਇਸਦਾ ਮਤਲਬ ਓਹਨੀ ਦਿਨੀ ਹਾਜੀ 5 ਮਹੀਨੇ ਦਾ ਸਮਾਂ ਗਿਣ ਕੇ ਚਲਦੇ ਹੋਣਗੇ।

ਇਹਦਾ ਮਤਲਬ ਉਹ ਜਨਵਰੀ/ਫਰਵਰੀ ਦੇ ਦਿਨਾਂ ਵਿਚ ਕਰਤਾਰਪੁਰੋਂ ਨਿਕਲੇ ਹੋਣਗੇ।

ਫਰਵਰੀ- 28, ਮਾਰਚ- 31, ਅਪਰੈਲ-30, ਮਈ -31, ਜੂਨ-30, ਜੁਲਾਈ =31, ਕੁਲ ਦਿਨ-150. (ਬੀ. 40 ਨੇ ਹੱਜ ਵਿਚ ਸਾਲ ਲੱਗਦਾ ਦੱਸਿਆ ਹੈ; ਸ਼ਾਇਦ ਆਉਣ ਜਾਣ ਦੀ ਗਲ ਕਰਦਾ ਹੈ।)

ਹੱਜ ਦੀ ਤਾਰੀਕ ਉਪਰ ਦਿੱਤੀ ਸਾਰਣੀ ਅਨੁਸਾਰ ਹੈ-23 ਜੁਲਾਈ 1531.

ਫਿਰ ਮੁਲਤਾਨ ਦੀਆਂ ਸਾਖੀਆਂ ਤੋਂ ਸਾਨੂੰ ਪਤਾ ਲਗਦਾ ਹੈ ਕਿ ਸਾਹਿਬ ਬਰਸਾਤ ਦੇ ਦਿਨਾਂ ਦੌਰਾਨ ਮੁਲਤਾਨ ਵਿਚ ਸਨ। ਉਹਨੀ ਦਿਨੀ ਮੀਂਹ ਮਈ ਦੇ ਅੰਤ ਜਾਂ ਜੂਨ ਦੇ ਪਹਿਲੇ ਹਫਤੇ ਸ਼ੁਰੂ ਹੋ ਜਾਂਦੇ ਸਨ। ਇਹਦਾ ਮਤਲਬ ਗੁਰੂ ਸਾਹਿਬ ਕਿਸੇ ਵੇਲੇ ਜਨਵਰੀ/ਫਰਵਰੀ 1531 ਵਿਚ ਕਰਤਾਰਪੁਰ ਤੋਂ ਨਿਕਲੇ ਹੋਣਗੇ। ਕਿਉਕਿ ਪੰਜਾਬ ਅਤੇ ਸਿੰਧ ਦੇ ਪਿੰਡਾਂ ਸ਼ਹਿਰਾਂ ਦੀਆਂ ਸਬੰਧਤ ਸਾਖੀਆਂ ਤੋਂ ਪਤਾ ਲਗਦਾ ਕਿ ਗੁਰੂ ਸਾਹਿਬ ਕਾਹਲੀ ਨਾਲ ਨਹੀ ਸਨ ਚਲ ਰਹੇ ਤੇ ਥਾਂਈ ਥਾਂਈ ਪ੍ਰਚਾਰ ਕਰਦੇ ਜਾ ਰਹੇ ਸਨ।

1529, 30 ਜਾਂ 31 ਦਾ ਹੱਜ?+

1. ਬਗਦਾਦ ਦੀਆਂ ਸਾਖੀਆਂ ਤੋਂ ਪਤਾ ਲਗਦਾ ਹੈ ਕਿ ਹਾਕਮ ਸ਼ਰਫ ਅਲਦੀਨ ਆਪਣੇ ਅਹੁਦੇ ਦੀਆਂ ਜਿੰਮੇਵਾਰੀ ਮੌਜ ਨਾਲ ਨਿਭਾ ਰਿਹਾ ਹੈ। ਉਹਦੇ ਮੰਨ ਵਿੱਚ ਕੋਈ ਅਸੁਰੱਖਿਆ ਦੀ ਭਾਵਨਾ ਨਹੀ ਹੈ। ਭਾਵ ਉਹ ਆਪਣੇ ਅਹੁਦੇ ਤੇ ਪੂਰੀ ਤਰਾਂ ਸਥਾਪਤ ਹੋ ਚੁੱਕਾ ਹੈ। ਅਜਿਹਾ 1530 ਜਾਂ 1531 ਵਿੱਚ ਹੋ ਸਕਦਾ ਹੈ। 2. ਪਰ 1532 ਗੁਰੂ ਸਾਹਿਬ ਨਾਲ ਭਾਈ ਲਹਿਣੇ ਦਾ ਮਿਲਾਪ ਹੈ। ਇਹ ਤਾਂ ਹੀ ਸੰਭਵ ਹੈ ਜੇ ਗੁਰੂ ਸਾਹਿਬ 1530-31 ਵਿੱਚ ਬਗਦਾਦ ਵਿੱਚ ਹੋਣਗੇ ਤਾਂ। 3. ਫਿਰ ਅੱਗੇ ਇਹ ਸਾਬਤ ਹੁੰਦਾ ਹੈ ਕਿ ਗੁਰੂ ਸਾਹਿਬ ਅਗਸਤ 1531 ਮਦੀਨੇ ਵਿਚ ਸਨ। ਸੋ 1531 'ਚ ਹੀ ਗੁਰੂ ਸਾਹਿਬ ਬਗਦਾਦ 'ਚ ਸਨ ਕਿਉਕਿ 1532 ਵਿੱਚ ਭਾਈ ਲਹਿਣੇ ਨਾਲ ਮਿਲਾਪ ਹੈ। ਇਹਦਾ ਮਤਲਬ ਗੁਰੂ ਸਾਹਿਬ 23 ਜੁਲਾਈ 1531 ਵਾਲੇ ਹੱਜ ਵਿੱਚ ਸ਼ਾਮਲ ਹੋਏ ਸਨ।

ਇਹ ਤਾਂ ਹੀ ਸੰਭਵ ਹੈ ਜਿਵੇ ਕਿ ਜਨਮਸਾਖੀਆਂ ਵਿੱਚ ਆਉਦਾ ਹੈ ਕਿ ਗੁਰੂ ਸਾਹਿਬ ਚਮਤਕਾਰੀ ਢੰਗ ਨਾਲ ਓਥੇ ਪਹੁੰਚੇ। ਨਹੀ ਤਾਂ ਗੁਰੂ ਸਾਹਿਬ ਨੇ ਹੱਜ ਦੀ ਤਾਰੀਖ ਤੋਂ ਪਛੜ ਜਾਣਾ ਸੀ।

ਬਾਲਾ 184 - ਅਖੇ ਮੱਕਾ 2500 ਕੋਹ ਹੈ।

ਗਿਆਨਵਾਨ ਆਪਣਾ-ਆਪ ਨਾਂ ਕਿਸੇ ਨੂੰ ਦੱਸਦੇ ਹਨ ਨਾਂ ਸੁਣਦੇ ਹਨ ਨਾਂ ਸਮਝਾਉਦੇ ਹਨ। ਨਾਂ ਹੀ ਉਹ ਆਪਣੀ ਵਿੱਦਿਆ ਦਾ ਦਿਖਾਵਾ ਕਰਦੇ ਹਨ, ਗੁਰੂ ਦੇ ਸ਼ਬਦ ਵਿੱਚ ਜੁੜ ਕੇ (ਹੋਛਾ-ਪਨ ਤਿਆਗ ਕੇ) ਉਹ ਸੰਤੋਖ ਵਿੱਚ ਜੀਵਨ ਬਿਤੀਤ ਕਰਦੇ ਹਨ।

ਹਾਂ ਜੇਹੜੇ ਮਨੁੱਖ (ਸਿਮਰਨ ਤੋਂ ਸੱਖਣੇ ਹਨ ਤੇ) ਨਿਰੀਆਂ ਜ਼ਬਾਨੀ ਜ਼ਬਾਨੀ ਹੀ ਗਿਆਨ ਦੀਆਂ ਗੱਲਾਂ ਕਰਦੇ ਹਨ ਉਹ ਆਤਮਕ ਮੌਤੇ ਮਰੇ ਹੋਏ ਹਨ।

ਹੇ ਨਾਨਕ! ਜਿਨ੍ਹਾਂ ਮਨੁੱਖਾਂ ਨੇ ਗੁਰੂ ਦੀ ਮਤਿ ਦਾ ਆਸਰਾ ਲੈ ਕੇ ਪ੍ਰਭੂ ਦਾ ਨਾਮ ਸਿਮਰਿਆ ਹੈ, ਉਹਨਾਂ ਨੂੰ ਪਰਮਾਤਮਾ ਆਪਣੇ ਅੱਤ ਨੇੜੇ ਦਿੱਸਦਾ ਹੈ (ਉਹ ਮਨੁੱਖ ਜਗਤ ਦੇ ਪਦਾਰਥਾਂ ਨਾਲ ਮੋਹ ਨਹੀਂ ਬਣਾਂਦੇ, ਕਿਉਂਕਿ) ਉਹਨਾਂ ਨੂੰ ਸਾਰਾ ਜਗਤ ਮਾਇਆ ਦਾ ਪਸਾਰਾ ਦਿੱਸਦਾ ਹੈ।

ਮਰਦਾਨਾ ਕਹਿਣ ਲੱਗਾ ਬਾਬਾ ਤੂੰ ਧੰਨ ਹੈ। ਧੰਨ ਹੈ ਉਹ ਮਾਈ ਬਾਪ ਜਿੰਨੇ ਤੈਨੂੰ ਜਾਇਆ ਹੈ।

ਛਾਂਗੇ ਮਾਂਗੇ ਦੇ ਜੋਗੀ ਦਾ ਉਧਾਰ ਕੀਤਾ

ਲਹੌਰ ਤੋਂ 40 ਕਿ. ਮੀ. ਦੱਖਣ ਪਿੰਡ ਛਾਂਗਾ ਮਾਂਗਾ ਵਿਖੇ ਜੋਗੀਆਂ ਦਾ ਆਸ਼ਰਮ ਸੀ। ਗੁਰੂ ਸਾਹਿਬ ਇਥੇ ਬਿਰਾਜੇ ਤਾਂ ਮੌਜੂਦ ਜੋਗੀਆਂ ਨੇ ਗੁਰੂ ਸਾਹਿਬ ਦਾ ਦਿਲੋਂ ਸਵਾਗਤ ਕੀਤਾ। ਪਰ ਵਿਚੋਂ ਇੱਕ ਜੋਗੀ ਈਰਖਾ ਪਾਲੀ ਬੈਠਾ ਸੀ। ਗੁਰੂ ਸਾਹਿਬ ਨੇ ਉਹਦਾ ਹੰਕਾਰ ਦੂਰ ਕਰਕੇ ਗਿਆਨ ਦੀ ਦਾਤ ਬਖਸ਼ੀ। ਮਾਂਗਾ ਫਿਰ ਸਿੱਖੀ ਦਾ ਵੱਡਾ ਪ੍ਰਚਾਰ ਕੇਂਦਰ ਬਣਿਆ ਰਿਹਾ ਹੈ। ਇਥੋਂ ਦਾ ਅਸਥਾਨ ਤਾਂ ਛੋਟਾ ਨਨਕਾਣਾ ਹੀ ਕਹਾਉਦਾ ਸੀ। ਛੇਵੇ ਪਾਤਸ਼ਾਹ ਸਾਹਿਬ ਗੁਰੂ ਹਰਗੋਬਿੰਦ ਵੀ ਇਥੇ ਪਧਾਰੇ ਸਨ। 1947 ਵੇਲੇ ਤਾਂ ਇਥੇ ਸ਼ਾਨਦਾਰ ਗੁਰਅਸਥਾਨ ਹੁੰਦਾ ਸੀ।

ਛਾਂਗਾ ਮਾਂਗੇ ਤੋਂ 17 ਕਿ.ਮੀ. ਅੱਗੇ ਚਲਕੇ ਗੁਰੂ ਸਾਹਿਬ ਉੱਪਲ ਖੱਤਰੀਆਂ ਦੀ ਬਸਤੀ ਪਧਾਰੇ। ਇਥੇ ਪਹਿਲਾਂ ਵੀ ਗੁਰੂ ਸਾਹਿਬ ਆ ਚੁੱਕੇ ਸਨ। ਇਨਾਂ ਉਪਲਾਂ ਤੇ ਗੁਰੂ ਸਾਹਿਬ ਦੀ ਖਾਸ ਬਖਸ਼ਸ਼ ਸੀ। ਇਨਾਂ ਨੂੰ ਸਾਹਿਬ ਨੇ ਆਪਣੀ ਜੋਗੀਆਂ ਵਾਲੀ ਗੋਦੜੀ ਤੇ ਟੋਪੀ ਬਖਸ਼ੀ ਹੋਈ ਸੀ। ਇਸ ਪ੍ਰਵਾਰ ਵਿਚੋਂ ਹੀ ਫਿਰ ਭਾਈ ਸੰਗਤੀਆਂ ਮਸ਼ਹੂਰ ਹੋਇਆ ਹੈ ਜਿਸ ਦਾ ਨਾਂ ਗੁਰੂ ਹਰ ਰਾਇ ਸਾਹਿਬ ਨੇ ਭਾਈ ਫੇਰੂ ਰੱਖ ਦਿੱਤਾ ਸੀ। ਕਿਉਂਕਿ ਇਹ ਘਿਓ ਆਦਿ ਖਰੀਦਣ ਅਤੇ ਵੇਚਣ ਲਈ ਪਿੰਡਾਂ ਵਿੱਚ ਫੇਰੀ ਪਾਉਦਾ ਹੁੰਦਾ ਸੀ। ਇਸ ਬਸਤੀ ਦਾ ਹੀ ਫਿਰ ਭਾਈ ਫੇਰੂ ਮਸ਼ਹੂਰ ਹੋ ਗਿਆ। ਇਸ ਪ੍ਰਵਾਰ ਨੂੰ ਮਸੰਦ ਦਾ ਦਰਜਾ ਹਾਸਲ ਸੀ।

ਦਸਮ ਪਾਤਸ਼ਾਹ ਵੇਲੇ ਜਦੋਂ ਮਸੰਦ ਭ੍ਰਿਸ਼ਟ ਹੋ ਚੁੱਕੇ ਸਨ ਤਾਂ ਓਦੋਂ ਵੀ ਇਹ ਪ੍ਰਵਾਰ ਹਿਸਾਬ ਕਿਤਾਬ ਵਿੱਚ ਸੁਰਖਰੂ ਹੋ ਕੇ ਨਿਕਲਿਆ ਸੀ।

ਭਾਈ ਫੇਰੂ ਦੇ ਲਾਗੇ ਹੀ ਦੋ ਕਿ. ਮੀ. ਤੇ ਪਿੰਡ ਭਰਨਾਵਾਂ ਹੈ ਜਿੱਥੇ ਸੁਲਤਾਨ ਨਾਮੀ ਇੱਕ ਬਾਲਕ ਨੇ ਗੁਰੂ ਸਾਹਿਬ ਨੂੰ ਹੋਲਾਂ ਨ ਕੇ ਛਕਾਈਆਂ ਹਦੀ ਸੇਵਾ ਗੁ ਰੂ ਵੀ ਭੁੰ ਸਨ। ਉ ਤੋਂ ਪ੍ਰਸੰਨ ਹੋ ਸਾਹਿਬ ਨੇ ਉਨ੍ਹੂੰ ਸਿੱਖੀ ਦੀ ਦਾਤ ਬਖਸ਼ੀ ਸੀ। ਸੁਲਤਾਨ ਨੇ ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿੱਚ ਇੱਕ ਥੜਾ ਬਣਾ ਦਿੱਤਾ ਸੀ। ■



ਭਾਈ ਫੇਰੂ ਤੋਂ 35 ਕਿ.ਮੀ. ਅੱਗੇ ਰਾਵੀ ਦੇ ਨਾਲ ਨਾਲ ਚੱਲ ਕੇ ਗੁਰੂ ਸਾਹਿਬ ਪਿੰਡ ਅਲਪਾ (ਅਲੱਪਾ ਨਹੀ) ਜਾ ਠਹਿਰੇ। ਇਥੇ ਵੀ ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਹੁੰਦਾ ਸੀ ਜਿਸ ਦੇ ਖੰਡਰਾਤ ਅੱਜ ਵੀ ਮੌਜੂਦ ਨੇ।

ਅਲਪੇ ਤੋਂ 35 ਕਿ. ਮੀ. ਦਾ ਪੈਂਡਾ ਕਰਕੇ ਗੁਰੂ ਸਾਹਿਬ ਸਤਘਰੇ ਜਾ ਠਹਿਰੇ।

ਨਾਨਕ ਦੁਖੀਆ ਸਭੁ ਸੰਸਾਰੁ +

ਸਤਘਰੇ ਜਦੋਂ ਗਏ ਤਾਂ ਸ਼ਹਿਰ ਦੇ ਇੱਕ ਧਨਾਢ ਸਰਾਫ ਨੂੰ ਪਤਾ ਲਗਾ ਕਿ ਗੁਰੂ ਨਾਨਕ ਆਏ ਨੇ ਉਸਨੇ ਆਦਰ ਸਾਹਿਤ ਗੁਰੂ ਸਾਹਿਬ ਨੂੰ ਆਪਣੀ ਹੱਟੀ ਤੇ ਚਰਨ ਪਾਉਣ ਵਾਸਤੇ ਬੇਨਤੀ ਕੀਤੀ। ਗੁਰੂ ਜੀ ਤੇ ਮਰਦਾਨੇ ਨੂੰ ਚੋਖਾ ਸਮਾਂ ਉਹਦੀ ਹੱਟੀ ਤੇ ਬੈਠਿਆਂ ਹੋ ਗਇਆ ਸੀ ਪਰ ਉਸ ਕੋਲ ਇੱਕ ਪਲ ਦਾ ਵੀ ਵੇਹਲ ਨਹੀ ਸੀ ਕਿ ਸਾਹਿਬ ਨਾਲ ਗੱਲ ਬਾਤ ਕਰ ਸਕੇ। ਉਹਦੇ ਤਿੰਨ ਚਾਰ ਤਾਂ ਮੁਨੀਮ ਜਾਂ ਮੁਲਾਜਮ ਹੀ ਸਨ। ਗਾਹਕੀ ਚੋਖੀ ਸੀ।

ਇਹ ਵੇਖ ਮਰਦਾਨੇ ਨੇ ਗੁਰੂ ਸਾਹਿਬ ਨੂੰ ਕਿਹਾ ਬਾਬਾ ਜੀ ਇਹ ਸ਼ਾਹੂਕਾਰ ਤਾਂ ਲਗਦੈ ਪਿੱਛਲੇ ਜਨਮ ਵਿੱਚ ਵੱਡਾ ਪੁੰਨ ਦਾਨ ਕਰਦਾ ਰਹਿਆ ਹੈ ਜਿਹਦਾ ਐਨਾ ਕਾਰੋਬਾਰ ਤੇ ਐਸ਼ ਹੈ। ਗੁਰੂ ਸਾਹਿਬ ਨੇ ਕਹਿਆ ਮਰਦਾਨਿਆ ਗੱਲ ਢੱਕੀ ਹੀ ਰਹਿਣ ਦੇ। ਸਿਵਾਏ ਰੱਬ ਨੂੰ ਮੰਨਣ ਵਾਲਿਆਂ ਦੇ ਇਥੇ ਹਰ ਕੋਈ ਦੁਖੀ ਹੈ।

ਸ਼ਾਮੀ ਫਿਰ ਸ਼ਾਹੂਕਾਰ ਕਾਰੋਬਾਰ ਤੋਂ ਵਿਹਲਾ ਹੋਇਆ ਤਾਂ ਲੱਗਾ ਗੁਰੂ ਸਾਹਿਬ ਦੇ ਉਪਦੇਸ਼ ਸੁਣਨ। ਜਦੋਂ ਸਿਰਫ ਓਸੇ ਦੀ ਹੀ ਤਵੱਜੋ ਗੁਰੂ ਸਾਹਿਬ ਵਲ ਸੀ ਭਾਵ ਬਾਕੀ ਮੁਲਾਜਮ ਸਭ ਰੁੱਝੇ ਹੋਏ ਸਨ ਤਾਂ ਉਸ ਵੇਲੇ ਸ਼ਾਹੂਕਾਰ ਨੇ ਆਪਣੇ ਦੁੱਖੜੇ ਰੋਣੇ ਸ਼ੁਰੂ ਕਰ ਦਿੱਤੇ। ਉਸ ਨੇ ਦੱਸਿਆ ਕਿ ਗੁਰੂ ਜੀ ਮੇਰੇ ਕੋਲ ਐਨਾ ਰਿਜਕ ਹੋਣ ਦੇ ਬਾਵਜੂਦ, ਮੇਰਾ ਜੀਵਨ ਸੁਖੀ ਨਹੀ ਹੈ। ਉਸ ਨੇ ਦੱਸਿਆ ਕਿ ਮੇਰੀ ਪਤਨੀ ਬਦ ਚਲਣ ਹੈ ਤੇ ਪਰਾਏ ਮਰਦ

ਪੈੜ ਸਫਾ

◉ ਸੋਢੀ 2 - 607 ਨੇ ਲਿਖਿਆ ਹੈ ਕਿ ਗੁਰੂ ਸਾਹਿਬ ਕਰਤਾਰਪੁਰ ਸਨ ਤੇ ਮਰਦਾਨਾ ਓਨੀ ਦਿਨੀ ਆਪਣੇ ਪਰਿਵਾਰ ਕੋਲ ਪਿੰਡ ਤਲਵੰਡੀ ਹੁਸੈਨ ਰਹਿ ਰਿਹਾ ਸੀ। ਇਹ ਵੀ ਲਿਖਿਆ ਮਿਲਦਾ ਹੈ ਕਿ ਗੁਰੂ ਸਾਹਿਬ ਮਰਦਾਨੇ ਨੂੰ ਕਹਿੰਦੇ ਨੇ ਮੈਂ ਇਕੱਲਾ ਪੱਟੀ ਕਸੂਰ ਦਾ ਇਲਾਕਾ ਫਿਰਿਆ ਹਾਂ। ਮਤਲਬ ਫਿਰੋਜਪੁਰ ਵਾਲੀ ਸਾਖੀ ਵੀ ਚੌਥੀ ਉਦਾਸੀ ਤੋਂ ਪਹਿਲਾਂ ਦੀ ਹੀ ਹੈ।

ਭੋਗਦੀ ਹੈ। ਬਾਲ ਬੱਚੇ ਹੋਣ ਕਾਰਨ ਮੈਂ ਉਨ੍ਹੂੰ ਛੱਡ ਵੀ ਨਹੀ ਸਕਦਾ। ਉਸ ਨੂੰ ਸਮਝਾਉਦਾਂ ਹਾਂ ਤਾਂ ਕਹਿੰਦੀ ਹੈ ਕਿ ਮੈਂ ਇਸ ਬਗੈਰ ਰਹਿ ਨਹੀ ਸਕਦੀ ਅਤੇ ਮਰਨ ਨੂੰ ਤਿਆਰ ਹੋ ਜਾਂਦੀ ਹੈ। ਕਹਿਣ ਲੱਗਾ ਬਾਬਾ ਜੀ ਇਸ ਦਾ ਕੋਈ ਉਪਾਅ ਦੱਸੋ?

ਗੁਰੂ ਸਾਹਿਬ ਨੇ ਸ਼ਾਹੂਕਾਰ ਨੂੰ ਸਮਝਾਇਆ ਕਿ ਦੇਖ ਤੈਨੂੰ ਦੁਖ ਇਸ ਗਲ ਦਾ ਹੈ ਕਿ ਮੇਰੀ ਪਤਨੀ ਬੇਵਫਾ ਹੈ। ਇਥੇ ਫਿਰ ਗੁਰੂ ਸਾਹਿਬ ਨੇ ਸ਼ਾਹੂਕਾਰ ਨੂੰ ਰਿਸ਼ਤਿਆਂ ਦੀ ਅਸਲੀਅਤ ਸਮਝਾਈ ਨਾਲ ਹੀ ਦੱਸਿਆ ਕਿ ਜਦੋਂ ਇਹ ਸਾਹ ਪ੍ਰਾਣ ਮੁੱਕ ਗਏ ਕਿਹੜੀ ਪਤਨੀ ਤੇ ਕਿਹੜਾ ਪਤੀ? ਕਿ ਕਿਵੇ ਇਸ ਹਉਮੈ ਦੇ ਖੇਲ ਨੇ ਜਗਤ ਘੁੰਮਾ ਰੱਖਿਆ ਹੈ। ਇਹ ਮੇਰਾ ਮੇਰੀ ਹੀ ਫਿਰ ਸਾਡੇ ਦੁੱਖਾਂ ਦਾ ਕਾਰਨ ਬਣਦੀ ਹੈ। ਸੋ ਭਾਈ ਇਸ ਦੁਨੀਆਂ ਵਿੱਚ ਹਰ ਕੋਈ ਦੁੱਖੀ ਹੈ। ਸਿਰਫ ਉਹ ਹੀ ਸੁਖੀ ਹਨ ਜਿੰਨਾਂ ਨੂੰ ਰੱਬ ਦੀ ਸੋਝੀ ਹੈ। ਜਿੰਨਾਂ ਨੂੰ ਅਹਿਸਾਸ ਹੈ ਕਿ ਇੱਕ ਦਿਨ ਚਲੇ ਜਾਣਾ ਹੈ। ਗੁਰੂ ਸਾਹਿਬ ਨੇ ਸ਼ਾਹੂਕਾਰ ਨੂੰ ਇਸ ਪ੍ਰਕਾਰ ਨਾਮ ਦੀ ਦਾਤ ਬਖਸ਼ਦੇ ਹੋਏ ਇਹ ਸ਼ਬਦ ਗਾਇਆ:-

ਸਲੋਕੁ ਮਃ ੧ ॥ ਸਹੰਸਰ ਦਾਨ ਦੇ ਇੰਦ੍ਰ ਰੋਆਇਆ ॥ ਪਰਸ ਰਾਮੁ ਰੋਵੈ ਘਰਿ ਆਇਆ ॥.....ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ ॥....
(ਵੇਖੋ ਪੰਨਾ 225)

ਇਹ ਸ਼ਾਹੂਕਾਰ ਬੜਾ ਪ੍ਰਸਿਧ ਸਿੱਖ ਸਾਬਤ ਹੋਇਆ। ਏਸੇ ਨੇ ਫਿਰ ਵਕਤ ਪਾ ਕੇ ਸਤਘਰੇ ਵਿੱਚ ਧਰਮਸਾਲ ਵੀ ਬਣਵਾਈ। ਛੋਟਾ ਨਨਕਾਣਾ ਕਹਾਉਣ ਵਾਲੇ ਇਸ ਸ਼ਾਨਦਾਰ ਗੁਰਦੁਆਰੇ ਦੇ ਖੰਡਰਾਤ ਅੱਜ ਵੀ ਮੌਜੂਦ ਨੇ।

—◈—

ਸਤਘਰੇ ਤੋਂ ਚਲ ਕੇ ਗੁਰੂ ਸਾਹਿਬ ਨੇ 40 ਕਿ. ਮੀ. ਪੈਂਡਾ ਤਹਿ ਕਰਦੇ ਹੋਏ ਰਾਵੀ ਪਾਰ ਕਰਕੇ ਕਿਸੇ ਸ਼ਰਧਾਲੂ ਕੋਲ ਪਿੰਡ ਪਿੰਡੀ ਸ਼ੇਖ ਮੂਸਾ ਆ ਠਹਿਰੇ। ਵੰਡ ਵੇਲੇ ਇਥੇ ਵੀ ਯਾਦਗਾਰੀ ਗੁ:ਰਦੁ:ਆਰਾ ਸਾ:ਹਿਬ ਹੁੰਦਾ ਸੀ। ਓਨੀ ਦਿਨੀ ਇਹ ਇਲਾਕਾ ਬਹੁਤਾ ਬੇਅਬਾਦ ਜਿਹਾ ਹੁੰਦਾ ਸੀ ਤੇ ਸਿਰਫ ਰਾਵੀ ਕੰਢੇ ਹੀ ਪਿੰਡ ਤੇ ਬਸਤੀਆਂ ਸਨ।


ਛੋਟਾ ਨਨਕਾਣਾ ਨਾਨਕ ਜਗੀਰ, ਸਤਘਰਾ (ਖੱਬੇ ਹੱਥ)। ਪਾਕਿਸਤਾਨੀ ਅਸਥਾਨਾਂ ਤੇ ਪੁਸਤਕ ਲਿਖਣ ਵਾਲੇ ਪ੍ਰਸਿੱਧ ਲਿਖਾਰੀ ਇਕਬਾਲ ਕੈਸਰ ਨੇ ਇਸ ਗੁਰਦੁਆਰੇ ਨੂੰ ਸਤਘਰੇ ਦੀ ਇਸ ਸਾਖੀ ਨਾਲ ਜੋੜਿਆ ਹੈ। ਪਰ ਇਹ ਗੁਰਦੁਆਰਾ ਤਾਂ ਸਤਘਰੇ ਤੋਂ ਕੋਈ 25-26 ਕਿ. ਮੀ ਹਟਵਾ ਪਿੰਡ ਮੇਘੇ ਦੇ ਲਾਗੇ ਹੈ। ਇਹ ਇਮਾਰਤ 1935 ਵਿਚ ਉਸਾਰੀ ਗਈ ਸੀ। ਲਗਦਾ ਹੈ ਇਥੇ ਮਹਾਰਾਜਾ ਰਣਜੀਤ ਸਿੰਘ ਨੇ ਸਤਘਰੇ ਗੁਰਦੁਆਰੇ ਦੇ ਨਾਂ ਤੇ ਜਗੀਰ ਦਿੱਤੀ ਸੀ ਤੇ ਜਗੀਰ ਵਿਚ ਗੁਰਦੁਆਰਾ ਉਸਾਰਿਆ ਗਇਆ। ਅਸਲ ਅਸਥਾਨ ਸਤਘਰੇ ਵਿਚ ਹੀ ਹੋਣਾ ਚਾਹੀਦਾ ਹੈ। ਯਾਦ ਰਹੇ ਸਤਘਰਾ 2500 ਸਾਲ ਪੁਰਾਣਾ ਸ਼ਹਿਰ ਹੈ।

ਸਤਘਰੇ ਸ਼ਹਿਰ ਵਿਚ ਹੀ ਆਹ ਗੁਰਦੁਆਰਾ (ਸੱਜੇ ਹੱਥ) ਇਮਾਰਤ ਸਾਜੀ ਤੋਂ ਸਚ ਮੁੱਚ ਬਹੁਤ ਪੁਰਾਤਨ ਲਗਦਾ ਹੈ। ਪਰ ਪਾਕਿਸਤਾਨੀ ਵਿਦਵਾਨਾਂ ਨੇ ਇਸ ਨੂੰ ਵਿਸਾਰਿਆ ਹੋਇਆ ਹੈ।(ਤਸਵੀਰਾਂ ਫੇਸਬੁੱਕ ਤੋਂ)

ਪਿੰਡੀ ਤੋਂ ਕੋਈ 60 ਕਿ. ਮੀ. ਦਾ ਸਫਰ ਕਰਕੇ ਸਾਹਿਬ ਕਮਾਲੀਆ ਆ ਪਹੁੰਚੇ।

ਇਹ ਇਤਹਾਸਿਕ ਸ਼ਹਿਰ ਬਾਦਸ਼ਾਹ ਸਿਕੰਦਰ ਵੇਲੇ ਵੀ ਮੌਜੂਦ ਸੀ। ਉਸ ਵੇਲੇ ਇਥੋ ਦਾ ਰਾਜਾ 'ਸਿਰਕੱਪ' ਸੀ। ਗੁਰੂ ਸਾਹਿਬ ਦੀ ਆਮਦ ਦੀ ਯਾਦਗਾਰ ਗੁਰਦੁਆਰਾ ਸਾਹਿਬ ਵੰਡ ਵੇਲੇ ਤੱਕ ਹੁੰਦਾ ਸੀ।■ ਟੋਭਾ ਟੇਕ ਸਿੰਘ ਦੀ ਤਹਿਸੀਲ. ਕਮਾਲੀਆ ਦੀ ਖੰਡ ਮਿਲ ਕਿਸੇ ਵੇਲੇ ਏਸ਼ੀਆ ਵਿੱਚ ਸੱਭ ਤੋਂ ਵੱਡੀ ਸੀ। ਇਥੋ ਦਾ ਖੱਦਰ ਕਪੜਾ ਵੀ ਮਸ਼ਹੂਰ ਰਿਹਾ ਹੈ।


ਗੁਰਦੁਆਰਾ ਸਾਹਿਬ ਕਮਾਲੀਆ। ਜ਼ਾਹਿਦ ਕਰਮਾਂਵਾਲਾ ਨੇ ਫੇਸਬੁੱਕ ਤੇ ਇਹ ਫੋਟੋ ਪਾ ਕੇ ਲਿਖਿਆ ਹੈ ਕਿ ਕਈ ਵਾਰੀ ਇਸ ਗੁਰਦੁਆਰੇ ਦੇ ਥਾਂ ਤੇ ਕਬਜਾ ਕਰਨ ਖਾਤਰ ਇਸ ਨੂੰ ਢਾਹੁਣ ਦੀ ਕੋਸ਼ਿਸ਼ ਹੋਈ। ਪਰ ਹਰ ਵਾਰੀ ਕਾਬਜ ਬੀਮਾਰ ਹੋ ਕੇ ਮਰਿਆ। ਹੁਣ ਨਹੀ ਇਸ ਨੂੰ ਕੋਈ ਹੱਥ ਪਾਉਦਾ।


ਨਾਨਕਸਰ ਹੜੱਪਾ
(ਤਸਵੀਰ ਇਕਬਾਲ ਕੈਸਰ)

—◈—

ਕਮਾਲੀਆ ਤੋਂ ਫਿਰ ਗੁਰੂ ਸਾਹਿਬ ਚੜ੍ਹਦੇ ਪਾਸੇ ਨੂੰ ਹੋ ਰਾਵੀ ਦਰਿਆ ਪਾਰ ਕਰ ਗਏ ਤੇ ਹੜੱਪਾ ਥੇਹ ਤੇ ਆ ਆਸਣ ਕੀਤਾ। ਇਹ ਓਹੋ ਹੜੱਪਾ ਹੈ ਜਿਸ ਬਾਰੇ ਵਿਦਿਆਰਥੀਆਂ ਨੂੰ ਹੜੱਪਾ ਮੁਹਿੰਜੋਦੜੋ ਦੀਆਂ ਸਭਿਅੱਤਾ ਦੇ ਖੰਡਰਾਤ ਬਾਰੇ ਪੜ੍ਹਾਇਆ ਜਾਂਦਾ ਹੈ। ਇਥੇ ਵੀ ਗੁਰੂ ਸਾਹਿਬ ਦੀ ਯਾਦ ਵਿੱਚ ਇੱਕ ਛੋਟਾ ਜਿਹੀ ਪਰ ਖੂਬਸੂਰਤ ਇਮਾਰਤ ਮੌਜੂਦ ਹੈ।

ਹੜੱਪੇ ਤੋਂ ਕੋਈ 100 ਕਿ. ਮੀ. ਚਲ ਕੇ (ਅੱਜ ਦੇ ਕਸਬੇ ਚੀਚਾਵਤਨੀ ਤੇ ਮੀਆਂ ਚੰਨੂ) ਤੇ ਤੁਲੰਬੇ ਰਾਂਹੀ ਹੁੰਦੇ ਹੋਏ ਆਪਣੇ ਸ਼ਰਧਾਲੂ ਸੱਜਣ ਠੱਗ ਜੋ ਹੁਣ ਸ਼ੇਖ ਸੱਜਣ ਬਣ ਚੁੱਕਾ ਸੀ (ਵੇਖੋ ਸਫਾ 37) ਉਨ੍ਹੂੰ ਆ ਮਿਲੇ। ਸੱਜਣ ਦੀ ਸਲਾਹ ਅਨੁਸਾਰ ਫਿਰ ਗੁਰੂ ਸਾਹਿਬ ਸ਼ੋਰਕੋਟ ਅਤੇ ਝੰਗ ਜਿਹੇ ਕਸਬੇ ਪ੍ਰਚਾਰ ਖਾਤਰ ਫਿਰੇ।

ਪੈਂਡਾ ਸਫਾ ✦ ਮਨੀ ਸਿੰਘ- 605. ■ ਇਹ ਤਸਦੀਕ ਨਹੀ ਹੋ ਪਾਇਆ ਕਿ ਜਿਹੜੀ ਕਮਾਲੀਆ ਗੁਰਦੁਆਰੇ ਦੀ ਤਸਵੀਰ ਦਿੱਤੀ ਹੈ ਕੀ ਇਹੋ ਗੁਰੂ ਸਾਹਿਬ ਦੀ ਯਾਦਗਾਰ ਹੈ? ਉਂਜ ਇਮਾਰਤ ਤਾਂ ਪੁਰਾਣੀ ਹੀ ਨਜਰ ਆ ਰਹੀ ਹੈ।

ਸ਼ੋਰਕੋਟ ਵੀ ਕਿਸੇ ਵੇਲੇ ਪ੍ਰਸਿਧ ਰਿਆਸਤ ਸੀ। ਸਿਕੰਦਰ ਮਹਾਨ ਦੇ ਹਮਲੇ ਵੇਲੇ ਇਥੇ ਸਿਬੀਆ ਗੋਤ ਦੇ ਜੱਟਾਂ ਦਾ ਰਾਜ ਸੀ। ਕੁਝ ਲੋਕ ਇਸ ਕਸਬੇ ਨੂੰ ਰਮਾਇਣ ਨਾਲ ਵੀ ਜੋੜਦੇ ਹਨ। ਇਸ ਕਸਬੇ ਦਾ ਜਿਕਰ ਪ੍ਰਸਿੱਧ ਵਿਆਕਰਣ ਵਿਦਵਾਨ ਪਾਨੀਨੀ ਨੇ ਵੀ ਕੀਤਾ ਹੈ। ਇਥੇ ਗੁਰੂ ਸਾਹਿਬ ਨੇ ਕੀ ਕੀ ਕੌਤਕ ਕੀਤੇ ਅਸੀ ਅੱਜ ਲੱਭ ਨਹੀ ਪਾਏ।

ਜਦੋਂ ਮਰਦਾਨੇ ਨੂੰ ਗੁਰੂ ਗ੍ਰੰਥ ਸਾਹਿਬ ਬਾਰੇ ਸੁਫਨਾ ਆਇਆ

ਗੁਰੂ ਸਾਹਿਬ ਜਦੋਂ ਵੀ ਮਰਦਾਨੇ ਨੂੰ ਰਾਗ ਦਾ ਨਾਂ ਲੈ ਰਬਾਬ ਦਾ ਇਸ਼ਾਰਾ ਕਰਦੇ ਮਰਦਾਨਾ ਕਈ ਵਾਰ ਆਪਣੇ ਆਪ ਬਾਣੀ ਪੜ੍ਹਨੀ ਸ਼ੁਰੂ ਕਰ ਦਿੰਦਾ। ਕਿਉਕਿ ਉਸ ਨੂੰ ਅਹਿਸਾਸ ਹੁੰਦਾ ਸੀ ਕਿ ਕਿਹੜੇ ਅਜਿਹੇ ਸਮਾਨਅੰਤਰ ਮੌਕੇ ਤੇ ਹੁਕਮ ਹੋਏ ਰਾਗ ਵਿੱਚ ਬਾਣੀ ਰਚੀ ਸੀ। ਇਸ ਤੇ ਗੁਰੂ ਸਾਹਿਬ ਨੇ ਬਹੁਤ ਪ੍ਰਸੰਨਤਾ ਜ਼ਾਹਿਰ ਕੀਤੀ। ਉਸ ਵੇਲੇ ਮਰਦਾਨੇ ਨੇ ਬੜੇ ਸਤਿਕਾਰ ਨਾਲ ਗੁਰੂ ਸਾਹਿਬ ਨੂੰ ਦੱਸਿਆ ਕਿ ਜਿੰਨੀ ਵੀ ਤੁਸੀ ਬਾਣੀ ਰਚੀ ਹੈ ਉਹ ਸਾਰੀ ਦੀ ਸਾਰੀ ਮੈਨੂੰ ਕੰਠ ਹੈ।

ਓਸੇ ਰਾਤ ਫਿਰ ਭਾਈ ਮਰਦਾਨੇ ਨੂੰ ਸੁਪਨਾ ਆਉਦਾ ਹੈ ਕਿ ਵੱਡੇ ਵੱਡੇ ਗ੍ਰੰਥ ਲੱਦੀ ਊਠਾਂ ਦਾ ਕਾਫਲਾ ਜਾ ਰਿਹਾ ਹੈ। ਮਰਦਾਨੇ ਨੇ ਊਠਾਂ ਵਾਲਿਆਂ ਕੋਲੋ ਪੁੱਛਿਆ ਕਿ ਇਹ ਕਹੇ ਗ੍ਰੰਥ ਨੇ? ਅੱਗੋ ਜਵਾਬ ਮਿਲਿਆ ਕਿ ਇਹ ਗੁਰੂ ਸਾਹਿਬਾਨ ਦੀ ਬਾਣੀ ਹੈ।

ਅਗਲੇ ਸਵੇਰੇ ਫਿਰ ਭਾਈ ਮਰਦਾਨੇ ਨੇ ਗੁਰੂ ਸਾਹਿਬ ਨੂੰ ਆਪਣੇ ਸੁਫਨੇ ਬਾਰੇ ਦੱਸਿਆ। ਮਰਦਾਨਾ ਕਹਿਣ ਲੱਗਾ ਕਿ ਬਾਬਾ ਜੀ ਬਾਣੀ ਦੇ ਮੈਂ ਜਿਹੜੇ ਵੱਡੇ ਵੱਡੇ ਗ੍ਰੰਥ ਵੇਖੇ ਨੇ ਉਹ ਤੁਹਾਡੀ ਕਿਹੜੀ ਬਾਣੀ ਹੈ ਜਿਸ ਦਾ ਮੈਨੂੰ ਗਿਆਨ ਨਹੀ?

ਗੁਰੂ ਸਾਹਿਬ ਨੇ ਮਰਦਾਨੇ ਨੂੰ ਦੱਸਿਆ ਕਿ ਭਵਿਖ ਵਿੱਚ ਆਉਣ ਵਾਲੇ ਮੇਰੇ ਜਾਨ ਨਸ਼ੀਨ ਭਾਵ ਗੁਰੂ ਸਾਹਿਬਾਨ ਦੇ ਰਾਂਹੀ ਹੋਰ ਬਹੁਤ ਬਾਣੀ ਪ੍ਰਗਟ ਹੋਵੇਗੀ। ਇਹ ਸੁਣ ਕੇ ਮਰਦਾਨਾ ਬਹੁਤ ਵਿਸਮਾਦਿਤ ਹੋਇਆ।

ਪੀਰਾਂ ਦੇ ਸ਼ਹਿਰ ਮੁਲਤਾਨ ਪਹੁੰਚਿਆ ਬਾਬਾ

ਗੁਰੂ ਸਾਹਿਬ ਵਾਪਸ ਤੁਲੰਬੇ ਵਾਲੇ 'ਸੇਖ ਸੱਜਣ' ਦੇ ਘਰ ਆਏ ਤੇ ਓਥੋਂ ਕਬੀਰਵਾਲਾ ਹੁੰਦੇ ਹੋਏ ਮੁਲਤਾਨ ਪਹੁੰਚੇ।

ਜਿਵੇ ਪੂਰਬ ਵਿੱਚ ਬਨਾਰਸ ਸ਼ਹਿਰ ਪੁਰਾਣਾ ਹੈ ਓਸੇ ਤਰਾਂ ਪੱਛਮ ਵਿੱਚ ਮੁਲਤਾਨ ਸ਼ਹਿਰ ਵੀ ਬਹੁਤ ਪੁਰਾਣਾ ਹੈ। ਭਾਰਤੀ ਇਤਹਾਸ ਦਾ ਤਾਂ ਛੱਡੋ ਇਹ ਸ਼ਹਿਰ ਬਾਦਸ਼ਾਹ ਸਿਕੰਦਰ (326 ਈ. ਪੂ.) ਦੇ ਹਮਲੇ ਵੇਲੇ ਵੀ ਜੋਬਨ ਤੇ ਸੀ। ਚੀਨੀ ਯਾਤਰੀ ਜ਼ੁਆਂਗਜੈਗ (ਹਿਊਨ ਸਾਂਗ) ਨੇ ਵੀ 640 ਈ ਵਿੱਚ ਮੁਲਤਾਨ ਦੇ ਦਰਸ਼ਨ ਕੀਤੇ। ਪ੍ਰਦੇਸੀ ਯਾਤਰੂਆਂ ਵਲੋ ਲਿਖੇ ਗਏ ਭਾਰਤ ਬਾਰੇ ਲੇਖਾਂ ਵਿਚੋਂ ਸਭ ਤੋਂ ਵਧੀਆ ਅਲਬਿਰੂਨੀ ਦੀ ਕਿਤਾਬ ਉਲ ਹਿੰਦ ਹੈ। ਬਰੂਨੀ ਨੇ ਵੀ ਮੁਲਤਾਨ ਬਾਰੇ ਬਹੁਤ ਵਿਸਥਾਰ ਨਾਲ ਲਿਖਿਆ ਹੈ। ਇਥੋਂ ਦੇ ਸੂਰਜ ਮੰਦਰ ਦੀ ਸ਼ਾਨ ਬਾਰੇ ਬਿਆਨ ਹਨ। ਪੰਜਾਬ

ਮੁਲਤਾਨ ਦੇ ਸੂਰਜ ਮੰਦਰ ਦੀ ਨੀਂਹ। ਇੱਟਾਂ ਦੇ ਨਾਪ ਵਲ ਗੌਰ ਕੀਤਾ ਜਾਵੇ। ਹੇਠਾਂ ਸਾਫ ਤੌਰ ਤੇ ਉਹ ਵੱਡੀ ਇੱਟ (12x9x3") ਨਜਰ ਆ ਰਹੀ ਹੈ ਜੋ 1500-2000 ਸਾਲ ਪਹਿਲਾਂ ਜਾਂ ਕੁਸ਼ਨ ਕਾਲ ਵਿਚ ਵਰਤੀ ਜਾਂਦੀ ਸੀ।

ਦੇ ਮੱਲ੍ਹੀ ਜੱਟ ਵੀ ਮੂਲ ਵਿੱਚ ਮੁਲਤਾਨ ਦੇ ਹੀ ਸ਼ਾਸਕ ਸਨ। ਅੱਜ ਤੋਂ 1000 ਸਾਲ ਪਹਿਲਾਂ ਹੀ ਇਥੇ ਇਸਲਾਮ ਦਾ ਬੋਲ ਬਾਲਾ ਹੋ ਗਿਆ ਸੀ। ਕਿਉਕਿ ਇਹ ਵੀ ਪ੍ਰਸਿਧ ਹਿੰਦੂ ਧਾਰਮਿਕ ਰਾਜਧਾਨੀ ਸੀ ਇਸ ਕਰਕੇ ਮੁਸਲਮਾਨ ਪ੍ਰਚਾਰਕਾਂ ਦੀ ਗਿਣਤੀ ਵੀ ਇਥੇ ਕੁਝ ਜਿਆਦਾ ਹੀ ਹੋ ਗਈ।

ਮੁਲਤਾਨ ਵੱਡਾ ਵਪਾਰਕ ਮਰਕਜ਼ ਸੀ ਜਿੱਥੇ ਪੱਛਮ ਤੇ ਪੂਰਬੀ ਵਪਾਰੀਆਂ ਦਾ ਮੇਲ ਹੁੰਦਾ ਸੀ। ਇਥੋਂ ਦੀ ਘੋੜਿਆਂ ਦੀ ਮੰਡੀ ਪੂਰੇ ਭਾਰਤ ਵਿੱਚ ਪ੍ਰਸਿਧ ਸੀ। ਇਹ ਪੱਛਮ ਵਿੱਚ ਏਨਾ ਪ੍ਰਸਿਧ ਸੀ ਕਿ ਅਜ਼ਰਬਾਏਜਾਨ ਦੇ ਸ਼ਹਿਰ ਬਾਕੂ ਵਿੱਚ ਅੱਜ ਵੀ 15 ਸਦੀ 'ਚ ਬਣਿਆ ਮੁਲਤਾਨੀ ਗੇਟ ਮੌਜੂਦ ਹੈ।

ਜਿਥੋਂ ਤੱਕ ਮਜ਼ਬ ਦਾ ਸਬੰਧ ਹੈ ਮੁਲਤਾਨ ਸੂਫੀ ਪੀਰਾਂ ਦਾ ਕੇਂਦਰ ਰਿਹਾ ਹੈ।

ਜਦੋਂ ਗੁਰੂ ਸਾਹਿਬ ਮੁਲਤਾਨ ਪਹੁੰਚੇ ਤਦ ਤੱਕ ਆਪ ਜੀ ਦੀ ਪ੍ਰਸਿਧੀ ਪੂਰੇ ਭਾਰਤੀ ਮਹਾਂਦੀਪ ਵਿੱਚ ਫੈਲ ਚੁੱਕੀ ਸੀ।

ਗੁਰੂ ਸਾਹਿਬ ਸਾਉਣ ਦੇ ਮਹੀਨੇ ਮੁਲਤਾਨ ਪਹੁੰਚੇ ਸਨ। ਓਦੋ ਇਥੋ ਦੇ ਪ੍ਰਸਿਧ ਪੀਰ ਸ਼ਮਸ ਤਬਰੇਜ ਉਰਫ ਸ਼ਮਸੁਦੀਨ ਸਬਜ਼ਵਾਰੀ (ਮੌਤ 1276 ਈ.) ਦਾ ਉਰਸ (ਮੇਲਾ) ਵੀ ਚਲ ਰਿਹਾ ਸੀ। ਗੁਰੂ ਸਾਹਿਬ ਨੇ ਸ਼ਮਸ ਦੇ ਮਕਬਰੇ ਤੋਂ ਥੋੜਾ ਹਟਵਾਂ ਡੇਰਾ ਲਾ ਲਿਆ। ਇਹ ਉਹੋ ਪੀਰ ਹੈ ਜਿਹਦੇ ਬਾਬਤ ਕਿਹਾ ਜਾਂਦਾ ਹੈ ਕਿ ਇਸ ਦੇ ਕਹਿਣ ਤੇ ਸੂਰਜ ਨੇੜੇ ਆ ਗਇਆ ਸੀ ਤੇ ਮੁਲਤਾਨ ਨੂੰ ਝੁਲਸਾ ਦਿੱਤਾ ਸੀ।

ਇਨਾਂ ਦਾ ਮੁਲਤਾਨ ਸ਼ਹਿਰ ਵਿੱਚ ਆਉਣਾ ਪੀਰਾਂ ਨੂੰ ਚੰਗਾ ਨਾਂ ਲੱਗਾ। ਉਨਾਂ ਦਾ ਸੋਚਣਾ ਸੀ ਕਿ ਅਸੀ ਤਾਂ ਪਹਿਲਾਂ ਹੀ ਲੋਕਾਂ ਨੂੰ ਇੱਕ ਅੱਲਾਹ/ਈਸ਼ਵਰ ਨਾਲ ਜੋੜ ਰਹੇ ਤਾਂ ਤੁਹਾਨੂੰ ਇਥੇ ਆਉਣ ਦੀ ਜਰੂਰਤ ਨਹੀ ਸੀ।

ਪੀਰਾਂ ਫਕੀਰਾਂ ਜੋਗੀਆਂ ਵਿੱਚ ਪ੍ਰੰਪਰਾ ਚਲੀ ਆਉਦੀ ਹੈ ਕਿ ਜਿੱਥੇ ਪਹਿਲਾਂ ਹੀ ਜਿਆਦਾ ਸਾਧੂ ਸੰਤ ਇਕੱਠੇ ਹੋਏ ਹੋਣ ਤੇ ਰਹਿਣ ਵਾਸਤੇ ਥਾਂ ਦੀ ਕਮੀ ਪੇਸ਼ੀ ਹੋਏ ਓਥੇ ਨਵੇ ਆਏ ਸਾਧੂ ਨੂੰ ਸ਼ੁਰੂ



ਮਕਬਰਾ ਸ਼ਮਸ ਤਬਰੇਜ ਇਸ ਦੇ ਲਾਗੇ ਹੀ ਗੁਰੂ ਸਾਹਿਬ ਨੇ ਡੇਰਾ ਜਮਾਇਆ ਸੀ। ਸਿੱਖ ਰਾਜ ਵੇਲੇ ਇਸ ਦੇ ਬਰਾਂਡੇ ਵਿਚ ਹੀ ਥੜਾ ਸਾਹਿਬ ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ। ਅੰਗਰੇਜਾਂ ਨੇ 1850ਈ.ਵਿਚ ਇਥੋਂ ਹੁਕਮ ਕਰਕੇ ਗੁਰੂ ਗ੍ਰੰਥ ਸਾਹਿਬ ਚੁੱਕਵਾ ਦਿਤਾ ਸੀ। (ਕੈਸਰ-114)

ਵਿੱਚ ਹੀ ਦੁੱਧ ਦਾ ਗਲਾਸ ਓਤੋਂ ਤੱਕ ਭਰ ਕੇ ਵਰਤਾਇਆ ਜਾਂਦਾ ਹੈ। ਜਿਸ ਵਿੱਚ ਇਸ਼ਾਰਾ ਹੁੰਦਾ ਹੈ ਕਿ ਇਸ ਗਲਾਸ ਵਿੱਚ ਹੋਰ ਵਸਤੂ ਨਹੀ ਸਮਾ ਸਕਦੀ ਭਾਵ ਇਹ ਸਥਾਨ ਤਾਂ ਪਹਿਲਾਂ ਹੀ ਪੂਰ ਹੋਇਆ ਪਿਆ ਏ।

ਮੁਲਤਾਨ ਵਿਖੇ ਵੀ ਪੀਰਾਂ ਨੇ ਗੁਰੂ ਸਾਹਿਬ ਨਾਲ ਕੁਝ ਇਸ ਤਰਾਂ ਹੀ ਕੀਤਾ। ਜਦੋਂ ਦੁੱਧ ਦਾ ਭਰਿਆ ਕਟੋਰਾ ਆਇਆ ਤਾਂ ਗੁਰੂ ਸਾਹਿਬ ਨੇ ਲਾਗੋਂ ਇੱਕ ਫੁੱਲ ਤੋੜਿਆ ਤੇ ਉਹਦੀ ਇੱਕ ਪੰਖੜੀ ਦੁਧ ਦੇ ਉਤੇ ਰੱਖ ਕੇ ਦੁੱਧ ਵਾਪਸ ਕਰ ਦਿੱਤਾ। ਇਸ ਗੱਲ ਤੇ ਮਰਦਾਨੇ ਨੂੰ ਬੁਰਾ ਲੱਗਾ ਕਿਉਕਿ ਸਫਰ ਤੋਂ ਥੱਕੇ ਟੁੱਟੇ ਨੂੰ ਹੁਣ ਖੁਰਾਕ ਦੀ ਜਰੂਰਤ ਸੀ। ਗੁਰੂ ਸਾਹਿਬ ਨੇ ਮਰਦਾਨੇ ਨੂੰ ਸਮਝਾਇਆ ਕਿ ਭਾਈ ਇਹ ਦੁੱਧ ਜੋ ਆਇਆ ਸੀ ਇਹ ਇਸ਼ਾਰਾ ਸੀ ਕਿ ਇਥੇ ਤਾਂ ਪਹਿਲਾਂ ਹੀ ਪੀਰਾਂ ਫਕੀਰਾਂ ਦੀ ਬਹੁਤ ਗਹਿਮਾ ਗਹਿਮੀ ਹੈ। ਅਸੀ ਫੁੱਲ ਪੱਤੀ ਰੱਖ ਕੇ ਜਵਾਬ ਦਿੱਤਾ ਕਿ ਅਸੀ ਕੋਈ ਥਾਂ ਨਹੀ ਮੱਲਣ ਆਏ।

ਜਿਵੇਂ ਦੁੱਧ ਦਾ ਗਲਾਸ ਵਾਪਸ ਆਇਆ ਤੇ ਉਤੋ ਫੁੱਲ ਪੱਤੀ ਤਰਦੀ ਵੇਖੀ ਤਾਂ ਪੀਰ ਸਮਝ ਗਏ ਕਿ ਬਾਬਾ ਨਾਨਕ ਨੂੰ ਐਵੇ ਨਹੀ ਦੁਨੀਆ ਮੰਨਦੀ। ਪੀਰਾਂ ਨੇ ਗੁਰੂ ਸਾਹਿਬ ਨੂੰ ਸੱਦਿਆ ਤੇ ਲੰਗਰ ਪਾਣੀ ਛਕਾਉਣ ਤੋਂ ਬਾਦ ਮੁਲਤਾਨ ਦੇ ਚੋਟੀ ਦੇ ਪੀਰਾਂ ਦੀ ਮਜਲਸ ਹੋਈ। ਉਥੇ ਗੁਰੂ ਸਾਹਿਬ ਨਾਲ ਗੋਸ਼ਟੀ ਸ਼ੁਰੂ ਹੋਈ। ਕਿਉਕਿ ਗੁਰੂ ਸਾਹਿਬ ਇੱਕ ਨਿਰੰਕਾਰ ਅਕਾਲ ਪੁਰਖ ਦਾ ਪ੍ਰਚਾਰ ਦੁਨੀਆ ਭਰ ਵਿੱਚ ਕਰ ਰਹੇ ਸਨ ਤੇ ਉਹ ਉਮੀਦ ਕਰਦੇ ਸਨ ਕਿ ਮੁਲਤਾਨ ਜਿਹੇ ਸ਼ਹਿਰ ਦੇ ਮੁਸਲਮਾਨ ਮਜ਼ਬੀ ਲੋਕ ਉਨਾਂ ਦਾ ਸਤਿਕਾਰ ਕਰਨਗੇ। ਪਰ ਹੋਇਆ ਉਲਟਾ ਸੀ। ਇੱਕ ਤਰਾਂ ਨਾਲ ਈਰਖਾ ਜਿਤਾਈ ਸੀ।

ਗੁਰੂ ਸਾਹਿਬ ਨੇ ਉਨਾਂ ਨੂੰ ਕਿਹਾ ਕਿ ਮੈਂ ਇਥੋਂ ਦੀ ਲੰਘ ਰਿਹਾ ਸੀ ਤੇ ਸਿਰਫ ਮਹਾਂਪੁਰਖਾਂ ਦੇ ਦਰਸ਼ਨਾਂ ਲਈ ਆਇਆ ਹਾਂ। ਪੀਰਾਂ ਦੇ ਮਨਾਂ ਵਿੱਚ ਥੋੜਾ ਬਹੁਤਾ ਗਿਲਾ ਵੀ ਸੀ ਕਿਉਕਿ ਉਹ ਸਮਝਦੇ ਸਨ ਕਿ ਬਾਬਾ ਨਾਨਕ ਆਪਣੇ ਨਾਲ ਵਜੰਤ੍ਰੀ ਨੂੰ ਲਈ ਫਿਰ ਰਿਹਾ ਹੈ ਜਦੋਂ ਕਿ ਇਸਲਾਮ ਵਿੱਚ ਸੰਗੀਤ ਮਨਾ ਹੈ। ਗੁਰੂ ਸਾਹਿਬ ਨੇ ਸੰਗੀਤ ਦੇ ਹੱਕ ਵਿੱਚ ਅਜਿਹੀ ਦਲੀਲ ਦਿੱਤੀ ਕਿ ਪੀਰ ਫਿਰ ਲਾਜਵਾਬ ਹੋ ਗਏ।

ਲੋਢਾ ਵੇਲਾ ਸੀ ਜਦੋਂ ਗੱਲਾਂ ਰਾਗ ਨਾਦ ਸੰਗੀਤ ਤੇ ਚੱਲ ਰਹੀਆਂ ਸਨ। ਮਰਦਾਨੇ ਨੂੰ ਕਸ਼ਮੀਰ ਦੀ ਯਾਦ ਆ ਗਈ। ਓਥੇ ਫਿਰ ਮਜਲਸ ਵਿੱਚ ਜਿਵੇ ਮਰਦਾਨੇ ਦੀ ਰਬਾਬ ਬੋਲੀ ਸਾਰਿਆਂ ਦਾ ਧਿਆਨ ਉਸ ਵਲ ਹੋ ਗਿਆ। ਵਡਹੰਸ ਦੀ ਧੁੰਨ ਛੇੜੀ ਉਸ। ਸ਼ਬਦ ਉਸ ਨੇ ਪਹਿਲਾਂ ਕਈ ਵਾਰ ਗਾਇਆ ਸੀ। ਗੁਰੂ ਸਾਹਿਬ ਨੇ ਅਲਾਪ ਉੱਚਾ ਲੰਮਾ ਚੁੱਕ ਦਿੱਤਾ ਤੇ ਸ਼ਬਦ ਗਾਵਿਆ◈:-

ਵਡਹੰਸੁ ਮਹਲਾ ੧ ਘਰੁ ੨ ॥ ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥ ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥ ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੇ ॥.....(ਵੇਖੋ ਸਫਾ 275)

ਸ਼ਬਦ ਸੁਣ ਕੇ ਸਾਰੇ ਪੀਰ ਵਾਹ! ਵਾਹ!! ਬਾਬਾ ਨਾਨਕ ਕਰ ਉਠੇ। ਹਰ ਕਿਸੇ ਦੀ ਇਛਾ ਸੀ ਕਿ ਅਜਿਹਾ ਪਹੁੰਚਿਆ ਦਰਵੇਸ਼ ਮੁਸਲਮਾਨ ਹੋਣਾ ਚਾਹੀਦੈ।

—◈—

ਮੁਲਤਾਨ

ਪੀਰ ਨੇ ਪੁੱਛਿਆ ਤੱਪ ਤੋਂ ਬਿਨਾਂ ਵੀ ਕੋਈ ਸਾਧਨ ਹੈਗਾ ਜਿਸ ਨਾਲ ਮਨ ਦੀਆਂ ਵਾਸ਼ਨਾਵਾਂ ਦਾ ਨਾਸ ਹੋ ਸਕੇ ○

ਇਕ ਪੀਰ ਨੇ ਇੱਕ ਤਰਾਂ ਨਾਲ ਇਕਬਾਲ ਕੀਤਾ ਕਿ ਮੈਂ ਜਿੰਦਗੀ ਵਿੱਚ ਤੱਪ ਖੂਬ ਕੀਤਾ ਹੈ ਪਰ ਮਨ ਦੀਆਂ ਵਾਸ਼ਨਾਵਾਂ ਨਹੀ ਘਟੀਆਂ। ਨਿਮ੍ਰਤਾ ਨਾਲ ਪੁੱਛਣ ਲੱਗਾ ਕਿ ਕੋਈ ਅਜਿਹਾ ਰਾਹ ਹੈਗਾ ਜਿਸ ਨਾਲ ਵਾਸ਼ਨਾਵਾਂ (ਕਾਮ, ਮੋਹ, ਹੰਕਾਰ ਆਦਿ) ਵੱਸ ਵਿੱਚ ਆ ਜਾਣ। ਗੁਰੂ ਸਾਹਿਬ ਨੇ ਉਤਰ ਦਿੱਤਾ ਕਿ ਬਿਨਾਂ ਗਿਆਨ ਦੇ ਇਨਾਂ ਤੋਂ ਛੁਟਕਾਰਾ ਨਹੀ ਮਿਲ ਸਕਦਾ। ਗੁਰ ਸ਼ਬਦ ਰਾਂਹੀ ਹੀ ਇਹ ਵੱਸ ਵਿੱਚ ਆਉਦੇ ਨੇ। (ਵਿਸਥਾਰ ਲਈ ਵੇਖੋ ਸਫਾ 123) ਪੀਰ ਪੁੱਛਿਆ ਉਹ ਕਿਹੜਾ ਗਿਆਨ ਹੈ? ਗੁਰੂ ਸਾਹਿਬ ਨੇ ਕਿਹਾ ਸੱਚ ਤੇ ਝੂਠ ਨੂੰ ਸਮਝਣਾ। ਹਉਮੇ ਤੇ ਨਾਮ ਨੂੰ

ਪੈਰ ਸਫਾ ◆ ਬੀ:40-156, ○ ਮਨੀ ਸਿੰਘ- 601, ◈ ਸੋਢੀ -419

ਸੋ ਇਹ ਇੱਕ ਤਰਾਂ ਨਾਲ ਤਸਦੀਕ ਹੋ ਜਾਂਦਾ ਹੈ ਕਿ ਮੱਕੇ ਦੀ ਉਦਾਸੀ ਤੇ ਜਾਂਦਿਆ ਬਰਸਾਤ ਦੇ ਦਿਨਾਂ ਵਿਚ ਗੁਰੂ ਸਾਹਿਬ ਮੁਲਤਾਨ ਸਨ। ਇਸ ਦੇ ਦੋਹਰੇ ਦੋਹਰੇ ਸਬੂਤ ਮਿਲਦੇ ਹਨ। ਇੱਕ ਤਾਂ ਜੂਨ ਵੇਲੇ ਉਰਸ ਤੇ ਦੂਸਰਾ ਸ਼ਬਦ ਤੇ ਸਬਦ ਵੀ ਫਿਰ ਸਰਾਇਕੀ ਬੋਲੀ ਭਾਵ ਮੁਲਤਾਨੀ ਵਿਚ।

ਗੋਸ਼ਟੀ-48 ਅਨੁਸਾਰ ਗੁਰੂ ਸਾਹਿਬ ਵੇਲੇ ਮੱਕੇ ਦਾ ਹੱਜ ਚੇਤਰ ਮਹੀਨੇ (ਮਾਰਚ/ਅਪਰੈਲ) ਆਇਆ ਸੀ।(ਦਰ ਅਸਲ ਜਦੋਂ ਗੋਸ਼ਟਿ ਲਿਖੀ ਗਈ ਸੀ ਉਹਨੀ ਸਾਲੀਂ ਹੱਜ ਪੋਹ-ਮਾਘ ਦੇ ਮਹੀਨੇ ਹੁੰਦਾ ਸੀ।

ਸਮਝਣਾ। ਨਿਰੰਕਾਰ ਦੀ ਖੇਡ ਨੂੰ ਸਮਝਣਾ।

—◈—

ਮੁਲਤਾਨ

ਫਿਰ ਇੱਕ ਪੀਰ ਪੁੱਛਦੈ ਅਸਲੀ ਦਰਵੇਸ਼ਾਂ ਦੇ ਕੀ ਲੱਛਣ ਹੁੰਦੇ ਨੇ◉

ਕਿਉਕਿ ਗੁਰੂ ਸਾਹਿਬ ਦਾ ਪਹਿਰਾਵਾ ਅਲੌਕਿਕ ਜਿਹਾ ਹੀ ਹੁੰਦਾ ਸੀ। ਸਾਧੂ ਫਕੀਰ ਸਗੋਂ ਸ਼ੁਰੂ 'ਚ ਸ਼ੱਕ ਕਰਦੇ ਸਨ ਕਿ ਇਹ ਦਰਵੇਸ਼ ਹੈ ਵੀ ਕਿ ਨਹੀ। ਰੁਕਨੁਦੀਨ ਨਾਂ ਦੇ ਪੀਰ ਨੇ ਪੁੱਛ ਹੀ ਲਿਆ ਕਿ ਅਸਲੀ ਸੰਤ ਦੇ ਕੀ ਲੱਛਣ ਹੁੰਦੇ ਨੇ?

ਗੁਰੂ ਸਾਹਿਬ ਨੇ ਕਿਹਾ ਕਿ ਸੰਤ ਉਹ ਹੈ ਜੋ:

1. ਬਜੁਰਗਾਂ ਦਾ ਸੰਗ ਤੇ ਨੀਅਤ ਰਾਸ ਕਰੇ,
2. ਰੱਬ ਦੇ ਗੁਣ ਸੁਣ ਕੇ ਪ੍ਰਸੰਨ ਹੋਵੇ,
3. ਗੁਣਵਾਨ ਦੀ ਖਿਦਮਤ ਕਰੇ,
4. ਵਡਿਆਈ ਸਿਰਫ ਗੁਰੂ ਪੀਰ ਦੀ ਹੀ ਕਰੇ,
5. ਜਿਵੇ ਸਾਡੀ ਖੁਰਾਕ ਅਤੇ ਅਮਲ (ਨਸ਼ੇ) ਵਿੱਚ ਫਰਕ ਹੁੰਦਾ ਹੈ ਏਸੇ ਤਰਾਂ ਗੁਰੂ ਦੀ ਬੁੱਧ ਤੇ ਆਪਣੀ ਬੁੱਧ ਵਿੱਚ ਫਰਕ ਸਮਝੇ,
6. ਬਿਗਾਨੀ ਇਸਤ੍ਰੀਆਂ ਵਲ ਬੁਰੀ ਨਜ਼ਰ ਨਾਲ ਨਾਂ ਤੱਕੇ,
7. ਜਿਸ ਬੰਦੇ ਕਰਕੇ ਸਾਡੇ ਧਾਰਮਿਕ ਭਰੋਸੇ ਵਿੱਚ ਦੁਬਿਧਾ ਬਣੇ ਉਸ ਦਾ ਤਿਆਗ ਕਰੇ,
8. ਸੰਤਾਂ ਦਰਵੇਸ਼ਾਂ ਦੀ ਟਹਿਲ ਕਰੇ
9. ਆਪਣਾ ਮੰਨ ਨੀਵਾਂ ਰੱਖਣਾਂ। ਆਪਣੀ ਤਾਕਤ ਦਾ ਮੁਜਾਹਿਰਾ ਨਹੀ ਕਰਨਾਂ
10. ਬੁਰੇ ਕਰਮ ਕਰਨ ਵਾਲਿਆਂ ਤੋਂ ਕਿਨਾਰਾ ਕਰਨਾਂ

ਫਿਰ ਮਖਦੂਮ ਕਹਿਣ ਲੱਗਾ ਕਿ ਸਭ ਦਰਵੇਸ਼ ਮਾਇਆ ਦਾ ਖੰਡਣ ਕਰਦੇ ਹਨ ਇਹਨੂੰ ਝੂਠ ਮੰਨਦੇ ਹਨ ਪਰ ਮਾਇਆ ਬਿਨ ਵਿਵਹਾਰ ਨਹੀ ਹੋ ਸਕਦਾ। ਗੁਰੂ ਸਾਹਿਬ ਨੇ ਕਿਹਾ ਕਿ ਜੇਹੀ ਮਾਇਆ ਝੂਠੀ ਹੈ ਤੇਹਾ ਵਿਵਹਾਰ ਵੀ ਝੂਠਾ ਹੀ ਹੁੰਦਾ ਹੈ।

ਇਸ ਮੌਕੇ ਫਿਰ ਭਾਈ ਮਨੀ ਸਿੰਘ ਅਨੁਸਾਰ ਗੁਰੂ ਸਾਹਿਬ ਨੇ 'ਹਾਜਰਨਾਮਾ' ਉਚਾਰਿਆ। ✚

'ਹਾਜਰਨਾਮਾ'

- ਹਾਜਰਾ ਕਉ ਮਿਹਰ ਹੈ। ਬੇ-ਹਾਜਰਾ ਕੋ ਬੇ-ਮਿਹਰ ਹੈ।
- ਈਮਾਨ ਦੋਸਤ ਹੈ, ਬੇਇਮਾਨ ਕਾਫਰ ਹੈ।
- ਗੁਮਾਨ ਲਾਨਤੀ ਹੈ।
- ਪਸਗੈਬਤ ਕਾ ਮੂੰਹ ਕਾਲਾ ਹੈ, ਦਿਆਨਤਦਾਰ ਸੁਰਖ ਹੈ।
- ਅਕ੍ਰਿਤਘਣ ਜ਼ਰਦਰੂਹ ਹੈ।
- ਦਰੋਗ ਦੋਜ਼ਖ ਹੈ, ਸੱਚ ਬਹਿਸ਼ਤ ਹੈ।
- ਹਿਰਸੀ ਫਿਰਆਉਨ ਹੈ, ਬੇ ਹਿਰਸੀ ਅਉਲੀਆ ਹੈ।
- ਇਲਮ ਹਲੀਮੀ ਹੈ, ਤਵੱਜਾ ਬੁਲੰਦੀ ਹੈ।
- ਫਕੀਰੀ ਸਬੂਰੀ ਹੈ, ਨਸਬੂਰੀ ਮਕਰੁ ਹੈ।
- ਜ਼ੋਰ ਜ਼ੁਲਮ ਹੈ, ਬੇ ਜ਼ੋਰ ਪਾਕ ਹੈ।
- ਦੁਆਇ ਦੌਲਤ ਹੈ, ਬਦ-ਦੁਆਇ ਕਹਰ ਹੈ।
- ਇਨਸਾਫ ਸਾਫ ਹੈ। ਚੋਰੀ ਲਾਲਚ ਹੈ। ਜਾਰੀ ਪਲੀਤੀ ਹੈ।
- ਸਿਫਤਿ ਉਜੂ ਹੈ, ਬੇ ਸਿਫਤ ਨਾਪਾਕ ਹੈ। ਬਾਂਗ ਬਲੇਲ ਹੈ।
- ਕਰਾਮਾਤ ਕੁਦਰਤ ਹੈ।
- ਰਾਹ ਪੀਰਾ ਹੈ, ਬੇ-ਰਾਹ ਬੇ-ਪੀਰਾਂ ਹੈ।
- ਦਰਦਵੰਦ ਦਰਵੇਸ਼ ਹੈ, ਬੇਦਰਦ ਕਸਾਈ ਹੈ।
- ਰੋਜ਼ੀ ਬਖਸ਼ ਰਹੀਮ ਹੈ।
- ਤੇਗ ਮਰਦਾਂ ਹੈ, ਅਦਲ ਪਾਤਸ਼ਾਹਾਂ ਹੈ।

ਪੈ੍ਰਸ ਸਭਾ

◉ ਮਨੀ ਸਿੰਘ- 601

✚ **ਹਾਜਰਨਾਮੇ** ਨੂੰ ਜਨਮਸਾਖੀਆਂ ਸਮੇਤ ਭਾਈ ਮਨੀ ਸਿੰਘ ਅਤੇ ਗਿਆਨੀ-242 ਨੇ ਵੀ ਗੁਰੂ ਸਾਹਿਬ ਕ੍ਰਿਤ ਮੰਨਿਆ ਹੈ। ਇਹ ਮੱਕਾ ਮੱਦੀਨੇ ਦੀ ਗੋਸ਼ਟਿ ਵਿਚ ਵੀ ਆਉਦਾ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾਂ ਵੇਲੇ ਪੰਚਮ ਪਾਤਸ਼ਾਹ ਨੇ ਇਸ ਨੂੰ ਗੁਰਬਾਣੀ ਵਿਚ ਨਹੀ ਸ਼ਾਮਲ ਕੀਤਾ। ਸੋ ਹੋ ਸਕਦਾ ਹੈ ਕਿ ਇਹ ਗੁਰੂ ਕ੍ਰਿਤ ਨਾਂ ਹੋਵੇ ਜਾਂ ਫਿਰ ਇਹ ਗੁਰਬਾਣੀ ਦੇ ਕਾਵਿ ਲਹਿਜੇ ਵਿਚ ਨਾਂ ਹੋਣ ਕਰਕੇ ਰੱਦ ਕੀਤਾ ਗਇਆ ਸੀ।

'ਮੱਕੇ ਮਦੀਨੇ ਦੀ ਗੋਸ਼ਟ'

ਇਸ ਵਿੱਚ ਗੁਰੂ ਨਾਨਕ ਪਾਤਸ਼ਾਹ ਦੀਆਂ ਅਰਬ ਦੇਸਾਂ ਵਿੱਚ ਹੋਈਆਂ ਗੋਸ਼ਟੀਆਂ ਸਾਂਭੀਆਂ ਪਈਆਂ ਹਨ। ਗਿਆਨੀ ਗਿਆਨ ਸਿੰਘ ਅਨੁਸਾਰ ਇਸ ਦਾ ਮੂਲ ਫਾਰਸੀ ਲਿਖਾਰੀ ਸੂਫੀ ਪੀਰ ਸੱਯਦ ਮੁਹੰਮਦ ਗੌਸ ਸੀ ਜਿਹੜਾ ਗੁਰੂ ਸਾਹਿਬ ਨੂੰ ਮੱਕੇ ਵਿਖੇ ਮਿਲਿਆ ਸੀ। ਇੱਕ ਅਰੋੜੇ ਸਿੱਖ ਭਾਈ ਭਾਨੇ ਨੇ ਇਨਾਂ ਨੂੰ ਗੁਰਮੁਖੀ ਤੇ ਟਾਕਰੀ ਵਿੱਚ ਉਲਥਾ ਦਿੱਤਾ ਸੀ। ਗਿਆਨੀ ਜੀ ਨੇ ਇਸ ਗੋਸ਼ਟੀ ਦਾ ਇੱਕ ਪੁਰਾਣਾ ਉਤਾਰਾ ਹਜ਼ਾਰੇ ਦੇ ਭਾਈ ਬਾਵਾ ਸ਼ਾਮ ਪ੍ਰਕਾਸ਼ ਕੋਲ ਵੇਖਿਆ ਸੀ। ਤ੍ਰਿਲੋਚਨ ਸਿੰਘ ਅਨੁਸਾਰ ਭਾਈ ਮਨੀ ਸਿੰਘ ਨੇ ਵੀ ਮੱਕੇ ਦੀ ਗੋਸ਼ਟੀ ਦਾ ਹਵਾਲਾ ਦਿੱਤਾ ਹੈ।

ਭਾਈ ਕਾਹਨ ਸਿੰਘ ਨਾਭਾ ਅਨੁਸਾਰ ਇਹ ਰਚਨਾ ਕਿਸੇ ਵੀ ਤਰਾਂ ਅਕਬਰ ਬਾਦਸ਼ਾਹ ਦੇ ਬਾਦ ਦੀ ਹੈ। ਖੁਸ਼ਕਿਸਮਤੀ ਨਾਲ ਇਸ ਦਾ ਰਚਨਕਾਲ 1614 ਈ ਇਸ ਦੀ ਅਬਾਰਤ ਵਿਚੋਂ ਹੀ ਲੱਭਿਆ ਜਾ ਸਕਦਾ। ਜਿਸ ਕਾਰਨ ਇਹ ਬਹੁਤ ਹੀ ਮਹੱਤਵਪੂਰਨ ਦਸਤਾਵੇਜ ਬਣ ਜਾਂਦਾ ਹੈ। ਨਾਭਾ ਲਿਖਦੇ ਹਨ ਕਿ ਇਸ ਦਾ ਕਰਤਾ ਇਸਲਾਮ ਮੱਤ ਦਾ ਚੰਗਾ ਗਿਆਤਾ ਲਗਦਾ ਹੈ।

ਪਰ ਕਰਤਾ ਕੱਟੜ ਸ਼ਾਕਾਹਾਰੀ ਹੋਣ ਕਰਕੇ ਮਾਸ ਖਾਣ ਦੇ ਮਸਲੇ ਤੇ ਆ ਕੇ ਗੁਰਮਤ ਸਿਧਾਂਤ ਦੇ ਉਲਟ ਚਲਾ ਜਾਂਦਾ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਮੱਕੇ ਮਦੀਨੇ ਦੀ ਗੋਸ਼ਟਿ ਪ੍ਰਕਾਸ਼ਤ ਕੀਤੀ ਹੈ ਪਰ ਇਸ ਦੇ ਸੰਪਾਦਕ ਡਾ. ਕੁਲਵੰਤ ਸਿੰਘ ਕੋਲੋ ਕਈ ਤਰੁੱਟੀਆਂ ਰਹਿ ਗਈਆ ਹਨ। ਮਿਸਾਲ ਦੇ ਤੌਰ ਕੁਲਵੰਤ ਲਿਖਦਾ ਹੈ ਕਿ "ਇਸ ਗੋਸ਼ਟਿ ਦੀ ਕੋਈ ਐਸੀ ਪ੍ਰਮਾਣਿਕ ਹੱਥ ਲਿਖਤ ਨਹੀ ਮਿਲਦੀ ਜਿਸ ਦੇ ਆਧਾਰ ਤੇ ਇਸ ਦੇ ਰਚਨਾ ਕਾਲ ਬਾਰੇ ਕਿਸੇ ਨਤੀਜੇ ਤੇ ਪਹੁੰਚਿਆ ਜਾਵੇ।" ਹਾਲਾਂ ਕਿ ਇਸ ਦੀ ਅਬਾਰਤ ਦੇ ਵਿੱਚ ਹੀ ਸਪੱਸ਼ਟ ਸੰਕੇਤ ਮਿਲ ਜਾਂਦਾ ਹੈ ਕਿ ਇਹ 1614 ਈ. ਦੀ ਰਚਨਾ ਹੈ। ਕਿਉਕਿ ਗੋਸ਼ਟਿ ਵਿੱਚ ਆਉਦਾ ਹੈ:-

ਨਾਨਕ ਆਖੇ ਰੁਕਨਦੀਨ ਕਿਓ ਭੁਲਿਓ ਮਨਮਾਹਿ॥ ਪੈਗੰਬਰ ਆਖੀਰ ਦਾ ਭਇਓ ਮੁਹੰਮਦ ਨਾਹਿ॥ ਨੌ ਸੌ ਬਿਆਸੀ ਉਸ ਨੂੰ ਗੁਜਰੇ ਹੋਏ ਸਾਲ॥ ਕਈ ਪੈਗੰਬਰ ਓਸ ਦੇ ਪਿੱਛੇ ਕਰੇ ਅਕਾਲ॥

ਫਿਰ ਪੁਰਾਤਨ ਜਨਮ ਸਾਖੀ, ਬੀ- 40 ਅਤੇ ਬਾਲਾ ਜਨਮਸਾਖੀ ਨੇ ਵੀ ਗੋਸ਼ਟਿ ਵਿਚੋਂ ਕੁਝ ਰਚਨਾਵਾਂ ਅਪਣਾਈਆਂ ਨੇ। ਦੁੱਖ ਹੁੰਦਾ ਹੈ, ਏਡੇ ਮਹੱਤਵਪੂਰਨ ਦਸਤਾਵੇਜ ਨੂੰ ਪੰਜਾਬੀ ਯੂਨੀਵਰਸਿਟੀ ਨੇ ਕੁਝ ਲਾਪਰਵਾਹੀ ਨਾਲ ਛਾਪਿਆ ਹੈ। ਸ਼ਬਦ ਜੋੜਾਂ ਦੀਆਂ ਗਲਤੀਆਂ ਵੀ ਨਜਰ ਆਉਦੀਆਂ ਹਨ।

ਕਿਉਕਿ ਗੋਸ਼ਟਿ ਦੀ ਭਾਸ਼ਾ ਸਰਾਇਕੀ ਭਾਵ ਮੁਲਤਾਨ ਦੀ ਬੋਲੀ ਹੈ ਇਸ ਤੋਂ ਜ਼ਾਹਰ ਹੁੰਦਾ ਹੈ ਕਿ ਲਿਖਾਰੀ ਏਸੇ ਇਲਾਕੇ ਦਾ ਹੀ ਵਸਨੀਕ ਸੀ। ਕਿਉਕਿ ਹੱਜ ਤੋਂ ਜਾਣ ਤੋਂ ਪਹਿਲਾਂ ਗੁਰੂ ਸਾਹਿਬ ਕੁਝ ਸਮਾਂ ਮੁਲਤਾਨ ਰਹੇ ਤੇ ਹੋ ਸਕਦਾ ਹੈ ਕਿ ਮੁਲਤਾਨ ਇਲਾਕੇ ਦਾ ਹੀ ਕੋਈ ਹਾਜੀ ਇਸ ਦੇ ਲੇਖਕ ਦਾ ਸਰੋਤ ਬਣਿਆ ਹੋਵੇ।

ਕਾਜੀ ਰੁਕਨੁਦੀਨ ਤੇ ਹੋਰ ਮੁਸਲਮਾਨਾਂ ਨਾਮ- ਇਥੇ ਰੁਕਨੁਦੀਨ ਨੂੰ ਮੁਲਤਾਨ ਵਿਖੇ ਦਰਸਾਇਆ ਗਇਆ ਹੈ ਪਰ ਬਹੁਤੀ ਥਾਈ ਉਨੂੰ ਮੱਕੇ ਵਿਖਾਇਆ ਜਾਂਦਾ ਹੈ। ਦਰ ਅਸਲ ਜਨਮ ਸਾਖੀਆਂ ਸੁਣੀਆਂ ਸੁਣਾਈਆਂ ਗੱਲਾਂ ਤੇ ਅਧਾਰਤ ਹਨ। ਜਿਸ ਕਰਕੇ ਕਹਾਣੀ ਪੱਖ ਤਾਂ ਮੂਲ ਰੂਪ ਵਿੱਚ ਸਾਡੇ ਤੱਕ ਪਹੁੰਚ ਜਾਂਦਾ ਹੈ ਪਰ ਜਿਥੋਂ ਤੱਕ ਖਾਸ ਨਾਵਾਂ ਤੇ ਥਾਵਾਂ ਦੀ ਗੱਲ ਹੈ ਓਥੇ ਜਨਮ ਸਾਖੀਆਂ ਅਸਫਲ ਹਨ। ਕਿਉਕਿ ਖੁਦ ਜਨਮ ਸਾਖੀਆਂ ਦੇ ਲਿਖਾਰੀਆਂ ਨੂੰ ਵੀ ਇਹ ਨਾਂ ਨਹੀ ਸਨ ਮਿਲੇ ਇਸ ਕਰਕੇ ਉਨਾਂ ਅੱਟੇ ਸੱਟੇ ਨਾਂ ਦੇ ਕੇ ਕੰਮ ਸਾਰਿਆ ਹੈ। ਮਿਸਾਲ ਦੇ ਤੌਰ ਤੇ ਕਿਸੇ ਪੀਰ ਦੀ ਦਰਗਾਹ ਤੇ ਮਜਾਵਰ ਨਾਲ ਗੱਲ ਹੋਈ ਹੈ ਤਾਂ ਮਜਾਵਰ ਦਾ ਨਾਂ ਦੇਣ ਬਿਜਾਏ ਉਸ ਪੀਰ ਦਾ ਹੀ ਨਾਂ ਦੇ ਦਿੱਤਾ ਹੈ ਜਿਸ ਤੇ ਮਕਬਰੇ ਤੇ ਗੱਲ ਬਾਤ ਹੁੰਦੀ ਹੈ। ਇਹੋ ਕਾਰਨ ਹੈ ਜਨਮ ਸਾਖੀਆਂ ਵਿੱਚ ਕਈ ਅਜਿਹੇ ਪਾਤਰ ਹਨ ਜੋ ਗੁਰੂ ਸਾਹਿਬ ਤੋਂ ਸੈਕੜੇ ਵਰੇ ਪਹਿਲਾਂ ਹੋ ਚੁੱਕੇ ਹੁੰਦੇ ਹਨ। ਕੁਝ ਵੀ ਹੋਵੇ ਕਾਜੀ ਜਾਂ ਰੁਕਨੁਦੀਨ ਕੋਈ ਪੰਜਾਬੀ ਮੁਸਲਮਾਨ ਪੀਰ ਹੀ ਹੋਵੇਗਾ।

ਅਸੀ ਫਿਰ ਵੀ ਸਮਝਦੇ ਹਾਂ ਕਿ ਜਨਮ ਸਾਖੀ ਕਰਤਾਵਾਂ ਦੀ ਇਹ ਵੱਡੀ ਦੇਣ ਹੈ ਜੋ ਸਾਖੀਆਂ ਸਾਡੇ ਤੱਕ ਪਹੁੰਚੀਆਂ ਹਨ। ਬਾਕੀ ਇਹ ਹੁਣ ਇਤਹਾਸਕਾਰਾਂ ਦਾ ਫਰਜ ਬਣਦਾ ਹੈ ਕਿ ਅਸਲੀ ਪਾਤਰਾਂ ਦੇ ਨਾਂ ਖੋਜ ਲੈਣ।

- ਇਤਨੀਆਂ ਟੋਲਾਂ ਜੋ ਜਾਣ ਜਣਾਵੇ। ਨਾਨਕ ਦਾਨਸਵੰਦੁ ਕਹਾਵੇ॥ ◘

ਪੀਰਾਂ ਫਕੀਰਾਂ ਨੇ ਗੁਰੂ ਸਾਹਿਬ ਤੇ ਸਵਾਲਾਂ ਦੀ ਵਾਛੜ ਜਾਰੀ ਰੱਖੀ। ਇਨਾਂ ਦਾ ਜਿਆਦਾ ਮਜਮੂਨ ਫਕੀਰੀ ਬਾਬਤ ਹੀ ਸੀ।

ਪਰ ਬਾਬੇ ਅੱਗੇ ਕੱਟੜ ਮੌਲਾਣੀਆਂ ਦੀਆਂ ਸਭ ਦਲੀਲਾਂ ਫੇਲ ਸਨ। ਸਗੋਂ ਉਲਟਾ ਨੁਕਸਾਨ ਹੁੰਦਾ ਵੇਖ ਮੌਲਾਣਿਆਂ ਨੇ ਗੋਸ਼ਟੀ ਬੰਦ ਕਰ ਦਿੱਤੀ। (ਜਦੋਂ ਗੋਸ਼ਟੀ ਦੌਰਾਨ ਮੁਰਸ਼ਦ ਹਾਰ ਜਾਂਦਾ ਹੈ ਤਾਂ ਨਵੇਂ ਮੁਰੀਦ ਅਮੂਮਨ ਜਿੱਤੇ ਹੋਵੇ ਨਾਲ ਹੋ ਤੁਰਦੇ ਹਨ।)

ਬਾਬਾ ਜੀ ਕੋਈ ਮੁਕਾਮ ਬਣਾ ਕੇ ਬਹਿ ਜਾਓ – ਪੀਰ ਬਹਾਵਦੀ◈

ਬਹਾਉਦੀਨ ਜਕਰੀਆ ਦੀ ਮਜ਼ਾਰ ਤੇ ਬਾਬਾ

ਮੁਲਤਾਨ ਦੇ ਪ੍ਰਸਿੱਧ ਦਰਵੇਸ਼ ਬਹਾਉਦੀਨ ਜਕਰੀਆ (1170-1262 ਈ.) ਦੀ ਦਰਗਾਹ ਤੇ ਜਦੋਂ ਬਾਬਾ ਜੀ ਗਏ ਤਾਂ ਪੀਰ ਦੀ ਅੰਸ ਵਿਚੋਂ ਹੀ 9ਵੀ ਪੀੜੀ ਉਸ ਥਾਂ ਦਾ ਗੱਦੀ ਨਸ਼ੀਨ ਪੀਰ ਸੀ। ਬਾਬਾ ਜੀ ਦੇ ਦਰਸ਼ਨ ਕਰਕੇ ਪੀਰ ਨੇ ਖਾਸਾ ਚਾਅ ਜ਼ਾਹਿਰ ਕੀਤਾ। ਲੰਗਰ ਪਾਣੀ ਛੱਕਣ ਤੋਂ ਬਾਦ ਰੂਹਾਨੀਅਤ ਨਾਲ ਸਬੰਧਤ ਖੂਬ ਗੱਲਾਂ ਬਾਤਾਂ ਹੋਈਆਂ।

ਪੀਰ ਜੀ ਕਹਿਣ ਲੱਗੇ ਕਿ ਬਾਬਾ ਜੀ ਤੁਹਾਡੇ ਬਾਰੇ ਬਹੁਤ ਕੁਝ ਸੁਣਦੇ ਰਹੀਦਾ ਹੈ। ਅਕਸਰ ਸਾਧੂ ਮਹਾਤਮਾ ਤੁਹਾਡੇ ਬਾਰੇ ਗੱਲਾਂ ਕਰਦੇ ਰਹਿੰਦੇ ਨੇ ਕਿ ਬਾਬੇ ਨੂੰ ਫਲਾਨੇ ਸ਼ਹਿਰ ਦੇਖਿਆ ਝਿੰਮਕੇ ਰਾਹ ਦੇਖਿਆ। ਬਹੁਤ ਲੋਕਾਂ ਦਾ ਗਿੱਲਾ ਹੈ ਕਿ ਬਾਬਾ ਨਾਨਕ ਇੱਕ ਟਿਕਾਣਾ ਬਣਾ ਕੇ ਨਹੀ ਬਹਿੰਦਾ। ਫਿਰਦਾ ਹੀ ਰਹਿੰਦਾ ਹੈ। ਬਾਬਾ ਜੀ ਤੁਸੀ ਸਾਡੇ ਸਤਿਕਾਰ ਯੋਗ ਬਜੁਰਗ ਹੋ ਪਰ ਤੁਸੀ ਇੱਕ ਥਾਂ ਮੱਲ ਕੇ ਕਿਉ ਨਹੀ ਬਹਿ ਜਾਂਦੇ ਤਾਂ ਕਿ ਜੋ ਤੁਹਾਨੂੰ ਮਿਲਣਾ ਚਾਹੇ ਤਾਂ ਉਥੇ ਮਿਲ ਤਾਂ ਸਕੇ।

ਬਹਾਉਦੀਨ ਜਕਰੀਆ ਦੀ ਮਜ਼ਾਰ, ਮੁਲਤਾਨ

ਇਸ ਸਵਾਲ ਤੇ ਗੁਰੂ ਸਾਹਿਬ ਨੇ ਮਾਰੂ ਵਿੱਚ ਸ਼ਬਦ ਕਿਹਾ:-

ੴ ਸਤਿਗੁਰ ਪ੍ਰਸਾਦਿ ॥

ਮਾਰੂ ਕਾਫੀ ਮਹਲਾ ੧ ਘਰੁ ੨ ॥ ਆਵਉ ਵੰਞਉ ਡੁੰਮਣੀ ਕਿਤੀ ਮਿਤ੍ਰ ਕਰੇਉ ॥ ਸਾ ਧਨ ਢੋਈ ਨ ਲਹੈ ਵਾਢੀ ਕਿਉ ਧੀਰੇਉ ॥੧॥ ਮੈਡਾ ਮਨੁ ਰਤਾ ਆਪਨੜੇ ਪਿਰ ਨਾਲਿ ॥ ਹਉ ਘੋਲਿ ਘੁਮਾਈ ਖੰਨੀਐ ਕੀਤੀ ਹਿਕ ਭੋਰੀ ਨਦਰਿ ਨਿਹਾਲਿ ॥੧॥ ਰਹਾਉ ॥ ਪੋਈਅੜੈ ਡੋਹਾਗਣੀ ਸਾਹੁਰੜੈ ਕਿਉ ਜਾਉ ॥ ਮੈ ਗਲਿ ਅਉਗਣ ਮੁਠੜੀ ਬਿਨੁ ਪਿਰ ਝੂਰਿ ਮਰਾਉ ॥੨॥ ਪੋਈਅੜੈ ਪਿਰੁ ਸੰਮਲਾ ਸਾਹੁਰੜੈ ਘਰਿ ਵਾਸੁ ॥ ਸੁਖਿ ਸਵੰਧਿ ਸੋਹਾਗਣੀ ਪਿਰੁ ਪਾਇਆ ਗੁਣਤਾਸੁ ॥੩॥ ਲੇਫੁ ਨਿਹਾਲੀ ਪਟ ਕੀ ਕਾਪੜੁ ਅੰਗਿ ਬਣਾਇ ॥ ਪਿਰੁ ਮੁਤੀ ਡੋਹਾਗਣੀ ਤਿਨ ਡੂਖੀ ਰੈਣਿ ਵਿਹਾਇ ॥੪॥ ਕਿਤੀ ਚਖਉ ਸਾਡੜੇ ਕਿਤੀ ਵੇਸ ਕਰੇਉ ॥ ਪਿਰ ਬਿਨੁ ਜੋਬਨੁ ਬਾਦਿ ਗਇਅਮੁ ਵਾਢੀ ਝੂਰੇਦੀ ਝੂਰੇਉ ॥੫॥ ਸਚੇ ਸੰਦਾ ਸਦੜਾ ਸੁਣੀਐ ਗੁਰ ਵੀਚਾਰਿ ॥ ਸਚੇ ਸਚਾ ਬੈਹਣਾ ਨਦਰੀ ਨਦਰਿ ਪਿਆਰਿ ॥੬॥ ਗਿਆਨੀ ਅੰਜਨੁ ਸਚ ਕਾ ਭੇਖੈ ਭੇਖਣਹਾਰੁ ॥ ਗੁਰਮੁਖਿ ਬੂਝੈ ਜਾਣੀਐ ਹਉਮੈ ਗਰਬੁ ਨਿਵਾਰਿ ॥੭॥ ਤਉ ਭਾਵਨਿ ਤਉ ਜੇਹੀਆ ਮੂ ਜੇਹੀਆ ਕਿਤੀਆਹ ॥ ਨਾਨਕ ਨਾਹੁ ਨ ਵੀਛੁੜੈ ਤਿਨ ਸਚੈ ਰਤੜੀਆਹ ॥੮॥੧॥੯॥

ਸ਼ਬਦ ਵਿੱਚ ਓਨਾਂ ਨਿਰੰਕਾਰ ਨਾਲ ਮੇਲ ਦੀ ਡੂੰਘੀ ਇੱਛਾ ਜ਼ਾਹਿਰ ਕੀਤੀ। ਨਾਲ ਹੀ ਇਹ ਇਸ਼ਾਰਾ ਵੀ ਦਿੱਤਾ ਕਿ " ਮੈਡਾ ਮਨੁ ਰਤਾ ਆਪਨੜੇ ਪਿਰ ਨਾਲਿ ॥ " । ਇੱਕ ਤਰਾਂ ਨਾਲ ਉਨਾਂ ਦੱਸਿਆ ਕਿ ਨਿਰੰਕਾਰ ਦੇ ਭਾਣੇ ਅੰਦਰ ਉਹ ਫਿਰ ਰਹੇ ਨੇ।

ਯਾਦ ਰਹੇ ਇਸ ਵੇਲੇ ਤਾਂ ਉਨਾਂ ਮੁਕਾਮ (ਹੈਡ ਕਵਾਟਰ) ਤਾਂ ਕਰਤਾਰਪੁਰ ਨੂੰ ਬਣਾ ਲਿਆ ਸੀ। ਪਰ ਗੁਰੂ ਸਾਹਿਬ ਕੋਈ ਸੁਸਤ ਡੇਰੇਦਾਰ ਨਹੀ ਸਨ। ਉਹ ਤਾਂ ਅਕਾਲ ਪੁਰਖ ਨਿਰੰਕਾਰ ਦਾ ਥਾਂਈ ਥਾਂਈ ਹੋਕਾ ਦੇ ਰਹੇ ਸਨ ਕਿ ਲੋਕਾਂ ਉਸ ਨਿਰੰਕਾਰ ਨੂੰ ਮੰਨੋ ਜੋ ਅਜੂਨੀ ਹੈ ਅਤੇ ਬੇਅੰਤ ਹੈ।

"ਪੀਰ ਜੀ ਮੈਨੂੰ ਤਾਂ ਸਭ ਪਾਸੇ ਨਿਰੰਕਾਰ ਹੀ ਨਜਰ ਆਵਦਾ ਏ। ਕਿੰਨੂ ਮਾੜਾ ਤੇ ਕਿਹਨੂੰ ਚੰਗਾ ਆਖਾਂ?" ○

ਮੁਲਤਾਨ ਘੁੰਮਦੇ ਘੁੰਮਾਦੇ ਇੱਕ ਵਾਰ ਫਿਰ ਗੁਰੂ ਸਾਹਿਬ ਬਹਾਉਦੀਨ ਜਕਰੀਆ ਦੇ ਮਕਬਰੇ ਤੇ ਆ ਗਏ। ਅੱਗੇ ਪਤਾ ਲੱਗਾ ਕਿ ਉਥੋਂ ਦਾ ਗੱਦੀ

ਪੈਰ ਸਫਾ

◘ **ਗੁਮਾਨ**- ਹੰਕਾਰ (ਆਪਣੇ ਕਿਸੇ ਗੁਣ ਦੇ ਸੰਕਲਪ ਦਾ ਹੰਕਾਰ। ਕਿ ਮੈਂ ਬੜਾ ਵਿਦਵਾਨ ਹਾਂ)।। **ਪਸਗੈਬਤ** - ਪਿੱਠ ਪਿੱਛੇ ਨਿੰਦਾ। **ਜ਼ਰਦਰੂਹ**- ਕਾਲੇ ਮੂੰਹ ਵਾਲਾ। ਸ਼ਰਮਿੰਦਾ। (ਉਂਜ ਜ਼ਰ ਦਾ ਮਤਲਬ ਪੀਲਾ ਹੁੰਦਾ ਹੈ) **ਦਰੇਗ** - ਠਾਣੇਦਾਰੀ ਝਾੜਨਾ। ਰੋਹਬ ਦਿਖਾਉਣਾ। **ਹਿਰਸੀ** - ਲਾਲਚੀ। **ਫਿਰਆਉਨ ਜਾਂ ਫਿਰਊਨ**- ਮਿਸਰ ਦੇ ਬਾਦਸ਼ਾਹ (ਇਥੇ ਅਰਥ ਬਦਲਾਖੋਰ ਹੈ) **ਇਲਮ** - ਗਿਆਨ। **ਤਵੱਜਾ** - ਧਿਆਨ ਲਾਉਣਾ। **ਸਬੂਰੀ** - ਸਬਰ। **ਉਜੂ** - ਮੂੰਹ ਹੱਥ ਧੋਣਾ। **ਬਲੇਲ**- ਦਵਾਈ , ਬਹੇੜਾ। **ਅਦਲ** - ਇਨਸਾਫ। **ਦਾਨਸਮੰਦ** - ਅਕਲਵਾਲਾ। **ਟੋਲਾਂ** - ਨੁਕਤੇ

◈ ਸੋਢੀ-434,

ਕੌਣ ਹੈ ਪੀਰ ਬਹਾਵਦੀ?- ਗੁਰੂ ਸਾਹਿਬ ਦੀ ਚੌਥੀ ਉਦਾਸੀ ਦੀਆਂ ਚੋਖੀਆਂ ਗੋਸਟੀਆਂ ਵਿੱਚ ਕਾਜੀ ਰੁਕਨੁਦੀਨ ਅਤੇ ਪੀਰ ਬਹਾਵਦੀ ਨਾਂ ਦੇ ਮੁਸਲਮਾਨ ਵਿਦਵਾਨ ਦਾ ਨਾਂ ਖੂਬ ਵੱਜਦਾ ਹੈ। ਇਥੇ ਇਹ ਸਪੱਸ਼ਟ ਕਰਨਾਂ ਬਣਦਾ ਹੈ ਕਿ ਅਮੂਮਨ ਜਨਮ ਸਾਖੀਆਂ ਵਿੱਚ ਕਿਸੇ ਫਿਰਕੇ ਦੇ ਉਤਰਾਧਿਕਾਰੀ (ਜਾਨਸ਼ੀਨ) ਦਾ ਨਾਂ ਦੇਣ ਦੀ ਬਿਜਾਏ ਉਸ ਫਿਰਕੇ ਦੇ ਮੁਖੀ ਦਾ ਨਾਂ ਹੀ ਦੇ ਦਿੱਤਾ ਗਇਆ ਹੈ। ਮਿਸਾਲ ਦੇ ਤੌਰ ਤੇ ਚਰਪੱਟ ਵਣੀ ਜਦੋਂ ਗੁਰੂ ਸਾਹਿਬ ਜਾਂਦੇ ਹਨ ਤੇ ਉਥੇ ਆਸ਼ਰਮ ਦੇ ਮਹੰਤ ਨਾਲ ਜਦੋਂ ਗੱਲ ਬਾਤ ਹੁੰਦੀ ਹੈ ਤਾਂ ਨਾਂ ਸਿੱਧਾ ਚਰਪੱਟ ਦਾ ਹੀ ਦੇ ਦਿੱਤਾ ਗਇਆ ਹੈ। ਜੇ ਕਿਤੇ ਕੋਈ ਆਸ਼ਰਮ ਗੋਰਖ ਦਾ ਹੈ ਤੇ ਮਹੰਤ ਜਿਸ ਨਾਲ ਗੁਰੂ ਸਾਹਿਬ ਦੀ ਗੱਲ ਬਾਤ ਹੁੰਦੀ ਤਾਂ ਉਸ ਦਾ ਨਾਂ ਦੇਣ ਦੀ ਬਿਜਾਏ ਸਿੱਧਾ ਗੋਰਖ ਹੀ ਲਿਖ ਦਿੱਤਾ ਗਿਆ।

ਦਰ ਅਸਲ ਜਨਮ ਸਾਖੀਆਂ ਦੇ ਲਿਖਾਰੀ ਸੁਣੀ ਸੁਣਾਈ ਗੱਲਾਂ ਦੇ ਅਧਾਰ ਤੇ ਕਹਾਣੀ ਲਿਖ ਰਹੇ ਹੁੰਦੇ ਨੇ ਅਤੇ ਅਮੂਮਨ ਓਨਾਂ ਦੇ ਸਰੋਤ ਪੜੇ ਲਿਖੇ ਵੀ ਨਹੀ ਹੁੰਦੇ ਜਿੰਨਾਂ ਨੂੰ ਨਾਂ ਯਾਦ ਰਹਿਣ। ਸੋ ਗੋਸ਼ਟੀਆਂ ਵਿੱਚ ਸਿੱਧਾ ਫਿਰਕੇ ਦੇ ਮੁੱਖੀ ਨਾਲ ਗਲਬਾਤ ਹੋਣੀ ਲਿਖ ਦਿੱਤਾ ਗਇਆ ਹੈ।

ਕਾਜੀ ਰੁਕਨੁਦੀਨ ਤੇ ਪੀਰ ਬਹਾਵਦੀ ਦੇ ਕੇਸ ਵਿੱਚ ਵੀ ਇਹੋ ਵਜਾ ਹੀ ਬਣਦੀ ਹੈ। ਦਰ ਅਸਲ ਇਹ ਮੁਲਤਾਨ ਦੇ ਪ੍ਰਸਿੱਧ ਪੀਰ ਸ਼ੇਖ ਬਹਾਉਦੀਨ ਜਕਰੀਆ ਦੇ ਖਾਨਦਾਨ ਵਿਚੋਂ ਕੋਈ ਪੀਰ ਸੀ ਜਿਸ ਦੀ ਸੰਗਤ ਵਿੱਚ ਗੁਰੂ ਸਾਹਿਬ ਮੱਕਾ ਜਾਂਦੇ ਨੇ। ਹਾਲਾਂ ਬਾਦ ਵਿੱਚ ਇਹ ਪੀਰ ਗੁਰੂ ਸਾਹਿਬ ਨੂੰ ਅੱਗੇ ਲਿਜਾਣ ਤੋਂ ਨਾਹ ਕਰ ਦਿੰਦਾ ਹੈ। ਪਰ ਮੱਕੇ ਵਿਖੇ ਜਦੋਂ ਇਹ ਪੀਰ ਗੁਰੂ ਸਾਹਿਬ ਨੂੰ ਪਹੁੰਚਿਆ ਹੋਇਆ ਪਾਉਦਾ ਹੈ ਤਾਂ ਫਿਰ ਗੁਰੂ ਸਾਹਿਬ ਦਾ ਸ਼ਰਧਾਲੂ ਬਣ ਜਾਂਦਾ ਹੈ। ਇਹੋ ਪੀਰ ਫਿਰ ਬਗਦਾਦ ਵੀ ਗੁਰੂ ਸਾਹਿਬ ਦੇ ਨਾਲ ਹੀ ਜਾਂਦਾ ਹੈ। ਕਿਉਕਿ ਬਹਾਉਦੀਨ ਜ਼ਕਰੀਆ ਖਾਨਦਾਨ ਦਾ ਹੀ ਸਾਹਿਬਜਾਦਾ ਰੁਕਨੁਦੀਨ ਅਬੁਲ ਫਤਹਿ ਉਰਫ ਰੁਕਨੇ ਆਲਮ ਵੀ ਆਪਣੀ ਜਿੰਦਗੀ ਵਿੱਚ ਵੱਡਾ ਮੁਕਾਮ ਹਾਸਲ ਕਰਦਾ ਹੈ।

ਸੋ ਗੁਰੂ ਨਾਨਕ ਦੇ ਸਾਥੀ ਪੀਰ ਨੂੰ ਕਿਤੇ ਪੀਰ ਬਹਾਵਦੀ ਅਤੇ ਕਿਤੇ ਕਾਜੀ ਜਾਂ ਪੀਰ ਰੁਕਨੁਦੀਨ ਲਿਖਿਆ ਗਿਆ।

ਇਹ ਪੀਰ ਗੁਰੂ ਸਾਹਿਬ ਦੇ ਨਾਲ ਹੀ ਬਗਦਾਦ ਤੋਂ ਪਰਤਦਾ ਹੈ ਜਦੋਂ ਮਰਦਾਨੇ ਦਾ ਅਕਾਲ ਚਲਾਣਾ ਹੋ ਜਾਂਦਾ ਹੈ।

ਨਸ਼ੀਨ ਚਿੱਲੇ (ਭਗਤੀ) ਤੇ ਬਿਰਾਜਮਾਨ ਹੈ। ਚਿੱਲਾ ਕਦੀ ਕਦੀ ਲੰਮਾਂ ਵੀ ਚਲਦਾ ਹੈ। ਮਜੋਰਾਂ ਨੇ ਬਾਬਾ ਜੀ ਨੂੰ ਲੰਗਰ ਪਾਣੀ ਪੁੱਛਿਆ। ਉਨਾਂ ਨੂੰ ਸ਼ੱਕ ਪਿਆ ਕਿ ਸ਼ਾਇਦ ਗੁਰੂ ਸਾਹਿਬ ਗੱਦੀ ਨਸ਼ੀਨ ਦੀ ਉਡੀਕ ਕੀਤੇ ਬਗੈਰ ਹੀ ਚਲੇ ਜਾਣਗੇ।

ਇਕ ਖਾਦਮ (ਸੇਵਾਦਾਰ) ਹੌਲੀ ਜਿਹੀ ਗੱਦੀ ਨਸ਼ੀਨ ਕੋਲ ਗਇਆ ਤੇ ਜਾ ਕੇ ਇਤਲਾਹ ਦਿੱਤੀ ਕਿ ਬਾਬਾ ਨਾਨਕ ਪਧਾਰੇ ਹੋਏ ਨੇ। ਪੀਰ ਸਾਹਿਬ ਨੇ ਖਾਦਮ ਨੂੰ ਸੁਚੇਤ ਕੀਤਾ ਕਿ ਵੇਖਣਾ ਕਿ ਕਿਤੇ ਬਾਬਾ ਜੀ ਚਲੇ ਨਾਂ ਜਾਣ। ਮੈਂ ਉਨਾਂ ਨੂੰ ਮਿਲਣਾ ਚਾਹੁੰਦਾ ਹਾਂ।ਖਾਦਮ ਗੁਰੂ ਸਾਹਿਬ ਕੋਲ ਆਇਆ। ਇਸ ਤੋਂ ਪਹਿਲਾਂ ਕਿ ਉਹ ਕੁਝ ਬੋਲਦਾ ਗੁਰੂ ਸਾਹਿਬ ਬੋਲ ਉਠੇ ਕਿ ਭਾਈ ਅਸੀ ਮਿਲੇ ਬਗੈਰ ਨਹੀ ਜਾਣਾ।ਖਾਦਮ ਹੈਰਾਨ ਸੀ ਕਿ ਬਾਬਾ ਜੀ ਨੂੰ ਕਿਵੇ ਪਤਾ ਲਗ ਗਇਆ ਕਿ ਸਾਡੀ ਕੀ ਗੱਲ ਬਾਤ ਹੋਈ।

ਕੁਝ ਦੇਰ ਬਾਦ ਪੀਰ ਜੀ ਵੀ ਆ ਗਏ। ਗੁਰੂ ਸਾਹਿਬ ਨੂੰ ਜੱਫੀ ਪਾ ਕੇ ਮਿਲੇ। ਗੱਲਾਂ ਬਾਤਾਂ ਸ਼ੁਰੂ ਹੋਈਆਂ। ਪੀਰ ਗੁਰੂ ਸਾਹਿਬ ਦਾ ਸ਼ੁਕਰੀਆ ਕਹਿ ਰਿਹਾ ਸੀ ਪਧਾਰਨ ਵਾਸਤੇ। ਪਰ ਗੁਰੂ ਜੀ ਨੇ ਕਿਹਾ ਮਤਲਬ ਤਾਂ ਮੈਨੂੰ ਸੀ। ਪੀਰ ਕਹਿੰਦਾ ਅਸੀ ਕਿਹੜੇ ਮਤਲਬ ਜੋਗੇ। ਗੁਰੂ ਸਾਹਿਬ ਨੇ ਕਿਹਾ ਕਿਉਕਿ ਸਾਹਿਬ ਨੂੰ ਮਿਲਿਆ ਸਾਹਿਬ ਯਾਦ ਆਂਵਦਾ ਹੈ। ਪੀਰ ਧੰਨ ਧੰਨ ਕਰ ਉਠਿਆ।

ਪੀਰ ਗੁਰੂ ਸਾਹਿਬ ਨੂੰ ਪੁੱਛਣ ਲੱਗ ਪਿਆ ਕਿ ਮੈਂ ਸੁਣਿਐ ਤੁਸੀ ਹਿੰਦੂ -ਮੁਸਲਮਾਨ ਨੂੰ ਇਕੋ ਅੱਖ ਨਾਲ ਹੀ ਵੇਖਦੋ ਹੋ?

ਸਾਹਿਬ ਨੇ ਗੁਰਮਤ ਦਾ ਸਿਧਾਂਤ ਪੀਰ ਨੂੰ ਸਮਝਾਇਆ ਕਿ ਹਰ ਜੀਅ ਨਿਰੰਕਾਰ ਦਾ ਸਰਗੁਣ ਰੂਪ ਹੈ। ਸੋ ਨਫਰਤ ਕਿਸ ਨਾਲ ਕੀਤੀ ਜਾਵੇ? ਪੀਰ ਕਹਿਣ ਲੱਗਾ ਉਹ ਪੱਥਰ ਪੂਜ, ਕਦੀ ਰੁੱਖਾਂ - ਦਰੱਖਤਾਂ ਅੱਗੇ ਮੱਥੇ ਰਗੜਦੇ ਹਨ ਉਨਾਂ ਦੀ ਤੇ ਮੁਸਲਮਾਨਾਂ ਦੀ ਬਰਾਬਰੀ ਕਿਵੇ ਹੋ ਗਈ? ਗੁਰੂ ਸਾਹਿਬ ਨੇ ਸਮਝਾਇਆ ਕਿ ਇਹ ਕਰਤੇ ਦੀ ਖੇਡ ਹੈ ਜਿਹੋ ਜਿਹੀ ਕਿਸੇ ਨੂੰ ਮੱਤ ਉਹ ਬਖਸ਼ਦਾ ਹੈ ਜੀਵ ਓਸੇ ਤਰਾਂ ਹੀ ਚਲਦਾ ਹੈ। ਕਰਤੇ ਦੇ ਖੇਲ ਬੜੇ ਅਲੌਕਿਕ ਨੇ। ਗੁਰੂ ਸਾਹਿਬ ਨੇ ਮਰਦਾਨੇ ਨੂੰ ਸੈਨਤ ਮਾਰੀ ਤੇ ਉਸ ਤਾਰ ਛੇੜ ਦਿੱਤੀ।

ਸਿਰੀਰਾਗੁ ਮਹਲਾ ੧ ਘਰੁ ਦੂਜਾ ੨ ॥ ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥ ...(ਦੇਖੋ ਪੰ. 211)

ਸ਼ਬਦ ਸੁਣ ਕੇ ਪੀਰ ਵੀ ਵੈਰਾਗ ਵਿੱਚ ਰੰਗਿਆ ਗਿਆ। ਅੱਥਰੂ ਵਹਿ ਤੁਰੇ। ਪੀਰ ਨੇ ਬਾਬੇ ਦੇ ਚਰਨ ਫੜ ਲਏ। ਬੋਲਿਆ "ਧੰਨ ਬਾਬਾ ਨਾਨਕ। ਜੇਹੋ ਜਿਹਾ ਸੁਣਿਆ ਸੀ ਉਸ ਤੋਂ ਵੱਧ ਵੇਖਿਆ।"

ਇਕ ਦੋ ਦਿਨ ਗੁਰੂ ਸਾਹਿਬ ਪੀਰ ਕੋਲ ਹੀ ਰਹੇ। ਪੀਰ ਨੇ ਗੁਰੂ ਸਾਹਿਬ ਨੂੰ ਮੁਲਤਾਨ ਦੀ ਅਮੀਰ ਮਜ਼ਬੀ ਵਿਰਾਸਤ ਬਾਰੇ ਵਾਕਫ ਕਰਵਾਉਣਾ ਚਾਹਿਆ ਤਾਂ ਗੁਰੂ ਨੇ ਕਿਹਾ ਕਿ ਠੀਕ ਹੈ ਮੈਨੂੰ ਦਿਖਾਓ ਕਿਥੇ ਹੈ ਇਤਹਾਸਕ ਸੂਰਜ ਮੰਦਰ।

—◈—

ਗਲ ਲੱਗ ਲੱਗ ਰੋਂਦੀ, ਸੋਂਹਰੇ ਜਾ ਰਹੀ ਨੂੰ ਵੇਖ ਬਾਬੇ ਨੇ ਸ਼ਬਦ ਉਚਾਰਿਆ•

ਕਿਉਕਿ ਪੁਰਾਣੇ ਸਮਿਆਂ ਵਿੱਚ ਆਉਣ ਜਾਣ ਦੇ ਸਾਧਨ ਕਠਿਨ ਸਨ। ਇਸ ਕਰਕੇ ਵਿਛੜ ਰਹੇ ਸਾਕ ਸਬੰਧੀ ਜਦੋਂ ਗਲ ਲੱਗ ਲੱਗ ਮਿਲ ਰਹੇ ਹੁੰਦੇ ਸਨ ਤਾਂ ਮਾਨੋ ਇਹ ਕਹਿ ਰਹੇ ਹੁੰਦੇ ਸਨ ਕਿ ਦੁਬਾਰਾ ਪਤਾ ਨਹੀ ਮੇਲ ਹੋਣਾ ਕਿ ਨਹੀ। ਏਸੇ ਤਰਾਂ ਜਦੋਂ ਵਹੁਟੀ ਮੁਕਲਾਵੇ ਜਾਂਦੀ ਸੀ ਤਾਂ ਵੱਡੇ ਰਸਮੋ ਰਿਵਾਜ ਹੁੰਦੇ ਸਨ।

ਗੁਰੂ ਸਾਹਿਬ ਮੁਲਤਾਨ ਜਿੱਥੇ ਰੁਕੇ ਹੋਏ ਸਨ ਓਥੇ ਜਦੋਂ ਇਹ ਵਿਛੋੜੇ ਦਾ ਨਜਾਰਾ ਤੱਕਿਆ ਤਾਂ ਸਬਦ ਰਚਿਆ ਜਿਸ ਵਿੱਚ ਜੀਵ ਨੂੰ ਸਮਝਾਇਆ ਕਿ ਜਿੰਨਾਂ ਰਿਸਤਿਆਂ ਲਈ ਤੂੰ ਰੋ ਰਿਹਾ ਏ ਇਹ ਕੱਚੇ ਨੇ। ਇਹ ਤੰਦਾਂ ਟੁੱਟਣੀਆਂ ਹੀ ਟੁੱਟਣੀਆਂ ਹਨ: ਅੱਜ ਜਾਂ ਕੱਲ। ਸੱਚਾ ਰਿਸਤਾ ਜੇ ਬਣਾਉਣਾ ਈ ਤਾਂ ਨਿਰੰਕਾਰ ਨਾਲ ਬਣਾ। ਇਸ ਰਿਸਤੇ ਦਾ ਰੰਗ ਕਦੀ ਫਿੱਕਾ ਨਹੀ ਪੈਂਦਾ। ਇਸ ਰਿਸਤੇ ਦਾ ਵਿਚੋਲਾ ਭਾਵ ਗੁਰੂ ਤਾਂ ਦੁਹਾਈ ਦਿੰਦਾ ਰਹਿੰਦਾ ਕਿ ਆ ਜਾਓ ਜਿਸ ਨੇ ਸੱਚ ਦੇ ਜਹਾਜ ਤੇ ਚੜ੍ਹਨਾ ਹੈ ਤਾਂ।

ਮੁਲਤਾਨ ਵਿੱਚ ਗੁਰੂ ਸਾਹਿਬ ਨੇ ਇੱਕ ਵਾਰ ਫਿਰ ਦੁਹਰਾ ਦਿੱਤਾ ਕਿ ਅਸੀ ਕਿਸੇ ਚੱਜ ਦੇ ਨਹੀ ਤੇ ਸਾਨੂੰ ਕੋਈ ਮਾੜਾ ਨਜਰ ਨਹੀ ਆਉਦਾ।

ਮਾਰੂ ਮਹਲਾ ੧ ॥ ਨਾ ਭੈਣਾ ਭਰਜਾਈਆ ਨਾ ਸੇ ਸਸੁੜੀਆਹ ॥ ਸਚਾ ਸਾਕੁ ਨ ਤੁਟਈ ਗੁਰੁ ਮੇਲੇ ਸਹੀਆਹ ॥੧॥ ਬਲਿਹਾਰੀ ਗੁਰ ਆਪਣੇ ਸਦ ਬਲਿਹਾਰੈ ਜਾਉ ॥ ਗੁਰ ਬਿਨੁ ਏਤਾ ਭਵਿ ਥਕੀ ਗੁਰਿ ਪਿਰੁ ਮੇਲਿਮੁ ਦਿਤਮੁ ਮਿਲਾਇ ॥੧॥ ਰਹਾਉ ॥ ਫੁਫੀ ਨਾਨੀ ਮਾਸੀਆ ਦੇਰ ਜੇਠਾਨੜੀਆਹ ॥ ਆਵਨਿ ਵੰਞਨਿ ਨਾ ਰਹਨਿ ਪੂਰ ਭਰੇ ਪਹੀਆਹ ॥੨॥ ਮਾਮੇ ਤੈ ਮਾਮਾਣੀਆ ਭਾਇਰ ਬਾਪ ਨ ਮਾਉ ॥ ਸਾਥ ਲਡੇ ਤਿਨ ਨਾਠੀਆ ਭੀੜ ਘਣੀ ਦਰੀਆਉ ॥੩॥ ਸਾਚਉ ਰੰਗਿ ਰੰਗਾਵਲੋ ਸਖੀ ਹਮਾਰੋ ਕੰਤੁ ॥ ਸਚਿ ਵਿਛੋੜਾ ਨਾ ਥੀਐ ਸੋ ਸਹੁ ਰੰਗਿ ਰਵੰਤੁ ॥੪॥ ਸਭੇ ਰੁਤੀ ਚੰਗੀਆ ਜਿਤੁ ਸਚੇ ਸਿਉ ਨੇਹੁ ॥ ਸਾ ਧਨ ਕੰਤੁ ਪਛਾਣਿਆ ਸੁਖਿ ਸੁਤੀ ਨਿਸਿ ਡੇਹੁ ॥੫॥ ਪਤਣਿ ਕੂਕੇ ਪਾਤਣੀ ਵੰਞਹੁ ਧੂਕਿ ਵਿਲਾੜਿ ॥ ਪਾਰਿ ਪਵੰਦੜੇ ਡਿਠੁ ਮੈ ਸਤਿਗੁਰ ਬੋਹਿਥਿ ਚਾੜਿ ॥੬॥ ਹਿਕਨੀ ਲਦਿਆ ਹਿਕਿ ਲਦਿ ਗਏ ਹਿਕਿ ਭਾਰੇ ਭਰ ਨਾਲਿ ॥ ਜਿਨੀ ਸਚੁ ਵਣੰਜਿਆ ਸੇ ਸਚੇ ਪ੍ਰਭ ਨਾਲਿ ॥੭॥ ਨਾ ਹਮ ਚੰਗੇ ਆਖੀਅਹ ਬੁਰਾ ਨ ਦਿਸੈ ਕੋਇ ॥ ਨਾਨਕ ਹਉਮੈ ਮਾਰੀਐ ਸਚੇ ਜੇਹੜਾ ਸੋਇ ॥੮॥੨॥੧੦॥

—◈—

ਮੁਲਤਾਨ – ਹਿੰਦੂਆ ਪੁੱਛਿਆ ਬਾਬਾ ਤੂੰ ਕਿਹੜੇ ਫਿਰਕੇ ਦਾ ਸਾਧੂ ਐਂ?¤

ਗੁਰੂ ਸਾਹਿਬ ਨੇ ਮੁਲਤਾਨ ਦੇ ਸਾਰੇ ਇਤਹਾਸਿਕ ਮੰਦਰ ਵੇਖੇ। ਸਭ ਫਿਰਕੇ ਦੇ ਸਾਧੂਆਂ ਸੰਪਰਦਾਵਾਂ ਨੂੰ ਮਿਲਿਆ ਤੇ ਨਿਰੰਕਾਰ ਦੀ ਹੋਂਦ ਦਾ ਸੁਨੇਹਾ ਦਿੱਤਾ। ਇੱਕ ਥਾਂ ਕੁਝ ਲੋਕ ਬਾਬੇ ਕੋਲੋਂ ਬਾਰ ਬਾਰ ਪੁੱਛਣ ਬਾਬਾ ਜੀ ਤੁਸੀ ਕਿਹੜੀ ਸੰਪਰਦਾ ਦੇ ਹੋ। ਗੁਰੂ ਸਾਹਿਬ ਨੇ ਕਿਹਾ ਕਿ ਮੈਂ ਇੱਕ ਨਿਰੰਕਾਰ ਸਰਬਵਿਆਪਕ ਰੱਬ ਨੂੰ ਮੰਨਦਾ ਹਾਂ। ਮੈਨੂੰ ਕੋਈ ਇਹੋ ਜਿਹੀ ਸੰਪਰਦਾ ਮਿਲੇ ਜਿਹੜੀ ਅਕਾਲ ਪੁਰਖ ਨੂੰ ਮੰਨਦੀ ਹੋਵੇ ਤਾਂ ਮੈਂ ਉਸ ਨੂੰ ਡੰਡਾਉਤ ਬੰਦਨਾਂ ਕਰਾਂ।

ਤੁਸੀ ਸੰਪਰਦਾਵਾਂ ਦੀ ਗੱਲ ਕਰਦੇ ਹੋ ਵੱਡੀ ਸੰਪਰਦਾ ਸਿੱਧਾਂ ਜੋਗੀਆਂ ਦੀ ਹੈ ਜਿੰਨਾਂ ਦੀ ਸਾਰੀ ਦੌੜ ਰਿਧੀਆਂ ਸਿੱਧੀਆਂ ਹਾਸਲ ਕਰਕੇ ਲੋਕਾਂ ਨੂੰ ਭਰਮਾਉਣ ਦੀ ਹੈ। ਨਿਰਾ ਜੋਗੀਆਂ ਦਾ ਹੀ ਨਹੀ, ਆਹ ਮਾਤਾ ਦੇ ਭਗਤ ਅਤੇ ਰੂੜੀਆਂ ਤੋਂ ਚੁੱਕ ਚੁੱਕ ਲੀਰਾਂ

ਹੰਢਾਉਣ ਵਾਲੇ ਉਂਜ ਦੂਰ ਦੁਰਾਡੇ ਯਾਤਰਾਵਾਂ ਕਰਦੇ ਰਹਿੰਦੇ ਨੇ ਇੱਕ ਨਿਰੰਕਾਰ ਦੀ ਹੋਂਦ ਤੇ ਸਿਫਤ ਸਲਾਹ ਦੇ ਸਿਧਾਂਤ ਬਾਰੇ ਉਨਾਂ ਨੂੰ ਭੀ ਕੁਝ ਪਤਾ ਨਹੀ। ਏਹੋ ਹਾਲ ਤੱਪੀਆਂ, ਬ੍ਰਾਹਮਣਾਂ ਅਤੇ ਅਖੌਤੀ ਬ੍ਰਹਮਚਾਰੀਆਂ ਦਾ ਹੈ। ਭਾਈ ਮੈਂ ਤਾਂ ਲੋਕਾਈ ਨੂੰ ਨਾਮ ਦਾਨ ਇਸ਼ਨਾਨ ਨਾਲ ਜੋੜਦਾ ਹਾਂ।

ਗੁਰੂ ਸਾਹਿਬ ਨੇ ਇਸ ਮੌਕੇ ਸ਼ਬਦ ਰਚਿਆ:-

ਆਸਾ ਮਹਲਾ ੧ ॥ ਚਾਰੇ ਕੁੰਡਾ ਢੂਢੀਆ ਕੋ ਨੀਮ੍ਹੀ ਮੈਡਾ ॥ ਜੇ ਤੁਧੁ ਭਾਵੈ ਸਾਹਿਬਾ ਤੂ ਮੈ ਹਉ ਤੈਡਾ ॥੧॥ ਦਰੁ ਬੀਭਾ ਮੈ ਨੀਮ੍ਹਿ ਕੋ ਕੈ ਕਰੀ ਸਲਾਮੁ ॥ ਹਿਕੋ ਮੈਡਾ ਤੂ ਧਣੀ ਸਾਚਾ ਮੁਖਿ ਨਾਮੁ ॥੧॥ ਰਹਾਉ ॥ ਸਿਧਾ ਸੇਵਨਿ ਸਿਧ ਪੀਰ ਮਾਗਹਿ ਰਿਧਿ ਸਿਧਿ ॥ ਮੈ ਇਕੁ ਨਾਮੁ ਨ ਵੀਸਰੈ ਸਾਚੇ ਗੁਰ ਬੁਧਿ ॥੨॥ ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰ ॥ ਗੁਰ ਕਾ ਸਬਦੁ ਨ ਚੀਨ੍ਹਹੀ ਤਤੁ ਸਾਰੁ ਨਿਰੰਤਰ ॥੩॥ ਪੰਡਿਤ ਪਾਧੇ ਜੋਇਸੀ ਨਿਤ ਪੜ੍ਹਹਿ ਪੁਰਾਣਾ ॥ ਅੰਤਰਿ ਵਸਤੁ ਨ ਜਾਣਨ੍ਹੀ ਘਟਿ ਬ੍ਰਹਮੁ ਲੁਕਾਣਾ ॥੪॥ ਇਕਿ ਤਪਸੀ ਬਨ ਮਹਿ ਤਪੁ ਕਰਹਿ ਨਿਤ ਤੀਰਥ ਵਾਸਾ ॥ ਆਪੁ ਨ ਚੀਨਹਿ ਤਾਮਸੀ ਕਾਹੇ ਭਏ ਉਦਾਸਾ ॥੫॥ ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ ॥ ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ ॥੬॥ ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ ॥ ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ ॥੭॥ ਗੁਰ ਤੇ ਦਰੁ ਘਰੁ ਜਾਣੀਐ ਸੋ ਜਾਇ ਸਿਞਾਣੈ ॥ ਨਾਨਕ ਨਾਮੁ ਨ ਵੀਸਰੈ ਸਾਚੇ ਮਨੁ ਮਾਨੈ ॥੮॥੧੪॥

ਮੁਲਤਾਨ ਵਿੱਚ ਬਹੁਤੇ ਵਸਨੀਕ ਤਾਂ ਮੁਸਲਮਾਨ ਬਣ ਚੁੱਕੇ ਸਨ, ਪਰ ਬਾਕੀ ਰਹਿੰਦੇ ਕੱਟੜ ਕਿਸਮ ਦੇ ਹਿੰਦੂ ਸਨ। ਉਹ ਇਹ ਸੁਣਨ ਨੂੰ ਤਿਆਰ ਨਹੀ ਸਨ ਕਿ ਕੋਈ ਹਿੰਦੂ ਫਿਰਕਿਆਂ ਤੋਂ ਬਾਹਰੀ ਗੱਲ ਹੋਵੇ। ਪਰ ਗੁਰੂ ਨਾਨਕ ਦੀ ਉਪਮਾ ਉਦੋਂ ਤੱਕ ਚੁਫੇਰੇ ਫੈਲ ਚੁੱਕੀ ਸੀ। ਇਸ ਕਰਕੇ ਗੁਰੂ ਸਾਹਿਬ ਦੀ ਆਮਦ ਦਾ ਵੀ ਸਵਾਗਤ ਸੀ।

ਸਵੇਰੇ ਫਿਰ ਸੰਗਤ ਜੁੜੀ ਤਾਂ ਉਨਾਂ ਵੀ ਇਹੋ ਸਵਾਲ ਕੀਤਾ ਕਿ ਬਾਬਾ ਜੀ ਕੀ ਤੁਸੀ ਜੋਗੀ ਹੋ? ਉਪਦੇਸ਼ ਚਲ ਰਿਹਾ ਸੀ ਕਿ ਹੁਣ ਭਾਈ ਮਰਦਾਨੇ ਨੇ ਸੂਹੀ ਰਾਗ ਵਿੱਚ ਅਲਾਪ ਲਾ ਦਿੱਤਾ ਤੇ ਗੁਰੂ ਸਾਹਿਬ ਨੇ ਸਬਦ ਗਾਵਿਆ:-

ਸੂਹੀ ਮਹਲਾ ੧ ॥ ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ ॥ ਤਪੀਆ ਹੋਵੈ ਤਪੁ ਕਰੇ ਤੀਰਥਿ ਮਲਿ ਮਲਿ ਨਾਇ ॥੧॥ ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ ॥੧॥ ਰਹਾਉ ॥ ਜੈਸਾ ਬੀਜੈ ਸੋ ਲੁਣੈ ਜੋ ਖਟੇ ਸੋ ਖਾਇ ॥ ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ ॥੨॥ ਤੈਸੋ ਜੈਸਾ ਕਾਢੀਐ ਜੈਸੀ ਕਾਰ ਕਮਾਇ ॥ ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ ॥੩॥ ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ ॥ ਨਾਨਕ ਕੰਮਿ ਨ ਆਵਈ ਜਿਤੁ ਤਨਿ ਨਾਹੀ ਸਚਾ ਨਾਉ ॥੪॥੫॥੭॥

—◈—

"ਬਾਬਾ ਤੂੰ ਸਾਥੋਂ ਵੱਖਰਾ ਹੋ ਚਲ, ਆਪ ਤੇ ਤੂੰ ਮਰਨਾਂ ਹੈ ਨਾਲ ਸਾਨੂੰ ਵੀ ਮਰਵਾਏਗਾ।" ◆

ਮੁਲਤਾਨ ਤੋਂ ਫਿਰ 130 ਕਿ. ਮੀ. ਸਫਰ ਕਰਕੇ ਗੁਰੂ ਸਾਹਿਬ ਉੱਚ ਸ਼ਰੀਫ ਪਹੁੰਚੇ। ਪੀਰਾਂ ਵਿਚੋਂ ਜਿਹੜਾ ਪੀਰ ਗੁਰੂ ਸਾਹਿਬ ਦਾ ਯਾਰ ਸੀ (ਫਜ਼ਲਉਦੀਨ◈◈) ਉਸ ਦੇ ਮੁਕਾਮ ਤੇ ਗੁਰੂ ਸਾਹਿਬ ਪਹੁੰਚੇ। ਜਾਂਦਿਆਂ ਨੂੰ ਪਤਾ ਲੱਗਾ ਕਿ ਪੀਰ ਜੀ ਤਾਂ ਮੱਕੇ ਦੇ ਹੱਜ ਲਈ ਚਿਰੋਕਣੇ ਜਾ ਚੁੱਕੇ ਹਨ।

ਇਸ ਤੇ ਮਰਦਾਨੇ ਨੂੰ ਫਿਕਰ ਹੋਈ ਕਿ ਅਸੀ ਮੱਕੇ ਵਕਤ ਸਿਰ ਪਹੁੰਚ ਵੀ ਪਾਵਾਂਗੇ ਕਿ ਨਹੀ। ਫਿਰ ਸੇਵਾਦਾਰਾਂ ਨੇ ਸਮਝਾਇਆ ਕਿ ਜੇ ਤੁਸੀ ਖਰਚਾ ਕਰ ਸਕਦੇ ਹੋ ਤਾਂ ਜਹਾਜ ਰਾਂਹੀ ਸਿੱਧਾ ਹੀ ਅਰਬ ਸਾਗਰ ਥਾਂਣੀ ਜੱਦਾ ਦੀ ਬੰਦਰਗਾਹ ਤੇ ਪਹੁੰਚ ਸਕਦੇ ਹੋ।

ਹਾਜੀ ਗੁਰੂ ਸਾਹਿਬ ਨੂੰ ਕਹਿੰਦੇ ਨੇ ਕਿ ਤੂੰ ਸਾਥੋਂ ਵੱਖਰਾ ਹੋ ਕੇ ਚੱਲ। ਅਰਬ ਵਿਚ ਸਖੱਦਾਂ ਦਾ ਰਾਜ ਹੈ ਉਹ ਆਏ ਹਿੰਦੂ ਨੂੰ ਮਾਰ ਦਿੰਦੇ ਨੇ।

ਓਥੋ ਮੱਕਾ ਸਾਰਾ ਹੀ ਪੰਜ ਛੇ ਦਿਨ ਦਾ ਸਫਰ ਹੈ। ਉਨਾਂ ਦੱਸਿਆਂ ਕਿ ਪਰ ਇਥੋਂ ਅਮੂਮਨ ਲੋਕ ਪੈਦਲ ਜਾਂਦੇ ਹਨ ਜੋ ਫਾਰਸ ਦੀ ਖਾੜੀ ਜਹਾਜ ਰਾਂਹੀ ਪਾਰ ਕਰਕੇ ਅੱਗੇ ਫਿਰ 550 ਕੋਹ ਸਫਰ ਪੈਦਲ ਕਰਦੇ ਹਨ।

ਸੇਵਾਦਾਰਾਂ ਨੇ ਫਿਰ ਗੁਰੂ ਸਾਹਿਬ ਨੂੰ ਦੱਸਿਆ ਕਿ ਰਹੀਮਉਦੀਨ (ਕਲਪਨਿਕ ਨਾਂ) ਦਾ ਜੱਥਾ ਅਜੇ ਕੱਲ ਨੂੰ ਜਾਣਾ ਹੈ ਤੁਸੀ ਓਸੇ ਨਾਲ ਹੋ ਚਲੋ।

ਅਗਲੇ ਦਿਨ ਫਿਰ ਗੁਰੂ ਸਾਹਿਬ ਉੱਚ ਦੇ ਹਾਜੀਆਂ ਨਾਲ ਬੇੜੀ ਰਾਂਹੀ ਕਰਾਚੀ ਨੂੰ ਰਵਾਨਾ ਹੋਏ। ਸੁਭਾਵਕ ਹੈ ਰਾਹ ਵਿੱਚ ਹਾਜੀਆਂ ਨਾਲ ਰੂਹਾਨੀ ਗੁਫਤਗੂ ਹੁੰਦੀ ਆਈ। ਹਾਜੀਆਂ ਨੂੰ ਗੁਰੂ ਸਾਹਿਬ ਤੇ ਕੁਝ ਸ਼ੱਕ ਪਿਆ ਤਾਂ ਉਨਾਂ ਪੁੱਛਣਾ ਸ਼ੁਰੂ ਕਰ ਦਿੱਤਾ ਕਿ ਤੁਸੀ ਕਿਥੋਂ ਆਏ ਹੋ? ਗੁਰੂ ਸਾਹਿਬ ਨੇ ਦੱਸਿਆ ਕਿ ਮੈਂ ਲਹੌਰ ਲਾਗੋਂ ਕਰਤਾਰਪੁਰ ਤੋਂ ਆ ਰਿਹਾ ਹਾਂ। ਤੁਹਾਡਾ ਨਾਂ ਕੀ ਹੈ? ਫਿਰ ਨਾਂ ਤੋਂ ਵੀ ਉਨਾਂ ਨੂੰ ਪਤਾ ਨਾਂ ਲੱਗਾ ਕਿ ਇਹ ਕੌਣ ਹੈ ਕਿਉਕਿ ਨਾਨਕ ਨਾਂ ਹਿੰਦੂ ਮੁਸਲਮਾਨਾਂ ਦੋਵਾਂ ਵਿੱਚ ਹੁੰਦਾ ਸੀ। ਫਿਰ ਉਨਾਂ ਪਿਤਾ ਦਾ ਨਾਂ ਪੁੱਛਿਆ। ਗੁਰੂ ਸਾਹਿਬ ਨੇ ਦੱਸਿਆ ਕਿ ਉਹ ਕਲਿਆਣ ਦਾਸ ਨੇ। ਇਸ ਤੇ ਉਨਾਂ ਦਾ ਸ਼ੱਕ ਕੁਝ ਹੋਰ ਡੂੰਗਾ ਹੋ ਗਿਆ। ਕਹਿਣ ਲੱਗੇ ਕਿ ਤੁਸੀ ਕਿਤੇ ਉਹ ਨਾਨਕ ਤਾਂ ਨਹੀ ਹੋ ਜੋ ਰਾਜਾ ਦੌਲਤ ਖਾਂ ਲੋਧੀ ਦੇ ਮੋਦੀ ਸੀ ਜਿਹੜਾ ਆਪਣਾ ਘਰ ਲੁੱਟਾ ਕੇ ਸਾਧੂ ਹੋ ਗਇਆ ਸੀ? ਗੁਰੂ ਸਾਹਿਬ ਨੇ ਕਿਹਾ

।ਰੁਕੋ। 'ਦਾਖਲਾ ਸਿਰਫ ਮੁਸਲਮਾਨਾਂ ਲਈ।' ਅੱਜ ਵੀ ਮੱਕੇ ਸ਼ਹਿਰ ਦੇ ਬਾਹਰ ਲੱਗਾ ਬੋਰਡ।

ਹਾਂ ਮੈਂ ਓਹੀ ਨਾਨਕ ਹਾਂ।

ਇਸ ਤੇ ਰਹੀਮਉਦੀਨ ਕਹਿਣ ਲੱਗਾ ਬਾਬਾ ਜੀ ਤੁਸੀ ਤਾਂ ਹਿੰਦੂ ਹੋ ਅਤੇ ਹਿੰਦੂ ਨੂੰ ਮੱਕੇ ਦੇ ਮੌਲਾਣੇ ਹੱਜ ਨਹੀ ਕਰਨ ਦਿੰਦੇ, ਨਾਲੇ ਤੰਗ ਪ੍ਰੇਸ਼ਾਨ ਕਰਦੇ ਨੇ। ਅਸੀ ਇਹ ਵੀ ਸੁਣਿਐ ਪਿੱਛੇ ਉਨਾਂ ਕਿਸੇ ਹਿੰਦੂ ਨੂੰ ਮਾਰ ਹੀ ਦਿੱਤਾ ਸੀ ਕਿ ਤੂੰ ਇਥੇ ਕਿਓ ਆਇਐ। ਤੁਸੀ ਪਿੱਛੇ ਪਰਤ ਜਾਓ।ਕੋਈ ਫਾਇਦਾ ਨਹੀ ਤੁਹਾਨੂੰ ਜਾਣ ਦਾ। ਗੁਰੂ ਸਾਹਿਬ ਨੇ ਕਿਹਾ ਤੁਹਾਡੇ ਨਾਲ ਨਾਲ ਅਸੀ ਵੀ ਚਲੋ ਹੱਜ ਕਰ ਆਉਨੇ ਆ। ਰਹੀਮਉਦੀਨ ਕਹਿਣ ਲੱਗਾ ਬਾਬਾ ਜੀ ਅਸੀ ਤੁਹਾਨੂੰ ਆਪਣੇ ਨਾਲ ਨਹੀ ਰੱਖ ਸਕਦੇ ਕਿਉਕਿ ਮੌਲਾਣੇ ਸਾਨੂੰ ਵੀ ਤੰਗ ਪ੍ਰੇਸ਼ਾਨ ਕਰਨਗੇ ਕਿ ਤੁਸੀ ਕਾਫਰ ਨੂੰ ਨਾਲ ਕਿਓ ਲੈ ਕੇ ਆਏ ਹੋ। ਗੁਰੂ ਸਾਹਿਬ ਨੇ ਕਿਹਾ ਠੀਕ ਹੈ ਅਸੀ ਤੁਹਾਡੇ ਨਾਲੋਂ ਵੱਖਰੇ ਹੋ ਜਾਂਦੇ ਹਾਂ। ਅਸੀ ਜਾਵਾਂਗੇ ਜਰੂਰ, ਮੱਕੇ ਜਾ ਕੇ ਦੇਖਦੇ ਹਾਂ ਕੀ ਹੁੰਦਾ।

ਸੋ ਜਿਥੋਂ ਤੱਕ ਸਿੰਧ ਦਰਿਆ ਵਿੱਚ ਬੇੜੀ ਗਈ ਇਹ ਇਕੱਠੇ ਰਹੇ ਤੇ ਕਰਾਚੀ ਦੇ ਨੇੜੇ ਤੇੜੇ ਜਾ ਕੇ ਵੱਖਰੇ ਹੋ ਗਏ।

ਕਰਾਚੀ ਹਾਜੀਆਂ ਦਾ ਜਹਾਜ ਲੱਗਾ ਸੀ। ਰਹੀਮਉਦੀਨ ਹੁਰੀ ਤਾਂ ਚੜ੍ਹ ਕੇ ਰਵਾਨਾ ਹੋ ਗਏ। ਗੁਰੂ ਸਾਹਿਬ ਨੇ ਰਹੀਮਉਦੀਨ ਹੁਰਾਂ ਦੀ ਇਛਾ ਦੇ ਖਿਲਾਫ ਉਸ ਜਹਾਜ ਵਿੱਚ ਚੜ੍ਹਨਾ ਠੀਕ ਨਾਂ ਸਮਝਿਆ।

ਕਿਉਕਿ ਕਰਾਚੀ ਦੇ ਮੁਕਾਬਲੇ ਅੱਗੇ ਮਕਰਾਨ ਦੀ ਤੀਸ ਬੰਦਰ ਤੋਂ ਜਹਾਜ ਜਿਆਦਾ ਜਾਂਦੇ ਸਨ ਇਸ ਕਰਕੇ ਗੁਰੂ ਸਾਹਿਬ ਲੱਗੇ ਜਹਾਜ ਦੀ ਉਡੀਕ ਕਰਨ। ਫਿਰ ਕੁਝ ਸਿੰਧੀ ਹਿੰਦੂਆਂ ਦਾ ਜੱਥਾ ਹਿੰਗਲਾਜ ਮੰਦਰ ਜਾ ਰਿਹਾ ਸੀ ਤੇ ਉਨਾਂ ਨੇ ਦੱਸਿਆ ਕਿ ਹਿੰਗਲਾਜ ਤੀਸ ਦੇ ਰਸਤੇ ਵਿੱਚ ਹੀ ਹੈ ਤੇ ਗੁਰੂ ਸਾਹਿਬ ਵੀ ਹਿੰਗਲਾਜ ਮੰਦਰ ਨੂੰ ਹੋ ਗਏ।

ਗੁਰਦੁਆਰਾ ਪਹਿਲੀ ਪਾਤਸ਼ਾਹੀ ਕਲਿਫਟਨ ਕਰਾਚੀ। ਸਦੀਆਂ ਤੋਂ ਇਹ ਮੰਦਰ ਸਮੁੰਦਰ ਦੀ ਦੇਵੀ ਦਾ ਹੁੰਦਾ ਸੀ। ਜਿਥੇ ਮਲਾਹ ਸਮੁੰਦਰ ਵਿਚ ਠੱਲਣ ਤੋਂ ਪਹਿਲਾਂ ਮੱਥਾ ਟੇਕਦੇ ਅਤੇ ਦੀਵਾ ਜਗਾਉਦੇ ਆਏ ਸਨ। ਸਥਾਨਕ ਰਾਜਾ ਵੀ 7 ਸੇਰ ਤੇਲ ਹਰ ਮਹੀਨੇ ਚੜ੍ਹਾਉਦਾ ਸੀ। ਸਮੁੰਦਰੀ ਬੇੜੇ ਦੀ ਉਡੀਕ ਵੇਲੇ ਗੁਰੂ ਸਾਹਿਬ ਵੀ ਏਸੇ ਮੰਦਰ ਵਿਚ ਹੀ ਰੁਕੇ ਸਨ। ਮੰਦਰ ਦਾ ਉਹ ਕਮਰਾ ਜਿਥੇ ਗੁਰੂ ਸਾਹਿਬ ਬਿਰਾਜੇ ਸਨ ਓਥੇ ਵੀ ਹਮੇਸਾਂ ਦੀਵਾ ਜਗਦਾ ਰਹਿੰਦਾ ਹੈ ਜਿਸ ਨੂੰ ਗੁਰੂ ਜੋਤੀ ਕਿਹਾ ਜਾਂਦਾ ਹੈ। (ਤਸਵੀਰ: ਇਕਬਾਲ ਕੈਸਰ)

ਹਿੰਗਲਾਜ ਮੰਦਰ– ਬਾਬਾ ਕਹਿੰਦਾ ਮੇਰੀ ਸੰਪਰਦਾ ਦਾ ਨਾਂ ਹੈ 'ਪ੍ਰੇਮ ਮੁਹੱਬਤ' ■

ਸਮੁੰਦਰ ਤੱਟ ਦੇ ਨਾਲ ਨਾਲ ਲਗਦੇ ਬਲੋਚਿਸਤਾਨ ਦੇ ਕਾਮਰਾਨ ਇਲਾਕੇ ਵਿੱਚ ਪ੍ਰਸਿੱਧ ਹਿੰਗਲਾਜ ਮੰਦਰ ਹੈ। ਕਰਾਚੀ ਤੋਂ ਇਹ ਬੇੜੀ ਰਾਂਹੀ 170 ਕਿ. ਮੀ ਤੇ ਪੈਦਲ ਰਸਤੇ ਕੋਈ 250 ਕਿ.ਮੀ. ਪੱਛਮ ਵਿੱਚ ਪੈਂਦਾ ਹੈ। ਹਿੰਗਲਾਜ ਮੰਦਰ ਹਿੰਦੂਮਤ ਦੇ ਸਾਕਤ ਮਤ ਦੇ 52 ਸ਼ਕਤੀਪੀਠਾਂ ਵਿਚੋਂ ਪ੍ਰਮੁੱਖ ਹੈ। ਪ੍ਰਮੁਖ ਇਸ ਕਰਕੇ ਕਿਉਕਿ ਜਿਵੇ ਪਹਿਲਾਂ ਆ ਚੁੱਕਾ ਹੈ ਪੀਠ ਸਰੀਰ ਦੇ ਅੰਗਾਂ ਦੇ ਆਧਾਰ ਤੇ ਬਣੇ ਹਨ ਭਾਵ ਜਿੱਥੇ ਜਿੱਥੇ ਕੋਈ ਅੰਗ ਡਿੱਗਾ। ਮਿਥਹਾਸ ਮੁਤਾਬਿਕ ਇਥੇ ਪਾਰਬਤੀ ਦਾ ਸਿਰ ਡਿੱਗਾ ਸੀ। ਇਹ ਮੰਦਰ ਪਹਾੜੀ ਦੀ ਗੁਫਾ ਅੰਦਰ ਹੈ। ਇਥੇ ਕੁਦਰਤੀ ਪਏ ਪੱਥਰ ਦੀ ਹੀ ਦੇਵੀ ਮੰਨ ਕੇ ਪੂਜਾ ਕੀਤੀ ਜਾਂਦੀ ਹੈ। ਹੱਥੀ ਬਣਾਈ ਮੂਰਤੀ ਨਹੀ ਹੈ।

ਇਥੇ ਅਤੇ ਨੇੜੇ ਤੇੜੇ ਜੋ ਪਵਿਤ੍ਰ ਸਥਾਨ ਦੱਸੇ ਗਏ ਹਨ ਉਹ ਹਨ: ਗਣੇਸ਼ ਦੇਵਾ, ਮਾਤਾ ਕਾਲੀ, ਧੂਣੀ ਗੁਰੂ ਗੋਰਖ ਨਾਥ, ਬ੍ਰਹਮ ਕੁੰਡ, ਤੀਰ ਕੁੰਡ, ਗੁਰੂ ਨਾਨਕ ਖੜਾਵਾਂ, ਰਾਮਝਰੋਖਾ ਬੈਠਕ, ਚੌਰਾਸੀ ਪਹਾੜੀ ਤੇ ਅਨੀਲ ਕੁੰਡ, ਚੰਦ੍ ਗੁਫਾ, ਖਾਰੀ ਦਰਿਆ ਅਤੇ ਅਘੋਰੀ ਪੂਜਾ।*

ਗੁਰੂ ਸਾਹਿਬ ਜਦੋਂ ਸਾਕਤ ਲੋਕਾਂ ਨੂੰ ਸਮਝਾਉਣ ਇਥੇ ਪਹੁੰਚੇ ਤਾਂ ਇੱਕ ਪਾਸੇ ਹੋ ਚੁੱਪ ਚਾਪ ਕਈ ਘੰਟੇ ਬੈਠੇ ਰਹੇ। ਓਦੋਂ ਇਥੋਂ ਦੇ ਪੁਜਾਰੀ ਅਪਰਸ ਸਾਧੂ ਸਨ। ਪੁਜਾਰੀ ਹੈਰਾਨ ਸਨ ਕਿ ਇਹ ਕੌਣ ਸਖਸ਼ ਹੈ? ਕੁਝ ਪਤਾ ਨਹੀ ਸੀ ਲੱਗ ਰਿਹਾ ਅਗਲਿਆ ਨੂੰ ਕਿ ਇਹ ਹਿੰਦੂ ਹੈ ਕਿ ਕੋਈ ਮੁਸਲਮਾਨ ਫਕੀਰ। ਜੇ ਹਿੰਦੂ ਹੈ ਤਾਂ ਕਿਸ ਸੰਪਰਦਾ ਦਾ ਸਾਧੂ? ਕਿਹੜੀ ਜਾਤ ਗੋਤ? ਉਹ ਆ ਕੇ ਇਸ ਬਾਬਤ ਗੁਰੂ ਸਾਹਿਬ ਨੂੰ ਪੁੱਛਣ ਲੱਗੇ ਤਾਂ ਕਿ "ਅਸੀ ਓਸੇ ਮੁਤਾਬਿਕ ਤੁਹਾਡੀ ਸੇਵਾ ਟਹਿਲ ਕਰ ਸਕੀਏ।" ਕਿਉਕਿ ਇਥੇ ਕਈ ਵੇਰਾਂ ਵੈਸ਼ਨੋ ਸਾਧੂ ਆਉਦੇ ਹਨ ਉਹ ਸੁੱਚ ਸੰਜਮ ਦਾ ਬਹੁਤ ਧਿਆਨ ਕਰਦੇ ਹਨ। ਤੁਸੀ ਵੀ ਆਪਣੇ ਨੇਮ ਸਾਨੂੰ ਦੱਸੋ ਤਾਂ ਕਿ ਉਹਦੇ ਮੁਤਾਬਿਕ ਤੁਹਾਨੂੰ ਭੋਜਨ ਕਰਵਾ ਸਕੀਏ। ਸੋ ਸਾਨੂੰ ਆਪਣੇ ਬਾਰੇ ਦੱਸੋ?

ਜਵਾਬ ਵਿੱਚ ਗੁਰੂ ਸਾਹਿਬ ਸਲੋਕ ਗਾਇਆ:-

ਸਲੋਕ ਮਃ ੧ ॥ ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥ ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥ ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ ॥ ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ ॥੧॥

ਭਾਵ ਸੱਚ ਮੇਰਾ ਵਰਤ ਹੈ, ਸੰਤੋਖ ਤੀਰਥ, ਦਇਆ ਇਸ਼ਟ-ਦੇਵ, ਦੂਜਿਆਂ ਦੀਆਂ ਵਧੀਕੀਆਂ ਨੂੰ ਮਾਫ ਕਰ ਦੇਣਾ ਇੱਕ ਤਰਾਂ

ਹਿੰਗਲਾਜ ਦੇਵੀ ਮੰਦਰ ਦੀ ਗੁਫਾ ਦਾ ਮੂੰਹ। ਹੇਠਾਂ ਉਹ ਘਾਟੀ ਜਿਸ ਵਿਚ ਗੁਫਾ ਮੌਜੂਦ ਹੈ।

ਨਾਲ ਮੇਰੀ ਮਾਲਾ ਹੈ; ਸੁਚੱਜਾ ਜੀਵਨ ਜੀਉਣ ਧੋਤੀ ਹੈ, ਸੁਰਤਿ ਮੇਰਾ ਸੁੱਚਾ ਚੌਂਕਾ ਹੈ, ਉੱਚੇ ਆਚਰਨ ਦਾ ਮੱਥੇ ਉਤੇ ਤਿਲਕ, ਤੇ ਪ੍ਰੇਮ ਮੇਰੀ ਖ਼ੁਰਾਕ ਹੈ।

ਇਹ ਜਵਾਬ ਸੁਣ ਕੇ ਪੁਜਾਰੀ ਤਾਂ ਸੁੰਨ ਹੋ ਗਏ। ਓਨਾਂ ਨੇ ਅਜਿਹਾ ਸਾਧੂ ਪਹਿਲਾਂ ਕਦੀ ਨਹੀ ਸੀ ਵੇਖਿਆ। ਹੌਲੀ ਹੌਲੀ ਗੱਲ ਚਲੀ ਤਾਂ ਫਿਰ ਓਨਾਂ ਨੂੰ ਪਤਾ ਲੱਗਾ ਕਿ ਇਹ ਤਾਂ ਬਾਬਾ ਨਾਨਕ ਹੈ। ਸਿੰਧੀ ਪੁਜਾਰੀ ਗੱਦ ਗੱਦ ਹੋ ਉਠੇ। ਉਨਾਂ ਨੂੰ ਚਾਅ ਚੜ੍ਹ ਗਿਆ। ਸਿੰਧ ਵਿੱਚ ਤਾਂ ਬਾਬੇ ਨਾਨਕ ਦੇ ਨਾਂ ਦੀ ਤੂਤੀ ਤਾਂ ਪਹਿਲਾਂ ਹੀ ਬੋਲਣੀ ਸ਼ੁਰੂ ਹੋ ਚੁੱਕੀ ਸੀ।

ਗੁਰੂ ਸਾਹਿਬ ਨੇ ਓਨਾਂ ਨੂੰ ਕਰਮ ਕਾਂਡਾਂ ਤੋਂ ਵਰਜ ਕੇ ਇੱਕ ਨਿਰੰਕਾਰ ਦੇ ਨਾਂ ਨਾਲ ਜੁੜਨ ਦਾ ਉਪਦੇਸ਼ ਕੀਤਾ। ਪੁਜਾਰੀਆ ਨੇ ਗੁਰੂ ਸਾਹਿਬ ਦੀਆਂ ਖੜਾਵਾਂ ਯਾਦਗਾਰ ਵਜੋਂ ਸਾਂਭ ਲਈਆਂ। ਓਥੇ ਗੁਰੂ ਨਾਨਕ ਖੜਾਵਾਂ ਨਾਂ ਦੀ ਜਗਾ ਮੌਜੂਦ ਹੈ। ✚

ਇਕ ਸਦੀ ਪਹਿਲਾਂ ਹਿੰਗਲਾਜ ਮੰਦਰ ਜੋ ਰਵਾਜ ਸਨ ਓਨਾਂ ਬਾਬਤ ਗਿਆਨੀ ਗਿਆਨ ਸਿੰਘ ਨੇ ਬੜਾ ਵਿਸਥਾਰ ਵਿੱਚ ਲਿਖਿਆ ਹੈ ਕਿ ਜਿਸ ਦਾ ਨਮੂਨਾ ਕੁਝ ਇਹ ਹੈ:◈

ਇਥੋਂ ਦੋ ਮੰਜ਼ਲ ਭੈਰੋ ਗੜੀਆ ਪੀਰ ਹੈ ਜਿਸ ਤੇ ਲੀਰਾਂ ਚੜ੍ਹਦੀਆ ਹਨ। ਖਾਣਾ ਦਾਣਾ ਉਠਾਂ ਰਾਂਹੀ ਕਰਾਚੀਓ ਹੀ ਆਉਦਾ ਹੈ ਕਿਉਕਿ ਅੱਗੇ ਖਾਣ ਨੂੰ ਕੁਝ ਨਹੀ। ਕਰਾਚੀਓ 15 ਕੋਹ ਤੇ ਇੱਕ ਥਾਂ ਆਉਦੀ ਹੈ ਓਥੋਂ ਦੇ ਫਕੀਰ ਯਾਤਰੀਆਂ ਕੋਲੋਂ ਸਵਾ ਰੁਪਿਆ ਲੈ ਕੇ ਅੱਗੇ ਲੰਘਣ ਦਿੰਦੇ ਹਨ ਪਰ ਸਿੱਖਾਂ ਕੋਲੋ ਸਿਰਫ ਪੰਜ ਪੈਸੇ ਲੈਂਦੇ ਹਨ। ਉਹ ਕਹਿੰਦੇ ਹਨ ਕਿ ਸਾਡੇ ਵਢੇਰਿਆਂ ਨੂੰ ਬਾਬੇ ਨਾਨਕ ਨੇ ਗੋਸ਼ਟੀ ਸਮੇਂ ਹਰਾ ਦਿੱਤਾ ਸੀ। ਰਾਮ ਚੰਦਰ ਵੀ ਇਥੇ ਆਏ ਸਨ (ਬ੍ਰਾਹਮਣ ਹੱਤਿਆ ਦੇ ਪਾਪ ਤੋਂ ਮੁਕਤੀ ਪਾਉਣ) .

ਪਰ ਹੈਰਾਨੀ ਦੀ ਗੱਲ ਗਿਆਨੀ ਜੀ ਨੇ ਓਥੇ ਮੌਜੂਦ ਨਾਨਕ ਖੜਾਵਾਂ ਦਾ ਜਿਕਰ ਨਹੀ ਕੀਤਾ ਜੋ ਬਕਾਇਦਾ ਅੱਜ ਦੀਆਂ ਵੇਬਸਾਈਟਾਂ ਦੱਸ ਰਹੀਆਂ ਹਨ।

ਮਰਦਾਨੇ ਦੀ ਸਿਹਤ ਵਿਗੜੀ ?○

ਹਿੰਗਲਾਜ ਮੰਦਰ ਤੋਂ ਗੁਰੂ ਸਾਹਿਬ ਤੇ ਮਰਦਾਨਾ ਸਮੁੰਦਰ ਕਿਨਾਰੇ ਵਲ ਨੂੰ ਹੋ ਤੁਰੇ। ਪਹਾੜੀ ਰਸਤਾ ਬਹੁਤ ਹੀ ਬਿਖਮ ਸੀ। ਭਾਦਰੋ- ਅੱਸੂ ਦੇ ਬਰਸਾਤ ਦੇ ਦਿਨ। ਇੰਨੀ ਦਿਨੀ ਬੁਖਾਰ ਤੇ ਹੋਰ ਬੀਮਾਰੀਆਂ ਜੋਰ ਫੜ ਲੈਂਦੀਆ ਹਨ। ਲਗਦਾ ਹੈ ਰਸਤੇ ਵਿੱਚ ਮਰਦਾਨੇ ਦੀ ਤਬੀਅਤ ਕੁਝ ਵਿਗੜ ਗਈ।

ਰਾਹ ਤੇ ਜਦੋਂ ਇਹ ਕਿਤੇ ਡੇਰਾ ਲਾਈ ਪਏ ਸਨ ਤਾਂ ਜਦੋਂ ਕਦੀ ਗੁਰੂ ਸਾਹਿਬ ਇਧਰ ਉਧਰ ਹੋਣ ਤਾਂ ਮਰਦਾਨਾ ਘਬਰਾਏ। "ਬਾਬਾ ਜੰਗਲ ਵਿੱਚ ਆਪਾਂ ਬੈਠੇ ਹਾਂ ਕਿਤੇ ਕੋਈ ਸ਼ੇਰ ਬਘਿਆੜ ਹੀ ਸਾਨੂੰ ਆਪਣਾ ਨਾਸ਼ਤਾ ਨਾਂ ਬਣਾ ਲਏ।" ਗੁਰੂ ਸਾਹਿਬ ਨੇ ਮਰਦਾਨੇ ਨੂੰ ਹੌਸਲਾ ਦਿੱਤਾ। ਫਿਰ ਮਰਦਾਨੇ ਨੂੰ ਯਾਦ ਆਇਆ ਕਿਵੇ ਪੂਰਬ ਦੀ ਉਦਾਸੀ ਵੇਲੇ ਸਾਹਮਣੇ ਸ਼ੇਰ ਆਉਣ ਤੇ ਵੀ ਉਸ ਨੇ ਮਰਦਾਨੇ ਨੂੰ ਕੁਝ ਨਹੀ ਸੀ ਕਿਹਾ।

ਇਹ ਮੌਕਾ ਸੀ ਫਿਰ ਮਰਦਾਨਾ ਵੀ ਲੱਗਾ ਨਾਮ ਜੱਪਣ। ਅਮੂਮਨ ਉਹ ਢਿੱਲ ਕਰ ਲਿਆ ਕਰ ਦਿੰਦਾ ਸੀ। ਗੁਰੂ ਸਾਹਿਬ ਨੇ ਮਰਦਾਨੇ ਨੂੰ ਭਰੋਸਾ ਦਿਵਾਇਆ ਕਿ ਅਕਾਲਪੁਰਖ ਨੂੰ ਯਾਦ ਕਰ ਤੇਰਾ ਵਾਲ ਵਿੰਕਾ ਵੀ ਨਹੀ ਹੋਵੇਗਾ।

ਮਰਦਾਨੇ ਦੇ ਤੰਦਰੁਸਤ ਹੋਣ ਤੇ ਸਾਹਿਬ ਨੇ ਸ਼ੁਕਰਾਨੇ ਦਾ ਸ਼ਬਦ ਰਚਿਆ:-

ਆਸਾ ਮਹਲਾ ੧ ਪੰਚਪਦੇ ॥ ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਾਹੀ ॥ ਕਿਆ ਸੁਲਤਾਨੁ ਸਲਾਮ ਵਿਹੂਣਾ ਅੰਧੀ ਕੋਠੀ ਤੇਰਾ ਨਾਮੁ ਨਾਹੀ ॥੧॥ ਕੀ ਵਿਸਰਹਿ ਦੁਖੁ ਬਹੁਤਾ ਲਾਗੈ ॥ ਦੁਖੁ ਲਾਗੈ ਤੂੰ ਵਿਸਰੁ ਨਾਹੀ ॥੧॥ ਰਹਾਉ ॥ ਅਖੀ ਅੰਧੁ ਜੀਭ ਰਸੁ ਨਾਹੀ ਕੰਨੀ ਪਵਣੁ ਨ ਵਾਜੈ ॥ ਚਰਣੀ ਚਲੈ ਪਜੂਤਾ ਆਗੈ ਵਿਣੁ ਸੇਵਾ ਫਲ ਲਾਗੇ ॥੨॥ ਅਖਰ ਬਿਰਖ ਬਾਗ ਭੂਇ ਚੋਖੀ ਸਿੰਚਿਤ ਭਾਉ ਕਰੇਹੀ ॥ ਸਭਨਾ ਫਲੁ ਲਾਗੈ ਨਾਮੁ ਏਕੋ ਬਿਨੁ ਕਰਮਾ ਕੈਸੇ ਲੇਹੀ ॥੩॥ ਜੇਤੇ ਜੀਅ ਤੇਤੇ ਸਭਿ ਤੇਰੇ ਵਿਣੁ ਸੇਵਾ ਫਲੁ ਕਿਸੈ ਨਾਹੀ ॥ ਦੁਖੁ ਸੁਖੁ ਭਾਣਾ ਤੇਰਾ ਹੋਵੈ ਵਿਣੁ ਨਾਵੈ ਜੀਉ ਰਹੈ ਨਾਹੀ ॥੪॥ ਮਤਿ ਵਿਚਿ ਮਰਣੁ ਜੀਵਣੁ ਹੋਰੁ ਕੈਸਾ ਜਾ ਜੀਵਾ ਤਾਂ ਜੁਗਤਿ ਨਾਹੀ ॥ ਕਹੈ ਨਾਨਕੁ ਜੀਵਾਲੇ ਜੀਆ ਜਹ ਭਾਵੈ ਤਹ ਰਾਖੁ ਤੁਹੀ ॥੫॥੧੯॥

ਪੈੜ ਸਫਾ

○ਸੋਢੀ-438, ● ਸੋਢੀ-430, ◘ ਸੋਢੀ -426, 423, ◆ ਸੋਢੀ-451, ਗੋਸ਼ਟੀ-43

ਗੋਸ਼ਟੀ-43 ਵਿੱਚ ਹਾਜੀ ਦਾ ਨਾਂ ਸ਼ਾਹ ਸਰਫ ਲਿਖ ਦਿਤਾ ਹੈ ਜਦੋਂ ਕਿ ਸ਼ਾਹ ਸਰਫ ਨਾਲ ਗੋਸ਼ਟੀ ਬਗਦਾਦ ਦੇ ਮੁਕਾਮ ਤੇ ਹੋਈ ਸੀ। ਜਿਸ ਨੇ ਗੁਰੂ ਸਾਹਿਬ ਨੂੰ ਚੋਲਾ ਭੇਟ ਕੀਤਾ ਸੀ ਜੋ ਅੱਜ ਵੀ ਡੇਰਾ ਬਾਬਾ ਨਾਨਕ ਵਿਖੇ ਮੌਜੂਦ ਹੈ। ਇਕ ਸ਼ਾਹ ਸਰਫ ਪਾਣੀਪਤ ਵੀ ਹੋਇਆ ਹੈ। (ਧਿਆਨ ਰਹੇ 17 ਵੀ ਸਦੀ ਵਿੱਚ ਇੱਕ ਸਰਫ ਨਾਂ ਦਾ ਕਵੀ ਬਟਾਲੇ ਇਲਾਕੇ ਵਿੱਚ ਵੀ ਹੋਇਆ ਹੈ ਜਿਸ ਕਰਕੇ ਉਸ ਦੇ ਪਿੰਡ ਦਾ ਨਾਂ ਕੋਟਲਾ ਸਰਫ ਚਲਦਾ ਹੈ।)

■ ਸੋਢੀ-461, * ਵਿੱਕੀ ਪੀਡੀਆ ਐਂਟਰੀ, ◈ਗਿਆਨੀ -239

✚ ਇਹ ਪਤਾ ਨਹੀ ਲੱਗਾ ਪਾਇਆ ਕਿ ਕੀ ਉਹ ਖੜਾਵਾਂ ਅੱਜ ਵੀ ਮੌਜੂਦ ਹਨ।

◈◈ ਉੱਚ ਦੇ ਪੀਰਾਂ ਤੋਂ ਪਤਾ ਲੱਗਾ ਕਿ ਗੁਰੂ ਸਾਹਿਬ ਦੇ ਵੇਲੇ ਪ੍ਰਸਿੱਧ ਪੀਰ ਫਜ਼ਲੂਦੀਨ ਸੀ। ਫਿਰ ਵੀ ਅਜੇ ਹੋਰ ਤਸਦੀਕ ਕਰਨ ਦੀ ਜਰੂਰਤ ਹੈ।

○ ਸੋਢੀ -458, ਗੋਸ਼ਟਿ-44 : ਨੇ ਵੀ ਭਾਈ ਮਰਦਾਨੇ ਦੇ ਡਰ ਬਾਰੇ ਲਿਖਿਆ ਹੈ।

ਸਿੰਧ ਦੇ ਹੋਰ ਸਥਾਨਾਂ ਬਾਰੇ ਅਸੀ ਵਿਸਥਾਰ ਨਾਲ ਦੂਸਰੀ ਉਦਾਸੀ ਵਿਚ ਦਿੱਤਾ ਹੈ। ਕਿਉਕਿ ਬਹੁਤੀ ਥਾਂਈ ਸਾਨੂੰ ਇਹ ਨਹੀ ਸੀ ਪਤਾ ਲਗਦਾ ਕਿ ਸਾਹਿਬ ਦੂਸਰੀ ਉਦਾਸੀ ਵੇਲੇ ਆਏ ਸਨ ਕਿ ਚੌਥੀ ਉਦਾਸੀ ਮੌਕੇ। ਇਸ ਕਰਕੇ ਅਸਾਂ ਵਿਸਥਾਰ ਨਾਲ ਦੂਸਰੀ ਉਦਾਸੀ ਵਿਚ ਦੇ ਦਿੱਤਾ ਹੈ।

ਬਾਬ-61ਅ

ਚੌਥੀ ਉਦਾਸੀ। ਭਾਗ -2

ਮੱਕੇ ਦੇ ਕੌਤਕ

ਅੱਖ ਦੇ ਫੋਰ ਵਿੱਚ ਪਹੁੰਚ ਗਏ ਮੱਕਾ

ਹਿੰਗਲਾਜ ਮੰਦਰ ਤੋਂ ਥੱਲੇ ਉੱਤਰ ਬਾਬਾ ਤੇ ਮਰਦਾਨਾ ਸਮੁੰਦਰ ਤੱਟ ਤੇ ਕਿਸੇ ਨੇੜਲੀ ਬੰਦਰਗਾਹ◆ ਤੇ ਪਹੁੰਚੇ। ਬੰਦਰ ਤੋਂ ਪਤਾ ਲੱਗਾ ਕਿ ਸਾਰੇ ਯਾਤਰੀ ਜਹਾਜ ਹੁਣ ਤੱਕ ਇਥੋਂ ਜਾ ਚੁੱਕੇ ਹਨ ਤੇ ਹੋਰ ਕਿਸੇ ਬੇੜੇ ਨੇ ਜੱਦਾ ਨਹੀ ਜਾਣਾ ਕਿਉਕਿ ਹੁਣ ਦਾ ਚਲਿਆ ਜਹਾਜ ਹੱਜ ਤੇ ਨਹੀ ਅਪੜ ਸਕਦਾ।

ਇਹ ਸੁਣ ਕੇ ਮਰਦਾਨਾ ਥੋੜਾ ਮਾਯੂਸ ਹੋਇਆ। ਪਰ ਬਾਬੇ ਨੂੰ ਕੁਝ ਨਹੀ ਬੋਲਿਆ। ਕੋਈ ਗਿਲਾ ਸ਼ਿਕਵਾ ਨਹੀ ਕੀਤਾ। ਅਗਲੀ ਸਵੇਰ ਆਈ। ਸਾਹਿਬ ਤਾਂ ਅੰਮ੍ਰਿਤ ਵੇਲੇ ਜਾਗ ਉਠ ਨਿਰੰਕਾਰ ਨਾਲ ਇੱਕ ਮਿਕ ਹੋ ਜਾਂਦੇ ਤੇ ਪਹੁ ਫੁਟਾਲੇ ਤੋਂ ਪਹਿਲਾਂ ਮਰਦਾਨੇ ਨੂੰ ਕੀਰਤਨ ਕਰਨ ਲਾ ਦਿੰਦੇ। ਇਸ਼ਨਾਨ ਉਪਰੰਤ ਮਰਦਾਨੇ ਨੇ ਰਬਾਬ ਦੀਆਂ ਤੰਦਾਂ ਕੱਸੀਆਂ ਤੇ ਸਾਵਧਾਨ ਹੋ ਗਿਆ। ਪਰ ਚਿਹਰੇ ਤੇ ਨਿਰਾਸ਼ਾ ਝਲਕ ਰਹੀ ਸੀ। ਗੁਰੂ ਸਾਹਿਬ ਨੇ ਮਰਦਾਨੇ ਨੂੰ ਸੁਚੇਤ ਕੀਤਾ ਕਿ ਸੁਰਤ ਨੂੰ ਟਿਕਾਣੇ ਕਰ ਮਰਦਾਨਿਆ। ਸਾਹਿਬ ਨੇ ਸ੍ਰੀ ਰਾਗ ਦੀ ਧੁੰਨ ਲਾਉਣ ਦਾ ਹੁਕਮ ਕੀਤਾ ਤੇ ਸ਼ਬਦ ਬੋਲਿਆ:

ਸਿਰੀਰਾਗੁ ਮਹਲਾ ੧ ॥ ਆਪੇ ਗੁਣ ਆਪੇ ਕਥੈ ਆਪੇ ਸੁਣਿ ਵੀਚਾਰੁ ॥ ਆਪੇ ਰਤਨੁ ਪਰਖਿ ਤੂੰ ਆਪੇ ਮੋਲੁ ਅਪਾਰੁ ॥ ਸਾਚਉ ਮਾਨੁ ਮਹਤੁ ਤੂੰ ਆਪੇ ਦੇਵਣਹਾਰੁ ॥੧॥ ਹਰਿ ਜੀਉ ਤੂੰ ਕਰਤਾ ਕਰਤਾਰੁ ॥ ਜਿਉ ਭਾਵੈ ਤਿਉ ਰਾਖੁ ਤੂੰ ਹਰਿ ਨਾਮੁ ਮਿਲੈ ਆਚਾਰੁ ॥੧॥ ਰਹਾਉ ॥ ਆਪੇ ਹੀਰਾ ਨਿਰਮਲਾ ਆਪੇ ਰੰਗੁ ਮਜੀਠ ॥ ਆਪੇ ਮੋਤੀ ਊਜਲੋ ਆਪੇ ਭਗਤ ਬਸੀਠੁ ॥ ਗੁਰ ਕੈ ਸਬਦਿ ਸਲਾਹਣਾ ਘਟਿ ਘਟਿ ਡੀਠੁ ਅਡੀਠੁ ॥੨॥ ਆਪੇ ਸਾਗਰੁ ਬੋਹਿਥਾ ਆਪੇ ਪਾਰੁ ਅਪਾਰੁ ॥ ਸਾਚੀ ਵਾਟ ਸੁਜਾਣੁ ਤੂੰ ਸਬਦਿ ਲਘਾਵਣਹਾਰੁ ॥ ਨਿਡਰਿਆ ਡਰੁ ਜਾਣੀਐ ਬਾਝੁ ਗੁਰੂ ਗੁਬਾਰੁ ॥੩॥ ਅਸਥਿਰੁ ਕਰਤਾ ਦੇਖੀਐ ਹੋਰੁ ਕੇਤੀ ਆਵੈ ਜਾਇ ॥ ਆਪੇ ਨਿਰਮਲੁ ਏਕੁ ਤੂੰ ਹੋਰ ਬੰਧੀ ਧੰਧੈ ਪਾਇ ॥ ਗੁਰਿ ਰਾਖੇ ਸੇ ਉਬਰੇ ਸਾਚੇ ਸਿਉ ਲਿਵ ਲਾਇ ॥੪॥ ਹਰਿ ਜੀਉ ਸਬਦਿ ਪਛਾਣੀਐ ਸਾਚਿ ਰਤੇ ਗੁਰ ਵਾਕਿ ॥ ਤਿਤੁ ਤਨਿ ਮੈਲੁ ਨ ਲਗਈ ਸਚ ਘਰਿ ਜਿਸੁ ਓਤਾਕੁ ॥ ਨਦਰਿ ਕਰੇ ਸਚੁ ਪਾਈਐ ਬਿਨੁ ਨਾਵੈ ਕਿਆ ਸਾਕੁ ॥੫॥ ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ ॥ ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰ ਧਾਰਿ ॥ ਜਗ ਮਹਿ ਲਾਹਾ ਏਕੁ ਨਾਮੁ ਪਾਈਐ ਗੁਰ ਵੀਚਾਰਿ ॥੬॥ ਸਾਚਉ ਵਖਰੁ ਲਾਦੀਐ ਲਾਭੁ ਸਦਾ ਸਚੁ ਰਾਸਿ ॥ ਸਾਚੀ ਦਰਗਹ ਬੈਸਈ ਭਗਤਿ ਸਚੀ ਅਰਦਾਸਿ ॥ ਪਤਿ ਸਿਉ ਲੇਖਾ ਨਿਬੜੈ ਰਾਮ ਨਾਮੁ ਪਰਗਾਸਿ ॥੭॥ ਊਚਾ ਊਚਉ ਆਖੀਐ ਕਹਉ ਨ ਦੇਖਿਆ ਜਾਇ ॥ ਜਹ ਦੇਖਾ ਤਹ ਏਕੁ ਤੂੰ ਸਤਿਗੁਰਿ ਦੀਆ ਦਿਖਾਇ ॥ ਜੋਤਿ ਨਿਰੰਤਰਿ ਜਾਣੀਐ ਨਾਨਕ ਸਹਜਿ ਸੁਭਾਇ ॥੮॥੩॥

ਮਰਦਾਨਾ ਆਪਣੇ ਧਿਆਨ ਕੀਰਤਨ ਕਰਦਾ ਰਿਹਾ। ਸਮਾਪਤੀ ਕੀਤੀ ਤੇ ਮਰਦਾਨੇ ਦਾ ਧਿਆਨ ਦੁਆਲੇ ਗਇਆ ਤਾਂ ਹੈਰਾਨ ਹੋ ਗਿਆ। ਬੋਲਿਆ, "ਬਾਬਾ ਮੈਨੂੰ ਕੀ ਹੋ ਗਇਆ? ਕੀ ਮੈਂ ਸੁਪਨਾ ਵੇਖ ਰਿਹਾ ਹਾਂ? ਅਸੀ ਤਾਂ ਸਮੁੰਦਰ ਕਿਨਾਰੇ ਬੈਠੇ ਸੀ। ਆਹ ਤਾਂ ਸੁੱਕਾ ਰੇਗਸਤਾਨ ਹੈ। "

ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਤੂੰ ਠੀਕ ਹੈ। ਕੋਈ ਸੁਪਨਾ ਨਹੀ। ਆਪਣੇ ਪਿੱਛੇ ਧਿਆਨ ਮਾਰ। ਕੀ ਵੇਖਦਾ ਹੈ। ਉੱਚੇ ਉੱਚੇ ਮੀਨਾਰ ਨਜਰ ਆ ਰਹੇ ਨੇ। ਮਰਦਾਨਾ ਚੀਕ ਉਠਿਆ "ਬਾਬਾ ਅਸੀ ਕਿਥੇ ਹਾਂ?"

ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਅਸੀ ਮੱਕੇ ਪਹੁੰਚ ਗਏ ਹਾਂ। ਮਰਦਾਨੇ ਨੇ ਝੱਟ ਗੁਰੂ ਸਾਹਿਬ ਦੇ ਪੈਰ ਫੜ੍ਹ ਲਏ ਤੇ ਅੱਖਾਂ ਭਰ ਲਈਆਂ। ਭਰੇ ਮੰਨ ਨਾਲ ਬੋਲ ਉਠਿਆ "ਓਏ ਮੇਰੀ ਏਨੀ ਚੰਗੀ ਕਿਸਮਤ ਕਿਵੇ ਹੋ ਗਈ? ਮੈਂ ਤਾਂ ਰੱਬ ਨਾਲ ਤੁਰਿਆ ਫਿਰਦਾ ਆਂ।"

ਗੁਰੂ ਸਾਹਿਬ ਨੇ ਕਿਹਾ ਮਰਦਾਨਿਆਂ ਰੱਬ ਨਹੀ। ਇਹ ਰੱਬ ਅੱਗੇ ਕੀਤੀ ਅਰਦਾਸ ਦਾ ਨਤੀਜਾ ਹੈ। ਉਹ ਸਰਬ ਸਮਰੱਥ ਨਿਰੰਕਾਰ ਹੀ ਦੂਰੀਆਂ ਬਣਾਉਣ ਵਾਲਾ ਤੇ ਦੂਰੀਆਂ ਘਟਾਉਣ ਵਾਲਾ ਹੈ। ਵਕਤ, ਦੂਰੀਆਂ ਤੇ ਧਰਤੀ ਬਣਾਉਣ ਵਾਲਾ ਉਹ ਆਪ ਹੀ ਤਾਂ ਹੈ। ਇਹ ਵਕਤ ਤੇ ਦੂਰੀਆਂ ਕਰਤਾ-ਪੁਰਖ ਅੱਗੇ ਬੇਮਾਇਨੇ ਹਨ।

ਗੁਰੂ ਸਾਹਿਬ ਨੇ ਆਪਣਾ ਹਾਜੀਆਂ ਵਾਲਾ ਪਹਿਰਾਵਾ ਧਾਰਨ ਕਰ ਲਿਆ ਜਿਹੜਾ ਕਰਤਾਰਪੁਰੋਂ ਤਿਆਰ ਕਰਵਾ ਕੇ ਲਿਆਏ ਸਨ। ਨੀਲਾ ਚੋਗਾ, ਹੱਥ ਵਿੱਚ ਆਸਾ, ਦੂਸਰੇ ਹੱਥ ਕੁੱਜਾ ਅਤੇ ਸਿਰ ਤੇ ਪੱਗ ਦੀ ਥਾਂਵੇ ਮੁਸਲਾ ਪਾ ਲਿਆ। ਗੱਲ ਵਿੱਚ ਹੱਡਾਂ ਦੀ ਮਾਲਾ*, ਗੁਟ ਤੇ ਤਸਬੀ (ਮਾਲਾ) ਲਮਕਾਈ, ਕੱਛ ਵਿੱਚ ਗੁਰਬਾਣੀ ਵਾਲੀ ਕਿਤਾਬ ਲਈ ਹੋਈ ਸੀ।

ਮਰਦਾਨੇ ਨੇ ਰਬਾਬ ਕਪੜਿਆਂ ਦੀ ਪੰਡ ਵਿੱਚ ਹੀ ਬੰਨ ਲਈ। ਬੁੜ ਬੁੜ ਕੀਤਾ, "ਅਖੇ ਕਈ ਕਹਿੰਦੇ ਨੇ ਸੰਗੀਤ ਮੌਸੀਕੀ ਇਸਲਾਮ ਵਿੱਚ ਹਰਾਮ ਹੈ। ਕੋਈ ਕਹਿੰਦਾ ਨਹੀ ਹੈ। ਆਪਾਂ ਕੋਈ ਖਤਰਾ ਨਹੀ ਲੈਣਾ।" ਗੁਰੂ ਸਾਹਿਬ ਚੁੱਪ ਰਹੇ। ਫਿਰ ਮਰਦਾਨਾ ਬੋਲਿਆ, "ਬਾਬਾ ਇਥੇ ਤਾ ਬਹੁਤ ਗਰਮੀ ਹੈ।"

ਭਾਵੇ ਨੀਲਾ ਚੋਗਾ ਪਾ ਲਿਆ ਸੀ। ਪਰ ਇਹ ਹਾਜੀ ਵੱਖਰਾ ਹੀ ਨਜਰ ਆ ਰਿਹਾ ਸੀ। ਹਰ ਕੋਈ ਬਾਬੇ ਨਾਨਕ ਨੂੰ ਵੇਖ ਰਿਹਾ ਸੀ।

ਇਹ ਹਾਜੀ ਬੜੇ ਠਰੱਮੇ ਨਾਲ ਕੁਰਾਨ ਦੀਆਂ ਉਹ ਆਇਤਾਂ ਗਾ ਰਿਹਾ ਸੀ ਜਿਹੜੀਆਂ ਨਿਰੰਕਾਰ ਦੀ ਸਿਫਤ ਵਿੱਚ ਸਨ।

—◈—

ਪੈੜ ਸਫਾ

***ਮਾਲਾ-** ਹਿੰਦੂ ਲੋਕ ਮਾਲਾ ਤੁਲਸੀ ਜਾਂ ਰੁਦਰਾਕਸ਼ ਦੀ ਬਣਾਉਦੇ ਹਨ। ਜਦੋ ਕਿ ਮੁਸਲਮਾਨ ਜੈਤੂਨ ਦੀ ਲਕੜੀ ਦੀ ਮਾਲਾ ਬਣਾਉਦੇ ਸਨ। –ਹੱਡੀਆਂ ਦੀ ਮਾਲਾ ਵੀ ਬਣਾਈ ਜਾਂਦੀ ਸੀ ਖਾਸ ਕਰਕੇ ਮੱਛੀ ਦੀ ਹੱਡੀ ਤੇ ਹਾਥੀ ਦੰਦ ਦੀ। ਅਰਬ ਵਿੱਚ ਗਾਂ ਤੇ ਊਠ ਦੀ ਹੱਡੀ ਦੀ ਮਾਲਾ ਬਣਾਈ ਜਾਂਦੀ ਸੀ।– ਹਿੰਦੂਆਂ ਦੇ ਅਘੋਰੀ ਸਾਧੂ ਇਨਸਾਨੀ ਹੱਡੀ ਦੀ ਮਾਲਾ ਪਹਿਨਦੇ ਸਨ। ਕਈ ਸਾਧੂ ਅੱਜ ਵੀ ਇਨਸਾਨੀ ਖੋਪੜੀ ਗੱਲ ਵਿੱਚ ਲਟਕਾਏ ਫਿਰਦੇ ਹਨ। ਇਹ ਨਹੀ ਪਤਾ ਚਲ ਪਾਇਆ ਕਿ ਗੁਰੂ ਸਾਹਿਬ ਦੀ ਮਾਲਾ ਕਿਹੋ ਜਿਹੀ ਹੱਡੀਆਂ ਦੀ ਸੀ।

ਸਵਾਲ ਹਿੰਦੂ, ਮੁਸਲਮਾਨ ਅਤੇ ਸਿੱਖ ਦਾ ਨਹੀ ਗੱਲ ਤੁਹਾਡੇ ਵਿਹਾਰ ਤੇ ਮੁਕਦੀ ਹੈ

ਵਾਰਾਂ ਭਾਈ ਗੁਰਦਾਸ ਵਿਚੋ

ਭਾਈ ਗੁਰਦਾਸ (ਦਿਹਾਂਤ-1637 ਈ.) ਗੁਰੂ ਅਮਰਦਾਸ ਦੇ ਭਤੀਜੇ ਸਨ। ਇਨਾਂ ਨੇ ਗੁਰਮਤ ਗੁਰੂ ਅਰਜਨ ਦੇਵ ਪਾਸੋਂ ਪ੍ਰਾਪਤ ਕੀਤੀ। ਇਨਾਂ ਦੁਆਰਾ ਰਚੀਆਂ 40 ਵਾਰਾਂ ਅਤੇ 556 ਕਬਿਤ ਸਿੱਖ ਧਰਮ ਦੇ ਅਸੂਲਾਂ ਨੂੰ ਨਿਖੇੜ ਕੇ ਬਿਆਨ ਕਰਦੇ ਹਨ ਅਤੇ ਸਿੱਖੀ ਦੇ ਸਰਬੋਤਮ ਰਹਿਤਨਾਮੇ ਹਨ। ਗੁਰੂ ਪੰਥ ਵਿੱਚ ਇਨਾਂ ਦੇ ਦਰਜਾ-ਸਤਿਕਾਰ ਦਾ ਇਥੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਗੁਰਦੁਆਰੇ ਅੰਦਰ ਕਥਾ ਅਤੇ ਕੀਰਤਨ ਸਿਰਫ ਗੁਰਬਾਣੀ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਤੋਂ ਹੀ ਕੀਤਾ ਜਾ ਸਕਦਾ ਹੈ। ਹੋਰ ਕੋਈ ਰਚਨਾ ਕੀਰਤਨ ਵਾਸਤੇ ਪਰਵਾਨ ਨਹੀ ਹੈ। ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿੱਚ ਗੁਰੂ ਸਾਹਿਬ ਦੀ ਪੱਛਮ ਵਾਲੀ ਫੇਰੀ ਬਾਰੇ ਜੋ ਲਿਖਿਆ ਹੈ ਉਹ ਇਸ ਪ੍ਰਕਾਰ ਹੈ:-

ਬਾਬਾ ਫਿਰ ਮੱਕੇ ਗਯਾ ਨੀਲ ਬਸਤ੍ਰ ਧਾਰੇ ਬਨਵਾਰੀ॥
ਆਸਾ ਹੱਥ ਕਿਤਾਬ ਕੱਛ ਕੂਜਾ ਬਾਂਗ ਮੁਸੱਲਾ ਧਾਰੀ॥
ਬੈਠਾ ਜਾਇ ਮਸੀਤ ਵਿਚ ਜਿਥੇ ਹਾਜੀ ਹੱਜ ਗੁਜਾਰੀ॥
ਜਾਂ ਬਾਬਾ ਸੁੱਤਾ ਰਾਤ ਨੂੰ ਵੱਲ ਮਹਿਰਾਬੇ ਪਾਂਇ ਪਸਾਰੀ॥
ਜੀਵਨ ਮਾਰੀ ਲਤ ਦੀ ਕੇੜ੍ਹਾ ਸੁਤਾ ਕੁਫਰ ਕੁਫਾਰੀ॥
ਲਤਾਂ ਵਲ ਖ਼ੁਦਾਇ ਦੇ ਕਿਉਂਕਰ ਪਇਆ ਹੋਇ ਬਜਗਾਰੀ॥
ਟੰਗੋਂ ਪਕੜ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ॥
ਹੋਇ ਹੈਰਾਨ ਕਰੇਨ ਜੁਹਾਰੀ ॥੩੩॥
ਪੁਛਨ ਗਲ ਈਮਾਨ ਦੀ ਕਾਜ਼ੀ ਮੁਲਾਂ ਇਕਠੇ ਹੋਈ॥
ਵਡਾ ਸਾਂਗ ਵਰਤਾਇਆ ਲਖ ਨ ਸਕੇ ਕੁਦਰਤਿ ਕੋਈ॥
ਪੁਛਣ ਖੋਲ ਕਿਤਾਬ ਨੂੰ ਵਡਾ ਹਿੰਦੂ ਕੀ ਮੁਸਲਮਾਨੋਈ॥
ਬਾਬਾ ਆਖੇ ਹਾਜ਼ੀਆਂ ਸੁਭ ਅਮਲਾਂ ਬਾਝੋ ਦੋਵੇਂ ਰੋਈ॥
ਹਿੰਦੂ ਮੁਸਲਮਾਨ ਦੋਇ ਦਰਗਹਿ ਅੰਦਰ ਲੈਣ ਨ ਢੋਈ॥
ਕਚਾ ਰੰਗ ਕੁਸੁੰਭ ਕਾ ਪਾਣੀ ਧੋਤੈ ਥਿਰ ਨ ਰਹੋਈ॥
ਕਰਨ ਬਖੀਲੀ ਆਪ ਵਿਚ ਰਾਮ ਰਹੀਮ ਕੁਥਾਇ ਖਲੋਈ॥
ਰਾਹ ਸੈਤਾਨੀ ਦੁਨੀਆ ਗੋਈ ॥੩੪॥
ਧਰੀ ਨਿਸਾਨੀ ਕੌਸ ਦੀ ਮਕੇ ਅੰਦਰ ਪੂਜ ਕਰਾਈ॥
ਜਿਥੇ ਜਾਈ ਜਗਤ ਵਿਚ ਬਾਬੇ ਬਾਝ ਨ ਖਾਲੀ ਜਾਈ॥
ਘਰ ਘਰ ਬਾਬਾ ਪੂਜੀਏ ਹਿੰਦੂ ਮੁਸਲਮਾਨ ਗੁਆਈ॥
ਛਪੇ ਨਾਂਹਿ ਛਪਾਇਆ ਚੜਿਆ ਸੂਰਜ ਜਗ ਰੁਸਨਾਈ॥
ਬੁਕਿਆ ਸਿੰਘ ਉਜਾੜ ਵਿਚ ਸਭ ਮਿਰਗਾਵਲ ਭੰਨੀ ਜਾਈ॥
ਚੜ੍ਹਿਆ ਚੰਦ ਨ ਲੁਕਈ ਕਢ ਕੁਨਾਲੀ ਜੋਤ ਛਪਾਈ॥
ਉਗਵਣਹੁ ਤੇ ਆਥਵਣਹੁ ਨਉ ਖੰਡ ਪ੍ਰਿਥਵੀ ਸਭ ਝੁਕਾਈ॥
ਜਗ ਅੰਦਰ ਕੁਦਰਤ ਵਰਤਾਈ ॥੩੫॥

ਬਾਬੇ ਮੱਕਾ ਫੇਰਿਆ

ਮੱਕੇ ਪਹੁੰਚੇ ਹੋਏ ਸਨ। ਜੁਲਾਈ 1530 ਈ. ਦਾ ਮਹੀਨਾ ਸੀ। ਹੱਜ 3 ਅਗਸਤ ਨੂੰ ਸ਼ੁਰੂ ਹੋਣਾ ਸੀ। ਰੌਣਕਾਂ ਸਨ, ਪਰ ਬਹੁਤੀ ਭੀੜ ਨਹੀ ਸੀ। ਬਾਬਾ ਤੇ ਮਰਦਾਨਾ ਕਾਬੇ ਵਾਲੀ ਮਸੀਤ ਵਿੱਚ ਹੀ ਬਿਰਾਜੇ ਹੋਏ ਸਨ। ਮਰਦਾਨਾ ਫਿਰ ਤੁਰ ਕੇ ਆਇਆ ਤੇ ਕਹਿਣ ਲੱਗਾ ਕਿ ਬਾਬਾ ਜੀ ਕਾਬੇ ਦੇ ਅੰਦਰ ਤਾਂ ਜਾਣ ਹੀ ਨਹੀ ਦਿੱਤਾ ਮੈਨੂੰ। ਮੈਨੂੰ ਕਹਿਣ ਲਗੇ ਸਿਰਫ ਮਜਾਵਰ ਹੀ ਅੰਦਰ ਜਾ ਸਕਦਾ ਹੈ। ਬਾਬਾ ਜੀ ਕਾਬੇ ਦੇ ਅੰਦਰ ਕੀ ਹੈ?

ਬਾਬਾ ਨੇ ਕਿਹਾ ਮਰਦਾਨਿਆ ਹੁਣ ਜਾ। ਹੁਣ ਦਰਵਾਜਾ ਖੁੱਲਾ ਹੋਇਆ ਈ। ਪਰ ਯਾਦ ਰੱਖੀ ਰੱਬ ਦੇ ਘਰ ਪੁੱਛ ਕੇ ਨਹੀ ਜਾਈਦਾ।

ਮਰਦਾਨਾ ਗਇਆ ਤੇ ਜਾ ਕੇ ਕਾਬੇ ਦੇ ਅੰਦਰ ਚੰਗੀ ਤਰਾਂ ਘੋਖ ਪੜਤਾਲ ਕਰ ਆਇਆ ਤੇ ਨਾਲ ਹੀ ਕਾਲੇ ਪੱਥਰ ਨੂੰ ਚੰਗੀ ਤਰਾਂ ਵੇਖ ਆਇਆ। ਮਜਾਵਰ ਗੱਲਾਂ 'ਚ ਰੁੱਝੇ ਰਹੇ । ਮਰਦਾਨਾ ਸਮਝਦਾ ਸੀ ਕਿ ਕਾਬੇ ਅੰਦਰ ਕੋਈ ਮੂਰਤੀ ਵਰੀਰਾ ਹੋਵੇਗੀ।

ਜਦੋਂ ਕਾਬਾ ਗੁਰੂ ਸਾਹਿਬ ਦੇ ਚਰਨਾਂ ਵਲ ਘੁੰਮ ਗਇਆ। ਬੀ.40 ਤਸਵੀਰ

ਸ਼ਾਮ ਹੋਈ। ਹਾਜੀ ਜਿੱਥੇ ਕਿਸੇ ਨੂੰ ਥਾਂ ਮਿਲਿਆ ਓਥੇ ਹੀ ਲੇਟ ਗਏ। ਮੱਕੇ ਦੀ ਮਸੀਤ ਵਾਹਵਾ ਖੁੱਲੀ ਸੀ ਤੇ ਕਾਬੇ ਦੇ ਦੁਆਲੇ ਵੀ ਪ੍ਰਕਰਮਾ ਦੇ ਬਾਹਰਵਾਰ ਮਹਿਰਾਬਾਂ ਵਾਲਾ ਬਰਾਂਡਾ ਬਣਿਆ ਹੋਇਆ ਸੀ। ਗੁਰੂ ਸਾਹਿਬ ਓਸੇ ਬਰਾਂਡੇ ਵਿੱਚ ਲੇਟ ਗਏ।

ਮਨ੍ਹੇਰ ਸਾਰ ਭਾਵ ਰਾਤ 3 ਕੁ ਵਜੇ ਮੌਲਾਣਾ ਜੀਵਣ ਝਾੜੂ ਮਾਰਦਾ ਮਾਰਦਾ ਜਦੋਂ ਬਾਬੇ ਹੁਰਾਂ ਲਾਗੇ ਆਇਆ ਤਾਂ ਕੀ ਵੇਖਦਾ ਹੈ ਕਿ ਸੁੱਤੇ ਪਏ ਇੱਕ ਹਾਜੀ ਨੇ ਪੈਰ ਕਾਬੇ ਵਲ ਕੀਤੇ ਹੋਏ ਹਨ। ਮੌਲਾਣਾ ਬੁੜ ਬੁੜਾਇਆ, "ਓਏ ਗਾਫਲ ਬੇਸੁਰਤ ਹਾਜੀ! ਉਠ ਕਿਓ ਤੌਹੀਨ ਕਰਦੈ ਅੱਲਾਹ ਪਰਵਦਗਾਰ ਦੀ। ਵੇਖ ਤੇਰੇ ਪੈਰ ਕਿੱਧਰ ਨੇ?" ਗੁਰੂ ਸਾਹਿਬ ਜਾਗਦੇ ਪਏ ਸਨ। ਕਹਿਣ ਲੱਗੇ ਮੌਲਾਣਾ ਜੀ ਗੁਸਤਾਖੀ ਮਾਫ ਮਿਹਰਬਾਨੀ ਕਰੋ ਮੇਰੇ ਪੈਰ ਓਧਰ ਕਰ ਦਿਓ ਜਿਧਰ ਖੁੱਦਾ ਨਹੀ ਹੈ। ਜੀਵਨ ਨੇ ਪੈਰ ਫੜ੍ਹ ਕੇ ਦੂਸਰੇ ਪਾਸੇ ਜਿਵੇ ਕੀਤੇ ਤਾਂ ਉਨੂੰ ਮਹਿਸੂਸ ਹੋਇਆ ਕਿ ਕਾਬਾ ਤਾਂ ਓਧਰ ਹੀ ਘੁੰਮ ਗਿਆ। ਪੈਰ ਛੱਡ ਕਾਬੇ ਵਲ ਵੇਖਣਾ ਸ਼ੁਰੂ ਕਰ ਦਿੱਤਾ। ਫਿਰ ਪੈਰ ਘੁਮਾਣੇ। ਕਾਬਾ ਫਿਰ ਪੈਰਾ ਵਲ ਨਜਰ ਆਇਆ।

ਜੀਵਣ ਦੁਹਾਈ ਦੇ ਉਠਿਆ। 'ਸੁਬਹਾਨਅਲੱਾਹ।' ਲਾਗੇ ਸੁੱਤੇ ਸਭ ਜਾਗ ਉਠੇ। ਹਰ ਪਾਸੇ । 'ਸੁਬਹਾਨਅਲੱਾਹ।' 'ਸੁਬਹਾਨਅਲੱਾਹ।' ਸੁਣਾਈ ਦੇ ਰਿਹਾ ਸੀ।

ਜੀਵਣ ਵਾਹੋ ਦਾਹੀ ਕਾਬੇ ਵਲ ਗਿਆ। ਓਥੇ ਹੋਰ ਮੌਲਾਣੇ ਵੀ

ਪੈਂਡਾ ਸਚ ਦਾ **ਮੌਲਾਣਾ ਜੀਵਨ** - ਮੁਸਲਮਾਨ ਇਤਹਾਸਕਾਰ ਮੰਨਦੇ ਹਨ ਕਿ ਹੁਣ ਅਤੇ ਪੁਰਾਣੇ ਸਮਿਆ ਵਿੱਚ ਵੀ ਮੱਕੇ ਦੁਆਲੇ ਸਾਫ ਸਫਾਈ ਦਾ ਕੰਮ ਹਿੰਦੁਸਤਾਨੀ ਜਾਂ ਅਫਰੀਕਨ ਕਾਲੇ ਹੀ ਕਰਦੇ ਆਏ ਹਨ। ਅਰਬੀ ਮੌਲਾਣੇ ਜਿਆਦਾ ਇੰਤਜਾਮ ਦਾ ਪੱਖ ਹੀ ਵੇਖਦੇ ਸਨ। ਸੋ ਜੀਵਨ ਮੌਲਾਣਾ ਹਿੰਦੁਸਤਾਨੀ ਸੀ ਤੇ ਜਿਆਦਾ ਸੰਭਾਵਨਾ ਇਹੋ ਬਣਦੀ ਹੈ ਕਿ ਉਹ ਕੋਈ ਪੰਜਾਬੀ ਹੀ ਸੀ।

ਹਾਲਾਂ ਗੋਸ਼ਟਿ-49 ਦੇ ਅਰੰਭ ਵਿੱਚ ਦਿੱਤੀ ਵਾਰਤਕ ਵਿੱਚ ਉਨੂੰ ਵੀ ਅਰਬੀ ਦੱਸਿਆ ਗਇਆ ਹੈ ਜਿਸ ਨੂੰ ਗੁਰੂ ਸਾਹਿਬ ਦਾ ਹਿੰਦਵੀ ਕਲਾਮ ਸਮਝ ਨਹੀ ਆਉਦਾ।

ਸਾਫ ਸਫਾਈਆਂ ਕਰ ਰਹੇ ਸਨ। ਜੀਵਣ ਨੇ ਦੁਹਾਈ ਦੇ ਦਿੱਤੀ ਕਿ ਕਿਆਮਤ ਦੇ ਦਿਨ ਆਉਣ ਵਾਲੇ ਨੇ। ਓਹ ਵੇਖੋ ਹਿੰਦ ਤੋਂ ਆਇਆ ਕੋਈ ਵਲੀ, ਪੈਰ ਕਾਬੇ ਵਲ ਕਰ ਸੁੱਤਾ ਸੀ। ਮੈਂ ਉਸ ਦੇ ਪੈਰ ਪਰਾਂ ਕਰਨੇ ਚਾਹੇ ਪਰ ਕਾਬਾ ਓਧਰ ਹੀ ਨਜਰ ਆਵੇ ਜਿਧਰ ਪੈਰ ਜਾਣ। ਅੱਲਾਹ ਹੂ ਅਕਬਰ! ਅੱਲਾ ਹੂ ਅਕਬਰ!!



ਕਾਬਾ: 1850 ਦੀ ਹੱਥ ਬਣੀ ਤਸਵੀਰ। ਮਸੀਤ ਦੇ ਵਿਚਕਾਰ ਕਾਬਾ ਹੈ। ਮਸੀਤ ਇਥੇ ਖੁੱਲੀ ਹੈ। ਹਾਲਾਂ ਦੁਆਲੇ ਪ੍ਰਕਰਮਾ ਵਾਗੂ ਛੱਤੀ ਥਾਂ ਹੈ।

ਕੁਝ ਚਿਰ ਬਾਦ ਫਿਰ ਫਜਰ ਦੀ ਨਮਾਜ ਪੜੀ ਗਈ। ਪਰ ਹਰ ਕਿਸੇ ਦਾ ਧਿਆਨ ਹਿੰਦ ਤੋਂ ਆਏ ਉਸ ਵਲੀ ਵਲ ਹੀ ਸੀ ਜਿਸ ਨੇ ਕਾਬਾ ਫੇਰ ਦਿੱਤਾ ਸੀ।

ਮੱਕੇ ਵਿੱਚ ਗੁਰੂ ਸਾਹਿਬ ਤੇ ਮੌਲਾਣਿਆਂ ਦੀ ਗੁਫਤਗੂ (ਮੱਕੇ ਦੀ ਗੋਸ਼ਟਿ)

ਦਿਨ ਚੜੇ ਫਿਰ ਗੁਰੂ ਸਾਹਿਬ ਮਸੀਤ ਤੋਂ ਬਾਹਰਵਾਰ ਜਾ ਬੈਠੇ। ਗੁਰੂ ਸਾਹਿਬ ਦੁਆਲੇ ਭੀੜ ਜਮਾ ਸੀ। ਵੱਡੇ ਵੱਡੇ ਆਉਲੀਏ ਮੌਲਾਣੇ ਆ ਆ ਸਾਹਿਬ ਕੋਲ ਸਵਾਲ ਜਵਾਬ ਕਰ ਰਹੇ ਸਨ।

ਓਥੇ ਗੁਰੂ ਸਾਹਿਬ ਅਕਾਲ ਪੁਰਖ ਅਤੇ ਦੁਨੀਆ ਦੇ ਖੇਲ ਦਾ ਸਿਧਾਂਤ ਦੱਸ ਰਹੇ ਸਨ। ਮੌਲਾਣੇ ਪੁੱਛ ਰਹੇ ਸਨ ਕਿ ਤੁਸੀ ਕਲਮਾ ਪੜ੍ਹਦੇ ਹੋ ਕਿ ਨਹੀ? ਗੁਰੂ ਸਾਹਿਬ ਨੇ ਬੜੀ ਹਲੀਮੀ ਨਾਲ ਸਮਝਾਇਆ ਕਿ ਅਕਾਲ ਪੁਰਖ ਨਿਰੰਕਾਰ ਜਾਂ ਉਨੂੰ ਅੱਲਾਹ ਕਹਿ ਲਓ ਜੋ ਸਾਰੀ ਕਾਇਨਾਤ ਨੂੰ ਚਲਾ ਰਿਹਾ ਹੈ ਮੈਂ ਸਦਾ ਉਹਦੀ ਸਿਫਤ ਦਾ ਕਲਮਾ ਆਪਣੀ ਪੰਜਾਬੀ ਜੁਬਾਨ ਵਿਚ ਪੜ੍ਹਦਾ ਰਹਿੰਦਾ ਹਾਂ। ਸਾਹਿਬ ਨੇ ਕਿਹਾ ਉਹ ਸੱਚਾ ਰੱਬ ਗਾਹੇ ਬਿਗਾਹੇ ਅਜਿਹੀਆਂ ਰੂਹਾਂ ਭੇਜਦਾ ਰਹਿੰਦਾ ਹੈ ਜਿੰਨਾਂ ਨੂੰ ਤੁਸੀ ਪੈਗੰਬਰ ਕਹਿਦੇ ਹੋ। ਗੁਰੂ ਸਾਹਿਬ ਨੇ ਕਿਹਾ ਕਿ ਮੈਂ ਇਸ ਗੱਲ ਨੂੰ ਨਹੀ ਮੰਨ ਸਕਦਾ ਕਿ ਹਜਰਤ ਮੁਹੰਮਦ ਸਾਹਿਬ ਆਖਰੀ ਹੀ ਪੈਗੰਬਰ ਹਨ।

ਗੁਰੂ ਸਾਹਿਬ ਨੂੰ ਪੁੱਛਿਆ ਗਇਆ ਕਿ ਤੂੰ ਮੁਸਲਮਾਨ ਹੈਂ ਕਿ ਹਿੰਦੂ? ਸਾਹਿਬ ਨੇ ਫੁਰਮਾਇਆ:

ਹਿੰਦੂ ਕਹਾਂ ਤਾ ਮਾਰੀਆ ਮੁਸਲਮਾਨ ਭੀ ਨਾਹਿ॥
ਪਾਂਚ ਤੱਤ ਕਾ ਪੁਤਲਾ ਗੈਬੀ ਖੇਲੇ ਮਾਹਿ॥ (ਗੋਸ਼ਟਿ)

ਓਥੇ ਫਿਰ ਗੁਰੂ ਸਾਹਿਬ ਨੇ ਹਿੰਦੂਮਤ ਤੇ ਇਸਲਾਮ ਨਾਲ ਆਪਣਾ ਫਰਕ ਦੱਸਿਆ ਕਿ ਇਨਾਂ ਮਜ੍ਹਬਾਂ ਦੇ ਮੈਂ ਕਿਹੜੇ ਕਿਹੜੇ ਸਿਧਾਂਤ ਨਹੀ ਮੰਨ ਸਕਦਾ।

ਫਿਰ ਹਾਜੀ ਤੇ ਮੌਲਾਣੇ ਪੁੱਛਣ ਲੱਗੇ ਕਿ ਬਾਬਾ ਜੀ ਤੁਹਾਡੇ ਵੀਚਾਰ ਅਨੁਸਾਰ ਇਸਲਾਮ ਤੇ ਹਿੰਦੂਮਤ ਵਿਚੋਂ ਕਿਹੜਾ ਮਜ੍ਹਬ ਚੰਗਾ ਹੈ? ਗੁਰੂ ਸਾਹਿਬ ਨੇ ਜਵਾਬ ਦਿੱਤਾ:

ਪੁਛਣ ਖੋਲ ਕਿਤਾਬ ਨੂੰ ਵਡਾ ਹਿੰਦੂ ਕੀ ਮੁਸਲਮਾਨੋਈ॥
ਬਾਬਾ ਆਖੇ ਹਾਜ਼ੀਆਂ ਸੁਭ ਅਮਲਾਂ ਬਾਝੋ ਦੋਵੇਂ ਰੋਈ॥ (ਭਾਈ ਗੁਰਦਾਸ)

ਲਿਖਿਆ ਮਿਲਦਾ ਹੈ ਕਿ ਗੁਰੂ ਸਾਹਿਬ ਨੇ ਤਿਲੰਗ ਰਾਗ ਵਿਚ ਹੇਠ ਸ਼ੱਸ਼ੋਭਿਤ ਸ਼ਬਦ ਮੱਕੇ ਵਿੱਚ ਰਹਿੰਦਿਆਂ ਇਸ ਮੌਕੇ ਤੇ ਹੋਰ

ਪੜ੍ਹ ਸਕੋ

ਮੱਕਾ ਅਤੇ ਕਾਬਾ - ਸਾਉਦੀ ਅਰਬ ਦੇ ਸ਼ਹਿਰ ਦਾ ਨਾਂ ਹੈ। ਇਥੇ ਦੁਨੀਆ ਦੀ ਸਭ ਤੋਂ ਵੱਡੀ ਮਸੀਤ ਹੈ: ਮਸਜਦ ਅਲ ਹਰਮ ਹੈ। ਇਸ ਮਸੀਤ ਦੇ ਵਿਹੜੇ ਵਿੱਚ ਇੱਕ ਚੌਰਸ ਕਮਰਾ ਹੈ, ਜਿਸ ਨੂੰ ਕਾਬਾ ਕਿਹਾ ਜਾਂਦਾ ਹੈ। ਕਾਬੇ ਦੀ ਇੱਕ ਕੰਧ ਵਿੱਚ ਚਾਂਦੀ ਦੇ ਫਰੇਮ ਵਿੱਚ ਇੱਕ **ਕਾਲਾ ਪੱਥਰ** ਮੜਿਆ ਹੋਇਆ ਹੈ। ਇਹ ਪੱਥਰ ਕਿਹਾ ਜਾਂਦਾ ਹੈ ਕਿ ਹਜਾਰਾਂ ਸਾਲ ਪਹਿਲਾਂ ਅਸਮਾਨ ਤੋਂ ਡਿੱਗਾ ਸੀ। ਬਸ ਮੁਸਲਮਾਨ ਇਸ ਨੂੰ ਹੀ ਸਭ ਤੋਂ ਪਵਿਤ੍ਰ ਸ਼ੈਅ ਗਿਣਦੇ ਹਨ। ਕਾਬੇ ਨੂੰ ਰੱਬ ਦਾ ਘਰ ਮੰਨਦੇ ਹਨ। ਕਾਬਾ ਕਮਰੇ ਦੇ ਉਤੇ ਕਾਲੇ ਰੰਗ ਦਾ ਕਪੜਾ ਪਾਇਆ ਰੱਖਦੇ ਹਨ ਜਿਸ ਤੇ ਕੁਰਾਨ ਸ਼ਰੀਫ ਦੀ ਆਇਤਾਂ ਸੋਨੇ ਦੀ ਤਾਰ ਨਾਲ ਕੱਢੀਆਂ ਹੋਈਆਂ ਹਨ। ਹਰ ਸਾਲ ਇਹ ਕਪੜਾ ਬਦਲਿਆ ਜਾਂਦਾ ਹੈ। ਹਰ ਮੁਸਲਮਾਨ ਨੂੰ ਹੁਕਮ ਹੈ ਕਿ ਜਿੰਦਗੀ ਵਿੱਚ ਘੱਟੋ ਘੱਟ ਇੱਕ ਵਾਰੀ ਮੱਕੇ ਦਾ ਹੱਜ ਕਰੇ। ਹੱਜ ਤੋਂ ਮਤਲਬ ਹੈ ਕਾਬੇ ਦੀਆਂ ਸੱਤ ਪ੍ਰਕਰਮਾ ਕਰਨੀਆਂ। ਮਤਲਬ 7 ਪਰਕਰਮਾ ਕਰੋ ਤੇ ਮਜ੍ਹਬੀ ਮੁਸਲਮਾਨ ਅਖਵਾਓ।

ਇਸਲਾਮ ਦੇ ਕਈ ਪੱਖ ਤਾਂ ਬੜੇ ਵਧੀਆ ਤੇ ਮਨੁੱਖਤਾਵਾਦੀ ਹਨ ਪਰ ਆਹ ਹੱਜ ਦੀ ਰਸਮ ਨਿਰੀ ਕਰਮ ਕਾਂਡ ਹੈ। ਜਿਸ ਕਰਕੇ ਅੱਜ ਅਨੇਕਾਂ ਮੁਸਲਮਾਨ ਇਸਲਾਮ ਦੇ ਮੁਢਲੇ ਅਸੂਲਾਂ ਨੂੰ ਜਿੰਦਗੀ ਭਰ ਨਜਰਅੰਦਾਜ਼ ਕਰਕੇ ਹੱਜ ਕਰ ਲੈਂਦੇ ਹਨ ਤੇ ਆਪਣੇ ਪਵਿਤ੍ਰ ਹੋਣ ਦਾ ਰੁਤਬਾ ਭਾਵ 'ਹਾਜੀ' ਹਾਸਲ ਕਰ ਲੈਂਦੇ ਹਨ। ਇਹ ਵੀ ਬਸ ਹਿੰਦੂਆਂ ਦੇ ਗੰਗਾ ਨਹਾਉਣ ਤੁਲ ਹੀ ਹੈ।

ਹੈਰਾਨੀ ਦੀ ਗੱਲ ਇਥੇ ਵੀ ਇਨਸਾਨ ਦੀ ਬਲੀ ਜਾਂ ਕੁਰਬਾਨੀ ਦਿੱਤੀ ਜਾਂਦੀ ਸੀ। ਹਜ਼ਰਤ ਮੁਹੰਮਦ ਦੀ ਜੀਵਨੀ ਤੋਂ ਪਤਾ ਲਗਦਾ ਹੈ ਕਿ ਕਿਸੇ ਵੇਲੇ ਅਸੂਲ ਮੁਤਾਬਿਕ ਹਜਰਤ ਮੁਹੰਮਦ ਸਾਹਿਬ ਦੇ ਪਿਤਾ ਹਜਰਤ ਅਬਦੁਲਾ ਦੀ ਵੀ ਕੁਰਬਾਨੀ ਦਿੱਤੀ ਜਾਣੀ ਸੀ ਪਰ ਹਜਰਤ ਸਾਹਿਬ ਦੇ ਦਾਦਾ ਆਪਣੇ ਪੁੱਤਰ ਅਬਦੁਲਾ ਨੂੰ ਬਹੁਤ ਪਿਆਰ ਕਰਦੇ ਸਨ, ਇਸ ਕਰਕੇ ਅਬਦੁਲਾ ਬਦਲੇ ਉਨਾਂ 100 ਊਠ ਕੁਰਬਾਨ ਕਰ ਦਿੱਤੇ। ਕਿਸਮਤ ਵੇਖੋ ਓਸੇ ਅਬਦੁਲੇ ਦੇ ਘਰ ਪੈਗੰਬਰ ਦਾ ਜਨਮ ਹੋਇਆ ਜਿਸਨੇ ਪੂਰੀ ਦੁਨੀਆ ਬਦਲ ਕੇ ਰੱਖ ਦਿੱਤੀ। ਇਸਲਾਮ ਵਿਚ ਅੱਜ ਵੀ ਕੁਰਬਾਨੀ ਦਾ ਸਿਧਾਂਤ ਮੌਜੂਦ ਹੈ। ਖੁਸ਼ਕਿਸਮਤੀ ਨਾਲ ਅੱਜ ਕੁਰਬਾਨੀ ਡੰਗਰਾਂ ਦੀ ਦਿੱਤੀ ਜਾਂਦੀ ਹੈ।

ਪਹਿਲਾਂ ਤਾਂ ਪਵਿਤ੍ਰ ਕਾਲੇ ਪੱਥਰ ਨੂੰ ਮੋਮਨ ਚੁੰਮਦੇ ਸਨ। ਪਰ ਜਿਵੇ ਜਿਵੇ ਹਾਜੀਆਂ ਦੀ ਤਾਦਾਦ ਵਧਦੀ ਗਈ ਚੁੰਮਣਾ ਮੁਸ਼ਕਲ ਹੋ ਗਇਆ ਤੇ ਇੱਕ ਦਿਨ ਅਜਿਹਾ ਵੀ ਆਇਆ ਕਿ ਕੋਈ ਜਣਾ ਉਹ ਪੱਥਰ ਚੁੱਕ ਕੇ ਹੀ ਲੈ ਗਿਆ। ਹਜਰਤ ਮੁਹੰਮਦ ਸਾਹਿਬ ਨੇ ਉਹ ਪੱਥਰ ਵਾਪਸ ਹਾਸਲ ਕਰਕੇ ਇਨੂੰ ਦੁਬਾਰਾ ਸਥਾਪਤ ਕੀਤਾ। ਯਾਦ ਰਹੇ ਹੱਜ ਦੀ ਰਸਮ ਮੁਹੰਮਦ ਸਾਹਿਬ ਤੋਂ ਬਹੁਤ ਪਹਿਲਾਂ ਦੀ ਹੈ ਜਿਸ ਨੂੰ ਬੰਦ ਕਰਨਾਂ ਉਨਾਂ ਮੁਨਾਸਿਬ ਨਾਂ ਸਮਝਿਆ ਹਾਲਾਂਕਿ ਕਾਬੇ ਅੰਦਰ ਹੋ ਰਹੀ ਬੁੱਤ ਪੂਜਾ ਤਾਂ ਉਨਾਂ ਬੰਦ ਕਰਵਾ ਦਿੱਤੀ ਤੇ ਬੁੱਤ ਵੀ ਤੁੜਵਾ ਦਿੱਤੇ।

ਕੀ ਮੱਕਾ ਸੱਚ ਮੁੱਚ ਫਿਰਿਆ ਸੀ? - ਅਸੀ ਇਸ ਘਟਨਾ ਤੇ ਸ਼ੱਕ ਤਾਂ ਕਰੀਏ ਜੇ ਚਮਤਕਾਰ ਨਾ ਹੁੰਦੇ ਹੋਣ ਤਾਂ। ਸਫਾ 524 ਤੇ ਕੁਝ ਇੱਕ ਚਮਤਕਾਰਾਂ ਦੱਸੇ ਨੇ। ਜਿਹੜੇ ਸੱਜਣ ਇਸ ਘਟਨਾ ਨੂੰ ਨਹੀ ਮੰਨਦੇ ਉਹ ਇਨਾਂ ਚਮਤਕਾਰਾਂ ਦਾ ਕਾਰਨ ਲੱਭ ਲੈਣ ਤੇ ਫਿਰ ਉਨਾਂ ਨੂੰ ਇਸ ਘਟਨਾ ਦਾ ਵੀ ਜਵਾਬ ਮਿਲ ਜਾਏਗਾ।

ਪਰ ਜਿਹੜੇ ਮੁਸਲਮਾਨ/ਈਸਾਈ/ਹਿੰਦੂ ਹੋ ਕੇ ਵੀ ਇਸ ਵਾਰਦਾਤ ਨੂੰ ਨਹੀ ਮੰਨਦੇ ਉਨਾਂ ਨੂੰ ਇੱਕ ਸਿੱਖ ਵਿਦਵਾਨ (ਗਿਆਨੀ-245) ਨੇ ਕਿਹਾ ਹੈ ਕਿ ਜੇ ਤੁਸੀ ਮੰਨਦੇ ਹੋ ਕਿ ਹਜਰਤ ਮੁਹੰਮਦ ਨੇ ਚੰਦ ਤੋੜ ਲਿਆਂਦਾ, ਮੂਸਾ ਨੂੰ ਸਮੁੰਦਰ ਨੇ ਰਾਹ ਦੇ ਦਿੱਤਾ, ਯੱਸੂ ਮਸੀਹ ਨੇ ਅੰਨਿਆਂ ਪਿੰਗਲਿਆਂ ਦੇ ਅੰਗ ਸਾਬਤ ਕਰ ਦਿੱਤੇ ਤੇ ਮੁਰਦੇ ਜਿਵਾ ਦਿੱਤੇ, ਭਗਵਾਨ ਕ੍ਰਿਸ਼ਨ ਨੇ ਗੋਵਰਧਨ ਪਰਬਤ ਚੁੱਕ ਲਿਆ, ਸੰਜੀਵਨੀ ਲੱਭਦਾ ਲੱਭਦਾ ਹਨੂਮਾਨ ਪਹਾੜ ਹੀ ਚੁੱਕ ਲਿਆਇਆ, ਭਗਵਾਨ ਰਾਮ ਨੇ ਪੱਥਰ ਤਾਰ ਦਿੱਤੇ ਤਾਂ ਫਿਰ ਤੁਹਾਨੂੰ ਇਸ ਘਟਨਾ ਨੂੰ ਮੰਨਣਾ ਪਵੇਗਾ।

ਜਿਹੜੇ ਸਿੱਖ ਹੋ ਕੇ ਨਾਸਤਕ ਬਣੇ ਫਿਰਦੇ ਨੇ ਉਨਾਂ ਨੂੰ ਸਵਾਲ ਹੈ ਕਿ ਮੱਕੇ ਦੇ ਮੌਲਾਣਿਆ ਨੂੰ ਗੁਰੂ ਸਾਹਿਬ ਨੇ ਕਿਹੜੀ ਐਹੋ ਜਿਹੀ ਦਲੀਲ ਦੇ ਦਿੱਤੀ ਜਿਹੜੀ ਸੁਣ ਕੇ ਉਹ ਕਾਇਲ ਹੋ ਗਏ। ਤੁਸੀ ਆਪਣੇ ਆਪ ਨੂੰ ਬਹੁਤ ਸਿਆਣੇ ਗਿਣਦੇ ਹੋ, ਮੱਕੇ ਦਾ ਛੱਡੋ ਕਦੀ ਦਿੱਲੀ/ਯੂ.ਪੀ ਦੀ ਕਿਸੇ ਮਸੀਤ ਵਿੱਚ ਜਾ ਕੇ ਮੋਮਨਾਂ ਨੂੰ ਉਲਟ ਉਪਦੇਸ ਦੇ ਕੇ ਵੇਖੋ। ਫਿਰ ਤੁਹਾਨੂੰ ਅਹਿਸਾਸ ਹੋਵੇਗਾ ਕਿ ਚਮਤਕਾਰ ਨੂੰ ਹੀ ਨਮਸਕਾਰ ਹੈ।

ਕਈ ਵਾਰ ਗਾਇਆ।

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥ ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥੧॥ ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥ ਮਮ ਸਰ ਮੁਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ ॥੧॥ ਰਹਾਉ ॥ ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ ॥ ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ ॥੨॥ ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ ॥ ਗਾਹੇ ਨ ਨੇਕੀ ਕਾਰ ਕਰਦਮ ਮਮ ਈਂ ਚਿਨੀ ਅਹਵਾਲ ॥੩॥ ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ ॥ ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ ॥੪॥੧॥ (ਅੰਗ ੭੨੧ ਸਗਗਸ)

ਹੇ ਕਰਤਾਰ! ਤੇਰੇ ਅੱਗੇ ਇੱਕ ਬੇਨਤੀ ਹੈ ਕਿਰਪਾ ਕਰਕੇ ਮੇਰੇ ਵਲ ਕੰਨ ਕਰਨਾ। ਕਿਉਕਿ ਤੂੰ ਸਦਾ ਕਾਇਮ ਰਹਿਣ ਵਾਲਾ, ਸਭ ਤੋਂ ਵੱਡਾ, ਬਖ਼ਸ਼ਸ਼ਾਂ ਕਰਨ ਵਾਲਾਂ, ਪਵਿਤ੍ਰ ਹਸਤੀ, ਸਭ ਦਾ ਪਾਲਣਹਾਰ ਹੈਂ। ਕਿ ਮੇਰੇ ਹਿਰਦੇ ਵਿੱਚ ਇਹ ਗੱਲ ਬਹਿ ਜਾਵੇ ਦੁਨੀਆ ਨਾਸਵੰਤ ਹੈ। ਹੇ ਦਿਲ! ਤੂੰ ਭੁਲਿਆ ਬੈਠਾ ਏ ਤੇਰੇ ਸਿਰ ਦੇ ਵਾਲ ਮੌਤ ਦੇ ਦੂਤ ਦੇ ਹੱਥ ਵਿੱਚ ਨੇ। 1। ਰਹਾਉ। ਅੰਤ ਵੇਲੇ ਜਦੋਂ ਤੂੰ ਡਿੱਗਾ, ਜਦੋਂ ਤੇਰੀ ਨਮਾਜੇ ਜਨਾਜਾ ਪੜੀ ਜਾ ਰਹੀ ਹੋਵੇਗੀ, ਕਿਸੇ ਨੇ ਤੈਨੂੰ ਇਥੇ ਨਹੀ ਰੱਖਣਾ। ਇਸਤ੍ਰੀ, ਪੁੱਤਰ, ਪਿਉ, ਭਰਾ, ਕਿਸੇ ਨੇ ਵੀ ਸਹਾਈ ਨਹੀ ਹੋਣਾ। ਮੇਰਾ ਇਹ ਹਾਲ ਕਿ ਕਦੇ ਕੋਈ ਨੇਕੀ ਦਾ ਕੰਮ ਨਹੀਂ ਕੀਤਾ, ਰਾਤ ਦਿਨ ਲਾਲਚ ਵਿੱਚ ਹੀ ਫਿਰਦਾ ਰਿਹਾ, ਬਦੀ ਦੇ ਹੀ ਖ਼ਿਆਲ ਕਰਦਾ ਰਿਹਾ ਹਾਂ। 3। ਮੇਰੇ ਵਰਗਾ ਕੋਈ ਅਭਾਗਾ, ਨਿੰਦਕ, ਲਾ-ਪਰਵਾਹ, ਢੀਠ ਤੇ ਨਿਡਰ ਹੋਰ ਕੋਈ ਨਹੀ ਹੋਣਾ, ਇਸ ਕਰਕੇ ਦਾਸ ਨਾਨਕ ਅਰਜ ਕਰਦਾ ਹੈ ਕਿ ਮੇਹਰ ਕਰ ਕਿ ਤੇਰੇ ਸੇਵਕਾਂ ਦੇ ਚਰਨਾਂ ਦੀ ਧੂੜ ਮਿਲ ਜਾਏ। 4। 1।

ਮੁਲਤਾਨ ਵਾਲੇ ਹਾਜੀ ਵੀ ਆ ਟਪਕੇ

ਮੁਲਤਾਨ ਵਾਲੇ ਰਹੀਮਉਦੀਨ ਹੁਰੀ ਹਾਜੀਆਂ ਦਾ ਟੋਲਾ ਜਿੰਨਾਂ ਗੁਰੂ ਸਾਹਿਬ ਨੂੰ ਕਿਹਾ ਸੀ ਤੂੰ ਸਾਡੇ ਨਾਲ ਨਾਂ ਆਈ ਤੇ ਗੁਰੂ ਸਾਹਿਬ ਅਤੇ ਮਰਦਾਨੇ ਨੂੰ ਬੇੜੇ ਤੇ ਨਹੀ ਸੀ ਚੜ੍ਹਨ ਦਿੱਤਾ ਉਹ ਵੀ ਡੱਕੇ ਡੋਲੇ ਖਾਂਦੇ, ਕਿਤੇ ਪੈਦਲ, ਕਿਤੇ ਬੇੜੇ ਤੇ ਅਤੇ ਕਿਤੇ ਊਠ ਦੀ ਸਵਾਰੀ ਕਰਦਿਆਂ ਹੱਜ ਤੋਂ ਇੱਕ ਦੋ ਦਿਨ ਪਹਿਲਾਂ ਮੱਕੇ ਪਹੁੰਚ ਗਏ। ਉਨਾਂ ਨੂੰ ਪਤਾ ਲੱਗਾ ਕਿ ਮੱਕੇ ਵਿੱਚ ਤਾਂ ਹਰ ਇੱਕ ਦੀ ਜੁਬਾਨ ਤੇ ਹਿੰਦ ਪੀਰ ਦਾ ਹੀ ਨਾਂ ਸੀ; ਹਿੰਦ ਪੀਰ। ਉਨਾਂ ਨੂੰ ਚਿੱਤ ਚੇਤਾ ਵੀ ਨਹੀ ਸੀ ਕਿ ਇਹ ਓਸੇ ਪੀਰ ਦੀ ਗੱਲ ਹੋ ਰਹੀ ਹੈ ਜਿਨੂੰ ਉਹ ਪਿੱਛੇ ਸਮੁੰਦਰ ਕੰਢੇ ਛੱਡ ਆਏ ਸੀ।

ਹੱਜ ਤੋਂ ਬਾਦ ਉਨਾਂ ਦੇ ਮੰਨ ਵਿੱਚ ਵੀ ਆਇਆ ਕਿ ਉਸ ਹਿੰਦ ਪੀਰ ਦੇ ਦਰਸ਼ਨ ਕੀਤੇ ਜਾਣ। ਬਾਬਾ ਜੀ ਥੋੜਾ ਹਟਵੇਂ ਪਹਾੜੀ ਦੇ ਥੱਲੇ ਬੈਠੇ ਹੋਏ ਸਨ। ਭਰਵੀ ਰੌਣਕ ਲੱਗੀ ਹੋਈ ਸੀ। ਹਾਜੀ ਸਵਾਲ ਕਰ ਰਹੇ ਸਨ ਤੇ ਗੁਰੂ ਸਾਹਿਬ ਓਨਾਂ ਦੇ ਭਰਮ ਦੂਰ ਕਰ ਰਹੇ ਸਨ।

ਜਿਵੇ ਹਿੰਦ ਦੇ ਹਾਜੀਆਂ ਨੇ ਗੁਰੂ ਸਾਹਿਬ ਨੂੰ ਵੇਖਿਆ ਉਹ ਹੈਰਾਨ ਪ੍ਰੇਸ਼ਾਨ ਹੋ ਗਏ। "ਓ ਬਾਬਾ! ਇਹ ਤਾਂ ਓਹੀ ਹਿੰਦੂ ਦਰਵੇਸ਼ ਹੈ ਜਿੰਨੂ ਆਪਾਂ ਕਰਾਚੀ ਛੱਡਿਆ ਸੀ। ਇਹ ਸਾਥੋਂ ਪਹਿਲਾਂ ਕਿਵੇ ਪਹੁੰਚ ਗਿਆ? ਲਾਗੇ ਬੈਠੇ ਹਿੰਦੁਸਤਾਨ ਤੋਂ ਗਏ ਹੋਰ ਹਾਜੀਆ ਕਿਹਾ ਕਿ ਬਾਬਾ ਨਾਨਕ ਨੂੰ ਆਏ ਤਾਂ ਚੋਖਾ ਵਕਤ ਬੀਤ ਗਿਆ। ਮਹੀਨੇ ਤੋਂ ਵੀ ਜਿਆਦਾ। ਉਹ ਹੈਰਾਨ ਸਨ। ਓਹਨਾਂ ਮਰਦਾਨੇ ਨੂੰ ਵੀ ਪਛਾਣ ਲਿਆ। ਦੁਹਾਈ ਪੈ ਗਈ। ਇਹ ਮਹੀਨਾ ਪਹਿਲਾਂ ਕਿਵੇ ਪਹੁੰਚ ਸਕਦੇ ਨੇ?

ਕਿਉਕਿ ਗੁਰੂ ਸਾਹਿਬ ਦਾ ਉੱਚ ਦੇ ਪੀਰਾਂ ਦੇ ਘਰਾਣੇ ਵਿੱਚ ਵੱਡਾ ਸਤਿਕਾਰ ਹੈ ਇਸ ਕਰਕੇ ਲਗਦੈ ਕਿ ਇਹ ਗੱਲ ਛੁਪਾਈ ਗਈ ਸੀ ਕਿ ਗੁਰੂ ਨਾਨਕ ਨੂੰ ਕਰਾਚੀ ਤੋਂ ਜਹਾਜ ਤੇ ਚੜ੍ਹਨ ਦੀ ਵਿਰੋਧਤਾ ਖੁੱਦ ਉੱਚ ਅਤੇ ਮੁਲਤਾਨ ਦੇ ਪੀਰਾਂ ਨੇ ਕੀਤੀ। ○ ਮੱਕੇ ਮਦੀਨੇ ਦੀ ਗੋਸ਼ਟਿ ਵਿੱਚ ਵੀ ਬਹਾਉਦੀਨ ਜਕਰੀਆ ਦੇ ਖਾਨਦਾਨ ਦੇ ਪੀਰਾਂ ਨਾਲ ਗੱਲ ਬਾਤ ਹੈ। ਕਿਉਕਿ ਇਨਾਂ ਪੀਰਾਂ ਦੇ ਪਹੁੰਚਣ ਤੋਂ ਪਹਿਲਾਂ ਗੁਰੂ ਸਾਹਿਬ ਮੱਕੇ ਵਿਚ ਸਨ ਇਸ ਕਰਕੇ ਇਨਾਂ ਪੀਰਾਂ ਦੀ ਸ਼ਰਧਾ ਸਾਹਿਬ ਨਾਲ ਹੋਰ ਵੱਧ ਗਈ।

ਨਾਨਕ ਮਸੀਤ ਅਤੇ ਕੌਂਸ○

ਇਤਹਾਸ ਵਿਚ ਆਉਦਾ ਹੈ ਕਿ ਮੱਕੇ ਵਿਚ ਗੁਰੂ ਸਾਹਿਬ ਦੇ ਨਾਂ ਦੀ ਮਸੀਤ ਵੀ ਬਣ ਗਈ। ਇਥੇ ਗੁਰੂ ਸਾਹਿਬ ਦੇ ਪੈਰਾਂ ਦਾ ਜੋੜਾ ਵੀ ਸ਼ੋਸ਼ੋਭਿਤ ਹੁੰਦਾ ਸੀ।

*ਕਈ ਇਤਹਾਸਕਾਰਾਂ ਨੇ ਲਿਖਿਆ ਹੈ ਅੱਜ ਤੋਂ ਦੋ ਸਦੀਆਂ ਪਹਿਲਾਂ ਤੱਕ ਇਹ ਕੌਂਸ ਮੌਜੂਦ ਸੀ। ○ ਕਾਬੇ ਤੋਂ ਕੋਈ ਡੇਢ ਮੀਲ ਉੱਤਰ, ਹਮਰਾ ਵਾਲੀ ਸੜਕ ਤੇ ਬਾਬਾ ਫਰੀਦ ਦੀ ਮਸੀਤ ਲਾਗੇ ਹੀ ਨਾਨਕ ਪੀਰ ਵਲੀ ਏ ਹਿੰਦ ਦੀ ਮਸੀਤ ਹੁੰਦੀ ਸੀ।

ਪੰਜਾਬ ਵਿਚ ਫਿਰ ਸਿੱਖ ਇਕ ਵੱਖਰਾ ਫਿਰਕਾ ਪਣਪ ਰਿਹਾ ਸੀ ਜਿਸ ਕਰਕੇ ਵਕਤ ਪਾ ਕੇ ਹੌਲੀ ਹੌਲੀ ਗੁਰੂ ਸਾਹਿਬ ਦੀ ਮਸੀਤ ਦੀ ਇਥੇ ਅਹਿਮੀਅਤ ਘਟਦੀ ਗਈ। ਦੋ ਕੁ ਸੌ ਸਾਲ ਬਾਦ ਫਿਰ ਉੱਚ ਦਾ ਇਕ ਪੀਰ ਗੁਰੂ ਸਾਹਿਬ ਦੀ ਕੌਂਸ (ਜੁੱਤੀ) ਓਥੋਂ ਚੁੱਕ ਲਿਆਇਆ। ਦੂਸਰੇ ਪਾਸੇ ਉੱਚ ਦੇ ਸਯੱਦ ਖਾਨਦਾਨਾਂ ਕੋਲੋਂ ਪਤਾ ਕਰੋ ਤਾਂ ਦੋ ਪ੍ਰਵਾਰਾਂ ਕੋਲੋ ਗੁਰੂ ਸਾਹਿਬ ਦੀਆਂ ਖੜਾਵਾਂ ਦਾ ਇਕ ਇਕ ਜੋੜਾ ਮੌਜੂਦ ਹੈ। ◆

ਜਨਮ ਸਾਖੀ: ਮੱਕੇ ਮਦੀਨੇ ਦੀ ਗੋਸ਼ਟਿ

ਮੱਕੇ ਮਦੀਨੇ ਦੀ ਗੋਸ਼ਟਿ ਮੁਲਤਾਨ ਦੇ ਇਲਾਕੇ ਵਿੱਚ ਲਿਖੀ ਗਈ ਸ਼ਾਇਰੋ ਸ਼ਾਇਰੀ ਦੀ ਕਿਤਾਬ ਹੈ। ਇਹ ਜਨਮ ਸਾਖੀਆਂ ਲਿਖੇ ਜਾਣ ਤੋਂ ਵੀ ਪਹਿਲਾਂ ਦੀ ਕ੍ਰਿਤ ਹੈ। ਇਸ ਵਿਚ ਮੌਲਾਣਿਆਂ

ਪੈੜ ਸਫ਼ਾ

○ ਵਾਰਾਂ ਭਾਈ ਗੁਰਦਾਸ, ○ ਗਿਆਨੀ-262

◆ ਹਜਰਤ ਫਜਲੂਦੀਨ ਲਾਡਲਾ ਪ੍ਰਵਾਰ। (ਫੋਨ ਨੰ.+923457293437)

◆ https://youtu.be/ATe23wFJ7CY

ਸਾਮੀ ਮਜ਼ਬ (Semitic Religions)

ਹਜਰਤ ਇਬਰਾਹੀਮ ਅਰਬ ਦੇਸਾਂ ਵਿੱਚ ਪ੍ਰਚਲਤ ਤਿੰਨ ਮਜ਼ਬਾਂ ਦਾ ਸਾਂਝਾ ਪੈਗੰਬਰ ਹੈ। ਇਨਾਂ ਤਿੰਨਾਂ ਮਜ਼ਬਾਂ ਨੂੰ ਸ਼ਾਮੀ ਜਾਂ ਸਮੈਟਿਕ ਮਜ਼ਬ ਕਿਹਾ ਜਾਂਦਾ ਹੈ। ਇਹ ਹਨ: 1. ਯਹੂਦੀ (ਜਨਮ 7 ਸਦੀ ਈ. ਪੂ.), 2. ਈਸਾਈਮਤ (ਜਨਮ ਪਹਿਲੀ ਸਦੀ ਈਸਵੀ) ਅਤੇ 3. ਇਸਲਾਮ (ਜਨਮ 7ਵੀ ਸਦੀ ਈ.) ਇਸੇ ਤੋਂ ਕੁਝ ਹੋਰ ਵੀ ਛੋਟੇ ਮੋਟੇ ਮਜ਼ਬ ਨਿਕਲੇ ਹੋਏ ਹਨ ਜਿਵੇ 4. ਸੁਮੇਰੀਅਨ, 5. ਡਰੂਜ਼, 6. ਰਸਤਫਾਰੀ ਅਤੇ 7. ਬਾਬੀ।

ਸਾਮੀ ਧਰਮਾਂ ਦੇ ਵੀ ਹਿੰਦੂਮਤ ਵਾਙ ਲੱਖਾਂ ਪੈਗੰਬਰ ਮੰਨੇ ਜਾਂਦੇ ਹਨ ਜੋ ਇਬਰਾਹੀਮ ਤੋਂ ਪਹਿਲਾਂ ਹੋਏ। ਹਦੀਸ ਦੇ ਮੁਤਾਬਿਕ 124000 ਪੈਗੰਬਰ ਹੋਏ। ਇਨਾਂ ਵਿਚੋਂ ਕੁਝ ਇੱਕ ਖਾਸ ਪੈਗੰਬਰ ਇਸ ਤਰਾਂ ਹਨ: 1. ਆਦਮ (Adam) (ਬਾਬਾ ਆਦਮ ਤੇ ਬੀਬੀ ਹਵਾ ਜਿਸ ਤੋਂ ਇਨਸਾਨ ਦੀ ਜਾਤ ਚਲਦੀ ਹੈ), 2. ਇਦਰੀਸ (Enoch), 3. ਨੂੰਹ (Noah), 4. ਹੂਦ (ਐਬਰ) (Hud), 5. ਸਾਲਹ (Salih), 6. ਇਬਰਾਹੀਮ (Abraham), 7. ਲੂਤ (Lot), 8. ਇਸਮਾਇਲ (Ishmael), 9. ਇਸਹਾਕ (Isaac), 10. ਯਾਕੂਬ (Jacob), 11. ਯੂਸਫ (Joseph), 12. ਅਯੂਬ (Job), 13. ਸ਼ੋਆਇਬ (Shuaib), 14. ਮੂਸਾ (Moses) ਅਤੇ ਹਾਰੂਨ (Aaron), 15. ਹਿਜ਼ਕੀਲ (Ezekiel), 16. ਸ਼ਮੀਲ (Samuel), 17. ਜ਼ੁਲ ਕਿਫੀ (Dhul-Kifl), 18. ਦਾਊਦ (David), 19. ਸੁਲੇਮਾਨ (Soloman), 20. ਸ਼ੀਆ (Isaiah), 21. ਅਰਮੀਆ (Jeremiah), 22. ਡੇਨੀਅਲ (Daniel), 23. ਉਜ਼ੈਰ (Ezra), 24. ਇਲੀਆਸ (Elisha), 25. ਯੂਨੁਸ (Jonah), 26. ਜ਼ਕਰੀਆ (Zechariah), 27. ਯਾਹੀਆ (John), 28. ਈਸਾ ਜਾਂ ਜੱਸੂ ਮਸੀਹ (Jesus), 29. ਹਜਰਤ ਮੁਹੰਮਦ (Muhammad),

ਮੁਸਲਮਾਨਾਂ ਦਾ ਮੰਨਣਾ ਹੈ ਕਿ ਮੁਹੰਮਦ ਸਾਹਿਬ ਆਖਰੀ ਪੈਗੰਬਰ ਹਨ ਤੇ ਇਸ ਤੋਂ ਬਾਦ ਕੋਈ ਪੈਗੰਬਰ ਨਹੀ ਹੋਵੇਗਾ।

ਦੇ ਸਵਾਲ ਤੇ ਗੁਰੂ ਸਾਹਿਬ ਦੇ ਜਵਾਬਾਤ ਨੂੰ ਬੜੇ ਖੂਬਸੂਰਤ ਅੰਦਾਜ਼ ਵਿੱਚ ਅੱਜ ਤੋਂ ਲੱਗ ਪੱਗ 400 ਸਾਲ ਪਹਿਲਾਂ ਲਿਖਿਆ ਹੈ। ਗੋਸ਼ਟਿ ਦਾ ਕਾਵ ਭਾਗ ਸਪੱਸ਼ਟ ਤੌਰ ਤੇ ਗੂੜੀ ਸਰਾਇਕੀ ਵਿੱਚ ਹੈ ਤੇ ਵਾਰਤਕ ਭਾਗ ਕਿਸੇ ਲਹੌਰੀ ਬੰਦੇ ਦੀ ਲਿਖਤ ਲਗਦੀ ਹੈ। ਹਾਲਾਂ ਸ਼ੁਧ ਕੇਂਦਰੀ ਪੰਜਾਬੀ ਨਹੀ ਹੈ। :-

ਸਵਾਲ ਜੀਵਣ ਸੂਰਾ

(ਕਿ ਬੰਦਾ ਰੱਬ ਦੀ ਬੰਦਗੀ ਕਰੇ, ਕਲਮਾ ਪੜੇ, ਹਜਰਤ ਮੁਹੰਮਦ ਨੂੰ ਰੱਬ ਦਾ ਦੂਤ (ਅਜੈਂਟ) ਮੰਨੇ ਤਾਂ ਅੰਤ ਵੇਲੇ ਮੁਕਤੀ ਪਾਏਗਾ ਸਵੱਰਗਾਂ 'ਚ ਜਾਏਗਾ।)

ਹਮਦ ਸਨਾਈ ਰੱਬ ਨੋਂ ਦੋਇਮ ਨਬੀ ਰਸੂਲ॥
ਸੋਇਮ ਚਾਰੇ ਯਾਰ ਹੈਂ, ਪੜ੍ਹ ਕਲਮਾਂ ਪਵੇ ਕਬੂਲ॥
ਲਿਖਿਆ ਧੁਰ ਦਰਗਾਹ ਦਾ ਇਕੋ ਪਾਕ ਅਲਾਹਿ॥
ਦੂਜਾ ਕਲਮਾਂ ਨਬੀ ਦਾ ਪੜ ਹੋ ਕੇ ਪਾਕ ਰਵਾਹਿ॥
ਅਜ਼ਰਾਈਲ ਫਰੇਸ਼ਤਾ ਜਦ ਫੂਕੇਸੀ ਕਰਨਾਇ॥
ਰਾਜੀ ਹੋਸੀ ਰੱਬ ਤਦ ਪੈਗੰਬਰ ਸਾਹਾਇ॥
ਉਤਮ ਛੁਟੂ ਨਬੀ ਦੀ ਦੋਜ਼ਕ ਕਾਫਰ ਪਾਹਿ॥
ਲਿਖਿਆ ਵਿਚ ਕਤਾਬ ਦੇ ਏਹੋ ਆਪ ਅਲਾਹਿ॥

(ਅਰਬੀ ਫਾਰਸੀ ਦੇ ਲਫਜਾਂ ਦੇ ਅਰਥ :ਹਮਦ -ਉਸਤਤ, ਸਨਾਈ- ਉਸਤਤ, ਦੋਇਮ- ਦੂਜਾ, ਸੋਇਮ- ਸੋਈ?)

ਜਵਾਬ ਨਾਨਕ ਸ਼ਾਹ ਸੂਰਾ

(ਰੱਬ ਦੀ ਉਸਤਤ ਕਰਦਾ ਰਹੇ ਤੇ ਮੰਨੇ ਕਿ ਇਹ ਅਵਤਾਰ ਪੈਗੰਬਰ ਜਾਂ ਰਸੂਲ ਲੱਖਾਂ ਹੋਏ ਨੇ ਤੇ ਇਹ ਰੱਬ ਦਾ ਭੇਦ ਨਹੀ ਪਾ ਸਕੇ। ਰੱਬ ਦਾ ਕੋਈ ਅਜੈਂਟ ਜਾਂ ਯਾਰ ਨਹੀ ਹੋ ਸਕਦਾ। ਮੁਕਤ ਉਹ ਹੋਣਗੇ ਜੋ ਸਾਧੂ ਸੰਤ ਦੇ ਲੜ ਲੱਗੇ ਹੋਏ ਸਨ ਤੇ ਗੁਨਾਹਗਾਰ ਸਜਾ ਪਾਉਣਗੇ।)

ਹਮਦ ਸਨਾਈਂ ਰੱਬ ਨੋਂ ਵਾਹਦ ਲਾ ਸਰੀਕ॥
ਅਵਤਾਰ ਪੈਗੰਬਰ ਜੇਤੜੇ ਕਰ ਨਾ ਸਕਨ ਤਹਕੀਕ॥
ਕੁਦਰਤ ਲਖ ਰਸੂਲ ਹੈ ਪੁਛੇ ਕੌਣ ਗਵਾਹ॥
ਮੁਫਤੀ ਕੋਈ ਨ ਰੱਬਦਾ ਯਾਰ ਨ ਕੋਈ ਆਹਿ॥
ਗੈਰ ਹਿਸਾਬ ਨ ਹੋਵਸੀ ਰਬਾਨੀ ਦਰਗਾਹਿ॥
ਤਲਬਾਂ ਪਉਸਨਿ ਆਕੀਆ ਕੀਤੇ ਜਿਨਾ ਗੁਨਾਹਿ॥
ਛੁਟਸਨ ਸੋਈ ਨਾਨਕਾ ਮੁਰਸ਼ਦ ਜਿਨਾ ਪਨਾਹਿ॥

(ਅਰਥ: ਵਾਹਦ-ਇਕੋ ਇਕ, ਲਾ- ਬਿਨਾਂ, ਤਹਕੀਕ- ਪੁਛ ਪੜਤਾਲ, ਮੁਫਤੀ- ਅਜੈਂਟ ਜਾਂ ਬੁਲਾਰਾ, ਰਬਾਨੀ- ਰੱਬ ਦੀ, ਪਨਾਹਿ- ਸ਼ਰਨ ਵਿਚ)

ਸਵਾਲ ਕਾਜ਼ੀ ਰੁਕਨਦੀਨ

(ਵੇਖੋ ਕੁਰਾਨ ਵਿੱਚ ਖੁਦ ਅੱਲਾਹ ਨੇ ਲਿਖ ਦਿੱਤਾ ਹੈ ਕਿ ਜਿਹੜਾ ਰਸੂਲ ਨੂੰ ਮੰਨੇਗਾ ਉਹ ਸਵੱਰਗਾਂ ਵਿੱਚ ਤੇ ਜਿਹੜਾ ਰਸੂਲ ਦਾ ਕਲਮਾਂ ਨਹੀ ਪੜੇਗਾ ਉਹ ਨਰਕਾਂ ਵਿੱਚ ਪਵੇਗਾ। ਬੰਦਾ ਰੋਜੇ ਰੱਖੇ, ਪੰਜੇ ਨਮਾਜਾਂ ਪੜ੍ਹਦਾ ਰਹੇ, ਜ਼ਕਾਤ ਭਾਵ ਮਜ਼ਬੂਬੀ ਟੈਕਸ ਦਿੰਦਾ ਰਹੇ ਤਾਂ ਮੁਕਤ ਹੋਵੇਗਾ)

ਆਖੇ ਕਾਜ਼ੀ ਰੁਕਨਦੀਨ ਸੁਣਹੋ ਨਾਨਕ ਸ਼ਾਹ॥
ਲਿਖਿਆ ਵਿੱਚ ਕੁਰਾਨ ਦੇ ਸੱਚੇ ਆਪ ਅਲਾਹਿ॥
ਭਰਸੇ ਨਬੀ ਸਫਾਤ ਜਿਸ ਮੋਮਨ ਭਿਸ਼ਤੀ ਜਾਹਿ॥
ਕਲਮਾਂ ਪੜੇ ਨ ਨਬੀ ਦਾ ਕਾਫਰ ਦੋਜ਼ਕ ਪਾਹਿ॥
ਅੱਲਾ ਦਾ ਫੁਰਮਾਇਆ ਪਲਟੇ ਸੋ ਨ ਕਦਾਤ॥
ਰੋਜ਼ੇ ਹੱਜ ਨਿਮਾਜ਼ ਪੰਜ ਕਲਮਾਂ ਕੱਢੇ ਜ਼ਕਾਤ॥
ਹੋਇ ਮੁਸੱਲਮ ਦੀਨ ਪਰ ਲਿਖਿਆ ਵਿਚ ਹਦੀਸ॥
ਦੀਨ ਮੁਹੰਮਦੀ ਰੱਬ ਦਾ ਔਰ ਮਜ਼ਬ ਅਵਲੀਸ॥

(ਅਰਥ: ਸਫਾਤ-ਦੋਸਤੀ, ਭਿਸਤੀ - ਬਹਿਸ਼ਤ,ਸਵੱਰਗ, ਦੋਜ਼ਕ- ਨਰਕ, ਜਕਾਤ- ਮਜ਼ਬੂਬੀ ਟੈਕਸ, ਹਦੀਸ- ਮੁਸਲਮਾਨਾ ਕਨੂੰਨ, ਅਵਲੀਸ- ਅਵਲ/ ਮੁੱਖੀ)

ਜਵਾਬ ਨਾਨਕ ਸ਼ਾਹ ਸੂਰਾ ॥

(ਓਥੇ ਤਾਂ ਅਮਲਾਂ ਤੇ ਨਬੇੜੇ ਹੋਣੇ ਨੇ ਕਿਸੇ ਨਬੀ ਜਾਂ ਹੋਰ ਦੀ ਸ਼ਿਫਾਰਸ਼ ਨਹੀ ਚਲਣੀ। ਰੱਬ ਵਾਸਤੇ ਹਿੰਦੂ ਤੇ ਮੁਸਲਮਾਨ

ਪੇਜ਼ ਸਫਾ

ਹਜਰਤ ਮੁਹੰਮਦ ਸਾਹਿਬ : ਮੁਸਲਮਾਨਾਂ ਦਾ ਪੈਗੰਬਰ

ਹਜਰਤ ਮੁਹੰਮਦ ਸਾਹਿਬ ਦਾ ਜਨਮ ਮੱਕੇ ਵਿੱਚ 570 ਈ. ਨੂੰ ਹੋਇਆ। ਇਨਾਂ ਦੇ ਪਿਤਾ ਦਾ ਨਾਂ ਅਬਦੁਲਾ ਅਤੇ ਮਾਂ ਅਮੀਨਾ ਵਾਹਿਬ ਸੀ। ਪਿਤਾ ਮੁਹੰਮਦ ਦੇ ਜਨਮ ਤੋਂ 4 ਮਹੀਨੇ ਪਹਿਲਾਂ ਗੁਜਰ ਗਏ ਤੇ ਜਦੋਂ ਇਹ 7 ਸਾਲ ਦੇ ਸਨ ਤਾਂ ਮਾਤਾ ਵੀ ਗੁਜਰ ਗਈ। ਇਨਾਂ ਦੇ ਯਤੀਮ ਹੋ ਜਾਣ ਤੇ ਮਾਮੇ ਅਬੂ ਤਾਲਿਬ ਤੇ ਉਹਦੀ ਪਤਨੀ ਫਾਤਿਮਾ ਨੇ ਪਾਲਿਆ ਸੀ।ਉਹ ਸੁਦਾਗਰ ਸਨ ਤੇ ਅਕਸਰ ਸ਼ਾਮ (ਸੀਰੀਆ) ਵਪਾਰ ਦੇ ਸਿਲਸਿਲੇ ਵਿੱਚ ਤੁਰੇ ਰਹਿੰਦੇ ਸਨ।

ਇਨਾਂ ਕੁਲ 13 ਸ਼ਾਦੀਆਂ ਕੀਤੀਆਂ।ਮੁਹੰਮਦ ਸਾਹਿਬ ਦੇ ਤਿੰਨ ਪੁੱਤਰ ਤੇ 4 ਧੀਆਂ ਹੋਈਆਂ ਸਨ। ਪਰ ਇਹ ਸਾਰੇ ਬੱਚੇ ਉਨਾਂ ਦੇ ਸਾਹਮਣੇ ਹੀ ਗੁਜਰ ਗਏ ਸਨ। ਸਿਰਫ ਬੀਬੀ ਫਾਤਿਮਾ ਹੀ ਬਚੀ ਸੀ। ਜਿਸ ਦੀ ਓਲਾਦ ਸਯੱਦ ਜਾਂ ਸ਼ਰੀਫ ਕਹਾਉਦੇ ਨੇ।

ਬੜੀ ਹੈਰਾਨੀ ਦੀ ਗੱਲ ਸਯੱਦ ਪ੍ਰਵਾਰ ਅੱਜ ਵੱਡੀ ਗਿਣਤੀ ਵਿੱਚ ਪਾਕਿਸਤਾਨ ਵਿੱਚ ਹਨ।

ਕਦੀ ਕਦੀ ਮੁਹੰਮਦ ਚੁੱਪ ਚਾਪ ਕਿਸੇ ਸੁੰਨ ਸਾਨ ਥਾਂ ਤੇ ਚਲੇ ਜਾਂਦੇ ਤੇ ਦੁਨੀਆ ਦੀ ਖੇਡ ਬਾਰੇ ਸੋਚਦੇ। 40 ਸਾਲ ਦੀ ਉਮਰ ਵਿੱਚ ਇਨਾਂ ਨੂੰ ਫਿਰ ਇਜਰਾਈਲ ਫਰਿਸ਼ਤੇ ਦੇ ਦਰਸ਼ਨ ਹੋਏ। ਇਨਾਂ ਫਿਰ ਤਾਉਹੀਦ ਭਾਵ ਅੱਲਾਹ ਸਿਰਫ ਇੱਕ ਹੈ ਦੇ ਸਿਧਾਂਤ ਦਾ ਪ੍ਰਚਾਰ ਸ਼ੁਰੂ ਕੀਤਾ ਤੇ ਕਿਹਾ ਕਿ ਮੈਂ ਅੱਲਾਹ ਦਾ ਰਸੂਲ ਹਾਂ ਭਾਵ ਦੂਤ ਹਾਂ। ਇਨਾਂ ਦੇ ਮਜ਼ਬ ਦੀ ਖੂਬਸੂਰਤੀ ਇਨਾਂ ਦੀ ਪੰਜ ਵੇਲਿਆਂ ਦੀ ਨਮਾਜ ਹੈ। ਜ਼ਕਾਤ ਭਾਵ ਦਾਨ ਦੇਣ ਦਾ ਅਸੂਲ। ਮਜ਼ਬ ਦੇ ਮੂਲ ਵਿੱਚ ਕਰਮ ਕਾਂਡ ਵੀ ਹਨ ਜਿਵੇ ਮੱਕੇ ਦੇ ਹੱਜ ਤੇ ਜੋਰ ਦੇਣਾ ਤੇ ਰੋਜੇ ਰੱਖਣੇ। ਫਿਰ ਉਨਾਂ ਦਾ ਸਿਧਾਂਤ ਹੈ ਕਿ ਇੱਕ ਦਿਨ ਕਿਆਮਤ ਆਏਗੀ ਤੇ ਹੁਣ ਤੱਕ ਜਿੰਨੇ ਲੋਕ ਮਰੇ ਨੇ ਉਹ ਜਿੰਦਾ ਹੋ ਜਾਣਗੇ ਅਤੇ ਉਸ ਵੇਲੇ ਫਿਰ ਉਨਾਂ ਦੇ ਕੀਤੇ ਅਮਲਾਂ ਦਾ ਹਿਸਾਬ ਕਿਤਾਬ ਹੋਵੇਗਾ। ਇਸਲਾਮ ਦੇ ਵਿਰੋਧੀ ਇਸ ਤੇ ਕਟਾਖ ਕਰਦੇ ਹਨ ਕਿ ਜੇ ਲੱਖਾਂ ਸਾਲਾਂ ਤੋਂ ਮਰਦੇ ਆ ਰਹੇ ਲੋਕ ਜੀ ਉਠੇ ਤੇ ਧਰਤੀ ਤੇ ਕੁਰਬਲ ਕੁਰਬਲ ਹੋ ਜਾਏਗੀ ਤੇ ਖਲੋਣ ਵਾਸਤੇ ਵੀ ਥਾਂ ਨਹੀ ਹੋਵੇਗੀ।

ਮੁਹੰਮਦ ਸਾਹਿਬ ਨੇ ਕਾਬੇ ਵਿਖੇ ਮੂਰਤੀ ਪੂਜਾ ਦਾ ਖੰਡਣ ਕੀਤਾ ਜਿਸ ਕਰਕੇ ਇਨਾਂ ਦੀ ਸਖਤ ਵਿਰੋਧਤਾ ਹੋਈ ਤੇ ਇਨਾਂ ਨੂੰ ਲੜਾਈਆਂ ਵੀ ਕਰਨੀਆਂ ਪਈਆਂ ਸਨ।

622 ਈ ਵਿੱਚ ਫਿਰ ਇਹ ਮਦੀਨੇ ਹਿਜਰਤ ਕਰ ਗਏ। ਏਸੇ ਤੋਂ ਹੀ ਫਿਰ ਹਿਜਰੀ ਸੰਨ ਚਾਲੂ ਹੁੰਦਾ ਹੈ। 629 ਈ ਵਿੱਚ ਇਨਾਂ 10000 ਲੜਾਕੂ ਇਕੱਠੇ ਕਰਕੇ ਮੱਕੇ ਤੇ ਹਮਲੇ ਕੀਤਾ। ਫਿਰ ਬਿਨਾਂ ਖੂਨ ਡੋਲੇ ਮੱਕੇ ਤੇ ਕਬਜਾ ਹੋ ਗਿਆ।

632 ਈ. ਵਿੱਚ ਕੁਝ ਸਮਾਂ ਬੀਮਾਰ ਰਹਿਣ ਤੇ ਉਨਾਂ ਦਾ ਦਿਹਾਂਤ ਮਦੀਨੇ ਵਿਖੇ ਹੋ ਗਿਆ। ਉਨਾਂ ਦੀ ਕਬਰ ਮੁਸਲਮਾਨਾਂ ਵਾਸਤੇ ਮੱਕੇ ਵਾਂਗੂ ਹੀ ਵੱਡੀ ਇਬਾਦਤਗਾਹ ਹੈ।

ਉਨਾਂ ਦੀ ਮੌਤ ਤੱਕ ਉਨਾਂ ਨੂੰ ਅੱਲਾਹ ਵਲੋਂ ਬਾਣੀ ਉਤਰਦੀ ਰਹੀ। ਜਿਸ ਦੀ ਬਾਦ ਵਿੱਚ ਜਿਲਦ ਬਣਾ ਦਿੱਤੀ ਗਈ ਤੇ ਇਹ ਕੁਰਾਨ ਅਖਵਾਉਦੀ ਹੈ।

ਇਸ ਤੋਂ ਇਲਾਵਾ ਉਨਾਂ ਦੇ ਜੀਵਨ ਅਤੇ ਕਾਰਵਿਹਾਰ ਤੇ ਜੋ ਕਿਤਾਬ ਲਿਖੀ ਗਈ ਹੈ ਉਹ ਕਰਮਵਾਰ ਹਦੀਸ ਤੇ ਸੁਨ੍ਹਾ ਕਹਾਉਦੀਆਂ ਹਨ ਤੇ ਮੁਸਲਮਾਨਾਂ ਵਾਸਤੇ ਇਹ ਹੀ (ਸ਼ੀਅਤ) ਕਾਨੂੰਨ ਤੇ ਜੀਵਨ ਦੀ ਰਾਹ ਮਰਿਆਦਾ ਹਨ। ਇਸੇ ਸ਼ੀਅਤ ਕਰਕੇ ਹੀ ਮੁਸਲਮਾਨ ਵੱਖਰੇ ਨਜਰ ਆਉਦੇ ਹਨ। ਇਹ ਸ਼ਾ ਅੱਜ ਦੁਨੀਆ ਵਿਚ ਵੱਡਾ ਵਾਦ ਵਿਵਾਦ ਦਾ ਵਿਸ਼ਾ ਬਣੀ ਹੋਈ ਹੈ। ਸਾਹਿਬ ਨੇ ਵੀ ਫਰਮਾਇਆ ਸੀ:

ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ॥ ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥

ਇਕ ਤਰਾਂ ਨਾਲ ਗੁਰੂ ਸਾਹਿਬ ਨੇ ਕਿਹਾ ਸੀ ਕਿ ਅਸਲ ਮੁਸਲਮਾਨ ਉਹ ਨਹੀ ਹਨ ਜਿਹੜੇ ਸ਼ਾ ਦੇ ਅਸੂਲਾਂ ਦੀਆਂ ਹੀ ਗੱਲਾਂ ਕਰਦੇ ਰਹਿੰਦੇ ਹਨ। ਮੁਸਲਮਾਨ ਤਾਂ ਉਹ ਹਨ ਜਿੰਨਾਂ ਨੂੰ ਖੁਦਾ ਨਾਲ ਮੁਹੱਬਤ ਹੈ ਤੇ ਉਹਦੀ ਬੰਦਗੀ ਕਰਦੇ ਹਨ।

ਬਰਾਬਰ ਹਨ। ਕਿਸੇ ਨੂੰ ਕਾਫਰ ਕਹਿ ਕੇ ਜੁਲਮ ਨਾਂ ਕਰੋ। ਜੀਆਂ ਤੇ ਜੁਲਮ ਨਾਂ ਕਰੋ)

ਸੁਣਹੋ ਕਾਜ਼ੀ ਰੁਕਨਦੀਨ ਆਖੇ ਨਾਨਕ ਸ਼ਾਹ॥
ਜਿਨਾ ਇਮਾਨ ਸਲਾਮਤੀ ਮਿਲਸੀ ਭਿਸ਼ਤ ਤਿਨਾਹ॥
ਰੁਕਨਲ ਨੀਅਤ ਰਾਸ ਕਰ ਦਰਗਹ ਪਵੇ ਕਬੂਲ॥
ਇਕੋ ਆਪ ਖੁਦਾਇ ਹੈ ਕੇਤੇ ਨਬੀ ਰਸੂਲ॥
ਨਾਹਿ ਸਫਾਰਸ਼ ਕਿਸੇ ਦੀ ਓਥੇ ਮੰਨੀ ਜਾਇ॥
ਅਮਲਾ ਪਿਛੇ ਦੇਵਸੀ ਦੋਜ਼ਕ ਭਿਸ਼ਤ ਖੁਦਾਇ॥
ਬੰਦੇ ਇੱਕ ਖੁਦਾਇ ਦੇ ਹਿੰਦੂ ਮੁਸਲਮਾਨ॥
ਦਾਵਾ ਰਾਮ ਰਸੂਲ ਦਾ ਕਰਦੇ ਮੂੜ੍ਹ ਅਜਾਣ॥
ਜ਼ੋਰ ਜ਼ੁਲਮ ਹਰਾਮ ਹੈ ਕਿਸੇ ਨ ਕਰੋ ਰੰਜੂਲ॥
ਜੋ ਕੋਈ ਕਰ ਹੈ ਬੰਦਗੀ ਸੋਈ ਪਵੈ ਕਬੂਲ॥
ਖਾਸਾ ਜੁਸਾ ਆਦਮੀ ਚੁਣਿਆ ਸਭਨਾ ਮਾਹਿ॥
ਦੇਂਦਾ ਨੂਰ ਖੁਦਾਇ ਹੈ ਇਕੋ ਆਦਮ ਰੂਹ॥
ਚੰਗਾ ਮੰਨੇ ਆਪਨੋਂ ਪਵੇ ਕੁਫਰ ਦੇ ਖੂਹ॥
ਜੀਆ ਮਾਰ ਜੋ ਖਾਂਵਦੇ ਕਹਿਸਨ ਮੁਹੋਂ ਹਲਾਲ॥
ਜ਼ਰਾ ਜ਼ਰਾ ਸੋ ਕੁੱਸੀਅਨ ਦਰਗਹਿ ਨਿਆਉ ਸੰਭਾਲ॥
(ਅਰਥ: ਰੰਜੂਲ-ਦੁਖੀ ਕਰਨਾਂ ਰੰਜਸ਼, ਜੁਸਾ- ਸਰੀਰ)

ਸਵਾਲ ਰੁਕਨਦੀਨ

(ਵੇਖੋ ਕੁਰਾਨ ਵਿੱਚ ਖੁਦਾ ਨੇ ਆਪ ਲਿਖਿਆ ਹੈ ਕਿ ਬਾਕੀ ਸਾਰੇ ਫਲਸਫੇ ਤੇ ਧਰਮ ਰੱਦ ਕਰਕੇ ਇਸਲਾਮ ਨੂੰ ਮੰਨੋ ਤੇ ਮੁਹੰਮਦ ਨੂੰ ਆਖਰੀ ਪੈਗੰਬਰ ਤਸਲੀਮ ਕਰੋ)

ਰੁਕਨਲ ਆਖੇ ਨਾਨਕਾ ਸੱਚ ਕਤੇਬ ਕੁਰਾਨ॥
ਤਿੰਨ ਕਤੇਬਾਂ ਮਨਸੂਖ ਕਰ, ਭੇਜਯਾ ਰੱਬ ਫੁਰਮਾਨ॥
ਪੈਗੰਬਰ ਆਖੀਰ ਦਾ, ਹੁਕਮ ਕਰੋ ਪਰਵਾਨ॥
ਮਜਬਾਂ ਔਰ ਮਨਸੂਖ ਕਰ ਕੀਤੇ ਮੁਸਲਮਾਨ॥
ਲਿਖਿਆ ਆਪ ਖੁਦਾਇ ਨੇ ਵੇਖੋ ਵਿੱਚ ਕੁਰਾਨ॥
ਰਚੇ ਮੁਹੰਮਦ ਵਾਸਤੇ ਸੱਭੇ ਜ਼ਿਮੀ ਅਸਮਾਨ॥
(ਅਰਥ: ਮਨਸੂਖ- ਖੰਡਣ, ਰੱਦ ਕਰਨਾਂ)

ਜਵਾਬ ਨਾਨਕ ਸ਼ਾਹ ਸੂਰਾ

(ਇਹ ਕਹਿਣਾ ਗਲਤ ਹੈ ਕਿ ਮੁਹੰਮਦ ਆਖਰੀ ਪੈਗੰਬਰ ਹੈ। ਉਸਨੂੰ ਗੁਜਰੇ ਹੋਏ 982 ਵਰੇ ਹੋ ਗਏ ਨੇ ਤੇ ਉਸ ਤੋਂ ਪਿੱਛੇ ਕਈ ਮਹਾਂ ਪੁਰਖ ਆ ਚੁੱਕੇ ਨੇ। ਹਰ ਇੱਕ ਨੇ ਆਪਣਾ ਮਜਬ ਫਿਰਕਾ ਚਲਾਇਆ ਹੈ ਤੇ ਭੇਸ ਬਣਾਏ ਨੇ। ਕਿਸੇ ਨੇ ਲਿੰਗ ਕਟਵਾ ਦਿੱਤੇ ਭਾਵ ਸੁੰਨਤ ਕਰਨਾਂ ਕਿਸੇ ਨੇ ਕਿਹਾ ਵਾਲ ਕੱਟੋ। ਰੱਬ ਵਲੋ ਦਿੱਤਾ ਸਰੂਪ ਰੱਦ ਕੀਤਾ ਹੈ। ਤੇ ਇਸ ਪ੍ਰਕਾਰ ਹੁਕਮ ਅਦੂਲੀ ਕੀਤੀ ਹੈ। ਤੁਹਾਡੀ ਹੀ ਕੁਰਾਨ ਵਿੱਚ ਲਿਖਿਆ ਹੈ ਕਿ ਬੰਦਗੀ ਤੋਂ ਇਲਾਵਾ ਬਾਕੀ ਕੰਮ ਸ਼ੈਤਾਨੀ ਹਨ।)

(ਅਰਥ: ਤਬਕ- ਤਬਕਾ / ਪਰਤ, ਅਜ਼ੂਰਦਾ- ਚਮਕਦਾਰ, ਜ਼ਰਦਰੂ- ਸ਼ਰਮਿੰਦਾ, ਅਰਬਾ- ਚਾਰ, ਨਾਸਰ- ਲਿਖਣਵਾਲਾ)

ਸਵਾਲ ਕਾਜ਼ੀ ਰੁਕਨਦੀਨ

ਅਖੇ ਰੁਕਨਲ ਨਾਨਕਾ ਲਿਖਯਾ ਵਿੱਚ ਕੁਰਾਨ॥
ਆਇਆ ਮੁਹੰਮਦ ਮੁਸਤਫਾ ਖਾਸਾ ਮੁਸਲਮਾਨ॥
ਜੁੱਸਾ ਥਾ ਉਸ ਪਾਕ ਦਾ, ਸਾਯਾ ਓਸ ਨ ਮੂਲ॥
ਨੂਰੀ ਜੁੱਸਾ ਓਸਦਾ ਮੱਖੀ ਬਹੇ ਨ ਮੂਲ॥
ਕਾਇਮ ਕਿਆਮਤ ਲੈ ਰਹੇ ਆਪ ਖੁਦਾ ਕੇ ਪਾਸ॥
ਭਿਸ਼ਤ ਦਿਵਾਏ ਉੱਮਤੀ ਦੇਇ ਗਵਾਹੀ ਖਾਸ॥
ਰੋਜੇ ਰਖੇ ਨਿਮਾਜ਼ ਪੜ੍ਹ ਕਲਮਾਂ ਹੱਜ਼ ਜ਼ਕਾਤ॥
ਪੰਜੇ ਅਮਲ ਕਰੇਂਦੜੇ ਸੋਈ ਪਾਇ ਨਜ਼ਾਤ
(ਅਰਥ: ਖਾਸਾ- ਖਾਸ ਕਰਕੇ, ਉੱਮਤ- ਮੁਸਲਮਾਨਾ ਸੰਗਤ)

ਜਵਾਬ ਨਾਨਕ ਸਾਹ ਸੂਰਾ

(ਨਾਂ ਨਾਂ! ਸਿਰਫ ਖੁਦਾ ਦਾ ਹੀ ਜੁੱਸਾ ਨੂਰੀ ਹੈ ਬਾਕੀ ਤਾਂ ਸਭਨਾਂ ਨੇ ਇੱਕ ਦਿਨ ਮਿੱਟੀ ਹੋ ਜਾਂਣਾ ਹੈ। ਬਾਕੀ ਗੱਲ ਅਮਲਾਂ ਤੇ ਮੁਕਣੀ ਹੈ।)

ਨਾਨਕ ਅਖੇ ਰੁਕਨਦੀਨ ਨੂਰੀ ਇੱਕ ਖੁਦਾਇ॥
ਜੁੱਸਾ ਉਸ ਦਾ ਆਤਸ਼ੀ ਮੱਖੀ ਤਹਾਂ ਨ ਜਾਇ॥
ਖਾਕੀ ਜੁੱਸਾ ਆਦਮੀ ਸਾਯਾ ਬਿਨਾਂ ਨਾ ਕੋਇ॥
ਕਾਇਮ ਇੱਕ ਖੁਦਾਇ ਬਿਨ ਔਰ ਨ ਰਹਿਸੀ ਕੋਇ॥
ਅਮਲਾ ਪਿੱਛੇ ਮਿਲੇ ਹੈ ਦੋਜ਼ਖ ਭਿਸ਼ਤ ਵਿਚਾਰ॥
ਪਾਸ ਖੁਦਾ ਦੇ ਕੋਇ ਨਹਿੰ ਰਹੇ ਨਬੀ ਅਵਤਾਰ॥
ਲਾਲਚ ਕੂੜ ਦਿਖਾਇਕੇ ਦੁਨੀਆਂ ਕੀਤੀ ਯਾਰ॥
ਪੜ੍ਹ ਤੋਰੇਤ ਅੰਜੀਲ ਨੂੰ ਜਬੂਰੇ ਫੁਰਕਾਨ॥
ਬਿਨਾਂ ਬੰਦਗੀ ਦੋਜ਼ਕੀ ਹਿੰਦੂ ਮੁਸਲਮਾਨ॥
(ਅਰਥ: ਤੋਰੇਤ-ਯਹੂਦੀਆਂ ਦੀ ਧਾਰਮਿਕ ਪੁਸਤਕ, ਅੰਜੀਲ- ਬਾਈਬਲ, ਜਬੂਰ- ਈਸਾਈਮਤ ਦੀ ਧਾਰਮਿਕ ਪੁਸਤਕ, ਫੁਰਕਾਨ- ਈਸਾਈਮਤ ਦੀ ਧਾਰਮਿਕ ਪੁਸਤਕ)

ਸਵਾਲ ਰੁਕਨਦੀਨ

(ਮੁਸਲਮਾਨ ਹੀ ਸਿਰਫ ਬਹਿਸ਼ਤ ਵਿੱਚ ਜਾਣਗੇ। ਬਾਕੀ ਨਾਪਾਕ ਗਿਣਦੇ ਹੋਏ ਅੱਗ ਵਿੱਚ ਸਾੜ ਦਿੱਤੇ ਜਾਣਗੇ ਤੇ ਨਰਕਾਂ ਦੇ ਭਾਗੀ ਹੋਣਗੇ)

ਸੁਣਹੋ ਨਾਨਕ ਹਿੰਦੂਆਂ ਭਿਸ਼ਤੀ ਨੂੰ ਮੰਨ ਪਾਕ॥
ਕਾਫਰ ਭਿਸਤ ਨਾ ਜਾਂਹਿਗੇ ਆਤਸ਼ ਜਲਨ ਨਾਪਾਕ॥
ਹੂਰੋਂ ਪਰੀਓਂ ਭਿਸ਼ਤ ਤੋਂ ਰਹਿਸਨ ਓਹ ਮਹਿਰੂਮ॥
ਪਉਸਨ ਦੋਜ਼ਕ ਹਾਵੀਏ ਸੁਣਸੀ ਨਬੀ ਨਾ ਧੂਮ॥
ਮੁੱਸਲਮਾਨੀ ਪਾਕ ਹੈ, ਪੜ੍ਹਨ ਕਤੇਬ ਕੁਰਾਨ॥
ਕਰਨ ਨਮਾਜ਼ਾਂ ਰੋਜੜੇ ਦੋਜ਼ਕ ਤਿੰਨ੍ਹਾਂ ਹਰਾਮ॥

ਜਵਾਬ ਨਾਨਕ ਸ਼ਾਹ ਸੂਰਾ॥

(ਸੁਣ ਭਾਈ ਇਹ ਪੈਗੰਬਰ ਵੀ ਅੰਤ ਵਿੱਚ ਦੁਖੀ ਹੋ ਕੇ ਮਰੇ ਨੇ। ਅੱਜ ਮਿੱਟੀ ਵਿੱਚ ਰਲੇ ਪਏ ਨੇ। ਤੁਹਾਨੂੰ ਪਤਾ ਓਸੇ ਮਿੱਟੀ ਨੂੰ ਸਾੜ ਕੇ ਲੋਕ ਭਾਂਡੇ ਬਣਾਉਦੇ ਨੇ। ਭਾਂਡਿਆਂ ਨੂੰ ਫਿਰ ਚੰਗੀ ਮੰਦੀ ਥਾਂਈ ਵਰਤਿਆ ਜਾਂਦਾ ਹੈ। ਜਦੋਂ ਮੁਸਲਮਾਨ ਦੀ ਮਿੱਟੀ ਸੜ੍ਹ ਰਹੀ ਹੁੰਦੀ ਹੈ ਓਦੋਂ ਤੁਹਾਡੇ ਰੋਜੇ, ਕਲਮੇ ਤੇ ਨਿਮਾਜਾ ਦਾ ਕੀ ਮੁੱਲ ਪੈਂਦਾ ਹੈ? ਆਖੀਰ ਤੇ ਤਾਂ ਚਾਹੇ ਕੋਈ ਕਾਫਰ ਹੋਵੇ ਭਾਵੇ ਮੋਮਨ ਹੋਵੇ ਸਭ ਨੇ ਸੜਨਾ ਹੈ। ਇਥੇ ਲੱਖਾਂ ਪੈਗੰਬਰ ਅਵਤਾਰ ਹੋ ਚੁੱਕੇ ਹਨ ਤੇ ਹੁੰਦੇ ਰਹਿਣਗੇ।)

ਸੁਣਹੋ ਕਾਜ਼ੀ ਰੁਕਨਲੂ ਸੱਚਾ ਸੁਖਨ ਜਵਾਬ॥
ਕਈ ਮੁਹੰਮਦ ਮੁਸਤਫਾ ਮੋਏ ਵਿੱਚ ਅਜ਼ਾਬ॥
ਨਾਮ ਓਸਦਾ ਕੰਮ ਕਿਸ ਜੋ ਮਰ ਹੋਏ ਖਾਕ॥
ਖਾਕੂ ਫੇਰਿ ਜਲਾਈਅਨਿ ਘੜਿ ਘੜਿ ਭਾਂਡੇ ਪਾਕ॥
ਇਕਨਾਂ ਦੁੱਧ ਸਮਾਈਅਨਿ ਇਕਨਾਂ ਵਿੱਚ ਪੇਸ਼ਾਬ॥
ਮਿੱਟੀ ਮੁਸਲਮਾਨ ਦੀ ਜਲਦੀ ਪਾਖਿ ਅਜ਼ਾਬ॥
ਕਿਥੇ ਨਿਮਾਜ਼ਾਂ ਰੋਜੜੇ ਕਲਮਾਂ ਹੱਦ ਕੁਰਾਨ॥
ਜਲ ਬਲ ਹੋਵਨ ਧੂੜ ਸਭ ਕਾਫਰ ਮੁੱਸਲਮਾਨ॥
ਲਿਖਿਆ ਦਰ ਦਰਗਾਹ ਦੇ ਬਿਨਾਂ ਖੁਦਾਇ ਨ ਕੋਇ॥
ਲੱਖ ਮੁਹੰਮਦ ਜੇਵਹੇ ਆਜਜ਼ ਰਹੇ ਖਲੋਇ॥

ਇਕ ਦਿਨ ਅੰਦਰ ਖਾਬ ਦੇ ਡਿੱਠੀ ਮੁਹੰਮਦ ਮਾਇ ॥
ਰੋਂਦੀ ਧਾਹੀਂ ਮਾਰਦੀ ਅਗੋਂ ਉਠੇ ਪੁਕਾਰ॥
ਕੇਹੜਾ ਮੁਹੰਮਦ ਮੁਸਤਫਾ ਤੇਰਾ ਪੁੱਤ ਨਿਹਾਰ॥
ਉਸਨੇ ਕਹਿਆ ਪਛਾਣਸੀ ਉਸ ਨੂੰ ਜਬਰਾਈਲ॥
ਜਬਰਾਈਲ ਬੇਅੰਤ ਹੀ ਉਠੇ ਮੇਕਾ ਈਲ॥
ਮਲਕੁਲ ਮੌਤ ਬੇਅੰਤ ਹੀ ਰਾਖਸ਼ ਜਿੰਨ ਕਿਤਾਨ॥
ਡਿਠੇ ਏਹ ਮਸ਼ਾਹਿਦਾ ਹੋਇ ਰਹੀ ਹੈਰਾਨ॥
ਏਥੇ ਕੋਇ ਨ ਜਾਣਦਾ ਉੱਤਮ ਕੌਣ ਰਸੂਲ॥
ਜੀਵਦਿਆਂ ਹੀ ਸਾਹਿਬੀ ਮੋਤੇ ਮਿਲ ਗਏ ਧੂੜ॥
ਖੁੱਲੀ ਅੱਖ ਰਸੂਲ ਦੀ ਹੋਇ ਰਿਹਾ ਹੈਰਾਨ॥
ਕੁਦਰਤ ਕਹਿਉ ਬਿਅੰਤ ਹੈ ਟੁੱਟਿਓ ਗਰਬ ਗੁਮਾਨ॥
ਇਕ ਦਿਨ ਫੇਰ ਮੁਹੰਮਦੇ ਡਿੱਠੀ ਊਠ ਕਤਾਰ॥
ਅੰਤ ਨ ਪਾਇਓ ਓਸ ਦਾ ਲੱਦੇ ਬਕਸ ਅਪਾਰ॥
ਅੰਡੇ ਇੱਕ ਇਕ ਬਕਸ ਵਿੱਚ ਡਿੱਠੇ ਕਈ ਹਜ਼ਾਰ ॥
ਇਕ ਇੱਕ ਅੰਡੇ ਵਿੱਚ ਉਨ ਡਿੱਠਾ ਸਭ ਬ੍ਰਹਮੰਡ॥
ਕਈ ਮੁਹੰਮਦ ਮੁਸਤਫਾ ਪੀਰ ਪੈਗੰਬਰ ਪਿੰਡ॥
ਗੌਸ ਕੁਤਬ ਅਵਤਾਰ ਬਹੁ ਜੀਆ ਜੰਤ ਜਹਾਨ॥
ਮਰ ਮਰ ਫਿਰ ਫਿਰ ਉਪਜਨੀ ਦੇਖ ਰਹਯੋ ਹੈਰਾਨ॥
ਜਿਸ ਦਾ ਕੀਤਾ ਰੱਬ ਨੂੰ ਅੱਖੀਂ ਮੀਚ ਨਿਦਾਨ॥
ਅੱਖ ਉਘਾੜੀ, ਕੁਝ ਨਹੀਂ, ਟੁੱਟਾ ਸਭ ਗੁਮਾਨ॥

(ਅਰਥ- ਅਜ਼ਾਬ-ਮੁਸੀਬਤ)

ਸਵਾਲ ਰੁਕਨਦੀਨ

(ਕੁਰਾਨ 'ਚ ਲਿਖਿਆ ਹੈ ਕਿ ਖੰਡੇ ਦੀ ਧਾਰ ਤੋਂ ਵੀ ਬਰੀਕ ਰਾਹ ਹੈ ਜਿਥੋਂ ਆਖੀਰ ਲੰਘਣਾ ਪੈਂਣਾ ਹੈ, ਓਥੇ ਸਿਰਫ ਮੁਹੰਮਦੀ ਕਲਮਾ ਹੀ ਕੰਮ ਆਉਣਾ ਹੈ। ਕਾਫਰ ਲੰਘ ਨਹੀ ਪਾਉਣਗੇ।)

ਰੁਕਨਲ ਆਖੇ ਨਾਨਕਾ ਲਿਖਯਾ ਵਿਚ ਕੁਰਾਨ॥
ਵਾਲੋਂ ਨਿੱਕੀ ਪੁਰਸਲਾਤ ਖੰਡਯੋਂ ਤਿੱਖੀ ਜਾਨ॥
ਉਥੇ ਟਿਕੇ ਨ ਭੁਣਭੁਣਾ ਠਹਿਰ ਨ ਸੱਕੇ ਪੈਰ॥
ਮੁਸ਼ਕਲ ਓਨਾਂ ਲੰਘਣਾਂ, ਜਿਨ੍ਹਾਂ ਕਮਾਏ ਵੈਰ॥
ਸਾਇਰ ਲੋਹੂ ਪੂੰਝ (ਮਿੱਝ) ਦਾ ਅਗਨੀ ਭੜ ਭੜਾਹਿ॥
ਕੰਧੀ ਦਿੱਸ ਨ ਆਵਈ ਧਾਹੀ ਪਵੈ ਕਹਾਹਿ॥
ਕਲਮਾਂ ਉਥੇ ਮਹੰਮਦੀ ਉੱਮਤ ਪਾਰ ਲੰਘਾਇ॥
ਕਾਫਰ ਪਾਰ ਨਾ ਜਾ ਸਕੇ ਤਪੇ ਤੇ ਬਿਲਾਇ॥

ਜਵਾਬ ਨਾਨਕ ਸ਼ਾਹ ਸੂਰਾ

(ਭਾਈ ਜਿੱਥੇ ਅੱਗ ਦਾ ਸਮੁੰਦਰ ਹੋਵੇ ਓਥੇ ਰੱਬ ਦਾ ਨਾਂ ਬੇੜੇ ਦੀ ਨਿਆਈ ਹੁੰਦਾ ਹੈ। ਓਥੇ ਤਾਂ ਅਮਲਾਂ ਤੇ ਨਿਬੇੜੇ ਨੇ। ਕਿਸੇ ਕਲਮੇ ਨੇ ਕੰਮ ਨਹੀ ਆਉਣਾ।)

ਨਾਨਕ ਆਖੇ ਰੁਕਨਲਾ ਮੁੱਖ ਤੇ ਸਮਝ ਅਲਾਇ॥
ਜਿੱਥੇ ਸਾਇਰ ਆਤਸ਼ੀ ਬੇੜਾ ਨਾਮ ਖੁਦਾਇ॥
ਮੁਰਸ਼ਦ ਆਰਫ ਦਾ ਤਹਾਂ, ਇਕੋਂ ਸ਼ਬਦ ਮਲਾਹਿ॥
ਜੇ ਪੀਰਾਂ ਬੇ-ਮੁਰਸ਼ਦਾਂ ਢੋਈ ਨਾ ਦਰਗਾਹਿ॥
ਰਾਹੇ ਵਿੱਚ ਫਰੇਸ਼ਤੇ ਮਾਲ ਜ਼ਕਾਤੀ ਲੇਹ॥
ਅਮਲਾ ਉਤੈ ਨਿੱਬੜੇ ਸੱਚਾ ਕਲਮਾਂ ਏਹ॥
ਕਲਮਾਂ ਕਿਸੇ ਨ ਰੱਖਸੀ ਆਸ ਮਹੰਮਦ ਕੂਰ॥
ਉਥੇ ਮੁਹੰਮਦ ਜੇਵਹੇ ਜਲ ਦਲ ਹੋਵਨ ਧੂਰਿ॥
ਪਾਉਂਦੇ ਵਿੱਚ ਗੜਾੜ ਦੇ ਬੂੰਦ ਤਵੇ ਤਪਤਾਇ॥
ਤਲੇ ਬਲਨ ਤਿਨ੍ਹਾਂ ਹੱਡੀਆਂ ਜੋ ਬੇਅਦਲੀ ਸ਼ਾਹਿ॥
ਕਾਜ਼ੀ ਮੁਫਤੀ ਕਾਰਕੁਨ ਹਾਕਮ ਜ਼ੋਰ ਜੁਆਰ॥
ਮੁਲਾਂ ਪੁਜਾਰੀ ਬਾਣੀਏਂ ਛਲ ਦਾ ਕਰਨ ਬਪਾਰ॥
ਖਾਨ ਗਰੀਬਾਂ ਲੁੱਟ ਕੇ ਕਰ ਕਰ ਜ਼ੋਰ ਅਫਾਰ॥
ਕੁੱਟਣੀਆਂ ਅਰ ਗਸ਼ਤੀਆਂ ਜੋ ਘਰੀ ਬਿਰਾਨੀ ਜਾਣ॥
ਲੂਣ ਹਰਾਮੀ ਵਿਸਵਾਸ ਘਾਤ ਨਿੰਦਕ ਚੁਗਲ ਤਕਾਨ॥
ਸਰ ਪਰ ਦੋਜ਼ਕ ਪੈਸਨੀ ਰੱਖ ਨ ਸੱਕੇ ਕੋਇ॥
ਖਾਵਨ ਕੀੜੇ ਮਾਸ ਤਿਨ ਜਿਨ੍ਹਾਂ ਖੋਟੀ ਖੋਇ॥
ਜਲਦੇ ਦੋਜ਼ਖ ਹਾਵੀਏ ਦੇਨ ਗਵਾਹੀ ਕੂਰ॥
ਮਾਰ ਵੰਙਾਇਨ ਦੁਖਤਰਾਂ ਜਲਦੇ ਡਿੱਠੇ ਪੂਰ॥
ਸੁਣ ਹੋ ਕਾਜ਼ੀ ਰੁਕਨਦੀਨ ਪੰਜ ਨਸੀਹਤਾਂ ਲੇਹ॥
ਅੱਲਾ ਦੀ ਕਰ ਬੰਦਗੀ ਸੱਚ ਬੋਲੀਂ ਨਿਸ ਦੇਹ॥
ਖਾਹੁ ਖਵਾਹੋ ਖੱਟਕੇ ਕਰੋ ਮਸੱਕਤਿ ਕਾਰਿ॥
ਨਖ ਸਿਖ ਪਵੇ ਪਸੀਨੜਾ ਓਹੋ ਖਾਣਾ ਸਾਰ॥
ਦਸਵਾਂ ਹਿੱਸਾ ਓਸ ਥੀਂ ਰਾਹਿ ਰੱਬ ਦੇ ਦੋਹ॥
ਅਣ ਪੁੱਛੇ ਭਿਸ਼ਤ ਸੋ ਸੱਚ ਹਕੀਕਤ ਏਹ॥

(ਅਰਥ: ਆਰਫ-ਗਿਆਨੀ, ਪੈਸਨੀ-?, ਦੁਖਤਰਾਂ- ਧੀਆਂ)

ਸਵਾਲ ਕਾਜ਼ੀ ਰੁਕਨਦੀਨ

(ਬਾਬਾ ਨਾਨਕ ਮੈਂ ਘੋਖ ਕੇ ਵੇਖ ਲਿਆ ਹੈ ਤੂੰ ਸੱਚਾ ਹੈ।)

ਰੁਕਨਲ ਆਖੇ ਨਾਨਕਾ ਤੁਧ ਵਿੱਚ ਵਡ ਕਰਾਮਾਤ॥
ਕੀਤੇ ਸਭ ਮਨਸੂਖ ਤੋਂ ਬਾਬਹੁ ਅੱਲਾ ਪਾਕ॥
ਜੇਤੇ ਪੜਦੇ ਦੁਨੀ ਦੇ ਦਿੱਤੇ ਸਭ ਉਠਾਇ॥
ਤੂੰ ਨਹਿ ਮੰਨੇ ਕਿਸੇ ਨੂੰ ਅੱਲਾ ਪਾਕ ਬਿਨਾਇ॥
ਜੋ ਤੂੰ ਆਖੇਂ ਸੱਚ ਸਭ, ਜਾਨਿਓਂ ਮੈਂ ਤਹਕੀਕ॥
ਪੂਰਾ ਮੁਰਸ਼ਦ ਮੇਲ ਹੈ, ਪੂਰਾ ਯਾਰ ਹਕੀਕ॥
ਪੁਛੇ ਪੰਡਿਤ ਜੋਤਸ਼ੀ ਕਾਜ਼ੀ ਬਨ ਉਲਮਾਇ॥
ਖਾਤਰ ਨਿਸ਼ਾ ਨ ਕਰ ਸਕੇ ਤਦਬੀਰਾਂ ਮੋਲਾਇ॥
ਕਿਉਂ ਕਰ ਪੈਦਾ ਜਗ ਕਰਿਓ ਅਰਬਾਂ ਨਾਸਰ ਰੂਹ॥
ਕਿਉਂ ਕਰ ਹੋਇ ਮਿਲਾਵੜਾ ਕਿਉਂ ਕਰ ਮਿਟਸੀ ਲੂਹ॥
ਕਿਉਂ ਕਰ ਹੋਇ ਨਜਾਤ ਇਹੁ ਸੱਭੇ ਭੇਦ ਬਤਾਇ॥
ਅਕੇ ਤੇ ਜਾਣਨ ਫਕਰ ਕੁਝ, ਅਕੇ ਤਾਂ ਆਪ ਖੁਦਾਇ॥

(ਅਰਥ: ਤਦਬੀਰਾਂ- ਕਿਸਮਤਾਂ)

ਜਵਾਬ ਨਾਨਕ ਸ਼ਾਹ ਸੂਰਾ

ਨਾਨਕ ਆਖੇ ਰੁਕਨਲਾ ਚੇਤ ਖੁਦਾਈ ਜੋਇ॥
ਆਪੇ ਅੱਲਾ ਜਾਣਦਾ ਔਰ ਨ ਜਾਣੇ ਕੋਇ॥
ਜਿਸਨੋਂ ਓਹ ਜਣਾਇਦਾ ਜਾਣੇ ਸੋਈ ਫਕੀਰ॥
ਪੰਡਿਤ ਮੁੱਲਾਂ ਜੋਤਸ਼ੀ ਪੈਕੰਬਰ ਤੇ ਪੀਰ॥
ਭੇਤ ਕਿਸੇ ਨੂੰ ਨਾ ਮਿਲੇ ਪੜ੍ਹ ਪੜ੍ਹ ਹੋਏ ਲਚਾਰ॥
ਅੱਲਾ ਫੱਕਰ ਏਕ ਹੈ ਜਾਣਨ ਫੱਕਰ ਸਾਰ॥
ਇੱਛਾ ਜੋ ਹੈ ਰੱਬ ਦੀ ਕੁਦਰਤ ਕਹੀਏ ਸਾਇ॥
ਤਿਸਤੇ ਤੀਨੋਂ ਗੁਣ ਭਏ ਗੁਣ ਤੇ ਉਪਜੀ ਵਾਇ॥
ਤਿਸਤੇ ਆਤਸ਼ ਆਬ ਹੁਇ ਧਰਤੀ ਲਈ ਉਪਾਇ॥
ਧਰਤੇ ਭਈ ਵਨਾਸਪਤਿ ਉਤਭੁਜ ਖਾਣੀ ਜੇਰ ॥
ਗੁਨਾ ਗੁਨ ਪੈਦਾਇਸ਼ੀ ਜੜ ਚੇਤਨ ਆਪਾਰ॥
ਸਾਜਿਆ ਮਾਨੁਖ ਨੂਰ ਤੋਂ ਸਭਦੇ ਸਿਰ ਸਰਦਾਰ॥
ਦਿੱਤਾ ਇਸਨੋਂ ਗਿਆਨ ਵਡ ਜਾਣੇ ਪਾਕਨ ਪਾਕ॥
ਆਪੇ ਬੰਧਨ ਬੰਧਿਆ ਆਪੇ ਲਏ ਨ ਜਾਤਿ॥

ਸਵਾਲ ਕਾਜ਼ੀ

ਰੁਕਨਲ ਪੁਛੇ ਨਾਨਕਾ ਸੋਚ ਸੁਣਾਵੇਂ ਬਾਤ॥
ਕਿਕੂੰ ਉਪਜਨ ਆਦਮੀ ਹੈਵਾਨਾਤ ਨਬਾਤ॥
ਮਰਕੇ ਰਲਦੇ ਖਾਕ ਨਾਲ ਰੂਹ ਕਿਥਾਉਂ ਜਾਇ॥
ਗੈਬੀ ਖਬਰ ਕੁਦਾਇ ਦੀ ਫੱਕਰ ਦੇਨ ਸੁਨਾਇ॥
ਕਰ ਤਦਬੀਰਾਂ ਸਭ ਲਿਖੇ ਬੇਦ ਕਤੇਬਾਂ ਭਾਰ॥
ਘੱਤ ਜੰਜੀਰਾਂ ਮਾਰਦੇ ਕਾਜ਼ੀ ਪੰਡਤ ਕਾਰ॥
ਮੋਇਆ ਕੋਈ ਨਾ ਆਇ ਜੋ ਖਬਰਾਂ ਦੇਵੇ ਆਇ॥
ਪੈਗੰਬਰਾਂ ਅਵਤਾਰ ਮਰ ਕੋਇ ਨ ਆਇ ਸੁਣਾਇ॥
ਖਤਰਾ ਮਨੋਂ ਨ ਉਤਰੈ ਬਿਨਾਂ ਫਕੀਰ ਅਲਾਹਿ॥
ਖਬਰ ਸੁਣਾ ਅੱਗ ਗੇੜ ਦੀ ਦੁਬਿਧਾ ਮਨੋਂ ਨਸਾਹਿ॥
(ਅਰਥ: ਨਬਾਤ- ਬਨਸਪਤੀ)

ਜਵਾਬ ਨਾਨਕ ਸ਼ਾਹ ਸੂਰਾ

ਨਾਨਕ ਆਖੇ ਰੁਕਨਦੀਨ ਸੱਚੀ ਦੇਹੁੰ ਸੁਨਾਇ॥
ਮਰ ਮਰ ਮਿਲ ਗਏ ਖਾਕ ਫਿਰ ਹੋਇ ਉਪੰਨੇ ਘਾਹਿ॥
ਮੇਵੇ ਅੰਨ ਨਿਆਮਤਾਂ ਹੋਵਨ ਗੁਨਾ ਗੁਨ ॥
ਖਾਣ ਚਰਿੰਦ ਪਰਿੰਦ ਮਨੁਖ ਉਸ ਤੋਂ ਉਪਜੇ ਖੂਨ॥
ਨੁਤਫਾ ਹੋਵੇ ਖੂਨ ਤੇ ਕਰ ਨਰ ਨਾਰੀ ਮੇਲ॥
ਉਪਜੇ ਸ੍ਰਿਸਟੀ ਬਿਨਸ ਹੈ ਰਚ ਰਾਖੀ ਪ੍ਰਭ ਖੇਲ॥
ਬੇਦ ਕਤੇਬਾਂ ਪੜੇ ਤੇ ਭੇਤ ਨ ਲੱਭੇ ਕੋਇ॥
ਮੁਰਸ਼ਦ ਭੇਦ ਬਤਾਇੰਦਾ ਦੁਬਿਧਾ ਦੇਂਦਾ ਖੋਇ॥
(ਅਰਥ: ਨੁਤਫਾ- ਵੀਰਜ)

ਸਵਾਲ ਕਾਜ਼ੀ

(ਮੈਂ ਮੰਨਿਆ ਤੈਨੂੰ ਪਰ ਮੈਨੂੰ ਦੱਸ ਕਿ ਰੱਬ ਕਿਥੇ ਬਰਾਜਮਾਨ ਹੈ। ਉਹਦੇ ਮਹਿਲ ਦੀ ਸ਼ਾਨ ਕਿਹੋ ਜਿਹੀ ਹੈ?)

ਰੁਕਨਲ ਆਖੇ ਨਾਨਕਾ ਦਰਗਹਿ ਦੀ ਸੋਝਾਇ॥
ਕੇਹਾ ਰੰਗ ਮਹੱਲ ਦਾ ਜਿਥੇ ਰਹੇ ਖੁਦਾਇ॥
ਛੱਜੇ ਛੱਤਾਂ ਬੁਰਜ ਘਰ ਕੇਹੇ ਲਗੇ ਚੁਕਾਠ॥
ਕੇਹਾ ਗਾਰਾ ਚੂਨੜਾ ਕਿਸ ਚਨਾਯਾ ਠਾਟ॥
ਸੂਰਤ ਕੌਣ ਮਹਲ ਦੀ ਕਿਉਂ ਕਰ ਹੋਇ ਦੀਦਾਰ॥
ਦਰ ਤੇ ਕੀ ਕੁਝ ਲਿਖਿਆ ਕੇੜ੍ਹਾ ਉਸ ਦਾ ਯਾਰ। ॥
ਕੇਹੜੀ ਸੁੰਨਤ ਪਾਈਏ ਕਰਕੇ ਕੌਣ ਨਮਾਜ॥
ਕੌਣ ਰਸੂਲ ਪੁਚਾਇੰਦਾ ਚਹੀਏ ਕੇਹੜਾ ਸਾਜ॥
ਸਭ ਨਿਸ਼ਾਨੀਆਂ ਦੇਹ ਖਾਂ ਤਾਂ ਤੂੰ ਅੱਵਲ ਫਕੀਰ॥
ਪੀਰਾਂ ਦੇ ਸਿਰ ਪੀਰ ਤੂੰ, ਮੀਰਾਂ ਦੇ ਸਿਰ ਮੀਰ॥

ਜਵਾਬ ਨਾਨਕ ਸ਼ਾਹ ਸੂਰਾ

(ਓਏ ਭਰਾਵਾ! ਇਹ ਸਰੀਰ ਹੀ ਰੱਬ ਦਾ ਮਹੱਲ ਹੈ। ਹਾਂ ਪਰ ਜਿੱਥੇ ਨਿਰੰਕਾਰ ਬਰਾਜਮਾਨ ਹੈ ਓਥੇ ਕਾਮ ਕ੍ਰੋਧ ਲੋਭ ਮੋਹ ਹੰਕਾਰ ਦਾ ਪਹਿਰਾ ਹੈ। ਨਾਮ ਜਪਣਾ ਤੇ ਸੱਚ ਤੇ ਪਹਿਰਾ ਦੇਣਾ ਹੀ ਉਹਨੂੰ ਪਾਉਣ ਦਾ ਰਾਹ ਹੈ)

ਨਾਨਕ ਆਖੇ ਰੁਕਨਦੀਨ ਦਰਗਹਿ ਦੀ ਸੁਧ ਲੇਹ॥
ਰੰਗਿ ਅਜਾਇਬ ਮਹਲ ਦਾ ਹੀਰੇ ਲਾਲ ਜੜੇ॥
ਆਫਤਾਬ ਮਹਿਤਾਬ ਲਖ ਰੋਸ਼ਨ ਬਲਨ ਮਸਾਲ॥
ਬਾਰਾਂ ਬੁਰਜ ਮਹੱਲ ਦੇ, ਨੌ ਦਰਵਾਜੇ ਨਾਲ॥
ਪਹਿਰੂ ਪੰਜ ਖਵਾਸ ਹੈਂ, ਕਾਰਕੁੰਨ ਪਾਚੀਸ॥
ਛੱਜੇ ਛੱਤ ਅਮੋਲਕਾ, ਮੀਨਾਕਾਰੀ ਦੀਸ॥
ਗਾਰਾ ਚੂਨਾ ਕੇਸਰੀ, ਅਰ ਚੰਦਨ ਚੋਕਾਨ॥
ਦੇਹਲ ਪਾਰਸ ਦੇ ਬਨੇ, ਥੱਜਰ ਦੇ ਕਾਪਾਟ॥
ਕਾਮਧੇਨ ਲਖ ਲਛਮੀ ਕਰਨ ਗੋਲੀਆਂ ਕਾਰ॥
ਰਿੱਧੀ ਸਿੱਧੀ ਨਵੇਂ ਨਿਧ, ਹਾਜ਼ਰ ਰਹੇ ਦੁਵਾਰ॥
ਬਾਵਨ ਕਿੰਗਰੇ ਕੋਟ ਦੇ, ਉਪਰ ਨੂਰ ਮਹੱਲ॥
ਸਤ ਸਮੁੰਦਰ ਖਾਈਆਂ, ਤਿਸ ਵਿਚ ਕਮਲ ਅਚੱਲ॥
ਇਕ ਮਹਿਲ ਦੋ ਬਾਰੀਆਂ, ਸ਼ਿਵ ਸ਼ਕਤੀ ਸੁਲਤਾਨ॥
ਨੂਰੀ ਬੈਠਾ ਬਾਦਸ਼ਾਹ, ਸੱਚ ਤਖਤ ਸੁਬਹਾਨ॥
ਗੈਬੀ ਵਾਜੇ ਵੱਜਦੇ, ਭਾਂਤਿ ਅਨੇਕ ਅਪਾਰ॥
ਰਾਗ ਰਾਗਨੀ ਗਾਂਵਦੇ ਅਧਭੁਤ ਸੁਰਾਂ ਉਚਾਰ॥
ਮੁਰਸ਼ਦ ਖੋਲ੍ਹ ਕਪਾਟ ਜਿਸ, ਹੋਸੀ ਤਿਸੇ ਦੀਦਾਰ॥
ਰਾਹ ਖੁਦਾਇ ਭੀਹਾਵਲਾ ਵਾਲਹ ਦਸਵੇਂ ਭਾਇ॥
ਹਾਥੀ ਜਾਇ ਨ ਸੱਕਨੀ ਕੀੜੀ ਪਹੁੰਚੇ ਜਾਇ॥
ਸੂਰਤ ਰੰਗ ਮਹਲ ਦੀ ਕੋਈ ਕਹਿ ਨ ਸਕਾਇ॥
ਦਰ ਤੇ ਏਹੋ ਲਿਖਿਆ ਇਕੋ ਪਾਕ ਖੁਦਾਇ॥
ਕੁਦਰਤਿ ਕਈ ਰਸੂਲ ਹੈਂ, ਯਾਰਾਂ ਅੰਤ ਨ ਕਾਇ॥
ਜਿਸ ਦੀ ਯਾਰੀ ਧੁਰ ਚੜੇ, ਸੋਈ ਪਹੁੰਚੇ ਜਾਇ॥
ਰਹਿਸਨ ਉਰੇ ਉੱਮਤਾਂ, ਨਾਲੇ ਨਬੀ ਰਸੂਲ॥
ਨਿਗੁਰੇ ਰਾਹ ਨ ਪਾਇਨੀ ਝੁਰਿ ਝੁਰ ਮਰਦੇ ਭੂਲ॥
ਸੱਚੀ ਸੁੰਨਤ ਬੰਦਗੀ, ਸੱਚ ਨਿਮਾਜ਼ ਕਰਾਇ॥
ਪਹੁੰਚੇ ਕੋਈ ਸੂਰਮਾ, ਨਾਨਕ ਅਮਲ ਕਮਾਇ॥
(ਆਫਤਾਬ- ਸੂਰਜ, ਮਹਿਤਾਬ-ਚੰਦ, ਖਵਾਸ-ਸੇਵਾਦਾਰ, ਗੈਬੀ- ਗੁਪਤ/ਲੁਕਿਆ)

ਸਵਾਲ ਹਾਜੀਆਂ

(ਹਾਜੀ ਕਹਿਣ ਲੱਗੇ ਕਿ ਜਿਹੜੇ ਹਜਰਤ ਮੁਹੰਮਦ ਸਾਹਿਬ ਦਾ ਕਲਮਾ ਪੜ੍ਹਦੇ ਨੇ, ਤੇ ਜਿੰਨਾਂ ਨੂੰ ਦਫਨਾਇਆ ਜਾਂਦਾ ਹੈ ਉਹ ਕਿਆਮਤ ਦੇ ਦਿਨ ਉੱਠ ਖੜੇ ਹੋਣਗੇ। ਪਰ ਆਹ ਹਿੰਦੂ ਲੋਕ ਜੋ ਹੈਨ ਇਨਾਂ ਨੂੰ ਬਹਿਸ਼ਤ ਕਿਥੇ ਨਸੀਬ? ਇਹ ਤਾਂ ਸਾੜ ਹੀ ਦਿੱਤੇ ਜਾਂਦੇ ਨੇ ਤੇ ਖਤਮ ਹੋ ਜਾਂਦੇ ਨੇ।)

ਹਾਜੀ ਆਖਣ ਨਾਨਕਾ ਲਿਖਿਆ ਵਿਚ ਕਿਤਾਬ ॥
ਹਿੰਦੂ ਜਲਦੇ ਹਾਵੀਏ, ਦੋਜਖ ਲਹਿਨ ਅਜ਼ਾਬ॥
ਉੱਮਤ ਪਾਕ ਮੁਹੰਮਦੀ, ਖਾਕੂ ਵਿਚ ਸਮਾਇ॥
ਅਜ਼ਰਾਈਨ ਫਰੇਸਤਾ ਜਦ ਫੂਕੇ ਕਰਨਾਇ॥
ਉਠਸਨ ਸੱਭੇ ਉੱਮਤੀ, ਜੈ ਖਾਕੂ ਸੰਗ ਸਮਾਇ॥
ਆਪ ਮੁਹੰਮਦ ਮੁਸਤਫਾ, ਬੈਠ ਹਿਸਾਬ ਕਰਾਇ॥
ਕਲਮਾ ਜਿਨਾਂ ਰਸੂਲ ਦਾ ਪੜਿਆ ਭਿਸਤੀ ਜਾਣ॥
ਕਲਮਾ ਜਿਨਾਂ ਨ ਜਾਣਿਆ ਸੋ ਦੋਜ਼ਖ ਵਿੱਚ ਪਾਣ॥

ਜਵਾਬ ਨਾਨਕ ਸ਼ਾਹ

(ਬਾਬੇ ਨੇ ਕਿਹਾ ਕਿ ਹਾਜੀਓ ਯਾਦ ਰੱਖੋ ਕਿ ਹਿੰਦੂ ਤਾਂ ਇੱਕ ਵਾਰ ਸੜ੍ਹਦੇ, ਮੁਸਲਮਾਨ ਬਾਰ ਬਾਰ ਸੜ੍ਹਦੇ ਨੇ। ਜਦੋਂ ਇਹ ਦਫਨਾਏ ਜਾਂਦੇ ਨੇ ਤਾਂ ਮਿੱਟੀ ਨਾਲ ਮਿੱਟੀ ਹੋ ਜਾਂਦੀ ਹੈ। ਇਸ ਮਿੱਟੀ ਤੋਂ ਕਦੀ ਘੁਮਿਆਰ ਭਾਂਡੇ ਬਣਾਉਦੇ ਤੇ ਸਾੜਦੇ ਨੇ। ਅਨੇਕਾਂ ਵਾਰ, ਵਾਰ ਇਸ ਮਿੱਟੀ ਤੋਂ ਬਨਾਸਪਤੀ ਪੈਦਾ ਹੁੰਦੀ ਹੈ। ਜਾਨਵਰ ਖਾਂਦੇ ਜਾਂ ਅੰਤ ਨੂੰ ਸਾੜ ਦਿੱਤੀ ਜਾਂਦੀ ਹੈ। ਲਕੜੀ ਤਾਂ ਅੰਤ ਨੂੰ ਸੜਦੀ ਹੀ ਹੈ। ਬਨਾਸਪਤੀ ਤੋਂ ਫਿਰ ਜਿਹੜਾ ਜਾਨਵਰ ਪੈਦਾ ਹੁੰਦਾ ਹੈ ਉਹ ਵੀ ਅੰਤ ਨੂੰ ਸੜ੍ਹਦਾ ਹੈ। ਸੋ ਭਾਈਓ ਸਾੜਿਆ ਜਾਵੇ ਜਾਂ ਦੱਬਿਆ ਜਾਵੇ ਅੰਤ ਨੂੰ ਉਸ ਨੇ ਕਿਸੇ ਵੀ ਤਰੀਕੇ ਪੰਜਾਂ ਤੱਤਾਂ ਵਿਚ ਸ਼ਾਮਲ ਹੋ ਜਾਣਾ ਹੈ। ਇਹ ਮੌਲਾਣੇ ਤੇ ਬ੍ਰਾਹਮਣ ਐਵੇਂ ਲੋਕਾਂ ਨੂੰ ਬੁਧੂ ਬਣਾਉਦੇ ਰਹਿੰਦੇ ਨੇ।)

ਨਾਨਕ ਅਖੇ ਹਾਜੀਓ ਸੱਚਾ ਸੁਣੋ ਵਿਚਾਰ॥
ਹਿੰਦੂ ਜੰਮਦੇ ਇੱਕ ਵਾਰ ਮੁਸਲਮਾਨ ਬਹੁ ਵਾਰ॥
ਇੱਟਾਂ ਭਾਂਡੇ ਹੋਇ ਕੇ ਜਲਸ਼ਨ ਆਵਿਆ ਮਾਂਹਿ॥
ਟੁੱਟੇ ਛੁੱਟੇ ਖਾਕ ਮਿਲ ਹੋਇ ਬਨਸਪਤਿ ਵਾਹਿ॥
ਜਿਤਨੀ ਖਾਕ ਜਮੀਨ ਪਰ ਸਭੋ ਮੁਸਲਮਾਨ॥
ਖਾਕੋਂ ਰੂਹਾਂ ਹੋਵਨੀ ਬਨਸਪਤੀ ਹੈਵਾਨ॥
ਕਟ ਕਟ ਫੇਰ ਜਲਾਈਅਨਿ, ਲਕੜੀ ਹੋਇ ਅੰਗਾਰ॥
ਖਾਵਨ ਮਾਰ ਹੈਵਾਨ ਕੋ, ਕਰ ਦਰਿੰਦ ਸ਼ਿਕਾਰ॥
ਮੈਲ ਹੋਣਿ ਕੇ ਖਾਕ ਵਿੱਚ, ਏਵੇਂ ਨਿੱਤ ਸਮਾਇ॥
ਬਾਰ ਬਾਰ ਇਸ ਤੋਰ ਹੀ, ਜਲ ਬਲ ਖਾਕ ਮਿਲਾਇ॥
ਮੂਸਾਈ, ਈਸਾਈਆਂ, ਪਾਰਸੀਆਂ ਜਹੂਦ॥
ਰਹਿਸਨ ਰੂਹਾਂ ਖਾਕ ਵਿੱਚ ਏਨ੍ਹਾਂ ਸਦਾ ਅਲੂਦ॥
ਰੂਹ ਨ ਹਿੰਦੂ ਕਿਸੇ ਦੀ ਰੈਹੈ ਵਿੱਚ ਜਮੀਨ॥
ਉਪਜੇ ਖਪੇ ਨ ਸੋ ਕਦੇ ਚੁੱਸੇ ਵਿੱਚ ਰਹੀਨ॥
ਕਿਥੇ ਮੁਹੰਮਦ ਮੁਸਤਫਾ ਕਿੱਥੇ ਚਾਰੋਂ ਯਾਰ॥
ਕਹਾ ਇਮਾਮ ਖਾਂਨਵਾਦੜੇ ਗੌਂਸ ਕੁਤਬ ਸਾਲਾਰ॥
ਜੁੱਸਾ ਰਿਹਾ ਨ ਕਿਸੇ ਦਾ, ਰਲ ਗਏ ਸੱਭੇ ਖਾਕ॥
ਸੜਦੇ ਵਿਚ ਪਜਾਵਿਆਂ, ਰੱਬ ਰਿਹਾ ਇੱਕ ਪਾਕ॥
ਜੋ ਪੈਦਾਇਸ਼ ਖਾਕ ਦੀ, ਖਾਕੀ ਜੁੰਸੇ ਆਹਿ॥
ਹਿੰਦੂ ਮੁਸਲਮਾਨ ਸਭ ਅੰਤੇ ਖਾਕ ਮਿਲਾਹਿ॥
ਰਹਿੰਦੇ ਰੂਹ ਇਮਾਨਤੀ ਲੱਖ ਚੁਰਾਸੀ ਮਾਹਿ॥
ਲੱਖ ਚੁਰਾਸੀ ਮੇਦਨੀ ਘਟੇ ਨ ਵਧੇ ਕਦਾਹਿ॥
ਪੰਡਤ ਕਾਜ਼ੀ ਅੰਧਲੇ ਚੱਲਣ ਭੇਡਾਂ ਚਾਲ॥
ਲੋਕਾਂ ਨੂੰ ਬਹਿਕਾਇ ਕੇ ਕਰਦੇ ਗੁਜ਼ਰ ਸੰਭਾਲ॥
ਜੇ ਸੋ ਅੰਧ ਸੁਣਾਈਏ ਭਿਜੇ ਨਚਿੱਤ ਕਠੋਰ॥
ਖੁਦੀ ਤਕੱਬਰੀ ਕਰ ਮੁਏ ਲਹਨਿ ਸਜ਼ਾਈਂ ਚੋਰ॥
ਸੱਚ ਛਿਪਾਇਆ ਉਨ੍ਹੇ ਨੇ, ਜ਼ਾਹਰ ਕੀਤੇ ਕੂੜ॥
ਏਨ੍ਹਾਂ ਪਿਛੇ ਲੱਗ ਰਹੇ, ਜੀਵ ਅਗਿਆਨੀ ਮੂੜ॥

ਇਸ ਪ੍ਰਕਾਰ ਆਪਣੇ ਸਾਰੇ ਸ਼ੰਕੇ ਨਿਵ੍ਰਤ ਹੋਣ ਤੇ,ਕਾਜੀ ਰੁਕਨੁਦੀਨ ਗੁਰੂ ਦਾ ਸਿੱਖ ਬਣ ਗਇਆ। ਮੱਕੇ ਸ਼ਹਿਰ ਵਿੱਚ ਸਿੱਖੀ ਦਾ ਮਸੰਦ ਥਾਪਿਆ ਗਇਆ । ਇਤਹਾਸਿਕ ਸ੍ਰੋਤਾਂ ਵਿੱਚ ਇਹ ਵੀ ਆਉਦਾ ਹੈ ਕਿ ਉਥੇ ਇਨਾਂ ਨੇ ਆਪਣੀ ਵੱਖਰੀ ਮਸੀਤ ਵੀ ਬਣਾ ਲਈ ਸੀ। ਇਥੇ ਗੁਰੂ ਸਾਹਿਬ ਦਾ ਲਗ ਪਗ ਓਹੋ ਜਿਹਾ ਮਰਤਬਾ ਸੀ ਜਿਸ ਤਰਾਂ ਸ਼ੇਖ ਫਰੀਦ ਜਾਂ ਹੋਰ ਕਿਸੇ ਉਘੇ ਵਲੀ ਦਾ ਹੋ ਸਕਦਾ ਸੀ।

ਗੋਸ਼ਟਿ ਅਤੇ ਜਨਮਸਾਖੀਆਂ ਅਨੁਸਾਰ ਗੁਰੂ ਸਾਹਿਬ ਇਥੇ ਮੱਕੇ ਵਿਚ ਇਕ ਸਾਲ ਰਹੇ। ◘

—▲—

ਪੈੜ ਸਫਾ

ਖਤਨਾ ਕਰਨਾਂ ਅਤੇ ਮੁਸਲਮਾਨ ਦਾਹੜੀ ਰਖਦੇ, ਪਰ ਮੁੱਛਾਂ ਕਿਓ ਮੁੰਨਦੇ?

*** ਖਤਨਾ ਦੀ ਰਸਮ ਇਬਰਾਹੀਮ ਤੋਂ ਸ਼ੁਰੂ ਹੋਈ- ਮੁਸਲਮਾਨ ਆਪਣੇ ਲਿੰਗ ਦਾ ਅਗਲਾ ਮਾਸ ਕੱਟ ਦਿੰਦੇ ਹਨ। ਇਸ ਨੂੰ ਸੁੰਨਤ ਬਹਾਉਣਾ ਜਾਂ ਖਤਨਾ ਕਰਨਾ ਕਿਹਾ ਜਾਂਦਾ ਹੈ। ਵੱਡੇ ਹੋਣ ਤੇ ਮੁਸਲਮਾਨ ਨੂੰ ਆਪਣੀਆਂ ਮੁੱਛਾਂ ਵੀ ਕੱਟਣੀਆਂ ਪੈਂਦੀਆਂ ਹਨ। ਉਹਦਾ ਕਾਰਨ ਕੁਝ ਇਸ ਤਰਾਂ ਹੈ:-

ਕਾਬੇ ਦੇ ਬਾਨੀ ਪੈਗੰਬਰ ਇਬਰਾਹੀਮ ਦੀ ਪਹਿਲੀ ਔਰਤ ਸਾਰਾਹ ਸੀ। ਸਾਰਾਹ ਕਿਸੇ ਰਸੂਖ ਵਾਲੇ ਦਰਵੇਸ਼ ਦੀ ਧੀ ਸੀ। ਸਾਰਾਹ ਦੇ ਕਾਫੀ ਸਮੇ ਤੱਕ ਔਲਾਦ ਨਾਂ ਹੋਈ। ਆਖਿਰ ਸਾਰਾਹ ਦੀ ਮਰਜੀ ਨਾਲ ਇਬਰਾਹੀਮ ਨੇ ਹਾਜਿਰਾ ਨਾਂ ਦੀ ਗੋਲੀ ਨਾਲ ਨਿਕਾਹ ਕਰ ਲਿਆ, ਜਿਸ ਤੋਂ ਪੁੱਤਰ ਇਸਮਾਈਲ ਪੈਦਾ ਹੋਇਆ। ਬਾਦ ਵਿੱਚ ਸਾਰਾਹ ਦੇ ਵੀ ਓਲਾਦ ਹੋ ਗਈ ਤੇ ਪੁੱਤਰ ਇਸਹਾਕ ਜੰਮਿਆ। ਕਿਉਕਿ ਸਾਰਾਹ ਦਾ ਵੱਡਾ ਅਸਰ ਰਸੂਖ ਸੀ ਉਸ ਨੇ ਇਬਰਾਹੀਮ ਤੋਂ ਵਾਇਦਾ ਲਿਆ ਕਿ ਕਿਉਕਿ ਹੁਣ ਮੇਰੇ ਔਲਾਦ ਹੋ ਗਈ ਉਹ ਹਾਜਿਰਾ ਨਾਲ ਕੋਈ ਸਬੰਧ ਨਹੀ ਰੱਖੇਗਾ। ਇਬਰਾਹੀਮ ਨੇ ਵਾਇਦਾ ਦਿੱਤਾ ਕਿ ਮੈਂ ਹਾਜਿਰਾ ਨੂੰ ਕਦੀ ਛੂੰਹਾਗਾ ਵੀ ਨਹੀ ਤੇ ਜੇ ਛੂਹਾਂਗਾ ਤਾਂ ਮੇਰਾ ਉਹ ਅੰਗ ਵੱਢ ਦਿੱਤਾ ਜਾਵੇ ਜਿਹੜਾ ਹਾਜਿਰਾ ਨੂੰ ਛੂਹੇ।

ਇਬਰਾਹੀਮ ਫਿਰ ਹਾਜਿਰਾ ਤੇ ਉਸ ਦੇ ਪੁੱਤਰ ਨੂੰ ਘਰੋਂ ਕੱਢ ਕੇ ਦੂਰ (ਜਿਥੇ ਬਾਦ ਵਿੱਚ ਮੱਕਾ ਬਣਦਾ ਹੈ) ਛੱਡ ਆਇਆ। ਵਕਤ ਪਾ ਕੇ ਇਬਰਾਹੀਮ ਨੇ ਫਿਰ ਹਾਜਰਾ ਤੇ ਇਸਮਾਈਲ ਵਲ ਫੇਰਾ ਪਾਇਆ ਤੇ ਹਾਜਰਾ ਨਾਲ ਸਰੀਰਕ ਸਬੰਧ ਵੀ ਬਣਾਏ।

ਇਸ ਗੱਲ ਦਾ ਸਾਰਾਹ ਨੂੰ ਪਤਾ ਲੱਗ ਗਇਆ ਤੇ ਗੱਲ ਸਾਬਤ ਵੀ ਹੋ ਗਈ। ਫਿਰ ਵਾਇਦੇ ਮੁਤਾਬਿਕ ਇਬਰਾਹੀਮ ਨੂੰ ਸਜਾ ਦੇਣੀ ਸੀ। ਪਰ ਸਾਰਾਹ ਇਬਰਾਹੀਮ ਨੂੰ ਮੁਹੱਬਤ ਵੀ ਕਰਦੀ ਸੀ ਤੇ ਉਸ ਨੇ ਇਬਰਾਹੀਮ ਦਾ ਲਿੰਗ ਵੱਢਣਾ ਠੀਕ ਨਾਂ ਸਮਝਿਆ। ਲਿੰਗ ਦਾ ਅਗਲਾ ਮਾਸ ਤੇ ਨਾਲ ਲਗਦੇ ਵਾਲ ਕੱਟ ਕੇ ਰਸਮੀ ਸਜਾ ਦਿੱਤੀ ਤੇ ਉਨਾਂ ਅੰਗਾਂ ਦੇ ਵਾਲ ਵੀ ਕੱਟ ਦਿੱਤੇ ਜਿਹੜੇ ਜਾਹਿਰਾ ਨੂੰ ਛੂਹੇ ਸਨ। ਜੀਭ ਤੇ ਬੁੱਲ ਕੱਟਣ ਦੇ ਬਿਜਾਏ ਇਬਰਾਹੀਮ ਦੀਆਂ ਮੁੱਛਾਂ ਕੱਟ ਦਿੱਤੀਆਂ। ਇਸ ਰਸਮ ਨੂੰ ਖਤਨਾ ਕਿਹਾ ਗਿਆ।

ਪਰ ਇਬਰਾਹੀਮ ਦੇ ਮੁਰੀਦ ਉਨੂੰ ਜਾਨੋਂ ਵੱਧ ਚਾਹੁੰਦੇ ਸਨ। ਇਬਰਾਹੀਮ ਦੀ ਹਾਲਤ ਵੇਖ ਓਨਾਂ ਆਪਣੇ ਵੀ ਓਹੋ ਕੁਝ ਕਰ ਲਿਆ ਜੋ ਇਬਰਾਹੀਮ ਨਾਲ ਹੋਇਆ ਸੀ। ਸ਼ਰਧਾਲੂਆਂ ਵਿੱਚ ਇਹ ਰਸਮ ਹੀ ਚਲ ਪਈ।

ਕਿਉਕਿ ਇਬਰਾਹੀਮ ਯਹੂਦੀ, ਈਸਾਈਮਤ ਤੇ ਇਸਲਾਮ ਦਾ ਸਾਂਝਾ ਪੈਗੰਬਰ ਹੈ ਇਸ ਕਰਕੇ ਇਹ ਰਸਮ ਯਹੂਦੀ ਤੇ ਈਸਾਈਆਂ ਵਿੱਚ ਵੀ ਚਲਦੀ ਆਈ ਹੈ। ਪਰ ਈਸਾਈਮਤ ਦੇ ਧਾਰਮਿਕ ਵਿਦਵਾਨਾਂ ਨੇ ਇਹ ਰਸਮ ਫਜੂਲ ਸਮਝੀ ਤੇ ਇਨੂੰ ਬੰਦ ਕਰਵਾ ਦਿੱਤਾ। ਫਿਰ ਵੀ ਐਬੇਸੀਨੀਆਂ ਦੇ ਕੱਟੜ ਈਸਾਈਆਂ ਨੇ ਇਹ ਰਸਮ ਅੱਜ ਤੱਕ ਜਾਰੀ ਰੱਖੀ ਹੋਈ ਹੈ। (ਸਰੋਤ ਮਹਾਨ ਕੋਸ਼-125, ਮਨੀ ਸਿੰਘ-129)

ਗੁਰਬਾਣੀ ਵਿੱਚ ਵੀ ਦਰਜ ਹੈ ਕਿਵੇ ਭਗਤ ਕਬੀਰ ਸਾਹਿਬ ਨੇ ਇਸ ਖਤਨੇ ਦੀ ਰਸਮ ਤੇ ਮੁਸਲਮਾਨਾਂ ਨੂੰ ਤਾਹਨਾ ਮਾਰਿਆ ਹੈ:-

ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ ॥ ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ ॥੨॥ ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ ॥ ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ ॥੩॥

ਸੋ ਸਿਰਫ਼ ਸੁੰਨਤ ਕੀਤਿਆਂ ਹੀ ਮੁਸਲਮਾਨ ਬਣ ਸਕੀਦਾ ਹੈ, ਤਾਂ ਔਰਤ ਦੀ ਸੁੰਨਤ ਤਾਂ ਹੋ ਹੀ ਨਹੀਂ ਸਕਦੀ। ਵਹੁਟੀ ਮਨੁੱਖ ਦੇ ਜੀਵਨ ਦੀ ਹਰ ਵੇਲੇ ਦੀ ਸਾਂਝੀਵਾਲ ਹੈ, ਇਹ ਤਾਂ ਕਿਸੇ ਵੇਲੇ ਸਾਥ ਛੱਡਦੀ ਨਹੀਂ । ਸੋ, ਅਧਵਾਟੇ ਰਹਿਣ ਨਾਲੋਂ ਹਿੰਦੂ ਟਿਕੇ ਰਹਿਣਾ ਹੀ ਚੰਗਾ ਹੈ ।3।(ਪਾਠਕ ਇਹ ਮਤ ਸਮਝ ਲੈਣ ਕਿ ਕਬੀਰ ਸਾਹਿਬ ਹਿੰਦੂ ਸਨ। ਸ਼ਬਦ ਦਾ ਭਾਵ ਸਮਝਿਆ ਜਾਵੇ।)

◘ ਗੋਸ਼ਟਿ- 167 ਵਿੱਚ ਲਿਖਿਆ ਹੈ ਕਿ ਗੁਰੂ ਸਾਹਿਬ ਇੱਕ ਸਾਲ ਮੱਕੇ ਰਹੇ। ਸਾਲ ਰਹਿਣ ਦੀ ਕੋਈ ਤੁੱਕ ਨਹੀ ਬਣਦੀ। ਓਦੋਂ ਹਿੰਦੁਸਤਾਨ ਤੋਂ ਬਾਹਰ ਉਹ ਸਾਲ ਰਹੇ ਸਨ।

**** ਗਿਆਨੀ- ਨੇ ਲਿਖਿਆ ਹੈ ਕਿ ਗੁਰੂ ਸਾਹਿਬ ਯਮਨ ਦੇ ਬੰਦਰਗਾਹ ਸ਼ਹਿਰ ਅਦਨ ਵੀ ਗਏ। ਜਦੋਂ ਕਿ ਜਨਮ ਸਾਖੀਆਂ ਅਤੇ ਗੋਸ਼ਟਿ ਵਿੱਚ ਕਿਤੇ ਵੀ ਅਦਨ ਦਾ ਜਿਕਰ ਨਹੀ ਮਿਲਦਾ। ਗਿਆਨੀ ਨੇ ਲਿਖਿਆ ਹੈ ਕਿ ਅਦਨ ਦਾ ਮਸੀਤ ਰੂਪੀ ਗੁਰਦੁਆਰਾ ਬੰਦਰ ਤੋਂ ਹੀ ਨਜਰ ਆਉਦਾ ਹੈ। ਦਰ ਅਸਲ ਅਦਨ ਵੀ ਬੁਖਾਰੇ ਵਾਗੂ ਬਹੁਤ ਹੀ ਮਹੱਤਵਪੂਰਨ ਵਪਾਰਕ ਕੇਂਦਰ ਰਿਹਾ ਹੈ। ਜਿੱਥੇ ਸੈਕੜੇ ਪੰਜਾਬੀ ਅਤੇ ਸਿੰਧੀ ਵਪਾਰੀ ਬੈਠੇ ਹੋਏ ਸਨ। ਹੋ ਸਕਦਾ ਇਨਾਂ ਸ਼ਰਧਾਲੂਆਂ ਨੇ ਇਥੇ ਧਰਮਸਾਲ ਬਣਾਈ ਹੋਵੇ।

● ਪਟਿਆਲੇ ਦੇ ਗੁਰਸਿੱਖ ਲਿਖਾਰੀ ਕੰਵਰ ਅਜੀਤ ਸਿੰਘ ਨੇ ਸਾਨੂੰ **ਸੰਤ ਸੱਯਦ ਪ੍ਰਿਤਪਾਲ ਸਿੰਘ** (ਪਹਿਲਾਂ ਸਯੱਦ ਮੁਸ਼ਤੈਕ ਹੁਸੈਨ) ਦਾ ਲਿਖਿਆ ਪਰਚਾ ਭੇਜਿਆ ਹੈ। ਇਸ ਬਾਬਤ ਇੰਟਰਨੈੱਟ ਤੇ ਹੋਰ ਵੀ ਕਈ ਥਾਂਈ ਇੰਦਰਾਜ ਸਾਡੀ ਨਿਗਾਹ ਵਿਚ ਪਏ ਹਨ। ਸਾਡੀ ਗੁਰਸਿੱਖਾਂ ਨੂੰ ਸਲਾਹ ਹੈ ਕਿ ਇਸ ਲਿਖਤ ਨੂੰ ਜਿਆਦਾ ਅਹਿਮੀਅਤ ਨਾਂ ਦਿਤੀ ਜਾਵੇ ਕਿਉਕਿ ਸੱਚ ਦੀ ਕਸੌਟੀ ਤੇ ਇਹ ਖਰੀ ਨਹੀ ਉਤਰ ਰਹੀ। ਅਜਿਹੀਆਂ ਲਿਖਤਾਂ ਫਿਰ ਕਦੀ ਨਮੋਸ਼ੀ ਦਾ ਕਾਰਨ ਵੀ ਬਣ ਜਾਂਦੀਆਂ ਹਨ।

ਬਾਬ-62

ਮਦੀਨੇ ਦੇ ਕੌਤਕ ਤੇ ਬਸਰਾ, ਸ਼ਾਓਸ਼ਤਰ ਜਾਣਾ

ਜਦੋ ਬਾਬਾ ਜੀ ਨੂੰ ਮੱਕੇ ਰਹਿੰਦਿਆਂ ਦੋ ਕੁ ਮਹੀਨੇ+ ਹੋ ਗਏ ਅਤੇ ਜਿਵੇ ਫਿਰ ਮੱਕੇ ਵਿਚ ਰੌਣਕਾਂ ਘਟੀਆਂ ਤਾਂ ਮਰਦਾਨੇ ਨੇ ਤਾਨਾ ਮਾਰ ਦਿੱਤਾ, "ਬਾਬਾ ਕਿਤੇ ਮੱਕੇ ਵਿਚ ਹੀ ਤਾਂ ਨਹੀ ਆਪਣਾ ਮਕਾਮ ਬਣਾਉਣ ਦਾ ਇਰਾਦਾ?" ਗੁਰੂ ਸਾਹਿਬ ਮਰਦਾਨੇ ਦਾ ਇਸ਼ਾਰਾ ਸਮਝ ਗਏ ਤੇ ਛੇਤੀ ਹੀ (ਅਗੱਸਤ 1531) ਮਦੀਨੇ ਵਲ ਕੂਚ ਕਰ ਦਿੱਤਾ। 10 ਵੇਂ ਦਿਨ ਮਦੀਨੇ ਪਹੁੰਚ ਗਏ।◆

ਮਸਜਦ ਨਬੀ, ਮਦੀਨਾ। ਇਹ ਵੀ ਪਹਿਲਾਂ ਕਾਬੇ ਵਾਙੂ ਖੁੱਲੀ ਮਸੀਤ ਹੀ ਹੁੰਦੀ ਸੀ। ਭਾਵ ਬਿਨਾਂ ਛੱਤ ਦੇ। ਅੱਜ ਮਾਡਰਨ ਤਕਨਾਲੌਜੀ ਨਾਲ ਲੈਸ ਇਹ ਮਸੀਤ ਵੇਖਣੀ ਬਣਦੀ ਹੈ। ਖੱਬੇ ਹੱਥ ਜਿਹੜੇ ਖੁੱਲੀ ਥਾਂ ਤੇ ਥੰਮ ਨਜਰ ਆ ਰਹੇ ਨੇ ਇਹ ਆਟੋਮੈਟਿਕ ਛੱਤਰੀਆਂ ਨੇ ਜੋ ਧੁੱਪ ਅਤੇ ਮੀਂਹ ਵੇਲੇ ਆਪ ਮੁਹਾਰੇ ਖੁੱਲਦੀਆਂ ਨੇ। ਇਸ ਇਮਾਰਤ ਤੇ ਆ ਕੇ ਅਰਬਾਂ ਦੇ ਪੈਟਰੋਲ ਵਾਲੇ ਡਾਲਰ ਆਪ ਮੁਹਾਰੇ ਛਲਕਦੇ ਨੇ। ਹਜਰਤ ਮੁਹੰਮਦ ਨੇ ਸਾਦਗੀ ਸਿਖਾਈ ਸੀ। ਇਥੋਂ ਤਕ ਕਿਹਾ ਸੀ ਕਿ ਮੇਰੀ ਕਬਰ ਵੀ ਪੱਕੀ ਨਾਂ ਬਣਾਉਣਾ। ਪਰ ਮੁਸਲਮਾਨਾਂ ਨੇ ਮਿੱਟੀ ਦੇ ਢੇਰ ਦੁਆਲੇ ਹੀ ਸੰਗ ਮਰਮਰ ਜੜ੍ਹ ਦਿਤਾ ਹੈ। ਖੈਰ ਹਰ ਮਜ਼ੂਬ ਦੇ ਸ਼ਰਧਾਲੂ ਇਵੇ ਹੀ ਕਰਦੇ ਨੇ।

ਮਦੀਨਾ- ਮਦੀਨਾ ਮੱਕੇ ਦੇ ਪਹਾੜ ਪਾਸੇ ਨੱਕ ਦੀ ਸੇਧ ਤੇ 350 ਕਿ. ਮੀ (ਸੜਕ ਰਾਂਹੀ 500 ਕਿ. ਮੀ.) ਹੈ। ਗੁਰੂ ਸਾਹਿਬ ਦੀ ਯਾਤਰਾ ਵੇਲੇ ਸਾਧਨ ਊਠ ਸਨ। ਉਂਜ ਬਹੁਤੇ ਸ਼ਰਧਾਲੂ ਪੈਦਲ ਹੀ ਜਾਇਆ ਕਰਦੇ ਸਨ। ਹਾਲਾਂ ਅਮੀਰ ਲੋਕ ਜੱਦਾ ਜਾ ਕੇ ਓਥੇ ਸਮੁੰਦਰ ਰਸਤੇ ਵੀ ਜਾਂਦੇ ਸਨ ਜਿਸ ਕਾਰਨ ਪੈਦਲ ਸਫਰ ਅੱਧਾ ਹੀ ਰਹਿ ਜਾਂਦਾ ਹੈ। ਮੱਕੇ ਦੇ ਮੁਕਾਬਲੇ ਮਦੀਨਾ ਥੋੜਾ ਹਰਿਆ ਭਰਿਆ ਹੈ, ਜਿੱਥੇ ਪਾਣੀ ਦੀ ਕਮੀ ਨਹੀ ਹੈ।

ਇਥੇ ਮਸਜਦ ਐਨ ਨਬੀਵੀ ਹੈ ਜਿੱਥੇ ਹਜਰਤ ਮੁਹੰਮਦ ਸਾਹਿਬ ਨੂੰ ਦਫਨਾਇਆ ਗਇਆ ਸੀ। ਮਦੀਨਾ ਵਿਖੇ ਹੀ ਮੁਹੰਮਦ ਸਾਹਿਬ ਦੀ ਧੀ ਫਾਤਿਮਾ, ਦੋਹਤੇ ਹਸਨ ਤੇ ਸੌਹੁਰੇ ਅਬੂ ਬਕਰ ਦੀਆਂ ਕਬਰਾਂ ਹਨ।

ਮੁਹੰਮਦ ਸਾਹਿਬ ਦੇ ਵੇਲੇ ਦੀਆਂ ਇਥੇ ਤਿੰਨ ਮਸੀਤਾਂ ਹਨ।

ਮੱਕੇ ਵਾਗੂ ਮਦੀਨੇ ਦਾ ਅੰਦਰੂਨ ਹਿੱਸਾ ਵੀ ਗੈਰ ਮੁਸਲਮਾਨਾਂ ਦੇ ਦਾਖਲੇ ਲਈ ਮਨਾ ਹੈ। ਹਾਲਾਂ ਬਾਕੀ ਸ਼ਾਹਿਰ ਵਿਚ ਗੈਰ ਮੁਸਲਮਾਨਾਂ ਦੇ ਦਾਖਲੇ ਤੇ ਪਾਬੰਦੀ ਨਹੀ ਹੈ।

ਨਬੀ ਵਾਲੀ ਮਸੀਤ ਦੇ ਦਰਵਾਜੇ ਤੇ ਜਾ ਬੈਠਾ ਬਾਬਾ

ਉਹ ਮਸੀਤ ਜਿੱਥੇ ਹਜਰਤ ਮੁਹੰਮਦ ਦੀ ਕਬਰ ਹੈ ਦੇ ਦਰਵਾਜੇ ਦੇ ਕੋਲ ਇਕ ਪਾਸੇ ਗੁਰੂ ਸਾਹਿਬ ਤੇ ਮਰਦਾਨੇ ਨੇ ਕੀਰਤਨ ਅਰੰਭ ਦਿੱਤਾ।* ਮਰਦਾਨੇ ਦੀ ਰਬਾਬ ਦੀ ਸੁਰੀਲੀ ਧੁੰਨ ਨੇ ਲੋਕਾਂ ਦਾ ਧਿਆਨ ਖਿਚਿਆ ਪਰ ਕਲਾਮ ਉਨਾਂ ਨੂੰ ਸਮਝ ਨਹੀ ਆਇਆ। ਸੰਗੀਤ ਮੌਸੀਕੀ ਤਾਂ ਉਂਜ ਵੀ ਇਸਲਾਮ ਵਿਚ ਹਰਾਮ ਹੈ ਤੇ ਮਨਾ ਹੈ। ਇਸ ਤੇ ਕਿਸੇ ਕੱਟੜ ਨੇ ਕਹਿ ਦਿੱਤਾ ਇਹ ਕੋਈ ਕਾਫਰ ਮੰਗਤੇ ਨੇ। ਫਿਰ ਕੀ ਸੀ ਓਥੇ ਸਾਰਿਆਂ ਨੇ ਇੱਟੇ ਰੋੜੇ ਚੁੱਕ ਲਏ, ਗੁਰੂ ਸਾਹਿਬ ਤੇ ਮਰਦਾਨੇ ਨੂੰ ਮਾਰਨ ਲਈ। ਇਕ ਰੋੜਾ ਆ ਠਾਹ ਕਰਦਾ ਮਰਦਾਨੇ ਦੀ ਰਬਾਬ ਤੇ ਵੱਜਾ। "ਹੁਣ ਮਰੇ ਬਾਬਾ," ਮਰਦਾਨਾ ਚੀਕ ਉਠਿਆ। ਹੁਲੜਬਾਜ ਖੂਬ ਹੱਸੇ।

ਗੁਰੂ ਸਾਹਿਬ ਨੇ ਦੰਗਈਆਂ ਵਲ ਜਿਵੇ ਪਿਆਰ ਭਰੀ ਨਿਗਾਹ ਮਾਰੀ ਉਨਾਂ ਦੇ ਪੱਥਰ ਰੋੜੇ ਓਥੇ ਹੀ ਖਲੋ ਗਏ। ਰੋੜੇ ਹੱਥਾਂ ਨਾਲ ਹੀ ਚੰਬੜ ਗਏ।

ਇਹ ਕੌਤਕ ਜਿਵੇ ਹੋਇਆ ਸ਼ਹਿਰ ਵਿਚ ਰੌਲਾ ਪੈ ਗਿਆ। ਗੱਲ ਇਮਾਮਾਂ ਤੱਕ ਵੀ ਪਹੁੰਚ ਗਈ। ਇਥੋਂ ਦਾ ਇਮਾਮ ਹਜਰਤ ਅਲੀ ਦੀ ਔਲਾਦ ਵਿਚੋਂ ਸੀ। ਓਨੀ ਦਿਨੀ ਮਸੀਤ ਦੇ ਨੇੜੇ ਨੇੜੇ ਹੀ ਪ੍ਰਬੰਧਕਾਂ ਤੇ ਕਾਜੀਆਂ ਮੌਲਾਣਿਆਂ ਦੇ ਘਰ ਹੁੰਦੇ ਸਨ। ਸਭ ਕਾਜੀ, ਮੁੱਲਾਂ, ਫਜ਼ਲਾ, ਪੀਰ, ਫਕੀਰ ਬਾਹਰ ਨਿਕਲ ਆਏ। ਇਮਾਮ ਕਮਾਲਦੀਨ, ਜਮਾਲਦੀਨ, ਕੁਤਬਦੀਨ, ਗਾਉਂਸਦੀਨ, ਕਰਮਦੀਨ, ਜਾਫਰ, ਸਾਫੀ ਸਭ ਅਚੰਭਿਤ ਹੋਏ ਵੇਖ ਰਹੇ ਸਨ। ਮੌਸੀਕੀ! ਤੇ ਉਹ ਵੀ ਹਜਰਤ ਦੀ ਦਰਗਾਹ ਦੇ ਕੋਲ!

ਬਾਬਾ ਤੇ ਮਰਦਾਨਾ ਆਪਣੀ ਮਸਤੀ ਵਿਚ ਗਾਈ ਜਾ ਰਹੇ ਸਨ। ■

ਹਜਰਤ ਮੁਹੰਮਦ ਦੇ ਘਰ ਦੀਆਂ ਨੀਹਾਂ। ਹੇਠਾਂ ਪੁਰਾਤਤ ਵਾਲਿਆ ਉਸ ਵੇਲੇ ਦਾ ਘਰ ਦਾ ਕੁਝ ਸਮਾਨ ਇਕੱਠਾ ਕੀਤਾ ਹੈ ਤਾਂ ਕਿ ਮੌਜੂਦਾ ਪੀੜੀਆਂ ਨੂੰ ਪਤਾ ਲਗ ਸਕੇ ਕਿ ਉਸ ਵੇਲੇ ਜੀਵਨ ਕਿਹੋ ਜਿਹਾ ਸੀ। ਇਹ ਤਸਵੀਰਾਂ ਅਸੀ ਇਸ ਕਰਕੇ ਦੇ ਰਹੇ ਹਾਂ ਤਾਂ ਕਿ ਸ਼੍ਰੋਮਣੀ ਕਮੇਟੀ ਅਤੇ ਕਾਰ ਸੇਵਾ ਵਾਲਿਆਂ ਨੂੰ ਕੁਝ ਮਹਿਸੂਸ ਹੋਵੇ ਜੋ ਗੁਰੂ ਸਾਹਿਬ ਦੀਆਂ ਯਾਦਗਾਰਾਂ ਢਾਹ ਰਹੇ ਨੇ। ਇਹ ਤਸਵੀਰਾਂ ਜਦੋਂ ਅਸੀ ਦੇ ਰਹੇ ਸਾਂ ਸਾਡੇ ਮੰਨ ਵਿਚ ਗੁਰਦੁਆਰਾ ਗੁਰੂ ਕੇ ਮਹਿਲ, ਅੰਮ੍ਰਿਤਸਰ ਆ ਰਿਹਾ ਸੀ। ਜਿਸ ਚੰਗੇ ਭਲੇ ਗੁਰਧਾਮ ਨੂੰ ਕਾਰ ਸੇਵਾ ਵਾਲਿਆ ਢਾਹ ਢੇਰੀ ਕਰਕੇ ਓਥੇ ਸੰਗ ਮਰ ਮਰੀ ਰੁੱਖਾ ਸਥਾਨ ਬਣਾ ਦਿੱਤਾ।

ਪੈਰ ਸਫਾ

◆ਜਨਮਸਾਖੀਆਂ ਅਨੁਸਾਰ ਗੁਰੂ ਸਾਹਿਬ ਮੱਕੇ ਵਿਖੇ ਸਾਲ ਭਰ ਰਹੇ। ਜੋ ਗਲਤ ਹੈ। ਕਿਉਕਿ ਗੁਰੂ ਸਾਹਿਬ ਦਾ ਸਾਰਾ ਜੀਵਨ ਨਿਰੰਕਾਰ ਦੀ ਹੋਂਦ ਦੇ ਪ੍ਰਚਾਰ ਨੂੰ ਸਮਰਪਤ ਹੈ। ਉਹ ਇਕ ਵੀ ਦਿਨ ਕਿੱਤੇ ਵਾਧੂ ਨਹੀ ਸਨ ਗੁਜਾਰਦੇ। ਮੱਕੇ ਦਾ ਮੇਲਾ ਮੁੱਕਣ ਉਪਰੰਤ ਉਥੇ ਗੁਰੂ ਸਾਹਿਬ ਦੇ ਬਣੇ ਰਹਿਣ ਦਾ ਸਵਾਲ ਹੀ ਪੈਦਾ ਨਹੀ ਹੁੰਦਾ। ਦਰ ਅਸਲ ਸਾਲ ਭਰ ਗੁਰੂ ਸਾਹਿਬ ਨੇ ਅਰਬ ਦੇਸਾਂ ਵਿਚ ਘੁੰਮੇ ਸਨ।

■ ਕੁਝ ਜਨਮ ਸਾਖੀਆਂ (ਗਿਆਨੀ 260) ਅਨੁਸਾਰ ਗੁਰੂ ਸਾਹਿਬ ਨੇ ਇਥੇ ਸ਼ਬਦ "ਬਸੰਤ ਹਿੰਡੋਲੁ ਮਹੱਲਾ 1 -ਨਉਸਤ ਚਉਦਹਿ ਤੀਨਿ ਚਾਰ ਕਰਿ ਮੁਹਲਤਿ ਚਾਰ ਬਹਾਲੀ॥" ਗਾਵਿਆ। ਜਦੋਂ ਕਿ ਅਸਲ ਵਿਚ ਇਹ ਸਬਦ ਗੁਰੂ ਸਾਹਿਬ ਨੇ ਲਹੌਰ ਲਾਗੇ ਬਾਦਸ਼ਾਹ ਬਾਬਰ ਦੀਆਂ ਫੌਜਾਂ ਦੇ ਮੱਦੇ ਨਜ਼ਰ ਰਚਿਆ ਸੀ। ਦੇਖੋ ਬਾਲਾ ਜਨਮ ਸਾਖੀ। ਉਂਜ ਵੀ ਇਸ ਸਬਦ ਦਾ ਸਬੰਧ ਪੰਜਾਬ ਦੇ ਹਾਲਾਤਾਂ ਨਾਲ ਹੈ। ਇਸ ਵਿਚ ਪੰਜਾਬੀ ਭਾਸ਼ਾ ਦੇ ਪਤਨ ਦੀ ਵੀ ਗਲ ਕਹੀ ਗਈ ਹੈ ਕਿ ਕਿਵੇ ਲੋਕ ਫਾਰਸੀ ਬੋਲ ਬੋਲ ਕੇ ਫਖਰ ਮਹਿਸੂਸ ਕਰਦੇ ਹਨ। ◆ ਬਾਲਾ-186

ਪਰ ਇਮਾਮ ਜਾਫਰ ਰਬਾਬ ਸੁਣ ਕੇ ਅਨੰਦਿਤ ਹੋ ਰਿਹਾ ਸੀ। ਸ਼ਬਦ ਦੀ ਸਮਾਪਤੀ ਤੇ ਉਸ ਨੇ ਗੁਰੂ ਸਾਹਿਬ ਨੂੰ ਝੁੱਕ ਕੇ ਸਲਾਮ ਕੀਤਾ। ਉਹ ਥੋੜਾ ਬਹੁਤ ਹਿੰਦੁਸਤਾਨੀ ਜੁਬਾਨ ਜਾਣਦਾ ਸੀ। ਉਨੂੰ ਵੇਖ ਕੇ ਸਭ ਨੇ ਗੁਰੂ ਸਾਹਿਬ ਨੂੰ ਸਲਾਮ ਕੀਤਾ। ਇਮਾਮ ਕਹਿਣ ਲੱਗਾ ਕਿ ਇਨਾਂ ਭੁੱਲਣਹਾਰ ਲੋਕਾਂ ਤੇ ਤਰਸ ਕਰੋ। ਗੁਰੂ ਸਾਹਿਬ ਨੇ ਫਿਰ ਨਿਗਾਹ ਮਾਰੀ ਤੇ ਸਭ ਦੀ ਖਲਾਸੀ ਹੋਈ ਭਾਵ ਰੋੜੇ ਜਿਹੜੇ ਹੱਥਾਂ ਨਾਲ ਹੀ ਚਿੱਪਕ ਗਏ ਸਨ ਛੁੱਟ ਗਏ।

ਇਥੋਂ ਦੇ ਮੌਲਾਣਿਆਂ ਨੇ ਗੁਰੂ ਸਾਹਿਬ ਨੂੰ ਕਿਤੇ ਸਤਿਕਾਰ ਨਾਲ ਟਿਕਾ ਦਿੱਤਾ। ਇਥੇ ਜੋ ਗਲ ਬਾਤ ਹੋਈ ਉਹ ਮਦੀਨੇ ਦੀ ਗੋਸ਼ਟਿ ਕਰਕੇ ਪ੍ਰਸਿੱਧ ਹੈ। ਜਿਸ ਦੀ ਤਾਰੀਫ ਪਿੱਛੇ ਆ ਚੁੱਕੀ ਹੈ।

—◈—

ਮਰਦਾਨੇ ਨੇ ਹਜਰਤ ਮੁਹੰਮਦ ਦੀ ਗੋਰ ਵੇਖੀ

ਮਦੀਨੇ ਫਿਰ ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਜਾ ਮਰਦਾਨਿਆ ਆਪਣਾ ਚਾਅ ਲਾਹ ਆ। ਤੂੰ ਕਹਿੰਦਾ ਸੀ ਨਾਂ ਕਿ ਮੱਕੇ ਤੇ ਮਦੀਨੇ ਦੀ ਜਿਆਰਤ ਕਰਨੀ ਆ। ਸੋ ਮਦੀਨੇ ਆਇਆ ਏ ਜਾ ਕੇ ਹਜਰਤ ਮੁਹੰਮਦ ਦੀ ਕਬਰ ਦੇ ਦਰਸ਼ਨ ਤਾ ਕਰਦਾ ਆ। ਮਰਦਾਨਾ ਕਹਿਣ ਲੱਗਾ ਕਿ ਇਥੇ ਤਾਂ ਨਹੀ ਅੰਦਰ ਜਾਣ ਨੂੰ ਮਨਾ ਕਰਦੇ? ਗੁਰੂ ਸਾਹਿਬ ਨੇ ਕਿਹਾ ਨਹੀ ਨਾਲੇ ਭਾਈ ਤੂੰ ਤਾਂ ਮੁਸਲਮਾਨ ਨੇ। ਮਰਦਾਨਾ ਕਹਿਣ ਲੱਗਾ ਗੁਰੂ ਜੀ ਛੱਡੋ ਇਹ ਗਲ ਕਿ ਮੈਂ ਮੁਸਲਮਾਨ ਹਾਂ। ਮੈਂ ਕਾਹਦਾ ਮੁਸਲਮਾਨ ਹਾਂ? ਗੁਰੂ ਸਾਹਿਬ ਨੇ ਕਿਹਾ ਕਿ ਤੂੰ ਜਿੱਦ ਨਹੀ ਸੀ ਕੀਤੀ ਮੱਕਾ ਮਦੀਨਾ ਵੇਖਣ ਦੀ?

ਹਜਰਤ ਮੁਹੰਮਦ ਦੀ ਕੱਚੀ ? ਕਬਰ

ਮਰਦਾਨਾ ਕਹਿਣ ਲੱਗਾ ਬਾਬਾ ਜੀ ਮੈਂ ਸੈਰ ਦੇ ਤੌਰ ਤੇ ਕਿਹਾ ਸੀ ਕਿਉਕਿ ਮੁਸਲਮਾਨ ਲੋਕ ਬਹੁਤ ਤਾਰੀਫਾਂ ਕਰਦੇ ਹਨ ਮੱਕੇ ਮਦੀਨੇ ਦੀਆਂ। ਮੈਂ ਕੋਈ ਪੂਜਣ ਥੋੜਾ ਆਇਆ ਹਾਂ।

ਮਰਦਾਨਾ ਗੋਰ ਵੇਖ ਕੇ ਆਇਆ ਤੇ ਗੁਰੂ ਸਾਹਿਬ ਨੂੰ ਕਹਿਣ ਲੱਗਾ ਕਿ ਬਾਬਾ ਜੀ ਮੁਹੰਮਦ ਸਾਹਿਬ ਦੀ ਗੋਰ ਕੱਚੀ ਹੈ। ਗੁਰੂ ਸਾਹਿਬ ਕਹਿਣ ਲੱਗੇ ਮਰਦਾਨਿਆ ਮੁਹੰਮਦ ਸਾਹਿਬ ਤਾਰੀਫ ਦੇ ਲਾਇਕ ਹਨ। ਪਰ ਮੁਸਲਮਾਨ ਫਿਲਾਸਫੀ ਵਿਚ ਤਰੁਟੀਆਂ ਹਨ। ਇਹ ਕਹਿੰਦੇ ਹਨ ਮੁਹੰਮਦ ਸਾਹਿਬ ਨੇ ਦੁਬਾਰਾ ਜਨਮ ਲੈਣਾ ਹੈ। ਉਹ ਬਹਿਸ਼ਤ ਵਿਚ ਹਨ। ਇਹ ੧ਓ ਸਰਬਵਿਆਪਕ ਨਿਰੰਕਾਰ ਦੇ ਸਿਧਾਂਤ ਨੂੰ ਨਹੀ ਸਮਝਦੇ।

ਫਿਰ ਮਰਦਾਨਾ ਕਹਿਣ ਲੱਗਾ ਕਿ ਬਾਬਾ ਜੀ ਜਿਹੜਾ ਕਹਿੰਦੇ ਹਨ ਕਿ ਹਜਰਤ ਨੇ ਖੁਦਾ ਨਾਲ ਗੱਲਾਂ ਕੀਤੀਆਂ ਜਿਸ ਤੋਂ ਕੁਰਾਨ ਲਿਖੀ ਗਈ। ਇਸ ਬਾਬਤ ਸੱਚ ਕੀ ਹੈ?

ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਰੱਬ ਨਿਰੰਕਾਰ ਹੈ ਉਹ ਪਦਾਰਥ ਜਾਂ ਮਾਇਆ ਵਿਚ ਨਹੀ ਹੈ। ਪਦਾਰਥ ਤੋਂ ਬਿਨਾਂ ਅਵਾਜ ਪੈਦਾ ਨਹੀ ਹੁੰਦੀ। ਸੋ ਨਿਰੰਕਾਰ ਬੋਲਣ ਤੋਂ ਪਾਕ ਪਵਿਤਰ ਹੈ। ਕਿਉਕਿ ਉਹ ਸਰਬਵਿਆਪਕ ਹੈ ਉਹ ਸਾਨੂੰ ਬੁੱਧ ਬਖਸ਼ਦਾ ਹੈ। ਨਿਰੰਕਾਰ ਖੁਦਾ ਦਾ ਮਹਿਰਮ ਭਾਵ ਦਿੱਲ ਦਾ ਭੇਦ ਜਾਨਣ ਵਾਲਾ ਯਾਰ, ਇਸ ਦੁਨੀਆ ਵਿਚ ਕੋਈ ਹੋ ਹੀ ਨਹੀ ਸਕਦਾ। ਪਰ ਯਾਦ ਰੱਖ ਖੁਦ ਮੁਸਲਮਾਨ ਵੀ ਮੰਨਦੇ ਹਨ ਕਿ ਮੁਹੰਮਦ ਸਾਹਿਬ ਨੇ ਫਰਿਸ਼ਤਾ ਜਿਬਰਾਈਲ ਨਾਲ ਗੱਲਾਂ ਕੀਤੀਆਂ ਤੇ ਕੁਰਾਨ ਓਸੇ ਦਾ ਨਤੀਜਾ ਹੈ।

—◈—

ਮਦੀਨੇ ਦੀ ਗੋਸ਼ਟਿ

ਮੱਕੇ ਮਦੀਨੇ ਦੀ ਗੋਸ਼ਟਿ ਬਾਰੇ ਅਸੀ ਪਹਿਲਾਂ ਹੀ ਵਾਕਫੀਅਤ ਦੇ ਚੁੱਕੇ ਹਾਂ। ਇਹ ਜਨਮ ਸਾਖੀਆਂ ਤੋਂ ਵੀ ਪਹਿਲਾਂ ਰਚੀ ਗਈ ਸੀ।

ਇਥੇ ਮਦੀਨੇ ਵਿਚ ਜਦੋਂ ਉਹ ਇਮਾਮ ਲੋਕ ਗੁਰੂ ਨਾਨਕ ਦੇ ਕੌਤਕ ਵੇਖ ਚੁੱਕੇ ਹੁੰਦੇ ਹਨ ਤਾਂ ਇਹਨਾਂ ਨਾਲ ਜੋ ਗੱਲ ਬਾਤ ਹੁੰਦੀ ਹੈ ਗੋਸ਼ਟਿ ਵਿਚ ਛੰਦ ਬੰਦ ਕੀਤੀ ਮਿਲਦੀ ਹੈ। ਕੁਝ ਇਕ ਨਮੂਨੇ ਇਸ ਪ੍ਰਕਾਰ ਹਨ:-

ਸਵਾਲ ਇਮਾਮ ਕਰੀਮਦੀਨ ਸੱਯਦ

(ਇਮਾਮ ਨੇ ਪੁੱਛਿਆ ਕਿ ਇਹ ਆਤਮਾ ਦਾ ਕੀ ਹਿਸਾਬ ਕਿਤਾਬ ਹੈ। ਇਹਦੀ ਸ਼ਕਲ ਸੂਰਤ ਕਿਹੋ ਜਿਹੀ ਹੁੰਦੀ ਹੈ। ਜਾਨਵਰ ਤੇ ਇਨਸਾਨ ਦੀ ਰੂਹ ਵਿਚ ਕੀ ਫਰਕ ਹੁੰਦਾ ਹੈ? ਇਹ ਦੁਨੀਆਂ ਕਿਥੋਂ ਪੈਦਾ ਹੁੰਦੀ ਹੈ ਤੇ ਕਿਸ ਵਿਚ ਸਮਾ ਜਾਂਦੀ ਹੈ)

ਕਹਿ ਕਰੀਮ ਕਹੁ ਨਾਨਕਾ ਰੂਹਾਂ ਦਾ ਕੀ ਤੋਲ॥
ਮੂਰਤ ਕੀ ਹੈ ਰੂਹ ਦੀ ਮੋਟੇ ਪਤਲੇ ਖੋਲ॥
ਰੰਗ ਕਿਨੇਹਾ ਰੂਹ ਦਾ, ਕੌਣ ਬਨਾਵਣ ਹਾਰ॥
ਬਹੁਤੇ ਹੈਨ ਕਿ ਇੱਕ ਹੈ, ਛੋਟੇ ਬਡੇ ਉਚਾਰਿ॥
ਇਨਸਾਨ ਔਰ ਹੈਵਾਨ ਦੀ, ਹਈ ਤਫਾਵਤ ਹੋਇ॥
ਰੂਹ ਖੁਦਾ ਇਨਸਾਨ ਦਾ, ਇਕੋ ਹੈ ਕਿ ਦੋਇ॥
ਕਿੱਥੋਂ ਆਲਮ ਉਪਜਦਾ, ਕਿੱਥੇ ਜਾਇ ਸਮਾਹਿ॥
ਏਹੁ ਹਕੀਕਤ ਜੋ ਦਸੇ, ਸੋਈ ਰਸੂਲ ਖੁਦਾਇ॥

(ਅਰਥ: ਤਫਾਵੁਤ-ਫਾਸਲਾ, ਦੂਰੀ)

ਜਵਾਬ ਨਾਨਕ ਸ਼ਾਹ

(ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਤੁਸੀ ਮਹਿਸੂਸ ਕਰ ਰਹੇ ਹੋ ਨਾਂ ਕਿ ਹਵਾ ਚਲ ਰਹੀ ਹੈ। ਕਿਵੇ ਦਰੱਖਤਾਂ ਨੂੰ ਝੁਕਾ ਰਹੀ ਹੈ। ਇਹਦੀ ਕੀ ਸੂਰਤ ਹੈ? ਪਾਣੀ ਕਿੰਨਾ ਕੁ ਹੈ? ਅੱਗ ਦਾ ਕੱਦ ਕਾਠ ਸ਼ਕਲ ਸੂਰਤ ਕੀ ਹੈ? ਸੋ ਏਸੇ ਤਰਾਂ ਇਨਸਾਨ ਅਤੇ ਹੈਵਾਨਾਂ ਦੀ ਰੂਹ ਹੁੰਦੀ ਹੈ। ਇਸ ਦੀ ਕੋਈ ਸ਼ਕਲ ਸੂਰਤ ਨਹੀ ਹੁੰਦੀ। ਵਿਚਾਰੀ ਜਲ ਵਿਚ ਉਪਜੀ ਤਰੰਗ ਦਾ ਕੀ ਰੂਪ ਹੋ ਸਕਦਾ ਹੈ। ਇਸੇ ਤਰਾਂ ਆਤਮਾ ਦੀ ਕਹਾਣੀ ਹੈ।)

ਨਾਨਕ ਕਹੇ ਕਰੀਮਦੀਨ ਬਾਦੇ ਦਾ ਕੀ ਤੋਲ॥
ਸੂਰਤ ਕੀ ਹੈ ਪੌਣ ਦੀ, ਸਿੱਟੇ ਬਿਰਛਾਂ ਰੋਲ॥
ਆਤਸ਼ ਦਾ ਕੀ ਕੱਦ ਹੈ, ਮੋਟਾ ਪਤਲਾ ਹੋਇ॥
ਕੌਣ ਤਰੰਗ ਬਠਾਇੰਦਾ, ਰੰਗ ਆਬ ਦਾ ਕੋਇ॥
ਚੰਦ ਬਿੰਬ ਪ੍ਰਤਿਬਿੰਬ ਜਿਉਂ, ਇਕੋ ਦਿਸੇ ਅਨੰਤ॥
ਦੀਵੇ ਦਾ ਪਰਕਾਸ਼ ਜਿਉਂ, ਛੋਟੇ ਬੜਾ ਹੁਵੰਤ॥
ਬਾਦੀ ਰੂਹ ਇਨਸਾਨ ਦੀ, ਖਾਕੀ ਰੂਹ ਹੈਵਾਨ॥
ਬਾਦੀ ਰੂਹ ਖੁਦਾਇ ਦੀ, ਸਾਹਿਬ ਸਗਲ ਜਹਾਨ॥
ਰੂਹ ਨ ਛੋਟਾ ਬੜਾ ਕਿਸ, ਛੋਟੇ ਬੜੇ ਸਰੀਰ ॥
ਅੰਦਰ ਬਾਹਰ ਸਰਬ ਦੇ ਪਸਰਿਆ ਇਕੋ ਬੀਰ॥
ਜਲ ਤਰੰਗ ਜਿਉਂ ਰੱਬ ਤੇ ਜਗ ਉਪਜੇ ਹੋਇ ਲੀਨ॥
ਕੁਦਰਤਿ ਚਲਤ ਖੁਦਾਇ ਦੀ, ਸੱਚੀ ਹਮ ਕਹਿ ਦੀਨ॥

ਸਵਾਲ ਕਰੀਮਦੀਨ

ਵਲੀ ਹਿੰਦ ਸੁਣ ਨਾਨਕਾ ਦੱਸ ਹਮਾਰਾ ਸਵਾਲ॥
ਹੱਕ ਬਿਗਾਨਾ ਜੋ ਖਾਏ ਤਿਨ੍ਹਾ ਕੌਨ ਹਵਾਲ॥
ਮੁਏ ਖਾਕੁ ਜੇ ਮਿਲੇ ਵੰਡ ਨ ਆਦਮ ਹੋਇ॥
ਲੈਣਾ ਦੇਣਾ ਦੁਨੀ ਦਾ ਕਿਉਂ ਕਰ ਫੈਸਲ ਹੋਇ॥
ਅੱਗੇ ਇਕ ਖੁਦਾਇ ਜੇ ਏਥੇ ਕਿਉਂ ਦੋ ਹੱਦ॥
ਸੱਚੀ ਗੱਲ ਸੁਣਾਇ ਦਿਹੁ ਕੂੜੀ ਦੇਹੋ ਰੱਦ॥
ਕੋਣ ਇਬਾਦਤ ਰੱਬ ਦੀ ਭਿਸਤਿ ਹਮੇਸ਼ ਦਿਵਾਇ॥
ਮੁਰਸ਼ਦ ਤੂੰ ਹੈਂ ਜਗਤ ਦਾ ਸੱਚਾ ਰਾਹ ਬਤਾਇ॥

ਜਵਾਬ ਨਾਨਕ ਸ਼ਾਹ

(ਬਾਬੇ ਨੇ ਕਿਹਾ ਕਿ ਇਮਾਮ ਜੀ ਜੋ ਲੋਕ ਬੇਗਾਨੇ ਹੱਕ ਤੇ ਹੱਥ ਫੇਰਦੇ ਨੇ ਉਹ ਸੁਖੀ ਨਹੀ ਹੁੰਦੇ। ਫਿਰ ਆਤਮਾ ਕਦੀ ਨਹੀ ਮਰਦੀ। ਇਹ ਲੈਣਾ ਦੇਣਾ ਉਸ ਦੇ ਸਿਰ ਰਹਿੰਦਾ ਹੈ। ਸੋ ਭਾਈ ਇਹ ਹਿੰਦੂ ਮੁਸਲਮਾਨ ਦਾ ਝਗੜਾ ਛੱਡ। ਇਨਾਂ ਵਿਚ ਓਹੋ ਫਰਕ ਹੈ ਜੋ ਸੁਨਿਆਰਾ ਗਹਿਣਿਆਂ ਵਿਚ ਪਾ ਦਿੰਦਾ ਹੈ। ਭਾਈ ਮੂਲ ਵਿਚ ਤਾਂ ਸੋਨਾ ਹੀ ਹੁੰਦਾ ਹੈ।)

ਸੁਣੋ ਇਮਾਮ ਕਰੀਮਦੀਨ ਨਾਨਕ ਕਹੇ ਫਕੀਰ॥
ਹੱਕ ਬਿਗਾਨਾ ਜੇ ਖਸਨ, ਮਰਸਨ ਹੋਇ ਜਹੀਰ॥
ਨਿੰਦਕ ਚੋਰ ਲਵਾਰ ਜੇ ਮਿੱਤਰ ਧੋਹਿ ਜੇਇ॥
ਬੰਦਰ ਰਿੱਛ ਕਲੰਦਰੀ ਬੈਲ ਗਧਾ ਪਰ ਹੋਇ॥
ਜੀਉਂਦੇ ਦੁੱਖ ਸਹਾਰਦੇ ਮਰ ਦੋਜ਼ਖ ਮੈ ਜਾਹਿ॥
ਲੈਣਾ ਦੇਣਾ ਰੂਹ ਨੇ, ਰੂਹ ਨ ਮਰੇ ਕਿਦਾਹਿ॥
ਫਿਰਕੇ ਦੋਵੇਂ ਰੱਦ ਕੇ, ਇਕੋ ਮੰਨ ਖੁਦਾਇ॥
ਇਕੋ ਸੁਇਨਾ ਭਾਂਤ ਬਹੁ ਗਹਿਣੇ ਨਾਮ ਸਦਾਇ॥
ਗੋਸ਼ੇ ਬੈਠ ਧਿਆਨ ਧਰ ਸੂਰਤ ਸਾਹਿਬ ਏਹ॥
ਸੁਇਨੇ ਵਾਙੂੰ ਚਮਕਦਾ ਨੂਰੋਂ ਨੂਰ ਦਸੈਹ॥
ਦਰਸ਼ਨ ਹੋਸੀ ਓਸ ਨੂੰ ਜਿਸ ਦੇ ਵੱਡੇ ਭਾਗ॥
ਮਿਲੇ ਨੂਰ ਮੇਂ ਨੂਰ ਤਿਸ, ਜਿਸ ਨੂੰ ਹੋਇ ਅਨੁਰਾਗ॥

(ਜਹੀਰ-ਗਮਗੀਨ, ਲਵਾਰ- ਬਕਵਾਸ ਕਰਨ ਵਾਲਾ, ਲਵਾਰ-ਬੱਕਬਾਦੀ, ਅਨੁਰਾਗ-ਪ੍ਰੇਮ/ਪਿਆਰ)

ਸਵਾਲ ਬਹਾਵਦੀ ਪੀਰ

(ਰੱਬ ਅਤੇ ਰੂਹ ਵਿਚ ਕੀ ਫਰਕ ਹੈ? ਇਥੇ ਮੁਲਤਾਨ ਵਾਲੇ ਪੀਰ ਨਾਲ ਗਲਬਾਤ ਦੱਸੀ ਹੈ ਤੇ ਇਹ ਕਿਹਾ ਕਿ ਉਹ ਵੀ ਹੱਜ ਵੇਲੇ ਇਥੇ ਹਾਜਰ ਸਨ।)

ਬੋਲਿਆ ਪੀਰ ਬਹਾਵਦੀਨ ਮੁਲਤਾਨੀ ਮਖਦੂਮ॥
ਕੌਣ ਨਮੂਨਾ ਰੂਹ ਦਾ ਕਿਥੇ ਰਹੇ ਕਦੂਮ॥
ਭੇਦ ਖੁਦਾ ਅਰ ਰੂਹ ਦਾ ਜੋ ਕੁਝ ਹਈ ਬਤਾਇ॥
ਕੀ ਕੁਝ ਕਰੇ ਅਵਾਜ, ਸੇ ਦਿੱਸੇ ਕੋਣ ਉਪਾਇ॥
ਜੇ ਸ਼ੱਕ ਉਤਾਰੇ ਦਿਲੇ ਦਾ, ਤੂੰਹੇ ਅੱਵਲ ਫਕੀਰ॥
ਸੈਂ ਜੋਇੰਦਾ ਸੱਚਦਾ, ਕਹੇ ਬਹਾਵਦੀ ਪੀਰ॥

(ਜੋਇੰਦਾ -ਖੋਜਦਾ/ਦੇਖਦਾ)

ਜਵਾਬ ਨਾਨਕ ਸ਼ਾਹ

(ਬਾਬੇ ਨੇ ਕਿਹਾ ਕਿ ਰੂਹ ਤੇ ਰੱਬ ਵਿਚ ਭੇਦ ਨਹੀ। ਜਿਵੇ ਪਾਣੀ ਤੇ ਪਾਣੀ ਦੇ ਤੁਬਕੇ ਵਿਚ ਫਰਕ ਨਹੀ ਹੁੰਦਾ। ਸੋ ਇਸ ਪ੍ਰਕਾਰ ਹਰ ਜੀਵ ਉਸ ਰੱਬ ਦਾ ਹੀ ਰੂਪ ਹੈ। ਸਿਰਫ ਉਹਦੀ ਹਉਮੈ ਨੇ ਉਨ੍ਹੂੰ ਰੱਬ ਤੋਂ ਜੁਦਾ ਕਰ ਦਿੱਤਾ ਹੈ।)

ਸੁਣ ਬਹਾਵਦੀ ਪੀਰ ਤੂੰ ਆਖੇ ਨਾਨਕ ਸ਼ਾਹ॥
ਨਾਹਿ ਨਮੂਨਾ ਰੂਹ ਦਾ, ਰਹੋ ਨ ਕਿਸ ਹੀ ਜਾਇ॥
ਜਾਤਿ ਸਫਾ ਤੋਂ ਬਾਹਰਾ, ਰੂਪ ਰੰਗ ਨਹਿ ਕੋਇ॥
ਕਰੇ ਅਵਾਜਾਂ ਗੈਬ ਦਾ ਨਦਰੀ ਪਵੇ ਨ ਸੋਇ॥
ਰੂਹ ਖੁਦਾਇ ਨ ਭੇਦ ਕੁਝ, ਰਹਿਸਨ ਇੱਕੋ ਥਾਇ॥
ਸੱਚੀ ਏਹੋ ਬੰਦਗੀ ਰਹਿਣਾ ਖੁਸ਼ੀ ਰਜਾਇ॥
ਸਭ ਨੂੰ ਨੂਰ ਖੁਦਾਇਦਾ, ਜਾਣੇ ਆਪਣਾ ਆਪ॥
ਜਿਨਾਂ ਆਪ ਪਛਾਣਿਆ, ਤਿਨਾਂ ਪੁੰਨ ਨ ਪਾਪ॥

(ਸਫਾ - ਸਿੱਧਾ/ਸਰਲ)

ਸਵਾਲ ਪੀਰ ਬਹਾਵਦੀ

(ਅਖੇ ਦੱਸ ਫਿਰ ਕਿਹੜਾ ਮਜ਼ਹਬ ਚੰਗਾ, ਹਿੰਦੂਆਂ ਕਿ ਮੁਸਲਮਾਨਾਂ ਦਾ?)

ਆਖੇ ਪੀਰ ਬਹਾਵਦੀਨ ਸੁਣਹੋ ਨਾਨਕ ਸ਼ਾਹ॥
ਰੱਦੇ ਦੋਵੇਂ ਮਜ਼ਹਬ ਤੇਂ ਤੀਜਾ ਕੌਣ ਸਰਾਹਿ॥
ਹਿੰਦੂ ਅਤੇ ਮੁਸਲਮਾਨ ਦੋਇ, ਆਦਮ ਦੇ ਫਰਜੰਦ॥
ਕੇਹੜਾ ਪਾਸ ਖੁਦਾਇ ਦੇ, ਕੇਹੜਾ ਦੂਰ ਰਹੰਦ॥
ਖਾਂਦਾ ਕੀ ਖੁਦਾਇ ਹੈ, ਪਹਿਨੇ ਕੌਣ ਪੁਸ਼ਾਕ॥
ਕੇਹੜਾ ਮਜ਼ਹਬ ਨਪਾਕ ਹੈ, ਕੇਹੜਾ ਸੱਚਾ ਪਾਕ ॥

ਜਵਾਬ ਨਾਨਕ ਸ਼ਾਹ

(ਬਾਬੇ ਕਿਹਾ ਕਿ ਇਹ ਮਜ਼ਹਬ ਵਗੈਰਾ ਬੰਦਿਆਂ ਦੇ ਬਣਾਏ ਹੋਏ ਹਨ। ਰੱਬ ਨੇ ਮਜ਼ਹਬ ਨਹੀ ਬਣਾਏ। ਹਾਂ ਜੇ ਕੋਈ ਅਜਿਹਾ ਫਿਰਕਾ ਹੋਏ ਜਿਹੜਾ ਸੱਚ ਦੇ ਰਾਹ ਤੇ ਚਲੇ ਤਾਂ ਉਨ੍ਹੂੰ ਮੰਨ ਲਓ ਕਿ ਇਹ ਰੱਬੀ ਮਜ਼ਹਬ ਹੈ।)

ਨਾਨਕ ਕਹੇ ਬਹਾਵਦੀਨ ਰੱਦੇ ਹਨ ਗੁਮਰਾਹ॥
ਸੋਈ ਮਜ਼ਹਬ ਅਕਾਲ ਦਾ, ਫੜਸੀ ਸੱਚਾ ਰਾਹ॥
ਮਜ਼ਹਬ ਨ ਕੋਈ ਰੱਬ ਦਾ, ਬੰਦਿਆ ਕਰੇ ਅਜ਼ਾਦ॥
ਓਹ ਨਜ਼ੀਕ ਖੁਦਾਇ ਦੇ ਜੇ ਰੱਖਦੇ ਹੈਂ ਯਾਦ॥
ਖਾਣਾਂ ਗਮ ਹੈ ਰੱਬ ਦਾ, ਪੈਨਣ ਖਿਮਾ ਪੁਸ਼ਾਕ॥
ਕੂੜੇ ਕੁਟਲ ਨਪਾਕ ਹੈ, ਸੱਚੇ ਸਦ ਹੀ ਪਾਕ॥
ਮਜ਼ਹਬ ਸਰਹ ਪਰ ਚਲਦੇ ਗਡੀ ਜਿਉਂ ਕਾਪੂਤ॥
ਤੀਨੋਂ ਲੀਕ ਨ ਚੱਲਦੇ, ਸੂਰੇ ਸਿੰਘ ਸਪੂਤ॥
ਨਾਨਕ ਆਖੇ ਸੱਚ ਪੰਧ, ਸੁਣੋਂ ਬਹਾਵਦ ਪੀਰ॥
ਰੱਦੀ ਹਿੰਦੂ ਤੁਰਕ ਨੋ ਬਨੋਂ ਫਕੀਰ॥
ਰੱਦ ਜਹੂਦਾਂ ਕਾਫਰਾਂ ਮੁਨਾਫਕਾਂ ਤੇ ਮੂਲਹੱਦ॥
ਰੂੰਮੀ, ਈਸਾਈ, ਜੰਗੀ, ਇਰਮਾਨੀ ਰਾਹ ਬੱਦ॥
ਹਬਸ਼ੀ ਤੇ ਕਿਲਮਾਕ ਬੰਧ ਚੀਨੇ ਪਾਰਸੀ ਵਾਹਿ॥
ਨਾਨਕ ਸੱਚੇ ਨਾਮ ਬਿਨ, ਮਜ਼ਹਬ ਸਭੇ ਗੁਮਰਾਹਿ॥

ਸਵਾਲ ਪੀਰ ਜਲਾਲ ਦੀਨ

(ਉਚ ਦੇ ਜਲਾਲਦੀਨ ਪੀਰ ਦਾ ਗੱਦੀ ਨਸ਼ੀਨ ਗੁਰੂ ਸਾਹਿਬ ਨੂੰ ਸਲਾਹ ਦਿੰਦਾ ਹੈ ਕਿ ਜੇ ਤੂੰ ਇਸਲਾਮ ਦੇ ਦਾਇਰੇ ਵਿਚ ਆ ਜਾਏ ਤਾਂ ਤੈਨੂੰ ਸਭ ਮੰਨਣ। ਨਾਲੇ ਹਿੰਦੂ ਨੂੰ ਕਦੀ ਬਹਿਸ਼ਤ ਨਸੀਬ ਨਹੀ ਹੁੰਦਾ)

ਅਖੇ ਪੀਰ ਜਲਾਲਦੀਨ ਸੁਣ ਨਾਨਕ ਸ਼ਾਹ ਫਕੀਰ॥
ਹਿੰਦੂ ਸੂਰਤ ਦੋਜ਼ਖੀ ਵਿੱਚ ਆਤਸ਼ ਹੋਨ ਜ਼ਹੀਰ॥
ਮੁਸਲਮਾਨਾਂ ਵਾਸਤੇ ਭਿਸ਼ਤਿ ਬਨਾਏ ਰੱਬ॥
ਜੇ ਤੂੰ ਹੋਏਂ ਮੁਹੰਮਦੀ ਮੰਨਣ ਤੇਨੂੰ ਸਭ॥
ਹਿੰਦੂ ਭਿਸ਼ਤਿ ਨ ਕੋ ਗਿਆ, ਆਤਸ਼ ਦਏ ਜਲਾਇ॥
ਉਨ੍ਹਾਂ ਦਰੂਦ ਨ ਫਾਇਤਾ, ਕੁੱਲ ਚਲੀਹਾ ਨਾਇ॥

ਜਵਾਬ ਨਾਨਕ ਸ਼ਾਹ

(ਇਹ ਕਿਉ ਤੁਸਾਂ ਹਿੰਦੂ-ਮੁਸਲਮਾਨ, ਹਿੰਦੂ-ਮੁਸਲਮਾਨ, ਦੀ ਰੱਟ ਲਾਈ ਹੋਈ ਹੈ? ਕੀ ਤੁਸੀ ਇਸ ਤੋਂ ਬਾਹਰ ਨਹੀ ਸੋਚ

ਸਕਦੇ। ਭਾਈ ਬਹਿਸ਼ਤ ਮਜ਼ੂਬ ਕਰਕੇ ਨਹੀ ਮਿਲਦਾ। ਜੇ ਉਹ ਮਿਲਦਾ ਹੈ ਤਾਂ ਨੇਕ ਅਮਲਾਂ ਕਰਕੇ।)

ਨਾਨਕ ਆਖੇ ਪੀਰ ਜੀ ਕਿਉਂ ਕਰਸੈਂ ਹੰਕਾਰ॥
ਹਿੰਦੂ ਮੁਸਲਮਾਨ ਸਭ, ਆਪੇ ਕਰੇ ਕਰਤਾਰ॥
ਰੂਹ ਨ ਹਿੰਦੂ ਤੁਰਕ ਹੈ, ਮਜ਼ਹਬ ਜੁੱਸੇ ਦੇ ਸਭ॥
ਬਿਸ਼ਟਾ ਮਿੱਟੀ ਖਾਕ ਹੋਇ, ਜੁੱਸਾ ਸਭਦਾ ਲੱਭ॥
ਮਜ਼ੂਬ ਕਿਸੇ ਦੀ ਭਿਸ਼ਤ ਨਾ, ਦੋਜ਼ਕ ਭਿਸ਼ਤ ਭੁਗਾਇ॥
ਪੈਗੰਬਰ ਅਵਤਾਰ ਜੋ, ਕਿਸੇ ਨ ਰੱਖ ਸਕਾਹਿ॥
ਜੇ ਕੋਈ ਉਲਟਾਂ ਕਰਯੇ ਚਹਿ, ਸੋ ਭੀ ਦੋਜ਼ਕ ਜਾਹਿ॥
ਮੁਸ਼ਕਲ ਮੁਸਲਮਾਨੜੀ ਹਿੰਦੂ ਹਰ ਕੰਮ ਮਾਹਿ॥
ਦੋਵੇਂ ਕਾਇਮ ਨਾ ਰਹਿਨ, ਦਾਵੇ ਕਰ ਉਠ ਜਾਹਿ॥
ਨਾਨਕ ਦਾਵਾ ਛੱਡਿਆ ਦੁਹਿ ਤੇ ਨਿਆਰਾ ਹੋਇ॥
ਇਥੇ ਮਿਲਨ ਬਡਿਆਈਆਂ ਦਰਗਹਿ ਪਾਵੈ ਢੋਇ॥

ਸਵਾਲ ਪੀਰ ਬਹਾਵਦੀ

(ਬਹਾਵਦੀ ਪੀਰ ਫਿਰ ਬਾਕੀਆਂ ਨੂੰ ਗੁਰੂ ਸਾਹਿਬ ਬਾਰੇ ਵਾਕਫੀਅਤ ਦਿੰਦਾ ਹੈ ਕਿ ਤੁਸੀ ਇਸ ਨੂੰ ਜਾਣਦੇ ਨਹੀ ਹੋ। ਇਹ ਮੰਨਦਾ ਤਾਂ ਨਹੀ ਪਰ ਇਹ ਕੋਈ ਪੈਗੰਬਰ ਹੈ ਜਿਸ ਨੇ ਮੱਕਾ ਵੀ ਫੇਰ ਦਿੱਤਾ ਹੈ। ਇਹ ਹਰ ਚੀਜ ਨੂੰ ਰੱਦ ਕਰ ਰਿਹਾ ਹੈ: ਬੇਦ ਕਤੇਬ, ਹਿੰਦੂਮਤ ਇਸਲਾਮ। ਕੁਝ ਵੀ ਹੋਵੇ ਰੱਬ ਇਸਦੀ ਮੰਨਦਾ ਹੈ।)

ਬੋਲਿਆ ਪੀਰ ਬਹਾਵਦੀ ਸੁਣ ਜਲਾਲਦੀਨ ਪੀਰ॥
ਨਾਨਕ ਪਾਸੋਂ ਪੁਛਣਾ ਬਹੁਤ ਇਹੋ ਤਕਸੀਰ॥
ਜ਼ਾਹਰ ਅਜ਼ਮਤ ਇਸਦੀ ਕਾਬਾ ਦਿਤਾ ਫਿਰਾਇ॥
ਮਜ਼ੂਬ ਸਭੇ ਮਨਸੂਖ ਕਰ, ਮੰਨਿਆ ਇਕ ਖੁਦਾਇ॥
ਚਾਰ ਕਿਤਾਬਾਂ ਬੇਦ ਚਾਰ, ਪੈਗੰਬਰ ਅਵਤਾਰ॥
ਕਰੇ ਸਭੇ ਮਨਸੂਖ ਇਨ, ਮੰਨੇ ਇਮਾਮ ਨ ਯਾਰ॥
ਭਾਵੇਂ ਮੂੰਹੋਂ ਨ ਆਖਦਾ ਜ਼ਾਹਰ ਦਿਸਨ ਅਸਾਰ॥
ਆਯਾ ਅਖੀਰੀ ਧੁਰੋਂ ਇਹ ਪੈਗੰਬਰ ਅਵਤਾਰ॥
ਬੜਾ ਫਕੀਰੀ ਮਰਤਬਾ ਮਾਰਫਤੀ ਸਚ ਰਾਹ॥
ਮਾਰਫਤੋਂ ਜੋ ਬਾਹਰੇ ਸੱਭੇ ਹੈਂ ਗੁਮਰਾਹ॥
ਮਹਿਰਮ ਤੁਸੀਂ ਨ ਪੀਰ ਜੀ, ਨਾਨਕ ਬੜਾ ਫਕੀਰ॥
ਰੱਬ ਜਿਸੇ ਦੀ ਮੰਨਦਾ ਸੋਈ ਵੱਡਾ ਪੀਰ॥

ਜਵਾਬ ਬਾਬਾ ਨਾਨਕ

(ਬਾਬਾ ਬੋਲਿਆਂ ਐਵੇਂ ਤਾਰੀਫਾਂ ਨਾਂ ਕਰ। ਇਹ ਰੱਬ ਦੀ ਸਿਫਤ ਹੈ ਕਿ ਉਹ ਨਿਤਾਣਿਆਂ ਨੂੰ ਤਾਣ ਦਿੰਦਾ ਹੈ।)

ਨਾਨਕ ਆਖੇ ਪੀਰ ਸੁਣ, ਮੇਰੀ ਕਰ ਨ ਤਰੀਫ॥
ਬੜਾ ਕਰੇ ਸਾਹਿਬ ਕਿਸੇ, ਚਾਹੇ ਕਰੇ ਹਰੀਫ॥
ਰੱਬ ਨਿਤਾਣਿਆਂ ਤਾਣ ਹੈ, ਨਿਮਾਣੇ ਦਾ ਮਾਣ॥
ਜੇ ਕੀਰੀ ਵਿਚ ਬਲ ਕਰੇ, ਲੇਵੇ ਫੀਲ ਰੰਵਾਣ॥
ਨਦੀਆਂ ਵਿਚ ਟਿੱਬੇ ਦਿਖਾਲੇ ਥਲੀਂ ਕਰੇ ਅਸਗਾਹ॥
ਕੀੜਾ ਥਾਪ ਦੇਇ ਪਾਤਸ਼ਾਹੀ ਲਸ਼ਕਰ ਕਰੇ ਸੁਆਹ॥

(ਹਰੀਫ- ਹਮਪੇਸ਼ਾ, ਮਿੱਤ੍ਰ)

ਛੰਦ

(ਤੁਹਾਡੀਆਂ ਗੱਲਾਂ ਮੰਨੀਆਂ ਪਰ ਇਹ ਦੱਸੋ ਤੁਸੀ ਹਿੰਦੂਆਂ ਦੇ ਕਿਹੜੇ ਫਿਰਕੇ ਦੇ ਹੋ?)

ਬਚਨ ਸਭੇ ਸਤ ਗੁਰ ਕੇ ਪਿਆਰੇ ਲਾਗੇ ਪੀਰਾਂ ਤਾਂਈ॥
ਕਰੀ ਦਸਤ ਬੋਲ ਗਲ ਮਿਲ ਕੇ, ਆਨੰਦ ਭਏ ਮਹਾਂਈ॥
ਪੁਛਯਾ ਸੱਚ ਪੀਰ ਜੀ, ਦੱਸੋ ਜਾਮਾ ਕਿਸ ਘਰ ਧਾਰਾ॥
ਹਿੰਦੂ ਹਕੇ ਮੁਸਲਮਾਨਾਂ ਫਿਰਕਾ ਕੌਣ ਤੁਮਾਰਾ। ॥

ਜਵਾਬ ਨਾਨਕ ਸ਼ਾਹ॥

ਹਿੰਦੂ ਕਹਾਂ ਤਾ ਮਾਰੀਆ ਮੁਸਲਮਾਨ ਭੀ ਨਾਹਿ॥
ਪਾਂਚ ਤੱਤ ਕਾ ਪੁਤਲਾ ਗੈਬੀ ਖੇਲੇ ਮਾਹਿ॥
ਗੈਬੀ ਆਇਆ ਗੈਬ ਤੋਂ, ਆਣ ਲਗਾਇਆ ਐਬ॥
ਉਲਟ ਸਮਾਨਾ ਗੈਬ ਮੈਂ, ਮਿਟ ਗਏ ਸਭੇ ਐਬ॥
ਕਲਿਜੁਗ ਨਾਨਕ ਨਿਰਮਲਾ ਪੰਥ ਚਲਾਯੋ ਆਇ॥
ਬੇਦ ਕਤੇਬੋ ਬਾਹਰਾ, ਜਪਦੇ ਏਕ ਖੁਦਾਇ॥
ਕਲਿਜੁਗ ਨਾਨਕ ਨਿਰਮਲੀ ਸਿੱਖੀ ਹੈ ਪਰਵਾਨ॥
ਪਾਰ ਉਤਰੇ ਉਮਤੀ, ਸਤਨਾਮ ਦੇ ਦਾਨ॥
ਹਿੰਦੂ ਮੁਸਲਮਾਲ ਸਭ ਮਜ਼ੂਬ ਚਲਾਏ ਕੂਰ॥
ਸੱਚਾ ਮਜ਼ੂਬ ਅਲਾਹਿ ਦਾ, ਲਾ ਮਜ਼ਬੀ ਇਕ ਨੂਰ॥
ਅਮਲਾਂ ਉਤੇ ਨਿੱਬੜੇ ਸਾਹਿਬ ਦੇ ਦਰਬਾਰ॥
ਕੋਈ ਕਰੇ ਸਹਾਇ ਨ, ਪੈਗੰਬਰ ਅਵਤਾਰ। ॥

ਫੇਰ ਕਾਜ਼ੀ ਰੁਕਨਦੀਨ ਬੋਲਿਆ

ਅਖੇ ਕਾਜ਼ੀ ਰੁਕਨਦੀਨ ਸੁਣਹੋ ਚਾਰ ਇਮਾਮ॥
ਨਾਨਕ ਆਯਾ ਜਗਤ ਪਰ, ਲੈ ਸੱਚਾ ਫਰਮਾਨ॥
ਬੋਲੇ ਸੱਯਦ ਜਲਾਲਦੀਨ ਔਰ ਬਹਾਵਦੀ ਪੀਰ॥
ਨਾਨਕ ਤਾਈਂ ਛੋੜਨਾ ਬਹੁਤੀ ਹੈ ਤਕਸੀਰ॥
ਬੋਲੇ ਚਾਰ ਇਮਾਮ ਇਨ ਰੱਦੇ ਪੈਗੰਬਰ ਯਾਰ॥
ਮਜ਼ੂਬ ਕਰੇ ਮਨਸੂਖ ਇਨ ਜੋ ਹੈ ਵਿਚ ਸੰਸਾਰ॥
ਸੁਲ੍ਹਾਕੁਲ ਇਹੁ ਪੀਰ ਹੈ ਰੱਦ ਕਰੇਗੀ ਕੂਰ॥
ਬਿਨ ਪ੍ਰਮੇਸ਼ਵਰ ਔਰ ਕੀ ਮੰਨਤ ਕਰ ਹੈ ਦੂਰ॥
ਸ਼ਰਾ ਚਿੰਨ੍ਹਯ ਕੁਛ ਆਪਣਾ ਨਾਹਿ ਚਲਾਵੇ ਕਾਹਿ॥

(ਯਾਰ - ਮੁਸਲਮਾਨ ਮੰਨਦੇ ਹਨ ਕਿ ਅੱਲਾਹ ਦੇ ਚਾਰ ਯਾਰ ਹਨ ਜੋ ਹਮੇਸ਼ਾਂ ਅੱਲਾਹ ਦੇ ਨਾਲ ਹੀ ਰਹਿੰਦੇ ਹਨ।)

ਸਵਾਲ ਇਮਾਮ॥

ਸੁਣਹੋਂ ਨਾਨਕ ਹਿੰਦਵੀ ਸੱਚਾ ਰਾਹ ਬਤਾਇ॥
ਜਿਸ ਪੈਂਡੇ ਸੁ ਚਲਦਿਆਂ ਮਲਕੁਲ ਮੌਤ ਨ ਖਾਇ॥
ਕਾਜ਼ੀ ਮੁੱਲਾਂ ਪੰਡਤੀ ਜਗਤ ਭੁਲਾਇਆ ਰਾਹਿ॥
ਅੱਲਾ ਮੰਨ ਫੱਕਰ ਰਹੇ ਫੱਕਰ ਅੱਲਾ ਦੇ ਮਾਹਿ॥
ਮਰਤਬ ਬੜਾ ਫਕੀਰ ਦਾ ਫੁਰਮਾਇਆ ਰੱਬ ਆਪ॥
ਕੇੜ੍ਹੀ ਕਰੀਏ ਬੰਦਗੀ ਜਿਸ ਕਰ ਹੋਇ ਮਿਲਾਪ॥

ਜਵਾਬ ਨਾਨਕ ਸ਼ਾਹ ਸੂਰਾ

ਨਾਨਕ ਆਖੇ ਸੱਚ ਦੀ ਸੁਣ ਹੋ ਪੰਦ ਇਮਾਮ॥
ਛੱਡੋ ਖੁਦੀ ਤਕੱਬਰੀ ਬਣੋਂ ਨ ਸ਼ਰਾ ਗੁਲਾਮ॥
ਤੋਬਾ ਕਰੋ ਗੁਨਾਹ ਥੀਂ, ਹੱਕ ਪਰਾਯਾ ਛੱਡ॥
ਲੋਕ ਦਿਖਾਵਾ ਨਾ ਕਰੋ, ਮਨ ਅੱਲਾ ਵਿਚ ਗੱਡ॥
ਓਹੀ ਮੁਹੰਮਦ ਮਹਾਦੇਓ ਕਲਮਾਂ ਮੰਤਰ ਏਕ॥
ਕਰਨ ਛੇਦ ਸੁੰਨਤ ਇਕੋ ਅੱਲਾ ਰਾਮ ਬਵੇਕ॥
ਕੁਰਬਾਨੀ ਤੇ ਬਲੀ ਇਕ, ਦੇਵਲ ਉਹੀ ਮਸੀਤ॥
ਭਰਮ ਭੇਦ ਤਜ ਦਵੈਤ ਕੋ, ਤੇ ਜਾਵੇ ਜਗ ਜੀਤ॥
ਕਰ ਅੱਲਾ ਦੀ ਬੰਦਗੀ ਏਕਾ ਏਕੀ ਹੋਇ॥
ਸਿਲ ਆਲੂਣੀ ਚੱਟਣੀ ਪੈਸੀ ਮੁਸ਼ਕਲ ਖੋਇ॥
ਪੰਦ ਫਕੀਰਾਂ ਜੋ ਸੁਣੇ ਹਿੰਦੂ ਮੁੱਸਲਮਾਨ॥
ਹੋਨ ਗੁਨਾਹੀ ਪਾਕ ਸਭ ਪਾਵਨ ਸੁਖ ਸੁਬਹਾਨ॥
ਇਕ ਦੀ ਕਰ ਬੰਦਗੀ ਦੂਜਾ ਫਾਨੀ ਧਾਰ ॥
ਕਿੱਤੀ ਲੱਖ ਪੈਗੰਬਰਾਂ ਕਿੱਤੇ ਹੈਂ ਅਵਤਾਰ॥
ਪੰਡਤ ਮੁੱਲਾ ਜੋਤਸ਼ੀ ਜੋਗੀ ਕਾਜ਼ੀ ਸ਼ੇਖ॥
ਕਿਸੇ ਸ਼ਾਂਤ ਨ ਆਈਆ ਪਾਤਹੁ ਮੁਰਸ਼ਦ ਵੇਖ ॥
ਹਾਜ਼ਰ ਨਾਜ਼ਰ ਰੱਬ ਇਕ ਹਿੰਦੂ ਮੁੱਸਲਮਾਨ॥
ਜੋ ਚੱਲੇ ਸੋ ਪਹੁੰਚ ਹੈ ਤਜ ਕੇ ਮਜ਼ਬ ਗੁਮਾਨ॥
ਸੱਚਾ ਫਿਰਕਾ ਸਾਜਿਆ ਨਾਨਕ ਸ਼ਾਹ ਫਕੀਰ॥

ਜੋ ਆਵੇ ਦ੍ਰਿਢ ਭਾਉ ਕਰ ਪਾਵੈ ਗੁਣੀ ਗਹੀਰ॥ (ਪੰਦ- ਉਪਦੇਸ਼)

ਗੁਰੂ ਸਾਹਿਬ ਦੀ ਮਦੀਨਾ ਆਮਦ ਕਰਕੇ ਮਜ਼ਬੀ ਮੁਹੱਲਿਆਂ ਵਿਚ ਹਲ ਚਲ ਮੱਚ ਚੁੱਕੀ ਸੀ। ਪਰ ਗੁਰੂ ਸਾਹਿਬ ਕਿਸੇ ਬੇਗਾਨੇ ਵਾਙੂ ਉਪਦੇਸ਼ ਨਹੀ ਕਰਦੇ ਸਨ। ਉਹ ਸਮੁੱਚੀ ਮਨੁੱਖਤਾ ਨੂੰ ਆਪਣਾ ਪ੍ਰਵਾਰ ਸਮਝਦੇ ਸਨ। ਮੱਕੇ ਮਦੀਨੇ ਵਾਲਿਆਂ ਇਨਾਂ ਨੂੰ ਮੁਸਲਮਾਨ ਹੀ ਤਸਲੀਮ ਕਰ ਲਿਆ ਸੀ। ਫਰਕ ਬਸ ਇਨਾ ਕੁ ਕਿ ਗੁਰੂ ਸਾਹਿਬ ਹਿੰਦ ਦੇ ਔਲੀਏ ਸਨ। ❋

ਮਦੀਨੇ ਦੇ ਓਲੇਮਾ ਨੇ ਜਦੋਂ ਮਹਿਸੂਸ ਕੀਤਾ ਕਿ ਬਾਬਾ ਨਾਨਕ ਦਾ ਪੈਗਾਮ ਮਨੁੱਖਤਾਵਾਦੀ ਹੈ ਤਾਂ ਉਹਨਾਂ ਬਾਰ ਬਾਰ ਗੁਰੂ ਸਾਹਿਬ ਨੂੰ ਗੁਜਾਰਿਸ਼ ਕੀਤੀ ਕਿ ਤੁਸੀ ਉਸਮਾਨੀਆਂ ਸਲਤਨਤ ਦੇ ਇਲਾਕੇ ਬਗਦਾਦ ਅਤੇ ਸ਼ਾਓਸ਼ਤਰ ਵੀ ਜਾਓ ਜਿਥੇ ਸ਼ੀਆ ਹੁਕਮਰਾਨ ਸੁੰਨੀ ਲੋਕਾਂ ਤੇ ਜੁਲਮ ਢਾਹ ਰਹੇ ਨੇ। ਉਹਨਾਂ ਕਿਹਾ ਕਿਉਕਿ ਬਗਦਾਦ ਹੀ ਪੂਰੀ ਦੁਨੀਆ ਦਾ ਵਿਦਵਤਾ ਕੇਂਦਰ ਹੈ , ਤੁਹਾਡਾ ਸੁਨੇਹਾ ਦੁਨੀਆ ਦੇ ਕੋਨੇ ਕੋਨੇ ਤੱਕ ਫੈਲ ਜਾਏਗਾ।

—◈—

ਰਾਜਾ ਕਾਰੂ ਹਮੀਦ◉ ਪਿਰਾਮਿੱਡ ਪੁੱਟ ਪੁੱਟ ਖਜ਼ਾਨੇ ਲੱਭਿਆ ਕਰਦਾ ਸੀ

ਮੱਕੇ ਹੀ ਗੁਰੂ ਸਾਹਿਬ ਨੇ ਮਦੀਨੇ ਦੇ ਅਮੀਰ (ਰਾਜੇ) ਦੇ ਚੁੱਟਕਲੇ ਸੁਣੇ ਸਨ ਜਿਹੜਾ ਹਜ਼ਾਰਾਂ ਸਾਲ ਪੁਰਾਣੇ ਤਿਕੋਨੇ ਬੁਰਜ (ਪਿਰਾਮਿਡ) ਪੁੱਟ ਪੁੱਟ ਖਜਾਨੇ ਲੱਭਣ ਦੀ ਦੌੜ ਵਿਚ ਰਹਿੰਦਾ ਸੀ। ਕਿਹਾ ਜਾਂਦਾ ਸੀ ਕਿ ਹਮੀਦ ਨੇ 40 ਗੰਜ (ਖਜ਼ਾਨੇ) ਦੌਲਤ ਇਕੱਠੀ ਕਰ ਲਈ ਹੈ।

ਕਾਜੀ ਰੁਕਨੁਦੀਨ, ਗੁਰੂ ਸਾਹਿਬ ਅਤੇ ਮਰਦਾਨਾ। (ਬੀ:40 ਤਸਵੀਰ)

ਕਾਰੂ ਬਾਰੇ ਇਕ ਹੋਰ ਦਿਲਚਸਪ ਗਲ ਇਹ ਸੀ ਕਿ ਉਸ ਨੇ ਆਪਣੀ ਸ਼ਹਿਜਾਦੀ ਦਾ ਨਿਕਾਹ ਇਕ ਸਧਾਰਨ ਪ੍ਰਵਾਰ ਵਿਚ ਇਸ ਕਰਕੇ ਕਰ ਦਿੱਤਾ ਕਿਉਕਿ ਮੁੰਡਾ ਬਹੁਤ ਅਮੀਰ ਬਣ ਚੁੱਕਾ ਸੀ। ਧੀ ਦਾ ਨਿਕਾਹ ਕਰਨ ਤੋਂ ਬਾਦ ਕਾਰੂ ਨੂੰ ਜਵਾਈ ਦੀ ਅਮੀਰੀ ਦਾ ਰਾਜ ਜਦੋਂ ਪਤਾ ਲੱਗਾ ਤਾਂ ਉਸ ਨੇ ਵੀ ਜਵਾਈ ਵਾਲਾ ਕੰਮ ਕਰਨਾਂ ਸ਼ੁਰੂ ਕਰ ਦਿੱਤਾ।

ਪੈੜ ਸਾਢਾ

❋ਮਹਿਮਾ ਪ੍ਰਕਾਸ਼ ਸਮੇਤ ਫੁਟ ਨੋਟ - 45, ਲੋਕਾਂ ਨੇ ਇਥੇ ਗੁਰੂ ਸਾਹਿਬ ਦੀਆਂ ਖੜਾਵਾਂ ਯਾਦਗਾਰ ਦੇ ਤੌਰ ਤੇ ਸਾਂਭ ਲਈਆਂ। ਵਕਤ ਪਾ ਕੇ ਜਦੋਂ ਅਗਲੀਆਂ ਪੀੜੀਆਂ ਨੇ ਉਨਾਂ ਖੜਾਵਾਂ ਦੀ ਕਦਰ ਘਟਾਈ ਤਾਂ ਉੱਚ ਦਾ ਇਕ ਪੀਰ ਉਹ ਖੜਾਵਾਂ ਵੀ ਲੈ ਆਇਆ ਜੋ ਅੱਜ ਵੀ ਉੱਚ ਦੇ ਤੋਸ਼ੇਖਾਨੇ ਵਿਚ ਮੌਜੂਦ ਹਨ। ਯਾਦ ਰਹੇ ਉੱਚ ਸ਼ਹਿਰ ਦੇ ਪੀਰਾਂ ਕੋਲ ਦੋ ਜੋੜੇ ਖੜਾਵਾਂ ਦੇ ਹਨ।

◉ ਜਨਮਸਾਖੀ ਕਾਰੂ ਹਮੀਦ ਨਾਂ ਦੇ ਰਾਜੇ ਦੀ ਗਲ ਕਰਦੀ ਹੈ। ਜਦੋ ਕਿ ਅਹਿਮਦ ਦੀਆ ਬਿਨ ਮੁਹੰਮਦ ਅਲ-ਅੰਕਾਵੀ ਦੀ ਅਰਬੀ ਪੁਸਤਕ 'ਮੁਅਜਮ ਅਸ਼ਰਫ ਅਲ ਹਿਜਾਜ਼ ਫੀ ਬਿਲਾਦ ਅਲ-ਹਾਰਮਾਈਨ' (2005) ਮੁਤਾਬਿਕ ਹੁਮੀਦਨ ਬਿਨ ਸ਼ਮਨ ਅਲ ਹੁਸੈਨੀ (ਭਾਵ ਹਮੀਦ) ਗੁਰੂ ਸਾਹਿਬ ਦੀ ਮਦੀਨਾ ਫੇਰੀ ਵੇਲੇ ਓਥੋ ਦਾ ਰਾਜਾ ਸੀ। ਉਹ ਮੁਹੰਮਦ ਅਬੂ ਨੁਮਾਏ-ਦੋ ਸ਼ਰੀਫ (ਰਾਜਾ) ਮੱਕਾ (1512-1566) ਦਾ ਸਹੁਰਾ ਸੀ।

1516-17 ਈ ਵਿਚ ਉਸਮਾਨੀਆ ਸਲਤਨਤ ਨੇ ਮਿਸਰ ਦੀ ਮਮਲੂਕ ਸਲਤਨਤ ਤੇ ਹਮਲਾ ਕਰ ਦਿੱਤਾ। ਖਲੀਫਾ ਅਲਮੁਤਾਵਕੀਲ ਹਾਰ ਗਇਆ ਤੇ ਕਤਲ ਕਰ ਦਿੱਤਾ ਗਿਆ। ਕਿਉਕਿ ਖਲੀਫਾ ਦਾ ਅਹੁਦਾ ਇਸਲਾਮ ਵਿਚ ਸਭ ਤੋਂ ਉਪਰ ਗਿਣਿਆ ਜਾਂਦਾ ਹੈ ਉਸਮਾਨੀਆਂ ਸਲਤਨਤ ਨੇ ਜਦੋਂ ਉਸ ਨੂੰ ਨਾ ਬਖਸ਼ਿਆ ਤਾਂ ਮੱਕੇ ਮਦੀਨੇ ਦੇ ਅਮੀਰਾਂ ਨੂੰ ਵੀ ਫਿਕਰ ਹੋ ਗਿਆ। ਇਹ ਫਿਰ ਅੱਗੇ ਹੋ ਕੇ ਨਜਰਾਨੇ ਲੈ ਲੈ ਉਸਮਾਨ ਬਾਦਸ਼ਾਹ ਸਲੀਮ ਦੇ ਅੱਗੇ ਝੁੱਕ ਗਏ। ਨਤੀਜਾ ਇਹ ਹੋਇਆ ਕਿ ਸਲੀਮ ਨੇ ਮੱਕਾ ਮਦੀਨੇ ਦੇ ਅਮੀਰਾਂ ਨੂੰ ਨਾਂ ਛੇੜਿਆ ਤੇ ਪਰ ਇਨਾਂ ਕੋਲੋ ਮੋਟੀ ਰਕਮ ਨਜਰਾਨੇ ਦੇ ਤੌਰ ਤੇ ਲਈ ਗਿਆ। ਕੁਦਰਤੀ ਹੈ ਕਿ ਇਨਾਂ ਅਮੀਰਾਂ (ਰਾਜਿਆਂ) ਨੇ ਵੀ ਫਿਰ ਪੈਸਾ ਇਕੱਠਾ ਕਰਨ ਵਿਚ ਕੋਈ ਕਸਰ ਨਹੀ ਛੱਡੀ ਹੋਵੇਗੀ। ਸੋ ਇਹ ਮੱਦੀਨੇ ਦਾ ਹੀ ਰਾਜਾ (ਅਮੀਰ) ਸੀ ਜਿਸ ਨੇ ਪੈਸਾ ਇਕੱਠਾ ਕਰਨ ਵਿਚ ਪਿਰਾਮਿਡ ਵੀ ਨਾਂ ਬਖਸ਼ੇ। ਜਿਵੇ ਆਪਾਂ ਜਾਣਦੇ ਹਾਂ ਕਿ ਮੱਕਾ ਮਦੀਨਾ ਦੇ ਗਵਾਂਢ ਵਿਚ ਹੀ ਸੂਡਾਨ ਵਿਚ ਵੀ ਪਿਰਾਮਿਡ ਹੈਗੇ ਨੇ। ਸਿਰਫ ਏਨਾ ਹੀ ਨਹੀ ਸੂਡਾਨ ਵਿਚ ਮਿਸਰ ਨਾਲੋ ਵੀ ਜਿਆਦਾ ਪਿਰਾਮਿਡ ਨੇ। ਸੋ ਇਹ ਤਾਂ ਹੋ ਹੀ ਨਹੀ ਸਕਦਾ ਕਿ ਮੱਕੇ ਮਦੀਨੇ ਦੇ ਇਲਾਕੇ ਵਿਚ ਪਿਰਾਮਿਡ ਨਾਂ ਹੋਣ। ਨਾਲੇ ਪਿਰਾਮਿਡ ਬਣਾਉਣ ਦਾ ਰਿਵਾਜ ਇਸਲਾਮ ਦੇ ਜਨਮ ਤੋਂ ਬਹੁਤ ਪਹਿਲਾਂ ਦਾ ਹੈ। ਨਾਲੇ ਮੁਸਲਮਾਨ ਲੋਕਾਂ ਨੇ ਅਨੇਕਾਂ ਪੁਰਾਣੀਆਂ ਰਹੁ ਰੀਤਾਂ ਨੂੰ ਰੱਦ ਕਰ ਦਿੱਤਾ ਸੀ। ਜਦੋਂ ਪੁਰਾਣੇ ਪੈਗੰਬਰ ਦੀਆਂ ਬਣੀਆਂ ਮੂਰਤੀਆਂ ਇਹਨਾਂ ਨਾਂ ਛੱਡੀਆਂ ਤਾਂ ਪਿਰਾਮਿਡ ਦਾ ਸਤਿਕਾਰ ਕੌਣ ਕਰੇਗਾ।

ਸੋ ਸੰਭਾਵਨਾ ਇਹੋ ਹੈ ਕਿ ਜਨਮ ਸਾਖੀਆਂ ਨੇ ਜਿਹੜਾ ਕਾਰੂ ਹਮੀਦ ਦਾ ਨਾਂ ਦਿੱਤਾ ਹੈ, ਇਹ ਓਹੋ ਹਮੀਦ ਹੈ। ਕਿਉਕਿ ਜੰਗਲੀ ਕਿਸਮ ਦਾ ਮੰਗੋਲ ਕਾਰੂ ਅੰਨੇਵਾਹ ਮਾਇਆ ਇਕੱਠੀ ਕਰਿਆ ਕਰਦਾ ਸੀ ਜਿਸ ਕਰਕੇ ਇਸ ਹਮੀਦਨ ਹੁਸੈਨੀ ਨਾਂ ਦੇ ਰਾਜੇ ਨੂੰ ਵੀ ਲੋਕਾਂ ਕਾਰੂ ਦਾ ਹੀ ਖਿਤਾਬ ਦੇ ਦਿੱਤਾ ਹੋਵੇਗਾ।

ਜਨਮ ਸਾਖੀਆਂ ਫਿਰ ਨਾਂ ਕਾਰੂ ਹਮੀਦ ਹੀ ਦਿੱਤਾ ਹੈ।

✚ ਹੁਮੈਦਨ ਬਾਦ ਜਿੰਦਗੀ ਧਰਮਕ ਵਿਦਵਾਨ ਦੇ ਤੌਰ ਤੇ ਵਿਚਰਿਆ ਤੇ ਹੰਬਾਲੀ ਪ੍ਰੰਪਰਾ ਦਾ ਹਿੱਸਾ ਬਣ ਗਇਆ ਜੋ ਬਾਦ ਵਿਚ ਵਹਾਬੀ ਫਿਰਕੇ ਨੂੰ ਜਨਮ ਦਿੰਦੀ ਹੈ। (ਵੇਖੋ ਪੁਸਤਕ: THE CLERICS OF ISLAM RELIGIOUS AUTHORITY AND POLITICAL POWER IN SAUDI ARABIA-NABIL MOULINE https://archive.org/stream/0300178905/0300178905_djvu.txt) ਕਿ ਹਮੀਦ ਧਾਰਮਿਕ ਬਣ ਗਿਆ ਉੱਜ ਹੋਰ ਖੋਜ ਦੀ ਮੰਗ ਕਰਦਾ ਹੈ।

ਗੋਸ਼ਟਿ ਅਨੁਸਾਰ ਕਾਰੂ ਹਮੀਦ ਮਦੀਨੇ ਦੇ ਰੂਮ ਇਲਾਕੇ ਦਾ ਹੈ। ਸੰਭਾਵਨਾ ਇਟਲੀ ਵਾਲੇ ਰੂਮ ਦੀ ਵੀ ਬਣਦੀ ਹੈ। ਗੋਸ਼ਟਿ ਲਿਖਦੀ ਹੈ ਕਿ ਮਦੀਨਾ ਮੱਕੇ ਤੋਂ ਇਨਾਂ ਦੂਰ ਹੈ ਜਿੰਨਾ ਮੱਕਾ ਪੰਜਾਬ ਤੋਂ। ਹੋ ਸਕਦੈ ਇਥੇ ਗੋਸ਼ਟਿ ਇਟਲੀ ਵਾਲੇ ਰੋਮ ਦੀ ਗਲ ਕਰ ਰਹੀ ਹੋਵੇ। ਕਿਉਕਿ ਮਦੀਨਾ ਤਾਂ ਮੱਕਾ ਤੋਂ ਸਿਰਫ 12 ਦਿਨ ਦਾ ਪੈਦਲ ਰਸਤਾ ਹੈ। ਮਤਲਬ ਇਸ ਸਾਖੀ ਤੋਂ ਸੰਭਾਵਨਾ ਦੇ ਸਿਰਫ ਅੰਦਾਜ਼ੇ ਹੀ ਲਾਏ ਜਾ ਸਕਦੇ ਹਨ।

ਇਹ ਵੀ ਹੋ ਸਕਦੈ ਕਿ ਕਾਰੂ ਕਿਸੇ ਹੋਰ ਮੁਲਕ ਦਾ ਰਾਜਾ ਹੋਵੇ। ਪਰ ਗੁਰੂ ਸਾਹਿਬ ਦਾ ਮਦੀਨੇ ਤੋਂ ਬਗਦਾਦ ਵਲ ਜਾਣਾ ਸਾਬਤ ਕਰਦਾ ਹੈ ਕਿ ਗੁਰੂ ਸਾਹਿਬ ਨੇ ਲਾਲ ਸਾਗਰ ਪਾਰ ਕਰਕੇ ਮਿਸਰ ਸੂਡਾਨ ਵਾਲੇ ਪਾਸੇ ਨਹੀ ਸਨ ਗਏ। ਜਦੋਂ ਕਿ ਬਗਦਾਦ ਵਾਲੇ ਪਾਸੇ ਪਿਰਾਮਿਡ ਬਣਾਉਣ ਦਾ ਰਿਵਾਜ ਨਹੀ ਸੀ।

ਬਾਕੀ ਜਿਵੇ ਜਨਮ ਸਾਖੀਆਂ ਨੇ ਦਿੱਤਾ ਹੈ ਕਿ ਰਾਜਾ ਸਧਾਰਨ ਲੋਕਾਂ ਦੀਆਂ ਕਬਰਾਂ ਪੁੱਟਦਾ ਸੀ ਉਹ ਤਾਂ ਕਿਸੇ ਵੀ ਸੂਰਤ ਵਿਚ ਸੰਭਵ ਨਹੀ। ਜਨਮ ਸਾਖੀਆਂ ਦੇ ਕਰਤਾਵਾਂ ਨੂੰ ਅਰਬ-ਅਫਰੀਕਾ ਦੇ ਹਲਾਤਾਂ ਦਾ ਵੀ ਪਤਾ ਵੀ ਨਹੀ ਸੀ ਕਿ ਓਥੇ ਪਿਰਾਮਿਡ ਹੁੰਦੇ ਨੇ ਜਿੰਨਾਂ ਹੇਠ ਦੌਲਤ ਛੁਪਾਈ ਜਾਂਦੀ ਸੀ।

ਗਿਆਨੀ -264 ਨੇ ਲਿਖਿਆ ਹੈ ਕਿ ਸੁਲਤਾਨ ਮਹੀਦ (ਹਮੀਦ) ਕਾਰੂ ਕੈਕਈ, ਮਿਸਰ ਦਾ ਬਾਦਸ਼ਾਹ ਸੀ ਜੋ ਇਤਹਾਸਿਕ ਤੌਰ ਤੇ ਗਲਤ ਹੈ।

ਕਾਰੂ ਬਾਦਸ਼ਾਹ ਦੀ ਸਾਖੀ ਪਹਿਲੀ ਵਾਰ ਮਦੀਨੇ ਦੀ ਗੋਸਟਿ (168) ਵਿਚ ਵੀ ਪ੍ਰਗਟ ਹੁੰਦੀ ਹੈ। ਹਾਲਾਂ ਇਸ ਬਾਬਤ ਲਿਖਾਰੀ ਜੋ ਵਾਕਫੀਅਤ ਦਿੰਦਾ ਹੈ ਉਹ ਜਿਆਦਾ ਭੰਬਲਭੂਸਾ ਹੀ ਹੈ। ਲਿਖਦਾ ਹੈ:-

ਪੈੜ ਅਗਲੇ ਸਫੇ ਤੇ ਚਲਦਾ ➡

ਸੈਰੋਇ ਸੂਡਾਨ ਦੇ ਬੁਰਜ (ਪਿਰਾਮਿਡ) ਮਤਲਬ ਮੱਕੇ ਮਦੀਨੇ ਦੇ ਗਵਾਂਢ ਵਿਚ ਪਿਰਾਮਿਡ ਹੋਣਾਂ ਸਾਬਤ ਕਰਦਾ ਹੈ ਕਿ ਮਦੀਨੇ ਦੇ ਇਲਾਕੇ ਵਿਚ ਪਿਰਾਮਿਡ ਹੋਇਆ ਕਰਦੇ ਸਨ। ਜਨਮ ਸਾਖੀ ਨੇ ਜਿਹੜਾ ਕਬਰਾਂ ਪੁੱਟਣਾਂ ਲਿਖਿਆ ਹੈ ਉਹ ਦਰ ਅਸਲ ਪਿਰਾਮਿਡ ਖੋਦਣ ਦੀ ਗੱਲ ਹੈ।

ਹੋਇਆ ਕੁਝ ਇਸ ਤਰਾਂ ਕਿ ਜਵਾਈ ਦੀ ਮਾਂ ਨੇ ਮੁੰਡੇ ਨੂੰ ਦੱਸਿਆ ਕਿ ਇਹ ਜੋ ਤਿਕੋਨੇ ਬੁਰਜ (ਪਿਰਾਮਿਡ) ਹਨ ਇਨਾਂ ਅੰਦਰ ਬੇਸ਼ੁਮਾਰ ਦੌਲਤ ਛੁੱਪੀ ਹੋਈ ਹੈ। ਜਵਾਈ ਨੇ ਬੰਦੇ ਲੈ ਕੇ ਇਲਾਕੇ ਦਾ ਪਿਰਾਮਿਡ ਪੁੱਟ ਮਾਰਿਆ ਤੇ ਉਸਨੂੰ ਸੱਚ ਮੁੱਚ ਬੇਸ਼ੁਮਾਰ ਦੌਲਤ ਹਾਸਲ ਹੋ ਗਈ।

ਕਾਰੂ ਕਿਉਕਿ ਮਾਇਆ ਦੀ ਦੌੜ ਵਿਚ ਪਿਆ ਹੋਇਆ ਸੀ ਉਸ ਨੇ ਵੀ ਪਿਰਾਮਿਡ ਪੁਟਾਉਣੇ ਸ਼ੁਰੂ ਕਰਵਾ ਦਿੱਤੇ। ਜਿਸ ਕਰਕੇ ਇਲਾਕੇ ਵਿਚ ਇਸ ਤੇ ਬਹੁਤ ਥੂ ਥੂ ਹੋਈ। ਹਰ ਕੋਈ ਕਹਿ ਰਿਹਾ ਸੀ ਕਾਰੂ ਮਾਇਆ ਦੀ ਭੁੱਖ ਵਿਚ ਅੰਨਾ ਹੋ ਗਇਆ ਹੈ।

ਕਿਉਕਿ ਗੁਰੂ ਸਾਹਿਬ ਹੁਕਮਰਾਨ ਨੂੰ ਮਿਲਣ ਨੂੰ ਪਹਿਲ ਦਿਆ ਕਰਦੇ ਸਨ ਤੇ ਜਦੋਂ ਉਨਾਂ ਨੂੰ ਕਾਰੂ ਦੀਆਂ ਕਰਤੂਤਾਂ ਦਾ ਪਤਾ ਲੱਗਾ ਤਾਂ ਗੁਰੂ ਸਾਹਿਬ ਨੇ ਉਨੂੰ ਮਿਲਣ ਦਾ ਸੋਚ ਲਿਆ।

ਗੁਰੂ ਸਾਹਿਬ ਨੇ ਠੀਕਰੀਆਂ ਇਕੱਠੀਆਂ ਕਰਕੇ ਪੋਟਲੀ ਬੰਨ ਲਈ ਤੇ ਕਾਰੂ ਬਾਦਸ਼ਾਹ ਨੂੰ ਮਿਲਣ, ਜਾ ਕਾਰੂ ਦੇ ਮਹੱਲ ਹਾਜਰ ਹੋਏ। ਦਰਵਾਨ ਨੇ ਇਨਾਂ ਨੂੰ ਕਿਹਾ ਕਿ ਇਥੋਂ ਤੁਹਾਨੂੰ ਕੁਝ ਹਾਸਲ ਨਹੀ ਹੋਣਾ ਇਹ ਰਾਜਾ ਬਿਲਕੁਲ ਖਰਾਇਤ ਨਹੀ ਕਰਦਾ ਭਾਵ ਫਕੀਰਾਂ ਨੂੰ ਦਾਨ ਨਹੀ ਦਿੰਦਾ। ਗੁਰੂ ਸਾਹਿਬ ਨੇ ਦਰਵਾਨ ਨੂੰ ਕਿਹਾ ਕਿ ਅਸੀ ਕੁਝ ਲੈਣ ਨਹੀ ਆਏ ਅਸੀ ਤਾਂ ਹਿੰਦੁਸਤਾਨ ਤੋਂ ਆ ਰਹੇ ਹਾਂ ਬਾਦਸ਼ਾਹ ਨੂੰ ਮਿਲਣਾ ਹੈ।

ਦਰਵਾਨ ਨੇ ਤੁਰੰਤ ਜਾ ਬਾਦਸ਼ਾਹ ਨੂੰ ਖਬਰ ਦਿੱਤੀ ਕਿ ਇਸ ਤਰਾਂ ਦੋ ਪ੍ਰਦੇਸੀ ਫਕੀਰ ਜਿਹੇ ਬੰਦੇ ਹਿੰਦੋਸਤਾਨ ਤੋਂ ਆਏ ਹਨ ਤੇ ਮਿਲਣਾ ਚਾਹੁੰਦੇ ਹਨ। ਬਾਦਸ਼ਾਹ ਨੇ ਇਨਾਂ ਬਾਰੇ ਪਹਿਲਾਂ ਹੀ ਸੁਣ ਲਿਆਂ ਸੀ ਜਦੋਂ ਲੋਕਾਂ ਨੇ ਇਨਾਂ ਨੂੰ ਪੱਥਰ ਰੋੜੇ ਮਾਰੇ ਸਨ। ਉਸ ਨੇ ਦਰਵਾਨ ਨੂੰ ਹੁਕਮ ਕਰ ਦਿੱਤਾ ਕਿ ਉਨਾਂ ਨੂੰ ਕਹੋ ਕਿ ਉਡੀਕਣ ਮੈਂ ਡਿਉੜੀ ਤੇ ਆ ਕੇ ਮਿਲਦਾ ਹਾਂ।

ਦਰਵਾਨ ਨੇ ਗੁਰੂ ਸਾਹਿਬ ਤੇ ਮਰਦਾਨੇ ਨੂੰ ਕਿਹਾ ਕਿ ਇਥੇ ਹੀ

ਪੈੜ ਸਫ਼ਾ

"ਜਿਤਨਾ ਪੰਜਾਬੋਂ ਮੱਕਾ ਹੈ, ਇਤਨਾ ਹੀ ਪਰੇ ਮਦੀਨਾ ਹੈ। ਤਾਂ ਬਾਬਾ ਮਦੀਨੇ ਜਾਇ ਪਹੁਤਾ। ਮਦੀਨੇ ਵਿਖੇ ਰੂਮ ਕਾ ਸ਼ਹਿਰ ਹੈ। ਰੂਮ ਕਾ ਪਾਤਸ਼ਾਹ ਸੁਲਤਾਨ ਹਮੀਦ ਕਾਰੂਨ ਹੈ। ਬੜਾ ਕਾਰੂਨ ਜੋ ਆਗੇ ਮਿਹਤਰ ਮੂਸੇ ਕੇ ਪੈਕੰਬਰ ਕੇ ਜਮਾਨੇ ਮੇਂ ਹੋਆ ਸੀ। ਕਾਰੂਨ ਹਾਰੂਨ ਦੋਨੋਂ ਭਾਈ ਹੈਸਨ। ਤਬ ਸੁਲਤਾਨ ਹਮੀਦ ਕਾਰੂਨ ਭੀ ਬੜਾ ਜਾਲਮ ਪਾਤਸ਼ਾਹ ਹੈ। ਜਹਾਂ ਤੀਕਰ ਰੂਮ ਕੀ ਪਾਤਸ਼ਾਹੀ ਸੀ ਸਭ ਲੂਟ ਲਈ ਸੀ। "

ਇਸ ਤੋਂ ਅੱਗੇ ਗੋਸਟਿ ਵਿਚ ਗੁਰੂ ਸਾਹਿਬ ਮਦੀਨੇ ਵਿਖੇ ਹੀ ਬਾਦਸ਼ਾਹ ਕਾਰੂ ਨੂੰ ਮਿਲਦੇ ਹਨ। ਫਿਰ ਇਥੇ ਮਦੀਨੇ ਵਿਖੇ ਹੀ ਪੰਜਾਬੋਂ ਗਏ ਕੁਝ ਹੋਰ ਹਾਜੀਆਂ ਨਾਲ ਵੀ ਮੇਲ ਹੁੰਦਾ ਹੈ। (ਪੰਨਾ -175) ਅਤੇ ਫਿਰ ਓਥੇ ਗੋਸ਼ਟਾਂ ਸ਼ੁਰੂ ਹੋ ਜਾਂਦੀਆ ਹਨ।

ਸੋ ਇਸ ਪ੍ਰਕਾਰ ਕਾਰੂ ਹਮੀਦ ਵਾਲੀ ਗਲ ਮੂਲ ਵਿਚ ਮਦੀਨੇ ਨਾਲ ਸਬੰਧ ਰੱਖਦੀ ਹੈ। ਉਂਜ ਗੋਸ਼ਟਿ ਤੋਂ ਥੋੜਾ ਸ਼ੱਕ ਵੀ ਉਤਪਨ ਹੋ ਜਾਂਦਾ ਹੈ ਜਦੋਂ ਉਹ ਲਿਖਦਾ ਹੈ ਕਿ ਮਦੀਨੇ ਮੱਕੇ ਤੋਂ ਓਨਾਂ ਹੀ ਹੈ ਜਿੰਨਾਂ ਪੰਜਾਬ ਤੋਂ ਮੱਕਾ। ਹਾਲਾਂ ਮੱਕੇ ਤੋਂ ਮਦੀਨੇ ਨੱਕ ਦੀ ਸੇਧ ਤੇ ਸਾਰਾ 350 ਕਿ.ਮੀ ਹੈ।ਸੋ ਗੋਸਟਿ ਦੇ ਲਿਖਾਰੀ ਨੇ ਜੋ ਦੂਰੀ ਦਿੱਤੀ ਹੈ ਉਹ ਤਾਂ ਇਹੋ ਗੁਜਾਇਸ਼ ਛੱਡ ਦਿੰਦੀ ਹੈ ਕਿ ਹੋ ਸਕਦੈ ਗੁਰੂ ਸਾਹਿਬ ਰੋਮ (ਇਟਲੀ) ਵੀ ਗਏ ਹੋਣ। ਭਾਈ ਗੁਰਦਾਸ ਨੇ ਵੀ ਰੋਮ ਜਾਣ ਦਾ ਇਸ਼ਾਰਾ ਦਿੱਤਾ ਹੈ। ਗੁਰੂ ਸਾਹਿਬ ਦੀਆਂ ਯਾਤਰਾਵਾਂ ਬਾਰੇ ਪੜ੍ਹ ਕੇ ਅਸੀ ਮਹਿਸੂਸ ਕੀਤਾ ਹੈ ਕਿ ਉਹ ਬਿਨਾਂ ਮਕਸਦ ਸੈਰ ਦੇ ਤੌਰ ਤੇ ਕਿਤੇ ਵੀ ਨਹੀ ਗਏ। ਬਗਦਾਦ ਵੀ ਜੋ ਉਹ ਜਾਂਦੇ ਹਨ ਉਸ ਪਿੱਛੇ ਵੀ ਵੱਡਾ ਮਕਸਦ ਸੀ। ਸਾਡੀ ਤੁਸ਼ ਬੁਧ ਅਨੁਸਾਰ ਸਾਹਿਬ ਰੋਮ ਨਹੀ ਗਏ।

ਇਸ ਸਬੰਧ ਵਿਚ ਇਕ ਮੁਸ਼ਕਲ ਹੋਰ ਵੀ ਹੈ। ਮਿਸਰ ਦੇ ਸ਼ਹਿਰ ਕਾਇਰੋ ਨੂੰ ਵੀ ਮਸ਼ਰੋਮੀ ਜਾਂ ਮਸ਼ ਰੋਮ ਕਿਹਾ ਜਾਂਦਾ ਰਿਹਾ ਹੈ।

ਮੱਕੇ ਦੀ ਗੋਸ਼ਟਿ ਕਹਿੰਦੀ ਹੈ ਕਿ ਗੁਰੂ ਸਾਹਿਬ ਸਾਲ ਭਰ ਮੱਕਾ ਰਹੇ। ਫਿਰ ਜਨਮ ਸਾਖੀਆਂ ਇਹ ਵੀ ਕਹਿੰਦੀਆਂ ਹਨ ਕਿ ਚੌਥੀ ਉਦਾਸੀ ਵਿਚ ਤਿੰਨ ਸਾਲ ਲਾਏ। ਦੂਸਰੇ ਪਾਸੇ ਜਦੋਂ ਅਸੀ ਵੇਖਦੇ ਹਾਂ ਕਿ ਪਹਿਲੀ ਤੇ ਦੂਸਰੀ ਉਦਾਸੀ (ਭਾਰਤ ਭਰਮਣ) ਵਿਚ ਕੋਈ 12 ਸਾਲ ਲੱਗ ਜਾਂਦੇ ਹਨ ਉਸ ਦੇ ਮੱਦੇ ਨਜਰ ਤਿੰਨ ਸਾਲਾਂ ਵਿਚ ਰੋਮ ਆਦਿ ਇਲਾਕਿਆਂ ਵਿਚ ਘੁੰਮਣਾਂ ਕੁਝ ਸੋਚਣ ਵਿਚ ਕੁਝ ਮੁਸ਼ਕਲਾਂ ਪੈਦਾ ਕਰਦਾ ਹੈ।

ਪਪ (ਪੰਡਤ ਅਰਜੁਨ ਮੁਨੀ) - 93: ਨੇ ਲਿਖਿਆ ਹੈ ਕਿ ਹਮੀਦ ਦੀ ਇਕ ਰਾਣੀ ਬੇਓਲਾਦ ਸੀ। ਗੁਰੂ ਸਾਹਿਬ ਦੇ ਅਸ਼ੀਰਵਾਦ ਸਦਕਾ ਉਹ ਗਰਭਵਤੀ ਹੋ ਗਈ। ਉਸ ਨੇ ਗੁਰੂ ਸਾਹਿਬ ਕੋਲੋ ਰੂਹਾਨੀ ਗਿਆਨ ਪ੍ਰਾਪਤ ਕੀਤਾ। ਰਾਣੀ ਨੇ ਗੁਰੂ ਸਾਹਿਬ ਦੀ ਤਸਵੀਰ ਬਣਵਾ ਕੇ ਆਪਣੇ ਘਰ ਲਵਾ ਲਈ। ਰਾਣੀ ਨੇ ਆਪਣੇ ਹੱਥੀ ਕਢਾਈ ਕੀਤਾ ਚੋਲਾ ਸਾਹਿਬ ਗੁਰੂ ਸਾਹਿਬ ਦੇ ਭੇਟ ਕੀਤਾ। ਲਗਦਾ ਹੈ ਕਿ ਪੰਡਤ ਜੀ ਬਗਦਾਦ ਵਾਲੀ ਘਟਨਾ ਨੂੰ ਮਦੀਨੇ ਹੋਣਾ ਦੱਸ ਰਹੇ ਹਨ। ਪੰਡਤ ਜੀ ਨੇ ਹੋਰ ਵੀ ਕਈ ਥਾਂਈ ਅਜਿਹੀਆਂ ਗਲਤ ਫਹਿਮੀਆਂ ਪੈਦਾ ਕੀਤੀਆਂ ਹਨ।

ਕਾਰੂ ਰਾਜੇ- ਇਤਹਾਸ ਵਿਚ ਕਾਰੂ ਨਾਂ ਦੇ ਹੋਰ ਹੁਕਮਰਾਨ ਵੀ ਕੁਝ ਇਸ ਪ੍ਰਕਾਰ ਮਿਲਦੇ ਹਨ। ਪੰਜਾਬੀ ਲੋਕ ਕਾਰਾ ਨੂੰ ਕਾਰੂ ਜਾਂ ਕਾਲਾ ਕਹਿ ਕੇ ਸੰਬੋਧਨ ਕਰਦੇ ਆਏ ਹਨ। ਕਾਰਾ ਦਾ ਮਤਲਬ ਵੀ ਕਾਲਾ ਹੀ ਹੁੰਦਾ ਹੈ। ਸੋ 16/ 7 ਸਦੀ ਵਿਚ ਕਾਰਾ ਬਾਦਸ਼ਾਹ ਦਾ ਨਾਂ ਦੁਨੀਆ ਵਿਚ ਮਸ਼ਹੂਰ ਸੀ। :-

1. ਕਾਰਾ ਖਤਾਈ (1124-1218 ਈ) ਇਹ ਕਾਸ਼ਗਰ ਦੇ ਮੰਗੋਲ ਬਾਦਸ਼ਾਹ ਹੋਏ ਹਨ। ਇਤਹਾਸ ਪਹਿਲੀ ਵਾਰ ਹੋਇਆ ਕਿ ਇਹਨਾਂ ਆਪਣੇ ਸਿਪਾਹੀਆਂ ਨੂੰ ਤਨਖਾਹ ਦੇਣੀ ਸ਼ੁਰੂ ਕੀਤੀ। ਇਹਨਾਂ ਹਰ ਹੀਲੇ ਵਸੀਲੇ ਪੈਸਾ ਇਕੱਠਾ ਕੀਤਾ। ਆਪ ਇਹ ਚੀਨੀ ਬੋਲਦੇ ਪਰ ਇਹਨਾਂ ਦੀ ਰਾਜ ਭਾਸ਼ਾ ਫਾਰਸੀ ਹੀ ਸੀ। ਕਿਉਕਿ ਕਾਸ਼ਗਰ ਦਾ ਪੰਜਾਬ ਨਾਲ ਨੇੜੇ ਦਾ ਸਬੰਧ ਸੀ ਇਸ ਕਰਕੇ ਇਨਾਂ ਦੀਆਂ ਕਥਾ ਕਹਾਣੀਆਂ ਵੀ ਪੰਜਾਬ ਵਿਚ ਪ੍ਰਚਲਤ ਰਹੀਆਂ ਨੇ। ਇਨਾਂ ਦੇ ਹੀ ਕਿਸੇ ਬੰਦੇ ਦੇ ਨਾਂ ਤੇ ਲਹੌਰ ਦੇ ਉੱਤਰ ਵਿਚ ਨਾਰੰਗ ਮੰਡੀ ਤੋਂ 8 ਕਿ. ਮੀ. ਕਸਬਾ ਕਾਲਾ ਖਤਾਈ ਮੌਜੂਦ ਹੈ।

2. ਕਾਰਾ ਕੋਨਲੂ ਸਲਤਨਤ (1374-1468 ਈ) ਭਾਵ ਤੁਰਕਮਾਨ ਦੀਆਂ ਕਾਲੀਆਂ ਭੇਡਾਂ। ਇਨਾਂ ਦਾ ਰਾਜ ਅੱਜ ਦੇ ਅਜ਼ਰਬਾਇਜਾਨ, ਜਾਰਜੀਆ, ਅਰਮੇਨੀਆ, ਈਰਾਨ: ਉਤਰ- ਪੱਛਮ, ਪੂਰਬੀ ਤੁਰਕੀ, ਇਰਾਕ: ਉਤਰ-ਪੂਰਬ। ਇਸ ਖਾਨਦਾਨ ਦੇ ਰਾਜਿਆਂ ਦੇ ਨਾਂ ਸਨ: ਬੈਰਾਮ ਖਵਾਜਾ, ਕਾਰਾ ਮੁਹੰਮਦ ਤੁਰੇਮਿਸ, ਕਾਰਾ ਯੂਸਫ, ਕਾਰਾ ਸਿਕੰਦਰ, ਇਸਮੋਂਦ ਬਿਨ ਯੂਸਫ, ਜਹਾਨ ਸ਼ਾਹ, ਹਸਨ ਅਲੀ। ਕਾਰੂ ਬਾਦਸ਼ਾਹ ਦੇ ਬਾਬਤ ਜੋ ਲੋਕ ਕਥਾਵਾਂ ਪ੍ਰਚੱਲਤ ਸਨ ਉਹ ਇਨਾਂ ਬਾਦਸ਼ਾਹਾਂ ਬਾਬਤ ਹੀ ਸਨ।

3. ਕਾਰਾ ਅਹਿਮਦ ਪਾਸ਼ਾ, (ਵੱਡਾ ਪ੍ਰਧਾਨ ਮੰਤਰੀ) ਉਸਮਾਨੀਆ ਸਲਤਨਤ 1553-1555 ਈ. ਓਨੀ ਦਿਨੀ ਇਸ ਬਾਰੇ ਵੀ ਖੂਬ ਚਰਚਾ ਹੋਈ ਸੀ ਕਿਉਕਿ ਇਨੂੰ ਮਹਾਰਾਣੀ ਨੇ ਮਰਵਾ ਦਿੱਤਾ ਸੀ ਕਿਉਕਿ ਉਹ ਆਪਣੇ ਜਵਾਈ ਨੂੰ ਪ੍ਰਧਾਨ ਮੰਤਰੀ ਬਣਵਾਉਣਾ ਚਾਹੁੰਦੀ ਸੀ।

4. ਕਾਰਾ ਦਊਦ ਪਾਸ਼ਾ (ਵੱਡਾ ਪ੍ਰਧਾਨ ਮੰਤਰੀ) ਉਸਮਾਨੀਆ ਸਲਤਨਤ 1570-1623 ਈ. ਇਸ ਨੇ ਬਾਦਸ਼ਾਹ ਉਸਮਾਨ ਦੂਜੇ ਦਾ ਕਤਲ ਕਰਵਾ ਦਿੱਤਾ ਸੀ ਫਿਰ ਇਹਦਾ ਵੀ ਕਤਲ ਹੋਇਆ। 5. ਕਾਰਾ ਮੁਸਤਫਾ ਪਾਸ਼ਾ (1624-1683 ਈ.) ਤੁਰਕੀ (ਈਰਾਨ ਵੀ) ਦਾ ਉਸਮਾਨੀਆ (ਓਟੋਮਾਨ) ਸਲਤਨਤ ਦਾ ਬਾਦਸ਼ਾਹ। 6. ਅਬਦੁਲ ਹਮੀਦ 1876-1908 ਈ ਉਸਮਾਨੀਆ ਸਲਤਨਤ ਦਾ ਬਾਦਸ਼ਾਹ ਹੋਇਆ ਹੈ।

ਇੰਤਜਾਰ ਕਰੋ ਬਾਦਸ਼ਾਹ ਆ ਰਿਹਾ ਹੈ। ਦਰਵਾਨ ਨੇ ਜਦੋਂ ਹਿੰਦੁਸਤਾਨ ਦਾ ਨਾਂ ਸੁਣਿਆ ਤਾਂ ਉਹਦੀ ਜਗਿਆਸਾ ਵੀ ਵਧੀ ਤੇ ਕਹਿਣ ਲੱਗਾ ਆਹ ਵੱਡੀ ਸਾਰੀ ਪੋਟਲੀ 'ਚ ਕੀ ਚੁੱਕੀ ਫਿਰਦੇ ਹੋ। ਗੁਰੂ ਸਾਹਿਬ ਨੇ ਉਹ ਪੋਟਲੀ ਉਸਨੂੰ ਖੋਲ ਵਿਖਾਈ। ਉਹ ਠੀਕਰੀਆਂ ਨਾਲ ਭਰੀ ਪਈ ਸੀ। ਉਹ ਹੱਸ ਪਿਆ।

ਜਦੋਂ ਬਾਦਸ਼ਾਹ ਦੇ ਆਉਣ ਦਾ ਵਕਤ ਆਇਆ ਤਾਂ ਗੁਰੂ ਸਾਹਿਬ ਦਰਵਾਜੇ ਲਾਗੇ ਫਿਰ ਠੀਕਰੀਆਂ ਇਕੱਠੀਆਂ ਕਰਨ ਲਗ ਪਏ। ਬਾਦਸ਼ਾਹ ਨੇ ਫਿਰ ਦਰਵਾਨ ਨੂੰ ਪੁੱਛਿਆ ਕਿ ਕਿਹੜੇ ਫਕੀਰ ਹਿੰਦੋਸਤਾਨ ਤੋਂ ਆਏ ਹਨ? ਉਹ ਮੁਸਕਰਾਉਦਾ ਹੋਇਆ ਕਹਿਣ ਲੱਗਾ ਔਹ ਵੇਖੋ ਠੀਕਰੀਆਂ ਚੁੱਣਨ ਡਹੇ ਨੇ।

ਦਰਵਾਨ ਨੇ ਫਿਰ ਗੁਰੂ ਸਾਹਿਬ ਨੂੰ ਰਾਜੇ ਅੱਗੇ ਹਾਜਰ ਕੀਤਾ। ਗੁਰੂ ਸਾਹਿਬ ਨੇ ਜਿਵੇ ਰਾਜੇ ਨੂੰ ਸੰਬੋਧਨ ਕੀਤਾ ਤੇ ਵਾਕਫੀਅਤ ਦਿੱਤੀ ਤਾਂ ਰਾਜਾ ਬਹੁਤ ਪ੍ਰਭਾਵਤ ਹੋਇਆ। ਗਲ ਬਾਤ ਹੋਈ। ਪਰ ਰਾਜੇ ਦੀ ਤਾ ਜਗਿਆਸਾ ਸੀ ਕਿ ਐ ਫਕੀਰ ਬਾਕੀ ਤਾਂ ਸਭ ਠੀਕ ਤੂੰ ਇਹ ਠੀਕਰੀਆਂ ਕਿਓ ਇਕੱਠੀਆਂ ਕਰ ਰਿਹਾ ਸੀ?

ਗੁਰੂ ਸਾਹਿਬ ਕਹਿਣ ਲੱਗੇ ਬਾਦਸ਼ਾਹ ਸਲਾਮਤ! ਇਹ ਠੀਕਰੀਆਂ ਬੜੇ ਕੰਮ ਦੀ ਚੀਜ਼ ਹਨ। ਬਹਿਸ਼ਤ ਵਿਚ ਇਨਾਂ ਦੀ ਸਖਤ ਜਰੂਰਤ ਹੋਣੀ ਆ। ਬਾਦਸ਼ਾਹ ਖਿੜ ਖਿੜਾ ਕੇ ਹੱਸ ਪਿਆ। ਕਹਿਣ ਲੱਗਾ ਐ ਦਰਵੇਸ਼ ਇਹ ਤੈਨੂੰ ਕਿਹਨੇ ਕਿਹਾ ਹੈ ਕਿ ਤੇਰੀਆਂ ਇਹ ਠੀਕਰੀਆਂ ਮੌਤ ਤੋਂ ਬਾਦ ਤੇਰੇ ਨਾਲ ਜਾਣੀਆਂ ਨੇ।'

ਗੁਰੂ ਸਾਹਿਬ ਨੇ ਕਿਹਾ ਬਾਦਸ਼ਾਹ ਇਹੋ ਗਲ ਤਾਂ ਮੈਂ ਤੁਹਾਨੂੰ ਦੱਸਣ ਆਇਆ ਹਾਂ ਕਿ ਤੁਸਾਂ ਜਿਹੜੇ ਦੌਲਤ ਦੇ ਅੰਬਾਰ ਲਾਏ ਨੇ ਇਹ ਤੁਹਾਡੇ ਨਾਲ ਨਹੀ ਨਿਭਣੇ।

ਕਾਰੂ ਦੌਲਤ ਦੇ ਹੱਕ ਵਿਚ ਦਲੀਲਾਂ ਦੇਣ ਲੱਗਾ, ਕਿ ਬਾਬਾ ਜੀ ਜਮੀਨ 'ਚ ਦੱਬੀ ਇਹ ਦੌਲਤ ਕਿਸ ਕੰਮ? ਗੁਰੂ ਸਾਹਿਬ ਨੇ ਕਿਹਾ ਕਿ ਉਹ ਤਾਂ ਠੀਕ ਪਰ ਦੌਲਤ ਲਈ ਜਿਹੜੀ ਤੇਰੀ ਦੀਵਾਨਗੀ ਹੈ ਉਹ ਗਲਤ ਹੈ। ਤੈਨੂੰ ਕੀ ਪਤਾ ਕਿ ਇਹ ਸਵਾਸਾਂ ਦੀ ਲੜੀ ਕਦੋਂ ਟੁੱਟ ਜਾਣੀ ਹੈ? ਗੁਰਬਾਣੀ 'ਚ ਆਉਦਾ ਹੈ ਕਿ ਬ੍ਰਹਮਗਿਆਨੀ ਦੀ ਸੰਗਤ ਵਿਚ ਰੱਬ ਯਾਦ ਆ ਜਾਂਦਾ ਹੈ ਪਤਾ ਨਹੀ ਗੁਰੂ ਸਾਹਿਬ ਨੇ ਹੋਰ ਕੀ ਕੀ ਦਲੀਲ ਦਿੱਤੀ ਕਿ ਬਾਦਸ਼ਾਹ ਨੂੰ ਮੌਤ ਦਿਸਣੀ ਸ਼ੁਰੂ ਹੋ ਗਈ ਤੇ ਫਿਰ ਚਰਨਾਂ ਤੇ ਢਹਿ ਪਿਆ।

ਕਹਿਣ ਲੱਗਾ ਕਿ ਦੱਸੋ ਇਸ ਦੌਲਤ ਦਾ ਕੀ ਕਰਨਾਂ ਚਾਹੀਦਾ ਹੈ? ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਦੌਲਤ ਲੋਕ ਭਲਾਈ ਤੇ ਖਰਚ ਕਰ ਦਿਓ। ਗੁਰੂ ਸਾਹਿਬ ਨੇ ਕਾਰੂ ਨੂੰ ਬਾਦਸ਼ਾਹ ਦੀਆਂ ਜਿੰਮੇਵਾਰੀਆਂ ਦੱਸੀਆਂ। ਕਿ ਰਾਜੇ ਨੇ ਪਰਜਾ ਨੂੰ ਹੀ ਆਪਣਾ ਪ੍ਰਵਾਰ ਸਮਝਣਾ ਹੈ।

ਕਾਰੂ ਕਹਿਣ ਲੱਗਾ ਕਿ ਮੈਂ ਸੁਣਿਐ ਕਿ ਰਾਜਾ ਹਮੇਸ਼ਾਂ ਦੋਜਖ ਵਿਚ ਪੈਂਦਾ ਹੈ। ਗੁਰੂ ਸਾਹਿਬ ਨੇ ਕਿਹਾ ਨਹੀ ਰਾਜਾ, ਜੇ ਤੁਸੀ ਪਰਜਾ ਦੇ ਸੱਚੇ ਪ੍ਰਿਤਪਾਲਕ ਬਣ, ਸੇਵਾਦਾਰ ਦੀ ਤਰਾਂ ਵਿਚਰੋਗੇ ਤਾਂ ਤੁਹਾਨੂੰ ਇਥੇ ਵੀ ਬਹਿਸ਼ਤ ਤੇ ਅੱਗੇ ਵੀ ਬਹਿਸ਼ਤ।

ਇਸ ਮੌਕੇ ਗੁਰੂ ਸਾਹਿਬ ਨੇ ਬਾਦਸ਼ਾਹ ਨੂੰ ਜੋ ਜੋ ਉਪਦੇਸ਼ ਦਿੱਤੇ ਉਹ ਗੋਸ਼ਟਿ ਦੇ ਕਵੀ ਨੇ ਖੂਬਸੂਰਤ ਅੰਦਾਜ਼ ਵਿਚ ਲਿਖੇ ਜੋ 'ਨਸੀਅਤਨਾਮਾ' ਕਹਾਉਦੇ ਹਨ। ਜਦੋਂ ਪੰਚਮ ਪਾਤਸ਼ਾਹ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੰਨ ਰਹੇ ਸਨ ਓਦੋ ਸਵਾਲ ਉਠਿਆ ਸੀ ਕਿ ਇਹ ਨਸੀਅਤਨਾਮਾ ਗੁਰਬਾਣੀ ਵਿਚ ਸ਼ਾਮਲ ਕੀਤਾ ਜਾਵੇ ਜਾਂ ਨਾਂ। ਹਾਲਾਂ ਜਨਮ ਸਾਖੀਆਂ ਨੇ ਇਸ ਨੂੰ ਗੁਰੂ ਸਾਹਿਬ ਦੀ ਕ੍ਰਿਤ ਮੰਨਿਆ ਹੈ ਪਰ ਪੰਚਮ ਪਾਤਸ਼ਾਹ ਨੇ ਇਸ ਤੇ ਪ੍ਰਵਾਨਗੀ ਦੀ ਮੋਹਰ ਨਾਂ ਲਾਈ। ਹੇਠਾਂ ਪੜੋ।

ਲਿਖਿਆ ਹੈ ਕਿ ਰਾਜਾ ਕਾਰੂ ਹਮੀਦ ਗੁਰੂ ਸਾਹਿਬ ਦੇ ਉਪਦੇਸ਼ ਤੋਂ ਏਨਾ ਪ੍ਰਭਾਵਤ ਹੋਇਆ ਕਿ ਉਸ ਨੇ ਸਾਰਾ ਧੰਨ ਪਰਜਾ ਦੀ ਭਲਾਈ ਤੇ ਖਰਚ ਦਿੱਤਾ ਤੇ ਛੇਤੀ ਹੀ ਰਾਜ-ਭਾਗ ਆਪਣੇ ਪੁੱਤਰ ਨੂੰ ਸੌਂਪ ਕੇ ਆਪ ਧਾਰਮਿਕ ਕੰਮਾਂ ਵਿਚ ਲਗ ਗਿਆ। ✚■

——◈——

ਨਸੀਹਤਨਾਮਾ ॥

ਕੀਚੈ ਨੇਕ ਨਾਮੀ ਜੋ ਦੇਵੈ ਖੁਦਾਇ॥
ਜੋ ਦੀਸੈ ਜਿਮੀ ਪਰ ਸੋ ਹੋਸੀ ਫਨਾਹਿ॥
ਦਾਯਮ ਵ ਦੌਲਤ ਕਸੇ ਬੇ ਸੁਮਾਰ॥
ਨ ਰਹਿਗੇ ਕਰੋੜੀ, ਨ ਰਹਿੰਗੇ ਹਜ਼ਾਰ॥
ਦਮੜਾ ਉਸੀ ਕਾ, ਜੋ ਖਰਚੇ ਅਰ ਖਾਇ॥
ਦੇਵੇ ਦਿਲਾਵੇ ਰਜਾਵੇ ਖੁਦਾਇ॥
ਹੋਤਾ ਨ ਰਥੈ ਅਕੇਲਾ ਨ ਖਾਇ॥

ਤਹਕੀਕ ਦਿਲ ਦਾਨੀ ਵਹੀ ਭਿਸਤ ਜਾਇ॥

ਕੀਜੈ ਤੋਬਾ, ਨ ਕੀਜੈ ਗੁਮਾਨ॥
ਹਮੇਸ਼ਾ ਨ ਰਹਿਗੀ, ਤੂ ਐਸੀ ਨ ਜਾਨ॥
ਹਾਥੀ ਵ ਘੋੜੇ ਵ ਲਸ਼ਕਰ ਹਜ਼ਾਰ॥
ਸਭੀ ਗਰਕ ਹੋਤੇ ਕੋ ਲਾਗੇ ਨ ਬਾਰ॥
ਦੁਨੀਆ ਕਾ ਦੀਵਾਨਾ ਕਹੇ ਮੁਲਕ ਮੇਰਾ॥
ਆਈ ਮੌਤ ਸਿਰ ਪਰ, ਨ ਤੇਰਾ ਨ ਮੇਰਾ॥
ਕੇਤੀ ਗਈ ਦੇਖ ਬਾਜੇ ਬਜਾਇ॥
ਰਹੇਗਾ ਵੁਹੀ ਏਕ ਸਾਚਾ ਖੁਦਾਇ॥
ਆਯਾ ਅਕੇਲਾ ਅਕੇਲਾ ਚਲਾਯਾ॥
ਚਲਤੇ ਵਕਤ ਕਿਛ ਕਾਮ ਨ ਆਯਾ॥
ਲੇਖਾ ਮੰਗੀਜੇ ਕਿਆ ਦੀਜੇ ਜਵਾਬ॥
ਤੋਬਾ ਪੁਕਾਰੇ ਤੇ ਪਾਵੇਂ ਅਜ਼ਾਬ॥

ਕੀਆ ਜ਼ੁਲਮ ਦੁਨੀਆ ਪੈ ਦਮੜਾ ਕਮਾਯਾ॥

ਨ ਖਾਯਾ ਖੁਲਾਯਾ ਅਜਾਈਂ ਗਵਾਯਾ॥
ਹੋਵੇਂਗਾ ਪਸ਼ੇਮਾਂ ਕਰੇਂ ਹਾਇ ਹਾਇ॥
ਜਾਏਂਗਾ ਦਰਗਹ ਤੋਂ ਪਾਏਂ ਸਜ਼ਾਇ॥
ਲਾਨਤ ਹੈ ਉਨ ਕੋ ਔਰ ਉਨਕੀ ਕਮਾਈ॥
ਦਗੇ ਬਾਜ਼ੀ ਕਰਕੇ ਦੁਨੀਆ ਲੂਟ ਖਾਈ ॥
ਪੀਏ ਪਯਾਲੇ ਵ ਖਾਏ ਕਬਾਬ॥
ਦੇਖੋ ਰੇ ਲੋਗੋ ਵੈ ਹੋਤੈ ਖਰਾਬ॥

ਜਿਸ ਦਾ ਤੂੰ ਬੰਦਾ ਉਸੇ ਨਾ ਚਿਤਾਰਾ॥

ਦੁਨੀਆ ਕੇ ਲਾਲਚ, ਤੈਂ ਸਾਹਿਬ ਬਿਸਾਰਾ॥
ਨ ਕੀਤੀ ਇਬਾਦਤ ਨ ਰੱਖਯੋ ਇਮਾਨ॥
ਕਰੇਂ ਨਿੱਤ ਜੁਲਮੀ ਪੁਕਾਰੇ ਜਹਾਨ॥
ਵਸਤੀ ਉਜਾੜੇ ਫਿਰ ਨਾ ਬਸਾਵੇ॥
ਕੂਕੇਂ ਪੁਕਾਰੇਂ ਕੋਈ ਦਾਦ ਨ ਪਾਵੇ॥
ਹਾਕਮ ਕਹਾਵੇਂ ਹਕੂਮਤ ਨ ਹੋਇ॥
ਦੁਨੀਆਂ ਕਾ ਦੀਵਾਨਾ ਫਿਰੈ ਮਸਤ ਲੋਇ॥
ਲੂਟੇ ਮੁਲਕ ਐਸ਼ ਅਸ਼ਰਤ ਕਮਾਇ॥
ਦੋਜ਼ਖ ਕੀ ਆਤਸ਼ ਮੇਂ ਆਖਰ ਜਲਾਇ॥

ਮਿਹਰ ਸੇ ਨ ਦੇਖੇ ਦੁਨੀਆ ਕੇ ਦੀਵਾਨੇ॥
ਹਮੇਸ਼ਾ ਨ ਰਹਿਗੀ ਤੂ ਐਸੀ ਨ ਜਾਨੇ॥
ਸ਼ਰਮਿੰਦਾ ਨ ਹੋ, ਕੁਛ ਨੇਕੀ ਕਮਾਇ॥
ਲਾਨਤ ਕਾ ਜਾਮਾ ਤੂੰ ਪਹਿਰੇ ਨ ਜਾਇ॥
ਗਫਲਤ ਕਰੋਗੇ ਤੋ ਖਾਓਗੇ ਮਾਰ॥
ਬੇਟਾ ਵ ਬੇਟੀ ਕੋ, ਲੇ ਹੈ ਨ ਸਾਰ॥
ਤੋਬਾ ਕਰੋ ਬਹੁਤ, ਕੀਜੈ ਨ ਜ਼ੋਰ॥
ਦੋਜ਼ਖ ਕੀ ਆਤਸ਼ ਜਲਾਏਗੀ ਗੋਰ॥
ਮਸਾਇਕ ਪੈਗੰਬਰ ਕਿਤੇ ਸ਼ਾਹ ਖਾਨ॥
ਨ ਰਹਿੰਗੇ ਜ਼ਿਮੀ ਪਰ ਇਨੋਂ ਕੇ ਨਿਸ਼ਾਨ॥
ਚਲਤੇ ਕਬੂਤਰ ਜਨਾਵਰ ਕੀ ਛਾਉਂ॥
ਕਿਤੇ ਖਾਕ ਹੋਏ ਕੋ ਪੁਛੇ ਨ ਨਾਉਂ॥
ਚਿਹਲ ਰੀਜ ਜੋੜੇ ਨ ਰੱਖਯੋ ਈਮਾਨ॥
ਵੋਹ ਕਾਰੂ ਭੀ ਆਖਰ ਹੂਆ ਪਸ਼ੇਮਾਨ॥
ਨ ਹਰ ਵਕਤ ਬੰਦੇ ਇਬਾਦਤ ਬਿਸਾਰ॥
ਮਸਤੀ ਵ ਗਫਲਤ ਸੇ ਬਾਜ਼ੀ ਨ ਹਾਰ॥
ਤੋਬਾ ਕਰੇ ਹਰ ਵਕਤ ਕਰੋ ਨ ਗੁਨਾਹ॥
ਨਾਨਕ ਇਸ ਆਲਮ ਸੇ ਤੇਰੀ ਪਨਾਹ॥

ਅੱਖ ਦੇ ਫੋਰ ਵਿਚ ਸੁਲਤਾਨਪੁਰ ਪਹੁੰਚੇ

ਬੇਬੇ ਨਾਨਕੀ ਨੇ ਵੀਰ ਦੇ ਹੱਥਾਂ ਵਿਚ ਦਮ ਤੋੜਿਆ ਸੀ (ਅਗੱਸਤ ਆਖਰੀ ਹਫਤਾ 1531 ਈ.)

ਗੁਰੂ ਸਾਹਿਬ ਮਦੀਨੇ ਠਹਿਰੇ ਹੋਏ ਸਨ ਕਿ ਬੇਬੇ ਨਾਨਕੀ ਨੇ ਵੀਰ ਨੂੰ ਡਾਹਢੀ ਮੁਹੱਬਤ ਨਾਲ ਯਾਦ ਕੀਤਾ। ਦੁਪਿਹਰ ਦਾ ਵੇਲਾ ਸੀ। ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਮਰਦਾਨਾ! ਸ਼ਾਮੀ ਆਪਾਂ ਸੁਲਤਾਨਪੁਰ ਰਵਾਨਾ ਹੋਣਾ ਹੈ। ਬੇਬੇ ਜੀ ਠੀਕ ਨਹੀ ਹਨ ਤੇ ਮਿਲਣ ਵਾਸਤੇ ਪੁਕਾਰ ਰਹੇ ਹਨ। ਮਰਦਾਨੇ ਨੇ ਕਿਹਾ ਗੁਰੂ ਸਾਹਿਬ ਅਸੀ ਸੁਲਤਾਨ ਪੁਰ ਤੋਂ ਕਿੰਨੇ ਕੁ ਦੂਰ ਹਾਂ। ਗੁਰੂ ਸਾਹਿਬ ਨੇ ਮਰਦਾਨੇ ਨੂੰ ਦੂਰੀ ਦਾ ਗਿਆਨ ਕਰਵਾਇਆ।

ਇਤਹਾਸ ਵਿਚ ਆਉਦਾ ਹੈ ਕਿ ਗੁਰੂ ਸਾਹਿਬ ਜਦੋਂ ਫਕੀਰਾਂ ਤੋਂ ਵਿਹਲੇ ਹੋਏ ਤੱਦ ਤਕ ਤਰਕਾਲਾਂ ਹੋ ਚੁੱਕੀਆਂ ਸਨ।

ਸਾਹਿਬ ਨੇ ਮਰਦਾਨੇ ਨੂੰ ਸੁਚੇਤ ਕੀਤਾ ਕਿ ਆਪਾਂ ਰਵਾਨਾ ਹੋਣਾ ਹੈ। ਮਰਦਾਨੇ ਨੇ ਅੱਖਾਂ ਬੰਦ ਕਰਕੇ ਅਕਾਲ ਪੁਰਖ ਦਾ ਧਿਆਨ ਕੀਤਾ। ਇਸ ਪ੍ਰਕਾਰ ਉਹ ਡੇਰੇ ਤੋਂ ਇਕ ਦਮ ਅਲੋਪ ਹੋ ਗਏ ਜਿਥੇ ਉਹ ਫਕੀਰਾਂ ਵਿਚ ਬਿਰਾਜਮਾਨ ਸਨ। ਹਨੇਰਾ ਹੋਣ ਕਰਕੇ ਕਿਸੇ ਨੂੰ ਚਿੱਤ ਚੇਤਾ ਵੀ ਨਹੀ ਆਇਆ ਕਿ ਉਹ ਫਕੀਰ ਕਮਰੇ ਵਿਚ ਹੈਨ ਵੀ ਕਿ ਨਹੀ।

ਗੁਰੂ ਸਾਹਿਬ ਅਤੇ ਮਰਦਾਨਾ ਸੁਲਤਾਨ ਪੁਰ ਵਿਚ ਪਹੁੰਚ ਗਏ। ਇਤਹਾਸ 'ਚ ਲਿਖਿਆ ਹੈ ਕਿ ਉਸ ਵੇਲੇ ਸੁਲਤਾਨ ਪੁਰ ਵਿਚ ਪਹਿਰ ਰਾਤ ਗਈ ਸੀ। ✚ ਭਾਵ ਦਿਨ ਡੁੱਬੇ ਨੂੰ ਤਿੰਨ ਘੰਟੇ ਹੋਏ ਸਨ।

ਬੇਬੇ ਜੀ ਨੂੰ ਹਿਰਦੇ ਨਾਲ ਲਾਇਆ। ਬੇਬੇ ਜੀ ਦੇ ਤਪਦੇ ਸਰੀਰ ਨੂੰ ਠੰਡ ਪੈ ਗਈ। ਪਿਆਰ ਦੀ ਇਸ ਅਵੱਸਥਾ ਵਿਚ ਫਿਰ ਬੋਲਾਂ (ਭਾਸ਼ਾ) ਦੀ ਜਰੂਰਤ ਨਹੀ ਸੀ ਰਹਿ ਗਈ। ਬੇਬੇ ਜੀ ਦੀਆਂ ਅੱਖਾਂ ਵਹਿ ਰਹੀਆਂ ਸਨ। ਗੁਰੂ ਸਾਹਿਬ ਦੇ ਦੋਨੋਂ ਦਰਿਆਂ ਵੀ ਕੰਢਿਆਂ ਤੋਂ ਉਛੱਲ ਗਏ। ਭਾਈ ਮਰਦਾਨੇ ਦੀਆਂ ਅੱਖਾਂ ਕਦੀ ਨਹੀ ਸਨ ਭਰੀਆਂ ਪਰ ਹੁਣ ਉਹ ਵੀ ਡੁੱਲ ਪਈਆਂ। ਕਿਉਕਿ ਉਹ ਸਾਰੇ ਹਾਲਾਤਾਂ ਤੋਂ ਜਾਣੂ ਸੀ। ਪਰ ਸੀ ਮਰਦਾਨਾ ਵੀ ਖਾਮੋਸ਼। ਹਰ ਪਾਸੇ ਸੰਨਾਟਾ ਸੀ। ਸਿਰਫ ਰਸੋਈ ਵਿਚ ਤੁਲਸਾਂ ਭਾਂਡਿਆਂ ਦੀ ਅਵਾਜ ਕਰ ਰਹੀ ਸੀ।

ਹਰ ਕਿਸੇ ਨੂੰ ਪਤਾ ਸੀ ਕਿ ਭੈਣ ਭਰਾ ਦਾ ਆਖਰੀ ਮੇਲ ਹੈ।

ਜਦੋਂ ਜਜਬਾਤਾਂ ਦੇ ਦਰਿਆ ਰੁਕੇ ਤਾਂ ਭੈਣ ਨੇ ਬਹੁਤ ਹੀ ਮੱਧਮ ਜਿਹੀ ਅਵਾਜ ਵਿੱਚ ਪੁੱਛਿਆ, "ਕੀ ਲਾਗੇ ਹੀ ਸੋ? ਦੁਪਿਹਰੇ ਯਾਦ ਕੀਤਾ ਸੀ ਮੈਂ, ਕਿ ਆਖਰੀ ਵਾਰ ਵੀ ਦਰਸ਼ਨ ਕਰ ਲਵਾ। "

ਇਸ ਤੋਂ ਪਹਿਲੋਂ ਕਿ ਗੁਰੂ ਸਾਹਿਬ ਕੁਝ ਜਵਾਬ ਦਿੰਦੇ ਮਰਦਾਨਾ ਬੋਲ ਪਿਆ, "ਬੀਬੀ ਜੀ, ਮੱਕੇ ਮਦੀਨੇ ਸੀ ਅਸੀ। ਉਂਜ ਤਿੰਨ ਮਹੀਨੇ ਲੱਗ ਜਾਂਦੇ ਪਹੁੰਚਣ 'ਚ। ਤੁਹਾਨੂੰ ਪਤਾ ਹੀ ਹੈ ਗੁਰੂ ਜੀ ਤੁਹਾਨੂੰ ਮਿਲਣ ਪੌਣ ਸਵਾਰ ਹੋ ਜਾਂਦੇ ਨੇ। "

ਰਜਾ ਵਿਚ ਰਹਿਣ ਵਾਲੀ ਪਹਿਲੀ ਗੁਰਸਿੱਖ ਬੀਬੀ ਨੇ ਗੁਰੂ ਸਾਹਿਬ ਤੋਂ ਲੰਮੇ ਜੀਵਨ ਦੀ ਮੰਗ ਨਾਂ ਕੀਤੀ ਸਗੋਂ 84 ਦੇ ਗੇੜ ਤੋਂ ਛੁੱਟਕਾਰਾ ਹੀ ਮੰਗਿਆ। ਗੁਰੂ ਜੀ ਨੇ ਦੋਵਾਂ ਜੀਆਂ ਨੂੰ ਅਸੀਸ ਦਿੱਤੀ।

ਭਈਆ ਜੈ ਰਾਮ ਵੀ ਢਿੱਲੇ ਮੱਠੇ ਹੀ ਰਹਿੰਦੇ ਸਨ। • ਉਨਾਂ ਨੂੰ ਵੀ ਦਿਲਾਸਾ ਦਿੱਤਾ।

ਏਨੇ ਨੂੰ ਤੁਲਸਾਂ ਨੇ ਲੰਗਰ ਤਿਆਰ ਕਰ ਦਿੱਤਾ। ਬੇਬੇ ਜੀ ਨੂੰ ਗੱਦਿਆਂ ਦੀ ਓਟ ਦੇ ਕੇ ਬੈਠਾਇਆ ਹੋਇਆ ਸੀ। ਗੁਰੂ ਸਾਹਿਬ ਅਤੇ ਭਾਈ ਮਰਦਾਨਾ ਨੇ ਲੰਗਰ ਛਕਿਆ।

ਲੰਗਰ ਉਪਰੰਤ ਜਦੋਂ ਬਾਬਾ ਜੀ ਭਾਈਆ ਜੀ ਨਾਲ ਗਲ ਬਾਤ ਕਰ ਰਹੇ ਸਨ ਤਾਂ ਪਤਾ ਲੱਗਾ ਕਿ ਬੇਬੇ ਜੀ ਤਾਂ ਲੰਮੇ ਲੰਮੇ ਸਾਹ ਲੈ ਰਹੇ ਹਨ। ਗੁਰੂ ਸਾਹਿਬ ਨੇ ਝੱਟ ਮੰਜੇ ਤੇ ਜਾ ਭੈਣ ਦੇ ਸਿਰ ਤੇ ਹੱਥ ਰਖਿਆ ਪਰ ਉਹ ਤਾਂ ਜਾ ਰਹੇ ਸਨ। ਸਾਹਿਬ ਨੇ ਭੈਣ ਦਾ ਸਿਰ ਆਪਣੀ ਗੋਦ ਵਿਚ ਲੈ ਲਿਆ। ਸਾਹਿਬ 'ਸਤਿ ਕਰਤਾਰ' ਉਚਾਰ ਰਹੇ ਸਨ। ਬੇਬੇ ਜੀ ਤਾਂ ਜਾ ਚੁੱਕੇ ਸਨ।

ਤੁਲਸਾਂ ਦੇ ਚੀਕ ਚਿਹਾੜਾ ਪਾਉਣ ਤੇ ਆਂਢੀ ਗਵਾਂਢੀ ਵੀ ਇਕੱਠੇ ਹੋ ਗਏ।

ਬੇਬੇ ਜੀ ਦੇ ਉਲਾਦ ਨਹੀ ਸੀ। ਭਾਈਆ ਜੈਰਾਮ ਪਲਤਾ ਦੇ ਭਰਾ ਤੇ ਭਤੀਜੇ ਹੀ ਦੋਵਾਂ ਜੀਆਂ ਨੂੰ ਸਾਂਭ ਰਹੇ ਸਨ। (ਕਿਹਾ ਜਾਂਦਾ ਹੈ ਕਿ ਛੇਤੀ ਹੀ ਕੁਝ ਦਿਨ ਬਾਦ ਭਾਈਆ ਜੈ ਰਾਮ ਵੀ ਜੋਤੀ ਜੋਤ ਸਮਾ ਗਏ ਸਨ।)

ਸਵੇਰੇ ਪਹੁ ਫੁਟਾਲੇ ਤੇ ਗੁਰੂ ਸਾਹਿਬ ਨੇ ਮਰਦਾਨੇ ਨੂੰ ਵਾਪਸੀ ਲਈ ਹੁਕਮ ਕਰ ਦਿੱਤਾ। ਸੁਲਤਾਨਪੁਰ ਦੀ ਜੂਹ ਤੋਂ ਜਰਾ ਕੁ ਪਰੇ ਹੱਟ ਇਕ ਥਾਂ ਬਹਿ ਗੁਰੂ ਸਾਹਿਬ ਨੇ ਮਰਦਾਨੇ ਨੂੰ ਹੁਕਮ ਕੀਤਾ ਕਿ ਅੱਖਾਂ ਮੀਟੋ ਤੇ ਸਤਿ ਕਰਤਾਰ ਜਪੋ।

ਮਰਦਾਨੇ ਨੇ ਜਿਵੇ ਅੱਖਾਂ ਖੋਹਲੀਆਂ ਤਾਂ ਫਿਰ ਮਦੀਨੇ ਫਕੀਰਾਂ ਦੇ ਤਕੀਏ ਤੇ ਸਨ। ਇਥੇ ਅਜੇ ਪਹਿਰ ਰਾਤ ਸੀ। (ਮਦੀਨੇ ਅਤੇ ਸੁਲਤਾਨਪੁਰ ਲੋਧੀ ਦਰਮਿਆਨ ਵਕਤ ਦਾ ਤਿੰਨ ਘੰਟੇ ਦਾ ਫਰਕ ਹੈ। ਮਦੀਨਾ ਪਿੱਛੇ ਹੈ।) ਫਕੀਰ ਸਵੇਰੇ ਉਠੇ। ਉਨਾਂ ਨੂੰ ਸਭ ਕੁਝ ਆਮ ਵਰਗਾ ਹੀ ਲਗਾ। ਪਰ ਜਰਾ ਕੁ ਹੈਰਾਨੀ ਹੋਈ ਕਿ ਮਰਦਾਨਾ ਦਿਨ ਚੜੇ ਵੀ ਸੁੱਤਾ ਪਿਆ ਸੀ।

ਦਿਨੇ ਫਿਰ ਮਰਦਾਨੇ ਨਾਲ ਬੀਬੀ ਜੀ ਬਾਰੇ ਗੱਲਾਂ ਹੋ ਰਹੀਆਂ ਸਨ। ਨਾਲ ਹੀ ਬੋਦੀ ਵਾਲੇ ਤਾਰੇ ਬਾਬਤ ਵੀ ਗਲ ਛਿੜ ਪਈ। ਉਦੋਂ ਗੁਰੂ ਸਾਹਿਬ ਨੇ ਫਿਰ ਮਰਦਾਨੇ ਨੂੰ ਕਿਹਾ ਕਿ ਤੁਖਾਰੀ ਦੀ ਧੁੰਨ ਵਜਾਓ। ਸ਼ਬਦ ਰਚਿਆ:-

ਤੁਖਾਰੀ ਮਹਲਾ ੧ ॥ ਤਾਰਾ ਚੜਿਆ ਲੰਮਾ ਕਿਉ ਨਦਰਿ ਨਿਹਾਲਿਆ ਰਾਮ ॥ ਸੇਵਕ ਪੂਰ ਕਰੰਮਾ ਸਤਿਗੁਰਿ ਸਬਦਿ ਦਿਖਾਲਿਆ ਰਾਮ ॥ ਗੁਰ ਸਬਦਿ ਦਿਖਾਲਿਆ ਸਚੁ ਸਮਾਲਿਆ ਅਹਿਨਿਸਿ ਦੇਖਿ ਬੀਚਾਰਿਆ ॥ ਧਾਵਤ ਪੰਚ ਰਹੇ ਘਰੁ ਜਾਣਿਆ ਕਾਮੁ ਕ੍ਰੋਧੁ ਬਿਖੁ ਮਾਰਿਆ ॥ ਅੰਤਰਿ ਜੋਤਿ ਭਈ ਗੁਰ ਸਾਖੀ ਚੀਨੇ ਰਾਮ ਕਰੰਮਾ ॥ ਨਾਨਕ ਹਉਮੈ ਮਾਰਿ ਪਤੀਣੇ ਤਾਰਾ ਚੜਿਆ ਲੰਮਾ ॥੧॥ ਗੁਰਮੁਖਿ ਜਾਗਿ ਰਹੇ ਚੂਕੀ ਅਭਿਮਾਨੀ ਰਾਮ ॥ ਅਨਦਿਨੁ ਭੋਰੁ ਭਇਆ ਸਾਚਿ ਸਮਾਨੀ ਰਾਮ ॥ ਸਾਚਿ ਸਮਾਨੀ ਗੁਰਮੁਖਿ ਮਨਿ ਭਾਨੀ ਗੁਰਮੁਖਿ ਸਾਬਤੁ ਜਾਗੇ ॥ ਸਾਚੁ ਨਾਮੁ ਅੰਮ੍ਰਿਤੁ ਗੁਰਿ ਦੀਆ ਹਰਿ ਚਰਨੀ ਲਿਵ ਲਾਗੇ ॥ ਪ੍ਰਗਟੀ ਜੋਤਿ ਜੋਤਿ ਮਹਿ ਜਾਤਾ ਮਨਮੁਖਿ ਭਰਮਿ ਭੁਲਾਣੀ ॥ ਨਾਨਕ ਭੋਰੁ ਭਇਆ ਮਨੁ ਮਾਨਿਆ ਜਾਗਤ ਰੈਣਿ ਵਿਹਾਣੀ ॥੨॥ ਅਉਗਣ ਵੀਸਰਿਆ ਗੁਣੀ ਘਰੁ ਕੀਆ ਰਾਮ ॥ ਏਕੋ ਰਵਿ ਰਹਿਆ ਅਵਰੁ ਨ ਬੀਆ ਰਾਮ ॥ ਰਵਿ ਰਹਿਆ ਸੋਈ ਅਵਰੁ ਨ ਕੋਈ ਮਨ ਹੀ ਤੇ ਮਨੁ ਮਾਨਿਆ ॥ ਜਿਨਿ ਜਲ ਥਲ ਤ੍ਰਿਭਵਣ ਘਟੁ ਘਟੁ ਥਾਪਿਆ ਸੋ ਪ੍ਰਭੁ ਗੁਰਮੁਖਿ ਜਾਨਿਆ ॥ ਕਰਣ ਕਾਰਣ ਸਮਰਥ ਅਪਾਰਾ ਤ੍ਰਿਬਿਧਿ ਮੇਟਿ ਸਮਾਈ ॥ ਨਾਨਕ ਅਵਗਣ ਗੁਣਹ ਸਮਾਣੇ ਐਸੀ ਗੁਰਮਤਿ

ਪਾਈ ॥੩॥ ਆਵਣ ਜਾਣ ਰਹੇ ਚੂਕਾ ਭੋਲਾ ਰਾਮ ॥ ਹਉਮੈ ਮਾਰਿ ਮਿਲੇ ਸਾਚਾ ਚੋਲਾ ਰਾਮ ॥ ਹਉਮੈ ਗੁਰਿ ਖੋਈ ਪਰਗਟੁ ਹੋਈ ਚੂਕੇ ਸੋਗ ਸੰਤਾਪੈ ॥ ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ ॥ ਪੋਈਐ ਘਰਿ ਸਬਦਿ ਪਤੀਣੀ ਸਾਹੁਰੜੈ ਪਿਰ ਭਾਣੀ॥ਨਾਨਕ ਸਤਿਗੁਰਿ ਮੇਲਿ ਮਿਲਾਈਚੂਕੀ ਕਾਣਿ ਲੋਕਾਣੀ॥

ਮਦੀਨੇ ਤੋਂ ਬਸਰੇ ਗਏ ਫਿਰ ਸ਼ਓਸ਼ਤਰ ਦੇ ਰਾਜੇ ਨੂੰ ਰਾਹੇ ਪਾਇਆ।

ਗੁਰੂ ਸਾਹਿਬ ਤੋਂ ਕੋਈ 200 ਸਾਲ ਪਹਿਲਾਂ ਪ੍ਰਸਿੱਧ ਅਰਬ ਯਾਤਰੀ ਇਬਨ ਬਟੂਟਾ ਨੇ ਲਿਖਿਆ ਹੈ ਕਿ ਓਨੀ ਦਿਨੀ ਬਸਰਾ ਸ਼ਹਿਰ ਪੂਰੀ ਦੁਨੀਆ ਵਿਚ ਪ੍ਰਸਿੱਧ ਸੀ।

ਬਸਰਾ (ਅੱਜ ਇਰਾਕ ਵਿਚ, ਈਰਾਨ ਦੀ ਸਰਹੱਦ ਤੇ) ਇਕ ਤਰਾਂ ਨਾਲ ਪੱਛਮ ਦਾ ਵਪਾਰਕ ਦੁਆਰ ਬਣ ਚੁੱਕਾ ਸੀ। ਭਾਰਤੀ ਸਾਜੋ ਸਮਾਨ ਖਾਸ ਕਰਕੇ ਮਸਾਲਿਆਂ ਦਾ ਇਹ ਕੇਂਦਰ ਸੀ ਜੋ ਅੱਗੇ ਪੱਛਮ ਵਲ ਜਾਂਦੇ ਸਨ। ਭਾਰਤੀ ਸੌਦਾਗਰ ਵੀ ਇਥੇ ਵੱਸ ਚੁੱਕੇ ਸਨ ਕਿਉਕਿ ਆਉਣਾ ਜਾਣਾ ਤਾਂ ਬਣਿਆ ਰਹਿੰਦਾ ਸੀ। ਬਸਰੇ ਦਾ ਪੰਜਾਬ ਨਾਲ ਕੁਝ ਜਿਆਦਾ ਹੀ ਸਬੰਧ ਰਿਹਾ ਹੈ। ਅੱਜ ਕਈ ਪਿੰਡਾਂ ਥਾਵਾਂ ਦੇ ਨਾਵਾਂ ਦਾ ਬਸਰਾ ਸ਼ਹਿਰ ਨਾਲ ਸਬੰਧ ਹੈ। ਹੋਰ ਤੇ ਹੋਰ ਕਈ ਗੋਤਾਂ ਦੇ ਨਾ ਵੀ ਬਸਰੇ ਤੇ ਹਨ: ਉਹ ਲੋਕ ਜੋ ਸਦੀਆਂ ਪਹਿਲਾਂ ਬਸਰਾ ਤੋਂ ਉਠ ਕੇ ਆਏ ਸਨ।

ਬਸਰੇ ਗੁਰੂ ਸਾਹਿਬ ਨੇ ਕੀ ਕੀ ਕੌਤਕ ਇਤਹਾਸ ਵਿਚ ਸਾਂਭੇ ਨਹੀ ਜਾ ਸਕੇ।

ਬਸਰੇ ਦੇ ਹੇਠਾਂ ਦਰਿਆ ਦੇ ਦੂਸਰੇ ਪਾਸੇ 40 ਕਿ. ਮੀ ਹਟਵਾ ਖੁਰਮਾਸ਼ਹਿਰ (ਅੱਜ ਈਰਾਨ ਵਿਚ, ਇਰਾਕ ਦੀ ਸਰਹੱਦ ਤੇ) ਹੈ ਜਿਸ ਦਾ ਓਨੀ ਦਿਨੀ ਨਾਂ ਮੁਹੱਮਰਾਹ ਸੀ। ਹੋ ਸਕਦਾ ਗੁਰੂ ਸਾਹਿਬ ਮੁਹੱਮਰਾ ਵੀ ਗਏ ਹੋਣ।

ਕਈ ਲਿਖਾਰੀਆਂ ਇਥੇ ਭਾਈ ਮਰਦਾਨੇ ਦਾ ਚਲਾਣਾ ਹੋਣਾ ਲਿਖਿਆ ਹੈ ਜੋ ਗਲਤ ਹੈ ਕਿਉਕਿ ਬਗਦਾਦ ਦੀਆਂ ਸਾਖੀਆਂ ਵਿਚ ਭਾਈ ਸਾਹਿਬ ਨਾਲ ਹਨ।

ਮੁਹੱਮਰੇ ਤੋਂ 250 ਕਿ. ਮੀ. ਹਜ਼ਾਰਾਂ ਸਾਲ ਪੁਰਾਣਾ ਸ਼ਾਓਸ਼ ਸ਼ਹਿਰ ਹੈ। ਜੋ ਕਿਸੇ ਵੇਲੇ ਬਾਦਸ਼ਾਹ ਦਾਰਾ ਦੀ ਰਾਜਧਾਨੀ ਸੀ। ਦਾਰੇ ਦਾ ਰਾਜ ਪੰਜਾਬ ਤੇ ਵੀ ਰਾਜ ਰਿਹਾ ਹੈ। ਇਹਦੀ ਪੁਰਾਤਨਤਾ ਦਾ ਪਤਾ 1850 ਵਿਚ ਇਕ ਅੰਗਰੇਜ ਨੇ ਲਾਇਆ ਸੀ। ਇਥੇ ਹੀ ਈਸਾਈਮਤ ਅਤੇ ਇਸਲਾਮ ਦੇ ਸਾਂਝੇ ਪੈਗੰਬਰ ਦਾਨਿਆਲ ਜਾਂ ਡੇਨੀਅਲ ਦਾ ਮਕਬਰਾ ਹੈ।

ਇਸ ਅਤਿਅੰਤ ਅਮੀਰ ਸ਼ਹਿਰ ਨੂੰ ਦੋ ਤਿੰਨ ਵਾਰੀ ਲੁਟਿਆ ਗਇਆ ਸੀ। ਮੰਨਿਆ ਜਾਂਦਾ ਹੈ ਕਿ ਇਥੇ ਭਾਰਤੀ ਮਦਰਾਸੀ ਈਲਮ ਲੋਕਾਂ ਦਾ ਰਾਜ ਹੁੰਦਾ ਸੀ। ਅੱਜ ਤੋਂ 2650 ਸਾਲ ਪਹਿਲਾਂ ਜਦੋਂ ਇਨੂੰ ਲੁੱਟਿਆ ਪੁੱਟਿਆ ਗਇਆ ਤਾਂ ਲੁਟੇਰੇ ਹਮਲਾਵਰ ਅਸੁਰ ਬੈਨੀਪਾਲ ਨੇ ਹੇਠ ਲਿਖੀ ਇਬਾਰਤ ਵੀ ਇਥੇ ਪੱਥਰ ਤੇ ਖੁਦਵਾ ਦਿੱਤੀ:-

"ਦੁਨੀਆ ਦਾ ਇਹ ਪਵਿਤਰ ਸ਼ਹਿਰ, ਦੇਵਤਿਆਂ ਦੀ ਭੂਮੀ ਅਤੇ ਅਦਭੁੱਤ ਰਹੱਸਮਈ ਟਿਕਾਣਾ ਅੱਜ ਇਨੂੰ ਜਿਤੱਣ ਤੇ ਮੈਂ ਗਰਬ ਮਹਿਸੂਸ ਕਰਦਾ ਹਾਂ। ਮੈਂ ਇਹਦੇ ਖਜ਼ਾਨਿਆ ਦੇ ਬੂਹੇ ਖੋਲੇ ਨੇ ਜਿੱਥੇ ਸੋਨਾ ਚਾਦੀ ਤੇ ਹੋਰ ਸਾਜੋ ਸਮਾਨ ਭਰਿਆ ਹੋਇਆ ਸੀ। ਮੈਂ ਸ਼ਾਹੀ ਮਹਿਲ 'ਜਿਗੁਰਤ' ਤਖਤ ਤਬਾਹ ਕਰ ਦਿੱਤਾ ਹੈ। ਮੈਂ ਇਹਦੇ ਤਾਂਬੇ ਦੇ ਚਮਕੀਲੇ ਸਿੰਗ ਭੰਨ ਦਿੱਤੇ ਨੇ। ਈਲਮ ਮੰਦਰਾਂ ਨੂੰ ਮੈਂ ਮਿੱਟੀ ਵਿਚ ਮਿਲਾ ਦਿੱਤਾ ਹੈ ਅਤੇ ਓਨਾਂ ਦੇ ਦੇਵੀ ਦੇਵਤਿਆਂ ਨੂੰ ਭੰਨ ਤੋੜ ਕੇ ਹਵਾ 'ਚ ਉਡਾ ਦਿੱਤਾ ਹੈ। ਇਨਾਂ ਦੇ ਪੁਰਾਤਨ ਤੇ ਅਜੋਕੇ ਬਾਦਸ਼ਾਹਾਂ ਦੇ ਮਕਬਰੇ ਮੈਂ ਭੰਨ ਤੋੜ ਕੇ ਹੱਡੀਆਂ ਨੰਗੀਆਂ ਕਰ ਛੱਡੀਆਂ ਨੇ ਨਾਲ ਪਏ ਖਜ਼ਾਨੇ ਤੇ ਹੱਡੀਆਂ ਮੈਂ ਅਸੂਰ ਦੇਸ਼ ਲੈ ਕੇ ਜਾ ਰਿਹਾ ਹਾਂ। ਮੈਂ ਪੂਰਾ ਈਲਮ ਸੂਬਾ ਫਨਾਹ ਕਰ ਚਲਿਆ ਹਾਂ ਤੇ ਧਰਤੀ ਤੇ ਲੂਣ ਛਿੜਕ ਕੇ ਜਾ ਰਿਹਾ ਹਾਂ। "

ਸ਼ਹਿਰ ਦੀ ਦੂਸਰੀ ਵਾਰ ਤਬਾਹੀ 638 ਈ ਵਿਚ ਮੁਸਲਮਾਨਾਂ ਦੇ ਹਮਲੇ ਸਮੇਂ ਹੋਈ ਅਤੇ ਤੀਸਰੀ ਤਬਾਹੀ ਮੰਗੋਲਾਂ ਤੇ 1218 ਵਿਚ

ਪੈੜ ਸਫਾ

✚■(ਵੇਖੋ: THE CLERICS OF ISLAM RELIGIOUS AUTHORITY AND POLITICAL POWER IN SAUDI ARABIA - NABIL MOULINE) ਉਂਜ ਇਹ ਪੱਖ ਹੋਰ ਖੋਜ ਦੀ ਮੰਗ ਕਰਦਾ ਹੈ।

✚ ਬਾਲਾ-191 ਅਨੁਸਾਰ ਪਹਿਰ ਰਾਤ ਰਹਿੰਦੀ ਪਹੁੰਚੇ ਪਰ ਬਾਲਾ ਜਨਮਸਾਖੀ ਦੇ ਇਕ ਹੋਰ ਨੁਖਸੇ (ਜਵਾਹਰ-183) ਅਨੁਸਾਰ ਪਹਿਰ ਰਾਤ ਗਏ ਪਹੁੰਚੇ। ਦੂਸਰੀ ਗਲ ਠੀਕ ਲਗਦੀ ਹੈ ਕਿਉਕਿ ਮਦੀਨੇ ਦਾ ਸੁਲਤਾਨਪੁਰ ਤੋਂ 3 ਕੁ ਘੰਟੇ ਟਾਈਮ ਵਿਚ ਫਰਕ ਹੈ।

***ਤਾਰਾ ਚੜਿਆ ਲੰਮਾ:** *ਨਾਨਕਸ਼ਾਹੀ ਜੰਤਰੀ ਵਾਲੇ ਵਿਦਵਾਨ ਪਾਲ ਸਿੰਘ ਪੁਰੇਵਾਲ ਦਾ ਕਹਿਣਾ ਹੈ ਕਿ ਇਹ ਸ਼ਬਦ 1531 ਈ ਦੇ ਹੋਲੀ ਕਾਮਿਟ ਦੇ ਚੜ੍ਹਨ ਸਮੇਂ ਰਚਿਆ ਗਿਆ। ਵਿੱਕੀਪੈਡੀਆ ਦੇ ਹੋਲੀ ਕਾਮੇਟ ਦੇ ਇੰਦਰਾਜ ਵਿਚ ਪਿਛਲੇ 3000 ਸਾਲਾਂ ਤੋਂ ਕਾਮੇਟ (ਪੂਛਲ ਤਾਰਾ) ਦੇ ਆਉਣ ਦੇ ਸਾਲ/ ਮਹੀਨੇ ਦਿੱਤੇ ਹਨ। ਇਸ ਅਨੁਸਾਰ 1531 ਵਿਚ ਕਾਮੇਟ ਅਗਸਤ ਦੇ ਮਹੀਨੇ ਦਿੱਸਿਆ ਸੀ।

ਜਦੋਂ ਕਿ 1531 ਵਿੱਚ ਸਾਹਿਬ ਆਪਣੀ ਮੱਕੇ ਮਦੀਨੇ ਦੀ ਉਦਾਸੀ ਤੇ ਸਨ। ਬੜੀ ਹੈਰਾਨੀ ਦੀ ਗਲ ਕਿ ਬਾਲਾ ਜਨਮਸਾਖੀ ਵੀ ਮਦੀਨੇ ਤੋਂ ਸੁਲਤਾਨਪੁਰ ਸੁਰਤ ਰਾਂਹੀ (ਉਡਾਰੀ ਲੀਤੀ) ਪਹੁੰਚਣ ਦੀ ਗਲ ਕਰਦੀ ਹੈ।

ਫਿਰ ਗਹੁ ਨਾਲ ਤਕੀਏ ਤਾਂ ਪਤਾ ਲੱਗਦਾ ਕਿ 'ਤਾਰਾ ਚੜਿਆ ਲੰਮਾ ' ਸ਼ਬਦ ਵਿੱਚ ਗੁਰੂ ਸਾਹਿਬ ਕਿਸੇ ਦੇ ਜੋਤੀ ਜੋਤ ਸਮਾਉਣ ਦੀ ਗਲ ਵੀ ਕਰ ਰਹੇ ਹਨ। ਗਲ ਉਦੋਂ ਸਾਫ ਹੋ ਜਾਂਦੀ ਹੈ ਜਦੋਂ ਫਿਰ ਪੋਕਿਆਂ ਅਤੇ ਸਹੁਰਿਆਂ ਦੀ ਗਲ ਹੁੰਦੀ ਹੈ। "ਪੋਈਐ ਘਰਿ ਸਬਦਿ ਪਤੀਣੀ ਸਾਹੁਰੜੈ ਪਿਰ ਭਾਣੀ ॥ ਨਾਨਕ ਸਤਿਗੁਰਿ ਮੇਲਿ ਮਿਲਾਈ ਚੂਕੀ ਕਾਣਿ ਲੋਕਾਣੀ ॥ " ਤੋਂ ਸਾਫ ਹੋ ਜਾਂਦਾ ਹੈ ਕਿ ਕਿਸੇ ਗੁਰਮੁਖ ਬੀਬੀ ਦੀ ਗਲ ਹੋ ਰਹੀ ਹੈ।

ਸੋ ਬਾਲਾ ਜਨਮਸਾਖੀ ਜੋ ਅਕਸਮਾਤ ਸੁਲਤਾਨਪੁਰ ਪਹੁੰਚਣ ਦੀ ਗਲ ਕਰਦੀ ਹੈ ਉਹ ਬੇਬੇ ਜੀ ਦੇ ਚਲਾਣੇ ਦਾ ਮੌਕਾ ਹੀ ਸੀ। ਫਿਰ ਬੇਬੇ ਜੀ ਦੇ ਚਲਾਣੇ ਬਾਬਤ ਜਨਮਸਾਖੀਆਂ ਚੁੱਪ ਹਨ। ਸੋ ਸਾਫ ਜਾਹਰ ਹੋ ਜਾਂਦਾ ਹੈ ਕਿ ਜਦੋਂ ਗੁਰੂ ਸਾਹਿਬ ਦੇ ਕਿਸੇ ਪਹਿਲੇ ਸਿੱਖ ਨੇ ਗੁਰੂ ਜੀ ਨੂੰ ਮੁਸ਼ਕਲ ਦੀ ਘੜੀ ਵੇਲੇ ਯਾਦ ਕੀਤਾ ਤਾਂ ਸਾਹਿਬ ਉਥੇ ਹਾਜਰ ਹੋ ਗਏ। ਇਹੋ ਕਾਰਨ ਹੈ ਸਿੱਖ ਪੰਥ ਵਿਚ ਮਾਨਤਾ ਹੈ ਕਿ ਬਾਬਾ ਜੀ ਬੇਬੇ ਜੀ ਨੂੰ ਮਿਲਣ ਹਜਾਰਾਂ ਕੋਹਾਂ ਤੋਂ ਚਲੇ ਆਉਦੇ ਸਨ।

ਬੇਬੇ ਜੀ ਗੁਰੂ ਸਾਹਿਬ ਤੋਂ ਉਮਰ ਵਿਚ ਪੰਜ ਸਾਲ ਵੱਡੇ ਸਨ। (ਜਨਮ 1464 ਈ.)

ਸਾਨੂੰ ਉਮੀਦ ਹੈ ਗੁਰੂ ਸਾਹਿਬ ਦੇ ਦੂਸਰੇ ਸਿੱਖ ਭਾਈ ਰਾਇ ਬੁਲਾਰ ਦੇ ਚਲਾਣੇ ਬਾਬਤ ਵੀ ਗੁਰਬਾਣੀ ਵਿਚ ਜਰੂਰ ਕਿਤੇ ਗੁਰੂ ਸਾਹਿਬ ਨੇ ਸੰਕੇਤ ਦਿਤੇ ਹੋਣਗੇ। ਮਰਦਾਨੇ ਦੇ ਚਲਾਣੇ ਤੇ ਦਿੱਤੇ ਇਸ਼ਾਰੇ ਤਾਂ ਲੱਭ ਲਏ ਗਏ ਹਨ।

● ਬਹੁਤੇ ਲਿਖਾਰੀਆਂ (ਗਿਆਨੀ-/ਖਜਾਨ -)ਨੇ ਬੇਬੇ ਜੀ ਅਤੇ ਭਾਈਆ ਜੀ ਦਾ ਚਲਾਣਾ ਇਕੱਠਿਆਂ (3 ਦਿਨ ਦਾ ਫਰਕ) ਹੀ ਲਿਖਿਆ ਹੈ। ਓਧਰ ਈਰਾਨ ਦਾ ਫਾਰਸੀ ਸਾਹਿਤ ਵੀ ਦੱਸਦਾ ਹੈ ਕਿ 16 ਵੀ ਸਦੀ ਵਿਚ ਛੂਤ ਦੀਆਂ ਬੀਮਾਰੀਆਂ ਦਾ ਪਰਕੋਪ ਆਮ ਸੀ:-

https://www.tabnak.ir/fa/news/703378/-بیماریهای

(SHUSH in Iranian style. English: SUSA)

◉ਗਿਆਨੀ-271, ਬਰਵਾਲਾ- 89 ਨੇ ਤਾਂ ਇਥੋਂ ਤੱਕ ਲਿਖਿਆ ਹੈ ਕਿ ਡੇਰਾ ਬਾਬਾ ਨਾਨਕ ਵਾਲਾ ਚੋਲਾ ਸਾਹਿਬ ਵਿਚ ਸ਼ਾਓਸ਼ ਦੇ ਰਾਜੇ ਨੇ ਭੇਟ ਕੀਤਾ ਸੀ। ਜੋ ਸਰਾਸਰ ਗਲਤ ਹੈ।

✚https://sadatghiri.ir/web2/?p=2734

■ ਸੰਤ ਸੱਯਦ ਪ੍ਰਿਤਪਾਲ ਸਿੰਘ -(ਕੰਵਰ ਅਜੀਤ ਸਿੰਘ) ਨੇ ਗੁਰੂ ਸਾਹਿਬ ਦਾ ਮਦੀਨੇ ਤੋਂ ਕੁਫਾ ਜਾਣਾ ਤੇ ਓਥੇ ਗੁਰੂ ਸਾਹਿਬ ਦੀ ਯਾਦਗਾਰ ਬਣਨਾ ਲਿਖਿਆ ਹੈ। ਜਦੋਂ ਕਿ ਇਤਹਾਸਿਕ ਸਚਾਈ ਇਹ ਹੈ ਕਿ 16ਵੀ ਸਦੀ ਵਿਚ ਕੁਫਾ ਲਗ ਪਗ ਖਾਲੀ ਹੀ ਹੋ ਚੁੱਕਾ ਸੀ। ਇਹ ਸ਼ਹਿਰ ਤਾਂ ਬਹੁਤ ਬਾਦ ਵਿਚ ਦੁਬਾਰਾ ਅਬਾਦ ਹੋਇਆ ਹੈ। ਇਸ ਲਿਖਾਰੀ ਨੇ ਕੁਝ ਹੋਰ ਵੀ ਅਜਿਹੀਆਂ ਗੱਲਾਂ ਲਿਖੀਆਂ ਹਨ ਜੋ ਇਤਹਾਸਿਕ ਕਸਵੱਟੀ ਤੇ ਪੂਰੀਆਂ ਨਹੀ ਉਤਰਦੀਆਂ।

واگیردار-در-تاریخ-ایران

ਕੀਤੀ ਤੇ ਰਹਿੰਦੀ ਬਾਕੀ 15 ਵੀ ਸਦੀ ਵਿਚ ਨਿਕਲ ਗਈ ਜਦੋਂ ਇਥੋਂ ਦੇ ਵਸਨੀਕ ਹਿਜਰਤ ਕਰਕੇ ਦੇਜ਼ਫੂਲ ਜਾ ਬੈਠੇ। ਇਸ ਪੂਰੀ ਦੁਨੀਆਂ ਵਿਚ ਪ੍ਰਸਿਧ ਇਹ ਇਤਹਾਸਕ ਸ਼ਹਿਰ ਥੇਹ ਹੋ ਗਿਆ। ਬਹੁਤ ਥੋੜੇ ਜਿਹੇ ਘਰ ਇਥੇ 16 ਸਦੀ ਤੱਕ ਬਚੇ ਰਹਿ ਗਏ।

ਪਰ ਸਿੱਖ ਇਤਹਾਸ॰ ਵਿਚ ਜਿਕਰ ਹੈ ਕਿ ਗੁਰੂ ਸਾਹਿਬ ਸ਼ਾਓਸ਼ ਗਏ ਸਨ ਕਿਉਕਿ ਉਥੋਂ ਦਾ ਰਾਜਾ ਸੁਲਤਾਨ ਮਹਿੰਦੀ ਘੋਲੀ ਗੈਰ ਸੁੰਨੀ ਲੋਕਾਂ ਤੇ ਜੁਲਮ ਕਰ ਰਿਹਾ ਸੀ। +

ਪਰ ਸ਼ਓਸ਼ ਦੇ ਪੂਰਬ ਵਿਚ 75 ਕਿ. ਮੀ. ਹਟਵਾਂ ਸ਼ਹਿਰ ਹੈ ਸ਼ਓਸ਼ਤਰ (ਭਾਵ ਸ਼ਓਸ਼ ਤੋਂ ਬਿਹਤ੍ਰ) ਪੁਰਾਣੇ ਸਮਿਆਂ ਵਿਚ ਇਹਦਾ ਨਾਂ ਸੁਰਕੁਟੀਰ ਹੁੰਦਾ ਸੀ।

ਇਹ ਸਾਰੀਆਂ ਗੱਲਾਂ ਲਿਖਣ ਤੋਂ ਸਾਡਾ ਮਤਲਬ ਹੈ ਕਿ ਗੁਰੂ ਸਾਹਿਬ ਸ਼ਓਸ਼ ਨਹੀ ਗਏ ਹੋਣਗੇ ਸਗੋਂ ਸ਼ਓਸ਼ਤਰ ਗਏ ਸਨ। ਕਿਉਕਿ ਸ਼ਾਓਸ਼ ਤਾਂ ਓਦੋਂ ਤੱਕ ਥੇਹ ਹੋ ਚੁੱਕਾ ਸੀ। ਗੁਰੂ ਸਾਹਿਬ ਓਥੇ ਪਹੁੰਚਦੇ ਸਨ ਜਿੱਥੇ ਕੋਈ ਰਾਜਾ ਹੋਵੇ ਜਾਂ ਧਾਰਮਿਕ ਕੇਂਦਰ ਹੋਵੇ ਜਾਂ ਜਿੱਥੇ ਇਨਸਾਨੀਅਤ ਨਾਲ ਧੱਕਾ ਹੋ ਰਿਹਾ ਹੋਵੇ।

ਦੂਸਰੇ ਸ਼ਓਸ਼ਤਰ ਵਿਚ ਓਨੀ ਦਿਨੀ ਹੇਠ ਉਤੇ ਤਿੰਨ ਚਾਰ ਵਾਰੀ ਹਕੂਮਤ ਦੇ ਤਖਤੇ ਪਲਟੇ ਗਏ ਸਨ ਤੇ ਗੁਰੂ ਸਾਹਿਬ ਦੇ ਵੇਲੇ ਹੁਕਮਰਾਨ ਰਾਜੇ ਮਹਿੰਦੀ ਘੋਲੀ ਸੁਲਤਾਨ ਨੇ ਵੀ ਅੱਤ ਚੁੱਕੀ ਹੋਈ ਸੀ। ਉਸ ਨੇ ਮੌਲਾਣਿਆ ਨੂੰ ਖੁੱਲ ਦਿੱਤੀ ਹੋਈ ਸੀ ਕਿ ਜਿਹੜਾ ਵੀ ਤੁਹਾਨੂੰ ਗੈਰ ਸ਼ੀਆ ਨਜ਼ਰ ਆਏ ਉਹਨੂੰ ਤੁਰੰਤ ਸ਼ੀਆ ਫਿਰਕੇ ਵਿਚ ਲਿਆਓ ਜੇ ਨਹੀ ਮੰਨਦਾ ਤਾਂ ਬੇਸ਼ੱਕ ਕਤਲ ਕਰ ਦਿਓ।

ਉਸਨੇ ਡੌਨੀ ਪਿਟਵਾ ਰੱਖੀ ਸੀ ਕਿ ਜਿਹੜਾ ਵੀ ਸੁੰਨੀ ਜਾਂ ਕਾਫਰ ਨੂੰ ਮਾਰੇਗਾ ਉਨੂੰ ਪਾਪ ਨਹੀ ਸਗੋਂ ਪੁੰਨ ਲਗੇਗਾ ਤੇ ਸਰੀਰ ਤੇ ਜਿੰਨੇ ਵਾਲ ਓਨੇ ਹੀ ਕਾਤਲਾਂ ਦੇ ਪਾਪ ਧੋਤੇ ਜਾਣਗੇ। ਇਹ ਗੱਲਾਂ ਕਰਕੇ ਮੱਕੇ ਮਦੀਨੇ ਦੁਹਾਈ ਮੱਚੀ ਹੋਈ ਸੀ ਕਿ ਕਿਵੇ ਸੁੰਨੀ ਲੋਕਾਂ ਤੇ ਜੁਲਮ ਹੋ ਰਹੇ ਨੇ। ਦੂਸਰੇ ਪਾਸੇ ਸ਼ੀਆ ਹੁਕਮਰਾਨਾਂ ਦਾ ਕਹਿਣਾ ਸੀ ਕਿ ਅਸੀ ਤਾਂ ਸਿਰਫ ਬਦਲਾ ਹੀ ਲੈ ਰਹੇ ਹਾਂ ਇਨਾਂ ਸੁੰਨੀ ਲੋਕਾਂ ਨੇ ਤਾਂ ਮੁਹੰਮਦ ਸਾਹਿਬ ਦੇ ਰਿਸ਼ਤੇਦਾਰ ਵੀ ਨਹੀ ਸਨ ਬਖਸ਼ੇ।

ਗੁਰੂ ਸਾਹਿਬ ਇਥੇ 250 ਕਿ. ਮੀ. ਦਾ ਪੈਂਡਾ ਤਹਿ ਕਰਕੇ ਬਸਰਾ ਤੋਂ ਆਏ ਸਨ। ਕੌਤਕੀ ਗੁਰੂ ਆਉਦਿਆਂ ਹੀ ਮੌਲਾਣਿਆਂ ਦੇ ਟੇਟੇ ਚੜ੍ਹ ਗਏ ਜਦੋਂ ਉਨਾਂ ਨੂੰ ਪਤਾ ਲੱਗਾ ਕਿ ਹਿੰਦੁਸਤਾਨ ਤੋਂ ਕੋਈ ਹਿੰਦੂ ਫਕੀਰ ਆਇਆ ਹੈ।

ਮੌਲਾਣਿਆਂ ਨੇ ਜਦੋਂ ਗੁਰੂ ਸਾਹਿਬ ਨਾਲ ਗਲ ਬਾਤ ਕੀਤੀ ਤਾਂ ਉਹ ਨਿਉਤਰ ਹੋ ਗਏ। ਸ਼ੀਆ ਜੋਸ਼ੀਲਿਆਂ ਦਾ ਸਾਰਾ ਜੋਸ਼ ਮੱਧਮ ਪੈ ਗਿਆ। ਗੁਰੂ ਸਾਹਿਬ ਨੇ ਉਨੂੰ ਨੂੰ ਸਮਝਾਇਆ ਕਿ ਬੇਗੁਨਾਹ ਇਨਸਾਨ ਨੂੰ ਕਤਲ ਕਰ ਰਹੇ ਹੋ ਕਿਥੇ ਲੇਖਾ ਦਿਓਗੇ? ਕੀ ਮੱਜ਼ੂਬ ਨੇ ਤੁਹਾਨੂੰ ਇਹੋ ਸਿਖਾਇਆ ਹੈ? ਕੀ ਕੁਰਾਨ ਵਿਚ ਲਿਖਿਆ ਹੈ ਕਿ ਬੇਗੁਨਾਹ ਨੂੰ ਕਤਲ ਕਰ ਦਿਓ ਜੇਕਰ ਉਹ ਦੂਸਰੇ ਫਿਰਕੇ ਜਾਂ ਮਜ਼ੂਬ ਦਾ ਹੈ ਤਾਂ?

ਗਲ ਰਾਜੇ ਘੋਲੀ ਤੱਕ ਵੀ ਪਹੁੰਚ ਗਈ। ਗੁਰੂ ਸਾਹਿਬ ਨੂੰ ਰਾਜੇ ਦੇ ਦਰਬਾਰ ਪੇਸ਼ ਕੀਤਾ ਗਿਆ। ਜਿੱਥੇ ਰਾਜਾ ਸਮੇਤ ਮੌਲਾਣੇ ਗੁਰੂ ਸਾਹਿਬ ਦੇ ਸਾਹਮਣੇ ਸ਼ਰਮਸਾਰ ਸਨ।

ਮੁਕਦੀ ਗਲ ਇਥੇ ਰਾਜੇ ਨੂੰ ਸਮਝਾਇਆ ਕਿ ਬੇਗੁਨਾਹ ਇਨਸਾਨ ਦਾ ਕਤਲ ਦੁਨੀਆ ਦਾ ਸਭ ਤੋਂ ਵੱਡਾ ਜੁਰਮ ਹੈ ਜੋ ਕਿਸੇ ਵੀ ਤਰੀਕੇ ਖੁਦਾ ਮਾਫ ਨਹੀ ਕਰਦਾ। ਕਿਸੇ ਦੇ ਵਿਚਾਰਾਂ ਕਰਕੇ ਕਿਸੇ ਦਾ ਕਤਲ ਕਰਨਾਂ ਇਹ ਤਾਂ ਖੁਦ ਕੁਰਾਨ ਵੀ ਨਹੀ ਮਨਜੂਰ ਕਰਦਾ।

ਮੱਕੇ ਮਦੀਨੇ ਦੀ ਗੋਸ਼ਟਿ ਨੇ ਇਸ ਉਪਦੇਸ਼ ਨੂੰ ਕੁਝ ਇਸ ਤਰਾਂ ਖੂਬਸੂਰਤ ਤਰੀਕੇ ਕਲਮ ਬੰਦ ਕੀਤਾ ਹੈ:-

ਆਦਮਨੂਰ ਖੁਦਾਇ ਥੀਂ ਪੈਦਾ ਹੋਯਾ ਜੱਗ॥
ਤਿਸ ਤੋਂ ਹੋਏ ਆਦਮੀ ਦੁਨੀਆਂ ਜਿਥੋਂ ਲੱਗ॥
ਭੇਦ ਨ ਬੇਟੇ ਬਾਪ ਮੈਂ ਇੱਕ ਜਾਤ ਦੁਇ ਨਾਮ॥
ਝੂਠੇ ਮਜ਼ੂਬ ਬਨਾਵਟੀ ਬੰਦਿਆ ਰਚੇ ਤਮਾਮ॥
ਮਜ਼ੂਬ ਖੁਦਾ ਦਾ ਇੱਕ ਹੈ ਸਾਰੀ ਦੁਨੀਆਂ ਮਾਹਿ॥
ਸੱਭੇ ਉਸਨੂੰ ਮੰਨਦੇ ਮਾਲਕ ਸਭ ਦਾ ਵਾਹਿ॥
ਬੰਨੇ ਵੱਟਾਂ ਜ਼ਿਮੀ ਪਰ ਪਾਵਨ ਜਿਉਂ ਕਿਰਸਾਨ॥
ਕੀਤੇ ਮਜ਼ੂਬ ਪੈਗੰਬਰਾਂ ਤੈਸੇ ਬਹੁਤ ਜਹਾਨ॥
ਜ਼ੁਲਮ ਕਿਸੇ ਪਰ ਜੋ ਕਰੇ ਹਿਰਸ ਮਜ਼ੂਬ ਦੀ ਚਾਇ॥
ਜਿਨ੍ਹਾਂ ਮਾਰੇ ਆਦਮੀ ਦੋਜ਼ਕ ਪੈਸਨ ਜਾਇ॥
ਭੱਠੀ ਅੰਦਰ ਪਾਈਅਨਿ ਲਾਵਨ ਤਾਇ ਸੁਲਾਇ॥
ਬਾਲੂ ਰੇਤ ਭਖਾਈਏ ਉੱਪਰ ਉਸਦੇ ਪਾਇ॥
ਅੰਦਰ ਭੁੱਜੇ ਧਾਣ ਜਿਉਂ ਤੜਫੇ ਤੇ ਬਿਲਲਾਇ॥
ਮਾਰਤ ਜੋ ਹੈਂ ਆਦਮੀ ਬਿਨਾਂ ਗੁਨਾਹ ਕਰਾਲ॥
ਪੌਂਦੇ ਦੋਜ਼ਕ ਹਾਵੀਏ ਜੇਤੇ ਦੇਹੀ ਵਾਲ। ॥
ਚਸ਼ਮੇ ਕੱਢੇ ਔਗੁਨੀ ਨਾਸੀ ਗੰਧ ਗੁਬਾਰ॥
ਕੋਪਰ ਉਤੇ ਢਾਢੜੀ ਜਲਦੇ ਕਰਨ ਪੁਕਾਰ॥
ਤ੍ਰਿਸ਼ਨਾ ਰੱਖ ਨ ਸੱਕਈ ਬੇਪੀਰਾਂ ਗਾਵਾਰ॥
ਨਾਨਕ ਪਾਇਨ ਦੁਖ ਸਦ ਜਨ ਪਾਪੀ ਆਪਾਰ॥

ਗੁਰੂ ਸਾਹਿਬ ਨੇ ਉਨਾਂ ਨੂੰ ਦਲੀਲ ਪੂਰਬਕ ਅਹਿਸਾਸ ਕਰਵਾ ਦਿੱਤਾ ਸੀ ਕਿ ਮਜ਼ੂਬ ਦੇ ਨਾਂ ਤੇ ਕਿਸੇ ਇਨਸਾਨ ਨੂੰ ਮਾਰ ਮੁਕਾ ਦੇਣ ਤੋਂ ਵੱਡਾ ਗੁਨਾਹ ਹੋਰ ਕੋਈ ਹੋ ਹੀ ਨਹੀ ਸਕਦਾ।

ਜਦੋਂ ਉਨਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤਾਂ ਗੁਰੂ ਸਾਹਿਬ ਤੇ ਮਰਦਾਨੇ ਨੇ ਸ਼ਬਦ ਲਾ ਦਿੱਤਾ:-

ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥ ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ ॥੨॥ ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥ ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ॥ (ਪੂਰਾ ਸ਼ਬਦ ਪਹਿਲਾਂ ਆ ਚੁੱਕਾ ਹੈ। ਣਣਣਣਣ)

ਮਰਦਾਨੇ ਦੀ ਰਬਾਬ ਸੁਣ ਕੇ ਮੌਲਾਣਿਆ ਵਿਚ ਫਿਰ ਖੁਸਰ ਫੁਸਰ ਹੋਈ ਕਿ ਫਕੀਰ ਸਾਜ ਕਿਓ ਵਜਾ ਰਿਹਾ ਹੈ? ਸੰਗੀਤ ਹਰਾਮ ਹੈ। ਇਥੇ ਫਿਰ ਗੁਰੂ ਸਾਹਿਬ ਨੇ ਧਾਰਮਿਕ ਆਗੂਆਂ ਤੇ ਰਾਜੇ ਨੂੰ ਸਮਝਾਇਆ ਕਿ ਜਿਹੜਾ ਸੰਗੀਤ ਖੁੱਦਾ ਦੀ ਸਿਫਤ ਵਿਚ ਵਜਾਇਆ ਜਾਏ ਉਹ ਹਲਾਲ ਹੁੰਦਾ ਹੈ ਭਾਵ ਪਵਿਤ੍ਰ ਹੈ। ਹਾਂ ਜਿਹੜਾ ਤੁਹਾਨੂੰ ਧਾਰਮਿਕ ਸੋਚ ਭੁਲਾ ਕੇ ਕਾਮ ਕ੍ਰੋਧ ਵਲ ਪ੍ਰੇਰਤ ਕਰੇ ਉਹ ਮਨਾ ਹੋ ਸਕਦਾ ਹੈ। ਇਸ ਗਲ ਤੇ ਵੀ ਮੌਲਾਣਿਆਂ ਨੂੰ ਸਹਿਮਤ ਹੋਣਾ ਪਿਆ।

—▲—

ਬਾਬ-62ਓ

ਚੌਥੀ ਉਦਾਸੀ :ਭਾਗ -4

ਬਗਦਾਦ ਦੇ ਕੌਤਕ

1531 ਈ ਦੇ ਅਖੀਰੀ ਮਹੀਨੇ

ਕਿਉਕਿ ਜਨਮ ਸਾਖੀਆਂ ਨੇ ਲਿਖਿਆ ਹੈ ਕਿ ਬਗਦਾਦ ਵਿਚ ਗੁਰੂ ਸਾਹਿਬ ਦਾ ਮੇਲ ਬਗਦਾਦ ਦੇ ਇਮਾਮ ਸ਼ਾਹ ਸਰਫ ਨਾਲ ਹੋਇਆ। ਓਧਰ ਬਗਦਾਦ ਦਾ ਇਤਹਾਸ ਪੜੋ ਤਾਂ ਪਤਾ ਲਗਦਾ ਹੈ ਕਿ ਇਮਾਮ ਸਰਫ ਦਾ ਰਾਜ ਕਾਲ 1529 ਤੋਂ 1533 ਈ ਹੈ। ਇਸ ਦਾ ਮਤਲਬ ਗੁਰੂ ਸਾਹਿਬ 1529 ਤੋਂ 1533 ਦਰਮਿਆਨ ਹੀ ਕਿਸੇ ਵੇਲੇ ਇਥੇ ਆਏ ਸਨ। ਅੱਗੇ ਫਿਰ ਹੋਰ ਘਟਨਾਵਾਂ ਤੋਂ ਸਾਬਤ ਹੁੰਦਾ ਹੈ ਕਿ ਸਾਹਿਬ 1531 ਵਿਚ ਇਥੇ ਸਨ। ⊙

ਬਗਦਾਦ: ਸੁੰਨੀ ਮੁਸਲਮਾਨਾਂ ਤੇ ਹੋ ਰਹੇ ਜੁਲਮ ਨੂੰ ਰੋਕਣ ਗਏ○

ਮੱਕੇ ਅਤੇ ਮਦੀਨੇ ਵਿਚ ਗੁਰੂ ਸਾਹਿਬ ਦੀ ਵਿਚਾਰਧਾਰਾ ਦੀ ਪਹਿਲਾਂ ਵਿਰੋਧਤਾ ਤੇ ਫਿਰ ਵੱਡੀ ਕਦਰ ਹੋਈ ਸੀ। ਇਥੇ ਹੀ ਮੁਸਲਿਮ ਮਜ਼ਬੀ ਵਿਦਵਾਨਾਂ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਤੁਹਾਨੂੰ ਚਾਹੀਦਾ ਆਪਣਾ ਮਨੁੱਖਤਾਵਾਦੀ ਫਲਸਫਾ ਦੁਨੀਆ ਦੇ ਵਿਦਵਤਾ ਕੇਂਦਰ ਵਿਚ ਪੇਸ਼ ਕਰੋ। ਵਿਦਵਾਨਾਂ ਨੇ ਗੁਰੂ ਸਾਹਿਬ ਨੂੰ ਦੱਸਿਆ ਕਿ ਸਿਰਫ ਸੋਲਵੀ ਸਦੀ ਨਹੀ, ਬਗਦਾਦ ਤਾਂ ਸੈਕੜੇ ਸਾਲ ਪਹਿਲਾਂ ਤੋਂ ਹੀ ਦੁਨੀਆ ਦਾ 'ਬੈਤੁਲ ਹਿਕਮਾ' ਭਾਵ ਅਕਲ-ਘਰ (Wisdom House) ਮੰਨਿਆ ਜਾਂਦਾ ਰਿਹਾ ਹੈ। ਬਾਈਬਲ ਦਾ ਬੈਬੀਲੋਨ ਵੀ ਬਗਦਾਦ ਹੀ ਸੀ। ਜਿਵੇ ਅੱਜ ਇੰਗਲੈਂਡ ਦੇ ਲੰਡਣ ਸ਼ਹਿਰ ਨੂੰ ਦੁਨੀਆ ਦੀ ਰਾਜਧਾਨੀ ਸਮਝਿਆ ਜਾਂਦਾ ਹੈ ਏਸੇ ਤਰਾਂ ਉਦੋਂ ਬਗਦਾਦ ਬੈਤੁਲ ਹਿਕਮਾ ਸੀ।

ਇਹਨਾਂ ਸੁੰਨੀ ਵਿਦਵਾਨਾਂ ਨੇ ਨਾਲ ਹੀ ਗੁਰੂ ਸਾਹਿਬ ਨੂੰ ਸਲਾਹ ਦਿੱਤੀ ਕਿ ਬਗਦਾਦ ਜਾਓ ਤੇ ਨਾਲੇ ਉਥੇ ਸਾਫੀ ਹਕੂਮਤ ਨੂੰ ਸਮਝਾਇਆ ਜਾਏ ਜਿਸ ਨੇ ਸੁੰਨੀ ਮੁਸਲਮਾਨਾਂ ਦਾ ਜੀਣਾ ਹਰਾਮ ਕੀਤਾ ਹੋਇਆ ਹੈ ਅਤੇ ਅਕਸਰ ਸੁੰਨੀਆ ਦਾ ਕਤਲੇਆਮ ਵੀ ਕਰਦੀ ਹੈ। ਮੱਕੇ ਮਦੀਨੇ ਵਿਚ ਬਹੁਮਤ ਸੁੰਨੀ ਲੋਕਾਂ ਦਾ ਸੀ। ਇਹ ਵੱਡੀ ਸਚਾਈ ਸੀ ਕਿ ਈਰਾਨ ਦੀ ਸਫਵੀ ਹਕੂਮਤ ਸੁੰਨੀਆਂ ਦਾ ਕਤਲੇਆਮ ਕਰ ਰਹੀ ਸੀ। ਬਾਵਜੂਦ ਇਸਦੇ ਕਿ ਬਗਦਾਦ ਵਿਚ ਸੁੰਨੀ ਹੀ ਬਹੁ ਗਿਣਤੀ ਵਿਚ ਸਨ।

ਸੋ ਮੱਕੇ ਮਦੀਨੇ ਦੇ ਧਾਰਮਿਕ ਵਿਦਵਾਨਾਂ ਵਲੋਂ ਗੁਰੂ ਸਾਹਿਬ ਨੂੰ ਬਗਦਾਦ ਜਾਣ ਦੀ ਸਿਫਾਰਿਸ਼ ਕਰਨ ਪਿੱਛੇ ਉਨਾਂ ਦਾ ਆਪਣਾ ਮਤਲਬ ਵੀ ਸੀ। ਕਿਉਕਿ ਬਗਦਾਦ ਵਿਖੇ ਸਫਵੀ (ਸਾਫੀ) ਸਲਤਨਤ ਦਾ ਰਾਜ ਹੋ ਚੁੱਕਾ ਸੀ ਜੋ ਸੁੰਨੀ ਮੁਸਲਮਾਨ ਪ੍ਰਚਾਰਕਾਂ



ਕੀ ਇਸ ਨੂੰ ਅਬੂ ਹਨੀਫਾ ਦੀ ਕਬਰ ਕਹੋਗੇ?

1508 ਈ ਵਿਚ ਪ੍ਰਸਿੱਧ ਸੁੰਨੀ ਕਨੂੰਨ ਸਾਜ ਅਬੂ ਹਨੀਫਾ ਦੀ ਕਬਰ ਦੀ ਸ਼ਹਿਨਸ਼ਾਹ ਇਸਮਾਈਲ ਨੇ ਰੱਜ ਕੇ ਬੇਅਬਦੀ ਕਰਵਾਈ। ਕਬਰ ਪੁੱਟੀ। ਹਨੀਫਾ ਦੀਆਂ ਅਸਤੀਆਂ ਨੂੰ ਸਾੜਿਆ ਤੇ ਉਹਦੀ ਕਬਰ ਵਾਲੀ ਥਾਂ ਤੇ ਇਕ ਕੁੱਤੇ ਨੂੰ ਦਫਨਾ ਦਿੱਤਾ। ਫਿਰ ਕਬਰ ਵਾਲੀ ਥਾਂ ਨੇ ਟੱਟੀਆਂ ਬਣਵਾ ਦਿੱਤੀਆਂ ਤੇ ਨਾਲ ਹੀ 25 ਦਿਨਾਰ ਦਾ ਇਨਾਮ ਉਸ ਬੰਦੇ ਲਈ ਰੱਖ ਦਿੱਤਾ ਕਿ ਜਿਹੜਾ ਵੀ ਇਥੇ ਟੱਟੀ ਪਿਸ਼ਾਬ ਜਾਵੇ। 1534 ਵਿਚ ਬਗਦਾਦ ਫਿਰ ਉਸਮਾਨੀਆ ਹਕੂਮਤ ਨੇ ਜਿੱਤ ਲਿਆ। ਉਹਨਾਂ ਕਬਰ ਦੁਬਾਰਾ ਬਣਵਾ ਦਿੱਤੀ। ਨਾਲੇ ਅਬੂ ਹਨੀਫਾ ਦੇ ਨਾਂ ਤੇ ਜਿਹੜੀ ਮਸੀਤ ਬਣਾਈ ਉਹ ਦੁਨੀਆਂ ਦੀਆਂ ਖੂਬਸੂਰਤ ਮਸੀਤਾਂ ਵਿਚੋਂ ਇਕ ਹੈ।

ਨੂੰ ਚੁੱਣ ਚੁੱਣ ਮਾਰ ਰਹੇ ਸਨ। ਸੁੰਨੀ ਪ੍ਰਚਾਰਕ ਵਾਸਤੇ ਬਚਣ ਦਾ ਇਕੋ ਰਾਹ ਸੀ ਕਿ ਓਥੋਂ ਦੌੜ ਭੱਜ ਜਾਵੇ। ਸ਼ਹਿਨਸ਼ਾਹ ਇਸਮਾਈਲ-1 ਨੇ ਤਾਂ ਅੱਤ ਕਰ ਦਿੱਤੀ ਸੀ। ਉਸਨੇ ਮਸੀਤਾਂ ਵਿਚ ਇਸਲਾਮ ਦੇ ਪਹਿਲੇ ਤਿੰਨ ਖਲੀਫਿਆਂ (ਅਬੂ ਬਕਰ, ਉਮਰ ਤੇ ਉਸਮਾਨ) ਨੂੰ ਲਾਹਣਤ ਪਾਉਣ ਦਾ ਕੰਮ ਸ਼ੁਰੂ ਕੀਤਾ ਹੋਇਆ ਸੀ। ਸੁੰਨੀਆਂ ਦੀਆਂ ਮਸੀਤਾਂ ਵੀ ਢਾਹ ਦਿੱਤੀਆਂ ਗਈਆਂ ਸਨ। ਹਜ਼ਾਰਾਂ (ਕਈਆਂ ਅਨੁਸਾਰ ਲੱਖਾਂ) ਸੁੰਨੀ ਮੁਸਲਮਾਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਇਆ ਸੀ। ਹੋਰ ਤੇ ਹੋਰ ਬਗਦਾਦ ਵਿਖੇ, ਸੁੰਨੀ ਕਨੂੰਨ ਸ਼ਰੀਅਤ ਦੇ ਬਾਨੀ ਅਬੂ ਹਨੀਫਾ ਅਤੇ ਕਾਦਰੀਆ ਸੂਫੀ ਮਤ ਦੇ ਬਾਨੀ ਅਬਦੁਲ ਕਾਦਿਰ

ਪਿਛੇ ਝਾਤ

⊙ ਇਸ ਪ੍ਰਕਾਰ ਪਿਛਲੇ 150 ਸਾਲ ਵਿਚ ਜਿੰਨੀਆਂ ਪੁਸਤਕਾਂ ਗੁਰੂ ਸਾਹਿਬ ਤੇ ਆਈਆਂ ਹਨ ਉਹਨਾਂ ਨੇ ਬਿਨਾਂ ਸੋਚੇ ਬਗਦਾਦ ਫੇਰੀ ਦਾ ਸਾਲ 1518-20 ਦੇ ਦਿਤਾ। ਕਿਉਕਿ ਕਿਸੇ ਜੀਵਨ ਕਾਲ ਵਿਚ 10 ਸਾਲ ਦਾ ਅਰਸਾ ਬਹੁਤ ਅਹਿਮੀਅਤ ਰੱਖਦਾ ਹੈ ਇਸ ਕਰਕੇ ਮੌਜੂਦਾ ਦੌਰ ਵਿਚ ਆਈਆਂ ਪੁਸਤਕਾਂ ਤੇ ਨਜਰਸਾਨੀ ਦੀ ਜਰੂਰਤ ਹੈ।

ਅਸੀ ਸਹਿਜ ਸੁਭਾ ਜਦੋਂ ਘਟਨਾਵਾਂ ਲਿਖਦੇ ਆ ਰਹੇ ਸਾਂ ਤਾਂ ਚੌਥੀ ਉਦਾਸੀ ਕਿਸੇ ਵੀ ਸੂਰਤ ਵਿਚ 1527 ਈ ਤੋਂ ਪਹਿਲਾਂ ਦੇਣ ਵਿਚ ਵੱਡੀ ਕਠਿਨਾਈ ਆ ਰਹੀ ਸੀ। ਕਿਉਕਿ ਜਨਮਸਾਖੀਆਂ ਵਿਚ ਆਉਦਾ ਸੀ ਕਿ ਸੈਦਪੁਰ ਦੇ ਕਤਲਿਆਮ ਤੋਂ ਬਾਦ ਗੁਰੂ ਸਾਹਿਬ ਟਿੱਲਾ ਜੋਗੀਆਂ ਵਲ ਨਿਕਲ ਗਏ ਸਨ। ਸੁਭਾਵਕ ਸੀ ਨਾਲ ਲਗਦਾ ਪੋਠੋਹਾਰ ਦਾ ਇਲਾਕਾ ਵੀ ਉਹਨਾਂ ਗਾਹਿਆ। ਫਿਰ 1525 ਈ ਵਿਚ ਸਿਆਲਕੋਟ ਅਤੇ ਅੱਗੇ ਜੰਮੂ ਅਤੇ ਲਗਦੇ ਪਹਾੜੀ ਥਾਵਾਂ ਤੇ ਜਾਣ ਦੇ ਇਸ਼ਾਰੇ ਮਿਲਦੇ ਸਨ। ਨਾਲੇ ਇਹਨਾਂ ਸਾਖੀਆਂ ਵਿਚ ਭਾਈ ਮਰਦਾਨਾ ਦੇ ਜੀਵਤ ਹੋਣ ਦੇ ਸਬੂਤ ਮਿਲਦੇ ਸਨ।

ਸੋ ਇਸ ਪ੍ਰਕਾਰ ਬਗਦਾਦ ਦੇ ਇਤਹਾਸ ਨੇ ਸਾਡੀ ਮੁਸੀਬਤ ਟਾਲ ਦਿੱਤੀ।

ਇਹ ਗਲ ਹੁਣ ਵਿਦਵਾਨ ਲੱਭਣ ਕਿ ਪਿਛਲੀਆਂ ਦੋ ਸਦੀਆਂ ਵਿਚ ਚੌਥੀ ਉਦਾਸੀ 1518 ਵਿਚ ਅਰੰਭ ਕਰਾਉਣ ਦੀ ਗਲਤ ਧਾਰਨਾ ਦੀ ਜੜ੍ਹ ਕੀ ਸੀ? ਕੀ ਤਵਾਰੀਖ ਖਾਲਸਾ ਨੇ ਹੀ ਇਹ ਬਖੇੜਾ ਖੜਾ ਕੀਤਾ ਸੀ? ਜਾਂ ਕੋਈ ਹੋਰ ਇਤਹਾਸਕਾਰ ਇਸ ਲਾਪਰਵਾਹੀ ਲਈ ਜਿੰਮੇਵਾਰ ਹੈ?

ਗਿਲਾਨੀ ਦੇ ਮਕਬਰੇ ਵੀ 1508 ਈ. ਵਿਚ ਢੁਹਾ ਦਿੱਤੇ ਗਏ ਸਨ।

ਉਂਜ ਸਾਫੀ ਹਕੂਮਤ ਦੀ ਰਾਜਧਾਨੀ ਓਦੋਂ ਤਬਰੇਜ ਸੀ ਪਰ ਅਕਲ ਰਾਜਧਾਨੀ ਅਜੇ ਵੀ ਬਗਦਾਦ ਹੀ ਸੀ। ਨਾਲੇ ਬਾਬੇ ਦੇ ਤਬਰੇਜ਼ ਜਾਣ ਦੀ ਕੋਈ ਤੁੱਕ ਨਹੀ ਸੀ ਬਣਦੀ ਕਿਉਕਿ ਰਾਜਾ ਅਜੇ ਚੜ੍ਹਦੀ ਜਵਾਨੀ ਵਿਚ (ਜਨਮ 1514 ਈ) ਤੇ ਰੂਹਾਨੀਅਤ ਤੋ ਕੋਰਾ ਸੀ। ਉਹ ਹਰ ਪ੍ਰਕਾਰ ਨਾਲ ਸਲਾਹਕਾਰਾਂ ਤੇ ਨਿਰਭਰ ਸੀ।

ਸੋ ਸੁੰਨੀ ਉਲੇਮਾ ਨੂੰ ਬਾਬੇ ਨਾਨਕ ਤੋਂ ਵਧੀਆ ਹੋਰ ਕਿਹੜਾ ਰਾਜਦੂਤ ਮਿਲ ਸਕਦਾ ਸੀ ਜੋ ਸਾਫੀ ਸਲਤਨਤ ਨੂੰ ਸਮਝਾ ਬੁਝਾ ਸਕੇ ਕਿ ਸੁੰਨੀਆਂ ਤੇ ਜੁਲਮ ਬੰਦ ਹੋਵੇ।

ਬਗਦਾਦ ਪਹੁੰਚਣਾ

ਗੁਰੂ ਸਾਹਿਬ, ਮੁਹੱਮਰਾ (ਖੁਰੱਮਸ਼ਹਿਰ ਈਰਾਨ) ਸ਼ਓਸ਼ਤਰ (ਈਰਾਨ) ਹੁੰਦੇ ਹੋਏ 2100 ਕਿ. ਮੀ. ਦਾ ਪੈਂਡਾ ਤਹਿ ਕਰਕੇ ਬਗਦਾਦ ਪਹੁੰਚੇ ਸਨ।

ਜਦੋਂ ਮਦੀਨੇ ਤੋਂ ਬਗਦਾਦ ਗਏ ਤਾਂ ਬਾਬੇ ਨਾਲ ਮਰਦਾਨੇ ਤੋਂ ਸਿਵਾਏ ਇਕ ਤਾਂ ਸਣਖੱਤਰੇ (ਅੱਜ ਦਾ ਜਿਲਾ ਸਿਆਲਕੋਟ) ਦਾ ਫਕੀਰ ਮੁਹੰਮਦ ਗੌਂਸ○ ਤੇ ਦੂਜਾ ਰੁਕਨੁਦੀਨ ਸੀ। ਲਗਦੈ ਕਿ ਰੁਕਨੁਦੀਨ ਉੱਚ ਸ਼ਰੀਫ ਤੋਂ ਸੀ (ਇਸ ਬਾਬਤ, ਪੱਕੀ ਤਸਦੀਕੀ ਖੋਜ ਹੋਣੀ ਅਜੇ ਬਾਕੀ ਹੈ)। ਕਿਉਕਿ ਗੁਰੂ ਸਾਹਿਬ ਮੱਕੇ ਤੇ ਮਦੀਨੇ ਆਪਣਾ ਜਲਵਾ ਵਿਖਾ ਚੁੱਕੇ ਸਨ ਤੇ ਇਸਲਾਮਿਕ ਕੱਟੜਪੰਥੀਆਂ ਨੂੰ ਲਾਜਵਾਬ ਕਰ ਚੁੱਕੇ ਸਨ, ਇਹ ਦੋਵੇ ਗੁਰੂ ਸਾਹਿਬ ਦੇ ਮੁਰੀਦ ਹੀ ਬਣ ਚੁੱਕੇ ਸਨ।

ਮੁਸਲਮਾਨ ਲਹਿਜੇ ਵਿਚ ਗੁਰੂ ਸਾਹਿਬ ਦੀ ਹੱਥ ਬਣੀ ਤਸਵੀਰ। ਇਹ ਲਖਨਊ ਘਰਾਣੇ ਕੋਲ ਹੁੰਦੀ ਸੀ

ਬਗਦਾਦ : ਇਸਲਾਮ ਦਾ ਅਕਲ ਧੁਰਾ - ਜਿਵੇ ਸਿੱਖੀ ਦਾ ਧੁਰਾ ਕਿਸੇ ਵੇਲੇ ਕਰਤਾਰਪੁਰ, ਕਦੀ ਖਡੂਰ, ਕਦੀ ਗੋਇੰਦਵਾਲ, ਅੰਮ੍ਰਿਤਸਰ, ਕਦੀ ਅਨੰਦਪੁਰ ਸਾਹਿਬ ਰਿਹਾ ਹੈ। ਭਾਵ ਜਿੱਥੇ ਕੌਮ ਦਾ ਮੁੱਖੀ ਰਹਿੰਦਾ ਹੈ ਓਹੋ ਕੌਮ ਦਾ ਕੇਂਦਰ ਬਣ ਜਾਂਦਾ ਹੈ। ਕਿਉਕਿ 1708 ਈ. ਵਿਚ ਗੁਰਿਆਈ ਗੁਰੂ ਗਰੰਥ ਸਾਹਿਬ ਨੂੰ ਸੌਪ ਦਿੱਤੀ ਸੀ ਇਸ ਕਰਕੇ ਬਾਦ ਵਿਚ ਸਿੱਖੀ ਦਾ ਉਹ ਕੇਂਦਰ ਬਣ ਗਇਆ ਜਿੱਥੇ ਗੁਰੂ ਗ੍ਰੰਥ ਸ਼ੁੱਸ਼ੋਭਿਤ ਸੀ। ਕਿਉਕਿ ਗੁਰੂ ਅਰਜਨ ਦੇਵ ਨੇ ਭਾਦਰੋਂ 1604 ਈ. ਵਿਚ ਗੁਰੂ ਗ੍ਰੰਥ ਸਾਹਿਬ ਨੂੰ ਰਸਮੀ ਤੌਰ ਤੇ ਹਰਮੰਦਰ ਸਾਹਿਬ ਵਿਖੇ ਪ੍ਰਕਾਸ਼ ਕਰ ਦਿੱਤਾ ਸੀ ਇਸ ਕਰਕੇ ਅੰਮ੍ਰਿਤਸਰ ਹੀ ਸਿੱਖੀ ਦਾ ਸਦੀਵੀ ਧੁਰਾ ਬਣ ਗਿਆ।

ਐਨ ਇਸੇ ਤਰਾਂ ਇਸਲਾਮ ਵਿਚ ਵੀ ਹਜਰਤ ਮੁਹੰਮਦ ਸਾਹਿਬ ਤੋਂ ਬਾਦ ਜੋ ਮੁਸਲਮਾਨ ਕੌਮ ਦਾ ਮੁੱਖੀ ਬਣਿਆ ਉਹ ਖਲੀਫਾ ਅਖਵਾਉਦਾ ਸੀ। ਸ਼ੁਰੂ ਵਿਚ ਖਲੀਫੇ ਮੁਹੰਮਦ ਸਾਹਿਬ ਦੇ ਰਿਸ਼ਤੇਦਾਰਾਂ ਜਾਂ ਵਾਰਸਾਂ ਵਿਚੋਂ ਹੀ ਰਹੇ ਹਨ। ਗਲ ਜੋ ਗੌਰ ਕਰਨ ਵਾਲੀ ਹੈ, ਉਹ ਇਹ ਹੈ ਕਿ ਸੰਨ 762 ਈ ਤੋਂ ਲੈ ਕੇ 1206 ਈ ਤੱਕ ਬਗਦਾਦ ਹੀ ਇਸਲਾਮ ਦਾ ਕੇਂਦਰ ਰਿਹਾ। ਪੜ੍ਹ ਕੇ ਹੈਰਾਨ ਹੋਵੋਗੇ ਕਿ ਉਨਾਂ ਦਿਨਾਂ ਵਿਚ ਭਾਵ ਅੱਜ ਤੋਂ 1000 ਸਾਲ ਪਹਿਲਾਂ ਵੀ ਬਗਦਾਦ ਦੀ ਅਬਾਦੀ 10 ਲੱਖ ਤੋਂ ਵੱਧ ਸੀ।

1206 ਵਿਚ ਹਲਾਕੂ ਖਾਨ ਮੰਗੋਲ ਨੇ ਸ਼ਹਿਰ ਤਹਿਸ ਨਹਿਸ ਤਾਂ ਕਰ ਦਿੱਤਾ ਸੀ ਕਿ ਪਰ ਵਿਦਵਤਾ ਦਾ ਕੇਂਦਰ ਅਜੇ ਵੀ ਸਿਰਫ ਬਗਦਾਦ ਸੀ। ਹਾਂ 1261 ਈ. ਵਿਚ ਖਲਾਫਤ ਕੈਅਰੋ (ਮਿਸਰ) ਵਿਚ ਤਬਦੀਲ ਹੋ ਗਈ। ਕੈਅਰੋ ਬਗਦਾਦ ਤੋਂ ਕੋਈ 1500 ਕਿ. ਮੀ. ਹਟਵੀ ਸੀ ਇਸ ਕਰਕੇ ਬੈਤੁਲ ਹਿਕਮਾ ਬਗਦਾਦ ਵਿਖੇ ਹੀ ਬਰਕਰਾਰ ਰਹੀ ਕਿਉਕਿ ਐਨੀ ਦੂਰ ਵਿਦਵਾਨ ਆਸਾਨੀ ਨਾਲ ਹਿਜਰਤ ਨਹੀ ਸਨ ਕਰ ਸਕਦੇ। ਖੈਰ ਗੁਰ ਨਾਨਕ ਪਾਤਸ਼ਾਹ ਦੀ ਫੇਰੀ ਤੋਂ ਕੁਝ ਸਮਾਂ ਪਹਿਲਾਂ ਖਲਾਫਤ ਕੈਅਰੋ ਤੋਂ ਵੀ ਤਬਦੀਲ ਹੋ ਤੁਰਕੀ ਚਲੀ ਗਈ ਕਿਉਕਿ ਤੁਰਕੀ ਦੇ ਬਾਦਸ਼ਾਹ ਨੇ ਮਿਸਰ ਤੇ ਕਬਜਾ ਕਰ ਲਿਆ। 1401ਈ. ਜਾਲਮ ਤੈਮੂਰ ਲੰਗ ਨੇ ਬਗਦਾਦ ਦੀ ਯਹੀ ਤਹੀ ਫੇਰ ਦਿੱਤੀ ਜਦੋਂ ਉਸ ਨੇ ਹੁਕਮ ਦੇ ਦਿੱਤਾ ਸੀ ਕਿ ਹਰ ਸਿਪਾਹੀ ਦੋ ਬਗਦਾਦੀਆਂ ਦੇ ਸਿਰ ਲਾਹ ਕੇ ਲਿਆਏ। ਇਹਦੇ ਬਾਵਜੂਦ ਤੁਰਕਾਂ ਦੇ ਰਾਜ ਸਮੇਂ ਸੂਬਾਈ ਰਾਜਧਾਨੀ ਬਗਦਾਦ ਹੀ ਰਹੀ ਸੀ।

ਹਿੰਦੁਸਤਾਨ ਦਾ ਬਗਦਾਦ ਨਾਲ ਓਵੇਂ ਹੀ ਸਬੰਧ ਸੀ ਜਿਵੇਂ ਮੱਕੇ ਮਦੀਨੇ ਨਾਲ

16 ਵੀ ਸਦੀ ਦੇ ਤਿੰਨ ਮੁਸਲਮਾਨ ਸਾਮਰਾਜਾਂ ਭਾਵ ਉਸਮਾਨੀਆ (ਹਲਕਾ ਹਰਾ) , ਸਫਵੀ (ਭਗਵਾ) ਅਤੇ ਮੁਗਲਾਂ (ਜਾਮਨੀ) ਦਾ ਨਕਸ਼ਾ। ਇਸ ਨਕਸ਼ੇ ਵਿਚ ਬਗਦਾਦ ਨੂੰ ਉਸਮਾਨੀਆਂ ਹਕੂਮਤ ਵਿਚ ਦਿਖਾਇਆ ਗਇਆ ਹੈ ਕਿਉਕਿ 1534 ਈ. ਵਿਚ ਉਸਮਾਨੀਆਂ ਨੇ ਬਗਦਾਦ ਫਤਹਿ ਕਰ ਲਿਆ ਸੀ।

ਕਹਿਣ ਤੋਂ ਮਤਲਬ ਗੁਰੂ ਸਾਹਿਬ ਦੇ ਵੇਲੇ ਵੀ ਬਗਦਾਦ ਬੇਤੁਲ ਹਿਕਮਾ ਤਾਂ ਬਰਕਰਾਰ ਸੀ।

ਤੇ ਇਸ ਤੋਂ ਵੀ ਵੱਡੀ ਗਲ ਬਗਦਾਦ ਦਾ ਹਿੰਦੁਸਤਾਨ ਨਾਲ ਸਬੰਧ ਬਣਿਆ ਹੋਇਆ ਸੀ। ਪਰ ਅਜਿਹਾ ਸਬੰਧ ਕੈਅਰੋ ਤੇ ਕਸਤਨਤੂਨੀਆਂ (ਤੁਰਕੀ) ਨਾਲ ਨਹੀ ਸੀ ਬਣ ਪਾਇਆ। ਇਸ ਕਰਕੇ ਗੁਰੂ ਸਾਹਿਬ ਦਾ ਬਗਦਾਦ ਜਾਣਾ ਕੁਝ ਲਾਜਮੀ ਬਣ ਚੁੱਕਾ ਸੀ।

ਫਿਰ ਭਾਰਤ ਵਿਚ ਕਈ ਸੂਫੀ ਪੀਰ ਵੀ ਬਗਦਾਦ ਤੋਂ ਹੀ ਆਏ ਸਨ। ਮਨਸੂਰ-ਅਨ-ਅਲ ਹੱਕ ਵੀ ਬਗਦਾਦੀ ਹੀ ਸੀ ਜਿੰਨੇ ਸੂਲੀ ਤੇ ਚੜ੍ਹਾਏ ਜਾਣ ਤੋਂ ਪਹਿਲਾਂ ਪੰਜਾਬ ਦਾ ਵੀ ਦੌਰਾ ਕੀਤਾ ਸੀ। ਮਨਸੂਰ ਦਾ ਨਾਂ ਪੰਜਾਬ ਵਿਚ ਘਰ ਘਰ ਤੱਕ ਪਹੁੰਚ ਚੁੱਕਾ ਸੀ।

ਗੁਰੂ ਸਾਹਿਬ ਦੇ ਵੇਲੇ ਹੀ ਸਰਵਰੀਆਂ ਦਾ ਪੰਥ ਚੋਖਾ ਜੋਰ ਫੜ੍ਹ ਚੁੱਕਾ ਸੀ। ਇਸ ਫਿਰਕੇ ਦਾ ਬਾਨੀ ਸਯਦ ਅਹਿਮਦ ਸੁਲਤਾਨ ਜਿੰਨੂ ਪੰਜਾਬੀ ਲੋਕ ਸਖੀ ਸਰਵਰ ਜਾਂ ਲੱਖ ਦਾਤਾ ਜਾਂ ਪੀਰ ਨਿਗਾਹੀਆ ਜਾਂ ਲਾਲਾ ਵਾਲਾ ਜਾਂ ਰੋਹੀਆਂਵਾਲਾ ਜਾਂ ਸੁਲਤਾਨ ਕਹਿ ਕੇ ਮੰਨਦੇ ਹਨ ਉਹ ਵੀ ਬਗਦਾਦ ਤੋਂ ਹੀ ਸੀ।

ਕਾਦਰੀਆ ਫਿਰਕੇ ਦਾ ਬਾਨੀ ਅਬਦੁਲ ਕਾਦਰ ਗਿਲਾਨੀ (1078-1166 ਈ) ਵੀ ਬਗਦਾਦ ਤੋਂ ਹੀ ਸੀ। ਇਸ ਫਿਰਕੇ ਦੇ ਸੂਫੀ ਪੀਰ ਪੂਰੇ ਪੰਜਾਬ ਵਿਚ ਫੈਲੇ ਹੋਏ ਸਨ। ਗੁਰੂ ਸਾਹਿਬ ਅਜਮੇਰ ਵਿਖੇ ਇਸੇ ਸਿਲਸਿਲੇ ਦੇ ਪੀਰ ਮੋਹੀਉਦੀਨ ਚਿਸ਼ਤੀ ਦੇ ਦਰਗਾਹ ਤੇ ਵੀ ਕਿਸੇ ਵੇਲੇ ਜਾ ਚੁੱਕੇ ਸਨ। ਫਿਰ ਉੱਚ ਦੇ ਪੀਰਾਂ ਨਾਲ ਤਾਂ ਗੁਰੂ ਸਾਹਿਬ ਦੀ ਡਾਹਢੀ ਸਾਂਝ ਸੀ। ਸ਼ੇਖ ਮੁਹੰਮਦ ਗੌਸ ਕਾਦਰੀ ਜਿਲਾਨੀ (ਮੌਤ 923 ਹਿਜਰੀ ਭਾਵ 1517 ਈ.) ਉੱਚ ਸ਼ਰੀਫ ਤੋਂ ਹੀ ਹੋਏ ਨੇ।

ਕਹਿਣ ਤੋਂ ਮਤਲਬ ਸੂਫੀ ਸਿਲਸਿਲੇ ਦੀ ਜੜ੍ਹ ਬਗਦਾਦ ਸੀ ਤੇ ਸੂਫੀਆਂ ਨੇ ਹੀ ਭਾਰਤ ਵਿਚ ਇਸਲਾਮ ਦੀ ਨੀਂਹ ਰੱਖੀ ਸੀ। ਫਿਰ ਵੱਡੇ ਵੱਡੇ ਸੂਫੀ ਪੀਰਾਂ ਦੀ ਇਛਾ ਹੁੰਦੀ ਸੀ ਕਿ ਜਿੰਦਗੀ ਵਿਚ ਇਕ ਵੇਰਾਂ ਕਿਤੇ ਬਗਦਾਦ ਦੇ ਦਰਸ਼ਨ ਹੋ ਜਾਣ ਤੇ ਵੱਡੇ ਪੀਰ (ਅਬਦੁਲ ਕਾਦਰ ਗਿਲਾਨੀ) ਦੀ ਦਰਗਾਹ ਦੀ ਜਿਆਰਤ ਕੀਤੀ ਜਾ ਸਕੇ ਭਾਵ ਮੱਥਾ ਟੇਕਿਆ ਜਾ ਸਕੇ।

ਸੋ ਕਿਸੇ ਸੂਫੀ ਪੀਰ ਵਾਸਤੇ ਮੱਕੇ ਮਦੀਨੇ ਦੇ ਹੱਜ ਤੋਂ ਬਾਦ ਬਗਦਾਦ ਦਾ ਹੱਜ ਵੀ ਓਨਾ ਹੀ ਅਹਿਮੀਅਤ ਰੱਖਦਾ ਸੀ।

ਦਰ ਅਸਲ ਭਾਰਤ ਖਾਸ ਕਰਕੇ ਪੰਜਾਬ ਵਿਚ ਬਗਦਾਦ ਦਾ ਨਾਂ ਘਰ ਘਰ ਵਿਚ ਪ੍ਰਚਲਤ ਸੀ। ਅੱਜ ਵੀ ਤੁਹਾਨੂੰ ਕਿਤੇ ਕਿਤੇ ਬਗਦਾਦੀ ਦਰਵਾਜਾ ਜਾਂ ਬਗਦਾਦੀ ਮਦਰਸੇ ਦਾ ਨਾਂ ਮਿਲ ਹੀ ਜਾਂਦਾ ਹੈ।

ਇਸ ਕਰਕੇ ਗੁਰੂ ਸਾਹਿਬ ਦਾ ਬਗਦਾਦ ਤਾਂ ਜਾਣਾ ਬਣਦਾ ਹੀ ਸੀ ਪਰ ਕਈ ਲਿਖਾਰੀ ਬਿਨਾਂ ਸੋਚੇ ਸਮਝੇ ਗੁਰੂ ਸਾਹਿਬ ਦਾ ਕਾਇਰੋ, ਦਮਿਸ਼ਕ (ਸਾਮ-ਸੀਰੀਆ) ਅਤੇ ਰੋਮ ਤਬਰੇਜ, ਤਹਿਰਾਨ, ਮਸ਼ਹਦ, ਸਮਰਕੰਦ, ਤਾਸ਼ਕੰਦ ਆਦਿ ਜਾਣਾ ਵੀ ਲਿਖ ਗਏ ਹਨ। (ਫਿਰ ਅੱਜ ਕਲ ਦੇ ਲਿਖਾਰੀ ਤਾਂ ਗੁਰੂ ਸਾਹਿਬ ਨੂੰ ਸਿੰਘਾਪੁਰ, ਅਤੇ ਕੁਝ ਇੰਸਤਨਬੂਲ, ਰੋਮ ਅਤੇ ਇਥੋਂ ਤਕ

ਕਾਦਰੀਆ ਸੂਫੀ ਮਤ ਦੇ ਬਾਨੀ ਅਬਦੁਲ ਕਾਦਿਰ ਗਿਲਾਨੀ ਦਾ ਮਕਬਰਾ- ਬਗਦਾਦ

ਕਿ ਫਰਾਂਸ ਅਤੇ ਕਨੇਡਾ ਅਮਰੀਕਾ ਤਕ ਜਾਣਾ ਲਿਖ ਰਹੇ ਨੇ। •) ਇਹ ਗਲ ਸਾਡੀ ਤੁੱਛ ਸਮਝ ਤੋਂ ਬਾਹਰੀ ਹੈ। ਅਸੀ ਫਿਰ ਦੁਹਰਾ ਦਈਏ ਗੁਰੂ ਸਾਹਿਬ ਲਗਾਤਾਰ ਇਕ ਮਿਸ਼ਨ ਲੈ ਕੇ ਚਲ ਰਹੇ ਹੁੰਦੇ ਨੇ। ਉਹ ਸੈਰ ਨਹੀ ਸੀ ਕਰ ਰਹੇ। ਪ੍ਰਦੇਸ ਵਿਚ ਗੁਰੂ ਸਾਹਿਬ ਸਿਰਫ ਓਥੇ ਓਥੇ ਹੀ ਪਧਾਰੇ ਜਿੱਥੇ ਕਿਸੇ ਨਾਂ ਕਿਸੇ ਤਰਾਂ ਭਾਰਤੀ ਉਪ-ਮਹਾਂਦੀਪ ਦੇ ਲੋਕਾਂ ਦਾ ਆਉਣਾ ਜਾਣਾ ਜਾਂ ਕੋਈ ਸਬੰਧ ਸੀ।

—◈—

ਬਾਂਗ ਦਿਤੀ – ਬਗਦਾਦ ਪਹੁੰਚ ਬਾਬੇ ਨੇ ਨਵਾਂ ਪੁਆੜਾ ਖੜਾ ਕਰ ਦਿੱਤਾ। ਜਿਵੇ ਮੌਲਵੀ ਬਾਂਗ ਦਿੰਦੇ ਨੇ ਇਕ ਦਿਨ ਸਵੇਰੇ ਮਨੇਰੇ ਗੁਰੂ ਸਾਹਿਬ ਨੇ ਅਜਾਨ (ਉੱਚੀ ਸਾਰੀ ਬਾਂਗ) ਦਿੱਤੀ, "ਜੋ ਬੋਲੇ ਸੋ ਨਿਹਾਲ- ਸਤਿ ਸ੍ਰੀ ਅਕਾਲ" ਮਰਦਾਨਾ ਵੀ ਕਿਹੜਾ ਘੱਟ ਸੀ ਉਸ ਨੇ "ਸਤਿ ਕਰਤਾਰ" "ਸਤਿ ਕਰਤਾਰ" ਦੇ ਨਾਹਰੇ ਮਾਰ ਦਿੱਤੇ।

ਬਾਬੇ ਹੁਰਾ ਦਰਿਆ ਦਜ਼ਲਾ ਕੰਢੇ ਡੇਰਾ ਲਾਇਆ ਸੀ। ਨੇੜੇ ਹੀ ਕੁਝ ਮਕਬਰੇ ਸਨ ਜਿੰਨਾਂ ਦੇ ਮਜੌਰਾਂ ਜਦੋਂ ਇਹ ਵਖਰੀ ਹੀ ਬਾਂਗ ਸੁਣੀ ਤਾਂ ਦਿਨ ਚੜੇ ਜਗਿਆਸਾ ਕਾਰਨ ਆ ਪਹੁੰਚੇ ਕਿ ਇਥੇ ਕੌਣ ਨਵਾ ਬੰਦਾ ਆਇਆ ਜਿਸ ਨੇ ਨਵੀ ਹੀ ਬਾਂਗ ਦੇ ਦਿੱਤੀ ਹੈ। ਗਲ ਬਾਤ ਤੋਂ ਉਨਾਂ ਨੂੰ ਪਤਾ ਲੱਗਾ ਕਿ ਇਹ ਦਰਵੇਸ਼ ਹਿੰਦੁਸਤਾਨ ਤੋਂ ਆਏ ਨੇ।

ਭਾਈ ਗੁਰਦਾਸ ਨੇ ਬਾਬੇ ਦੀ ਬਗਦਾਦ ਫੇਰੀ ਨੂੰ ਕੁਝ ਇਸ ਤਰਾਂ ਬਿਆਨ ਕੀਤਾ ਹੈ:-

ਬਾਬਾ ਗਇਆ ਬਗਦਾਦ ਨੂੰ ਬਾਹਰ ਜਾਇ ਕੀਆ ਅਸਥਾਨਾ॥

ਪੈਂਡ ਸਫਾ

• ਇਹ ਗੁਪਤ ਅਜੈਂਸੀਆਂ ਦੀ ਦਾਅ ਪੇਚ ਦੀ ਨੀਤੀ ਤਹਿਤ ਕੀਤਾ ਜਾਂਦਾ ਹੈ। ਕਿਸੇ ਗਲ ਨੂੰ ਝੁਠਲਾਉਣਾ ਹੋਵੇ ਤਾਂ ਉਸ ਨੂੰ ਅੱਤ ਦੀ ਹੱਦ ਤਕ ਖਿੱਚ ਦਿਤਾ ਜਾਂਦਾ ਹੈ ਤਾਂ ਕਿ ਲੋਕ ਅਜਿਹੇ ਸਿਧਾਂਤ ਨੂੰ ਗੈਰਵਿਹਾਰਿਕ ਸਮਝਣ ਲੱਗ ਜਾਣ ਤੇ ਅਸਲੀਅਤ ਤੇ ਵੀ ਸ਼ੱਕ ਕਰਨਾਂ ਸ਼ੁਰੂ ਕਰ ਦੇਣ।

ਏਸੇ ਹੀ ਨੀਤੀ ਤਹਿਤ ਅੱਜ ਦੇ ਅੱਤ-ਦੇ-ਮਿਸ਼ਨਰੀ (Extremist Missionaries) ਕੰਮ ਕਰ ਰਹੇ ਹਨ। ਸਿੱਖੀ ਵਿਚ ਮਿਸ਼ਨਰੀ ਵਿਚਾਰਧਾਰਾ ਸੁਧਾਰਵਾਦੀ ਹੈ ਜਿਸ ਤਹਿਤ ਸਿੱਖੀ ਨੂੰ ਜੋਗੀ ਵਿਚਾਰਧਾਰਾ (ਡੇਰਾਵਾਦ) ਦੇ ਅਸਰ ਤੋਂ ਮੁਕਤ ਕਰਾਉਣਾ ਹੈ। ਪਰ ਸਰਕਾਰਾਂ ਅਜਿਹਾ ਨਹੀ ਚਾਹੁੰਦੀਆਂ। ਉਹਨਾਂ ਫਿਰ ਹਿੱਟ ਬਿਫੋਰ ਹਿੱਟ ਦੇ ਸਿਧਾਂਤ ਦੇ ਤਹਿਤ ਅੱਤ-ਮਿਸ਼ਨਰੀਆਂ ਨੂੰ ਉਤਸ਼ਾਹ ਦਿਤਾ ਹੈ। ਇਹਨਾਂ ਅਖੌਤੀ ਮਿਸ਼ਨਰੀਆਂ ਫਿਰ ਇਥੋਂ ਤਕ ਕਿ ਨਾਮ ਦੇ ਸਿਧਾਂਤ ਦਾ ਮਖੌਲ ਉਡਾਉਣਾ ਵੀ ਸ਼ੁਰੂ ਕਰ ਦਿਤਾ ਹੈ। ਇਕ ਮਸ਼ੀਨਰੀ ਨੇ ਤਾਂ ਇਥੋਂ ਤਕ ਲਿਖਿਆ ਹੈ ਕਿ ਜੇ ਨਾਮ ਜੱਪਣ ਨਾਲ ਹੀ ਚੜ੍ਹਤ ਮਿਲਣੀ ਹੁੰਦੀ ਹੈ ਤਾਂ ਗੁਰੂ ਨਾਨਕ ਨੂੰ ਚੱਕੀ ਨਾਂ ਪਿਹਣੀ ਪੈਂਦੀ, ਪੰਚਮ ਨਾਨਕ ਅਤੇ ਨੌਵੇ ਨਾਨਕ ਨੂੰ ਸ਼ਹੀਦੀ ਨਾਂ ਦੇਣੀ ਪੈਂਦੀ।

ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ॥
ਦਿਤੀ ਬਾਂਗ ਨਿਮਾਜ਼ ਕਰ ਸੁੰਨ ਸਮਾਨ ਹੋਯਾ ਜਹਾਨਾ॥
ਸੁੰਨ ਮੁੰਨ ਨਗਰੀ ਭਈ ਦੇਖ ਪੀਰ ਭਇਆ ਹੈਰਾਨਾ॥
ਵੇਖੈ ਧਿਆਨ ਲਗਾਇ ਕਰ ਇਕ ਫਕੀਰ ਵਡਾ ਮਸਤਾਨਾ॥
ਪੁਛਿਆ ਫਿਰਕੇ ਦਸਤਗੀਰ ਕੌਨ ਫਕੀਰ ਕਿਸ ਕਾ ਘਰਾਨਾ॥
ਨਾਨਕ ਕਲਿ ਵਿਚ ਆਇਆ ਰਬ ਫਕੀਰ ਇਕ ਪਹਿਚਾਨਾ॥
ਧਰਤ ਅਕਾਸ ਚਹੁੰ ਦਿਸ ਜਾਨਾ ॥

ਪੀਰ ਰੁਕਨੁਦੀਨ ਤੇ ਮੁਹੰਮਦ ਗੌਂਸ ਨੇ ਲੋਕਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਬਾਬਾ ਨਾਨਕ ਖੁੱਦਾ ਨੂੰ ਪਹੁੰਚਿਆ ਹੋਇਆ ਪੈਗੰਬਰ ਹੈ। ਇਹ ਸੁਣ ਕੱਟੜਪੰਥੀਆ ਨੂੰ ਹੋਰ ਈਰਖਾ ਹੋਈ। ਓਧਰ ਕਾਦਰੀਆ ਸੂਫੀ ਮੱਤ ਦੇ ਬਾਨੀ ਹਜਰਤ ਅਬਦੁਲ ਕਾਦਰ ਗਿਲਾਨੀ ਦਾ ਮਕਬਰਾ (ਦਰਗਾਹ) ਸਫਵੀ ਹਕੂਮਤ ਨੇ ਢੁਹਾ ਦਿੱਤਾ ਹੋਇਆ ਸੀ। ਬਗਦਾਦ ਦੇ ਸੁੰਨੀ ਲੋਕਾਂ ਨੇ ਸਮਝਿਆ ਕਿ ਇਸ ਨਵੇ ਫਕੀਰ ਦਾ ਬਗਦਾਦ ਵਿਚ ਆਉਣਾ ਸੁੰਨੀ ਮਤ ਉਤੇ ਸਫਵੀ ਹਕੂਮਤ ਵਲੋਂ ਇਕ ਹੋਰ ਹਮਲਾ ਹੈ। ਸਾਰੇ ਸ਼ਹਿਰ ਵਿਚ ਖੁਸਰ ਫੁਸਰ ਚਲ ਰਹੀ ਸੀ। ਈਰਾਨੀ ਹੁਕਮਰਾਨਾਂ ਨੂੰ ਬਾਬੇ ਨਾਨਕ ਬਾਰੇ ਕੋਈ ਖਬਰ ਨਹੀ ਸੀ ਪਰ ਸ਼ਹਿਰ ਵਿਚ ਅਫਵਾਹ ਸੀ ਕਿ ਇਹ ਕੋਈ ਸ਼ੀਆ ਫਕੀਰ ਹੀ ਹੈ ਜਿਸ ਨੇ ਅਜਾਨ ਬਦਲ ਦਿੱਤੀ ਹੈ। ਯਾਦ ਰਹੇ ਬਗਦਾਦ ਸੁੰਨੀ ਬਹੁਗਿਣਤੀ ਸ਼ਹਿਰ ਹੈ।

ਕੁਝ ਲਿਖਾਰੀਆਂ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਦਾ ਮੇਲ ਹਜਰਤ ਗਿਲਾਨੀ ਦੇ ਉਸ ਵੇਲਿਆਂ ਦੇ ਜਾਨਸ਼ੀਨ ਨਾਲ ਹੋਇਆ। ਪਰ ਇਸ ਗਲ ਵਿਚ ਸੱਚਾਈ ਨਜਰ ਨਹੀ ਆਉਦੀ ਕਿਉਕਿ ਰਾਜਨੀਤਕ ਤੇ ਮਜ਼ਬੂਬੀ ਦਮਨ ਕਰਕੇ ਸੁੰਨੀ ਉਲੇਮਾ (ਮਹਾਂਪੁਰਖ) ਗੁਰੂ ਸਾਹਿਬ ਦੇ ਆਮਦ ਵੇਲੇ ਤੱਕ ਇਥੋਂ ਦੌੜ ਜਾ ਚੁੱਕੇ ਸਨ ਜਾਂ ਫਿਰ ਮਾਰੇ ਗਏ ਸਨ।

ਹਿੰਦ ਦੇ ਪੀਰ ਦੇ ਡੇਰੇ ਤੇ ਜਗਿਆਸੂ ਦੀ ਭੀੜ ਵਧਦੀ ਜਾ ਰਹੀ ਸੀ। ਜਦੋਂ ਕਦੀ ਗੁਰੂ ਸਾਹਿਬ ਦੀ ਇਕੱਲਿਆ ਨਿਰੰਕਾਰ ਨਾਲ ਲਿਵ ਲਗੀ ਹੁੰਦੀ ਤਾਂ ਦੂਰ ਪਰੇ ਮਰਦਾਨਾ ਬੜੇ ਅਨੰਦ ਨਾਲ ਰਬਾਬ ਤੇ ਅਕਸਰ ਗੁਰਬਾਣੀ ਗਾਇਆ ਕਰਦਾ ਸੀ। ਲੋਕ ਪੁੱਛਦੇ ਸਨ ਕਿ ਇਹ ਭਾਈ ਕੀ ਗਾਉਦਾ ਰਹਿੰਦਾ ਹੈ। ਨਾਲ ਜਿਹੜੇ ਫਕੀਰ ਮਦੀਨੇ ਤੋਂ ਆਏ ਸਨ ਉਨਾਂ ਲੋਕਾਂ ਨੂੰ ਦੱਸਿਆ ਕਿ ਇਹ ਬਾਬੇ ਨਾਨਕ ਦਾ ਕਲਾਮ ਹੈ।

ਲੋਕਾਂ ਨੇ ਗੁਰੂ ਸਾਹਿਬ ਦੇ ਖਿਲਾਫ ਇਕ ਬਹਿਲੋਲ ਦਾਨਾ ਨਾਂ ਦੇ ਪੀਰ ਨੂੰ ਜਾ ਦੱਸਿਆ ਕਿ ਹਿੰਦ ਤੋਂ ਕੁਝ ਫਕੀਰ ਆਏ ਨੇ ਜੋ ਇਸਲਾਮੀ ਸ਼ਰਾ ਦੀ ਪ੍ਰਵਾਹ ਕੀਤੇ ਬਗੈਰ ਆਪਣੀ ਅੱਜਾਨ ਦੇ ਰਹੇ ਨੇ। ਬਹਿਲੋਲ ਨੇ ਬਾਬੇ ਦੇ ਡੇਰੇ ਤੇ ਖੁੱਦ ਪਹੁੰਚ, ਆ ਗੁਰੂ ਸਾਹਿਬ ਨਾਲ ਗੁਫਤਗੂ ਸ਼ੁਰੂ ਕੀਤੀ। ਜਦੋਂ ਬਹਿਲੋਲ ਬਾਬੇ ਦੇ ਡੇਰੇ ਪਹੁੰਚਿਆ, ਓਦੋਂ ਸਾਹਿਬ ਮਰਦਾਨੇ ਦੀ ਰਬਾਬ ਤੇ ਉੱਚੀ ਸੁਰ ਵਿਚ ਸਬਦ ਗਾ ਰਹੇ ਸਨ:-

ਮਃ ੧ ॥ ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥ ਲੇਖਾ ਰਬੁ ਮੰਗੇਸੀਆ ਬੈਠਾ ਕਚਿ ਵਹੀ ॥ ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥ ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥ ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥ ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥੨॥

ਲੰਮਾ ਸਮਾਂ ਦੋ ਤਿੰਨ ਦਿਨ ਤੱਕ ਰੂਹਾਨੀਅਤ ਬਾਬਤ ਸਵਾਲ ਜਵਾਬ ਹੁੰਦੇ ਰਹੇ। ਦੋ ਚਾਰ ਦਿਨ ਨਾਲ ਰਹਿ ਕੇ ਬਹਿਲੋਲ ਨੇ ਵੇਖਿਆ ਕਿ ਬਾਬੇ ਨਾਨਕ ਦਾ ਤਾਂ ਕੋਈ ਸਾਹ ਅਜਿਹਾ ਨਹੀ ਨਿਕਲਦਾ ਜਦੋਂ ਖੁੱਦਾ ਨੂੰ ਯਾਦ ਨਾਂ ਕਰੇ। ਅੰਤ ਵਿਚ ਬਹਿਲੋਲ ਦੀ ਚਾਰੇ ਪਾਸਿਆਂ ਤੋਂ ਨਿਸ਼ਾ ਹੋ ਗਈ ਕਿ ਹਿੰਦ ਦਾ ਪੀਰ ਖੁਦਾ ਨਾਲ ਇੱਕ ਮਿੱਕ ਹੈ। ਬਹਿਲੋਲ ਨੂੰ ਤਾਂ ਨਾਨਕ ਵਿਚੋਂ ਖੁਦਾ ਦੀ ਸੂਰਤ ਨਜਰ ਆਉਣ ਲੱਗੀ।

ਬਹਿਲੋਲ ਗੁਰੂ ਸਾਹਿਬ ਨੂੰ ਆਪਣੇ ਡੇਰੇ ਲੈ ਗਿਆ।

ਬਗਦਾਦੀ ਲੋਕਾਂ ਵਿਚ ਓਨੀ ਦਿਨੀ ਇਕ ਹੋਰ ਗਲਤ ਫਹਿਮੀ ਸੀ। ਲੋਕ ਸਮਝਦੇ ਸਨ ਕਿ ਵੱਡਾ ਪੀਰ ਹੋਣ ਵਾਸਤੇ ਜਰੂਰੀ ਹੈ ਕਿ ਬੰਦਾ ਹਜਰਤ ਮੁਹੰਮਦ ਜਾਂ ਕਿਸੇ ਹੋਰ ਖਲੀਫੇ ਦੇ ਖਾਨਦਾਨ ਵਿਚੋਂ ਹੋਵੇ। ਪਰ ਹਿੰਦ ਦੇ ਪੀਰ ਦੀ ਖੁਦਾ ਨਾਲ ਨੇੜਤਾ ਵੇਖ ਕੇ ਇਹ ਖਿਆਲ ਵੀ ਟੁੱਟਦਾ ਨਜਰ ਆ ਰਿਹਾ ਸੀ। ਜਿਸ ਕਾਰਨ ਬਾਬੇ ਦੀ ਇਸ ਮੁੱਦੇ ਕਾਰਨ ਵੀ ਮੁਖਾਲਫਤ ਸੀ।

ਪਰ ਬਾਬੇ ਨਾਨਕ ਬਾਰੇ ਦੁਹਾਈ ਚਾਰ ਚੁਫੇਰੇ ਪੈ ਚੁੱਕੀ ਸੀ। ਉਂਜ ਹੌਲੀ ਹੌਲੀ ਧਾਰਮਿਕ ਫਿਰਕਾਪ੍ਰਸਤਾਂ ਨੂੰ ਅਹਿਸਾਸ ਹੋ ਗਇਆ ਕਿ ਹਿੰਦ ਦੇ ਜਿਹੜੇ ਪੀਰ ਆਏ ਨੇ, ਨਾਂ ਇਹ ਸ਼ੀਆ ਨੇ ਤੇ ਨਾਂ ਹੀ ਸੁੰਨੀ ਹਨ। ਹਾਲਾਂ ਕਈਆਂ ਨੂੰ ਇਸ ਗਲ ਤੇ ਵੀ ਬੁਰਾ ਲਗਦਾ ਸੀ ਜਿਹੜਾ ਫਕੀਰ ਹੋ ਕੇ ਮਰਦਾਨਾ ਰਬਾਬ ਵਜਾਉਦਾ ਸੀ। ਉਹ ਸਮਝਦੇ ਸਨ ਕਿ ਇਸ ਤਰਾਂ ਸਾਜ ਵਜਾਉਣਾ ਹਰਾਮ ਹੈ। ਮਰਦਾਨੇ ਨੇ ਲੋਕਾਂ ਨੂੰ ਓਹੋ ਦਲੀਲ ਦੇ ਕੇ ਕਾਇਲ ਕਰ ਲਿਆ ਜਿਹੜੀ ਗੁਰੂ ਸਾਹਿਬ ਨੇ ਮਦੀਨੇ ਦਿੱਤੀ ਸੀ। ਫਿਰ ਖੁਦਾ ਦੀ ਉਸਤਤ ਵਿਚ ਸੰਗੀਤ ਹਰਾਮ ਨਹੀ ਸਗੋਂ ਮਨਜੂਰ ਹੁੰਦਾ ਹੈ।

ਉਨਾਂ ਇਹ ਵੀ ਸੁਣ ਰੱਖਿਆ ਸੀ ਕਿ ਹਿੰਦ ਦੇ ਲੋਕ ਬੁੱਤ ਪ੍ਰਸਤ ਨੇ ਪਰ ਇਹ ਫਕੀਰ (ਨਾਨਕ) ਤਾਂ ਬੁੱਤਾਂ ਨੂੰ ਨਹੀ ਮੰਨਦਾ। ਇਹ ਉਨਾਂ ਨੂੰ ਹੈਰਾਨੀ ਸੀ।

ਨਾਨਕ ਹਜਰਤ ਮੁਹੰਮਦ ਨੂੰ ਖੁੱਦਾ ਦਾ ਆਖਰੀ ਰਸੂਲ ਵੀ ਨਹੀ ਮੰਨਦਾ। ਪਰ ਉਹ ਇੰਨੀ ਕੁ ਗਲ ਨੂੰ ਬਰਦਾਸ਼ਤ ਕਰਨ ਨੂੰ ਤਿਆਰ ਸਨ, 'ਆਖਿਰ ਬੰਦਾ ਮੁਖਤਲਿਫ ਮਜ਼ਬ ਦਾ ਹੈ'।

ਉਹ ਇਹ ਵੀ ਬਰਦਾਸ਼ਤ ਕਰ ਰਹੇ ਸਨ ਕਿ ਹਿੰਦ ਦਾ ਪੀਰ ਮਸੀਤ ਤੇ ਕਬਰਾਂ ਨੂੰ ਪਵਿਤ੍ਰ ਨਹੀ ਮੰਨਦਾ। ਨਾਂ ਹੀ ਇਹ ਰੋਜੇ ਰਖਣ ਵਿਚ ਵਿਸ਼ਵਾਸ਼ ਕਰਦਾ ਹੈ। ਨਾਂ ਹੀ ਨਮਾਜ ਗੁਜਾਰਦੇ ਹਨ। ਬਗਦਾਦੀਏ ਉਂਜ ਮਰਦਾਨੇ ਕੋਲੋਂ ਏਨੀ ਗਲ ਸੁਣ ਕੇ ਖੁਸ਼ ਸਨ ਕਿ ਨਾਨਕ ਪੀਰ ਜਾਤ ਪਾਤ ਦੇ ਭੇਦ ਭਾਵ ਨੂੰ ਨਹੀ ਮੰਨਦਾ। ਉਨਾਂ ਨੂੰ ਜਿਆਦਾ ਹੈਰਾਨੀ ਨਹੀ ਸੀ ਹੋ ਰਹੀ ਕਿ ਨਾਨਕ ਪੀਰ ਕਿਆਮਤ ਦੇ ਸਿਧਾਂਤ ਨੂੰ ਨਹੀ ਮੰਨਦਾ। ਕਿਉਕਿ ਮੁਸਲਮਾਨ ਵਿਦਵਾਨਾਂ ਸੁਣਿਆ ਹੋਇਆ ਸੀ ਕਿ ਹਿੰਦ ਦੇ ਲੋਕ ਕਿਆਮਤ ਦੇ ਸਿਧਾਂਤ ਨੂੰ ਨਹੀ ਮੰਨਦੇ। ਫਿਰ ਬਗਦਾਦ ਦੇ ਇਲਾਕੇ ਵਿਚ ਹੋਰ ਲੋਕ ਜਿਵੇ ਈਸਾਈ ਵੀ ਨੇ ਜਿਹੜੇ ਖਤਨਾ (ਸੁੰਨਤ) ਨਹੀ ਕਰਦੇ। ਉਨਾਂ ਨੂੰ ਇਸ ਗਲ ਤੋਂ ਵੀ ਹੈਰਾਨੀ ਨਹੀ ਸੀ ਕਿ ਇਹ ਪੀਰ ਜਾਨਵਰਾਂ ਦੇ ਕੁਰਬਾਨੀ ਦੇਣ ਦੇ ਅਸੂਲ ਨੂੰ ਪਵਿਤ੍ਰ ਨਹੀ ਮੰਨਦਾ।

ਪਰ ਜਦੋਂ ਬਗਦਾਦੀਆਂ ਨੂੰ ਪਤਾ ਲਗਾ ਕਿ ਇਹ ਫਕੀਰ ਹਿੰਦ ਦੇ

ਹੋਣ ਦੇ ਬਾਵਜੂਦ ਨਾਂ ਗਊ ਨੂੰ ਪਵਿਤ੍ਰ ਮੰਨਦੇ ਹਨ ਤੇ ਨਾਂ ਹੀ ਹਿੰਦੂ ਵੇਦਾਂ ਸ਼ਾਸਤਰਾਂ ਨੂੰ। ਇਹ ਜਾਤ ਪਾਤ ਵੀ ਨਹੀ ਮੰਨਦੇ। ਇਹ ਹੋਰ ਵੀ ਅਨੇਕਾਂ ਹਿੰਦੂ ਅਸੂਲਾਂ ਤੇ ਸਿਧਾਂਤਾ ਨੂੰ ਨਹੀ ਮੰਨਦੇ ਤਾਂ ਉਨਾਂ ਨੂੰ ਉਤਸੁਕਤਾ ਸੀ ਕਿ ਫਿਰ ਇਹ ਸਿਧਾ ਮੁਸਲਮਾਨ ਹੀ ਕਿਓ ਨਹੀ ਬਣ ਜਾਂਦੇ। ਕਿਉਕਿ ਇਹ ਪੀਰ ਇਕ ਖੁਦਾ ਦੇ ਸਿਧਾਂਤ ਨੂੰ ਤਾਂ ਮੰਨਦੇ ਨੇ।

ਪਰ ਜਦੋਂ ਉਨਾਂ ਨੂੰ ਪਤਾ ਲੱਗਾ ਕਿ ਹਿੰਦ ਦਾ ਪੀਰ 14 ਤਬਕਾਂ (7 ਅਸਮਾਨ, 7 ਪਤਾਲ) ਦੇ ਸਿਧਾਂਤ ਨੂੰ ਨਹੀ ਮੰਨਦਾ ਤੇ ਇਹ (ਗੁਰੂ ਨਾਨਕ) ਕਹਿੰਦਾ ਹੈ ਕਿ ਬ੍ਰਹਿਮੰਡ ਬੇਅੰਤ ਹੈ ਤੇ ਬੇਅੰਤ ਹੀ ਧਰਤੀਆਂ, ਬੇਅੰਤ ਸੂਰਜ, ਬੇਅੰਤ ਅਕਾਸ਼ ਤੇ ਪਤਾਲ ਹਨ। ਮਰਦਾਨਾ ਤਾਂ ਬਿਨ ਨਾਗਾ ਜਪੁ ਜੀ ਪੜਿਆ ਕਰਦਾ ਸੀ।

"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥"

ਫਿਰ ਜਦੋਂ ਬੇਅੰਤ ਅਕਾਸ਼ ਪਤਾਲ ਹੋਣ ਦੀ ਗਲ ਤੇ ਬਗਦਾਦੀ ਲੋਕ ਭੜਕ ਉਠੇ। ਕਿਉਕਿ ਉਹ ਸਮਝਦੇ ਸਨ ਕਿ ਇਹ ਫਕੀਰ ਹੈ ਤਾਂ ਇਕ ਤਰਾਂ ਨਾਲ ਮੁਸਲਮਾਨ ਹੀ ਹਨ ਪਰ ਇਹ ਇਸਲਾਮੀ ਸ਼ਰਾ ਤੋਂ ਬਾਗੀ ਹਨ।

ਫਿਰ ਅੰਤ ਨੂੰ ਸ਼ਕਾਇਤ ਬਗਦਾਦ ਦੇ ਇਮਾਮ ਮੁਹੰਮਦ ਖਾਨ ਬਿਨ ਸ਼ਰਫ ਅਲਦੀਨ ਤੱਕ ਪਹੁੰਚ ਗਈ।

ਗੁਰੂ ਸਾਹਿਬ ਨੂੰ ਇਮਾਮ (ਹਾਕਿਮ) ਦੇ ਸਾਹਮਣੇ ਪੇਸ਼ ਹੋਣ ਦੇ ਹੁਕਮ ਹੋ ਗਏ।

ਬਾਬੇ ਨੂੰ ਇਮਾਮ ਅੱਗੇ ਪੇਸ਼ ਕੀਤਾ ਗਇਆ

ਜਦੋਂ ਰਾਜੇ (ਵਾਲੀ ਜਾਂ ਗਵਰਨਰ ਜਾਂ ਹਾਕਿਮ ਜਾਂ ਇਮਾਮ ਵੀ) ਸ਼ਾਹ ਸਰਫ ਅੱਗੇ ਗੁਰੂ ਸਾਹਿਬ ਨੂੰ ਪੇਸ਼ ਕੀਤਾ ਗਇਆ ਕਿ ਇਹ ਫਕੀਰ ਇਸਲਾਮ ਤੋਂ ਵੱਖਰੀ ਗਲ ਕਰਕੇ ਉਮੱਤ ਨੂੰ ਗੁਮਰਾਹ ਕਰ ਰਿਹਾ ਹੈ। ਰਾਜੇ ਨੂੰ ਇਹ ਵੀ ਦੱਸਿਆ ਗਇਆ ਕਿ ਇਹ ਪੀਰ ਹਿੰਦੂ ਨਹੀ ਹੈ। ਇਹ ਇਸਲਾਮ ਦੀਆਂ ਕਈ ਗੱਲਾਂ ਮੰਨਦਾ ਹੈ। ਪਰ ਜਿੰਨਾਂ ਗੱਲਾਂ ਤੋਂ ਮੁਨੱਕਰ ਹੈ ਉਹ ਦਰਬਾਰ ਨੂੰ ਦੱਸੇ ਕਿ ਇਹ ਬਾਗੀ ਕਿਓ ਹੈ? ਕਿਉਕਿ ਇਤਹਾਸ ਵਿਚ ਜੋ ਸਵਾਲ ਜਵਾਬ ਮੌਜੂਦ ਹਨ ਉਸ ਤੇ ਇਹ ਵੀ ਸ਼ੱਕ ਪੈਦਾ ਹੈ ਕਿ ਗੁਰੂ ਸਾਹਿਬ ਤੇ ਅਗਲਿਆਂ ਇਹ ਵੀ ਸ਼ੱਕ ਕੀਤਾ ਸੀ ਕਿ ਆਇਆ ਇਹ ਕੋਈ ਫਕੀਰ ਹੈ ਵੀ ਸਹੀ? ਕਿਤੇ ਕੋਈ ਦੁਸ਼ਮਣ ਹਕੂਮਤ ਦਾ ਜਸੂਸ ਨਾਂ ਹੋਵੇ। ਤਾਂ ਉਸ ਵੇਲੇ ਸ਼ਾਹ ਸਰਫ ਨਾਲ ਗੁਰੂ ਸਾਹਿਬ ਦੇ ਨਾਲ ਜੋ ਸਵਾਲ ਜਵਾਬ ਹੋਏ ਓਨਾਂ ਵਿਚੋਂ ਲਗਦਾ ਹੈ ਕਿ ਸ਼ਾਹ ਸਰਫ ਹਿੰਦੁਸਤਾਨ ਬਾਰੇ ਜਾਨਣ ਲਈ ਵੱਡੀ ਜਗਿਆਸਾ ਰਖਦਾ ਹੈ। ਹੈ ਤਾਂ ਉਹ ਤੁਰਕ ਪਰ ਉਹ ਫਾਰਸੀ ਹੀ ਬੋਲਦਾ ਹੈ। ਪਰ ਉਨੂੰ ਹਿੰਦੁਸਤਾਨ ਬਾਬਤ ਕੁਝ ਇਲਮ ਹੈਗਾ। ਫਿਰ ਓਨੀ ਦਿਨੀ ਬੰਦਾ ਉਹੀ ਪੜਿਆ ਲਿਖਿਆ ਗਿਣਿਆ ਜਾਂਦਾ ਸੀ ਜਿਨੂੰ ਮਜ਼ਬੀ ਗਿਆਨ ਵੀ ਹੋਵੇ।

ਸ਼ਾਹ ਸਰਫ ਨੇ ਬਾਬੇ ਨੂੰ ਪਹਿਲਾ ਸਵਾਲ ਕੀਤਾ ਕਿ ਫਕੀਰ ਜੀ ਤੁਸੀ ਕੌਣ ਹੋ?

ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਪਹਿਲਾਂ ਤਾਂ ਕਿਸੇ ਫਕੀਰ ਕੋਲੋਂ ਇਹ ਪੁੱਛਣਾ "ਕਿ ਤੁਸੀ ਕੌਣ ਹੋ", ਖਾਸ ਕਰਕੇ ਜਦੋਂ ਤੁਸੀ ਖੁਦ ਮੰਨ ਰਹੇ ਹੋ ਕਿ ਮੈਂ ਫਕੀਰ ਹਾਂ, ਇਕ ਤਰਾਂ ਨਾਲ ਫਕੀਰ ਨਾਲ ਧੱਕਾ ਹੈ। ਕਿਉਕਿ ਫਕੀਰ ਨੇ ਤਾਂ ਆਪਾ ਮਿਟਾ ਦਿੱਤਾ ਹੁੰਦਾ ਹੈ। ਬੰਦਾ ਤਾਂ ਫਕੀਰੀ ਹਾਸਲ ਹੀ ਆਪਾ ਮਿਟਾਉਣ ਨੂੰ ਕਰਦਾ ਹੈ।

ਅਗਲਾ ਸਵਾਲ ਸ਼ਾਹ ਨੇ ਕੀਤਾ ਕਿ ਠੀਕ ਹੈ ਪਰ ਕਿਹੜੇ ਦੇਸ ਦੇ ਹੋ ? (ਕੁਜਾਮਨੀ। ਕੁਜਾਮਨੀ)

ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਮੇਰਾ ਓਹੋ ਦੇਸ ਹੈ ਜੋ ਖੁਦਾ ਦਾ ਹੈ। (ਯਾਮਨੀ। ਯਾਮਨੀ)

ਗੁਰੂ ਸਾਹਿਬ ਨੇ ਫਿਰ ਸ਼ਾਹ ਸਰਫ ਨੂੰ ਬੜੀ ਹਲੀਮੀ ਨਾਲ ਫਰਮਾਇਆ ਕਿ ਸਾਧੂਆਂ ਫਕੀਰਾਂ ਨੂੰ ਤੁਸੀ ਕੀ ਸਵਾਲ ਪੁੱਛਣੇ ਨੇ। ਉਹ ਤਾਂ ਜੀਂਦੇ ਜੀਅ ਮਰ ਚੁੱਕੇ ਹੁੰਦੇ ਨੇ। ਫਕੀਰਾਂ ਦਾ ਨਾਂ ਕੋਈ ਘਰ ਹੁੰਦਾ, ਨਾਂ ਕੋਈ ਸਲੀਕਾ ਆ, ਫਕੀਰ ਦਾ ਜੀਵਨ ਹੀ ਭਗਤੀ ਆ, ਦੁਨਿਆਈ ਦੀ ਪੈਰਾਂ ਦੀ ਖਾਕ ਹੈ, ਨਿਮ੍ਰਤਾ ਫਕੀਰ ਦਾ ਘਰ ਹੈ ਤੇ ਖਾਮੋਸ਼ੀ ਖਜਾਨਾ ਹੈ। ਗੁਰੂ ਸਾਹਿਬ ਨੇ ਸ਼ਾਹ ਨੂੰ ਸਮਝਾਇਆ ਕਿ ਜਦੋਂ ਫਕੀਰ ਦਾ ਆਪ ਹੀ ਨਹੀ ਰਹਿ ਗਇਆ ਤਾਂ ਕਿਹੜਾ ਘਰ ਬਾਰ ਤੇ ਕਿਹੜਾ ਫਕੀਰ ਦਾ ਦੇਸ। ਸਬਰ, ਸਬੂਰੀ, ਹਲੀਮੀ ਮੁਕਦੀ ਗਲ ਫਕੀਰ ਜਿੰਦਾ ਲਾਸ਼ ਹੁੰਦੀ ਹੈ। ਸੋ ਹੋਰ ਪੁੱਛ ਲੈ ਕੀ ਪੁੱਛਣਾ ਈ। ਫਾਰਸੀ ਵਿਚ ਬੜਾ ਵਿਸਥਾਰ ਨਾਲ ਗੁਰੂ ਸਾਹਿਬ ਦਾ ਜਵਾਬ ਦੇਣਾ ਦੱਸਿਆ ਗਇਆ ਹੈ।**

ਕਾਫੀ ਦੇਰ ਸਵਾਲ ਜਵਾਬ ਹੁੰਦੇ ਰਹੇ। ਗੁਰੂ ਸਾਹਿਬ ਦੇ ਜਵਾਬ ਸੁਣ ਉਹਦੀ ਜਗਿਆਸਾ ਵਧਦੀ ਹੀ ਗਈ। ਹਾਲਾਂ ਸ਼ਾਹ ਸਰਫ ਤਾਂ ਰੂਹਾਨੀਅਤ ਪੱਖੋ ਲਾ ਜਵਾਬ ਹੋ ਚੁੱਕਾ ਸੀ। ਮੱਕੇ ਮਦੀਨੇ ਦੀ ਗੋਸ਼ਟਿ ਵਿਚ ਸ਼ਾਹ ਸਰਫ ਨਾਲ ਗਲ ਬਾਤ ਦਾ ਲੰਮਾ ਵਿਸਥਾਰ ਦਿੱਤਾ ਹੈ। ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਚੋਖਾ ਚਿਰ ਬਾਦ ਲਿਖੀ ਗਈ ਇਸ ਵਾਰਤਾਲਾਪ ਦੇ ਲਿਖਾਰੀਆਂ ਨੂੰ ਬਦਕਿਸਮਤੀ ਨਾਲ ਸ਼ਾਹ ਸਰਫ ਦੀ ਅਸਲੀਅਤ ਬਾਰੇ ਬਹੁਤਾ ਗਿਆਨ ਨਹੀ ਹੈ।

ਕਿਉਕਿ ਗੁਰੂ ਸਾਹਿਬ ਦਾ ਪਹਰਾਵਾ ਪੂਰੀ ਤਰਾਂ ਫਕੀਰਾਂ ਵਾਲਾ ਨਹੀ ਸੀ। ਅਗਲੇ ਸਮਝ ਰਹੇ ਸਨ ਕਿ ਸ਼ਾਇਦ ਹਿੰਦੁਸਤਾਨੀ ਸਾਧੂ ਸੰਤ ਕੁਝ ਅਜਿਹੇ ਹੀ ਹੁੰਦੇ ਹਨ। ਓਥੇ ਵੀ ਗੁਰੂ ਸਾਹਿਬ ਨੇ ਸਮਝਾਇਆ ਕਿ ਅਜਿਹੇ ਫਕੀਰ ਹੋਣ ਦਾ ਕੋਈ ਫਾਇਦਾ ਨਹੀ ਜੇ ਅੰਦਰ ਤ੍ਰਿਸ਼ਨਾ ਦੀ ਅਗਨ ਲੱਗੀ ਹੈ ਤੇ ਬਾਹਰ ਪਹਿਰਾਵਾ ਫਕੀਰ ਦਾ ਹੈ। ਫਕੀਰੀ ਦਿਲੋਂ ਹੋਵੇ ਬੇਸ਼ੱਕ ਗ੍ਰਿਸਤ ਵਿਚ ਰਹੇ। ਜਿਵੇ ਗੁਰੂ ਸਾਹਿਬ ਨੇ ਗੁਰਮਤ ਦੇ ਸਿਧਾਂਤ ਸ਼ਾਹ ਸਰਫ ਨੂੰ ਸਮਝਾਏ ਤਾਂ ਉਹ ਅਸ਼ ਅਸ਼ ਕਰ ਉਠਿਆ।

ਜਿਵੇ ਭਾਈ ਗੁਰਦਾਸ ਨੇ ਲਿਖਿਆ ਹੈ:

ਪੁਛੇ ਪੀਰ ਤਕਰਾਰ ਕਰ ਏਹ ਫਕੀਰ ਵਡਾ ਆਤਾਈ॥
ਏਥੇ ਵਿਚ ਬਗਦਾਦ ਦੇ ਵਡੀ ਕਰਾਮਾਤ ਦਿਖਲਾਈ॥
ਪਾਤਾਲਾਂ ਆਕਾਸ ਲਖ ਓੜਕ ਭਾਲੀ ਖਬਰ ਸੁ ਸਾਈ॥
ਫੇਰ ਦੁਰਾਇਣ ਦਸਤਗੀਰ ਅਸੀ ਭਿ ਵੇਖਾਂ ਜੋ ਤੁਹਿ ਪਾਈ॥
ਨਾਲ ਲੀਤਾ ਬੇਟਾ ਪੀਰ ਦਾ ਅਖੀਂ ਮੀਟ ਗਇਆ ਹਵਾਈ॥

ਲਖ ਅਕਾਸ ਪਤਾਲ ਲਖ ਅਖ ਫੁਰਕ ਵਿਚ ਸਭ ਦਿਖਲਾਈ॥
ਭਰ ਕਚਕੋਲ ਪ੍ਰਸਾਦ ਦਾ ਧੁਰੋਂ ਪਤਾਲੋਂ ਲਈ ਕੜਾਈ॥
ਜ਼ਾਹਰ ਕਲਾ ਨ ਛਪੈ ਛਪਾਈ ॥

ਲੰਮਾਂ ਸਮਾਂ ਭਰੇ ਦਰਬਾਰ ਵਿਚ ਗਲ ਬਾਤ ਹੋਈ।

ਮੱਕੇ-ਮਦੀਨੇ ਦੀ ਗੋਸ਼ਟਿ ਵਿਚ ਇਹ ਗਲਬਾਤ ਬਹੁਤ ਵਿਸਥਾਰ ਵਿਚ ਆਈ ਹੈ। ਕਵੀ ਨੇ ਸਿੱਧਾ ਫਾਰਸੀ ਵਿਚ ਹੀ ਇਹ ਗੋਸ਼ਟਿ ਦਿਤੀ ਹੈ। ਹਾਲਾਂ ਗਲ ਬਾਤ ਦਾ ਸਥਾਨ ਮੱਕਾ ਲਿਖ ਗਇਆ ਹੈ। ⊙

ਇਮਾਮ ਦਾ ਜਵਾਨ ਮੁੰਡਾ ਬਹਿਸ ਵਿਚ ਕੁਝ ਜਿਆਦਾ ਹੀ ਜੋਸ਼ ਦਿਖਾ ਰਿਹਾ ਸੀ। ਉਨੂੰ ਬਹੁਤ ਉਤਸੁਕਤਾ ਸੀ ਹਿੰਦ ਦੇ ਪੀਰ ਦੇ ਮਜ਼ੂਬ ਨੂੰ ਸਮਝਣ ਬਾਰੇ। ਗੁਰੂ ਸਾਹਿਬ ਨੇ ਗੁਰਮਤ ਦੇ ਸਾਰੇ ਸਿਧਾਂਤ ਬੜੇ ਪ੍ਰੇਮ ਤੇ ਅਦਬ ਨਾਲ ਭਰੇ ਦੀਵਾਨ ਨੂੰ ਸਮਝਾਏ। ਹਰ ਕੋਈ ਵਾਹ ਵਾਹ ਕਰ ਰਿਹਾ ਸੀ।

ਪਰ ਜਦੋਂ ਗਲ ਨਾ-ਹਦੂਦ (Infinite Universe ਅਸੀਮ, ਜਾਂ ਹੱਦ ਬੰਨੇ ਤੋਂ ਰਹਿਤ) ਬ੍ਰਹਿਮੰਡ ਦੇ ਸਿਧਾਂਤ ਦੀ ਆਈ ਤਾਂ ਇਸ ਗਲ ਤੇ ਸਾਰਾ ਦੀਵਾਨ ਅੜ੍ਹ ਗਇਆ ਕਿਉਕਿ ਉਨਾਂ ਤਾਂ ਸੁਣ ਰੱਖਿਆ ਸੀ ਕਿ ਦੁਨੀਆ ਦੇ ਸਾਰੇ ਮਜ਼ੂਬ ਇਸ ਗਲ ਤੇ ਸਹਿਮਤ ਨੇ ਕਿ ਸੱਤ ਅਸਮਾਨ ਤੇ ਸੱਤ ਹੀ ਪਤਾਲ ਹਨ। ਉਨਾਂ ਤਾਂ ਸੁਣਿਆ ਹੋਇਆ ਸੀ ਕਿ ਕੀ ਈਸਾਈਮਤ, ਕੀ ਯਹੂਦੀ ਇਥੋਂ ਤੱਕ ਕਿ ਹਿੰਦੂ ਤੇ ਜੈਨਮਤ ਵੀ ਇਸ ਸਿਧਾਂਤ ਨੂੰ ਮੰਨਦਾ ਹੈ।

ਓਦੋਂ ਗੁਰੂ ਨਾਨਕ ਨੂੰ ਕਿਹਾ ਗਇਆ ਕਿ ਤੁਸੀ ਕਿਸ ਅਧਾਰ ਤੇ ਇਸ ਸਰਬ ਪ੍ਰਵਾਨਤ ਸਿਧਾਂਤ ਦੀ ਖੰਡਣਾ ਕਰ ਰਹੇ ਹੋ? ਗੁਰੂ ਨੇ ੧ਓ ਦੇ ਸਿਧਾਂਤ ਦੀ ਬੜੇ ਠਰੰਮੇ ਨਾਲ ਵਿਆਖਿਆ ਕੀਤੀ। ਕਿ ਸਾਰੀ ਸ੍ਰਿਸਟੀ ਉਸ ਨਿਰਾਕਾਰ ਖੁਦਾ ਦੀ ਰਚਨਾ ਹੈ ਜਿਸ ਦੀਆਂ ਹੱਦਾਂ ਬੰਨਾਂ ਦਾ ਸਿਧਾਂਤ ਸਾਡੀ ਸਮਝ ਤੋਂ ਪਰੇ ਦੀ ਗਲ ਹੈ।

ਗੁਰੂ ਸਾਹਿਬ ਨੇ ਬਹੁਤ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਕੁਝ ਗੱਲਾਂ ਸਾਡਾ ਮਨੁੱਖੀ ਦਿਮਾਗ ਨਹੀ ਸਮਝ ਸਕਦਾ। ਮਨੁੱਖੀ ਸੋਚ ਸਮੇ, ਦੂਰੀ ਤੇ ਪਦਾਰਥ ਦਰਮਿਆਨ ਹੀ ਸੀਮਿਤ ਹੈ ਪਰ ਕਾਦਰ ਤੇ ਉਹਦੀ ਕੁਦਰਤ ਇਹਨਾਂ ਸਿਧਾਤਾਂ ਤੋਂ ਪਰੇ ਦੀ ਗਲ ਹੈ। ਸਾਰਾ ਦਰਬਾਰ ਇਹ ਗਲ ਸਮਝਣ ਦੀ ਕੋਸ਼ਿਸ਼ ਵਿਚ ਸੀ ਪਰ ਇਮਾਮ ਸ਼ਰਫ ਅਲਦੀਨ ਦਾ ਮੁੰਡਾ ਕਜ਼ਾਕ ਖਾਂਨ ਅੜ੍ਹ ਗਿਆ।

ਗੁਰੂ ਸਾਹਿਬ ਨੇ ਫਿਰ ਅੰਤ ਵਿਚ ਕਹਿ ਦਿੱਤਾ ਕਿ ਭਾਈ ਕਜ਼ਾਕ ਖਾਂਨ ਚਲ ਤੈਨੂੰ ਅਸੀਮ ਬ੍ਰਿਹਮੰਡ ਦਾ ਨਜਾਰਾ ਹੀ ਦਿਖਾ ਦਿੰਦੇ ਹਾਂ। ਕਜ਼ਾਕ ਖਾਂਨ ਨੂੰ ਕਿਹਾ ਗਇਆ ਕਿ ਅੱਖਾਂ ਬੰਦ ਕਰ। ਗੁਰੂ ਸਾਹਿਬ ਵੀ ਅੰਤਰ ਧਿਆਨ ਹੋਏ। ਅੱਖ ਦੇ ਪਲਕਾਰੇ ਵਿਚ ਕਜ਼ਾਕ ਖਾਂਨ ਅੱਗ ਦੇ ਵੱਡੇ ਅੰਗਿਆਰ ਸੂਰਜ ਦੇ ਦਰਸ਼ਨ ਕਰਦਾ ਹੈ। ਉਹ ਚੰਦਰਮਾ ਵੇਖਦਾ ਹੈ। ਹੋਰ ਪਰੇ ਸੂਰਜ ਤੇ ਚੰਦਰਮੇ ਨਜਰ ਆਈ ਜਾ ਰਹੇ ਨੇ। ਧਰਤੀਆਂ ਤੇ ਧਰਤੀਆਂ ਨਜਰ ਆਈ ਜਾ ਰਹੀਆਂ ਨੇ। ਪਰੇ ਤੋਂ ਪਰੇ ਸੁਰਤ ਚਲ ਰਹੀ ਹੈ। ਹਾਰ ਕੇ ਜਦੋਂ ਤਸੱਲੀ ਹੁੰਦੀ ਹੈ ਤਾਂ ਕਜ਼ਾਕ ਖਾਂਨ ਬਾਬੇ ਅੱਗੇ ਦੁਹਾਈ ਦਿੰਦਾ ਕਿ ਬਾਬਾ ਮੈਨੂੰ ਵਾਪਸ ਮਾਤਲੋਕ ਵਿਚ ਲੈ ਚਲ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਅੱਖਾਂ ਖੋਲਦਾ ਹੈ। ਉਠ ਖਲੋਦਾ ਹੈ। ਦੁਹਾਈ ਦੇ ਉਠਦਾ ਹੈ। "ਹਾਂ ਬਾਬਾ ਨਾਨਕ ਸੱਚਾ ਹੈ, ਬ੍ਰਿਹਮੰਡ ਲਾ-ਹਦੂਦ ਹੈ। ਇਸ ਦਾ ਕੋਈ ਬੰਨਾ ਨਹੀ ਹੈ। ਮੈਂ ਲੱਖਾਂ ਧਰਤੀਆਂ ਲੱਖਾਂ ਸੂਰਜ ਵੇਖੇ ਹਨ। "

ਕਿਉਕਿ ਇਹ ਪੜਿਆ ਲਿਖਿਆ ਜਵਾਨ ਹੀ ਜਿਆਦਾ ਮੁਖਾਲਫਤ ਕਰ ਰਿਹਾ ਸੀ। ਜਦੋਂ ਉਹਦੀ ਤਸੱਲੀ ਹੋਈ ਤਾਂ ਹਰ ਕੋਈ 'ਵਾਹ ਹਿੰਦ ਪੀਰ' 'ਵਾਹ ਹਿੰਦ ਪੀਰ' ਕਹਿ ਰਿਹਾ ਸੀ।

ਹਲਵਾ- ਇਸ ਖੁਸ਼ੀ ਵਿਚ ਫਿਰ ਰਾਜੇ ਦੇ ਹੁਕਮ ਅਨੁਸਾਰ ਸਾਰੇ ਦਰਬਾਰ ਵਿਚ ਕੜਾਹ ਪ੍ਰਸਾਦ ਵਰਤਾਇਆ ਗਿਆ; ਜੋ ਬਗਦਾਦ ਦਾ ਸਭ ਤੋਂ ਵਧੀਆ ਪਕਵਾਨ ਗਿਣਿਆ ਜਾਂਦਾ ਸੀ। ਗੁਰੂ ਸਾਹਿਬ ਦੇ ਪੁੱਛਣ ਅਨੁਸਾਰ ਫਿਰ ਦੱਸਿਆ ਗਇਆ ਕਿ ਇਹ ਪਕਵਾਨ ਤੁਰੰਤ ਤਿਆਰ ਹੋ ਜਾਂਦਾ ਹੈ। ਗੁਰੂ ਸਾਹਿਬ ਤੇ ਮਰਦਾਨੇ ਨੂੰ ਇਹ ਹਲਵਾ ਬਹੁਤ ਪਸੰਦ ਆਇਆ।

ਰਾਜੇ ਸ਼ਰਫਦੀਨ ਨੇ ਗੁਰੂ ਸਾਹਿਬ ਨੂੰ ਮਹਿਲਾਂ ਅੰਦਰ ਰਹਿਣ ਲਈ ਸੱਦਾ ਦਿੱਤਾ ਪਰ ਗੁਰੂ ਸਾਹਿਬ ਨੇ ਬਹਿਲੋਲ ਦਾਨੇ ਦੀ ਖਾਨਗਾਹ ਰਹਿਣਾ ਪਸੰਦ ਕੀਤਾ।

ਸ਼ਹਿਰ ਵਿਚ ਲੋਕਾਂ ਨੂੰ ਇਹ ਵੀ ਤੰਗੀ ਸੀ ਕਿ ਪੀਣ ਵਾਲਾ ਪਾਣੀ ਲੈਣ ਦੂਰ ਦਜਲਾ ਦਰਿਆ ਤੇ ਜਾਣਾ ਪੈਂਦਾ ਸੀ। ਗੁਰੂ ਸਾਹਿਬ ਨੇ ਕਿਰਪਾ ਦ੍ਰਿਸ਼ਟੀ ਕਰਕੇ ਲੋਕਾਂ ਨੂੰ ਹੁਕਮ ਕੀਤਾ ਕਿ ਫਲਾਣੀ ਥਾਂ ਪੁੱਟੋ ਓਥੋਂ ਦਾ ਪਾਣੀ ਖਾਰਾ ਨਹੀ ਹੋਵੇਗਾ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਫਿਰ ਉਸ ਥਾਂ ਤੇ ਖੂਹ ਪੁਟਿਆ ਗਇਆ ਜਿਸ ਦਾ ਪਾਣੀ ਮਿੱਠਾ ਨਿਕਲਿਆ।

1520 ਨਹੀ, 1531 ਵਿਚ ਗੁਰੂ ਸਾਹਿਬ ਬਗਦਾਦ ਵਿਚ ਸਨ

ਕਿਉਕਿ ਸ਼ਰਫ ਅਲਦੀਨ ਦਾ ਬਗਦਾਦ ਵਿਚ ਰਾਜ ਕਾਲ 1529 ਤੋਂ 1533 ਹੈ। ⊙

ਕਿਉਕਿ ਸਾਨੂੰ ਸਰਫ ਦੇ ਰਾਜ ਕਾਲ ਦਾ ਬਗਦਾਦ ਦੇ ਇਤਹਾਸ ਤੋਂ ਪਤਾ ਲਗ ਜਾਂਦਾ ਹੈ ਭਾਵ 1529-33 ਈ. ਇਸ ਕਰਕੇ ਇਹ ਕੁਦਰਤੀ ਸਾਬਤ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਬਗਦਾਦ 1529 ਤੋਂ 1533 ਈ ਦਰਮਿਆਨ ਕਦੀ ਆਏ ਸਨ।

ਪੈਰ ਸਫਾ

⊙1531 ਈ. ਵਿਚ ਬਗਦਾਦ ਦਾ ਇਮਾਮ ਮੁਹੰਮਦ ਖਾਨ ਬਿਨ ਸ਼ਰਫ ਅਲਦੀਨ ਸੀ

https://en.wikipedia.org/wiki/List_of_Safavid_governors_of_Baghdad

■ https://en.wikipedia.org/wiki/Mohammad_Khodabanda

http://lib.eshia.ir/23019/1/3802

*ਸ਼ਾਹ ਸਰਫ 1533 ਈ ਵਿਚ ਆਪਣੇ ਪੁਤਰਾਂ ਕਜ਼ਾਕ ਖਾਂ, ਮੁਸਤਫਾ ਖਾਂ ਅਤੇ ਮਸੀਬੇਕ ਖਾਂ ਸਮੇਤ ਜੰਗ ਵਿਚ ਰੁੱਝ ਚੁੱਕਾ ਸੀ। ਵੇਖੋ ਫਾਰਸੀ ਵੈਬਸਾਈਟ:

http://lib.eshia.ir/23019/1/3802

ਇਸ ਤੋਂ ਇਹ ਵੀ ਸਾਬਤ ਹੋ ਜਾਂਦਾ ਹੈ ਕਿ ਸ਼ਾਹ ਸਰਫ ਦੇ ਵੱਡੇ ਮੁੰਡੇ ਦਾ ਨਾਂ ਕਜ਼ਾਕ ਖਾਨ ਤੇ ਛੋਟੇ ਮੁਸਤਫਾ ਖਾਂ ਤੇ ਮਸੀਬਕ ਖਾਨ ਸਨ। ਮਤਲਬ ਕਿ ਗੁਰੂ ਸਾਹਿਬ 1533 ਤੋਂ ਪਹਿਲਾ ਪਹਿਲਾਂ ਬਗਦਾਦ ਤੋਂ ਰਵਾਨਾ ਹੋ ਗਏ ਸਨ। (ਫਾਰਸੀ ਵਿਚ ਗੂਗਲ- ਖੋਜ ਕਰਕੇ ਵੇਖੋ)

'We thankfully acknowledge and place on record the help of Mrs. Dimen Qabil Hassan of Canterbury, U.K for explaining and translating Persian websites to us.'

ਜਿਸ ਸਮੇਂ ਗੁਰੂ ਸਾਹਿਬ ਬਗਦਾਦ ਪਧਾਰੇ ਸਨ ਓਦੋਂ ਓਥੋਂ ਦੇ ਵਾਲੀ (ਸੂਬਾ ਜਾਂ ਗਵਰਨਰ) ਮੁਹੰਮਦ ਖਾਨ ਬਿਨ ਸ਼ਰਫ ਅਲਦੀਨ (1529-33 ਈ.) ਹੋਏ ਹਨ। ਸ਼ਰਫ ਦੀਨ ਤੋਂ ਪਹਿਲਾਂ ਹੋਏ ਹਾਕਮ ਸਨ; ਲੂਈ ਲੂਈ ਹੁਸੈਨ (1508 - 1515 ਈ.) ਅਤੇ ਫਨਹਰਜ਼ (ਕੁੰਗਰੂ ਸੁਲਤਾਨ) 1515-1524 ਈ. ਜ਼ੁਲਫਿਕਾਰ ਬਿਨ ਨਖ਼ੁਡ (1524- 1529)। ਸਰਫਦੀਨ ਤੋਂ ਬਾਦ ਸੀ ਟਕਲੂ ਮੁਹੰਮਦ ਬਿਨ ਖਾਨ (1533-1534)। ਇਹ ਚਾਰੇ ਵਾਲੀ ਜਾਂ ਗਵਰਨਰ ਈਰਾਨ ਦੀ ਸਫਵੀ ਸਲਤਨਤ ਦੇ ਸਨ। ਇਹ ਖੁਦ ਵੀ ਅਰਬ ਨਹੀ ਸਨ। ਗੁਰੂ ਸਾਹਿਬ ਦੀ ਬਗਦਾਦ ਆਮਦ ਦੇ ਦੌਰ ਵਿਚ ਇਥੇ ਇਕ ਹੋਰ ਘਟਨਾ ਵੀ ਵਾਪਰੀ ਸੀ। 1529 ਵਿਚ ਵਾਲੀ ਜ਼ੁਲਫਿਕਾਰ ਬਿਨ ਨਖ਼ੁਡ ਫਿਲੀ ਨੇ ਸਫਵੀ ਸਲਤਨਤ ਖਿਲਾਫ ਬਗਾਵਤ ਕਰ ਦਿੱਤੀ ਸੀ। ਜਿਸ ਨੂੰ ਬੜੇ ਤਰੀਕੇ ਨਾਲ ਸਫਵੀ ਸੁਲਤਾਨ ਤਾਹਮਾਸਬ ਨੇ ਦਬਾਇਆ ਤੇ ਨਖ਼ੁਡ ਦਾ ਕਤਲ ਕਰ ਦਿੱਤਾ ਗਇਆ ਸੀ। ਇਸ ਤੋਂ ਬਾਦ ਛੇਤੀ ਹੀ 1534 ਵਿਚ ਉਸਮਾਨੀਆ ਸਲਤਨਤ ਦੇ ਬਾਦਸ਼ਾਹ ਸੁਲੇਮਾਨ ਨੇ ਬਗਦਾਦ ਫਤਹਿ ਕਰ ਲਿਆ ਸੀ।

—◈—

ਗੁਰੂ ਸਾਹਿਬ ਨੇ ਇਮਾਮ ਨੂੰ ਸਵਾਲ ਕੀਤਾ ਕਿ ਕੁਰਾਨ ਵਿਚ ਕਿਥੇ ਲਿਖਿਆ ਹੈ ਕਿ ਵਿਚਾਰਾਂ ਦੇ ਮਤਭੇਦ ਕਰਕੇ ਬੰਦੇ ਨੂੰ ਮਾਰ ਦਿਓ?◉

ਰਾਜੇ ਸਰਫਦੀਨ ਨਾਲ ਗਲ ਬਾਤ ਦੇ ਕਈ ਦੌਰ ਚਲੇ। ਗੁਰੂ ਸਾਹਿਬ ਨੇ ਸਾਫੀ ਹਕੂਮਤ ਦੇ ਉਸ ਕਨੂੰਨ ਬਾਰੇ ਸਵਾਲ ਖੜਾ ਕਰ ਦਿੱਤਾ ਜਿਸ ਤਹਿਤ ਸੁੰਨੀ ਲੋਕਾਂ ਤੇ ਤਸ਼ੱਦਦ ਕੀਤਾ ਜਾ ਰਿਹਾ ਸੀ। ਗੁਰੂ ਸਾਹਿਬ ਨੇ ਸਵਾਲ ਕੀਤਾ ਕਿ ਨਜਰੀਏ ਦੇ ਫਰਕ (ਵਿਚਾਰ ਮੱਤਭੇਦ) ਤੇ ਆ ਕੇ ਕਿਸੇ ਦਾ ਕਤਲ ਕਰ ਦੇਣਾ ਕਿਥੋਂ ਤਕ ਜਾਇਜ ਹੈ?

ਗੁਰੂ ਸਾਹਿਬ ਨੇ ਸਾਰਾ ਸਿਧਾਂਤ ਦੱਸਿਆ ਹਰ ਜੀਅ ਖੁਦਾ ਦੀ ਪੈਦਾਵਾਰ ਹੈ। ਕਾਹਦੇ ਦਾਅਵੇ ਕਰਦੇ ਹੋ ਕਿ ਮੈਂ ਸ਼ੀਆ ਤੇ ਉਹ ਸੁੰਨੀ। ਇਹ ਫਿਰਕੇ ਤੁਸਾਂ ਬਣਾਏ ਨੇ, ਇਹ ਖੁੱਦਾ ਦੇ ਬਣਾਏ ਹੋਏ ਨਹੀ ਹਨ।

ਮਹਲਾ ੧ ॥ ਜਿਨਸਿ ਥਾਪਿ ਜੀਆਂ ਕਉ ਭੇਜੈ ਜਿਨਸਿ ਥਾਪਿ ਲੈ ਜਾਵੈ ॥ ਆਪੇ ਥਾਪਿ ਉਥਾਪੈ ਆਪੇ ਏਤੇ ਵੇਸ ਕਰਾਵੈ ॥ ਜੇਤੇ ਜੀਅ ਫਿਰਹਿ ਅਉਧੂਤੀ ਆਪੇ ਭਿਖਿਆ ਪਾਵੈ ॥ ਲੇਖੈ ਬੋਲਣੁ ਲੇਖੈ ਚਲਣੁ ਕਾਇਤੁ ਕੀਚਹਿ ਦਾਵੇ ॥ ਮੂਲੁ ਮਤਿ ਪਰਵਾਣਾ ਏਹੋ ਨਾਨਕੁ ਆਖਿ ਸੁਣਾਏ ॥ ਕਰਣੀ ਉਪਰਿ ਹੋਇ ਤਪਾਵਸੁ ਜੇ ਕੋ ਕਹੈ ਕਹਾਏ ॥

ਉਸ ਵੇਲੇ ਸ਼ੀਆ ਉਲੇਮਾ ਦੀ ਹਾਲਤ ਖਰਾਬ ਸੀ। ਉਨਾਂ ਕੋਲ ਇਹੋ ਦਲੀਲ ਸੀ ਕਿ ਸੁੰਨੀ ਹਾਕਮਾਂ ਨੇ ਪਹਿਲਾਂ ਸ਼ੀਆ ਵਿਦਵਾਨਾਂ ਤੇ ਬਹੁਤ ਜੁਲਮ ਕੀਤੇ ਹਨ। ਸੁੰਨੀ ਹੁਕਮਰਾਨਾਂ ਵਲੋਂ ਕੀਤੇ ਗਏ ਜੁਲਮ ਗਿਣ ਗਿਣ ਕੇ ਉਹ ਦੱਸ ਰਹੇ ਸਨ। ਫਿਰ ਗੁਰੂ ਸਾਹਿਬ ਨੇ ਸਵਾਲ ਕੀਤਾ ਕਿ ਮਜ਼ਹਬ ਕਿਥੇ ਕਹਿੰਦਾ ਕਿ ਜੇ ਅਗਲਾ ਬੁਰਾ ਹੈ ਤਾਂ ਤੁਸੀ ਵੀ ਬੁਰੇ ਬਣ ਜਾਓ। ਬਦਲੇ ਦੀ ਭਾਵਨਾ ਰੱਖਣਾ ਮਜ਼ਹਬੀ ਕਹਾਉਣ ਵਾਲੇ ਬੰਦਿਆਂ ਨੂੰ ਸੋਭਾ ਨਹੀ ਦਿੰਦਾ। ਸਰਬੱਤ ਦੇ ਭਲੇ ਦਾ ਨਾਹਰਾ ਮਾਰਨ ਵਾਲੇ ਗੁਰੂ ਸਾਹਿਬ ਕਿਹਾ ਕਿ ਇਹ ਬਦਲਾ ਖੋਰੀ ਕਦੋਂ ਖਲੋਵੇਗੀ? ਇਸ ਤੇ ਹਾਕਮਾਂ ਕੋਲ ਕੋਈ ਜਵਾਬ ਨਹੀ ਸੀ। ਗੁਰੂ ਸਾਹਿਬ ਦੇ ਸਰਬਤ ਦੇ ਭਲੇ ਦੇ ਸਿਧਾਂਤ ਦੀ ਦਲੀਲ ਦੇ ਵਿਰੋਧ ਵਿਚ ਸ਼ੀਆ ਉਲੇਮਾ ਕੋਲ ਕੋਈ ਜਵਾਬ ਨਹੀ ਸੀ। ਆਖਿਰ ਉਹ ਇਸ ਗਲ ਤੇ ਆ ਗਏ ਕਿ ਸਾਡੇ ਸ਼ਹਿਨਸ਼ਾਹ ਦਾ ਇਹ ਹੁਕਮ ਹੈ। ਗੁਰੂ ਸਾਹਿਬ ਨੇ ਕਿਹਾ ਕਿ ਨਵਾਂ ਸ਼ਹਿਨਸ਼ਾਹ ਤੁਹਾਡੀ ਸਲਾਹ ਨਾਲ ਹੀ ਚਲਦਾ ਹੋਵੇਗਾ। ਤੁਸੀ ਆਪਣਾ ਦਿੱਲ ਸਾਫ ਰੱਖੋ।

ਸਰਫ ਤਾਂ ਗੁਰੂ ਸਾਹਿਬ ਦੇ ਵਿਚਾਰਾਂ ਤੋਂ ਕਾਇਲ ਹੋ ਚੁੱਕਾ ਸੀ।

ਓਥੇ ਫਿਰ ਹਰ ਕਿਸੇ ਨੇ ਇਹੋ ਰਾਇ ਦਿੱਤੀ ਕਿ ਬਾਦਸ਼ਾਹ ਨੂੰ ਇਸ

ਪੈਰ ਸਫ਼ਾ

ਮੁਹੰਮਦ ਸ਼ਰਫ ਅਲਦੀਨ ਜਨਮਸਾਖੀਆਂ ਵਿਚ

ਦੋ ਜਨਮ ਸਾਖੀਆਂ (ਭਾਈ ਮਨੀ ਸਿੰਘ : 536 ਅਤੇ ਬੀ:40 -146) ਨੇ ਤਾਂ ਬਗਦਾਦ ਵਿਖੇ ਹੀ ਸ਼ਹਿਰ ਦੇ ਵਾਲੀ ਸ਼ੇਖ ਸ਼ਰਫ ਨਾਲ ਮੇਲ ਹੁੰਦਾ ਦਿਖਾਇਆ ਹੈ ਜਿਸ ਤੋਂ ਸਾਫ ਸਾਬਤ ਹੋ ਜਾਂਦਾ ਹੈ ਕਿ ਕਿ ਗੁਰੂ ਸਾਹਿਬ ਸ਼ਰਫਦੀਨ ਦੇ ਰਾਜ ਕਾਲ ਵੇਲੇ ਹੀ ਪਧਾਰੇ ਸਨ। ਹਾਲਾਂ ਕਿ ਬਾਲਾ ਜਨਮ ਸਾਖੀ ਨੇ ਸ਼ੇਖ ਸਰਫ ਨਾਲ ਮੇਲ ਕੰਧਾਰ ਅਤੇ ਪਾਣੀਪਤ ਦਿਖਾਇਆ। ਬਾਲੇ ਨੇ ਵੀ ਸ਼ਾਹ ਸਰਫ ਨੂੰ ਫਾਰਸੀ ਬੋਲਦੇ ਦੱਸਿਆ ਹੈ। ਜਨਮ ਸਾਖੀਆਂ ਦੀ ਮਾਂ ਭਾਵ ਮੱਕੇ ਮਦੀਨੇ ਦੀ ਗੋਸ਼ਟਿ ਤਾਂ ਸ਼ੁਰੂ ਹੀ ਸ਼ਾਹ ਸਰਫ ਨਾਲ ਹੋਈ ਗੁਫਤਗੂ ਤੋਂ ਹੁੰਦੀ ਹੈ। (ਸਫਾ 33 ਤੋਂ 46)। ਹਾਲਾਂ ਗੋਸ਼ਟਿ ਅਨੁਸਾਰ ਸ਼ਾਹ ਸਰਫ ਨਾਲ ਗੋਸ਼ਟਿ ਮੱਕਾ ਹੁੰਦੀ ਹੈ।

ਕਿਉਕਿ ਸਾਖੀਆਂ ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਢੇਰ ਚਿਰ ਬਾਦ ਵਿਚ ਲਿਖੀਆਂ ਗਈਆਂ ਜਿਸ ਕਾਰਨ ਨਾਵਾਂ ਤੇ ਥਾਵਾਂ ਬਾਬਤ ਕਈ ਥਾਂਈ ਭੰਬਲਭੂਸੇ ਪੈਦਾ ਹੋਏ ਬੈਠੇ ਹਨ। ਜਿਸ ਕਾਰਨ ਲਿਖਾਰੀਆਂ ਨੇ ਗੁਰੂ ਸਾਹਿਬ ਨਾਲ ਜੁੜੇ ਨਾਵਾਂ ਨੂੰ ਆਪਣੀ ਸਹੂਲਤ ਅਨੁਸਾਰ ਵੱਖ ਵੱਖ ਥਾਵਾਂ ਤੇ ਜੜ੍ਹ ਦਿੱਤਾ। ਕਿਉਕਿ ਗੋਸ਼ਟਿ ਵਿਚ ਸਰਫ ਦਾ ਨਾਂ ਥਾਈਂ ਥਾਈਂ ਆਉਦਾ ਹੈ ਇਸ ਕਰਕੇ ਇਹ ਸਾਫ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਦੀ ਬਗਦਾਦ ਫੇਰੀ ਮੌਕੇ ਉਥੋਂ ਦਾ ਹਾਕਮ ਸਰਫ ਅਲਦੀਨ ਹੀ ਸੀ। ਇਸ ਦਾ ਮਤਲਬ ਗੁਰੂ ਸਾਹਿਬ 1529 ਤੋਂ 1533 ਈ ਦਰਮਿਆਨ ਹੀ ਕਿਸੇ ਵੇਲੇ ਬਗਦਾਦ ਵਿਚ ਸਨ।

ਵੇਖੋ ਭਾਵੇ ਗਲ ਬਾਤ ਹਿੰਦੁਸਤਾਨ ਵਿਚ ਹੋਵੇ ਭਾਵੇ ਬਾਹਰ, ਸਾਰੀਆਂ ਜਨਮ ਸਾਖੀਆਂ ਮੰਨਦੀਆਂ ਹਨ ਕਿ ਸ਼ਾਹ ਸਰਫ ਨਾਲ ਜਿਹੜੀ ਗਲ ਬਾਤ ਹੁੰਦੀ ਦੱਸੀ ਗਈ ਹੈ ਉਹ ਫਾਰਸੀ ਵਿਚ ਹੈ। ਭਲਾ ਕੋਈ ਹਿੰਦੁਸਤਾਨੀ ਫਾਰਸੀ ਕਿਓ ਬੋਲੇਗਾ ਜਦੋਂ ਅਗਲੇ ਨੂੰ ਪਤਾ ਹੋਵੇ ਕਿ ਗੁਰੂ ਨਾਨਕ ਪੰਜਾਬ ਤੋਂ ਹਨ। ਮਿਸਾਲ ਦੇ ਤੌਰ ਤੇ ਕੁਝ ਜਨਮ ਸਾਖੀਆਂ ਨੇ ਇਹ ਗਲ ਬਾਤ ਮੁਲਤਾਨ ਦੇ ਇਲਾਕੇ ਵਿਚ ਹੋਣੀ ਲਿਖੀ ਹੈ ਜਦੋਂ ਗੁਰੂ ਸਾਹਿਬ ਨੇ ਮੱਕੇ ਵਾਸਤੇ ਬੇੜਾ ਫੜਨਾ ਸੀ।

ਫਿਰ ਗਲ ਬਾਤ ਵਿਚ ਸ਼ਾਹ ਸਰਫ ਗੁਰੂ ਨਾਨਕ ਕੋਲੋ ਇਹ ਵੀ ਸਵਾਲ ਕਰਦੇ ਹਨ ਕਿ ਤੁਸੀ ਕਿਹੜੇ ਦੇਸ ਤੋਂ ਹੋ। ਇਹ ਸਵਾਲ ਵੀ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਗਲ ਬਾਤ ਹਿੰਦੁਸਤਾਨ ਤੋਂ ਬਾਹਰ ਤੋਂ ਹੋਵੇ।

ਤੇ ਸਭ ਤੋਂ ਮਹੱਤਵਪੂਰਨ ਗਲ ***** ਬੀ-40 ਪੰਨਾ -146 ਨੇ ਸਾਫ ਹੀ ਲਿਖ ਦਿੱਤਾ ਹੈ ਕਿ ਸ਼ਾਹ ਸਰਫ ਵਾਲੀ ਸਾਖੀ ਬਗਦਾਦ ਵਿਖੇ ਵਾਪਰਦੀ ਹੈ। ਬੀ-40 ਦੇ ਹੋਰਨਾਂ ਨੁਸਖਿਆਂ ਅਨੁਸਾਰ ਵੀ ਇਹ ਬਗਦਾਦ ਵਿਖੇ ਹੀ ਵਾਪਰਦੀ ਹੈ। (ਹੋਰ ਦੇਖੋ ਗੋਸ਼ਟਿ-ਫੁੱਟ ਨੋਟ ਸਫਾ 32 ਤੇ ਲਿਖਿਆ ਹੈ-- "ਪੁਰਾਤਨ ਜਨਮ ਸਾਖੀ, ਸਾਖੀ 14: ਪੱਤਰਾ 53- ਬੀ:40-146, ਵਿਚ ਇਹ ਸਾਖੀ ਬਗਦਾਦ ਵਿਖੇ ਵਾਪਰੀ ਦੱਸੀ ਗਈ ਹੈ। ਸਾਖੀ 49।")

ਜਨਮਸਾਖੀ ਭਾਈ ਮਨੀ ਸਿੰਘ ਨੇ ਵੀ ਇਹੋ ਮੰਨਿਆ ਹੈ ਕਿ ਸ਼ਾਹ ਸਰਫ ਨਾਲ ਗਲ ਬਾਤ ਬਗਦਾਦ ਵਿਖੇ ਹੋਈ ਸੀ। (ਸਫਾ-536 ਤੋਂ)

ਨਾਲ ਇਹ ਵੀ ਸਵਾਲ ਉਠਦਾ ਹੈ ਕਿ ਕੀ ਸ਼ਾਹ ਸਰਫ ਓਹੋ ਇਮਾਮ ਹੈ ਜਿਸ ਨਾਲ ਜਨਮ ਸਾਖੀਆਂ ਤੇ ਭਾਈ ਗੁਰਦਾਸ ਅਨੁਸਾਰ ਗੋਸਟ ਹੁੰਦੀ ਹੈ। ਇਹਦਾ ਅਗਲਾ ਸਬੂਤ ਭਾਈ ਮਨੀ ਸਿੰਘ (543, 544) ਹੈ ਜਿਸ ਨੇ ਇਮਾਮ ਨੂੰ ਇਮਾਮ ਸਾਫੀ ਲਿਖਿਆ ਹੈ। ਸਾਫੀ ਭਾਵ ਸਫਵੀ ਜਾਂ ਅੰਗਰੇਜੀ ਦਾ Safavid.

ਸ਼ਾਹ ਸਰਫ ਦਾ ਕੁਰਸੀਨਾਮਾ ਦੇਖਣ ਲਈ ਗੂਗਲ ਕਰੋ:

Mohammed Sharaf Aldin Oghly Tikklu
The following geneology based on the
Preparation and editing: Dr. Haji Mohammad Tequelazadeh - 1396
Mirza Gholli Mali Heravi (d. 983 AH)

ਬਾਬਤ ਮਨਾਇਆ ਜਾਏ ਤਾਂ ਕਿ ਸ਼ੀਆ ਸੁੰਨੀ ਦੇ ਨਾਂ ਤੇ ਹੋ ਰਹੀ ਵਿਤਕਰੇਬਾਜੀ ਬੰਦ ਹੋਵੇ।

ਛੇਤੀ ਹੀ ਫਿਰ ਬਾਦਸ਼ਾਹ ਤਾਹਮਸਬ ਦਾ ਬਗਦਾਦ ਆਉਣਾ ਹੋ ਗਇਆ। ਓਥੇ ਫਿਰ ਗੁਰੂ ਸਾਹਿਬ ਦਾ ਮੇਲ ਗਭਰੂ ਬਾਦਸ਼ਾਹ ਨਾਲ ਕਰਵਾਇਆ ਗਇਆ।

ਸ਼ਾਹ ਸਰਫ ਨੇ ਫਿਰ ਉਸ ਵੇਲੇ ਉਲੇਮਾ ਦੀ ਰਜਾਮੰਦੀ ਨਾਲ ਉਹ ਸਾਰੇ ਸੁੰਨੀ ਫਕੀਰ ਰਿਹਾ ਕਰ ਦਿੱਤੇ ਜਿੰਨਾਂ ਨੂੰ ਸੁੰਨੀ ਹੋਣ ਕਰਕੇ ਗ੍ਰਿਫਤਾਰ ਕੀਤਾ ਹੋਇਆ ਸੀ। ਜਦੋਂ ਸੁੰਨੀ ਪੀਰਾਂ ਫਕੀਰਾਂ ਨੂੰ ਰਿਹਾ ਕੀਤਾ ਤਾਂ ਬਾਬੇ ਦਾ ਜਸ ਸਾਰੀ ਬਗਦਾਦ ਵਿਚ ਫੈਲ ਗਿਆ। ਸਭ ਪਾਸੇ ਹਿੰਦ ਪੀਰ ਦਾ ਗੁਣਗਾਨ ਹੋਣ ਲੱਗਾ।

ਓਥੇ ਫਿਰ ਉਲੇਮਾ ਨੇ ਸੁੰਨੀ ਸ਼ੀਆ ਦੇ ਨਾਂ ਤੇ ਤਸ਼ੱਦਦ ਤੋ ਤੋਬਾ ਕੀਤੀ।

ਗੁਰੂ ਸਾਹਿਬ ਨੇ ਮਹਾਰਾਜੇ ਨੂੰ ਪੁੱਤਰ ਦੀ ਦਾਤ ਬਖਸ਼ੀ

ਸਾਫੀ ਸਲਤਨਤ ਦਾ ਸ਼ਾਹ ਤਾਹਮਾਸਬ (ਜਨਮ 1514- ਮੌਤ 1576 ਈ.) 1530 ਈ ਤਕ ਅਜੇ ਬੇਔਲਾਦ ਹੀ ਸੀ। ਇਸ ਦਾ ਪਲੇਠੀ ਦਾ ਸ਼ਹਿਜਾਦਾ ਡੇਢ ਸਾਲ ਦੀ ਉਮਰ ਵਿਚ ਹੀ ਮਰ ਗਿਆ ਸੀ। ਇਸ ਦੀਆਂ ਕੁਲ 8 ਰਾਣੀਆਂ ਹੋਈਆਂ ਹਨ। ਪਟਰਾਣੀ ਸੁਲਤਾਨੁਮ ਬੇਗਮ (1516- 1593) ਅਜ਼ਰਬਾਇਜਾਨ ਦੇ ਗਵਰਨਰ ਮੂਸਾ ਸੁਲਤਾਨ ਬਿਨ ਈਸਾ ਬੇਗ ਮੁਸਲੂ ਦੀ ਧੀ ਸੀ। ਮੁਸਲੂ ਦੇ ਸ਼ਾਹ ਸਰਫ ਨਾਲ ਨਿੱਘੇ ਸਬੰਧ ਸਨ।

ਸ਼ਹਿਜਾਦਾ ਮੁਹੰਮਦ ਖੁਦਾਬੰਦਾ ਜਿਸ ਦਾ ਜਨਮ ਦਸੰਬਰ 1531 ਵਿਚ ਗੁਰੂ ਸਾਹਿਬ ਦੀ ਬਖਸ਼ਸ਼ ਨਾਲ ਹੋਇਆ। ਇਹ ਬਹੁਤ ਧਾਰਮਿਕ ਅਤੇ ਵਿਚਾਰਵਾਨ ਕਿਸਮ ਦਾ ਇਰਾਨ ਦਾ ਬਾਦਸ਼ਾਹ ਸਾਬਤ ਹੋਇਆ ਸੀ। ਇਹਨੂੰ ਗੱਦੀ ਤੇ ਬੈਠਣ ਵਿਚ ਵੀ ਸ਼ਾਹ ਸਰਫ ਦੇ ਕਿਜਲਬਾਸ਼ ਕਬੀਲੇ ਨੇ ਮਦਦ ਕੀਤੀ ਪਰ ਬਾਦ ਵਿਚ ਇਹਦੀ ਰਾਣੀ ਆਪ ਹੁਦਰੀਆ ਕਰਨ ਲੱਗ ਪਈ। ਇਸ ਦੇ ਪੁੱਤਰ ਅੱਬਾਸ ਨੇ ਹੀ ਇਹਦਾ ਤਖਤ ਪਲਟ ਦਿਤਾ ਸੀ। ਇਹ ਕੁਝ ਗੁਮਾਨ ਵਿਚ ਵੀ ਆ ਚੁੱਕਾ ਸੀ ਕਿ ਮੈਂ ਬਖਸ਼ੀ ਹੋਈ ਰੂਹ ਹਾਂ ਮੈਨੂੰ ਕਿਧਰਿਓ ਵੀ ਕੋਈ ਖਤਰਾ ਨਹੀ। ਨਾਮ ਖੁਦਾਬੰਦਾ ਵੀ ਇਸ ਨੇ ਆਪੇ ਰੱਖ ਲਿਆ ਸੀ।■

ਜਦੋਂ ਗੁਰੂ ਸਾਹਿਬ ਬਗਦਾਦ ਵਿਖੇ ਬਰਾਜਮਾਨ ਸਨ ਤਾਂ ਰਾਣੀ ਵੀ ਗੁਰੂ ਸਾਹਿਬ ਦੇ ਚਰਨਾਂ 'ਚ ਹਾਜਰ ਹੋਈ ਅਤੇ ਪੁੱਤਰ ਦੀ ਦਾਤ ਵਾਸਤੇ ਅਰਜੋਈ ਕੀਤੀ। ਯਾਦ ਰਹੇ ਓਦੋਂ ਹਕੂਮਤ ਦੀ ਰਾਜਧਾਨੀ ਉਂਜ ਤਬਰੇਜ ਸੀ ਜੋ ਬਗਦਾਦ ਤੋਂ 750 ਕਿ. ਮੀ. ਦੂਰ ਪੈਂਦਾ ਹੈ।

ਲਗਦਾ ਹੈ ਕਿ ਮਹਾਰਾਜਾ ਤਾਹਮਾਸਬ ਕਿਸੇ ਵੇਲੇ ਸ਼ਾਹੀ ਮਹਿਲਾਂ ਸਮੇਤ ਬਗਦਾਦ ਆਇਆ ਸੀ ਤਾਂ ਹੀ ਤਾਂ ਉਹ ਗੁਰੂ ਸਾਹਿਬ ਦੇ ਚਰਨਾਂ ਵਿਚ ਹਾਜਰ ਹੋਏ।

1531 ਈ ਦੇ ਅਖੀਰ ਵਿਚ ਫਿਰ ਰਾਣੀ ਸੁਲਤਾਨੁਮ ਬੇਗਮ ਦੇ ਘਰ ਪੁੱਤਰ ਪੈਦਾ ਹੋਇਆ ਜਿਸ ਦਾ ਨਾਂ ਮੁਹੰਮਦ ਖੁਦਾਬੰਦਾ ਮਸ਼ਹੂਰ ਹੋਇਆ। ਇਹ ਸ਼ਾਹਜਾਦਾ ਬਾਦ 1578 ਵਿਚ ਈਰਾਨ ਦਾ ਬਾਦਸ਼ਾਹ ਬਣਿਆ ਸੀ।■

ਗਰਭਵਤੀ ਹੋਣ ਤੇ ਰਾਣੀ ਨੇ ਗੁਰੂ ਸਾਹਿਬ ਨੂੰ ਚੋਲਾ ਭੇਟ ਕੀਤਾ ਜੋ ਅੱਜ ਵੀ ਡੇਰਾ ਬਾਬਾ ਨਾਨਕ (ਗੁਰਦਾਸਪੁਰ) ਵਿਖੇ ਮੌਜੂਦ ਹੈ।

ਈਰਾਨ ਦੇ ਇਤਹਾਸ ਅਨੁਸਾਰ ਸ਼ਹਿਜਾਦਾ (ਮੁਹੰਮਦ ਖੁਦਾਬੰਦਾ) ਅਜੇ 4 ਸਾਲ ਦਾ ਬੱਚਾ ਹੀ ਸੀ ਕਿ ਸ਼ਾਹ ਨੇ 1537 ਈ ਵਿਚ ਉਨੂੰ ਹੈਰਾਤ ਦਾ ਸੂਬਾ ਜਾਂ ਗਵਰਨਰ (ਨਾਮ ਨਿਹਾਦ) ਐਲਾਨ ਦਿੱਤਾ ਤੇ ਕੰਮ ਕਾਜ ਚਲਾਉਣਾ ਲਈ ਮੁਹੰਮਦ ਸ਼ਰਫ ਅਲਦੀਨ ਨੂੰ ਨਿਯਤ ਕਰ ਦਿੱਤਾ। ਕਿਉਕਿ ਸ਼ਰਫ ਨੇ ਹੀ ਸ਼ਾਹ ਤਾਹਮਾਸਬ ਦੀ ਮੁਲਾਕਾਤ ਗੁਰੂ ਸਾਹਿਬ ਨਾਲ ਕਰਾਈ ਸੀ ਇਸ ਕਰਕੇ ਇਸ ਸ਼ਹਿਜਾਦੇ ਦੇ ਜਨਮ ਦਾ ਸਿਹਰਾ ਵੀ ਬਾਦਸ਼ਾਹ ਨੇ ਸ਼ਰਫ ਨੂੰ ਹੀ ਦਿੱਤਾ।

ਇਉ ਲਗਦਾ ਹੈ ਕਿ ਸ਼ਹਿਜਾਦੇ ਦਾ ਜਨਮ ਵੀ ਗੁਰੂ ਸਾਹਿਬ ਦੀ ਬਗਦਾਦ ਮੌਜੂਦਗੀ ਤਕ ਹੋ ਚੁੱਕਾ ਸੀ। ਜਿਸਦਾ ਮਤਲਬ ਹੈ ਗੁਰੂ ਸਾਹਿਬ 1531 ਆਖਿਰ ਜਾਂ 1532ਈ. ਸ਼ੁਰੂ ਤੱਕ ਈਰਾਨ ਵਿਚ ਹੀ ਸਨ।

ਗਿਆਨੀ ਨੇ ਲਿਖਿਆ ਹੈ ਕਿ ਬੇਟਾ ਹੋਣ ਤੇ ਬਹੁਤ ਖੁਸ਼ੀ ਮਨਾਈ ਗਈ। ਮਹਾਰਾਜੇ ਨੇ ਮੋਤੀਆਂ ਦਾ ਥਾਲ ਅੱਗੇ ਰੱਖਕੇ ਮੱਥਾ ਟੇਕਿਆ। ਜਦੋਂ ਬਾਬਾ ਜੀ ਨੇ ਕੁਝ ਵੀ ਲੈਣ ਤੋਂ ਇਨਕਾਰ ਕੀਤਾ ਤਾਂ ਬਾਦਸ਼ਾਹ ਨੇ ਉਹ ਕੁਰਾਨੀ ਆਇਤਾਂ ਵਾਲਾ ਰੇਸ਼ਮੀ ਚੋਲਾ ਗੁਰੂ ਸਾਹਿਬ ਦੇ ਗਲ ਪਾ ਦਿਤਾ।

ਕਿਉਕਿ ਸ਼ਾਹ ਸਰਫ ਤੇ ਗੁਰੂ ਸਾਹਿਬ ਦੀ ਨਜਰੇ ਆਯਾਤ ਹੋ ਚੁੱਕੀ ਸੀ ਜਿਸ ਨੇ ਹੈਰਾਤ ਦਾ ਗਵਰਨਾਰ ਹੋਣ ਮੌਕੇ ਅਜਿਹੇ ਲੋਕ ਭਲਾਈ ਦੇ ਕੰਮ ਕੀਤੇ ਕਿ ਕਵੀਆਂ ਲਿਖਾਰੀਆਂ ਨੇ ਉਹਦੇ ਸੋਹਲੇ ਗਾਏ ਜਿਹੜੇ ਅੱਜ ਇਤਹਾਸ ਦਾ ਹਿੱਸਾ ਹਨ। ਗੁਰੂ ਦੀ

ਪੈਰ ਸਫਾ

●ਗਿਆਨੀ- 270/271

ਕਿਰਪਾਲ ਸਿੰਘ ਨੇ ਗੁਰੂ ਸਾਹਿਬ ਦਾ ਮੇਲ ਬਾਦਸ਼ਾਹ ਨਾਲ ਤਬਰੇਜ ਵਿਖੇ ਹੋਣਾ ਲਿਖਿਆ ਹੈ। ਜੋ ਭੂਗੋਲਿਕ ਨਿਗਾਹ ਤੋਂ ਪਰਖਿਆ ਸਹੀ ਨਹੀ ਲਗਦਾ। ਜੇ ਗੁਰੂ ਸਾਹਿਬ ਤਬਰੇਜ ਗਏ ਹੁੰਦੇ ਤਾਂ ਉਹਨਾਂ ਨੇ ਤਹਿਰਾਨ ਥਾਂਣੀ ਪਰਤਣਾ ਸੀ ਪਰ ਗੁਰੂ ਸਾਹਿਬ ਖੁਰਮਾਬਾਦ ਰਸਤੇ ਆਏ ਜਿਥੇ ਭਾਈ ਮਰਦਾਨੇ ਦਾ ਚਲਾਣਾ ਹੋਇਆ। ਸੋ ਸਾਨੂੰ ਇਹੋ ਮੰਨਣਾ ਪਵੇਗਾ ਕਿ ਬਾਦਸ਼ਾਹ ਤਾਹਮਾਸਬ ਦਾ ਮੇਲ ਗੁਰੂ ਸਾਹਿਬ ਨਾਲ ਬਗਦਾਦ ਵਿਖੇ ਹੀ ਹੋਇਆ ਸੀ। ਡੇਰਾ ਬਾਬਾ ਨਾਨਕ ਦੀ ਪ੍ਰੰਪਰਾ ਵੀ ਬਗਦਾਦ ਹੀ ਦੱਸਦੀ ਹੈ।

ਨਾਲੇ ਬਾਦਸ਼ਾਹ ਨੂੰ ਸਮਝਾਉਣਾ ਬਗਦਾਦ ਵਿਖੇ ਸੌਖਾ ਸੀ। ਕਿਉਕਿ ਸਰਕਾਰ ਦੇ ਮੁੱਖ ਸਲਾਹਕਾਰ ਤਾਂ ਬਗਦਾਦ ਵਿਚ ਹੀ ਸਨ। ਬਾਦਸ਼ਾਹ ਨੂੰ ਮਨਾਉਣ ਵਿਚ ਸ਼ਾਹ ਸਰਫ ਖੁੱਦ ਵੱਡਾ ਸਹਾਈ ਹੋਇਆ ਹੋਵੇਗਾ।

ਨਾਲੇ ਮਸਲਾ ਤਾਂ ਸਲਾਹਕਾਰਾਂ ਨੂੰ ਮਨਾਉਣ ਦਾ ਸੀ। ਬਾਦਸ਼ਾਹ ਤਾਂ ਐਵੇ ਅੱਲੜ ਉਮਰ ਦਾ ਹੀ ਸੀ।

■ ਫਾਰਸੀ ਵਿੱਕੀਪੀਡੀਆ ਅਨੁਸਾਰ ਸ਼ਹਿਜਾਦਾ ਦਾ ਜਨਮ 1531 ਈ ਦਸਦੀ ਹੈ ਹਾਲਾਂ ਕਿ ਅੰਗਰੇਜੀ ਸਾਈਟਾਂ ਅਨੁਸਾਰ ਜਨਮ 1532 ਈ. ਦਾ ਹੈ। ਸੋ ਮੰਨਣਾ ਪਵੇਗਾ ਕਿ ਗੁਰੂ ਸਾਹਿਬ 1531 ਜਾਂ ਹੱਦ 1532 ਦੇ ਸ਼ੁਰੂ ਦੇ ਮਹੀਨਿਆਂ ਤੱਕ ਈਰਾਨ ਵਿਚ ਹੀ ਸਨ।

ਬਗਦਾਦ ਵਾਲਾ ਚੋਲੇ ਪਹਿਨੇ ਗੁਰੂ ਸਾਹਿਬ ਦੀ ਹੱਥ ਬਣੀ ਤਸਵੀਰ। ਇਸ ਚੋਲੇ ਤੇ ਕੁਰਾਨ ਦੀਆਂ ਆਇਤਾਂ ਦਰਜ ਹਨ। (ਇੰਟਰਨੈਟ ਤੋਂ ਤਸਵੀਰ ਉਠਾਈ ਹੈ। ਪਤਾ ਨਹੀ ਮੂਲ ਤਸਵੀਰ ਕਿਥੇ ਹੈ?

ਬਖਸ਼ਸ਼ ਸਦਕਾ ਸ਼ਾਹ ਸ਼ਰਫ ਵੀ ਅਮਰ ਹੋ ਗਿਆ। *****

—◈—

ਸ਼ਾਹ ਸਰਫ ਨੂੰ ਉਪਦੇਸ਼

ਅੰਤ ਵਿਚ ਇਮਾਮ ਨੇ ਅਰਜ ਕੀਤੀ ਕਿ ਸਾਨੂੰ ਕੁਝ ਉਪਦੇਸ਼ ਦੇ ਜਾਓ ਜੋ ਤੁਹਾਨੂੰ ਸਦਾ ਯਾਦ ਰਖੀਏ। ਗੁਰੂ ਸਾਹਿਬ ਨੇ ਫਰਮਾਇਆ ਕਿ ਇਹ ਸ਼ਬਦ ਯਾਦ ਰਖਣਾ:-

ੴ ਮੁਨਾਜਾਤ ਮ:੧॥ ਲਾਇਕਨ ਅਸਤ॥ ਸਜਾਵਾਰ ਹੁਮਾਨਸਤ॥ ਕਿ ਮਨ ਬਿਗਜਰਮ ਅਜ ਜੁਮਲਹਿ ਹਿਕਾਯਾਤ ਖਿਆਲਾਤ ਪਰੇਸਾਨ ਨਿਕੋਹੀ ਮਤੀ॥ ਹਮ ਜਿ ਰਹੇ ਸਿਦਕ ਯਕੀ ਹਮ ਦਬਰਾਏ ਜਦਖਲ ਖਲਾਕ ਕਿ ਦਾਰਾਇ ਜਹਾਨ ਅਸਤ॥ ਨਿਹਾਨ ਅਸਤ॥ ਆਯਾਨ ਅਸਤ॥ ਮਕੀਨ ਅਸਤ॥ ਮਕਾਨ ਅਸਤ॥ ਜਿਮੀਨ ਅਸਤ॥ ਜਮਾਨ ਅਸਤ॥ ਅਮੀ ਨਸਤ॥ ਅਮਾ ਨਸਤ॥ ਦਰੀ ਨਸਤ॥ ਦਰਾਨ ਅਸਤ॥ ਹਮੀਨ ਅਸਤ॥ ਹਮਾਨ ਅਸਤ॥ ਬਹਾਰ ਅਸਤ॥ ਖਜ਼ਾਨ ਅਸਤ॥ ਗਾਹੇ ਬੁਲਬੁਲ ਨਾਲਾ॥ ਗਾਹੇ ਗੁਨਬੁਨ ਖੰਦਾ॥ ਗਾਹੇ ਸ਼ਮੇ ਸਬਿਸਤਾ॥ ਗਾਹੇ ਪਰਵਾਨਹ ਸੱਜਾ ਪਰੇਸਾ॥ ਗਾਹੇ ਖੂਬੀ ਖੁਬਾਨਾ ॥ ਗਹੇ ਇਸਕ ਜਵਾਨਾ॥ਗਹੇ ਆਸਕ ਹੈਰਾਨਾ॥ ਗਹੇ ਗਮ ਜੇ ਜਾਨਾ॥ ਗਾਹ ਨਿਹਾ॥ ਗਾਹ ਆਨਸਤ॥ ਉਸੀ ਕਾ ਹਮਹ ਜਾ ਪਰਤ ਵਾ ਪ੍ਰਕਾਸ॥ ਸਗਲੀ ਧਰਤੀ ਅਕਾਸ॥ ਕਹੂੰ ਦੂਰ ਕਹੂੰ ਪਾਸ॥ ਕਹੂੰ ਫੂਲ ਕਹੂੰ ਬਾਸ॥ ਕਹੂੰ ਭਉਰ ਹੈ ਉਦਾਸ॥ ਕਹੂੰ ਦਿਆਲ ਕਹੂੰ ਦਾਸ॥ ਕਈ ਭੇਦ ਕਈ ਭਾਤ॥ ਕਈ ਰੰਗ ਕਈ ਰੂਪ॥ ਕਈ ਖੇਲ ਸੋ ਅਰਕੰਦ॥੧॥ ਅਖਾੜਾ॥

ਇਸ ਪ੍ਰਕਾਰ ਨਿਰੰਕਾਰ ੧ੴ ਦੀ ਸਿਫਤ ਵਿਚ ਕੁਝ ਹੋਰ ਸ਼ਬਦ ਵੀ ਸਿੱਧੀ ਸਾਦੀ ਫਾਰਸੀ ਵਿਚ ਰਚੇ, ਜੋ ਭਾਈ ਮਨੀ ਸਿੰਘ ਵਾਲੀ ਸਾਖੀ ਨੇ ਅਰਥਾ ਸਮੇਤ ਦਿੱਤੇ ਹੋਏ ਹਨ।

———◈———

ਗੋਸ਼ਟਿ ਅਨੁਸਾਰ ਸਵਾਲ ਜਵਾਬ

ਮੱਕੇ ਮਦੀਨੇ ਦੀ ਗੋਸ਼ਟਿ ਨੇ ਇਸ ਗਲ ਬਾਤ ਨੂੰ ਕੁਝ ਇਸ ਅੰਦਾਜ਼ ਵਿਚ ਪੇਸ਼ ਕੀਤਾ ਹੈ:-

ਸਵਾਲ ਪੀਰ ਜਲਾਲ

ਅਖੇ ਜੁਲਜਲਾਲ ਦੀਨ ਨਾਨਕ ਸ਼ਾਹ ਕਤਾਲ॥
ਚੋਦਹ ਤਬਕ ਕਿਤਾਬ ਵਿੱਚ, ਤਿਸਤੇ ਪਰੇ ਜਵਾਲ॥
ਡਿੱਠੇ ਬਾਝਹੁ ਕਿਸੇ ਦੀ ਖਾਤਰ ਜਮਾ ਨ ਹੋਇ॥
ਕਹਿਣਾ ਸੁਣਨਾਂ ਬਾਦ ਹੈ ਮਜਲਸ ਵਿੱਚ ਖਲੋਇ॥

(ਜਵਾਲ-ਅੱਗੇ ਮੁਕ ਜਾਣਾ। ਤਬਕ- ਪਰਤਾਂ -ਧਰਤੀ ਅਸਮਾਨ ਦੀਆਂ)

ਜਵਾਬ ਨਾਨਕ ਸ਼ਾਹ॥

ਆਖੇ ਨਾਨਕ ਸੱਚ ਸੁਣ ਪੀਰ ਜਲਾਲ ਸੱਦਾਤ॥
ਹਿਕੇ ਤੇ ਚੱਲੋ ਆਪ ਹੀ ਹਿਕੇ ਤਾਂ ਦੇਹੁ ਸੰਗਾਤ॥
ਆਕਾਸਾਂ ਆਕਾਸ ਲਖ, ਪਾਤਾਲਾ ਪਾਤਾਲ॥
ਸਭਨਾ ਦੇ ਸਿਰ ਰੱਬ ਇੱਕ, ਸਭ ਦੀ ਕਰੇ ਸੰਭਾਲ॥
ਦਿੱਤਾ ਬੇਟਾ ਪੀਰ ਨਾਲ, ਜੁਲ ਜਲਾਲੀ ਨਾਮ॥
ਮਜਲਸ ਅੰਦਰ ਬੈਠਿਆਂ ਹੋਏ ਅੰਤਰ ਧਿਆਨ॥
ਇੱਕ ਪਲਕ ਦੇ ਫਰਕਣੇ ਡਿੱਠੇ ਲੱਖ ਅਕਾਸ॥
ਕਈ ਪੈਗੰਬਰ ਦੇਖ ਕੇ ਮੰਨਯਾ ਪੀਰ ਤਰਾਸ॥
ਫੇਰ ਗਏ ਪਾਤਾਲ ਨੋਂ ਵੇਖ ਬੇਅੰਤ ਪਤਾਲ॥
ਪੈਗੰਬਰ ਅਵਤਾਰ ਬਹੁ ਗਣਤੀ ਨਾਹਿ ਸੰਭਾਲ॥
ਜਿੱਥੇ ਬਾਬਾ ਜਾਵਹੇ ਅੱਗੇ ਤਿਆਰ ਕੜਾਹ॥
ਸੰਗਤ ਜੁੜੀ ਅਪਾਰ ਹੁਇ ਗਾਵਨ ਸ਼ਬਦ ਸਰਾਹ॥
ਦਰਸ਼ਨ ਕਰ ਕੁਰਬਾਨ ਹੋਇ ਨਜ਼ਰਾਂ ਦੇਣ ਅਮੋਲ॥
ਇਕ ਇਕ ਥਾਓਂ ਕੜਾਹ ਲੈ ਮਾਸਾ ਮਾਸਾ ਤੋਲ॥
ਪੂਰ ਗਇਆ ਕਚਕੋਲ ਉਸ ਪੀਰ ਹੋਯਾ ਹੈਰਾਨ ॥
ਆਖਿਓ ਹੁਣ ਤਾਂ ਸ਼ਾਹ ਜੀ ਚਲੇ ਆਪਣੇ ਥਾਨ॥
ਆਏ ਪਲ ਮੈਂ ਉਸੇ ਥਾਂ ਜਿੱਥੇ ਬੈਠਾ ਪੀਰ॥
ਗੱਲਾਂ ਸੁਣ ਕਚਕੋਲ ਪਿਖ ਹੋਯਾ ਪੀਰ ਜਹੀਰ॥
ਆਖਯਾ ਬੇਟੇ ਪੀਰ ਦੇ , ਇਹ ਤਾਂ ਖੁਦ ਖੁਦਾਇ॥
ਲੱਖ ਅਕਾਸ ਪਤਾਲ ਜਿਨ ਪਲ ਮੈਂ ਦਏ ਦਿਖਾਇ॥

ਫਿਰ ਅੱਗੇ ਸ਼ਾਹ ਬੋਲ ਪਿਆ+

ਕੁਜਾਮਨੀ। ਕੁਜਾਮਨੀ।

ਗੁਰੂ ਸਾਹਿਬ ਕਿਹਾ- ਯਾਮਨੀ। ਯਾਮਨੀ।

ਸ਼ਾਹ ਸਰਫ - ਏ ਅਹਿਲ ਫਕੀਰ ਅਵਲ ਸੁਮਾ ਮੇਂ ਪੁਰਸਮ। ਸੁਆਲ ਈ ਸੁਖਨਰਾ ਜਵਾਬ ਬਿਦੇ ਹੁੰਦ ਦਰਵੇਸ਼।

ਜਵਾਬ ਗੁਰੂ ਨਾਨਕ- ਅਵਲ ਫਕੀਰੀ ਫਨਾਹ ਅਸਤਿ। ਆਖਿਰ ਫਕੀਰੀ ਬਕਾਇ ਅਸਤ। ਖਾਨਾ ਫਕੀਰੀ ਅਸਤ। ਕੁਲਫ ਫਕੀਰੀ ਖਾਮੋਸ਼ ਅਸਤਿ। ਕੁਲੀਦ ਫਕੀਰੀ ਆਜ਼ਜ਼ੀ ਵਾ ਬੰਦਗੀ ਅਸਤਿ। ਮਕਬਰੇ ਫਕੀਰੀ ਹਲੀਮੀ ਅਸਤਿ। ਗੰਜਿ ਫਕੀਰੀ ਖਾਮੋਸ਼ੀ ਅਸਤਿ। ਸੁਜਨਿ ਫਕੀਰੀ ਅਕਲਿ ਅਸਤਿ। ਰੇਸ਼ਮ ਫਕੀਰੀ ਦੀਦਾਰ ਅਸਤਿ। ਲੁਕਮਾ ਫਕੀਰੀ ਸਬੂਰੀ ਅਸਤਿ। ਖਿਰਕਾ ਫਕੀਰੀ ਰਾਸਤੀ ਅਸਤਿ। ਖਫਨੀ ਫਕੀਰੀ ਜਿੰਦਾ ਮੁਰਦਹ ਅਸਤਿ। ਧੂਆਂ ਫਕੀਰੀ ਮਨਿੰਦ ਪਸ ਮੁਰਦਾ ਖਾਕ ਅਸਤਿ। ਫਹੋੜੀ ਫਕੀਰੀ ਖਾਕਰੇਬੀ ਅਸਤਿ। ਜਾਮਾ ਫਕੀਰੀ ਹਰਿਕਿ ਆਇਦ ਆਹਾਂ ਮੁਰਾਦਿ ਹਾਸਲ ਕੁਨੰਦ। ਵਾ-ਦਿਲ

ਕੁਸਾਦੀ ਸੇਲੀ ਫਕੀਰੀ ਬਰਦਾ ਪੇਸ ਮੁਰਸਦ ਅਸਤਿ। ਕਿਸਤੀ ਫਕੀਰੀ ਹੋਇ ਗਰਦਾ ਆਵਾ ਜਹਾਨ ਅਸਤਿ। ਵਸਲਾ ਫਕੀਰ ਜਬਾਨ ਸੇਫ ਸਹਾਬ ਕਰਾਮਾਤ ਅਸਤਿ। ਦਰ ਮਿਹਰਵਾ ਕਹਿਰ ਮਾਮੂਰੂ ਅਸਤਿ। ਮੁਤਕਾ ਫਕੀਰੀ ਮਨ ਬਸਤ ਗੋਸਾ ਨਸੀਨੀ ਅਸਤਿ। ਅਗਰ ਕਸੇ ਬਈ ਤਰੀਕਾ ਅਮਲ ਕੁਨਦਿ ਆ ਕਾਮਲ ਫਕੀਰੀ ਅਸਤਿ। ਵਅਲਾਨਾ ਲੁਕਮੇ ਫਕੀਰੀ ਅਸਤਿ। ਫਕੀਰੀ ਰਾ ਚਿ- ਦਾਨਦਿ। ਰਾਹ ਫਕੀਰੀ ਰਾ ਗੁਮੁ ਕਰਦਾ ਅਸਤਿ।

—◈—

ਅਨਾੜੀ ਬਾਦਸ਼ਾਹ ਤਾਹਮਾਸਬ

ਗੁਰੂ ਸਾਹਿਬ ਨੂੰ ਬਾਦਸ਼ਾਹ ਤਾਹਮਸਬ ਅਨਾੜੀ ਹੀ ਲੱਗਾ ਸੀ।

ਗੁਰੂ ਸਾਹਿਬ ਅਤੇ ਬਾਦਸ਼ਾਹ ਤਾਹਮਸਬ ਦਰਮਿਆਨ ਮੇਲ ਸ਼ਾਹ ਸਰਫ ਰਾਂਹੀ ਹੀ ਹੋਇਆ ਸੀ। ਅਕਲ ਪੱਖੋ ਬਾਦਸ਼ਾਹ ਗੁਰੂ ਸਾਹਿਬ ਨੂੰ ਅਨਾੜੀ ਹੀ ਦਿੱਸਿਆ। ਲਗਦੈ ਕਿ ਬਾਦਸ਼ਾਹ ਦੀ ਰੂਹਾਨੀਅਤ ਦੀਆਂ ਗੱਲਾਂ ਨਾਲ ਜਰਾ ਦਿਲਚਸਪੀ ਨਹੀ ਸੀ। ਇਸ ਮੌਕੇ ਗੁਰੂ ਸਾਹਿਬ ਨੇ ਸ਼ਬਦ ਉਚਾਰਿਆ:

ਮਾਰੂ ਮਹਲਾ ੧ ॥ ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥ ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ ॥ ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ ॥੧॥ ਬਾਬਾ ਮੈ ਕੁਚੀਲੁ ਕਾਚਉ ਮਤਿਹੀਨ ॥ ਨਾਮ ਬਿਨਾ ਕੋ ਕਛੁ ਨਹੀ ਗੁਰਿ ਪੂਰੈ ਪੂਰੀ ਮਤਿ ਕੀਨ ॥੧॥ ਰਹਾਉ ॥ ਅਵਗਣਿ ਸੁਭਰ ਗੁਣ ਨਹੀ ਬਿਨੁ ਗੁਣ ਕਿਉ ਘਰਿ ਜਾਉ ॥ ਸਹਜਿ ਸਬਦਿ ਸੁਖੁ ਊਪਜੈ ਬਿਨੁ ਭਾਗਾ ਧਨੁ ਨਾਹਿ ॥ ਜਿਨ ਕੈ ਨਾਮੁ ਨ ਮਨਿ ਵਸੈ ਸੇ ਬਾਧੇ ਦੂਖ ਸਹਾਹਿ ॥੨॥ ਜਿਨੀ ਨਾਮੁ ਵਿਸਾਰਿਆ ਸੇ ਕਿਤੁ ਆਏ ਸੰਸਾਰਿ ॥ ਆਗੈ ਪਾਛੈ ਸੁਖੁ ਨਹੀ ਗਾਡੇ ਲਾਦੇ ਛਾਰੁ ॥ ਵਿਛੁੜਿਆ ਮੇਲਾ ਨਹੀ ਦੂਖੁ ਘਣੋ ਜਮ ਦੁਆਰਿ ॥੩॥ ਅਗੈ ਕਿਆ ਜਾਣਾ ਨਾਹਿ ਮੈ ਭੂਲੇ ਤੂ ਸਮਝਾਇ ॥ ਭੂਲੇ ਮਾਰਗੁ ਜੋ ਦਸੇ ਤਿਸ ਕੈ ਲਾਗਉ ਪਾਇ ॥ ਗੁਰ ਬਿਨੁ ਦਾਤਾ ਕੋ ਨਹੀ ਕੀਮਤਿ ਕਹਣੁ ਨ ਜਾਇ ॥੪॥ ਸਾਜਨੁ ਦੇਖਾ ਤਾ ਗਲਿ ਮਿਲਾ ਸਾਚੁ ਪਠਾਇਓ ਲੇਖੁ ॥ ਮੁਖਿ ਧਿਮਾਣੈ ਧਨ ਖੜੀ ਗੁਰਮੁਖਿ ਆਖੀ ਦੇਖੁ ॥ ਤੁਧੁ ਭਾਵੈ ਤੂ ਮਨਿ ਵਸਹਿ ਨਦਰੀ ਕਰਮਿ ਵਿਸੇਖੁ ॥੫॥ ਭੂਖ ਪਿਆਸੋ ਜੇ ਭਵੈ ਕਿਆ ਤਿਸੁ ਮਾਗਉ ਦੇਇ ॥ ਬੀਜਉ ਸੂਝੈ ਕੋ ਨਹੀ ਮਨਿ ਤਨਿ ਪੂਰਨੁ ਦੇਇ ॥ ਜਿਨਿ ਕੀਆ ਤਿਨਿ ਦੇਖਿਆ ਆਪਿ ਵਡਾਈ ਦੇਇ ॥੬॥ ਨਗਰੀ ਨਾਇਕੁ ਨਵਤਨੋ ਬਾਲਕੁ ਲੀਲ ਅਨੂਪੁ ॥ ਨਾਰਿ ਨ ਪੁਰਖੁ ਨ ਪੰਖਨੂ ਸਾਚਉ ਚਤੁਰੁ ਸਰੂਪੁ ॥ ਜੋ ਤਿਸੁ ਭਾਵੈ ਸੋ ਥੀਐ ਤੂ ਦੀਪਕੁ ਤੂ ਧੂਪੁ ॥੭॥ ਗੀਤ ਸਾਦ ਚਾਖੇ ਸੁਣੇ ਬਾਦ ਸਾਦ ਤਨਿ ਰੋਗੁ ॥ ਸਚੁ ਭਾਵੈ ਸਾਚਉ ਚਵੈ ਛੂਟੈ ਸੋਗ ਵਿਜੋਗੁ ॥ ਨਾਨਕ ਨਾਮੁ ਨ ਵੀਸਰੈ ਜੋ ਤਿਸੁ ਭਾਵੈ ਸੁ ਹੋਗੁ ॥

—◈—

ਜਦੋਂ ਸੇਵਾਦਾਰ ਨੂੰ ਬਜਾਰ ਵਿਚ ਸ਼ੇਰ, ਕੁੱਤੇ, ਬਘਿਆੜ ਨਜਰ ਆਏ

ਜਦੋਂ ਗੁਰੂ ਸਾਹਿਬ ਪੀਰ ਬਹਿਲੋਲ ਦੇ ਤਕੀਏ ਤੇ ਬਿਰਾਜੇ ਹੋਏ ਸਨ ਤਾਂ ਮਰਦਾਨੇ ਨੇ ਕੁਝ ਖਾਣ ਵਾਸਤੇ ਗਲ ਕੀਤੀ। ਪੀਰ ਨੇ ਝੱਟ ਰਜਾ ਨਾਂ ਦੇ ਸੇਵਾਦਾਰ ਨੂੰ ਦਿਨਾਰ ਦਾ ਸਿੱਕਾ ਦਿੱਤਾ ਤੇ ਕਿਹਾ ਕਿ ਜਾ ਕੇ ਬਜਾਰ ਵਿਚੋਂ ਖਾਣਾ ਲੈ ਕੇ ਆ। ਜਦੋਂ ਰਜਾ ਤੁਰਨ ਲੱਗਾ ਤਾਂ ਮਰਦਾਨੇ ਨੇ ਕਿਹਾ ਕਿ ਕਿਸੇ ਸਾਫ ਸੁਥਰੇ ਈਮਾਨਦਾਰ ਤੰਦੂਰ ਤੋਂ ਰੋਟੀ ਲਿਆਈ।

ਇਸ ਤੇ ਪੀਰ ਬੋਲ ਉਠੇ, "ਮਰਦਾਨਿਆ ਬਗਦਾਦ ਵਿਚ ਖੁਦਾ ਦੀ ਬਰਕਤ ਹੈ। ਇਥੇ ਹਿੰਦੁਸਤਾਨ ਵਰਗੇ ਬੇਈਮਾਨ ਦੁਕਾਨਦਾਰ ਨਹੀ ਹਨ।"

ਗੁਰੂ ਸਾਹਿਬ ਉਸ ਵੇਲੇ ਆਪਣੇ ਕੇਸ ਵਾਹ ਰਹੇ ਸਨ। ਉਨਾਂ ਰਜ਼ਾ ਨੂੰ ਕਿਹਾ ਕਿ ਜਰਾ ਠਹਿਰ ਜਾ। ਗੁਰੂ ਸਾਹਿਬ ਨੇ ਪੀਰ ਨੂੰ ਸੰਬੋਧਨ ਹੋ ਕੇ ਕਿਹਾ ਕਿ ਨਹੀ ਪੀਰ ਜੀ ਦੁਕਾਨਦਾਰ ਇਥੋਂ ਦੇ ਵੀ

ਬਾਦਸ਼ਾਹ ਤਾਹਮਾਸਬ ਹਿੰਦੁਸਤਾਨ ਦੇ ਬਾਦਸ਼ਾਹ ਹਮਾਯੂ ਦੇ ਸਤਿਕਾਰ ਵਿਚ ਜਸ਼ਨ ਮਨਾਉਦੇ ਹੋਏ। ਇਹ ਹੱਥ ਬਣੀ ਤਸਵੀਰ 1544 ਈ ਦੀ ਹੈ। ਭਾਵ ਗੁਰੂ ਸਾਹਿਬ ਦੇ ਮਿਲਣ ਤੋਂ 14 ਸਾਲ ਬਾਦ ਦੀ। ਗੌਰ ਕਰੋ ਇਥੇ ਵੀ ਸ਼ਾਹ ਜਵਾਨੀ ਵਿਚ ਹੀ ਨਜਰ ਆ ਰਿਹਾ ਹੈ। ਇਸ ਬਾਦਸ਼ਾਹ ਨੇ ਬਹੁਤ ਲੰਮਾ ਅਰਸਾ ਰਜ ਕੀਤਾ (1524 ਤੋਂ 1576 ਤਕ) ਇਸ ਦੇ ਦੌਰ ਵੇਲੇ ਕਈ ਰਸਾਲੇ ਲਿਖੇ ਗਏ। ਜਰੂਰਤ ਹੈ ਕੋਈ ਸਿੱਖ ਵਿਦਵਾਨ ਇਹਨਾਂ ਰਸਾਲਿਆਂ ਦੀ ਘੋਖ ਕਰੇ। ਸਾਨੂੰ ਉਮੀਦ ਹੈ ਕਿਤੇ ਨਾਂ ਕਿਤੇ ਗੁਰੂ ਸਾਹਿਬ ਬਾਰੇ ਵੀ ਜਿਕਰ ਹੋਵੇਗਾ। ਰਸਾਲਿਆਂ ਦੇ ਨਾਂ ਵੇਖਣੇ ਲਈ ਜਾਓ ਇਸ ਸਾਈਟ ਤੇ:
http://www.iranicaonline.org/articles/tahmasp-i

ਬੜੇ ਲਾਲਚੀ, ਨਿਰਦਈ ਤੇ ਜਾਨਵਰ ਹਨ।

ਗੁਰੂ ਸਾਹਿਬ ਨੇ ਰਜਾ ਨੂੰ ਆਪਣੇ ਵਾਹੇ ਹੋਏ ਵਾਲ ਫੜਾਉਦੇ ਹੋਏ ਕਿਹਾ ਕਿ ਰਜਾ ਜਦੋਂ ਤੂੰ ਕਿਸੇ ਦੁਕਾਨ ਤੇ ਜਾਏ ਤਾਂ ਇਨਾਂ ਵਾਲਾਂ ਦੇ ਗੁਛੇ ਰਾਂਹੀ ਦੁਕਾਨਦਾਰ ਨੂੰ ਵੇਖੀ ਤੈਨੂੰ ਉਹਦਾ ਅਸਲ ਰੂਪ ਨਜਰ ਆਏਗਾ। ਫਿਰ ਜਿਹੜਾ ਅਸਲ ਇਨਸਾਨ ਦਿਸੇ, ਓਹਦੇ ਕੋਲੋਂ ਰੋਟੀ ਲੈ ਕੇ ਆਵੀ।

ਰਜ਼ਾ ਬਜਾਰ ਪਹੁੰਚਿਆ। ਜਿਵੇ ਇਕ ਤੰਦੂਰ (ਬੇਕਰੀ) ਨਜਰ ਆਈ। ਰਜਾ ਨੇ ਬਾਬੇ ਦੇ ਵਾਲਾਂ ਦੇ ਗੁੱਛੇ ਰਾਂਹੀ ਜਦੋਂ ਦੁਕਾਨਦਾਰ ਤੇ ਨਿਗਾ ਮਾਰੀ ਤਾਂ ਦੁਕਾਨ ਤੇ ਉਨੂੰ ਬਘਿਆੜ ਬੈਠਾ ਨਜਰ ਆਇਆ। ਰਜ਼ਾ ਇਕ ਦਮ ਤ੍ਰਬਕ ਗਇਆ ਤੇ

ਪੈਰ ਸਾਡ
https://www.ahlalhdeeth.com/vb/showthread.php?t=89178
✚ ਗਿਆਨੀ -270

ਇਰਾਕ ਦੇ ਸੂਬੀ ਸਿੱਖ ਨਹੀ ਹੁੰਦੇ–

ਵਿਦਵਾਨ ਪ੍ਰੋ. ਗੰਡਾ ਸਿੰਘ ਤੇ ਡਾ. ਕਿਰਪਾਲ ਸਿੰਘ ਨੂੰ ਕਿਤੇ ਗਲਤ ਜਾਣਕਾਰੀ ਮਿਲੀ ਸੀ ਜਿੰਨਾਂ ਇਰਾਕ ਵਿਚ ਵਸਦੇ ਸਾਬੀਅਨ ਲੋਕਾਂ ਨੂੰ ਸਿੱਖ ਲਿਖ ਦਿੱਤਾ ਹੈ। ਕਿਰਪਾਲ (132) ਲਿਖਦੇ ਹਨ:-

"ਇਰਾਕ ਵਿਚ ਹੁਣ ਤੱਕ ਓਲ ਸਬੀਆ ਸਬੀਅਨ ਜਾ ਸੂਬੀ ਲੋਕ ਵਸਦੇ ਹਨ ਜੋ ਆਪਣੇ ਆਪ ਨੂੰ ਨਾਨਕ ਦੇ ਨਾਮ ਲੇਵਾ ਦਸਦੇ ਹਨ। ਇਹ ਦਾੜੀਆਂ ਤੇ ਕੇਸ ਰਖਦੇ ਹਨ। ਗਲਿਆਂ ਦੁਆਲੇ ਗੁਰੂ ਨਾਨਕ ਦੀ ਤਸਵੀਰ ਲਟਕਾਉਦੇ ਹਨ ਅਤੇ ਜਿਆਦਾ ਸੁਨਿਆਰਿਆਂ ਦਾ ਕੰਮ ਕਰਦੇ ਹਨ।"

ਲਗਦਾ ਹੈ ਕਿ ਇਨਾਂ ਲਿਖਾਰੀਆਂ ਨੂੰ ਕੋਈ ਅਜਿਹਾ ਸਬੀਅਨ ਮਿਲ ਗਇਆ ਜਿਸ ਦੀ ਗੁਰੂ ਨਾਨਕ ਵਿਚ ਸ਼ਰਧਾ ਸੀ। ਜਿਸ ਕਾਰਨ ਵਿਦਵਾਨਾਂ ਨੇ ਸਾਰੀ ਸਬੀਅਨ ਕੌਮ ਨੂੰ ਸਿੱਖ ਲਿਖ ਦਿੱਤਾ। ਜਦੋਂ ਕਿ ਸਚਾਈ ਇਹ ਹੈ ਕਿ ਸਬੀਅਨ ਜਾਂ ਜਿਵੇ ਇਰਾਕੀ ਇਨਾਂ ਨੂੰ ਸਦਦੇ ਹਨ 'ਅਲ ਸਬੀਆ' ਬਹੁਤ ਪੁਰਾਣਾ ਫਿਰਕਾ ਹੈ ਅਤੇ ਇਸ ਦਾ ਜਿਕਰ ਬਕਾਇਦਾ ਕੁਰਾਨ ਵਿਚ ਵੀ ਮਿਲਦਾ ਹੈ। ਇਹ ਈਸਾਈਆਂ ਦਾ ਬਹੁਤ ਕੱਟੜ ਫਿਰਕਾ ਹੈ। ਵੇਖੋ:

https://en.wikipedia.org/wiki/Sabians
https://en.wikipedia.org/wiki/Mandaeism

ਪੀਰ ਬਹਿਲੋਲ ਦਾਨਾ ਦੇ ਮਕਬਰੇ ਲਾਗੇ ਬਣੇ ਮੰਜੀ ਸਾਹਿਬ ਦੀ ਪੁਰਾਣੀ ਤਸਵੀਰ। 2003 ਵਿਚ ਇਰਾਕ ਦੀ ਖਾਨਾਜੰਗੀ ਮੌਕੇ ਇਸ ਗੁਰਦੁਆਰੇ ਤੇ ਵੀ ਬੰਬ ਸੁੱਟੇ ਗਏ ਸਨ। ਥੜਾ ਸਾਹਿਬ ਦਾ ਨੁਕਸਾਨ ਹੋਇਆ ਹੈ ਪਰ ਗੁਰਦੁਆਰਾ ਸਾਹਿਬ ਮੌਜੂਦ ਹੈ। ਇਥੇ ਹੀ ਸਿਲਲੇਖ (ਸੱਜੇ) ਹੁੰਦਾ ਸੀ।

ਅਗਾਹ ਤੁਰ ਪਿਆ। ਅੱਗੇ ਜਾ ਕੇ ਫਿਰ ਜਦੋਂ ਉਹ ਇਕ ਤੰਦੂਰ ਤੇ ਪਹੁੰਚਿਆ ਤੇ ਫਿਰ ਵਾਲਾਂ ਦੀ ਐਨਕ ਰਾਂਹੀ ਨਿਗਾ ਮਾਰੀ ਤਾਂ ਕੀ ਵੇਖਦਾ ਹੈ ਹੱਟੀ ਦੇ ਥੜੇ ਤੇ ਬਹੁਤ ਖੂਬਸੂਰਤ ਰੰਗ ਬਿਰੰਗਾ ਕੁੱਕੜ ਬਿਰਾਜਮਾਨ ਹੈ। ਰਜਾ ਮੰਨ ਹੀ ਮੰਨ ਵਿਚ ਮੁਸਕਰਾ ਪਿਆ। ਸੋਚਿਆ ਇਹਦੇ ਕੋਲੋ ਰੋਟੀ ਲੈ ਲਵੋ। ਫਿਰ ਖਿਆਲ ਆਇਆ ਬਾਬਾ ਜੀ ਨੇ ਤਾਂ ਕਿਹਾ ਸੀ ਕਿ ਕਿਸੇ ਇਨਸਾਨ ਕੋਲੋਂ ਰੋਟੀ ਲਿਆਈ।

ਰਜਾ ਅੱਗੇ ਇਕ ਹੋਰ ਤੰਦੂਰ ਤੇ ਪਹੁੰਚਿਆ ਤਾਂ ਉਨੂੰ ਦੁਕਾਨ ਤੇ ਰਿੱਛ ਬੈਠਾ ਨਜਰ ਆਇਆ। ਏਸੇ ਤਰਾਂ ਵੱਖ ਵੱਖ ਦੁਕਾਨਾਂ ਦੇ ਮਾਲਕ ਉਨੂੰ ਵੱਖ ਵੱਖ ਵੰਨਗੀਆਂ ਦੇ ਜਾਨਵਰ ਹੀ ਦਿਸੇ। ਅਖੀਰ ਜਦੋਂ ਵਾਹਵਾ ਦੂਰ ਨਿਕਲ ਗਇਆ ਤਾਂ ਇਕ ਤੰਦੂਰ ਵਾਲਾ ਦੇ ਚਸ਼ਮੇ ਰਾਂਹੀ ਉਨੂੰ ਇਕ ਨਿਮਾਣਾ ਜਿਹਾ ਬੰਦਾ ਦਿਸਿਆ। ਰਜੇ ਨੇ ਦਿਨਾਰ ਉਨੂੰ ਫੜਾਇਆ ਤੇ ਖਾਣੇ ਦੀ ਮੰਗ ਕੀਤੀ।

ਦੁਕਾਨਦਾਰ ਨੇ ਰੋਟੀ ਚਾਵਲ ਤੇ ਸਬਜ਼ੀਆਂ ਨਾਲ ਚੰਗੇਰ ਭਰ ਦਿੱਤੀ। ਰਜਾ ਨੂੰ ਮਹਿਸੂਸ ਹੋਇਆ ਕਿ ਇਸ ਭਾਈ ਨੂੰ ਕੁਝ ਭੁਲੇਖਾ ਲੱਗਾ ਹੈ ਮੈਂ ਤਾਂ ਸਿਰਫ ਇਕ ਦਿਨਾਰ ਦਿੱਤਾ ਹੈ ਇਹ ਵੱਧ ਖਾਣਾ ਦੇ ਰਿਹਾ ਹੈ। ਰਜੇ ਨੇ ਤੰਦੂਰ ਵਾਲੇ ਨੂੰ ਯਾਦ ਦਿਵਾਇਆ ਕਿ ਮੈਂ ਸਿਰਫ ਦਿਨਾਰ ਹੀ ਦਿੱਤਾ ਹੈ। ਅੱਗੋ ਦੁਕਾਨਦਾਰ ਬੋਲਿਆ ਰਜਾ ਤੂੰ ਛੇਤੀ ਪਹੁੰਚ ਪ੍ਰਾਹੁਣਿਆਂ ਨੂੰ ਜੋਰ ਦੀ ਭੁੱਖ ਲੱਗੀ ਹੋਈ ਹੈ।

ਰਜਾ ਨੇ ਆ ਕੇ ਪੀਰ ਨੂੰ ਸਾਰੀ ਗਲ ਸੁਣਾਈ ਤਾਂ ਪੀਰ ਫਿਰ ਗੁਰੂ ਜੀ ਦੇ ਚਰਨਾਂ ਦੇ ਢਹਿ ਪਿਆ।

ਬਹਿਲੋਲ ਦਾਨਾ ਵਾਲੀ ਯਾਦਗਾਰ ਜਿਥੇ ਗੁਰੂ ਸਾਹਿਬ ਠਹਿਰੇ ਸਨ, ਨੁਕਸਾਨੀ ਗਈ ਹੈ, ਪਰ ਮੌਜੂਦ ਹੈ

ਜਿੱਥੇ ਗੁਰੂ ਸਾਹਿਬ ਬਿਰਾਜੇ ਸਨ ਉਥੇ ਬਕਾਇਦਾ ਯਾਦਗਾਰ ਸੰਨ 1918 ਈ ਵਿਚ ਵੀ ਮੌਜੂਦ ਸੀ। ਮੁਕਾਮੀ ਲੋਕ ਇਨੂੰ ਬਹਿਲੋਲ ਦਾ ਮਕਬਰਾ ਕਰਕੇ ਜਾਣਦੇ ਸਨ। ਇਥੇ ਗੁਰੂ ਸਾਹਿਬ ਦੀ ਆਮਦ ਬਾਬਤ ਸਿਲਲੇਖ ਵੀ ਹੁੰਦਾ ਸੀ। ਸਿਲ ਲੇਖ ਦੀ ਅਬਾਰਤ ਦਾ ਤਰਜਮਾ ਦੋ ਲਿਖਾਰੀਆਂ ਨੇ ਵੱਖ ਵੱਖ ਦਿੱਤਾ ਹੈ। ■

ਇਕ ਹੋਰ ਸਰੋਤ ਅਨੁਸਾਰ ਇਹ ਬਹਿਲੋਲ ਦਾ ਮਕਬਰਾ ਜਿੱਥੇ ਗੁਰੂ ਸਾਹਿਬ ਦੀ ਯਾਦਗਾਰ ਮੌਜੂਦ ਹੈ ਦਾ ਟਿਕਾਣਾ ਕੁਝ ਇਸ ਪ੍ਰਕਾਰ ਹੈ:-

ਨਵੇਂ ਹਵਾਈ ਅੱਡੇ ਅਤੇ ਬਗਦਾਦ ਪੱਛਮੀ ਰੇਲਵੇ ਸਟੇਸ਼ਨ ਦੇ ਦਰਮਿਆਨ ਜਿਹੇ ਵਿਚ। ਇਹ ਹਾਰੂਨ ਅਲ ਰਸ਼ੀਦ ਦੀ ਬੇਗਮ ਸਿੱਤ ਜੁਬੈਦਾ ਦੇ ਮਕਬਰੇ ਦੇ ਲਾਗੇ ਹੈ ਤੇ ਨੇੜੇ ਹੀ ਯੂਸ਼ਾ ਨਬੀ ਦਾ ਮਕਬਰਾ ਹੈ।

ਪਹਿਲੀ ਆਲਮੀ ਜੰਗ ਵੇਲੇ 1917 ਵਿਚ ਸਿੱਖ ਫੌਜੀਆਂ ਨੇ ਬਗਦਾਦ ਵਿਖੇ ਉਹ ਸਥਾਨ ਲੱਭ ਲਿਆ ਜਿੱਥੇ ਬੈਠ ਗੁਰੂ ਸਾਹਿਬ ਦੀ ਇਥੋਂ ਦੇ ਪੀਰ ਬਹਿਲੋਲ ਨਾਲ ਗੋਸ਼ਟੀ ਹੋਈ ਸੀ। ਇਹ ਸਥਾਨ ਪੁਰਾਣੇ ਕਬਰਸਥਾਨ ਦੇ ਪਹਾੜ ਪਾਸੇ ਭਾਵ ਬਗਦਾਦ ਸਮਾਰਾ ਰੇਲਵੇ ਲਾਈਨ ਦੇ ਦੱਖਣ ਪਾਸੇ ਹੈ। ■ ਗਵਾਹ ਲਿਖਦਾ ਹੈ:-

ਮੁਕਾਮੀ ਲੋਕਾਂ ਨੂੰ ਇਸ ਥਾਂ ਦੀ ਅਹਿਮੀਅਤ ਦਾ ਪਤਾ ਨਹੀ। ਉਹ ਇਨੂੰ ਵੀ ਬਹਿਲੋਲ ਦਾ ਮਕਬਰਾ ਕਰਕੇ ਜਾਣਦੇ ਹਨ। ਜਿਵੇ ਆਪਾਂ ਛੋਟੇ ਜਿਹੇ ਬੂਹੇ ਰਾਂਹੀ ਇਮਾਰਤ ਦੀ ਚਾਰ ਦੀਵਾਰੀ ਵਿਚ ਵੜਦੇ ਹਾਂ ਉਥੇ ਇਕ ਕਮਰਾ ਹੈ ਜਿਸ ਵਿਚ ਕਬਰ ਤੇ ਇਕ ਥੜਾ ਹੈ ਜਿਸ ਤੇ ਅਰਬੀ ਵਿਚ ਲਿਖਿਆ ਸਿਲ ਲੇਖ ਹੈ। ਥੜਾ ਢਾਈ ਫੁੱਟ ਉੱਚਾ 3' ਗੁਣਾ 4 ਫੁਟ ਚੌੜਾ ਲੰਮਾ ਹੈ। (ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਇਥੇ ਗੁਰੂ ਸਾਹਿਬ ਬੈਠੇ ਸਨ।)

ਸਿਲ ਲੇਖ ਜੋ ਤੁਰਕੀ ਭਾਸ਼ਾ ਵਿਚ ਸੀ ਦਾ ਮਤਲਬ ਕੁਝ ਇਸਤਰਾਂ ਨਿਕਲਦਾ ਹੈ:-

> ਜਦੋਂ ਉਸ ਵੇਖਿਆ ਕਿ ਹਜ਼ਰਤ ਰਬੀ ਮਜੀਦ ਬਾਬਾ ਨਾਨਕ, ਫਕੀਰ ਔਲੀਆ ਦੀ ਇਹ ਯਾਦਗਾਰ ਢਹਿ ਚੁੱਕੀ ਹੈ ਤਾਂ ਸਯਦ ਮੁਰਾਦ ਨੇ ਬਖਸ਼ਸ਼ਾਂ ਹਾਸਲ ਕਰਨ ਲਈ, ਆਪਣੇ ਹੱਥੀ ਇਹ ਇਮਾਰਤ ਬਣਾਈ ਤਾਂ ਕਿ ਆਉਣ ਵਾਲੀਆਂ ਪੀੜੀਆਂ ਲਈ ਸਾਂਭੀ ਰਹੇ। ਸਾਲ 917 ਹਿਜਰੀ।

ਇਕ ਗਲ ਤਾਂ ਬੜੀ ਸਾਫ ਸਪੱਸ਼ਟ ਹੈ ਕਿ ਇਹ ਸਿਲਲੇਖ ਗੁਰੂ ਸਾਹਿਬ ਦੀ ਬਗਦਾਦ ਆਮਦ ਤੋਂ ਬਹੁਤ ਬਾਦ ਵਿਚ ਲਿਖਿਆ ਗਇਆ। ਮਤਲਬ ਉਥੇ ਜਿਹੜੀ ਯਾਦਗਾਰੀ ਇਮਾਰਤ ਸੀ ਉਹ

ਢਹਿ ਚੁੱਕੀ ਸੀ। ਅਮੂਮਨ ਇਮਾਰਤਾਂ 50-100 ਸਾਲ ਕੱਢ ਹੀ ਜਾਂਦੀਆਂ ਹਨ। (ਉਂਜ ਢਹਿਣ ਨੂੰ ਤਾਂ ਕੋਈ ਇਮਾਰਤ ਅਗਲੇ ਵੀ ਦਿਨ ਢਹਿ ਸਕਦੀ ਹੈ।) ਮਤਲਬ ਇਹ ਲੇਖ ਕੋਈ 50-100 ਸਾਲ ਬਾਦ ਹੀ ਹੋਂਦ ਵਿਚ ਆਇਆ ਹੋਵੇਗਾ। ਇਹ ਵੀ ਹੋ ਸਕਦੈ ਸਿੱਖ ਰਾਜ ਦੇ ਹੋਂਦ ਵਿਚ ਆਉਣ ਦੇ ਕਾਲ ਵਿਚ ਇਹ ਲਿਖਿਆ ਗਇਆ ਹੋਵੇ। ਉਹਨੀ ਦਿਨੀ ਪੰਜਾਬੀ ਵਪਾਰੀ ਅਤੇ ਸੂਫੀ ਫਕੀਰ ਆਮ ਹੀ ਬਗਦਾਦ ਤਕ ਆਉਦੇ ਸਨ। ਸੋ ਸਿਲਲੇਖ ਮੌਕੇ ਦਾ ਗਵਾਹ ਨਹੀ ਹੈ। ਇਹਨਾਂ ਕਾਰਨਾਂ ਕਰਕੇ ਇਸ ਵਿਚ ਦਿੱਤਾ ਸਾਲ ਭਰੋਸੇਯੋਗ ਨਹੀ ਰਹਿ ਜਾਂਦਾ।

ਇਸੇ ਸਿਲਲੇਖ ਤੋਂ ਪ੍ਰਭਾਵਤ ਹੋ ਕੇ ਸਭ ਲਿਖਾਰੀਆਂ ਨੇ ਚੌਥੀ ਉਦਾਸੀ ਦੀ ਤਾਰੀਖ 1520 ਈ ਦੇ ਆਸ ਪਾਸ ਜੜ੍ਹ ਦਿੱਤੀ ਜਦੋਂ ਕਿ ਅਸਲ ਵਿਚ ਇਹ 1529-32 ਦੇ ਦਰਮਿਆਨ ਹੈ।

ਇਸ ਬਾਬਤ ਸਭ ਤੋਂ ਪਹਿਲਾਂ ਛਪਣ ਵਾਲੀ ਰਿਪੋਰਟ ਵਿਚ ਸਿਲ ਦੀ ਇਬਾਰਤ ਦਾ ਉਲਥਾ ਸਵਾਮੀ ਅਨੰਦ ਅਚਾਰੀਆ ਨੇ ਆਪਣੀ ਪੁਸਤਕ 'SNOW BIRDS' ਵਿਚ ਵੀ ਕੁਝ ਇਸ ਤਰਾਂ ਕੀਤਾ ਹੈ✚:-

> ਦੇਖੀ ਜਿਸ ਨੇ ਹਜ਼ਰਤ ਬਾਬਾ ਨਾਨਕ ਫਕੀਰ ਦੀ ਦਰਗਾਹ ਰੱਬ ਮਜੀਦ ਨੇ ਉਸ ਨੂੰ ਉਸ ਦੇ ਦਿਲ ਦੀ ਮੁਰਾਦ ਦਿੱਤੀ ਤੇ ਸੱਤਾਂ (ਅਸਮਾਨਾਂ ਦੇ ਫਰਿਸ਼ਤਿਆਂ ਨੇ ਉਸ ਦੀ) ਮਦਦ ਕੀਤੀ ਤੇ ਇਹ ਉਸ (ਇਮਾਰਤ) ਦੀ ਤਾਰੀਖ ਨਿਕਲੀ ਕਿ ਫੈਜ ਦਾ ਚਸ਼ਮਾ (ਆਪਣੇ) ਨੇਕ ਬਖਤ ਮੁਰੀਦਾਂ ਲਈ ਜਾਰੀ ਕਰ ਦਿੱਤਾ।

ਉਤੋ ਦਿੱਤੇ ਤਰਜਮੇ ਤੋਂ ਲਗਦਾ ਹੈ ਕਿ ਜੋ 917 ਹਿਜਰੀ ਲਿਖਿਆ ਹੈ ਉਹ ਉਸ ਯਾਦਗਾਰੀ ਇਮਾਰਤ ਦਾ ਉਸਾਰੀ ਸਾਲ ਹੈ ਜੋ ਢਹਿ ਚੁੱਕੀ ਸੀ। ਸੋ ਇਮਾਰਤ ਉਸਾਰੀ ਦਾ ਸਾਲ ਗੁਰੂ ਸਾਹਿਬ ਦੀ ਆਮਦ ਦਾ ਸਾਲ ਹੋਣਾ ਉਂਜ ਵੀ ਜਰੂਰੀ ਨਹੀ। ਇਸ ਵਿਚ 917 ਹਿਜਰੀ ਭਾਵ 1511 ਈ. ਦਿੱਤਾ ਹੈ ਜਦੋਂ ਅਜੇ ਗੁਰੂ ਸਾਹਿਬ ਆਪਣੀ ਪੂਰਬ ਦੀ ਉਦਾਸੀ ਵਿਚ ਬੰਗਾਲ-ਬਿਹਾਰ-ਉੜੀਸਾ ਵਿਚ ਸਨ।

ਸੋ ਇਹ ਸਿਲ ਗੁਰੂ ਸਾਹਿਬ ਦੀ ਆਮਦ ਤੋਂ ਬਹੁਤ ਬਾਦ ਵਿਚ ਲਿਖੀ ਗਈ ਸੀ। ਹੋ ਸਕਦਾ ਸਦੀ ਡੇਢ ਬਾਦ ਵਿਚ ਹੋਵੇ ਜਦੋਂ ਇਮਾਰਤ ਡਿੱਗ ਪਈ ਸੀ ਤਾਂ।

ਮੌਜੂਦਾ ਹਾਲਾਤ

ਤਾਜਾ ਰਪਟਾਂ ਅਨੁਸਾਰ ਗੁਰੂ ਸਾਹਿਬ ਦੀ ਯਾਦਗਾਰ ਤੇ ਆਈ ਐਸ ਐਸ ਐਸ ਦੇ ਬਗਦਾਦ ਦੇ ਕਬਜੇ ਦੌਰਾਨ ਜਾਣ ਬੁੱਝ ਕੇ

1.ਇਰਾਕੀਆਂ ਪੀਰ ਬਹਿਲੋਲ ਦਾਨਾ ਦਾ ਮਕਬਰਾ ਤਾਂ ਵਧੀਆ ਬਣਾ ਲਿਆ ਹੈ। ਜਿਹੜੀ ਕੰਧ ਨਜਰ ਆ ਰਹੀ ਹੈ ਇਹ ਗੁਰਦੁਆਰਾ ਸਾਹਿਬ ਨਾਲ ਸਾਂਝੀ ਹੈ। 2.ਉਹ ਥੜਾ ਸਾਹਿਬ ਮਿਟਾ ਦਿਤਾ ਗਇਆ ਹੈ। ਜਿਥੇ ਕਿਸੇ ਵੇਲੇ ਗਿਆਨੀ ਸੰਤ ਸਿੰਘ ਮਸਕੀਨ ਨੇ ਥੜਾ ਸਾਹਿਬ ਦੇ ਦਰਸ਼ਨ ਕੀਤੇ ਸਨ।

3. ਨਵੰਬਰ 2017 ਵਿਚ ਇਕ ਸਿੱਖ ਨੇ ਇਸ ਸਥਾਨ ਬਾਰੇ ਵੀਡਿਓ ਯੂਟਿਊਬ ਤੇ ਪਾਈ ਹੈ ਉਸ ਮੁਤਾਬਿਕ ਉਸ ਦੀ ਫੋਟੋ ਤੋਂ ਪਿਛੇ ਜੋ ਕੰਧ ਦਿਖਾਈ ਦੇ ਰਹੀ ਹੈ ਇਥੇ ਥੜਾ ਤੇ ਸਿਲਲੇਖ ਹੁੰਦਾ ਸੀ।

ਬੰਬਾਰੀ ਕੀਤੀ ਗਈ। ਜਿਸ ਨਾਲ ਯਾਦਗਾਰ ਨੂੰ ਭਾਰੀ ਨੁਕਸਾਨ ਪਹੁੰਚਾ ਹੈ। ਯਾਦਗਾਰ ਵਿਚ ਉਹ ਸਿਲ ਜਿਸ ਤੇ ਇਬਾਰਤ ਲਿਖੀ ਹੋਈ ਸੀ, ਢਾਹ ਦਿੱਤਾ ਗਇਆ ਸੀ। ਭਾਰਤੀ ਰਸਾਲੇ ਆਉਟਲੁੱਕ ਇੰਡੀਆ ਵਿਚ 25 ਮਈ 2007 ਨੂੰ ਇਕ ਖਬਰ ਵੀ ਛਪੀ ਹੈ:-

"ਈਰਾਕੀ ਕੌਮੀ ਲੀਡਰ ਅਹਿਮਦ ਚਲਾਬੀ ਦੇ ਹਵਾਲੇ ਨਾਲ ਇਹ ਖਬਰ ਦਿੱਤੀ ਜਾਂਦੀ ਹੈ ਕਿ ਗੁਰੂ ਨਾਨਕ ਦਾ ਗੁਰਦੁਆਰਾ ਜੋ ਦਜਲਾ ਨਦੀ ਕੰਢੇ ਸੀ ਉਸ ਨੂੰ ਦੁਬਾਰਾ ਉਸਾਰਨ ਲਈ ਇਰਾਕੀ ਸਰਕਾਰ ਵਚਨ ਬੱਧ ਹੈ। ਉਸ ਕਿਹਾ ਕਿ ਇਹ ਦੁਖਦਾਇਕ ਗਲ ਹੈ ਕਿ ਕੁਝ ਕੱਟੜ ਫਿਰਕਾਪ੍ਰਸਤ ਲੋਕਾਂ ਨੇ ਸਮਝਿਆ ਸੀ ਕਿ ਇਹ ਅਸਥਾਨ ਇਸਲਾਮ ਦੇ ਵਿਰੁਧ ਹੈ। ਪਰ ਓਨਾਂ ਮੂਰਖਾਂ ਨੇ ਇਹ ਅਹਿਸਾਸ ਨਾਂ ਕੀਤਾ ਕਿ ਇਸ ਨੂੰ ਕ੍ਰੋੜਾਂ ਲੋਕ ਮੰਨਦੇ ਹਨ। ਲੀਡਰ ਨੇ ਇਨਕਾਰ ਕੀਤਾ ਕਿ ਗੁਰਦੁਆਰਾ ਸਾਹਿਬ ਨੂੰ ਈਰਾਕੀ ਫੌਜ ਨੇ ਢਾਹਿਆ ਹੈ, ਉਸ ਕਿਹਾ ਕਿ ਇਹ ਕਿਸੇ ਕੱਟੜ ਨੇ ਤੋਪ ਦੇ ਬੰਬ ਨਾਲ ਉਡਾਇਆ ਸੀ। ਅਸਥਾਨ ਦੀ ਚਾਰ ਦੀਵਾਰੀ ਓਸੇ ਤਰਾਂ ਬਰਕਰਾਰ ਹੈ। ਅਸਥਾਨ ਦੇ ਸੰਗ ਮਰਮਰੀ ਫਰਸ਼ ਨੂੰ ਢਾਹ ਦਿਤਾ ਗਇਆ ਹੈ। ਇਮਾਰਤ ਦੀ ਛੱਤ ਵੀ ਡਿੱਗ ਚੁੱਕੀ ਹੈ। ਜਦੋਂ ਇਹ ਈਰਾਕੀ ਵਜੀਰ ਇਸ ਅਸਥਾਨ ਦੇ ਪਹੁੰਚਿਆ ਤਾਂ ਹਿੰਦੂ ਸੰਤ ਸ਼੍ਰੀ ਸ਼੍ਰੀ ਰਵੀ ਸ਼ੰਕਰ ਉਸ ਦੇ ਨਾਲ ਸੀ।"

ਯੂਟਿਊਬ ਤੇ ਇਸ ਸਬੰਧ ਵਿਚ ਇਕ ਵੀਡੀਓ ਵੀ ਮੌਜੂਦ ਹੈ •ਜਿਸ ਅਨੁਸਾਰ ਸੰਨ 2002-3 ਵੇਲੇ ਇਸ ਯਾਦਗਾਰ ਨੂੰ ਬੰਬਾਂ ਨਾਲ ਢਾਹਿਆ ਗਇਆ ਸੀ। ਮੰਜੀ ਸਾਹਿਬ ਢਾਹ ਦਿਤਾ ਗਇਆ ਹੈ ਤੇ ਉਹ ਸਿਲਲੇਖ ਵੀ ਫਨਾਹ ਕਰ ਦਿਤਾ ਹੈ। ਸਰਕਾਰੀ ਸੰਤ ਸ਼੍ਰੀ ਸ਼੍ਰੀ ਨੇ ਉਂਜ ਰਿਪੋਰਟ ਗੋਲ ਮੋਲ ਜਿਹੀ ਦਿੱਤੀ ਸੀ। ਲਗਦਾ ਸੀ ਕਿ ਸ਼੍ਰੀ ਸ਼੍ਰੀ ਨੂੰ ਭਾਰਤ ਸਰਕਾਰ ਵਲੋਂ ਭੇਜਿਆ ਗਿਆ ਸੀ। ਸੁਣਿਐ ਹੈ ਸ਼੍ਰੀ ਸ਼੍ਰੀ ਵੀ ਬਾਹਰ ਦੇ ਸਿੱਖਾਂ ਨੂੰ ਇਹ ਪ੍ਰਭਾਵ ਕਿਤੇ ਦਿੰਦਾ ਹੈ ਕਿ ਉਹ ਸਿੱਖੀ ਦਾ ਥੈਰਖਵਾਹ ਹੈ।

—▲—

ਪੈਰ ਸਫਾ

* ਗਿਆਨੀ

■ ਪਪ-340, ਨਾਲੇ ਵੇਖੋ ਸੂਰਜ ਪ੍ਰਕਾਸ਼- 1053, ✚ ਸੂਰਜ ਪ੍ਰਕਾਸ਼- 1053

• ਆਉਟਲੁੱਕ ਰਸਾਲੇ ਦੇ ਸਿੱਖ ਪਤ੍ਰਕਾਰ ਨੂੰ ਅਸਾਂ ਹੋਰ ਜਾਣਕਾਰੀ ਲੈਣ ਲਈ ਈਮੇਲ ਕੀਤੀ ਪਰ ਉਸ ਨੇ ਕੋਈ ਜਵਾਬ ਨਹੀ ਦਿੱਤਾ। ਵੇਖੋ ਵੀਡੀਓ:
https://www.youtube.com/watch?v=vmARHlNum48

ਬਗਦਾਦ ਤੋਂ ਵਾਪਸੀ ਅਤੇ ਮਰਦਾਨੇ ਦਾ ਚਲਾਣਾ

ਖੁਰਮਾਬਾਦ ਵਿਖੇ ਭਾਈ ਮਰਦਾਨੇ ਦਾ ਚਲਾਣਾ

ਨਵੰਬਰ ਦਸੰਬਰ (ਭਰ ਸਰਦੀ ਦੇ ਦਿਨ)॰

ਗੁਰੂ ਸਾਹਿਬ ਬਗਦਾਦ ਵਿਚ ਕੋਈ ਪੰਜ- ਛੇ ਮਹੀਨੇ ਰਹੇ। ਕੁਝ ਲਿਖਾਰੀਆਂ ਦਾ ਮੰਨਣਾ ਹੈ ਕਿ ਸਾਹਿਬ ਇਥੇ ਲੱਗ ਪੱਗ ਸਾਲ ਰਹੇ। ਇਥੇ ਮਰਦਾਨੇ ਦੀ ਸਿਹਤ ਕੁਝ ਖਰਾਬ ਹੋ ਗਈ। ਰਾਜੇ ਦੇ ਹਕੀਮਾਂ ਨੇ ਇਲਾਜ ਕੀਤਾ। ਸਮਾਂ ਪਾ ਕੇ ਜਦੋਂ ਠੀਕ ਹੋਇਆ ਤਾਂ ਕਾਹਲਾ ਪੈ ਗਇਆ ਕਿ ਬਾਬਾ ਹੁਣ ਹੋਰ ਨਹੀ ਬਸ ਘਰ ਚਲੀਏ। ਚਾਰੇ ਪੰਜਾਬ ਨੂੰ ਰਵਾਨਾ ਹੋ ਤੁਰੇ।

ਬਾਲਾ ਦਾ ਦਰਬੇਲਾ ਜਾਂ ਦਰਬ ਏ ਰਿਕਾ ਦੀਆਂ ਪਹਾੜੀਆਂ ਜਿਥੇ ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਤੇਰੇ ਚਲਾਣੇ ਦਾ ਵੇਲਾ ਆ ਗਇਆ ਹੈ।

ਕਿਉਕਿ ਗੁਰੂ ਸਾਹਿਬ ਨਾਲ ਇਕ ਜਣਾ ਭਾਵ ਰੁਕੁਨੁਦੀਨ ਜਾਂ ਸ਼ੇਖ ਬਹਾਵਦੀ ਮੁਲਤਾਨ ਤੋਂ ਸੀ ਇਸ ਕਰਕੇ ਇਹੋ ਤਹਿ ਕੀਤਾ ਕਿ ਲਹੌਰ ਦਾ ਰਾਹ ਅਖਤਿਆਰ ਕਰਨ ਬਿਜਾਏ ਮੁਲਤਾਨ ਦਾ ਰਾਹ ਫੜਿਆ ਜਾਵੇ। ਉਂਜ ਵੀ ਓਨੀ ਦਿਨੀ ਜਿਆਦਾ ਆਵਾਜਾਈ ਮੁਲਤਾਨ ਨੂੰ ਸੀ। ਮੁਲਤਾਨ ਹੀ ਭਾਰਤੀ ਉਪ ਮਹਾਂਦੀਪ ਦਾ ਵਪਾਰਕ ਦਰਵਾਜਾ ਗਿਣਿਆ ਜਾਂਦਾ ਸੀ। ਭਾਵ ਪੱਛਮ ਵਲੋਂ ਸਾਰਾ ਵਪਾਰ ਮੁਲਤਾਨ ਦੇ ਜਰੀਏ ਹੀ ਹੁੰਦਾ ਸੀ। ਫਿਰ ਮੁਲਤਾਨ ਦੇ ਰਾਹ ਦੋ ਵੱਡੇ ਸ਼ਹਿਰ ਵੀ ਪੈਣੇ ਸਨ: ਇਸਫਾਹਾਨ ਤੇ ਕੰਧਾਰ।

ਭਾਈ ਮਰਦਾਨਾ ਉਮਰ ਵਿਚ ਗੁਰੂ ਸਾਹਿਬ ਤੋਂ ਤਕਰੀਬਨ 10 ਸਾਲ ਵੱਡਾ ਸੀ। ਬਚਪਨ ਤੋਂ ਹੀ ਉਨ੍ਹੂੰ ਧਾਰਮਿਕ ਲਗਨ ਸੀ। ਜਦੋਂ ਅਜੇ ਗੁਰੂ ਸਾਹਿਬ ਬਚਪਨ ਵਿਚ ਹੀ ਸਨ ਤਾਂ ਮਰਦਾਨਾ ਬਾਬਾ ਜੀ ਨੂੰ ਧਾਰਮਿਕ ਜਲਸਿਆਂ ਵਿਚ ਲੈ ਜਾਇਆ ਕਰਦਾ ਸੀ। ਬਾਬਾ ਜੀ ਜਦੋਂ ਸੁਲਤਾਨਪੁਰ ਵਿਖੇ ਮੋਦੀ ਦਾ ਕੰਮ ਕਰਦੇ ਸਨ ਓਦੋਂ ਵੀ ਮਰਦਾਨਾ ਗੁਰੂ ਸਾਹਿਬ ਕੋਲ ਕੁਝ ਸਮਾਂ ਰਿਹਾ ਸੀ।

ਤਿੰਨ ਲੰਮੀਆਂ ਉਦਾਸੀਆਂ ਕਰਨ ਉਪਰੰਤ ਮਰਦਾਨਾ ਆਪਣੇ ਪ੍ਰਵਾਰ ਕੋਲ ਤਲਵੰਡੀ ਹੁਸ਼ੰਗ ਆ ਗਇਆ ਸੀ।

ਚੌਥੀ ਉਦਾਸੀ ਅਰੰਭ ਕਰਨ ਵੇਲੇ ਗੁਰੂ ਸਾਹਿਬ ਮਰਦਾਨੇ ਨੂੰ ਆਪਣੇ ਨਾਲ ਲਿਜਾਣ ਵਾਸਤੇ ਖੁੱਦ ਉਹਦੇ ਪਿੰਡ ਗਏ ਸਨ। ਕਿਉਕਿ ਵੱਡੀ ਉਮਰ ਹੋਣ ਦੇ ਬਾਵਜੂਦ ਮਰਦਾਨੇ ਨੇ ਮੱਕੇ ਦੀ ਯਾਤਰਾ ਕਰਨ ਦੀ ਇਛਾ ਜ਼ਾਹਿਰ ਕੀਤੀ ਸੀ।

ਬਗਦਾਦ ਰਹਿੰਦਿਆਂ ਹੀ ਮਰਦਾਨੇ ਦੀ ਸਿਹਤ ਕੁਝ ਵਿਗੜ ਚੁੱਕੀ ਸੀ। ਥੋੜਾ ਠੀਕ ਹੋਣ ਤੇ ਮਰਦਾਨੇ ਨੇ ਛੇਤੀ ਘਰ ਪਰਤਣ ਦੀ ਜਿੱਦ ਕੀਤੀ। ਗੁਰੂ ਸਾਹਿਬ ਫਿਰ ਬਗਦਾਦ ਤੋਂ ਖੁਰਮਾਬਾਦ, ਅਲੀ ਗੁਦਾਰ, ਦਰਬਸ਼ਾਹ ਪਹਾੜ ਦੇ ਉਤਰ ਦੀ, ਇਸਫਾਹਨ, ਕਾਬੁਲ, ਪੇਸ਼ਾਵਰ ਹੁੰਦੇ ਹੋਏ ਕੋਈ 3500 ਕਿ. ਮੀ ਦਾ ਪੈਂਡਾ ਤਹਿ ਕਰਕੇ ਕਰਤਾਰਪੁਰ ਪਹੁੰਚਣ ਲਈ ਰਵਾਨਾ ਹੋ ਗਏ। ਬਹੁਤਾ ਕਠਨ ਪਹਾੜੀ ਰਸਤਾ ਸੀ: ਅਨੇਕਾਂ ਦਰਿਆ ਨਾਲੇ ਪਰਬਤ ਪਹਾੜ।

ਬਗਦਾਦ ਤੋਂ ਚਲਿਆਂ ਅਜੇ ਹਫਤਾ ਕੁ ਹੀ ਹੋਇਆ ਸੀ ਤੇ ਇਕ ਉੱਚੀ ਪਹਾੜੀ ਦਾਰਬ ਇ ਰਿਕਾ (ਜਿਹਨੂੰ ਬਾਲੇ ਨੇ ਦਰਬੇਲਾ ਲਿਖਿਆ ਹੈ) ਜਿਥੋਂ ਖੁਰਮਾਬਾਦ ਨੂੰ ਬੜਾ ਕਠਨ ਰਸਤਾ ਜਾਂਦਾ ਸੀ ਤੇ ਪਹੁੰਚ ਮਰਦਾਨੇ ਦੀ ਸਿਹਤ ਜਿਆਦਾ ਹੀ ਵਿਗੜ ਗਈ। ਪਰਬਤ ਤੇ ਕੋਈ ਟਿਕਾਣਾ ਵੇਖ ਓਥੇ ਹੀ ਚਾਰੇ ਜਾਣੇ ਅਰਾਮ ਲਈ ਬਹਿ ਗਏ।

ਜਦੋਂ ਮਰਦਾਨੇ ਦੀ ਤਕਲੀਫ ਵਧੀ ਤਾਂ ਬਾਰ ਬਾਰ ਇਹੋ ਦੁਹਾਈ ਦੇਵੇ 'ਹਾਏ ਉਹ ਰੱਬਾ ਚੁੱਕ ਲੈ ਮੈਨੂੰ'।

ਨਾਲ ਦੇ ਸਾਥੀਆਂ ਨੇ ਬਾਬਾ ਜੀ ਨੂੰ ਕਿਹਾ ਕਿ ਮਰਦਾਨੇ ਦਾ ਕੁਝ ਕਰੋ ਬਹੁਤ ਤੰਗ ਹੈ। ਗੁਰੂ ਜੀ ਨੇ ਮਜਾਕੀਆ ਲਹਿਜੇ ਵਿਚ ਕਹਿ ਦਿੱਤਾ ਭਾਈ ਇਨੂੰ ਕਾਹਲੀ ਹੀ ਬਹੁਤ ਹੈ। ਬਾਰ ਬਾਰ ਕਹਿ ਰਿਹਾ ਸੀ ਗੁਰੂ ਜੀ ਘਰ ਚਲੀਏ, ਘਰ ਚਲੀਏ, ਭਾਈ ਇਹ ਘਰ ਜਾਣ ਦੀ ਤਿਆਰੀ ਹੋ ਰਹੀ ਹੈ।

ਮਰਦਾਨਾ ਇਕ ਦਮ ਤ੍ਰਬਕਿਆ। 'ਹੈਂ ਗੁਰੂ ਜੀ'।

ਗੁਰੂ ਸਾਹਿਬ ਨੇ ਕਿਹਾ 'ਹਾਂ ਭਾਈ'।

ਮਰਦਾਨਾ ਬੋਲ ਉਠਿਆ, 'ਨਹੀ ਗੁਰੂ ਜੀ ਇਸ ਤਰਾਂ ਨਾਂ ਕਰੋ। ਮੈਨੂੰ ਆਪਣੇ ਚਰਨਾਂ ਦੇ ਨਾਲ ਹੀ ਰੱਖੋ। ਮੈਂ ਭੁੱਖੇ ਪਿਆਸੇ ਰਹਿ ਕੇ ਵੀ ਤੁਹਾਡਾ ਸਾਥ ਨਹੀ ਛੱਡਿਆ। ਹੁਣ ਇਸ ਤਰਾਂ ਨਾਂ ਕਰੋ।'

ਗੁਰੂ ਸਾਹਿਬ ਕਹਿਣ ਲੱਗੇ ਮਰਦਾਨਿਆ ਤੂੰ ਤਾਂ ਗਿਆਨਵਾਨ ਹੈਂ। ਓਥੇ ਤਾਂ ਸਦੀਵੀ ਅਨੰਦ ਹੈ। ਇਹ ਸਰੀਰ ਦੁਖਾਂ ਤਕਲੀਫਾਂ ਦਾ ਘਰ ਹੈ। ਅਸੀ ਵੀ ਤਾਂ ਛੇਤੀ ਓਸੇ ਘਰ ਚਲੇ ਆਉਣਾ। ਭਾਈ ਕਿਉ ਤੂੰ ਭੁਲ ਰਿਹਾ ਹੈ, ਰੋਜ ਸਵੇਰੇ ਆਪੇ ਹੀ ਤੇ ਪੜ੍ਹਨੇ," ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥ "

ਮਰਦਾਨੇ ਦਾ ਚਿਹਰਾ ਇਕ ਦਮ ਜਗ ਮਗਾ ਉਠਿਆ।

"ਨਹੀ ਬਾਬਾ ਜੀ ਤਾਂ ਮਖੌਲ ਕਰ ਰਿਹਾ ਸੀ, ਓਥੇ ਤਾਂ ਹਰ ਕਿਸੇ ਨੇ ਪਹੁੰਚਣਾ ਹੈ। ਮੇਰੀ ਭੁੱਖ ਪਿਆਸ ਤਾਂ ਜਰੀਆ ਸੀ ਅਕਾਲ ਪੁਰਖ ਦਾ ਸੁਨੇਹਾ ਲੋਕਾਈ ਤੱਕ ਪਹੁੰਚਾਉਣ ਲਈ। ਗੁਰੂ ਜੀ ਇਹ ਮਿਰਾਸੀ ਤਾਂ ਭਾਗਾਂ ਵਾਲਾ ਹੈ ਜਿਸ ਨੂੰ ਨਿਰੰਕਾਰ ਸਰੂਪ ਦੇ ਚਰਨਾਂ ਵਿਚ ਰਹਿਣ ਦਾ ਮੌਕਾ ਮਿਲਿਆ ਹੈ। ਸਾਖਸ਼ਾਤ ਅਕਾਲ ਪੁਰਖ ਦੇ ਚਰਨਾਂ ਤੋਂ ਵਿਛੜਦਿਆਂ ਮੰਨ ਨੂੰ ਧੂ ਤਾਂ ਪੈਂਦੀ ਹੈ। ਮੌਤ ਤੋਂ ਕੌਣ ਡਰਦਾ ਹੈ?"

ਗੁਰੂ ਸਾਹਿਬ ਨੇ ਮਰਦਾਨੇ ਨੂੰ ਗਲ ਨਾਲ ਲਾਇਆ। ਵਿਛੋੜੇ ਦੇ ਦਰਿਆ ਹਰ ਕਿਸੇ ਦੀ ਅੱਖ ਵਿਚੋ ਵਹਿ ਰਹੇ ਸਨ।

ਮਰਦਾਨੇ ਨੇ ਕਿਹਾ "ਗੁਰੂ ਜੀ! ਤੁਸੀ ਵੀ?"

ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਇਹ ਸਰੀਰ ਕੁਦਰਤ ਦੇ ਅਸੂਲਾਂ ਤਹਿਤ ਹੈ।

ਫਿਰ ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਉਠ ਤਾਰ ਕੱਸ।

ਮਰਦਾਨੇ ਦੇ ਦੁੱਖ ਦਰਦ ਪੀੜਾ ਪਤਾ ਨਹੀ ਕਿਥੇ ਚਲੇ ਗਏ। ਮਰਦਾਨਾ ਤਾਂ ਇਕ ਦਮ ਅਨੰਦ ਵਾਲੀ ਅਵਸਥਾ ਵਿਚ ਸੀ। ਸਰੀਰ ਵਿਚ ਪਤਾ ਨਹੀ ਕਿਥੋਂ ਤਾਕਤ ਆ ਗਈ।

ਗੁਰੂ ਸਾਹਿਬ ਨੇ ਕਿਹਾ ਸੋਰਠ ਦੀ ਧੁਨਿ ਵਜਾ। ਸ਼ਬਦ ਆਇਆ:

ਸੋਰਠਿ ਮਹਲਾ ੧ ॥ ਜਿਨੀ ਸਤਿਗੁਰੁ ਸੇਵਿਆ ਪਿਆਰੇ ਤਿਨ ਕੇ ਸਾਥ ਤਰੇ ॥ ਤਿਨਾ ਠਾਕ ਨ ਪਾਈਐ ਪਿਆਰੇ ਅੰਮ੍ਰਿਤ ਰਸਨ ਹਰੇ ॥ ਬੂਡੇ ਭਾਰੇ ਭੈ ਬਿਨਾ ਪਿਆਰੇ ਤਾਰੇ ਨਦਰਿ ਕਰੇ ॥੧॥ ਭੀ ਤੂਹੈ ਸਾਲਾਹਣਾ ਪਿਆਰੇ ਭੀ ਤੇਰੀ ਸਾਲਾਹ ॥ ਵਿਣੁ ਬੋਹਿਥ ਭੈ ਡੁਬੀਐ ਪਿਆਰੇ ਕੰਧੀ ਪਾਇ ਕਹਾਹ ॥੧॥ ਰਹਾਉ ॥ ਸਾਲਾਹੀ ਸਾਲਾਹਣਾ ਪਿਆਰੇ ਦੂਜਾ ਅਵਰੁ ਨ ਕੋਇ ॥ ਮੇਰੇ ਪ੍ਰਭ ਸਾਲਾਹਨਿ ਸੇ ਭਲੇ ਪਿਆਰੇ ਸਬਦਿ ਰਤੇ ਰੰਗੁ ਹੋਇ ॥ ਤਿਸ ਕੀ ਸੰਗਤਿ ਜੇ ਮਿਲੈ ਪਿਆਰੇ ਰਸੁ ਲੈ ਤਤੁ ਵਿਲੋਇ ॥੨॥ ਪਤਿ ਪਰਵਾਨਾ ਸਾਚ ਕਾ ਪਿਆਰੇ ਨਾਮੁ ਸਚਾ ਨੀਸਾਣੁ ॥ ਆਇਆ ਲਿਖਿ ਲੈ ਜਾਵਣਾ ਪਿਆਰੇ ਹੁਕਮੀ ਹੁਕਮੁ ਪਛਾਣੁ ॥ ਗੁਰ ਬਿਨੁ ਹੁਕਮੁ ਨ ਬੂਝੀਐ ਪਿਆਰੇ ਸਾਚੇ ਸਾਚਾ ਤਾਣੁ ॥੩॥ ਹੁਕਮੈ ਅੰਦਰਿ ਨਿੰਮਿਆ ਪਿਆਰੇ ਹੁਕਮੈ ਉਦਰ ਮਝਾਰਿ ॥ ਹੁਕਮੈ ਅੰਦਰਿ ਜੰਮਿਆ ਪਿਆਰੇ ਊਧਉ ਸਿਰ ਕੈ ਭਾਰਿ ॥ ਗੁਰਮੁਖਿ ਦਰਗਹ ਜਾਣੀਐ ਪਿਆਰੇ ਚਲੈ ਕਾਰਜ ਸਾਰਿ ॥੪॥ ਹੁਕਮੈ ਅੰਦਰਿ ਆਇਆ ਪਿਆਰੇ ਹੁਕਮੇ ਜਾਦੋ ਜਾਇ ॥ ਹੁਕਮੇ ਬੰਨਿ ਚਲਾਈਐ ਪਿਆਰੇ ਮਨਮੁਖਿ ਲਹੈ ਸਜਾਇ ॥ ਹੁਕਮੇ ਸਬਦਿ ਪਛਾਣੀਐ ਪਿਆਰੇ ਦਰਗਹ ਪੈਧਾ ਜਾਇ ॥੫॥ ਹੁਕਮੇ ਗਣਤ ਗਣਾਈਐ ਪਿਆਰੇ ਹੁਕਮੇ ਹਉਮੈ ਦੋਇ ॥ ਹੁਕਮੇ ਭਵੈ ਭਵਾਈਐ ਪਿਆਰੇ ਅਵਗਣਿ ਮੁਠੀ ਰੋਇ ॥ ਹੁਕਮੁ ਸਿਞਾਪੈ ਸਾਹ ਕਾ ਪਿਆਰੇ ਸਚੁ ਮਿਲੈ ਵਡਿਆਈ ਹੋਇ ॥੬॥ ਆਖਣਿ ਅਉਖਾ ਆਖੀਐ ਪਿਆਰੇ ਕਿਉ ਸੁਣੀਐ ਸਚੁ ਨਾਉ ॥ ਜਿਨੀ ਸੋ ਸਾਲਾਹਿਆ ਪਿਆਰੇ ਹਉ ਤਿਨ ਬਲਿਹਾਰੈ ਜਾਉ ॥ ਨਾਉ ਮਿਲੈ ਸੰਤੋਖੀਆਂ ਪਿਆਰੇ ਨਦਰੀ ਮੋਲਿ ਮਿਲਾਉ ॥੭॥ ਕਾਇਆ ਕਾਗਦੁ ਜੇ ਥੀਐ ਪਿਆਰੇ ਮਨੁ ਮਸਵਾਣੀ ਧਾਰਿ ॥ ਲਲਤਾ ਲੇਖਣਿ ਸਚ ਕੀ ਪਿਆਰੇ ਹਰਿ ਗੁਣ ਲਿਖਹੁ ਵੀਚਾਰਿ ॥ ਧਨੁ ਲੇਖਾਰੀ ਨਾਨਕਾ ਪਿਆਰੇ ਸਾਚੁ ਲਿਖੈ ਉਰਿ ਧਾਰਿ ॥੮॥੩॥

ਲੰਮਾ ਸਮਾਂ ਸ਼ਬਦ ਚਲਿਆ। ਮਰਦਾਨੇ ਦੀ ਰਬਾਬ ਨੇ ਪਰਬਤ ਗੂੰਜਣ ਲਾ ਦਿੱਤੇ। ਹਰ ਪਾਸੇ ਚਹਿਲ ਪਹਿਲ ਹੋ ਗਈ। ਇਸ ਜੰਗਲ ਪਰਬਤ ਦੇ ਪਸ਼ੂ ਪੰਛੀ ਸਭ ਅਨੰਦ ਵਿਚ ਸਨ। ਫਿਰ ਸਭ ਸੌਂ ਗਏ।

ਅੰਮ੍ਰਿਤ ਵੇਲਾ ਹੋਇਆ। ਗੁਰੂ ਸਾਹਿਬ ਨੇ ਮਰਦਾਨੇ ਨੂੰ ਜਗਾਇਆ। ਮਰਦਾਨੇ ਅੰਮ੍ਰਿਤ ਵੇਲੇ ਦੀਆਂ ਬਾਣੀਆਂ ਗਾਈਆਂ। ਭੋਗ ਪਾਇਆ।

ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਚਲੋ ਭਾਈ ਰਵਾਨਾ ਹੋਵੀਏ।

ਪੈੜ ਸਫ਼ਾ

◉ ਕਿਉਕਿ ਕੰਧਾਰ ਵਿਖੇ ਕੜਾਕੇ ਦੀ ਠੰਡ ਹੈ। ਬਰਫ ਜੰਮੀ ਹੋਈ ਹੈ।

ਬਾਲਾ ਜਨਮਸਾਖੀ (ਬਾਲਾ-262) ਮੁਤਾਬਿਕ ਇਸ ਉਪਰੰਤ ਗੁਰੂ ਸਾਹਿਬ ਚਮਤਕਾਰੀ ਭਾਵ ਅੱਖ ਦੇ ਫੋਰ ਨਾਲ ਹੀ ਤਲਵੰਡੀ ਬਾਲੇ ਦੇ ਖੂਹ ਪਹੁੰਚੇ ਗਏ ਤੇ ਬਾਲੇ ਨੂੰ ਹੁਕਮ ਕੀਤਾ ਕਿ ਜਾ ਮਰਦਾਨੇ ਦੇ ਪੁੱਤਰ ਸ਼ਹਿਜਾਦੇ ਨੂੰ ਸਾਡੇ ਕੋਲ ਇਥੇ ਖੂਹ ਤੇ ਹੀ ਸੱਦ ਲਿਆ। ਬਾਲਾ ਨੇ ਬੇਨਤੀ ਕੀਤੀ ਕਿ ਤੁਹਾਨੂੰ ਵੀ ਚਾਹੀਦਾ ਕਿ ਪਿੰਡ ਵਿਚ ਫੇਰਾ ਪਾਓ। ਗੁਰੂ ਸਾਹਿਬ ਨੇ ਕਿਹਾ ਕਿ ਪਿੰਡ ਵਿਚ ਹੁਣ ਨਾ ਤਾਂ ਰਾਇ ਬੁਲਾਰ ਰਿਹਾ ਨਾਂ ਪਿਤਾ ਕਾਲੂ ਅਤੇ ਨਾਂ ਹੀ ਮਾਤਾ ਤ੍ਰਿਪਤਾ। ਮਰਦਾਨੇ ਦੀ ਘਰ ਦੀ ਵੀ ਜਾ ਚੁੱਕੀ ਹੋਈ ਹੈ। ਹੋਰ ਕਿਸੇ ਨੂੰ ਕੋਈ ਖਾਸ ਖਿੱਚ ਨਹੀ। ਹਾਂ ਚਾਚਾ ਲਾਲੂ ਬਚਿਆ ਹੈ ਪਰ ਉਨੂੰ ਰੂਹਾਨੀਅਤ ਦੀਆਂ ਗੱਲਾਂ ਨਾਲ ਕੋਈ ਵਾਸਤਾ ਨਹੀ। ਜੇ ਮੈਂ ਪਿੰਡ ਗਇਆ ਤਾਂ ਐਵੇ ਚੰਬੜੇਗਾ। ਜਮੀਨ ਜਾਇਦਾਦਾਂ ਦੀਆਂ ਗੱਲਾਂ ਕਰਕੇ ਐਵੇ ਮੇਰਾ ਸਿਰ ਖੱਪਾਏਗਾ। ਮੈਂ ਐਤਕਾ ਪਿੰਡ ਨਹੀ ਜਾਣਾ। ਤੂੰ ਚੁੱਪ ਚੁੱਪੀਤੇ ਸ਼ਹਿਜਾਦੇ ਨੂੰ ਸੱਦ ਲਿਆ।

ਭਾਈ ਮਰਦਾਨੇ ਦੇ ਚਲਾਣੇ ਦੇ ਪਤੇ ਟਿਕਾਣੇ ਬਾਰੇ ਕੋਈ ਸ਼ੱਕ ਰਹਿ ਹੀ ਨਹੀ ਜਾਂਦਾ। ਬਾਲਾ ਜਨਮ ਸਾਖੀ ਨੇ ਜੋ ਇਸ਼ਾਰੇ ਦਿੱਤੇ ਹਨ ਉਹ ਨਕਸ਼ੇ ਤੇ ਪੂਰੇ ਉਤਰਦੇ ਹਨ। ਖੁਰਮਾਬਾਦ ਹੋਰ ਵੀ ਹੈਨ ਪਰ ਲੋਰਿਸਤਾਨ ਵਾਲਾ ਖੁਰਮਾਬਾਦ ਹੀ ਪੁਰਾਣਾ ਸ਼ਹਿਰ ਹੈ ਅਤੇ ਬਗਦਾਦ ਤੋਂ ਮੁਲਤਾਨ ਦੇ ਐਨ ਰਾਹ ਵਿਚ ਪੈਂਦਾ ਹੈ।

ਮਨ੍ਹੇਰ ਦਾ ਵੇਲਾ ਸੀ। ਬਾਲਾ ਦਿੱਤੇ ਹੁਕਮ ਮੁਤਾਬਿਕ ਸ਼ਹਿਜਾਦੇ ਨੂੰ ਸੱਦ ਲਿਆਇਆ। ਗੁਰੂ ਸਾਹਿਬ ਨੇ ਸ਼ਹਿਜਾਦੇ ਨੂੰ ਮਰਦਾਨੇ ਦੇ ਚਲਾਣੇ ਦੀ ਸਾਰੀ ਗਲ ਦੱਸੀ। ਜਦੋਂ ਬਾਰ ਬਾਰ ਸ਼ਹਿਜਾਦੇ ਨੇ ਜਾਨਣਾ ਚਾਹਿਆ ਕਿ ਮੇਰਾ ਪਿਓ ਕਿਥੇ ਰਹਿ ਗਇਆ ਤਾਂ ਗੁਰੂ ਸਾਹਿਬ ਨੇ ਕਿਰਪਾ ਦ੍ਰਿਸ਼ਟੀ ਕਰਕੇ ਅੱਖ ਦੇ ਫੋਰ ਵਿਚ ਸ਼ਹਿਜਾਦੇ ਨੂੰ ਵੀ ਆਪਣੇ ਨਾਲ ਖੁਰਮਾਬਾਦ ਲੈ ਆਂਦਾ।

ਫਿਰ ਸ਼ਹਿਜਾਦੇ ਨੂੰ ਕਿਹਾ ਕਿ ਬੇਝੱਕ ਇਥੇ ਰਹੋ। ਇਥੇ ਜੇ ਰਹੇਗਾ ਤਾਂ ਇਥੇ ਤੇਰੀ ਸਿੱਖੀ ਸੇਵਕੀ ਹੋਵੇਗੀ। ਸ਼ਹਿਜਾਦਾ ਕਹਿਣ ਲੱਗਾ ਕਿ ਗੁਰੂ ਜੀ ਇਥੇ ਮੈਂ ਕਿਸ ਦੇ ਆਸਰੇ ਰਹਾਂਗਾ ਨਾਂ ਕੋਈ ਜਾਣ ਨਾਂ ਪਛਾਣ, ਬੋਲੀ ਇਥੋਂ ਦੀ ਵੱਖਰੀ। ਗੁਰੂ ਸਾਹਿਬ ਨੇ ਕਿਹਾ ਕਿ ਇਥੇ ਤੇਰੀ ਜਾਣ ਪਛਾਣ ਸਭ ਹੋ ਜਾਏਗੀ। ਬੋਲੀ ਵੀ ਆ ਜਾਏਗੀ। ਫਿਰ ਸ਼ਹਿਜਾਦਾ ਕਹਿਣ ਲੱਗਾ ਕਿ ਗੁਰੂ ਜੀ ਟੱਬਰ ਪ੍ਰਵਾਰ ਦਾ ਕੀ ਕਰਾਂ? ਗੁਰੂ ਸਾਹਿਬ ਨੇ ਕਿਹਾ ਕਿ ਵਕਤ ਪਾ ਕੇ ਟੱਬਰ ਵੀ ਇਥੇ ਲੈ ਆਵੀਂ ਅਤੇ ਕਿਹਾ ਕਿ ਜਦੋਂ ਵੀ ਤੂੰ ਸਾਨੂੰ ਯਾਦ ਕਰੇਗਾਂ ਅਸੀ ਤੇਰੇ ਨਾਲ ਹੋਵਾਂਗੇ। ਭਰੋਸਿਆਂ ਦੇ ਬਾਵਜੂਦ ਸ਼ਹਿਜਾਦੇ ਨੇ ਆਪਣੇ ਜੱਦੀ ਪਿੰਡ ਤਲਵੰਡੀ ਰਹਿਣ ਨੂੰ ਹੀ ਪਹਿਲ ਦਿੱਤੀ। ਅੱਖ ਦੇ ਫੋਰ ਵਿਚ ਸ਼ਹਿਜਾਦਾ ਤਲਵੰਡੀ ਸੀ।

ਬਾਲਾ ਨੇ ਪਤਾ ਟਿਕਾਣਾ ਲਗਪਗ ਸਾਫ ਸਾਫ ਹੀ ਦਿਤਾ ਹੈ (Coardinates) ਮਰਦਾਨੇ ਦਾ ਚਲਾਣਾ ਖੁਰਮਾਬਾਦ, ਲੋਰੇਸਤਾਨ (ਈਰਾਨ) ਵਿਚ ਹੋਇਆ ਸੀ: ਖੁਰਮਾਬਾਦ ਅਤੇ ਦਰਬੇਲਾ।

ਸੋ ਭਾਈ ਮਰਦਾਨੇ ਦੇ ਚਲਾਣੇ ਬਾਰੇ ਸਾਨੂੰ ਤਾਂ ਕਿਸੇ ਤਰਾਂ ਦਾ ਕੋਈ ਸ਼ੱਕ ਰਹਿ ਹੀ ਨਹੀ ਜਾਂਦਾ ਕਿ ਇਹ ਖੁਰਮਾਬਾਦ ਹੋਇਆ ਸੀ ਫਿਰ ਵੀ ਦੂਸਰੇ ਪੱਖ ਵੀ ਪੇਸ਼ ਕਰਨਾਂ ਬਣਦਾ ਹੈ।

ਮਰਦਾਨੇ ਦੇ ਚਲਾਣੇ ਬਾਰੇ ਸਾਨੂੰ ਖਬਰ ਬਾਲੇ ਵਾਲੀ ਜਨਮ ਸਾਖੀ (ਪੰ. 252 ਅਤੇ 261), ਵਿਚੋਂ ਮਿਲਦੀ ਹੈ। ਬਦਕਿਸਮਤੀ ਨਾਲ ਮਰਦਾਨੇ ਦੇ ਅੰਤਮ ਅਸਥਾਨ ਬਾਰੇ ਵੀ ਵਿਵਾਦ ਹੈ। ਭਾਈ ਮਨੀ ਸਿੰਘ ਵਾਲੀ ਸਾਖੀ ਚਲਾਣਾ ਕਰਤਾਰਪੁਰ ਦਾ ਦਸਦੀ ਹੈ। ਨਾਲੇ ਗਿਆਨੀ (297) ਸਮੇਤ ਅਨੇਕਾਂ ਹੋਰ ਲਿਖਾਰੀਆਂ ਨੇ ਪੇਸ਼ਾਵਰ ਦੇ ਨੇੜੇ ਕੁਰਮ ਇਲਾਕੇ ਵਿਚ ਚਲਾਣਾ ਹੋਣਾ ਲਿਖਿਆ ਹੈ। ਨਾਲੇ ਸਾਲ 1524 ਈ. ਲਿਖਿਆ ਹੋਇਆ ਹੈ ਜੋ ਕਿਸੇ ਤਰਾਂ ਵੀ ਦਰੁਸਤ ਨਹੀ।

ਇਸ ਸਬੰਧ ਵਿਚ ਅਸੀ ਕੁਰਮ ਦੇ ਇਲਾਕੇ ਦੇ ਕੁਝ ਸਿੱਖਾਂ ਨਾਲ ਗਲਬਾਤ ਕੀਤੀ ਤੇ ਪਤਾ ਲਗਾ ਕਿ ਸਥਾਨਕ ਪੱਧਰ ਤੇ ਅਜਿਹੀ ਕੋਈ ਪ੍ਰੰਪਰਾ ਹੀ ਨਹੀ ਕਿ ਮਰਦਾਨੇ ਦਾ ਚਲਾਣਾ ਇਥੇ ਹੋਇਆ ਹੋਵੇ। ਹਾਲਾਂ ਓਥੇ ਗੁਰੂ ਸਾਹਿਬ ਦੇ ਹੋਰ ਯਾਦਗਾਰੀ ਸਥਾਨ ਮੌਜੂਦ ਹਨ। ਫਿਰ ਇਸ ਇਲਾਕੇ ਵਿਚ ਸਿੱਖੀ ਪ੍ਰੰਪਰਾ ਵੀ ਵਧੀਆ ਤਰੀਕੇ ਨਾਲ ਸੀਨਾ ਬਸੀਨਾ ਸਾਂਭੀ ਹੋਈ ਹੈ।

ਨਾਲੇ ਅੰਤ ਵੇਲੇ ਮਰਦਾਨੇ ਦੇ ਖਜੂਰ (ਫਾਰਸੀ: ਖੁਰਮਾ) ਖਾਣ ਦੀ ਗਲ ਵੀ ਹੈ। ਜਿਸ ਕਰਕੇ ਕੁਰਮ ਇਲਾਕੇ ਦੀ ਸੰਭਾਵਨਾ ਨਹੀ ਰਹਿੰਦੀ।

ਫਿਰ ਜਿਹੜਾ ਭਾਈ ਮਨੀ ਸਿੰਘ (616) ਲਿਖਿਆ ਹੈ ਕਿ ਮਰਦਾਨੇ ਦਾ ਚਲਾਣਾ ਕਰਤਾਰਪੁਰ ਹੋਇਆ ਸੀ ਪਰ ਸਾਨੂੰ ਭੁਲਣਾ ਨਹੀ ਚਾਹੀਦਾ ਕਿ ਓਸੇ ਸਾਖੀ ਵਿਚ ਹੇਠ ਲਿਖੀ ਅਬਾਰਤ ਵੀ ਲਿਖੀ ਹੋਈ ਹੈ:-

> "ਫਿਰ ਸਿੱਖਾਂ ਭਾਈ ਮਨੀ ਸਿੰਘ ਥੀਂ ਪੁੱਛਿਆ ਜੀ ਖੁਰਮੇ ਦੇਸ ਵਿਚ ਮਰਦਾਨੇ ਦੀ ਕਬਰ ਜਨਮ-ਗੋਸਟ ਵਿਚ ਲਿਖੀ ਹੈ ਅਰ ਸਿੱਖ ਦੇਖ ਆਏ ਹਨ ਤਾਂ ਭਾਈ ਮਨੀ ਸਿੰਘ ਨੇ ਕਹਿਆ ਜੋ ਸਾਹਿਬਾਂ ਬਚਨ ਕੀਤਾ ਸੀ ਕਿ ਤੇਰੀ ਮੜੀ ਪੁਜਾਈਏ ਜੋ ਓਨਾਂ ਦੇ ਵਚਨਾਂ ਕਰ ਇਉ ਭੀ ਹੋਇਆ ਹੋਵੇਗਾ।"

ਸੋ ਭਾਈ ਮਨੀ ਸਿੰਘ ਜੀ ਨੇ ਮੰਨਿਆ ਹੈ ਕਿ ਚਲਾਣਾ ਖੁਰਮੇ ਹੋਣ ਦੀ ਵੀ ਸੰਭਾਵਨਾ ਹੈ ਪਰ ਮਰਦਾਨੇ ਨੂੰ ਸਾੜਿਆ ਗਇਆ ਸੀ।

ਇਸ ਪ੍ਰਕਾਰ ਇਹ ਗਲ ਤਾਂ ਸਾਫ ਹੋ ਜਾਂਦੀ ਹੈ ਕਿ ਮਰਦਾਨੇ ਦਾ ਚਲਾਣਾ ਖੁਰਮੇ ਹੋਇਆ ਸੀ। ਬਾਕੀ ਜਿਹੜਾ ਦਫਨਾਉਣ ਨਾਲੋ ਸਾੜਨਾ ਲਿਖਿਆ ਹੈ ਉਥੇ ਅਸੀ ਵੀ ਸਹਿਮਤ ਹਾਂ।

ਪਰ ਅਗਲੀ ਮੁਸ਼ਕਲ ਇਹ ਹੈ ਕਿ ਖੁਰਮੇ ਵੀ ਈਰਾਨ ਵਿਚ ਤਿੰਨ ਚਾਰ ਹਨ। (ਗੂਗਲ ਨਕਸ਼ੇ ਤੇ ਵੇਖੋ Khorramshahr and Khorramabad)

1. ਖੁਰਮਾਬਾਦ ਜਿਲਾ ਮਜ਼ਾਂਦਰਾਨ, ਤਹਿਰਾਨ ਦੇ ਉੱਤਰ ਵਿਚ ਕੈਸਪੀਅਨ ਸਮੁੰਦਰ ਕਿਨਾਰੇ। ਛੋਟਾ ਜਿਹਾ ਸ਼ਹਿਰ। ਕੋਈ ਪੁਰਾਣਾ ਇਤਹਾਸ ਨਹੀ।

2. ਕਿਰਮਾਨਸ਼ਾਹ ਸੂਬੇ ਵਿਚ ਖੁਰਮਾਬਾਦ ਨਾਂ ਦੇ ਤਿੰਨ ਪਿੰਡ। ਇਨਾਂ ਦਾ ਵੀ ਕੋਈ ਇਤਹਾਸ ਨਹੀ। ਨਵੇ ਪਿੰਡ ਹੀ ਹਨ। ਕੁਰਦਿਸਤਾਨ ਸੂਬੇ ਵਿਚ ਵੀ ਖੁਰਮਾਬਾਦ ਨਾਂ ਦਾ ਪਿੰਡ ਹੈ।

ਪੈੜ ਅਗਲੇ ਸਫੇ ਤੇ ਚਲਦਾ ➡

ਮਰਦਾਨਾ ਕਹਿਣ ਲੱਗਾ ਬਾਬਾ ਮੇਰੀ ਦੇਹ ਨੇ ਕਿਥੇ ਛੁਟਣਾ ਹੈ?

ਗੁਰੂ ਸਾਹਿਬ ਮੁਸਕਰਾਏ। "ਮਰਦਾਨਿਆ ਤੇਰਾ ਮੋਹ ਤਾਂ ਖਜੂਰਾਂ ਵਿਚ ਸੀ। ਐਡੀ ਪੋਟਲੀ ਕਾਹਨੂੰ ਬੰਨ ਲਿਆਦੀ ਸੀ? ਇਹ ਖਾ ਤੇ ਆਪਣਾ ਅੰਨ ਦਾਣਾ ਮੁਕਾ। ਭਾਈ ਤੇਰੇ ਚਲਾਣੇ ਵਿਚ ਅਜੇ ਚਾਰ ਦਿਨ ਬਾਕੀ ਨੇ। "

ਦਰਬ ਇ ਰਿਕਾ (ਦਰਬੇਲਾ) ਤੋਂ ਰਵਾਨਾ ਹੋ ਗਏ।

ਰਸਤੇ 'ਚ ਗੱਲਾਂ ਬਾਤਾਂ ਹੋਈਆਂ। ਮਰਦਾਨਾ ਕਹਿਣ ਲੱਗਾ ਗੁਰੂ ਜੀ ਮੇਰੀ ਦੇਹ ਨੂੰ ਦੱਬਿਓ ਨਾਂ। ਮੈਂ ਚਾਹੁੰਨਾ ਇਹ ਤੁਰੰਤ ਪੰਜਾਂ ਤੱਤਾਂ ਵਿਚ ਮਿਲ ਜਾਏ। ਮੇਰੀਆਂ ਹੱਡੀਆਂ ਰੁਲਣ ਨਾਂ। ਗੁਰੂ ਸਾਹਿਬ ਨੇ ਕਿਹਾ ਮਰਦਾਨਿਆ ਅਸੀ ਤੇਰੀ ਇਛਾ ਪੂਰੀ ਕਰਾਂਗੇ।

ਚਾਰ ਦਿਨ ਬਾਦ ਫਿਰ ਖੁਰਮਾਬਾਦ ਸ਼ਹਿਰ ਦੇ ਬਾਹਰ ਬਿਰਾਜੇ ਹੋਏ ਸਨ ਕਿ ਮਰਦਾਨੇ ਨੇ ਅਵਾਜ ਲਾ ਦਿੱਤੀ ਕਿ ਗੁਰੂ ਜੀ ਮੈਨੂੰ ਅਸੀਸ ਦਿਓ। ਸਰੀਰਕ ਵਿਛੋੜਾ ਪਾਉਣ ਲੱਗਾ ਹਾਂ।

ਗੁਰੂ ਸਾਹਿਬ ਨੇ ਮਰਦਾਨੇ ਨੂੰ ਗਲ ਨਾਲ ਲਾਇਆ। ਸ਼ਬਦ ਗਾਵਿਆ:

ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥ ਤਿਤੁ ਘਰਿ ਗਾਵਹੁ ਸੋਹਿਲਾ ਸਿਵਰਹੁ ਸਿਰਜਣਹਾਰੋ ॥ ੧॥ ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥ ਹਉ ਵਾਰੀ ਜਾਉ ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥ ਰਹਾਉ ॥ ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥ ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥੨॥ ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥ ਦੇਹੁ ਸਜਣ ਆਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥ ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥ ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥੪॥੧॥੨੦॥

ਪਰ ਹੁਣ ਰਬਾਬ ਚੁੱਪ ਸੀ। ਮਰਦਾਨਾ ਜਾ ਚੁੱਕਾ ਸੀ।

ਗੁਰੂ ਸਾਹਿਬ ਤੇ ਸਾਥੀਆਂ ਨੇ ਖੁਰਮਾਬਾਦ ਦੇ ਪਹਾੜ ਪਾਸੇ ਖੁਰਮਾਬਾਦ ਦਰਿਆ ਦੇ ਕੰਢੇ, ਅਬਾਦੀ ਤੋਂ ਥੋੜੀ ਹੀ ਦੂਰ, ਭਾਈ ਮਰਦਾਨੇ ਦੀ ਪਵਿਤ੍ਰ ਦੇਹ ਦੀ ਆਖਰੀ ਰਸਮ ਕੀਤੀ ਭਾਵ ਉਨ੍ਹੂੰ ਸਾੜਿਆ ਗਿਆ। ਮਰਦਾਨਾ ਕਬਰਾਂ ਮੜੀਆਂ ਬਣਾਉਣ ਦੇ ਸਖਤ ਖਿਲਾਫ ਸੀ।

ਗੁਰੂ ਸਾਹਿਬ ਤੇ ਉਨਾਂ ਦੇ ਸਾਥੀ ਖੁਰਮਾਬਾਦ ਨਹੀ ਠਹਿਰੇ ਤੇ ਅੱਗੇ ਇਸਫਾਹਾਨ ਨੂੰ ਛੇਤੀ ਹੀ ਰਵਾਨਾ ਹੋ ਗਏ।

ਇਸਫਾਹਾਨ ਵਿਖੇ ਬਾਬਾ

ਇਸਫਾਹਾਨ ਨਿਸਫ ਜਹਾਨ ਅਸਤ

ਪੈਂਡਾ ਸਫਰ

3. ਖੁਰੱਮਸ਼ਹਿਰ- ਈਰਾਨ ਦੀ ਖਾੜੀ (Persian Gulf) ਐਨ ਸਿਰੇ ਤੇ ਖੁਜੇਸਤਾਨ ਸੂਬੇ ਵਿਚ। ਇਰਾਕੀ ਸ਼ਹਿਰ ਬਸਰੇ ਦੇ ਨੇੜੇ ਹੀ ਭਾਵ 50 ਕਿ. ਮੀ ਈਰਾਨ ਇਰਾਕ ਸਰਹੱਦ ਤੇ।

4. ਖੁਰਮਾਬਾਦ- ਇਰਾਨ ਦੇ ਸੂਬੇ ਲੋਰੀਸਤਾਨ ਦਾ ਸ਼ਹਿਰ ਜਿਹੜਾ ਖੁਰੱਮ ਸ਼ਹਿਰ ਤੋਂ 560 ਕਿ. ਮੀ. ਪਹਾੜ ਪਾਸੇ ਹੈ।

ਖੁਰੱਮਸ਼ਹਿਰ ਨਹੀ, ਖੁਰਮਾਬਾਦ

ਕਿਉਕਿ ਮਰਦਾਨੇ ਦਾ ਚਲਾਣਾ ਬਗਦਾਦ ਤੋਂ ਵਾਪਸ ਮੁਲਤਾਨ ਵਲ ਪਰਤਦਿਆਂ ਹੋਇਆ ਹੈ। ਬਗਦਾਦ ਤੋਂ ਜੇ ਸਿੱਧੀ ਕੰਧਾਰ ਵਲ ਲੀਕ ਖਿਚੀਏ ਤਾਂ ਖੁਰਮਾਬਾਦ (ਓ) ਐਨ ਸਿੱਧੇ ਰਸਤੇ ਤੇ ਪੈਦਾ ਹੈ। (ਵੇਖੋ ਨਾਲ ਦਿੱਤਾ ਨਕਸ਼ਾ) ਜਦੋਂ ਕਿ ਖੁਰੱਮਸ਼ਹਿਰ (ਅ) ਹੇਠਾਂ ਸਮੁੰਦਰ ਕੰਢੇ ਸਿੱਧੀ ਰੇਖਾ ਤੋਂ 550 ਕਿ. ਮੀ ਹੇਠਾਂ ਪੈਂਦਾ ਹੈ। ਏਸੇ ਤਰਾਂ ਖੁਰਮਾਬਾਦ ਸ ਅਤੇ ਏ ਰਸਤੇ ਤੋਂ ਪਰੇ ਪੈ ਜਾਂਦੇ ਹਨ। ਨਾਲੇ ਬਾਲੇ ਨੇ ਜਿਹੜਾ ਦਰਬੇਲਾ ਨਾਂ ਦਿਤਾ ਹੈ ਉਹ ਖੁਰਮਾਬਾਦ (ਓ) ਦੇ ਰਸਤੇ ਵਿਚ ਪੈਦਾ ਹੈ।

ਫਿਰ ਪੁਰਾਤਨ ਗ੍ਰੰਥਾਂ ਮੁਤਾਬਿਕ ਬਗਦਾਦ ਵਾਲੇ ਪਾਸਿਓ ਭਾਰਤ ਨੂੰ ਆਉਣ ਦਾ ਰਸਤਾ ਇਹੋ ਭਾਵ ਖੁਜੇਸਤਾਨ ਥਾਂਣੀ ਸੀ।

ਪਰ ਇਸ ਵਿਚ ਇਕ ਮੁਸ਼ਕਲ ਆ ਸਕਦੀ ਹੈ। ਜਨਮ ਸਾਖੀ ਨੇ ਲਫਜ ਖੁਰਮਾ ਸ਼ਹਿਰ ਵਰਤਿਆ ਹੈ। ਇਕੱਲਾ ਖੁਰਮਾ ਜਾਂ ਖੁਰਮਾਬਾਦ ਨਹੀ।

ਇਥੇ ਕੋਈ ਕਹਿ ਸਕਦਾ ਹੈ ਕਿ ਮਰਦਾਨੇ ਦਾ ਚਲਾਣਾ ਖੁਰਮਾਬਾਦ ਨਹੀ ਖੁਰਮਾਸ਼ਹਿਰ ਹੋਇਆ ਹੋਵੇਗਾ। ਪਰ ਖੁਰਮਾਸ਼ਹਿਰ ਦਾ ਇਤਹਾਸ ਪੜ੍ਹਨ ਤੇ ਪਤਾ ਲਗਦਾ ਹੈ ਕਿ ਸ਼ਹਿਰ ਦਾ ਪੁਰਾਨਾ ਨਾਂ ਮੁਹੱਮਰਾ ਹੁੰਦਾ ਸੀ ਤੇ ਖੁਰਮਾਸ਼ਹਿਰ ਨਾਂ ਸਿਰਫ 1937 ਵਿਚ ਹੀ ਦਿੱਤਾ ਗਇਆ ਸੀ। ਓਦੋਂ ਹੀ ਇਸ ਸੂਬੇ ਦਾ ਨਾਂ ਅਰਬਸਤਾਨ ਤੋ ਬਦਲ ਕੇ ਖੁੱਜੇਸਤਾਨ ਰੱਖਿਆ ਗਇਆ ਸੀ।

ਨਾਲੇ ਦੂਸਰੇ ਪਾਸੇ ਖੁਰਮਾਬਾਦ ਸ਼ਹਿਰ ਦੇ ਤੌਰ ਤੇ 16ਵੀ ਸਦੀ ਵਿਚ ਮਸ਼ਹੂਰ ਸੀ। ਮੁਸ਼ਕਲ ਪਹਾੜੀ ਇਲਾਕਾ ਹੈ। ਪਰ ਬਗਦਾਦ ਤੋਂ ਇਸਫਾਹਨ ਭਾਵ ਕੰਧਾਰ ਵਲ ਇਹੋ ਰਾਹ ਹੀ ਪੈਦਾ ਹੈ।ਇਹ ਵੀ ਬਹੁਤ ਪੁਰਾਨਾ ਸ਼ਹਿਰ ਹੈ। ਇਥੋਂ ਫਲਕ ਓਲ ਅਫਲਾਕ ਕਿਲਾ ਭਾਵ ਸਵੱਰਗਾਂ ਦਾ ਸਵੱਰਗ ਪੂਰੀ ਦੁਨੀਆ ਵਿਚ ਮਸ਼ਹੂਰ ਹੈ।

ਬਾਕੀ ਜਿਹੜੀ ਖੁਰਮੇ ਖਾਣ ਦੀ ਗਲ ਹੈ, ਖੁਰਮੇ ਭਾਵ ਖਜੂਰਾਂ ਤਾਂ ਸਾਰੇ ਈਰਾਨ ਵਿਚ ਬਹੁਤ ਹੁੰਦੀਆਂ। ਦੁਨੀਆ ਵਿਚ ਸਭ ਤੋਂ ਵੱਧ ਖਜੂਰ ਈਰਾਨ ਵਿਚ ਹੀ ਪੈਦਾ ਹੁੰਦੀ ਹੈ।

ਸੋ ਬਾਲੇ ਤੋਂ ਖੁਰਮੇ ਦਾ ਮਤਲਬ ਖੁਰਮਾਬਾਦ ਹੈ ਖੁਰਮਾ ਸ਼ਹਿਰ ਨਹੀ। ਓਨਾਂ ਦਿਨਾਂ ਵਿਚ ਪ੍ਰਦੇਸੀ ਬੈਠਾ ਲਿਖਾਰੀ ਅਜਿਹੀ ਗਲ ਲਿਖ ਸਕਦਾ ਹੈ।

ਬਾਕੀ ਖੁਰਮੇ ਨੂੰ ਕੁਰੱਮ ਕਹਿਣਾ ਤਾਂ ਨਿਰਾ ਅਗਿਆਨਤਾ ਹੈ।ਨਾਂ ਇਥੇ ਕੁਰਮ ਨਾਂ ਦਾ ਕੋਈ ਵੱਡਾ ਸ਼ਹਿਰ ਸੀ।

ਬਾਕੀ ਜਿਹੜਾ ਬਾਲੇ ਨੇ ਦਰਬੇਲਾ ਇਲਾਕੇ ਦਾ ਨਾਂ ਲਿਖਿਆ ਹੈ ਉਹ ਅਸਲ ਵਿਚ ਪਹਾੜੀ ਇਲਾਕਾ ਤੰਗ ਦਰਬ ਇ ਰਿਕਾ ਹੈ(ਨਕਸ਼ਾ ਸੂਚਕ 33.41746, 47.67936)। ਜੋ ਖੁਰਮਾਬਾਦ ਤੋਂ ਪਹਾੜ ਪਾਸੇ 100 ਕਿ. ਮੀ ਹੈ। ਇਥੇ ਹੀ ਮਰਦਾਨੇ ਨੂੰ ਸਰੀਰਕ ਤਕਲੀਫ ਉਠੀ ਸੀ। ਕਿਉਕਿ ਮਰਦਾਨਾ ਖੂਬ ਪੈਦਲ ਚਲਦਾ ਸੀ ਇਸ ਕਰਕੇ ਹਾਰਟ ਅਟੈਕ ਹੋਣ ਦੇ ਮੌਕੇ ਘੱਟ ਬਣਦੇ ਹਨ। ਹੋ ਸਕਦਾ ਹਾਜ਼ਮੇ ਨਾਲ ਸਬੰਧਤ ਕੋਈ ਤਕਲੀਫ ਹੋਈ ਹੋਵੇ। ਫਿਰ ਖੁਰਮੇ ਖਾਣ ਦੀਆਂ ਵੀ ਗੱਲਾਂ ਹਨ। ਖਜੂਰਾਂ ਸਾਫ ਨਾਂ ਹੋਣ ਤਾਂ ਪੇਟ ਨੂੰ ਛੇਤੀ ਰੋਗੀ ਕਰ ਦਿੰਦੀਆਂ ਹਨ।

*ਕਿਉਕਿ ਇਲਾਕੇ ਵਿਚ ਅਬਾਦੀ ਹਾਲਾਂ ਸੰਝਣੀ ਤਾਂ ਨਹੀ ਪਰ ਸਾਨੂੰ ਨਹੀ ਉਮੀਦ ਕਿ ਮਰਦਾਨੇ ਦੀ ਮੜੀ ਦੇ ਨਿਸ਼ਾਨ ਅੱਜ ਤੱਕ ਬਚੇ ਹੋਣ। ਫਿਰ ਵੀ ਸਿੱਖਾਂ ਦਾ ਫਰਜ ਬਣਦਾ ਹੈ ਕਿ ਖੁਰਮਾਬਾਦ ਇਲਾਕੇ ਵਿਚ ਖੋਜ ਕਰਨ। (ਵੇਖੋ ਬਾਲਾ -252)

ਬਾਕੀ ਬਗਦਾਦ ਤੋਂ ਖੁਰਮਾਬਾਦ ਜਾਣਾ ਸਾਬਤ ਕਰਦਾ ਹੈ ਕਿ ਗੁਰੂ ਸਾਹਿਬ ਤਬਰੇਜ ਨਹੀ ਸਨ ਗਏ, ਜਿਵੇ ਕਿ ਕੁਝ ਲਿਖਾਰੀਆਂ ਲਿਖ ਮਾਰਿਆ ਹੈ।

ਕੁਝ ਲਿਖਾਰੀਆਂ ਨੇ ਗੁਰੂ ਸਾਹਿਬ ਦਾ ਤਹਿਰਾਨ ਜਾਣਾ ਵੀ ਲਿਖਿਆ "ਕਿਉਕਿ ਓਥੇ ਗੁਰਦੁਆਰਾ ਹੈ" ਧਿਆਨ ਰਹੇ ਤਹਿਰਾਨ ਵਾਲਾ ਗੁਰਦੁਆਰਾ ਸਿੱਖਾਂ ਨੇ 1941 ਵਿਚ ਬਣਾਇਆ ਸੀ। ਇਹ ਕੋਈ ਯਾਦਗਾਰੀ ਅਸਥਾਨ ਨਹੀ ਹੈ।

ਮਰਦਾਨੇ ਦੀ ਓਲਾਦ - ਮਰਦਾਨੇ ਦੇ ਦੋ ਪੁੱਤਰ ਸਨ; ਸ਼ਹਿਜਾਦਾ ਤੇ ਰਜ਼ਾਦਾ। ਰਜ਼ਾਦਾ ਕਰਤਾਰਪੁਰ ਵਸਿਆ ਜਦੋਂ ਕਿ ਸ਼ਹਿਜਾਦਾ ਗੁਰੂ ਅੰਗਦ ਪਾਤਸ਼ਾਹ ਦੇ ਚਰਨਾਂ ਵਿਚ ਰਿਹਾ। ਸ਼ਹਿਜਾਦੇ ਦੇ ਦੋ ਪੁੱਤਰ ਸਨ ਬਾਲੂ ਤੇ ਸਾਲੂ। ਇਹ ਦੋਵੇ ਭਰਾ ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਦੇ ਦਰਬਾਰਾਂ ਵਿਚ ਸੋਭਦੇ ਰਹੇ। ਇਨਾਂ ਵਿਚੋਂ ਇਕ ਦਾ ਪੁੱਤ ਬਲਵੰਡ ਹੋਇਆ ਹੈ ਤੇ ਅੱਗੇ ਬਲਵੰਡ ਦਾ ਪੁੱਤਰ ਸੱਤਾ ਸੀ। ਜਿੰਨਾਂ ਪਿਉ ਪੁੱਤਰਾਂ ਦੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਸ਼ੋਭਿਤ ਹੈ। ਇਸ ਤੋਂ ਅੱਗੇ ਇਨਾਂ ਦੀ ਓਲਾਦ ਦਾ ਇਤਹਾਸ ਵਿਚ ਜਿਕਰ ਨਹੀ ਮਿਲਦਾ। ਕਈ ਲਿਖਾਰੀਆਂ ਇਹ ਵੀ ਲਿਖਿਆ ਹੈ ਕਿ ਇਹ ਅੱਗੇ ਸਭ ਨਾ-ਵਲਦ ਹੋ ਗਏ। ਪਰ ਅਸੀ ਇਸ ਕਥਨ ਦੀ ਸਚਾਈ ਤਸਦੀਕ ਨਹੀ ਕਰ ਸਕੇ।

ਭਾਈ ਮਰਦਾਨੇ ਦੇ ਤਿੰਨੇ ਸਬਦ ਅੰਗ 553 ਸ.ਗ.ਗ.ਸ ਤੇ ਸ਼ਸ਼ੋਭਿਤ ਹਨ।

ਸ਼੍ਰੋਮਣੀ ਕਮੇਟੀ ਦੇ ਆਦੇਸ਼ ਅਨੁਸਾਰ ਭਾਈ ਮਰਦਾਨਾ ਦਾ ਅਕਾਲ ਚਲਾਣਾ 27 ਨਵੰਬਰ ਨੂੰ ਹੋਇਆ ਸੀ। ਪ੍ਰਧਾਨ ਕਿਰਪਾਲ ਸਿੰਘ ਬੰਡੂਗਰ ਦੇ ਹੁਕਮ ਅਨੁਸਾਰ ਹਰ ਸਾਲ ਇਹ ਦਿਹਾੜਾ ਮਨਾਇਆ ਜਾਇਆ ਕਰੇਗਾ। ਜਿਸਦਾ ਮਤਲਬ ਹੋਇਆ 27 ਨਵੰਬਰ 1531 (ਸਰੋਤ -http://sgpc.net)

ਸਾਈਕਲ ਯਾਤਰੀ- 414 ਅਨੁਸਾਰ ਮਰਦਾਨੇ ਦੀ ਰਬਾਬ ਪੇਸ਼ਾਵਰ ਸ਼ਹਿਰ ਵਿਖੇ ਸੰਨ 1932 ਈ. ਤੱਕ ਭਾਈ ਸਾਧੂ ਸਿੰਘ ਹਕੀਮ ਮੁਹੱਲਾ ਕੱਕੜਾਂ ਪਾਸ ਮੌਜੂਦ ਸੀ। ਬਾਦ ਵਿਚ ਰਬਾਬ ਕਿਥੇ ਪਹੁੰਚੀ ਕੋਈ ਪਤਾ ਨਹੀ। ਇਹ ਤਾਂ ਪਸ਼ੌਰ ਦੀ ਸੰਗਤ ਹੀ ਜਾਣਦੀ ਹੋਵੇਗੀ। ਇਹ ਵੀ ਜਰੂਰੀ ਨਹੀ ਕਿ ਇਹ ਰਬਾਬ ਉਹ ਸੀ ਜਿਹੜੀ ਆਖਰੀ ਸਮੇਂ ਭਾਈ ਸਾਹਿਬ ਕੋਲ ਸੀ। ਹੋ ਸਕਦਾ 1520 ਈ. ਵਿਚ ਜਦੋਂ ਸਾਹਿਬ ਇਥੇ ਆਏ ਹੋਣ ਤਾਂ ਪੁਰਾਣੀ ਰਬਾਬ ਇਥੇ ਦੇ ਕੇ ਨਵੀ ਲੈ ਲਈ ਹੋਵੇ। ਉਂਜ ਵੀ ਵਧੀਆ ਰਬਾਬ ਅਫਗਾਨਿਸਤਾਨ ਦੇ ਇਲਾਕੇ ਵਿਚ ਹੀ ਬਣਦੀ ਸੀ।

ਖੁਰਮਾਬਾਦ ਤੋਂ 340 ਕਿ. ਮੀ ਦਾ ਪੈਂਡਾ ਕਰਕੇ ਬਾਬਾ ਜੀ, ਕਾਜੀ ਰੁਕੁਨੁਦੀਨ ਤੇ ਪੀਰ ਗੌਸ ਸ਼ਹਿਰ ਇਸਫਾਹਾਨ ਪਹੁੰਚੇ।

ਜਿਵੇ ਬਗਦਾਦ ਉਨੀ ਦਿਨੀ ਦੁਨੀਆ ਦਾ ਬੈਤੁਲ ਹਿਕਮਾ ਭਾਵ ਵਿਦਵਤਾ ਦਾ ਕੇਂਦਰ ਸੀ, ਇਸਫਾਹਾਨ ਸ਼ਹਿਰ ਬਾਬਤ ਫਾਰਸੀ ਅਖਾਣ ਸੀ ਕਿ "ਇਸਫਾਹਾਨ ਨਿਸਫ ਜਹਾਨ ਅਸਤ"◉ ਮਤਲਬ 'ਇਸਫਾਹਾਨ ਭਾਵ ਅੱਧੀ ਦੁਨੀਆ' ਕਿਉਕਿ ਅਬਾਦੀ ਪੱਖੋ ਇਹ ਦੁਨੀਆ ਦਾ ਸਭ ਤੋਂ ਵੱਡਾ ਸ਼ਹਿਰ ਸੀ। ਇਸਫਾਹਾਨ ਏਸ਼ੀਆ ਦਾ ਵੱਡਾ ਵਪਾਰਕ ਕੇਂਦਰ ਵੀ ਸੀ ਕਿਉਕਿ ਇਥੇ ਉਤਰ ਤੋਂ ਦੱਖਣ ਤੇ ਪੂਰਬ ਤੋਂ ਪੱਛਮ ਜਾਂਦੇ ਸਿਲਕ ਰੂਟ ਮਿਲਦੇ ਸਨ।

ਸੰਨ 1524 ਵਿਚ ਜਦੋਂ ਇਥੇ ਪੁਰਤਗਾਲੀ ਯਾਤਰੀ ਤਨਰੀਰੋ ਆਇਆ ਤਾਂ ਉਹ ਲਿਖਦਾ ਹੈ ਕਿ ਇਸ ਮਹਾਨ ਸ਼ਹਿਰ ਵਿਚ ਅੱਜ ਚੁਫੇਰੇ ਭੂਤਾਂ ਪ੍ਰੇਤਾਂ ਦਾ ਡਰ ਦੁਨੀਆਵੀ ਨੂੰ ਖਾ ਰਿਹਾ ਹੈ। ਕਿਉਕਿ ਸੰਨ 1503 ਵਿਚ ਜਦੋਂ ਸਾਫੀ ਹੁਕਮਰਾਨ ਇਸਮਾਈਲ ਨੇ ਸ਼ਹਿਰ ਤੇ ਕਬਜ਼ਾ ਕੀਤਾ ਤਾਂ 5000 ਬੇਦੋਸ਼ੇ ਸੁੰਨੀਆਂ ਦਾ ਖੂਨ ਗਲੀਆਂ ਨਾਲੀਆਂ ਵਿਚ ਵਹਾਇਆ ਸੀ। ਇਸਮਾਇਲ ਦਾ ਕਹਿਣਾ ਸੀ ਕਿ ਇਹ ਕਾਰੂ ਬਾਦਸ਼ਾਹ ਨੇ ਜੋ ਸ਼ੀਆ ਲੋਕਾਂ ਦਾ ਕਤਲਾਮ ਕੀਤਾ ਸੀ ਇਹ ਉਸ ਦਾ ਬਦਲਾ ਹੈ। ਇਸਮਾਇਲ ਨੇ ਫਿਰ ਇਥੋਂ ਦਾ ਦਰੋਗਾ (ਸੂਬੇਦਾਰ ਜਾਂ ਮੇਅਰ) ਦਰਮੇਸ਼ ਖਾਨ ਸ਼ਮਲੂ ਨੂੰ ਨਿਯੁਕਤ ਕਰ ਦਿੱਤਾ। ਦਰਮੇਸ਼ ਦੀ ਮੌਤ ਬਾਦ ਜਦੋਂ ਕੋਗਾ ਸੁਲਤਾਨ ਤਕਲੂ ਨੂੰ ਦਰੋਗਾ ਬਣਾਇਆ ਗਇਆ ਤਾਂ ਦਰਮੇਸ਼ ਦੇ ਪੁੱਤ ਹੁਸੈਨ ਖਾਨ ਸ਼ਮਲੂ ਨੇ 937 ਹਿਜਰੀ ਭਾਵ 1530 ਈ ਵਿਚ ਕੋਗਾ ਸੁਲਤਾਨ ਵਿਰੁਧ ਬਗਾਵਤ ਕਰ ਦਿੱਤੀ। ਇਹ ਦੋਵੇ ਕਿਜਲਬਾਸ਼ ਕਬੀਲੇ ਦੇ ਲੋਕ ਸਨ ਜਿਸ ਵਿਚੋਂ ਵਕਤ ਦਾ ਹੁਕਮਰਾਨ ਤਾਹਮਸਾਪ ਸੀ। ਜਦੋਂ ਗੁਰੂ ਸਾਹਿਬ ਇਸਫਾਹਾਨ ਪਹੁੰਚੇ ਤਾਂ ਇਹ ਖੂਨੀ ਘਰੇਲੂ ਝਗੜਾ ਸਿਖਰ ਤੇ ਸੀ। ਫਿਰ ਵੀ ਗੁਰੂ ਸਾਹਿਬ ਮੁਹੰਮਦ ਖਾਂ ਸ਼ਰਫ ਅਲਦੀਨ ਦੀ ਵਾਕਫੀਅਤ ਰਾਂਹੀ ਕੋਗਾ ਸੁਲਤਾਨ ਨੂੰ ਮਿਲੇ।** ਸ਼ਾਹ ਸਰਫ ਦਾ ਨਾਂ ਸੁਣ ਕੇ ਕੋਗਾ ਬਹੁਤ ਖੁਸ਼ ਹੋਇਆ ਤੇ ਗੁਰੂ ਸਾਹਿਬ ਨੂੰ ਖੂਬ ਆਦਰ ਸਤਿਕਾਰ ਦਿੱਤਾ। ਉਂਜ ਕੋਗਾ ਤੇ ਦਰਮੇਸ਼ ਦੋਵੇ ਹੀ ਸ਼ਾਹ ਸ਼ਰਫ ਦੇ ਕਬੀਲੇ ਦੇ ਸਨ।

ਕਿਉਕਿ ਇਸਫਾਹਾਨ ਵਿਖੇ ਮਹੌਲ ਖੂਨੀ ਬਣਿਆ ਹੋਇਆ ਸੀ ਗੁਰੂ ਸਾਹਿਬ ਨੇ ਰੂਹਾਨੀਅਤ ਦੀ ਗਲ ਕਰਨਾਂ ਇਥੇ ਜਾਇਜ ਨਾਂ ਸਮਝਿਆ ਤੇ ਅਗਾਂਹ ਕੰਧਾਰ ਨੂੰ ਕੂਚ ਕਰ ਗਏ।

ਕੰਧਾਰ ਪਹੁੰਚ, ਬਾਬੇ ਨੇ ਆਪਣੇ ਪੁਰਾਣੇ ਯਾਰ ਵਲੀ ਕੰਧਾਰੀ ਬਾਬਤ ਪੁੱਛ ਪੜਤਾਲ ਕੀਤੀ■

ਇਸਫਾਹਾਨ ਤੋਂ ਜਫਰਾਬਾਦ, ਖੁਰ, ਫਰੋਖੀ, ਬੀਰਜੰਡ ਰਸਤੇ ਕੋਈ 1600 ਕਿ. ਮੀ. ਲੰਮਾ ਪੈਂਡਾ ਕਰਦੇ ਹੋਏ ਗੁਰੂ ਸਾਹਿਬ ਕੰਧਾਹਰ ਪੋਹ ਮਾਘ ਦੇ ਦਿਨਾਂ ਵਿਚ ਪਹੁੰਚੇ। ਕੰਧਾਰ ਅੱਜ ਅਫਗਾਨਿਸਤਾਨ ਵਿਚ ਹੈ ਤੇ ਕਈ ਵਾਰੀ ਦੇਸ ਦੀ ਰਾਜਧਾਨੀ ਰਹਿ ਚੁੱਕਾ ਹੈ। ਇਸ ਸ਼ਹਿਰ ਦਾ ਮੌਸਮ ਵੀ ਕੁਝ ਅੰਮ੍ਰਿਤਸਰ ਜਿਹਾ ਹੈ ਜਿੱਥੇ ਗਰਮੀ ਵੀ ਅੱਤ ਦੀ ਤੇ ਸਰਦੀ ਵੀ ਕੜਾਕੇ ਦੀ। ਫਿਰ ਵੀ ਇਥੋਂ ਦਾ ਅਨਾਰ ਫਲ ਸਾਰੀ ਦੁਨੀਆਂ ਵਿਚ ਮਸ਼ਹੂਰ ਹੈ। ਬਦਕਿਸਮਤੀ ਨਾਲ ਅੱਜ ਦੁਨੀਆਂ ਦੇ ਬਦਨਾਮ ਨਸ਼ੇ ਵੀ ਇਥੇ ਹੀ ਪੈਦਾ ਹੁੰਦੇ ਜਾਂ ਬਣਾਏ ਜਾਂਦੇ ਹਨ।

ਗੁਰੂ ਸਾਹਿਬ ਹੁਰੀ ਜਦੋਂ ਕੰਧਾਰ ਪਹੁੰਚੇ ਤਾਂ ਉਨਾਂ ਕਿਸੇ ਪੰਜਾਬੀ ਬੰਦੇ ਨੂੰ ਮਿਲਣਾ ਚਾਹਿਆ। ਪੁੱਛ ਪੜਤਾਲ ਕਰਨ ਉਪਰੰਤ ਉਹ ਇਕ ਖੱਤਰੀ ਪ੍ਰਵਾਰ ਦੇ ਟਿਕਾਣੇ ਤੇ ਪਹੁੰਚ ਗਏ। ਘਰ ਦਾ ਮੋਹਤਬਰ ਉਸ ਵੇਲੇ ਨਹਾਉਣ ਹੀ ਲੱਗਾ ਸੀ। ਕੀ ਵੇਖਦੇ ਹਨ ਕਿ ਨੌਕਰ ਵੱਡੀ ਸਾਰੀ ਬਰਫ ਦੀ ਸਿਲ ਚੁੱਕ ਲਿਆਇਆ। ਸਿੱਲ ਨੂੰ ਗਰਮ ਕਰਕੇ ਪਾਣੀ ਬਣਾਇਆ ਗਇਆ ਜਿਸ ਨਾਲ ਫਿਰ ਖਤਰੇਟੇ ਪੁੱਤਰ ਦੀਨ ਦਿਆਲ ਨੇ ਇਸਨਾਨ ਕੀਤਾ।

ਉਪਰੰਤ ਖੱਤਰੀ ਨੇ ਫਕੀਰਾਂ ਨੂੰ ਅੰਨ ਪਾਣੀ ਛਕਾਇਆ ਤੇ ਪੁਰਾਣੀਆਂ ਵਾਕਫੀਆਂ ਕੱਢੀਆਂ। ਲਗਦਾ ਉਹ ਵੀ ਲਹੌਰ ਇਲਾਕੇ ਤੋਂ ਉਠ ਕੇ ਗਇਆ ਹੋਇਆ ਸੀ। ਉਸ ਭਾਈ ਨੂੰ ਚਾਅ ਚੜ੍ਹ ਗਇਆ ਜਦੋਂ ਉਸ ਨੂੰ ਪਤਾ ਲੱਗਾ ਕਿ ਦੂਸਰੇ ਪਾਸੇ ਫਕੀਰ ਵੀ ਖੱਤਰੀ ਜਾਤ ਤੋਂ ਹੀ ਹੈ। ਇਸ ਗਲ ਦਾ ਪਤਾ ਲਗਣ ਤੇ ਕੰਧਾਰ ਦੇ ਪੰਜਾਬੀ ਸਮਾਜ ਵਿਚ ਸਨਸਨੀ ਫੈਲ ਗਈ ਜਦੋਂ ਉਨਾਂ ਨੂੰ ਪਤਾ ਲੱਗਾ ਕਿ ਖੁੱਦ ਗੁਰੂ ਨਾਨਕ ਕੰਧਾਰ ਵਿਚ ਪਧਾਰੇ ਹੋਏ ਨੇ। ਯਾਦ ਰਹੇ ਕੰਧਾਰ ਵਿਚ ਪੰਜਾਬੀ ਅਤੇ ਸਿੰਧੀਆਂ ਦੇ ਸੈਕੜੇ ਵਪਾਰੀ ਪ੍ਰਵਾਰ ਹੁਣ ਤੱਕ ਮੌਜੂਦ ਸਨ।

ਜਦੋਂ ਗੁਰੂ ਸਾਹਿਬ ਕੰਧਾਰ ਵਿਚ ਸਤਿਨਾਮ ਨਿਰੰਕਾਰ ਦਾ ਪ੍ਰਚਾਰ ਕਰ ਰਹੇ ਸਨ ਤਾਂ ਉਦੋਂ ਹੀ ਗੁਰੂ ਸਾਹਿਬ ਨੇ ਆਪਣੇ ਪੁਰਾਣੇ ਵਲੀ (ਫਾਰਸੀ: ਯਾਰ) ਬਾਰੇ ਪੁੱਛ ਪੜਤਾਲ ਕੀਤੀ। ਭਾਵ ਪੰਜਾ ਸਾਹਿਬ ਹਸਨ ਅਬਦਾਲ ਵਾਲਾ ਵਲੀ ਕੰਧਾਰੀ। ਪਰ ਕਿਸੇ ਕੰਧਾਰੀ ਨੂੰ ਉਸ ਸੂਫੀ ਫਕੀਰ ਬਾਰੇ ਕੋਈ ਗਿਆਨ ਨਹੀ ਸੀ। ਪੁੱਛ ਪੜਤਾਲ ਕਰਨ ਤੇ ਇਕ ਹੋਰ ਸੂਫੀ ਫਕੀਰ ਦਾ ਪਤਾ ਲੱਗਾ ਜੋ ਹੋ ਸਕਦਾ ਵਲੀ ਕੰਧਾਰੀ ਨੂੰ ਜਾਣਦਾ ਹੋਵੇ। ਕਿਉਕਿ ਬਾਲੇ ਨੇ ਜਿਵੇ ਉਸ ਫਕੀਰ ਦਾ ਨਾਂ ਸੁਣਿਆ ਸੀ ਉਹ ਤਾਂ ਭੁਲ ਗਇਆ ਪਰ ਲਿਖਤ ਵਿਚ ਉਹਦਾ ਨਾਂ ਯਾਰ ਅਲੀ ਕਰਕੇ ਲਿਖ ਦਿੱਤਾ। ਕਿਉਕਿ ਗੁਰੂ ਸਾਹਿਬ ਵਲੀ ਕੰਧਾਰੀ ਨੂੰ ਲੱਭ ਰਹੇ ਸਨ। (ਫਾਰਸੀ ਵਿਚ ਵਲੀ ਮਾਇਨੇ ਯਾਰ ਹੁੰਦਾ ਹੈ।)

ਖੈਰ ਜਦੋਂ ਗੁਰੂ ਸਾਹਿਬ ਆਪ ਜਾ ਕੇ ਯਾਰ ਅਲੀ ਨੂੰ ਮਿਲੇ ਤਾਂ ਯਾਰ ਅਲੀ ਫੂਕ ਖਾ ਗਇਆ ਤੇ ਗੁਰੂ ਸਾਹਿਬ ਦੇ ਸਵਾਲ ਦਾ ਜਵਾਬ ਦੇਣ ਦੇ ਬਿਜਾਏ ਉਲਟਾ ਗੁਰੂ ਸਾਹਿਬ ਬਾਰੇ ਪੁੱਛ ਪੜਤਾਲ ਸ਼ੁਰੂ ਕਰ ਦਿੱਤੀ ਜਦੋਂ ਉਨੂੰ ਪਤਾ ਲੱਗਾ ਕਿ ਗੁਰੂ

ਪੈਰ ਸਫਾ

◉ https://en.unesco.org/silkroad/content/isfahan

ਇਸਫਾਹਾਨ ਦਾ ਘਰੇਲੂ ਕਲੇਸ਼:–

http://www.iranicaonline.org/articles/isfahan-vii-safavid-period

ਪੰਜਾਬ ਵਿਚ ਜਿਹੜੇ ਸਾਹਨੀ ਗੋਤ ਦੇ ਖਤਰੀ ਨੇ ਇਹ ਮੂਲ ਵਿਚ ਇਸਫਾਹਾਨ ਤੋਂ ਆਏ ਹੋਏ ਨੇ। (ਇਸਫਾਹਾਨੀ=ਸਾਹਨੀ)

■ ਬਾਲਾ -266 ਨੂੰ ਇਥੇ ਟਪਲਾ ਲੱਗਾ ਹੈ ਤੇ ਉਸਨੇ ਗੁਰੂ ਸਾਹਿਬ ਦਾ ਮੇਲ ਵਲੀ ਕੰਧਾਰੀ ਦੇ ਨਾਲ ਨਾਲ ਸ਼ਾਹ ਸਰਫ ਨਾਲ ਕੰਧਾਰ ਹੋਣਾ ਵਖਾ ਦਿੱਤਾ ਹੈ। ਵਲੀ ਕੰਧਾਰੀ ਤਾਂ ਉਦੋਂ ਤਕ ਗੁਜਰ ਚੁੱਕਾ ਸੀ ਤੇ ਸ਼ਾਹ ਸਰਫ ਬਗਦਾਦ ਵਿਚ ਸੀ। ਇਹ ਗਲ ਫਿਰ ਸਾਬਤ ਕਰਦੀ ਹੈ ਕਿ ਬਾਲਾ ਸੁਣੀਆਂ ਸੁਣਾਈਆਂ ਗੱਲਾਂ ਹੀ ਲਿਖਦਾ ਹੈ। ਉਹ ਮੌਕੇ ਦਾ ਗਵਾਹ ਨਹੀ ਹੈ।

ਵਲੀ ਕੰਧਾਰੀ ਦਾ ਨਿਧਨ 1529 ਈ ਦਾ ਦੱਸੀਦਾ ਹੈ।

■ ਬਾਬਾ ਸ੍ਰੀ ਚੰਦ ਦਾ ਕੰਧਾਰ ਵਿਖੇ ਜਾਣਾ ਵੀ ਗੁਰੂ ਸਾਹਿਬ ਦੀ ਕੰਧਾਰ ਫੇਰੀ ਤਸਦੀਕ ਕਰਦਾ ਹੈ। ਵੇਖੋ ਜਨਮਸਾਖੀ ਸ੍ਰੀ ਚੰਦਰ ਜੀ ਮਹਾਰਾਜ- ਧੰਨਾ ਸਿੰਘ ਰੰਗੀਲਾ -112

ਸਾਹਿਬ ਮੁਸਲਮਾਨ ਨਹੀ ਹਨ। ਗੁਰੂ ਸਾਹਿਬ ਤਾਂ ਹਸਨ ਅਬਦਾਲ ਵਾਲੇ ਪੀਰ ਵਲੀ ਕੰਧਾਰੀ ਬਾਰੇ ਪੁੱਛਣਾ ਚਾਹੁੰਦੇ ਸਨ।

ਯਾਰ ਅਲੀ ਦੇ ਸਵਾਲ ਮੁੱਖ ਤੌਰ ਤੇ ਕੁਝ ਅਜਿਹੇ ਸਨ ਕਿ ਤੇਰਾ ਪੀਰ ਕੌਣ ਹੈ? ਗੁਰੂ ਸਾਹਿਬ ਦੇ ਜਦੋਂ ਯਾਰ ਅਲੀ ਨੇ ਜਵਾਬ ਸੁਣੇ ਤਾਂ ਸੁਣਦਿਆਂ ਹੀ ਅੱਖਾਂ ਖੁੱਲ ਗਈਆਂ ਤੇ ਪੈਰਾਂ ਤੇ ਢਹਿ ਪਿਆ। ਉਸ ਨੇ ਤਾਂ ਸੋਚਿਆਂ ਸੀ ਕਾਫਰ ਨੂੰ ਇਸਲਾਮ ਦੇ ਦਾਇਰੇ ਵਿਚ ਲਿਆਉਣ ਦਾ।

ਉਥੇ ਹੀ ਫਿਰ ਗੁਰੂ ਸਾਹਿਬ ਨੂੰ ਯਾਰ ਅਲੀ ਨੇ ਦੱਸਿਆ ਕਿ ਕਿਵੇ ਵਲੀ ਕੰਧਾਰੀ ਓਸੇ ਦਾ ਹੀ ਮੁਰਸ਼ਦ ਸੀ। ਤੇ ਪੀਰ ਪਿੱਛਲੇ ਸਾਲ ਹੀ ਅੱਲਾ ਨੂੰ ਪਿਆਰਾ ਹੋ ਗਇਆ ਹੈ। ਯਾਰ ਅਲੀ ਨੇ ਗੁਰੂ ਸਾਹਿਬ ਨੂੰ ਵਲੀ ਕੰਧਾਰੀ ਦੀ ਮਜਾਰ ਤੇ ਪਹੁੰਚਣ ਵਾਸਤੇ ਵੀ ਬੇਨਤੀ ਕੀਤੀ ਪਰ ਸਾਹਿਬ ਨੇ ਓਥੇ ਜਾਣ ਤੋਂ ਨਾਹ ਕਰ ਦਿੱਤੀ ਕਿਉਕਿ ਉਹ ਥਾਂ ਕੰਧਾਰ ਤੋਂ ਕੋਈ 40 -45 ਕਿ. ਮੀ ਹਟਵੀ ਸੀ।

ਕੰਧਾਰ ਵਿਖੇ ਗੁਰੂ ਸਾਹਿਬ ਸਿਰਫ ਤਿੰਨ ਚਾਰ ਦਿਨ ਹੀ ਰਹਿ ਕੇ ਮੁਲਤਾਨ ਵਲ ਨੂੰ ਚਾਲੇ ਪਾ ਗਏ। ■

—◈—

ਕੁਇਟਾ – ਕਲਾਤ ਵਿਖੇ ਸਤਿਨਾਮ ਦਾ ਉਪਦੇਸ਼ ਦੇ ਸਾਹਿਬ ਮੁਲਤਾਨ ਨੂੰ ਚਲਦੇ ਰਹੇ।

ਕੰਧਾਰ ਤੋਂ 235 ਕਿ. ਮੀ. ਦਾ ਸਫਰ ਕਰਕੇ ਗੁਰੂ ਸਾਹਿਬ ਆਪਣੇ ਸਾਥੀਆਂ ਸਮੇਤ ਕੋਇਟਾ (ਬਲੋਚਿਸਤਾਨ) ਪਹੁੰਚੇ। ◆ ਪੰਜਾਬੀ ਵਪਾਰੀਆਂ ਨੇ ਗੁਰੂ ਸਾਹਿਬ ਨੂੰ ਹੱਥਾਂ ਤੇ ਚੁੱਕ ਲਿਆ। ਸਾਹਿਬ ਉਦਾਸੀ ਸਾਧੂਆਂ ਦੇ ਡੇਰੇ ਤੇ ਹੀ ਸ਼ੁਰੂ ਵਿਚ ਰੁਕੇ। ਲੰਗਰ ਦਾ ਸਿਧਾਂਤ ਪ੍ਰਪੱਕ ਕਰਾਉਣ ਲਈ ਤਿਲਗੀਜੀ ਵਾਲਾ ਕੌਤਕ ਇਥੇ ਵੀ ਕੀਤਾ ਸੀ। (ਵੇਖੋ ਪੈੜ ਸਫਾ-234) ਲਗਦਾ ਹੈ ਡੇਰੇ ਦੇ ਸਾਰੇ ਹੀ ਸਾਧੂ ਗੁਰੂ ਵਾਲੇ ਬਣ ਗਏ ਤੇ ਉਪਰੰਤ ਡੇਰਾ ਗੁਰਦੁਆਰੇ ਵਿਚ ਬਦਲ ਗਿਆ। ਜਿੱਥੇ ਗੁਰੂ ਸਾਹਿਬ ਨੇ ਚਰਨ ਪਾਏ ਉਹ ਅਸਥਾਨ ਤੇ ਅੱਜ ਕਲ ਸਰਕਾਰੀ ਸੰਡੇਮਾਨ ਸਕੂਲ ਚਲ ਰਿਹਾ ਹੈ।

ਕੁਝ ਦਿਨ ਇਥੇ ਸਤਿਨਾਮ ਨਿਰੰਕਾਰ ਦਾ ਪ੍ਰਚਾਰ ਕਰਨ ਉਪਰੰਤ ਗੁਰੂ ਸਾਹਿਬ ਨੇ ਇਲਾਕੇ ਦੇ ਹਾਕਮ ਨੂੰ ਮਿਲਣਾ ਚਾਹਿਆ ਤਾਂ ਪਤਾ ਲੱਗਾ ਕਿ ਰਾਜਾ ਜਗਰ ਖਾਂ ਮੀਰਵਾਨੀ ਕਦੀ ਕਦਾਈ ਹੀ ਕੋਇਟਾ ਫੇਰਾ ਮਾਰਦਾ ਹੈ।

ਗੁਰੂ ਸਾਹਿਬ ਫਿਰ ਆਪਣੇ ਮੁਸਲਮਾਨ ਸਾਥੀਆਂ ਸਮੇਤ ਮਸਤੰਗ ਥਾਂਣੀ ਹੁੰਦੇ ਹੋਏ ਕਲਾਤ ਪਹੁੰਚੇ। ਕਲਾਤ ਪਹੁੰਚ ਇਕ ਮਸੀਤ ਦੇ ਲਾਗੇ ਟਿਕਾਣਾ ਕੀਤਾ। ਪੰਜਾਬੀ ਮੌਲਾਣੇ ਨਾਲ ਗਲ ਬਾਤ ਹੋਈ ਤਾਂ ਉਸ ਸ਼ਕਾਇਤ ਕੀਤੀ ਕਿ ਇਥੇ ਲੋਕ ਜਾਂਗਲੀ ਜਿਹੇ ਨੇ ਜਿੰਨਾਂ ਨੂੰ ਵਾਹਿਦ ਖੁਦਾ ਦੀ ਹੋਂਦ ਬਾਰੇ ਕੋਈ ਸਮਝ ਨਹੀ। ਲੋਕਾਂ ਦੀਆਂ ਅਜੀਬ ਜਿਹੀਆਂ ਮਜ੍ਹਬੀ ਕਦਰਾਂ ਤੇ ਮਾਨਤਾਵਾਂ ਨੇ। ਰਾਜਾ ਵੀ ਪਰਜਾ ਵਰਗਾ ਹੀ ਹੈ। ਕਦੀ ਕਦਾਈ ਨਮਾਜ ਪੜ੍ਹ ਲੈਂਦਾ ਹੈ।

ਓਥੇ ਗੁਰੂ ਸਾਹਿਬ ਨੇ ਫਿਰ ਸ਼ਬਦ ਪੜਿਆ:-

ਮਃ ੧ ॥ ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ ॥ ਡਕੈ ਫੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ ॥ ਅੰਧੀ ਫੂਕਿ ਮੁਈ ਦੇਵਾਨੀ ॥... (ਪੂਰਾ ਸ਼ਬਦ ਪੰਨਾ .. ਤੇ ਵੇਖੋ)

ਫਿਰ ਰਾਜੇ ਨੂੰ ਮਿਲ ਉਪਦੇਸ਼ ਕੀਤਾ। ਅੱਜ ਵੀ ਕਲਾਤ ਵਿਚ ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿਚ ਗੁਰਦੁਆਰਾ ਮੌਜੂਦ ਹੈ। ਪਤਾ ਲਗਦਾ ਹੈ ਕਿ ਅੱਜ ਵੀ ਬਲੋਚ ਰਾਜਾ ਗੁਰੂ ਸਾਹਿਬ ਬਾਬਤ ਸ਼ਰਧਾ ਰੱਖਦਾ ਹੈ।

—◈—

ਸਖੀ ਸਰਵਰ ਦੇ ਮੁਕਾਮ ਤੇ

ਕਲਾਤ ਤੋਂ ਡਾਂਡੇ ਮੀਂਢੇ ਕਠਿਨ ਪਹਾੜੀ ਰਸਤੇ 400 ਕਿ. ਮੀ. ਦਾ ਸਫਰ ਕਰਕੇ ਸਾਹਿਬ ਸਖੀ ਸਰਵਰ ਪਹੁੰਚੇ। ਸਖੀ ਸਰਵਰ ਪਾਕਿਸਤਾਨੀ ਪੰਜਾਬ ਦੇ ਜਿਲਾ ਡੇਰਾ ਗਾਜ਼ੀ ਖਾਨ ਵਿਚ ਸੁਲੇਮਾਨ ਪਹਾੜੀਆਂ ਦੀ ਘਾਟੀ ਵਿਚ ਮੌਜੂਦ ਹੈ। ਸਖੀ ਸਰਵਰ ਸਾਂਝੇ ਪੰਜਾਬ ਦੇ ਵੱਡੇ ਪੰਥਾਂ ਵਿਚੋਂ ਹੈ। ਇਸ ਦੇ ਮੰਨਣ ਵਾਲੇ ਮੁਸਲਮਾਨ, ਸਿੱਖ ਤੇ ਹਿੰਦੂ ਤਿੰਨੇ ਤਬਕਿਆਂ ਵਿਚੋਂ ਹੀ ਹਨ। ਇਨੂੰ ਨਿਰਾ ਪੰਜਾਬੀ ਲੋਕ ਹੀ ਨਹੀ ਮੰਨਦੇ ਇਹ ਸਿੰਧੀ, ਬਲੋਚੀ ਤੇ ਕੁਝ ਹੱਦ ਤੱਕ ਰਾਜਸਥਾਨੀ ਲੋਕਾਂ ਵਿਚ ਵੀ ਮੰਨਿਆ ਜਾਂਦਾ ਹੈ। ਆਪਣੇ ਸੰਗ ਵਿਚ ਇਹ ਲੋਕ ਗਾਉਂਦੇ ਵਜਾਉਦੇ ਢੋਲ ਨਾਲ ਨੱਚਦੇ ਸਖੀ ਸਰਵਰ ਦੇ ਸਥਾਨ ਤੇ ਪਹੁੰਚਦੇ ਹਨ। ਇਥੇ ਅਪ੍ਰੈਲ ਦੇ ਮਹੀਨੇ ਮੇਲਾ ਲਗਦਾ ਹੈ। ਪਿੱਛੇ 4 ਅਪਰੈਲ 2011 ਨੂੰ ਇਥੇ ਕੱਟੜਵਾਦੀ ਮੁਸਲਮਾਨਾਂ ਨੇ ਬੰਬ ਨਾਲ ਕੋਈ 40-45 ਸ਼ਰਧਾਲੂ ਮਾਰ ਦਿੱਤੇ ਸਨ।

ਸਖੀ ਸਰਵਾਰ, ਡੇਰਾ ਗਾਜੀ ਖਾਨ

ਸਖੀ ਸਰਵਰ ਜਾਂ ਸਯਦ ਅਹਿਮਦ ਸੁਲਤਾਨ 12ਵੀ ਸਦੀ ਦਾ ਸੂਫੀ ਪੀਰ ਹੋਇਆ ਹੈ। ਇਸ ਨੂੰ ਪੀਰ ਲਾਲਾ ਵਾਲਾ, ਪੀਰ ਨਿਗਾਹਾ, ਲੱਖ ਦਾਤਾ, ਪੀਰ ਰੋਹੀਆਂਵਾਲਾ ਜਾਂ ਸਖੀ ਸੁਲਤਾਨ ਦੇ ਨਾਂ ਨਾਲ ਸ਼ਰਧਾਲੂ ਯਾਦ ਕਰਦੇ ਹਨ। ਪੀਰ ਦਾ ਪਿਤਾ ਪ੍ਰਵਾਰ ਸਮੇਤ 1126 ਈ. ਵਿਚ ਬਗਦਾਦ ਤੋਂ ਚਲ ਕੇ ਇਥੇ ਸ਼ਾਹਕੋਟ ਨੇੜੇ ਮੁਲਤਾਨ ਆ ਵੱਸਿਆ ਸੀ। ਸੁਲਤਾਨ ਨੂੰ ਮੰਨਣ ਵਾਲੇ ਸਰਵਰੀਏ ਜਾਂ ਸੁਲਤਾਨੀਏ ਕਹਾਉਦੇ ਹਨ। ਸਖੀ ਸਰਵਰ ਤੇ ਮੁਕਾਮ ਤੇ ਹੀ ਸੁਲਤਾਨ ਦਾ ਇੰਤਕਾਲ ਹੋਇਆ ਸੀ।

ਇਨਾਂ ਦੀ ਮਜ਼ਬੀ ਪੂਜਾ ਵਿਚ ਰੋਟ ਚੜਾਉਣਾ, ਚੌਕੀਆ ਦਾ ਮੇਲਾ ਜਦੋਂ ਇਹ ਜਮੀਨ ਤੇ ਸੌਂਦੇ ਨੇ, ਕਦਮਾਂ ਦਾ ਮੇਲਾ ਭਾਵ ਸੰਗ ਨਾਲ ਚਲਣਾ, ਪੀਰ ਦੇ ਸੋਹਲੇ ਗਾਉਣਾ ਆਦਿ।

ਸਖੀ ਸਰਵਰ ਦੀ ਮਜਾਰ ਦੇ ਉੱਤਰ-ਪੱਛਮ ਵਿਚ ਗੁਰੂ ਸਾਹਿਬ ਦੀ ਇਥੇ ਆਮਦ ਦੀ ਯਾਦਗਾਰ ਹੈ। ਇਸ ਨੂੰ ਥੜਾ ਸਾਹਿਬ, ਗੁਰੂ ਨਾਨਕ ਕਿਹਾ ਜਾਂਦਾ ਹੈ।

ਗੁਰੂ ਸਾਹਿਬ ਨੇ ਇਥੇ ਪਹੁੰਚ ਲੋਕਾਈ ਨੂੰ ਉਪਦੇਸ਼ ਦਿੱਤਾ ਕਿ ਸ਼ਖਸੀ ਪੂਜਾ ਛੱਡ ਕੇ ਇਕ ਅਕਾਲ ਨਿਰੰਕਾਰ ਦੇ ਲੜ ਲੱਗੋ। ਇਸ ਮੁਕਾਮ ਦੇ ਮਜੌਰਾਂ ਨੂੰ ਜਦੋਂ ਪਤਾ ਲੱਗਾ ਕਿ ਗੁਰੂ ਸਾਹਿਬ ਬਗਦਾਦ ਤੋਂ ਪਰਤ ਰਹੇ ਨੇ ਤਾਂ ਉਹ ਹੋਰ ਵੀ ਪ੍ਰਭਾਵਤ ਹੋਏ।

ਸਖੀ ਸਰਵਰ ਤੋਂ ਗੁਰੂ ਸਾਹਿਬ ਡੇਰਾ ਗਾਜ਼ੀ ਖਾਂ ਆਏ। ਕਿਹਾ

ਜਾਂਦਾ ਹੈ ਕਿ ਇਥੇ ਵੀ ਛੋਟੀ ਜਿਹੀ ਉਮਰ ਦੇ ਮਜੌਰ ਨੇ ਗੁਰੂ ਸਾਹਿਬ ਅਤੇ ਸਾਥੀਆਂ ਨੂੰ ਹੋਲਾਂ ਚਬਾਈਆਂ ਸਨ। ਕਿਤੇ ਖਜੂਰਾਂ ਛਕਾਉਣਾ ਵੀ ਲਿਖਿਆ ਹੈ। (ਅਜਿਹੀ ਘਟਨਾ ਹੀ ਪਿੰਡ ਭਰਨਾਵਾਂ ਦੀ ਵੀ ਹੈ) ਲਿਖਿਆ ਮਿਲਦਾ ਹੈ ਕਿ ਗੁਰੂ ਸਾਹਿਬ ਨੇ ਬਾਲਕ ਨੂੰ ਰਾਜਾ ਬਣਨ ਦੀ ਅਸੀਸ ਦਿੱਤੀ ਸੀ। ○

ਆਪਣੇ ਮੁਲਤਾਨ ਵਾਲੇ ਸਾਥੀ (ਪੀਰ ਰੁਕੁਨੁਦੀਨ) ਦੇ ਜਿੱਦ ਕਰਨ ਤੇ ਫਿਰ ਮੁਲਤਾਨ ਨੂੰ ਗਏ। ਉਪਰੰਤ ਛੇਤੀ ਇਕ ਦੋ ਦਿਨਾਂ ਬਾਦ ਹੀ ਗੁਰੂ ਸਾਹਿਬ ਨੇ ਪਹਾੜ ਪਾਸੇ ਦਾ ਰੁਖ ਕਰਦੇ ਹੋਏ ਕਰਤਾਰਪੁਰ ਨੂੰ ਚਾਲੇ ਪਾ ਦਿੱਤੇ। (ਕਈ ਇਤਹਾਸਕਾਰਾਂ ਨੇ ਉਂਜ ਗੁਰੂ ਸਾਹਿਬ ਦਾ ਫਰੀਦਵਾਲਾ✚ ਵੀ ਜਾਣਾ ਲਿਖਿਆ ਹੈ।)

ਮੁਲਤਾਨ ਤੋਂ ਚਲਕੇ ਆਪਣੇ ਪੁਰਾਣੇ ਸ਼ਰਧਾਲੂ ਸੱਜਣ (ਠੱਗ) ਦੇ ਗ੍ਰਿਹ ਮਖਦੂਮਪੁਰ ਪਹੋੜਾਂ ਬਿਰਾਜੇ। ਸੱਜਣ ਦੇ ਨਾਲ ਹੀ ਫਿਰ ਅਗਲੇ ਦਿਨ ਸੱਜਣ ਨੂੰ ਨਾਲ ਲੈਂਦੇ ਹੋਏ ਸ਼ੋਰਕੋਟ ਝੰਗ ਨੂੰ ਰਵਾਨਾ ਹੋਏ। ਸੱਜਣ ਇਕ ਦੋ ਦਿਨ ਗੁਰੂ ਸਾਹਿਬ ਦੇ ਨਾਲ ਚਲਕੇ ਫਿਰ ਆਪਣੇ ਘਰ ਪਰਤ ਗਿਆ। ਸ਼ੋਰਕੋਟ ਜਿੱਥੇ ਗੁਰੂ ਸਾਹਿਬ ਪਹੁੰਚੇ ਉਹ ਰਾਮ ਚੌਧਰੇ ਦਾ ਥੜਾ ਕਹਾਉਦਾ ਹੈ ਤੇ ਵੰਡ ਵੇਲੇ ਤੱਕ ਵੱਡੇ ਪਿੱਪਲ ਤੇ ਬੋਹੜ ਦੇ ਰੁੱਖ ਇਸ ਗੁਰਧਾਮ ਲਾਗੇ ਮੌਜੂਦ ਹੁੰਦੇ ਸਨ। ਆਮ ਲੋਕਾਂ ਨੂੰ ਰਾਹੇ ਪਾਉਣ ਦੇ ਨਾਲ ਨਾਲ ਗੁਰੂ ਸਾਹਿਬ ਇਥੋਂ ਦੇ ਸੂਫੀ ਪੀਰਾਂ ਨੂੰ ਵੀ ਮਿਲੇ।

ਅੱਗੇ 58 ਕਿ.ਮੀ. ਦਾ ਪੈਂਡਾ ਕਰਕੇ ਫਿਰ ਸਾਹਿਬ ਝੰਗ-ਮਘਿਆਣਾ ਪਹੁੰਚ ਲੋਕਾਈ ਨੂੰ ਸਤਿਨਾਮ ਨਿਰੰਕਾਰ ਦਾ ਉਪਦੇਸ਼ ਦਿੱਤਾ। ਗੁਰੂ ਸਾਹਿਬ ਦੀ ਯਾਦ ਵਿਚ ਅੱਜ ਵੀ ਵਿਸ਼ਾਲ ਗੁਰਧਾਮ ਤੇ ਸਰੋਵਰ ਦੀਆਂ ਨਿਸ਼ਾਨੀਆਂ ਮੌਜੂਦ ਹਨ।

ਝੰਗ ਤੋਂ ਗੁਰੂ ਸਾਹਿਬ ਦੁਬਾਰਾ ਪੁਰਾਤਨ ਕਸਬੇ ਚਿਨਿਓਟ ਗਏ ਤੇ ਆਪਣੇ ਪੁਰਾਣੇ ਸ਼ਰਧਾਲੂ ਸ਼ਾਹ ਬੁਰਹਾਨ ਕੋਲ ਰਾਤ ਰਹੇ। ਸ਼ਾਹ ਨੇ ਅਰਜ ਕੀਤੀ ਕਿ ਮੈਨੂੰ ਆਪਣਾ ਆਖੀਰੀ ਉਪਦੇਸ਼ ਬਖਸ਼ ਜਾਓ ਪਤਾ ਨਹੀ ਦੁਬਾਰਾ ਮੇਲ ਹੋਣਾ ਕਿ ਨਹੀ। ਗੁਰੂ ਸਾਹਿਬ ਨੇ ਸ਼ਾਹ ਨੂੰ ਕਿਹਾ ਕਿ ਲੋਕਾਈ ਨੂੰ ਸਿਫਤ ਸਲਾਹ ਦੇ ਸ਼ਬਦ ਭਾਵ ਨਾਮ ਨਾਲ ਜੋੜੋ, ਵੰਡ ਕੇ ਛਕਣ ਦਾ ਉਪਦੇਸ਼ ਦਿਓ। ਅਗਲੇ ਦਿਨ ਸਾਹਿਬ ਕਰਤਾਰਪੁਰ ਨੂੰ ਰਵਾਨਾ ਹੋ ਗਏ।

ਕਰਤਾਰਪੁਰ ਪਰਤਿਆ ਬਾਬਾ "ਭੇਖ ਉਦਾਸੀ ਸਗਲ ਉਤਾਰਾ"

ਜਿਵੇ ਲੋਕਾਈ ਨੂੰ ਪਤਾ ਲੱਗਾ ਕਿ ਬਾਬਾ ਮੱਕੇ ਮਦੀਨੇ ਦਾ ਹੱਜ ਕਰਕੇ ਪਰਤ ਆਇਆ ਹੈ ਤਾਂ ਇਲਾਕਾ ਇਕ ਦਮ ਕਰਤਾਰਪੁਰ ਉਮੰਡ ਆਇਆ। ਕਿਉਕਿ ਲੋਕਾਂ ਵਿਚ ਚਰਚਾ ਸੀ ਕਿ ਮੱਕੇ ਦਾ ਹੱਜ ਗੈਰ ਮੁਸਲਮਾਨ ਲਈ ਵਰਜਿਆ ਹੋਇਆ ਹੈ ਤਾਂ ਕਈ ਮਨਮੁਖਾਂ ਨੇ ਇਹ ਧੁੰਮਾ ਦਿੱਤਾ ਸੀ ਕਿ ਹੁਣ ਨਹੀ ਬਾਬਾ ਮੁੜਦਾ। ਕਰਤਾਰਪੁਰ ਖੁੱਸ਼ੀਆਂ ਸਨ ਪਰ ਨਾਲ ਹੀ ਮਰਦਾਨੇ ਤੇ ਬੇਬੇ ਨਾਨਕੀ ਅਤੇ ਭਾਈਆ ਜੈ ਰਾਮ ਦੀ ਮੌਤ ਦਾ ਸੋਗ ਵੀ ਸੀ। ਪਰ ਗੁਰੂ ਨਾਨਕ ਦਾ ਨਾਂ ਤਾਂ ਹੈ ਹੀ ਚੜ੍ਹਦੀ ਕਲ੍ਹਾ ਦਾ ਪ੍ਰਤੀਕ। ਉਹ ਕਿਸੇ ਅਫਸੋਸ ਕਰਨ ਆਏ ਸੱਜਣ ਨੂੰ ਉਤਸ਼ਾਹ ਨਹੀ ਸਨ ਦੇ ਰਹੇ।

ਬਾਬਾ ਜੀ ਨੂੰ ਪਰਤਿਆਂ ਕੁਝ ਹੀ ਦਿਨ ਬੀਤੇ ਸਨ ਕਿ ਮਾਤਾ ਸੁਲਖਣੀ (ਚੋਣੀ) ਅਤੇ ਸਾਰੀ ਸੰਗਤ ਗੁਰੂ ਸਾਹਿਬ ਦੇ ਦੁਆਲੇ ਹੋ ਗਈ ਕਿ ਤੇ ਅਰਦਾਸ ਕਰਨ ਲੱਗੀ ਕਿ ਬਾਬਾ ਜੀ ਮੁਕਾਮੀ ਸੰਗਤਾਂ ਤੇ ਹੀ ਤਰਸ ਕਰੋ ਤੇ ਇਸ ਇਲਾਕੇ ਨੂੰ ਵੀ ਨਾਮ ਦੀ ਦਾਤ ਬਖਸ਼ੋ। ਮਾਤਾ ਚੋਣੀ ਨੇ ਜਿਵੇ ਹੀ ਗੁਰੂ ਸਾਹਿਬ ਦੇ ਪੈਰ ਫੜੇ ਤਾਂ ਸਾਰੀ ਸੰਗਤ ਹੀ ਮਾਤਾ ਜੀ ਦੇ ਹੱਕ ਵਿਚ ਹੋ ਗਈ।

ਉਸ ਮੌਕੇ ਫਿਰ ਮਾਤਾ ਚੋਣੀ ਨੇ ਨਵੇਂ ਕਪੜਿਆਂ ਦਾ ਜੋੜਾ ਲਿਆ ਹਾਜਰ ਕੀਤਾ। ਗੁਰੂ ਸਾਹਿਬ ਨੇ ਸੰਗਤ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਨਵਾਂ ਗ੍ਰਿਸਤੀ ਜੋੜਾ ਪਹਿਨ ਲਿਆ।ਨਾਲ ਹੀ ਸਾਹਿਬ ਨੇ ਐਲਾਨ ਕਰ ਦਿੱਤਾ ਕਿ ਅੱਗੇ ਤੋਂ ਸੰਨਿਆਸੀਆਂ ਜਾਂ ਫਕੀਰਾਂ ਵਾਲੇ ਕਪੜਿਆਂ ਦੀ ਜਰੂਰਤ ਨਹੀ ਹੋਵੇਗੀ। ਗੁਰੂ ਸਾਹਿਬ ਦਾ ਪਹਿਰਾਵਾ ਉਸ ਵਕਤ ਕਿਸਾਨ ਵਾਲਾ ਹੋ ਗਿਆ। ਸਿਰ ਤੇ ਪਰਨਾ ਜਾਂ ਕਦੀ ਪੱਗ, ਕਮੀਜ, ਕੋਪੀਨ ਜਾਂ ਕਦੀ ਕੱਛਾ ਹੁੰਦਾ ਤੇ ਸਾਹਿਬ ਚਾਦਰ ਵੀ ਬੰਨਦੇ ਸਨ। ਪੈਰਾਂ ਵਿਚ ਲੱਕੜ ਦੀਆਂ ਖੜਾਵਾਂ ਦੀ ਥਾਂ ਹੁਣ ਜੁੱਤੀ ਜਾਂ ਜਿਸ ਨੂੰ ਖੋਸਾ ਵੀ ਕਿਹਾ ਜਾਂਦਾ ਹੈ ਉਹ ਪਹਿਨ ਲਿਆ।

ਬਾਬਾ ਆਇਆ ਕਰਤਾਰਪੁਰ,ਭੇਖ ਉਦਾਸੀ ਸਗਲ ਉਤਾਰਾ॥
ਪਹਿਰ ਸੰਸਾਰੀ ਕਪੜੇ, ਮੰਜੀ ਬੈਠ ਕੀਆ ਅਵਤਾਰਾ॥

ਯਾਦ ਰਹੇ ਗੁਰੂ ਸਾਹਿਬ ਪਹਿਲੇ ਦਿਨ ਤੋਂ ਹੀ ਸੰਨਿਆਸ (ਭਾਵ ਸਾਧੂ ਬਣਕੇ, ਗ੍ਰਿਸਤ ਤਿਆਗ ਜਾਣਾਂ) ਦੇ ਸਿਧਾਂਤ ਦੇ ਖਿਲਾਫ ਸਨ। ਪਰ ਗੁਰੂ ਸਾਹਿਬ ਦੂਰ ਦੁਰਾਡੇ ਦੇਸਾਂ ਵਿਚ ਸਾਧੂ ਫਕੀਰ ਦੀ ਤਰਾਂ ਹੀ ਵਿਚਰਦੇ ਸਨ ਕਿਉਕਿ ਅਜਿਹਾ ਕਰਨ ਨਾਲ ਸਫਰ ਵਿਚ ਆਸਾਨੀ ਹੋ ਜਾਂਦੀ ਸੀ।

ਮਰਦਾਨੇ ਦੇ ਪ੍ਰਵਾਰ ਨੂੰ ਸੱਦ ਭੇਜਣਾ

ਕਰਤਾਰਪੁਰ ਪਹੁੰਚ ਗੁਰੂ ਸਾਹਿਬ ਨੇ ਮਰਦਾਨੇ ਦੇ ਪ੍ਰਵਾਰ ਨੂੰ ਸੁਨੇਹਾ ਭੇਜ ਕੇ ਆਪਣੇ ਕੋਲ ਸੱਦਿਆ। ਇਤਹਾਸ ਤੋਂ ਲਗਦਾ ਹੈ ਕਿ ਮਰਦਾਨੇ ਦਾ ਪੋਤਰਾ ਗੁਰੂ ਸਾਹਿਬ ਦੇ ਚਰਨਾਂ ਵਿਚ ਰਹਿਣ ਲਈ ਤਿਆਰ ਹੋਇਆ। ਕਿਉਕਿ ਮਰਦਾਨਾ ਖੁੱਦ ਗੁਰੂ ਸਾਹਿਬ ਨਾਲੋਂ ਵੱਡੀ ਉਮਰ ਦਾ ਸੀ ਇਸ ਕਰਕੇ ਮਰਦਾਨੇ ਦੇ ਪੁੱਤਰ ਸ਼ਹਿਜਾਦਾ ਤੇ ਰਜਾਦਾ (ਰੱਜਿਆ ਦਾ) ਖੁੱਦ ਵੀ ਵਢੇਰੀ ਉਮਰ ਦੇ ਸਨ।

ਉਂਜ ਇਕ ਲਿਖਾਰੀ ਨੇ ਇਹ ਵੀ ਲਿਖਿਆ ਹੈ ਕਿ ਭਾਈ ਬਲਵੰਡ ਹੀ ਗੁਰੂ ਸਾਹਿਬ ਦੇ ਕੋਲ ਕੀਰਤਨ ਕਰਨ ਪਹੁੰਚ ਗਇਆ ਸੀ। ◘

ਪੈਂਡਾ ਸਫ਼ਰ

◆ ਕੈਸਰ ਨੇ ਕੋਇਟੇ ਦੇ ਗੁਰਦੁਆਰੇ ਨੂੰ ਤਿਲਗੀਜੀ ਸਾਹਿਬ ਦੱਸਿਆ ਹੈ। ਜਦੋਂ ਕਿ ਤਿਲਗੀਜੀ ਵਾਲੀ ਸਾਖੀ ਕੇਰਲਾ ਦੇ ਪੁਲੀਅਮ ਕੋਟੇ ਨਾਲ ਸਬੰਧ ਰਖਦੀ ਹੈ।

○ ਬਰਵਾਲਾ-60 ਨੇ ਇਹ ਘਟਨਾ ਡੇਰਾ ਇਸਮਾਈਲ ਖਾਂ ਹੋਣੀ ਲਿਖੀ ਹੈ। ਇਤਹਾਸਿਕ ਤੌਰ ਗੁਰੂ ਸਾਹਿਬ ਦੀ ਆਮਦ ਵੇਲੇ ਡੇਰਾ ਕੋਈ ਖਾਸ ਅਹਿਮੀਅਤ ਨਹੀ ਸੀ ਰੱਖਦਾ। ਸਾਨੂੰ ਨਹੀ ਲਗਦਾ ਕਿ ਗੁਰੂ ਸਾਹਿਬ ਡੇਰੇ ਗਏ ਹੋਣਗੇ। ਅਜਿਹੀ ਸਾਖੀ ਭਾਈ ਫੇਰੂ ਲਾਗਲੇ ਪਿੰਡ ਭਰਨਾਵਾਂ ਦੀ ਵੀ ਹੈ।

○ ਗੁਰਧਾਮ ਦੀਦਾਰ - 123, ✚ ਬਰਵਾਲਾ- 43 (ਅਸੀ ਫਰੀਦਵਾਲਾ ਦਾ ਇਤਹਾਸ ਹਾਸਲ ਨਹੀ ਕਰ ਪਾਏ।) ◘ ਮਹਿਮਾ ਪ੍ਰਕਾਸ਼- ਸਰੂਪ ਦਾਸ ਭੱਲਾ ਪੰਨਾ 47

ਬਾਬ-63

ਲਹਿਣਾ ਮਿਲਾਪ ਅਤੇ ਕਰਤਾਰਪੁਰ ਦੇ ਕੌਤਕ (ਭਾਗ -6)

1532 ਈ. ਤੋਂ 1535/36 ਦੀਆਂ ਸਾਖੀਆਂ

ਕੱਚੇ ਧਾਗੇ ਦਾ ਬੱਧਾ, ਖਿੱਚਿਆ ਚਲਾ ਆਇਆ ਭਾਈ ਲਹਿਣਾ

ਸਤਾਈਆਂ ਸਾਲਾਂ ਦਾ ਲਹਿਣਾ ਪਿੰਡ ਖਡੂਰ ਵਿਚ ਹੱਟੀ ਕਰਦਾ ਹੈ। ◈ ਪੜਿਆ ਲਿਖਿਆ ਹੋਣ ਕਰਕੇ ਇਲਾਕੇ ਵਿਚ ਮਾਤਾ ਦੇ ਜਗਰਾਤੇ ਵਾਲੇ ਜਥੇ ਦਾ ਮੁੱਖੀ ਵੀ ਹੈ। ਲਹਿਣੇ ਨੇ ਆਪਣੇ ਪਿਤਾ ਫੇਰੂ ਕੋਲੋਂ ਬਾਬੇ ਨਾਨਕ ਬਾਰੇ ਵੀ ਸੁਣਿਆ ਹੋਇਆ ਹੈ। ਇਕ ਦਿਨ ਖਡੂਰ ਦਾ ਭਾਈ ਜੋਧ ਗੁਰੂ ਸਾਹਿਬ ਦੀ ਬਾਣੀ• ਪੜ੍ਹ ਰਿਹਾ ਹੁੰਦਾ ਹੈ ਤਾਂ ਭਾਈ ਲਹਿਣਾ ਉਤਸੁਕਤਾ ਵਸ ਹੋ ਇਸ ਬਾਣੀ ਬਾਰੇ ਜਾਨਣ ਦੀ ਕੋਸ਼ਿਸ਼ ਕਰਦਾ ਹੈ। ਬਾਣੀ ਦੇ ਰਹੱਸਮਈ ਬੋਲ ਲਹਿਣੇ ਵਿਚ ਜਗਿਆਸਾ ਹੋਰ ਭੜਕਾ ਦਿੰਦੇ ਨੇ। ਭਾਈ ਜੋਧ ਲਹਿਣੇ ਨੂੰ ਗੁਰੂ ਨਾਨਕ ਬਾਰੇ ਉਹ ਗੱਲਾਂ ਵੀ ਦੱਸਦਾ ਹੈ ਜਿਹੜੀਆਂ ਪਿਤਾ ਫੇਰੂ ਨੇ ਨਹੀ ਸਨ ਦੱਸੀਆਂ।

ਦੇਵੀ ਭਗਤ ਭਾਈ ਲਹਿਣਾ ਭਵਨੀ (ਵੈਸ਼ਨੋ ਦੇਵੀ) ਜਾਂਦਾ ਹੋਇਆ। (ਬੀ:40

ਗੱਲ ਚੇਤ ਨਵਰਾਤਿਆਂ (ਮਾਰਚ 1532) ਦੀ ਹੈ। ਜੰਮੂ-ਕਟੜੇ ਵਾਲੀ ਭਵਨਾਂ ਵਾਲੀ ਮਾਂ ਵੈਸ਼ਨੋ ਦੇਵੀ ਦਾ ਮੇਲਾ ਹੈ। ◉ ਲਹਿਣਾ ਵੀ ਮੇਲੇ ਲਈ ਆਪਣਾ ਸੰਗ ਲੈ ਕੇ ਖਡੂਰ ਤੋਂ ਰਵਾਨਾ ਹੋ ਜਾਂਦਾ ਹੈ। ਕੁਝ ਲੋਕ ਘੋੜਿਆਂ ਤੇ ਨੇ ਤੇ ਬਹੁਤੇ ਪੈਦਲ। ਪਹਿਲੀ ਰਾਤ ਚਵਿੰਢਾ ਦੇਵੀ ਮੰਦਰ ਦੀ ਸਰਾਂ ਵਿਚ ਕੱਟਦੇ ਨੇ। ਅਗਲਾ ਨਿਸ਼ਾਨਾ ਰਾਵੀ ਦਾ ਕਲਾਨੌਰ ਦੇ ਪਰਗਨੇ ਦਾ ਪੱਥੋਕਿਆਂ ਦਾ ਮਸ਼ਹੂਰ ਪੱਤਣ ਹੈ।

ਲਹਿਣੇ ਦਾ ਸੰਗ ਰਵੋਂ ਰਵੀ ਪੱਤਣ ਦੀ ਲਾਗਲੀ ਸਰਾਂ ਵਿਚ ਪਹੁੰਚ ਜਾਂਦਾ ਹੈ। ■

ਸੰਗ ਰਾਤ ਦੇ ਖਾਣ ਪੀਣ ਦਾ ਇੰਤਜਾਮ ਕਰਦਾ ਹੈ। ਘੋੜਿਆਂ ਵਾਲੇ ਘਾਹ ਪੱਠੇ ਦਾ ਇੰਤਜਾਮ ਕਰਦੇ ਹਨ।

ਲਹਿਣਾ ਸਰਾਂ ਦੇ ਬੰਦਿਆਂ ਕੋਲੋਂ ਪੁੱਛ ਗਿੱਛ ਕਰਦਾ ਹੈ ਕਿ ਇਥੇ ਕਿਤੇ ਸੁਣਿਐ ਗੁਰੂ ਨਾਨਕ ਦਾ ਡੇਰਾ ਹੈ। ਬੰਦੇ ਦੱਸਦੇ ਨੇ ਕਿ ਜੀ ਉਹ ਤਾਂ ਐਨ ਤੁਹਾਡੇ ਰਾਹ ਤੇ ਹੀ ਆ; ਰਾਵੀ ਦੇ ਉਰਲੇ ਕੰਢੇ। (ਓਦੋਂ ਰਾਵੀ ਪੱਥੋਕਿਆਂ ਦੇ ਉੱਤਰ ਵਿਚ ਵਗਦਾ ਸੀ।)

ਥੱਕਿਆ ਟੁੱਟਾ ਲਹਿਣਾ ਆਪਣੇ ਸੰਗੀਆਂ ਨੂੰ ਕਹਿੰਦਾ ਕਿ ਭਾਈਓ ਮੈਂ ਤਾਂ ਅਰਾਮ ਕਰਨ ਲੱਗਾਂ। ਮੈਂ ਸਵੱਖਤੇ ਉਠ ਬਾਬੇ ਨਾਨਕ ਦਾ ਡੇਰਾ ਵੇਖਣਾ ਹੈ ਤੁਸੀ ਮੈਨੂੰ ਰਾਹ ਵਿਚੋਂ ਲੈ ਲਿਓ।

ਅਗਲੇ ਮਨ੍ਹੇਰੇ (ਪਹੁ ਫੁੱਟਣ ਤੋਂ ਪਹਿਲਾਂ) ਲਹਿਣਾ ਉਠਦਾ ਹੈ। ਵਾਹੋ ਦਾਹੀ ਘੋੜੇ ਤੇ ਕਾਠੀ ਸੁੱਟਦਾ ਤੇ ਰਵਾਨਾ ਹੋ ਜਾਂਦਾ ਹੈ। ਗਾਡੀ ਰਾਹ ਹੈ। ਲਹਿਣਾ ਦੱਸੀਆਂ ਨਿਸ਼ਾਨੀਆਂ ਮੁਤਾਬਿਕ ਰਵਾਂ ਰਵੀਂ ਚਲਦਾ ਜਾ ਰਿਹਾ ਹੁੰਦਾ ਹੈ।

ਸਬੱਬੀ ਇਕ ਬਜੁੱਰਗ ਨਜਰ ਆਉਦਾ ਹੈ। ਰਾਹ ਦਾ ਉਂਜ ਤਾਂ ਲਹਿਣੇ ਨੂੰ ਅੰਦਾਜ਼ਾ ਹੋ ਹੀ ਗਿਆ ਸੀ ਪਰ ਫਿਰ ਵੀ ਸੋਚਿਆ ਕਿ ਇਸ ਬਜੁਰਗ ਕੋਲੋ ਪੁੱਛ ਲੈਂਨੇ ਆ।

ਲਹਿਣਾ ਉਸ ਬਜੁਰਗ ਦੇ ਕੋਲ ਪਹੁੰਚ ਬੋਲ ਉਠਿਆ, "ਬਾਬਾ ਜੀ ਇਥੇ ਕਿਤੇ ਗੁਰੂ ਨਾਨਕ ਦਾ ਡੇਰਾ ਦੱਸੀਦੈ?"

ਬਜੁਰਗ ਲਹਿਣੇ ਨੂੰ ਕਹਿੰਦਾ ਕਿ ਪੁਰਖਾ! ਆ ਮੇਰੇ ਮਗਰ ਮਗਰ ਚਲਦਾ ਆ। ਮੈਂ ਵੀ ਓਥੇ ਈ ਜਾਣਾ ਏ। ਬੇਸ਼ੱਕ ਘੋੜੇ ਦੀ ਵਾਗ ਮੈਨੂੰ ਹੀ ਫੜ੍ਹਾ ਦੇ।

ਵਾਗ ਫੜ੍ਹ ਉਹ ਬਜੁੱਰਗ ਘੋੜੇ ਦੇ ਅੱਗੇ ਅੱਗੇ ਚਲਦਾ ਹੈ। ਡੇਰੇ ਵਿਚ ਚਲ੍ਹ ਰਹੀ ਆਸਾ ਦੀ ਵਾਰ ਦੀ ਅਵਾਜ ਲਹਿਣੇ ਨੂੰ ਝੰਜੋੜੀ ਜਾ ਰਹੀ ਹੁੰਦੀ ਏ।

ਡੇਰੇ ਪਹੁੰਚ ਬਜੁਰਗ ਬੋਲਿਆ, "ਪੁਰਖਾ! ਓਸ ਕਿੱਲੇ ਨਾਲ ਘੋੜੇ ਨੂੰ ਬੰਨ, ਧਰਮਸਾਲ ਅੰਦਰ ਆ ਜਾ।

ਬਜੁੱਰਗ ਜਿਵੇਂ ਧਰਮਸਾਲ ਅੰਦਰ ਪੈਰ ਰੱਖਦਾ ਹੈ ਸਾਰੀ ਸੰਗਤ ਸੁਚੇਤ ਹੋ ਜਾਂਦੀ ਹੈ, "ਬਾਬਾ ਆ ਗਿਆ!" ਗੁਰੂ ਸਾਹਿਬ ਉੱਚੇ ਥੜੇ ਤੇ ਆਪਣੇ ਆਸਣ ਤੇ ਬਿਰਾਜ ਜਾਂਦੇ ਨੇ।

ਲਹਿਣਾ ਜਿਵੇਂ ਦੀਵਾਨ ਵਿਚ ਵੜ੍ਹਦਾ ਹੈ ਤਾਂ ਉਨੂੰ ਝੱਟਕਾ ਲੱਗਦਾ ਹੈ ਜਦੋਂ ਉਹ ਵੇਖਦਾ ਕਿ ਰਾਹ ਦਸੇਰਾ ਓਹੀ ਬਜੁੱਰਗ ਇਥੇ ਸਭਾ-ਪਤੀ ਹੈ ਭਾਵ ਖੁੱਦ ਗੁਰੂ ਨਾਨਕ ਹੀ ਹੈ।

ਸ਼ਰਮਸਾਰ ਹੋਇਆ ਲਹਿਣਾ ਗੁਰੂ ਸਾਹਿਬ ਦੇ ਚਰਨ ਛੂਹਦਾ ਹੈ। "ਗੁਰੂ ਜੀ ਮੈਨੂੰ ਮਾਫ ਕਰ ਦੋ। ਮੈਂ ਤੁਹਾਨੂੰ ਪਛਾਣਿਆ ਨਹੀ ਸੀ। ਮੈਂ ਗੁਨਾਹਗਾਰ ਹਾਂ ਤੁਹਾਨੂੰ ਲੱਗਾਮ ਫੜਾਈ ਮੈਂ ਖੁੱਦ ਘੋੜੇ ਤੇ ਚੜਿਆ ਆਇਆ। " ਗੁਰੂ ਸਾਹਿਬ ਨੇ ਦਿਲਾਸਾ ਦਿੱਤਾ, "ਪੁੱਤਰਾ

ਕੁਝ ਗਲਤ ਨਹੀ ਹੋਇਆ। ਸਭ ਠੀਕ ਹੈ।"

ਗੁਰੂ ਸਾਹਿਬ ਦੀਵਾਨ ਤੋਂ ਬਾਹਰ ਆ ਜਾਂਦੇ ਨੇ ਮਗਰੇ ਮਗਰ ਲਹਿਣਾ।

ਗੁਰੂ ਸਾਹਿਬ ਅੱਗੋ ਪੁੱਛਦੇ ਨੇ ਪੁਰਖਾ ਤੇਰਾ ਨਾਂ ਕੀ ਹੈ?

"ਜੀ ਮੇਰਾ ਨਾਂ ਲਹਿਣਾ।" ਲਹਿਣਾ ਬੋਲਿਆ।

ਗੁਰੂ ਸਾਹਿਬ ਲਹਿਣੇ ਨੂੰ ਘੁੱਟ ਕੇ ਗਲ ਨਾਲ ਲਾ ਬੋਲਦੇ ਨੇ "ਪੁਰਖਾ ਬੁਰਾ ਨਾਂ ਮਨਾ। ਸ਼ਰਮਸ਼ਾਰ ਨਾਂ ਹੋ ਕਿਉਕਿ ਲੈਣਦਾਰ ਹਮੇਸ਼ਾ ਘੋੜ ਚੜੀ ਹੀ ਆਉਦੇ ਨੇ। ਤੂੰ ਇਥੋਂ ਲੈਣਾ ਹੈ। ਤੂੰ ਮੈਨੂੰ ਫੇਰੂ ਬਾਰੇ ਦੱਸ?"

ਬਿਨਾਂ ਸੋਚੇ ਲਹਿਣਾ ਬੋਲ ਉਠਿਆ ਜੀ ਉਹਨਾਂ ਨੂੰ ਤਾਂ ਚੜ੍ਹਾਈ ਕੀਤਿਆਂ 7 ਸਾਲ ਹੋ ਗਏ ਨੇ।

ਭਾਈ ਲਹਿਣਾ ਤੇ ਹੋਰ ਮਾਤਾ ਦੇ ਭਗਤ ਗੁਰੂ ਸਾਹਿਬ ਦੇ ਚਰਨਾਂ ਤੇ।(ਬੀ:40 ਤਸਵੀਰ।। ਇਥੇ ਭਾਈ ਮਰਦਾਨੇ ਨੂੰ ਵੀ ਦਿਖਾਇਆ ਗਇਆ ਹੈ ਜੋ ਇਤਹਾਸਿਕ ਤੌਰ ਤੇ ਗਲਤ ਹੈ।)

ਗੁਰੂ ਸਾਹਿਬ ਨੇ ਹੋਰਨਾਂ ਸਿੱਖਾਂ ਬਾਰੇ ਵੀ ਪੁੱਛਿਆ, "ਭਾਈ ਜੇਠਾ, ਭਾਈ ਤਖਤ ਮਲ, ਮਾਈ ਭਿਰਾਈ?"

ਲਹਿਣਾ ਰਵਾਂ ਰਵੀ ਸਭ ਦਾ ਹਾਲ ਚਾਲ ਦੱਸ ਰਿਹਾ ਸੀ। ਕੁਝ ਚਿਰ ਜਿਵੇ ਗੁਰੂ ਸਾਹਿਬ ਕਿਸੇ ਹੋਰ ਗੁਰਸਿੱਖ ਨਾਲ ਗਲ ਕਰਨ ਲੱਗ ਪਏ ਲਹਿਣਾ ਦੀਆਂ ਅੱਖਾਂ ਖੁੱਲੀਆਂ ਤੇ ਅਹਿਸਾਸ ਹੋਇਆ ਕਿ ਗੁਰੂ ਜੀ ਨੂੰ ਕਿਵੇ ਪਤਾ ਕਿ ਮੈਂ ਫੇਰੂ ਤ੍ਰੇਹਨ ਦਾ ਮੁੰਡਾ ਹਾਂ? ਲਹਿਣੇ ਦਾ ਸਿਰ ਚਕ੍ਰਾਅ ਜਾਂਦਾ ਹੈ।

ਲਹਿਣੇ ਨੂੰ ਭਾਈ ਜੇਠੇ ਦੀ ਗਲ ਯਾਦ ਆ ਜਾਂਦੀ ਹੈ ਕਿ ਗੁਰੂ ਸਾਹਿਬ ਜਾਣੀ ਜਾਣ ਨੇ।

ਗੁਰੂ ਸਾਹਿਬ ਮੁੜ ਦੀਵਾਨ ਵਿਚ ਜਾ ਬਿਰਾਜਦੇ ਨੇ।

ਦੁੱਧ ਛੱਕਣ ਤੋਂ ਬਾਦ ਲਹਿਣਾ ਦੀਵਾਨ ਵਿਚ ਜਿਵੇ ਜਾਂਦਾ ਹੈ ਗੁਰੂ ਸਾਹਿਬ ਇਸ਼ਾਰਾ ਕਰਕੇ ਆਪਣੇ ਕੋਲ ਬਹਿਣ ਲਈ ਕਹਿੰਦੇ ਨੇ।

ਰਬਾਬੀ ਨੂੰ ਹੁਕਮ ਹੁੰਦਾ ਹੈ ਕਿ ਮਲਾਰ ਦੀ ਧੁੰਨ ਵਜਾ।

ਗੁਰੂ ਸਾਹਿਬ ਉੱਚੀ ਸੁਰ 'ਚ ਸ਼ਬਦ ਲਾ ਦਿੰਦੇ ਨੇ:

ਮਲਾਰ ਮਹਲਾ ੧ ॥ ਜਿਨਿ ਧਨ ਪਿਰ ਕਾ ਸਾਦੁ ਨ ਜਾਨਿਆ ਸਾ ਬਿਲਖ ਬਦਨ ਕੁਮਲਾਨੀ ॥ ਭਈ ਨਿਰਾਸੀ ਕਰਮ ਕੀ ਫਾਸੀ ਬਿਨੁ ਗੁਰ ਭਰਮਿ ਭੁਲਾਨੀ ॥੧॥ ਬਰਸੁ ਘਨਾ ਮੇਰਾ ਪਿਰੁ ਘਰਿ ਆਇਆ ॥ ਬਲਿ ਜਾਵਾਂ ਗੁਰ ਅਪਨੇ ਪ੍ਰੀਤਮ ਜਿਨਿ ਹਰਿ ਪ੍ਰਭੁ ਆਣਿ ਮਿਲਾਇਆ ॥੧॥ ਰਹਾਉ ॥ ਨਉਤਨ ਪ੍ਰੀਤਿ ਸਦਾ ਠਾਕੁਰ ਸਿਉ ਅਨਦਿਨੁ ਭਗਤਿ ਸੁਹਾਵੀ ॥ ਮੁਕਤਿ ਭਏ ਗੁਰਿ ਦਰਸੁ ਦਿਖਾਇਆ ਜੁਗਿ ਜੁਗਿ ਭਗਤਿ ਸੁਭਾਵੀ ॥੨॥ ਹਮ ਥਾਰੇ ਤ੍ਰਿਭਵਣ ਜਗੁ ਤੁਮਰਾ ਤੂ ਮੇਰਾ ਹਉ ਤੇਰਾ ॥ ਸਤਿਗੁਰਿ ਮਿਲਿਐ ਨਿਰੰਜਨੁ ਪਾਇਆ ਬਹੁਰਿ ਨ ਭਵਜਲਿ ਫੇਰਾ ॥੩॥ ਅਪੁਨੇ ਪਿਰ ਹਰਿ ਦੇਖਿ ਵਿਗਾਸੀ ਤਉ ਧਨ ਸਾਚੁ ਸੀਗਾਰੋ ॥ ਅਕੁਲ ਨਿਰੰਜਨ ਸਿਉ ਸਚਿ ਸਾਚੀ ਗੁਰਮਤਿ ਨਾਮੁ ਅਧਾਰੋ ॥੪॥ ਮੁਕਤਿ ਭਈ ਬੰਧਨ ਗੁਰਿ ਖੋਲ੍ਹੇ ਸਬਦਿ ਸੁਰਤਿ ਪਤਿ ਪਾਈ ॥ ਨਾਨਕ ਰਾਮ ਨਾਮੁ ਰਿਦ ਅੰਤਰਿ ਗੁਰਮੁਖਿ ਮੇਲਿ ਮਿਲਾਈ ॥੫॥੪॥

ਲਹਿਣੇ ਤੇ ਵੱਖਰਾ ਹੀ ਸਰੂਰ ਚੜ੍ਹ ਜਾਂਦਾ ਹੈ। ਜੀਵਨ ਮਨੋਰਥ ਪੂਰਾ ਹੋ ਜਾਂਦਾ ਹੈ। ਪਤਾ ਨਹੀ ਕੀ ਹੋ ਗਿਆ, ਰੂਹਾਨੀਅਤ ਬਾਰੇ ਜੋ ਥਾਂ ਥਾਂ ਤੇ ਸਵਾਲ ਕਰ ਦਿਆ ਕਰਦਾ ਸੀ ਓਹ ਲਹਿਣਾ ਹੁਣ ਚੁੱਪ ਸੀ, ਸਾਰੇ ਸਵਾਲ ਮੁੱਕ ਗਏ ਨੇ।

ਸਵੇਰ ਦੇ ਦੀਵਾਨ ਦਾ ਭੋਗ ਪੈਂਦਾ ਹੈ। ਦੁੱਧ ਤੇ ਲੱਸੀ ਦਾ ਲੰਗਰ ਚਲ ਰਿਹਾ ਹੁੰਦਾ ਹੈ।

ਲਹਿਣੇ ਦਾ ਸੰਗ ਵੀ ਆ ਪਹੁੰਚਦਾ ਹੈ। ਲੰਗਰ ਪਾਣੀ ਛਕਣ ਤੋਂ ਬਾਦ ਪੁੱਛ ਗਿੱਛ ਹੁੰਦੀ ਹੈ ਕਿ ਉਨਾਂ ਦਾ ਸੰਗੀ ਲਹਿਣਾ ਇਥੇ ਆਇਆ? ਲਹਿਣੇ ਨੂੰ ਬੁਲਾਇਆ ਜਾਂਦਾ ਹੈ। ਸੰਗੀਆਂ ਕੋਲ ਪਹੁੰਚ ਲਹਿਣਾ ਕਹਿੰਦਾ ਕਿ ਭਰਾਵੋ ਮੇਰੀ ਤਾਂ ਯਾਤਰਾ ਸੰਪੂਰਨ ਪੂਰਾ ਹੋ ਗਈ ਜੇ। ਜਿਸ ਕਾਰਨ ਮੈਂ ਦੇਵੀ ਦਰਸ਼ਨ ਨੂੰ ਜਾਣਾ ਸੀ ਉਹ ਮੈਨੂੰ ਇਥੇ ਹੀ ਹੋ ਗਏ ਨੇ। ਕਿਉਕਿ ਲਹਿਣੇ ਨੂੰ ਗਿਆਨ ਹੋ

ਪੈਰ ਸਾਡਾ

•**ਭਾਗ-6 ਕਿਵੇ?** 1. ਪਹਿਲੀ ਉਦਾਸੀ ਤੋਂ ਪਰਤਣ ਮੌਕੇ (ਸਾਲ 43ਵਾਂ), 2.ਦੂਸਰੀ ਉਦਾਸੀ ਤੋਂ ਵਾਪਸੀ ਤੇ (ਸਾਲ 49 ਵਾਂ), 3.ਕਰਤਾਰਪੁਰ ਭਾਵ ਮੁਕਾਮ ਦੀ ਸਥਾਪਤੀ (ਸਾਲ 52ਵਾਂ), 4.ਕੌਤਕ ਦੇ ਕੌਤਕ (ਸਾਲ 53ਵਾਂ), 5.ਕੌਤਕ ਦੇ ਕੌਤਕ (ਸਾਲ 56ਵਾਂ) ਅਤੇ 6. ਕੌਤਕ ਦੇ ਕੌਤਕ (ਸਾਲ 63ਵਾਂ)।

◈ ਖਡੂਰ ਤੋਂ 5 ਕਿ. ਮੀ. ਚੜ੍ਹਦੇ ਪਾਸੇ ਪਿੰਡ ਸੰਘਰ ਵਿਖੇ ਭਾਈ ਲਹਿਣੇ ਦੇ ਸਹੁਰੇ ਸਨ। ਅੱਜ ਇਹ ਪਿੰਡ ਬੇਚਰਾਗ ਹੋ ਚੁੱਕਾ ਹੈ। ਲੱਗਦਾ ਹੈ ਸਿਰਫ ਖਤਰੀਆਂ ਦੇ ਹੀ ਘਰ ਸਨ। ਹੁਣ ਸਿਰਫ ਇਕ ਸ਼ਿਵਾਲਾ ਹੀ ਓਥੇ ਬਚਿਆ ਹੈ। ਇਲਾਕੇ ਦੇ ਸੂਝਵਾਨ ਲੋਕਾਂ ਨੇ ਲਾਗਲੇ ਪਿੰਡ ਵਿਚ ਗੁਰਦੁਆਰਾ ਮਾਤਾ ਖੀਵੀ ਨੂੰ ਸਮਰਪਤ ਕੀਤਾ ਹੋਇਆ ਹੈ।

● ਕੁਝ ਲਿਖਾਰੀਆ ਨੇ ਜਪੁਜੀ ਲਿਖਿਆ ਕਈ ਲਿਖਾਰੀਆਂ ਆਸਾ ਦੀ ਵਾਰ ਲਿਖੀ ਹੈ।

◈ ਬੀ:40- 92 ਨੇ 1536 ਈ ਵਿਚ ਭਾਈ ਲਹਿਣੇ ਦਾ ਪਹਿਲਾ ਮੇਲ ਗੁਰੂ ਸਾਹਿਬ ਨਾਲ ਦੱਸਿਆ ਹੈ। ਗਿਆਨੀ-304 ਭਾਈ ਲਹਿਣੇ ਦਾ ਮੇਲ 1526 ਈ. ਵਿਚ ਲਿਖਦਾ ਹੈ। ਪਰ ਸਿੱਖੀ ਦੀ ਪ੍ਰੰਪਰਾ ਅਨੁਸਾਰ ਮੇਲ 1532 ਵਿਚ ਹੁੰਦਾ ਹੈ। ਦੇਖੋ ਮਹਾਨ ਕੋਸ਼।

◉ ਬਹੁਤੇ ਲਿਖਾਰੀਆਂ ਨੇ ਭਾਈ ਲਹਿਣੇ ਦਾ ਜਵਾਲਾ ਜੀ (ਕਾਂਗੜਾ) ਜਾਣਾ ਲਿਖਿਆ ਹੈ। ਪਰ ਭੂਗੋਲ ਦੇ ਅਨੁਸਾਰ ਇਹ ਗਲ ਢੁੱਕਦੀ ਨਹੀ। ਪੱਖੋਕੇ ਖਡੂਰ ਤੋਂ ਵੈਸ਼ਨੋ ਦੇਵੀ ਦੇ ਰਾਹ ਵਿਚ ਪੈਂਦਾ ਹੈ। ਵੇਖੋ ਨਾਲ ਦਿੱਤਾ ਨਕਸ਼ਾ। ਹਾਂ, ਜੰਮੂ ਦੇ ਇਲਾਕੇ ਵਿਚ ਇਕ ਝਿੜੀ ਨਾਂ ਦਾ ਮੰਦਰ ਵੀ ਪੰਜਾਬੀ ਹਿੰਦੂਆਂ ਵਿਚ ਕਾਫੀ ਮਕਬੂਲ ਰਿਹਾ ਹੈ। ਬ:40- ਨੇ ਲਿਖਿਆ ਹੈ ਕਿ ਭਾਈ ਲਹਿਣਾ ਮੱਤੇ ਕੀ ਸਰਾਇ (ਸਰਾਇ ਨਾਗਾ) ਤੋਂ ਚਲ ਕੇ ਜਵਾਲਾ ਜੀ ਜਾ ਰਿਹਾ ਸੀ। ਇਹ ਕਥਨ ਵੀ ਗਲਤ ਲੱਗਦਾ ਹੈ ਕਿਉਕਿ ਅੱਗੇ ਖੁੱਦ ਹੀ ਖਡੂਰ ਪਰਤਣ ਦਾ ਜਿਕਰ ਕਰ ਦਿੰਦਾ ਹੈ। ਕਹਿਣ ਤੋਂ ਮਤਲਬ 1531-2 ਈ ਤੋਂ ਪਹਿਲਾਂ ਹੀ ਭਾਈ ਫੇਰੂ ਦਾ ਪ੍ਰਵਾਰ ਖਡੂਰ ਹਿਜਰਤ ਕਰ ਚੁੱਕਾ ਸੀ।

ਸੋਢੀ:2-66 ਨੇ ਵੀ ਭਾਈ ਲਹਿਣੇ ਦਾ ਭਵਨ ਜਾਣਾ ਹੀ ਲਿਖਿਆ ਹੈ। ਭਵਨ ਸਿਰਫ ਵੈਸ਼ਨੋ ਦੇਵੀ ਦੇ ਹੀ ਮੰਨੇ ਜਾਂਦੇ ਹਨ।

■ ਇਸ ਪੱਤਣ ਲਾਗੇ ਇਕ ਦੋ ਜਿਆਦਾ ਮੁਸਾਫਿਰ ਸਰਾਵਾਂ ਸਨ। ਡੇਰਾ ਬਾਬਾ ਨਾਨਕ ਤੋਂ 11 ਕਿ. ਮੀ. ਪੂਰਬ ਵਿਚ ਅੱਜ ਵੀ 'ਨਿੱਕੇ ਸਰਾਂ' ਨਾਂ ਦਾ ਪਿੰਡ ਮੌਜੂਦ ਹੈ। ਇਹ ਵੀ ਹੋ ਸਕਦਾ ਹੈ ਲਹਿਣੇ ਦਾ ਸੰਗ ਨਿੱਕੇ ਸਰਾਂ ਹੀ ਰਾਤ ਰੁਕਿਆ ਹੋਵੇ।

ਭਾਈ ਫੇਰੂ ਸਰਾਇ ਨਾਗਾ ਰਹਿੰਦਾ ਸੀ ਜਿਸਦਾ ਨਾਂ ਓਹਨੀ ਦਿਨੀ ਮੱਤੇ ਦੀ ਸਰਾਇ ਸੀ। ਇਸ ਸ਼ਹਿਰ ਤੋਂ ਕਨਿਸ਼ਕ ਕਲੀਨ ਮਿਲਦੀਆਂ ਇੱਟਾਂ ਤੋਂ ਪਤਾ ਲੱਗਦਾ ਹੈ ਕਿ ਪੁਰਾਣੇ ਸਮਿਆਂ 'ਚ ਇਹ ਮਸ਼ਹੂਰ ਸ਼ਹਿਰ ਸੀ ਅਤੇ ਬੁਧ ਧਰਮ ਦਾ ਕੋਈ ਕੇਂਦਰ। ਮੱਤੇ ਦੀ ਸਰਾਂ ਸੁਲਤਾਨ ਪੁਰ ਤੋਂ ਕੋਈ 90-95 ਕਿਲੋਮੀਟਰ ਹੈ।

ਚੁੱਕਾ ਸੀ ਇਹ ਦੇਵੀ ਦੇਵਤੇ ਸਭ ਅਕਾਲਪੁਰਖ ਨਿਰੰਕਾਰ ਦੇ ਕੀਤੇ ਹੋਏ ਨੇ।

ਬਹੁਤੇ ਸੰਗੀ ਵੀ ਇਥੇ ਹੀ ਰਹਿ ਜਾਂਦੇ ਨੇ ਪਰ ਕੁਝ ਇਕ ਆਪਣਾ ਸਫਰ ਜਾਰੀ ਰਖਦੇ ਨੇ।

ਲਹਿਣਾ ਗੁਰੂ ਨਾਨਕ ਦਾ ਹੀ ਹੋ ਕੇ ਰਹਿ ਗਇਆ।

ਚੋਣੀਏ ਤੂੰ ਕੀ ਸਮਝੇ ਇਹ ਚਿੱਕੜ ਹੈ ਕਿ ਕੇਸਰ?

1535/36ਈ. ਦੇ ਦਿਨਾਂ ਦੀ ਗਲ ਹੈ

ਹਫਤੇ ਕੁ ਬਾਦ ਦੇਵੀ ਦਾ ਸੰਗ ਪਹਾੜਾਂ ਤੋਂ ਪਰਤਦਾ ਹੈ। ਸੰਗੀ ਜੋਰ ਦਿੰਦੇ ਨੇ ਕਿ 'ਲਹਿਣੇ ਘਰ ਨੂੰ ਚਲ'। ਸੰਗੀਆਂ ਨੂੰ ਕੀ ਪਤਾ ਕਿ ਲਹਿਣਾ ਤਾਂ ਹੁਣ 'ਭਾਈ ਲਹਿਣਾ' ਬਣ ਚੁੱਕਾ ਹੈ। ਡੇਰੇ ਦੀਆਂ ਕਈ ਜਿੰਮੇਵਾਰੀਆਂ ਭਾਈ ਸਾਹਿਬ ਦੇ ਮੋਢਿਆਂ ਤੇ ਨੇ। ਭਾਈ ਸਾਹਿਬ ਨੂੰ ਕੰਮ ਯਾਦ ਆ ਜਾਂਦੇ ਨੇ ਜਿਹੜੇ ਉਸ ਨੇ ਅਗਲੇ ਦਿਨਾਂ ਵਿਚ ਕਰਨੇ ਨੇ। ਭਾਈ ਸਾਹਿਬ ਸੰਗੀਆਂ ਨੂੰ ਕਹਿ ਦਿੰਦੇ ਨੇ ਕਿ ਮੇਰੇ ਘਰ ਸੁਨੇਹਾ ਦੇ ਦੇਣਾਂ ਕਿ ਮੈਨੂੰ ਆਉਣ ਵਿਚ ਕੁਝ ਦਿਨ ਹੋਰ ਲੱਗ ਸਕਦੇ ਨੇ। ਸੰਗ ਵਾਪਸੀ ਤੇ ਅੱਗੇ ਰਵਾਨਾ ਹੋ ਜਾਂਦਾ ਹੈ।

ਤਿੰਨ ਸਾਲ ਬਾਦ ◘ ਸਨਮੁਖ ਸਿਧਾਰਣ ਜਾਂ ਭਾਈ ਪਦਾਰਥ ਜਾਂ ਭਾਈ ਬੁਢੇ ਵਰਗਾ ਕੋਈ ਹੋਰ ਸਿੱਖ ਜਦੋਂ ਡੇਰੇ ਵਿਚ ਹਾਜਰ ਹੋ ਜਾਂਦਾ ਹੈ ਤਾਂ ਭਾਈ ਸਾਹਿਬ ਗੁਰੂ ਸਾਹਿਬ ਕੋਲੋਂ ਖਡੂਰ ਜਾਣ ਦੀ ਛੁੱਟੀ ਮੰਗਦੇ ਹਨ। ਗੁਰੂ ਸਾਹਿਬ ਭਾਈ ਸਾਹਿਬ ਨੂੰ ਛੇਤੀ ਪਰਤ ਆਉਣ ਦੇ ਭਰੋਸੇ ਉਪਰੰਤ ਇਜਾਜਤ ਦੇ ਦਿੰਦੇ ਨੇ।

ਭਾਈ ਸਾਹਿਬ ਖਡੂਰ ਪਰਤਦੇ ਨੇ। ਮੁਕਾਮੀ ਗੁਰਸਿੱਖਾਂ ਨੂੰ ਚਾਅ ਚੜ੍ਹ ਜਾਂਦਾ ਹੈ ਕਿ ਓਨਾਂ ਦੇ ਨਗਰ ਦੇ ਭਾਈ ਲਹਿਣੇ ਨੂੰ ਗੁਰੂ ਨਾਨਕ ਦਾ ਥਾਪੜਾ ਹਾਸਲ ਹੋ ਚੁੱਕਾ ਹੈ। ਵਿਹਲੇ ਵੇਲੇ (ਅਕਸਰ ਤਿਰਕਾਲਾ ਵੇਲੇ) ਖਡੂਰ ਦੇ ਸਾਰੇ ਨਾਨਕ ਨਾਮ ਲੇਵਾ ਇਕੱਤਰ ਹੁੰਦੇ ਰਹਿੰਦੇ ਨੇ। ਇਕੱਠ ਹੌਲੀ ਹੌਲੀ ਵਧਦਾ ਹੀ ਜਾਂਦਾ ਹੈ। ਭਾਈ ਸਾਹਿਬ ਸੰਗਤਾਂ ਨੂੰ ਗੁਰਮਤ ਸਿਧਾਂਤ ਸਮਝਾਉਦੇ ਰਹਿੰਦੇ ਨੇ।

ਭਾਦਰੋਂ ਅੱਸੂ (ਜੁਲਾਈ/ਅਗਸਤ) ਦੇ ਦਿਨਾਂ ਵਿਚ ਜਾ ਕੇ ਫਿਰ ਭਾਈ ਸਾਹਿਬ ਕਰਤਾਰਪੁਰ ਪਰਤਦੇ ਨੇ। ਬੜੇ ਚਾਅ ਨਾਲ ਬੀਬੀ ਖੀਵੀ ਨੇ ਨਵਾਂ ਚਿੱਟਾ ਜੋੜਾ ਪਵਾ ਕੇ ਭੇਜਿਆ ਸੀ। ਜਿਵੇ ਭਾਈ ਸਾਹਿਬ ਕਰਤਾਰਪੁਰ ਦੀ ਹੱਦ ਵਿਚ ਗਏ ਤਾਂ ਪਤਾ ਲੱਗਾ ਕਿ ਗੁਰੂ ਸਾਹਿਬ ਧਾਈਆਂ ਵਿਚੋਂ ਨਦੀਨ ਕੱਢ ਰਹੇ ਨੇ। ਲਹਿਣਾ ਵੀ ਨਾਲ ਸ਼ੁਰੂ ਹੋ ਜਾਂਦਾ ਹੈ।

ਸ਼ਾਮੀ ਫਿਰ ਨਦੀਨ (ਪੱਠਿਆਂ) ਦੀ ਪੰਡ ਚੁੱਕ ਕੇ ਜਿਵੇ ਭਾਈ ਲਹਿਣਾ ਡੇਰੇ ਪਹੁੰਚਦਾ ਹੈ ਤਾਂ ਮਾਤਾ ਸੁਲੱਖਣੀ ਦੀ ਨਿਗਾਹ ਪੈ ਜਾਂਦੀ ਹੈ।ਭਾਈ ਸਾਹਿਬ ਦੇ ਚਿੱਟੇ ਕਪੜਿਆਂ ਤੇ ਭਰੀ ਵਿਚੋਂ ਚਿਕੱੜ ਚੋਅ ਰਿਹਾ ਹੁੰਦਾ ਹੈ। ਮਾਤਾ ਜੀ ਗੁਰੂ ਸਾਹਿਬ ਨੂੰ ਗੁੱਸੇ ਹੁੰਦੇ ਨੇ ਕਿ ਤੁਸੀ ਵੇਖਿਆ ਤਾਂ ਕਰੋ ਅਗਲਾ ਨਵੇ ਕਪੜੇ ਪਾ ਕੇ ਆ ਹੀ ਰਿਹਾ ਹੈ ਕਿ ਤੁਸੀ ਉਨੂੰ ਰਸਤੇ ਵਿਚ ਹੀ ਪੰਡ ਚੁੱਕਾ ਦਿੱਤੀ ਹੈ। ਚਿੱਟੇ ਕਪੜੇ ਤੋਂ ਇਹ ਦਾਗ ਨਹੀ ਨਿਕਲਣਾ।

ਗੁਰੂ ਸਾਹਿਬ ਨੇ ਮਾਤਾ ਨੂੰ ਕਿਹਾ ਕਿ ਚੋਣੀਏ ਤੈਨੂੰ ਕੀ ਪਤਾ ਕਿ ਇਹ ਚਿੱਕੜ ਹੈ ਕਿ ਕੇਸਰ? ਮਾਤਾ ਚੁੱਪ ਹੋ ਗਈ। ਹੌਲੀ ਜਿਹੀ ਗੁਰੂ ਸਾਹਿਬ ਨੇ ਕਿਹਾ ਚੋਣੀਏ ਇਹ ਭਰੀ ਨਹੀ ਇਹ ਤਾਂ ਲਹਿਣੇ ਸਿਰ ਛੱਤ੍ਰ ਹੈ ਤੇ ਦੂਸਰਾ ਇਹ ਚਿੱਕੜ ਨਹੀ ਕੇਸਰ ਪੈ ਰਿਹਾ ਹੈ।

ਗੁਰੂ ਸਾਹਿਬ ਨੇ ਸ਼ਬਦ ਬੋਲਿਆ:-

ਪ੍ਰਭਾਤੀ ਮਹਲਾ ੧ ॥ ਇਕਿ ਧੁਰਿ ਬਖਸਿ ਲਏ ਗੁਰਿ ਪੂਰੈ ਸਚੀ ਬਣਤ ਬਣਾਈ ॥ ਹਰਿ ਰੰਗ ਰਾਤੇ ਸਦਾ ਰੰਗੁ ਸਾਚਾ ਦੁਖ ਬਿਸਰੇ ਪਤਿ ਪਾਈ ॥੧॥ ਝੂਠੀ ਦੁਰਮਤਿ ਕੀ ਚਤੁਰਾਈ ॥ ਬਿਨਸਤ ਬਾਰ ਨ ਲਾਗੈ ਕਾਈ ॥੧॥ ਰਹਾਉ ॥ ਮਨਮੁਖ ਕਉ ਦੁਖੁ ਦਰਦੁ ਵਿਆਪਸਿ ਮਨਮੁਖਿ ਦੁਖੁ ਨ ਜਾਈ ॥ ਸੁਖ ਦੁਖ ਦਾਤਾ ਗੁਰਮੁਖਿ ਜਾਤਾ ਮੋਲਿ ਲਏ ਸਰਣਾਈ ॥੨॥ ਮਨਮੁਖ ਤੇ ਅਭ ਭਗਤਿ ਨ ਹੋਵਸਿ ਹਉਮੈ ਪਚਹਿ ਦਿਵਾਨੇ ॥ ਇਹੁ ਮਨੂਆ ਖਿਨੁ ਊਭਿ ਪਇਆਲੀ ਜਬ ਲਗਿ ਸਬਦ ਨ ਜਾਨੇ ॥੩॥ ਭੂਖ ਪਿਆਸਾ ਜਗੁ ਭਇਆ ਤਿਪਤਿ ਨਹੀ ਬਿਨੁ ਸਤਿਗੁਰ ਪਾਏ ॥ ਸਹਜੈ ਸਹਜੁ ਮਿਲੈ ਸੁਖੁ ਪਾਈਐ ਦਰਗਹ ਪੈਧਾ ਜਾਏ ॥੪॥ ਦਰਗਹ ਦਾਨਾ ਬੀਨਾ ਇਕੁ ਆਪੇ ਨਿਰਮਲ ਗੁਰ ਕੀ ਬਾਣੀ ॥ ਆਪੇ ਸੁਰਤਾ ਸਚੁ ਵੀਚਾਰਸਿ ਆਪੇ ਬੂਝੈ ਪਦੁ ਨਿਰਬਾਣੀ ॥੫॥ ਜਲੁ ਤਰੰਗ ਅਗਨੀ ਪਵਨੈ ਫੁਨਿ ਤ੍ਰੈ ਮਿਲਿ ਜਗਤੁ ਉਪਾਇਆ ॥ ਐਸਾ ਬਲੁ ਛਲੁ ਤਿਨ ਕਉ ਦੀਆ ਹੁਕਮੀ ਠਾਕਿ ਰਹਾਇਆ ॥੬॥ ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ ॥ ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ ॥੭॥ ਨਾਮਿ ਰਤੇ ਤੀਰਥ ਸੇ ਨਿਰਮਲ ਦੁਖੁ ਹਉਮੈ ਮੈਲੁ ਚੁਕਾਇਆ ॥ ਨਾਨਕੁ ਤਿਨ ਕੇ ਚਰਨ ਪਖਾਲੈ ਜਿਨਾ ਗੁਰਮੁਖਿ ਸਾਚਾ ਭਾਇਆ ॥੮॥

ਭਾਈ ਸਾਹਿਬ ਭਰੀ ਟੋਕੇ ਅੱਗੇ ਸੁੱਟ ਆ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਪਏ, "ਗੁਰੂ ਜੀ ਹਉਮੈ ਤੋਂ ਬਚਾ ਲਈ। ਤੇਰੇ ਚਰਨ ਪਰਸਦਾ ਹੀ ਰਹਾਂ। "

ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਫਿਰ ਗਲ ਲਾਇਆ, "ਨਹੀ ਪੁਰਖਾ! ਗਿਆਨੀ ਨੂੰ ਹਉਮੈ ਰੋਗ ਨਹੀ ਪੋਹਦਾ। "

ਬਾਬੇ ਨੂੰ ਘਰ ਆਇਆ ਵੇਖ, ਮੂਲਾ ਗਹੀਰੇ ਵਿਚ ਲੁਕ ਗਿਆ +

ਸਿਆਲਕੋਟ ਦੇ ਮੂਲ ਰਾਜ ਨਾਂ ਦੇ ਬਾਣੀਏ ਦੀ ਰੂਹਾਨੀਅਤ ਵਿਚ ਵੱਡੀ ਦਿਲਚਸਪੀ ਸੀ, (ਵੇਖੋ ਹਮਝਾ ਗੌਸ ਵਾਲੀ ਸਾਖੀ)। ਮੂਲੇ ਦੀ ਗੁਰੂ ਸਾਹਿਬ ਨਾਲ ਨੇੜਤਾ ਹੋਰ ਵੀ ਵਧ ਗਈ ਸੀ।

ਫਿਰ ਮੂਲਾ ਆਪਣਾ ਘਰ ਬਾਰ ਤਿਆਗ, ਆਪਣੀ ਹੱਟੀ ਦੀ ਪ੍ਰਵਾਹ ਕੀਤੇ ਬਿਨਾਂ ਗੁਰੂ ਸਾਹਿਬ ਨਾਲ ਆ ਰਲਿਆ। ਜਿੱਦ ਕੀਤੀ ਕਿ ਮੈਨੂੰ ਵੀ ਉਦਾਸੀ ਵੇਲੇ ਆਪਣੇ ਨਾਲ ਰੱਖੋ। ਇਹ ਜੰਮੂ, ਭਦਰਵਾਹ, ਚੰਬਾ ਉਦਾਸੀ ਦਾ ਮੌਕਾ ਸੀ। ਮੂਲੇ ਨੇ ਲਿਬਾਸ ਵੀ ਫਕੀਰਾਂ ਵਾਲਾ ਪਾ ਲਿਆ ਸੀ।

ਗੁਰੂ ਸਾਹਿਬ ਸਿਆਲਕੋਟ ਤੋਂ ਉਪਰ ਦੇ ਨੇੜੇ ਤੇੜੇ ਘੁੰਮਦੇ ਘੁੰਮਾਂਦੇ ਜਦੋਂ 20- 25 ਦਿਨਾਂ ਬਾਦ ਜੰਮੂ ਤੋਂ ਉਤਲੇ ਇਲਾਕੇ ਵੇਖ ਰਹੇ ਸਨ ਤਾਂ ਓਦੋ ਤੱਕ ਮੂਲੇ ਦਾ ਮੰਨ ਉਦਾਸੀ ਤੋਂ ਅੱਕ ਗਿਆ ਸੀ। ਹਾਰ ਕੇ ਇਕ ਦਿਨ ਗੁਰੂ ਸਾਹਿਬ ਅੱਗੇ ਰੋ ਪਿਆ ਕਿ ਬਾਬਾ ਜੀ ਮੈਂ ਨਹੀ ਇਹ ਕਠਿਨ ਉਦਾਸੀ ਜਾਰੀ ਰੱਖ ਸਕਦਾ। ਭਾਈ ਮਰਦਾਨੇ ਨੇ ਮੂਲੇ ਦਾ ਇਸ ਗਲ ਤੇ ਮਖੌਲ ਵੀ

ਮੂਲੋ ਰਾਣੀ ਬੋਲੀ, ''ਬਾਬਾ ਜੀ ਉਹ ਤਾਂ ਘਰ ਹੈਨੀਗੇ। ਤੁਸੀ ਫਿਰ ਕਿਸੇ ਵੇਲੇ ਆ ਜਾਇਓ''। (ਬ੍ਰੀ:40 ਤਸਵੀਰ। ਇਥੇ ਫਿਰ ਭਾਈ ਮਰਦਾਨੇ ਨੂੰ ਗਲਤੀ ਨਾਲ ਦਿਖਾਇਆ ਗਇਆ ਹੈ।

ਉਡਾਇਆ ਕਿ ਇਹਨੂੰ ਵਹੁਟੀ ਦੀ ਯਾਦ ਆ ਰਹੀ ਹੈ। ਪਰ ਗੁਰੂ ਸਾਹਿਬ ਨੇ ਮੂਲੇ ਨੂੰ ਥਾਪੀ ਦਿੱਤੀ ਤੇ ਲਹੌਰ ਵਲ ਜਾ ਰਹੇ ਕਾਫਲੇ ਨਾਲ ਮੂਲੇ ਨੂੰ ਵਾਪਸ ਭੇਜ ਦਿੱਤਾ।

ਚੌਥੀ ਉਦਾਸੀ ਤੋਂ ਵਾਪਸ ਪਰਤ ਜਦੋਂ ਗੁਰੂ ਸਾਹਿਬ ਨੂੰ ਕਰਤਾਰਪੁਰ ਰਹਿੰਦਿਆ ਕੋਈ ਸਾਲ ਛੇ ਮਹੀਨੇ ਹੋ ਗਏ ਸਨ ਤਾਂ ਸਾਹਿਬ ਦਾ ਮਨ ਸਿਆਲਕੋਟ ਦੇ ਇਲਾਕੇ ਦਾ ਦੌਰਾ ਕਰਨ ਦਾ ਹੋਇਆ। ਐਤਕਾਂ ਮਰਦਾਨਾ ਨਾਲ ਨਹੀ ਸੀ। ਭਾਈ ਲਹਿਣਾ ਪਿੱਛੇ ਕਰਤਾਰ ਪੁਰ ਸਾਹਿਬ ਦਾ ਇੰਤਜਾਮ ਵੇਖ ਰਿਹਾ ਸੀ। ਗੁਰੂ ਸਾਹਿਬ ਨਾਲ ਇਕ ਦੋ ਹੋਰ ਸਿੱਖ ਸਨ।

ਗੁਰੂ ਸਾਹਿਬ ਨੇ ਫਿਰ ਸਾਧੂ ਫਕੀਰਾਂ ਵਾਲਾ ਲਿਬਾਸ ਪਾਇਆ ਸੀ। ਪਹਿਰਾਵਾ ਵੀ ਅਜਿਹਾ ਕਿ ਕੋਈ ਪਛਾਣ ਨਾਂ ਸਕੇ ਕਿ ਇਹ ਹਿੰਦੂ ਸੰਨਿਆਸੀ ਕਿ ਮੁਸਲਮਾਨ ਫਕੀਰ। ਇਕ ਪੈਰ ਵਿਚ ਲਕੜ ਦੀ ਖੜਾਂ ਤੇ ਦੂਸਰੇ ਪੈਰ ਵਿਚ ਚੰਮ ਦੀ ਜੁੱਤੀ (ਖੋਸਾ ਜਾਂ ਕਾਉਂਸ) ਤੇੜ ਨੀਲੇ ਰੰਗ ਦਾ ਪਜਾਮਾ ਤੇ ਉੱਤੇ ਭਗਵੇ ਰੰਗ ਦੀ ਚਾਦਰ। ਸਿਰ ਦੇ ਵਾਲਾਂ ਤੇ ਉੱਚਾ ਟੋਪ ਪਾ ਲਿਆ ਤੇ ਨਾਲੇ ਮੱਥੇ ਤਿਲਕ ਵੀ ਲਾ ਲਿਆ। ਲੱਗਾ ਲੋਕਾਈ ਨੂੰ ਨਾਮ ਦਾਨ ਇਸ਼ਨਾਨ ਦਾ ਸਿਧਾਂਤ ਦ੍ਰਿੜਾਵਨ।

ਇਕ ਦਿਨ ਤਰਕਾਲਾਂ ਜਿਹੇ ਦਾ ਵੇਲਾ ਸੀ ਕਿ ਗੁਰੂ ਸਾਹਿਬ ਸਾਥੀਆਂ ਨੂੰ ਕਹਿਣ ਲੱਗੇ ਚਲੋ ਅੱਜ ਆਪਣੇ ਬੇਲੀ ਮੂਲੇ ਦੇ ਘਰ ਹੀ ਰਾਤ ਗੁਜਾਰਦੇ ਹਾਂ।

ਮੂਲੇ ਦੇ ਘਰ ਪਹੁੰਚ ਜਿਵੇ ਦਰਵਾਜਾ ਖੜਕਾਇਆ ਤਾਂ ਅੰਦਰੋ ਮੂਲੇ ਦੀ ਜੋਰੂ ਨੇ ਝੀਤ ਥਾਂਣੀ ਬਾਹਰ ਝਾਕਿਆਂ ਤਾਂ ਮੁੜਦੇ ਪੈਰੀ ਅੰਦਰ ਆ ਕੇ ਮੂਲੇ ਨੂੰ ਕਹਿਣ ਲੱਗੀ, "ਉਹ ਤੇਰਾ ਨਾਨਕ ਫਿਰ ਆ ਗਇਆ ਈ। ਐਤਕਾਂ ਤਾਂ ਜਿਆਦਾ ਹੀ ਫਟੇ ਹਾਲ ਲੱਗ ਰਿਹਾ ਹੈ। ਕੋਈ ਵੱਗਾਰ ਪਾਉਗਾ, ਤੂੰ ਕਿਤੇ ਲੁਕ ਜਾ। "

ਮੂਲਾ ਝੱਟ ਪਾਥੀਆਂ ਵਾਲੇ ਗਹੀਰੇ ਵਿਚ ਜਾ ਵੜਿਆ।

ਮੂਲਾ-ਰਾਣੀ ਨੇ ਫਿਰ ਆ ਦਰਵਾਜਾ ਖੋਲਿਆ ਤੇ ਗੁਰੂ ਸਾਹਿਬ ਨੂੰ ਕਹਿਣ ਲੱਗੀ "ਜੀ ਉਹ (ਮੂਲਾ) ਤਾਂ ਐਸ ਵੇਲੇ ਘਰ ਨਹੀ। ਮੂਲੇ-ਰਾਣੀ ਨੇ ਨਾਂ ਹੀ ਕੋਈ 'ਆਓ, ਬੈਠੋ, ਰੋਟੀ ਪਾਣੀ' ਪੁੱਛਿਆ।

ਗੁਰੂ ਸਾਹਿਬ ਸਹਿਜ ਸੁਭਾਆ ਬੋਲ ਉਠੇ - **"ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ ॥ ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ ॥੨੧॥**

ਗੁਰੂ ਸਾਹਿਬ ਵਾਪਸ ਪੀਰ ਦੇ ਕੋਲ ਆ ਗਏ।

ਇਕ ਅੱਧੇ ਪਹਿਰ ਬਾਦ ਸਿੱਖ ਕੀ ਵੇਖਦੇ ਹਨ ਕਿ ਮੂਲੇ ਨੂੰ ਮੰਜੇ ਤੇ ਪਾਇਆ ਹੋਇਆ, ਮੂਲੇ ਦੇ ਸਾਕ ਸਬੰਧੀ ਆ ਗੁਰੂ ਸਾਹਿਬ ਕੋਲ ਅਰਜ ਗੁਜਾਰੀ, "ਬਾਬਾ ਜੀ ਆਪਣੇ ਸੇਵਕ ਨੂੰ ਬਚਾ ਲਓ!"

ਸ਼ਰਮਿੰਦਾ ਹੋਇਆ ਮੂਲੇ ਦਾ ਟੱਬਰ ਮੂੰਹ ਲੁਕਾ ਕੇ ਰੋ ਰਿਹਾ ਸੀ। ਸਾਕ ਸਬੰਧੀਆਂ ਅਤੇ ਮੁਹੱਲੇ ਦੇ ਮੋਹਤਬਰ ਸੱਜਣਾਂ ਗੁਰੂ ਸਾਹਿਬ ਦਾ ਵਾਸਤਾ ਪਾਇਆ ਕਿ ਮੂਲੇ ਤੇ ਤਰਸ ਕਰਦੇ ਹੋਏ ਇਹਦੀ ਜਾਨ ਬਚਾ ਲਈ ਜਾਏ। ਓਨਾਂ ਇਕਬਾਲ ਕੀਤਾ ਕਿ ਗੁਰੂ ਜੀ ਜਦੋਂ ਤੁਸੀ ਮੂਲੇ ਦੇ ਘਰ ਗਏ ਤਾਂ ਇਹਦੀ ਘਰਵਾਲੀ ਨੇ ਤੁਹਾਡੇ ਅੱਗੇ ਝੂਠ ਬੋਲਿਆ ਸੀ ਕਿ ਮੂਲਾ ਘਰ ਨਹੀ ਹੈ। ਦਰ ਅਸਲ ਮੂਲਾ ਘਰੇ ਹੀ ਸੀ ਤੇ ਤੁਹਾਡੇ ਆਉਣ ਤੇ ਗਹੀਰੇ ਵਿਚ ਲੁਕ ਗਇਆ ਸੀ ਤੇ ਪਾਥੀਆਂ ਵਿਚੋਂ ਨਿਕਲ ਕੇ ਇਕ ਫਨੀਆਰ ਸੱਪ ਨੇ ਇਸ ਨੂੰ ਡੱਸ ਲਿਆ ਹੈ। ਗੁਰੂ ਸਾਹਿਬ ਤਕ ਪਹੁੰਚਣ ਤਕ ਜ਼ਹਿਰ ਪੂਰਾ ਅਸਰ ਕਰ ਚੁੱਕਾ ਸੀ। ਮੂਲੇ ਵਿਚੋਂ ਸਾਹ ਪ੍ਰਾਣ ਜਾ ਚੁੱਕੇ ਸਨ।

ਗੁਰੂ ਸਾਹਿਬ ਨੇ ਸਿਰ ਫੇਰ ਦਿੱਤਾ ਤੇ ਪ੍ਰਵਾਰ ਨੂੰ ਭਾਣੇ ਵਿਚ ਰਹਿਣ ਦਾ ਉਪਦੇਸ਼ ਦਿੱਤਾ। ਗੁਰੂ ਸਾਹਿਬ ਨੇ ਫਿਰ ਵੀ ਮੂਲੇ ਦੇ ਸਿਰ ਤੇ ਹੱਥ ਫੇਰਿਆ ਤੇ ਅਸੀਸ ਦਿੱਤੀ ਕਿ "ਨਿਰੰਕਾਰ ਤੇਰੀ 84 ਕੱਟ ਕੇ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇਗਾ। ਤੇਰੇ ਸਭ ਗੁਨਾਹ ਮਾਫ ਕਰੇਗਾ। " ਪ੍ਰਵਾਰ ਨੂੰ ਵੀ ਹੌਸਲਾ ਦਿੱਤਾ ਕਿ ਕੋਈ ਪਛਚਾਤਾਪ ਨਹੀ ਕਰਨਾਂ ਜੋ ਹੋਇਆ ਅਕਾਲ ਪੁਰਖ ਦੇ ਹੁਕਮ ਵਿਚ ਹੋਇਆ ਹੈ।

—◈—

ਪੈਂਤੜਾ ਸਫ਼ਾ

◘ ਬ:40-93 ਅਨੁਸਾਰ ਇਹ ਵਾਕਿਆ 1539 ਈ. ਦਾ ਹੀ ਹੈ। , ◘ ਸੋਢੀ:2-67

✚ਗਹੀਰਾ ਜਾਂ ਗਹਾਰਾ ਗੋਹੇ ਦੀਆਂ ਪਾਥੀਆਂ ਦਾ ਮੂਸਲ ਜਾਂ ਕੁੱਪ

ਬਾਬਾ ਜੀ ਮੁਕਤੀ ਦਾ ਰਾਹ ਕਿਹੜਾ ਹੈ – ਸਾਧੂਆਂ ਪੁੱਛਿਆ

ਕਰਤਾਰਪੁਰ

ਇਕ ਦਿਨ ਸੰਨਿਆਸੀ ਸਾਧੂਆਂ ਦੀ ਡਾਰ ਫਿਰ ਕਰਤਾਰਪੁਰ ਆ ਉਤਰੀ। ਗੁਰੂ ਸਾਹਿਬ ਨੇ ਸੇਵਾਦਾਰਾਂ ਨੂੰ ਪਹਿਲਾਂ ਹੀ ਹੁਕਮ ਕੀਤਾ ਹੋਇਆ ਸੀ ਕਿ ਆਏ ਸਾਧੂਆਂ ਨੂੰ ਇਛਾ ਅਨੁਸਾਰ ਇਸਨਾਨ ਕਰਾਉਣ ਤੋਂ ਬਾਦ ਲੰਗਰ ਪਾਣੀ ਛਕਾਇਆ ਜਾਏ ਤੇ ਇਨਾਂ ਦੇ ਅਰਾਮ ਕਰਨ ਦਾ ਪ੍ਰਬੰਧ ਕੀਤਾ ਜਾਵੇ।

ਦਰ ਅਸਲ ਸੇਵਾਦਾਰਾਂ ਨੇ ਵੇਖਿਆ ਸੀ ਕਿ ਹਰ ਵਾਰੀ ਸਾਧੂਆਂ ਨੂੰ ਵੇਖ ਗੁਰੂ ਸਾਹਿਬ ਦਾ ਹਿਰਦਾ ਬੜਾ ਖੁੱਸ਼ ਹੁੰਦਾ ਸੀ। ਫਿਰ ਸੇਵਾਦਾਰਾਂ ਪੁੱਛ ਲਿਆ ਕਿ ਬਾਬਾ ਜੀ ਤੁਸੀ ਉਚ ਨੀਚ ਗਰੀਬ ਅਮੀਰ ਸਭ ਨੂੰ ਇਕ ਨਜਰ ਨਾਲ ਵੇਖਦੇ ਹੋ ਪਰ ਸਾਧੂਆਂ ਨੂੰ ਵੇਖ ਤੁਹਾਨੂੰ ਕਿਓ ਚਾਅ ਚੜ੍ਹ ਜਾਂਦਾ ਹੈ।

ਗੁਰੂ ਸਾਹਿਬ ਨੇ ਸੇਵਾਦਾਰ ਨੂੰ ਸਮਝਾਇਆ ਕਿ ਵੇਖੋ ਸਾਧੂ ਲੋਕ ਚਾਹੇ ਠੀਕ ਮਾਰਗ ਤੇ ਹਨ ਜਾਂ ਗਲਤ ਤੇ ਇਨਾਂ ਨੇ ਆਪਣਾ ਜੀਵਨ ਨਿਰੰਕਾਰ ਦੀ ਖੋਜ ਤੇ ਲਾਇਆ ਹੈ। ਘਰ ਘਾਟ ਰਿਸ਼ਤੇ ਨਾਤੇ ਸਭ ਤਿਆਗੇ ਹਨ। ਇਨ੍ਹਾਂ ਨਾਲ ਮੇਰੀ ਹਮਦਰਦੀ ਜਿਆਦਾ ਹੈ । ਵੇਖੋ ਨਾਂ ਇਥੇ ਕਰਤਾਰਪੁਰ ਵਿਖੇ ਲੋਕਾਂ ਦੀ ਕਿੰਨੀ ਭੀੜ ਲੱਗੀ ਰਹਿੰਦੀ ਹੈ। ਕੋਈ ਇਥੇ ਮੁੰਡੇ ਲੱਭਦਾ ਹੈ, ਕੋਈ ਰਿਜਕ ਲੱਭਦਾ ਹੈ, ਕੋਈ ਦੁੱਧ ਤੇ ਪੁੱਤ ਦੋਵੇ ਮੰਗਦਾ ਹੈ, ਕੋਈ ਰੋਗ ਤੋਂ ਛੁਟਕਾਰਾ ਚਾਹੁੰਦਾ ਹੈ, ਕੋਈ ਕਹਿੰਦਾ ਮੈਂ ਗਰੀਬੀ ਤੋਂ ਬਹੁਤ ਤੰਗ ਹਾਂ। ਪਰ ਇਕ ਸਾਧੂ ਲੋਕ ਨੇ ਜਿਹੜੇ ਜੀਵਨ ਦੇ ਸੱਚ ਦੀ ਖੋਜ ਵਿਚ ਨੇ। ਗੁਰੂ ਸਾਹਿਬ ਨੇ ਹਮਦਰਦੀ ਜਿਤਾਈ ਕਿ ਵਿਚਾਰੇ ਸਾਧੂ ਕਈ ਅਜਿਹੇ ਸੰਪਰਦਾਵਾਂ ਵਿਚ ਵੀ ਨੇ ਜਿੱਥੇ ਨਿਰੰਕਾਰ ਅਕਾਲ ਪੁਰਖ ਬਾਰੇ ਬੜੇ ਭੁਲੇਖੇ ਨੇ। ਅਨੇਕਾਂ ਮੜੀਆਂ, ਮਸਾਣਾਂ, ਯੋਨੀ, ਪੱਥਰ ਆਦਿ ਨੂੰ ਪੂਜੀ ਜਾ ਰਹੇ ਨੇ। ਕਈ ਸਮਝਦੇ ਹਨ ਕਿ ਸਰੀਰ ਨੂੰ ਕਸ਼ਟ ਦੇਣ ਨਾਲ ਮੁਕਤੀ ਮਿਲਦੀ ਹੈ।

ਅਰਾਮ ਕਰਨ ਉਪਰੰਤ ਸਾਧੂਆਂ ਨੇ ਦੀਵਾਨ ਵਿਚ ਹਾਜਰੀ ਭਰੀ। ਓਥੇ ਜਗਿਆਸੂ ਗੁਰੂ ਸਾਹਿਬ ਨੂੰ ਤਰਾਂ ਤਰਾਂ ਦੇ ਸਵਾਲ ਕਰਦੇ ਤੇ ਗੁਰੂ ਸਾਹਿਬ ਬਖਸ਼ਸ਼ਾਂ ਦੇ ਮੀਂਹ ਵਰਾਉਂਦੇ। ਆਏ ਸਾਧੂਆਂ ਨੇ ਵੀ ਫਿਰ 'ਜੀਵਨ ਦਾ ਸਭ ਤੋਂ ਵੱਡਾ ਸਵਾਲ' ਕਰ ਦਿੱਤਾ। ਇਕ ਸਾਧੂ ਉਠਿਆ ਤੇ ਅਰਜ ਕੀਤੀ ਕਿ ਗੁਰੂ ਸਾਹਿਬ ਜੀ ਅਸੀ ਸੁਣਿਐ ਕਿ ਤੁਸੀ ਵੱਖਰਾ ਹੀ ਰਾਹ ਚਲਾ ਰਹੇ ਹੋ। ਕਿਰਪਾ ਕਰਕੇ ਦੱਸੋ ਕਿ ਤੁਹਾਡੀ ਵਿਚਾਰਧਾਰਾ ਅਨੁਸਾਰ ਮੁਕਤੀ ਦਾ ਸਾਧਨ ਕੀ ਹੈ?

ਗੁਰੂ ਸਾਹਿਬ ਨੇ ਬੜੀ ਹੀ ਹਲੀਮੀ ਨਾਲ ਜਵਾਬ ਦਿੱਤਾ ਕਿ ਗੁਰਮਤ ਅਨੁਸਾਰ ਮੁਕਤੀ ਦਾ ਰਾਹ ਕੋਈ ਗੁੰਜਲਦਾਰ ਝੰਮੇਲਾ ਨਹੀ ਹੈ। ਅਸੀ ਮਰਨ ਤੋਂ ਬਾਦ ਮੁਕਤੀ ਦੀ ਗਲ ਨਹੀ ਕਰਦੇ । ਬਸ ਅਸੀ ਇਹ ਦੱਸਦੇ ਹਾਂ ਕਿ ਜੀਂਦੇ ਜੀ ਮੁਕਤ ਕਿਵੇ ਹੋਣਾ ਹੈ: ਦੁੱਖਾਂ ਤਕਲੀਫਾਂ ਤੋਂ ਸੁਰਖਰੂ ਹੋਣਾ। ਰਾਹ ਵੀ ਬੜਾ ਹੀ ਸਿੱਧਾ ਪੱਧਰਾ ਹੈ ਕਿ ਬਸ ਆਪਣੀ ਹਉਮੈ ਛੱਡ ਦਿਓ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੋਂ ਅਜਾਦੀ ਹਾਸਲ ਕਰ ਲਵੋ।

ਸਾਧੂ ਅੱਗੋ ਹੱਸ ਪਿਆ, "ਯਹ ਮੁਸ਼ਕਲ ਹੀ ਨਹੀ, ਅਸੰਭਵ ਹੈ।"

ਗੁਰੂ ਸਾਹਿਬ ਨੇ ਕਿਹਾ ਕਿ ਇਸ ਤੋਂ ਛੁੱਟਕਾਰਾ ਗਿਆਨ ਨਾਲ ਮਿਲਦਾ ਹੈ। ਜਰੂਰੀ ਨਹੀ ਕਿ ਹਉਮੈ ਕਿਸੇ ਭੇਖ ਵਿਚ ਆ ਘਟੇ। ਗੁਰੂ ਦਾ ਸ਼ਬਦ ਇਸ ਵਿਚ ਸਹਾਈ ਹੁੰਦਾ ਹੈ। ਬਸ ਨਾਮ ਜਪੇ ਭਾਵ ਮਾਲਕ ਦੇ ਗੁਣ ਗਾਏ। ਜਿੰਨਾਂ ਚਿਰ ਬੰਦੇ ਦੀ ਹਉਮੈ ਨਹੀ ਮੁਕਦੀ ਉਹ ਮੁਕਤੀ ਮਾਰਗ ਨਹੀ ਪਾ ਸਕਦਾ। ਉਨੂੰ ਮੌਤ ਦੇ ਭੈਅ ਤੋਂ ਅਜਾਦ ਹੋਣਾ ਪਵੇਗਾ। ਉਨੂੰ ਜੀਵਨ ਦੀ ਸੱਚਾਈ ਸਮਝਣੀ ਪਵੇਗੀ।

ਸਾਧੂ ਧੰਨ ਧੰਨ ਬੋਲ ਉਠੇ।

ਗੁਰੂ ਸਾਹਿਬ ਗਉੜੀ ਵਿਚ ਸ਼ਬਦ ਉਚਾਰਿਆ ਤੇ ਸੰਗਤ ਨਾਲ ਰਲ ਗਾਇਆ:-

ਗਉੜੀ ਮਹਲਾ ੧ ॥ ਹਉਮੈ ਕਰਤ ਭੇਖੀ ਨਹੀ ਜਾਨਿਆ ॥ ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ ॥੧॥ ਹਉ ਹਉ ਕਰਤ ਨਹੀ ਸਚੁ ਪਾਈਐ ॥ ਹਉਮੈ ਜਾਇ ਪਰਮ ਪਦੁ ਪਾਈਐ ॥੧॥ ਰਹਾਉ ॥ ਹਉਮੈ ਕਰਿ ਰਾਜੇ ਬਹੁ ਧਾਵਹਿ ॥ ਹਉਮੈ ਖਪਹਿ ਜਨਮਿ ਮਰਿ ਆਵਹਿ ॥੨॥ ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥ ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥੩॥ ਅੰਤਰਿ ਸਾਚੁ ਸਹਜ ਘਰਿ ਆਵਹਿ ॥ ਰਾਜਨੁ ਜਾਣਿ ਪਰਮ ਗਤਿ ਪਾਵਹਿ ॥੪॥ ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥ ਨਿਰਭਉ ਕੈ ਘਰਿ ਤਾੜੀ ਲਾਵੈ ॥੫॥ ਹਉ ਹਉ ਕਰਿ ਮਰਣਾ ਕਿਆ ਪਾਵੈ ॥ ਪੂਰਾ ਗੁਰੁ ਭੇਟੈ ਸੋ ਝਗਰੁ ਚੁਕਾਵੈ ॥੬॥ ਜੇਤੀ ਹੈ ਤੇਤੀ ਕਿਹੁ ਨਾਹੀ ॥ ਗੁਰਮੁਖਿ ਗਿਆਨ ਭੇਟਿ ਗੁਣ ਗਾਹੀ ॥੭॥ ਹਉਮੈ ਬੰਧਨ ਬੰਧਿ ਭਵਾਵੈ ॥ ਨਾਨਕ ਰਾਮ ਭਗਤਿ ਸੁਖੁ ਪਾਵੈ ॥੮॥੧੩॥

ਜਦੋਂ ਵੱਗ ਨੂੰ ਹਿੱਕਦੇ ਪਾਲੀ ਨੂੰ ਵੇਖ ਹੀ ਗੁਰੂ ਸਾਹਿਬ ਵਿਸਮਾਦ ਵਿਚ ਆ ਗਏ।

ਗੁਰਦਾਸਪੁਰ ਅੰਮ੍ਰਿਤਸਰ ਜਿਲੇ ਦੇ ਕਸਬਿਆਂ ਦੌਰਾਂਗਲਾ, ਕਲਾਨੌਰ, ਡੇਰਾ ਬਾਬਾ ਨਾਨਕ, ਰਮਦਾਸ, ਅਜਨਾਲਾ ਦੇ ਲਾਗਿਓਂ ਕਿਰਨ ਜਾਂ ਸੱਕੀ ਨਾਲਾ ਜਾਂਦਾ ਹੈ ਤੇ ਨਾਲ ਨਾਲ ਹੀ ਕੱਲਰ ਬੰਜਰ ਜਮੀਨ ਦੀ 2-3 ਕਿ. ਮੀ ਚੌੜੀ ਪੱਟੀ ਚਲਦੀ ਹੈ ਜੋ ਲਗਾਤਾਰ ਪਾਕਿਸਤਾਨੀ ਇਲਾਕੇ ਵਿਚ ਨਨਕਾਣਾ ਸਾਹਿਬ ਤੋਂ ਵੀ ਅੱਗੇ ਨਿਕਲ ਜਾਂਦੀ ਹੈ। ਇਸ ਸ਼ੋਰ-ਕੱਲਰ ਪੱਟੀ ਵਿਚ ਸਿਰਫ ਦੱਬ ਨਾਂ ਦਾ ਘਾਹ ਹੀ ਪੈਦਾ ਹੁੰਦਾ ਸੀ। (ਉਂਜ ਅੱਜ ਕਲ ਰਸਾਇਣਕ ਦਵਾਈਆਂ ਪਾ ਕੇ ਇਸ ਕੱਲਰ ਭੂਮੀ ਨੂੰ ਉਪਜਾਊ ਬਣਾ ਲਿਆ ਗਇਆ ਹੈ) ਇਸ ਬੇਅਬਾਦ ਜਮੀਨ ਨੂੰ ਸਿਰਫ ਚਰਾਂਦ ਦੇ ਤੌਰ ਤੇ ਹੀ ਵਰਤਿਆ ਜਾਂਦਾ ਸੀ। ਇਸ ਦੀ ਮੌਜੂਦਗੀ ਕਰਕੇ ਫਿਰ ਕਈ ਅਮੀਰ ਲੋਕਾਂ ਨੇ ਮੱਝਾਂ ਗਾਵਾਂ ਦੇ ਵੱਡੇ ਵੱਡੇ ਵੱਗ ਰੱਖੇ ਹੁੰਦੇ ਸਨ। ਸਾਡੇ ਕਲਾਨੌਰ ਵਿਚ ਹੁਣ ਤੋਂ ਕੋਈ 40-50 ਵਰੇ ਪਹਿਲਾਂ ਤੱਕ ਇਹ ਵੱਗ ਜਿੰਨਾਂ ਨੂੰ ਚੌਣੇ ਕਹਿੰਦੇ ਹਨ ਮੌਜੂਦ ਸਨ।

ਏਸੇ ਤਰਾਂ ਗੁਰੂ ਸਾਹਿਬ ਦੇ ਵੇਲਿਆਂ 'ਚ ਠੇਠਰਕੇ/ਧਰਮਕੋਟ ਰੰਧਾਵਾ ਦੇ ਕਿਸੇ ਜਗੀਰਦਾਰ ਦੇ ਚੌਣੇ ਵਿਚ ਹਜਾਰਾਂ ਗਾਈਆਂ ਸਨ। ਇਕ ਵੇਰਾਂ ਕਰਤਾਰਪੁਰ ਸਾਹਿਬ ਵਲ ਜਦੋਂ ਗੁਰੂ ਸਾਹਿਬ ਪਰਤ ਰਹੇ ਸਨ ਤਾਂ ਰਸਤੇ ਵਿਚ ਗਾਈਆਂ ਦਾ ਇਹ ਵੱਗ ਗੁਰੂ

ਸਾਹਿਬ ਨੇ ਵੇਖ ਲਿਆ ਜਿਸ ਨੂੰ ਸਿਰਫ ਇਕ ਪਾਲੀ ਸੰਭਾਲ ਰਿਹਾ ਸੀ। ਪਾਲੀ ਉਨਾਂ ਨੂੰ ਇਕੱਠੀਆਂ ਕਰਕੇ ਦਰਿਆ ਤੇ ਲੈ ਕੇ ਜਾਂਦਾ ਹੈ। ਪਾਣੀ ਡਾਹੁੰਦਾ ਹੈ। ਬਘਿਆੜ ਜਿਹੇ ਸ਼ਿਕਾਰੀਆਂ ਤੋਂ ਗਾਈਆਂ ਨੂੰ ਬਚਾ ਕੇ ਰੱਖਦਾ ਹੈ। ਕਦੀ ਕੋਈ ਗੁਸਤਾਖ ਗਾਈ ਪਾਲੀ ਨੂੰ ਮਾਰਨ ਵੀ ਆਉਦੀ ਹੈ। ਉਨੂੰ ਡੰਡੇ ਪੈਂਦੇ ਹਨ। ਕੋਈ ਮਸਤ ਹੋਇਆ ਵੈਹੜਾ ਵੱਗ 'ਚ ਬਾਹਰ ਦੌੜ ਜਾਂਦਾ ਤੇ ਸ਼ਿਕਾਰੀਆਂ ਦੇ ਵੱਸ ਪੈਂਦਾ ਹੈ।

ਇਹ ਵੇਖ ਗੁਰੂ ਸਾਹਿਬ ਨੂੰ ਪਾਲਣਹਾਰ ਕਰਤਾਰ ਦਾ ਧਿਆਨ ਆ ਜਾਂਦਾ ਹੈ। ਕਿਵੇ ਉਹ ਸਾਨੂੰ ਸਾਰੇ ਜੀਵਾਂ ਨੂੰ ਪਾਲ ਰਿਹਾ ਹੈ। ਅਸੀ ਉਹਦੀਆਂ ਗਾਈਆਂ ਤੇ ਉਹ ਸਾਡਾ ਪਾਲੀ। ਪਰ ਅਸੀ ਗੁਸਤਾਖ ਮੂਰਖ ਲੋਕ ਉਹਦੀ ਰਜਾ ਭੰਨ ਕੇ ਆਪ ਮੁਹਾਰੇ ਹੋ ਚਲਦੇ ਤੇ ਦੁਖ ਪਾਉਦੇ ਹਾਂ। ਬਾਬਾ ਉਥੇ ਹੀ ਵਿਸਮਾਦਿਤ ਹੋ ਉਠਦਾ ਹੈ। ਫਿਰ ਵੈਰਾਗਮਈ ਸ਼ਬਦ ਗਉੜੀ ਰਾਗ ਵਿਚ ਰਚਦਾ ਹੈ। ਸ਼ਬਦ ਫਿਰ ਭਰੇ ਦੀਵਾਨ ਧਰਮਸਾਲ ਵਿਚ ਸੰਗਤ ਦੀ ਸ਼ਮੂਲੀਅਤ ਨਾਲ ਗੁਰੂ ਸਾਹਿਬ ਗਾਉਦੇ ਨੇ।

ਗਉੜੀ ਬੈਰਾਗਣਿ ਮਹਲਾ ੧ ੴ ਸਤਿਗੁਰ ਪ੍ਰਸਾਦਿ ॥

ਜਿਉ ਗਾਈ ਕਉ ਗੋਇਲੀ ਰਾਖਹਿ ਕਰਿ ਸਾਰਾ ॥ ਅਹਿਨਿਸਿ ਪਾਲਹਿ ਰਾਖਿ ਲੇਹਿ ਆਤਮ ਸੁਖੁ ਧਾਰਾ ॥੧॥ ਇਤ ਉਤ ਰਾਖਹੁ ਦੀਨ ਦਇਆਲਾ ॥ ਤਉ ਸਰਣਾਗਤਿ ਨਦਰਿ ਨਿਹਾਲਾ ॥੧॥ ਰਹਾਉ ॥ ਜਹ ਦੇਖਉ ਤਹ ਰਵਿ ਰਹੇ ਰਖੁ ਰਾਖਨਹਾਰਾ ॥ ਤੂੰ ਦਾਤਾ ਭੁਗਤਾ ਤੂੰਹੈ ਤੂੰ ਪ੍ਰਾਣ ਅਧਾਰਾ ॥੨॥ ਕਿਰਤੁ ਪਇਆ ਅਧ ਊਰਧੀ ਬਿਨੁ ਗਿਆਨ ਬੀਚਾਰਾ ॥ ਬਿਨੁ ਉਪਮਾ ਜਗਦੀਸ ਕੀ ਬਿਨਸੈ ਨ ਅੰਧਿਆਰਾ ॥੩॥ ਜਗੁ ਬਿਨਸਤ ਹਮ ਦੇਖਿਆ ਲੋਭੇ ਅਹੰਕਾਰਾ ॥ ਗੁਰ ਸੇਵਾ ਪ੍ਰਭੁ ਪਾਇਆ ਸਚੁ ਮੁਕਤਿ ਦੁਆਰਾ ॥੪॥ ਨਿਜ ਘਰਿ ਮਹਲੁ ਅਪਾਰ ਕੋ ਅਪਰੰਪਰੁ ਸੋਈ ॥ ਬਿਨੁ ਸਬਦੈ ਥਿਰੁ ਕੋ ਨਹੀ ਬੂਝੈ ਸੁਖੁ ਹੋਈ ॥੫॥ ਕਿਆ ਲੈ ਆਇਆ ਲੇ ਜਾਇ ਕਿਆ ਫਾਸਹਿ ਜਮ ਜਾਲਾ ॥ ਡੋਲੁ ਬਧਾ ਕਸਿ ਜੇਵਰੀ ਆਕਾਸਿ ਪਤਾਲਾ ॥੬॥ ਗੁਰਮਤਿ ਨਾਮੁ ਨ ਵੀਸਰੈ ਸਹਜੇ ਪਤਿ ਪਾਈਐ ॥ ਅੰਤਰਿ ਸਬਦੁ ਨਿਧਾਨੁ ਹੈ ਮਿਲਿ ਆਪੁ ਗਵਾਈਐ ॥੭॥ ਨਦਰਿ ਕਰੇ ਪ੍ਰਭੁ ਆਪਣੀ ਗੁਣ ਅੰਕਿ ਸਮਾਵੈ ॥ ਨਾਨਕ ਮੇਲੁ ਨ ਚੂਕਈ ਲਾਹਾ ਸਚੁ ਪਾਵੈ ॥੮॥੧॥੭॥

ਇਸ ਸ਼ਬਦ ਤੇ ਫਿਰ ਚਰਚਾ ਛਿੜਦੀ ਹੈ। ਕਈ ਗੁਰਮੁਖ ਪਿਆਰੇ ਤਰਾਂ ਤਰਾਂ ਦੇ ਸਵਾਲ ਕਰਦੇ ਹਨ ਕਿ ਸਾਡੇ ਜੀਵਾਂ ਦਾ ਵੱਗ ਨਾਲ ਮੁਕਾਬਲਾ ਕਿਵੇ ਹੋ ਗਿਆ। ਇਨਸਾਨ ਨੂੰ ਤਾਂ ਕਰਤਾਰ ਨੇ ਮਾੜਾ ਚੰਗਾ ਸੋਚਣ ਲਈ ਦਿਮਾਗ ਦਿੱਤਾ ਹੈ। ਪਰ ਗਾਈਆਂ ਤਾਂ ਆਪਣਾ ਮਾੜਾ ਚੰਗਾ ਨਹੀ ਸੋਚ ਸਕਦੀਆਂ।

ਗੁਰੂ ਸਾਹਿਬ ਨੇ ਫਿਰ ਹੋਰ ਵੀ ਜੋਰ ਦੇ ਕੇ ਕਿਹਾ ਕਿ ਨਹੀ ਸਾਨੂੰ ਸੀਲ ਗਾਈਆਂ ਦੀ ਤਰਾਂ ਹੀ ਵਿਹਾਰ ਕਰਨਾਂ ਚਾਹੀਦਾ ਹੈ। ਕਰਤਾਰ ਦੀ ਰਜਾ ਵਿਚ ਰਹੀਏ। ਇਹੋ ਚੜ੍ਹਦੀ ਕਲ੍ਹਾ ਦਾ ਅਸੂਲ ਹੈ। ਇਸ ਵਿਚ ਰਤਾ ਝੂਠ ਨਹੀ। ਜਦੋਂ ਤੁਸੀ ਸੱਚ ਵਿਚ ਚਲੋਗੇ ਤਾਂ ਸੁਖੀ ਰਹੋਗੇ। ਗੁਰਮੁਖ ਗੁਰਮੱਤ ਦੇ ਗਾਡੀ ਰਾਹ ਤੇ ਸਬਰ ਸੰਤੋਖ ਨਾਲ ਚਲਦਾ ਹੋਇਆ ਗੁਰਬਾਣੀ ਰੂਪੀ ਅੰਮ੍ਰਿਤ ਪੀਂਦਾ ਹੋਇਆ ਰਤਾ ਨਾਂ ਡੋਲੇ। ਹਰ ਥਾਂ ਹਰ ਜੀਵ ਵਿਚ ਨਿਰੰਕਾਰ ਦੇ ਰੂਪ ਦੇ ਦਰਸ਼ਨ ਕਰੇ। ਯਾਦ ਰਹੇ ਗੁਰਮਤ ਦਾ ਨਿਰੰਕਾਰ ਆਪਣੀ ਰਚਨਾ ਰਾਹੀ ਸਾਕਾਰ ਰੂਪ ਵਿਚ ਹੈ।

✚ਸਾਹਿਬ ਨੇ ਗਉੜੀ ਵਿਚ ਸ਼ਬਦ ਕਿਹਾ:-

ਗਉੜੀ ਮਹਲਾ ੧ ॥ ਬੋਲਹਿ ਸਾਚੁ ਮਿਥਿਆ ਨਹੀ ਰਾਈ ॥ ਚਾਲਹਿ ਗੁਰਮੁਖਿ ਹੁਕਮਿ ਰਜਾਈ ॥ ਰਹਹਿ ਅਤੀਤ ਸਚੇ ਸਰਣਾਈ ॥੧॥ ਸਚ ਘਰਿ ਬੈਸੈ ਕਾਲੁ ਨ ਜੋਹੈ ॥ ਮਨਮੁਖ ਕਉ ਆਵਤ ਜਾਵਤ ਦੁਖੁ ਸੋਹੈ ॥੧॥ ਰਹਾਉ ॥ ਅਪਿਉ ਪੀਅਉ ਅਕਥੁ ਕਥਿ ਰਹੀਐ ॥ ਨਿਜ ਘਰਿ ਬੈਸਿ ਸਹਜ ਘਰੁ ਲਹੀਐ ॥ ਹਰਿ ਰਸਿ ਮਾਤੇ ਇਹੁ ਸੁਖੁ ਕਹੀਐ ॥੨॥ ਗੁਰਮਤਿ ਚਾਲ ਨਿਹਚਲ ਨਹੀ ਡੋਲੈ ॥ ਗੁਰਮਤਿ ਸਾਚਿ ਸਹਜਿ ਹਰਿ ਬੋਲੈ ॥ ਪੀਵੈ ਅੰਮ੍ਰਿਤੁ ਤਤੁ ਵਿਰੋਲੈ ॥੩॥ ਸਤਿਗੁਰੁ ਦੇਖਿਆ ਦੀਖਿਆ ਲੀਨੀ ॥ ਮਨੁ ਤਨੁ ਅਰਪਿਓ ਅੰਤਰ ਗਤਿ ਕੀਨੀ ॥ ਗਤਿ ਮਿਤਿ ਪਾਈ ਆਤਮੁ ਚੀਨੀ ॥੪॥ ਭੋਜਨੁ ਨਾਮੁ ਨਿਰੰਜਨ ਸਾਰੁ ॥ ਪਰਮ ਹੰਸੁ ਸਚੁ ਜੋਤਿ ਅਪਾਰ ॥ ਜਹ ਦੇਖਉ ਤਹ ਏਕੰਕਾਰੁ ॥੫॥ ਰਹੈ ਨਿਰਾਲਮੁ ਏਕਾ ਸਚੁ ਕਰਣੀ ॥ ਪਰਮ ਪਦੁ ਪਾਇਆ ਸੇਵਾ ਗੁਰ ਚਰਣੀ ॥ ਮਨ ਤੇ ਮਨੁ ਮਾਨਿਆ ਚੂਕੀ ਅਹੰ ਭ੍ਰਮਣੀ ॥੬॥ ਇਨ ਬਿਧਿ ਕਉਣੁ ਕਉਣੁ ਨਹੀ ਤਾਰਿਆ ॥ ਹਰਿ ਜਸਿ ਸੰਤ ਭਗਤ ਨਿਸਤਾਰਿਆ ॥ ਪ੍ਰਭ ਪਾਏ ਹਮ ਅਵਰੁ ਨ ਭਾਰਿਆ ॥੭॥ ਸਾਚ ਮਹਲਿ ਗੁਰਿ ਅਲਖੁ ਲਖਾਇਆ ॥ ਨਿਹਚਲ ਮਹਲੁ ਨਹੀ ਛਾਇਆ ਮਾਇਆ ॥ ਸਾਚਿ ਸੰਤੋਖੇ ਭਰਮੁ ਚੁਕਾਇਆ ॥੮॥ ਜਿਨ ਕੈ ਮਨਿ ਵਸਿਆ ਸਚੁ ਸੋਈ ॥ ਤਿਨ ਕੀ ਸੰਗਤਿ ਗੁਰਮੁਖਿ ਹੋਈ ॥ ਨਾਨਕ ਸਾਚਿ ਨਾਮਿ ਮਲੁ ਖੋਈ ॥੯॥੧੫॥

"ਬਾਬਾ ਜੀ ਲੋਕਾਂ ਮੇਰਾ ਮਖੌਲ ਉਡਾਇਆ" ਗੁਰਸਿੱਖ ਨੇ ਸ਼ਕਾਇਤ ਲਾਈ

ਕਰਤਾਰਪੁਰ

ਇਕ ਦਿਨ ਕਰਤਾਰਪੁਰ ਸਾਹਿਬ ਵਿਖੇ ਇਕ ਬ੍ਰਾਹਮਣ ਗੁਰਸਿੱਖ ਆਪਣੇ ਸਾਥੀਆਂ ਨਾਲ ਹਾਜਰ ਹੋਇਆ। ਉਹ ਆਪਣਾ ਤਜੱਰਬਾ ਗੁਰੂ ਸਾਹਿਬ ਕੋਲ ਬਿਆਨ ਕਰ ਰਿਹਾ ਸੀ। ਉਹਦਾ ਕਹਿਣਾ ਸੀ ਕਿ ਇਕ ਦਿਨ ਮੈਂ ਆਪਣੇ ਧਾਰਮਿਕ ਸਾਥੀਆਂ ਨਾਲ ਜਦੋਂ ਗੁਰੂ ਦੀ ਅਹਿਮੀਅਤ ਤੇ ਗਲ ਚਲਾਈ ਤਾਂ ਮੇਰਾ ਖੂਬ ਮਖੌਲ ਉਡਾਇਆ ਗਇਆ। ਅਗਲੇ ਕਹਿ ਰਹੇ ਸਨ ਕਿ ਬਿਨਾਂ ਕਰਮ ਕਾਂਡ ਪ੍ਰਭੂ ਦੀ ਪ੍ਰਾਪਤੀ ਕਿਵੇ ਸੰਭਵ ਹੋ ਸਕਦੀ ਹੈ? ਉਹ ਤਾਹਨੇ ਦੇ ਰਹੇ ਸਨ ਕਿ ਕੀ ਵਿਦਵਾਨਾਂ ਦੀਆਂ ਹਜਾਰਾਂ ਸਾਲ ਪਹਿਲਾਂ ਕਹੀਆਂ ਗੱਲਾਂ ਝੂਠੀਆਂ ਹੋ ਗਈਆਂ ਤੇ ਤੇਰਾ ਗੁਰੂ ਸੱਚਾ ਹੋ ਗਿਆ?

ਗੁਰੂ ਸਾਹਿਬ ਨੇ ਉਸ ਗੁਰਸਿੱਖ ਨੂੰ ਕਿਹਾ ਕਿ ਦੁਨੀਆ ਦਾ ਕੀ ਹੈ। ਦੁਨੀਆਂ ਤਾਂ ਉਲਟੇ ਪਾਸੇ ਹੀ ਜਾਂਦੀ ਹੈ। ਇਹ ਲੋਕ ਕੀ ਸਮਝਣ ਕਿ ਨਿਰੰਕਾਰ ਪ੍ਰਭੂ ਹਰ ਹਿਰਦੇ ਵਿਚ ਵਸਦਾ ਹੈ, ਇਹ ਉਨੂੰ ਜੰਗਲਾਂ ਵਿਚ ਦੱਸਦੇ ਨੇ। ਇਨਾਂ ਅਕਲੋ ਅੰਨੇ ਲੋਕਾਂ ਬਾਰੇ ਕੀ ਕਿਹਾ ਜਾ ਸਕਦਾ ਹੈ। ਇਹ ਨਕਲੀ ਚੀਜ ਨੂੰ ਦੌੜ ਕੇ ਪੈਂਦੇ ਨੇ ਤੇ ਅਸਲੀ ਵਲ ਤਕਦੇ ਵੀ ਨਹੀ। ਕਲ ਜੁਗ ਦੀ ਹਾਲਤ ਕੁਝ ਇਹੋ ਜਿਹੀ ਬਣੀ ਕਿ ਅੱਖੋ ਅੰਨਾ ਬੰਦਾ ਅੱਜ ਪਾਰਖੂ ਕਹਾ ਰਿਹਾ ਹੈ। ਜਿਹੜਾ ਪੁਰਖ ਗਿਆਨਵਾਨ ਹੈ ਭਾਵ ਜਿੰਨੂ ਜੀਵਨ ਦੀ ਅਸਲੀਅਤ ਦੀ ਖਬਰ ਲੱਗ ਚੁੱਕੀ ਉਨੂੰ ਇਹ ਲੋਕ ਮੂਰਖ ਕਹਿੰਦੇ ਨੇ। ਜਿਸ ਇਨਸਾਨ ਨੇ ਪ੍ਰਭੂ ਦਾ ਭੇਦ ਪਾ ਲਿਆ ਇਨਾਂ ਵਾਸਤੇ ਉਹ ਮਰ ਗਇਆ ਅਤੇ ਜਿਹੜਾ ਮਾਇਆ ਦੀ ਦੌੜ ਵਿਚ ਬੰਦਾ ਪਿਆ ਉਹ ਇਨਾਂ ਵਾਸਤੇ ਜਾਗਦਾ ਹੈ। ਜਿਹੜਾ ਧੰਨ ਨੇਕ ਕੰਮ ਵਾਸਤੇ ਲੱਗ ਗਇਆ ਇਹਨਾਂ ਵਾਸਤੇ ਤਾਂ ਉਹ ਵਿਅੱਰਥ ਹੋ ਗਿਆ। ਇਨਾਂ ਨੂੰ ਬਿਗਾਨੀਆਂ ਚੰਗੀਆਂ ਲੱਗਦੀਆਂ ਤੇ ਆਪਣੀ ਦੀ ਕਦਰ ਨਹੀ। ਜਿਹੜਾ ਅਸਲ ਮਿੱਠਾ ਇਨਾਂ ਵਾਸਤੇ ਉਹ ਕੌੜਾ ਹੋ ਜਾਂਦਾ ਹੈ। ਜਿਹੜਾ ਪ੍ਰਭੂ ਰੰਗ ਵਿਚ ਰੰਗਿਆ ਗਇਆ ਉਹਦੀ ਇਹ ਨਿੰਦਾ ਕਰਦੇ ਨੇ। ਮਾਇਆ ਕਰਤਾਰ ਦੇ ਹੁਕਮ ਵਿਚ ਹੈ ਇਹ ਮਾਇਆ ਦੀ ਤਾਂ ਪੂਜਾ ਕਰਦੇ ਨੇ ਪਰ ਕਰਤਾਰ ਵਲ ਤਕਦੇ ਵੀ ਨਹੀ। ਪਾਣੀ ਨੂੰ ਰਿੜਕਣ ਵਾਲੇ ਇਨਾਂ ਲੋਕਾਂ ਬਾਰੇ ਕੀ ਕਿਹਾ ਜਾਏ।

ਗੁਰੂ ਸਾਹਿਬ ਨੇ ਇਸ ਪ੍ਰਕਾਰ ਉਸ ਗਿਆਨਵਾਨ ਬ੍ਰਾਹਮਣ ਗੁਰਸਿੱਖ ਨੂੰ ਦੁਨੀਆਂ ਦੀ ਅਸਲ ਤਸਵੀਰ ਵਿਖਾ ਦਿੱਤੀ। ਸਾਹਿਬ ਨੇ ਫਿਰ ਸ਼ਬਦ ਬੋਲਿਆ:-

ਗਉੜੀ ਮਹਲਾ ੧ ॥ ਗੁਰ ਪਰਸਾਦੀ ਬੂਝਿ ਲੇ ਤਉ ਹੋਇ ਨਿਬੇਰਾ ॥ ਘਰਿ ਘਰਿ ਨਾਮੁ ਨਿਰੰਜਨਾ ਸੋ ਠਾਕੁਰੁ ਮੇਰਾ ॥੧॥ ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ ॥ ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ ॥੧॥ ਰਹਾਉ ॥ ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥ ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ ॥੨॥ ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥ ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ॥੩॥ ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ ॥ ਜੀਵਤ ਕਉ ਮੂਆ ਕਹੈ ਮੂਏ ਨਹੀ ਰੋਤਾ ॥੪॥ ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ ॥ ਪਰ ਕੀ ਕਉ ਅਪੁਨੀ ਕਹੈ ਅਪੁਨੋ ਨਹੀ ਭਾਇਆ ॥੫॥ ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ ॥ ਰਾਤੇ ਕੀ ਨਿੰਦਾ ਕਰਹਿ ਐਸਾ ਕਲਿ ਮਹਿ ਡੀਠਾ ॥੬॥ ਚੋਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ ॥ ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ ॥੭॥ ਇਸੁ ਪਦ ਜੋ ਅਰਥਾਇ ਲੇਇ ਸੋ ਗੁਰੂ ਹਮਾਰਾ ॥ ਨਾਨਕ ਚੀਨੈ ਆਪ ਕਉ ਸੋ ਅਪਰ ਅਪਾਰਾ ॥੮॥ ਸਭੁ ਆਪੇ ਆਪਿ ਵਰਤਦਾ ਆਪੇ ਭਰਮਾਇਆ ॥ ਗੁਰ ਕਿਰਪਾ ਤੇ ਬੂਝੀਐ ਸਭੁ ਬ੍ਰਹਮੁ ਸਮਾਇਆ ॥੯॥੨॥੧੮॥

ਇਹ ਸਭ ਸੁਣ ਕੇ ਗਿਆਨਵਾਨ ਬੰਦੇ ਦੇ ਮੂੰਹੋ ਕੁਦਰਤੀ ਤੌਰ ਤੇ ਫਿਰ ਇਹੋ ਨਿਕਲਣਾ ਸੀ ਕਿ ਤੂੰ ਧੰਨ ਹੈ ਬਾਬਾ ਨਾਨਕਾ।

—◈—

ਬਾਬੇ ਨੇ ਫਿਰ ਘਰਵਾਲੀ ਪ੍ਰਥਾਇ ਹੀ ਬਾਣੀ ਕਹਿ ਦਿੱਤੀ ○

ਕਰਤਾਰਪੁਰ

ਇਹ ਗੱਲ 1518-20 ਈ ਦੇ ਲਾਗੇ ਚਾਗੇ ਦੀ ਲੱਗਦੀ ਹੈ।

ਲੱਗਦੈ ਬੀਬੀ ਜੀ (ਮਾਤਾ ਸੁਲੱਖਣੀ / ਘੁੰਮੀ ਚੋਣੀ) ਜੋ ਹੁਣ ਬਹੁਤ ਦੁਬਲੀ ਪਤਲੀ ਹੋ ਗਏ ਹਨ ਗੁਰੂ ਸਾਹਿਬ ਨੂੰ ਤਾਹਨੇ ਮਾਰਦੇ ਹਨ ਕਿ ਤੇਰੇ ਪਿੱਛੇ ਮੈਂ ਜਵਾਨੀ ਗਾਲ ਲਈ। ਜਵਾਨੀ ਦਾ ਜੋਬਨ ਢੱਲ ਕੇ ਹੁਣ ਬੁਢਾਪਾ ਆ ਚੁੱਕਾ ਹੈ। ਛਾਤੀ ਸੁੱਕ ਚੁੱਕੀ ਹੈ। ਜਵਾਨੀ ਵੇਲੇ ਦੇ ਸ਼ਿੰਗਾਰ ਦੇ ਸ਼ੌਕ ਵੀ ਪੂਰੇ ਨਹੀ ਹੋਏ। ਤੇਰਾ ਰਾਹ ਤਕਦਿਆਂ ਤਕਦਿਆਂ ਅੱਖਾਂ ਵੀ ਪੱਕ ਚੁੱਕੀਆਂ ਨੇ। ਪਤੀ ਤੋਂ ਬਗੈਰ ਘਰ ਕਾਹਦਾ? ਬਸ ਸਬਰ ਸੰਤੋਖ ਦਾ ਘੁੱਟ ਪੀ ਕੇ ਜਿੰਦਗੀ ਕੱਢ ਦਿੱਤੀ ਹੈ। ਚਲੋ ਫਿਰ ਵੀ ਮਨ ਦੀ ਇਛਾ ਪੂਰੀ ਹੋ ਗਈ ਹੈ ਤੂੰ ਆਖਿਰ ਮੇਰੇ ਵਲ ਪਰਤ ਆਇਆ ਹੈ॥

ਪਤਨੀ ਕੋਲੋਂ ਇਹੋ ਜਿਹੇ ਜਦੋਂ ਤਾਹਨੇ ਸੁਣੇ ਤਾਂ ਗੁਰੂ ਸਾਹਿਬ ਦਾ ਆਪਣੇ ਪਤੀ (ਰੱਬ) ਵਲ ਧਿਆਨ ਚਲਾ ਗਇਆ ਤੇ ਅਜਿਹਾ ਵੈਰਾਗ ਛੁੱਟਿਆ ਕਿ ਪਤੀ ਦੇ ਪ੍ਰੇਮ ਵਿਚ ਛੰਦ ਕਹਿ ਦਿੱਤੇ। ਪਰ ਗੁਰੂ ਸਾਹਿਬ ਸ਼ੁਕਰਗੁਜਾਰ ਹੋ ਰਹੇ ਨੇ ਕਿ ਉਹਨਾਂ ਦਾ ਪਤੀ ਗੁਰੂ ਸਾਹਿਬ ਨੂੰ ਕਦੀ ਨਹੀ ਵਿਸਾਰਦਾ। ਜਦੋਂ ਉਹਨੂੰ ਯਾਦ ਕਰਦੇ ਨੇ ਉਹ ਨਾਲ ਹੁੰਦਾ ਹੈ। ਉਹ ਤਾਂ ਸਦਾ ਹੀ ਜਵਾਨ ਹੈ। ਰੋਜ ਹੀ ਨਵਾਂ ਨਕੋਰ। ਗੁਰੂ ਸਾਹਿਬ ਦਾ ਤਾ ਰੋਜ ਮੇਲ ਹੁੰਦਾ ਹੈ।

ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥ ਰਾਗੁ ਗਉੜੀ ਪੂਰਬੀ ਛੰਤ ਮਹਲਾ ੧ ॥ ਮੁੰਧ ਰੈਣਿ ਦੁਹੇਲੜੀਆ ਜੀਉ ਨੀਦ ਨ ਆਵੈ ॥ ਸਾ ਧਨ ਦੁਬਲੀਆ ਜੀਉ ਪਿਰ ਕੈ ਹਾਵੈ ॥ ਧਨ ਬੀਈ ਦੁਬਲਿ ਕੰਤ ਹਾਵੈ ਕੇਵ ਨੈਣੀ ਦੇਖਏ ॥ ਸੀਗਾਰ ਮਿਠ ਰਸ ਭੋਗ ਭੋਜਨ ਸਭੁ ਝੂਠੁ ਕਿਤੈ ਨ ਲੇਖਏ ॥ ਸੈ ਮਤ ਜੋਬਨਿ ਗਰਬਿ ਗਾਲੀ ਦੁਧਾ ਥਣੀ ਨ ਆਵਏ ॥ ਨਾਨਕ ਸਾ ਧਨ ਮਿਲੈ ਮਿਲਾਈ ਬਿਨੁ ਪਿਰ ਨੀਦ ਨ ਆਵਏ ॥੧॥ ਮੁੰਧ ਨਿਮਾਨੜੀਆ ਜੀਉ ਬਿਨੁ ਧਨੀ ਪਿਆਰੇ ॥ ਕਿਉ ਸੁਖੁ ਪਾਵੈਗੀ ਬਿਨੁ ਉਰ ਧਾਰੇ ॥ ਨਾਹ ਬਿਨੁ ਘਰ ਵਾਸੁ ਨਾਹੀ ਪੁਛਹੁ ਸਖੀ ਸਹੇਲੀਆ ॥ ਬਿਨੁ ਨਾਮ ਪ੍ਰੀਤਿ ਪਿਆਰੁ ਨਾਹੀ ਵਸਹਿ ਸਾਚਿ ਸੁਹੇਲੀਆ ॥ ਸਚੁ ਮਨਿ ਸਜਨ ਸੰਤੋਖਿ ਮੇਲਾ ਗੁਰਮਤੀ ਸਹੁ ਜਾਣਿਆ ॥ ਨਾਨਕ ਨਾਮੁ ਨ ਛੋਡੈ ਸਾ ਧਨ ਨਾਮਿ ਸਹਜਿ ਸਮਾਣੀਆ ॥੨॥ ਮਿਲੁ ਸਖੀ ਸਹੇਲੜੀਹੋ ਹਮ ਪਿਰੁ ਰਾਵੇਹਾ ॥ ਗੁਰ ਪੁਛਿ ਲਿਖਉਗੀ ਜੀਉ ਸਬਦਿ ਸਨੇਹਾ ॥ ਸਬਦੁ ਸਾਚਾ ਗੁਰਿ ਦਿਖਾਇਆ ਮਨਮੁਖੀ ਪਛੁਤਾਣੀਆ ॥ ਨਿਕਸਿ ਜਾਤਉ ਰਹੈ ਅਸਥਿਰੁ ਜਾਮਿ ਸਚੁ ਪਛਾਣਿਆ ॥ ਸਾਚ ਕੀ ਮਤਿ ਸਦਾ ਨਉਤਨ ਸਬਦਿ ਨੇਹੁ ਨਵੇਲਓ ॥ ਨਾਨਕ ਨਦਰੀ ਸਹਜਿ ਸਾਚਾ ਮਿਲਹੁ ਸਖੀ ਸਹੇਲੀਹੋ ॥੩॥ ਮੇਰੀ ਇਛ ਪੁਨੀ ਜੀਉ ਹਮ ਘਰਿ ਸਾਜਨੁ ਆਇਆ ॥ ਮਿਲਿ ਵਰੁ ਨਾਰੀ ਮੰਗਲੁ ਗਾਇਆ ॥ ਗੁਣ ਗਾਇ ਮੰਗਲੁ ਪ੍ਰੇਮਿ ਰਹਸੀ ਮੁੰਧ ਮਨਿ ਓਮਾਹਓ ॥ ਸਾਜਨ ਰਹੰਸੇ ਦੁਸਟ ਵਿਆਪੇ ਸਾਚੁ ਜਪਿ ਸਚੁ ਲਾਹਓ ॥ ਕਰ ਜੋੜਿ ਸਾ ਧਨ ਕਰੈ ਬਿਨਤੀ ਰੈਣਿ ਦਿਨੁ ਰਸਿ ਭਿੰਨੀਆ ॥ ਨਾਨਕ ਪਿਰੁ ਧਨ ਕਰਹਿ ਰਲੀਆ ਇਛ ਮੇਰੀ ਪੁੰਨੀਆ ॥੪॥੧॥

—◈—

ਜਿਵੇ ਸ਼ਿਕਾਰ ਚੋਗਾ ਲੈਣ ਦੇ ਲਾਲਚ ਵਿਚ ਫਸਦੈ, ਐਨ ਇਹੋ ਹਾਲਤ ਬੰਦੇ ਦੀ ਹੈ◙

ਗਲ ਕਰਤਾਰਪੁਰ ਦੀ ਹੈ। ਧਰਮਸਾਲ ਵਿਚ ਕੁਝ ਲੰਗੋਟਬੰਦ ਸਾਧੂ ਠਹਿਰੇ ਹੋਏ ਸਨ। ਗੁਰੂ ਸਾਹਿਬ ਸਾਧੂਆਂ ਨੂੰ ਨਾਲ ਲੈ ਕੇ ਰਾਵੀ ਦਰਿਆ ਵਲ ਨਿਕਲ ਗਏ। ਦਰਿਆ ਕੰਢੇ ਗਏ ਤੇ ਕੀ ਵੇਖਦੇ ਹਨ ਇਕ ਝੀਵਰ ਮੱਛੀਆਂ ਫੜ ਰਿਹਾ ਹੈ। ਪਹਿਲਾਂ ਉਹ ਜਾਲ ਵਿਛਾਉਦਾ ਹੈ ਤੇ ਫਿਰ ਮੱਛੀਆਂ ਲਈ ਜਾਲ ਦੇ ਉਤੇ ਜਿਹੇ ਕਰਕੇ ਕੋਈ ਚੋਗਾ ਸੁੱਟਦਾ ਹੈ। ਮੱਛੀਆਂ ਦੌੜੀਆਂ ਆਉਦੀਆਂ ਹਨ। ਜਦੋਂ ਵੱਡੀ ਗਿਣਤੀ ਵਿਚ ਚੋਗਾ ਚੁੱਕ ਰਹੀਆਂ ਹੁੰਦੀਆਂ ਹਨ ਤਾਂ ਮਾਛੀ ਜਾਲ ਚੁੱਕ ਲੈਂਦਾ ਹੈ ਤੇ ਕੰਢੇ ਤੇ ਲਿਆ ਮੱਛੀਆਂ ਨੂੰ ਫੜ੍ਹ ਬੋਰੀ ਵਿਚ ਪਾ ਲੈਂਦਾ ਹੈ। ਪਾਣੀ ਤੋਂ ਬਾਹਰ ਮੱਛੀ ਤੜ੍ਹਫ ਰਹੀ ਹੁੰਦੀ ਹੈ।

ਗੁਰੂ ਸਾਹਿਬ ਦਾ ਕੋਮਲ ਹਿਰਦਾ ਇਹ ਵੇਖ ਵਿਸਮਾਦ ਵਿਚ ਆਉਦਾ ਹੈ ਤੇ ਧਿਆਨ ਵਿਚ ਆਉਦਾ ਹੈ ਕਿ ਹਰ ਥਾਂ ਜੀਅ ਨਾਲ ਇਹੋ ਕੁਝ ਹੋ ਰਿਹਾ ਹੈ। ਖੁੱਦ ਬੰਦਾ ਵੀ ਲਾਲਚ ਵਿਚ ਆ ਕੇ ਖੁੱਦ ਹੀ ਕਿਸੇ ਨਾਂ ਕਿਸੇ ਫਾਹੀ ਵਿਚ ਫਸਦਾ ਹੈ ਤੇ ਮਾਰਿਆ ਜਾਂਦਾ ਹੈ। ਕਦੀ ਕੋਈ ਲਾਲਚ ਤੇ ਕਦੀ ਕੋਈ ਲਾਲਚ। ਯਾਦ ਰਹੇ ਬਹੁਤੇ ਲੋਕ ਗਲਤ ਖਾਣ ਨਾਲ ਉਪਜੀਆਂ ਬੀਮਾਰੀਆਂ ਕਰਕੇ ਮਰਦੇ ਹਨ। ਕਦੀ ਕੋਈ ਲਾਲਚ ਵਿਚ ਆ ਕੇ ਅਜਿਹੀ ਮਾਇਆ ਤੇ ਹੱਥ ਮਾਰਦਾ ਹੈ ਜਿਹੜੀ ਉਹਦੀ ਚਿੰਤਾ ਦਾ ਕਾਰਨ ਬਣਦੀ ਹੈ।

ਗੁਰੂ ਸਾਹਿਬ ਨੇ ਕਿਹਾ ਕਿ ਸੱਚ ਦੇ ਪਾਂਧੀ ਗੁਰਮੁਖ ਬੰਦੇ ਇਸ ਮਾਇਆ ਜਾਲ ਵਿਚ ਨਹੀ ਫਸਦੇ। ਗੁਰਮੁਖਾਂ ਨੂੰ ਮੌਤ ਵਾਲਾ ਕਾਲ ਨਹੀ ਪੈਂਦਾ। ਉਹ ਜਦੋਂ ਜਾਂਦੇ ਹਨ ਉਹ ਇਸ ਤਰਾਂ ਹੁੰਦਾ ਹੈ ਜਿਵੇ ਪਾਣੀ ਦੀ ਬੂਦ ਸਮੁੰਦਰ ਵਿਚ ਜਾ ਰਲਦੀ ਹੈ।

ਗੁਰੂ ਸਾਹਿਬ ਨੇ ਕਿਹਾ ਕਿ ਬਾਕੀ ਇਨਾਂ ਭੋਲੇ ਜੀਆਂ ਦੇ ਵੱਸ ਕੁਝ ਨਹੀ।

ਫਿਰ ਇਸੇ ਸ਼ਬਦ ਦੀ ਵਿਆਖਿਆ ਓਨਾਂ ਸ਼ਾਮ ਦੇ ਦੀਵਾਨ ਵਿਚ ਕੀਤੀ ਤੇ ਭਰੀ ਸੰਗਤ ਦੀ ਸ਼ਮੂਲੀਅਤ ਨਾਲ ਗਾਇਆ।

ਸਿਰੀਰਾਗੁ ਮਹਲਾ ੧ ॥ ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ ॥ ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ ॥ ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ ॥੧॥ ਭਾਈ ਰੇ ਇਉ ਸਿਰਿ ਜਾਣਹੁ ਕਾਲੁ ॥ ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ ॥੧॥ ਰਹਾਉ ॥ ਸਭੁ ਜਗੁ ਬਾਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ ॥ ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ ॥ ਹਉ ਤਿਨ ਕੈ ਬਲਿਹਾਰਣੈ ਦਰਿ ਸਚੈ

ਸਚਿਆਰ ॥੨॥ ਸੀਚਾਨੇ ਜਿਉ ਪੰਖੀਆ ਜਾਲੀ ਬਧਿਕ ਹਾਥਿ ॥ ਗੁਰਿ ਰਾਖੇ ਸੇ ਉਬਰੇ ਹੋਰਿ ਫਾਥੇ ਚੋਗੈ ਸਾਥਿ ॥ ਬਿਨੁ ਨਾਵੈ ਚੁਣਿ ਸੁਟੀਅਹਿ ਕੋਇ ਨ ਸੰਗੀ ਸਾਥਿ ॥੩॥ ਸਚੇ ਸਚਾ ਆਖੀਐ ਸਚੇ ਸਚਾ ਥਾਨੁ ॥ ਜਿਨੀ ਸਚਾ ਮੰਨਿਆ ਤਿਨ ਮਨਿ ਸਚੁ ਧਿਆਨੁ ॥ ਮਨਿ ਮੁਖਿ ਸੂਚੇ ਜਾਣੀਅਹਿ ਗੁਰਮੁਖਿ ਜਿਨਾ ਗਿਆਨੁ ॥੪॥ ਸਤਿਗੁਰ ਅਗੈ ਅਰਦਾਸਿ ਕਰਿ ਸਾਜਨੁ ਦੇਇ ਮਿਲਾਇ ॥ ਸਾਜਨਿ ਮਿਲਿਐ ਸੁਖੁ ਪਾਇਆ ਜਮਦੂਤ ਮੁਏ ਬਿਖੁ ਖਾਇ ॥ ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ ॥੫॥ ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ ਪਾਇ ॥ ਗੁਰਮਤੀ ਪਰਗਾਸੁ ਹੋਇ ਸਚਿ ਰਹੈ ਲਿਵ ਲਾਇ ॥ ਤਿਥੈ ਕਾਲੁ ਨ ਸੰਚਰੈ ਜੋਤੀ ਜੋਤਿ ਸਮਾਇ ॥੬॥ ਤੂੰਹੈ ਸਾਜਨੁ ਤੂੰ ਸੁਜਾਣੁ ਤੂੰ ਆਪੇ ਮੇਲਣਹਾਰੁ ॥ ਗੁਰ ਸਬਦੀ ਸਾਲਾਹੀਐ ਅੰਤੁ ਨ ਪਾਰਾਵਾਰੁ ॥ ਤਿਥੈ ਕਾਲੁ ਨ ਅਪੜੈ ਜਿਥੈ ਗੁਰ ਕਾ ਸਬਦੁ ਅਪਾਰੁ ॥੭॥ ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ ॥ ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ ॥ ਨਾਨਕ ਜੋ ਤਿਸੁ ਭਾਵੈ ਸੋ ਥੀਐ ਇਨਾ ਜੰਤਾ ਵਸਿ ਕਿਛੁ ਨਾਹਿ ॥੮॥੪

ਸਾਧੂਆਂ ਨੇ ਜਦੋਂ ਕਿਹਾ ਧੰਨ ਬਾਬਾ ਨਾਨਕ ਤਾਂ ਹਰ ਪਾਸੇ ਵਾਹਿਗੁਰੂ ਵਾਹਿਗੁਰੂ ਹੋਣ ਲੱਗ ਪਿਆ। ਜੰਗਲ ਵਿਚ ਮੰਗਲ ਲੱਗ ਗਿਆ।

ਕਲਾਨੌਰੀਆ ਦੀ ਨੂੰਹ ਨੂੰ ਉਪਦੇਸ਼

ਕਰਤਾਰਪੁਰ ਬੈਠਿਆਂ ਜਦੋਂ ਗ੍ਰਿਸਤੀ ਲੋਕ ਬਾਬੇ ਦੁਆਲੇ ਜਿਆਦਾ ਹੀ ਝੁਰਮਟ ਪਾ ਦਿੰਦੇ ਸਨ (ਭਾਵ ਰੂਹਾਨੀਅਤ ਦੀ ਗਲ ਘੱਟ ਕਰਨੀ ਤੇ ਜਿਆਦਾ ਦੁਨਿਆਵੀ ਮੰਗਾ ਕਰਨੀਆਂ ਕਿ ਬਾਬਾ ਜੀ ਕਿਰਪਾ ਕਰੋ ਮੇਰੇ ਘਰ ਦੁੱਧ-ਪੁਤ ਦੀ ਦਾਤ ਹੋਵੇ, ਮੇਰਾ ਜਮੀਨੀ ਝਗੜਾ ਮੁੱਕੇ, ਮੈਨੂੰ ਤੰਦਰੁਸਤੀ ਮਿਲੇ ਆਦਿ ਆਦਿ) ਤਾਂ ਬਾਬਾ ਕਦੀ ਕਦੀ ਕਰਤਾਰਪੁਰ ਤੋਂ ਖਿਸਕ ਜਾਇਆ ਕਰਦਾ ਸੀ।

ਏਸੇ ਤਰਾਂ ਇਕ ਵੇਰਾਂ ਗੁਰੂ ਸਾਹਿਬ ਭਾਈ ਲਹਿਣੇ ਨੂੰ ਕਹਿਣ ਲੱਗੇ ਕਿ ਮੈਨੂੰ ਇਕ ਦੋ ਦਿਨ ਦੀ ਹੁਣ ਛੁੱਟੀ ਦੇ। ਫਿਰ ਅਗਲੇ ਮਨ੍ਹੇਰ ਸਾਰ ਇਕੱਲੇ ਰਾਵੀ 'ਚ ਇਸ਼ਨਾਨ ਕਰਨ ਉਪਰੰਤ ਪਾਰ ਚਲੇ ਗਏ। ਚੜ੍ਹਦੇ ਪਾਸੇ ਨੂੰ ਜਿਓ ਤੁਰੇ ਪਿੰਡ ਭਗਠਾਣਾ ਤੁਲੀਆਂ ਹੁੰਦੇ ਹੋਏ 15 ਕਿ. ਮੀ. ਦਾ ਪੈਡਾ ਕਰਕੇ ਕਲਾਨੌਰ ਠਾਣੇ ਦੇ ਲਾਗੇ ਪਹੁੰਚ, ਲਹੌਰੀ ਦਰਵਾਜੇ ਦੇ ਕੋਲ ਜਾ ਬੈਠੇ।

ਜਦੋਂ ਮੰਨ ਵਿਚ ਆਵੇ ਉੱਚੀ ਉੱਚੀ ਗੁਰਬਾਣੀ ਗਾਉਣ। ਹੌਲੀ ਹੌਲੀ ਲਾਗੇ ਰੌਣਕ ਵੱਧਦੀ ਗਈ। ਲੋਕਾਂ ਨੇ ਬਾਬੇ ਨੂੰ ਪਛਾਣ ਵੀ ਲਿਆ। ਸ਼ਹਿਰ ਦੇ ਲੋਕਾਂ ਵੀ ਆਉਣਾ ਸ਼ੁਰੂ ਕਰ ਦਿੱਤਾ। ਤੁਲੀ ਗੋਤ ਦੇ ਖੱਤਰੀ ਦੁਕਾਨਦਾਰ ਨੇ ਗੁਰੂ ਸਾਹਿਬ ਨੂੰ ਬੜੀ ਅਧੀਨਗੀ ਸਹਿਤ ਬੇਨਤੀ ਕੀਤੀ ਕਿ ਬਾਬਾ ਜੀ ਕਿਰਪਾ ਕਰਕੇ ਮੇਰੇ ਘਰ ਚਰਨ ਪਾਓ। ਗੁਰੂ ਸਾਹਿਬ ਨੇ ਜਦੋਂ ਮਹਿਸੂਸ ਕੀਤਾ ਕਿ ਇਹ ਬੰਦਾ ਦਿਲੋਂ ਹੋ ਕੇ ਬੇਨਤੀ ਕਰ ਰਿਹਾ ਹੈ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਚੰਗਾ ਪੁਰਖਾ ਸ਼ਾਮੀ ਆ ਜਾਈ ਅੱਜ ਰਾਤ ਤੇਰੇ ਘਰ ਹੀ ਗੁਜਾਰਾਂਗੇ।

ਸ਼ਾਮੀ ਉਹ ਤੁਲੀ ਖਤਰੀ ਗੁਰੂ ਸਾਹਿਬ ਨੂੰ ਆਪਣੇ ਘਰ ਲੈ ਗਿਆ। ਓਨੀ ਦਿਨੀ ਸੁਹਾਗਣਾਂ ਵਲੋਂ ਵਰਤ ਰੱਖਣ ਦਾ ਰਿਵਾਜ ਆਮ ਸੀ। ਖਤਰੀ ਦਾ ਵਿਆਹ ਤਾਜਾ ਤਾਜਾ ਹੀ ਹੋਇਆ ਸੀ। ਨੂੰਹ ਬਹੁਤ ਅਮੀਰ ਘਰ ਦੀ ਸੀ। ਇਹ ਚਾਨਣੀ ਰਾਤ ਵਾਲੇ ਦਿਨ ਸਨ ਤੇ ਜਨਾਨੀਆਂ ਵਰਤ ਚੰਦਰਮੇ ਨੂੰ ਵੇਖ ਕੇ ਖੋਹਲਣਾ ਹੁੰਦਾ ਸੀ।

ਜਿਵੇ ਚੰਦਰਮਾ ਦਿਖਿਆ ਤਾਂ ਨੂੰਹ ਨੇ ਕਰਮ ਕਾਂਡ ਕੀਤਾ। ਉਸ ਉਪਰੰਤ ਉਸ ਨੇ ਆਪਣੇ ਘਰ ਵਾਲੇ ਨੂੰ ਮੱਥਾ ਟੇਕਿਆ। ਫਿਰ ਸੱਸ ਨੂੰ ਸਹੁਰੇ ਨੂੰ ਵੀ ਮੱਥਾ ਟੇਕਣਾ ਸੀ। ਨੂੰਹ ਨੇ ਮਾੜਾ ਜਿਹਾ ਝੁੱਕ ਕੇ ਸੱਸ ਨੂੰ ਨਮਸਕਾਰ ਕੀਤੀ ਪਰ ਪੈਰਾਂ ਨੂੰ ਹੱਥ ਨਹੀ ਲਾਇਆ। ਇਸ ਤੇ ਖਤਰੀ ਨੇ ਆਪਣੀ ਬਹੂ ਨੂੰ ਕਿਹਾ ਕਿ ਮਾਤਾ ਦੇ ਪੈਰ ਛੂਹ।

ਵਹੁਟੀ ਨੇ ਮੁਸਕਰਾਉਦੀ ਹੋਈ ਕਿਹਾ ਕਿ ਮੇਰੇ ਕੋਲੋ ਝੁਕਿਆ ਨਹੀ ਜਾ ਰਿਹਾ। ਹੋ ਸਕਦਾ ਉਸ ਨੇ ਤੰਗ ਅੰਗੀ (ਜਾਂ ਚੋਲੀ) ਪਾਈ ਹੋਏ। ਪਰ ਪ੍ਰਭਾਵ ਇਹੋ ਲਿਆ ਜਾ ਰਿਹਾ ਸੀ ਕਿ ਉਹ ਅਮੀਰ ਘਰੋਂ ਹੋਣ ਕਰਕੇ ਅਜੇ ਆਕੜ ਵਿਚ ਹੈ। ਇਸ ਤੇ ਘਰ ਵਿਚ ਥੋੜੀ ਤੂੰ ਤੂੰ ਮੈਂ ਮੈਂ ਹੋਈ ਜਿਹੜੀ ਗੁਰੂ ਸਾਹਿਬ ਦੇ ਨੋਟਿਸ ਵਿਚ ਵੀ ਆ ਗਈ। ਗੁਰੂ ਸਾਹਿਬ ਨੇ ਇਸ ਨੂੰਹ ਰਾਣੀ ਨੂੰ ਗਿਆਨ ਦਿੱਤਾ ਕਿ ਬੀਬਾ ਇਹ ਰੰਗ ਥੋੜੇ ਦਿਨਾਂ ਦਾ ਹੀ ਹੈ।

ਗੁਰੂ ਸਾਹਿਬ ਨੇ ਉਸ ਧੀ ਉਪਦੇਸ਼ ਦਿੱਤਾ ਕਿ ਹੇ ਉੱਚੇ ਲੰਮੇ ਕੱਦ ਵਾਲੀ, ਭਰ-ਜੁਆਨੀ ਤੇ ਅੱਪੜੀ ਹੋਈ, ਮਾਣਮੱਤੀ ਚਾਲ ਵਾਲੀ ਕੁੜੀਏ ਅਖੇ ਭਰਵੀਂ ਛਾਤੀ ਦੇ ਕਾਰਨ ਮੈਥੋਂ ਲਿਫ਼ਿਆ ਨਹੀਂ ਜਾਂਦਾ । ਅਖੇ ਮੈਂ ਸੱਸ ਨੂੰ ਕਿਵੇਂ ਮੱਥਾ ਟੇਕਾਂ? ਹੇ ਭੈਣੇ ਇਸ ਭਰਵੀਂ ਜੁਆਨੀ ਦੇ ਕਾਰਨ ਅਹੰਕਾਰ ਨਾ ਕਰ। ਇਹਨੂੰ ਜਾਂਦਿਆਂ ਚਿਰ ਦੇਰ ਨਹੀਂ ਲੱਗਣੀ । ਵੇਖ ਜਿਹੜੇ ਪਹਾੜਾਂ ਵਰਗੇ ਪੱਕੇ ਮਹੱਲ ਜਿੰਨਾਂ ਨੂੰ ਚੂਨੇ ਦਾ ਪਲਸਤਰ ਲੱਗਾ ਹੁੰਦਾ ਸੀ, ਉਹ ਭੀ ਡਿਗਦੇ ਮੈਂ ਵੇਖੇ ਨੇ ਤੇਰੀ ਜੁਆਨੀ ਦੀ ਤਾਂ ਕੋਈ ਪਾਂਇਆਂ ਹੀ ਨਹੀਂ ਹੈ। ਸਾਹਿਬ ਨੇ ਸਲੋਕ ਉਚਾਰਿਆ:-

ਉਤੰਗੀ ਪੈਓਹਰੀ ਗਹਿਰੀ ਗੰਭੀਰੀ ॥ ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਇ ਥਣੀ ॥ ਗਚੁ ਜਿ ਲਗਾ ਗਿੜਵੜੀ ਸਖੀਏ ਧਉਲਹਰੀ ॥ ਸੇ ਭੀ ਢਹਦੇ ਡਿਠੁ ਮੈ ਮੁੰਧ ਨ ਗਰਬੁ ਥਣੀ ॥੧॥ ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ ॥ ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ ॥ ਦੋਹੀ ਦਿਚੈ ਦੁਰਜਨਾ ਮਿਤ੍ਰਾਂ ਕੂੰ ਜੈਕਾਰੁ ॥ ਜਿਤੁ ਦੋਹੀ ਸਜਣ ਮਿਲਨਿ ਲਹੁ ਮੁੰਧੇ ਵੀਚਾਰੁ ॥ ਤਨੁ ਮਨੁ ਦੀਜੈ ਸਜਣਾ ਐਸਾ ਹਸਣੁ ਸਾਰੁ ॥ ਤਿਸ ਸਉ ਨੇਹੁ ਨ ਕੀਚਈ ਜਿ ਦਿਸੈ ਚਲਣਹਾਰੁ ॥ ਨਾਨਕ ਜਿਨ੍ਹੀ ਇਵ ਕਰਿ ਬੁਝਿਆ ਤਿਨ੍ਹਾ ਵਿਟਹੁ ਕੁਰਬਾਣੁ ॥

ਇਹ ਸਲੋਕ ਹੌਲੀ ਹੌਲੀ ਇਲਾਕੇ ਵਿਚ ਮਸ਼ਹੂਰ ਹੋ ਗਇਆ ਤੇ ਜਿਆਦਾ ਸ਼ੋਕੀਨ ਔਰਤਾਂ ਦੇ ਸਬੰਧ ਵਿਚ ਪੜਿਆ ਜਾਣ ਲੱਗਾ।

ਮੂਰਖ ਬੰਦੇ ਤੇ ਨਾਮ ਦਾ ਰੰਗ ਨਹੀ ਚੜ੍ਹ ਸਕਦਾ।

ਗੁਰੂ ਸਾਹਿਬ ਓਨੀ ਦਿਨੀ ਕਰਤਾਰਪੁਰ ਸਾਹਿਬ ਬਰਾਜਮਾਨ ਸਨ। ਤਰਕਾਲਾਂ ਦਾ ਵੇਲਾ ਸੀ। ਧਰਮਸਾਲ ਦੇ ਲਾਗੋਂ ਦੀ ਇਕ ਜੱਟ ਨਿਕਲਿਆ ਜਿਸ ਦੇ ਹੱਥ ਵਿਚ ਤੇਲ ਨਾਲ ਭਰਿਆ ਚੌਮੁਖੀ ਦੀਵਾ ਸੀ ਤੇ ਨਾਲ ਉਸਦੇ ਰਿਸਤੇਦਾਰ ਸਨ। ਸੇਵਾਦਾਰਾਂ ਜਦੋਂ ਉਨ੍ਹੂੰ ਪੁੱਛਿਆ ਕਿ ਕਿਧਰ ਦੀ ਰਵਾਨਗੀ ਹੈ। ਉਸ ਨੇ ਕਿਹਾ ਕਿਉਕਿ ਅਜਕਲ ਸ਼ੁਭ ਦਿਨ ਚਲ ਰਹੇ ਨੇ (ਚੇਤ ਜਾਂ ਹਾੜ ਜਾਂ ਪੋਹ ਦਾ ਮਹੀਨਾ) ਇਸ ਕਰਕੇ ਪਿੱਪਲ ਦੀ ਪੂਜਾ ਦਾ ਫਲ ਬਹੁਤ ਉਤਮ ਹੁੰਦਾ ਹੈ। ਕੁਝ ਸਮੇਂ ਬਾਦ ਇਹ ਸਾਰੇ ਜਣੇ ਪਿੱਪਲ ਦੀ ਪ੍ਰਕਰਮਾ ਕਰਨ ਲੱਗ ਪਏ। ਓਦੋਂ ਤੱਕ ਗੁਰੂ ਸਾਹਿਬ ਵੀ ਸੰਗਤ ਵਿਚ ਬਰਾਜ ਸਨ। ਬਾਹਰੋ ਆਏ ਸਾਧੂਆਂ ਨੇ ਗੁਰੂ ਸਾਹਿਬ ਤੇ ਸਵਾਲ ਕਰ ਦਿੱਤਾ ਕਿ ਗੁਰੂ ਜੀ ਤੁਹਾਡੇ ਪ੍ਰਚਾਰ ਦਾ ਪ੍ਰਭਾਵ ਇਨਾਂ ਮਨਮੁੱਖਾਂ ਤੇ ਕਿਓ ਨਹੀ ਪਿਆ? ਇਹ ਤਾਂ ਤੁਹਾਡੇ ਗਵਾਂਢ ਵਿਚ ਹੀ ਹਨ।

ਗੁਰੂ ਸਾਹਿਬ ਨੇ ਮੁਸਕਰਾਉਦੇ ਇਹ ਸ਼ਬਦ ਕਿਹਾ:-

ਰਾਤੀ ਹੋਵਨਿ ਕਾਲੀਆ ਸੁਪੇਦਾ ਸੇ ਵੰਨ ॥ ਦਿਹੁ ਬਗਾ ਤਪੈ ਘਣਾ ਕਾਲਿਆ ਕਾਲੇ ਵੰਨ ॥ ਅੰਧੇ ਅਕਲੀ ਬਾਹਰੇ ਮੂਰਖ ਅੰਧ ਗਿਆਨੁ ॥ ਨਾਨਕ ਨਦਰੀ ਬਾਹਰੇ ਕਬਹਿ ਨ ਪਾਵਹਿ ਮਾਨੁ ॥੨॥ ਪਉੜੀ ॥ ਕਾਇਆ ਕੋਟੁ ਰਚਾਇਆ ਹਰਿ ਸਚੈ ਆਪੇ ॥ ਇਕਿ ਦੂਜੈ ਭਾਇ ਖੁਆਇਅਨੁ ਹਉਮੈ ਵਿਚਿ ਵਿਆਪੇ ॥ ਇਹੁ ਮਾਨਸ ਜਨਮੁ ਦੁਲੰਭੁ ਸਾ ਮਨਮੁਖ ਸੰਤਾਪੇ ॥ ਜਿਸੁ ਆਪਿ ਬੁਝਾਏ ਸੋ ਬੁਝਸੀ ਜਿਸੁ ਸਤਿਗੁਰੁ ਥਾਪੇ ॥ ਸਭੁ ਜਗੁ ਖੇਲੁ ਰਚਾਇਓਨੁ ਸਭ ਵਰਤੈ ਆਪੇ ॥੧੩॥

ਰਾਤਾਂ ਕਾਲੀਆਂ ਹੁੰਦੀਆਂ ਹਨ, ਪਰ ਚਿੱਟੀਆਂ ਚੀਜ਼ਾਂ ਦੇ ਉਹੀ ਚਿੱਟੇ ਰੰਗ ਹੀ ਰਹਿੰਦੇ ਹਨ ਭਾਵ ਰਾਤ ਦੀ ਕਾਲਖ ਦਾ ਅਸਰ ਉਹਨਾਂ ਤੇ ਨਹੀਂ ਪੈਂਦਾ, ਦਿਨ ਚਿੱਟਾ ਹੁੰਦਾ ਹੈ, ਚੰਗਾ ਤਕੜਾ ਚਮਕਦਾ ਹੈ, ਪਰ ਕਾਲੇ ਪਦਾਰਥਾਂ ਦੇ ਰੰਗ ਕਾਲੇ ਹੀ ਰਹਿੰਦੇ ਹਨ ਭਾਵ ਦਿਨ ਦੀ ਰੌਸ਼ਨੀ ਦਾ ਅਸਰ ਇਹਨਾਂ ਕਾਲੀਆਂ ਚੀਜ਼ਾਂ ਤੇ ਨਹੀਂ ਪੈਂਦਾ) । ਏਸੇ ਤਰ੍ਹਾਂ ਜੋ ਮਨੁੱਖ ਅੰਨ੍ਹੇ ਮੂਰਖ ਅਕਲ-ਹੀਣ ਹਨ ਉਹਨਾਂ ਦੀ ਅੰਨ੍ਹੀ ਹੀ ਮਤਿ ਰਹਿੰਦੀ ਹੈ; ਹੇ ਨਾਨਕ! ਜਿਨ੍ਹਾਂ ਉਤੇ ਪ੍ਰਭੂ ਦੀ ਮਿਹਰ ਦੀ ਨਜ਼ਰ ਨਹੀਂ ਹੋਈ ਉਹਨਾਂ ਨੂੰ ਕਦੇ 'ਨਾਮ' ਦੀ ਪ੍ਰਾਪਤੀ ਦਾ ਮਾਣ ਨਹੀਂ ਮਿਲਦਾ।

ਇਨਾਂ ਮੂਰਖਾਂ ਨੂੰ ਪਤਾ ਨਹੀ ਕਿ ਕਿਸੇ ਰੁੱਖ ਦੀ ਜੜ੍ਹਾਂ ਨੂੰ ਤੇਲ ਦੇਣਾ ਉਨ੍ਹੂੰ ਮਾਰਨ ਤੁਲ ਹੁੰਦਾ ਹੈ। ਅਮੂਮਨ ਦੀਵੇ ਛੇਤੀ ਬੁੱਝ ਜਾਂਦੇ ਹਨ ਤੇ ਤੇਲ ਜੜ੍ਹਾਂ 'ਚ ਰੁਲਦਾ ਹੈ।

ਗੁਰੂ ਸਾਹਿਬ ਦਾ ਦਲੀਲ ਪੂਰਨ ਜਵਾਬ ਸੁਣਕੇ ਹਰ ਕੋਈ ਧੰਨ ਗੁਰੂ ਨਾਨਕ ਧੰਨ ਬਾਬਾ ਨਾਨਕ ਕਰ ਉਠਿਆ।

ਮਰੀ ਮੱਝ ਤੇ ਜੱਟ ਵੀ ਮਰਨੇ ਪੈ ਗਿਆ॰

ਇਕ ਵੇਰਾਂ ਜਦੋਂ ਗੁਰੂ ਸਾਹਿਬ ਕਰਤਾਰਪੁਰ ਬਰਾਜਮਾਨ ਸਨ ਤੇ ਕੁਝ ਸਾਧੂ ਵੀ ਆਏ ਹੋਏ ਸਨ। ਦੀਵਾਨ ਤੋਂ ਬਾਦ ਲੋਕ ਆਪਣੇ ਦੁੱਖ ਸੁੱਖ ਬਾਬੇ ਨਾਲ ਸਾਂਝੇ ਕਰਕੇ ਸੇਧ ਲੈ ਰਹੇ ਸਨ। ਓਦੋਂ ਹੀ ਕਿ ਇਕ ਬੀਮਾਰ ਨੂੰ ਉਹਦੇ ਭਾਈ ਬੰਦੀ ਲੈ ਕੇ ਆਏ ਕਿ ਬਾਬਾ ਜੀ ਇਹ ਚੰਗਾ ਭਲਾ ਸੀ। ਇਹਦੀ ਮੱਝ ਬੀਮਾਰ ਹੋ ਕੇ ਮਰ ਗਈ ਤੇ ਇਸਨੇ ਅਜਿਹਾ ਹਉਕਾ ਲਿਆ ਕਿ ਬੀਮਾਰ ਹੋ ਗਿਆ। ਹਕੀਮ ਨੇ ਵੀ ਜਵਾਬ ਦੇ ਦਿੱਤਾ ਹੈ। ਬਾਬਾ ਜੀ ਇਸ ਤੇ ਕਿਰਪਾ ਕਰੋ।

ਗੁਰੂ ਸਾਹਿਬ ਨੇ ਉਸ ਮਰੀਜ ਦੇ ਸਿਰ ਤੇ ਹੱਥ ਫੇਰਿਆ ਤਾਂ ਉਸ ਦੀਆਂ ਅੱਖਾਂ ਖੁੱਲੀਆਂ। ਗੁਰੂ ਸਾਹਿਬ ਨੇ ਉਹਦਾ ਨਾਂ ਲੈ ਕੇ ਕਿਹਾ ਕਿ ਫਲਾਣਿਆ ਜੀਨਾ ਚਾਹੁੰਨੇ ਤੂੰ। ਮਰੀਜ ਦੀਆਂ ਅੱਖਾਂ ਇਕ ਦਮ ਚਮਕ ਉਠੀਆਂ ਤੇ ਉਸ ਨੇ ਕਿਹਾ "ਜੀ ਹਾਂ। " ਤੇ ਨਾਲ ਹੀ ਰੋਣ ਲੱਗ ਪਿਆ। ਗੁਰੂ ਸਾਹਿਬ ਨੇ ਕਿਹਾ ਫਲਾਣਿਆ ਪਰ ਇਕ ਦਿਨ ਇਥੋਂ ਜਾਣਾ ਪੈਣਾ ਈ। ਤੈਨੂੰ ਪਤਾ ਹੈ ਨਾਂ ਇਸ ਸੱਚਾਈ ਦਾ? ਕਹਿੰਦਾ ਹਾਂ ਪਤਾ ਹੈ। ਇਥੇ ਕਿਸੇ ਨੇ ਵੀ ਬਹਿ ਨਹੀ ਰਹਿਣਾ। ਅੱਗੇ ਪਿੱਛੇ ਹਰ ਕਿਸੇ ਨੇ ਜਾਣਾ ਹੈ। ਗੁਰੂ ਸਾਹਿਬ ਨੇ ਉਸ ਨੂੰ ਸ਼ਾਬਾਸ਼ ਦਿੱਤੀ। ਤੇ ਫਿਰ ਕਿਹਾ ਕਿ ਤੂੰ ਤਾਂ ਬਿਲਕੁਲ ਠੀਕ ਠਾਕ ਐਂ। ਉਹ ਜ਼ਜ਼ਬਾਤੀ ਹੋਇਆ ਫਿਰ ਹੰਝੂ ਵਹਾਉਣ ਲੱਗਾ।

ਸਾਹਿਬ ਨੇ ਉਨ੍ਹੂੰ ਕਿਹਾ ਕਿ ਭਾਈ ਤੂੰ ਬਚ ਤਾਂ ਜਾਏਗਾ ਪਰ ਜਦੋਂ ਆਖੀਰ ਦਿਨ ਆਇਆ ਤਾਂ ਤੈਨੂੰ ਬਾਕੀਆਂ ਦੀਆਂ ਮੱਝਾਂ ਤੇ ਪ੍ਰਵਾਰ ਵੀ ਛੱਡਣਾ ਪੈਣਾ। ਖੂਹ ਤੇ ਜਮੀਨ ਵੀ ਛੱਡਣੀ ਪੈਣੀ ਆ। ਸੋਚ ਲੈ! ਆਖਣ ਲੱਗਾ "ਹਾਂ ਜੀ। "

ਫਿਰ ਗੁਰੂ ਸਾਹਿਬ ਨੇ ਕਿਹਾ ਕਿ ਜਦੋਂ ਤੈਨੂੰ ਪਤਾ ਹੈ ਕਿ ਇਕ ਦਿਨ ਸਾਰਾ ਕੁਝ ਛੱਡਣਾ ਤਾਂ ਫਿਰ ਇਕ ਮੱਝ ਦੇ ਮਰਨ ਤੇ ਇਨਾਂ ਦੁੱਖੀ ਕਿਓ ਹੋਇਓਂ? ਉਸ ਜੱਟ ਦੀਆ ਅੱਖਾਂ ਖੁੱਲ ਚੁੱਕੀਆਂ ਸਨ। ਗੁਰੂ ਸਾਹਿਬ ਨੇ ਫਿਰ ਸਿਰ ਤੇ ਹੱਥ ਫੇਰਿਆ ਤੇ ਕਹਿ ਦਿੱਤਾ ਕਿ ਬਿਲਕੁਲ ਨੌ ਬਰ ਨੌ ਆਂ। ਜਾਓ ਹੁਣ ਤੁਸੀ।

ਇਹ ਸਾਰਾ ਕੁਝ ਕੋਲ ਬੈਠੇ ਸਾਧੂ ਵੇਖ ਸੁਣ ਰਹੇ ਸਨ। ਓਨਾਂ ਗੁਰੂ ਸਾਹਿਬ ਨੂੰ ਸਵਾਲ ਕੀਤਾ ਕਿ ਕੀ ਵਜ੍ਹਾ ਹੈ ਕਿ ਬੰਦੇ ਨੂੰ ਪਤਾ ਹੈ ਕਿ ਜਦੋਂ ਸਾਰਾ ਕੁਝ ਛੱਡ ਜਾਣਾ ਹੈ ਫਿਰ ਇਹ ਚੀਜਾਂ ਦਾ ਮੋਹ ਏਨਾਂ ਕਿਓ ਪਾਲਦੇ ਹਨ?

ਸਾਹਿਬ ਨੇ ਕਿਹਾ ਕਿ ਅਕਾਲ ਪੁਰਖ ਦੇ ਹੁਕਮ ਦੀ ਹਰ ਕਿਸੇ ਨੂੰ ਸੋਝੀ ਨਹੀ ਹੁੰਦੀ। ਜਿਸ ਤੇ ਕਿਰਪਾ ਕਰੇ ਉਹੀ ਬੁੱਝਦੇ ਨੇ।

ਸਾਹਿਬ ਨੇ ਸ਼ਬਦ ਗਾਇਆ:-

ਮਃ ੧ ॥ ਆਪਿ ਬੁਝਾਏ ਸੋਈ ਬੂਝੈ ॥ ਜਿਸੁ ਆਪਿ ਸੁਝਾਏ ਤਿਸੁ ਸਭੁ ਕਿਛੁ ਸੂਝੈ ॥ ਕਹਿ ਕਹਿ ਕਥਨਾ ਮਾਇਆ ਲੂਝੈ ॥ ਹੁਕਮੀ ਸਗਲ ਕਰੇ ਆਕਾਰ ॥ ਆਪੇ ਜਾਣੈ ਸਰਬ ਵੀਚਾਰ ॥ ਅਖਰ ਨਾਨਕ ਅਖਿਓ ਆਪਿ ॥ ਲਹੈ ਭਰਾਤਿ ਹੋਵੈ ਜਿਸੁ ਦਾਤਿ ॥੨॥

ਅਪਰਸ ਲੋਕ ਇਸ ਬਹੁਮੁੱਲੇ ਜੀਵਨ ਨੂੰ ਵਿਅੱਰਥ ਕਰ ਦਿੰਦੇ ਨੇ■

ਹਿੰਦੂ ਮਤ ਵਿਚ ਇਕ ਫਿਰਕਾ ਹੈ ਜਿਸ ਦੇ ਲੋਕ ਅਪਰਸ ਕਹਾਉਦੇ ਹਨ ਉਹ ਪਲ ਪਲ ਤੇ ਆਪਣੇ ਆਪ ਨੂੰ ਨਹਾਉਦੇ ਧੋਂਦੇ ਰਹਿੰਦੇ ਹਨ। ਕਿਸੇ ਨੂੰ ਛੂਹ ਜਾਣ ਤਾਂ ਵੀ ਨਹਾਉਣਗੇ। ਉਹ ਕਈ ਸਥਾਨਾਂ ਅਤੇ ਕਈ ਲੋਕਾਂ ਨੂੰ ਵੀ ਅਪਵਿਤ੍ਰ ਮੰਨਦੇ ਹਨ। ਸ਼ੂਦਰ ਨੂੰ ਤਾਂ ਇਹ ਛੂ ਹੀ ਨਹੀ ਸਕਦੇ। ਕੁਝ ਜਾਨਵਰ ਜਿਵੇ ਕੁੱਤਾ ਬਿੱਲਾ ਆਦਿ ਹਨ ਇਨਾਂ ਨੂੰ ਕਿਤੇ ਗਲਤੀ ਨਾਲ ਹੱਥ ਲੱਗ ਜਾਏ ਤਾ ਇਨਾਂ ਨੂੰ ਨਹਾਉਣਾ ਪੈਂਦਾ ਹੈ। ਰੋਜ ਰੋਜ ਕਪੜੇ ਵੀ ਧੋਤੇ ਹੋਏ ਪਾਉਦੇ ਹਨ। ਰਸੋਈ ਤਿਆਰ ਕਰਨ ਤੋਂ ਪਹਿਲਾਂ ਨਹਾਉਣਾ। ਇਹ ਲੋਕ ਵੀ ਬਾਲਣ ਨੂੰ ਪਹਿਲਾਂ ਧੋਂਦੇ ਹਨ ਫਿਰ ਬਾਲਦੇ ਹਨ।

ਕਰਤਾਰਪੁਰ ਵਿਖੇ ਆਏ ਹੋਏ ਸਾਧੂਆ ਜਦੋਂ ਇਨਾਂ ਅਪਰਸ ਲੋਕਾਂ ਬਾਰੇ ਗੁਰੂ ਸਾਹਿਬ ਦਾ ਉਪਦੇਸ਼ ਜਾਨਣਾ ਚਾਹਿਆ ਤਾਂ ਉਹਨਾਂ ਨੇ ਇਹ ਸ਼ਬਦ ਗਾਵਿਆ।

ਮਃ ੧ ॥ ਵਸਤ੍ਰ ਪਖਾਲਿ ਪਖਾਲੇ ਕਾਇਆ ਆਪੇ ਸੰਜਮਿ ਹੋਵੈ ॥ ਅੰਤਰਿ ਮੈਲੁ ਲਗੀ ਨਹੀ ਜਾਣੈ ਬਾਹਰਹੁ ਮਲਿ ਮਲਿ ਧੋਵੈ ॥ ਅੰਧਾ ਭੂਲਿ ਪਇਆ ਜਮ ਜਾਲੇ ॥ ਵਸਤੁ ਪਰਾਈ ਅਪੁਨੀ ਕਰਿ ਜਾਨੈ ਹਉਮੈ ਵਿਚਿ ਦੁਖੁ ਘਾਲੇ ॥ ਨਾਨਕ ਗੁਰਮੁਖਿ ਹਉਮੈ ਤੁਟੈ ਤਾ ਹਰਿ ਹਰਿ ਨਾਮੁ ਧਿਆਵੈ ॥ ਨਾਮੁ ਜਪੇ ਨਾਮੋ ਆਰਾਧੇ ਨਾਮੇ ਸੁਖਿ ਸਮਾਵੈ ॥

ਜੋ ਮਨੁੱਖ ਸਰੀਰ ਸੁੱਚੇ ਰੱਖਣ ਲਈ ਨਿੱਤ ਕੱਪੜੇ ਧੋ ਕੇ ਸਰੀਰ ਧੋਂਦਾ ਹੈ ਅਤੇ ਅਜਿਹਾ ਕਰਨ ਤੇ ਆਪਣੇ ਵੱਲੋਂ ਤਪਸਵੀ ਬਣ ਬੈਠਦਾ ਹੈ ਪਰ ਮਨ ਵਿਚ ਲੱਗੀ ਹੋਈ ਮੈਲ ਦੀ ਉਸ ਨੂੰ ਖ਼ਬਰ ਹੀ ਨਹੀਂ, ਸਦਾ ਸਰੀਰ ਨੂੰ ਬਾਹਰੋਂ ਹੀ ਮਲ ਮਲ ਕੇ ਧੋਂਦਾ ਹੈ, ਉਹ ਅੰਨ੍ਹਾ ਮਨੁੱਖ ਸਿੱਧੇ ਰਾਹ ਤੋਂ ਖੁੰਝ ਕੇ ਮੌਤ ਦਾ ਡਰ ਪੈਦਾ ਕਰਨ ਵਾਲੇ ਜਾਲ ਵਿਚ ਫਸਿਆ ਹੋਇਆ ਹੈ, ਹਉਮੈ ਵਿਚ ਦੁੱਖ

ਸਹਾਰਦਾ ਹੈ ਕਿਉਂਕਿ ਪਰਾਈ ਵਸਤ ਨੂੰ ਆਪਣੀ ਸਮਝ ਬੈਠਦਾ ਹੈ। ਪਰ ਜਦੋਂ ਗੁਰੂ ਦੇ ਸਨਮੁਖ ਹੋ ਕੇ ਮਨੁੱਖ ਦੀ ਹਉਮੈ ਦੂਰ ਹੁੰਦੀ ਹੈ, ਤਦੋਂ ਉਹ ਪ੍ਰਭੂ ਦਾ ਨਾਮ ਸਿਮਰਦਾ ਹੈ, ਨਾਮ ਜਪਦਾ ਹੈ, ਨਾਮ ਹੀ ਯਾਦ ਕਰਦਾ ਹੈ ਤੇ ਨਾਮ ਦੀ ਹੀ ਬਰਕਤਿ ਨਾਲ ਸੁਖ ਵਿਚ ਟਿਕਿਆ ਰਹਿੰਦਾ ਹੈ।

ਇਹ ਸੁਣਕੇ ਸਾਧੂ ਧੰਨ ਧੰਨ ਕਰ ਉਠੇ।

—◈—

ਮੂਰਖ ਨੇ ਲੋਕ ਜਿਹੜੇ ਕਹਿੰਦੇ 7 ਧਰਤੀਆਂ, 7 ਦੀਪ ਤੇ 7 ਪਤਾਲ ਹਨ+

ਕਰਤਾਰਪੁਰ ਵਿਖੇ ਗੁਰੂ ਸਾਹਿਬ ਬਰਾਜਮਾਨ ਸਨ ਕਿ ਸਾਧੂਆਂ ਨੇ ਗੁਰੂ ਸਾਹਿਬ ਕੋਲੋ ਆ ਪੁੱਛਿਆ ਕਿ ਬਾਬਾ ਜੀ ਅਸਾਂ ਸੁਣਿਐ ਤੁਸੀ ਸਾਰੀ ਧਰਤੀ ਗਾਹ ਮਾਰੀ ਹੈ। ਕੀ ਇਹ ਗਲ ਸੱਚੀ ਹੈ ਕਿ ਕੁਲ 7 ਦੀਪ, 7 ਪਤਾਲ ਤੇ 7 ਅਕਾਸ ਨੇ?

ਗੁਰੂ ਸਾਹਿਬ ਨੇ ਕਿਹਾ ਇਹੋ ਜਿਹੀ ਗਲ ਕੋਈ ਮੂਰਖ ਹੀ ਕਹਿ ਸਕਦਾ ਹੈ ਕਿ ਐਨੀਆਂ ਧਰਤੀਆਂ ਐਨੇ ਅਕਾਸ਼ ਨੇ। ਕਰਤਾਰ ਦੀ ਰਚਨਾ ਬੇਅੰਤ ਹੈ ਤੇ ਖਾਸ ਗਲ ਇਹ ਕਿ ਸਾਡੀ ਸੋਚ ਤੋਂ ਇਹ ਪਰੇ ਦੀ ਗਲ ਹੈ। ਨਿਰੰਕਾਰ ਦੀ ਹਕੂਮਤ ਜਾਂ ਸ਼ਾਸਨ ਜਾਂ ਹੁਕਮ ਦਾ ਕੋਈ ਵੀ ਮਨੁੱਖੀ ਦਿਮਾਗ ਅੰਤ ਨਹੀ ਪਾ ਸਕਦਾ। ਜੇ ਇਸ ਤਰਾਂ ਕਰਨ ਦਾ ਕੋਈ ਉਪਰਾਲਾ ਕਰੇਗਾ ਤਾਂ ਉਹ ਘਾਹ ਤੇ ਪਤੇ ਤੱਕ ਦਾ ਵੀ ਅੰਤ ਨਹੀ ਪਾ ਸਕਦਾ ਧਰਤੀ ਤਾਂ ਬਹੁਤ ਬਹੁਤ ਦੂਰ ਦੀ ਗਲ ਹੈ।

ਅਜਿਹੀਆਂ ਗਿਣਤੀ ਮਿਣਤੀ ਦੀਆਂ ਗੱਲਾਂ ਐਵੇ ਝੱਲੇ ਲੋਕਾਂ ਦੀਆਂ ਝੱਲੀਆਂ ਹਨ। ਬਸ ਅਸੀ ਤਾਂ ਜਿੰਨਾ ਪ੍ਰਭੂ ਸਾਨੂੰ ਦਿਸਦਾ ਹੈ ਓਨੇ ਦੀ ਹੀ ਸਿਫਤ ਕਰ ਲਈਏ ਤਾਂ ਬਹੁਤ ਹੈ। ਨਿਰੰਕਾਰ ਤਾਂ ਬੇਅੰਤ ਹੈ।

ਸਾਹਿਬ ਸ਼ਬਦ ਗਾਵਿਆ:-

ਸਲੋਕ ਮਃ ੧ ॥ ਸਭੇ ਰਾਤੀ ਸਭਿ ਦਿਹ ਸਭਿ ਥਿਤੀ ਸਭਿ ਵਾਰ ॥ ਸਭੇ ਰੁਤੀ ਮਾਹ ਸਭਿ ਸਭਿ ਧਰਤੀ ਸਭਿ ਭਾਰ ॥ ਸਭੇ ਪਾਣੀ ਪਉਣ ਸਭਿ ਸਭਿ ਅਗਨੀ ਪਾਤਾਲ ॥ ਸਭੇ ਪੁਰੀਆ ਖੰਡ ਸਭਿ ਸਭਿ ਲੋਅ ਲੋਅ ਆਕਾਰ ॥ ਹੁਕਮੁ ਨ ਜਾਪੀ ਕੇਤੜਾ ਕਹਿ ਨ ਸਕੀਜੈ ਕਾਰ ॥ ਆਖਹਿ ਥਕਹਿ ਆਖਿ ਆਖਿ ਕਰਿ ਸਿਫਤੀ ਵੀਚਾਰ ॥ ਤ੍ਰਿਣੁ ਨ ਪਾਇਓ ਬਪੁੜੀ ਨਾਨਕੁ ਕਹੈ ਗਵਾਰ ॥੧॥ ਮਃ ੧ ॥ ਅਖੀ ਪਰਣੈ ਜੇ ਫਿਰਾਂ ਦੇਖਾਂ ਸਭੁ ਆਕਾਰੁ ॥ ਪੁਛਾ ਗਿਆਨੀ ਪੰਡਿਤਾਂ ਪੁਛਾ ਬੇਦ ਬੀਚਾਰ ॥ ਪੁਛਾ ਦੇਵਾਂ ਮਾਣਸਾਂ ਜੋਧ ਕਰਹਿ ਅਵਤਾਰ ॥ ਸਿਧ ਸਮਾਧੀ ਸਭਿ ਸੁਣੀ ਜਾਇ ਦੇਖਾਂ ਦਰਬਾਰੁ ॥ ਅਗੈ ਸਚਾ ਸਚਿ ਨਾਇ ਨਿਰਭਉ ਭੈ ਵਿਣੁ ਸਾਰੁ ॥ ਹੋਰ ਕਚੀ ਮਤੀ ਕਚੁ ਪਿਚੁ ਅੰਧਿਆ ਅੰਧੁ ਬੀਚਾਰੁ ॥ ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰਿ ॥੨॥

———◈———

ਜਦੋਂ ਬੰਦਾ ਹੁੰਦਾ ਓਦੋਂ ਰੱਬ ਨਹੀ ਹੁੰਦਾ।◈

ਕਰਤਾਰਪੁਰ ਹੀ ਸਾਹਿਬ ਬੈਠੇ ਸਨ ਕਿ ਇਕ ਦਿਨ ਕਿਸੇ ਨੇ ਸਵਾਲ ਕਰ ਦਿੱਤਾ ਕਿ ਜਦੋਂ ਬੰਦਾ ਰੱਬ ਨੂੰ ਪਹੁੰਚਦਾ ਤਾਂ ਉਹਦਾ ਵਿਹਾਰ ਕਿਓ ਬਦਲ ਜਾਂਦਾ ਹੈ? ਅਜਿਹਾ ਬੰਦਾ ਆਮ ਇਨਸਾਨ ਵਾਙੂ ਕਿਓ ਨਹੀ ਰਹਿ ਸਕਦਾ? ਕਈ ਵਾਰੀ ਦੁਨਿਆਵੀ ਲੋਕ ਫਿਰ ਅਜਿਹੇ ਬੰਦੇ ਬਾਰੇ ਕਹਿ ਦਿੰਦੇ ਨੇ ਵੇਖੋ ਜੀ ਫਲਾਣਾ ਕਿੰਨਾ ਝੱਲ ਖਲਾਰ ਰਿਹਾ ਹੈ।

ਗੁਰੂ ਸਾਹਿਬ ਨੇ ਸਮਝਾਇਆ ਕਿ ਰੱਬ ਦੀ ਪ੍ਰਾਪਤੀ ਹੀ ਖੁੱਦੀ ਦੇ ਮਿੱਟਣ ਤੇ ਹੁੰਦੀ ਹੈ। ਜਦੋਂ ਬੰਦੇ ਦੀ ਮੈਂ ਮਿੱਟ ਜਾਂਦੀ ਓਦੋਂ ਰੱਬ ਦੀ ਸਮਝ ਆਉਦੀ ਹੈ। ਸੋ ਜਦੋਂ ਬੰਦੇ ਵਿਚ ਹਉਮੈ ਹੀ ਨਹੀ ਹੋਵੇਗੀ ਤਾਂ ਉਹਦਾ ਵਿਹਾਰ ਤਾਂ ਦੂਸਰਿਆ ਨਾਲੋਂ ਵੱਖਰਾ ਹੋਵੇਗਾ ਹੀ। ਮਿਸਾਲ ਦੇ ਤੌਰ ਤੇ ਜੇ ਉਹਦਾ ਮੋਹ ਮੁੱਕ ਗਇਆ ਤਾਂ ਫਿਰ ਉਨੂੰ ਸਾਰੇ ਬੰਦੇ ਇਕੋ ਜਿਹੇ ਦਿਸਣਗੇ, ਚਾਹੇ ਕੋਈ ਪੁੱਤ ਹੋਵੇ ਤੇ ਭਾਵੇ ਕੋਈ ਓਪਰਾ ਹੋਵੇ। ਉਸ ਅਵਸਥਾ ਤੇ ਬੰਦੇ ਦਾ ਫਿਰ ਲਾਲਚ ਵੀ ਖਤਮ ਹੋ ਚੁੱਕਾ ਹੁੰਦਾ ਹੈ। ਮੁਕਦੀ ਗਲ ਇਹ ਕਿ ਰੱਬ ਨੂੰ ਪਹੁੰਚਿਆ ਬੰਦਾ ਫਿਰ ਬੰਦਾ ਰਹਿ ਹੀ ਨਹੀ ਜਾਂਦਾ।

ਸੋ ਜਦੋਂ ਰੱਬ ਪ੍ਰਗਟ ਹੁੰਦੈ ਓਦੋਂ ਬੰਦਾ ਮੁੱਕ ਚੁੱਕਾ ਹੁੰਦਾ। ਗੁਰੂ ਸਾਹਿਬ ਨੇ ਸਲੋਕ ਬੋਲਿਆ:-

ਸਲੋਕ ਮਃ ੧ ॥ ਹਉ ਮੈ ਕਰੀ ਤਾਂ ਤੂ ਨਾਹੀ ਤੂ ਹੋਵਹਿ ਹਉ ਨਾਹਿ ॥ ਬੂਝਹੁ ਗਿਆਨੀ ਬੂਝਣਾ ਏਹ ਅਕਥ ਕਥਾ ਮਨ ਮਾਹਿ ॥ ਬਿਨੁ ਗੁਰ ਤਤੁ ਨ ਪਾਈਐ ਅਲਖੁ ਵਸੈ ਸਭ ਮਾਹਿ ॥ ਸਤਿਗੁਰੁ ਮਿਲੈ ਤ ਜਾਣੀਐ ਜਾਂ ਸਬਦੁ ਵਸੈ ਮਨ ਮਾਹਿ ॥ ਆਪੁ ਗਇਆ ਭ੍ਰਮੁ ਭਉ ਗਇਆ ਜਨਮ ਮਰਨ ਦੁਖ ਜਾਹਿ ॥ ਗੁਰਮਤਿ ਅਲਖੁ ਲਖਾਈਐ ਊਤਮ ਮਤਿ ਤਰਾਹਿ ॥ ਨਾਨਕ ਸੋਹੰ ਹੰਸਾ ਜਪੁ ਜਾਪਹੁ ਤ੍ਰਿਭਵਣ ਤਿਸੈ ਸਮਾਹਿ ॥੧॥

—◈—

ਬਾਬਾ ਜੀ ਇਹਦਾ ਕੀ ਮਤਲਬ, 'ਸਮੁੰਦ ਸਾਹ ਸੁਲਤਾਨ...'*

ਸਾਹਿਬ ਕਰਤਾਰਪੁਰ ਬੈਠੇ ਸਨ ਕਿ ਇਕ ਗੁਰਸਿਖ ਨੇ ਦੀਵਾਨ ਵਿਚ ਪੁੱਛ ਲਿਆ ਕਿ ਗੁਰੂ ਜੀ ਜਪੁਜੀ ਵਿਚ ਆਹ ਜਿਹੜੀ ਪੰਗਤੀ ਆਈ ਹੈ ਇਹਦਾ ਕੀ ਮਤਲਬ, "ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥ ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥?"

ਗੁਰੂ ਸਾਹਿਬ ਨੇ ਕਿਹਾ ਕਿ ਭਾਈ ਸਿੱਖਾ ਇਸ ਦਾ ਮਤਲਬ ਇਹ ਹੈ ਕਿ ਰੱਬ ਵਾਸਤੇ ਉਹ ਚੰਗਾ ਬੰਦਾ ਜਿਹੜਾ ਉਹਦੀ ਉਪਮਾ ਕਰੇ ਭਾਵੇ ਨਿਮਾਣਾ ਨਿਤਾਣਾ ਵੀ ਹੋਵੇ। ਕਰਤਾਰ ਦੇ ਦਰ ਤੇ ਬਾਦਸ਼ਾਹ ਸੁਲਤਾਨ ਨਾਲੋ ਕੀੜੇ ਮਕੌੜੇ ਦੀ ਜਿਆਦਾ ਇਜਤ ਹੋਵੇਗੀ ਜੇ ਉਹ ਰੱਬ ਦਾ ਨਾਂ ਲੈਂਦਾ ਹੈ ਤਾਂ। ਇਥੇ ਫਿਰ ਗੁਰੂ ਸਾਹਿਬ ਨੇ ਫਿਰ ਹੋਰ ਬਾਣੀ ਬੋਲ ਦਿੱਤੀ:-

ਮਃ ੧ ॥ ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ ॥ ਡਕੈ ਫੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ ॥ ਅੰਧੀ ਫੂਕਿ ਮੁਈ ਦੇਵਾਨੀ ॥ ਖਸਮਿ ਮਿਟੀ ਫਿਰਿ ਭਾਨੀ ॥ ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ ॥ ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ ॥ ਸਕਤਾ ਸੀਹੁ ਮਾਰੇ ਸੈ ਮਿਰਿਆ ਸਭ ਪਿਛੈ ਪੈ ਖਾਇ ॥ ਹੋਇ ਸਤਾਣਾ ਘੁਰੈ ਨ ਮਾਵੈ ਸਾਹਿ ਗਇਐ ਪਛੁਤਾਇ ॥ ਅੰਧਾ ਕਿਸ ਨੋ ਬੁਕਿ ਸੁਣਾਵੈ ॥ ਖਸਮੈ ਮੂਲਿ ਨ ਭਾਵੈ ॥ ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ ॥ ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ ॥ ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ ਹੋਈ ॥ ਗਲਾ ਵਾਲੇ ਹੈਨਿ ਘਣੇਰੇ ਛਡਿ ਨ ਸਕੈ ਕੋਈ ॥ ਮਖੀ ਮਿਠੈ ਮਰਣਾ ॥ ਜਿਨ ਤੂ ਰਖਹਿ ਤਿਨ ਨੇੜਿ ਨ ਆਵੈ ਤਿਨ ਭਉ ਸਾਗਰੁ ਤਰਣਾ ॥੨॥

———◈———

ਜਦੋਂ ਬੰਦੇ ਨੇ ਧੀ ਮਾਰ 'ਤੀ◈

ਜਦੋਂ ਕਰਤਾਰਪੁਰ ਬੱਧਾ ਤਾਂ ਗੁਰੂ ਸਾਹਿਬ ਨੂੰ ਦੋਦੇ ਪਿੰਡ ਦੇ ਦੋ ਕਿਸਾਨ ਭਰਾਵਾਂ ਦਾ ਆਪਸੀ ਪਿਆਰ ਤੇ ਇਮਾਨਦਾਰੀ ਵੇਖ ਕੇ ਬਹੁਤ ਚੰਗਾ ਲੱਗਾ ਸੀ। ਪਰ ਅੱਜਕਲ੍ਹ ਕਰਤਾਰਪੁਰ ਰਹਿੰਦਿਆ ਗੁਰੂ ਸਾਹਿਬ ਨੂੰ ਖਬਰ ਮਿਲੀ ਕਿ ਫਲਾਣੇ ਪਿੰਡ ਵਿਚ ਬੰਦੇ ਨੇ ਸ਼ਰੀਕੇ ਦੀਆਂ ਸੁਣੀ ਸੁਣਾਈਆਂ ਗੱਲਾਂ ਵਿਚ ਆ ਕੇ ਆਪਣੀ ਧੀ

ਹੀ ਮਾਰ ਦਿੱਤੀ ਹੈ ਕਿਉਕਿ ਲੋਕਾਂ ਦੀ ਨਿਗਾਹ ਵਿਚ ਉਹ ਬਦਚਲਣ ਸੀ। ਓਦੋਂ ਗੁਰੂ ਸਾਹਿਬ ਦੇ ਮੂੰਹੋ ਸਹਿਜ ਸੁਭਾਅ ਸਲੋਕ ਨਿਕਲਿਆ:-

ਨਾਨਕ ਦੁਨੀਆ ਕੈਸੀ ਹੋਈ ॥ ਸਾਲਕੁ ਮਿਤੁ ਨ ਰਹਿਓ ਕੋਈ ॥ ਭਾਈ ਬੰਧੀ ਹੇਤੁ ਚੁਕਾਇਆ ॥ ਦੁਨੀਆ ਕਾਰਣਿ ਦੀਨੁ ਗਵਾਇਆ ॥੫॥

ਸਾਧੂਆਂ ਪੁੱਛਿਆ, "ਬਾਬਾ ਜੀ ਤੁਸੀ ਇਸ ਮਨ ਨੂੰ ਕਿਵੇ ਮਾਰਿਆ?"**

ਸਾਹਿਬ ਨੇ ਜਵਾਬ ਦਿੱਤਾ, "ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ ॥ "

ਕਰਤਾਰਪੁਰ ਸਾਹਿਬ ਬਿਰਾਜਮਾਨ ਸਨ ਕਿ ਕੁਝ ਧਾਰਮਿਕ ਕਿਸਮ ਦੇ ਬੰਦੇ ਗੁਰੂ ਸਾਹਿਬ ਨੂੰ ਪੁੱਛਣ ਲੱਗੇ ਕਿ ਬਾਬਾ ਜੀ ਕਿਰਪਾ ਕਰਕੇ ਇਹ ਦੱਸੋ ਕਿ ਤੁਸੀ ਆਪਣੇ ਮੰਨ ਨੂੰ ਮਾਇਆ ਮੋਹ ਤੋਂ ਕਿਵੇ ਵਰਜਿਆ ਹੈ। ਇਹ ਮਨ ਗੁਰੂ ਸਾਹਿਬ ਨੇ ਸਮਝਾਇਆ ਕਿ ਇਹ ਪ੍ਰਾਪਤੀ ਗਿਆਨ ਨਾਲ ਹਾਸਲ ਹੋਈ ਹੈ। ਮੈਂ ਕਰਤੇ ਦੀ ਖੇਡ ਨੂੰ ਪਛਾਣ ਲਿਆ ਹੈ। ਹੁਣ ਖਾਸ ਕਰਕੇ ਮੇਰੇ ਮੰਨ ਵਿਚ ਮੌਤ ਦਾ ਭੈਅ ਨਹੀ ਰਹਿ ਗਿਆ। ਗਿਆਨ ਰਾਂਹੀ ਮੈਨੂੰ ਕਾਮ ਕ੍ਰੋਧ ਲੋਭ ਮੋਹ ਹੰਕਾਰ ਦੀ ਕਹਾਣੀ ਸਮਝ ਆ ਗਈ ਹੈ। ਗੱਲ ਸਿੱਧੀ ਜਿਹੀ ਹੈ ਕਿ ਜਿੱਥੇ ਮਰਨ ਤੋਂ ਬਾਦ ਜਾਣਾ ਕਿਓ ਨਾਂ ਉਥੇ ਜੀਂਦੇ ਜੀ ਹੀ ਜਾਇਆ ਜਾਏ। ਜੋਗੀ ਜਿਹੜੇ ਅਨਹਦ ਸ਼ਬਦ ਦੇ ਵੱਜਣ ਦੀ ਗਲ ਕਰਦੇ ਹਨ ਉਹ ਗੁਰਬਾਣੀ ਤੇ ਨਿਰੰਕਾਰ ਦੀ ਵੀਚਾਰ ਸਦਕਾ ਹੀ ਪ੍ਰਾਪਤ ਹੋ ਗਏ ਹਨ। ਮੁਕਦੀ ਗਲ ਮੈਂ ਸੱਚ ਨੂੰ ਪਛਾਣ ਲਿਆ ਹੈ ਤੇ ਕਰਤਾਰ ਦੇ ਭੈਅ ਵਿਚ ਰਹਿੰਦਾ ਹਾਂ।

ਸਾਹਿਬ ਨੇ ਸ਼ਬਦ ਉਚਾਰਿਆ:-

ਸਿਰੀਰਾਗੁ ਮਹਲਾ ੧ ॥ ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ ॥ ਤੂ ਸਰਬ ਜੀਆ ਪ੍ਰਤਿਪਾਲਹੀ ਲੇਖੈ ਸਾਸ ਗਿਰਾਸ ॥ ਅੰਤਰਿ ਗੁਰਮੁਖਿ ਤੂ ਵਸਹਿ ਜਿਉ ਭਾਵੈ ਤਿਉ ਨਿਰਜਾਸਿ ॥੧॥ ਜੀਅਰੇ ਰਾਮ ਜਪਤ ਮਨੁ ਮਾਨੁ ॥ ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ ॥੧॥ ਰਹਾਉ ॥ ਅੰਤਰ ਕੀ ਗਤਿ ਜਾਣੀਐ ਗੁਰ ਮਿਲੀਐ ਸੰਕ ਉਤਾਰਿ ॥ ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ ॥ ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ ॥੨॥ ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ ॥ ਸਤਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ ॥ ਖੜਿ ਦਰਗਹ ਪੈਨਾਈਐ ਮੁਖਿ ਹਰਿ ਨਾਮ ਨਿਵਾਸੁ ॥੩॥ ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ ॥ ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ ॥ ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ ॥੪॥ ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ ॥ ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ ॥ ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ ॥੫॥

ਗੁਰੂ ਸਾਹਿਬ ਦੀ ਪਹਿਨੀ ਸੇਲੀ ਟੋਪੀ, ਮਾਲਾ, ਪੋਥੀ ਤੇ ਗੋਦੜੀ ਕਰਤਾਰਪੁਰ ਦੁਆਬਾ ਵਿਖੇ।(ਇਹ ਤਸਵੀਰ ਫੇਸਬੁੱਕ ਤੋਂ ਲਈ।) ਫੇਸ ਬੁਕ ਅਨੁਸਾਰ ਇਹ ਵਸਤਾਂ ਗੁਰੂ ਹਰ ਸਹਾਇ ਦੇ ਸੋਢੀਆਂ ਕੋਲ ਹਨ ਪਰ ਸਾਈਕਲ ਯਾਤਰੀ- 302 ਅਨੁਸਾਰ ਇਹ ਕਰਤਾਰਪੁਰ ਦੁਆਬਾ ਵਿਖੇ ਮੌਜੂਦ ਹਨ। ਯਾਦ ਰਹੇ ਪੁਰਾਣੇ ਸਮਿਆਂ ਵਿੱਚ ਸਾਧੂਆਂ ਨੂੰ ਲੋਕ ਗੋਦੜੀ ਭੇਟ ਕਰਦੇ ਸਨ। ਸੇਲੀ ਟੋਪੀ ਪੁਰਾਣੇ ਜਮਾਨੇ ਵਿੱਚ ਸਾਧੂ ਫਕੀਰ ਵਾਲਾਂ ਦੇ ਉਤੇ ਸਰਦੀ ਤੋਂ ਬਚਣ ਲਈ ਪਾਇਆ ਕਰਦੇ ਸਨ। ਗੋਦੜੀ ਰੂੰ ਨਾਲ ਭਰਿਆ ਕੋਟ ਜਾਂ ਰਜਾਈ ਸਮਝੀ ਜਾਏ। ਜੋ ਸਾਧੂ ਆਪਣੇ ਨਾਲ ਹੀ ਲਈ ਫਿਰਦੇ ਹੁੰਦੇ ਸਨ।

ਜਦੋਂ ਬਾਬੇ ਨੇ ਬੇਇਨਸਾਫੀ ਖਿਲਾਫ ਰੱਬ ਨੂੰ ਉਲਾਹਮਾ ਦਿੱਤਾ••

ਗੁਰੂ ਸਾਹਿਬ ਕਰਤਾਰਪੁਰ ਬਰਾਜਮਾਨ ਸਨ ਕਿ ਕਿਸੇ ਨੇ ਅਜਿਹੀ ਗਲ ਦੱਸੀ ਕਿ ਸਰਕਾਰੀ ਅਹਿਲਕਾਰ ਕਿਵੇ ਜਾਲਮ ਹੋ ਗਏ ਨੇ। ਇਨਸਾਫ ਨਾਂ ਦੀ ਤਾਂ ਕੋਈ ਗਲ ਹੀ ਨਹੀ ਰਹਿ ਗਈ। ਅੱਜ ਇਨਸਾਫ ਵਿੱਕ ਰਿਹਾ ਹੈ। ਪੈਸਾ ਦਿਓ ਤੇ ਕਾਜੀ ਕੋਲੋ ਆਪਣੇ ਹੱਕ ਵਿਚ ਫੈਸਲਾ ਲੈ ਲਓ। ਰੱਬ ਦੇ ਪਾਏ ਵਾਸਤੇ ਨੂੰ ਕੋਈ ਨਹੀ ਮੰਨਦਾ। ਕਲਿਜੁਗ ਦਾ ਕੁਝ ਅਜਿਹਾ ਪਹਿਰਾ ਆਇਆ ਹੈ ਕਿ ਖੁਦ ਰਾਜਾ ਵੀ ਉਨ੍ਹੂੰ ਇਨਸਾਫ ਦਿੰਦਾ ਜਿਹੜਾ ਕੋਈ ਭੇਟ ਲੈ ਕੇ ਮਿਲਦਾ ਹੈ।

ਗੁਰੂ ਸਾਹਿਬ ਨੇ ਆਸਾ ਰਾਗ ਵਿਚ ਸਬਦ ਬੋਲਿਆ। ਚਾਰ ਚੁਫੇਰੇ ਧੰਨ ਗੁਰੂ ਨਾਨਕ, ਧੰਨ ਬਾਬਾ ਨਾਨਕ ਹੋ ਗਈ।

ਆਸਾ ਮਹਲਾ ੧ ॥ ਤਾਲ ਮਦੀਰੇ ਘਟ ਕੇ ਘਾਟ ॥ ਦੋਲਕ ਦੁਨੀਆ ਵਾਜਹਿ ਵਾਜ ॥ ਨਾਰਦੁ ਨਾਚੈ ਕਲਿ ਕਾ ਭਾਉ ॥ ਜਤੀ ਸਤੀ ਕਹ ਰਾਖਹਿ ਪਾਉ ॥੧॥ ਨਾਨਕ ਨਾਮ ਵਿਟਹੁ ਕੁਰਬਾਣੁ ॥ ਅੰਧੀ ਦੁਨੀਆ ਸਾਹਿਬੁ ਜਾਣੁ ॥੧॥ ਰਹਾਉ ॥ ਗੁਰੂ ਪਾਸਹੁ ਫਿਰਿ ਚੇਲਾ ਖਾਇ ॥ ਤਾਮਿ ਪਰੀਤਿ ਵਸੈ ਘਰਿ ਆਇ ॥ ਜੋ ਸਉ ਵਰ੍ਹਿਆ ਜੀਵਣ ਖਾਣੁ ॥ ਖਸਮ ਪਛਾਣੈ ਸੋ ਦਿਨੁ ਪਰਵਾਣੁ ॥੨॥ ਦਰਸਨਿ ਦੇਖਿਐ ਦਇਆ ਨ ਹੋਇ ॥ ਲਏ ਦਿੱਤੇ ਵਿਣੁ ਰਹੈ ਨ ਕੋਇ ॥ ਰਾਜਾ ਨਿਆਉ ਕਰੇ ਹਥਿ ਹੋਇ ॥ ਕਹੈ ਖੁਦਾਇ ਨ ਮਾਨੈ ਕੋਇ ॥੩॥ ਮਾਣਸ ਮੂਰਤਿ ਨਾਨਕੁ ਨਾਮੁ ॥ ਕਰਣੀ ਕੁਤਾ ਦਰਿ ਫੁਰਮਾਨੁ ॥ ਗੁਰ ਪਰਸਾਦਿ ਜਾਣੈ ਮਿਹਮਾਨੁ ॥ ਤਾ ਕਿਛੁ ਦਰਗਹ ਪਾਵੈ ਮਾਨੁ ॥੪॥੪॥

"ਵੱਡੇ ਵੱਡੇ ਸਮੁੰਦਰਾਂ ਵਿੱਚ ਵੀ ਟਾਪੂ ਵੀ ਬਰਕਰਾਰ ਰਹਿੰਦੇ ਨੇ"– ਗੁਰੂ ਜੀ ਨੇ ਅਬਦੁਲ ਰਹਿਮਾਨ ਦਾ ਹੰਕਾਰ ਭੰਨਿਆ●

ਕਰਤਾਰਪੁਰ ਤੋਂ 22 ਕਿ. ਮੀ. ਦੱਖਣ ਪਾਸੇ ਧਿਆਨਪੁਰ-ਕੋਟਲੀ ਦੇ ਲਾਗੇ ਹੈ ਪਿੰਡ ਡਾਲੇ ਚੱਕ (ਨਕਸ਼ਾ ਸੂਚਕ : 31.896885, 75.077377) ਹੈ। ਇਥੇ ਪੀਰ ਅਬਦੁਲ ਰਹਿਮਾਨ ਨੇ ਚਿਰੋਕਣਾ ਡੇਰਾ ਜਮਾਇਆ ਹੋਇਆ ਸੀ। ਪੀਰ ਜੀ ਦਾ ਮੇਲ ਪਹਿਲਾਂ ਇਕ ਵੇਰਾਂ ਗੁਰੂ ਸਾਹਿਬ ਨਾਲ ਪਸਰੂਰ ਵਿਖੇ ਵੀ ਹੋ ਚੁੱਕਾ ਸੀ। (ਇਥੇ ਯਾਦਗਾਰੀ ਗੁਰਦੁਆਰਾ ਵੀ ਹੁੰਦਾ ਸੀ। ਵੇਖੋ ਸਫਾ 373)

ਇਹ ਉਹਨਾਂ ਦਿਨਾਂ ਦੀ ਗਲ ਹੈ (1535-36 ਈ.) ਜਦੋਂ ਗੁਰੂ ਸਾਹਿਬ ਕਰਤਾਰਪੁਰ ਵਿਖੇ ਨਿਵਾਸ ਕਰਦੇ ਸਨ।

ਇੱਕ ਦਿਨ ਪੀਰ ਅਬਦੁਲ ਰਹਿਮਾਨ ਦੀ ਮਜਲਸ ਵਿੱਚ ਹੀ ਕਿਸੇ ਮੁਰੀਦ ਨੇ ਕਿਹਾ ਕਿ ਪੀਰ ਜੀ ਤੁਹਾਨੂੰ ਤਾਂ ਕੋਈ ਪੁੱਛਦਾ ਵੀ ਨਹੀ। ਤੁਹਾਡੇ ਗਵਾਂਢ ਵਿੱਚ ਹੀ, ਪੱਥੋਕਿਆਂ ਲਾਗੇ, ਸਾਰੀ ਲੋਕਾਈ ਤਾਂ ਹਿੰਦੂ ਦਰਵੇਸ਼ ਬਾਬੇ ਨਾਨਕ ਦੇ ਢੁਕ ਰਹੀ ਹੈ।

ਇਸ ਤੇ ਪੀਰ ਨੇ ਹੰਕਾਰ ਵਿੱਚ ਆ ਕੇ ਕਿਹਾ, "ਹਾਹੋ! ਉਸ

ਕਰਾੜ (ਬਾਣੀਏ) ਨੇ ਪਾਅ ਕੁ ਘਿਓ ਇਕੱਠਾ ਕਰ ਹੀ ਲਿਆ ਵਾ। ਮੌਕਾ ਆਉਣ ਤੇ ਇਓ ਪੀ ਲਵਾਂਗੇ ਜਿਵੇ ਸਬਜੀ ਤੇ ਨਿੰਬੂ ਨਿਚੋੜ ਕੇ ਫੋਗ ਪਰਾਂ ਸੁੱਟ ਦਈਦਾ ਵਾ। "**

ਜਾਣੀ ਜਾਣ ਗੁਰੂ ਨੇ ਇਕ ਦਿਨ ਦੋ ਕੁ ਸੇਰ ਘਿਓ ਲਿਆ ਤੇ ਭਾਈ ਅਜਿਤੇ ਰੰਧਾਵੇ ਨੂੰ ਨਾਲ ਲੈ ਕੇ ਡਾਲੇ ਚੱਕ ਵਲ ਰਵਾਨਾ ਹੋ ਗਏ। ਡਾਲੇ ਚੱਕ ਜਾ, ਗੁਰੂ ਸਾਹਿਬ ਪਿੰਡ ਦੇ ਬਾਹਰਵਾਰ ਜਾ ਬੈਠੇ। ਗੁਰੂ ਸਾਹਿਬ ਨੇ ਅਜਿਤੇ ਨੂੰ ਪਿੰਡ ਪੀਰ ਵਲ ਭਾਵ ਡਾਲੇ ਚੱਕ ਭੇਜਿਆ ਕਿ ਜਾਓ ਜਾ ਕੇ ਪੀਰ ਨੂੰ ਸਾਡੀ ਸਲਾਮ ਕਹੋ।

ਅਜਿੱਤਾ ਜਾ ਪੀਰ ਨੂੰ ਡਾਲੇ ਚੱਕ ਮਿਲਿਆ ਅਤੇ ਦੱਸਿਆ ਕਿ ਪੀਰ ਜੀ ਬਾਬਾ ਨਾਨਕ ਤੁਹਾਨੂੰ ਦੁਆ ਸਲਾਮ ਕਹਿੰਦਾ ਹੈ ਤੇ ਪਿੰਡੋਂ ਬਾਹਰਵਾਰ ਬੈਠਾ ਹੈ, ਤੁਹਾਨੂੰ ਮਿਲਣ ਆਇਆ ਹੈ।

ਪੀਰ ਨੂੰ ਇਹ ਸੁਣ ਕੇ ਚਾਅ ਚੜ੍ਹ ਗਇਆ। ਕਿਉਕਿ ਉਦੋਂ ਤਕ ਬਾਬੇ ਨਾਨਕ ਨੂੰ ਸਾਰੀ ਦੁਨੀਆ ਮੰਨ ਚੁੱਕੀ ਸੀ ਕਿ ਬਾਬਾ ਰੱਬ ਦਾ ਰੂਪ ਹੈ।

ਪੀਰ ਖੁੱਦ ਬਾਬੇ ਨੂੰ ਲੈਣ ਗਇਆ।

ਬਾਬੇ ਕੋਲ ਪਹੁੰਚ ਦੁਆ ਸਲਾਮ ਕੀਤੀ ਅਤੇ ਜਿਥੇ ਬੰਨੇ ਤੇ ਬਾਬਾ ਬੈਠਿਆ ਸੀ ਉਥੇ ਹੀ ਦੋਨੋਂ ਬਹਿ ਗਏ। ਗੁਰੂ ਸਾਹਿਬ ਬਹੁਤ ਪਿਆਰ ਸਤਿਕਾਰ ਨਾਲ ਪੀਰ ਨੂੰ ਮਿਲੇ।

ਅਬਦੁਲ ਰਹਿਮਾਨ ਗੁਰੂ ਜੀ ਨੂੰ ਡਾਲੇ ਚੱਕ ਆਪਣੇ ਹੁਜਰੇ ਤੇ ਲੈ ਗਇਆ । ਕਹਿਣ ਲੱਗਾ ਮੇਰੇ ਧੰਨ ਭਾਗ ਬਾਬਾ ਨਾਨਕ ਜੀ ਪਧਾਰੇ ਨੇ।

ਗੁਫਤਗੂ ਸ਼ੁਰੂ ਹੋਈ। ਇਕ ਦੂਸਰੇ ਦੀ ਰਾਜੀ ਬਾਜੀ ਪੁੱਛੀ। ਮੁਸਕਰਾਉਦੇ ਹੋਏ ਪੀਰ ਨੇ ਪੁੱਛਿਆ "ਬਾਬਾ ਜੀ ਆਹ ਕੁੱਜਾ ਕਿਓ ਚੁੱਕੀ ਫਿਰਦੇ ਹੋ?" ਇਹ ਸਵਾਲ ਨਹੀ ਸੀ, ਤਾਨਾ ਸੀ। ਕਿਉਕਿ ਸਾਧੂ ਫਕੀਰਾਂ 'ਚ ਮੰਨਤ ਹੈ ਕਿ 'ਪੱਲੇ ਰਿਜਕ ਨਾਂ ਬੰਨਦੇ ਪੰਛੀ ਤੇ ਦਰਵੇਸ਼' । ਪੀਰ ਨੂੰ ਲੱਗਾ ਸੀ ਕਿ ਬਾਬਾ ਨਾਨਕ ਨੂੰ ਕਿਸੇ ਨੇ ਘਿਓ ਭੇਟ ਕੀਤਾ ਹੈ ਤੇ ਬਾਬਾ ਉਹ ਘਿਓ ਵਾਲੀ ਮੱਘੀ ਚੁੱਕੀ ਫਿਰਨ ਡਿਹਾ ਹੈ।

ਗੁਰੂ ਸਾਹਿਬ ਨੇ ਬੜੀ ਹਲੀਮੀ ਨਾਲ ਕਿਹਾ "ਨਹੀ ਪੀਰ ਜੀ, ਇਹ ਘਿਓ ਤੁਹਾਡੇ ਵਾਸਤੇ ਲੈ ਕੇ ਆਇਆ ਹਾਂ। ਲੰਮੇ ਸਮੇ ਤੋਂ ਪਲੀ ਪਲੀ ਕਰਕੇ ਜੋੜਿਆ ਹੈ। ਤੁਸੀ ਇਹਨੂੰ ਇਵੇ ਛੱਕ ਜਾਓ ਜਿਵੇ ਸਲੂਣੇ ਉੱਤੇ ਨਿੰਬੂ ਨਿਚੋੜ ਲਈਦਾ ਹੈ। "◘

ਗੁਰੂ ਸਾਹਿਬ ਨੇ ਘਿਓ ਦਾ ਕੁੱਜਾ ਪੀਰ ਦੇ ਅੱਗੇ ਰੱਖ ਦਿੱਤਾ।

ਇਹ ਸੁਣ ਕੇ ਪੀਰ ਦਾ ਆਪਣਾ ਪਾਲਾ ਕੰਬ ਉਠਿਆ ਅਤੇ ਉਹਨੂੰ ਆਪਣੀ ਕਹੀ ਹੰਕਾਰ ਵਾਲੀ ਗਲ ਯਾਦ ਆ ਗਈ। ਪੀਰ ਪਾਣੀਓ ਪਾਣੀ ਹੋ ਗਿਆ। ਕੋਈ ਗਲ ਨਾਂ ਆਓੜੇ। ਸ਼ਰਮਿੰਦੇ ਹੋਏ ਪੀਰ ਨੇ ਕੁੱਜਾ ਮੋੜਦੇ ਹੋਏ ਕਿਹਾ "ਨਹੀ, ਨਹੀ! ਬਾਬਾ ਜੀ ਇਹ ਤੁਹਾਡਾ ਘਿਓ ਤੁਹਾਨੂੰ ਹੀ ਮੁਬਾਰਿਕ। ਉਹ ਤਾਂ ਐਵੇ ਹਾਸੇ ਮਖੌਲ ਵਿਚ ਚੰਚਲ ਮੁਰੀਦ ਨੂੰ ਕਹਿ ਦਿਤਾ ਸੀ। ਤੁਹਾਡਾ ਘਿਓ ਤਾਂ ਜੁਗਾਂ ਜੁਗਾਂ ਤਕ ਅਟੱਲ ਹੈ।" ਕਹਿੰਦਿਆਂ ਬੜੀ ਹਲੀਮੀ ਨਾਲ ਕੁਜਾ ਮੋੜ ਦਿੱਤਾ।

ਗੁਰੂ ਸਾਹਿਬ ਨੇ ਕਿਹਾ "ਏਹੋ ਜਿਹੇ ਹੰਕਾਰ ਵਾਲੇ ਬੋਲ ਤੁਹਾਡੇ ਵਰਗੇ ਦਰਵੇਸ਼ਾਂ ਨੂੰ ਕਦੋਂ ਸੋਭਦੇ ਨੇ। ਮੀਆਂ ਜੀ ਵੇਖੋ ਨਾਂ ਵੱਡੇ ਸਮੁੰਦਰਾਂ ਵਿੱਚ ਵੀ ਕਿਤੇ ਕਿਤੇ ਛੋਟੇ ਛੋਟੇ ਟਾਪੂ ਵੀ ਬਚੇ ਰਹਿੰਦੇ ਨੇ। "◆

ਪੀਰ ਲਾਜਵਾਬ ਸੀ।

ਇਹ ਪੀਰਾਂ ਦੀਆਂ ਆਪਸੀ ਰਮਜਾਂ ਸਨ। ਜਿੰਨਾਂ ਦਾ ਮਤਲਬ ਸੀ:

ਪਹਿਲਾਂ ਜਿਹੜੀ ਪੀਰ ਨੇ ਫੜ ਮਾਰੀ ਸੀ ਕਿ ਸਾਰਾ ਘਿਓ ਪੀ ਲਵਾਂਗੇ, ਇਸਦਾ ਮਤਲਬ ਕਿ ਨਾਨਕ ਨੇ ਕੁਝ ਲੋਕ ਜੋੜ ਲਏ ਨੇ ਉਹ ਬਾਬੇ ਦੇ ਜਾਣ ਤੋਂ ਬਾਦ ਸਭ ਨੂੰ ਇਸਲਾਮ ਵਿਚ ਜ਼ਜ਼ਬ ਕਰ ਲਿਆ ਜਾਵੇਗਾ। ਮਤਲਬ ਬਾਬੇ ਦੇ ਚਲਾਣੇ ਤੋਂ ਬਾਦ ਕਿਸੇ ਨੇ ਨਹੀ ਬਾਬੇ ਦੇ ਫਿਰਕੇ ਦਾ ਨਾਂ ਲੈਣਾ।

ਗੁਰੂ ਸਾਹਿਬ ਨੇ ਜੋ ਜਵਾਬ ਦਿਤਾ ਉਹਦਾ ਮਤਲਬ ਕਿ ਜਿਵੇ ਸਮੁੰਦਰ ਵਿੱਚ ਟਾਪੂ ਬਰਕਰਾਰ ਰਹਿੰਦੇ ਹਨ ਏਸੇ ਤਰਾਂ ਸਿੱਖੀ ਦੇ ਟਾਪੂ ਵੀ ਇਸਲਾਮ ਜਾਂ ਹਿੰਦੂਧਰਮ ਦੇ ਮਹਾਂ ਸਾਗਰਾਂ ਵਿੱਚ ਮੌਜੂਦ ਰਹਿਣਗੇ। ਇਨਾਂ ਨੂੰ ਕੋਈ ਨਹੀ ਹਿਲਾ ਸਕੇਗਾ।

ਲਗ ਪਗ ਹਫਤਾ ਭਰ ਗੁਰੂ ਸਾਹਿਬ ਅਬਦੁਲ ਰਹਿਮਾਨ ਕੋਲ ਹੀ ਰਹੇ। ਬੜੇ ਕੌਤਕ ਕੀਤੇ ਗੁਰੂ ਸਾਹਿਬ ਨੇ। ਗੁਰੂ ਜੀ ਦੇ ਸਾਹਮਣੇ ਪੀਰ ਆਪਣੇ ਆਪ ਨੂੰ ਬਿਲਕੁਲ ਖਾਲੀ ਹੋਇਆ ਮਹਿਸੂਸ ਕਰ ਰਿਹਾ ਸੀ। ਪੀਰ ਆਖਿਰ ਗੁਰੂ ਸਾਹਿਬ ਅੱਗੇ ਪੂਰੀ ਤਰਾਂ ਵਿਛ ਗਇਆ। ਗੁ ਰੂ ਸਾਹਿਬ ਨੇ ਕਿਹਾ ਕਿ ਨਹੀ ਤੁਸੀ ਇਸਲਾਮ ਵਿਚ ਹੀ ਸੋਭਦੇ ਹੋ। ਗੁਰੂ ਸਾਹਿਬ ਕਿਸੇ ਦਾ ਧਰਮ ਤਬਦੀਲ ਨਹੀ ਸਨ ਕਰਦੇ।

ਪੈੜ ਸਫਾ

◉ਸੋਢੀ 2-476,

○ ਸੋਢੀ 2-514 ਨੇ ਕਰਤਾਰਪੁਰ ਤੋਂ ਜੋ ਦੂਰੀ ਦਿਤੀ ਹੈ (ਕੋਸ ਪੰਜ ਸੱਤ) ਉਹ ਕਲਾਨੌਰ ਤੇ ਹੀ ਸਹੀ ਬੈਠਦੀ ਹੈ। ਫਿਰ ਕਲਾਨੌਰ ਦੇ ਇਲਾਕੇ ਵਿਚ ਤੁਲੀ ਗੋਤ ਦੇ ਖੱਤਰੀਆਂ ਦਾ ਬਹੁਮਤ ਹੁੰਦਾ ਸੀ। ਨੇੜੇ ਹੀ ਰਸਤੇ ਵਿਚ 7 ਕਿ. ਮੀ ਤੇ ਪਿੰਡ ਭਗਠਾਣਾ ਤੁੱਲੀਆਂ ਹੈ। ਜਿਥੇ ਪੁਰਾਤਨ ਥੇਹ ਵੀ ਹੈ। ਅੱਜ ਪਿੰਡ ਵਿਚ ਖਤਰੀ ਨਹੀ ਬਚੇ। ਸਭ ਸ਼ਹਿਰਾਂ 'ਚ ਵੱਸ ਚੁੱਕੇ ਹਨ।

■ ਸੋਢੀ 2-552, ● ਸੋਢੀ 2-543, ♦ ਸੋਢੀ 2-550, ✚ ਸੋਢੀ 2- 558,

◈ ਸੋਢੀ 2- 569, * ਸੋਢੀ 2- 575, ** ਸੋਢੀ 2- 590, ♦♦ ਸੋਢੀ 2-594

◘◘ ਸੋਢੀ 2-572, ਨੇ ਇਸ ਸਲੋਕ ਦੀ ਵਿਆਖਿਆ 'ਚ ਇਸਨੂੰ ਭਰਾਵਾਂ ਦਾ ਆਪਸੀ ਲੜਾਈ ਝਗੜਾ ਦੱਸਿਆ ਹੈ। ਸੋਢੀ ਨੂੰ ਲਗਦਾ ਹੈ ਕਿ ਇਕ ਭਰਾ ਨੇ ਦੂਸਰੇ ਦੇ ਪੈਸੇ ਮਾਰ ਲਏ ਹਨ। ਪਰ ਜੇ ਗੌਰ ਨਾਲ ਵੇਖੋ ਤਾਂ ਪਤਾ ਲਗਦਾ ਹੈ ਕਿ ਗਲ ਕੁਝ ਹੋਰ ਹੈ, ਕਿਉਕਿ ਸ਼ਬਦ ਵਿਚ ਸਾਫ ਆਇਆ ਹੈ, ''ਦੁਨੀਆ ਕਾਰਣਿ ਦੀਨੁ ਗਵਾਇਆ ॥'' ਜਿਸ ਦਾ ਮਤਲਬ ਹੈ ਕਿ ਕਿਸੇ ਨੇ ਆਪਣਾ ਨੱਕ ਰੱਖਣ ਜਾਂ ਲੋਕ ਲਾਜ ਖਾਤਰ ਕੋਈ ਪਾਪ/ਗੁਨਾਹ ਕੀਤਾ ਹੈ। ਖੂਨ ਦੇ ਰਿਸ਼ਤੇ ਦੀ ਵੀ ਪ੍ਰਵਾਹ ਨਹੀ ਕੀਤੀ। ਅਜਿਹਾ ਗੁਨਾਹ ਜਿਸ ਵਿਚ ਰਿਸ਼ਤੇ ਨੂੰ ਵੀ ਤਾੜ ਤਾੜ ਕੀਤਾ ਤੇ ਰੱਬ ਦੀ ਦਰਗਾਹ ਵਿਚ ਵੀ ਕਸੂਰਵਾਰ ਠਹਿਰਾਇਆ ਜਾਏਗਾ। ਅਜਿਹਾ ਗੁਨਾਹ ਪੰਜਾਬ ਦੇ ਜੱਟ ਗੁਪਤ ਪ੍ਰੇਮ ਸਬੰਧਾਂ (ਚੋਰੀ ਯਾਰੀ) ਦੇ ਨੰਗਾ ਹੋਣ ਤੇ ਹੀ ਕਰਦੇ ਹਨ। ਕਦੀ ਨਜਾਇਜ ਸਬੰਧ ਕਰਕੇ ਘਰਵਾਲੀ ਵੀ ਮਾਰ ਦਿੱਤੀ ਜਾਂਦੀ ਹੈ। ਪਰ ਇਥੇ ਗੁਰੂ ਸਾਹਿਬ ਖੂਨ ਦੇ ਰਿਸ਼ਤੇ ਦੀ ਗਲ ਕਰ ਰਹੇ ਹਨ ਜੋ ਸਿਰਫ ਧੀ ਭੈਣ ਹੀ ਹੋ ਸਕਦੀ ਹੈ।

ਪਿੰਡ ਡਾਲੇਚੱਕ ਦਾ ਗੁਰੂ ਦੀ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ। ਹੇਠਾਂ ਪੀਰ ਅਬਦੁਲ ਰਹਿਮਾਨ ਦੀ ਮਜਾਰ ਦੇ ਬਾਹਰ ਬੋਹੜ ਦਾ ਪੁਰਾਤਨ ਰੁੱਖ।

ਮੀਆਂ ਮਿੱਠੇ ਦਾ ਕਠਿਆਲਾ ਨਾਂ ਦੇ ਪਿੰਡ ਵਿੱਚ ਵੀ ਪੀਰ ਅਬਦੁਲ ਰਹਿਮਾਨ ਦਾ ਟਿਕਾਣਾ ਹੁੰਦਾ ਸੀ। ਇਹ ਪਿੰਡ ਡੇਰਾ ਬਾਬਾ ਨਾਨਕ - ਫਤਹਿਗੜ੍ਹ ਚੂੜੀਆਂ ਸੜਕ ਅੱਡਾ ਰਾਮਾ ਤਲਵੰਡੀ ਤੋਂ ਕਿਲੋ ਮੀਟਰ ਲਹਿੰਦੇ ਪਾਸੇ ਹੈ। ਗੁਰੂ ਜੀ ਜਦੋਂ ਡਾਲੇ ਚੱਕ ਤੋਂ ਕਰਤਾਰਪੁਰ ਨੂੰ ਪਰਤੇ ਤਾਂ ਪੀਰ ਕਠਿਆਲੇ ਆ ਗਇਆ। ਡਾਲੇ ਚੱਕ ਤੋਂ ਕਠਿਆਲਾ 13 ਕਿ. ਮੀ. ਲਹਿੰਦੇ ਵਿਚ ਹੈ। ਜਦੋਂ ਕਿ ਕਰਤਾਰਪੁਰ ਤੋਂ ਡਾਲੇ ਚੱਕ ਦੱਖਣ ਵਿਚ 22 ਕਿ. ਮੀ. ਹੈ।

ਏਸੇ ਪੀਰ ਦਾ ਚੇਲਾ 'ਮਿੱਠਾ' ਨਾਂ ਦਾ ਸਿਆਲ ਖੱਤਰੀ (ਦੇਹਾਂਤ 1601 ਈ) ਹੋਇਆ ਹੈ।+ ਪੀਰ ਅਬਦੁਲ ਰਹਿਮਾਨ ਜਦੋਂ ਆਪਣੇ ਡੇਰੇ ਪਹੁੰਚਿਆ ਤਾਂ ਉਸਦਾ ਰੰਗ ਢੰਗ ਕੁਝ ਵੱਖਰਾ ਹੀ ਸੀ। ਚੇਲਾ ਪੀਰ ਨੂੰ ਵੱਖਰੇ ਅੰਦਾਜ਼ ਵਿਚ ਵੇਖ ਕੇ ਬੋਲ ਉਠਿਆ, "ਪੀਰ ਜੀ ਕੀ ਗਲ ਹੈ ਅੱਜ ਬੜੇ ਰੰਗ ਵਿਚ ਨਜ਼ਰ ਆ ਰਹੇ ਹੋ?" ਪੀਰ ਨੇ ਦੱਸਿਆ ਕਿ 'ਮੈਨੂੰ ਬਾਬੇ ਨਾਨਕ ਦੀ ਸੰਗਤ ਕਰਨ ਦਾ ਮੌਕਾ ਮਿਲਿਆ। ਬਾਬਾ ਜੀ ਖੁੱਦ ਹੀ ਚਲ ਕੇ ਡਾਲੇ ਚੱਕ ਆ ਗਏ ਸਨ।'

ਪੀਰ ਨੇ ਗੁਰੂ ਸਾਹਿਬ ਦੀ ਏਨੀ ਉਸਤਤ ਕੀਤੀ ਕਿ ਚੇਲੇ ਦਾ ਮੰਨ ਵੀ ਕਰ ਆਇਆ ਕਿ ਗੁਰੂ ਸਾਹਿਬ ਦੇ ਦਰਸ਼ਨ ਕਰਾਂ। ਉਹ ਵੀ ਇਕ ਦਿਨ ਕਠਿਆਲੇ ਤੋਂ ਕਰਤਾਰਪੁਰ ਸਾਹਿਬ ਚਲਾ ਗਇਆ।

ਜਦੋਂ ਮੀਆਂ ਮਿੱਠਾ ਕਰਤਾਰਪੁਰ ਸੰਗਤ ਕਰ ਰਿਹਾ ਸੀ ਤਾਂ ਇਕ ਮੌਕੇ ਕੀਰਤਨੀਆਂ ਨੇ ਸ਼ਬਦ ਲਾਇਆ: ਸਿਰੀਰਾਗੁ ਮਹਲਾ ੧ ॥ **ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥ ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥** (ਪੂਰਾ ਸ਼ਬਦ ਸਫਾ 59 ਤੇ ਵੇਖੋ)

ਇਹ ਸ਼ਬਦ ਅਕਸਰ ਕਰਤਾਰਪੁਰ ਗਾਇਆ ਜਾਂਦਾ ਹੁੰਦਾ ਸੀ ਤੇ ਸਾਰੀ ਸੰਗਤ ਝੂਮ ਉਠਿਆ ਕਰਦੀ ਸੀ। ਮੀਆਂ ਮਿੱਠਾ ਹੈਰਾਨ ਸੀ ਕਿ ਕਿਵੇ ਸਿੱਖ ਸੰਗਤਾਂ ਰੰਗ ਵਿਚ ਆ ਗਈਆਂ ਸਨ।

ਪਰ ਜਿਵੇ ਮਿੱਠੇ ਨੇ ਸ਼ਬਦ ਦੇ ਅਗਲੇ ਬੋਲ ਸੁਣੇ, " ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥ " ਤਾਂ ਉਸ ਨੂੰ ਗੁੱਸਾ ਆ ਗਇਆ ਕਿ 'ਸਿੱਖ ਇਹ ਕੀ ਕੁਫਰ ਬੋਲ ਰਹੇ ਨੇ, ਸੌ ਅਸਮਾਨੀ ਜਾਣ ਦਾ। ਜਦੋਂ ਕਿ ਸਭ ਦੁਨੀਆਂ ਜਾਣਦੀ ਹੈ ਕਿ ਅਸਮਾਨ ਸਿਰਫ 7 ਨੇ ਤੇ ਪਤਾਲ ਵੀ 7 ਨੇ।'

ਸ਼ਬਦ ਦੀ ਸਮਾਪਤੀ ਤੋਂ ਬਾਦ ਮਿੱਠੇ ਨੇ ਸੰਗਤ ਵਿਚ ਕਿਸੇ ਮੋਹਤਬਰ ਸਿੱਖ ਨਾਲ ਗਲ ਕੀਤੀ ਕਿ ਤੁਸੀ ਆਹ ਕੀ ਗਾ ਰਹੇ ਸੋ 100 ਅਸਮਾਨਾਂ ਵਾਲੀ ਗਲ। ਸਿੱਖ ਨੇ ਮਿੱਠੇ ਨੂੰ ਸਮਝਾਇਆ ਕਿ ਗੁਰੂ ਸਾਹਿਬ ਦਾ ਮੰਨਣਾ ਹੈ ਕਿ ਅਕਾਲ ਪੁਰਖ ਦੀ ਸ੍ਰਿਸ਼ਟੀ ਅਥਾਹ ਅਤੇ ਅਨੰਤ ਹੈ, ਅਨੇਕਾਂ ਹੀ ਅਸਮਾਨ ਨੇ ਅਨੇਕਾਂ ਹੀ ਪਾਤਾਲ ਨੇ। ਮਿੱਠਾ ਕਹਿਣ ਲੱਗਾ ਕਿ ਦੁਨੀਆਂ ਦੇ ਸਾਰੇ ਫਲਸਫੇ ਮੰਨਦੇ ਹਨ ਕਿ ਅਸਮਾਨ 7 ਹਨ ਫਿਰ ਤੁਸੀ ਇਹ ਕੁਫਰ ਕਿਓ ਤੋਲਦੇ ਹੋ। ਇਸ ਤੇ ਮਿੱਠੇ ਅਤੇ ਗੁਰਸਿੱਖ ਵਿਚ ਕੁਝ ਕਹਾ ਸੁਣੀ ਹੋ ਗਈ। ਮਿੱਠਾ ਮੂੰਹ ਲਵੇਟ ਕੇ ਕਠਿਆਲੇ ਪਰਤ ਆਇਆ।

ਆ ਕੇ ਆਪਣੇ ਪੀਰ ਅੱਗੇ ਸ਼ਕਾਇਤ ਕੀਤੀ ਕਿ ਜਿਥੇ ਤੁਸੀ ਮੈਨੂੰ ਭੇਜਿਆ ਉਹ ਤਾਂ ਝੂਠੇ ਲੋਕ ਨੇ। ਸਾਰੀ ਗਲ ਦੱਸੀ। ਇਸ ਤੇ ਪੀਰ ਅਬਦੁਲ ਰਹਿਮਾਨ ਨੇ ਮਿੱਠੇ ਨੂੰ ਸਮਝਾਇਆ ਕਿ 'ਮਿੱਠਾ ਜੇ ਕਿਸੇ



ਗੁਰੂ ਸਾਹਿਬ, ਪੀਰ ਅਬਦੁਲ ਰਹਿਮਾਨ, ਭਾਈ ਮਰਦਾਨਾ ਅਤੇ ਮੀਆਂ ਮਿੱਠਾ। ਬੀ:40 ਤਸਵੀਰ। ਇਤਹਾਸਿਕ ਤੌਰ ਤੇ ਤਸਵੀਰ ਵਿਚ ਗਲਤੀ ਹੈ। ਕਿਉਂਕਿ ਪੀਰ ਜੀ ਨਾਲ ਡਾਲੇ ਚੱਕ ਮਿਲਾਪ ਭਾਈ ਮਰਦਾਨੇ ਦੇ ਚਲਾਣੇ ਤੋਂ ਬਾਦ ਹੁੰਦਾ ਹੈ। ਇਸ ਸਾਖੀ ਵੇਲੇ ਅਜਿੱਤਾ ਰੰਧਾਵਾ ਗੁਰੂ ਸਾਹਿਬ ਨਾਲ ਸੀ।

ਦੀ ਪਹੁੰਚ 7 ਅਸਮਾਨਾਂ ਤਕ ਸੀ ਤਾਂ ਉਸ ਨੇ 7 ਦੱਸੇ ਨੇ ਜੇ ਕੋਈ ਸੈਂਕੜੇ ਜਾਂ ਬੇਅੰਤ ਅਸਮਾਨਾਂ ਤਕ ਪਹੁੰਚ ਸਕਿਆ ਹੈ ਤਾਂ ਉਸ ਨੇ ਬੇਅੰਤ ਦੱਸੇ ਨੇ। ਸੋ ਇਸ ਗਲ ਵਿਚ ਕੋਈ ਝੂਠਾ ਜਾ ਸੱਚਾ ਨਹੀ। ਗੁਰੂ ਸਾਹਿਬ ਨੇ ਸ੍ਰਿਸ਼ਟੀ ਅਨੰਤ ਪਾਈ ਹੈ।'

ਪੀਰ ਨੇ ਮਿੱਠੇ ਨੂੰ ਕਿਹਾ ਕਿ ਤੂੰ ਗੁਨਾਹ ਕਰ ਆਇਆ ਹੈ ਜਿਹੜਾ ਉਥੇ ਸਿੱਖ ਨਾਲ ਝਗੜ ਕੇ ਆਇਆ ਹੈਂ। ਤੈਨੂੰ ਨਹੀ ਅਹਿਸਾਸ ਗੁਰੂ ਸਾਹਿਬ ਖੁੱਦਾ ਦਾ ਰੂਪ ਨੇ। ਚਲ ਮੇਰੇ ਨਾਲ ਤੈਨੂੰ ਉਸ ਘਰ ਤੋਂ ਬਖਸ਼ਵਾ ਕੇ ਲਿਆਉਦਾ ਹਾਂ।

ਪੀਰ ਤੇ ਮਿੱਠਾ ਫਿਰ ਅਗਲੇ ਦਿਨ ਕਰਤਾਰਪੁਰ ਪਹੁੰਚੇ। ਗੁਰੂ ਸਾਹਿਬ ਨੇ ਬੜੇ ਪਿਆਰ ਨਾਲ ਦੋਵਾਂ ਨੂੰ ਜੀ ਆਇਆ ਕਿਹਾ।

ਗਲ ਬਾਤ ਸ਼ੁਰੂ ਹੋਈ ਤਾਂ ਪੀਰ ਨੇ ਆਉਣ ਦਾ ਮਕਸਦ ਦੱਸਿਆ। ਪਰ ਮਿੱਠੇ ਨੇ ਫਿਰ ਤਿੱਖੇ ਸਵਾਲ ਕਰਨੇ ਸ਼ੁਰੂ ਕਰ ਦਿੱਤੇ। ਇਸ ਤੇ ਗੁਰੂ ਸਾਹਿਬ ਦੇ ਮੂੰਹੋ ਮਿੱਠੇ ਲਈ ਕੁਝ ਸਖਤ ਬਚਨ ਨਿਕਲ ਗਏ। ਪੀਰ ਤੜਫ ਉਠਿਆ। ਉਸ ਨੇ ਮਿੱਠੇ ਨੂੰ ਸਮਝਾਇਆ ਕਿ ਕੀ ਕਰ ਰਿਹਾ ਤੂੰ ਮੈਂ ਤੈਨੂੰ ਬਖਸ਼ਾਉਣ ਵਾਸਤੇ

ਕਠਿੱਆਲਾ ਵਿਖੇ ਮੀਆਂ ਮਿੱਠੇ ਦੀ ਕਬਰ ਅਤੇ ਨਾਲ ਲੱਗੀ ਕਬਰ ਤਖਤੀ ਜਿਸ ਤੇ ਲਿਖਿਆ ਹੈ ਕਿ ਸ਼ੁਧ ਮੱਠੀ ਖਾਂ ਦਾ ਦਿਹਾਂਤ ਹਿੰਦਸੇ ਆਬਜਾਦ ਦੇ ਨਿਯਮ ਮੁਤਾਬਿਕ ਸੰਨ 1601 ਈ ਵਿਚ ਹੋਇਆ। (ਫਾਰਸੀ ਲੇਖ ਦਾ ਤਰਜਮਾ ਕੀਤਾ ਮਿਰਜਾ ਸਫਦਰ ਬੇਗ ਨੇ)

(ਨੋਟ -ਪਤਾ ਲੱਗਾ ਹੈ ਇਹ ਕਬਰ ਤਖਤੀ ਪੁਰਾਤਨਤਾ ਦੇ ਤਸਕਰ ਇਥੋਂ ਚੁੱਕ ਲਿਜਾ ਚੁੱਕੇ ਹਨ। ਜਦੋਂ 550 ਗੁਰਪੁਰਬ ਮਨਾਇਆ ਜਾ ਰਿਹਾ ਸੀ ਤਾਂ ਪਿੰਡਾਂ ਥਾਵਾਂ ਤੇ ਸਰਕਾਰੀ ਮੁਲਾਜਮਾਂ ਦੇ ਭੇਸ ਵਿਚ ਇਹ ਤਸਕਰ ਫਿਰੇ। ਇਲਾਕੇ ਦੇ ਸਰਪੰਚਾਂ ਨੂੰ ਭਰੋਸੇ ਵਿਚ ਲੈ ਕੇ ਪੁਰਾਣੀਆਂ ਸ਼ੈਆਂ ਚੁੱਕ ਲੈ ਗਏ। ਇਹ ਕਹਿ ਕੇ ਕਿ ਇਨਾਂ ਦੀ ਸਰਕਾਰੀ ਨੁੰਮਾਇਸ਼ ਸੁਲਤਾਨਪੁਰ ਲੋਧੀ ਵਿਖੇ ਲਗਣੀ ਹੈ। ਇਹ ਲੋਕ ਪੁਰਾਣੀਆਂ ਫਿਰ ਮੋਟੀ ਕੀਮਤ ਤੇ ਵੇਚ ਦਿੰਦੇ ਹਨ ਜੋ ਬਾਹਰ ਦੇਸੀ ਪਹੁੰਚ ਜਾਂਦੀਆਂ ਹਨ। ਕਿਉਕਿ ਪੱਛਮੀ ਮੁਲਕਾਂ ਦੇ ਲੋਕ ਇਤਹਾਸ ਦੇ ਕਦਰਦਾਨ ਹਨ। ਪੁਲਿਸ ਨੂੰ ਚਾਹੀਦਾ ਇਸ ਗਲ ਦਾ ਨੋਟਿਸ ਲੈਵੇ।

ਮੀਆਂ ਮਿੱਠੇ ਦਾ ਕਠਿਆਲਾ। ਸੱਜੇ ਪਾਸੇ ਨਿਮਾਣਾ ਜਿਹਾ ਗੁਰਦੁਆਰਾ ਜਿੱਥੇ ਯਾਦਗਾਰੀ ਮੰਜੀ ਸਾਹਿਬ (ਥੜਾ) ਮੌਜੂਦ ਹੈ। (ਖੱਬੇ) ਕਾਰਸੇਵਾ ਬਾਬੇ ਨੇ ਜਿੱਦ ਵਿਚ ਆ ਕੇ ਉਸਾਰਿਆ ਸ਼ਾਨਦਾਰ ਸਥਾਨ। ਸੱਜੇ ਉਹ ਬੋਹੜ ਜਿਸ ਨੂੰ ਵੱਢਣ ਲਈ ਕਾਰਸੇਵਾ ਬਾਬਾ ਜਿੱਦ ਕਰ ਰਿਹਾ ਸੀ। (■ ਵੇਖੋ ਪੈੜ ਸਫਾ।) ਇਸ ਪਿੰਡ ਦੇ ਲੋਕ ਮੁਬਾਰਕਬਾਦ ਦੇ ਪਾਤਰ ਹਨ ਜਿੰਨਾਂ ਨੂੰ ਪੁਰਾਤਤ ਅਤੇ ਵਾਤਾਵਰਣ ਨਾਲ ਪ੍ਰੇਮ ਹੈ। ਯਾਦ ਰਹੇ ਸਿੱਖੀ ਦਾ ਕਾਰਸੇਵਾ ਸਿਧਾਂਤ ਬਿਲਕੁਲ ਨਿਵੇਕਲਾ, ਪਵਿਤ੍ਰ ਅਤੇ ਇਨਕਲਾਬੀ ਹੈ ਪਰ ਬਦਕਿਸਮਤੀ ਨਾਲ ਅੱਜ ਕਾਰਸੇਵਾ ਨੂੰ ਕੁਝ ਗੁਰਬਾਣੀ ਨਿਤਨੇਮ ਤੋਂ ਸੱਖਣੇ ਵਪਾਰੀ ਕਿਸਮ ਦੇ ਨਕਲੀ ਬਾਬਿਆਂ ਨੇ ਅਗਵਾ ਕਰ ਲਿਆ ਹੈ। ਜੋ ਸਾਡੀਆਂ ਇਤਹਾਸਿਕ ਯਾਦਗਾਰਾਂ ਮਿਟਾਈ ਜਾ ਰਹੇ ਨੇ। ਪਿੱਛੇ ਜਿਹੇ ਇਹਨਾਂ ਨੇ ਅੰਮ੍ਰਿਤਸਰ ਦਾ ਕਿਲਾ ਲੋਹ ਗੜ੍ਹ ਪੂਰੀ ਤਰਾਂ ਖਤਮ ਕਰ ਦਿੱਤਾ ਹੈ। ਜਿੱਥੇ ਛੇਵੇ ਪਾਤਸ਼ਾਹ ਨੇ ਬੇਰੀ ਦੀ ਤੋਪ ਬਣਾ ਕੇ ਚਲਾ ਦਿੱਤੀ ਸੀ।

ਲਿਆਦਾ ਤੂੰ ਹੋਰ ਗੁਸਤਾਖੀ ਕਰੀ ਜਾ ਰਿਹੈ?

ਇਸ ਤੇ ਪੀਰ ਨੇ ਗੁਰੂ ਸਾਹਿਬ ਨੂੰ ਅਰਜੋਈ ਕੀਤੀ ਕਿ ਗੁਰੂ ਜੀ ਮਿੱਠਾ ਬਹੁਤ ਜਗਿਆਸੂ ਕਿਸਮ ਦਾ ਮੁਰੀਦ ਹੈ ਇਹਨੂੰ ਬਖਸ਼ ਦਿਓ। ਇਸ ਤੇ ਮਿੱਠਾ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਪਿਆ। ਗੁਰੂ ਸਾਹਿਬ ਨੇ ਥਾਪੀ ਦਿੱਤੀ। ਮਿੱਠਾ ਸਾਰੀ ਉਮਰ ਇਸਲਾਮ ਦੇ ਦਾਇਰੇ ਵਿਚ ਰਹਿ ਕੇ ਹੀ ਗੁਰੂ ਸਾਹਿਬ ਦੇ ਨਾਮ ਦਾ ਸਿਧਾਂਤ ਪ੍ਰਚਾਰਦਾ ਰਿਹਾ।

ਮਿੱਠੇ ਦੀ ਕਬਰ ਏਸੇ ਪਿੰਡ (ਮੀਆਂ ਮਿੱਠੇ ਦੇ ਕਠਿਆਲੇ) ਵਿਚ ਹੀ ਹੈ। ਕਬਰ ਤੇ ਲੱਗੀ ਤਖਤੀ ਮੁਤਾਬਿਕ ਮੀਆਂ ਮਿੱਠੇ ਦਾ ਦਿਹਾਂਤ 1601 ਈ. ਵਿਚ ਹੋਇਆ।

ਗੁਰੂ ਸਾਹਿਬ ਖੁੱਦ ਵੀ ਇਕ ਵੇਰ ਇਸ ਪਿੰਡ ਵਿਚ ਬਿਰਾਜੇ ਅਤੇ ਪਹਾੜ ਪਾਸੇ ਬਾਗ ਵਿਚ ਕਿਆਮ ਕੀਤਾ। ਜਿਸ ਥਾਂ ਗੁਰੂ ਸਾਹਿਬ ਬਰਾਜੇ ਸਨ ਉਥੇ ਬਾਗ ਵਿਚ ਅੱਜ ਵੀ ਮੰਜੀ ਸਾਹਿਬ (ਥੜਾ) ਬਣਿਆ ਹੋਇਆ ਹੈ।

—▲—

ਪੈੜ ਸਫਾ

● ਬੀ:40- 135, ਬੀ:40- 57,

✚ਮੀਆਂ ਮਿੱਠੇ ਦਾ ਕਠਿਆਲਾ ਨਾਂ ਦੇ ਪਿੰਡ ਵਿੱਚ ਅੱਜ ਵੀ ਮੀਆਂ ਜੀ ਦਾ ਹੁਜਰਾ ਨੌ ਬਰ ਨੌ ਅਤੇ ਚੰਗੀ ਹਾਲਤ ਵਿੱਚ ਸਾਂਭਿਆ ਪਿਆ ਹੈ। ਇਸ ਥਾਂ ਦਾ ਸੇਵਾਦਾਰ (ਮਜੌਰ) ਗੁਰਵਿੰਦਰ ਸਿੰਘ ਨਾਂ ਦਾ ਸਿੱਖ ਹੈ। ਗੁਰਵਿੰਦਰ ਦਾ ਕਹਿਣਾ ਹੈ ਕਿ ਅਬਦੁਲ ਰਹਿਮਾਨ ਅਤੇ ਮੀਆਂ ਮਿੱਠਾ ਗੁਰੂ ਅਤੇ ਚੇਲਾ ਸਨ ਜਦੋਂ ਕਿ ਭਾਈ ਕਾਨ ਸਿੰਘ ਜਿਹੇ ਲਿਖਾਰੀਆਂ ਨੂੰ ਟਪਲਾ ਲੱਗਾ ਹੈ ਜਿੰਨਾਂ ਨੇ ਦੋਵਾਂ ਨੂੰ ਇੱਕ ਇਨਸਾਨ ਦੇ ਰੂਪ ਵਿੱਚ ਹੀ ਪੇਸ਼ ਕੀਤਾ ਹੈ ਅਤੇ ਲਿਖ ਦਿੱਤਾ ਕਿ ਅਬਦੁਲ ਰਹਿਮਾਨ ਮਿੱਠਣ ਕੋਟ ਦੇ ਰਹਿਣ ਵਾਲੇ ਸਨ। ਅਖੇ ਜਿਸ ਕਰਕੇ ਉਨਾਂ ਨੂੰ ਮੀਆਂ ਮਿੱਠਾ ਕਿਹਾ ਜਾਂਦਾ ਸੀ। ਗੁਰਵਿੰਦਰ ਅਨੁਸਾਰ ਮੀਆ ਮਿੱਠਾ ਮੂਲ ਵਿੱਚ ਪਸਰੂਰ ਸ਼ਹਿਰ ਦੇ ਰਹਿਣ ਵਾਲੇ ਸਿਆਲ ਖੱਤਰੀ ਸਨ। ਇਹ ਅਰਬ ਦੇਸਾਂ ਤੋਂ ਖਜੂਰਾਂ ਲਿਆਉਦੇ ਸਨ ਭਾਵ ਸੌਦਾਗਰ ਸਨ। ਇਕ ਵੇਰਾਂ ਇਹਨਾਂ ਦਾ ਪਿਆਰਾ ਊਠ ਢਿੱਡ ਵਿਚ ਪੀੜ ਪੈਣ ਕਾਰਨ ਮਰ ਗਇਆ। ਜਿਸ ਦੇ ਵੈਰਾਗ ਵਿਚ ਇਹ ਬਹੁਤ ਦੁੱਖੀ ਹੋਏ। ਇਸ ਮੌਕੇ ਫਿਰ ਪੀਰ ਅਬਦੁਲ ਰਹਿਮਾਨ ਨੇ ਇਨਾਂ ਨੂੰ ਗਿਆਨ ਦਿਤਾ ਜਿਸ ਕਾਰਨ ਫਿਰ ਇਹ ਦੁਨਿਆਵੀ ਕਾਰੋਬਾਰ ਛੱਡ ਕੇ ਪੱਕਾ ਪੀਰ ਦਾ ਮੁਰੀਦ ਹੀ ਬਣ ਗਇਆ ਅਤੇ ਇਸਲਾਮ ਕਬੂਲ ਲਿਆ। ਇੰਨਾਂ ਨੇ ਖੁੱਦ ਵਿਆਹ ਨਹੀ ਸੀ ਕਰਵਾਇਆ। ਗੁਰਵਿੰਦਰ ਅਨੁਸਾਰ ਇਹ ਤਿੰਨ ਭੈਣ ਭਰਾ ਸਨ। ਸਿਆਲ ਖੱਤਰੀ ਅੱਜ ਵੀ ਮੀਆਂ ਮਿੱਠਾ ਨੂੰ ਆਪਣਾ ਜਠੇਰਾ ਕਰਕੇ ਪੂਜਦੇ ਹਨ।

■ ਗੁਰੂ ਸਾਹਿਬ ਪੀਰ ਬਾਬਾ ਮਿੱਠਾ ਦੇ ਤਕੀਏ ਦੇ ਉੱਤਰ ਵਿਚ 500 ਗੱਜ ਦੂਰ ਖਜੂਰਾਂ ਦੇ ਬਾਗ ਵਿਚ ਬਿਰਾਜੇ ਸਨ। ਜਿਥੇ ਗੁਰੂ ਸਾਹਿਬ ਸ਼ੁਰੂ ਵਿੱਚ ਆ ਕੇ ਬੈਠੇ ਉਥੇ ਗੁਰਦੁਆਰਾ ਗੋਸ਼ਟਿ ਸਥਾਨ ਥੜਾ ਸਾਹਿਬ ਮੌਜੂਦ ਹੈ। ਇਥੇ ਨਾਲ ਹੀ ਇਕ ਹੋਰ ਬਹੁਤ ਹੀ ਵਿਸ਼ਾਲ ਗੁਰਦੁਆਰਾ ਸਾਹਿਬ ਬਣਾਇਆ ਗਇਆ ਹੈ। ਇਸ ਦੀ ਕਹਾਣੀ ਵੀ ਦੱਸਦੀ ਹੈ ਕਿ ਗੁਰਮਤ ਤੋਂ ਸੱਖਣੇ ਕਾਰਸੇਵਾ ਵਾਲੇ ਬਾਬੇ ਕਿਵੇ ਇਤਹਾਸਿਕ ਨਿਸ਼ਾਨੀਆਂ ਦੀ ਪ੍ਰਵਾਹ ਨਹੀ ਕਰਦੇ।

ਹੋਇਆ ਕੁਝ ਇਸ ਤਰਾਂ ਕਿ ਬਾਬੇ ਨੇ ਪਿੰਡ ਨਿਵਾਸੀਆਂ ਕੋਲੋਂ ਮੰਜੀ ਸਾਹਿਬ ਤੇ ਸੁੰਦਰ ਗੁਰਦੁਆਰਾ ਸਾਹਿਬ ਬਣਾਉਣ ਵਾਸਤੇ ਆਗਿਆ ਲੈ ਲਈ। ਜਿਵੇ ਕਾਰ ਸੇਵਾ ਸ਼ੁਰੂ ਹੋਈ ਬਾਬੇ ਦੀ ਸਕੀਮ ਵਿਚ ਇਕ ਪੁਰਾਤਨ ਬੋਹੜ ਦਾ ਰੁੱਖ ਆੜੇ ਆ ਗਇਆ। ਬਾਬਾ ਜਿਵੇ ਬੋਹੜ ਤੇ ਕੁਹਾੜਾ ਚਲਾਉਣ ਲੱਗਾ ਪਿੰਡ ਵਾਲਿਆਂ ਨੂੰ ਪਤਾ ਲੱਗ ਗਇਆ ਤਾਂ ਉਹਨਾਂ ਨੇ ਬੋਹੜ ਵੱਢਣ ਤੋਂ ਬਾਬੇ ਨੂੰ ਮਨਾ ਕਰ ਦਿੱਤਾ। ਬਾਬੇ ਨੇ ਜਿੱਦ ਕਰ ਲਈ ਤੇ ਕਿਹਾ ਕਿ ਬਿਨਾਂ ਬੋਹੜ ਵੱਢੇ ਉਹ ਗੁਰਦੁਆਰਾ ਸਾਹਿਬ ਤਾਮੀਰ ਨਹੀ ਕਰੇਗਾ। ਬਾਬਾ ਗੁੱਸਾ ਵਿਚ ਆ ਕੇ ਕਾਰਸੇਵਾ ਹੀ ਛੱਡ ਗਇਆ।

ਇਸ ਗਲ ਵਿਚ ਉੱਜ ਬਾਬੇ ਨੇ ਆਪਣੀ ਹੇਠੀ ਸਮਝੀ ਅਤੇ ਕੁਝ ਚਿਰ ਬਾਦ ਉਸੇ ਸਥਾਨ ਲਾਗੇ ਕਿਲਾ ਜਮੀਨ ਬਾਬੇ ਨੇ ਖਰੀਦੀ ਅਤੇ ਉਥੇ ਜਿੱਦ ਵਿਚ ਆ ਕੇ ਗੁਰਦੁਆਰਾ ਸਾਹਿਬ ਬਣਾ ਦਿੱਤਾ। ਸੋ ਇਸ ਪ੍ਰਕਾਰ ਇਥੇ ਦੋ ਅਸਥਾਨ ਬਣ ਗਏ ਹਨ।

ਬਾਬ-65

ਅੱਚਲ ਵਟਾਲੇ ਦੇ ਕੌਤਕ*

ਸੰਮਤ 1591 ਬਿ. (ਫਰਵਰੀ/ਮਾਰਚ 1534 ਈ⊙)

ਗੁਰੂ ਨਾਨਕ ਦੀ ਪ੍ਰਸਿੱਧੀ ਚੁਫੇਰੇ ਫੈਲ ਚੁੱਕੀ ਸੀ। ਕੰਨ ਪਾਟੇ ਤੇ ਹੋਰ ਸਿੱਧ ਆਦਿ ਜੋਗੀਆਂ ਵਿੱਚ ਗੁਰੂ ਸਾਹਿਬ ਹਰ ਥਾਂ ਚਰਚਾ ਵਿੱਚ ਸਨ। ਕਿਉਕਿ ਗੁਰੂ ਸਾਹਿਬ ਬਟਾਲੇ ਦੇ ਪਰਗਨੇ ਵਿੱਚ ਆ ਬੈਠੇ ਸਨ ਜੋਗੀਆਂ ਤੇ ਸਿੱਧਾਂ ਨੇ ਦੂਰ ਦੂਰ ਤੋਂ ਰਿੱਧੀਆਂ ਸਿੱਧੀਆਂ ਹਾਸਲ ਕਰ ਚੁੱਕੇ ਜੋਗੀਆਂ ਨੂੰ ਬਟਾਲੇ ਸੱਦਿਆ। ਨਾਲੇ ਗੁਰੂ ਸਾਹਿਬ ਨੂੰ ਵੀ ਸੱਦਾ ਭੇਜ ਦਿੱਤਾ ਕਿ ਉਹ ਵੀ ਸ਼ਿਵਰਾਤ੍ਰੀ ਦਾ ਮੇਲਾ ਸਾਡੇ ਨਾਲ ਵੇਖਣ।

ਬੀ:40 ਨੇ ਅੱਚਲ ਵਟਾਲੇ ਦੀ ਸਾਖੀ ਨੂੰ ਕੁਝ ਇਸ ਤਰਾਂ ਚਿਤ੍ਰਿਆ ਵਾ। ਇਥੇ ਫਿਰ ਕਲਾਕਾਰ ਭਾਈ ਮਰਦਾਨੇ ਨੂੰ ਵਿਖਾ ਰਿਹਾ ਹੈ ਜੋ ਗਲਤ ਹੈ।

ਭਗਵਾਨ ਸ਼ਿਵ ਨੂੰ ਮੰਨਣ ਵਾਲਿਆ ਲਈ ਫੱਗਣ ਸੁਦੀ 14 ਨੂੰ ਆਉਣ ਵਾਲਾ ਸ਼ਿਵਰਾਤਰੀ ਤਿਉਹਾਰ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ। ਇਸ ਰਾਤ ਨੂੰ ਕਹਿੰਦੇ ਹਨ ਅਰਾਧਨਾ ਵਿੱਚ ਲੱਗੇ ਜੋਗੀਆਂ ਨੂੰ ਸੁੰਨ ਅਵਸਥਾ ਦਾ ਗਿਆਨ ਹੋ ਜਾਂਦਾ ਹੈ। ਅੱਚਲ ਵਟਾਲੇ (ਜਾਂ ਬਟਾਲੇ) ਦੀ ਸ਼ਿਵਰਾਤ੍ਰੀ ਪੂਰੇ ਪੰਜਾਬ ਵਿੱਚ ਪ੍ਰਸਿੱਧ ਰਹੀ ਹੈ। ਬਟਾਲੇ ਤੋਂ 5 ਕਿ. ਮੀ. ਦੱਖਣ ਵਿੱਚ 9 ਵੀ ਸਦੀ ਈਸਵੀ ਦਾ ਅਚਲੇਸ਼ਵਰ (ਅੱਚਲ) ਮੰਦਰ ਹੈ। ਜੋਗਮਤ ਦਾ ਸਿਖਰ ਹੋਣ ਕਰਕੇ ਇਸ ਜੁਗ ਵਿੱਚ ਹੋਰਨੀ ਥਾਂਈ ਵੀ ਇਸ ਨਾਂ ਦੇ ਸ਼ਿਵ ਮੰਦਰ ਬਣੇ ਸਨ। ਲੋਧੀ ਸਲਤਨਤ ਕਾਲ ਵੇਲੇ ਇਸ ਮੰਦਰ ਨੂੰ ਵੀ ਨੁਕਸਾਨ ਪਹੁੰਚਾਇਆ ਗਇਆ ਸੀ। ਮੁੱਗਲੀਆ ਹਕੂਮਤ ਆਉਣ ਤੇ ਸ਼ੁਰੂ ਵਿੱਚ ਹਿੰਦੂ ਸ਼ਰਧਾਲੂਆਂ ਵਿੱਚ ਮੰਦਰਾਂ ਪ੍ਰਤੀ ਜੋਸ਼ ਵਧਿਆ ਸੀ।

ਫਰਵਰੀ/ਮਾਰਚ 1534 ਈ. ਦੀ ਗਲ ਹੈ। ਜੋਗੀਆਂ ਨੇ ਐਤਕਾਂ ਸ਼ਿਵਰਾਤ੍ਰੀ ਮੇਲੇ ਬਾਰੇ ਵਾਧੂ ਪ੍ਰਚਾਰ ਕੀਤਾ। ਉੱਜ ਵੀ ਅੱਚਲ ਦਾ ਮੇਲਾ ਖੂਬ ਪ੍ਰਸਿੱਧ ਹੁੰਦਾ ਸੀ। ਗੁਰੂ ਸਾਹਿਬ ਇਸ ਵੇਲੇ ਕਰਤਾਰਪੁਰ ਹੀ ਬਰਾਜੇ ਹੋਏ ਸਨ। ਭਾਈ ਲਹਿਣਾ ਤੇ ਹੋਰ ਗੁਰਸਿੱਖਾਂ ਨੂੰ ਨਾਲ ਲੈ ਕੇ ਸਾਹਿਬ ਵੀ ਅੱਚਲ ਦੇ ਮੇਲੇ ਵਿੱਚ ਪਹੁੰਚ ਗਏ। ਮੰਦਰ ਦੁਆਲੇ ਸੈਕੜੇ ਹੋਰ ਵੀ ਹੱਟੀਆਂ ਲੱਗੀਆਂ ਹੋਈਆਂ ਸਨ। ਫਿਰ ਸਭਿਆਚਾਰਕ ਪ੍ਰੋਗਰਾਮ ਕਰਨ ਵਾਲਾ ਹਰ ਕਲਾਕਾਰ ਅਜਿਹੇ ਮੇਲਿਆ ਵਿੱਚ ਪਹੁੰਚਿਆ ਕਰਦਾ ਸੀ। ਗੁਰੂ ਸਾਹਿਬ ਦਾ ਤੰਬੂ ਮੰਦਰ ਦੇ ਦੱਖਣ ਪਾਸੇ ਲੱਗਾ। ਕਿਉਕਿ 1534 ਈ. ਤੱਕ ਗੁਰੂ ਨਾਨਕ ਦੀ ਸ਼ੋਹਰਤ ਚੁਫੇਰੇ ਫੈਲ ਚੁੱਕੀ ਸੀ। ਬਚਨ ਸੁਣਨਾਂ ਜਾਂ ਰੂਹਾਨੀਅਤ ਦਾ ਗਿਆਨ ਲੈਣਾ ਵੱਖਰੀ ਗਲ, ਬਹੁਤੇ ਲੋਕ ਗੁਰੂ ਸਾਹਿਬ ਨੂੰ ਵੇਖਣ ਜਾਂ ਦਰਸ਼ਨ ਕਰਨ ਲਈ ਉਲਟ ਪਏ। ਗੁਰੂ ਸਾਹਿਬ ਬਾਬਤ ਲੋਕਾਂ ਦੀ ਖਿੱਚ ਕਾਰਨ ਜੋਗੀਆਂ ਨੂੰ ਬਹੁਤ ਈਰਖਾ ਹੋ ਗਈ।

ਸਾਰਾ ਸੋਚ ਸਮਝ ਕੇ ਉਹਨਾਂ ਫਿਰ ਚਮਤਕਾਰ ਵਿਖਾਉਣ ਦੀ ਨੀਤੀ ਅਪਣਾਈ। ਕਿਉਕਿ ਅੁਹਨਾਂ ਨੂੰ ਪਤਾ ਸੀ ਕਿ ਜੱਗੋਂ ਤੇਰਵੀ ਗਲ ਲਈ ਲੋਕ ਉਮੰਡ ਆਉਦੇ ਨੇ।

ਭਗਤੀਆਂ ਦੀ ਗਵਾਚੀ ਗੜ੍ਹਵੀ -ਗੁਰੂ ਸਾਹਿਬ ਦੇ ਨਾਲ ਦਾ ਅੱਡਾ ਭਗਤੀਆਂ (ਜਾਂ ਰਾਸਧਾਰੀਆਂ ਦਾ ਜੋ ਮੰਦਰ ਵਿੱਚ ਗਾਉਣ ਦਾ ਕੰਮ ਕਰਦੇ ਨੇ) ਦਾ ਸੀ। ਉਹ ਗਾ ਵਜਾ ਰਹੇ ਸਨ ਤੇ ਸ਼ਰਧਾਲੂ ਖੁਸ਼ ਹੋ ਹੋ ਉਹਨਾਂ ਦੀ ਗੜ੍ਹਵੀ ਵਿੱਚ ਪੈਸੇ ਪਾ ਦਿੰਦੇ ਸਨ। ਅੁਹਨਾਂ ਦੇ ਅੱਡੇ ਤੇ ਜੋਗੀਆਂ ਦਾ ਟੋਲਾ ਪਹੁੰਚਿਆ ਤੇ ਅੁਹਨਾਂ ਨੂੰ ਸੁਚੇਤ ਕੀਤਾ ਕਿ ਆਪਣੀ ਆਪਣੀ ਮਾਇਆ ਸਾਂਭ ਲਵੋ ਭਾਈ। ਭਗਤੀਏ ਸੁਚੇਤ ਤਾਂ ਸਨ ਪਰ ਫਿਰ ਵੀ ਉਹਨਾਂ ਦੀ ਪੈਸਿਆਂ ਵਾਲੀ ਗੜ੍ਹਵੀ ਚਾਣਚੱਕ ਅਲੋਪ ਹੋ ਗਈ। ਉਹਨਾਂ ਵਿੱਚ ਭੜਥੂ ਪੈ ਗਿਆ। ਗਾਣਾਂ ਵਜਾਣਾ ਜਾਂ ਭਗਤੀ ਭੁੱਲ ਕੇ ਉਹ ਲੱਗੇ ਵੈਣ ਪਾਉਣ ਕਿ ਜਿਸ ਕਿਸੇ ਨੇ ਵੀ ਗੜਵੀ ਚੁੱਕੀ ਹੈ ਉਸ ਦਾ ਸਤਿਆਨਾਸ ਹੋ ਜਾਵੇਗਾ। ਲੱਗੇ ਦੁਹਾਈਆ ਦੇਣ। ਜੋਗੀ ਮੁਸਕਰਾ ਰਹੇ ਸਨ। ਜਿਵੇ ਭਾਈ ਗੁਰਦਾਸ ਲਿਖਦੇ ਹਨ:-

ਮੇਲਾ ਸੁਣ ਸਿਵਰਾਤ ਦਾ ਬਾਬਾ ਅਚਲ ਵਟਾਲੇ ਆਈ॥
ਦਰਸਨ ਵੇਖਣ ਕਾਰਨੇ ਸਗਲੀ ਉਲਟ ਪਈ ਲੋਕਾਈ॥
ਲਗੀ ਬਰਸਨ ਲਛਮੀ ਰਿਧ ਸਿਧ ਨਉ ਨਿਧਿ ਸਵਾਈ॥
ਜੋਗੀ ਵੇਖ ਚਲਿਤ੍ਰ ਨੋਂ ਮਨ ਵਿਚ ਰਿਸਕ ਘਨੇਰੀ ਖਾਈ॥
ਭਗਤੀਆਂ ਪਾਈ ਭਗਤ ਆਨ ਲੋਟਾ ਜੋਗੀ ਲਇਆ ਛਪਾਈ॥
ਭਗਤੀਆਂ ਗਈ ਭਗਤ ਬੂਲ ਲੋਟੇ ਅੰਦਰ ਸੁਰਤ ਭੁਲਾਈ॥
ਬਾਬਾ ਜਾਣੀ ਜਾਣ ਪੁਰਖ ਕਢਿਆ ਲੋਟਾ ਜਹਾਂ ਲੁਕਾਈ॥
ਵੇਖ ਚਲਿਤ੍ਰ ਜੋਗੀ ਖੁਣਸਾਈ ॥

ਜਾਣੀ ਜਾਣ ਬਾਬੇ ਨੇ ਜਦੋਂ ਇਹ ਚੀਕ ਚਹਾੜਾ ਸੁਣਿਆ ਤਾਂ ਉਹ ਵੀ ਭਗਤੀਆਂ ਦੇ ਅੱਡੇ ਤੇ ਗਏ ਤਾਂ ਪੁੱਛ ਗਿੱਛ ਕੀਤੀ ਕਿ ਕੀ ਹੋ ਗਿਆ? ਜਦੋਂ ਬਾਬਾ ਪੁੱਛ ਰਿਹਾ ਸੀ ਤਾਂ ਜੋਗੀ ਕਿਲਕਾਰੀ ਮਾਰ ਰਹੇ ਸਨ, "ਬਾਬਾ ਜੇ ਤੂੰ ਜਾਣੀ ਜਾਣ ਹੈ ਤਾਂ ਕਰ ਇਹਨਾਂ ਗਰੀਬਾਂ ਦੀ ਮਦਦ।"

ਗੁਰੂ ਸਾਹਿਬ ਨੇ ਨਾਲ ਹੀ ਖੜੇ ਇੱਕ ਜੋਗੀ ਦੀ ਖੱਫਣੀ ਤੇ ਹੱਥ ਮਾਰਿਆ ਤੇ ਕਿਹਾ ਕਿ ਕੱਢ ਗੜਵੀ ਬਾਹਰ ਭਾਈ। ਜਿਵੇ ਗੜਵੀ ਬਾਹਰ ਆਈ ਸ਼ਰਮ ਨਾਲ ਜੋਗੀਆਂ ਦੇ ਰੰਗ ਉੱਡ ਗਏ।

ਜੋਗੀਆਂ ਕਿਹਾ ਕਿ ਅਸੀ ਗੜ੍ਹਵੀ ਦੇ ਹੀ ਦੇਣੀ ਸੀ, ਇਹ ਅਸੀ ਕਰਾਮਾਤ ਵਿਖਾ ਰਹੇ ਸੀ ਜੋ ਬਾਬਾ ਨਾਨਕ ਸਮਝ ਗਇਆ ਹੈ।

ਖਾਧੀ ਖੁਣਸ ਜੋਗੀਸਰਾਂ ਗੋਸਟ ਕਰਨ ਸਭੇ ਉਠ ਆਈ॥
ਪੁਛੇ ਜੋਗੀ ਭੰਗ੍ਰ ਨਾਥ ਤੁਹਿ ਦੁਧ ਵਿਚ ਕਿਉਂ ਕਾਂਜੀ ਪਾਈ॥
ਫਿਟਿ ਆ ਚਾਟਾ ਦੁਧ ਦਾ ਰਿੜਕਿਆਂ ਮਖਣ ਹਥ ਨ ਆਈ॥
ਭੇਖ ਉਤਾਰ ਉਦਾਸ ਦਾ ਵਤ ਕਿਉਂ ਸੰਸਾਰੀ ਰੀਤ ਚਲਾਈ॥
ਨਾਨਕ ਆਖੇ ਭੰਗ੍ਰਨਾਥ ਤੇਰੀ ਮਾਉ ਕੁਚੱਜੀ ਆਈ॥
ਭਾਂਡਾ ਧੋਇ ਨ ਜਾਤਿਓਨ ਭਾਇ ਕੁਚਜੇ ਫੁਲ ਸੜਾਈ॥
ਹੋਇ ਅਤੀਤ ਗ੍ਰਿਹਸਤ ਤਜ ਫਿਰ ਉਨ੍ਹੂੰ ਕੇ ਘਰ ਮੰਗਨ ਜਾਈ॥
ਬਿਨ ਦਿੱਤੇ ਕਿਛ ਹਥ ਨ ਆਈ ॥ (ਭਾਈ ਗੁਰਦਾਸ)

ਸ਼ਰਮਿੰਦੇ ਹੋਏ ਜੋਗੀਆਂ ਨੇ ਗੁਰੂ ਸਾਹਿਬ ਨੂੰ ਤਾਹਨੇ ਮਾਰਨੇ ਸ਼ੁਰੂ ਕਰ ਦਿੱਤੇ ਕਿ ਬਾਬਾ ਨਾਨਕ ਵੀ ਜੋਗੀ ਹੀ ਹੈ, ਇਸ ਕਰਕੇ ਇਹ ਕਰਾਮਾਤ ਦੇ ਗੁਰ ਜਾਣਦਾ ਹੈ। ਪਰ ਬਾਬਾ ਨਾਨਕ ਜੋਗ ਦਾ ਕਠਨ ਮਾਰਗ ਤਿਆਗ ਕੇ ਡਰਦਾ ਹੁਣ ਫਿਰ ਗ੍ਰਿਸਤੀ ਬਣ ਗਇਆ ਹੈ।"ਬਾਬਾ ਦੱਸ ਫਿਰ ਕਿਓ ਤੂੰ ਸੰਨਿਆਸ ਤਿਆਗਿਆ?"

ਗੁਰੂ ਸਾਹਿਬ ਨੇ ਕਿਹਾ ਜੋਗੀਓ ਤੁਹਾਡਾ ਤਾਂ ਸਿਧਾਂਤ ਹੀ ਗਲਤ ਹੈ। ਕੁੱਝ ਸੋਚੋ ਜਿਸ ਗ੍ਰਿਸਤ ਨੂੰ ਤੁਸੀ ਤਿਆਗ ਕੇ ਬਣਵਾਸੀ ਬਣੇ ਸੰਨਿਆਸ ਧਾਰਨ ਕੀਤਾ ਫਿਰ ਜਦੋਂ ਤੁਹਾਨੂੰ ਭੁੱਖ ਸਤਾਉਂਦੀ ਹੈ ਤਾਂ ਓਸੇ ਘਰ ਮੰਗਣ ਚਲੇ ਜਾਂਦੇ ਹੋ। ਕੁੱਝ ਤਾਂ ਸੋਚੋ! ਓਏ ਭੋਲਿਓ ਕੁੱਝ ਕਿਰਤ ਵਿਰਤ ਕਰੋ। ਦੁਨੀਆ ਦਾ ਦਸਤੂਰ ਹੈ ਬਿਨਾਂ ਕੁੱਝ ਦਿਤਿਆ ਕੁੱਝ ਹਾਸਲ ਨਹੀ ਹੁੰਦਾ।

ਇਹ ਸੁਣ ਕੇ ਜੋਗੀਆਂ ਨੂੰ ਹੋਰ ਖੁੰਦਕ ਆ ਗਈ, "ਵੇਖੋ ਇਸ ਬੇਦੀ ਪੁੱਤ੍ ਨੇ ਸਾਰੇ ਸ਼ਾਸਤ੍ ਨੂੰ ਗਲਤ ਆਖਿਆ ਹੈ। ਇਹ ਤਾਂ ਸੰਨਿਆਸ ਨੂੰ ਪਿਆ ਭੰਡ ਰਿਹਾ ਹੈ। ਇਹਨੇ ਅਜੇ ਜੋਗੀਆਂ ਦਾ ਵੇਖਿਆ ਹੀ ਕੀ ਹੈ?"

ਸਿੱਧਾਂ ਨੇ ਅਸਮਾਨ ਵਿੱਚ ਉੱਡਣਾਂ ਸ਼ੁਰੂ ਕਰ ਦਿੱਤਾ

ਸਿੱਧਾਂ ਨੇ ਕਰਾਮਾਤ ਵਿਖਾਉਣੀਆਂ ਸ਼ੁਰੂ ਕਰ ਦਿੱਤੀਆਂ

। ਆਪਣੀ ਆਪਣੀ ਤਾਕਤ ਦਾ ਲੱਗੇ ਮੁਜਾਹਰਾ ਕਰਨ।

ਇੱਕ ਕੰਧ ਤੇ ਬਹਿ ਗਇਆ ਤੇ ਕੰਧ ਨੂੰ ਹੀ ਦੁੜਾਈ ਫਿਰੇ।◈ ਇੱਕ ਜਣਾ ਸਰੋਵਰ ਦੇ ਪਾਣੀ ਉੱਤੇ ਤੁਰਨ ਲੱਗ ਪਿਆ। ਇੱਕ ਜਣਾ ਹਿਰਨ ਦੀ ਖੱਲ ਉਤੇ ਬਹਿ ਉਨ੍ਹੂੰ ਪਿਆ ਅਸਮਾਨ ਵਿੱਚ ਉੱਡਾਵੇ, ਕਹੇ ਦੱਸੋ ਕਿਹੜਾ ਤਾਰਾ ਤੋੜ ਲਿਆਵਾਂ? ਇਸ ਤਰਾਂ ਰੰਗ ਰੰਗ ਦੇ ਚਮਤਕਾਰ ਲੱਗੇ ਕਰਨ।

ਕਿਲਕਾਰੀਆਂ ਪਏ ਮਾਰਨ। ਗੁਰੂ ਸਾਹਿਬ ਨੂੰ ਕਹਿਣ ਲੱਗੇ 'ਗ੍ਰਿਸਤੀ ਨਾਨਕ ਵਿਖਾ ਕੋਈ ਚਮਤਕਾਰ ਜੇ ਤੇਰੇ ਪੱਲੇ ਕੁੱਝ ਹੈ ਈ ਤਾਂ? ਇੱਕ ਗੜ੍ਹਵੀ ਲੱਭ ਕੇ ਇਹ ਹੰਕਾਰ ਵਿੱਚ ਆ ਗਇਆ ਹੈ। ਗੁਰੂ ਸਾਹਿਬ ਨੂੰ ਲਲਕਾਰਿਆ ਕਿ ਇਹ ਤਾਂ ਵੰਨਗੀ ਸੀ। ਅਸਲ ਖੇਡ ਤਾਂ ਹੁਣ ਸ਼ੁਰੂ ਹੋਵੇਗੀ। ਹੁਣ ਵੇਖੀ ਤੂੰ ਰਿੱਧੀਆਂ ਸਿੱਧੀਆਂ ਦੀ ਜੋਗ ਕਰਾਮਾਤ! ਗੜ੍ਹਵੀ ਤਾਂ ਛੋਟੀ ਜਿਹੀ ਵਸਤੂ ਸੀ ਤੂੰ ਸਾਨੂੰ ਹੀ ਲੱਭ ਕੇ ਦਿਖਾ ਦਈ। "

ਗੁਰੂ ਸਾਹਿਬ ਕਿਹਾ ਅਸੀ ਤਾਂ ਗਰੀਬ ਨਿਮਾਣੇ ਗ੍ਰਿਸਤੀ ਬੰਦੇ ਹਾਂ, ਸਾਡੇ ਕੋਲ ਚਮਤਕਾਰ ਕਿਥੇ? ਅਸੀ ਤਾਂ ਰੱਬ ਦੀ ਰਜਾ ਦਾ ਹੋਕਾ ਦਿੰਦੇ ਹਾਂ। ਚਮਤਕਾਰ ਤਾਂ ਸਾਡੇ ਲਈ ਕਹਿਰ ਬਰਾਬਰ ਹੈ। ਜਿਵੇ ਭਾਈ ਗੁਰਦਾਸ ਲਿਖਦੇ ਹਨ:-

ਏਹ ਸੁਣ ਬਚਨ ਜੁਗੀਸਰਾਂ ਮਾਰ ਕਿਲਕ ਬਹੁ ਰੂਪ ਉਠਾਈ॥
ਖਟ ਦਰਸਨ ਕਉ ਖੇਦਿਆ ਕਲਿਜੁਗ ਬੇਦੀ ਨਾਨਕ ਆਈ॥
ਸਿਧ ਬੋਲਨ ਸਭ ਅਉਖਧੀਆਂ ਤੰਤ੍ ਮੰਤ੍ ਕੀ ਧੁਨੋ ਚੜ੍ਹਾਈ॥
ਰੂਪ ਵਟਾਇਆ ਜੋਗੀਆਂ ਸਿੰਘ ਬਾਘ ਬਹੁ ਚਲਿਤ ਦਿਖਾਈ॥
ਇਕ ਪਰ ਕਰਕੇ ਉਡਰਨ ਪੰਖੀ ਜਿਵੇਂ ਰਹੇ ਲੀਲਾਈ॥
ਇਕ ਨਾਗ ਹੋਇ ਪਵਨ ਛੋਡ ਇਕਨਾ ਵਰਖਾ ਅਗਨ ਵਸਾਈ॥
ਤਾਰੇ ਤੋੜੇ ਭੰਗ੍ਰਨਾਥ ਇਕ ਚੜ ਮਿਰਗਾਨੀ ਜਲ ਤਰ ਜਾਈ॥
ਸਿਧਾਂ ਅਗਨ ਨ ਬੁਝੇ ਬੁਝਾਈ ॥

ਸਿਧ ਬੋਲੇ ਸੁਨ ਨਾਨਕਾ ਤੁਹਿ ਜਗ ਨੂੰ ਕਰਾਮਾਤ ਦਿਖਲਾਈ॥
ਕੁੱਝ ਦਿਖਾਈਂ ਅਸਾਨੂੰ ਭੀ ਤੂੰ ਕਿਉਂ ਢਿਲ ਅਜੇਹੀ ਲਾਈ॥
ਬਾਬਾ ਬੋਲੇ ਨਾਥ ਜੀ ਅਸਾਂ ਵੇਖੇ ਜੋਗੀ ਵਸਤੁ ਨ ਕਾਈ॥
ਗੁਰ ਸੰਗਤ ਬਾਣੀ ਬਿਨਾ ਦੂਜੀ ਓਟ ਨਹੀਂ ਹੈ ਰਾਈ॥
ਸਿਵ ਰੂਪੀ ਕਰਤਾ ਪੁਰਖ ਚਲੇ ਨਾਹੀਂ ਧਰਤ ਚਲਾਈ॥
ਸਿਧ ਤੰਤ੍ ਮੰਤ੍ ਕਰ ਝੜ ਪਏ ਸਬਦ ਗੁਰੂ ਕੈ ਕਲਾ ਛਪਾਈ॥
ਦਦੇ ਦਾਤਾ ਗੁਰੂ ਹੈ ਕਕੇ ਕੀਮਤ ਕਿਨੈ ਨ ਪਾਈ॥
ਸੋ ਦੀਨ ਨਾਨਕ ਸਤਿਗੁਰ ਸਰਣਾਈ ॥

ਬਾਬਾ ਬੋਲੇ ਨਾਥ ਜੀ ਸਬਦ ਸੁਨਹੁ ਸਚ ਮੁਖਹੁ ਅਲਾਈ॥
ਬਾਜਹੁ ਸਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਾਹੀ॥
ਬਸਤਰ ਪਹਿਰੋਂ ਅਗਨਿ ਕੇ ਬਰਫ ਹਿਮਾਲੇ ਮੰਦਰ ਛਾਈ॥
ਕਰੋ ਰਸੋਈ ਸਾਰ ਦੀ ਸਗਲੀ ਧਰਤੀ ਨੱਥ ਚਲਾਈ॥
ਏਵਡ ਕਰੀ ਵਿਥਾਰ ਕਉ ਸਗਲੀ ਧਰਤੀ ਹੱਕੀ ਜਾਈ॥
ਤੋਲੀਂ ਧਰਤਿ ਆਕਾਸ ਦੁਇ ਪਿਛੇ ਛਾਬੇ ਟੰਕ ਚੜ੍ਹਾਈ॥
ਏਹ ਬਲ ਰਖਾਂ ਆਪ ਵਿਚ ਜਿਸ ਆਖਾਂ ਤਿਸ ਪਾਰ ਕਰਾਈ॥
ਸਤਿਨਾਮ ਬਿਨ ਬਾਦਰ ਛਾਈ ॥ (ਭਾਈ ਗੁਰਦਾਸ)

ਖੈਰ ਗੁਰੂ ਸਾਹਿਬ ਨੇ ਕਿਹਾ "ਹਾਂ ਠੀਕ ਹੈ ਸਿੱਧੋ! ਤੁਸੀ ਲੁਕੋ। ਅਸੀ ਕੋਸ਼ਿਸ਼ ਕਰਦੇ ਹਾਂ ਤੁਹਾਨੂੰ ਲੱਭਣ ਦੀ। "

ਸਿੱਧਾਂ ਨੇ ਝੱਟ ਰੂਪ ਵਟਾਏ

ਸਿੱਧਾਂ ਨੇ ਝੱਟ ਰੂਪ ਵਟਾ ਲਏ। ਕੋਈ ਸਰੋਵਰ ਵਿੱਚ ਡੱਡੂ ਬਣ ਗਿਆ, ਕੋਈ ਮੱਛੀ। ਕਿਸੇ ਨੇ ਗਾਂ ਦਾ ਰੂਪ ਧਾਰਨ ਕਰ ਲਿਆ, ਕੋਈ ਘੁੱਗੀ, ਕੋਈ ਕਬੂਤਰ, ਕੋਈ ਕਾਂ ਬਣ ਜਾ ਦਰੱਖਤਾਂ ਤੇ ਚੜੇ। ਕੋਈ ਮੱਖੀ ਬਣ ਗਿਆ ਅਤੇ ਕੋਈ ਮੱਛਰ।

ਇਨਾਂ ਦਾ ਮੁੱਖੀ ਭੰਗਰ ਨਾਥ ਕਹਿਣ ਲੱਗਾ "ਭਾਈ ਨਾਨਕ ਗ੍ਰਿਸਤੀ ਲੱਭ ਹੁਣ ਸਿੱਧਾਂ ਨੂੰ, ਜਿੰਨਾਂ ਨੇ ਸੰਨਿਆਸ ਦਾ ਕਠਨ ਮਾਰਗ ਜੀਵਨ ਭਰ ਨਹੀ ਤਿਆਗਿਆ। "

ਅੱਚਲ ਸਾਹਬਿ ਸੰਨ 1933ਈ. (ਸਾਈਕਲ ਯਾਤਰੀ)

ਗੁਰੂ ਸਾਹਿਬ ਪਹਿਲਾਂ ਸਰੋਵਰ 'ਚ

ਅੱਚਲ। ਬੇਰ ਸਾਹਿਬ। ਜਿਥੇ ਗੁਰੂ ਸਾਹਿਬ ਬਿਰਾਜੇ

ਗਏ। ਡੱਡੂ ਨੂੰ ਫੜਿਆ। ਭੰਗਰ ਨਾਥ ਦੇ ਸਾਹਮਣੇ ਲਿਆ ਰੱਖਿਆ, "ਆ ਆਪਣੇ ਅਸਲੀ ਰੂਪ ਵਿਚ, ਕਿਹੜਾ ਨਾਥ ਹੈ ਤੂੰ।"

ਨਿਮੋਝਾਣਾ ਹੋਇਆ ਸਿੱਧ ਆਪਣੇ ਗੁਰੂ ਭੰਗਰ ਨਾਥ ਦੇ ਸਾਹਮਣੇ ਮੂੰਹ ਹੇਠਾਂ ਕਰੀ ਖੜਾ ਸੀ।

ਸਾਹਿਬ ਨੇ ਹੁਣ ਸਰੋਵਰ ਵਿੱਚ ਟੁੱਬੀ ਮਾਰੀ ਤੇ ਦੂਸਰੇ ਸਿੱਧ ਨੂੰ ਬਾਹਰ ਲਿਆ ਕੱਢਿਆ। ਸ੍ਰੀ ਸ੍ਰੀ ਜੋਗੀ ਨਾਥ ਮੱਛੀ ਦਾ ਰੂਪ ਧਾਰਨ ਕਰੀ ਬੈਠਾ ਸੀ। ਭੰਗਰ ਨਾਥ ਦੇ ਸਾਹਮਣੇ ਮੱਛੀ ਲਿਆ ਰੱਖੀ। ਜਲ ਬਿਨਾਂ ਮੱਛੀ ਔਖਾ ਸਾਹ ਲੈ ਰਹੀ ਸੀ। ਸਾਹਿਬ ਨੇ ਕਿਹਾ ਸਿੱਧ ਜੀ ਆਪਣੇ ਰੂਪ ਵਿੱਚ ਆਓ। ਸਿੱਧ ਨਾਥ ਆਪਣੇ ਗੁਰੂ ਦੇ ਸਨਮੁੱਖ ਸੀ।

ਫਿਰ ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਹੁਕਮ ਕੀਤਾ ਕਿ ਪਿੱਪਲ ਦੇ ਉੱਤੇ ਚੜ੍ਹੋ। ਇਹ ਜਿਹੜੇ ਘੁੱਗੀਆਂ ਕਬੂਤਰ ਬਣੇ ਪਏ ਨੇ ਇਨਾਂ ਨੂੰ ਸਿਰੀਆਂ ਤੋਂ ਫੜ ਲਿਆਓ। ਇਹ ਉੱਡ ਨਹੀ ਸਕਣਗੇ। ਭਾਈ ਲਹਿਣੇ ਨੇ ਵਾਰੀ ਵਾਰੀ ਕਾਂ ਕਬੂਤਰ ਬਣੇ ਨਾਥ ਜੋਗੀ ਹੇਠਾਂ ਲਾਹ ਦਿੱਤੇ।

ਏਸੇ ਪ੍ਰਕਾਰ ਮੱਖੀ ਮੱਛਰ ਗਾਂ ਆਦਿ ਬਣੇ ਸਭ ਸਿੱਧ ਗੁਰੂ ਸਾਹਿਬ ਨੇ ਬੋਦੀਓਂ ਫੜ੍ਹ ਫੜ੍ਹ ਸਾਰੇ ਦਰਸ਼ਕਾਂ ਤੇ ਸਿੱਧ ਗੁਰੂ ਅੱਗੇ ਪੇਸ਼ ਕਰ ਦਿੱਤੇ।

ਇਤਿਹਾਸ ਵਿੱਚ ਆਉਦਾ ਹੈ ਕਿ ਜਦੋਂ ਗੁਰੂ ਸਾਹਿਬ ਇਹ ਭਾਲ ਕਰ ਰਹੇ ਸਨ ਤਾਂ ਭੰਗਰ ਨਾਥ ਨੇ ਅੱਖ ਚੁਰਾ ਕੇ ਸ਼ਹਿਜਾਦੇ ਦੀ ਰਬਾਬ ਲੁਕਾ ਲਈ।

ਸ਼ਹਿਜਾਦੇ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਬਾਬਾ ਜੀ ਮੇਰੀ ਰਬਾਬ ਗਾਇਬ ਹੈ।

ਗੁਰੂ ਸਾਹਿਬ ਨੇ ਐਲਾਨ ਕੀਤਾ ਕਿ ਭਾਈ ਹੁਣ ਹੋਰ ਜਿਆਦਾ ਨਹੀ ਜਿਸ ਕਿਸੇ ਨੇ ਰਬਾਬ ਲੁਕਾਈ ਹੈ ਉਹ ਪ੍ਰਗਟ ਕਰੇ ਨਹੀ

ਅੱਚਲੇਸ਼ਵਰ ਮੰਦਰ, ਬਟਾਲਾ
Google

ਤਾਂ ਉਨੂੰ ਜੁੱਤੀਆ ਦੀ ਸਜਾ ਮਿਲੇਗੀ। ਦੋ ਤਿੰਨ ਵਾਰੀ ਕਹਿਣ ਤੇ ਵੀ ਰਬਾਬ ਪੇਸ਼ ਨਹੀ ਕੀਤੀ ਗਈ।

ਕਿਹਾ ਜਾਂਦਾ ਹੈ ਕਿ ਉਸ ਵੇਲੇ ਫਿਰ ਗੁਰੂ ਸਾਹਿਬ ਨੇ ਆਪਣੀ ਜੁੱਤੀ ਲਾਹ ਕੇ ਹਵਾ ਵਿੱਚ ਉਛਾਲੀ। ਭੰਗਰ ਨਾਥ ਨੂੰ ਇਉ ਲੱਗ ਰਿਹਾ ਸੀ ਕਿ ਜਿਵੇ ਫਾੜ ਫਾੜ ਉਸ ਦੇ ਜੁੱਤੀਆਂ ਪੈ ਰਹੀਆਂ ਸਨ। ਭੰਗਰ ਨਾਥ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਬਾਬਾ ਜੀ ਆਹ ਜੁੱਤੀ ਨੂੰ ਰੋਕੋ ਮੈਂ ਰਬਾਬ ਪੇਸ਼ ਕਰਦਾ ਹਾਂ। ਉਸ ਤੁਰੰਤ ਰਬਾਬ ਪੇਸ਼ ਕਰ ਦਿੱਤੀ।

ਸਾਧੂ ਫਕੀਰਾਂ ਦੀ ਤਾਂ ਇਹ ਖੇਡ ਤਮਾਸ਼ਬੀਨ ਵੇਖ ਵੇਖ ਆਨੰਦ ਲੈ ਰਹੇ ਸਨ। ਕੋਈ ਜੋਗੀਆਂ ਦੀ ਤਾਰੀਫ ਕਰ ਰਿਹਾ ਸੀ, ਕੋਈ ਧੰਨ ਗੁਰੂ ਨਾਨਕ ਕਹਿ ਰਿਹਾ ਸੀ।

ਆਖੀਰ ਸਿੱਧਾਂ ਨੇ ਨਿਮਾਣੇ ਹੋ ਕੇ ਬੇਨਤੀ ਕੀਤੀ ਬਾਬਾ ਜੀ ਹੁਣ ਤੁਸੀ ਛੁਪੋ। ਅਸੀ ਤੁਹਾਨੂੰ ਲੱਭ ਕੇ ਦਿਖਾਵਾਂਗੇ। ਜਦੋਂ ਉਨਾਂ ਜਿੱਦ ਕੀਤੀ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਠੀਕ ਹੈ।

ਸਾਹਿਬ ਨੇ ਕਿਹਾ ਕਿ ਜੇ ਤੁਸੀ ਮੈਨੂੰ ਲੱਭ ਲਵੋ ਤਾਂ ਵਾਹ ਭਲਾ, ਨਹੀ ਇੱਕ ਟਕਾ ਮੇਰੇ ਸਥਾਨ ਤੇ ਰੱਖ ਕੇ ਅਰਦਾਸ ਕਰਨੀ, ਮੇਰਾ ਵਾਇਦਾ ਹੈ ਮੈਂ ਪ੍ਰਗਟ ਹੋ ਜਾਵਾਂਗਾ।

ਗੁਰੂ ਸਾਹਿਬ ਨੇ ਅੰਤਰ ਧਿਆਨ ਹੋ ਕੇ ਅਰਦਾਸ ਕੀਤੀ ਤਾਂ ਉਹ ਭੌਤਿਕ ਰੂਪ ਤੋਂ ਗਾਇਬ ਹੋ ਗਏ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਰਚਨਹਾਰ ਦੀ ਤਰਾਂ ਪੰਜਾਂ ਤੱਤਾਂ ਵਿੱਚ ਵਿਲੀਨ ਹੋ ਗਏ : ਹਵਾ ਨਾਲ ਹਵਾ, ਪਾਣੀ ਨਾਲ ਪਾਣੀ, ਧਰਤੀ, ਅਕਾਸ਼ ਅਤੇ ਅਗਨੀ।

ਸਿੱਧ ਜੋਗੀ ਬਥੇਰੀ ਝੱਖ ਮਾਰ ਹਟੇ ਪਰ ਅਕਾਲ ਰੂਪ ਹੋਣ ਕਰਕੇ ਬਾਬਾ ਨਾਨਕ ਕਿਥੇ ਦਿਸੇ। ਬਥੇਰਾ ਧਿਆਨ ਜਾਂ ਸੁਰਤ ਲਾ ਲਾ ਕੇ ਹਰ ਕਿਸੇ ਨੇ ਲੱਭਣ ਦੀ ਕੋਸ਼ਿਸ਼ ਕੀਤੀ ਪਰ ਗੁਰੂ ਸਾਹਿਬ ਨੂੰ ਲੱਭ ਨਹੀ ਸਕੇ।

ਅੰਤ ਫਿਰ ਓਸੇ ਤਰਾਂ ਕੀਤਾ ਜਿਵੇ ਗੁਰੂ ਸਾਹਿਬ ਨੇ ਹੁਕਮ ਕੀਤਾ ਸੀ। ਨਿਮਰਤਾ ਵਿੱਚ ਆ, ਇਕੱਠੇ ਹੋ ਅਰਦਾਸ ਕੀਤੀ ਕਿ ਬਾਬਾ ਜੀ ਅਸੀ ਹਾਰ ਗਏ ਹੁਣ ਦਰਸ਼ਨ ਦਿਓ।

ਗੁਰੂ ਸਾਹਿਬ ਹੱਥ ਬੰਨੀ ਸਿੱਧਾਂ ਦੇ ਸਨਮੁੱਖ ਸਨ। ਸਿੱਧ ਬੋਲ ਉਠੇ 'ਧੰਨ ਨਾਨਕ ਤੇਰੀ ਵੱਡੀ ਕਮਾਈ।'

ਬਾਬੇ ਕੀਤੀ ਸਿਧ ਗੋਸਟ ਸਬਦ ਸਾਂਤਿ ਸਿਧਾਂ ਵਿਚ ਆਈ ॥
ਜਿਣ ਮੇਲਾ ਸਿਵਰਾਤ ਦਾ ਖਟ ਦਰਸਨ ਆਦੇਸ ਕਰਾਈ॥
ਸਿਧ ਬੋਲਨ ਸੁਭ ਬਚਨ ਧੰਨ ਨਾਨਕ ਤੇਰੀ ਵਡੀ ਕਮਾਈ॥
ਵਡਾ ਪੁਰਖ ਪ੍ਰਗਟਿਆ ਕਲਿਜੁਗ ਅੰਦਰ ਜੋਤ ਜਗਾਈ॥ (ਭਾਈ ਗੁਰਦਾਸ)

ਸਿੱਧ ਜੋਗੀ ਸਭ ਨਿਮ੍ਰਤਾ ਵਿੱਚ ਆ ਗਏ। ਲੱਗੇ ਗੁਰੂ ਸਾਹਿਬ

ਅੱਗੇ ਬੇਨਤੀਆਂ ਕਰਨ ਕਿ "ਬਾਬਾ ਜੀ ਸਾਡੇ ਤੇ ਵੀ ਕਿਰਪਾ ਕਰੋ। ਸਾਨੂੰ ਵੀ ਉਹ ਗੁਰ ਬਖਸ਼ੋ ਜਿਸ ਰਾਂਹੀ ਤੁਸੀ ਅਜਿਹੀ ਅਲੌਕਿਕ ਸਿੱਧੀ ਹਾਸਲ ਕੀਤੀ ਹੈ। ਉਹ ਕੀ ਰਾਜ ਹੈ ਸਾਡੇ ਨਾਲ ਵੀ ਸਾਂਝਾ ਕਰੋ। ਅਸੀ ਤਾਂ ਰੱਬ ਦੀ ਦੌੜ ਵਿਚ ਜਿੰਦਗੀ ਗਾਲ ਲਈ ਹੈ। ਸਾਡੇ ਤੇ ਤਰਸ ਕਰੋ। "

ਗੁਰਦੁਆਰਾ ਬੇਰ ਸਾਹਿਬ ਅੱਚਲ ਬਟਾਲਾ

ਗੁਰੂ ਸਾਹਿਬ ਨੇ ਹੱਥ ਬੰਨ ਬੇਨਤੀ ਕੀਤੀ ਕਿ ਮੇਰੇ ਨਾਥ ਸਾਹਿਬਾਨ ਮੈਂ ਤਾਂ ਬਸ ਨਾਮ ਦੇ ਲੜ ਲੱਗਾਂ ਹਾਂ। ਸਿਫਤ ਸਲਾਹ ਹੀ ਮੇਰਾ ਮਾਰਗ ਹੈ ਹੋਰ ਕੋਈ ਕਰਾਮਾਤ ਨਹੀ। ਮੈਂ ਤਾਂ ਬਸ ਰਚਨਹਾਰ ਸਾਰੀ ਸ੍ਰਿਸਟੀ ਦੇ ਮਾਲਕ ਦਾ ਧਿਆਨ ਕਰ ਉਹਦੀ ਸਿਫਤ ਸਲਾਹ, ਵਡਿਆਈ ਹੀ ਕਰਦਾ ਹਾਂ। ਸਾਹਿਬ ਨੇ ਰਾਗ ਸੂਹੀ ਵਿੱਚ ਸ਼ਬਦ ਬੋਲਿਆ:

ਰਾਗੁ ਸੂਹੀ ਮਹਲਾ ੧ ਚਉਪਦੇ ਘਰੁ ੧

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥ ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥੧॥ ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥੧॥ ਰਹਾਉ ॥ ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇੜੁਉ ਨੀਦ ਨ ਆਵੈ ॥ ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ॥੨॥ ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ ॥ ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ ਬਿਧਿ ਸਾਹਿਬੁ ਰਵਤੁ ਰਹੈ ॥੩॥ ਕਹਦੇ ਕਹਹਿ ਕਹੇ ਕਹਿ ਜਾਵਹਿ ਤੁਮ ਸਰਿ ਅਵਰੁ ਨ ਕੋਈ ॥ ਭਗਤਿ ਹੀਣੁ ਨਾਨਕੁ ਜਨੁ ਜੰਪੈ ਹਉ ਸਾਲਾਹੀ ਸਚਾ ਸੋਈ ॥੪॥੧॥

ਸਿੱਧਾਂ ਕਿਹਾ ਬਾਬਾ ਜੀ ਤੁਸੀ ਰੱਬ ਦਾ ਰੂਪ ਹੋ

ਗੁਰੂ ਸਾਹਿਬ ਦੀਆਂ ਅਲੌਕਿਕ ਸ਼ਕਤੀਆਂ ਦਾ ਅਹਿਸਾਸ ਕਰਕੇ ਸਿੱਧਾਂ ਨੇ ਦੁਹਾਈ ਦੇ ਦਿੱਤੀ ਕਿ ਇਹ ਤਾਂ ਖੁੱਦ ਭਗਵਾਨ ਧਰਤੀ ਤੇ ਆਏ ਹੋਏ ਨੇ। ਇਸ ਤੇ ਗੁਰੂ ਸਾਹਿਬ ਨੇ ਵਿਰੋਧਤਾ ਜਿਤਾਈ ਤੇ ਕਿਹਾ ਕਿ ਦਰ ਅਸਲ ਜਿਸ ਕੀਟ ਤੇ ਅਕਾਲ ਪੁਰਖ ਰੀਝਦਾ ਹੈ ਉਸ ਨੂੰ ਆਪਣੀ ਵਡਿਆਈ ਕਰਨ ਦੀ ਤਾਕਤ ਬਖਸ਼ਦਾ ਹੈ। ਮੈਂ ਤਾਂ ਬਸ ਉਸ ਨਿਰੰਕਾਰ ਦਾ ਨਾਮ ਜਪਦਾ ਹੈ। ਬਾਕੀ ਕਰਨ ਕਰਾਵਨਹਾਰ ਆਪ ਨਿਰੰਕਾਰ ਹੈ। ਸਾਹਿਬ ਨੇ ਸਲੋਕ ਬੋਲਿਆ:

ਸਲੋਕੁ ਮਃ ੧ ॥ ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ ॥ ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ ॥ ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ ॥ ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ ॥ ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ ॥ ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ ॥ ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ ॥੧॥

ਤੇ ਫਿਰ ਬਾਬਾ ਜੀ ਉਹ ਸੱਚਖੰਡ ਕਿਥੇ ਹੈ: ਸਵੱਰਗ?●

ਜੋਗੀ ਸਿਧਾਂਤ ਦੇ ਖੰਡਣ ਬਾਰੇ ਇਥੇ ਵੀ ਜੋ ਗਲ ਬਾਤ ਹੋਈ ਉਹ ਸੁਮੇਰ ਪਰਬਤ ਤੇ ਹੋਈ ਗੋਸ਼ਟਿ ਬਰਾਬਰ ਹੀ ਸੀ। (ਵੇਖੋ ਸਫਾ 310) ਇਥੇ ਵੀ ਜੋਗੀ ਲਾਜਵਾਬ ਸਨ।

ਗੁਰੂ ਸਾਹਿਬ ਦਾ ਉਪਦੇਸ਼ ਸੁਣ ਸਿੱਧਾਂ ਆਪਸ ਵਿੱਚ ਕਿਹਾ ਕਿ ਕੀ ਅਸੀ ਸਾਰੀ ਉਮਰ ਰੇਤ ਹੀ ਛਾਣਦੇ ਰਹੇ ਹਾਂ? ਉਨਾਂ ਨੂੰ ਹੋਰ ਵੀ ਦੁਖ ਲੱਗਾ ਜਦੋਂ ਗੁਰੂ ਸਾਹਿਬ ਨੇ ਇਹ ਸੁਰਤ ਘੁਮਾਉਣ ਵਾਲੇ ਸਿਧਾਂਤ ਦਾ ਖੰਡਣ ਕੀਤਾ। ਉਨਾਂ ਨੂੰ ਪਤਾ ਲੱਗ ਗਇਆ ਕਿ ਸੱਚਖੰਡ ਉਹ ਨਹੀ ਜਿਹਦੀ ਕਲਪਣਾ ਅਸੀ ਕਰੀ ਗਏ ਤੇ ਖਿਆਲੀ ਪੁਲਾਅ ਪਕਾਉਦੇ ਪਕਾਉਦੇ ਬੁੱਢੇ ਹੋ ਗਏ। ਸਿੱਧਾਂ ਤੇ ਜੋਗੀਆਂ ਦੀਆਂ ਹੁਣ ਅੱਖਾਂ ਖੁੱਲ ਚੁੱਕੀਆਂ ਸਨ।

ਸਿੱਧਾਂ ਨੇ ਸਵਾਲ ਕੀਤਾ ਕਿ ਬਾਬਾ ਜੀ ਕੀ ਅਕਾਲ ਪੁਰਖ ਨਿਰੰਕਾਰ ਜੀਆਂ ਤੇ ਤਰਸ ਕਰਕੇ ਆਪਣੇ ਨਾਲ ਨਹੀ ਮਿਲਾਉਦਾ। ਵੇਖੋ ਨਾਂ ਅਸੀ ਤਾਂ ਸਾਰੀ ਉਮਰ ਉਹਦੀ ਯਾਦ ਵਿੱਚ ਕੱਢ ਦਿੱਤੀ ਹੈ। ਘਰ ਬਾਰ ਰਿਸ਼ਤੇ ਨਾਤੇ ਤਿਆਗੇ। ਠੀਕ ਹੈ ਸਾਡੀ ਪਹੁੰਚ ਗਲਤ ਰਹੀ ਹੈ ਮਤਲਬ ਜਿਹੜੇ ਸਿਧਾਂਤ ਨੂੰ ਅਸੀ ਮੰਨਦੇ ਆਏ ਹਾਂ ਉਹ ਅਧਾਰਹੀਣ ਹੈ ਪਰ ਸਾਡਾ ਇਰਾਦਾ ਤਾਂ ਨੇਕ ਰਿਹਾ ਹੈ।

ਗੁਰੂ ਸਾਹਿਬ ਨੇ ਕਿਹਾ ਅਕਾਲ ਪੁਰਖ ਨਿਰੰਕਾਰ ਸਾਰੇ ਜੀਵਾਂ ਤੇ ਤਰਸ ਕਰਦਾ ਹੈ। ਉਹ ਦਿਆਲੂ ਹੈ। ਜੋ ਤੁਹਾਡੀ ਭਾਵਨਾ ਹੁੰਦੀ ਹੈ ਉਹਦੇ ਮੁਤਾਬਿਕ ਫਲ ਵੀ ਦਿੰਦਾ ਹੈ। ਪਰ ਦੇਖੋ। ਤੁਹਾਡੀ ਤਾਂ ਸੋਚ ਹੀ ਨਿਰੰਕਾਰ ਦੀ ਹੋਂਦ ਬਾਰੇ ਅਧਾਰਹੀਣ ਰਹੀ ਹੈ। ਉਹ ਨਿਰੰਕਾਰ ਅਜੂਨੀ ਹੈ। ਤੁਸੀ ਦੇਵੀ ਦੇਵਤਿਆਂ ਨੂੰ ਹੀ ਸਭ ਕੁੱਝ ਸਮਝ ਲਿਆ। ਤੁਸੀ ਰਚਨਹਾਰ ਨੂੰ ਛੱਡ ਕੇ ਰਚਨਾ ਦੀ ਹੀ ਪੂਜਾ ਕੀਤੀ ਹੈ।

ਗੁਰੂ ਸਾਹਿਬ ਨੇ ਕਿਹਾ ਕਿ ਸਭ ਤੋਂ ਮਹੱਤਵਪੂਰਨ ਗੱਲ ਤੁਸੀ ਨਿਰੰਕਾਰ ਦੀ ਹੁਕਮ ਅਦੂਲੀ ਕੀਤੀ ਹੈ। ਉਹਦੇ ਭਾਣੇ ਨੂੰ ਨਹੀ ਮੰਨਿਆ। ਰਜਾ ਦਾ ਅਸੂਲ ਭੰਨਿਆਂ ਹੈ।

ਫਿਰ ਸਿੱਧਾਂ ਕਿਹਾ ਕਿ ਪਰ ਸਾਡਾ ਇਰਾਦਾ ਤਾਂ ਨੇਕ ਸੀ ?

ਗੁਰੂ ਸਾਹਿਬ ਨੇ ਇਸ ਵਕਤ ਫਿਰ ਗੁਰਬਾਣੀ ਬੋਲੀ:

ਆਖਣਿ ਜੋਰੁ ਚੁਪੈ ਨਹ ਜੋਰੁ ॥ ਜੋਰੁ ਨ ਮੰਗਣਿ ਦੇਣਿ ਨ ਜੋਰੁ ॥ ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥ ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥ ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ ਜੋਰੁ ਨ ਜੁਗਤੀ ਛੁਟੈ ਸੰਸਾਰੁ ॥ ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥੩੩

ਗੁਰੂ ਸਾਹਿਬ ਨੇ ਉਪਦੇਸ਼ ਕੀਤਾ ਕਿ ਜੇ ਤੁਸੀ ਸਮਝੋ ਕਿ ਖੁਦਕਸ਼ੀ ਕਰਕੇ ਅਕਾਲ ਪੁਰਖ ਨੂੰ ਖੁਸ਼ ਕਰ ਲਵੋਗੇ ਤਾਂ ਇਹ ਤੁਹਾਡਾ ਭੁਲੇਖਾ। ਉਹ ਉਲਟਾ ਨਰਾਜ ਹੁੰਦਾ ਹੈ। ਨਿਰੰਕਾਰ ਦੀ ਖੁਸ਼ੀ ਉਹਦੀ ਰਜਾ ਵਿੱਚ ਰਹਿਣ ਤੇ ਹੈ ਤੇ ਉਹਦੇ ਨਾਲ ਮੇਲ ਉਹਦੀ ਬਖਸ਼ਸ਼ ਸਦਕਾ ਹੀ ਹੋ ਸਕਦਾ ਹੈ। ਕਿਸੇ ਬਖਸ਼ੇ ਹੋਏ ਦੀ ਰੀਸ ਕਰਕੇ ਵੀ ਤੁਸੀ ਉਸ ਤੱਕ ਨਹੀ ਪਹੁੰਚ ਸਕਦੇ।

ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥ ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥

ਪਰ ਬਾਬਾ ਜੀ ਉਹ ਵਸਦਾ ਕਿਥੇ ਹੈ? ਸਿੱਧਾਂ ਪੁੱਛਿਆ।

ਉਹ ਕਿਸੇ ਸਤਵੇ ਅਸਮਾਨ ਤੇ ਬਿਰਾਜਮਾਨ ਨਹੀ। ਗੁਰੂ ਸਾਹਿਬ ਨੇ ਕਿਹਾ ਉਹ ਨਿਰੰਕਾਰ ਸਾਡੇ ਅੰਗ ਸੰਗ ਹੈ। ਜਰੂਰਤ ਹੈ ਉਹਨੂੰ ਪਛਾਨਣ ਦੀ। ਆਪਣਾ ਹਊਮੈ ਦਾ ਪੜਦਾ ਹਟਾਉਣਾ ਪਵੇਗਾ।

ਧਰਤੀ ਧਰਮਸਾਲ

ਜੋਗੀ ਲੋਕ ਸੁਰਤ ਰਾਂਹੀ ਸਚਖੰਡ ਪਹੁੰਚਣ ਵਿਚ ਲੱਗੇ ਰਹਿੰਦੇ ਹਨ। ਗੁਰੂ ਸਾਹਿਬ ਨੇ ਉਪਦੇਸ਼ ਕੀਤਾ ਕਿ ਸੱਚਖੰਡ ਕਿਸੇ ਦੂਸਰੇ ਗ੍ਰਿਹ ਤੇ ਨਹੀ। ਸੱਚਖੰਡ ਇਥੇ ਹੀ ਹੈ।

ਧਰਮ ਕਮਾਉਣ ਵਾਸਤੇ ਤੁਹਾਨੂੰ ਸਵੱਰਗਾਂ ਵਿੱਚ ਜਾਣ ਦੀ ਜਰੂਰਤ ਨਹੀ। ਇਹ ਜੀਵਨ, ਇਹ ਧਰਤੀ ਹੀ ਧਰਮਸਾਲ ਹੈ। ਇਥੇ ਹੀ ਨਿਰੰਕਾਰ ਦਾ ਉਹ ਮਹਾਨ ਜਬਰਦਸਤ ਖੇਲ ਚਲ ਰਿਹਾ ਹੈ। ਜਿਸਨੂੰ ਨਿਰੰਕਾਰ ਮਸਤੀ ਦੇ ਆਲਮ ਵਿੱਚ ਵੇਖ ਵਿਸਮਾਦ ਹੋਈ ਜਾ ਰਿਹਾ ਹੈ। ਰੰਗ ਰੰਗ ਦੇ ਜੀਅ, ਵੱਡੇ ਵੱਡੇ ਦੇਵੀ ਦੇਵਤੇ ਸਿੱਧ ਬੁਧ ਨਾਥ ਇਥੇ ਹੀ ਹੋਏ ਨੇ। ਬ੍ਰਹਮਾ ਵਰਗੇ ਭਗਵਾਨ ਇਥੇ ਹੀ ਹਰ ਵੇਲੇ ਰਚਨਾ ਵਿੱਚ ਲੱਗੇ ਰਹਿੰਦੇ ਨੇ। ਇਥੇ ਹੀ ਸੂਰਮੇ ਆਪਣੇ ਆਪਣੇ ਅਕੀਦੇ ਖਾਤਰ ਜਾਨਾਂ ਵਾਰ ਰਹੇ ਨੇ। ਪੌਣ, ਪਾਣੀ, ਅਗਨੀ ਦਾ ਖੇਲ ਚਲ ਰਿਹਾ ਹੈ। ਸੋ ਜਿਹੜੇ ਖੰਡਾਂ ਬ੍ਰਹਮੰਡਾਂ ਦੀ ਗਲ ਸੁਣਦੇ ਹੋ ਉਹ ਸਭ ਇਥੇ ਹੀ ਹਨ। ਰੋਸ਼ਨੀ ਲਈ ਅਨੇਕਾਂ ਸੂਰਜ ਚੰਦਰਮਾ ਆਪਣਾ ਫਰਜ ਨਿਭਾ ਰਹੇ ਨੇ। ਜਦੋਂ ਤੁਹਾਡਾ ਗਿਆਨ ਪ੍ਰਚੰਡ ਹੋਵੇਗਾ ਫਿਰ ਇਸ ਸਾਰੀ ਖੇਡ ਦੀ ਸਮਝ ਆ ਜਾਏਗੀ ਜੋ ਨਿਰੰਤਰ ਚਲ ਰਹੀ ਹੈ। ਸੱਚ ਦੀ ਅਵਸਥਾ ਤੇ ਆ ਕੇ ਤੁਹਾਨੂੰ ਨਿਰੰਕਾਰ ਦੇ ਸਾਰੇ ਡਰਾਮੇ ਦੀ ਸਮਝ ਆ ਜਾਏਗੀ ਅਤੇ ਉਹਦੀ ਹੋਂਦ ਦਾ ਖੁਦ ਨੂੰ ਹੀ ਅਹਿਸਾਸ ਹੋ ਜਾਵੇਗਾ ਜਿਸ ਦਾ ਦਰ ਅਸਲ ਬਿਆਨ ਕੀਤਾ ਹੀ ਨਹੀ ਜਾ ਸਕਦਾ। ਇਹ ਤਾਂ ਉਹ ਅਨੁਭਵ ਹੈ ਜੋ ਤੁਸੀ ਖੁਦ ਹੀ ਮਹਿਸੂਸ ਕਰੋਗੇ।

ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥ ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ ॥ ਕਰਮੀ ਕਰਮੀ ਹੋਇ ਵੀਚਾਰੁ ॥ ਸਚਾ ਆਪਿ ਸਚਾ ਦਰਬਾਰੁ ॥ ਤਿਥੈ ਸੋਹਨਿ ਪੰਚ ਪਰਵਾਣੁ ॥ ਨਦਰੀ ਕਰਮਿ ਪਵੈ ਨੀਸਾਣੁ ॥ ਕਚ ਪਕਾਈ ਓਥੈ ਪਾਇ ॥ ਨਾਨਕ ਗਇਆ ਜਾਪੈ ਜਾਇ ॥੩੪॥ ਧਰਮ ਖੰਡ ਕਾ ਏਹੋ ਧਰਮੁ ॥ ਗਿਆਨ ਖੰਡ ਕਾ ਆਖਹੁ ਕਰਮੁ ॥ ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥ ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥ ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥ ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥ ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥ ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥ ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥ ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥ ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥ ਤਿਥੈ ਨਾਦ ਬਿਨੋਦ ਕੋਡ ਅਨੰਦੁ ॥ ਸਰਮ ਖੰਡ ਕੀ ਬਾਣੀ ਰੂਪੁ ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥ ਤਾ ਕੀਆ ਗਲਾ ਕਥੀਆ ਨਾ ਜਾਹਿ ॥ ਜੇ ਕੋ ਕਹੈ ਪਿਛੈ ਪਛੁਤਾਇ ॥ ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥ ਕਰਮ ਖੰਡ ਕੀ ਬਾਣੀ ਜੋਰੁ ॥ ਤਿਥੈ ਹੋਰੁ ਨ ਕੋਈ ਹੋਰੁ ॥ ਤਿਥੈ ਜੋਧ ਮਹਾਬਲ ਸੂਰ ॥ ਤਿਨ ਮਹਿ ਰਾਮੁ ਰਹਿਆ ਭਰਪੂਰ ॥ ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ ਤਾ ਕੇ ਰੂਪ ਨ ਕਥਨੇ ਜਾਹਿ ॥ ਨਾ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥ ਤਿਥੈ ਭਗਤ ਵਸਹਿ ਕੇ ਲੋਅ ॥ ਕਰਹਿ ਅਨੰਦੁ ਸਚਾ ਮਨਿ ਸੋਇ ॥ ਸਚ ਖੰਡਿ ਵਸੈ ਨਿਰੰਕਾਰੁ ॥ ਕਰਿ ਕਰਿ ਵੇਖੈ ਨਦਰਿ ਨਿਹਾਲ ॥ ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥ ਤਿਥੈ ਲੋਅ ਲੋਅ ਆਕਾਰ ॥ ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥ ਵੇਖੈ ਵਿਗਸੈ ਕਰਿ ਵੀਚਾਰੁ ॥ ਨਾਨਕ ਕਥਨਾ ਕਰੜਾ ਸਾਰੁ ॥੩੭॥

ਸਿੱਧ ਨਾਥ ਸਭ ਗਦ ਗਦ ਹੋ ਗਏ। ਧੰਨ ਗੁਰੂ ਨਾਨਕ। ਧੰਨ ਬਾਬਾ ਨਾਨਕ ਦਾ ਜੈਕਾਰੇ ਉਠ ਰਹੇ ਸਨ।

ਸਿੱਧਾਂ ਪੁੱਛਿਆ ਬਾਬਾ ਜੀ ਦੱਸੋ ਹੁਣ ਸਾਡੇ ਲਈ ਕੀ ਹੁਕਮ ਹੈ। ਅਸੀ ਹੁਣ ਕੀ ਕਰੀਏ? ਬਾਬਾ ਜੀ ਨੇ ਕਿਹਾ ਕਿ ਹੁਣ ਤਾਂ ਸਵਾਲ ਬਚਣੇ ਹੀ ਨਹੀ ਚਾਹੀਦੇ। ਕਿਉਕਿ ਜਵਾਬ ਰਜਾ ਵਿੱਚ ਹੈ। ਸਿੱਧਾਂ ਦੇ ਦਿਮਾਗ ਜਗ ਮਗਾ ਗਏ। ਜੁੱਟ ਗਏ ਇੱਕ ਸਰਬਵਿਆਪਕ ਨਿਰੰਕਾਰ ਦੇ ਪ੍ਰਚਾਰ ਵਿਚ।

ਫਿਰ ਜਦੋਂ ਮੇਲਾ ਉਜੜਿਆ

ਬਟਾਲੇ ਵਿੱਚ ਪਹਿਲਾਂ ਵੀ ਕੁੱਝ ਲੋਕਾਂ ਨੇ ਗੁਰੂ ਸਾਹਿਬ ਦੀ ਮਖਾਲਫਤ ਕੀਤੀ ਸੀ। ਜਦੋਂ ਪਤਾ ਲੱਗਾ ਕਿ ਅੱਚਲ ਜੋਗੀਆਂ ਦੇ ਮਹੰਤ ਨੂੰ ਜੁੱਤੀਆਂ ਪਈਆਂ ਹਨ ਤਾਂ ਕੁੱਝ ਲੋਕਾਂ ਨੇ ਇਸ ਦਾ ਵਿਰੋਧ ਕੀਤਾ। ਫਿਰ ਜਦੋਂ ਸਾਰੀ ਗਲ ਸਾਫ ਹੋ ਗਈ ਕਿ ਇਹ ਓਹੋ ਗੁਰੂ ਨਾਨਕ ਹੀ ਹੈ ਜਿਸ ਨੇ ਹਿੰਦੂ ਰਹੁ ਰੀਤਾਂ ਦਾ ਖੰਡਨ ਕੀਤਾ ਹੈ ਤਾਂ ਕੁੱਝ ਫਿਰਕਾਪ੍ਰਸਤ ਇਕੱਠੇ ਹੋ ਕੇ ਗੁਰੂ ਸਾਹਿਬ ਦਾ ਵਿਰੋਧ ਕਰਨ ਅੱਚਲ ਪਹੁੰਚ ਗਏ। ਖੁੱਦ ਸਿੱਧ ਜੋਗੀਆ ਨੇ ਇਨਾਂ ਫਿਰਕਾਪ੍ਰਸਤ ਵਿਰੋਧੀਆਂ ਨੂੰ ਅਜਿਹਾ ਕਰਨ ਤੋਂਵਰਜਿਆ ਪਰ ਫਿਰ ਵੀ ਇਹ ਗੁਰੂ ਸਾਹਿਬ ਦੀ ਵਿਰੋਧਤਾ ਕਰੀ ਗਏ। ◘

ਇਨਾਂ ਵਿਰੋਧੀਆਂ ਵਿੱਚ ਮੁਖ ਤੌਰ ਤੇ ਇੱਕ ਮਰਵਾਹਾ ਖੱਤਰੀ ਸੀ ਜਿਸ ਦੀ ਪਿੱਠ ਤੇ ਕੁੱਝ ਬ੍ਰਾਹਮਣ ਸਨ। ਗੁਰੂ ਸਾਹਿਬ ਦੀ ਬਟਾਲਾ ਦੀ ਇੱਕ ਪਹਿਲੀ ਫੇਰੀ ਵੇਲੇ ਇਸ ਮਰਵਾਹੇ ਨੇ ਵਿਰੋਧਤਾ ਕੀਤੀ ਸੀ। ◘

ਓਧਰ ਹਫਤਾ ਦਸ ਦਿਨ ਚਲੇ ਇਸ ਮੇਲੇ ਵਿੱਚ ਰੌਣਕਾਂ ਵੀ ਹੁਣ ਖਤਮ ਹੋ ਚੁੱਕੀਆ ਸਨ। ਗੁਰੂ ਸਾਹਿਬ ਨੇ ਫਿਰ ਸਿੱਖਾਂ ਨੂੰ ਕੂਚ ਕਰਨ ਦਾ ਹੁਕਮ ਦੇ ਦਿੱਤਾ ਤੇ ਕਰਤਾਰਪੁਰ ਨੂੰ ਰਵਾਨਾ ਹੋ ਗਏ।

—▲—

ਪੈਂਡਾ ਸਫਾ

*ਬੀ:40-104, ਸੋਢੀ:2- 69, ਬਾਲਾ-262, ਅਤੇ ਮਨੀ ਸਿੰਘ- 564 ਅਤੇ 595 ਦੇ ਆਧਾਰ ਤੇ

ਧਿਆਨ ਰਹੇ ਗੁਰੂ ਗ੍ਰੰਥ ਸਾਹਿਬ ਵਿੱਚ ਜਿਹੜੀ ਸਿਧ ਗੋਸਟਿ ਬਾਣੀ ਹੈ ਉਹ ਸੁਮੇਰ ਪਰਬਤ ਤੇ ਉਚਾਰੀ ਗਈ ਹੈ। ਭਾਈ ਗੁਰਦਾਸ ਅਤੇ ਭਾਈ ਮਨੀ ਸਿੰਘ ਸਾਹਿਬਾਨ ਇਸ ਬਾਣੀ ਦਾ ਅੱਚਲ ਬਟਾਲੇ ਵਿਖੇ ਉਚਾਰਿਆ ਜਾਣਾ ਲਿਖਿਆ ਹੈ ਪਰ ਖੁੱਦ ਇਸ ਬਾਣੀ ਤੋਂ ਸਾਬਤ ਹੁੰਦਾ ਹੈ ਕਿ ਬਾਣੀ ਸੁਮੇਰ ਤੇ ਹੀ ਰਚੀ ਗਈ ਸੀ। ਜਨਮ ਸਾਖੀਆਂ ਵੀ ਸੁਮੇਰ ਤੇ ਹੀ ਰਚਣ ਦੀ ਗਲ ਕਰਦੀਆਂ ਹਨ। ਕਈ ਪ੍ਰਸਿੱਧ ਵਿਦਵਾਨਾਂ ਜਿੰਨਾਂ ਡੂੰਘਾਈ ਵਿੱਚ ਜਾ ਕੇ ਜੀਵਨੀ ਤੇ ਕੰਮ ਕੀਤਾ ਉਨਾਂ ਇਹੋ ਸਾਬਤ ਕੀਤਾ ਹੈ ਕਿ ਬਾਣੀ ਸੁਮੇਰ ਤੇ ਰਚੀ ਗਈ ਸੀ।

○ ਇਨਾਂ ਹੀ ਦਿਨਾਂ ਵਿੱਚ ਫਿਰ ਨੇੜੇ ਦੇ ਕਸਬੇ ਕਲਾਨੌਰ ਵਿੱਚ ਕਾਲੇਸ਼ਵਰ ਸ਼ਿਵ ਮੰਦਰ ਬਣਾਇਆ ਗਇਆ ਸੀ।

ਸਿੱਖ ਰਾਜ ਵੇਲੇ ਫਿਰ ਬਟਾਲੇ ਦੇ ਭੰਡਾਰੀ ਸਿੱਖ ਪ੍ਰਵਾਰ ਨੇ ਇਸ ਮੰਦਰ ਨੂੰ ਦੁਬਾਰਾ ਬਣਵਾਇਆ। ਜਿਵੇ ਫਿਰ ਓਨੀ ਦਿਨੀ ਹੁੰਦਾ ਸੀ, ਮੰਦਰ ਅੰਦਰ ਚਿਤ੍ਰਕਾਰੀ ਵੀ ਕਰਵਾਈ ਜਿਸ ਵਿੱਚ ਸਿੱਖ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਵੀ ਬਣਵਾਈਆਂ।

⊙ ਅੱਚਲ ਮੇਲਾ ਸ਼ਿਵਰਾਤਰੀ ਤੇ ਲਗਦਾ ਹੈ। ਸਾਲ 1534 ਈ. ਸਾਡਾ ਅੰਦਾਜ਼ਾ ਹੈ।

◈ ਅੰਮ੍ਰਿਤਸਰ ਤੋਂ ਦੱਖਣ ਪਾਸੇ 16 ਕਿ. ਮੀ ਚੇਤਨਪੁਰਾ ਪਿੰਡ ਵਿਖੇ ਅਜਿਹੇ ਹੀ ਇੱਕ ਸਿੱਖ ਜੋਗੀ ਦਾ ਗੁਰਦੁਆਰਾ ਹੈ ਜਿਸ ਨੇ ਕੰਧ ਉੱਡਾਈ ਸੀ। ਇਹ ਪਿੰਡ ਬਟਾਲਾ ਤੋਂ 30 ਕਿ. ਮੀ. ਪੱਛਮ ਵਿੱਚ ਹੈ।

● ਸੋਢੀ:2- 125, ◘ ਬਾਲਾ-260

ਬਾਬ-65

ਬਾਬਾ ਬੁੱਢਾ, ਫੈਲਸੂਫ, ਉਮਰੇ ਖਾਨ ਅਤੇ ਅਦਰਮਾਨ

ਕਰਤਾਰਪੁਰ ਤੋਂ ਰਮਦਾਸ, ਧਰਮਕੋਟ, ਸੌੜੀਆਂ, ਵੈਰੋਕੇ ਤੋਂ ਲਹੌਰ ਵਲ।ਵੇਰਕਾ

ਬਾਬਾ ਬੁੱਢਾ- ਕਰਤਾਰਪੁਰ ਤੋਂ ਗੁਰੂ ਸਾਹਿਬ ਲਹੌਰ ਨੂੰ ਨਿਕਲੇ। ਜਿਸ ਪ੍ਰਕਾਰ ਰਮਦਾਸ, ਧਰਮਕੋਟ, ਸੌੜੀਆਂ ਅਤੇ ਵੈਰੋਕੇ ਵਿਖੇ ਗੁਰੂ ਸਾਹਿਬ ਦੇ ਚਰਨ ਪੈਣ ਦੇ ਸਬੂਤ ਮਿਲਦੇ ਹਨ ਉਸ ਤੋਂ ਸਾਬਤ ਹੁੰਦਾ ਹੈ ਕਿ ਗੁਰੂ ਸਾਹਿਬ ਆਪਣੀਆ ਯਾਤਰਾਵਾਂ ਮੌਕੇ ਸਿੱਧਾ (ਸ਼ਾਰਟ ਕਟ) ਰਸਤਾ ਅਖਤਿਆਰ ਕਰਦੇ ਸਨ। ਮੰਨਣਾ ਪਵੇਗਾ ਕਿ ਓਨੀ ਦਿਨੀ ਵੀ ਨਕਸ਼ੇ ਦਾ ਇਸਤੇਮਾਲ ਹੁੰਦਾ ਸੀ।

ਗੁਰੂ ਸਾਹਿਬ ਨਾਲ ਇਕ ਦੋ ਸਿੱਖ ਹੋਰ ਵੀ ਸਨ।* ਮਾਘ ਫੱਗਣ ਦੇ ਦਿਨ ਸਨ। ਹਾਲਾਂ ਗੁਰੂ ਸਾਹਿਬ ਨੇ ਕਰਤਾਰਪੁਰ ਵਿਖੇ ਆ ਸਾਧੂਆਂ ਫਕੀਰਾਂ ਵਾਲਾ ਲਿਬਾਸ ਤਿਆਗ ਦਿੱਤਾ ਸੀ, ਫਿਰ ਵੀ ਯਾਤਰਾਵਾਂ ਮੌਕੇ ਉਹ ਜੋਗੀ/ਫਕੀਰ ਜਿਹਾ ਲਿਬਾਸ ਪਾ ਕੇ ਹੀ ਨਿਕਲਦੇ ਸਨ। ਸਾਹਿਬ ਕਰਤਾਰਪੁਰ ਤੋਂ ਪੱਖੋਕੇ ਠੇਠਰਕੇ (ਧਰਮਕੋਟ ਰੰਧਾਵਾ) ਤੋਂ ਗੱਗੋਮਾਹਲ ਹੁੰਦੇ ਹੋਏ ਪਿੰਡ ਰਮਦਾਸ ਦੇ ਬਾਹਰਵਾਰ ਖੂਹ ਤੇ ਜਾ ਬਿਰਾਜੇ।

ਪਿੰਡ ਵਿੱਚ ਸਾਧੂਆਂ ਦੇ ਆਉਣ ਦੀ ਜਦੋਂ ਗਲ ਚਲੀ ਤਾਂ 20-25 ਸਾਲਾਂ ਦੇ ਬੂੜਾ ਨਾਂ ਦੇ ਜਵਾਨ ਮੁੰਡੇ ਦੇ ਮੰਨ ਵਿੱਚ ਸੇਵਾ ਭਾਵ ਜਾਗਿਆ। ਦੁੱਧ ਦੀ ਗੜ੍ਹਵੀ ਲੈ ਜਾ ਕੇ ਸਾਧੂਆਂ ਨੂੰ ਆ ਮੱਥਾ ਟੇਕਿਆ।

ਗੁਰੂ ਸਾਹਿਬ ਇਸ ਜਵਾਨ ਦੀ ਸੇਵਾ ਭਾਵਨਾ ਤੋਂ ਬੜੇ ਪ੍ਰਭਾਵਤ ਹੋਏ ਤੇ ਉਸ ਨਾਲ ਗੱਲਾਂ ਬਾਤਾਂ ਸ਼ੁਰੂ ਕਰੀਆਂ। ਗੁਰੂ ਸਾਹਿਬ ਨੇ ਮਹਿਸੂਸ ਕੀਤਾ ਕਿ ਇਸ ਜਵਾਨ ਨੂੰ ਰੂਹਾਨੀਅਤ ਦੀ ਕਾਫੀ ਸੋਝੀ ਹੈ।

ਗੁਰਦੁਆਰਾ ਸਮਾਧ ਬਾਬਾ ਬੁੱਢਾ ਜੀ ਰਮਦਾਸ। 1933 ਵਿਚ ਇਹ ਅਸਥਾਨ ਗੁਰੂ ਨਾਨਕ ਪਾਤਸ਼ਾਹ ਦੀ ਚਰਨ ਛੋਹ ਕਰਕੇ ਪ੍ਰਸਿੱਧ ਸੀ। ਅੱਜ ਗੁਰੂ ਨਾਨਕ ਦਾ ਨਾਂ ਇਸ ਅਸਥਾਨ ਤੋਂ ਮਿੱਟ ਚੁੱਕਾ ਹੈ ਤੇ ਸਿਰਫ ਸਮਾਧ ਬਾਬਾ ਬੁੱਢਾ ਜੀ ਕਰਕੇ ਹੀ ਜਾਣਿਆ ਜਾਂਦਾ। ਸ਼੍ਰੋਮਣੀ ਕਮੇਟੀ ਦੇ ਰੰਗ ਢੰਗ ਨਿਆਰੇ।

ਪੈਂਡਾ ਸਫਾ

* ਬਾਲੇ ਨੇ ਲਿਖਿਆ ਕਿ ਇਸ ਯਾਤਰਾ 'ਚ ਬਾਲਾ, ਅਜਿਤਾ ਰੰਧਾਵਾ ਅਤੇ ਬਾਬਾ ਬੁੱਢਾ ਗੁਰੂ ਸਾਹਿਬ ਦੇ ਨਾਲ ਸਨ। ਉਂਜ ਬਾਬਾ ਬੁੱਢਾ ਜੀ ਦੀ ਜੀਵਨੀ ਦੇਖਣ ਤੋਂ ਪਤਾ ਲਗਦਾ ਹੈ ਕਿ ਉਹ ਪਹਿਲੀ ਵਾਰ ਗੁਰੂ ਸਾਹਿਬ ਨੂੰ 1518 ਈ. ਨੂੰ ਮਿਲੇ ਸਨ। ਪਰ ਏਸੇ ਜੀਵਨੀ ਵਿਚ ਦਰਜ ਹੈ ਕਿ ਬੁੱਢਾ ਗੁਰੂ ਸਾਹਿਬ ਨਾਲ ਬਾਬਰ ਦੇ ਹਮਲੇ ਦੌਰਾਨ ਹੋਈ ਬਰਬਾਦੀ ਦੀ ਵੀ ਗਲ ਕਰਦਾ ਹੈ। ਸੰਭਾਵਨਾ ਇਹੋ ਹੈ ਕਿ ਬਾਬਾ ਬੁੱਢੇ ਦੀ ਗੁਰੂ ਸਾਹਿਬ ਨਾਲ ਪਹਿਲੀ ਮਿਲਣੀ ਚੌਥੀ ਉਦਾਸੀ ਤੋਂ ਬਾਦ ਹੀ ਹੋਈ।

ਗੁਰਦੁਆਰਾ ਪਾਤਸ਼ਾਹੀ ਪਹਿਲੀ, ਨੇੜੇ ਸਮਾਧ ਬਾਬਾ ਬੁੱਢਾ ਜੀ। ਰਮਦਾਸ ਦੇ ਉੱਤਰ ਵਿਚ।(ਸਾਈਕਲ ਯਾਤਰੀ 4 ਮਈ, 1933)

ਬੂੜੇ ਨੇ ਵੀ ਆਪਣਾ ਹਿਰਦਾ ਖੋਲ ਹੀ ਦਿੱਤਾ। ਕਹਿਣ ਲੱਗਾ:

"ਜੀ ਇਹ ਦੁੱਧ ਸਾਡਾ ਨਹੀ ਇਹ ਤੁਹਾਡਾ ਹੀ ਹੈ। ਇਸ ਦੁਨੀਆਂ ਵਿੱਚ ਕਿਹੜੀ ਚੀਜ ਕਿਸੇ ਦਾ ਸਦੀਵੀ ਸਾਥ ਦਿੰਦੀ ਹੈ? ਕੋਈ ਨਹੀ। ਅਸੀ ਐਵੇ ਜੋੜਦੇ ਮਰਦੇ ਰਹਿੰਦੇ ਹਾਂ। ਵਸਤਾਂ ਤਾਂ ਕਿਸੇ ਨਾਲ ਨਹੀ ਨਿੱਭਦੀਆਂ। ਆਹ ਅਜੇ ਕੁਝ ਸਾਲ ਪਹਿਲਾਂ ਦੀ ਹੀ ਗਲ ਹੈ ਇਥੇ ਬਾਬਰਵਾਣੀ ਆਈ ਸੀ। ਸਭ ਮਾਲ ਡੰਗਰ ਕੱਟਾ ਵੱਛਾ ਹਿੱਕ ਕੇ ਲੈ ਗਈ। ਕੱਚੀਆਂ ਪੱਕੀਆਂ ਫਸਲਾਂ ਕੁਝ ਵੱਢ ਲਈਆਂ ਕੁਝ ਉਜਾੜ ਗਏ। ਮੈਂ ਤਾਂ ਸਮਝਦਾ ਹਾਂ ਕਿ ਬੰਦੇ ਨੂੰ ਚਾਹੀਦਾ ਹੈ ਕਿ ਰਲ ਮਿਲ ਕੇ ਖਾ ਲਵੇ। ਕਲ੍ਹ ਦਾ ਕੀ ਭਰੋਸਾ?"

ਜਦੋਂ ਗੁਰੂ ਸਾਹਿਬ ਨੇ ਅਜਿਹੀਆਂ ਗੱਲਾਂ ਇਸ ਅਲੜ੍ਹ ਜਵਾਨ ਦੇ ਮੂੰਹੋ ਸੁਣੀਆਂ ਤਾਂ ਕਹਿਣ ਲੱਗੇ ਭਾਈ ਤੂੰ ਤਾਂ ਬੁੱਢਿਆਂ ਵਾਲੀਆਂ ਗੱਲਾਂ ਕਰਦਾ। ਤੇਰੇ ਤੇ ਤਾਂ ਭਗਵਾਨ ਮਿਹਰਵਾਨ ਹੈ।

ਓਦੋਂ ਤੋਂ ਬੂੜੇ ਦਾ ਨਾਂ ਬੁੱਢਾ ਪੈ ਗਿਆ।

ਜਦੋਂ ਬੁੱਢੇ ਨੂੰ ਪਤਾ ਲੱਗਾ ਕਿ ਇਹ ਤਾਂ ਖੁਦ ਗੁਰੂ ਨਾਨਕ ਸਾਹਿਬ ਨੇ ਤਾਂ ਉਹ ਹੋਰ ਵੀ ਗਦ ਗਦ ਹੋ ਉਠਿਆ। ਇਲਾਕੇ ਵਿੱਚ ਦੁਹਾਈ ਦੇ ਦਿੱਤੀ ਕਿ ਖੁੱਦ ਗੁਰੂ ਨਾਨਕ ਸਾਡੀ ਬਹਿਕ ਤੇ ਪਧਾਰੇ ਹੋਏ ਨੇ।

ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਵੇਲੇ ਤੱਕ ਭਾਈ ਬੁੱਢੇ ਦਾ ਕਰਤਾਰਪੁਰ ਆਉਣ ਜਾਣ ਲਗਾਤਾਰ ਬਣਿਆ ਹੀ ਰਿਹਾ।

ਗੁਰੂ ਸਾਹਿਬ ਨੇ ਬੁੱਢੇ ਤੇ ਕਿਰਪਾ ਕਰਕੇ ਉਨ੍ਹੂੰ ਨਾਮ ਦੀ ਦਾਤ ਬਖਸ਼ੀ। ਬੁੱਢੇ ਨੂੰ ਇਲਾਕੇ ਵਿੱਚ ਸਿੱਖੀ ਦੀ ਮੰਜੀ ਪ੍ਰਾਪਤ ਹੋ ਗਈ। ਭਾਈ ਬੁੱਢੇ ਨੇ ਲੰਮੀ ਜਿੰਦਗੀ ਸਿੱਖੀ ਵਿੱਚ ਹੰਢਾਈ ਤੇ 1631 ਈ ਵਿੱਚ ਸਰੀਰ ਤਿਆਗਿਆ। ਓਦੋਂ ਤੱਕ ਗੁਰੂ ਹਰਗੋਬਿੰਦ ਸਾਹਿਬ ਦਾ ਵੇਲਾ ਸੀ। ਇਤਹਾਸ ਵਿੱਚ ਆਉਦਾ ਹੈ ਭਾਈ ਬੁੱਢੇ ਦੇ ਅੰਤਮ ਵੇਲੇ ਖੁੱਦ ਗੁਰੂ ਹਰਗੋਬਿੰਦ ਸਾਹਿਬ ਉਸ ਦੇ ਕੋਲ ਸਨ। ਅੰਤ ਵੇਲੇ ਜਪੁਜੀ ਸਾਹਿਬ ਦਾ ਪਾਠ ਚਲ ਰਿਹਾ ਸੀ। ਸਲੋਕਾਂ ਤੇ ਆਣ ਭਾਈ ਸਾਹਿਬ ਨੇ ਅੰਤਮ ਸਵਾਸ ਲਿਆ ਸੀ।

ਸੋ ਭਾਈ ਬੁੱਢੇ ਨੂੰ ਥਾਪ ਕੇ ਗੁਰੂ ਸਾਹਿਬ ਅੱਗੇ 15 ਕਿ. ਮੀ. ਦਾ

ਪੈਂਡਾ ਕਰਕੇ ਪੱਕਾ ਸ਼ਹਿਰ ਚਮਿਆਰੀ ਆ ਪਹੁੰਚੇ। ਚਮਿਆਰੀ ਉਨੀਂ ਦਿਨੀ ਇਲਾਕੇ ਦਾ ਵੱਡਾ ਸ਼ਹਿਰ ਸੀ। ਇਹ ਸ਼ਹਿਰ ਲੱਗ ਪਗ 2000 ਸਾਲ ਪੁਰਾਣਾ ਹੈ। ਇਕ ਦੋ ਦਿਨ ਇਥੇ ਗੁਰਮਤ ਦਾ ਪ੍ਰਚਾਰ ਕਰਕੇ ਅੱਗੇ ਜਸਤਰਵਾਲ ਨੂੰ ਨਿਕਲ ਗਏ।

—◈—

ਫੈਲਸੂਫ ਸ਼ੇਖ ਮਾਲੋ

ਅਜਨਾਲੇ ਤੋਂ 6 ਕਿ. ਮੀ. ਪੱਛਮ ਦੱਖਣ ਵਿੱਚ ਮੌਜੂਦ ਪਿੰਡ ਜਸਤਰਵਾਲ ਵੀ ਬਹੁਤ ਪੁਰਾਣਾ ਕੋਈ ਬੋਧੀ ਸਥਾਨ ਰਿਹਾ ਹੈ। ਇਥੋਂ ਦਾ ਛੰਬ ਮੀਲਾਂ ਵਿੱਚ ਫੈਲਿਆ ਹੋਇਆ ਸੀ। ਜਸਤਰਵਾਲ (ਦਸ਼ਰਥ ਵਾਲਾ- ਰਾਜਾ ਦਸ਼ਰਥ ਅਤੇ ਮਾਪੇ ਭਗਤ ਸਰਵਣ ਦੀ ਕਹਾਣੀ ਵਾਲਾ) ਗੁਰੂ ਸਾਹਿਬ ਦੇ ਵੇਲਿਆਂ ਵਿੱਚ ਵੀ ਵੱਡਾ ਸ਼ਹਿਰ ਤੇ ਮੰਡੀ ਸੀ। ਖੱਤਰੀ, ਅਰੋੜੇ, ਬਾਣੀਆਂ ਕੌਮਾਂ ਦਾ ਗੜ੍ਹ ਰਿਹਾ ਹੈ ਇਹ।

ਗੁਰੂ ਸਾਹਿਬ ਇਥੇ ਹੀ ਬਿਰਾਜੇ ਹੋਏ ਸਨ ਕਿ ਪਿੰਡ ਧਰਮਕੋਟ○ ਦੇ ਫੈਲਸੂਫ (ਫਿਲਾਸਫਰ ਦੀ ਫਾਰਸੀ ਭਾਵ ਦਾਨਿਸ਼ਵਰ) ਸ਼ੇਖ ਮਾਲੋ ਨੂੰ ਕਿਸੇ ਕੋਲੋ ਪਤਾ ਲੱਗਾ ਕਿ ਗੁਰੂ ਨਾਨਕ ਜਸਤਰਵਾਲ ਪਧਾਰੇ ਹੋਏ ਨੇ। ਸ਼ੇਖ ਮਾਲੋ ਜਾਤ ਦਾ ਤਰਖਾਣ ਸੀ ਤੇ ਬਹੁਤ ਹੀ ਪੜ੍ਹਿਆ ਲਿਖਿਆ ਵਿਦਵਾਨ ਸੀ ਜੋ ਵਕਤ ਪਾ ਕੇ ਮੁਸਲਮਾਨ ਫਕੀਰ ਹੋ ਗਿਆ। ਇਹਦੀ ਵਿਦਵਤਾ ਚੁਫੇਰੇ ਮਸ਼ਹੂਰ ਸੀ।

ਮਾਲੋ ਦੇ ਹੀ ਕਿਸੇ ਸੱਜਣ (ਪਿੰਡ ਦੇ ਹੀ ਭਾਈ ਭਗਤੂ) ਨੇ ਇਸ ਨੂੰ ਸਲਾਹ ਦਿੱਤੀ ਕਿ ਮਾਲੋ ਤੂੰ ਇਕ ਵੇਰਾ ਗੁਰੂ ਨਾਨਕ ਨੂੰ ਤਾਂ ਮਿਲ ਕੇ ਵੇਖ ਤੇਰੇ ਸਾਰੇ ਸ਼ੰਕੇ ਦੂਰ ਹੋ ਜਾਣਗੇ।● ਪਰ ਕਿਸੇ ਹੋਰ ਰਾਂਹੀ ਇਸ ਨੇ ਸੁਣ ਲਿਆ ਕਿ ਗੁਰੂ ਸਾਹਿਬ ਸਾਹਿਬ ਇਸਲਾਮ ਤੇ ਹਿੰਦੂਮਤ ਦੋਵਾਂ ਨੂੰ ਹੀ ਨਹੀ ਮੰਨਦੇ। ਸ਼ੇਖ ਨੂੰ ਇਸ ਗਲ ਤੇ ਗੁੱਸਾ ਸੀ। ਸ਼ੇਖ ਦਾ ਮੰਨਣਾ ਸੀ ਕਿ ਗੁਰੂ ਸਾਹਿਬ ਨੂੰ ਕੋਈ ਹੱਕ ਨਹੀ ਕਿ ਹਿੰਦੂ ਧਰਮ ਤੇ ਇਸਲਾਮ ਦੀਆ ਰਹੁ ਰੀਤਾਂ ਦੀ ਖੰਡਣਾ ਕਰਨ। ਜਿਵੇ ਅੱਜ ਕਲ੍ਹ ਪੜ੍ਹਿਆ ਲਿਖਿਆ ਬੰਦਾ ਅੰਗਰੇਜੀ ਦੇ ਗਿਆਨ ਤੋਂ ਜਾਣਿਆ ਜਾਂਦਾ ਹੈ ਓਨੀ ਦਿਨੀ ਪੰਜਾਬੀ ਲੋਕ ਫੁਕਰੀ ਮਾਰਨ ਮੌਕੇ ਫਾਰਸੀ ਬੋਲਿਆ ਕਰਦੇ ਸਨ।

ਸ਼ੇਖ ਮਾਲੋ ਨੇ ਵੀ ਆ ਕੇ ਗੁਰੂ ਸਾਹਿਬ ਨਾਲ ਆਪਣੀ ਫਾਰਸੀ ਝਾੜਨੀ ਸ਼ੁਰੂ ਕਰੀ। ਪਰ ਗੁਰੂ ਸਾਹਿਬ ਤਾਂ ਈਰਾਨ ਇਰਾਕ ਤੱਕ ਘੁੰਮ ਫਿਰ ਆਏ ਸਨ ਉਹ ਮਾਲੋ ਦੀ ਫਾਰਸੀ ਤੋਂ ਕਦੋਂ ਪ੍ਰਭਾਵਤ ਹੁੰਦੇ। ਗੱਲਾਂ ਇਸਲਾਮ ਦੇ ਗਲਬੇ ਦੀਆਂ ਚੱਲ ਰਹੀਆਂ ਸਨ ਕਿ ਵਿੱਚੇ ਪੰਜਾਬੀਆਂ ਦਾ ਫੁਕਰਾਪਣ ਵੀ ਸਾਹਮਣੇ ਸੀ। ਮਾਲੋ ਨਾਲ ਗੱਲ ਬਾਤ ਦੌਰਾਨ ਅਜਿਹੇ ਮਸਲੇ ਉਠੈ ਕਿ ਗੁਰੂ ਨੇ ਬਾਣੀ ਰਚੀ:-

ਬਸੰਤੁ ਹਿੰਡੋਲੁ ਮਹਲਾ ੧ ਘਰੁ ੨ ੴ ਸਤਿਗੁਰ ਪ੍ਰਸਾਦਿ ॥ ਨਉ ਸਤ ਚਉਦਹ ਤੀਨਿ ਚਾਰਿ ਕਰਿ ਮਹਲਤਿ ਚਾਰਿ ਬਹਾਲੀ ॥ ਚਾਰੇ ਦੀਵੇ ਚਹੁ ਹਥਿ ਦੀਏ ਏਕਾ ਏਕਾ ਵਾਰੀ ॥੧॥ ਮਿਹਰਵਾਨ ਮਧੁਸੂਦਨ ਮਾਧੌ ਐਸੀ ਸਕਤਿ ਤੁਮ੍ਹਾਰੀ ॥੧॥ ਰਹਾਊ ॥ ਘਰਿ ਘਰਿ ਲਸਕਰੁ ਪਾਵਕੁ ਤੇਰਾ ਧਰਮੁ ਕਰੇ ਸਿਕਦਾਰੀ ॥ ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ ॥੨॥ ਨਾ ਸਾਬੂਰੁ ਹੋਵੈ ਫਿਰਿ ਮੰਗੈ ਨਾਰਦੁ ਕਰੇ ਖੁਆਰੀ ॥ ਲਬੁ ਅਧੇਰਾ ਬੰਦੀਖਾਨਾ ਅਉਗਣ ਪੈਰਿ ਲੁਹਾਰੀ ॥੩॥ ਪੂੰਜੀ ਮਾਰ ਪਵੈ ਨਿਤ ਮੁਦਗਰ ਪਾਪੁ ਕਰੇ ਕੋਟਵਾਰੀ ॥ ਭਾਵੈ ਚੰਗਾ ਭਾਵੈ ਮੰਦਾ ਜੈਸੀ ਨਦਰਿ ਤੁਮ੍ਹਾਰੀ ॥੪॥ ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ ॥ ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ ॥੫॥ ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ ॥ ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥੬॥ ਜੇ ਤੂ ਮੀਰ ਮਹੀਪਤਿ ਸਾਹਿਬੁ ਕੁਦਰਤਿ ਕਉਣ ਹਮਾਰੀ ॥ ਚਾਰੇ ਕੁੰਟ ਸਲਾਮੁ ਕਰਹਿਗੇ ਘਰਿ ਘਰਿ ਸਿਫਤਿ ਤੁਮ੍ਹਾਰੀ ॥੭॥ ਤੀਰਥ ਸਿੰਮ੍ਰਿਤਿ ਪੁੰਨ ਦਾਨ ਕਿਛੁ ਲਾਹਾ ਮਿਲੈ

ਫੈਲਸੂਫ ਜਾਂ ਫਿਲਾਸਫਰ ਸ਼ੇਖ ਮਾਲੂ ਗੁਰੂ ਸਾਹਿਬ ਨਾਲ ਗੁਫਤਗੂ ਕਰਦਾ ਹੋਇਆ। ਬੀ:40 ਤਸਵੀਰ (ਇਥੇ ਫਿਰ ਭਾਈ ਮਰਦਾਨੇ ਨੂੰ ਨਾਲ ਵਿਖਾ ਦਿਤਾ ਹੈ ਜਦੋਂ ਕਿ ਉਸ ਦਾ ਚਲਾਣਾ ਹੋ ਚੁੱਕਾ ਸੀ।)

ਦਿਹਾੜੀ ॥ ਨਾਨਕ ਨਾਮੁ ਮਿਲੈ ਵਡਿਆਈ ਮੇਕਾ ਘੜੀ ਸਮ੍ਹਾਲੀ ॥੮॥੧॥੮॥

ਇਸ਼ਾਰੇ ਇਸ਼ਾਰੇ ਨਾਲ ਫੈਲਸੂਫ ਦਾ ਘਰ ਪੂਰਾ ਕਰ ਦਿੱਤਾ। ਇਸ ਮੁਸਲਮਾਨ ਵਿਦਵਾਨ ਕੋਲ ਇਸ ਸਰਕਾਰੀ ਪੱਖ-ਪਾਤ ਦਾ ਕੀ ਜਵਾਬ ਸੀ ਕਿ ਮੰਦਰਾਂ ਦੇਵਾਲਿਆਂ ਤੇ ਸਰਕਾਰ ਨੇ ਟੈਕਸ ਲਾਏ ਹੋਏ ਸਨ। ਨਾਲ ਹੀ ਗੁਰੂ ਸਾਹਿਬ ਨੇ ਸਾਰਾ ਅਕਾਲ ਪੁਰਖ ਦਾ ਹੁਕਮ ਦੱਸਿਆ ਕਿ ਕਿਵੇ ਤਬਦੀਲੀਆਂ ਜੁੱਗਾਂ ਜੁੱਗਾਂ ਤੋਂ ਚਲਦੀਆਂ ਆਈਆ ਹਨ। ਜਦੋਂ ਕਿਸੇ ਮਾਨਤਾ ਵਿੱਚ ਬੁਰਾਈਆਂ ਭਾਰੂ ਹੋ ਜਾਣ ਤਾਂ ਓਥੇ ਕੁਦਰਤ ਵਲੋਂ ਹੀ ਸੁਧਾਰ ਲਹਿਰ ਚਲਦੀ ਹੈ।

ਫਿਰ ਵੀ ਫਿਲਾਸਫਰ ਬੋਲ ਉਠਿਆ ਕਿ ਬਾਬਾ ਜੀ ਤੁਹਾਨੂੰ ਮੁਸਲਮਾਨੀ ਸ਼ਰਾ ਦੀ ਹਾਨੀ ਨਹੀ ਕਰਨੀ ਚਾਹੀਦੀ। ਗੁਰੂ ਸਾਹਿਬ ਨੇ ਉਨੂੰ ਸਮਝਾਇਆ ਕਿ ਖੁੱਦ ਮੁਸਲਮਾਨ ਲੋਕ ਇਸਲਾਮ ਵਿੱਚ ਆਈਆਂ ਬੁਰਾਈਆਂ ਦੇ ਖਿਲਾਫ ਅਵਾਜ ਬੁਲੰਦ ਕਰ ਰਹੇ ਹਨ ਤੁਸੀ ਇਹੋ ਜਿਹੀ ਕੱਟੜ ਸੋਚ ਕਿਓ ਅਪਣਾਈ ਹੋਈ ਹੈ? ਗੁਰੂ ਸਾਹਿਬ ਨੇ ਅਰਬ-ਈਰਾਨ ਦੁਨੀਆ ਦੇ ਕਈ ਵਿਦਵਾਨਾਂ ਦੇ ਜਿਕਰ ਕੀਤੇ ਜਿਹੜੇ ਸ਼ਰਾ ਦੀਆਂ ਕਈ ਗਲਤੀਆਂ ਉਜਾਗਰ ਕਰਦੇ ਹਨ।

ਫਿਰ ਗੁਰੂ ਸਾਹਿਬ ਨੇ ਭਗਤ ਕਬੀਰ ਸਾਹਿਬ ਦਾ ਜਿਕਰ ਕੀਤਾ ਕਿ ਵੇਖੋ ਉਹ ਮੁਸਲਮਾਨ ਘਰ ਵਿੱਚ ਹੀ ਪੈਦਾ ਹੋਏ ਸਨ ਪਰ ਉਹ ਤਾਂ ਡੱਟ ਕੇ ਸ਼ਰਾ ਦੀ ਵਿਰੋਧਤਾ ਕਰਦੇ ਹਨ। ਕਬੀਰ ਸਾਹਿਬ ਦੀ ਰਚਨਾ ਪੜ੍ਹੀ:

ਆਸਾ ॥ ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ ॥ ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ ॥੧॥ ਕਾਜੀ ਤੈ ਕਵਨ ਕਤੇਬ ਬਖਾਨੀ ॥ ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ ॥੧॥ ਰਹਾਉ ॥ ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ ॥ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟ�ि ਜਾਈ ॥੨॥ ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ ॥ ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ ॥੩॥ ਛਾਡਿ ਕਤੇਬ ਰਾਮੁ ਭਜੁ ਬਉਰੇ ਜੁਲਮ ਕਰਤ ਹੈ ਭਾਰੀ ॥ ਕਬੀਰੈ ਪਕਰੀ ਟੇਕ ਰਾਮ ਕੀ ਤੁਰਕ ਰਹੇ ਪਚਿਹਾਰੀ ॥੪॥੮॥

ਮਾਲੋ ਦੀਆਂ ਅੱਖਾਂ ਖੁੱਲ ਰਹੀਆਂ ਸਨ।

ਮਾਲੋ ਦਾ ਇਕ ਹੋਰ ਗਿਲਾ ਇਹ ਵੀ ਸੀ ਕਿ ਗੁਰੂ ਨਾਨਕ ਫਕੀਰੀ ਛੱਡ ਕੇ ਵਾਪਸ ਗ੍ਰਿਸਤ ਧਰਮ ਵਿੱਚ ਕਿਓ ਆਏ ਹਨ। ਦਰ

ਧਰਮਕੋਟ (ਨੇੜੇ ਪਿੰਡ ਸੋੜੀਆਂ ਅਤੇ ਕੜਿਆਲ) ਵਿਖੇ ਮੌਜੂਦ ਯਾਦਗਾਰੀ ਅਸਥਾਨ ਅਤੇ ਬੇਰੀ ਦਾ ਵਿਸ਼ਾਲ ਰੁੱਖ।

ਅਸਲ ਗੁਰੂ ਸਾਹਿਬ ਖਿਲਾਫ ਇਹ ਸ਼ਕਾਇਤ ਹਰ ਗੁਰੂ ਘਰ ਵਿਰੋਧੀ ਝੰਡੇ ਤੇ ਚਾੜ ਰਿਹਾ ਸੀ। ਕਿਉਕਿ ਜਦੋਂ ਕੋਈ ਸਾਧੂ ਬਣਿਆ ਜਵਾਨ ਸੰਨਿਆਸ ਤਿਆਗ ਵਾਪਸ ਘਰ ਆ ਜਾਂਦਾ ਸੀ ਤਾਂ ਲੋਕ ਉਹਨੂੰ ਬੁਰਾ ਸਮਝਦੇ ਸਨ। ਇਹ ਮੰਨਿਆ ਜਾਂਦਾ ਸੀ ਕਿ ਸੰਨਿਆਸ ਦੇ ਕਠਨ ਰਸਤੇ ਨੂੰ ਬੰਦਾ ਤਿਆਗ ਆਇਆ ਹੈ।◘ ਇਸ ਤੇ ਮਾਲੋ ਨੇ ਵੀ ਸਵਾਲ ਉਠਾਇਆ ਕਿ ਬਾਬਾ ਜੀ ਤੁਹਾਡੀ ਇਹ ਗਲ ਸਾਨੂੰ ਨਹੀ ਜਚੀ। ਕਦੀ ਤੁਸੀ ਸਾਧੂਆਂ ਵਾਲਾ ਲਿਬਾਸ ਵੀ ਕਰ ਲੈਂਦੇ ਹੋ? ਮੁਕਦੀ ਗਲ ਫੈਲਸੂਫ ਨੇ ਸਿੱਧਾ ਗੁਰੂ ਸਾਹਿਬ ਨੂੰ ਸਵਾਲ ਕਰਾ ਕਿ ਤੁਸੀ ਫਕੀਰੀ ਜਾਂ ਸੰਨਿਆਸ ਨੂੰ ਕਿਉ ਤਿਆਗਿਆ?

ਗੁਰੂ ਸਾਹਿਬ ਨੇ ਕਿਹਾ ਬੰਦਾ ਮਨ ਕਰਕੇ ਸਾਧੂ ਫਕੀਰ ਹੋਣਾ ਚਾਹੀਦਾ ਹੈ। ਇਹ ਤੁਸੀ ਘਰ ਰਹਿਕੇ ਵੀ ਕਰ ਸਕਦੇ ਹੋ।

ਫਿਰ ਫੈਲਸੂਫ ਨੇ ਸਵਾਲ ਕੀਤਾ ਕਿ ਕੀ ਤੁਸੀ ਸੰਨਿਆਸ ਜਾਂ ਫਕੀਰੀ ਨੂੰ ਗਲਤ ਮੰਨਦੇ ਹੋ?

ਗੁਰੂ ਸਾਹਿਬ ਨੇ ਫੈਲਸੂਫ ਨੂੰ ਸਮਝਾਇਆ:

"ਜੇ ਬੰਦਾ ਦਿਲੋਂ ਫਕੀਰ ਨਹੀ ਤਾਂ ਇਹ ਸੰਨਿਆਸ ਆਪਣੇ ਆਪ ਨਾਲ ਧੋਖਾ ਹੈ। ਮਿਸਾਲ ਦੇ ਤੌਰ ਤੇ ਕਈ ਫਿਰਕਿਆਂ ਦੇ ਸਾਧੂ ਖੱਫਣੀ ਪਾਉਦੇ ਹਨ ਤਾਂ ਉਹਦਾ ਮਤਲਬ ਹੁੰਦਾ ਹੈ ਕਿ ਅਸਾਂ ਮੌਤ ਨੂੰ ਸਵੀਕਾਰ ਕਰ ਲਿਆ ਹੈ ਕਿ ਇਹ ਇਕ ਦਿਨ ਆਉਣੀ ਹੀ ਆਉਣੀ ਹੈ। ਕਿਉਕਿ ਖੱਫਣ ਮੁਰਦੇ ਨੂੰ ਪਾਇਆ ਜਾਂਦਾ ਹੈ। ਸੋ ਖੱਫਣੀ ਫਕੀਰ ਨੂੰ ਹਮੇਸ਼ਾਂ ਮੌਤ ਯਾਦ ਕਰਾਉਦੀ ਰਹਿੰਦੀ ਹੈ। ਪਰ ਜੇ ਕੋਈ ਖਫਣੀ ਪਾ ਕੇ ਵੀ ਘਰ ਘਰ ਮਾਇਆ ਮੰਗਦਾ ਫਿਰੇ ਖੱਫਣ ਪਾਉਣ ਦਾ ਕੀ ਫਾਇਦਾ। ਮੌਤ ਨੂੰ ਵਸਾਰੀ ਫਿਰੋ ਤਾਂ ਇਹਦਾ ਕੀ ਫਾਇਦਾ?

ਹੱਥ ਵਿੱਚ ਸਰੀਰ ਦੀ ਭਸਮ ਇਕੱਠੀ ਕਰਨ ਵਾਲੀ ਪਹੌੜੀ ਲਈ ਫਿਰੇ ਜਾਂ ਭਸਮ ਵਾਲੀ ਪੁੱਠੀ ਡੱਬੀ (ਜਿੰਨੂ ਜੋਗੀ ਲੋਕ ਬਟੂਆ ਆਖਦੇ ਨੇ) ਕੋਲ ਰੱਖਣ ਦਾ ਕੀ ਫਾਇਦਾ ਜੇ ਮਨ ਨੇ ਮੌਤ ਸਵੀਕਾਰ ਨਹੀ ਕੀਤੀ।

ਵੇਖੋ ਫੈਲਸੂਫ ਜੀ ਇਹ ਚੀਜ਼ਾਂ ਤਾਂ ਸਾਧੂ ਨੂੰ ਨਾਲ ਦਿੱਤੀਆਂ ਕਿ ਬੰਦਿਆ ਹਰ ਪਲ ਮੌਤ ਨਾਂ ਵਿਸਾਰੀ। ਬੰਦਾ ਜਦੋਂ ਵੀ ਆਪਣੀ ਖੱਫਣੀ ਵਲ ਨਿਗਾਹ ਮਾਰੇਗਾ ਮੌਤ ਯਾਦ ਆਵੇਗੀ। ਸੋ ਜੇ ਤਾਂ ਬੰਦਾ ਮੌਤ ਨੂੰ ਮਨੋਂ ਸਵੀਕਾਰ ਕਰ ਲਏ ਫਿਰ ਤਾਂ ਭਲਾ ਨਹੀ ਤਾਂ ਅਜਿਹਾ ਸਾਧੂਪੁਣਾ ਨਿਰਾ ਵਿਖਾਵਾ ਹੀ ਹੈ।

ਪ੍ਰਵਾਰਕ ਜੀਵਨ ਦਾ ਤਿਆਗ ਕੀਤਾ ਸੀ ਕਾਮ ਕ੍ਰੋਧ ਲੋਭ ਮੋਹ ਅਹੰਕਾਰ ਨੂੰ ਵਿਸਾਰਨ ਦਾ ਜੇ ਸਾਧੂ ਬਣ ਕੇ ਵੀ ਬੰਦਾ ਦਰ ਦਰ ਭਿਖਿਆ ਮੰਗਦਾ ਫਿਰੇ ਤਾਂ ਫਿਰ ਘਰ ਤਿਆਗਣ ਦਾ ਕੀ ਫਾਇਦਾ ਹੋਇਆ? ਅਸੀ ਫਕੀਰ ਵੇਖੇ ਹਨ ਜੋ ਰੱਬ ਦੀ ਰਜਾ ਵਿੱਚ ਰਹਿੰਦੇ ਹਨ ਜੇ ਮਿਲ ਗਇਆ ਤਾਂ ਖਾ ਲਿਆ ਨਹੀ ਤੇ ਬਸ ਢਿੱਡ ਨੂੰ ਗੀਢ ਦੇ ਰੱਖੀ। ਸਾਧੂ ਫਕੀਰ ਦਾ ਮਾਇਆ ਨਾਲ ਕੀ ਕੰਮ? ਅਜਿਹੇ ਸਾਧੂ ਸੰਨਿਆਸੀ ਨਿਰੇ ਸਵਾਂਗੀ (ਐਕਟਰ) ਹੀ ਨਹੀ ਇਹ ਮਸਖਰੇ ਨੇ।

ਸੋ ਜੇ ਕੋਈ ਗ੍ਰਿਸਤੀ ਬੰਦਾ ਮਨੋ ਤਿਆਗੀ ਹੋ ਜਾਵੇ ਤਾਂ ਉਹ ਪਾਖੰਡੀ ਸੰਨਿਆਸੀਆ ਨਾਲੋ 100 ਗੁਣਾਂ ਬਿਹਤ੍ਰ। ਸਵਾਲ ਤਾਂ ਹੈ ਦਿਲੋ ਹੋ ਕੇ ਸੱਚ ਜਾਂ ਮੌਤ ਨੂੰ ਮੰਨਣਾ। ਫਿਰ ਗ੍ਰਿਸਤੀ ਬੰਦਾ ਮੁਆਸ਼ਰੇ ਤੇ ਬੋਝ ਵੀ ਨਹੀ ਹੁੰਦਾ। ਇਸ ਪ੍ਰਕਾਰ ਕਿਰਤੀ ਇਨਸਾਨ ਸਭ ਤੋਂ ਵੱਡਾ ਸਾਧੂ ਜੇ ਉਹ ਸੱਚ ਤੇ ਚਲ ਪਵੇ ਤਾਂ।

ਇਸ ਤਰਾਂ ਸੰਨਿਆਸੀਆਂ ਦਾ ਹਾਲ ਦੱਸਦੇ ਹੋਏ ਗੁਰੂ ਸਾਹਿਬ ਨੇ ਵਜੰਤਰੀ ਨੂੰ ਸੁਚੇਤ ਕੀਤਾ ਤੇ ਕਿਹਾ ਕਿ ਮਾਰੂ ਦੀ ਧੁੰਨ ਲਾਓ। ਸਾਹਿਬ ਨੇ ਸ਼ਬਦ ਬੋਲਿਆ:-

ਮਾਰੂ ਮਹਲਾ ੧ ॥ ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ ॥ ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ ॥ ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ (ਪੂਰਾ ਸ਼ਬਦ ਵੇਖੋ ਸਫਾ ..... ਣਣਣਣਣ)

ਫੈਲਸੂਫ ਬੋਲ ਉਠਿਆ ਵਾਹ ਬਾਬਾ ਵਾਹ! ਐਂਵੇ ਨਹੀ ਤੈਨੂੰ ਦੁਨੀਆ ਮੰਨਦੀ। ਮੇਰੇ ਸਾਰੇ ਸ਼ੰਕੇ ਦੂਰ ਕੀਤੇ ਤੁਸਾਂ। ਤੁਸੀ ਤਾਂ ਖੁੱਦ ਹੀ ਖੁਦਾ ਦੀ ਮੂਰਤ ਹੋ। ਫੈਲਸੂਫ ਨੇ ਵੀ ਸਿੱਖੀ ਧਾਰਨ ਕਰ ਲਈ। ਮਾਲੋ ਕਰਕੇ ਤਰਖਾਣਾਂ ਦਾ ਸਾਰਾ ਪਿੰਡ ਸਿੱਖ ਬਣ ਗਇਆ। ਇਸ ਨੇ ਇਲਾਕੇ ਵਿੱਚ ਹੋਰ ਵੀ ਸਿੱਖੀ ਪ੍ਰਚਾਰ ਕੀਤਾ।

ਬਾਬਾ ਕੀ ਤੈਨੂੰ ਕੋਈ ਮਜ਼ੂਬ ਪਸੰਦ ਹੈ ਵੀ ਸਹੀ? – ਸੋੜੀਆਂ ਦਾ ਉਮਰੇ ਖਾਨ

ਧਰਮਕੋਟ ਦੇ ਲਾਗੇ ਹੀ ਕਿਲੋ ਮੀਟਰ ਤੇ ਪੁਰਾਣਾ ਕਸਬਾ ਸੋੜੀਆਂ ਹੈ। ਅੱਜ ਤੋਂ ਕੋਈ 200 ਸਾਲ ਪਹਿਲਾਂ ਤੱਕ ਸੋੜੀਆਂ ਹੀ ਇਸ ਇਲਾਕੇ ਦਾ ਸਭ ਤੋਂ ਵੱਡਾ ਕਸਬਾ ਸੀ। ਅੰਗਰੇਜਾਂ ਦੇ ਰਾਜ ਵੇਲੇ ਹੀ ਸੋੜੀਆਂ ਦੀ ਥਾਂ ਅਜਨਾਲੇ ਨੂੰ ਤਹਿਸੀਲ ਬਣਾਇਆ ਗਇਆ ਸੀ।

ਜਦੋਂ ਗੁਰੂ ਸਾਹਿਬ ਇਸ ਇਲਾਕੇ ਵਿੱਚ ਫਿਰ ਰਹੇ ਸਨ ਤਾਂ ਓਨੀ ਦਿਨੀ ਸੋੜੀਆਂ ਵਿੱਚ ਵੀ ਇਕ ਵਿਦਵਾਨ ਰਹਿੰਦਾ ਸੀ: ਉਮਰ ਖਾਨ। ਉਮਰ ਖਾਂ ਨਿਰਾ ਪੜਿਆ ਲਿਖਿਆ ਹੀ ਨਹੀ ਉਹ ਇਲਾਕੇ ਦਾ ਮੋਅਤਬਰ ਆਗੂ ਬੰਦਾ ਸੀ। ਉਮਰ ਖਾਂ ਅਤੇ ਸ਼ੇਖ ਮਾਲੋ ਦੀ ਆਪਸ ਵਿੱਚ ਗੂੜੀ ਯਾਰੀ ਸੀ। ਮਾਲੋ ਨੂੰ ਮੁਸਲਮਾਨ ਮਜ਼ੂਬ ਵਿੱਚ ਲਿਆਉਣ ਵਿੱਚ ਉਮਰ ਖਾਨ ਦਾ ਹੀ ਯੋਗਦਾਨ ਸੀ।

ਜਦੋਂ ਗੁਰੂ ਸਾਹਿਬ ਜਸਤਰਵਾਲ ਵਿਖੇ ਠਹਿਰੇ ਹੋਏ ਸਨ ਤਾਂ ਸ਼ੇਖ ਮਾਲੋ ਨੇ ਗੁਰੂ ਸਾਹਿਬ ਨੂੰ ਆਪਣੇ ਘਰ ਆਉਣ ਵਾਸਤੇ ਸੱਦਾ ਭੇਜਿਆ।■

ਓਧਰ ਗੁਰੂ ਸਾਹਿਬ ਦੇ ਧਰਮਕੋਟ ਆਉਣ ਤੋਂ ਪਹਿਲਾਂ ਮਾਲੋ ਆਪਣੇ ਯਾਰ ਉਮਰ ਖਾਨ ਨੂੰ ਆਪਣੇ ਘਰ ਸੱਦ ਲੈ ਆਇਆ। ਉਮਰ ਖਾਂ ਨੂੰ ਵੀ ਥੋੜਾ ਗਿਲਾ ਤਾਂ ਸੀ ਕਿ ਗੁਰੂ ਨਾਨਕ ਕਿਸੇ ਵੀ ਫਿਰਕੇ ਨੂੰ ਮਾਨਤਾ ਨਹੀ ਦੇ ਰਹੇ।

ਗੁਰੂ ਸਾਹਿਬ ਦਾ ਧਰਮਕੋਟ ਆਉਣ ਤੇ ਸ਼ੇਖ ਮਾਲੋ ਤੇ ਨਗਰ

ਸੋੜੀਆਂ ਵਿਖੇ ਗੁਰੂ ਨਾਨਕ ਅਤੇ ਉਮਰ ਖਾਂ ਗੋਸ਼ਟਿ ਦਾ ਯਾਦਗਾਰੀ ਅਸਥਾਨ।

ਨਿਵਾਸੀਆਂ ਨੇ ਸਵਾਗਤ ਕੀਤਾ। ਗੁਰੂ ਸਾਹਿਬ ਦੇ ਆਉਣ ਤੋਂ ਪਹਿਲਾਂ ਸ਼ੇਖ ਮਾਲੋ ਤੇ ਇਲਾਕਾ ਨਿਵਾਸੀਆਂ ਨੇ ਵੱਡਾ ਇਕੱਠ ਕੀਤਾ ਹੋਇਆ ਸੀ। ਗੁਰੂ ਸਾਹਿਬ ਨੇ ਕੀਰਤਨ ਕੀਤਾ। ਸਤਿਨਾਮ ਵਾਹਿਗੁਰੂ ਦਾ ਪ੍ਰਚਾਰ ਕੀਤਾ। ਜਗਿਆਸੂਆਂ ਦੇ ਸਵਾਲਾਂ ਦੇ ਜਵਾਬ ਦਿਤੇ?

ਉਮਰ ਖਾਨ ਵੀ ਉਠ ਖਲੋਤਾ ਕਹਿਣ ਲੱਗਾ ਬਾਬਾ ਜੀ ਕੋਈ ਇਕ ਮਜ਼ਹਬ ਤਾਂ ਚੰਗਾ ਹੋਵੇਗਾ ਤੁਸੀ ਤਾਂ ਸਾਰਿਆਂ ਦੇ ਹੀ ਪਾਜ ਉਦੇੜੀ ਜਾ ਰਹੇ ਹੋ। ਗੁਰੂ ਸਾਹਿਬ ਨੇ ਬੜੀ ਨਿਮ੍ਰਤਾ ਨਾਲ ਕਿਹਾ ਕਿ ਉਮਰ ਖਾਂ ਤੂੰ ਹੀ ਦੱਸ ਦੇ ਕਿਹੜਾ ਫਿਰਕਾ ਅੱਜ ਅਸੂਲ ਤੇ ਚਲ ਰਿਹਾ ਹੈ? ਉਮਰ ਖਾਨ ਨੇ ਜਿਵੇ ਜਿਵੇ ਸੰਪਰਦਾਵਾਂ ਗਿਣਾਈਆਂ ਗੁਰੂ ਸਾਹਿਬ ਨੇ ਤਿਵੇ ਤਿਵੇਂ ਉਨਾਂ ਦਾ ਨਕਸ਼ਾ ਖਿੱਚ ਸੰਗਤਾਂ ਨੂੰ ਜਾਣੂ ਕਰਵਾਇਆ। ਸਾਹਿਬ ਨੇ ਫਿਰ ਵਜੰਤਰੀਆਂ ਨੂੰ ਸੁਚੇਤ ਕਰ ਬਾਣੀ ਗਾਈ:-

ਸਲੋਕੁ ਮਃ ੧ ॥ ਸਤੀ ਪਾਪੁ ਕਰਿ ਸਤੁ ਕਮਾਹਿ ॥ ਗੁਰ ਦੀਖਿਆ ਘਰਿ ਦੇਵਣ ਜਾਹਿ ॥ ਇਸਤਰੀ ਪੁਰਖੈ ਖਟਿਐ ਭਾਉ ॥ ਭਾਵੈ ਆਵਉ ਭਾਵੈ ਜਾਉ ॥ ਸਾਸਤੁ ਬੇਦੁ ਨ ਮਾਨੈ ਕੋਇ ॥ ਆਪੋ ਆਪੈ ਪੂਜਾ ਹੋਇ ॥ ਕਾਜੀ ਹੋਇ ਕੈ ਬਹੈ ਨਿਆਇ ॥ ਫੇਰੇ ਤਸਬੀ ਕਰੇ ਖੁਦਾਇ ॥ ਵਢੀ ਲੈ ਕੈ ਹਕੁ ਗਵਾਏ ॥ ਜੇ ਕੋ ਪੁਛੈ ਤਾ ਪੜਿ ਸੁਣਾਏ ॥ ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ ॥ ਲੋਕ ਮੁਹਾਵਹਿ ਚਾੜੀ ਖਾਹਿ ॥ ਚਉਕਾ ਦੇ ਕੈ ਸੁਚਾ ਹੋਇ ॥ ਐਸਾ ਹਿੰਦੂ ਵੇਖਹੁ ਕੋਇ ॥ ਜੋਗੀ ਗਿਰਹੀ ਜਟਾ ਬਿਭੂਤ ॥ ਆਗੈ ਪਾਛੈ ਰੋਵਹਿ ਪੂਤ ॥ ਜੋਗੁ ਨ ਪਾਇਆ ਜੁਗਤਿ ਗਵਾਈ ॥ ਕਿਤੁ ਕਾਰਣਿ ਸਿਰਿ ਛਾਈ ਪਾਈ ॥ ਨਾਨਕ ਕਲਿ ਕਾ ਏਹੁ ਪਰਵਾਣੁ ॥ ਆਪੇ ਆਖਣੁ ਆਪੇ ਜਾਣੁ ॥੧॥ ਮਃ ੧ ॥ ਹਿੰਦੂ ਕੈ ਘਰਿ ਹਿੰਦੂ ਆਵੈ ॥ ਸੂਤੁ ਜਨੇਊ ਪੜਿ ਗਲਿ ਪਾਵੈ ॥ ਸੂਤੁ ਪਾਇ ਕਰੇ ਬੁਰਿਆਈ ॥ ਨਾਤਾ ਧੋਤਾ ਥਾਇ ਨ ਪਾਈ ॥ ਮੁਸਲਮਾਨੁ ਕਰੇ ਵਡਿਆਈ ॥ ਵਿਣੁ ਗੁਰ ਪੀਰੈ ਕੋ ਥਾਇ ਨ ਪਾਈ ॥ ਰਾਹੁ ਦਸਾਇ ਓਥੈ ਕੋ ਜਾਇ ॥ ਕਰਣੀ ਬਾਝਹੁ ਭਿਸਤਿ ਨ ਪਾਇ ॥ ਜੋਗੀ ਕੈ ਘਰਿ ਜੁਗਤਿ ਦਸਾਈ ॥ ਤਿਤੁ ਕਾਰਣਿ ਕਨਿ ਮੁੰਦ੍ਰਾ ਪਾਈ ॥ ਮੁੰਦ੍ਰਾ ਪਾਇ ਫਿਰੈ ਸੰਸਾਰਿ ॥ ਜਿਥੈ ਕਿਥੈ ਸਿਰਜਣਹਾਰੁ ॥ ਜੇਤੇ ਜੀਅ ਤੇਤੇ ਵਾਟਾਊ ॥ ਚੀਰੀ ਆਈ ਢਿਲ ਨ ਕਾਊ ॥ ਏਥੈ ਜਾਣੈ ਸੁ ਜਾਇ ਸਿਞਾਣੈ ॥ ਹੋਰੁ ਫਕੜੁ ਹਿੰਦੂ ਮੁਸਲਮਾਣੈ ॥ ਸਭਨਾ ਕਾ ਦਰਿ ਲੇਖਾ ਹੋਇ ॥ ਕਰਣੀ ਬਾਝਹੁ ਤਰੈ ਨ ਕੋਇ ॥ ਸਚੈ ਸਚੁ ਵਖਾਣੈ ਕੋਇ ॥ ਨਾਨਕ ਅਗੈ ਪੁਛ ਨ ਹੋਇ ॥੨॥

ਉਮਰ ਖਾਂ ਦੇ ਸਾਰੇ ਸਵਾਲ ਮੁੱਕ ਗਏ। ਅੰਤ ਵਿੱਚ ਚਰਨੀ ਲੱਗਾ। ਕਹਿਣ ਲੱਗਾ ਜੈਸਾ ਨਾਨਕ ਸੁਣਿਆ ਸੀ ਓਸੇ ਤਰਾਂ ਦਾ ਹੀ ਪਾਇਆ ਹੈ।

ਗੁਰੂ ਸਾਹਿਬ ਕੁਝ ਦਿਨ ਸੋੜੀਆਂ ਰਹੇ। ਇਥੇ ਵੀ ਖੱਤਰੀਆਂ ਦੇ ਵਾਹਵਾ ਟੱਬਰ ਸਨ। ਇਕ ਦਿਨ ਉਮਰ ਖਾਨ ਰੇਸ਼ਮੀ ਕੱਪੜੇ ਦਾ ਥਾਨ ਲੈ ਕੇ ਆਇਆ ਤੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਰੱਖ ਹੱਥ ਜੋੜ ਬੇਨਤੀ ਕੀਤੀ ਕਿ 'ਗੁਰੂ ਸਾਹਿਬ ਆਹ ਤੁੱਛ ਜਿਹੀ ਦਾਸ ਦੀ ਭੇਟ ਪ੍ਰਵਾਨ ਕਰੋ। ਤੁਹਾਡੇ ਬਸਤਰ ਜਿਆਦਾ ਬਜੁਰਗ ਹੋ ਗਏ ਨੇ ਕਿਰਪਾ ਕਰੋ ਤੇ ਸਿਵਾਂ ਕੇ ਇਸ ਨੂੰ ਪਹਿਨੋ।'

ਗੁਰੂ ਸਾਹਿਬ ਨੇ ਕਿਹਾ ਉਮਰ ਖਾਂ ਅਸੀ ਫਕੀਰ ਲੋਕ ਹਾਂ। ਸਾਨੂੰ ਇਹੋ ਜਿਹੇ ਰੇਸ਼ਮੀ ਕਪੜੇ ਨਹੀ ਸੋਹਦੇ। ਤੇਰੀ ਭੇਟ ਸਾਨੂੰ ਪ੍ਰਵਾਨ ਹੋਈ। ਇਹ ਕਪੜਾ ਤੁਸੀ ਹੀ ਵਰਤੋ।

ਉਮਰ ਖਾਂ ਨੇ ਗੁਰੂ ਸਾਹਿਬ ਦੇ ਪੈਰ ਫੜ੍ਹ ਲਏ, "ਗੁਰੂ ਜੀ ਏਨੀ ਮੇਰੇ ਤੇ ਕਿਰਪਾ ਕਰੋ। ਮੇਰੀ ਭੇਟ ਕਬੂਲ ਕਰੋ।"

ਗੁਰੂ ਸਾਹਿਬ ਨੇ ਉਹਦੀ ਭਾਵਨਾ ਨੂੰ ਦੇਖਦੇ ਹੋਏ ਉਹ ਥਾਨ ਸਵੀਕਾਰ ਕੀਤਾ ਹਾਲਾਂ ਮਹਿੰਗਾ ਰੇਸ਼ਮੀ ਕਪੜਾ ਗੁਰੂ ਸਾਹਿਬ ਦੀ ਸੋਚ ਅਨੁਸਾਰ ਠੀਕ ਨਹੀ ਸੀ। ਸਿੱਖ ਨੂੰ ਹੁਕਮ ਕੀਤਾ ਕਿ ਹੁਣ ਦਰਜੀ ਨੂੰ ਲੈ ਕੇ ਆਓ।

ਦਰਜੀ ਆਇਆ ਤਾਂ ਚੋਲਾ ਸਿਵਾਉਣ ਦੇ ਬਿਜਾਏ ਗੁਰੂ ਨਾਨਕ ਨੇ ਦਰਜੀ ਕੋਲੋ ਕਪੜੇ ਦੇ ਦੋ ਚੱਦਰੇ ਬਣਵਾ ਲਏ। ਅਮੂਮਨ ਸਰਦੀਆਂ ਵਿੱਚ ਗੁਰੂ ਸਾਹਿਬ ਚੱਦਰ ਦੀ ਬੁੱਕਲ ਮਾਰ ਲਿਆ ਕਰਦੇ ਸਨ ਪਰ ਐਤਕਾਂ ਇਕ ਚਾਦਰ ਉਨਾਂ ਆਪਣੇ ਤੇੜ ਬੰਨਣ ਲਈ ਬਣਵਾ ਲਈ ਤੇ ਦੂਸਰੀ ਆਪਣੇ ਸਾਥੀ ਸਿੱਖ ਦੇ ਤੇੜ ਲਈ।

ਇਹ ਵੇਖ ਉਮਰ ਖਾਨ ਬਾਗ ਬਾਗ ਹੋ ਗਇਆ ਕਹਿਣ ਲੱਗਾ ਮੈਨੂੰ ਇਓ ਲੱਗ ਰਿਹਾ ਹੈ ਜਿਵੇ ਮੇਰਾ ਰੇਜਾ ਆਪ ਖੁਦਾ ਨੇ ਪਹਿਨ ਲਿਆ ਹੈ।

—◈—

ਵੈਰੋਕੇ–ਉਮਰ ਖਾਨ ਨੇ ਸ਼ਾਹ ਅਦਰਮਾਨ- ਸੋੜੀਆਂ ਤੋਂ 6 ਕੁ ਕਿ. ਮੀ. ਚੜ੍ਹਦੇ ਪਾਸੇ ਪਿੰਡ ਵੈਰੋਕੇ ਹੈ। ਇਥੇ ਸੂਫੀ ਫਕੀਰ ਸ਼ਾਹ ਅਦਰਮਾਨ ਦਾ ਤਕੀਆ ਅੱਜ ਵੀ ਮੌਜੂਦ ਹੈ। ਅਦਰ ਅਰਬੀ ਲਫਜ ਹੈ ਜਿਸਦਾ ਮਤਲਬ ਹੁੰਦਾ ਹੈ ਸ਼ਹਿਜਾਦਾ।

ਗੁਰੂ ਸਾਹਿਬ ਦੇ ਵੇਲਿਆਂ ਵੇਲੇ ਹੀ ਸ਼ਾਹ ਅਦਰਮਾਨ ਹੋਇਆ ਹੈ। ਇਲਾਕੇ ਵਿੱਚ ਉਹਦੀ ਚੋਖੀ ਮਾਨਤਾ ਸੀ। ਉਮਰ ਖਾਂ ਵੀ ਉਹਦਾ ਮੁਰੀਦ ਸੀ। ਉਮਰ ਖਾਂ ਨੇ ਸਿੱਖੀ ਧਾਰਨ ਕਰਨ ਉਪਰੰਤ ਗੁਰੂ ਸਾਹਿਬ ਨੂੰ ਸ਼ਾਹ ਅਦਰਮਾਨ ਬਾਰੇ ਦੱਸਿਆ। ਇਕ ਦਿਨ ਗੁਰੂ ਸਾਹਿਬ ਨੇ ਉਮਰ ਖਾਨ ਨੂੰ ਹੁਕਮ ਕੀਤਾ ਕਿ ਜਾਓ ਸ਼ਾਹ ਅਦਰਮਾਨ ਨੂੰ ਮੇਰਾ ਸੁਨੇਹਾ ਦੇਣਾ ਕਿ ਮੈਂ ਉਨਾਂ ਦੇ ਦਰਸ਼ਨਾਂ ਲਈ ਫਲਾਣੇ ਦਿਨ ਆਉਣਾ ਚਾਹੁੰਦਾ ਹਾਂ।

ਜਿਵੇ ਉਮਰ ਖਾਨ ਨੇ ਸ਼ਾਹ ਅਦਰਮਾਨ ਨੂੰ ਗੁਰੂ ਨਾਨਕ ਸਾਹਿਬ ਦਾ ਸੁਨੇਹਾ ਦਿੱਤਾ ਤਾਂ ਉਮਰ ਖਾਂਨ ਤਾਂ ਇਕ ਦਮ ਅੱਗ ਬਬੂਲਾ ਹੋ ਗਿਆ,"ਓਏ ਤੂੰ ਮੋਮਨ ਹੋ ਕੇ ਕਾਫਰ ਦਾ ਨੌਕਰ ਬਣਿਆ ਪਿਐ? ਪੀਰ ਨੇ ਉਮਰ ਖਾਂ ਦੀ ਬਹੁਤ ਲਾਹ ਪਾਹ ਕਰ ਦਿੱਤੀ।

ਉਮਰ ਖਾਂ ਨੇ ਪੀਰ ਸਾਹਿਬ ਨੂੰ ਕਿਹਾ ਕਿ ਗੁਰੂ ਸਾਹਿਬ ਹਿੰਦੂ ਮੁਸਲਮਾਨ ਤੋਂ ਉੱਤੇ ਦੀ ਗਲ ਹੈ। ਗੁਰੂ ਨਹੀ ਮੰਨਦਾ ਹਿੰਦੂ ਮਾਨਤਾਵਾਂ ਨੂੰ।

ਅੱਗੋ ਪੀਰ ਬੋਲਿਆ, "ਕੀ ਉਹ ਮੁਸਲਮਾਨ ਹੈ?"

ਉਮਰ ਖਾਂ ਕਹਿਣ ਲੱਗਾ "ਬੇਸ਼ਕ ਉਹ ਮੁਸਲਮਾਨ ਵੀ ਨਹੀ ਪਰ ਉਹ ਖੁਦਾ ਦੀ ਸ਼ਾਖਸਾਤ ਮੂਰਤ ਹੈ।"

ਪੀਰ ਅੱਗੋ ਬੋਲਿਆ,"ਚੰਗਾ ਆਉਣ ਦੇ ਤੇਰੇ ਖੁਦਾ ਨੂੰ ਮੇਰੇ ਕੋਲ, ਵੇਖੀ ਕਿਵੇ ਮੈਂ ਉਹਦੀਆਂ ਦੌੜਾਂ ਲਵਾਉਦਾ।"

ਜਦੋਂ ਉਮਰ ਖਾਂ ਮੁੜ ਸੋੜੀਆਂ ਆਇਆ ਤਾਂ ਗੁਰੂ ਸਾਹਿਬ ਨੇ ਮੁਸਕਰਾਉਂਦੇ ਹੋਏ ਪੁੱਛਿਆ ਕਿਓ ਭਾਈ ਉਮਰ ਖਾਂ ਮਿਲਿਆ ਪੀਰ?

ਗੁਰਦੁਆਰਾ ਬੇਰ ਸਾਹਿਬ ਵੈਰੋਕੇ। ਪਿਛੇ ਜਿਹੇ ਜਦੋਂ ਕਾਰ ਸੇਵਾ ਬਾਬੇ ਗੁਰਦੁਆਰਾ ਸਾਹਿਬ ਬਣਾ ਰਹੇ ਸਨ ਤਾਂ ਇਤਹਾਸਿਕ ਬੇਰੀ ਵੱਢ ਦਿੱਤੀ। ਦੂਸਰੇ ਪਾਸੇ ਬਾਬੇ ਕਹਿੰਦੇ ਹਨ ਕਿ ਬੇਰੀ ਸੁੱਕ ਗਈ ਸੀ। ਹੁਣ ਉਸ ਦੇ ਬੀਅ ਤੋਂ ਨਵਾ ਰੁੱਖ ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਯਾਦ ਰਹੇ ਕਾਰ ਸੇਵਾ ਵਾਲੇ ਪੁਰਾਤਨਤਾ ਦੀ ਰਤਾ ਪ੍ਰਵਾਹ ਨਹੀ ਕਰਦੇ।

ਉਮਰ ਖਾਂ ਬੋਲਿਆ, "ਗੁਰੂ ਜੀ ਪੀਰ ਦੀਆਂ ਗੱਲਾਂ ਛੱਡੋ। ਉਹ ਕਹਾਉਂਦਾ ਤਾਂ ਫਕੀਰ ਹੈ ਪਰ ਫਕੀਰੀ ਉਸ ਤੋਂ ਦੂਰ ਹੈ।"

ਗੁਰੂ ਜੀ ਨੇ ਕਿਹਾ, "ਉਮਰ ਖਾਂ ਝਕੋ ਨਾਂ, ਬੇ ਝਿਜਕ ਕਹੋ ਕੀ ਕਿਹਾ ਪੀਰ ਜੀ ਨੇ?"

ਉਮਰ ਖਾਂ ਨੇ ਸਾਰੀ ਗਲ ਸਾਫ ਸਾਫ ਗੁਰੂ ਸਾਹਿਬ ਨੂੰ ਦੱਸੀ।

ਉਮਰ ਖਾਂ ਕਹਿਣ ਲੱਗਾ ਕਿ ਗੁਰੂ ਸਾਹਿਬ ਜਦੋਂ ਤੁਸੀ ਜਾਂਦੇ ਹੋ ਮੈਨੂੰ ਵੀ ਨਾਲ ਲਈ ਚਲਣਾ।

ਗੁਰੂ ਸਾਹਿਬ ਨੇ ਕਿਹਾ ਠੀਕ ਹੈ। "ਪਰ ਉਮਰ ਖਾਂ ਤੂੰ ਸਾਥੋਂ ਪਹਿਲਾਂ ਚਲਾ ਜਾਵੀ। ਮਸਾਂ ਕਿਤੇ ਪੀਰ ਇਹ ਨਾਂ ਸੋਚੇ ਕਿ ਉਮਰ ਖਾਂ ਗੁਰੂ ਨਾਨਕ ਨੂੰ ਚੜ੍ਹਾ ਕੇ ਲੈ ਆਇਆ ਹੈ।"

ਉਮਰ ਖਾਂ ਕਹਿਣ ਲੱਗਾ, "ਬਾਬਾ ਜੀ ਮੈਂ ਨਹੀ ਐਹੋ ਜਿਹੇ ਹੰਕਾਰੀ ਪੀਰਾਂ ਕੋਲੋਂ ਡਰਦਾ। ਮੇਰਾ ਉਹ ਕੀ ਵਗਾੜ ਲਵੇਗਾ?"

ਗੁਰੂ ਸਾਹਿਬ ਨੇ ਕਿਹਾ, "ਨਹੀ ਉਮਰ ਖਾਂ। ਅਸੀ ਉਸ ਦੇ ਪੀਰੀ ਲਿਬਾਸ ਦੀ ਵੀ ਕਦਰ ਕਰਨੀ ਹੈ। ਇੱਜਤ ਨਾਲ ਪੇਸ਼ ਆਉਣਾ ਉਹਦੇ ਵੀ।"

ਉਮਰ ਖਾਂ ਬੋਲ ਉਠਿਆ, "ਬਸ ਇਹੋ ਫਰਕ ਹੈ, ਤੁਹਾਡੇ ਤੇ ਉਸ ਵਿਚ।"

ਅਗਲੇ ਦਿਨ ਫਿਰ ਗੁਰੂ ਸਾਹਿਬ ਨੇ ਸਾਥੀ ਸਿੱਖਾਂ ਨੂੰ ਹੁਕਮ ਕੀਤਾ ਚਲੋ ਭਾਈ ਅੱਜ ਪੀਰ ਦੀ ਫੂਕ ਕੱਢਦੇ ਚਲੀਏ।

ਗੁਰੂ ਸਾਹਿਬ ਜਿਵੇ ਵੈਰੋਕੇ ਪੀਰ ਦੇ ਤਕੀਏ ਤੇ ਪਹੁੰਚੇ ਤਾਂ ਪੀਰ ਅਦਰ ਮਾਨ ਤਾਂ ਸ਼ਾਹੀ ਠਾਠ ਵਿੱਚ ਪਾਲਕੀ ਵਿੱਚ ਬਹਿ ਓਥੋਂ ਜਾਣ ਲਈ ਅਜੇ ਤੁਰਿਆ ਸੀ ਕਿ ਗੁਰੂ ਨਾਨਕ ਨਜਰ ਆ ਗਏ। ਪੀਰ ਨੇ ਆਪਣੀ ਪਾਲਕੀ ਹੇਠਾਂ ਰੱਖਵਾ ਲਈ ਤੇ ਉਤਰ ਆਇਆ।

ਗੁਰੂ ਸਾਹਿਬ ਸਾਹਮਣੇ ਖਲੋ ਗਏ।

ਸ਼ਾਹ ਅਦਰ ਮਾਨ ਬੋਲਿਆ ਕੀ ਹਾਲ ਹੈ ਨਾਨਕ ਤਪਾ?

ਗੁਰੂ ਸਾਹਿਬ ਨੇ ਕਿਹਾ ਖੁਦਾ ਦਾ ਸ਼ੁਕਰ ਹੈ ਪੀਰ ਜੀ।

ਅਦਰਮਾਨ ਕਹਿਣ ਲੱਗਾ ਕਿਵੇ ਆਉਣਾ ਹੋਇਆ ਨਾਨਕ ਤਪਾ।

ਗੁਰੂ ਸਾਹਿਬ ਨੇ ਕਿਹਾ ਮੈਂ ਤਾਂ ਸੁਨੇਹਾ ਭੇਜਿਆ ਸੀ ਕਿ ਤੁਹਾਡੇ ਦਰਸ਼ਨ ਕਰਨੇ ਨੇ ਪਰ ਤੁਸੀ ਤਾਂ ਮੇਰੇ ਤੇ ਗੁੱਸੇ ਲੱਗਦੇ ਹੋ। ਪੀਰ ਜੀ ਮੈਂ ਤੁਹਾਡਾ ਕੀ ਵਿਗਾੜਿਆ ਹੈ?

ਪੈਰ ਸਫ਼ਾ

ਬਾਲਾ -289 ਅਤੇ ਬੀ:40 - 150 ਅਧਾਰਤ

ਫੈਲਸੂਫ- ਫਾਰਸੀ ਵਿੱਚ ਫਿਲਾਸਫਰ ਨੂੰ ਆਖਦੇ ਹਨ।

○ਗਲ ਸੋੜੀਆਂ ਇਲਾਕੇ ਦੀ ਚਲ ਰਹੀ ਹੈ। ਸੋੜੀਆਂ ਦੇ ਲਾਗੇ ਹੀ ਪਿੰਡ ਧਰਮਕੋਟ ਹੈ ਜਿੱਥੇ ਗੁਰੂ ਨਾਨਕ ਦਾ ਯਾਦਗਾਰੀ ਗੁਰਦੁਆਰਾ ਮੌਜੂਦ ਹੈ। ਇਹ ਪਿੰਡ ਕਿਸੇ ਵੇਲੇ ਨਿਰੋਲ ਤਰਖਾਣਾਂ ਦਾ ਹੁੰਦਾ ਸੀ। ਸ਼ੇਖ ਮਾਲੋ ਵੀ ਤਰਖਾਣ ਸੀ। ਸੋ ਇਹੋ ਸੰਭਾਵਨਾ ਬਣਦੀ ਹੈ ਕਿ ਮਾਲੋ ਧਰਮਕੋਟ ਨਿਵਾਸੀ ਸੀ।

● ਕੁਦਰਤੀ ਹੈ ਇਹ ਧਰਮਕੋਟ ਦਾ ਭਾਈ ਭਗਤੂ ਹੀ ਹੋਵੇਗਾ।

ਬਾਲਾ-291 ਨੇ ਕਬੀਰ ਸਾਹਿਬ ਦੇ ਅਣਢੁਕਵੇਂ ਸਲੋਕ ਦਾ ਹਵਾਲਾ ਦਿੱਤਾ ਹੈ। ਇਸ ਕਰਕੇ ਅਸਾਂ ਢੁੱਕਵਾਂ ਸਲੋਕ ਉਪਰ ਪਾਇਆ ਹੈ। ਜੋ ਬਾਲਾ ਨੇ ਦਿੱਤਾ ਹੈ ਉਹ ਇਸ ਪ੍ਰਕਾਰ ਹੈ:-

ਏਕੋ ਜੋਤ ਏਕਾ ਮਲ ਮੂਤ੍ਰ ਏਕੋ ਪਵਨ ਦੁਹਾਂ ਦੀ। ਏਕ ਮਾਈ ਤੇ ਸਭ ਜਗ ਉਪਜਿਆ ਕਉਣ ਬ੍ਰਾਹਮਣ ਕੌਣ ਸੂਦਾ।੧। ਭਾਈ ਰੇ ਭਰਮ ਭੁਲੇ ਹੋ ਭਾਰੀ। ਬੇਦ ਕਤੇਬ ਸਭ ਦੋਜਕ ਜਾਵੇ ਕਉਣ ਨਾਰੀ। ਰਹਾਉ। ਮਾਟੀ ਕੇ ਘਟਿ ਸਾਜਿ ਨਿਵਾਜਿਆ ਨਾਦੇ ਬਿੰਦ ਸਮਾਨਾ। ਘਟ ਬਿਨਸੇ ਕਿਆ ਨਾਮ ਧਰੋਗੇ ਗਾਫਲ ਭਏ ਸਤਾਨਾ।੨। ਹਿੰਦੂ ਕ੍ਰਿਸਨ ਬਿਸਨ ਕਹਿਤੇ ਹੈਂ ਅਰ ਕਹਿਤੇ ਤੁਰਕ ਰਸੂਲਾ। ਏਕ ਖੁਦਾਇ ਨ ਕਿਨਹੂ ਜਾਨਾ ਦੋਨੋ ਭਰਮਹਿ ਭੂਲਾ।੩। ਰਜਗੁਣ ਬ੍ਰਹਮਾ ਤਮ ਗੁਣ ਸੰਕਰ ਸਾਂਤਕ ਗੁਣ ਬਿਸਨੋਈ। ਕਹਿਤ ਕਬੀਰ ਸਚ ਮਾਨ ਮਾਨਿਆ ਹਿੰਦੂ ਤੁਰਕ ਨ ਕੋਈ।੪।

◘ ਸ਼ੇਖ ਮਾਲੋ ਨੇ ਕਿਉਕਿ ਸ਼ੁਰੂ ਵਿੱਚ ਇਸ ਗਲ ਤੇ ਵਿਰੋਧ ਜਿਤਾਇਆ ਸੀ ਕਿ ਗੁਰੂ ਸਾਹਿਬ ਨੇ ਸਾਧੂ ਸੰਤ ਹੋਣ ਦੇ ਬਾਵਜੂਦ ਵਾਪਸ ਗ੍ਰਿਸਤ ਵਿੱਚ ਕਿਓ ਪੈਰ ਪਾਇਆ ਹੈ। ਇਸ ਸਾਖੀ ਨੂੰ ਲੈ ਕੇ ਹੰਦਾਲ ਨਿਰੰਜਣੀਏ ਦੇ ਪੁੱਤਰ ਬਿੰਧੀ ਚੰਦ ਨੇ ਮਨ ਘੜਤ ਗੱਲਾਂ ਬਣਾ ਲਈਆਂ ਕਿ ਗੁਰੂ ਨਾਨਕ ਪਾਤਸ਼ਾਹ ਨੇ ਦੂਸਰਾ ਵਿਆਹ ਕਰਵਾ ਲਿਆ ਸੀ। ਕਿਉਕਿ ਬਿੰਧੀ ਚੰਦ ਨੇ ਆਪਣੀ ਜਨਾਨੀ ਦੇ ਹੁੰਦਿਆ ਇਕ ਮੁਸਲਮਾਨੀ ਰੱਖ ਲਈ ਸੀ। ਆਪਣੀ ਕਮਜੋਰੀ ਨੂੰ ਜਾਇਜ ਠਹਿਰਾਉਣ ਵਾਸਤੇ ਉਸ ਨੇ ਗੁਰੂ ਨਾਨਕ ਪਾਤਸ਼ਾਹ ਦੀ ਪਵਿਤ੍ਰ ਸ਼ਖਸੀਅਤ ਨੂੰ ਦਾਗ ਲਾਉਣ ਦੀ ਕੋਸ਼ਿਸ਼ ਕੀਤੀ। ਬਿੰਧੀ ਚੰਦ ਨੇ ਜਨਮ ਸਾਖੀ ਦੇ ਉਤਾਰੇ ਕਰਵਾਏ ਜਿੰਨਾ ਵਿੱਚ ਇਸ ਨੇ ਹੰਦਾਲ ਨੂੰ ਗੁਰੂ ਸਾਹਿਬ ਤੋਂ ਵੀ ਉਪਰ ਪਹੁੰਚਿਆ ਹੋਇਆ ਅਵਤਾਰ ਦੱਸਿਆ। ਕਿਤੇ ਹੰਦਾਲ ਨੂੰ ਕਬੀਰ ਸਾਹਿਬ ਤੋਂ ਉਪਰ ਦੱਸਿਆ। ਗੁਰੂ ਸਾਹਿਬ ਦੇ ਪੂਰਬਲੇ ਜਨਮ ਬਾਰੇ ਜਨਮ ਸਾਖੀ ਵਿੱਚ ਗੱਲਾਂ ਲਿਖਵਾਈਆਂ। ਮਿਸਾਲ ਦੇ ਤੌਰ ਤੇ ਧ੍ਰੂ ਭਗਤ ਵਾਲੀ ਸਾਖੀ ਵਿੱਚ (ਬਾਲਾ- 238) ਤੇ ਲਿਖਿਆ ਹੈ:-

"ਇਸ ਕਲਜੁਗ ਵਿਚਿ ਆਗੇ ਕਬੀਰ ਭਗਤ ਆਹਾ ਧੁਰ ਇਥੇਹ ਧੁਰ ਪਹੁੰਚਿਆ ਹੈ। ਅਤੇ ਇਕ ਤੂ ਭੀ ਆਇ ਪਹੁੰਚਿਆ ਹੈ। ..ਤਾਂ ਮਰਦਾਨੇ ਪੁੱਛਿਆ ..ਅਜੀ ਕੋਈ ਇਥੇ ਹੋਰ ਭੀ ਪਹੁਚਸੀ.। ਤਾਂ ਪ੍ਰਹਲਾਦ ਭਗਤ ਕਿਹਾ ਸੁਣ ਭਾਈ ਇਕ ਅਸਾਡਾ ਗੁਰ ਭਾਈ ਸੋ ਇਥੇ ਆਇ ਪਹੁਚੇਗਾ। ਹੋਰਸ ਦਾ ਕੰਮ ਨਾਹੀ। ਫਿਰ ਮਰਦਾਨੇ ਪੁੱਛਿਆ ਜੀ ਉਹ ਕਦ ਹੋਸੀ। ਤਾਂ ਪ੍ਰਹਲਾਦ ਭਗਤਿ ਕਹਿਆ ਸੁਣ ਭਾਈ ਕਲਜੁਗ ਵਿਚਿ ਹੋਵੇਗਾ। ਜਦ ਨਾਨਕ ਦੇਹ ਛੋਡੇਗਾ ਇਸ ਤੇ ਸਉ ਬਰਸ ਬਾਦ ਹੋਸੀ। ਅਤੇ ਨਾਨਕ ਤਪੇ ਨਾਲੋਂ ਵੀ ਉਪਰ ਹੋਵੇਗਾ। ਇਨਾਂ ਤ੍ਰਿਹਾ ਤੁਲ ਹੋਰ ਕੋਈ ਭਗਤ ਨਾਹੀ।"

ਫਿਰ ਅੱਗੇ ਵੇਖੋ ਕਿੰਨੀ ਬੇਸ਼ਰਮੀ ਵਿਖਾਈ ਹੈ। (ਬਾਲਾ- 265) ਤੇ ਲਿਖਿਆ ਹੈ:-

"...ਤਾਂ ਖਤਰੇਟੇ ਨੇ ਕਿਹਾ ਅਰੇ ਭਾਈ ਤੂੰ ਕਦ ਕੀ ਬਾਤ ਕਰਤਾ ਹੈ। ਤ੍ਰੇਤੇ ਮੇਂ ਰਾਜਾ ਜਨਕ ਹੂਆ ਥਾ..ਤਾਂ ਗੁਰੂ ਨਾਨਕ ਕਿਹਾ ਤਦ ਮੇਰਾ ਨਾਂ ਗੋਵਰਧਨ ਥਾ। ਅਰ ਰਾਜੇ ਜਨਕ ਕੇ ਹਮ ਸਿਖ ਹੋਤੇ ਥੇ।...ਔਰ ਏਕ ਹਮਾਰਾ ਭਾਈ ਹੰਦਾਲ ਹੋਵੇਗਾ। ਅਰ ਉਹ ਜਦ ਮੁਸਕੇਗਾ ਤਦ ਤੁਮਾਰੀ ਦੇਹ ਛੁਟੇਗੀ।...ਤਬ ਉਸਕਾ (ਹੰਦਾਲ) ਕਾ ਨਾਉ ਬੀਰਮ ਦੇਉ ਥਾ। ਅਰ ਰਾਜੇ ਉਦੇ ਸਿੰਘ ਕਾ ਬੇਟਾ ਥਾ। ਅਰ ਰਾਜੇ ਜਨਕ ਕਾ ਦਾਮਾਦ ਥਾ।"

ਮਤਲਬ ਇਸ ਤਰਾਂ ਦੀਆਂ ਝੂਠੀਆਂ ਵਡਿਆਈਆਂ ਆਪਣੇ ਪਿਤਾ ਹੰਦਾਲ ਦੀਆਂ ਜਨਮ ਸਾਖੀ ਵਿੱਚ ਪਵਾਈਆਂ। ਕਿਉਕਿ ਇਹ ਜੰਡਿਆਲਾ ਗੁਰੂ ਵਿਖੇ ਰਹਿੰਦਾ ਸੀ ਜਿਹੜਾ ਕਿ ਹਰਮੰਦਰ ਸਾਹਿਬ ਅੰਮ੍ਰਿਤਸਰ ਤੋਂ ਸਿਰਫ 18 ਕਿ. ਮੀ. ਦੂਰੀ ਤੇ ਹੈ ਇਸ ਨੇ ਵੱਡੀ ਬੇਈਮਾਨੀ ਕਰਕੇ ਉਸ ਮਿਲਾਵਟ ਵਾਲੀ ਜਨਮ ਸਾਖੀ ਨੂੰ ਆ ਰਹੀਆ ਸੰਗਤਾਂ ਵਿੱਚ ਵੇਚਿਆ। ਜਿਸ ਦੇ ਥਾਂਈ ਥਾਂਈ ਪੁਰਾਤਨ ਉਤਾਰੇ ਮਿਲੇ ਹਨ।

ਬਿੰਧੀ ਚੰਦ ਦੇ ਪ੍ਰਵਾਰ ਦੀ ਇਨੀ ਬਦਨਾਮੀ ਹੋ ਗਈ ਕਿ ਹੌਲੀ ਹੌਲੀ ਅੱਗੋ ਇਸ ਦੀ ਔਲਾਦ ਸਿੱਖੀ ਤੋਂ ਬਾਗੀ ਹੀ ਹੋ ਗਈ। ਫਿਰ ਉਹ ਦੌਰ ਆਇਆ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈ ਰਹੇ ਸਨ ਤਾਂ ਏਸੇ ਦੀ ਓਲਾਦ ਵਿਚੋਂ ਵਿਚੋਂ ਹਰਭਗਤ ਨਿਰੰਜਨੀਆ ਹੋਇਆ ਹੈ ਜਿਸ ਨੇ ਸਿੱਖਾਂ ਖਿਲਾਫ ਮੁਖਬਰੀ ਕਰਨੀ ਸ਼ੁਰੂ ਕਰੀ।

ਯਾਦ ਰਹੇ ਗੁਰੂ ਅਮਰਦਾਸ ਸਾਹਿਬ ਨੇ ਜਿਹੜੀਆਂ 22 ਮੰਜੀਆਂ ਥਾਪੀਆਂ ਸਨ ਹੰਦਾਲ ਓਨਾਂ ਵਿਚੋਂ ਇਕ ਸੀ। ਇਹ ਵੱਖਰੀ ਗਲ ਹੈ ਉਸ ਦਾ ਮੁੰਡਾ ਕੁਕਰਮੀ ਨਿਕਲ ਆਇਆ।

ਵੈਰੋਕਿਆਂ ਵਿਖੇ ਪੀਰ ਅਦਰਮਾਨ ਦਾ ਮਕਬਰਾ। ਹੁਣ ਗੁੰਬਦ ਡਿੱਗ ਚੁੱਕਾ ਹੈ। ਪਿੰਡ ਦੇ ਵਸਨੀਕਾਂ ਨੇ ਫਿਰ ਵੀ ਮੁਰੰਮਤ ਕਰਕੇ ਸਥਾਨ ਦੀ ਖੂਬਸੂਰਤੀ ਬਰਕਰਾਰ ਰੱਖੀ। ਲੰਮਾ ਇਤਹਾਸ ਹੋਣ ਕਰਕੇ ਲੋਕ ਪੀਰ ਅਦਰ ਮਾਨ ਦਾ ਨਾਂ ਭੁੱਲ ਗਏ ਅਤੇ ਇਸ ਥਾਂ ਨੂੰ ਪੀਰ ਬਖਤਿਆਰ ਦਾ ਸਥਾਨ ਕਰਕੇ ਯਾਦ ਕਰਦੇ ਹਨ। ਸਥਾਨ ਬਹੁਤ ਖੁੱਲਾ, ਕਈ ਕਿੱਲਿਆਂ ਵਿਚ ਹੈ। ਕਈ ਕਬਰਾਂ ਹਨ ਇਥੇ। ਖੂਬਸੂਰਤ ਮਸੀਤ ਅੱਜ ਵੀ ਕਾਇਮ ਹੈ।

ਸ਼ਰਮਿੰਦਾ ਹੋਇਆ ਪੀਰ ਬੋਲ ਉਠਿਆ "ਕਿਹੜਾ ਬੇਵਕੂਫ ਕਹਿੰਦਾ ਕਿ ਮੈਂ ਤੁਹਾਡੇ ਨਾਲ ਖਫਾ ਹਾਂ?"

ਲਾਗੋ ਉਮਰ ਖਾਂ ਬੋਲ ਉਠਿਆ, "ਕਿਓ ਪੀਰ ਜੀ ਤੁਸਾਂ ਕਿਹਾ ਨਹੀ ਸੀ ਕਿ ਆਉਣ ਦਿਓ ਨਾਨਕ ਨੂੰ ਵੇਖਣਾ ਕਿਵੇ ਦੌੜ ਲਵਾਉਦਾ ਮੈਂ ਉਹਦੀ?"

ਪੀਰ ਇਹ ਸੱਚ ਸੁਣ ਕੇ ਪਾਣੀਓ ਪਾਣੀ ਹੋ ਗਿਆ।

ਗੁਰੂ ਸਾਹਿਬ ਨੇ ਉਮਰ ਖਾਂ ਨੂੰ ਟੋਕ ਦਿੱਤਾ ਕਿਹਾ ਤੁਸੀ ਵਿੱਚ ਦਖਲਅੰਦਾਜ਼ੀ ਨਾਂ ਦਿਓ। ਅਸੀ ਆਪਸ ਵਿੱਚ ਸਭ ਸਮਝ ਲੈਂਨੇ ਆਂ। ਇਹ ਸਾਡੀ ਪੀਰਾਂ ਫਕੀਰਾਂ ਦੀ ਪ੍ਰੇਮ ਬੋਲੀ ਹੈ। ਗੁਰੂ ਸਾਹਿਬ ਨੇ ਪੀਰ ਜੀ ਨੂੰ ਜੱਫੀ ਵਿੱਚ ਲੈ ਲਿਆ।

ਗੁਰੂ ਸਾਹਿਬ ਤੇ ਅਦਰ ਮਾਨ ਦੀਆਂ ਖੂਬ ਗੱਲਾਂ ਬਾਤਾਂ ਹੋਈਆਂ।

ਬਾਲਾ ਜਨਮਸਾਖੀ ਦੇ ਲਿਖਾਰੀ ਨੇ ਖੂਬਸੂਰਤ ਕਾਵਿ ਅੰਦਾਜ਼ ਵਿੱਚ ਇਹ ਸਵਾਲ ਜਵਾਬ ਪੇਸ਼ ਕੀਤੇ ਹਨ:

ਜਿਵੇ ਅਦਰ ਮਾਨ ਨੇ ਪੁੱਛਿਆ ਨਾਨਕ ਤੂੰ ਹਿੰਦੂ ਹੈ ਕਿ ਮੁਸਲਮਾਨ ਤਾਂ ਗੁਰੂ ਸਾਹਿਬ ਜਵਾਬ ਦਿੰਦੇ ਹਨ:-

ਬੇਦ ਨਾ ਪੜੈ, ਨਾ ਪੜੈ ਕੁਰਾਨ।
ਦਨੋ ਬੀਚ ਬਸੈ ਸੈਤਾਨ। ਏਕਾ ਏਕੀ ਹੈ ਸੁਬਹਾਨ।
ਕਹੈ ਨਾਨਕ ਸੁਣ ਪੀਰ ਅਦ੍ ਮਾਨ। ਦਾਵਾ ਭੂਲੇ ਤਾਂ ਏਕ ਪਛਾਨ।

ਤਾਂ ਸੇਖ ਅਦ੍ ਮਾਨ ਕਹਿਆ: ਸੁਣ ਨਾਨਕ ਤੇਰਾ ਮਜਬ ਕਿਆ ਹੈ? ਤਦ ਗੁਰੂ ਨਾਨਕ ਕਿਹਾ:-

ਮਜਬ ਹਮਾਰਾ ਸਾਚਾ ਨਾਉਂ। ਜਿਨਿ ਏਕ ਤੇ ਅਨੇਕ ਕੀਏ ਉਪਾਵ।
ਪੂੰਜੀ ਸਾਚ ਸਚਾ ਵਾਪਾਰ। ਝੂਟੋ ਝੂਠ ਹੋਇ ਖੁਆਰ।
ਜੋ ਆਇਆ ਸੋ ਚਲਣਹਾਰ। ਤਿਸ ਪਰ ਨਜਰ ਕਰੇ ਗਵਾਰ।
ਸਚ ਖੁਦਾਇ ਬੰਦਾ ਹੈ ਝੂਠ। ਦਾਵੈ ਅਗਨ ਖੜੇ ਸਭ ਲੂਟ। ਸੁਣ ਦਾਵੇ ਮੈਂ ਨਹੀ ਖੁਦਾਇ। ਨਾਨਕ ਦਸੈ ਸਾਚਾ ਰਾਹਿ।

ਇਸ ਤੇ ਅਦਰ ਮਾਨ ਨੇ ਕਿਹਾ ਕਿ ਨਾਨਕ ਜੀ ਜਿਹੜੇ ਖੁਦਾ ਦੇ ਪਿਆਰੇ ਨੇ ਇਹਦਾ ਮਤਲਬ ਉਹ ਕੁਝ ਨਹੀ। ਤਾਂ ਫਿਰ ਗੁਰੂ ਨਾਨਕ ਨੇ ਫਰਮਾਇਆ:

ਜੋ ਖੁਦਾਇ ਦੇ ਪਿਆਰੈ ਹੈਨ, ਤਿਨਾ ਖੁਦਾਇ ਪਿਆਰਾ। ਦਿਲ ਮੇਂ ਬਸਤ ਏਕ ਅੰਕਾਰਾ। ਪੀਛੇ ਪਵਨ ਝੂਠਾ ਭੇਖ। ਸਭ ਸੂਰਤ ਮਹਿ ਏਕਾ ਦੇਖ। ਜਹਾ ਦੇਖੇ ਤਹਾ ਹਇ ਸਲਾਮੀ। ਖਾਇ ਹਲਾਲ ਸਭ ਸਤੇ ਹਰਾਮੀ। ਜੋ ਬੰਦਾ

ਪਿਛੇ ਜਿਹੇ ਆਰ ਐਸ ਐਸ ਦੇ ਖੁਫੀਆ ਮਹਿਕਮੇ ਦੇ ਅਜੈਂਟ ਜਿੰਨਾਂ ਨੂੰ 'ਸਤਿਕਾਰ ਕਮੇਟੀ ਦੇ ਸਿੰਘ' ਕਹਿੰਦੇ ਹਨ ਨੇ ਪੀਰ ਦੇ ਤਕੀਏ ਤੇ ਜਾ ਕੇ ਓਥੇ ਜੋ ਗੁਰੂ ਸਾਹਿਬ ਦੀਆਂ ਹੱਥ ਬਣਤ ਤਸਵੀਰਾਂ ਮੌਜੂਦ ਸਨ ਓਨਾਂ ਨੂੰ ਚੁੱਕਵਾ ਦਿੱਤਾ। ਉਪਰੀ ਤਸਵੀਰ ਸੰਨ 2007 ਦੀ ਹੈ ਜਦੋਂ ਇਹ ਲਿਖਾਰੀ ਪਹਿਲੀ ਵਾਰ ਵੈਰੋਕੇ ਗਇਆ ਸੀ। ਅੱਜ ਤਸਵੀਰਾਂ ਅਲੋਪ ਹਨ। ਅਖੌਤੀ ਸਤਿਕਾਰ ਕਮੇਟੀ ਨੂੰ ਸਿੱਖੀ ਦਾ ਇਸਲਾਮ ਨਾਲ ਜੋ ਥੋੜਾ ਬਹੁਤ ਸਬੰਧ ਹੈ ਉਹ ਬਹੁਤ ਚੁੱਭਦਾ ਹੈ। ਆਰ ਐਸ ਐਸ ਸਿੱਖੀ ਨੂੰ ਹਿੰਦੂਮਤ ਦੀ ਸ਼ਾਖ ਬਣਾਉਣਾ ਚਾਹੁੰਦੀ ਹੈ।

ਪਿੰਡ ਸਫਾ

■ ਜਸਤਰਵਾਲ ਦੇ ਪਠਾਣ ਬਹੁਤ ਮਸ਼ਹੂਰ ਹੋਇਆ ਕਰਦੇ ਸਨ। ਸਾਡਾ ਅੰਦਾਜ਼ਾ ਹੈ ਕਿ ਉਮਰ ਖਾਨ ਦੇ ਖਾਨਦਾਨ ਦੇ ਲੋਕ ਹੀ ਬਾਦ ਵਿੱਚ ਜਸਤਰਵਾਲ ਆ ਵਸੇ ਹੋਣਗੇ। ਜਸਤਰਵਾਲ ਦੀ ਪਠਾਣਾਂ ਦੀ ਪੁਰਾਣੀ ਮਸੀਤ ਵਿੱਚ ਵੀ ਅੱਜ ਗੁਰਦੁਆਰਾ ਸ਼ੋਭਿਤ ਹੈ।

✚ ਪਿੰਡ ਵੈਰੋਕੇ ਵਿੱਚ ਸ਼ਾਹ ਅਦਰ ਮਾਨ ਤੇ ਗੁਰੂ ਸਾਹਿਬ ਦੇ ਮੇਲ ਦੀ ਪ੍ਰੰਪਰਾ ਮੌਜੂਦ ਹੈ। ਗੁਰਦੁਆਰਾ ਸਾਹਿਬ ਅਤੇ ਪੀਰ ਦਾ ਤਕੀਆ ਵੀ ਮੌਜੂਦ ਹੈ। ਹਾਲਾਂ ਇਲਾਕੇ ਦੀ ਪ੍ਰੰਪਰਾ ਵਿੱਚ ਪੀਰ ਦਾ ਨਾਂ ਸ਼ਾਹ ਬਖਤਿਆਰ ਦੱਸਿਆ ਗਇਆ ਹੈ। ਦਰ ਅਸਲ ਪੀਰ ਬਖਤਿਆਰ ਸ਼ਾਹ ਦੇ ਜਾਨਸ਼ੀਨਾਂ ਵਿਚੋਂ ਕੋਈ ਸੀ। ਕਿਉਕਿ ਤਲਵੰਡੀ (ਨਨਕਾਣਾ ਸਾਹਿਬ ਤੋਂ) ਜਾਂ ਲਹੌਰ ਤੋਂ ਪੱਧੋਕੇ (ਕਰਤਾਰਪੁਰ ਸਾਹਿਬ) ਜਾਣ ਵੇਲੇ ਵੈਰੋਕੇ, ਸੋਂਡੀਆਂ, ਰਮਦਾਸ ਐਨ ਰਾਹ ਵਿੱਚ ਪੈਦੇ ਹਨ ਇਹ ਜਰੂਰੀ ਹੈ ਕਿ ਗੁਰੂ ਸਾਹਿਬ ਇਸ ਰਸਤੇ ਇਕ ਤੋਂ ਵੱਧ ਵਾਰ ਨਿਕਲੇ ਹੋਣਗੇ। ਸੋ ਜੋ ਇਲਾਕੇ ਵਿੱਚ ਪ੍ਰੰਪਰਾ ਹੈ ਉਹ ਗੁਰੂ ਸਾਹਿਬ ਦੀ ਦੂਸਰੀ ਫੇਰੀ ਬਾਬਤ ਹੋਵੇਗੀ ਜਦੋਂ ਗਰਮੀਆਂ ਦੇ ਦਿਨ ਸਨ। ਪ੍ਰੰਪਰਾ ਕੁਝ ਇਸ ਪ੍ਰਕਾਰ ਹੈ:-

ਸ਼ਾਹ ਅਦਰ ਮਾਨ (ਪੀਰ ਬਖਤਿਆਰ) ਨੂੰ ਗੁਰੂ ਨਾਨਕ ਦੇਵ ਜੀ ਮਿਲਣ ਲਈ ਆਏ। ਸ਼ਾਹ ਦੀ ਪਤਨੀ ਨੇ ਗੁਰੂ ਸਾਹਿਬ ਨੂੰ ਦੱਸਿਆ ਕਿ ਮੀਆਂ ਜੀ ਤਾਂ ਭੀਲੋਵਾਲ ਗਏ ਹੋਏ ਹਨ। ਗੁਰੂ ਸਾਹਿਬ ਨੇ ਬਚਨ ਕਹਿਆ 'ਬੀਬੀ ਵਸੇ ਦਮੋਦਮ, ਮੀਆਂ ਭੀਲੋਵਾਲ, ਸੁੰਞੇ ਮਹਿਲ ਡਰਾਵਣੇ ਬਰਕਤ ਮਰਦਾ ਨਾਲ'। ਗੁਰੂ ਸਾਹਿਬ ਨੇ ਕਿਹਾ ਕਿ ਇਥੇ ਸ਼ਹਿਰ ਵਸਣਾ ਸੀ ਜੇ ਸ਼ਾਹ ਹੁਰੀ ਏਥੇ ਮਿਲਦੇ ਤਾਂ। ਇਨਾਂ ਬਚਨ ਕਹਿ ਕੇ ਗੁਰੂ ਸਾਹਿਬ ਭੀਲੋਵਾਲ ਨੂੰ ਤੁਰ ਪਏ।

ਓਧਰ ਸ਼ਾਹ ਭੀਲੋਵਾਲ ਤੋਂ ਵੈਰੋਕੇ ਵਲ ਤੁਰ ਪਿਆ। ਇਨਾਂ ਦਾ ਮੇਲ ਜਿੱਥੇ ਹੋਇਆ ਉਥੇ ਗੁਰਦੁਆਰਾ ਸਾਹਿਬ ਸ਼ਸ਼ੋਭਤ ਹੈ। ਗੁਰੂ ਸਾਹਿਬ ਰਸਤੇ ਵਿੱਚ ਹੀ ਮਲੇ ਦੀ ਝਾੜੀ ਦੇ ਲਾਗੇ ਬੈਠੇ ਹੋਏ ਸਨ। ਸ਼ਾਹ ਕਹਿਣ ਲੱਗਾ ਗੁਰੂ ਸਾਹਿਬ ਚਲੋ ਕਿਤੇ ਛਾਂਵੇ ਬਹਿਨੇ ਆ। ਗੁਰੂ ਸਾਹਿਬ ਨੇ ਮਰਦਾਨੇ ਨੂੰ ਕਿਹਾ ਕਿ ਮਲੇ ਨੂੰ ਪਾਣੀ ਪਾਓ। ਗੁਰੂ ਸਾਹਿਬ ਦਾ ਅਜਿਹਾ ਕੌਤਕ ਹੋਇਆ ਕਿ ਪਾਣੀ ਤਰੌਂਕਣ ਨਾਲ ਮਲੇ ਨੇ ਓਥੇ ਵੱਡੀ ਬੇਰੀ ਦਾ ਰੂਪ ਲੈ ਗਿਆ। ਜਿਸ ਥੱਲੇ ਬਹਿ ਪੀਰ ਅਦਰ ਮਾਨ ਤੇ ਗੁਰੂ ਸਾਹਿਬ ਦੀ ਫਿਰ ਗੋਸ਼ਟਿ ਹੋਈ ਸੀ।

ਵਕਤ ਪਾ ਕੇ ਉਹ ਬੇਰੀ ਸੁੱਕੀ ਤੇ ਡਿੱਗ ਪਈ। ਉਸਦਾ ਮੋਛਾ ਕਾਫੀ ਸਾਲ ਪਿਆ ਰਿਹਾ ਸੀ। ਪ੍ਰੰਪਰਾ ਨੇ ਉਸ ਬੇਰੀ ਦੇ ਮੋਛੇ ਨਾਲ ਕਹਾਣੀ ਜੋੜੀ। ਓਸੇ ਬੇਰੀ ਨਾਲ ਹੋਰ ਬੇਰੀਆਂ ਵੀ ਹੋਈਆਂ।

ਵੈਰੋਕੇ : ਇਸ ਮੁਸਲਮਾਨਾਂ ਪਿੰਡ ਵਿਖੇ ਇਕ ਬੇਰੀ ਹੁੰਦੀ ਸੀ ਜਿਸ ਥੱਲੇ ਗੁਰੂ ਸਾਹਿਬ ਬਿਰਾਜੇ ਸਨ। ਹੁਣ ਇਕ ਕਾਰ ਸੇਵਾ ਵਾਲੇ ਬਾਬੇ ਨੇ ਗੁਰਦੁਆਰਾ ਸਾਹਿਬ ਦੀ ਆਲੀਸ਼ਾਨ ਇਮਾਰਤ ਤਾਂ ਬਣਾਈ ਹੈ ਪਰ ਬੇਰੀ ਜਿਸ ਦਾ ਉਲਾਰ ਇਮਾਰਤ ਵਾਲੇ ਪਾਸੇ ਸੀ ਉਸ ਦੀ 'ਕਾਰ ਸੇਵਾ' ਵੀ ਕਰ ਦਿੱਤੀ। ਹੁਣ ਬਾਬਿਆਂ ਦੀ ਅੱਖ ਖੁੱਲੀ ਹੈ ਤੇ ਨਾਲ ਦੀ ਇਕ ਛੋਟੀ ਬੇਰੀ ਨੂੰ ਪਾਲਣ ਪੋਸਣ ਦਾ ਯਤਨ ਕੀਤਾ ਜਾ ਰਿਹਾ ਹੈ।

ਦੂਸਰੇ ਪਾਸੇ ਪਿੰਡ ਵਿੱਚ ਸ਼ਾਹ ਬਖਤਿਆਰ ਦਾ ਡੇਰਾ ਪੂਰੀ ਤਰਾਂ ਸਾਬਤ ਹੈ। ਓਥੇ ਪਹੁੰਚ ਕੇ ਪੁਰਾਤਨਤਾ ਮਹਿਸੂਸ ਹੁੰਦੀ ਹੈ। ਸ਼ਾਹ ਦਾ ਭੋਰਾ, ਕਬਰ, ਮਸੀਤ ਤੇ ਪੁਰਾਣੇ ਕਰੀਰ ਵਗੈਰਾ ਜਿਓ ਦੇ ਤਿਓ ਖੜੇ ਹਨ। ਪਰ ਸਿੱਖਾਂ ਨੇ ਗੁਰੂ ਸਾਹਿਬ ਨਾਲ ਸਬੰਧਤ ਕੋਈ ਪੁਰਾਤਨ ਚੀਜ ਰਹਿਣ ਨਹੀ ਦਿੱਤੀ। ਹਾਂ ਇਕ ਪੁਰਾਤਨ ਖੂਹ ਮੌਜੂਦ ਹੈ।

ਵੈਰੋਕੇ ਲਹੌਰ ਤੋ 17 ਕਿਲੋਮੀਟਰ, ਅੰਮ੍ਰਿਤਸਰ ਤੋ 26 ਕਿਲੋਮੀਟਰ ਤੇ ਲੋਪੋਕੇ ਤੋਂ ਇਕ ਕਿਲੋਮੀਟਰ ਹੈ।

ਨਾਨਕਸਰ ਵੇਰਕਾ (ਗੂਗਲ ਸੈਪ ਤਸਵੀਰ)

ਦਰਗਹਿ ਮੈਂ ਖਰਾ। ਏਕ ਕੀ ਸਿਫਤ ਦੂਜੇ ਤੇ ਡਰਾ। ਨਾਨਕ ਕਹੈ ਸੁਣ ਪੀਰ ਅਦ੍ ਮਾਨਾ। ਏਕ ਖੁਦਾਇ ਦੂਜਾ ਸੈਤਾਨਾ।

ਅਦ੍ ਮਾਨ ਕਹਿਣ ਲੱਗਾ ਨਾਨਕ ਤੇਰੀ ਨਿਗਾਹ ਵਿੱਚ ਫਿਰ ਕੋਈ ਭੀ ਸਹੀ ਨਹੀ? ਤਾਂ ਗੁਰੂ ਸਾਹਿਬ ਨੇ ਕਿਹਾ:

ਨਜਰ ਹਮਾਰੀ ਸਭ ਤੇ ਦੂਰ। ਏਕ ਖੁਦਾਇ ਕੇ ਰਹੈ ਹਜੂਰ।
ਇਕ ਦਮ ਕਬਹੂੰ ਭੂਲ ਨ ਪਾਇ। ਐਸਾ ਦੀਆ ਰਾਹਿ ਬਤਾਇ।
ਖਾਲਕ ਏਕ ਸਭ ਕੀਏ ਬੰਦੇ। ਜਿਸ ਪਰ ਰਹਮ ਸੋ ਕਿਸੇ ਨਾ ਨਿੰਦੇ।
ਸਭ ਕੋ ਜਾਨੈ ਆਪ ਤੇ ਭਲਾ। ਸੋਈ ਹਾਜਰ ਖਾਲਕ ਦਰ ਖਲਾ।
ਸੁਣ ਸੇਖਾ ਜਿਨ ਆਪ ਘਟਾਇਆ। ਕਹੇ ਨਾਨਕ ਖਾਲਕ ਤਿਨ ਪਾਇਆ।

ਫਿਰ ਅਦ੍ ਮਾਨ ਬੋਲਿਆ ਗੁਰੂ ਸਾਹਿਬ ਇਹ ਤੁਹਾਡੀ ਵੱਡੀ ਇਨਾਇਤ ਹੈ ਜਿਹੜਾ ਤੁਸੀ ਦਰਸ਼ਨ ਦਿੱਤੇ ਹਨ। ਮੇਰੇ ਤੇ ਮਿਹਰ ਕੀਤੀ ਹੈ।

ਤਾਂ ਗੁਰੂ ਜੀ ਨੇ ਕਿਹਾ ਸ਼ੇਖ ਜੀ ਵੱਡੀ ਮਿਹਰਬਾਨੀ ਏਹੋ ਹੁੰਦੀ ਹੈ ਜੋ ਕੀਤੇ ਨੋ ਕੀਤਾ ਜਾਣਨਾ ਅਤੇ ਆਪਣੇ ਆਪ ਨੂੰ ਅੱਗੇ ਨਹੀ ਧਰਨਾਂ ਭਾਵ ਕਿਸੇ ਪ੍ਰਾਪਤੀ ਦਾ ਦਾਵਾ ਨਹੀ ਕਰਨਾਂ ਕਿ ਮੈਂ ਕੀਤਾ। ਯਾਦ ਰੱਖਣਾ ਜੋ ਕੁਝ ਤੁਸੀ ਦੇਖ ਰਹੇ ਹੋ ਸਾਰੀ ਦੀ ਸਾਰੀ ਪੈਦਾਇਸ਼ ਖੁਦਾ ਦੀ ਹੈ। ਜਿਸ ਨੇ ਆਪਣੇ ਆਪ ਨੂੰ ਨੀਚ ਕਹਾਇਆ ਉਹ ਹੀ ਅਸਲ ਵਿੱਚ ਉਤਮ ਹੈ। ਖੁਦ ਕਹਿ ਕੇ ਕੋਈ ਅੱਜ ਤੱਕ ਨਾਂ ਤਾਂ ਚੰਗਾ ਹੋ ਪਾਇਆ ਹੈ ਤੇ ਨਾਂ ਕੋਈ ਮੰਦਾ ਹੀ ਹੋਇਆ ਹੈ।

ਅਦ੍ ਮਾਨ ਨੇ ਗੁਰੂ ਸਾਹਿਬ ਦੇ ਪੈਰਾਂ ਤੇ ਹੱਥ ਰੱਖ ਕੇ ਕਿਹਾ ਕਿ ਜੇ ਸਾਡੇ ਕੋਲੋਂ ਕੋਈ ਗੁਸਤਾਖੀ ਹੋ ਗਈ ਹੋਵੇ ਤਾਂ ਮਾਫ ਕਰਨੀ।

ਤਾਂ ਗੁਰੂ ਸਾਹਿਬ ਨੇ ਕਿਹਾ ਸ਼ੇਖ ਜੀ ਰੱਬ ਦੇ ਪਿਆਰਿਆਂ ਦੀ ਆਪਸ ਵਿੱਚ ਕੋਈ ਗੁਸਤਾਖੀ ਨਹੀ ਹੁੰਦੀ। ਜੇ ਹੋ ਜਾਇ ਤਾਂ ਖੁਦਾ ਬਖਸ਼ਿੰਦ ਹੈ। ਪਰ ਬੰਦੇ ਨੂੰ ਆਪਣੇ ਵਲੋਂ ਖਬਰਦਾਰ ਰਹਿਣਾ ਚਾਹੀਦਾ ਹੈ।

ਗੁਰੂ ਸਾਹਿਬ ਨੇ ਕਿਹਾ ਸ਼ੇਖ ਜੀ ਜੋ ਖੁਦਾ ਦੇ ਪਿਆਰੇ ਨੇ ਉਨਾਂ ਦੇ ਦਿੱਲ ਵਿੱਚ ਅੱਠੇ ਪਹਿਰ ਰੱਬ ਦਾ ਖੌਫ (ਡਰ) ਬਣਿਆ ਰਹਿੰਦਾ ਹੈ। ਇਹ ਕਦੀ ਵੀ ਲਾਪਰਵਾਹ ਨਹੀ ਹੁੰਦੇ।

ਫਿਰ ਮਿਲਣ ਦਾ ਵਾਇਦਾ ਕਰਕੇ ਇਥੋਂ (ਵੈਰੋਕਿਆਂ ਤੋਂ) ਗੁਰੂ ਸਾਹਿਬ, ਭੀਲੋਵਾਲ ਨੂੰ ਚਲੇ ਗਏ। ਭੀਲੋਵਾਲ ਵੀ ਕਿਸੇ ਵੇਲੇ ਵੱਡਾ ਕਸਬਾ ਹੁੰਦਾ ਸੀ। ਇਸ ਦਾ ਜਿਕਰ ਇਤਹਾਸ ਵਿੱਚ ਵੀ ਆਉਦਾ ਹੈ। ਭੀਲੋਵਾਲ ਕੁਝ ਸਮਾਂ ਉਪਦੇਸ਼ ਕਰਦੇ ਹੋਏ ਸਾਹਿਬ ਲਹੌਰ ਨੂੰ ਨਿਕਲ ਗਏ।

—◈—

ਹੇਠ ਆਈ ਵੇਰਕੇ ਵਾਲੀ ਸਾਖੀ ਦਾ ਸਬੰਧ ਉਪਰ ਦਿੱਤੀ ਕਰਤਾਰਪੁਰ- ਲਾਹੌਰ ਯਾਤਰਾ ਨਹੀ ਹੈ। ਸਮਾਂ ਨੇੜੇ ਤੇੜੇ ਹੋਣ ਕਰਕੇ ਇਸਨੂੰ ਇਸ ਚੈਪਟਰ ਵਿਚ ਦੇ ਦਿੱਤਾ ਹੈ।

‘ਸੂਕੇ ਹਰੇ ਕੀਏ ਖਿਨ ਮਾਹੇ॥ ’-ਨਾਨਕਸਰ ਵੇਰਕਾ◉

ਵੱਲਾ ਤੇ ਵੇਰਕਾ ਅੰਮ੍ਰਿਤਸਰ ਨਾਲੋ ਪੁਰਾਣੇ ਪਿੰਡ ਹਨ। ਅੱਜ ਕਲ੍ਹ ਤਾਂ ਅੰਮ੍ਰਿਤਸਰ ਸ਼ਹਿਰ ਦੇ ਵਿੱਚ ਹੀ ਆ ਗਏ ਹਨ।

ਇਤਹਾਸ ਦੱਸਦਾ ਹੈ ਕਿ ਜਿੱਥੇ ਅੱਜ ਹਰਮੰਦਰ ਸਾਹਿਬ ਹੈ ਇਥੇ ਵੀ ਗੁਰੂ ਨਾਨਕ ਸਾਹਿਬ ਦੇ ਚਰਨ ਪਏ ਸਨ ਜਦੋਂ ਉਹ ਕਰਤਾਰਪੁਰ ਤੋਂ ਖਡੂਰ ਸਾਹਿਬ ਜਾ ਰਹੇ ਸਨ। ਓਦੋਂ ਲਾਗੇ ਢਾਬ ਹੁੰਦੀ ਸੀ ਤੇ ਜਿੱਥੇ ਦੁੱਖ ਭੰਜਨੀ ਬੇਰੀਜ ਹੈ ਇਥੇ ਗੁਰੂ ਸਾਹਿਬ ਬਿਰਾਜੇ ਸਨ। ਇਹ ਇਲਾਕਾ ਡੋਗਰ ਜਾਤ ਦੇ ਹਿੰਦੂਆਂ ਦਾ ਹੁੰਦਾ ਸੀ ਜੋ ਵਕਤ ਪਾ ਕੇ ਸਾਰੇ ਮੁਸਲਮਾਨ ਹੋ ਗਏ।

ਇਲਾਕੇ ਵਿੱਚ ਸਤਿਨਾਮ ਦਾ ਪ੍ਰਚਾਰ ਕਰਦੇ ਹੋਏ ਗੁਰੂ ਸਾਹਿਬ ਫਿਰ ਪਿੰਡ ਵੇਰਕਾ ਪਹੁੰਚੇ ਸਨ। ਜਿਸ ਦਿਨ ਇਥੇ ਗੁਰੂ ਸਾਹਿਬ ਦੇ ਚਰਨ ਪਏ ਓਦੋਂ 12 ਚੇਤ੍ ਸੰਮਤ 1596 (ਮਾਰਚ 1539 ਈ) ਸੀ।

ਵੇਰਕੇ ਜਦੋਂ ਗੁਰੂ ਸਾਹਿਬ ਪਹੁੰਚੇ ਤਾਂ ਸਾਰਾ ਇਲਾਕਾ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਹੁੰਮ ਹੁੰਮਾ ਕੇ ਪਹੁੰਚਾ। ਹਰ ਕੋਈ ਆਪਣੇ ਦੁੱਖਾਂ ਦਲਿਦ੍ਰਾਂ ਤੋਂ ਮੁਕਤੀ ਪਾ ਰਿਹਾ ਸੀ। ਓਦੋਂ ਹੀ ਇੱਕ ਮਾਂ ਆਪਣੇ ਬੱਚੇ ਨੂੰ ਲੈ ਰੋਂਦੀ ਰੋਂਦੀ ਗੁਰੂ ਸਾਹਿਬ ਦੇ ਚਰਨਾਂ 'ਚ ਹਾਜਰ ਹੋਈ ਜਿਸ ਦਾ ਬੱਚਾ ਸੋਕੜੇ ਨਾਲ ਪੀੜਤ ਸਿਰਫ ਹੱਡਾਂ ਦਾ ਢਾਂਚਾ ਰਹਿ ਗਇਆ ਸੀ।

ਗੁਰੂ ਸਾਹਿਬ ਨੇ ਮਾਂ ਨੂੰ ਹੁਕਮ ਕੀਤਾ ਕਿ ਨਾਲ ਦੀ ਛਪੜੀ ਵਿੱਚ ਬੱਚੇ ਨੂੰ ਤੁਰੰਤ ਇਸ਼ਨਾਨ ਕਰਾਏ। ਗੁਰੂ ਸਾਹਿਬ ਦਾ ਹੁਕਮ ਮੰਨ ਕੇ ਮਾਂ ਨੇ ਬੱਚੇ ਨੂੰ ਇਸ਼ਨਾਨ ਕਰਾਇਆ। ਹੌਲੀ ਹੌਲੀ ਬੱਚਾ ਨੌ ਬਰ ਨੌ ਹੋ ਗਿਆ। ਵਕਤ ਪਾ ਵੱਡਾ ਹੋ ਕੇ ਇਹ ਇਲਾਕੇ ਦੇ ਮੋਹਰੀ ਬੰਦਿਆਂ ਵਿਚੋਂ ਗਿਣਿਆ ਗਿਆ।

ਗੁਰੂ ਸਾਹਿਬ ਦੀ ਯਾਦ ਵਿੱਚ ਫਿਰ ਇਥੇ ਗੁਰਦੁਆਰਾ ਸਾਹਿਬ ਸਥਾਪਤ ਹੋਇਆ ਅਤੇ ਉਹ ਛਪੜੀ ਸਰੋਵਰ ਦਾ ਰੂਪ ਧਾਰਨ ਕਰ ਗਈ ਅਤੇ ਨਾਨਕਸਰ ਕਹਿਲਾਈ। ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿੱਚ ਹਰ ਸਾਲ ਏਥੇ ਚੇਤ੍ ਦੇ ਮਹੀਨੇ ਮੇਲਾ ਭਰਦਾ ਹੈ।

ਪੰਚਮ ਪਾਤਸ਼ਾਹ ਜਦੋਂ ਚੇਤ੍ ਦੇ ਮਹੀਨੇ ਇਥੇ ਪਧਾਰੇ ਤਾਂ ਸ਼ਬਦ ਰਚਿਆ:

ਗਉੜੀ ਮਹਲਾ ੫ ॥ ਸੂਕੇ ਹਰੇ ਕੀਏ ਖਿਨ ਮਾਹੇ ॥ ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ ॥੧॥ ਕਾਟੇ ਕਸਟ ਪੂਰੈ ਗੁਰਦੇਵ ॥ ਸੇਵਕ ਕਉ ਦੀਨੀ ਅਪੁਨੀ ਸੇਵ ॥੧॥ ਰਹਾਉ ॥ ਮਿਟਿ ਗਈ ਚਿੰਤ ਪੂਨੀ ਮਨ ਆਸਾ ॥ ਕਰੀ ਦਇਆ ਸਤਿਗੁਰਿ ਗੁਣਤਾਸਾ ॥੨॥ ਦੁਖ ਨਾਠੇ ਸੁਖ ਆਇ ਸਮਾਏ ॥ ਢੀਲ ਨ ਪਰੀ ਜਾ ਗੁਰਿ ਫੁਰਮਾਏ ॥੩॥ ਇਛ ਪੁਨੀ ਪੂਰੇ ਗੁਰ ਮਿਲੇ ॥ ਨਾਨਕ ਤੇ ਜਨ ਸੁਫਲ ਫਲੇ ॥੪॥

—▲—

ਪੈਡ਼ ਸਫ਼ਾ

◉ ਸਾਈਕਲ ਯਾਤਰੀ-333. ਲਗਦਾ ਹੈ ਗੁਰੂ ਸਾਹਿਬ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਕਦੀ ਭਾਈ ਲਹਿਣੇ ਕਰਕੇ ਇਸ ਇਲਾਕੇ ਵਿਚ ਆਏ ਹੋਣਗੇ।

ਇਕ ਇਲਾਕਾ ਹੋਣ ਕਰਕੇ ਅਸੀ ਇਹ ਸਾਖੀ ਸੋੜੀਆਂ-ਵੈਰੋਕੇ-ਰਮਦਾਸ ਨਾਲ ਦਿੱਤੀ ਹੈ। ਹੋਰ ਕੋਈ ਸਬੰਧ ਨਹੀ ਹੈ। ਵਕਤ ਵੀ ਦੋਵਾਂ ਸਾਖੀਆਂ ਦੇ ਵੱਖਰੇ ਵੱਖਰੇ ਹਨ।

ਇਹ ਵੀ ਵੀਚਾਰ ਹੈ ਕਿ ਵੇਰਕੇ ਤੋਂ ਬਾਦ ਗੁਰੂ ਸਾਹਿਬ ਸ਼ੇਖ ਫਤੇ ਵਾਲੇ ਪਾਸੇ ਗਏ ਜਾਂ ਉਸ ਪਾਸਿਓ ਆਏ ਹੋਣ।

ਲਾਹੌਰ ਦੇ ਕੌਤਕ

ਵੱਖ ਵੱਖ ਸਮਿਆਂ/ਸਾਲਾਂ ਵਿਚ ਗੁਰੂ ਸਾਹਿਬ ਦੀ ਲਾਹੌਰ ਆਮਦ ਵੇਲੇ

ਵੱਖ ਵੱਖ ਸਮਿਆਂ ਤੇ ਗੁਰੂ ਸਾਹਿਬ ਲਹੌਰ ਗਏ ਜਾਂ ਲਹੌਰ ਥਾਂਣੀ ਲੰਘੇ। ਕਈ ਸਾਖੀਆਂ ਚੌਥੀ ਉਦਾਸੀ ਤੋਂ ਪਹਿਲਾਂ ਦੀਆਂ ਹਨ, ਪਰ ਅਸਾਂ ਇਨਾਂ ਨੂੰ ਲਹਿਣਾ ਮਿਲਾਪ ਤੋਂ ਬਾਦ ਸਮੇਂ ਵਿੱਚ ਰੱਖਿਆ ਹੈ ਕਿਉਕਿ ਲਹੌਰੀਆਂ ਨੇ ਬਾਬੇ ਦੀ ਕਦਰ ਓਦੋਂ ਪਾਈ ਜਦੋਂ ਸਾਰੀ ਦੁਨੀਆ ਬਾਬੇ ਅੱਗੇ ਝੁਕ ਗਈ ਸੀ। 1524 ਵਿਚ ਜਦੋਂ ਬਾਬਰ ਨੇ ਲਹੌਰ ਤੇ ਹਮਲਾ ਕੀਤਾ ਸੀ ਤਾਂ ਲਹੌਰੀਆਂ ਨੇ ਇਕੱਠੇ ਹੋ ਕੇ ਬਾਬਰ ਦਾ ਟਾਕਰਾ ਕੀਤਾ ਸੀ। ਜਿਸ ਕਰਕੇ ਬਾਬਰ ਲਾਹੌਰੀਆਂ ਤੇ ਬਹੁਤ ਬੁਖਲਾਅ ਗਇਆ ਸੀ। ਲਾਹੌਰ ਫਤਹਿ ਕਰਨ ਉਪਰੰਤ ਉਸ ਨੇ ਬਜਾਰਾਂ ਵਿਚ ਅੱਗ ਲਾ ਕੇ ਜਿੱਤ ਦਾ ਜਸ਼ਨ ਮਨਾਇਆ ਅਤੇ ਜੋ ਸਾਹਮਣੇ ਦਿੱਸਿਆ ਕਤਲ ਕਰ ਦਿੱਤਾ ਗਇਆ। ਉਦੋਂ ਤਾਂ ਹੀ ਸਾਹਿਬ ਨੇ ਉਚਾਰਿਆ ਸੀ

ਲਾਹੌਰ ਸਹਰੁ, ਜਹਰੁ, ਕਹਰੁ ਸਵਾ ਪਹਰੁ ॥

ਸੋ ਇਕ ਅੱਧੀ ਛੱਡ ਕੇ ਹੇਠਲੀਆਂ ਬਹੁਤੀਆਂ ਸਾਖੀਆਂ ਭਾਈ ਲਹਿਣਾ ਮਿਲਾਪ ਤੋਂ ਬਾਦ ਦੀਆਂ ਹੀ ਲੱਗਦੀਆਂ ਨੇ। ਪਹਿਲੀਆਂ ਸਾਖੀਆਂ ਵਿਚ ਭਾਈ ਮਰਦਾਨੇ ਦਾ ਹਾਜਰ ਹੋਣਾ ਸੁਭਾਵਿਕ ਹੈ।

'ਤੂੰ ਫਕੀਰ ਦਾ ਮਿਰਾਸੀ ਮੈਂ ਸ਼ਾਹੂਕਾਰ ਦਾ'

ਗਲ ਲਹੌਰ ਦੀ ਹੈ। ਗੁਰੂ ਸਾਹਿਬ ਸਰਾਫਾ ਬਜਾਰ ਵਿੱਚ ਬੈਠੇ ਸਨ। ਕੁਦਰਤੀ ਉਸ ਵੇਲੇ ਉਨਾਂ ਦੁਆਲੇ ਭੀੜ ਨਹੀ ਸੀ। ਇਕ ਮਿਰਾਸੀ ਆਇਆ ਤੇ ਮਰਦਾਨੇ ਨਾਲ ਲੱਗਾ ਗੱਲਾਂ ਕਰਨ। ਉਹ ਲਹੌਰ ਦੇ ਕਿਸੇ ਵੱਡੇ ਸਰਾਫ ਕੋਲ ਕੰਮ ਕਰਦਾ ਸੀ। ਇਤਫਾਕ ਕਿ ਸਰਾਫ ਵੀ ਕੋਈ ਖੱਤਰੀ ਹੀ ਸੀ। ਮਰਦਾਨੇ ਨੇ ਉਸ ਮੁਲਾਜਮ ਨੂੰ ਦੱਸਿਆ ਕਿ ਮੇਰਾ ਸਾਹਿਬ ਵੀ ਖੱਤਰੀ ਕੁਲ ਵਿਚੋਂ ਹੀ ਹੈ।

ਮਰਦਾਨੇ ਦੀ ਜਦੋਂ ਉਸ ਬੰਦੇ ਨਾਲ ਗਲ ਬਾਤ ਚਲ ਰਹੀ ਸੀ ਤਾਂ ਪਤਾ ਲੱਗਾ ਕਿ ਉਹ ਵੀ ਮਿਰਾਸੀ ਹੀ ਹੈ। ਮਰਦਾਨੇ ਨੇ ਕਿਹਾ ਕਿ ਮੈਂ ਵੀ ਮਿਰਾਸੀ ਹੀ ਹਾਂ। ਉਹ ਬੰਦਾ ਬੜੇ ਮਾਣ ਵਿਚ ਆਇਆ ਤੇ ਕਹਿਣ ਲੱਗਾ ਕਿ ਭਾਈ ਮੈਂ ਸ਼ਾਹੂਕਾਰ ਦਾ ਮਿਰਾਸੀ ਹਾਂ ਤੂੰ ਸੜ੍ਹਕ ਛਾਪ ਫਕੀਰ ਦਾ ਮਿਰਾਸੀ ਹੈਂ।

ਮਰਦਾਨੇ ਨੇ ਕਿਹਾ ਉਹ ਭੋਲਿਆ ਤੈਨੂੰ ਕੀ ਪਤਾ ਇਹ ਕਿੱਢਾ ਵੱਡਾ ਸਰਾਫ ਹੈ। ਸਰਾਫ ਤਾਂ ਕੀ ਵੱਡੇ ਵੱਡੇ ਬਾਦਸ਼ਾਹ ਸੁਲਤਾਨ ਵੀ ਇਸ ਦੇ ਅਧੀਨ ਹਨ। ਤੂੰ ਸਰਾਫਾਂ ਦੇ ਕੰਮ ਕਰਦੈ ਪਰ ਤੈਨੂੰ ਹੀਰੇ ਦੀ ਪਰਖ ਹੈਨੀ।

ਓਦੋਂ ਫਿਰ ਮਰਦਾਨੇ ਨੇ ਆਪ ਮੁਹਾਰੇ ਆਸਾ ਰਾਗ ਦੀ ਧੁੰਨ ਰਬਾਬ ਤੇ ਵਜਾਈ ਅਤੇ ਉੱਚਾ ਲੰਮਾ ਅਲਾਪ ਆਸਾ ਵਿੱਚ ਲਾਇਆ। ਬਜਾਰ ਵਿੱਚ ਆਏ ਲੋਕ ਇਕੱਠੇ ਹੋ ਗਏ। ਮਰਦਾਨੇ ਨੇ ਗੁਰੂ ਸਾਹਿਬ ਦਾ ਰਚਿਆ ਸ਼ਬਦ ਗਾਇਆ। (ਛੇਤੀ ਹੀ ਸਾਥ ਗੁਰੂ ਸਾਹਿਬ ਨੇ ਵੀ ਦੇ ਦਿੱਤਾ):-

ਰਾਗੁ ਆਸਾ ਮਹਲਾ ੧ ॥ ਆਪੁ ਵੀਚਾਰੈ ਸੁ ਪਰਖੈ ਹੀਰਾ ॥ ਏਕ ਦ੍ਰਿਸਟਿ ਤਾਰੇ ਗੁਰ ਪੂਰਾ ॥ ਗੁਰੁ ਮਾਨੈ ਮਨ ਤੇ ਮਨੁ ਧੀਰਾ ॥੧॥ ਐਸਾ ਸਾਹੁ ਸਰਾਫੀ ਕਰੈ ॥ ਸਾਚੀ ਨਦਰਿ ਏਕ ਲਿਵ ਤਰੈ ॥੧॥ ਰਹਾਉ ॥ ਪੂੰਜੀ ਨਾਮੁ ਨਿਰੰਜਨ ਸਾਰੁ ॥ ਨਿਰਮਲੁ ਸਾਚਿ ਰਤਾ ਪੈਕਾਰੁ ॥ ਸਿਫਤਿ ਸਹਜ ਘਰਿ ਗੁਰੁ ਕਰਤਾਰੁ ॥੨॥ ਆਸਾ ਮਨਸਾ ਸਬਦਿ ਜਲਾਏ ॥ ਰਾਮ ਨਰਾਇਣੁ ਕਹੈ ਕਹਾਏ ॥ ਗੁਰ ਤੇ ਵਾਟ ਮਹਲੁ ਘਰੁ ਪਾਏ ॥੩॥ ਕੰਚਨ ਕਾਇਆ ਜੋਤਿ ਅਨੂਪੁ ॥ ਤ੍ਰਿਭਵਣ ਦੇਵਾ ਸਗਲ ਸਰੂਪੁ ॥ ਸੋ ਸੋ ਧਨੁ ਪਲੈ ਸਾਚੁ ਅਖੁਟੁ ॥੪॥ ਪੰਚ ਤੀਨਿ ਨਵ ਚਾਰਿ ਸਮਾਵੈ ॥ ਧਰਣਿ ਗਗਨੁ ਕਲ ਧਾਰਿ ਰਹਾਵੈ ॥ ਬਾਹਰਿ ਜਾਤਉ ਉਲਟਿ ਪਰਾਵੈ ॥ ੫॥ ਮੂਰਖੁ ਹੋਇ ਨ ਆਖੀ ਸੂਝੈ ॥ ਜਿਹਵਾ ਰਸੁ ਨਹੀ ਕਹਿਆ ਬੂਝੈ ॥ ਬਿਖੁ ਕਾ ਮਾਤਾ ਜਗ ਸਿਉ ਲੂਝੈ ॥੬॥ ਊਤਮ ਸੰਗਤਿ ਊਤਮੁ ਹੋਵੈ ॥ ਗੁਣ ਕਉ ਧਾਵੈ ਅਵਗਣ ਧੋਵੈ ॥ ਬਿਨੁ ਗੁਰ ਸੇਵੇ ਸਹਜੁ ਨ ਹੋਵੈ ॥੭॥ ਹੀਰਾ ਨਾਮੁ ਜਵੇਹਰ ਲਾਲੁ ॥ ਮਨੁ ਮੋਤੀ ਹੈ ਤਿਸ ਕਾ ਮਾਲੁ ॥ ਨਾਨਕ ਪਰਖੈ ਨਦਰਿ ਨਿਹਾਲੁ ॥੮॥੫॥

ਜੋਗੀ ਆਸਣ ਬਦਾਮੀ ਬਾਗ ਲਹੌਰ ਵਿਖੇ ਬਾਬਾ

ਜਿਥੇ ਅਜਕਲ ਬੰਗਾਲੀ ਬਾਗ ਕਬਰਾਂ ਹਨ ਉਨਾਂ ਲਾਗੇ ਮਤਲਬ ਲਹੌਰ ਦੇ ਪਹਾੜ ਪਾਸੇ ਬਦਾਮੀ ਬਾਗ ਰੇਲਵੇ ਸਟੇਸ਼ਨ ਤੋਂ ਪਹਾੜ ਪਾਸੇ ਸਵਾ ਕੁ ਕਿ. ਮੀ. ਦੂਰ ਲਹੌਰ ਦਾ ਮਸਹੂਰ ਜੋਗੀ ਮੱਠ ਜਾਂ ਆਸਣ ਹੁੰਦਾ ਸੀ। ਗੁਰੂ ਸਾਹਿਬ ਜੋਗ ਤੇ ਸੰਨਿਆਸ ਨੂੰ ਇਥੇ ਵੀ ਵਿਅੱਰਥ ਦੱਸ ਕੇ ਜੋਗੀਆਂ ਨੂੰ ਨਾਮ ਨਾਲ ਜੋੜਿਆ ਸੀ।

ਗੁਰੂ ਜਦੋਂ ਵੀ ਲਹੌਰ ਦੇ ਇਸ ਪਾਸਿਓ ਲੰਘਦੇ ਤਾਂ ਉਨਾਂ ਦਾ ਟਿਕਾਣਾ ਇਹੋ ਹੁੰਦਾ ਸੀ। ਕਿਉਕਿ ਵਕਤ ਪਾ ਕੇ ਸਾਰੇ ਜੋਗੀ ਸਿੱਖ ਬਣ ਗਏ ਸਨ। ਇਥੇ ਵੀ ਫਿਰ ਗੁਰੂ ਸਾਹਿਬ ਦਾ ਯਾਦਗਾਰੀ ਗੁਰਦੁਆਰਾ ਸਾਹਿਬ ਹੀ ਬਣ ਗਇਆ ਸੀ, ਜਿਹੜਾ ਗੁਰਦਵਾਰਾ ਨਾਨਕਗੜ੍ਹ ਕਹਾਉਦਾ ਸੀ।

ਦੁਨੀ ਚੰਦ ਕਰੋੜੀਏ ਦੇ ਪਿਓ ਦੇ ਸਰਾਧ ਤੇ ਵੀ ਗੁਰੂ ਸਾਹਿਬ ਇਥੋਂ ਹੀ ਗਏ ਸਨ। ਅੱਜ ਇਹ ਗੁਰਦੁਆਰਾ ਸਾਹਿਬ ਅਲੋਪ ਹੋ ਚੁੱਕਾ ਹੈ। @

ਤੂੰ ਸਰਾਧ ਕਰਾ ਰਿਹੈ, ਪਿਓ ਤੇਰਾ ਤਾਂ ਤਿੰਨ ਦਿਨਾਂ ਤੋਂ ਭੁੱਖਾ ਬੈਠਾ

ਗੁਰੂ ਸਾਹਿਬ ਨੇ ਭਾਰਤੀ ਸਮਾਜ ਵਿੱਚ ਪ੍ਰਚੱਲਤ ਅਨੇਕਾਂ ਵਿਅੱਰਥ ਰੀਤਾਂ ਰਵਾਜਾਂ ਅਤੇ ਕਰਮ ਕਾਡਾਂ ਤੋਂ ਲੋਕਾਈ ਨੂੰ ਵਰਜਿਆ ਸੀ। ਮਰ ਗਏ ਪੁਰਖਿਆਂ ਨੂੰ ਭੋਜਨ ਕਰਾਉਣ ਵਾਲੀ ਸਰਾਧ ਨਾਂ ਦੀ ਰਸਮ ਭਾਰਤ ਵਿੱਚ ਕੁਝ ਜਿਆਦਾ ਹੀ ਪ੍ਰਚਲਤ ਸੀ। ਜਿਸ ਦੇ ਖੰਡਣ ਬਾਰੇ ਕਈ ਸਾਖੀਆਂ ਮਿਲਦੀਆਂ ਹਨ।

ਇਹ ਸਾਖੀ ਕਰਤਾਰਪੁਰ ਬੰਨਣ ਉਪਰੰਤ ਲੱਗ ਪਗ 1525 ਈ. ਦੀ ਹੈ।

ਕਲਾਨੌਰ ਦੇ ਕਰੋੜੀਆ (ਟੈਕਸ ਕਲੈਕਟਰ) ਦੁਨੀ ਚੰਦ ਦਾ ਘਰ ਲਹੌਰ ਦਿੱਲੀ ਦਰਵਾਜੇ ਦੇ ਅੰਦਰ ਚੁਹੱਟਾ ਮੁਫਤੀ ਬਾਕਰ ਵਿੱਚ ਹੁੰਦਾ ਸੀ। ਉਹਨੀ ਦਿਨੀਂ ਇਨੂੰ ਸਿਰੀਆਂ ਵਾਲਾ ਬਜਾਰ ਜਾਂ ਚੁਹੱਟਾ ਮੁਹੱਲਾ ਜਵਾਹਰ ਮੱਲ ਆਖਿਆ ਜਾਂਦਾ ਸੀ। ਜਵਾਹਰ ਮੱਲ ਦੁਨੀ ਚੰਦ ਕ੍ਰੋੜੀਏ ਦਾ ਦਾਦਾ ਹੀ ਸੀ।

ਦੁਨੀ ਚੰਦ ਵੀ ਆਪਣੇ ਪਿਤਾ ਦਾ ਸਰਾਧ ਕਰ ਰਿਹਾ ਸੀ। ਉਸ ਨੇ ਕੋਈ 100 ਕੁ ਬ੍ਰਾਹਮਣਾਂ ਨੂੰ ਭੋਜਨ ਕਰਾ ਦਿੱਤਾ ਸੀ ਕਿ ਕਿਸੇ ਬ੍ਰਾਹਮਣ ਕੋਲੋਂ ਹੀ ਉਨ੍ਹੂੰ ਪਤਾ ਲੱਗਾ ਕਿ ਗੁਰੂ ਨਾਨਕ ਸਾਹਿਬ ਵੀ ਲਹੌਰ ਦੇ ਬਦਾਮੀ ਬਾਗ ਨੇੜੇ ਉਤਰੇ ਹੋਏ ਹਨ।

ਪਤਾ ਕਰਕੇ ਦੁਨੀ ਚੰਦ ਗੁਰੂ ਸਾਹਿਬ ਕੋਲ ਪਹੁੰਚਾ ਤੇ ਉਨਾਂ ਨੂੰ ਘਰ ਲੈ ਆਇਆ ਅਤੇ ਸਾਰਾ ਦੱਸਿਆ ਕਿ ਅਸੀ ਹੁਣ ਤੱਕ 100 ਕੁ ਬ੍ਰਾਹਮਣਾਂ ਨੂੰ ਜਿਮਾ ਚੁੱਕੇ ਹਾਂ, ਮੇਰਾ ਪਿਤਾ ਜੀ ਦਾ ਸਰਾਧ ਹੈ।

ਧਰਮਸਾਲ ਪਹਿਲੀ ਪਾਤਸ਼ਾਹੀ ਚੁਹੱਟਾ ਮੁਫਤੀ ਬਾਕਰ, ਲਾਹੌਰ।-ਤਸਵੀਰ ਕੈਸਰ

ਗੁਰੂ ਸਾਹਿਬ ਨੇ ਕਿਹਾ ਕਿ ਭੋਲਿਆ ਤੂੰ ਆਪੇ ਪਿਤਾ ਦੇ ਨਾਂ ਤੇ ਸਰਾਧ ਕਰਦਾ ਪਿਐ ਕਿ ਉਨ੍ਹੂੰ ਸਵੱਰਗਾਂ ਵਿੱਚ ਭੋਜਨ ਪਹੁੰਚੇ ਪਰ ਸੱਚ ਗੱਲ ਤਾਂ ਇਹ ਹੈ ਕਿ ਤੇਰਾ ਪਿਤਾ ਅੱਜ ਤਿੰਨ ਦਿਨਾਂ ਤੋਂ ਭੁੱਖਾ ਹੈ। ਜਾ ਉਨ੍ਹੂੰ ਤਾਂ ਕੁਝ ਖਵਾ ਕੇ ਆ।

ਦੁਨੀ ਚੰਦ ਹੈਰਾਨੀ ਨਾਲ ਚੀਕ ਉਠਿਆ, "ਬਾਬਾ ਜੀ ਕਿਥੇ ਹੈ ਮੇਰਾ ਪਿਤਾ?"

ਗੁਰੂ ਸਾਹਿਬ ਨੇ ਕਿਹਾ ਇਥੋਂ ਪੰਜ ਕੋਹ ਦੂਰ ਫਲਾਣੇ ਜੰਗਲ ਵਿੱਚ ਬਘਿਆੜ ਦੀ ਜੂਨੇ ਪਿਆ ਉਹ ਝਾੜੀਆਂ ਵਿੱਚ ਲੁਕਿਆ ਬੈਠਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਜਾ ਕੇ ਉਨ੍ਹੂੰ ਕੁਝ ਖਵਾਓ ਪਿਲਾਓ। ਡਰਨਾਂ ਨਾਂ, ਉਹ ਤੁਹਾਨੂੰ ਕੁਝ ਨਹੀ ਕਹੇਗਾ।

ਦੁਨੀ ਚੰਦ ਗੁਰੂ ਸਾਹਿਬ ਦੇ ਕੌਤਕ ਤਾਂ ਪਹਿਲਾਂ ਵੀ ਵੇਖ ਸੁਣ ਚੁੱਕਾ ਸੀ।

ਸਾਰਾ ਟੱਬਰ ਹੁਣ ਇਕ ਦੂਜੇ ਵਲ ਬਿਟ੍ ਬਿਟ੍ ਤੱਕ ਰਿਹਾ ਸੀ।

ਸਾਹਿਬ ਨੇ ਮਰਦਾਨੇ ਦੀ ਰਬਾਬ ਆਸਾ ਦੀ ਵਾਰ ਦੀ ਪਉੜੀ ਗਾਈ:-

..ਸਲੋਕੁ ਮਃ ੧ ॥ ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥ ਅਗੈ ਵਸਤੁ ਸਿਵਾਣੀਐ ਪਿਤਰੀ ਚੋਰ ਕਰੇਇ ॥ ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥੧॥...

ਇਕ ਘੜੀ ਮੰਨ ਲਓ ਕੋਈ ਬੰਦਾ ਚੋਰੀ ਚਕਾਰੀ ਕਰਕੇ ਆਪਣੇ ਬਜੁਰਗਾਂ (ਪਿਤਰਾਂ) ਦੇ ਨਮਿਤ ਸਰਾਧ ਕਰਾਵੇ ਤਾਂ ਭਾਈ ਪਰਲੋਕ ਵਿਚ ਤਾਂ ਉਹ ਪਦਾਰਥ ਪਛਾਣੇ ਜਾਣੇ ਨੇ । ਇਸ ਤਰ੍ਹਾਂ ਕਰਕੇ ਉਹ ਬੰਦਾ ਖੁਦ ਹੀ ਆਪਣੇ ਪਿਤਰਾਂ ਨੂੰ ਭੀ ਚੋਰ ਬਣਾਂਦਾ ਹੈ ਕਿਉਂਕਿ ਜਾਣੀ ਜਾਣ ਪ੍ਰਭੂ ਸਾਹਮਣੇ ਉਹਨਾਂ ਪਾਸੋਂ ਚੋਰੀ ਦਾ ਮਾਲ ਨਿਕਲ ਆਉਂਦਾ ਹੈ। ਰੱਬ ਤਾਂ ਇਹ ਨਿਆਂ ਕਰਦਾ ਹੈ ਕਿ ਇਹ ਚੋਰੀ ਦਾ ਮਾਲ ਅਪੜਾਣ ਵਾਲੇ ਦਲਾਲ ਭਾਵ ਬ੍ਰਾਹਮਣ ਦੇ ਹੱਥ ਵੱਢੇ ਜਾਂਦੇ ਹਨ।

ਗੁਰੂ ਸਾਹਿਬ ਕਹਿੰਦੇ ਹਨ ਕਿ ਸੱਚੀ ਗਲ ਤਾਂ ਇਹ ਹੈ ਕਿ ਕਿਸੇ ਦਾ ਅਪੜਾਇਆ ਹੋਇਆ ਅੱਗੇ ਕੀਹ ਮਿਲਣਾ ਹੈ? ਅਗਾਂਹ ਤਾਂ ਮਨੁੱਖ ਨੂੰ ਉਹੀ ਕੁਝ ਮਿਲਦਾ ਹੈ ਜੋ ਖੱਟਦਾ ਹੈ, ਕਮਾਂਦਾ ਹੈ ਤੇ ਹੱਥੀਂ ਦੇਂਦਾ ਹੈ।

ਗੁਰੂ ਸਾਹਿਬ ਨੇ ਬ੍ਰਾਹਮਣਾਂ ਸਮੇਤ ਸਭ ਤੋਂ ਉਪਦੇਸ਼ ਦਿੱਤਾ ਕਿ ਕਿਵੇ ਇਹ ਸਰਾਧ ਨਾਂ ਦੀ ਰਸਮ ਵਿਅੱਰਥ ਹੈ।

ਗੁਰੂ ਸਾਹਿਬ ਜਦੋਂ ਕੋਠੇ ਤੋਂ ਬਾਹਰ ਆਏ ਤਾਂ ਕੀ ਵੇਖਦੇ ਹਨ ਕਿ ਦੁਨੀ ਚੰਦ ਦੇ ਘਰ ਤੇ ਸੱਤ ਝੰਡੇ ਝੂਲ ਰਹੇ ਸਨ। ਗੁਰੂ ਸਾਹਿਬ ਨੇ ਕਿਹਾ ਭਾਈ ਇਹ ਝੰਡਿਆਂ ਦਾ ਕੀ ਮਤਲਬ? ਦੁਨੀ ਚੰਦ ਕਹਿਣ ਲੱਗਾ ਕਿ ਇਹ ਦੇਵਤਿਆਂ (ਬ੍ਰਾਹਮਣਾਂ) ਦੀ ਬਖਸ਼ਸ਼ ਹੈ ਜਿਹੜੇ ਮੈਂ ਦਾਨ ਕੀਤਾ ਹੈ। ਲੱਖ ਲੱਖ ਦਾ ਇਕ ਇੱਕ ਧੁਜ ਹੈ।

ਗੁਰੂ ਸਾਹਿਬ ਕੁਝ ਚਿਰ ਚੁੱਪ ਰਹੇ ਤੇ ਬਾਦ ਵਿੱਚ ਇਕ ਛੋਟੀ ਜਿਹੀ ਸੂਈ ਦੁਨੀ ਚੰਦ ਨੂੰ ਫੜਾਈ। ਦੁਨੀ ਚੰਦ ਕਹਿਣ ਲੱਗਾ ਕਿ ਬਾਬਾ ਜੀ ਇਹ ਕਾਹਦੇ ਲਈ। ਗੁਰੂ ਸਾਹਿਬ ਨੇ ਕਿਹਾ ਕਿ ਇਹ ਮੇਰੀ ਅਮਾਨਤ ਹੈ ਸਾਂਭ ਕੇ ਰੱਖੀ। ਅੱਗੇ ਦਰਗਾਹ ਵਿੱਚ ਮੈਂ ਤੁਹਾਥੋਂ ਲੈ ਲਵਾਂਗਾ।

ਦੁਨੀ ਚੰਦ ਇਹਦਾ ਰਾਜ ਸਮਝ ਹੀ ਨਹੀ ਪਾਇਆ ਤੇ ਅੰਦਰ ਜਾ ਕੇ ਸੂਈ ਆਪਣੀ ਤੀਵੀਂ ਨੂੰ ਜਾ ਫੜਾਈ ਕਿ ਇਹ ਸਾਂਭ ਕੇ ਰੱਖ ਗੁਰੂ ਸਾਹਿਬ ਦੀ ਅਮਾਨਤ ਹੈ ਉਨਾਂ ਕਿਹਾ ਕਿ ਅੱਗੇ ਦਰਗਾਹ ਵਿੱਚ ਮੈਂ ਤੇਰੇ ਕੋਲੋਂ ਲੈ ਲਵਾਂਗਾ।

ਪਤਨੀ ਬੋਲੀ "ਐ ਭੋਲੇ ਪੰਛੀ ਕਦੀ ਮਰਨ ਤੋਂ ਬਾਦ ਵੀ ਕੋਈ ਚੀਜ਼ ਨਾਲ ਲਿਜਾ ਸਕਦੈ? ਜਾ ਵਾਪਸ ਕਰਦੇ ਗੁਰੂ ਸਾਹਿਬ ਨੇ ਤੇਰੇ ਨਾਲ ਮਖੌਲ ਕੀਤਾ ਹੈ।"

ਦੁਨੀ ਚੰਦ ਸੂਈ ਮੋੜ ਕੇ ਗੁਰੂ ਸਾਹਿਬ ਨੂੰ ਦੇ ਦਿੰਦਾ ਹੈ ਤੇ ਬੇਨਤੀ ਕਰਦਾ ਕਿ ਸਾਹਿਬ ਮੌਤ ਤੋਂ ਬਾਦ ਤਾਂ ਕੋਈ ਵਸਤੂ ਨਾਲ ਨਹੀ ਜਾਣੀ। ਇਹ ਕੀ ਮਖੌਲ ਕੀਤਾ ਤੁਸਾਂ ਮੇਰੇ ਨਾਲ?

ਗੁਰੂ ਸਾਹਿਬ ਨੇ ਕਿਹਾ ਕਿ ਭਾਈ ਦੁਨੀ ਚੰਦ ਜੇ ਇਹ ਸੂਈ ਤੇਰੇ ਨਾਲ ਨਹੀ ਜਾਣੀ ਤਾਂ ਆਹ ਲੱਖਾਂ ਦੇ ਜਿਹੜੇ ਪਰਵਾਨੇ ਜਾਂ ਝੰਡੇ (ਸਰਟੀਫਿਕੇਟ) ਤੂੰ ਲਈ ਫਿਰਦੈ ਇਨਾਂ ਦਾ ਕੀ ਮਤਲਬ?

ਦੁਨੀ ਚੰਦ ਦੀ ਬੁੱਧ ਦੇ ਦਰਵਾਜੇ ਖਿੜਕੀਆਂ ਖੁੱਲ ਗਏ। ਫਿਰ ਚਰਨੀ ਢਹਿ ਪਿਆ।

ਗੁਰੂ ਸਾਹਿਬ ਇਥੇ ਕੁਝ ਦਿਨ ਠਹਿਰੇ ਤੇ ਰੋਜ ਕੀਰਤਨ ਹੋਇਆ ਕਰੇ। ਸੋ ਆਸਾ ਦੀ ਵਾਰ ਸੁਣਨ ਵਾਲੇ ਬਹੁਤੇ ਲਹੌਰੀਏ ਹੀ ਸਨ। ਕਿਉਕਿ ਇਤਹਾਸ ਵਿੱਚ ਆਉਦਾ ਹੈ ਕਿ 15 ਪਉੜੀਆਂ ਤਾਂ ਇਥੇ ਹੀ ਰਚੀਆਂ ਗਈਆਂ।

—◈—

ਲਾਭ ਛੱਡਿਆ, ਬਾਬਾ ਇਨੂੰ ਕਹੋ, ਮੇਰਾ ਮੂਲ ਈ ਮੋੜ ਦੇ॥

ਇਕ ਵੇਰਾਂ ਲਹੌਰ ਦਾ ਇਕ ਬਜ਼ੁਰਗ ਧਨਾਢ ਵਪਾਰੀ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਇਆ। ਇਕ ਦੋ ਦਿਨ ਕਰਤਾਰਪੁਰ ਰਹਿਣ ਉਪਰੰਤ ਉਸ ਨੇ ਗੁਰੂ ਸਾਹਿਬ ਨੂੰ ਬੜੀ ਅਧੀਨਤਾ ਨਾਲ ਬੇਨਤੀ ਕੀਤੀ ਕਿ ਗੁਰੂ ਜੀ ਲਹੌਰ ਦਾ ਇਕ ਗੇੜਾ ਹੁਣ ਵੀ ਕੱਢੋ। ਗੁਰੂ ਸਾਹਿਬ ਨੇ ਹਾਂ ਕੀਤੀ ਤੇ ਤਹਿ ਕੀਤੇ ਦਿਨ ਤੇ ਸਾਹਿਬ ਲਹੌਰ ਪਹੁੰਚ ਗਏ।

ਰੂਹਾਨੀਅਤ ਬਾਬਤ ਗੁਰੂ ਸਾਹਿਬ ਦੇ ਨਵੇ ਸਿਧਾਂਤ ਵਲ ਵਪਾਰੀ ਇਕ ਦਮ ਖਿੰਚੇ ਆਏ। ਚਾਹੇ ਉਹ ਬਾਣੀਏ ਸਨ, ਖੱਤਰੀ, ਅਰੋੜੇ, ਭਾਵੇਂ ਸੁਨਿਆਰੇ, ਸਭ ਗੁਰੂ ਸਾਹਿਬ ਵਲ ਖਿੰਚੇ ਜਾ ਚੁੱਕੇ ਸਨ। ਲਹੌਰ ਜਦੋਂ ਗੁਰੂ ਸਾਹਿਬ ਪਹੁੰਚੇ ਤਾਂ ਜਿਆਦਾ ਵਪਾਰੀਆਂ ਨੇ ਹੀ ਗੁਰੂ ਸਾਹਿਬ ਦੀ ਆਓ ਭਗਤ ਕੀਤੀ। ਓਦੋਂ ਲਹੌਰ ਕੌਮਾਂਤਰੀ ਵਪਾਰ ਲਈ ਪ੍ਰਸਿੱਧ ਸੀ। ਇਥੋਂ ਕਾਬਲ, ਕੰਧਾਰ, ਬੁਖਾਰਾ, ਬਲਖ, ਮੁਕਦੀ ਗਲ ਪੱਛਮ ਦਾ ਲੱਗ ਪਗ ਸਾਰਾ ਵਪਾਰ ਲਹੌਰ ਥਾਂਣੀ ਹੀ ਗੁਜਰਦਾ ਸੀ।

ਸੋਢੀ ਮਿਹਰਬਾਨ ਨੇ ਉਸ ਮੌਕੇ ਵਪਾਰੀਆਂ ਦੀਆਂ ਜੋ ਕਿਸਮਾਂ ਵਰਨਣ ਕੀਤੀਆਂ ਹਨ ਉਹ ਇਸ ਪ੍ਰਕਾਰ ਹਨ:- 1. ਸਰਾਫ, 2. ਬਜਾਜ, 3.ਕੋਠੀਵਾਲ (ਉਸ ਵੇਲੇ ਦੇ ਬੈਂਕ ਜੋ ਹੁੰਡੀ ਦਾ ਕੰਮ ਕਰਦੇ ਸਨ।) 4. ਸ਼ਾਹ (ਬੈਂਕ ਜੋ ਪੈਸਾ ਬਿਆਜ ਤੇ ਦਿੰਦੇ ਸਨ), 5. ਵਣਜਾਰੇ (ਜੋ ਦੂਰ ਦੁਰਾਡੇ ਦੇਸਾਂ ਵਿੱਚ ਮਾਲ ਲੈ ਕੇ ਜਾਂਦੇ ਸਨ)

ਇਹ ਕੁਦਰਤੀ ਹੈ ਕਿ ਅਕਸਰ ਲੋਕ ਅਸਰ ਰਸੂਖ ਵਾਲੇ ਬੰਦੇ ਤਕ ਆਪਸੀ ਝਗੜੇ ਨਿਪਟਾਉਣ ਲਈ ਵੀ ਪਹੁੰਚ ਕਰਦੇ ਹਨ। ਕਿਉਕਿ ਹਰ ਵਪਾਰੀ ਗੁਰੂ ਸਾਹਿਬ ਦਾ ਸ਼ਰਧਾਲੂ ਬਣ ਚੁੱਕਾ ਸੀ ਇਸ ਕਰਕੇ ਕਦੀ ਗੁਰੂ ਸਾਹਿਬ ਨੂੰ ਝਗੜੇ ਨਿਪਟਾਉਣ ਵਾਸਤੇ ਵੀ ਕਿਹਾ ਜਾਂਦਾ ਸੀ। ਏਸੇ ਤਰਾਂ ਇਕ ਸ਼ਾਹ ਨੇ ਗੁਰੂ ਸਾਹਿਬ ਅੱਗੇ ਫਰਿਆਦ ਕੀਤੀ ਕਿ ਵਣਜਾਰੇ ਨੂੰ ਕਹੋ ਕਿ ਮੇਰੀ ਮੂਲ ਰਕਮ ਤਾਂ ਵਾਪਸ ਕਰ ਦੇਵੇ, ਬਿਆਜ ਜਾਂ ਲਾਭ ਮੈਂ ਛੱਡਿਆ। ਵਣਜਾਰਾ ਵੀ ਗੁਰੂ ਸਾਹਿਬ ਦਾ ਸ਼ਰਧਾਲੂ ਸੀ। ਅਗਲਾ ਕਹਿਣ ਲੱਗਾ ਕਿ ਮੇਰੇ ਰੱਬਾ ਮੈਂ ਕੀ ਕਰਾਂ ਜਦੋਂ ਮੈਨੂੰ ਘਾਟਾ ਪੈ ਗਇਆ ਹੈ ਤੇ ਕਿਥੋ ਦੇਵਾਂ।

ਇਨਾਂ ਹਾਲਾਤਾਂ ਦੇ ਚਲਦਿਆ ਗੁਰੂ ਸਾਹਿਬ ਨੇ ਵਪਾਰੀਆਂ ਨੂੰ ਸੁਚੇਤ ਕੀਤਾ ਕਿ ਭਰਾਵੋ ਤੁਹਾਨੂੰ ਇਥੋਂ ਦੀ ਪੂੰਜੀ ਦਾ ਤਾਂ ਫਿਕਰ ਹੈ ਪਰ ਜਿਹੜਾ ਵਪਾਰ ਕਰਨ ਲਈ ਤੁਸੀ ਜਨਮ ਲਿਆ ਹੈ ਉਹ ਭੁੱਲੇ ਪਏ ਹੋ। ਤੁਸੀ ਭੁੱਲੇ ਪਏ ਹੋ ਕਿ ਇਹ ਪੂੰਜੀ, ਇਹ ਮਾਲ, ਇਹ ਰਾਸ, ਇਕ ਦਿਨ ਤੁਹਾਨੂੰ ਛੱਡ ਕੇ ਰਵਾਨਾ ਹੋਣਾ ਪੈਣਾ ਹੈ। ਓਥੇ ਫਿਰ ਉਸ ਵੱਖਰ ਦਾ ਕੀ ਹਿਸਾਬ ਦਿਓਗੇ ਜਿਸ ਖਾਤਰ ਤੁਸੀ ਆਏ ਹੋ ਭਾਵ ਰੱਬ ਨੂੰ ਤਾਂ ਤੁਸੀ ਕਦੀ ਯਾਦ ਕੀਤਾ ਹੀ ਨਹੀ। ਇਸ ਮੌਕੇ ਗੁਰੂ ਸਾਹਿਬ ਨੇ ਫਿਰ ਸਬਦ ਗਾਵਿਆ, ਸਜ਼ਾਦੇ ਦੀ ਰਬਾਬ ਨੇ ਵੀ ਰੰਗ ਬੰਨ ਦਿੱਤਾ। ਹੋਰ ਵਜੰਤਰੀ ਵੀ ਨਾਲ ਸਨ:-

ਸਿਰੀਰਾਗੁ ਮਹਲਾ ੧ ॥ ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥ ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥ ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ ॥੧॥ ਭਾਈ ਰੇ ਰਾਮੁ ਕਹਹੁ ਚਿਤੁ ਲਾਇ ॥ ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ ॥੧॥ ਰਹਾਉ ॥ ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ ॥ ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ ॥ ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ ॥੨॥ ਖੋਟੇ ਪੋਤੈ ਨਾ ਪਵਹਿ ਤਿਨ ਹਰਿ ਗੁਰ ਦਰਸੁ ਨ ਹੋਇ ॥ ਖੋਟੇ ਜਾਤਿ ਨ ਪਤਿ ਹੈ ਖੋਟਿ ਨ ਸੀਝਸਿ ਕੋਇ ॥ ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ ॥੩॥ ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ ॥ ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ ॥ ਹਰਿ ਜਪਿ ਲਾਹਾ ਅਗਲਾ ਨਿਰਭਉ ਹਰਿ ਮਨ ਮਾਹ ॥੪॥੨੩॥

ਸੰਗਤ ਕਰਨ ਦਾ ਫਿਰ ਵਪਾਰੀਆਂ ਨੂੰ ਹਰ ਪਾਸੇ ਲਾਹਾ ਹੋ ਰਿਹਾ ਸੀ। ਜਦੋਂ ਗੁਰੂ ਸਾਹਿਬ ਅਖੀਰ ਵਾਲਾ ਲਮਹਾ (ਪਲ) ਯਾਦ ਦਿਵਾ ਰਹੇ ਸਨ ਤਾਂ ਬੰਦੇ ਚਲਾਕੀਆਂ ਛੱਡੀ, ਸੱਚ ਵਲ ਪਰੇਰੇ ਜਾ ਰਹੇ ਸਨ। ਝਗੜੇ ਆਪਣੇ ਆਪ ਸੁਲਝਣੇ ਸ਼ੁਰੂ ਹੋ ਗਏ ਸਨ। ਸਭ ਪਾਸੇ ਧੰਨ ਗੁਰੂ ਨਾਨਕ। ਧੰਨ ਬਾਬਾ ਨਾਨਕ ਹੋ ਰਿਹਾ ਸੀ।

—◈—

ਰੱਬ ਦੇ ਦਰਬਾਰ 'ਚ ਕਿਵੇ ਪਹੁੰਚੀਏ?◆

ਜਦੋਂ ਗੁਰੂ ਸਾਹਿਬ ਲਹੌਰ ਡੇਰਾ ਲਾਈ ਬੈਠੇ ਸਨ ਤਾਂ ਵੈਸ਼ਨੋ ਬਿਰਤੀ ਦੇ ਕੁਝ ਲਹੌਰੀ ਆ ਗੁਰੂ ਸਾਹਿਬ ਨੂੰ ਮਿਲੇ। ਕਹਿਣ ਲੱਗੇ ਸਾਰੇ ਧਰਮ ਰੱਬ ਬਾਰੇ ਆਪਣੇ ਆਪਣੇ ਹਿਸਾਬ ਗੱਲਾਂ ਦੱਸਦੇ ਨੇ। ਬਾਬਾ ਜੀ ਤੁਹਾਡੀਆਂ ਬੜੀਆਂ ਸਿਫਤਾਂ ਸੁਣੀਆਂ ਹਨ, ਕਿਰਪਾ ਕਰੋ ਤੇ ਸਾਨੂੰ ਮਾਰਗ ਪਾਓ ਕਿ ਕਿਵੇ ਨਿਰੰਕਾਰ ਦੇ ਦਰ ਤੇ ਹਾਜਰੀ ਲੱਗੇ? ਕਿਵੇ ਉਹਦੇ ਦਰਸ਼ਨਾਂ ਦਾ ਦਰਵਾਜਾ ਖੁੱਲੇ? ਉਹ ਕਿਹੋ ਜਿਹਾ ਸਥਾਨ ਹੈ ਜਿੱਥੇ ਦੁਨੀਆ ਦਾ ਮਾਲਕ ਰਹਿੰਦਾ ਹੈ।

ਗੁਰੂ ਸਾਹਿਬ ਨੇ ਕਿਹਾ ਕਿ ਨਿਰੰਕਾਰ ਦਾ ਮਹਿਲ ਤਾਂ ਤੁਹਾਡੇ ਬਿਲਕੁਲ ਨਾਲ ਹੀ ਹੈ। ਵਿੱਚ ਪੜਦਾ ਤੁਹਾਡੀਆਂ ਹਉਮੈਧਾਰੀ ਬਿਰਤੀਆਂ ਦਾ ਹੈ: ਦੁੱਖ, ਗੁੱਸਾ, ਆਸਾਂ ਉਮੀਦਾਂ ਵਿੱਚ ਜੀਣਾ, ਮਾਇਆ ਦੀ ਭੁੱਖ ਆਦਿ। ਤੇ ਯਾਦ ਰੱਖੋ ਨਿਰੰਕਾਰ ਦਾ ਤਖਤ ਤਾਂ ਸੱਚ ਹੈ। ਸੋ ਜੇ ਸੱਚ ਵਿੱਚ ਆ ਜਾਓਗੇ ਤਾਂ ਉਹਦਾ ਸਿੰਘਾਸਣ ਦਿਸ ਪਵੇਗਾ।

ਇਸ ਸਵਾਲ ਪ੍ਰਥਾਇ ਗੁਰੂ ਸਾਹਿਬ ਨੇ ਵਜੰਤ੍ਰੀਆਂ ਦੇ ਸਾਥ ਵਿੱਚ ਉੱਚੀ ਸੁਰ ਵਿੱਚ ਬਾਣੀ ਗਾਈ:-

ਰਾਮਕਲੀ ਮਹਲਾ ੧ ॥ ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ ਦਰਾ ਭੀਤਰਿ ਦਰੁ ਕਵਨੁ ਲਹੈ ॥ ਜਿਸੁ ਦਰ ਕਾਰਣਿ ਫਿਰਾ ਉਦਾਸੀ ਸੋ ਦਰੁ ਕੋਈ ਆਇ ਕਹੈ ॥੧॥ ਕਿਨ ਬਿਧਿ ਸਾਗਰੁ ਤਰੀਐ ॥ ਜੀਵਤਿਆ ਨਹ ਮਰੀਐ ॥੧॥ ਰਹਾਉ ॥ ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ ॥ ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ ਸਤ ਕੈ ਆਸਣਿ ਪੁਰਖੁ ਰਹੈ ॥੨॥ ਕਿੰਤੇ ਨਾਮਾ ਅੰਤੁ ਨ ਜਾਣਿਆ ਤੁਮ ਸਰ�ि ਨਾਹੀ ਅਵਰੁ ਹਰੇ ॥ ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਆਪਿ ਕਰੇ ॥੩॥ ਜਬ ਆਸਾ ਅੰਦੇਸਾ ਤਬ ਹੀ ਕਿਉ ਕਰਿ ਏਕੁ ਕਹੈ ॥ ਆਸਾ ਭੀਤਰਿ ਰਹੈ ਨਿਰਾਸਾ ਤਉ ਨਾਨਕ ਏਕੁ ਮਿਲੈ ॥੪॥ ਇਨ ਬਿਧਿ ਸਾਗਰੁ ਤਰੀਐ ॥ ਜੀਵਤਿਆ ਇਉ ਮਰੀਐ ॥੧॥ ਰਹਾਉ ਦੂਜਾ ॥੩॥

ਇਸ ਸ਼ਬਦ ਨੇ ਤਾਂ ਲਹੌਰੀਏ ਇਕ ਦਮ ਕੀਲ ਹੀ ਦਿੱਤੇ। ਹਰ ਕੋਈ ਸ਼ਬਦ ਨੂੰ ਜਬਾਨੀ ਯਾਦ ਕਰ ਰਿਹਾ ਸੀ। ਤੇ ਮੂੰਹੋ ਧੰਨ ਗੁਰੂ ਨਾਨਕ ਉਚਾਰ ਰਿਹਾ ਸੀ।

—◈—

'ਖਾਓ ਪੀਓ ਕਰੋ ਅਨੰਦ' ਦੇ ਮੁਹਾਵਰੇ ਦਾ ਖੰਡਣ■

ਲਹੌਰ ਵਿੱਚ ਹੀ ਗੁਰੂ ਸਾਹਿਬ ਨੂੰ ਇਕ ਅਜਿਹੀ ਜਮਾਤ ਵੀ ਮਿਲੀ ਜਿਸ ਦਾ ਵੀਚਾਰ ਸੀ ਕਿ ਬੰਦਾ ਖਾਏ ਪੀਏ ਮੌਜ ਮਸਤੀ ਲਏ ਅਗਲਾ ਜਹਾਨ ਕਿਸ ਨੇ ਡਿੱਠਾ ਹੈ। ਫਿਰ ਅਕਸਰ ਰਾਜ ਪਲਟੇ ਦੇ ਵੇਲੇ ਲੁੱਟ ਮਾਰ ਵੀ ਹੋਇਆ ਕਰਦੀ ਸੀ ਤੇ ਜਿਸ ਕਾਰਨ ਇਸ ਸੋਚ ਨੂੰ ਹੋਰ ਤਾਕਤ ਮਿਲ ਗਈ ਕਿ 'ਭਾਈ ਖਾਓ ਪੀਓ ਕਰੋ ਅਨੰਦ' ਕਲ੍ਹ ਦੀ ਚਿੰਤਾ ਛੱਡੋ। ਇਹ ਜਮਾਤ ਉਹ ਸੀ ਜਿਹੜੀ ਸਾਧੂ ਮਹਾਤਮਾਵਾਂ ਪੀਰਾਂ ਫਕੀਰਾਂ ਨੂੰ ਵੰਗਾਰ ਕੇ ਕਹਿੰਦੇ ਸਨ ਕਿ ਦੱਸੋ ਤੁਹਾਡੇ 'ਚੋਂ ਕਿਸੇ ਨੇ ਖੁਦਾ ਜਾਂ ਭਗਵਾਨ ਵੇਖਿਆ ਹੈ ਤਾਂ ਦੱਸੋ।

ਗੁਰੂ ਸਾਹਿਬ ਨੇ ਅਜਿਹੀ ਸੋਚ ਦਾ ਖੰਡਣ ਕੀਤਾ ਤੇ ਖੁਰਾਕ ਦਾ ਅਸਲ ਮਕਸਦ ਦੱਸਿਆ ਕਿ ਇਸ ਨਾਲ ਤੁਹਾਡਾ ਸਰੀਰ ਚਲਦਾ ਹੈ ਵਧ ਲਓਗੇ ਤੇ ਰੋਗ ਉਤਪਨ ਹੋਣਗੇ।

ਮਃ ੧ ॥ ਸਉ ਓਲਾਮ੍ਹੇ ਦਿਨੈ ਕੇ ਰਾਤੀ ਮਿਲਨ੍ਹਿ ਸਹੰਸ ॥ ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ ॥ ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥ ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ ॥

ਸਾਹਿਬ ਨੇ ਫੁਰਮਾਇਆ ਕਿ ਜਿਹੜਾ ਭੋਜਨ ਤੁਸੀ ਸਵਾਦ ਕਰਕੇ ਖਾ ਰਹੇ ਹੋ ਕਲ੍ਹ ਨੇ ਇਸੇ ਨੇ ਤੁਹਾਡਾ ਵੈਰੀ ਬਣ ਜਾਣਾ ਹੈ ਜਦੋਂ ਰੋਗਾਂ ਨੇ ਆ ਘੇਰਿਆ। ਬੰਦਿਆ ਨਾਮ ਤੋਂ ਬਿਨਾਂ ਬਾਕੀ ਸਭ ਵਿਅੱਰਥ ਨੇ।

ਜਦੋਂ ਫੇਰਿਆਂ ਦੇ ਤੁਰੰਤ ਬਾਦ ਲਾੜੇ ਨੇ ਪ੍ਰਾਣ ਤਿਆਗ ਦਿੱਤੇ+

ਲਹੌਰ 'ਚ ਜਿੱਥੇ ਬਾਬਾ ਡੇਰਾ ਜਮ੍ਹਾ ਕੇ ਬੈਠਾ ਸੀ ਇਕ ਸ਼ਾਮੀ ਓਥੇ ਜੰਞ ਆ ਢੁਕੀ। ਲਾੜਾ ਵੀ ਲਹੌਰ ਦੇ ਕਿਸੇ ਅਮੀਰ ਸੌਦਾਗਰ ਦਾ ਪੁੱਤਰ ਸੀ। ਹਰ ਕਿਸੇ ਨੇ ਚਿੱਟੇ ਕਪੜੇ ਪਾਏ ਹੋਏ ਸਨ। ਚਿੱਟੀਆਂ ਕਮੀਜਾਂ, ਚਿੱਟੀਆ ਚਾਦਰਾਂ (ਤਹਿਮਤਾਂ) ਕੇਸਰੀ ਲਾਲ ਪੱਗਾਂ। ਇਤਰ ਗੁਲੇਲ 'ਚ ਲੱਗਦਾ ਸੀ ਜਿਵੇ ਹਰ ਕਿਸੇ ਨੂੰ ਡੋਬਾ ਦੇ ਦਿੱਤਾ ਗਇਆ ਹੋਵੇ। ਬਰਾਤ ਨੇ ਪੂਰਾ ਬਜਾਰ ਮਹਿਕਾਅ ਦਿੱਤਾ ਸੀ।

ਘੋੜੀ ਤੇ ਸਿਹਰਿਆਂ ਨਾਲ ਫੱਬ ਕੇ ਬੈਠੇ, ਲਾੜੇ ਤੇ ਸਰਬਾਲੇ ਦੀ ਸ਼ਾਨ ਹੀ ਵੱਖਰੀ ਸੀ।

ਸਭ ਤੋਂ ਅੱਗੇ ਢੋਲੀ ਸੀ। ਪਿੱਛੇ ਵਾਜੇ ਨੇਜਿਆਂ ਵਾਲੇ ਸਨ। ਸ਼ਹਿਨਾਈ ਵੱਜ ਰਹੀ ਸੀ। ਭੇਰੀ ਗਰਜ ਰਹੀ ਸੀ। ਛੈਣੇ ਵਾਲੇ ਮੁੰਡਿਆਂ ਦੀ ਤਾਂ ਕਤਾਰ ਸੀ। ਪੂਰੇ ਰੰਗ ਵਿੱਚ ਆ ਕੇ ਬਾਹਵਾਂ ਉੱਚੀਆਂ ਚੁੱਕ ਚੁੱਕ ਛੈਣੇ ਵਜਾ ਰਹੇ ਸਨ। ਕੋਈ ਖੜਤਾਲਾਂ ਖੜਕਾ ਰਿਹਾ ਸੀ। ਮੁੰਡੇ ਭੰਗੜਾ ਪਾ ਰਹੇ ਸਨ। ਖੁਸ਼ੀ ਵਿੱਚ ਮਸਤ ਹੋਇਆ ਲਾੜੇ ਦਾ ਦਾਦਾ ਨਾਲੇ ਛੋਟ ਕਰ ਰਿਹਾ ਸੀ ਨਾਲੇ ਵਧਾਈਆਂ ਦਾ ਜਵਾਬ ਦੇ ਰਿਹਾ ਸੀ।

ਕੁੜੀ ਵਾਲੇ ਅੱਗੇ ਹਾਰ ਲੈ ਲੈ ਖੜੇ ਸਨ।

ਇਤਹਾਸ ਇਸ ਗਲ ਤੇ ਚੁੱਪ ਹੈ ਕਿ ਇਸ ਵੇਲੇ ਗੁਰੂ ਸਾਹਿਬ ਨਾਲ ਕਿਹੜਾ ਸੇਵਾਦਾਰ ਸੀ। ਪਰ ਆਉਦਾ ਹੈ ਕਿ ਸੇਵਾਦਾਰ ਨੇ ਗੁਰੂ ਸਾਹਿਬ ਦਾ ਧਿਆਨ ਇਸ ਚਹਿਲ ਪਹਿਲ ਦੇ ਖੁਸ਼ਗਵਾਰ ਮੌਕੇ ਵਲ ਦਿਵਾਇਆ। ਗੁਰੂ ਸਾਹਿਬ ਨੇ ਕਿਹਾ ਰੱਬ ਇਹੋ ਜਿਹੀ ਖੁਸ਼ੀ ਕਿਸੇ ਨੂੰ ਨਾਂ ਦੇਵੇ। ਸੇਵਾਦਾਰ ਕਹਿੰਦਾ ਜੀ ਮੈਂ ਸਮਝਿਆ ਨਹੀ। ਗੁਰੂ ਸਾਹਿਬ ਕਹਿਣ ਲੱਗੇ ਅਗਲੇ ਸਵੇਰੇ ਸਮਝਾਵਾਂਗੇ।

ਖੁਸ਼ੀ ਖੁਸ਼ੀ ਢੁਕਾਅ ਹੋਇਆ।

ਉਪਰੰਤ ਤਰਾਂ ਤਰਾਂ ਦੇ ਪਕਵਾਨ ਸਨ, ਜੋ ਜਾਂਞੀਆਂ ਨੇ ਸਵਾਦਾਂ ਨਾਲ ਖਾਏ। ਗੁਰੂ ਸਾਹਿਬ ਵਾਸਤੇ ਵੀ ਲੰਗਰ ਆ ਗਿਆ।

ਅੱਧੀ ਰਾਤ ਫਿਰ ਵੇਦੀ ਦੁਆਲੇ ਫੇਰੇ ਹੋਏ।

ਰਾਤ ਅੱਧਾ ਪਹਿਰ ਰਹਿੰਦੀ ਸੀ ਕਿ ਚੀਕ ਚਿਹਾੜਾ ਪੈ ਗਿਆ। ਆਂਢੀ ਗਵਾਂਢੀ ਦੌੜ ਕੇ ਗਏ ਤੇ ਪਤਾ ਲੱਗਾ ਲਾੜਾ ਹੀ ਚੜਾਈਆਂ ਕਰ ਗਇਆ ਹੈ। ਸਾਰੀਆਂ ਖੁਸ਼ੀਆਂ ਸੋਗ ਦਾ ਰੂਪ ਲੈ ਗਈਆਂ ਸਨ। ਹਰ ਕੋਈ ਰੋ ਰਿਹਾ ਸੀ। ਮਾਂ ਨੂੰ ਦੰਦਲਾਂ ਪੈ ਰਹੀਆਂ ਸਨ। ਦਾਦੀ ਬੇਹਾਲ ਸੀ। ਸੱਸ ਆਪਣੀ ਧੀ ਦੀ ਕਿਸਮਤ ਤੇ ਰੋ ਰਹੀ ਸੀ। ਲਾੜੀ ਨੂੰ ਸਭ ਪਾਸੇ ਹਨੇਰਾ ਹੀ ਹਨੇਰਾ ਨਜਰ ਆ ਰਿਹਾ ਸੀ।

ਅਚਨਚੇਤ ਆਈ ਇਸ ਤਬਦੀਲੀ ਤੇ ਗੁਰੂ ਸਾਹਿਬ ਨੂੰ ਬਾਣੀ ਉਤਰ ਰਹੀ ਸੀ:

ਸੋਰਠਿ ਮਃ ੧ ਚਉਤੁਕੇ ॥ ਮਾਇ ਬਾਪ ਕੋ ਬੇਟਾ ਨੀਕਾ ਸਸੁਰੈ ਚਤੁਰੁ ਜਵਾਈ ॥ ਬਾਲ ਕੰਨਿਆ ਕੌ ਬਾਪੁ ਪਿਆਰਾ ਭਾਈ ਕੌ ਅਤਿ ਭਾਈ ॥ ਹੁਕਮੁ ਭਇਆ ਬਾਹਰੁ ਘਰੁ ਛੋਡਿਆ ਖਿਨ ਮਹਿ ਭਈ ਪਰਾਈ ॥ ਨਾਮੁ ਦਾਨੁ ਇਸਨਾਨੁ ਨ ਮਨਮੁਖਿ ਤਿਤੁ ਤਨਿ ਧੂੜਿ ਧੁਮਾਈ ॥੧॥ ਮਨੁ ਮਾਨਿਆ ਨਾਮੁ ਸਖਾਈ ॥ ਪਾਇ ਪਰਉ ਗੁਰ ਕੈ ਬਲਿਹਾਰੈ ਜਿਨਿ ਸਾਚੀ ਬੂਝ ਬੁਝਾਈ ॥ ਰਹਾਉ ॥ ਜਗ ਸਿਉ ਝੂਠ ਪ੍ਰੀਤਿ ਮਨੁ ਬੇਧਿਆ ਜਨ ਸਿਉ ਵਾਦੁ ਰਚਾਈ ॥ ਮਾਇਆ ਮਗਨੁ ਅਹਿਨਿਸਿ ਮਗੁ ਜੋਹੈ ਨਾਮੁ ਨ ਲੇਵੈ ਮਰੈ ਬਿਖੁ ਖਾਈ ॥ ਗੰਧਣ ਵੈਣਿ ਰਤਾ ਹਿਤਕਾਰੀ ਸਬਦੈ ਸੁਰਤਿ ਨ ਆਈ ॥ ਰੰਗਿ ਨ ਰਾਤਾ ਰਸਿ ਨਹੀ ਬੇਧਿਆ ਮਨਮੁਖਿ ਪਤਿ ਗਵਾਈ ॥੨॥ ਸਾਧ ਸਭਾ ਮਹਿ ਸਹਜੁ ਨ ਚਾਖਿਆ ਜਿਹਬਾ ਰਸੁ ਨਹੀ ਰਾਈ ॥ ਮਨੁ ਤਨੁ ਧਨੁ ਅਪੁਨਾ ਕਰਿ ਜਾਨਿਆ ਦਰ ਕੀ ਖਬਰਿ ਨ ਪਾਈ ॥ ਅਖੀ ਮੀਟਿ ਚਲਿਆ ਅੰਧਿਆਰਾ ਘਰੁ ਦਰੁ ਦਿਸੈ ਨ ਭਾਈ ॥ ਜਮ ਦਰਿ ਬਾਧਾ ਠਉਰ ਨ ਪਾਵੈ ਅਪੁਨਾ ਕੀਆ ਕਮਾਈ ॥੩॥ ਨਦਰਿ ਕਰੇ ਤਾ ਅਖੀ ਵੇਖਾ ਕਹਣਾ ਕਥਨੁ ਨ ਜਾਈ ॥ ਕੰਨੀ ਸੁਣਿ ਸੁਣਿ ਸਬਦਿ ਸਲਾਹੀ ਅੰਮ੍ਰਿਤੁ ਰਿਦੈ ਵਸਾਈ ॥ ਨਿਰਭਉ ਨਿਰੰਕਾਰੁ ਨਿਰਵੈਰੁ ਪੂਰਨ ਜੋਤਿ ਸਮਾਈ ॥ ਨਾਨਕ ਗੁਰ ਵਿਣੁ ਭਰਮੁ ਨ ਭਾਗੈ ਸਚਿ ਨਾਮਿ ਵਡਿਆਈ ॥੪॥੩॥

ਗੁਰੂ ਸਾਹਿਬ ਨੂੰ ਲੋਕਾਈ ਤੇ ਤਰਸ ਆ ਰਿਹਾ ਸੀ ਗਿਆਨ ਵਿਹੂਣੇ ਕਰਤੇ ਦੇ ਇਸ ਖੇਲ ਨੂੰ ਸਮਝ ਨਹੀ ਪਾ ਰਹੇ ਤੇ ਇਨਾਂ ਰਿਸ਼ਤਿਆ ਨਾਤਿਆਂ ਨੂੰ ਸੱਚੇ ਕਰਕੇ ਮੰਨ ਰਹੇ ਨੇ।

ਕਾਹਨੂੰ ਰੋਂਦੇ ਓ? ਮਰਨ ਤੇ ਮਾਰਨ ਵਾਲਾ ਰੱਬ ਆਪ ਹੀ ਹੈ।*

(ਹਾੜ ਦਾ ਮਹੀਨਾ ਸੀ ਜਦੋਂ ਇਹ ਸਾਖੀ ਹੋਈ। ਜੁਲਾਈ 1535ਈ.)

ਲਹੌਰ ਇਕ ਵੇਰ ਗੁਰੂ ਸਾਹਿਬ ਦਾ ਇਕ ਸ਼ਰਧਾਲੂ ਜੋ ਕਿਸੇ ਵੇਲੇ ਸਰਕਾਰੇ ਦਰਬਾਰੇ ਕਿਸੇ ਉੱਚੇ ਅਹੁਦੇ ਤੇ ਹੁੰਦਾ ਸੀ ਉਹ ਬੀਮਾਰ ਹੋ ਕੇ ਚਲਾਣਾ ਕਰ ਗਿਆ। ਗੁਰੂ ਸਾਹਿਬ ਸਬੱਬੀ ਲਹੌਰ ਸਨ ਤੇ ਉਹਦੀ ਮਕਾਣ ਤੇ ਉਹਦੇ ਘਰ ਗਏ। ਓਥੇ ਸੈਕੜੇ ਲੋਕ ਇਕੱਠੇ ਹੋਏ ਪਏ ਸਨ। ਚੀਕ ਚਿਹਾੜਾ ਪਿਆ ਹੋਇਆ ਸੀ। ਸਿਆਣਿਆਂ ਨੇ ਕਿਹਾ ਬਾਬਾ ਜੀ ਰਿਸ਼ਤੇਦਾਰ ਰੁਦਨ ਕਰਨੋ ਨਹੀ ਹੱਟ ਰਹੇ ਤੁਸੀ ਕਿਰਪਾ ਕਰੋ ਤੇ ਪ੍ਰਵਾਰ ਤੇ ਰਿਸਤੇਦਾਰਾਂ ਨੂੰ ਹੌਸਲਾ ਦਿਓ।

ਗੁਰੂ ਸਾਹਿਬ ਨੇ ਫਿਰ ਲੋਕਾਈ ਨੂੰ ਸਮਝਾਇਆ ਕਿ ਜਦੋਂ ਮੂਲ ਵਿੱਚ ਹੈ ਹੀ ਇਕ, ਏਕੇ ਦਾ ਹੀ ਪਸਾਰਾ ਹੈ ਤਾਂ ਕੌਣ ਮਰਿਆ ਤੇ ਕਿਸ ਨੇ ਮਾਰਿਆ ਦਾ ਕੀ ਸਵਾਲ ਹੋਇਆ। ਗੁਰੂ ਸਾਹਿਬ ਨੇ ਨਿਰੰਕਾਰ ਦੇ ਖੇਲ ਬਾਰੇ ਲੋਕਾਂ ਨੂੰ ਸਮਝਾਇਆ। ਕਿ ਇਹ ਅਸੀ ਨਹੀ ਰੋ ਰਹੇ ਹੁੰਦੇ ਸਾਡੀ ਹਉਮੈ ਰੋਂਦੀ ਹੈ। ਸਾਡਾ ਮੋਹ ਸਾਡਾ ਲੋਭ ਰੋਂਦਾ ਹੈ।

ਗੁਰੂ ਸਾਹਿਬ ਨੇ ਜਿਸ ਤਰੀਕੇ ਇਸ ਸੋਗਮਈ ਮਾਹੌਲ ਨੂੰ ਸਮਝਾਇਆ ਲੋਕ ਅੱਸ਼ ਅੱਸ਼ ਕਰ ਉਠੇ।

ਆਸਾ ਮਹਲਾ ੧ ॥ ਏਕੁ ਮਰੈ ਪੰਚੇ ਮਿਲਿ ਰੋਵਹਿ ॥ ਹਉਮੈ ਜਾਇ ਸਬਦਿ ਮਲੁ ਧੋਵਹਿ ॥ (ਵੇਖੋ ਪੂਰਾ ਸਬਦ ਸਫਾ ਣਣਣਣਣ ਮੰਡੋਰ ਵਾਲੀ ਸਾਖੀ)

ਹਰ ਪਾਸੇ ਧੰਨ ਬਾਬਾ ਨਾਨਕ, ਧੰਨ ਗੁਰੂ ਨਾਨਕ ਹੋ ਰਹੀ ਸੀ।

ਗੁਰਦੁਆਰਾ ਚੁਬੱਚਾ ਸਾਹਿਬ ਧਰਮਪੁਰਾ ਲਾਹੌਰ। ਇਸ ਅਸਥਾਨ ਤੇ ਵੀ ਗੁਰੂ ਸਾਹਿਬ ਇਕ ਵੇਰਾਂ ਠਹਿਰੇ ਸਨ। ਅੱਜ ਇਥੇ ਯੂ.ਪੀ ਤੋਂ ਗਏ ਪਨਾਹਗੀਰ ਵਸ ਰਹੇ ਨੇ।-ਤਸਵੀਰ ਕੈਸਰ।

—◈—

ਜਦੋਂ ਘੁੜ ਸਵਾਰ ਨੇ ਗੁਰੂ ਨਾਨਕ ਦਾ ਪੈਰ ਮਿੱਧ 'ਤਾ**

ਇਕ ਵੇਰਾਂ ਗੁਰੂ ਸਾਹਿਬ ਆਪਣੀ ਮੌਜ ਮੁਤਾਬਿਕ ਸ਼ਹਿਰੋ (ਲਹੌਰੋ) ਬਾਹਰ ਬਿਰਾਜੇ ਹੋਏ ਸਨ ਕਿ ਫਿਰ ਸ਼ਾਮੀ ਸ਼ਹਿਰ ਆਪਣੇ ਡੇਰੇ ਤੇ ਪਰਤ ਰਹੇ ਸਨ। ਕਿਲੇ ਤੋਂ ਜਿਵੇ ਅੰਦਰ ਆਏ ਤਾਂ ਬਜਾਰ ਵਿੱਚ ਬਹੁਤ ਭੀੜ ਸੀ। ਕੋਈ ਦਿਨ ਤਿਉਹਾਰ ਸੀ। ਗੁਰੂ ਸਾਹਿਬ ਨੂੰ ਤਾਂ ਲੋਕੀ ਪਛਾਣ ਹੀ ਚੁੱਕੇ ਸਨ ਤੇ ਝੱਟ ਲੋਕ ਗੁਰੂ ਸਾਹਿਬ ਦੇ ਨਾਲ ਹੋ ਤੁਰੇ।

ਏਨੇ ਨੂੰ ਇਕ ਘੋੜ ਸਵਾਰ ਨਿਕਲਿਆ। ਕੋਈ ਸਰਕਾਰੀ ਮੁਲਾਜਮ ਕਿਸਮ ਦਾ ਬੰਦਾ ਸੀ। ਕੱਛ ਵਿੱਚ ਕਿਰਪਾਨ ਲਟਕਾਈ ਹੋਈ ਸੀ। ਰਾਹਗੀਰਾਂ ਦੀ ਪਰਵਾਹ ਕੀਤੇ ਬਿਨਾਂ, ਬੜੇ ਟੌਹਰ ਟਪੱਕੇ ਨਾਲ ਜਾ ਰਿਹਾ ਸੀ। ਕੋਈ ਅਵਾਜ ਹਾਕ ਵੀ ਨਹੀ ਸੀ ਦੇ ਰਿਹਾ। ਗੁਰੂ ਸਾਹਿਬ ਆਪਣੀ ਮਸਤੀ ਵਿੱਚ ਜਾ ਰਹੇ ਸਨ ਕਿ ਘੋੜੇ ਦਾ ਸੁੰਮ ਗੁਰੂ ਸਾਹਿਬ ਦੇ ਪੈਰ ਤੇ ਆ ਗਇਆ ਤੇ ਸਾਹਿਬ ਨੂੰ ਜਖਮੀ ਕਰ ਦਿੱਤਾ।

ਗੁਰੂ ਸਾਹਿਬ ਦੇ ਮੂੰਹੋ ਝੱਟ ਸਹਿਜ ਸੁਭਾਅ ਨਿਕਲ ਗਿਆ:-

ਮਃ ੧ ॥ ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ ॥ ਗਰਬੁ ਨ ਕੀਜੈ ਨਾਨਕਾ ਮਤੁ ਸਿਰਿ ਆਵੈ ਭਾਰੁ ॥

ਅਗਲੇ ਹੀ ਸਵੇਰ ਖਬਰ ਆ ਗਈ ਕਿ ਉਹ ਘੁੜ-ਸਵਾਰ ਮਾਰਿਆ ਗਇਆ ਹੈ। ਘੋੜੇ ਨੂੰ ਠੇਡਾ ਲਗਿਆ ਤੇ ਘੋੜਾ ਡਿੱਗਾ ਤੇ ਸਵਾਰ ਘੋੜੇ ਥੱਲੇ ਆ ਕੇ ਮਰ ਗਇਆ ਹੈ। ਗੁਰੂ ਸਾਹਿਬ ਨੇ ਅਫਸੋਸ ਕੀਤਾ ਕਿ ਕਿੰਨਾ ਸੋਹਣਾ ਬੰਕਾ ਗਭਰੂ ਸੀ। ਸਾਹਿਬ ਨੇ ਦੱਸਿਆ ਕਿ ਹਰ ਬੰਦੇ ਦੀ ਲੱਗ ਪਗ ਇਹੋ ਕਹਾਣੀ ਹੈ। ਅਸੀ ਸਭ ਝੂਠ ਦੇ ਨਸ਼ੇ ਵਿੱਚ ਤੁਰੇ ਫਿਰਦੇ ਹਾਂ ਤੇ ਅਖੀਰ ਦੇ ਸੱਚ ਨੂੰ ਭੁੱਲੇ ਬੈਠੇ ਹਾਂ।

ਗੁਰੂ ਸਾਹਿਬ ਐਤਕਾਂ ਸਿਰਫ ਤਿੰਨ ਦਿਨ ਲਹੌਰ ਰਹੇ ਕਿਉਕਿ ਭੀੜ ਬਹੁਤ ਜਿਆਦਾ ਇਕੱਠੀ ਹੋਣੀ ਸ਼ੁਰੂ ਹੋ ਗਈ ਸੀ।

—◈—

ਲਹੌਰ ਦੀ ਬਸੰਤ ਵੇਖ ਬਾਬਾ ਵਿਸਮਾਦ ਵਿੱਚ ਆਇਆ••

ਲਹੌਰ ਸ਼ਹਿਰ ਦੀ ਬਸੰਤ ਬੜੀ ਮਸ਼ਹੂਰ ਰਹੀ ਹੈ। ਲਹੌਰੀਆਂ ਦਾ ਮੰਨਣਾ ਹੈ ਕਿ ਪਾਲਿਆਂ ਦਾ ਝੰਬਿਆ ਸ਼ਹਿਰ ਬਸੰਤ ਤੇ ਅੰਗੜਾਈ ਲੈਂਦਾ ਹੈ। ਹਰ ਪਾਸੇ ਖੁਸ਼ੀ ਹੁੰਦੀ ਹੈ ਤੇ ਸਬੱਬੀ ਫੁੱਲ ਵੀ ਖਿੜਦੇ ਹਨ। ਲਹੌਰ ਵਿੱਚ ਬਸੰਤ ਏਨੀ ਹਰਮਨਪਿਆਰੀ ਹੈ ਕਿ ਪਾਕਿਸਤਾਨ ਬਣਨ ਤੋਂ ਬਾਦ ਵੀ ਓਥੇ ਲੋਕ ਪੂਰੇ ਜੋਸ਼ੋ ਖਰੋਸ਼ ਨਾਲ ਬਸੰਤ ਮਨਾਉਦੇ ਹਨ ਤੇ ਲਹੌਰ ਦਾ ਪੂਰਾ ਅਸਮਾਨ ਉਸ ਦਿਨ ਪਤੰਗਾਂ ਨਾਲ ਢੱਕਿਆ ਜਾਂਦਾ ਹੈ। ਇਹ ਓਥੇ ਕੁਝ ਜਿਆਦਾ ਹੀ ਪ੍ਰਚਲਤ ਸੀ ਜਿਸ ਕਰਕੇ ਮੁਸਲਮਾਨ ਫਿਰਕਾਪ੍ਰਸਤਾਂ ਨੇ ਇਸ ਤਿਉਹਾਰ ਤੇ ਸੰਨ 2007 ਵਿੱਚ ਸਰਕਾਰੀ ਤੌਰ ਤੇ ਪਾਬੰਦੀ ਲਵਾ ਦਿੱਤੀ ਹੈ। ਲਹੌਰੀ ਇਸ ਪਾਬੰਦੀ ਦਾ ਬਹੁਤ ਵਿਰੋਧ ਕਰ ਰਹੇ ਹਨ ਉਨਾਂ ਦਾ ਕਹਿਣਾ ਹੈ ਇਸ ਨਾਲ ਪਤੰਗਬਾਜੀ ਦਾ ਵੱਡਾ ਰੁਜਗਾਰ ਵੀ ਜੁੜਿਆ ਸੀ ਤੇ ਸੈਕੜੇ ਲੋਕ ਪਤੰਗ ਤੇ ਡੋਰ ਬਣਾਉਣ ਦਾ ਕੰਮ ਕਰਦੇ ਹਨ।

ਪਰ ਜਦੋਂ ਗੁਰੂ ਸਾਹਿਬ ਪਧਾਰੇ ਤਾਂ ਲਹੌਰ ਦੀ ਬਸੰਤ ਦਾ ਰੰਗ ਹੀ ਵਖਰਾ ਸੀ। ਹਰ ਪਾਸੇ ਬਸੰਤੀ (ਖੱਟਾ) ਰੰਗ। ਲਹੌਰੀਏ ਕੁਝ ਜਾਣ ਬੁੱਝ ਕੇ ਖੱਟੇ ਫੁੱਲ ਉਗਾਉਦੇ ਸਨ।

ਇਹ ਸਭ ਕੁਝ ਵੇਖ ਕੇ ਗੁਰੂ ਸਾਹਿਬ ਨੇ ਲਹੌਰੀਆਂ ਨੂੰ ਕਿਹਾ ਕਿ ਲੋਕੋ ਕਦੀ ਉਸ ਨੂੰ ਵੀ ਯਾਦ ਕਰ ਲਿਆ ਕਰੋ ਜਿਸਨੇ ਬਸੰਤ ਲਿਆਂਦੀ ਹੈ। ਜਿਹੜਾ ਬਸੰਤ ਤੋਂ ਪਹਿਲੋਂ ਬਸੰਤੀ ਫੁੱਲ ਵੀ ਖਿੜਾਉਦਾ ਹੈ।

ਸਾਹਿਬ ਨੇ ਸਲੋਕ ਆਖਿਆ:-

ਸਲੋਕ ਮਃ ੧ ॥ ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ ॥ ਜਿਤੁ ਮਉਲਿਐ ਸਭ ਮਉਲੀਐ ਤਿਸਹਿ ਨ ਮਉਲਿਹੁ ਕੋਇ ॥ ੧॥

—▲—

ਪੈਰ ਸਫਾ ○ਸੋਢੀ 2-579, ◈ਸਾਈਕਲ ਯਾਤਰੀ- 392, @ ਕੈਸਰ-62

●ਪੁਰਾਤਨ-135, ਕਈ ਲਿਖਾਰੀਆਂ (ਸਾਈਕਲ ਯਾਤਰੀ- 389) ਲਿਖਿਆ ਹੈ ਕਿ ਇਥੇ ਬੁਚੜਖਾਨਾ ਹੋਣ ਕਰਕੇ ਇਨੂੰ ਸਿਰੀਆਂ ਵਾਲਾ ਬਜ਼ਾਰ ਕਿਹਾ ਜਾਂਦਾ ਹੈ ਤੇ ਗੁਰੂ ਸਾਹਿਬ ਨੇ ਜਿਹੜੀ ਤੁੱਕ ਬੋਲੀ, "ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ ॥ " ਇਸਦੇ ਸੰਦਰਭ ਵਿੱਚ ਹੀ ਸੀ।

ਜਦੋਂ ਕਿ ਸਹੀ ਗਲ ਇਹ ਹੈ ਕਿ ਸਾਹਿਬ ਨੇ ਇਹ ਉਦੋਂ ਫਰਮਾਇਆ ਸੀ ਜਦੋਂ ਬਾਬਰ ਨੇ ਇਥੇ ਲੁੱਟ ਮਾਰ ਕੀਤੀ ਸੀ।

◘ ਸੋਢੀ 2- 348, ♦ਸੋਢੀ 2- 351, ■ ਸੋਢੀ 2- 355, ✚ਸੋਢੀ 2- 378,

* ਸੋਢੀ 2-381. (ਇਹ ਵੀ ਹੋ ਸਕਦੈ ਕਿ ਦੌਲਤ ਖਾਂ ਲੋਧੀ ਦੀ ਮਕਾਣ ਵੇਲੇ ਇਹ ਸਬਦ ਬੋਲਿਆ ਗਇਆ ਹੋਵੇ।) **ਸੋਢੀ 2-518, ••ਸੋਢੀ 2- 567

ਬਾਬ-66

ਜਪੁਜੀ ਸਾਹਿਬ ਦਾ ਬੰਨਣਾ

ਕਰਤਾਰਪੁਰ ਦੇ ਕੌਤਕ। ਭਾਗ–7 (1535/36 ਈ.)*

ਵਲੂਧਰਿਆ ਪਿੰਡਾ

ਇਕ ਵੇਰਾਂ ਗੁਰੂ ਸਾਹਿਬ ਜਦੋਂ ਇਸ਼ਨਾਨ ਕਰ ਰਹੇ ਸਨ ਤਾਂ ਭਾਈ ਲਹਿਣੇ ਨੇ ਵੇਖਿਆ ਕਿ ਗੁਰੂ ਸਾਹਿਬ ਦੇ ਪਿੰਡੇ ਤੇ ਝਰੀਟਾਂ ਹੀ ਝਰੀਟਾਂ ਪਈਆਂ ਹਨ।ਭਾਈ ਲਹਿਣੇ ਨੇ ਗੁਰੂ ਸਾਹਿਬ ਨੂੰ ਪੁੱਛਿਆ ਕਿ ਕਿਓ ਸਾਰਾ ਪਿੰਡਾ ਵਿਲੂਧਰਿਆ ਪਿਆ ਹੈ?

ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਪੁਰਖਾ! ਫਲਾਣਾ ਸਿੱਖ ਜਿਹੜਾ ਅਮੂਮਨ ਸੁਭਾ ਅਤੇ ਤਰਕਾਲਾਂ ਦੇ ਦੀਵਾਨਾਂ ਵਿੱਚ ਹਾਜਰੀ ਭਰਿਆ ਕਰਦਾ ਹੈ, ਅੱਜ ਦਿਨੇ ਝਾੜੀਆਂ ਵਿੱਚ ਬਕਰੀਆਂ ਚਰਾ ਰਿਹਾ ਸੀ ਤੇ ਨਾਲੇ ਬੜੇ ਪ੍ਰੇਮ ਤੇ ਸੁਰ ਨਾਲ ਕੀਰਤਨ ਸੋਹਿਲਾ ਪੜ੍ਹ ਰਿਹਾ ਸੀ। ਕਿਉਂਕਿ ਮੇਰਾ ਗੁਰਸਿੱਖਾਂ ਨਾਲ ਵਾਇਦਾ ਹੈ ਕਿ ਜਿੱਥੇ ਉਹ ਅਕਾਲਪੁਰਖ ਨੂੰ ਯਾਦ ਕਰਨ ਮੈਂ ਉਨਾਂ ਦੇ ਅੰਗ ਸੰਗ ਹੋਵਾਂਗਾ, ਇਸ ਕਰਕੇ ਮੈਂ ਵੀ ਉਹਦੇ ਨਾਲ ਨਾਲ ਝਾੜਾਂ ਵਿੱਚ ਫਿਰਦਾ ਰਿਹਾ। ਜਿਸ ਕਾਰਨ ਪਿੰਡਾ ਪੱਛਿਆ ਗਇਆ ਹੈ।

ਇਸ ਘਟਨਾਂ ਦੇ ਪਿੱਛੋਂ ਫਿਰ ਜਦੋਂ ਦੀਵਾਨ ਲੱਗੇ ਤਾਂ ਗੁਰੂ ਸਾਹਿਬ ਨੇ ਹੁਕਮ ਕਰ ਦਿੱਤਾ ਕਿ ਆਰਤੀ ਸੋਹਿਲਾ ਸੌਣ ਦੇ ਵੇਲੇ ਹੀ ਪੜਿਆ ਜਾਵੇ। ⊙

ਓਦੋਂ ਫਿਰ ਸਵਾਲ ਉਠਿਆ ਕਿ ਦਿਨ ਦੇ ਕਿਹੜੇ ਸਮੇਂ, ਗੁਰਸਿੱਖ ਕਿਹੜੀ ਬਾਣੀ ਰਾਂਹੀ, ਅਕਾਲ ਪੁਰਖ ਦੀ ਉਸਤਤ ਕਰੇ?

ਫਿਰ ਸਾਹਿਬ ਨੇ ਤਹਿ ਕੀਤਾ ਕਿ ਅੰਮ੍ਰਿਤ ਵੇਲੇ ਜਪੁਜੀ, ਤਰਕਾਲਾ ਵੇਲੇ ਸੋਦਰ ਰਹਿਰਾਸ ਅਤੇ ਸੌਣ ਵੇਲੇ ਆਰਤੀ ਸੋਹਿਲਾ ਪੜ੍ਹਨਾ ਹੈ। ਨਾਲ ਹੀ ਗੁਰਸਿੱਖਾਂ ਸਵਾਲ ਕੀਤਾ ਕਿ ਦਿਨ ਵੇਲੇ ਜਦੋਂ ਸਾਨੂੰ ਵਿਹਲ ਮਿਲੇ ਤਾਂ ਉਦੋਂ ਕਿਹੜੀ ਬਾਣੀ ਪੜ੍ਹਨੀ ਹੈ ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਕੰਮ ਤੋਂ ਜਦੋਂ ਵਿਹਲ ਮਿਲੇ ਜਾਂ ਕਾਰ ਵਿਹਾਰ ਮੌਕੇ ਜਪੁਜੀ ਦਾ ਪੜ੍ਹਿਆ ਜਾਣਾ ਸਭ ਤੋਂ ਉੱਤਮ ਹੈ। ਕਹਿਣ ਤੋਂ ਮਤਲਬ ਗੁਰੂ ਸਾਹਿਬ ਨੇ ਹੁਕਮ ਕਰ ਦਿਤਾ ਕਿ ਜਪੁਜੀ ਸਾਹਿਬ ਨੂੰ ਜਦੋਂ ਮਰਜੀ ਪੜ੍ਹੋ। ਪਰ ਹਰ ਦਿਨ ਦੀ ਸ਼ੁਰੂਆਤ ਅੰਮ੍ਰਿਤ ਵੇਲੇ ਜਪੁਜੀ ਸਾਹਿਬ ਤੋਂ ਹੋਵੇ।

ਜਪੁਜੀ ਦੀ ਸੁਧਾਈ ਅਤੇ ਬੰਧੇਜ

○ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਹੁਕਮ ਕੀਤਾ ਕਿ ਪੁਰਖਾ! ਇੱਕ ਅਜਿਹੀ ਬਾਣੀ ਬੰਨੀ ਜਾਏ ਜਿਸ ਵਿਚ:

- ਅਕਾਲ ਪੁਰਖ ਨਿਰੰਕਾਰ ਦੇ ਸਰੂਪ ਬਾਰੇ ਵਾਕਫੀਅਤ ਹੋਵੇ ਤਾਂ ਕਿ ਸਿੱਖ ਕਰਤੇ ਦਾ ਧਿਆਨ ਕਰਿਆ ਕਰਨ ਅਤੇ ਉਹਦੀਆਂ ਰਚਨਾਵਾਂ ਜਾਂ ਕਿਰਤਾਂ ਦਾ ਨਹੀ। ਭਾਵ ਉਸ ਅਕਾਲਪੁਰਖ ਦੀ ਜੋ ਸਾਰੀ ਸ੍ਰਿਸਟੀ ਸਾਰੇ ਬ੍ਰਿਹਮੰਡ ਦਾ ਰਚਨਹਾਰ ਹੈ। ਅਜਿਹੇ ਕਰਤੇ ਦਾ ਜਿਹੜਾ ਨਸਲਾਂ, ਜੂਨਾਂ, ਮਜ੍ਹਬਾਂ, ਜਾਤਾਂ, ਤੋਂ ਪਰੇ ਹੈ। ਜੋ ਸਾਰਿਆਂ ਲਈ ਇੱਕ ਸਮਾਨ ਹੈ। ਉਸ ਬਾਣੀ ਵਿੱਚ ਇੱਕ ਏਕੇ (1) ਦੀ ਗਲ ਹੋਵੇ।
- ਜਿਸ ਵਿੱਚ ਨਿਰੰਕਾਰ ਦੀ ਉਸਤਤ ਜਾਂ ਸਿਫਤ ਸਲਾਹ ਹੀ ਪ੍ਰਧਾਨ ਹੋਵੇ, ਤਾਂ ਕਿ ਪਾਪੀ, ਧਰਮੀ ਸਭ ਸ੍ਰਿਸਟ ਇਸ ਬਾਣੀ ਰਾਂਹੀ ਤਰ ਜਾਵੇ ਜਾਂ ਮੁਕਤੀ ਪਾਏ।
- ਜਿਸ ਵਿੱਚ ਅਕਾਲਪੁਰਖ ਦੀ ਅਨੰਤਤਾ ਦਾ ਵਰਨਣ ਹੋਵੇ ਕਿ ਕਿਵੇ ਖੰਡਾਂ, ਬ੍ਰਹਮੰਡਾਂ, ਸੂਰਜਾਂ, ਗ੍ਰਿਹਾਂ, ਚੰਦਰਮਿਆਂ ਦਾ ਉਹ ਹੀ ਰਚਨਹਾਰ ਹੈ ਤੇ ਅਲੌਕਿਕ ਤਰੀਕੇ ਹਰ ਥਾਂ ਬਰਾਜਮਾਨ ਹੈ। ਇਹ ਧਰਤੀ ਜਾਂ ਹੋਰਨਾਂ ਧਰਤੀਆਂ ਤੇ ਨਿਰੰਕਾਰ ਦੇ ਖੇਲ ਦਾ ਵਰਨਣ ਹੋਵੇ। ਕਿਵੇ ਉਹਦਾ ਹੁਕਮ ਜਾਂ ਹਕੂਮਤ ਲਗਾਤਾਰ ਚਲ ਰਹੀ ਹੈ।
- ਅਜਿਹੀ ਬਾਣੀ ਜੋ ਸਾਰੀ ਗੁਰਮਤ ਦਾ ਨਿਚੋੜ ਹੋਵੇ। ਜੋ ਸੰਪੂਰਨ ਨਾਮ ਹੋਵੇ।

ਬੀ:40 ਤਸਵੀਰ। ਇਸ ਵਿਚ ਕਲਾਕਾਰ (ਆਲਮ ਚੰਦ ਰਾਜ-ਮਿਸਤ੍ਰੀ) ਨੇ ਗੁਰੂ ਸਾਹਿਬ ਨੂੰ ਇਸ਼ਨਾਨ ਕਰਦੇ ਹੋਏ ਚਿਤ੍ਰਿਆ ਹੈ। ਲਾਗੇ ਭਾਈ ਲਹਿਣਾ ਖੜੇ ਹਨ ਤੇ ਹੇਠਾਂ ਭਾਈ ਮਰਦਾਨਾ। ਇਤਹਾਸਿਕ ਪੱਖਾਂ ਤੋਂ ਇਸ ਤਸਵੀਰ ਵਿਚ ਕਈ ਤਰੁੱਟੀਆਂ ਹਨ। ਭਾਈ ਮਰਦਾਨੇ ਦਾ ਚਲਾਣਾ ਚਿਰੋਕਣਾ ਪਹਿਲਾ ਹੋ ਚੁੱਕਾ ਹੈ। ਸਾਹਿਬ ਨੂੰ ਤਿਲਕ ਵਿਚ ਪਰ ਕੇਸਾਂ ਤੋਂ ਬਗੈਰ ਦਿਖਾਇਆ ਗਇਆ ਹੈ। ਧਿਆਨ ਰਹੇ ਬੀ:40 ਦਾ ਰਚਨਾ ਕਾਲ 1790 ਬਿਕ੍ਰਮੀ ਹੈ ਭਾਵ ਗੁਰੂ ਸਾਹਿਬ ਦੇ ਚਲਾਣੇ ਤੋ 194 ਸਾਲ ਬਾਦ।

- ਜਿਸ ਵਿੱਚ ਅਕਾਲ ਪੁਰਖ ਦੀ ਉਸਤਤ ਦੇ ਮਨੁੱਖ ਦੇ ਮੰਨ ਤੇ ਹੋਣ ਵਾਲੇ ਪ੍ਰਭਾਵ ਦਾ ਵਰਨਣ ਹੋਵੇ। ਜਿਸ ਵਿੱਚ ਸੱਚ, ਨਾਮ, ਦਾਨ, ਇਸ਼ਨਾਨ, ਦਇਆ, ਧਰਮ, ਸਬਰ- ਸੰਤੋਖ ਕਮਾਉਣਾ ਦ੍ਰਿੜ ਕਰਾਇਆ ਜਾਏ।

ਇਸ ਤੇ ਭਾਈ ਲਹਿਣੇ ਨੇ ਉਜਰ ਕੀਤਾ ਕਿ ਗੁਰੂ ਜੀ ਮੈਂ ਤਾਂ ਜਦੋਂ ਵੀ ਤੁਹਾਨੂੰ ਸੁਣਿਆ ਹੈ ਕਰਤੇ ਦੀਆਂ ਸਿਫਤਾਂ ਕਰਦੇ ਹੀ ਸੁਣਿਆ ਹੈ। ਜਿੰਨੀ ਵੀ ਬਾਣੀ ਮੈਂ ਪੜ੍ਹਦਾ ਹਾਂ ਸਭ ਵਿੱਚ ਅਕਾਲਪੁਰਖ ਦੀ ਸਿਫਤ ਸਾਲਾਹ ਹੀ ਹੈ।

ਗੁਰੂ ਸਾਹਿਬ ਨੇ ਫਿਰ ਭਾਈ ਲਹਿਣੇ ਨੂੰ ਕਿਹਾ ਪੁਰਖਾ ਇਹ ਠੀਕ ਹੈ ਮੈਂ ਤਾਂ ਅਕਾਲ ਪੁਰਖ ਦਾ ਮਿਰਾਸੀ ਹਾਂ। ਮੈਂ ਹੋਰ ਕਿਸੇ ਨੂੰ ਨਹੀ ਜਾਣਿਆ। ਪਰ ਫਿਰ ਵੀ ਕਿਤੇ ਕਿਤੇ ਮੌਕਿਆਂ ਤੇ ਦੁਨਿਆਵੀ ਲੋਕਾਂ ਨੂੰ ਉਪਦੇਸ਼ ਵੀ ਕੀਤੇ ਹੋਏ ਨੇ। ਮੈਂ ਚਾਹੁੰਨਾ ਹਾਂ ਨਿਰੋਲ ਕਰਤੇ ਦੀ ਸਿਫਤ ਸਲਾਹ ਹੋਵੇ ਜਿਸ ਰਾਂਹੀ ਗੁਰਸਿੱਖ ਆਪਣਾ ਰੋਜਮਰੇ ਦੇ ਦਿਨ ਦੀ

ਸ਼ੁਰੂਆਤ ਕਰੇ। ਭਾਈ ਲਹਿਣਾ ਤੁਸੀ ਵੱਖ ਵੱਖ ਬਾਣੀਆਂ ਵੇਖ ਕੇ ਕੁਝ ਸਬਦ ਚੁਣੋ ਤੇ ਮੈਨੂੰ ਦਸਦੇ ਜਾਓ।

ਭਾਈ ਲਹਿਣੇ ਨੇ ਫਿਰ ਬਾਣੀ ਚੁਣਨੀ ਸ਼ੁਰੂ ਕਰੀ।

ਜਦੋਂ ਵੀ ਭਾਈ ਲਹਿਣਾ 'ਇਸ ਬਾਣੀ' ਲਈ ਕੋਈ ਸ਼ਬਦ ਚੁਣੇ ਗੁਰੂ ਸਾਹਿਬ ਭਾਈ ਲਹਿਣੇ ਨੂੰ ਸ਼ਾਬਾਸ਼ ਦੇਣ।

ਇਸ ਪ੍ਰਕਾਰ ਭਾਈ ਲਹਿਣੇ ਗੁਰੂ ਸਾਹਿਬ ਦੀ ਪ੍ਰਵਾਨਗੀ ਨਾਲ ਕੋਈ 38 ਸ਼ਬਦ ਚੁਣੇ।

ਫਿਰ ਇਨਾਂ ਸ਼ਬਦਾਂ ਨੂੰ ਤਰਤੀਬ ਦਿੱਤੀ।

ਭਾਈ ਲਹਿਣੇ ਨੇ ਫਿਰ ਸਵਾਲ ਕੀਤਾ ਕਿ ਗੁਰੂ ਸਾਹਿਬ ਇਸ ਬਾਣੀ ਦਾ ਸਿਰਲੇਖ ਕੀ ਹੋਵੇ? ਧਰਮੀ ਬੰਦੇ ਵਾਸਤੇ ਸਭ ਤੋਂ ਮਹੱਤਵਪੂਰਨ ਕਿਹੜਾ ਪੱਖ ਹੈ?

ਉਸ ਵੇਲੇ ਫਿਰ ਗੁਰੂ ਸਾਹਿਬ ਨੇ ਫਰਮਾਇਆ।

'ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥'

ਫਿਰ ਭਾਈ ਲਹਿਣੇ ਨੇ ਕਿਹਾ ਕਿ ਇਹ ਤਾਂ ਇਸ ਬਾਣੀ ਦਾ ਸਲੋਕ ਹੋ ਗਇਆ ਪਰ ਗੁਰੂ ਜੀ ਸਿਰਲੇਖ ਕੀ ਹੋਵੇ।

ਉਸ ਵੇਲੇ ਫਿਰ ਗੁਰੂ ਜੀ ਨੇ ਹੁਕਮ ਕੀਤਾ ਕਿ ਇਹ ਬਾਣੀ ਬਾਰ ਬਾਰ ਜੱਪਣ ਲਈ ਹੈ, ਇਸ ਕਰਕੇ ਪੁਰਖਾ ਇਹਦਾ ਨਾਮ ਹੀ ਫਿਰ 'ਜਪੁ' ਹੋਵੇ।

ਭਾਈ ਲਹਿਣੇ ਨੇ ਅੰਤ ਵਿਚ ਜਿਵੇ 38 ਵੱਖ ਵੱਖ ਸ਼ਬਦਾ ਦੀ ਤਰਤੀਬ ਗੁਰੂ ਸਾਹਿਬ ਅੱਗੇ ਪੇਸ਼ ਕੀਤੀ ਤਾਂ ਗੁਰੂ ਸਾਹਿਬ ਨੇ **'ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥'** ਤੋਂ ਪਹਿਲਾਂ ਜੋ ਲਫਜ਼ 'ਸਲੋਕ' ਲਿਖਿਆ ਸੀ ਉਹ ਕਟਵਾ ਦਿੱਤਾ। ਹੁਕਮ ਕੀਤਾ ਕਿ ਇਹ ਤੁੱਕ ਸਲੋਕ ਦੇ ਨਾਲ ਨਾਲ ਸਿਰਲੇਖ ਵੀ ਹੈ।

ਭਾਈ ਲਹਿਣੇ ਨੇ ਸੀਸ ਗੁਰੂ ਚਰਨਾਂ ਵਿੱਚ ਰੱਖਿਆ ਤੇ ਗੁਰੂ ਸਾਹਿਬ ਨੇ ਫਰਮਾਇਆ ਕਿ ਇਸ ਬਾਣੀ ਦਾ ਅੰਤ ਢੁਕਵੇ ਸਲੋਕ ਨਾਲ ਹੋਵੇ।

ਭਾਈ ਲਹਿਣੇ ਨੇ ਬੇਨਤੀ ਕੀਤੀ ਕਿ ਪਾਤਸ਼ਾਹ ਪਹਿਲਾ ਸਲੋਕ ਭਾਵ 'ਆਦਿ ਸਚੁ ਜੁਗਾਦਿ ... ਤਾਂ ਸੱਚ ਨੂੰ ਸਮਰਪਤ ਹੈ ਅੰਤਲਾ ਸਲੋਕ ਕਿਸ ਤੇ ਹੋਵੇ? ਗੁਰੂ ਸਾਹਿਬ ਨੇ ਫਰਮਾਇਆ ਕਿ ਪੁਰਖਾ! ਅੰਤਲਾ ਸਲੋਕ ਕਰਤੇ ਦੇ ਰਚੇ ਖੇਲ (ਡਰਾਮੇ) ਬਾਬਤ ਹੋਵੇ।

ਭਾਈ ਲਹਿਣਾ ਪੋਥੀ ਵਿਚੋਂ ਅਜਿਹਾ ਸਲੋਕ ਚੁਣਨ ਲਈ ਕਾਫੀ ਸਮਾਂ ਲੱਗਾ ਰਿਹਾ। ਆਖੀਰ ਇਕ ਵੇਲੇ ਗੁਰੂ ਸਾਹਿਬ ਦਾ ਧਿਆਨ ਕਰਦੇ ਹੋਏ,ਖੁੱਦ ਨੇ ਹੀ ਸਲੋਕ ਰਚ ਦਿੱਤਾ:

ਸਲੋਕੁ ॥ ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥...

ਇਸ ਤੇ ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਖੂਬ ਸ਼ਾਬਾਸ਼ ਦਿੱਤੀ ਅਤੇ ਆਸੀਸਾਂ, ਬਖਸ਼ਸ਼ਾਂ ਨਾਲ ਭਰਪੂਰ ਕਰ ਦਿੱਤਾ।

ਜਪੁਜੀ ਦਾ ਮਹਾਤਮ ਜਾਂ ਮਹੱਤਤਾ

ਜਪੁਜੀ ਦੇ ਇਸ ਪ੍ਰਕਾਰ ਹੋਏ ਬੰਧੇਜ ਜਾਂ ਬੰਨਣ (Compilation) ਉਪਰੰਤ ਗੁਰੂ ਸਾਹਿਬ ਨੇ ਉੱਚੀ ਸੁਰ ਵਿੱਚ ਇਹ ਬਾਣੀ ਗਾਈ ਤੇ ਅੰਤ ਵਿੱਚ ਭਾਈ ਲਹਿਣੇ ਨੂੰ ਕਿਹਾ ਕਿ ਅਕਾਲ ਪੁਰਖ ਇਸ ਤੇ ਪ੍ਰਸੰਨ ਹਨ ਅਤੇ ਜੋ ਵੀ ਇਹ ਬਾਣੀ ਪੜੇਗਾ ਮੁਕਤ ਹੋਵੇਗਾ।

ਗੁਰੂ ਸਾਹਿਬ ਨੇ ਹੁਕਮ ਕੀਤਾ ਕਿ◈

1. ਕੋਸ਼ਿਸ਼ ਹੋਵੇ ਕਿ ਸਿੱਖ ਪਹਿਰ● ਰਾਤ ਰਹਿੰਦੀ ਉਠੇ ਭਾਵ ਸੂਰਜ ਚੜਨ ਤੋਂ ਤਿੰਨ ਘੰਟੇ ਪਹਿਲਾਂ ਉਠੇ। ਇਸ਼ਨਾਨ ਕਰੇ ਤੇ ਇਕਾਗਰ ਚਿੱਤ ਹੋ ਜਪੁਜੀ ਦਾ ਪਾਠ ਕਰੇ। ਅਜਿਹਾ ਸਿੱਖ ਮੈਨੂੰ ਆਣ ਮਿਲੇਗਾ।

2. ਜੇ ਕਿਸੇ ਕਾਰਨ ਪਹਿਰ ਰਾਤ ਰਹਿੰਦੀ ਨਾਂ ਉਠ ਸਕੇ ਤਾਂ ਤਿੰਨ ਘੜੀਆਂ (ਸਵਾ ਘੰਟਾ) ਰਾਤ ਰਹਿੰਦੀ ਉਠੇ। ਇਸ਼ਨਾਨ ਕਰੇ ਤੇ ਜਪੁਜੀ ਪੜੇ। ਅਜਿਹੇ ਸਿੱਖ ਦਾ ਸੰਗਤ ਨਾਲ ਮੇਲ ਹੋਵੇਗਾ ਤੇ ਮੁਕਤ ਹੋਵੇਗਾ।

3. ਜਿਹੜਾ ਕੋਈ ਘੜੀ ਰਾਤ ਰਹਿੰਦੀ ਇਸ਼ਨਾਨ ਕਰ ਪੜੇਗਾ ਉਹ ਜਮ ਤੇ ਹੋਰ ਦੁਖ ਤਕਲੀਫਾਂ ਤੋਂ ਮੁਕਤ ਰਹੇਗਾ।

4. ਜਿਹੜਾ ਦਿਨ ਚੜੇ ਪੜੇਗਾ ਉਹਦਾ ਵਾਸਾ ਗੁਰੂ ਪੁਰੀ ਵਿੱਚ ਰਹੇਗਾ ਭਾਵ ਉਹ ਚੜ੍ਹਦੀ ਕਲਾ ਵਾਲਾ ਜੀਵਨ ਜੀਏਗਾ। ਉਹਦੀ ਹਰ ਅਰਦਾਸ ਸੰਪੂਰਨ ਹੋਵੇਗੀ।

ਓਦੋਂ ਭਾਈ ਲਹਿਣੇ ਨੇ ਸਵਾਲ ਕੀਤਾ ਕਿ ਕੀ ਬਾਕੀ ਬਾਣੀਆਂ ਦਾ ਅਸਰ ਜਪੁਜੀ ਨਾਲੋਂ ਘੱਟ ਰਹੇਗਾ? ਗੁਰੂ ਸਾਹਿਬ ਨੇ ਉਪਦੇਸ਼ ਕੀਤਾ ਕਿ ਜਪੁਜੀ ਨਿਰੋਲ ਸਿਫਤ ਸਲਾਹ ਹੈ ਇਸ ਕਰਕੇ ਦੂਸਰੀਆਂ ਤੋਂ ਉਪਰ ਹੈ।

ਫਿਰ ਭਾਈ ਲਹਿਣੇ ਨੇ ਸਵਾਲ ਕੀਤਾ ਕਿ ਕਈ ਲੋਕ ਸਨਾਤਨੀ ਮੰਤਰ ਜਾਂ ਵੇਦ ਪਾਠ ਵੀ ਕਰਦੇ ਹਨ ਕੀ ਉਨਾਂ ਦਾ ਫਾਇਦਾ ਨਹੀ ਮਿਲਦਾ?

ਗੁਰੂ ਸਾਹਿਬ ਨੇ ਫਰਮਾਇਆ ਕਿ ਵੇਖੋ ਗੁਰਬਾਣੀ ਅਕਾਲ ਪੁਰਖ ਦੀ ਸਿਫਤ ਸਲਾਹ ਹੈ ਜਦੋਂ ਕਿ ਸਨਾਤਨੀ ਮੰਤਰ ਵੱਖ ਵੱਖ ਉਦੇਸ਼ਾਂ ਮੰਤਵਾਂ ਲਈ ਉਚਾਰੇ ਹੋਏ ਹਨ ਜਿਹਨਾਂ ਵਿਚੋਂ ਬਹੁਤੇ ਹਵਨ ਜਾਂ ਹੋਰ ਕਰਮ ਕਾਂਡ ਮੌਕੇ ਪੜੇ ਜਾਂਦੇ ਹਨ। ਉਹਨਾਂ ਵਿਚੋਂ ਬਹੁਤਿਆਂ ਦਾ ਉਦੇਸ਼ ਸੰਸਾਰੀ ਚੀਜਾਂ ਪ੍ਰਾਪਤ ਕਰਨਾਂ ਹੈ। ਗੁਰਬਾਣੀ ਓਨਾਂ ਤੋਂ ਬਿਲਕੁਲ ਵੱਖ ਹੈ ਕਿਉਕਿ ਇਹ ਨਿਰੰਕਾਰ ਦੀ ਉਸਤਤ ਹੈ, ਇਹ ਨਾਮ ਹੈ।

ਸੋ ਜਪੁਜੀ ਸਾਹਿਬ ਅਜਿਹੀ ਬਾਣੀ ਹੈ ਜੋ ਦੋ ਗੁਰੂ ਸਾਹਿਬਾਨ ਨੇ ਰਲ ਕੇ ਬੰਨੀ। ਹਾਲਾਂ ਬਾਣੀ ਸਾਰੀ ਮੋਢੀ ਗੁਰੂ ਦੀ ਹੈ ਅਖੀਰ ਵਾਲੇ ਸਲੋਕ■ ਨੂੰ ਛੱਡ। ਪੁਰਾਤਨ ਗ੍ਰੰਥਾਂ ਅਨੁਸਾਰ ਜਪੁਜੀ ਸਾਹਿਬ ਦੀਆਂ ਕੁਝ ਹੋਰ ਖਾਸੀਅਤਾਂ ਵਿਸ਼ੇਸ਼ਤਾਈਆਂ ਹੇਠ ਅਨੁਸਾਰ ਹਨ:- ◆

1. ਜਪੁਜੀ ਸਾਹਿਬ ਗਾਗਰ ਵਿੱਚ ਹੀ ਸਾਗਰ ਹੈ। ਮਤਲਬ ਇਹ ਸੰਪੂਰਨ ਗੁਰਬਾਣੀ ਗੁਰੂ ਗ੍ਰੰਥ ਸਾਹਿਬ ਦਾ ਨਿਚੋੜ ਹੈ। ਜਪੁਜੀ ਦਾ ਨਿਚੋੜ ਫਿਰ ਮੂਲ ਮੰਤਰ (ੴ ਤੋਂ ਗੁਰਪ੍ਰਸਾਦਿ) ਹੈ। ਅੱਗੇ ਮੂਲ ਮੰਤਰ ਦਾ ਨਿਚੋੜ 'ੴ' ਹੈ ਤੇ 'ੴ' ਦਾ ਨਿਚੋੜ '1' (ਇਕ one) ਹੈ। ਸੋ ਸਾਰੀ ਗੁਰਮਤ ਦਾ ਨਿਚੋੜ ਇੱਕ ਏਕਾ ਹੈ। ਹਿਸਾਬ (Arithmatic) ਵਾਲਾ ਏਕਾ।

2. ਜਪੁਜੀ ਸਾਹਿਬ ਗੁਰਮਤ ਦਾ ਨੀਸਾਣ ਹੈ ਭਾਵ ਇਹ ਸਿੱਖੀ ਵਿੱਚ ਦਾਖਲੇ ਲਈ ਰਾਹਦਾਰੀ ਜਾਂ ਵੀਜ਼ਾ ਹੈ।

3. ਇਸਦਾ ਪਾਠ ਬੰਦੇ ਨੂੰ ਚੜ੍ਹਦੀ ਕਲਾ ਵਾਲੀ ਅਵਸਥਾ ਵਿੱਚ ਪਹੁੰਚਾ ਦਿੰਦਾ ਹੈ।

4. ਇਹਦਾ ਪਾਠ ਇਨਸਾਨ ਨੂੰ ਹਰ ਪਾਸੇ ਤੋਂ ਸੁਰਖਰੂ ਕਰ ਦਿੰਦਾ ਹੈ। ਪਿੱਛਲੇ ਗੁਨਾਹ ਵੀ ਧੋਤੇ ਜਾਂਦੇ ਹਨ।

5. ਕਿਉਕਿ ਇਹ ਸਾਡੀ ਮਾਨਸਿਕਤਾ ਤੇ ਅਸਰ ਕਰਦਾ ਹੈ ਜਿਸ ਕਾਰਨ ਸਰੀਰਕ ਕ੍ਰਿਆਵਾਂ ਦਾ ਸੰਤੁਲਨ (Equilibrium) ਬਣਦਾ ਹੈ। ਸਾਡੇ 'ਵਾਤ ਪਿਤ ਕਫ' (Metabolism) ਦਾ ਸੰਤੁਲਨ ਬੈਠ ਜਾਂਦਾ ਹੈ। ਜਿਸ ਕਰਕੇ ਅਨੇਕਾਂ ਰੋਗਾਂ ਤੋਂ ਮੁਕਤੀ ਵੀ ਮਿਲ ਜਾਂਦੀ ਹੈ।

6. ਪ੍ਰੰਪਰਾ ਵੇਖੀਏ ਤਾਂ ਪਤਾ ਲੱਗਦਾ ਹੈ ਜਪੁਜੀ ਸਿੱਖਾਂ ਦੇ ਹਰ ਮਹੱਤਵਪੂਰਨ ਮੌਕੇ ਪੜਿਆ ਜਾਂਦਾ ਹੈ। ਸਿੱਖ ਕਾਰਜ ਦੇ ਹਰ ਉਦਘਾਟਨ ਮੌਕੇ ਜਪੁਜੀ ਪਾਠ ਹੁੰਦਾ ਹੈ। ਵੈਸਾਖੀ 1699 ਈ. ਨੂੰ ਜਦੋਂ 'ਤੀਸਰ ਪੰਥ' ਐਲਾਨ ਹੋਇਆ ਭਾਵ ਜਦੋਂ ਸਿੱਖੀ ਦੇ ਮਹਿਲ ਦਾ ਸੰਪੂਰਨ ਹੋਣਾ ਐਲਾਨਿਆ ਗਇਆ, ਉਸ ਵੇਲੇ ਵੀ ਜਪੁਜੀ ਸਾਹਿਬ ਦਾ ਪਾਠ ਕੀਤਾ ਗਇਆ ਸੀ।

7. ਹੋਰ ਤੇ ਹੋਰ, ਗੁਰਸਿੱਖ ਜਦੋਂ ਇਹ ਸਰੀਰ ਤਿਆਗਦਾ ਹੈ ਉਸ ਤੋਂ ਪਹਿਲੋਂ ਵੀ ਜਪੁਜੀ ਦਾ ਪਾਠ ਕਰਦਾ ਹੈ। ਲਗਦੈ ਹਰ ਗੁਰੂ ਨੇ ਅੰਤਮ ਮੌਕੇ ਜਪੁਜੀ ਸਾਹਿਬ ਦਾ ਪਾਠ ਕੀਤਾ। ਅਜਿਹੇ ਇਤਹਾਸਿਕ ਵਰਨਣ ਮਿਲਦੇ ਹਨ ਕਿ ਗੁਰੂ ਪੰਚਮ ਅਤੇ ਨੌਵੇ ਪਾਤਸ਼ਾਹ ਸ਼ਹਾਦਤ ਮੌਕੇ ਲਗਾਤਾਰ, ਬਾਰ ਬਾਰ ਇਸ ਦਾ ਪਾਠ ਕਰਦੇ ਰਹੇ। ਪੰਜਵੇ ਪਾਤਸ਼ਾਹ ਦਾ ਸਰੀਰ ਜਦੋਂ ਨਿਢਾਲ ਹੋ ਗਇਆ ਤਾਂ ਭਾਈ ਪ੍ਰੇਮਾ ਜਪੁਜੀ ਸਾਹਿਬ ਪੜ੍ਹਦਾ ਰਿਹਾ। ਦਸਵੇਂ ਪਾਤਸ਼ਾਹ ਅਤੇ ਭਾਈ ਗੁਰਦਾਸ ਨੇ ਵੀ ਅੰਤ ਵੇਲੇ ਇਸਦਾ ਪਾਠ ਕੀਤਾ।

ਗੁਰੂ ਗ੍ਰੰਥ ਸ. ਵਿੱਚ ਜਪੁਜੀ ਬਾਰੇ ਆਈਆਂ ਕੁਝ ਇੱਕ ਤੁਕਾਂ :

- ਪੰਡਿਤੁ ਸਾਸਤ ਸਿਮ੍ਰਿਤਿ ਪੜਿਆ ॥ ਜੋਗੀ ਗੋਰਖੁ ਗੋਰਖੁ ਕਰਿਆ ॥ ਮੈ ਮੂਰਖ ਹਰਿ ਹਰਿ ਜਪੁ ਪੜਿਆ ॥
- ਰਾਰਾ ਰੰਗਹੁ ਇਆ ਮਨੁ ਅਪਨਾ ॥ ਹਰਿ ਹਰਿ ਨਾਮੁ ਜਪਹੁ ਜਪੁ ਰਸਨਾ ॥
- ਨਾਨਕ ਨਾਮੁ ਨਾਮੁ ਜਪੁ ਜਪਿਆ ਅੰਤਰਿ ਬਾਹਰਿ ਰੰਗਿ ॥ ਗੁਰਿ ਪੂਰੈ ਉਪਦੇਸਿਆ ਨਰਕੁ ਨਾਹਿ ਸਾਧਸੰਗਿ ॥
- ਨਾਮੁ ਜਪਹੁ ਤਉ ਕਟੀਅਹਿ ਫਾਸਾ ॥ ਫਿਰਿ ਫਿਰਿ ਆਵਨ ਜਾਨੁ ਨ ਹੋਈ ॥ ਏਕਹਿ ਏਕ ਜਪਹੁ ਜਪੁ ਸੋਈ ॥
- ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥
- ਜਿਹ ਪ੍ਰਸਾਦਿ ਤੂੰ ਪਾਵਹਿ ਸਾਚੁ ॥ ਰੇ ਮਨ ਮੇਰੇ ਤੂੰ ਤਾ ਸਿਉ ਰਾਚੁ ॥ ਜਿਹ ਪ੍ਰਸਾਦਿ ਸਭ ਕੀ ਗਤਿ ਹੋਇ ॥ ਨਾਨਕ ਜਾਪੁ ਜਪੈ ਜਪੁ ਸੋਇ ॥ ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ ॥
- ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ ॥ ਮਨ ਤਨ ਨਿਰਮਲ ਹੋਈ ਹੈ ਗੁਰ ਕਾ ਜਪੁ ਜਪਨਾ ॥

ਭਾਈ ਗੁਰਦਾਸ ਨੇ ਜਪੁਜੀ ਸਾਹਿਬ ਬਾਰੇ ਥਾਂਈ ਥਾਂਈ ਜਿਕਰ ਕੀਤੇ ਹਨ (ਕੁਝ ਇਕ):-

- ਅੰਮ੍ਰਿਤ ਵੇਲੇ ਉਠਿ ਜਾਗ ਜਗਾਇਆ॥ ਗੁਰਮੁਖਿ ਤੀਰਥ ਨਾਇ ਭਰਮ ਗਵਾਇਆ॥ ਗੁਰਮੁਖਿ ਮੰਤੁ ਸਮ੍ਹਾਲਿ ਜਪੁ ਜਪਾਇਆ॥
- ਭਾਉ ਭਗਤਿ ਉਪਦੇਸੁ ਕਰਿ ਨਾਮੁ ਦਾਨੁ ਇਸਨਾਨੁ ਦਿੜਾਇਆ॥ਅੰਮ੍ਰਿਤ ਵੇਲੈ ਨਾਵਣਾ ਗੁਰਮੁਖਿ ਜਪੁ ਗੁਰਮੰਤੁ ਜਪਾਇਆ॥ ਰਾਤਿ ਆਰਤੀ ਸੋਹਿਲਾ ਮਾਇਆ ਵਿਚਿ ਉਦਾਸੁ ਰਹਾਇਆ॥
- ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ॥ ਬਾਣੀ ਮੁਖਹੁ ਉਚਾਰੀਐ ਹੋਇ ਰੁਸ਼ਨਾਈ ਮਿਟੈ ਅੰਧਾਰਾ॥ ਗਿਆਨ ਗੋਸ਼ ਚਰਚਾ ਸਦਾ ਅਨਹਦ ਸ਼ਬਦ ਉਠੇ ਧੁਨਕਾਰਾ॥ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪ ਉਚਾਰਾ॥ ਗੁਰਮੁਖ ਭਾਰ ਅਥਰਬਣ ਧਾਰਾ ॥
- ਕੁਰਬਾਣੀ ਤਿਨਾਂ ਗੁਰਸਿਖਾਂ ਪਿਛਲ ਰਾਤੀਂ ਉਠ ਬਹੰਦੇ॥ ਕੁਰਬਾਣੀ ਤਿਨਾਂ ਗੁਰਸਿਖਾਂ ਅੰਮ੍ਰਿਤ ਵਾਲਾ ਸਰ ਨ੍ਹਾਵੰਦੇ॥ ਕੁਰਬਾਣੀ ਤਿਨਾਂ ਗੁਰਸਿਖਾਂ ਇਕ ਮਨ ਹੋਇ ਗੁਰ ਜਾਪ ਜਪੰਦੇ॥ ਕੁਰਬਾਣੀ ਤਿਨਾਂ ਗੁਰਸਿਖਾਂ ਸਾਧ ਸੰਗਤਿ ਚਲ ਜਾਇ ਜੁੜੰਦੇ॥ ਕੁਰਬਾਣੀ ਤਿਨਾਂ ਗੁਰਸਿਖਾਂ ਗੁਰਬਾਣੀ ਨਿਤ ਗਾਇ ਸੁਣੰਦੇ॥

ਜਪੁਜੀ ਸਾਹਿਬ ਤਾਂ ਹੀ ਗੁਰੂ ਗ੍ਰੰਥ ਸਾਹਿਬ ਦੇ ਸ਼ੁਰੂ ਵਿੱਚ ਹੀ ਦਿੱਤਾ ਹੋਇਆ ਹੈ। ਇਸ ਤੋਂ ਬਾਦ ਰਹਿਰਾਸ ਅਤੇ ਕੀਰਤਨ ਸੋਹਿਲਾ ਦਿੱਤੇ ਗਏ ਹਨ। ਭਾਵ ਨਿਤਨੇਮ ਦੀਆਂ ਬਾਣੀਆਂ ਅਰੰਭ ਵਿੱਚ ਹੀ ਆ ਗਈਆਂ। ਸਿੱਖਾਂ ਵਿੱਚ ਨਿਤਨੇਮ ਬਾਬਤ ਕੋਈ ਸ਼ੱਕ ਸ਼ੁਭਾ ਨਾਂ ਬਚੇ ਇਸ ਲਈ ਰਹਿਰਾਸ ਤੇ ਸੋਹਿਲੇ ਦੀਆਂ ਬਾਣੀਆ ਸਬੰਧਿਤ ਰਾਗਾਂ ਵਿੱਚ ਦੁਬਾਰਾ ਵੀ ਆ ਗਈਆਂ ਹਨ।

ਦੂਸਰੀ ਉਦਾਸੀ ਦੀ ਸਮਾਪਤੀ ਤੱਕ ਜਪੁਜੀ ਸਾਹਿਬ ਦੇ ਬਹੁਤੇ ਸ਼ਬਦਾਂ ਦੀ ਰਚਨਾ ਹੋ ਚੁੱਕੀ ਤੇ ਕੁਝ ਹੱਦ ਤੱਕ ਸਿੱਖਾਂ ਵਿੱਚ ਪ੍ਰਚਲਤ ਵੀ ਸਨ। ਕੁਝ ਪਉੜੀਆਂ ਉੱਚ ਸ਼ਰੀਫ ਵਿਖੇ ਰਚੀਆਂ ਗਈਆਂ ਕੁਝ ਹੋਰਨੀ ਥਾਂਈ। ਪਰ ਅੰਤਲੀਆਂ ਪਉੜੀਆਂ ਜੋ ਜੋਗੀ ਪ੍ਰਥਾਇ ਹਨ ਉਹ ਅੱਚਲ ਵਟਾਲਾ ਵਿਖੇ ਰਚੀਆਂ ਗਈਆਂ।

—▲—

ਪੈਰ ਸਫ਼ਾ ◉ ਬੀ:4--156, ○ ਸੋਢੀ:2-248, ◈ ਸੋਢੀ:2- 259, ■ ਵੇਖੋ ਸਗਗਸ ਅੰਗ 146, ◆ ਸੂਰਜ ਪ੍ਰਕਾਸ਼ ਅਤੇ ਸੋਢੀ:2 ਅਨੁਸਾਰ

● ਪੁਰਾਤਨ ਪੰਜਾਬੀ ਵਕਤ ਸ਼ਬਦਾਵਲੀ (ਮਹਾਨ ਕੋਸ਼ ਵੇਖੋ ਕਾਲਪ੍ਰਮਾਣ)

ਪਹਿਰ– 3 ਘੰਟੇ। , ਦਿਨ ਅਤੇ ਰਾਤ ਭਾਵ 24 ਘੰਟੇ = 8 ਪਹਿਰ।

ਗਰਮੀਆਂ ਸਰਦੀਆ ਵਿੱਚ ਜਿਵੇ ਰਾਤ ਦਿਨ ਵੱਡੇ ਛੋਟੇ ਹੁੰਦੇ ਹਨ ਓਸੇ ਤਰਾਂ ਰਾਤ/ਦਿਨ ਦਾ ਪਹਿਰ ਵੱਡਾ ਛੋਟਾ ਵੀ ਹੋਵੇਗਾ। ਪੁਰਾਤਨ ਪੰਜਾਬੀ ਅਨੁਸਾਰ ਦਿਨ ਰਾਤ ਹਰ ਹਾਲਤ ਵਿੱਚ 4 ਪਹਿਰ ਵਿੱਚ ਵੰਡਣਾ ਹੋਵੇਗਾ। ਜਿਸ ਕਰਕੇ ਗਰਮੀਆਂ ਦੀ ਰਾਤ ਪਹਿਰ ਢਾਈ ਘੰਟੇ ਦੀ ਵੀ ਹੋ ਸਕਦੀ ਹਤੇ ਤੇ ਭਰ ਸਰਦੀਆਂ ਦੀ ਸਾਢੇ ਤਿੰਨ ਘੰਟੇ ਦੀ।

ਪਹਿਰ = 8 ਘੜੀਆਂ, ਘੜੀ = 60 ਪਲ, ਪਲ =3 ਚਸਾ, ਚਸਾ= 5 ਵਿਸਾ

ਪੱਛਮੀ ਪ੍ਰਨਾਲੀ ਦੀ ਬਰਾਬਰੀ ਤੇ- ਘੜੀ = 24 ਮਿੰਟਪਲ = 24 ਸਕਿੰਟ

*1535/36 ਈ. ਤੋਂ ਪਹਿਲਾਂ ਗੁਰਮੱਤ ਦੀ ਮੁੱਖ ਬਾਣੀ ਜਪੁਜੀ ਸਾਹਿਬ ਦਾ ਸਰੂਪ ਹੁਣ ਵਾਲਾ ਨਹੀ ਸੀ। ਅਰੰਭ ਵਿਚ 'ਜਪੁ' ਸ਼ਬਦ ਅਤੇ 'ਆਦਿ ਸਚ..' ਵਾਲਾ ਸਲੋਕ/ਸਿਰਲੇਖ ਨਹੀ ਸੀ। ਧਰਤੀ ਧਰਮਸਾਲ ਭਾਵ ਅੰਤਲੀਆਂ ਪਉੜੀਆਂ ਵੀ ਇਸ ਰਚਨਾ ਵਿਚ ਨਹੀ ਸਨ। ਨਾਲੇ ਅੰਤਲਾ ਸਲੋਕ ਵੀ ਨਹੀ ਸੀ ਹੁੰਦਾ।

ਕਰਤਾਰਪੁਰ ਦੇ ਕੌਤਕ। ਭਾਗ –੪

1536 ਤੋਂ 1539 ਈ. ਕਰਤਾਰਪੁਰ ਦੀਆਂ ਸਾਖੀਆਂ

ਗੁਰੂ ਜੀ ਨੇ ਆਤਮਾ ਪ੍ਰਮਾਤਮਾ ਦੇ ਸਿਧਾਂਤ ਦਾ ਖੰਡਣ ਕੀਤਾ ◆

ਬਟਾਲੇ ਦੇ ਇਲਾਕੇ ਦੀ ਫੇਰੀ ਪਾਉਣ ਤੋਂ ਬਾਦ ਗੁਰੂ ਸਾਹਿਬ ਫਿਰ ਕਰਤਾਰਪੁਰ ਧਰਮਸਾਲ ਵਿਚ ਬਹਿ ਲੋਕਾਈ ਨੂੰ ਸੰਤੋਖ ਰਹੇ ਸਨ। ਹਰ ਦੁਖੀਆ ਦਰਦਵੰਦ ਜਾਂ ਜਗਿਆਸੂ ਗੁਰੂ ਦੇ ਦਰ ਤੋਂ ਹਿਰਦਾ ਸ਼ਾਂਤ ਕਰ ਰਿਹਾ ਸੀ। ਜਿਵੇ ਕਿ ਪਿੱਛੇ ਆ ਚੁੱਕਾ ਗੁਰੂ ਸਾਹਿਬ ਓਨਾਂ ਜਗਿਆਸੂਆਂ ਤੇ ਵੱਧ ਤਵੱਜੋ ਦਿੰਦੇ ਸਨ ਜਿੰਨਾਂ ਨੇ ਨਿਰੰਕਾਰ-ਅਕਾਲਪੁਰਖ ਬਾਰੇ ਖੋਜ ਕਰਨੀ ਹੁੰਦੀ ਸੀ। ਜਿਸ ਕਾਰਨ ਸਾਧੂਆਂ ਸੰਤਾਂ ਦੀ ਆਮਦ ਵੀ ਜਿਆਦਾ ਹੁੰਦੀ ਸੀ।

ਏਸੇ ਤਰਾਂ ਇਕ ਦਿਨ ਸੋਦਰ ਰਹਿਰਾਸ ਦੇ ਵੇਲੇ ਰਬਾਬੀ ਦੀ ਗਾਈ ਹੇਠ ਸ਼ੋਸ਼ੋਭਿਤ ਤੁੱਕ:

ਆਖਣ ਵਾਲਾ ਕਿਆ ਬੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥ ਜਿਸੁ ਤੂੰ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥

ਬਾਬਤ ਚੰਗੀ ਤਰਾਂ ਟਿੰਡਾਂ ਰਗੜਾਈ (ਮੁੰਡੀਏ) ਬੈਰਾਗੀ ਸਾਧੂਆਂ ਨੇ ਸਮਾਪਤੀ ਤੋਂ ਬਾਦ ਬਾਣੀ ਤੇ ਕਿੰਤੂ ਪ੍ਰੰਤੂ ਕਰ ਦਿੱਤਾ। ਅਖੇ ਇਸ ਜੀਵ ਨੂੰ ਅੰਦਰ ਮੌਜੂਦ ਪ੍ਰਮਾਤਮਾ ਤੋਂ ਇਲਾਵਾ ਹੋਰ ਕੌਣ ਹੈ ਸੰਵਾਰਨਹਾਰਾ? ਸਾਧੂਆਂ ਨੇ ਕਿਹਾ ਕਿ ਹਰ ਜੀਵ ਵਿਚ ਜਿਹੜੀ ਸੁਚੇਤ ਆਤਮਾ ਹੈ ਉਹ ਹੀ ਹਰ ਕਿਸਮ ਦਾ ਕੰਟਰੋਲ ਕਰ ਰਹੀ ਹੈ। ਉਹੀ ਆਤਮ ਹੀ ਪ੍ਰਮਾਤਮਾ ਹੈ। ਰੱਬ ਕੋਈ ਹੋਰ ਨਹੀ।

ਗੁਰੂ ਸਾਹਿਬ ਬਹੁਤ ਆਦਰ ਸਤਿਕਾਰ ਨਾਲ ਸਾਧੂਆਂ ਦੀ ਸਾਰੀ ਗਲ ਸੁਣੀ। ਸਾਹਿਬ ਨੇ ਫਰਮਾਇਆ ਕਿ ਮੁਨੀ ਜਨੋਂ ਅਕਾਲ ਪੁਰਖ ਸਿਰਫ ਸਾਡੇ ਅੰਦਰ ਤੱਕ ਹੀ ਮੌਜੂਦ ਨਹੀ ਉਹ ਸਰਬ ਵਿਆਪਕ ਹੈ। ਸਾਡੀ ਆਤਮਾ ਉਹਦਾ ਇਕ ਅੰਸ਼ ਹੋ ਸਕਦੀ ਹੈ। ਗੁਰੂ ਸਾਹਿਬ ਨੇ ਸਵਾਲ ਕਰ ਦਿੱਤਾ ਕਿ ਜੇ ਆਤਮਾ ਭਾਵ ਸਾਡਾ ਖੁੱਦ ਹੀ ਪ੍ਰਮਾਤਮਾ ਹੈ ਤਾਂ ਇਸ ਜੀਅ ਨੂੰ ਪੈਦਾ ਕੌਣ ਕਰਦਾ ਹੈ? ਰਿਜਕ ਕੌਣ ਦਿੰਦਾ ਹੈ? ਜੇ ਆਤਮਾ ਹੀ ਪ੍ਰਮਾਤਮਾ ਹੈ ਤਾਂ ਫਿਰ ਕੁਝ ਜੀਵਾਂ ਨੂੰ ਵੱਧ ਤੇ ਕੁਝ ਨੂੰ ਘੱਟ ਕਿਓ ਮਿਲਦਾ ਹੈ? ਜੇ ਆਤਮਾ ਹੀ ਪ੍ਰਮਾਤਮਾ ਹੋਵੇ ਤਾਂ ਥੁੱੜ ਵਾਲੇ ਜੀਵਾਂ ਦਾ ਆਪੇ ਕਲਿਆਣ ਹੋਵੇ। ਨਾਲੇ ਫਿਰ ਬਾਕੀ ਦੇ ਅਸਥੂਲ ਜੜ੍ਹ ਬ੍ਰਿਹਮੰਡ ਦਾ ਇੰਤਜਾਮ ਕੌਣ ਕਰਦਾ ਹੈ? ਕਿਸ ਨੇ ਇਹ ਸਾਰੀ ਸ੍ਰਿਸਟੀ ਹੁਕਮ ਵਿਚ ਪਰੋਈ ਹੋਈ ਹੈ?

ਅਜਿਹੇ ਹੀ ਕੁਝ ਸਵਾਲ ਕਰਕੇ ਗੁਰੂ ਸਾਹਿਬ ਨੇ ਵਜੰਤ੍ਰੀਆਂ ਤੇ ਸਾਰੇ ਹਾਜਰੀਨ ਦੀ ਸੰਗਤ ਨਾਲ ਸ਼ਬਦ ਗਾਵਿਆ:

ਆਸਾ ਮਹਲਾ ੧ ॥ ਕਾਚੀ ਗਾਗਰਿ ਦੇਹ ਦੁਹੇਲੀ ਉਪਜੈ ਬਿਨਸੈ ਦੁਖੁ ਪਾਈ ॥ ਇਹੁ ਜਗੁ ਸਾਗਰੁ ਦੁਤਰੁ ਕਿਉ ਤਰੀਐ ਬਿਨੁ ਹਰਿ ਗੁਰ ਪਾਰਿ ਨ ਪਾਈ ॥੧॥ ਤੁਝ ਬਿਨੁ ਅਵਰੁ ਨ ਕੋਈ ਮੋਰੇ ਪਿਆਰੇ ਤੁਝ ਬਿਨੁ ਅਵਰੁ ਨ ਕੋਇ ਹਰੇ ॥ ਸਰਬੀ ਰੰਗੀ ਰੂਪੀ ਤੂੰਹੈ ਤਿਸੁ ਬਖਸੇ ਜਿਸੁ ਨਦਰਿ ਕਰੇ ॥੧॥ ਰਹਾਉ ॥ ਸਾਸੁ ਬੁਰੀ ਘਰਿ ਵਾਸੁ ਨ ਦੇਵੈ ਪਿਰ ਸਿਉ ਮਿਲਣ ਨ ਦੇਇ ਬੁਰੀ ॥ ਸਖੀ ਸਾਜਨੀ ਕੇ ਹਉ ਚਰਨ ਸਰੇਵਉ ਹਰਿ ਗੁਰ ਕਿਰਪਾ ਤੇ ਨਦਰਿ ਧਰੀ ॥੨॥ ਆਪੁ ਬੀਚਾਰਿ ਮਾਰਿ ਮਨੁ ਦੇਖਿਆ ਤੁਮ ਸਾ ਮੀਤੁ ਨ ਅਵਰੁ ਕੋਈ ॥ ਜਿਉ ਤੂੰ ਰਾਖਹਿ ਤਿਵ ਹੀ ਰਹਣਾ ਦੁਖੁ ਸੁਖੁ ਦੇਵਹਿ ਕਰਹਿ ਸੋਈ ॥੩॥ ਆਸਾ ਮਨਸਾ ਦੋਊ ਬਿਨਾਸਤ ਤ੍ਰਿਹੁ ਗੁਣ ਆਸ ਨਿਰਾਸ ਭਈ ॥ ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ ॥੪॥ ਗਿਆਨ ਧਿਆਨ ਸਗਲੇ ਸਭਿ ਜਪ ਤਪ ਜਿਸੁ ਹਰਿ ਹਿਰਦੈ ਅਲਖ ਅਭੇਵਾ ॥ ਨਾਨਕ ਰਾਮ ਨਾਮਿ ਮਨੁ ਰਾਤਾ ਗੁਰਮਤਿ ਪਾਏ ਸਹਜ ਸੇਵਾ ॥੫॥

ਉਪਰੰਤ ਗੁਰੂ ਸਾਹਿਬ ਨੇ ਸਰਬਵਿਆਪਕ, ਸਰਗੁਣ, ਨਿਰਗੁਣ, ਅਕਾਲ ਪੁਰਖ ਬਾਰੇ ਵਖਿਆਨ ਦਿੱਤਾ। ਹਰ ਪਾਸੇ ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ, ਵਾਹਿਗੁਰੂ, ਵਾਹਿਗੁਰੂ ਹੋ ਗਈ।

—◈—

'ਵਿਦਿਆ ਵੀਚਾਰੀ ਤਾਂ ਪਰਉਪਕਾਰੀ॥' ●

ਕਰਤਾਰਪੁਰ ਹੀ ਇਕ ਦਿਨ ਭਾਈ ਲਹਿਣੇ ਨੇ ਸਵਾਲ ਕਰ ਦਿੱਤਾ ਕਿ ਕਈ ਲੋਕ ਬਹੁਤ ਵਿਦਿਆ ਹਾਸਲ ਕਰਦੇ ਨੇ ਉਸਦਾ ਕੁਝ ਫਾਇਦਾ ਵੀ ਹੈ। ਗੁਰੂ ਸਾਹਿਬ ਨੇ ਸਮਝਾਇਆ ਕਿ ਜੇ ਵਿਦਿਆ ਪੜ੍ਹ ਕੇ ਕਰਤੇ ਦੀ ਖੇਡ ਸਮਝ ਆ ਗਈ ਹੈ ਫਿਰ ਤਾਂ ਵਿਦਿਆ ਸਫਲ ਹੈ। ਗਿਆਨਵਾਨ ਬੰਦਾ ਫਿਰ ਘੱਟ ਘੱਟ ਵਿਚ ਉਸ ਨਿਰੰਕਾਰ ਦਾ ਅੰਸ਼ ਵੇਖਦਾ ਹੈ ਤੇ ਜੀਵਾਂ ਨੂੰ ਪਿਆਰ ਕਰਨ ਲੱਗਦਾ ਹੈ। ਉਸਦੇ ਮੰਨ ਵਿਚ ਦਇਆ ਆ ਜਾਂਦੀ ਹੈ।

ਸਾਹਿਬ ਨੇ ਸ਼ਬਦ ਰਚਿਆ:-

ਆਸਾ ਮਹਲਾ ੧ ਚਉਪਦੇ ॥ ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ ਜਾਂ ਪੰਚ ਰਾਸੀ ਤਾਂ ਤੀਰਥ ਵਾਸੀ ॥੧॥ ਘੁੰਘਰੂ ਵਾਜੈ ਜੇ ਮਨੁ ਲਾਗੈ ॥ ਤਉ ਜਮੁ ਕਹਾ ਕਰੇ ਮੋ ਸਿਉ ਆਗੈ ॥੧॥ ਰਹਾਉ ॥ ਆਸ ਨਿਰਾਸੀ ਤਉ ਸੰਨਿਆਸੀ ॥ ਜਾਂ ਜਤੁ ਜੋਗੀ ਤਾਂ ਕਾਇਆ ਭੋਗੀ ॥੨॥ ਦਇਆ ਦਿਗੰਬਰੁ ਦੇਹ ਬੀਚਾਰੀ ॥ ਆਪਿ ਮਰੈ ਅਵਰਾ ਨਹ ਮਾਰੀ ॥੩॥ ਏਕੁ ਤੂ ਹੋਰਿ ਵੇਸ ਬਹੁਤੇਰੇ ॥ ਨਾਨਕੁ ਜਾਣੈ ਚੋਜ ਨ ਤੇਰੇ ॥

ਭਾਵ ਜੋ ਮਨੁੱਖ ਦੂਜਿਆਂ ਨਾਲ ਭਲਾਈ ਕਰਨ ਵਾਲਾ ਹੋ ਗਇਆ ਹੈ ਤਾਂ ਹੀ ਸਮਝੋ ਕਿ ਉਹ ਵਿੱਦਿਆ ਪਾ ਕੇ ਵਿਚਾਰਵਾਨ ਬਣਿਆ ਹੈ । ਤੀਰਥਾਂ ਤੇ ਨਿਵਾਸ ਰੱਖਣ ਵਾਲਾ ਤਦੋਂ ਹੀ ਸਫਲ ਹੈ, ਜੇ ਉਸ ਨੇ ਪੰਜੇ ਕਾਮਾਦਿਕ ਵੱਸ ਕਰ ਲਏ ਹਨ । ਜੇ ਮਨ ਪ੍ਰਭੂ-ਚਰਨਾਂ ਵਿਚ ਜੁੜਨਾ ਸਿੱਖ ਗਇਆ ਹੈ ਤਦੋਂ ਹੀ (ਭਗਤੀਆ ਬਣ ਕੇ) ਘੁੰਘਰੂ ਵਜਾਣੇ ਸਫਲ ਹਨ।

—◈—

ਬੁਰੇ ਲੋਕਾਂ ਬਾਬਤ ਜਦੋਂ ਭਾਈ ਲਹਿਣੇ ਦੇ ਸ਼ੰਕੇ ਨਵਿਰਤ ਕੀਤੇ◉

ਇਕ ਦਿਨ ਗੁਰੂ ਸਾਹਿਬ ਦੇ ਦਰਬਾਰ ਵਿਚ ਇਕ ਨਹਾਇਤ ਮਾੜਾ (ਕੋਈ ਠੱਗ, ਕੂੜਿਆਰ) ਬੰਦਾ ਆ ਗਿਆ। ਮੁਕਾਮੀ ਬੰਦਿਆਂ ਨੇ ਝੱਟ ਭਾਈ ਲਹਿਣੇ ਨੂੰ ਸੁਚੇਤ ਕੀਤਾ ਕਿ ਇਹ ਬੰਦਾ ਠੀਕ ਨਹੀ। ਭਾਈ ਲਹਿਣੇ ਨੇ ਉਸ ਬੰਦੇ ਬਾਬਤ ਗੁਰੂ ਸਾਹਿਬ ਨੂੰ ਸੁਚੇਤ ਕਰ ਦਿੱਤਾ।

ਫਿਰ ਉਸ ਮਾੜੇ ਬੰਦੇ ਨੇ ਜਦੋਂ ਆ ਗੁਰੂ ਜੀ ਨੂੰ ਮੱਥਾ ਟੇਕਿਆ ਤਾਂ ਗੁਰੂ ਸਾਹਿਬ ਨੇ ਗਲ ਨਾਲ ਲਾਇਆ ਤੇ ਅਸੀਸਾਂ ਦਿੱਤੀਆਂ। ਇਸ ਤੇ ਸਮੇਤ ਭਾਈ ਲਹਿਣਾ ਸੰਗਤ ਹੈਰਾਨ ਹੋਈ।

ਕੋਈ ਦੂਸਰੇ ਤੀਸਰੇ ਦਿਨ ਜਦੋਂ ਮੌਕਾ ਬਣਿਆ ਭਾਈ ਲਹਿਣੇ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਜੇ ਇਜਾਜਤ ਹੋਵੇ ਤਾਂ ਮੈਂ ਗੱਲ

ਪੁੱਛਾਂ? ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਕਿਹਾ ਪੁਰਖਾ ਤੂੰ ਇਕ ਨਹੀ ਸੌ ਗਲ ਪੁੱਛ। ਤੂੰ ਹਰ ਗਲ ਪੁੱਛ। ਤੈਨੂੰ ਸਿੱਖੀ ਸਿਧਾਂਤ ਸਮਝ ਕਿਵੇ ਆਵੇਗਾ ਜੇ ਮੰਨ ਵਿਚ ਸ਼ੰਕੇ ਰਹਿ ਗਏ ਤਾਂ।

ਇਸ ਮੌਕੇ ਫਿਰ ਭਾਈ ਲਹਿਣੇ ਨੇ ਗੁਰੂ ਸਾਹਿਬ ਕੋਲੋ ਪੁੱਛਿਆ ਕਿ ਵੇਖੋ ਸਾਰੀ ਸੰਗਤ ਉਸ ਬੁਰੇ ਬੰਦੇ ਦੇ ਖਿਲਾਫ ਸੀ ਫਿਰ ਵੀ ਤੁਸੀ ਉਸ ਨੂੰ ਗਲ ਨਾਲ ਲਾ ਲਿਆ ਪਿਆਰ ਦਿੱਤਾ। ਬਾਬਾ ਜੀ ਇਸ ਤਰਾਂ ਕਿਓ?

ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਸਮਝਾਇਆ ਕਿ ਵੇਖ ਜੇ ਕੋਈ ਚੰਗਾ ਹੈ ਤਾਂ ਕਰਤੇ ਨੇ ਉਸ ਨੂੰ ਚੰਗਾ ਬਣਾਇਆ ਹੈ ਜੇ ਕੋਈ ਮੰਦਾ ਹੈ ਤਾਂ ਓਸੇ ਮਾਲਕ ਨੇ ਹੀ ਉਸ ਨੂੰ ਮਾੜਾ ਬਣਾਇਆ ਹੈ। ਇਹ ਨਿਰੰਕਾਰ ਦੀ ਖੇਡ ਹੈ। ਮਤਲਬ ਜੇ ਤੁਸੀ ਜੀਵ ਦੇ ਪਿੱਛੋਕੜ ਵਿਚ ਵੇਖੋਗੇ ਤਾਂ ਤੁਹਾਨੂੰ ਸਭ ਬ੍ਰਹਮ ਬ੍ਰਹਮ ਹੀ ਨਜਰ ਆਉਦਾ ਹੈ। ਇਸ ਸੱਚ ਨੂੰ ਜਦੋਂ ਤੁਸੀ ਸਮਝ ਜਾਓਗੇ ਤਾਂ ਸਮਝੋ ਅੱਧੀ ਗੁਰਮਤ ਦਾ ਤੁਹਾਨੂੰ ਪਤਾ ਲੱਗ ਗਿਆ।

ਉਸ ਦਿਨ ਫਿਰ ਭਾਈ ਲਹਿਣੇ ਨੇ ਬੁਰਿਆਂ ਬਾਬਤ ਆਪਣਾ ਵਾਹਵਾ ਦਿੱਲ ਹੋਲਾ ਕੀਤਾ ਤੇ ਕਈ ਸਵਾਲ ਕੀਤੇ। ਗੁਰੂ ਸਾਹਿਬ ਨੇ ਸਮਝਾਇਆ ਕਿ ਚਾਹੇ ਕੋਈ ਕਿੰਨਾ ਵੀ ਪਾਪੀ ਹੈ ਜੇ ਨਾਮ ਦੇ ਲੜ੍ਹ ਲੱਗ ਜਾਏਗਾ ਤਾਂ ਤਰ ਜਾਏਗਾ।

ਫਿਰ ਗੁਰੂ ਸਾਹਿਬ ਨੇ ਸਮੁਚੀ ਸੰਗਤ ਦੇ ਨਾਲ ਸ਼ਬਦ ਗਾਵਿਆ। ਰਬਾਬ ਤੇ ਸੰਗਤ ਸ਼ਹਿਜਾਦੇ ਨੇ ਕੀਤੀ। ਢੋਲਕੀ ਦੀ ਅਵਾਜ ਪੂਰੇ ਬੇਲੇ ਵਿਚ ਗੂੰਜ ਉਠੀ। :-

ਆਸਾ ਮਹਲਾ ੧ ॥ ਇਕਿ ਆਵਹਿ ਇਕਿ ਜਾਵਹਿ ਆਈ ॥ ਇਕਿ ਹਰਿ ਰਾਤੇ ਰਹਹਿ ਸਮਾਈ ॥ ਇਕਿ ਧਰਨਿ ਗਗਨ ਮਹਿ ਠਉਰ ਨ ਪਾਵਹਿ ॥ ਸੇ ਕਰਮਹੀਣ ਹਰਿ ਨਾਮੁ ਨ ਧਿਆਵਹਿ ॥੧॥ ਗੁਰ ਪੂਰੇ ਤੇ ਗਤਿ ਮਿਤਿ ਪਾਈ ॥ ਇਹੁ ਸੰਸਾਰੁ ਬਿਖੁ ਵਤ ਅਤਿ ਭਉਜਲੁ ਗੁਰ ਸਬਦੀ ਹਰਿ ਪਾਰਿ ਲੰਘਾਈ ॥੧॥ ਰਹਾਉ ॥ ਜਿਨ੍ ਕਉ ਆਪ ਲਏ ਪ੍ਰਭੁ ਮੇਲਿ ॥ ਤਿਨ ਕਉ ਕਾਲੁ ਨ ਸਾਕੈ ਪੇਲਿ ॥ ਗੁਰਮੁਖਿ ਨਿਰਮਲ ਰਹਹਿ ਪਿਆਰੇ ॥ ਜਿਉ ਜਲ ਅੰਭ ਊਪਰਿ ਕਮਲ ਨਿਰਾਰੇ ॥੨॥ ਬੁਰਾ ਭਲਾ ਕਹੁ ਕਿਸ ਨੋ ਕਹੀਐ ॥ ਦੀਸੈ ਬ੍ਰਹਮੁ ਗੁਰਮੁਖਿ ਸਚੁ ਲਹੀਐ ॥ ਅਕਥੁ ਕਥਉ ਗੁਰਮਤਿ ਵੀਚਾਰੁ ॥ ਮਿਲਿ ਗੁਰ ਸੰਗਤਿ ਪਾਵਉ ਪਾਰੁ ॥੩॥ ਸਾਸਤ ਬੇਦ ਸਿੰਮ੍ਰਿਤਿ ਬਹੁ ਭੇਦ ॥ ਅਠਸਠਿ ਮਜਨੁ ਹਰਿ ਰਸੁ ਰੇਦ ॥ ਗੁਰਮੁਖਿ ਨਿਰਮਲੁ ਮੈਲੁ ਨ ਲਾਗੈ ॥ ਨਾਨਕ ਹਿਰਦੈ ਨਾਮੁ ਵਡੇ ਧੁਰਿ ਭਾਗੈ ॥੪

'ਇਹ ਘਾਲ ਕਮਾਈ ਆਉਣ ਵਾਲੀਆਂ ਸਿੱਖ ਪੀੜੀਆਂ ਲਈ' – ਬਾਬੇ ਨੇ ਜਵਾਬ ਦਿੱਤਾ

ਜਦੋਂ ਭਾਈ ਲਹਿਣਾ ਬੇਹੋਸ਼ ਹੋ ਡਿੱਗਾ■

ਗੁਰੂ ਸਾਹਿਬ ਡੇਢ ਪਹਿਰ ਰਾਤ ਰਹਿੰਦੇ ਹੀ ਰਾਵੀ ਤੇ ਇਸ਼ਨਾਨ ਕਰਨ ਰਵਾਨਾ ਹੋ ਜਾਂਦੇ ਸਨ। ਇਕ ਸਿੱਖ ਨਾਲ ਹੁੰਦਾ ਸੀ। ਗੁਰੂ ਸਾਹਿਬ ਲੰਮਾ ਸਮਾਂ ਦਰਿਆ ਵਿਚ ਬਿਤਾਉਦੇ ਸਨ। ਨਾਲ ਦਾ ਸਿੱਖ ਕੰਢੇ ਤੇ ਬਹਿ ਉਡੀਕ ਕਰਿਆ ਕਰਦਾ ਸੀ। ਸਾਹਿਬ ਟੁੱਬੀ ਵੀ ਲੰਮੀ ਮਾਰਦੇ ਸਨ।

ਇਕ ਵੇਰਾਂ ਦੀ ਗਲ ਹੈ ਗੁਰੂ ਸਾਹਿਬ ਨਾਲ ਭਾਈ ਲਹਿਣਾ ਗਿਆ। ਗੁਰੂ ਸਾਹਿਬ ਕਾਫੀ ਸਮਾਂ ਦਰਿਆ ਵਿਚ ਨਹਾਉਦੇ ਰਹੇ। ਠੰਡ ਦੇ ਦਿਨ ਸਨ ਨਾਲੇ ਝੱਖੜ ਵੀ ਵਗ ਰਿਹਾ ਸੀ। ਕੰਢੇ ਤੇ ਬੈਠੇ ਭਾਈ ਲਹਿਣੇ ਨੂੰ ਅਜਿਹੀ ਠੰਡ ਲੱਗੀ ਕਿ ਬੇਹੋਸ਼ ਹੋ ਕੇ ਲੇਟ ਹੀ ਗਿਆ।

ਜਦੋਂ ਗੁਰੂ ਸਾਹਿਬ ਬਾਹਰ ਨਿਕਲੇ ਤਾਂ ਕੀ ਵੇਖਦੇ ਹਨ ਕਿ ਲਹਿਣਾ ਬੇਸੁਰਤ ਪਿਆ ਹੈ। ਗੁਰੂ ਸਾਹਿਬ ਨੇ ਲਹਿਣੇ ਨੂੰ ਪੈਰ ਨਾਲ ਹਿਲਾਇਆ ਕਿ ਪੁਰਖਾ! ਉਠੋ ਚਲੀਏ।

ਲਹਿਣੇ ਨੂੰ ਹੋਸ਼ ਆ ਗਈ। ਉਠਿਆ। ਗੁਰੂ ਸਾਹਿਬ ਨੇ ਪੁੱਛਿਆ ਲਹਿਣਾ ਕੀ ਗਲ ਤੈਨੂੰ ਨੀਂਦ ਆ ਗਈ ਸੀ? ਭਾਈ ਲਹਿਣੇ ਨੇ ਕਿਹਾ ਗੁਰੂ ਸਾਹਿਬ ਜਦੋਂ ਤੁਸੀ ਤਾਂ ਦਰਿਆ ਵਿਚ ਵੜ੍ਹ ਗਏ ਇਸ਼ਨਾਨ ਕਰਨ ਬਾਦ ਮੈਂ ਕੰਢੇ ਆ ਬੈਠਾ। ਮੈਨੂੰ ਬਹੁਤ ਠੰਡ ਲੱਗੀ ਤੇ ਕਾਂਬਾ ਛਿੜਿਆ। ਕੁਝ ਸਮੇਂ ਬਾਦ ਮੈਨੂੰ ਕੁਝ ਪਤਾ ਨਹੀ ਕਿ ਮੇਰੇ ਨਾਲ ਕੀ ਹੋਇਆ।

ਤੁਹਾਡੇ ਪੈਰ ਦੀ ਜਿਵੇ ਮੈਨੂੰ ਛੋਹ ਮਿਲੀ ਜਿਵੇਂ ਤੇਰੀ ਲੱਤ ਵੱਜੀ ਮੇਰੇ ਅੰਦਰ ਕ੍ਰੋੜਾਂ ਸੂਰਜਾਂ ਦਾ ਨਿੱਘ ਆ ਗਿਆ। ਧੰਨ ਹੋ ਗੁਰੂ ਸਾਹਿਬ ਤੁਸੀ। ਮੈਂ ਬਲਿਹਾਰ ਹਾਂ ਤੁਹਾਥੋ।

ਪਰ ਭਾਈ ਲਹਿਣੇ ਨੇ ਮੁਸ਼ਕਲ ਸਵਾਲ ਕਰ ਦਿੱਤਾ– ਜਦੋਂ ਰਾਵੀ ਤੋਂ ਕਰਤਾਰਪੁਰ ਸਾਹਿਬ ਨੂੰ ਪਰਤ ਰਹੇ ਸਨ ਤਾਂ ਰਸਤੇ ਵਿਚ ਭਾਈ ਲਹਿਣੇ ਨੇ ਗੁਰੂ ਸਾਹਿਬ ਨੂੰ ਆਖਿਰ ਪੁੱਛ ਹੀ ਲਿਆ, "ਗੁਰੂ ਜੀ ਤੁਸੀ ਅਕਾਲ ਪੁਰਖ ਨਾਲ ਇਕ ਮਿੱਕ ਹੋ। ਫਿਰ ਕਿਓ ਤੁਸੀ ਆਪਣੇ ਸਰੀਰ ਨੂੰ ਏਨਾ ਕੋਹਦੇ ਹੋ? ਕਿਓ ਇਨੀ ਕਠਨ ਤਪੱਸਿਆ ਕਰਦੇ ਹੋ?"

ਗੁਰੂ ਸਾਹਿਬ ਨੇ ਜਵਾਬ ਦਿੱਤਾ, "ਪੁਰਖਾ! ਪਹਿਲੀ ਗਲ ਤਾਂ ਮੈਂ ਆਪਣੇ ਸਰੀਰ ਨੂੰ ਕੋਹਦਾ ਨਹੀ ਹਾਂ। ਜਿਹੜੀ ਤੁਹਾਨੂੰ ਤਪੱਸਿਆ ਨਜਰ ਆਉਦੀ ਹੈ ਇਹ ਮੇਰਾ ਅਨੰਦ ਹੈ। ਨਾਮ ਤੋਂ ਬਿਨਾਂ ਮੇਰਾ ਸਰੀਰ ਖੁਸਦਾ ਹੈ। ਮੇਰੀ ਇਹ ਤਪੱਸਿਆ ਤਾਂ ਅਕਾਲ ਪੁਰਖ ਅੱਗੇ ਅਰਦਾਸ ਹੁੰਦੀ ਹੈ ਕਿ ਮੇਰੇ ਸਿੱਖਾਂ ਦਾ ਨਿਰੰਕਾਰ ਤੱਕ ਰਾਹ ਸੁਖਾਲਾ ਹੋਵੇ। ਓਨਾਂ ਨੂੰ ਔਕੜਾਂ ਨਾਂ ਆਉਣ। ਦੁਨੀਆਂ ਸਰਗੁਣ ਰੂਪ ਵਿਚ ਨਿਰੰਕਾਰ ਨੂੰ ਮੰਨਦੀ ਹੈ। ਮੇਰੇ ਸਿੱਖ ਨੇ ਸਰਗੁਣ ਤੇ ਨਿਰਗੁਣ ਰੂਪ ਦੋਵਾਂ ਵਿਚ ਨਿਰੰਕਾਰ ਦਾ ਚਿਤ੍ਰਨ ਕਰਨਾਂ ਹੁੰਦਾ ਹੈ ਜੋ ਮੁਸ਼ਕਲ ਮਾਰਗ ਹੈ। ਮੇਰਾ ਸਿੱਖ ਇਸ ਗੁਰਮਤ ਦੇ ਮਾਰਗ ਤੇ ਡੋਲੇ ਨਾਂ, ਉਹਦਾ ਭਰੋਸਾ ਬਣਿਆ ਰਹੇ ਤੇ ਉਹਦੀ ਮੁਕਤੀ ਹੋਵੇ। ਇਹੋ ਮੈਂ ਨਿਰੰਕਾਰ ਕੋਲੋ ਮੰਗਦਾ ਰਹਿੰਨਾ ਵਾ। ਸੋ ਮੇਰੀਆਂ ਇਹ ਅਰਜੋਈਆਂ ਸਿੱਖਾਂ ਦੀਆਂ ਆਉਣ ਵਾਲੀਆਂ ਪੀੜੀਆਂ ਲਈ ਹਨ। ਬਾਕੀ ਇਸ਼ਨਾਨ ਨਾਲ ਮੇਰੀ ਸੁਰਤ ਸੁਚੇਤ ਹੁੰਦੀ ਹੈ।''

ਗੁਰੂ ਸਾਹਿਬ ਦੇ ਰਾਵੀ ਵਿਚ ਇਸ਼ਨਾਨ ਤੇ ਇਸ ਘਾਲ ਕਮਾਈ ਦੇ ਨਿਤਨੇਮ ਪ੍ਰਥਾਇ ਹੀ ਬਾਦ ਵਿਚ ਗੁਰੂ ਅੰਗਦ ਦੇਵ ਨੇ ਇਹ ਸ਼ਬਦ ਆਖਿਆ ਸੀ:-

ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥ ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥ ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ ॥ ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ ॥ ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ ॥

ਅੰਤਲੇ ਦਿਨਾਂ ਵਿਚ ਤਾਂ ਬਾਬਾ ਲੁੱਕਦਾ ਫਿਰਦਾ ਸੀ○

ਕਰਤਾਰਪੁਰ ਦੇ ਪ੍ਰਬੰਧਕ

ਸੁਲਤਾਨਪੁਰ ਛੱਡਣ ਉਪਰੰਤ ਗੁਰੂ ਸਾਹਿਬ ਜਿਆਦਾਤਰ ਪੰਜਾਬੋਂ ਬਾਹਰ ਹੀ ਰਹੇ ਸਨ। ਪਰ ਫਿਰ ਵੀ 1530 ਈ ਤੱਕ ਗੁਰੂ ਸਾਹਿਬ ਦੀ ਪ੍ਰਸਿਧੀ ਚਾਰ ਚੁਫੇਰੇ ਹੋ ਚੁੱਕੀ ਸੀ। ਹਾਲਾਂ ਥੋੜਾ ਸਮਾਂ ਹੀ ਅਜੇ ਕਰਤਾਰਪੁਰ ਟਿਕੇ ਸੀ ਕਿ ਲੋਕ ਵਹੀਰਾਂ ਘੱਤ ਘੱਤ ਕਰਤਾਰਪੁਰ ਆ ਰਹੇ ਸਨ। ਇਕ ਵੇਲਾ ਤਾਂ ਅਜਿਹਾ ਆ ਗਇਆ ਕਿ ਕਰਤਾਰਪੁਰ ਵਿਖੇ ਭੀੜਾਂ ਨੂੰ ਸੰਭਾਲਣਾ ਵੀ ਮੁਸ਼ਕਲ ਹੋ ਜਾਂਦਾ ਸੀ। ਸੰਗਤ ਵਿਚ ਪ੍ਰਵਚਨਾ ਤੋਂ ਬਾਦ ਹਰ ਕੋਈ ਆਪਣੇ ਨਿੱਜੀ ਮਸਲਿਆਂ ਦੇ ਹੱਲ ਲਈ ਗੁਰੂ ਸਾਹਿਬ ਦਾ ਅਸ਼ੀਰਵਾਦ ਲੈਣ ਦੀ ਦੌੜ ਵਿਚ ਸੀ। ਕਰਤਾਰਪੁਰ ਸਾਹਿਬ ਤੀਰਥ ਅਸਥਾਨ ਬਣ ਚੁੱਕਾ ਸੀ ਤੇ ਲੋਕਾਂ ਦਾ ਮੰਨਣਾ ਸੀ ਕਿ ਜਿਹੜਾ ਵੀ ਕੋਈ ਕਿਸੇ ਕਿਸਮ ਦੀ ਕਾਮਨਾ ਮੰਨ ਵਿਚ ਲੈ ਕੇ ਆਉਦਾ ਹੈ ਉਸ ਦੀ ਇਛਾ ਪੂਰੀ ਹੁੰਦੀ ਹੈ। ਇਥੇ ਹਰ ਕੋਈ ਆ ਰਿਹਾ ਸੀ। ਚਾਹੇ ਕੋਈ:-○

ਉਦਾਸੀ ਹੋਵੇ, ਅਤੀਤ (ਤਿਆਗੀ ਸਾਧੂ), ਭਗਵਾਨ ਮੁੰਡੀਆ (ਰੋਡਾ ਭੋਡਾ ਸਾਧੂ) ਬੈਸਨੋ, ਬ੍ਰਹਮਚਾਰੀ, ਜੋਗੀ, ਦਿਗੰਬਰ, ਸੰਨਿਆਸੀ, ਤਪਸੀ, ਦੁਧਾਧਾਰੀ, ਭਗਤੀਆਂ, ਰਬਾਬੀ, ਬਿਰਹੀ, ਭੇਖਧਾਰੀ, ਸਿਧੁ, ਸਾਧੂ ਫਕੀਰ, ਕਾਮਲ ਦਰਵੇਸ਼, ਸਾਬਰ ਫਕੀਰ, ਗਉਸ, ਅਉਲੀਆ, ਉਲਮਾਉ, ਖੋਜੀ, ਵਾਦੀ, ਪੀਰ, ਪੈਕੰਬਰ, ਹਿੰਦੂ, ਮੁਸਲਮਾਨ, ਗ੍ਰਹਸਤੀ, ਉਦਾਸੀ, ਰਾਜਾ ਰੰਕ, ਜਤੀ ਸਤੀ, ਹਠੀ, ਤਪੀ, ਖਤਰੀ, ਬ੍ਰਹਮਨ, ਵਸੁ, ਸੂਦ, ਚਾਰੇ ਵਰਨ, ਪੰਡਤ, ਕਵਿਤ, ਕਵੀਸੁਰ, ਗੁਨੀਜਨ..

ਇਸ ਕਰਕੇ ਗੁਰੂ ਸਾਹਿਬ ਅਕਸਰ ਹੀ ਕਰਤਾਰਪੁਰ ਸਾਹਿਬ ਤੋਂ ਭਾਈ ਲਹਿਣੇ ਨੂੰ ਲੈ ਕੇ ਰਾਤ ਵੇਲੇ ਹੀ ਰਵਾਨਾ ਹੋ ਜਾਂਦੇ ਸਨ। ਜਿਸ ਵੀ ਇਲਾਕੇ ਵਿਚ ਹੁੰਦੇ ਸਨ ਓਥੇ ਇਕ ਦੋ ਦਿਨ ਤੋਂ ਵੱਧ ਨਹੀ ਸਨ ਟਿਕ ਸਕਦੇ। ਕਈ ਵਾਰੀ ਚੁੱਪ ਚੁਪੀਤੇ ਜੋਗੀਆਂ ਦੇ ਡੇਰੇ ਜਾ ਅਰਾਮ ਕਰਿਆ ਕਰਦੇ ਸਨ।

ਧਰਮਸਾਲ ਦੇ ਪ੍ਰਬੰਧਕ-

ਸੋਢੀ ਮਿਹਰਬਾਨ ਵਾਲੀ ਜਨਮਸਾਖੀ ਵਿਚ ਕੁਝ ਇਸ ਤਰਾਂ ਆਉਦਾ ਹੈ:-

1. ਤਦ ਚਾਰ ਚੁਫੇਰੇ ਬਾਬਾ ਨਾਨਕ, ਗੁਰੂ ਨਾਨਕ ਹੋ ਰਿਹਾ ਸੀ। ਪਹਿਲੋਂ ਮਰਦਾਨਾ ਰਬਾਬੀ ਚਲਾਣੇ ਤੱਕ ਬਾਬੇ ਦੇ ਨਾਲ ਰਹਿਆ।

2. ਇਸ ਹਲੀਮੀ ਰਾਜ ਵਿਚ ਵਜੀਰ ਸੀ - ਭਾਈ ਲਹਿਣਾ (ਬਾਦ ਦੇ ਗੁਰੂ ਅੰਗਦ ਦੇਵ)

3. ਭੰਡਾਰੀ, ਖਜ਼ਾਨਜੀ ਤੇ ਘਰ ਬਾਰ- ਸ਼ੇਖ ਮਾਲੋ ਅਤੇ ਸਰਵਣ ਗੁੱਡੀ -ਗੁਡਿਆ

4. ਲੰਗਰ ਦੀ ਮੁਖੀ - ਮਾਤਾ ਘੁੰਮੀ (ਮਾਤਾ ਸੁਲੱਖਣੀ ਚੋਣੀ) ਨਾਲ ਮਦਦ ਬਾਬਾ ਸ੍ਰੀਚੰਦ ਅਤੇ ਲਖਮੀ ਦਾਸ ਕਰਿਆ ਕਰਦੇ ਸਨ।

—◈—

ਗੁਰੂ ਜੀ ਨੇ ਭਾਈ ਲਹਿਣੇ ਨਾਲ ਭਾਗੋਵਾਲ ਦੀ ਛਿੰਝ ਵੇਖੀ*

ਗੁਰੂ ਸਾਹਿਬ ਅੱਜ ਦੇ ਵਟਾਲੇ ਇਲਾਕੇ ਵਿਚ ਘੁੰਮ ਫਿਰ ਰਹੇ ਸਨ ਕਿ ਭਾਈ ਲਹਿਣਾ (ਬਾਦ ਵਿਚ ਦੂਸਰੇ ਗੁਰੂ, ਗੁਰੂ ਅੰਗਦ) ਆਪ ਜੀ ਨੂੰ ਕਰਤਾਰਪੁਰ ਤੋਂ ਆ ਮਿਲੇ। ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਅਨੇਕਾਂ ਸੰਗਤਾਂ ਤੁਹਾਡਾ ਕਰਤਾਰਪੁਰ ਵਿਖੇ ਇੰਤਜਾਰ ਕਰ ਰਹੀਆਂ ਹਨ। ਗੁਰੂ ਸਾਹਿਬ ਕਰਤਾਰਪੁਰ ਨੂੰ ਰਵਾਨਾ ਹੋ ਗਏ।

ਰਸਤੇ ਵਿਚ ਪਿੰਡ ਭਾਗੋਵਾਲ ਪੈਂਦਾ ਹੈ ਜੋ ਬਟਾਲੇ ਤੋ 10 ਕਿ. ਮੀ. ਪਹਾੜ ਕਰਤਾਰਪੁਰ ਦੇ ਰਸਤੇ ਵਿਚ ਪੈਂਦਾ ਹੈ। ਇਹ ਇਤਹਾਸਿਕ ਪਿੰਡ ਜੱਟਾਂ ਦੀ ਗੋਤ ਕਾਹਲੋਂ ਦਾ ਮੂਲ ਪਿੰਡ ਹੈ। ਕਿਹਾ ਜਾਂਦਾ ਹੈ ਕਿ ਕਾਹਲੋਂ ਲੋਕ ਧਾਰ (ਧਾਰਾ ਨਗਰੀ) ਮੱਧ ਪ੍ਰਦੇਸ ਤੋਂ ਉਠ ਕੇ ਇਥੇ ਆ ਵਸੇ ਸਨ ਤੇ ਬਾਦ ਵਿਚ ਅੰਮ੍ਰਿਤਸਰ, ਗੁਰਦਾਸਪੁਰ, ਨਾਰੋਵਾਲ ਅਤੇ ਸਿਆਲਕੋਟ ਜਿਲਿਆਂ ਵਿਚ ਫੈਲ ਗਏ। ਸਾਡੀ ਖੋਜ ਅਨੁਸਾਰ ਕਾਹਲੋਂ ਵੀ ਕਿਸੇ ਈਰਾਨੀ ਇਲਾਕੇ 'ਚੋਂ ਹੀ ਉਠ ਕੇ ਆਏ ਨੇ। ਹੋ ਸਕਦਾ 'ਕਾਲੋਂ ਪਹਾੜੀਆਂ' ਦੀ ਵਾਦੀ 'ਚੋਂ ਆਏ ਹੋਣ।

ਭਾਗੋਵਾਲ ਦੀ ਛਿੰਝ ਬਹੁਤ ਪ੍ਰਸਿੱਧ ਹੈ।

ਗੁਰੂ ਸਾਹਿਬ ਜਦੋਂ ਭਾਗੋਵਾਲ ਥਾਂਣੀ ਨਿਕਲੇ ਤਾਂ ਓਥੇ ਛਿੰਝ ਮੇਲਾ ਚਲ ਰਿਹਾ ਸੀ। ਘੋਲ, ਕਬੱਡੀ ਤੇ ਛਾਲ ਮਾਰਨ ਦੇ ਮੁਕਾਬਲੇ ਢੋਲ ਦੇ ਡਗੇ ਤੇ ਹੋ ਰਹੇ ਸਨ। ਕੋਈ ਨੱਪਿਆ ਜਾ ਰਿਹਾ ਸੀ ਕੋਈ ਉੱਠ ਰਿਹਾ ਸੀ। ਇਸ ਮੌਕੇ ਇਸ ਵੱਡੇ ਅਖਾੜੇ ਵਿਚ ਕਿਤੇ ਹੋ ਰਹੀ ਬੇਇਨਸਾਫੀ ਵੀ ਗੁਰੂ ਸਾਹਿਬ ਦੇ ਨਜਰੀ ਚੜ੍ਹੀ। ਲੱਗਦਾ ਹੈ ਕਿਤੇ ਕੋਈ ਛੋਟੀ ਜਾਤ ਦਾ ਭਲਵਾਨ ਮਾਲੀ ਜਿੱਤ ਰਿਹਾ ਸੀ ਕਿ ਹੇਰਾ ਫੇਰੀ ਕਰਕੇ ਨਤੀਜਾ ਉਲਟ ਐਲਾਨਿਆ ਗਿਆ। ਨਤੀਜਾ ਐਲਾਨਣ ਪਿੱਛੇ ਕਿਸੇ ਫਕੀਰ ਫੱਕਰ ਨੂੰ ਢਾਹਡਿਆਂ ਵਰਤ ਲਿਆ ਭਾਵ ਅਖੌਤੀ ਫਕੀਰ ਨੇ ਹੇਰਾ ਫੇਰੀ ਨਾਲ ਜਿੱਤੇ ਭਲਵਾਨ ਨੂੰ ਸਿਰੋ ਪਾਓ ਬਖਸ਼ ਦਿੱਤਾ।

ਇਸ ਤੇ ਗੁਰੂ ਸਾਹਿਬ ਨੇ ਇਨਾਂ ਅਖੌਤੀ ਧਾਰਮਿਕ ਬੰਦਿਆਂ ਦੇ ਕਿਰਦਾਰ ਦਾ ਵੀ ਖੰਡਣ ਕੀਤਾ ਤੇ ਨਾਲ ਹੀ ਇਸ ਮੌਕੇ ਸ਼ਬਦ ਉਚਾਰਿਆ ਜੋ ਆਸਾ ਦੀ ਵਾਰ ਵਿਚ ਸ਼ੁਸ਼ੋਭਿਤ ਹੈ:-

ਮਃ ੧ ॥ ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ ॥ ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ ॥ ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥ ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥

ਗੁਰੂ ਸਾਹਿਬ ਭਾਈ ਲਹਿਣੇ ਨੂੰ ਦੱਸਿਆ ਕਿ ਰੱਬ ਦੇ ਘਰ ਵਿਚ ਕੋਈ ਸਿਫਾਰਸ਼ ਜਾਂ ਜੋਰ ਨਹੀ ਚਲਦਾ। ਓਥੇ ਤਾਂ ਸੱਚ ਨੂੰ ਹੀ ਸਿਰੋਪਾ ਮਿਲਦਾ ਹੈ।

ਏਸੇ ਲਹਿਜੇ ਵਿਚ ਬਾਦ ਵਿਚ ਪੰਚਮ ਪਾਤਸ਼ਾਹ ਨੇ ਫਿਰ ਸ਼ਬਦ ਰਚਿਆ ਸੀ:-

ਹਉ ਗੋਸਾਈ ਦਾ ਪਹਿਲਵਾਨੜਾ ॥ ਮੈ ਗੁਰ ਮਿਲਿ ਉਚ ਦੁਮਾਲੜਾ ॥ ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥੧੭॥ ਵਾਤ ਵਜਨਿ ਟੰਮਕ ਭੇਰੀਆ ॥ ਮਲ ਲਥੇ ਲੈਦੇ ਫੇਰੀਆ ॥ ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿੱਤੀ ਕੰਡਿ ਜੀਉ ॥੧੮॥ ਸਭ ਇਕਠੇ ਹੋਇ ਆਇਆ ॥ ਘਰਿ ਜਾਸਨਿ ਵਾਟ ਵਟਾਇਆ ॥

ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ ॥

ਅਤੇ ਗੁਰਮੁੱਖ ਦੀ ਅੰਤਮ ਜਿੱਤ ਦਾ ਭਰੋਸਾ ਦਿਵਾਇਆ।

ਸੋਢੀ ਮਿਹਰਵਾਨ ਨੇ ਵੀ ਏਸੇ ਪ੍ਰਸੰਗ ਦੌਰਾਨ ਛਿੰਝ ਬਾਬਤ ਗੁਰੂ ਸਾਹਿਬ ਨੂੰ ਸੰਬੋਧਨ ਕਰਕੇ ਦੋ ਸਤਰਾਂ ਕਹੀਆਂ ਸਨ:-

ਨਜਰਿ ਭਲੇਰੀ ਨਾਨਕਾ, ਰਾਖਹੁ ਵਾਰਿ ਵਰਜਿ॥ ਨਜਰਿ ਦੇਖਹੁ ਸੁਭ ਦਿਸਟਿ ਕੀ, ਜੇ ਖਾਧਾ ਲੋੜੈ ਰਜਿ॥ ਰਜਿ ਖਾਇ ਜੇ ਪੰਜਾਂ ਮਾਰੇ, ਗੁਰਮੁਖਿ ਰਹਹਿ ਸਹਿਜ॥ਭਰਿਆ ਭਾਡਾ ਨਾਨਕਾ, ਭੈ ਵਿਚ ਰਖਹੁ ਕਜਿ॥ ਸਚੇ ਕੇ ਦਰਿ ਸਚੋ ਸੁਣੀਐ, ਛੁਟਹੁਗੇ ਕਿਤੁ ਪਜਿ॥ ਘਣੀ ਨਿਹਪਗ ਨਾਨਕਾ ਛਿੰਝ ਪਈ ਦਰਿ ਵਜਿ॥

ਗੁਰੂ ਜੀ ਤੁਸੀ ਨਾਮ ਜੱਪਣ ਦਾ ਕਹਿੰਦੇ ਹੋ, ਨਾਮ ਜਪਦਿਆਂ ਤਾਂ ਮੰਨ ਕਿਤੇ ਦਾ ਕਿਤੇ ਚਲਾ ਜਾਂਦਾ ਹੈ।

ਇਕ ਦਿਨ ਲਹੌਰ ਤੋਂ ਕੁਝ ਪੰਡਤ ਇਕੱਠੇ ਹੋ ਗੁਰੂ ਦਰਬਾਰ ਆ ਹਾਜਰ ਹੋਏ। ਲੰਗਰ ਪਾਣੀ ਛੱਕਣ ਉਪਰੰਤ ਉਨਾਂ ਪੁੱਛ ਗਿੱਛ ਅਰੰਭੀ ਤਾਂ ਸੰਗਤ ਨੇ ਉਨਾਂ ਨੂੰ ਭਾਈ ਲਹਿਣੇ ਨਾਲ ਮਿਲਾ ਦਿੱਤਾ। ਨਾਮ ਗੁਰਮਤ ਬਾਬਤ ਉਨਾਂ ਦੇ ਕੁਝ ਸ਼ੰਕੇ ਸਵਾਲ ਸਨ। ਭਾਈ ਲਹਿਣੇ ਨੇ ਚਾਹਿਆ ਕਿ ਇਹ ਜਗਿਆਸੂ ਖੁੱਦ ਗੁਰੂ ਸਾਹਿਬ ਕੋਲੋਂ ਹੀ ਆਪਣੇ ਸ਼ੰਕੇ ਨਵ੍ਰਿਤ ਕਰਨ।

ਭਾਈ ਲਹਿਣੇ ਨੇ ਗੁਰੂ ਸਾਹਿਬ ਨੂੰ ਜਾ ਕੇ ਖਬਰ ਦਿੱਤੀ ਕਿ ਲਹੌਰ ਤੋਂ ਕੁਝ ਪ੍ਰੇਮੀ ਆਏ ਨੇ ਉਨਾਂ ਦੇ ਮੰਨਾਂ ਵਿਚ ਨਾਮ ਦੇ ਸਿਧਾਂਤ ਬਾਬਤ ਕੁਝ ਸ਼ੰਕੇ ਨੇ ਉਹ ਤੁਹਾਨੂੰ ਮਿਲਣਾ ਚਾਹੁੰਦੇ ਨੇ।

ਗੁਰੂ ਸਾਹਿਬ ਆਪ ਅੱਗੇ ਹੋ ਕੇ ਉਨਾਂ ਨੂੰ ਮਿਲਣ ਧਰਮਸਾਲ ਵਿਖੇ ਆਏ। ਝੁੱਕ ਕੇ ਨਮਸਕਾਰ ਕੀਤੀ ਸਤਿ ਕਰਤਾਰ ਕਿਹਾ। ਜਗਿਆਸੂ ਦੇ ਸਾਹਮਣੇ ਗੁਰੂ ਸਾਹਿਬ ਨਿਉ ਜਾਂਦੇ ਸਨ ਤਾਂ ਕਿ ਅਗਲੇ ਨੂੰ ਸਵਾਲ ਕਰਨ ਵਿਚ ਕੋਈ ਪ੍ਰੇਸ਼ਾਨੀ ਨਾਂ ਹੋਵੇ। ਕਿਉਕਿ ਸਵਾਲ ਆਪਾਂ ਬਰਾਬਰ ਦੇ ਬੰਦੇ ਕੋਲੋ ਹੀ ਪੁੱਛ ਸਕਦੇ ਹਾਂ। ਉੱਚ ਪਦਵੀ ਤੇ ਬਰਾਜਮਾਨ ਬੰਦੇ ਨਾਲ ਖੁੱਲ ਕੇ ਸਵਾਲ ਜਵਾਬ ਜਾਂ ਚਰਚਾ ਨਹੀ ਹੋ ਸਕਦੀ।

ਉਨਾਂ ਦੇ ਮੁਖੀ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਗੁਰੂ ਜੀ ਤੁਹਾਡਾ ਇਹ ਜਿਹੜਾ ਨਾਮ ਦਾ ਸਿਧਾਂਤ ਹੈ ਇਹ ਵਿਅੱਰਥ ਹੈ। ਅਸੀ ਬਥੇਰੀ ਕੋਸ਼ਿਸ਼ ਕੀਤੀ ਹੈ ਨਾਮ ਜੱਪਣ ਵੇਲੇ ਮੰਨ ਤਾਂ ਕਿਤੇ ਦਾ ਕਿਤੇ ਪਹੁੰਚ ਜਾਂਦਾ ਹੈ। ਇਸ ਗਲ ਤੇ ਬਾਕੀ ਦੀ ਸੰਗਤ ਨੇ ਵੀ ਹਾਮੀ ਭਰੀ। ਪੰਡਤਾਂ ਨੇ ਕਿਹਾ ਕਿ ਇਸ ਨਾਲੋਂ ਫਿਰ ਕਰਮ ਕਾਂਡ ਦਾ ਸਿਧਾਂਤ ਬਿਹਤ੍ਰ ਨਹੀ?

ਫਿਰ ਗੁਰੂ ਸਾਹਿਬ ਨੇ ਸਾਰੀ ਸੰਗਤ ਦੇ ਸਨਮੁਖ ਸਮਝਾਇਆ ਕਿ ਇਹ ਸੱਚ ਹੈ ਕਿ ਨਾਮ ਜਪਦਿਆ ਮੰਨ ਉਡਾਰੀਆਂ ਭਰੇਗਾ ਪਰ ਪਹਿਲਾਂ ਤੁਸੀ ਆਪਣੀ ਹਉਮੈ ਦੇ ਨਾਲ ਵੀ ਜੂਝਣਾ ਹੈ। ਜਿੰਨੀ ਹਉਮੈ ਪ੍ਰਬਲ ਹੋਵੇਗਾ ਉਨਾਂ ਹੀ ਨਾਮ ਜੱਪਣਾ ਮੁਸ਼ਕਲ ਹੋਵੇਗਾ। ਜਦੋਂ ਤੁਸੀ ਹਉਮੈ ਦਾ ਪੜਦਾ ਪਾੜ ਸੁਟੋਗੇ ਤਾਂ ਤੁਹਾਨੂੰ ਸੱਚ ਦਿਸਣਾ ਸ਼ੁਰੂ ਹੋ ਜਾਏਗਾ। ਗੁਰੂ ਸਾਹਿਬ ਨੇ ਸਮਝਾਇਆ ਕਿ ਜਿੰਨਾ ਚਿਰ ਸਾਡੀ ਹਉਮੈ ਨਹੀ ਘਟੇਗੀ ਸਾਡੀ ਸੱਚੇ ਨਾਲ ਪ੍ਰੀਤ ਨਹੀ ਬਣ ਆਏਗੀ। ਫਿਰ ਜਦੋਂ ਨਾਮ ਰਤਨ ਦੀ ਪ੍ਰਾਪਤੀ ਹੋ ਗਈ ਫਿਰ ਤਾਂ ਅਨੰਦ ਹੀ ਅਨੰਦ ਹੈ। ਸੋ ਆਪਣੀ ਹਉਮੈ ਨਾਲ ਜੱਦੋਜਹਿਦ ਕਰੋ। ਮੌਤ ਨੂੰ ਸਵੀਕਾਰ ਕਰੋ।(ਵੇਖੋ ਹਉਮੈ ਅਤੇ ਨਾਮ ਦਾ ਸਿਧਾਂਤ ਪੰਨਾ 108)

ਇਸ ਮੌਕੇ ਨਾਲੇ ਗੁਰੂ ਸਾਹਿਬ ਨੇ ਫਿਰ ਸਮਝਾਇਆ ਕਿ ਕਰਮ ਕਾਂਡ ਕਿਵੇ ਫਜੂਲ ਹੈ।

ਫਿਰ ਗੁਰੂ ਸਾਹਿਬ ਨੇ ਜਦੋਂ ਆਸਾ ਰਾਗ ਵਿਚ ਸ਼ਬਦ ਗਾਵਿਆ ਤਾਂ ਇਕ ਪਾਸੇ ਰਬਾਬ ਢੋਲਕੀ ਖੜਤਾਲਾ ਆਦਿ ਦੀ ਧੁੰਨੀ ਸੀ ਦੂਸਰੇ ਪਾਸੇ ਪੰਛੀਆਂ ਨੇ ਨਾਲਦੇ ਰੁੱਖਾਂ ਤੇ ਆਪਣਾ ਰਾਗ ਅਰੰਭਿਆ ਸੀ। ਜੰਗਲ ਵਿਚ ਮੰਗਲ ਸੀ। ਸਾਰੀ ਸੰਗਤ ਰਲ ਕੇ ਗੁਰੂ ਸਾਹਿਬ ਦੇ ਪਿੱਛੇ ਗਾ ਰਹੀ ਸੀ:-

ਆਸਾ ਮਹਲਾ ੧ ॥ ਨਿਵਿ ਨਿਵਿ ਪਾਇ ਲਗਉ ਗੁਰ ਅਪੁਨੇ ਆਤਮ ਰਾਮੁ ਨਿਹਾਰਿਆ ॥ ਕਰਤ ਬੀਚਾਰੁ ਹਿਰਦੈ ਹਰਿ ਰਵਿਆ ਹਿਰਦੈ ਦੇਖਿ ਬੀਚਾਰਿਆ ॥੧॥ ਬੋਲਹੁ ਰਾਮੁ ਕਰੇ ਨਿਸਤਾਰਾ ॥ ਗੁਰ ਪਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜੀਆਰਾ ॥੧॥ ਰਹਾਉ ॥ ਰਵਨੀ ਰਵੈ ਬੰਧਨ ਨਹੀ ਤੂਟਹਿ ਵਿਚਿ ਹਉਮੈ ਭਰਮੁ ਨ ਜਾਈ ॥ ਸਤਿਗੁਰੁ ਮਿਲੈ ਤ ਹਉਮੈ ਤੂਟੈ ਤਾ ਕੋ ਲੇਖੈ ਪਾਈ ॥੨॥ ਹਰਿ ਹਰਿ ਨਾਮੁ ਭਗਤਿ ਪ੍ਰਿਅ ਪ੍ਰੀਤਮੁ ਸੁਖ ਸਾਗਰੁ ਉਰ ਧਾਰੇ ॥ ਭਗਤਿ ਵਛਲੁ ਜਗਜੀਵਨੁ ਦਾਤਾ ਮਤਿ ਗੁਰਮਤਿ ਹਰਿ ਨਿਸਤਾਰੇ ॥੩॥ ਮਨ ਸਿਉ ਜੂਝਿ ਮਰੈ ਪ੍ਰਭੁ ਪਾਏ ਮਨਸਾ ਮਨਹਿ ਸਮਾਏ ॥ ਨਾਨਕ ਕ੍ਰਿਪਾ ਕਰੇ ਜਗਜੀਵਨੁ ਸਹਜ ਭਾਇ ਲਿਵ ਲਾਏ ॥੪॥

ਅੰਤ ਵਿਚ ਲਹੌਰੀਆਂ ਨੇ ਰੱਲ ਕੇ ਗੁਰੂ ਸਾਹਿਬ ਨੂੰ ਅਰਜੋਈ ਕੀਤੀ ਕਿ ਕਿਤੇ ਲਹੌਰ ਵਿਚ ਵੀ ਸੰਗਤਾਂ ਨੂੰ ਦਰਸ਼ਨ ਦਿਓ। ਗੁਰੂ ਸਾਹਿਬ ਨੇ ਲਹੌਰ ਜਾਣਾ ਪ੍ਰਵਾਨ ਕੀਤਾ।

ਭਾਈ ਲਹਿਣੇ ਨੇ ਪੁੱਛਿਆ ਬਾਬਾ ਜੀ 'ਨਾਮ' ਦਾ ਕੀ ਮਤਲਬ?+

ਇਕ ਵੇਰਾਂ ਗੁਰੂ ਸਾਹਿਬ ਭਾਈ ਲਹਿਣੇ ਨੂੰ ਹੁਕਮ ਕਰ ਰਹੇ ਸਨ ਕਿ ਪੁਰਖਾ ਕੋਈ ਗਲ ਸਮਝ ਨਾਂ ਆਏ ਤਾਂ ਭਾਵੇ ਮੇਰੇ ਕੋਲੋਂ ਹਜ਼ਾਰ ਵਾਰ ਪੁੱਛ ਲਈ ਪਰ ਤੈਨੂੰ ਹਰ ਗਲ ਦੀ ਸਮਝ ਹੋਣੀ ਜਰੂਰੀ ਹੈ। ਝਕਣਾ ਨਹੀ।

ਇਸ ਭਰੋਸੇ ਕਰਕੇ ਝਕਦਿਆਂ ਝਕਦਿਆਂ ਭਾਈ ਲਹਿਣੇ ਨੇ ਪੁੱਛ ਲਿਆ ਕਿ ਗੁਰੂ ਜੀ ਮੈਨੂੰ ਨਾਮ ਦੇ ਸਿਧਾਂਤ ਬਾਰੇ ਅਜੇ ਵੀ ਕਈ ਭੁਲੇਖੇ ਪੈ ਜਾਂਦੇ ਨੇ। ਇਸ ਸਿਧਾਂਤ ਦੇ ਕਿੰਨੇ ਕੁ ਪਹਿਲੂ ਨੇ ? ਤੁਸੀ ਹਰ ਗਲ ਤੇ ਨਾਮ ਤੇ ਹੀ ਜੋਰ ਦਿੰਦੇ ਹੋ?

ਗੁਰੂ ਸਾਹਿਬ ਨੇ ਕਿਹਾ 'ਨਾਮ' ਦਾ ਸਿਧੱਾ ਜਿਹਾ ਮਤਲਬ ਹੈ ਸਰਬਵਿਆਪਕ ਨਿਰੰਕਾਰ ਦੀ ਹੋਂਦ ਨੂੰ ਮੰਨਣਾ ਤੇ ਉਹਦੇ ਅੱਗੇ ਸੀਸ ਝੁਕਾ ਦੇਣਾ ਕਿ ਕਰਨ ਕਾਰਨ ਸਮੱਰਥ ਸਿਰਫ ਨਿਰੰਕਾਰ ਅਕਾਲ ਪੁਰਖ ਹੀ ਹੈ। ਹੁਣ ਸਵਾਲ ਉਠਦਾ ਫਿਰ ਏਹੋ ਜਿਹੇ ਸਰਬ ਵਿਆਪਕ ਨਿਰੰਕਾਰ ਪ੍ਰਭੂ ਦੇ ਅਸੀ ਕਿਹੜੀ ਵਸਤੂ ਭੇਟ ਕਰ ਸਕਦੇ ਹਾਂ? ਜਵਾਬ ਸਿੱਧਾ ਜਿਹਾ ਕਿ ਆਪਣੇ ਜੀਵਨ ਵਿਚ ਸੱਚ ਨੂੰ ਧਾਰ ਲਓ। ਝੂਠ ਤੋਂ ਕਿਨਾਰਾ ਕਰ ਲਓ। ਜਦੋਂ ਤੁਸੀ ਰਜਾ ਵਿਚ ਆ ਜਾਓਗੇ ਤਾਂ ਉਹ ਤੁਹਾਨੂੰ ਆਪਣੇ ਚਰਨਾਂ ਵਿਚ ਬੈਠਣ ਨੂੰ ਥਾਂ ਦੇਵੇਗਾ। ਉਹਦਾ ਦਰਬਾਰ ਅਜਿਹਾ ਅਚੁੱਕ ਹੈ ਕਿ ਤੁਹਾਡੀ ਪਲ ਪਲ ਦੀ ਸੇਵਾ ਦਾ ਹਿਸਾਬ ਰਖਦਾ ਹੈ ਉਹ।

ਸਾਹਿਬ ਨੇ ਸ਼ਬਦ ਉਚਾਰਿਆ:

ਰਾਮਕਲੀ ਮਹਲਾ ੧ ॥ ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥ ਸਾਚੁ ਭੇਟ ਬੈਸਣ ਕਉ ਥਾਉ ॥ ਸਤੁ ਸੰਤੋਖੁ ਹੋਵੈ ਅਰਦਾਸਿ ॥ ਤਾ ਸੁਣਿ ਸਦਿ ਬਹਾਲੇ ਪਾਸਿ ॥੧॥ ਨਾਨਕ ਬਿਰਥਾ ਕੋਇ ਨ ਹੋਇ ॥ ਐਸੀ ਦਰਗਹ ਸਾਚਾ ਸੋਇ ॥੧॥ ਰਹਾਉ ॥ ਪ੍ਰਾਪਤਿ ਪੋਤਾ ਕਰਮੁ ਪਸਾਉ ॥ ਤੂ ਦੇਵਹਿ ਮੰਗਤ ਜਨ ਚਾਉ ॥ ਭਾਡੈ ਭਾਉ ਪਵੈ ਤਿਤੁ ਆਇ ॥ ਧੁਰਿ ਤੈ ਛੋਡੀ ਕੀਮਤਿ ਪਾਇ ॥੨॥ ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥ ਅਪਨੀ ਕੀਮਤਿ ਆਪੇ ਧਰੈ ॥ ਗੁਰਮੁਖਿ ਪਰਗਟੁ ਹੋਆ ਹਰਿ ਰਾਇ ॥ ਨਾ ਕੋ ਆਵੈ ਨਾ ਕੋ ਜਾਇ ॥੩॥ ਲੋਕੁ ਧਿਕਾਰੁ ਕਹੈ ਮੰਗਤ ਜਨ ਮਾਗਤ ਮਾਨੁ ਨ ਪਾਇਆ ॥ ਸਹ ਕੀਆ ਗਲਾ ਦਰ ਕੀਆ ਬਾਤਾ ਤੈ ਤਾ ਕਹਣੁ ਕਹਾਇਆ ॥

ਹੋਰ ਸਾਹਿਬ ਨੇ ਫਰਮਾਇਆ: (ਹੋਰ ਵੀ ਦੇਖੋ ਸਫਾ 310 ਤੇ)
ਜਿਸ ਨੋ ਬਖਸੇ ਸਿਫਤਿ ਸਾਲਾਹ ॥ ਨਾਨਕ ਪਾਤਿਸਾਹੀ ਪਾਤਿਸਾਹੁ ॥

'ਏਕਲੜੀ ਬਨ ਮਾਹੇ'••

ਕਰਤਾਰਪੁਰ ਬੈਠਿਆਂ ਬੈਠਿਆਂ ਗੁਰੂ ਸਾਹਿਬ ਦੀ ਅਜਿਹੀ ਮੌਜ ਆਈ ਕਿ ਗੁਰੂ ਸਾਹਿਬ ਵੇਈ ਪਾਰ ਕਰਕੇ ਨਾਲ ਨਾਲ ਜਿਓ ਰਵਾਨਾ ਹੋਏ, ਕੋਈ 4- 5 ਕਿ. ਮੀ. ਲਹਿੰਦੇ ਨੂੰ ਨਿਕਲ ਗਏ ਜਿੱਥੇ ਵੇਈ ਤੇ ਦਰਿਆ ਦਾ ਮੇਲ ਹੁੰਦਾ ਹੈ। ਵੱਡੇ ਵੱਡੇ ਡੂੰਮ ਪਏ ਹੋਏ ਸਨ। ਦੁਆਲੇ ਸਰਕੜਾ ਤੇ ਕਾਹ (ਲੰਮਾ ਘਾਹ)। ਮੀਲਾਂ ਤੱਕ ਨਾਂ ਬੰਦਾ, ਨਾਂ ਬੰਦੇ ਦੀ ਜਾਤ। ਨਾ ਕੋਈ ਹਊਮੈ ਦਾ ਝੇੜਾ। ਨਾਂ ਕਿਧਰੇ ਕੋਈ ਗੁੱਸਾ, ਨਾਂ ਨਰਾਜਗੀ। ਦੇਗ ਵੇਈਂ ਚੁੱਪ ਚੁਪੀਤੇ ਰਾਵੀ ਨਾਲ ਮਿਲ ਰਹੀ ਸੀ। ਕਦੀ ਕਦਾਈ ਕਿਸੇ ਮੱਛੀ ਦੀ ਉੱਚਲ ਕੁੱਦ ਦੀ ਅਵਾਜ ਆ ਜਾਂਦੀ ਸੀ। ਬਾਕੀ ਸਭ ਸ਼ਾਂਤ ਸੀ।

ਓਥੇ ਬੈਠਿਆਂ ਬੈਠਿਆਂ ਗੁਰੂ ਸਾਹਿਬ ਨੂੰ ਪਤੀ ਪ੍ਰਮੇਸ਼ਰ ਦਾ ਅਜਿਹਾ ਵੈਰਾਗ ਛੁੱਟਿਆ ਕਿ ਪ੍ਰਸਿੱਧ ਸਬਦ ਓਥੇ ਫਿਰ ਰਚਿਆ ਅਤੇ ਉੱਚੀ ਸੁਰ ਨਾਲ ਗਾਵਿਆ। ਐਨਾ ਕੁ ਉੱਚਾ ਕਿ ਬੇਲਾ ਗੂੰਜ ਉਠਿਆ। ਸਿੱਖਾਂ ਨੂੰ ਪਤਾ ਲੱਗ ਗਇਆ ਕਿ ਬਾਬਾ ਕਿਥੇ ਬੈਠਾ ਹੈ:-

ਗਉੜੀ ਛੰਤ ਮਹਲਾ ੧ ॥ ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹੇ ॥ ਕਿਉ ਧੀਰੈਗੀ ਨਾਹ ਬਿਨਾ ਪ੍ਰਭ ਵੇਪਰਵਾਹੇ ॥ ਧਨ ਨਾਹ ਬਾਝਹੁ ਰਹਿ ਨ ਸਾਕੈ ਬਿਖਮ ਰੈਣਿ ਘਣੇਰੀਆ ॥ ਨਹ ਨੀਦ ਆਵੈ ਪ੍ਰੇਮੁ ਭਾਵੈ ਸੁਣਿ ਬੇਨੰਤੀ ਮੇਰੀਆ ॥ ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ ॥ ਨਾਨਕ ਸਾ ਧਨ ਮਿਲੈ ਮਿਲਾਈ ਬਿਨੁ ਪ੍ਰੀਤਮ ਦੁਖੁ ਪਾਏ ॥੧॥ ਪਿਰਿ ਛੋਡਿਅੜੀ ਜੀਉ ਕਵਣੁ ਮਿਲਾਵੈ ॥ ਰਸਿ ਪ੍ਰੇਮਿ ਮਿਲੀ ਜੀਉ ਸਬਦਿ ਸੁਹਾਵੈ ॥ ਸਬਦੇ ਸੁਹਾਵੈ ਤਾ ਪਤਿ ਪਾਵੈ ਦੀਪਕ ਦੇਹ ਉਜਾਰੈ ॥ ਸੁਣਿ ਸਖੀ ਸਹੇਲੀ ਸਾਚਿ ਸੁਹੇਲੀ ਸਾਚੇ ਕੇ ਗੁਣ ਸਾਰੈ ॥ ਸਤਿਗੁਰਿ ਮੇਲੀ ਤਾ ਪਿਰਿ ਰਾਵੀ ਬਿਗਸੀ ਅੰਮ੍ਰਿਤ ਬਾਣੀ ॥ ਨਾਨਕ ਸਾ ਧਨ ਤਾ ਪਿਰੁ ਰਾਵੈ ਜਾ ਤਿਸ ਕੈ ਮਨਿ ਭਾਣੀ ॥੨॥ ਮਾਇਆ ਮੋਹਣੀ ਨੀਘਰੀਆ ਜੀਉ ਕੂੜਿ ਮੁਠੀ ਕੂੜਿਆਰੇ ॥ ਕਿਉ ਖੂਲੈ ਗਲ ਜੇਵੜੀਆ ਜੀਉ ਬਿਨੁ ਗੁਰ ਅਤਿ ਪਿਆਰੇ ॥ ਹਰਿ ਪ੍ਰੀਤਿ ਪਿਆਰੇ ਸਬਦਿ ਵੀਚਾਰੇ ਤਿਸ ਹੀ ਕਾ ਸੋ ਹੋਵੈ ॥ ਪੁੰਨ ਦਾਨ ਅਨੇਕ ਨਾਵਣ ਕਿਉ ਅੰਤਰ ਮਲੁ ਧੋਵੈ ॥ ਨਾਮ ਬਿਨਾ ਗਤਿ ਕੋਇ ਨ ਪਾਵੈ ਹਠਿ ਨਿਗ੍ਰਹਿ ਬੇਬਾਣੈ ॥ ਨਾਨਕ ਸਚ ਘਰੁ ਸਬਦਿ ਸਿਞਾਪੈ ਦੁਬਿਧਾ ਮਹਲੁ ਕਿ ਜਾਣੈ ॥੩॥ ਤੇਰਾ ਨਾਮੁ ਸਚਾ ਜੀਉ ਸਬਦੁ ਸਚਾ ਵੀਚਾਰੋ ॥ ਤੇਰਾ ਮਹਲੁ ਸਚਾ ਜੀਉ ਨਾਮੁ ਸਚਾ ਵਾਪਾਰੋ ॥ ਨਾਮ ਕਾ ਵਾਪਾਰੁ ਮੀਠਾ ਭਗਤਿ ਲਾਹਾ ਅਨਦਿਨੋ ॥ ਤਿਸੁ ਬਾਝੁ ਵਖਰੁ ਕੋਇ ਨ ਸੂਝੈ ਨਾਮੁ ਲੇਵਹੁ ਖਿਨੁ ਖਿਨੋ ॥ ਪਰਖਿ ਲੇਖਾ ਨਦਰਿ ਸਾਚੀ ਕਰਮਿ ਪੂਰੈ ਪਾਇਆ ॥ ਨਾਨਕ ਨਾਮੁ ਮਹਾ ਰਸੁ ਮੀਠਾ ਗੁਰਿ ਪੂਰੈ ਸਚੁ ਪਾਇਆ ॥੪॥੨

ਕਿਉਕਿ ਦੂਰੋ ਦੂਰੋ ਪ੍ਰੇਮੀ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਇਆ ਕਰਦੇ ਸਨ ਜਿਵੇ ਪਤਾ ਲੱਗਾ ਕਿ ਬਾਬਾ ਰਾਵੀ ਕੰਢੇ ਬੈਠਾ ਹੌਲੀ ਹੌਲੀ ਸੰਗਤ ਓਥੇ ਹੀ ਜੁੜ ਗਈ। ਸੰਗਤ ਨੇ ਸ਼ਬਦ ਗਾਇਨ ਵਿਚ ਸਾਥ ਦਿੱਤਾ। ਫਿਰ ਗੁਰੂ ਸਾਹਿਬ ਓਥੋਂ ਚੱਲ ਤੁਰੇ। ਰਸਤੇ 'ਚ ਜਦੋਂ ਆ ਰਹੇ ਸਨ ਤਾਂ ਦੋ ਤਿੰਨ ਮੁਹਤਬਰ ਬੰਦਿਆਂ ਗੁਰੂ ਸਾਹਿਬ ਨੂੰ ਅਰਜ ਕੀਤੀ ਬਾਬਾ ਜੀ ਬੇਲੇ ਵਿਚ ਜੰਗਲੀ ਜਾਨਵਰ ਬਹੁਤ ਹਨ ਖਾਸ ਕਰਕੇ ਬਘਿਆੜ ਆਮ ਹੀ ਵੇਖੇ ਜਾਂਦੇ ਹਨ ਕਿਰਪਾ ਕਰੋ ਤੇ ਇਸ ਤਰਾਂ ਇਕੱਲੇ ਜੰਗਲ ਵਿਚ ਨਾਂ ਬੈਠਿਆ ਕਰੋ। ਹੋਰ ਵੀ ਕਈ ਬਲਾਵਾਂ ਹਨ।

ਇਹ ਸੁਣ ਗੁਰੂ ਸਾਹਿਬ ਫਿਰ ਇਕ ਬੰਨੇ ਤੇ ਬਹਿ ਗਏ ਤੇ ਸ਼ਬਦ ਸ਼ੁਰੂ ਕਰ ਦਿੱਤਾ।

ਗਉੜੀ ਮਹਲਾ ੧ ॥ ਜਿਨਿ ਅਕਥੁ ਕਹਾਇਆ ਅਪਿਓ ਪੀਆਇਆ ॥ ਅਨ ਭੈ ਵਿਸਰੇ ਨਾਮਿ ਸਮਾਇਆ ॥੧॥ ਕਿਆ ਡਰੀਐ ਡਰੁ ਡਰਹਿ ਸਮਾਨਾ ॥ ਪੂਰੇ ਗੁਰ ਕੈ ਸਬਦਿ ਪਛਾਨਾ ॥੧॥ ਰਹਾਉ ॥ ਜਿਸੁ ਨਰ ਰਾਮੁ ਰਿਦੈ ਹਰਿ ਰਾਸਿ ॥ ਸਹਜਿ ਸੁਭਾਇ ਮਿਲੇ ਸਾਬਾਸਿ ॥੨॥ ਜਾਹਿ ਸਵਾਰੈ ਸਾਝ ਬਿਆਲ ॥ ਇਤ ਉਤ ਮਨਮੁਖ ਬਾਧੇ ਕਾਲ ॥੩॥ ਅਹਿਨਿਸਿ ਰਾਮੁ ਰਿਦੈ ਸੇ ਪੂਰੇ ॥ ਨਾਨਕ ਰਾਮ ਮਿਲੇ ਭ੍ਰਮ ਦੂਰੇ ॥੪॥੧੧॥**

ਗੁਰੂ ਸਾਹਿਬ ਨੇ ਫਰਮਾਇਆ ਕਿ ਅਕਾਲ ਪੁਰਖ ਦੀ ਸਿਫਤ ਸਲਾਹ ਦੇ ਸ਼ਬਦ ਨੇ ਮੇਰੇ ਸਾਰੇ ਡਰ ਦੂਰ ਕਰ ਦਿੱਤੇ ਹੋਏ ਨੇ।

'ਸਭਿ ਨਾਦ ਬੇਦ ਗੁਰਬਾਣੀ'◉•

ਗੁਰੂ ਸਾਹਿਬ ਕਰਤਾਰਪੁਰ ਸਾਹਿਬ ਬਿਰਾਜਮਾਨ ਸਨ ਕਿ ਇਕ ਜੋਗੀਆਂ ਦਾ ਟੋਲਾ ਆ ਪਹੁੰਚਿਆ। ਇਨਾਂ ਜੋਗੀਆਂ ਵਿਚੋ ਇਕ ਜੋਗੀ ਗੁਰੂ ਸਾਹਿਬ ਦੀ ਸੰਗਤ ਪਹਿਲਾਂ ਕਰ ਚੁੱਕਾ ਸੀ ਅਤੇ ਜਦੋਂ ਦੂਸਰੇ ਸਾਥੀ ਜੋਗੀਆਂ ਵਿਚ ਨਾਮ ਦਾ ਪ੍ਰਚਾਰ ਕੀਤਾ ਤਾਂ ਅਗਲੇ ਵਿਰੋਧ ਵਿਚ ਆ ਗਏ। ਵਿਰੋਧੀਆਂ ਦਾ ਕਹਿਣਾ ਸੀ ਕਿ ਨਾਮ ਜਪਣ ਨਾਲ ਅਨਹਦ ਧੁੰਨ ਕਿਵੇ ਵੱਜੇਗੀ ਤੇ ਜੋਤ ਦਾ ਪ੍ਰਕਾਸ਼ ਕਿਵੇ ਹੋਵੇਗਾ। ਕਿਉਕਿ ਜੋਗੀ ਲੋਕ 'ਨਾਦ ਜੋਤ' ਨੂੰ ਹੀ ਸਭ ਕੁਝ ਸਮਝ ਲੈਂਦੇ ਨੇ।

ਲੰਗਰ ਪਾਣੀ ਛੱਕਣ ਤੋਂ ਬਾਦ ਗੁਰਸਿੱਖ ਜੋਗੀ ਨੇ ਜਾ ਗੁਰੂ ਸਾਹਿਬ ਕੋਲ ਅਰਜ ਕੀਤੀ ਕਿ ਬਾਕੀ ਜੋਗੀ ਆ ਬਹਿਸ ਬਾਜੀ ਕਰਦੇ ਨੇ ਕਿ 'ਨਾਦ-ਜੋਤ' ਨਾਮ ਨਾਲ ਕਿਵੇ ਪ੍ਰਗਟ ਹੋ ਜਾਏਗੀ ਬਿਨਾਂ ਧਿਆਨ ਲਾਇਆ?

ਗੁਰੂ ਸਾਹਿਬ ਨੇ ਸਮਝਾਇਆ ਕਿ ਜਦੋਂ ਤੁਹਾਡੀ ਹਊਮੈ ਘਟ ਜਾਵੇਗੀ ਤਾਂ ਬਹੁਤ ਚਮਤਕਾਰ ਹੋਣਗੇ। ਬਸ ਪਿੱਛਲੀਆਂ ਗੱਲਾਂ ਛੱਡ ਕੇ ਨਾਮ ਦੇ ਲੜ ਲੱਗ ਜਾਓ। ਤੁਹਾਡੇ ਨਾਦ ਜੋਤ ਵੀ ਪ੍ਰਗਟ ਹੋ ਜਾਏਗੀ। ਗੁਰਬਾਣੀ ਭਾਵ ਨਾਮ ਵਿਚ ਸਭਿ ਕੁਝ ਆ ਜਾਂਦਾ ਹੈ। ਸਾਹਿਬ ਨੇ ਸ਼ਬਦ ਰਚਿਆ ਜੋ ਸਾਰੀ ਸੰਗਤ ਨਾਲ ਰਲ ਕੇ ਗਾਇਆ:-

ਰਾਮਕਲੀ ਮਹਲਾ ੧ ॥ ਜਾ ਹਰਿ ਪ੍ਰਭਿ ਕਿਰਪਾ ਧਾਰੀ ॥ ਤਾ ਹਉਮੈ ਵਿਚਹੁ ਮਾਰੀ ॥ ਸੋ ਸੇਵਕਿ ਰਾਮ ਪਿਆਰੀ ॥ ਜੋ ਗੁਰ ਸਬਦੀ ਬੀਚਾਰੀ ॥੧॥ ਸੋ ਹਰਿ ਜਨੁ ਹਰਿ ਪ੍ਰਭ ਭਾਵੈ ॥ ਅਹਿਨਿਸਿ ਭਗਤਿ ਕਰੇ ਦਿਨੁ ਰਾਤੀ ਲਾਜ ਛੋਡਿ ਹਰਿ ਕੇ ਗੁਣ ਗਾਵੈ

ਪੈਰ ਸਫਾ
•ਸੋਢੀ 2-309, ● ਸੋਢੀ:2 ਅਨੁਸਾਰ, ◉ ਸੋਢੀ 2-242, ■ ਬੀ 40-96 ਅਤੇ ਸੋਢੀ 2- 1144, ਸਿੱਖੀ ਦਾ ਸਿਧਾਂਤ ਹੈ ਕਿ ਜਿਹੜਾ ਸੱਚੇ ਦਿੱਲੋਂ ਗੁਰੂ ਨਾਨਕ ਦੇ ਪੰਥ ਵਿਚ ਸ਼ਾਮਲ ਹੋ ਗਇਆ ਉਹ ਜੀਵਨ ਮੁੱਕਤ ਹੋ ਜਾਵੇਗਾ। ਤਾਂ ਹੀ ਤੇ ਪੰਚਮ ਪਾਤਸ਼ਾਹ ਨੇ ਇਹ ਸ਼ਬਦ ਕਿਹਾ ਸੀ:- "ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥ ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥"

○ ਸੋਢੀ 2-145, *ਸੋਢੀ 2- 304, Glossary-Tribes & Castes-H.A.Rose-II, ◘ ਸੋਢੀ 2-246, ✚ਸੋਢੀ ਅਨੁਸਾਰ, ••ਸੋਢੀ 2- 361, ** ਸੋਢੀ 2- 424, ◉•ਸੋਢੀ 2- 365ਅਤੇ ਸੋਢੀ 2- 367

॥੧॥ ਰਹਾਉ ॥ ਧੁਨਿ ਵਾਜੇ ਅਨਹਦ ਘੋਰਾ ॥ ਮਨੁ ਮਾਨਿਆ ਹਰਿ ਰਸਿ ਮੋਰਾ ॥ ਗੁਰ ਪੂਰੈ ਸਚੁ ਸਮਾਇਆ ॥ ਗੁਰੁ ਆਦਿ ਪੁਰਖੁ ਹਰਿ ਪਾਇਆ ॥੨॥ ਸਭਿ ਨਾਦ ਬੇਦ ਗੁਰਬਾਣੀ ॥ ਮਨੁ ਰਾਤਾ ਸਾਰਿਗਪਾਣੀ ॥ ਤਹ ਤੀਰਥ ਵਰਤ ਤਪ ਸਾਰੇ ॥ ਗੁਰ ਮਿਲਿਆ ਹਰਿ ਨਿਸਤਾਰੇ ॥੩॥ ਜਹ ਆਪੁ ਗਇਆ ਭਉ ਭਾਗਾ ॥ ਗੁਰ ਚਰਣੀ ਸੇਵਕੁ ਲਾਗਾ ॥ ਗੁਰਿ ਸਤਿਗੁਰਿ ਭਰਮੁ ਚੁਕਾਇਆ ॥ ਕਹੁ ਨਾਨਕ ਸਬਦਿ ਮਿਲਾਇਆ ॥੪॥੧੦॥

ਇਸ ਦੇ ਬਾਵਜੂਦ ਇਕ ਜੋਗੀ ਸਿਰ ਅੜਾਈ ਹੀ ਜਾ ਰਿਹਾ ਸੀ ਅਖੇ ਜੀ ਗ੍ਰਿਸਤ ਵਿਚ ਰਹਿ ਕੇ ਨਾਦ-ਜੋਤ ਕਿਵੇ ਪ੍ਰਗਟ ਹੋ ਸਕਦੀ ਹੈ। ਗੁਰੂ ਸਾਹਿਬ ਨੇ ਉਨ੍ਹੰ ਬਹੁਤ ਪ੍ਰੇਮ ਪੂਰਬਕ ਸਮਝਾਇਆ ਕਿ ਵੇਖ ਭਾਈ ਕਪੜੇ ਲੀੜੇ ਖਾਣ ਭੋਜਨ ਵਾਸਤੇ ਤੂੰ ਗ੍ਰਿਸਤੀ ਦੇ ਘਰ ਹਾਜਰ ਹੋ ਜਾਂਦਾ ਹੈ। ਫਿਰ ਗ੍ਰਿਸਤ ਕਿਧਰੇਂ ਮਾੜਾ ਹੋ ਗਿਆ। ਗ੍ਰਿਸਤ ਤਾਂ ਸਗੋਂ ਸਨਿਆਸ ਨਾਲੋਂ ਉਤਮ ਹੋ ਗਿਆ। ਸਾਹਿਬ ਨੇ ਫਿਰ ਸ਼ਬਦ ਰਚਿਆ ਤੇ ਸੰਗਤ ਦੀ ਸ਼ਮੂਲੀਅਤ ਨਾਲ ਗਾਇਆ:-

ਰਾਮਕਲੀ ਮਹਲਾ ੧ ॥ ਛਾਦਨੁ ਭੋਜਨੁ ਮਾਗਤੁ ਭਾਗੈ ॥ ਖੁਧਿਆ ਦੂਸਟ ਜਲੈ ਦੁਖੁ ਆਗੈ ॥ ਗੁਰਮਤਿ ਨਹੀ ਲੀਨੀ ਦੁਰਮਤਿ ਪਤਿ ਖੋਈ ॥ ਗੁਰਮਤਿ ਭਗਤਿ ਪਾਵੈ ਜਨੁ ਕੋਈ ॥੧॥ ਜੋਗੀ ਜੁਗਤਿ ਸਹਜ ਘਰਿ ਵਾਸੈ ॥ ਏਕ ਦ੍ਰਿਸਟਿ ਏਕੋ ਕਰਿ ਦੇਖਿਆ ਭੀਖਿਆ ਭਾਇ ਸਬਦਿ ਤ੍ਰਿਪਤਾਸੈ ॥੧॥ ਰਹਾਉ ॥ ਪੰਚ ਬੈਲ ਗਡੀਆ ਦੇਹ ਧਾਰੀ ॥ ਰਾਮ ਕਲਾ ਨਿਬਹੈ ਪਤਿ ਸਾਰੀ ॥ ਧਰ ਤੂਟੀ ਗਾਡੋ ਸਿਰ ਭਾਰਿ ॥ ਲਕਰੀ ਬਿਖਰਿ ਜਰੀ ਮੰਝ ਭਾਰਿ ॥੨॥ ਗੁਰ ਕਾ ਸਬਦੁ ਵੀਚਾਰਿ ਜੋਗੀ ॥ ਦੁਖੁ ਸੁਖੁ ਸਮ ਕਰਣਾ ਸੋਗ ਬਿਓਗੀ ॥ ਭੁਗਤਿ ਨਾਮੁ ਗੁਰ ਸਬਦਿ ਬੀਚਾਰੀ ॥ ਅਸਥਿਰੁ ਕੰਧੁ ਜਪੈ ਨਿਰੰਕਾਰੀ ॥੩॥ ਸਹਜ ਜਗੇਟਾ ਬੰਧਨ ਤੇ ਛੂਟਾ ॥ ਕਾਮੁ ਕ੍ਰੋਧੁ ਗੁਰ ਸਬਦੀ ਲੂਟਾ ॥ ਮਨ ਮਹਿ ਮੁੰਦ੍ਰਾ ਹਰਿ ਗੁਰ ਸਰਣਾ ॥ ਨਾਨਕ ਰਾਮ ਭਗਤਿ ਜਨ ਤਰਣਾ ॥੪॥੧੧॥

ਹਰ ਕੋਈ ਧੰਨ ਗੁਰੂ ਨਾਨਕ, ਵਾਹਿਗੁਰੂ..ਕਹਿ ਰਿਹਾ ਸੀ।

—◈—

ਨਿਰੰਕਾਰ ਨਾਲ ਪ੍ਰੀਤ ਅਜਿਹੀ ਹੋਵੇ ਜਿਵੇ ਮੱਛੀ ਦੀ ਪਾਣੀ ਨਾਲ ਹੈ*

ਗੁਰੂ ਸਾਹਿਬ ਰਾਵੀ ਦੇ ਕੰਢੇ ਬੈਠੇ ਸਨ। ਇਕ ਛੋਟੀ ਜਿਹੀ ਮੱਛੀ ਪਾਣੀ ਵਿਚ ਛਾਲਾਂ ਮਾਰ ਰਹੀ ਸੀ ਕਿ ਭੁੜਕਦੀ ਭੁੜਕਦੀ ਪਾਣੀਓ ਬਾਹਰ ਰੇਤੇ ਤੇ ਆ ਡਿੱਗੀ। ਗੁਰੂ ਸਾਹਿਬ ਨੇ ਹੁਕਮ ਕਰਕੇ ਮੱਛੀ ਵਾਪਸ ਪਾਣੀ ਵਿਚ ਸੁਟਾ ਦਿੱਤੀ। ਨਾਲ ਬੈਠੇ ਸਿੱਖਾਂ ਨੂੰ ਸੰਬੋਧਨ ਹੁੰਦੇ ਹੋਏ ਕਿਹਾ ਕਿ ਨਿਰੰਕਾਰ ਸਾਡੇ ਤੇ ਐਸੀ ਬਖਸ਼ਸ਼ ਕਰੇ ਕਿ ਸਾਡੀ ਅਕਾਲ ਪੁਰਖ ਨਾਲ ਅਜਿਹੀ ਪ੍ਰੀਤ ਹੋ ਜਾਏ ਜਿਵੇ ਮੱਛੀ ਦੀ ਪਾਣੀ ਨਾਲ ਹੈ। ਜੇ ਨਿਰੰਕਾਰ ਨੂੰ ਯਾਦ ਨਾਂ ਕਰੀਏ ਤੇ ਓਸੇ ਪਲ ਸਾਡੀ ਮੌਤ ਹੋਵੇ। ਗੁਰੂ ਸਾਹਿਬ ਨੇ ਹੋਰ ਕਿਹਾ ਕਿ ਵੇਖੋ ਨਾਂ ਮਾਇਆਧਾਰੀ ਬੰਦਾ ਮਾਇਆ ਤੋਂ ਵਿਛੜ ਕੇ ਕਿਵੇ ਮਰ ਮਰ ਜਾਂਦਾ ਹੈ ਅਜਿਹੀ ਪ੍ਰੀਤ ਸਾਡੀ ਰੱਬ ਨਾਲ ਕਿਓ ਨਹੀ ਬਣ ਪਾਉਦੀ?

ਸਾਹਿਬ ਰਾਵੀ ਕੰਢੇ ਹੀ ਸ਼ੁਰੂ ਹੋ ਗਏ। ਉੱਚੀ ਸੁਰ ਵਿਚ ਤੇ ਸ਼ਬਦ ਰਚਿਆ:

ਸੋਰਠਿ ਮਹਲਾ ੧ ॥ ਜਿਉ ਮੀਨਾ ਬਿਨੁ ਪਾਣੀਐ ਤਿਉ ਸਾਕਤੁ ਮਰੈ ਪਿਆਸ ॥ ਤਿਉ ਹਰਿ ਬਿਨੁ ਮਰੀਐ ਰੇ ਮਨਾ ਜੋ ਬਿਰਥਾ ਜਾਵੈ ਸਾਸੁ ॥੧॥ ਮਨ ਰੇ ਰਾਮ ਨਾਮ ਜਸੁ ਲੋਇ ॥ ਬਿਨੁ ਗੁਰ ਇਹੁ ਰਸੁ ਕਿਉ ਲਹਉ ਗੁਰੁ ਮੇਲੈ ਹਰਿ ਦੇਇ ॥ ਰਹਾਉ ॥ ਸੰਤ ਜਨਾ ਮਿਲੁ ਸੰਗਤੀ ਗੁਰਮੁਖਿ ਤੀਰਥੁ ਹੋਇ ॥ ਅਠਸਠਿ ਤੀਰਥ ਮਜਨਾ ਗੁਰ ਦਰਸੁ ਪਰਾਪਤਿ ਹੋਇ ॥੨॥ ਜਿਉ ਜੋਗੀ ਜਤ ਬਾਹਰਾ ਤਪੁ ਨਾਹੀ ਸਤੁ ਸੰਤੋਖੁ ॥ ਤਿਉ ਨਾਮੈ ਬਿਨੁ ਦੇਹੁਰੀ ਜਮੁ ਮਾਰੈ ਅੰਤਰਿ ਦੋਖੁ ॥੩॥ ਸਾਕਤ ਪ੍ਰੇਮੁ ਨ ਪਾਈਐ ਹਰਿ ਪਾਈਐ ਸਤਿਗੁਰ ਭਾਇ ॥ ਸੁਖ ਦੁਖ ਦਾਤਾ ਗੁਰੁ ਮਿਲੈ ਕਹੁ ਨਾਨਕ ਸਿਫਤਿ ਸਮਾਇ ॥੪॥੭॥

—◈—

"ਬਾਬਾ ਜੀ ਅਸੀ ਜਾਂਦੇ" ਮੇਰਾ ਮੰਨ ਨਹੀ ਇਨਾਂ ਗੱਲਾਂ ਵਿਚ ਲੱਗਦਾ।•

ਇਕ ਜੋਗੀਆਂ ਦਾ ਸ਼ਰਧਾਲੂ ਕੁਝ ਦਿਨਾਂ ਤੋਂ ਕਰਤਾਰਪੁਰ ਸਾਹਿਬ ਰਹਿ ਰਿਹਾ ਸੀ। ਪਹਿਲਾਂ ਇਹ ਤ੍ਰਿਕੁੱਟੀ ਤੇ ਧਿਆਨ ਵੀ ਲਾਇਆ ਕਰਦਾ ਹੁੰਦਾ ਸੀ। ਗੁਰੂ ਸਾਹਿਬ ਨਾਲ ਇਸ ਦੀ ਪੁਰਾਣੀ ਜਾਣ ਪਛਾਣ ਸੀ। ਪਰ ਅੱਜ ਕੁਝ ਕਾਹਲਾ ਪੈ ਗਇਆ ਕਿ ਕਿਹੜੇ ਗੋਰਖ ਧੰਧੇ ਵਿਚ ਮੈਂ ਲੱਗ ਗਇਆ ਹਾਂ: ਨਾਮ! ਨਾਮ!! ਨਾਮ!!!।

"ਕਹਿਣ ਲੱਗਾ ਬਾਬਾ ਮੇਰੇ ਕੋਲ ਨਹੀ ਇਹ ਅਜਾਬ ਹੁੰਦਾ। ਮੈਂ ਚਲਿਆ। "

ਗੁਰੂ ਸਾਹਿਬ ਨੇ ਸਾਰੀ ਸੰਗਤ ਵਿਚ ਉਸ ਨੂੰ ਸਮਝਾਇਆ ਕਿ ਜਦੋਂ ਅਸੀ ਨਾਮ ਜਪਦੇ ਹਾਂ ਰੱਬ ਤੇ ਕੋਈ ਅਹਿਸਾਨ ਨਹੀ ਕਰਦੇ। ਇਹ ਤਾਂ ਪ੍ਰੇਮ ਦਾ ਮਾਰਗ ਆ। ਫਿਰ ਜਿਵੇ ਇਹ ਬੰਦਾ ਕਹਿ ਰਿਹਾ ਸੀ ਕਿ ਧਿਆਨ ਨਹੀ ਬੱਝਦਾ। ਗੁਰੂ ਸਾਹਿਬ ਨੇ ਉਪਦੇਸ਼ ਕੀਤਾ ਕਿ ਸੱਚ ਬਾਰੇ ਸੋਚੋ ਆਪੇ ਧਿਆਨ ਲੱਗ ਜਾਏਗਾ। ਆਪਣੀ ਅਸਲੀਅਤ ਸੋਚੋ। ਆਪਣੇ ਅੰਤ ਸਮੇਂ ਬਾਰੇ ਸੋਚੋ। ਵੇਖੋ ਫਿਰ ਕਿੱਢੀ ਛੇਤੀ ਮਾਇਆ ਮੋਹ ਤੋਂ ਛੁਟਕਾਰਾ ਹੁੰਦਾ ਹੈ। ਭਾਈ ਕਰਤੇ ਦੀ ਖੇਡ ਨੂੰ ਪਛਾਣੋ। ਹਉਮੈ ਦੇ ਪਸਾਰੇ ਨੂੰ ਪਛਾਣੋ। ਗੁਰੂ ਸਾਹਿਬ ਦਾ ਕੁਝ ਅਜਿਹਾ ਸਮਝਾਉਣਾ ਹੋਇਆ ਕਿ ਗਿਆਨੀ ਧਿਆਨੀ ਹੁਣ ਨਿਮਰਤਾ ਵਿਚ ਆ ਚੁੱਕਾ ਸੀ। ਹੰਕਾਰ ਛੁੱਟ ਗਿਆ।

ਗੁਰੂ ਸਾਹਿਬ ਨੇ ਦੀਵਾਨ ਵਿਚ ਬੈਠੀ ਸਾਰੀ ਸੰਗਤ ਦੀ ਸ਼ਮੂਲੀਅਤ ਨਾਲ ਸ਼ਬਦ ਗਾਵਿਆ:

ਗਉੜੀ ਮਹਲਾ ੧ ॥ ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥ ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥ ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥ ਰੇ ਮਨ ਮੇਰੇ ਭਰਮੁ ਨ ਕੀਜੈ ॥ ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥ ਜਨਮੁ ਜੀਤਿ ਮਰਣਿ ਮਨੁ ਮਾਨਿਆ ॥ ਆਪਿ ਮੂਆ ਮਨੁ ਮਨ ਤੇ ਜਾਨਿਆ ॥ ਨਜਰਿ ਭਈ ਘਰੁ ਘਰ ਤੇ ਜਾਨਿਆ ॥੨॥ ਜਤੁ ਸਤੁ ਤੀਰਥੁ ਮਜਨੁ ਨਾਮਿ ॥ ਅਧਿਕ ਬਿਥਾਰੁ ਕਰਉ ਕਿਸੁ ਕਾਮਿ ॥ ਨਰ ਨਾਰਾਇਣ ਅੰਤਰਜਾਮਿ ॥੩॥ ਆਨ ਮਨਉ ਤਉ ਪਰ ਘਰ ਜਾਉ ॥ ਕਿਸੁ ਜਾਚਉ ਨਾਹੀ ਕੋ ਥਾਉ ॥ ਨਾਨਕ ਗੁਰਮਤਿ ਸਹਜਿ ਸਮਾਉ ॥੪॥

ਗਿਆਨੀ ਧਿਆਨੀ ਬੰਦੇ ਦਾ ਹੰਕਾਰ ਦੂਰ ਹੋ ਚੁੱਕਾ ਸੀ। ਅੱਖਾਂ ਵਿਚ ਹੰਝੂ। ਕਹਿਣ ਲੱਗਾ ਬਾਬਾ ਬੱਸ ਮੈਂ ਤੇਰਾ। ਮਾਰ ਭਾਵੇ ਰੱਖ। ਵਾਹਿਗੁਰੂ ਵਾਹਿਗੁਰੂ!

—◈—

'ਬਾਬਾ ਸੱਚੀ ਸੱਚੀ ਦੱਸੀ ਤੂੰ ਰੱਬ ਵੇਖਿਐ? ਉਹ ਕਿਹੋ ਜਿਹਾ ਹੈ?'•

ਗੁਰੂ ਸਾਹਿਬ ਕਰਤਾਰਪੁਰ ਵਿਖੇ ਸਨ ਕਿ ਇਕ ਦਿਨ ਇਕ ਬਜੁਰਗ ਵੈਸ਼ਨੋ ਭਗਤ ਜਿਹਲਮ ਇਲਾਕੇ ਦੇ ਕਿਸੇ ਸ਼ਹਿਰੋ ਚਲ ਆਇਆ। ਸੇਵਾਦਾਰਾਂ ਆਓ ਭਗਤ ਕੀਤੀ। ਲੰਗਰ ਪਾਣੀ ਛਕਾਇਆ। ਕਹਿਣ ਲੱਗਾ ਮੈਨੂੰ ਗੁਰੂ ਨਾਨਕ ਨਾਲ ਮਿਲਾਓ। ਸੇਵਾਦਾਰਾਂ ਕਿਹਾ ਕਿ ਹੁਣ ਸ਼ਾਮ ਦੇ ਦੀਵਾਨ ਵਿਚ ਹਾਜਰੀ ਭਰਨਾਂ ਤੇ ਖੁੱਲ ਕੇ ਗੁਰੂ ਸਾਹਿਬ ਨਾਲ ਗਲ ਕਰਨਾਂ।

ਦੀਵਾਨ ਵੇਲੇ ਫਿਰ ਭਗਤ ਹਾਜਰ ਹੋਇਆ ਤੇ ਖੜਾ ਹੋ ਕੇ

ਨਮਸਕਾਰ ਕਰਨ ਤੋਂ ਬਾਦ ਅਰਜੋਈ ਕਰਨ ਲੱਗਾ ਕਿ ਬਾਬਾ ਜੀ ਤੇਰੀ ਚੁਫੇਰੇ ਉਪਮਾ ਹੈ ਕਿ ਤੁਸੀ ਰੱਬ ਨੂੰ ਮਿਲੇ ਹੋ। ਮੈਂ ਇਲਾਕੇ ਵਿਚ ਪ੍ਰਚਲਤ ਲੱਗ ਪਗ ਸਾਰੇ ਧਾਰਮਿਕ ਗ੍ਰੰਥ ਪੜੇ ਨੇ ਵੇਦਾਂ ਤੋਂ ਲੈ ਕੇ ਸਿਮ੍ਰਤੀਆਂ, ਪੁਰਾਨ ਆਦਿ ਇਥੋ ਤੱਕ ਮੈਂ ਸਾਮੀ ਮਜ਼ਬਾਂ ਦੇ ਗਰੰਥ ਕੁਰਾਨ ਆਦਿ ਵੀ ਪੜਿਆਂ ਹਾਂ। ਮੇਰੇ ਮੰਨ ਵਿਚ ਰੱਬ ਬਾਰੇ ਜਾਨਣ ਦੀ ਇਛਾ ਹੈ। ਦੁਨੀਆ ਕਹਿ ਰਹੀ ਹੈ ਕਿ ਬਾਬੇ ਨਾਨਕ ਨੇ ਰੱਬ ਵੇਖਿਆ ਹੈ ਕਿਰਪਾ ਕਰਕੇ ਦੱਸੋ ਕਿ ਉਹ ਕਿਹੋ ਜਿਹਾ ਹੈ?

ਗੁਰੂ ਸਾਹਿਬ ਨੇ ਕਿਹਾ ਕਿ ਬਲਿਹਾਰ ਜਾਨਾ ਵਾਂ ਉਸ ਆਤਮਾ ਤੋਂ ਜਿਸ ਨੂੰ ਨਿਰੰਕਾਰ ਬਾਰੇ ਜਾਨਣ ਦੀ ਅਭਿਲਾਖਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਬਹੁਤੀ ਦੁਨੀਆ ਧਾਰਮਿਕ ਹੋਣ ਦਾ ਵੇਖੋ ਵੇਖੀ ਭੇਖ ਕਰਦੀ ਹੈ ਪਰ ਕਦੀ ਪੈਦਾ ਕਰਨ ਵਾਲੇ ਬਾਬਤ ਸੋਚਦੇ ਘੱਟ ਹੀ ਹਨ।

ਗੁਰੂ ਸਾਹਿਬ ਨੇ ਕਿਹਾ 'ਹਾਂ ਮੈਂ ਭਾਗਾਂ ਵਾਲਾ ਹਾਂ ਮੈਂ ਸਰਬਵਿਆਪਕ ਅਕਾਲ ਪੁਰਖ ਦੇ ਸਾਖਸ਼ਾਤ ਦਰਸ਼ਨ ਕਰਦਾਂ ਹਾਂ। ਮੈਨੂੰ ਤੁਹਾਡੇ ਵਿਚੋਂ ਵੀ ਉਸ ਦੇ ਦਰਸ਼ਨ ਹੋ ਰਹੇ ਨੇ। ਮੈਂ ਨਿਰਗੁਣ ਬ੍ਰਹਮ ਨੂੰ ਸਰਗੁਣ ਰੂਪ ਵਿਚ ਉਹਦੀ ਰਚਨਾ ਰਾਂਹੀ ਵੇਖਦਾ ਹਾਂ। ਉਹ ਬੜਾ ਕਿਰਪਾਲੂ ਹੈ। ਉਹ ਸਾਡੀ ਸੁਣਦਾ ਹੈ। ਉਹ ਸਾਡੀਆਂ ਅਰਦਾਸਾਂ ਦਾ ਜਵਾਬ ਦਿੰਦਾ ਹੈ। ਉਹ ਹਰ ਥਾਂ ਬਰਾਜਮਾਨ ਹੈ। ਪੂਰੇ ਬ੍ਰਹਮੰਡ ਵਿਚ ਉਸ ਤੋਂ ਸੁੰਨੀ ਕੋਈ ਥਾਂ ਨਹੀ। ਉਨੂੰ ਤੁਸੀ ਏਥੇ ਵੀ ਮਹਿਸੂਸ ਕਰ ਸਕਦੇ ਹੋ ਤੇ ਦੂਰ ਬਿਸੀਅਰ ਦੇਸ ਤੇ ਮੱਕੇ ਮਦੀਨੇ ਬਗਦਾਦ ਵਿਚ ਵੀ। ਉਹ ਕੁਝ ਅਜਿਹਾ ਹੀ ਮਾਲਕ ਹੈ। ਸੱਚੀ ਗਲ ਹੈ ਉਹਨੂੰ ਬਿਆਨ ਕਰਨਾਂ ਵੀ ਸੰਭਵ ਨਹੀ। ਉਹਦੇ ਦਰਸ਼ਨ ਸਿਰਫ ਉਹਦੀ ਰਚਨਾ ਵਿਚੋ ਹੀ ਹਨ।

ਸਾਖਸ਼ਾਤ ਦਰਸ਼ਨ ਓਥੇ ਹੋਣੇ ਹਨ ਜਿੱਥੇ ਬੰਦਾ ਸੱਚ ਵਿਚ ਆ ਗਇਆ ਹੈ। ਹਾਂ ਜਿੱਥੇ ਉਹ ਪ੍ਰਗਟ ਹੁੰਦਾ ਹੈ ਉਹਦੀ ਨਿਸ਼ਾਨੀ ਸੱਚ ਹੈ। ਓਥੇ ਫਿਰ ਨਿਰੰਕਾਰ ਦੀ ਉਪਮਾ ਦਾ ਪ੍ਰਵਾਹ ਚਲਦਾ ਹੈ (ਸਾਚੈ ਸਬਦਿ ਨੀਸਾਣੁ) ਗੁਰੂ ਸਾਹਿਬ ਤੇ ਸੰਗਤ ਨੇ ਰਲ ਕੇ ਸਬਦ ਗਾਵਿਆ:-

ਸੋਰਠਿ ਮਹਲਾ ੧ ॥ ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ ॥ ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ ॥੧॥ ਸਾਚੇ ਸਚਿਆਰ ਵਿਟਹੁ ਕੁਰਬਾਣੁ ॥ ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ ॥ ਰਹਾਉ ॥ ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ ॥ ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ ॥੨॥ ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ॥ ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ ॥੩॥ ਜੰਤ ਉਪਾਇ ਕਾਲੁ ਸਿਰਿ ਜੰਤਾ ਵਸਗਤਿ ਜੁਗਤਿ ਸਬਾਈ ॥ ਸਤਿਗੁਰੁ ਸੇਵਿ ਪਦਾਰਥੁ ਪਾਵਹਿ ਛੂਟਹਿ ਸਬਦੁ ਕਮਾਈ ॥੪॥ ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ ॥ ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ ॥੫॥

ਮੁਕਦੀ ਗਲ ਕਿ ਜਿਹੜਾ ਬੰਦਾ ਸੱਚ ਦਾ ਧਾਰਨੀ ਹੋ ਜਾਂਦਾ ਹੈ ਉਨੂੰ ਘਟ ਘਟ ਵਿਚ ਨਿਰੰਕਾਰ ਦੇ ਦਰਸ਼ਨ ਹੁੰਦੇ ਹਨ।

—◈—

ਭਾਈ ਲਹਿਣੇ ਨੇ ਪੁੱਛਿਆ "ਗੁਰੂ ਜੀ ਅੰਮ੍ਰਿਤ ਵੇਲੇ ਤੇ ਇਨਾ ਜੋਰ ਕਿਓ ਦਿੰਦੇ ਹੋ?"

ਜਵਾਬ– ਸੱਟ ਓਦੋਂ ਮਾਰੋ ਜਦੋਂ ਲੋਹਾ ਗਰਮ ਹੋਵੇ।

ਓਦੋਂ ਦੀ ਗਲ ਹੈ ਜਦੋਂ ਗੁਰੂ ਸਾਹਿਬ ਲਹੌਰੋਂ ਵਾਪਸ ਕਰਤਾਰਪੁਰ ਆਏ ਸਨ। ਹਾੜ ਦਾ ਮਹੀਨਾ ਸੀ। ਰਾਤ ਮਸਾਂ ਢਾਈ ਪਹਿਰਾਂ ਦੀ ਹੁੰਦੀ ਹੈ। ਪਹਿਰ ਰਾਤ ਰਹਿੰਦੀ ਨੂੰ ਹੀ ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਜਗਾ ਲਿਆ। ਇਸ਼ਨਾਨ ਕੀਤਾ। ਕਪੜੇ ਪਾਏ ਤੇ ਜਪੁਜੀ ਸਾਹਿਬ ਦਾ ਪਾਠ ਕਰਨ ਉਪਰੰਤ ਹੋਰ ਬਾਣੀਆਂ ਪੜ੍ਹਨ ਲੱਗ ਪਏ।

ਰੋਜ ਦੀ ਤਰਾਂ ਭਾਈ ਲਹਿਣੇ ਦੇ ਮੰਨ ਵਿਚ ਬਾਰ ਬਾਰ ਸਵਾਲ ਉਠ ਰਹੇ ਸਨ ਕਿ ਕੀ ਵਜਾ ਹੈ ਗੁਰੂ ਸਾਹਿਬ ਮਨੇਰੇ ਉੱਠਣ ਨੂੰ ਕਿਓ ਜਿਆਦਾ ਤਰਜੀਹ ਦਿੰਦੇ ਹਨ? ਆਖਿਰ ਜਦੋਂ ਗੁਰੂ ਸਾਹਿਬ ਵਿਹਲੇ ਹੋਏ ਤਾਂ ਭਾਈ ਲਹਿਣੇ ਨੇ ਸਵਾਲ ਕਰ ਦਿੱਤਾ ਕਿ ਗੁਰੂ ਜੀ ਕਿੱਢਾ ਵੱਡਾ ਦਿਨ ਹੁੰਦਾ ਹੈ ਤੁਸੀ ਮਨ੍ਹੇਰ ਸਾਰ ਹੀ ਕਿਓ ਉਠਦੇ ਹੋ?

ਇਹ ਸਵਾਲ ਕਰਨ ਤੇ, ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਸ਼ਾਬਾਸ਼ ਦਿੱਤੀ ਫਿਰ ਦੁਹਰਾਇਆ ਕਿ ਜੋ ਵੀ ਮੰਨ ਵਿਚ ਗਲ ਆਏ ਜਰੂਰ ਪੁੱਛਿਆ ਕਰ।

ਫਿਰ ਗੁਰੂ ਸਾਹਿਬ ਨੇ ਸਾਰੀ ਸੰਗਤ ਨੂੰ ਭਰੇ ਦੀਵਾਨ ਵਿਚ ਸਮਝਾਇਆ ਕਿ ਮਨ੍ਹੇਰੇ ਉਠਣਾ ਨਿਰੰਕਾਰ ਦੇ ਪ੍ਰੇਮੀਆਂ ਲਈ ਕਿਓ ਜਰੂਰੀ ਹੈ?

ਸਾਹਿਬ ਨੇ ਦੱਸਿਆ ਕਿ ਮਨ੍ਹੇਰੇ ਭਾਵ ਪਹਿਰ ਰਾਤ ਰਹਿੰਦੀ ਜਦੋਂ ਅਸੀ ਸੁੱਤੇ ਉਠਦੇ ਹਾਂ ਤਾਂ ਸਾਡੇ ਮਨ ਦੀਆਂ ਤਰੰਗਾਂ ਬੱਝੀਆਂ ਹੁੰਦੀਆਂ ਹਨ। ਦਿਨ ਵੇਲੇ ਸਾਡਾ ਧਿਆਨ ਕਈ ਪਾਸੇ ਖਿੱਲਰਦਾ ਹੈ ਜਿਸ ਕਾਰਨ ਅਸੀ ਨਿਰੰਕਾਰ ਦੀ ਉਪਮਾ ਵਲ ਧਿਆਨ ਨਹੀ ਦੇ ਪਾਉਦੇ। ਗੁਰੂ ਸਾਹਿਬ ਨੇ ਕਿਹਾ ਕਿ ਬਾਦਸ਼ਾਹ ਉਹ ਬਣਦੇ ਹਨ ਜੋ ਐਨ ਵਕਤ ਤੇ ਜੂਝਦੇ ਹਨ। ਭਾਵ ਓਦੋਂ ਸੱਟ ਮਾਰਦੇ ਹਨ ਜਦੋਂ ਲੋਹਾ ਗਰਮ ਹੁੰਦੈ। ਜੇ ਤੁਸੀ ਨਿਰੰਕਾਰ ਵਲ ਧਿਆਨ ਕਰਨਾਂ ਤਾਂ ਮਨ੍ਹੇਰ ਭਾਵ ਅੰਮ੍ਰਿਤ ਵੇਲਾ ਸਭ ਤੋਂ ਉੱਤਮ।

ਸੁਸਤੀ ਲਾਹੁੰਣ ਲਈ ਇਸ਼ਨਾਨ ਜਰੂਰੀ ਹੈ ਅਤੇ ਫਿਰ ਸਿਫਤ ਸਾਲਾਹ ਤੇ ਇਕਾਗਰ ਮਨ ਜਰੂਰੀ ਹੈ।

ਗੁਰੂ ਸਾਹਿਬ ਨੇ ਭਰੇ ਦੀਵਾਨ ਵਿਚ ਫਿਰ ਸ਼ਬਦ ਗਾਵਿਆ:-

ਸਲੋਕੁ ਮਃ ੧ ॥ ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ ॥ ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ ॥ ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ ॥ ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ ॥ ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ ॥ ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ ॥ ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ ॥ ਭੀ ਉਠਿ ਰਚਿਓਨੁ ਵਾਦੁ ਸੈ ਵਰ੍ਹਿਆ ਕੀ ਪਿੜ ਬਧੀ ॥ ਸਭੇ ਵੇਲਾ ਵਖਤ ਸਭਿ ਜੇ ਅਠੀ ਭਉ ਹੋਇ ॥ ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਹੋਇ ॥੧॥

ਇਸ ਮੌਕੇ ਫਿਰ ਭਾਈ ਲਹਿਣੇ ਨੇ ਵੀ ਕੁਝ ਸਤਰਾਂ ਕਹੀਆਂ।

ਮਃ ੨ ॥ ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ ॥ ਅਠੀ ਵੇਪਰਵਾਹ ਰਹਨਿ ਇਕਤੈ ਰੰਗਿ ॥ ਦਰਸਨਿ ਰੂਪਿ ਅਥਾਹ ਵਿਰਲੇ ਪਾਈਅਹਿ ॥ ਕਰਮਿ ਪੂਰੈ ਪੂਰਾ ਗੁਰੂ ਪੂਰਾ ਜਾ ਕਾ ਬੋਲੁ ॥ ਨਾਨਕ ਪੂਰਾ ਜੇ ਕਰੇ ਘਟੈ ਨਾਹੀ ਤੋਲੁ ॥

ਜਿਵੇ ਭਾਈ ਲਹਿਣੇ ਨੇ ਇਹ ਬਾਣੀ ਕਹੀ ਗੁਰੂ ਸਾਹਿਬ ਗੱਦ ਗੱਦ ਹੋ ਉਠੇ।

ਉਪਰੰਤ ਗੁਰੂ ਸਾਹਿਬ ਅੰਮ੍ਰਿਤ ਵੇਲੇ ਦੇ ਇਸ਼ਨਾਨ ਦੀ ਅਹਿਮੀਅਤ ਤੇ ਵਖਿਆਨ ਕਰ ਰਹੇ ਸਨ ਕਿ ਭਾਈ ਲਹਿਣੇ ਨੇ ਇਕ ਸਲੋਕ ਹੋਰ ਕਹਿ ਕੇ ਗੁਰੂ ਸਾਹਿਬ ਨੂੰ ਪ੍ਰਸੰਨ ਕਰ ਦਿੱਤਾ:

ਸਲੋਕ ਮਃ ੨ ॥ ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ ॥ ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ ॥ ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰੁ ਪੀਰੁ ॥ ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥ ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥ ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ ॥ ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ ॥ ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ ॥ ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ॥ ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ ॥ ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ ॥ ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ ॥

ਸਤਿ ਕਰਤਾਰ, ਸਤਿਨਾਮ, ਵਾਹਿਗੁਰੂ ਵਾਹਿਗੁਰੂ ਦੀ ਗੂੰਜ ਨਾਲ ਬੇਲਾ ਝੂਮ ਉਠਿਆ ਸੀ।

ਜਦੋਂ ਕਰਤਾਰਪੁਰ ਦੇ ਥੜੇ ਤੇ ਗਵੱਈਆਂ ਨੇ ਕਬਜ਼ਾ ਕਰ ਲਿਆ■

ਕਰਤਾਰਪੁਰ ਉੱਜ ਤਾਂ ਹਰ ਵੇਲੇ ਲੋਕਾਂ ਦੀ ਭੀੜ ਰਹਿੰਦੀ ਸੀ ਪਰ ਮੱਸਿਆ, ਪੁੰਨਿਆ ਤੇ ਸੰਗਰਾਂਦ ਵਾਲੇ ਦਿਨ ਰੌਣਕਾਂ ਹਜਾਰਾਂ ਵਿਚ ਹੋ ਜਾਂਦੀਆਂ ਸਨ। ਇਕ ਦਿਨ ਪੁੰਨਿਆ ਦੇ ਮੌਕੇ ਦੀਵਾਨ ਸੱਜੇ ਹੋਏ ਸਨ ਕਿ ਰਾਸ ਧਾਰੀਆਂ ਜਿਹੇ ਗਵੱਈਆਂ ਦਾ ਇਕ ਜੱਥਾ ਪਿੱਛੋਂ ਹੀ ਗੋਂਦ ਗੁੰਦ ਕੇ ਦੀਵਾਨ ਵਿਚ ਹਾਜਰ ਹੋਇਆ। ਜਥੇ ਦੇ ਮੁਖੀ ਨੇ ਭਾਈ ਲਹਿਣੇ ਨੂੰ ਬੇਨਤੀ ਕੀਤੀ ਕਿ ਉਸਨੂੰ ਵੀ ਥੜੇ (ਸਟੇਜ) ਤੇ ਟਾਈਮ ਦਿੱਤਾ ਜਾਵੇ। ਭਾਈ ਲਹਿਣੇ ਨੇ ਕਿਹਾ ਕਿ ਅਸੀ ਇਥੇ ਸਿਰਫ ਇਕ ਨਿਰੰਕਾਰ ਰੱਬ ਦੀ ਉਸਤਤ ਕਰਦੇ ਹਾਂ ਹੋਰ ਗੱਲਾਂ ਇਥੇ ਪ੍ਰਵਾਨ ਨਹੀ ਹਨ। ਪਰ ਮੁਖੀ ਨੇ ਬਹੁਤ ਹੀ ਪਿਆਰੀ ਹੇਕ ਲਾ ਕੇ ਇਕ ਦੋ ਸਤਰਾਂ ਜਿਵੇ ਸੁਣਾਈਆਂ ਤਾਂ ਭਾਈ ਲਹਿਣੇ ਨੂੰ ਉਨਾਂ ਦੇ ਜਥੇ ਨੂੰ ਕੀਰਤਨ ਦੀ ਇਜਾਜਤ ਦੇ ਦਿੱਤੀ।

ਰਾਸ ਧਾਰੀਆਂ ਨੇ ਪਹਿਲਾਂ ਤਾਂ ਥੋੜਾ ਸਮਾਂ ਰੱਬ ਦੀ ਉਸਤਤ ਵਿਚ ਲਾਇਆ ਤੇ ਤੁਰੰਤ ਬਾਦ ਕਿਸੇ ਅਖੌਤੀ ਸੂਰਬੀਰ ਦੀ ਮੁਕਾਮੀ ਵਾਰ ਸੁਣਾਉਣੀ ਸ਼ੁਰੂ ਕਰ ਦਿੱਤੀ। ਉਸ ਤੋਂ ਬਾਦ ਉਹ ਸਿੱਧਾ ਹੀ ਇਸ਼ਕ ਮਸ਼ੂਕੀ ਦੇ ਕਿੱਸੇ ਤੇ ਆ ਗਏ। ਭਾਈ ਲਹਿਣੇ ਨੇ ਜਿਵੇ ਉਨਾਂ ਨੂੰ ਟੋਕਿਆ ਤੇ ਥੜੇ ਤੋਂ ਥੱਲੇ ਉਤਰਨ ਦਾ ਹੁਕਮ ਕੀਤਾ ਤਾਂ ਸਰੋਤਿਆਂ ਵਿਚੋਂ ਕੁਝ ਨੇ ਭਾਈ ਸਾਹਿਬ ਨੂੰ ਟੋਕ ਦਿੱਤਾ ਕਿ ਇਨਾਂ ਨੂੰ ਗਾਉਣ ਦਿੱਤਾ ਜਾਵੇ। ਕਿਉਕਿ ਭੀੜ ਵਿਚ ਹਰ ਪ੍ਰਕਾਰ ਦੇ ਲੋਕ ਸਨ।

ਭਾਈ ਸਾਹਿਬ ਨੇ ਤੁਰੰਤ ਜਾ ਗੁਰੂ ਸਾਹਿਬ ਨੂੰ ਦੱਸਿਆ ਕਿ ਥੜੇ ਤੇ ਗਵੱਈਏ ਅਜਿਹੇ ਆ ਬੈਠੇ ਨੇ ਉਤਰਨ ਦਾ ਨਾਂ ਨਹੀ ਲੈ ਰਹੇ ਤੇ ਉਹ ਗੁਰਮਤ ਦੇ ਪ੍ਰਤੀਕੂਲ ਗੀਤ ਗਾ ਰਹੇ ਨੇ।

ਫਿਰ ਗੁਰੂ ਸਾਹਿਬ ਦੀਵਾਨ ਦੇ ਸਾਹਮਣੇ ਮੰਜਾ ਢਾਹ ਕੇ ਬੈਠ ਗਏ। ਸੰਗਤ ਵਿਚੋਂ ਲੋਕਾਂ ਨੇ ਉਠ ਗੁਰੂ ਸਾਹਿਬ ਵਲ ਦੌੜਨਾ ਸ਼ੁਰੂ ਕਰ ਦਿੱਤਾ ਕਿ ਆਪਣੇ ਦੁੱਖ ਤਕਲੀਫ ਦਾ ਗੁਰੂ ਸਾਹਿਬ ਤੋਂ ਨਿਵਾਰਨ ਕਰਵਾਇਆ ਜਾ ਸਕੇ। ਕਿਉਕਿ ਲੋਕ ਤਾਂ ਮੁਢਲੇ ਤੌਰ ਤੇ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਏ ਸਨ। ਪਲਾਂ ਵਿਚ ਦੀਵਾਨ ਵਿਚ ਹਫੜਾ ਦਫੜੀ ਮੱਚ ਗਈ। ਰਾਸਧਾਰੀਆਂ ਆਪਣੇ ਸਾਜ ਸਾਂਭੇ ਤੇ ਚਲਦੇ ਬਣੇ।

ਇਸ ਤੇ ਫਿਰ ਗੁਰੂ ਸਾਹਿਬ ਨੇ ਸੰਗਤ ਨੂੰ ਸੰਬੋਧਨ ਕੀਤਾ ਕਿ ਬੀਤੇ ਦੀਆਂ ਗੱਲਾਂ ਗੀਤਾਂ ਰਾਂਹੀ ਸੁਣਾ ਕੇ ਗਵੱਈਏ ਲੋਕਾਂ ਨੂੰ ਝੂਠ ਵਲ ਪ੍ਰੇਰਦੇ ਹਨ। ਨਿਰੰਕਾਰ ਦੇ ਅਭਿਲਾਖੀ ਗੁਰਮੁਖ ਪਿਆਰਿਓ ਓਨਾਂ ਗੀਤਾਂ ਕਥਾਵਾਂ ਤੋਂ ਦੂਰ ਰਹੋ ਜਿਨਾਂ ਕਰਕੇ ਤੁਹਾਡੀ ਹਊਮੇ ਭਾਵ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਉਤਸ਼ਾਹ ਮਿਲਦਾ ਹੋਵੇ। ਸਾਨੂੰ ਸਾਧ ਸੰਗਤ ਦੇ ਚਰਨਾਂ ਵਿਚ ਰਹਿਣਾ ਹਊਗਾ ਜੇ ਅਸੀ ਆਪਣੇ ਦੁੱਖ ਦਲਿਦ੍ਰ ਕੱਟਣੇ ਹਨ ਤਾਂ। ਸਾਰੀ ਸੰਗਤ ਨੇ ਸਾਹਿਬ ਦੇ ਨਾਲ ਰਲ ਕੇ ਇਹ ਸ਼ਬਦ ਗਾਵਿਆ।

ਆਸਾ ਮਹਲਾ ੧ ॥ ਗਾਵਹਿ ਗੀਤੇ ਚੀਤਿ ਅਨੀਤੇ ॥ ਰਾਗ ਸੁਣਾਇ ਕਹਾਵਹਿ ਬੀਤੇ ॥ ਬਿਨੁ ਨਾਵੈ ਮਨਿ ਝੂਠੁ ਅਨੀਤੇ ॥੧॥ ਕਹਾ ਚਲਹੁ ਮਨ ਰਹਹੁ ਘਰੇ ॥ ਗੁਰਮੁਖਿ ਰਾਮ ਨਾਮਿ ਤ੍ਰਿਪਤਾਸੇ ਖੋਜਤ ਪਾਵਹੁ ਸਹਜਿ ਹਰੇ ॥੧॥ ਰਹਾਉ ॥ ਕਾਮੁ ਕ੍ਰੋਧੁ ਮਨਿ ਮੋਹੁ ਸਰੀਰਾ ॥ ਲਬੁ ਲੋਭੁ ਅਹੰਕਾਰੁ ਸੁ ਪੀਰਾ ॥ ਰਾਮ ਨਾਮ ਬਿਨੁ ਕਿਉ ਮਨੁ ਧੀਰਾ ॥੨॥ ਅੰਤਰਿ ਨਾਵਣੁ ਸਾਚੁ ਪਛਾਣੈ ॥ ਅੰਤਰ ਕੀ ਗਤਿ ਗੁਰਮੁਖਿ ਜਾਣੈ ॥ ਸਾਚ ਸਬਦ ਬਿਨੁ ਮਹਲੁ ਨ ਪਛਾਣੈ ॥੩॥ ਨਿਰੰਕਾਰ ਮਹਿ ਆਕਾਰੁ ਸਮਾਵੈ ॥ ਅਕਲ ਕਲਾ ਸਚੁ ਸਾਚਿ ਟਿਕਾਵੈ ॥ ਸੋ ਨਰੁ ਗਰਭ ਜੋਨਿ ਨਹੀ ਆਵੈ ॥੪॥ ਜਹਾਂ ਨਾਮੁ ਮਿਲੈ ਤਹ ਜਾਉ ॥ ਗੁਰ ਪਰਸਾਦੀ ਕਰਮ ਕਮਾਉ ॥ ਨਾਮੇ ਰਾਤਾ ਹਰਿ ਗੁਣ ਗਾਉ ॥੫॥ ਗੁਰ ਸੇਵਾ ਤੇ ਆਪੁ ਪਛਾਤਾ ॥ ਅੰਮ੍ਰਿਤ ਨਾਮੁ ਵਸਿਆ ਸੁਖਦਾਤਾ ॥ ਅਨਦਿਨੁ ਬਾਣੀ ਨਾਮੇ ਰਾਤਾ ॥੬॥ ਮੇਰਾ ਪ੍ਰਭੁ ਲਾਏ ਤਾ ਕੋ ਲਾਗੈ ॥ ਹਉਮੈ ਮਾਰੇ ਸਬਦੇ ਜਾਗੈ ॥ ਐਥੈ ਓਥੈ ਸਦਾ ਸੁਖੁ ਆਗੈ ॥੭॥ ਮਨੁ ਚੰਚਲੁ ਬਿਧਿ ਨਾਹੀ ਜਾਣੈ ॥ ਮਨਮੁਖਿ ਮੈਲਾ ਸਬਦੁ ਨ ਪਛਾਣੈ ॥ ਗੁਰਮੁਖਿ ਨਿਰਮਲੁ ਨਾਮੁ ਵਖਾਣੈ ॥੮॥ ਹਰਿ ਜੀਉ ਆਗੈ ਕਰੀ ਅਰਦਾਸਿ ॥ ਸਾਧੂ ਜਨ ਸੰਗਤਿ ਹੋਇ ਨਿਵਾਸੁ ॥ ਕਿਲਵਿਖ ਦੁਖ ਕਾਟੇ ਹਰਿ ਨਾਮੁ ਪ੍ਰਗਾਸੁ ॥੯॥ ਕਰਿ ਬੀਚਾਰੁ ਆਚਾਰੁ ਪਰਾਤਾ ॥ ਸਤਿਗੁਰ ਬਚਨੀ ਏਕੋ ਜਾਤਾ ॥ ਨਾਨਕ ਰਾਮ ਨਾਮਿ ਮਨੁ ਰਾਤਾ ॥੧੦॥੭॥

ਠਰਕੀ ਬੰਦੇ ਦੀ ਝਾੜ○

ਕਰਤਾਰਪੁਰ ਸਾਹਿਬ ਧਰਮੀ ਬੰਦੇ ਅਕਸਰ ਪ੍ਰਵਾਰ ਸਮੇਤ ਆ ਜਾਇਆ ਕਰਦੇ ਸਨ। ਰੋਟੀ ਪਾਣੀ ਭਾਂਡਿਆਂ ਦੀ ਸੇਵਾ ਵਿਚ ਬੀਬੀਆਂ ਦਾ ਵੱਡਾ ਹਿੱਸਾ ਹੁੰਦਾ ਸੀ। ਇਕ ਵੇਰਾਂ ਇਕ ਬੀਬੀ ਨੇ ਕਿਸੇ ਬੰਦੇ ਦੀ ਗਲਤ ਹਰਕਤ ਦੀ ਸ਼ਕਾਇਤ ਆਪਣੇ ਪਤੀ ਕੋਲ ਕੀਤੀ। ਘਰਵਾਲੇ (ਪਤੀ) ਨੇ ਜਦੋਂ ਉਸ ਠਰਕੀ ਬੰਦੇ ਨੂੰ ਸਮਝਾਉਣਾ ਚਾਹਿਆ ਤਾਂ ਉਹ ਮਾਫੀ ਮੰਗਣ ਦੇ ਬਿਜਾਏ ਝਗੜਾ ਕਰਨ ਤੇ ਤੁਲ ਗਿਆ।

ਗਲ ਗੁਰੂ ਸਾਹਿਬ ਤੱਕ ਪਹੁੰਚੀ। ਗੁਰੂ ਸਾਹਿਬ ਅੱਗੇ ਵੀ ਉਹ ਬਹਿਸ ਕਰਨ ਲੱਗ ਪਿਆ। ਜਾਣੀ ਜਾਣ ਗੁਰੂ ਨੇ ਉਨੂੰ ਇਸ਼ਾਰੇ ਨਾਲ ਕਿਹਾ ਬੰਦਿਆ ਤੈਨੂੰ ਆਪਣੇ ਘਰ ਦੀ ਕੋਈ ਖਬਰ ਹੈ ਤੂੰ ਬਿਗਾਨੇ ਬਨੇਰਿਆਂ ਥਾਂਣੀ ਝਾਤੀਆਂ ਮਾਰਦਾ ਏ। ਇਸ ਤੋਂ ਪਹਿਲਾਂ ਕਿ ਉਸ ਦਾ ਪਾਜ ਵਿਚ ਸੰਗਤ ਦੇ ਖੁੱਲੇ ਉਹ ਗੁਰੂ ਸਾਹਿਬ ਦੇ ਪੈਰੀ ਪੈ ਗਇਆ ਤੇ ਅੱਗੇ ਤੋਂ ਅਜਿਹਾ ਗੁਨਾਹ ਕਰਨ ਦੀ ਤੋਬਾ ਕੀਤੀ।

ਇਸ ਪ੍ਰਥਾਇ ਵੀ ਗੁਰੂ ਸਾਹਿਬ ਨੇ ਫਿਰ ਸ਼ਬਦ ਰਚਿਆ ਤੇ ਸਾਰੀ ਸੰਗਤ ਨੂੰ ਨਾਲ ਲੈ ਕੇ ਉੱਚੀ ਸੁਰ ਵਿਚ ਗਾਇਆ:

ਸੋਰਠਿ ਮਹਲਾ ੧ ਪੰਚਪਦੇ ॥ ਅਪਨਾ ਘਰੁ ਮੂਸਤ ਰਾਖਿ ਨ ਸਾਕਹਿ ਕੀ ਪਰ ਘਰੁ ਜੋਹਨ ਲਾਗਾ ॥ ਘਰੁ ਦਰੁ ਰਾਖਹਿ ਜੇ ਰਸੁ ਚਾਖਹਿ ਜੋ ਗੁਰਮੁਖਿ ਸੇਵਕੁ ਲਾਗਾ ॥੧॥ ਮਨ ਰੇ ਸਮਝੁ ਕਵਨ ਮਤਿ ਲਾਗਾ ॥ ਨਾਮੁ ਵਿਸਾਰਿ ਅਨ ਰਸ ਲੋਭਾਨੇ ਫਿਰਿ ਪਛੁਤਾਹਿ ਅਭਾਗਾ ॥ ਰਹਾਉ ॥ ਆਵਤ ਕਉ ਹਰਖ ਜਾਤ ਕਉ ਰੋਵਹਿ ਇਹੁ ਦੁਖੁ ਸੁਖੁ ਨਾਲੇ ਲਾਗਾ ॥ ਆਪੇ ਦੁਖ ਸੁਖ ਭੋਗਿ ਭੋਗਾਵੈ ਗੁਰਮੁਖਿ ਸੋ ਅਨਰਾਗਾ ॥੨॥ ਹਰਿ ਰਸ ਊਪਰਿ ਅਵਰੁ ਕਿਆ ਕਹੀਐ ਜਿਨਿ ਪੀਆ ਸੋ ਤ੍ਰਿਪਤਾਗਾ ॥ ਮਾਇਆ ਮੋਹਿਤ ਜਿਨਿ ਇਹੁ ਰਸੁ ਖੋਇਆ ਜਾ ਸਾਕਤ ਦੁਰਮਤਿ ਲਾਗਾ ॥੩॥ ਮਨ ਕਾ ਜੀਉ ਪਵਨਪਤਿ ਦੇਹੀ ਦੇਹੀ ਮਹਿ ਦੇਉ ਸਮਾਗਾ ॥ ਜੇ ਤੂ ਦੇਹਿ ਤ ਹਰਿ ਰਸੁ ਗਾਈ ਮਨੁ ਤ੍ਰਿਪਤੈ ਹਰਿ ਲਿਵ ਲਾਗਾ ॥੪॥ ਸਾਧਸੰਗਤਿ ਮਹਿ ਹਰਿ ਰਸੁ ਪਾਈਐ ਗੁਰਿ ਮਿਲਿਐ ਜਮ ਭਉ ਭਾਗਾ ॥ ਨਾਨਕ ਰਾਮ ਨਾਮੁ ਜਪਿ ਗੁਰਮੁਖਿ ਹਰਿ ਪਾਏ ਮਸਤਕਿ ਭਾਗਾ ॥੫॥੧੦॥

ਓਥੇ ਫਿਰ ਹਰ ਕਿਸੇ ਨੇ ਮੰਨ ਹੀ ਮੰਨ ਵਿਚ ਕਸਮ ਖਾਧੀ ਕਿ ਆਨ ਰਸ ਛੱਡ ਕੇ ਸਭ ਹਰਿ ਰਸ ਦਾ ਸਵਾਦ ਚੱਖਾਂਗੇ। ਵਾਹਿਗੁਰੂ ਸਾਡੇ ਸਭ ਤੇ ਕਿਰਪਾ ਕਰਨ ਨਾਮ ਵਿਚ ਰਸ ਆਉਣਾ ਸ਼ੁਰੂ ਹੋਏ ਤੇ ਮੰਨ ਲੱਗੇ।

—◈—

ਬਾਬਾ ਜੀ ਦੁੱਖ ਖਹਿੜਾ ਨਹੀ ਛੱਡ ਰਿਹਾ ਕੋਈ ਉਪਾਅ ਦੱਸੋ।

ਕਰਤਾਰਪੁਰ ਵਿਖੇ ਜਦੋਂ ਗੁਰੂ ਸਾਹਿਬ ਬਰਾਜਮਾਨ ਸਨ ਤਾਂ ਇਕ ਬੰਦਾ ਦੀਵਾਨ ਵਿਚ ਹਾਜਰ ਹੋ ਕੇ ਗੁਰੂ ਸਾਹਿਬ ਅੱਗੇ ਫਰਿਆਦੀ ਹੋਇਆ। ਉਸ ਨੇ ਆਪਣੇ ਦੁੱਖਾਂ ਦੀ ਲੰਮੀ ਲੜੀ ਦੱਸੀ। ਕਹਿਣ ਲੱਗਾ ਗੁਰੂ ਸਾਹਿਬ ਕੋਈ ਉਪਾਅ ਦੱਸੋ। ਬ੍ਰਾਹਮਣ ਦੇ ਦੱਸੇ ਮੈਂ ਸਾਰੇ ਉਪਾਅ ਕਰ ਮਾਰੇ ਨੇ, ਪਰ ਦੁੱਖ ਮੇਰਾ ਖਹਿੜਾ ਨਹੀ ਛੱਡਦੇ।

ਗੁਰੂ ਸਾਹਿਬ ਨੇ ਦੀਵਾਨ ਵਿਚ ਸਾਰੀ ਸੰਗਤ ਨੂੰ ਸਮਝਾਇਆ ਕਿ ਜਿਹੜਾ ਨਾਮ ਦੇ ਲੜ ਲੱਗ ਜਾਏ ਉਹਦੇ ਦੁੱਖ ਦਲਿਦ੍ਰ ਕੱਟੇ ਜਾਂਦੇ ਨੇ। ਨਾਲ ਹੀ ਉਨਾਂ ਸਮਝਾਇਆ ਕਿ ਅਸੀ ਆਪਣੀ ਕਿਸਮਤ ਧੁਰੋਂ ਹੀ ਲਿਖਵਾ ਕੇ ਆਉਦੇ ਹਾਂ। ਦੁੱਖ ਤਕਲੀਫਾਂ ਜਾਂ ਸੁੱਖ ਸਾਡੇ ਜੀਵਨ ਵਿਚ ਆਉਣੇ ਹੀ ਆਉਣੇ ਨੇ। ਪਰ ਜੇ ਤੁਸੀ ਨਾਮ ਦੇ ਲੜ੍ਹ ਲੱਗੋਗੇ ਤਾਂ ਤੁਹਾਨੂੰ ਦੁੱਖ ਪੋਹੇਗਾ ਹੀ ਨਹੀ। ਦੁਨੀਆਂ ਦੀ ਨਜਰ ਵਿਚ ਤੁਸੀ ਦੁਖ ਪਾ ਰਹੇ ਹੋਵੋਗੇ ਪਰ ਤੁਹਾਡੀ ਅੰਤਰ ਆਤਮਾ ਚੜ੍ਹਦੀ ਕਲ੍ਹਾ ਵਿਚ ਹੋਵੇਗੀ। ਕਿਉਕਿ ਦੁੱਖ ਸੁੱਖ ਇਕ ਤਰਾਂ ਨਾਲ ਮਨ ਦੀ ਅਵਸਥਾ ਹੁੰਦੇ ਹਨ। ਜਦੋਂ ਤੁਸੀ ਘਟ ਘਟ ਨਿਰੰਕਾਰ ਦੀ ਜੋਤ ਵੇਖੋਗੇ ਤਾਂ ਦੁੱਖ ਦੀ ਥਾਂ ਤੁਹਾਨੂੰ ਅਨੰਦ ਦਾ ਆਭਾਸ ਹੋਵੇਗਾ। ਗੁਰਬਾਣੀ ਜਾਂ ਨਾਮ ਦੇ ਲੜ੍ਹ ਲਗਿਆਂ ਤੁਹਾਨੂੰ ਚੜ੍ਹਦੀ ਕਲ੍ਹਾ ਵਾਲੀ ਅਵਸਥਾ ਹਾਸਲ ਹੋਵੇਗੀ।

ਅੰਤ ਵਿਚ ਗੁਰੂ ਸਾਹਿਬ ਨੇ ਫਿਰ ਉਹ ਸ਼ਬਦ ਸੰਗਤ ਵਿਚ ਗਾਇਆ ਜਿਹੜਾ ਉਨਾਂ ਨੇ ਮਥਰਾ ਦੇ ਬ੍ਰਾਹਮਣਾਂ ਨੂੰ ਸੁਣਾਇਆ ਸੀ। :

ਸੋਰਠਿ ਮਹਲਾ ੧ ॥ ਸਰਬ ਜੀਆ ਸਿਰਿ ਲੇਖੁ ਧੁਰਾਹੂ ਬਿਨੁ ਲੇਖੈ ਨਹੀ ਕੋਈ ਜੀਉ ॥ ਆਪਿ ਅਲੇਖੁ ਕੁਦਰਤਿ ਕਰਿ ਦੇਖੈ ਹੁਕਮਿ ਚਲਾਏ ਸੋਈ ਜੀਉ ॥੧॥ ਮਨ ਰੇ ਰਾਮ ਜਪਹੁ ਸੁਖੁ ਹੋਈ ॥ ਅਹਿਨਿਸਿ ਗੁਰ ਕੇ ਚਰਨ ਸਰੇਵਹੁ ਹਰਿ ਦਾਤਾ ਭੁਗਤਾ ਸੋਈ ॥ ਰਹਾਉ ॥ ਜੋ ਅੰਤਰਿ ਸੋ ਬਾਹਰਿ ਦੇਖਹੁ ਅਵਰੁ ਨ ਦੂਜਾ ਕੋਈ ਜੀਉ ॥ ਗੁਰਮੁਖਿ ਏਕ ਦ੍ਰਿਸਟਿ ਕਰਿ ਦੇਖਹੁ ਘਟਿ ਘਟਿ ਜੋਤਿ ਸਮੋਈ ਜੀਉ ॥੨॥ ਚਲਤੋ ਠਾਕਿ ਰਖਹੁ ਘਰਿ ਅਪਨੈ ਗੁਰ ਮਿਲਿਐ ਇਹ ਮਤਿ ਹੋਈ ਜੀਉ ॥ ਦੇਖਿ ਅਦ੍ਰਿਸਟੁ ਰਹਉ ਬਿਸਮਾਦੀ ਦੁਖੁ ਬਿਸਰੈ ਸੁਖੁ ਹੋਈ ਜੀਉ ॥੩॥ ਪੀਵਹੁ ਅਪਿਉ ਪਰਮ ਸੁਖੁ ਪਾਈਐ ਨਿਜ ਘਰਿ ਵਾਸਾ ਹੋਈ ਜੀਉ ॥ ਜਨਮ ਮਰਣ ਭਵ ਭੰਜਨੁ ਗਾਈਐ ਪੁਨਰਪਿ ਜਨਮੁ ਨ ਹੋਈ ਜੀਉ ॥੪॥ ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥ ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥੫॥੧੧॥

—◈—

ਜਦੋਂ ਠੱਗ ਕਰਤਾਰਪੁਰ ਆ ਉਤਰੇ+

ਉਤਰ ਪ੍ਰਦੇਸ ਇਲਾਕੇ ਦੀ ਠੱਗੀ ਇਤਿਹਾਸ ਵਿਚ ਮਸ਼ਹੂਰ ਗਿਣੀ ਗਈ ਹੈ। ਮੁਗਲ ਹਕੂਮਤ ਵੇਲੇ ਇਹ ਜੋਰਾਂ ਤੇ ਸੀ ਅੰਗਰੇਜਾਂ ਦੇ ਰਾਜ ਤੱਕ ਇਹ ਪ੍ਰਚਲਤ ਰਹੀ ਹੈ। ਅੰਗਰੇਜਾਂ ਨੇ ਬੜੀ ਸਖਤੀ ਨਾਲ ਠੱਗੀ ਦਾ ਧੰਧਾ ਬੰਦ ਕਰਵਾਇਆ ਸੀ। ਇਹ ਜੁੰਡਲੀਆਂ ਦੀਆਂ ਜੁੰਡਲੀਆਂ ਬਣਾ ਕੇ ਬਨਾਰਸ ਆਦਿ ਇਲਾਕੇ ਤੋਂ ਨਿਕਲਦੇ ਤੇ ਸਾਰੇ ਹਿੰਦੁਸਤਾਨ ਵਿਚ ਵੱਖ ਵੱਖ ਰੂਪ ਬਣਾ ਕੇ ਫਿਰਦੇ ਤੇ ਜੁਰਮ ਕਰਦੇ ਸਨ।ਠੱਗੀ ਨੂੰ ਅੰਜਾਮ ਦੇਣ ਵਾਸਤੇ ਇਹ ਅਕਸਰ ਬੰਦੇ ਨੂੰ ਧਤੂਰੇ ਨਾਲ ਬੇਹੋਸ਼ ਕਰਦੇ ਤੇ ਜਰੂਰਤ ਪੈਣ ਦੇ ਕਤਲ ਵੀ ਕਰ ਦਿਆ ਕਰਦੇ ਸਨ।

ਸ਼ਰਧਾਲੂਆਂ ਦੇ ਸੰਗ ਦੇ ਨਾਲ ਨਾਲ ਪੁੱਛਦੀ ਪੁੱਛਾਂਦੀ ਅਜਿਹੇ ਹੀ ਬਨਾਰਸੀ ਠੱਗਾਂ ਦੀ ਇਕ ਜੁੰਡਲੀ ਕਰਤਾਰਪੁਰ ਵੀ ਆ ਗਈ। ਅਮੂਮਨ ਇਹ ਵਣਜਾਰਿਆਂ ਦੇ ਰੂਪ ਵਿਚ ਫਿਰਦੇ ਹੁੰਦੇ ਸਨ, ਪਰ ਅੱਜ ਇਹ ਸਾਧੂ ਮਹਾਤਮਾ ਬਣੇ ਹੋਏ ਸਨ। ਮੱਥੇ ਤੇ ਲਾਲ ਟਿੱਕੇ ਲਾਏ ਹੋਏ, ਗਲਾਂ ਵਿਚ ਤੁਲਸੀ ਦੀਆਂ ਮਾਲਾਂ, ਹਥਾਂ ਵਿਚ ਸਿਮਰਨੀਆਂ, ਤੇੜੀ ਧੋਤੀਆਂ ਪਾਈਆਂ, ਮਹੀਨ ਮਲ-ਮਲ ਦੇ ਕਮੀਜ (ਚਉਪੋਤੀਆਂ), ਮੋਢਿਆਂ ਤੇ ਸਫੇਦ ਚਾਦਰੇ ਸੁੱਟੇ ਹੋਏ, ਕੱਛਾਂ ਹੇਠ ਲੈਣ ਲਈ ਅੰਗਰੇਜੀ ਦੇ ਅੱਖਰ ਟੀ ਵਰਗੇ ਆਸਣ, ਹੱਥਾਂ ਵਿਚ ਲਾਠੀਆਂ (ਲਸਟਿਕਾਂ)।

ਜਦੋਂ ਸੇਵਾਦਾਰ ਉਹਨਾਂ ਦੀ ਜਾਣ ਪਛਾਣ ਬਾਬਤ ਕੋਈ ਅਜਿਹਾ ਸਵਾਲ ਕਰਨ ਜਿਸ ਤੋਂ ਉਨਾਂ ਦੀ ਅਸਲੀਅਤ ਨੰਗੀ ਹੋਣੀ ਹੋਵੇ ਤਾਂ ਜਵਾਬ ਵਿਚ ਬਸ 'ਰਾਮ' 'ਰਾਮ' ਕਹੀ ਜਾਣ। ਉੱਜ ਸਾਧੂਆਂ ਵਾਲੀ ਬੋਲੀ ਬੋਲਣ।

ਭਾਈ ਲਹਿਣੇ ਨੇ ਗੁਰੂ ਸਾਹਿਬ ਨੂੰ ਜਾ ਦੱਸਿਆ ਕਿ ਕੁਝ ਇਸ ਪ੍ਰਕਾਰ ਦੇ ਵੈਸ਼ਨੋ ਭਗਤ ਆਏ ਨੇ। ਗੁਰੂ ਸਾਹਿਬ ਨੇ ਸਾਰਾ ਹਿੰਦੁਸਤਾਨ ਗਾਹਿਆ ਹੋਇਆ ਸੀ ਉਨਾਂ ਨੂੰ ਸੁਣਦੇ ਸਾਰ ਸ਼ੱਕ ਪਿਆ ਤੇ ਉਨਾਂ ਭਾਈ ਲਹਿਣੇ ਹੁਣਾਂ ਨੂੰ ਸੁਚੇਤ ਕਰ ਦਿੱਤਾ। ਗੁਰੂ ਸਾਹਿਬ ਫਿਰ ਆਪ ਉਨਾਂ ਨੂੰ ਮਿਲਣ ਗਏ। ਗਲ ਬਾਤ ਸ਼ੁਰੂ ਹੋਈ ਤਾਂ ਗੁਰੂ ਸਾਹਿਬ ਨੇ ਵਾਕਫੀਅਤ ਪੁੱਛੀ ਤਾਂ ਉਹ ਥਿੜਕ ਗਏ। ਉਹ ਗੁਰੂ ਸਾਹਿਬ ਦੀਆਂ ਸਿਫਤਾਂ ਕਰੀ ਜਾਣ। ਜਿਹੜੇ ਸੰਗ ਨਾਲ ਆਏ ਸਨ ਗੁਰੂ ਸਾਹਿਬ ਨੇ ਓਨਾਂ ਕੋਲੋ ਪੁੱਛਿਆ ਕਿ ਤੁਸੀ ਇਸ ਟੋਲੀ ਨੂੰ ਜਾਣਦੇ ਹੋ। ਸਿੱਖਾਂ ਨੇ ਸਾਫ ਇਨਕਾਰ ਕਰ ਦਿੱਤਾ ਕਿ ਇਹ ਸਾਡੇ ਕੋਲੋਂ ਪੁੱਛ ਰਹੇ ਸਨ ਕਿ ਕਿਥੇ ਜਾ ਰਹੇ ਹੋ ਅਸੀ ਜਦੋਂ ਦੱਸਿਆ ਤਾਂ ਇਹ ਸਾਡੇ ਨਾਲ ਹੋ ਤੁਰੇ।

ਗੁਰੂ ਸਾਹਿਬ ਨੇ ਭਾਈ ਲਹਿਣੇ ਹੁਰਾਂ ਨੂੰ ਹੁਕਮ ਕਰ ਦਿੱਤਾ ਕਿ ਇਨਾਂ ਨੂੰ ਕੁਝ ਨਹੀ ਕਹਿਣਾ। ਲੰਗਰ ਪਾਣੀ ਛਕਾਓ। ਰਾਤ ਸੌਣ ਵੀ ਦੇਣਾ।

ਦੀਵਾਨ ਵਿਚ ਫਿਰ ਗੁਰੂ ਸਾਹਿਬ ਨੇ ਓਨਾਂ ਨੂੰ ਸੰਬੋਧਨ ਹੋ ਕੇ ਜਦੋਂ ਸ਼ਬਦ ਬੋਲਿਆ ਤਾਂ ਓਨਾਂ ਦੀਆਂ ਅੱਖਾਂ ਖੁੱਲ ਗਈਆਂ ਕਿ

ਅੱਜ ਤਾਂ ਬੁਰੇ ਫਸੇ। ਗੁਰੂ ਸਾਹਿਬ ਨਾਲ ਪੂਰੀ ਸੰਗਤ ਇਹ ਸ਼ਬਦ ਬੋਲ ਰਹੀ ਸੀ। :-

ਧਨਾਸਰੀ ਮਹਲਾ ੧ ॥ ਚੋਰੁ ਸਲਾਹੇ ਚੀਤੁ ਨ ਭੀਜੈ ॥ ਜੇ ਬਦੀ ਕਰੇ ਤਾ ਤਸੂ ਨ ਛੀਜੈ ॥ ਚੋਰ ਕੀ ਹਾਮਾ ਭਰੇ ਨ ਕੋਇ ॥ ਚੋਰੁ ਕੀਆ ਚੰਗਾ ਕਿਉ ਹੋਇ ॥੧॥ ਸੁਣਿ ਮਨ ਅੰਧੇ ਕੁਤੇ ਕੂੜਿਆਰ ॥ ਬਿਨੁ ਬੋਲੇ ਬੂਝੀਐ ਸਚਿਆਰ ॥੧॥ ਰਹਾਉ ॥ ਚੋਰੁ ਸੁਆਲਿਉ ਚੋਰੁ ਸਿਆਣਾ ॥ ਖੋਟੇ ਕਾ ਮੁਲੁ ਏਕੁ ਦੁਗਾਣਾ ॥ ਜੇ ਸਾਥਿ ਰਖੀਐ ਦੀਜੈ ਰਲਾਇ ॥ ਜਾ ਪਰਖੀਐ ਖੋਟਾ ਹੋਇ ਜਾਇ ॥੨॥ ਜੈਸਾ ਕਰੇ ਸੁ ਤੈਸਾ ਪਾਵੈ ॥ ਆਪਿ ਬੀਜਿ ਆਪੇ ਹੀ ਖਾਵੈ ॥ ਜੇ ਵਡਿਆਈਆ ਆਪੇ ਖਾਇ ॥ ਜੇਹੀ ਸੁਰਤਿ ਤੇਹੈ ਰਾਹਿ ਜਾਇ ॥੩॥ ਜੇ ਸਉ ਕੂੜੀਆ ਕੂੜੁ ਕਬਾੜੁ ॥ ਭਾਵੈ ਸਭੁ ਆਖਉ ਸੰਸਾਰੁ ॥ ਤੁਧੁ ਭਾਵੈ ਅਧੀ ਪਰਵਾਣੁ ॥ ਨਾਨਕ ਜਾਣੈ ਜਾਣੁ ਸੁਜਾਣੁ ॥੪॥੪॥੬॥

ਠੱਗਾਂ ਵਾਸਤੇ ਉਥੇ ਬੈਠਣਾ ਮੁਸ਼ਕਲ ਹੋ ਰਿਹਾ ਸੀ। ਹਰ ਕਿਸੇ ਨੂੰ ਪਤਾ ਚਲ ਚੁੱਕਾ ਸੀ ਕਿ ਇਹ ਚੋਰ-ਉਚੱਕੇ-ਡਾਕੂ ਨੇ। ਸੰਗਤ ਦੀ ਗਿਣਤੀ ਵੀ ਚੋਖੀ ਸੀ।

ਆਖਿਰ ਚੋਰਾਂ ਨੇ ਆਪੇ ਦੁਹਾਈ ਦੇ ਦਿੱਤੀ ਕਿ ਬਾਬਾ ਜੀ ਅਸੀ ਠੱਗ ਹਾਂ। ਸਾਨੂੰ ਮਾਫ ਕਰ ਦਿਓ। ਓਨਾਂ ਕਿਹਾ ਜੀ ਅੱਗੇ ਤੋਂ ਇਹ ਧੰਧਾ ਛੱਡਦੇ ਹਾਂ। ਗੁਰੂ ਸਾਹਿਬ ਨੇ ਕਿਹਾ ਕਿ ਮਾਫੀ ਕਾਹਦੀ ਤੁਸਾਂ ਕਿਹੜਾ ਇਸ ਕੰਮ ਤੋਂ ਹੱਟ ਜਾਣਾ ਹੈ। ਤੁਸੀ ਰਾਤ ਗੁਜਾਰੋ ਤੇ ਬੱਸ ਚਲਦੇ ਬਣੋ।

ਓਨਾਂ ਬਾਰ ਬਾਰ ਇਸ ਕੰਮ ਤੋਂ ਤੋਬਾ ਕੀਤੀ ਤੇ ਬੇਨਤੀ ਕੀਤੀ ਕਿ ਸਾਡੇ ਤੇ ਵੀ ਕਿਰਪਾ ਕਰੋ ਤੇ ਨਾਮ ਦੀ ਦਾਤ ਬਖਸ਼ੋ। ਸਾਨੂੰ ਵੀ ਬਾਕੀਆਂ ਵਾਗੂ ਆਪਣੇ ਚਰਨਾਂ ਨਾਲ ਲਾਓ। ਤਰਸ ਕਰੋ।

ਸੰਗਤ ਸਮਝਦੀ ਸੀ ਕਿ ਸਵੇਰ ਹੁੰਦਿਆਂ ਚਲੇ ਜਾਣਗੇ ਪਰ ਉਹ ਸਿੱਖੀ ਦ੍ਰਿੜ ਕਰਨ ਲਈ ਓਥੇ ਹੀ ਠਹਿਰ ਗਏ। ਹੌਲੀ ਹੌਲੀ ਇਕ ਇਕ ਦੋ ਦੋ ਕਰਕੇ ਚਲੇ ਗਏ।

ਕਿਹਾ ਜਾਂਦਾ ਹੈ ਕਿ ਉਹਨਾਂ ਸੱਚ ਮੁੱਚ ਸਿੱਖੀ ਧਾਰਨ ਕਰ ਲਈ।

—◈—

**ਤੀਰਥ ਯਾਤਰਾ ਕਰਨ ਨਾਲ ਮੁਕਤੀ ਨਹੀ ਮਿਲਦੀ

ਗੀਗਾ ਜਾ ਰਿਹਾ ਜਦੋਂ ਹਜ਼ਾਰਾਂ ਯਾਤਰੂਆਂ ਦਾ ਸੰਗ ਕਰਤਾਰਪੁਰ ਆ ਰੁਕਿਆ, ''ਬਾਬਾ ਜੀ ਸਾਡੇ ਨਾਲ ਚਲੋ''

ਜੇਠ ਮਹੀਨੇ ਦੇ ਆਖਰੀ ਦਿਨ ਸਨ। ਹਿੰਦੂ ਜੰਤਰੀ ਮੁਤਾਬਿਕ ਜੇਠ ਸੁਦੀ ਦਸਵੀ ਨੂੰ ਹਰਦੁਆਰ ਗੀਗਾ ਵਿਖੇ ਬੜਾ ਭਾਰੀ ਮੇਲਾ 'ਗੀਗਾ ਦੁਸਿਹਰਾ' ਲੱਗ ਰਿਹਾ ਸੀ ਕਿਉਕਿ ਐਤਕਾਂ ਦੁਸਿਹਰਾ ਬੁਧਵਾਰ ਨੂੰ ਪੈ ਰਿਹਾ ਸੀ। ਬੁਧਵਾਰ ਦੇ ਦੁਸਹਿਰੇ ਦਾ ਬ੍ਰਹਾਮਣਾਂ ਅਨੁਸਾਰ ਵੱਡਾ ਮਹਾਤਮ ਹੁੰਦਾ ਹੈ। ਅਖੇ ਇਸ ਦਿਨ ਪੁੰਨ ਦਾਨ ਤੇ ਇਸਨਾਨ ਕੀਤਿਆਂ 10 ਜਨਮਾਂ ਦੇ ਪਾਪ ਲਹਿ ਜਾਂਦੇ ਨੇ।

ਸਿਆਲਕੋਟ ਦੇ ਪਹਾੜ ਪਾਸੇ ਦੇ ਪਿੰਡਾਂ ਦਾ ਇਕ ਵੱਡਾ ਸੰਗ ਤੁਰਿਆ ਜਿਸ ਵਿਚ ਹਜਾਰਾਂ ਜੀਅ ਸਨ। ਹਰ ਕਿਸਮ ਦਾ ਆਵਾਜਾਈ ਦੇ ਸਾਧਨ ਨਾਲ ਸਨ। ਘੋੜੇ, ਖੋਤੇ, ਟਾਂਗੇ, ਪਸ਼ੂ ਗੱਡੇ ਆਦਿ ਤੇ ਸਮਾਨ ਤੇ ਬਜੁਰਗ ਸਵਾਰ ਸਨ। ਸਿਰਫ ਏਨਾਂ ਹੀ ਨਹੀ ਵਜੰਤਰੀਆਂ ਸਮੇਤ ਨਾਲ ਭਜਨ ਮੰਡਲੀਆਂ ਵੀ ਸਨ।

ਇਸ ਸੰਗ ਨੇ ਤਹਿ ਕੀਤਾ ਸੀ ਕਿ ਦੂਸਰੀ ਰਾਤ ਨਾਰੋਵਾਲ ਦੇ ਲਾਗੇ ਬਾਬੇ ਨਾਨਕ ਦੀ ਧਰਮਸਾਲਾ ਵਿਚ ਰਹਿਣਾ ਹੈ। ਇਨਾਂ ਨੂੰ ਬਾਬੇ ਬਾਰੇ ਪੂਰੀ ਜਾਣਕਾਰੀ ਸੀ ਕਿ ਕਰਤਾਰਪੁਰ ਰਹਿਣ ਤੇ ਲੰਗਰ ਪਾਣੀ ਦਾ ਪੂਰਾ ਇੰਤਜਾਮ ਹੈ।

ਇਹਨਾਂ ਦੇ ਆਗੂਆਂ ਨੇ ਸੋਚਿਆ ਕਿ ਬਾਬੇ ਨਾਨਕ ਨੂੰ ਨਾਲ ਹੀ ਲੈ ਚਲਾਂਗੇ।

ਲੋਢੇ ਵੇਲੇ ਹੀ ਸੰਗ ਕਰਤਾਰਪੁਰ ਪਹੁੰਚ ਗਿਆ। ਥੋੜਾ ਪਾਣੀ ਧਾਣੀ ਪੀ ਕੇ ਕੁਝ ਚਿਰ ਅਰਾਮ ਕਰਨ ਉਪਰੰਤ ਸੰਗੀਆਂ ਨੇ ਦੀਵਾਨ ਲਾ ਲਿਆ। ਜਵਾਨ ਮੁੰਡੇ ਖੁੰਡੇ ਕੀਰਤਨੀਏ ਸਨ। ਬੜੇ ਜੋਸ਼ੋ ਖਰੋਸ਼ ਨਾਲ ਉਹ ਪਏ ਭੇਟਾਂ ਗਾਵਣ ਤੇ ਮਾਈ ਗੰਗਾ ਦੀ ਉਪਮਾ ਦੇ ਗੀਤ ਗਾਉਣ।

ਗੁਰੂ ਸਾਹਿਬ ਵਾਸਤੇ ਤਾਂ ਇਹ ਸੁਨਿਹਰੀ ਮੌਕਾ ਸੀ। ਤੀਰਥ ਯਾਤਰਾ ਦੇ ਖੰਡਣ ਬਾਰੇ ਤਾਂ ਉਹ ਅਨੇਕਾਂ ਥਾਵਾਂ ਤੇ ਵਖਿਆਨ ਦੇ ਚੁੱਕੇ ਸਨ। ਗੁਰੂ ਸਾਹਿਬ ਨੇ ਵੀ ਇਸ ਦੀਵਾਨ ਵਿਚ ਵਾਰੀ ਲੈ ਲਈ।

ਸਭ ਤੋਂ ਪਹਿਲਾਂ ਗੁਰੂ ਸਾਹਿਬ ਨੇ ਸੰਗੀਆਂ ਨੂੰ ਲੱਖ ਲੱਖ ਪ੍ਰਣਾਮ ਕੀਤਾ ਜਿੰਨਾਂ ਦੇ ਮੰਨ ਵਿਚ ਸ਼ੁਧ ਭਾਵਨਾ ਸੀ ਤੇ ਜੋ ਕਲਿਆਣ ਖਾਤਰ ਗੰਗਾ ਜਾ ਰਹੇ ਸਨ।

ਉਪਰੰਤ ਵਜੰਤਰੀਆਂ ਸਮੇਤ ਗੁਰੂ ਸਾਹਿਬ ਨੇ ਸ਼ਬਦ ਗਾਇਆ ਜਿਸ ਵਿਚ ਸਿੱਖ ਸੰਗਤ ਦੀ ਵੀ ਸ਼ਮੂਲੀਅਤ ਸੀ:-

ਧਨਾਸਰੀ ਮਹਲਾ ੧ ਛੰਤ ੧ੴ ਸਤਿਗੁਰ ਪ੍ਰਸਾਦਿ ॥

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥ ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥ ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥ ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥ ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥ ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ ॥ ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥ ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥ ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥ ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥ ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥੨॥ ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ ॥ ਗਾਵੈ ਗਾਵਣਹਾਰੁ ਸਬਦਿ ਸੁਹਾਵਣੋ ॥ ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ ॥ ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ ॥ ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜੈ ਸਵਾਇਆ ॥ ਗਤਿ ਸੰਗਿ ਮੀਤਾ ਸੰਤਸੰਗਤਿ ਕਰਿ ਨਦਰਿ ਮੇਲਿ ਮਿਲਾਇਆ ॥੩॥ ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ ॥ ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ ॥ ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ ॥ ਕੂਚੁ ਕਰਹਿ ਆਵਹਿ ਬਿਖੁ ਲਾਦੇ ਸਬਦਿ ਸਚੈ ਗੁਰੁ ਮੇਰਾ ॥ ਆਖਣਿ ਤੋਟਿ ਨ ਭਗਤਿ ਭੰਡਾਰੀ ਭਰਿਪੁਰਿ ਰਹਿਆ ਸੋਈ ॥ ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ ॥੪॥੧॥

ਭਾਵ ਪਹਿਲਾ ਇਕ ਓਕਾਰ ਦਾ ਸਿਧਾਂਤ ਦੱਸਿਆ ਤੇ ਫਿਰ ਨਾਮ ਦਾ ਸਿਧਾਂਤ ਦੱਸ ਕੇ ਸੰਗ ਨੂੰ ਜਾਣੂ ਕਰਵਾਇਆ ਕਿ ਬੇਸ਼ੱਕ ਸੈਰ ਸਪਾਟਾ ਕਰ ਆਓ। ਉਂਜ ਗੰਗਾ ਨਾਉਣ ਨਾਲ ਪਾਪ ਨਹੀ ਮਿੱਟਦੇ। ਪਾਪ ਮਿੱਟਦੇ ਸਿਰਫ ਰਾਮ ਨਾਮ ਨਾਲ।

ਗੁਰੂ ਸਾਹਿਬ ਦੇ ਇਸ ਵਖਿਆਨ ਤੇ ਕੀਰਤਨ ਨਾਲ ਜਾਦੂ ਵਰਗਾ ਅਸਰ ਪਿਆ। ਉਹ ਸਾਰੇ ਲੋਕ ਜੋ ਸਿਰਫ ਕਲਿਆਣ ਵਾਸਤੇ ਗੰਗਾ ਜਾ ਰਹੇ ਸਨ ਓਨਾਂ ਨੇ ਅੱਗੇ ਜਾਣ ਤੋਂ ਨਾਂਹ ਕਰ ਦਿੱਤੀ। ਗੁਰੂ ਸਾਹਿਬ ਨੇ ਓਨਾਂ ਨੂੰ ਸਮਝਾਇਆ ਕਿ ਹੁਣ ਤੁਸੀ ਘਰੋਂ ਗੰਗਾ ਜਾਣਾ ਸੋਚ ਕੇ ਆਏ ਹੋ ਹੁਣ ਤੁਸੀ ਸਾਰੇ ਗੰਗਾ ਜਾਓ। ਫਿਰ ਕੁਝ ਲੋਕ ਕਰਤਾਰਪੁਰੋਂ ਪਰਤ ਗਏ ਤੇ ਬਾਕੀ ਦਾ ਸੰਗ ਗੰਗਾ ਗਇਆ। ਲਿਖਾਰੀਆਂ ਲਿਖਿਆ ਹੈ ਕਿ ਓਦੋਂ ਫਿਰ ਸੰਗੀ ਦੋ ਨਾਹਰੇ ਮਾਰ ਰਹੇ ਸਨ।

ਜੈ ਗੰਗਾ ਮਾਤਾ ਦੀ। ਜੈ ਬਾਬੇ ਨਾਨਕ ਦੀ।

ਅਜਿਹੇ ਹੀ ਕਿਸੇ ਹੋਰ ਮੌਕੇ ਤੇ ਗੁਰੂ ਸਾਹਿਬ ਨੇ ਹੇਠ ਸ਼ੱਸ਼ੋਭਿਤ ਸ਼ਬਦ ਰਚਿਆ**:

ਕਲਰ ਕੇਰੀ ਛਪੜੀ ਕਊਆ ਮਲਿ ਮਲਿ ਨਾਇ ॥ ਮਨੁ ਤਨੁ ਮੈਲਾ ਅਵਗੁਣੀ ਚਿੰਜੁ ਭਰੀ ਗੀਧੀ ਆਇ ॥ ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ ॥ ਸਾਕਤ ਸਿਉ ਐਸੀ ਪ੍ਰੀਤਿ ਹੈ ਬੂਝਹੁ ਗਿਆਨੀ ਰੰਗਿ ॥ ਸੰਤ ਸਭਾ ਜੈਕਾਰੁ ਕਰਿ ਗੁਰਮੁਖਿ ਕਰਮ ਕਮਾਉ ॥ ਨਿਰਮਲੁ ਨਹੁੰਵਣੁ ਨਾਨਕਾ ਗੁਰੁ ਤੀਰਥੁ ਦਰੀਆਉ ॥ 10

ਮੈਂ ਮਿਲਾਵਟੀ ਚੀਜ਼ ਕਿਓ ਲਵਾਂ?••

ਕਰਤਾਰਪੁਰ ਬਾਬਾ ਰਹਿ ਰਿਹਾ ਸੀ। ਇਲਾਕੇ ਵਿਚ ਬਾਬੇ ਦੇ ਕੌਤਕਾਂ ਬਾਬਤ ਬਹੁਤ ਗੋਗਾ ਉਠਿਆ ਸੀ। ਹਰ ਪਾਸੇ ਬਾਬਾ ਨਾਨਕ, ਬਾਬਾ ਨਾਨਕ ਹੋ ਰਿਹਾ ਸੀ। ਇਕ ਦਿਨ ਇਲਾਕੇ ਦੇ ਕੁਝ ਮੋਹਤਬਰ ਬੰਦੇ ਕਰਤਾਰਪੁਰ ਆ ਗਏ। ਪੁੱਛਣ ਲੱਗੇ ਕਿ ਬਾਬਾ ਤੂੰ ਕਿਹੜੇ ਫਿਰਕੇ ਨਾਲ ਸਬੰਧ ਰਖਦੈ? ਨਾਂ ਤੂੰ ਮੁਸਲਮਾਨ ਲੱਗਦੈ ਨਾਂ ਤੂੰ ਹਿੰਦੂ, ਨਾਂ ਜੋਗੀ ਨਾਂ ਸੰਨਿਆਸੀ। ਬਾਬਾ ਇਕ ਪਾਸੇ ਹੋ ਜਾ ਭਾਵੇ ਜਿਹੜੇ ਮਰਜੀ ਫਿਰਕੇ ਨਾਲ ਹੋ।

ਗੁਰੂ ਸਾਹਿਬ ਨੇ ਕਿਹਾ ਤੁਸੀ ਆਪੇ ਦੱਸ ਰਹੇ ਸੀ ਕਿ ਕਾਜੀ ਜਿਸ ਨੇ ਇਨਸਾਫ ਦੇਣਾ ਹੁੰਦਾ ਹੈ ਉਹ ਵੀ ਝੂਠ ਬੋਲ ਜਾਂਦਾ ਹੈ। ਦੂਸਰੇ ਪਾਸੇ ਬ੍ਰਾਹਮਣਾਂ ਨੂੰ ਵੇਖ ਲਓ ਬੜੇ ਨਹਾਉਦੇ ਧੋਂਦੇ ਹਨ ਤੇ ਧਰਮ ਦੇ ਨਾਂ ਤੇ ਜੀਅ ਹੱਤਿਆ ਕਰਾਉਦੇ ਨੇ ਕਿ ਜੀ ਬਲੀ ਦੇ ਰਹੇ ਹਾਂ। ਤੀਜਾ ਜੋਗੀਆਂ ਦਾ ਵੀ ਤੁਸੀ ਜਾਣਦੇ ਹੋ ਕਮਲੇ ਹੋਏ ਫਿਰਦੇ ਨੇ।

ਤੁਸੀ ਜਾਣਦੇ ਹੋ ਖੋਟਾ ਸਿੱਕਾ ਕਿਸੇ ਕੰਮ ਦਾ ਨਹੀ ਹੁੰਦਾ ਤੇ ਜੇ ਓਹੋ ਚਾਂਦੀ ਹੋਵੇ ਤਾਂ ਤੁਸੀ ਖਰਾ ਖਰਾ ਕੇ ਉਨੂੰ ਲੈਣ ਦੌੜਦੇ ਹੋ। ਸੋ ਮੈਨੂੰ ਕਿਓ ਕਹਿੰਦੇ ਹੋ ਕਿ ਖੋਟਾ ਬਣ ਜਾ। ਜਦੋ ਕਿ ਸਾਨੂੰ ਸਭ ਨੂੰ ਪਤਾ ਹੈ ਕਿ ਰੱਬ ਦੀ ਕਚਿਹਰੀ ਵਿਚ ਸਾਡੇ ਕੰਮਾਂ ਦਾ ਲੇਖਾ ਜੋਖਾ ਹੋਣਾ ਹੈ। ਇਸ ਕਾਗਜ ਰੂਪੀ ਸਰੀਰ ਤੇ ਜਿਹੜੇ ਲੇਖ ਅਸੀ ਲਿਖ ਰਹੇ ਹਾਂ ਇਹ ਛੁਪੇ ਨਹੀ ਰਹਿਣੇ।

ਇਸ ਉਪਰੰਤ ਗੁਰੂ ਸਾਹਿਬ ਨੇ ਧਨਾਸਰੀ ਵਿਚ ਸ਼ਬਦ ਗਾਵਿਆ। ਸਾਰੀ ਸੰਗਤ ਨੇ ਨਾਲ ਸਾਥ ਦਿੱਤਾ:-

ਧਨਾਸਰੀ ਮਹਲਾ ੧ ॥ ਕਾਇਆ ਕਾਗਦੁ ਮਨੁ ਪਰਵਾਣਾ ॥ ਸਿਰ ਕੇ ਲੇਖ ਨ ਪੜੈ ਇਆਣਾ ॥ ਦਰਗਹ ਘੜੀਅਹਿ ਤੀਨੇ ਲੇਖ ॥ ਖੋਟਾ ਕਾਮਿ ਨ ਆਵੈ ਵੇਖੁ ॥੧॥ ਨਾਨਕ ਜੇ ਵਿਚਿ ਰੁਪਾ ਹੋਇ ॥ ਖਰਾ ਖਰਾ ਆਖੈ ਸਭੁ ਕੋਇ ॥੧॥ ਰਹਾਉ ॥ ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥ ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥ ਸੋ ਜੋਗੀ ਜੋ ਜੁਗਤਿ ਪਛਾਣੈ ॥ ਗੁਰ ਪਰਸਾਦੀ ਏਕੋ ਜਾਣੈ ॥ ਕਾਜੀ ਸੋ ਜੋ ਉਲਟੀ ਕਰੈ ॥ ਗੁਰ ਪਰਸਾਦੀ ਜੀਵਤੁ ਮਰੈ ॥ ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੩॥ ਦਾਨਸਬੰਦੁ ਸੋਈ ਦਿਲਿ ਧੋਵੈ ॥ ਮੁਸਲਮਾਣੁ ਸੋਈ ਮਲੁ ਖੋਵੈ ॥ ਪੜਿਆ ਬੂਝੈ ਸੋ ਪਰਵਾਣੁ ॥ ਜਿਸੁ ਸਿਰਿ ਦਰਗਹ ਕਾ ਨੀਸਾਣੁ ॥੪॥੫॥੭॥

ਅਸਲੀ ਗੁਰੂ ਦੀ ਪਛਾਣ?
ਜਿਹੜਾ ਤੁਹਾਨੂੰ ਸੱਚ ਦੇ ਦਰਸ਼ਨ ਕਰਾ ਦੇਵੇ। ਮੌਤ ਦਾ ਅਹਿਸਾਸ ਕਰਵਾ ਦਏ।⊙•

ਕਰਤਾਰਪੁਰ ਵਿਖੇ ਦੀਵਾਨ ਲੱਗਾ ਹੋਇਆ ਸੀ ਕਿ ਇਕ ਜਗਿਆਸੂ ਉਠਿਆ ਤੇ ਗੁਰੂ ਸਾਹਿਬ ਅੱਗੇ ਬੇਨਤੀ ਕਰਨ ਲੱਗਾ ਕਿ ਗੁਰੂ ਜੀ ਤੁਸੀ ਸਤਿਗੁਰੂ ਜਾਂ ਗੁਰੂ ਦੀ ਅਹਿਮੀਅਤ ਤੇ ਬਹੁਤ ਜੋਰ ਦਿੰਦੇ ਹੋ, ਕਿ ਗੁਰੂ ਦੇ ਦਰ ਤੇ ਗਇਆ ਮੁਕਤੀ ਹੋ ਜਾਂਦੀ ਹੈ। ਪਰ ਬਾਬਾ ਜੀ ਗੁਰੂ ਤਾਂ ਹਰ ਕਿਸੇ ਦਾ ਹੈਗਾ। ਜੋਗੀਆਂ ਦੇ ਵੀ ਉਸਤਾਦ ਜਾਂ ਗੁਰੂ ਹੁੰਦੇ ਹਨ। ਬ੍ਰਹਮਚਾਰੀਆਂ ਦੇ ਵੀ, ਫਕੀਰਾਂ ਦੇ ਵੀ, ਬ੍ਰਾਹਮਣਾਂ ਦੇ ਵੀ, ਮਤਲਬ ਜਿਸ ਜਿਸ ਵੀ ਭੇਖ ਸਾਧੂ ਹੈਗੇ ਨੇ ਹਰ ਥਾਂ ਗੁਰੂ ਤਾਂ ਹੈ ਹੀ। ਹੋਰ ਤੇ ਹੋਰ ਭਲਵਾਨਾਂ ਦੇ ਵੀ ਗੁਰੂ ਹੁੰਦੇ ਨੇ। ਵਿਦਿਆਰਥੀਆਂ ਦੇ ਵੀ ਗੁਰੂ ਹੁੰਦੇ ਨੇ। ਹੋਰ ਤੇ ਹੋਰ ਚੋਰਾਂ ਠੱਗਾਂ ਦੇ ਵੀ ਅੱਗੋਂ ਗੁਰੂ ਹੁੰਦੇ ਨੇ।

ਫਿਰ ਬਾਬਾ ਜੀ ਤੁਸੀ ਕਿਹੜੇ ਗੁਰੂ ਦੀ ਗਲ ਕਰਦੇ ਹੋ ਜਿਸਦੇ ਦਰ ਤੇ ਗਇਆ ਬੰਦਾ ਮੁਕਤ ਹੋ ਜਾਂਦਾ ਹੈ?

ਗੁਰੂ ਸਾਹਿਬ ਨੇ ਸਮਝਾਇਆ ਕਿ ਸੱਚਾ ਗੁਰੂ ਜਾਂ ਸਤਿਗੁਰੂ ਤੁਹਾਡੇ ਅੱਗਿਓਂ ਝੂਠ ਦਾ ਪੜਦਾ ਹਟਾ ਦਿੰਦਾ ਹੈ। ਤੁਹਾਨੂੰ ਤੁਹਾਡੀ ਮੌਤ ਦਾ ਅਹਿਸਾਸ ਦੁਆ ਦਿੰਦਾ ਹੈ। ਦੁਨਿਆਵੀ ਉਸਤਾਦ ਤੁਹਾਨੂੰ ਸਿਖਿਆ ਦਿੰਦੇ ਵਕਤ ਆਪਣਾ ਮਾਇਕ ਫਾਇਦਾ ਵੇਖਦਾ ਹੈ। ਉਹ ਤੁਹਾਨੂੰ ਕਦੀ ਖੁਸ਼ ਵੀ ਕਰਦਾ ਹੈ ਤਾਂ ਕਿ ਤੁਸੀ ਉਸ ਨਾਲ ਜੁੜੇ ਰਹੋ। ਸਤਿਗੁਰੂ ਤੁਹਾਡੇ ਹਉਮੈ ਤੇ ਚੋਟ ਕਰਦਾ ਹੈ। ਸਤਿਗੁਰੂ ਦੇ ਦਰ ਤੇ ਗਇਆ ਤੁਹਾਡੀ ਦੁਬਿਧਾ ਮੁੱਕ ਜਾਂਦੀ ਹੈ।

ਸਾਰੀ ਸੰਗਤ ਨੇ ਗੁਰੂ ਸਾਹਿਬ ਦੇ ਨਾਲ ਇਹ ਸਬਦ ਗਾਇਆ:-

ਗਉੜੀ ਮਹਲਾ ੧ ॥ ਸਤਿਗੁਰੁ ਮਿਲੈ ਸੁ ਮਰਣੁ ਦਿਖਾਏ ॥ ਮਰਣ ਰਹਣ ਰਸੁ ਅੰਤਰਿ ਭਾਏ ॥ ਗਰਬੁ ਨਿਵਾਰਿ ਗਗਨ ਪੁਰੁ ਪਾਏ ॥੧॥ ਮਰਣੁ ਲਿਖਾਇ ਆਏ ਨਹੀ ਰਹਣਾ ॥ ਹਰਿ ਜਪਿ ਜਾਪਿ ਰਹਣੁ ਹਰਿ ਸਰਣਾ ॥੧॥ ਰਹਾਉ ॥ ਸਤਿਗੁਰੁ ਮਿਲੈ ਤ ਦੁਬਿਧਾ ਭਾਗੈ ॥ ਕਮਲੁ ਬਿਗਾਸਿ ਮਨੁ ਹਰਿ ਪ੍ਰਭ ਲਾਗੈ ॥ ਜੀਵਤੁ ਮਰੈ ਮਹਾ ਰਸੁ ਆਗੈ ॥੨॥ ਸਤਿਗੁਰਿ ਮਿਲਿਐ ਸਚ ਸੰਜਮਿ ਸੂਚਾ ॥ ਗੁਰ ਕੀ ਪਉੜੀ ਊਚੋ ਊਚਾ ॥ ਕਰਮਿ ਮਿਲੈ ਜਮ ਕਾ ਭਉ ਮੂਚਾ ॥੩॥ ਗੁਰਿ ਮਿਲਿਐ ਮਿਲਿ ਅੰਕਿ ਸਮਾਇਆ ॥ ਕਰਿ ਕਿਰਪਾ ਘਰੁ ਮਹਲੁ ਦਿਖਾਇਆ ॥ ਨਾਨਕ ਹਉਮੈ ਮਾਰਿ ਮਿਲਾਇਆ ॥੪॥੯॥

ਜਦੋਂ ਸਾਧੂਆਂ ਪੁੱਛਿਆ ਗੁਰੂ ਜੀ ਅਸੀ ਸੁਣਿਐ ਤੁਸੀ ਮੁਕਤੀ ਦੇ ਸਿਧਾਂਤ ਨੂੰ ਨਹੀ ਮੰਨਦੇ?
'ਸਿੱਖੀ ਦਾ ਨਿਸ਼ਾਨਾ : ਜੀਂਦੇ ਜੀ ਮੁਕਤੀ'

ਇਕ ਵੇਰ ਕਰਤਾਰਪੁਰ ਸਾਹਿਬ ਵਿਖੇ ਸਾਧੂਆਂ ਦਾ ਟੋਲਾ ਆਇਆ। ਬਹੁਤ ਗਿਆਨਵਾਨ ਸਨ। ਉਨਾਂ ਸੁਣਿਆ ਸੀ ਕਿ ਗੁਰੂ ਨਾਨਕ ਮੁਕਤੀ ਦਾ ਨਵਾਂ ਹੀ ਰਸਤਾ ਦੱਸ ਰਿਹਾ ਹੈ। ਉਨਾਂ ਆ ਕੇ ਸਵਾਲ ਕੀਤਾ ਕਿ ਗੁਰੂ ਜੀ ਸ਼ਾਸਤਰਾਂ ਅਨੁਸਾਰ ਬੰਦਾ ਸਤੋ-ਗੁਣ ਤਾਂ ਹੀ ਹਾਸਲ ਕਰੇਗਾ ਜੇ ਉਹ ਦੱਸੇ ਮਾਰਗ ਤੇ ਚਲੇ (ਤ੍ਰੈਗੁਣ ਸਿਧਾਂਤ) ਭਾਵ ਪੁਨ ਦਾਨ, ਤੀਰਥ ਯਾਤਰਾਵਾਂ ਕਰੇ, ਕਰਮ ਕਾਂਡ (ਪੂਜਾ ਆਦਿ) ਕਰੇ ਨਹੀ ਤਾਂ ਜੀਵ (ਓ) ਤਮੋ ਸੋਚ ਜਾਂ (ਅ) ਰਜੋ ਸੋਚ ਵਿਚ ਹੀ ਜੀਵਨ ਬਰਬਾਦ ਕਰ ਦੇਵੇਗਾ।(ਸ਼ਾਸਤਰਾਂ ਅਨੁਸਾਰ ਬੰਦਾ ਤਿੰਨ ਹਾਲਤਾਂ ਵਿਚ ਜੀਂਦਾ

ਪੈਰ ਸਫ਼ਾ

*ਸੋਢੀ 2- 370, •ਸੋਢੀ 2-372, ●ਸੋਢੀ 2-375 ਪੱਖੋਕੇ ਅਜਿਤੇ ਰੰਧਾਵੇ ਵਾਲੀ ਗੋਸ਼ਟ ਵੀ ਦੇਖੋ, ⊙ ਸੋਢੀ 2-388 ਸੋਢੀ 2-395, ■ ਸੋਢੀ 2-391, ○ ਸੋਢੀ 2-398, ◘ ਸੋਢੀ 2-401,✚ ਸੋਢੀ 2- 403, **ਸੋਢੀ 2- 406 ਭਵਿਖ ਦੇ ਖੋਜੀਆਂ ਲਈ- ਜੇਠ ਸੁਦੀ 10ਵੀ ਕਿਹੜੇ ਸਾਲ ਵਿਚ ਬੁਧਵਾਰ ਆਈ ਇਸ ਤੋਂ ਸਾਨੂੰ ਸਾਲ ਦਾ ਵੀ ਪਤਾ ਲੱਗ ਸਕਦਾ ਹੈ। ਸਾਨੂੰ ਖੁਦ ਨੂੰ ਤਾਂ 1530 ਦੇ ਆਸ ਪਾਸ ਦਾ ਕੈਲੰਡਰ (ਪਾਚਾਂਗ) ਨਹੀ ਮਿਲ ਪਾਇਆ। ••ਸੋਢੀ 2- 411, ⊙•ਸੋਢੀ 2-415

ਹੈ: 1. ਰਜੋ, 2. ਤਮੋ ਅਤੇ 3. ਸੱਤੋ ਅਵਸਥਾ।। ਪਹਲੀ ਅਵਸਥਾ ਤਮੋ ਹੁੰਦੀ ਹੈ ਜਿਸ ਵਿਚ ਹਉਮੈਧਾਰੀ ਬੰਦੇ ਦੀ ਸੋਚ ਦਿਆ ਵਿਹੂਣੀ, ਪਸ਼ੂ ਵਰਗੀ ਹੁੰਦੀ ਹੈ ਤੇ ਉਹ ਦੂਸਰਿਆਂ ਤੇ ਜੁਲਮ ਕਰਦਾ ਹੈ, ਚੋਰੀ ਕਰਦਾ, ਕਤਲ ਕਰਦਾ ਆਦਿ। ਪਰ ਜਿਆਦਾਤਰ ਸਮਾਜ ਵਿਚ ਦੂਜੀ ਅਵਸਥਾ ਭਾਵ ਰਜੋ ਸੋਚ ਭਾਰੂ ਹੁੰਦੀ ਹੈ ਜਿਸ ਕਰਕੇ ਬੰਦਾ ਮਾਇਕ ਪਦਾਰਥ ਹਾਸਲ ਕਰਨ ਵਾਸਤੇ ਜੱਦੋਜਹਿਦ ਵਿਚ ਲੱਗਾ ਰਹਿੰਦਾ। ਉਹਦੀ ਸੋਚ ਹੁੰਦੀ ਹੈ ਕਿ ਮਾਇਆ ਕਰਕੇ ਸਮਾਜ ਵਿਚ ਉੱਚੀ ਪਦਵੀ ਮਿਲਦੀ ਹੈ। ਜਾਂ ਉਹ ਉੱਚ ਪਦਵੀ ਹਾਸਲ ਕਰਨ ਵਾਸਤੇ ਸੰਘਰਸ਼ ਕਰਦਾ ਹੈ। ਉਹਦਾ ਮੰਨ ਤੜਫ ਰਿਹਾ ਹੁੰਦਾ ਹੈ। ਉਹ ਕਦੀ ਕੁਝ ਕਰਦਾ, ਕਦੀ ਕੁਝ ਕਰਦਾ। ਅਤੇ ਤੀਸਰੀ ਸੱਚ ਵਾਲੀ ਸਤੋ ਅਵਸਥਾ ਗਿਣੀ ਗਈ ਹੈ ਜਿਸ ਤਹਿਤ ਉਹ ਮੌਤ ਤੋਂ ਬਾਦ ਵਾਲਾ ਆਪਣਾ ਜੀਵਨ ਸੰਵਾਰਦਾ ਹੈ।)

"ਬਾਬਾ ਜੀ ਅਸੀ ਸੁਣਿਐ ਤੁਸੀ ਸ਼ਾਸਤਰਾਂ ਤੋਂ ਵਖਰਾ ਹੀ ਮੁਕਤੀ ਦਾ ਰਾਹ ਦੱਸਦੇ ਹੋ ਉਹ ਕਿਹੜਾ ਹੈ?" ਸਾਧੂਆਂ ਪੁਛਿਆ।

ਗੁਰੂ ਸਾਹਿਬ ਨੇ ਕਿਹਾ ਹਾਂ ਇਹ ਸੱਚੀ ਗਲ ਹੈ ਅਸੀ ਮੌਤ ਤੋਂ ਬਾਦ ਦੇ ਜੀਵਨ ਬਾਰੇ ਚਿੰਤਾ ਨਹੀ ਕਰਦੇ। ਨਾਂ ਹੀ ਉਨ੍ਹੂੰ ਸੰਵਾਰਨ ਵਾਸਤੇ ਪੁੰਨ ਦਾਨ, ਕਰਮ ਕਾਂਡ ਜਾਂ ਤੀਰਥ ਯਾਤਰਾ ਦੀ ਸਲਾਹ ਦਿੰਦੇ ਹਾਂ।

ਸਾਡਾ ਨਿਸ਼ਾਨਾ ਹੈ ਬੰਦੇ ਦੇ ਅੱਜ ਭਾਵ ਵਰਤਮਾਨ ਨੂੰ ਸੰਵਾਰਨਾਂ। ਅਸੀ ਬੰਦੇ ਨੂੰ ਕੁਦਰਤ ਦੇ ਖੇਲ ਬਾਰੇ ਦੱਸਦੇ ਹਾਂ ਕਿ ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ ਰਾਂਹੀ ਕਿਵੇ ਅਕਾਲ ਪੁਰਖ ਨੇ ਇਕ ਜੰਜਾਲ ਜਿਹਾ ਰਚਿਆ ਹੈ ਜਿਸ ਵਿਚ ਬੰਦਾ ਸਾਰੀ ਉਮਰ ਤੜਫਦਾ ਰਹਿੰਦਾ ਹੈ। ਗੁਰਮਤ ਬੰਦੇ ਨੂੰ ਹਉਮੈ ਦੀ ਅਸਲੀਅਤ ਤੋਂ ਜਾਣੂ ਕਰਵਾ ਦਿੰਦੀ ਹੈ। ਮਿਸਾਲ ਦੇ ਤੌਰ ਤੇ ਜਿਵੇ ਕਾਮ ਵਾਲੀ ਗਲ ਹੀ ਲੈ ਲਓ। ਅਸੀ ਦਸਦੇ ਹਾਂ ਕਿ ਕਾਮ ਕਿਓ ਉਪਜਦਾ ਹੈ? ਮਤਲਬ ਕਾਮ ਪੈਦਾ ਹੋਵੇਗਾ ਤਾਂ ਹੀ ਅੱਗੇ ਪੈਦਾਵਾਰ ਹੋਵੇਗੀ।ਜੀਵ ਦੀ ਅਗਲੀ ਪੀੜੀ ਚਲੇਗੀ ਤਾਂ ਹੀ ਸਦੀਵੀ ਖੇਲ ਚਲੇਗਾ। ਪਰ ਗਿਆਨ ਵਿਹੂਣਾ ਬੰਦਾ ਕਾਮ ਵਿਚੋਂ ਅਨੰਦ ਲੱਭਣ ਦੀ ਦੌੜ ਵਿਚ ਪੈ ਜਾਂਦਾ ਹੈ। ਏਸੇ ਤਰਾਂ ਜੇ ਮੋਹ ਹੋਵੇਗਾ ਤਾਂ ਹੀ ਜੀਵ ਆਪਣਾ ਬੱਚਾ ਪਾਲੇਗਾ। ਜੇ ਬੱਚੇ ਦੀ ਪਾਲਣਾ ਪੋਸਣਾ ਨਾਂ ਹੋਈ ਤਾਂ ਵੀ ਖੇਲ ਅਸਫਲ (ਡਰਾਮਾ ਫੇਲ) ਹੋ ਜਾਂਦਾ ਹੈ। ਏਸੇ ਤਰਾਂ ਲੋਭ ਮੋਹ ਅਹੰਕਾਰ ਪਿੱਛੇ ਵੀ ਅਕਾਲ ਪੁਰਖ ਦੀ ਗਹਿਰੀ ਚਾਲ ਹੈ। ਅਸੀ ਹਉਮੈ ਤੇ ਸੱਚ ਬਾਰੇ ਗਿਆਨ ਕਰਵਾ ਦਿੰਦੇ ਹਾਂ।

ਕਹਿਣ ਤੋਂ ਮਤਲਬ ਅਸੀ ਮਨੁੱਖ ਨੂੰ ਗਿਆਨ ਰਾਂਹੀ ਉੱਚਾ ਚੁੱਕਣ ਦਾ ਉਪਰਾਲਾ ਕਰਦੇ ਹਾਂ। ਜਦੋਂ ਉਨ੍ਹੂੰ ਸੱਚ ਦਾ ਗਿਆਨ ਹੋ ਜਾਦਾ ਹੈ ਤਾਂ ਉਹਦਾ ਮੌਤ ਦਾ ਭੈਅ ਮੁੱਕ ਜਾਂਦਾ ਹੈ। ਗੁਰਬਾਣੀ ਨਿਤਨੇਮ ਰਾਂਹੀ ਅਸੀ ਰੋਜ ਉਨ੍ਹੂੰ ਸੱਚ ਦਾ ਅਹਿਸਾਸ ਦੁਆਉਦੇ ਹਾਂ। ਬੰਦਾ ਫਿਰ ਚੜ੍ਹਦੀ ਕਲ੍ਹਾ 'ਚ ਅਨੰਦ ਵਿਚ ਜੀਉਦਾ ਹੈ। ਉਨ੍ਹੂੰ ਫਿਕਰ ਨਹੀ ਹੁੰਦਾ ਕਿ ਮਰਨ ਤੋਂ ਮਗਰੋਂ ਮੇਰੇ ਨਾਲ ਕੀ ਹੋਣਾ ਹੈ। ਭਵਿਖ ਵਾਸਤੇ ਉਹਦੀ ਚਿੰਤਾ ਨਹੀ ਰਹਿੰਦੀ। ਉਨ੍ਹੂੰ ਪਤਾ ਲੱਗ ਜਾਂਦਾ ਹੈ ਕਿ ਜੋ ਕੁਝ ਹੋ ਰਿਹਾ ਹੈ, ਕਰਤੇ ਦੇ ਹੁਕਮ ਤਹਿਤ ਚਲ ਰਿਹਾ ਹੈ। ਉਨ੍ਹੂੰ ਬੀਤੇ ਦਾ ਪਛਤਾਵਾ ਨਹੀ ਹੁੰਦਾ ਤੇ ਭਵਿਖ ਦਾ ਫਿਕਰ ਨਹੀ। ਉਹਨੂੰ ਰਜਾ ਦੇ ਸਿਧਾਂਤ ਦੀ ਸਮਝ ਆ ਚੁੱਕੀ ਹੁੰਦੀ ਹੈ। ਸੋ ਗੁਰਸਿਖ ਨੇ ਗਿਆਨ 'ਚ ਜੀਣਾ ਹੈ।

ਗੁਰੂ ਜੀ ਨੇ ਮਹਾਤਮਾ ਲੋਕਾਂ ਨੂੰ ਦੱਸਿਆ ਕਿ ਅਸੀ ਰਜੋ, ਤਮੋ, ਸਤੋ ਅਵਸਥਾ ਤੋਂ ਵੱਖਰੀ ਗਲ ਕਰਦੇ ਹਾਂ। ਤੁਸੀ ਕਹਿ ਲਓ ਤੁਰੀਅਵਸਥਾ ਜਾਂ ਗਿਆਨ ਅਵਸਥਾ। ਅਸੀ ਇਸ ਨੂੰ ਚੜ੍ਹਦੀ ਕਲਾ ਵਾਲਾ ਜੀਵਨ ਕਹਿੰਦੇ ਹਾਂ। (ਨਾਨਕ ਨਾਮ ਚੜਦੀ ਕਲ੍ਹਾ॥ ਤੇਰੇ ਭਾਣੇ ਸਰਬਤ ਦਾ ਭਲਾ॥) ਅਸੀ ਮੌਤ ਤੋਂ ਬਾਦ ਵਾਲੇ ਜੀਵਨ ਨੂੰ ਸੰਵਾਰਨ ਤੇ ਜੋਰ ਨਹੀ ਦਿੰਦੇ। ਸਾਡੇ ਵਾਸਤੇ ਮੌਜੂਦਾ ਜੀਵਨ ਅਹਿਮ ਹੈ। ਅਸੀ ਗੁਰਸਿੱਖ ਨੂੰ ਵਰਤਮਾਨ ਵਿਚ ਜੀਣ ਦਾ ਦੱਸਦੇ ਹਾਂ।

ਉਹ ਸਾਧੂ ਜਿੰਨਾਂ ਸਾਰੀ ਉਮਰ ਸੱਚ ਦੀ ਖੋਜ ਵਿਚ ਲਾ ਦਿੱਤੀ ਹੋਈ ਸੀ, ਧੰਨ ਧੰਨ ਕਰ ਉਠੇ। ਹਰ ਪਾਸੇ ਧੰਨ ਗੁਰੂ ਨਾਨਕ, ਧੰਨ ਬਾਬਾ ਨਾਨਕ ਹੋ ਰਿਹਾ ਸੀ।

ਚਾਰ ਪਦਾਰਥ- ਏਸੇ ਤਰਾਂ ਹਿੰਦੂ ਸ਼ਾਸਤਰਾਂ ਨੇ ਮੰਨਿਆ ਹੈ ਕਿ ਮਨੁੱਖ ਆਪਣੀ ਮਾਨਸਿਕ ਅਵਸਥਾ ਮੁਤਾਬਿਕ ਚਾਰ ਕਿਸਮ ਦੇ ਖਜਾਨੇ ਜੋੜਨ ਵਿਚ ਲੱਗਾ ਰਹਿੰਦਾ ਹੈ:

ਧਰਮ - ਉਹ ਕੰਮ ਜਿਸ ਵਿਚ ਇਸਨੂੰ ਸਿੱਧਾ ਮਾਇਆ ਦਾ ਲਾਭ ਨਾਂ ਹੋਵੇ।

ਅਰਥ- ਮਾਇਆ ਸਬੰਧੀ।

ਕਾਮ - ਮੰਨ 'ਚੋਂ ਉਠਦੀਆਂ ਤਰੰਗਾਂ ਦੀ ਪੂਰਤੀ। ਜਿਵੇ ਕਾਮ, ਕ੍ਰੋਧ, ਲੋਭ, ਮੋਹ ਦੇ ਕੰਮਾਂ ਵਿਚ ਪੈਣਾ। ਪ੍ਰਵਾਰ ਖੜਾ ਕਰਨਾਂ ਵੀ ਏਸੇ ਸ਼੍ਰੇਣੀ ਵਿਚ ਆਉਦਾ ਹੈ।

ਮੋਖ- ਮੁਕਤੀ ਦੀ ਪ੍ਰਾਪਤੀ ਲਈ ਯਤਨ ਕਰਨੇ। ਮਤਲਬ ਆਪਣੀ ਮੌਤ ਤੋਂ ਬਾਦ ਵਾਲੀ ਅਵਸਥਾ ਵਿਚ ਸਾਨੂੰ ਸਹੂਲਤ ਹੋਵੇ। (ਹਾਲਾਂ ਮੌਤ ਤੋਂ ਬਾਦ ਕੀ ਹੁੰਦਾ ਹੈ ਕਿਸ ਨੇ ਵੇਖਿਆ ਹੈ।)

ਜਿਵੇ ਗੁਰੂ ਸਾਹਿਬ ਨੇ ਜੀਵਨ ਮੁਕਤੀ ਦਾ ਸਿਧਾਂਤ ਭਰੇ ਦੀਵਾਨ ਵਿਚ ਸਮਝਾਇਆ ਤਾਂ ਸਾਧੂ ਲੋਕ ਤਾਂ ਧੰਨ ਗੁਰੂ ਨਾਨਕ, ਧੰਨ ਬਾਬਾ ਨਾਨਕ ਪੁਕਾਰਨ ਲੱਗ ਪਏ। "ਬਾਬਾ ਜੀ ਸਾਡਾ ਜੀਵਨ ਸਫਲ ਕਰ ਦਿੱਤਾ ਤੁਸੀ। ਹੁਣ ਤੋਂ ਅਸੀ ਤੁਹਾਡੇ।"

ਰਾਵੀ ਦਾ ਬੇਲਾ ਉਸ ਵੇਲੇ ਫਿਰ ਰੰਗ ਵਿਚ ਆ ਗਿਆ, ਜਦੋਂ ਸਾਰੀ ਸੰਗਤ ਨੇ ਰਲ ਕੇ ਗੁਰੂ ਸਾਹਿਬ ਦੇ ਮਗਰ ਇਹ ਸ਼ਬਦ ਗਾਵਿਆ:-*

ਗਉੜੀ ਮਹਲਾ ੧ ॥ ਜਨਮਿ ਮਰੈ ਤ੍ਰੈ ਗੁਣ ਹਿਤਕਾਰੁ ॥ ਚਾਰੇ ਬੇਦ ਕਥਹਿ ਆਕਾਰੁ ॥ ਤੀਨਿ ਅਵਸਥਾ ਕਹਹਿ ਵਖਿਆਨੁ ॥ ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ ॥੧॥ ਰਾਮ ਭਗਤਿ ਗੁਰ ਸੇਵਾ ਤਰਣਾ ॥ ਬਾਹੁੜਿ ਜਨਮੁ ਨ ਹੋਇ ਹੈ ਮਰਣਾ ॥੧॥ ਰਹਾਉ ॥ ਚਾਰਿ ਪਦਾਰਥ ਕਹੈ ਸਭੁ ਕੋਈ ॥ ਸਿੰਮ੍ਰਿਤਿ ਸਾਸਤ ਪੰਡਿਤ ਮੁਖਿ ਸੋਈ ॥ ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ ॥ ਮੁਕਤਿ ਪਦਾਰਥੁ ਭਗਤਿ ਹਰਿ ਪਾਇਆ ॥੨॥ ਜਾ ਕੈ ਹਿਰਦੈ ਵਸਿਆ ਹਰਿ ਸੋਈ ॥ ਗੁਰਮੁਖਿ ਭਗਤਿ ਪਰਾਪਤਿ ਹੋਈ ॥ ਹਰਿ ਕੀ ਭਗਤਿ ਮੁਕਤਿ ਆਨੰਦੁ ॥ ਗੁਰਮਤਿ ਪਾਏ ਪਰਮਾਨੰਦੁ ॥੩॥ ਜਿਨਿ ਪਾਇਆ ਗੁਰਿ ਦੇਖਿ ਦਿਖਾਇਆ ॥ ਆਸਾ ਮਾਹਿ ਨਿਰਾਸੁ ਬੁਝਾਇਆ ॥ ਦੀਨਾ ਨਾਥੁ ਸਰਬ ਸੁਖਦਾਤਾ ॥ ਨਾਨਕ ਹਰਿ ਚਰਣੀ ਮਨੁ ਰਾਤਾ ॥੪॥੧੨॥

ਜਦੋਂ ਸਿੱਖ ਗੁਰੂ ਸਾਹਿਬ ਲਈ ਜੋੜਾ ਕਪੜੇ ਲੈ ਕੇ ਆਇਆ•

ਇਕ ਵੇਰਾਂ ਜਦੋਂ ਗੁਰੂ ਸਾਹਿਬ ਕਰਤਾਰਪੁਰ ਵਿਖੇ ਬਿਰਾਜੇ ਹੋਏ ਸਨ ਤਾਂ ਇਕ ਸਿੱਖ ਗੁਰੂ ਸਾਹਿਬ ਲਈ ਕਾਲੇ ਰੰਗ ਦੇ ਬਹੁਤ ਹੀ ਮਹੀਨ ਮਹੀਨ ਕਪੜਿਆਂ ਦੇ ਜੋੜੇ ਸਿਵਾਂ ਕੇ ਲਿਆਇਆ। ਨਾਲ ਹੀ ਇਤਰ ਫੁਲੇਲ ਦੀਆਂ ਸ਼ੀਸ਼ੀਆਂ, ਮਿਠਾਈਆਂ ਦੇ ਕੁੱਜੇ ਅਤੇ ਸੁੱਕੇ ਮੇਵਿਆਂ ਦੀ ਟੋਕਰੀ ਲਿਆ ਗੁਰੂ ਸਾਹਿਬ ਦੇ ਅਰਪਨ ਕੀਤੀ। ਬਹੁਤ ਹੀ ਅਧੀਨਗੀ ਨਾਲ ਬੇਨਤੀ ਕੀਤੀ ਕਿ ਗੁਰੂ ਸਾਹਿਬ ਮੈਨੂੰ ਬਹੁਤ ਚਾਅ ਆ ਜੇ ਤੁਸੀ ਮੇਰਾ ਭੇਟ ਕੀਤਾ ਜੋੜਾ ਪਹਿਨੋ ਤਾਂ। ਮਾਤਾ ਸੁਲੱਖਣੀ ਨੇ ਵੀ ਜੋਰ ਪਾ ਦਿੱਤਾ ਕਿ ਸਾਹਿਬ ਤੁਸੀ ਇਹ ਜੋੜਾ ਜਰੂਰ ਪਹਿਨੋ।

ਅਖੀਰ ਗੁਰੂ ਸਾਹਿਬ ਨੇ ਜੋੜਾ ਪਹਿਨ ਲਿਆ ਤੇ ਬਾਕੀ ਵਸਤੂਆਂ ਭੰਡਾਰੀ ਦੇ ਹਵਾਲੇ ਕਰ ਦਿੱਤੀਆਂ। ਓਥੇ ਹਰ ਕਿਸੇ ਨੇ ਸਲਾਹਿਆ ਕਿ ਗੁਰੂ ਸਾਹਿਬ ਨਵੇ ਕਪੜਿਆਂ ਵਿਚ ਤੁਸੀ ਬਹੁਤ ਚੰਗੇ ਲੱਗ ਰਹੇ ਹੋ।

ਅੱਜ ਫਿਰ ਦੀਵਾਨ ਵਿਚ ਗੁਰੂ ਸਾਹਿਬ ਨੇ ਕਾਇਆਂ ਭਾਵ ਸਰੀਰ ਦੀ ਅਸਲੀਅਤ ਤੇ ਹੀ ਸ਼ਬਦ ਬੋਲ ਦਿੱਤਾ।

ਗਉੜੀ ਚੇਤੀ ਮਹਲਾ ੧ ॥ ਅੰਮ੍ਰਿਤ ਕਾਇਆ ਰਹੈ ਸੁਖਾਲੀ ਬਾਜੀ ਇਹੁ ਸੰਸਾਰੋ ॥ ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ ॥ ਤੂੰ ਕਾਇਆ ਮੈ ਰੁਲਦੀ ਦੇਖੀ (ਪੂਰਾ ਸ਼ਬਦ ਦੇਖੋ ਸਫਾ ਨਨਨਨਨ ਲੰਕਾ ਸਾਖੀ)

ਹੇ ਮੇਰੇ ਸਰੀਰ! ਆਪਣੇ ਆਪ ਨੂੰ ਅਮਰ ਜਾਣ ਕੇ ਸੁਖ ਮਾਣਨ ਵਿਚ ਹੀ ਲੱਗਾ ਰਹਿੰਦਾ ਹੈ, ਤੈਨੂੰ ਇਹ ਅਹਿਸਾਸ ਨਹੀਂ ਕਿ ਇਹ ਜਗਤ ਇਕ ਖੇਡ ਹੈ ।..ਹੇ ਮੇਰੀ ਜਿੰਦੇ! ਮੇਰੀ ਸਿੱਖਿਆ ਧਿਆਨ ਨਾਲ ਸੁਣ । ..ਸਭ ਕਹਿਣ ਲੱਗ ਪਏ ਧੰਨ ਹੈ ਬਾਬਾ ਨਾਨਕ ਜਿਸ ਨੇ ਸਾਡੀਆਂ ਅੱਖਾਂ ਖੋਲ ਦਿੱਤੀਆਂ। ਇਹ ਤਾਂ ਵੱਡੀ ਸਚਾਈ ਹੈ ਕਿ ਇਹ ਸਰੀਰ ਇਕ ਦਿਨ ਸੁਆਹ ਹੋ ਜਾਣਾ ਹੈ।

ਕਾਇਆਂ ਤੇ ਵਖਿਆਨ ਅਗਲੇ ਦਿਨ ਵੀ ਜਾਰੀ ਰਿਹਾ**

ਫਿਰ ਅਗਲੇ ਦਿਨ ਵੀ ਗੁਰੂ ਸਾਹਿਬ ਨੇ ਹਉਮੈ ਵਿਚ ਜਕੜੀ ਇਸ ਕਾਇਆ ਤੇ ਵਖਿਆਨ ਜਾਰੀ ਰੱਖਿਆ ਤੇ ਸਮਝਾਇਆ ਕਿ ਕਿਵੇ ਇਹ ਸਰੀਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਚੱਕਰ ਵਿਚ ਪੈ ਕੇ ਲੁਟੀਦਾ ਰਹਿਦਾ ਹੈ। ਜੀਵ ਭੁਲਿਆ ਪਿਆ ਕਿ ਇਕ ਦਿਨ ਇਸ ਮਾੜੀ ਨੂੰ ਅਗਲਿਆਂ ਢਾਹ ਦੇਣਾ "ਢਾਹਿ ਮੜੋਲੀ ਲੂਟਿਆ ਦੇਹੁਰਾ ਸਾ ਧਨ ਪਕੜੀ ਏਕ ਜਨਾ ॥ " ਮਤਲਬ ਕਿ ਬੰਦਿਆ ਮਾਇਆ ਮੋਹ ਵਿਚ ਐਨਾ ਨਾਂ ਡੁੱਬਾ ਰਹੁ।

ਸਾਹਿਬ ਨੇ ਸ਼ਬਦ ਕਿਹਾ ਜਿਸ ਨੂੰ ਸਾਰੀ ਸੰਗਤ ਨੇ ਨਾਲ ਰਲ ਗਾਇਆ:-

ਗਉੜੀ ਚੇਤੀ ਮਹਲਾ ੧ ॥ ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ ॥ ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ ॥੧॥ ਸ੍ਰੀ ਰਾਮ ਨਾਮਾ ਉਚਰੁ ਮਨਾ ॥ ਆਗੈ ਜਮ ਦਲੁ ਬਿਖਮੁ ਘਨਾ ॥੧॥ ਰਹਾਉ ॥ ਉਸਾਰਿ ਮੜੋਲੀ ਰਾਖੈ ਦੁਆਰਾ ਭੀਤਰਿ ਬੈਠੀ ਸਾ ਧਨਾ ॥ ਅੰਮ੍ਰਿਤ ਕੇਲ ਕਰੇ ਨਿਤ ਕਾਮਣਿ ਅਵਰਿ ਲੁਟੇਨਿ ਸੁ ਪੰਚ ਜਨਾ ॥੨॥ ਢਾਹਿ ਮੜੋਲੀ ਲੂਟਿਆ ਦੇਹੁਰਾ ਸਾ ਧਨ ਪਕੜੀ ਏਕ ਜਨਾ ॥ ਜਮ ਡੰਡਾ ਗਲਿ ਸੰਗਲੁ ਪੜਿਆ ਭਾਗਿ ਗਏ ਸੇ ਪੰਚ ਜਨਾ ॥੩॥ ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ਰ ਲੁੜੇਨਿ ਸੁ ਖਾਧਾਤਾ ॥ ਨਾਨਕ ਪਾਪ ਕਰੇ ਤਿਨ ਕਾਰਣਿ ਜਾਸੀ ਜਮਪੁਰਿ ਬਾਧਾਤਾ ॥ ੪॥੨॥੧੪॥

ਭਾਈ ਲਹਿਣਾ ਪੁੱਛਦੈ, "ਗੁਰੂ ਜੀ ਬੰਦੇ ਦੇ ਦੁੱਖਾਂ ਦਾ ਕੀ ਕਾਰਣ?"•

ਕਿਉਕਿ ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਬਾਰ ਬਾਰ ਤਾਕੀਦ ਕੀਤੀ ਹੋਈ ਸੀ ਕਿ ਜੋ ਵੀ ਤੇਰੇ ਮੰਨ ਵਿਚ ਸਵਾਲ ਉਠਦੈ ਬਿਨਾਂ ਝਿੱਜਕ ਪੁੱਛਿਆ ਕਰ। ਭਾਈ ਲਹਿਣੇ ਨੇ ਫਿਰ ਦੀਵਾਨ ਵਿਚ ਵੀ ਸਵਾਲ ਪੁੱਛਣੇ। ਇਕ ਦਿਨ ਫਿਰ ਸਿਆਲਕੋਟ ਤੋਂ ਇਕ ਖੱਤਰੀ ਆਇਆ। ਰੋ ਰੋ ਕੇ ਆਪਣੇ ਦੁੱਖੜੇ ਗੁਰੂ ਸਾਹਿਬ ਅੱਗੇ ਫੋਲ ਰਿਹਾ ਸੀ ਕਿ 'ਮੈਂ ਸਮਾਜ ਵਿਚ ਕੱਖੋਂ ਹਉਲਾ ਹੋ ਗਇਆ ਵਾਂ। ਮੇਰਾ ਸਾਰਾ ਕਾਰੋਬਾਰ ਬਰਬਾਦ ਹੋ ਗਇਆ ਹੈ। ਬਾਬਾ ਜੀ ਮੇਰਾ ਤਾਂ ਜੀਅ ਕਰਦਾ ਖੁੱਦਕਸ਼ੀ ਕਰ ਲਵਾਂ। '

ਗੁਰੂ ਸਾਹਿਬ ਨੇ ਉਸ ਸੌਦਾਗਰ ਨੂੰ ਉਪਦੇਸ਼ ਦਿੱਤਾ ਕਿ ਨਾਮ ਦੇ ਲੜ ਲੱਗੋ, ਸੱਚ ਵਿਚ ਆ ਜਾਓ ਤੁਹਾਡੀਆ ਤਕਲੀਫਾਂ ਕੱਟ ਜਾਣਗੀਆਂ।

ਸੌਦਾਗਰ ਨੇ ਆਪਣੇ ਕੁਝ ਅਜਿਹੇ ਦੁੱਖੜੇ ਰੋਏ ਕਿ ਭਾਈ ਲਹਿਣੇ ਦੀ ਉਸ ਨਾਲ ਹਮਦਰਦੀ ਹੋ ਗਈ। ਭਾਈ ਸਾਹਿਬ ਨੇ ਫਿਰ ਸਵਾਲ ਕਰ ਦਿੱਤਾ ਕਿ ਗੁਰੂ ਜੀ ਸਾਡਾ ਮਾਲਕ ਅਕਾਲ ਪੁਰਖ ਜੀਵਾਂ ਨੂੰ ਏਨੇ ਦੁੱਖ ਕਿਓ ਦਿੰਦਾ ਹੈ?

ਗੁਰੂ ਸਾਹਿਬ ਨੇ ਫਿਰ ਵਿਸਥਾਰ ਨਾਲ ਸਮਝਾਇਆ ਕਿ ਅਸੀ ਆਪਣਾ ਬੀਜਿਆ ਆਪੇ ਵੱਢਦੇ ਹਾਂ। ਗੁਰੂ ਸਾਹਿਬ ਨੇ ਉਸ ਸੌਦਾਗਰ ਨੂੰ ਕਿਹਾ ਕਿ ਤੇਰੇ ਤੇ ਕਦੋਂ ਤੋਂ ਦੁੱਖਾਂ ਨੇ ਘੇਰਾ ਪਾਇਆ ਹੋਇਆ ਹੈ। ਉਸ ਦੱਸਿਆ ਕਿ ਬਾਬਾ ਜੀ ਕੁੜੀ ਦਾ ਵਿਆਹ ਕੀਤਾ ਸੀ ਉਸ ਤੋਂ ਬਾਦ ਕਾਰੋਬਾਰ ਹੇਠਾਂ ਹੀ ਹੇਠਾਂ ਚਲਾ ਗਿਆ।

ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਸੰਬੋਧਨ ਹੋ ਕੇ ਕਿਹਾ ਕਿ ਪੁਰਖਾ ਇਹ ਗਵਾਹ ਤੇਰੇ ਸਾਹਮਣੇ ਹੈ। ਬੰਦਾ ਜਦੋਂ ਹਉਮੈ ਵਿਚ ਆ ਕੇ ਆਪਣਾ ਟੌਹਰ ਬਣਾਉਣ ਖਾਤਰ ਅਜਿਹੇ ਕੰਮ ਕਰਦਾ ਹੈ ਤਾਂ ਫਿਰ ਉਨੂੰ ਨਤੀਜੇ ਵੀ ਭੁਗਤਣੇ ਪੈਂਦੇ ਹਨ। ਇਸ ਬੰਦੇ ਨੇ ਧੀ ਦੇ ਵਿਆਹ ਤੇ ਵਿਤੋਂ ਬਾਹਰਾ ਖਰਚਾ ਕੀਤਾ। ਆਪਣੀ ਰਾਸ-ਪੂਜੀ ਲਾਉਣੀ ਤਾਂ ਕਿਤੇ, ਇਸ ਨੇ ਕਰਜਾ ਵੀ ਚੁੱਕ ਲਿਆ। ਪਰ ਕਾਰੋਬਾਰ ਵਿਚ ਆਮਦਨ ਮਰਿਆਦਾ ਅਨੁਸਾਰ ਆਉਦੀ ਹੈ। ਇਸ ਨੇ ਵਿੱਤ ਦਾ ਸਾਵਾਂਪਣ ਸਾਰਾ ਵਿਗਾੜ ਦਿੱਤਾ। ਫਿਰ ਘਾਟੇ ਤਾਂ ਪੈਣੇ ਹੀ ਸਨ। ਖਰਚਾ ਕਰਨ ਲੱਗਿਆ ਇਸ ਨੇ ਆਪਣੀ ਆਮਦਨ ਨਹੀ ਵੇਖੀ।

ਸੌਦਾਗਰ ਕਹਿਣ ਲੱਗਾ ਜੀ ਕੁੜਮ ਜਿਆਦਾ ਅਮੀਰ ਬੰਦੇ ਸੀ।

ਗੁਰੂ ਸਾਹਿਬ ਨੇ ਫਿਰ ਵਿਆਖਿਆ ਕੀਤੀ ਕਿ ਵੇਖੋ ਇਥੇ ਫਿਰ ਇਹਦੀ ਹਉਮੈ ਅੱਗੇ ਆਈ। ਇਸ ਨੇ ਆਪਣੇ ਦਾਇਰੇ ਵਿਚੋਂ ਬਾਹਰ ਜਾ ਕੇ ਰਿਸਤਾ ਕੀਤਾ। ਆਪਣੇ ਆਪ ਨੂੰ ਅਮੀਰ ਹੋਣ ਦਾ ਵਿਖਾਵਾ ਕੀਤੇ ਤੇ ਜਲੋਅ ਕੀਤੇ। ਭਾਵ ਆਪਣੇ ਆਪ ਨਾਲ ਤੇ ਸਮਾਜ ਨਾਲ ਵੱਡਾ ਝੂਠ ਬੋਲਿਆ।

ਸੋ ਇਹ ਸੁਦਾਗਰ ਰਜਾ ਵਿਚ ਨਹੀ ਸੀ ਚਲਿਆ। ਰਜਾ ਤੋਂ ਬਾਹਰਾ ਹੋ ਗਿਆ। ਇਸ ਨੇ ਸਿਰਫ ਆਪਣੇ ਵਾਸਤੇ ਹੀ ਮੁਸ਼ਕਲਾਂ ਨਹੀ ਪੈਦਾ ਕੀਤੀਆਂ ਇਸ ਦੇ ਕਾਰਨਾਮੇ ਕਰਕੇ ਧੀ ਵੀ ਦੁੱਖੀ ਹੈ।

ਮੁੱਕਦੀ ਗਲ ਬੰਦੇ ਦੇ ਦੁੱਖਾਂ ਦੀ ਜੜ੍ਹ ਉਹਦੀ ਹਊਮੈ ਹੀ ਹੈ। ਕਿਤੇ ਉਹ ਕਾਮ ਦੀ ਵਜ੍ਹਾ ਕਰਕੇ ਦੁੱਖ ਪਾ ਰਿਹਾ ਹੁੰਦੈ, ਕਿਤੇ ਹੰਕਾਰ ਦੇ ਕਰਕੇ, ਕਿਤੇ ਮੋਹ ਕਰਕੇ, ਕਦੀ ਕ੍ਰੋਧ ਕਰਕੇ। ਭਾਵ ਬੰਦਾ ਜੇ ਸੱਚ ਭਾਵ ਰਜਾ ਵਿਚ ਚਲੇਗਾ ਤਾਂ ਉਹਨੂੰ ਦੁੱਖ ਦਲਿਦ੍ਰ ਨਹੀ ਘੇਰਨਗੇ। 'ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥'

ਫਿਰ ਗੁਰੂ ਸਾਹਿਬ ਨੇ ਚੇਤੀ ਗਉੜੀ ਵਿਚ ਬਾਣੀ ਗਾਈ:-

ਗਉੜੀ ਚੇਤੀ ਮਹਲਾ ੧ ॥ ਅਉਖਧ ਮੰਤ੍ਰ ਮੂਲੁ ਮਨ ਏਕੈ ਜੇ ਕਰਿ ਦ੍ਰਿੜੁ ਚਿਤੁ ਕੀਜੈ ਰੇ ॥ ਜਨਮ ਜਨਮ ਕੇ ਪਾਪ ਕਰਮ ਕੇ ਕਾਟਨਹਾਰਾ ਲੀਜੈ ਰੇ ॥੧॥ ਮਨ ਏਕੋ ਸਾਹਿਬੁ ਭਾਈ ਰੇ ॥ ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ ਅਲਖੁ ਨ ਲਖਣਾ ਜਾਈ ਰੇ ॥੧॥ ਰਹਾਉ ॥ ਸਕਰ ਖੰਡੁ ਮਾਇਆ ਤਨਿ ਮੀਠੀ ਹਮ ਤਉ ਪੰਡ ਉਚਾਈ ਰੇ ॥ ਰਾਤਿ ਅਨੇਰੀ ਸੂਝਸਿ ਨਾਹੀ ਲਜੁ ਟੂਕਸਿ ਮੂਸਾ ਭਾਈ ਰੇ ॥੨॥ ਮਨਮੁਖਿ ਕਰਹਿ ਤੇਤਾ ਦੁਖੁ ਲਾਗੈ ਗੁਰਮੁਖਿ ਮਿਲੈ ਵਡਾਈ ਰੇ ॥ ਜੋ ਤਿਨਿ ਕੀਆ ਸੋਈ ਹੋਆ ਕਿਰਤੁ ਨ ਮੇਟਿਆ ਜਾਈ ਰੇ ॥੩॥ ਸੁਭਰ ਭਰੇ ਨ ਹੋਵਹਿ ਊਣੇ ਜੋ ਰਾਤੇ ਰੰਗੁ ਲਾਈ ਰੇ ॥ ਤਿਨ ਕੀ ਪੰਕ ਹੋਵੈ ਜੇ ਨਾਨਕੁ ਤਉ ਮੂੜਾ ਕਿਛੁ ਪਾਈ ਰੇ ॥੪॥੪॥੧੬

ਦੀਵਾਨ ਵਿਚ ਬੈਠੇ ਹਰ ਕਿਸੇ ਦੀਆ ਅੱਖਾਂ ਖੁੱਲ ਗਈਆਂ ਸਨ। ਮਨ ਹੀ ਮਨ ਵਿਚ ਹਰ ਕੋਈ ਸੋਚ ਰਿਹਾ ਸੀ ਕਿ ਅੱਗੇ ਤੋਂ ਹਲੀਮੀ ਵਿਚ ਰਹਿਣਾ ਹੈ। ਗਰੀਬੀ ਚੰਗੀ ਹੈ। ਨਕਲੀ ਅਮੀਰ ਬਣਨਾ ਬਹੁਤ ਮਹਿੰਗਾ ਪੈਂਦਾ ਹੈ।

ਗੁਰੂ ਸਾਹਿਬ ਦਾ ਉਪਦੇਸ਼ ਸੁਣਕੇ ਉਸ ਵਪਾਰੀ ਦਾ ਹਿਰਦਾ ਖਿੱੜ ਉਠਿਆ। ਕਹਿੰਦਾ ਮੈਂ ਕਲ ਹੀ ਜਾ ਕੇ ਉਹ ਸਾਰੀ ਜਾਇਦਾਦ ਵੇਚ ਕੇ ਸੁਰਖਰੂ ਹੋਵਾਂਗਾ ਜਿਹੜੇ ਵਿਖਾਵੇ ਖਾਤਰ ਬਣਾਈ ਹੋਈ ਹੈ।

ਆਪ ਮੁਹਾਰੇ ਲੋਕਾਂ ਦੇ ਮੂੰਹੋ ਨਿਕਲ ਰਿਹਾ ਸੀ: ਧੰਨ ਗੁਰੂ ਨਾਨਕ। ਰੱਬ ਦਾ ਰੂਪ ਬਾਬਾ ਨਾਨਕ।

—◈—

ਹੰਕਾਰ ਤਾਂ ਨੇਕੀ ਦਾ ਵੀ ਪ੍ਰਵਾਨ ਨਹੀ◉

ਗਲ ਕਰਤਾਰਪੁਰ ਸਾਹਿਬ ਧਰਮਸਾਲ ਦੀ ਹੈ। ਗੁਰੂ ਸਾਹਿਬ ਨੇ ਵੇਖਿਆ ਕਿ ਕੁਝ ਗੁਰਸਿੱਖ ਜੋ ਧਰਮਸਾਲ ਵਿਚ ਰਹਿ ਕੇ ਸੇਵਾ ਕਰ ਰਹੇ ਸਨ ਸੰਗਤ ਨਾਲ ਉਨਾਂ ਦੇ ਵਿਹਾਰ ਵਿਚ ਕੁਝ ਹੰਕਾਰ ਆ ਚੁੱਕਾ ਸੀ। ਆਈ ਗਈ ਸੰਗਤ ਨਾਲ ਇਸ ਤਰਾਂ ਵਰਤਦੇ ਸਨ ਜਿਵੇ ਠਾਣੇ ਵਿਚ ਦਰੋਗੇ ਵਿਹਾਰ ਕਰਦੇ ਹਨ। ਉਨਾਂ ਨੂੰ ਇਸ ਗਲ ਦਾ ਗਰਬ ਹੋ ਚੁੱਕਾ ਸੀ ਉਹ ਨਿਰ-ਸਵਾਰਥ ਇਥੇ ਧਰਮਸਾਲ ਵਿਚ ਸੇਵਾ ਕਰ ਰਹੇ ਹਨ ਬਿਨਾਂ ਕਿਸੇ ਤਲਬ ਤਨਖਾਹ ਦੇ। ਗੁਰੂ ਸਾਹਿਬ ਨੇ ਫਿਰ ਦੀਵਾਨ ਵਿਚ ਇਸੇ ਮਸਲੇ ਤੇ ਵਖਿਆਨ ਦਿੱਤਾ ਕਿ ਚੰਗਿਆਈ ਕਰਕੇ ਜੇ ਬੰਦਾ ਉਹਦਾ ਹੰਕਾਰ ਪਾਲ ਲੈਂਦਾ ਹੈ ਤਾਂ ਉਹ ਬੰਦਾ ਵੀ ਖੁਆਰ ਹੁੰਦਾ ਹੈ। ਹੰਕਾਰ ਚੰਗਿਆਈ ਦਾ ਵੀ ਮਾੜਾ।

ਗੁਰੂ ਸਾਹਿਬ ਨੇ ਉਸ ਵੇਲੇ ਦੀਆਂ ਪ੍ਰਚਲਤ ਕਥਾ ਕਹਾਣੀਆਂ ਵਿਚੋਂ ਮਿਸਾਲਾਂ ਦੇ ਦੇ ਕੇ ਗੁਰਸਿੱਖਾਂ ਨੂੰ ਉਪਦੇਸ਼ ਦਿੱਤਾ ਕਿ ਹੰਕਾਰ ਤੋਂ ਬਚੋ।

ਉਨਾਂ ਦੱਸਿਆ ਕਿ ਵੇਖੋ ਬ੍ਰਹਮਾ ਕਿੱਢਾ ਅਵਤਾਰੀ ਪੁਰਸ਼ ਹੋਇਆ ਹੈ ਤੇ ਵੇਖ ਲਓ ਵੇਦ ਰਚਣ ਦਾ ਉਨੂੰ ਜਦੋਂ ਹੰਕਾਰ ਹੋ ਗਇਆ ਤਾਂ ਚਾਰੇ ਵੇਦ ਚੋਰੀ ਹੋ ਗਏ। ਅੰਨਾ ਹੋ ਗਿਆ। ਫਿਰ ਜਦੋਂ ਨਿਰਬਲ ਹੋ ਕੇ ਨਿਰੰਕਾਰ ਅੱਗੇ ਅਰਦਾਸਾਂ ਕੀਤੀਆਂ ਤਾਂ ਫਿਰ ਕਿਤੇ ਉਹਦਾ ਉਧਾਰ ਹੋਇਆ।

ਬਲ ਰਾਜਾ ਕਿੰਨਾ ਦਾਨੀ ਹੋਇਆ ਹੈ ਕਿੰਨੇ ਉਸ ਜਗ ਕੀਤੇ, ਪਰ ਗੁਰੂ ਵਿਹੂਣਾ ਹੋਣ ਕਰਕੇ ਹੰਕਾਰ ਕਰ ਗਇਆ ਤੇ ਸਾਰਾ ਕੀਤਾ ਕਰਾਇਆ ਖੂਹ ਖਾਤੇ ਵਿਚ ਪਇਆ।

ਰਾਜਾ ਹਰੀ ਚੰਦ ਦਾ ਹੀ ਵੇਖ ਲਓ। ਕੀ ਉਸ ਤੋਂ ਵੱਡਾ ਕੋਈ ਦਾਨੀ ਹੋ ਸਕਦਾ ਹੈ? ਪਰ ਜਸ ਲੈਣ ਦੇ ਚਕਰ ਵਿਚ, ਦਾਨ ਦਾ ਹੰਕਾਰ ਕਰ ਬੈਠਾ ਤੇ ਕੱਖੋਂ ਹੌਲਾ ਹੋ ਹੋ ਰੁਲਿਆ।

ਮਤਲਬ ਸੰਸਾਰ ਦੀ ਖੇਡ ਦਾ ਗਿਆਨ ਹੋਣਾ ਜਰੂਰੀ ਹੈ। ਕਿ ਕਿਵੇ ਸਾਰਾ ਹਊਮੇ ਤੇ ਸੱਚ ਦੇ ਟਕਰਾਅ ਤੇ ਪਸਾਰਾ ਹੈ।

ਹਰਣਾਖਸ਼ ਆਪਣੀ ਬੇਵਕੂਫੀ ਕਰਕੇ ਖੁਆਰ ਹੋਇਆ। ਮਿਸਾਲ ਤੁਹਾਡੇ ਸਾਹਮਣੇ ਕਿ ਕਿਵੇ ਨਰਾਇਣ ਪ੍ਰਭੂ ਨੇ ਉਹਦਾ ਹੰਕਾਰ ਰੇਤ ਦੇ ਕਣਾਂ ਵਾਗੂ ਖਲਾਰ ਦਿੱਤਾ। ਜਦੋਂ ਕਿ ਨੇਕ ਪ੍ਰਹਲਾਦ ਦਾ ਉਧਾਰ ਹੁੰਦਾ ਹੈ।

ਰਾਵਣ ਕਿੱਢਾ ਵੱਡਾ ਵਿਦਵਾਨ ਸੀ। ਚਾਰੇ ਵੇਦਾਂ ਦਾ ਗਿਆਤਾ। ਸਿਰਫ ਇਕ ਹਉਮੈ ਕਰਕੇ ਲੰਕਾ ਵੀ ਗਵਾਈ ਤੇ ਮਾਰਿਆ ਵੀ ਗਇਆ।

ਸੋ ਜੇ ਨੇਕੀ ਕੀਤੀ ਹੈ ਤਾਂ ਉਹਦਾ ਗਰਬ ਨਹੀ ਕਰਨਾਂ।

ਗੁਰੂ ਸਾਹਿਬ ਨੇ ਦੀਵਾਨ ਵਿਚ ਸੰਗਤ ਦੇ ਨਾਲ ਸ਼ਬਦ ਗਾਵਿਆ:

ਗਉੜੀ ਮਹਲਾ ੧ ॥ ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥ ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥ ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ ॥੧॥ ਐਸਾ ਗਰਬੁ ਬੁਰਾ ਸੰਸਾਰੈ ॥ ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ ॥੧॥ ਰਹਾਉ ॥ ਬਲਿ ਰਾਜਾ ਮਾਇਆ ਅਹੰਕਾਰੀ ॥ ਜਗਨ ਕਰੈ ਬਹੁ ਭਾਰ ਅਫਾਰੀ ॥ ਬਿਨੁ ਗੁਰ ਪੂਛੇ ਜਾਇ ਪਇਆਰੀ ॥੨॥ ਹਰੀਚੰਦੁ ਦਾਨੁ ਕਰੈ ਜਸੁ ਲੇਵੈ ॥ ਬਿਨੁ ਗੁਰ ਅੰਤੁ ਨ ਪਾਇ ਅਭੇਵੈ ॥ ਆਪਿ ਭੁਲਾਇ ਆਪੇ ਮਤਿ ਦੇਵੈ ॥੩॥ ਦੁਰਮਤਿ ਹਰਣਾਖਸੁ ਦੁਰਾਚਾਰੀ ॥ ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥ ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥੪॥ ਭੂਲੋ ਰਾਵਣੁ ਮੁਗਧੁ ਅਚੇਤਿ ॥ ਲੂਟੀ ਲੰਕਾ ਸੀਸ ਸਮੇਤਿ ॥ ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥੫॥ ਸਹਸਬਾਹੁ ਮਧੁ ਕੀਟ ਮਹਿਖਾਸਾ ॥ ਹਰਣਾਖਸੁ ਲੇ ਨਖਹੁ ਬਿਧਾਸਾ ॥ ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ ॥੬॥ ਜਰਾਸੰਧਿ ਕਾਲਜਮੁਨ ਸੰਘਾਰੇ ॥ ਰਕਤਬੀਜੁ ਕਾਲੁਨੇਮੁ ਬਿਦਾਰੇ ॥ ਦੈਤ ਸੰਘਾਰਿ ਸੰਤ ਨਿਸਤਾਰੇ ॥੭॥ ਆਪੇ ਸਤਿਗੁਰੁ ਸਬਦੁ ਬੀਚਾਰੇ ॥ ਦੂਜੈ ਭਾਇ ਦੈਤ ਸੰਘਾਰੇ ॥ ਗੁਰਮੁਖਿ ਸਾਚਿ ਭਗਤਿ ਨਿਸਤਾਰੇ ॥੮॥ ਬੂਡਾ ਦੁਰਜੋਧਨੁ ਪਤਿ ਖੋਈ ॥ ਰਾਮੁ ਨ ਜਾਨਿਆ ਕਰਤਾ ਸੋਈ ॥ ਜਨ ਕਉ ਦੂਖਿ ਪਚੈ ਦੁਖੁ ਹੋਈ ॥੯॥ ਜਨਮੇਜੈ ਗੁਰ ਸਬਦੁ ਨ ਜਾਨਿਆ ॥ ਕਿਉ ਸੁਖੁ ਪਾਵੈ ਭਰਮਿ ਭੁਲਾਨਿਆ ॥ ਇਕੁ ਤਿਲੁ ਭੂਲੇ ਬਹੁਰਿ ਪਛੁਤਾਨਿਆ ॥੧੦॥ ਕੰਸੁ ਕੇਸੁ ਚਾਂਡੂਰੁ ਨ ਕੋਈ ॥ ਰਾਮੁ ਨ ਚੀਨਿਆ ਅਪਨੀ ਪਤਿ ਖੋਈ ॥ ਬਿਨੁ ਜਗਦੀਸ ਨ ਰਾਖੈ ਕੋਈ ॥੧੧॥ ਬਿਨੁ ਗੁਰ ਗਰਬੁ ਨ ਮੇਟਿਆ ਜਾਇ ॥ ਗੁਰਮਤਿ ਧਰਮੁ ਧੀਰਜੁ ਹਰਿ ਨਾਇ ॥ ਨਾਨਕ ਨਾਮੁ ਮਿਲੈ ਗੁਣ ਗਾਇ ॥੧੨॥੯॥

—▲—

ਪੈੜ ਸਫਾ *ਸੋਢੀ 2- 422, ◆ਸੋਢੀ 2- 427, ● ਸੋਢੀ 2- 432, ◉ ਸੋਢੀ 2-435

ਬਾਬ-65

ਸਿੱਖਾਂ ਦਾ ਇਮਤਿਹਾਨ ਅਤੇ ਜਾਨਸ਼ੀਨ ਚੁੱਣਨਾ

ਕਰਤਾਰਪੁਰ ਦੇ ਕੌਤਕ (ਭਾਗ–9)

(1537ਈ.)

ਸਿੱਖੀ ਦੀ ਲਹਿਰ ਨੂੰ ਪ੍ਰਚੰਡ ਰੱਖਣ ਲਈ ਗੁਰੂ ਸਾਹਿਬ ਨੇ ਮਹਿਸੂਸ ਕਰ ਲਿਆ ਸੀ ਕਿ ਉਹਨਾਂ ਲਈ ਕਾਬਲ ਉਤਰਾਧਿਕਾਰੀ ਜਰੂਰੀ ਹੈ। ਉਹਨਾਂ ਦੇ ਪੁੱਤਰਾਂ ਨੇ ਲਗਾਤਾਰ ਗੁਰੂ ਸਾਹਿਬ ਦੀ ਵਿਰੋਧਤਾ ਹੀ ਸੁਣੀ ਹੋਈ ਸੀ, ਜਿਸ ਕਾਰਨ ਉਹ ਪੂਰੀ ਤਰਾਂ ਆਗਿਆਕਾਰ ਨਹੀ ਸਨ। ਭਾਈ ਲਹਿਣੇ ਨੂੰ ਗੁਰੂ ਸਾਹਿਬ ਨੇ ਪਹਿਲੀ ਨਜਰੇ ਹੀ ਪਛਾਣ ਲਿਆ ਸੀ। ਪਰ ਜਿਵੇ ਗੁਰੂ ਸਾਹਿਬ ਭਾਈ ਲਹਿਣੇ ਨੂੰ ਸੰਗਤ ਵਿਚ ਵੱਡੀ ਜਿੰਮੇਵਾਰੀ ਸੌਂਪਦੇ ਸਨ ਤਾਂ ਕਈ ਗੁਰਸਿੱਖ ਭਾਈ ਜੀ ਨਾਲ ਈਰਖਾ ਕਰਦੇ ਸਨ। ਗੁਰੂ ਸਾਹਿਬ ਨੇ ਫਿਰ ਗੁਰਿਆਈ ਲਈ ਅਣਐਲਾਨੀ ਪ੍ਰੀਖਿਆ ਸ਼ੁਰੂ ਕਰ ਦਿੱਤੀ। ਉਸ ਵੇਲੇ ਉਹਨਾਂ ਨੇ ਅਜਿਹੇ ਕੌਤਕ ਕੀਤੇ ਕਿ ਜਿੰਨਾਂ ਸਿੱਖਾਂ ਦਾ ਗੁਰੂ ਵਿਚ ਭਰੋਸਾ ਪੂਰਨ ਨਹੀ ਸੀ ਉਹ ਆਪਣੇ ਆਪ ਹੌਲੀ ਹੌਲੀ ਪਰਾਂ ਹੱਟਦੇ ਗਏ। ਇਹ ਕਾਰਜ ਗੁਰੂ ਸਾਹਿਬ ਨੇ ਆਪਣੇ ਚਲਾਣੇ ਤੋਂ ਚੋਖਾ ਸਮਾਂ ਪਹਿਲਾਂ ਹੀ ਪੂਰਾ ਕਰ ਲਿਆ ਸੀ। ਕੁ਼ਝ ਇਤਹਾਸਕਾਰਾਂ ਨੇ ਲਿਖਿਆ ਹੈ ਕਿ ਲੱਗ ਪੱਗ ਦੋ ਸਾਲ ਪਹਿਲਾਂ ਹੀ ਜਾਨਸ਼ੀਨ ਦੀ ਚੋਣ ਕਰ ਲਈ ਸੀ।

ਚੰਗੀ ਤਰਾਂ ਸਿੱਖਾਂ ਨੂੰ ਠੋਕ ਵਜਾ ਕੇ ਪ੍ਰਖਿਆ ਅਤੇ ਫਿਰ ਜਾ ਕੇ ਭਾਈ ਲਹਿਣੇ ਨੂੰ ਗੁਰਿਆਈ ਦਾ ਟਿੱਕਾ ਦਿੱਤਾ। "ਜਾਂ ਸੁਧੋਸੁ ਤਾਂ ਲਹਣਾ ਟਿਕਿਓਨ" ਬੀ:40 ਤਸਵੀਰ। ਇਥੇ ਫਿਰ ਭਾਈ ਮਰਦਾਨੇ ਨੂੰ ਵੀ ਦਿਖਾ ਦਿੱਤਾ ਹੈ ਜੋ ਕਿ ਇਤਹਾਸਿਕ ਤੌਰ ਤੇ ਗਲਤ ਹੈ। ਭਾਈ ਜੀ ਦਾ ਚਲਾਣਾ ਹੋ ਚੁੱਕਾ ਸੀ।

ਜਿਵੇਂ ਸੱਤੇ ਬਲਵੰਡ ਨੇ ਲਿਖਿਆ ਹੈ:

ਰਤਨ ਕੱਢਣ ਲਈ ਗੁਰੂ ਸਾਹਿਬ ਨੇ ਸਮੁੰਦਰ ਚੰਗੀ ਤਰਾਂ ਰਿੜਕਿਆ

ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ ॥
ਚਉਦਹ ਰਤਨ ਨਿਕਾਲਿਅਨੁ ਕਰਿ ਆਵਾ ਗਉਣੁ ਚਿਲਕਿਓਨੁ ॥
ਕੁਦਰਤਿ ਅਹਿ ਵੇਖਾਲੀਅਨੁ ਜਿਣਿ ਐਵਡ ਪਿਡ ਠਿਣਕਿਓਨੁ ॥
ਲਹਣੇ ਧਰਿਓਨੁ ਛਤ੍ਰੁ ਸਿਰਿ ਅਸਮਾਨਿ ਕਿਆੜਾ ਛਿਕਿਓਨੁ ॥
ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ ॥
ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ ॥
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥(ਅੰਗ ੯੩੭– ਸਗਗਸ)

ਇਨਸਾਨ ਆਪਣੇ ਸੰਸਕਾਰ ਥੋੜੀ ਕੀਤਿਆਂ ਛੱਡਦਾ ਨਹੀ। ਮਿਸਾਲ ਦੇ ਤੌਰ ਤੇ ਗੁਰੂ ਸਾਹਿਬ ਦਾ ਇੱਕ ਪੰਗਤ ਵਿੱਚ ਲੰਗਰ, ਜਾਤ ਪਾਤ ਤੇ ਛੂਆ ਛੂਤ ਦੇ ਸਿਧਾਂਤ ਤੇ ਗਹਿਰੀ ਸੱਟ ਮਾਰਦਾ ਸੀ। ਓਨਾਂ ਦਿਨਾਂ ਵਿੱਚ ਇਹ ਕੋਈ ਛੋਟੀ ਜਿਹੀ ਗਲ ਨਹੀ ਸੀ। ਛੂਆ ਛੂਤ ਦਾ ਪ੍ਰਕੋਪ ਕਿਸੇ ਨੇ ਵੇਖਣਾ ਹੋਵੇ ਤਾਂ ਮਹਾਤਮਾ ਗਾਂਧੀ ਦੇ ਗੁਜਰਾਤ ਜਾਂ ਜਵਾਹਰ ਲਾਲ ਨਹਿਰੂ ਦੇ ਯੂ.ਪੀ ਆਦਿ ਵਿੱਚ ਜਾ ਕੇ ਵੇਖੇ। ਬੇਸ਼ੱਕ ਦੱਖਣ ਦੇ ਕਿਸੇ ਸੂਬੇ ਵਿੱਚ ਜਾ ਵੇਖੇ।

ਮਿਸਾਲ ਦੇ ਤੌਰ ਤੇ ਜਿਵੇ ਛੂਆ ਛੂਤ ਸਮਾਜ ਦੇ ਦਿਲੋਂ ਦਿਮਾਗ ਤੇ ਡੂੰਗਾ ਅਸਰ ਕਰ ਚੁੱਕੀ ਹੁੰਦੀ ਹੈ ਏਸੇ ਤਰਾਂ ਹੀ ਸਾਡੀਆਂ ਹੋਰ ਰੂੜੀਵਾਦੀ ਤੇ ਬ੍ਰਾਹਮਣੀ ਮਾਨਤਾਵਾਂ ਬਣੀਆਂ ਹੋਈਆਂ ਹਨ, ਜਿੰਨਾਂ ਤੋਂ, ਭਾਣੇ ਵਿੱਚ ਵਿਚਰਨ ਵਾਲੇ ਗੁਰਸਿੱਖ ਨੂੰ ਮੁਕਤ ਕਰਨਾਂ ਜਰੂਰੀ ਸੀ। ਘੱਟੋ ਘੱਟ ਸਿੱਖੀ ਦੇ ਰਹਿਨੁਮਾਵਾਂ ਦੇ ਸੰਕਲਪ ਤਾਂ ਸਾਫ ਹੋਣ। ਮਿਸਾਲ ਦੇ ਤੌਰ ਬ੍ਰਾਹਮਣੀ ਮਾਨਤਾਵਾਂ ਕੁਝ ਜਾਨਵਰਾਂ ਨੂੰ ਪਵਿਤ੍ਰ ਮੰਨਦੀਆਂ ਹਨ ਤੇ ਕੁਝ ਨੂੰ ਛੱਕਣ ਦਾ ਉਪਦੇਸ਼ ਦਿੰਦੀਆਂ ਹਨ। ਐਨ ਇਹੋ ਹਾਲ ਮੁਸਲਮਾਨ ਮਾਨਤਾਵਾਂ ਦਾ ਹੈ ਜਿੱਥੇ ਸੂਰ ਨੂੰ ਵੇਖਦਿਆਂ ਹੀ ਮੁਸਲਮਾਨ ਥੂ ਥੂ ਕਰਨ ਲੱਗ ਪੈਂਦੇ ਹਨ ਪਰ ਕੁੱਕੜ ਨੂੰ ਖੁਸ਼ੀ ਖੁਸ਼ੀ ਖਾਂਦੇ ਹਨ। ਸੋ ਗੁਰੂ ਸਾਹਿਬ ਦਾ ਨਿਸ਼ਾਨਾ ਸੀ ਕਿ ਉਨਾਂ ਦਾ ਜਾਨਸ਼ੀਨ ਗੁਰਮਤ ਵਿੱਚ ਪ੍ਰਪੱਕ ਹੋਵੇ।

ਸੋ ਜਾਨਸੀਨ ਲੱਭਣ ਲਈ ਸਾਹਿਬ ਨੇ ਸਿੱਖ ਛਾਂਟਣੇ ਸ਼ੁਰੂ ਕਰੇ। ਹਾਲਾਂ ਗੁਰੂ ਸਾਹਿਬ ਭਾਈ ਲਹਿਣੇ ਨੂੰ ਪਹਿਲੀ ਨਜਰੇ ਹੀ ਤਾੜ ਗਏ ਸਨ। ਪਰ ਹੋਰ ਕਿਸੇ ਉਮੀਦਵਾਰ ਨੂੰ ਗਿਲਾ ਨਾਂ ਰਹੇ ਗੁਰੂ ਸਾਹਿਬ ਨੇ ਗੁਰਿਆਈ ਲਈ ਇਮਤਿਹਾਨ ਲਏ। ਜਿਹੜੇ ਜਿਹੜੇ ਗੁਰਮਤ ਦੀ ਪ੍ਰੀਖਿਆ ਵਿੱਚ ਬੈਠੇ ਉਨਾਂ ਵਿੱਚ ਸਨ, ਬਾਬਾ ਸ੍ਰੀ ਚੰਦ, ਬਾਬਾ ਲਖਮੀ ਦਾਸ, ਅਜਿੱਤਾ ਰੰਧਾਵਾ, ਭਾਈ ਕਾਲੂ, ਭਾਈ ਮੂਲਾ ਕੀੜ, ਭਾਈ ਪ੍ਰਿਥਾ, ਭਾਈ ਰਾਮਾ ਡਿੰਡੀ, ਭਾਈ ਮਾਲੋ ਸ਼ੇਖ, ਭਾਈ ਮਾਂਗੋ, ਭਾਈ ਗੁੱਜਰ ਲੁਹਾਰ, ਭਾਈ ਸ਼ੀਹਾਂ, ਭਾਈ ਗੱਜਣ, ਭਾਈ ਫਿਰਣਾ, ਭਾਈ ਬੱਚਾ, ਭਾਈ ਜੋਧ, ਭਾਈ ਸੈਦੋ ਘਈ, ਭਾਈ ਭਗਤਾ ਓਹਰੀ, ਭਾਈ ਜਾਪੂਵੰਸ਼ੀ, ਭਾਈ ਧਿੰਙ ਨਾਈ, ਭਾਈ ਭਗੀਰਥ, ਭਾਈ ਮਨਸੁਖ ਉਰਫ ਭਾਈ ਸਧਾਰਣ, ਬਾਬਾ ਬੁੱਢਾ, ਅਤੇ ਭਾਈ ਲਹਿਣਾ।

—◈—

ਭਾਈ ਲਹਿਣੇ ਦਾ ਸਬਰ ਸਿਦਕ ਅਤੇ ਭਰੋਸਾ

ਮਨ੍ਹੇਰੇ ਜਦੋਂ ਗੁਰੂ ਸਾਹਿਬ ਰਾਵੀ ਤੇ ਇਸ਼ਨਾਨ ਕਰਨ ਜਾਇਆ ਕਰਦੇ ਸਨ ਤਾਂ ਲੱਗਦੀ ਵਾਹੇ ਭਾਈ ਲਹਿਣੇ ਨੂੰ ਨਾਲ ਖੜਦੇ। ਇਸ ਨਾਲ ਬਾਕੀ ਦੇ ਸਿੱਖਾਂ ਵਿੱਚ ਥੋੜੀ ਈਰਖਾ ਦੀ ਭਾਵਨਾ ਵੀ ਆਈ। ਓਨਾਂ ਸੋਚਿਆ ਕਿ ਕਿਓ ਨਾਂ ਅਸੀ ਵੀ ਮਨੇਰੇ ਉੱਠ ਨਾਲ ਹੀ ਜਾਈਏ।

ਇਸ ਪ੍ਰਕਾਰ, ਇਕ ਵੇਰਾਂ, ਗੁਰੂ ਸਾਹਿਬ ਦੀ ਰਵਾਨਗੀ ਮੌਕੇ ਉਹ ਵੀ ਸਾਰੇ ਨਾਲ ਹੀ ਹੋ ਤੁਰੇ। ਰਾਵੀ ਤੇ ਪਹੁੰਚ ਸਾਰਿਆਂ ਇਸ਼ਨਾਨ ਕੀਤਾ। ਮੌਸਮ ਸਰਦੀਆਂ ਦਾ ਸੀ। ਗੁਰੂ ਸਾਹਿਬ ਜਿਓ ਰਾਵੀ ਵਿੱਚ ਵੜੇ ਨਿਕਲਨ ਦਾ ਨਾਂ ਹੀ ਨਾਂ ਲੈਣ। ਕੰਢੇ ਬੈਠੇ ਸਿੱਖ ਅੱਕ ਗਏ। ਦਿਨ ਚੜ੍ਹਦਾ ਵੇਖ ਹੌਲੀ ਹੌਲੀ ਖਿਸਕਣੇ ਸ਼ੁਰੂ ਹੋ ਗਏ। ਅਖੀਰ ਤੇ ਭਾਈ ਲਹਿਣਾ ਹੀ ਉਡੀਕ ਵਿੱਚ ਬੈਠਾ ਰਿਹਾ।

—◈—

ਗੁਰੂ-ਘਰ ਦੀ ਬਾਹਰਲੀ ਕੰਧ ਡਿੱਗ ਪਈ

ਇਕ ਵੇਰਾਂ ਮੀਂਹ ਨਾਲ ਗੁਰੂ ਸਾਹਿਬ ਦੇ ਘਰ ਦੀ ਬਾਹਰਲੀ ਕੰਧ ਢਹਿ ਪਈ ਸੀ। ਸਵੇਰੇ ਹੀ ਗੁਰੂ ਸਾਹਿਬ ਨੇ ਭਾਈ ਲਖਮੀ ਦਾਸ ਤੇ ਸ੍ਰੀਚੰਦ ਹੁਰਾਂ ਨੂੰ ਹੁਕਮ ਕੀਤਾ ਕਿ ਉਠੋ ਅਤੇ ਕੰਧ ਦੁਬਾਰਾ ਉਸਾਰ ਦਿਓ। ਦੋਵੇ ਸਹਿਬਜਾਦਿਆਂ ਜਵਾਬ ਦੇ ਦਿਤਾ ਕਿ ਪਿਤਾ ਜੀ ਦਿਨ ਤਾਂ ਚੜ੍ਹ ਲੈਣ ਦਿਓ, ਕਿਸੇ ਮਜਦੂਰ ਨੂੰ ਲਾ ਕੇ ਕੰਧ ਕਢਾ ਦਿਆਂਗੇ ਕਾਹਲੀ ਕਾਹਦੀ ਆ?

ਇਨੇ ਚਿਰ ਨੂੰ ਭਾਈ ਲਹਿਣਾ ਘਰ ਆ ਗਿਆ। ਗੁਰੂ ਸਾਹਿਬ ਨੇ ਉਸ ਨੂੰ ਹੁਕਮ ਕੀਤਾ ਕਿ ਪੁਰਖਾ ਕੰਧ ਉਸਾਰ ਦਿਓ। ਭਾਈ ਲਹਿਣਾ ਓਸੇ ਘੜੀ ਕਹੀ ਬਾਲਟਾ ਲੈ ਨਾਲ ਇੱਕ ਦੋ ਬੰਦਾ ਹੋਰ ਲੈ ਕੇ ਕੰਮ ਵਿੱਚ ਜੁੱਟ ਗਿਆ।

ਕੁਝ ਚਿਰ ਬਾਦ ਜਦੋਂ ਗੁਰੂ ਸਾਹਿਬ ਬਾਹਰ ਆਏ ਤਾਂ ਉਨਾਂ ਨੂੰ ਭਾਈ ਲਹਿਣੇ ਦੀ ਬਣਾਈ ਕੰਧ ਵਿੱਚ ਨੁਕਸ ਦਿਸੇ। ਗੁਰੂ ਸਾਹਿਬ ਨੇ ਕੰਧ ਦੁਬਾਰਾ ਉਸਾਰਨ ਦਾ ਹੁਕਮ ਕਰ ਦਿੱਤਾ। ਭਾਈ ਲਹਿਣੇ ਕੰਧ ਢਾਹੀ। ਮਾਤਾ ਚੋਣੀ ਨੇ ਵੇਖ ਲਿਆ ਕਿ ਕੰਧ ਢਾਹੀ ਗਈ ਹੈ। ਉਸ ਦੇ ਪੁੱਛਣ ਤੇ ਭਾਈ ਲਹਿਣ ਨੇ ਜਵਾਬ ਦਿੱਤਾ ਕਿ ਕੰਧ ਥੋੜੀ ਵਿੰਗੀ ਬਣ ਗਈ ਜਿਸ ਕਰਕੇ ਗੁਰੂ ਸਾਹਿਬ ਨੇ ਢਾਹੁੰਣ ਦਾ ਹੁਕਮ ਦੇ ਦਿੱਤਾ। ਮਾਤਾ ਨੇ ਵਿਰੋਧ ਕੀਤਾ ਕਿ ਫਿਰ ਕੀ ਹੋ ਗਇਆ ਜੇ ਥੋੜੀ ਵਿੰਗੀ ਸੀ ਤਾਂ, ਬਾਹਰ ਕਿਹੜੀ ਬਗਾਨੀ ਜਮੀਨ ਆ। ਭਾਈ ਲਹਿਣਾ ਨੇ ਦੁਬਾਰਾ ਘਾਣੀ ਕੀਤੀ ਕੰਧ ਫਿਰ ਉਸਾਰਨੀ ਸ਼ੁਰੂ ਕਰ ਦਿੱਤੀ।

ਉਸਰ ਰਹੀ ਕੰਧ ਵਿੱਚ ਗੁਰੂ ਸਾਹਿਬ ਨੇ ਫਿਰ ਨੁਕਸ ਕੱਢ ਦਿੱਤਾ ਤੇ ਢਾਹੁੰਣ ਦਾ ਹੁਕਮ ਦੇ ਦਿੱਤਾ। ਜਦੋਂ ਕੰਧ ਢਾਹੀ ਜਾ ਰਹੀ ਸੀ ਤਾਂ ਮਾਤਾ ਸੁਲੱਖਣੀ ਨੂੰ ਪਤਾ ਲੱਗਾ ਤਾਂ ਉਸਨੇ ਭਾਈ ਲਹਿਣੇ ਨੂੰ ਵੀ ਕਿਹਾ ਕਿ 'ਉਹ ਤਾਂ ਭਲਾ ਸੱਤਰੇ ਬਹੱਤਰੇ ਗਏ ਨੇ, ਤੂੰ ਕਾਹਨੂੰ ਆਪਣੇ ਹੱਡ ਭੰਨਦਾ ਰਹਿੰਨਾ?'

ਭਾਈ ਲਹਿਣੇ ਨੇ ਜਵਾਬ ਦਿੱਤਾ ਕਿ ਮਾਤਾ ਜੀ ਮਸਲਾ ਕੰਧ ਦਾ ਨਹੀ। ਮੈਨੂੰ ਇਨਾਂ ਪਤਾ ਹੈ ਕਿ ਮੇਰਾ ਜਾਣੀ ਜਾਣ ਮਾਲਕ ਜੋ ਹੁਕਮ ਕਰ ਰਿਹਾ ਹੈ ਉਸ ਵਿੱਚ ਜਰੂਰ ਕੁਝ ਨਾਂ ਕੁਝ ਕਾਰਨ ਹੈਗਾ। ਨਾਲੇ ਮੈਂ ਤਾਂ ਬਸ ਹੁਕਮ ਮੰਨਣਾ ਹੈ। ਜੇ ਇਹ ਕੰਮ ਨਹੀ ਤਾਂ ਕੋਈ ਹੋਰ ਕਰਨਾ ਹੋਵੇਗਾ।

ਸੋ ਇਸ ਪ੍ਰਕਾਰ ਆਗਿਆਕਾਰ ਜਾਣਕੇ ਗੁਰੂ ਸਾਹਿਬ ਭਾਈ ਲਹਿਣੇ ਨੂੰ ਸੰਗਤ ਵਿੱਚ ਵੀ ਅਹਿਮੀਅਤ ਦਿਆ ਕਰਦੇ ਸਨ। ਦੀਵਾਨ ਵਿੱਚ ਆਪਣੇ ਕੋਲ ਬਿਠਾਉਦੇ ਸਨ। ਸੰਗਤ ਨੂੰ ਅੰਦਾਜ਼ਾ ਲੱਗ ਰਿਹਾ ਸੀ ਕਿ ਗੁਰੂ ਸਾਹਿਬ ਆਪਣਾ ਜਾਨਸ਼ੀਨ ਭਾਈ ਲਹਿਣੇ ਨੂੰ ਥਾਪ ਦੇਣਗੇ। ਇਸ ਕਾਰਨ ਕੁਝ ਸਿੱਖਾਂ ਵਿੱਚ ਭਾਈ ਲਹਿਣੇ ਬਾਬਤ ਈਰਖਾ ਵੀ ਪਣਪ ਰਹੀ ਸੀ। ਗੁਰੂ ਸਾਹਿਬ ਇਹ ਵੀ ਨਹੀ ਚਾਹੁੰਦੇ ਸਨ ਕਿ ਉਨਾਂ ਦੇ ਮਗਰੋ ਕੋਈ ਬਗਾਵਤ ਹੋਵੇ। ਇਸ ਕਾਰਨ ਗੁਰੂ ਸਾਹਿਬ ਨੇ ਸਭ ਦੇ ਸਾਹਮਣੇ ਸਭ ਮੁਹਤਬਰ ਸਿੱਖ ਪਰਖੇ। ਤਾਂ ਕਿ ਬਾਦ ਵਿੱਚ ਕਿਸੇ ਨੂੰ ਕੋਈ ਗਿਲਾ ਸ਼ਿਕਵਾ ਨਾਂ ਰਹੇ।

—◈—

ਮਾਤਾ ਚੋਣੀ ਨੇ ਗਿਲਾ ਕੀਤਾ

ਜਦੋਂ ਸਭ ਨੂੰ ਲੱਗ ਰਿਹਾ ਸੀ ਕਿ ਗੁਰੂ ਸਾਹਿਬ ਭਾਈ ਲਹਿਣੇ ਨੂੰ ਆਪਣਾ ਉਤਰਾਧਿਕਾਰੀ ਥਾਪ ਦੇਣਗੇ ਤਾਂ ਇੱਕ ਦਿਨ ਮਾਤਾ ਚੋਣੀ ਨੇ ਗੁਰੂ ਸਾਹਿਬ ਅੱਗੇ ਗਿਲਾ ਕੀਤਾ ਕਿ ਵੇਖੋ ਜੀ ਤੁਸੀ ਸ਼ੁਰੂ ਤੋਂ ਹੀ ਸਾਡੇ ਨਾਲ ਧੱਕਾ ਕਰਦੇ ਆ ਰਹੇ ਹੋ। ਕਿੰਨੀਆਂ ਮੁਸ਼ਕਲਾਂ ਨਾਲ ਮੈਂ ਬੱਚੇ ਪਾਲੇ ਨੇ, ਹੁਣ ਜੇ ਤੁਸੀ ਘਰ ਪਰਤੇ ਹੀ ਹੋ ਤਾਂ ਅੱਜ ਵੀ ਬਿਗਾਨੇ ਪੁੱਤ ਤੁਹਾਨੂੰ ਆਪਣਿਆਂ ਤੋਂ ਚੰਗੇ ਲੱਗਦੇ ਨੇ।

ਗੁਰੂ ਸਾਹਿਬ ਨੇ ਕਿਹਾ ਨਹੀ ਚੋਣੀਏ ਅਜਿਹੀ ਕੋਈ ਗਲ ਨਹੀ। ਤੇਰੇ ਪੁੱਤਰਾਂ ਦੀ ਖਿੱਚ ਰਿਜਕ ਵਲ ਹੈ, ਭਰੋਸਾ ਰੱਖ ਤੇਰੇ ਪ੍ਰਵਾਰ ਨੂੰ ਰਿਜਕ ਦੀ ਕਦੀ ਘਾਟ ਨਹੀ ਹੋਵੇਗੀ। ਤੈਨੂੰ ਨਹੀ ਪਤਾ, ਗੁਰਿਆਈ ਤਾਂ ਨਿਰੀ ਫਕੀਰੀ ਹੀ ਨਹੀ ਇਹ ਤਾਂ ਕੰਡਿਆਂ ਦੀ ਸੇਜ ਹੈ। ਕਿਹਾ ਜਾਂਦਾ ਕਿ ਗੁਰੂ ਸਾਹਿਬ ਨੇ ਉਸ ਵੇਲੇ ਮਾਤਾ ਚੋਣੀ ਨੂੰ ਹੋਰ ਭਰੋਸਾ ਦਿਵਾਉਦੇ ਹੋਏ ਕਿਹਾ ਕਿ ਜਿਥੋਂ ਤੱਕ ਰਿਜਕ ਦਾ ਸਵਾਲ ਹੈ, ਫਕੀਰਾਂ ਦੇ ਤਾਂ ਕੁੱਤੇ ਵੀ ਨਹੀ ਮਾਣ ਇਹ ਤਾਂ ਮੇਰੇ ਪੁੱਤਰ ਨੇ।

ਮਾਤਾ ਜੀ ਨੂੰ ਥੋੜਾ ਭਰੋਸਾ ਤਾਂ ਬੱਝਾ। ਪਰ ਗੁਰੂ ਸਾਹਿਬ ਤਾਂ ਕੰਮ ਠੋਕ ਵਜਾ ਕੇ ਕਰ ਰਹੇ ਸਨ ਕਿ ਕਿਤੇ ਕਿਸੇ ਨੂੰ ਥੋੜਾ ਵੀ ਗਿਲਾ ਨਾਂ ਰਹੇ।

ਅਗਲੀ ਹੀ ਰਾਤ ਕੀ ਹੋਇਆ ਕਿ ਘਰ ਵਿੱਚ ਬਿਲੀ ਨੇ ਚੂਹੀ ਮਾਰ ਕੇ ਸਾਹਮਣੇ ਸਜਾ ਕੇ ਰੱਖੀ ਹੋਈ ਸੀ। ਜਦੋਂ ਗੁਰੂ ਸਾਹਿਬ ਦੀ ਨਿਗਾਹ ਬਿੱਲੀ ਤੇ ਪਈ ਤਾਂ ਓਨਾਂ ਨੇ ਪੁੱਤਰ ਸ੍ਰੀ ਚੰਦ ਨੂੰ ਹੁਕਮ ਕੀਤਾ ਕਿ ਪੁੱਤਰ ਜੀ ਆਹ ਚੂਹੀ ਕਿਤੇ ਪਰਾਂ ਸੁੱਟ ਆਓ। ਸ੍ਰੀ ਚੰਦ ਨੇ ਚੂਹੀ ਸੁੱਟਣੀ ਤਾਂ ਛੱਡੋ ਅੱਗੋ ਗੁਰੂ ਸਾਹਿਬ ਨੂੰ ਤਾਹਨੇ ਮਿਹਣੇ ਸੁਣਾ ਦਿੱਤੇ।

ਸ੍ਰੀ ਚੰਦ ਦਾ ਇਹ ਵਿਹਾਰ ਮਾਤਾ ਜੀ ਨੂੰ ਵੀ ਚੰਗਾ ਨਾਂ ਲੱਗਾ।

ਬਾਦ ਵਿੱਚ ਗੁਰੂ ਸਾਹਿਬ ਨੇ ਮਾਤਾ ਜੀ ਨੂੰ ਕਿਹਾ ਕਿ ਤੇਰੀ ਤਸੱਲੀ ਹੋ ਗਈ ਹੈ ਕਿ ਨਹੀ?

ਫਿਰ ਮਾਤਾ ਨੇ ਵੀ ਹਾਮੀ ਭਰੀ ਕਿ ਜੋ ਵੀ ਤੁਸੀ ਕਰੋਗੇ ਭਲਾ ਹੀ ਹੋਵੇਗਾ।

ਕਿੱਕਰ ਤੋਂ ਜਲੇਬੀਆਂ ਦਾ ਮੀਂਹ ਵਰ੍ਹਾਉਣਾ

ਇਕ ਵੇਰਾਂ ਤਿੰਨ ਦਿਨ ਝੜੀ ਲੱਗੀ ਰਹੀ। ਲੰਗਰ ਦਾ ਜਿੰਨਾ ਸੁੱਕਾ ਬਾਲਣ ਸੀ ਸਾਰਾ ਮੁੱਕ ਗਿਆ। ਦੂਸਰੇ ਦਿਨ ਲੰਗਰ ਪੱਕ ਹੀ ਨਾਂ ਪਾਇਆ। ਦੂਰੋਂ ਨੇੜਿਓ ਸੰਗਤ ਧਰਮਸਾਲ ਵਿੱਚ ਰੁਕੀ ਹੋਈ ਸੀ।

ਤੀਸਰੇ ਦਿਨ ਜਦੋਂ ਮਾੜਾ ਜਿਹਾ ਮੀਂਹ ਥੰਮਿਆ ਤਾਂ ਕੁਝ ਸਿੱਖਾਂ ਨੇ ਲਾਂਗਰੀ ਸਿੱਖਾਂ ਕੋਲੋ ਪੁੱਛਿਆ ਕਿ ਕੀ ਲੰਗਰ ਤਿਆਰ ਹੈ। ਇਸ ਤੋਂ ਪਹਿਲਾਂ ਕਿ ਲਾਂਗਰੀ ਜਵਾਬ ਦਿੰਦਾ ਲਾਗੋਂ ਇੱਕ ਰੁੱਖੇ ਸੁਭਾਅ ਵਾਲਾ ਸਿੱਖ ਬੋਲ ਉਠਿਆ, "ਹਾਹੋ! ਬਣੀਆਂ ਨੇ ਜਲੇਬੀਆਂ। ਬਸ ਖਾਣ ਵਾਲੇ ਬਣੋ।"

ਇਹ ਤਾਹਨਾ ਗੁਰੂ ਸਾਹਿਬ ਦੇ ਕੰਨੀ ਪੈ ਗਿਆ। ਸਾਹਿਬ ਨੂੰ ਇਹ ਰੁੱਖਾਪਣ ਬਹੁਤ ਬੁਰਾ ਲੱਗਾ।

ਗੁਰੂ ਸਾਹਿਬ ਲਾਗਲੇ ਸੁੱਕੇ ਥੜੇ ਤੇ ਗਏ। ਓਥੇ ਸਹਿਬਜਾਦਿਆਂ ਸਣੇ ਕੁਝ ਸਿੱਖ ਪਹਿਲਾਂ ਬੈਠੇ ਹੋਏ ਸਨ। ਲਾਗੇ ਕਿੱਕਰ ਦਾ ਵੱਡਾ ਰੁੱਖ ਸੀ।

ਬਾਬੇ ਨੇ ਸਹਿਬਜਾਦੇ ਲਖਮੀ ਚੰਦ ਨੂੰ ਹੁਕਮ ਕੀਤਾ ਕਿ ਰੁੱਖ ਤੇ ਚੜ੍ਹ ਕੇ ਟਾਹਣੀ ਨੂੰ ਹੁਲਾਰਾ ਦਿਓ ਓਤੋਂ ਮਿਠਾਈ ਡਿੱਗੇਗੀ। ਲਖਮੀ ਚੰਦ ਕਹਿਣ ਲੱਗਾ ਸੱਚੀ ਤੁਸੀ ਸੱਤ੍ਹਰੇ ਬਹੱਤਰੇ ਗਏ ਹੋ। ਲਾਗੋਂ ਝੱਟ ਸ੍ਰੀਚੰਦ ਬੋਲ ਉਠਿਆ ਪਿਤਾ ਜੀ ਤੁਸੀ ਆਪੇ ਹੀ ਲਿਖਿਆ ਹੋਇਆ ਹੈ:-

"ਸਤਰਿ ਕਾ ਮਤਿਹੀਨੁ ਅਸੀਹਾਂ ਕਾ ਵਿਉਹਾਰੁ ਨ ਪਾਵੈ ॥"

ਪਿਤਾ ਜੀ ਤੁਹਾਡੀ ਬੁੱਧ ਹੁਣ ਕੰਮ ਨਹੀ ਕਰ ਰਹੀ। ਦੋਵੇ ਸਹਿਬਜਾਦੇ ਹੱਸਣ ਲੱਗ ਪਏ, "ਲਓ ਹੁਣ ਕਿੱਕਰਾਂ ਤੋਂ ਵੀ ਜਲੇਬੀਆਂ ਡਿੱਗਿਆ ਕਰਨਗੀਆਂ!"

ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਸੱਦ ਲਿਆ। ਹੁਕਮ ਕੀਤਾ ਸੁ ਕਿ ਕਿੱਕਰ ਤੇ ਚੜ੍ਹ ਕੇ ਹੁਲਾਰਾ ਦਿਓ। ਭਾਈ ਲਹਿਣਾ ਝੱਟ ਉਸ ਕੰਡਿਆਲੀ ਕਿੱਕਰ ਤੇ ਚੜ੍ਹ ਗਿਆ। ਜਿਵੇ ਹੁਲਾਰਾ ਮਾਰਿਆ ਤਾਂ ਜਲੇਬੀਆਂ ਡਿੱਗਣੀਆਂ ਸ਼ੁਰੂ ਹੋ ਗਈਆਂ। ਦੋ ਦਿਨ ਦੀਆਂ ਭੁੱਖੀਆਂ ਸੰਗਤਾਂ ਨੇ ਰੱਜ ਰੱਜ ਜਲੇਬੀਆਂ ਖਾਂਧੀਆਂ।

ਸਹਿਬਜਾਦੇ ਸ਼ਰਮਿੰਦੇ ਹੋਏ ਮੂੰਹ ਲਵੇਟ ਕੇ ਘਰ ਆ ਗਏ।

ਪੱਥਰ ਦਾ ਕੌਲ ਗੰਦੀ ਨਾਲੀ ਵਿੱਚ ਡਿੱਗ ਪਿਆ

ਗੁਰੂ ਘਰ ਕਿਸੇ ਨੇ ਬਹੁਤ ਸੁੰਦਰ ਸੁਲੇਮਾਨੀ ਪੱਥਰ ਦਾ ਕੌਲ ਚੜ੍ਹਾਇਆ ਹੋਇਆ ਸੀ। ਗੁਰੂ ਸਾਹਿਬ ਖੂਹ ਤੇ ਇਸ਼ਨਾਨ ਕਰਕੇ ਹੱਟੇ ਤਾਂ ਕੌਲ ਚੁਬੱਚੇ ਦੇ ਹੇਠਾਂ ਡੂੰਘੀ ਵਹਿਣੀ ਵਿੱਚ ਡਿੱਗ ਪਿਆ।

ਲਾਗੇ ਸਾਹਿਬਜਾਦੇ ਸਨ। ਗੁਰੂ ਸਾਹਿਬ ਨੇ ਓਨਾਂ ਕਿਹਾ ਕਿ ਪੁੱਤਰੋ ਕੋਈ ਆਇਓ ਕੌਲ ਵਹਿਣੀ ਵਿੱਚ ਡਿੱਗ ਪਿਆ ਹੈ। ਡੰਗਰਾਂ ਦੇ ਆਉਣ ਜਾਣ ਕਾਰਨ ਵਹਿਣੀ ਡੂੰਘੀ ਤੇ ਚੌੜੀ ਹੋ ਚੁੱਕੀ ਸੀ। ਲਖਮੀ ਚੰਦ ਬੋਲ ਉਠਿਆ ਕਿ ਕਿਸੇ ਨੌਕਰ ਨੂੰ ਆ ਲੈਣ ਦਿਓ। ਕੀ ਦਮੜੀ ਦੀ ਕੌਲੀ ਲਈ ਮੈਂ ਗੰਦੀ ਨਾਲੀ ਵਿੱਚ ਵੜਾਂ? ਲਾਗੇ ਹੋਰ ਵੀ ਸਿੱਖ ਸਨ ਓਹ ਵੀ ਚੁੱਪ ਕਰ ਰਹੇ।

ਕੋਰੀਆ ਵਿਚ ਅੱਜ ਵੀ ਪੱਥਰ ਦੇ ਭਾਂਡੇ ਬਣਦੇ

ਭਾਈ ਲਹਿਣੇ ਨੂੰ ਗੁਰੂ ਸਾਹਿਬ ਨੇ ਕਿਹਾ ਕਿ ਪੁਰਖਾ ਓਹ ਪੱਥਰ ਦਾ ਕੌਲ ਵਹਿਣੀ ਵਿੱਚ ਡਿੱਗ ਪਿਆ ਜੇ ਨਿਕਲ ਜਾਵੇ ਤਾਂ ਚੰਗਾ। ਭਾਈ ਲਹਿਣਾ ਤੁਰੰਤ ਗਿਆ, ਕਪੜੇ ਲਾਹੇ ਤੇ ਕੌਲ ਕੱਢਿਆ। ਮਾਂਜ ਸਵਾਰ ਕੇ ਗੁਰੂ ਸਾਹਿਬ ਦੇ ਅੱਗੇ ਰੱਖ ਦਿੱਤਾ।

ਗੁਰੂ ਸਾਹਿਬ ਨੇ ਸ਼ਿਕਾਰੀ ਸਾਂਸੀ ਵਾਲਾ ਭੇਸ ਬਣਾਇਆ

ਪੰਜਾਬ ਦਾ ਸਾਂਸੀ ਕਬੀਲਾ ਜੁੱਗਾਂ ਜੁਗਾਤਰਾਂ ਤੋਂ ਬ੍ਰਾਹਮਣਵਾਦ ਨੂੰ ਟਿੱਚ ਸਮਝਦਾ ਆਇਆ ਹੈ। ਇਸ ਖਿਲਾਫ ਬ੍ਰਾਹਮਣੀ ਨਫਰਤ ਹੋਣੀ ਕੁਦਰਤੀ ਸੀ। ਬੇਲੇ ਵਿੱਚ ਇੱਕ ਦਿਨ ਸਾਂਸੀ ਸ਼ਿਕਾਰ ਕਰ ਰਹੇ ਸਨ। ਓਨਾਂ ਨੂੰ ਵੇਖ, ਗੁਰੂ ਸਾਹਿਬ ਨੂੰ ਜਾਤ ਪਾਤ ਤੇ ਚੋਟ ਕਰਨ ਦਾ ਵਧੀਆ ਮੌਕਾ ਦਿਸਿਆ।

ਗੁਰੂ ਸਾਹਿਬ ਨੇ ਸਾਂਸੀਆਂ ਨੂੰ ਕਹਿਆ ਕਿ ਕਲ੍ਹ ਨੂੰ ਤੁਸੀ ਸਵੇਰੇ ਕਰਤਾਰਪੁਰ ਆਓ ਅਸੀ ਰਲ ਮਿਲ ਸ਼ਿਕਾਰ ਤੇ ਨਿਕਲਾਂਗੇ।

ਗੁਰੂ ਸਾਹਿਬ ਨੇ ਸਾਰੇ ਮੁਹਤਬਰ ਸਿੱਖਾਂ ਨੂੰ ਹੁਕਮ ਕਰ ਦਿੱਤਾ ਕਿ ਤਿਆਰੀ ਕਰੋ ਕਲ੍ਹ ਨੂੰ ਆਪਾਂ ਸਭ ਨੇ ਬੇਲੇ ਵਿੱਚ ਸ਼ਿਕਾਰ ਨੂੰ ਨਿਕਲਣਾ ਹੈ। ਯਾਦ ਰਹੇ ਸ਼ਿਕਾਰ ਤੇ ਨਿਕਲੇ ਸ਼ਿਕਾਰੀ ਕਈ ਵਾਰ ਬਹੁਤ ਦੂਰ ਨਿਕਲ ਜਾਂਦੇ ਸਨ, ਜਿਸ ਕਰਕੇ ਸੋਣਾਂ ਵੀ ਕਦੀ ਬਾਹਰ ਹੀ ਪੈ ਜਾਂਦਾ ਸੀ। ਚਾਈਂ ਚਾਈਂ ਬਹੁਤੇ ਤਿਆਰ ਹੋ ਗਏ।

ਸਵੇਰੇ ਜਦੋਂ ਸਾਂਸੀ ਆਏ ਤਾਂ ਬਹੁਤੇ ਸਿੱਖਾਂ ਨੇ ਮੂੰਹ ਵੱਟ ਲਏ, ਬੋਲੇ "ਕੀ ਗੁਰੂ ਪੀਰ ਨੂੰ ਸ਼ਿਕਾਰ ਤੇ ਜਾਣਾ ਸੋਹਣਾ ਲੱਗਦਾ ਏ? ਗੁਰੂ ਸਾਹਿਬ ਦੇ ਪੁੱਤ ਠੀਕ ਹੀ ਕਹਿੰਦੇ ਹਨ ਕਿ ਇਹ ਹੁਣ ਸੱਤ੍ਹਰੇ ਬਹੱਤਰੇ ਗਏ ਨੇ। ਦੱਸੋ ਹੁਣ ਸਾਨੂੰ ਸਾਂਹਸੀਆਂ ਨਾਲ ਸ਼ਿਕਾਰ ਤੇ ਜਾਣਾ ਹੋਵੇਗਾ?" ਕਈ ਸਿੱਖਾਂ ਗੁਰੂ ਸਾਹਿਬ ਨੂੰ ਸਵਾਲ ਹੀ ਕਰ ਦਿੱਤਾ ਕਿ ਸਾਹਿਬ ਜੀ ਤੁਸੀ ਉੱਚੀ ਕੁਲ ਦੇ ਖੱਤਰੀ ਹੋ ਕੇ ਕਿਓ ਇਨਾਂ ਨੀਚਾਂ ਨਾਲ ਸ਼ਿਕਾਰ ਤੇ ਜਾ ਰਹੇ ਹੋ?

ਗੁਰੂ ਸਾਹਿਬ ਨੇ ਉੱਚੀ ਸੁਰ ਵਿੱਚ ਸ਼ਬਦ ਗਾਇ:-

.. ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥

ਭਾਈ ਮੈਂ ਤਾਂ ਇਨਾਂ ਗਰੀਬਾਂ ਦਾ ਹਾਂ। ਤੁਸੀ ਮੈਨੂੰ ਗਲਤ ਸਮਝ ਲਿਆ।

ਜਾਤ ਦਾ ਗਰਬ ਕਰਨ ਵਾਲੇ ਸਿੱਖਾਂ ਨੇ ਮੂੰਹ ਫੁਲਾ ਲਏ ਤੇ ਆਨੇ ਬਹਾਨੇ ਓਥੋਂ ਖਿਸਕ ਗਏ।

ਗੁਰੂ ਸਾਹਿਬ ਨੇ ਸ਼ਿਕਾਰੀਆਂ ਵਾਲਾ ਭੇਸ ਬਣਾਇਆ ਹੋਇਆ ਸੀ: ਮੈਲੇ ਕੁਚੈਲੇ ਕਪੜੇ ਪਾਏ, ਹੱਥ ਵਿੱਚ ਦਾਤਰ ਦੂਸਰੇ ਹੱਥ ਡੰਡਾ। ਕੁੱਤੇ ਕੁੱਤੀਆ ਨਾਲ ਲਏ। ਗੁਰੂ ਸਾਹਿਬ ਅਨੰਦ ਅਵਸਥਾ ਵਿੱਚ ਸ਼ਬਦ ਵੀ ਗਾ ਰਹੇ ਸਨ:

ਸਿਰੀਰਾਗੁ ਮਹਲਾ ੧ ਘਰੁ ੪ ॥ ਏਕੁ ਸੁਆਨੁ ਦੁਇ ਸੁਆਨੀ ਨਾਲਿ ॥ ਭਲਕੇ ਭਉਕਹਿ ਸਦਾ ਬਇਆਲਿ ॥ ਕੂੜੁ ਛੁਰਾ ਮੁਠਾ ਮੁਰਦਾਰੁ ॥ ਧਾਣਕ ਰੂਪਿ ਰਹਾ ਕਰਤਾਰ ॥੧॥ ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ ॥ ਹਉ ਬਿਗੜੈ ਰੂਪਿ ਰਹਾ ਬਿਕਰਾਲ ॥ ਤੇਰਾ ਏਕੁ ਨਾਮੁ ਤਾਰੇ ਸੰਸਾਰੁ ॥ ਮੈ ਏਹਾ ਆਸ ਏਹੋ ਆਧਾਰੁ ॥੧॥ ਰਹਾਉ ॥ ਮੁਖਿ ਨਿੰਦਾ ਆਖਾ ਦਿਨੁ ਰਾਤਿ ॥ ਪਰ ਘਰੁ ਜੋਹੀ ਨੀਚ ਸਨਾਤਿ ॥ ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ ॥ ਧਾਣਕ ਰੂਪਿ ਰਹਾ ਕਰਤਾਰ ॥੨॥ ਫਾਹੀ ਸੁਰਤਿ ਮਲੂਕੀ ਵੇਸੁ ॥ ਹਉ ਠਗਵਾੜਾ ਠਗੀ ਦੇਸੁ ॥ ਖਰਾ ਸਿਆਣਾ ਬਹੁਤਾ ਭਾਰੁ ॥ ਧਾਣਕ ਰੂਪਿ ਰਹਾ ਕਰਤਾਰ ॥੩॥ ਮੈ ਕੀਤਾ ਨ ਜਾਤਾ ਹਰਾਮਖੋਰੁ ॥ ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ ॥ ਨਾਨਕੁ ਨੀਚੁ ਕਹੈ ਬੀਚਾਰੁ ॥ ਧਾਣਕ ਰੂਪਿ ਰਹਾ ਕਰਤਾਰ ॥੪॥੨੯॥

ਕਰਤਾਰਪੁਰ ਤੋਂ ਨਿਕਲ ਜਿਵੇ ਰਾਵੀ ਕਿਨਾਰੇ ਬੇਲੇ ਪਹੁੰਚੇ ਤੇ ਇੱਕ ਰੜੇ ਜਿਹੇ ਮੈਦਾਨ ਵਿੱਚ ਸਭ ਨੂੰ ਮੋਹਰਾਂ ਤੇ ਰੁਪਏ ਲੱਭਣੇ ਸ਼ੁਰੂ ਹੋ ਗਏ। ਜਿੰਨੇ ਸਾਂਸੀ ਤੇ ਹੋਲੇ ਸਿੱਖ ਸਨ ਸਭ ਮਾਇਆ ਲੱਭਣ ਲੱਗ ਗਏ। ਗੁਰੂ ਸਾਹਿਬ ਤੇ ਕੋਈ 10-12 ਸਿੱਖ ਅੱਗੇ ਨਿਕਲ ਗਏ।

ਹੋਰ ਅੱਗੇ ਗਏ ਤਾਂ ਕੁਝ ਇੱਕ ਨੂੰ ਪੁੱਛਣ ਲੱਗ ਪਏ ਭਾਈ ਤੂੰ ਕੌਣ ਐਂ ਜਿਵੇ ਕੋਈ ਜਵਾਬ ਦੇਵੇ ਕਿ ਜੀ ਮੈਂ ਤੁਹਾਡਾ ਸਿੱਖ ਹਾਂ ਤਾਂ ਅੱਗੋ ਕੁਤਕੇ (ਡੰਡੇ) ਨਾਲ ਅਗਲੇ ਦੀ ਭੁਗਤ ਸੰਵਾਰਨ। "ਗੋਡੇ ਗੋਡੇ ਤੇਰੇ 'ਚ ਹੰਕਾਰ, ਤੂੰ ਕਦੋਂ ਦਾ ਸਿੱਖ ਹੋ ਗਿਆ?" ਕੁਝ ਇਸ ਪ੍ਰਕਾਰ ਦੇ ਤਾਨੇ ਮਾਰਨ, "ਦੌੜ ਜਾ ਤੂੰ ਕੀ ਲੈਣੇ ਸਾਡੇ ਲਾਗੋ?" ਜਿਹੜੇ ਕੱਚੇ ਸਨ ਉਹਨਾਂ ਨੂੰ ਲੱਗੇ ਕਿ ਸਹਿਬਜਾਦੇ ਠੀਕ ਕਹਿੰਦੇ ਹਨ ਗੁਰੂ ਜੀ ਸੱਤਰ੍ਹੇ ਬਹੱਤਰੇ ਗਏ ਨੇ।

ਇਸ ਪ੍ਰਕਾਰ ਜਿਵੇ ਡੰਡੇ ਤੋਂ ਡਰਦੇ ਕੁਝ ਹੋਰ ਸਿੱਖ ਜਿਵੇ ਪਿਛੇ ਹੋ ਗਏ ਗੁਰੂ ਜੀ ਨੇ ਓਨਾਂ ਨੂੰ ਢੇਮਾਂ ਮਾਰਨੀਆਂ ਸ਼ੁਰੂ ਕਰੀਆਂ। ਆਖਿਰ ਉਹ ਪਰਤ ਆਏ। ਸੋ ਇਸ ਪ੍ਰਕਾਰ ਬਹੁਤੇ ਸਿੱਖ ਛਾਂਟੇ ਗਏ ਤੇ ਲਹਿਣੇ ਤੇ ਬਾਬਾ ਬੁਢੇ ਵਰਗੇ ਗਿਣਤੀ ਦੇ ਦੋ ਚਾਰ ਸਿਦਕੀ ਸਿੱਖ ਹੀ ਗੁਰੂ ਸਾਹਿਬ ਨਾਲ ਰਹੇ ਬਾਕੀ ਸਭ ਪਰਤ ਆਏ।

ਜਿੰਨੇ ਸਿੱਖ ਪਰਤੇ ਸਨ ਸਭ ਆਪਸ ਵਿੱਚ ਗੱਲਾਂ ਕਰ ਰਹੇ ਸਨ ਕਿ ਗੁਰੂ ਨਾਨਕ ਬਹੁਤ ਇਨਕਲਾਬੀ ਸੰਤ ਸੀ ਪਰ ਸ਼ੁਦਾਈ ਹੋ ਗਇਆ ਹੈ। ਹਰ ਕੋਈ ਹਮਦਰਦੀ ਜਿਤਾ ਰਿਹਾ ਸੀ। ਗੁਰੂ ਸਾਹਿਬ ਦੀਆਂ ਤਾਰੀਫਾਂ ਕਰ ਰਹੇ ਸਨ।

ਅੱਗੇ ਚਲਦੇ ਗਏ। ਰਾਤ ਦਾ ਵੇਲਾ ਸੀ।

ਚਲਦੇ ਫਿਰਦੇ ਕਿੰਨੀ ਹੀ ਰਾਤ ਨਿਕਲ ਗਈ। ਸਵਾਲ ਉਠਿਆ ਕਿ ਭਲਾ ਕੀ ਵਕਤ ਹੋਵੇਗਾ। ਭਾਈ ਬੁੱਢਾ ਕਹਿਣ ਲੱਗਾ ਕਿ ਰਾਤ ਸਿਰਫ ਸਵਾ ਪਹਿਰ ਬਚੀ ਹੈ। ਗੁਰੂ ਸਾਹਿਬ ਕਹਿਣ ਲੱਗੇ ਭਾਈ ਬੁੱਢਾ ਤੈਨੂੰ ਕਿਵੇ ਪਤਾ? ਭਾਈ ਸਾਹਿਬ ਕਹਿਣ ਲੱਗੇ ਜੀ ਅਸੀ ਜਿਮੀਂਦਾਰ ਲੋਕ ਤਾਰਿਆਂ ਤੋਂ ਹਿਸਾਬ ਲਾ ਕੇ ਚਲਦੇ ਹਾਂ। ਮਨ੍ਹੇਰੇ ਹਲ ਜੋਣੇ ਪੈਂਦੇ ਨੇ। ਕਹਿਣ ਲੱਗਾ ਅੱਜ ਤਾਂ ਸਾਰੀ ਰਾਤ ਤੁਰਦੇ ਫਿਰਦਿਆਂ ਹੀ ਲੰਘ ਗਈ ਹੈ।

ਗੁਰੂ ਸਾਹਿਬ ਅੱਗੋ ਭਾਈ ਲਹਿਣੇ ਨੂੰ ਕਹਿਣ ਲੱਗੇ ਕਿ ਪੁਰਖਾ ਤੇਰਾ ਕੀ ਖਿਆਲ ਹੈ ਰਾਤ ਕਿੰਨੀ ਕੁ ਗਈ ਹੋਵੇਗੀ? ਭਾਈ ਲਹਿਣੇ ਨੇ ਫਰਮਾਇਆ, "ਮੇਹਰਵਾਨ ਤੇਰੀ ਰਾਤ, ਤੇਰਾ ਦਿਨ, ਤੂ ਸਭ ਕੁਝ ਜਾਨਤਾ ਹੈ। ਅਸਾਂ ਰਾਤ ਦਿਨ ਨਾਲ ਪ੍ਰਯੋਜਨ ਨਹੀ। "*

** ਹੋਰ ਅੱਗੇ ਗਏ ਤਾਂ ਕਿਸੇ ਪਿੰਡ ਦੀਆਂ ਮੜੀਆਂ ਵਿੱਚ ਚਿਖਾ ਮਘਦੀ ਨਜਰ ਆਈ। ਹੁਕਮ ਕੀਤਾ ਕਿ ਸਭ ਓਧਰ ਚਲੋ। ਕੀ ਵੇਖਦੇ ਹਨ ਕਿ ਅਧਸੜੀ ਲਾਸ਼ ਬਾਕੀ ਹੈ ਤੇ ਮੜੀ ਹੋਲੀ ਮਗ ਰਹੀ ਹੈ। ਸਿੱਖਾਂ ਨੂੰ ਕਿਹਾ ਕਿ ਤੁਸੀ ਜੋ ਕਹਿ ਰਹੇ ਸੀ ਭੁੱਖ ਲੱਗੀ ਹੈ ਇਹ ਲਾਸ਼ ਮੜੀ ਤੋਂ ਲਾਹੋ ਤੇ ਆਓ ਸਭ ਇਸ ਨੂੰ ਛਕੀਏ।

ਬਾਕੀ ਦੇ ਸਭ ਸਿੱਖ ਚੁੱਪ ਹੋ ਗਏ। ਭਾਈ ਲਹਿਣਾ ਅੱਗੇ ਆਏ ਤੇ ਕਹਿਣ ਲੱਗੇ ਗੁਰੂ ਜੀ ਕਿਹੜੇ ਪਾਸਿਓ ਲਾਸ਼ ਨੂੰ ਥੱਲੇ ਲਾਹਵਾਂ? ਸਿਰ ਵਾਲੇ ਪਾਸਿਓ ਕਿ ਪੈਰਾਂ ਵਲੋ?

ਇਤਹਾਸ ਵਿੱਚ ਆਉਦਾ ਹੈ ਕਿ ਉਸ ਵਕਤ ਫਿਰ ਗੁਰੂ ਸਾਹਿਬ ਨੇ ਰੂਹਾਨੀ ਤਾਕਤ ਨਾਲ ਸਭ ਸਿੱਖਾਂ ਵਿੱਚ ਕੜਾਹ ਪ੍ਰਸ਼ਾਦਿ ਵਰਤਾਇਆ ਤੇ ਸਿੱਖਾਂ ਦੀ ਭੁੱਖ ਦੂਰ ਕੀਤੀ।

ਕੋਈ ਸੈਕੜਾ ਕੁ ਸਿੱਖ ਓਸ ਵੇਲੇ ਸ਼ਿਕਾਰ ਤੇ ਨਿਕਲੇ ਸਨ। ਅੰਤ ਤੱਕ ਸਿਰਫ ਚਾਰ ਪੰਜ ਸਿੱਖ ਹੀ ਬਚੇ।

ਸਭ ਦੇ ਸਾਹਮਣੇ ਸਾਬਤ ਹੋ ਗਇਆ ਸੀ ਕਿ ਭਾਈ ਲਹਿਣੇ ਨੂੰ ਹੀ ਗੁਰੂ ਸਾਹਿਬ ਵਿੱਚ ਅਟੁੱਟ ਭਰੋਸਾ ਹੈ ਕਿ ਗੁਰੂ ਜੋ ਕਹਿ ਰਿਹਾ ਹੈ ਇਹ ਹੀ ਅਟਲ ਸੱਚਾਈ ਹੈ। ਹੋਰ ਕਿਸੇ ਸਿੱਖ ਨੂੰ ਗਿਲਾ ਸ਼ਿਕਵਾ ਨਹੀ ਸੀ ਰਹਿ ਗਇਆ।

ਉਪਰੰਤ ਓਥੇ ਹੀ ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਗਲ ਨਾਲ ਲਾਇਆ। ਫਰਮਾਇਆ, "ਪੁਰਖਾ ਤੂੰ ਧੰਨ ਹੈ। ਮੈਂ ਸਾਰੇ ਵੇਖ ਪਰਖ ਲਏ ਹਨ ਤੇ ਤਾਂ ਹੀ ਤੈਨੂੰ ਹਾਸਲ ਕੀਤਾ ਹੈ। "

ਇਸ ਮੌਕੇ ਫਿਰ ਗੁਰੂ ਸਾਹਿਬ ਨੇ ਸ਼ਬਦ ਗਾਵਿਆ:

ਤੁਖਾਰੀ ਮਹਲਾ ੧ ॥ ਮੇਰੇ ਲਾਲ ਰੰਗੀਲੇ ਹਮ ਲਾਲਨ ਕੇ ਲਾਲੇ ॥ ਗੁਰਿ ਅਲਖੁ ਲਖਾਇਆ ਅਵਰੁ ਨ ਦੂਜਾ ਭਾਲੇ ॥ ਗੁਰਿ ਅਲਖੁ ਲਖਾਇਆ ਜਾ ਤਿਸੁ ਭਾਇਆ ਜਾ ਪ੍ਰਭਿ ਕਿਰਪਾ ਧਾਰੀ ॥ ਜਗਜੀਵਨੁ ਦਾਤਾ ਪੁਰਖੁ ਬਿਧਾਤਾ ਸਹਜਿ ਮਿਲੇ ਬਨਵਾਰੀ ॥ ਨਦਰਿ ਕਰਹਿ ਤੂ ਤਾਰਹਿ ਤਰੀਐ ਸਚੁ ਦੇਵਹੁ ਦੀਨ ਦਇਆਲਾ ॥ ਪ੍ਰਣਵਤਿ ਨਾਨਕ ਦਾਸਨਿ ਦਾਸਾ ਤੂ ਸਰਬ ਜੀਆ ਪ੍ਰਤਿਪਾਲਾ ॥੧॥ ਭਰਿਪੁਰਿ ਧਾਰਿ ਰਹੇ ਅਤਿ ਪਿਆਰੇ ॥ ਸਬਦੇ ਰਵਿ ਰਹਿਆ ਗੁਰ ਰੂਪਿ ਮੁਰਾਰੇ ॥ ਗੁਰ ਰੂਪ ਮੁਰਾਰੇ ਤ੍ਰਿਭਵਣ ਧਾਰੇ ਤਾ ਕਾ ਅੰਤੁ ਨ ਪਾਇਆ ॥ ਰੰਗੀ ਜਿਨਸੀ ਜੰਤ ਉਪਾਏ ਨਿਤ ਦੇਵੈ ਚੜੈ ਸਵਾਇਆ ॥ ਅਪਰੰਪਰੁ ਆਪੇ ਥਾਪਿ ਉਥਾਪੇ ਤਿਸੁ ਭਾਵੈ ਸੋ ਹੋਵੈ ॥ ਨਾਨਕ ਹੀਰਾ ਹੀਰੈ ਬੇਧਿਆ ਗੁਣ ਕੈ ਹਾਰਿ ਪਰੋਵੈ ॥੨॥ ਗੁਣ ਗੁਣਹਿ ਸਮਾਣੇ ਮਸਤਕਿ ਨਾਮ ਨੀਸਾਣੇ ॥ ਸਚੁ ਸਾਚਿ ਸਮਾਇਆ ਚੂਕਾ ਆਵਣ ਜਾਣੇ ॥ ਸਚੁ ਸਾਚਿ ਪਛਾਤਾ ਸਾਚੈ ਰਾਤਾ ਸਾਚੁ ਮਿਲੈ ਮਨਿ ਭਾਵੈ ॥ ਸਾਚੇ ਊਪਰਿ ਅਵਰੁ ਨ ਦੀਸੈ ਸਾਚੇ ਸਾਚਿ ਸਮਾਵੈ ॥ ਮੋਹਨਿ ਮੋਹਿ ਲੀਆ ਮਨੁ ਮੇਰਾ ਬੰਧਨ ਖੋਲਿ ਨਿਰਾਰੇ ॥ ਨਾਨਕ ਜੋਤੀ ਜੋਤਿ ਸਮਾਣੀ ਜਾ ਮਿਲਿਆ ਅਤਿ ਪਿਆਰੇ ॥੩॥ ਸਚ ਘਰੁ ਖੋਜਿ ਲਹੇ ਸਾਚਾ ਗੁਰ ਥਾਨੋ ॥ ਮਨਮੁਖਿ ਨਹ ਪਾਈਐ ਗੁਰਮੁਖਿ ਗਿਆਨੋ ॥ ਦੇਵੈ ਸਚੁ ਦਾਨੋ ਸੋ ਪਰਵਾਨੋ ਸਦ ਦਾਤਾ

ਵਡ ਦਾਣਾ ॥ ਅਮਰੁ ਅਜੋਨੀ ਅਸਥਿਰੁ ਜਾਪੈ ਸਾਚਾ ਮਹਲੁ ਚਿਰਾਣਾ ॥ ਦੋਤਿ ਉਚਾਪਤਿ ਲੇਖੁ ਨ ਲਿਖੀਐ ਪ੍ਰਗਟੀ ਜੋਤਿ ਮੁਰਾਰੀ ॥ ਨਾਨਕ ਸਾਚਾ ਸਾਚੈ ਰਾਚਾ ਗੁਰਮੁਖਿ ਤਰੀਐ ਤਾਰੀ ॥੪॥੫॥

ਲਹਿਣੇ ਤੋਂ ਗੁਰੂ ਅੰਗਦ

"ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ॥ "

ਅਗਲੀ ਸਵੇਰ ਫਿਰ ਗੁਰੂ ਸਾਹਿਬ ਆਪਣੇ ਸਿੱਖਾਂ ਸਮੇਤ ਕਰਤਾਰਪੁਰ ਪਰਤ ਆਏ। ਆਉਦਿਆਂ ਹੁਕਮ ਕਰ ਦਿੱਤਾ। ਤਿਆਰੀਆਂ ਸ਼ੁਰੂ ਹੋ ਗਈਆਂ। ਵੱਡੇ ਲੰਗਰ ਲਈ ਇੰਤਜਾਮ ਹੋਣ ਲੱਗੇ। ਨੇੜੇ ਤੇੜੇ ਦੇ ਜਿਹੜੇ ਨਾਮੀ ਗਰਾਮੀ ਸਿੱਖ ਅਤੇ ਇਲਾਕੇ ਦੇ ਚੌਧਰੀਆਂ ਨੂੰ ਵੀ ਸਭ ਨੂੰ ਸੱਦੇ ਭੇਜੇ ਕਿ ਗੁਰੂ ਨਾਨਕ ਨੇ ਤੁਹਾਨੂੰ ਸਭ ਨੂੰ ਫਲਾਨੇ ਦਿਨ* ਕਰਤਾਰਪੁਰ ਸੱਦਿਆ ਹੈ। ਭਾਈ ਲਹਿਣੇ ਨੂੰ ਵੀ ਗੁਪਤ ਤੌਰ ਤੇ ਹੁਕਮ ਕੀਤਾ ਕਿ ਆਪਣਾ ਪ੍ਰਵਾਰ ਤੇ ਸਕੇ ਸਬੰਧੀ ਸੱਦ ਲਵੇ।

ਜਦੋਂ ਪੁੱਤਰਾਂ ਨੂੰ ਅਹਿਸਾਸ ਹੋਇਆ ਕਿ ਗਲ ਓਨਾਂ ਦੇ ਉਲਟ ਜਾ ਰਹੀ ਹੈ ਤਾਂ ਇੱਕ ਵਾਰ ਫਿਰ ਇਨਾਂ ਨੇ ਮਾਤਾ ਤੇ ਜੋਰ ਪਵਾਇਆ ਕਿ ਘਰ ਦੀ ਘਰ ਵਿੱਚ ਹੀ ਰਹਿਣ ਦਿਓ। ਮਾਤਾ ਨੇ ਪੁੱਤਰਾਂ ਦੇ ਦਬਾਅ ਹੇਠ ਆ ਕੇ ਫਿਰ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਤੁਹਾਡੇ ਪੁੱਤਰਾਂ ਨੇ ਤੁਹਾਡੀ ਗੈਰਹਾਜਰੀ ਵਿਚ ਬਹੁਤ ਤਕਲੀਫਾਂ ਝੱਲੀਆਂ ਨੇ ਤੁਸੀ ਗੁਰਿਆਈ ਘਰ ਵਿਚ ਹੀ ਰਹਿਣ ਦਿਓ।

ਗੁਰੂ ਸਾਹਿਬ ਨੇ ਫਿਰ ਮਾਤਾ ਚੋਣੀ ਨੂੰ ਦਿਲਾਸਾ ਦਿੱਤਾ ਕਿ ਤੇਰੇ ਪੁੱਤਰਾਂ ਨੂੰ ਧੰਨ ਦੀ ਘਾਟ ਨਹੀ ਰਹੇਗੀ। ਪਰ ਫਿਰ ਵੀ ਮਾਤਾ ਜੀ ਜਿੱਦ ਕਰੀ ਜਾ ਰਹੇ ਸਨ। ਇਸ ਮੌਕੇ ਫਿਰ ਗੁਰੂ ਸਾਹਿਬ ਨੇ ਸ੍ਰੀਚੰਦ ਨੂੰ ਕੋਲ ਸੱਦਿਆ। ਸਾਹਿਬ ਦਾ ਇੱਕ ਬਹੁਤ ਹੀ ਪੁਰਾਣਾ ਗੁਦੜ ਹੋਇਆ ਚੋਲਾ ਇੱਕ ਆਲੇ ਦੇ ਉਤੇ ਪਇਆ ਹੋਇਆ ਸੀ। ਗੁਰੂ ਸਾਹਿਬ ਨੇ ਸ੍ਰੀ ਚੰਦ ਨੂੰ ਕਿਹਾ ਕਿ ਇਹ ਫਕੀਰੀ ਚੋਲਾ ਪਹਿਨ ਕੇ ਵਿਖਾਓ। ਇਸ ਤੇ ਫਿਰ ਦੋਵੇਂ ਭਰਾ ਨਰਾਜ ਹੋ ਗਏ ਕਿ ਕੀ ਅਸੀ ਇਹ ਗੰਦਾ ਮੰਦਾ ਗੁਦੜ ਪਹਿਨਣ ਜੋਗੇ ਹੀ ਰਹਿ ਗਏ ਹਾਂ? ਇੱਕ ਵਾਰ ਫਿਰ ਗੁਰੂ ਸਾਹਿਬ ਨੂੰ ਤਾਨੇ ਮਿਹਨੇ ਮਾਰੇ।

ਗੁਰੂ ਸਾਹਿਬ ਨੇ ਫਿਰ ਵੀ ਸਹਿਬਜਾਦਿਆਂ ਨੂੰ ਸਮਝਾਇਆ ਕਿ ਗੁਰਿਆਈ ਫਕੀਰੀ ਹੈ ਤੁਹਾਡੇ ਵੱਸ ਦੀ ਗਲ ਨਹੀ। ਉਹਨਾ ਭਰੋਸਾ ਦਿਵਾਇਆ ਕਿ ਜਿਸ ਚੀਜ਼ ਦੀ (ਰਿਜਕ, ਧੰਨ ਦੌਲਤ) ਤੁਹਾਨੂੰ ਖਿੱਚ ਹੈ ਉਹ ਤੁਹਾਨੂੰ ਵਾਧੂ ਮਿਲੇਗੀ। ਕਦੀ ਕਮੀ ਨਹੀ ਆਏਗੀ। ਸਾਹਿਬਜਾਦੇ ਵੱਡੇ ਕਾਰਜ ਵਿੱਚ ਸ਼ਾਮਲ ਹੋਣ ਲਈ ਤਿਆਰ ਹੋ ਗਏ। ਓਨਾਂ ਨੂੰ ਅਜੇ ਵੀ ਭਰੋਸਾ ਸੀ ਕਿ ਪਿਤਾ ਜੀ ਉਨਾਂ ਨੂੰ ਵੀ ਯੋਗ ਸਥਾਨ ਬਖਸ਼ ਦੇਣਗੇ।

ਕੁਝ ਸਮੇਂ ਬਾਦ ਭਾਈ ਲਹਿਣਾ ਘਰ ਵਿੱਚ ਆਇਆ ਤਾਂ ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਪੁਰਖਾ ਆਪਣਾ ਚੋਲਾ ਲਾਹ ਕੇ ਆਹ ਆਲੇ ਉਤੇ ਜਿਹੜਾ ਚੋਲਾ ਪਇਆ ਹੈ ਉਨੂੰ ਪਹਿਨ ਕੇ ਦਿਖਾ। ਭਾਈ ਸਾਹਿਬ ਨੇ ਪਲ ਨਾਂ ਲਾਇਆ ਤੇ ਤੁਰੰਤ ਪੁਰਾਣਾ ਚੋਲਾ ਪਹਿਨ ਲਿਆ। ਇਸ ਨੇ ਫਿਰ ਮਾਤਾ ਸੁਲੱਖਣੀ ਦੀਆਂ ਆਪਣੇ ਪੁੱਤਾਂ ਬਾਰੇ ਅੱਖਾਂ ਖੋਲ ਦਿੱਤੀਆਂ।

ਫਿਰ ਨਿਯਤ ਦਿਨ ਤੇ ਸਵੇਰ ਦੇ ਗੁਰਬਾਣੀ ਪਾਠ ਅਤੇ ਕੀਰਤਨ ਹੋਇਆ। ਦੁਪਿਹਰ ਵੇਲੇ ਦੀਵਾਨ ਦੁਬਾਰਾ ਸੱਜੇ। ਗੁਰੂ ਸਾਹਿਬ ਨੇ ਆਪ ਵੀ ਕੀਰਤਨ ਕੀਤਾ। ਸਾਹਿਬ ਨੇ ਤਦੋਂ ਸਾਰੰਗ ਵਿੱਚ ਸ਼ਬਦ ਗਾਵਿਆ:

ਮਹਲਾ ੧ ॥ ਜਿਨਸਿ ਥਾਪਿ ਜੀਆਂ ਕਉ ਭੇਜੈ ਜਿਨਸਿ ਥਾਪਿ ਲੈ ਜਾਵੈ ॥ ਆਪੇ ਥਾਪਿ ਉਥਾਪੈ ਆਪੇ ਏਤੇ ਵੇਸ ਕਰਾਵੈ ॥ ਜੇਤੇ ਜੀਅ ਫਿਰਹਿ ਅਉਧੂਤੀ ਆਪੇ ਭਿਖਿਆ ਪਾਵੈ ॥ ਲੇਖੈ ਬੋਲਣੁ ਲੇਖੈ ਚਲਣੁ ਕਾਇਤੁ ਕੀਚਹਿ ਦਾਵੇ ॥ ਮੂਲੁ ਮਤਿ

ਪੈੜ ਸਫਾ

◘ ਕੀ ਤੁਹਾਨੂੰ ਪਤਾ ਹੈ ਗੁਰੂ ਨਾਨਕ/ਗੁਰੂ ਅੰਗਦ ਦੀ ਗੁਰਮੁੱਖੀ ਨੂੰ ਬਦਲਣ ਲਈ ਅੱਜ ਚੁੱਪ ਚੁੱਪੀਤੇ ਕੋਸ਼ਿਸ਼ਾਂ ਹੋ ਰਹੀਆਂ ਨੇ?

ਮੋਬਾਈਲ ਅਤੇ ਕੰਪਿਊਟਰ ਤੇ ਟਾਈਪ ਕਰਨ ਦੇ ਜੋ ਸਾਫਟਵੇਅਰ ਪਾਏ ਜਾ ਰਹੇ ਹਨ ਉਨਾਂ ਵਿੱਚ ਗੁਰਮੁੱਖੀ ਨੂੰ ਦੇਵਨਾਗਰੀ ਦੇ ਤੌਰ ਤੇ ਪੇਸ਼ ਕੀਤਾ ਹੈ। ਓ ਅ ਏ ਸ ਹ ਦੀ ਮੁਹਾਰਨੀ ਦੀ ਥਾਂ ਤੇ ਕਾਅ ਖਾਅ ਗਾਅ ਆ ਗਇਆ ਹੈ। ਯੂਨੀਕੋਡ ਫੋਂਟ ਦਾ ਜੋ ਸੌਫਟਵੇਅਰ ਬਣਾਇਆ ਗਇਆ ਹੈ ਉਹ ਸਿੱਧਾ ਸਿੱਧਾ ਦੇਵਨਾਗਰੀ ਵਾਲਾ ਹੀ ਗੁਰਮੁੱਖੀ ਤੇ ਲਾਇਆ ਗਇਆ ਹੈ। ਯਾਦ ਰਹੇ ਗੁਰਮੁੱਖੀ ਦੀ ਸਿਫਤ ਹੈ ਅਸੀ ਜਦੋਂ ਮੁਹਾਰਨੀ ਬੋਲਦੇ ਹਾਂ ਕੱਕਾ, ਖੱਖਾ, ਗੱਗਾ ਕਹਿੰਦੇ ਹਾਂ ਤੇ ਦੇਵਨਾਗਰੀ ਵਾਲੇ ਕਾਅ ਖਾਅ ਗਾਅ ਬੋਲਦੇ ਨੇ। ਦੇਵਨਾਗਰੀ ਦੇ ਸ਼ਬਦਾਂ ਵਿੱਚ 'ਏ' ਮੁਕਤਾ ਆ ਸਕਦੀ ਹੈ ਪਰ ਗੁਰਮੁਖੀ ਵਿੱਚ ਨਹੀ ਹੈ। ਏਸੇ ਤਰਾਂ ਪੰਜਾਬੀ ਅੱਖਰਾਂ ਵਿੱਚ ਓ ਮੁਕਤਾ ਨਹੀ ਹੋ ਸਕਦਾ ਪਰ ਦੇਵਨਾਗਰੀ ਵਿੱਚ ਹੁੰਦਾ ਹੈ। ਅਸੀ 'ਅ' ਲਿਖ ਕੇ ਬਾਦ ਵਿੱਚ 'ਾ' ਕੰਨਾ ਜਾਂ ੇ ਲਾਵਾਂ ਲਾਉਦੇ ਹਾਂ ਪਰ ਦੇਵਨਾਗਰੀ ਵਿੱਚ ਇਕੱਠਾ ਹੈ। ਆਰ ਐਸ ਐਸ ਨੇ ਸ਼ੈਤਾਨੀ ਕਰਕੇ ਜੋ ਯੂਨੀਕੋਡ ਫੋਂਟ ਬਣਵਾਇਆ ਹੈ ਉਸ ਵਿੱਚ ਗੁਰਮੁਖੀ ਨੂੰ ਦੇਵਨਾਗਰੀ ਹੀ ਬਣਾ ਦਿੱਤਾ ਗਇਆ ਹੈ ਸਿਰਫ ਅੱਖਰਾਂ ਦਾ ਸਰੂਪ ਗੁਰਮੁੱਖੀ ਹੈ। ਇਸ ਦਾ ਨਤੀਜਾ ਪੰਜਾਬੀ ਵਾਸਤੇ ਬਹੁਤ ਘਾਤਕ ਨਿਕਲ ਰਿਹਾ ਹੈ। ਮਿਸਾਲ ਦੇ ਤੌਰ ਤੇ ਹੁਣ ਇੰਟਰਨੈਟ ਦਾ ਜਮਾਨਾ ਹੈ ਜਿਸ ਦੀ ਮਾਂ ਬੋਲੀ ਅੰਗਰੇਜੀ ਹੈ। ਕੰਪਿਊਟਰ ਫਿਰ ਲੋੜ ਅਨੁਸਾਰ ਅੰਗਰੇਜੀ ਨੂੰ ਗ੍ਰਾਹਕ ਦੀ ਬੋਲੀ ਵਿੱਚ ਬਦਲ ਦਿੰਦਾ ਹੈ। ਜਦੋਂ ਫਿਰ ਅੰਗਰੇਜੀ ਵਿੱਚ ਲਿਖੇ ਨਾਵਾਂ ਨੂੰ ਪੰਜਾਬੀ ਵਿੱਚ ਬਦਲਿਆ ਜਾਂਦਾ ਹੈ ਤਾਂ ਗੁਰਮੁਖੀ ਲਿਪੀ ਦਾ ਜਲੂਸ ਨਿਕਲ ਜਾਂਦਾ ਹੈ। ਕਿਉਕਿ ਕੰਪਿਊਟਰ ਵਿੱਚ ਗੁਰਮੁਖੀ ਨੂੰ ਦੇਵਨਾਗਰੀ ਦਾ ਹੀ ਇਕ ਫੋਂਟ ਮੰਨ ਲਿਆ ਗਇਆ ਹੈ। ਹੁਣ ਦੇਖੋ ਕਿਉਕਿ ਯੂਨੀਕੋਡ ਵਿੱਚ ਗੁਰਮੁਖੀ ਨੂੰ ਦੇਵਨਾਗਰੀ ਹੀ ਬਣਾ ਦਿੱਤਾ ਗਇਆ ਹੈ ਜਿਸ ਦਾ ਨਤੀਜਾ ਵੇਖੋ ਕੀ ਨਿਕਲਦਾ ਹੈ। ਕਿਉਕਿ ਅਧਿਕ (ੱ) ਹਿੰਦੀ ਵਿੱਚ ਨਹੀ ਹੈ ਤੇ ਉਥੇ ਅੱਖਰ ਹੀ ਦੋ ਦੇ ਦਿੱਤੇ ਜਾਂਦੇ ਹਨ। ਫਿਰ ਦੇਵਨਾਗਰੀ ਦੀ 'ਏ' ਮੁਕਤਾ ਵੀ ਹੋ ਸਕਦੀ ਹੈ। ਜਦੋਂ ਤੁਸੀ ਗੂਗਲ ਨਕਸ਼ਾ ਪੰਜਾਬੀ ਵਿੱਚ ਵਰਤਦੇ ਹੋ ਤਾਂ ਪੰਜਾਬੀ ਵਿੱਚ ਸ਼ਹਿਰਾਂ ਦੇ ਨਾਂ ਦਾ ਮਖੌਲ ਜਿਹਾ ਬਣ ਜਾਂਦਾ ਹੈ। ਮਿਸਾਲ ਦੇ ਤੌਰ ਗੁਜਰਾਤ ਦੇ ਕੁਝ ਸ਼ਹਿਰ ਵੇਖੋ: ਸ਼ਹਿਰ ਦਾ ਨਾਂ ਹੈ Tulsishyam ਗੂਗਲ ਜਦੋਂ ਉਨੂੰ ਪੰਜਾਬੀ ਵਿੱਚ ਕੰਨਵਰਟ ਕਰਦਾ ਹੈ ਤਾਂ ਨਾਂ ਬਣ ਜਾਂਦਾ ਹੈ: ਤੁਲ੍ਰਸਿਸ਼ਯਮ (ਯ ਇਸ ਵਿੱਚ ਵੀ ਅੱਧਾ ਪਾਇਆ ਹੋਇਆ ਹੈ) ਹੋਰ ਵੇਖੋ Junagarh ਨੂੰ ਜਦੋਂ ਪੰਜਾਬੀ ਬਣਾ ਦਿੰਦਾ ਹੈ :- ਜੂਨਾਗਧ । ਕਿਉਕਿ ਦੇਵਨਾਗਰੀ ਵਿੱਚ ੜ ਅੱਖਰ ਹੈ ਨਹੀ। Vallabhipur (ਵੱਲਭੀਪੁਰ) ਦਾ ਬਣ ਜਾਂਦਾ ਹੈ ਵਲਲ੍ਰਭਿਪੁਰ। Limbdi (ਲਿੰਬੜੀ) ਦਾ ਬਣ ਜਾਂਦਾ ਹੈ ਲਿਮ੍ਰਬ੍ਰਦੀ।

ਹੁਣ ਯੂ.ਪੀ ਦੇ ਕੁਝ ਇਕ ਸ਼ਹਿਰਾਂ ਦੇ ਨਾਵਾਂ ਦਾ ਵੇਖੋ ਕੀ ਬਣਦਾ ਹੈ:-

ਬੁਲੰਦਸ਼ਹਿਰ -ਬੁਲਾਨ੍ਰਦ੍ਰਸ਼ਾਹਰ, ਅਲੀਗੜ੍ਹ - ਅਲੀਗਢ (ਢ ਦੇ ਪੈਰੀ ਬਿੰਦੀ ਵੀ ਪਈ ਹੋਈ ਹੈ) ਜੱਤਾਰੀ - ਜਤ੍ਰਤਾਰੀ। ਕੋਟਦਵਾਰ -ਕੋਤ੍ਰਦਵਾਰ (ਇਥੇ ਵ ਵੀ ਅੱਧਾ ਪਿਆ ਹੋਇਆ ਹੈ) ਠਾਕਰਦਵਾਰਾ -ਥਾਕੁਰਦਵਾਰਾ (ਇਥੇ ਵ ਵੀ ਅੱਧਾ ਪਿਆ ਹੋਇਆ ਹੈ) ਤਲੱਈਆ - ਤਲ੍ਰਏਈਯਾ। (ਯਾਦ ਰਹੇ ਪੰਜਾਬੀ ਵਿੱਚ ਏ ਮੁਕਤਾ ਹੋ ਹੀ ਨਹੀ ਸਕਦੀ)

ਆਹ ਵੇਖੋ ਭਾਈ ਕਾਨ ਸਿੰਘ ਨਾਭਾ ਦੇ ਮਹਾਨ ਕੋਸ਼ ਦੀ ਵੈਬਸਾਈਟ ਤੇ ਜੋ ਮੁਹਾਰਨੀ ਦਿੱਤੀ ਗਈ ਹੈ। ਇਹ ਵੈਬਸਾਈਟ ਵੀ ਫਿਰਕਾਪ੍ਰਸਤਾਂ ਨੇ ਬਣਵਾਈ ਹੈ ਕੁਝ ਵਿਕਾਊ ਪੰਜਾਬੀ ਵਿਦਵਾਨਾਂ ਨੂੰ ਖਰੀਦ ਕੇ। ਵੇਖੋ ਓ ਅ ਏ ਸ ਹ ਦਾ ਕਰ ਦਿੱਤਾ ਗਇਆ ਅ ਆ ਇ ਈ ਉ ਊ ।

ਸੋ ਗੁਰਮੁਖੀ ਨੂੰ ਦੇਵਨਾਗਰੀ ਬਣਾਉਣ ਵਾਸਤੇ ਕੋਸ਼ਸ਼ਾਂ ਕਿੱਢੇ ਵੱਡੇ ਪੱਧਰ ਤੇ ਹੋਰ ਰਹੀਆਂ ਹਨ।

ਇਹ ਸਰਾਸਰ ਕੱਟੜਵਾਦ ਅਤੇ ਪੰਜਾਬੀ ਸਭਿਆਚਾਰ ਤੇ ਹਮਲਾ ਹੈ ਜਿਸ ਦੀ ਅਸੀਂ ਖੰਡਨਾਂ ਕਰਦੇ ਹਾਂ। ਪੰਜਾਬ ਸਰਕਾਰ ਨੂੰ ਇਸ ਗੱਲ ਦਾ ਨੋਟਿਸ ਲੈ ਕੇ ਪੰਜਾਬੀ ਦਾ ਯੂਨੀਕੋਡ ਫੋਂਟ ਸੁਤੰਤਰ ਤਿਆਰ ਕਰਨਾਂ ਚਾਹੀਦਾ ਹੈ ਜਿਵੇ ਤਮਿਲ, ਤੈਲਗੂ, ਆਦਿ ਦੇ ਹਨ।

ਪਰਵਾਣਾ ਏਹੋ ਨਾਨਕੁ ਆਖਿ ਸੁਣਾਏ ॥ ਕਰਣੀ ਉਪਰਿ ਹੋਇ ਤਪਾਵਸੁ ਜੇ ਕੋ ਕਹੈ ਕਹਾਏ ॥੨॥ ਪਉੜੀ ॥ ਗੁਰਮੁਖਿ ਚਲਤੁ ਰਚਾਇਓਨੁ ਗੁਣ ਪਰਗਟੀ ਆਇਆ ॥ ਗੁਰਬਾਣੀ ਸਦ ਉਚਰੈ ਹਰਿ ਮੰਨਿ ਵਸਾਇਆ ॥ ਸਕਤਿ ਗਈ ਭ੍ਰਮੁ ਕਟਿਆ ਸਿਵ ਜੋਤਿ ਜਗਾਇਆ ॥ ਜਿਨ ਕੈ ਪੋਤੈ ਪੁੰਨੁ ਹੈ ਗੁਰੁ ਪੁਰਖੁ ਮਿਲਾਇਆ ॥ ਨਾਨਕ ਸਹਜੇ ਮਿਲਿ ਰਹੇ ਹਰਿ ਨਾਮਿ ਸਮਾਇਆ ॥੨॥

ਅੱਗੇ ਭਾਈ ਲਹਿਣੇ ਨੇ ਵਾਰੀ ਚੁੱਕੀ :

ਸਲੋਕ ਮਹਲਾ ੨ ॥ ਸਾਹ ਚਲੇ ਵਣਜਾਰਿਆ ਲਿਖਿਆ ਦੇਵੈ ਨਾਲਿ ॥ ਲਿਖੇ ਉਪਰਿ ਹੁਕਮੁ ਹੋਇ ਲਈਐ ਵਸਤੁ ਸਮ੍ਹਾਲਿ ॥ ਵਸਤੁ ਲਈ ਵਣਜਾਰਈ ਵਖਰੁ ਬਧਾ ਪਾਇ ॥ ਕੇਈ ਲਾਹਾ ਲੈ ਚਲੇ ਇਕਿ ਚਲੇ ਮੂਲੁ ਗਵਾਇ ॥ ਥੋੜਾ ਕਿਨੈ ਨ ਮੰਗਿਓ ਕਿਸੁ ਕਹੀਐ ਸਾਬਾਸਿ ॥ ਨਦਰਿ ਤਿਨਾ ਕਉ ਨਾਨਕਾ ਜਿ ਸਾਬਤੁ ਲਾਏ ਰਾਸਿ ॥

ਵਾਰੋ ਵਾਰੀ ਸਬਦ ਪੜ੍ਹੇ ਗਏ। (ਵੇਖੋ ਸਾਰੰਗ ਕੀ ਵਾਰ ਮਹਲਾ 4 ਰਾਇ ਮਹਮੇ ਹਸਨੇ ਕੀ ਧੁਨਿ ਪੰਨਾ-1237 ਸ੍ਰੀ ਗੁਰੂ ਗ੍ਰੰਥ ਸਾਹਿਬ)

ਕੀਰਤਨ ਉਪਰੰਤ ਗੁਰੂ ਸਾਹਿਬ ਉੱਠ ਖੜੇ ਹੋਏ ਤੇ ਸੰਗਤ ਨੂੰ ਮੁਖਾਤਿਬ ਹੋਏ। ਕਹਿਣ ਲੱਗੇ ਕਿ ਸਾਡਾ ਸਰੀਰ ਹੁਣ ਬਿਰਧ ਹੋ ਰਿਹਾ ਹੈ। ਨਾਮ ਗੁਰਮਤ ਦੀ ਲਹਿਰ ਜੋ ਅਸਾਂ ਚਲਾਈ ਹੈ ਉਸ ਲਈ ਜਵਾਨ ਆਗੂ ਦੀ ਜਰੂਰਤ ਹੈ। ਅੱਜ ਤੋਂ ਅਸੀ ਆਪਣਾ ਉਤਰਾਧਿਕਾਰੀ ਭਾਈ ਲਹਿਣੇ ਨੂੰ ਥਾਪਦੇ ਹਾਂ। ਭਾਈ ਲਹਿਣੇ ਨੂੰ ਗਲਵਕੜੀ ਵਿੱਚ ਲਿਆ ਅਤੇ ਆਪਣੇ ਸਥਾਨ ਭਾਵ ਥੜੇ ਤੇ ਬੈਠਾਇਆ। ਗੁਰੂ ਸਾਹਿਬ ਨੇ ਪੰਜ ਪੈਸੇ ਤੇ ਨਾਰੀਅਲ ਰੱਖ ਭਾਈ ਲਹਿਣੇ ਅੱਗੇ ਮੱਥਾ ਟੇਕਿਆ। ਨਾਲ ਹੀ ਐਲਾਨ ਕੀਤਾ ਕਿ ਅੱਜ ਤੋਂ ਇਨਾਂ ਦਾ ਨਾਂ ਭਾਈ ਲਹਿਣਾ ਨਹੀ ਗੁਰੂ ਅੰਗਦ ਹੋਇਆ ਕਿਉਕਿ ਇਹ ਸਾਡੇ ਅੰਗ ਤੋਂ ਹੀ ਪੈਦਾ ਹੋਇਆ ਹੈ, ਸਾਡਾ ਪੁੱਤਰ ਹੀ ਹੈ। ਗੁਰੂ ਸਾਹਿਬ ਨੇ ਗੁਰਿਆਈ ਦੀ ਸਭ ਤੋਂ ਕੀਮਤੀ ਵਸਤੂ ਭਾਵ ਗੁਰਮੁਖੀ ◘ ਵਿਚ ਰਚੀ ਹੋਈ ਬਾਣੀ ਵਾਲੀ ਪੋਥੀ ਵੀ ਰਸਮੀ ਤੌਰ ਤੇ ਗੁਰੂ ਅੰਗਦ ਦੇ ਸਪੁਰਦ ਕਰ ਦਿੱਤੀ।

ਗੁਰੂ ਸਾਹਿਬ ਨੇ ਕਿਹਾ ਕਿ ਸੰਗਤਾਂ ਜਾਣਦੀਆਂ ਹਨ ਕਿਵੇਂ ਸੋਧ ਸੋਧ ਕੇ ਭਾਈ ਲਹਿਣੇ ਨੂੰ ਗੁਰੂ ਅੰਗਦ ਬਣਾਇਆ। ਗੁਰੂ ਅੰਗਦ ਅੱਜ ਤੋਂ ਮੇਰਾ ਵੀ ਗੁਰੂ ਹੈ। ਨਾਲ ਗੁਰੂ ਸਾਹਿਬ ਨੇ ਹਾਜਰ ਸੰਗਤਾਂ ਨੂੰ ਹੁਕਮ ਕੀਤਾ ਕਿ ਜਿਹੜੇ ਗੁਰਮੁਖ ਪਿਆਰੇ ਮੈਨੂੰ ਗੁਰੂ ਮੰਨਦੇ ਆਏ ਨੇ ਉਹ ਸਭ ਵਾਰੀ ਵਾਰੀ ਗੁਰੂ ਅੰਗਦ ਦੇ ਪੈਰਾਂ ਤੇ ਮੱਥਣ ਟੇਕਣ।

ਬਾਬਾ ਬੁੱਢਾ, ਅਜਿਤਾ ਰੰਧਾਵਾ, ਭਾਈ ਸਧਾਰਣ, ਭਾਈ ਭਗੀਰਥ, ਭਾਈ ਮਨਸੁਖ ਸਭ ਨੇ ਆ ਗੁਰੂ ਅੰਗਦ ਅੱਗੇ ਸੀਸ ਨਿਵਾਇਆ। ਸਾਰੀ ਸੰਗਤ ਨੇ ਏਸੇ ਤਰਾਂ ਵਾਰੀ ਵਾਰੀ ਆ ਮੱਥਾ ਟੇਕਿਆ। ਉਪਰੰਤ ਕੜਾਹ ਪ੍ਰਸਾਦਿ ਵਰਤਾਇਆ ਗਿਆ।

ਸਾਹਿਬਜਾਦਿਆਂ ਫੈਸਲੇ ਤੇ ਸਖਤ ਵਿਰੋਧ ਕੀਤਾ

ਸਾਹਿਬਜਾਦੇ ਬਾਬਾ ਸ੍ਰੀਚੰਦ ਅਤੇ ਲਖਮੀ ਦਾਸ ਬੁੜ ਬੁੜ ਕਰਦੇ ਹੋਏ ਦੀਵਾਨ ਵਿਚੋਂ ਉਠ ਖੜੇ ਹੋਏ ਤੇ ਘਰ ਨੂੰ ਚਲਦੇ ਬਣੇ। ਬਾਬਾ ਸ੍ਰੀ ਚੰਦ ਨੇ ਘਰ ਪਹੁੰਚ ਵੱਡੀ ਮਾਤ੍ਰਾ ਵਿੱਚ ਸਵਾਹ ਆਪਣੇ ਸਿਰ ਪਾ ਲਈ◦ ਤੇ ਜਾ ਕੇ ਇੱਕ ਟਾਹਲੀ ਥੱਲੇ ਆਸਣ ਲਾ ਲਿਆ। ਉਨਾਂ ਦਾ ਗਿਲਾ ਸੀ ਕਿ ਪਿਤਾ ਦੀ ਪਦਵੀ ਦਾ ਹੱਕ ਪੁੱਤਰਾਂ ਨੂੰ ਹੁੰਦਾ ਹੈ।

ਸਹਿਬਜਾਦਿਆਂ ਗੁਰੂ ਅੰਗਦ ਸਾਹਿਬ ਦਾ ਵਿਰੋਧ ਜਾਰੀ ਰੱਖਿਆ ਤੇ ਤਰਾਂ ਤਰਾਂ ਦੇ ਮਿਹਣੇ ਮਾਰਨ ਲੱਗ ਪਏ। ਗੁਰੂ ਸਾਹਿਬ ਦੇ ਲੱਖ ਸਮਝਾਉਣ ਦੇ ਬਾਵਜੂਦ ਉਹ ਗੁਰੂ ਅੰਗਦ ਨਾਲ ਈਰਖਾ ਕਰਨੋਂ ਬਾਜ ਨਹੀ ਸਨ ਆ ਰਹੇ।○

ਅਖੀਰ ਗੁਰੂ ਨਾਨਕ ਸਾਹਿਬ ਨੇ ਗੁਰੂ ਅੰਗਦ ਨੂੰ ਸਲਾਹ ਦਿੱਤੀ ਕਿ ਉਹ ਹੁਣ ਖਡੂਰ ਜਾ ਰਹਿਣ। ਉਨਾਂ ਕਿਹਾ ਕਿ ਖਡੂਰ ਦੀ ਭਾਈ ਭਿਰਾਈ ਦੇ ਘਰ ਮੇਰੀ ਮੰਜੀ ਹੈ ਉਸ ਤੇ ਜਾ ਬਿਰਾਜਣ। ਆਪਣੇ ਸਕੇ ਸਬੰਧੀਆਂ ਨੂੰ ਵੀ ਖਡੂਰ ਸੱਦ ਲਓ।

ਖਡੂਰ ਪਹੁੰਚਣ ਤੇ ਸੰਗਤਾਂ ਨੇ ਗੁਰੂ ਅੰਗਦ ਦਾ ਵੱਡਾ ਸਤਿਕਾਰ ਕੀਤਾ। ਮਾਈ ਭਿਰਾਈ ਨੇ ਉਸ ਕੋਠੇ ਦਾ ਜਿੰਦਰਾ ਖੋਲ ਦਿੱਤਾ ਜਿੱਥੇ ਗੁਰੂ ਨਾਨਕ ਪਾਤਸ਼ਾਹ ਦੀ ਮੰਜੀ ਬਿਰਾਜਮਾਨ ਹੁੰਦੀ ਸੀ।

ਕੁਝ ਸਮੇਂ ਬਾਦ ਫਿਰ ਗੁਰੂ ਨਾਨਕ ਵੀ ਗੁਰੂ ਅੰਗਦ ਨੂੰ ਮਿਲਣ ਖਡੂਰ ਪਹੁੰਚੇ। ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਗੁਰੂ ਅੰਗਦ ਨੂੰ ਸਰੀਰਕ ਪੱਖੋ ਕਮਜੋਰ ਵੇਖਿਆ ਤਾਂ ਆਪਣੀ ਨਰਾਜਗੀ ਜ਼ਾਹਿਰ ਕੀਤੀ। ਪਤਾ ਲੱਗਾ ਕਿ ਗੁਰੂ ਅੰਗਦ ਸਾਰਾ ਸਾਰਾ ਦਿਨ ਹੀ ਨਾਮ ਬਾਣੀ ਨਾਲ ਹੀ ਜੁੜੇ ਰਹਿੰਦੇ ਹਨ। ਜਿਆਦਾ ਬੈਠਕ ਹੋਣ ਕਰਕੇ ਸਰੀਰ ਕਮਜੋਰ ਪੈ ਚੁੱਕਾ ਸੀ।

ਖਡੂਰ ਉੱਜ ਗੁਰੂ ਸਾਹਿਬ ਪਹਿਲਾਂ ਵੀ ਦੋ ਵਾਰੀ ਜਾ ਚੁੱਕੇ ਸਨ। ਪਰ ਜਿਆਦਾ ਸਾਹਿਬ ਪਿੰਡ ਦੇ ਪਹਾੜ ਪਾਸੇ ਛੱਪੜ ਕਿਨਾਰੇ ਪਿੱਪਲ ਹੇਠਾਂ ਬੈਠ ਅਕਾਲ ਪੁਰਖ ਦਾ ਜੱਸ ਗਾਇਆ ਕਰਦੇ ਸਨ। ਗੁਰੂ ਸਾਹਿਬ ਨਿਰੰਕਾਰ ਦੀ ਭਗਤੀ ਵਿੱਚ ਏਨੇ ਮਗਨ ਰਿਹਾ ਕਰਦੇ ਸਨ ਕਿ ਖਡੂਰ ਵਿੱਚ ਗੁਰੂ ਸਾਹਿਬ ਦਾ ਨਾਂ ਹੀ ਨਾਨਕ ਤਪਾ ਪੈ ਗਇਆ ਸੀ। ਜਿੱਥੇ ਸਾਹਿਬ ਬੈਠਿਆ ਕਰਦੇ ਸਨ ਉਸ ਸਥਾਨ ਦਾ ਨਾਂ ਅੱਜ ਤਪਿਆਣਾ ਸਾਹਿਬ ਹੈ। ਛੱਪੜ ਦੀ ਥਾਂ ਹੁਣ ਸਰੋਵਰ ਹੈ।●

—▲—

ਪੈਂਫ਼ ਸਫ਼ਾ

*ਗਿਆਨੀ -315 ਨੇ ਇਹ ਦਿਨ 13 ਮੱਘਰ ਸੰਮਤ 1594 (ਭਾਵ ਈਸਵੀ ਸੰਨ 1537) ਦੱਸਿਆ ਹੈ। ਕਾਨ ਸਿੰਘ ਨਾਭਾ ਨੇ ਗੁਰਿਆਈ ਦਿਨ 17 ਹਾੜ 1596 ਲਿਖਿਆ ਹੈ। ਜਦੋਂ ਕਿ ਹੋਰ ਸਰੋਤ ਮਹੀਨਾ ਜੇਠ 1596 ਬਿ. ਭਾਵ 13 ਜੂਨ 1539 ਲਿਖਦੇ ਹਨ। ਭੱਲਾ-53 ਅਨੁਸਾਰ ਗੁਰਿਆਈ ਦੇਣ ਉਪਰੰਤ ਗੁਰੂ ਨਾਨਕ ਦੋ ਵਾਰੀ ਖਡੂਰ ਗੁਰੂ ਅੰਗਦ ਨੂੰ ਮਿਲਣ ਗਏ। ਇਹ ਤਾਂ ਹੀ ਸੰਭਵ ਹੈ ਜੇ ਗੁਰਿਆਈ ਦੇਣ ਅਤੇ ਜੋਤੀ ਜੋਤ ਵਿੱਚ ਵਕਫਾ ਹੋਵੇ ਤਾਂ।

*ਭੱਲਾ- 51 ◉ਗਿਆਨੀ -315, ◘ ਵੇਖੋ ਪਿਛਲੇ ਸਫੇ ਦੀ ਪੈੜ।

○ ਸਹਿਬਜਾਦਿਆਂ ਦੀ ਸ਼ਕਾਇਤ ਸੀ ਕਿ ਗੁਰੂ ਨਾਨਕ ਸ਼ੁਰੂ ਤੋਂ ਲੈ ਕੇ ਪ੍ਰਵਾਰ ਨੂੰ ਨਜਰਅੰਦਾਜ਼ ਕਰਦੇ ਆਏ ਹਨ। ਅਖੇ ਪਹਿਲਾਂ ਇਨਾਂ ਕਰਕੇ ਅਸੀ ਤਲਵੰਡੀ ਨਹੀ ਵਸ ਸਕੇ। ਫਿਰ ਸੁਲਤਾਨਪੁਰ ਲੋਧੀ ਤੋਂ ਸਾਨੂੰ ਨਾਨਕੇ ਆਉਣਾ ਪਿਆ। ਹੁਣ ਨਾਨਕੇ ਆ ਕੇ ਵੀ ਸਾਡਾ ਨੱਕ ਵੱਢਿਆ ਹੈ। ਉਹ ਆਪਣੀ ਨਾਕਾਮੀ ਬੜੀ ਚਲਾਕੀ ਨਾਲ ਛੁਪਾ ਰਹੇ ਸਨ। ਇਲਾਕੇ ਦੇ ਕੁਝ ਮੋਹਤਬਰ ਲੋਕ ਵੀ ਉਨਾਂ ਨਾਲ ਹਮਦਰਦੀ ਰੱਖਣ ਲੱਗ ਪਏ। ਜਿਸ ਕਾਰਨ ਗੁਰੂ ਸਾਹਿਬ ਨੇ ਗੁਰੂ ਅੰਗਦ ਸਾਹਿਬ ਨੂੰ ਖਡੂਰ ਭੇਜ ਦਿੱਤਾ।

● ਸਾਈਕਲ ਯਾਤਰੀ -308। ਤਪਿਆਣਾ ਸਾਹਿਬ ਦੇ ਨਾਲ ਚੜ੍ਹਦੇ ਪਾਸੇ ਇੱਕ ਮੜੀ ਬਣੀ ਹੋਈ ਹੈ ਜਿਸ ਨੂੰ ਬਾਲੇ ਦੀ ਸਮਾਧ ਕਿਹਾ ਜਾਂਦਾ ਹੈ। ਇਹ ਸਾਬਤ ਕਰਦੀ ਹੈ ਕਿ ਬਾਲਾ ਕੋਈ ਨਾਂ ਕੋਈ ਗੁਰੂ ਸਾਹਿਬ ਦਾ ਸ਼ਰਧਾਲੂ ਜਰੂਰ ਸੀ ਜੋ ਇਕ ਅੱਧੀ ਮੁਕਾਮੀ ਯਾਤਰਾ ਵੇਲੇ ਸਾਹਿਬ ਦੇ ਨਾਲ ਹੀ ਸੀ। ਉੱਜ ਜਨਮਸਾਖੀ ਵਿੱਚ ਉਸ ਨੇ ਆਪਣੇ ਆਪ ਨੂੰ ਜਿਆਦਾ ਹੀ ਵਧਾ ਚੜ੍ਹਾਂ ਕੇ ਬਿਆਨ ਕੀਤਾ ਹੈ। ਰਹਿੰਦੀ ਕਸਰ ਜੰਡਿਆਲੇ ਵਾਲੇ ਨਿਰੰਜਨੀਆਂ ਨੇ ਕੱਢੀ।

ਬਾਬ-70

ਜੋਤੀ ਜੋਤ ਕੌਤਕ

22 ਸਤੰਬਰ 1539

(ਕਰਤਾਰਪੁਰ ਦੇ ਕੌਤਕ – ਭਾਗ 9)

ਤੀਸਰ ਪੰਥ ਦੇ ਬਾਨੀ ਨੇ ਜੀਵਨ ਵਿੱਚ ਹਰ ਕੰਮ ਆਪਣੀ ਹੀ ਤਰਾਂ ਨਾਲ ਕੀਤਾ। ਗੰਗਾ ਜਾ, ਪਾਣੀ ਪੱਛਮ ਨੂੰ ਤਰੌਂਕਿਆ। ਮੱਕੇ ਪਹੁੰਚ, ਸਿਜਦਾ ਪੁੱਠੇ ਪਾਸੇ ਕਰ ਦਿੱਤਾ। ਇਹ ਭਲਾ ਕਿਵੇਂ ਹੋ ਸਕਦਾ ਸੀ ਨਿਰੰਕਾਰ ਨਾਲ ਇੱਕ ਮਿੱਕ ਨਾਨਕ, ਜੋਤੀ ਜੋਤ ਸਮਾਉਣ ਵੇਲੇ ਹਿੰਦੂ ਜਾਂ ਮੁਸਲਮਾਨੀ ਰਸਮ ਦੀ ਇਜਾਜਤ ਦਿੰਦਾ।

ਸੋ ਚਲਾਣੇ ਵੇਲੇ ਬਾਬੇ ਨੇ ਫਿਰ ਅਲੌਕਿਕ ਕੌਤਕ ਕਰ ਦਿੱਤਾ। ਆਪਣਾ ਚੇਤੰਨ ਅਤੇ ਭੌਤਿਕ ਸਰੀਰ ਸਿੱਧਾ ਹੀ ਬ੍ਰਹਮੰਡ ਦੇ ਮਾਲਕ 'ਚ ਜ਼ਜ਼ਬ ਕਰ ਦਿੱਤਾ ਸੀ। ਜੀ ਹਾਂ ਇਤਹਾਸਿਕ ਗ੍ਰੰਥ ਤੇ ਪ੍ਰੰਪਰਾ ਇਹੋ ਦੱਸਦੀ ਹੈ।

ਗੈਰ-ਸ਼ਰਧਾਵਾਨ ਤੇ ਨਾਸਤਕ ਲੋਕ ਇਸ ਘਟਨਾ ਨੂੰ ਸ਼ੱਕ ਦੀ ਨਿਗਾਹ ਨਾਲ ਤੱਕ ਸਕਦੇ ਹਨ। ਹੇਠਾਂ, ਭਾਵ ਫੁੱਟ ਨੋਟ ਤੇ ਅਸਾਂ ਵਿਗਿਆਨਕ ਪੱਖੋ ਇਸ ਕੌਤਕ ਦੀ ਸੰਭਾਵਨਾ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਹਾਂ, ਮੰਨਣਾ ਜਾਂ ਨਾਂ ਮੰਨਣਾ ਹਰ ਵਿਅੱਕਤੀ ਦਾ ਆਪਣਾ ਹੱਕ ਹੁੰਦਾ ਹੈ।*

ਪੈੜ ਸਫ਼ਾ

*ਗੁਰਮਤ ਮੁਤਾਬਿਕ ਚਲਾਣੇ ਦੇ ਮਤਲਬ

ਗੁਰਮਤ ਅਨੁਸਾਰ ਚਲਾਣੇ ਦਾ ਮਤਲਬ ਹੈ ਕਿ ਜਿਥੋਂ ਇਨਸਾਨ ਆਇਆ ਹੈ ਵਾਪਸ ਉਸ ਅਵਸਥਾ ਵਿੱਚ ਪਹੁੰਚਣਾ। ਗੁਰਮਤ ਅਨੁਸਾਰ ਜੀਵਤ ਜੀਵ ਮੁੱਖ ਤੌਰ ਤੇ ਦੋ ਚੀਜ਼ਾਂ ਦਾ ਬਣਿਆ ਹੁੰਦਾ ਹੈ।

(ੳ). ਅਦਿੱਖ ਤੱਤ ਜੋ ਅਕਾਲ ਪੁਰਖ ਦਾ ਸਿੱਧਾ ਅੰਸ਼ ਹੁੰਦਾ ਹੈ ਜਿਸ ਕਰਕੇ ਜੀਵ ਚੇਤਨ ਹੁੰਦਾ ਹੈ। ਹਿੰਦੂ ਇਨੂੰ ਆਤਮਾ ਕਹਿ ਲੈਂਦੇ ਹਨ, ਈਸਾਈ ਅਤੇ ਮੁਸਲਮਾਨ ਇਨੂੰ ਸਪਿਰਿਟ ਕਹਿੰਦੇ ਹਨ। ਅਸਲ ਜੀਵ ਇਹੋ ਹੁੰਦਾ ਹੈ ਸਰੀਰ ਤਾਂ ਉਸ ਦੀ ਗੱਡੀ ਹੁੰਦੀ ਹੈ, ਉਨੂੰ ਇਧਰ ਉਧਰ ਲਿਜਾਣ ਅਤੇ ਕੰਮ ਧੰਦੇ ਕਰਨ ਲਈ। ਸਰੀਰ ਦੇ ਰਾਂਹੀ ਹੀ ਇਹ ਜੋਤ ਬੋਲ ਸੁਣ ਸਕਦੀ ਹੈ।

(ਅ). ਨਿਸਚਿਤ ਅਕਾਰ ਦਾ ਭੌਤਿਕ ਸਰੀਰ ਜਿਸ ਵਿੱਚ ਮਾਸ ਹੱਡੀਆਂ ਖੂਨ, ਦਿਮਾਗੀ ਮਾਦਾ (ਨਰਵ ਸੈਲਜ਼) ਆਦਿ ਕਲ ਪੁਰਜੇ ਹੁੰਦੇ ਹਨ।

ਸਿੱਧੇ ਲਫਜਾਂ ਵਿੱਚ ਜੀਅ ਅਤੇ ਜੋਤ ਦੀ ਮਿਸਾਲ ਸ਼ਾਇਦ ਆਪਾਂ ਬਿਜਲੀ ਦੇ ਪੱਖੇ ਤੋਂ ਦੇ ਸਕਦੇ ਹਾਂ। (ਅ). ਬਿਜਲੀ ਦੀ ਮੋਟਰ ਅਤੇ (ੳ). ਕਰੰਟ।

(ਅ). ਗੁਰਮਤ ਅਨੁਸਾਰ ਜਿੰਨਾਂ ਜੀਵਾਂ ਤੇ ਨਿਰੰਕਾਰ ਅਕਾਲਪੁਰਖ ਦੀ ਬਖਸ਼ਸ਼ ਹੁੰਦੀ ਹੈ ਓਨਾਂ ਦਾ (ਅ). ਅਦਿੱਖ ਤੱਤ ਤੁਰੰਤ ਸਾਰੇ ਬ੍ਰਿਹਮੰਡ ਦੇ ਮਾਲਕ ਨਿਰੰਕਾਰ ਵਿੱਚ ਅਭੇਦ ਹੋ ਜਾਂਦਾ ਹੈ। ਬਾਕੀ ਜੀਵਾਂ ਦਾ ਉਹ ਤੱਤ ਤੁਰੰਤ ਕਿਸੇ ਹੋਰ ਨਵੇਂ ਬਣ ਰਹੇ ਸਰੀਰ ਵਿੱਚ ਪ੍ਰਵੇਸ਼ ਕਰਕੇ ਉਸ ਭੌਤਿਕ ਸਰੀਰ ਦਾ ਮਾਲਕ ਬਣ ਜਾਂਦਾ ਹੈ।

(ੳ). ਮੌਤ ਬਾਦ ਫਿਰ ਭੌਤਿਕ ਸਰੀਰ ਜੋ ਦਿੱਸ ਰਿਹਾ ਹੈ ਉਸ ਨੇ ਵਾਪਸ ਓਨਾਂ ਹੀ ਤੱਤਾਂ ਵਿੱਚ ਸ਼ਾਮਲ ਹੋ ਜਾਣਾ ਹੁੰਦਾ ਹੈ ਜਿੰਨਾਂ ਤੋਂ ਸਰੀਰ ਦਾ ਨਿਰਮਾਣ ਹੋਇਆ ਸੀ ਭਾਵ ਆਕਸੀਜਨ (65%), ਕਾਰਬਨ (18.5%), ਹਾਈਡਰੋਜਨ (9.5%), ਨਾਈਟਰੋਜਨ (3.2%), ਕੈਲਸ਼ੀਅਮ (1.5%), ਫਾਸਫੋਰਸ (1%) ਪੋਟਾਸ਼ੀਅਮ (0.4%), ਸਲਫਰ (0.3%) ਸੋਡੀਅਮ (0.2%), ਕਲੋਰੀਨ (0.2%) ਮੈਗਨੇਸ਼ੀਅਮ (0.2%) ਅਤੇ ਹੋਰ ਮਾਮੂਲੀ ਮਿਕਦਾਰ ਵਿੱਚ ਤਾਂਬਾ, ਜਿਸਤ, ਲੋਹਾ ਜਿਹੇ ਤੱਤ।

ਪੁਰਾਤਨ ਹਿੰਦੂ ਵਿਦਵਾਨ ਵੀ ਮੰਨਦੇ ਆਏ ਹਨ ਕਿ ਅੰਤ ਵਿੱਚ ਸਰੀਰ ਓਨਾਂ ਹੀ ਤੱਤਾਂ ਵਿੱਚ ਸਮਿਲਤ ਹੁੰਦਾ ਹੈ ਜਿੰਨਾਂ ਤੋਂ ਬਣਿਆ ਸੀ। ਕਿਉਕਿ ਹਿੰਦੂ ਵਿਦਵਾਨ ਪਦਾਰਥ ਨੂੰ ਓਨੀ ਬਰੀਕੀ ਵਿੱਚ ਤੋੜ ਨਹੀ ਸਨ ਪਾਏ ਜਿੰਨੀ ਬਰੀਕੀ ਵਿੱਚ ਅੱਜ ਪੱਛਮੀ ਰਸਾਇਣ ਵਿਗਿਆਨੀਆਂ ਨੇ ਤੋੜਿਆ ਇਸ ਕਰਕੇ ਹਿੰਦੂ ਮੋਟੇ ਤੌਰ ਤੇ ਹੇਠੇ ਪੰਜ ਤੱਤ ਮੰਨਦੇ ਆਏ ਹਨ:- 1. ਹਵਾ (ਬਾਦ), 2. ਅੱਗ (ਆਤਿਸ਼), 3.ਪਾਣੀ (ਆਬ), 4. ਮਿੱਟੀ (ਖਾਕ) ਤੇ 5. ਅਕਾਸ਼ (ਅਸਮਾਨ)। ਮਤਲਬ ਇਸ ਦਾ ਵੀ ਇਹੋ ਹੋ ਜਾਂਦਾ ਹੈ ਕਿਉਕਿ ਜਦੋਂ ਤੁਸੀ ਪਾਣੀ ਨੂੰ ਤੋੜੋਗੇ ਤਾਂ ਆਕਸੀਜਨ ਤੇ ਹਾਈਡਰੋਜਨ ਨਿਕਲਨ। ਅੱਗ ਰਸਾਇਣਕ ਕ੍ਰਿਆ ਹੈ। ਹਵਾ ਦੇ ਤੱਤ ਆਪਾਂ ਜਾਣਦੇ ਹੀ ਹਾਂ; ਨਾਈਟਰੋਜਨ, ਆਕਸੀਜਨ, ਕਾਰਬਨ ਆਦਿ। ਮਿੱਟੀ ਦੇ ਤੱਤ ਵੀ ਜਾਣਦੇ ਹਾਂ ਓਹੀ ਕਾਰਬਨ, ਕੈਲਸ਼ੀਅਮ, ਫਾਸਫੋਰਸ ਆਦਿ।

ਸੋ ਭੌਤਿਕ ਸਰੀਰ ਨੇ ਅਖੀਰ ਤੇ ਓਨਾਂ ਹੀ ਤੱਤਾਂ ਵਿੱਚ ਸ਼ਾਮਲ ਹੋਣਾਂ ਹੁੰਦਾ ਹੈ ਜਿੰਨਾਂ ਤੋਂ ਬਣਿਆ ਸੀ।

ਅੰਤਮ ਸਸਕਾਰ ਦੇ ਵੱਖ ਵੱਖ ਤਰੀਕੇ

ਸਰੀਰ ਨੂੰ ਨਸ਼ਟ ਕਰਨ ਲਈ ਵੱਖ ਵੱਖ ਫਿਰਕਿਆ ਦੇ ਵੱਖ ਵੱਖ ਤਰੀਕੇ ਹਨ। 1. ਬਹੁਤੇ ਤਾਂ ਸਰੀਰ ਨੂੰ ਜਮੀਨ ਵਿੱਚ ਦਬਾ ਦਿੰਦੇ ਹਨ। ਅਜਿਹਾ ਕਰਨ ਤੇ ਫਿਰ ਸਰੀਰ ਵਿੱਚ ਕੀੜੇ ਚਲਦੇ ਹਨ ਜੋ ਹੱਡੀਆਂ ਨੂੰ ਛੱਡ ਬਾਕੀ ਸਭ ਖਾ ਜਾਂਦੇ ਹਨ ਤੇ ਫਿਰ ਓਹ ਕੀੜੇ ਓਥੇ ਹੀ ਸਮਾ ਜਾਂਦੇ ਹਨ। ਜਦੋਂ ਸਮਾਉਦੇ ਹਨ ਓਨਾਂ ਦਾ ਸਰੀਰਕ ਪਾਣੀ ਜਮੀਨ ਨੂੰ ਨਮੀ ਦੇ ਜਾਂਦਾ ਹੈ ਤੇ ਬਾਕੀ ਓਹੀ ਤੱਤ ਰਹਿ ਜਾਂਦੇ ਹਨ ਭਾਵ ਕਾਰਬਨ, ਕੈਲਸ਼ੀਅਮ ਵਗੈਰਾ ਜੋ ਮਿੱਟੀ ਦਾ ਹਿੱਸਾ ਬਣ ਜਾਦੇ ਹਨ। 2. ਕੁਝ ਲੋਕ ਸਰੀਰ ਨੂੰ ਸਾੜਦੇ ਹਨ ਜੋ ਤੇਜ ਰਸਾਇਣਕ ਕ੍ਰਿਆ ਹੈ ਜਿਸ ਨਾਲ ਸਰੀਰ ਦਾ ਪਾਣੀ ਤੁਰੰਤ ਭਾਫ ਜਾਂ ਫਿਰ ਆਕਸੀਜਨ ਤੇ ਹਾਈ ਡਰੋਜਨ ਵਿੱਚ ਤਬਦੀਲ ਹੋ ਜਾਂਦਾ ਹੈ। ਕਾਰਬਨ ਦੇ ਵੱਖ ਵੱਖ ਕੰਮਪਾਊਂਡ ਫਿਰ ਟੁੱਟ ਕੇ ਕੁਝ ਹਵਾ ਵਿੱਚ ਜਾ ਮਿਲਦੇ ਹਨ ਤੇ ਕੈਲਸ਼ੀਅਮ ਫਾਸਫੋਰਸ ਜਿਹੇ ਸਵਾਹ ਦਾ ਭਾਗ ਬਣ ਜਾਂਦੇ ਹਨ। 3. ਕੁਝ ਫਿਰਕੇ ਸਰੀਰ ਨੂੰ ਦਰਿਆ ਜਾਂ ਸਮੁੰਦਰ ਵਿੱਚ ਵਹਾ ਦਿੰਦੇ ਹਨ ਜੋ ਪਾਣੀ ਦੇ ਜੰਤੂਆ ਦਾ ਖਾਣਾ ਬਣ ਜਾਂਦੇ ਹਨ। 4. ਜਾਂ ਫਿਰ ਕੁਦਰਤੀ ਤੌਰ ਤੇ ਸਰੀਰ ਨਸ਼ਟ ਹੁੰਦਾ ਹੈ ਤਾਂ ਉਸ ਨੂੰ ਜਾਨਵਰ ਜਿੰਨਾਂ ਵਿੱਚ ਬਹੁਤ ਬਰੀਕ (ਮਾਈਕਰੋਸਕੋਪਿਕ) ਆਦਿ ਖਾ ਜਾਂਦੇ ਹਨ। ਜਦੋਂ ਕੋਈ ਜੀਵ ਦੂਸਰੇ ਨੂੰ ਖਾਂਦਾ ਹੈ ਤਾਂ ਪਾਚਣ ਨਾਲੀ ਵਿੱਚ ਪਹੁੰਚ ਖੁਰਾਕ ਬਰੀਕ ਤੱਤਾਂ ਵਿੱਚ ਟੁੱਟ ਜਾਦੀ ਹੈ ਜਿਸ ਨੂੰ ਫਿਰ ਖਾਣ ਵਾਲਾ ਜੀਵ ਖੁਰਾਕ ਦੇ ਤੌਰ ਤੇ ਵਰਤਦਾ ਹੈ।

ਸੋ ਕਹਿਣ ਤੋਂ ਮਤਲਬ ਮੌਤ ਤੋਂ ਬਾਦ ਸਰੀਰ ਨੇ ਓਥੇ ਹੀ ਜਾਣਾ ਹੁੰਦਾ ਹੈ ਜਿਥੋਂ ਆਇਆ ਸੀ।

ਸੋ ਸਰੀਰ ਦਾ ਨਾਸ ਹੋਣਾ ਰਸਾਇਣਕ ਕ੍ਰਿਆ ਹੈ ਭਾਵ ਇੱਕ ਕੰਮਪਾਊਂਡ ਜਾਂ ਮਿਸ਼ਰਣ ਤੋਂ ਦੂਸਰੀ ਅਵਸਥਾ ਵਿੱਚ ਜਾਣਾ ਜਾਂ ਮੁੱਢਲੇ ਤੱਤਾਂ ਵਿੱਚ ਤਬਦੀਲ ਹੋ ਜਾਣਾ। ਇਸ ਦਾ ਮੁੱਖ ਤਰੀਕਾ ਅੱਗ ਹੀ ਹੈ ਚਾਹੇ ਸਰੀਰ ਨੂੰ ਸਿੱਧਾ ਅੱਗ ਵਿੱਚ ਬਾਲ ਦਿੱਤਾ ਜਾਵੇ ਜਾਂ ਕਿਸੇ ਦੂਸਰੇ ਜੀਵ ਦੀ ਪਾਚਣ ਪ੍ਰਣਾਲੀ ਦੀ ਤੇਜਾਬੀ ਅੱਗ ਰਾਂਹੀ ਤੱਤਾਂ ਜਾਂ ਸਿੱਧੇ ਕੰਮਪਾਊਂਡ ਵਿੱਚ ਤਬਦੀਲ ਹੋਵੇ।

ਪਰ ਮੂਲ ਵਿੱਚ ਸਾਰੇ ਤੱਤਾਂ ਦੀ ਰਚਨਾ ਇਕੋ ਜਿਹੀ ਹੈ। ਭਾਵ ਹਾਈਡਰੋਜਨ ਅਤੇ ਸੋਨੇ ਵਿੱਚ ਫਰਕ ਇਨਾਂ ਦੇ ਪ੍ਰੋਟੋਨ ਅਤੇ ਇਲੈਕਟ੍ਰੋਨ ਦੀ ਗਿਣਤੀ ਦਾ ਹੈ ਜਿਨੂੰ ਆਪਾਂ ਅਟਾਮਿਕ ਵੇਟ ਕਹਿੰਦੇ ਹਾਂ। ਇਸਦਾ ਮਤਲਬ ਇਹ ਹੈ ਕਿ ਸਾਰੇ ਤੱਤਾਂ ਦਾ ਮੂਲ ਇੱਕ ਹੀ ਹੈ। ਭਾਵ ਸਇੰਸ ਮੰਨਦੀ ਹੈ ਕਿ ਇੱਕ ਤੱਤ ਤੋਂ ਦੂਸਰਾ ਤੱਤ ਬਣ ਸਕਦਾ ਹੈ। ਇਹਦਾ ਉਦਾਹਰਣ ਨਿਊਕਲੀਅਰ ਟਰਾਂਸਮਿਊਟੇਸ਼ਨ ਹੈ। ਜਿਸ ਤੋਂ ਫਿਰ ਐਟਮ ਬੰਬ ਵੀ ਸੰਭਵ ਹੋ ਸਕਿਆ ਸੀ।

ਕਹਿਣ ਤੋਂ ਮਤਲਬ ਮੂਲ ਵਿੱਚ ਇੱਕ ਹੀ ਤੱਤ ਹੈ ਉਹਦਾ ਨਾਂ ਅੱਜ ਦੇ ਸਇੰਸਦਾਨਾਂ ਗਾਡ ਪਾਰਟੀਕਲ ਰੱਖਿਆ ਹੈ।

ਕੀ ਅੱਗ ਹੀ ਰਸਾਇਣਕ ਕ੍ਰਿਆ ਦਾ ਇਕੋ ਇੱਕ ਜਰੀਆ ਹੈ? ਨਹੀ। ਮਿਸਾਲ ਦੇ ਤੌਰ ਤੇ ਲੋਹੇ ਨੂੰ ਗਾਲਣ ਲਈ ਆਕਸੀਜਨ ਤੇ ਨਮੀ ਦੀ ਜਰੂਰਤ ਹੁੰਦੀ ਹੈ। ਦੁੱਧ ਦਾ ਫੁੱਟਣਾ ਵੀ ਰਸਾਇਣਕ ਕ੍ਰਿਆ ਹੈ ਇਸ ਵਿੱਚ ਅੱਗ ਦੀ ਜਰੂਰਤ ਨਹੀ ਪੈਂਦੀ। ਫਲ ਫਰੂਟ ਦਾ ਸੜ੍ਹਨਾ ਵੀ ਬਿਨਾਂ ਅੱਗ ਦੇ ਹੁੰਦਾ ਹੈ। ਏਸਡ ਤੇ ਅਲਕਲੀ ਦੇ ਰਿਐਕਸ਼ਨ ਮੌਕੇ ਵੀ ਅੱਗ ਦੀ ਜਰੂਰਤ ਨਹੀ ਹੁੰਦੀ। ਪਰ ਇਨਾਂ ਕ੍ਰਿਆਵਾਂ ਦੇ ਦੌਰਾਨ ਤਾਪਮਾਨ ਜਰੂਰ ਵਧਦਾ ਹੈ। ਭਾਵ ਐਨਰਜੀ ਵੀ ਪੈਦਾ ਹੁੰਦੀ ਹੈ। ਸਵਾਲ ਉਠਦਾ ਹੈ ਇਹ ਐਨਰਜੀ ਭਾਵ ਤਾਕਤ ਕਿਥੋਂ ਆ ਗਈ? ਜਵਾਬ ਰਸਾਇਣਕ ਕ੍ਰਿਆ ਤੋਂ ਕਿਉਕਿ ਕੁਝ ਪਾਰਟੀਕਲ ਤਬਾਹ ਹੋ ਜਾਂਦੇ ਹਨ।

ਸਿਰਫ ਏਨਾ ਹੀ ਨਹੀ ਸਇੰਸਦਾਨ ਅਲਬਰਟ ਆਈਨਸਟਾਈਨ ਨੇ ਸਾਬਤ ਕੀਤਾ ਹੈ ਕਿ ਇੱਕ ਅਵਸਥਾ ਤੇ ਮੈਟਰ (ਪਦਾਰਥ) ਤਾਕਤ (ਅਨਰਜੀ) ਵਿੱਚ ਬਦਲ ਜਾਂਦਾ ਹੈ। ਭਾਵ ਪਦਾਰਥ ਖਤਮ ਹੀ ਹੋ ਜਾਂਦਾ ਹੈ।

E=mc2

ਇਹ ਲੰਮੀ ਕਥਾ ਦੱਸਣ ਤੇ ਬਸ ਸਾਡਾ ਇੰਨਾ ਹੀ ਪੈੜ ਅਗਲੇ ਸਫੇ ਤੇ **ਚਲਦਾ** ➡

ਮਖਦੂਮ ਬਹਾਵਦੀ ਦਾ ਚਲਾਣਾ•

ਸੰਮਤ 1595-6 ਦੀ ਗਲ ਹੈ। ਮੁਲਤਾਨ ਦੇ ਪੀਰ ਮਖਦੂਮ ਬਹਾਵਦੀ•ਨੇ ਇੱਕ ਬੰਦੇ ਹੱਥ ਗੁਰੂ ਨਾਨਕ ਵਲ ਰੁੱਕਾ ਘੱਲਿਆ ਜਿਸ ਵਿੱਚ ਲਿਖਿਆ ਸੀ:

'ਜੋ ਅਸਾਂ ਲਦਣ ਲਦਿਆ ਅਸਾਡੀ ਕਰ ਕਾਇ॥ '

ਨਾਲ ਹੀ ਕਾਸਦ ਨੂੰ ਕਹਿ ਭੇਜਿਆ ਕਿ ਜਿੰਨਾਂ ਚਿਰ ਗੁਰੂ ਨਾਨਕ ਆਪ ਰੁੱਕਾ ਨਾਂ ਮੰਗੇ, ਦੇਣਾ ਨਹੀ।

ਉਹ ਹਰਕਾਰਾ ਰੁੱਕਾ ਲੈ ਆ ਕਰਤਾਰਪੁਰ ਪਹੁੰਚਿਆ ਤੇ ਬਾਹਰ ਬਾਗ ਵਿੱਚ ਹੀ ਉਤਾਰਾ ਕਰ ਲਿਆ। ਗੁਰੂ ਸਾਹਿਬ ਨੇ ਇੱਕ ਗੁਰਸਿੱਖ ਨੂੰ ਬਾਗ ਵਿੱਚ ਘੱਲਿਆ ਕਿ ਜਾ ਮੁਲਤਾਨ ਤੋਂ ਬੰਦਾ ਆਇਆ ਹੈ ਉਨੂੰ ਦਰਬਾਰ ਵਿੱਚ ਲੈ ਕੇ ਆਓ। ਸੇਵਾਦਾਰ ਗਇਆ ਤੇ ਜਾ ਕੇ ਹਰਕਾਰੇ ਨੂੰ ਲੈ ਆਇਆ। ਲੰਗਰ ਪਾਣੀ ਛਕਾਉਣ ਤੋਂ ਬਾਦ ਗੁਰੂ ਸਾਹਿਬ ਦੇ ਪੇਸ਼ ਕੀਤਾ ਗਿਆ। ਗੁਰੂ ਜੀ ਨੇ ਹਰਕਾਰੇ ਨੂੰ ਕਿਹਾ ਕਿ ਭਾਈ ਉਹ ਰੁੱਕਾ ਦਿਓ ਜਿਹੜਾ ਮਖਦੂਮ ਨੇ ਸਾਡੇ ਵਲ ਭੇਜਿਆ ਹੈ। ਜਾਣੀ ਜਾਣ ਗੁਰੂ ਦਾ ਹੁਕਮ ਸੁਣ ਕੇ ਹਰਕਾਰਾ ਗੁਦ ਗਦ ਹੋ ਉਠਿਆ ਤੇ ਗੁਰੂ ਸਾਹਿਬ ਦੇ ਚਰਨਾਂ ਤੇ ਸੀਸ ਰੱਖਾ ਤੇ ਰੁੱਕਾ ਗੁਰੂ ਸਾਹਿਬ ਦੇ ਪੇਸ਼ ਕਰਾ।

ਗੁਰੂ ਸਾਹਿਬ ਨੇ ਉਹ ਰੁੱਕਾ ਵੇਖਦਿਆਂ ਹੀ ਤੁਰੰਤ ਓਸੇ ਦੇ ਥੱਲੇ ਲਿਖਾ:-

ਜੋ ਭਰਿਆ ਸੋ ਲਦਸੀ ਸਭਨਾਂ ਹੁਕਮੁ ਰਜਾਇ॥
ਨਾਨਕ ਤੇ ਮੁਖ ਉਜਲੈ ਚਲੇ ਹਕੁ ਕਮਾਇ॥

ਮਤਲਬ ਕਿ ਪੀਰ ਜੀ ਜੋ ਇਸ ਜਹਾਨ ਤੇ ਆਇਆ ਹੈ ਉਹ ਇੱਕ ਦਿਨ ਜਾਏਗਾ ਹੀ ਜਾਏਗਾ ਤੇ ਨਾਲ ਹੀ ਪੀਰ ਨੂੰ ਭਰੋਸਾ ਦੇ ਦਿੱਤਾ ਕਿ ਤੂੰ ਉੱਜਲ ਮੁਖੜੇ ਨਾਲ ਰੱਬ ਦੀ ਦਰਗਾਹ ਵਿੱਚ ਦਾਖਲਾ ਪਾਵੇਂਗਾ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਰੁੱਕੇ ਥੱਲੇ ਇਹ ਵੀ ਲਿਖਾ ਸੀ; "ਤੁਸੀ ਚਲਹੁ, ਅਸੀ ਆਵਹਂਗੇ ਚਾਲੀਹ ਦਿਨਿ ਪਿਛੈ। " ਮਤਲਬ ਕਿ ਸਾਡਾ ਚਲਾਣਾ ਤੁਹਾਡੇ ਤੋਂ 40 ਦਿਨ ਬਾਦ ਹੋਵੇਗਾ।

ਇਸ ਤੋਂ ਬਾਦ ਗੁਰੂ ਸਾਹਿਬ ਨੇ ਵਜੰਤਰੀਆਂ ਦੀ ਸੰਗਤ ਵਿੱਚ ਦੀਵਾਨ ਵਿੱਚ ਸ਼ਬਦ ਲਾਇਆ:-

ਸਿਰੀਰਾਗੁ ਮਹਲਾ ੧ ਘਰੁ ੨ ॥ ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥
ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥੧॥ ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥ ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥੧॥ ਰਹਾਉ ॥

ਪੈੜ ਸਫ਼ਾ

ਮਕਸਦ ਸੀ ਕਿ ਪਦਾਰਥ ਨਸ਼ਟ ਜਾਂ ਅਲੋਪ ਵੀ ਹੋ ਸਕਦਾ ਹੈ। ਜਿਹੜੇ ਨਾਸਤਕ ਇਨਸਾਨ ਚਮਤਕਾਰ ਨੂੰ ਨਹੀ ਮੰਨਦੇ ਇਹ ਉਹਨਾਂ ਵੀਰਾਂ ਭੈਣਾਂ ਲਈ ਹੈ ਕਿ ਪ੍ਰਕ੍ਰਿਤੀ ਵਿਚ ਪਦਾਰਥ ਆਮ ਹੀ ਅਲੋਪ ਹੁੰਦਾ ਰਹਿੰਦਾ ਹੈ।

ਧਿਆਨ ਰਹੇ ਸੀਮਿਤ ਬੁੱਧ ਵਾਲਾ ਨਾਸਤਕ ਇਹ ਤਾਂ ਮੰਨਦਾ ਹੈ ਕਿ ਪਦਾਰਥ ਆਪਣਾ ਰੂਪ ਬਦਲ ਸਕਦਾ ਹੈ। ਪਰ ਇਸ ਗਲ ਨੂੰ ਮੰਨਣ ਲਈ ਤਿਆਰ ਨਹੀ ਸੀ ਕਿ ਪਦਾਰਥ ਪੂਰੀ ਤਰਾਂ ਅਲੋਪ ਵੀ ਹੋ ਸਕਦਾ ਹੈ।

ਸੋ ਉਪਰ ਅਸਾਂ ਆਪਣੇ ਨਾਸਤਕ ਵੀਰਾਂ ਨੂੰ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਨਹੀ ਪਦਾਰਥ ਪੂਰੀ ਤਰਾਂ ਅਲੋਪ ਵੀ ਹੋ ਸਕਦਾ ਹੈ। ਪਦਾਰਥ ਐਨਰਜੀ ਵਿੱਚ ਵੀ ਤਬਦੀਲ ਹੋ ਸਕਦਾ ਹੈ। ਨਾਸਤਕ ਵੀਰਾਂ ਭੈਣਾਂ ਨੂੰ ਬੇਨਤੀ ਹੈ ਕਿ ਇਹ ਨਾਂ ਸੋਚੋ ਕਿ ਜਿਹੜੀ ਗਲ ਤੁਸੀ ਨਹੀ ਕਰ ਸਕਦੇ ਉਹ ਹੋ ਹੀ ਨਹੀ ਸਕਦੀ।

ਸਵਾਲ ਉਠਦਾ ਹੈ ਕਿ ਗੁਰੂ ਨਾਨਕ ਨੇ ਕਿਹੜੀ ਸਾਇੰਸ ਰਾਂਹੀ ਸਰੀਰ ਨੂੰ ਹੀ ਨਿਰੰਕਾਰ ਅਕਾਲਪੁਰਖ ਵਿੱਚ ਸਮਿਲਤ ਕਰ ਦਿੱਤਾ?

ਜਵਾਬ- ਓਸੇ ਸਇੰਸ ਰਾਂਹੀ ਜਿਸ ਕਰਕੇ ਗੁਰੂ ਸਾਹਿਬ ਨੇ ਅੱਜ ਤੋਂ 500 ਸਾਲ ਪਹਿਲਾਂ ਹੀ ਕਹਿਆ ਸੀ, "ਲਖ ਆਗਾਸਾ ਆਗਾਸ। " ਓਦੋਂ ਕਿਹਨੂੰ ਪਤਾ ਸੀ ਕਿ ਅਨੇਕਾਂ ਧਰਤੀਆਂ ਤੇ ਸੂਰਜ ਚੰਨ ਹੋ ਸਕਦੇ ਨੇ? ਗੁਰੂ ਨਾਨਕ ਨੂੰ ਕਿਵੇ ਪਤਾ ਲੱਗ ਗਿਆ? ਜਵਾਬ ਸਿੱਧਾ ਜਿਹਾ ਹੈ ਕਿਉਕਿ ਉਹ ਸ੍ਰਿਸਟੀ ਦੇ ਰਚਨਹਾਰ ਕਰਤਾਰ ਨਾਲ ਇੱਕ ਮਿਕ ਸਨ।

ਸਮਾਧੀ ਰਾਂਹੀ ਮੌਤ- ਬਾਕੀ ਜਿਥੋਂ ਤੱਕ ਸਵੈ ਇਛਾ ਮੌਤ ਦਾ ਸਬੰਧ ਹੈ ਉਹ ਤਾਂ ਭਾਰਤ ਵਿੱਚ ਸਾਧੂ ਲੋਕ ਅਕਸਰ ਹੀ ਕਰ ਲੈਂਦੇ ਹਨ। ਯੋਗੀਆਂ ਵਿੱਚ ਇਹ ਆਮ ਹੀ ਹੈ ਕਿ ਜੋਗੀ ਆਪਣੀ ਮੌਤ ਦਾ ਸਮਾਂ ਖੁੱਦ ਤਹਿ ਕਰਦਾ ਹੈ। ਅੱਜ ਇੰਟਰਨੈਟ ਤੇ ਇਹ ਸਵਾਲ ਜੇ ਤੁਸੀ ਪੁੱਛੋਗੇ ਤਾਂ ਤੁਹਾਨੂੰ ਸੈਕੜੇ ਮਿਸਾਲਾਂ ਮਿਲਣਗੀਆਂ ਕਿਵੇਂ ਪਹੁੰਚੀਆਂ ਹੋਈਆਂ ਰੂਹਾਂ ਆਪਣੀ ਮੌਤ ਦਾ ਸਮਾ ਆਪੇ ਹੀ ਤਹਿ ਕਰ ਲੈਂਦੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਆਪਣਾ ਅੰਤਮ ਸਮਾਂ ਖੁਦ ਤਹਿ ਕੀਤਾ ਸੀ ਸੁਰਤ ੧ਓ ਨਾਲ ਇੱਕ ਮਿੱਕ ਕਰ ਲਈ ਸੀ।

ਬਨਾਰਸ ਦਾ ਤ੍ਰੈਲਾਂਗ ਸਵਾਮੀ ਪੁਲਿਸ ਲਈ ਮੁਸੀਬਤ ਸੀ। ਇਹ ਮਸਤ ਮੌਲਾ ਨੰਗ ਧਰੰਡਾ ਗਲੀਆਂ ਮੁਹੱਲਿਆਂ ਵਿੱਚ ਮਸਤੀ ਨਾਲ ਫਿਰਦਾ ਰਹਿੰਦਾ ਸੀ। ਕਈ ਵਾਰੀ ਪੁਲਿਸ ਇਸਨੂੰ ਗ੍ਰਿਫਤਾਰ ਕਰਕੇ ਕੈਦ ਕਰਦੀ ਤਾਂ ਇਹ ਮਸਤ ਮੌਲਾ ਜਦੋਂ ਜੀ ਕਰਦਾ ਕੈਦ ਵਿਚੋਂ ਬਾਹਰ ਆ ਜਾਂਦਾ। ਪੁਲਿਸ ਹੈਰਾਨ ਸੀ ਕਿ ਤਾਲਾਬੰਦ ਦਰਵਾਜਾ ਬਰਕਰਾਰ ਰਹਿੰਦਾ ਪਰ ਇਹ ਬਾਹਰ ਕਿਵੇ ਨਿਕਲ ਜਾਂਦਾ। ਇਸ ਅੱਗੇ ਪੁਲਿਸ ਹਾਰ ਗਈ ਕਿਉਕਿ ਕੋਈ ਕੰਧ ਇਨੂੰ ਲਗਾਤਾਰ ਕੈਦ ਨਹੀ ਸੀ ਰੱਖ ਸਕਦੀ। ਇਹ ਕਦੀ ਗੰਗਾ ਦੇ ਪ੍ਰਵਾਹ ਉਤੇ ਵੀ ਸਮਾਧੀ ਲਾਈ ਬੈਠਾ ਵੇਖਿਆ ਜਾਂਦਾ ਸੀ।

ਹੋਰ ਵੇਖੋ ਸਵਾਮੀ ਸਿਵਾਨੰਦ ਨੇ ਕਿਵੇ ਬੈਠੇ ਬੈਠੇ ਆਪਣੇ ਪ੍ਰਾਣ ਤਿਆਗੇ। ਇਹ ਮੰਨੀ ਹੋਈ ਗਲ ਹੈ ਕਿ ਜਦੋਂ ਬੰਦੇ ਦੀ ਜਾਨ ਨਿਕਲਦੀ ਹੈ ਉਹਦੇ ਹੱਥ ਬਾਹਵਾਂ ਲੱਤਾਂ ਸਭ ਸਿੱਧੇ ਹੋ ਜਾਂਦੇ ਨੇ। ਪਰ ਇਥੇ ਤਾਂ ਬੰਦਾ ਚੌਕੜੀ ਮਾਰੇ ਬੈਠਾ ਹੈ।(ਫੋਟੋਆਂ ਨੈੱਟ ਤੋਂ ਵੇਖ ਲਵੋ ਜੀ)

ਗੁਰਮਤ ਰਿੱਧੀਆਂ ਸਿਧੀਆਂ ਲਈ ਤੜਪ ਦੀ ਖੰਡਣਾ ਕਰਦੀ ਹੈ ਕਿਉਕਿ ਇਨਾਂ ਨਾਲ ਮਨੁੱਖੀ ਕਲਿਆਣ ਨਹੀ ਹੁੰਦਾ ਸਗੋ ਇਹ ਵੀ ਪਦਾਰਥਵਾਦੀ (ਮਾਇਕ) ਦੌੜ ਹੀ ਹੈ। ਪਰ ਇਹਦਾ ਮਤਲਬ ਇਹ ਨਹੀ ਕਿ ਇਹ ਸੰਭਵ ਨਹੀ ਹੁੰਦੀਆਂ। ਅੱਜ ਵੀ ਕਈ ਹਿੰਦੂ ਜੋਗੀ ਤਾਂਤਰਿਕ ਅਤੇ ਹੋਰ ਸਨਿਆਸੀ, ਬੋਧੀ, ਅਤੇ ਜੈਨੀ ਮਨ ਭੋਂਦੀਆਂ ਰਿੱਧੀਆਂ ਸਿੱਧੀਆਂ ਨੂੰ ਹਾਸਲ ਕਰਨਾਂ ਲਈ ਸਾਧਨਾ ਕਰਦੇ ਹਨ। ਮਿਸਾਲ ਦੇ ਤੌਰ ਤੇ ਇਕ ਤਾਂਤਰਿਕ ਯੋਗੀ ਧਰਿੰਦਰ ਬ੍ਰਹਮਚਾਰੀ ਨੇ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਬਹੁਤ ਪ੍ਰਭਾਵਿਤ ਕੀਤਾ ਸੀ ਫਿਰ ਇਹ ਯੋਗੀ ਇੰਦਰਾ ਗਾਂਧੀ ਦਾ ਵੀ ਨਜਦੀਕੀ ਬਣ ਗਇਆ। ਨਤੀਜਾ ਇਹ ਨਿਕਲਿਆ ਕਿ ਸੰਨਿਆਸੀ ਹੋਣ ਦੇ ਬਾਵਜੂਦ ਇਹ ਮਾਇਆ ਦੀ ਦੌੜ ਵਿਚ ਪੈ ਗਇਆ ਅਤੇ ਕਾਰਖਾਨੇ ਤਕ ਲਾ ਲਏ।

ਇਹੋ ਕਾਰਨ ਹਨ ਗੁਰਮਤ ਇਹਨਾਂ ਰਿੱਧੀਆਂ ਸਿੱਧੀਆਂ ਦੀ ਦੌੜ ਦਾ ਸਖਤ ਖੰਡਨ ਕਰਦੀ ਹੈ ਪਰ ਇਹਦਾ ਮਤਲਬ ਇਹ ਨਹੀ ਕਿ ਇਹ ਸੰਭਵ ਹੀ ਨਹੀ ਹੁੰਦੀਆਂ।

ਫਿਰ ਹੋਰ ਵੇਖੋ: ਇਸਲਾਮ ਤੇ ਈਸਾਈਮਤ ਵਿੱਚ ਉਪਰੀ ਬ੍ਰਿਹਮੰਡ ਵਲ ਪੈਗੰਬਰਾਂ ਦਾ ਜਾਣਾ ਲਿਖਿਆ ਹੈ। ਜਿਵੇ

1. ਯਿਸ਼ੂ ਮਸੀਹ ਦੇ ਪਵਿਤ੍ਰ ਸਰੀਰ ਦਾ ਸੂਲੀ ਚੜ੍ਹਾਏ ਜਾਣ ਬਾਦ ਅਖੀਰ ਤੇ ਅਲੋਪ ਹੋ ਜਾਣਾ।

2. ਹਜਰਤ ਮੁਹੰਮਦ ਸਾਹਿਬ ਦੀ ਸ਼ੱਬੇ ਮਿਰਾਜ ਵਾਲੀ ਕਹਾਣੀ ਜਿਸ ਤਹਿਤ ਉਹ ਖਿਆਲ ਦੀ ਗਤੀ ਨਾਲ ਅਸਮਾਨ ਵਿੱਚ ਉਡਦੇ ਨੇ।

https://www.quora.com/How-can-matter-be-converted-to-energy

● ਪੁਰਾਤਨ- 199

◉ ਇਸ ਪੀਰ ਦਾ ਅਸਲ ਨਾਂ ਖੋਜ ਦਾ ਮਜਮੂਨ ਹੈ, ਕਿਉਕਿ ਜਨਮ ਸਾਖੀਆਂ ਵਾਲੇ ਅਸਲ ਨਾਂ ਨਹੀ ਦੇ ਸਕੇ। ਇਹ ਓਸੇ ਪੀਰ ਦੀ ਗਲ ਹੈ ਜੋ ਗੁਰੂ ਸਾਹਿਬ ਨਾਲ ਮੱਕੇ ਦੇ ਹੱਜ ਮੌਕੇ ਮੌਜੂਦ ਸੀ। ਇਹ ਮੁਲਤਾਨ ਦੇ ਪੀਰ ਬਹਾਉਦੀਨ ਜਕਰੀਆ (1170-1262 ਈ.) ਦਾ ਕੋਈ ਸਜਦਾ ਨਸ਼ੀਨ ਸੀ।

ਗੁਰੂ ਸਾਹਿਬ ਦੇ ਜਮਾਨੇ ਵਿਚ ਕੁਝ ਇਕ ਪੀਰਾਂ ਦੇ ਦਿਹਾਂਤ ਦੇ ਸਾਲ ਨੈੱਟ ਤੋਂ ਮਿਲਦੇ ਹਨ:

5. Sayed Abdul Qadir bin Sayed Murid Ghous Jilani. Died 940 AH, Uch Sharif, Punjab. 1533

6. Sayed Abdul Qadir Jilani, died 941 AH, Lahore. 1534

7. Sayed Abdur Razzak Jilani, died 941 AH, Uch Sharif, Punjab. 1534

ਪਰ ਇਹਨਾਂ ਵਿਚੋਂ ਲਗਦਾ ਕੋਈ ਵੀ ਉਹ ਪੀਰ ਨਹੀ ਜਿਸ ਦੀ ਗਲ ਚਲ ਰਹੀ ਹੈ। ਫਿਰ

ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥ ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥੨॥ ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ ॥ ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ ॥੩॥ ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥ ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥੪॥੨੪॥

ਕੁਝ ਦਿਨਾਂ ਬਾਦ ਫਿਰ ਪੀਰ ਬਹਾਵਦੀ ਦਾ ਉਹ ਹਰਕਾਰਾ ਮੁਲਤਾਨ ਵਾਪਸ ਪਹੁੰਚ ਗਿਆ। ਰੁੱਕਾ ਵੇਖ ਕੇ ਪੀਰ ਨੇ ਰੋਣਾਂ ਸ਼ੁਰੂ ਕਰਾ। ਮੁਰੀਦਾਂ ਨੇ ਪੁੱਛਿਆ ਕਿ ਪੀਰ ਜੀ ਤੁਸੀ ਵੈਰਾਗ ਕਿਓ ਪਏ ਕਰਦੇ ਹੋ। ਇਸ ਤੇ ਪੀਰ ਨੇ ਸਾਰੀ ਗਲ ਖੋਲੀ ਕਿ "ਮੈਂ ਤਾਂ ਬਾਬਾ ਨਾਨਕ ਨੂੰ ਸੁਨੇਹਾ ਘੱਲਿਆ ਸੀ ਕਿ ਮੇਰੀ ਇਸ ਜਹਾਨ ਤੋਂ ਰਵਾਨਗੀ ਹੈ, ਚਲੋ ਇਕੱਠੇ ਚਲੀਏ। ਅੱਗੋਂ ਬਾਬਾ ਨਾਨਕ ਨੇ ਕਹਿ ਭੇਜਿਆ ਹੈ ਕਿ ਮੈਂ ਤਾਂ 40 ਦਿਨ ਬਾਦ ਆਵਾਂਗਾ। ਮੈਨੂੰ ਦੁੱਖ ਹੈ ਕਿ ਨਾਨਕ ਦੀ ਗੈਰਹਾਜਰੀ ਬਗੈਰ ਕੀ ਪਤਾ ਮੇਰੇ ਨਾਲ ਕੀ ਬੀਤੇਗੀ।"

ਇਹ ਕੁਝ ਦੱਸਦੇ ਹੋਏ ਮਖਦੂਮ ਬਹਾਵਦੀ ਚਲਾਣਾ ਕਰ ਗਏ।

ਕਮਲਾ ਢੇਮ ਲੈ ਆਇਆ

ਪੱਖੋਕੇ ਪਿੰਡ ਦਾ ਹੀ ਇੱਕ ਸਿਧਰਾ ਜਿਹਾ ਬੰਦਾ ਜਿਸਦਾ ਨਾਂ ਕਮਲਾ ਸੀ ਗੁਰੂ ਸਾਹਿਬ ਦਾ ਸ਼ਰਧਾਵਾਨ ਸਿੱਖ ਸੀ। ਹਰ ਵੇਲੇ ਕਰਤਾਰਪੁਰ ਵਿਖੇ ਸੇਵਾ ਟਹਿਲ ਲਈ ਹਾਜਰ ਰਹਿੰਦਾ ਸੀ। ਇੱਕ ਦਿਨ ਉਹ ਗੁਰੂ ਘਰ ਦੀਆਂ ਮੱਝਾਂ ਗਾਵਾਂ ਲਈ ਪੱਠੇ ਵੱਢ ਰਿਹਾ ਸੀ ਕਿ 3 ਸਾਧੂ ਕਮਲੇ ਕੋਲ ਆਏ। ਕਹਿਣ ਲੱਗੇ ਭਾਈ ਇੱਥੇ ਕਿਤੇ ਗੁਰੂ ਨਾਨਕ ਦਾ ਡੇਰਾ ਹੈ? ਕਮਲਾ ਬੜੇ ਮਾਣ ਨਾਲ ਬੋਲਿਆ ਕਿ "ਹਾਂ, ਦੱਸੋ? ਮੈ ਗੁਰੂ ਘਰ ਦਾ ਹੀ ਬੰਦਾ ਹਾਂ।" ਨਾਲ ਹੀ ਕਮਲੇ ਨੇ ਇਸ਼ਾਰਾ ਕਰਕੇ ਦੱਸਿਆ ਕਿ "ਓਹ ਜੇ ਕਰਤਾਰਪੁਰ ਸਾਹਿਬ।"

ਸਾਧੂਆਂ ਨੇ ਕਿਹਾ ਕਿ ਅਸੀ ਕਾਹਲੀ ਵਿੱਚ ਹਾਂ, ਕਰਤਾਰਪੁਰ ਨਹੀ ਜਾ ਪਾਉਣਾ। ਗੁਰੂ ਨਾਨਕ ਨੂੰ ਸਾਡਾ ਸੁਨੇਹਾ ਦੇ ਦੇਣਾ। ਕਮਲੇ ਨੇ ਕਿਹਾ ਜੀ ਹੁਕਮ ਕਰੋ।

ਸਾਧੂਆਂ ਨੇ ਲਾਗੋਂ ਵਾਹਣ ਵਿਚੋਂ ਇੱਕ ਢੇਮ ਚੁੱਕੀ ਤੇ ਕਮਲੇ ਨੂੰ ਫੜਾ ਦਿੱਤੀ ਕਿ ਜਾ ਗੁਰੂ ਨਾਨਕ ਨੂੰ ਸਾਡੀ ਇਹ ਸੁਗਾਤ ਦੇ ਦੇਵੀ। ਕਮਲੇ ਨੇ ਢੇਮ ਲੈ ਤਾਂ ਲਈ ਪਰ ਮਨ ਵਿੱਚ ਗਿਲਾ ਕੀਤਾ ਕਿ ਸ਼ਾਇਦ ਇਹ ਸਾਧੂ ਗੁਰੂ ਸਾਹਿਬ ਨੂੰ ਮਖੌਲ ਕਰ ਰਹੇ ਨੇ। ਕਮਲੇ ਨੇ ਢੇਮ ਲੈ ਕੇ ਆਪਣੇ ਕੋਲ ਰੱਖ ਲਈ ਤੇ ਫਿਰ ਪੱਠੇ ਵੱਢਣੇ ਸ਼ੁਰੂ ਕਰੇ।

ਸਾਧੂਆਂ ਕਿਹਾ ਕਿ ਭਾਈ ਤੁਸੀ ਤੁਰੰਤ ਗੁਰੂ ਜੀ ਵਲ ਜਾਓ। ਕਮਲਾ ਕਹਿਣ ਲੱਗਾ ਡੰਗਰ ਭੁੱਖੇ ਹਨ ਪੱਠਿਆਂ ਦੀ ਪੂਰੀ ਭਰੀ ਵੱਢ ਕੇ ਹੀ ਜਾਵਾਂਗਾ। ਸਾਧੂਆਂ ਕਿਹਾ ਤੇਰੀ ਪੰਡ ਤਾਂ ਪੂਰੀ ਹੋ ਚੁੱਕੀ ਹੈ ਹੋਰ ਕਿੰਨੇ ਕੁ ਚੁੱਕ ਸਕਦੈ?

ਕਮਲੇ ਨੇ ਪਿੱਛੇ ਵੇਖਿਆ ਤਾਂ ਸੱਚ ਮੁੱਚ ਪੱਠਿਆਂ ਦੀ ਪੂਰੀ ਭਰੀ ਬੱਝੀ ਪਈ ਸੀ।

ਸਾਧੂਆਂ ਨੇ ਭਰੀ ਕਮਲੇ ਨੂੰ ਚੁੱਕਾਈ ਤੇ ਉਸ ਨੂੰ ਕਰਤਾਰਪੁਰ ਵਲ ਰਵਾਨਾ ਕਰ ਦਿੱਤਾ। ਕਮਲੇ ਨੇ ਪਿੱਛੇ ਮੁੜ ਵੇਖਿਆ ਤਾਂ ਉਹ

ਕਮਲਾ ਸਾਧੂਆਂ ਕੋਲੋਂ ਗੁਰੂ ਸਾਹਿਬ ਲਈ ਢੇਮ ਲੈ ਰਿਹਾ ਹੈ। (ਤਸਵੀਰ ਬੀ:40। ਅਸਾਂ ਤਸਵੀਰ ਦਾ ਕੁਝ ਹਿੱਸਾ ਹਟਾ ਦਿੱਤਾ ਅਤੇ ਖਰਾਬ ਹੋ ਚੁੱਕੀ ਤਸਵੀਰ ਤੇ ਬੁਰਸ਼ ਵੀ ਵਰਤਿਆ ਹੈ ਤਾਂ ਕਿ ਕੁਝ ਉਘੜ ਆਏ।)

ਸਾਧੂ ਅਲੋਪ ਸਨ।

ਜਿਵੇ ਕਮਲਾ ਭਰੀ ਚੁੱਕੀ ਆਉਦਾ ਸੇਵਾਦਾਰਾਂ ਵੇਖਿਆ ਤਾਂ ਕਹਿਣ ਲੱਗੇ ਭਾਈ ਤੂੰ ਤਾਂ ਹੁਣੇ ਗਇਆ ਸੀ ਕਿਸੇ ਹੋਰ ਦੇ ਪੱਠੇ ਤਾਂ ਨਹੀ ਚੁੱਕ ਲਿਆਇਆ। ਕਮਲੇ ਨੇ ਸਾਰੀ ਗਲ ਸੇਵਾਦਾਰਾਂ ਨੂੰ ਆ ਦੱਸੀ। ਕਮਲੇ ਨੇ ਫਿਰ ਢੇਮ ਫੜਾਈ ਤੇ ਸਾਰੀ ਗਲ ਗੁਰੂ ਸਾਹਿਬ ਨੂੰ ਦੱਸੀ।

ਗੁਰੂ ਸਾਹਿਬ ਨੇ ਐਲਾਨ ਕਰ ਦਿੱਤਾ ਕਿ ਗੁਰਸਿੱਖੋ ਇਹ ਢੇਮ ਸਾਡੇ ਚਲਾਣੇ ਦਾ ਇਸ਼ਾਰਾ ਹੈ ਤੇ ਇਸ ਪ੍ਰਕਾਰ ਸਾਫ ਲਫਜ਼ਾਂ ਵਿੱਚ ਇਸ ਫਾਨੀ ਜਹਾਨ ਤੋਂ ਕੂਚ ਕਰਨ ਦਾ ਐਲਾਨ ਕਰ ਦਿੱਤਾ।

ਹੇਠਲੇ ਸ਼ਬਦ ਵਿੱਚ ਫਿਰ ਗੁਰੂ ਸਾਹਿਬ ਆਪਣੇ ਮੰਨ ਨਾਲ ਗੱਲਾਂ ਕਰਦੇ ਨੇ:

ਤੁਖਾਰੀ ਮਹਲਾ ੧ ॥ ਏ ਮਨ ਮੇਰਿਆ ਤੂ ਸਮਝੁ ਅਚੇਤ ਇਆਣਿਆ ਰਾਮ ॥ ਏ ਮਨ ਮੇਰਿਆ ਛਡਿ ਅਵਗਣ ਗੁਣੀ ਸਮਾਣਿਆ ਰਾਮ ॥ ਬਹੁ ਸਾਦ ਲੁਭਾਣੇ ਕਿਰਤ ਕਮਾਣੇ ਵਿਛੁੜਿਆ ਨਹੀ ਮੇਲਾ ॥ ਕਿਉ ਦੁਤਰੁ ਤਰੀਐ ਜਮ ਡਰਿ ਮਰੀਐ ਜਮ ਕਾ ਪੰਥੁ ਦੁਹੇਲਾ ॥ ਮਨਿ ਰਾਮੁ ਨਹੀ ਜਾਤਾ ਸਾਝ ਪ੍ਰਭਾਤਾ ਅਵਘਟਿ ਰੁਧਾ ਕਿਆ ਕਰੇ ॥ ਬੰਧਨਿ ਬਾਧਿਆ ਇਨ ਬਿਧਿ ਛੂਟੈ ਗੁਰਮੁਖਿ ਸੇਵੈ ਨਰਹਰੇ ॥੧॥ ਏ ਮਨ ਮੇਰਿਆ ਤੂ ਛੋਡਿ ਆਲ ਜੰਜਾਲਾ ਰਾਮ ॥ ਏ ਮਨ ਮੇਰਿਆ ਹਰਿ ਸੇਵਹੁ ਪੁਰਖੁ ਨਿਰਾਲਾ ਰਾਮ ॥ ਹਰਿ ਸਿਮਰਿ ਏਕੰਕਾਰੁ ਸਾਚਾ ਸਭੁ ਜਗਤੁ ਜਿੰਨਿ ਉਪਾਇਆ ॥ ਪਉਣੁ ਪਾਣੀ ਅਗਨਿ ਬਾਧੇ ਗੁਰਿ ਖੇਲੁ ਜਗਤਿ ਦਿਖਾਇਆ ॥ ਆਚਾਰਿ ਤੂ ਵੀਚਾਰਿ ਆਪੇ ਹਰਿ ਨਾਮੁ ਸੰਜਮ ਜਪ ਤਪੋ ॥ ਸਖਾ ਸੈਨੁ ਪਿਆਰੁ ਪ੍ਰੀਤਮੁ ਨਾਮੁ ਹਰਿ ਕਾ ਜਪੁ ਜਪੋ ॥੨॥ ਏ ਮਨ ਮੇਰਿਆ ਤੂ ਥਿਰੁ ਰਹੁ ਚੋਟ ਨ ਖਾਵਹੀ ਰਾਮ ॥ ਏ ਮਨ ਮੇਰਿਆ ਗੁਣ ਗਾਵਹਿ ਸਹਜਿ ਸਮਾਵਹੀ ਰਾਮ ॥ ਗੁਣ ਗਾਇ ਰਾਮ ਰਸਾਇ ਰਸੀਅਹਿ ਗੁਰ ਗਿਆਨ ਅੰਜਨੁ ਸਾਰਹੇ ॥ ਤ੍ਰੈ ਲੋਕ ਦੀਪਕੁ ਸਬਦਿ ਚਾਨਣੁ ਪੰਚ ਦੂਤ ਸੰਘਾਰਹੇ ॥ ਭੈ ਕਾਟਿ ਨਿਰਭਉ ਤਰਹਿ ਦੁਤਰੁ ਗੁਰਿ ਮਿਲਿਐ ਕਾਰਜ ਸਾਰਏ ॥ ਰੂਪੁ ਰੰਗੁ ਪਿਆਰੁ ਹਰਿ ਸਿਉ ਹਰਿ ਆਪਿ ਕਿਰਪਾ ਧਾਰਏ ॥੩॥ ਏ ਮਨ ਮੇਰਿਆ ਤੂ ਕਿਆ ਲੈ ਆਇਆ ਕਿਆ ਲੈ ਜਾਇਸੀ ਰਾਮ ॥ ਏ ਮਨ ਮੇਰਿਆ ਤਾ ਛੁਟਸੀ ਜਾ ਭਰਮੁ ਚੁਕਾਇਸੀ ਰਾਮ ॥ ਧਨੁ ਸੰਚਿ ਹਰਿ ਹਰਿ ਨਾਮ ਵਖਰੁ ਗੁਰ ਸਬਦਿ ਭਾਉ ਪਛਾਣਹੇ ॥ ਮੈਲੁ ਪਰਹਰਿ ਸਬਦਿ ਨਿਰਮਲੁ ਮਹਲੁ ਘਰੁ ਸਚੁ ਜਾਣਹੇ ॥ ਪਤਿ ਨਾਮੁ ਪਾਵਹਿ ਘਰਿ ਸਿਧਾਵਹਿ ਝੋਲਿ ਅੰਮ੍ਰਿਤ ਪੀ ਰਸੋ ॥ ਹਰਿ ਨਾਮੁ ਧਿਆਈਐ ਸਬਦਿ ਰਸੁ ਪਾਈਐ ਵਡਭਾਗਿ ਜਪੀਐ ਹਰਿ ਜਸੋ ॥੪॥ ਏ ਮਨ ਮੇਰਿਆ ਬਿਨੁ ਪਉੜੀਆ ਮੰਦਰਿ ਕਿਉ ਚੜੈ ਰਾਮ ॥ ਏ ਮਨ ਮੇਰਿਆ ਬਿਨੁ ਬੇੜੀ ਪਾਰਿ ਨ ਅੰਬੜੈ ਰਾਮ ॥ ਪਾਰਿ ਸਾਜਨੁ ਅਪਾਰੁ ਪ੍ਰੀਤਮੁ ਗੁਰ ਸਬਦ ਸੁਰਤਿ ਲੰਘਾਵਏ ॥ ਮਿਲਿ ਸਾਧਸੰਗਤਿ ਕਰਹਿ ਰਲੀਆ ਫਿਰਿ ਨ ਪਛੋਤਾਵਏ ॥ ਕਰਿ ਦਇਆ ਦਾਨੁ ਦਇਆਲ ਸਾਚਾ ਹਰਿ ਨਾਮ ਸੰਗਤਿ ਪਾਵਓ ॥ ਨਾਨਕੁ ਪਇਅੰਪੈ ਸੁਣਹੁ ਪ੍ਰੀਤਮ ਗੁਰ ਸਬਦਿ ਮਨੁ ਸਮਝਾਵਓ ॥੫॥੬॥

ਸਾਹਿਬਜਾਦਿਆਂ ਫਿਰ ਇਸ ਗਲ ਦਾ ਮਖੌਲ ਬਣਾਇਆ ਤੇ

ਕਿਹਾ ਕਿ ਇਹ ਬਾਪੂ ਦੀਆਂ ਸੱਤਰੇ ਬਹੱਤਰੇ ਹੋ ਜਾਣ ਦੀਆਂ ਗੱਲਾਂ ਨੇ।

ਸਾਹਿਬ ਨੇ ਸ਼ਬਦ ਬੋਲਿਆ:

ਰਾਗੁ ਮਾਝ ਅਸਟਪਦੀਆ ਮਹਲਾ ੧ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥

ਸਬਦਿ ਰੰਗਾਏ ਹੁਕਮਿ ਸਬਾਏ ॥ ਸਚੀ ਦਰਗਹ ਮਹਲਿ ਬੁਲਾਏ ॥ ਸਚੇ ਦੀਨ ਦਇਆਲ ਮੇਰੇ ਸਾਹਿਬਾ ਸਚੇ ਮਨੁ ਪਤੀਆਵਣਿਆ ॥੧॥ ਹਉ ਵਾਰੀ ਜੀਉ ਵਾਰੀ ਸਬਦਿ ਸੁਹਾਵਣਿਆ ॥ ਅੰਮ੍ਰਿਤ ਨਾਮੁ ਸਦਾ ਸੁਖਦਾਤਾ ਗੁਰਮਤੀ ਮੰਨਿ ਵਸਾਵਣਿਆ ॥੧॥ ਰਹਾਉ ॥ ਨਾ ਕੋ ਮੇਰਾ ਹਉ ਕਿਸੁ ਕੇਰਾ ॥ ਸਾਚਾ ਠਾਕੁਰੁ ਤ੍ਰਿਭਵਣਿ ਮੇਰਾ ॥ ਹਉਮੈ ਕਰਿ ਕਰਿ ਜਾਇ ਘਣੇਰੀ ਕਰਿ ਅਵਗਣ ਪਛੋਤਾਵਣਿਆ ॥੨॥ ਹੁਕਮੁ ਪਛਾਣੈ ਸੁ ਹਰਿ ਗੁਣ ਵਖਾਣੈ ॥ ਗੁਰ ਕੈ ਸਬਦਿ ਨਾਮਿ ਨੀਸਾਣੈ ॥ ਸਭਨਾ ਕਾ ਦਰਿ ਲੇਖਾ ਸਚੈ ਛੂਟਸਿ ਨਾਮਿ ਸੁਹਾਵਣਿਆ ॥੩॥ ਮਨਮੁਖ ਭੂਲਾ ਠਉਰੁ ਨ ਪਾਏ ॥ ਜਮ ਦਰਿ ਬਧਾ ਚੋਟਾ ਖਾਏ ॥ ਬਿਨੁ ਨਾਵੈ ਕੋ ਸੰਗਿ ਨ ਸਾਥੀ ਮੁਕਤੇ ਨਾਮੁ ਧਿਆਵਣਿਆ ॥੪॥ ਸਾਕਤ ਕੂੜੇ ਸਚੁ ਨ ਭਾਵੈ ॥ ਦੁਬਿਧਾ ਬਾਧਾ ਆਵੈ ਜਾਵੈ ॥ ਲਿਖਿਆ ਲੇਖੁ ਨ ਮੇਟੈ ਕੋਈ ਗੁਰਮੁਖਿ ਮੁਕਤਿ ਕਰਾਵਣਿਆ ॥੫॥ ਪੋਈਅੜੈ ਪਿਰੁ ਜਾਤੋ ਨਾਹੀ ॥ ਝੂਠਿ ਵਿਛੁੰਨੀ ਰੋਵੈ ਧਾਹੀ ॥ ਅਵਗਣਿ ਮੁਠੀ ਮਹਲੁ ਨ ਪਾਏ ਅਵਗਣ ਗੁਣਿ ਬਖਸਾਵਣਿਆ ॥੬॥ ਪੋਈਅੜੈ ਜਿਨਿ ਜਾਤਾ ਪਿਆਰਾ ॥ ਗੁਰਮੁਖਿ ਬੂਝੈ ਤਤੁ ਬੀਚਾਰਾ ॥ ਆਵਣੁ ਜਾਣਾ ਠਾਕਿ ਰਹਾਏ ਸਚੈ ਨਾਮਿ ਸਮਾਵਣਿਆ ॥੭॥ ਗੁਰਮੁਖਿ ਬੂਝੈ ਅਕਥੁ ਕਹਾਵੈ ॥ ਸਚੇ ਠਾਕੁਰ ਸਾਚੋ ਭਾਵੈ ॥ ਨਾਨਕ ਸਚੁ ਕਹੈ ਬੇਨੰਤੀ ਸਚੁ ਮਿਲੈ ਗੁਣ ਗਾਵਣਿਆ ॥੮॥੧॥

ਬਾਬੇ ਨੇ 15 ਦਿਨ ਪਹਿਲਾਂ ਚਲਾਣੇ ਦਾ ਐਲਾਨ ਕਰ ਦਿੱਤਾ ਸੀ

ਬਾਬੇ ਦੀ ਉਮਰ 70 ਸਾਲ ਹੋ ਚੁੱਕੀ ਸੀ। ਕਿਸੇ ਵੇਲੇ ਢਿੱਲ ਮੱਠ ਜਾਂ ਸਰੀਰਕ ਕਮਜੋਰੀ ਮਹਿਸੂਸ ਕੀਤੀ ਹੋਵੇਗੀ। ਫਿਰ ਕਮਲੇ ਦੀ ਢੀਮ ਤੋਂ ਇਸ਼ਾਰਾ ਪਾ ਕੇ ਗੁਰੂ ਸਾਹਿਬ ਨੂੰ ਯਾਦ ਆ ਗਇਆ ਕਿ ਹੁਣ ਸਾਡੇ ਵੀ ਚਲਾਣੇ ਦਾ ਸਮਾਂ ਆ ਪਹੁੰਚਾ ਹੈ। ਸਾਹਿਬ ਦੇ ਚਲਾਣੇ ਬਾਬਤ ਸਭ ਤੋਂ ਪੁਰਾਣੀ ਜਨਮ ਸਾਖੀ* ਜੋ ਕੁਝ ਲਿਖਿਆ ਹੈ ਉਸਦਾ ਮਤਲਬ ਕੁਝ ਇਸਤਰਾਂ ਹੈ:-

ਇਕ ਦਿਨ ਭਾਈ ਸਿਧਾਰਨ ਨੂੰ ਘੱਲ ਕੇ ਅਜਿਤੇ ਰੰਧਾਵੇ ਤੇ ਇਲਾਕੇ ਦੇ ਹੋਰ ਮੋਹਤਬਰ ਸਿੱਖਾਂ ਨੂੰ ਬਾਬੇ ਨੇ ਆਪਣੇ ਕੋਲ ਬਿਠਾ ਲਿਆ ਤੇ ਕਹਿਣ ਲੱਗੇ ਕਿ ਗੁਰਸਿੱਖੋ ਸਾਡਾ ਹੁਣ ਕੂਚ ਕਰਨ ਦਾ ਸਮਾਂ ਆ ਗਇਆ ਹੈ। ਇਸ ਗੱਲ ਤੇ ਸਿੱਖਾਂ ਨੂੰ ਬੁਰਾ ਲੱਗਾ ਤੇ ਕਹਿਣ ਲੱਗੇ ਕਿ 'ਬਾਬਾ ਜੀ ਇਸ ਤਰਾਂ ਨਾਂ ਕਹੋ। ਲੱਖਾਂ ਲੋਕਾਂ ਦਾ ਉਧਾਰ ਅਜੇ ਤੁਸੀ ਕਰਨਾਂ ਹੈ।' ਕੁਝ ਅਜਿਹੀਆਂ ਗੱਲਾਂ ਸਿੱਖਾਂ ਕੀਤੀਆਂ। ਗੁਰੂ ਸਾਹਿਬ ਨੇ ਕਿਹਾ ਕਿ ਉਹ ਇੰਤਜਾਮ ਅਸੀ ਪਹਿਲਾਂ ਕਰ ਚੁੱਕੇ ਹਾਂ। ਇਹ ਹੁਣ ਤੁਹਾਡੀ ਤੇ ਹਰ ਗੁਰਸਿੱਖ ਦੀ ਜਿੰਮੇਵਾਰੀ ਹੈ ਕਿ ਲੋਕਾਈ ਨੂੰ ਨਾਮ ਨਾਲ ਜੋੜੋ। ਆਪਣੀ ਥਾਂਵੇ ਅਸੀ ਪਹਿਲਾਂ ਹੀ ਗੁਰੂ ਅੰਗਦ ਸਾਹਿਬ ਨੂੰ ਨਿਯੁਕਤ ਕਰ ਚੁੱਕੇ ਹਾਂ।

ਅਜਿਹੀਆਂ ਗੱਲਾਂ ਬਾਤਾਂ ਉਪਰੰਤ ਸਿੱਖਾਂ ਨੇ ਕਿਹਾ ਕਿ ਬਾਬਾ ਜੀ ਸਾਨੂੰ ਕੀ ਹੁਕਮ ਹੈ? ਗੁਰੂ ਸਾਹਿਬ ਨੇ ਕਿਹਾ ਕਿ ਸਾਡੇ ਚਲਾਣੇ ਦੀਆਂ ਤਿਆਰੀਆਂ ਕਰੋ। ਗੁਰੂ ਸਾਹਿਬ ਨੇ ਸਿੱਖਾਂ ਨੂੰ ਪੱਕਿਆ ਕੀਤਾ ਕਿ ਸਾਡੇ ਚਲਾਣੇ ਤੇ ਰਸਮਾਂ ਜਾਂ ਕਰਮ ਕਾਂਡ ਨਹੀ ਕਰਨੇ। ਸੋਗ ਨਹੀ ਮਨਾਉਣਾ। ਬਿਲਕੁਲ ਰੋਣਾ ਧੋਣਾ ਨਹੀ ਹੈ।

ਸਧਾਰਨ ਨੂੰ ਕਹਿ ਕੇ ਕੁੱਸੇ (ਦੱਬ: ਕਲਾਨੌਰ ਦੇ ਇਲਾਕੇ ਵਿੱਚ ਮਿਲਣ ਵਾਲਾ ਘਾਹ) ਦੀ ਪੰਡ ਵੀ ਮੰਗਵਾ ਲਈ। ਹਿੰਦੂ ਰਸਮ ਅਨੁਸਾਰ ਮੌਤ ਹੋਣ ਤੇ ਲਾਸ਼ ਮੰਜੇ ਤੋਂ ਤੁਰੰਤ ਲਾਹ ਕੇ ਘਾਹ ਦੀ ਚਾਦਰ ਉੱਤੇ ਲਿਟਾ ਦਿੱਤੀ ਹੈ। ਹਿੰਦੂ ਇਹ ਰਸਮ ਅੱਜ ਵੀ ਪਾਲਦੇ ਹਨ। ਉਂਜ ਗੁਰੂ ਸਾਹਿਬ ਤਾਂ ਬਹੁਤ ਪਹਿਲਾਂ ਤੋਂ ਹੀ ਕੁੱਸੇ ਦੇ ਵਿਛਾਉਣੇ ਤੇ ਬੈਠਦੇ ਅਤੇ ਸੌਂਦੇ ਹੁੰਦੇ ਸਨ।

ਸਿੱਖਾਂ ਨੇ ਬਾਲਣ ਵਗੈਰਾ ਇਕੱਠਾ ਕਰਨਾਂ ਸ਼ੁਰੂ ਕਰ ਦਿੱਤਾ। ਲਾਗੇ ਹੀ ਸਸਕਾਰ ਵਾਸਤੇ ਥਾਂ ਚੁੱਣੀ ਗਈ। ਬਾਲਣ ਨੂੰ ਫਿਰ ਚਿਖਾ ਦੇ ਰੂਪ ਵਿੱਚ ਚਿਣ ਦਿੱਤਾ ਗਿਆ।

ਇਸ ਗਲ ਦਾ ਮਾਤਾ ਚੋਣੀ ਨੂੰ ਜਦੋਂ ਪਤਾ ਲੱਗਾ ਤਾਂ ਉਸਨੇ ਸ਼ੋਰ ਮਚਾ ਦਿੱਤਾ। ਪਤੀ ਨੂੰ ਕਹਿਣ ਲੱਗ ਪਈ। ਇਸ ਤਰਾਂ ਤੁਸੀ ਕਿਵੇਂ ਕਰ ਸਕਦੇ ਹੋ? ਅਜੇ ਕਿੰਨੇ ਹੀ ਕੰਮ ਕਰਨੇ ਨੇ। ਗੁਰੂ ਸਾਹਿਬ ਨੇ ਪਤਨੀ ਨੂੰ ਗਿਆਨ ਬਖਸ਼ਿਆ ਕਿ ਇਥੇ ਕਿਸੇ ਵੀ ਬੈਠੇ ਨਹੀ ਰਹਿਣਾ ਅਤੇ ਹੌਸਲਾ ਦਿੱਤਾ।

ਆਖੀਰ ਤੇ ਮਾਤਾ ਸੁਲੱਖਣੀ ਨੇ ਕਿਹਾ ਕਿ 'ਮਾਤਾ ਪਿਤਾ ਦੀ ਬਰਸੀ ਮਨਾਉਣ⊙ ਦੀ ਜਦੋਂ ਗਲ ਚਲੀ ਸੀ ਤਾਂ ਤੁਸੀ ਆਪੇ ਹਾਮੀ ਭਰੀ ਸੀ ਕਿ ਵੱਡਾ ਕੀਰਤਨ ਕਰ ਲੈਣਾ। ਸਕੇ ਸਬੰਧੀ ਵੀ ਸੱਦ ਲੈਣਾ। ਹੁਣ ਮੈਂ ਇਕੱਠ ਵਾਸਤੇ ਤਿਆਰੀ ਕੀਤੀ ਹੋਈ ਹੈ। ਮੈਂ ਤਾਂ ਕੁਝ ਪਕਵਾਨ ਬਣਾ ਵੀ ਲਏ ਤੇ ਕੁਝ ਬਣ ਰਹੇ ਨੇ।'

ਕਿਹਾ ਜਾਂਦਾ ਹੈ ਕਿ ਮਾਤਾ ਜੀ ਦੇ ਬਹੁਤ ਜਿੱਦ ਕਰਨ ਤੇ ਗੁਰੂ ਸਾਹਿਬ ਨੇ ਚਲਾਣਾ ਕੁਝ ਦਿਨ ਅੱਗੇ ਪਾ ਦਿੱਤਾ ਸੀ। ਪਰ ਨਾਲ ਹੀ ਉਹਨਾਂ ਮਾਤਾ ਚੋਣੀ ਨੂੰ ਸਮਝਾਇਆ ਕਿ ਯਾਦ ਰੱਖ ਇੱਕ ਨਾਂ ਇੱਕ ਦਿਨ ਇਹ ਸਰੀਰ ਛੱਡਣਾ ਹੀ ਪੈਣਾ ਹੈ।

ਫਿਰ ਗੁਰੂ ਸਾਹਿਬ ਨੇ ਭਾਈ ਸਿਧਾਰਣ ਜਿਹੇ ਸਿੱਖਾਂ ਨੂੰ ਦੱਸ ਦਿੱਤਾ ਕਿ ਅਸੀ ਚਲਾਣਾ ਕੁਝ ਦਿਨ ਅੱਗੇ ਪਾ ਦਿੱਤਾ ਹੈ। ਖਬਰ ਸੰਗਤ ਤੱਕ ਵੀ ਪਹੁੰਚ ਗਈ। ਹਰ ਕਿਸੇ ਨੇ ਸੁੱਖ ਦਾ ਸਾਹ ਲਿਆ।

ਜਨਮ ਸਾਖੀਆਂ ਨੇ ਕੁਝ ਉੱਤੇ ਦਿੱਤੀ ਕਹਾਣੀ ਲਿਖੀ ਹੈ ਪਰ ਲਗਦਾ ਹੈ ਕਿ ਗੁਰੂ ਸਾਹਿਬ ਨੂੰ ਕੋਈ ਸਰੀਰਕ ਕਮੀ ਪੇਸ਼ੀ ਆਈ ਹੋਈ ਹੋਵੇ। ਹੋ ਸਕਦਾ ਉਸ ਤੋਂ ਕੁਝ ਅਰਾਮ ਮਿਲਿਆ ਹੋਵੇ। ਕਰਤਾਰਪੁਰ ਵਿਖੇ ਰਚੀ ਹੇਠ ਸ਼ੋਸ਼ੋਭਿਤ ਬਾਣੀ ਵੀ ਮਿਲਦੀ ਹੈ ਜਿਸ ਵਿਚ ਚਲਾਣੇ ਦੇ ਸਾਫ ਇਸ਼ਾਰੇ ਹਨ। ਉਂਜ ਨਾਲ ਹੀ ਚੜ੍ਹਦੀ ਕਲ੍ਹਾਂ ਅਵਸਥਾ ਦੇ ਇਸ਼ਾਰੇ ਵੀ ਹਨ। ਸਾਹਿਬ ਅਕਾਲ ਪੁਰਖ ਦਾ ਸ਼ੁਕਰਾਨਾ ਕਰ ਰਹੇ ਹਨ:✚

ਧਨਾਸਰੀ ਮਹਲਾ ੧ ॥ ਜੀਵਾ ਤੇਰੈ ਨਾਇ ਮਨਿ ਆਨੰਦੁ ਹੈ ਜੀਉ ॥ ਸਾਚੋ ਸਾਚਾ ਨਾਉ ਗੁਣ ਗੋਵਿੰਦੁ ਹੈ ਜੀਉ ॥ ਗੁਰ ਗਿਆਨੁ ਅਪਾਰਾ ਸਿਰਜਣਹਾਰਾ ਜਿਨਿ ਸਿਰਜੀ ਤਿਨਿ ਗੋਈ ॥ ਪਰਵਾਣਾ ਆਇਆ ਹੁਕਮਿ ਪਠਾਇਆ ਫੇਰਿ ਨ ਸਕੈ ਕੋਈ ॥ ਆਪੇ ਕਰਿ ਵੇਖੈ ਸਿਰਿ ਸਿਰਿ ਲੇਖੈ ਆਪੇ ਸੁਰਤਿ ਬੁਝਾਈ ॥ ਨਾਨਕ ਸਾਹਿਬੁ ਅਗਮ ਅਗੋਚਰੁ ਜੀਵਾ ਸਚੀ ਨਾਈ ॥੧॥ ਤੁਮ ਸਰਿ ਅਵਰੁ ਨ ਕੋਇ ਆਇਆ ਜਾਇਸੀ ਜੀਉ ॥ ਹੁਕਮੀ ਹੋਇ ਨਿਬੇੜੁ ਭਰਮੁ ਚੁਕਾਇਸੀ ਜੀਉ ॥ ਗੁਰੁ ਭਰਮੁ ਚੁਕਾਏ ਅਕਥੁ ਕਹਾਏ ਸਚ ਮਹਿ ਸਾਚੁ ਸਮਾਣਾ ॥ ਆਪਿ ਉਪਾਏ ਆਪਿ ਸਮਾਏ ਹੁਕਮੀ ਹੁਕਮੁ

ਪੈਰ ਸਫਾ

✚ ਸੋਢੀ 2- 525 ਨੇ ਵੀ ਮੰਨਿਆ ਹੈ ਕਿ ਸ਼ਬਦ ਕਰਤਾਰਪੁਰ ਵਿਖੇ ਰਚਿਆ ਗਇਆ ਸੀ।) ⊙ ਜਨਮਸਾਖੀ ਬੀ 40 ਨੇ ਲਿਖਿਆ ਹੈ ਕਿ ਗੁਰੂ ਸਾਹਿਬ ਆਪਣੇ ਬਜੁਰਗਾਂ ਦਾ ਸਰਾਧ ਕਰਨ ਲਈ ਕੁਝ ਦਿਨ ਰੁਕ ਗਏ ਸਨ। ਪਰ ਇਹ ਗਲ ਕਿਸੇ ਵੀ ਤਰਾਂ ਮੰਨਣਯੋਗ ਨਹੀ ਹੈ ਕਿਉਕਿ ਸਾਰੀ ਉਮਰ ਤਾਂ ਗੁਰੂ ਸਾਹਿਬ ਸਰਾਧਾਂ ਦਾ ਵਿਰੋਧ ਕਰਦੇ ਰਹੇ ਸਨ। ਹੋ ਸਕਦਾ ਘਰ ਵਿਚ ਕੋਈ ਹੋਰ ਸਾਰਥ-ਮਨੋਰਥ ਹੋਵੇ।

ਪਛਾਣਾ ॥ ਸਚੀ ਵਡਿਆਈ ਗੁਰ ਤੇ ਪਾਈ ਤੂ ਮਨਿ ਅੰਤਿ ਸਖਾਈ ॥ ਨਾਨਕ ਸਾਹਿਬੁ ਅਵਰੁ ਨ ਦੂਜਾ ਨਾਮਿ ਤੇਰੈ ਵਡਿਆਈ ॥੨॥... (ਪੂਰਾ ਸ਼ਬਦ ਵੇਖੋ ਅੰਗ ੬੮੮ ਸਗਸਸ)

(ਇਸ਼ਾਰੇ- ਜੀਵਾ ਤੇਰੈ ਨਾਇ ਮਨਿ ਆਨੰਦੁ, ਪਰਵਾਣਾ ਆਇਆ ਹੁਕਮਿ ਪਠਾਇਆ ਫੇਰਿ ਨ ਸਕੈ ਕੋਈ, ਜੀਵਾ ਸਚੀ ਨਾਈ ॥, 'ਸਚ ਮਹਿ ਸਾਚੁ ਸਮਾਣਾ ॥, ਅਮਰਾ ਪਦੁ ਪਾਇਆ', 'ਦਰਿ ਜਾਇਸਾ ਜੀਉ')

ਇਸ ਤੋਂ ਲਗਦਾ ਹੈ ਕਿ ਗੁਰੂ ਸਾਹਿਬ ਦਾ ਇਕ ਵੇਰ ਚਲਾਣਾ ਟਲਿਆ ਸੀ। ਇਤਿਹਾਸ ਵਿਚ ਇਹ ਸਾਫ ਨਹੀ ਹੋ ਪਾਇਆ ਕਿ ਇਸ ਉਪਰੰਤ ਗੁਰੂ ਸਾਹਿਬ ਕਿੰਨਾ ਚਿਰ ਹੋਰ ਜੀਏ। ਜਨਮਸਾਖੀਆਂ ਤਾਂ 15 ਕੁ ਦਿਨ ਦੀ ਗਲ ਕਹੀ ਹੈ ਪਰ ਜੋ ਦਲੀਲ ਦਿੱਤੀ ਉਹ ਮੰਨਣਯੋਗ ਨਹੀ।

ਬਾਣੀ ਰਚੀ

ਇਨਾਂ ਪੰਦਰਾਂ ਦਿਨਾਂ ਵਿੱਚ ਗੁਰੂ ਸਾਹਿਬ ਨੇ ਫਿਰ ਕਾਫੀ ਬਣੀ ਰਚੀ। ਤੁਖਾਰੀ ਰਾਗ ਵਾਲਾ ਬਾਰਹਮਾਹਾ ਵੀ ਇਸ ਸਮੇਂ ਵਿੱਚ ਰਚਿਆ ਗਿਆ।

ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ ॥ ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ ॥..(ਸਗਸਸ-੧੧੦੭)

ਆਹ ਸ਼ਬਦ ਮਾਤਾ ਸੁਲੱਖਣੀ ਨੂੰ ਸੰਬੋਧਨ ਕੀਤਾ

ਮਾਤਾ ਬੋਲੀ- ਸੁਣਿ ਨਾਹ ਪਿਆਰੇ ਇੱਕ ਬੇਨੰਤੀ ਮੇਰੀ ॥ ਤੂ ਨਿਜ ਘਰਿ ਵਸਿਅੜਾ ਹਉ ਰੁਲਿ ਭਸਮੈ ਢੇਰੀ ॥

ਗੁਰੂ ਸਾਹਿਬ ਦਾ ਜਵਾਬ- ਵਿਣੁ ਨਾਵੈ ਕੋ ਸੰਗਿ ਨ ਸਾਥੀ..

ਫਿਰ ਮਾਤਾ ਬੋਲੀ - ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ ॥..

ਗੁਰੂ ਸਾਹਿਬ ਦਾ ਜਵਾਬ - ਨਾਨਕ ਅੰਮ੍ਰਿਤ ਬਿਰਖੁ .. (ਸੋ ਹੇਠਾਂ ਪੜੋ ਮਾਤਾ ਦੇ ਉਲਾਹਮੇ ਅਤੇ ਗੁਰੂ ਸਾਹਿਬ ਦੇ ਜਵਾਬ:

ਤੁਖਾਰੀ ਮਹਲਾ ੧ ॥ ਭੋਲਾਵੜੈ ਭੁਲੀ ਭੁਲਿ ਭੁਲਿ ਪਛੋਤਾਣੀ ॥ ਪਿਰਿ ਛੋਡਿਅੜੀ ਸੁਤੀ ਪਿਰ ਕੀ ਸਾਰ ਨ ਜਾਣੀ ॥ ਪਿਰਿ ਛੋਡੀ ਸੁਤੀ ਅਵਗਣਿ ਮੁਤੀ ਤਿਸੁ ਧਨ ਵਿਧਣ ਰਾਤੇ ॥ ਕਾਮਿ ਕ੍ਰੋਧਿ ਅਹੰਕਾਰਿ ਵਿਗੁਤੀ ਹਉਮੈ ਲਗੀ ਤਾਤੇ ॥ ਉਡਰਿ ਹੰਸੁ ਚਲਿਆ ਫੁਰਮਾਇਆ ਭਸਮੈ ਭਸਮ ਸਮਾਣੀ ॥ ਨਾਨਕ ਸਚੇ ਨਾਮ ਵਿਹੂਣੀ ਭੁਲਿ ਭੁਲਿ ਪਛੋਤਾਣੀ ॥੧॥ ਸੁਣਿ ਨਾਹ ਪਿਆਰੇ ਇਕ ਬੇਨੰਤੀ ਮੇਰੀ ॥ ਤੂ ਨਿਜ ਘਰਿ ਵਸਿਅੜਾ ਹਉ ਰੁਲਿ ਭਸਮੈ ਢੇਰੀ ॥ ਬਿਨੁ ਅਪਨੇ ਨਾਹੈ ਕੋਇ ਨ ਚਾਹੈ ਕਿਆ ਕਹੀਐ ਕਿਆ ਕੀਜੈ ॥ ਅੰਮ੍ਰਿਤ ਨਾਮੁ ਰਸਨ ਰਸੁ ਰਸਨਾ ਗੁਰ ਸਬਦੀ ਰਸੁ ਪੀਜੈ ॥ ਵਿਣੁ ਨਾਵੈ ਕੋ ਸੰਗਿ ਨ ਸਾਥੀ ਆਵੈ ਜਾਇ ਘਨੇਰੀ ॥ ਨਾਨਕ ਲਾਹਾ ਲੈ ਘਰਿ ਜਾਈਐ ਸਾਚੀ ਸਚੁ ਮਤਿ ਤੇਰੀ ॥੨॥ ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ ॥ ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ ਭਰੇਦੀ ॥ ਮੁੰਧ ਨੈਣ ਭਰੇਦੀ ਗੁਣ ਸਾਰੇਦੀ ਕਿਉ ਪ੍ਰਭ ਮਿਲਾ ਪਿਆਰੇ ॥ ਮਾਰਗੁ ਪੰਥੁ ਨ ਜਾਣਉ ਵਿਖੜਾ ਕਿਉ ਪਾਈਐ ਪਿਰੁ ਪਾਰੇ ॥ ਸਤਿਗੁਰ ਸਬਦੀ ਮਿਲੈ ਵਿਛੁੰਨੀ ਤਨੁ ਮਨੁ ਆਗੈ ਰਾਖੈ ॥ ਨਾਨਕ ਅੰਮ੍ਰਿਤ ਬਿਰਖੁ ਮਹਾ ਰਸ ਫਲਿਆ ਮਿਲਿ ਪ੍ਰੀਤਮ ਰਸੁ ਚਾਖੈ ॥੩॥ ਮਹਲਿ ਬੁਲਾਇੜੀਏ ਬਿਲਮੁ ਨ ਕੀਜੈ ॥ ਅਨਦਿਨੁ ਰਤੜੀਏ ਸਹਜਿ ਮਿਲੀਜੈ ॥ ਸੁਖਿ ਸਹਜਿ ਮਿਲੀਜੈ ਰੋਸੁ ਨ ਕੀਜੈ ਗਰਬੁ ਨਿਵਾਰਿ ਸਮਾਣੀ ॥ ਸਾਚੈ ਰਾਤੀ ਮਿਲੈ ਮਿਲਾਈ ਮਨਮੁਖਿ ਆਵਣ ਜਾਣੀ ॥ ਜਬ ਨਾਚੀ ਤਬ ਘੂਘਟੁ ਕੈਸਾ ਮਟੁਕੀ ਫੋੜਿ ਨਿਰਾਰੀ ॥ ਨਾਨਕ ਆਪੈ ਆਪੁ ਪਛਾਣੈ ਗੁਰਮੁਖਿ ਤਤੁ ਬੀਚਾਰੀ ॥੪॥੪॥

ਚਲਾਣਾ

15-16 ਦਿਨਾਂ ਬਾਦ ਫਿਰ ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਮੇਰੇ ਚਲਾਣੇ ਦੀ ਤਿਆਰੀ ਅਰੰਭੀ ਜਾਏ।

ਬਾਲਣ ਤਾਂ ਪਹਿਲਾਂ ਹੀ ਪਹੁੰਚਾ ਦਿੱਤਾ ਗਇਆ ਸੀ।

ਗੁਰੂ ਸਾਹਿਬ ਧਰਮਸਾਲ ਵਿਖੇ ਕੁੱਸੇ ਦੇ ਬਿਸਤਰੇ ਤੇ ਉਤੈ ਚਾਦਰ ਲੈ ਲੰਮੇ ਪੈ ਗਏ ਤੇ ਲੱਗੇ ਅਕਾਲ ਪੁਰਖ ਕੋਲ ਅਰਦਾਸਾਂ ਕਰਨ। ਗੁਰਸਿੱਖਾਂ ਨੇ ਜਿੱਦ ਕਰਕੇ ਗੁਰੂ ਸਾਹਿਬ ਥੱਲੇ ਤਲਾਈ ਆਦਿ ਵੀ ਵਿਛਾ ਦਿੱਤੀ ਕਿਉਕਿ ਸਰਦੀ ਉੱਤਰ ਰਹੀ ਸੀ। ਲਗਦਾ ਹੈ ਇਹ ਚਾਦਰ ਕੋਈ ਕੀਮਤੀ ਰੇਸ਼ਮੀ ਕਪੜਾ ਹੋਵੇਗਾ ਜਿਸ ਕਰਕੇ ਬਿਸਤਰੇ ਦੀ ਥਾਂ ਜਿਆਦਾ ਚਾਦਰ ਦੀ ਹੀ ਗਲ ਚਲਦੀ ਹੈ। ਗੁਰੂ ਸਾਹਿਬ ਨੇ ਖਾਣਾ ਪੀਣਾ ਬਿਲਕੁਲ ਛੱਡ ਦਿੱਤਾ ਸੀ।

ਇਕ ਮੌਕੇ ਅਜਿਹਾ ਵੀ ਆਇਆ ਕਿ ਸਿੱਖਾਂ ਨੂੰ ਲੱਗਾ ਕਿ ਗੁਰੂ ਸਾਹਿਬ ਚਲਾਣਾ ਕਰ ਗਏ ਹਨ। ਇਸ ਕਰਕੇ ਤੁਰੰਤ ਸਹਿਬਜਾਦਿਆਂ ਸ੍ਰੀ ਚੰਦ ਅਤੇ ਲਖਮੀ ਦਾਸ ਨੂੰ ਸੱਦਿਆ ਗਿਆ। ਪੁੱਤਰਾਂ ਨੇ ਰੋਣਾ ਧੋਣਾ ਸ਼ੁਰੂ ਕਰ ਦਿੱਤਾ। ਉੱਚੀ ਉੱਚੀ ਪਏ ਰੋਣ। "ਬਾਬਾ ਦੋ-ਚਾਰ ਘੜੀਆਂ ਸਾਨੂੰ ਉਡੀਕ ਹੀ ਲੈਦੋਂ। ਤੂੰ ਕਿਓ ਕਾਹਲੀ ਕਰ ਦਿੱਤੀ? ਸਾਨੂੰ ਫਿਰ ਯਤੀਮ ਕਰ ਚੱਲਿਓਂ। "

ਅਤੇ ਲਓ!

ਅਤੇ ਭਾਈ ਸਧਾਰਨ ਨੇ ਵੀ ਆਪਣੀ ਪੱਗ ਵਗਾਹ ਮਾਰੀ

ਪੱਖੋਕਿਆਂ ਦਾ ਹੀ+ ਭਾਈ ਸਧਾਰਨ ਨਾਂ ਦਾ ਸਿੱਖ ਗੁਰੂ ਸਾਹਿਬ ਦਾ ਸ਼ਰਧਾਵਾਨ ਸਿੱਖ ਸੀ। ਲੰਮਾ ਸਮਾਂ ਉਸ ਨੇ ਕਰਤਾਰਪੁਰ ਸਾਹਿਬ ਵਿਖੇ ਗੁਰੂ ਜੀ ਦੇ ਹੁਕਮਾਂ ਤਹਿਤ ਸੰਗਤਾਂ ਦੀ ਸੇਵਾ ਕੀਤੀ ਸੀ। ਜਿਵੇ ਗੁਰੂ ਸਾਹਿਬ ਦੇ ਚਲਾਣੇ ਦੀ ਖਬਰ ਸੁਣੀ ਤਾਂ ਭਾਈ ਸਧਾਰਨ ਵੀ ਸਾਹਿਬਜਾਦਿਆਂ ਵਾਙ ਲੱਗਾ ਵੈਣ ਪਾਉਣ। ਪੱਗ ਵਗਾਹ ਮਾਰੀ। ਸਿਰ ਖਲਾਰ ਲਿਆ।

ਉੱਚੀ ਉੱਚੀ ਕਹਿਣ ਲੱਗਾ ਕਿ ਗੁਰੂ ਸਾਹਿਬ ਨੇ ਸਾਰੇ ਸਿੱਖਾਂ ਨੂੰ ਹਰ ਕਿਸੇ ਦੀ ਇਛਾ ਮੁਤਾਬਿਕ ਬਖਸ਼ਸ਼ਾਂ ਕੀਤੀਆਂ ਨੇ ਪਰ ਮੈਂ ਕੀ ਸਾਰੀ ਉਮਰ ਰੇਤ ਹੀ ਛਾਂਣਦਾ ਰਿਹਾ? ਮੈਨੂੰ ਕੀ ਮਿਲਿਆ? ਇਹ ਕੁਝ ਚਲਦਾ ਰਿਹਾ ਓਥੇ।

ਕੁਝ ਸਮੇਂ ਬਾਦ ਗੁਰੂ ਜੀ ਉੱਠ ਕੇ ਬਹਿ ਗਏ। ਜਲ ਛਕਿਆ।

ਸਾਹਿਬਜਾਦਿਆਂ ਨੂੰ ਕੋਲ ਸੱਦ ਕੇ ਕਿਹਾ ਕਿ ਪੁੱਤਰੋ ਤੁਹਾਨੂੰ ਭਰੋਸਾ ਦਿੱਤਾ ਹੈ ਕਿ ਤੁਹਾਡੇ ਠਾਠ ਬਾਠ ਪਹਿਲਾਂ ਵਾਲੇ ਬਰਕਰਾਰ ਰਹਿਣਗੇ। ਫਿਕਰ ਚਿੰਤਾ ਨਾਂ ਕਰੋ। ਬਾਕੀ ਪੁੱਤਰੋ ਤੁਸੀ ਦੋ -ਚਾਰ ਘੜੀਆਂ ਹੋਰ ਜੀਣ ਦੀ ਮੰਗ ਕੀਤੀ ਹੈ ਓਨਾਂ ਚਿਰ ਮੈਂ ਤੁਹਾਡੇ ਨਾਲ ਹਾਂ। (ਭਾਵ ਦੋ-ਚਾਰ ਮਹੀਨੇ ਜਾਂ ਸਾਲ ਨਹੀ ਮੰਗੇ)। ਪੁੱਤਰ ਲਾ-ਜਵਾਬ ਸਨ।

ਫਿਰ ਗੁਰੂ ਸਾਹਿਬ ਨੇ ਭਾਈ ਸਧਾਰਣ ਨੂੰ ਆਪਣੇ ਕੋਲ ਸੱਦਿਆ। ਸਧਾਰਣ ਨੇ ਆਪਣਾ ਗਿਲਾ ਫਿਰ ਗੁਰੂ ਸਾਹਿਬ ਅੱਗੇ ਰੱਖਿਆ।

ਗੁਰੂ ਸਾਹਿਬ ਨੇ ਭਾਈ ਸਧਾਰਣ ਨੂੰ ਇੱਕ ਵੇਲਾ ਯਾਦ ਦਿਵਾਇਆ ਕਿ,

"ਸਧਾਰਣਾ ਫਲਾਣੇ ਮੌਕੇ ਤੈਨੂੰ ਮੈਂ ਕਿਹਾ ਸੀ ਕਿ ਮੰਗ ਜੋ ਚਾਹੀਦਾ ਹੈ ਤਾਂ ਉਸ ਵਕਤ ਤੂੰ ਕਿਹਾ ਸੀ ਕਿ ਗੁਰੂ ਜੀ ਜੇ ਤੁਸੀ ਤੁੱਠੇ ਹੀ ਹੋ ਤਾਂ ਮੇਰੇ ਤੇ ਕਿਰਪਾ ਕਰੋ, ਮੇਰਾ ਕੁੜਮ ਜੋ ਆਗਰੇ ਬੰਦੀਖਾਨੇ ਵਿੱਚ ਪਇਆ ਹੋਇਆ ਹੈ, ਉਹਦੀ ਬੰਦ ਖਲਾਸੀ ਹੋਵੇ ਤੇ ਉਹ

ਆਪਣੇ ਘਰ ਆ ਕੇ ਸਾਰੀਆਂ ਜਿੰਮੇਵਾਰੀਆਂ ਸਾਂਭੇ। ਮੈਂ ਉਸ ਵੇਲੇ ਤੈਨੂੰ ਤਿੰਨ ਵਾਰ ਪੁੱਛਿਆ ਸੀ ਕਿ ਕੁਝ ਹੋਰ ਵੀ ਮੰਗ ਲੈ। ਤੈਨੂੰ ਸੁਚੇਤ ਕਰਨ ਦੀ ਵੀ ਕੋਸ਼ਿਸ਼ ਕੀਤੀ ਸੀ ਕਿ ਕੁੜਮ ਛੁੱਟੇ ਦਾ ਤੇਰਾ ਕਿਸੇ ਨੇ ਗੁਣ ਨਹੀ ਪਾਉਣਾ। ਪਰ ਸਧਾਰਣਾ ਤੂੰ ਬਸ ਇਕੋ ਰੱਟ ਲਾਈ ਰੱਖੀ ਸੀ। ਹੁਣ ਕਿਓ ਗਿਲਾ ਕਰਦਾ ਹੈ। ਹੁਣ ਹੋਰ ਦੱਸ ਕੀ ਚਾਹੀਦਾ ਤੈਨੂੰ?"

ਇਹ ਸੁਣ ਭਾਈ ਸਧਾਰਣ ਸਾਰਿਆ ਦੇ ਸਾਹਮਣੇ ਬਹੁਤ ਸ਼ਰਮਿੰਦਾ ਹੋਇਆ ਤੇ ਕੁਝ ਵੀ ਹੋਰ ਗਲ ਨਾਂ ਸੁਝੀ। ਸੰਗਤ ਵਿੱਚ ਬਾਕੀ ਲੋਕਾਂ ਨੂੰ ਯਾਦ ਆ ਗਇਆ ਕਿ ਕਿਵੇ ਇਸ ਨੇ ਆਪਣਾ ਕੁੜਮ ਗੁਰੂ ਸਾਹਿਬ ਦੀ ਬਖਸ਼ਸ਼ ਨਾਲ ਛਡਵਾਇਆ ਸੀ।

ਹੁਣ ਭਾਈ ਸਧਾਰਣ ਨੇ ਹੋਰ ਕੋਈ ਮੰਗ ਨਾਂ ਰੱਖੀ।

ਅਤੇ ਅਖੀਰ ਤੱਤਾਂ ਦਾ ਮੂਲ ਤੱਤ ਵਿਚ ਜ਼ਜ਼ਬ ਹੋਣਾ।

ਅੱਧੀ ਰਾਤ ਵੇਲੇ ਅੱਖਾਂ ਚੁੰਧਿਆ ਦੇਣ ਵਾਲੀ ਅਸਮਾਨੀ ਬਿਜਲੀ ਜਿਹੀ ਲਗਾਤਾਰ ਰੋਸ਼ਨੀ ਹੋਈ। ਬੱਦਲਾਂ ਜਿਹੀ ਗਰਜ, ਢੋਲ ਢਮਾਕੇ ਅਤੇ ਵੱਖ ਵੱਖ ਵਜੰਤ੍ਰੀਆਂ ਦੇ ਸਾਜਾਂ ਦੀਆਂ ਅਵਾਜਾਂ ਆਈਆਂ। ਖੁਸ਼ਬੂ ਚੁਫੇਰੇ ਫੈਲ ਗਈ। ਜਦੋਂ ਹਾਲਾਤ ਸ਼ਾਂਤ ਹੋਏ ਤਾਂ ਗੁਰੂ ਸਾਹਿਬ ਅਲੋਪ ਸਨ। ਉਹਨਾਂ ਦੇ ਕਪੜੇ ਅਤੇ ਬਿਸਤਰ ਨੌ ਬਰ ਨੌ ਸੀ।

ਉਸ ਦਿਨ ਫਿਰ ਗੁਰੂ ਸਾਹਿਬ ਸਾਰਾ ਦਿਨ ਸੰਗਤ ਨੂੰ ਮਿਲਦੇ ਗਿਲਦੇ ਰਹੇ। ਤਰਕਾਲਾਂ ਵੇਲੇ ਫਿਰ ਰਹਿਰਾਸ, ਕੀਰਤਨ ਸੋਹਲੇ ਉਪਰੰਤ ਗੁਰੂ ਸਾਹਿਬ ਨੇ ਸਾਰੀ ਸੰਗਤ ਨੂੰ ਆਖਰੀ ਸਤਿ ਸ੍ਰੀ ਅਕਾਲ ਬੁਲਾਈ। ਸਾਰੀ ਸੰਗਤ ਨੇ ਫਿਰ ਪੈਰੀ ਪੈਣਾ ਕੀਤਾ।

ਗੁਰੂ ਸਾਹਿਬ ਦੀ ਸੇਵਾ ਵਿੱਚ ਚਾਰ ਗੁਰਸਿੱਖਾਂ ਨੂੰ ਹਰ ਵੇਲੇ ਜਾਗਦੇ ਰਹਿਣ ਦੇ ਹੁਕਮ ਪਹਿਲਾਂ ਹੀ ਹੋ ਚੁੱਕੇ ਸਨ। ਲਿਖਿਆ ਹੈ ਕਿ ਇਹ ਪਹਿਰੇਦਾਰ ਹਥਿਆਰਬੰਦ ਸਨ।

ਉਪਰੰਤ ਗੁਰੂ ਸਾਹਿਬ ਬਹਿ ਗਏ ਤੇ ਅੰਤਰਧਿਆਨ ਹੋ, ਲੱਗੇ ਅਕਾਲ ਪੁਰਖ ਅੱਗੇ ਅਰਦਾਸਾਂ ਕਰਨ।

ਹਟਵੀ ਬੈਠੀ ਸੰਗਤ ਕੀਰਤਨ ਸੋਹਿਲੇ ਦਾ ਪਾਠ ਕਰ ਰਹੀ ਹੈ: "ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥ ਤਿਤੁ ਘਰਿ ਗਾਵਹੁ ਸੋਹਿਲਾ ਸਿਵਰਹੁ ਸਿਰਜਣਹਾਰੋ ॥ .."

ਜਿਵੇ ਅੱਧੀ ਰਾਤ ਗੁਜਰੀ ਤਾਂ ਬਹੁਤ ਉੱਚੀ ਜਿਹੀ ਧੁੰਨ ਉਠੀ ਜਿਵੇ ਬਿਜਲੀ ਕੜਕਦੀ ਹੈ। ਪਹਿਰੇਦਾਰਾਂ ਨੂੰ ਇਉ ਲੱਗਾ ਜਿਵੇ ਬਹੁਤ ਉੱਚੀ ਅਵਾਜ ਵਿੱਚ ਸਾਜ ਵੱਜਦੇ ਹਨ। ਇਹੋ ਜਿਹੀਆਂ ਧੁੰਨਾਂ ਤਾਂ ਉਨਾਂ ਪਹਿਲਾਂ ਕਦੀ ਵੀ ਨਹੀ ਸਨ ਸੁਣੀਆਂ। ਅਲੌਕਿਕ ਪ੍ਰਕਾਸ਼ ਹੋਇਆ ਜਿਵੇ ਸੂਰਜ ਇਥੇ ਹੀ ਉੱਤਰ ਆਇਆ ਹੋਵੇ। ਹਨੇਰੀ ਜਿਹੀ ਚਲੀ। ਬਾਬਾ ਜੀ ਦੀ ਦਾਹੜੀ ਦੇ ਵਾਲ ਫਰ ਫਰ ਉੱਡ ਰਹੇ ਸਨ। ਚਾਰ ਚੁਫੇਰੇ ਵੱਖਰੀ ਹੀ ਕਿਸਮ ਦੀ ਸੁਗੰਧ ਫੈਲ ਗਈ। ਪਹਿਰੇਦਾਰ ਹੱਥ ਜੋੜ ਉਠ ਖੜੇ ਹੋਏ। ਤੇਜ ਰੋਸ਼ਨੀ ਅਤੇ ਮਹੌਲ ਕਰਕੇ ਸਭ ਦੀਆਂ ਅੱਖਾਂ ਚੁੰਧਿਆ ਗਈਆਂ ਸਨ।

ਕੁਝ ਚਿਰ ਬਾਦ ਜਦੋਂ ਧਮਾਕੇ ਵਾਲੀ ਅਵਾਜ ਬੰਦ ਹੋਈ, ਰੋਸ਼ਨੀ ਮੱਧਮ ਪਈ ਤਾਂ ਪਹਿਰੇਦਾਰ ਸਿੱਖਾਂ ਦੀਆਂ ਅੱਖਾਂ ਖੁੱਲੀਆ ਤਾਂ ਕੀ ਵੇਖਦੇ ਨੇ, ਓਥੇ ਬਾਬਾ ਜੀ ਨਹੀ ਸਨ। ਗੁਰੂ ਸਾਹਿਬ ਦੇ ਪਹਿਨੇ ਹੋਏ ਕਪੜੇ ਅਤੇ ਚਾਦਰ ਉਥੈ ਦੱਬ ਵਾਲੇ ਆਸਣ ਤੇ ਪਏ ਸਨ। ਚੁਫੇਰੇ ਨਿਗਾਹਾਂ ਦੌੜਾਈਆਂ ਗਈਆਂ। ਗੁਰੂ ਜੀ ਕਿਤੇ ਨਜਰ ਨਹੀ ਸੀ ਆ ਰਹੇ। ਫਿਰ ਹਰ ਕੋਈ ਕਹਿ ਰਿਹਾ ਸੀ ਬਾਬਾ ਸਣਦੇਹੀ ਦਰਗਾਹੇ ਪਹੁੰਚ ਗਇਆ ਹੈ। ਚਮਤਕਾਰ ਹੋ ਗਇਆ ਹੈ। ਕੋਈ ਕਹੇ ਬਾਬਾ ਛਲ ਕਰ ਗਿਆ। ਜਿਵੇ ਪੰਚਮ ਨਾਨਕ ਨੇ ਲਿਖਿਆ ਹੈ:

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥

ਭੌਤਿਕ ਸਰੀਰ ਅਨੱਰਜੀ ਵਿਚ ਤਬਦੀਲ ਹੋ ਗਇਆ ਸੀ। ਚੇਤੰਨ ਸਰੀਰ (ਨਿਰੰਕਾਰ ਦਾ ਅੰਸ਼ ਜਾਂ ਆਤਮਾ) ਸ੍ਰਿਸਟੀ ਦੇ ਮਾਲਕ ਕਰਤਾਰ ਵਿਚ ਅਭੇਦ ਹੋ ਚੁੱਕੀ ਸੀ।

ਇਹ 23 ਅੱਸੂ ਸੰਮਤ 1596 ਮੁਤਾਬਿਕ 22 ਸਤੰਬਰ 1539 ਈ ਦਾ ਦਿਨ ਸੀ।

ਦਿਨ ਚੜ੍ਹਦੇ ਤੱਕ ਇਹ ਖਬਰ ਜੰਗਲ ਦੀ ਅੱਗ ਦੀ ਤਰਾਂ ਫੈਲ



ਕਰਤਾਰਪੁਰ ਵਿਖੇ ਬਾਬੇ ਦੀ ਹਿੰਦੂਆਂ ਸਮਾਧ (ਮੜੀ) ਬਣਾਈ ਅਤੇ ਮੁਸਲਮਾਨਾਂ ਨੇ ਕਬਰ। ਗੁਰੂ ਸਾਹਿਬ ਦੇ ਜੋਤੀ ਜੋਤ ਉਪਰੰਤ ਸਮਾਧ ਨੂੰ ਮੁੱਖ ਇਮਾਰਤ ਦੇ ਅੰਦਰ ਲਿਆ ਗਇਆ ਸੀ ਅਤੇ ਕਬਰ ਬਾਹਰ ਬਿਨਾਂ ਛੱਤ ਦੇ ਹੀ ਚਲੀ ਆਉਦੀ ਰਹੀ ਹੈ। 1947 ਤਕ ਕਬਰ ਤੇ ਮੁਸਲਮਾਨ ਮਜੌਰ ਬੈਠਦਾ ਹੁੰਦਾ ਸੀ। ਕਰਤਾਰਪੁਰ ਦੇ ਲਾਗੇ ਹੀ ਸਯਦ ਮੱਦੀ ਸ਼ਾਹ ਦਾ ਮਕਬਰਾ ਹੈ। ਓਥੋਂ ਦਾ ਪੀਰ ਦਿਨ ਦਿਹਾੜੇ ਤੇ ਆ ਕੇ ਕਬਰ ਤੇ ਬਹਿੰਦਾ ਹੁੰਦਾ ਸੀ ਅਤੇ ਸ਼ਰਧਾਲੂ ਨੂੰ ਪ੍ਰਸ਼ਾਦਿ ਦਿਆ ਕਰਦਾ ਸੀ।

ਪੈਰ ਸਫਾ ○ ਬੀ:40- 161 ✚ਸਾਈਕਲ ਯਾਤਰੀ ◘ ਦਿਲਜੀਤ ਸਿੰਘ- 62

ਦੁਵੱਲੇ ਫੁੱਲ ਰੱਖਣ ਵਾਲੀ ਗਲ ਬਾਦ 'ਚ ਜੋੜੀ ਗਈ

ਪੁਰਾਤਨ- 208 ਨੇ ਹਿੰਦੂ-ਮੁਸਲਮਾਨਾਂ ਦੇ ਵਿਵਾਦ ਬਾਰੇ ਕੁਝ ਇਸ ਤਰਾਂ ਲਿਖਿਆ ਹੈ ਕਿ ਗੁਰੂ ਸਾਹਿਬ ਜਦੋਂ ਸੰਗਤ ਵਿੱਚ ਸਨ ਤਾਂ ਪੁੱਛਿਆ ਗਇਆ ਕਿ ਬਾਬਾ ਜੀ ਚਲਾਣੇ ਉਪਰੰਤ ਤੁਹਾਡੇ ਪਵਿਤ੍ਰ ਸਰੀਰ ਦਾ ਕੀ ਕੀਤਾ ਜਾਵੇ:-

"ਤਬ ਹਿੰਦੂ ਮੁਸਲਮਾਨ ਨਾਉ ਧਰੀਕ ਲੱਗੇ ਆਖਣਿ। ਮੁਸਲਮਾਨ ਲੱਗੇ ਆਖਣਿ: ਅਸੀ ਦਬਹਿਂਗੇ। ਅਤੇ ਹਿੰਦੂ ਲਾਗੇ ਆਖਣਿ: ਜੇ ਅਸੀ ਜਲਾਹਾਂਗੇ। ਤਬ ਬਾਬੇ ਆਖਿਆ: ਜੇ ਤੁਸੀ ਦੁਹਾਂ ਵਲੀ ਫੁਲ ਰੱਖਹੁ, ਜਿਸ ਦੇ ਭਲਕੇ ਹਰੇ ਰਹਿਨਿਗੇ, ਜੇ ਹਿੰਦੂਆਂ ਕੇ ਹਰੇ ਰਹਿਨਿ ਤਾਂ ਜਾਲਹਿਂਗੇ ਅਤੇ ਜੇ ਮੁਸਲਮਾਨਾਂ ਕੇ ਹਰੇ ਰਹਿਨਗੇ ਤਾਂ ਦਬਹਿਂਗੇ। "

ਸੋ ਸੰਗਤਾਂ ਵਿੱਚ ਇਹੋ ਪੱਖ ਜਿਆਦਾ ਪ੍ਰਚਲਤ ਹੈ। ਭਾਵੇ ਕਿ ਮ੍ਰਿਤਕ ਸਰੀਰ ਤੇ ਫੁੱਲ ਭੇਟ ਕਰਨ ਦਾ ਰਿਵਾਜ ਅਜੇ ਪੰਜਾਬ ਵਿੱਚ ਪ੍ਰਚਲਤ ਨਹੀ ਸੀ।

ਬੀ:40 ਵਾਲੀ ਅਸਲੀਅਤ ਨੂੰ ਉਸ ਵੇਲੇ ਅਜੇ ਲੋਕ ਮੰਨਣ ਨੂੰ ਤਿਆਰ ਨਹੀ ਸਨ। ਯਾਦ ਰਹੇ ਮੌਜੂਦਾ ਦੌਰ ਦੇ ਜਨਮਸਾਖੀਆਂ ਤੇ ਟਿਪਣੀਆਂ ਕਰਨ ਵਾਲੇ ਲਿਖਾਰੀਆ ਜਿਵੇ ਮਕਲੋਡ, ਪਿਆਰ ਸਿੰਘ, ਆਦਿ ਨੇ ਮੰਨਿਆ ਹੈ ਕਿ ਬੀ:40 ਜਾਂ ਆਦਿ ਸਾਖੀਆਂ ਸ਼ੈਲੀ ਪੁਰਾਤਨ ਨਾਲੋਂ ਜਿਆਦਾ ਪੁਰਾਨੀ ਹੈ।



ਗੁਰਦੁਆਰਾ ਪਾ.੧,੨,੫,੬,੭,੯ ਦੁਵਾਰ ਸਾਹਿਬ, ਕਰਤਾਰਪੁਰ - (5 ਮਈ 1933)

1931 ਈ. ਵਿਚ ਸਾਈਕਲ ਯਾਤਰੀ ਨੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਤਸਵੀਰ ਖਿੱਚੀ। ਉਸ ਮੌਕੇ ਇਮਾਰਤ ਦੀ ਕਾਰਸੇਵਾ ਚਲ ਰਹੀ ਸੀ।

ਗਈ। ਸਵੇਰੇ ਦੁਨੀਆਂ ਇਕੱਠੀ ਹੋਣੀ ਸ਼ੁਰੂ ਹੋ ਗਈ। ਸਭ ਹਿੰਦੂ ਮਸਲਮਾਨ, ਗੱਲ ਕੀ, ਇਲਾਕਾ ਉਮੰਡ ਆਇਆ ਕਰਤਾਰਪੁਰ ਧਰਮਸਾਲ ਤੇ। ਹਰ ਕੋਈ ਕੁੱਸੇ ਦੇ ਬਿਸਤਰ ਨੂੰ ਮੱਥਾ ਟੇਕ ਰਿਹਾ ਸੀ। ਲੋਕ ਤਿੱਲ ਫੁਲ ਭੇਟ ਕਰ ਰਹੇ ਸਨ। ਭੇਟਾਵਾਂ ਦਾ ਅੰਬਾਰ ਲੱਗ ਗਿਆ।

ਪਰ ਉਸ ਚਿਖਾ ਦਾ ਕੀ ਬਣਿਆ?

ਕਿਉਕਿ ਧਰਮਸਾਲ ਦੇ ਨੇੜੇ ਹੀ ਕੁਝ ਸਿੱਖਾਂ ਨੇ ਚਿਖਾ (ਲਕੜੀ ਦਾ ਢੇਰ) ਤਿਆਰ ਕੀਤੀ ਹੋਈ ਸੀ ਜਿਸ ਤੇ ਬਾਬਾ ਜੀ ਦੀ ਪਵਿਤ੍ਰ ਦੇਹੀ ਦਾ ਸਸਕਾਰ ਕਰਨਾ ਸੀ। ਕਰਤਾਰਪੁਰ ਵਿਖੇ ਇਹ ਉਹ ਅਸਥਾਨ ਤੇ ਸੀ ਜਿਥੇ ਅੱਜ ਕਲ ਬਾਬੇ ਦੀ ਮੜੀ ਜਾਂ ਸਮਾਧ ਬਣੀ ਹੋਈ ਹੈ। ਉਸ ਵੇਲੇ ਫਿਰ ਬਾਬਾ ਸ੍ਰੀ ਚੰਦ ਦੀ ਅਗਵਾਈ ਹੇਠ ਪ੍ਰਵਾਰ ਤੇ ਹੋਰ ਰਿਸਤੇਦਾਰਾਂ ਤਹਿ ਕੀਤਾ ਕਿ ਗੁਰੂ ਸਾਹਿਬ ਦੇ ਬਸਤਰ ਤੇ ਬਿਸਤਰ ਚਿੱਖਾ ਤੇ ਰੱਖ ਸਸਕਾਰ ਕਰ ਦਿੱਤਾ ਜਾਵੇ। ਕਿਉਕਿ ਚਿੱਖਾ ਦੇ ਬਰਕਰਾਰ

ਪੈਂਡਾ ਸਫ਼ਾ

ਕਰਤਾਰਪੁਰ ਦੀ ਇਮਾਰਤ

ਜਿਵੇ ਪਿੱਛੇ ਆ ਚੁੱਕਾ ਪਹਿਲੀ ਪਹਿਲ ਧਰਮਸਾਲਾ ਛੰਨ ਵਿੱਚ ਬਣੀ ਸੀ। ਉਪਰੰਤ ਸੰਗਤਾਂ ਨੇ ਪੱਕੀ ਬਣਾਈ। 1583 ਈ ਵਿੱਚ ਇਹ ਧਰਮਸਾਲ ਰੁੜ ਗਈ। ਕਰਤਾਰਪੁਰ ਸਾਹਿਬ ਦੀ ਪਹਿਲੀ ਇਮਾਰਤ ਬਾਬਾ ਸ੍ਰੀ ਚੰਦ ਨੇ ਬਣਵਾਈ। ਉਪਰੰਤ ਭਾਈ ਨਾਨਕ ਚੰਦ ਨੇ। ਬਾਦ ਵਿੱਚ 1911 ਈ. ਲਾਲਾ ਸ਼ਾਮ ਦਾਸ ਸਿੰਧੀ ਨੇ ਕਰਤਾਰਪੁਰ ਸਾਹਿਬ ਦੀ ਇਮਾਰਤ ਬਣਵਾਈ। ਛੇਤੀ ਹੀ 1919-20 ਈ ਦੇ ਹੜਾਂ ਨੇ ਕਰਤਾਰਪੁਰ ਦੀ ਇਮਾਰਤ ਨੂੰ ਨੁਕਸਾਨ ਪਹੁੰਚਾਇਆ ਅਤੇ ਦਰਿਆ ਨੇ ਸਿੱਧਾ ਮੂੰਹ ਕਰਤਾਰਪੁਰ ਵਲ ਮੋੜ ਲਿਆ। ਓਦੋਂ ਫਿਰ ਪਟਿਆਲੇ ਦੇ ਮਹਾਰਾਜਾ ਭੁਪਿੰਦਰ ਸਿੰਘ ਨੇ ਇੱਕ ਲੱਖ ਰੁਪਿਆ ਲਾ ਕੇ ਧੁੱਸੀ ਬੰਨ ਬਣਵਾਇਆ ਤੇ ਇਮਾਰਤ ਦੀ ਕਾਰਸੇਵਾ ਕਰਵਾਈ। ਸੰਗਤਾਂ ਨੇ ਇਸ ਮੌਕੇ + 30000 ਰੁਪਏ ਇਕੱਠੇ ਕੀਤੇ।

ਫਿਰ 1934 ਈ. ਵਿੱਚ ਇਮਾਰਤ ਦੁਬਾਰਾ ਬਣਾਈ ਗਈ। ਗੁਰਦੁਆਰਾ ਪ੍ਰਧਾਨ ਕਿਸ਼ਨ ਸਿੰਘ ਬੇਦੀ ਨੇ ਓਨੀ ਦਿਨੀ ਕਰਤਾਰਪੁਰ ਸਾਹਿਬ ਦੇ ਹਾਲਾਤਾਂ ਤੇ ਕਿਤਾਬਚਾ ਛਾਪਿਆ ਜਿਸ ਵਿੱਚ ਵਿਸਥਾਰ ਨਾਲ ਦਿੱਤਾ ਗਇਆ ਹੈ ਕਿਹਨੇ ਕਿੰਨੀ ਸੇਵਾ ਕੀਤੀ। 1934 ਵਿੱਚ ਜਦੋਂ ਧੰਨਾ ਸਿੰਘ ਸਾਈਕਲ ਯਾਤਰੀ ਵਾਲੇ ਕਰਤਾਰਪੁਰ ਸਾਹਿਬ ਪਹੁੰਚੇ ਤਾਂ ਅਜੇ ਇਮਾਰਤ ਦੀ ਪਹਿਲੀ ਮੰਜਲ ਹੀ ਤਿਆਰ ਹੋਈ ਸੀ।

21ਨਵੰਬਰ ਸੰਨ 1931 ਨੂੰ ਮੌਕੇ ਤੇ ਹਾਜਰ ਭਾਈ ਧੰਨਾ ਸਿੰਘ ਸਾਈਕਲ ਯਾਤਰੀ ਨੇ ਗੁਰਦੁਆਰਾ ਸਾਹਿਬ ਦੇ ਹਾਲਾਤ ਕੁਝ ਇਸ ਤਰਾਂ ਬਿਆਨ ਕੀਤੇ ਹਨ: (ਪੰਨਾ- 342)

"ਡੇਰਾ ਬਾਬਾ ਨਾਨਕ ਤੋਂ 3 ਮੀਲ ਉਤਰ ਦੀ ਤਰਫ ਕਰਤਾਰਪੁਰ ਪਹੁੰਚਾ। ਗੁਰਦੁਆਰੇ ਦੀ ਪ੍ਰਕਰਮਾ ਵਿੱਚ ਗੁਰੂ ਜੀ ਦੇ ਵਕਤਾਂ ਦੀ ਇੱਕ ਟਾਹਲੀ ਖੜੀ ਹੈ ਤੇ ਗੁਰਦਵਾਰਾ ਨਵਾਂ ਪੈ ਰਿਹਾ ਹੈ। ਜੋ ਕਿ ਹਾਲੀ ਪਹਿਲੀ ਮੰਜਲ ਬਨੀ ਹੈ। ਜੋ ਕਿ ਦੋ ਹੋਰ ਬਨ ਕੇ 80 ਫੁੱਟ ਗੁੰਮਟ ਨਿਕਲ ਕੇ ਤਾਂ ਗੁਰਦਵਾਰਾ ਮੁਕੰਮਲ ਹੋਵੇਗਾ। ਪੈਹਲੇ ਗੁਰੂ ਜੀ 1569 ਸੰਨ ਬਿਕਰਮੀ (1512 ਈ.) ਵਿੱਚ ਆਏ ਸਨ ਤੇ ਨੀਂਹ ਰੱਖ ਕੇ ਚਲੇ ਗਏ ਸਨ ਤੇ ਫਿਰ ਦੇਸਾਂ ਵਿਚੋਂ 10 ਸਾਲ ਬਾਦ ਆਏ ਸਨ: ਬਿਕਰਮੀ ਸੰਨ 1579 (1522 ਈ) ਵਿੱਚ ਆਏ ਸੀ ਤੇ ਕੁਲ 18 ਸਾਲ ਰਹੇ ਸਨ। ਤੇ ਬਾਬਾ ਜੀ 1596 ਬਿ. ਵਿੱਚ ਜੋਤੀ ਜੋਤ ਸਮਾਏ ਸਨ। ਬਾਬਾ ਜੀ ਨੇ ਕਰਤਾਰਪੁਰ ਨੂੰ ਅਬਾਦ ਕਰਨ ਦੇ ਸਮੇਂ ਆਪਨਾ ਪ੍ਰਵਾਰ 1578 ਬਿ. ਵਿੱਚ ਮੰਗਾ ਲਿਆ ਸੀ। ".. ਇਸ ਜਗਾ ਕਿੱਕਰਾਂ ਤੋਂ ਮਿਠਿਆਈ ਤੁੜਵਾਈ ਸੀ) ਦੀਵਾਨ ਹਰ ਸੰਗਰਾਂਦ ਤੇ ਮੱਸਿਆ ਨੂੰ ਲੱਗਦਾ ਹੈ। ਅਤੇ ਅੱਸੂ ਸੁਦੀ ਦਸਵੀ ਤੇ ਵਸਾਖੀ ਨੂੰ ਭਾਰੀ ਦੀਵਾਨ ਲੱਗਦਾ ਹੈ। ਚੇਤ੍ਰ ਚੌਦਸ ਨੂੰ ਭੀ ਭਾਰੀ ਦੀਵਾਨ ਲੱਗਦਾ ਹੈ।"

"ਇਸ ਜਗਾ ਪਹਿਲੈ ਨਿਹੰਗ ਸਿੰਘ ਸੇਵਾ ਕਰਦੇ ਸਨ।(ਭਾਵ ਸਿੱਖ ਰਾਜ ਵੇਲੇ) ਫਿਰ ਇੱਕ ਮਾਈ ਰਾਜ ਕੌਰ ਹੀ ਰਹਿ ਗਈ।..ਫਿਰ ਸੰਗਤ ਨੇ ਡੇਰਾ ਬਾਬਾ ਨਾਨਕ ਵਾਲੇ ਮਹੰਤ ਹਰੀ ਦਾਸ ਉਦਾਸੀ ਨੂੰ ਮੁਕੱਰਰ ਕਰ ਦਿੱਤਾ।.. ਅਖੀਰ ਮਹੰਤ ਕੌਲ ਦਾਸ ਨੂੰ 1919 ਈ (?) ਦੇ ਹੜਾਂ ਵੇਲੇ। ਓਦੋਂ ਰਾਵੀ ਦਰਿਆ ਗੁਰਦੁਆਰੇ ਤੋਂ ਸਿਰਫ 9 ਫੁੱਟ ਹਟਵਾ ਰਹਿ ਗਇਆ ਸੀ। ਤਾਂ ਫਿਰ ਸੰਗਤ ਨੇ ਬਹੁਤ ਸੇਵਾ ਕਰਕੇ ਦਰਿਆ ਨੂੰ ਪਿੱਛੇ ਹਟਾਇਆ। ਇਸ ਸੇਵਾ ਵਿੱਚ ਮਹਾਰਾਜਾ ਪਟਿਆਲੇ ਨੇ ਇੱਕ ਲੱਖ 35 ਹਜਾਰ ਰੁਪਏ ਸਨ। ਚੀਫ ਖਾਲਸਾ ਨੇ ਖਾਸ ਉਦਮ ਕੀਤਾ ਸੀ ਤੇ ਹੋਰ ਧਨਾਢ ਸਿੱਖ ਸਰਦਾਰਾਂ ਤੇ ਬੇਦੀਆਂ ਨੇ ਬਹੁਤ ਸੇਵਾ ਕੀਤੀ ਸੀ। ਇਸ ਮੌਕੇ ਫਿਰ ਗੁਰਦੁਆਰੇ ਅਕਾਲੀ ਸਿੱਖਾਂ ਦੇ ਹੱਥ ਵਿੱਚ ਆ ਗਏ। ਇਸ ਇਲਾਕੇ ਵਿੱਚ ਦੂਰ ਦੂਰ ਤੋਂ ਆ ਕੇ ਮਰੇ ਹੋਇਆਂ ਦੇ ਫੁੱਲ ਰਾਵੀ ਵਿੱਚ ਕਰਤਾਰਪੁਰ ਪਾਉਂਦੇ ਹੈ ਤੇ ਕੜਾਹ ਪ੍ਰਸਾਦਿ ਕਰਾ ਕੇ ਘਰ ਨੂੰ ਚਲੇ ਜਾਂਦੇ ਹੈ।"

1965 ਅਤੇ 1971 ਦੀਆਂ ਜੰਗਾਂ ਵੇਲੇ ਇਮਾਰਤ ਨੂੰ ਵੱਡਾ ਨੁਕਸਾਨ ਪਹੁੰਚਾ ਸੀ। ਫੌਜਾਂ ਨੇ ਇਸ ਪਵਿਤ੍ਰ ਇਮਾਰਤ ਤੇ ਬੰਬਾਰੀ ਕੀਤੀ ਸੀ। ਅੱਜ ਵੀ ਪਾਕਿਸਤਾਨੀ ਸਰਕਾਰ ਨੇ ਉਹ ਬੰਬ ਸਾਂਭ ਕੇ ਰੱਖੇ ਹੋਏ ਨੇ ਜੋ ਕਰਤਾਰਪੁਰ ਤੇ ਸੁੱਟੇ ਗਏ। ਦੂਸਰੇ ਪਾਸੇ ਪਾਕਿਸਤਾਨੀ ਫੌਜ ਨੇ ਵੀ ਘੱਟ ਨਾਂ ਕੀਤੀ। ਕਰਤਾਰਪੁਰ ਦੇ ਦੱਖਣ- ਪੱਛਮ ਵਿੱਚ ਰੱਤੜ ਛੱਤੜ ਪਿੰਡ ਵਿੱਚ ਚਾਰ ਮੰਜਲੀ ਪ੍ਰਸਿੱਧ ਸੂਫੀ ਦਰਗਾਹ ਹੈ ਜਿਸ ਤੇ ਪਾਕਿਸਤਾਨ ਫੌਜ ਨੇ ਬੰਬਾਰੀ ਕੀਤੀ।

ਸੋ ਕਰਤਾਰਪੁਰ ਸਾਹਿਬ ਜੋ ਸਰਹੱਦ ਤੋਂ ਸਿਰਫ ਚਾਰ ਕਿ. ਮੀ. ਅਤੇ ਕਿਸੇ ਉਚੀ ਥਾਂ ਤੋਂ ਨਜਰ ਵੀ ਆਉਦਾ ਹੈ ਸਿੱਖ ਸੰਗਤਾਂ ਤੋਂ ਵਿਛੜਿਆ ਰਿਹਾ।

ਲਾਂਘੇ ਦੀ ਕਹਾਣੀ

ਕਿਵੇ ਸ਼ੁਰੂ ਹੋਇਆ ਅਤੇ ਕਿਵੇ ਜੱਦੋਜਹਿਦ ਚਲੀ

(ਨਾਲੇ ਪੜੋ ਇਸ ਮੂਰਖ ਲਿਖਾਰੀ ਤੇ ਕਿਵੇ ਬਾਬਾ ਮਿਹਰਬਾਨ ਹੋਇਆ ?)ਸਾਡੇ ਨਾਨਕਿਆਂ ਦੇ ਰਾਹ ਵਿਚ ਕਰਤਾਰਪੁਰ ਪੈਂਦਾ ਸੀ। ਮਾਸੀ ਦਾ ਪਿੰਡ ਕਰਤਾਰਪੁਰ ਦੇ ਲਾਗੇ ਸੀ: ਕੱਕੇਕੇ। ਕੱਕੇਕੇ, ਪੱਖੋਕੇ ਤੋਂ ਨਿਕਲ ਕੇ ਹੀ ਬਣਿਆ ਸੀ। ਮੇਰੀ ਮਾਂ ਬੜੇ ਮਾਣ ਨਾਲ ਕਿਹਾ ਕਰਦੀ ਸੀ ਕਿ ਅਸੀ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਦੀਆਂ ਰਾਣੀਆਂ (ਕੈਪਟਨ ਅਮਰਿੰਦਰ ਸਿੰਘ ਦੀਆਂ ਦਾਦੀਆਂ) ਨਾਲ 1928-30 ਵਿਚ ਕਰਤਾਰਪੁਰ ਦੀ ਹੋਈ ਕਾਰਸੇਵਾ ਵਿਚ ਹਿੱਸਾ ਲਿਆ ਸੀ। ਲਗ ਪਗ ਓਨਾਂ ਹੀ ਦਿਨਾਂ ਵਿਚ ਦਰਿਆ ਰਾਵੀ ਤੇ ਦੋ ਮੰਜਲਾ ਪੁਲ ਬਣਿਆ ਸੀ ਜਿਸ ਬਾਬਤ ਵੀ ਇਲਾਕੇ ਵਿਚ ਬੜੀਆਂ ਦੰਦ ਕਥਾਵਾਂ ਮਸ਼ਹੂਰ ਸਨ ਕਿ ਨੀਂਹ ਪੁੱਟਦਿਆਂ ਇਕ ਵੱਡੀ ਪੋਟੀ ਨਿਕਲੀ ਸੀ। ਫਿਰ ਇਸ ਲਿਖਾਰੀ ਦਾ ਸਰਹੱਦੀ ਪਿੰਡ ਅਲਾਵਲਪੁਰ, ਹਾਲਾਂ ਕਰਤਾਰਪੁਰ ਸਾਹਿਬ ਤੋਂ 9 ਕਿ. ਮੀ. ਹਟਵਾ ਹੈ ਪਰ 1965 ਦੀ ਜੰਗ ਤੋਂ ਪਹਿਲਾਂ ਕਰਤਾਰਪੁਰ ਦੀ ਉੱਚੀ ਇਮਾਰਤ ਦਾ ਗੁੰਬਦ ਪਿੰਡੋ ਹੀ ਨਜਰ ਆਇਆ ਕਰਦਾ ਸੀ। ਮਾਤਾ ਗੁਰਚਰਨ ਕੌਰ, ਕਰਤਾਰਪੁਰ ਬਾਰੇ ਬਹੁਤ ਕਹਾਣੀਆਂ ਦੱਸਿਆ ਕਰਦੀ ਸੀ। ਦਾਦੇ ਦੇ ਭਰਾ ਬੂੜ ਸਿੰਘ ਦਾ ਜਦੋਂ 1963 ਵਿਚ ਚਲਾਣਾ ਹੋਇਆ ਤਾਂ ਉਹਦੇ ਫੁਲ ਤਾਰਨ ਮੇਰੇ ਤਾਏ ਮੱਲਾ ਸਿੰਘ ਅਤੇ ਹਜਾਰਾ ਸਿੰਘ ਮੈਨੂੰ ਵੀ ਸਰਹੱਦ ਪਾਰ ਰਾਵੀ ਤਕ ਲੈ ਗਏ। ਉਦੋਂ ਕਰਤਾਰਪੁਰ ਸਾਹਿਬ ਦੂਰੋਂ ਇਉ ਲਗ ਰਿਹਾ ਸੀ ਜਿਵੇ ਰਾਵੀ ਉਤੇ ਤਰ ਰਿਹਾ ਹੈ। ਇਹ ਨਜ਼ਾਰਾ ਹਿਰਦੇ ਵਿਚ ਬਹਿ ਗਇਆ। ਦਾਸ ਉਦੋਂ ਮਸਾਂ 12 ਸਾਲ ਦਾ ਸੀ।

1994 ਵਿਚ ਪਾਕਿਸਤਾਨ ਗੁਰਧਾਮਾਂ ਦੀ ਯਾਤਰਾ ਵਿਚ ਜਾਣ ਵਾਲੇ ਸ਼ਰਧਾਲੂ ਕੋਈ 3000 ਸਨ ਤੇ ਜਥੇ ਦੇ ਆਗੂ ਮਨਜੀਤ ਸਿੰਘ ਕਲਕੱਤਾ ਸਕੱਤਰ ਸ਼੍ਰੋਮਣੀ ਕਮੇਟੀ ਸਨ। ਦਾਸ ਨੂੰ ਵੀ ਇਸ ਜਥੇ ਨਾਲ ਜਾਣ ਦਾ ਸੁਭਾਗ ਪ੍ਰਾਪਤ ਹੋਇਆ। ਓਦੋਂ ਇਹ ਲਿਖਾਰੀ ਈ ਐਸ ਆਈ ਸੀ (ਕੇਂਦਰ ਸਰਕਾਰ ਦਾ ਕਾਰਖਾਨਿਆਂ ਨਾਲ ਸਬੰਧਤ ਮਹਿਕਮਾ) ਵਿਚ ਬਤੌਰ ਮੈਨੇਜਰ ਬਟਾਲੇ ਲੱਗਾ ਹੋਇਆ ਸੀ। ਅਟਾਰੀ ਤੋਂ ਦੁਪਿਹਰ ਦੀ ਚਲੀ ਰੇਲ ਅਗਲੇ ਸਵੇਰੇ 4 ਵਜੇ ਪੰਜਾ ਸਾਹਿਬ ਪਹੁੰਚੀ।

ਵੈਸਾਖੀ (14 ਅਪ੍ਰੈਲ 1994) ਨੂੰ ਬੇਨਜ਼ੀਰ ਭੁੱਟੋ ਸਰਕਾਰ ਦੇ ਵਜੀਰ ਸਰਦਾਰ ਫਤਹਿ ਮੁਹੰਮਦ ਹਸਨੀ (ਬਲੋਚ) ਤੇ ਔਕਾਫ ਬੋਅਡ ਦੇ ਆਲਾ ਅਫਸਰ ਸਵੇਰੇ ਹੀ ਜਥੇ ਦਾ ਸਵਾਗਤ ਕਰਨ ਪੰਜਾ ਸਾਹਿਬ ਵਿਖੇ ਪਹੁੰਚੇ। ਹਸਨੀ ਜਦੋਂ ਸੰਗਤ ਨੂੰ ਸੰਬੋਧਨ ਕਰ ਰਿਹਾ ਸੀ ਤਾਂ ਉਨੂੰ ਕੋਈ ਵੀ ਸੁਣਨ ਨੂੰ ਤਿਆਰ ਨਹੀ ਸੀ। ਜਿਆਦਾਤਰ ਸੰਗਤ ਖੜੀ ਸੀ। ਇਸ

ਰਹਿਣ ਨੂੰ ਲੋਕੀ ਵਹਿਮ ਮੰਨਦੇ ਸਨ ਕਿ ਜੇ ਇਹ ਬਾਲੀ ਨਾਂ ਗਈ ਤਾਂ ਚਿਖਾ ਨੇ ਕੋਈ ਹੋਰ ਲਾਸ਼ ਮੰਗ ਲੈਣੀ ਹੈ। ਮਤਲਬ ਕਿਸੇ ਹੋਰ ਦੀ ਮੌਤ ਹੋ ਸਕਦੀ ਹੈ।

ਗੁਰਸਿੱਖਾਂ ਦੇ ਵਿਰੋਧ ਦੇ ਬਾਵਜੂਦ ਪ੍ਰਵਾਰ ਅਤੇ ਰਿਸ਼ਤੇਦਾਰਾਂ ਯੋਜਨਾ ਬਣਾਈ ਕਿ ਚਿਖਾ ਜਲਾਉਣ ਉਪਰੰਤ ਮੜੀ ਵੀ ਬਣਾ ਲਈ ਜਾਵੇ। ਕਿਉਕਿ ਲੋਕਾਈ ਨੂੰ ਕੋਈ ਥਾਂ ਚਾਹੀਦੀ ਹੁੰਦੀ ਹੈ ਜਿੱਥੇ ਉਹ ਮੱਥਾ ਟੇਕ ਸਕੇ। ਚੜ੍ਹਤ ਚੜਾਵਾ ਫਿਰ ਮੱਥਾ ਟੇਕਣ ਨਾਲ ਹੀ ਆਉਦਾ ਹੈ। ਸਿਧਾਂਤਵਾਦੀ ਗੁਰਸਿੱਖ ਇਸ ਸਾਰੀ ਗਲ ਦਾ ਲਗਾਤਾਰ ਵਿਰੋਧ ਕਰ ਰਹੇ ਸਨ ਕਿਉਕਿ ਗੁਰੂ ਸਾਹਿਬ ਗੋਰਾਂ ਮੜੀਆਂ ਦੇ ਪੂਜਣ ਦੇ ਸਖਤ ਵਿਰੋਧੀ ਸਨ।

1997 ਈ. ਤੋਂ ਪਹਿਲਾਂ ਦਾ ਕਰਤਾਰਪੁਰ। ਦੁਆਲੇ ਦੇ ਗੁੰਬਦ ਬੰਬਾਰੀ ਵਿਚ ਢਾਹੇ ਜਾ ਚੁੱਕੇ ਸਨ। ਦੁਆਲੇ ਜੰਗਲ ਜਿਹਾ ਬਣਿਆ ਹੋਇਆ ਸੀ। 1954 ਈ ਤੋਂ 1970 (ਲਗ ਪਗ) ਇਕ ਮੁਸਲਮਾਨ ਫੌਜੀ ਸੇਵਾ ਕਰਦਾ ਹੁੰਦਾ ਸੀ। ਬਾਦ ਵਿਚ ਪਿੰਡ ਕੋਠੇ ਦੇ ਈਸਾਈ ਸ਼ਾਮ ਨੂੰ ਆ ਕੇ ਦੀਵਾ ਬਾਲਦੇ ਰਹੇ ਨੇ।

ਹੇਠਾਂ-1927-28 ਵਿਚ ਬਣਿਆ ਰਾਵੀ ਉਤੇ ਕਰਤਾਰਪੁਰ ਪੁਲ ਜੋ 1965 ਅਤੇ 1970 ਦੀਆਂ ਭਾਰਤ- ਪਾਕ ਜੰਗਾਂ ਮੌਕੇ ਬੰਬਾਂ ਨਾਲ ਤਬਾਹ ਕੀਤਾ ਗਇਆ ਸੀ। ਕਿਉਕਿ ਪੁਰਾ ਪੁਲ ਲੋਹੇ ਦਾ ਸੀ ਬਾਦ ਵਿਚ ਇਹਨੂੰ ਉਖਾੜ ਕੇ ਰੱਦੀ ਦੇ ਭਾਅ ਵੇਚ ਦਿੱਤਾ ਗਇਆ। ਹੇਠਲੀ ਤਸਵੀਰ ਹੁਣ ਦੀ ਹੈ ਜਿਥੇ ਅੱਜ ਸਿਰਫ ਪੁਲ ਦੇ ਥੰਮੇ ਬਚੇ ਨਜਰ ਆ ਰਹੇ ਨੇ।

ਪਰ ਪ੍ਰਵਾਰ ਕਿਸੇ ਵੀ ਸੂਰਤ ਵਿੱਚ ਚਿਣੀ ਹੋਈ ਚਿਖਾ ਨੂੰ ਬਰਕਰਾਰ ਨਹੀ ਸੀ ਰੱਖਣਾ ਚਾਹੁੰਦਾ। ਚਿੱਖਾ ਦੀ ਲਕੜੀ ਨੂੰ ਹੋਰ ਕਿਸੇ ਕੰਮ ਵਰਤਣਾ ਵੀ ਕਲੈਹਣਾ ਗਿਣਿਆ ਜਾਂਦਾ ਸੀ।

ਪੈੜ ਸਾਡੀ

ਲਿਖਾਰੀ ਨੇ ਕਲਕੱਤਾ ਨੂੰ ਸੁਚੇਤ ਕੀਤਾ ਕਿ ਇਹ ਅਗਲੇ ਦੀ ਬੇਇਜਤੀ ਹੋ ਰਹੀ ਹੈ। ਕੱਲਕਤੇ ਨੇ ਮੈਨੂੰ ਹੁਕਮ ਕਰ ਦਿਤਾ ਕਿ ਤੂੰ ਸੰਗਤ ਨੂੰ ਬੈਠਾ ਕੇ ਵੇਖ ਲੈ ਜੇ ਕੋਈ ਬਹਿੰਦਾ ਹੈ ਤਾਂ।

ਮੈਂ ਵਜੀਰ ਨੂੰ ਬੇਨਤੀ ਕਰਕੇ ਮਾਈਕ ਆਪਣੇ ਹੱਥ ਲਿਆ ਤੇ ਸੰਗਤ ਨੂੰ ਵਜੀਰ ਦੀ ਅਹਿਮੀਅਤ ਬਾਰੇ ਦੱਸਿਆ। ਸੰਗਤ ਬਹਿ ਗਈ ਤੇ ਬੜੇ ਪਿਆਰ ਸਤਿਕਾਰ ਨਾਲ ਪਾਕਿਸਤਾਨੀ ਵਜੀਰ ਦੀ ਗਲ ਸੁਣੀ। ਉਹ ਬਾਰ ਬਾਰ ਕਹਿ ਰਿਹਾ ਸੀ ਕਿ ਅਸੀ ਪਿਛਲੇ ਖਰਵੇ ਇਤਹਾਸ ਤੇ ਮਿੱਟੀ ਪਾ ਕੇ ਸਿੱਖਾਂ ਨਾਲ ਚੰਗੇ ਸਬੰਧ ਬਣਾਉਣ ਦੇ ਚਾਹਵਾਨ ਹਾਂ।

ਸਰਦਾਰ ਫਤਹਿ ਮੁਹੰਮਦ ਹਸਨੀ ਦੀ 4 ਸਾਲ ਪਹਿਲਾਂ ਦੀ ਤਸਵੀਰ।

ਦੀਵਾਨ ਉਪਰੰਤ ਗੁਰਦੁਆਰਾ ਪ੍ਰਬੰਧਕਾਂ ਵਲੋਂ ਵਜੀਰ ਦੇ ਸਤਿਕਾਰ ਵਿਚ ਚਾਹ ਪਾਣੀ ਰੱਖਿਆ ਹੋਇਆ ਸੀ। ਜਿਵੇ ਅਗਲਿਆਂ ਨੂੰ ਅਹਿਸਾਸ ਹੋਇਆ, ਪਾਕਿਸਤਾਨੀ ਅਫਸਰਾਂ ਇਸ ਲਿਖਾਰੀ ਨੂੰ ਵੀ ਸ਼ਾਮਲ ਹੋਣ ਲਈ ਸੱਦਾ ਦਿੱਤਾ। ਚਾਹ ਪਾਣੀ ਮੌਕੇ ਪਾਕਿਸਤਾਨੀ ਅਫਸਰਾਂ ਗਿਲਾ ਕੀਤਾ ਕਿ ਸਿੱਖ ਲੋਕ ਬਹੁਤ ਭੋਲੇ ਹਨ, ਸਾਡੇ ਮਾਣਯੋਗ ਵਜੀਰ ਦੀ ਬੇਇਜਤੀ ਕਰ ਦਿਤੀ ਹੈ ਜਿਹੜਾ ਉਹਨਾਂ ਨੂੰ ਸੁਣ ਨਹੀ ਸੀ ਰਹੇ। ਹਾਲਾਂ ਕਸੂਰ ਵਜੀਰ ਦਾ ਸੀ ਛੋਟੀ ਉਮਰ ਦਾ, ਰਾਜਨੀਤੀ ਤੋਂ ਉਹ ਬਿਲਕੁਲ ਅਨਾੜੀ ਲਗਦਾ ਸੀ ਓਦੋਂ। ਪੰਜਾਬੀ ਤਾਂ ਛੱਡੋ, ਉਹ ਉਰਦੂ ਵੀ ਨਹੀ ਸੀ ਚੰਗੀ ਤਰਾਂ ਬੋਲ ਪਾ ਰਿਹਾ।

ਅਸਾਂ ਪਾਕਿਸਤਾਨੀ ਅਫਸਰ ਨੂੰ ਕਿਹਾ ਕਿ ਇਥੋਂ ਦਾ ਇੰਤਜਾਮ ਤੁਹਾਡਾ ਹੈ। ਸੰਗਤ ਨੂੰ ਜਿਵੇ ਕਹੋਗੇ ਲੋਕ ਓਸੇ ਤਰਾਂ ਕਰਦੇ ਹਨ। ਵੇਖੋ ਨਾਂ ਅਸੀ ਜਦੋਂ ਸੰਗਤ ਨੂੰ ਕਿਹਾ ਤਾਂ ਸਾਰਿਆਂ ਨੇ ਚੁੱਪ ਚਾਪ ਵਜੀਰ ਦੀ ਗਲ ਸੁਣੀ ਹੈ। ਅਫਸਰ ਫਿਰ ਵੀ ਜਿੱਦ ਕਰ ਰਿਹਾ ਸੀ ਕਿ ਨਹੀ ਸਿੱਖ ਹੁੰਦੇ ਹੀ ਮੂਰਖ ਨੇ। ਬਸ ਇਥੋਂ ਹੀ ਗਲ ਅੱਗੇ ਤੁਰ ਪਈ। ਅਸੀ ਕਿਹਾ ਕਿ ਤੁਸੀ ਵੀ ਕਿਹੜੇ ਸਿਆਣੇ ਹੋ। ਇਕ ਪਾਸੇ ਤੁਸੀ ਕਹਿ ਰਹੇ ਹੋ ਕਿ ਅਸੀ ਸਿੱਖਾਂ ਨਾਲ ਸਬੰਧ ਸੁਧਾਰਨਾ ਚਾਹੁੰਦੇ ਹਾਂ ਪਰ ਉਹ ਚੀਜਾਂ ਸਿੱਖਾਂ ਨੂੰ ਨਹੀ ਵਿਖਾਉਦੇ ਜਿਸ ਨਾਲ ਸਿੱਖ-ਮੁਸਲਿਮ ਨੇੜਤਾ ਹੋਵੇ।

ਸਾਡੀ ਇਸ ਗਲ ਨੇ ਸਬੰਧਿਤ ਪਾਕਿਸਤਾਨੀ ਅਫਸਰਾਂ ਦੀ ਹਾਲਤ ਖਸਤਾ ਕਰ ਦਿੱਤੀ। ਉਹ ਫਿਰ ਵੀ ਕਹਿ ਰਹੇ ਸਨ ਕਿ ਨਹੀ ਜੀ ਸਿੱਖ ਹੁੰਦੇ ਹੀ ਝੱਲੇ ਨੇ।

ਗਲ ਨੇ ਕੁਝ ਅਜਿਹਾ ਮੋੜ ਲਿਆ ਕਿ ਅਸਾਂ ਨੂੰ ਕਹਿਣਾ ਪੈ ਗਇਆ ਕਿ ਮੁਸਲਮਾਨ ਵੀ ਤਾਂ ਸਾਡੇ ਹੀ ਭਰਾ ਹਨ, ਸਿਆਣੇ ਨਹੀ ਹਨ। ਉਸ ਵਕਤ ਫਿਰ ਕਲਕੱਤੇ ਨੇ ਮੈਨੂੰ ਉਤਸ਼ਾਹ ਦਿੱਤਾ ਕਿ ਕਰੋ ਗਲ, ਦੱਸੋ ਕਿਵੇ ਪਾਕਿਸਤਾਨੀ ਮੂਰਖ ਹਨ। ਗਲ ਠੱਠੇ ਮਖੌਲ ਵਿਚ ਹੋ ਤੁਰੀ। ਫਿਰ ਇਸ ਦਾਸਰੇ ਨੇ ਕਰਤਾਰਪੁਰ ਸਾਹਿਬ ਬਾਰੇ ਸਾਰੀ ਅਵਸਥਾ ਬਿਆਨ ਕੀਤੀ। ਕਿ ਇਕ ਪਾਸੇ ਤੁਸੀ ਸਿੱਖਾਂ ਦੇ ਮੁਸਲਮਾਨਾਂ ਨਾਲ ਸਬੰਧ ਸੁਧਾਰਨਾ ਚਾਹੁੰਦੇ ਹੋ ਦੂਸਰੇ ਪਾਸੇ ਉਹ ਥਾਵਾਂ ਨਹੀ ਵਿਖਾਉਦੇ ਜਿੰਨਾਂ ਨਾਲ ਸਿੱਖ-ਮੁਸਲਿਮ ਪ੍ਰੇਮ ਵਧੇ।

ਪਾਕਿਸਤਾਨੀਆਂ ਅਫਸਰਾਂ ਦੇ ਪੁੱਛਣ ਤੇ ਅਸਾਂ ਉਹਨਾਂ ਨੂੰ ਸੁਝਾਅ ਦਿੱਤਾ ਕਿ ਗੁਰੂ ਨਾਨਕ ਪਾਤਸ਼ਾਹ ਦੀ ਕਬਰ ਦੇ ਦਰਸ਼ਨ ਵੀ ਕਰਵਾਇਆ ਕਰੋ ਸੰਗਤਾਂ ਨੂੰ। ਉਹ ਪੁੱਛਣ ਲੱਗ ਪਏ, "ਕਿੱਥੇ ਹੈ ਕਬਰ?" ਅਸਾਂ ਕਿਹਾ ਪਾਕਿਸਤਾਨ ਵਿਚ। ਬਾਰ ਬਾਰ ਉਹਨਾਂ ਦੇ ਪੁੱਛਣ ਤੇ ਅਸਾਂ ਉਹਨਾਂ ਨੂੰ ਅਹਿਸਾਸ ਕਰਵਾਇਆ ਕਿ ਉਹ ਵੀ ਤਾਂ ਸਾਡੇ ਹੀ ਭਰਾ ਹਨ।

ਜਦੋਂ ਪਾਕਿਸਤਾਨੀਆਂ ਨੂੰ ਪਤਾ ਲੱਗਾ ਕਿ ਗੁਰੂ ਨਾਨਕ ਦੀ ਕਬਰ ਵੀ ਹੈਗੀ ਆ ਅਤੇ ਉਹ ਵੀ ਪਾਕਿਸਤਾਨ ਵਿਚ ਤਾਂ ਉਹਨਾਂ ਨੂੰ ਤਾਂ ਚਾਅ ਚੜ੍ਹ ਗਿਆ। ਸਾਡੇ ਕੋਲੋ ਸਾਰੀ ਤਫਸੀਲ ਓਨਾਂ ਹਾਸਲ ਕੀਤੀ। ਸਾਡੀ ਇਹ ਗਲ ਸੁਣਕੇ ਪਾਕਿਸਤਾਨੀਆਂ ਨੇ ਮੂੰਹ ਤੇ

2002 ਵਿਚ ਜਦੋਂ ਐਮ ਐਲ ਏ ਸੁਖਜਿੰਦਰ ਸਿੰਘ ਰੰਧਾਵਾ ਵਲੋਂ ਲਾਂਘਾ ਗੇਟ ਦਾ ਨਿਰਮਾਣ ਸ਼ੁਰੂ ਕਰਨ ਤੇ ਅਸੀ ਮੌਕਾ ਵੇਖਣ ਗਏ ਤਾਂ ਮਾਤਾ ਗੁਰਚਰਨ ਕੌਰ ਸਾਡੇ ਨਾਲ ਸੀ। ਕਰੇਨ ਦੇ ਨਾਲ ਹੀ ਜਦੋਂ ਅਸੀ ਤਸਵੀਰ ਲੈਣੀ ਚਾਹੀ ਤਾਂ ਮਾਤਾ ਨੇ ਕਿਹਾ ਮੇਰੀ 'ਫੋਟੂ' ਰਹਿਣ ਦੇ। ਏਸੇ ਥਾਂ ਤੇ ਹੀ ਫਿਰ ਗੇਟ ਬਣਿਆ ਸੀ। ਬਾਦ ਵਿਚ ਰੰਧਾਵਾ ਚੋਣ ਹਾਰ ਗਇਆ ਤਾਂ ਉਸ ਨੇ ਸਮਝਿਆ ਕਿ ਕੁਝ ਲੋਕ (ਹਿੰਦੂ ਵੋਟਰ) ਲਾਂਘਾ ਨਹੀ ਚਾਹੁੰਦੇ ਜਿੰਨਾਂ ਉਹਨੂੰ ਹਰਾਇਆ ਹੈ ਇਸ ਕਰਕੇ ਲਾਂਘਾ ਅੰਦੋਲਨ ਤੋਂ ਆਪਣੇ ਹੱਥ ਪਿੱਛੇ ਖਿੱਚ ਲਏ। ਗੇਟ ਬਣਾਉਣਾ ਵਿਚੇ ਰੋਕ ਦਿੱਤਾ ਜੋ ਅੱਜ ਤਕ ਅਧੂਰਾ ਪਿਆ ਹੈ। 2001 ਵਿਚ ਏਸੇ ਰੰਧਾਵਾ ਨੇ ਕਰਤਾਰਪੁਰ ਦੇ ਪੋਸਟਰ ਛਪਵਾਉਣ ਵਿਚ ਮਦਦ ਕੀਤੀ ਸੀ। ਇਹਨਾਂ ਲੋਕਾਂ ਦਾ ਆਪਣਾ ਕੋਈ ਸਟੈਂਡ ਨਹੀ। ਇਹ ਹਵਾ ਦੇ ਰੁੱਖ ਅਨੁਸਾਰ ਹੀ ਝੂਲਦੇ ਨੇ।

ਫਿਰ 2007 ਅਤੇ 2012 ਵਿਚ ਵੀ ਰੰਧਾਵਾ ਜਿੱਤ ਗਏ ਪਰ ਸਰਕਾਰ ਅਕਾਲੀ ਦਲ ਦੀ ਸੀ। ਅਕਾਲੀ ਦਲ ਨੇ ਗੁੱਸੇ ਵਿਚ ਆ ਕੇ ਪਵਿਤ੍ਰ ਨਗਰੀ ਡੇਰਾ ਬਾਬਾ ਨਾਨਕ ਦੀਆਂ ਸੜਕਾਂ ਨੂੰ ਨਜਰ ਅੰਦਾਜ਼ ਕਰ ਦਿੱਤਾ ਜਿਸ ਕਾਰਨ ਇਥੇ ਲਗਦੇ ਮੇਲੇ ਦੌਰਾਨ ਸ਼ਰਧਾਲੂਆਂ ਨੂੰ ਵੱਡੀ ਤੰਗੀ ਹੁੰਦੀ ਸੀ। ਡੇਰਾ ਬਾਬਾ ਨਾਨਕ ਵਿਖੇ ਵਿਸਾਖੀ ਤੇ ਵੀ ਵੱਡਾ ਮੇਲਾ ਲਗਿਆ ਕਰਦਾ ਸੀ ਅਕਾਲੀ ਦਲ ਦੀ ਬੇਰੁਖੀ ਕਾਰਨ ਉਹ ਖਤਮ ਹੋ ਚੁੱਕਾ ਹੈ। ਚੋਲੇ ਦੇ ਮੇਲੇ ਤੇ ਵੱਡੀ ਅਕਾਲੀ ਕਾਨਫ੍ਰੰਸ ਹੋਇਆ ਕਰਦੀ ਸੀ ਜਿਸ ਵਿਚ ਦਲ ਦੇ ਵੱਡੇ ਲੀਡਰ ਹਾਜਰੀ ਭਰਿਆ ਕਰਦੇ ਸਨ ਉਹਦਾ ਵੀ ਬਾਦਲ/ਟੌਹੜਾ ਨੇ ਭੋਗ ਪਾ ਦਿੱਤਾ।

ਪੈੜ ਅਗਲੇ ਸਫੇ ਤੇ ਚਲਦਾ ➡

ਕਿਉਕਿ ਗੁਰੂ ਨਾਨਕ ਨੂੰ ਮੁਸਲਮਾਨ ਆਪਣਾ ਪੀਰ ਤੇ ਹਿੰਦੂ ਆਪਣਾ ਸਾਧੂ ਸੰਤ ਸਮਝਦੇ ਸਨ ਇਸ ਕਰਕੇ ਮੁਸਲਮਾਨਾਂ ਦੀ ਮੰਗ ਨੂੰ ਨਜਰਅੰਦਾਜ਼ ਕਰਨਾਂ ਪ੍ਰਵਾਰ ਵਾਸਤੇ ਮੁਸ਼ਕਲ ਹੋ ਰਿਹਾ ਸੀ। ਫਿਰ ਵਿਰੋਧ ਕਰਨ ਵਾਲੇ ਮੁ˙ਸਲਮਾਨਾਂ ਵਿੱ˙ਚ ਕੁ˙ਝ ਇਲਾਕੇ ਦੇ ਤਾਕਤਵਰ ਚੌਧਰੀ ਵੀ ਸ਼ਾਮਲ ਹੋ ਗਏ।

ਅੱਜ ਪੂਰੀ ਸ਼ਾਨ ਹੈ ਕਰਤਾਰਪੁਰ ਸਾਹਿਬ ਦੀ

ਅਖੀਰ ਤੇ ਇਹੋ ਫੈਸਲਾ ਹੋਇਆ ਕਿ ਗੁਰੂ ਸਾਹਿਬ ਦੀ ਚਾਦਰ, ਬਿਸਤਰਾਂ ਅਤੇ ਕੁੱਸਾ ਜਿੱਥੇ ਉਹ ਅਖੀਰ ਸਮੇਂ ਮੌਜੂਦ ਸਨ ਉਹ ਅੱਧਾ ਅੱਧਾ ਕਰਕੇ ਹਿੰਦੂ ਮੁਸਲਮਾਨਾਂ ਵਿੱਚ ਵੰਡ ਲਿਆ ਜਾਵੇ।

ਗੁਰਸਿੱਖਾਂ ਦੀ ਉਸ ਵੇਲੇ ਕਿਸੇ ਨਾਂ ਸੁਣੀ।

ਗੁਰੂ ਸਾਹਿਬ ਦਾ ਅੱਧਾ ਬਿਸਤਰ ਤੇ ਚਾਦਰ ਚਿਖਾ ਤੇ ਰੱਖ ਕੇ ਫਿਰ ਸ੍ਰੀ ਚੰਦ ਨੇ ਅੱਗ ਵਿਖਾ ਦਿੱਤੀ।

ਦੂਸਰੇ ਪਾਸੇ ਮੁਸਲਮਾਨ ਸ਼ਰਧਾਲੂਆਂ ਨੇ ਕਬਰ ਪੁੱਟ ਵਿੱਚ ਚਾਦਰ ਦਫਨਾ ਦਿੱਤੀ।

ਚੌਥੇ ਦਿਨ ਫਿਰ ਚਿਖਾ ਦੀ ਕੁਝ ਭਸਮ ਤਾਂ ਰਾਵੀ ਵਿੱਚ ਵਹਾ ਦਿੱਤੀ। ਕਿਉਕਿ ਉਦਾਸੀ ਸਾਧੂ ਬਿਭੂਤੀ ਨੂੰ ਬਹੁਤ ਅਹਿਮੀਅਤ ਦਿੰਦੇ ਨੇ ਬਾਬਾ ਸ੍ਰੀ ਚੰਦ ਨੇ ਕੁਝ ਬਿਭੂਤੀ ਸੋਨੇ ਦੀ ਗੜਵੀ▫ ਵਿੱਚ ਪਾ ਕੇ ਓਸੇ ਸਥਾਨ ਤੇ ਦੱਬਵਾ ਦਿੱਤੀ ਜਿੱਥੇ ਚਿਖਾ ਸੀ। ਬਾਦ ਵਿੱਚ ਇਥੇ ਮੜੀ ਉਸਾਰੀ ਗਈ।

ਸੋ ਓਹੋ ਮੜੀ ਤੇ ਕਬਰ ਅੱਜ ਕਰਤਾਰਪੁਰ ਵਿਖੇ ਮੌਜੂਦ ਹੈ।

ਇਸ ਪ੍ਰਕਾਰ ਨਾਨਕ ਨਾਂ ਦੇ ਇੱਕ ਹੀ ਪੈਰੰਬਰ ਦੇ ਦੋ ਅੰਤਮ ਅਸਥਾਨ ਬਣ ਗਏ।

ਪਰ ਗਲ ਇਥੇ ਵੀ ਨਹੀ ਮੁਕਦੀ ਅਗੇ ਪੜੋ ਇੱਕ ਮੜੀ ਹੋਰ ਵੀ ਬਣਦੀ ਹੈ (ਵੇਖੋ ਡੇਰਾ ਬਾਬਾ ਨਾਨਕ)

—▲—

ਪੈੜ ਸਫ਼ਾ

➡ ਪਿੱਛਲੀ ਬਾਕੀ ਉ˙ਗਲਾ ਰੱਖ ਲਈਆਂ। ਵਜ਼ੀਰ ਅਫਸਰਾਂ ਵਲ ਅੱਖਾਂ ਪਾੜ ਪਾੜ ਵੇਖ ਰਿਹਾ ਸੀ। ਅਗਲਿਆਂ ਨੇ ਓਸੇ ਵੇਲੇ ਕਰਤਾਰਪੁਰ ਸਾਹਿਬ ਦਾ ਸਾਰਾ ਪਤਾ ਟਿਕਾਣਾ ਸਮਝ ਲਿਆ।

ਓਦੋਂ ਕਰਤਾਰਪੁਰ ਸਾਹਿਬ ਇਮਾਰਤ ਦੀ ਹਾਲਤ ਖਰਾਬ ਹੋ ਚੁੱਕੀ ਸੀ। ਦੋ ਜੰਗਾਂ ਹੋਣ ਕਰਕੇ, ਬੁਲੰਦ ਗੁੰਬਦ ਢੱਠ ਚੁੱਕਾ ਸੀ। ਦਰਵਾਜੇ ਖਿੜਕੀਆਂ ਵੀ ਅਲੋਪ ਹੋ ਚੁੱਕੇ ਸਨ। 1955 ਤੋਂ ਬਾਦ ਗੁਰਦੁਆਰਾ ਸਾਹਿਬ ਅੰਦਰ ਇਕ ਮੁਸਲਮਾਨ ਫੌਜੀ ਸੇਵਾ ਕਰਿਆ ਕਰਦਾ ਸੀ। ਵੰਡ ਤੋਂ ਪਹਿਲਾਂ ਤਾਰਾਗੜ੍ਹ (ਨੇੜੇ ਬਟਾਲਾ) ਦੇ ਰਹਿਣ ਵਾਲੇ ਇਸ ਫੌਜੀ ਤੇ ਗੁਰੂ ਨਾਨਕ ਦੀ ਅਜਿਹੀ ਬਖਸ਼ਸ਼ ਹੋਈ ਕਿ ਉਸ ਨੇ ਫੌਜ ਦੀ ਨੌਕਰੀ ਹੀ ਛੱਡ ਦਿੱਤੀ ਸੀ।

ਫੌਜੀ ਤੋਂ ਬਾਦ ਨਾਲ ਦੇ ਪਿੰਡ ਕੋਠੇ ਦੇ ਈਸਾਈ ਚਰਾਗ ਬੱਤੀ ਕਰਦੇ ਸਨ, ਕਿਉਕਿ ਗਾਹੇ ਬਿਗਾਹੇ ਇਸ ਅਸਥਾਨ ਤੇ ਮੁਸਲਮਾਨ ਸ਼ਰਧਾਲੂ ਵੀ ਆ ਜਾਇਆ ਕਰਦੇ ਸਨ। ਕਿਉਕਿ ਅਜੇ ਕੰਢਿਆਲੀ ਤਾਰ ਨਹੀ ਸੀ ਲੱਗੀ, ਸਾਡੇ ਇਲਾਕੇ ਦੇ ਸਿਰ ਫਿਰੇ ਸ਼ਰਧਾਲੂ ਕਦੀ ਰਾਤ ਬਰਾਤੇ ਕਰਤਾਰਪੁਰ ਫੇਰਾ ਵੀ ਮਾਰ ਆਇਆ ਕਰਦੇ ਸਨ। ਪਿੰਡ ਭਗਠਾਣਾ ਬੋੜਾਂ ਵਾਲੇ ਦੇ ਬਾਵਾ ਸਿੰਘ ਜਦੋਂ ਰਾਤ ਓਥੇ ਗਇਆ ਤਾਂ ਗੁਰੂ ਗ੍ਰੰਥ ਸਾਹਿਬ ਨੂੰ ਜਿਸ ਤਰਾਂ ਸੰਤੋਖਿਆ ਹੋਇਆ ਸੀ ਉਹ ਉਸ ਤੋਂ ਬਰਦਾਸ਼ਤ ਨਾਂ ਹੋਇਆ ਤੇ ਚੁੱਪ ਚੁਪੀਤੇ ਬੀੜ ਨੂੰ ਉਹ ਚੁੱਕ ਲਿਆਇਆ।

ਸੋ ਜਦੋਂ ਪਾਕਿਸਤਾਨੀਆਂ ਨੂੰ ਪਤਾ ਲੱਗਾ ਕਿ ਗੁਰੂ ਨਾਨਕ ਦਾ ਅੰਤਮ ਅਸਥਾਨ ਪਾਕਿਸਤਾਨ ਵਿਚ ਹੈ ਤੇ ਉਥੇ ਸਾਹਿਬ ਦੀ ਕਬਰ ਵੀ ਹੈ ਤਾਂ ਪਾਕਿਸਤਾਨ ਨੇ ਤੁਰੰਤ 1995 ਅਤੇ 1997 ਵਿਚ ਕਰਤਾਰਪੁਰ ਸਾਹਿਬ ਦੀ ਕਾਰ ਸੇਵਾ ਕਰਵਾਈ। ਸ਼ਾਇਦ ਪਾਕਿਸਤਾਨ ਨੇ ਸੋਚਿਆ ਕਿ ਸਿੱਖਾਂ ਦੀ ਉਹਨਾਂ ਨੂੰ ਕੁੰਜੀ ਲੱਭ ਪਈ ਹੈ।

ਇਸ ਤੋਂ ਬਾਦ ਭਾਵ (1997 ਤੋਂ) ਜਦੋਂ ਵੀ ਜਥਾ ਪਾਕਿਸਤਾਨ ਜਾਏ ਤਾਂ ਓਕਾਫ ਬੋਅਡ ਐਲਾਨ ਕਰਿਆ ਕਰੇ ਕਿ ਪਾਕਿਸਤਾਨ ਸਰਕਾਰ ਕਰਤਾਰਪੁਰ ਨੂੰ ਖੋਲਣ ਦਾ ਵੀਚਾਰ ਕਰ ਰਹੀ ਹੈ। ਓਨਾਂ ਨੇ ਇਥੋਂ ਤਕ ਵੀ ਇਸ਼ਾਰਾ ਦੇ ਦਿਤਾ ਕਿ ਇਸ ਤੱਕ ਖੁੱਲਾ ਲਾਂਘਾ ਵੀ ਬਣਾਇਆ ਜਾ ਸਕਦਾ ਹੈ। ਅਜਿਹੀ ਹੀ ਇਕ ਖਬਰ 1999 ਵਿਚ ਡੇਰਾ ਬਾਬਾ ਨਾਨਕ ਦੇ ਸੋਹਣ ਸਿੰਘ ਖਾਸਾਂਵਾਲੀ ਨੇ ਅਜੀਤ ਅਖਬਾਰ ਵਿਚ ਲਾਈ। ਪਰ ਕੋਈ ਵੀ ਸਿੱਖ ਲੀਡਰ ਇਸ ਪਾਸੇ ਧਿਆਨ ਨਹੀ ਸੀ ਦੇ ਰਿਹਾ।

19 ਨਵੰਬਰ 2000 ਨੂੰ ਟ੍ਰਿਬਿਊਨ ਅਖਬਾਰ ਨੇ ਫਿਰ ਖਬਰ ਦਿੱਤੀ ਕਿ ਪਾਕਿਸਤਾਨ ਕਰਤਾਰਪੁਰ ਤਕ ਲਾਂਘਾ ਵੀ ਦੇ ਸਕਦਾ ਹੈ। 4 ਦਸੰਬਰ ਸੰਨ 2000 ਨੂੰ ਅਜੀਤ ਅਖਬਾਰ ਵਿਚ ਹਰਪਾਲ ਸਿੰਘ ਭੁੱਲਰ ਦੇ ਲੇਖ ਵਿਚ ਇਹੋ ਗਲ ਦੁਹਰਾਈ ਗਈ।

ਇਹ ਖਬਰਾਂ ਪੜ੍ਹਨ ਉਪਰੰਤ ਇਸ ਲਿਖਾਰੀ ਨੂੰ ਕੁਝ ਝਰਨਾਹਟ ਜਿਹੀ ਹੋਈ ਕਿ ਜਿਹੜੀ ਗਲ ਅਕਸਮਾਤ ਹੀ ਪੰਜਾ ਸਹਿਬ ਚੱਲੀ ਸੀ ਉਹਦਾ ਅਸਰ ਹੋ ਰਿਹਾ ਹੈ। ਜਿਸ ਕਰਕੇ ਅਸਾਂ ਸਿੱਖ ਲੀਡਰਾਂ ਤਕ ਪਹੁੰਚ ਕੀਤੀ ਤਾਂ ਕਿ ਉਹ ਮੰਗ ਕਰਨ ਕਿ ਕਰਤਾਰਪੁਰ ਸਾਹਿਬ ਖੁੱਲਣਾ ਚਾਹੀਦਾ। ਕਿਉਕਿ ਓਦੋਂ ਸਾਨੂੰ ਰਾਜਨੀਤਕ ਸਮਝ ਨਹੀ ਸੀ ਇਸ ਕਰਕੇ ਜਿਆਦਾ ਟੇਕ ਅਸਾਂ ਸਿਮਰਨਜੀਤ ਸਿੰਘ ਮਾਨ ਦੀ ਪਾਰਟੀ ਤੇ ਰੱਖੀ ਪਰ ਬਾਦਲ ਤੇ ਟੌਹੜਾ ਗਰੂਪਾਂ ਨੂੰ ਵੀ ਟੋਹਦੇ ਰਹੇ।

ਜਿਵੇ ਕਿ ਹਰ ਸਰਕਾਰੀ ਮੁਲਾਜਮ ਹੁੰਦੈ, ਅਜਿਹੇ ਰਾਜਨੀਤਕ ਕੰਮਾਂ ਤੋਂ ਡਰਦਾ ਹੈ ਅਸੀ ਵੀ ਹੱਦ ਦਰਜੇ ਤੇ ਡਰਪੋਕ ਸੀ। ਦੂਸਰੇ ਪਾਸੇ ਨੌਕਰੀ ਵਿਚ ਸਾਡੀ ਬਦਲੀ ਦਿੱਲੀ ਹੋ ਚੁੱਕੀ ਸੀ।

ਫਿਰ ਵੀ ਚੁੱਪ ਚੁੱਪੀਤੇ ਅਸੀ ਰਾਜਨੀਤਕ ਲੀਡਰਾਂ ਤਕ ਪਹੁੰਚ ਬਣਾਂ ਰਹੇ ਸਾਂ ਕਿ ਉਹ ਕਰਤਾਰਪੁਰ ਸਾਹਿਬ ਲਈ ਲਾਂਘਾ ਮੰਗਣ। ਬਾਕੀ ਤਾਂ ਇਸ ਅੰਦੋਲਨ ਵਿਚ ਪੈਰ ਪਾਉਣ ਨੂੰ ਤਿਆਰ ਨਹੀ ਸਨ ਆਖਿਰ ਅੰਮ੍ਰਿਤਸਰ ਦਾ ਅਕਾਲ ਪੁਰਖ ਕੀ ਫੌਜ ਨਾਂ ਦਾ ਜੱਥਾ ਲਾਂਘਾ ਮੰਗਣ ਲਈ ਅੰਦੋਲਨ ਕਰਨਾਂ ਮੰਨ ਗਿਆ ਪਰ ਬਾਦ ਵਿਚ ਪੈਰ ਪਿੱਛੇ ਖਿੱਚ ਲਏ।

ਫਰਵਰੀ 2001 ਵਿਚ ਅਕਾਲ ਤਖਤ ਸਾਹਿਬ ਤੇ ਕੋਈ ਬਾਦਲ ਵਿਰੋਧੀ ਇਕੱਠ ਹੋਇਆ ਸੀ। ਅਸੀ ਪੈੜ ਅਗਲੇ ਸਫੇ ਤੇ **ਚਲਦਾ ➡**

ਮਈ 2008 ਵਿਚ ਯੂ ਐਨ ਓ ਵਿਚ ਅਮਰੀਕਾ ਦਾ ਸਾਬਕਾ ਰਾਜਦੂਤ ਜਾਨ ਮੈਕਡੋਲਡ ਲਾਂਘੇ ਦਾ ਮੌਕਾ ਵੇਖਣ ਆਇਆ। ਸਰਹੱਦ ਤੇ ਖਲੋ ਕੇ ਜਦੋਂ ਉਹ ਪਤਰਕਾਰਾਂ ਨੂੰ ਮੁਖਾਤਿਬ ਹੋਇਆ ਤਾਂ ਬੀ. ਐਸ. ਐਫ ਵਾਲਿਆਂ ਉਹਨੂੰ ਧੁੱਸੀ ਤੋਂ ਥੱਲੇ ਜਾਣ ਦੇ ਹੁਕਮ ਕਰ ਦਿਤੇ। ਜਾਨ ਨੇ ਪਤ੍ਰਕਾਰਾਂ ਨੂੰ ਕਿਹਾ ਕਿ ਵੇਖ ਲਓ ਆਹ ਜੇ ਤੁਹਾਡਾ ਲੋਕ ਰਾਜ ਅਤੇ ਪ੍ਰੈਸ ਦੀ ਅਜਾਦੀ। ਓਥੇ ਭੜਥੂ ਪੈ ਗਇਆ। ਸੀ ਆਈ ਡੀ ਨੇ ਝੱਟ ਉਤੋਂ ਹੁਕਮ ਕਰਵਾਇਆ ਕਿ ਜਾਨ ਨੂੰ ਮੁਖਾਤਿਬ ਹੋਣ ਦਿੱਤਾ ਜਾਵੇ। ਜਾਨ ਸਾਨੂੰ ਪੁੱਛਦਾ ਕਿ ਇਥੇ ਸਰਹੱਦ ਤੇ ਆ ਕੇ ਤੁਸੀ ਕਿਹੋ ਜਿਹਾ ਅੰਦੋਲਨ ਕਰਦੇ ਹੋ। ਅਸਾਂ ਜਥੇਦਾਰ ਵਡਾਲਾ ਨੂੰ ਬੇਨਤੀ ਕੀਤੀ ਕਿ ਹੁਣ ਫਿਰ ਅਰਦਾਸ ਕਰੋ। ਅਰਦਾਸ ਦਾ ਮਤਲਬ ਜਾਨ ਨੂੰ ਸਮਝਾਇਆ। ਉਹਨੇ ਝੱਟ ਸਵਾਲ ਕਰ ਦਿੱਤਾ ਕਿ ਜਦੋਂ ਪ੍ਰਧਾਨ ਮੰਤਰੀ ਤੁਹਾਡਾ ਸਿੱਖ ਹੀ ਹੈ ਤਾਂ ਫਿਰ ਤੁਸੀ ਉਹਨੂੰ ਕਿਓ ਨਹੀ ਕਹਿੰਦੇ ਕਿ ਲਾਂਘਾ ਮਨਜੂਰ ਕਰੇ। ਅਸੀ ਮੈਕਡੋਨਲਡ ਨੂੰ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵੀ ਲੈ ਕੇ ਗਏ। ਉਹਨੇ ਝੱਟ ਸਵਾਲ ਕਰ ਦਿੱਤਾ ਕਿ ਇਕ ਬੰਦੇ ਦੀਆਂ ਤਿੰਨ ਸਮਾਧਾਂ ਜਾਂ ਕਬਰਾਂ ਕਿਵੇ ਹੋ ਸਕਦੀਆਂ ਹਨ? ਜਾਨ ਨੂੰ ਰਾਵੀ ਪੁਲ ਦੇ ਖੰਡਰਾਤ ਵੀ ਦਿਖਾਏ।

ਪੈਂਡਾ ਸਫ਼ਾ

➡ ਪਿੱਛਲੀ ਬਾਕੀ (ਲਾਂਘੇ ਦੀ ਕਹਾਣੀ.... ਓਥੇ ਪਹੁੰਚ ਲੀਡਰਾਂ ਨਾਲ ਗਲ ਕਰਨੀ ਚਾਹੀ। ਪਰ ਕਿਤੇ ਦਾਲ ਗਲੀ ਨਾਂ। ਜੋੜਾਘਰ ਜਦੋਂ ਪਹੁੰਚੇ ਤਾਂ ਜਥੇਦਾਰ ਕੁਲਦੀਪ ਸਿੰਘ ਵਡਾਲਾ ਨਾਲ ਮੇਲ ਹੋ ਗਿਆ। ਉਨਾਂ ਨੂੰ ਬੇਨਤੀ ਕੀਤੀ ਤਾਂ ਉਨਾਂ ਨੇ ਸਾਨੂੰ ਜਲੰਧਰ ਆ ਕੇ ਮਿਲਣ ਲਈ ਕਿਹਾ। ਆਖਿਰ 28 ਫਰਵਰੀ ਨੂੰ ਬੁਰਜ ਸਾਹਿਬ ਧਾਰੀਵਾਲ ਵਿਖੇ ਜਿਥੇ ਵਡਾਲਾ ਵੀ ਪਹੁੰਚੇ ਹੋਏ ਸਨ ਤਾਂ ਜਿਵੇ ਅਸਾਂ ਸੰਗਤ ਨੂੰ ਖਬਰ ਸੁਣਾਈ ਕਿ ਕਰਤਾਰਪੁਰ ਸਾਹਿਬ ਦੇ ਖੁੱਲਣ ਦੀ ਸੰਭਾਵਨਾ ਬਣੀ ਤਾਂ ਸੰਗਤ ਨੇ ਸਾਨੂੰ ਹੱਥਾਂ ਤੇ ਚੁੱਕ ਲਿਆ। ਸੰਗਤ ਦਾ ਜੋਸ਼ ਵੇਖ ਵਡਾਲਾ ਸਾਹਿਬ ਅਤੇ ਜਸਬੀਰ ਸਿੰਘ ਬਾਗੋ ਬਾਗ ਹੋ ਗਏ ਤੇ ਕਰਤਾਰਪੁਰ ਲਾਂਘੇ ਲਈ ਅੰਦੋਲਨ ਕਰਨ ਵਾਸਤੇ ਤਿਆਰ ਹੋ ਗਏ।

ਇਸ ਪ੍ਰਕਾਰ ਪਹਿਲੀ ਅਰਦਾਸ ਵਡਾਲਾ ਦੀ ਜਥੇਬੰਦੀ ਨੇ 13 ਅਪਰੈਲ 2001 ਨੂੰ ਡੇਰਾ ਬਾਬਾ ਨਾਨਕ ਇਕੱਠ ਕਰਕੇ ਸਰਹੱਦ ਤੇ ਕੀਤੀ। ਉਸੇ ਦਿਨ ਹੀ ਅਕਾਲ ਪੁਰਖ ਕੀ ਫੌਜ ਜਥਾ ਨੇ ਵੀ ਵੱਖਰੇ ਅਰਦਾਸ ਕੀਤੀ। ਸੁੱਤੇ ਪਏ ਡੇਰਾ ਬਾਬਾ ਨਾਨਕ ਕਸਬੇ ਵਿਚ ਜੋਸ਼ ਠਾਠਾਂ ਮਾਰ ਰਿਹਾ ਸੀ।

'ਸੇਵਕ ਕਉ ਸੇਵਾ ਬਨਿ ਆਈ' ਦੇ ਮਹਾਵਾਕ ਅਨੁਸਾਰ ਉਸ ਤੋਂ ਬਾਦ ਅਰਦਾਸਾਂ ਦਾ ਸਿਲਸਿਲਾ ਵਡਾਲਾ ਸਾਹਿਬ ਨੇ ਆਖਰੀ ਸਵਾਸਾਂ 5 ਜੂਨ 2018 ਤਕ ਨਿਭਾਇਆ।

ਵਡਾਲਾ ਸਾਹਿਬ ਨੇ 2003 ਵਿਚ ਸਾਨੂੰ ਜਥੇਬੰਦੀ ਤੋਂ ਬਾਹਰ ਕਰ ਦਿੱਤਾ ਜਿਸ ਕਾਰਨ ਅਸੀ ਸੰਗਰਾਂਦ ਵਾਲੇ ਦਿਨ ਵੱਖਰੀ ਅਰਦਾਸ ਕਰਨੀ ਸ਼ੁਰੂ ਕਰ ਦਿੱਤੀ ਜੋ 2018 ਤਕ ਲਾਂਘੇ ਦੇ ਐਲਾਨ ਤਕ ਜਾਰੀ ਰਹੀ।

ਕਿਉਕਿ ਅਸੀ ਲੀਡਰ ਨਹੀ ਸਾਂ, ਲੋਕਾਂ ਨੂੰ ਮਗਰ ਲਾਉਣਾ ਸਾਨੂੰ ਨਹੀ ਸੀ ਆਉਦਾ ਜਿਸ ਕਾਰਨ ਅਰਦਾਸ ਮੌਕੇ ਕਦੀ ਬੜੀ ਨਮੋਸ਼ੀ ਵਾਲੀ ਗੱਲ ਹੋਣੀ ਕਿ ਸਾਡੇ ਨਾਲ ਕਦੀ ਪੰਜ ਬੰਦੇ ਵੀ ਨਹੀ ਸੀ ਹੋ ਪਾਉਦੇ। 2003 ਵਿਚ ਇਕ ਅਜਿਹਾ ਮੌਕਾ ਵੀ ਆਇਆ ਕਿ ਅਸੀ ਇਕੱਲੇ ਹੀ ਰਹਿ ਗਏ ਉਦੋਂ ਫਿਰ ਬਾਬਾ ਅਨੂਪ ਸਿੰਘ ਬੇਦੀ ਦੇ ਘਰ ਗਏ ਜਿੰਨਾਂ ਸਾਡੇ ਨਾਲ ਕੁਝ ਸਿੰਘ ਅਰਦਾਸ ਲਈ ਤੋਰੇ।

ਉਦੋਂ ਅਸੀ ਮਹਿਸੂਸ ਕੀਤਾ ਕਿ ਅਸੀ ਲੀਡਰ ਤਾਂ ਨਹੀ ਹਾਂ ਪਰ ਗੁਰੂ ਸਾਹਿਬ ਨੇ ਸਾਨੂੰ ਲਿਖਣ ਦਾ ਹੁਨਰ ਤਾਂ ਦਿੱਤਾ ਹੀ ਹੈ। ਜਿਸ ਕਰਕੇ ਅਸੀ ਕਰਤਾਰਪੁਰ ਸਾਹਿਬ ਲਾਂਘੇ ਦੇ ਪ੍ਰਚਾਰ ਦੀ ਸੇਵਾ ਕਰਨੀ ਸ਼ੁਰੂ ਕੀਤੀ ਤੇ ਪਰਚੇ ਛਪਵਾ ਕੇ ਮੇਲਿਆਂ ਤੇ ਵੰਡਣੇ। ਬਾਦ ਵਿਚ ਵਡਾਲਾ ਸਾਹਿਬ ਨੇ ਵੀ ਇਹਨਾਂ ਪਰਚਿਆਂ ਦੀ ਤਾਕਤ ਮਹਿਸੂਸ ਕੀਤੀ ਤਾਂ ਸਾਨੂੰ ਮਾਇਕ ਮੱਦਦ ਦੇਣੀ ਸ਼ੁਰੂ ਕਰ ਦਿੱਤੀ। ਕੁਝ ਚਿਰ ਉਹਨਾਂ ਮਦਦ ਕੀਤੀ ਬਾਦ ਵਿਚ ਬੰਦ ਕਰ ਦਿੱਤੀ।

ਕਿਉਕਿ ਪਰਚੇ ਵੱਡੀ ਗਿਣਤੀ ਵਿਚ ਛਪਦੇ ਸਨ, ਅਸਾਂ ਵਿਚ ਇਸ਼ਤਿਹਾਰ ਦੇਣੇ ਸ਼ੁਰੂ ਕਰ ਦਿੱਤੇ। ਜਿਆਦਾਤਰ ਡਾਕਟਰ ਅਤੇ ਸਕੂਲ ਕਾਲਜਾਂ ਵਾਲੇ ਇਸ਼ਤਿਹਾਰਾਂ ਵਿਚ ਸਾਡੀ ਮਦਦ ਕਰਦੇ ਰਹੇ। ਇਹਨਾਂ ਮੁਫਤ ਦੇ ਪਰਚਿਆਂ ਤੋਂ ਬਾਦ ਅਸਾਂ ਪਾਕਿਸਤਾਨੀ ਗੁਰਦੁਆਰਿਆਂ ਤੇ 2 ਰੁਪਏ ਦਾ ਕਿਤਾਬਚਾ ਛਾਪਿਆ। ਉਸਦਾ ਚੰਗਾ ਨਤੀਜਾ ਮਿਲਣ ਤੇ ਅਸਾਂ ਪਾਕਿਸਤਾਨੀ ਇਕਬਾਲ ਕੈਸਰ ਦੀ ਕਿਤਾਬ ਦਾ ਰੀਵਿਊ ਜਿਸ ਵਿਚ 175 ਪਾਕਿਸਤਾਨੀ ਗੁਰਧਾਮ ਦਿੱਤੇ ਹੋਏ ਸਨ ਛਾਪ ਦਿੱਤਾ 5 ਰੁਪਏ ਵਿਚ। ਇਸ ਦੇ ਤਿੰਨ ਐਡੀਸ਼ਨ ਛਾਪੇ ਕੁਲ ਇਕ ਲੱਖ ਪੰਜ ਹਜਾਰ।

ਮੇਲਿਆਂ ਤੇ ਕਰਤਾਰਪੁਰ ਦਾ ਪ੍ਰਚਾਰ ਕਰਨ ਉਪਰੰਤ ਅਸਾਂ ਸਕੂਲਾਂ ਵਿਚ ਇਹ ਕਿਤਾਬਚੇ ਵੇਚਣੇ ਸ਼ੁਰੂ ਕਰ ਦਿੱਤੇ। ਸਕੂਲਾਂ ਨੇ ਸਾਨੂੰ ਵੱਡਾ ਸਹਿਯੋਗ ਦਿੱਤਾ । ਫਿਰ ਕੰਧ ਤੇ ਲਾਉਣ ਵਾਲਾ ਪੋਸਟਰ 5 ਰੁਪਏ ਵਿਚ ਕੱਢਿਆ ਜਿਸ ਤੇ ਕੋਈ 60-70 ਪਾਕਿਸਤਾਨੀ ਅਸਥਾਨਾਂ ਦੀਆਂ ਤਸਵੀਰਾਂ ਹੁੰਦੀਆਂ ਸਨ। ਇਹਦੇ 9 ਐਡੀਸ਼ਨ ਛਪੇ। ਪਾਕਿਸਤਾਨੀ ਅਸਥਾਨਾਂ ਤੇ ਢਾਈ ਘੰਟਿਆਂ ਦੀ ਵੀਡੀਓ ਡੀਵੀਡੀ ਵੀ ਕੱਢ ਦਿੱਤੀ।

ਇਹਨਾਂ ਦੀ ਕੁਲ ਸਰਕੂਲੇਸ਼ਨ (ਕਾਪੀਆਂ ਦੀ ਗਿਣਤੀ) ਕੋਈ 5 ਲੱਖ ਤੋਂ ਉਪੱਰ ਹੀ ਹੋਵੇਗੀ ਜਦੋਂ ਕਿ ਪੰਜਾਬ ਦੀ ਅਬਾਦੀ ਸਾਰੀ ਤਿੰਨ ਕਰੋੜ ਹੈ। ਸਾਨੂੰ ਇਸ਼ਤਿਹਾਰਾਂ ਦੀ ਵੀ ਕੋਈ ਕਮੀ ਨਹੀ ਸੀ ਰਹਿ ਗਈ। ਇਕ ਤਾਂ ਨੇਕ ਕੰਮ ਦੂਸਰਾ ਇਸ਼ਤਿਹਾਰ ਦਾਤਾ ਸਮਝਦਾ ਸੀ ਕਿ ਪਰਚੇ ਲੱਖਾਂ ਲੋਕਾਂ ਤਕ ਜਾ ਰਹੇ ਨੇ। ਗੁਰੂ ਸਾਹਿਬ ਦੇ 20 ਰੁਪਏ ਦੇ ਸੱਚੇ ਸੌਦੇ ਦਾ ਕਮਾਲ ਕਿ ਪਰਚੇ ਛਾਪਣ ਮੌਕੇ ਸਾਨੂੰ ਮਾਇਆ ਬੱਜਟ ਤੋਂ ਵੱਧ ਹੋ ਜਾਂਦੀ ਸੀ।

ਫਿਰ ਵਡਾਲਾ ਸਾਹਿਬ ਜਦੋਂ ਅਰਦਾਸ ਕਰਦੇ ਸਨ ਤਾਂ ਉਹਨਾਂ ਦੀ ਖਬਰ ਲਗਦੀ ਸੀ ਕਿ ਐਨਵੀ (105 ਵੀ, 170 ਵੀ) ਅਰਦਾਸਾਂ ਕੀਤੀ ਹੈ। ਦੂਸਰੇ ਪਾਸੇ ਅਜੈਸੀਆਂ ਦੇ ਦਬਾਅ ਕਾਰਨ ਅਜੀਤ ਅਖਬਾਰ ਅਤੇ ਹੋਰ ਸਾਡੀ ਖਬਰ ਨਹੀ ਸੀ ਲਾ ਰਹੇ। ਪਰ ਅਸੀ ਲੋਕਾਂ ਤਕ ਪਹੁੰਚ ਬਣਾਉਣ ਵਿਚ ਕਾਮਯਾਬ ਹੋ ਗਏ।

ਤੀਸਰੇ ਪਾਸੇ ਰਾਜਨੀਤਕ ਲੀਡਰ ਉਤੋਂ ਉੱਤੋਂ ਕਰਤਾਰਪੁਰ ਲਾਂਘੇ ਦੇ ਅੰਦੋਲਨ ਤੇ ਚੁੱਪ ਸਨ ਪਰ ਅੰਦਰਖਾਤੇ ਇਹਦੇ ਹੱਕ ਵਿਚ ਸਨ।

2003 ਵਿਚ ਅਮਰੀਕਨ ਸਿੱਖਾਂ ਨੇ ਇਕ ਜਥੇਬੰਦੀ ਗੁਰੂ ਨਾਨਕ ਸ਼ਰਾਈਨ ਫੈਲੋਸ਼ਿਪ ਸਵਰੱਗੀ ਗੰਗਾ ਸਿੰਘ ਢਿੱਲੋਂ ਦੀ ਅਗਵਾਈ ਵਿਚ ਬਣਾਈ। ਓਦੋਂ ਕਿਹਾ ਜਾ ਰਿਹਾ ਸੀ ਕਿ ਇਹ 20 ਲੱਖ ਡਾਲਰ ਕਰਤਾਰਪੁਰ ਸਾਹਿਬ ਦੀ ਮੁਰੰਮਤ ਤੇ ਖਰਚੇਗੀ। ਅਮਰੀਕਾ ਵਿਚ 2009 ਵਿਚ ਤੇਰੀ ਸਿੱਖੀ ਨਾਂ ਦੀ ਜਥੇਬੰਦੀ ਬਣੀ ਤੇ ਪ੍ਰਚਾਰ ਸੇਵਾ ਅਰੰਭੀ ਪਰ ਛੇਤੀ ਹੀ ਛੱਡ ਗਏ।

ਅਮਰੀਕਾ ਵਿਚ ਦੋ ਤਿੰਨ ਵਾਰੀ ਹੋਰ ਨਕਲੀ ਜਥੇਬੰਦੀਆਂ ਬਣੀਆਂ ਤਾਂ ਕਿ ਇਸ ਅੰਦੋਲਨ ਦਾ ਰੁਖ ਮੋੜਿਆ ਜਾ ਸਕੇ ਪਰ ਅਖੀਰ ਤੇ ਸਭ ਨੂੰ ਮੂੰਹ ਦੀ ਖਾਣੀ ਪਈ।

ਕਰਤਾਰਪੁਰ ਸਾਹਿਬ ਦੇ ਪੈਂਡਾ ਅਗਲੇ ਸਫ਼ੇ ਤੇ **ਚਲਦਾ** ➡

ਜਿੰਨਾਂ ਸੱਜਣਾਂ ਕਰਕੇ, ਲਾਂਘੇ ਦੀ ਮੰਗ, ਘਰ ਘਰ ਪਹੁੰਚੀ।

ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਪ੍ਰਚਾਰ 18 ਸਾਲ ਚਲਿਆ। ਕਈ ਸੱਜਣ ਸਾਨੂੰ ਪਰਚੇ ਛਪਵਾਉਣ ਵਾਸਤੇ ਲੋੜੀਦੀ ਮਾਇਆ ਬਖਸ਼ਦੇ ਰਹੇ ਜਿਸ ਦੇ ਬਦੌਲਤ ਕੋਈ 30 ਕੁ ਕਿਸ਼ਤਾ ਵਿਚ 5 ਲੱਖ ਤੋਂ ਵੱਧ ਪਰਚੇ, ਪੋਸਟਰ, ਕਿਤਾਬਚੇ, ਸੀਡੀਆਂ ਅਤੇ ਹੋਲਡਿੰਗ ਛਪਵਾ ਸਕੇ। ਸੋ ਜੋ ਪਰਚਾ/ਕਿਤਾਬਚਾ ਤੁਸੀ 5-5 ਰੁਪਏ ਵਿਚ ਖਰੀਦਦੇ ਰਹੇ, ਉਹਦੀ ਛਪਾਈ ਦਾ ਸਾਰਾ ਖਰਚਾ ਮੁੱਖ ਤੌਰ ਤੇ ਇਹਨਾਂ ਸੱਜਣਾਂ ਨੇ ਕੀਤਾ ਸੀ। (ਉਪਰਲੀ ਕਤਾਰ ਖੱਬੇ ਪਾਸਿਓ) ਡਾ. ਬਲਜੀਤ ਸਿੰਘ ਜੋਹਲ, ਜੋਹਲ ਹਸਪਤਾਲ ਰਾਮਾ ਮੰਡੀ ਜਲੰਧਰ, ਡਾ.ਗੁਰਵਿੰਦਰ ਸਿੰਘ (ਹੱਡੀਆਂ ਅਤੇ ਜੋੜਾਂ ਦੇ ਮਾਹਿਰ) ਹਰਗੁਨ ਹਸਪਤਾਲ, ਬਟਾਲਾ ਰੋਡ, ਅੰਮ੍ਰਿਤਸਰ, ਡਾ. ਸੁਖਵਿੰਦਰ ਸਿੰਘ ਵਾਲੀਆ (ਸਾਬਕਾ ਰਜਿਸਟਰਾਰ, ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ) ਡਾ. ਜਸਜੀਤ ਛਾਛੀ ਹਸਪਤਾਲ ਅੰਮ੍ਰਿਤਸਰ, ਬਾਬਾ ਬਲਬੀਰ ਸਿੰਘ ਬੇਦੀ (ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅੰਸ) ਡੇਰਾ ਬਾਬਾ ਨਾਨਕ, ਜਿਲਾ ਗੁਰਦਾਸਪੁਰ।

(ਹੇਠਲੀ ਕਤਾਰ) ਡਾ. ਗੁਰਬਖਸ ਸਿੰਘ ਸਰਜਨ ਜੀ ਬੀ ਹਸਪਤਾਲ ਫਗਵਾੜਾ, ਡਾ. ਕੁਲਦੀਪ ਸਿੰਘ ਅਰੋੜਾ (ਗੋਲਡ ਮੈਡਾਲਿਸਟ) ਕੇ ਡੀ ਹਸਪਤਾਲ, ਅੰਮ੍ਰਿਤਸਰ, ਡਾ. ਗੁਰਇਕਬਾਲ ਸਿੰਘ ਛੀਨਾ (ਹੱਡੀਆਂ ਦੇ ਮਾਹਿਰ) ਗਰੀਨ ਐਵਨਿਊ, ਅੰਮ੍ਰਿਤਸਰ, ਡਾ. ਬਲਬੀਰ ਸਿੰਘ ਭੋਰਾ (ਮਾਹਿਰ ਅੱਖਾਂ) ਅਕਾਲ ਹਸਪਤਾਲ, ਮਾਡਲ ਟਾਊਨ ਜਲੰਧਰ।

ਉੱਤੇ ਦਿੱਤੇ ਸੱਜਣਾਂ ਦੀ ਇਹ ਖਾਸੀਅਤ ਸੀ ਕਿ ਇਹਨਾਂ ਹਰ ਪ੍ਰਕਾਸ਼ਨ ਵਿਚ ਯੋਗਦਾਨ ਪਾਇਆ ਸੀ।

ਇਹਨਾਂ ਸੱਜਣਾਂ ਤੋਂ ਇਲਾਵਾ ਹੋਰ ਵੀ ਅਨੇਕਾਂ ਗੁਰਸਿੱਖਾਂ ਨੇ ਗਾਹੇ ਬਗਾਹੇ ਪ੍ਰਚਾਰ ਵਿਚ ਬਹੁਮੁੱਲਾ ਯੋਗਦਾਨ ਪਾਇਆ ਸੀ ਪਰ ਸਾਰੇ ਗੁਰਸਿੱਖਾਂ ਦੀਆਂ ਤਸਵੀਰਾਂ ਛਾਪਣੀਆਂ ਸਾਡੇ ਵਾਸਤੇ ਸੰਭਵ ਨਹੀ ਹੋ ਪਾ ਰਿਹਾ। ਫਿਰ ਵੀ ਇਸ ਮੌਕੇ ਅਸੀ ਵਿਛੜ ਚੁੱਕੇ ਡਾ.ਦਲਜੀਤ ਸਿੰਘ, ਡਾ. ਜੇ.ਪੀ.ਐਸ ਛੀਨਾ, ਸ. ਬਲਬੀਰ ਸਿੰਘ (ਲਾਇਲਪੁਰ ਖਾਲਸਾ ਕਾਲਜ) ਨੂੰ ਯਾਦ ਕਰਦੇ ਹਾਂ। ਵਾਹਿਗੁਰੂ ਸ. ਜਗਦੀਸ਼ ਸਿੰਘ ਹੁਰਾਂ ਨੂੰ ਲੰਮੀ ਆਯੂ ਬਖਸ਼ੇ। 'ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ' ਦੇ ਸਿਧਾਂਤ ਤਹਿਤ ਗੁਰੂ ਪਾਤਸ਼ਾਹ 'ਚਰਨਜੀਤ ਸਿੰਘ ਚੱਢਾ 'ਨੂੰ ਭੁੱਲਾਂ ਬਖਸ਼ਦੇ ਹੋਏ ਗਲ ਲਾਏ। ਉਘੇ ਵਕੀਲ ਅਮਰਪਾਲ ਸਿੰਘ ਰੰਧਾਵਾ, ਡਾ. (ਮਿਸਜ) ਜਸਜੀਤ ਛਾਛੀ, ਡਾ. ਨਵਪ੍ਰੀਤ ਹੰਸਪਾਲ, ਡਾ. ਕਮਲਜੀਤ ਸਿੰਘ ਮੱਕੜ (ਜਲੰਧਰ), ਡਾ. ਜਸਪ੍ਰੀਤ ਸਿੰਘ ਗਰੋਵਰ, ਡਾ. ਜੇ ਐਸ ਢਿੱਲੋਂ (ਪ੍ਰਿਸੀਪਲ), ਡਾ. ਵਰਿੰਦਰ ਸਿੰਘ ਬਾਜਵਾ, ਡਾ ਇੰਦਰਬੀਰ ਸਿੰਘ ਨਿੱਝਰ, ਡਾ. ਜਸਪ੍ਰੀਤ ਸਿੰਘ ਗਰੋਵਰ, ਡਾ. ਰਣਜੀਤ ਸਿੰਘ ਕਲਸੀ ਬਟਾਲਾ, ਡਾ. ਜੀ ਐਸ ਜੰਮੂ ਜਲੰਧਰ, ਡਾ ਬਲਵੰਤ ਸਿੰਘ ਹੁੰਜਣ, ਡਾ. ਜਗਰੂਪ ਸਿੰਘ ਗਿੱਲ ਰੋਡ, ਡਾ. ਜਰਨੈਲ ਸਿੰਘ ਸੈਣੀ, ਡਾ. ਕਮਲਜੀਤ ਸਿੰਘ (ਮਾਹਿਰ ਗੁਰਦੇ), ਤੇਜਿੰਦਰਪਾਲ ਸਿੰਘ ਕੇ.ਬੀ ਦਾ ਪਾਇਆ ਵੱਡਮੁਲਾ ਯੋਗਦਾਨ ਅਸੀ ਰਿਕਾਰਡ ਤੇ ਪਾਉਦੇ ਹਾਂ।

ਪੈੜ ਸਫਾ

ਲਾਂਘੇ ਦਾ ਬੁਰਕਾ ਪਾ ਕੇ ਇਹ ਬਾਰ ਬਾਰ ਪਾਕਿਸਤਾਨ ਵਾਸਤੇ ਹੀ ਮੁਸ਼ਕਲ ਪੈਦਾ ਕਰਨ ਦੀ ਕੋਸ਼ਿਸ਼ ਕਰਦੀਆਂ ਹੁੰਦੀਆਂ ਸਨ। ਕਦੀ ਕਹਿਣਾ ਨਨਕਾਣਾ ਸਾਹਿਬ ਅਜਾਦ ਕਰੋ। ਅਖੇ ਪਾਕਿਸਤਾਨ ਅਸੈਂਬਲੀ ਵਿਚ ਲਾਂਘੇ ਦਾ ਮਤਾ ਪਾਸ ਕੀਤਾ ਜਾਵੇ। ਭਾਵ ਚਲਦੇ ਘੋੜੇ ਨੂੰ ਚਾਬੁਕ ਮਾਰਨਾ।

ਸ਼ੁਰੂ ਸ਼ੁਰੂ ਵਿਚ ਸਾਬਕਾ ਚੋਣ ਕਮਿਸ਼ਨਰ ਮਨੋਹਰ ਸਿੰਘ ਗਿੱਲ ਨੇ ਵੀ ਲਾਂਘਾ ਅੰਦੋਲਨ ਵਿਚ ਦਿਲਚਸਪੀ ਵਿਖਾਈ ਪਰ ਬਾਦ ਵਿਚ ਢਿੱਲਾ ਪੈ ਗਇਆ।

ਉੱਤੋ ਉੱਤੋਂ ਕੁਝ ਵੀ ਬਿਆਨ ਦਈ ਜਾਣ, ਇਹਨਾਂ ਤਿੰਨਾਂ ਦੇ ਮਰਜੀ ਦੇ ਬਿੰਨਾ ਲਾਂਘਾ ਖੁੱਲਣਾ ਸੰਭਵ ਨਹੀ ਸੀ। ਇਸ ਨੇਕ ਦੀ ਪਹਿਲ ਕੀਤੀ ਇਮਰਾਨ ਖਾਂ ਪ੍ਰਧਾਨ ਮੰਤਰੀ ਪਾਕਿਸਤਾਨ, ਲਾਂਘਾ ਖੋਲਣ ਦੀ ਸਿਫਾਰਸ਼ ਕੀਤੀ ਕੈਪਟਨ ਅਮਰਿੰਦਰ ਸਿੰਘ ਮੁਖ ਮੰਤਰੀ ਪੰਜਾਬ ਅਤੇ ਇਸ ਤੇ ਪ੍ਰਵਾਨਗੀ ਦੀ ਮੋਹਰ ਲਾਈ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਭਾਰਤ ਸਰਕਾਰ ਨੇ।

30 ਨਵੰਬਰ 2005 ਨੂੰ ਬਟਾਲੇ ਗੁਰਿੰਦਰ ਸਿੰਘ ਦੇ ਘਰ ਨਾਰੋਵਾਲ ਦੀ ਮੈਂਬਰ ਪਾਰਲੀਮੈਂਟ ਬੀਬੀ ਰਿਫਤ ਕਾਹਲੋਂ ਆਈ ਜਿਸ ਦਾ ਵੱਡੇ ਪੱਧਰ ਤੇ ਸਵਾਗਤ ਹੋਇਆ। ਹਾਲਾਂ ਮੀਡੀਏ ਨੇ ਜਿਆਦਾ ਗਲ ਨਾਂ ਚੁੱਕੀ।

ਅੰਮ੍ਰਿਤਸਰ ਦੇ ਲਿਖਾਰੀ ਹੁਸਨਲ ਚਰਾਗ ਨੇ ਕੌਮਾਂਤਰੀ ਤੀਰਥ ਯਾਤਰਾਵਾਂ ਨੇ ਕਿਤਾਬਚਾ ਲਿੱਖ ਕੇ ਅੰਦੋਲਨ ਦੀ ਮਦਦ ਕੀਤੀ। ਪਰ ਪੰਜਾਬ ਦੇ ਬਾਕੀ ਲਿਖਾਰੀ ਇਸ ਮਸਲੇ ਤੇ ਚੁੱਪ ਹੀ ਰਹੇ।

ਤ੍ਰਿਦਿਵੇਸ਼ ਸਿੰਘ ਮੈਨੀ ਦੇ ਯਤਨਾਂ ਕਰਕੇ 2008 ਵਿਚ ਅਮਰੀਕੀ ਰਾਜਦੂਤ ਜਾਨ ਮੈਕਡੋਲਡ ਨੇ ਜਦੋਂ ਲਾਂਘੇ ਦਾ ਮੋਕਾ ਵੇਖਿਆ ਤਾਂ ਇਸ ਨਾਲ ਵੀ ਅੰਦੋਲਨ ਨੂੰ ਵੱਡੀ ਤਾਕਤ ਮਿਲੀ। ਜਿਸ ਕਰਕੇ 10 ਦਿਨ ਬਾਦ ਹੀ ਭਾਰਤ ਦੇ ਓਹਨੀ ਦਿਨੀ ਵਿਦੇਸ਼ ਮੰਤਰੀ ਪ੍ਰਨਾਬ ਮੁਖਰਜੀ ਨੂੰ ਵੀ ਲਾਂਘੇ ਦਾ ਮੋਕਾ ਵੇਖਣਾ ਪਿਆ। ਹਾਰ ਕੇ ਪਹਿਲੀ ਅਕਤੂਬਰ 2010 ਨੂੰ ਅਕਾਲੀ ਦਲ ਨੇ ਲਾਂਘੇ ਦੇ ਹੱਕ ਵਿਚ ਅਸੈਂਬਲੀ ਵਿਚ ਮਤਾ ਪਾਸ ਕਰ ਦਿੱਤਾ। ਇਸ ਵਿਚ ਅਮਰੀਕਾ ਰਹਿੰਦੇ ਗੁਰਸਿੱਖ ਅਮਰ ਸਿੰਘ ਮੱਲੀ ਅਤੇ ਗੁਰਚਰਨ ਸਿੰਘ ਨੇ ਉਪਰਾਲੇ ਕੀਤੇ ਸਨ।

ਇਸ ਲੰਮੇ ਸਮੇਂ ਦੌਰਾਨ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦੀ ਜੋ ਪਹੁੰਚ ਰਹੀ ਉਸ ਨੇ ਸਾਬਤ ਕਰ ਦਿੱਤਾ ਕਿ ਇਹ ਦੋਵੇ ਪੰਥਕ ਜਥੇਬੰਦੀਆਂ ਤੇ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਸਰਕਾਰੀ ਕੰਟਰੋਲ ਹੈ।

ਇਸ 18 ਸਾਲ ਦੇ ਲੰਮੇ ਸਮੇਂ ਦੌਰਾਨ ਭਾਰਤ ਸਰਕਾਰ ਨੇ ਇਸ ਮਸਲੇ ਤੇ ਚੁੱਪ ਬਣਾ ਰੱਖੀ। ਪਹਿਲੀ ਗਲ ਤਾਂ ਸਿੱਖ ਮੈਂਬਰ ਇਸ ਬਾਬਤ ਕਦੀ ਪਾਰਲੀਮੈਂਟ ਵਿਚ ਸਵਾਲ ਨਹੀ ਸਨ ਕਰਦੇ ਜੇ ਕੋਈ ਹੋਰ ਕਰਦਾ ਤਾਂ ਸਰਕਾਰ ਗੋਲ ਮੋਲ ਜਵਾਬ ਦੇ ਦਿੰਦੀ ਸੀ। ਬੀਬੀ ਪ੍ਰਨੀਤ ਕੌਰ ਦੇ ਡਿਪਟੀ ਵਿਦੇਸ਼ ਮੰਤਰੀ ਕਾਲ ਦੌਰਾਨ ਤਾਂ ਸਗੋਂ ਅੰਦੋਲਨ ਨੂੰ ਢਾਹ ਲੱਗੀ ਸੀ ਜਦੋਂ ਇਸ ਬੀਬੀ ਨੇ ਬਿਆਨ ਦਿੱਤੇ ਕਿ ਲਾਂਘਾ ਨਹੀ ਖੁੱਲ ਸਕਦਾ। ਹਾਲਾਂ ਇਹਦਾ ਪਤੀ ਲਾਂਘੇ ਦੇ ਹੱਕ ਵਿਚ ਸੀ। ਇਲਾਕੇ ਦਾ ਐਮ ਪੀ ਪ੍ਰਤਾਪ ਸਿੰਘ ਬਾਜਵਾ ਬਾਰ ਬਾਰ ਬਿਆਨ ਦੇ ਰਿਹਾ ਸੀ ਕਿ ਲਾਂਘਾ ਲੈਣ ਦੇ ਬਿਜਾਏ ਜਮੀਨ ਦੀ ਅਦਲਾ ਬਦਲੀ ਕਰਕੇ ਕਰਤਾਰਪੁਰ ਨੂੰ ਭਾਰਤ ਵਿਚ ਹੀ ਕਰ ਲਿਆ ਜਾਵੇ। ਇਸ ਤੇ ਨਕੋਦਰ ਦੇ ਜਥੇਦਾਰ ਊਧਮ ਸਿੰਘ ਔਲਖ ਨੇ ਬਿਆਨ ਦਿੱਤਾ ਕਿ ਬਾਜਵਾ ਲਾਂਘੇ ਵਿਚ ਰੁਕਾਵਟ ਪਾ ਰਿਹਾ ਹੈ। ਇਸ ਤੋਂ ਪਹਿਲੋਂ ਹਲਕੇ ਦੇ ਐਮ ਪੀ ਵਿਨੋਦ ਖੰਨਾ ਅਤੇ ਪਹਿਲਾਂ ਬੀਬੀ ਸੁਖਬੰਸ ਕੌਰ ਭਿੰਡਰ ਨੇ ਅੰਦੋਲਨ ਦੀ ਮਦਦ ਕਰਨ ਬਿਜਾਏ ਸਿਰਫ ਲੋਕ ਸਭਾ ਨੂੰ ਏਨੀ ਜਾਣਕਾਰੀ ਦਿੱਤੀ ਕਿ ਇਲਾਕੇ ਵਿਚ ਫਲਾਣਾ ਅੰਦੋਲਨ ਚਲ ਰਿਹਾ ਹੈ।

ਇਸ ਤੋਂ ਇਲਾਵਾ ਸੰਗਰੂਰ ਦੇ ਬਾਬਾ ਜੰਗ ਸਿੰਘ ਨੇ ਪੁੰਨਿਆ ਤੇ ਅਰਦਾਸ ਕਰਨੀ ਆਰੰਭੀ ਪਰ ਵਿਚੇ ਛੱਡ ਗਏ। ਰਘਬੀਰ ਸਿੰਘ, ਡਾ. ਬਲਬੀਰ ਸਿੰਘ ਢੀਗਰਾ ਤੇ ਸਰਬਜੀਤ ਸਿੰਘ ਕਲਸੀ ਨੇ ਅਰਦਾਸ ਪੁੰਨਿਆ ਤੇ ਸ਼ੁਰੂ ਕਰ ਦਿਤੀ।

ਵਡੇ ਹਥਿ ਵਡਿਆਈਆ ਜੈ ਭਾਵੈ ਤੈ ਦੇਇ ॥ ਹੁਕਮਿ ਸਵਾਰੇ ਆਪਣੈ ਚਸਾ ਨ ਢਿਲ ਕਰੇਇ ॥ ਲਾਂਘਾ ਅੰਦੋਲਨ 18 ਸਾਲ ਚਲਿਆ ਪਰ ਇਹਦੇ ਖੁੱਲਣ ਦਾ ਕਾਰਨ ਬਣਿਆ ਨਵਜੋਤ ਸਿੰਘ ਸਿੱਧੂ ਅਤੇ ਪਾਕਿਸਤਾਨੀ ਫੌਜੀ ਜਰਨੈਲ ਕਮਰ ਜਾਵੇਦ ਬਾਜਵਾ ਦੀ ਜੱਫੀ।

ਮੁਕਦੀ ਗਲ ਕਿ ਲਾਂਘੇ ਦੀ ਮੰਗ ਹੁਣ ਘਰ ਘਰ ਪਹੁੰਚ ਚੁੱਕੀ ਸੀ।

ਲਾਂਘਾ ਪ੍ਰਚਾਰ ਦੌਰਾਨ ਅਸੀ ਮਹਿਸੂਸ ਕੀਤਾ ਕਿ ਜਿੰਨਾ ਕੋਲੋ ਬਾਬਾ ਸੇਵਾ ਲੈਂਦਾ ਹੈ ਆਪ ਡੰਡੇ ਨਾਲ ਲੈਂਦਾ ਹੈ। ਜਥੇਦਾਰ ਵਡਾਲਾ ਵੀ ਪਹਿਲਾਂ ਇਹ ਕੰਮ ਹੱਥ ਵਿਚ ਲੈਣ ਲਈ ਤਿਆਰ ਨਹੀ ਸੀ। ਫਿਰ ਜਸਬੀਰ ਸਿੰਘ ਜਫਰਵਾਲ ਵਲੋਂ ਇਕੱਠੀ ਕੀਤੀ ਸੰਗਤ ਨੇ ਬੁਰਜ ਸਾਹਿਬ ਧਾਰੀਵਾਲ ਜਦੋਂ ਜਲਵਾ ਦਿਖਾਇਆ ਤਾਂ ਤੁਰ ਪਿਆ। ਅਸੀ ਖੁਦ ਵੀ ਸਿੱਖੀ ਪੱਖੋ ਕੋਰੇ ਹੀ ਸੀ ਕਿ ਪੰਜਾ ਸਾਹਿਬ ਸਬੱਬੀ ਗਲ ਕਰਨ ਦੇ ਹਾਲਾਤ ਬਣ ਗਏ। ਪ੍ਰਚਾਰ ਦੌਰਾਨ ਸਾਨੂੰ ਨਾਕੇ ਰੋਕ ਨਹੀ ਸੀ ਪਾਉਦੇ।

ਏਸੇ ਤਰਾਂ ਬਾਬੇ ਨੇ ਮਿਹਰ ਭਰਿਆ ਹੱਥ ਨਵਜੋਤ ਸਿੰਘ ਸਿੱਧੂ ਨਾਂ ਦੇ ਲੀਡਰ ਦੇ ਸਿਰ ਤੇ ਰੱਖਿਆ। 18 ਅਗਸਤ 2018 ਨੂੰ ਜਦੋਂ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਂ ਦੇ ਸਹੁੰ ਚੁੱਕ ਸਮਾਗਮ ਵਿਚ ਨਵਜੋਤ ਨੇ ਸ਼ਿਰਕਤ ਕੀਤੀ ਤਾਂ ਉਥੇ ਲਾਂਘੇ ਦੀ ਗਲ ਚਲ ਪਈ। ਜਿਸ ਦੀ ਸੂਹ ਮੀਡੀਏ ਨੂੰ ਵੀ ਲਗ ਗਈ। ਇਧਰ ਹਿੰਦੁਸਤਾਨ ਵਿਚ ਰੋਲਾ ਪੈ ਗਇਆ ਕਿ ਨਵਜੋਤ ਨੇ ਮੁਲਕ ਨਾਲ ਗੱਦਾਰੀ ਕਰ ਦਿੱਤੀ ਹੈ। ਨਵਜੋਤ ਦੀ ਵਜੀਰੀ ਵੀ ਖੁੱਸ ਗਈ। ਇਸ ਮੌਕੇ ਬਾਦਲ ਪ੍ਰਵਾਰ ਨੇ ਨਹਾਇਤ ਘਟੀਆ ਰੋਲ ਨਿਭਾਇਆ ਕਿਉਕਿ ਸਿੱਖ ਕਦੀ ਵੀ ਅਕਾਲੀ ਦਲ ਦੇ ਪ੍ਰਧਾਨ ਕੋਲੋ ਗੁਰਧਾਮ ਦਰਸ਼ਨਾ ਦੇ ਵਿਰੋਧ ਦੀ ਤਵੱਕੋ ਨਹੀ ਸਨ ਕਰ ਸਕਦੇ। ਇਕ ਮੌਕੇ ਤਾਂ ਪ੍ਰਧਾਨ ਨੇ ਇਹ ਬਿਆਨ ਵੀ ਦੇ ਦਿਤਾ ਕਿ ਲਾਂਘਾ ਖੁੱਲਣ ਨਾਲ ਭਾਰਤ ਦੀ ਸੁਰੱਖਿਆ ਨੂੰ ਖਤਰਾ ਹੋਵੇਗਾ। ਪਰ ਮਸਲੇ ਨੇ ਅਜਿਹੀ ਤੂਲ ਫੜੀ ਕਿ ਪਾਕਿਸਤਾਨ ਨੇ ਐਲਾਨ ਕਰ ਦਿਤਾ ਕਿ ਉਹ ਲਾਂਘਾ ਖੋਲਣ ਲਈ ਤਿਆਰ ਹੈ।

ਲਾਂਘਾ ਖੁੱਲਣ ਨਾਲ ਸਿੱਖ ਸ਼ਰਧਾਲੂਆਂ ਦੀ 72 ਸਾਲ ਪੁਰਾਣੀ ਦਰਸ਼ਨਾਂ ਦੀ ਤਾਂਘ ਤਾਂ ਪੂਰੀ ਹੋਵੇਗੀ ਨਾਲ ਦੋਵਾਂ ਮੁਲਕਾਂ ਵਿਚ ਸਬੰਧ ਵੀ ਸੁਧਰਨੇ ਹਨ ਕਿਉਕਿ ਗੁਰੂ ਸਾਹਿਬ ਇਸਲਾਮ ਅਤੇ ਹਿੰਦੂ ਧਰਮ ਦਰਮਿਆਨ ਪੁਲ ਦੀ ਨਿਆਈ ਵਿਚਰੇ ਹਨ। ਲਾਂਘਾ ਅੰਦੋਲਨ ਦੌਰਾਨ ਸਾਡਾ ਨਾਹਰਾ ਵੀ ਹੁੰਦਾ ਸੀ। 'ਦੋਵਾਂ ਮੁਲਕਾਂ ਦੇ ਪੁਲ। ਕਰਤਾਰਪੁਰ ਲਾਂਘਾ ਜਾਵੇ ਖੁੱਲ।' (ਅਤੇ 'ਬਾਬੇ ਨਾਨਕ ਦਾ ਜਹਾਨ। ਜਾਤ ਨਾਂ ਮਜ਼ਬ, ਬਸ ਇਕ ਇਨਸਾਨ।') ਖੈਰ ਇਹ ਗੱਲਾਂ ਤਾਂ ਬਾਦ ਵਿਚ ਹੌਲੀ ਹੌਲੀ ਹੋਣੀਆਂ ਹਨ ਪੰਜਾਬੀਆਂ ਨੂੰ ਸਭ ਤੋਂ ਵੱਡਾ ਫਾਇਦਾ ਹੁਣ ਤਕ ਮਿਲ ਵੀ ਚੁੱਕਾ ਹੈ। ਜਿਵੇ ਪਿਛਲੇ ਕੁਝ ਸਾਲਾਂ ਤੋਂ ਹਿੰਦੁਸਤਾਨ ਦੀਆਂ ਫਿਰਕਾਪ੍ਰਸਤ ਅਜੈਂਸੀਆਂ ਗੁਰੂ ਗ੍ਰੰਥ ਸਾਹਿਬ ਦਾ ਨਿਰਾਦਰ ਕਰਦੀਆਂ ਆ ਰਹੀਆਂ ਸਨ ਹੁਣ ਉਹਨਾਂ ਨੂੰ ਠੱਲ ਪਈ। ਅਗਲਿਆਂ ਨੂੰ ਅਹਿਸਾਸ ਹੋ ਗਇਆ ਹੈ ਕਿ ਅਜਿਹਾ ਕਰਨ ਨਾਲ ਪੰਜਾਬੀਆਂ ਦਾ ਝੁਕਾਅ ਪਾਕਿਸਤਾਨ ਵਲ ਹੋ ਜਾਵੇਗਾ। ਐਨ ਇਹੋ ਗਲ 1947 ਵੇਲੇ ਅੰਗਰੇਜ ਅਕਾਲੀ ਲੀਡਰਾਂ ਨੂੰ ਸਮਝਾ ਰਹੇ ਸਨ ਕਿ ਸਬੰਧ ਦੋਵਾਂ ਨਾਲ ਰੱਖੋ ਅਤੇ ਪਾਸਕੂ ਹੋ ਕੇ ਵਿਚਰੋ, ਦੋਵੇਂ ਧਿਰਾਂ ਤੁਹਾਡੀ ਕਦਰ ਕਰਨਗੀਆਂ। ਜੇ ਇਕ ਦੀ ਝੋਲੀ ਵਿਚ ਪੈ ਗਏ ਤੇ ਅਗਲੇ ਨੇ ਤੁਹਾਨੂੰ ਨਿਗਲ ਜਾਣਾ ਹੈ। ਪਰ ਬਦਕਿਸਮਤੀ ਨਾਲ ਅਕਾਲੀ ਲੀਡਰ ਇਹ ਗਲ ਉਦੋਂ ਸਮਝ ਹੀ ਨਹੀ ਸਨ ਰਹੇ।

ਖੈਰ 22 ਅਕਤੂਬਰ 2018 ਭਾਰਤ ਸਰਕਾਰ ਨੇ ਪਾਕਿਸਤਾਨ ਦੀ ਤਜਵੀਜ ਉਤੇ ਮੋਹਰ ਲਾ ਦਿੱਤੀ ਕਿ ਉਹ ਗੁਰੂ ਸਾਹਿਬ ਦੇ 550 ਵੇ ਸਲਾਨਾ ਗੁਰਪੁਰਬ ਤੋਂ ਤਿੰਨ ਦਿਨ ਪਹਿਲਾਂ ਲਾਂਘਾ ਖੋਲਣ ਲਈ ਤਿਆਰ ਹੈ।

ਫਿਰਕਾਪ੍ਰਸਤ ਅਜੈਂਸੀਆਂ ਦੇ ਵਿਰੋਧ ਅਤੇ ਥਾਂ ਥਾਂ ਤੇ ਆਈਆਂ ਔਕੜਾਂ ਦੇ ਬਾਵਜੂਦ ਭਾਰਤੀ ਪ੍ਰਧਾਨ ਮੰਤਰੀ ਮੋਦੀ ਨੇ ਦਲੇਰੀ ਵਿਖਾਉਦੇ ਹੋਏ 9 ਨਵੰਬਰ ਨੂੰ ਲਾਂਘੇ ਦਾ ਉਦਘਾਟਨ ਕਰ ਹੀ ਦਿਤਾ। ਦੂਸਰੇ ਪਾਸੇ ਇਮਰਾਨ ਖਾਂ ਦੇ ਨਜਰੀਏ ਨੇ ਸਿੱਖਾਂ ਦਾ ਦਿੱਲ ਜਿੱਤ ਲਿਆ। ਗੁਰਸਿੱਖ ਦੋਵਾਂ ਲੀਡਰਾਂ ਨੂੰ ਧੰਨਵਾਦ ਕਹਿੰਦੇ ਹਨ।

ਮੁੱਕਦੀ ਗਲ ਲਾਂਘੇ ਦਾ ਖੁੱਲਣਾ ਗੁਰੂ ਸਾਹਿਬ ਦਾ ਕਲਿਜੁਗ ਵਿਚ ਕੀਤਾ ਚਮਤਕਾਰ ਹੈ। ਕਿਉਕਿ ਸੰਗਤ ਤੋਂ ਸਿਵਾ ਹਰ ਕੋਈ ਲਾਂਘੇ ਦੇ ਖਿਲਾਫ ਸੀ; ਅਕਾਲੀ ਦਲ ਵੀ।

ਭੁੱਲ ਚੁੱਕ ਬਖਸ਼ ਲੈਣਾ ਜੀ- **ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ ॥ ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ ॥**

ਬਾਬ-114

ਡੇਰਾ ਬਾਬਾ ਨਾਨਕ: ਗੁਰੂ ਨਾਨਕ ਦੀ ਤੀਸਰੀ ਸਮਾਧ

(ਕਬਰ ਤੇ ਸਮਾਧ ਕਰਤਾਰਪੁਰ ਵਿਖੇ)



ਦਰਬਾਰ ਸਾਹਿਬ ਡੇਰਾ ਬਾਬਾ ਨਾਨਕ। (ਖੱਬੇ) ਚੰਦੂ ਲਾਲ ਟੰਡਨ, ਪ੍ਰਧਾਨ ਮੰਤਰੀ ਨਜਾਮ ਹੈਦਰਾਬਾਦ ਦੀ ਬਣਾਈ ਇਮਾਰਤ ਅਤੇ (ਸੱਜੇ) 1973 ਈ 'ਚ ਬਣਾਈ ਇਮਾਰਤ ਜਿਸ ਨੂੰ ਹੁਣੇ ਹੁਣੇ (2019) ਵਿਚ ਢਾਹ ਦਿਤਾ ਗਿਆ ਹੈ।

ਕਰਤਾਰਪੁਰ ਦਾ ਹੜ੍ਹ ਵਿਚ ਰੁੜਨਾ– ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ 8 ਸਾਲ ਬਾਦ (1547 ਈ.) ਹੀ ਰਾਵੀ ਵਿੱਚ ਵੱਡਾ ਹੜ੍ਹ ਆਇਆ। ਜਿਸ ਨੇ ਗੁਰੂ ਸਾਹਿਬ ਦੀ ਅਬਾਦ ਕੀਤੀ ਹੋਈ ਨਗਰੀ ਤਬਾਹ ਕਰੀ। ਕਿਉਕਿ ਇਥੇ ਰੌਣਕ ਬਣੀ ਰਹਿੰਦੀ ਜਿਸ ਕਰਕੇ ਤਰਾਂ ਤਰਾਂ ਦੀਆਂ ਦੁਕਾਨਾਂ ਇਥੇ ਬਣ ਗਈਆਂ ਸਨ। ਉਹ ਕਿਸਾਨ ਜਿੰਨਾਂ ਦੀ ਜਮੀਨ ਨੇੜੇ ਪੈਂਦੀ ਸੀ ਓਨਾਂ ਨੇ ਵੀ ਇਥੇ ਹੀ ਆ ਛੰਨਾਂ ਬਣਾਂ ਲਈਆਂ ਸਨ। ਹੜ੍ਹ ਨੇ ਬਹੁਤ ਕੁਝ ਤਬਾਹ ਕਰ ਦਿੱਤਾ। ਪਰ ਪਿੰਡ ਪੱਖੋਕੇ ਦਾ ਜਿਆਦਾ ਨੁਕਸਾਨ ਨਹੀ ਸੀ ਹੋਇਆ।

ਦਰਬਾਰ ਸਾਹਿਬ ਡੇਰਾ ਬ.ਨ. ਵਿਖੇ ਗੁਰੂ ਸਾਹਿਬ ਦੀ ਤੀਸਰੀ ਸਮਾਧ ਤੇ ਮਹਾਰਾਜਾ ਰਣਜੀਤ ਸਿੰਘ ਦੀ ਚੜ੍ਹਾਈ ਹੋਈ ਸੋਨੇ ਦੀ ਪਾਲਕੀ

ਏਨਾ ਹੀ ਨਹੀ ਸੰਮਤ 1640 ਬਿ. (1583 ਈ.) ਰਾਵੀ ਵਿੱਚ ਹੋਰ ਵੀ ਵੱਡਾ ਹੜ੍ਹ ਆਇਆ। ਬੇਦੀਆਂ ਦੀ ਬਣਾਈ ਹੋਈ ਗੁਰੂ ਸਾਹਿਬ ਦੀ ਸਮਾਧੀ ਤੇ ਮੁਸਲਮਾਨਾਂ ਵਲੋਂ ਬਣਾਈ ਹੋਈ ਕਬਰ ਸਭ ਰੁੜ੍ਹ ਪੁੜ੍ਹ ਗਈਆਂ।◈ ਬੇਦੀਆਂ ਨੂੰ ਚਿੰਤਾ ਹੋਈ ਕਿਉਕਿ ਸਮਾਧੀ ਅੰਦਰ ਜਿਹੜੀ ਗੜ੍ਹਵੀ ਦੱਬੀ ਸੀ ਉਹ ਸੋਨੇ ਦੀ ਸੀ। ਗੁਰੂ ਸਾਹਿਬ ਦੇ ਪੋਤਰੇ ਬਾਬਾ ਧਰਮ ਚੰਦ ਨੇ ਤੁਰੰਤ ਬਾਬਾ ਸ੍ਰੀ ਚੰਦ ਨੂੰ ਸੁਨੇਹਾ ਭੇਜ ਕੇ ਸੱਦ ਲਿਆ। (ਬਾਬਾ ਲਖਮੀ ਦਾਸ ਪਹਿਲਾਂ ਹੀ ਭਾਵ 1555 ਈ. ਨੂੰ ਚੜ੍ਹਾਈ ਕਰ ਚੁੱਕੇ ਸਨ।)

ਜਿਵੇਂ ਹੜ੍ਹ ਦਾ ਪਾਣੀ ਲੱਥਾ ਸਮਾਧ ਵਾਲੀ ਥਾਂ ਤੇ ਫੋਲਾ ਫਾਲੀ ਕੀਤੀ ਗਈ ਤੇ ਸਥਾਨ ਲੱਭ ਕੇ ਦੱਬੀ ਹੋਈ ਗੜ੍ਹਵੀ ਪੁੱਟ ਕੇ ਬਾਬਾ ਸ੍ਰੀ ਚੰਦ ਜੀ, ਪੱਖੋਕੇ ਲੈ ਆਏ। ਪਰ ਪ੍ਰੰਪਰਾ ਅਨੁਸਾਰ ਫੁੱਲ (ਅਸਥੀਆਂ) ਨੂੰ ਰਹਾਇਸ਼ ਵਾਲੇ ਕਮਰਿਆਂ ਵਿੱਚ ਰੱਖਣਾ ਵੀ ਲੋਕੀ ਸ਼ੁਭ ਨਹੀ ਸਨ ਮੰਨਦੇ ਇਸ ਕਰਕੇ ਸਵਾਲ ਉਠਿਆ ਕਿ ਬਿਭੂਤੀ ਵਾਲੀ ਗੜ੍ਹਵੀ ਕਿਥੇ ਰੱਖੀ ਜਾਏ। ਖੈਰ ਕੁਝ ਸਮਾਂ ਗੜ੍ਹਵੀ ਕਿਸੇ ਧਾਰਮਿਕ ਅਸਥਾਨ ਤੇ ਸੰਭਾਲੀ ਗਈ।

ਪਾਲਕੀ ਤੇ ਮਹਾਰਾਜੇ ਦਾ ਲੇਖ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ਜਪੁ ॥ ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥ਸੰਮਤ ੧੮੮੪ ਟਹਲ ਮਹਾਰਾਜਾ ਰਣਜੀਤ ਸਿੰਘ ਸਿਖ ਗੁਰੂ ਨਾਨਕ ਜੀ ਕਾ

ਅਗਲੇ ਸਾਲ ਹੀ ਭਾਵ 1641 ਬਿ. ਨੂੰ ਮੋਹਤਬਰ ਸਿੱਖਾਂ ਤੇ ਸਾਹਿਬਜਾਦਿਆਂ ਇਹ ਤਹਿ ਕੀਤਾ ਕਿ ਗੜਵੀ ਅਜਿਤੇ ਰੰਧਾਵੇ ਦੇ ਡੇਰੇ ਤੇ ਜਿੱਥੇ ਗੁਰੂ ਸਾਹਿਬ ਨੇ ਕਾਫੀ ਸਮਾਂ ਬਿਤਾਇਆ ਸੀ ਓਥੇ ਦਫਨਾ ਦਿੱਤੀ ਜਾਏ। ਕਿਉਕਿ ਇਹ ਸਥਾਨ ਓਦੋਂ ਉੱਚਾਈ ਤੇ ਗਿਣਿਆ ਜਾਂਦਾ ਸੀ, ਨਾਲੇ ਸੀ ਵੀ ਰਾਵੀ ਤੋਂ ਚੋਖਾ ਹਟਵਾ। ਭਾਵ ਜਿਹੜਾ ਮੌਜੂਦਾ ਡੇਰਾ ਬਾਬਾ ਨਾਨਕ ਦਾ ਦਰਬਾਰ ਸਾਹਿਬ ਗੁਰਦੁਆਰਾ ਹੈ।

ਯਾਦ ਰਹੇ ਅੱਜ ਮੰਡ ਵਿੱਚ ਜਿਹੜੀਆਂ ਬਸਤੀਆਂ ਹਨ ਜਿਵੇ ਡੇਰਾ ਬਾਬਾ ਨਾਨਕ, ਪੱਖੋ ਕੇ ਟਾਹਲੀ ਸਾਹਿਬ ਆਦਿ ਇਹ ਸਭ ਕਿਸੇ ਵੇਲੇ ਉੱਚੇ ਟਿੱਬਿਆਂ ਤੇ ਸਨ। ਕਿਉਕਿ ਦਰਿਆ ਭਲ ਲਿਆਉਦੇ ਰਹਿੰਦੇ ਹਨ ਜਿਸ ਕਰਕੇ ਹੌਲੀ ਹੌਲੀ ਨਾਲ ਦੀਆਂ ਜਮੀਨਾਂ ਵੀ ਉੱਚੀਆਂ ਹੋਈ ਜਾਂਦੀਆਂ ਹਨ। ਪਰ ਬਸਤੀ ਵਾਲੀ ਥਾਂ ਦਾ ਪੱਧਰ ਪਹਿਲਾਂ ਵਾਲਾ ਹੀ ਬਣਿਆ ਰਹਿੰਦਾ ਹੈ।

ਸੋ ਗੱਜ ਵੱਜ ਕੇ ਭਾਵ ਪੂਰੇ ਰਸਮੋ ਰਵਾਜ ਨਾਲ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਦੀ ਹਾਜਰੀ ਵਿੱਚ ਫਿਰ ਗੜ੍ਹਵੀ ਅਜਿਤੇ

ਪੈਰ ਸਫਾ

◈ ਦਰ ਅਸਲ ਸਿੱਖ ਧਰਮ ਵਿਚ ਮੜੀ ਜਾਂ ਸਮਾਧ ਦਾ ਸੰਕਲਪ ਹੈ ਹੀ ਨਹੀ। ਕਿਉਕਿ ਸਰਬ ਵਿਆਪਕ ਅਕਾਲ ਨੂੰ ਮੰਨਣ ਵਾਲੀ ਗੁਰਮਤ ਮੜੀਆਂ ਕਬਰਾਂ ਦੀ ਪੂਜਾ ਦੇ ਸਖਤ ਖਿਲਾਫ ਹੈ। ਪਰ ਸ਼ਰਧਾਵਾਨ ਗੁਰਸਿੱਖ ਇਤਹਾਸ ਤੋਂ ਹੀ ਪ੍ਰੇਰਨਾ ਪਾ ਕੇ ਹੀ ਜੀਵਨ ਜੁਧ ਵਿਚ ਜੂਝਦੇ ਹਨ। ਗੁਰੂ ਦੇ ਸਥਾਨ ਤੇ ਪਹੁੰਚ ਉਹਨਾਂ ਤੇ ਨਾਮ ਦੀ ਰੰਗਤ ਚੜ੍ਹਦੀ ਹੈ ਕਿਉਂਕਿ ਗੁਰਮਤ ਨਾਲ ਹੀ ਕਹਿੰਦੀ ਹੈ: "ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ" ਸੋ ਅਸਾਂ ਜੋ ਗੁਰਮਤ ਵਿਰੋਧੀ ਲਫਜ ਮੜੀ ਜਾਂ ਸਮਾਧ ਵਰਤਿਆ ਹੈ ਉਸ ਲਈ ਖਿਮਾ ਦੀ ਯਾਚਨਾ ਕਰਦੇ ਹਾਂ। ਮੜੀ ਲਫਜ ਸਤਿਕਾਰ ਪੂਰਬਕ ਜਿਹਾ ਨਹੀ ਲਗਦਾ ਤੇ ਸਮਾਧ ਲਫਜ ਜੋਗੀ ਦੀ ਸਮਾਧੀ ਤੋਂ ਆਉਦਾ ਹੈ।

ਰੰਧਾਵੇ ਦੇ ਡੇਰੇ ਵਾਲੇ ਥਾਂ ਤੇ ਡੂੰਘੀ ਦਫਨਾ ਦਿੱਤੀ ਗਈ। ਪੱਕਾ ਦੇਹੁਰਾ ਵੀ ਬਣਾ ਦਿੱਤਾ। ਇਸ ਕਰਮ ਕਾਂਡੀ ਕੰਮ ਦਾ ਭਾਵ ਗੁਰੂ ਸਾਹਿਬ ਦਾ ਦੇਹੁਰਾ ਬਣਾਉਣ ਦੀ ਗੁਰਸਿਖਾਂ ਨੇ ਮੁਖਾਲਫਤ ਵੀ ਕੀਤੀ।

ਭਾਈ ਗੁਰਦਾਸ ਤਾਂ ਸਾਹਿਬਜਾਦਿਆਂ ਦੀ ਮੁਖਾਲਫਤ ਕਰਦੇ ਹੋਏ ਕੁਝ ਜਿਆਦਾ ਹੀ ਤਿੱਖਾ ਲਿਖ ਗਏ:-

ਬਾਲ ਜਤੀ ਹੈ ਸਿਰੀਚੰਦੁ ਬਾਬਾਣਾ ਦੇਹੁਰਾ ਬਣਾਇਆ॥
ਲਖਮੀਦਾਸਹੁ ਧਰਮਚੰਦ ਪੋਤਾ ਹੁਇ ਕੈ ਆਪੁ ਗਣਾਇਆ॥
ਮੰਜੀ ਦਾਸੁ ਬਹਾਲਿਆ ਦਾਤਾ ਸਿਧਾਸਣ ਸਿਖਿ ਆਇਆ॥
ਮੋਹਣ ਕਮਲਾ ਹੋਇਆ ਚਉਬਾਰਾ ਮੋਹਰੀ ਮਨਾਇਆ॥
ਮੀਣਾ ਹੋਆ ਪਿਰਥੀਆ ਕਰਿ ਕਰਿ ਤੋਂਚਕ ਬਰਲੁ ਚਲਾਇਆ॥
ਮਹਾਦੇਉ ਅਹੰਮੇਉ ਕਰਿ ਕਰਿ ਬੇਮੁਖ ਪੁਤਾਂ ਭਉਕਾਇਆ॥
ਚੰਦਨ ਵਾਸੁ ਨ ਵਾਸ ਬੋਹਾਇਆ ॥

ਬੇਦੀਆਂ ਦੇ ਪ੍ਰਵਾਰਾਂ ਦੇ ਨਾਲ ਨਾਲ ਕੁਝ ਹੋਰ ਪ੍ਰਵਾਰ ਪੱਖੋਕੇ ਪਿੰਡ ਤੋਂ ਉੱਠ ਦੇਹੁਰੇ (ਦਰਬਾਰ ਸਾਹਿਬ) ਦੇ ਸਾਹਮਣੇ ਚੜ੍ਹਦੇ ਪਾਸੇ ਵੱਸ ਗਏ। ਅਬਾਦੀ ਦੀ ਜਰੂਰਤ ਅਨੁਸਾਰ ਬਾਬਾ ਸ੍ਰੀ ਚੰਦ ਨੇ ਵੱਡਾ ਖੂਹ ਵੀ ਲਵਾ ਦਿੱਤਾ ਜਿਸ ਨੂੰ 'ਸਰਜੀ' ਕਿਹਾ ਜਾਂਦਾ ਹੈ।▫ ਸਰ ਤੋਂ ਭਾਵ ਸਰੋਵਰ।

ਓਹਨਾਂ ਦਿਨਾਂ ਵਿੱਚ ਟੰਡਣ ਗੋਤ ਦਾ ਬੜਾ ਮਹੱਤਵਪੂਰਨ ਖੱਤਰੀ ਰਾਜਾ ਟੋਡਰ ਮਲ ਹੋਇਆ ਹੈ। ਜੋ ਬਾਦਸ਼ਾਹ ਅਕਬਰ ਦੇ ਨੌ ਰਤਨਾਂ ਵਿਚੋ ਇਕ ਸੀ। ਉਸ ਦੇ ਪੋਤਰੇ ਨਾਨਕ ਚੰਦ ਨੇ ਆਪਣੇ ਭਤੀਜੇ ਚੰਦੂ ਲਾਲ ਨੂੰ ਦੇਹੁਰੇ ਦੀ ਕਾਰ ਸੇਵਾ ਲਈ ਪ੍ਰੇਰਿਆ। ਚੰਦੂ ਲਾਲ ਨਿਜਾਮ ਹੈਦਰਾਬਾਦ ਦਾ ਪ੍ਰਧਾਨ ਮੰਤਰੀ ਸੀ। ਫਿਰ ਸੰਮਤ 1744 ਈ. ਪਹਿਲਾਂ ਵਾਲਾ ਦੇਹੁਰਾ ਤੋੜ ਕੇ ਨਵਾ ਸੰਗਮਰਮਰ ਲਾ ਕੇ ਬਣਾ ਦਿੱਤਾ ਗਿਆ। ਨਾਨਕ ਚੰਦ ਟੰਡਨ ਨੂੰ ਪ੍ਰੇਰਣ ਵਾਲੇ ਬੇਦੀ ਮਿਹਰ ਚੰਦ ਅਤੇ ਉਸਦਾ ਪੁੱਤਰ ਦਾਤਾਰ ਚੰਦ ਸਨ। ਇਨਾਂ ਬੇਦੀ ਪੁੱਤਰਾਂ ਨੇ ਰੰਧਾਵਿਆਂ ਕੋਲੋ ਇਹ ਸਾਰੀ 8000 ਵਿਘਾ ਜਮੀਨ ਖਰੀਦ ਹੀ ਲਈ।●

ਇਸ ਇਮਾਰਤ ਦੀ ਦੁਰਲੱਭ ਤਸਵੀਰ ਪਿੱਛੇ ਦਿੱਤੀ ਗਈ ਹੈ। ਇਸ ਦੇ ਸੁਨਿਹਰੀ ਗੁੰਬਦ ਦੀ ਆਪਣੀ ਹੀ ਸ਼ਾਨ ਸੀ।

ਉਪਰੰਤ ਮਹਾਰਾਜਾ ਰਣਜੀਤ ਸਿੰਘ ਨੇ ਇਸ ਦੇਹੁਰੇ ਤੇ ਸੋਨੇ ਦੀ ਪਾਲਕੀ 1827 ਈ. ਚੜਾਈ ਜਿਸ ਬਾਰੇ ਮੰਨਿਆ ਜਾਂਦਾ ਹੈ ਕਿ ਗੁਰਦੁਆਰਿਆ ਵਿੱਚ ਲੱਗੀਆਂ ਪਾਲਕੀਆਂ ਤੋਂ ਸਭ ਤੋਂ ਖੂਬਸੂਰਤ ਹੈ। ਮਹਾਰਾਜਾ ਨੂੰ ਇਸ ਕੰਮ ਲਈ ਪ੍ਰੇਰਣ ਵਾਲਾ ਸੀ ਉਹਨਾਂ ਦਾ ਹੀ ਜਰਨੈਲ ਸੁੱਧ ਸਿੰਘ ਜੋ ਪਿੰਡ ਦੋਦਾ ਤੋਂ ਹੀ ਸੀ। ਸੁੱਧ ਸਿੰਘ ਰਾਂਹੀ ਮਹਾਰਾਜੇ ਨੇ ਕਰਤਾਰਪੁਰ ਸਾਹਿਬ ਦੀ ਇਮਾਰਤ ਦੀ ਵੀ ਕਾਰਸੇਵਾ ਕਰਵਾਈ। ਗੁਰਦੁਆਰਾ ਸਾਹਿਬ ਦੇ ਨਾਂ ਤੇ ਕਈ ਪਿੰਡਾਂ ਵਿੱਚ ਜਗੀਰਾਂ ਲਾ ਦਿੱਤੀਆਂ ਕਿ ਮਾਇਆ ਦੀ ਕਮੀ ਨਾਂ ਰਹੇ।

ਇਨਾਂ ਹੀ ਦਿਨਾਂ ਵਿੱਚ ਮਹਾਰਾਜੇ ਨੇ ਆਪਣੇ ਪੁੱਤਰ ਖੜਗ ਸਿੰਘ ਰਾਂਹੀ ਨੇੜੇ ਹੀ ਕਲਾਨੌਰ ਦੇ ਸ਼ਿਵ ਮੰਦਰ ਦੀ ਕਾਰ ਸੇਵਾ ਵੀ ਕਰਵਾਈ।

ਡੇਰਾ ਬਾਬਾ ਨਾਨਕ ਦੀ ਵਿਸਾਖੀ ਦੋ ਤਿੰਨ ਜਿਲਿਆ ਗੁਰਦਾਸਪੁਰ, ਸਿਆਲਕੋਟ ਅਤੇ ਅੰਮ੍ਰਿਤਸਰ ਵਿੱਚ ਮਸ਼ਹੂਰ ਹੋ ਚੁੱਕੀ ਸੀ। ਵੱਡਾ ਮੇਲਾ ਲੱਗਿਆ ਕਰਦਾ ਸੀ ਏਥੇ। ਹਜ਼ਾਰਾਂ ਦੁਕਾਨਾਂ ਲੱਗਿਆ ਕਰਦੀਆਂ ਸਨ। ਵਿਸਾਖੀ ਦੀ ਛਿੰਜ (ਘੋਲ ਕੁਸ਼ਤੀਆਂ) ਪੂਰੇ ਪੰਜਾਬ ਵਿੱਚ ਮਸ਼ਹੂਰ ਸਨ। ਸਾਰੀਆਂ ਰਾਜਨੀਤਕ ਪਾਰਟੀਆਂ ਇਥੇ ਕਾਨਫ੍ਰੰਸਾਂ ਵੀ ਕਰਿਆ ਕਰਦੀਆਂ ਸਨ।

ਭਾਈ ਨਾਨਕ ਚੰਦ ਵਾਲੀ ਇਮਾਰਤ ਹੁਣ ਬਹੁਤ ਛੋਟੀ ਮਹਿਸੂਸ ਹੋਣੀ ਸ਼ੁਰੂ ਹੋ ਗਈ।

ਸੰਨ 1970 ਈ. ਵਿੱਚ ਫਿਰ ਸ਼੍ਰੋਮਣੀ ਕਮੇਟੀ ਨੇ ਇਸ ਅਸਥਾਨ ਨੂੰ ਖੁੱਲਾ ਕਰਨ ਹਿੱਤ ਇਸ ਦੀ ਕਾਰਸੇਵਾ ਕਰਵਾਈ ਜਿਸ ਦੀ ਖਾਸੀਅਤ ਇਹ ਸੀ ਕਿ ਨਾਨਕ ਚੰਦ ਟੰਡਣ ਵਾਲੇ ਗੁੰਬਦ ਦਾ ਡੀਜਾਈਨ ਹੂ ਬਹੂ ਅਪਣਾ ਲਿਆ ਗਿਆ। ਕਿਉਕਿ ਇਮਾਰਤ ਖੁੱਲੀ ਕਰਨੀ ਸੀ ਇਸ ਕਰਕੇ ਖੂਹ ਨੂੰ ਇਮਾਰਤ ਦੇ ਵਿੱਚ ਹੀ ਖੱਬੇ ਹੱਥ ਲੈ ਲਿਆ ਗਿਆ। ਉਪਰ ਜਿਹੜਾ ਹਲਟ ਚਲਦਾ ਸੀ ਉਹ ਹਟਾ ਦਿੱਤਾ ਗਇਆ ਕਿਉਕਿ ਹੁਣ ਡੇਰਾ ਬਾਬਾ ਨਾਨਕ ਦੀ ਅਬਾਦੀ ਪੀਣ ਲਈ ਇਸ ਖੂਹ ਦਾ ਪਾਣੀ ਨਹੀ ਸੀ ਵਰਤਦੀ। ਥਾਂ ਥਾਂ ਨਲਕੇ ਲੱਗ ਚੁੱਕੇ ਸਨ।

ਇਸ ਖੂਬਸੂਰਤ ਇਮਾਰਤ ਦੀ ਤਸਵੀਰ ਪਿਛਲੇ ਸਫੇ ਤੇ ਹੈ। ਇਹ ਇਮਾਰਤ ਡੇਰਾ ਬਾਬਾ ਨਾਨਕ ਦੀ ਪਛਾਣ ਬਣ ਚੁੱਕੀ ਸੀ।

ਸੰਨ 1971 ਦੀ ਭਾਰਤ ਪਾਕ ਜੰਗ ਤੋਂ ਬਾਦ ਸਰਕਾਰ ਦੀ ਨਜਰ ਵਿੱਚ ਡੇਰਾ ਬਾਬਾ ਨਾਨਕ ਦੇ ਮੇਲੇ ਚੁੱਭਣ ਲੱਗ ਗਏ। ਉਹ ਨਹੀ ਸੀ ਚਾਹੁੰਦੀ ਕਿ ਇਸ ਸਰਹੱਦੀ ਕਸਬੇ ਵਿੱਚ ਏਡੇ ਵੱਡੇ ਇਕੱਠ ਹੋਣ। ਲਗਦਾ ਹੈ ਇਥੋਂ ਦੇ ਸਥਾਨਕ ਲੀਡਰ ਸੰਤੋਖ ਸਿੰਘ ਰੰਧਾਵਾ ਅਤੇ ਨਿਰਮਲ ਸਿੰਘ ਕਾਹਲੋ, ਸਵੱਰਨ ਸਿੰਘ ਆਦਿ ਨੂੰ ਭਰੋਸਾ ਵਿੱਚ ਲੈ ਲਿਆ ਹੋਵੇਗਾ। ਸਰਕਾਰ ਨੇ ਛਿੰਜ ਕਰਾਉਣ ਦੀ ਇਜਾਜਤ ਦੇਣੀ ਬੰਦ ਕਰ ਦਿੱਤੀ। ਵਿਸਾਖੀ ਦਾ ਮੇਲਾ ਖਤਮ ਕਰ ਦਿੱਤਾ ਗਿਆ।

ਚੋਲਾ ਸਾਹਿਬ ਦੇ ਮੇਲੇ ਦੀ ਸ਼ਾਨ ਵੀ ਘੱਟ ਗਈ। ਉਹ ਮੇਲਾ ਜਿਹੜਾ ਕਈ ਦਿਨ ਚਲਦਾ ਸੀ ਸਿਰਫ ਦੋ ਤਿੰਨ ਵਿੱਚ ਹੀ ਸਿਮਟ ਜਾਣ ਲੱਗਾ। ਕੁਲ ਮਿਲਾ ਕੇ ਹਾਜਰੀ ਲੱਖ ਡੇਢ ਰਹਿ ਗਈ।

ਵੈਸਾਖੀ ਸੰਨ 2001 ਤੋਂ ਫਿਰ ਕਰਤਾਰਪੁਰ ਲਾਂਘੇ ਦਾ ਅੰਦੋਲਨ ਸ਼ੁਰੂ ਹੋਇਆ ਜਿਸ ਦਾ ਨਤੀਜਾ ਇਹ ਨਿਕਲਿਆ ਕਿ ਡੇਰਾ ਬਾਬਾ ਨਾਨਕ ਫਿਰ ਸੁਰਖੀਆਂ ਵਿੱਚ ਆ ਗਿਆ। ਲਾਂਘਾ ਅੰਦੋਲਨ ਕਰਕੇ ਚੋਲੇ ਸਾਹਿਬ ਦੇ ਲੱਗਦਾ ਮੇਲਾ ਅੱਜ ਜੋਬਨ ਤੇ ਪਹੁੰਚ ਚੁੱਕਾ ਸੀ। ਸੰਨ 2014 ਵਿੱਚ ਇਥੇ 15 ਦਿਨਾਂ ਵਿੱਚ ਕੋਈ 21 ਲੱਖ ਲੋਕਾਂ ਦੀ ਆਮਦ ਨੋਟ ਕੀਤੀ ਗਈ। ਉਹ ਇਮਾਰਤ

ਪੁਰਾਤਤ ਪੱਖੋ ਬਹੁਤ ਹੀ ਅਮੀਰ ਹੈ ਗੁਰਦੁਆਰਾ ਦਰਬਾਰ ਸਾਹਿਬ ਦਾ ਚੁਗਿਰਦਾ (ਅਹਾਤਾ)। ਜਦੋਂ ਨਵੀ ਇਮਾਰਤ ਵਾਸਤੇ ਨੀਂਹ ਪੁੱਟੀ ਜਾ ਰਹੀ ਸੀ ਤਾਂ ਸਭ ਨੇ ਵੇਖਿਆ ਕਿ ਇਥੇ ਵੱਖਰੇ ਵੱਖਰੇ ਸਮਿਆਂ ਦੀਆਂ ਅਨੇਕਾਂ ਕਿਸਮ ਦੀਆਂ ਕਈ ਕਈ ਨੀਹਾਂ ਸਨ। ਭਾਈ ਨਾਨਕਚੰਦ ਟੰਡਣ ਵਾਲੀ ਇਮਾਰਤ ਦੀ ਕਿੰਗਰਿਆਂ ਵਾਲੀ ਨੀਂਹ ਵੀ ਦੱਸ ਰਹੀ ਸੀ ਕਿ ਇਸ ਤੇ ਸ਼ਾਹੀ ਖਰਚੇ ਹੋਏ ਹਨ। ਇਹ ਅਮੀਰੀ ਸਾਬਤ ਕਰਦੀ ਹੈ ਕਿ ਕਰਤਾਰਪੁਰ ਸਾਹਿਬ ਬੰਨਣ ਤੋਂ ਪਹਿਲਾਂ ਅਜਿਤੇ ਰੰਧਾਵੇ ਦਾ ਡੇਰਾ ਹੀ ਧਰਮਸਾਲ ਸੀ।

ਜਿਸ ਦਾ ਨਾ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਜੁੜਦਾ ਸੀ ਸਰਕਾਰ ਨੂੰ ਖੱਟਕਣ ਲੱਗ ਪਈ।

ਇਨਾਂ ਹੀ ਦਿਨਾਂ ਵਿੱਚ ਫਿਰ ਸ਼ਰੋਮਣੀ ਕਮੇਟੀ ਨੇ ਇੱਕ ਕਾਰ ਸੇਵਾ ਬਾਬੇ ਰਾਂਹੀ ਦਰਬਾਰ ਸਾਹਿਬ ਲਾਗੇ ਸਰਾਵਾਂ ਦਾ ਨਿਰਮਾਣ ਕਰਵਾਇਆ। ਕਿਹਾ ਜਾਂਦਾ ਹੈ ਕਿ ਕੰਮ ਸੰਪੂਰਨ ਹੋਣ ਤੇ ਕਾਰ ਸੇਵਾ ਬਾਬੇ ਨੇ ਗੁਪਤ ਤੌਰ ਤੇ ਸ਼ਕਾਇਤ ਕਰ ਦਿੱਤੀ ਕਿ ਜਿੰਨਾਂ ਉਸ ਨੇ ਸਰਾਵਾਂ ਤੇ ਖਰਚਾ ਕੀਤਾ ਹੈ ਉਗਰਾਹੀ ਉਸ ਤੋਂ ਅੱਧੀ ਵੀ ਨਹੀ ਹੋ ਪਾਈ। ਬਾਬਾ ਉਂਜ ਵੀ ਅਕਾਲੀ ਲੀਡਰਾਂ ਦਾ ਤਾਬਿਆਦਾਰ ਬੰਦਾ ਸੀ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਚੋਣਾਂ ਮੌਕੇ ਥੈਲੀ ਆਦਿ ਵੀ ਭੇਟ ਕਰਦਾ ਹੈ।

ਤੇ ਲਓ1973 'ਚ ਬਣੇ ਮਜਬੂਤ ਦਰਬਾਰ ਸਾਹਿਬ ਦੀ ਲੈਂਟਰ ਵਾਲੀ ਛੱਤ ਨੇ ਹੁਣ ਚੋਣਾਂ ਸ਼ੁਰੂ ਕਰ ਦਿੱਤਾ।

ਸ਼ਰੋਮਣੀ ਕਮੇਟੀ ਅੰਮ੍ਰਿਤਸਰ ਤੱਕ ਸ਼ਕਾਇਤ ਕੀਤੀ ਗਈ ਕਿ ਇਮਾਰਤ ਚੋਣੀ ਸ਼ੁਰੂ ਹੋ ਗਈ ਹੈ। ਇੰਜਿਨੀਅਰਾਂ ਨੇ ਇਸ ਸ਼ਕਾਇਤ ਤੇ ਭਰੋਸਾ ਨਾਂ ਕੀਤਾ ਕਿਉਕਿ ਉਹ ਲੈਂਟਰ ਜਿਹੜਾ ਪਿੱਛਲੇ 45 ਸਾਲ ਨਹੀ ਸੀ ਚੋਇਆ ਹੁਣ ਕਿਵੇ ਲੀਕ ਹੋ ਸਕਦਾ ਹੈ? ਇੰਜੀਨੀਅਰਾਂ ਦੇ ਸੁਝਾਅ ਦੇ ਮੁਤਾਬਿਕ ਲੈਂਟਰ ਦੀ ਇੱਕ ਪਤਲੀ ਤਹਿ ਹੋਰ ਪਾ ਦਿੱਤੀ ਗਈ। ਚੋਣਾਂ ਬੰਦ ਹੋ ਗਿਆ।

ਬਾਬਾ ਫਿਰ ਲੀਡਰਾਂ ਨੂੰ ਮਿਲਿਆ। ਮਈ 2018 ਵਿੱਚ ਲੀਡਰਾਂ ਨੇ ਹੁਕਮ ਕਰ ਦਿੱਤਾ ਕਿ ਇਮਾਰਤ ਚੋਂਦੀ ਹੈ ਜਾਂ ਨਹੀ ਕਾਰਸੇਵਾ ਹਰ ਹਾਲਤ ਵਿੱਚ ਹੋਵੇਗੀ।

ਸੰਗਤਾਂ ਨੇ ਦੁਹਾਈ ਦਿੱਤੀ ਕਿ ਗੁਰੂ ਸਾਹਿਬ ਦੀ 550 ਸ਼ਤਾਬਦੀ 2019 ਵਿੱਚ ਆਉਣ ਵਾਲੀ ਇਸ ਕਰਕੇ ਕਾਰਸੇਵਾ ਸ਼ੁਰੂ ਨਾਂ ਕੀਤੀ ਜਾਵੇ। ਪਰ ਬਾਬਾ ਇਹ ਨਹੀ ਸੀ ਚਾਹੁੰਦਾ ਕਿਉਕਿ ਮੇਲਿਆਂ ਮੌਕੇ ਤਾਂ ਚਲਦੀ ਕਾਰਸੇਵਾ ਲਈ ਉਗਰਾਹੀ ਹੁੰਦੀ ਹੈ।

ਖੈਰ ਉਸ ਖੂਬਸੂਰਤ ਇਮਾਰਤ ਨੂੰ ਜਿਹੜੀ ਡੇਰਾ ਬਾਬਾ ਨਾਨਕ ਦੀ ਪਛਾਣ ਬਣ ਚੁੱਕੀ ਸੀ ਤਹਿਸ ਨਹਿਸ ਕਰ ਦਿੱਤਾ ਗਇਆ ਹੈ ਤੇ ਹੁਣ ਦਰਬਾਰ ਸਾਹਿਬ ਦੀ ਇਮਾਰਤ ਬਹੁਮੰਜਲੀ ਬਣਾਈ ਜਾ ਰਹੀ ਹੈ। ਅਗਲਿਆਂ ਨੂੰ ਇਸ ਗਲ ਦੀ ਵੀ ਪ੍ਰਵਾਹ ਨਹੀ ਕਿ ਗੁਰੂ ਸਾਹਿਬ ਦੀ ਪਵਿਤ੍ਰ ਸਮਾਧ ਹੇਠਾਂ ਹੈ।

——◈——

ਅਸਥਾਨ ਮੁੱਢ ਗੁਰੂ ਗ੍ਰੰਥ ਸਾਹਿਬ

ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੀ ਪੂਰਬ -ਉੱਤਰ ਦੀ ਗੁੱਠ ਵਿਚ ਇਕ ਹੋਰ ਪਵਿਤ੍ਰ ਸਥਾਨ ਹੈ ਜਿਥੇ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਬਹਿ ਕੇ ਕੀਰਤਨ ਕੀਤਾ ਸੀ। ਇਥੇ ਗੁਰੂ ਸਾਹਿਬ 1646 ਬਿ. ਨੂੰ ਬਾਬਾ ਧਰਮ ਚੰਦ ਬੇਦੀ ਦੇ ਦਿਹਾਂਤ ਪਿੱਛੋਂ ਮਕਾਣ ਲਾਹੁਣ ਆਏ ਸਨ। ਕੀਰਤਨ ਉਪਰੰਤ ਇਥੇ ਹੀ ਗੁਰਸਿੱਖ ਪਿਆਰਿਆਂ ਨੇ ਗੁਰੂ ਜੀ ਨੂੰ ਨਕਲੀ ਬਾਣੀ ਦੀਆਂ ਕੁਝ ਲਿਖਤਾਂ ਵਿਖਾਈਆਂ ਕਿ ਕਿਵੇ ਪਹਿਲੇ ਗੁਰੂ ਸਾਹਿਬਾਨ ਦੇ ਨਾਂ ਤੇ ਨਕਲੀ ਬਾਣੀ ਲਿਖੀ ਜਾ ਰਹੀ ਹੈ। ਇਥੇ ਹੀ ਸੰਗਤ ਵਿਚ ਫਿਰ ਤਹਿ ਹੋਇਆ ਕਿ ਪਹਿਲੇ ਗੁਰੂ ਸਾਹਿਬਾਨ ਦੀ ਸਾਰੀ ਬਾਣੀ

ਮੁੱਢ ਸਗਗਸ -ਕੀਰਤਨ ਅਸਥਾਨ ਗੁਰੂ ਅਰਜਨ ਦੇਵ ਜੀ।

ਇਕੱਤਰ ਕਰਕੇ ਇਕ ਜਿੱਲਦ ਵਿਚ ਪਰੋ ਦਿੱਤੀ ਜਾਵੇ। ਸੋ ਇਸ ਪ੍ਰਕਾਰ ਗੁਰੂ ਗ੍ਰੰਥ ਸਾਹਿਬ ਦਾ ਮੁੱਢ ਇਥੋਂ ਹੀ ਬੱਝਾ ਸੀ।

——◈——

ਚੋਲਾ ਸਾਹਿਬ

ਡੇਰਾ ਬਾਬਾ ਨਾਨਕ ਵਿਖੇ ਹੀ ਗੁਰੂ ਨਾਨਕ ਪਾਤਸ਼ਾਹ ਦਾ ਪਹਿਨਿਆ ਹੋਇਆ ਚੋਲਾ ਸਾਹਿਬ ਮੌਜੂਦ ਹੈ ਜਿਹੜਾ ਗੁਰੂ ਸਾਹਿਬ ਨੂੰ ਬਗਦਾਦ ਵਿਚ ਈਰਾਨ ਦੇ ਬਾਦਸ਼ਾਹ ਨੇ ਭੇਟ ਕੀਤਾ ਸੀ। (ਵੇਖੋ ਸਫਾ 442) ਉਹਨਾਂ ਦਿਨਾਂ ਵਿਚ ਇਹ ਰਸਮ ਹੁੰਦੀ ਸੀ ਜਦੋਂ ਬਾਦਸ਼ਾਹ ਕਿਸੇ ਦਾ ਸਨਮਾਨ ਕਰਦਾ ਸੀ ਤਾਂ ਉਹਨੂੰ ਦਰਬਾਰ ਵਲੋਂ ਬਸਤਰ ਪਹਿਨਾਏ ਜਾਂਦੇ ਸਨ।

ਚੋਲਾ ਸਾਹਿਬ ਦੀ ਖਾਸੀਅਤ ਇਹ ਹੈ ਕਿ ਇਸ ਤੇ ਕੁਰਾਨ ਦੀਆਂ

ਪੜ੍ਹ ਸਫਾ

ਰੱਬ ਖੈਰ ਕਰੇ। ਇਸ ਫੋਟੋ ਵਿਚ ਕਾਰਸੇਵਕ ਇਤਹਾਸਿਕ ਥੜੇ ਦੇ ਬਿਲਕੁਲ ਨਾਲ ਹੀ ਖੁਦਾਈ ਕਰ ਰਹੇ ਹਨ।

ਕਿਉਕਿ ਗੁਰੂ ਸਾਹਿਬ ਦੇ ਅੰਤਮ ਸਸਕਾਰ ਬਾਰੇ ਨਾਸਤਕ ਲੋਕ ਸ਼ੱਕ ਕਰਦੇ ਹਨ ਕਿ ਉਹਨਾਂ ਦਾ ਪਵਿਤ੍ਰ ਸਰੀਰ ਅਲੋਪ ਹੋ ਗਿਆ ਸੀ। ਸ਼ੰਕਾਵਾਦੀ ਕਹਿੰਦੇ ਹਨ ਕਿ ਪਵਿਤ੍ਰ ਸਰੀਰ ਨੂੰ ਜਾਂ ਤਾਂ ਸਾੜਿਆ ਗਿਆ ਸੀ ਜਾਂ ਦੱਬਿਆ ਗਿਆ ਸੀ। ਉਹ ਲੋਕ ਜਿਹੜੇ ਮੰਨਦੇ ਹਨ ਕਿ ਸਿੱਖ ਧਰਮ ਹਿੰਦੂਮਤ ਦੀ ਹੀ ਸ਼ਾਖ ਹੈ ਉਹ ਤੁਲੇ ਹੋਏ ਹਨ, ਇਹ ਗਲ ਸਾਬਤ ਕਰਨ ਵਿਚ ਕਿ ਸਾਹਿਬ ਦਾ ਸਸਕਾਰ ਹੋਇਆ ਸੀ। ਉਹਨਾਂ ਨੂੰ ਕਰਤਾਰਪੁਰ ਵਿਖੇ ਬਣੀ ਕਬਰ ਬਹੁਤ ਚੁੱਭਦੀ ਹੈ। 1970 ਨੇੜੇ ਵੀ ਜਦੋਂ ਕਾਰਸੇਵਾ ਹੋਈ ਤਾਂ ਕਿਹਾ ਜਾਂਦਾ ਹੈ ਕਿ ਬਾਬੇ ਨੇ ਉਹ ਗਾਗਰ ਜਾਂ ਗੜਵੀ ਪੁੱਟ ਕੇ ਵੇਖਣੀ ਚਾਹੀ ਸੀ। ਪਰ ਕੁਝ ਕਾਰਨ ਬਣਿਆ ਕਿ ਉਨੂੰ ਇਹ ਗੁਪਤ ਕੰਮ ਬੰਦ ਕਰਨਾਂ ਪਿਆ ਸੀ।

ਹੁਣ ਵੀ ਜਦੋਂ ਕਾਰਸੇਵਾ ਚਲ ਰਹੀ ਸੀ ਤਾਂ ਅਸੀ ਵੇਖਿਆ ਕਿ ਬਾਬੇ ਦੇ ਮਿਸਤਰੀ ਥੜਾ ਸਾਹਿਬ ਦੇ ਲਾਗਲੀ ਕੰਧ ਧੁਰ ਤੱਕ ਨੰਗੀ ਕਰਨ ਦੀ ਕੋਸ਼ਿਸ਼ ਵਿਚ ਸਨ। ਫਿਰ ਕਾਰਸੇਵਾ ਬਾਬੇ ਨੇ ਥੜਾ ਸਾਹਿਬ ਦੇ ਉੱਤੇ ਕੰਧ ਬਣਾ ਕੇ ਸੁਨਿਹਰੀ ਪਾਲਕੀ ਨੂੰ ਓਦੋਂ ਤੋਂ ਲੈ ਕੇ ਛੁੱਪਾ ਰੱਖਿਆ ਹੈ। ਕੁਝ ਹੱਦ ਤਕ ਰਾਖੀ ਦੇ ਪੱਖੋ ਤਾਂ ਇਹ ਗਲ ਜਾਇਜ ਵੀ ਹੈ। ਪਰ ਅਸੀ ਪਤ੍ਰਕਾਰਤਾ ਵਿਚ ਅਸੂਲ ਪੜਿਆ ਹੈ ਕਿ ਜਿੱਥੇ ਕੋਈ ਕੰਮ ਛੁਪਾ ਕੇ ਕੀਤਾ ਜਾਂਦਾ ਹੈ ਉਸ ਵਿਚ ਪਾਪ ਹੋਣ ਦਾ ਸ਼ੱਕ ਜਰੂਰ ਕਰਨਾਂ ਬਣਦਾ ਹੈ। ਸੋ ਸਾਨੂੰ ਸ਼ੱਕ ਹੈ ਕਾਰਸੇਵਾ ਬਾਬੇ ਦੇ ਬੰਦਿਆਂ ਥੜਾ ਸਾਹਿਬ ਦੀ ਹੇਠੋਂ ਫੋਲਾ ਫੁਲਾਈ ਵੀ ਕੀਤੀ ਹੋਵੇ। ਕਾਰ ਸੇਵਾ ਬਾਬੇ ਦੇ ਸਰਕਾਰੀ ਅਜੈਂਸੀਆਂ ਨਾਲ ਗੂੜੇ ਸਬੰਧਾਂ ਦੀ ਵੀ ਲੋਕ ਗਲ ਕਰਦੇ ਹਨ। ਨਾਲੇ ਜਿਵੇ ਸਿੱਖੀ ਦਾ ਪਹਿਲਾ ਕਿਲਾ ਭਾਵ ਲੋਹਗੜ੍ਹ ਸ਼੍ਰੋਮਣੀ ਕਮੇਟੀ ਨੇ ਕਾਰਸੇਵਾ ਬਾਬੇ ਰਾਂਹੀ ਢੁਹਾ ਦਿਤਾ ਹੈ ਸਾਡਾ ਸ਼ੱਕ ਕਰਨਾਂ ਬਣਦਾ ਵੀ ਹੈ। ਕਾਰ ਸੇਵਾ ਸ਼ੁਰੂ ਕਰਨ ਤੋਂ ਪਹਿਲਾਂ ਕਮੇਟੀ ਨੂੰ ਅਪੀਲਾਂ ਵੀ ਕੀਤੀਆਂ ਗਈਆਂ ਸਨ ਕਿ ਆ ਰਹੇ 550 ਸਾਲ ਦੇ ਜਸ਼ਨਾ ਦੇ ਮੱਦੇ ਨਜਰ ਕਾਰਸੇਵਾ ਸ਼ੁਰੂ ਨਾ ਕੀਤੀ ਜਾਵੇ। ਪਰ ਕਮੇਟੀ ਨੇ ਇਸ ਮਸਲੇ ਤੇ ਸਭ ਦਲੀਲਾਂ ਖਾਰਜ ਕਰ ਦਿੱਤੀਆਂ ਸਨ। ਵਾਹਿਗੁਰੂ ਕਰੇ ਸਾਡੇ ਇਹ ਸ਼ੰਕੇ ਨਿਰਮੂਲ ਹੋਣ। ਪਰ ਅਸੀ ਭਵਿਖ ਵਾਸਤੇ ਇਹ ਗਲ ਰਿਕਾਰਡ ਤੇ ਰਖਣਾ ਚਾਹੁੰਦੇ ਹਾਂ ਕਿ 2018/19 ਵਿਚ ਅਜਿਹੀ ਹਰਕਤ ਹੋਈ ਸੀ। ਲੋਹਗੜ੍ਹ ਅੰਮ੍ਰਿਤਸਰ ਦੀ ਕਾਰਸੇਵਾ ਦੇ ਮੱਦੇ ਨਜਰ ਅਸੀ ਸ਼੍ਰੋਮਣੀ ਕਮੇਟੀ ਤੇ ਪੂਰਾ ਭਰੋਸਾ ਨਹੀ ਕਰ ਸਕਦੇ। ਅਸੀ ਇਹ ਗੱਲਾਂ ਲਿਖਦੇ ਹੋਏ ਨਾਲ ਹੀ ਸ਼ਰਧਾਵਾਨ ਕਾਰਸੇਵਕਾਂ ਤੋਂ ਮਾਫੀ ਮੰਗਦੇ ਹਾਂ।

ਖੂਬ ਆਇਤਾਂ ਲਿਖੀਆਂ ਮਿਲਦੀਆਂ ਹਨ। ਕਿਹਾ ਜਾਂਦਾ ਹੈ ਕਿ ਕੁਰਾਨ ਦੇ ਤਾਂ ਇਸ ਤੇ ਕੋਈ 13 ਸਫੇ ਹੀ ਆ ਗਏ ਨੇ। ਇਸ ਤੋਂ ਇਲਾਵਾ ਮੁਸਲਿਮ ਦੁਨੀਆਂ ਦੇ ਜੋਤਸ਼ੀਆਂ ਜਿੰਨਾਂ ਨੂੰ ਨਜੂਮੀ ਕਿਹਾ ਜਾਂਦਾ ਹੈ ਉਹਨਾਂ ਦੀ ਵਿਦਿਆ ਹਰੂਫੇ ਆਬਜਾਦ (Numerology) ਦੇ ਵੀ ਨੁਖਸੇ ਦਿੱਤੇ ਹੋਏ ਹਨ।

ਚੋਲਾ ਸਾਹਿਬ ਦੀ ਲੰਬਾਈ 38 ਇੰਚ, ਘੇਰਾ 34 ਇੰਚ, ਬਾਹਾਂ 8 ਇੰਚ ਹੈ ਅਤੇ ਕਪੜਾ ਵਧੀਆ ਲੱਠਾ ਹੈ।

ਚੋਲਾ ਸਾਹਿਬ। ਅੱਜ ਰੰਗ ਉਹ ਹੈ ਜੋ ਖੱਬੇ ਪਾਸੇ ਵਾਲੀ ਤਸਵੀਰ ਵਿਚ ਦਿਸਦਾ ਹੈ।

ਇਹ ਗਲ ਤਾਂ ਬਹੁਤ ਸਾਫ ਹੈ ਕਿ ਰਾਜਾ ਮਹਾਰਾਜਾ ਇਹੋ ਜਿਹੀ ਮਜ਼ਬੂਬੀ ਪੁਸ਼ਾਕ ਨਹੀ ਪਹਿਨੇਗਾ।

ਜਦੋਂ ਬਾਨੀ ਗੁਰੂ ਨੇ ਭਾਈ ਲਹਿਣੇ ਨੂੰ ਗੁਰਿਆਈ ਬਖਸ਼ ਗੁਰੂ ਅੰਗਦ ਬਣਾਇਆ ਤਾਂ ਗੁਰਬਾਣੀ ਪੋਥੀ ਅਤੇ ਹੋਰ ਵਸਤਾਂ ਦੇ ਨਾਲ ਨਾਲ ਇਹ ਚੋਲਾ ਸਾਹਿਬ ਵੀ ਬਖਸ਼ ਦਿੱਤਾ ਸੀ। ਗੁਰੂ ਅੰਗਦ ਸਾਹਿਬ ਨੇ ਫਿਰ ਇਹੋ ਪਵਿਤ੍ਰ ਵਸਤਾਂ ਅੱਗੇ ਗੁਰੂ ਅਮਰ ਦਾਸ ਨੂੰ ਬਖਸ਼ੀਆਂ। ਜਿੰਨਾਂ ਗੁਰਿਆਈ ਦੀ ਇਹ ਨਿਸ਼ਾਨੀ ਫਿਰ ਗੁਰੂ ਰਾਮਦਾਸ ਨੂੰ ਬਖਸ਼ ਦਿੱਤੀ।

ਫਿਰ ਜਦੋਂ ਹਰਮੰਦਰ ਸਾਹਿਬ ਦੇ ਸਰੋਵਰ ਜਿਸਦਾ ਅਸਲ ਨਾਂ 'ਅੰਮ੍ਰਿਤਸਰ' ਹੈ ਚਲ ਰਹੀ ਸੀ ਤਾਂ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਨੇ ਬੁਖਾਰਾ - ਉਜਬੇਕਿਸਤਾਨ ਦੇ ਗੁਰਸਿੱਖ ਭਾਈ ਤੋਤਾ ਰਾਮ ਨੂੰ ਇਹ ਚੋਲਾ ਸਾਹਿਬ ਬਖਸ਼ ਦਿੱਤਾ। ਅੱਜ ਚੋਲਾ ਸਾਹਿਬ ਦੇ ਨਾਲ ਜੋ ਛੋਟੀ ਜਿਹੀ ਚੌਰ ਸਾਹਿਬ ਮੌਜੂਦ ਹੈ ਇਹ ਭਾਈ ਤੋਤਾ ਰਾਮ ਇਸ ਚੋਲਾ ਸਾਹਿਬ ਤੇ ਕਰਿਆ ਕਰਦਾ ਸੀ।

ਯਾਦ ਰਹੇ ਬੁਖਾਰਾ ਸ਼ਹਿਰ ਪ੍ਰਸਿੱਧ ਰੇਸ਼ਮ ਮਾਰਗ ਤੇ ਮੌਜੂਦ ਹੈ ਜਿੱਥੇ ਅਨੇਕਾਂ ਪੰਜਾਬੀ ਵਪਾਰੀ (ਖੱਤਰੀ, ਅਰੋੜੇ ਅਤੇ ਮਹਾਜਨ) 16, 17 ਅਤੇ 18 ਸਦੀ ਵਿਚ ਜਾ ਵੱਸੇ ਸਨ। ਰੇਸ਼ਮ ਮਾਰਗ ਦੇ ਪ੍ਰਸਿੱਧ ਸ਼ਹਿਰਾਂ ਵਿਚ ਅੱਜ ਵੀ ਅਨੇਕਾਂ ਪੁਰਾਣੇ ਪੰਜਾਬੀ ਗ੍ਰਿਹ ਓਥੇ ਦੇ ਅਜਾਇਬ ਘਰਾਂ ਦੀ ਸੋਭਾ ਵਧਾ ਰਹੇ ਹਨ।

ਕਾਰਸੇਵਾ ਦੌਰਾਨ ਦੋ ਪੁਰਾਣੀਆਂ ਖੂਹੀਆਂ ਨਿਕਲੀਆਂ ਸਨ। ਅੰਦਾਜ਼ਾ ਇਹੋ ਹੈ ਕਿ ਇਹ ਗੁਰੂ ਸਾਹਿਬ ਦੇ ਵੇਲੇ ਦੀਆਂ ਹਨ, ਕਿਉਕਿ ਵੱਡੇ ਖੂਹ ਬਾਰੇ ਤਾਂ ਇਤਹਾਸਿਕ ਜਿਕਰ ਮਿਲਦੇ ਹਨ ਕਿ ਬਾਬਾ ਸ੍ਰੀ ਚੰਦ ਨੇ ਲਵਾਇਆ ਸੀ। ਅਸਾਂ ਇਹ ਗਲ ਜਦੋਂ ਅਖਬਾਰਾਂ ਵਿਚ ਦੇ ਕੇ ਕਾਰ ਸੇਵਾ ਬਾਬੇ ਨੂੰ ਅਪੀਲ ਕੀਤੀ ਕਿ ਖੂਹੀਆਂ ਬਚਾ ਲਈਆਂ ਜਾਣ। ਉਸ ਵੇਲੇ ਸ਼੍ਰੋਮਣੀ ਕਮੇਟੀ ਹਰਕਤ ਵਿਚ ਆ ਗਈ ਤੇ ਅਖਬਾਰਾਂ ਵਿਚ ਝੂਠਾ ਬਿਆਨ ਦੇ ਦਿਤਾ ਕਿ ਇਹ ਖੂਹੀਆਂ ਪੁਰਾਤਨ ਨਹੀ ਹਨ। ਅਖੇ ਇਹ ਲੰਗਰ ਵਿਚ ਪਾਣੀ ਵਰਤਣ ਵਾਸਤੇ ਲਵਾਈਆਂ ਸਨ ਕਿਉਕਿ ਬਾਉਲੀ ਸਾਹਿਬ (ਖੂਹ ਸਰਜੀ) ਦੇ ਪਾਣੀ ਨੂੰ ਲੰਗਰ ਵਿਚ ਵਰਤਣਾ ਬੇਅਦਬੀ ਸਮਝੀ ਜਾਂਦੀ ਸੀ।(ਵੇਖੋ 22-7-18 ਅਜੀਤ ਗੁਰਦਾਸਪੁਰ ਐਡੀਸ਼ਨ)। ਜਦੋਂ ਕਿ ਸੱਚ ਇਹ ਹੈ ਨਲਕੇ ਪ੍ਰਚਲਤ ਹੋਣ ਤੋਂ ਪਹਿਲਾਂ, ਸਰਜੀ ਖੂਹ ਦਾ ਜਲ ਸਾਰਾ ਡੇਰਾ ਬਾਬਾ ਨਾਨਕ ਵਰਤਦਾ ਰਿਹਾ ਹੈ। 1973 ਤਕ ਇਥੇ ਹਲਟੀ ਲੱਗੀ ਹੁੰਦੀ ਸੀ।

ਫਿਰ 1570 ਈ ਵਿਚ ਓਸਮਾਨੀਆਂ ਹਕੂਮਤ ਦੇ ਹੱਥੋਂ ਵੋਲਗਾ ਦਰਿਆ ਦੇ ਸਿਰੇ ਤੇ ਸਥਿਤ ਸ਼ਹਿਰ ਅਸਤਰਾਖਾਨ (ਅਸ+ਤਰਖਾਣ) ਜਾਂਦਾ ਰਿਹਾ ਜਿਸ ਕਰਕੇ ਪੂਰਬੀ ਵਪਾਰੀਆਂ ਲਈ ਯੂਰਪ ਦਾ ਸਿੱਧਾ ਹੀ ਰਾਹ ਖੁੱਲ ਗਇਆ। ਹੌਲੀ ਹੌਲੀ ਫਿਰ ਅਨੇਕਾਂ ਪੰਜਾਬੀ ਵਪਾਰੀਆਂ ਨੇ ਬੁਖਾਰਾ ਤੋਂ ਅਸਤਰਾਖਾਨ ਵਲ ਹਿਜਰਤ ਕਰਨੀ ਸ਼ੁਰੂ ਕਰ ਦਿੱਤੀ। ਬੁਖਾਰਾ ਸ਼ਹਿਰ ਵਿਚ ਬਹੁਤ ਘੱਟ ਪੰਜਾਬੀ ਰਹਿ ਗਏ।

ਫਿਰ ਕਿਸੇ ਗੁਰਸਿੱਖ ਨੇ 1675- 1700 ਈ ਦੇ ਅਰਸੇ ਦੌਰਾਨ, ਪੰਜਾਬ ਆ ਕੇ ਖਬਰ ਦਿੱਤੀ ਕਿ ਹੁਣ ਚੋਲਾ ਸਾਹਿਬ ਦੀ ਬੁਖਾਰੇ ਵਿਖੇ ਕਦਰ ਰਹਿ ਨਹੀ ਗਈ। ਇਹ ਵੀ ਪਤਾ ਲੱਗਾ ਕਿ ਭਾਈ ਤੋਤਾ ਰਾਮ ਦੀ ਅੱਗੋ ਉਲਾਦ ਵੀ ਚੋਲਾ ਸਾਹਿਬ ਦੀ ਅਹਿਮੀਅਤ ਵਿਸਾਰੀ ਬੈਠੀ ਹੈ। ਓਦੋਂ (ਅੰਦਾਜਨ 1690 ਈ.) ਵਿਚ ਬਾਬਾ ਕਾਬਲੀ ਮਲ ਬੇਦੀ (ਗੁਰੂ ਸਾਹਿਬ ਦੀ ਅਠਵੀ ਪੀੜ੍ਹੀ) ਨੂੰ ਜਦੋਂ ਇਸ ਗਲ ਦਾ ਪਤਾ ਲੱਗਾ ਤਾਂ ਉਹ ਬੁਖਾਰਾ ਦੇ ਵਪਾਰੀਆਂ ਦੇ ਟੋਲੇ ਨਾਲ ਬੁਖਾਰਾ ਜਾ ਪਹੁੰਚੇ ਅਤੇ ਭਾਈ ਤੋਤਾ ਰਾਮ ਦੀ ਉਲਾਦ ਪਾਸੋਂ ਚੋਲਾ ਸਾਹਿਬ ਵਾਪਸ ਲੈ ਲਿਆ। 1400 ਕਿ. ਮੀ. ਦਾ ਲੰਮਾ ਮੁਸ਼ਕਲਾਂ ਭਰਿਆ ਪੈਂਡਾ ਤਹਿ ਕਰਕੇ 21 ਫੱਗਣ ਨੂੰ ਕਾਬੁਲੀ ਮਲ ਡੇਰਾ ਬਾਬਾ ਨਾਨਕ ਪਹੁੰਚੇ ਸਨ।

ਜਿਵੇ ਗੁਰਸਿੱਖਾਂ ਨੂੰ ਖਬਰ ਮਿਲੀ ਕਿ ਚੋਲਾ ਸਾਹਿਬ ਵਾਪਸ ਆ ਗਏ ਹਨ ਤਾਂ ਹੁੰਮ ਹੁੰਮਾ ਕੇ ਸੰਗਤਾਂ ਡੇਰਾ ਬਾਬਾ ਨਾਨਕ ਪਹੁੰਚੀਆਂ। ਉਦੋਂ ਤੋਂ ਲੈ ਕੇ ਅੱਜ ਤਕ ਹਰ ਸਾਲ ਡੇਰਾ ਬਾਬਾ ਨਾਨਕ ਵਿਖੇ ਵੱਡਾ ਮੇਲਾ ਲੱਗਦਾ ਹੈ। 2014 ਈ ਵਿਚ ਤਾਂ 15 ਦਿਨਾਂ ਦੌਰਾਨ ਇਥੇ ਕੋਈ 20 ਲੱਖ ਸ਼ਰਧਾਲੂ ਦਰਸ਼ਨਾਂ ਲਈ ਹਾਜਰ ਹੋਏ ਸਨ।

ਫਿਰ ਚੋਲਾ ਸਾਹਿਬ ਦੇ ਨਾਲ ਹੀ ਅੱਜ ਪ੍ਰਕਾਸ਼ ਕੀਤਾ ਹੋਇਆ ਹੈ, ਬੇਬੇ ਨਾਨਕੀ ਦਾ ਕੱਢਿਆ ਹੋਇਆ ਰੁਮਾਲ ਜੋ ਭੈਣ ਜੀ ਨੇ ਗੁਰੂ ਸਾਹਿਬ ਨੂੰ ਜੰਞ ਚੜ੍ਹਨ ਵੇਲੇ ਦਿੱਤਾ ਸੀ। ਇਸ ਤੇ ਖੂਬ ਕਸੀਦਾਕਾਰੀ ਕੀਤੀ ਹੋਈ ਹੈ ਅਤੇ ਕਬੀਰ, ਫਰੀਦ ਅਤੇ ਹੋਰ ਭਗਤਾਂ ਦੀਆਂ ਤਸਵੀਰਾਂ ਵੀ ਕੱਢਾਈ ਰਾਂਹੀ ਦਰਸਾਈ ਹੋਈਆਂ ਹਨ।

ਗੁਰਦੁਆਰਾ ਸੁਧਾਰ ਲਹਿਰ ਦੌਰਾਨ ਚੋਲਾ ਸਾਹਿਬ ਵੀ ਸ਼੍ਰੋਮਣੀ ਕਮੇਟੀ ਦੇ ਕਬਜੇ ਤਹਿਤ ਚਲਾ ਗਇਆ ਸੀ। ਉਦੋਂ ਚੋਲਾ ਸਾਹਿਬ ਦਾ ਪ੍ਰਕਾਸ਼ ਉਸ ਗੁਰਦੁਆਰੇ ਵਿਚ ਹੁੰਦਾ ਸੀ ਜਿੱਥੇ ਅੱਜ ਬਾਬਾ ਕਾਬੁਲੀ ਮਲ ਦੀ ਸਮਾਧ ਅਤੇ ਪੁਰਾਣਾ ਖੂਹ ਹੈ। ਇਹ ਅਸਥਾਨ ਡੇਰਾ ਬਾਬਾ ਨਾਨਕ ਦੀ ਫਿਰਨੀ ਤੇ ਹੀ ਮੌਜੂਦ ਹੈ ਜਿਥੋਂ ਫਿਰ ਚੋਲਾ ਸਾਹਿਬ ਵਲ ਮੁੜੀਦਾ ਹੈ। ਬਾਬਾ ਅਜਬ ਸਿੰਘ ਬੇਦੀ ਨੇ ਸੰਮਤ 1841 ਵਿੱਚ ਇਥੇ ਦਰਬਾਰ ਸਾਹਿਬ ਡੇਰਾ ਬਾਬਾ

ਨਾਨਕ ਦੀ ਸ਼ਕਲ ਵਾਲਾ ਦੇਹੁਰਾ, ਬਾਬਾ ਕਾਬੁਲੀ ਮਲ ਦੀ ਸਮਾਧ ਤੇ ਬਣਵਾ ਦਿਤਾ ਸੀ।

ਬੇਦੀ ਸਹਿਬਜਾਦਿਆਂ ਫਿਰ ਕੇਸ ਲੜ੍ਹ ਕੇ ਚੋਲਾ ਸਾਹਿਬ ਸ਼੍ਰੋਮਣੀ ਕਮੇਟੀ ਤੋਂ ਵਾਪਸ ਹਾਸਲ ਕਰ ਲਿਆ। ਅੱਜ ਵੀ ਗੁਰਦੁਆਰਾ ਚੋਲਾ ਸਾਹਿਬ ਸ਼੍ਰੋਮਣੀ ਕਮੇਟੀ ਦੇ ਕਬਜੇ ਤਹਿਤ ਹੀ ਹੈ। ਜਦੋਂ ਕਿ ਚੋਲਾ ਸਾਹਿਬ ਦੀ ਸੇਵਾ ਤਿੰਨ ਬੇਦੀ ਪ੍ਰਵਾਰਾਂ ਕੋਲ ਹੈ।

ਕਿਉਕਿ ਗੁਰੂ ਸਾਹਿਬ ਸਭ ਧਰਮਾਂ ਦੇ ਸਾਂਝੇ ਸਨ ਇਹ ਗਲ ਕਰਤਾਰਪੁਰ ਵਿਖੇ ਕਬਰ ਅਤੇ ਡੇਰਾ ਬਾਬਾ ਨਾਨਕ ਵਿਖੇ ਮੌਜੂਦ ਚੋਲਾ ਸਾਹਿਬ ਤੋਂ ਉਘੜ ਕੇ ਉਜਾਗਰ ਹੁੰਦੀ ਹੈ ਜਿਸ ਕਾਰਨ ਹਿੰਦੁਸਤਾਨ ਦੇ ਕੁਝ ਫਿਰਕਾਪ੍ਰਸਤਾਂ ਨੂੰ ਕਸਬਾ ਡੇਰਾ ਬਾਬਾ ਨਾਨਕ ਬਹੁਤ ਚੁੱਭਦਾ ਹੈ। ਇਹੋ ਕਾਰਨ ਜਿਹੜਾ ਇਥੋਂ ਦਾ ਪ੍ਰਸਿੱਧ ਵੈਸਾਖੀ ਮੇਲਾ ਹੌਲੀ ਹੌਲੀ ਸਾਜਿਸ਼ ਤਹਿਤ ਖਤਮ ਕਰ ਦਿੱਤਾ ਗਇਆ ਹੈ ਅਤੇ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਪ੍ਰਵਾਨਗੀ ਲਈ ਇੰਨਾ ਲੰਮਾ ਸਮਾਂ ਲੱਗਾ।

ਸਮਾਧ ਬਾਬਾ ਕਾਬਲੀ ਮਲ

———◈———

ਪੱਖੋਕੇ (ਟਾਹਲੀ ਸਾਹਿਬ)

ਗੁਰੂ ਨਾਨਕ ਪਾਤਸ਼ਾਹ ਦੇ ਸਹੁਰੇ ਪਿੰਡ ਪੱਖੋਕੇ ਰੰਧਾਵਾ ਵਿੱਚ ਸਨ ਜਿਥੋਂ ਦਾ ਚੌਧਰੀ ਅਜਿਤਾ ਰੰਧਾਵਾ ਹੋਇਆ ਹੈ। ਇਸੇ ਚੌਧਰੀ ਦੀ ਜਮੀਨ ਤੇ ਪੱਖੋਕਿਆਂ ਤੋਂ 3 ਕਿ. ਮੀ. ਦੱਖਣ ਵਿੱਚ ਗੁਰੂ ਸਾਹਿਬ ਨੇ ਪਹਿਲਾ ਡੇਰਾ ਸਥਾਪਤ ਕੀਤਾ ਸੀ, ਜਿੱਥੇ ਅੱਜ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਹੈ। ਸਹੁਰੇ ਪਿੰਡ ਤੋਂ ਬਾਹਰਵਾਰ ਓਦੋਂ ਭਾਈ ਸਿਧਾਰਣ ਗੁਰੂ ਸਾਹਿਬ ਦੀ ਸੇਵਾ ਕਰਿਆ ਕਰਦਾ ਸੀ। ਉਹ ਗੁਰਸਿੱਖ ਵੀ ਪਿੰਡ ਪੱਖੋਕੇ ਤੋਂ ਹੀ ਖੱਤਰੀ ਪ੍ਰਵਾਰ ਵਿਚੋਂ ਸੀ।

ਬਾਬਾ ਸ੍ਰੀ ਚੰਦ ਅਤੇ ਲਖਮੀ ਦਾਸ ਦਾ ਬਚਪਨ ਵੀ ਪਿੰਡ ਪੱਖੋਕੇ ਵਿੱਚ ਹੀ ਗੁਜਰਿਆ ਸੀ।

ਜਦੋਂ ਗੁਰੂ ਸਾਹਿਬ ਨੇ ਭਾਈ ਲਹਿਣੇ ਨੂੰ ਸਿੱਖਾਂ ਦਾ ਦੂਸਰਾ ਗੁਰੂ ਥਾਪ ਦਿੱਤਾ ਤਾਂ ਸ੍ਰੀ ਚੰਦ ਨੇ ਵਿਰੋਧ ਕਰਦੇ ਹੋਏ ਆਪਣੇ ਸਿਰ ਵਿੱਚ ਸਵਾਹ ਪਾ ਕੇ ਪਿੰਡ ਪੱਖੋਕੇ ਦੇ ਪੱਛਮ ਟਾਹਲੀ ਥੱਲੇ ਆਸਣ ਲਾ ਲਿਆ ਸੀ। ਇਥੇ ਹੀ ਬਾਦ ਵਿੱਚ ਬਾਬਾ ਸ੍ਰੀ ਚੰਦ ਦੀ ਯਾਦ ਵਿੱਚ ਮੰਦਰ ਬਣਿਆ। ਕੁਦਰਤੀ ਹੈ ਕਿ ਇਸ ਮੰਦਰ ਤੇ ਉਦਾਸੀ ਸੰਤਾਂ ਦਾ ਕਬਜਾ ਸੀ।

ਸੰਨ 1684 ਈ. ਨੂੰ ਰਾਵੀ ਦਾ ਵਹਿਣ ਬਦਲ ਗਿਆ। ਪਹਿਲਾ ਰਾਵੀ ਕਰਤਾਰਪੁਰ ਸਾਹਿਬ ਦੇ ਪਹਾੜ ਪਾਸਿਆਂ ਦੀ ਲੰਘਦਾ ਸੀ। ਹੁਣ ਰਾਵੀ ਕਰਤਾਰਪੁਰ ਦੇ ਦੱਖਣ ਵਲ ਚਲਾ ਗਿਆ। ਸੰਨ 1700 ਈ. ਦੇ ਨੇੜੇ ਤੇੜੇ ਫਿਰ ਰਾਵੀ ਨੇ ਪੱਖੋਕਿਆਂ ਨੂੰ ਵੀ ਸਿੱਧੀ

ਉਦਾਸੀ ਮੰਦਰ ਪੱਖੋਕੇ, ਨਾਲ ਟਾਹਲੀ ਸਾਹਿਬ ਅਤੇ ਬਾਬਾ ਸ੍ਰੀ ਚੰਦ ਦੀ ਮੂਰਤੀ। ਇਥੋਂ ਦੇ ਮਹੰਤ ਸ੍ਰੀ ਕਰਨ ਦਾਸ ਦਾ ਕਹਿਣਾ ਹੈ ਕਿ ਇਹ ਮੂਰਤੀ ਸਭ ਤੋਂ ਪੁਰਾਣੀਆਂ ਮੂਰਤੀਆਂ ਵਿਚੋਂ ਇਕ ਹੈ। ਇਹਦੇ ਨਾਲ ਦੀ ਹੀ ਹਰਦੁਆਰ ਵਿਖੇ ਹੈ। ਇਸ ਮੂਰਤੀ ਵਿਚ ਬਾਬਾ ਜੀ ਦਾ ਚਿਹਰਾ ਕੁਝ ਅਸਲ ਬੇਦੀਆਂ ਵਰਗਾ ਲਗਦਾ ਹੈ। ਅੱਜ ਕਲ ਜੋ ਮੂਰਤੀਆਂ ਬਣਾਈਆਂ ਜਾ ਰਹੀਆ ਹਨ ਉਹਨਾਂ ਵਿਚ ਬਾਬਾ ਜੀ ਨੂੰ ਸ਼ਿਵ ਜੀ ਦੇ ਰੂਪ ਵਿਚ ਵਿਖਾਇਆ ਜਾ ਰਿਹਾ ਹੈ।

ਢਾਹ ਲਾ ਦਿੱਤੀ। ਜਿਸ ਕਰਕੇ ਪਿੰਡ ਦੀ ਅਬਾਦੀ ਓਥੋਂ ਨੱਸੀ ਤੇ ਹੇਠ ਲਿਖੇ ਪਿੰਡ ਵਸੇ:

1. ਪੱਖੋਕੇ ਟਾਹਲੀ ਸਾਹਿਬ ਜਿਹੜਾ ਅੱਜ ਡੇਰਾ ਬਾਬਾ ਨਾਨਕ ਦੇ ਚੜ੍ਹਦੇ ਪਾਸੇ ਦੋ ਫਰਲਾਗ ਤੇ ਹੈ।
2. ਪੱਖੋਕੇ ਮਹਿਮਾਰਾਂ -ਡੇਰਾ ਬਾਬਾ ਨਾਨਕ ਤੋਂ ਦੱਖਣ-ਪੱਛਮ ਵਿਚ
3. ਪੱਖੋਕੇ ਰੰਧਾਵਿਆਂ- ਡੇਰਾ ਬਾਬਾ ਨਾਨਕ ਤੋਂ ਢਾਈ ਕਿ. ਮੀ. ਪਹਾੜ ਪਾਸੇ। (ਅੱਜ ਬੇਚਰਾਗ ਹੋ ਚੁੱਕਾ ਹੈ। ਧੁੱਸੀ ਤੋਂ ਪਰਲੇ ਪਾਸੇ ਹੁੰਦਾ ਸੀ)
4. ਚੰਦੂ ਨੰਗਲ- ਡੇਰਾ ਬਾਬਾ ਨਾਨਕ ਤੋਂ ਚੜ੍ਹਦੇ ਪਾਸੇ 2 ਫਰਲਾਗ ਤੇ।
5. ਬਹੁਤੀ ਅਬਾਦੀ ਡੇਰਾ ਬਾਬਾ ਨਾਨਕ ਵਿਖੇ ਹੀ ਅਬਾਦ ਹੋ ਗਈ।

ਸੋ ਡੇਰਾ ਬਾਬਾ ਨਾਨਕ ਕਸਬੇ ਦੇ ਚੜ੍ਹਦੇ ਪਾਸੇ, ਚੋਲਾ ਸਾਹਿਬ ਤੋਂ ਕੋਈ 300 ਗਜ ਦੀ ਦੂਰੀ ਤੇ ਜਿਹੜਾ ਪਿੰਡ ਪੱਖੋਕੇ ਹੈ ਇਥੇ ਹੀ ਬਾਬਾ ਸ੍ਰੀ ਚੰਦ ਵਾਲਾ ਟਾਹਲੀ ਸਾਹਿਬ ਮੰਦਰ ਤਬਦੀਲ ਹੋ ਗਿਆ। ਭਾਵ ਬਾਬਾ ਸ੍ਰੀ ਚੰਦ ਵਾਲੀ ਧੂਣੀ ਇਥੇ ਧੁੱਖ ਰਹੀ ਹੈ ਅਤੇ ਵਕਤ ਪਾ ਕੇ ਉਦਾਸੀ ਸਾਧਾਂ ਦੀ ਆਪਸੀ ਖਹਿਬਾਜੀ ਕਰਕੇ ਇੱਕ ਸ੍ਰੀ ਚੰਦ ਮੰਦਿਰ ਨੇੜੇ ਹੀ ਪਿੰਡ ਚੰਦੂ ਨੰਗਲ ਵਿਖੇ ਬਣ ਗਿਆ। (ਵੇਖੋ ਤਸਵੀਰ)

ਇਥੇ ਵੀ ਮੰਦਰ ਦਾ ਨਾਂ ਟਾਹਲੀ ਸਾਹਿਬ ਹੈ।

ਚੰਦੂ ਨੰਗਲ ਟਾਹਲੀ ਸਾਹਿਬ

———▲———

ਪੈੜ ਸਫ਼ਾ

● ਦਿਲਜੀਤ-62-ਕਰਤਾਰਪੁਰ ਰੁੜਿਆ। 1640 ਬਿਕਰਮੀ (1583 ਈ) ਨੂੰ ਗਿਆਨੀ (ਗੁਰਧਾਮ) : 18- ਸੰਮਤ 1741 ਨੂੰ ਕਬਰ ਤੇ ਸਮਾਧ ਰੁੜੀਆਂ

● ਗਿਆਨੀ (ਗੁਰਧਾਮ) : 19- ਸੰਮਤ 1776 (1719 ਈ.) ਬੇਦੀ ਮਿਹਰ ਚੰਦ ਅਤੇ ਮਾਣਕ ਚੰਦ ਨੇ 8000 ਵਿਘੇ ਜਮੀਨ ਰੰਧਾਵਿਆਂ ਤੋਂ ਖਰੀਦ ਲਈ। (ਸ਼ਮਸ਼ੇਰ ਸਿੰਘ ਅਸ਼ੋਕ ਵੀ) ਸਾਈਕਲ ਯਾਤਰੀ- 342

◘ ਸਰਜੀ (ਬਾਉਲੀ) ਦੀ ਨੀਂਹ ਬਾਬਾ ਸ੍ਰੀ ਚੰਦ ਨੇ ਰੱਖੀ। - ਦਲਜੀਤ-63.

ਪੁਸਤਕ ਜਿੰਦਗੀਨਾਮਾ ਗੁਰੂ ਨਾਨਕ

ਸਮਾਪਤ

———▲——— 'ਨਾਨਕ ਨਾਮ ਚੜ੍ਹਦੀ ਕਲਾ॥ ਤੇਰੇ ਭਾਣੇ ਸਰਬਤ ਦਾ ਭਲਾ॥' ———▲———

ਕੀ ਗੁਰੂ ਨਾਨਕ ਕੇਸਧਾਰੀ ਨਹੀ ਸਨ?

ਬਾਬ -ਜੋੜ 1

ਦਸਵੇਂ ਗੁਰੂ ਦੇ ਹੁਕਮ ਅਨੁਸਾਰ ਸਿੱਖਾਂ ਵਾਸਤੇ ਕੇਸ ਕਟੱਣ ਦੀ ਸਖਤ ਮਨਾਹੀ ਹੈ। ਬਜਾਰ ਵਿਚ ਕਈ ਕਿਤਾਬਾਂ ਤੇ ਪੋਟਿੰਜ਼ ਮਿਲਦੀਆਂ ਹਨ ਜਿਨ੍ਹਾਂ ਵਿਚ ਗੁਰੂ ਨਾਨਕ ਨੂੰ ਇਸ ਤਰਾਂ ਚਿੱਤਰਿਆ ਗਿਆ ਹੈ ਜਿਵੇਂ ਕਿ ਉਹ ਕੇਸ ਕਟਦੇ ਸਨ। ਓਧਰ ਸ਼ਰਧਾਵਾਨ ਸਿੱਖਾਂ ਦੇ ਘਰਾਂ ਅੰਦਰ ਅੱਜ ਪੇਟਿੰਗ ਟੰਗੀਆਂ ਮਿਲਦੀਆਂ ਹਨ ਜ਼ਿਨਾਂ ਵਿਚ ਗੁਰੂ ਨਾਨਕ ਨੂੰ ਸਾਬਤ ਕੇਸਧਾਰੀ ਦਿਖਾਇਆ ਗਿਆ ਹੈ। ਸੋ ਇਤਹਾਸ ਦੇ ਵਿਦਆਰਥੀ ਲਈ ਇਹ ਬੜਾ ਦਿਲਚਸਪ ਸਵਾਲ ਬਣ ਜਾਂਦਾ ਹੈ, ਕਿ ਕੀ ਗੁਰੂ ਨਾਨਕ ਕੇਸਧਾਰੀ ਨਹੀ ਸਨ? ਫਿਰ ਨਾਲੇ ਸਿੱਖ ਇਤਿਹਾਸ ਦੀ ਤਾਂ ਬਹੁਤ ਛੋਟੀ ਜਿਹੀ 500 ਸਾਲ ਦੀ ਉਮਰ ਹੈ। ਜਿਸ ਤੇ ਖੁਸ਼ਕਿਸਮਤੀ ਨਾਲ ਬਹੁਤ ਸਾਰੇ ਸਰੋਤ ਮਿਲਦੇ ਹਨ।

ਸੋ ਆਓ ਵਾਲਾਂ ਬਾਬਤ ਇਤਹਾਸਿਕ ਨੁਕਤਾ ਨਿਗਾਹ ਦੀ ਪਹਿਲੋ ਪੜਤਾਲ ਕਰੀਏ:

ਇਸ ਸਬੰਧ ਵਿਚ ਸਾਡੀ ਨਿਗਾਹੇ ਚੜਿਆ ਇਤਿਹਾਸਕ ਪੁਸਤਕਾਂ ਵਿਚੋਂ 1030 ਈ: ਦੇ ਆਸ ਪਾਸ ਅਲ ਬਰੂਨੀ ਲਿਖਤ 'ਕਿਤਾਬ ਉਲ ਹਿੰਦ' ਗਰੰਥ। ਜਿਸ ਨੇ ਹਿੰਦੁਸਤਾਨ ਤੇ ਹਿੰਦੂਆਂ ਦੀ ਅਜਿਹੀ ਅਸਲ ਤਸਵੀਰ ਖਿੱਚੀ ਹੈ ਜਿਸ ਦਾ ਦੁਨੀਆਂ 'ਚ ਕੋਈ ਸਾਨੀ ਨਹੀਂ। ਦੇਖੋ ਇਹ ਭਾਰਤੀਆਂ ਬਾਰੇ ਕੀ ਲਿਖਦਾ ਹੈ। ਯਾਦ ਰਹੇ ਕਿ ਅਲਬਰੂਨੀ ਗੁਰੂ ਨਾਨਕ ਤੋਂ ਕੋਈ 450 ਸਾਲ ਪਹਿਲਾਂ ਹੋਇਆ ਹੈ:-

"ਹਿੰਦੂਆਂ ਦੇ ਬਹੁਤੇ ਰੀਤੀ ਰਿਵਾਜ ਸਾਡੇ ਨਾਲੋਂ ਇਕਦਮ ਹੀ ਅਲੱਗ ਹਨ। ਬੰਦਾਂ ਤਾਂ ਇਹ ਵੀ ਸ਼ੱਕ ਕਰ ਸਕਦੈ ਕਿ ਸ਼ਾਇਦ ਇਨਾਂ ਨੇ ਜਾਣ ਬੁਝ ਕੇ ਰਸਮਾਂ ਸਾਡੇ ਤੋਂ ਉਲਟ ਰੱਖੀਆਂ ਹਨ। ਜੇ ਕਿਤੇ ਇਤਫਾਕਨ ਸਾਡੀ ਕੋਈ ਰਸਮ ਇਨਾਂ ਨਾਲ ਮੇਲ ਖਾਂਦੀ ਹੈ ਤਾਂ ਉਸ ਦੇ ਮਾਇਨੇ ਸਾਡੇ ਤੋਂ ਬਿਲਕੁਲ ਉਲਟ ਹਨ। "



ਕਈ ਜਨਮ ਸਾਖੀਆਂ ਵਿਚ ਬਕਾਇਦਾ ਚਿਤ੍ਰ ਵੀ ਦਿੱਤੇ ਹੋਏ ਹਨ। ਇਨ੍ਹਾਂ ਜਨਮ ਸਾਖੀਆਂ ਵਿਚੋਂ ਪੁਰਾਣੇ ਤੋਂ ਪੁਰਾਣਾ ਨੁਖਸਾ ਜਨਮ ਸਾਖੀ-ਬੀ ਚਾਲੀ 1733 ਈ. ਦਾ ਹੈ। ਭਾਵ ਕਿ ਸਾਰੇ ਦੇ ਸਾਰੇ ਗੁਰੂ ਗੋਬਿੰਦ ਸਿੰਘ ਦੀ ਵਸਾਖੀ 1699 ਈ. ਤੋਂ ਬਾਦ ਦੇ ਹੀ ਹਨ। ਬੀ:40 ਦਾ ਚਿਤੇਰਾ ਕੋਈ ਆਲਮ ਚੰਦ (ਰਾਜ ਮਿਸਤਰੀ) ਹੈ। ਜਿਵੇ ਕਿ ਗੁਰੂ ਕਰਮ ਕਾਂਡ ਤੇ ਰਸਮਾਂ ਦੇ ਖਿਲਾਫ ਸੀ ਫਿਰ ਵੀ ਗੁਰੂ ਨੂੰ ਤਸਵੀਰਾਂ ਵਿਚ ਕਰਮਕਾਂਡੀ ਦਿਖਾਇਆ ਗਿਆ ਹੈ। ਕਿਉਕਿ ਚਿਤੇਰਾ ਇਕ ਰਾਜ ਸੀ ਉਹ ਲਗ ਪਗ ਹਰ ਤਸਵੀਰ ਨਾਲ ਇਮਾਰਤਾਂ ਦਿਖਾਉਣ ਦੀ ਕੋਸ਼ਿਸ਼ ਕਰਦਾ ਹੈ। ਗੁਰੂ ਜਿਵੇ ਜਨੇਊ, ਤਿਲਕ ਆਦਿ ਦਾ ਖੰਡਨ ਕਰਦਾ ਹੈ ਫਿਰ ਵੀ ਗੁਰੂ ਨੂੰ ਤਿਲਕ ਤੇ ਜਨੇਊ (ਸੇਲੀ) ਵਿਚ ਦਿਖਾਇਆ ਗਿਆ ਹੈ। ਉਪਰਲੀ ਤਸਵੀਰ ਵੀ ਓਸੇ ਬੀ:40ਚੋਂ ਹੀ ਹੈ।

"ਇਹ ਸਰੀਰ ਦੇ ਕਿਸੇ ਹਿੱਸੇ ਦੇ ਵੀ ਵਾਲ ਨਹੀਂ ਕੱਟਦੇ। ਪਹਿਲਾਂ ਪਹਿਲਾਂ ਤਾਂ ਇਹ ਇਕੋ ਗੁਤ ਜਿਹੀ ਬਣਾ ਰੱਖਦੇ ਸਨ ਤਾਂ ਵਾਲਾਂ ਦਾ ਨੁਕਸਾਨ ਨਾ ਹੋਵੇ। ਗੁਪਤ ਅੰਗਾਂ ਦੇ ਦੁਆਲਿਓਂ ਵਾਲ ਇਹ ਇਸ ਕਰਕੇ ਨਹੀਂ ਕੱਟਦੇ ਤਾਂ ਕਿ ਕਾਮ ਦੀ ਇਛਾ ਭੜਕੇ ਨਾਂ। " (India Al-Biruni, National Book Trust New Delhi)

ਵਾਲ ਸਾਬਤ ਰੱਖਣੇ ਤੇ ਅਲਬਿਰੂਨੀ ਦਾ ਵਿਚਾਰ ਹੈ ਕਿ ਹਿੰਦੂ ਮੌਸਮੀ ਕਾਰਨਾਂ ਕਰਕੇ ਵਾਲ ਨਹੀਂ ਕੱਟਦੇ। ਹਾਲਾਂ ਕਿ ਵਾਲਾਂ ਬਾਰੇ ਬਕਾਇਦਾ ਸ਼ਾਸਤਰਾਂ ਵਿਚ ਹੁਕਮ ਹਨ। ਸ਼ਾਸਤਰਾਂ ਅਨੁਸਾਰ ਵਾਲ ਕੱਟਣਾ ਮੌਤ ਦੇ ਬਰਾਬਰ ਹੈ। ਉਦਾਹਰਣ ਦੇ ਤੌਰ ਤੇ ਮੰਨੂ ਸਿਮਰਤੀ ਹੀ ਲੈ ਲਓ, ਇਸ ਵਿਚ ਲਿਖਿਆ ਹੈ ਕਿ ਫਲਾਣੇ ਜੁਰਮ ਦੀ ਸਜਾ ਮੌਤ ਹੈ ਤੇ ਅੱਗੇ ਲਿਖਿਆ ਹੈ ਕਿ ਜੇਕਰ ਅਜਿਹਾ ਜੁਰਮ ਬ੍ਰਾਹਮਣ ਕੋਲੋਂ ਹੋ ਜਾਵੇ ਤਾਂ ਉਸ ਵਾਸਤੇ ਇਹ ਸਜਾ ਹੋਵੇਗੀ ਕਿ ਉਸਦੇ ਸਰੀਰ ਦੇ ਸਾਰੇ ਵਾਲ ਕੱਟ ਦਿਤੇ ਜਾਣ। ਭਾਵ ਜਿਸ ਨੂੰ ਪੂਰੀ ਤਰਾਂ ਬੇਇਜਤ ਕਰਨਾਂ ਹੋਵੇ, ਉਸ ਦੇ ਵਾਲ ਕੱਟ ਦਿੱਤੇ ਜਾਂਦੇ ਸਨ।

ਫਿਰ ਹਿੰਦੂ ਸ਼ਾਸਤਰਾਂ ਵਿਚ ਲਿਖਿਆ ਹੈ ਕਿ ਜਿਹੜੇ ਇਨਸਾਨ ਦੀ ਮੌਤ ਕਿਸੇ ਪਵਿੱਤਰ ਤੀਰਥ ਤੇ ਹੋਵੇਗੀ ਤਾਂ ਉਸ ਦੀ ਮੁਕਤੀ ਹੋ ਜਾਵੇਗੀ। ਤੇ ਬਾਅਦ ਵਿਚ ਸਵਾਰਥੀ ਲੋਕਾਂ ਇਸ ਰਸਮ ਦਾ ਫਾਇਦਾ ਲੈਣ ਲਈ ਵੀ ਰਸਤਾ ਕੱਢ ਲਿਆ ਕਿ ਤੀਰਥ ਤੇ ਜਾ ਕੇ ਜੇ ਸਾਰੇ ਕੇਸ ਕਟਵਾ ਲਓ ਤਾਂ ਇਹ ਵੀ 'ਮ੍ਰਿਤੂ ਸਮਾਨ ਹੋਵੇਗਾ'। ਇਹ ਰਿਵਾਜ ਅੱਜ ਤੱਕ ਵੀ ਚਲਦਾ ਹੈ।

ਏਸੇ ਤਰਾਂ ਵਾਲ ਕੱਟਣ ਦਾ ਇਕ ਹੋਰ ਰਿਵਾਜ ਇਸ ਤਰਾਂ ਸ਼ੁਰੂ ਹੋਇਆ ਕਿ ਕਈ ਲੋਕ ਆਪਣੇ ਪਿਆਰਿਆਂ ਦੀ ਮੌਤ ਤੇ ਆਪਣੀ ਜੀਵਨ ਲੀਲਾ ਵੀ ਖਤਮ ਕਰ ਲਿਆ ਕਰਦੇ ਸਨ। ਜਿਸ ਕਰਕੇ ਸਤੀ ਵਰਗੀ ਰਸਮ ਆਮ ਜਿਹੀ ਹੋ ਗਈ। ਬ੍ਰਾਹਮਣਾਂ ਫਿਰ ਆਪਣੇ ਵਾਸਤੇ ਤੇ ਆਪਣੇ ਤਾਕਤਵਰ ਜਜਮਾਨਾਂ ਵਾਸਤੇ ਹੱਲ ਕੱਢ ਲਿਆ ਕਿ ਉਹ ਮੁੰਡਨ (ਭੱਦਣ) ਕਰਵਾਕੇ ਬਚ ਸਕਦੇ ਹਨ ਭਾਵ ਮਰੋ ਨਾਂ ਬਸ ਵਾਲ ਕੱਟ ਲਓ। ਜਿਸ ਕਾਰਨ ਪਿਤ੍ਰਾਂ ਦੇ ਚਲਾਣੇ ਤੇ ਭੱਦਣ ਕਰਨਾ ਤਾਂ ਇਕ ਰਸਮ ਹੀ ਬਣ ਗਈ। ਮਜੇ ਦੀ ਗੱਲ ਇਹ ਹੈ ਕਿ ਇਹ ਦੋਨੋਂ ਰਸਮਾਂ ਅੱਜ ਵੀ ਪ੍ਰਚਲਤ ਹਨ, ਫਰਕ ਸਿਰਫ ਇਨਾਂ ਹੈ ਕਿ ਪਹਿਲਾਂ ਸਾਬਤ ਵਾਲਾਂ ਦਾ ਮੁੰਡਨ ਹੁੰਦਾ ਸੀ ਤੇ ਅੱਜ ਪਹਿਲਾਂ ਤੋਂ ਹੀ ਰੁੰਡ ਮੁੰਡ ਸਿਰਾਂ ਤੇ ਉਸਤਰਾਂ ਫੇਰ ਕੇ ਸਾਫ ਟਿੰਡ ਕਰ ਲਈ ਜਾਂਦੀ ਹੈ। ਬੰਦਾਂ ਪੁੱਛੇ ਭਈ ਹੁਣ ਇਸ ਮੁੰਡਨ ਦਾ ਮਤਲਬ ਕੁਝ ਰਹਿ ਗਿਆ ਹੈ? ਸਾਬਕਾ ਰਾਸ਼ਟਰਪਤੀ ਸ੍ਰੀ ਸ਼ੰਕਰ ਦਿਆਲ ਸ਼ਰਮਾਂ ਜੀ ਨੇ ਵੀ ਮੌਤ ਤੋਂ ਪਹਿਲਾਂ ਤਿਰੂਪਤੀ ਜਾ ਕੇ ਏਸੇ ਤਰਾਂ ਟਿੰਡ ਕਰਾ ਲਈ।

ਪਰ ਅੱਜ ਤੋਂ 500 ਸਾਲ ਪਹਿਲਾਂ ਅਜੇ ਇਹ ਫੈਸ਼ਨ ਕਰਕੇ ਵਾਲ ਕੱਟਣ ਦਾ ਰਿਵਾਜ ਨਹੀਂ ਸੀ ਪਿਆ। ਓਧਰ ਦੇਖੋ ਮੁਗਲ ਸਰਕਾਰ ਕੇ ਫੁਰਮਾਨ (Gazzette notification) ਅੱਜ ਵੀ ਲਾਈਬ੍ਰੇਰੀਆਂ 'ਚ ਮੌਜੂਦ ਹਨ। ਮਜੇ ਦੀ ਗੱਲ ਇਹ ਹੈ ਕਿ ਔਰੰਗਜੇਬ ਤੇ ਉਸ ਦੇ ਲੜਕੇ ਬਹਾਦੁਰ ਸ਼ਾਹ ਦੇ ਤਿੰਨ ਫੁਰਮਾਨ ਸਾਨੂੰ ਅਖਬਾਰਾਤ-ਇ-ਦਰਬਾਰ-ਇ ਮੁਅੱਲਾ ਚੋਂ ਮਿਲਦੇ ਹਨ, ਜਿਸ ਵਿਚ ਬਾਦਸ਼ਾਹ ਨੇ ਹੁਕਮ ਚਾੜਿਆ ਹੈ ਕਿ ਹਿੰਦੂ ਪਰਜਾ ਆਪਣੇ ਵਾਲ ਕੱਟੇ। ਫੌਜ ਦੇ ਅਹਿਲਕਾਰਾਂ ਨੇ ਜਦੋਂ ਇਸ ਫੁਰਮਾਨ ਦੀ ਪਾਲਣਾ ਕੀਤੀ ਤਾਂ ਸਰਕਾਰ ਨੇ ਉਨਾਂ ਨੂੰ ਸਨਮਾਨਤ ਵੀ ਕੀਤਾ (ਖਿਲਤ ਬਖਸ਼ੀ) ਜਿੰਨਾ 'ਚ ਰਾਜਪੂਤ ਰਾਜਾ ਜੈ ਸਿੰਘ ਵੀ ਸ਼ਾਮਲ ਸੀ। ਉਧਰ ਗੁਰੂ ਗੋਬਿੰਦ ਸਿੰਘ ਇਸ ਫੁਰਮਾਨ ਦਾ ਵਿਰੋਧ ਕਰ ਰਹੇ ਹਨ ਕਿ ਹਿੰਦੂ ਇਸ ਤਰਾਂ ਬੇਇਜਤ ਨਾ ਹੋਣ ਤੇ ਸਾਬਤ ਸੂਰਤ ਰਹਿਣ।

ਇਹ ਸਾਰਾ ਵਿਸਥਾਰ ਦੇਣ ਤੋਂ ਸਾਡਾ ਭਾਵ ਇਹ ਹੈ ਕਿ ਅੱਜ ਤੋਂ 400-500 ਸਾਲ ਪਹਿਲਾਂ ਬਹੁਤੇ ਭਾਰਤੀ ਕੇਸ ਰੱਖਦੇ ਸਨ ਤੇ ਪੱਛਮ ਤੋਂ (ਇਰਾਨ, ਇਰਾਕ, ਅਰਬ, ਤੁਰਕੀ) ਤੋਂ ਆਉਣ ਵਾਲੇ ਮੁਸਲਮਾਨ ਇਨਾਂ ਨੂੰ ਜੰਗਲੀ ਜਾਂ ਜਾਹਿਲ (Uncivilised) ਗਿਣਦੇ ਸਨ। ਤੇ ਫਿਰ ਇਸ ਦਾ ਫੈਸ਼ਨ ਉਪਰੋਂ ਥੱਲੇ ਨੂੰ ਸ਼ੁਰੂ ਹੋ ਗਿਆ।

ਇਥੇ ਇਹ ਦੱਸਣਾਂ ਜਰੂਰੀ ਹੋ ਜਾਂਦਾ ਹੈ ਕਿ ਦੇਵਤਿਆਂ ਦੀਆਂ ਪੁਰਾਤਨ ਮੂਰਤੀਆਂ ਘੜਦੇ ਕਲਾਕਾਰ ਹਮੇਸ਼ਾਂ ਉਨਾਂ ਨੂੰ ਦਾੜੀ ਰਹਿਤ ਹੀ ਦਰਸਾਉਂਦੇ ਹਨ। ਹਾਲਾਂਕਿ ਕੇਸਾਂ ਦੇ ਜੂੜੇ ਸਭ ਭਗਵਾਨਾਂ ਦੇ ਸਿਰ ਤੇ ਹਨ। ਕਲਾਕਾਰਾਂ ਦੀ ਇਹ ਸੋਚ ਸੀ ਕਿ ਦਾੜੀ ਦਰਸਾਕੇ ਉਹ ਮੂਰਤੀ ਦੀ ਪਛਾਣ ਲੁਕਾ ਦੇਣਗੇ। ਫਿਰ ਭਗਵਾਨ ਜਾਂ ਨਾਇਕ ਨੂੰ ਛੋਟੀ ਉਮਰ ਦਾ ਤਰਾਸ਼ਿਆ ਜਾਂਦਾ ਸੀ। ਅਸੀਂ ਕੋਈ ਅਜਿਹੀ ਮੂਰਤੀ ਨਹੀਂ ਦੇਖੀ ਜਿਸ ਵਿਚ ਕਿਸੇ ਮਹੱਤਵਪੂਰਨ ਅਵਤਾਰ/ਦੇਵਤਾ ਨੂੰ ਕੇਸ ਰਹਿਤ ਦੱਸਿਆ ਗਿਆ ਹੋਵੇ।

ਸੋ ਕੇਸ ਰੱਖਣਾ ਮੂਲ ਰੂਪ ਵਿਚ ਹਿੰਦੂਮਤ ਦਾ ਨਿਯਮ ਹੈ ਅਤੇ ਸਤਿਕਾਰ ਦਾ ਪ੍ਰਤੀਕ ਗਿਣਿਆ ਗਿਆ ਹੈ। ਗੁਰੂ ਸਾਹਿਬ ਨੇ ਉਂਜ ਲਗਪਗ ਬਹੁਤੇ ਹਿੰਦੂ ਸਿਧਾਂਤ ਰੱਦ ਕਰ ਦਿੱਤੇ ਪਰ ਕਿਉਂਕਿ ਕੇਸ ਦਾ ਸਿਧਾਂਤ ਰਜਾ ਦੇ ਅਨੁਕੂਲ ਹੈ ਇਸ ਕਰਕੇ ਹਿੰਦੂਮਤ ਦੇ ਕੇਸ ਸਿਧਾਂਤ ਨੂੰ ਗੁਰਮਤ ਲਈ ਮਨਜ਼ੂਰ ਕੀਤਾ। ਅਜਿਹੀਆਂ ਸਮਾਨਤਾਵਾਂ ਹੋਰ ਧਰਮਾਂ ਵਿਚ ਵੀ ਹਨ ਜਿਵੇ ਇਸਲਾਮ ਅਤੇ ਈਸਾਈਮਤ ਦੇ

ਬਹੁਤੇ ਸਿਧਾਂਤ ਇਕ ਹੀ ਹਨ।

ਖੁਸ਼ਕਿਸਮਤੀ ਨਾਲ ਸਾਡੇ ਕੋਲ ਗੁਰੂ ਸਾਹਿਬ ਦੀ ਲਿਖਤ ਬਾਣੀ ਮੌਜੂਦ ਹੈ, ਜਿਸ ਤੇ ਪੰਜਵੇਂ ਗੁਰੂ ਨੇ ਪ੍ਰਵਾਨਤਾ ਦੀ ਮੋਹਰ ਲਾਈ ਹੋਈ ਹੈ। ਆਓ ਦੇਖੀਏ ਉਸ ਮੁਤਾਬਿਕ ਕੀਹ ਗੱਲ ਬਣਦੀ ਹੈ?

ਗੁਰੂ ਸਾਹਿਬ ਦੇ ਸਮੇਂ ਕੁਝ ਖਾਸ ਕਿਸਮ ਦੇ ਸਾਧੂ ਜਿਵੇਂ ਜੈਨੀ ਜਾਂ ਬੋਧੀ ਹੀ ਸਿਰਫ ਕੇਸ ਨਹੀਂ ਸੀ ਰੱਖਦੇ ਬਾਕੀ ਸਾਧੂ ਸਭ ਕੇਸਧਾਰੀ ਹੋਇਆ ਕਰਦੇ ਸਨ। ਜਿਹੜੇ ਲੋਕਾਂ ਗੁਰਬਾਣੀ ਪੜੀ ਜਾਂ ਸੁਣੀ ਹੈ ਉਹਨਾਂ ਨੂੰ ਤਾਂ ਪਤਾ ਹੈ ਕਿ ਗੁਰੂ ਦਾ ਸਾਰਾ ਸਿਧਾਂਤ ਹੀ ਰੱਬ ਦੀ ਰਜਾ 'ਚ ਰਹਿਣ ਦਾ ਹੈ। ਸੋ ਗੁਰੂ ਸਾਹਿਬ ਜਦੋਂ ਇਨਾਂ ਜੈਨੀ ਸਾਧੂਆਂ ਬਾਰੇ ਟਿਪਣੀ ਕਰਦੇ ਹਨ ਤਾਂ ਬੜੇ ਸਖਤ ਲਫਜ ਲਿਖ ਜਾਂਦੇ ਹਨ। ਯਾਦ ਰਹੇ ਕਿ ਜੈਨੀ ਸਾਧੂ ਆਪਣੇ ਕੇਸ ਖੁੱਦ ਪੁੱਟ ਦਿੰਦੇ ਹਨ।

ਸੋ ਜਦੋਂ ਜੈਨੀ ਸਾਧੂਆਂ ਨੂੰ ਦੇਖਦੇ ਹਨ ਕਿ ਇਹ ਵਾਲ ਪੁੱਟ ਖੋਹ ਕੇ ਹੁਕਮ ਅਦੂਲੀ ਕਰ ਰਹੇ ਹੁੰਦੇ ਹਨ ਤਾਂ ਕਰੜੇ ਲਫਜ ਵਰਤਦੇ ਹਨ ਕਿਉਂਕਿ ਜਿਵੇਂ ਉਪਰ ਦੱਸਿਆ ਸਿੱਖੀ ਦੀ ਸਾਰੀ ਫਿਲਾਸਫੀ ਹੀ ਰਜਾ ਜਾਂ ਭਾਣੇ 'ਚ ਚਲਣ ਦਾ ਰਾਹ ਹੈ।

ਫਿਰ ਜਦੋਂ ਸਾਹਿਬ ਘੱਟ ਘੱਟ 'ਚ ਬਿਰਜਮਾਨ ਨਿਰੰਕਾਰ ਨੂੰ ਇਨਸਾਨ ਦੇ ਰੂਪ (Personify) ਦੇਖਦੇ ਹਨ ਤਾਂ ਇਕ ਉੱਤਮ ਪੁਰਖ ਦਾ ਨਕਸ਼ਾ ਖਿਚਦੇ ਹਨ: **"ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥ ਸੋਹਣੇ ਨਕ ਜਿਨ ਲਮੜੇ ਵਾਲਾ ॥"**

ਸੋ ਬਹੁਤ ਸੰਭਵ ਹੋ ਜਾਂਦਾ ਹੈ ਕਿ ਲੰਮੇ ਵਾਲਾਂ ਵਾਲੇ ਦਾ ਪ੍ਰੇਮੀ ਵੀ ਲੰਮੇ ਵਾਲਾਂ ਵਾਲਾ ਹੋਵੇ। ਫਿਰ ਦੇਖੋ ਕਈ ਜਨਮ ਸਾਖੀਆਂ ਵਿਚ ਕਾਜੀ ਰੁਕਨਦੀਨ ਨਾਲ ਗੋਸ਼ਟਿ ਵੇਲੇ ਗੁਰੂ ਸਾਹਿਬ ਕੇਸਾਂ ਦੇ ਹੱਕ 'ਚ ਫਰਮਾਉਂਦੇ ਦੱਸੇ ਗਏ ਹਨ।

''ਸੱਚੀ ਸੁੰਨਤ ਰਬ ਦੀ ਮੁਇ (ਕੇਸ) ਲੈ ਆਇਆ ਨਾਲ। ਜੋ ਰੱਖੇ ਮੁਇ ਅਮਾਨਤੀ ਸੋ ਖਾਸਾ ਬੰਦਾ ਭਾਲ।"

ਭਾਈ ਮਨੀ ਸਿੰਘ ਵਾਲੀ ਜਨਮਸਾਖੀ ਅਨੁਸਾਰ ਭਾਈ ਮਰਦਾਨੇ ਨੂੰ ਉਪੇਦਸ਼ ਕਰਦੇ ਵਕਤ ਹਦਾਇਤ ਕੀਤੀ ਸੀ ਕਿ ਵਾਲ ਨਾ ਕੱਟੀ। ਕਿਉਂਕਿ ਉਨੀਂ ਦਿਨੀ ਭਾਰਤ ਵਿਚ ਕੇਸ ਕੱਟਣ ਦਾ ਰਿਵਾਜ ਆਮ ਨਹੀਂ ਸੀ ਤੇ ਸਿਰਫ ਮੁਸਲਮਾਨ ਹੀ ਸੁੰਨਤ ਵੇਲੇ ਜਾਂ ਤਾਂ ਪੂਰੀ ਹਜਾਮਤ ਕਰਾਉਂਦੇ ਸਨ ਜਾਂ ਫਿਰ ਮੁੱਛਾਂ ਸਾਫ ਕਰ ਦੇਂਦੇ ਸਨ। ਕਈ ਜਗ੍ਹਾ ਗੁਰੂ ਸਾਹਿਬਾਨ ਨੇ ਰੱਬ ਦੀ ਦਿਤੀ ਸੂਰਤ ਨੂੰ ਵਿਗਾੜਨ ਦੇ ਵਿਰੁੱਧ ਲਿਖਿਆ ਹੈ।

ਕਾਇਆ ਕਿਰਦਾਰ ਅਉਰਤ ਮਕੀਨਾ ॥ ਰੰਗ ਤਮਾਸੇ ਮਾਣਿ ਹਕੀਨਾ ॥ ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ॥(ਪੰਨਾ 1084)

ਫਿਰ ਇਹ ਤਾਂ ਬੜੀ ਸੁਭਾਵਕ ਗੱਲ ਹੈ ਕਿ ਦੂਸਰਾ ਨਾਨਕ ਪਹਿਲੇ ਨਾਨਕ ਵਾਂਙੂ ਹੀ ਰਹਿੰਦਾ ਸੀ। ਤੇ ਤੀਸਰੇ ਨੇ ਜੀਵਨ ਜਾਂਚ ਦੂਸਰੇ ਤੋਂ ਸਿੱਖੀ। ਫਿਰ ਦੇਖੋ- ਗੁਰੂ ਦੇ ਚਰਨ ਕੇਸਾਂ ਦੇ ਨਾਲ ਝਾੜਨ ਦੀ ਇਛਾ ਰਖਦੇ।

ਕਰਿ ਕਿਰਪਾ ਅਪਨਾ ਦਰਸੁ ਦੀਜੈ ਜਸੁ ਗਾਵਉ ਨਿਸਿ ਅਰੁ ਭੋਰ ॥ ਕੇਸ ਸੰਗਿ ਦਾਸ ਪਗ ਝਾਰਉ ਇਹੈ ਮਨੋਰਥ ਮੋਰ ॥(ਪੰਨਾ 500) **ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ ॥ ਸੀਸੁ ਨਿਹਾਰਉ ਚਰਣ ਤਲਿ ਧੂਰਿ ਮੁਖਿ ਲਾਵਉ ॥**(ਪੰਨਾ 745) **ਮੇਰਾ ਮਨੁ ਸਾਧੂ ਧੂਰਿ ਰਵਾਲ ॥ ਹਰਿ ਹਰਿ ਨਾਮੁ ਦ੍ਰਿੜਾਇਓ ਗੁਰਿ ਮੀਠਾ ਗੁਰ ਪਗ ਝਾਰਹ ਹਮ ਬਾਲ ॥**(ਪੰਨਾ 1335) **ਟਹਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ ॥ ਮਸਤਕੁ ਅਪਨਾ ਭੇਟ ਦੇਉ ਗੁਨ ਸੁਨਉ ਰਸਾਲ ॥**(ਪੰਨਾ 810) **ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨ੍ਹਿ ॥ਅਨਦਿਨੁ ਸੋਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨ੍ਹਿ ॥** (ਪੰਨਾ 1419) **ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ ॥ ਸਚਾ ਸਬਦੁ ਮਨਿ ਵਸਿਆ ਸਤਿਗੁਰ ਮਾਂਹਿ ਸਮਾਂਹਿ ॥** (ਪੰਨਾ 1419) **ਪੰਚ ਦੂਤ ਮੂਡ ਪਰਿ ਠਾਢੇ ਕੇਸ ਗਹੇ ਫੇਰਾਵਤ ਹੇ ॥ ਦ੍ਰਿਸਟਿ ਨ ਆਵਹਿ ਅੰਧ ਅਗਿਆਨੀ ਸੋਇ ਰਹਿਓ ਮਦ ਮਾਵਤ ਹੇ ॥**(822) **ਕੇਸੀ ਕੰਸ ਮਥਨੁ ਜਿਨਿ ਕੀਆ ॥ ਜੀਅ ਦਾਨੁ ਕਾਲੀ ਕਉ ਦੀਆ ॥**(874) **ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ॥ ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ ਫੇਰੀ ॥**(969) **ਸ੍ਰੀਰੰਗ ਬੈਕੁੰਠ ਕੇ ਵਾਸੀ ॥ ਮਛ ਕਛ ਕੂਰਮ ਆਗਿਆ ਅਉਤਰਾਸੀ ॥ ਕੇਸਵ ਚਲਤ ਕਰਹਿ ਨਿਰਾਲੇ ਕੀਤਾ ਲੋੜਹਿ ਸੋ ਹੋਇਗਾ ॥**(1082) **ਕਾਹੇ ਕੀਜਤੁ ਹੈ ਮਨਿ ਭਾਵਨੁ ॥ ਜਬ ਜਮੁ ਆਇ ਕੇਸ ਤੇ ਪਕਰੈ ਤਹ ਹਰਿ ਕੋ ਨਾਮੁ ਛਡਾਵਨ ॥**(1104) **ਧਨ ਜੋਬਨ ਕਾ ਗਰਬੁ ਨ ਕੀਜੈ ਕਾਗਦ ਜਿਉ ਗਲਿ ਜਾਹਿਗਾ ॥੧॥ ਜਉ ਜਮੁ ਆਇ ਕੇਸ ਗਹਿ ਪਟਕੈ ਤਾ ਦਿਨ ਕਿਛੁ ਨ ਬਸਾਹਿਗਾ ॥**(1106) **ਨੈਨਹੁ ਸੰਗਿ ਸੰਤਨ ਕੀ ਸੇਵਾ ਚਰਨ ਝਾਰੀ ਕੇਸਾਇਓ ॥ਆਠ ਪਹਰ ਦਰਸਨੁ ਸੰਤਨ ਕਾ ਸੁਖੁ ਨਾਨਕ ਇਹੁ ਪਾਇਓ ॥**(1217) **ਅਨਾਥ ਨਾਥ ਗੋਬਿੰਦਹ ਬਲਹੀਣ ਬਲ ਕੇਸਵਹ ॥** (1336) **ਹਾਡ ਜਲੇ ਜੈਸੇ ਲਕਰੀ ਕਾ ਤੂਲਾ ॥ ਕੇਸ ਜਲੇ ਜੈਸੇ ਘਾਸ ਕਾ ਪੂਲਾ ॥** (ਕਬੀਰ ਪੰਨਾ 870)

ਸੋ ਲੰਮੇ ਕੇਸ ਹੋਣਗੇ ਤਾਂ ਹੀ ਆਪਣੇ ਗੁਰੂ ਦੇ ਚਰਨਾਂ ਨੂੰ ਕੇਸਾਂ ਨਾਲ ਝਾੜਿਆ ਜਾਏਗਾ। ਵਿਚਾਰਾ ਮੋਨਾ ਬੰਦਾ ਆਪਣੀ ਟਿੰਡ ਪੈਰਾਂ ਤੇ ਘਸਾ ਸਕਦੈ ਚਰਨ ਝਾੜਨ ਦੀ ਗਲ ਕਦੀ ਨਹੀ ਕਰੇਗਾ। ਨਾਲੇ ਗੁਰਮਤ ਵਿਚ ਰਜਾ ਦਾ ਬੜਾ ਵੱਡਾ ਸਵਾਲ ਹੈ ਰੱਬ ਦੀ ਹੁਕਮ ਅਦੂਲੀ ਨਹੀਂ ਕਰਨੀ।

ਫਿਰ ਦੇਖੋ ਦਸਵੇਂ ਗੁਰੂ ਨਾਨਕ ਨੇ ਵੀ ਜ਼ੋਰ ਇਸ ਗੱਲ ਤੇ ਦਿਤਾ ਕਿ ਬਾਦਸ਼ਾਹੀ ਫੁਰਮਾਨ ਦੀ ਪ੍ਰਵਾਹ ਕੀਤੇ ਬਗੈਰ ਭਾਰਤੀ ਲੋਕ ਕੇਸ ਨਾ ਕੱਟਣ। ਸਿੱਖਾਂ ਨੂੰ ਇਥੋਂ ਤੱਕ ਹਦਾਇਤ ਕੀਤੀ ਕਿ ਚਾਹੇ ਕਿਸੇ ਦਾ ਭਾਵੇ ਵਢੇਰਾ ਵੀ ਗੁਜਰ ਜਾਵੇ ਤਾਂ ਵੀ ਕੇਸ ਨਹੀਂ ਕੱਟਣੇ।

ਮਾਤ ਪਿਤਾ ਮਰੇ ਜੇ ਕੋਈ। ਤਉ ਭੀ ਕਰਤ ਨਾ ਭੱਦਰ ਹੋਈ।

(ਭੱਦਰ ਭਾਵ ਮੁੰਡਨ ਅਜਿਹਾ ਹੀ 1711 ਈ। ਦੀ ਲਿਖਤ ਸ੍ਰੀ ਗੁਰੂ ਸੋਭਾ ਕਵੀ ਸੈਨਾਪਤੀ ਰਚਿਤ ਪੁਸਤਕ ਵਿਚ ਦਰਜ਼ ਹੈ। (ਯਾਦ ਰਹੇ ਕਿ ਇਤਹਾਸ ਪੱਖੋਂ ਇਹ ਸਭ ਤੋਂ ਜਿਆਦਾ ਪ੍ਰਵਾਨਤ ਗ੍ਰੰਥ ਹੈ)

ਪਰ ਕੌਣ ਕਹਿੰਦੈ ਗੁਰੂ ਕੇਸਧਾਰੀ ਨਹੀਂ ਸਨ?

ਓਧਰ ਮੁਗਲ ਸਰਕਾਰ ਹਜਾਮਤਾਂ ਕਰਨ ਤੇ ਫੁਰਮਾਨ ਜਾਰੀ ਕਰ ਰਹੀ ਸੀ ਤੇ ਗੁਰੂ ਗੋਬਿੰਦ ਸਿੰਘ ਉਲਟ ਗੱਲ ਕਹਿ ਰਹੇ ਸਨ ਇਥੋਂ ਤੱਕ ਕਿ ਮਾਤ ਪਿਤਾ ਦੇ ਚਲਾਣੇ ਤੇ ਵੀ ਭੱਦਣ (ਮੁੰਡਨ) ਨਹੀਂ ਕਰਵਾਉਣਾ। ਸ਼ਸ਼ਤਰ ਰੱਖਣੇ ਹਨ, ਘੋੜੇ ਰੱਖਣੇ ਹਨ। ਫਿਰ ਦਸਮ ਪਾਤਸ਼ਾਹ ਦਾ 1708 ਈ. ਵਿਚ ਚਲਾਣਾ ਤੇ ਫਿਰ ਜੰਗੀ ਟਕਰਾਅ ਤੇ ਪੰਜਾਬ ਵਿਚ ਖੁੱਲਮ ਖੱਲੀ ਬਗਾਵਤ। ਕੁਝ ਚਿਰ ਬੰਦਾ ਬਹਾਦਰ ਦਾ ਰਾਜ ਤੇ ਫਿਰ ਸਿੱਖਾਂ ਦਾ ਕੁਚਲੇ ਜਾਣਾ ਤੇ ਰੂਪੋਸ਼ ਹੋ ਕੇ ਰੇਗਸਤਾਨਾਂ ਜਾਂ ਪਹਾੜਾਂ 'ਚ ਚਲੇ ਜਾਣਾ ਤੇ ਸਰਕਾਰ ਵੱਲੋਂ ਸਿੱਖ ਦੇ ਸਿਰ ਦਾ ਮੁੱਲ ਰੱਖ ਦੇਣਾ।

ਉਧਰ ਬਹੁਤ ਸਾਰੇ ਵੱਡੇ ਘਰਾਣਿਆਂ ਸਰਕਾਰ ਪੱਖੀ ਸਟੈਂਡ ਲੈ ਲਿਆ ਜਿੰਨਾਂ ਦਾ ਕੇਂਦਰ ਜੰਡਿਆਲੇ ਗੁਰੂ ਦਾ ਹੰਦਾਲ ਘਰਾਣਾ ਬਣ ਜਾਂਦਾ ਹੈ (ਦੇਖੋ ਪੰਥ ਪ੍ਰਕਾਸ਼-ਰਤਨ ਸਿੰਘ ਭੰਗੂ) ਐਨ ਏਸੇ ਦੌਰ ਭਾਵ 1715 ਈ. ਤੋਂ ਬਾਅਦ ਦੇ ਸਮੇਂ ਵਿਚ ਜਨਮ ਸਾਖੀਆਂ ਦੇ ਲਿਖੇ ਜਾਣ ਜਾਂ ਨਕਲੀ ਉਤਾਰੇ ਹੋਣ ਦੀ ਲਹਿਰ ਉਤਪੰਨ ਹੁੰਦੀ ਹੈ।

ਬੜੀ ਮਜੇ ਦੀ ਗੱਲ ਹੈ ਕਿ ਉਸ ਦੌਰ ਵਿਚ ਜਿੰਨੀਆਂ ਜਨਮ ਸਾਖੀਆਂ ਉਤਪੰਨ ਹੁੰਦੀਆਂ ਹਨ ਉਨਾਂ ਤੇ ਹੰਦਾਲੀਆਂ ਦਾ ਅਸਰ ਸਪੱਸ਼ਟ ਦਿਖਾਈ ਦਿੰਦਾ ਹੈ ਜਿਵੇਂ ਬਾਲੇ ਵਾਲੀ ਜਨਮ ਸਾਖੀ ਵਿਚ ਤਾਂ ਗੁਰੂ ਨਾਨਕ ਨੂੰ ਬਾਬੇ ਹੰਦਾਲ ਤੇ ਭਗਤ ਕਬੀਰ ਤੋਂ ਛੁਟਿਆ ਕੇ ਪੇਸ਼ ਕੀਤਾ ਗਿਆ। ਗੁਰੂ ਨਾਨਕ ਤੇ ਗੁਰੂ ਅੰਗਦ ਦੀ ਸਖਸ਼ੀਅਤ ਖਿਲਾਫ ਕੋਝੀਆਂ ਕਹਾਣੀਆਂ ਘੜ ਕੇ ਪੇਸ਼ ਕੀਤੀਆਂ।

ਫਿਰ ਕਿਉਂਕਿ ਮੁਢਲੀ ਜਨਮ ਸਾਖੀ ਲਹਿੰਦੀ ਪੰਜਾਬੀ 'ਚ ਲਿਖੀ ਗਈ ਸੀ ਹਿੰਦਾਲੀ ਲੇਖਕਾਂ ਨੇ ਜਾਣ ਬੁਝ ਕੇ ਲਹਿੰਦੀ ਪੰਜਾਬੀ 'ਚ ਸਾਖੀਆਂ ਲਿਖੀਆਂ ਜਦ ਕਿ ਸਪੱਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਦਾ ਕੇਂਦਰ ਕਪੂਰਥਲੇ ਦਾ ਇਲਾਕਾ ਸੀ। ਚਾਹੇ ਪੈੜੇ ਮੋਖੇ ਵਾਲੀ ਜਨਮਸਾਖੀ ਹੋਵੇ ਭਾਵੇ ਬੀ-40 ਜਨਮ ਸਾਖੀ ਲੈ ਲਓ।

ਦੁੱਖ ਦੀ ਗੱਲ ਹੈ ਕਿ ਇਹੋ ਜਨਮ ਸਾਖੀਆਂ ਹੀ ਗੁਰੂ ਨੂੰ ਕੇਸਾਂ ਬਗੈਰ ਪੇਸ਼ ਕਰਦੀਆਂ ਹਨ। ਇਨਾਂ ਵਾਰਤਾ ਦੇ ਨਾਲ ਨਾਲ ਖੂਬਸੂਰਤ ਚਿਤਰਕਾਰੀ ਵੀ ਕੀਤੀ ਹੋਈ ਹੈ। ਕਿਉਕਿ ਦਸਮ ਪਾਤਸ਼ਾਹ ਨੇ ਭੱਦਣ ਦੀ ਰਸਮ ਖਿਲਾਫ ਸਮਾਜਕ ਬਗਾਵਤ ਕੀਤੀ ਸੀ ਇਸ ਗਲ ਦਾ ਵਿਰੋਧ ਰੂੜੀਵਾਦੀਆਂ ਤਾਂ ਕਰਨਾਂ ਹੀ ਸੀ। ਇਹੋ ਕਾਰਨ ਹੈ ਉਸ ਜਮਾਨੇ ਵਿਚ ਲਿਖੀਆਂ ਗਈਆਂ ਜਨਮ ਸਾਖੀਆਂ ਵਿਚ ਗੁਰੂ ਸਾਹਿਬ ਨੂੰ ਕੇਸਾਂ ਬਗੈਰ ਦਿਖਾਇਆ ਜਾਂਦਾ ਹੈ। ਇਨਾਂ ਤਸਵੀਰਾਂ ਤੋਂ ਚਾਲ ਸਪੱਸ਼ਟ ਹੋ ਜਾਂਦੀ ਹੈ ਜਦੋਂ ਚਿਤ੍ਰਕਾਰ ਗੁਰੂ ਨਾਨਕ ਨੂੰ ਜਨੇਊ ਤੇ ਟਿੱਕੇ ਵਿਚ ਵੀ ਚਿਤਰਦਾ ਹੈ। ਜਦ ਕਿ ਗੁਰੂ ਜਨੇਊ ਦੀ ਸਪੱਸ਼ਟ ਤੌਰ ਤੇ ਵਿਰੋਧਤਾ ਕਰਦਾ ਹੈ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥(471) **ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥ ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥**(903)

ਸੋ ਕਿਤੇ ਅਗਿਆਨਤਾ ਤੇ ਕਿਤੇ ਬੇਈਮਾਨੀ ਦੀ ਵਜ੍ਹਾ ਕਰਕੇ ਗੁਰੂ ਨਾਨਕ ਦੀ ਤਸਵੀਰ ਵਿਗਾੜੀ ਗਈ ਹੈ। ਇਸ ਤੋਂ ਵੱਡਾ ਹੋਰ ਸਬੂਤ ਕੀਹ ਹੋ ਸਕਦਾ ਹੈ ਕਿ ਭਰਮ ਪੈਦਾ ਕਰਨ ਵਾਲੀ ਚਿਤਰਾਂ ਵਾਲੀਆਂ ਜਨਮ ਸਾਖੀਆਂ ਬੰਦੇ ਬਹਾਦਰ ਦੇ ਇਨਕਲਾਬ ਤੋਂ ਬਾਅਦ ਹੀ ਹੋਂਦ ਵਿਚ ਆਉਂਦੀਆਂ ਹਨ।

ਫਿਰ ਦੇਖੋ ਪੁਰਾਤਨ ਜਨਮ ਸਾਖੀਆਂ ਵਿਚੋ ਸੋਢੀ ਮਿਹਰਵਾਨ (ਭਤੀਜਾ ਗੁਰੂ ਅਰਜਨ ਦੇਵ)ਕ੍ਰਿਤ ਜਨਮ ਸਾਖੀ ਵਿਚ ਸਾਫ ਲਿਖਿਆ ਹੈ ਕਿ ਗੁਰੂ ਨਾਨਕ ਨੇ ਸਿੱਧ ਗੋਸਟਿ ਮੌਕੇ ਆਪਣੇ ਵਾਲ ਖਲਾਰ ਕੇ ਪਿੱਛੇ ਸੁਟ ਲਏ।

ਸੋ ਇਕ ਗੁਨਾਹਗਾਰ ਹੀ ਅਕਾਲ ਦੀ ਰਜਾ 'ਚ ਚਲਣ ਵਾਲੇ ਗੁਰੂ ਨਾਨਕ ਬਾਰੇ ਕਹਿ ਸਕਦਾ ਹੈ ਕਿ ਉਹ ਆਪਣੀ ਕੁਦਰਤੀ ਸੂਰਤ ਵਿਗਾੜਦੇ ਸਨ। ਪਰ ਫਿਰ ਵੀ, ਗੁਰੂ ਸਹਿਬ ਤੋਂ 200 ਸਾਲ ਬਾਦ ਲਿਖੀ ਗਈ ਜਨਮ ਸਾਖੀ ਤੋਂ ਸਹਾਰਾ ਲੈ ਕੇ ਅੱਜ ਕੁਝ ਲੋਕ ਸਿੱਖਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਵਿਚ ਹਨ। (ਪੰਜਾਬ ਮੋਨੀਟਰ ਰਸਾਲੇ ਵਿਚੋਂ)

—▲—

ਗੁਰੂ ਨਾਨਕ ਅਤੇ ਚਮਤਕਾਰ

"ਗੁਰ ਨਾਨਕ ਹਰਿ ਨਾਮੁ ਦ੍ਰਿੜਾਇਆ ਭੰਨਣ ਘੜਣ ਸਮਰਥੁ ॥
ਪ੍ਰਭੁ ਸਦਾ ਸਮਾਲਹਿ ਮਿਤ੍ਰ ਤੂ ਦੁਖੁ ਸਬਾਇਆ ਲਥੁ ॥" - ਸ੍ਰੀ ਗੁਰੂ ਅਰਜਨ ਦੇਵ ਜੀ

ਗੁਰੂ ਨਾਨਕ ਜਿਸ ਅੱਗੇ ਕ੍ਰੋੜਾਂ ਲੋਕ ਝੁੱਕ ਗਏ ਸਨ, ਅੱਜ ਉਸ ਦੇ ਕੌਤਕਾਂ ਜਾਂ ਚਮਤਕਾਰਾਂ ਨੂੰ ਮੰਨਣ ਤੋਂ ਕਈ ਲੋਕ ਆਕੀ ਨੇ, ਉਹਨਾਂ ਨੂੰ ਬੇਨਤੀ ਹੈ ਕਿ ਗੁਰੂ ਸਾਹਿਬ ਤਾਂ ਬਹੁਤ ਦੂਰ ਦੀ ਗਲ ਹੈ, ਤੁਸੀ ਕਿਰਪਾ ਕਰਕੇ ਹੇਠ ਦਿਤੇ ਜਿੰਦਾ ਮਾਮਲਿਆਂ ਦੇ ਕਾਰਨ ਹੀ ਲੱਭ ਕੇ ਜੇ ਸਮਾਜ ਦੇ ਗਿਆਨ ਵਿਚ ਵਾਧਾ ਕਰ ਦਿਓ ਤਾਂ ਤੁਹਾਡੀ ਵੱਡੀ ਸੇਵਾ ਹੋਵੇਗੀ

ਗੁਰੂ ਨਾਨਕ ਦਾ ਜੀਵਨ ਹੈ ਹੀ ਨਿਰੇ ਕੌਤਕ। ਕਦੀ ਉਜੜਿਆ ਖੇਤ ਸਾਬਤ ਹੋ ਜਾਂਦਾ ਹੈ। ਕਦੀ ਰੁੱਖ ਦੀ ਛਾਂ ਖਲੋ ਜਾਂਦੀ ਹੈ। ਤੇਰਾ ਤੇਰਾ ਤੋਲਣ ਵਾਲੇ ਦਾ ਜਦੋਂ ਹਿਸਾਬ ਹੁੰਦਾ ਹੈ ਤਾਂ ਉਲਟੇ ਪੈਸੇ ਗੁਰੂ ਦੇ ਵਧਦੇ ਨੇ। ਸੱਜਣ ਠੱਗ ਦੇ ਘੋਰੇ 'ਚੋਂ ਨਿਰੇ ਸਾਬਤ ਹੀ ਨਹੀ ਨਿਕਲਦੇ ਉਨ੍ਹੂੰ ਆਪਣਾ ਸਿੱਖ ਵੀ ਬਣਾ ਦਿੰਦੇ ਨੇ। ਕਦੀ ਜਾਲਮ ਮਲਿਕ ਭਾਗੋ ਦੇ ਪੂੜਿਆਂ ਵਿਚੋਂ ਲਹੂ ਸਿੰਮਦਾ ਹੈ। ਬਾਬਾ ਸੈਕੜੇ ਥਾਵੇ ਤੇ ਚਸ਼ਮੇ ਜਾਰੀ ਕਰਦਾ ਹੈ। ਬਾਦਸ਼ਾਹ ਸਿਕੰਦਰ ਲੋਧੀ ਦਾ ਹਾਥੀ ਜਿਵਾਉਣ ਉਪਰੰਤ ਉਹਦੇ ਮੂੰਹ ਤੇ ਕਹਿ ਦਿੰਦਾ ਵਾ ਕਿ 'ਤੇਰਾ ਇਹ ਦਾਨ ਪੁੰਨ ਨਿਰਾ ਫਰੇਬ ਹੈ'। ਉਹ ਰਾਖਸ਼ਾਂ ਦੇ ਦੇਸ ਵਿਚ ਬੇਖੌਫ ਹੋ ਫਿਰਦਾ ਹੈ। ਮੱਕੇ ਮਦੀਨੇ ਗੈਰ ਮੁਸਲਮਾਨ ਦਾ ਜਾਣਾ ਮਨਾ ਹੁੰਦਾ ਹੈ ਉਹ ਨਿਧੱੜਕ ਪਹੁੰਚ ਸੱਚ ਧਰਮ ਦਾ ਉਪਦੇਸ਼ ਦਿੰਦਾ ਹੈ। ਕਦੀ ਸਮੁੰਦਰਾਂ ਤੇ ਤੁਰਦਾ ਹੈ ਕਦੀ ਸੁਰਤ ਨਾਲ ਹਜਾਰਾਂ ਕੋਹਾਂ ਦਾ ਪੈਡਾ ਪਲ ਵਿਚ ਤਹਿ ਕਰ ਦਿੰਦਾ ਹੈ।

ਇਹਦੇ ਬਾਵਜੂਦ ਗੁਰੂ ਨਾਨਕ ਤੇ ਲਿਖਦਿਆਂ ਪੜ੍ਹਦਿਆਂ ਅਸਾਂ ਵੇਖਿਆ ਕਿ ਅਜੋਕੇ ਜਮਾਨੇ ਵਿਚ ਗੁਰੂ ਜੀ ਤੇ ਬਹੁਤੀਆਂ ਲਿਖਤਾਂ ਨਾਸਤਕ ਲੋਕਾਂ ਨੇ ਹੀ ਲਿਖੀਆਂ ਹਨ। ਲਗਪਗ 80 ਕੁ ਸਾਲ ਪਹਿਲਾਂ ਪੰਜਾਬ ਤੇ ਕਮਿਊਨਿਜਮ ਦਾ ਹਮਲਾ ਹੋਣਾ ਸ਼ੁਰੂ ਹੋਇਆ ਸੀ। 40 ਕੁ ਸਾਲਾਂ ਵਿਚ ਇਸ ਪਦਾਰਥਵਾਦ ਨੇ ਪੰਜਾਬ ਦਾ ਬੁਧੀਜੀਵੀ ਪੂਰੀ ਤਰਾਂ ਕਲਾਵੇ ਵਿਚ ਲੈ ਲਿਆ।

ਜਦੋਂ ਪੰਜਾਬ ਤੇ ਨਾਸਤਕਵਾਦ ਦਾ ਹਮਲਾ ਜੋਰਾਂ ਤੇ ਸੀ ਤਾਂ ਲਗ ਪਗ ਇਹਨਾਂ ਹੀ ਦਿਨਾਂ ਵਿਚ ਮੈਕਲੋਡ ਜਿਹੇ ਈਸਾਈ ਮਿਸ਼ਨਰੀਆਂ ਨੇ ਆ ਪੰਜਾਬ ਡੇਰੇ ਲਾਏ। ਮਿਸ਼ਨਰੀਆਂ ਨੇ ਇਥੋਂ ਦਾ ਮਹੌਲ ਭਾਪ ਕੇ ਜਨਮਸਾਖੀਆਂ ਵਿਚ ਜਿਹੜਾ ਚਮਤਕਾਰ ਪੱਖ ਸੀ ਉਸ ਨੂੰ ਨਿਸ਼ਾਨਾ ਬਣਾ ਲਿਆ।

ਫਿਰ ਕੀ ਸੀ, ਇਸ ਖਿੱਤੇ ਵਿਚ ਕੰਮ ਕਰਨ ਵਾਲੇ ਵਿਦਵਾਨ ਪੱਬਾਂ ਭਾਰ ਹੋ ਮਕਲੌਡ ਜਿਹਾ ਮੂਹਰੇ ਹੋ ਤੁਰੇ। ਇਹਨਾਂ ਕਾਮਰੇਡਾਂ ਨੇ ਮੈਕਲੋਡ ਨੂੰ ਇਕ ਛੋਟਾ ਜਿਹਾ ਸਵਾਲ ਪੁੱਛਣ ਦੀ ਵੀ ਖੇਚਲ ਨਾਂ ਕੀਤੀ ਕਿ "ਜਨਾਬ ਇਸ ਬਾਰੇ ਤੁਹਾਡਾ ਕੀ ਵਿਚਾਰ ਹੈ ਜਿਹੜਾ ਈਸਾਈ ਕਹਿੰਦੇ ਨੇ ਕਿ ਜੀਸਸ ਕੁਵਾਰੀ ਦੀ ਕੁੱਖੋ ਪੈਦਾ ਹੋਇਆ ਸੀ?" ਪੰਜਾਬ ਦੁਸ਼ਮਣ ਇਹਨਾਂ ਲਿਖਾਰੀਆਂ ਨੇ ਇਹ ਵੀ ਸਮਝਣ ਦੀ ਕੋਸ਼ਿਸ਼ ਨਾਂ ਕੀਤੀ ਕਿ ਅਗਲਾ ਈਸਾਈ ਮਿਸ਼ਨਰੀ ਹੈ।

ਨਤੀਜਾ ਕੀ ਨਿਕਲਿਆ ਕਿ ਜਿਹੜਾ ਕੰਮ ਵਿਰੋਧੀ ਨੇ ਕਰਨਾਂ ਸੀ ਉਹ ਸਾਡੇ ਆਪਣਿਆਂ ਨੇ ਕੀਤਾ। ਉਹ ਵੀ ਧਰਮ ਦਾ ਮਖੌਟਾ ਪਾ ਕੇ, ਲੰਮੇ ਲੰਮੇ ਦਾਹੜੇ ਰੱਖ ਕੇ।

ਅੱਜ ਸਕੂਲਾਂ ਕਾਲਜਾਂ ਵਿਚ ਪਦਾਰਥਵਾਦ ਹੀ ਪੜਾਇਆ ਲਿਖਾਇਆ ਜਾ ਰਿਹਾ ਹੈ। ਨਾਸਤਕਵਾਦ ਦੀ ਇਹ ਭਰਪੂਰ ਫਸਲ ਹੁਣ ਪੱਕਣੀ ਸ਼ੁਰੂ ਹੋ ਗਈ ਹੈ। ਜਿਸਦੇ ਨਤੀਜੇ ਸਮਾਜ ਨੇ ਭੁਗਤਣੇ ਸ਼ੁਰੂ ਕਰ ਦਿੱਤੇ ਹਨ। ਮਿਸਾਲ ਦੇ ਤੌਰ ਤੇ ਪੰਜਾਬ ਵਿਚ ਬੱਚਿਆਂ ਦੀ ਗਿਣਤੀ ਖਤਰਨਾਕ ਦਰ ਨਾਲ ਘਟੀ ਹੈ। ਉਹ ਪੰਜਾਬੀ ਕੌਮ ਜੋ ਦੁਨੀਆਂ ਭਰ ਵਿਚ ਸੂਰਬੀਰ ਗਿਣੀ ਗਈ ਸੀ ਅੱਜ ਖੁਦਕਸ਼ੀਆਂ ਦੇ ਰਾਹ ਤੇ ਹੈ। ਨਸ਼ੇ ਨੇ ਪੰਜਾਬ ਨੂੰ ਅਧਮੋਇਆਂ ਕਰ ਦਿੱਤਾ ਹੈ। ਪੰਜਾਬ ਸਰਕਾਰ ਦੀ ਕੁਲ ਟੈਕਸ ਆਮਦਨ ਵਿਚੋਂ ਤੀਸਰਾ ਹਿੱਸਾ ਐਕਸਾਈਜ (ਸ਼ਰਾਬ ਤੇ ਟੈਕਸ) ਤੋਂ ਹੈ। ਰਿਸ਼ਵਤਖੋਰੀ ਜੋਰਾਂ ਤੇ ਹੈ। ਪਦਾਰਥਵਾਦੀ ਦੌੜ ਇਸ ਹੱਦ ਤਕ ਪਹੁੰਚ ਗਈ ਹੈ ਕਿ ਪੰਜਾਬ ਵਿਚ ਡੰਗਰ ਘੱਟਣ ਦੇ ਬਾਵਜੂਦ ਦੁੱਧ ਦੀ ਮਾਤਰਾ ਵਧੀ ਹੈ। ਪਦਾਰਥਵਾਦ ਕਿਉਕਿ ਸੱਚ, ਨਿਮਰਤਾ, ਦਿਆ ਧਰਮ ਤੇ ਭਾਰੂ ਹੋ ਜਾਂਦਾ ਹੈ ਜਿਸ ਕਾਰਨ ਪੰਜਾਬ ਵਿਚ ਫੁਕਰਪਣ ਅੱਜ ਸਿਖਰ ਤੇ ਹੈ। ਮਿਸਾਲ ਦੇ ਤੌਰ ਤੇ ਬਿਹਾਰ ਯੂਪੀ ਤੋਂ ਆ ਕੇ ਗਰੀਬ ਬਣ੍ਹੀਆ ਮਾਲਾਮਾਲ ਹੋ ਜਾਂਦਾ ਹੈ ਜਦੋਂ ਕਿ ਪੰਜਾਬੀ ਨੌਜਵਾਨ ਨੂੰ ਇਥੇ ਰੁਜਗਾਰ ਨਜਰ ਨਹੀ ਆਉਦਾ। ਸਾਡੇ ਤਜਰੱਬੇ ਵਿਚ ਇਕ ਅਲੌਕਿਕ ਕੇਸ ਸਾਹਮਣੇ ਆਇਆ। ਪ੍ਰਾਈਵੇਟ ਸਕੂਲ ਵਿਚ ਇਕ ਅਧਿਆਪਕਾ 4000 ਰੁਪਏ ਮਹੀਨੇ ਤੇ ਕੰਮ ਕਰ ਰਹੀ ਸੀ ਤੇ ਘਰ ਵਿਚ ਪੱਠੇ ਦੱਥੇ ਲਈ 6000 ਰੁਪਏ ਮਹੀਨੇ ਤੇ ਬਣ੍ਹੀਆ ਰੱਖਿਆ ਹੋਇਆ ਸੀ। ਸਾਨੂੰ ਪਤਾ ਲੱਗਾ ਇਕ ਇਹ ਵਰਤਾਰਾ ਤਾਂ ਆਮ ਹੈ।

ਜਿਥੋਂ ਤਕ ਹਕੂਮਤ ਦਾ ਸਵਾਲ ਹੈ ਸਰਕਾਰਾਂ ਨੇ ਇਸ ਵਰਤਾਰੇ ਨੂੰ ਉਤਸ਼ਾਹ ਦਿੱਤਾ ਹੈ। ਜਿਥੋਂ ਤਕ ਪੰਜਾਬ ਦਾ ਸਬੰਧ ਹੈ ਸੈਕੂਲਰਇਜਮ ਦੇ ਮਾਇਨੇ 'ਧਰਮ ਵਿਰੋਧੀ' ਹਨ ਜਦੋਂ ਕਿ ਬਾਕੀ ਸੂਬਿਆਂ ਵਿਚ ਅਰਥ 'ਧਰਮ ਨਿਰਪੱਖ' ਹੈ।

ਇਹ ਸਾਨੂੰ ਸਾਬਤ ਕਰਨ ਦੀ ਜਰੂਰਤ ਹੀ ਨਹੀ ਰਹਿ ਗਈ ਕਿ ਪੰਜਾਬ ਦੀ ਸਿਖਿਆ ਨਾਸਤਕਵਾਦ ਪੜਾਉਦੀ ਹੈ ਅਤੇ ਅਸੂਲ ਹੈ ਕਿ ਭੜਕਾਇਆਂ ਅਤੇ ਪੜਾਇਆਂ ਤਾਂ ਪੱਥਰ ਵੀ ਪਾਟ ਜਾਂਦੇ ਨੇ।

ਪੰਜਾਬ ਵਿਚ ਇਹ ਸੋਚ ਉਸ ਵੇਲੇ ਵੀ ਭਾਰੂ ਹੈ ਆਰਥਿਕਤਾ ਦੇ ਮੁੱਦੇ ਤੇ ਆ ਕੇ ਨਾਸਤਕਵਾਦ ਨੇ ਹਾਰ ਮੰਨ ਲਈ ਹੈ। ਰੂਸ 'ਚ ਪੂਰੀ ਤਰਾਂ ਹੱਥ ਹੀ ਖੜੇ ਕਰੇ ਤੇ ਚੀਨ ਵਿਚ ਨਾਸਤਕਵਾਦ ਮੰਨ ਗਇਆ ਕਿ ਪੈਦਾਵਾਰ ਦੇ ਸਾਧਨਾਂ ਤੇ ਰਾਜ ਦਾ ਕੰਟਰੋਲ ਖਤਰਨਾਕ ਹੁੰਦਾ ਹੈ। ਜਰੂਰਤ ਅਨੁਸਾਰ ਇਹ ਮੰਡੀ ਤਹਿ ਕਰਦੀ ਹੈ ਕਿਸੇ ਚੀਜ਼ ਦੀ ਕਿੰਨੀ ਉਪਜ ਹੋਣ ਹੈ ਇਸ ਦਾ ਭਾਅ ਕੀ ਰਹੇਗਾ।

ਕੋਸਟਾ ਰੀਕਾ ਦੇ ਉਹ ਕੌਣ ਲੋਕ ਸਨ ਜੋ ਦੋ ਦੋ ਮੀਟਰ ਵਿਆਸ ਅਤੇ 15-15 ਟੰਨ ਭਾਰੇ ਪੱਥਰਾਂ ਦੇ ਗੋਲੇ ਬਣਾਇਆ ਕਰਦੇ ਸਨ। ਉਹਨਾਂ ਕੋਲ ਕਿਹੜੀ ਸਾਇੰਸ ਸੀ ਜਿਸ ਨਾਲ ਉਹ ਪੱਥਰ ਨੂੰ ਇਉ ਚੁੱਕੀ ਫਿਰਦੇ ਸਨ ਜਿਵੇ ਰੂੰ? ਉਹ ਸਭਿੱਅਤਾ ਕਿਥੇ ਗਈ?

ਲੰਡਨ- ਹਜ਼ਾਰਾਂ ਲੱਖਾਂ ਲੋਕਾਂ ਦੇ ਸਾਹਮਣੇ ਜਦੋਂ ਜਾਦੂਗਰ ਡਾਇਨਮੋ ਹਵਾ ਵਿਚ ਉਪਰ ਉੱਠ ਗਇਆ।

ਖੁਸ਼ਕਿਸਮਤੀ ਨਾਲ ਅੱਜ ਸਾਇੰਸ ਮੰਨ ਗਈ ਹੈ ਕਿ ਪਦਾਰਥ ਨੂੰ ਤਾਕਤ (Energy) ਵਿਚ ਬਦਲਿਆ ਜਾ ਸਕਦਾ ਹੈ।

ਜਦੋਂ ਕਿ ਬਚਪਨ ਵਿਚ ਹੀ ਸਾਨੂੰ ਪੜ੍ਹਾਇਆ ਗਇਆ ਸੀ (Chemical indestructibily of matter) ਕਿ ਪਦਾਰਥ ਕਦੀ ਨਸ਼ਟ ਨਹੀ ਹੁੰਦਾ ਅਤੇ ਨਾਂ ਹੀ ਇਸ ਨੂੰ ਪੈਦਾ ਕੀਤਾ ਜਾ ਸਕਦਾ ਹੈ। ਇਹ ਤਾਂ ਸਿਰਫ ਰੂਪ ਬਦਲਦਾ ਹੈ। (ਬਰਫ ਗਰਮ ਹੋਣ ਤੇ ਪਾਣੀ ਬਣ ਜਾਂਦੀ ਹੈ ਤੇ ਹੋਰ ਗਰਮੀ ਮਿਲਣ ਨਾਲ ਪਾਣੀ ਭਾਫ ਭਾਵ ਗੈਸ ਭਾਵ ਅਦਿਖ ਰੂਪ। ਫਿਰ ਓਸੇ ਭਾਪ ਨੂੰ ਠੰਡਾ ਕਰੋ ਤੇ ਉਹ ਪਾਣੀ ਬਣ ਜਾਂਦੀ ਹੈ ਹੋਰ ਠੰਡਾ ਕਰਨ ਤੇ ਬਰਫ। ਇਸ ਪ੍ਰਕਾਰ ਪਦਾਰਥ ਮਰਦਾ ਨਹੀ ਰੂਪ ਬਦਲ ਜਾਂਦਾ ਹੈ। ਇਹ ਪੜ੍ਹਾਇਆ ਜਾਂਦਾ ਸੀ।)

—◈—

ਇਨਸਾਨ ਦੀ ਸਭ ਤੋਂ ਵੱਡੀ ਦਿੱਕਤ ਹੈ ਕਿ ਉਹ ਸਮਝਦਾ ਹੈ ਕਿ ਜਿੰਨੀ ਕੁ ਉਸ ਦੀ ਸਮਰੱਥਾ ਹੈ ਬਾਕੀ ਬੰਦਿਆਂ ਦੀ ਵੀ ਓਨੀ ਹੀ ਹੈ। ਉਹਨੂੰ ਨਹੀ ਪਤਾ ਕਿ ਕਈ ਇਹੋ ਜਿਹੇ ਬੰਦੇ ਵੀ ਹੈਗੇ ਨੇ ਜਿਹੜੇ 400 ਵੋਲਟ ਬਿਜਲੀ ਦਾ ਕਰੰਟ ਵੀ ਬਰਦਾਸ਼ਤ ਕਰ ਲੈਂਦੇ ਨੇ। ਫਿਰ ਕੁਝ ਅਜਿਹੇ ਵੀ ਨੇ ਜਿਹੜੇ ਅੱਧਾ ਅੱਧਾ ਘੰਟਾ ਬਰਫ ਵਿਚ ਰਹਿ ਕੇ ਵੀ ਨੌ ਬਰ ਨੌ ਰਹਿੰਦੇ ਨੇ।

ਇਕ ਦਿਨ ਅਸੀ ਕਿਤੇ ਦੱਸ ਰਹੇ ਸੀ ਕਿ ਕਈ ਬੰਦੇ ਇਹੋ ਜਿਹੇ ਵੀ ਨੇ ਜਿਹੜੇ ਅੱਖਾਂ ਬੰਨ ਕੇ ਕਾਰ ਵੀ ਚਲਾ ਲੈਂਦੇ ਹਨ। ਇਸ ਗਲ ਤੇ ਝੱਟ ਸਾਨੂੰ ਟੋਕ ਦਿੱਤਾ ਗਿਆ। ਅਖੇ ਜੀ ਇਹ ਚਲਾਕੀ ਹੁੰਦੀ ਹੈ। ਅਸਾਂ ਫਿਰ ਬੇਨਤੀ ਕੀਤੀ ਕਿ ਚਮਗਿੱਦੜ ਦੀਆਂ ਤਾਂ ਅੱਖਾਂ ਹੁੰਦੀਆਂ ਹੀ ਨਹੀ। ਬਾਵਜੂਦ ਉਹ ਤਾਂ ਬੜਾ ਤੇਜ ਉੱਡਦਾ ਹੈ। ਉਹਦੇ ਕੋਲ ਕਿਹੜਾ ਜੀ ਪੀ ਐਸ ਹੁੰਦਾ ਹੈ?

ਸਾਡਾ ਕਹਿਣ ਤੋਂ ਮਤਲਬ ਹੈ ਦੁਨੀਆ ਪਰੇ ਤੋਂ ਪਰੇ ਹੈ। ਜਰੂਰੀ ਨਹੀ ਕਿ ਜੋ ਸਾਨੂੰ ਦਿੱਸ ਰਿਹਾ ਹੈ ਉਹਦੇ ਤੋਂ ਇਲਾਵਾ ਹੋਰ ਕੁਝ ਹੈ ਹੀ ਨਹੀ। ਤਾਂ ਹੀ ਤਾਂ ਗੁਰੂ ਸਾਹਿਬ ਨੇ ਲਿਖਿਆ ਹੈ, " **ਏਹੁ ਅੰਤੁ ਨ ਜਾਣੈ ਕੋਇ ॥ ਬਹੁਤਾ ਕਹੀਐ ਬਹੁਤਾ ਹੋਇ ॥**" ਸੋ ਸੋਚਣਾ ਸ਼ੁਰੂ ਕਰੋਗੇ ਤਾਂ ਵਿਸ਼ਾਲਤਾ ਹੋਰ ਵਧਦੀ ਜਾਂਦੀ ਹੈ। ਮੁਕਦੀ ਗਲ ਗੁਰੂ ਸਾਹਿਬ ਨੇ ਕਹਿ ਦਿੱਤਾ ਹੈ ਕਿ ਜੇ ਬੰਦਾ ਸਚ ਮੁੱਚ ਸ੍ਰਿਸਟੀ ਦੇ ਰਚਨਹਾਰ ਤੁਲ ਹੋ ਜਾਏ ਤਾਂ ਹੀ ਇਸ ਨੂੰ ਸਮਝ ਸਕਦਾ ਹੈ, "**ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ ॥**

ਇਲੈਕਟ੍ਰਿਕ ਮੋਹਨ

ਸੋ ਵੀਰੋ ਤੋਂ ਭੈਣੋਂ ਦੁਨੀਆਂ ਉਸ ਤੋਂ ਕਿਤੇ ਪਰੇ ਵੀ ਹੈਗੀ ਆ ਜਿੰਨੀ ਕੁ ਤੁਸੀ ਸਮਝਦੇ ਹੋ।

ਤੁਸੀ ਇਹ ਤਾਂ ਕਹਿ ਸਕਦੇ ਹੋ ਕਿ ਬਾਬਾ ਮਦੀਨੇ ਤੋਂ ਅੱਖ ਦੇ ਪਲਕਾਰੇ ਨਾਲ ਸੁਲਤਾਨਪੁਰ ਲੋਧੀ ਕਿਵੇ ਪਹੁੰਚ ਗਿਆ? ਪਰ ਤੁਹਾਨੂੰ ਇਹ ਹੱਕ ਹਾਸਲ ਨਹੀ ਕਿ ਤੁਸੀ ਕਹਿ ਦਿਓ ਕਿ ਜੀ ਇਹ ਸੰਭਵ ਹੀ ਨਹੀ।

ਫਿਰ ਵੀ ਜੇ ਸਮਝਦੇ ਹੋ ਕਿ ਇਹ ਸੰਭਵ ਨਹੀ ਤਾਂ ਹੇਠਾਂ ਅਸੀ ਕੁਝ ਇਕ ਉਦਾਹਰਣਾਂ ਦੇ ਰਹੇ ਹਾਂ ਪਹਿਲਾਂ ਇਹਨਾਂ ਨੂੰ ਸੁਲਝਾ ਲਓ ਫਿਰ ਬਾਬੇ ਨਾਨਕ ਤੇ ਸਵਾਲ ਕਰਨਾਂ:

⊙ ਸਿਰਫ ਏਨਾ ਹੀ ਨਹੀ ਜਦੋ ਇਹ ਲਿਖਾਰੀ ਇਹ ਸਤਰਾਂ ਲਿਖਣ ਬਾਰੇ ਸੋਚ ਰਿਹਾ ਸੀ ਤਾਂ ਡਿਸਕਵਰੀ ਚੈਨਲ ਦੀ ਇੱਕ ਵੀਡਿਓ ਵੇਖਣ ਦਾ ਮੌਕਾ ਮਿਲ ਗਇਆ ਜਿਸ ਵਿਚ ਇੱਕ ਕੁੜੀ ਦੇ ਦਿੱਲ ਦਾ ਆਪ੍ਰੇਸ਼ਨ ਸਾਈਬੇਰੀਆ (ਰੂਸ) ਵਿਚ ਕੀਤਾ ਜਾਣਾ ਹੈ। ਕੁੜੀ ਨੂੰ ਪਹਿਲਾਂ ਬਰਫ ਵਿਚ ਦੱਬ ਕੇ ਮਾਰ ਦਿੱਤਾ ਜਾਂਦਾ ਹੈ। ਫਿਰ ਉਹਦੀ ਛਾਤੀ ਖੋਲੀ ਜਾਂਦੀ ਹੈ, ਸਰਜਰੀ ਕੀਤੀ ਜਾਂਦੀ ਹੈ ਤੇ ਫਿਰ ਨਿੱਗਾ ਪਾਣੀ ਪਾ ਕੇ ਕੁੜੀ ਦਾ ਸਾਹ ਦੁਬਾਰਾ ਚਲਾ ਦਿੱਤਾ ਜਾਂਦਾ ਹੈ।

⊙ ਸਿਰਫ ਏਨਾ ਹੀ ਨਹੀ ਜਾਦੂ ਦੇ ਮਸਲੇ ਤੇ ਆ ਕੇ ਤਾਂ ਕਮਾਲ ਹੀ ਹੋ ਜਾਂਦੀ ਹੈ। ਕਿਹੜੇ ਕਿਹੜੇ ਪਦਾਰਥ ਗਾਇਬ ਤੇ ਪ੍ਰਗਟ ਹੁੰਦਿਆਂ ਦੀ ਗਲ ਲਿਖਾਂ? ਲੰਡਨ ਦੇ ਨਿਵਾਸੀ ਹੈਰਾਨ ਪ੍ਰੇਸ਼ਾਨ ਹੋ ਜਾਂਦੇ ਨੇ ਜਦੋਂ 'ਡਾਇਨਮੋ' ਨਾਂ ਦਾ ਜਾਦੂਗਰ ਲੰਡਨ ਦੀ ਥੇਮਜ ਨਦੀ ਉਤੇ ਤੁਰਨਾ ਸ਼ੁਰੂ ਕਰ ਦਿੰਦਾ ਹੈ। ਹਾਂ ਤੁਸੀ ਇਸ ਨੂੰ ਨਜਰ ਦਾ ਧੋਖਾ ਕਹਿ ਸਕਦੇ ਹੋ। ਪਰ ਕੈਮਰੇ ਵੀ ਧੋਖਾ ਖਾ ਗਏ? ਪਰ ਇਹ ਕੌਤਕ ਲੱਖਾਂ ਲੋਕਾਂ ਵੇਖਿਆ।

⊙ ਏਸੇ ਤਰਾਂ ਇਹ ਜਾਦੂਗਰ ਵੱਡੇ ਸਾਰੇ ਟੈਂਕ ਦੇ ਪਾਣੀ ਨੂੰ ਹੱਥ ਨਾਲ ਛੂਹ ਕੇ ਸਾਰਾ ਹੀ ਜੰਮਾ ਦਿੰਦਾ ਹੈ। ਇੱਕ ਜਾਦੂ ਤਾਂ ਆਪਾਂ ਆਮ ਭਾਰਤ ਵਿਚ ਵੀ ਵੇਖਦੇ ਹਾਂ ਕਿ ਸਿੱਕੇ ਕਿਸੇ ਦੇ ਹੱਥ ਵਿਚ ਹੁੰਦੇ ਨੇ ਤੇ ਜਾਦੂਗਰ ਕਿਸੇ ਦੂਸਰੇ ਦੇ ਹੱਥ ਵਿਚੋਂ ਲੱਭ ਲੈਂਦਾ ਹੈ। ਕਦੀ ਯੂਰੀ ਜੈਲਰ ਨਾਂ ਦਾ ਜਾਦੂਗਰ ਨਜਰ ਨਾਲ ਹੀ ਚਿਮਚੇ ਕੜਛੀਆਂ ਦੁਹਰੇ ਕਰ ਦਿੰਦਾ ਹੈ।

⊙ ਤੇ ਹੋਰ ਲਓ! ਪੀਰੂ (ਦੱਖਣੀ ਅਮਰੀਕਾ) ਦੇ ਇੰਕਾ ਸਭਿਅਤਾ ਦੇ ਕਾਰਨਾਮਿਆਂ ਦਾ ਤਾਂ ਕਹਿਣਾ ਹੀ। 60,000 ਟਨ ਤੱਕ ਭਾਰੇ ਪੱਥਰ ਨੂੰ ਦੂਰ ਸਮੁੰਦਰ ਕਿਨਾਰੇ ਤੱਕ ਲੈ ਜਾਂਦੇ ਨੇ। ਬੋਲੀਵੀਆ ਦੇ ਇੰਕੇ ਪੱਥਰ ਨੂੰ ਇਸ ਤਰਾਂ ਵਰਤਦੇ ਸਨ ਜਿਵੇ ਰੂੰ ਨੂੰ। ਸੈਕੜੇ ਟੰਨ ਭਾਰੇ ਪੱਥਰ ਨੂੰ ਜਿੱਥੇ ਮਰਜੀ ਚੁੱਕੀ ਫਿਰਦੇ ਸਨ। ਫਿਰ ਇਨਾਂ ਦੀ ਕਟਾਈ ਵੀ ਇਸ ਤਰਾਂ ਕੀਤੀ ਹੋਈ ਹੈ ਜਿਵੇ ਮੱਖਣ ਥਾਂਣੀ ਵਾਲ ਕੱਢੀਦਾ। ਕਿ ਉਹ ਪੱਥਰਾਂ ਨੂੰ ਕਿਵੇ ਵੱਢਦੇ ਸਨ ਸਾਇੰਸਦਾਨ ਹੈਰਾਨ ਹਨ? ਹੋ ਸਕਦਾ ਪੰਜਾਬ ਦਾ ਨਾਸਤਕ ਵੀਰ ਇਸ ਦਾ ਜਵਾਬ ਦੇ ਦੇਵੇ।

⊙ ਕਈ ਇਹੋ ਜਿਹੇ ਵੀ ਲੋਕ ਨੇ ਜਿਹੜੇ 440 ਵੋਲਟ ਬਿਜਲੀ ਦਾ ਝਟਕਾ ਸਹਿਜੇ ਹੀ ਸਹਾਰ ਲੈਂਦੇ ਨੇ। ਜੇ ਨਹੀ ਭਰੋਸਾ ਤਾਂ ਕੇਰਲਾ ਦੇ ਕੋਲਮ ਜਿਲੇ ਦੇ ਸ਼ਕਤੀਕੁਲਾਨਗਾਰਾ ਦੇ ਰਾਜ ਮੋਹਨ ਨਾਇਰ ਜਿਨੂੰ ਲੋਕ ਇਲੈਕਟ੍ਰਿਕ ਮੋਹਨ ਕਹਿੰਦੇ ਨੇ ਓਨੂੰ ਜਾ ਕੇ ਮਿਲ ਕੇ ਵੇਖ ਲਓ। ਜਿਹਦਾ ਚਮਤਕਾਰਾਂ ਤੇ ਭਰੋਸਾ ਨਹੀ ਉਹ ਓਨੀ ਵੋਲਟੇਜ ਦਾ ਕੰਡਕਟਰ ਬਣ ਕੇ ਵੇਖ ਲਵੇ ਜਿੰਨੀ ਰਾਜ ਮੋਹਨ ਬਰਦਾਸ਼ਤ ਕਰਦਾ ਵਾ। (ਯੂਟਿਊਬ ਤੋਂ ਖੋਜ ਲਓ: Electricity High Voltage Human Conductor from India) ਅਜਿਹੀਆਂ ਸੁਪਰ ਹਿਊਨ ਮਿਸਾਲਾਂ ਇਕ ਨਹੀ ਸੈਕੜੇ ਹਜਾਰਾਂ ਹਨ। ਡਿਸਕਵਰੀ ਚੈਨਲ ਤੇ ਤਾਂ ਲਗਾਤਾਰ ਅਜਿਹੀਆਂ ਲੜੀਆਂ ਹੀ ਚਲਦੀਆਂ ਰਹਿੰਦੀਆਂ ਹਨ।

⊙ ਕਈ ਇਨਸਾਨ ਸਰੀਰ ਨੂੰ ਚੁੰਬਕ ਬਣਾ ਲੈਂਦੇ ਨੇ ਤੇ ਹਰ ਚੀਜ਼ ਓਨਾਂ ਦੇ ਜਿਸਮ ਨਾਲ ਚੰਬੜਦੀ ਜਾਂਦੀ ਹੈ; ਹਥੌੜੇ, ਕੁਹਾੜੀਆਂ, ਸੰਨੀਆਂ ਜਾਂ ਹੋਰ ਕੋਈ ਵੀ ਚੀਜ਼ ਦਾ ਨਾਂ ਲੈ ਲਓ। ਆਹ ਵੀਡੀਓ ਸਾਨੂੰ ਮਿਲੀ ਹੈ ਜਿਸ ਵਿਚ ਇੱਕ ਭਾਈ ਦੀ ਛਾਤੀ ਨਾਲ ਕਿੱਲ ਇਉ ਚਿੰਬੜਦੇ ਹਨ ਜਿਵੇ ਕੋਈ ਚੁੰਬਕ ਹੋਵੇ । ਮਿਲੋ ਅਰੁਨ ਰਾਇਕਵਾੜ ਕਵਾੜੀਏ ਨੂੰ ਪਿੰਡ ਠਾਨਾ ਜਿਲਾ ਸਾਗਰ ਮੱਧ ਪ੍ਰਦੇਸ (ਯੂਟਿਊਬ ਤੋਂ ਖੋਜ ਲਓ: Indian Magnetic Man)

⊙ (ਅਸੀ ਚਮਤਕਾਰਾਂ ਦੀ ਗਲ ਪੜ੍ਹ ਰਹੇ ਸੀ ਤੇ ਇੱਕ ਗਲ ਹੋਰ ਪੜੀ ਕਿ ਗਾਈਆਂ ਜਦੋਂ ਵੀ ਚੁਗਦੀਆਂ ਹਨ ਉਨਾਂ ਦਾ ਮੂੰਹ ਜਾਂ ਤਾਂ ਪਹਾੜ ਪਾਸੇ ਹੁੰਦਾ ਹੈ ਜਾਂ ਦੱਖਣ ਵਲ। ਖੈਰ ਇਹ ਗਲ ਅਸਾਂ ਅਜੇ ਅਜਮਾਈ ਨਹੀ।)

⊙ ਸਾਡੇ ਵਿਦਵਾਨ ਨਾਕਾਮਯਾਬ ਨੇ ਇਹ ਦੱਸਣ ਵਿਚ ਕਿ ਇਹ ਕਿਓ ਹੁੰਦਾ ਹੈ ਕਿ ਕਦੀ ਪੰਛੀਆਂ ਦੀਆਂ ਡਾਰਾਂ ਦੀਆਂ ਡਾਰਾਂ ਇਕੱਠੀਆਂ ਹੀ ਅਸਮਾਨ ਵਿਚ ਦਮ ਤੋੜ ਦਿੰਦੀਆਂ ਹਨ ਤੇ ਪਟਾਕ ਪਟਾਕ ਆ ਜਮੀਨ ਤੇ ਡਿੱਗਦੀਆਂ ਹਨ।

⊙ **ਪਲੈਸੀਬੋ ਅਸਰ-** ਕਈ ਵਾਰ ਜਦੋਂ ਡਾਕਟਰ ਨੂੰ ਰੋਗ ਨਾਂ ਲੱਭਾ ਹੋਵੇ ਤਾਂ ਉਹ ਮਰੀਜ ਨੂੰ ਦਵਾਈ ਥਾਂ ਕੋਈ ਮਿੱਠੀ ਗੋਲੀ ਹੀ ਦੇ ਦਿੰਦੇ ਹਨ। ਡਾਕਟਰ ਹੈਰਾਨ ਹੈ ਕਈ ਵੇਰਾਂ ਸਾਦੇ ਚੂਰਨ ਜਾਂ ਮਿੱਠੀ ਗੋਲੀ ਨਾਲ ਹੀ ਮਰੀਜ ਠੀਕ ਹੋ ਜਾਂਦਾ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਕਈ ਵੇਰੀ ਮਰੀਜ ਨੂੰ ਦੱਸ ਵੀ ਦਿਤਾ ਜਾਂਦਾ ਹੈ ਕਿ ਇਹ ਗੋਲੀ ਉਂਜ ਹੀ ਦਿੱਤੀ ਜਾ ਰਹੀ ਹੈ ਫਿਰ ਵੀ ਮਰੀਜ ਠੀਕ ਹੋ ਜਾਂਦਾ ਹੈ। ਡਾਕਟਰੀ ਭਾਸ਼ਾ ਵਿਚ ਇਹਨੂੰ ਪਲੈਸੀਬੋ ਇਫੈਕਟ ਕਿਹਾ ਜਾਂਦਾ ਹੈ।

ਹਜ਼ਾਰਾਂ ਸ਼ਾਹਰੁਕਾਂ (ਗੱਟਾਰਾਂ) ਅਤੇ ਹੋਰ ਪੰਛੀਆਂ ਦਾ ਇਕੱਠਿਆਂ ਇਕ ਪਲ ਵਿਚ ਜਮੀਨ ਤੇ ਆ ਡਿੱਗਣਾ।

⊙ ਚਲੋ ਓਹ ਤਾਂ ਛੱਡੋ ਜੇ ਜਲ ਦੀ ਮੱਛਲੀ ਅਸਮਾਨੀ ਚੜ ਜਾਵੇ ਤਾਂ ਉਹਦਾ ਸਾਡੇ ਕੋਲ ਕੀ ਜਵਾਬ ਹੈ? ਭਾਵ ਜੇ ਮੱਛੀਆਂ ਦਾ ਮੀਂਹ ਹੀ ਵਰ ਪਵੇ ਤਾਂ। ਪਰ ਕਦੀ ਮੱਛੀਆਂ ਦੇ ਤੇ ਕਦੀ ਡੱਡੀਆਂ ਦੇ ਅਕਸਰ ਮੀਂਹ ਵਰਦੇ ਹੀ ਰਹਿੰਦੇ ਹਨ। ਪਿੱਛੇ ਜਿਹੇ ਮੁੰਬਈ ਦੇ ਨਾਸਤਕਾਂ ਵਾਸਤੇ ਵੱਡੀ ਮੁਸੀਬਤ ਆ ਪਈ ਜਦੋਂ ਇਥੇ ਵੀ ਮੱਛੀਆਂ ਦਾ ਮੀਂਹ ਵਰਿਆ ਤੇ ਕਿਸੇ ਨੇ ਵੀਡੀਓ ਬਣਾ ਯੂਟਿਊਬ ਤੇ ਪਾ ਦਿੱਤੀ।

⊙ ਇਤਹਾਸ ਵਿਚ ਦਰਜ ਹੈ ਕਿ ਕਿਵੇ 1794 ਵਿਚ ਫਰਾਂਸੀਸੀ ਸਿਪਾਹੀਆਂ ਨੇ ਦੁਹਾਈ ਦੇ ਦਿੱਤੀ ਜਦੋਂ ਉਨਾਂ ਸਾਹਮਣੇ ਡੱਡੀਆਂ (ਟੋਡਜ਼)ਦਾ ਮੀਂਹ ਵਰਿਆ ਸੀ। ਅਤੇ 1680 ਵਿਚ ਸੱਪਾਂ ਦਾ ਮੀਂਹ ਵਰਨ ਕਰਕੇ ਲੋਕ ਘਬਰਾ ਉਠੇ ਸਨ।

⊙ ਰੋਮਾਨੀਆ ਵਿਚ ਪੱਥਰਾਂ ਦਾ ਮੀਂਹ
www.facebook.com/yaddibadunger/videos/320535825508463/

⊙ **ਜਾਨਵਰਾਂ ਦੀ ਹਿੱਜਰਤ** - ਚਾਹੇ ਇਹ ਪੰਛੀ ਹੋਣ, ਹਾਥੀ ਹੋਣ, ਨੀਲ ਗਾਵਾਂ ਹੋਣ, ਜਾਂ ਸਮੁੰਦਰ ਦੀਆਂ

ਮੱਛੀਆਂ ਹੀ ਹੋਣ, ਇਹ ਸਾਲ ਇਕ ਇਲਾਕੇ ਤੋਂ ਦੂਰ ਦੁਰਾਡੇ ਇਲਾਕੇ ਵਿਚ ਹਜ਼ਾਰਾਂ ਮੀਲਾਂ ਦਾ ਸਫਰ ਕਰਕੇ ਹਰ ਸਾਲ ਪਹੁੰਚਦੇ ਨੇ। ਉਨਾਂ ਨੂੰ ਰਾਹ ਕੌਣ ਦੱਸਦਾ ਹੈ, ਕੌਣ ਦੱਸਦੈ ਕਿ ਫਲਾਣੀ ਥਾਂ ਤੇ ਖੁਰਾਕ ਹੈ ਜਿਥੇ ਜਾਣਾ ਵਾ? ਅਮਰੀਕਾ ਦੀ ਮੋਨਾਰਕ ਤਿਤਲੀ ਦਾ ਜੀਵਨ ਸਾਰਾ 6 ਮਹੀਨੇ ਦਾ ਹੁੰਦਾ ਹੈ। ਪਰ ਉਹ ਹਜਾਰਾਂ ਮੀਲ ਦੇ ਸਫਰ ਤੇ ਨਿਕਲਦੀ ਹੈ। ਉਹਦੇ ਬੱਚਿਆਂ ਨੂੰ ਕੌਣ ਦੱਸਦੇ ਕਿ ਫਲਾਣੀ ਥਾਂ ਜਾਣਾ ਹੈ?

◉ ਅਕਸਰ ਲੱਖਾਂ ਮੱਛੀਆਂ ਦੀਆਂ ਡਾਰਾਂ ਜਾਂ ਪੰਛੀ ਇਕੱਠੇ ਉਡਦੇ ਹਨ ਬਿਨਾਂ ਇਕ ਦੂਸਰੇ ਨਾਲ ਟਕਰਾਏ। ਬੜੀ ਖੂਬਸੂਰਤੀ ਨਾਲ ਕਦੀ ਖੱਬੇ ਮੁੜਦੇ ਹਨ ਕਦੀ ਸੱਜੇ।

◉ **ਪਰੀਆਂ ਦੇ ਚੱਕਰ-** ਅਫਰੀਕਨ ਮੁਲਕ ਨਮੀਬੀਆਂ ਦੇ ਘਾਹ ਦੇ ਮੈਦਾਨਾਂ ਵਿਚ ਚਕੋਰ ਸ਼ਕਲਾਂ ਬਣਦੀਆਂ ਹਨ। ਇਹਨਾਂ ਦਾ ਵਿਆਸ ਤਾਂ ਕਦੀ 15 ਮੀਟਰ ਤੋਂ ਵੱਡਾ ਵੀ ਵੇਖਿਆ ਜਾਂਦਾ ਹੈ। ਇਹ ਇਕ ਦਮ ਸਟੀਕ ਚੱਕਰ ਕੌਣ ਬਣਾਉਦਾ ਹੈ?

◉ **ਤੁਰਦੇ ਪੱਥਰ -** ਸਇੰਸਦਾਨਾਂ ਨੇ ਕਈ ਥਾਂਈ ਪੱਥਰਾਂ ਨੂੰ ਇਕ ਥਾਂ ਤੋਂ ਦੂਸਰੀ ਥਾਂ ਪਹੁੰਚੇ ਵੇਖਿਆ ਹੈ। ਇਹ ਸਿੱਧੀ ਰੇਖਾ ਵਿਚ ਚਲਦੇ ਹਨ। ਕਦੀ ਕਦੀ ਮੋੜ ਵੀ ਕੱਟਦੇ ਹਨ। ਕਦੀ ਪੱਥਰ ਆਪਣਾ ਖੁੱਦ ਦਾ ਪਾਸਾ ਵੀ ਬਦਲ ਲੈਂਦੇ ਹਨ?

◉ **ਵੇਲ ਖੁੱਦਕਸ਼ੀ-** ਕਦੀ ਵੇਲ ਮਛੀਆਂ ਸੈਕੜੇ ਦੀ ਗਿਣਤੀ ਵਿਚ ਸਮੁੰਦਰ ਤੋਂ ਬਾਹਰ ਆ ਜਾਂਦੀਆਂ ਹਨ ਤੇ ਮਰ ਮੁੱਕ ਜਾਂਦੀਆਂ ਨੇ। ਇਹ ਕਿਉ?

ਓਕਵਿਲੇ ਇਲਾਕੇ ਵਿਚ ਵੇਖੇ ਗਏ ਜਿਲਬ ਦੇ ਵੱਡੇ ਵੱਡੇ

◉ **ਓਕਵਿਲੇ ਜਿਲਬ ਦੇ ਗੋਲੇ-** ਅਮਰੀਕਾ ਦੇ ਓਕਵਿਲੇ ਇਲਾਕੇ ਵਿਚ 7 ਅਗੱਸਤ 1994 ਦੇ ਤੂਫਾਨ ਮੌਕੇ ਜੈਲੀ ਵਰਗੇ ਜਿਲਬ ਦੇ ਗੋਲੇ ਡਿੱਗੇ। ਮਲਾਹਜਾ ਕਰਨ ਤੇ ਪਤਾ ਲੱਗਾ ਕਿ ਇਨਾਂ ਵਿਚ ਮਨੁੱਖੀ ਸੈਲ (ਕੋਸ਼ਕਾਵਾਂ) ਵੀ ਸਨ। ਕਿਸੇ ਕੋਲੋ ਕੋਈ ਜਵਾਬ ਨਹੀ ਕਿ ਇਹ ਕੀ ਸੀ? ਇਹਨਾਂ ਦੇ ਸੰਪਰਕ ਵਿਚ ਜੋ ਵੀ ਆਇਆ ਬੀਮਾਰ ਹੋਇਆ ਜਾਂ ਮਾਰਿਆ ਗਿਆ ਖਾਸ ਕਰਕੇ ਕੁੱਤੇ ਬਿੱਲੀਆਂ ਅਤੇ ਇਨਸਾਨ।

◉ **ਸਕੋਤਰਾ ਟਾਪੂ-** ਯਮਨ ਦੇ ਲਾਗੇ ਸਮੁੰਦਰ ਵਿਚ ਸਕੋਤਰਾ ਨਾਂ ਦੇ ਟਾਪੂ ਤੇ ਜੇ ਤੁਸੀ ਜਾਓ ਤਾਂ ਮਹਿਸੂਸ ਕਰੋਗੇ ਕਿ ਕਿਸੇ ਦੂਸਰੀ ਹੀ ਧਰਤੀ ਤੇ ਆ ਗਏ ਹਨ। ਓਥੇ ਰੁੱਖ ਬੂਟੇ ਵੱਖਰੀ ਹੀ ਕਿਸਮ ਦੇ ਹਨ। ਸਇੰਸਦਾਨ ਕਹਿੰਦੇ ਹਨ ਕਿ ਇਥੇ ਕੋਈ 800 ਵੱਖਰੀਆਂ ਹੀ ਪਰਜਾਤੀਆਂ ਹਨ।

◉ **ਇੰਗਲੈਂਡ ਦਾ ਸਟੋਨਹੈਂਜ਼ -** ਅੱਜ ਤੋਂ ਕੋਈ 5000 ਸਾਲ ਪਹਿਲਾਂ ਕਿਸੇ ਨੇ ਵੱਡੀਆਂ ਵੱਡੀਆਂ ਚੱਟਾਨਾਂ ਨੂੰ ਚਕੋਰ ਸ਼ਕਲ ਵਿਚ ਖੜਾ ਕਰ ਦਿਤਾ। ਪੱਥਰ ਏਨੇ ਵੱਡੇ ਹਨ ਕਿ ਤੁਹਾਡਾ ਦਿਮਾਗ ਚਕਰਾਅ ਜਾਂਦਾ ਹੈ ਜਦੋਂ ਸੋਚੋ ਕਿ ਇਹ ਪੱਥਰ ਕਿਵੇ ਇਥੇ ਲਿਆਦੇ ਤੇ ਖੜੇ ਕੀਤੇ। ਵੱਡਾ ਪੱਥਰ ਕੋਈ 30 ਫੁਟ ਉੱਚਾ ਤੇ ਵਜਨ ਕੋਈ 25 ਟੰਨ। ਇਨਾਂ ਨੂੰ ਕਿਸ ਨੇ ਕਿਵੇ ਢੋਇਆ?

ਮੱਛੀਆਂ ਦਾ ਮੀਂਹ। ਤੁਸੀ ਕਹੋਗੇ ਨਹੀ ਜੀ ਇਹ ਟਰੱਕ ਤੋਂ ਡਿੱਗ ਪਈਆਂ ਨੇ। ਪਰ ਕਾਮਰੇਡ ਭਾ ਜੀ ਨੋਟ ਕਰਨਾਂ ਇਹ ਮੁਰਦਾ ਮੱਛੀਆਂ ਨਹੀ। ਮੁਰਦਾ ਕੋਈ ਪੁੱਠੀ ਪਈ ਹੁੰਦੀ ਹੈ ਕੋਈ ਸਿੱਧੀ। ਜੇ ਫਿਰ ਵੀ ਨਹੀ ਭਰੋਸਾ ਤਾਂ ਯੂਟਿਊਬ ਤੋਂ ਕੋਈ ਲਾਈਵ ਵੀਡੀਓ ਵੇਖ ਲਓ।

◉ **ਪਰਵਾਰ ਜਾਣਾ–** ਕਦੀ ਜਦੋਂ ਕੋਈ ਮਰ ਕੇ ਜਾਂ ਮੌਤ ਦੇ ਮੂੰਹ ਤੋਂ ਨਿਕਲ ਕੇ ਆਉਦਾ ਹੈ ਤਾਂ ਉਹ ਦੱਸਦਾ ਹੈ ਕਿ ਉਸ ਨੇ ਮੌਤ ਉਪਰੰਤ ਕੀ ਵੇਖਿਆ। ਕਈ ਵਾਰੀ ਵਿਛੜ ਚੁੱਕੀਆਂ ਰੂਹਾਂ ਨਾਲ ਵੀ ਮਿਲਾਪ ਦੀ ਗਲ ਕਰਦਾ ਹੈ। ◉ ਫੁਰਨਾ ਫੁਰਨਾ (ਨਿਟੁਟਟੋਨਿ)- ਕੀ ਤੁਹਾਨੂੰ ਆਉਣ ਵਾਲੀ ਘਟਨਾ ਦਾ ਪਹਿਲਾਂ ਹੀ ਕਦੀ ਅਭਾਸ ਹੋਇਆ ਹੈ? ਇਹ ਹਰ ਸੋਚਵਾਨ ਬੰਦੇ ਨਾਲ ਹੁੰਦਾ ਰਹਿੰਦਾ ਹੈ। ਹਾਂ ਇਹ ਸੱਚ ਹੈ ਕਿ ਕਈ ਵੇਰੀ ਮੰਨ ਐਵੇ ਹੀ ਡਰੀ ਜਾਊ ਪਰ ਕਦੀ ਫੁਰਨਾ ਸੱਚਾ ਵੀ ਨਿਕਲ ਆਉਦਾ ਹੈ? ਇਹ ਕਿਵੇ?

◉ **ਅਸਮਾਨੀ ਤਵੇ** (UFO) - ਹੁਣ ਤਕ ਅਨੇਕਾਂ ਥਾਵਾਂ ਤੇ ਅਸਮਾਨੀ ਤਵੇ ਤਸ਼ਤਰੀਆਂ ਵੇਖੇ ਗਏ ਨੇ। ਕਈ ਵਾਰੀ ਤਾਂ ਉਹ ਵਹਿਮ ਜਾਂ ਭੁਲੇਖੇ ਦੇ ਮਸਲੇ ਨਿਕਲੇ ਨੇ ਪਰ ਕਈ ਥਾਵਾਂ ਤੇ ਸਇੰਸਦਾਨਾਂ ਨੇ ਉਹਨਾਂ ਨੂੰ ਸੱਚ ਮੰਨਿਆ ਹੈ।

◉ **ਲੋਕਾਂ ਦਾ ਗਵਾਚਣਾਂ-** ਬੱਚਿਆਂ ਜਾਂ ਲੋਕਾਂ ਦੇ ਅਲੋਪ ਹੋਣ ਜਾਂ ਗਵਾਚਣ ਦੇ ਕੇਸ ਅਕਸਰ ਅਖਬਾਰਾਂ ਵਿਚ ਆਉਦੇ ਰਹਿੰਦੇ ਹਨ। ਬਹੁਤੀ ਵਾਰੀ ਤਾਂ ਪੁਲਿਸ ਇਹ ਕੇਸ ਹੱਲ ਕਰ ਲੈਂਦੀ ਹੈ। ਪਰ ਕਈ ਵਾਰੀ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਬੰਦੇ ਦਾ ਅਤਾ ਪਤਾ ਨਹੀ ਲੱਗ ਪਾਉਦਾ। ਬੰਦਾ ਵੀ ਝੱਟ ਹੀ ਗਾਇਬ ਹੋਇਆ ਹੁੰਦਾ ਹੈ। ਭਾਰਤ ਦੀ ਗਲ ਛੱਡੋ ਜਿਥੇ ਪੁਲਿਸ ਦੀ ਕਾਰਗੁਜਾਰੀ ਵਧੀਆ ਨਹੀ, ਇਹੋ ਜਿਹੇ ਕੇਸ ਪੱਛਮ ਵਿਚ ਵੀ ਹੁੰਦੇ ਹੀ ਰਹਿੰਦੇ ਹਨ। ਉਹ ਲੋਕ ਕਿਥੇ ਗਾਇਬ ਹੋ ਜਾਂਦੇ ਹਨ?

◉ **ਪਿਛਲਾ ਜਨਮ ਯਾਦ ਹੋਣਾ–**ਕਈ ਵੇਰਾਂ ਇਨਸਾਨ ਆਪਣੇ ਪੁਰਾਣੇ ਜਨਮ ਦੇ ਸਥਾਨ ਅਤੇ ਰਿਸਤੇਦਾਰਾਂ ਨੂੰ ਵੀ ਪਛਾਣ ਲੈਂਦੇ ਹਨ। ਇਹ ਕਿਵੇ?

◉ ਆਹ ਵੀਡੀਓ ਵੇਖਣਾ ਅਤੇ ਸੁਣਨਾ:

◉ https://www.youtube.com/watch?v=2LoMbJcfzXE

◉ 10 ਘੰਟੇ ਪਹਿਲਾਂ ਮਰ ਚੁੱਕੀ ਡਰਾਈਵਰ ਦੀ ਕਾਰ 'ਚੋਂ ਅਵਾਜ ਆਉਦੀ ਹੈ, "ਬਚਾਓ! ਮੈਨੂੰ ਬਚਾ ਲਓ!!" (ਗਵਾਹ ਅਤੇ ਬਚਾਅ ਵਾਲੀ ਅਵਾਜ ਰਿਕਾਰਡ ਤੇ ਹੈ।)

ਨੌਂ ਬਰ ਨੌਂ ਸ਼ੈਰਨ। ਜਿੰਨੂ ਡਾਕਟਰਾਂ ਜਵਾਬ ਦੇ ਦਿੱਤਾ ਸੀ।

◉ **ਸ਼ੈਰਨ ਮਕੱਏ** ਨਾਂ ਦੀ ਜਨਾਨੀ ਦਾ ਕੈਂਸਰ ਦਾ ਇਲਾਜ ਚਲ ਰਿਹਾ ਸੀ। ਪਰ ਇਕ ਦਿਨ ਡਾਕਟਰਾਂ ਨੇ ਉਹਦੇ ਰਿਸ਼ਤੇਦਾਰਾਂ ਨੂੰ ਜਵਾਬ ਦੇ ਦਿਤਾ ਕਿ ਕੈਂਸਰ ਹਰ ਅੰਗ ਖਾਸ ਕਰਕੇ ਗੁਰਦਿਆਂ ਤਕ ਫੈਲ ਚੁੱਕੀ ਹੈ ਇਹਦਾ ਹੁਣ ਕੋਈ ਇਲਾਜ ਨਹੀ। ਉਨਾਂ ਕਿਹਾ ਕਿ ਹਰ ਦੋ-ਤਿੰਨ ਦਿਨ ਬਾਦ ਇਨੂੰ ਹਸਪਤਾਲ ਲੈ ਆਇਆ ਕਰੋ ਤਾਂ ਕਿ ਇਹਨੂੰ ਦਰਦ ਆਦਿ ਦੀ ਦਵਾਈ ਲੋੜ ਅਨੁਸਾਰ ਦਿੱਤੀ ਜਾ ਸਕੇ।

ਹਫਤੇ ਬਾਦ ਜਦੋਂ ਉਹ ਦੁਬਾਰਾ ਹਸਪਤਾਲ ਜਾਂਦੀ ਹੈ ਤਾਂ ਚੈੱਕ ਅਪ ਬਾਦ ਪਤਾ ਲਗਦਾ ਹੈ ਕਿ ਮਰੀਜ ਦਾ ਤਾਂ ਸਭ ਕੁਝ ਬਿਲਕੁਲ ਨਾਰਮਲ ਹੈ। ਡਾਕਟਰਾਂ ਅਤੇ ਨਰਸਾਂ ਦੀ ਕਲਾਸ ਲਗਦੀ ਹੈ ਕਿ ਤੁਸੀ ਕਿਸੇ ਦੂਸਰੇ ਮਰੀਜ ਦੀਆਂ ਰਿਪੋਰਟਾਂ ਦੇ ਅਧਾਰ ਤੇ ਇਨੂੰ ਲਾਇਲਾਜ ਕੈਂਸਰ ਮਰੀਜ ਬਣਾ ਦਿੱਤਾ? ਸਾਰਾ ਰਿਕਾਰਡ ਚੈੱਕ ਕੀਤਾ ਜਾਂਦਾ ਹੈ। ਐਕਸਰੇਅ ਤੋਂ ਭਾਵ ਹੱਡੀਆਂ ਆਦਿ ਤੋਂ ਪਤਾ ਲਗ ਜਾਂਦਾ ਹੈ ਕਿ ਰਿਪੋਟਾਂ ਤਾਂ ਸ਼ਰਨ ਦੀਆਂ ਹੀ ਸਨ। ਪਰ ਕੋਈ ਚਮਤਕਾਰ ਹੋ ਚੁੱਕਾ ਸੀ। ਸ਼ੈਰਨ ਅੱਜ ਵੀ ਜੀਦੀਂ ਜਾਗਦੀ ਹੈ।

◉ **ਰੂਬੀ ਕੈਸੀਮੀਰੋ** -ਡਾਕਟਰਾਂ ਦੀ ਲੱਖ ਕੋਸ਼ਿਸ਼ ਦੇ ਬਾਵਜੂਦ ਡਲਿਵਰੀ ਮੌਕੇ ਰੂਬੀ ਰੱਬ ਨੂੰ ਪਿਆਰੀ ਹੋ ਗਈ। ਬੱਚਾ ਤਾਂ ਬੱਚ ਗਇਆ। ਕਰੀਬ ਘੰਟੇ ਕੁ ਬਾਦ ਵਾਰਸਾਂ ਨੇ ਵੇਖਿਆ ਕਿ ਲਾਸ਼ ਵਿਚ ਹਿਲ ਜੁੱਲ ਹੈ। ਡਾਕਟਰਾਂ ਚੈੱਕ ਕੀਤਾ। ਰੂਬੀ ਤਾਂ ਜਿੰਦਾ ਸੀ।

ਪਰ ਡਾਕਟਰਾਂ ਦਾ ਕਹਿਣਾ ਸੀ ਕਿ ਕਦੀ ਕਦਾਈ ਅਜਿਹਾ ਹੋ ਜਾਂਦਾ ਹੈ ਕਿ ਮਰੀਜ ਦਾ ਦਿੱਲ ਦੁਬਾਰਾ ਚੱਲ ਪੈਂਦਾ ਹੈ ਪਰ ਫਾਇਦਾ ਕੋਈ ਨਹੀ ਹੁੰਦਾ ਕਿਉਕਿ ਸੁਰਜੀਤ ਹੋਇਆ ਇਨਸਾਨ ਦੁਬਾਰਾ ਨਾਰਮਲ ਜਿੰਦਗੀ ਨਹੀ ਜੀਂਦਾ। ਕਿਉਕਿ ਦਿਮਾਗ ਨੂੰ ਜੇ ਕੁਝ ਕੁ ਮਿੰਟ ਖੂਨ ਦੀ ਸਪਲਾਈ

ਨਾਂ ਮਿਲੇ ਤਾਂ ਉਹਦੇ ਬਹੁਤੇ ਟਿੱਸ਼ੂ ਮਰ ਜਾਂਦੇ ਨੇ।

ਪਰ ਰੂਬੀ ਤਾਂ ਪੂਰੀ ਤਰਾਂ ਨੌ ਬਰ ਨੌ ਜਿੰਦਗੀ ਜੀ ਰਹੀ ਹੈ। ਇਹ ਕਿਵੇ?

⊙ ਹਸਪਤਾਲਾਂ ਦੇ ਮੁਰਦਾਘਰਾਂ ਵਿਚ ਪਿਆ ਬੰਦਾ ਸਾਹ ਲੈਣਾ ਸ਼ੁਰੂ ਕਰ ਦਿੰਦਾ ਹੈ। ਅਜਿਹੇ ਕੇਸ ਤਾਂ ਭਾਰਤ ਵਿਚ ਆਮ ਹੀ ਹੁੰਦੇ ਰਹਿੰਦੇ ਹਨ।

⊙ **ਗ੍ਰੇਸਨ ਕਰਬੀ-** ਮਸ਼ਹੂਰ ਤੇਜ ਕਾਰ ਰੇਸਰ ਦਾ ਅਜਿਹਾ ਐਕਸੀਡੈਂਟ ਹੋਇਆ ਕਿ ਕਾਰ ਵੀ ਸਾਫ ਅਤੇ ਗ੍ਰੇਸਨ ਦੀਆਂ 50% ਹੱਡੀਆਂ ਟੁੱਟ ਗਈਆਂ। ਫੇਫੜੇ ਵੀ ਪੈਂਚਰ ਹੋ ਗਏ। ਬੜੀ ਜੱਦੋਜਹਿਦ ਉਪਰੰਤ ਉਨ੍ਹੂੰ ਕਾਰ ਦੇ ਕਬਾੜ ਵਿਚੋਂ ਕੱਢਿਆ। ਉਹਦਾ ਸਾਹ ਚਲ ਰਿਹਾ ਸੀ। ਪਰ ਮੌਕੇ ਤੇ ਹਾਜਰ ਡਾਕਟਰਾਂ ਨੂੰ ਜਿਆਦਾ ਉਮੀਦ ਨਹੀ ਸੀ। ਉਹ ਹਸਪਤਾਲ ਤਕ ਨਾਂ ਪਹੁੰਚ ਪਾਇਆ। ਜਿਵੇ ਡਾਕਟਰੀ ਦਾ ਅਸੂਲ ਹੈ ਕਿ ਤੁਰੰਤ ਹੋਈ ਮੌਤ ਤੇ ਡਾਕਟਰ ਨਕਲੀ ਸਾਹ ਦਿੰਦੇ ਹਨ ਜਿਸ ਨਾਲ ਗ੍ਰੇਸਨ ਦਾ ਸਾਹ ਚਲ ਪਿਆ। ਉਨਾਂ ਵੈਂਟੀਲੇਟਰ ਤੇ ਪਾ ਦਿੱਤਾ। ਡਾਕਟਰਾਂ ਨੂੰ ਪਤਾ ਸੀ ਕਿ ਜੇ ਬੱਚ ਵੀ ਗਇਆ ਤਾਂ ਮਾੜ੍ ਸਾਹ ਲੈਂਦੀ ਲਾਸ਼ ਹੀ ਹੋਵੇਗੀ। ਸਾਲ ਭਰ ਗ੍ਰੇਸਨ ਹਸਪਤਾਲ ਰਿਹਾ। ਦੁਨੀਆ ਹੈਰਾਨ ਹੈ ਅੱਜ ਉਹ ਫਿਰ ਟ੍ਰੈਕ ਤੇ ਹੈ। ਡਾਕਟਰ ਕਹਿੰਦੇ ਅਜਿਹੇ ਰੇਸਰ (ਦੌੜਾਕਾਂ) ਵਿਚ ਜੀਣ ਦੀ ਤਾਕਤ ਬਹੁਤ ਹੁੰਦੀ ਹੈ। ਇਹ ਇਨਸਾਨੀ ਹੌਸਲੇ ਕਰਕੇ ਹੈ।

ਸੋ ਇਹ ਕੁਝ ਉਦਾਹਰਣਾਂ ਦੇ ਕੇ ਅਸੀ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਸਇੰਸ ਅਧੂਰੀ ਹੈ। ਜਰੂਰੀ ਨਹੀ ਕਿ ਜਿਸ ਗਲ ਦਾ ਸਾਨੂੰ ਪਤਾ ਨਹੀ ਉਹ ਹੁੰਦੀ ਹੀ ਨਹੀ।

—◈—

ਪਰ ਜੇ ਇਹੋ ਚਮਤਕਾਰ ਬਾਬਾ ਕਰ ਦੇਵੇ ਤਾਂ ਓਦੋ ਅਸੀ ਮੁਨੱਕਰ ਹੋ ਜਾਂਦੇ? ਸਾਡੀ ਮੁਸ਼ਕਲ ਇਹ ਹੈ ਕਿ ਅਸੀ ਸਮਝਦੇ ਹਾਂ ਕਿ ਜੋ ਕੰਮ ਅਸੀ ਨਹੀ ਕਰ ਸਕਦੇ ਬਾਬਾ ਨਾਨਕ ਵੀ ਨਹੀ ਸੀ ਕਰ ਸਕਦਾ।

ਗੁਰੂ ਨਾਨਕ ਪਾਤਸ਼ਾਹ ਆਪ ਚਮਤਕਾਰ ਬਾਰੇ ਕੀ ਸੋਚਦਾ ਹੈ ਇਸ ਪੱਖ ਦੇ ਸਾਹਮਣੇ ਇਹ ਗੱਲਾਂ ਨਿਗੂਣੀਆਂ ਹੋ ਜਾਂਦੀਆਂ। ਆਓ ਇਧਰ ਪਰਤੀਏ:-

ਉਨਾਂ ਤਾਂ ਸਿਧਾਂਤ ਦੀ ਜੜ੍ ਹੀ ਖੋਲ ਕੇ ਰੱਖੀ ਜਦੋਂ ਕਿਹਾ- ''**ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥** ''

ਬਾਬੇ ਨਾਨਕ ਦਾ ਨਾਮ ਦਾ ਸਿਧਾਂਤ ਤਾਂ ਹੈ ਹੀ ਨਿਰਾ ਚਮਤਕਾਰ: "**ਸੁਣਿਐ ਸਰਾ ਗੁਣਾ ਕੇ ਗਾਹ ॥ ਸੁਣਿਐ ਸੇਖ ਪੀਰ ਪਾਤਿਸਾਹ ॥ ਸੁਣਿਐ ਅੰਧੇ ਪਾਵਹਿ ਰਾਹੁ ॥ ਸੁਣਿਐ ਹਾਥ ਹੋਵੈ ਅਸਗਾਹੁ ॥ ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥**"

ਬਾਬਾ ਤਾਂ ਸ੍ਰਿਸਟੀ ਰਚਨਾ ਵੀ ਇੱਕ ਝਟਕੇ ਨਾਲ ਹੋਣਾ ਮੰਨਦਾ ਹੈ ''**ਜੋ ਕਿਛੁ ਪਾਇਆ ਸੁ ਏਕਾ ਵਾਰ ॥**'' ਉਹ ਕਹਿੰਦਾ ਸ੍ਰਿਸਟੀ ਜਾਂ ਜੀਵਨ ਤਾਂ ਇੱਕ ਖੇਡ ਤਮਾਸ਼ਾ ਹੈ, ਨਾਟਕ ਹੈ, ਜਿਸ ਦੀ ਸਮਝ ਵਿਰਲੇ ਨੂੰ ਪੈਂਦੀ ਹੈ:- "**ਸਭੁ ਕਿਛੁ ਹਰਿ ਕਾ ਖੇਲੁ ਹੈ ਗੁਰਮੁਖਿ ਕਿਸੈ ਬੁਝਾਈ ॥**''

ਉਹ ਤਾਂ ਇਸ ਗਲ ਨੂੰ ਮੰਨਦਾ ਹੈ ਕਿ ਕਰਤਾ ਜਿੰਨੂੰ ਮਰਜੀ ਮਾਰ ਕੇ ਭਾਵੇ ਫਿਰ ਜਿਵਾ ਦੇ; ''**ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥ ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ ॥**''

ਗੁਰੂ ਦਾ ਮੰਨਣਾ ਹੈ ਕਿ ਰੱਬ ਦੇ ਪਿਆਰੇ ਭਾਵ ਭਗਤ ਓਹੋ ਤਾਕਤ ਰੱਖਦੇ ਹਨ ਜੋ ਰੱਬ ਦੀ ਹੈ:-

"**ਜਾ ਕੀ ਭਗਤਿ ਹੇਤੁ ਮੁਖਿ ਨਾਮੁ ॥ ਸੰਤ ਭਗਤ ਕੀ ਸੰਗਤਿ ਰਾਮੁ ॥ ਬੰਧਨ ਤੋਰੇ ਸਹਜਿ ਧਿਆਨੁ ॥**''

ਪਰ ਜੋ ਨਾਸਤਕ ਵੀਰਾਂ ਦੀ ਸੋਚ ਹੈ ਉਹ ਕੁਦਰਤੀ ਵਰਤਾਰਾ ਹੈ ਤੇ ਜੁੱਗਾਂ ਜੁੱਗਾਂ ਤੋਂ ਇਹ ਕੁਝ ਹੁੰਦਾ ਆਇਆ ਹੈ। ਕਦੀ ਸਾਕਤ ਦਾ ਬੋਲ ਬਾਲਾ ਹੋ ਜਾਂਦਾ ਹੈ ਤੇ ਕਦੀ ਉਹ ਹਾਰ ਜਾਂਦਾ ਹੈ। ਇਸ ਵਰਤਾਰੇ ਵਿਚ ਉਸਦੀ ਮੌਜੂਦਗੀ ਜਰੂਰੀ ਹੈ। ਨਾਟਕ ਜਾਂ ਫਿਲਮ ਵਿਚ ਹਰ ਪਾਤਰ ਦੀ ਆਪਣੀ ਅਹਿਮੀਅਤ ਹੈ। ਖਲਨਾਇਕ ਬਗੈਰ ਕੋਈ ਵੀ ਫਿਲਮ ਅਧੂਰੀ ਹੈ।

ਦੇਸ ਬਰਾਜੀਲ। ਇੰਗਾ ਦਰਿਆ ਦਾ ਕੰਢਾ। ਅਗਲਿਆਂ ਪਹਿਲਾਂ 46 ਮੀਟਰ ਲੰਮੇ ਅਤੇ 4 ਮੀਟਰ ਪਹਾੜ ਨੂੰ ਇਊ ਵੱਢ ਕੇ ਸਿੱਧਾ ਕੀਤਾ ਜਿਵੇ ਮੱਖਣ ਦੇ ਟੁਕੜੇ ਕਰ ਦਈਦੇ ਨੇ। ਫਿਰ ਉਸ ਤੇ ਕੁਝ ਤਰਾਸ਼ਿਆ ਜਿੰਨੂ ਅਜ ਤਕ ਵਿਦਵਾਨ ਸਮਝਣ ਦੀ ਕੋਸ਼ਿਸ਼ ਕਰ ਰਹੇ

"**ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥ ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ ॥**''

ਸਿੱਖ ਸਿਧਾਂਤ ਇਹ ਮੰਨਦਾ ਹੈ ਕਿ ਜਿਹੜਾ ਇਨਸਾਨ ਨਿਰੰਕਾਰ ਨਾਲ ਇੱਕ ਮਿਕ ਹੋ ਜਾਂਦਾ ਹੈ, ਜਿਹਦੇ ਮਿੜ੍ ਸੜ੍[] ਸਮਾਨਿ ਹੋ ਜਾਣ, ਜਿਹਦਾ ਸੁਭਾਅ ਧਰਤੀ ਵਰਗਾ ਹੋ ਜਾਏ ਕਿ ਭਾਏ ਕੋਈ ਖੋਦੇ ਪੁੱਟੇ, ਜੋ ਪਾਣੀ ਵਰਗਾ ਨਿਰਮਲ ਹੋ ਜਾਏ ਤਾਂ ਕੁਦਰਤੀ ਕਰਤਾਰ ਦੀਆਂ ਸਾਰੀਆਂ ਸਿਫਤਾਂ ਉਸ ਵਿਚ ਪ੍ਰਗਟ ਹੋ ਜਾਂਦੀਆਂ ਹਨ। ਬ੍ਰਹਮ ਗਿਆਨੀ ਆਪਿ ਨਿਰੰਕਾਰੁ ਹੋ ਜਾਂਦਾ ਹੈ।

ਪੰਚਮ ਪਾਤਸ਼ਾਹ ਨੇ ਲਿਖਿਆ ਹੈ ਕਿ: "**ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥ ਸਤਿਗੁਰੁ ਮੇਰਾ ਮਾਰਿ ਜੀਵਾਲੈ ॥**''

ਸੋ ਗਲ ਤੇ ਇਥੇ ਹੀ ਮੁੱਕ ਜਾਂਦੀ ਹੈ। ਪਰ ਇਹ ਚੀਜ਼ਾਂ ਨਾਸਤਕ ਬੰਦੇ ਨੂੰ ਨਹੀ ਦਿਸਣਗੀਆਂ। ਜਿੰਨਾਂ ਚਿਰ ਇਨਸਾਨ ਇਹ ਸਾਰੇ ਵਰਤਾਰੇ ਨੂੰ ਨਹੀ ਸਮਝਦਾ ਸਾਰੀ ਸ੍ਰਿਸਟੀ ਉਸ ਨੂੰ ਨਾਸਤਕ ਨਜਰੀਏ ਵਾਲੀ ਹੀ ਦਿਸੇਗੀ। ਕਰਤੇ ਦੀ ਖੇਡ ਕੁਝ ਅਜਿਹੀ ਹੈ। ਨਾਸਤਕ ਬੰਦਾ ਆਪਣੀ ਥਾਂ ਸੱਚਾ ਸਾਬਤ ਹੋ ਜਾਏਗਾ ਕਿਉਕਿ ਸਿਧਾਂਤ ਹੈ।''ਹਉਮੈ ਬੂਝੈ ਤਾ ਦਰੁ ਸੂਝੈ ॥ ਗਿਆਨ ਵਿਹੂਣਾ ਕਥਿ ਕਥਿ ਲੂਝੈ ॥ ਨਾਨਕ ਹੁਕਮੀ ਲਿਖੀਐ ਲੇਖੁ ॥ ਜੇਹਾ ਵੇਖਹਿ ਤੇਹਾ ਵੇਖੁ ॥''

ਮੁੱਕਦੀ ਗਲ ਕਿ ਕੀ ਵਜਾ ਸੀ ਬਾਬਾ ਨਾਨਕ ਹਰ ਵਾਰੀ ਹਰ ਥਾਂ ਪੁੱਜ ਕੇ ਸੱਪਾਂ ਦੀ ਰੁੱਡ ਵਿਚ ਜਾ ਹੱਥ ਪਾਉਦਾ ਸੀ? ਉਹ ਕਿਹੜੀ ਤਾਕਤ ਸੀ ਜੋ ਉਨੂੰ ਬਚਾਉਦੀ ਸੀ? ਫਕੀਰਾਂ ਵਿਚ, ਕਦੀ ਵਜੀਰਾਂ ਵਿਚ। ਕਦੀ ਬਾਦਸ਼ਾਹ ਦੇ ਮੂੰਹ ਤੇ ਕਹਿ ਦਿੰਦਾ ਕਿ ਤੂੰ ਜੁਲਮ ਕਰ ਰਿਹਾ ਵਾਂ। ਕਦੀ ਠੱਗਾਂ ਦੇ ਘੇਰੇ ਵਿਚ, ਕਦੀ ਨਾਂਗੇ ਸਾਧਾਂ ਵਿਚ, ਕਦੀ ਜੋਗੀਆਂ ਵਿਚ, ਕਦੀ ਬਨਾਰਸ, ਕਦੀ ਹਰਦੁਆਰ, ਕਦੀ ਕੁਲਸ਼ੇਤਰ, ਕਦੀ ਜਗਨਾਥਪੁਰੀ, ਕਦੀ ਮੱਕੇ ਕਦੀ ਮਦੀਨੇ, ਉਹ ਬਰਫੀਲੇ ਪਰਬਤਾਂ ਦੀ ਪ੍ਰਵਾਹ ਨਹੀ ਕਰਦਾ ਤੇ ਨਾਂ ਹੀ ਮਾਰੂ ਥਲਾਂ ਦੀ। ਉਹ ਸਮੁੰਦਰੋਂ ਟੱਪ ਜਾਂਦਾ। ਨਦੀਆਂ ਉਨੂੰ ਰਾਹ ਦਿੰਦੀਆਂ। ਖਤਰਨਾਕ ਜਾਨਵਰਾਂ ਨਾਲ ਭਰੇ ਜੰਗਲ ਉਹਦਾ ਰਸਤਾ ਨਾਂ ਰੋਕਦੇ।

ਪੂੰਮਾ ਪੂੰਕੂ ਚਟਾਨਾਂ–ਬੋਲੀਵੀਆ ਮੁਲਕ ਦੇ ਟੀਵਾਨਾਕੂ ਲਾਗੇ ਵੀ 1600 ਸਾਲ ਪੁਰਾਣਾ ਇਕ ਅਸਥਾਨ ਹੇ ਜਿਥੇ ਪੱਥਰਾਂ ਨੂੰ ਇਵੇ ਤਰਾਸ਼ਿਆ ਹੋਇਆ ਹੈ ਜਿਵੇ ਮੋਮ ਤਰਾਸ਼ੀਦੀ ਹੈ। ਇਥੇ ਕਈ ਪੱਥਰ ਤਾਂ 8 ਮੀਟਰ ਲੰਮੇ ਅਤੇ 5 ਮੀਟਰ ਤਕ ਚੌੜੇ ਵੀ ਹੈਨ। ਇਹਨਾਂ ਨੂੰ ਵੇਖ ਇੰਜੀਅਰ ਦੰਦਾਂ ਥੱਲੇ ਜਬਾਨ ਲੈ ਲੈਂਦੇ ਹਨ ਕਿ ਏਡੇ ਏਡੇ ਪੱਥਰ ਅਗਲਿਆਂ ਕਿਵੇ ਚੁੱਕੇ ਹੋਣਗੇ? ਉਹ ਕਿਹੜੀ ਸਇੰਸ ਸੀ ਜਿਸ ਨਾਲ ਪੱਥਰ ਨੂੰ ਇਵੇ ਤਰਾਸ਼ਿਆ ਜਾਂਦਾ ਸੀ।

—▲—

ਅਸੰਖ ਖਤੇ ਖਿਨ ਬਖਸਨਹਾਰਾ ॥
ਨਾਨਕ ਸਾਹਿਬ ਸਦਾ ਦਇਆਰਾ ॥

ਸ਼ੁਰੂ 10-11-2016 ਸਮਾਪਤ 4-2-2020
ਭਬੀਸ਼ਨ ਸਿੰਘ ਗੁਰਾਇਆ - ਲੇਖਕ